ਪੰਜਾਬੀ ਵਿਸ਼ਵ ਕੋਸ਼

ਜਿਲਦ ਤੇਰ੍ਹਵੀਂ

ਭਾਸ਼ਾ ਵਿਭਾਗ ਪੰਜਾਬ



ਪੰਜਾਬੀ ਵਿਸ਼ਵ ਕੋਸ਼

ਜਿਲਦ ਤੇਰ੍ਹਵੀਂ

ਥ ਤੋਂ ਨਾਸੂਰ

ਧਨੁ ਲੇਖਾਰੀ ਨਾਨਕਾ

ਭਾਸ਼ਾ ਵਿਭਾਗ ਪੰਜਾਬ

PUNJABI VISHAV KOSH—Vol. XIII
Balbir Kaur
Director, Languages Deptt., Punjab

ਪੰਜਾਬੀ ਵਿਸ਼ਵ ਕੋਸ਼—ਜਿਲਦ ਤੇਰ੍ਹਵੀਂ
ਬਲਬੀਰ ਕੌਰ
ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ

ਸਾਲ : 2011
ਕਾਪੀਆਂ : 2000
ਕੀਮਤ : 176/- (ਕੇਵਲ ਇੱਕ ਸੌ ਛਿਅੱਤਰ ਰੁ:)

1120 — ਵਿ.ਕੋ. — 1563

ਪ੍ਰਕਾਸ਼ਕ : ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ
ਛਾਪਕ : ਵੀਰ ਭੂਮੀ ਪ੍ਰਿੰਟਿੰਗ ਪ੍ਰੈਸ, ਜਲੰਧਰ
ਰਾਹੀਂ : ਕੰਟਰੋਲਰ, ਪ੍ਰਿੰਟਿੰਗ ਅਤੇ ਸਟੇਸ਼ਨਰੀ ਵਿਭਾਗ, ਪੰਜਾਬ

ਦੋ ਸ਼ਬਦ

ਹਰ ਮਨੁੱਖ ਦੀ ਇਹ ਇੱਛਾ ਹੁੰਦੀ ਹੈ ਕਿ ਉਸ ਨੂੰ ਮਨੁੱਖੀ ਜੀਵਨ ਦਾ ਸਰਬਪੱਖੀ ਗਿਆਨ ਹੋਵੇ ਅਤੇ ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜੇਕਰ ਵਿਸ਼ਵ ਪੱਧਰ ਦੇ ਗਿਆਨ ਨੂੰ ਉਸ ਦੀ ਆਪਣੀ ਮਾਤ ਭਾਸ਼ਾ ਵਿਚ ਉਪਲੱਬਧ ਕਰਵਾਇਆ ਜਾਵੇ। ਇਸ ਆਸ ਦੀ ਪੂਰਤੀ ਲਈ ਐਨਸਾਈਕਲੋਪੀਡੀਆ ਬ੍ਰਿਟੈਨਿਕਾ ਦੇ ਪੈਟਰਨ ਤੇ ਤਿਆਰ ਕੀਤਾ ਜਾ ਰਿਹਾ ਪੰਜਾਬੀ ਵਿਸ਼ਵਕੋਸ਼ ਦਾ ਇਹ ਪ੍ਰਾਜੈਕਟ ਪੰਜਾਬੀ ਪਾਠਕਾਂ ਅਤੇ ਪੰਜਾਬੀ ਦੇ ਵਿਕਾਸ ਲਈ ਭਾਸ਼ਾ ਵਿਭਾਗ ਵੱਲੋਂ ਕੀਤਾ ਜਾ ਰਿਹਾ ਇਕ ਛੋਟਾ ਜਿਹਾ ਉਪਰਾਲਾ ਹੈ।

ਪੰਜਾਬੀ ਵਿਸ਼ਵਕੋਸ਼ ਵਿਚ ਸਾਹਿਤ ਤੇ ਕਲਾ, ਵਿਗਿਆਨ, ਸਮਾਜ ਵਿਗਿਆਨ ਅਤੇ ਹੋਰ ਕਈ ਅਜਿਹੇ ਜਟਿਲ ਵਿਸ਼ਿਆਂ ਨੂੰ ਸਰਲ ਤੇ ਸੌਖੀ ਪੰਜਾਬੀ ਬੋਲੀ ਵਿਚ ਬਿਆਨ ਕਰਨ ਅਤੇ ਇਸ ਦੇ ਨਾਲ ਪੰਜਾਬ, ਭਾਰਤ ਅਤੇ ਸੰਸਾਰ ਭਰ ਦੇ ਵੱਖ ਵੱਖ ਵਿਸ਼ਿਆਂ ਦਾ ਵੱਡਮੁਲਾ ਗਿਆਨ ਪ੍ਰਦਾਨ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

ਪੰਜਾਬੀ ਵਿਸ਼ਵਕੋਸ਼ ਦੀ ਇਸ ਜਿਲਦ ਵਿਚ 'ਥ' ਅੱਖਰ ਤੋਂ 'ਨਾਸੂਰ' ਤਕ ਦੀਆਂ ਐਂਟਰੀਆਂ ਸ਼ਾਮਲ ਹਨ। ਇਸ ਖੋਜ ਕਾਰਜ ਨੂੰ ਨਿਭਾਉਂਦਿਆਂ ਭਾਵੇਂ ਪੂਰੀ ਮਿਹਨਤ ਅਤੇ ਸਾਵਧਾਨੀ ਤੋਂ ਕੰਮ ਲਿਆ ਗਿਆ ਹੈ ਪਰ ਫ਼ਿਰ ਵੀ ਹੋ ਸਕਦਾ ਹੈ ਕਿ ਦਿੱਤੇ ਅੰਕੜੇ ਅਤੇ ਤੱਥ ਮਿਤੀ ਅੰਤ ਤੱਕ ਨਾ ਦਿੱਤੇ ਜਾ ਸਕੇ ਹੋਣ। ਪੰਜਾਬੀ ਵਿਸ਼ਵਕੋਸ਼ ਦੀਆਂ ਪਹਿਲੀਆਂ ਛਪੀਆਂ ਜਿਲਦਾਂ ਵਾਂਗ ਪਾਠਕਾਂ ਦੀ ਸਹਾਇਤਾ ਲਈ ਇਸ ਜਿਲਦ ਦੇ ਆਰੰਭ ਵਿਚ ਹੀ ਇਸ ਦੀ ਵਰਤੋਂ ਬਾਰੇ ਸੰਖੇਪ ਸੂਚਨਾ ਦਿੱਤੀ ਗਈ ਹੈ ਤੇ ਨਾਲ ਹੀ ਜਿਲਦ ਵਿਚ ਵਰਤੀਆਂ ਗਈਆਂ ਸਾਰੀਆਂ ਹਵਾਲਾ ਪੁਸਤਕਾਂ, ਨਾਵਾਂ, ਥਾਵਾਂ ਨਾਲ ਸਬੰਧਤ ਸ਼ਬਦ ਸੰਖੇਪ ਸੂਚੀ ਵੀ ਦਿੱਤੀ ਗਈ ਹੈ।

ਤੇਰ੍ਹਵੀਂ ਜਿਲਦ ਦੀ ਤਿਆਰੀ ਵਿਚ ਸਮੂਹ ਅਮਲੇ ਦੇ ਸ਼ਲਾਘਾਯੋਗ ਕਾਰਜ ਦੇ ਨਾਲ-ਨਾਲ ਪੰਜਾਬੀ ਵਿਸ਼ਵਕੋਸ਼ ਦੇ ਸਾਬਕਾ ਮੁਖ ਸੰਪਾਦਕ ਸ. ਰਛਪਾਲ ਸਿੰਘ ਗਿੱਲ, ਸਾਬਕਾ ਸਹਾਇਕ ਡਾਇਰੈਕਟਰ ਸ. ਗੁਰਨਾਮ ਸਿੰਘ ਭੁੱਲਰ ਅਤੇ ਹੋਰ ਬਹੁਤ ਸਾਰੇ ਅਧਿਕਾਰੀ ਸਾਹਿਬਾਨ ਜਿਹੜੇ ਹੁਣ ਸੇਵਾ ਮੁਕਤ ਹੋ ਚੁੱਕੇ ਹਨ, ਦਾ ਵੀ ਮਹੱਤਵਪੂਰਨ ਯੋਗਦਾਨ ਰਿਹਾ ਹੈ। ਸਭ ਦੀ ਲਗਨ ਅਤੇ ਮਿਹਨਤ ਦੀ ਮੈਂ ਸ਼ਲਾਘਾ ਕਰਦੀ ਹਾਂ।

ਲੋੜ ਅਨੁਸਾਰ ਵੱਖ-ਵੱਖ ਵਿਸ਼ਿਆਂ ਦੀਆਂ ਐਂਟਰੀਆਂ ਉਨ੍ਹਾਂ ਨਾਲ ਸਬੰਧਤ ਵਿਦਵਾਨਾਂ ਪਾਸੋਂ ਲਿਖਵਾਈਆਂ ਗਈਆਂ ਹਨ। ਮੈਂ ਉਨ੍ਹਾਂ ਵਿਦਵਾਨਾਂ, ਜਿਨ੍ਹਾਂ ਨੇ ਇਸ ਜਿਲਦ ਦੀਆਂ ਐਂਟਰੀਆਂ ਲਿਖ ਕੇ ਵੱਡਾ ਯੋਗਦਾਨ ਪਾਇਆ, ਦੀ ਸ਼ੁਕਰਗੁਜ਼ਾਰ ਹਾਂ। ਪੰਜਾਬੀ ਦਾ ਇਹ ਹਵਾਲਾ ਗ੍ਰੰਥ ਪੰਜਾਬੀ ਪਾਠਕਾਂ ਅਤੇ ਵਿਦਵਾਨਾਂ ਨੂੰ ਭੇਟ ਕਰਦਿਆਂ ਮੈਂ ਆਸ ਕਰਦੀ ਹਾਂ ਕਿ ਸੁਹਿਰਦ ਪਾਠਕ ਇਸ ਜਿਲਦ ਵਿਚ ਰਹਿ ਗਈਆਂ ਤਰੁੱਟੀਆਂ ਤੋਂ ਜਾਣੂ ਕਰਵਾਉਣਗੇ ਅਤੇ ਆਪਣੇ ਵੱਡਮੁਲੇ ਸੁਝਾਵਾਂ ਨਾਲ ਇਸ ਪ੍ਰਾਜੈਕਟ ਨੂੰ ਹੋਰ ਚੰਗੇਰਾ ਅਤੇ ਸੁਚੱਜਾ ਬਣਾਉਣ ਵਿਚ ਸਾਡਾ ਸਹਿਯੋਗ ਦੇਣਗੇ।

ਬਲਬੀਰ ਕੌਰ

ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ

ਪੰਜਾਬੀ ਵਿਸ਼ਵ ਕੋਸ਼ ਦੀ ਵਰਤੋਂ

ਪੰਜਾਬੀ ਵਿਸ਼ਵ ਕੋਸ਼ ਵਿਚ ਸਾਹਿਤ ਤੇ ਕਲਾ, ਸਮਾਜ ਵਿਗਿਆਨ ਅਤੇ ਵਿਗਿਆਨ ਨਾਲ ਸਬੰਧਤ ਵਿਸ਼ਿਆਂ ਦੀਆਂ ਐਂਟਰੀਆਂ ਨੂੰ ਦਿੱਤੀ ਗਈ ਤਰਤੀਬ ਦੀ ਹੇਠਾਂ ਵਿਆਖਿਆ ਕੀਤੀ ਜਾਂਦੀ ਹੈ ਤਾਂ ਜੋ ਪਾਠਕ ਨੂੰ ਲੋੜੀਂਦੀ ਐਂਟਰੀ ਲੱਭਣ ਵਿਚ ਆਸਾਨੀ ਰਹੇ।

1. ਐਂਟਰੀਆਂ ਦੀ ਤਰਤੀਬ ਉਨ੍ਹਾਂ ਦੇ ਨਾਵਾਂ ਅਨੁਸਾਰ ਰੱਖੀ ਗਈ ਹੈ ਨਾ ਕਿ ਵਿਸ਼ਿਆਂ ਅਨੁਸਾਰ ਅਤੇ ਇਹ ਤਰਤੀਬ ਗੁਰਮੁਖੀ ਦੀ ਪੈਂਤੀ ਦੇ ਅੱਖਰ-ਕ੍ਰਮ ਅਨੁਸਾਰ ਰੱਖੀ ਗਈ ਹੈ ਜਿਵੇਂ ਕਿ ੳ, ਅ, ੲ ....ਲ, ਵ, ੜ। ਇਸ ਤੋਂ ਅੱਗੇ ਇਕੋ ਹੀ ਅੱਖਰ ਨੂੰ ਲਗਾਂ ਮਾਤਰਾਂ ਦੇ ਹਿਸਾਬ ਨਾਲ ਤਰਤੀਬਵਾਰ ਕੀਤਾ ਗਿਆ ਹੈ। ਉਨ੍ਹਾਂ ਵਿਚ ਮੁਕਤਾ (ਸ) ਸਭ ਤੋਂ ਪਹਿਲਾਂ ਅਤੇ ਕ੍ਰਮਵਾਰ ਕੰਨਾ (ਸਾ), ਸਿਹਾਰੀ (ਸਿ), ਬਿਹਾਰੀ (ਸੀ), ਔਂਕੜ (ਸੁ), ਦੁਲੈਂਕੜ (ਸੂ), ਲਾਂ (ਸੇ), ਦੁਲਾਂ (ਸੈ), ਹੋੜਾ (ਸੋ) ਅਤੇ ਕਨੌੜਾ (ਸੌ) ਰੱਖੇ ਗਏ ਹਨ।

ਤਰਤੀਬ ਵਿਚ ਬਿੰਦੀ (ਸਾਂ), ਟਿੱਪੀ (ਸੰ) ਅਤੇ ਅੱਧਕ (ਸੱ) ਆਦਿ ਨੂੰ ਕੋਈ ਵੱਖਰਾ ਕ੍ਰਮ ਨਹੀਂ ਦਿੱਤਾ ਗਿਆ। ਇਸੇ ਤਰ੍ਹਾਂ ਜੇ ਕਿਸੇ ਐਂਟਰੀ ਦੇ ਸਿਰਲੇਖ ਵਿਚ ਕੌਮਾ (,) ਆਉਂਦਾ ਹੈ ਤਾਂ ਅੱਖਰ-ਕ੍ਰਮ ਵਿਚ ਉਸ ਨੂੰ ਕੋਈ ਮਹੱਤਵ ਨਹੀਂ ਦਿੱਤਾ ਗਿਆ।

2. ਕਿਸੇ ਸ਼ਬਦ ਦੇ ਪੈਰ ਵਿਚ ਆਉਣ ਵਾਲੇ 'ਰ' ਅਤੇ 'ਵ' ਨੂੰ ਕ੍ਰਮ ਦੇਣ ਲੱਗਿਆਂ ਪੂਰਾ 'ਰ' ਅਤੇ 'ਵ' ਮੰਨਿਆ ਗਿਆ ਹੈ। ਜਿਥੇ ਕਿਤੇ ਕਿਸੇ ਅੱਖਰ ਦੇ ਪੈਰ ਵਿਚ 'ਰ' ਆਇਆ ਹੈ ਅਤੇ ਉਸ ਅੱਖਰ ਨੂੰ ਕੋਈ ਲਗ ਮਾਤਰਾ ਲੱਗੀ ਹੋਈ ਹੈ ਤਾਂ ਅੱਖਰ-ਕ੍ਰਮ ਵਿਚ ਉਹ ਲਗ ਮਾਤਰਾ 'ਰ' ਨੂੰ ਹੀ ਮੰਨੀ ਗਈ ਹੈ ਨਾ ਕਿ ਮੂਲ ਅੱਖਰ ਨੂੰ ਜਿਵੇਂ ਅੰਮ੍ਰਿਤ।

3. ਐਂਟਰੀ ਦਾ ਸਿਰਲੇਖ ਭਾਵੇਂ ਇਕ, ਦੋ ਜਾਂ ਬਹੁਤੇ ਸ਼ਬਦਾਂ ਦਾ ਹੈ, ਤਰਤੀਬ ਪਹਿਲੇ ਸ਼ਬਦ ਨੂੰ ਮੁੱਖ ਰੱਖ ਕੇ ਹੀ ਦਿੱਤੀ ਗਈ ਹੈ ਜਿਵੇਂ—

ੳ :

ਉਰਦੂ ਭਾਸ਼ਾ ਅਤੇ ਸਾਹਿਤ :

ਉੜੀਸਾ :

4. ਭੂਗੋਲ ਨਾਲ ਸਬੰਧਤ ਇਕੋ ਨਾਂ ਦੀਆਂ ਇਕੋ ਹੀ ਥਾਂ ਤੇ ਕਈ ਕਈ ਐਂਟਰੀਆਂ ਦਰਜ ਹਨ। ਉਨ੍ਹਾਂ ਵਿਚੋਂ ਲੋੜੀਂਦੀ ਐਂਟਰੀ ਲੱਭਣ ਵਿਚ ਪਾਠਕ ਦੀ ਸਹੂਲਤ ਲਈ ਤਰਤੀਬ ਦੇਣ ਲਗਿਆਂ ਵਿਸ਼ੇਸ਼ ਧਿਆਨ ਰੱਖਿਆ ਗਿਆ ਹੈ। ਅਜਿਹੀਆਂ ਐਂਟਰੀਆਂ ਦੀ ਤਰਤੀਬ ਹੇਠ ਲਿਖੇ ਅਨੁਸਾਰ ਰੱਖੀ ਗਈ ਹੈ —

ਕਪੂਰਥਲਾ : ਰਿਆਸਤ—

ਕਪੂਰਥਲਾ : ਜ਼ਿਲ੍ਹਾ—

ਕਪੂਰਥਲਾ : ਸ਼ਹਿਰ—

ਇਸ ਤਰ੍ਹਾਂ ਪਾਠਕ ਨੂੰ ਕਪੂਰਥਲਾ ਰਿਆਸਤ, ਜ਼ਿਲ੍ਹਾ ਜਾਂ ਸ਼ਹਿਰ ਲੱਭਣ ਵਿਚ ਮੁਸ਼ਕਲ ਪੇਸ਼ ਨਹੀਂ ਆਵੇਗੀ। ਇਕੋ ਹੀ ਨਾਂ ਦੇ ਕਈ ਕਈ ਸ਼ਹਿਰਾਂ ਦੀ ਸੂਰਤ ਵਿਚ ਐਂਟਰੀ ਦਾ ਆਰੰਭਕ ਵਾਕ ਅਜਿਹੇ ਢੰਗ ਨਾਲ ਸ਼ੁਰੂ ਕੀਤਾ ਗਿਆ ਹੈ ਕਿ ਉਸ ਦਾ ਪਹਿਲਾ ਹੀ ਸ਼ਬਦ ਇਹ ਸਪਸ਼ਟ ਕਰ ਦਿੰਦਾ ਹੈ ਕਿ ਇਹ ਸ਼ਹਿਰ ਕਿਸ ਰਾਜ ਜਾਂ ਕਿਸ ਦੇਸ਼ ਨਾਲ ਸਬੰਧ ਰੱਖਦਾ ਹੈ। ਉਦਾਹਰਣ ਲਈ —

(ੳ) ਕਿੰਗਸਟਨ : ਸੰਯੁਕਤ ਰਾਜ ਅਮਰੀਕਾ ਦਾ ਇਹ ਸ਼ਹਿਰ...........

ਕਿੰਗਸਟਨ : ਕੈਨੇਡਾ ਦਾ ਇਹ ਸ਼ਹਿਰ ....

(ਅ) **ਕਾਨਕਰਡ (Concord)** : ਕੈਲਿਫ਼ੋਰਨੀਆ ਰਾਜ (ਸ. ਰ. ਅ.) ਦੀ ਕਾਂਟਰਾ ਕਾਂਸਟਾ ਕਾਉਂਟੀ ਦਾ ਇਕ ਸ਼ਹਿਰ ਹੈ ਜੋ...

ਕਾਨਕਰਡ (Concord) : ਮੈਸਾਚੂਸੈੱਟਸ ਰਾਜ (ਸ. ਰ. ਅ.) ਦੀ ਮਿਡਲਸੈਕਸ ਕਾਉਂਟੀ ਦਾ ਇਕ ਸ਼ਹਿਰ ਹੈ ਜੋ.....

5. ਕ੍ਰਾਸ ਹਵਾਲੇ ਵਾਲੀਆਂ ਐਂਟਰੀਆਂ ਦੀ ਸੂਰਤ ਵਿਚ ਇਹ ਯਤਨ ਕੀਤਾ ਗਿਆ ਹੈ ਕਿ ਐਂਟਰੀ ਨੂੰ ਉਸ ਦੇ ਮੌਜੂਦਾ ਨਾਂ ਹੇਠ ਦਿੱਤਾ ਜਾਵੇ ਅਤੇ ਉਸ ਦੇ ਦੂਜੇ ਨਾਂ ਨੂੰ ਕ੍ਰਾਸ ਹਵਾਲੇ ਵਜੋਂ ਉਸ ਦੇ ਬਣਦੇ ਅੱਖਰ-ਕ੍ਰਮ ਅਨੁਸਾਰ ਦਿੱਤਾ ਜਾਵੇ, ਜਿਵੇਂ ਕਿ ਐਂਟਰੀ 'ਜ਼ੇਅਰ' ਦੇ ਨਾਂ ਹੇਠ ਪਵੇਗੀ ਪਰ ਜਿਥੇ 'ਕਾਂਗੋ' ਐਂਟਰੀ ਆਵੇਗੀ ਉਥੇ ਲਿਖਿਆ ਹੋਵੇਗਾ—

ਕਾਂਗੋ : ਵੇਖੋ, ਜ਼ੇਅਰ

6. ਇਕੋ ਹੀ ਨਾਂ ਦੀਆਂ ਜੀਵਨੀਆਂ ਦਾ ਕ੍ਰਮ ਉਨ੍ਹਾਂ ਦੇ ਜੀਵਨ-ਕਾਲ ਅਨੁਸਾਰ ਦਿੱਤਾ ਗਿਆ ਹੈ ਜਿਵੇਂ :—

ਸ਼ਾਹ ਨਵਾਜ਼ ਖ਼ਾਂ (18ਵੀਂ ਸਦੀ) :

ਸ਼ਾਹ ਨਵਾਜ਼ ਖ਼ਾਂ (20ਵੀਂ ਸਦੀ) :

ਇਕ ਹੀ ਨਾਂ ਦੇ ਰਾਜਿਆਂ ਆਦਿ ਜਿਨ੍ਹਾਂ ਦੀਆਂ ਕਈ ਕਈ ਐਂਟਰੀਆਂ ਹਨ ਜਿਵੇਂ ਜੇਮਜ਼ ਪਹਿਲਾ, ਦੂਜਾ, ਤੀਜਾ ਆਦਿ ਦੀ ਲੋੜੀਂਦੀ ਐਂਟਰੀ ਨੂੰ ਆਸਾਨੀ ਨਾਲ ਲੱਭਣ ਲਈ ਐਂਟਰੀ ਦੇ ਸਿਰਲੇਖ ਦੇ ਨਾਲ ਬ੍ਰੈਕਟ ਵਿਚ ਉਸ ਦਾ ਨੰਬਰ-ਕ੍ਰਮ ਦਿੱਤਾ ਗਿਆ ਹੈ ਅਤੇ ਹੋਰ ਵੀ ਸਪਸ਼ਟ ਕਰਨ ਲਈ ਇਸ ਨਾਲ ਗੁਰਮੁਖੀ ਦੀ ਪੈਂਤੀ ਦੇ ਅੱਖਰ-ਕ੍ਰਮ ਅਨੁਸਾਰ ਸਬੰਧਤ ਦੇਸ਼ ਦਾ ਨਾਂ ਵੀ ਦਿੱਤਾ ਗਿਆ ਹੈ ਜਿਵੇਂ—

ਜੇਮਜ਼ (ਪਹਿਲਾ-ਇੰਗਲੈਂਡ) :

ਜੇਮਜ਼ (ਪਹਿਲਾ—ਸਪੇਨ) :

ਜੇਮਜ਼ (ਪਹਿਲਾ—ਪੁਰਤਗਾਲ) :

7. ਐਂਟਰੀਆਂ ਦੇ ਅਖ਼ੀਰ ਵਿਚ ਉਨ੍ਹਾਂ ਵਿਚ ਵਰਤੀਆਂ ਗਈਆਂ ਹਵਾਲਾ ਪੁਸਤਕਾਂ ਦਾ ਨਾਂ ਸੰਖੇਪ ਰੂਪ ਵਿਚ ਦਿੱਤਾ ਗਿਆ ਹੈ। ਇਸੇ ਤਰ੍ਹਾਂ ਐਂਟਰੀ ਵਿਚ ਵੀ ਸੰਖੇਪ ਸ਼ਬਦ ਵਰਤੇ ਗਏ ਹਨ ਜਿਨ੍ਹਾਂ ਦਾ ਪੂਰਾ ਨਾਂ ਪਾਠਕ, ਆਰੰਭ ਵਿਚ ਦਿੱਤੀ ਗਈ 'ਸ਼ਬਦ-ਸੰਖੇਪ ਸੂਚੀ' ਵਿਚੋਂ ਵੇਖ ਸਕਦੇ ਹਨ। ਸ਼ਬਦ ਸੰਖੇਪ ਸੂਚੀ ਵੀ ਅੱਖਰ ਕ੍ਰਮ ਅਨੁਸਾਰ ਤਿਆਰ ਕੀਤੀ ਗਈ ਹੈ ਅਤੇ ਅੱਖਰ ਕ੍ਰਮ ਦਾ ਆਧਾਰ ਪੁਸਤਕ ਦਾ ਸੰਖੇਪ ਨਾਂ ਰਖਿਆ ਗਿਆ ਹੈ।

ਪੰਜਾਬੀ ਵਿਸ਼ਵ ਕੋਸ਼ ਵਿਚ ਉਪਰੋਕਤ ਨਿਯਮ ਪਾਲਣ ਦਾ ਪੂਰਾ ਪੂਰਾ ਯਤਨ ਕੀਤਾ ਗਿਆ ਹੈ ਪਰ ਫਿਰ ਵੀ ਮੁਢਲੀਆਂ ਜਿਲਦਾਂ ਦੀ ਸਾਮੱਗਰੀ ਕਾਫ਼ੀ ਪਹਿਲਾਂ ਤਿਆਰ ਹੋਣ ਕਰਕੇ ਕਿਤੇ ਕਿਤੇ ਇਨ੍ਹਾਂ ਨਿਯਮਾਂ ਦੀ ਪਾਲਣਾ ਵਿਚ ਉਕਾਈ ਦੀ ਸੰਭਾਵਨਾ ਵੀ ਹੋ ਸਕਦੀ ਹੈ। ਪੰਜਾਬੀ ਵਿਸ਼ਵ ਕੋਸ਼ ਦੀਆਂ ਅਗਲੀਆਂ ਜਿਲਦਾਂ ਵਿਚ ਉਪਰੋਕਤ ਨਿਯਮਾਂ ਦੀ ਪੂਰੀ ਪਾਲਣਾ ਕੀਤੀ ਜਾਵੇਗੀ।

ਸ਼ਬਦ-ਸੰਖੇਪ ਸੂਚੀ

ਹਵਾਲਾ ਪੁਸਤਕਾਂ

ਅ. ਹਿ. ਇੰਡ.—ਸਮਿਥ	ਅਰਲੀ ਹਿਸਟਰੀ ਆਫ਼ ਇੰਡੀਆ—ਸਮਿਥ
ਅ. ਹਿ. ਇੰਡ.—ਘੋਸ਼	ਅਰਲੀ ਹਿਸਟਰੀ ਆਫ਼ ਇੰਡੀਆ—ਘੋਸ਼
ਅੰਡ. ਯੰ. ਚਾ.	ਅੰਡਰਸਟੈਂਡਿੰਗ ਦੀ ਯੰਗ ਚਾਈਲਡ—ਡਬਲਿਊ. ਈ. ਬਲਾਟਜ਼
ਅ.ਫਿ.-ਰਾਜਮ	ਅਟਾਮਿਕ ਫ਼ਿਜ਼ਿਕਸ—ਜੇ. ਬੀ. ਰਾਜਮ
ਆੱਕ. ਕੰ. ਅਮੈ. ਲਿਟ.	ਆੱਕਸਫ਼ੋਰਡ ਕੰਪੈਨੀਅਨ ਟੂ ਅਮੈਰੀਕਨ ਲਿਟਰੇਚਰ
ਆੱਕ. ਕੰ. ਆ.	ਆੱਕਸਫ਼ੋਰਡ ਕੰਪੈਨੀਅਨ ਟੂ ਆਰਟ
ਆੱਕ. ਕੰ. ਇੰਗ. ਲਿਟ.	ਆੱਕਸਫ਼ੋਰਡ ਕੰਪੈਨੀਅਨ ਟੂ ਇੰਗਲਿਸ਼ ਲਿਟਰੇਚਰ
ਆ. ਕੈ.—ਸੋਨੀ	ਆਰਗੈਨਿਕ ਕੈਮਿਸਟਰੀ—ਪੀ. ਐਲ. ਸੋਨੀ
ਆ. ਕੈ.—ਫਿਨਾਰ	ਆਰਗੈਨਿਕ ਕੈਮਿਸਟਰੀ—ਆਈ. ਐਨ. ਫਿਨਾਰ
ਆ. ਕੈ.—ਮੋਰੀਸਨ-ਬਾਇਡ	ਆਰਗੈਨਿਕ ਕੈਮਿਸਟਰੀ—ਮੋਰੀਸਨ ਅਤੇ ਬਾਇਡ
ਐਡ. ਸ. ਹਿ. ਪੰ.	ਦਾ ਐਡਵਾਂਸਡ ਸਟਡੀ ਇਨ ਦੀ ਹਿਟਸਰੀ ਆਫ਼ ਦੀ ਪੰਜਾਬ-ਜੀ. ਐਸ. ਛਾਬੜਾ
ਐਡ. ਹਿ. ਇੰਡ.	ਐਡਵਾਂਸ ਹਿਸਟਰੀ ਆਫ਼ ਇੰਡੀਆ—ਆਰ. ਸੀ. ਮਜੂਮਦਾਰ
ਐਨ. ਉਰ.	ਐਨਸਾਈਕਲੋਪੀਡੀਆ ਆਫ਼ ਉਰਦੂ
ਐਨ. ਅਮੈ.	ਐਨਸਾਈਕਲੋਪੀਡੀਆ ਆਫ਼ ਅਮੈਰੀਕਾਨਾ
ਐਨ. ਇਸ.	ਐਨਸਾਈਕਲੋਪੀਡੀਆ ਆਫ਼ ਇਸਲਾਮ
ਐਨ. ਇੰਡ.	ਐਨਸਾਈਕਲੋਪੀਡੀਆ ਇੰਡੀਕਾ
ਐਨ. ਸਾਈ.	ਐਨਸਾਈਕਲੋਪੀਡੀਆ ਆਫ਼ ਸਾਈਕਾਲੋਜੀ
ਐਨ. ਸਿਖਿ	ਐਨਸਾਈਕਲੋਪੀਡੀਆ ਆਫ਼ ਸਿਖਿਜ਼ਮ -ਡਾ. ਹਰਬੰਸ ਸਿੰਘ
ਐਨ. ਡਿਸ. ਗਜ਼.ਇੰਡ.	ਦਾ ਐਨਸਾਈਕਲੋਪੀਡੀਆ ਡਿਸਟ੍ਰਿਕਟ ਗਜ਼ਟੀਅਰ ਆਫ਼ ਇੰਡੀਆ -ਐੱਸ. ਸੀ. ਭੱਟ
ਐਨ. ਬ੍ਰਿ.	ਐਨਸਾਈਕਲੋਪੀਡੀਆ ਬ੍ਰਿਟੈਨਿਕਾ
ਐਨ. ਬ੍ਰਿ. ਮਾ.	ਐਨਸਾਈਕਲੋਪੀਡੀਆ ਬ੍ਰਿਟੈਨਿਕਾ ਮਾਈਕ੍ਰੋਪੀਡੀਆ
ਐਨ. ਬ੍ਰਿ. ਮੈ.	ਐਨਸਾਈਕਲੋਪੀਡੀਆ ਬ੍ਰਿਟੈਨਿਕਾ ਮੈਕਰੋਪੀਡੀਆ
ਐਨ. ਰਿ.	ਐਨਸਾਈਕਲੋਪੀਡੀਆ ਆਫ਼ ਰਿਲਿਜਨ-ਵਰਜਿਲੀਅਸ
ਐਨ. ਰਿ. ਐਥਿ.	ਐਨਸਾਈਕਲੋਪੀਡੀਆ ਆਫ਼ ਰਿਲਿਜਨ ਐਂਡ ਐਥਿਕਸ
ਐਮ. ਫ੍ਰੀ. ਫਾ. ਪੰ.	ਐਮੀਨੈਂਟ ਫ਼੍ਰੀਡਮ ਫ਼ਾਈਟਰਜ਼ ਆਫ਼ ਪੰਜਾਬ-ਫੌਜਾ ਸਿੰਘ
ਐਵ. ਐਨ.	ਐਵਰੀਮੈਨਜ਼ ਐਨਸਾਈਕਲੋਪੀਡੀਆ
ਇੰ. ਐਨ. ਸੋ. ਸਾ.	ਇੰਟਰਨੈਸ਼ਨਲ ਐਨਸਾਈਕਲੋਪੀਡੀਆ ਆਫ਼ ਸੋਸ਼ਲ ਸਾਇੰਸਜ਼
ਇ. ਐਨ. ਕੈ. ਸਾ.	ਇੰਟਰਨੈਸ਼ਨਲ ਐਨਸਾਈਕਲੋਪੀਡੀਆ ਆਫ਼ ਕੈਮੀਕਲ ਸਾਇੰਸ
ਇ. ਬਾ.	ਇਕਨਾਮਿਕ ਬਾੱਟਨੀ—ਐਫ਼. ਹਿੱਲ
ਇੰਡ. ਪਾਕਿ.	ਇੰਡੀਆ ਐਂਡ ਪਾਕਿਸਤਾਨ—ਓ. ਐਚ. ਕੇ. ਸਪੇਟ
ਇੰਡ. ਰਿ. ਜਗ.	ਇੰਡੀਆ ਏ ਰਿਜਿਨਲ ਜੀਓਗ੍ਰਾਫ਼ੀ—ਆਰ. ਐਲ. ਸਿੰਘ
ਇਨ.	ਇਨਸੈੱਕਟਸ—ਐਮ. ਐਸ. ਮੈਨੀ
ਇਨ. ਪੈ. ਕ੍ਰਾ.	ਇਨਸੈੱਕਟਸ ਪੈਸਟਸ ਆਫ਼ ਕ੍ਰਾਪਸ
ਇੰਪ. ਗ. ਇੰਡ.	ਇੰਪੀਰੀਅਲ ਗਜ਼ਟੀਅਰ ਆਫ਼ ਇੰਡੀਆ
ਏ. ਇੰਡ.	ਏਨਸ਼ੀਐਂਟ ਇੰਡੀਆ—ਰ. ਕ. ਮੁਕਰਜੀ
ਸ. ਇੰਡ.	ਸਨੇਕਸ ਆਫ਼ ਇੰਡੀਆ—ਪੀ. ਜੇ. ਦੇਵਰਸ
ਸ. ਸਾ. ਹਾ.	ਦੀ ਸਟੈਂਡਰਡ ਸਾਈਕਲੋਪੀਡੀਆ ਆਫ਼ ਹਾਰਟੀਕਲਚਰ
ਸਟੇ. ਯੀ. ਬੁ.	ਸਟੇਟਸਮੈਨ ਯੀਅਰ ਬੁੱਕ
ਸ਼ਾ. ਐਨ. ਇਸ.	ਸ਼ਾਰਟਰ ਐਨਸਾਈਕਲੋਪੀਡੀਆ ਆਫ਼ ਇਸਲਾਮ
ਸਾ. ਕੋ.	ਸਾਹਿਤ ਕੋਸ਼ -ਡਾ. ਰਤਨ ਸਿੰਘ ਜੱਗੀ
ਸਾ. ਟੂ.	ਸਾਇੰਸ ਟੂਡੇ
ਸਾ. ਰਿ.	ਸਾਇੰਸ ਰਿਪੋਰਟਰ
ਸਿ. ਸ਼੍ਰਾ. ਵੈ. ਪਾਕਿ.	ਸਿੱਖ ਸ਼੍ਰਾਈਨਜ਼ ਇਨ ਵੈਸਟ ਪਾਕਿਸਤਾਨ—ਖ਼ਾਨ ਮੁਹੰਮਦ ਵਲੀ ਉੱਲਾ ਖ਼ਾਂ
ਸਿ. ਪੋ. ਯੂ. ਆ.	ਸਿੱਖ ਪੋਰਟ੍ਰੇਟਸ ਬਾਈ ਯੂਰਪੀਅਨ ਆਰਟਿਸਟਸ
ਸਿ. ਮਿ.	ਸਿੱਖ ਮਿਸਲਾਂ—ਸੋਹਣ ਸਿੰਘ ਸੀਤਲ
ਹਚਿ. ਐਨ.	ਦਾ ਹਚਿਨਸਨ ਐਨਸਾਈਕਲੋਪੀਡੀਆ
ਹਿ. ਏ. ਇੰਡ.	ਹਿਸਟਰੀ ਆਫ਼ ਏਨਸ਼ੀਐਂਟ ਇੰਡੀਆ—ਡਾ. ਤ੍ਰਿਪਾਠੀ
ਹਿੰ. ਸ਼. ਸਾ	ਹਿੰਦੀ ਸ਼ਬਦ ਸਾਗਰ

ਹਿ. ਸੰ. ਲਿਟ.	ਏ ਹਿਸਟਰੀ ਆਫ਼ ਸੰਸਕ੍ਰਿਤ ਲਿਟਰੇਚਰ—ਏ. ਬੀ. ਕੀਥ
ਹਿੰ. ਸਾ. ਇਤਿ.	ਹਿੰਦੀ ਸਾਹਿਤ ਕਾ ਇਤਿਹਾਸ—ਰਾਮ ਚੰਦਰ ਸ਼ੁਕਲ
ਹਿੰ. ਸਾ. ਕੋ.	ਹਿੰਦੀ ਸਾਹਿਤ ਕੋਸ਼
ਹਿ. ਸਿ.—ਕਨਿੰਘਮ	ਹਿਸਟਰੀ ਆਫ਼ ਸਿੱਖਸ-ਕਨਿੰਘਮ
ਹਿ. ਸਿ.—ਖੁ. ਸ.	ਹਿਸਟਰੀ ਆਫ਼ ਸਿੱਖਸ—ਖੁਸ਼ਵੰਤ ਸਿੰਘ
ਹਿ. ਸਿ.—ਹ. ਰ. ਗੁ.	ਹਿਸਟਰੀ ਆਫ਼ ਸਿੱਖਸ-ਹਰੀ ਰਾਮ ਗੁਪਤਾ
ਹਿੰ. ਕਾ. ਸੈ.	ਹਿੰਦੂ ਕਾਸਟਸ ਐਂਡ ਸੈਕਟਸ
ਹਿ. ਗੁ.	ਹਿਸਟਰੀ ਆਫ਼ ਗੁਪਤਾਜ਼
ਹਿ. ਪੰ.	ਹਿਸਟਰੀ ਆਫ਼ ਦੀ ਪੰਜਾਬ—ਮੁਹੰਮਦ ਲਤੀਫ਼
ਹਿ. ਫ਼੍ਰੀ. ਮੂ. ਇੰਡ	ਹਿਸਟਰੀ ਆਫ਼ ਫ਼੍ਰੀਡਮ ਮੂਵਮੈਂਟ ਇੰਨ ਇੰਡੀਆ—ਮਜੂਮਦਾਰ
ਹਿੰ. ਮਿ. ਕੋ.	ਹਿੰਦੂ ਮਿਥਿਹਾਸ ਕੋਸ਼
ਹਿ. ਮੈ. ਇੰਡ.	ਹਿਸਟਰੀ ਆਫ਼ ਮੈਡਿਈਵਲ ਇੰਡੀਆ—ਈਸ਼ਵਰੀ ਪ੍ਰਸਾਦ
ਹਿੰ. ਵ.	ਹਿੰਦੂ ਵਰਲਡ
ਹਿੰ. ਵਿ. ਕੋ.	ਹਿੰਦੀ ਵਿਸ਼ਵ ਕੋਸ਼
ਹੂ. ਇੰਡੀ. ਮਾਰ.	ਹੂ-ਜ਼ ਹੂ ਆਫ਼ ਇੰਡੀਅਨ ਮਾਰਟਰਜ਼
ਹੂ. ਇੰਡੀ. ਰਾਈ.	ਹੂ-ਜ਼ ਹੂ ਆਫ਼ ਇੰਡੀਅਨ ਰਾਈਟਰਜ਼
ਹੈਂ. ਐ.	ਹੈਂਡਬੁੱਕ ਆਫ਼ ਐਗਰੀਕਲਚਰ—ਆਈ. ਸੀ. ਏ. ਆਰ.
ਹੈਂ. ਫ਼ਿਜ਼ਿ. ਬਾ. ਕੈ.	ਹੈਂਡਬੁੱਕ ਆਫ਼ ਫਿਜ਼ਿਆਲੋਜੀ ਐਂਡ ਬਾਇਓ-ਕੈਮਿਸਟਰੀ
ਹੈ. ਵ. ਐ.	ਹੈਮੰਡ ਵਰਲਡ ਐਟਲਸ
ਕ. ਐਨ. ਲਿਟ.	ਕਲਾਸੀਕਲ ਐਨਸਾਈਕਲੋਪੀਡੀਆ ਆਫ਼ ਲਿਟਰੇਚਰ
ਕ. ਸ. ਸਾਈ.	ਕਨਟੈਂਪਰੇਰੀ ਸਕੂਲਜ਼ ਆਫ਼ ਸਾਈਕਾਲੋਜੀ—ਰਾਬਰਟ ਵੁਡਵਰਥ
ਕੰ. ਹਿ. ਇੰਡ	ਕੰਪਰੀਹੈਨਸਿਵ ਹਿਸਟਰੀ ਆਫ਼ ਇੰਡੀਆ—ਨੀਲ ਕਾਂਤ ਸ਼ਾਸ਼ਤਰੀ
ਕਾ. ਇੰਡ.	ਕਾਸਟਸ ਇਨ ਇੰਡੀਆ
ਕਾ. ਟ੍ਰੀ.	ਕਾਮਨ ਟ੍ਰੀਜ਼—ਡਾ. ਐੱਚ. ਸੰਤਾਪੂ
ਕਾ. ਬ.	ਕਾਮਨ ਬਰਡਜ਼—ਸਲੀਮ ਅਲੀ ਅਤੇ ਲਾਇਕ ਫ਼ਤਿਹ ਅਲੀ
ਕੈਂ. ਹਿ. ਇਸ.	ਕੈਂਬਰਿਜ ਹਿਸਟਰੀ ਆਫ਼ ਇਸਲਾਮ
ਕੈਂ. ਹਿ. ਇੰਡ	ਕੈਂਬਰਿਜ ਹਿਸਟਰੀ ਆਫ਼ ਇੰਡੀਆ—ਵੁਲਜ਼ਲੇ ਹੇਗ
ਕੈਂ. ਬਾਇ. ਐਨ.	ਕੈਂਬਰਿਜ ਬਾੱਇਗ੍ਰਾਫੀਕਲ ਐਨਸਾਈਕਲੋਪੀਡੀਆ -ਡੇਵਿਡ ਕ੍ਰਿਸਟਲ
ਕੋਲ. ਐਨ.	ਕੋਲੀਅਰਜ਼ ਐਨਸਾਈਕਲੋਪੀਡੀਆ
ਗ. ਇੰਡ. ਪਾਕਿ.	ਗਜ਼ਟੀਅਰ ਆਫ਼ ਇੰਡੀਆ ਐਂਡ ਪਾਕਿਸਤਾਨ
ਗ. ਇੰ. ਮੈ. ਪ.	ਗਲਾਸਰੀ ਆਫ਼ ਇੰਡੀਅਨ ਮੈਡੀਸਨਲ ਪਲਾਂਟਸ
ਗ. ਟ੍ਰਾ. ਕਾ.	ਗਲਾਸਰੀ ਆਫ਼ ਦੀ ਟ੍ਰਾਈਬਜ਼ ਐਂਡ ਕਾਸਟਸ ਆਫ਼ ਦੀ ਪੰਜਾਬ ਐਂਡ ਨਾਰਥ ਵੈੱਸਟ ਫ਼ਰੰਟੀਅਰਜ਼ ਪ੍ਰਾਵਿਨਸ
ਗ੍ਰੇ. ਮੈ. ਸਾ.	ਗ੍ਰੇਟ ਮੈਨ ਆਫ਼ ਸਾਇੰਸ—ਫ਼ਿਲਿਪ ਲੇਨਾਰਟ
ਗਾ. ਫ.	ਗਾਰਡਨ ਫ਼ਲਾਵਰਜ਼—ਵਿਸ਼ਨੂੰ ਸਰੂਪ
ਗੁ. ਅੰ.	ਗੁਪਤਾ ਅੰਪਾਇਰ—ਆਰ. ਕੇ. ਮੁਖਰਜੀ
ਗੁ. ਨਾ. ਸ਼. ਰ.	ਗੁਰੂ ਨਾਨਕ ਸ਼ਬਦ ਰਤਨਾਕਰ—ਡਾ. ਕਾਲਾ ਸਿੰਘ ਬੇਦੀ
ਗੁ. ਨਾ. ਪ੍ਰ.	ਗੁਰੂ ਨਾਨਕ ਪ੍ਰਕਾਸ਼—ਭਾਈ ਸੰਤੋਖ ਸਿੰਘ
ਗੁ. ਪ੍ਰ. ਸੂ. ਗ੍ਰੰ.	ਗੁਰੂ ਪ੍ਰਤਾਪ ਸੂਰਜ ਗ੍ਰੰਥ—ਭਾਈ ਸੰਤੋਖ ਸਿੰਘ
ਗੁ. ਪਾ. 6ਵੀਂ	ਗੁਰਬਿਲਾਸ ਪਾਤਸ਼ਾਹੀ ਛੇਵੀਂ
ਗੁ. ਮਾ.	ਗੁਰਮਤਿ ਮਾਰਤੰਡ
ਗੁ. ਲਿ. ਜ. ਵਿ.	ਗੁਰਮੁਖੀ ਲਿਪੀ ਦਾ ਜਨਮ ਤੇ ਵਿਕਾਸ—ਜੀ. ਬੀ. ਸਿੰਘ
ਗੂ. ਮੈ. ਡਿ.	ਗੂਲਡ ਮੈਡੀਕਲ ਡਿਕਸ਼ਨਰੀ
ਚੀ. ਫੈ. ਨੋ. ਪੰ.	ਚੀਫ਼ਸ ਐਂਡ ਫ਼ੈਮਿਲੀਜ਼ ਆਫ਼ ਨੋਟ ਇਨ ਦਾ ਪੰਜਾਬ—ਐਲ. ਗ੍ਰਿਫ਼ਿਨ
ਚੈਂਬ. ਐਨ.	ਚੈਂਬਰਜ਼ ਐਨਸਾਈਕਲੋਪੀਡੀਆ
ਚੋ. ਇੰਡ. ਡ੍ਰ. ਇੰਡ.	ਚੋਪੜਾਜ਼ ਇੰਡਿਜਿਨਸ ਡ੍ਰਗਜ਼ ਆਫ਼ ਇੰਡੀਆ

ਜਗ. ਡਿ.	ਦੀ ਜੀਓਗ੍ਰਾਫ਼ੀਕਲ ਡਿਕਸ਼ਨਰੀ—ਐਨ. ਐਲ. ਡੇ
ਜਗ. ਡਿ. ਏ. ਐਂਡ. ਮੈ. ਇੰਡ.	ਜੀਓਗ੍ਰਾਫ਼ੀਕਲ ਡਿਕਸ਼ਨਰੀ ਆਫ਼ ਏਨਸ਼ੀਐਂਟ ਐਂਡ ਮੈਡਿਈਵਲ ਇੰਡੀਆ
ਜਗ. ਪਾਕਿ.	ਜੀਓਗ੍ਰਾਫ਼ੀ ਆਫ਼ ਪਾਕਿਸਤਾਨ (ਤੀਜੀ ਐਡੀਸ਼ਨ)—ਕਾਜ਼ੀ ਅਹਿਮਦ
ਜੀ. ਐ. ਲਾ. ਐਨ.	ਜੀ-ਮੈਕਸ ਐਨੀਮਲ ਲਾਈਫ਼ ਐਨਸਾਈਕਲੋਪੀਡੀਆ
ਟਾ. ਇੰਡ. ਡਾ.	ਦਾ ਟਾਈਮਜ਼ ਆਫ਼ ਇੰਡੀਆ ਡਾਇਰੈਕਟਰੀ ਐਂਡ ਯੀਅਰ ਬੁੱਕ
ਟ੍ਰਾ. ਬ.	ਟ੍ਰੌਪੀਕਲ ਬਰਡਜ਼—ਕਲਾਈਵ ਰੂਟਸ
ਟੈ. ਬੁ. ਕੈ.-ਗਰੋਵਰ	ਏ ਟੈਕਸਟ ਬੁੱਕ ਆਫ਼ ਕੈਮਿਸਟਰੀ-ਗਰੋਵਰ
ਟੈ. ਬੁ. ਫਿ. ਕੈ.	ਟੈਕਸਟ ਬੁੱਕ ਆਫ਼ ਫ਼ਿਜ਼ੀਕਲ ਕੈਮਿਸਟਰੀ—ਨਿਰੰਜਨ ਸਿੰਘ, ਜੋਗਿੰਦਰ ਸਿੰਘ
ਟੈ. ਬੁ. ਮੈ.	ਟੈਕਸਟ ਬੁੱਕ ਆਫ਼ ਮੈਡੀਸਨ— ਡਬਲਿਊ. ਐਨ. ਮਾਨ
ਡਿ. ਐਜੂ.	ਡਿਕਸ਼ਨਰੀ ਆਫ਼ ਐਜੂਕੇਸ਼ਨ— ਕਾਰਟਰ ਵੀ. ਗੁੱਡ
ਡਿ. ਇਸ.	ਏ ਡਿਕਸ਼ਨਰੀ ਆਫ਼ ਇਸਲਾਮ
ਡਿ. ਸਾਈ.	ਏ ਡਿਕਸ਼ਨਰੀ ਆਫ਼ ਸਾਈਕਾਲੋਜੀ—ਜੇਮਜ਼ ਡ੍ਰੇਵਰ
ਡਿ. ਸਾ. ਬਾ.	ਡਿਕਸ਼ਨਰੀ ਆਫ਼ ਸਾਇੰਟਿਫਿਕ ਬਾਇਓਗ੍ਰਾਫ਼ੀ—ਚਾਰਲਸ, ਸੀ. ਜੀ.
ਡਿ. ਹਿੰ. ਮਾਈ.	ਏ ਡਿਕਸ਼ਨਰੀ ਆਫ਼ ਹਿੰਦੂ ਮਾਈਥਾਲੋਜੀ
ਡਿ. ਜਗ.	ਏ ਡਿਕਸ਼ਨਰੀ ਆਫ਼ ਜੀਓਗ੍ਰਾਫ਼ੀ
ਡਿ. ਨੈ. ਬਾ.	ਡਿਕਸ਼ਨਰੀ ਆਫ਼ ਨੈਸ਼ਨਲ ਬਾਇਓਗ੍ਰਾਫ਼ੀ
ਡਿ. ਪੁ. ਸਾ.	ਡਿਕਸ਼ਨਰੀ ਆਫ਼ ਪੁਲੀਟੀਕਲ ਸਾਇੰਸ—ਜੋਸਫ਼ ਡੱਨਰ
ਤਵਾ. ਗੁ. ਖ਼ਾ.	ਤਵਾਰੀਖ਼ ਗੁਰੂ ਖ਼ਾਲਸਾ—ਗਿਆਨੀ ਗਿਆਨ ਸਿੰਘ
ਤਾ. ਅ. ਉਰ.—ਇ. ਹੁਸੈਨ	ਤਾਰੀਖ਼ਿ ਅਦਬਿ ਉਰਦੂ—ਇਜਾਜ਼ ਹੁਸੈਨ
ਤਾ. ਅ. ਉਰ.—ਸਕਸੈਨਾ	ਤਾਰੀਖ਼ਿ ਅਦਬਿ ਉਰਦੂ—ਸਕਸੈਨਾ
ਦੇਹਲੀ—ਹਿ. ਐਂਡ ਪਲੇ. ਇੰਟ.	ਦੇਹਲੀ-ਹਿਸਟਰੀ ਐਂਡ ਪਲੇਸਿਜ਼ ਆਫ਼ ਇੰਟਰੈਸਟ—ਡਾ. ਪ੍ਰਭਾ ਚੋਪੜਾ
ਨਿ. ਕ. ਯੂ. ਬਾ.	ਨਿਊ ਕਨਸਾਈਜ਼ ਯੂਨੀਵਰਸਲ ਬਾਇਓਗ੍ਰਾਫ਼ੀ
ਨਿ. ਡਿ. ਸਾਈ.	ਏ ਨਿਊ ਡਿਕਸ਼ਨਰੀ ਆਫ਼ ਸਾਈਕਾਲੋਜੀ—ਫ਼ਿਲਿਪ ਲਾਰੈਂਸ ਹੈਰੀਮੈਨ
ਨਿ. ਯੁ. ਐਨ.	ਨਿਊ ਯੂਨੀਵਰਸਲ ਐਨਸਾਈਕਲੋਪੀਡੀਆ
ਨਿ. ਲਾ. ਐਨ. ਮਾਈ.	ਨਿਊ ਲਾਰਾਊਸ ਐਨਸਾਈਕਲੋਪੀਡੀਆ ਆਫ਼ ਮਾਈਥਾਲੋਜੀ
ਨਿ. ਵ. ਐਨ.	ਦੀ ਨਿਊ ਵਰਲਡ ਐਨਸਾਈਕਲੋਪੀਡੀਆ
ਪੰ. ਸੰਦ. ਕੋ.	ਪੰਜਾਬੀ ਸੰਦਰਭ ਕੋਸ਼—ਡਾ. ਰਤਨ ਸਿੰਘ ਜੱਗੀ
ਪੰ. ਸਨ. ਸਾ.	ਪੰਜਾਬ ਦੇ ਸਨਮਾਨਿਤ ਸਾਹਿਤਕਾਰ—ਭਾਸ਼ਾ ਵਿਭਾਗ, ਪੰਜਾਬ
ਪੰ. ਸਾ. ਇ.—ਕੋਹਲੀ	ਪੰਜਾਬੀ ਸਾਹਿਤ ਦਾ ਇਤਿਹਾਸ—ਡਾ. ਸੁਰਿੰਦਰ ਸਿੰਘ ਕੋਹਲੀ
ਪੰ. ਸਾ. ਇ.—ਦਰਦੀ	ਪੰਜਾਬੀ ਸਾਹਿਤ ਦਾ ਇਤਿਹਾਸ—ਡਾ. ਗੋਪਾਲ ਸਿੰਘ ਦਰਦੀ
ਪੰ. ਸਾ. ਇ.—ਨਰੂਲਾ	ਪੰਜਾਬੀ ਸਾਹਿਤ ਦਾ ਇਤਿਹਾਸ—ਡਾ. ਸੁਰਿੰਦਰ ਸਿੰਘ ਨਰੂਲਾ
ਪੰ. ਸਾ. ਇ.—ਪੰਜਾਬ	ਪੰਜਾਬੀ ਸਾਹਿਤ ਦਾ ਇਤਿਹਾਸ—ਪੰਜਾਬ ਯੂਨੀਵਰਸਿਟੀ
ਪੰ. ਸਾ. ਇ.—ਪੰਜਾਬੀ	ਪੰਜਾਬੀ ਸਾਹਿਤ ਦਾ ਇਤਿਹਾਸ—ਪੰਜਾਬੀ ਯੂਨੀਵਰਸਿਟੀ
ਪੰ. ਸਾ. ਇ. —ਭਾ. ਵਿ. ਪੰ.	ਪੰਜਾਬੀ ਸਾਹਿਤ ਦਾ ਇਤਿਹਾਸ—ਭਾਸ਼ਾ ਵਿਭਾਗ, ਪੰਜਾਬ
ਪੰ. ਸਾ. ਇ.—ਰਸ	ਪੰਜਾਬੀ ਸਾਹਿਤ ਦਾ ਇਤਿਹਾਸ—ਨਿਹਾਲ ਸਿੰਘ ਰਸ
ਪੰ. ਸਾ. ਕੋ.	ਪੰਜਾਬੀ ਸਾਹਿਤ ਕੋਸ਼—ਪੰਜਾਬੀ ਯੂਨੀਵਰਸਿਟੀ
ਪੰ. ਸ਼ਾ. ਤਜ਼.	ਪੰਜਾਬੀ ਸ਼ਾਇਰਾਂ ਦਾ ਤਜ਼ਕਰਾ—ਮੌਲਾ ਬਖ਼ਸ਼ ਕੁਸ਼ਤਾ
ਪੰ. ਹੀ.	ਪੰਜਾਬ ਦੇ ਹੀਰੇ—ਮੌਲਾ ਬਖ਼ਸ਼ ਕੁਸ਼ਤਾ
ਪੰ. ਕਾ.	ਪੰਜਾਬ ਕਾਸਟਸ—ਇਬੈਟਸਨ
ਪੰ. ਕੋ.	ਪੰਜਾਬ ਕੋਸ਼
ਪੰ. ਕੋ.	ਪੰਜਾਬੀ ਕੋਸ਼
ਪ. ਡਿਜ਼ੀ.	ਪਲਾਂਟ ਡਿਜ਼ੀਜ਼ਿਜ਼—ਆਰ. ਐੱਸ. ਮਾਥੁਰ
ਪ. ਪੰ.	ਪਲਾਂਟਸ ਆਫ਼ ਦੀ ਪੰਜਾਬ
ਪੰ. ਪ੍ਰ.	ਪੰਥ ਪ੍ਰਕਾਸ਼—ਗਿ. ਗਿਆਨ ਸਿੰਘ
ਪ. ਫ਼ਿਜ਼ਿ.	ਪਲਾਂਟ ਫਿਜ਼ਿਆੱਲੋਜੀ—ਐੱਸ. ਐਂਡਰਸਨ
ਪ੍ਰਾ. ਚਰਿ. ਕੋ.	ਪ੍ਰਾਚੀਨ ਚਰਿੱਤਰ ਕੋਸ਼
ਪ੍ਰਾ. ਪੰ. ਪ੍ਰ.	ਪ੍ਰਾਚੀਨ ਪੰਥ ਪ੍ਰਕਾਸ਼—ਰਤਨ ਸਿੰਘ ਭੰਗੂ
ਪ੍ਰਾ. ਲਿ. ਮਾ.	ਪ੍ਰਾਚੀਨ ਲਿਪੀ ਮਾਲਾ—ਪੰਡਤ ਗੌਰੀ ਸ਼ੰਕਰ ਓਝਾ
ਪ੍ਰਿੰ. ਇਨ. ਮੈ.	ਪ੍ਰਿੰਸੀਪਲਜ਼ ਆਫ਼ ਇਨਟਰਨਲ ਮੈਡੀਸਨ—ਹੈਰੀਸਨ

ਪ੍ਰਿ. ਫ਼. ਵੈ.	ਪ੍ਰਿਜ਼ਰਵੇਸ਼ਨ ਆਫ਼ ਫ਼ਰੂਟਸ ਐਂਡ ਵੈਜੀਟੇਬਲਜ਼—ਆਈ. ਸੀ. ਏ. ਆਰ.
ਪੰ. ਲਿ. ਕੋ.	ਪੰਜਾਬੀ ਲਿਖਾਰੀ ਕੋਸ਼—ਜੋਗਿੰਦਰ ਸਿੰਘ ਰਾਮਦੇਵ
ਪੰ. ਲੋ. ਵਿ. ਕੋ.	ਪੰਜਾਬੀ ਲੋਕਧਾਰਾ ਵਿਸ਼ਵ ਕੋਸ਼—ਵਣਜਾਰਾ ਬੇਦੀ
ਪਾ. ਹੈਂ. ਇੰ. ਬ.	ਪਾਪੂਲਰ ਹੈਂਡ-ਬੁੱਕ ਆਫ਼ ਇੰਡੀਅਨ ਬਰਡਜ਼
ਪੇਂਟ. ਸਿ.	ਪੇਂਟਿੰਗਜ਼ ਆਫ਼ ਦੀ ਸਿੱਖਸ—ਡਬਲਿਊ. ਆਰਚਰ
ਫ. ਐ.	ਫ਼ਰੰਟੀਅਰ ਆਫ਼ ਦੀ ਐਸਟ੍ਰਾਨੋਮੀ—ਫ਼ਰੈੱਡ ਹਾਇਲ
ਫ਼ੰ. ਇ. ਇੰਜ.	ਫ਼ੰਡਾਮੈਂਟਲਜ਼ ਆਫ਼ ਇਰੀਗੇਸ਼ਨ ਇੰਜੀਨੀਅਰਿੰਗ—ਭਾਰਤ ਸਿੰਘ
ਫ. ਸ਼੍. ਇੰ.	ਫ਼ਲਾਵਰਿੰਗ ਸ਼੍ਰਬਜ਼ ਇਨ ਇੰਡੀਆ—ਐਸ. ਐਲ. ਜਿੰਦਲ
ਫ਼. ਕ. ਇੰ.	ਫ਼ਰੂਟ ਕਲਚਰ ਇਨ ਇੰਡੀਆ—ਸ਼ਾਮ ਸਿੰਘ
ਫ. ਟ੍ਰੀ. ਸ਼੍. ਇੰ.	ਫਲਾਵਰਿੰਗ ਟ੍ਰੀਜ਼ ਐਂਡ ਸ਼੍ਰਬਜ਼ ਇਨ ਇੰਡੀਆ
ਫਾ. ਮੁ. ਐਂਪ.	ਫਾਲ ਆਫ਼ ਦੀ ਮੁਗ਼ਲ ਐਂਪਾਇਰ—ਜਾਦੂ ਨਾਥ ਸਰਕਾਰ
ਫ਼ੈ. ਮੈ. ਡਿ.	ਫ਼ੈਮਿਲੀ ਮੈਡੀਕਲ ਡਿਕਸ਼ਨਰੀ—ਡਾ. ਤ੍ਰਿਪਾਠੀ
ਫ਼ੋ. ਸਿ. ਇੰਡ.	ਦੀ ਫ਼ੋਰਟੀਫਾਈਡ ਸਿਟੀਜ਼ ਆਫ਼ ਇੰਡੀਆ—ਸਿਡਨੀ ਟਾਇ
ਬ੍ਰਿ. ਰੂ. ਇੰ. ਆਫ਼	ਬ੍ਰਿਟਿਸ਼ ਰੂਲ ਇਨ ਇੰਡੀਆ ਐਂਡ ਆਫ਼ਟਰ—ਵੀ. ਡੀ. ਮਹਾਜਨ
ਬ੍ਰਿ.ਯੀ.ਬੁ.	ਬ੍ਰਿਟੈਨਿਕਾ ਯੀਅਰ ਬੁੱਕ
ਬਾ. ਕੈ.	ਬਾਇਓ-ਕੈਮਿਸਟਰੀ—ਕਲਾਈਨਰ ਅਤੇ ਔਰਟਨ
ਬੁ. ਇੰ. ਬ.	ਦੀ ਬੁੱਕ ਆਫ਼ ਇੰਡੀਅਨ ਬਰਡਜ਼—ਸਲੀਮ ਅਲੀ
ਬੁ. ਪਾ. ਸਾ.	ਦੀ ਬੁੱਕ ਆਫ਼ ਪਾਪੂਲਰ ਸਾਇੰਸ
ਬੇ. ਨੀ. ਵ.	ਬੇਸਿਕ ਨੀਡਲ ਵਰਕ—ਵਾਈਨ ਫ਼ਰੀਡ ਐਂਡ ਬੁੱਲ
ਭਾ. ਅਜਾ.	ਭਾਰਤ ਦੇ ਅਜਾਇਬ ਘਰ
ਭਾ. ਪਹਿ.	ਭਾਰਤ ਦੇ ਪਹਿਲਵਾਨ—ਬਲਵੀਰ ਸਿੰਘ ਕੰਵਲ
ਭਾ. ਪ੍ਰ. ਵਿ.	ਭਾਰਤ ਦੇ ਪ੍ਰਸਿੱਧ ਵਿਗਿਆਨੀ—ਜਗਜੀਤ ਸਿੰਘ
ਮ. ਕੋ.	ਮਹਾਨ ਕੋਸ਼
ਮਾ. ਮੈ. ਕੌਂ.	ਮਾਡਰਨ ਮੈਡੀਕਲ ਕੌਂਸਲਰ
ਮੁ. ਐਂਪਾ.	ਦੀ ਮੁਗ਼ਲ ਐਂਪਾਇਰ—ਡਾ. ਅਸ਼ਿਰਬਾਦੀ ਲਾਲ ਸ੍ਰੀਵਾਸਤਵਾ
ਮੈ. ਹੈ. ਐਨ.	ਮੈਡੀਕਲ ਐਂਡ ਹੈਲਥ ਐਨਸਾਈਕਲੋਪੀਡੀਆ
ਮੈਕ. ਐਨ. ਸਾ. ਟ.	ਮੈਕਗ੍ਰਾਅ-ਹਿੱਲ ਐਨਸਾਈਕਲੋਪੀਡੀਆ ਆਫ਼ ਸਾਇੰਸ ਐਂਡ ਟੈਕਨਾਲੋਜੀ
ਮੈਕ. ਐਨ. ਵ. ਬਾ.	ਮੈਕਗ੍ਰਾਅ-ਹਿੱਲ ਐਨਸਾਈਕਲੋਪੀਡੀਆ ਆਫ਼ ਵਰਲਡ ਬਾਇਓਗ੍ਰਾਫ਼ੀਜ਼
ਮੈਕ. ਮਾ. ਮੈ. ਸਾ.	ਮੈਕਗ੍ਰਾਅ-ਹਿੱਲ ਮਾਡਰਨ ਮੈਨ ਆਫ਼ ਸਾਇੰਸ
ਮੈਥ. ਡਿ.	ਮੈਥੇਮੈਟਿਕਸ ਡਿਕਸ਼ਨਰੀ—ਜੇਮਜ਼ ਐਂਡ ਜੇਮਜ਼
ਮੈ. ਪ. ਇੰ. ਪਾ.	ਮੈਡੀਸਿਨਲ ਪਲਾਂਟਸ ਆਫ਼ ਇੰਡੀਆ ਐਂਡ ਪਾਕਿਸਤਾਨ
ਮੈ. ਮੈਥ.	ਮੈਨ ਆਫ਼ ਮੈਥੇਮੈਟਿਕਸ—ਈ. ਟੀ. ਬੈੱਲ
ਯੂਨੀ. ਐਨ.	ਯੂਨੀਵਰਸਲ ਐਨਸਾਈਕਲੋਪੀਡੀਆ
ਰ. ਸਿੰ.	ਰਣਜੀਤ ਸਿੰਘ—ਸਰ ਲੈਪਲ ਗ੍ਰਿਫ਼ਿਨ
ਰਾ. ਸਿ. ਪਾ. ਪੰ.	ਰਾਈਜ਼ ਆਫ਼ ਦੀ ਸਿੱਖ ਪਾਵਰ ਇਨ ਦੀ ਪੰਜਾਬ—ਸੋਹਣ ਸਿੰਘ ਸੀਤਲ
ਰਾ. ਫਾ. ਮੁ. ਐਂਪ.	ਰਾਈਜ਼ ਐਂਡ ਫ਼ਾਲ ਆਫ਼ ਦੀ ਮੁਗ਼ਲ ਐਂਪਾਇਰ-ਆਰ.ਪੀ. ਤ੍ਰਿਪਾਠੀ
ਲਾ. ਐਨ. ਵਰ.	ਲਾਰੌਂਸ ਐਨਸਾਈਕਲੋਪੀਡੀਆ ਆਫ਼ ਵਰਲਡ—ਪਾਲ ਹੈਮਲਿਨ
ਲਾਂ. ਡਿ. ਜਗ.	ਲਾਂਗਮੈਨ ਡਿਕਸ਼ਨਰੀ ਆਫ਼ ਜੀਓਗ੍ਰਾਫ਼ੀ—ਸਰ ਡਡਲੇ ਸਟੈਂਪ
ਲਿੰ. ਸ. ਇੰਡ.	ਲਿੰਗੁਇਸਟਿਕ ਸਰਵੇ ਆਫ਼ ਇੰਡੀਆ—ਗ੍ਰੀਅਰਸਨ
ਲਿਟ. ਹਿ. ਐਰੈ.	ਏ ਲਿਟਰੇਰੀ ਹਿਸਟਰੀ ਆਫ਼ ਦੀ ਐਰੈਬਜ—ਨਿਕਲਸਨ
ਲਿਟ ਹਿ. ਪਰ.	ਏ ਲਿਟਰੇਰੀ ਹਿਸਟਰੀ ਆਫ਼ ਪਰਸ਼ੀਆ—ਬ੍ਰਾਊਨ
ਵ. ਹੂ. ਸਾ.	ਵਰਲਡ ਹੂ-ਜ਼ ਹੂ ਇਨ ਸਾਇੰਸ
ਵ. ਟੈ.	ਵਰਕਸ਼ਾਪ ਟੈਕਨਾਲੋਜੀ—ਡਬਲਿਊ. ਏ. ਚੈਪਮੈਨ
ਵ. ਯੂ. ਐਨ.	ਵਰਲਡ ਯੂਨੀਵਰਸਿਟੀ ਐਨਸਾਈਕਲੋਪੀਡੀਆ
ਵਾ. ਨਾਂ. ਸ. ਐਨ.	ਵਾਨ ਨਾਂਸਟਰਾਂਡ ਸਾਇੰਟਿਫ਼ਿਕ ਐਨਸਾਈਕਲੋਪੀਡੀਆ
ਵੈ. ਜਗ. ਡਿ.	ਵੈਬਸਟਰਜ਼ ਜੀਓਗ੍ਰਾਫ਼ੀਕਲ ਡਿਕਸ਼ਨਰੀ
ਵੈ. ਨਿ. ਵਰ. ਐਨ.	ਵੈਬਸਟਰਜ਼ ਨਿਊ ਵਰਲਡ ਐਨਸਾਈਕਲੋਪੀਡੀਆ
ਵੈ. ਬਾਇ. ਡਿ.	ਵੈਬਸਟਰ ਬਾੱਇਗ੍ਰਾਫੀਕਲ ਡਿਕਸ਼ਨਰੀ

ਮਹਾਂਦੀਪ		ਮਹਾਂਸਾਗਰ	
ਉ. ਅਮ.	ਉੱਤਰੀ ਅਮਰੀਕਾ		
ਅੰਟਾ.	ਅੰਟਾਰਕਟਿਕਾ	ਉ. ਅੰਧ. ਮਹਾਂ.	ਉੱਤਰੀ ਅੰਧ ਮਹਾਂਸਾਗਰ
ਅਫ਼.	ਅਫ਼ਰੀਕਾ	ਆਰ. ਮਹਾਂ.	ਆਰਕਟਿਕ ਮਹਾਂਸਾਗਰ
ਆਸ.	ਆਸਟ੍ਰੇਲੀਆ	ਸ਼ਾਂ. ਮਹਾਂ.	ਸ਼ਾਂਤ ਮਹਾਂਸਾਗਰ
ਏ.	ਏਸ਼ੀਆ	ਹਿੰ. ਮਹਾਂ.	ਹਿੰਦ ਮਹਾਂਸਾਗਰ
ਦੱ. ਅਮ.	ਦੱਖਣੀ ਅਮਰੀਕਾ	ਦੱ. ਅੰਧ. ਮਹਾਂ.	ਦੱਖਣੀ ਅੰਧ ਮਹਾਂਸਾਗਰ
ਯੂ.	ਯੂਰਪ		

ਸਾਗਰ

ਅ. ਸਾ.	ਅਰਬ ਸਾਗਰ	ਖਾ. ਬੰ.	ਖਾੜੀ ਬੰਗਾਲ
ਐਡ. ਸਾ.	ਐਡਰਿਆਟਕ ਸਾਗਰ	ਜਾ. ਸਾ.	ਜਾਪਾਨ ਸਾਗਰ
ਇੰ. ਚੈ.	ਇੰਗਲਿਸ਼ ਚੈਨਲ	ਦੱ. ਚੀ. ਸਾ.	ਦੱਖਣੀ ਚੀਨ ਸਾਗਰ
ਏ. ਸਾ.	ਏਜੀਅਨ ਸਾਗਰ	ਪੀ. ਸਾ.	ਪੀਲਾ ਸਾਗਰ
ਸ. ਸਾ.	ਸਫ਼ੈਦ ਸਾਗਰ	ਪੂ. ਚੀ. ਸਾ.	ਪੂਰਬੀ ਚੀਨ ਸਾਗਰ
ਕਾ. ਸਾ.	ਕਾਲਾ ਸਾਗਰ	ਬਾ. ਸਾ.	ਬਾਲਟਿਕ ਸਾਗਰ
ਕੈਸ. ਸਾ.	ਕੈਸਪੀਅਨ ਸਾਗਰ	ਬੇ. ਸਾ.	ਬੇਰਿੰਗ ਸਾਗਰ
ਕੈਰਿ. ਸਾ.	ਕੈਰਿਬੀਅਨ ਸਾਗਰ	ਰੂ. ਸਾ.	ਰੂਮ ਸਾਗਰ
ਖਾ. ਫ਼ਾ	ਖਾੜੀ ਫ਼ਾਰਸ	ਲਾ. ਸਾ.	ਲਾਲ ਸਾਗਰ

ਦੇਸ਼

ਉਜ਼	ਉਜ਼ਬੇਕਿਸਤਾਨ	ਸਵਿ.	ਸਵਿਟਜ਼ਰਲੈਂਡ
ਉ. ਕੋ.	ਉੱਤਰੀ ਕੋਰੀਆ	ਸੋ. ਸੰਘ	ਸੋਵੀਅਤ ਸਮਾਜਵਾਦੀ ਗਣਰਾਜ ਸੰਘ
ਅਫ਼ਗ.	ਅਫ਼ਗਾਨਿਸਤਾਨ	ਹੰਗ.	ਹੰਗਰੀ
ਅਰ.	ਅਰਜਨਟੀਨਾ	ਹਾ.	ਹਾਲੈਂਡ
ਅਲ.	ਅਲਜੀਰੀਆ	ਕਜ਼ਾ.	ਕਜ਼ਾਕਿਸਤਾਨ
ਆਸ.	ਆਸਟ੍ਰੇਲੀਆ	ਕ.	ਕਤਾਰ
ਆਰ.	ਆਰਮੀਨੀਆ	ਕਾ. ਇੰ. ਸਟੇ.	ਕਾਮਨਵੈੱਲਥ ਆਫ਼ ਇੰਡੀਪੈਂਡੈਂਟ ਸਟੇਟਸ
ਐਸ.	ਐਸਤੋਨੀਆ		
ਐਜ਼.	ਐਜ਼ਰਬਾਈਜਾਨ	ਕਿਰ.	ਕਿਰਗੀਜ਼ੀਆ
ਇੰਗ.	ਇੰਗਲੈਂਡ	ਕੀ.	ਕੀਨੀਆ
ਇਸ.	ਇਸਰਾਈਲ	ਕੁ.	ਕੁਵੈਤ
ਇਟ.	ਇਟਲੀ	ਕੇਂ. ਅਮ.	ਕੇਂਦਰੀ ਅਮਰੀਕਾ
ਇੰਡੋ.	ਇੰਡੋਨੇਸ਼ੀਆ	ਕੈ.	ਕੈਨੇਡਾ
ਇਥੋ.	ਇਥੋਪੀਆ	ਕੋਲੰ.	ਕੋਲੰਬੀਆ
ਇਰ.	ਇਰਾਕ	ਗ੍ਰੀ.	ਗ੍ਰੀਨਲੈਂਡ
ਈਰ	ਈਰਾਨ	ਚੀਨ	ਚੀਨ
ਸ. ਅ.	ਸਊਦੀ ਅਰਬ	ਚੈਕ	ਚੈਕ
ਸ. ਅ. ਐਮੀ.	ਸੰਯੁਕਤ ਅਰਬ ਐਮੀਰਾਤ	ਜਰ.	ਜਰਮਨੀ
ਸਕੈਂ.	ਸਕੈਂਡੇਨੇਵੀਆ	ਜਾ.	ਜਾਪਾਨ
ਸਪੇ.	ਸਪੇਨ	ਜਾਰ.	ਜਾਰਡਨ
ਸ. ਰ. ਅ.	ਸੰਯੁਕਤ ਰਾਜ ਅਮਰੀਕਾ	ਤਨ.	ਤਨਜ਼ਾਨੀਆ
ਸਲੋ.	ਸਲੋਵਾਕੀਆ	ਤਾਜ਼ਿ.	ਤਾਜ਼ਿਕਸਤਾਨ
		ਤੁ.	ਤੁਰਕੀ

ਤੁਰ.	ਤੁਰਕਮਾਨਿਸਤਾਨ	ਬੰ. ਦੇਸ਼	ਬੰਗਲਾ ਦੇਸ਼
ਥਾਈ.	ਥਾਈਲੈਂਡ	ਬੁਲ.	ਬੁਲਗ਼ਾਰੀਆ
ਦੱ. ਅਫ.	ਦੱਖਣੀ ਅਫ਼ਰੀਕਾ	ਬੈਲ.	ਬੈਲਜੀਅਮ
ਦੱ. ਕੋ.	ਦੱਖਣੀ ਕੋਰੀਆ	ਬੈਲੋ.	ਬੈਲੋਰਸ਼ੀਆ
ਨਾਈ.	ਨਾਈਜੀਰੀਆ	ਭਾ.	ਭਾਰਤ
ਨਿਊਜ਼ੀ.	ਨਿਊਜ਼ੀਲੈਂਡ	ਮੰਗੋ.	ਮੰਗੋਲੀਆ
ਨੀਦ.	ਨੀਦਰਲੈਂਡਜ਼	ਮਲਾ.	ਮਲਾਇਆ
ਪੱ. ਜਰ.	ਪੱਛਮੀ ਜਰਮਨੀ	ਮਾਲ.	ਮਾਲਡੇਵੀਆ
(ਐਫ. ਆਰ. ਜੀ.)	(ਫ਼ੈਡਰੱਲ ਰੀਪਬਲਿਕ ਆਫ਼ ਜਰਮਨੀ)	ਮਿ.	ਮਿਸਰ
		ਮੈਕ.	ਮੈਕਸੀਕੋ
ਪੱ. ਦੀ. ਸ.	ਪੱਛਮੀ ਦੀਪ ਸਮੂਹ	ਯ. ਅ. ਗ.	ਯਮਨ ਅਰਬ ਗਣਰਾਜ
(ਵੈ. ਇੰਡੀ.)	(ਵੈਸਟ ਇੰਡੀਜ਼)	ਯ. ਲੋ. ਗ.	ਯਮਨ ਲੋਕਰਾਜੀ ਗਣਰਾਜ
ਪਾਕਿ.	ਪਾਕਿਸਤਾਨ	ਯੂਕ.	ਯੂਕਰੇਨ
ਪੁਰ.	ਪੁਰਤਗ਼ਾਲ	ਯੂਗੋ.	ਯੂਗੋਸਲਾਵੀਆ
ਪੂ. ਜਰ.	ਪੂਰਬੀ ਜਰਮਨੀ	ਯੂਨ.	ਯੂਨਾਨ
(ਜੀ. ਡੀ. ਆਰ.)	(ਜਰਮਨ ਡੈਮੋਕ੍ਰੈਟਿਕ ਰੀਪਬਲਿਕ)	ਰੂਸ	ਰੂਸ
		ਰੋਮਾ.	ਰੋਮਾਨੀਆ
ਪੂ. ਦੀ. ਸ.	ਪੂਰਬੀ ਦੀਪ-ਸਮੂਹ	ਲਿਥੂ.	ਲਿਥੂਏਨੀਆ
(ਈ. ਇੰਡੀ.)	(ਈਸਟ ਇੰਡੀਜ਼)	ਲੈਟ.	ਲੈਟਵੀਆ
ਪੋ.	ਪੋਲੈਂਡ	ਲੈਬ	ਲੈਬਨਾਨ
ਫ਼ਰਾਂ.	ਫ਼ਰਾਂਸ		
ਫ਼ਿਲ.	ਫ਼ਿਲਪੀਨ	ਵੀਅ.	ਵੀਅਤਨਾਮ

ਭਾਰਤ ਦੇ ਰਾਜ ਅਤੇ ਸੰਘੀ ਖੇਤਰ


ਉ. ਪ੍ਰ.	ਉੱਤਰ ਪ੍ਰਦੇਸ਼	ਤਾਮ.	ਤਾਮਿਲਨਾਡੂ
ਉੜੀ.	ਉੜੀਸਾ	ਤ੍ਰਿ.	ਤ੍ਰਿਪੁਰਾ
ਅਰੁ. ਪ੍ਰ.	ਅਰੁਨਾਚਲ ਪ੍ਰਦੇਸ਼	ਨਾਗਾ.	ਨਾਗਾਲੈਂਡ
ਆਸਾ.	ਆਸਾਮ	ਪ.	ਪੰਜਾਬ
ਆਂ. ਪ੍ਰ.	ਆਂਧਰਾ ਪ੍ਰਦੇਸ਼	ਪੱ. ਬੰ.	ਪੱਛਮੀ ਬੰਗਾਲ
ਸਿੱਕ.	ਸਿੱਕਮ	ਬਿਹਾ.	ਬਿਹਾਰ
ਹਰਿ.	ਹਰਿਆਣਾ.	ਮਹਾ.	ਮਹਾਰਾਸ਼ਟਰ
ਹਿ. ਪ੍ਰ.	ਹਿਮਾਚਲ ਪ੍ਰਦੇਸ਼	ਮਨੀ.	ਮਨੀਪੁਰ
ਕਰ.	ਕਰਨਾਟਕ	ਮ. ਪ੍ਰ.	ਮੱਧ ਪ੍ਰਦੇਸ਼
ਕੇਰ.	ਕੇਰਲ	ਮਿਜ਼ੋ.	ਮਿਜ਼ੋਰਮ
ਗੁਜ.	ਗੁਜਰਾਤ	ਮੇਘਾ.	ਮੇਘਾਲਿਆ
ਗੋ.	ਗੋਆ	ਰਾਜ.	ਰਾਜਸਥਾਨ
ਜ. ਕ.	ਜੰਮੂ ਕਸ਼ਮੀਰ		
ਅੰਡੇ. ਨਿਕੋ.	ਅੰਡੇਮਾਨ ਅਤੇ ਨਿਕੋਬਾਰ ਦੀਪ ਸਮੂਹ	ਦਿੱਲੀ	ਦਿੱਲੀ
ਚੰਡੀ.	ਚੰਡੀਗੜ੍ਹ	ਪਾਂਡੀ.	ਪਾਂਡੀਚਰੀ
ਦ. ਦਿ	ਦਮਨ ਅਤੇ ਦਿਊ	ਲਕ. ਮਿਨੀ.	ਲਕਸ਼-ਮਿਨੀਕਾਇ
ਦਾ. ਨ. ਹ.	ਦਾਦਰ ਅਤੇ ਨਗਰ ਹਵੇਲੀ		

ਆਮ ਸ਼ਬਦ

ਅੰ. ਅੰਕ.	ਅੰਤਮ ਅੰਕੜੇ	ਜ.	ਜਨਮ
ਅੰਦਾ.	ਅੰਦਾਜ਼ਨ	ਤਾ. ਮਰ.	ਤਾਜ਼ਾ ਮਰਦਮ-ਸ਼ੁਮਾਰੀ
ਅਨੁ.	ਅਨੁਵਾਦ	ਨਿ. ਖੇ.	ਨਿਰਪੱਖ ਖੇਤਰ
ਆ. ਅੰਕ.	ਆਰਜ਼ੀ ਅੰਕੜੇ	ਬਿ.	ਬਿਕਰਮੀ
ਈ.	ਈਸਵੀ	ਮਿਉਂ.	ਮਿਉਂਸਪਲਟੀ
ਈ. ਪੂ.	ਈਸਵੀ ਪੂਰਵ	ਮੌ.	ਮੌਤ
ਸ਼. ਖੇ.	ਸ਼ਹਿਰੀ ਖੇਤਰ	ਰਾ. ਕਾ.	ਰਾਜ-ਕਾਲ
ਹ. ਪੁ.	ਹਵਾਲਾ ਪੁਸਤਕ	ਲ.	ਲਗਭਗ

ਅੰਕੜੇ

ਉ. ਵਿਥ.	ਉੱਤਰੀ ਵਿਥਕਾਰ	ਪੱ. ਲੰਬ.	ਪੱਛਮੀ ਲੰਬਕਾਰ
ਏਕ.	ਏਕੜ	ਪੂ. ਲੰਬ.	ਪੂਰਬੀ ਲੰਬਕਾਰ
ਸੈ.	ਸੈਲਸੀਅਸ	ਫ਼ਾ.	ਫ਼ਾਰਨਹੀਟ
ਸੈਂ.	ਸੈਂਟੀਗ੍ਰੇਡ	ਮਿ. ਮੀ.	ਮਿਲੀਮੀਟਰ
ਸੈਂ. ਮੀ.	ਸੈਂਟੀਮੀਟਰ	ਮਿਲੀ.	ਮਿਲੀਅਨ
ਹੈਕ.	ਹੈਕਟੇਅਰ	ਮੀ.	ਮੀਟਰ
ਕਿ. ਗ੍ਰਾ.	ਕਿਲੋਗ੍ਰਾਮ	ਮੀ^{2}	ਵਰਗ ਮੀਟਰ
ਕਿ. ਮੀ.	ਕਿਲੋਮੀਟਰ	ਮੀ^{3}	ਕਿਊਬਿਕ ਮੀਟਰ (ਘਣ ਮੀਟਰ)
ਕੈ.	ਕੈੱਲਵਿਨ	ਮੈ. ਖੇ.	ਮੈਟਰੋਪਾਲਿਟਨ ਖੇਤਰ
ਗ੍ਰਾ.	ਗ੍ਰਾਮ	ਵ. ਕਿ. ਮੀ.	ਵਰਗ ਕਿਲੋਮੀਟਰ
ਦੱ. ਵਿਥ.	ਦੱਖਣੀ ਵਿਥਕਾਰ	ਵ. ਮੀ.	ਵਰਗ ਮੀਲ



ਚੇਉ ਪਰਾਈਆ ਦਰਿਆ ਦੇ ਕੰਢੇ ਵਸਿਆ ਥਾਈਲੈਂਡ ਦਾ ਇਕ ਸ਼ਹਿਰ

'ਤ' ਸਪਰਸ਼ੀ ਅਘੋਸ਼ ਵਿਅੰਜਨ ਹੈ। ਜਦੋਂ 'ਤ' ਵਿਅੰਜਨ ਵਿਚ 'ਹ' ਮਿਲਾ ਦਿੱਤਾ ਜਾਂਦਾ ਹੈ ਤਾਂ ਇਸ ਦਾ ਰੂਪ ਤ + ਹ = ਥ ਬਣ ਜਾਂਦਾ ਹੈ ਅਤੇ 'ਥ' ਸਪਰਸ਼ੀ ਮਹਾਂਪ੍ਰਾਣ ਬਣ ਜਾਂਦਾ ਹੈ ਜਿਸ ਦਾ ਉਚਾਰਣ-ਸਥਾਨ 'ਦੰਤੀ' ਹੀ ਰਹਿੰਦਾ ਹੈ।

'ਥ' ਦਾ ਇਤਿਹਾਸ ਬਹੁਤ ਪੁਰਾਣਾ ਹੈ। ਇਹ ਅੱਖਰ ਸਿੰਧੂ ਘਾਟੀ ਤੋਂ ਪ੍ਰਾਪਤ ਲਿਪੀ ਵਿਚ ਵੀ ਮਿਲਦਾ ਹੈ। ਇਸ ਦਾ ਵਰਤਮਾਨ ਸਰੂਪ ਨਾਗਰੀ ਵਿਚ ਬਣ ਚੁਕਿਆ ਸੀ। ਲਿਪੀਆਂ ਦੇ ਤੁਲਨਾਤਮਕ ਵਿਕਾਸ ਵਿਚ ਇਹ ਹੇਠ ਲਿਖੀਆਂ ਅਵਸਥਾਵਾਂ ਵਿਚੋਂ ਲੰਘ ਚੁਕਿਆ ਹੈ।

ਸਿੰਧੂ ਘਾਟੀ ਲਿਪੀ		ਬ੍ਰਹਮੀ	ਪਾਲੀ	ਕੁਟਿਲ
ϕ		○	⊙	
ਨਾਗਰੀ	ਸ਼ਾਰਦਾ	ਟਾਕਰੀ	ਲੰਡੇ	ਗੁਰਮੁਖੀ
थ				ਥ

ਇਸ ਤੋਂ ਅਨੁਮਾਨ ਲਾਇਆ ਜਾ ਸਕਦਾ ਹੈ ਕਿ 'ਥ' ਦਾ ਰੂਪ ਨਿਰੰਤਰ ਵਿਕਸਤ ਹੋਇਆ ਹੈ। ਇਸ ਦਾ ਵਿਕਾਸ ਬ੍ਰਹਮੀ ਵਿਚੋਂ ਹੋਇਆ ਅਤੇ ਨਾਗਰੀ ਵਿਚ ਇਹ ਵਰਤਮਾਨ ਰੂਪ ਧਾਰਣ ਕਰ ਚੁਕਿਆ ਸੀ।

'ਥ' ਨੂੰ ਆਧੁਨਿਕ ਭਾਸ਼ਾ ਵਿਆਕਰਣੀ ਖੰਡੀ ਧੁਨੀ ਵਿਉਂਤ ਦੇ ਅੰਤਰਗਤ ਰੱਖਦੇ ਹਨ। ਮੁੱਖ = (ਮੂੰਹ) ਦੁਆਰਾ ਉਚਾਰੀ ਜਾਣ ਵਾਲੀ ਇਹ ਧੁਨੀ ਸ਼ੁੱਧ ਦੰਤੀ ਧੁਨੀ ਸਵੀਕਾਰੀ ਜਾਂਦੀ ਹੈ ਅਤੇ ਇਸ ਦਾ ਸਬੰਧ 'ਡਕਵੇਂ ਵਿਅੰਜਨ' ਨਾਲ ਜੋੜਿਆ ਜਾਂਦਾ ਹੈ ਅਤੇ ਅਘੋਸ਼ ਮਹਾਂਪ੍ਰਾਣ ਵਿਚੋਂ ਇਸ ਦਾ ਉਚਾਰਣ ਹੁੰਦਾ ਹੈ।

'ਥ' ਵਰਤਮਾਨ ਪੰਜਾਬੀ ਵਰਣਮਾਲਾ ਦਾ ਬਾਈਵਾਂ ਅੱਖਰ ਹੈ ਅਤੇ 19 ਵਾਂ ਵਿਅੰਜਨ ਹੈ। ਰਾਗ ਆਸਾ ਮਹਲਾ ੧ ਪਟੀ ਅਨੁਸਾਰ ਇਹ 20 ਵਾਂ ਅੱਖਰ ਹੈ ਅਤੇ ਇਸ ਦਾ ਉਚਾਰਣ 'ਥਥਾ' ਹੈ।

— ਥਥੈ ਥਾਨਿ ਥਾਨੰਤਰਿ ਸੋਈ ਜਾ ਕਾ ਕੀਆ ਸਭੁ ਹੋਆ॥
ਕਿਆ ਭਰਮੁ ਕਿਆ ਮਾਇਆ ਕਹੀਐ ਜੋ ਤਿਸੁ ਭਾਵੈ ਸੋਈ ਭਲਾ॥ 20॥ ਪੰਨਾ– 433

— ਥਥਾ ਥਿਰ ਕੋਊ ਨਹੀ (ਗਉੜੀ ਬਾਵਨ ਅਖਰੀ ਮਹਲਾ ੫)

ਲਿਪੀ	ਨਾਂ	ਸਮਾਂ	ਰੂਪ
	ਅੱਜ ਦੀ ਗੁਰਮੁਖੀ		ਥ
ਗੁਪਤ ਲਿਪੀ	ਅਲਾਹਾਬਾਦ	(375 ਈ.)	
	ਬਾਵਰ	(400-500 ਈ.)	
ਕੁਟਿਲ ਲਿਪੀ	ਮੰਦਸੋਰ	(532 ਈ.)	
	ਹੋਰਯੁਜੀ	(500-550 ਈ.)	
	ਹਰਸ਼ ਸਮੇਂ ਦੀ ਲਿਖਤ	(606-647 ਈ.)	
	ਮੇਰੂ ਵਰਮਾ ਚੰਬਾ	(800 ਈ.)	
	ਬਖਸ਼ਾਲੀ	(800 ਈ.)	
ਸ਼ਾਰਦਾ ਲਿਪੀ	ਸਰਾਹਾਂ	(10 ਵੀਂ ਸਦੀ)	
	ਸੁੰਗਲ	(11 ਵੀਂ ਸਦੀ)	
	ਕਲੈਤ (11 ਵੀਂ ਸਦੀ) ਬੈਜਨਾਥ	(1204 ਈ.)	
	ਕੁੱਲੂ	(1559 ਈ.)	
	ਸ਼ਕੁੰਤਲਾ	ਖਰੜਾ (16 ਵੀਂ ਸਦੀ)	
	ਸ਼ਾਰਦਾ	(ਮੌਜੂਦਾ)	
	ਟਾਕਰੀ		
	ਲੰਡੇ		
	ਡੋਗਰੀ		
ਗੁਰਮੁਖੀ ਲਿਪੀ	ਪੋਥੀਆਂ ਬਾਬਾ ਮੋਹਨ ਜੀ	(1559-1574 ਈ.)	
	ਬੀੜ ਧਰਮਸ਼ਾਲਾ ਹਕੀਮ ਬੂਟਾ ਸਿੰਘ	(16 ਵੀਂ ਸਦੀ)	
	ਸਾਖੀ ਵਲਾਇਤ ਵਾਲੀ	(17 ਵੀਂ ਸਦੀ)	
	ਦਸ਼ਮੇਸ਼ ਦਾ ਸ਼ਿਕਸਤਾ	(ਲਗਭਗ 18 ਵੀਂ ਸਦੀ)	
	ਪਾਦਰੀਆਂ ਵਾਲਾ ਟਾਈਪ	(1850 ਈ.)	ਥ

ਅਤੇ ਰਾਗ ਗਉੜੀ-ਪੂਰਬੀ ਬਾਵਨ ਅਖਰੀ ਕਬੀਰ ਜੀਓ ਕੀ ਵਿਚ ਇਸ ਦਾ ਉਚਾਰਣ ਥਥਾ ਹੈ। 'ਥੱਥਾ' ਉਚਾਰਣ ਵਾਲਾ ਪੰਜਾਬੀ ਭਾਸ਼ਾ ਵਿਚ ਇਕ ਸ਼ਬਦ ਵੀ ਮਿਲਦਾ ਹੈ ਜਿਸ ਦਾ ਅਰਥ ਹੈ— ਜੋ ਥਥਲਾ ਕੇ ਬੋਲਦਾ ਹੈ। 'ਥ-ਥ-ਥੈਇਆ' ਤੋਂ ਇਹ ਵੀ ਪਤਾ ਚਲਦਾ ਹੈ ਕਿ ਇਹ ਧੁਨੀ ਤਬਲਾ - ਵਾਦਨ ਸ਼ੈਲੀ ਵਿਚ ਵੀ ਨਿਵੇਕਲੀ ਥਾਂ ਰਖਦੀ ਹੈ। ਸੰਸਕ੍ਰਿਤ ਭਾਸ਼ਾ ਵਿਚ ਇਸ ਨਾਲ ਕਈ ਹੋਰ ਅਰਥ ਵੀ ਜੁੜੇ ਮਿਲਦੇ ਹਨ ਜਿਨ੍ਹਾਂ ਦਾ ਉਲੇਖ ਮਹਾਨ ਕੋਸ਼ ਵਿਚ ਦਰਜ ਹੈ ਜਿਵੇਂ ਭੈ, ਡਰ, ਮੰਗਲ, ਰਖਿਆ, ਪਹਾੜ, ਭੋਜਨ।

'ਥ' ਨਾਲ ਪੰਜਾਬੀ ਦੀਆਂ ਸਾਰੀਆਂ ਲਗਾਂ-ਮਾਤਰਾਵਾਂ ਲਗ ਜਾਂਦੀਆਂ ਹਨ।

ਡਾ. ਪ੍ਰੇਮ ਪ੍ਰਕਾਸ਼ ਦਾ ਮਤ ਹੈ ਕਿ 'ਥ' ਦੰਤੀ, ਡੱਕਵਾਂ, ਸਪਰਸ਼ੀ, ਨਾਦ ਰਹਿਤ, ਅਲਪ ਪ੍ਰਾਣ ਵਿਅੰਜਨ ਹੈ।

ਹ. ਪੁ. – ਮ. ਕੋ. ; ਪੰ. ਭਾ. ਦਾ ਵਿਆਕਰਣ ਭਾਗ-I –ਡਾ. ਜੋਗਿੰਦਰ ਸਿੰਘ ਪੁਆਰ; ਗੁਰਮੁਖੀ ਲਿਪੀ ਦਾ ਵਿਗਿਆਨਕ ਅਧਿਐਨ – ਡਾ.ਈਸ਼ਰ ਸਿੰਘ ਤਾਂਘ; ਸਵਾਲ ਲਿਪੀ ਦਾ – ਇਕ ਪ੍ਰਤੀਉੱਤਰ – ਡਾ. ਪ੍ਰੇਮ ਪ੍ਰਕਾਸ਼ ਸਿੰਘ।

ਥੰਡਰ ਬੇ : ਇਹ ਉੱਤਰ-ਪੱਛਮੀ ਲੇਕ ਸੁਪੀਰੀਅਰ ਦੀ ਇਕ ਸੰਕੀਰਣ ਖਾੜੀ ਹੈ ਜਿਸ ਨੇ ਪੱਛਮੀ ਕੇਂਦਰੀ ਆਂਟੇਰੀਓ ਰਾਜ (ਕੈਨੇਡਾ) ਦੇ ਤੱਟ ਨੂੰ ਡੂੰਘੀ ਕਾਟ ਪਾਈ ਹੋਈ ਹੈ। ਖਾੜੀ ਦਾ ਇਹ ਹਿੱਸਾ 55 ਕਿ.ਮੀ. ਲੰਬਾ ਅਤੇ 24 ਕਿ.ਮੀ. ਚੌੜਾ ਹੈ। ਖਾੜੀ ਦੇ ਪ੍ਰਵੇਸ਼ ਮਾਰਗ ਉੱਤੇ ਪੀ ਟਾਪੂ ਵੀ ਹੈ ਅਤੇ ਪੂਰਬੀ ਕਿਨਾਰੇ ਵੱਲ ਪ੍ਰਾਇਦੀਪ ਉੱਤੇ 24 ਵ.ਕਿ.ਮੀ. (94 ਵ.ਮੀਲ) ਵਿਚ ਫੈਲਿਆ ਸਿਬਲੀ ਪ੍ਰਾਂਤਕ ਪਾਰਕ ਹੈ। ਇਸ ਦੇ ਪੱਛਮੀ ਤੱਟ ਉੱਤੇ ਇਸੇ ਹੀ ਨਾਂ ਦਾ ਬੰਦਰਗਾਹੀ ਸ਼ਹਿਰ ਹੈ ਜਿਸ ਦਾ ਸਾਰਾ ਵਪਾਰ ਇਸੇ ਖਾੜੀ ਰਾਹੀਂ ਹੁੰਦਾ ਹੈ। ਮੁੱਖ ਧਰਤੀ ਵੱਲੋਂ ਵਹਿਣ ਵਾਲੇ ਕਾਮਿਨਿਸਟਿਕਵਿਆ ਅਤੇ ਕਰੰਟ ਦਰਿਆ ਆਪਣਾ ਸਾਰਾ ਪਾਣੀ ਇਸੇ ਖਾੜੀ ਵਿਚ ਹੀ ਸੁੱਟਦੇ ਹਨ।

ਹ. ਪੁ.- ਐਨ. ਬ੍ਰਿ. ਮਾ. 11: 743

ਥਣਧਾਰੀ ਪ੍ਰਾਣੀ : ਇਹ ਮੈਮੇਲੀਆ (Mammalia) ਸ਼੍ਰੇਣੀ ਦੇ ਰੀੜ੍ਹਧਾਰੀ ਪ੍ਰਾਣੀ ਹਨ ਜਿਨ੍ਹਾਂ ਵਿਚ ਮਾਦਾ ਆਪਣੇ ਬੱਚਿਆਂ ਨੂੰ ਥਣਾਂ ਨਾਲ ਦੁੱਧ ਪਿਲਾਉਂਦੀ ਹੈ। ਇਨ੍ਹਾਂ ਥਣਧਾਰੀ ਪ੍ਰਾਣੀਆਂ ਦੇ ਸਰੀਰ ਉੱਤੇ ਵਾਲ ਹੁੰਦੇ ਹਨ। ਵਾਲਾਂ ਦੀ ਹੋਂਦ ਥਣਧਾਰੀ ਪ੍ਰਾਣੀਆਂ ਦਾ ਇਕ ਵਿਸ਼ੇਸ਼ ਗੁਣ ਹੈ, ਚਾਹੇ ਕੁਝ ਜਾਨਵਰ ਜਿਵੇਂ ਵੇਲ੍ਹ ਆਦਿ ਵਿਚ ਇਹ ਸਿਰਫ਼ ਭਰੂਣ ਅਵੱਸਥਾ ਵਿਚ ਹੀ ਹੁੰਦੇ ਹਨ। ਕੁਝ ਕੁ ਪਾਣੀ ਵਾਲੀਆਂ ਕਿਸਮਾਂ ਨੂੰ ਛੱਡ ਕੇ ਇਹ ਸਮਤਾਪੀ ਅਤੇ ਚਾਰ ਲੱਤਾਂ ਵਾਲੇ ਹੁੰਦੇ ਹਨ। ਥਣਧਾਰੀ ਪ੍ਰਾਣੀ ਪ੍ਰਾਣੀਆਂ ਦਾ ਇਕ ਬਹੁਤ ਵੱਡਾ ਗਰੁੱਪ ਹੈ ਜਿਸ ਵਿਚ ਕੁਝ ਗ੍ਰਾਮ (Shrew) ਭਾਰ ਤੋਂ ਲੈ ਕੇ ਸਭ ਤੋਂ ਵੱਡੇ ਜੀਵਿਤ ਪ੍ਰਾਣੀ ਦਾ ਭਾਰ 150 ਟਨ (ਨੀਲੀ ਵੇਲ੍ਹ) ਤੱਕ ਹੈ।

ਥਣਧਾਰੀ ਪ੍ਰਾਣੀਆਂ ਦੀਆਂ ਲਗਭਗ 3500 ਦੇ ਕਰੀਬ ਜੀਉਂਦੀਆਂ ਜਾਤੀਆਂ ਹਨ ਜਿਨ੍ਹਾਂ ਵਿਚ ਆਕਾਰ ਅਤੇ ਰਹਿਣ-ਸਹਿਣ ਦੀਆਂ ਆਦਤਾਂ ਦੇ ਬਹੁਤ ਵਖਰੇਵੇਂ ਵੇਖਣ ਵਿਚ ਆਉਂਦੇ ਹਨ। ਇਸ ਸ਼੍ਰੇਣੀ ਦੇ ਜਾਨਵਰ ਸੰਸਾਰ ਭਰ ਵਿਚ ਹਰ ਥਾਂ ਮਿਲਦੇ ਹਨ। ਥਣਧਾਰੀ ਪ੍ਰਾਣੀਆਂ ਵਿਚ ਜਾਨਵਰਾਂ ਦੀਆਂ ਹੋਰ ਸ਼੍ਰੇਣੀਆਂ ਦੇ ਮੁਕਾਬਲੇ (ਅਰੈਕਨਿਡਾ ਅਤੇ ਕੀੜਿਆਂ ਨੂੰ ਛੱਡ ਕੇ) ਜ਼ਿਆਦਾ ਅਨੁਕੂਲਣ ਸ਼ਕਤੀ ਹੁੰਦੀ ਹੈ। ਇਨ੍ਹਾਂ ਵਿਚ ਆਪਣੇ ਸਰੀਰ ਦੇ ਤਾਪਮਾਨ ਨੂੰ ਬਹੁਤ ਜ਼ਿਆਦਾ ਠੰਡ ਜਾਂ ਗਰਮੀ ਵਿਚ ਨਿੰਯਤ੍ਰਿਤ ਕਰਨ ਦੀ ਯੋਗਤਾ ਹੁੰਦੀ ਹੈ।

ਥਣਧਾਰੀ ਪ੍ਰਾਣੀਆਂ ਵਿਚ ਹੇਠਲਾ ਜਬਾੜ੍ਹਾ ਸਿੱਧਾ ਹੀ ਖੋਪੜੀ ਨਾਲ ਜੁੜਿਆ (hinged) ਹੁੰਦਾ ਹੈ ਜਦ ਕਿ ਹੋਰ ਰੀੜ੍ਹਧਾਰੀ ਪ੍ਰਾਣੀਆਂ ਵਿਚ ਇਹ ਇਕ ਖਾਸ ਹੱਡੀ ਕੁਆਡਰੇਟ (Quadrate) ਰਾਹੀਂ ਖੋਪੜੀ ਨਾਲ ਜੁੜਦਾ ਹੈ। ਦਿਲ ਅਤੇ ਫੇਫੜਿਆਂ ਨੂੰ ਪੇਟ ਦੀ ਖੋੜ ਤੋਂ ਇਕ ਪੇਸ਼ੀਦਾਰ ਡਾਇਆਫ੍ਰਾਮ ਨਿਖੇੜਦਾ ਹੈ। ਥਣਧਾਰੀ ਪ੍ਰਾਣੀਆਂ ਦੇ ਲਾਲ ਰਕਤਾਣੂਆਂ ਵਿਚ ਨਿਊਕਲੀਅਸ ਨਹੀਂ ਹੁੰਦੇ ਜਦ ਕਿ ਹੋਰ ਸਾਰੇ ਰੀੜ੍ਹਧਾਰੀ ਜੀਵਾਂ ਦੇ ਲਾਲ ਰਕਤਾਣੂਆਂ ਵਿਚ ਨਿਊਕਲੀਅਸ ਹੁੰਦੇ ਹਨ।

ਐਕਡਿਨਾ ਅਤੇ ਡਕ-ਬਿਲਡ ਪਲੈਟੀਪਸ (duck-billed platypus) ਅੰਡੇ ਦਿੰਦੇ ਹਨ। ਇਨ੍ਹਾਂ ਤੋਂ ਇਲਾਵਾ ਸਾਰੇ ਥਣਧਾਰੀ ਪ੍ਰਾਣੀ ਬੱਚਿਆਂ ਨੂੰ ਜਨਮ ਦਿੰਦੇ ਹਨ। ਮਨੁੱਖ , ਕੁੱਤੇ ਅਤੇ ਹਾਥੀ ਔਲ ਵਾਲੇ ਥਣਧਾਰੀ ਪ੍ਰਾਣੀਆਂ ਦੀਆਂ ਉਦਾਹਰਣਾਂ ਹਨ। ਇਨ੍ਹਾਂ ਵਿਚ ਬੱਚਾ ਜਨਮ ਤੋਂ ਪਹਿਲਾਂ ਕਾਫ਼ੀ ਵਿਕਸਿਤ ਹੋ ਜਾਂਦਾ ਹੈ। ਥੈਲੀ ਵਾਲੇ ਥਣਧਾਰੀ ਪ੍ਰਾਣੀ (pouched mammals) ਜਿਵੇਂ ਕੰਗਾਰੂ ਵਿਚ ਬੱਚੇ ਜਨਮ ਤੋਂ ਪਹਿਲਾਂ ਪੂਰੀ ਤਰਾ ਵਿਕਸਿਤ ਨਹੀਂ ਹੁੰਦੇ ਇਸ ਲਈ ਉਹ ਜਨਮ ਤੋਂ ਬਾਅਦ ਕੁਝ ਚਿਰ ਲਈ ਆਪਣੀ ਮਾਂ ਦੀ ਥੈਲੀ (pouch) ਵਿਚ ਹੀ ਖ਼ੁਰਾਕ ਅਤੇ ਸ਼ਰਨ ਲੈਂਦੇ ਹਨ।

ਥਣਧਾਰੀ ਪ੍ਰਾਣੀਆਂ ਦੀ ਹੋਂਦ ਟਰਾਈਐਸਿਕ ਪੀਰੀਅਡ (180,000,000 ਤੋਂ 220,000,000 ਸਾਲ ਪਹਿਲਾਂ) ਵਿਚ ਹੋਈ। ਇਨ੍ਹਾਂ ਦੇ ਪੂਰਵਜ਼ ਰੀਂਗਣ ਵਾਲੇ ਪ੍ਰਾਣੀਆਂ ਦੇ ਆਰਡਰ ਥਰੈਪਸਿਡਾ ਦੇ ਮੈਂਬਰ ਸਨ। ਥਰੈਪਸਿਡਾ ਛੋਟੇ, ਤੇਜ਼ ਅਤੇ ਮਾਸਾਹਾਰੀ ਪ੍ਰਾਣੀ ਹਨ ਜਿਨ੍ਹਾਂ ਵਿਚ ਇਕ ਖਾਸ ਕਿਸਮ ਦੇ ਦੰਦ ਹੁੰਦੇ ਹਨ।

ਪਿਛਲੇ 70,000,000 ਸਾਲਾਂ ਤੋਂ ਥਣਧਾਰੀ ਪ੍ਰਾਣੀ ਭੂਮੀ ਉੱਤੇ ਮਿਲਣ ਵਾਲੇ ਪ੍ਰਮੁੱਖ ਪ੍ਰਾਣੀ ਹਨ। ਇਹ ਆਪਣੇ ਪੂਰਵਜ਼ ਰੀਂਗਣ ਵਾਲੇ ਪ੍ਰਾਣੀਆਂ ਤੋਂ ਜ਼ਿਆਦਾ ਮਹਤੱਵਪੂਰਨ ਹਨ ਕਿਉਂਕਿ ਥਣਧਾਰੀ ਪ੍ਰਾਣੀ ਸਮਤਾਪੀ (Warm-blooded) ਹੁੰਦੇ ਹਨ। ਇਨ੍ਹਾਂ ਪ੍ਰਾਣੀਆਂ ਵਿਚ ਮੈਟਾਬਾਲਿਜ਼ਮ ਦੀ ਦਰ ਬਹੁਤ ਜ਼ਿਆਦਾ ਹੁੰਦੀ ਹੈ। ਹੁਣ ਥਣਧਾਰੀ ਪ੍ਰਾਣੀਆਂ ਦੀਆਂ ਸਿਰਫ਼ ਦੋ ਹੀ ਉਪ-ਸ਼੍ਰੇਣੀਆਂ ਹਨ। ਪ੍ਰੋਟੋਥੀਰੀਆ ਜਿਸ ਵਿਚ ਅੰਡੇ ਦੇਣ ਵਾਲੇ ਪ੍ਰਾਣੀ ਆਉਂਦੇ ਹਨ ਅਤੇ ਥੀਰੀਆ ਜਿਸ ਵਿਚ ਬੱਚੇ ਦੇਣ ਵਾਲੇ ਪ੍ਰਾਣੀ ਸ਼ਾਮਲ ਹਨ। ਇਕ ਹੋਰ ਉਪ-ਸ਼੍ਰੇਣੀ ਵਿਚ 12 ਆੱਰਡਰ ਲੁਪਤ ਹੋ ਚੁੱਕੇ ਥਣਧਾਰੀ ਪ੍ਰਾਣੀਆਂ ਦੇ ਹਨ। 17 ਆੱਰਡਰ ਉਨ੍ਹਾਂ ਜੀਵਾਂ ਦੇ ਹਨ ਜਿਹੜੇ ਅੱਜਕੱਲ੍ਹ ਉਪਲਬਧ ਹਨ। ਆੱਰਡਰ ਅਗੋਂ ਸ਼੍ਰੇਣੀਆਂ, ਉਪ-ਸ਼੍ਰੇਣੀਆਂ, ਕੁਲਾਂ, ਪ੍ਰਜਾਤੀਆਂ ਅਤੇ ਜਾਤੀਆਂ ਵਿਚ ਵੰਡੇ ਹੋਏ ਹਨ। 900 ਪ੍ਰਜਾਤੀਆਂ (Genera) ਉਪਲਬਧ ਪ੍ਰਾਣੀਆਂ ਦੀਆਂ ਹਨ ਅਤੇ 3000 ਜਾਤੀਆਂ (Species) ਲੁਪਤ ਹੋ ਚੁੱਕੇ ਪ੍ਰਾਣੀਆਂ ਦੀਆਂ ਹਨ। ਥਣਧਾਰੀ ਪ੍ਰਾਣੀਆਂ ਦੀਆਂ ਹੁਣ ਲਗਭਗ 4500 ਜਾਤੀਆਂ ਜਿਉਂਦੀਆਂ ਮਿਲਦੀਆਂ ਹਨ। ਪ੍ਰੋਟੋਥੀਰੀਆ, ਉਪ-ਸ਼੍ਰੇਣੀ ਵਿਚ ਨਿਮਨ ਵਰਗ ਦੇ ਥਣਧਾਰੀ ਜੀਵ, ਮਾੱਨੋਟ੍ਰੀਮਜ਼ ਸ਼ਾਮਲ ਹਨ ਅਤੇ ਥੀਰੀਆ ਉਪ-ਸ਼੍ਰੇਣੀ ਵਿਚ ਥੈਲੀਦਾਰ ਪ੍ਰਾਣੀ (Marsupial) ਅਤੇ ਔਲ ਵਾਲੇ (placental) ਪ੍ਰਾਣੀ ਸ਼ਾਮਲ ਹਨ। ਸਭ ਤੋਂ ਪਿਛੋਂ ਮਿਲਣ ਵਾਲਾ ਪ੍ਰੋਟੋਥੀਰੀਆ ਦਾ ਥਣਧਾਰੀ, ਕੀੜੇ ਖਾਣ ਵਾਲਾ ਕੰਡੇਦਾਰ ਕੀੜੀ ਖੋਰ (ਐਂਟਈਟਰ) ਅਤੇ ਡਕ-ਬਿਲਡ ਪਲੈਟੀਪਸ ਹੈ। ਇਨ੍ਹਾਂ ਨਿਮਨ-ਵਰਗ ਦੇ ਥਣਧਾਰੀ ਜੀਵਾਂ ਦੇ ਅੰਡੇ ਛਿਲਕੇ ਵਾਲੇ (Shelled) ਹੁੰਦੇ ਹਨ। ਮਾਦਾ ਦੁਆਰਾ ਅੰਡੇ ਸੇਣ ਦੀ ਕਿਰਿਆ (Incubation) ਤੋਂ ਬਾਅਦ ਬੱਚੇ ਕੱਢੇ ਜਾਂਦੇ ਹਨ। ਇਨ੍ਹਾਂ ਦੇ ਨਿਪਲ ਨਹੀਂ ਹੁੰਦੇ ਅਤੇ ਦੁੱਧ ਨਿਕਾਸ ਵਹਿਣੀਆਂ (ducts) ਜਿਹੜੀਆਂ ਕਿ ਪੇਟ ਦੇ ਫਰ ਦੇ ਹੇਠੋਂ

ਨਿਕਲਦੀਆਂ ਹਨ, ਵਿਚੋਂ ਨਿੱਕਲਦਾ ਹੈ। ਇਥੇ ਹੀ ਮਾਦਾ ਆਪਣੇ ਬੱਚਿਆਂ ਨੂੰ ਗੋਦੀ ਵਿਚ ਬਿਠਾਉਂਦੀ ਹੈ। ਇਨ੍ਹਾਂ ਵਿਚ ਦੰਦ ਬਿਲਕੁਲ ਹੀ ਨਹੀਂ ਹੁੰਦੇ ਅਤੇ ਇਨ੍ਹਾਂ ਦੀ ਥਾਂ ਤੇ ਇਕ ਤਿੱਖੀ ਚੁੰਝ ਹੁੰਦੀ ਹੈ।

ਥੀਰੀਆ, ਥਣਧਾਰੀ ਪ੍ਰਾਣੀਆਂ ਦਾ ਪ੍ਰਮੁੱਖ ਗਰੁੱਪ ਹੈ। ਧਰਤੀ ਉੱਤੇ ਹਰ ਜਗ੍ਹਾ ਜਿਵੇਂ ਕਿ ਸਮੁੰਦਰ, ਤਾਜ਼ੇ ਪਾਣੀ ਵਾਲੀਆਂ ਝੀਲਾਂ, ਹਵਾ, ਦਰਖ਼ਤ ਅਤੇ ਧਰਤੀ ਦੇ ਥੱਲੇ ਵੀ ਇਨ੍ਹਾਂ ਜੀਵਾਂ ਦਾ ਵਾਸਾ ਹੈ। ਥੀਰੀਆ ਉਪ-ਸ਼੍ਰੇਣੀ ਨੂੰ ਇਸ ਦੇ ਜੀਵਾਂ ਵਿਚ ਜਣਨ ਕਿਰਿਆ ਦੇ ਆਧਾਰ ਤੇ ਵੰਡਿਆ ਗਿਆ ਹੈ। ਇਨ੍ਹਾਂ ਵਿਚ ਥੈਲੀਦਾਰ ਪ੍ਰਾਣੀ ਆਪਣੇ ਬੱਚਿਆਂ ਨੂੰ ਇਕ ਥੈਲੀ ਜਿਸ ਵਿਚ ਥਣ ਹੁੰਦੇ ਹਨ, ਪਾਲਦੇ ਹਨ। ਇਨ੍ਹਾਂ ਵਿਚ ਬੱਚੇ ਭਰੂਣ-ਅਵੱਸਥਾ ਵਿਚ ਹੀ ਪੈਦਾ ਹੁੰਦੇ ਹਨ। ਇਸ ਲਈ ਜਨਮ ਤੋਂ ਬਾਅਦ ਕੁਝ ਚਿਰ ਲਈ ਉਹ ਆਪਣੀ ਮਾਂ ਦੀ ਥੈਲੀ ਵਿਚ ਹੀ ਸ਼ਰਨ ਲੈਂਦੇ ਹਨ। ਇਨ੍ਹਾਂ ਪ੍ਰਾਣੀਆਂ ਦਾ ਘੇਰਾ ਪਹਿਲਾਂ ਬਹੁਤ ਹੀ ਵਿਸ਼ਾਲ ਸੀ ਪਰ ਹੁਣ ਇਹ ਅਮਰੀਕਾ, ਆਸਟ੍ਰੇਲੀਆ ਅਤੇ ਇਸ ਦੇ ਨੇੜਲੇ ਟਾਪੂਆਂ ਤੇ ਹੀ ਮਿਲਦੇ ਹਨ। ਆਸਟ੍ਰੇਲੀਆ ਵਿਚ ਇਨ੍ਹਾਂ ਦੀ ਗਿਣਤੀ ਦੂਜੇ ਜੀਵਾਂ ਜਿਵੇਂ ਕਿ ਬਿੱਲੀਆਂ, ਰਿੱਛ, ਛਛੂੰਦਰ, ਕੀੜੇ ਖਾਣ ਵਾਲੇ ਜੀਵ ਅਤੇ ਚੂਹੇ ਆਦਿ ਦੇ ਮੁਕਾਬਲੇ ਜ਼ਿਆਦਾ ਹੈ। ਕੰਗਾਰੂ, ਕੁਆਲਾ ਅਤੇ ਅਪੋਸਮ ਥੈਲੀਦਾਰ ਪ੍ਰਾਣੀਆਂ ਦੀਆਂ ਉਦਾਹਰਣਾਂ ਹਨ।

ਔਲ ਵਾਲੇ ਪ੍ਰਾਣੀਆਂ ਵਿਚ ਜਣਨ ਢੰਗ ਵੱਖੋ ਵੱਖਰੇ ਹਨ ਪਰ ਹਰ ਇਕ ਮਾਦਾ ਵਿਚ ਇਕ ਹਾਰਮੋਨ ਪਰੋਗੈਸਟੀਰੋਨ ਬਣਦਾ ਹੈ। ਔਲ ਵਾਲੇ ਪ੍ਰਾਣੀਆਂ ਦੇ 18 ਆੱਰਡਰ ਹਨ। ਆਰਟੀਓਡੈਕ-ਟਾਈਲਜ਼ (artiodactyls) ਵਿਚ ਸੂਰ, ਗਊਆਂ, ਜਿਰਾਫ, ਭੇਡ, ਉਠ ਅਤੇ ਹਿਪੋਪੋਟੈਮਸ ਸ਼ਾਮਲ ਹਨ। ਦੂਜੇ ਆੱਰਡਰ ਕਾਰਨੀਵੋਰਜ਼ (Carnivores) ਵਿਚ ਕੁੱਤੇ, ਬਿੱਲੀਆਂ, ਲੂੰਬੜੀ, ਰਿੱਛ, ਸਮੁੰਦਰੀ ਸ਼ੇਰ ਅਤੇ ਸੀਲ ਮੱਛੀ ਹੈ। ਆੱਰਡਰ ਕਾਈਰੋਪਟੀਰਨਜ਼ (Chiropterans) ਵਿਚ ਗਿੱਦੜ ਅਤੇ ਐਡਿਮਟੇਟਜ਼ ਵਿਚ ਆਰਮਾਡਿੱਲੋ (armadillo) ਕੀੜੇ ਖਾਣ ਵਾਲੇ ਜੀਵ ਸ਼ਾਮਲ ਹਨ। ਆਰੱਡਰ ਇਨ-ਸੈਕਟੀਵੋਰਜ਼ (insectivores) ਵਿਚ ਛਛੂੰਦਰ (moles), ਝਾੜ ਚੂਹਾ ਆਦਿ ਹਨ। ਆਰੱਡਰ ਲੈਗੋਮੌਰਫ਼ਸ (lagomorphs) ਵਿਚ ਖ਼ਰਗੋਸ਼ ਅਤੇ ਸਹਾ। ਪੈਰੀਸੋਡੈਕਟਾਈਲਜ਼ (Perissodactyls) ਵਿਚ ਘੋੜੇ, ਜੈਬਰਾ, ਗੈਂਡਾ। ਆੱਰਡਰ ਪਰਾਈਮੇਟਜ਼ ਵਿਚ ਬਾਂਦਰ, ਮਨੁੱਖ ਅਤੇ ਅਪੂਛ ਬਾਂਦਰ। ਆੱਰਡਰ ਪਰੋਬੋਸਿਡ (Proboscids) ਵਿਚ ਹਾਥੀ ਅਤੇ ਰੋਡੈਂਟਜ਼ (rodents) ਵਿਚ ਚੂਹੇ, ਅਤੇ ਦਰਿਆਈ ਕੁੱਤਾ ਸ਼ਾਮਲ ਹਨ।

ਹ.ਪੁ.—ਐਨ. ਬ੍ਰਿ. ਮਾ. 7 : 751

ਥੰਭ ਸਾਹਿਬ (ਥੰਮ ਸਾਹਿਬ) : ਇਸ ਨਾਂ ਦੇ ਕਈ ਸਥਾਨ ਅਤੇ ਗੁਰਦੁਆਰੇ ਹਨ ਜਿਨ੍ਹਾਂ ਨਾਲ ਗੁਰੂ ਸਾਹਿਬਾਨ ਦਾ ਕੋਈ ਨਾ ਕੋਈ ਸਬੰਧ ਸੀ। (ੳ) ਕਰਤਾਰਪੁਰ, ਜ਼ਿਲ੍ਹਾ ਜਲੰਧਰ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਦੀਵਾਨ ਦਾ ਕਮਰਾ ਬਣਾਉਣ ਸਮੇਂ ਵਿਚਕਾਰ ਪੱਕੇ ਸਤੂਨ ਦੀ ਥਾਂ ਟਾਹਲੀ ਦਾ ਥੰਭ ਲਗਾਇਆ ਸੀ ਜਿਸ ਤੋਂ ਥੰਭ ਸਾਹਿਬ ਨਾਂ ਹੋ ਗਿਆ। ਹੁਣ ਇਸ ਸਥਾਨ ਤੇ ਇਕ ਕਈ ਮੰਜ਼ਲੀ ਉੱਚੀ ਇਮਾਰਤ ਸਥਿਤ ਹੈ; (ਅ) ਗੋਇੰਦਵਾਲ ਵਿਚ ਉਹ ਥੰਭ ਜਿਸ ਨੂੰ ਪਕੜ ਕੇ ਬਚਪਨ ਵਿਚ ਸ੍ਰੀ ਅਰਜਨ ਦੇਵ ਜੀ ਖੜੇ ਹੋਇਆ ਕਰਦੇ ਸਨ; (ੲ) ਪਾਕਿਸਤਾਨ ਵਿਚ ਲਾਹੌਰ ਦੀ ਤਹਿਸੀਲ ਚੂਹਣੀਆ ਦੇ ਪਿੰਡ ਜੰਬਰ ਵਿਖੇ ਦੋ ਥੰਭ ਹਨ ਜਿਨ੍ਹਾਂ ਦਾ ਸਬੰਧ ਸ੍ਰੀ ਗੁਰੂ ਅਰਜਨ ਦੇਵ ਜੀ ਨਾਲ ਹੈ। ਲੋਕ ਇਨ੍ਹਾਂ ਨੂੰ ਦੁਖ ਨਿਵਾਰਨ ਆਖਦੇ ਸਨ ਕਿਉਂਕਿ ਉਨ੍ਹਾਂ ਦੇ ਵਿਸ਼ਵਾਸ ਅਨੁਸਾਰ ਉਨ੍ਹਾਂ ਦੇ ਛੂਹਣ ਤੇ ਰੋਗ ਦੂਰ ਹੋ ਜਾਂਦੇ ਹਨ; (ਸ) ਜ਼ਿਲ੍ਹਾ ਕਪੂਰਥਲਾ ਵਿਚ ਰੇਲਵੇ ਸਟੇਸ਼ਨ ਫਗਵਾੜੇ ਤੋਂ ਹੁਸ਼ਿਆਰਪੁਰ ਵਾਲੀ ਸੜਕ ਤੇ 15-16 ਕਿ.ਮੀ. ਦੂਰ ਡੁਮੇਲੀ ਵਿਖੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਗੁਰਦੁਆਰਾ ਹੈ। ਉੱਥੇ ਇਕ ਚੁਕੋਣਾ ਥਮਲਾ ਬਣਿਆ ਹੋਇਆ ਹੈ ਜੋ ਲਗਭਗ ਸਾਢੇ ਚਾਰ ਮੀਟਰ ਉੱਚਾ ਹੈ। ਇਸ ਨੂੰ 'ਥੰਭ ਜੀ' ਆਖਦੇ ਹਨ। ਉੱਥੇ ਸੁੰਦਰ ਗੁਰਦੁਆਰਾ ਬਣਿਆ ਹੋਇਆ ਹੈ; (ਹ) ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਉੱਦੋਕੇ ਵਿਖੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਗੁਰਦੁਆਰਾ ਹੈ। ਇਹ ਕੱਥੂਨੰਗਲ ਰੇਲਵੇ ਸਟੇਸ਼ਨ ਤੋਂ 6 ਕਿਲੋਮੀਟਰ ਚੜ੍ਹਦੇ ਵੱਲ ਹੈ। ਇਥੇ ਸਤਿਗੁਰੂ ਇਕ ਪ੍ਰੇਮੀ ਸਿੱਖ ਦੇ ਘਰ 9 ਦਿਨ ਠਹਿਰੇ ਸਨ। ਜਿਸ ਥੰਮਲੇ ਨਾਲ ਸਹਾਰਾ ਲੈ ਕੇ ਗੁਰੂ ਜੀ ਬੈਠਦੇ ਸਨ ਉਸ ਦੇ ਨਾਂ ਤੇ ਗੁਰਦੁਆਰੇ ਦਾ ਨਾਂ 'ਥੰਭ ਸਾਹਿਬ' ਹੋ ਗਿਆ। ਉਥੇ ਹੁਣ ਸ਼ਾਨਦਾਰ ਗੁਰਦੁਆਰਾ ਹੈ ਅਤੇ (ਕ) ਅੰਮ੍ਰਿਤਸਰ ਜ਼ਿਲ੍ਹੇ ਦੇ ਕਸਬੇ ਖੇਮਕਰਨ ਵਿਚ ਗੁਰੂ ਹਰਿਗੋਬਿੰਦ ਸਾਹਿਬ ਦੀ ਯਾਦ ਵਿਚ ਇਕ ਗੁਰਦੁਆਰਾ ਬਣਿਆ ਹੋਇਆ ਹੈ। ਸਤਿਗੁਰੂ ਜੀ ਇਥੇ ਥੋੜ੍ਹਾ ਸਮਾਂ ਠਹਿਰੇ ਸਨ। ਇਸ ਗੁਰਦੁਆਰੇ ਵਿਚ ਇਕ ਥੰਭ ਹੈ ਜਿਸ ਨੂੰ ਗੁਰੂ ਸਾਹਿਬ ਦੇ ਵੇਲੇ ਦਾ ਦੱਸਿਆ ਜਾਂਦਾ ਹੈ। ਇਸ ਨੂੰ 'ਥੰਭ ਸਾਹਿਬ' ਆਖਿਆ ਜਾਂਦਾ ਹੈ।

ਹ.ਪੁ.—ਮ.ਕੋ.

ਥਯੈਟਮਯੋ : ਜ਼ਿਲ੍ਹਾ—ਅਪਰ ਬਰਮਾ (ਮਿਆਂਮਾਰ) ਦੇ ਦੱਖਣ ਕੇਂਦਰੀ ਹਿੱਸੇ ਵਿਚ ਮਗਵੇ ਮੰਡਲ ਦਾ ਇਕ ਜ਼ਿਲ੍ਹਾ ਹੈ। ਇਸ ਦਾ ਖੇਤਰਫਲ 11, 981 ਵ.ਕਿ.ਮੀ. ਹੈ। ਇਸੇ ਹੀ ਨਾਂ ਦਾ ਸ਼ਹਿਰ ਇਸ ਦਾ ਸਦਰ ਮੁਕਾਮ ਹੈ। ਇਹ ਆਰਾਕਾਨ ਯੋਮਾ ਅਤੇ ਪੈਗੂ ਯੋਮਾ ਦੀਆਂ ਪਰਬਤੀ ਲੜੀਆਂ ਵਿਚਾਲੇ ਇਕ ਉਬੜ-ਖਾਬੜ ਜਿਹਾ ਮੈਦਾਨੀ ਖੇਤਰ ਹੈ ਜਿਸੇ ਨੂੰ ਇਰਾਵਦੀ ਦਰਿਆ ਦੋ ਭਾਗਾਂ ਵਿਚ ਵੰਡਦਾ ਹੈ। ਇਰਾਵਦੀ ਦਰਿਆ ਦਾ ਆਲਾ-ਦੁਆਲਾ ਕਾਫ਼ੀ ਉਪਜਾਊ ਹੈ। ਥਯੈਟਮਯੋ ਸ਼ਹਿਰ ਤੋਂ ਛੁਟ ਅਲਾਨਮਯੋ, ਪਿਐਜੀ, ਪਿਐਲੋ ਅਤੇ ਕਾਮਾ ਇਥੋਂ ਦੇ ਹੋਰ ਵੱਡੇ ਸ਼ਹਿਰ ਹਨ। ਪੂਰੇ ਜ਼ਿਲ੍ਹੇ ਵਿਚ ਖਿੰਡੀਆਂ-ਪੁੰਡੀਆਂ ਥਾਵਾਂ ਤੇ ਸਫ਼ੈਦ ਪੋਗੌਡੇ ਵੀ ਹਨ।

ਹ.ਪੁ.—ਐਨ. ਬ੍ਰਿ. ਮਾ. 9 : 925

ਥਯੈਟਮਯੋ : ਸ਼ਹਿਰ—ਇਹ ਅਪਰ ਬਰਮਾ (ਮਿਆਂਮਾਰ) ਦੇ ਦੱਖਣ-ਮੱਧਵਰਤੀ ਖੇਤਰ ਦੀ ਮਗਵੇ ਮੰਡਲ ਵਿਚ ਇਸੇ ਹੀ ਨਾਂ ਦੇ ਜ਼ਿਲ੍ਹੇ ਦਾ ਸਦਰ-ਮੁਕਾਮ ਹੈ ਜਿਹੜਾ ਅਲਾਨਮਯੋ ਸ਼ਹਿਰ ਦੇ ਸਾਹਮਣੇ ਇਰਾਵਦੀ ਨਦੀ ਦੇ ਸੱਜੇ ਕੰਢੇ ਤੇ ਸਥਿਤ ਹੈ। ਇਸ ਸ਼ਹਿਰ ਦੀ ਸਥਾਪਨਾ 1306 ਈ. ਵਿਚ ਹੋਈ। ਬਸਤੀਵਾਦੀ ਸਮੇਂ ਵਿਚ ਇਹ ਦੋਵੇਂ ਸ਼ਹਿਰ ਸੁਤੰਤਰ ਅਪਰ ਬਰਮਾ ਅਤੇ ਬਰਤਾਨਵੀ ਲੋਅਰ ਬਰਮਾ ਦੇ ਵਿਚਕਾਰ ਸਰਹੱਦੀ ਸ਼ਹਿਰਾਂ ਵਜੋਂ ਵਿਕਸਿਤ ਹੋਏ। ਅਲਾਨਮਯੋ ਸ਼ਹਿਰ ਦਾ ਨਾਂ ਇਕ ਬਰਤਾਨਵੀ ਅਫ਼ਸਰ ਦੇ ਨਾਂ ਪਿੱਛੇ ਪਿਆ ਜਿਸ ਨੇ 1853 ਈ. ਵਿਚ ਇਸੇ ਸਥਾਨ ਉੱਤੇ ਸਰਹੱਦ ਦੀ ਨਿਸ਼ਾਨਦੇਹੀ ਕੀਤੀ। ਸੰਨ 1930 ਤੋਂ ਬਾਅਦ ਇਥੇ ਕੁਦਰਤੀ ਗੈਸ ਦੇ ਖੇਤਰਾਂ ਦੇ ਪਤਾ ਲੱਗਣ ਤੇ ਸ਼ਹਿਰ ਦੇ ਦੱਖਣ ਵੱਲ ਸਥਿਤ ਚੂਨੇ ਦਾ ਪਹਾੜ ਸੀਮਿੰਟ ਉਦਯੋਗ ਲਈ ਆਧਾਰ ਬਣਿਆ। ਇਹ ਸ਼ਹਿਰ ਚਾਂਦੀ ਦੇ ਕੰਮ ਲਈ ਵੀ ਬਹੁਤ ਪ੍ਰਸਿੱਧ ਹੈ। ਇਸ ਦੇ ਨੇੜੇ ਹੀ ਹਵਾਈ ਅੱਡਾ ਵੀ ਹੈ।

19°19' ਉ. ਵਿਥ.; 95°11' ਪੂ. ਲੰਬ.

ਹ.ਪੁ.—ਐਨ. ਬ੍ਰਿ. ਮਾ. 9 : 925

ਥ੍ਰਸ਼ : ਇਹ ਮੂੰਹ ਅਤੇ ਗਲ ਦੀ ਇਕ ਬੀਮਾਰੀ ਹੈ ਜਿਹੜੀ ਖ਼ਮੀਰ (yeast) ਵਰਗੀ ਇਕ ਉੱਲੀ ਰਾਹੀਂ ਫੈਲਦੀ ਹੈ। ਇਸ ਉੱਲੀ ਦਾ ਵਿਗਿਆਨਕ ਨਾਂ ਕੈਂਡਿਡਾ ਐਲਬਿਕਨਜ਼ (Candida albicans) ਹੈ।

ਆਮ ਤੌਰ ਤੇ ਇਹ ਉੱਲੀ ਜਨਮ-ਨਲੀ (birth canal) ਵਿਚ ਹੀ ਹੁੰਦੀ ਹੈ ਅਤੇ ਬੱਚੇ ਦੇ ਜਨਮ ਸਮੇਂ ਇਹ ਲਾਗ ਉਸ ਦੇ ਮੂੰਹ ਵਿਚ ਚਲੀ ਜਾਂਦੀ ਹੈ ਅਤੇ ਇਹ ਮੂੰਹ ਦੇ ਦੋਵੇਂ ਪਾਸੇ ਨੁਕਰਾਂ ਤੇ ਨਾ ਦਿਸਣ ਵਾਲੀਆਂ ਤ੍ਰੇੜਾਂ ਜਿਹੀਆਂ ਪਾ ਦਿੰਦੀ ਹੈ। ਮੂੰਹ ਵਿਚ ਛਾਲੇ, ਬੁਖ਼ਾਰ ਅਤੇ ਪਾਚਣ ਮਾਰਗ ਵਿਚ ਵਿਗਾੜ ਇਸ ਬੀਮਾਰੀ ਦੇ ਲੱਛਣ ਹਨ। ਇਹੀ ਉੱਲੀ ਕਈ ਵਾਰ ਚਮੜੀ ਤੇ ਵੀ ਅਸਰ ਕਰ ਦਿੰਦੀ ਹੈ। ਇਸ ਨੂੰ ਮਾੱਨੀਲਾਈਐਸਿਸ (Moniliasis) ਆਖਦੇ ਹਨ। ਘਰੇਲੂ ਔਰਤਾਂ ਅਤੇ ਜਿਹੜੇ ਲੋਕਾਂ ਦੇ ਹੱਥ ਬਹੁਤੀ ਦੇਰ ਤਕ ਗਿੱਲੇ ਰਹਿੰਦੇ ਹੋਣ, ਦੀਆਂ ਉਂਗਲੀਆਂ ਦੀ ਵਿਚਕਾਰਲੀ ਚਮੜੀ ਅਤੇ ਕਈ ਵਾਰ ਨਹੁੰਆਂ ਤੇ ਵੀ ਇਸ ਉੱਲੀ ਦੀ ਲਾਗ ਆ ਜਾਂਦੀ ਹੈ। ਮੋਟੇ ਵਿਅਕਤੀਆਂ ਨੂੰ ਜਿਹੜੇ ਸ਼ਕਰ ਰੋਗ ਦੇ ਵੀ ਮਰੀਜ਼ ਹੋਣ ਨੂੰ ਇਹ ਬੀਮਾਰੀ ਹੋਣ ਦੀ ਜ਼ਿਆਦਾ ਸੰਭਾਵਨਾ ਹੁੰਦੀ ਹੈ ਕਿਉਂਕਿ ਉਨ੍ਹਾਂ ਦੀ ਚਮੜੀ ਵਿਚ ਨਮੀ ਅਤੇ ਸ਼ੂਕਰ ਦੀ ਮਾਤਰਾ ਵਧੇਰੇ ਹੁੰਦੀ ਹੈ।

ਕਮਜ਼ੋਰ ਵਿਅਕਤੀਆਂ ਜਿਨ੍ਹਾਂ ਦੇ ਸਰੀਰ ਵਿਚ ਬੀਮਾਰੀਆਂ ਦਾ ਟਾਕਰਾ ਕਰਨ ਦੀ ਸਮਰੱਥਾ ਘੱਟ ਹੁੰਦੀ ਹੈ, ਦੇ ਸਰੀਰ ਦੀ ਸਾਰੀ ਚਮੜੀ ਤੇ ਹੀ ਇਹ ਲਾਗ ਫੈਲ ਸਕਦੀ ਹੈ ਪਰ ਸਹੀ ਇਲਾਜ ਨਾਲ ਇਸ ਲਾਗ ਤੇ ਕਾਬੂ ਪਾਇਆ ਜਾ ਸਕਦਾ ਹੈ। ਬੱਚਿਆਂ ਦੀਆਂ ਆਂਦਰਾਂ ਦੀ ਇਕ ਬੀਮਾਰੀ ਐਕਰੋਡਰਮੇਟਾਈਟਿਸ ਅਟੈਰਾਪੈਥਿਕਾ (acrodermatitis enteropathica) ਹੈ। ਜਿਸ ਵਿਚ ਬੱਚੇ ਨੂੰ ਸਖ਼ਤ ਪੇਚਸ ਲਗ ਜਾਂਦੇ ਹਨ, ਦੀ ਹਾਲਤ ਵਿਚ ਚਮੜੀ ਦੀ ਇਹ ਲਾਗ ਬੇਹੱਦ ਫੈਲਦੀ ਹੈ ਪਰ ਆਂਦਰਾਂ ਦੀ ਇਸ ਬੀਮਾਰੀ ਦਾ ਇਲਾਜ ਕਰਨ ਨਾਲ ਇਸ ਲਾਗ ਤੇ ਵੀ ਕਾਬੂ ਪਾਇਆ ਜਾ ਸਕਦਾ ਹੈ। ਇਹ ਉੱਲੀ ਸਰੀਰ ਅੰਦਰਲੇ ਹੋਰ ਅੰਗਾਂ ਤੇ ਵੀ ਧਾਵਾ ਬੋਲ ਸਕਦੀ ਹੈ। ਸੰਗ੍ਰਹਿਣੀ (Sprue) ਅਤੇ ਘੋੜਿਆਂ ਦੇ ਇਕ ਖੁਰ-ਰੋਗ ਨੂੰ ਵੀ ਥ੍ਰਸ਼ ਕਿਹਾ ਜਾਂਦਾ ਹੈ। ਸੰਗ੍ਰਹਿਣੀ ਦਾ ਸਬੰਧ ਕੁਪੋਸ਼ਣ ਨਾਲ ਹੈ। ਭੋਜਨ ਵਿਚ ਪ੍ਰੋਟੀਨ, ਤਾਜ਼ੇ ਫ਼ਲ, ਵਿਟਾਮਿਨ ਅਤੇ ਕੈਲਸ਼ੀਅਮ ਦੀ ਘਾਟ ਕਾਰਨ ਇਹ ਰੋਗ ਹੋ ਜਾਂਦਾ ਹੈ।

ਹ.ਪੁ.—ਐਨ. ਬ੍ਰਿ. 22 : 164; ਐਨ. ਬ੍ਰਿ. ਮਾ. 9 : 499,983

ਥ੍ਰੱਸ਼ : ਟਰਡਿੱਡੀ (Turdidae) ਕੁਲ ਦੇ, ਗਾਉਣ ਵਾਲੇ ਪੰਛੀਆਂ ਦੇ ਤਕਰੀਬਨ 300 ਪੰਛੀਆਂ ਲਈ ਇਹ ਨਾਂ ਵਰਤਿਆ ਜਾਂਦਾ ਹੈ। ਕਈ ਵਿਗਿਆਨੀ ਟਰਡਿੱਡੀ ਕੁਲ ਨੂੰ ਮੱਸੀਕੈਪਿਡੀ ਕੁਲ ਦੀ ਇਕ ਉਪ-ਕੁਲ ਹੀ ਮੰਨਦੇ ਹਨ। ਕਈ ਵਿਗਿਆਨੀ ਇਨ੍ਹਾਂ ਪੰਛੀਆਂ ਨੂੰ ਦੋ ਗਰੁੱਪਾਂ ਵਿਚ ਵੰਡਦੇ ਹਨ ਜਿਨ੍ਹਾਂ ਨੂੰ ਉਪ-ਕੁਲਾਂ ਦਾ ਦਰਜਾ ਦਿੱਤਾ ਜਾ ਸਕਦਾ ਹੈ। ਪਹਿਲਾ ਚੈਟ-ਥ੍ਰੱਸ਼ (ਉਪ-ਕੁਲ ਸੈਕਸੀਕੋਲਿਨੀ) ਅਤੇ ਦੂਜਾ ਅਸਲੀ ਜਾਂ ਟਿਪੀਕਲ ਥ੍ਰੱਸ਼ (ਉਪ-ਕੁਲ ਟਰਡਿੱਨੀ) ਹੈ। ਇਹ ਪੰਛੀ ਕਈ ਹੋਰ ਕੁਲਾਂ ਦੇ ਪੰਛੀਆਂ ਨਾਲ ਵੀ ਮਿਲਦੇ ਜੁਲਦੇ ਹਨ।

ਅਸਲੀ ਥ੍ਰੱਸ਼ ਟਰਡਸ ਪ੍ਰਜਾਤੀ ਦੇ ਪੰਛੀ ਹਨ ਜਿਨ੍ਹਾਂ ਵਿਚ ਯੂਰਪ ਦੇ ਬਲੈਕਬਰਡ, ਫੀਲਡਫ਼ੇਅਰ, ਆਉਜ਼ਲ, ਰੈੱਡ ਵਿੰਗ ਅਤੇ ਅਮਰੀਕਾ ਦੇ ਰੌਬਿਨ ਸ਼ਾਮਲ ਹਨ। ਇਸ ਤੋਂ ਇਲਾਵਾ ਗਰਾਉਂਡ ਥ੍ਰੱਸ਼ ਅਤੇ ਨਾੱਈਟਿੰਗੇਲ ਥ੍ਰੱਸ਼ ਵੀ ਇਨ੍ਹਾਂ ਵਿਚ ਹੀ ਸ਼ਾਮਲ ਕੀਤੇ ਜਾਂਦੇ ਹਨ। ਚੈਟ ਥ੍ਰੱਸ਼ਾਂ ਦੇ ਨੁਮਾਇੰਦੇ ਬਲਯੂਬਰਡ, ਬਲਯੂਥਰੋਟ ਅਤੇ ਫ਼ਾਕਸਟੇਲ ਆਦਿ ਹਨ।

ਭਾਵੇਂ ਇਹ ਪੰਛੀ ਸੰਸਾਰ ਭਰ ਵਿੱਚ ਮਿਲਦੇ ਹਨ ਪਰ ਅਫ਼ਰੀਕਾ ਵਿਚ ਇਨ੍ਹਾਂ ਦੀ ਵੰਨ-ਸੁਵੰਨਤਾ ਬਹੁਤ ਹੈ।

ਇਹ ਪੰਛੀ ਲਗਭਗ 13 ਤੋਂ 30 ਸੈਂ. ਮੀ. (5 ਤੋਂ 12 ਇੰਚ) ਲੰਮੇ ਹੁੰਦੇ ਹਨ। ਆਮ ਤੌਰ ਤੇ ਇਹ ਬਹੁਤੇ ਸ਼ੋਖ ਰੰਗਾਂ ਦੇ ਨਹੀਂ ਹੁੰਦੇ ਪਰ ਬਹੁਤਿਆਂ ਪੰਛੀਆਂ ਦੇ ਖੰਭਾਂ ਉੱਤੇ ਸ਼ੋਖ ਪੀਲੇ, ਲਾਲ ਅਤੇ ਨੀਲੇ ਰੰਗ ਦੇ ਚਟਾਕ ਹੁੰਦੇ ਹਨ। ਬੋਟਾਂ ਦੇ ਪਹਿਲੇ ਖੰਭਾਂ ਉੱਤੇ ਚਟਾਕ ਹੁੰਦੇ ਹਨ। ਇਹ ਸਾਲ ਵਿਚ ਇਕ ਵਾਰ ਖੰਭ ਉਤਾਰਦੇ ਹਨ। ਇਨ੍ਹਾਂ ਪੰਛੀਆਂ ਦੀ ਚੁੰਝ ਪਤਲੀ ਹੁੰਦੀ ਹੈ ਅਤੇ ਇਨ੍ਹਾਂ ਦੇ ਟਾਰਸਸ (ਹੇਠਲੀ ਲੱਤ) ਉੱਤੇ ਇਕ ਲੰਮਾ ਸਕੇਲ ਹੁੰਦਾ ਹੈ ਜਿਸ ਨਾਲ ਇਨ੍ਹਾਂ ਪੰਛੀਆਂ ਦੇ ਬੂਟ ਪਾਏ ਹੋਣ ਦਾ ਭੁਲੇਖਾ ਲਗਦਾ ਹੈ।

ਚੈਟ ਥ੍ਰੱਸ਼ (ਨੀਲਾ ਪੰਛੀ) ਆਮ ਤੌਰ ਤੇ ਛੋਟੇ ਅਤੇ ਪਤਲੀਆਂ ਲੱਤਾਂ ਵਾਲੇ ਹੁੰਦੇ ਹਨ। ਇਨ੍ਹਾਂ ਦੀ ਚੁੰਝ ਪਤਲੀ ਹੁੰਦੀ ਹੈ ਅਤੇ ਉਸ ਦੇ ਹੇਠਲੇ ਪਾਸੇ ਬਹੁਤ ਘੱਟ ਕਰੜੇ ਵਾਲ (ਬ੍ਰਿਸਲ) ਹੁੰਦੇ ਹਨ। ਇਨ੍ਹਾਂ ਦੇ ਖੰਭ ਜ਼ਿਆਦਾ ਰੰਗੀਨ ਹੁੰਦੇ ਹਨ। ਇਹ ਪੰਛੀ ਦਰਖ਼ਤਾਂ ਅਤੇ ਧਰਤੀ ਦੋਹਾਂ ਥਾਂਵਾਂ ਤੇ ਮਿਲਦੇ ਹਨ। ਇਨ੍ਹਾਂ ਦਾ ਮੁੱਖ ਆਹਾਰ ਕੀੜੇ-ਮਕੌੜੇ ਅਤੇ ਫ਼ਲ ਹਨ। ਇਨ੍ਹਾਂ ਦੀਆਂ ਕਈ ਕਿਸਮਾਂ ਘੋਗੇ ਜਾਂ ਗੰਡੋਇਆਂ ਨੂੰ ਆਪਣੀ ਖ਼ੁਰਾਕ ਬਣਾਉਂਦੀਆਂ ਹਨ।

ਇਹ ਪੰਛੀ ਇਕ ਪਿਆਲਾ-ਨੁਮਾ ਆਲ੍ਹਣਾ ਬਣਾ ਕੇ ਉਸ ਵਿਚ 3-6 ਪੀਲੇ ਆਮ ਤੌਰ ਤੇ ਨੀਲੀ ਭਾਅ ਮਾਰਦੇ ਅੰਡੇ ਦਿੰਦੇ ਹਨ। ਕਈ ਚੈਟ ਥ੍ਰੱਸ਼ ਖੋੜਾਂ ਆਦਿ ਵਿਚ ਵੀ ਅੰਡੇ ਦੇ ਦਿੰਦੇ ਹਨ।

ਹ.ਪੁ.—ਐਨ. ਬ੍ਰਿ. ਮਾ. 9:983; ਦੀ ਬੁਕ ਆਫ਼ ਇੰਡੀਅਨ ਬਰਡਜ਼ : 14, 15

ਥਰਸਟੋਨ, ਲੂਈਸ ਲਿਓਨ : ਇਹ ਸੰਯੁਕਤ ਰਾਸ਼ਟਰ ਅਮਰੀਕਾ ਦਾ ਇਕ ਮਨੋ-ਵਿਗਿਆਨੀ ਸੀ ਜਿਹੜਾ ਮਾਨਸਿਕਤਾ ਨੂੰ ਮਾਪਣ ਵਾਲਿਆਂ ਦਾ ਮੋਢੀ ਸੀ। ਇਸ ਦਾ ਜਨਮ 29 ਮਈ, 1887 ਨੂੰ ਸ਼ਿਕਾਗੋ ਵਿਚ ਹੋਇਆ। ਕੌਰਨੈਲ ਯੂਨੀਵਰਸਿਟੀ ਤੋਂ ਇੰਜੀਨੀਅਰਿੰਗ ਦੀ ਡਿਗਰੀ ਪ੍ਰਾਪਤ ਕਰਨ ਮਗਰੋਂ ਇਸ ਨੇ ਥਾਮਸ ਐਡੀਸਨ ਦੇ ਸਹਾਇਕ ਦੇ ਤੌਰ ਤੇ ਕੰਮ ਕੀਤਾ ਅਤੇ ਮਿਨੀਐਪਲਜ਼ ਵਿਖੇ ਯੂਨੀਵਰਸਿਟੀ ਆਫ਼ ਮਿਨਿਸੋਟਾ ਵਿਚ ਇੰਜੀਨੀਅਰਿੰਗ ਦਾ ਵਿਸ਼ਾ ਵੀ ਪੜ੍ਹਾਇਆ। ਇਸ ਨੇ 1917 ਈ. ਵਿਚ ਸ਼ਿਕਾਗੋ ਯੂਨੀਵਰਸਿਟੀ ਤੋਂ ਪੀਐਚ.ਡੀ. ਦੀ ਡਿਗਰੀ ਪ੍ਰਾਪਤ ਕੀਤੀ। ਇਹ ਸ਼ਿਕਾਗੋ ਵਿਚ 1924 ਤੋਂ 1952 ਤਕ ਅਧਿਆਪਕ ਵਰਗ ਦਾ ਇਕ ਮੈਂਬਰ ਰਿਹਾ।

ਥਰਸਟੋਨ ਮਨੋਵਿਗਿਆਨਕ ਖੋਜ ਨੂੰ ਸੁਨਿਸ਼ਚਿਤ ਢੰਗ ਨਾਲ ਲਾਗੂ ਕਰਨ ਲਈ ਜਾਣਿਆ ਜਾਂਦਾ ਹੈ। ਇਸ ਨੇ ਬਹੁ-ਮੰਤਵੀ ਤੱਤਾਂ ਦਾ ਵਿਸ਼ਲੇਸ਼ਣ ਕਰਨ ਨੂੰ ਵਿਕਸਿਤ ਕੀਤਾ। ਇਸ ਦਾ ਵਿਚਾਰ ਹੈ ਕਿ ਘੱਟੋ ਘੱਟ ਸੱਤ ਅਜ਼ਾਦ ਤੱਤਾਂ ਦੇ ਪਰਸਪਰ ਸਬੰਧਾਂ ਨਾਲ ਮਾਨਸਿਕ ਯੋਗਤਾ ਬਣਦੀ ਹੈ। ਇਸ ਨੇ ਟੈੱਸਟਾਂ ਦੇ ਰੁਝਾਣ ਨੂੰ ਵਿਕਸਿਤ ਕੀਤਾ। ਇਸ ਦੀਆਂ ਮੁੱਖ ਪੁਸਤਕਾਂ 'ਦ ਨੇਚਰ ਆਫ਼ ਮਾਈਂਡ' (1935), 'ਏ ਫੈਕਟਰੀਅਲ ਸਟੱਡੀ ਆਫ਼ ਪਰਸਨੈਲਿਟੀ' (1944) ਆਦਿ ਹਨ।

29 ਸਤੰਬਰ, 1955 ਨੂੰ ਚੈਪਲ ਹਿਲ ਐਨ. ਸੀ. ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ.—ਐਨ. ਅਮੇ. 26 : 714; ਐਨ. ਬ੍ਰਿ. 22 : 173

ਥਰਸੋ : ਸਕਾਟਲੈਂਡ ਦੀ ਕੇਥਨੈੱਸ ਕਾਉਂਟੀ ਦਾ ਇਹ ਇਕ ਛੋਟਾ ਜਿਹਾ ਸ਼ਹਿਰ ਅਤੇ ਅੰਧ ਮਹਾਂਸਾਗਰ ਦੀ ਇਕ ਬੰਦਰਗਾਹ ਹੈ ਜੋ ਮੁੱਖ ਭੂਮੀ ਦੇ ਧੁਰ ਉੱਤਰ ਵਿਚ ਥਰਸੋ ਦਰਿਆ ਦੇ ਮੁਹਾਣੇ ਉੱਤੇ ਸਥਿਤ ਹੈ। ਸੰਨ 1263 ਵਿਚ ਹੋਈ ਲਾਰਗਜ਼ ਦੀ ਲੜਾਈ ਤੋਂ

ਪਹਿਲਾਂ ਇਹ ਸ਼ਹਿਰ ਨਾਰਵੀ ਸੱਤਾ ਦਾ ਪ੍ਰਮੁੱਖ ਕੇਂਦਰ ਸੀ। ਸੰਨ 1633 ਵਿਚ ਇਸ ਨੂੰ ਇਕ ਅਜ਼ਾਦ ਸ਼ਹਿਰ ਦਾ ਦਰਜਾ ਮਿਲਿਆ।

ਇਸ ਦੇ ਪੱਛਮ ਵਿਚ ਕੇਥਨੈੱਸ ਦੇ ਬਿਸ਼ਪ ਦੇ ਮਹਿਲ ਦੇ ਖੰਡਰਾਤ ਹਨ। ਡੂਨਰੇ ਵਿਚ ਨਿਉਕਲੀ ਪਾਵਰ ਸਟੇਸ਼ਨ ਸਥਾਪਤ ਹੈ। ਇਹ ਸਕਾਟਲੈਂਡ ਰੇਲਵੇ ਦਾ ਆਖਰੀ ਸਟੇਸ਼ਨ ਹੈ।

ਆਬਾਦੀ — 8,896 (1981)

58°35′ ਉ. ਵਿਥ.; 3° 32′ ਪੱ. ਲੰਬ.

ਹ.ਪੁ.—ਐਨ. ਬ੍ਰਿ. ਮਾ. 11 : 747

ਥਰਕਲ, ਐਂਜੇਲਾ ਮਾਰਗੈੱਰਟ : ਇੰਗਲੈਂਡ ਦੀ ਇਸ ਲੇਖਿਕਾ ਦਾ ਜਨਮ 30 ਜਨਵਰੀ, 1890 ਈ. ਨੂੰ ਲੰਡਨ ਵਿਖੇ ਹੋਇਆ। ਇਸ ਨੇ ਉੱਚ-ਵਰਗੀ ਅਤੇ ਮੱਧ-ਵਰਗੀ ਲੋਕਾਂ ਦੇ ਜੀਵਨ ਬਾਰੇ ਤਕਰੀਬਨ 30 ਨਾਵਲ ਲਿਖੇ। ਇਸ ਦੇ ਨਾਵਲਾਂ ਦੇ ਪਾਤਰ ਰਈਸ ਅਤੇ ਫੋਕੀ ਆਕੜ ਵਾਲੇ ਹਨ। ਇਸ ਦਾ ਪਿਤਾ ਇਕ ਕਲਾਸਕੀ ਵਿਦਵਾਨ ਅਤੇ ਦਾਦਾ ਪ੍ਰਸਿੱਧ ਚਿੱਤਰਕਾਰ ਸੀ। ਰੁਡਯਾਰਡ ਕਿਪਲਿੰਗ ਇਸ ਦਾ ਚਚੇਰਾ ਭਰਾ ਸੀ।

'ਕਾੱਰਨੇਸ਼ਨ ਸਮਰ' (1937), 'ਪਾੱਮਫ੍ਰੈਟ ਟਾਵਰਜ਼' (1938), 'ਦੀ ਬ੍ਰੈਂਡੋਨਜ਼' (1939), 'ਨਾੱਰਥਬ੍ਰਿਜ ਰੈਕਟਰੀ' (1941), 'ਗ੍ਰੋਇੰਗ ਅਪ' (1943), 'ਦੀ ਹੈੱਡ ਮਿਸਟ੍ਰੈਸ' (1945), 'ਮਿਸ ਬੰਟਿੰਗ' (1946), ਦੀ 'ਡਿਊਕਸ ਡਾੱਟਰ' (1951) ਆਦਿ ਇਸ ਦੇ ਕੁਝ ਪ੍ਰਸਿੱਧ ਨਾਵਲ ਹਨ।

29 ਜਨਵਰੀ, 1961 ਨੂੰ ਸੱਰੇ ਵਿਚ ਬ੍ਰੈਮਲੀ ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ.—ਐਨ. ਬ੍ਰਿ. ਮਾ. 9 : 957

ਥਰਪਨਾ : ਹਿੰਦੂ ਮਤ ਅਨੁਸਾਰ ਥਰਪਨਾ ਤੋਂ ਭਾਵ ਪਾਣੀ ਦਾ ਚੜ੍ਹਾਵਾ ਹੈ। ਰੋਟੀ ਖਾਣ ਤੋਂ ਪਹਿਲਾਂ ਰੱਬ ਨੂੰ ਅਤੇ ਮ੍ਰਿਤਕ ਵਿਅਕਤੀ ਦੇ ਸਨਮਾਨ ਵਿਚ ਭੇਟਾ ਕੀਤੀਆਂ ਜਾਂਦੀਆਂ ਹਨ। ਨਹਾਉਣ ਵੇਲੇ ਹਿੰਦੂ ਲੋਕ ਰੋਜ਼ ਰੱਬ ਨੂੰ ਸੰਤਾਂ, ਵਿਦਿਆਧਰਾਂ, ਪਿਸ਼ਾਚਾਂ, ਸਿੱਧਾਂ ਅਤੇ ਆਪਣੇ ਪੂਰਵਜਾਂ ਨੂੰ ਪਾਣੀ ਅਰਪਣ ਕਰਦੇ ਹਨ। ਥਰਪਨਾ ਦਿਨ ਵਿਚ ਤਿੰਨ ਵਾਰ ਕੀਤੀ ਜਾਂਦੀ ਹੈ। ਖਾਣਾ ਖਾਣ ਤੋਂ ਪਹਿਲਾਂ ਬ੍ਰਾਹਮਣ ਲੋਕ ਨਹਾਉਂਦੇ ਹਨ ਜਦ ਕਿ ਖੱਤਰੀ, ਵੈਸ਼ ਅਤੇ ਸ਼ੂਦਰ ਸਿਰਫ ਹੱਥ ਅਤੇ ਪੈਰ ਹੀ ਧੋਂਦੇ ਹਨ। ਖਾਣ ਵੇਲੇ ਇਹ ਕਮਰ ਤੋਂ ਹੇਠਾਂ ਇਕ ਪੀਲਾ ਰੇਸ਼ਮੀ ਕਪੜਾ ਬੰਨ੍ਹਦੇ ਹਨ ਅਤੇ ਖਾਣੇ ਉਪਰੰਤ ਪੰਜ ਇਸ਼ਨਾਨਾ-ਸਿਰਫ਼ ਹੱਥਾਂ, ਪੈਰਾਂ ਅਤੇ ਮੂੰਹ-ਤਕ ਹੀ ਸੀਮਤ ਰਹਿੰਦੇ ਹਨ।

ਬ੍ਰਾਹਮਣ ਖਾਣਾ ਖਾਣ ਤੋਂ ਪਹਿਲਾਂ ਥਰਪਨਾ ਕਰਦੇ ਹਨ ਜਿਸ ਵਿਚ ਉਹ ਇਕ ਤਾਂਬੇ ਦੇ ਕੱਪ ਨੂੰ ਪਾਣੀ ਨਾਲ ਭਰ ਲੈਂਦੇ ਹਨ ਅਤੇ ਇਸ ਵਿਚ ਜੌਂ ਦੇ ਕੁਝ ਦਾਣੇ, ਤੁਲਸੀ ਦੇ ਕੁਝ ਪੱਤੇ ਅਤੇ ਸੰਦਲ ਆਦਿ ਪਾ ਕੇ ਪਵਿੱਤਰ ਘਾਹ ਹੱਥ ਵਿਚ ਲੈ ਕੇ ਦੋਹਾਂ ਹੱਥਾਂ ਦੀ ਬਣਾਈ ਬੁੱਕ ਨੂੰ ਪਾਣੀ ਨਾਲ ਭਰਦੇ ਹਨ। ਫਿਰ ਇਸ ਨੂੰ ਕੱਪ ਵਿਚ ਉਲਟਾਉਂਦੇ ਹੋਏ ਕਹਿੰਦੇ ਹਨ, "ਮੈਂ ਇਹ ਪਾਣੀ ਸਾਰੇ ਦੇਵਤਿਆਂ ਨੂੰ ਅਰਪਣ ਕਰ ਰਿਹਾ ਹਾਂ।" ਬ੍ਰਾਹਮਣ ਪਾਣੀ ਦੇ ਇਸ ਤਰ੍ਹਾਂ ਦੇ ਚੜ੍ਹਾਵੇ ਵਿਅਕਤੀਆਂ, ਜਾਨਵਰਾਂ, ਰੁੱਖਾਂ, ਨਹਿਰਾਂ, ਦਰਿਆਵਾਂ, ਭੂਤਾਂ, ਪ੍ਰੇਤਾਂ, ਰਿਸ਼ੀਆਂ, ਪੂਰਵਜਾਂ ਅਤੇ ਹੋਰਾਂ ਨੂੰ ਵੀ ਦਿੰਦਾ ਹੈ। ਇਸ ਉਪਰੰਤ ਉਹ ਹੋਮ ਕਰਦਾ ਹੈ ਜਿਸ ਵਿਚ ਤਾਂਬੇ ਜਾਂ ਮਿੱਟੀ ਦੇ ਬਰਤਨ ਵਿਚ ਜਲ ਰਹੀ ਅੱਗ ਵਿਚ ਅਲੱਗ-ਅਲੱਗ ਦੇਵਾਂ ਦਾ ਨਾਂ ਲੈ ਕੇ ਚਾਵਲ ਅਤੇ ਦੇਸੀ ਘੀ ਪਾਇਆ ਜਾਂਦਾ ਹੈ। ਪੰਜ ਭਾਗਾਂ ਵਿਚ ਵੰਡੀ ਹੋਈ ਸਮੱਗਰੀ ਨੂੰ ਇਹ ਥੋੜ੍ਹੀ ਥੋੜ੍ਹੀ ਲੈ ਕੇ ਦੇਵਤੇ ਦੀ ਭੇਟ ਕਰਦਾ ਹੈ। ਨਾਸ਼ਤੇ ਵੇਲੇ ਬ੍ਰਾਹਮਣ ਹੱਥ ਵਿਚ ਪਾਣੀ ਲੈ ਕੇ ਗਾਇਤ੍ਰੀ ਮੰਤਰ ਦਾ ਜਾਪ ਕਰਦਾ ਹੈ ਅਤੇ ਇਸ ਪਾਣੀ ਨੂੰ ਆਪਣੇ ਖਾਣੇ ਅਤੇ ਉਸ ਵਿਚੋਂ ਬ੍ਰਹਮਾ, ਵਿਸ਼ਣੂੰ ਅਤੇ ਸ਼ਿਵ ਲਈ ਰੱਖੇ ਹਿੱਸਿਆਂ ਤੇ ਛਿੜਕਦਾ ਹੈ। ਉਸ ਵਲੋਂ ਖਾਧੀਆਂ ਜਾਂਦੀਆਂ ਪਹਿਲੀਆਂ ਪੰਜ ਬੁਰਕੀਆਂ 'ਪੰਚਪ੍ਰਾਣ' ਲਈ ਹੁੰਦੀਆਂ ਹਨ।


ਹ.ਪੁ.—ਐਨ. ਏਸ. 9:859

ਥਰ ਪਾਰਕਰ : ਇਹ ਪਾਕਿਸਤਾਨ ਦੇ ਸਿੰਧ ਪ੍ਰਾਂਤ ਦੀ ਹੈਦਰਾਬਾਦ ਡਵੀਜਨ ਦਾ ਇਕ ਪ੍ਰਬੰਧਕੀ ਜ਼ਿਲ੍ਹਾ ਹੈ। ਇਸ ਦਾ ਖੇਤਰਫਲ 28,169 ਵ.ਕਿ.ਮੀ. (10,876 ਵ. ਮੀਲ) ਅਤੇ ਆਬਾਦੀ 1,501,000 (1981) ਹੈ। ਇਸ ਨੂੰ ਦੋ ਭੂਗੋਲਿਕ ਖੰਡਾਂ ਵਿਚ ਵੰਡਿਆ ਹੋਇਆ ਹੈ- ਪੂਰਬ ਵਿਚ ਥਾਰ ਮਾਰੂਥਲ ਜਿਸ ਵਿਚ ਦੱਖਣ-ਪੂਰਬੀ ਪਾਰਕਰ ਖੇਤਰ ਅਤੇ 'ਰਨ ਆਫ਼ ਕੱਛ' ਦੇ ਅੰਦਰ ਵੱਲ ਨੂੰ ਵਧਾਈ ਚਟਾਨੀ ਪਹਾੜੀ ਲੜੀਆਂ ਸ਼ਾਮਲ ਹਨ; ਪੱਛਮ ਵਿਚ ਮੈਦਾਨੀ ਇਲਾਕਾ ਪੈਂਦਾ ਹੈ ਜਿਸ ਨੂੰ ਅੰਸ਼ਿਕ ਰੂਪ ਵਿਚ ਸਿੰਧ ਦਰਿਆ ਵਿਚੋਂ ਨਿਕਲਦੀ ਨਾਰਾ ਨਹਿਰ ਸਿੰਜਦੀ ਹੈ। ਇਥੋਂ ਦੀਆਂ ਮੁੱਖ ਫਸਲਾਂ ਝੋਨਾ, ਕਣਕ, ਕਪਾਹ, ਬਾਜਰਾ ਅਤੇ ਤੇਲ ਦੇ ਬੀਜ ਆਦਿ ਹਨ। ਇਥੋਂ ਦੇ ਲੋਕ ਜਾਨਵਰਾਂ, ਭੇਡਾਂ ਅਤੇ ਬੱਕਰੀਆਂ ਨੂੰ ਚਾਰਨ ਦਾ ਕੰਮ ਕਰਦੇ ਹਨ। ਇਸ ਤੋਂ ਇਲਾਵਾ ਚੀਨੀ ਅਤੇ ਮਿੱਟੀ ਦੇ ਭਾਂਡੇ ਬਣਾਉਣ ਦਾ ਕੰਮ ਵੀ ਕਰਦੇ ਹਨ।

ਜ਼ਿਲ੍ਹੇ ਦੇ ਸਦਰ ਮੁਕਾਮ ਮੀਰਪੁਰ ਖਾਸ ਵਿਖੇ ਕਪਾਹ ਅਤੇ ਚੌਲਾਂ ਦੀਆਂ ਮਿੱਲਾਂ ਹਨ। ਅਮਰਕੋਟ ਵਿਖੇ ਇਕ ਪੁਰਾਤੱਤਵ ਮਿਊਜ਼ੀਅਮ ਵੀ ਹੈ ਅਤੇ ਇਥੇ ਜੈਨੀਆਂ ਅਤੇ ਹਿੰਦੂਆਂ ਨਾਲ ਸਬੰਧਤ ਇਮਾਰਤਾਂ ਦੇ ਖੰਡਰਾਤ ਹਨ। ਕਲਹੌਰਾ ਅਤੇ ਤਾਲਪੁਰ ਨਾਂ ਦੇ ਦੋ ਸ਼ਾਹੀ ਖਾਨਦਾਨਾਂ ਨੇ ਵੀ ਇਸ ਉੱਤੇ ਉਪਰੋਥਲੀ ਰਾਜ ਕੀਤਾ ਸੀ ਪਰ ਸਿੰਧ ਦੀ ਜਿੱਤ ਦੇ ਨਾਲ ਹੀ 1843 ਈ. ਵਿਚ ਅੰਗਰੇਜ਼ਾਂ ਨੇ ਇਸ ਨੂੰ ਆਪਣੇ ਰਾਜ ਵਿਚ ਸ਼ਾਮਲ ਕਰ ਲਿਆ। ਸੰਨ 1947 ਵਿਚ ਇਹ ਪਾਕਿਸਤਾਨ ਦਾ ਹਿੱਸਾ ਬਣ ਗਿਆ।

ਹ.ਪੁ.—ਐਨ. ਬ੍ਰਿ. ਮਾ. 11 : 675

ਥਰਬਰ, ਜੇਮਜ਼ ਗਰੋਵਰ : ਇਸ ਅਮਰੀਕੀ ਲੇਖਕ ਅਤੇ ਵਿਅੰਗ-ਚਿੱਤਰਕਾਰ ਦਾ ਜਨਮ 8 ਦਸੰਬਰ, 1894 ਈ. ਨੂੰ



ਜੇਮਜ਼ ਗਰੋਵਰ ਥਰਬਰ

ਓਹਾਈਓ ਰਾਜ ਵਿਚ ਕੋਲੰਬਸ ਵਿਖੇ ਹੋਇਆ। ਸੰਨ 1913-1918 ਦੌਰਾਨ ਇਸ ਨੇ ਓਹਾਈਓ ਸਟੇਟ ਯੂਨੀਵਰਸਿਟੀ ਵਿਖੇ ਸਿੱਖਿਆ ਪ੍ਰਾਪਤ ਕੀਤੀ ਪਰ ਡਿਗਰੀ ਲੈਣ ਤੋਂ ਪਹਿਲਾਂ ਹੀ ਇਸ ਨੇ ਬਦੇਸ਼ੀ ਮੰਤਰਾਲੇ ਵਿਚ ਪਹਿਲਾਂ ਵਾਸ਼ਿੰਗਟਨ ਵਿਖੇ ਅਤੇ ਫਿਰ ਪੈਰਿਸ ਵਿਖੇ ਕਲਰਕੀ ਕੀਤੀ। ਇਹ ਫਿਰ ਕੋਲੰਬਸ ਪਰਤ ਕੇ 'ਈਵਨਿੰਗ ਡਿਸਪੈਚ' ਅਖ਼ਬਾਰ ਵਿਚ ਨਾਮਾਨਿਗਾਰ ਲੱਗ ਗਿਆ। ਸੰਨ 1924 ਵਿਚ ਫਿਰ ਪੈਰਿਸ ਜਾ ਕੇ ਇਹ 'ਸ਼ਿਕਾਗੋ ਟ੍ਰਿਬਿਊਨ' ਵਿਚ ਲੱਗ ਗਿਆ। ਸੰਨ 1926 ਵਿਚ ਇਹ ਨਿਊਯਾਰਕ ਜਾ ਕੇ 'ਈਵਨਿੰਗ ਪੋਸਟ' ਲਈ ਰਿਪੋਟਰ ਵਜੋਂ ਕੰਮ ਕਰਨ ਲਗ ਪਿਆ। ਸੰਨ 1927 ਵਿਚ ਇਹ 'ਦੀ ਨਿਊ ਯਾਰਕਰ' ਨਾਂ ਦੇ ਮੈਗਜ਼ੀਨ ਦਾ ਮੈਨੇਜਿੰਗ ਐਡੀਟਰ ਅਤੇ ਲੇਖਕ ਲੱਗ ਗਿਆ। ਇਸ ਦੇ ਚਿੱਤਰ ਜ਼ਿਆਦਾਤਰ 'ਨਿਊ ਯਾਰਕਰ' ਰਸਾਲੇ ਵਿਚ ਛਪੇ। ਮਗਰੋਂ 'ਦੀ ਯੀਅਰਜ਼ ਵਿਦ ਰੌਸ' (1959) ਵਿਚ ਇਸ ਨੇ ਆਪਣੇ ਉਸ ਸਮੇਂ ਦੇ ਸੰਗੀਆਂ ਬਾਰੇ ਵਿਵਰਣ ਦਿੱਤਾ।

ਮੂਲ ਰੂਪ ਵਿਚ ਇਹ ਆਪਣੇ ਆਪ ਨੂੰ ਲੇਖਕ ਸਮਝਦਾ ਸੀ ਅਤੇ ਆਪਣੇ ਰੇਖਾ ਚਿੱਤਰਾਂ ਨੂੰ ਬੇਧਿਆਨੀ ਅਤੇ ਕਾਹਲੀ ਨਾਲ ਬਣਾਉਂਦਾ ਸੀ। ਇਸ ਦੇ ਲੇਖਕ ਮਿੱਤਰ ਈ. ਬੀ. ਵ੍ਹਾਈਟ ਨੇ ਇਨ੍ਹਾਂ ਚਿੱਤਰਾਂ ਦੀ ਮਹੱਤਤਾ ਨੂੰ ਸਮਝਿਆ ਅਤੇ ਇਨ੍ਹਾਂ ਚਿੱਤਰਾਂ ਨੂੰ ਦੋਹਾਂ ਵੱਲੋਂ ਮਿਲ ਕੇ ਲਿਖੀ ਪੁਸਤਕ 'ਇਜ਼ ਸੈਕਸ ਨੈਸੈਸਰੀ' ਲਈ ਵਰਤਿਆ। ਵਿਅੰਗ ਅਤੇ ਮਿਥਿਹਾਸਕ ਕਹਾਣੀਆਂ ਲਿਖਣ ਅਤੇ ਰੇਖਾ-ਚਿੱਤਰ ਅਤੇ ਖ਼ਿਆਲੀ-ਚਿੱਤਰ ਬਣਾਉਣ ਤੋਂ ਇਲਾਵਾ ਇਸ ਨੇ ਹੋਰ ਕਈ ਤਰ੍ਹਾਂ ਦੀਆਂ ਕਿਰਤਾਂ ਲਿਖੀਆਂ।

ਬਚਪਨ ਦੀ ਇਕ ਦੁਰਘਟਨਾ ਕਾਰਨ ਇਸ ਦੀ ਖੱਬੀ ਅੱਖ ਦੀ ਰੌਸ਼ਨੀ ਚਲੀ ਗਈ ਅਤੇ 41 ਸਾਲ ਦੀਂ ਉਮਰ ਵਿਚ ਇਸ ਦੀ ਦੂਜੀ ਅੱਖ ਦੀ ਰੌਸ਼ਨੀ ਵੀ ਖਤਮ ਹੋ ਗਈ। ਸੰਨ 1952 ਤਕ ਇਸ ਨੂੰ ਆਪਣੀ ਡਰਾਇੰਗ ਬਿਲਕੁਲ ਹੀ ਛੱਡਣੀ ਪੈ ਗਈ। ਆਪਣੇ ਅਨੋਖੇ ਦਿਮਾਗ ਅਤੇ ਆਪਣੇ ਵਿਚਾਰਾਂ ਨੂੰ ਭਾਸ਼ਾ ਵਿਚ ਪੇਸ਼ ਕਰਨ ਦੀ ਯੋਗਤਾ ਕਾਰਨ ਅੱਖਾਂ ਨਾ ਹੋਣ ਦੇ ਬਾਵਜੂਦ ਵੀ ਇਹ ਆਪਣੇ ਅੰਤਲੇ ਸਮੇਂ ਤਕ ਆਪਣੀਆਂ ਰਚਨਾਵਾਂ ਬੋਲ ਕੇ ਲਿਖਾਉਂਦਾ ਰਿਹਾ।

ਇਸ ਦੀਆਂ ਲਿਖਤਾਂ ਅਤੇ ਚਿੱਤਰਾਂ ਦੇ ਸੰਗ੍ਰਿਹ 'ਦੀ ਥਰਬਰ ਕਾਰਨੀਵਾਲ' ਨੂੰ 1960 ਈ. ਵਿਚ ਨਿਊਯਾਰਕ ਵਿਖੇ ਖੇਡਿਆ ਗਿਆ। ਇਸ ਵਿਚ ਇਸ ਨੇ ਵੀ ਪਾਰਟ ਅਦਾ ਕੀਤਾ। ਇਸ ਦੀਆਂ ਲਿਖਤਾਂ ਵਿਚ ਚੇਤਨਾਸ਼ੀਲ ਸਾਹਿਤਕ ਸ਼ੈਲੀ ਦੀ ਝਲਕ ਮਿਲਦੀ ਹੈ। 'ਮਾਈ ਲਾਈਫ ਐਂਡ ਹਾਰਡ ਟਾਈਮਜ਼' (1933) ਸਵੈ-ਜੀਵਨ ਨਾਲ ਸਬੰਧਤ ਘਟਨਾਵਾਂ ਦਾ ਇਕ ਅਨੋਖਾ ਸੰਗ੍ਰਹਿ ਹੈ। ਇਸੇ ਤਰ੍ਹਾਂ ਦੀ ਹੀ ਇਕ ਹੋਰ ਪੁਸਤਕ 'ਦੀ ਥਰਬਰ ਐਲਬਮ' (1952) ਹੈ। ਇਸ ਵਿਚ ਪਰਿਵਾਰ ਦੇ ਮੈਂਬਰਾਂ ਦੀਆਂ ਜੀਵਨੀਆਂ ਦਾ ਸੰਗ੍ਰਿਹ ਕੀਤਾ ਗਿਆ ਹੈ। 'ਦੀ ਅਊਲ ਇਨ ਦੀ ਐਟਿਕ' (1931), 'ਦੀ ਲਾਸਟ ਫਲਾਵਰ' (1939), 'ਮਾਈ ਵਰਲਡ-ਐਂਡ ਵੈਲਕਮ ਟੂ ਇਟ' (1942), 'ਮੈਨੀ ਮੂਨਜ਼' (1943), 'ਥਰਬਰਜ਼ ਮੈਨ, ਵੂਮੈਨ ਐਂਡ ਡਾੱਗਜ਼' (1943), 'ਦੀ ਵ੍ਹਾਈਟ ਡੀਅਰ' (1945), 'ਦੀ 13 ਕਲਾੱਕਸ' (1950), 'ਦੀ ਵੰਡਰਫੁਲ ਓ' (1957) ਆਦਿ ਇਸ ਦੀਆਂ ਕੁਝ ਪ੍ਰਸਿੱਧ ਕ੍ਰਿਤਾਂ ਹਨ। ਇਸ ਦਾ ਸੰਗ੍ਰਿਹ 'Credos and Curios' 1962 ਈ. ਵਿਚ ਇਸ ਦੀ ਮੌਤ ਤੋਂ ਬਾਅਦ ਛਪਿਆ।

2 ਨਵੰਬਰ, 1961 ਨੂੰ ਨਿਊਯਾਰਕ ਸ਼ਹਿਰ ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ.—ਐਨ. ਬ੍ਰਿ. ਮਾ. 9 : 986; ਚੈਂਬ. ਐਨ. 13 : 629; ਕੋਲ. ਐਨ. 18 : 353; ਐਨ. ਅਮੇ. 26 : 600

ਥਰਮ : ਇਹ ਨਾਂ ਸ਼ੁਰੂ ਵਿਚ ਪ੍ਰਾਰੰਭਿਕ ਪਾਠ-ਪੁਸਤਕਾਂ ਵਿਚ ਕਿਸੇ ਵੀ ਤਾਪ ਲਈ ਵਰਤਿਆ ਜਾਂਦਾ ਸੀ। ਹੁਣ ਇਹ ਕੇਵਲ ਤਾਪ ਦੀ ਅਧਿਨਿਯਮਕ ਇਕਾਈ ਲਈ ਸੀਮਿਤ ਹੈ, ਜਿਹੜਾ ਕਿ ਬਾਲਣ ਵਾਲੀ ਗੈਸ ਦੀ ਵਿਕਰੀ ਲਈ ਉਸ ਦੇ ਤਾਪਕਾਰੀ ਮੁੱਲ ਲਈ ਵਰਤਿਆ ਜਾਂਦਾ ਹੈ। ਥਰਮ ਨੂੰ 100,000 ਬ੍ਰਿਟਿਸ਼ ਥਰਮਲ ਯੂਨਿਟ (ਬੀ.ਟੀ.ਯੂ.) ਦੇ ਬਰਾਬਰ ਮੰਨਿਆ ਗਿਆ ਹੈ। ਇਸ ਤਾਪ ਦੀ ਇਕਾਈ ਆਮ ਕਰਕੇ ਸਾਰੇ ਅੰਗਰੇਜ਼ ਰਾਜ ਵਿਚ ਅਤੇ ਅਮਰੀਕਾ ਵਿਚ ਕਿਸੇ ਵੀ ਗੈਸ ਜਾਂ ਹੋਰ ਬਾਲਣ ਦੇ ਤਾਪਕਾਰੀ ਮੁੱਲ ਦਾ ਪਤਾ ਲਗਾਉਣ ਲਈ ਆਮ ਵਰਤੀ ਜਾਂਦੀ ਹੈ।

ਹ.ਪੁ.—ਐਨ. ਬ੍ਰਿ. 22 : 75

ਥਰਮਾੱਇਨਿਕਸ : ਵੇਖੋ, ਤਾਪ-ਆਇਨ ਵਿਗਿਆਨ

ਥਰਮਾਈਟ : ਇਹ ਪਾਊਡਰ ਐਲੂਮੀਨੀਅਮ ਅਤੇ ਆਇਰਨ ਆੱਕਸਾਈਡ ਦਾ ਮਿਸ਼ਰਣ ਹੈ, ਜਿਸ ਦੀ ਵਰਤੋਂ ਟਾਂਕੇ ਲਾਉਣ, ਢਲਾਈ ਦੇ ਕੰਮ ਵਿਚ ਤਾਪ ਦਾ ਸ੍ਰੋਤ ਅਤੇ ਧਾਤ ਆੱਕ-ਸਾਈਡਾਂ ਦੇ ਲਘੂਕਰਨ ਵਿਚ ਕੀਤੀ ਜਾਂਦੀ ਹੈ। ਦੁਨੀਆ ਦੇ ਦੂਸਰੇ ਮਹਾਂਯੁੱਧ ਦੌਰਾਨ ਯੂਰਪੀ ਅਖਾੜੇ ਵਿਚ ਥਰਮਾਈਟ ਦੀ ਵਰਤੋਂ ਵਧੇਰੇ ਕਰਕੇ ਵਿਸਫ਼ੋਟਕ ਬੰਬਾਂ ਵਿਚ ਕੀਤੀ ਗਈ ਸੀ।

ਅੱਗ ਲੱਗਣ ਨਾਲ ਜੋ ਕਿਰਿਆ ਹੁੰਦੀ ਹੈ ਉਸ ਨਾਲ ਲਗਭਗ 2400° ਸੈਂ. ਤਾਪਮਾਨ ਉਤਪੰਨ ਹੁੰਦਾ ਹੈ :—

$$8\,Al + 3\,Fe_3O_4 \longrightarrow 9\,Fe + 4\,Al_2\,O_3$$

ਭਾਵੇਂ ਉਪਰੋਕਤ ਕਿਰਿਆ ਨੂੰ ਆਮ ਕਰਕੇ ਥਰਮਾਈਟ ਕਿਰਿਆ ਕਿਹਾ ਜਾਂਦਾ ਹੈ ਪਰ ਇਕ ਸਾਧਾਰਣ ਥਰਮਾਈਟ ਕਿਰਿਆ ਦੀ ਪਰਿਭਾਸ਼ਾ ਅਨੁਸਾਰ ਇਹ ਇਕ ਤਾਪ ਬਾਹਰ-ਨਿਕਾਸੀ, ਸਵੈ-ਪ੍ਰਸਾਰਿਤ ਵਿਧੀ ਹੈ ਜਿਸ ਵਿਚ ਬਾਰੀਕ ਕੀਤਾ ਐਲੂਮੀਨੀਅਮ ਪਾਊਡਰ ਧਾਤ ਆੱਕਸਾਈਡਾਂ ਦਾ ਲਘੂਕਰਨ ਕਰਦਾ ਹੈ, ਐਲੂਮੀ-ਨੀਅਮ ਦੇ ਐਲੂਮੀਨੀਅਮ ਆੱਕਸਾਈਡ ਵਿਚ ਸਿੱਧੇ ਆੱਕਸੀਕਰਨ ਦੁਆਰਾ ਧਾਤ ਕੱਢੀ ਜਾਂਦੀ ਹੈ ਜਿਸ ਦੇ ਨਾਲ ਹੀ ਘੱਟ ਸਥਾਈ ਧਾਤ ਆੱਕਸਾਈਡ ਦਾ ਲਘੂਕਰਨ ਹੁੰਦਾ ਹੈ।

ਥਰਮਾਈਟ ਦੀ ਖੋਜ ਜਰਮਨੀ ਦੇ ਹਾਂਸ ਗੋਲਡਸ਼ਮਿਟ (Goldschmidt) ਨੇ 1895 ਈ. ਵਿਚ ਉਦੋਂ ਕੀਤੀ ਜਦੋਂ ਉਹ ਕ੍ਰੋਮੀਅਮ ਅਤੇ ਮੈਂਗਨੀਜ਼ ਆੱਕਸਾਈਡਾਂ ਦਾ ਲਘੂਕਰਨ ਕਰਨ ਦੀ ਕੋਸ਼ਿਸ ਕਰ ਰਿਹਾ ਸੀ। ਗੋਲਡਸ਼ਮਿਟ ਦੀ ਮੁੱਖ ਖੋਜ ਦਾ ਵਿਸ਼ਾ ਸੀ ਕਿ ਜਦੋਂ ਐਲੂਮੀਨੀਅਮ ਨੂੰ ਭਿੰਨ ਆੱਕਸਾਈਡਾਂ, ਸਲਫ਼ਾਈਡਾਂ ਅਤੇ ਕਲੋਰਾਈਡਾਂ ਨਾਲ ਮਿਲਾਇਆ ਜਾਂਦਾ ਹੈ ਤਾਂ ਹੋਣ ਵਾਲੀ ਕਿਰਿਆ ਦੇ ਸਰਲ ਅਤੇ ਬਚਾਉ ਢੰਗ ਕੀ ਹੁੰਦੇ ਹਨ ? ਬਾਰੀਕ ਐਲੂਮੀਨੀਅਮ ਪਾਊਡਰ ਲਗਭਗ 1100° ਸੈਂ. ਤੋਂ ਹੇਠਾਂ ਸ਼ੁੱਧ ਆੱਕਸਾਈਡ ਨਾਲ ਕਿਰਿਆ ਨਹੀਂ ਕਰਦਾ। ਗੋਲਡਸ਼ਮਿਟ ਨੇ ਬੇਰੀਅਮ-ਪਰਆੱਕਸਾਈਡ ਫ਼ਿਊਜ਼ ਦੀ ਵਰਤੋਂ ਕਰਕੇ ਠੰਢੇ ਮਿਸ਼ਰਣ ਨੂੰ ਜਾਲਣ (Ignition) ਲਈ ਵਰਤਿਆ। ਬਾਅਦ ਵਿਚ ਮੈਗਨੀ-ਸ਼ੀਅਮ ਪਾਊਡਰ ਜਾਂ ਰਿਬਨ ਦੀ ਵਰਤੋਂ ਥਰਮਾਈਟ ਦੇ ਜਾਲਣ ਲਈ ਕੀਤੀ ਗਈ। ਗੋਲਡਸ਼ਮਿਟ ਦਾ ਅਸਲ ਅਮਰੀਕਨ ਪੇਟੈਂਟ 16 ਮਾਰਚ, 1897 ਨੂੰ ਦਿੱਤਾ ਗਿਆ ਜਿਹੜਾ ਕਿ ਮੁੱਖ ਤੌਰ ਤੇ ਕੋਬਾਲਟ, ਕ੍ਰੋਮੀਅਮ, ਮੈਗਨੀਸ਼ੀਅਮ, ਟੰਗਸਟਨ ਆਦਿ ਕਾਰਬਨ ਮੁਕਤ ਧਾਤਾਂ ਦੇ ਉਤਪਾਦਨ ਲਈ ਐਲੂਮੀਨੀਅਮ ਲਘੂਕਾਰਕ ਦੀ ਵਰਤੋਂ ਨਾਲ ਸਬੰਧਿਤ ਸੀ। ਇਸ ਵਿਧੀ ਨੂੰ ਐਲੂਮੀਨੋਥਰਮਿਕ ਵਿਧੀ ਕਿਹਾ ਜਾਂਦਾ ਹੈ।

ਲਾਭ—ਥਰਮਾਈਟ ਕਿਰਿਆ ਵੈਲਡਿੰਗ ਵਿਚ ਤਾਪ ਤੇ ਧਾਤ ਸ੍ਰੋਤ, ਢਲਾਈ ਦੇ ਕੰਮ ਵਿਚ ਸਾਂਚੇ ਦੇ ਇਕ ਖੇਤਰ ਨੂੰ ਤਾਪ ਸਪਲਾਈ ਕਰਨ ਲਈ ਅਤੇ ਕਾਰਬਨ-ਮੁਕਤ ਧਾਤ ਦੇ ਸ੍ਰੋਤ ਲਈ ਵਰਤੀ ਜਾਂਦੀ ਹੈ। ਥਰਮਾਈਟ ਵੈਲਡਿੰਗ ਦੇ ਦੋ ਢੰਗ ਵਰਤੇ ਜਾਂਦੇ ਹਨ। ਪਹਿਲੇ ਢੰਗ ਨੂੰ ਪਲਾਸਟਿਕ ਢੰਗ ਕਿਹਾ ਜਾਂਦਾ ਹੈ ਜਿਹੜਾ ਕਿ ਪਾਈਪ ਵੈਲਡ ਕਰਨ ਲਈ ਵਰਤਿਆ ਜਾਂਦਾ ਹੈ। ਪਾਈਪ ਦੇ ਦੋ ਟੁਕੜਿਆਂ ਦੇ ਸਿਰਿਆਂ ਨੂੰ ਬੜੇ ਧਿਆਨ ਨਾਲ ਇਕੱਠਾ ਕੀਤਾ ਜਾਂਦਾ ਹੈ ਅਤੇ ਥਰਮਾਈਟ ਦੁਆਰਾ ਢਲਾਈ ਤਾਪਮਾਨ ਤੱਕ ਕਰਨ ਮਗਰੋਂ ਦੋਹਾਂ ਨੂੰ ਇਕੱਠੇ ਜੋੜ ਦਿੱਤਾ ਜਾਂਦਾ ਹੈ ਜਿਸ ਨਾਲ ਟਾਂਕਾ ਪੂਰੀ ਤਰ੍ਹਾਂ ਲੱਗ ਜਾਂਦਾ ਹੈ। ਦੂਸਰੇ ਢੰਗ ਨੂੰ ਗਲਨ ਵਿਧੀ ਕਿਹਾ ਜਾਂਦਾ ਹੈ। ਇਸ ਦੀ ਵਰਤੋਂ ਧਾਤ ਦੇ ਵੱਡੇ ਸੈਕਸ਼ਨ ਨੂੰ ਜੋੜਨ ਲਈ ਕੀਤੀ ਜਾਂਦੀ ਹੈ ਜਿਵੇਂ ਕਿ ਜਹਾਜ਼ ਦੇ ਪਤਵਾਰ ਫ੍ਰੇਮ। ਇਥੇ ਥਰਮਾਈਟ ਦੁਆਰਾ ਪਿਘਲਿਆ ਲੋਹਾ ਧਾਤ ਦੇ ਦੋ ਜਾਂ ਦੋ ਤੋਂ ਜ਼ਿਆਦਾ ਧਾਤ ਦੇ ਵੱਡੇ ਮੈਂਬਰਾਂ ਨੂੰ ਜੋੜਨ ਲਈ ਵਰਤਿਆ ਜਾਂਦਾ ਹੈ। ਥਰਮਾਈਟ ਕਿਰਿਆ ਦੀ ਵਰਤੋਂ ਢਲਾਈ ਦੇ ਕੰਮਾਂ ਵਿਚ ਧਾਤ ਦੇ ਭੰਡਾਰ ਜਿਸ ਨੂੰ ਰਾਈਜ਼ਰ ਕਿਹਾ ਜਾਂਦਾ ਹੈ, ਨੂੰ ਤਾਪ ਦੇਣ ਲਈ ਕੀਤੀ ਜਾਂਦੀ ਹੈ। ਰਾਈਜ਼ਰ ਸਭ ਤੋਂ ਬਾਅਦ ਵਿਚ ਜੰਮਦਾ ਹੈ। ਇਸ ਲਈ ਇਹ ਜਮਾਉ ਦੌਰਾਨ ਢਲਾਈ ਲਈ ਧਾਤ ਸਪਲਾਈ ਕਰਦਾ ਹੈ। ਇਕ ਵਖਰੇ ਮੈਗਨੀਸ਼ੀਆ ਦੇ ਅਸਤਰ ਵਾਲੀ ਸਟੀਲ ਦੀ ਕੁਠਾਲੀ ਵਿਚ ਸਿੱਧੇ ਜਾਲਣ ਨਾਲ ਕਾਰਬਨ-ਮੁਕਤ ਧਾਤਾਂ ਤਿਆਰ ਕੀਤੀਆਂ ਜਾਂਦੀਆਂ ਹਨ। ਥਰਮਾਈਟ ਕਿਰਿਆ ਉਦੋਂ ਬਹੁਤ ਖ਼ਤਰਨਾਕ ਸਾਬਤ ਹੁੰਦੀ ਹੈ ਜਦੋਂ ਇਸ ਵਿਚ ਸਿੱਲ੍ਹ ਮਿਲ ਜਾਂਦੀ ਹੈ। ਕਿਰਿਆ ਦੌਰਾਨ ਪਾਣੀ ਨੂੰ ਘਟਾਇਆ ਜਾਂਦਾ ਹੈ ਅਤੇ ਹਾਈਡ੍ਰੋਜਨ ਨਿਕਲਦੀ ਹੈ, ਜਿਸ ਨਾਲ ਆਲੇ ਦੁਆਲੇ ਦੀ ਹਵਾ ਨਾਲ ਵਿਸਫ਼ੋਟਕ ਮਿਸ਼ਰਣ ਬਣ ਸਕਦਾ ਹੈ। ਇਸ ਖਤਰੇ ਤੋਂ ਬਚਣ ਲਈ ਮਿਸ਼ਰਣ ਵਿਚੋਂ ਸਿੱਲ੍ਹ ਕੱਢਣ ਵਾਸਤੇ ਇਸ ਦੀ ਪੈਕਿੰਗ ਅਤੇ ਵਰਤੋਂ ਬੜੇ ਧਿਆਨ ਨਾਲ ਕੀਤੀ ਜਾਣੀ ਜ਼ਰੂਰੀ ਹੈ।

ਹ.ਪੁ.—ਐਨ. ਬ੍ਰਿ. 22 : 80

ਥਰਮਾਪਾਲੀ : ਕੇਂਦਰੀ ਯੂਨਾਨ ਦੇ ਪੂਰਬੀ ਤਟ ਉੱਤੇ ਕਾਲੀਧ੍ਰੋਮਨ ਪਰਬਤ ਲੜੀ ਅਤੇ ਮਾਲੀਆਕੱਸ ਖਾੜੀ ਦੇ ਵਿਚਕਾਰ ਇਕ ਮਸ਼ਹੂਰ ਤੰਗ ਦੱਰਾ ਹੈ। ਪ੍ਰਾਚੀਨ ਕਾਲ ਵਿਚ ਇਸ ਦੀਆਂ ਦੰਦੀਆਂ ਸਮੁੰਦਰ ਦੇ ਨਾਲ ਹੀ ਹੁੰਦੀਆਂ ਸਨ ਪਰ ਅੱਟਣ ਕਾਰਨ ਫ਼ਾਸਲਾ ਲ. 1½ ਕਿ.ਮੀ. (1 ਮੀਲ) ਤੋਂ ਵੀ ਵਧੇਰੇ ਚੌੜਾ ਹੋ ਗਿਆ ਹੈ। ਥਰਮਾਪਾਲੀ ਦੇ ਸ਼ਾਬਦਿਕ ਅਰਥ ਹਨ ਤਪਦੇ ਦਰਵਾਜ਼ੇ। ਇਸ ਦਾ ਇਹ ਨਾਂ ਇਥੋਂ ਦੇ ਗੰਧਕ ਦੇ ਗਰਮ ਚਸ਼ਮਿਆਂ ਦੇ ਨਾਂ ਤੋਂ ਪਿਆ ਹੈ।

ਇਹ ਦੱਰਾ 7 ਕਿ. ਮੀ. (4½ ਮੀਲ) ਲੰਬਾ ਹੈ ਅਤੇ ਇਸ ਦਾ ਅਨੇਕਾਂ ਹੀ ਹਮਲਿਆਂ ਵਿਚ ਜ਼ਿਕਰ ਆਇਆ ਹੈ। 480 ਈ. ਪੂ. ਵਿਚ ਯੂਨਾਨ ਦੇ ਦੂਜੇ ਈਰਾਨੀ ਹਮਲੇ ਦੌਰਾਨ, ਸਪਾਰਟਾ ਦੇ ਬਾਦਸ਼ਾਹ ਲੀਔਨੀਡੈਸ ਨੇ ਆਪਣੀ ਥੋੜ੍ਹੀ ਜਿਹੀ ਫ਼ੌਜ ਨਾਲ ਹੀ ਫਾਰਸ ਦੇ ਬਾਦਸ਼ਾਹ ਜਰਕਸ਼ੀਜ਼ ਦੀ ਭਾਰੀ ਫ਼ੌਜ ਵਿਰੁੱਧ ਲੜਾਈ ਲੜੀ ਸੀ ਅਤੇ ਹਾਰ ਜਾਣ ਤੋਂ ਪਹਿਲਾਂ ਤਿੰਨ ਦਿਨ ਤਕ ਇਸ ਦੱਰੇ ਉੱਤੇ ਆਪਣਾ ਕਬਜ਼ਾ ਜਮਾਈ ਰੱਖਿਆ ਸੀ।

ਇਹ ਲੜਾਈ ਇਤਿਹਾਸ ਅਤੇ ਸਾਹਿਤ ਵਿਚ ਭਾਰੀ ਮੁਸ਼ਕਲਾਂ ਵਿਰੁੱਧ ਇਕ ਬੀਰਤਾ ਪੂਰਬਕ ਟਾਕਰੇ ਦੀ ਮਿਸਾਲ ਵਜੋਂ ਪ੍ਰਸਿੱਧ ਹੈ। ਸੰਨ 1955 ਵਿਚ ਇਸ ਲੜਾਈ ਦੀ ਯਾਦ ਵਿਚ ਇਸ ਜਗ੍ਹਾ ਉੱਤੇ ਤਾਂਬੇ ਅਤੇ ਸੰਗਮਰਮਰ ਦਾ ਇਕ ਵਿਸ਼ਾਲ ਸਮਾਰਕ ਬਣਾਇਆ ਗਿਆ ਜਿਹੜਾ ਸਮੁੰਦਰ ਤੋਂ 1.6 ਕਿ.ਮੀ. (1 ਮੀਲ) ਦੀ ਦੂਰੀ ਤੇ ਹੈ। 279 ਈ. ਪੂ. ਵਿਚ ਯੂਨਾਨੀਆਂ ਨੇ ਥਰਮਾਪਲੀ ਤੋਂ ਹੀ ਕੈਲਟਾਂ ਦੇ ਹਮਲੇ ਨੂੰ ਅੱਗੇ ਪਾ ਦਿੱਤਾ। 191 ਈ. ਪੂ. ਵਿਚ ਸਿਲੋਕਸੀ ਖ਼ਾਨਦਾਨ ਦੇ ਬਾਦਸ਼ਾਹ ਅਨਟਾਈਓਕਸ ਤੀਜੇ ਨੇ ਰੋਮਨਾਂ ਤੋਂ ਬਚਾਓ ਲਈ, ਇਸ ਦੱਰੇ ਦੀ ਕਿਲਾਬੰਦੀ ਕੀਤੀ।


ਹ.ਪੁ.—ਐਨ. ਬ੍ਰਿ. ਮਾ. 11:704

ਥਰਮਾਮੀਟਰ : ਇਹ ਤਾਪ ਮਾਪਣ ਦਾ ਇਕ ਯੰਤਰ ਹੈ। ਧਾਤਾਂ, ਤਰਲ ਅਤੇ ਗੈਸਾਂ ਵਿਚ ਤਾਪਮਾਨ ਦੇ ਵਧ ਜਾਣ ਨਾਲ ਆਇਤਨ ਵਿਚ ਵੀ ਵਾਧਾ ਹੁੰਦਾ ਹੈ। ਇਸ ਗੁਣ ਨੂੰ ਥਰਮਾਮੀਟਰ ਬਣਾਉਣ ਲਈ ਵਰਤਿਆ ਗਿਆ ਹੈ।

18ਵੀਂ ਸਦੀ ਦੇ ਸ਼ੁਰੂ ਵਿਚ ਗੈਬਰੀਅਲ ਡੈਨੀਅਲ ਫ਼ਾਰਨ-ਹਾਈਟ ਡੈਨਜ਼ਿਗ ਵਾਸੀ (ਜਰਮਨ ਯੰਤਰ ਨਿਰਮਾਤਾ) ਜਿਹੜਾ ਕਿ ਉਦੋਂ ਹਾਲੈਂਡ ਵਿਚ ਰਹਿੰਦਾ ਸੀ, ਨੇ ਕੱਚ ਵਿਚ ਪਾਰੇ ਦੇ ਕੱਾਲਮ ਵਾਲਾ ਥਰਮਾਮੀਟਰ ਤਿਆਰ ਕੀਤਾ। ਜਦੋਂ ਤਾਪ ਨਾਲ ਪਾਰਾ ਫੈਲਦਾ ਸੀ ਤਾਂ ਕੱਾਲਮ ਦੀ ਉਚਾਈ ਵਿਚ ਵਾਧੇ ਨੂੰ ਨੋਟ ਕਰਨ ਲਈ ਇਕ ਦਰਜੇਦਾਰ ਸਕੇਲ ਲੱਗੀ ਹੋਈ ਸੀ। ਫਾਰਨਹਾਈਟ ਨੇ ਬਰਫ਼ ਅਤੇ ਸਾਧਾਰਣ ਲੂਣ ਦੇ ਮਿਸ਼ਰਣ ਲਈ ਥਰਮਾਮੀਟਰ ਰੱਖ ਕੇ ਆਪਣੇ ਸਕੇਲ ਉੱਤੇ ਨਿਮਨ ਤਾਪਮਾਨ ਜ਼ੀਰੋ ਪੁਆਇੰਟ ਮੰਨਿਆ ਅਤੇ ਡਿਗਰੀ ਦਾ ਆਕਾਰ 32° ਪਾਣੀ ਦੇ ਜਮਾਉ ਲਈ ਅਤੇ 212° ਪਾਣੀ ਦੇ ਉਬਾਲ ਦਰਜੇ ਲਈ ਨਿਸ਼ਚਿਤ ਕੀਤਾ, ਅਰਥਾਤ 180° ਦੀ ਰੇਂਜ ਰੱਖੀ। ਇਸ ਸਕੇਲ ਦੀ ਬੜੀ ਤੇਜ਼ੀ ਨਾਲ ਵਰਤੋਂ ਸ਼ੁਰੂ ਹੋ ਗਈ। ਅਮਰੀਕਾ ਅਤੇ ਕੈਨੇਡਾ ਵਿਖੇ 1970 ਈ. ਦੇ ਦਹਾਕੇ ਵਿਚ ਇਸ ਦੀ ਵਰਤੋਂ ਮੌਸਮ ਵਿਗਿਆਨ ਦੇ ਕੰਮ ਵਿਚ ਕਾਫ਼ੀ ਕੀਤੀ ਗਈ, ਜਿਥੇ ਕਿ ਇਸ ਦੀ ਛੋਟੀ ਡਿਗਰੀ ਬਹੁਤ ਲਾਹੇਵੰਦ ਸੀ। ਸੰਨ 1730 ਵਿਚ ਫਰਾਂਸ ਦੇ ਪ੍ਰਾਕਿਰਤੀ-ਵਿਗਿਆਨੀ ਰਿਊਮਰ ਨੇ ਰਾਇ ਦਿੱਤੀ ਕਿ ਜਮਾਉ-ਉਬਾਲ ਅੰਤਰਾਲ 80° ਵਿਚ ਵੰਡਣਾਂ ਚਾਹੀਦਾ ਹੈ। ਇਸ ਤਰ੍ਹਾਂ ਤਿਆਰ ਕੀਤੀ ਰਿਊਮਰ ਸਕੇਲ ਸ਼ੁਰੂ ਵਿਚ ਕਾਫ਼ੀ ਦੇਸ਼ਾਂ ਵਿਚ ਬਹੁਤ ਵਰਤੀ ਗਈ। ਕੁਝ ਦੇਰ ਬਾਅਦ ਸਵੀਡਨ ਵਾਸੀ ਐਂਡਰਜ਼ ਸੈਲਸੀਅਸ, ਜਿਹੜਾ ਕਿ ਅੱਪਸਾਲਾ ਵਿਖੇ ਖਗੋਲ-ਵਿਗਿਆਨੀ ਸੀ, ਨੇ ਸਲਾਹ ਦਿੱਤੀ ਕਿ ਅੰਤਰਾਲ ਨੂੰ 100° ਵਿਚ ਵੰਡਿਆ ਜਾਵੇ। ਸੈਲਸੀਅਸ ਜਾਂ ਸੈਂਟੀਗ੍ਰੇਡ ਸਕੇਲ ਨੂੰ 18 ਵੀਂ ਸਦੀ ਦੇ ਅੰਤ ਵਿਚ ਫਰੈਂਚ ਨੈਸ਼ਨਲ ਕਨਵੈਨਸ਼ਨ ਨੇ ਮੀਟ੍ਰਿਕ ਪ੍ਰਨਾਲੀ ਦੇ ਇਕ ਹਿੱਸੇ ਵਜੋਂ ਮੰਨਿਆ ਅਤੇ ਅੱਜਕੱਲ੍ਹ ਇਹ ਬਹੁਤ ਦੇਸ਼ਾਂ ਵਿਚ ਵਰਤੀ ਜਾਂਦੀ ਹੈ। ਥਰਮਾਮੀਟਰਾਂ ਦੀਆਂ ਵੱਖ-ਵੱਖ ਕਿਸਮਾਂ ਹੇਠਾਂ ਦਿੱਤੀਆਂ ਗਈਆਂ ਹਨ :—

1. **ਕੱਚ-ਸਥਿਤ ਦ੍ਰਵ ਥਰਮਾਮੀਟਰ**—ਇਸ ਥਰਮਾਮੀਟਰ ਵਿਚ ਦ੍ਰਵ ਭਰੇ ਕੱਚ ਦੇ ਬਲਬ ਵਿਚ ਅੰਸ਼ਿਕ ਤੌਰ ਤੇ ਭਰੀ ਇਕ ਕੇਸ਼ਿਕਾ ਜੁੜੀ ਹੁੰਦੀ ਹੈ। ਜਦੋਂ ਥਰਮਾਮੀਟਰ ਦਾ ਤਾਪਮਾਨ ਵਧਦਾ ਹੈ ਤਾਂ ਕੱਚ ਅਤੇ ਦ੍ਰਵ ਵਿਚਕਾਰ ਸਾਪੇਖੀ ਪਸਾਰ ਕਾਰਨ ਦ੍ਰਵ ਕੇਸ਼ਿਕਾ ਵਿਚ ਉਪਰ ਵਲ ਚੜ੍ਹ ਜਾਂਦਾ ਹੈ। ਚਿੱਤਰ-1 (ੳ) ਕੱਚ ਦੀ ਨਲੀ ਉੱਤੇ ਦਰਜੇ ਉਕਰੇ ਹੋਏ ਹਨ। ਚਿੱਤਰ-1 (ਅ) ਵਾਲੇ ਥਰਮਾਮੀਟਰ ਵਿਚ ਇਕ ਦਰਜੇਦਾਰ ਸਕੇਲ ਵਖਰੀ ਲੱਗੀ ਹੋਈ ਹੈ ਜਿਵੇਂ ਕਿ ਆਮ ਘਰੇਲੂ ਉਪਯੋਗ ਵਾਲੇ ਥਰਮਾਮੀਟਰਾਂ ਵਿਚ ਹੁੰਦੀ ਹੈ। ਭਿੰਨ-ਭਿੰਨ ਕਿਸਮਾਂ ਦੇ ਤਰਲ ਜਿਵੇਂ ਕਿ ਪਾਰਾ, ਅਲਕੋਹਲ, ਟੱਲੂਈਨ ਤੇ ਪੈਲਟੇਨ ਅਤੇ ਕਈ ਕਿਸਮਾਂ ਦੇ ਭਿੰਨ-ਭਿੰਨ ਕੱਚ ਥਰਮਾਮੀਟਰ

ਬਣਾਉਣ ਲਈ ਵਰਤੇ ਜਾਂਦੇ ਹਨ ਤਾਂ ਕਿ—300° ਫ਼ਾ. ਅਤੇ +1200° ਫ਼ਾ. ਵਿਚਕਾਰ ਵੰਨ-ਸੁਵੰਨੀਆਂ ਸੀਮਾਵਾਂ ਲਈ ਭਿੰਨ-



ਚਿੱਤਰ 1. (ੳ) ਉਕਰੀ-ਨਲੀ ਵਾਲਾ ਡਾਕਟਰੀ ਥਰਮਾਮੀਟਰ
(ਅ) ਦਰਜੇਦਾਰ—ਸਕੇਲ ਵਾਲਾ ਉਦਯੋਗਿਕ ਥਰਮਾਮੀਟਰ

ਭਿੰਨ ਡਿਜ਼ਾਈਨ ਬਣ ਸਕਣ। ਸਾਧਾਰਣ ਕੱਚ ਸਥਿਤ ਪਾਰੇ ਵਾਲੇ ਥਰਮਾਮੀਟਰਾਂ ਦੀ ਸੀਮਾ ਲਗਭਗ −38° ਫ਼ਾ. ਤੋਂ +500° ਫ਼ਾ. ਤੱਕ ਹੈ ਅਤੇ ਇਕ ਵਿਸ਼ੇਸ਼ ਕੱਚ ਕੇਸ਼ਿਕਾ ਵਿਚ ਅਕਿਰਿਆਸ਼ੀਲ ਗੈਸ ਭਰਨ ਨਾਲ ਉਪਰਲੀ ਸੀਮਾ ਲਗਭਗ 1100° ਫ਼ਾ. ਤੱਕ ਵਧਾਈ ਜਾ ਸਕਦੀ ਹੈ। ਦੂਸਰੇ ਤਰਲਾਂ ਨਾਲ ਜੋ ਸੀਮਾਵਾਂ ਪਹੁੰਚ ਸਕਦੀਆਂ ਹਨ, ਇਸ ਤਰ੍ਹਾਂ ਹਨ : ਈਥਾਈਲ ਅਲਕੋਹਲ, −110° ਫ਼ਾ. ਤੋਂ +160° ਫ਼ਾ.; ਟੱਲੂਈਨ, − 110° ਫ਼ਾ. ਤੋਂ + 212° ਫ਼ਾ. ਅਤੇ ਪੈਲੱਟੇਨ, −330° ਫ਼ਾ ਤੋਂ + 85° ਫ਼ਾ.।


ਕਈ ਵਾਰੀ ਹਰ ਕੇਸ਼ਿਕਾ ਦੇ ਸਿਰੇ ਉੱਤੇ ਪਸਾਰ ਅਤੇ ਸੁੰਗੇੜ ਚੈਂਬਰ ਲਾਏ ਹੁੰਦੇ ਹਨ ਤਾਂ ਕਿ ਵੱਧ ਜਾਂ ਘੱਟ ਸੀਮਾ ਲਈ ਥਰ-ਮਾਮੀਟਰ ਦੀ ਵਰਤੋਂ ਬਿਨ੍ਹਾਂ ਕਿਸੇ ਦਰੁਸਤੀ ਦੀ ਘਾਟ ਤੋਂ ਹੋ ਸਕੇ। ਜਦੋਂ ਸਾਰਾ ਥਰਮਾਮੀਟਰ ਇਕੋ ਤਾਪਮਾਨ ਅਧੀਨ ਨਹੀਂ ਲਿਆਇਆ ਜਾਂਦਾ ਤਾਂ ਉਦੋਂ ਤੱਕ ਇਸ ਵਿਚ ਤਰੁੱਟੀ ਰਹਿੰਦੀ ਹੈ ਜਦੋਂ ਤੱਕ ਇਸ ਨੂੰ ਇਨ੍ਹਾਂ ਹਾਲਤਾਂ ਲਈ ਅੰਸ਼-ਸੋਧਿਤ ਨਹੀਂ ਕੀਤਾ ਜਾਂਦਾ। ਕਈ ਥਰਮਾਮੀਟਰਾਂ ਵਿਚ ਉਚੇਚੇ ਤੌਰ ਤੇ ਇਕ ਨਲੀ ਲੱਗੀ ਹੁੰਦੀ ਹੈ ਅਤੇ ਇਨਾਂ ਨੂੰ ਇਸ ਕਿਸਮ ਦੇ ਕੰਮ ਵਿਚ ਵਰਤੋਂ ਲਈ ਅੰਸ਼-ਸੋਧਿਤ ਕੀਤਾ ਜਾਂਦਾ ਹੈ।

ਉੱਚਤਮ-ਅੰਕਣ ਥਰਮਾਮੀਟਰਾਂ ਜਿਵੇਂ ਕਿ ਬੁਖ਼ਾਰ ਪਤਾ ਲਾਉਣ ਵਾਲਾ ਥਰਮਾਮੀਟਰ, ਵਿਚ ਤਾਪਮਾਨ ਦੇ ਵਧਣ ਨਾਲ ਤਰਲ ਦਾ ਪਸਾਰ ਹੋ ਜਾਂਦਾ ਹੈ ਪਰ ਜਦੋਂ ਤਾਪਮਾਨ ਘਟਦਾ ਹੈ ਤਾਂ ਤਰਲ ਕਾੱਲਮ ਬਰਕਰਾਰ ਰਹਿੰਦੇ ਹਨ ਜਿਸ ਦੇ ਫਲਸਰੂਪ ਵੱਧ ਤੋਂ ਵੱਧ ਪ੍ਰਾਪਤ ਹੋਏ ਤਾਪਮਾਨ ਦਾ ਪਤਾ ਲਗਦਾ ਹੈ। ਨਿਮਨ ਦਰਜੇਦਾਰ ਥਰਮਾਮੀਟਰ ਵੀ ਉਪਲਬੱਧ ਹਨ। ਜੇਕਰ ਭਰਿਆ ਜਾਣ ਵਾਲਾ ਤਰਲ ਧਾਤਵੀ ਹੋਵੇ ਤਾਂ ਉਦੋਂ ਤਾਪਮਾਨ ਵਿਸ਼ੇਸ਼ ਦਰਜੇ ਤੱਕ ਪਹੁੰਚ ਜਾਣ ਨਾਲ ਸਰਕਟ ਨੂੰ ਪੂਰਾ ਕਰਨ ਲਈ ਸਟੈਂਮ-ਵਾਲ ਵਿਚ ਬਿਜਲੱਈ ਸੰਪਰਕ ਮਾਊਂਟ ਕੀਤੇ ਜਾ ਸਕਦੇ ਹਨ। ਇਨ੍ਹਾਂ ਦੀ ਵਰਤੋਂ ਅਲਾਰਮ ਅਤੇ ਕੰਟਰੋਲ ਸਿਸਟਮਾਂ ਵਿਚ ਕੀਤੀ ਜਾਂਦੀ ਹੈ। ਕੁਝ ਥਰਮਾਮੀਟਰ ਖਰ੍ਹਵੇਂ ਕੰਮਾਂ ਲਈ ਵਰਤੇ ਜਾਣ ਵਾਲੇ ਹੁੰਦੇ ਹਨ; ਇਸ ਲਈ ਇਨ੍ਹਾਂ ਦੁਆਲੇ ਧਾਤ ਸਲੀਵ ਜਾਂ ਬਕਤਰ ਲਗਾਇਆ ਹੁੰਦਾ ਹੈ।

ਦਰੁਸਤੀਆਂ ਅਤੇ ਪ੍ਰਭਾਵ ਜਾਂ ਪ੍ਰਤਿਕਿਰਿਆ ਦੀਆਂ ਰਫ਼ਤਾਰਾਂ; ਡਿਜ਼ਾਈਨਾਂ, ਸੀਮਾਂਵਾਂ ਅਤੇ ਵਿਵਸਥਾਵਾਂ ਨਾਲ ਕਾਫ਼ੀ ਬਦਲਦੀਆਂ ਹਨ। ਉਦਾਹਰਣ ਦੇ ਤੌਰ ਤੇ ਬੈੱਕਮੈਨ ਥਰਮਾਮੀਟਰ ਨੂੰ ਬੜੀ ਆਸਾਨੀ ਨਾਲ 0.001° ਸੈਂ. ਤੱਕ ਦੀ ਦਰੁਸਤੀ ਲਈ ਪੜ੍ਹਿਆ ਜਾ ਸਕਦਾ ਹੈ ਜਦੋਂ ਕਿ ਬੁਖ਼ਾਰ ਵਾਲਾ ਥਰਮਾਮੀਟਰ 0.1° ਫ਼ਾ. ਤਕ। ਉਦਯੋਗਿਕ ਅਤੇ ਬਕਤਰਬੰਦ ਥਰਮਾਮੀਟਰ ਵਰਤਣ ਸਮੇਂ ਕਦੇ ਕਦਾਈਂ 1° ਫ਼ਾ. ਤੋਂ ਵਧੇਰੇ ਦਰੁਸਤੀ ਦਰਸਾਉਂਦੇ ਹਨ। ਪਾਰੇ ਅਤੇ ਕੱਚ ਵਾਲੇ ਥਰਮਾਮੀਟਰਾਂ ਦੇ ਚੰਗੀ ਤਰ੍ਹਾਂ ਹਿਲਾਏ ਪਾਣੀ ਵਿਚ ਕਾਲ ਸਥਿਰ-ਅੰਕ 0.1 ਸੈਕੰਡ ਤੱਕ ਨਿਮਨ ਹਨ ਪਰ ਉਦਯੋਗਿਕ ਥਰਮਾਮੀਟਰ ਅਤੇ ਖੂਹਾਂ ਵਿਚ ਲਗਾਏ ਸਾਰੇ ਥਰਮਾਮੀਟਰਾਂ ਦੇ ਕਾਲ ਸਥਿਰ-ਅੰਕ 1 ਮਿੰਟ ਤੱਕ ਲੰਬੇ ਹੋ ਸਕਦੇ ਹਨ।


2. **ਦੁਧਾਤਵੀ ਥਰਮਾਮੀਟਰ**—ਇਸ ਥਰਮਾਮੀਟਰ ਵਿਚ ਅਸਮਰੂਪੀ ਧਾਤਾਂ ਨੂੰ ਇਕੱਠੇ ਜੋੜ ਕੇ ਇਕ ਬਾਰੀਕ ਪੱਤੀ ਬਣਾਉਣ ਉਪਰੰਤ ਇਕ ਕੁੰਡਲਨੀ ਜਾਂ ਵਲਦਾਰ ਰੂਪ ਦੇ ਕੇ ਇਨ੍ਹਾਂ ਦੇ ਸਾਪੇਖੀ ਪਸਾਰ ਦੀ ਵਰਤੋਂ ਸੂਚਕ ਦੇ ਪ੍ਰੇਰਨ ਲਈ ਕੀਤੀ ਜਾਂਦੀ ਹੈ (ਚਿੱਤਰ-2)। ਕੁਝ ਡਿਜ਼ਾਈਨਾਂ ਵਿਚ ਸੂਚਕ ਦੀ ਥਾਂ ਘੱਟ-ਵੋਲਟੇਜ ਸੰਪਰਕਾਂ ਨੇ ਲੈ ਲਈ ਹੈ, ਜਿਸ ਨਾਲ ਰਿਲੇਆਂ ਦੁਆਰਾ ਤਾਪਮਾਨ ਉੱਤੇ ਨਿਰਭਰ ਆੱਪਰੇਸ਼ਨਾਂ ਜਿਵੇਂ ਕਿ ਭੱਠੀ ਕੰਟਰੋਲ ਦੁਆਰਾ ਕੰਟਰੋਲ ਕੀਤਾ ਜਾਂਦਾ ਹੈ। ਕੇਸਾਂ ਦੇ ਡਿਜ਼ਾਈਨਾਂ ਦੀ ਰੇਂਜ ਪ੍ਰਯੋਗਸ਼ਾਲਾ ਵਿਚਲੇ ਹਲਕੇ ਕੰਮਾਂ ਤੋਂ ਲੈ ਕੇ ਭਾਰੀ ਉਦਯੋਗਿਕ ਵਰਤੋਂ ਤੱਕ ਹੁੰਦੀ ਹੈ। ਨਿਰੰਤਰ ਵਰਤੋਂ ਲਈ ਅਧਿਕਤਮ ਉਪਰਲੀ ਤਾਪਮਾਨ ਸੀਮਾ 800° ਫ਼ਾ. ਅਤੇ ਨਿਮਨਤਮ-300° ਫ਼ਾ. ਨਾਲ ਸੀਮਾ ਵਿਸਤਾਰ ਕਦੇ ਕਦੇ 50° ਫ਼ਾ. ਤੋਂ ਛੋਟੇ ਜਾਂ 400° ਫ਼ਾ. ਤੋਂ ਲੰਬੇ ਹੁੰਦੇ ਹਨ। ਛੋਟੇ ਸੀਮਾ ਵਿਸਤਾਰਾਂ ਦੀ ਵਰਤੋਂ ਕਮਰੇ ਦੇ ਤਾਪਮਾਨ ਦੇ ਨੇੜੇ ਕੀਤੀ ਜਾਂਦੀ ਹੈ ਅਤੇ ਦਰੁਸਤੀਆਂ 1° ਦੇ ਨੇੜੇ-ਤੇੜੇ ਤੱਕ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ। ਉਚੱਤਮ ਅਤੇ ਨਿਮਨਤਮ ਤਾਪਮਾਨ ਉੱਤੇ ਕਈ ਵਾਰ ਦਰੁਸਤੀ 5° ਫ਼ਾ. ਨਾਲੋਂ ਵੀ ਵਧ ਹੁੰਦੀ ਹੈ। ਇਨ੍ਹਾਂ ਥਰਮਾਮੀਟਰਾਂ ਦੇ ਕਾਲ ਸਥਿਰ-ਅੰਕ ਵੱਡੇ ਹੁੰਦੇ ਹਨ ਪਰ ਮੈਗਨੀ-ਚਿਊਡ (ਆਕਾਰ) ਕੱਚ-ਸਥਿਤ ਦ੍ਰਵ ਥਰਮਾਮੀਟਰ ਜਿੰਨਾ ਹੀ ਹੁੰਦਾ ਹੈ।

ਫਿਲਡ-ਸਿਸਟਮ ਥਰਮਾਮੀਟਰ—ਇਸ ਕਿਸਮ ਦਾ ਥਰਮਾ-ਮੀਟਰ ਚਿੱਤਰ (3) ਵਿਚ ਸਕੀਮ ਅਨੁਸਾਰ ਦਰਸਾਇਆ ਗਿਆ ਹੈ। ਇਸ ਵਿਚ ਬੁਰਡੋਂ ਨਲੀ ਇਕ ਕੇਸ਼ਿਕਾ ਦੁਆਰਾ ਇਕ ਖ਼ੋਖਲੇ ਬੱਲਬ



ਚਿੱਤਰ 2 - ਦੁਧਾਤਵੀ ਥਰਮਾਮੀਟਰ

ਨਾਲ ਜੁੜੀ ਹੁੰਦੀ ਹੈ। ਜਦੋਂ ਸਿਸਟਮ ਡਿਜ਼ਾਈਨ ਕੀਤਾ ਜਾਂਦਾ ਹੈ ਅਤੇ ਗੈਸ (ਆਮ ਕਰਕੇ ਹੀਲੀਅਮ ਜਾਂ ਨਾਈਟ੍ਰੋਜਨ) ਭਰੀ ਜਾਂਦੀ ਹੈ ਤਾਂ ਸਿਸਟਮ ਵਿਚ ਦਬਾਉ ਪੂਰੀ ਤਰ੍ਹਾਂ ਗੈਸ ਨਿਯਮ ਦੀ ਪਾਲਣਾ ਕਰਦਾ ਹੈ ਅਤੇ ਬੁਰਡੋਂ ਨਲੀ ਤੋਂ ਤਾਪਮਾਨ ਦਾ ਸੰਕੇਤ ਪ੍ਰਾਪਤ ਹੁੰਦਾ ਹੈ। ਤਾਪਮਾਨ-ਦਬਾਉ ਗਤੀ ਸਬੰਧ ਲਗਭਗ ਰੇਖੀ ਹੈ। ਵਾਯੂਮੰਡਲੀ ਦਬਾਉ ਦੇ ਪ੍ਰਭਾਵ ਨੂੰ ਘੱਟ ਕਰਨ ਲਈ ਸਿਸਟਮ ਨੂੰ ਉੱਚ ਦਬਾਉ ਨਾਲ




ਚਿੱਤਰ 3 - ਫਿਲਡ-ਸਿਸਟਮ ਥਰਮਾਮੀਟਰ

ਭਰਿਆ ਜਾਂਦਾ ਹੈ। ਜਦੋਂ ਸਿਸਟਮ ਡਿਜ਼ਾਈਨ ਕਰਕੇ ਕਿਸੇ ਤਰਲ ਨਾਲ ਭਰਿਆ ਜਾਂਦਾ ਹੈ ਤਾਂ ਤਰਲ ਦੇ ਆਇਤਨ ਵਿਚ ਤਬਦੀਲੀ ਬੁਰਡੋਂ ਨਲੀ ਨੂੰ ਹਰਕਤ ਵਿਚ ਲਿਆਉਂਦੀ ਹੈ। ਜਦੋਂ ਭਰਨ ਵਾਲਾ ਮਾਧਿਅਮ ਪਾਰਾ ਜਾਂ ਇਸ ਦੀਆਂ ਮਿਸ਼ਰਿਤ-ਧਾਤਾਂ ਹੋਣ ਤਾਂ ਤਾਪਮਾਨ-ਆਇਤਨ-ਗਤੀ ਸਬੰਧ ਵਾਸਤਵਿਕ ਤੌਰ ਤੇ ਰੇਖੀ ਹੁੰਦਾ ਹੈ। ਜਦੋਂ ਹਾਈਡ੍ਰੋਕਾਰਬਨ ਤਰਲਾਂ ਦੀ ਵਰਤੋਂ ਕੀਤੀ ਜਾਂਦੀ ਹੈ ਤਾਂ ਤਰਲ ਦਬੀਣਯੋਗਤਾ ਕਾਫ਼ੀ ਹੁੰਦੀ ਹੈ ਅਤੇ ਤਾਪਮਾਨ-ਗਤੀ ਸਬੰਧ ਵਧੇਰੇ ਰੇਖੀ (linear) ਨਹੀਂ ਹੁੰਦਾ।

ਫਲੂਇਡਾਂ (ਤਰਲ ਜਾਂ ਗੈਸ) ਦੇ ਸਮਰੂਪੀ ਹੋਣ ਅਤੇ ਬੁਰਡੋਂ ਨਲੀ ਵਲ ਫੈਲਣ ਕਰਕੇ ਕੇਸ਼ਿਕਾ ਅਤੇ ਬੁਰਡੋਂ ਨਲੀ ਉੱਤੇ ਤਾਪਮਾਨ ਵਿਚ ਤਬਦੀਲੀਆਂ ਕਾਰਨ ਤਰੁੱਟੀਆਂ ਆਉਂਦੀਆਂ ਹਨ ਜਿਨ੍ਹਾਂ ਨੂੰ ਕੇਸ਼ਿਕਾ ਤੋਂ ਬੁਰਡੋਂ ਨਲੀ ਵਿਚ ਆਇਤਨ ਨੂੰ ਨਿਮਨਤਮ ਕਰਕੇ ਅਤੇ ਵਾਤਾਵਰਣ ਤੇ ਤਾਪਮਾਨ ਦੀ ਪੂਰਤੀ ਨਾਲ ਘਟਾਇਆ ਜਾਂਦਾ ਹੈ। ਤਰੁੱਟੀ ਦੇ ਅਸਰ ਨੂੰ ਘਟਾਉਣ ਲਈ ਬਿਨ੍ਹਾਂ ਬਲਬ ਦੇ ਇਕ ਦੂਸਰਾ ਸਿਸਟਮ ਵੀ ਹੋ ਸਕਦਾ ਹੈ। ਇਹ ਇਕੱਲੀ ਬੁਰਡੋਂ ਨਲੀ ਉੱਤੇ ਇਕ ਦੁਧਾਤਵੀ ਤਰੁੱਟੀਪੂਰਕ ਹੋ ਸਕਦਾ ਹੈ ਜਾਂ ਪਾਰੇ ਵਾਲੇ ਸਿਸਟਮ ਵਿਚ ਇਕ ਵਿਸ਼ੇਸ਼ ਕੇਸ਼ਿਕਾ ਨੂੰ ਇਕ ਇਨਵਾਰ ਤਾਰ (invar wire) ਵਾਲੇ ਤਰੁੱਟੀ ਸੂਚਕ ਨਾਲ ਧਾਗੇ ਦੁਆਰਾ ਬੰਨ੍ਹਿਆ ਹੁੰਦਾ ਹੈ। ਗੈਸ ਸਿਸਟਮ ਵਿਚ ਇਸ ਦੇ ਮੁਕਾਬਲੇ ਵੱਡਾ ਬਲਬ ਅਤੇ ਲੰਬਾ ਸੀਮਾ ਵਿਸਤਾਰ (long range span) ਹੁੰਦਾ ਹੈ। ਵਿਸਤਾਰ ਨਿਮਨ ਸੀਮਾ ਲਗਭਗ -400° ਫ਼ਾ. ਤੱਕ ਅਤੇ ਉਪਰਲੀ ਸੀਮਾ ਲਗਭਗ 1200° ਫ਼ਾ. ਤੱਕ ਹੋ ਸਕਦੀ ਹੈ।

ਹਾਈਡ੍ਰੋਕਾਰਬਨ ਤਰਲ ਸਿਸਟਮਾਂ ਵਿਚ ਛੋਟੇ ਬਲਬ ਹੁੰਦੇ ਹਨ ਅਤੇ ਇਨ੍ਹਾਂ ਦੇ ਵਿਸਤਾਰਾਂ (25 ਫ਼ਾ. ਤੱਕ) ਦੀ ਸੀਮਾ ਛੋਟੀ ਹੁੰਦੀ ਹੈ। ਵਿਸਤਾਰ ਨੂੰ ਘੱਟ ਸੀਮਾ ਅਰਥਾਤ ਲਗਭਗ-125° ਫ਼ਾ. ਤੱਕ ਘਟਾਇਆ ਜਾ ਸਕਦਾ ਹੈ ਅਤੇ ਉਪਰਲੀ ਸੀਮਾ 600° ਫ਼ਾ. ਤੱਕ ਕੀਤੀ ਜਾ ਸਕਦੀ ਹੈ। ਪਾਰਾ ਸਿਸਟਮਾਂ ਵਿਚ ਬਲਬ ਕੁਝ ਵੱਡੇ ਹੁੰਦੇ ਹਨ (ਪਾਰੇ ਦੇ ਘੱਟ ਤਾਪਮਾਨ ਪਸਾਰ-ਗੁਣਾਂਕ ਕਾਰਨ) ਤੇ ਸੀਮਾ ਵਿਸਤਾਰ ਲੰਬਾ ਹੁੰਦਾ ਹੈ ਅਤੇ ਇਨ੍ਹਾਂ ਦੀ ਵਰਤੋਂ 40° ਫ਼ਾ ਤੋਂ 1200° ਫ਼ਾ. ਵਿਚਕਾਰ ਕੀਤੀ ਜਾਂਦੀ ਹੈ। ਆਮ ਕਰਕੇ ਇਨ੍ਹਾਂ ਯੰਤਰਾਂ ਤੋਂ ਸੀਮਾ ਵਿਸਤਾਰ ਦੀਆਂ 1% ਦਰੁਸਤੀਆਂ ਪ੍ਰਾਪਤ ਕੀਤੀਆਂ ਜਾਂਦੀਆਂ ਹਨ ਪਰ ਅਜਿਹਾ ਕੇਵਲ ਯੋਗ ਚੋਣ ਅਤੇ ਵਰਤੋਂ ਦੀਆਂ ਹਾਲਤਾਂ ਦੀ ਪੂਰੀ ਜਾਣਕਾਰੀ ਨਾਲ ਹੀ ਹੈ।

ਵਾਸ਼ਪ ਦਬਾਉ ਤਾਪ ਸਿਸਟਮ—ਇਹ ਫਿਲਡ-ਸਿਸਟਮ ਥਰਮਾਮੀਟਰ ਮਿਣਨ ਲਈ ਕੁਝ ਵਿਸ਼ੇਸ਼ ਸਥਾਈ ਤਰਲਾਂ ਦੇ ਵਾਸ਼ਪ-ਦਬਾਉ ਦੀ ਵਰਤੋਂ ਕਰਦਾ ਹੈ (ਚਿੱਤਰ 4)। ਕਿਸੇ ਵੀ ਤਰਲ-ਵਾਸ਼ਪ ਦਬਾਉ ਵਕ੍ਰ ਦਾ ਲਾਹੇਵੰਦ ਭਾਗ ਅੰਦਾਜ਼ਨ 15 ਸਾਈਆ (psia) ਅਤੇ ਕ੍ਰਾਂਤਿਕ ਦਬਾਉ ਵਿਚਕਾਰ ਹੈ ਅਰਥਾਤ ਕ੍ਰਾਂਤਿਕ ਤਾਪਮਾਨ ਉੱਤੇ ਵਾਸ਼ਪ-ਦਬਾਉ, ਇਕ ਖ਼ਾਸ ਤਰਲ-ਵਾਸ਼ਪ ਸਿਸਟਮ ਲਈ ਉੱਚਤਮ ਤਾਪਮਾਨ ਹੈ। ਇਸ ਤਰ੍ਹਾਂ ਜਦੋਂ ਪ੍ਰੋਪੇਨ ਦੀ ਵਰਤੋਂ ਕੀਤੀ ਜਾਂਦੀ ਹੈ ਤਾਂ ਕ੍ਰਾਂਤਿਕ ਤਾਪਮਾਨ 206° ਫ਼ਾ. ਅਤੇ ਵਾਸ਼ਪ-ਦਬਾਉ 617 ਸਾਈਆ ਹੁੰਦਾ ਹੈ ਵਾਸ਼ਪ ਦਬਾਅ ਤੇ ਤਾਪਮਾਨ ਵਿਚ ਇਕ ਅਰੇਖੀ ਸਬੰਧ ਸਥਾਪਿਤ ਹੋ ਜਾਂਦਾ ਹੈ। ਇਸ ਲਈ ਬੁਰਡੋਂ ਨਲੀ ਦੀ



ਚਿੱਤਰ-4 ਵਾਸ਼ਪ-ਦਬਾਉ ਤਾਪਮਾਨ ਵਕ੍ਰ, ਜਦੋਂ ਭਿੰਨ-ਭਿੰਨ ਸਥਾਈ ਤੱਤਾਂ ਦੀ ਵਰਤੋਂ ਤਾਪ ਸਿਸਟਮ ਫਿਲਡ ਵਜੋਂ ਕੀਤੀ ਜਾਂਦੀ ਹੈ।


ਗਤੀ ਵਾਸ਼ਪ-ਦਬਾਉ ਵਕ੍ਰ ਦੇ ਉਪਰਲੇ ਸਿਰੇ ਉਪਰ ਵਧੇਰੇ ਹੁੰਦੀ ਹੈ। ਇਸ ਲਈ ਇਨ੍ਹਾਂ ਤਾਪ ਸਿਸਟਮਾਂ ਦੀ ਵਰਤੋਂ ਆਮ ਕਰਕੇ ਇਨ੍ਹਾਂ ਦੀ ਉਪਰਲੀ ਸੀਮਾ ਦੇ ਨੇੜੇ ਕੀਤੀ ਜਾਂਦੀ ਹੈ ਅਤੇ ਇਸ ਤਰ੍ਹਾਂ ਦਰੁਸਤੀ 1% ਜਾਂ ਵਧੇਰੇ ਪ੍ਰਾਪਤ ਹੋ ਸਕਦੀ ਹੈ। ਵਾਸ਼ਪ-ਦਬਾਉ ਸਿਸਟਮ ਇਸ ਤਰ੍ਹਾਂ ਡਿਜ਼ਾਈਨ ਕੀਤੇ ਜਾਂਦੇ ਹਨ ਕਿ ਕਿਰਿਆਸ਼ੀਲ ਤਰਲ-ਵਾਸ਼ਪ ਅੰਤਰਸਤ੍ਹਾ ਬਣ ਸਕੇ। ਕੇਸ਼ਿਕਾ ਉੱਤੇ ਆਲੇ-ਦੁਆਲੇ ਦੇ ਤਾਪਮਾਨ ਵਿਚ ਤਬਦੀਲੀਆਂ ਕਾਰਨ ਕੋਈ ਤਰੁੱਟੀ ਨਹੀਂ ਹੁੰਦੀ ਅਤੇ ਇਸ ਬਿੰਦੂ ਉੱਤੇ ਸਿਰਫ਼ ਧਾਤ ਦੀ ਬੁਰਡੋਂ ਨਲੀ ਉੱਤੇ ਤਾਪਮਾਨ ਦਾ ਪ੍ਰਭਾਵ ਤਰੁੱਟੀ ਪੈਦਾ ਕਰਦਾ ਹੈ। ਬੁਰਡੋਂ ਨਲੀ-ਤਰੁੱਟੀ ਆਮ ਕਰਕੇ ਬਹੁਤ ਘੱਟ ਹੁੰਦੀ ਹੈ ਅਤੇ ਜੇ ਇਸ ਨੂੰ ਘਟਾਉਣਾ ਹੋਵੇ ਤਾਂ ਇਸ ਦੀ ਪੂਰਤੀ ਕੀਤੀ ਜਾ ਸਕਦੀ ਹੈ।

ਜਦੋਂ ਬਲਬ ਅਤੇ ਬੁਰਡੋਂ ਨਲੀ ਇਕੋ ਪੱਧਰ ਉੱਤੇ ਨਹੀਂ ਹੁੰਦੇ ਤਾਂ ਇਕ ਦ੍ਰਵ ਸਥਿਤਿਕ ਤਰੁੱਟੀ ਆ ਸਕਦੀ ਹੈ ਪਰ ਇਸ ਨੂੰ ਬੜੀ ਆਸਾਨੀ ਨਾਲ ਜ਼ੀਰੋ ਸੈਟਿੰਗ ਦੁਆਰਾ ਦੂਰ ਕੀਤਾ ਜਾ ਸਕਦਾ ਹੈ। ਵਾਯੂਮੰਡਲੀ ਦਬਾਉ ਦੀਆਂ ਤਬਦੀਲੀਆਂ ਦੇ ਪ੍ਰਭਾਵ ਨੂੰ ਭਿੰਨ-ਭਿੰਨ ਤਰਲਾਂ ਦੇ ਵਾਸ਼ਪ-ਦਬਾਉ ਦੇ ਵਕ੍ਰ ਦੇ ਉਪਰਲੇ ਭਾਗ ਦੀ ਵਰਤੋਂ ਕਰਕੇ ਘਟਾਇਆ ਜਾਂਦਾ ਹੈ। ਸੀਮਾ ਵਿਸਤਾਰਾਂ ਵਿਚ ਕਾਫ਼ੀ ਅੰਤਰ ਹੁੰਦਾ ਹੈ ਪਰ ਕਮਰੇ ਦੇ ਤਾਪਮਾਨ ਦੇ ਨੇੜੇ ਵਿਸਤਾਰ ਦਾ ਲਾਹੇਵੰਦ ਹਿੱਸਾ ਲਗਭਗ 120° ਫ਼ਾ. ਹੈ ਅਤੇ ਉੱਚ ਤਾਪਮਾਨਾਂ ਉੱਤੇ ਇਹ 200° ਫ਼ਾ. ਹੈ। ਕੁਝ ਵਾਸ਼ਪ-ਦਬਾਉ ਸਿਸਟਮ 0° ਤੋਂ ਥੱਲੇ ਅਤੇ 650° ਫ਼ਾ. ਤੋਂ ਉਪਰ ਵਰਤੇ ਜਾਂਦੇ ਹਨ।

ਫਿਲਡ-ਸਿਸਟਮ ਥਰਮਾਮੀਟਰ ਦਾ ਸਭ ਤੋਂ ਵੱਡਾ ਲਾਭ ਇਸ ਦੀ ਚੰਗੀ, ਘੱਟ ਖ਼ਰਚ, ਤਾਪਮਾਨ ਸੰਕੇਤ ਜਾਂ ਮਾਪਣ ਵਾਲੇ ਤਾਪਮਾਨ ਤੋਂ ਕਾਫ਼ੀ ਦੂਰੀ ਤੋਂ ਅਨੁਕੂਲ ਬਿੰਦੂ ਉੱਤੇ ਰਿਕਾਰਡ ਕਰਨ ਦੀ ਯੋਗਤਾ ਹੈ। ਬੁਰਡੋਂ ਨਲੀ ਵਿਚ ਸੂਖ਼ਮ ਸੰਸੂਚਕਾਂ (ਡਿਟੈੱਕਟਰਾਂ) ਦੇ ਸੰਚਾਲਨ ਲਈ ਯੋਗ ਸ਼ਕਤੀ ਹੁੰਦੀ ਹੈ ਅਤੇ ਕੰਟਰੋਲ ਮੰਤਵਾਂ ਲਈ ਇਸ ਨੂੰ ਬਿਜਲੀ, ਹਵਾ ਜਾਂ ਜਲ ਸ਼ਕਤੀ ਦੁਆਰਾ ਵਧਾਇਆ ਜਾ ਸਕਦਾ ਹੈ। ਤਾਪ ਸਿਸਟਮ ਦੀ ਹਰ ਸ਼੍ਰੇਣੀ ਦੇ ਵਿਸ਼ੇਸ਼ ਲੱਛਣਾਂ ਤੋਂ ਪਤਾ ਲਗ ਜਾਂਦਾ ਹੈ ਕਿ ਭਿੰਨ-ਭਿੰਨ ਵਰਤੋਂ ਲਈ ਕਿਹੜਾ ਸਭ ਤੋਂ ਜ਼ਿਆਦਾ ਲਾਹੇਵੰਦ ਰਹੇਗਾ।


ਪ੍ਰਤਿਰੋਧ-ਥਰਮਾਮੀਟਰ—ਇਸ ਕਿਸਮ ਦੇ ਥਰਮਾ-ਮੀਟਰ ਵਿਚ ਤਬਦੀਲੀ ਨਾਲ ਚਾਲਕਾਂ ਜਾਂ ਅਰਧ-ਚਾਲਕਾਂ ਦੇ ਪ੍ਰਤਿਰੋਧ ਵਿਚ ਤਬਦੀਲੀ ਦੀ ਵਰਤੋਂ ਤਾਪਮਾਨ ਮਿਣਨ ਲਈ ਕੀਤੀ ਜਾਂਦੀ ਹੈ। ਆਮ ਤੌਰ ਤੇ ਤਾਪਮਾਨ-ਸੁਗ੍ਰਾਹੀ ਪ੍ਰਤਿਰੋਧ ਐਲੀਮੈਂਟ ਇਕ ਬ੍ਰਿਜ ਜਾਲ ਵਿਚ ਸ਼ਾਮਲ ਕਰ ਲਿਆ ਜਾਂਦਾ ਹੈ, ਜਿਸ ਵਿਚ ਉਚਿਤ ਸਥਿਰ ਪਾਵਰ ਸਪਲਾਈ ਹੁੰਦੀ ਹੈ ਅਤੇ ਕਈ ਵਾਰ ਵਿਖੇਪਣ ਸਰਕਟ ਵਰਤ ਲਿਆ ਜਾਂਦਾ ਹੈ। ਇਸ ਸ਼੍ਰੇਣੀ ਦੇ ਲਗਭਗ ਸਾਰੇ ਯੰਤਰਾਂ ਵਿਚ ਨਲ ਬੈਲੰਸ ਸਿਸਟਮ ਵਰਤਿਆ ਜਾਂਦਾ ਹੈ ਜਿਸ ਵਿਚ ਜਾਲ ਅੰਦਰ ਇਕ ਹੋਰ ਪ੍ਰਤਿਰੋਧ ਦਾ ਸਮਾਯੋਜਨ ਕਰਕੇ ਪ੍ਰਤਿਰੋਧ ਤਬਦੀਲੀ ਨੂੰ ਬੈਲੰਸ ਕਰਕੇ ਮਿਣਿਆ ਜਾਂਦਾ ਹੈ। ਮਿਣਨ ਵਾਲੇ ਪ੍ਰਤਿਰੋਧ ਨੂੰ ਛੱਡ ਕੇ ਬ੍ਰਿਜ ਵਿਚਲੇ ਸਾਰੇ ਪ੍ਰਤਿਰੋਧਕਾਂ ਦੇ ਤਾਪਮਾਨ-ਗੁਣਾਂਕ ਨਿਮਨ ਹੁੰਦੇ ਹਨ ਅਤੇ ਸਾਰਾ ਬ੍ਰਿਜ ਸਰਕਟ ਅਜਿਹਾ ਡਿਜ਼ਾਈਨ ਕੀਤਾ ਜਾਂਦਾ ਹੈ ਕਿ ਆਲੇ ਦੁਆਲੇ ਦੇ ਤਾਪਮਾਨ ਦੇ ਪ੍ਰਭਾਵਾਂ ਪ੍ਰਤੀ ਅਸੰਵੇਦਨਸ਼ੀਲ ਹੋਵੇ। ਪ੍ਰਤਿਰੋਧ ਥਰਮਾਮੀਟਰ ਨੂੰ ਪਾਵਰ ਸਪਲਾਈ ਸਿੱਧੀ ਜਾਂ ਪਰਤਵੀਂ ਕਰੰਟ ਦੁਆਰਾ ਹੋ ਸਕਦੀ ਹੈ। ਸਿੱਧੇ ਕਰੰਟ ਨੂੰ ਸ਼ੁੱਧ ਮਿਣਤੀ ਲਈ ਤਰਜੀਹ ਦਿੱਤੀ ਜਾਂਦੀ ਹੈ ਜਦੋਂ ਕਿ ਪਰਤਵੀਂ ਕਰੰਟ ਉਦੋਂ ਵਰਤੀ ਜਾਂਦੀ ਹੈ ਜਦੋਂ ਜਾਲ ਦੇ ਪੁਨਰਬੈਲੰਸ ਲਈ ਪ੍ਰਬਲਕਾਰਕ ਸਿਸਟਮ ਵਰਤਣਾ ਹੋਵੇ।

ਚਿੱਤਰ (5) ਵਿਚ ਉਦਯੋਗਿਕ ਪ੍ਰਤਿਰੋਧ ਥਰਮਾਮੀਟਰ ਵਿਖਾਇਆ ਗਿਆ ਹੈ।



ਚਿੱਤਰ 5 : ਉਦਯੋਗਿਕ ਕਿਸਮ ਦਾ ਪ੍ਰਤਿਰੋਧ-ਥਰਮਾਮੀਟਰ

ਪ੍ਰਤਿਰੋਧ-ਥਰਮਾਮੀਟਰਾਂ ਵਿਚ ਸੁਗ੍ਰਾਹੀ ਐਲੀਮੈਂਟ ਵਜੋਂ ਵਰਤੀਆਂ ਜਾਣ ਵਾਲੀਆਂ ਆਮ ਧਾਤਾਂ-ਨਿਕਲ, ਪਲੈਟੀਨਮ ਅਤੇ ਤਾਂਬਾ ਹਨ ਅਤੇ ਪ੍ਰਤਿਰੋਧ ਵਿਚ ਪ੍ਰਤਿ ਡਿਗਰੀ ਸੈਲਸੀਅਸ



ਚਿੱਤਰ 6 : ਪ੍ਰਤਿਰੋਧ-ਥਰਮਾਮੀਟਰਾਂ ਵਿਚ ਵਰਤੀਆਂ ਜਾਣ ਵਾਲੀਆਂ ਕਈ ਧਾਤਾਂ ਦੇ ਵਿਸ਼ਿਸ਼ਟ ਸਾਪੇਖੀ-ਪ੍ਰਤਿਰੋਧ ਵਕ੍ਰ

ਤਬਦੀਲੀ ਦੀ ਚਿੱਤਰ (6) ਵਿਚ ਵਿਆਖਿਆ ਕੀਤੀ ਗਈ ਹੈ। ਇਹ ਸਭ ਤੋਂ ਤਸੱਲੀਬਖ਼ਸ਼ ਧਾਤਾਂ ਹਨ ਕਿਉਂਕਿ ਇਹ ਸਥਾਈ ਹਨ, ਤਾਪਮਾਨ ਪ੍ਰਤਿਰੋਧ-ਗੁਣਾਂਕ ਉਚਿਤ ਹੈ ਅਤੇ ਇਨ੍ਹਾਂ ਦੀਆਂ ਪ੍ਰਤਿ ਯੂਨਿਟ ਲੰਬਾਈ ਉੱਚ ਪ੍ਰਤਿਰੋਧ ਵਾਲੀਆਂ ਬਾਰੀਕ ਤੇ ਸਮ-ਅੰਗੀ

ਤਾਰਾਂ ਖਿੱਚੀਆਂ ਜਾ ਸਕਦੀਆਂ ਹਨ। ਪ੍ਰਤਿਰੋਧ ਐਲੀਮੈਂਟ ਲਈ ਇਕ ਤਾਰ ਜਿਸ ਦਾ ਵਿਆਸ ਲਗਭਗ 2.5 ਮਿਲਜ਼ (ਇਕ ਇੰਚ ਦਾ ਹਜ਼ਾਰਵਾਂ ਹਿੱਸਾ) ਹੋਵੇ ਨੂੰ ਆਮ ਕਰਕੇ ਇਕ ਛੋਟੇ ਵਿਆਸ ਵਾਲੀ ਕੁੰਡਲਨੀ ਦਾ ਰੂਪ ਦੇ ਕੇ ਅਬਰਕ ਦੀ ਟੇਕ ਨਾਲ ਬੰਨ੍ਹਿਆ ਜਾਂ ਇਸ ਉੱਤੇ ਮਾਊਂਟ ਕੀਤਾ ਜਾਂਦਾ ਹੈ। ਪਲੈਟੀਨਮ ਤਾਰ ਦੇ ਐਲੀਮੈਂਟਾਂ ਦੀ ਤਸੱਲੀਬਖ਼ਸ਼ ਵਰਤੋਂ –258° ਤੋਂ 900° ਸੈਂ. ਵਿਚਕਾਰ, ਨਿਕਲ 150° ਤੋਂ 300° ਸੈਂ. ਵਿਚਕਾਰ ਅਤੇ ਤਾਂਬਾ –200° ਤੋਂ 120° ਸੈਂ. ਵਿਚਕਾਰ ਕੀਤੀ ਜਾ ਸਕਦੀ ਹੈ।

ਇਕ ਨੰਗੀ-ਤਾਰ ਐਲੀਮੈਂਟ ਦੀ ਵਰਤੋਂ ਇਕ ਸਾਫ਼, ਖੋਰਕ-ਹੀਨ ਤੇ ਨਿਮਨ ਵੇਗ ਉੱਤੇ ਵਹਿ ਰਹੀ ਅਚਾਲਕੀ ਗੈਸ ਵਿਚ ਕੀਤੀ ਜਾ ਸਕਦੀ ਹੈ ਅਤੇ ਤਾਪਮਾਨ ਦੀਆਂ ਤਬਦੀਲੀਆਂ ਪ੍ਰਤਿ ਇਸ ਦੀ ਪ੍ਰਤਿਕਿਰਿਆ ਬੜੀ ਤੇਜ਼ੀ ਨਾਲ ਹੁੰਦੀ ਹੈ। ਆਮ ਕਰਕੇ ਭਾਵੇਂ ਐਲੀਮੈਂਟ ਸੁਰੱਖਿਅਕ ਨਲੀ ਵਿਚ ਮਾਊਂਟ ਤੇ ਬਿਜਲਈ ਤੌਰ ਤੇ ਰੋਧੀ ਕੀਤਾ ਗਿਆ ਹੋਵੇ, ਜਿਸ ਦੇ ਸਿੱਟੇ ਵਜੋਂ ਕਾਲ ਸਥਿਰ-ਅੰਕ ਇਕ ਮਿੰਟ ਜਾਂ ਵੱਧ ਲੱਗੇ। ਐਲੀਮੈਂਟਾਂ ਦੇ ਤਾਪਮਾਨ-ਪ੍ਰਤਿਰੋਧ ਸਬੰਧ ਦਾ ਪਤਾ ਬਰਫ਼ ਤਾਪਮਾਨ, ਭਾਫ਼ ਤਾਪਮਾਨ ਅਤੇ ਗੰਧਕ ਤਾਪਮਾਨ (444.6° ਸੈਂ.) ਉੱਤੇ ਅੰਸ਼-ਸੋਧਣ ਦੁਆਰਾ ਕੀਤਾ ਜਾਂਦਾ ਹੈ। ਅੰਸ਼ ਸੋਧਿਤ ਉਦਯੋਗਿਕ ਗ੍ਰੇਡ ਪ੍ਰਤਿਰੋਧ-ਥਰਮਾਮੀਟਰਾਂ ਨਾਲ ਤਾਪਮਾਨ ਦੀਆਂ ਕੀਮਤਾਂ ਵਿਚ ਅਨਿਸ਼ਚਿਤਤਾ ਲਗਭਗ ±0·3° ਸੈਂ. ਹੋ ਸਕਦੀ ਹੈ ਜਦੋਂ ਕਿ ਚੰਗੇ, ਸਹੀ ਅੰਸ਼-ਸੋਧਿਤ ਅਤੇ ਚੰਗੇ ਸੰਭਾਲੇ ਪ੍ਰਯੋਗਸ਼ਾਲਾ ਦੇ ਯੰਤਰਾਂ ਵਿਚ ਇਹ ਅਨਿਸ਼ਚਿਤਤਾ ±0·01° ਸੈਂ. ਦੀ ਸੀਮਾ ਹੋ ਸਕਦੀ ਹੈ।

ਪ੍ਰਤਿਰੋਧ—ਥਰਮਾਮੀਟਰਾਂ ਵਿਚ ਕਰੰਟ ਹੋਣ ਕਰਕੇ ਇਨ੍ਹਾਂ ਵਿਚ ਸਵੈ-ਗਰਮੀ ਦੀ ਤਰੁੱਟੀ ਆ ਸਕਦੀ ਹੈ। ਕਰੰਟ ਘੱਟ ਰੱਖ ਕੇ ਅਤੇ ਤਾਪ-ਚਾਲਕਤਾਵਾਂ ਵਧਾ ਕੇ ਇਸ ਪ੍ਰਭਾਵ ਨੂੰ ਨਾਂ ਮਾਤਰ ਕੀਤਾ ਜਾ ਸਕਦਾ ਹੈ। ਡੀ. ਸੀ. ਥਰਮਾਮੀਟਰ ਦੇ ਸਰਕਟਾਂ ਵਿਚ ਧਿਆਨ ਰਖਿਆ ਜਾਣਾ ਚਾਹੀਦਾ ਹੈ ਕਿ ਤਾਪ ਬਿਜਲਵਾਹਕ ਬਲ ਪੈਦਾ ਨਾ ਹੋਣ। ਏ.ਸੀ. ਥਰਮਾਮੀਟਰੀ ਦੇ ਸਰਕਟਾਂ ਵਿਚ ਪ੍ਰੇਰਣ ਤੇ ਚਾਲਕੀ ਵਿਘਨਾਂ ਦਾ ਘੱਟ ਤੋਂ ਘੱਟ ਹੋਣਾ ਜ਼ਰੂਰੀ ਹੈ।

ਹ.ਪੁ.—ਐਨ. ਬ੍ਰਿ. ਮਾ. 9 : 948; ਮੈਕ. ਐਨ. ਸ.ਟ. 13 : 607

ਥਰਮਾਮੀਟਰੀ (ਤਾਪਮਿਤੀ) : ਤਾਪਮਾਨ ਦੀ ਮਿਣਤੀ ਲਈ ਵਰਤੀ ਗਈ ਵਿਧੀ ਨੂੰ ਥਰਮਾਮੀਟਰੀ ਕਿਹਾ ਜਾਂਦਾ ਹੈ ਅਤੇ ਕੋਈ ਵੀ ਯੰਤਰ ਜਿਸ ਨਾਲ ਤਾਪਮਾਨ ਮਿਣਿਆ ਜਾਂਦਾ ਹੈ, ਨੂੰ ਥਰਮਾਮੀਟਰ ਕਿਹਾ ਜਾਂਦਾ ਹੈ (ਵਿਸਤਾਰ ਲਈ ਵੇਖੋ, ਥਰਮਾਮੀਟਰ)। ਉੱਚ ਤਾਪ ਮਾਪਕਤਾ ਉਹ ਵਿਗਿਆਨ ਹੈ ਜਿਸ ਨਾਲ ਵਧੇਰੇ ਉੱਚਾ ਤਾਪਮਾਨ ਮਾਪਿਆ ਜਾਂਦਾ ਹੈ।


ਤਾਪਮਾਨ ਸ਼ਬਦ ਆਮ ਕਰਕੇ ਕਿਸੇ ਸਿਸਟਮ ਦੀ ਗਰਮੀ ਜਾਂ ਠੰਢ ਮਾਪਣ ਲਈ ਵਰਤਿਆ ਜਾਂਦਾ ਹੈ। ਜਦੋਂ ਕਿਸੇ ਇਕ ਸਿਸਟਮ ਤੋਂ ਦੂਸਰੇ ਸਿਸਟਮ ਨੂੰ ਤਾਪ ਦੇਣਾ ਹੋਵੇ ਤਾਂ ਉਸ ਸਿਸਟਮ ਤੇ ਤਾਪ-ਰੂਪਾਂਤਰਣ ਦੀ ਸਮਰੱਥਾ ਲਈ ਵੀ ਇਹ ਸ਼ਬਦ ਵਰਤਿਆ ਜਾਂਦਾ ਹੈ। ਵਿਗਿਆਨਕ ਤੌਰ ਤੇ ਇਸ ਦੀ ਸਭ ਤੋਂ ਵਧੀਆ ਪਰਿਭਾਸ਼ਾ ਇਹ ਹੈ ਕਿ ਇਹ ਕਿਸੇ ਸਿਸਟਮ ਦਾ ਗੁਣ ਹੈ, ਜਿਸ ਤੋਂ ਪਤਾ ਲਗਦਾ ਹੈ ਕਿ ਇਕ ਸਿਸਟਮ ਦੂਸਰੇ ਸਿਸਟਮਾਂ ਦੇ ਤਾਪ-ਸੰਤੁਲਨ ਹੈ। ਜੇ ਵੱਖਰੇ ਵੱਖਰੇ ਤਾਪਮਾਨ ਵਾਲੇ ਸਿਸਟਮਾਂ ਨੂੰ ਬਿਲਕੁਲ ਇਕੱਠੇ ਰੱਖ ਦੇਈਏ (ਜਿਵੇਂ ਕਿ ਗਰਮ ਧਾਤ ਦੇ ਟੁਕੜੇ ਨੂੰ ਠੰਢੇ ਪਾਣੀ ਦੇ ਬਰਤਨ ਵਿਚ) ਤਾਂ ਵਧੇਰੇ ਗਰਮ ਸਿਸਟਮ ਵਿਚੋਂ ਤਾਪ ਠੰਢੇ ਸਿਸਟਮ ਵਲ ਉਦੋਂ ਤੱਕ ਜਾਂਦਾ ਰਹੇਗਾ ਜਦੋਂ ਤੱਕ ਦੋਹਾਂ ਦਾ ਤਾਪਮਾਨ ਇਕੋ ਜਿੰਨਾ ਨਹੀਂ ਹੋ ਜਾਂਦਾ। ਇਸ ਦਾ ਮਤਲਬ ਹੈ ਕਿ ਤਾਪਮਾਨ ਦੋਹਾਂ ਮੁਢਲੇ ਤਾਪਮਾਨਾਂ ਦੇ ਜੋੜ ਦੇ ਵਿਚਕਾਰ ਵਾਲਾ ਹੋ ਜਾਵੇਗਾ। ਇਸੇ ਨੂੰ ਹੀ ਤਾਪ-ਸੰਤੁਲਨ ਕਿਹਾ ਜਾਂਦਾ ਹੈ। ਤਾਪਮਾਨ ਕਿਸੇ ਸਿਸਟਮ ਵਿਚ ਤਾਪ ਦੀ ਕੁੱਲ ਮਾਤਰਾ ਦੀ ਮਿਣਤੀ ਨਹੀਂ ਹੈ।

ਤਾਪਮਾਨ ਸੱਤ ਮੁਢਲੀਆਂ ਭੌਤਿਕ-ਮਾਤਰਾਵਾਂ ਵਿਚੋਂ ਇਕ ਹੈ, ਬਾਕੀ ਸਾਰੀਆਂ ਭੌਤਿਕ ਮਾਤਰਾਵਾਂ ਨੂੰ ਉਨ੍ਹਾਂ ਦੇ ਆਧਾਰ ਉੱਤੇ ਪਰਿਭਾਸ਼ਿਤ ਕੀਤਾ ਜਾਂਦਾ ਹੈ। ਇਹ ਦੂਸਰੀਆਂ ਮਾਤਰਾਵਾਂ ਜਿਵੇਂ ਕਿ ਲੰਬਾਈ ਅਤੇ ਪੁੰਜ ਤੋਂ ਭਿੰਨ ਹੈ ਕਿਉਂਕਿ ਇਹ ਘਣੀ (ਕੇਂਦ੍ਰਿਤ) ਹੈ ਅਤੇ ਦੂਸਰੀਆਂ ਮਾਤਰਾਵਾਂ ਵਿਸਤ੍ਰਿਤ ਹਨ। ਉਦਾਹਰਣ ਵਜੋਂ ਲੰਬਾਈ ਜੁੜਨਸ਼ੀਲ ਹੈ ਪਰ ਤਾਪਮਾਨ ਜੁੜਨਸ਼ੀਲ ਨਹੀਂ। ਜੇਕਰ ਇਕ ਮੀ. ਦੀਆਂ ਦੋ ਭਿੰਨ-ਭਿੰਨ ਲੰਬਾਈਆਂ ਸਿਰੇ ਨਾਲ ਸਿਰਾ ਜੋੜ ਕੇ ਰੱਖ ਦਿੱਤੀਆਂ ਜਾਣ ਤਾਂ ਉਹ ਲੰਬਾਈ ਦੋ ਮੀ. ਹੋ ਜਾਵੇਗੀ ਪਰ ਜੇ ਇਸੇ ਤਰ੍ਹਾਂ ਦੋ ਥਾਂ ਦਾ ਇਕ ਇਕ ਲਿਟਰ ਪਾਣੀ, ਜਿਸ ਦਾ ਤਾਪਮਾਨ 20° ਸੈਂ. ਹੋਵੇ ਮਿਲਾ ਦੇਈਏ ਤਾਂ ਪਾਣੀ ਦੋ ਲਿਟਰ ਹੋ ਜਾਵੇਗਾ ਪਰ ਤਾਪਮਾਨ 20° ਸੈਂ. ਹੀ ਰਹੇਗਾ। ਤਾਪਮਾਨਾਂ ਦੇ ਪ੍ਰਯੋਗਿਕ ਪੈਮਾਨੇ ਦੇ ਸਥਾਪਿਤ ਹੋਣ ਵਿਚ ਇਹ ਗੱਲ ਮੁੱਖ ਉਲਝਣ ਹੈ। ਤਾਪਮਾਨ ਦੇ ਪੈਮਾਨੇ ਜਾਂ ਯੂਨਿਟ ਨੂੰ ਕਿਸੇ ਇਕ ਤਾਪਮਾਨ ਉੱਤੇ ਸਥਾਪਿਤ ਕਰਕੇ ਦੂਸਰੇ ਤਾਪਮਾਨਾਂ ਉੱਤੇ ਲਾਗੂ ਨਹੀਂ ਕੀਤਾ ਜਾ ਸਕਦਾ ਸਗੋਂ ਬਹੁਤ ਧਿਆਨ ਨਾਲ ਸਾਰੇ ਤਾਪਮਾਨਾਂ ਉੱਤੇ ਨਿਸ਼ਚਿਤ ਕਰਨਾ ਜ਼ਰੂਰੀ ਹੈ।

ਤਾਪਮਾਨ ਦੀ ਮਿਣਤੀ ਅਤੇ ਨਿਯੰਤਰਣ ਉਦਯੋਗਿਕ, ਵਿਗਿਆਨਕ ਅਤੇ ਘਰੇਲੂ ਕਾਰਜਾਂ ਵਿਚ ਪੂਰਨ ਮਹੱਤਤਾ ਰਖਦਾ ਹੈ। ਖੇਤੀਬਾੜੀ, ਜਹਾਜ਼ ਬਣਾਉਣ ਅਤੇ ਆੱਟੋਮੋਬਾਈਲ ਉਦਯੋਗਾਂ ਵਿਚ ਇਸ ਦੀ ਖ਼ਾਸ ਮਹੱਤਤਾ ਹੈ। ਤਾਪਮਾਨ ਅਤੇ ਵਾਯੂ ਅਨੁਕੂਲਨ ਸੀਤਲ, ਇਲੈੱਕਟ੍ਰਾੱਨੀ ਉਦਯੋਗਾਂ, ਖਾਣ-ਖੁਦਾਈ ਅਤੇ ਹੋਰ ਸਾਮਾਨ ਬਣਾਉਣ ਦੇ ਉਦਯੋਗਾਂ ਵਿਚ ਵੀ ਇਸ ਦੀ ਕਾਫ਼ੀ ਮਹੱਤਤਾ ਹੈ।


ਥਰਮਾਮੀਟਰੀ ਦਾ ਇਤਿਹਾਸ : ਭਾਵੇਂ ਪੁਰਾਤਨ ਯੂਨਾ-ਨੀਆਂ ਨੂੰ ਗਰਮੀ ਅਤੇ ਠੰਢ ਦੀਆਂ ਡਿਗਰੀਆਂ ਦਾ ਪਤਾ ਲੱਗ ਗਿਆ ਸੀ ਅਤੇ ਉਨ੍ਹਾਂ ਨੇ ਕੁਝ ਸਰਲ ਪ੍ਰਯੋਗ ਵੀ ਕੀਤੇ ਸਨ। ਇਨ੍ਹਾਂ ਦੁਆਰਾ ਉਨ੍ਹਾਂ ਨੇ ਥਰਮਾਮੀਟਰ ਤਿਆਰ ਕਰਨ ਦਾ ਆਧਾਰ ਹੀ ਬਣਾ ਲਿਆ ਸੀ ਪਰ 16 ਵੀਂ ਸਦੀ ਦੇ ਅੰਤ ਤੱਕ ਪਹਿਲਾ ਥਰਮੋਸਕੋਪ (ਤਾਪਦਰਸ਼ੀ) ਤਿਆਰ ਨਹੀਂ ਸੀ ਹੋ ਸਕਿਆ। ਮੰਨਿਆ ਜਾਂਦਾ ਹੈ ਕਿ ਸ਼ਾਇਦ 1592 ਈ. ਵਿਚ ਇਸ ਦੀ ਈਜ਼ਾਦ ਇਟਲੀ ਦੇ ਵਿਗਿਆਨੀ ਗੈਲਿਲੀਓ (ਗੈਲਿਲੀ) ਨੇ ਕੀਤੀ। ਇਸ ਥਰਮੋਸਕੋਪ ਉੱਤੇ ਕੋਈ ਪੈਮਾਨਾ ਨਹੀਂ ਸੀ। ਇਹ ਸਿਰਫ਼ ਵਿਸ਼ਲੇਸ਼ਣਾਤਮਕ ਤੌਰ ਤੇ ਤਾਪਮਾਨ ਵਿਚ ਤਬਦੀਲੀਆਂ ਮਿਣਦਾ ਸੀ।(ਚਿੱਤਰ 1)

ਗੈਲਿਲੀਓ ਦਾ ਥਰ-ਮੋਸਕੋਪ ਸ਼ੀਸ਼ੇ ਦੇ ਇਕ ਵੱਡੇ ਸਾਧਾਰਣ ਬਲਬ; ਜਿਸ ਨਾਲ ਇਕ ਲੰਬੀ, ਤੰਗ ਅਤੇ ਖੁੱਲ੍ਹੇ ਮੂੰਹ ਵਾਲੀ ਨਲੀ ਜੁੜੀ ਹੋਈ ਸੀ, ਦਾ ਬਣਿਆ ਹੋਇਆ ਸੀ। ਇਸ ਨੂੰ ਉਲਟਾ ਕਰਕੇ ਅਲਕੋਹਲ ਜਾਂ ਰੰਗਦਾਰ ਪਾਣੀ ਵਾਲੇ ਬਰਤਨ ਵਿਚ ਰੱਖਿਆ ਹੋਇਆ ਸੀ। ਜਦੋਂ ਥੋੜ੍ਹੀ ਜਿਹੀ ਹਵਾ ਬਲਬ ਤੋਂ ਬਾਹਰ ਨਿਕਲ ਜਾਂਦੀ ਸੀ ਤਾਂ ਪਾਣੀ ਬਲਬ ਦੀ ਨਲੀ ਵਿਚ ਕੁਝ-ਕੁ ਉਪਰ ਤੱਕ ਚੜ੍ਹ ਜਾਂਦਾ ਸੀ। ਇਸ ਨਾਲ ਬਲਬ ਦੇ ਤਾਪਮਾਨ ਵਿਚ



ਚਿੱਤਰ 1- ਗੈਲਿਲੀਓ ਥਰਮੋਸਕੋਪ


ਤਬਦੀਲੀ ਨਾਲ ਇਸ ਵਿਚਲੀ ਹਵਾ ਫੈਲ ਜਾਂ ਸੁੰਗੜ ਜਾਂਦੀ ਸੀ ਅਤੇ ਸਿੱਟੇ ਵਜੋਂ ਨਲੀ ਵਿਚ ਤਰਲ ਦੀ ਸਤ੍ਹਾ ਵਿਚ ਅੰਤਰ ਆ ਜਾਂਦਾ ਸੀ। ਅਜਿਹੇ ਥਰਮੋਸਕੋਪ ਉੱਤੇ ਪੈਮਾਨਾ ਲਾਉਣ ਅਤੇ ਬਾਅਦ ਵਿਚ ਥਰਮਾਮੀਟਰ ਤਿਆਰ ਕਰਨ ਦਾ ਵਿਚਾਰ ਗੈਲਿਲੀਓ ਦੇ ਸਾਥੀ ਸੈਂਕਟਰੋਅਸ ਸੈਂਕਟੋਰੀਅਸ ਨੂੰ 1611 ਈ. ਵਿਚ ਸੁੱਝਿਆ। ਇਸ ਨੇ ਤਰਲ ਦੀ ਸਤ੍ਹਾ ਉਦੋਂ ਨੋਟ ਕੀਤੀ ਜਦੋਂ ਬਲਬ ਨੂੰ ਪਿਘਲੀ ਹੋਈ ਬਰਫ਼ ਵਿਚ ਰਖਿਆ ਹੋਇਆ ਸੀ ਅਤੇ ਮਗਰੋਂ ਇਕ ਮੋਮਬੱਤੀ ਨਾਲ ਬਲਬ ਨੂੰ ਗਰਮ ਕਰਕੇ ਤਰਲ ਦੀ ਸਤ੍ਹਾ ਨੋਟ ਕੀਤੀ। ਫਿਰ ਇਨ੍ਹਾਂ ਦੋਹਾਂ ਸਤ੍ਹਾਵਾਂ ਵਿਚਕਾਰਲੀ ਥਾਂ ਨੂੰ ਬਰਾਬਰ ਦੇ 110 ਭਾਗਾਂ ਵਿਚ ਵੰਡ ਦਿੱਤਾ।



ਚਿੱਤਰ 2 – ਰੀਅ ਦਾ ਪਹਿਲਾ ਤਰਲ ਥਰਮਾਮੀਟਰ

ਸੰਨ 1632 ਤੱਕ ਇਕ ਫ਼ਰਾਂਸੀਸੀ ਡਾਕਟਰ ਜੀਨ ਰੀਅ ਨੇ ਹਵਾ ਦੀ ਥਾਂ ਤਰਲ ਵਾਲੇ ਥਰਮਾਮੀਟਰ ਦੀ ਕਾਢ ਕੱਢੀ। ਇਸ ਨੂੰ ਇਟਲੀ ਵਿਚ ਹੋਈ ਖੋਜ ਬਾਰੇ ਜਾਣਕਾਰੀ ਨਹੀਂ ਸੀ। ਡਾਕਟਰ ਰੀਅ ਦੁਆਰਾ ਤਿਆਰ ਕੀਤਾ ਥਰਮਾਮੀਟਰ (ਚਿੱਤਰ ਨੰ. 2) ਵਿਚ ਵਿਖਾਇਆ ਗਿਆ ਹੈ। ਇਸ ਨੇ ਇਕ ਲੰਬੀ ਅਤੇਂ ਪਤਲੇ ਗਲ ਵਾਲੀ ਨਲੀ ਫਲਾਸਕ ਨੂੰ ਪਾਣੀ ਨਾਲ ਗਲ ਦੇ ਤਲੇ ਤੱਕ ਭਰ ਲਿਆ। ਬਲਬ ਦੇ ਤਾਪਮਾਨ ਵਿਚ ਤਬਦੀਲੀਆਂ ਨਾਲ ਤਰਲ ਤੋਂ ਤਲ ਵਿਚ ਵੀ ਉਸੇ ਤਰ੍ਹਾਂ ਤਬਦੀਲੀਆਂ ਹੋਈਆਂ।


ਅਗਲੇ ਵਰ੍ਹਿਆਂ ਵਿਚ ਇਨ੍ਹਾਂ ਥਰਮਾਮੀਟਰਾਂ ਦੀ ਸੁਗ੍ਰਿਹਤਾ ਵਾਯੂ-ਮੰਡਲੀ ਦਬਾਵਾਂ ਦੇ ਮੁਕਾਬਲੇ ਵੇਖੀ ਗਈ। ਇਸ ਮੁਸ਼ਕਿਲ ਦਾ ਸਭ ਤੋਂ ਪਹਿਲਾ ਹੱਲ ਲਗਭਗ 1644 ਈ. ਵਿਚ ਟਕ-ਸਨੀ ਦੇ ਗਰੈਂਡ ਡਿਊਕ ਫ਼ਰਡੀਨੈਂਡ ਨੇ ਲੱਭਿਆ। ਇਸ ਨੇ ਰੀਅ ਦੇ ਤਰਲ ਵਾਲੇ ਥਰਮਾਮੀਟਰ ਦੇ ਸਿਰੇ ਨੂੰ ਹਵਾ ਰੋਕ ਮੁਹਰਬੰਦ ਕਰ ਦਿੱਤਾ। ਚਿੱਤਰ (3) ਵਿਚ ਇਹ ਥਰਮਾਮੀਟਰ ਵਿਖਾਇਆ ਗਿਆ ਹੈ। ਇਸ ਨੂੰ ਫਲੋਰੈਂਨਟਾਈਨ ਥਰਾਮੀਟਰ ਵੀ ਕਿਹਾ ਜਾਂਦਾ ਹੈ।



ਚਿੱਤਰ 3 – ਮੁਢਲਾ ਫਲੋਰੈਂਨਟਾਈਨ ਥਰਮਾਮੀਟਰ

ਪੈਰਿਸ ਵਿਖੇ 1672 ਈ. ਵਿਚ ਹਿਊਬਿਨ ਨੇ ਪਹਿਲਾ ਹਵਾ ਥਰਮਾਮੀਟਰ ਤਿਆਰ ਕੀਤਾ ਜਿਹੜਾ ਕਿ ਵਾਯੂਮੰਡਲੀ ਦਬਾਉ ਮੁਕਤ ਸੀ। ਇਸ ਨੇ ਦੋ ਤਰਲਾਂ ਵਾਲੇ ਯੂ-ਨਲੀ ਬੈਰੋਮੀਟਰ ਦੇ ਖੁੱਲ੍ਹੇ ਸਿਰੇ ਉੱਤੇ ਇਕ ਮੁਹਰਬੰਦ ਬਲਬ ਲਗਾ ਦਿੱਤਾ। (ਚਿੱਤਰ 4)।

ਤਾਪਮਾਨ ਸਕੇਲਾਂ ਜਾਂ ਪੈਮਾਨਿਆਂ ਦਾ ਵਿਕਾਸ—ਅਗਲੀ ਸਦੀ ਲਈ ਥਰਮਾਮੀਟਰੀ ਦਾ ਉਦੇਸ਼ ਇਹ ਰਿਹਾ ਕਿ ਅਜਿਹੇ ਤਾਪਮਾਨ ਸਕੇਲ ਤਿਆਰ ਕੀਤੇ ਜਾਣ ਜਿਹੜੇ ਕਿ ਭਿੰਨ-ਭਿੰਨ ਥਰਮਾਮੀਟਰਾਂ, ਸਥਾਨਾਂ ਅਤੇ ਸਮਿਆਂ ਉੱਤੇ ਲਏ ਗਏ ਤਾਪਮਾਨ ਨੂੰ ਇਕੋ ਪੈਮਾਨੇ ਉੱਤੇ ਦੱਸ ਸਕਣ। ਇਸ ਖੋਜ ਵਿਚ ਸੰਸਾਰ ਦੇ ਵੱਡੇ ਵੱਡੇ ਵਿਗਿਆਨੀਆਂ ਨੇ ਹਿੱਸਾ ਪਾਇਆ। ਅਠਾਰ੍ਹਵੀਂ ਸਦੀ ਦੇ ਸ਼ੁਰੂ ਵਿਚ ਤਾਪਮਾਨ ਦੇ ਲਗਭਗ 35 ਪੈਮਾਨੇ ਬਣ ਚੁੱਕੇ ਸਨ। ਇਹ ਜ਼ਿਆਦਾ ਹੇਠ ਲਿਖੇ ਇਕ ਜਾਂ ਦੋ ਸਿੱਧਾਂਤਾਂ ਉੱਤੇ ਨਿਰਭਰ ਸਨ: (1) ਦੋ ਨਿਸ਼ਚਿਤ ਚਿੰਨ੍ਹ ਲਾਉਣ, ਇਨ੍ਹਾਂ ਚਿੰਨ੍ਹਾਂ ਵਿਚਕਾਰਲੇ ਫ਼ਾਸਲੇ ਦੀ ਬਰਾਬਰ ਹਿੱਸਿਆਂ ਵਿਚ ਵੰਡ ਅਤੇ ਨਿਸ਼ਚਿਤ ਚਿਨ੍ਹਾਂ ਤੋਂ ਪਰੇ ਵਾਲੇ ਹਿੱਸੇ ਤੇ ਰੇਖੀ ਘਟਾਉ ਲਈ ਦੋ ਤਾਪਮਾਨਾਂ ਉੱਤੇ ਥਰਮਾਮੀਟਰ ਦਾ ਅੰਸ਼-ਸੋਧਣ ਅਤੇ (2) ਥਰਮਾਮੀਟਰ ਵਿਚ ਫੈਲੇ ਹੋਏ ਤਰਲ ਦੀ ਮਿਣਤੀ ਤੇ ਆਧਾਰਿਤ ਸਕੇਲ ਵੰਡ ਨਾਲ ਇਕ ਤਾਪਮਾਨ ਉੱਤੇ ਥਰਮਾਮੀਟਰ ਦਾ ਅੰਸ਼-ਸੋਧਣ। ਇਨ੍ਹਾਂ ਸਿੱਧਾਂਤਾਂ ਵਿਚੋਂ ਪਹਿਲਾ ਸੌਖਾ ਅਤੇ ਵਧੇਰੇ ਸਹੀ ਹੈ।



ਚਿੱਤਰ 4 – ਹਿਊਬਿਨ ਦਾ ਪਹਿਲਾ ਮੁਹਰਬੰਦ ਹਵਾ ਵਾਲਾ ਥਰਮਾਮੀਟਰ

ਤਾਪਮਾਨ ਨੂੰ ਭਿੰਨ-ਭਿੰਨ ਪੈਮਾਨਿਆਂ ਅਰਥਾਤ ਸੈਲਸੀਅਸ (ਸੈਂਟੀ-ਗ੍ਰੇਡ), ਫ਼ਾਰਨਹਾਈਟ, ਰਿਊਮਰ, ਰੈਨਕਿਨ ਅਤੇ ਕੈਲਵਿਨ ਦੁਆਰਾ ਮਿਣਿਆ ਜਾਂਦਾ ਹੈ। ਸੈਂਟੀਗ੍ਰੇਡ, ਫਾਰਨਹਾਈਟ ਅਤੇ ਰਿਊਮਰ ਤਾਪਮਾਨ ਨੂੰ ਹੇਠ ਲਿਖੇ ਫ਼ਾਰਮੂਲੇ ਦੁਆਰਾ ਇਕ ਦੂਜੇ ਵਿਚ ਬਦਲਿਆ ਜਾ ਸਕਦਾ ਹੈ :—

$$\frac{C}{5}=\frac{F-32}{9}=\frac{R}{4}$$

ਪਰਮ ਤਾਪਮਾਨ ਸਕੇਲ—ਉਪਰੋਕਤ ਸਾਰੀਆਂ ਸਕੇਲਾਂ ਅਨੁ-ਭਵਿਕ (empirical) ਹਨ। ਮੂਲ ਸਕੇਲ ਦੇ ਆਧਾਰ ਪਹਿਲਾਂ ਹੀ ਗੈਸਾਂ ਦੇ ਗੁਣਾਂ ਉੱਤੇ ਪ੍ਰਯੋਗ ਕਰਕੇ ਬਣ ਚੁੱਕੇ ਸਨ। ਸੰਨ 1661 ਵਿਚ ਰਾਬਰਟ ਬੱਾਇਲ ਨੇ ਪ੍ਰੇਖਿਤ ਕੀਤਾ ਕਿ ਤਾਪਮਾਨ ਉੱਤੇ ਦਿੱਤੀ ਗਈ ਹਵਾ ਦੀ ਮਾਤਰਾ ਦੇ ਦਬਾਉ (P) ਅਤੇ ਆਇਤਨ (V) ਦਾ ਗੁਣਨਫਲ ਦਬਾਵਾਂ ਦੀ ਵਿਸਤ੍ਰਿਤ ਸੀਮਾ ਤੱਕ ਸਥਿਰ ਹੈ। ਇਸ ਨੂੰ ਹੁਣ ਬੱਾਇਲ ਦਾ ਨਿਯਮ ਕਿਹਾ ਜਾਂਦਾ ਹੈ। ਅਰਥਾਤ

PV = ਸਥਿਰ ਅੰਕ

ਹੋਰ ਪ੍ਰਯੋਗਾਂ ਤੋਂ ਜੋ ਬਾਅਦ ਵਿਚ ਕੀਤੇ ਗਏ, ਪਤਾ ਲੱਗਾ ਕਿ ਬੱਾਇਲ ਨਿਯਮ ਨਿਮਨ ਦਬਾਵਾਂ ਦੀ ਸੀਮਾ ਅੰਦਰ ਕੇਵਲ ਅੰਦਾਜ਼ਨ ਸਹੀ ਹੈ ਪਰ ਸਭ **ਗੈਸਾਂ** ਲਈ ਪੂਰੀ ਤਰ੍ਹਾਂ ਸਹੀ ਹੈ।

ਲਗਭਗ 1800 ਈ. ਵਿਚ ਜੈਕੂਅਸ-ਅਲੈੱਗਜਾਂਦਰ-ਸੀਜ਼ਰ ਚਾਰਲਸ ਅਤੇ ਜੋਜ਼ਫਲੂਈ ਗੇ-ਲੁਸੈਕ ਨੇ ਅਲੱਗ ਅਲੱਗ ਪ੍ਰਯੋਗਾਂ ਤੋਂ ਇਹ ਸਿੱਟਾ ਕੱਢਿਆ ਕਿ ਕਿਸੇ ਵੀ ਗੈਸ ਦੁਆਰਾ ਘੇਰਿਆ ਆਇਤਨ ਤਾਪਮਾਨ ਦੇ ਵਧਣ ਨਾਲ ਰੇਖੀ ਤੌਰ ਤੇ ਵਧਦਾ ਹੈ ਜਦੋਂ ਕਿ ਗੈਸ ਨੂੰ ਸਥਿਰ ਦਬਾਅ ਉੱਤੇ ਰੱਖਿਆ ਜਾਂਦਾ ਹੈ। ਇਸ ਨੂੰ ਚਾਰਲਸ ਦਾ ਨਿਯਮ ਕਿਹਾ ਜਾਂਦਾ ਹੈ ਅਤੇ ਇਸ ਸਿੱਟੇ ਨੂੰ ਇਸ ਤਰ੍ਹਾਂ ਲਿਖਿਆ ਜਾਂਦਾ ਹੈ :—

$$V = Vo\,(1 + \propto t)$$

ਜਿਥੇ V ਤਾਪਮਾਨ t° ਸੈਂ. ਉੱਤੇ ਆਇਤਨ ਹੈ ਅਤੇ V_0 ਤਾਪਮਾਨ 0° ਸੈਂ. (32° ਫ਼ਾ.) ਉੱਤੇ ਆਇਤਨ ਹੈ ਅਤੇ ਸਥਿਰ-ਅੰਕ

α ਤਾਪ ਪਸਾਰ-ਗੁਣਾਂਕ ਹੈ। ਚਾਰਲਸ ਅਤੇ ਗੇ-ਲੂਸੈਕ ਅਨੁਸਾਰ α ਦਾ ਮੁੱਲ ਹਰ ਗੈਸ ਲਈ ਇਕੋ ਹੁੰਦਾ ਹੈ ਜਿਵੇਂ ਕਿ ਪਹਿਲਾਂ ਦੀ ਤਰ੍ਹਾਂ ਨਿਯਮ ਕੇਵਲ ਅੰਦਾਜ਼ਨ ਹੈ ਪਰੰਤੂ ਘੱਟ ਦਬਾਉ ਦੀ ਸੀਮਾ ਵਿਚ ਪੂਰੀ ਤਰ੍ਹਾਂ ਸਹੀ ਹੋ ਜਾਂਦਾ ਹੈ। ਇਸ ਹਾਲਤ ਵਿਚ α ਦਾ ਮੁੱਲ 0.003661 $= \frac{1}{273.15}$ ਹੈ। ਜੇ ਇਸ ਮੁੱਲ ਨੂੰ ਉਪਰੋਕਤ ਸਮੀਕਰਣ ਵਿਚ ਭਰਿਆ ਜਾਵੇ ਤਾਂ ਜਦੋਂ t=273.15° ਸੈਂ. ਹੋਵੇ ਤਾਂ ਗੈਸ ਦਾ ਕੋਈ ਆਇਤਨ ਨਹੀਂ ਹੁੰਦਾ। ਇਸ ਲਈ t=273.15° ਸੈਂ. ਤਾਪਮਾਨ ਨੂੰ ਪਰਮ ਤਾਪਮਾਨ ਕਿਹਾ ਜਾਂਦਾ ਹੈ, ਇਸ ਤੋਂ ਘੱਟ ਕੋਈ ਤਾਪਮਾਨ ਸੰਭਵ ਨਹੀਂ। ਜ਼ੀਰੋ ਆਇਤਨ ਦੇ ਕਥਨ ਨੂੰ ਸ਼ਾਬਦਿਕ ਤੌਰ ਤੇ ਨਹੀਂ ਸਮਝਣਾ ਚਾਹੀਦਾ; ਇਸ ਦਾ ਅੰਦਾਜ਼ਨ ਮਤਲਬ ਇਹ ਹੈ ਕਿ −273·15 ਸੈਂ. ਉੱਤੇ ਗੈਸ ਦੇ ਅਣੂ ਇੰਨੀ ਮਜ਼ਬੂਤੀ ਨਾਲ ਪੈਕ ਹੋਏ ਹੁੰਦੇ ਹਨ ਕਿ ਉਨ੍ਹਾਂ ਵਿਚਕਾਰ ਕੋਈ ਵੀ ਥਾਂ ਖਾਲੀ ਨਹੀਂ ਹੁੰਦੀ। ਅਮਲੀ ਰੂਪ ਵਿਚ ਇਸ ਤਾਪਮਾਨ ਉੱਤੇ ਸਾਰੇ ਪਦਾਰਥ ਤਰਲ ਜਾਂ ਠੋਸ ਅਵਸਥਾ ਵਿਚ ਹੁੰਦੇ ਹਨ, ਜਿਸ ਕਰਕੇ ਇਹ ਨਿਯਮ ਕਿਸੇ ਢੰਗ ਰਾਹੀਂ ਵੀ ਲਾਗੂ ਨਹੀਂ ਹੁੰਦਾ।

ਜੇਕਰ ਹੁਣ ਇਕ ਨਵੀਂ ਤਾਪਮਾਨ ਸਕੇਲ ਨੂੰ ਇਸ ਤਰ੍ਹਾਂ ਪਰਿਭਾਸ਼ਿਤ ਕੀਤਾ ਜਾਵੇ ਕਿ ਇਸ ਉੱਤੇ ਤਾਪਮਾਨ T = t + 273.15 ਹੋਵੇ ਤਾਂ ਚਾਰਲਸ ਨਿਯਮ ਨੂੰ ਮੁੜ ਇਸ ਰੂਪ ਵਿਚ ਲਿਖਿਆ ਜਾ ਸਕਦਾ ਹੈ।

$$\frac{V}{T} = \text{ਸਥਿਰ-ਅੰਕ}$$

ਇਸ ਨੂੰ ਜੇ ਬੌੱਇਲ ਦੇ ਨਿਯਮ ਨਾਲ ਮਿਲਾ ਦਿੱਤਾ ਜਾਵੇ ਤਾਂ ਸਾਧਾਰਣ ਗੈਸ ਨਿਯਮ ਬਣ ਜਾਂਦਾ ਹੈ, ਅਰਥਾਤ

$$\frac{PV}{T} = \text{ਸਥਿਰ-ਅੰਕ}$$

ਇਸ ਸਮੀਕਰਣ ਤੋਂ ਸਪੱਸ਼ਟ ਹੈ ਕਿ ਜੇਕਰ ਕਿਸੇ ਦਿੱਤੀ ਗਈ ਗੈਸ ਦੀ ਮਾਤਰਾ ਦਾ ਦਬਾਉ ਜਾਂ ਆਇਤਨ ਸਥਿਰ ਰਖਿਆ ਜਾਵੇ ਤਾਂ ਦੂਸਰੀ ਦੀ ਮਿਣਤੀ ਤਾਪਮਾਨ ਪਤਾ ਕਰਨ ਲਈ ਵਰਤੀ ਜਾ ਸਕਦੀ ਹੈ। ਇਹ ਅਵਸਥਾ ਗੈਸ ਥਰਮਾਮੀਟਰ ਦਾ ਆਧਾਰ ਹੈ। ਉਹ ਗੈਸ ਜਿਸ ਲਈ ਸਾਧਾਰਣ ਗੈਸ ਨਿਯਮ ਲਾਗੂ ਹੁੰਦਾ ਹੈ, ਆਦਰਸ਼ ਜਾਂ ਪੂਰਨ ਗੈਸ ਕਹਾਉਂਦੀ ਹੈ। ਜਿਸ ਸਕੇਲ ਉੱਤੇ ਤਾਪਮਾਨ 'T' ਪਰਿਭਾਸ਼ਿਤ ਕੀਤਾ ਗਿਆ ਸੀ, ਨੂੰ ਪਰਮ ਤਾਪਮਾਨ ਸਕੇਲ ਜਾਂ ਆਦਰਸ਼-ਗੈਸ ਤਾਪਮਾਨ ਸਕੇਲ ਕਿਹਾ ਜਾਂਦਾ ਹੈ।

ਕੈਲਵਿਨ ਸਕੇਲ—ਕਿਸੇ ਵੀ ਵਾਸਤਵਿਕ ਗੈਸ ਵਿਚ ਬਿਲਕੁਲ ਗੈਸ ਵਰਗੇ ਲੱਛਣ ਜਾਂ ਗੁਣ ਨਾ ਹੋਣ ਕਾਰਨ ਮੁੱਢਲੇ ਪ੍ਰਯੋਗਾਂ ਵਿਚ ਇਨ੍ਹਾਂ ਸਿੱਧਾਂਤਾਂ ਦੀ ਵਰਤੋਂ ਕਰਕੇ ਕੁਝ ਕੁ ਭਿੰਨ ਪੈਮਾਨੇ ਤਿਆਰ ਕੀਤੇ ਗਏ; ਨਾ ਕੇਵਲ ਭਿੰਨ-ਭਿੰਨ ਗੈਸਾਂ ਲਈ ਸਗੋਂ ਅੱਪਰੇਸ਼ਨ ਦੇ ਸਥਿਰ ਦਬਾਉ ਅਤੇ ਸਥਿਰ ਆਇਤਨ ਵਿਧੀਆਂ ਲਈ ਵੀ। ਕਿਸੇ ਵਿਸ਼ੇਸ਼ ਪਦਾਰਥ ਦੇ ਗੁਣਾਂ ਰਹਿਤ ਇਕ ਅਸਲ ਮੂਲ ਤਾਪਮਾਨ ਸਕੇਲ ਦੀ ਲੋੜ ਰਹੀ। ਇਸ ਲੋੜ ਨੂੰ ਅੰਗਰੇਜ਼ ਚਿਕਿਤਸਕ ਵਿਲਿਅਮ ਟਾਮਸਨ (ਮਗਰੋਂ ਲਾਰਡ ਕੈਲਵਿਨ) ਨੇ ਪੂਰਾ ਕੀਤਾ। ਇਸ ਨੇ 1848 ਈ. ਵਿਚ ਇਕ ਤਾਪ ਗਤਿਕ ਤਾਪਮਾਨ ਸਕੇਲ ਨੂੰ ਫ਼ਰਾਂਸ ਦੇ ਭੌਤਿਕ-ਵਿਗਿਆਨੀ ਸੈਂਡੀ ਕਾਰਨੋ ਦੁਆਰਾ 1824 ਈ. ਵਿਚ ਵਰਣਨ ਕੀਤੇ ਆਦਰਸ਼ਕ ਤਾਪ ਇੰਜਣ ਦੀ ਸੁਯੋਗਤਾ ਦੇ ਰੂਪ ਵਿਚ ਪਰਿਭਾਸ਼ਿਤ ਕਰਨ ਦੀ ਪੇਸ਼ਕਸ਼ ਕੀਤੀ। ਇਕ ਤਾਪ ਇੰਜਣ ਦਾ ਵਰਣਨ ਇਕ ਮਸ਼ੀਨ ਦੇ ਤੌਰ ਤੇ ਕੀਤਾ ਜਾਂਦਾ ਹੈ ਜਿਹੜੀ ਕਿ ਤਾਪ ਨੂੰ ਯੰਤ੍ਰਿਕ ਕੰਮ ਵਿਚ ਬਦਲਦੀ ਹੈ ਜਿਵੇਂ ਕਿ ਭਾਫ਼ ਜਾਂ ਇਕ ਅੰਤਰ-ਦਹਿਣ ਇੰਜਣ। ਨਿਰੰਤਰ ਕੰਮ ਦੇ ਉਤਪਾਦਨ ਲਈ ਮਸ਼ੀਨ ਦਿੱਤੇ ਗਏ ਅੱਪਰੇਸ਼ਨਾਂ ਦੇ ਚੱਕਰ ਨੂੰ ਵਾਰ ਵਾਰ ਚਲਾਉਂਦੀ ਹੈ। ਹਰ ਤਾਪ ਇੰਜਣ ਇਸ ਸਿੱਧਾਂਤ ਤੇ ਕੰਮ ਕਰਦਾ ਹੈ ਕਿ ਆਪਣੇ ਇਕ ਚੱਕਰ ਦੌਰਾਨ ਕਿਰਿਆਸ਼ੀਲ ਪਦਾਰਥ ਉੱਚ ਤਾਪਮਾਨ ਉੱਤੇ ਟੈਂਕੀ ਵਿਚੋਂ ਤਾਪ ਸੋਖਦਾ ਹੈ ਅਤੇ ਦੂਸਰੇ ਭਾਗ ਦੌਰਾਨ ਕੰਮ ਕਰਨ ਲਈ ਕੁਝ ਤਾਪ ਵਰਤ ਕੇ ਤਾਪ ਦੀ ਕਾਫ਼ੀ ਘੱਟ ਮਾਤਰਾ ਨਿਮਨ ਤਾਪਮਾਨ ਉੱਤੇ ਟੈਂਕੀ ਵਲ ਬਾਹਰ ਕੱਢ ਦਿੰਦਾ ਹੈ। ਭਾਫ਼ ਇੰਜਣ ਦੀ ਸਥਿਤੀ ਵਿਚ ਉਦਾਹਰਣ ਵਜੋਂ ਕਿਰਿਆਸ਼ੀਲ ਪਦਾਰਥ ਪਾਣੀ ਦੇ ਵਾਸ਼ਪ ਹਨ, ਉੱਚ ਤਾਪਮਾਨ ਟੈਂਕੀ ਬੌੱਇਲਰ ਹੈ ਅਤੇ ਨਿਮਨ ਤਾਪਮਾਨ ਟੈਂਕੀ ਕੰਡੈਂਸਰ (ਦ੍ਰਵਣ-ਯੰਤਰ) ਹੈ। ਕੋਈ ਵੀ ਭਾਫ਼ ਇੰਜਣ ਪੂਰਨ ਤੌਰ ਤੇ ਸੁਯੋਗ ਨਹੀਂ ਹੋ ਸਕਦਾ ਅਰਥਾਤ ਉਹ ਤਾਪ ਜਿਹੜਾ ਇਕ ਉੱਚ ਤਾਪਮਾਨ ਉੱਤੇ ਨਿਸ਼ਕਰਸ਼ ਕਰਦਾ ਹੈ ਕੇਵਲ ਉਸੇ ਨੂੰ ਹੀ ਲਾਭਦਾਇਕ ਕੰਮ ਵਿਚ ਵਰਤਦਾ ਹੈ। ਕਾਰਨੋ ਦਾ ਯੋਗਦਾਨ ਇਹ ਵਿਖਾਉਣਾ ਸੀ ਕਿ ਉਸ ਦਾ ਆਦਰਸ਼ ਇੰਜਣ ਵਧ ਤੋਂ ਵੱਧ ਸੰਭਵ ਸੁਯੋਗਤਾ ਤੇ ਕੰਮ ਕਰਦਾ ਸੀ ਅਤੇ ਇਹ ਸੁਯੋਗਤਾ ਕਿਰਿਆਸ਼ੀਲ ਪਦਾਰਥ ਦੀ ਵਿਸ਼ੇਸ਼ਤਾ ਤੋਂ ਸੁਤੰਤਰ ਸੀ ਅਤੇ ਸਿਰਫ਼ ਦੋਹਾਂ ਟੈਂਕੀਆਂ ਤੇ ਤਾਪਮਾਨਾਂ ਉੱਤੇ ਨਿਰਭਰ ਸੀ।

ਟਾਮਸਨ (ਲਾਰਡ ਕੈਲਵਿਨ) ਨੇ ਵਿਖਾਇਆ ਕਿ ਕਾਰਨੋ ਇੰਜਣ ਲਈ ਜੇਕਰ ਤਾਪ ਦੇ Q_1 ਯੂਨਿਟ (ਜਾਊਲ) ਗਰਮ ਟੈਂਕੀ ਤੋਂ ਨਿਸ਼ਕਰਸ਼ ਕੀਤੇ ਜਾਂਦੇ ਹਨ ਅਤੇ ਠੰਢੀ ਟੈਂਕੀ ਵਲ Q_2 ਯੂਨਿਟ ਵਾਪਸ ਭੇਜੇ ਜਾਂਦੇ ਹਨ ਤਾਂ ਇਕ ਤਾਪਮਾਨ ਸਕੇਲ ਇਸ ਤਰ੍ਹਾਂ ਪਰਿਭਾਸ਼ਿਤ ਕੀਤਾ ਜਾਂਦਾ ਹੈ :—

$$\frac{T_1}{T_2} = \frac{Q_1}{Q_2}$$

ਜਿਥੇ T_1 ਅਤੇ T_2 ਇਸ ਦੀ ਤਾਪ ਗਤਿਕ ਤਾਪਮਾਨ ਸਕੇਲ ਉੱਤੇ ਕ੍ਰਮਵਾਰ ਗਰਮ ਅਤੇ ਠੰਢੀ ਟੈਂਕੀਆਂ ਦੇ ਤਾਪਮਾਨ ਹਨ। ਇਸ ਸਕੇਲ ਨੂੰ ਅਕਸਰ ਕੈਲਵਿਨ ਦੇ ਸਨਮਾਨ ਵਜੋਂ ਕੈਲਵਿਨ ਸਕੇਲ ਕਿਹਾ ਜਾਂਦਾ ਹੈ। ਟਾਮਸਨ ਸਥਾਪਿਤ ਕਰਦਾ ਰਿਹਾ ਕਿ ਜਿਹੜੇ ਤਾਪਮਾਨ ਇਸ ਤਰ੍ਹਾਂ ਪਰਿਭਾਸ਼ਿਤ ਕੀਤੇ ਜਾਂਦੇ ਹਨ ਉਹ ਆਦਰਸ਼-ਗੈਸ ਨਿਯਮਾਂ ਦੁਆਰਾ ਪਰਿਭਾਸ਼ਿਤ ਨਿਯਮਾਂ ਨਾਲ ਮਿਲਦੇ ਜੁਲਦੇ ਹਨ; ਅਰਥਾਤ ਤਾਪ-ਗਤਿਕ ਅਤੇ ਪਰਮ ਤਾਪਮਾਨ ਸਕੇਲ ਇਕੋ ਹੀ ਹਨ।

ਕੈਲਵਿਨ ਸਕੇਲ ਉੱਤੇ ਯੂਨਿਟ ਦੇ ਆਕਾਰ ਨੂੰ ਨਿਸ਼ਚਿਤ ਕਰਨ ਲਈ ਟਾਮਸਨ ਨੇ ਦੱਸਿਆ ਕਿ ਸਿੱਧਾਂਤਕ ਤੌਰ ਤੇ ਇਕ ਤਾਪਮਾਨ ਦਾ ਕਿਸੇ ਵੇਲੇ ਵੀ ਪਤਾ ਲਗਾਇਆ ਜਾ ਸਕਦਾ ਹੈ ਅਤੇ ਉਪਰੋਕਤ ਸਮੀਕਰਣ ਦੁਆਰਾ ਬਾਕੀ ਸਾਰੇ ਤਾਪਮਾਨਾਂ ਦਾ ਪਤਾ ਲਗਾਉਣਾ ਸੰਭਵ ਹੋ ਜਾਂਦਾ ਹੈ। ਕੈਲਵਿਨ ਦੇ ਸਮੇਂ ਇਹ ਅਸੰਭਵ ਸੀ। ਇਸ ਦੇ ਬਦਲੇ ਵਿਚ ਅਤੇ ਦੂਸਰੀਆਂ ਵਰਤੀਆਂ ਜਾਂਦੀਆਂ ਸਕੇਲਾਂ ਦੇ ਮੁਕਾਬਲੇ ਵਿਚ ਆਉਣ ਲਈ ਇਸ ਨੇ ਸੈਲਸੀਅਸ ਸਿੱਧਾਂਤ ਅਪਣਾਇਆ ਤਾਂ ਕਿ ਪਾਣੀ ਦੇ ਜਮਾਉ ਦਰਜੇ ਅਤੇ ਉਬਾਲ ਦਰਜੇ ਦੇ ਫ਼ਰਕ ਨੂੰ 100 ਕੈਲਵਿਨਾਂ ਵਿਚ ਸੈੱਟ ਕੀਤਾ ਜਾਵੇ। ਇਸ ਤਰ੍ਹਾਂ ਕੈਲਵਿਨ (ਚਿੰਨ੍ਹ K ਬਿਨ੍ਹਾਂ ਡਿਗਰੀ ਤੋਂ) ਦਾ ਡਿਗਰੀ-ਸੈਲਸੀਅਸ ਜਿੰਨਾ ਮੈਗਨੀਚਿਊਡ ਹੈ ਅਤੇ ਇਨ੍ਹਾਂ ਦੋਹਾਂ ਦਾ ਸਬੰਧ :—

$$T\,(K) = t\,(°C) = 273.15 \text{ ਹੈ}$$

ਕੈਲਵਿਨ ਦੀ ਇਸ ਪਰਿਭਾਸ਼ਾ ਵਿਚ ਇਹ ਕਮੀ ਹੈ ਕਿ ਪਰਮ-ਸਿਫ਼ਰ ਤੇ ਸਾਪੇਖੀ ਦੋ ਨਿਰਦੇਸ਼ ਮੁੱਢਲੇ ਬਿੰਦੂਆਂ ਦੀ ਸਥਿਤੀ ਹਰ ਹਾਲਤ ਵਿਚ ਪ੍ਰਯੋਗ ਦੁਆਰਾ ਪਤਾ ਲਾਉਣੀ ਪਵੇਗੀ। ਮੰਨ ਲਵੋ ਇਹ ਮੁਲ 0.01° K ਤੱਕ ਕੱਢ ਲਿਆ ਜਾਵੇ ਤਾਂ ਕੈਲਵਿਨ ਸਕੇਲ ਉੱਤੇ 27000 ਪਿੱਛੇ ਲਗਭਗ ਇਕ ਹਿੱਸਾ ਅਨਿਸ਼ਚਿਤ ਹੋ ਸਕਦਾ

ਹੈ। ਬਹੁਤ ਨਿਮਨ ਤਾਪਮਾਨ ਜਿਵੇਂ ਕਿ ਤਰਲ ਹੀਲੀਅਮ ਦਾ ਉਬਾਲ ਦਰਜਾ (4.2 °K) ਉੱਤੇ ਅਨਿਸ਼ਚਿਤਤਾ 400 ਹਿੱਸਿਆਂ ਪਿੱਛੇ ਇਕ ਹੋ ਸਕਦੀ ਹੈ। ਵਿਗਿਆਨ ਦੇ ਕੰਮ ਲਈ ਇਕ ਸਕੇਲ ਨੂੰ ਦੂਜੇ ਸਕੇਲ ਵਿਚ ਬਦਲਣ ਵਾਸਤੇ ਵਧੇਰੇ ਅਨਿਸ਼ਚਿਤਤਾ ਠੀਕ ਨਹੀਂ। ਇਸ ਕਾਰਨ ਕਰਕੇ ਕੈਲਵਿਨ ਦੁਆਰਾ ਕੈਲਵਿਨ ਸਕੇਲ ਦੀ ਪਹਿਲੀ ਪਰਿਭਾਸ਼ਾ ਨੂੰ ਤਰਜੀਹ ਦਿੱਤੀ ਜਾਂਦੀ ਹੈ।

ਰੈਨਕਿਨ ਸਕੇਲ—ਫ਼ਾਰਨਹਾਈਟ ਡਿਗਰੀ ਦੇ ਆਕਾਰ ਜਿੰਨੀ ਪਰਮ ਤਾਪਮਾਨ ਸਕੇਲ ਤਿਆਰ ਕਰਨੀ ਸੰਭਵ ਹੈ। ਜੇ ਅਜਿਹਾ ਕੀਤਾ ਜਾਵੇ ਤਾਂ ਫਿਰ ਪਰਮ ਸਿਫ਼ਰ–459·67° ਫ਼ਾ. ਤੇ ਹੋ ਜਾਵੇਗਾ। ਪਰਮ ਫ਼ਾਰਨਹਾਈਟ ਸਕੇਲ ਨੂੰ ਪਰਿਭਾਸ਼ਿਤ ਕਰਨ ਲਈ T (OR) = t (°F) + 459.67 ਸੈੱਟ ਕਰਨਾ ਪੈਂਦਾ ਹੈ। ਇਸ ਦਾ ਕੈਲਵਿਨ ਸਕੇਲ ਨਾਲ ਉਹੀ ਸਬੰਧ ਹੈ ਜੋ ਫ਼ਾਰਨਹਾਈਟ ਦਾ ਸੈਲਸੀਅਸ ਨਾਲ। ਇਸ ਸਕੇਲ ਨੂੰ ਆਮ ਕਰਕੇ ਡਬਲਯੂ. ਜੇ. ਐਮ. ਰੈਨਕਿਨ ਦੇ ਸਨਮਾਨ ਵਿਚ ਰੈਨਕਿਨ ਸਕੇਲ ਕਿਹਾ ਜਾਂਦਾ ਹੈ। ਰੈਨਕਿਨ 19ਵੀਂ ਸਦੀ ਦਾ ਸਕਾਟਲੈਂਡ ਵਾਸੀ ਇੰਜੀਨੀਅਰ ਸੀ ਜਿਹੜਾ ਕਿ ਤਾਪਗਤੀ ਵਿਗਿਆਨ ਦੀ ਕਾਢ ਕੱਢਣ ਵਾਲਿਆਂ ਵਿਚੋਂ ਪ੍ਰਸਿੱਧ ਮੰਨਿਆ ਗਿਆ ਸੀ।

ਥਰਮਾਮੀਟਰ ਤਕਨੀਕ ਵਿਚ ਵਿਕਾਸ—ਇਨ੍ਹਾਂ ਮੁਢਲੇ ਵਿਕਾਸਾਂ ਦੇ ਨਾਲ ਮਿਲਦੇ ਜੁਲਦੇ ਵਿਕਾਸ ਇਸ ਤਕਨੀਕ ਵਿਚ ਜਾਰੀ ਰਹੇ। ਪਦਾਰਥ ਦਾ ਕੋਈ ਵੀ ਗੁਣ ਜਿਹੜਾ ਤਾਪਮਾਨ ਨਾਲ ਬਦਲ ਜਾਂਦਾ ਹੈ, ਉਹੀ ਥਰਮਾਮੀਟਰ ਦਾ ਸਿੱਧਾਂਤਕ ਤੌਰ ਤੇ ਅਧਾਰ ਬਣ ਸਕਦਾ ਹੈ। ਤਰਲ ਅਤੇ ਗੈਸਾਂ ਦੇ ਪਸਾਰ ਤੋਂ ਇਲਾਵਾ ਗੁਣ ਉੱਚ ਸੰਵੇਦਨਸ਼ੀਲਤਾ ਅਤੇ ਵੱਡੀ ਸੀਮਾ ਦੇ ਯੋਗ ਹਨ। ਅੰਗਰੇਜ਼ ਵਿਗਿਆਨੀ ਸਰ ਹੰਫ਼ਰੀ ਡੇਵੀ ਨੇ 1821 ਈ. ਵਿਚ ਦੱਸਿਆ ਕਿ ਧਾਤ ਦਾ ਬਿਜਲੱਈ ਪ੍ਰਤਿਰੋਧੀ ਤਾਪਮਾਨ ਉੱਤੇ ਨਿਰਭਰ ਕਰਦਾ ਹੈ। ਜਰਮਨ ਵਿਗਿਆਨੀ ਸਰ ਵਿਲੀਅਮ ਸੀਮੈਂਨਜ਼ ਨੇ 1871 ਈ. ਵਿਚ ਇਕ ਬਿਜਲੱਈ ਪ੍ਰਤਿਰੋਧੀ ਥਰਮਾਮੀਟਰ ਬਣਾਉਣ ਲਈ ਇਸ ਤੱਥ ਨੂੰ ਸੋਸ਼ਣ ਕਿਹਾ। ਇਸ ਸੰਵੇਦੀ-ਯੰਤਰ ਲਈ ਉਸ ਨੇ ਪਲੈਟੀਨਮ ਧਾਤ ਦੀ ਵਰਤੋਂ ਦੀ ਚੋਣ ਨੂੰ ਉੱਤਮ ਦੱਸਿਆ ਅਤੇ ਅੰਗਰੇਜ਼ ਭੌਤਿਕ-ਵਿਗਿਆਨੀ ਹਫ਼ ਲਾਂਗ ਬੋਰਨ ਕੈਲੰਡਰ ਅਤੇ ਹੋਰਨਾਂ ਨੇ ਇਸ ਨੂੰ ਮੁਕੰਮਲ ਕੀਤਾ। ਪਲੈਟੀਨਮ ਪ੍ਰਤਿਰੋਧ ਥਰਮਾਮੀਟਰ ਬਹੁਤ ਸਥਿਰ ਅਤੇ ਦਰੁਸਤ ਉਪਲੱਬਧ ਥਰਮਾਮੀਟਰ ਹੈ।

ਇਕ ਦੂਸਰਾ ਬਿਜਲੱਈ ਥਰਮਾਮੀਟਰ, ਜਿਸ ਨੂੰ ਤਾਪ-ਬਿਜਲ-ਯੁਗਮ ਕਿਹਾ ਜਾਂਦਾ ਹੈ, ਟੀ. ਜੇ. ਸੀਬੈੱਕ ਦੁਆਰਾ ਜਰਮਨੀ ਵਿਖੇ 1822 ਈ. ਵਿਚ ਕੀਤੀ ਖੋਜ ਤੇ ਨਿਰਭਰ ਹੈ। ਇਸ ਖੋਜ ਅਨੁਸਾਰ ਦੋ ਭਿੰਨ-ਭਿੰਨ ਧਾਤਾਂ (ਤਾਂਬਾ ਅਤੇ ਲੋਹਾ) ਦੁਆਰਾ ਬਣੇ ਇਕ ਸਰਲ ਬੰਦ ਸਰਕਟ ਵਿਚ ਬਿਜਲੱਈ ਕਰੰਟ ਪੈਦਾ ਹੁੰਦਾ ਹੈ ਜਦੋਂ ਦੋ ਜੰਕਸ਼ਨ ਵੱਖ-ਵੱਖ ਤਾਪਮਾਨ ਤੇ ਰਖੇ ਜਾਣ। ਪਲੈਟੀਨਮ ਵਿਚ 10% ਰੋਡੀਅਮ ਮਿਲੀਆਂ ਮਿਸ਼ਰਤ ਧਾਤਾਂ ਦੇ ਬਣੇ ਤਾਪ-ਬਿਜਲ-ਯੁਗਮ ਵਿਕਸਿਤ ਕੀਤੇ ਗਏ ਹਨ, ਖਾਸ ਕਰਕੇ ਉੱਚ ਤਾਪਮਾਨ ਪੜ੍ਹਨ ਲਈ। ਇਹ ਅੰਤਰ-ਰਾਸ਼ਟਰੀ ਪ੍ਰਯੋਗ ਤਾਪਮਾਨ ਸਕੇਲ IPTS ਦਾ ਇਕ ਅੰਗ ਵੀ ਹਨ।

19ਵੀਂ ਸਦੀ ਤੱਕ ਇਹ ਪਤਾ ਲੱਗ ਚੁੱਕਾ ਸੀ ਕਿ ਕਿਸੇ ਗਰਮ ਵਸਤੂ ਦਾ ਤਾਪਮਾਨ ਉਸ ਦੁਆਰਾ ਵਿਕੀਰਿਤ ਤਾਪ ਨੂੰ ਯੋਗ ਢੰਗ ਨਾਲ ਅਨੁਭਵ ਕਰਕੇ ਮਿਣਿਆ ਜਾ ਸਕਦਾ ਹੈ। ਉਤਸਰਜਿਤ ਵਿਕੀਰਨ ਅਤੇ ਵਸਤੂ ਦੇ ਤਾਪਮਾਨ ਵਿਚ ਸਬੰਧ ਸਥਾਪਿਤ ਕਰਨ ਲਈ ਕਈ ਸਿੱਧਾਂਤਕ ਕੋਸ਼ਿਸ਼ਾਂ ਹੋਈਆਂ ਜੋ 1900 ਈ. ਵਿਚ ਜਰਮਨ ਦੇ ਭੌਤਿਕ-ਵਿਗਿਆਨੀ ਮੈਕਸ ਪਲਾਂਕ ਦੇ ਪ੍ਰਸਿੱਧ ਨਿਯਮ ਵਿਚ ਸਿਖ਼ਰ ਤੇ ਪੁੱਜੀਆਂ। ਬਲੈਕ ਬਾਡੀ ਦੀ ਇਸੇ ਹਾਲਤ ਵਿਚ ਪਲਾਂਕ ਨੇ ਹੇਠ ਲਿਖੀ ਸਮੀਕਰਨ ਸਥਾਪਿਤ ਕੀਤੀ :

$$L\lambda(T) = C_1\lambda^{-5} (e^{c_2/\lambda T} - 1)$$

ਜਿਥੇ $L\lambda(T)$ ਸ੍ਰੋਤ ਦਾ ਸਪੈੱਕਟ੍ਰਮੀ ਵਿਕੀਰਨਤਾ, T ਤਾਪਗਤਿਕ ਤਾਪਮਾਨ ਅਤੇ C_1 ਤੇ C_2 ਕ੍ਰਮਵਾਰ ਪਹਿਲਾ ਤੇ ਦੂਸਰਾ ਵਿਕੀਰਨ ਸਥਿਰ ਅੰਕ ਹਨ। ਇਸ ਨਿਯਮ ਨਾਲ ਵਿਕੀਰਨ ਦੇ ਕੁਆਂਟਮ ਸਿੱਧਾਂਤ ਦੀ ਸ਼ੁਰੂਆਤ ਵੀ ਹੋਈ। ਪਲਾਂਕ ਨੂੰ ਇਸ ਦੀ ਖੋਜ ਵਜੋਂ 1918 ਈ. ਦਾ ਭੌਤਿਕ-ਵਿਗਿਆਨ ਦਾ ਨੋਬਲ ਪੁਰਸਕਾਰ ਵੀ ਮਿਲਿਆ। ਇਹ ਜ਼ਰੂਰੀ ਹੈ ਕਿ ਪਲਾਂਕ ਦੀ ਸਮੀਕਰਣ ਵਿਚ ਉਹੀ ਤਾਪਮਾਨ ਹੋਵੇ ਜਿਹੜਾ ਕਿ ਕੈਲਵਿਨ ਦੀ ਤਾਪਗਤਿਕ ਸਕੇਲ ਵਿਚ, ਤਾਂ ਕਿ ਗੈਸ ਥਰਮਾਮੀਟਰੀ ਦੇ ਨਾਲ ਹੀ ਵਿਕੀਰਨ ਥਰਮਾਮੀਟਰੀ ਤੋਂ ਤਾਪਗਤਿਕ ਤਾਪਮਾਨ ਮਿਣਨ ਦੇ ਪ੍ਰਯੋਗਿਕ ਸਾਧਨਾਂ ਦਾ ਪਤਾ ਲਗ ਜਾਵੇ। ਜਦੋਂ ਕਿਸੇ ਵਿਕੀਰਨ ਥਰਮਾਮੀਟਰ ਉੱਤੇ ਪਲਾਂਕ ਦਾ ਨਿਯਮ ਵਰਤਿਆ ਜਾਵੇ (ਆੱਪਟੀਕਲ ਪਾਇਰੋ-ਮੀਟਰ) ਤਾਂ ਇਹ ਵੀ ਅੰਤਰ-ਰਾਸ਼ਟਰੀ ਪ੍ਰਯੋਗ ਤਾਪਮਾਨ ਸਕੇਲ ਦਾ ਇਕ ਅਟੁੱਟ ਅੰਗ ਹੈ।

ਅੰਤਰ-ਰਾਸ਼ਟਰੀ ਤਾਪਮਾਨ ਸਕੇਲ — ਭਾਵੇਂ ਕੈਲਵਿਨ ਦੁਆਰਾ ਤਜਵੀਜ਼ੀ ਤਾਪਗਤਿਕ ਸਕੇਲ ਨੂੰ ਮੂਲ ਤੌਰ ਤੇ ਮਾਨਤਾ ਮਿਲੀ ਹੋਈ ਸੀ, ਪਰੰਤੂ ਇਸ ਦੀ ਵਰਤੋਂ ਵਿਚ ਪ੍ਰਯੋਗਿਕ ਮੁਸ਼ਕਿਲਾਂ ਸਨ। ਗੈਸ ਥਰਮਾਮੀਟਰ ਬੇਢੰਗੇ ਸਨ ਅਤੇ ਕਈ ਥਾਂਵਾਂ ਤੇ ਵਰਤੋਂ ਲਈ ਅਯੋਗ ਸਨ। ਕਈ ਹਾਲਤਾਂ ਵਿਚ ਤਾਪਗਤਿਕ ਤਾਪਮਾਨ ਦਾ ਗਿਆਨ ਇੰਨਾ ਜ਼ਰੂਰੀ ਨਹੀਂ ਸੀ ਜਿੰਨਾ ਤਾਪਮਾਨ ਦਾ ਸੁਨਿਸ਼ਚਿਤ ਪੁਨਰ ਉਤਪਾਦਨ ਜਾਂ ਕਿਸੇ ਪ੍ਰਯੋਗਿਕ ਸਕੇਲ ਉੱਤੇ ਤਾਪਮਾਨ ਅੰਤਰਾਲ। ਅਜਿਹੀਆਂ ਸਕੇਲਾਂ ਦੀ ਬਹੁਤਾਤ ਸਪੱਸ਼ਟ ਤੌਰ ਤੇ ਅਨੁਚਿਤ ਸੀ। ਇਸ ਤਰ੍ਹਾਂ 1927 ਈ. ਵਿਚ ਸਾਰੇ ਦੇਸ਼ਾਂ ਜਿਹੜੇ ਮਾਪ ਅਤੇ ਤੋਲ ਦੀ ਅੰਤਰ-ਰਾਸ਼ਟਰੀ ਕਮੇਟੀ ਨਾਲ ਜੁੜੇ ਹੋਏ ਸਨ, ਨੇ ਅੰਤਰ-ਰਾਸ਼ਟਰੀ ਤਾਪਮਾਨ ਸਕੇਲ ਅਪਣਾ ਲਈ। ਇਹ ਸਕੇਲ ਪਹਿਲੇ ਦੱਸੇ ਸਿੱਧਾਂਤ (1) ਦੁਆਰਾ ਪਰਿਭਾਸ਼ਿਤ ਕੀਤੀ ਗਈ ਸੀ। ਮਿਣਤੀ ਅਤੇ ਤਕਨੀਕਾਂ ਵਿਚ ਸੁਧਾਰਾਂ ਕਾਰਨ 1948 ਈ. ਵਿਚ ਅੰਤਰ-ਰਾਸ਼ਟਰੀ ਤਾਪਮਾਨ ਸਕੇਲ ਦੀ ਥਾਂ 1948 ਈ. ਦੀ ਅੰਤਰ-ਰਾਸ਼ਟਰੀ ਪ੍ਰਯੋਗਿਕ ਤਾਪਮਾਨ ਸਕੇਲ (IPTS - 48) ਨੇ ਲੈ ਲਈ। ਇਸ ਤੋਂ ਬਾਅਦ 1960 ਈ. ਵਿਚ ਕੁਝ ਤਬਦੀਲੀ ਹੋਈ। ਹੁਣ 1968 ਈ. ਵਾਲੀ ਅੰਤਰ-ਰਾਸ਼ਟਰੀ ਪ੍ਰਯੋਗਿਕ ਤਾਪਮਾਨ ਸਕੇਲ (IPTS - 68) ਪ੍ਰਚਲਤ ਹੈ।

IPTS-68 ਤਾਪਗਤਿਕ ਤਾਪਮਾਨ ਨੂੰ ਮੁਢਲਾ ਤਾਪਮਾਨ ਮੰਨਦੀ ਹੈ ਅਤੇ ਇਸ ਦੀ ਇਕਾਈ ਪਾਣੀ ਦਾ ਤੀਹਰਾ ਬਿੰਦੂ (ਕੈਲਵਿਨ) 1/273.16 ਹੈ। ਇਹ IPTS-68 ਇਸ ਤਰ੍ਹਾਂ ਬਣਾਈ ਜਾਂਦੀ ਹੈ ਕਿ ਅੰਦਾਜ਼ਨ ਤਾਪਗਤਿਕ ਤਾਪਮਾਨ ਦੇ ਕਾਫ਼ੀ ਨੇੜੇ ਹੋਵੇ। ਇਸ ਦੇ ਯੂਨਿਟ ਨੂੰ ਵੀ ਕੈਲਵਿਨ ਜਾਂ ਡਿਗਰੀ ਸੈਲਸੀਅਸ ਕਿਹਾ ਜਾਂਦਾ ਹੈ, ਜਿਸ ਦਾ ਇਕੋ ਆਕਾਰ ਹੁੰਦਾ ਹੈ। ਇਸ ਸਕੇਲ ਉੱਤੇ ਤਾਪਮਾਨ (T_{68}) ਨੂੰ 11 ਪੁਨਰ-ਉਤਪੰਨ ਯੋਗ ਫਿਕਸ ਕੀਤੇ ਬਿੰਦੂਆਂ ਨੂੰ ਸੰਖਿਆਤਮਕ ਮੂਲ ਦੇ ਕੇ ਅਤੇ ਉਨ੍ਹਾਂ ਵਿਚਕਾਰ ਨਿਸ਼ਚਿਤ ਢੰਗਾਂ ਨਾਲ ਇੰਟਰਪੋਲੇਸ਼ਨ (ਅੰਤਰਵੇਸ਼ਣ) ਕਰਕੇ ਪਰਿਭਾਸ਼ਿਤ ਕੀਤਾ ਜਾਂਦਾ ਹੈ। ਇਸ IPTS-68 ਨੂੰ –259.34° ਸੈਂ. ਤੋਂ ਹੇਠਾਂ ਪਰਿਭਾਸ਼ਿਤ ਨਹੀਂ ਕੀਤਾ ਜਾਂਦਾ।

ਪਰਿਭਾਸ਼ਾ ਅਨੁਸਾਰ ਤਾਪਗਤਿਕ ਤਾਪਮਾਨਾਂ ਦੀ ਇਕਾਈ ਸਭ ਤਾਪਮਾਨ ਖੇਤਰਾਂ ਲਈ ਇਕੋ ਹੈ ਪਰ IPTS-68 ਲਈ ਇਹ ਜ਼ਰੂਰੀ ਨਹੀਂ। ਫ਼ਿਕਸ ਬਿੰਦੂਆਂ ਨੂੰ ਪ੍ਰਦਾਨ ਕੀਤੇ ਤਾਪਮਾਨ ਭਾਵੇਂ ਉਨ੍ਹਾਂ ਦੇ ਅਸਲ ਤਾਪਗਤਿਕ ਮੁੱਲ ਹੋਣ ਪਰੰਤੂ ਹਾਲੇ ਤੱਕ ਇਹ ਸਥਾਪਿਤ ਨਹੀਂ ਹੋਇਆ ਕਿ ਅੰਤਰਵੇਸ਼ਣ ਫ਼ਾਰਮੂਲੇ ਗੋਲਡ ਬਿੰਦੂ ਤੋਂ ਉਪਰ ਨੂੰ ਛੱਡ ਕੇ ਠੀਕ ਠੀਕ ਤਾਪਗਤਿਕ ਤਾਪਮਾਨ ਪੁਨਰ-ਉਤਪੰਨ ਕਰਨਗੇ। ਇਸ ਤਰ੍ਹਾਂ ਹੋ ਸਕਦਾ ਹੈ ਕਿ ਪ੍ਰਯੋਗਿਕ ਸਕੇਲ ਉੱਤੇ ਯੂਨਿਟ ਸਥਿਰ ਨਾ ਹੋਵੇ, ਇਕ ਤਾਪਮਾਨ ਖੇਤਰ ਵਿਚ ਡਿਗਰੀ

ਦੂਸਰੇ ਖੇਤਰ ਨਾਲੋਂ ਆਕਾਰ ਵਿਚ ਵਖਰੀ ਹੋ ਸਕਦੀ ਹੈ। ਇਸ ਲਈ ਸਾਰੇ ਤਾਪਮਾਨ ਖੇਤਰਾਂ ਵਿਚ ਤਾਪਗਤਿਕ ਤਾਪਮਾਨਾਂ ਦਾ ਸਹੀ ਪਤਾ ਲਗਾਉਣ ਦਾ ਮੁੱਖ ਕੰਮ ਅਜੋਕੀ ਥਰਮਾਮੀਟਰੀ ਦਾ ਹੈ।

(ਤਾਪਮਾਨ ਮਾਪਣ ਦੇ ਢੰਗਾਂ ਲਈ ਵੇਖੋ, ਥਰਮਾਮੀਟਰ)

ਹ.ਪੁ.–ਐਨ. ਬ੍ਰਿ. ਮੈ. 18 : 321

ਥਰਮੈਨ, ਐਲਨ ਗ੍ਰੇਨਬੇਰੀ : ਸੰਯੁਕਤ ਰਾਜ ਅਮਰੀਕਾ ਦੇ ਇਸ ਉੱਘੇ ਸਿਆਸਤਦਾਨ ਦਾ ਜਨਮ 13 ਨਵੰਬਰ, 1813 ਨੂੰ ਵਰਜੀਨੀਆ ਰਾਜ ਵਿਚ ਲਿੰਚਬਰਗ ਵਿਖੇ ਹੋਇਆ। ਸੰਨ 1819 ਵਿਚ ਇਹ ਆਪਣੇ ਮਾਤਾ-ਪਿਤਾ ਨਾਲ ਓਹਾਈਓ ਰਾਜ ਦੇ ਚਿਲਾਕੋੱਥੀ ਸ਼ਹਿਰ ਚਲਾ ਗਿਆ। ਉਥੇ ਇਸ ਨੇ ਇਕ ਸਥਾਨਕ ਅਕਾਦਮੀ ਵਿਚ ਦੋ ਸਾਲ ਵਿਦਿਆ ਪ੍ਰਾਪਤ ਕੀਤੀ। ਸੰਨ 1844 ਵਿਚ ਇਹ ਰਾਜਨੀਤੀ ਵਿਚ ਸਰਗਰਮ ਹੋ ਗਿਆ। ਸੰਨ 1845–47 ਵਿਚ ਇਸ ਨੇ ਕਾਂਗਰਸ ਵਿਚ ਡੈਮੋਕ੍ਰੇਟਿਕ ਪਾਰਟੀ ਦੀ ਪ੍ਰਤਿਨਿਧਤਾ ਕੀਤੀ। ਸੰਨ 1867 ਵਿਚ ਇਹ ਓਹਾਈਓ ਦੇ ਗਵਰਨਰ ਦੇ ਅਹੁਦੇ ਲਈ ਡੈਮੋਕ੍ਰੈਟਿਕ ਪਾਰਟੀ ਦੇ ਉਮੀਦਵਾਰ ਵਜੋਂ ਖੜਾ ਹੋਇਆ ਅਤੇ ਰੁਦਰਪਰਡ ਬੀ. ਹੇਜ਼ ਤੋਂ ਲਗਭਗ 3,000 ਵੋਟਾਂ ਦੇ ਫ਼ਰਕ ਨਾਲ ਹਾਰ ਗਿਆ ਪਰ ਡੈਮੋਕ੍ਰੈਟਿਕ ਪਾਰਟੀ ਨੇ ਰਾਜ ਵਿਧਾਨ ਸਭਾ ਦੇ ਦੋਹਾਂ ਸਦਨਾਂ ਵਿਚ ਬਹੁਮਤ ਪ੍ਰਾਪਤ ਕੀਤਾ। ਇਹ ਸੰਯੁਕਤ ਰਾਜ ਅਮਰੀਕਾ ਦੀ ਸੈਨੇਟ ਦਾ ਮੈਂਬਰ ਚੁਣਿਆ ਗਿਆ ਅਤੇ 1869–1881 ਤਕ ਇਸ ਅਹੁਦੇ ਤੇ ਕੰਮ ਕਰਦਾ ਰਿਹਾ। ਸੰਨ 1979–81 ਵਿਚ ਇਹ ਆਰਜ਼ੀ ਤੌਰ ਤੇ ਦੇਸ਼ ਦੇ ਪ੍ਰੈਜ਼ੀਡੈਂਟ ਦੇ ਅਹੁਦੇ ਤੇ ਵੀ ਰਿਹਾ ਅਤੇ ਇਥੇ ਇਹ ਡੈਮੋਕ੍ਰੈਟਿਕ ਪਾਰਟੀ ਦਾ ਇਕ ਉੱਘਾ ਨੇਤਾ ਬਣ ਗਿਆ। ਸੰਨ 1879–81 ਦੌਰਾਨ ਇਸ ਨੂੰ ਜੁਡੀਸ਼ਰੀ ਕਮੇਟੀ ਦਾ ਪ੍ਰਧਾਨ ਬਣਾਇਆ ਗਿਆ। ਇਸ ਨੇ ਥਰਮੈਨ ਬਿਲ ਪੇਸ਼ ਕੀਤਾ ਜਿਹੜਾ ਮਈ, 1878 ਵਿਚ ਕਾਨੂੰਨ ਬਣਿਆ ਅਤੇ ਇਸ ਨਾਲ ਸਰਕਾਰ ਦੇ ਬਾਂਡ ਸਹਾਇਤਾ ਪ੍ਰਾਪਤ ਪੈਸਿਫਿਕ ਰੇਲਵੇ ਨਾਲ ਮੁੜ ਤੋਂ ਚੰਗੇ ਸਬੰਧ ਹੋ ਗਏ।

ਸੰਨ 1881 ਵਿਚ ਪੈਰਿਸ ਵਿਖੇ ਹੋਈ ਅੰਤਰਰਾਸ਼ਟਰੀ ਸਦਰ ਕਾਨਫ਼ਰੰਸ ਵਿਚ ਇਸ ਨੇ ਅਮਰੀਕਾ ਦੇ ਨੁਮਾਇੰਦੇ ਵਜੋਂ ਹਿੱਸਾ ਲਿਆ। ਸੰਨ 1876, 1880 ਅਤੇ 1884 ਵਿਚ ਇਹ ਪ੍ਰੈਜ਼ੀਡੈਂਟ ਦੀ ਨਾਮਜ਼ਦਗੀ ਲਈ ਵੀ ਉਮੀਦਵਾਰ ਸੀ। ਸੰਨ 1888 ਵਿਚ ਇਸ ਦਾ ਗਰੋਵਰ ਕਲੀਵਲੈਂਡ ਦੇ ਵਿਰੁੱਧ ਵਾਈਸ-ਪ੍ਰੈਜ਼ੀਡੈਂਟ ਦੇ ਅਹੁਦੇ ਲਈ ਨਾਂ ਨਾਮਜ਼ਦ ਹੋਇਆ ਪਰ ਇਹ ਚੋਣ ਹਾਰ ਗਿਆ।

ਇਸ ਦੀ ਮੌਤ 12 ਦਸੰਬਰ, 1895 ਨੂੰ ਓਹਾਈਓ ਵਿਚ, ਕੋਲੰਬਸ ਵਿਖੇ ਹੋਈ।

ਹ. ਪੁ.–ਐਨ. ਬ੍ਰਿ. 22 : 172

ਥਰਮੋਸਟੈਟ (ਤਾਪਸਥਾਪਕ) : ਇਹ ਇਕ ਅਜਿਹਾ ਯੰਤਰ ਹੈ ਜਿਹੜਾ ਤਾਪ ਦੇ ਪ੍ਰਵਾਹ ਨੂੰ ਸਵੈ-ਨਿਯੰਤਰਿਤ ਕਰਨ ਅਤੇ ਕਿਸੇ ਵੀ ਵਿਧੀ ਨਾਲ ਤਰਲਾਂ ਜਾਂ ਪਦਾਰਥਾਂ ਜਾਂ ਖ਼ਲਾ ਵਿਚ ਹਵਾ ਤੇ ਤਾਪਮਾਨ ਉੱਤੇ ਵੀ ਨਿਯੰਤਰਣ ਰਖਦਾ ਹੈ।

ਅਸਲ ਵਿਚ ਥਰਮੋਸਟੈਟ ਦੋ ਤੱਤਾਂ ਅਰਥਾਤ ਇਕ ਸੰਵੇਦੀ ਅਤੇ ਦੂਸਰੇ ਚਾਲਕ ਜਾਂ ਨਿਯੰਤਰਣ ਐਲੀਮੈਂਟ (ਤੱਤ) ਦਾ ਬਣਿਆ ਹੁੰਦਾ ਹੈ। ਸੰਵੇਦੀ ਐਲੀਮੈਂਟ, ਉਨ੍ਹਾਂ ਤਾਪਮਾਨ ਤਬਦੀਲੀਆਂ ਜਿਹੜੀਆਂ ਭੌਤਿਕੀ ਵਿਸਤਾਰਾਂ, ਆਇਤਨ ਜਾਂ ਬਿਜਲੱਈ ਪ੍ਰਤਿਰੋਧ ਵਿਚ ਸਮ-ਅਨੁਪਾਤੀ ਤਬਦੀਲੀਆਂ ਪੈਦਾ ਕਰਦੀਆਂ ਹਨ, ਪ੍ਰਤਿ ਸੰਵੇਦਨਸ਼ੀਲ ਹੁੰਦਾ ਹੈ। ਨਿਯੰਤਰਣ ਐਲੀਮੈਂਟ; ਸੰਵੇਦੀ ਐਲੀਮੈਂਟ ਦੀ ਕਿਰਿਆ ਨੂੰ ਨਿਯੰਤਰਿਤ ਹਵਾ ਅਵਮੰਦਕ ਜਾਂ ਬਿਜਲੱਈ ਸਵਿੱਚ ਦੀ ਸਮ-ਅਨੁਪਾਤੀ ਗਤੀ ਵਿਚ ਬਦਲਦਾ ਹੈ।

ਧਾਤਾਂ, ਤਰਲਾਂ ਅਤੇ ਗੈਸਾਂ ਦਾ ਤਾਪਮਾਨ ਨਾਲ ਵਾਧੇ ਦਾ ਤਾਪ-ਪਸਾਰ ਸਿੱਧਾਂਤ, ਇਲੈਕਟ੍ਰਾਨੀ ਉਪਕਰਣ ਨੂੰ ਛੱਡ ਕੇ ਸਾਰੇ ਥਰਮੋਸਟੈਟਾਂ ਲਈ ਸੰਵੇਦੀ ਐਲੀਮੈਂਟ ਡਿਜ਼ਾਈਨ ਦਾ ਆਧਾਰ ਹੈ। ਤਾਪਮਾਨ ਤਬਦੀਲੀ ਦੀ ਸੀਮਾ ਜਿਸ ਦੌਰਾਨ ਰੇਖੀ ਪਸਾਰ, ਤਾਪਮਾਨ ਵਿਚ ਤਬਦੀਲੀ ਨਾਲ ਸਥਿਰ ਅਨੁਪਾਤ ਪ੍ਰਾਪਤ ਕਰਦੀ ਹੈ, ਲਗਭਗ 250° ਫਾ. ਤੱਕ ਸੀਮਿਤ ਹੈ। ਆਮ ਵਰਤੇ ਜਾਂਦੇ ਥਰਮੋਸਟੈਟਿਕ ਸੰਵੇਦੀ ਐਲੀਮੈਂਟਾ ਦੇ ਰੇਖਾਤਮਕ ਪਸਾਰ-ਗੁਣਾਂਕ ਹੇਠਾਂ ਸਾਰਨੀ ਵਿਚ ਦਰਸਾਏ ਗਏ ਹਨ।

ਰੇਖੀ ਤਾਪ ਪਸਾਰ ਗੁਣਾਂਕ ਪ੍ਰਤਿ ਡਿਗਰੀ ਫਾਰਨਹਾਈਟ

ਧਾਤ	ਗੁਣਾਂਕ
ਐਲੂਮੀਨੀਅਮ	0.0000123
ਪਿੱਤਲ	0.0000106
ਗ੍ਰੇਫ਼ਾਈਟ	0.0000044
ਤਾਂਬਾ	0.0000093
ਕੁਆਰਟਜ਼	0.0000003
ਕਮਾਇਆ ਲੋਹਾ	0.0000063
ਇਨਵਾਰ ਸਟੀਲ	0.0000005
ਚਾਂਦੀ	0.0000105

ਸੰਵੇਦੀ ਐਲੀਮੈਂਟ–ਵਪਾਰਕ ਤੌਰ ਤੇ ਤਿਆਰ ਕੀਤੇ ਥਰਮੋਸਟੈਟਾਂ ਵਿਚ ਆਮ ਕਰਕੇ ਚਾਰ ਕਿਸਮਾਂ ਦੇ ਸੰਵੇਦੀ ਐਲੀਮੈਂਟ ਵਰਤੇ ਜਾਂਦੇ ਹਨ। ਦੋ-ਧਾਤ-ਪੱਤਰੀ, ਧਾਤ ਦੀਆਂ ਦੋ ਪੱਤਰੀਆਂ ਦੀ ਬਣੀ ਹੁੰਦੀ ਹੈ ਜਿਨ੍ਹਾਂ ਦੇ ਰੇਖਾਤਮਕ ਤਾਪ-ਪਸਾਰ ਗੁਣਾਂਕਾਂ ਵਿਚ ਬਹੁਤ ਜ਼ਿਆਦਾ ਅੰਤਰ ਹੁੰਦਾ ਹੈ। (ਵੇਖੋ, ਸਾਰਨੀ)। ਇਹ ਪੱਤਰੀਆਂ ਇਕੱਠੀਆਂ ਸੰਯੋਜਿਤ ਹੁੰਦੀਆਂ ਹਨ ਅਤੇ ਜਦੋਂ ਤਾਪਮਾਨ ਵਧਦਾ ਹੈ ਤਾਂ ਪੱਤਰੀ ਵਧੇਰੇ ਰੇਖਾਤਮਕ ਪਸਾਰ-ਗੁਣਾਂਕ ਵਾਲੇ ਪਾਸੇ ਤੋਂ ਦੂਸਰੇ ਪਾਸੇ ਵਲ ਮੁੜ ਜਾਂਦੀ ਹੈ। ਵਰਤੋਂ ਵਿਚ ਪੱਤਰੀ ਇਕ ਸਿਰੇ ਤੋਂ ਕਸ ਦਿੱਤੀ ਜਾਂਦੀ ਹੈ ਅਤੇ ਦੂਸਰਾ ਸਿਰਾ ਗਤੀ ਲਈ ਮੁਕਤ ਰਹਿੰਦਾ ਹੈ। ਪੱਤਰੀ ਦੀ ਸ਼ਕਲ ਜਾਂ ਰੂਪ ਦੀ ਚੋਣ ਪੱਤਰੀ ਦੇ ਮੁਕਤ ਸਿਰੇ ਉੱਤੇ ਲੋੜੀਂਦੀ ਗਤੀ ਤੇ ਮੈਗਨੀਚਿਊਡ ਦੁਆਰਾ ਨਿਸ਼ਚਿਤ ਕੀਤੀ ਜਾਂਦੀ ਹੈ। ਕੁਝ ਕਿਸਮ ਦੇ ਥਰਮੋਸਟੈਟਾਂ ਵਿਚ ਦੋ-ਧਾਤ ਸੰਵੇਦੀ ਐਲੀਮੈਂਟ ਇੰਨਾ ਬਲ ਉਤਪੰਨ ਕਰ ਦਿੰਦਾ ਹੈ ਜਿਸ ਨਾਲ ਕੰਟਰੋਲ ਸਿੱਧਾ ਚਲ ਸਕਦਾ ਹੈ।

ਨਲੀ ਅਤੇ ਰੱਡ ਸੰਵੇਦੀ ਐਲੀਮੈਂਟ ਦੋ ਧਾਤਾਂ ਦੇ ਰੇਖਾਤਮਕ ਤਾਪ-ਪਸਾਰ ਵਿਚ ਅੰਤਰ ਦਾ ਲਾਭ ਲੈਣ ਲਈ ਵੀ ਡਿਜ਼ਾਈਨ ਕੀਤਾ ਜਾਂਦਾ ਹੈ। ਇਹ ਇਕ ਧਾਤ ਦੀ ਨਲੀ, ਜਿਸ ਦਾ ਪਸਾਰ ਗੁਣਾਂਕ ਕਾਫ਼ੀ ਜ਼ਿਆਦਾ ਹੁੰਦਾ ਹੈ ਅਤੇ ਧਾਤ ਦੀ ਇਕ ਰੱਡ, ਜਿਸ ਦਾ ਪਸਾਰ ਗੁਣਾਂਕ ਘੱਟ ਹੁੰਦਾ ਹੈ, ਦਾ ਬਣਿਆ ਹੁੰਦਾ ਹੈ। ਰੱਡ, ਨਲੀ ਵਿਚ ਪਾਈ ਹੁੰਦੀ ਹੈ ਅਤੇ ਇਸ ਦੇ ਬੰਦ ਸਿਰੇ ਉੱਤੇ ਕੱਸੀ ਜਾਂ ਜੋੜੀ ਹੁੰਦੀ ਹੈ। ਨਲੀ ਦਾ ਖੁੱਲ੍ਹਾ ਸਿਰਾ ਕੱਸਿਆ ਹੁੰਦਾ ਹੈ ਅਤੇ ਤਾਪਮਾਨ ਵਿਚ ਤਬਦੀਲੀ ਨਾਲ ਜਦੋਂ ਨਲੀ ਦੀ ਲੰਬਾਈ ਬਦਲਦੀ ਹੈ ਤਾਂ ਇਸ ਦੇ ਮੁਕਤ ਸਿਰੇ ਤੇ ਸਾਪੇਖੀ ਗਤੀ ਹੁੰਦੀ ਹੈ ਪਰ ਇਸ ਦੀ ਲੰਬਾਈ ਵਿਚ ਕੋਈ ਅੰਤਰ ਨਹੀਂ ਆਉਂਦਾ।

ਧੌਂਕਣੀ ਕਿਸਮ ਦਾ ਸੰਵੇਦੀ ਐਲੀਮੈਂਟ ਬਹੁਤ ਹਲਕੀ ਧਾਤ ਦਾ ਕੱਪ ਸ਼ਕਲ ਦਾ ਜਾਂ ਸਲਿੰਡਰਾਕਾਰ ਵੈਸਲ ਡਾਇਆਫ੍ਰਾਮ

ਦੁਆਰਾ ਬੰਦ ਆਇਤਨ ਦਾ ਬਣਿਆ ਹੁੰਦਾ ਹੈ। ਆਇਤਨ ਪੂਰੀ ਤਰ੍ਹਾਂ ਤਰਲ, ਵਾਸ਼ਪ ਜਾਂ ਗੈਸ ਨਾਲ ਭਰਿਆ ਹੁੰਦਾ ਹੈ ਕਿਸੇ ਵੀ ਹਾਲਤ ਵਿਚ ਤਾਪਮਾਨ ਵਿਚ ਵਾਧੇ ਦੇ ਸਿੱਟੇ ਵਜੋਂ ਆਇਤਨ ਅਤੇ ਵੈਸਲ ਦੀ ਧੁਰੱਈ ਲੰਬਾਈ ਵਿਚ ਵਾਧਾ ਹੋ ਜਾਂਦਾ ਹੈ।

ਰੀਮੋਟ ਬਲਬ ਕਿਸਮ ਦਾ ਸੰਵੇਦੀ ਐਲੀਮੈਂਟ ਅਸਲ ਵਿਚ ਧੌਂਕਣੀ ਕਿਸਮ ਦਾ ਇਕ ਰੂਪਾਂਤਰ ਹੈ। ਇਸ ਵਿਚ ਇਕ ਬਲਬ ਡਾਇਆਫ਼੍ਰਾਮ ਜਾਂ ਧੌਂਕਣੀ ਨਾਲ ਇਕ ਇੱਛਕ ਲੰਬਾਈ ਦੀ ਕੇਸ਼ਿਕਾ ਦੁਆਰਾ ਜੁੜਿਆ ਹੁੰਦਾ ਹੈ ਜਿਹੜਾ ਕਿ ਸਾਰੇ ਦਾ ਸਾਰਾ ਪੂਰੀ ਤਰ੍ਹਾਂ ਵਾਸ਼ਪ ਜਾਂ ਗੈਸ ਨਾਲ ਭਰਿਆ ਹੁੰਦਾ ਹੈ। ਬਲਬ ਨੂੰ ਕੰਟਰੋਲ ਕੀਤੇ ਜਾਣ ਵਾਲੇ ਖੇਤਰ ਵਿਚ ਰਖਿਆ ਜਾਂਦਾ ਹੈ ਅਤੇ ਬਲਬ ਉੱਤੇ ਤਾਪਮਾਨ ਵਿਚ ਤਬਦੀਲੀ ਕਾਰਨ ਦਬਾਉ ਵਿਚ ਕਿਸੇ ਤਬਦੀਲੀ ਨੂੰ ਕੇਸ਼ਿਕਾ ਰਾਹੀਂ ਧੌਂਕਣੀ ਵਲ ਪਹੁੰਚਾ ਦਿੱਤਾ ਜਾਂਦਾ ਹੈ।

ਇਲੈੱਕਟ੍ਰਾਨੀ ਸੰਵੇਦੀ ਐਲੀਮੈਂਟ ਵਿਚ ਇਕ ਛੋਟੀ ਕਾੱਇਲ ਜਾਂ ਤਾਰ ਹੁੰਦੀ ਹੈ, ਜਿਸ ਦਾ ਪ੍ਰਤਿਰੋਧ ਤਾਪਮਾਨ ਵਿਚ ਤਬਦੀਲੀਆਂ ਨਾਲ ਸਥਿਰ ਅਨੁਪਾਤ ਵਿਚ ਬਦਲਦਾ ਹੈ।

ਚਾਲਕ ਜਾਂ ਕੰਟਰੋਲ ਐਲੀਮੈਂਟ—ਜਿਨ੍ਹਾਂ ਸੰਵੇਦੀ ਐਲੀਮੈਂਟਾਂ ਵਿਚ ਦੋ-ਧਾਤ ਵਰਤੀ ਜਾਂਦੀ ਹੈ, ਸੰਵੇਦੀ ਐਲੀਮੈਂਟ ਆਪਣੇ ਆਪ ਕੰਟਰੋਲ ਐਲੀਮੈਂਟ ਦਾ ਕੰਮ ਕਰਦਾ ਹੈ ਅਤੇ ਸਿੱਧਾ ਹਵਾ ਅਵਮੰਦਕ ਜਾਂ ਵਾਲਵ ਨੂੰ ਚਲਾਉਂਦਾ ਹੈ। ਦੂਸਰੀਆਂ ਕਿਸਮਾਂ ਵਿਚ ਸੰਵੇਦੀ ਐਲੀਮੈਂਟ ਬਾਹਰੀ ਊਰਜਾ ਨੂੰ ਨਿਊਮੈਟਿਕ ਊਰਜਾ ਦੇ ਰੂਪ ਵਿਚ ਜਾਂ ਹਵਾ ਅਵਮੰਦਕਾਂ, ਵਾਲਵਾਂ ਜਾਂ ਸਵਿੱਚਾਂ ਨੂੰ ਚਲਾਉਣ ਲਈ ਲੋੜੀਂਦੀ ਬਿਜਲੱਈ ਊਰਜਾ ਸਪਲਾਈ ਨੂੰ ਨਿਯੰਤਰਿਤ ਕਰਨ ਵਾਲੇ ਕੰਟਰੋਲ ਐਲੀਮੈਂਟਾਂ ਉੱਤੇ ਪਾਇਲਟ (ਚਾਲਕ) ਦਾ ਕੰਮ ਕਰਦਾ ਹੈ।

ਚੋਣ ਕੀਤੇ ਕੰਟਰੋਲ ਐਲੀਮੈਂਟ ਦੀ ਕਿਸਮ ਕਿਰਿਆ ਦੀ ਕਿਸਮ ਉੱਤੇ ਨਿਰਭਰ ਕਰਦੀ ਹੈ। ਕਿਸੇ ਬਰਨਰ ਜਾਂ ਪੱਖੇ ਨੂੰ ਚਲਾਉਣ ਜਾਂ ਬੰਦ ਕਰਨਾ ਹੈ, ਅਵਮੰਦਕ ਨੂੰ ਖੋਲ੍ਹਣਾ ਜਾਂ ਬੰਦ ਕਰਨਾ ਹੈ, ਦੋ-ਪੁਜ਼ੀਸ਼ਨ ਕੰਟਰੋਲ ਐਲੀਮੈਂਟ ਦੀ ਵਰਤੋਂ ਕੇਵਲ ਇਕ ਬਿਜਲੱਈ ਸਰਕਟ ਨੂੰ ਜੋੜਨ ਜਾਂ ਤੋੜਨ ਲਈ ਕੀਤੀ ਜਾਂਦੀ ਹੈ। ਫਲੋਟਿੰਗ ਕੰਟਰੋਲ ਆਮ ਕਰਕੇ ਦੋ-ਪੋਜ਼ੀਸ਼ਨ ਕੰਟਰੋਲ ਨਾਲ ਮਿਲਦਾ ਜੁਲਦਾ ਹੈ।

ਮਾਡੂਲੇਸ਼ਨ ਜਾਂ ਨਿਸਬਤੀ ਕੰਟਰੋਲ ਐਲੀਮੈਂਟ ਨੂੰ ਸੰਵੇਦੀ ਐਲੀਮੈਂਟ ਚਲਾਉਂਦਾ ਹੈ। ਨਿਊਮੈਟਿਕ ਸ਼ਕਤੀ ਵਾਲੇ ਕੰਟਰੋਲ ਐਲੀਮੈਂਟ ਦੀ ਕਿਰਿਆ ਅਵਮੰਦਕਾਂ ਅਤੇ ਵਾਲਵਾਂ ਨਾਲ ਜੁੜੀਆਂ ਨਿਊਮੈਟਿਕ ਹਵਾ ਮੋਟਰਾਂ ਵਿਚ ਦਬੇ ਹੋਏ ਹਵਾ ਦੇ ਦਬਾਉ ਨੂੰ ਕੰਟਰੋਲ ਕਰਦੀ ਹੈ।

ਥਰਮੋਸਟੈਟਾਂ ਦੀਆਂ ਕਿਸਮਾਂ—ਥਰਮੋਸਟੈਟਾਂ ਦੀਆਂ ਪੰਜ ਵਰਗੀਕ੍ਰਿਤ ਕਿਸਮਾਂ ਹਨ :— (1) ਕਮਰਾ ਥਰਮੋਸਟੈਟ ਉਸ ਕਮਰੇ ਵਿਚ ਮਾਊਂਟ ਕੀਤਾ ਜਾਂਦਾ ਹੈ ਜਿਸ ਨੂੰ ਕੰਟਰੋਲ ਕਰਨਾ ਹੁੰਦਾ ਹੈ। ਇਸ ਵਿਚ ਦੋ-ਧਾਤ, ਧੌਂਕਣੀ ਜਾਂ ਇਲੈੱਕਟ੍ਰਾਨੀ ਕਿਸਮ ਦਾ ਇਕ ਸੰਵੇਦੀ ਐਲੀਮੈਂਟ ਹੋ ਸਕਦਾ ਹੈ ਅਤੇ ਇਸ ਦੇ ਕੰਟਰੋਲ ਐਲੀਮੈਂਟ ਨੂੰ ਬਿਜਲੱਈ ਜਾਂ ਨਿਊਮੈਟਿਕ ਊਰਜਾ ਦੁਆਰਾ ਪਾਵਰ ਦਿੱਤੀ ਜਾ ਸਕਦੀ ਹੈ; (2) ਨਿਵੇਸ਼ ਥਰਮੋਸਟੈਟ ਇਕ ਨਲਕੀ ਉੱਤੇ ਮਾਊਂਟ ਹੁੰਦਾ ਹੈ, ਕੰਟਰੋਲ ਐਲੀਮੈਂਟ ਕਮਰੇ ਵਿਚ ਅਤੇ ਸੰਵੇਦੀ ਐਲੀਮੈਂਟ ਨਲਕੀ ਦੇ ਵਿਚ ਹੁੰਦਾ ਹੈ; (3) ਇਮਰਸ਼ਨ (ਨਿਮੱਜਨ) ਥਰਮੋਸਟੈਟ ਦੀ ਵਰਤੋਂ ਉੱਚ ਦਬਾਉ ਵਾਲੇ ਤਰਲਾਂ ਅਤੇ ਗੈਸਾਂ ਨੂੰ ਕੰਟਰੋਲ ਕਰਨ ਲਈ ਕੀਤੀ ਜਾਂਦੀ ਹੈ; (4) ਸਤ੍ਹਾ ਕਿਸਮ ਦੇ ਥਰਮੋਸਟੈਟ ਵਿਚ ਸੰਵੇਦੀ ਐਲੀਮੈਂਟ ਇਕ ਟੈਂਕ ਜਾਂ ਪਾਈਪ ਦੀ ਸਤ੍ਹਾ ਨਾਲ ਕਲੈਂਪ ਹੋਇਆ ਹੁੰਦਾ ਹੈ ਅਤੇ ਨਿਵੇਸ਼ ਤੇ ਇਮਰਸ਼ਨ ਥਰਮੋਸਟੈਟ ਲਈ ਉਚਿਤ ਪ੍ਰਤਿਸਥਾਪਕ ਹੈ ਅਤੇ (5) ਰੀਮੋਟ ਬਲਬ ਥਰਮੋਸਟੈਟ ਦੀ ਵਰਤੋਂ ਉਦੋਂ ਕੀਤੀ ਜਾਂਦੀ ਹੈ ਜਦੋਂ ਕੰਟਰੋਲ ਐਲੀਮੈਂਟ ਨੂੰ ਸੰਵੇਦੀ ਐਲੀਮੈਂਟ ਤੋਂ ਕੁਝ ਫ਼ਾਸਲੇ ਤੇ ਸਥਿਤ ਰੱਖਣ ਦੀ ਇੱਛਾ ਹੋਵੇ।

ਘਰੇਲੂ ਤਾਪਨ ਤੇ ਕੰਟਰੋਲ ਵਿਚ ਥਰਮੋਸਟੈਟਾਂ ਦਾ ਕਾਰਜ—ਇਹ ਕਾਰਜ ਆਮ ਕਰਕੇ ਰਿਹਾਇਸ਼ ਵਾਲੇ ਕਮਰੇ ਵਿਚਲੇ ਥਰਮੋਸਟੈਟ ਤੋਂ ਸ਼ੁਰੂ ਹੁੰਦਾ ਹੈ। ਸੈਕੰਡਰੀ ਸਰਕਟ ਸਾਧਾਰਣ ਤੌਰ ਤੇ ਖੁਲ੍ਹਾ ਹੁੰਦਾ ਹੈ ਅਤੇ ਤਾਪਮਾਨ ਘਟਣ ਨਾਲ ਸਰਕਟ ਨੂੰ ਬੰਦ ਕਰ ਦਿੰਦਾ ਹੈ, ਰਿਲੇ ਨੂੰ ਬੰਦ ਕਰ ਦਿੰਦਾ ਹੈ ਅਤੇ ਪ੍ਰਾਇਮਰੀ ਸਰਕਟ ਨੂੰ ਊਰਜਿਤ ਕਰ ਦਿੰਦਾ ਹੈ ਜਿਸ ਨਾਲ ਬਰਨਰ ਸ਼ੁਰੂ ਹੋ ਜਾਂਦਾ ਹੈ। ਜਦੋਂ ਕਮਰੇ ਦੇ ਥਰਮੋਸਟੈਟ ਦਾ ਤਾਪਮਾਨ ਇਕ ਇੱਛਕੀ ਡਿਗਰੀ ਤੇ ਪਹੁੰਚ ਜਾਂਦਾ ਹੈ ਜਿਸ ਉੱਤੇ ਇਸ ਨੂੰ ਸੈੱਟ ਕੀਤਾ ਗਿਆ ਸੀ, ਸੈਕੰਡਰੀ ਸਰਕਟ ਖੋਲ੍ਹ ਦਿੱਤਾ ਜਾਂਦਾ ਹੈ, ਰਿਲੇ ਪ੍ਰਾਇਮਰੀ ਸਰਕਟ ਨੂੰ ਖੋਲ੍ਹ ਦਿੰਦੀ ਹੈ ਅਤੇ ਬਰਨਰ ਬੰਦ ਹੋ ਜਾਂਦਾ ਹੈ। ਇਸ ਤਰ੍ਹਾਂ ਕਮਰੇ ਦਾ ਥਰਮੋਸਟੈਟ ਬਰਨਰ ਦੇ ਕਾਰਜ ਅਤੇ ਤਾਪ ਦੇ ਸ੍ਰੋਤ ਨੂੰ ਕੰਟਰੋਲ ਕਰਦਾ ਹੈ। ਜਿਸ ਪੁਆਇੰਟ ਤੇ ਬਰਨਰ ਸ਼ੁਰੂ ਹੁੰਦਾ ਹੈ ਇਹ ਇਸ ਦੇ ਬੰਦ ਹੋਣ ਦੇ ਪੁਆਇੰਟ ਤੋਂ ਆਮ ਕਰਕੇ 1.5° ਤੋਂ 2.0° ਘੱਟ ਹੁੰਦਾ ਹੈ। ਬਚਾਉ ਦੇ ਪੱਖੋਂ ਸੈਕੰਡਰੀ ਸਰਕਟ ਨਾਲ ਸੀਰੀਜ਼ ਵਿਚ ਇਕ ਸੀਮਾ ਸਵਿੱਚ ਜੋੜ ਦਿੱਤਾ ਜਾਂਦਾ ਹੈ ਤਾਂ ਕਿ ਅਤਿਤਾਪਨ ਨ ਹੋਵੇ।

ਗਰਮ ਪਾਣੀ ਸਿਸਟਮਾਂ ਨਾਲ ਕਮਰੇ ਦਾ ਥਰਮੋਸਟੈਟ ਪਰਿ-ਸੰਚਾਰੀ ਪੰਪ ਦੇ ਕਾਰਜ ਨੂੰ ਕੰਟਰੋਲ ਕਰਦਾ ਹੈ। ਬਰਨਰ ਨੂੰ ਸਿੱਧਾ ਕਿਰਿਆਸ਼ੀਲ ਇਮਰਸ਼ਨ ਥਰਮੋਸਟੈਟ ਕੰਟਰੋਲ ਕਰਦਾ ਹੈ ਜਿਹੜਾ ਕਿ ਸੈਕੰਡਰੀ ਸਰਕਟ ਨੂੰ ਖੋਲ੍ਹਣ ਲਈ, ਘਰ ਗਰਮ ਕਰਨ ਲਈ, ਲੋੜੀਂਦੇ ਪਾਣੀ ਦੇ ਨਿਮਨਤਮ ਤਾਪਮਾਨ ਉੱਤੇ ਅਤੇ ਬੰਦ ਕਰਨ ਲਈ ਖੋਲ੍ਹਣ ਵਾਲੇ ਪੁਆਇੰਟ ਤੋਂ 10° ਤੋਂ 15° ਉੱਤੇ ਸੈੱਟ ਕੀਤਾ ਜਾਂਦਾ ਹੈ।

ਹ.ਪੁ.—ਐਨ. ਬ੍ਰਿ. 22 : 125

ਥਰਮੋ ਕੈਮਿਸਟਰੀ : ਵੇਖੋ, ਤਾਪ ਰਸਾਇਣ ਵਿਗਿਆਨ

ਥਰਮੋਡਾਇਨੈਮਿਕਸ : ਵੇਖੋ, ਤਾਪ ਗਤੀ ਵਿਗਿਆਨ

ਥਰਮੋਨੈਟਰਾਈਟ : ਇਹ ਇਕ ਕਾਰਬੋਨੇਟ ਖਣਿਜ ਹੈ ਜਿਸ ਨੂੰ ਜਲੀ ਸੋਡੀਅਮ ਕਾਰਬੋਨੇਟ ਕਿਹਾ ਜਾਂਦਾ ਹੈ। ਇਸ ਦਾ ਰਸਾਇਣਕ ਫ਼ਾਰਮੂਲਾ $Na_2CO_3 \cdot H_2O$ ਹੈ। ਇਹ ਖ਼ਾਸ ਕਰਕੇ ਖਾਰੀਆਂ ਝੀਲਾਂ ਦੇ ਨੇੜੇ ਵਾਸ਼ਪੀਕਰਨ ਉਪਜ ਜਾਂ ਖੁਸ਼ਕ ਮਿੱਟੀ ਉੱਤੇ ਇਕ ਫੁਲਾਅ ਦੇ ਰੂਪ ਵਿਚ ਮਿਲਦਾ ਹੈ। ਇਹ ਆਮ ਕਰਕੇ ਨੈਟਰਨ ($Na_2 Co_3.10 H_2O$) ਅਤੇ ਟ੍ਰੋਨਾ ਨਾਲ ਮਿਲਿਆ ਹੁੰਦਾ ਹੈ ਜਿਹੜੇ ਕਿ ਅੰਸ਼ਿਕ ਨਿਰਜਲੀਕਰਨ ਦੁਆਰਾ ਇਸ ਵਿਚ ਬਦਲ ਜਾਂਦੇ ਹਨ। ਨੈਟਰਨ ਦੇ ਕਈ ਗਿਆਤ ਡਿਪਾਜ਼ਿਟ ਸ਼ਾਇਦ ਥਰਮੋਨੈਟਰਾਈਟ ਹਨ ਕਿਉਂਕਿ ਸਾਧਾਰਣ ਤਾਪਮਾਨ ਅਤੇ ਖ਼ੁਸ਼ਕ ਹਵਾ ਇਨ੍ਹਾਂ ਨੂੰ ਤਬਦੀਲ ਕਰ ਦਿੰਦੇ ਹਨ। ਘੋਲ ਵਿਚ ਮਿਲੀ ਨੈਟਰਨ ਦੀ ਵਰਤੋਂ ਮਿਸਰ ਵਾਸੀਆਂ ਦੁਆਰਾ ਸਮੀਕਰਣ ਲਈ ਮਸਾਲੇ ਵਜੋਂ ਕੀਤੀ ਗਈ ਸੀ।

ਹ. ਪੁ. - ਐਨ. ਬ੍ਰਿ. ਮਾ. 9 : 949

ਥਰਲਵਾੱਲ, ਕਾਨੋਪ : ਇਸ ਅੰਗਰੇਜ਼ ਪਾਦਰੀ ਅਤੇ ਇਤਿਹਾਸਕਾਰ ਦਾ ਜਨਮ 11 ਜਨਵਰੀ, 1997 ਨੂੰ ਲੰਡਨ ਵਿਖੇ ਹੋਇਆ। ਇਸ ਨੇ ਕੈਂਬ੍ਰਿਜ ਵਿਖੇ ਸਿੱਖਿਆ ਪ੍ਰਾਪਤ ਕੀਤੀ। ਇਸ ਨੇ ਕਾਨੂੰਨ ਦੀ ਪੜ੍ਹਾਈ ਕੀਤੀ ਅਤੇ 1825 ਵਿਚ ਵਕੀਲ ਬਣ ਗਿਆ ਪਰ 1828 ਈ. ਵਿਚ ਇਸ ਨੂੰ ਪਾਦਰੀ ਬਣਾਇਆ ਗਿਆ। ਸੰਨ 1819 ਵਿਚ ਰੋਮ ਵਿਖੇ ਇਕ ਵਿਦਵਾਨ ਦੀ ਸੰਗਤ ਵਿਚ ਆਉਣ ਕਾਰਨ ਇਸ ਦੀ ਰੁਚੀ ਜਰਮਨ ਸਾਹਿਤ ਵੱਲ ਹੋ ਗਈ। ਇਸ ਦੇ ਸਿੱਟੇ ਵਜੋਂ 1828 ਤੋਂ 1832 ਤੱਕ ਇਸ ਨੇ ਜੂਲੀਅਸ ਚਾਰਲਸ ਹੇਅਰ ਨਾਲ ਮਿਲ ਕੇ ਬਾਰਥੋਲਡ ਨਾਈਬੁਹਰ ਦੀ ਪੁਸਤਕ 'Romische Geschichte' ਦਾ 'ਹਿਸਟਰੀ ਆਫ਼ ਰੋਮ' (3 ਜਿਲਦਾਂ ਵਿਚ) ਦਾ

ਅਨੁਵਾਦ ਕੀਤਾ। ਸੰਨ 1835-41 ਦੌਰਾਨ ਇਸ ਨੇ ਆਪਣੀ ਪ੍ਰਸਿੱਧ ਪੁਸਤਕ 'ਹਿਸਟਰੀ ਆਫ਼ ਗ੍ਰੀਸ' (8 ਜਿਲਦਾਂ) ਲਿਖੀ।

ਆਪਣੇ ਅੰਤਲੇ ਸਮੇਂ ਦੌਰਾਨ ਇਸ ਨੇ ਬਾਈਬਲ ਦੀ ਸੁਧਾਈ ਵਿਚ ਬਹੁਤ ਰੁਚੀ ਦਿਖਾਈ ਅਤੇ ਓਲਡ ਟੈਸਟਾਮੈਂਟ ਦੇ ਸੋਧਕਾਂ ਦਾ ਪ੍ਰਧਾਨ ਬਣਿਆ। ਮਈ, 1874 ਵਿਚ ਆਪਣੇ ਧਰਮ - ਮੰਡਲ ਤੋਂ ਅਸਤੀਫ਼ਾ ਦੇ ਕੇ ਇਹ ਬਾਥ ਚਲਾ ਗਿਆ ਅਤੇ ਉਥੇ ਹੀ 27 ਜੁਲਾਈ, 1875 ਨੂੰ ਇਸ ਦੀ ਮੌਤ ਹੋ ਗਈ।

ਹ. ਪੁ. - ਐਨ. ਬ੍ਰਿ. 22 : 135; ਐਨ. ਅਮੇ. 26 : 557

ਥਰਲੋ, ਐਡਵਰਡ ਥਰਲੋ : ਇਹ ਇੰਗਲੈਂਡ ਦਾ ਪ੍ਰਸਿੱਧ ਲਾਰਡ ਚਾਂਸਲਰ ਸੀ ਜਿਹੜਾ ਵੱਖਰੇ-ਵੱਖਰੇ ਪ੍ਰਧਾਨ ਮੰਤਰੀਆਂ ਅਧੀਨ ਲਗਭਗ ਪੰਦਰਾਂ ਸਾਲ ਇਸੇ ਅਹੁਦੇ ਤੇ ਕਾਇਮ ਰਿਹਾ। ਇਸ ਦਾ ਜਨਮ 9 ਦਸੰਬਰ, 1731 ਨੂੰ ਇੰਗਲੈਂਡ ਦੀ ਨਾੱਰਫਕ ਕਾਉਂਟੀ ਵਿਚ ਬ੍ਰੈਕਨ ਵਿਖੇ ਹੋਇਆ। ਇਹ ਜੂਨ, 1778 ਤੋਂ ਅਪ੍ਰੈਲ, 1783 ਤਕ ਅਤੇ ਫਿਰ ਦਸੰਬਰ, 1783 ਤੋਂ ਜੂਨ, 1792 ਤਕ ਦੋ ਵਾਰ ਇੰਗਲੈਂਡ ਦਾ ਲਾਰਡ ਚਾਂਸਲਰ ਰਿਹਾ। ਇਹ ਆਪਣੀ ਕਾਨੂੰਨੀ ਸਿਆਣਪ ਨਾਲੋਂ ਇਕ ਬੁਲਾਰੇ ਦੇ ਤੌਰ ਤੇ ਜ਼ਿਆਦਾ ਪ੍ਰਸਿੱਧ ਸੀ। ਸੰਨ 1762 ਵਿਚ ਇਹ ਬਾਦਸ਼ਾਹ ਦਾ ਕਾਂਸਲ; 1765 ਵਿਚ ਹਾਊਸ ਆਫ ਕਾਮਨਜ਼ ਦਾ ਮੈਂਬਰ; 1770 ਵਿਚ ਸਾਲਿਸਿਟਰ ਜਨਰਲ ਅਤੇ 1771 ਵਿਚ ਅਟਾਰਨੀ ਜਨਰਲ ਬਣਿਆ। ਅਟਾਰਨੀ ਜਨਰਲ ਦੀ ਆਸਾਮੀ ਇਸ ਨੂੰ ਇਕ ਪ੍ਰਕਾਸ਼ਕ ਅਤੇ ਛਾਪਕ ਵਲੋਂ ਜਾਰਜ ਤੀਜੇ ਅਤੇ ਕੁਝ ਪ੍ਰਸਿੱਧ ਨੇਤਾਵਾਂ ਵਿਰੁੱਧ ਫ਼ਰਜ਼ੀ ਨਾਂ ਹੇਠ 'ਜੂਨੀਅਸ ਲੈਟਰਜ਼' ਛਾਪਣ ਵਿਰੁੱਧ, ਮੁਕੱਦਮੇ ਦੀ ਪੈਰਵੀ ਕਰਨ ਕਾਰਨ ਦਿੱਤੀ ਗਈ। ਬਾਅਦ ਵਿਚ ਇਸ ਨੇ ਉੱਤਰੀ ਅਮਰੀਕੀ ਕਾਲੋਨੀਆਂ ਦੇ ਸਰਬ-ਅਧਿਕਾਰਵਾਦ ਅਤੇ ਬਰਤਾਨਵੀ ਗ਼ੁਲਾਮ ਵਪਾਰ ਦਾ ਪੱਖ ਪੂਰਿਆ ਪਰ ਥਰਲੋ ਦੇ ਰਵੱਈਏ ਨੇ ਆਪਣੇ ਕਈ ਸਿਆਸੀ ਦੁਸ਼ਮਣ ਪੈਦਾ ਕਰ ਲਏ ਜਿਨ੍ਹਾਂ ਵਿਚੋਂ ਇਕ ਚਾਰਲਸ ਜੇਮਜ਼ ਫਾੱਕਸ ਸੀ ਜਿਸ ਨੇ 1783 ਵਿਚ ਇਸ ਨੂੰ ਲਾਰਡ ਚਾਂਸਲਰ ਦੇ ਅਹੁਦੇ ਤੋਂ ਅਸਥਾਈ ਤੌਰ ਤੇ ਹਟਾਇਆ ਅਤੇ ਦੂਜਾ ਵਿਲੀਅਮ ਪਿਟ, ਦੀ ਯੰਗਰ ਸੀ ਜਿਸ ਨੇ ਇਸ ਨੂੰ ਮੁੜ ਨਿਯੁਕਤ ਕਰਨ ਤੇ ਅਫ਼ਸੋਸ ਜ਼ਾਹਰ ਕੀਤਾ। ਲਾਰਡ ਚਾਂਸਲਰ ਦੇ ਤੌਰ ਤੇ ਇਸ ਦੀ ਕੱਟੜ ਅੜਿਕੇਬਾਜ਼ੀ ਕਾਰਨ ਪ੍ਰਧਾਨ ਮੰਤਰੀ ਪਿਟ ਇਸ ਨਾਲ ਨਰਾਜ਼ ਰਹਿਣ ਲਗ ਪਿਆ ਅਤੇ 1792 ਵਿਚ ਉਸ ਨੇ ਇਸ ਨੂੰ ਅਹੁਦਾ ਤਿਆਗਣ ਲਈ ਮਜਬੂਰ ਕਰ ਦਿੱਤਾ।

ਵਿਦਿਆਰਥੀ ਸਮੇਂ ਤੋਂ ਹੀ ਇਸ ਦੀ ਪ੍ਰਸਿੱਧ ਕਵੀ ਵਿਲੀਅਮ ਕਾੱਪਰ ਨਾਲ ਦੋਸਤੀ ਸੀ ਅਤੇ ਇਸ ਨੇ ਦੋ ਹੋਰ ਲੇਖਕਾਂ ਨੂੰ ਮਾਲੀ ਸਹਾਇਤਾ ਵੀ ਦਿੱਤੀ। ਸੰਨ 1953 ਵਿਚ ਰਾਬਰਟ ਗੋਰ-ਬ੍ਰਾਊਨ ਨੇ ਇਸ ਦੇ ਬਾਰੇ 'ਚਾਂਸਲਰ ਥਰਲੋ' ਨਾਂ ਦੀ ਇਕ ਪੁਸਤਕ ਵੀ ਲਿਖੀ।

12 ਸਤੰਬਰ, 1806 ਈ. ਨੂੰ ਸ਼ਸੈਕਸ ਵਿਚ, ਬ੍ਰਾਈਟਨ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ. - ਐਨ. ਬ੍ਰਿ. ਮਾ. 11 : 746

ਥਰਲੋ, ਜਾਨ : ਇੰਗਲੈਂਡ ਦੇ ਇਸ ਪ੍ਰਸਿੱਧ ਸਿਆਸਤਦਾਨ ਦਾ ਜਨਮ 1616 ਨੂੰ ਟਾਮਸ ਥਰਲੋ ਦੇ ਘਰ ਹੋਇਆ। ਇਸ ਨੇ ਕਾਨੂੰਨ ਦਾ ਅਧਿਐਨ ਕੀਤਾ। ਇਸ ਦੀਆਂ ਵਿਸਥਾਰਪੂਰਬਕ ਲਿਖਤਾਂ ਤੋਂ ਕ੍ਰਾਮਵੈੱਲ ਕਾਲ ਦੀ ਚੰਗੀ ਜਾਣਕਾਰੀ ਮਿਲਦੀ ਹੈ। ਇਹ ਗੱਲ ਜਾਣਨ ਲਈ ਇਹ ਲਿਖਤਾਂ ਇਕ ਮਹੱਤਵਪੂਰਨ ਸ੍ਰੋਤ ਹੈ। ਇਹ 1645 ਵਿਚ ਆਕਸਬ੍ਰਿਜ ਵਿਖੇ ਸੰਸਦ ਨੇਤਾ ਆਲੀਵਰ ਸੇਂਟ ਜਾਨ ਦੇ ਸਕੱਤਰ ਦੇ ਤੌਰ ਤੇ ਸਿਆਸਤ ਵਿਚ ਦਾਖ਼ਲ ਹੋਇਆ ਅਤੇ 29 ਮਾਰਚ, 1652 ਨੂੰ ਕੌਂਸਲ ਆਫ਼ ਸਟੇਟ ਦਾ ਸਕੱਤਰ ਬਣ ਗਿਆ। ਜਲਦੀ ਹੀ ਇਹ ਉਸ ਵਿਸ਼ਾਲ ਗੁਪਤਚਰ ਵਿਭਾਗ ਦਾ ਮੁਖੀ ਬਣ ਗਿਆ ਜਿਹੜਾ ਸਾਰੇ ਯੂਰਪ ਵਿਚ ਕ੍ਰਾਮਵੈੱਲ ਸਰਕਾਰ ਦਾ ਤਖ਼ਤਾ ਪਲਟਾਉਣ ਲਈ ਰਾਜਤੰਤਰਵਾਦੀ ਗੋਂਦਾਂ ਗੁੰਦਣ ਵਾਲਿਆਂ ਬਾਰੇ ਸੂਚਨਾ ਇਕੱਤਰ ਕਰਨ ਲਈ ਬਣਾਇਆ ਹੋਇਆ ਸੀ।

ਮਈ, 1660 ਵਿਚ ਚਾਰਲਸ ਦੂਜੇ ਦੀ ਮੁੜ ਬਹਾਲੀ ਕਾਰਨ ਇਸ ਨੂੰ ਗ਼ਦਾਰੀ ਦੇ ਦੋਸ਼ ਹੇਠ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਇਸ ਉੱਤੇ ਇਹ ਸ਼ਰਤ ਲਗਾ ਦਿੱਤੀ ਗਈ ਕਿ ਉਸ ਨੂੰ ਤਾਂ ਹੀ ਬਹਾਲ ਕੀਤਾ ਜਾ ਸਕਦਾ ਹੈ ਜੇਕਰ ਉਹ ਨਵੀਂ ਸਰਕਾਰ ਨੂੰ ਇੰਗਲੈਂਡ ਦੀ ਤਾਜ਼ਾ ਵਿਦੇਸ਼ ਨੀਤੀ ਬਾਰੇ ਸੂਚਨਾ ਦੇਵੇਗਾ।

21 ਫ਼ਰਵਰੀ, 1668 ਈ. ਨੂੰ ਇਸ ਦੀ ਲੰਡਨ ਵਿਖੇ ਮੌਤ ਹੋ ਗਈ।

ਹ. ਪੁ. - ਐਨ. ਬ੍ਰਿ. ਮਾ. 9 : 987

ਥਰਾਕ : ਇੰਗਲੈਂਡ ਦੀ ਐਸੈਕਸ ਕਾਉਂਟੀ ਵਿਚ ਇਹ ਇਕ ਡਿਸਟ੍ਰਿਕਟ ਹੈ ਜਿਹੜਾ ਟੇਮਜ਼ ਦਰਿਆ ਦੇ ਉੱਤਰੀ ਕੰਢੇ ਉੱਤੇ 163 ਵ. ਕਿ. ਮੀ. (63 ਵ. ਮੀਲ) ਦੇ ਖੇਤਰ ਵਿਚ ਫੈਲਿਆ ਹੋਇਆ ਹੈ ਅਤੇ ਇਸ ਦੀ ਆਬਾਦੀ 1,24,400 (1984) ਹੈ। ਇਸ ਦੇ ਦੱਖਣੀ ਹਿੱਸੇ ਦੀ ਜ਼ਮੀਨ ਵਧੇਰੇ ਕਰਕੇ ਦਲਦਲ ਵਾਲੀ ਸੀ ਜਿਸ ਨੂੰ ਆਵਾਸੀ ਡੱਚ ਮਜ਼ਦੂਰਾਂ ਨੇ ਵਾਹੀ ਯੋਗ ਬਣਾਇਆ ਸੀ।

ਸ਼ੁਰੂ ਵਿਚ ਇਹ ਮੱਛੀਆਂ ਫੜਨ ਦਾ ਇਕ ਪਿੰਡ ਹੁੰਦਾ ਸੀ ਪਰ ਬਾਅਦ ਵਿਚ ਲੰਡਨ ਦੀ ਤੂੜੀ ਅਤੇ ਮੱਕੀ ਦੀ ਮੰਡੀ ਲਈ ਦਰਿਆਈ ਬੰਦਰਗਾਹ ਬਣ ਗਿਆ। ਵੈਸਟ ਟਿਲਬਰੀ ਵਿਖੇ ਹੀ ਇਲਿਜ਼ਾਬੱਥ ਪਹਿਲੀ ਨੇ ਸਪੇਨੀ ਆਰਮੇਡਾ ਵੱਲੋਂ ਦਿੱਤੀ ਗਈ ਹਮਲੇ ਦੀ ਧਮਕੀ ਵੇਲੇ 1558 ਵਿਚ ਆਪਣੀ ਫ਼ੌਜ ਨੂੰ ਭਾਸ਼ਣ ਦਿੱਤਾ ਸੀ।

ਸੰਨ 1884-86 ਵਿਚ ਉਸ ਜ਼ਮੀਨ ਉੱਤੇ ਟਿਲਬਰੀ ਘਾਟਾਂ ਦੀ ਉਸਾਰੀ ਕੀਤੀ ਗਈ ਜਿਹੜਾ ਕਿ 1852 ਤਕ ਇਕ ਗ਼ੈਰ ਆਬਾਦ ਦਲਦਲੀ ਖੇਤਰ ਹੁੰਦਾ ਸੀ। ਟਿਲਬਰੀ ਵਿਖੇ ਹੀ ਹੈਨਰੀ ਅੱਠਵੇਂ ਦੁਆਰਾ ਬਣਾਏ ਗਏ ਪਹਿਲੇ ਕਾਠ ਗੜ੍ਹ ਨੂੰ 17 ਵੀਂ ਸਦੀ ਵਿਚ ਮੁੜ ਤੋਂ ਬਣਵਾਇਆ ਗਿਆ। ਸੰਨ 1949 ਵਿਚ ਇਸ ਨੂੰ ਵਰਕਸ ਮੰਤ੍ਰਾਲੇ ਨੇ ਆਪਣੇ ਅਧਿਕਾਰ ਹੇਠ ਲੈ ਲਿਆ ਅਤੇ 1958 ਵਿਚ ਇਸ ਨੂੰ ਆਮ ਜਨਤਾ ਦੇ ਵੇਖਣ ਲਈ ਖੋਲ੍ਹ ਦਿੱਤਾ ਗਿਆ। ਇਸ ਕਿਲੇ ਦਾ ਮੁੱਖ ਦੁਆਰ ਇਨਾਗੋ ਜੋਨਜ਼ ਨਾਂ ਦੇ ਇਕ ਅੰਗਰੇਜ਼ ਆਰਕੀਟੈਕਟ ਨੇ ਬਣਾਇਆ ਸੀ। ਅੱਜਕੱਲ੍ਹ ਥਰਾਕ ਦੇ ਉਦਯੋਗ ਟੇਮਜ਼ ਦਰਿਆ ਦੇ ਨਾਲ ਨਾਲ ਲਗਭਗ 33 ਕਿ. ਮੀ. ਤਕ ਫੈਲੇ ਹੋਏ ਹਨ। ਇਨ੍ਹਾਂ ਵਿਚ ਸਾਬਣ, ਮਾਰਗਰੀਨ, ਸੀਮਿੰਟ ਬਣਾਉਣ ਦੇ ਉਦਯੋਗਾਂ ਤੋਂ ਇਲਾਵਾ ਇਮਾਰਤੀ ਲੱਕੜ ਦੇ ਟਾਲ ਪ੍ਰਮੁੱਖ ਹਨ। ਇਸ ਦੇ ਪੂਰਬੀ ਸਿਰੇ ਵੱਲ ਸ਼ੈਲ ਹੈਵਨ ਅਤੇ ਕਾੱਰੀਟਨ ਵਿਖੇ ਤੇਲ ਸਾਫ਼ ਕਰਨ ਦੇ ਵੱਡੇ ਵੱਡੇ ਕਾਰਖਾਨੇ ਹਨ।

ਹ. ਪੁ.-ਐਨ. ਬ੍ਰਿ. ਮਾ. 11:746; ਐਨ. ਬ੍ਰਿ. 22:172.

ਥਰਾਕਮਾਰਟਨ, ਸਰ ਨਿਕੋਲਸ : ਇਹ ਇੰਗਲੈਂਡ ਦਾ ਇੱਕ ਉੱਘਾ ਨੀਤੀਵਾਨ ਸੀ ਜਿਸਦਾ ਜਨਮ 1515 ਵਿਚ ਸਰ ਜਾਰਜ ਥਰਾਕਮਾਰਟਨ ਦੇ ਘਰ ਹੋਇਆ। ਇਹ ਬਾਦਸ਼ਾਹ ਹੈਨਰੀ ਅੱਠਵੇਂ ਦੀ ਰਾਣੀ ਕੈਥਰੀਨ ਪਾਰ ਦੇ ਘਰੇਲੂ ਵਿਭਾਗ ਦਾ ਵੀ ਕੁਝ ਚਿਰ ਮੈਂਬਰ ਰਿਹਾ।

ਸੰਨ 1545 ਤੋਂ 1567 ਦੌਰਾਨ ਇਸ ਨੇ ਪਾਰਲੀਮੈਂਟ ਵਿਚ ਆਪਣਾ ਚੰਗਾ ਸਥਾਨ ਬਣਾਇਆ। ਬਾਦਸ਼ਾਹ ਐਡਵਰਡ ਛੇਵੇਂ ਦੀ

ਇਸ ਉਪਰ ਵਿਸ਼ੇਸ਼ ਮਿਹਰਬਾਨੀ ਸੀ। ਬਾਦਸ਼ਾਹ ਦੀ ਮੌਤ ਹੋ ਜਾਣ ਮਗਰੋਂ ਲੇਡੀ ਜੇਨ ਗ੍ਰੇ ਨੂੰ ਤਖ਼ਤ ਤੇ ਬਿਠਾਉਣ ਦੀ ਕੋਸ਼ਿਸ਼ ਹੋਣ ਲਗੀ। ਇਸ ਨੇ ਤਖ਼ਤ ਦੇ ਦਾਅਵੇਦਾਰ ਦੋਹਾਂ ਵਿਰੋਧੀ ਧੜਿਆਂ ਵਿਚਕਾਰ ਮਾਮਲਾ ਸੁਲਝਾਉਣ ਦਾ ਜਤਨ ਕੀਤਾ ਅਤੇ ਇੰਜ ਦੂਜੀ ਦਾਅਵੇਦਾਰ ਮੇਰੀ ਟਿਊਡਰ ਦਾ ਵਿਸ਼ਵਾਸ ਪ੍ਰਾਪਤ ਕਰਨ ਵਿਚ ਸਫ਼ਲ ਰਿਹਾ।

ਸੰਨ 1554 ਵਿਚ ਵਾਈਆਟ ਦੀ ਬਗ਼ਾਵਤ ਹੋਈ ਅਤੇ ਇਸ ਬਗ਼ਾਵਤ ਵਿਚ ਇਸ ਦਾ ਹੱਥ ਹੋਣ ਦਾ ਸ਼ੱਕ ਕੀਤਾ ਗਿਆ ਅਤੇ ਇਸ ਉੱਤੇ ਮੁਕੱਦਮਾ ਵੀ ਚਲਾਇਆ ਗਿਆ। ਮੁਕੱਦਮੇ ਵਿਚ ਭਾਵੇਂ ਇਹ ਬਰੀ ਹੋ ਗਿਆ ਪਰ ਫੇਰ ਵੀ ਇਸ ਨੂੰ ਸਾਲ ਭਰ ਲਈ ਨਜ਼ਰਬੰਦ ਹੀ ਰਖਿਆ ਗਿਆ। ਮਗਰੋਂ ਮਹਾਰਾਣੀ ਮੇਰੀ ਨਾਲ ਇਸ ਦੀ ਸੁਲ੍ਹਾ ਹੋ ਗਈ। ਇਲਿਜ਼ਾਬੱਥ ਦੇ ਮਹਾਰਾਣੀ ਬਣਨ ਮਗਰੋਂ ਇਹ ਉਸ ਦਾ ਵੀ ਵਿਸ਼ਵਾਸਪਾਤਰ ਬਣ ਗਿਆ।

ਮਈ, 1559 ਤੋਂ ਅਪ੍ਰੈਲ, 1564 ਤਕ ਇਹ ਫ਼ਰਾਂਸ ਵਿਚ ਬਤੌਰ ਰਾਜਦੂਤ ਨਿਯੁਕਤ ਹੋਇਆ। ਇਸੇ ਸਮੇਂ ਦੌਰਾਨ ਡਰਅਰ ਦੀ ਲੜਾਈ ਹੋਈ ਜਿਸ ਵਿਚ ਇਸ ਨੇ ਹਯੂਗਨਾੱਟ ਦੀ ਹਮਾਇਤ ਕੀਤੀ ਤੇ ਇਸ ਲਈ ਕੁਝ ਚਿਰ ਕੈਦ ਵੀ ਕਟਣੀ ਪਈ।

ਇੰਗਲੈਂਡ ਵਾਪਸ ਆਉਣ ਤੇ ਮਈ, 1565 ਵਿਚ ਇਸਨੂੰ ਸਕਾਟਲੈਂਡ ਵਿਚ ਰਾਜਦੂਤ ਬਣਾ ਕੇ ਭੇਜਿਆ ਗਿਆ ਤਾਂ ਕਿ ਇਹ ਮਹਾਰਾਣੀ ਮੇਰੀ ਦੇ ਡਾਰਨਲੇ ਨਾਲ ਹੋਣ ਵਾਲੇ ਵਿਆਹ ਵਿਚ ਰੋਕ ਪਾ ਸਕੇ ਪਰ ਇਹ ਇੰਜ ਨਾ ਕਰ ਸਕਿਆ। ਕੁਝ ਚਿਰ ਬਾਅਦ ਡਾਰਨਲੇ ਦੇ ਕਤਲ ਹੋ ਜਾਣ ਮਗਰੋਂ ਜੂਨ, 1567 ਵਿਚ ਸਕਾਟਲੈਂਡ ਦੇ ਬੈਰਨਾਂ ਨੇ ਮੇਰੀ ਨੂੰ ਕੈਦ ਕਰ ਲਿਆ। ਮੇਰੀ ਨੂੰ ਕੈਦ ਤੋਂ ਛੁਡਾ ਕੇ ਮੁੜ ਤਖ਼ਤ ਤੇ ਬਿਠਾਉਣ ਲਈ ਇਸ ਨੂੰ ਫੇਰ ਸਕਾਟਲੈਂਡ ਭੇਜਿਆ ਗਿਆ। ਮੇਰੀ ਨਾਲ ਮਿਤੱਰਤਾਪੂਰਨ ਸਬੰਧਾਂ ਨੇ ਇਸ ਦੀ ਇੰਗਲੈਂਡ ਵਿਚ ਪੁਜ਼ੀਸ਼ਨ ਨੂੰ ਵੀ ਕਾਫ਼ੀ ਕਮਜ਼ੋਰ ਕਰ ਦਿੱਤਾ।

ਸੰਨ 1569 ਵਿਚ ਨਾਰਫਾੱਕ ਦੇ ਡਿਊਕ ਦੀ ਸਾਜ਼ਸ਼ ਵਿਚ ਇਸ ਦਾ ਹੱਥ ਸਮਝ ਕੇ, ਇਸ ਨੂੰ ਵਿੰਡਸਰ ਵਿਖੇ ਕੈਦ ਕਰ ਲਿਆ ਗਿਆ।

12 ਫ਼ਰਵਰੀ, 1571 ਨੂੰ ਲੰਡਨ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.–ਐਨ. ਬ੍ਰਿ. 22:162; ਐਨ. ਬ੍ਰਿ. ਮਾ. 11:738

ਥਰਾਕਮਾਰਟਨ, ਫ੍ਰਾਂਸਿਸ : ਇਹ ਇਗਲੈਂਡ ਦਾ ਵਸਨੀਕ ਸੀ ਜਿਸਨੇ ਮਹਾਰਾਣੀ ਇਲਿਜ਼ਾਬੱਥ ਦੀ ਸਰਕਾਰ ਦਾ ਤਖ਼ਤਾ ਪਲਟਣ ਦੀ ਸਾਜ਼ਸ਼ ਕੀਤੀ ਸੀ ਪਰ ਅਸਫ਼ਲ ਰਿਹਾ। ਇਸ ਦਾ ਜਨਮ 1554 ਈ. ਵਿਚ ਵੁਸਟਰਸ਼ਿਰ ਵਿਚ ਫਰੈਕਨਹਮ ਵਿਖੇ ਸਰ ਜਾਨ ਥਰਾਕਮਾਰਟਨ ਦੇ ਘਰ ਹੋਇਆ ਅਤੇ 1580 ਈ. ਵਿਚ ਸਰਕਾਰ ਪ੍ਰਤੀ ਵਿਖਾਈ ਬੇਵਫ਼ਾਈ ਕਾਰਨ ਇਸ ਨੂੰ ਚੈਸਟਰ ਦੇ ਚੀਫ਼ ਜੱਜ ਵਜੋਂ ਹਟਾ ਦਿੱਤਾ ਗਿਆ ਸੀ।

ਸੰਨ 1572 ਵਿਚ ਇਹ ਆੱਕਸਫੋਰਡ ਯੂਨੀਵਰਸਿਟੀ ਦੇ ਹਾਰਟ ਹਾਲ ਕਾਲਜ ਵਿਚ ਦਾਖ਼ਲ ਹੋਇਆ ਅਤੇ 1576 ਵਿਚ ਇਨਰ ਟੈਂਪਲ ਕਾਨੂੰਨੀ ਸੁਸਾਇਟੀ ਦਾ ਮੈਂਬਰ ਬਣਿਆ। ਆੱਕਸਫੋਰਡ ਵਿਖੇ ਹੀ ਰੋਮਨ ਕੈਥੋਲਿਕਾਂ ਨੇ ਇਸ ਨੂੰ ਕਾਫ਼ੀ ਪ੍ਰਭਾਵਿਤ ਕੀਤਾ। ਸੰਨ 1580 ਵਿਚ ਜਦੋਂ ਦੋ ਪਹਿਲੇ ਯਸੂਹੀ ਮਿਸ਼ਨਰੀ, ਰਾਬਰਟ ਪਾਰਸਨਜ ਅਤੇ ਐਡਮੰਡ ਕੈਮਪੀਅਨ ਇੰਗਲੈਂਡ ਆਏ ਤਾਂ ਇਸ ਨੇ ਇਨਰ ਟ੍ਰੈਪਲ ਦੇ ਹੋਰਨਾਂ ਮੈਂਬਰਾਂ ਨਾਲ ਰਲ ਕੇ ਉਨ੍ਹਾਂ ਨੂੰ ਪਨਾਹ ਦਿੱਤੀ ਅਤੇ ਪੂਰੀ ਮਦਦ ਕੀਤੀ। ਇਸੇ ਸਾਲ ਇਸ ਨੇ ਬਦੇਸ਼ ਯਾਤਰਾ ਕੀਤੀ ਅਤੇ ਉਥੇ ਇਹ ਜਲਾਵਤਨੀ ਦਾ ਜੀਵਨ ਗੁਜ਼ਾਰਦੇ ਹੋਏ ਰੋਮਨ ਕੈਥੋਲਿਕਾਂ ਨੂੰ ਮਿਲਿਆ ਅਤੇ ਉਨ੍ਹਾਂ ਨਾਲ ਰਲ ਕੇ ਇਕ ਸਰਕਾਰ ਵਿਰੋਧੀ ਸਾਜ਼ਸ਼ ਤਿਆਰ ਕੀਤੀ। ਸੰਨ 1583 ਵਿਚ ਜਦੋਂ ਇਹ ਵਾਪਸ ਆਇਆ ਤਾਂ ਇਸ ਦਾ ਉਦੇਸ਼ ਫ਼ਰਾਂਸੀਸੀ ਫ਼ੌਜਾਂ ਤੋਂ ਇਗਲੈਂਡ ਉੱਤੇ ਹਮਲਾ ਕਰਵਾ ਕੇ ਮਹਾਰਾਣੀ ਮੇਰੀ ਨੂੰ ਆਜ਼ਾਦ ਕਰਵਾਉਣਾ ਅਤੇ ਇੰਗਲੈਂਡ ਵਿਚ ਰੋਮਨ ਕੈਥੋਲਿਕ ਸੱਤਾ ਨੂੰ ਮੁੜ ਸਥਾਪਿਤ ਕਰਨਾ ਸੀ।

ਇਹ ਲੰਡਨ ਵਿਖੇ ਇਕ ਮਕਾਨ ਵਿਚ ਰਹਿਣ ਲਗ ਪਿਆ ਅਤੇ ਇਥੇ ਹੀ ਇਸਦੇ ਦੂਜੇ ਸਾਥੀ ਇਕੱਠੇ ਹੋ ਕੇ ਆਪਣੇ ਮਨਸੂਬੇ ਤਿਆਰ ਕਰਦੇ ਰਹਿੰਦੇ। ਸਰਕਾਰ ਨੂੰ ਇਸ ਦੀਆਂ ਕਾਰਵਾਈਆਂ ਤੇ ਸ਼ੱਕ ਹੋ ਗਿਆ। ਇਸ ਲਈ ਨਵੰਬਰ, 1583 ਵਿਚ ਜਦੋਂ ਇਹ ਮਹਾਰਾਣੀ ਮੇਰੀ ਨੂੰ ਗੁਪਤ ਲਿਪੀ ਵਿਚ ਪੱਤਰ ਲਿਖ ਰਿਹਾ ਸੀ ਤਾਂ ਸਿਪਾਹੀਆਂ ਨੇ ਇਸ ਨੂੰ ਆ ਘੇਰਿਆ ਪਰ ਜਾਣ ਤੋਂ ਪਹਿਲਾਂ ਇਸਨੇ ਮੈਨਡੋਜ਼ਾ ਨੂੰ ਗੁਪਤ ਲਿਪੀ ਵਿਚ ਇਕ ਕਾਰਡ ਭੇਜ ਕੇ ਯਕੀਨ ਦੁਆਇਆ ਕਿ ਉਹ ਸਰਕਾਰ ਨੂੰ ਸਾਜ਼ਸ ਬਾਰੇ ਕੋਈ ਭੇਤ ਨਹੀਂ ਦੇਵੇਗਾ। ਗ੍ਰਿਫ਼ਤਾਰੀ ਦੌਰਾਨ ਜਦੋਂ ਇਸ ਦੀ ਪੁੱਛ-ਗਿੱਛ ਹੋਈ ਅਤੇ ਇਸ ਨੂੰ ਤਸੀਹੇ ਦਿੱਤੇ ਗਏ ਤਾਂ ਇਸ ਦੀ ਹਿੰਮਤ ਜੁਆਬ ਦੇ ਗਈ ਅਤੇ ਇਸ ਨੇ ਸਾਜ਼ਸ਼ ਦਾ ਪੂਰਾ ਇਕਬਾਲ ਕਰ ਲਿਆ। 21 ਮਈ, 1584 ਨੂੰ ਇਸ ਉੱਤੇ ਮੁਕੱਦਮਾ ਚਲਾਇਆ ਗਿਆ ਅਤੇ 10 ਜੁਲਾਈ ਨੂੰ ਇਸ ਨੂੰ ਫ਼ਾਂਸੀ ਦੇ ਦਿੱਤੀ ਗਈ।

ਹ. ਪੁ.—ਐਨ. ਬ੍ਰਿ. 22:162

ਥਰਾਟਲ : ਇਹ ਇਕ ਵਾਲਵ ਹੈ ਜੋ ਕਿ ਭਾਫ਼ ਇੰਜਣ ਦੇ ਸਲਿੰਡਰ ਵਿਚ ਦਾਖ਼ਲ ਹੋਣ ਵਾਲੀ ਭਾਫ਼ ਦੀ ਮਾਤਰਾ ਨੂੰ ਨਿਯੰਤ੍ਰਿਤ ਕਰਦਾ ਹੈ। ਇਹ ਵਾਲਵ ਅੰਤਰ ਦਹਿਨ ਇੰਜਣ ਦੇ ਸਲਿੰਡਰ ਵਿਚ ਜਾਣ ਵਾਲੀ ਹਵਾ ਅਤੇ ਈਂਧਣ ਵਾਸ਼ਪਾਂ ਨੂੰ ਵੀ ਨਿਯੰਤ੍ਰਿਤ ਕਰਨ ਲਈ ਵਰਤਿਆ ਜਾਂਦਾ ਹੈ। ਟਰਬਾਈਨ ਵਿਚ ਜਾਣ ਵਾਲੀ ਭਾਫ਼ ਨੂੰ ਕੰਟ੍ਰੋਲ ਕਰਨ ਲਈ ਵੀ ਇਸ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਬਾਇਲਰ ਭੱਠੀ ਵਿਚ ਭੇਜੇ ਜਾਣ ਵਾਲੇ ਹਵਾ ਦੇ ਝੋਕੇ ਨੂੰ ਵੀ ਕੰਟ੍ਰੋਲ ਕਰ ਸਕਦਾ ਹੈ।

ਵਾਲਵ ਦੀ ਵਰਤੋਂ ਕਰਦੇ ਸਮੇਂ ਭਾਫ਼ ਜਾਂ ਈਂਧਣ ਵਾਸ਼ਪਾਂ ਦੀ ਮਾਤਰਾ ਨੂੰ ਕੰਟ੍ਰੋਲ ਕਰਨ ਲਈ ਹੱਥ, ਪੈਰ ਜਾਂ ਕਿਸੇ ਉਪਕਰਣ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ। ਬਟਰਫਲਾਈ ਥਰਾਟਲ ਵੱਡੇ ਵਾਲਵਾਂ ਲਈ ਪ੍ਰਮਾਣਿਤ ਹਨ। ਛੋਟੇ ਪ੍ਰਵੇਸ਼ ਦੁਆਰ ਜੋ ਕਿ ਆਟੋ-ਮੋਬੀਲ ਅਤੇ ਹਵਾਈ ਜਹਾਜ਼ਾ ਦੇ ਇੰਜਣਾਂ ਵਿਚ ਕਾਰਬੋਰੇਟਰਾਂ ਤੋਂ ਅੱਗੇ ਹੁੰਦੇ ਹਨ ਲਈ ਵੀ ਇਸ ਤਰ੍ਹਾਂ ਦੇ ਥਰਾਟਲ ਅਨੁਕੂਲ ਹੁੰਦੇ ਹਨ। ਸਪਿੰਡਲ ਦੇ ਮੁੜਨ ਨਾਲ ਵਾਲਵ ਹੌਲੀ ਹੌਲੀ ਪ੍ਰਵੇਸ਼ ਦੁਆਰ ਨੂੰ ਬੰਦ ਕਰ ਦਿੰਦਾ ਹੈ। ਵਧੇਰੇ ਉਚਾਈ ਤੇ ਵੱਖ-ਵੱਖ ਹਾਲਤਾਂ ਅਨੁਸਾਰ ਥਰਾਟਲ ਵਾਲਵ ਦੇ ਨਾਲ ਇਕ ਉਚਾਈ ਕਾੱਕ ਦੀ ਵਰਤੋਂ ਵੀ ਕੀਤੀ ਜਾਂਦੀ ਹੈ। ਭਾਫ਼ ਇੰਜਣਾਂ ਵਿਚ ਵਰਤੇ ਜਾਂਦੇ ਵੱਡੇ ਥਰਾਟਲ ਵਾਲਵ ਨਾਲ, ਪਿਟਸਨ ਵਾਲਵ ਪੈਕਿੰਗ ਰਿੰਗ ਸਹਿਤ ਲਗੇ ਹੁੰਦੇ ਹਨ। ਇਸ ਤਰ੍ਹਾਂ ਵਾਲਵ ਦੇ ਖੁਲ੍ਹਣ ਤੇ ਬੰਦ ਹੋਣ ਦਾ ਕੰਮ ਬੜੀ ਆਸਾਨੀ ਨਾਲ ਹੋ ਜਾਂਦਾ ਹੈ। ਇੰਜਣ ਦੀ ਗਤੀ ਘੱਟ ਕਰਦਿਆਂ ਜੇ ਚਾਲਕ ਵਲੋਂ ਅਣਗਹਿਲੀ ਹੋ ਜਾਵੇ ਤਾਂ ਇਕ ਉਪਕਰਣ ਰਾਹੀਂ ਥਰਾਟਲ ਵਾਲਵ ਬੰਦ ਹੋ ਜਾਂਦਾ ਹੈ ਅਤੇ ਬ੍ਰੇਕ ਲਗ ਜਾਂਦੀ ਹੈ। ਵੱਡੇ-ਵੱਡੇ ਰੋਲਿੰਗ ਮਿਲ ਇੰਜਣਾਂ ਵਿਚ ਵੀ ਥਰਾਟਲ ਵਾਲਵ ਲਗੇ ਹੁੰਦੇ ਹਨ।

ਹ. ਪੁ.– ਐਨ. ਬ੍ਰਿ. ਮਾ. 9:983; ਐਨ. ਬ੍ਰਿ. 22:163

ਥ੍ਰਾਮਬੋਸਾਈਟੋਸਥੀਨੀਆ (Thrombocytasthenia): ਇਸ ਨੂੰ ਥ੍ਰਾਮਬੋਸਥੀਨੀਆ ਵੀ ਕਹਿੰਦੇ ਹਨ। ਇਹ ਨਾਂ ਕਈ ਸਰੀਰਕ ਵਿਗਾੜਾਂ ਜਾਂ ਬੀਮਾਰੀਆਂ ਨੂੰ ਦਿੱਤਾ ਜਾਂਦਾ ਹੈ, ਜਿਨ੍ਹਾਂ ਵਿਚ ਲਹੂ-ਪਲੇਟਲੈੱਟ ਅਸਾਧਾਰਣ ਕਿਸਮ ਦੇ ਹੁੰਦੇ ਹਨ ਪਰ ਉਨ੍ਹਾਂ ਦੀ ਗਿਣਤੀ ਸਾਧਾਰਣ ਹੀ ਰਹਿੰਦੀ ਹੈ, ਬਹੁਤ ਸਮੇਂ ਤੱਕ ਲਹੂ ਦਾ ਵਹਿੰਦੇ ਰਹਿਣਾ, ਗਤਲਾ ਬਣਨ ਵਿਚ ਨੁਕਸ ਹੋਣਾ ਅਤੇ ਹੈਮਰੇਜ ਹੋਣ ਦੀ ਪ੍ਰਵਿਰਤੀ ਰਹਿੰਦੀ ਹੈ। ਇਹ ਹਾਲਤ ਪ੍ਰਮੁੱਖ ਲੱਛਣਾਂ ਦੀ ਤਰ੍ਹਾਂ ਵੰਸ਼ਾਗਤ ਵੀ ਹੋ ਸਕਦੀ ਹੈ ਅਤੇ ਗ੍ਰਹਿਣਿਤ (ਉਪਰਜਿਤ) ਵੀ। ਬੱਚਿਆਂ ਵਿਚ ਇਹ ਕਿਸੇ ਬਹੁਤੀ ਲਾਗ ਤੋਂ ਬਾਅਦ ਅਤੇ ਬਾਲਗਾਂ ਵਿਚ ਕਾਫ਼ੀ ਲੰਮੇ ਅਰਸੇ ਲਈ ਕਿਸੇ ਵਿਗਾੜ ਜਾਂ ਬੀਮਾਰੀ ਤੋਂ ਬਾਅਦ ਹੁੰਦੀ ਹੈ।

ਇਸ ਦਾ ਇਲਾਜ ਲਹੂ ਨੂੰ ਵਗਣ ਤੋਂ ਰੋਕਣਾ ਹੈ; ਇਹ ਕਿਸੇ ਵੀ ਤਰੀਕੇ ਨਾਲ ਰੋਕਿਆ ਜਾ ਸਕਦਾ ਹੈ ਜਿਵੇਂ ਥ੍ਰਾਮਬਿਨ (ਫਿਬਰਨ ਫੋਮ) ਦੀ ਵਰਤੋਂ ਨਾਲ ਜਾਂ ਦਬਾਉ ਪਾ ਕੇ। ਪਲੇਟਲੈੱਟ ਬਦਲਣ ਦੇ ਤਰੀਕੇ ਨਾਲ ਇਲਾਜ ਦੀ ਕੋਈ ਖ਼ਾਸ ਮਹੱਤਤਾ ਨਹੀਂ ਰਹਿ ਜਾਂਦੀ ਕਿਉਂਕਿ ਵੰਸ਼ਾਗਤ ਕੇਸਾਂ ਵਿਚ ਪਲੇਟਲੈੱਟਾਂ ਦੀਆਂ ਐਂਟੀਬਾਡੀਜ਼ ਪੈਦਾ ਹੋ ਜਾਂਦੀਆਂ ਹਨ ਅਤੇ ਗ੍ਰਹਿਣਿਤ ਕਿਸਮਾਂ ਵਿਚ ਅਸਲੀ ਅਸਾਧਾਰਨਤਾ ਬਦਲੇ ਹੋਏ ਪਲੇਟਲੈੱਟਾਂ ਉੱਤੇ ਆ ਜਾਂਦੀ ਹੈ।

ਹ. ਪੁ.–ਐਨ. ਬ੍ਰਿ. ਮਾ.9 : 982

ਥ੍ਰਾਮਬੋਸਿਸ : ਲਹੂ-ਵਹਿਣੀ ਦੇ ਅੰਦਰ ਲਹੂ ਦੇ ਜੰਮ ਜਾਣ ਨੂੰ ਥ੍ਰਾਮਬੋਸਿਸ ਕਿਹਾ ਜਾਂਦਾ ਹੈ। ਲਹੂ ਦੇ ਗਤਲੇ ਨੂੰ ਥ੍ਰਾਮਬਸ ਕਹਿੰਦੇ ਹਨ। ਅਰੋਗ ਮਨੁੱਖ ਵਿਚ ਲਹੂ ਤਰਲ ਰੂਪ ਵਿਚ ਦੌਰਾ ਕਰਦਾ ਹੈ ਪਰ ਲਹੂ ਨੂੰ ਤਰਲ ਅਵਸਥਾ ਵਿਚ ਰਖਣ ਵਾਲੀ ਕਿਰਿਆ ਵਿਧੀ ਵਿਚ ਜਦੋਂ ਕਦੀ ਵਿਘਨ ਪੈਂਦਾ ਹੈ ਤਾਂ ਥ੍ਰਾਮਬੋਸਿਸ ਹੋ ਜਾਂਦਾ ਹੈ। ਲਹੂ-ਵਹਿਣੀ ਵਿਚ ਲਹੂ ਗਤਲਾ ਬਣ ਜਾਂਦਾ ਹੈ ਜੋ ਲਹੂ-ਵਹਾਅ ਵਿਚ ਰੁਕਾਵਟ ਪੈਦਾ ਕਰਦਾ ਹੈ। ਥ੍ਰਾਮਬੋਸਿਸ ਧਮਣੀ, ਸ਼ਿਰਾ ਜਾਂ ਦਿਲ ਦੇ ਚੈਂਬਰ ਵਿਚ ਹੋ ਜਾਂਦਾ ਹੈ। ਆਮ ਤੌਰ ਤੇ ਥ੍ਰਾਮਬੋਸਿਸ ਸ਼ਿਰਾਵਾਂ ਵਿਚ ਹੀ ਹੁੰਦਾ ਹੈ।

ਕਾਰਨ ਅਤੇ ਲੱਛਣ—ਸ਼ਿਰਾਵਾਂ ਦੇ ਜ਼ਖਮੀ ਹੋ ਜਾਣ ਕਾਰਨ, ਕਿਸੇ ਅੱਪਰੇਸ਼ਨ ਹੋਣ ਤੋਂ ਬਾਅਦ, ਕੋਈ (ਲੋਕਲ) ਸਥਾਨਿਕ ਲਾਗ ਹੋਣ ਤੇ ਜਾਂ ਗਰਭ ਅਵਸਥਾ ਸਮੇਂ ਲਹੂ ਵਹਾਅ ਘੱਟ ਜਾਂਦਾ ਹੈ ਤਾਂ ਥ੍ਰਾਮਬੋਸਿਸ ਹੋ ਜਾਂਦਾ ਹੈ। ਕਈ ਵਾਰ ਕਿਸੀ ਲੰਮੀ ਬੀਮਾਰੀ ਕਾਰਨ ਮਰੀਜ਼ ਨੂੰ ਬਹੁਤ ਲੰਮੇ ਸਮੇਂ ਲਈ ਮੰਜੇ ਤੇ ਪੈਣਾ ਪੈਂਦਾ ਹੈ ਤਾਂ ਵੀ ਇਹ ਰੋਗ ਹੋ ਜਾਂਦਾ ਹੈ। ਉਦਾਹਰਣ ਦੇ ਤੌਰ ਤੇ ਲੱਤ ਦੀ ਮੁੱਖ ਸ਼ਿਰਾ ਵਿਚ ਗਤਲਾ ਬਣਨ ਨਾਲ ਪੈਰ ਅਤੇ ਗਿੱਟੇ ਤੇ ਸੋਜ਼ ਹੋ ਜਾਂਦੀ ਹੈ। ਇਸ ਰੋਗ ਨਾਲ ਹੋਣ ਵਾਲੇ ਨੁਕਸਾਨ ਦੀ ਮਾਤਰਾ ਇਸ ਗੱਲ ਤੇ ਨਿਰਭਰ ਕਰਦੀ ਹੈ ਕਿ ਉਸ ਅੰਗ ਨੂੰ ਹੋਰ ਕਿਧਰੋਂ ਖ਼ੂਨ ਸਪਲਾਈ ਹੁੰਦਾ ਹੈ ਜਾਂ ਨਹੀਂ। ਜੇ ਹੋਰ ਕਿਸੇ ਰਸਤਿਉਂ ਖ਼ੂਨ ਨਹੀਂ ਮਿਲਦਾ ਤਾਂ ਉਸ ਹਿੱਸੇ ਦੇ ਸਾਰੇ ਜੀਵਿਤ ਸੈੱਲ ਜਿਨ੍ਹਾਂ ਨੂੰ ਉਸ ਸ਼ਿਰਾ/ਧਮਣੀ ਤੋਂ ਖ਼ੂਨ ਮਿਲਦਾ ਸੀ ਜਿਸ ਵਿਚ ਰੁਕਾਵਟ ਬਣ ਗਈ ਹੈ ਮਰ ਜਾਣਗੇ। ਧਮਣੀਆਂ ਵਿਚ ਰੁਕਾਵਟ ਕਾਰਨ ਉਹ ਸਖ਼ਤ ਅਤੇ ਤੰਗ ਹੋ ਜਾਣਗੀਆਂ।

ਜਦੋਂ ਆਮ ਵਹਾਅ ਵਿਚ ਕੋਈ ਤਬਦੀਲੀ ਆਉਂਦੀ ਹੈ ਤਾਂ ਵੀ ਇਹ ਰੋਗ ਹੋ ਸਕਦਾ ਹੈ। ਲਹੂ ਵਹਿਣੀਆਂ ਦੀ ਲਾਈਨਿੰਗ ਤੇ ਚੋਟ ਲਗਣ ਕਾਰਨ ਅਤੇ ਲਹੂ ਵਹਿਣੀਆਂ ਦੇ ਜ਼ਿਆਦਾ ਚੌੜੇ ਹੋਣ ਕਾਰਨ ਵੀ ਇਹ ਰੋਗ ਹੋ ਜਾਂਦਾ ਹੈ।

ਲਹੂ ਦੀ ਸਕੰਦਨ ਯੋਗਤਾ (coagulation ability) ਵਿਚ ਤਬਦੀਲੀ ਹੋਣਾ ਵੀ ਇਸ ਰੋਗ ਦਾ ਕਾਰਨ ਹੋ ਸਕਦਾ ਹੈ। ਲਹੂ ਗਤਲਾ ਬਣਨ ਸਮੇਂ ਘੁਲਣਸ਼ੀਲ ਪ੍ਰੋਟੀਨ ਫਿਬਰੀਨੋਜਨ, ਅਘੁਲਣ-ਸ਼ੀਲ ਪ੍ਰੋਟੀਨ ਫਿਬਰਿਨ ਵਿਚ ਤਬਦੀਲ ਹੋ ਜਾਂਦਾ ਹੈ। ਇਹ ਤਬਦੀਲੀ ਥ੍ਰਾਮਬਿਨ ਐਨੱਜ਼ਾਈਮ ਕਾਰਨ ਹੁੰਦੀ ਹੈ। ਕੁਝ ਹੋਰ ਕਾਰਨਾਂ ਕਰਕੇ ਲਹੂ-ਪਲੇਟਲੈੱਟਸ ਦੀ ਥ੍ਰਾਮਬੋਪਲਾਸਟਿਕ ਕਿਰਿਆ ਵਿਚ ਵਾਧਾ ਹੁੰਦਾ ਹੈ।

ਧਮਣੀ ਥ੍ਰਾਮਬੋਸਿਸ ਘੱਟ ਹੀ ਹੁੰਦਾ ਹੈ। ਆਮ ਤੌਰ ਤੇ ਸ਼ਿਰਾ-ਥ੍ਰਾਮਬੋਸਿਸ ਹੀ ਹੁੰਦਾ ਹੈ। ਜਿਸ ਅੰਗ ਵਿਚ ਵਹਿਣੀ ਵਲੋਂ ਖ਼ੂਨ ਸਪਲਾਈ ਹੁੰਦਾ ਹੋਵੇ ਉਸ ਵਿਚ ਰੁਕਾਵਟ ਪੈਣ ਨਾਲ ਨੁਕਸਾਨ ਹੁੰਦਾ ਹੈ। ਲਹੂ ਗਤਲੇ ਜਦੋਂ ਫੇਫੜਿਆਂ ਤੇ ਅਸਰ ਕਰਦੇ ਹਨ ਤਾਂ ਅਚਾਨਕ ਮੌਤ ਹੋ ਜਾਣ ਦਾ ਖਤਰਾ ਹੁੰਦਾ ਹੈ। ਥ੍ਰਾਮਬੋਸਿਸ ਕਾਰਨ ਦੌਰੇ ਪੈਂਦੇ ਹਨ ਜੋ ਆਮ ਤੌਰ ਤੇ ਬਹੁਤੇ ਖਤਰਨਾਕ ਨਹੀਂ ਹੁੰਦੇ ਪਰ ਇਨ੍ਹਾਂ ਕਾਰਨ ਕਈ ਵਾਰ ਸਥਾਈ ਨੁਕਸ ਪੈਣ ਦਾ ਡਰ ਰਹਿੰਦਾ ਹੈ।

ਸ਼ਿਰਾ ਥ੍ਰਾਮਬੋਸਿਸ ਦੋ ਤਰ੍ਹਾਂ ਦਾ ਹੁੰਦਾ ਹੈ। ਫਲੈਬੋਥ੍ਰਾਮਬੋਸਿਸ ਅਤੇ ਥ੍ਰਾਮੋਫਲੀਬਾਈਟਿਸ। ਫਲੈਬੋਥ੍ਰਾਮਬੋਸਿਸ ਕਿਸਮ ਮਹੱਤਵਪੂਰਨ ਕਿਸਮ ਹੈ। ਵੱਡੀਆਂ ਸ਼ਿਰਾਵਾਂ ਉੱਤੇ ਇਸ ਦਾ ਘਾਤਕ ਅਸਰ ਹੁੰਦਾ ਹੈ। ਲੱਤਾਂ ਦੀਆਂ ਡੂੰਘੀਆਂ ਸ਼ਿਰਾਵਾਂ ਉੱਤੇ ਇਸ ਦਾ ਬਹੁਤ ਅਸਰ ਹੁੰਦਾ ਹੈ। ਥ੍ਰਾਮੋਫਲੀਬਾਈਟਿਸ ਨਾਲ ਸ਼ਿਰਾਂ ਦੀਆਂ ਭਿੱਤੀਆਂ (walls) ਦੀ ਸੋਜਸ਼ ਹੋ ਜਾਂਦੀ ਹੈ।

ਜੇਕਰ ਵੱਡੀ ਸ਼ਿਰਾ ਰੋਗਗ੍ਰਸਤ ਹੋਵੇ ਤਾਂ ਘਾਤਕ ਅਸਰ ਹੋ ਸਕਦਾ ਹੈ। ਜੇਕਰ ਗਤਲਾ ਲਾਗ ਗ੍ਰਸਤ ਹੋਵੇ ਤਾਂ ਇਹ ਟੁੱਟ ਜਾਂਦਾ ਹੈ ਤੇ ਇਹ ਲਾਗ ਪਦਾਰਥ ਹੋਰ ਜਗ੍ਹਾ ਤੇ ਵੀ ਪੁੱਜ ਸਕਦਾ ਹੈ ਜੇ ਇਹ ਦਿਲ ਅਤੇ ਦਿਮਾਗ਼ ਤੱਕ ਪਹੁੰਚ ਜਾਵੇ ਤਾਂ ਭਾਰੀ ਨੁਕਸਾਨ ਕਰਦਾ ਹੈ। ਅੱਪਰੇਸ਼ਨ ਤੋਂ ਬਾਅਦ ਜਾਂ ਬਹੁਤ ਦੇਰ ਮੰਜੇ ਤੇ ਪੈਣ ਕਾਰਨ ਲੱਤਾਂ ਤੇ ਸੋਜ਼ ਕਾਰਨ ਤੁਰਨ ਵਿਚ ਤੰਗੀ ਹੁੰਦੀ ਹੈ। ਚਮੜੀ ਲਾਲ ਹੋ ਜਾਂਦੀ ਹੈ ਅਤੇ ਥੋੜ੍ਹਾ ਥੋੜ੍ਹਾ ਬੁਖ਼ਾਰ ਵੀ ਰਹਿੰਦਾ ਹੈ।

ਉਪਾਅ—ਸੰਨ 1940 ਤੋਂ ਬਾਅਦ ਇਸ ਦੇ ਇਲਾਜ ਵਿਚ ਵਾਧਾ ਹੋਇਆ ਹੈ। ਥ੍ਰਾਮਬੋਸਿਸ ਦੇ ਇਲਾਜ ਲਈ ਕਈ ਪ੍ਰਤੀ ਸਕੰਦਨ ਪਦਾਰਥ (anticoagulants) ਜਿਵੇਂ ਕਿ ਹੈਪੇਰਿਨ, ਡਾਈਕੂਮੇਰੱਲ ਵਰਤੇ ਜਾਂਦੇ ਹਨ। ਕਈ ਵਾਰ ਗਤਲਾ ਹਟਾਉਣ ਲਈ ਅੱਪਰੇਸ਼ਨ ਵੀ ਕਰਨਾ ਪੈਂਦਾ ਹੈ ਤਾਂ ਜੋ ਖ਼ੂਨ ਦੀ ਸਪਲਾਈ ਠੀਕ ਤਰ੍ਹਾਂ ਹੋ ਸਕੇ। ਪ੍ਰਤੀ ਸੰਕਦਨ ਦਵਾਈ ਦੇ ਨਾਲ ਨਾਲ ਮਾਲਸ਼ ਅਤੇ ਕਸਰਤ ਵੀ ਲਾਹੇਵੰਦ ਸਿੱਧ ਹੁੰਦੇ ਹਨ। ਲੰਮੀ ਬੀਮਾਰੀ ਵਿਚ ਜਾਂ ਅੱਪਰੇਸ਼ਨ ਤੋਂ ਬਾਅਦ ਜਿੰਨੀ ਜਲਦੀ ਮਰੀਜ਼ ਨੂੰ ਤੁਰਾਇਆ ਜਾਵੇ ਉਤਨਾ ਠੀਕ ਰਹਿੰਦਾ ਹੈ।

ਹ. ਪੁ.– ਐਨ. ਮਾ. 9 : 739; ਐਨ. ਬ੍ਰਿ. 22:162; ਐਨ. ਮੈ. ਐਂਡ. ਹੈ. 4 :1260; ਐਨ. ਸ. ਟ. 13 : 633


ਥਰਿੰਗ ਐਡਵਰਡ : ਇਹ ਇੰਗਲੈਂਡ ਦਾ 19ਵੀਂ ਸਦੀ ਦਾ ਉਹ ਪਾਦਰੀ ਸੀ ਜ਼ਿਹੜਾ ਥਾਮਸ ਆਰਨਾਰਡ ਜਿਹੇ ਸਿਰ ਕੱਢਵੇਂ ਅੰਗਰੇਜ਼ੀ ਸਕੂਲਾਂ ਦੇ ਮਾਸਟਰਾਂ ਵਿਚੋਂ ਇਕ ਸੀ। ਇਸ ਦਾ ਜਨਮ ਸਮਰਸੈੱਟ ਦੇ ਸ਼ਹਿਰ ਅਲਫੋਰਡ ਵਿਖੇ 29 ਨਵੰਬਰ, 1821 ਨੂੰ ਹੋਇਆ ਅਤੇ ਇਸ ਨੇ ਕੈਂਬਰਿਜ ਵਿਖੇ ਐਟਨ ਅਤੇ ਕਿੰਗਜ਼ ਦੇ ਕਾਲਜਾਂ ਤੋਂ ਸਿੱਖਿਆ ਪ੍ਰਾਪਤ ਕੀਤੀ। ਸੰਨ 1846 ਵਿਚ ਪਾਦਰੀ ਬਣਨ ਤੋਂ ਸੱਤ ਸਾਲ ਪਿਛੋਂ ਇਸ ਨੂੰ ਓਪਿੰਗਹਮ ਸਕੂਲ ਦਾ ਹੈਡਮਾਸਟਰ ਨਿਯੁਕਤ ਕਰ ਦਿੱਤਾ ਜਿਥੇ ਉਥੋਂ ਦੇ ਗਵਰਨ ਨੇ ਤੰਗ

ਕਰਦੇ ਹੋਏ ਇਸ ਨੂੰ ਛੋਟੇ ਵਿਆਕਰਣ ਸਕੂਲ ਤੋਂ ਇਕ ਵੱਡੇ ਪਬਲਿਕ ਸਕੂਲ ਵਿਚ ਬਦਲ ਦਿੱਤਾ। ਥਰਿੰਗ ਆਖ਼ਰੀ ਪਲਾਂ ਤਕ ਇਸ ਸਕੂਲ ਦਾ ਹੈਡਮਾਸਟਰ ਰਿਹਾ। ਇਸ ਦਾ ਵਿਚਾਰ ਸੀ ਕਿ ਹਰ ਇਕ ਮੁੰਡਾ ਚੰਗੀ ਕਾਰਗੁਜ਼ਾਰੀ ਦਿਖਾ ਸਕਦਾ ਹੈ ਪਰ ਇਹ ਅਧਿਆਪਕ ਦਾ ਕੰਮ ਹੈ ਕਿ ਉਹ ਕਿਸ ਢੰਗ ਨਾਲ ਇਸ ਨੂੰ ਉਜਾਗਰ ਕਰਦਾ ਹੈ।

ਸੰਨ 1859 ਵਿਚ ਇਸ ਨੇ ਇੰਗਲੈਂਡ ਵਿਚ ਪਹਿਲਾ ਜਿਮਨੇਜ਼ੀਅਮ ਸਕੂਲ ਖੋਲ੍ਹਿਆ ਜਿਥੇ ਲੱਕੜੀ ਅਤੇ ਧਾਤ ਦੀਆਂ ਵਰਕਸ਼ਾਪਾਂ ਖੋਲ੍ਹੀਆਂ ਗਈਆਂ ਅਤੇ ਇਸ ਦੇ ਨਾਲ-ਨਾਲ ਇਸ ਸਕੂਲ ਵਿਚ ਇਸ ਨੇ ਅੰਗਰੇਜ਼ੀ, ਹਿਸਾਬ ਅਤੇ ਸਨਾਤਨੀ / ਕਲਾਸਕੀ ਸਿਖਲਾਈ ਤੇ ਵੀ ਜ਼ੋਰ ਦਿੱਤਾ। ਇਸ ਸਕੂਲ ਵਿਚ ਇਕ ਸਵਿੰਮਿੰਗ ਪੂਲ ਅਤੇ ਸਕੂਲ ਬਾਗਵਾਨੀ ਦੇ ਮੌਕੇ ਵੀ ਪ੍ਰਦਾਨ ਕੀਤੇ ਗਏ। ਇਸ ਨੇ ਓਪਿੰਗਹਮ ਵਿਚ ਦਿੱਤੀ ਜਾਂਦੀ ਸਿੱਖਿਆ ਨੂੰ ਸ਼ੁੱਧ ਅਤੇ ਉਤੇਜਿਤ ਕਰਨ ਵਾਲੀਆਂ ਸ਼ਕਤੀਆਂ ਅਤੇ ਸੰਗੀਤ ਨੂੰ ਸ਼ਕਤੀਸ਼ਾਲੀ ਬਣਾਉਣ ਵਾਲੀਆਂ ਪ੍ਰੰਪਰਾਵਾਂ ਨੂੰ ਉਭਾਰਨ ਉੱਤੇ ਵੀ ਜ਼ੋਰ ਦਿੱਤਾ। 22 ਅਕਤੂਬਰ, 1887 ਵਿਚ ਇਸ ਦੀ ਉਪਿੰਗਹਮ ਵਿਚ ਰਾਲੈਂਡ ਵਿਖੇ ਮੌਤ ਹੋ ਗਈ।

ਹ.ਪੁ.–ਐਨ.ਬ੍ਰਿ.ਮਾ. 11:738

ਥਰਿਨੈਕਸੋਡਾਨ : ਇਹ ਥਣਧਾਰੀਆਂ ਵਰਗੇ ਰੀਂਗਣੇ ਪ੍ਰਾਣੀਆਂ ਦੀ ਇਕ ਲੁਪਤ ਹੋ ਚੁੱਕੀ, ਵਿਕਸਿਤ ਪ੍ਰਜਾਤੀ ਹੈ। ਦੱਖਣੀ ਅਫ਼ਰੀਕਾ ਵਿਚ ਅਗਲੇਰੇ ਟ੍ਰਾਈਐਸਿਕ ਸਮਿਆਂ ਵਿਚ ਬਣੇ ਮਹਾਂ-ਦੀਪੀ ਡਿਪਾਜ਼ਿਟਾਂ ਵਿਚੋਂ ਇਨ੍ਹਾਂ ਦੇ ਪਥਰਾਟ ਮਿਲੇ ਹਨ।



ਥਰਿਨੈਕਸੋਡਾਨ ਦਾ ਪਿੰਜਰ

ਥਰਿਨੈਕਸੋਡਾਨ ਹਲਕਾ ਜਿਹਾ, ਤਕਰੀਬਨ ਅੱਧਾ ਕੁ ਮੀ. ਲੰਮਾ ਪ੍ਰਾਣੀ ਸੀ। ਇਸ ਦੀਆਂ ਲੱਤਾਂ-ਬਾਹਾਂ ਅਤੇ ਗਰਡਲ ਮਜ਼ਬੂਤ ਸਨ ਅਤੇ ਸਰੀਰ ਨੂੰ ਚੰਗੀ ਤਰ੍ਹਾਂ ਸਹਾਰਾ ਦੇ ਸਕਦੇ ਸਨ। ਸਰੀਰ ਜ਼ਮੀਨ ਤੋਂ ਉਪਰ ਚੁਕਿਆ ਹੋਇਆ ਸੀ। ਇਹ ਬੜਾ ਫ਼ੁਰਤੀਲਾ ਅਤੇ ਚੁਸਤ ਸ਼ਿਕਾਰਖੋਰ ਪ੍ਰਾਣੀ ਸੀ। ਇਸ ਦੇ ਪਿੰਜਰ ਅਤੇ ਖੋਪਰੀ ਦੀ ਅਨੈਟਮੀ ਆਮ ਵਰਗੀ ਹੀ ਸੀ, ਸਿਰਫ਼ ਕੁਝ ਵੱਖਰੇਵੇਂ ਸਨ। ਇਹ ਪ੍ਰਾਣੀ ਕਾਫ਼ੀ ਪੁਰਾਤਨ ਭੂ-ਵਿਗਿਆਨਕ ਸਮੇਂ ਵਿਚ ਮਿਲੇ ਸਨ ਅਤੇ ਅਨੁਮਾਨ ਹੈ ਕਿ ਸਭ ਤੋਂ ਪਹਿਲੇ ਥਣਧਾਰੀ ਇਨ੍ਹਾਂ ਵਿਚੋਂ ਹੀ ਵਿਕਸਿਤ ਹੋਏ ਹਨ। ਇਸ ਦੇ ਕੁਝ ਲੱਛਣਾਂ ਬਾਰੇ ਪੱਕਾ ਪਤਾ ਨਹੀਂ ਲਗ ਸਕਿਆ ਜਿਵੇਂ ਕਿ ਕੀ ਇਸ ਦਾ ਸਰੀਰ ਰੀਂਗਣ ਵਾਲੇ ਪ੍ਰਾਣੀਆਂ ਵਰਗੀ ਚਮੜੀ ਜਾਂ ਵਾਲਾਂ ਨਾਲ ਢੱਕਿਆ ਸੀ? ਕੀ ਇਹ ਅੰਡੇ ਜਾਂ ਸਿਧੇ ਬੱਚਿਆਂ ਨੂੰ ਹੀ ਜਨਮ ਦਿੰਦੇ ਸਨ? ਇਹ ਆਪਣੇ ਬੱਚਿਆਂ ਦੀ ਦੇਖ ਭਾਲ ਕਰਦੇ ਸਨ ਕਿ ਨਹੀਂ ਇਸ ਬਾਰੇ ਵੀ ਪਕਾ ਪਤਾ ਨਹੀਂ ਚਲ ਸਕਿਆ।

ਹ.ਪੁ.– ਐਨ. ਬ੍ਰਿ. ਮਾ. 9 : 981

ਥਰਿਪਸ : ਇਹ ਥਾਈਸੈਨਾੱਪਟਰਾ ਆੱਰਡਰ ਦੇ ਛੋਟੇ-ਛੋਟੇ ਕੀੜੇ ਹਨ ਜਿਹੜੇ ਆਮ ਤੌਰ ਤੇ ਲੁਕੇ ਛਿਪੇ ਰਹਿੰਦੇ ਹਨ ਅਤੇ ਪੌਦਿਆਂ ਨੂੰ ਨੁਕਸਾਨ ਪਹੁੰਚਾਉਂਦੇ ਹਨ। ਇਨ੍ਹਾਂ ਦੀਆਂ ਲਗਭਗ 5,000 ਜਾਤੀਆਂ ਦਾ ਹੀ ਪਤਾ ਲਗ ਸਕਿਆ ਹੈ ਜਿਨ੍ਹਾਂ ਵਿਚੋਂ ਗਲੈਡੀਓਲਸ ਅਤੇ ਕਣਕ ਦੇ ਥਰਿਪਸ ਅਤੇ ਗ੍ਰੀਨ ਹਾਊਸਾਂ ਵਿਚ ਮਿਲਣ ਵਾਲੇ ਥਰਿਪਸ ਪ੍ਰਮੁੱਖ ਹਨ।

ਇਨ੍ਹਾਂ ਸੂਖ਼ਮ ਜੀਵਾਂ ਦੇ ਸਰੀਰ ਦੀ ਲੰਬਾਈ 0.5 ਮਿ. ਮੀ. ਤੋਂ ਲੈ ਕੇ 5 ਮਿ. ਮੀ. ਤੱਕ ਹੁੰਦੀ ਹੈ। ਇਨ੍ਹਾਂ ਦਾ ਸਰੀਰ ਪਤਲਾ ਅਤੇ ਲੰਬਾ ਹੁੰਦਾ ਹੈ ਅਤੇ ਇਨ੍ਹਾਂ ਦੀਆਂ ਟੋਹਣੀਆਂ ਐਂਟੇਨਾ ਵਿਚ ਚਾਰ ਤੋਂ ਲੈ ਕੇ ਨੌਂ ਤੱਕ ਜੋੜ ਹੁੰਦੇ ਹਨ। ਬਹੁਤੀਆਂ ਜਾਤੀਆਂ ਦੇ ਸਰੀਰ ਉੱਤੇ ਲੰਬੇ-ਲੰਬੇ ਪਤਲੇ ਪਰ ਹੁੰਦੇ ਹਨ ਜਿਨ੍ਹਾਂ ਦੇ ਕਿਨਾਰਿਆਂ ਤੇ ਲੰਬੇ-ਲੰਬੇ ਵਾਲ ਜਿਹੇ ਹੁੰਦੇ ਹਨ। ਕਈਆਂ ਦੇ ਪਰ ਛੋਟੇ ਵੀ ਹੁੰਦੇ ਹਨ ਪਰ ਇਹ ਉੱਡਣ ਵਿਚ ਸਹਾਈ ਨਹੀਂ ਹੁੰਦੇ। ਕਈ ਕਿਸਮਾਂ ਬਿਲਕੁਲ ਪਰਹੀਣ ਹੁੰਦੀਆਂ ਹਨ। ਇਨ੍ਹਾਂ ਦੇ ਟਾਰਸਾਈ (ਪੈਰਾਂ) ਉੱਤੇ ਸੂਖ਼ਮ, ਬਾਹਰ ਨੂੰ ਨਿਕਲਣ ਵਾਲੇ ਬਲੈਡਰ ਹੁੰਦੇ ਹਨ ਜਿਹੜੇ ਇਨ੍ਹਾਂ ਨੂੰ ਪੱਧਰੀ ਸਤ੍ਹਾ ਤੇ ਚਲਣ ਵਿਚ ਸਹਾਇਤਾ ਕਰਦੇ ਹਨ।

ਇਨ੍ਹਾਂ ਦੇ ਮੂੰਹ ਵਿਚ ਅਸਮਮਿਤ ਵਿੰਨ੍ਹਣ-ਮੂੰਹ ਅੰਗ ਹੁੰਦੇ ਹਨ। ਇਨ੍ਹਾਂ ਦਾ ਮੁੱਖ ਆਹਾਰ ਪੌਦਿਆਂ ਦਾ ਰਸ, ਗਲੀ-ਸੜੀ ਬਨਸਪਤੀ, ਉੱਲੀ, ਮਾਈਟ ਅਤੇ ਹੋਰ ਛੋਟੇ ਮੋਟੇ ਕੀੜੇ-ਮਕੌੜੇ ਹਨ।

ਇਨ੍ਹਾਂ ਵਿਚ ਪ੍ਰਜਣਨ ਲਿੰਗੀ ਅਤੇ ਅਲਿੰਗੀ ਦੋਹਾਂ ਵਿਧੀਆਂ ਰਾਹੀਂ ਹੁੰਦਾ ਹੈ। ਨਰ ਬਹੁਤ ਘੱਟ ਹੁੰਦੇ ਹਨ। ਮਾਦਾ ਓਵੀਪਾਜ਼ੀਟਰ ਰਾਹੀਂ ਅੰਡਿਆਂ ਨੂੰ ਪੌਦਿਆਂ ਦੇ ਟਿਸ਼ੂ ਵਿਚ ਦਾਖ਼ਲ ਕਰ ਦਿੰਦੀ ਹੈ। ਜੇ ਓਵੀਪਾਜ਼ੀਟਰ ਨਾ ਹੋਣ ਤਾਂ ਇਹ ਅੰਡਿਆਂ ਨੂੰ ਕਿਸੇ ਸੁਰੱਖਿਅਤ ਥਾਂ ਤੇ ਲੁਕਾ ਦਿੰਦੀ ਹੈ।

ਇਨ੍ਹਾਂ ਦਾ ਜੀਵਨ-ਚੱਕਰ ਨਿਯਮਿਤ ਅਤੇ ਪੂਰੇ-ਰੂਪਾਂਤਰਣ ਦੇ ਵਿਚ ਵਿਚਾਲੇ ਜਿਹੀ ਕਿਸਮ ਦਾ ਹੈ। ਪਿਊਪਾ ਤੋਂ ਪਹਿਲੀ ਹਾਲਤ ਵਿਚ ਇਹ ਕੀੜਾ ਚੁਸਤ ਹੁੰਦਾ ਹੈ ਅਤੇ ਇਸ ਦੇ ਅਵਿਕਸਿਤ ਪਰ (ਵਿੰਗ ਪੈਡ) ਨਿਕਲ ਆਉਂਦੇ ਹਨ। ਬਾਲਗ਼ ਬਣਨ ਤੋਂ ਪਹਿਲਾਂ ਇਹ ਇਕ ਜਾਂ ਇਕ ਤੋਂ ਵੱਧ ਪਿਊਪਾ ਹਾਲਤਾਂ ਵਿਚੋਂ ਲੰਘਦਾ ਹੈ।

ਥਰਿਪਸ ਪੌਦਿਆਂ ਦਾ ਰਸ ਚੂਸ ਕੇ ਉਨ੍ਹਾਂ ਨੂੰ ਨੁਕਸਾਨ ਪਹੁੰਚਾਉਂਦੇ ਹਨ। ਇਨ੍ਹਾਂ ਵਿਚੋਂ ਕਈ ਪੌਦਿਆਂ ਦੀਆਂ ਬੀਮਾਰੀਆਂ ਵੀ ਫੈਲਾਉਂਦੇ ਹਨ। ਕਈ ਵਾਰ ਇਹ ਮਨੁੱਖ ਨੂੰ ਵੀ ਕੱਟਦੇ ਹਨ ਪਰ ਆਮ ਤੌਰ ਤੇ ਇਹ ਮਨੁੱਖ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਉਂਦੇ ।

ਹ. ਪੁ. – ਐਨ. ਬ੍ਰਿ. 22 : 160; ਐਨ. ਬ੍ਰਿ. ਮਾ. 9 : 981

ਥ੍ਰੈਸ਼ਰ : ਇਹ ਇਕ ਤਰ੍ਹਾਂ ਦੀ ਮਸ਼ੀਨ ਹੈ ਜੋ ਖੇਤਾਂ ਵਿਚ ਗਹਾਈ ਦੇ ਕੰਮ ਆਉਂਦੀ ਹੈ। ਇਸ ਦੀ ਵਰਤੋਂ ਆਮ ਤੌਰ ਤੇ ਕਣਕ, ਝੋਨਾ, ਛੋਲੇ, ਸੋਇਆਬੀਨ ਅਤੇ ਹੋਰ ਨਿੱਕੇ ਦਾਣਿਆਂ ਅਤੇ ਬੀਜਾਂ ਵਾਲੀਆਂ ਫ਼ਸਲਾਂ ਨੂੰ ਤੂੜੀ/ਪਰਾਲੀ ਤੋਂ ਵੱਖ ਕਰਨ ਲਈ ਕੀਤੀ ਜਾਂਦੀ ਹੈ। ਪੁਰਾਣੇ ਸਮਿਆਂ ਵਿਚ ਗਹਾਈ ਲਈ ਹੱਥਾਂ ਨਾਲ ਛੜਨਾ ਅਤੇ ਜਾਨਵਰਾਂ ਦੇ ਖੁਰਾਂ ਹੇਠ ਫ਼ਸਲ ਨੂੰ ਲਿਤਾੜਨਾ ਆਦਿ ਤਰੀਕੇ ਵਰਤੇ ਜਾਂਦੇ ਸਨ। ਮੁੱਢਲੀ ਥ੍ਰੈਸ਼ਿੰਗ ਮਸ਼ੀਨ 1837 ਈ. ਵਿਚ ਹਿਰੈਮਏ ਅਤੇ ਜਾਨ ਏ. ਨੇ ਅਮਰੀਕਾ ਵਿਚ ਪੇਟੈਂਟ ਕਰਵਾਈ। ਇਸ ਵਿਚ ਘੋੜਿਆਂ ਦੀ ਵਰਤੋਂ ਕੀਤੀ ਜਾਂਦੀ ਸੀ।

ਥ੍ਰੈਸ਼ਰ ਦਾ ਵਿਕਾਸ ਵੀ ਖੇਤੀਬਾੜੀ ਢੰਗਾਂ ਵਿਚ ਸਮੇਂ ਸਮੇਂ ਸਿਰ ਆਏ ਵਿਕਾਸ ਨਾਲ ਹੁੰਦਾ ਰਿਹਾ ਅਤੇ ਵੀਹਵੀਂ ਸਦੀ ਵਿਚ ਕਾਫ਼ੀ ਵੱਡੇ ਸਥਿਰ ਥ੍ਰੈਸ਼ਰ ਵਿਕਸਿਤ ਹੋ ਚੁੱਕੇ ਸਨ। ਇਨ੍ਹਾਂ ਨੂੰ ਭਾਫ਼ ਇੰਜਣਾਂ ਜਾਂ ਟ੍ਰੈਕਟਰਾਂ ਨਾਲ ਚਲਾਇਆ ਜਾਂਦਾ ਸੀ, ਇਨ੍ਹਾਂ ਵਿਚ ਦਾਣਿਆਂ ਦੀ ਗਹਾਈ ਸੇਰੂਆਂ ਜਾਂ ਛੜਾਂ ਨਾਲ ਹੁੰਦੀ ਸੀ। ਬਹੁਤ ਸਾਰੇ ਫਾਰਸੀ ਖੇਤਰਾਂ ਵਿਚ ਗਹਾਈ ਦਾ ਕੰਮ ਥ੍ਰੈਸ਼ਰਾਂ ਤੋਂ ਬਾਅਦ ਕੰਬਾਈਨਾਂ ਦੇ ਵਿਕਾਸ ਕਾਰਨ ਕੰਬਾਈਨਾਂ ਨਾਲ ਹੋਣ ਲਗ ਗਿਆ। ਛੋਟੇ ਫਾਰਮਾਂ ਅਤੇ ਵਿਸ਼ੇਸ਼ ਕਰਕੇ ਉਨ੍ਹਾਂ ਫਾਰਮਾਂ ਤੇ ਜਿਥੇ ਪਸ਼ੂਆਂ ਦੇ ਚਾਰੇ ਲਈ ਤੂੜੀ ਲੋੜੀਂਦੀ ਹੈ ਗਹਾਈ ਦਾ ਕੰਮ ਆਮ ਕਰਕੇ ਥ੍ਰੈਸ਼ਰਾਂ ਦੀ ਮੱਦਦ ਨਾਲ ਹੀ ਕੀਤਾ ਜਾਂਦਾ ਹੈ।

ਭਾਰਤ ਵਿਚ ਪਹਿਲਾਂ ਪਹਿਲ ਗਹਾਈ ਦਾ ਕੰਮ ਫਲਿਆਂ ਨਾਲ ਵੀ ਕੀਤਾ ਜਾਂਦਾ ਸੀ। ਇਸ ਵਿਚ ਕੁਝ ਪਸ਼ੂਆਂ ਦਾ ਸਮੂਹ ਵਰਤੋਂ ਵਿਚ ਲਿਆਂਦਾ ਜਾਂਦਾ ਸੀ। ਕਣਕ ਦੀਆਂ ਭਰੀਆਂ/ਪੂਲੀਆਂ ਗੋਲਾਕਾਰ ਜਗ੍ਹਾ ਵਿਚ ਖਲਾਰ ਦਿੱਤੀਆਂ ਜਾਂਦੀਆਂ ਸਨ ਅਤੇ ਪਸ਼ੂ ਇਸ ਉਪਰੋਂ ਲੰਘਾਏ ਜਾਂਦੇ ਸਨ ਤਾਂ ਜੋ ਇਨ੍ਹਾਂ ਦੇ ਖੁਰਾਂ ਦੇ ਨਾਲ ਭਾਰ ਪੈਣ ਕਾਰਨ ਕਣਕ ਦੇ ਦਾਣੇ ਬੱਲੀਆਂ ਤੋਂ ਅਲਗ ਹੋ ਜਾਣ ਅਤੇ ਫਿਰ ਇਨ੍ਹਾਂ ਨੂੰ ਇਕੱਠਾ ਕਰਕੇ ਹਵਾ ਦੇ ਰੁਖ ਨਾਲ ਉਡਾਇਆ ਜਾਂਦਾ ਸੀ। ਇਹ ਉਡਾਉਣ ਦਾ ਕੰਮ ਆਮ ਕਰਕੇ ਛੱਜਾਂ ਦੀ ਮੱਦਦ ਨਾਲ ਕੀਤਾ ਜਾਂਦਾ ਸੀ। ਹਵਾ ਦੇ ਜ਼ਿਆਦਾ ਹੋਣ ਨਾਲ ਦਾਣੇ ਅਲੱਗ ਤੇ ਤੂੜੀ ਅਲੱਗ ਹੋ ਜਾਂਦੀ ਸੀ। ਪਿਛਲੇ ਕੁਝ ਸਾਲਾਂ ਵਿਚ ਇਸ ਕੰਮ ਦੀ ਵਰਤੋਂ ਆਮ ਸੀ ਪਰ ਮੌਸਮ ਦੇ ਠੀਕ ਨਾ ਰਹਿਣ ਅਤੇ ਇਸ ਕੰਮ ਵਿਚ ਬਹੁਤ ਸਮਾਂ ਲਗ ਜਾਣ ਕਾਰਨ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਫਿਰ ਹੌਲੀ ਹੌਲੀ ਫਾਰਮੀ ਤਰੀਕਿਆਂ ਵਿਚ ਵਿਕਾਸ ਹੋਣ ਲੱਗਾ ਤਾਂ ਇਸ ਗਹਾਈ ਦੇ ਕੰਮ ਵਿਚ ਵੀ ਵਿਕਾਸ ਹੋਇਆ। ਜੋ ਥ੍ਰੈਸ਼ਰ ਪਹਿਲਾਂ ਪਹਿਲ ਹੋਂਦ ਵਿਚ ਆਏ, ਉਹ ਛੋਟੇ ਆਕਾਰ ਦੇ ਸਨ ਅਤੇ ਇਨ੍ਹਾਂ ਨੂੰ ਡਰੰਮੀ ਕਿਹਾ ਜਾਂਦਾ ਸੀ। ਇਸ ਮਸ਼ੀਨ ਵਿਚ ਇਕ ਡਰੰਮਨੁਮਾ ਚੌੜਾ ਹਿੱਸਾ ਹੁੰਦਾ ਸੀ ਜਿਸ ਵਿਚ ਮਸ਼ੀਨ ਦੇ ਧੁਰੇ ਨਾਲ ਲਗਾਈਆਂ ਹੋਈਆਂ ਲੋਹੇ ਦੀਆਂ ਛੜਾਂ ਹੁੰਦੀਆਂ ਸਨ ਜੋ ਮਸ਼ੀਨ ਦੇ ਧੁਰੇ ਦੇ ਚਲਣ ਨਾਲ (ਜੋ ਸ਼ਕਤੀ ਨਾਲ ਚਲਦਾ ਸੀ) ਬਹੁਤ ਤੇਜ਼ੀ ਨਾਲ ਘੁੰਮਦੀਆਂ ਸਨ ਅਤੇ ਕਣਕ ਦੀ ਭਰੀ ਵਿਚੋਂ ਇਕ ਹਿੱਸਾ ਲੈ ਕੇ ਇਸ ਪਾੜਛੇ ਵਿਚੋਂ ਅੱਗੇ ਲੰਘਾਇਆ ਜਾਂਦਾ ਸੀ। ਇਸ ਤਰ੍ਹਾਂ ਡਰੰਮ ਦੀਆਂ ਛੜਾਂ ਦੇ ਜ਼ੋਰ ਨਾਲ ਕਣਕ ਦੀਆਂ ਬੱਲੀਆਂ ਟੁੱਟ ਕੇ ਦਾਣੇ, ਘੁੰਡੀਆਂ ਅਤੇ ਤੂੜੀ ਅਲੱਗ ਹੋ ਜਾਂਦੀ ਸੀ। ਦਾਣੇ ਨੇੜੇ ਹੀ ਅਤੇ ਤੂੜੀ ਕੁਝ ਕੁ ਦੂਰੀ ਤੇ ਢੇਰੀ ਹੋ ਜਾਂਦੀ ਸੀ ਪਰ ਇਸ ਮਸ਼ੀਨ ਦੀ ਵਰਤੋਂ ਵੀ ਵੱਡੇ ਫਾਰਮਾਂ ਵਾਸਤੇ ਨਾਕਾਮਯਾਬ ਸਿੱਧ ਹੋਈ ਕਿਉਂਕਿ ਬਹੁਤ ਵੱਡੀ ਮਾਤਰਾ ਵਿਚ ਕਣਕ ਦੇ ਦਾਣਿਆਂ ਵਿਚ ਘੁੰਡੀਆਂ (ਜਿਸ ਵਿਚ ਦਾਣੇ ਆਪਣੇ ਸੁਰੱਖਿਅਕ ਖੋਲ ਵਿਚ ਹੀ ਪਏ ਰਹਿੰਦੇ ਹਨ) ਅਤੇ ਹੋਰ ਨਿਕ-ਸੁਕ ਰਹਿ ਜਾਂਦਾ ਸੀ ਜਿਸ ਨੂੰ ਵੱਖਰਾ ਕਰਨ ਲਈ ਫਿਰ ਕਾਫ਼ੀ ਮਿਹਨਤ ਕਰਨੀ ਪੈਂਦੀ ਸੀ। ਇਸ ਦੀ ਨਿਕਾਸ ਸਮਰੱਥਾ ਵੀ ਕਾਫ਼ੀ ਘੱਟ ਸੀ । ਇਨ੍ਹਾਂ ਪੱਖਾਂ ਨੂੰ ਮੁੱਖ ਰੱਖ ਕੇ ਫਿਰ ਵੱਡੇ ਥ੍ਰੈਸ਼ਰਾਂ ਦਾ ਵਿਕਾਸ ਹੋਇਆ ਜਿਨ੍ਹਾਂ ਵਿਚ ਦਾਣੇ ਇਕੋਂ ਹੀ ਸਮੇਂ ਅਲੱਗ ਕਰਨ ਵਾਲੇ ਕਈ ਕਿਸਮ ਦੇ ਝਾਰਨੇ ਲੱਗੇ ਹੁੰਦੇ ਸਨ। ਫਿਰ ਇਸ ਤਰ੍ਹਾਂ ਦੇ ਵੀ ਥ੍ਰੈਸ਼ਰ ਹੋਂਦ ਵਿਚ ਆਏ ਜਿਨ੍ਹਾਂ ਵਿਚ ਕਣਕ ਦੀ ਪੂਰੀ ਦੀ ਪੂਰੀ ਭਰੀ ਇਨ੍ਹਾਂ ਥ੍ਰੈਸ਼ਰਾਂ ਵਿਚ ਸੁੱਟੀ ਜਾਂਦੀ ਸੀ ਅਤੇ ਦਾਣੇ ਵੱਖਰੇ ਕਰ ਲਏ ਜਾਂਦੇ ਸਨ।

ਇਨ੍ਹਾਂ ਥ੍ਰੈਸ਼ਰਾ ਦਾ ਇਕ ਬਹੁਤ ਵੱਡੀ ਗਿਣਤੀ ਵਿਚ ਹੋਣ ਵਾਲਾ ਨੁਕਸਾਨ ਇਹ ਸੀ ਕਿ ਇਨ੍ਹਾਂ ਵਿਚ ਜਦ ਕਣਕ ਦੇ ਰੁਗ ਗਹਾਉਣ ਲਈ ਮਸ਼ੀਨ ਅੰਦਰ ਕੀਤੇ ਜਾਂਦੇ ਸਨ ਤਾਂ ਕਿਸੇ ਤਰ੍ਹਾਂ ਦਾ ਕੋਈ ਵੀ ਸੁਰੱਖਿਅਕ ਪ੍ਰਬੰਧ ਨਾ ਹੋਣ ਕਾਰਨ ਅਕਸਰ ਰੁਗ ਲਾਉਣ ਵਾਲੇ ਵਿਅਕਤੀ ਦਾ ਹੱਥ ਜਾਂ ਕਈ ਵਾਰ ਪੂਰੀ ਬਾਂਹ ਇਨ੍ਹਾਂ ਵਿਚ ਆਉਣ ਕਾਰਨ ਕੱਟੀ ਜਾਂਦੀ ਸੀ। ਇਨ੍ਹਾਂ ਦੁਰਘਟਨਾਵਾਂ ਦੀ ਗਿਣਤੀ ਹਰੇਕ ਗਹਾਈ ਦੇ ਸਮੇਂ ਵਧਦੀ ਹੀ ਗਈ ਤਾਂ ਇਸ ਔਕੜ ਨੂੰ ਹੱਲ ਕਰਨ ਲਈ ਫਾਰਮੀ ਖੋਜ ਸੰਸਥਾਵਾਂ ਵਲੋਂ ਅਜਿਹੇ ਥ੍ਰੈਸ਼ਰਾਂ ਦੇ ਵਿਕਾਸ ਵਲ ਧਿਆਨ ਦਿੱਤਾ ਜਾਣ ਲੱਗਾ ਜਿਸ ਵਿਚ ਅਜਿਹੇ ਸੁਰੱਖਿਅਕ ਪ੍ਰਬੰਧ ਹੋਣ ਤਾਂ ਜੋ ਥ੍ਰੈਸ਼ਰ ਤੇ ਕੰਮ ਕਰਨ ਵਾਲੇ ਵਿਅਕਤੀ ਦੇ ਕਿਸੇ ਵੀ ਅੰਗ ਨੂੰ ਕੋਈ ਨੁਕਸਾਨ ਨਾ ਪਹੁੰਚੇ ਸਕੇ। ਸੁਰੱਖਿਆ ਵਜੋਂ ਕੰਮ ਕਰਨ ਵਾਲੇ ਵਿਅਕਤੀ ਨੂੰ ਕਦੀ ਵੀ ਖੁਲ੍ਹੇ ਕੱਪੜੇ ਪਾ ਕੇ ਥ੍ਰੈਸ਼ਰ ਤੇ ਕੰਮ ਨਹੀਂ ਕਰਨਾ ਚਾਹੀਦਾ ਕਿਉਂਕਿ ਮਸ਼ੀਨ ਦੇ ਪਟੇ ਜਾਂ ਹੋਰ ਪੁਲੀਆਂ ਆਦਿ ਨਾਲ ਇਹ ਕੱਪੜੇ ਕਿਸੇ ਨਾ ਕਿਸੇ ਸਮੇਂ ਫਸ ਕੇ ਕੰਮ ਕਰਨ ਵਾਲੇ ਵਿਅਕਤੀ ਲਈ ਘਾਤਕ ਸਿੱਧ ਹੋ ਸਕਦੇ ਹਨ।

ਹ. ਪੁ. – ਐਨ. ਬ੍ਰਿ. ਮਾ. 9 : 980; ਫਾਰਮਿੰਗ 3 : 340

ਥਰੈਸਾਬਿਊਲਸ : ਐਥਨਜ਼ ਦਾ ਇਹ ਇਕ ਪ੍ਰਸਿੱਧ ਜਰਨੈਲ ਅਤੇ ਸਿਆਸਤਦਾਨ ਸੀ। ਇਤਿਹਾਸ ਵਿਚ ਇਸ ਦੇ ਜਨਮ ਅਤੇ ਮੁੱਢਲੇ ਜੀਵਨ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ। ਇਸ ਦਾ ਪਬਲਿਕ ਜੀਵਨ 411 ਈ. ਪੂ. ਤੋਂ ਸ਼ੁਰੂ ਹੁੰਦਾ ਹੈ ਜਦੋਂ ਕਿ ਇਸ ਨੇ ਸਮੋਸਾ ਵਿਚ ਉਠੇ ਇਕ ਅਲਪਤੰਤਰੀ ਵਿਦਰੋਹ ਨੂੰ ਸਖਤੀ ਨਾਲ ਦਬਾ ਦਿੱਤਾ ਸੀ। ਮਗਰੋਂ ਫ਼ੌਜਾਂ ਨੇ ਇਸ ਨੂੰ ਆਪਣਾ ਜਰਨੈਲ ਚੁਣ ਲਿਆ। ਇਸ ਨੇ ਐਥਨਜ਼ ਦੇ ਜਲਾਵਤਨ ਹੋਏ ਜਰਨੈਲ ਐਲਸਾਬਾਈਆਡੀਜ਼ ਦੀ ਵਾਪਸੀ ਕਰਵਾਈ ਅਤੇ ਉਸ ਨਾਲ ਚਲ ਰਹੇ ਪੈਲੋਪੀਨੀਸ਼ੀਆਈ ਯੁੱਧ ਨੂੰ ਖ਼ਤਮ ਕਰਵਾਇਆ। 411 ਈ. ਪੂ. ਵਿਚ ਇਸ ਨੇ ਸਿਨਾਸੀਮਾ ਵਿਖੇ ਸਪਾਰਟਾ ਉਪਰ ਅਤੇ 410 ਈ. ਪੂ. ਵਿਚ ਸਿਜ਼ਿਕਸ ਉਪਰ ਜਿੱਤਾਂ ਪ੍ਰਾਪਤ ਕੀਤੀਆਂ। ਐਥਨਜ਼ ਨੇ ਵੀ ਇਸ 'ਚ ਹਿੱਸਾ ਲਿਆ। 407 ਈ. ਪੂ. ਵਿਚ ਇਹ ਐਥਨਜ਼ ਦੇ ਬਹੁਤ ਸਾਰੇ ਬਾਗ਼ੀ ਹੋਏ ਥਰੇਸੀਆਈ ਇਲਾਕਿਆਂ ਨੂੰ ਮੁੜ ਆਪਣੇ ਕਬਜ਼ੇ ਹੇਠ ਲਿਆਉਣ ਵਿਚ ਪੂਰੀ ਤਰ੍ਹਾਂ ਸਫ਼ਲ ਰਿਹਾ।

404 ਈ. ਪੂ. ਵਿਚ ਐਥਨਜ਼ ਉੱਤੇ ਤੀਹ ਸ਼ਾਸਕ ਜੁੰਡਲੀਆਂ ਦਾ ਕਬਜ਼ਾ ਹੋ ਗਿਆ ਸੀ ਅਤੇ ਉਨ੍ਹਾਂ ਨੇ ਇਸ ਨੂੰ ਦੇਸ਼ ਨਿਕਾਲਾ ਦੇ ਦਿੱਤਾ ਅਤੇ ਇਹ ਥੀਬਜ਼ ਚਲਾ ਗਿਆ। ਇਥੇ ਇਸ ਨੇ 70 ਕੁ ਬੰਦਿਆਂ ਦੀ ਇਕ ਨਿੱਕੀ ਜਿਹੀ ਸੈਨਾ ਇਕੱਠੀ ਕਰਕੇ ਮਾਊਂਟ ਪਾਰਨਸ ਉੱਤੇ ਪੈਂਦੇ ਫਾਈਲੀ ਨਾਂ ਦੇ ਇਕ ਪਹਾੜੀ ਕਿਲੇ ਉੱਤੇ ਕਬਜ਼ਾ ਕਰ ਲਿਆ ਅਤੇ ਇਸ ਮਗਰੋਂ ਐਥਨਜ਼ ਦੀ ਪਾਈਰੀਅਸ ਬੰਦਰਗਾਹ ਉੱਤੇ ਕਬਜ਼ਾ ਕਰ ਲਿਆ ਅਤੇ ਤੀਹ ਸ਼ਾਸਕ ਜੁੰਡਲੀਆਂ ਦੀਆਂ ਫ਼ੌਜਾਂ ਨੂੰ ਬੁਰੀ ਤਰ੍ਹਾਂ ਹਰਾ ਦਿੱਤਾ। ਇਸ ਤੋਂ ਪਿਛੋਂ ਸਪਾਰਟਾ ਦੇ ਬਾਦਸ਼ਾਹ, ਪਾਸੇਨੀਅਸ ਦੀ ਮੁਹਿੰਮ ਆ ਪਹੁੰਚੀ ਅਤੇ ਐਥਨਜ਼ ਵਿਖੇ 403 ਈ. ਪੂ. ਵਿਚ ਮੁੜ ਲੋਕਤੰਤਰ ਬਹਾਲ ਕੀਤਾ ਗਿਆ। ਹੁਣ ਇਸ ਨੂੰ ਸਥਾਨਕ ਜਨਤਾ ਦੀ ਪੂਰੀ ਹਿਮਾਇਤ ਪ੍ਰਾਪਤ ਹੋ ਗਈ। 393 ਈ. ਪੂ. ਵਿਚ ਇਸ ਨੇ ਸਪਾਰਟਾ ਵਿਰੁੱਧ ਥੀਬਜ਼ ਦੀ ਮਦਦ ਕੀਤੀ ਅਤੇ 389 ਈ. ਪੂ. ਵਿਚ 40 ਜੰਗੀ ਬੇੜਿਆਂ ਦੀ ਕਮਾਨ ਆਪ ਸੰਭਾਲਦੇ ਹੋਏ ਏਜੀਅਨ ਖੇਤਰ ਵਿਚ ਐਥਨਜ਼ ਦੇ ਹਿੱਤਾਂ ਦੀ ਪੂਰੀ ਰਾਖੀ ਕੀਤੀ।

ਇਸ ਨੂੰ 389 ਈ. ਪੂ. ਵਿਚ ਅਸਪੈਂਤਸ ਵਿਖੇ ਕਤਲ ਕਰ ਦਿੱਤਾ ਗਿਆ।

ਹ. ਪੁ.– ਐਨ. ਅਮੈ. 26 : 593; ਐਨ. ਬ੍ਰਿ : 22 : 160

ਥਰੈਸੀਆ ਪੀਟਸ, ਪਬਲੀਅਸ ਕਲਾੱਡੀਅਸ : ਇਹ ਰੋਮ ਦਾ ਸੈਨੇਟਰ ਸੀ ਅਤੇ ਸ਼ਹਿਨਸ਼ਾਹ ਨੀਰੋ ਦੀ ਵਿਰੋਧਤਾ ਕਰਨ ਕਾਰਨ ਪ੍ਰਸਿੱਧ ਸੀ। ਇਹ 56 ਈ. ਵਿਚ ਰਾਜ ਦਾ ਕਾਂਸਲ ਬਣ ਗਿਆ। ਸ਼ਹਿਨਸ਼ਾਹ ਨੀਰੋ ਦੀ ਹਕੂਮਤ ਦੌਰਾਨ ਇਸ ਨੇ ਆਪਣਾ ਇਕ

ਵੱਖਰਾ ਅਤੇ ਆਜ਼ਾਦ ਰਸਤਾ ਅਪਣਾਈ ਰੱਖਿਆ ਅਤੇ ਬਹੁਤ ਸਾਰੇ ਮੌਕਿਆਂ ਤੇ ਵਿਰੋਧੀ ਰਵੱਈਆ ਅਖ਼ਤਿਆਰ ਕੀਤਾ। ਜਦੋਂ ਸ਼ਹਿਨਸ਼ਾਹ ਨੀਰੋ ਨੂੰ ਉਸ ਦੀ ਮਾਂ ਦੀ ਮੌਤ (59 ਈ.) ਤੇ ਸੈਨੇਟ ਮੁਬਾਰਕਬਾਦ ਦੇ ਰਹੀ ਸੀ ਤਾਂ ਇਹ ਸੈਨੇਟ ਵਿਚੋਂ ਉੱਠ ਕੇ ਬਾਹਰ ਚਲਾ ਗਿਆ। ਨੀਰੋ ਦੀਆਂ ਅਨੈਤਿਕ ਕਾਰਵਾਈਆਂ ਤੋਂ ਉਪਰਾਮ ਹੋ ਕੇ ਇਸ ਨੇ ਆਪਣੇ ਜੀਵਨ ਦੇ ਅਖ਼ੀਰਲੇ ਸਾਲਾਂ (63–66 ਈ.) ਵਿਚ ਆਪਣੇ ਆਪ ਨੂੰ ਸਮਾਜੀ ਜ਼ਿੰਦਗੀ ਤੋਂ ਬਿਲਕੁਲ ਵੱਖ ਕਰ ਲਿਆ। ਸੰਨ 66 ਵਿਚ ਇਸ ਦੇ ਵਿਰੋਧੀਆਂ ਨੇ ਸ਼ਹਿਨਸ਼ਾਹ ਪਾਸ ਜਾ ਕੇ ਇਸ ਦੇ ਵਿਰੁੱਧ ਇਹ ਦੋਸ਼ ਲਾਇਆ ਕਿ ਇਹ ਇਕ ਰਾਜ–ਵਿਰੋਧੀ ਪਾਰਟੀ ਦਾ ਮੁਖੀ ਬਣਿਆ ਹੋਇਆ ਹੈ ਇਸ ਲਈ ਇਸ ਨੂੰ ਮੌਤ ਦੀ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ ਪਰ ਉਹ ਇਸ ਸਬੰਧੀ ਕੋਈ ਠੋਸ ਸਬੂਤ ਨਾ ਪੇਸ਼ ਕਰ ਸਕੇ ਜਿਸ ਤੋਂ ਇਹ ਸਾਬਤ ਹੋ ਸਕੇ ਕਿ ਇਸ ਨੇ ਕਿਸੇ ਵਿਰੋਧੀ ਪਾਰਟੀ ਦੀ ਕਿਸੇ ਵੀ ਸਾਜ਼ਸ਼ ਵਿਚ ਸਹਾਇਤਾ ਕੀਤੀ ਹੋਵੇ। ਇਸ ਨੇ ਆਪਣੀ ਜ਼ਿੰਦਗੀ ਦਾ ਆਖ਼ਰੀ ਸਮਾਂ ਆਤਮਾ ਦੀ ਅਮਰਤਾ ਬਾਰੇ ਹੋਏ ਵਿਚਾਰ–ਵਟਾਂਦਰੇ ਵਿਚ ਗੁਜ਼ਾਰਿਆ।

ਇਸ ਦੀ ਮੌਤ 66 ਈ. ਵਿਚ ਹੋਈ।

ਹ. ਪੁ. – ਐਨ. ਬ੍ਰਿ. ਮਾ. 9 : 977

ਥਲ : ਪੰਜਾਬ ਪ੍ਰਾਂਤ (ਪਾਕਿਸਤਾਨ) ਦੇ ਸਰਗੋਧਾ ਮੰਡਲ ਵਿਚ ਸਿੰਧ ਸਾਗਰ ਦੋਆਬ ਦਾ ਇਹ ਕੇਂਦਰੀ ਹਿੱਸਾ ਹੈ। ਇਹ ਸਾਲਟ ਰੇਂਜ ਦੀ ਤਲਹੱਟੀ ਤੋਂ 240 ਕਿ. ਮੀ. ਦੂਰ ਮੁਜ਼ੱਫ਼ਰਗੜ੍ਹ ਜ਼ਿਲ੍ਹੇ ਦੀ ਹੱਦ ਤੀਕ ਫੈਲਿਆ ਹੋਇਆ ਹੈ। ਮੋਟੇ ਤੌਰ ਤੇ ਇਹ ਚਨਾਬ, ਸਿੰਧ ਅਤੇ ਜਿਹਲਮ ਦਰਿਆਵਾਂ ਵਿਚਲਾ ਇਲਾਕਾ ਹੈ। ਇਸ ਦੀ ਚੌੜਾਈ ਕਈਆਂ ਥਾਵਾਂ ਤੇ 80 ਕਿ. ਮੀ. ਦੇ ਲਗਭਗ ਹੈ। ਇਹ ਬਹੁਤ ਘੱਟ ਵਰਖਾ ਵਾਲਾ ਮਾਰੂਥਲੀ ਜਿਹਾ ਮੈਦਾਨ ਹੈ ਪਰ ਅੱਜਕੱਲ੍ਹ ਇਹ ਵੀਰਾਨ ਮਾਰੂਥਲ ਨਹੀਂ ਰਿਹਾ। ਅੱਜਕੱਲ੍ਹ ਸਿੰਧ ਦਰਿਆ ਵਿਚੋਂ ਨਹਿਰਾਂ ਕੱਢ ਕੇ ਇਸ ਮੈਦਾਨ ਨੂੰ ਸਿੰਜ ਕੇ ਵਧੀਆ ਉਪਜਾਊ ਬਣਾ ਲਿਆ ਗਿਆ ਹੈ। ਸਿੰਧ ਦਰਿਆ ਉਪਰ ਮਾਰੇ ਜਿਨ੍ਹਾਂ ਬੰਨ (ਕਾਲਾਬਾਗ਼ ਬੰਨ੍ਹ) ਵਿਚੋਂ ਨਹਿਰਾਂ ਕੱਢੀਆਂ ਗਈਆਂ ਹਨ। ਜ਼ਰਾਇਤੀ ਵਿਕਾਸ ਕਾਰਪੋਰੇਸ਼ਨ ਅਧੀਨ ਬਣਿਆ ਥਲ ਪ੍ਰਾਜੈਕਟ ਸੰਸਾਰ ਦੇ ਸਭ ਤੋਂ ਅਹਿਮ ਵਿਕਾਸ ਪ੍ਰਾਜੈਕਟਾਂ ਵਿਚੋਂ ਇਕ ਹੈ। ਇਸ ਪ੍ਰਾਜੈਕਟ ਦੇ ਬਣਨ ਨਾਲ ਹੀ ਇਥੇ ਖੇਤੀਬਾੜੀ, ਸੱਨਅਤ, ਸ਼ਹਿਰ ਅਤੇ ਪੇਂਡੂ ਵਿਕਾਸ ਸੰਭਵ ਹੋ ਸਕਿਆ ਹੈ। ਕਣਕ, ਕਪਾਹ, ਝੋਨੇ ਅਤੇ ਗੰਨੇ ਆਦਿ ਦੀ ਕਾਸ਼ਤ ਵੀ ਹੋਣ ਲਗ ਪਈ ਹੈ। ਇਥੇ ਜਵਾਹਰਾਬਾਦ, ਕੈਦਾਬਾਦ, ਲਿਆਕਤਾਬਾਦ ਵਰਗੇ ਕਈ ਨਵੇਂ ਸ਼ਹਿਰ ਵੀ ਸਥਾਪਤ ਕੀਤੇ ਗਏ ਹਨ। ਇਨ੍ਹਾਂ ਸ਼ਹਿਰਾਂ ਵਿਚ ਊਨੀ ਤੇ ਸੂਤੀ ਕੱਪੜਾ, ਖੰਡ ਅਤੇ ਸੀਮਿੰਟ ਤਿਆਰ ਕਰਨ ਦੀਆਂ ਮਿੱਲਾਂ ਲਾਈਆਂ ਗਈਆਂ ਹਨ।

33°25′ ਉ. ਵਿਥ.; 70°34′ ਪੂ. ਲੰਬ.

ਹ. ਪੁ. – ਐਨ. ਬ੍ਰਿ. ਮਾ. 11 : 670; ਇੰਪ. ਗ. ਇੰਡ. 23 : 285

ਥੜ੍ਹਾ ਸਾਹਿਬ : ਉਸ ਥੜ੍ਹੇ ਜਾਂ ਚਬੂਤਰੇ ਨੂੰ ਆਖਦੇ ਹਨ ਜਿਸ ਉਪਰ ਗੁਰੂ ਸਾਹਿਬ ਬਿਰਾਜੇ ਹੋਣ। ਵਿਸ਼ੇਸ਼ ਕਰਕੇ ਅੰਮ੍ਰਿਤ ਸਰੋਵਰ ਦੇ ਕਿਨਾਰੇ ਗੁਰੂ ਕੇ ਬਾਗ਼ ਵੱਲ ਗੁਰੂ ਅਰਜਨ ਦੇਵ ਜੀ ਦੇ ਵਿਰਾਜਣ ਵਾਲਾ ਚੌਂਤਰਾ ਜਿਸ ਉਪਰ ਬੈਠ ਕੇ ਉਹ ਹਰਿਮੰਦਰ ਸਾਹਿਬ ਦੀ ਉਸਾਰੀ ਕਰਵਾਉਂਦੇ ਸਨ ਤੇ ਸੰਗਤਾਂ ਨੂੰ ਉਪਦੇਸ਼ ਦਿੰਦੇ ਸਨ। (ਅ) ਦੂਜਾ ਥੜ੍ਹਾ ਸਾਹਿਬ ਸਮਾਣਾ ਜ਼ਿਲ੍ਹਾ ਪਟਿਆਲਾ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਬੈਠਣ ਦਾ ਸਥਾਨ ਹੈ। (ੲ) ਰਾਮਸਰ ਕਿਨਾਰੇ ਬਣਿਆ ਉਹ ਚੌਂਤਰਾ ਜਿਸ ਤੇ ਬੈਠ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਦੀ ਰਚਨਾ ਕੀਤੀ ਸੀ। (ਸ) ਖਡੂਰ ਸਾਹਿਬ ਵਿਖੇ ਉਹ ਸਥਾਨ ਜਿਥੇ ਗੁਰੂ ਅਮਰਦਾਸ ਜੀ ਨੂੰ ਗੁਰਿਆਈ ਮਿਲੀ ਸੀ। (ਹ) ਅੰਮ੍ਰਿਤਸਰ ਗੁਰੂ ਕੇ ਬਾਗ਼ ਵਿਖੇ ਉਹ ਥੜ੍ਹਾ ਜਿਸ ਉਪਰ ਬੈਠ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਆਈ ਸਾਧ ਸੰਗਤ ਨੂੰ ਉਪਦੇਸ਼ ਦਿੰਦੇ ਸਨ। (ਕ) ਗੋਇੰਦਵਾਲ ਵਿਖੇ ਮੋਹਨ ਜੀ ਦੇ ਚੌਬਾਰੇ ਪਾਸ ਉਹ ਸਥਾਨ ਜਿੱਥੇ ਬੈਠ ਕੇ ਗੁਰੂ ਅਰਜਨ ਦੇਵ ਜੀ ਨੇ 'ਮੋਹਨ ਤੇਰੇ ਉੱਚੇ ਮੰਦਰ' ਸ਼ਬਦ ਦਾ ਉਸ ਸਮੇਂ ਉਚਾਰਣ ਕੀਤਾ ਸੀ ਜਦੋਂ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਲਈ ਬਾਬਾ ਮੋਹਨ ਜੀ ਪਾਸੋਂ ਪੋਥੀਆਂ ਲੈਣ ਲਈ ਗਏ ਸਨ। (ਖ) ਪਾਕਿਸਤਾਨ ਵਿਚ ਜ਼ਿਲ੍ਹਾ ਡੇਰਾ ਗਾਜ਼ੀ ਖਾਂ ਦੇ ਪਿੰਡ ਸਖੀ ਸਰਵਰ ਦੇ ਪੱਛਮ ਵੱਲ ਬਸਤੀ ਦੇ ਪਾਸ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰਦੁਆਰਾ ਹੈ ਜੋ 'ਥੜ੍ਹਾ ਸਾਹਿਬ' ਦੇ ਨਾਂ ਨਾਲ ਪ੍ਰਸਿੱਧ ਹੈ।

ਹ. ਪੁ. – ਮ. ਕੌ.

ਥਾਇਓਐਲਡਿਹਾਈਡ ਅਤੇ ਥਾਇਓਕੀਟੋਨ : ਇਹ ਆਰਗੈਨੋਸਲਫ਼ਰ (ਕਾਰਬਨੀ ਸਲਫ਼ਰ) ਯੋਗਿਕ ਹਨ ਜਿਨ੍ਹਾਂ ਦੀ ਰਸਾਇਣਿਕ ਬਣਤਰ ਇਹ ਹੈ :—

$$\begin{array}{c} H \\ | \\ R - C = S \end{array} \quad \text{ਅਤੇ} \quad \begin{array}{c} R \\ | \\ R - C = S \end{array}$$

ਆੱਕਸੀਜਨ ਦੇ ਸਮਰੂਪਾਂ ਦੇ ਉਲਟ ਇਨ੍ਹਾਂ ਦਾ ਬਹੁਲਕੀਕਰਣ ਬੜੀ ਤੇਜ਼ੀ ਨਾਲ ਹੋ ਜਾਂਦਾ ਹੈ ਜਿਸ ਕਾਰਨ ਇਹ ਬਹੁਤ ਘੱਟ ਹੀ ਵਖਰੇ ਹੁੰਦੇ ਹਨ। ਉਦਾਹਰਣ ਦੇ ਤੌਰ ਤੇ

$$\begin{array}{c} H \\ | \\ 3R - C = S \end{array} \longrightarrow \begin{array}{c} H \\ | \\ (R - C = S)_3 \end{array}$$

ਟ੍ਰਾਈਮਰ (ਤ੍ਰੈ–ਅਣੂ); ਟ੍ਰਾਈਥਾਇਏਨ ਦਾ ਵਿਉਤਪੰਨ ਹੈ ਜਿਸ ਵਿਚ C ਅਤੇ S ਪਰਮਾਣੂ ਛੇ–ਮੈਂਬਰੀ ਰਿੰਗ ਵਿਚ ਵਾਰੋ–ਵਾਰੀ ਆਉਂਦੇ ਹਨ ਅਤੇ ਇਸ ਦੇ ਹਰ ਕਾਰਬਨ ਨਾਲ R ਤੇ H ਗਰੁੱਪ ਲੱਗਾ ਹੁੰਦਾ ਹੈ। ਮੱਨੋਮੈਰਿਕ ਥਾਇਓਕਾਰਬੋਨਾਈਲ ਯੋਗਿਕਾਂ ਦਾ ਰੰਗ ਬਹੁਤ ਗੂੜ੍ਹਾ ਹੁੰਦਾ ਹੈ। ਥਾਇਓਕਾਰਬੋਨਾਈਲ ਗਰੁੱਪ, ਥਾਇਓਯੂਰੀਆ ਅਤੇ ਹੈੱਟਰੋਸਾਈਕਲਿਕ ਥਾਇਓਨਾਂ ਵਿਚ ਵੀ ਮਿਲਦਾ ਹੈ ਪਰੰਤੂ ਇਨ੍ਹਾਂ ਵਿਚ ਚਲ–ਅੰਗਤ ਬਣਤਰਾਂ, ਜਿਨ੍ਹਾਂ ਵਿਚ $-C = S$ ਬਦਲ ਕੇ $= C - SH$ ਬਣ ਜਾਂਦਾ ਹੈ, ਸ਼ਾਮਲ ਹਨ। ਇਸ ਲਈ ਇਹ ਅਸਲ ਥਾਇਓਕਾਰਬੋਨਾਈਲ ਯੋਗਿਕ ਨਹੀਂ ਹਨ।

ਹ. ਪੁ.– ਮੈਕ. ਐਨ. ਸ. ਟ. 13:622

ਥਾਇਓਈਥਰ : ਇਹ ਆਰਗੈਨੋਸਲਫ਼ਰ (ਕਾਰਬਨੀ ਸਲਫ਼ਰ) ਯੋਗਿਕਾਂ ਦੇ ਗਰੁੱਪ ਵਿਚੋਂ ਇਕ ਹੈ ਜਿਨ੍ਹਾਂ ਨੂੰ ਸਲਫ਼ਾਈਡ ਵੀ ਕਿਹਾ ਜਾਂਦਾ ਹੈ। ਵੁਡ ਟ੍ਰੀਟਮੈਂਟ (ਕਿਰਿਆ) ਵਿਚ ਸਲਫ਼ਾਈਟ ਰਹਿੰਦ–ਖੂਹੰਦ ਲਿਕਰਾਂ ਤੋਂ ਸਭ ਨਾਲੋਂ ਸਰਲ ਡਾਈਮੀਥਾਈਲ ਸਲ–ਫ਼ਾਈਡ, CH_3-S-CH_3 ਕਾਫ਼ੀ ਮਾਤਰਾ ਵਿਚ ਪ੍ਰਾਪਤ ਕੀਤਾ ਜਾਂਦਾ ਹੈ। ਇਹ ਡਾਈਮੀਥਾਈਲ ਸਲਫ਼ੱਕਸਾਈਡ ਦਾ ਪੂਰਵਗਾਮੀ ਹੈ ਜਿਹੜਾ ਕਿ ਲਾਹੇਵੰਦ ਘੋਲਕ ਅਤੇ ਰਸਾਇਣਿਕ ਪ੍ਰਤਿਕਾਰਕ ਹੈ। ਕੁਝ ਐਮੀਨੋ ਤੇਜ਼ਾਬ ਵੀ ਸਲਫ਼ਾਈਡ ਹਨ ਜਿਵੇਂ ਕਿ ਲੈਂਥਆਇ–ਓਨੀਨ ਅਤੇ ਮੈੱਥਆਇਓਨੀਨ।

ਸਲਫ਼ਰ ਡਾਈਕਲੋਰਾਈਡ ਅਤੇ ਐਥਿਲੀਨ ਦੀ ਕਿਰਿਆ ਦੁਆਰਾ ਬਣੀ ਮਸਟਰਡ ਗੈਸ ਛਾਲੇ ਪਾਉਣ ਲਈ ਪ੍ਰਸਿੱਧ ਹੈ। ਥਾਇਓਈਥਰ, ਆੱਕਸੀਥਾਇਓਈਥਰਾਂ ਨਾਲ ਕਾਫ਼ੀ ਮਿਲਦੇ ਜੁਲਦੇ ਹਨ ਅਤੇ ਇਨ੍ਹਾਂ ਦਾ ਸੰਸ਼ਲੇਸ਼ਣ ਵੀ ਇਨ੍ਹਾਂ ਵਰਗੇ ਢੰਗਾਂ ਨਾਲ ਹੀ ਕੀਤਾ ਜਾਂਦਾ ਹੈ। ਉਦਾਹਰਣ ਵਜੋਂ ਐੱਲਕਾਈਲ ਅਤੇ ਸੋਡੀਅਮ ਮਰਕੈਂਪਟਾਈਡਾਂ ਰਾਹੀ :—

$$RCl + R'SNa \longrightarrow RSR' + NaCl$$


ਸਲਫ਼ਾਈਡਾਂ ਦੀ ਵਿਸ਼ੇਸ਼ ਤੌਰ ਤੇ ਵਰਤੋਂ ਜੁੜਨਸ਼ੀਲ ਬਾਲਣ-ਤੇਲ, ਜੁੜਨਸ਼ੀਲ ਵਾਂਗਣ ਪਦਾਰਥ ਵਜੋਂ ਅਤੇ ਖੇਤੀਬਾੜੀ ਦੇ ਰਸਾਇਣਿਕ ਪਦਾਰਥਾਂ ਵਜੋਂ ਕੀਤੀ ਜਾਂਦੀ ਹੈ।

ਹ. ਪੁ. – ਮੈਕ. ਐਨ. ਸ. ਟ. 13 : 624

ਥਾਇਓਸਲਫ਼ੇਟ : ਇਹ ਅਸਥਾਈ ਥਾਇਓਸਲਫ਼ਿਊਰਿਕ ਐਸਿਡ, $H_2S_2O_3$ ਤੋਂ ਤਿਆਰ ਕੀਤਾ ਜਾਂਦਾ ਇਕ ਨੈਗੇਟਿਵ ਆਇਨ ਹੈ ਜਿਸ ਦਾ ਰਸਾਇਣਿਕ ਫ਼ਾਰਮੂਲਾ $S_2O_3^{2-}$ ਹੈ। ਥਾਇਓਸਲਫ਼ੇਟ ਆਇਨ ਦੇ ਸਾਧਾਰਣ ਗੁਣਾਤਮਕ ਟੈੱਸਟ ਵਿਚ ਵੇਖਿਆ ਗਿਆ ਕਿ ਸਬੰਧਤ ਪਦਾਰਥ ਵਿਚ ਤੇਜ਼ਾਬ ਪਾਉਣ ਤੇ ਸਫ਼ੈਦ ਕੋਲਾਇਡੀ ਸਲਫ਼ਰ ਅਤੇ ਸਲਫ਼ਰ ਡਾਈਆਕੱਸਾਈਡ ਉਦੋਂ ਪੈਦਾ ਹੁੰਦੇ ਹਨ ਜਦੋਂ ਥਾਇਓਸਲਫ਼ਿਊਰਿਕ ਐਸਿਡ ਦਾ ਅਪਘਟਨ ਹੁੰਦਾ ਹੈ। ਕਿਰਿਆ ਸਮੀਕਰਨ (1) ਵਿਚ ਵਿਖਾਈ ਗਈ ਹੈ :—

$$2H^+ + S_2O_3^{2-} \rightarrow [H_2S_2O_3] \rightarrow S + H_2O + SO_2 \text{ ---- } (1)$$

ਸੋਡੀਅਮ ਸਲਫ਼ਾਈਟ ਅਤੇ ਗੰਧਕ ਨੂੰ ਗਰਮ ਕਰਨ ਨਾਲ ਸੋਡੀਅਮ ਥਾਇਓਸਲਫ਼ੇਟ ਬਣਨ ਤੋਂ ਪਤਾ ਲਗਦਾ ਹੈ ਕਿ ਆਇਨ ਵਿਚ ਗੰਧਕ ਦੇ ਦੋ ਪਰਮਾਣੂਆਂ ਦੇ ਵਖਰੇ ਵਖਰੇ ਰੋਲ ਹਨ। ਅਸਲ ਵਿਚ ਆਇਨ ਦਾ ਸਬੰਧ ਸਲਫ਼ੇਟ ਆਇਨ ਨਾਲ ਹੈ, ਜਿਸ ਵਿਚ ਗੰਧਕ ਦੇ ਇਕ ਪਰਮਾਣੂ ਦਾ ਪ੍ਰਤਿਸਥਾਪਨ ਆੱਕਸੀਜਨ ਦੇ ਇਕ ਪਰਮਾਣੂ ਨਾਲ ਹੁੰਦਾ ਹੈ। ਕੇਂਦਰੀ ਗੰਧਕ ਪਰਮਾਣੂ ਦਾ ਆੱਕਸੀਕਰਨ ਨੰਬਰ 6^+ ਹੈ ਜਦੋਂ ਕਿ ਦੂਸਰੇ ਦਾ 2^- ਹੈ :—



ਸੋਡੀਅਮ ਥਾਇਓਸਲਫ਼ੇਟ, ਜਿਸ ਨੂੰ ਹਾਈਪੋ ਵੀ ਕਿਹਾ ਜਾਂਦਾ ਹੈ, ਦੀ ਵਰਤੋਂ ਫ਼ੋਟੋਗ੍ਰਾਫ਼ੀ ਵਿਚ ਸਿਲਵਰ ਹੈਲਾਈਡ (ਜਿਸ ਨੇ ਕੋਈ ਕਿਰਿਆ ਨਾ ਕੀਤੀ ਹੋਵੇ) ਨੂੰ ਘੋਲ ਕੇ ਫ਼ਿਲਮਾਂ ਫ਼ਿਕਸ ਕਰਨ ਲਈ ਕੀਤੀ ਜਾਂਦੀ ਹੈ। ਮਾਤਰਾਤਮਕ ਤੌਰ ਤੇ ਸੋਡੀਅਮ ਥਾਇ-ਓਸਲਫ਼ੇਟ, ਆਇਓਡੀਨ ਘੋਲਾਂ ਨਾਲ ਸਮੀਕਰਨ (2) ਅਨੁਸਾਰ ਕਿਰਿਆ ਕਰਦਾ ਹੈ :—

$$2\,S_2O_3^{2-} + I_2 \rightarrow 2\,I^- + S_4O_6^{2-} \qquad (2)$$

ਇਸ ਕਿਰਿਆ ਦੀ ਵਰਤੋਂ ਆਇਤਨ-ਮਾਪਕ ਵਿਸ਼ਲੇਸ਼ਣ ਵਿਚ ਕੀਤੀ ਜਾ ਸਕਦੀ ਹੈ।

ਹ. ਪੁ. – ਮੈਕ. ਐਨ. ਸ. ਟ. 13 : 625

ਥਾਇਓਸਾਇਆਨੇਟ : ਇਹ ਕਾਰਬਨੀ ਅਤੇ ਅਕਾਰ-ਬਨੀ ਦੋਹਾਂ ਯੋਗਿਕਾਂ ਦੇ ਗਰੁੱਪਾਂ ਵਿਚੋਂ ਇਕ ਹੈ, ਜਿਸ ਵਿਚ –SCN ਗਰੁੱਪ ਹੁੰਦਾ ਹੈ। ਇਹ ਥਾਇਓਸਾਇਆਨਿਕ ਤੋਂ ਤਿਆਰ ਕੀਤੇ ਜਾਂਦੇ ਹਨ। ਸਾਇਆਨਿਕ ਐਸਿਡ ਵਾਂਗ ਥਾਇਓਸਾਇਆਨਿਕ ਐਸਿਡ ਦੇ ਦੋ ਰੂਪ ਹੋ ਸਕਦੇ ਹਨ ਅਰਥਾਤ :—

$$H - S - C \equiv N \text{ ਅਤੇ } S = C = N - H$$

ਮਗਰਲੇ ਰੂਪ ਨੂੰ ਆਈਸੋ-ਥਾਇਓਸਾਇਆਨਿਕ ਐਸਿਡ ਕਿਹਾ ਜਾਂਦਾ ਹੈ ਅਤੇ ਇਸ ਤੋਂ ਆਈਸੋ-ਥਾਇਓਸਾਇਆਨੇਟ ਬਣਦੇ ਹਨ, ਜਿਹੜੇ ਕਿ ਆਰਗੈਨਿਕ ਯੋਗਿਕਾਂ ਦੀ ਸ਼੍ਰੇਣੀ ਵਿਚ ਗਿਣੇ ਜਾਂਦੇ ਹਨ।

ਅਕਾਰਬਨੀ ਥਾਇਓਸਾਇਆਨੇਟ, ਸਾਇਆਨਾਈਡਾਂ ਅਤੇ ਹੈਲਾਈਡਾਂ ਨਾਲ ਮਿਲਦੇ ਜੁਲਦੇ ਹਨ ਕਿਉਂਕਿ ਵਧੇਰੇ ਕਰਕੇ ਇਹ ਧਾਤ ਲੂਣ ਪਾਣੀ ਵਿਚ ਘੁਲਣਸ਼ੀਲ ਹਨ (ਸਿੱਕੇ, ਪਾਰੇ, ਚਾਂਦੀ ਅਤੇ ਤਾਂਬੇ ਦੇ ਲੂਣਾਂ ਨੂੰ ਛੱਡ ਕੇ)। ਜ਼ਿਆਦਾ ਕਰਕੇ ਥਾਇਓਸਾਇਆਨੇਟ ਨਾਲ ਕਈ ਮਿਸ਼ਰਿਤ ਲੂਣ ਬਣਦੇ ਹਨ ਜਿਵੇਂ $[Pt(SCN)_4]^{2-}$ ਅਤੇ $[Pt(SCN)_6]^{2-}$

ਪੋਟਾਸ਼ੀਅਮ ਥਾਇਓਸਾਇਆਨੇਟ ਦੀ ਵਰਤੋਂ Ag^+ ਨੂੰ ਟਾਈਟ੍ਰੇਟ (ਅਨੁਮਾਪਨ) ਕਰਨ ਲਈ ਕੀਤੀ ਜਾ ਸਕਦੀ ਹੈ ਜਿਵੇਂ ਕਿ ਵੋਲਹਾਰਡ ਟਾਈਟ੍ਰੇਸ਼ਨ (ਸਮੀਕਰਨ 1)

$$Ag^+ + SCN \longrightarrow AgSCN \text{ (ਚਿੱਟਾ ਤਲਛੱਟ)} \qquad (1)$$

ਲੋਹੇ ਦਾ ਲਾਲ ਮਿਸ਼ਰਿਤ ਬਣਨ ਨਾਲ ਰੀਏਜੰਟ ਦੀ ਬਹੁਤਾਤ ਦਾ ਪਤਾ ਲੱਗ ਸਕਦਾ ਹੈ (ਸਮੀਕਰਨ 2)।


$$Fe^{3+} + SCN^- \longrightarrow Fe(SCN)^{2+} \qquad (2)$$

ਇਹ ਕਿਰਿਆ CNS^- ਅਤੇ Fe^{3+} ਆਇਨਾਂ ਦੇ ਬਹੁਤ ਹੀ ਸੂਖ਼ਮ ਟੈੱਸਟ ਲਈ ਵਰਤੀ ਜਾਂਦੀ ਹੈ।

ਸੋਡੀਅਮ ਸਾਇਆਨਾਈਡ ਅਤੇ ਗੰਧਕ ਦੇ ਮਿਸ਼ਰਣ ਨੂੰ ਗਰਮ ਕਰਨ ਨਾਲ ਸੋਡੀਅਮ ਥਾਇਓਸਾਇਆਨੇਟ ਬਣਦਾ ਹੈ।

ਹ. ਪੁ. – ਮੈਕ. ਐਨ. ਸ. ਟ. 13 : 623

ਥਾਇਓਸੈਮੀਕਾਰਬੇਜ਼ੋਨ : ਇਹ ਰਸਾਇਣਿਕ ਯੋਗਿਕਾਂ ਦੀ ਇਕ ਸ਼੍ਰੇਣੀ ਹੈ, ਜਿਸ ਦੀ ਵਰਤੋਂ ਤਪਦਿਕ ਦੇ ਇਲਾਜ ਲਈ ਕੀਤੀ ਜਾਂਦੀ ਹੈ। ਇਨ੍ਹਾਂ ਯੋਗਿਕਾਂ ਦਾ ਸੰਸ਼ਲੇਸ਼ਣ ਜੀ. ਡੋਮਾਕ ਦੀ ਪ੍ਰਯੋਗਸ਼ਾਲਾ ਵਿਚ ਕੀਤਾ ਗਿਆ ਸੀ ਜਿਸ ਨੇ ਕੁਝ ਸਾਲ ਪਹਿਲਾਂ ਰਸਾਇਣ ਚਿਕਿੱਤਸਾ ਲਈ ਸਲਫ਼ੋਨਾਮਾਈਡ ਤਿਆਰ ਕੀਤੇ ਸਨ। ਅਸਲ ਵਿਚ ਸਲਫ਼ੋਨਾਮਾਈਡਾਂ ਦੀ ਤਪਦਿਕ ਵਿਚ ਬਾਕਾਇਦਾ ਖੋਜ ਦੇ ਸਿੱਧੇ ਵਿਕਾਸ ਨਾਲ ਥਾਇਓਸੈਮੀ ਕਾਰਬੇਜ਼ੋਨਾਂ ਦੀ ਤਪਦਿਕ ਪ੍ਰਤਿ ਐੱਕਟਿਵਤਾ ਦਾ ਪਤਾ ਚਲਿਆ। ਇਸ ਗਰੁੱਪ ਦਾ ਸਭ ਤੋਂ ਮਸ਼ਹੂਰ ਮੈਂਬਰ ਪੈਰਾ-ਐਸਿਟੈਮਿਡੋਬੈਂਨਜ਼ੈੱਲਡਿਹਾਈਡ ਥਾਇਓਸੈਮੀ-ਕਾਰ-ਬੇਜ਼ੋਨ ਹੈ, ਜਿਸ ਨੇ ਯਰੂਪ ਵਿਚ ਕੁਝ ਨਿਦਾਨਕ ਸਫ਼ਲਤਾ ਹਾਸਲ ਕੀਤੀ ਹੈ। ਇਸ ਦਾ ਫ਼ਾਰਮੂਲਾ ਇਹ ਹੈ :—



ਅਮਰੀਕਾ ਵਿਚ ਟਿਬੀਓਨ ਦਾ ਤਪਦਿਕ ਰੋਕਣ ਲਈ ਪ੍ਰਯੋਗ ਕਰਨ ਸਬੰਧੀ ਪਰਖ ਕੀਤੀ ਗਈ ਪਰ ਵਧੇਰੇ ਅਸਰਦਾਰ ਅਤੇ ਘੱਟ ਜ਼ਹਿਰੀਲੇ ਤਪਦਿਕ-ਵਿਰੋਧੀ ਪਦਾਰਥਾਂ ਜਿਵੇਂ ਕਿ ਸਟਰੈੱਪਟੋ-ਮਾਈਸਿਨ ਤੇ ਆਈਸੋਨੀਐਜ਼ਿਡ ਦੇ ਉਪਲੱਬਧ ਹੋਣ ਨਾਲ ਇਸ ਦੀ ਵਰਤੋਂ ਬੰਦ ਕਰ ਦਿੱਤੀ ਗਈ। ਟਿਬੀਓਨ ਨਾਲ ਖ਼ੂਨ ਦੀ ਕਮੀ, ਹੋਰ


ਖ਼ਤਰਨਾਕ ਜ਼ਹਿਰੀਲੇ ਪ੍ਰਭਾਵ, ਜਿਗਰ ਅਤੇ ਗੁਰਦਿਆਂ ਦਾ ਨਾਸ਼ ਹੋ ਜਾਂਦਾ ਸੀ।

ਤਪਦਿਕ ਦਾ ਰੋਗ ਲਾਉਣ ਵਾਲੇ ਬੈਕਟੀਰੀਆ ਕੋੜ੍ਹ (ਹੈਨਸੈਂਨ 'ਜ਼ ਬੀਮਾਰੀ) ਲਾਉਣ ਵਾਲੇ ਬੈਕਟੀਰੀਆ ਨਾਲ ਮਿਲਦੇ ਜੁਲਦੇ ਹੋਣ ਕਰਕੇ ਕੋੜ੍ਹ ਦੇ ਇਲਾਜ ਲਈ ਥਾਇਓਸੈਮੀਕਾਰਬੇਜ਼ੋਨਾਂ ਦੀ ਵਰਤੋਂ ਕਰਨ ਲਈ ਕੋਸ਼ਿਸ਼ਾਂ ਵੀ ਕੀਤੀਆਂ ਜਾ ਰਹੀਆਂ ਹਨ।

ਹ. ਪੁ. - ਮੈਕ. ਐਨ. ਸ. ਟ. 13 : 625

ਥਾਇਓਫ਼ੀਨ : ਇਹ ਇਕ ਕਾਰਬਨੀ ਹੈੱਟਰੋਸਾਈਕਲੀ ਯੋਗਿਕ ਹੈ ਜਿਸ ਵਿਚ ਚਾਰ ਕਾਰਬਨ ਪਰਮਾਣੂਆਂ ਅਤੇ ਇਕ ਗੰਧਕ ਦਾ ਪਰਮਾਣੂ ਵਾਲਾ ਦੁਅਸੰਤ੍ਰਿਪਤ ਰਿੰਗ ਹੁੰਦਾ ਹੈ।

ਥਾਇਓਫ਼ੀਨ (1), ਮੀਥਾਈਲਥਾਇਓਫ਼ੀਨ ਅਤੇ ਦੂਸਰੇ ਐਲੱ-ਕਾਈਲਥਾਇਓਫ਼ੀਨ ਤਾਰਕੋਲ ਅਤੇ ਪੈਟਰੋਲੀਅਮ ਵਿਚ ਸਾਪੇਖੀ ਤੌਰ ਤੇ ਘੱਟ ਮਾਤਰਾ ਵਿਚ ਮਿਲਦੇ ਹਨ। ਤਾਰਕੋਲ ਦੇ ਅੰਸ਼ਿਕ ਕਸ਼ੀਦਣ




ਚਿੱਤਰ ਨੰ 1 - ਥਾਇਓਫ਼ੀਨ

ਵਿਚ ਬੈਨੱਜ਼ੀਨ ਨਾਲ ਥਾਇਓਫ਼ੀਨ ਮਿਲ ਜਾਂਦੀ ਹੈ। ਤਾਰਕੋਲ ਬੈਂਨਜ਼ੀਨ ਦੀ ਗੰਧਕ ਦੇ ਗਾੜ੍ਹੇ ਤੇਜ਼ਾਬ ਨਾਲ ਕਿਰਿਆ ਦੁਆਰਾ ਸੁਧਾਈ ਕੀਤੀ ਜਾਂਦੀ ਹੈ ਜਿਸ ਨਾਲ ਪਾਣੀ ਵਿਚ ਘੁਲਣਸ਼ੀਲ ਥਾਇਓਫ਼ੀਨਸਲਫ਼ੌਨਿਕ ਐਸਿਡ ਬਣਦਾ ਹੈ। ਐਲੂਮੀਨੀਅਮ ਕਲੋਰਾਈਡ ਨਾਲ ਵਾਰੋ-ਵਾਰੀ ਕਿਰਿਆ ਕਰਵਾਉਣ ਨਾਲ ਬੈਂਨਜ਼ੀਨ ਵਿਚਲੀ ਥਾਇਓਫ਼ੀਨ ਦਾ ਅਵਾਸ਼ਪਸ਼ੀਲ ਪਦਾਰਥਾਂ ਵਿਚ ਬਹੁਲਕੀਕਰਨ ਹੋ ਜਾਂਦਾ ਹੈ।

ਡਾਈਥਾਈਐਨਾਈਲਥਾਇਓਫ਼ੀਨ ਗੇਂਦੇ ਦੇ ਬੂਟੇ ਵਿਚੋਂ ਮਿਲਦੀ ਹੈ। ਪਾਣੀ ਵਿਚ ਘੁਲਣਸ਼ੀਲ ਵਿਟਾਮਿਨ ਬਾਇਓਟਿਨ ਇਕ ਟੈੱਟ੍ਰਾ-ਹਾਈਡ੍ਰੋਥਾਇਓਫ਼ੀਨ ਵਿਉਤਪੰਨ ਹੈ।


ਗੁਣ— ਮੂਲ ਯੋਗਿਕ (1) ਪਾਣੀ ਵਿਚ ਲਗਭਗ ਅਘੁਲਣ-ਸ਼ੀਲ ਹੈ 20° ਸੈਂ. ਉੱਤੇ 0.02-0.04% ਘੋਲ ਬਣਾਉਂਦਾ ਹੈ। ਇਸ ਦਾ ਪਿਘਲਾਉ ਦਰਜਾ -38.2° ਸੈਂ., ਉਬਾਲ ਦਰਜਾ 84.2° ਸੈਂ. ਅਤੇ ਵਿਸ਼ਿਸ਼ਟ ਘਣਤਾ 1.0644 ਹੈ। ਥਾਇਓਫ਼ੀਨ ਇਕ ਐਰੋਮੈਟਿਕ ਸਿਸਟਮ ਹੈ। ਆਮ ਕਰਕੇ ਇਲੈੱਕਟ੍ਰੋਫ਼ਿਲਿਕ ਪ੍ਰਤਿਸਥਾ-ਪਨ ਬੈਂਨਜ਼ੀਨ ਦੇ ਮੁਕਾਬਲੇ ਬੜੀ ਆਸਾਨੀ ਨਾਲ ਪਰ ਫ਼ਿਊਰਾਨ ਅਤੇ ਪਾਇਰੋਲ ਨਾਲੋਂ ਕੁਝ ਘੱਟ ਤੇਜ਼ੀ ਨਾਲ ਹੁੰਦੇ ਹਨ। ਦਾਖ਼ਲ ਹੋਣ ਵਾਲੇ ਗਰੁੱਪ ਦਾ ਝੁਕਾਅ ∝' ਥਾਂ ਵਲ ਹੁੰਦਾ ਹੈ। ਥਾਇਓਫ਼ੀਨਾਂ ਖਾਰਾਂ ਤੇ ਹੋਰ ਨਿਊਕਲੀਓਫ਼ਿਲਿਕ ਏਜੰਟਾਂ ਪ੍ਰਤਿ ਸਥਾਈ ਹਨ ਅਤੇ ਸਾਪੇਖੀ ਤੌਰ ਤੇ ਤੇਜ਼ਾਬ ਦੁਆਰਾ ਵਿਘਨ ਪ੍ਰਤਿਰੋਧੀ ਹਨ।

ਸਭ ਤੋਂ ਵੱਧ ਆੱਕਸੀਕਰਨ ਵਿਧੀਆਂ (ਨਾਈਟ੍ਰਿਕ ਐਸਿਡ, ਓਜ਼ੋਨ, ਹਾਈਡ੍ਰੋਜਨ ਪਰਆੱਕਸਾਈਡ) ਦੁਆਰਾ ਵੀ ਥਾਇਓਫ਼ੀਨ ਰਿੰਗ ਖੁੱਲ੍ਹ ਨਹੀਂ ਸਕਿਆ। ਪਰਐਸੀਟਿਕ ਜਾਂ ਪਰਬੈਨੱਜ਼ੋਇਕ ਐਸਿਡ ਦੁਆਰਾ ਥਾਇਓਫ਼ੀਨਾਂ (3) ਦਾ ਆੱਕਸੀਕਰਨ ਥਾਇਓਫ਼ੀਨਸਲਫ਼ੋਨਾਂ (4) ਵਿਚ ਹੋ ਜਾਂਦਾ ਹੈ। ਤਰਲ ਅਮੋਨੀਆ ਅਤੇ ਮੀਥਾਈਲ ਅਲਕੋਹਲ ਵਿਚ ਸੋਡੀਅਮ, ਥਾਇਓਫ਼ੀਨ ਨੂੰ ਡਾਈਹਾਈਡ੍ਰੋ ਅਤੇ ਅਸਾਈਕਲੀ ਉਪਜਾਂ ਦੇ ਮਿਸ਼ਰਣ ਵਿਚ ਬਦਲ ਦਿੰਦਾ ਹੈ। ਰਿੰਗ ਖੋਲ੍ਹਣ ਵਾਲੀ ਕਿਰਿਆ ਵਿਚ ਥਾਇਓਫ਼ੀਨਾਂ ਵਿਚੋਂ ਰੈਨੇ ਨਿਕਲ,



ਚਿੱਤਰ ਨੰ 2 - ਥਾਇਓਫ਼ੀਨ

ਗੰਧਕ ਨੂੰ ਕੱਢ ਕੇ (5) ਤੋਂ (6) ਵਿਚ ਬਦਲ ਦਿੰਦਾ ਹੈ। ਮਾੱਲਿ-



ਚਿੱਤਰ ਨੰ 3 - ਥਾਇਓਫ਼ੀਨ

ਬਡਿਨਮ ਜਾਂ ਕੋਬਾਲਟ ਸਲਫ਼ਾਈਡ ਉਤਪ੍ਰੇਰਕਾਂ ਨਾਲ ਉਤਪ੍ਰੇਰਕੀ ਹਾਈਡ੍ਰੋਜਨੀਕਰਨ (ਉੱਚ ਤਾਪਮਾਨ ਅਤੇ ਦਬਾਉ ਉੱਤੇ) ਨਾਲ ਰਿੰਗ ਸੰਤ੍ਰਿਪਤ ਹੋ ਜਾਂਦਾ ਹੈ, ਜਦੋਂ ਕਿ ਵੱਡੀ ਮਾਤਰਾ ਵਿਚ ਪਲੈਟੀਨਮ ਜਾਂ ਪੈਲੇਡੀਅਮ ਉਤਪ੍ਰੇਰਕਾਂ ਦੀ ਹੋਂਦ ਵਿਚ ਵੀ ਅਜਿਹਾ ਹੀ ਹੁੰਦਾ ਹੈ।

ਥਾਇਓਫ਼ੀਨਾਂ ਨਾਲ ਬ੍ਰੋਮੀਨ ਅਤੇ ਕਲੋਰੀਨ ਬੜੀ ਤੇਜ਼ੀ ਨਾਲ ਕਿਰਿਆ ਕਰਦੀਆਂ ਹਨ। ਮਰਕਿਊਰਿਕ ਆੱਕਸਾਈਡ ਦੀ ਹੋਂਦ ਵਿਚ ਥਾਇਓਫ਼ੀਨਾਂ ਦਾ ਆਇਓਡੀਕਰਨ ਜਾਂ ਮਰਕਿਊਰੇਟਿਡ ਥਾਇਓ-ਫ਼ੀਨਾਂ ਦੇ ਆਇਓਡੀਕਰਨ ਨਾਲ ਆਇਓਡੀਨੇਟਿਡ ਵਿਉਤਪੰਨ ਬਣਦੇ ਹਨ।

ਤਿਆਰ ਕਰਨ ਦੇ ਢੰਗ — ਥਾਇਓਫ਼ੀਨਰਿੰਗ ਸਿਸਟਮ ਫ਼ਾਸਫ਼ੋਰਸ ਸਲਫ਼ਾਈਡਾਂ ਦੀ ਹੋਂਦ ਵਿਚ 1,4 - ਡਾਈਕਾਰਬੋਨਿਲ ਯੋਗਿਕਾਂ ਦੇ (ਸਾਈਕਲੀਜੇਸ਼ਨ ਚਕਰਣ) ਦੁਆਰਾ ਬਣਦਾ ਹੈ। ਇਕ ਹੋਰ ਢੰਗ ਉੱਚ ਤਾਪਮਾਨ ਉੱਤੇ ਗੰਧਕ ਜਾਂ ਗੰਧਕ ਦੇ ਯੋਗਿਕਾਂ ਨਾਲ ਹਾਈਡ੍ਰੋਕਾਰਬਨਾਂ ਦੀ ਸਾਈਕਲੀਜ਼ੇਸ਼ਨ ਹੈ। ਆਸਾਨੀ ਨਾਲ ਮਿਲਦੀ ਬਿਊਟੇਨ ਜਾਂ ਬਿਊਟਾਡਾਈਨ ਤੋਂ ਤਿਆਰ ਕੀਤੀ ਵਪਾਰਕ ਥਾਇਓਫ਼ੀਨ ਦੀ ਮੰਗ ਕੇਵਲ ਵੱਡੇ ਪੈਮਾਨੇ ਤੇ ਹੁੰਦੀ ਹੈ। ਪ੍ਰਯੋਗਸ਼ਾਲਾ ਵਿਚ ਸੋਡੀਅਮ ਸਕਸਿਨੇਟ ਨੂੰ ਫ਼ਾਸਫ਼ੋਰਸ ਸਲਫ਼ਾਈਡ ਨਾਲ ਗਰਮ ਕਰਕੇ ਥਾਇਓਫ਼ੀਨ ਦਾ ਸੰਸ਼ਲੇਸ਼ਣ ਕੀਤਾ ਜਾਂਦਾ ਹੈ।

ਐੱਲਕਾਈਲਥਾਇਓਫ਼ੀਨਾਂ ਰਿੰਗ ਸੰਸ਼ਲੇਸ਼ਣ ਦੁਆਰਾ ਤਿਆਰ ਕੀਤੀਆਂ ਜਾਂਦੀਆਂ ਹਨ ਅਰਥਾਤ ਥਾਈਐਨਾਈਲਮੈਗਨੀਸ਼ੀਅਮ ਹੈਲਾਈਡਾਂ ਦੀ ਸਲਫ਼ੇਟ ਜਾਂ ਸਲਫ਼ੇਟ ਐੱਸਟਰਾਂ ਨਾਲ ਐੱਲਕਾਈ-ਲੇਸ਼ਣ ਦੁਆਰਾ। ਇਹ ਥਾਇਓਫ਼ੀਨ ਕੀਟੋਨਾਂ ਦੇ ਲਘੂਕਰਣ ਦੁਆਰਾ ਵੀ ਤਿਆਰ ਕੀਤੀਆਂ ਜਾਂਦੀਆਂ ਹਨ।

ਥਾਇਓਫ਼ੀਨ ਐਲਡਿਹਾਈਡ; ਥਾਇਓਫ਼ੀਨ ਦੀ ਹੈਕੱਸਾ-ਮੈਥਿਲੀਨਟੈਟ੍ਰਾਮੀਨ ਨਾਲ ਕਿਰਿਆ ਦੁਆਰਾ (ਸੋਮੈਲੈੱਟ ਵਿਧੀ) ਜਾਂ N-ਮੀਥਾਈਲਫ਼ਾੱਰਮਐਨਿਲਾਈਡ-ਫ਼ਾਸਫ਼ੋਰਸ ਆੱਕਸੀਕਲੋਰਾਈਡ ਰੀਏਜੰਟ ਜੋੜੇ ਤੋਂ ਬਣਾਏ ਜਾਂਦੇ ਹਨ। ਮੰਦ ਉਤਪ੍ਰੇਰਕਾਂ ਨਾਲ

ਫ਼੍ਰੀਡਲ-ਕਰਾਫ਼ਟਸ ਐਸਿਲੇਸ਼ਣ ਦੁਆਰਾ ਥਾਇਓਫ਼ੀਨ ਕੀਟੋਨਾਂ ਕਾਫ਼ੀ ਮਾਤਰਾ ਵਿਚ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ। ਥਾਇਓਫ਼ੀਨ ਐੱਲਡਿਹਾਈਡਾਂ ਦੇ ਸਿਲਵਰ ਆੱਕਸਾਈਡ ਆੱਕ-ਸੀਕਰਨ, ਐਸੀਟਾਈਲਥਾਇਓਫ਼ੀਨ ਦੇ ਹੈਲੋਫ਼ਾੱਰਮ ਆੱਕਸੀਕਰਨ ਅਤੇ ਥਾਇਓਫ਼ੀਨਮੈਟਲ ਵਿਉਤਪੰਨਾਂ ਦੇ ਕਾਰਬੋਨੇਟੀਕਰਨ ਦੁਆਰਾ ਥਾਇਓਫ਼ੀਨ ਕਾਰਬਾੱਕਸੀਲਿਕ ਤੇਜ਼ਾਬ ਤਿਆਰ ਕੀਤੇ ਜਾਂਦੇ ਹਨ। ਥਾਇਓਫ਼ੀਨ ਐੱਲਡਿਹਾਈਡ, ਕੀਟੋਨ ਅਤੇ ਤੇਜ਼ਾਬ ਆਪਣੇ ਨਾਲ ਮੇਲ ਖਾਂਦੇ ਬੈਨੱਜ਼ੀਨ ਵਿਉਤਪੰਨਾਂ ਵਾਂਗ ਸਾਧਾਰਣ ਲੱਛਣ ਦਰਸਾਉਂਦੇ ਹਨ।

ਹ. ਪੁ. – ਮੈਕ. ਐਨ. ਸ. ਟ. 13 : 624; ਐਨ. ਬ੍ਰਿ. 22 : 135


ਥਾਇਓਬੈਕਟੀਰੀਏਸੀ : ਇਹ ਤੰਤੂ ਰਹਿਤ ਗਾਂਰਾਮ ਨੈਗੇਟਿਵ (gram negative) ਬੈਕਟਰੀਆ ਦੀ ਇਕ ਕੁਲ ਹੈ ਜਿਸ ਦਾ ਸਬੰਧ ਸੂਡੋਮਾਨੋਐਂਡਿਨੀ ਉਪ ਵਰਗ ਨਾਲ ਹੈ। ਇਹ ਬੈਕਟਰੀਆ ਅਕਾਰਬਨਿਕ ਸਲਫ਼ਰ ਯੋਗਿਕਾਂ ਦਾ ਆੱਕਸੀਕਰਨ ਕਰਨ ਦੇ ਯੋਗ ਹੁੰਦੇ ਹਨ। ਇਹ ਬੈਕਟੀਰੀਆ (ਥਾਇਓਬੈਰੀਆ) ਉੱਤੇ ਜ਼ਿਆਦਾ ਕੇਂਦਰਿਤ ਹੁੰਦੇ ਹਨ ਜਿਥੇ ਹਾਈਡ੍ਰੋਜਨ ਸਲਫ਼ਾਈਡ ਉਪਲਬਧ ਹੋਵੇ। ਇਨ੍ਹਾਂ ਦੀਆਂ ਛੇ ਪ੍ਰਜਾਤੀਆਂ ਦਾ ਥਾਇਓਬੈਕਟੀਰੀਏਸੀ ਵਿਚ ਕੇਵਲ ਇਸ ਲਈ ਵਰਗੀਕਰਣ ਨਹੀਂ ਕੀਤਾ ਗਿਆ ਕਿ ਇਹ ਨੇੜੇ ਤੋਂ ਸਬੰਧਤ ਹਨ ਸਗੋਂ ਇਹ ਕੇਵਲ ਸੁਵਿਧਾ ਲਈ ਕੀਤਾ ਗਿਆ ਹੈ। ਇਹ ਪ੍ਰਜਾਤੀਆਂ ਹਨ :- ਥਾਇਓਬੈਕਟੀਰੀਅਮ, ਥਾਇਓਗਲੋਈਆ, ਮੈਕਰੋਮੋਨਾਸ, ਥਾਇਓਵਿਊਲਮ, ਥਾਇਓਸਪਾਇਰਾ ਅਤੇ ਥਾਇਓ-ਬੈਸੀਲਸ।

ਥਾਇਓਬੈਕਟੀਰੀਅਮ—ਇਹ ਡੰਡਾ ਸ਼ਕਲ ਦੇ ਗਤੀ ਰਹਿਤ ਬੈਕਟੀਰੀਆ ਹਨ ਜਿਨ੍ਹਾਂ ਦਾ ਆਕਾਰ 0·3-1·5 × 1·0-5·0 ਮਾਈਕ੍ਰੋਨ ਹੁੰਦਾ ਹੈ। ਇਹ ਸਲਫ਼ਾਈਡ ਵਾਲੇ ਪਾਣੀ ਵਿਚ ਛੋਟੀਆਂ ਛੋਟੀਆਂ ਤਰਦੀਆਂ ਕਲੋਨੀਆਂ ਬਣਾਉਂਦੇ ਹਨ। ਇਹ ਕਲੋਨੀਆਂ ਪ੍ਰਾਵਰਤਿਤ ਰੋਸ਼ਨੀ ਦੁਆਰਾ ਚਿੱਟੀਆਂ ਦਿਖਾਈ ਦਿੰਦੀਆਂ ਹਨ। ਇਹ ਇਸ ਤਰ੍ਹਾਂ ਇਨ੍ਹਾਂ ਸੈੱਲਾਂ ਦੇ ਅੰਦਰ ਜਾਂ ਬਾਹਰ ਸਲਫ਼ਰ ਦੇ ਜਮਾਓ (deposition) ਕਾਰਨ ਹੁੰਦਾ ਹੈ। ਇਕਹਿਰੇ ਸੈੱਲ ਇਕ ਪੈਲੀਕਲ ਜਾਂ ਜ਼ੂਓਗਲੀਅਲ (Zoogloeal) ਸਮੂਹਾਂ ਵਿਚ ਹੁੰਦੇ ਹਨ।

ਥਾਇਓਗਲੋਈਆ—ਇਹ ਗਤੀ-ਰਹਿਤ ਬੈਕਟਰੀਆ ਹੁੰਦੇ ਹਨ ਜਿਨ੍ਹਾਂ ਦੀ ਸ਼ਕਲ ਗੋਲਾਕਾਰ ਤੋਂ ਅੰਡਾਕਾਰ ਹੁੰਦੀ ਹੈ ਅਤੇ ਆਕਾਰ 0.6 × 2-6 × 10 ਮਾਈਕ੍ਰੋਨ ਹੁੰਦਾ ਹੈ। ਇਹ ਬੈਕਟੀਰੀਆ ਬਹੁਤ ਵਾਰ ਰਵੇਹੀਣ ਸਲਫ਼ਰ ਦੇ ਨਿੱਕੇ ਕਣਾਂ ਨਾਲ ਭਰੇ ਹੁੰਦੇ ਹਨ। ਇਹ ਕਣ ਸਭ ਤੋਂ ਵੱਡੀਆਂ ਜਾਤੀਆਂ ਵਿਚ 4 ਮਾਈਕ੍ਰੋਨ ਤਕ ਵੀ ਹੋ ਸਕਦੇ ਹਨ।

ਮੈਕਰੋਮੋਨਾਸ—ਇਹ ਸਲਿੰਡਰੀਕਾਰ ਜਾਂ ਲੋਬੀਏ ਦੇ ਬੀਜ ਵਰਗੀ ਸ਼ਕਲ ਦੇ ਗਤੀਸ਼ੀਲ ਬੈਕਟੀਰੀਆ ਹੁੰਦੇ ਹਨ। ਇਨ੍ਹਾਂ ਦਾ ਆਕਾਰ 3–14 × 8–30 ਮਾਈਕ੍ਰੋਨ ਹੁੰਦਾ ਹੈ ਅਤੇ ਇਨ੍ਹਾਂ ਵਿਚ ਕੇਵਲ ਇਕ ਹੀ ਸਿਖਰਲਾ ਫ਼ਲੈਜੈਲਮ ਹੁੰਦਾ ਹੈ ਜੋ 10–40 ਮਾਈਕ੍ਰੋਨ ਲੰਬਾ ਹੁੰਦਾ ਹੈ। ਸੈੱਲ ਵਿਚ ਕੈਲਸ਼ੀਅਮ ਕਾਰਬੋਨੇਟ ਦੇ ਇਕ ਤੋਂ ਚਾਰ ਗੋਲਾਕਾਰ ਅੰਸ਼ ਵੀ ਹੁੰਦੇ ਹਨ ਜੋ ਸੈੱਲ ਨੂੰ ਤਕਰੀਬਨ ਭਰ ਦਿੰਦੇ ਹਨ।

ਥਾਇਓਵਿਊਲਮ — ਇਹ ਲਗਭਗ ਗੋਲਾਕਾਰ ਜੀਵ (ਆਰਗੇਨਿਜ਼ਮ) ਹਨ ਜਿਨ੍ਹਾਂ ਦਾ ਘੇਰਾ 5–20 ਮਾਈਕ੍ਰੋਨ ਹੁੰਦਾ ਹੈ। ਇਨ੍ਹਾਂ ਵਿਚਲਾ ਸੈੱਲ-ਪਦਾਰਥ (ਸਾਈਟੋਪਲਾਜ਼ਮ) ਸੈੱਲ ਦੇ ਇਕ ਸਿਰੇ ਤੇ ਹੀ ਇੱਕਠਾ ਹੋਇਆ ਰਹਿੰਦਾ ਹੈ ਅਤੇ ਇਸ ਵਿਚ ਸਲਫ਼ਰ ਦੇ ਗੋਲ ਕਣ (Globules) ਵੀ ਹੋ ਸਕਦੇ ਹਨ। ਸੈੱਲ ਦਾ ਬਾਕੀ ਦਾ ਹਿੱਸਾ ਵੈਕਿਓਲ ਨਾਲ ਘਿਰਿਆ ਹੁੰਦਾ ਹੈ।



ਥਾਇਓਬੈਕਟੀਰੀਆ ਦੇ ਵੱਖ-ਵੱਖ ਰੂਪ
1. ਥਾਇਓਬੈਕਟੀਰੀਅਮ 2. ਮੈਕਰੋਮੋਨਾਸ 3. ਥਾਇਓਵਿਊਲਮ
4. ਥਾਇਓਸਪਾਇਰਾ 5. ਥਾਇਓਬੈਸੀਲਸ

ਇਨ੍ਹਾਂ ਵਿਚਲੀ ਤੇਜ਼ੀ ਨਾਲ ਵਾਪਰਨ ਵਾਲੀ ਉਥਲ-ਪੁਥਲ ਤੋਂ ਸਿਖਰਲਾ ਫ਼ਲੈਜੇਲਮ ਹੋਣ ਦਾ ਆਸਾਰ ਨਜ਼ਰ ਆਉਂਦਾ ਹੈ ਪਰੰਤੂ ਕੋਈ ਫ਼ਲੈਜੇਲਮ ਸਾਬਤ ਨਹੀਂ ਕੀਤਾ ਗਿਆ।

ਥਾਇਓਸਪਾਇਰਾ—ਇਸ ਗਰੁਪ ਦੇ ਮੈਂਬਰ ਥੋੜ੍ਹੇ ਜਿਹੇ ਝੁਕੇ ਜਾਂ ਮੁੜੇ ਹੋਏ ਗਤੀਸ਼ੀਲ ਡੰਡਾ ਸ਼ਕਲ ਦੇ ਬੈਕਟੀਰੀਆ ਹਨ ਜਿਨ੍ਹਾਂ ਦੀ ਕੇਂਦਰ ਵਿਚ ਚੌੜਾਈ 2 ਮਾਈਕ੍ਰੋਨ ਅਤੇ ਲੰਬਾਈ 7–50 ਮਾਈਕ੍ਰੋਨ ਤੱਕ ਹੁੰਦੀ ਹੈ। ਇਨ੍ਹਾਂ ਦੇ ਹਰੇਕ ਸਿਰੇ ਤੇ ਦੋ ਫ਼ਲੈਜਲਾ ਹੁੰਦੇ ਹਨ। ਸੈੱਲਾਂ ਵਿਚ ਸਲਫ਼ਰ ਦੇ ਗਲਾੱਬਿਊਲ ਅਤੇ ਕੁਝ ਮੈਟਾਕ੍ਰੋਮੈਟਿਕ ਮਾਦਾ ਹੁੰਦਾ ਹੈ।

ਥਾਇਓਬੈਸੀਲਸ—ਇਹ ਡੰਡਾ ਸ਼ਕਲ ਦੇ ਬੈਕਟਰੀਆ ਜਾਂ ਤਾਂ ਇਕ ਇਕਹਿਰੇ ਸਿਖਰਲੇ ਫ਼ਲੈਜੈਲਮ ਰਾਹੀਂ ਗਤੀਸ਼ੀਲ ਹੁੰਦੇ ਹਨ ਜਾਂ ਗਤੀ ਰਹਿਤ ਹੁੰਦੇ ਹਨ। ਇਨ੍ਹਾਂ ਬੈਕਟਰੀਆ ਦਾ ਆਕਾਰ 0.5 × 1–3 ਮਾਈਕ੍ਰੋਨ ਹੁੰਦਾ ਹੈ। ਇਹ ਸਵੈ-ਪੋਸ਼ਿਤ ਜੀਵ (ਆਰਗੈਨਿਜ਼ਮ) ਹਨ ਅਤੇ ਕਾਰਬਨਡਾਇਆੱਕਸਾਈਡ ਨੂੰ ਇਹ ਕਾਰਬਨ ਦੇ ਇਕੋ ਇਕ ਸੋਮੇ ਵਜੋਂ ਵਰਤਦੇ ਹਨ। ਸਾਹ ਕਿਰਿਆ ਲਈ ਇਹ ਲੋੜੀਂਦੀ ਊਰਜਾ ਸਲਫ਼ਾਈਡ, ਸਲਫ਼ਰ, ਥਾਇਓਸਲਫ਼ੇਟ, ਪਾਲੀਥਾਇਓਨੇਟ ਦੇ ਆੱਕਸੀਕਰਨ ਤੋਂ ਪ੍ਰਾਪਤ ਕਰਦੇ ਹਨ। ਇਕ ਜਾਤੀ (T. thiocyanoxidans) ਟੀ. ਥਾਇਓਸਾਈਨਾੱਕਸੀਡਨਜ਼ ਲਈ ਇਹ ਊਰਜਾ ਥਾਇਓਸਾਇਨੇਟ ਤੋਂ ਪ੍ਰਾਪਤ ਕਰਦੇ ਹਨ। ਟੀ. ਨੋਵੈਲਸ (T. novellus) ਤਾਂ ਸਲਫ਼ਰ ਆੱਕਸੀਕਰਨ ਅਤੇ ਕਾਰਬਨ ਡਾਇਆੱਕਸਾਈਡ ਯੋਗਿਕੀਕਰਨ ਤੇ ਨਿਰਬਾਹ ਕਰ ਸਕਦੀ ਹੈ ਜਾਂ ਫਿਰ ਕਾਰਬਨੀ ਸਬਸਟ੍ਰੇਟ ਤੇ ਅਨਿਸ਼ਚਿਤ ਸਵੈ-ਪੋਸ਼ੀ ਹੁੰਦੀ ਹੈ ਜਦੋਂ ਕਿ ਦੂਸਰੀਆਂ ਜਾਤੀਆਂ ਨਿਸ਼ਚਿਤ ਸਵੈ-ਪੋਸ਼ੀ ਹੁੰਦੀਆਂ ਹਨ ਕਿਉਂਕਿ ਉਹ ਕਾਰਬਨੀ ਪਦਾਰਥ ਨੂੰ ਉਪਯੋਗ ਵਿਚ ਲਿਆਉਣ ਦੇ ਅਸਮਰਥ ਹੁੰਦੀਆਂ ਹਨ।

ਹ. ਪੁ. - ਮੈਕ. ਐਨ. ਸ. ਟ. 13 : 623

ਥਾਇਓਯੂਰੀਆ : ਇਹ ਇਕ ਰਵੇਦਾਰ, ਰੰਗਹੀਣ ਠੋਸ (ਪ੍ਰਿਜ਼ਮ ਜਾਂ ਸੂਈਆਂ) ਪਦਾਰਥ ਹੈ ਜਿਸ ਦਾ ਰਸਾਇਣਕ ਫ਼ਾਰਮੂਲਾ ਇਹ ਹੈ :—

$$H_2N - \overset{\overset{\displaystyle S}{\|}}{C} - NH_2 \quad ----------$$

ਇਸ ਦਾ ਪਿਘਲਾਉ ਦਰਜਾ 180-182° ਸੈਂ. ਹੈ। ਇਹ ਸਾਪੇਖੀ ਤੌਰ ਤੇ ਪਾਣੀ ਵਿਚ ਅਘੁਲਣਸ਼ੀਲ ਹੈ ਅਤੇ ਈਥਰ ਵਿਚ ਥੋੜ੍ਹਾ ਜਿਹਾ ਘੁਲ ਜਾਂਦਾ ਹੈ। ਇਸ ਨੂੰ ਤਿਆਰ ਕਰਨ ਦੇ ਤਿੰਨ ਮੁੱਖ ਢੰਗ ਇਸ ਤਰ੍ਹਾਂ ਹਨ :—

(1) ਅਮੋਨੀਅਮ ਥਾਇਓਸਾਇਆਨੇਟ ਨੂੰ ਲਗਭਗ 180° ਸੈਂ. ਤੇ ਗਰਮ ਕਰਨ ਨਾਲ ਥਾਇਓਯੂਰੀਆ ਨਾਲ ਇਕਸਾਰਤਾ ਸਥਾਪਿਤ ਹੋ ਜਾਂਦੀ ਹੈ; (2) ਕੈਲਸ਼ੀਅਮ ਸਾਇਆਨਾਮਾਈਡ ਉੱਤੇ ਹਾਈਡ੍ਰੋਜਨ ਸਲਫ਼ਾਈਡ ਦੀ ਲਗਭਗ 180° ਸੈਂ. ਤੇ ਕਿਰਿਆ ਦੁਆਰਾ (3) ਡਾਈਸਾਇਐਨਡਾਇਮਾਈਡ ਅਤੇ ਅਮੋਨੀਅਮ ਸਲਫ਼ਾਈਡ ਦੀ 60-70° ਸੈਂ. ਉੱਤੇ ਪ੍ਰਤਿਕਿਰਿਆ ਦੁਆਰਾ

$$H_2N - \overset{\overset{\displaystyle NH}{\|}}{C} - NH - CN + 2\,(NH_4)_2\,S \longrightarrow$$
$$4\,NH_3 + NH_4SCN + H_2N - CS - NH_2 \quad (1)$$

ਥਾਇਓਯੂਰੀਆ, ਯੂਰੀਆ ਦਾ ਗੰਧਕ ਅਨੁਰੂਪ ਹੈ ਅਤੇ ਯੂਰੀਆ ਵਾਂਗ ਹਾਈਡ੍ਰੋਕਾਰਬਨਾਂ ਨਾਲ ਜੁੜਨਸ਼ੀਲ ਯੋਗਿਕ ਬਣਾਉਂਦਾ ਹੈ। ਇਸ ਦੀ ਵਰਤੋਂ ਕਪੜਿਆਂ ਅਤੇ ਫਰ ਨੂੰ ਕੀੜਿਆਂ ਤੋਂ ਬਚਾਉਣ ਲਈ ਕੀਤੀ ਜਾਂਦੀ ਹੈ।

ਰਸਾਇਣਿਕ ਤੌਰ ਤੇ ਥਾਇਓਯੂਰੀਆ ਟਾੱਟੋਮੈਰਿਕ ਰੂਪਾਂ ਵਿਚ ਮਿਲਦਾ ਹੈ (ਸਮੀਕਰਨ 2) ਜਿਸ ਨੂੰ ਆਭਾਸੀ ਥਾਇਓਯੂਰੀਆ

$$H_2N - \overset{\overset{\displaystyle S}{\|}}{C} - NH_2 - H_2N \rightleftharpoons \overset{\overset{\displaystyle S-H}{|}}{C} = NH \; --- \quad (2)$$


ਕਿਹਾ ਜਾਂਦਾ ਹੈ। ਇਸ ਤਰ੍ਹਾਂ ਐੱਲਕਾਈਲ ਹੈਲਾਈਡ ਜਿਵੇਂ ਕਿ ਈਥਾਈਲ ਬ੍ਰੋਮਾਈਡ ਨਾਲ ਈਥਾਈਲ ਥਾਇਓਯੂਰੇਨੀਅਮ ਬ੍ਰੋਮਾਈਡ (2) ਬਣ ਜਾਂਦਾ ਹੈ :—

$$H_2N - \overset{\overset{\displaystyle S - C_2H_5}{|}}{C} = \overset{\oplus}{N}H_2 \; \overset{\ominus}{Br} \quad (2)$$

ਥਾਇਓਯੂਰੇਨੀਅਮ ਲੂਣਾਂ ਦੀ ਵਰਤੋਂ ਮਰਕੈਪਟੇਨਾਂ ਅਤੇ ਐਲਕਾਈਲ ਸਲਫ਼ੋਨਿਲ ਕਲੋਰਾਈਡਾਂ ਦੀ ਤਿਆਰੀ ਲਈ ਕੀਤੀ ਜਾਂਦੀ ਹੈ। ਬੈਂਨਜਾਈਲ ਥਾਇਓਯੂਰੇਨੀਅਮ ਕਲੋਰਾਈਡ (3), ਆਰਗੈਨਿਕ ਐਸਿਡਾਂ ਦੀ ਪਹਿਚਾਣ ਲਈ ਇਕ ਵਡਮੁੱਲਾ ਰੀਏਜੈਂਟ ਹੈ, ਕਿਉਂਕਿ ਤੇਜ਼ਾਬ ਦੇ ਸੋਡੀਅਮ ਲੂਣ ਨਾਲ ਇਕ ਰਵੇਦਾਰ ਥਾਇਓਯੂਰੇਨੀਅਮ ਲੂਣ ਬਣ ਜਾਂਦਾ ਹੈ।

$$H_2N - \overset{\overset{\displaystyle S - CH_2 - C_6H_5}{|}}{C} = N^{\oplus}H_2\,Cl^{-} \quad (3)$$

ਪ੍ਰਤਿਸਥਾਪਿਤ ਮੈਲਾੱਨਿਕ ਐਸਟਰਾਂ ਨਾਲ ਥਾਇਓਯੂਰੀਆ ਸੰਘਣਨ ਦੁਆਰਾ ਥਾਇਓਬਾਰਬਿਟਯੂਰਿਕ ਐਸਿਡ ਵਿਉਤਪੰਨ ਬਣਦੇ ਹਨ। ਇਸ ਦਾ ਇਕ ਵਿਉਤਪੰਨ ਸੋਡੀਅਮ ਪੈਂਟੋਥਾਲ ਲੋੜੀਂਦੇ ਸਾਧਾਰਣ ਅਨੈੱਸਥੈਟਿਕ ਦੀ ਮਾਤਰਾ ਦੇਣ ਦੀ ਜ਼ਰੂਰਤ ਵਿਚ ਕਮੀ ਕਰਦਾ ਹੈ :—



(4)

ਹ. ਪੁ. – ਮੈਕ. ਐਨ. ਸ. ਟ. 13 : 625

ਥਾਇਓ ਯੋਗਿਕ : ਇਹ ਉਹ ਆਰਗੈਨੋਸਲਫ਼ਰ ਯੋਗਿਕ ਹਨ ਜਿਨ੍ਹਾਂ ਵਿਚ ਇਕ ਜਾਂ ਇਕ ਤੋਂ ਵੱਧ ਗੰਧਕ ਦੇ ਪਰਮਾਣੂ ਆੱਕਸੀਜਨ ਦੀ ਥਾਂ ਲੈ ਲੈਂਦੇ ਹਨ। ਇਸ ਨਾਂ ਪੱਧਤੀ ਦੀ ਆਮ ਵਰਤੋਂ ਅਤੇ ਬਣਤਰੀ ਤਬਦੀਲੀਆਂ ਕਾਰਨ ਥਾਇਓ ਨਾਵਾਂ ਦੀ ਗਲਤੀ ਲੱਗ ਸਕਦੀ ਹੈ ਪਰ ਵਿਸ਼ੇਸ਼ ਹਾਲਤਾਂ ਵਿਚ ਇਹ ਨਾਂ ਸਮਝਣਯੋਗ ਹਨ। ਥਾਇਓਲ ਅਤੇ ਥਾਇਓਫ਼ੀਨੋਲ ਅਲਕੋਹਲਾਂ ਅਤੇ ਫ਼ੀਨੋਲਾਂ ਦੇ ਗੰਧਕ ਸਮਾਨਰੂਪ ਹਨ। ਡਾਈਥਾਇਓ ਅਤੇ ਟ੍ਰਾਈ-ਥਾਇਓ ਯੋਗਿਕਾਂ ਵਿਚ ਆੱਕਸੀਜਨ ਦੇ ਅਨੁਰੂਪ ਗੰਧਕ ਦੇ ਦੋ ਜਾਂ ਤਿੰਨ ਪਰਮਾਣੂ ਹੁੰਦੇ ਹਨ। ਐਸਾਈਲ -SH ਯੋਗਿਕ ਥਾਇਓ ਤੇਜ਼ਾਬ ਹੁੰਦੇ ਹਨ ਉਦਾਹਰਣ ਵਜੋਂ ਥਾਇਓਐਸੀਟਿਕ ਐਸਿਡ। ਇਹ ਤਿੰਨ ਢੰਗਾਂ ਨਾਲ ਬਣਾਏ ਜਾ ਸਕਦੇ ਹਨ :—

1. ਹਾਈਡ੍ਰੋਜਨ ਸਲਫ਼ਾਈਡ ਜਾਂ ਇਸ ਦੇ ਲੂਣਾਂ ਦੇ ਐਸੀਲੇਟ ਕਰਨ ਨਾਲ;
2. RC (= O) OH ਅਤੇ P_2S_5 ਰਾਹੀਂ ਜਾਂ
3. RMgX ਅਤੇ COS (ਕਾਰਬਨ ਆੱਕਸੀਸਲਫ਼ਾਈਡ) ਦੁਆਰਾ।

ਡਾਈਥਾਇਓ ਐਸਿਡ ਦੀ ਤਿਆਰੀ RMgX ਅਤੇ ਕਾਰਬਨ ਡਾਈਸਲਫ਼ਾਈਡ ਤੋਂ ਕੀਤੀ ਜਾਂਦੀ ਹੈ। ਟ੍ਰਾਈਥਾਇਓਕਾਰਬੋਨੇਟ $S = C\,(SH)_2$ ਦੇ ਵਿਉਤਪੰਨ ਹਨ। ਡਾਈਥਾਇਓਕਾਰਬੇਮੇਟ (ਕਾਰਬੇਮਿਕ ਤੇਜ਼ਾਬਾਂ ਨਾਲ ਸਬੰਧਿਤ) ਲੂਣਾਂ ਦੇ ਰੂਪ ਵਿਚ ਬੜੀ ਤੇਜ਼ੀ ਨਾਲ ਤਿਆਰ ਕੀਤੇ ਜਾ ਸਕਦੇ ਹਨ।

$$2R_2NH + CS_2 \longrightarrow R_2NC\,(=S)\,\overset{-}{S}\left(H_2\overset{+}{N}R_2\right)$$

ਅਜਿਹੀਆਂ ਕਿਰਿਆਵਾਂ ਅਤੇ ਅਲਕੋਹਲ ਤੇ ਖਾਰਾਂ ਨਾਲ ਜ਼ੈਨੱਥੇਟ ਪ੍ਰਾਪਤ ਕਰਨ ਲਈ ਤਕਨੀਕੀ ਤੌਰ ਤੇ ਕਾਰਬਨ ਡਾਈਸ-ਲਫ਼ਾਈਡ ਦੀ ਬਹੁਤ ਮਹੱਤਤਾ ਹੈ। ਉਦਾਹਰਣ ਵਜੋਂ ਈਥਾਈਲ ਅਲਕੋਹਲ ਨਾਲ ਪੋਟਾਸ਼ੀਅਮ ਈਥਾਈਲ ਜ਼ੈਨੱਥੇਟ ਬਣਦਾ ਹੈ। ਥਾਇਓਕਾਰਬੋਨੇਟਾਂ ਦਾ ਸੰਸ਼ਲੇਸ਼ਣ ਅਕਸਰ ਫ਼ਾਸਜੀਨ $O = CCl_2$ ਤੋਂ ਸ਼ੁਰੂ ਹੁੰਦਾ ਹੈ, ਜਿਸ ਵਿਚ ਕਲੋਰੀਨ ਦੇ ਕਿਰਿਆਸ਼ੀਲ ਪਰਮਾਣੂ RSH, RC(O)SH ਅਤੇ HSH ਨਾਲ ਕਿਰਿਆਵਾਂ ਦੁਆਰਾ

ਸਲਫ਼ਰ ਗਰੁੱਪਾਂ ਨਾਲ ਬਦਲੇ ਜਾ ਸਕਦੇ ਹਨ।

$$ROH + CS_2 + KOH \longrightarrow RO - C(=S)\overset{-}{S}\overset{+}{K} + H_2O$$

ਕਈ ਹੋਰ ਯੋਗਿਕ ਜਿਨ੍ਹਾਂ ਨੂੰ ਥਾਇਓ ਕਿਹਾ ਜਾਂਦਾ ਹੈ ਆੱਕਸੀਜਨ ਦੇ ਸਮਾਨ ਰੂਪ ਹਨ। ਉਦਾਹਰਣ ਵਜੋਂ ਥਾਇ-ਓਸਾਇਆਨੇਟ, ਆਈਸੋਥਾਇਓਸਾਇਆਨੇਟ, ਥਾਇਓਯੂਰੀਆ, ਥਾਇਓਐਮਾਈਡ, ਡਾਈਥਾਇਓਐਸਟਰ ਅਤੇ ਥਾਇਓ ਐਸਿਡ ਕਲੋਰਾਈਡ।

ਥਾਇਓਕਾਰਬੇਮੇਟਾਂ ਦੇ ਆੱਕਸੀਕਰਨ ਦੁਆਰਾ ਅਨੁਰੂਪ ਡਾ-ਈਸਲਫ਼ਾਈਡ ਬਣਦੇ ਹਨ ਜਿਨ੍ਹਾਂ ਨੂੰ ਥਾਈਯੂਰਮ ਡਾਈਸਲ-ਫ਼ਾਈਡ ਕਿਹਾ ਜਾਂਦਾ ਹੈ :

$$R_2N - C(=S) - S - S - C(=S)NR_2$$

ਇਨ੍ਹਾਂ ਵਿਚੋਂ ਕਈ ਬਹੁਤ ਪ੍ਰਭਾਵਸ਼ਾਲੀ ਵਲਕਨੀਕਰਨ ਪ੍ਰਵੇਗਕ ਹਨ।


ਥਾਇਓਸਾਇਐਨੋਜੈੱਨ $(SCN)_2$ ਅਤੇ ਕਲੋਰੋਥਾਇਓਸਾਇ-ਐਨੇਜੈੱਨ $(Cl - SCN)$ ਵੀ ਮਹੱਤਵਪੂਰਨ ਹਨ। ਪਹਿਲੇ ਵਿਚ ਹੈਲੋਜੈੱਨਾ ਵਰਗੇ ਗੁਣ ਹੋਣ ਕਾਰਨ ਇਹ ਸਲਫ਼ੀਨਾਈਲ ਥਾਇ-ਓਸਾਇਆਨੇਟ ਤਿਆਰ ਕਰਨ ਲਈ ਥਾਇਓਸਾਇਆਨੇਟਿੰਗ ਏਜੰਟ ਦੇ ਤੌਰ ਤੇ ਵਰਤਿਆ ਜਾਂਦਾ ਹੈ।

ਥਾਇਓਬਾਰਬਿਟੂਰੇਟ, ਬਾਰਬਿਟਯੂਰਿਕ ਐਸਿਡ ਵਿਉਤਪੰਨ ਹਨ ਜਿਨ੍ਹਾਂ ਵਿਚ ਬਾਰਬਿਟਯੂਰਿਕ ਐਸਿਡ ਦੀ 2-ਪੁਜ਼ੀਸ਼ਨ ਵਿਚ ਐਲੱਕਾਈਲ ਜਾਂ ਐਰਾਈਲ ਰੈਡੀਕਲ ਦੀ ਥਾਂ RS ਗਰੁੱਪ ਨੇ ਲਈ ਹੁੰਦੀ ਹੈ।

ਥਾਇਓ ਐਸਿਡ, ਡਾਈਥਾਇਓ ਐਸਿਡ, ਥਾਇਓਕਾਰਬਾਮੇਟ, ਡਾਈਥਾਇਓਕਾਰਬੇਮੇਟ, ਪਾੱਲੀਥਾਇਓਲ, ਥਾਇਓਕਾਰਬੋਨੇਟ, ਟ੍ਰਾ-ਈਥਾਇਓਕਾਰਬੋਨੇਟ, ਥਾਇਓਸਾਇਆਨੇਟ ਅਤੇ ਸਬੰਧਿਤ ਯੋਗਿਕਾਂ ਵਿਚ ਬਹੁਤ ਲਾਭਦਾਇਕ ਗੁਣ ਹਨ ਜਿਹੜੇ ਕਾਫ਼ੀ ਵਿਕਸਿਤ ਹੋਏ ਹਨ। ਇਨ੍ਹਾਂ ਯੋਗਿਕਾਂ ਦੀ ਉਦਯੋਗ ਵਿਚ ਬਹੁਤ ਵਰਤੋਂ ਕੀਤੀ ਜਾਂਦੀ ਹੈ।

ਹ. ਪੁ. - ਮੈਕ. ਐਨ. ਸ. ਟ. 13 : 622


ਥਾਇਆਜ਼ੀਨ : ਇਹ ਕਾਰਬਨੀ (ਆਰਗੈਨਿਕ) ਯੋਗਿਕ ਹਨ ਜਿਨ੍ਹਾਂ ਵਿਚੋਂ ਕੁਝ ਵਧੇਰੇ ਕੰਪਲੈਕਸ ਵਿਉਤਪੰਨ ਰੰਗਕ ਪਦਾਰਥ ਤਿਆਰ ਕਰਨ ਲਈ ਮਹੱਤਵਪੂਰਨ ਹਨ। ਇਨ੍ਹਾਂ ਦਾ ਅਣਵੀਂ ਫ਼ਾਰਮੂਲਾ C_4H_5NS ਹੈ, ਜਿਸ ਨੂੰ ਛੇ-ਮੈਂਬਰੀ ਬਿਖਮ-ਚੱਕਰੀ ਰਿੰਗ ਬਣਤਰਾਂ ਵਿਚ ਨਿਰਧਾਰਿਤ ਕੀਤਾ ਗਿਆ ਹੈ।



1, 3, 2-ਥਾਇਆਜ਼ੀਨ 1, 3, 4-ਥਾਇਆਜ਼ੀਨ 1, 4-ਥਾਇਆਜ਼ੀਨ


ਚਿੱਤਰ ਨੰ. 1 - ਥਾਇਆਜ਼ੀਨ

ਥਾਇਆਜ਼ੀਨ ਅਤੇ ਇਨ੍ਹਾਂ ਦੇ ਸਰਲ ਵਿਉਤਪੰਨਾਂ ਦੀ ਪ੍ਰਯੋਗਿਕ ਤੌਰ ਤੇ ਬਹੁਤ ਘੱਟ ਮਹੱਤਤਾ ਹੈ। ਥਾਇਆਜ਼ੀਨ ਰੰਗਕ ਪਦਾਰਥ ਫ਼ੀਨਾਜ਼ੋਥਾਇਓਨੀਅਮ ਲੂਣ ਹਨ, ਇਸ ਲਈ ਇਨ੍ਹਾਂ ਨੂੰ ਫ਼ੀਨੋਥਾਇਆਜ਼ੀਨ (2,3,5,6-ਡਾਈਬੈਨਜ਼ੋ-1,4- ਥਾਇਆਜ਼ੀਨ) ਦੇ ਵਿਉਤਪੰਨ ਮੰਨਿਆ ਜਾਂਦਾ ਹੈ।



ਚਿੱਤਰ ਨੰ. 2 - ਥਾਇਆਜ਼ੀਨ

ਥਾਇਆਜ਼ੀਨ ਰੰਗਾਂ ਵਿਚ ਸਭ ਤੋਂ ਸਰਲ ਲੌਥਜ ਵਾਇਲਿਟ (Lauth's violet) (I) ਰੰਗ ਹੈ ਅਤੇ ਸਭ ਤੋਂ ਪ੍ਰਸਿੱਧ ਮੈਥਿਲੀਨ ਬਲੂ (II) ਰੰਗ ਹੈ।



ਚਿੱਤਰ ਨੰ. 3 - ਥਾਇਆਜ਼ੀਨ

ਥਾਇਆਜ਼ੀਨ ਰੰਗਾਂ ਦੀ (ਸਕੈਲੇਟਲ) ਖਾਕਾ ਬਣਤਰ ਦੀ ਵਿਆਖਿਆ 1887 ਈ ਵਿਚ ਆਗਸਟ ਬਰਨਥਸੈੱਨ ਨੇ ਕੀਤੀ ਜਦੋਂ ਕਿ ਮੈਥਿਲੀਨ ਬਲੂ ਦੀ ਖੋਜ 1876 ਈ. ਵਿਚ ਹਾਈਨਰਿਕ ਕੈਰੋ ਨੇ ਕੀਤੀ।


ਹ. ਪੁ. - ਐਨ. ਬ੍ਰਿ. 22 : 130

ਥਾਇਆਜ਼ੋਲ : ਕਾਰਬਨੀ ਰਸਾਇਣ-ਵਿਗਿਆਨ ਵਿਚ ਥਾਇਆਜ਼ੋਲ ਉਨ੍ਹਾਂ ਯੋਗਿਕਾਂ ਦੇ ਬਣੇ ਹੁੰਦੇ ਹਨ ਜਿਨ੍ਹਾਂ ਵਿਚ ਇਕ ਪੰਜ ਮੈਂਬਰੀ ਰਿੰਗ ਹੁੰਦਾ ਹੈ, ਜਿਸ ਉੱਤੇ ਇਕ ਨਾਈਟ੍ਰੋਜਨ, ਇਕ ਗੰਧਕ ਅਤੇ ਤਿੰਨ ਕਾਰਬਨ ਪਰਮਾਣੂ ਤਿੰਨ ਇਕਹਿਰੇ ਅਤੇ ਦੋ ਦੂਹਰੇ ਬੰਧਨਾਂ ਦੁਆਰਾ ਜੁੜੇ ਹੁੰਦੇ ਹਨ :-

$$\underset{(1)}{S} - \underset{(2)}{C} = \underset{(3)}{N} - \underset{(4)}{C} = \underset{(5)}{C}$$

ਇਸ ਕਿਸਮ ਦੇ ਯੋਗਿਕ ਦਾ ਸੰਸ਼ਲੇਸ਼ਣ ਸ਼ੁਰੂ ਵਿਚ 1874 ਈ. ਵਿਚ ਹਾਈਡ੍ਰੋਜਨ ਸਲਫ਼ਾਈਡ ਦੀ ਪੋਟਾਸ਼ੀਅਮ ਸਾਇਆਨਾਈਡ ਨਾਲ ਕਿਰਿਆ ਦੁਆਰਾ ਕੀਤਾ ਗਿਆ ਸੀ। ਬੜੀ ਦੇਰ ਤੱਕ ਇਸ ਦੀ ਰਚਨਾ ਸ਼ੱਕੀ ਰਹੀ ਪਰ 1947 ਈ. ਵਿਚ ਦ੍ਰਿੜ੍ਹਤਾ ਨਾਲ 5-ਐਮੀਨੋ-2-ਥਾਇਓਕਾਰਬੇਮਾਈਲਥਾਇਆਜ਼ੋਲ ਸਥਾਪਿਤ ਹੋਇਆ।

ਸ਼੍ਰੇਣੀ ਦੇ ਤੌਰ ਤੇ ਥਾਇਆਜ਼ੋਲਾਂ ਦੀ ਖੋਜ 1887 ਈ. ਵਿਚ ਆਰਥਰ ਹਾਂਟਜ਼ ਨੇ ਕੀਤੀ ਅਤੇ ਮਗਰੋਂ ਬਾਕਾਇਦਾ ਇਨ੍ਹਾਂ ਦੇ ਲੱਛਣਾਂ ਦਾ ਪਤਾ ਲਗਾਇਆ। ਇਹ ਬੜੀ ਆਸਾਨੀ ਨਾਲ α-ਹੈਲੋਜੈੱਨੀ ਕ੍ਰਿਤ ਐਲਡਿਹਾਈਡਾਂ ਜਾਂ ਕੀਟੋਨਾਂ ਦੇ ਥਾਇਓਮਾਈਡਾਂ ਨਾਲ ਸੰਘਣਨ (Condensation) ਦੁਆਰਾ ਤਿਆਰ ਕੀਤੇ ਜਾਂਦੇ ਹਨ :



ਮੂਲ ਥਾਇਆਜ਼ੋਲ, ਜਿਸ ਵਿਚ R^1, R^2 ਅਤੇ R^3 ਹਾਈ-ਡ੍ਰੋਜਨ ਪਰਮਾਣੂਆਂ ਦੀ ਪ੍ਰਤਿਨਿਧਤਾ ਕਰਦੇ ਹਨ, ਇਕ ਰੰਗਹੀਣ ਤਰਲ ਹੈ ਜਿਹੜਾ ਕਿ 117° ਸੈਂ. ਤੇ ਉਬਲਦਾ ਹੈ। ਇਹ ਪਿਰੀਡੀਨ ਵਰਗੇ ਪਤਲੀ ਖਾਰ ਵਾਲੇ ਗੁਣ ਦਰਸਾਉਂਦਾ ਹੈ। ਸਮਜਾਤੀ ਥਾਇਆਜ਼ੋਲ ਵੀ ਇਸੇ ਤਰ੍ਹਾਂ ਦੇ ਗੁਣ ਪ੍ਰਗਟ ਕਰਦੇ ਹਨ।

2-ਐਮੀਨੋਥਾਇਆਜ਼ੋਲਾਂ, ਜਿਨ੍ਹਾਂ ਵਿਚ R^3 ਐਮੀਨੋ ਗਰੁੱਪ ਦੀ ਪ੍ਰਤਿਨਿਧਤਾ ਕਰਦਾ ਹੈ, ਥਾਇਓਯੂਰੀਆ ਤੋਂ ਅਨੁਰੂਪ ਕਿਰਿਆ ਦੁਆਰਾ ਤਿਆਰ ਕੀਤੇ ਜਾਂਦੇ ਹਨ। ਸਲਫ਼ੇਨੀਲਿਲ ਵਿਉਤਪੰਨ ਜਿਨ੍ਹਾਂ ਵਿਚ $R^1 = R^2 = H$ $R^3 = NH\ .\ SO_2.\ C_6H_4.\ NH_2$ ਸੰਸ਼ਲਿਸ਼ਟ ਜੀਵਨਾਸ਼ਕ ਦਵਾਈ (ਸਲਫ਼ਾਥਾਇਆਜ਼ੋਲ) ਹੈ।

2-ਹਾਈਡ੍ਰਾਕਸੀਥਾਇਆਜ਼ੋਲ, ਜਿਸ ਵਿਚ $R^3 = OH$ ਹੈ ਖਾਰ ਦੀ ∝⁻ ਥਾਇਓਸਾਇਐਨੋ ਕੀਟੋਨਾਂ ਉੱਤੇ ਕਿਰਿਆ ਦੁਆਰਾ ਤਿਆਰ ਕੀਤੇ ਜਾਂਦੇ ਹਨ :-

$CH_2.\ SCN$ / $R^2.CO$ ⟶ $CH — S — C\ .\ OH$ / $R.C$ ‖ ... ‖ N

α- ਹੈਲੋਜੈਂਨੀਕ੍ਰਿਤ ਕੀਟੋਨਾਂ ਦੀ ਡਾਈਥਾਇਓਕਾਰਬੇਮੇਟ ਦੀ ਪਰਸਪਰ ਕਿਰਿਆ ਦੁਆਰਾ ਬਣੀ ਅੰਨੁਸਾਰੀ 2- ਮਰਕੈਪਟੋਥਾਇ-ਆਜ਼ੋਲ ਦੀ ਉਦਯੋਗਿਕ ਵਰਤੋਂ ਰਬੜ ਦੇ ਵਲਕਨੀਕਰਨ ਵਿਚ ਪ੍ਰਵੇਗਕ ਦੇ ਤੌਰ ਤੇ ਕੀਤੀ ਜਾਂਦੀ ਹੈ।

5-ਐਮੀਨੋਥਾਇਆਜ਼ੋਲ ($R' = NH_2$); α-ਐਮੀਨੋਨਾਈ-ਟ੍ਰਾਈਲਾਂ ਦੀ ਕਾਰਬਨ ਡਾਈਸਲਫ਼ਾਈਡ ਨਾਲ ਕਿਰਿਆ ਕਰ-ਵਾਉਣ ਉਪਰੰਤ ਉਪਜ ਵਿਚੋਂ ਰੈਨੇ ਨਿਕਲ ਉਤਪ੍ਰੇਰਕ ਦੀ ਕਿਰਿਆ ਦੁਆਰਾ ਸਲਫ਼ੀਡਰਿਲ ਗਰੁੱਪ (ਪੁਜ਼ੀਸ਼ਨ 2) ਕੱਢ ਕੇ ਤਿਆਰ ਕੀਤੇ ਜਾਂਦੇ ਹਨ।

CN / $R.CH.NH_2$ $+ CS_2$ ⟶ $NH_2C — S — C.SH$ / $R.C$ ‖ ... ‖ N

⟶ $NH_2.\ C — S — C\ H$ / $R.C —$ ‖ ... ‖ N

ਐਥਿਲੀਨ ਡਾਈਬ੍ਰੋਮਾਈਡ ਦੀ ਥਾਇਓਐਮਾਈਡਾਂ ਨਾਲ ਕਿਰਿਆ ਦੁਆਰਾ ਡਾਈਹਾਈਡ੍ਰੋਥਾਇਆਜ਼ੋਲ ਜਾਂ ਥਾਇਆਜ਼ੋਲੀਨ ਤਿਆਰ ਕੀਤੇ ਗਏ ਹਨ :-

$CH_2\ Br$ / CH_2Br $+$ $HS.C.R$ ‖ NH ⟶ $CH_2 — S — C.R$ / CH_2 —— ‖ N

ਇਹ ਐਸਿਡ ਕਲੋਰਾਈਡਾਂ ਜਾਂ ਐਨਹਾਈਡ੍ਰਾਈਡਾਂ ਅਤੇ β-ਐਮੀਨੋ ਥਾਇਓਲਾਂ ਤੋਂ ਵੀ ਤਿਆਰ ਕੀਤੇ ਜਾਂਦੇ ਹਨ।


ਟੈਟ੍ਰੱਹਾਈਡ੍ਰੋਥਾਇਆਜ਼ੋਲ ਜਾਂ ਥਾਇਆਜ਼ੋਲੀਡੀਨ; ਐਲ-ਡੀਹਾਈਡਾਂ ਜਾਂ ਕੀਟੋਨਾਂ ਦੀ β-ਐਮੀਨੋ ਥਾਇਓਲਾਂ ਨਾਲ ਪਰਸਪਰ-ਕਿਰਿਆ ਦੁਆਰਾ ਬਣਾਏ ਜਾਂਦੇ ਹਨ :-

$CH_2.SH$ / $CH_2\ NH_2$ $+ R.CHO$ ⟶ $CH_2 — S — CH.R$ / CH_2 —— ‖ HN


ਸੰਨ 1935 ਅਤੇ ਬਾਅਦ ਵਾਲੇ ਦੋ ਦਹਾਕਿਆਂ ਵਿਚ ਥਾਇਆਜ਼ੋਲ ਗਰੁੱਪ ਅਤੇ ਇਸ ਦੇ ਹਾਈਡ੍ਰੋ ਅਨੁਰੂਪ ਕੁਦਰਤੀ ਉਪਜਾਂ ਵਿਚ ਮਿਲਦੇ ਵਿਖਾਏ ਗਏ ਸਨ ਜਿਵੇਂ ਕਿ ਥਾਇਆਮੀਨ (ਵਿਟਾਮਿਨ B_1) ਵਿਚ ਥਾਇਆਜ਼ੋਲ ਨਿਊਕਲੀਅਸ ਹੁੰਦਾ ਹੈ, ਪੈਨੱਸਲੀਨ, ਥਾਇਆਜ਼ੋਲੀਡੀਨ ਦੇ ਵਿਉਤਪੰਨ ਹਨ ਅਤੇ ਸੰਕੇਤ ਮਿਲਦੇ ਹਨ ਕਿ ਥਾਇਆਜ਼ੋਲੀਨ ਰਿੰਗ ਜੀਵਨਾਸ਼ਕ ਬੈਸੀਟਰੇਸਿਨ ਵਿਚ ਮੌਜੂਦ ਹੋ ਸਕਦਾ ਹੈ। ਸੰਸ਼ਲਿਸਟ ਥਾਇਆਜ਼ੋਲ ਰੰਗਾਂ ਦੀ ਵਰਤੋਂ ਸੂਤ ਰੰਗਣ ਲਈ ਕੀਤੀ ਜਾਂਦੀ ਹੈ।

ਹ. ਪੁ. -ਐਨ. ਬ੍ਰਿ. 22 : 130

ਥਾਇਰੱਕਸਿਨ : ਇਹ ਥਾਈਰੱਾਇਡ ਗ੍ਰੰਥੀ ਵਿਚੋਂ ਰਿਸਣ ਵਾਲਾ ਇਕ ਹੱਰਮੋਨ ਹੈ। ਰਸਾਇਣਕ ਅਤੇ ਜੀਵ-ਵਿਗਿਆਨਕ ਕ੍ਰਿਆਸ਼ੀਲਤਾ ਪੱਖੋਂ ਇਹ ਟ੍ਰਾਈਆਇਓਡੋਥਾਇਰੱਨਿਨ ਵਰਗਾ ਹੀ ਹੈ। ਇਹ ਦੋਵੇਂ ਟਾਇਰੋਸਿਨ ਐਮੀਨੋ ਐਸਿਡ ਦੇ ਵਿਉਤਪੰਨ ਹਨ ਅਤੇ ਦੋਵੇਂ ਆਇਓਡੀਨ ਵਾਲੇ ਯੋਗਿਕ ਹਨ।



(ੳ)



(ਅ)

ਥਾਈਰੱਾਇਡ ਦੇ ਹੱਰਮੋਨਾਂ ਦਾ ਰਚਨਾ-ਫਾਰਮੂਲਾ.
(ੳ) ਥਾਇਰੱਕਸਿਨ (ਅ) ਟ੍ਰਾਈਆਇਓਡੋਥਾਇਰੱਨਿਨ

ਖ਼ੁਰਾਕ ਵਿਚ ਆਇਓਡੀਨ ਦੀ ਥੋੜ੍ਹੀ-ਥੋੜ੍ਹੀ ਮਾਤਰਾ ਥਾਈ-ਰੱਾਇਡ ਗ੍ਰੰਥੀ ਜਮਾਂ ਕਰਦੀ ਰਹਿੰਦੀ ਹੈ। ਗ੍ਰੰਥੀ ਵਿਚ ਇਹ ਆਇ-ਓਡੀਨ, ਆਇਓਡਾਈਡ ਆਇਨਾਂ ਵਿਚ ਆਕਸੀਕ੍ਰਿਤ ਹੋ ਜਾਂਦੀ ਹੈ ਅਤੇ ਫਿਰ ਟਾਇਰੋਸਿਨ ਨਾਲ ਕਿਰਿਆ ਕਰਕੇ ਮੱਨੋ ਅਤੇ ਡਾਈਆਇਓਡੋਟਾਇਰੋਸਿਨ ਬਣਾਉਂਦੀ ਹੈ। ਇਹ ਦੋਵੇਂ ਫਿਰ ਇਕੱਠੇ ਹੋ ਕੇ ਥਾਇਰੱਕਸਿਨ ਜਾਂ ਟ੍ਰਾਈਆਇਓਡੋਥਾਇਰੱਨਿਨ ਬਣਾਉਂਦੇ ਹਨ।

ਬੱਲਡ ਲੈਵਲ—ਜਦੋਂ ਥਾਇਰੱਕਸਿਨ ਅਤੇ ਟ੍ਰਾਈਆਇਓ-ਡਾਥਾਇਰੱਨਿਨ ਲਹੂ ਧਾਰਾ ਵਿਚ ਰਿਸਦੇ ਹਨ ਤਾਂ ਖ਼ਾਸ ਪਲਾਜ਼ਮਾ ਪ੍ਰੋਟੀਨਾਂ-ਥਾਇਰੱਕਸਿਨ ਬਾਈਡਿੰਗ ਗਲੋਬਿਊਲਿਨ ਅਤੇ ਥਾਇ-ਰੱਕਸਿਨ ਬਾਈਡਿੰਗ ਪ੍ਰੀਐਲਬਿਊਮਿਨ ਨਾਲ ਮਿਲਦੇ ਹਨ। ਇਹ ਪ੍ਰੋਟੀਨ, ਹੱਰਮੋਨਾਂ ਨੂੰ ਸਰੀਰ ਦੇ ਸਾਰੇ ਟਿਸ਼ੂਆਂ ਤੱਕ ਪਹੁੰਚਾ ਦਿੰਦੇ ਹਨ। ਹਰ ਟਿਸ਼ੂ ਵਿਚ ਇਹ ਵੱਖ-ਵੱਖ ਦਰਾਂ ਨਾਲ ਲਏ ਜਾਂਦੇ ਹਨ ਜਿਵੇਂ ਜਿਗਰ ਵਿਚ ਇਹ ਬਹੁਤ ਤੇਜ਼ੀ ਨਾਲ ਲਏ ਜਾਂਦੇ ਹਨ ਜਦੋਂ ਕਿ ਦਿਮਾਗ਼ ਵਿਚ ਬਹੁਤ ਹੌਲੀ ਹੌਲੀ। ਲਹੂ-ਪਲਾਜ਼ਮਾਂ ਵਿਚ ਪ੍ਰੋਟੀਨ ਬਾਉਂਡ ਜਾਂ ਹੱਰਮੋਨਲ ਆਇਓਡੀਨ ਦੀ ਮਾਤਰਾ ਰਸਾਇਣਕ ਵਿਧੀ ਨਾਲ ਕਾਫ਼ੀ ਹੱਦ ਤੱਕ ਠੀਕ ਮਾਪੀ ਜਾ ਸਕਦੀ ਹੈ। ਆਮ ਤੌਰ ਤੇ ਇਹ ਮਾਤਰਾ 3-6 ਮਿ. ਗ੍ਰਾ. (mg) ਪ੍ਰਤੀ 100 ਮਿ. ਲੀ. ਹੁੰਦੀ ਹੈ।

ਫ਼ਿਜ਼ੀਅੱਲੋਜੀਕਲ ਕ੍ਰਿਆਸ਼ੀਲਤਾ — ਸਾਧਾਰਣ ਵਾਧੇ, ਵਿਕਾਸ ਅਤੇ ਬਾਲ਼ਗ ਦੇ ਸਰੀਰਕ ਕੰਮਾਂ ਦੇ ਠੀਕ ਚਲਣ ਲਈ

ਥਾਇਰੌਕਸਿਨ ਦੇ ਨਿਯਮਿਤ ਲੇਵਲ ਨੂੰ ਬਣਾਏ ਰਖਣ ਦੀ ਬਹੁਤ ਮਹੱਤਤਾ ਹੈ। ਇਸ ਹਾਰਮੋਨ ਦੀ ਅਣਹੋਂਦ ਨਾਲ ਸਾਰੇ ਸੈੱਲਾਂ ਦੀਆਂ ਢਾਹ-ਉਸਾਰ ਕ੍ਰਿਆਵਾਂ (ਮੈਟਾਬੋਲਿਕ) ਘੱਟ ਜਾਂਦੀਆਂ ਹਨ। ਖ਼ਾਸ ਤੌਰ ਤੇ ਨਿਊਕਲਿਕ ਤੇਜ਼ਾਬ ਅਤੇ ਪ੍ਰੋਟੀਨ ਸੰਸ਼ਲੇਸ਼ਣ ਘੱਟ ਜਾਂਦਾ ਹੈ।

ਕਾਰਜ ਵਿਧੀ—ਇਸ ਹਾਰਮੋਨ ਦੇ ਪ੍ਰਭਾਵ ਇੰਨੇ ਜ਼ਿਆਦਾ ਵਿਸਤ੍ਰਿਤ ਹਨ ਕਿ ਕੋਈ ਵੀ ਇਕ ਵਿਧੀ ਇਸ ਦੇ ਕੰਮਾਂ ਸਬੰਧੀ ਪੂਰਾ ਚਾਨਣਾ ਨਹੀਂ ਪਾ ਸਕਦੀ। ਦੋ ਮੁੱਖ ਵਿਧੀਆਂ ਅੱਜਕੱਲ੍ਹ ਪ੍ਰਸਿੱਧ ਹਨ— ਇਕ ਤਾਂ ਇਸ ਤੱਥ ਦੀ ਹਾਮੀ ਭਰਦੀ ਹੈ ਕਿ ਹਾਰਮੋਨ ਦਾ ਮੁੱਖ ਪ੍ਰਭਾਵ ਸੈੱਲ ਦੇ ਊਰਜਾ ਪੈਦਾ ਕਰਨ ਵਾਲੇ ਸਿਸਟਮਾਂ ਉੱਤੇ ਹੈ, ਖ਼ਾਸ ਕਰਕੇ ਮਾਈਟੋਕਾਂਡ੍ਰੀਆ ਵਿਚ ਐਡੀਨੋਸਿਨ ਟ੍ਰਾਈਫਾਸਫ਼ੇਟ (ATP) ਦਾ ਬਣਨਾ ਹੈ। ਦੂਜੀ ਵਿਧੀ ਅਨੁਸਾਰ ਮੁੱਖ ਅਸਰ ਨਿਊਕਲਿਕ ਤੇਜ਼ਾਬਾਂ ਅਤੇ ਪ੍ਰੋਟੀਨਾਂ ਦੇ ਸੰਸ਼ਲੇਸ਼ਣ ਨੂੰ ਨਿਯਮਿਤ ਕਰਨਾ ਹੈ, ਜਿਸ ਤੋਂ ਦੂਜੇ ਪ੍ਰੋਟੀਨ ਸੰਸ਼ਲੇਸ਼ਣ ਲਈ ਸੈੱਲ ਦੀ ਕੁੱਲ ਸਮੱਰਥਾ ਦਾ ਪਤਾ ਲਗਦਾ ਹੈ।

ਇਸ ਹਾਰਮੋਨ ਦੀ ਬਹੁਤਾਤ ਉਲਟ ਦਿਸ਼ਾ ਵਿਚ ਤਬਦੀਲੀਆਂ ਲੈ ਆਉਂਦੀ ਹੈ : ਉਦਾਹਰਣ ਵਜੋਂ ਆੱਕਸੀਜਨ ਲੈਣ ਵਿਚ ਵਾਧਾ, ਕਈ ਢਾਹ-ਉਸਾਰ (Metabolic) ਵਿਧੀਆਂ ਨੂੰ ਤੇਜ਼ ਕਰਨਾ, ਜ਼ਿਆਦਾ ਕ੍ਰਿਆਸ਼ੀਲਤਾ ਅਤੇ ਵਕਤ ਤੋਂ ਪਹਿਲਾਂ ਹੀ ਰੂਪਾਂਤਰਣ ਹੋ ਜਾਣਾ।

ਅੰਦਰ ਰਿਸਾਵੀ ਪਰਸਪਰ-ਕ੍ਰਿਆਵਾਂ—ਇਸ ਹਾਰਮੋਨ ਦੇ ਰਿਸਾਓ ਦੀ ਦਰ ਦਾ ਕੰਟਰੋਲ ਇਕ ਗੁੰਝਲਦਾਰ ਵਿਧੀ ਹੈ ਜਿਸ ਵਿਚ ਥਾਈਰਾੱਇਡ ਸਟੀਮੁਲੇਟਿੰਗ ਹਾੱਰਮੋਨ (TSH) ਜੋ ਪਿਟੂਈਟਰੀ ਗ੍ਰੰਥੀ ਦੇ ਅਗਲੇ ਹਿੱਸੇ ਤੋਂ ਰਿਸਦਾ ਹੈ ਅਤੇ ਲਹੂ ਵਿਚ ਮੁਕਤ ਆਇਓਡੀਨ ਦੇ ਲੈਵਲ ਵੀ ਸ਼ਾਮਲ ਹਨ।

ਹ. ਪੁ. – ਮੈਕ. ਐਨ. ਸ. ਟ. 13 : 646

ਥਾਈ ਸਾਹਿਤ : ਥਾਈ ਭਾਸ਼ਾ ਦੀਆਂ ਵਧੇਰੀਆਂ ਲਿਖਤਾਂ ਸ਼ਾਹੀ ਦਰਬਾਰ ਨਾਲ ਹੀ ਸਬੰਧਤ ਸਨ। ਵੱਖ ਵੱਖ ਬਾਦਸ਼ਾਹਾਂ ਨੇ ਇਸ ਸਾਹਿਤ ਵਿਚ ਉੱਘਾ ਯੋਗਦਾਨ ਪਾਇਆ ਹੈ। ਸਿਆਸੀ ਲਿਖਤਾਂ ਦਾ ਮੁੱਢ 1273 ਈ. ਵਿਚ ਸੁਖੋਥਾਈ ਦੇ ਰਾਜੇ ਰਾਮਖਾਈਂਗ ਵੱਲੋਂ ਸਥਾਪਿਤ ਕੀਤੀ ਗਈ ਲਿਖਤ ਅਨੁਸਾਰ ਮੰਨਿਆ ਜਾਂਦਾ ਹੈ। ਇਸ ਦੇ ਪੋਤੇ ਰਾਜੇ ਲਿਤਾਈ ਦੁਆਰਾ 14 ਵੀਂ ਸਦੀ ਦੇ ਮੱਧ ਵਿਚ ਲਿੱਪੀ ਦਾ ਬਦਲਿਆ ਗਿਆ ਰੂਪ ਲੱਨਾ ਲਿਖਤ ਨਾਲ ਮਿਲਦਾ ਜੁਲਦਾ ਹੈ। ਸੁਖੋਥਾਈ ਦੇ ਕਾਲ (13 ਵੀਂ –14 ਵੀਂ ਸਦੀ) ਦਾ ਸਾਹਿਤ ਕੇਵਲ ਸ਼ਿਲਾਲੇਖਾਂ ਦੇ ਰੂਪ ਵਿਚ ਅਤੇ 1345 ਈ. ਵਿਚ ਰਾਜੇ ਲਿਤਾਈ ਦੀ 'ਤ੍ਰੈ-ਭੂਮੀ ਕਥਾ' ਵਿਚ ਹੀ ਮਿਲਦਾ ਹੈ। ਸ਼ਿਲਾਲੇਖਾਂ ਵਾਂਗ ਇਸ ਤੇ ਮਿਤੀਆਂ ਲਿਖੀਆਂ ਹੋਈਆਂ ਹਨ ਅਤੇ ਮੌਜੂਦਾ ਸਮੇਂ ਅਨੁਸਾਰ ਇਸ ਦਾ ਹਵਾਲਾ ਦਿੱਤਾ ਜਾ ਸਕਦਾ ਹੈ। ਇਸ ਦੇ ਲੇਖਕ ਦਾ ਨਾਂ ਵੀ ਇਸ ਉਤੇ ਲਿਖਿਆ ਹੋਇਆ ਹੈ। ਰਾਮਖਾਈਂਗ ਦਾ ਸ਼ਿਲਾਲੇਖ ਬਾਦਸ਼ਾਹ ਬਾਰੇ ਦਿੱਤੀ ਜਾਣਕਾਰੀ ਕਾਰਨ ਬਹੁਤ ਪ੍ਰਸਿੱਧ ਹੈ ਅਤੇ ਇਹ ਸਮਕਾਲੀ ਸਮੇਂ ਦੀ ਜਿਉਂਦੀ ਜਾਗਦੀ ਤਸਵੀਰ ਹੈ। ਉੱਤਰ ਦੇ 15 ਵੀਂ ਅਤੇ 16 ਵੀਂ ਸਦੀ ਦੇ ਧਾਰਮਿਕ ਸਾਹਿਤ ਵਿਚ ਬੁੱਧ ਮੱਤ ਦੇ ਇਤਿਹਾਸ ਅਤੇ ਇਸ ਦੇ ਲੰਕਾ, ਪਾਗਾਨ ਅਤੇ ਲੱਨਾ ਦੇਸ਼ਾਂ ਵਿਚ ਫੈਲਣ ਬਾਰੇ ਪਾਲੀ ਵਿਚ ਲਿਖੀ ਇਕ ਬਹੁਤ ਵੱਡੀ ਪੁਸਤਕ 'ਜੀਨਾਕਾਲਾਮਾਲੀ' ਸ਼ਾਮਲ ਹੈ। ਇਸ ਤੋਂ ਇਲਾਵਾ ਲੈਪਨ ਰਾਜ ਦਾ ਪਾਲੀ ਵਿਚ ਲਿਖਿਆ ਇਤਿਹਾਸ 'ਕਾਮਾਦੇਵੀਵੋਨਜ਼' ਅਤੇ ਇਕ ਹੋਰ ਪੁਸਤਕ 'ਸਿਹਿੰਗਨਿਦਾਨ' ਵੀ ਇਸ ਸਾਹਿਤ ਵਿਚ ਸ਼ਾਮਲ ਹਨ। ਪਾਲੀ ਕਵਿਤਾ ਅਤੇ ਵਾਰਤਕ ਵਿਚ ਲਿਖੀਆਂ 50 ਲੋਕ ਕਹਾਣੀਆਂ ਦਾ ਸੰਗ੍ਰਹਿ, 'ਪੰਨਾਸਜਾਤਕਾ' ਵੀ ਪ੍ਰਸਿੱਧ ਹੈ।

ਸੰਨ 1350 ਵਿਚ ਸੁਖੋਥਾਈ ਦੀ ਬਜਾਏ ਅਯੁੱਥਯਾ (Ayuthaya) ਥਾਈਲੈਂਡ ਦੀ ਰਾਜਧਾਨੀ ਬਣ ਗਿਆ। ਸੰਨ 1767 ਵਿਚ ਅਯੁੱਥਯਾ ਉੱਤੇ ਬਰਮਾ ਨੇ ਕਬਜ਼ਾ ਕਰ ਲਿਆ। ਇਸੇ ਕਬਜ਼ੇ ਪਿਛੋਂ ਥਾਈ ਸਾਹਿਤ ਦਾ ਬਹੁਤ ਨੁਕਸਾਨ ਹੋਇਆ ਤੇ ਕਈ ਸਾਹਿਤਕ ਪੁਸਤਕਾਂ ਬਰਬਾਦ ਹੋ ਗਈਆਂ। ਇਸ ਉਥਲ ਪੁਥਲ ਪਿਛੋਂ ਜੋ ਥਾਈ ਸਾਹਿਤ ਬਾਕੀ ਬਚਿਆ ਉਸ ਨੂੰ ਦੋ ਵੱਖ ਵੱਖ ਕਾਲਾਂ ਵਿਚ ਵੰਡਿਆ ਜਾ ਸਕਦਾ ਹੈ।

ਪਹਿਲੇ ਕਾਲ ਦਾ ਸਮਾਂ 1350 ਈ. ਤੋਂ ਲਗਭਗ 15 ਵੀਂ ਸਦੀ ਤਕ ਮੰਨਿਆ ਜਾਂਦਾ ਹੈ। 'ਦੀ ਓਥ ਆੱਫ਼ ਐਲਿਜੀਐਂਸ ' ਇਸ ਕਾਲ ਦੀ ਸਭ ਤੋਂ ਪੁਰਾਣੀ ਪੁਸਤਕ ਮੰਨੀ ਜਾਂਦੀ ਹੈ। ਇਸ ਵਿਚ ਪੁਰਾਣੇ ਅਤੇ ਅਪ੍ਰਚਲਿਤ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ। 'Yuan Pai' ('ਯੁਆਨ ਦੀ ਹਾਰ) ਆਪਣੇ ਉੱਚੇ ਸਾਹਿਤਕ ਪੱਧਰ ਕਰਕੇ ਬਹੁਤ ਪ੍ਰਸਿੱਧ ਹੈ। ਇਸ ਸਮੇਂ ਦੀ ਇਕ ਹੋਰ ਪੁਸਤਕ 'ਰਾਇਲ ਵਰਸ਼ਨ ਆਫ਼ ਦੀ ਮੁਹਾਜਤੀ' ਕਵਿਤਾ ਦੀ ਬਹੁਤ ਹਰਮਨ ਪਿਆਰੀ ਪੁਸਤਕ ਸੀ। 'ਪਰੋ ਲੋ' ਇਕ ਰੋਮਾਂਚਕ ਦੁਖਾਂਤ ਸੀ।

ਇਸ ਤੋਂ ਅਗਲਾ ਕਾਲ 'ਅਯੁੱਥਯਾ' ਦਾ ਸੁਨਹਿਰੀ ਯੁੱਗ ਸੀ। ਇਹ ਸਮਾਂ ਬਾਦਸ਼ਾਹ ਕਾਰਾਈ ਦੇ ਰਾਜ ਕਾਲ ਤੋਂ ਸ਼ੁਰੂ ਹੁੰਦਾ ਹੈ। ਇਸ ਕਾਲ ਵਿਚ ਕਈ ਸਾਹਿਤ ਕਿਰਤਾਂ ਵਿਸ਼ੇਸ਼ ਕਰਕੇ ਕਵਿਤਾਵਾਂ ਦੀਆਂ ਪੁਸਤਕਾਂ ਰਚੀਆਂ ਗਈਆਂ। ਇਸ ਕਾਲ ਦੀ ਝੋੜੀ ਕ੍ਰਿਤ 'ਮਹਾਜਤੀ' ਰਾਜਾ ਸੋਂਧਾਰਾਮ ਦੀ ਇਸ ਕਾਲ ਦੀ ਕਾਵਿ ਪੁਸਤਕ ਹੈ। ਰਾਜਾ ਸੋਂਧਾਰਾਮ ਦੇ ਉਪਦੇਸਾਂਕ ਦੀਆਂ ਰਚੀਆਂ ਹੋਈਆਂ ਪੁਸਤਕਾਂ 'ਸਮੁਦਾਘੋਸ', 'ਚਿੰਦਾਮਨੀ' ਅਤੇ 'ਦੀ ਹਿਸਟਰੀ ਆੱਫ਼ ਅਯੁਧਿਆ' ਉਪਲੱਬਧ ਹਨ। ਬਾਦਸ਼ਾਹ ਨਾਰਾਈ ਦੇ ਦਰਬਾਰ ਦਾ ਇਕ ਹੋਰ ਕਵੀ ਪਰ੍ਹਾ ਸ਼੍ਰੀ ਮਹੋਸੋਥ ਸੀ ਜਿਸ ਦੀ ਪੁਸਤਕ 'ਪਨਰਾਇਰਕ ਆੱਫ਼ ਕਿੰਗ ਨਾਰਾਈ' ਬਹੁਤ ਪ੍ਰਸਿੱਧ ਸੀ। ਇਸ ਸਮੇਂ ਦੀ ਇਕ ਪੁਸਤਕ 'ਵਲਿੰਗਜ਼ ਆਫ਼ ਸ੍ਰੀ ਪ੍ਰਾਜਨਾ' ਹੈ। ਸ਼ਹਿਜ਼ਾਦਾ ਕੁੰਗ ਜਾਂ ਧਰਮਾਧੀਬੇਜ਼ 'ਹੀ ਰੂਆਂ' ਲਿਖਣ ਨਾਲ ਅਮਰ ਹੋ ਗਿਆ। ਉਸ ਨੇ ਯਾਤਰੂਆਂ ਬਾਰੇ ਬੜੀਆਂ ਸੁੰਦਰ ਕਵਿਤਾਵਾਂ ਵੀ ਲਿਖੀਆਂ ਹਨ। ਇਕ ਹੋਰ ਲੇਖਕ ਪਰਾ ਮਹਾਨਾਰਾ ਦੁਆਰਾ ਲਿਖੀ ਪੁਸਤਕ 'ਬੰਨੋਵਾਦ' ਵੀ ਬਹੁਤ ਪ੍ਰਸਿੱਧ ਹੋਈ। ਇਸੇ ਕਾਲ ਵਿਚ 'ਦਾਲਾਂਗ ' ਅਤੇ 'ਇਨਾਓ' ਜਿਹੇ ਨਾਚ-ਨਾਟ ਵੀ ਲਿਖੇ ਗਏ। ਫ਼ਾਰਸੀ ਪੁਸਤਕਾਂ ਅਤੇ ਹਿੰਦੂ ਸਾਹਿਤ ਦੇ ਆਧਾਰ ਤੇ ਇਸ ਕਾਲ ਵਿਚ ਕੁਝ ਵਾਰਤਕ ਕਹਾਣੀਆਂ ਲਿਖੀਆਂ ਗਈਆਂ। ਪਿਛੋਂ ਅਯੁੱਥਯਾ ਉੱਤੇ ਬਰਮਾ ਦੁਆਰਾ ਕਬਜ਼ਾ ਕੀਤੇ ਜਾਣ ਤੇ ਥਾਈ ਸਾਹਿਤ ਨੂੰ ਬਹੁਤ ਧੱਕਾ ਲੱਗਾ। ਰਾਜੇ ਦੀ ਮੌਤ ਅਤੇ ਦਰਬਾਰ ਦੇ ਭੰਗ ਕੀਤੇ ਜਾਣ ਕਾਰਨ ਕਈ ਸਾਹਿਤਕ ਕ੍ਰਿਤਾਂ ਨਸ਼ਟ ਹੋ ਗਈਆਂ। ਇਸ ਦੇ ਨਾਲ ਹੀ ਛਾਪੇ ਦੀ ਘਾਟ ਦੇ ਕਾਰਨ ਵੀ ਇਸ ਸਾਹਿਤ ਦਾ ਬਹੁਤ ਨੁਕਸਾਨ ਹੋਇਆ। ਬਾਦਸ਼ਾਹਤ ਦੇ ਬਹਾਲ ਹੋਣ ਉਪਰੰਤ ਉਸ ਨੇ ਦੇਸ਼ ਦੇ ਸਭਿਆਚਾਰ ਨੂੰ ਮੁੜ ਸੁਰਜੀਤ ਕਰਨ ਦੀ ਕੋਸ਼ਿਸ਼ ਕੀਤੀ। ਉਸ ਦੇ ਉਤਰਾਧਿਕਾਰੀ ਨੇ ਮੁਕੰਮਲ ਤਬਦੀਲੀ ਲਿਆਂਦੀ ਅਤੇ ਨਵੇਂ ਕਾਨੂੰਨ ਤਿਆਰ ਕਰਵਾਏ ਜਿਨ੍ਹਾਂ ਨੂੰ 'ਐਡੀਸ਼ਨ ਆੱਫ਼ ਦੀ ਸ੍ਰੀ ਸੀਲਜ਼' (1806) ਵਜੋਂ ਜਾਣਿਆ ਜਾਂਦਾ ਹੈ। ਉਸ ਨੇ ਪਾਲੀ ਅਤੇ ਬਦੇਸ਼ੀ ਕਲਾਸਕੀ ਸਾਹਿਤ ਦਾ ਅਨੁਵਾਦ ਕਰਵਾਇਆ। ਇਨ੍ਹਾਂ ਪੁਸਤਕਾਂ ਵਿਚ ਚੀਨ ਦੀ ਇਤਿਹਾਸਕ ਰੋਮਾਂਚਕ ਕ੍ਰਿਤ 'Sunkuo' ਦਾ ਅਨੁਵਾਦ 'ਸਾਮਕੋਕ' ਵੀ ਸ਼ਾਮਲ ਸ੍ਰੀ। ਉਸ ਦੀ ਰਹਿਨੁਮਾਈ ਅਧੀਨ ਸਿਆਮ ਵਿਚ ਬੁੱਧ ਧਰਮ ਦੇ ਇਤਿਹਾਸ ਦੀਆਂ ਕਈ ਪੁਸਤਕਾਂ ਲਿਖੀਆਂ ਗਈਆਂ। ਇਨ੍ਹਾਂ ਪੁਸਤਕਾਂ ਵਿਚੋਂ ਬਾਦਸ਼ਾਹ ਦੀ ਲਿਖੀ 'Ramakien' ਇਕ ਪ੍ਰਸਿੱਧ ਪੁਸਤਕ ਸੀ ਜੋ

1798 ਈ. ਵਿਚ ਮੁਕੰਮਲ ਕੀਤੀ ਗਈ। ਇਹ ਸ੍ਰੀ ਰਾਮ ਚੰਦਰ ਜੀ ਦੀ ਕਹਾਣੀ ਦਾ ਸਭ ਤੋਂ ਪ੍ਰਾਚੀਨ ਸਿਆਮੀ ਅਨੁਵਾਦ ਸੀ। ਸਿਆਮੀ ਕਲਾ ਅਤੇ ਸਾਹਿਤ ਵਿਚ ਇਸ ਮਹਾਂਕਾਵਿ ਦਾ ਪ੍ਰਭਾਵ ਵੇਖਿਆ ਜਾ ਸਕਦਾ ਹੈ।

ਇਸੇ ਕਾਲ ਵਿਚ ਬਾਦਸ਼ਾਹ ਰਾਮ ਦੂਜਾ ਇਕ ਉੱਚ ਕੋਟੀ ਦਾ ਕਵੀ ਅਤੇ ਨਾਟਕਕਾਰ ਹੋਇਆ ਹੈ ਜਿਸ ਨੇ 'ਇਕਾਓ' ਦਾ ਅਨੁਵਾਦ ਕੀਤਾ ਸੀ ਜੋ ਕਿ ਬਹੁਤ ਪ੍ਰਸਿੱਧ ਹੋਇਆ ਹੈ। ਉਸ ਨੇ ਹੋਰ ਕਈ ਅਨੁਵਾਦ ਕੀਤੇ। ਉਸ ਦੇ ਨਿਜੀ ਸਕੱਤਰ ਨੇ ਵੀ ਕਈ ਪੁਸਤਕਾਂ ਲਿਖੀਆਂ । ਉਸ ਨੇ 'ਖੁੰਨ ਚਾਂਗ ਖੁੰਨ ਫੇਨ' ਦੀ ਪਿਆਰ ਕਥਾ ਲਿਖਣ ਵਿਚ ਵੀ ਯੋਗਦਾਨ ਪਾਇਆ। ਸੰਨ 1835 ਵਿਚ ਬਾਦਸ਼ਾਹ ਰਾਮ ਤੀਜੇ ਨੇ ਸ਼ਿਲਾਲੇਖਾਂ ਦੀ ਲਾਇਬ੍ਰੇਰੀ ਬਣਾਈ ਜਿਸ ਵਿਚ ਉਸ ਨੇ ਢੇਰ ਸਾਰੀਆਂ ਸਾਹਿਤਕ ਅਤੇ ਤਕਨੀਕੀ ਪੁਸਤਕਾਂ ਇਕੱਤਰ ਕੀਤੀਆਂ। ਅਗਲੇ ਬਾਦਸ਼ਾਹ ਮੋਂਗਕੁਟ ਦੇ ਰਾਜ ਵਿਚ ਸਾਹਿਤ ਵਿਚ ਖੁੱਲ੍ਹ ਦਿਲੇ ਵਿਚਾਰਾਂ ਦਾ ਇਕ ਨਵਾਂ ਯੁਗ ਸ਼ੁਰੂ ਹੋ ਗਿਆ। ਇਸ ਦੌਰਾਨ ਵਾਰਤਕ ਕਥਾ ਸਾਹਿਤ ਨੇ ਬਹੁਤ ਤੇਜ਼ੀ ਨਾਲ ਵਿਕਾਸ ਕੀਤਾ। ਰਾਜੇ ਮੰਗਕੂਟ ਦੇ ਉਤਰਾਧਿਕਾਰੀ ਚੁਲਾਲੋਂਗਕਾੱਰਨ ਨੇ ਸਵਰਗਵਾਸੀ ਹਸਤੀਆਂ ਨੂੰ ਸਮਰਪਿਤ ਕੀਤੀਆਂ ਪੁਸਤਕਾਂ ਪ੍ਰਕਾਸ਼ਤ ਕਰਾਉਣੀਆਂ ਸ਼ੁਰੂ ਕੀਤੀਆਂ।

ਬਾਦਸ਼ਾਹ ਰਾਮ ਛੇਵੇਂ ਨੇ ਪੱਛਮੀ ਬੋਲ-ਨਾਟ ਅਤੇ ਸ਼ੇਕਸਪੀਅਰ ਦੀ ਖੁਲ੍ਹੀ ਕਵਿਤਾ ਨੂੰ ਚਾਲੂ ਕੀਤਾ ਇਸ ਦੇ ਨਾਲ ਹੀ ਸ਼ੇਕਸਪੀਅਰ, ਸ਼ੈਰੀਡਨ, ਮੋਲੀਅਰ ਅਤੇ ਪਿਨੈਰੋ ਦੇ ਡਰਾਮਿਆਂ ਨੂੰ ਅਪਨਾਇਆ ਗਿਆ। ਬਿਦਿਆਲੋਂਗਕਾੱਰਨ ਨੇ ਕਵਿਤਾ ਵਿਚ ਪ੍ਰਸਿੱਧ ਰਚਨਾ 'ਸਾਮਕਰੁੰਗ' ਲਿਖੀ।

ਫਿਯਾ ਸ੍ਰੀ ਸੰਟੋਰਨ ਦੀ ਲਿਖੀ 'ਇਲਾਰਾਜ', ਜੀਤ ਬੁਰਾਦਾਤ ਦੀ ਲਿਖੀ 'ਸਮਾਗਿਭੇਦ' ਅਤੇ ਰਾਜੇ ਚੁਲਾਲੋਂਗਕਾੱਰਨ ਦੀ ਲਿਖੀ 'ਨਿਦਰਾਜਾਗਰਿਜ'ਇਸ ਕਾਲ ਦੀਆਂ ਸਭ ਤੋਂ ਵਧੀਆਂ ਪੁਸਤਕਾਂ ਮੰਨੀਆਂ ਗਈਆਂ ਹਨ।

ਸਾਥਾਨਕੋਨਿਸ ਅਤੇ ਨਾਗਾਪ੍ਰਾਦੀਪ ਦਾ ਲਿਖਿਆ ਨਾਵਲ 'ਕਾਮਾਨਿਤ' ਡੋਕਮਾਈਸਾੱਡ ਦੇ ਲਿਖੇ ਕਈ ਨਾਵਲ ਅਤੇ ਕੁਕਰਿਧੀ ਦਾ ਲਿਖਿਆ '**Phaiden**' ਪ੍ਰਸਿੱਧ ਨਾਵਲਾਂ ਵਿਚ ਸ਼ਾਮਲ ਹਨ। ਇਸ ਤੋਂ ਇਲਾਵਾ ਧਾਰਮਿਕ ਪੁਸਤਕਾਂ ਅਤੇ ਕਵਿਤਾ ਵੀ ਉੱਚ ਪਾਏ ਦੀ ਲਿਖੀ ਗਈ। ਸ਼ਹਿਜ਼ਾਦਾ ਪਾਰਾਮਾਨੂਜਿਤ (ਮਗਰੋਂ ਪੈਟਰੀਆਰਕ) ਨੂੰ ਅਜੋਕੇ ਸਮੇਂ ਦੇ ਚੋਟੀ ਦੇ ਕਵੀਆਂ ਵਿਚ ਗਿਣਿਆ ਜਾਂਦਾ ਹੈ।

ਹ. ਪੁ. – ਐਨ. ਬ੍ਰਿ. 22 : 20

ਥਾਈਸੈਨਾਪਟਰਾ (Thysanoptera) : ਇਹ ਪੌਦਿਆਂ ਦਾ ਰਸ-ਚੂਸਣ ਵਾਲੇ ਛੋਟੇ-ਛੋਟੇ ਕੀੜਿਆਂ ਦਾ ਇਕ ਵਰਗ ਹੈ। ਇਹ ਕੀੜੇ 'ਥਰਿਪਸ' ਨਾਂ ਨਾਲ ਜਾਣੇ ਜਾਂਦੇ ਹਨ ਜਿਨ੍ਹਾਂ ਦੀਆਂ ਤਕਰੀਬਨ 3,000 ਜਾਤੀਆਂ ਦਾ ਪਤਾ ਲਗ ਚੁੱਕਾ ਹੈ। (ਇਨ੍ਹਾਂ ਕੀੜਿਆਂ ਦੇ ਲੱਛਣਾਂ ਦੇ ਵਿਸਥਾਰ ਲਈ ਵੇਖੋ ਥਰਿਪਸ)।


ਥਾਈਸੈਨਾਪਟਰਾ ਵਰਗ ਨੂੰ ਦੋ ਉਪ-ਵਰਗਾਂ ਵਿਚ ਵੰਡਿਆ ਗਿਆ ਹੈ – ਟੈਰੀਬ੍ਰੈਸ਼ੀਆ ਅਤੇ ਟਿਊਬੂਲੀਫੈਰਾ।

ਟੈਰੀਬ੍ਰੈਸ਼ੀਆ ਵਰਗ ਦੇ ਕੀੜੇ ਜ਼ਿਆਦਾ ਆਦਿਮ (primitive) ਕਿਸਮ ਦੇ ਹਨ। ਇਨ੍ਹਾਂ ਦੇ ਪਰ ਚੌੜੇ ਹੁੰਦੇ ਹਨ ਅਤੇ ਇਨ੍ਹਾਂ ਵਿਚ ਸ਼ਿਰਾਵਾਂ ਦੀ ਗਿਣਤੀ ਜ਼ਿਆਦਾ ਹੁੰਦੀ ਹੈ। ਮਾਦਾ ਕੀੜਿਆਂ ਦਾ ਪੇਟ ਤਿਕੋਨਾ ਜਿਹਾ ਅਤੇ ਨਰ ਦਾ ਪੇਟ ਗੋਲ ਹੁੰਦਾ ਹੈ। ਮਾਦਾ ਦਾ ਅੰਡ ਨਿਖੇਪਣ-ਅੰਗ (ਓਵੀਪਾਜ਼ੀਟਰ) ਆਰੇ ਵਰਗਾ ਹੁੰਦਾ ਹੈ ਜਿਸ ਦੀ ਸਹਾਇਤਾ ਨਾਲ ਇਹ ਆਪਣੇ ਅੰਡੇ ਪੌਦਿਆਂ ਦੀ ਐਪੀਡਰਮਿਸ ਦੇ ਹੇਠਾਂ ਦਾਖ਼ਲ ਕਰ ਦਿੰਦੀ ਹੈ। ਇਸ ਗਰੁੱਪ ਦੀਆਂ ਜ਼ਿਆਦਾ ਜਾਤੀਆਂ ਪੌਦਿਆਂ ਉੱਤੇ ਆਹਾਰ ਕਰਦੀਆਂ ਹਨ, ਕਈ ਕਿਸਮਾਂ ਮਾਸਖੋਰ ਵੀ ਹਨ। ਇਸ ਗਰੁੱਪ ਦੇ ਬਹੁਤ ਪਥਰਾਟ ਮਿਲੇ ਹਨ। ਟਿਊਬੂਲੀਫੈਰਾ ਗਰੁੱਪ ਦੇ ਕੀੜੇ ਵਿਸ਼ੇਸ਼ ਕਿਸਮ ਦੇ ਹਨ। ਇਨ੍ਹਾਂ ਦੀਆਂ ਟੋਹਣੀਆਂ ਵਿਚ ਖੰਡਾਂ ਦੀ ਗਿਣਤੀ ਘੱਟ ਗਈ ਹੈ। ਇਨ੍ਹਾਂ ਦੇ ਪਰ ਘੱਟ ਚੌੜੇ ਹੁੰਦੇ ਹਨ ਅਤੇ ਉਨ੍ਹਾਂ ਵਿਚ ਸ਼ਿਰਾਵਾਂ ਦੀ ਗਿਣਤੀ ਘੱਟ ਗਈ ਹੈ, ਇਕੋ ਮੱਧ-ਅਵਸ਼ੇਸ਼ ਬਾਕੀ ਰਹਿ ਗਈ ਹੈ। ਬਹੁਤੀਆਂ ਜਾਤੀਆਂ ਵਿਚ ਨਰ ਅਤੇ ਮਾਦਾ ਦੋਹਾਂ ਦੇ ਪੇਟ ਦਾ ਆਖ਼ਰੀ ਖੰਡ ਨਲੀਨੁਮਾ ਹੁੰਦਾ ਹੈ। ਮਾਦਾ ਦਾ ਓਵੀਪਾਜ਼ੀਟਰ ਨਹੀਂ ਹੁੰਦਾ ਅਤੇ ਉਹ ਆਪਣੇ ਅੰਡੇ ਕਿਸੇ ਸੁਰੱਖਿਅਤ ਥਾਂ ਤੇ ਲੁਕਾ ਦਿੰਦੀ ਹੈ।

ਇਸ ਗਰੁੱਪ ਦੀਆਂ ਬਹੁਤੀਆਂ ਜਾਤੀਆਂ ਗਲੀ-ਸੜੀ ਬਨਸਪਤੀ ਅਤੇ ਉੱਲੀ ਨੂੰ ਆਪਣਾ ਆਹਾਰ ਬਣਾਉਂਦੀਆਂ ਹਨ। ਕੁਝ ਕਿਸਮਾਂ ਪੌਦਿਆਂ ਉੱਤੇ ਵੀ ਨਿਰਬਾਹ ਕਰਦੀਆਂ ਹਨ ਅਤੇ ਕੁਝ ਕਿਸਮਾਂ ਮਾਸਖੋਰ ਵੀ ਹਨ।

ਹ. ਪੁ. – ਐਨ. ਬ੍ਰਿ. 22 : 176, 160

ਥਾਈਸੈਨੂਰਾ : ਇਹ ਛੋਟੇ-ਛੋਟੇ, ਪਰਹੀਣ ਕੀੜਿਆਂ ਦੇ ਇਕ ਵਰਗ ਦਾ ਨਾਂ ਹੈ। ਇਨ੍ਹਾਂ ਕੀੜਿਆਂ ਨੂੰ ਕੁਝ ਵਿਗਿਆਨੀਆਂ ਨੇ ਦੋ ਗਰੁੱਪਾਂ (ਵਰਗਾਂ) ਵਿਚ ਵੰਡਿਆ ਹੈ। ਇਕ ਅਸਲੀ ਥਾਈਸੈਨੂਰਾ, ਜਿਸ ਵਿਚ ਸਿਲਵਰ ਫ਼ਿਸ਼ ਅਤੇ ਇਸ ਨਾਲ ਮਿਲਦੇ ਜੁਲਦੇ ਕੀੜੇ ਆਉਂਦੇ ਹਨ ਅਤੇ ਦੂਜੇ ਮਾਈਕ੍ਰੋਕੋਰਿਫ਼ੀਆ ਜਿਸ ਵਿਚ ਮੈਕਾਈਲਿਡ ਆਉਂਦੇ ਹਨ। ਇਨ੍ਹਾਂ ਦੋਨਾਂ ਗਰੁੱਪਾਂ ਦੀਆਂ ਕੁਲ ਮਿਲਾ ਕੇ ਤਕਰੀਬਨ 400 ਜਾਤੀਆਂ ਦਾ ਪਤਾ ਲਗਾ ਹੈ।



ਥਾਈਸੈਨੂਰਾ ਦੀ ਮੈਕਾਈਲਿਨਸ ਜਾਤੀ

ਇਹ ਪੂਰਵਜ਼ ਕਿਸਮ ਦੇ ਕੀੜੇ ਸੰਸਾਰ ਭਰ ਵਿਚ ਉਪਲਬੱਧ ਹਨ। ਇਨ੍ਹਾਂ ਦੇ ਪਥਰਾਟ ਡੀਵੋਨੀਅਨ ਪੀਰੀਅਡ ਤੱਕ ਮਿਲੇ ਹਨ। ਮੈਕਾਈਲਿਡਾਂ ਦੀ ਸੀਤ-ਊਸ਼ਣ ਅਤੇ ਸਿਲਵਰ ਫਿਸ਼ਾਂ ਦੀ ਊਸ਼ਣ-ਖੰਡੀ ਅਤੇ ਉਪ-ਊਸ਼ਣ ਖੰਡੀ ਇਲਾਕਿਆਂ ਵਿਚ ਬਹੁਤਾਤ ਹੈ।

ਇਹ ਨਰਮ ਅਤੇ ਤਕਲਾਨੁਮਾ ਸਰੀਰਾਂ ਵਾਲੇ ਕੀੜੇ ਤਕਰੀਬਨ 3-20 ਮਿ. ਮੀ. ਲੰਬੇ ਹੁੰਦੇ ਹਨ। ਇਨ੍ਹਾਂ ਦਾ ਸਰੀਰ ਚਾਨਿਆਂ (ਸਕੇਲਾਂ) ਨਾਲ ਢੱਕਿਆ ਹੁੰਦਾ ਹੈ ਜੋ ਕਈ ਤਰ੍ਹਾਂ ਦੇ ਡਿਜ਼ਾਈਨਾਂ ਵਿਚ ਹੁੰਦਾ ਹੈ। ਮੈਕਾਈਲਿਡ ਰਾਤਲ ਪ੍ਰਾਣੀ ਹਨ ਅਤੇ ਚਟਾਨਾਂ ਉੱਤੇ, ਗਿਰੇ ਹੋਏ ਪੱਤਿਆਂ ਵਿਚ ਅਤੇ ਦਰਖ਼ਤਾਂ ਦੀ ਛਿੱਲ ਦੇ ਉਪਰ ਅਤੇ ਹੇਠਾਂ ਦੋਵੇਂ ਪਾਸੇ ਮਿਲਦੇ ਹਨ। ਇਨ੍ਹਾਂ ਦੇ ਸਰੀਰ ਦਾ ਰੰਗ ਆਲੇ ਦੁਆਲੇ ਵਰਗਾ ਹੋ ਜਾਂਦਾ ਹੈ। ਆਮ ਕਰਕੇ ਸਿਲਵਰ ਫਿਸ਼ ਜ਼ਮੀਨ ਵਿਚ ਮਿਲਦੀ ਹੈ ਪਰ ਕਈ ਕੀੜੀਆਂ ਅਤੇ ਸਿਉਂਕਾ ਦੇ ਭੌਣਾਂ ਵਿਚ ਅਤੇ ਕਈ ਸੁਰੰਗਾਂ ਵਿਚ ਵੀ ਰਹਿੰਦੇ ਹਨ, ਕਈ ਮਾਰੂਥਲੀ ਇਲਾਕਿਆਂ ਵਿਚ ਵੀ ਵਸਦੇ ਹਨ।

ਇਨ੍ਹਾਂ ਦੀਆਂ ਅਨੇਕਾਂ ਜਾਤੀਆਂ ਘਰਾਂ ਵਿਚ ਵੀ ਆਮ ਮਿਲਦੀਆਂ ਹਨ ਜਿਹੜੀਆਂ ਖਾਣ ਵਾਲੇ ਪਦਾਰਥਾਂ ਅਤੇ ਕਿਤਾਬਾਂ ਆਦਿ ਨੂੰ ਨੁਕਸਾਨ ਪਹੁੰਚਾਂਦੀਆਂ ਹਨ।

ਜਿਹੜੀਆਂ ਜਾਤੀਆਂ ਬਾਰੇ ਪਤਾ ਲਗ ਚੁਕਾ ਹੈ ਉਨ੍ਹਾਂ ਵਿਚ ਨਿਸ਼ੇਚਨ ਅਸਿੱਧੇ ਤਰੀਕੇ ਨਾਲ ਹੁੰਦਾ ਹੈ। ਨਰ ਰੇਸ਼ਮੀ ਧਾਗਿਆਂ ਉੱਤੇ ਸ਼ੁਕ੍ਰਾਣੂ -ਤੁਪਕੇ ਛੱਡਦਾ ਹੈ ਅਤੇ ਮਾਦਾ ਨਰ ਦੀ ਸਹਾਇਤਾ ਨਾਲ ਇਨ੍ਹਾਂ ਨੂੰ ਚੁੱਕ ਲੈਂਦੀ ਹੈ। ਮਨੁੱਖ ਲਈ ਇਨ੍ਹਾਂ ਦੀ ਕੋਈ ਆਰਥਿਕ ਮਹੱਤਤਾ ਨਹੀਂ ਹੈ। ਇਨ੍ਹਾਂ ਦਾ ਆਹਾਰ ਗਲੇ ਸੜੇ ਪੌਦੇ ਅਤੇ ਉੱਲੀਆਂ ਹਨ।

ਲੈਪਿਡੋਟ੍ਰਿਕਿਡੀ, ਨਿਕੋਲਿਟਾਈਡੀ, ਮੈਨਡ੍ਰੋਨਾਈਡੀ, ਅਤੇ ਲੈਪਿਜ਼ਮੈਟਿਡੀ ਥਾਈਸੈਨੂਰਾ ਦੇ ਚਾਰ ਕੁਲ ਹਨ।

ਹ. ਪੁ. -ਮੈਕ. ਐਨ. ਸ. ਟ. 13 : 647

ਥਾਈ (ਸਿਆਮੀ) ਭਾਸ਼ਾ : ਇਹ ਥਾਈਲੈਂਡ ਦੀ ਬੋਲਚਾਲ ਦੀ ਤੇ ਮਿਆਰੀ ਸਾਹਿਤਕ ਭਾਸ਼ਾ ਹੈ ਜਿਹੜੀ ਦੱਖਣੀ ਏਸ਼ੀਆ ਦੇ ਥਾਈ ਭਾਸ਼ਾਈ ਪਰਿਵਾਰ ਨਾਲ ਸਬੰਧ ਰਖਦੀ ਹੈ। ਚੀਨੀ ਤੇ ਹੋਰ ਤਾਈ ਭਾਸ਼ਾਵਾਂ ਵਾਂਗ ਥਾਈ ਭਾਸ਼ਾ ਵਿਚ ਵਖਰਿਆਉਣ ਲਈ ਬੋਲਣ ਸਮੇਂ ਸ਼ਬਦਾਂ ਉਤੇ ਵੱਖ ਵੱਖ ਕਿਸਮ ਦਾ ਜ਼ੋਰ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਥਾਈ ਭਾਸ਼ਾ ਵਿਚ ਵੱਖ ਵੱਖ ਕਿਸਮ ਦੇ ਪੰਜ ਟੋਨ ਹਨ- ਮੱਧਵਰਤੀ, ਨੀਵਾਂ, ਹੋਰ ਨੀਵਾਂ. ਉੱਚਾ ਤੇ ਹੋਰ ਉੱਚਾ। ਇਕ ਅੱਖਰੀ ਭਾਸ਼ਾ ਹੋਣ ਦੇ ਬਾਵਜੂਦ ਵੀ ਇਸ ਭਾਸ਼ਾ ਵਿਚ ਸੰਯੁਕਤ ਸ਼ਬਦਾਂ, ਦੁਹਰਾਏ ਗਏ ਸ਼ਬਦਾਂ ਅਤੇ ਸੰਸਕ੍ਰਿਤ ਦੇ ਸ਼ਬਦਾਂ ਦੀ ਵਰਤੋਂ ਬਹੁਤ ਜ਼ਿਆਦਾ ਕੀਤੀ ਜਾਂਦੀ ਹੈ। ਇਹ ਭਾਸ਼ਾ ਦੱਖਣੀ ਭਾਰਤ ਦੀ ਦੇਵਨਾਗਰੀ ਲਿਪੀ ਵਿਚੋਂ ਉਤਪੰਨ ਹੋਈ ਲਿਪੀ ਵਿਚ ਲਿਖੀ ਜਾਂਦੀ ਹੈ ਅਤੇ ਇਸ ਵਿਚ 42 ਵਿਅੰਜਨ, 4 ਟੋਨ ਦਰਸਾਉਣ ਵਾਲੇ ਚਿੰਨ੍ਹ ਅਤੇ ਕਈ ਸੁਰ ਦਰਸਾਉਣ ਵਾਲੇ ਚਿੰਨ੍ਹ ਸ਼ਾਮਲ ਹਨ। ਇਹ ਭਾਸ਼ਾ ਖੱਬੇ ਤੋਂ ਸੱਜੇ ਪਾਸੇ ਵੱਲ ਲਿਖੀ ਜਾਂਦੀ ਹੈ ਅਤੇ ਵਿਥ ਵਿਸ਼ਰਾਮ ਚਿੰਨ੍ਹ ਅੰਕਣ ਨੂੰ ਦਰਸਾਉਂਦੀ ਹੈ ਨਾ ਕਿ ਸ਼ਬਦਾਂ ਦੀ ਵੰਡ ਨੂੰ। ਸ਼ਾਹੀ ਦਰਬਾਰ ਥਾਈ ਭਾਸ਼ਾ ਦੀਆਂ ਰਚਨਾਵਾਂ ਦਾ ਹਮੇਸ਼ਾਂ ਕੇਂਦਰ ਰਿਹਾ ਹੈ। ਰਾਜਿਆਂ ਨੇ ਲੇਖਕਾਂ ਨੂੰ ਜਿਥੇ ਸਰਪਰਸਤੀ ਪ੍ਰਦਾਨ ਕੀਤੀ ਉਥੇ ਆਪ ਵੀ ਇਸ ਦੇ ਸਾਹਿਤ ਨੂੰ ਸਮ੍ਰਿਧ ਕੀਤਾ ਹੈ। ਇਸ ਭਾਸ਼ਾ ਵਿਚ ਸਾਹਿਤ ਦੀ ਸਿਰਜਨਾ 13ਵੀਂ ਸਦੀ ਵਿਚ ਸ਼ੁਰੂ ਹੋ ਗਈ ਸੀ ਅਤੇ 17ਵੀਂ ਅਤੇ 18ਵੀਂ ਸਦੀ ਈ. ਸਾਹਿਤ ਦਾ ਸੁਨਹਿਰੀ ਯੁਗ ਮੰਨਿਆ ਜਾਂਦਾ ਹੈ ਪਰ 19ਵੀਂ ਸਦੀ ਵਿਚ ਇਹ ਫਿਰ ਸ਼ਾਹੀ ਸਰਪਰਸਤੀ ਹੇਠ ਹੀ ਸਿਰਜਿਆ ਗਿਆ ਅਤੇ ਵਾਰਤਕ ਤੇ ਗਲਪ ਦਾ ਵਿਕਾਸ ਹੋਣਾ ਸ਼ੁਰੂ ਹੋਇਆ।

ਹ.ਪ.—ਐਨ.ਬ੍ਰਿ. 22:20; ਐਨ.ਬ੍ਰਿ.ਮਾ. 9:918

ਥਾਈਮ : ਇਹ ਤੁਲਸੀ ਕੁਲ (ਲੈਬੀਏਟੀ) ਦੀ ਤਿਖ਼ੀ ਗੰਧ ਵਾਲੀ ਬੂਟੀ ਹੈ ਜਿਸ ਦਾ ਬਨਸਪਤੀ ਵਿਗਿਆਨਕ ਨਾਂ ਥਾਈਮਸ ਵਲਗੈਰਿਸ (Thymus vulgaris) ਹੈ। ਇਸ ਦੇ ਸੁੱਕੇ ਪੱਤੇ ਅਤੇ ਫੁਲ-ਸਿਰੇ ਕਈ ਪ੍ਰਕਾਰ ਦੇ ਭੋਜਨਾਂ ਜਿਵੇਂ ਮੁਰਗ ਮੁਸੱਲਮ, ਮੱਛੀ, ਅੰਡੇ, ਮੀਟ, ਮੱਖਣ, ਸੂਪ, ਚਟਨੀਆਂ, ਸਲਾਦ, ਸਬਜ਼ੀਆਂ, ਦੇਸੀ ਜਾਂ ਕਰੀਮ ਵਾਲੇ ਪਨੀਰ ਅਤੇ ਤਾਜ਼ੇ ਟਮਾਟਰਾਂ ਆਦਿ ਨੂੰ ਸੁਗੰਧਤ ਬਣਾਉਣ ਲਈ ਵਰਤੋਂ ਵਿਚ ਲਿਆਏ ਜਾਂਦੇ ਹਨ। ਇਹ ਉਨ੍ਹਾਂ ਬੂਟੀਆਂ ਵਿਚੋਂ ਇਕ ਹੈ ਜੋ ਬੈਨੀਡਿਕਟਾਈਨ, ਸ਼ਰਾਬ ਨੂੰ ਮਹਿਕ ਦੇਣ ਲਈ ਵਰਤੀਆਂ ਜਾਂਦੀਆਂ ਹਨ। ਮਧੂ-ਮੱਖੀਆਂ ਥਾਈਮ ਬੂਟੀ ਦੀਆਂ ਬਹੁਤ ਚਾਹਵਾਨ ਹੁੰਦੀਆਂ ਹਨ। ਸਿਸਲੀ ਦਾ ਥਾਈਮ ਸ਼ਹਿਦ ਕਈ ਸੌ ਸਾਲਾਂ ਤੱਕ ਪ੍ਰਸਿੱਧ ਰਿਹਾ ਹੈ। ਪੁਰਾਤਨ ਯੂਨਾਨੀ ਧਰਮ ਅਸਥਾਨਾਂ ਵਿਚ ਥਾਈਮ ਦੀ ਵਰਤੋਂ ਧੂਫ਼ ਵਜੋਂ ਵੀ ਕੀਤੀ ਜਾਂਦੀ ਸੀ। ਪਲਿਨੀ (Pliny the Elder) ਨੇ ਇਸ ਦਾ ਜ਼ਿਕਰ ਧੂਣੀ ਵਾਲੇ ਪਦਾਰਥ ਵਜੋਂ ਕੀਤਾ ਹੈ।

ਇਹ ਪੌਦੇ ਛੋਟੇ, ਨੀਵੇਂ ਉੱਗਣ ਵਾਲੇ ਅਤੇ ਝਾੜੀ-ਨੁਮਾ ਹੁੰਦੇ ਹਨ। ਇਨ੍ਹਾਂ ਦੇ ਪੱਤੇ ਮੁੜੇ ਹੋਏ ਹੁੰਦੇ ਹਨ। ਦੱਖਣੀ ਯੂਰਪ, ਰੂਮ-ਸਾਗਰੀ ਖੰਡ, ਏਸ਼ੀਆ ਮਾਈਨਰ ਅਤੇ ਕੇਂਦਰੀ ਏਸ਼ੀਆ ਦੇ ਇਹ ਮੂਲ ਪੌਦੇ ਉੱਤਰੀ ਅਮਰੀਕਾ ਵਿਚ ਵੀ ਕਾਸ਼ਤ ਕੀਤੇ ਜਾਂਦੇ ਹਨ। ਸੁਕਾਏ ਹੋਏ ਥਾਈਮ ਪੱਤਿਆਂ ਦਾ ਰੰਗ ਹਰਾ ਭੂਰਾ ਹੁੰਦਾ ਹੈ। ਜਦੋਂ ਇਨ੍ਹਾਂ ਨੂੰ ਪੀਸਿਆ ਜਾਂਦਾ ਹੈ ਤਾਂ ਇਸ ਵਿਚੋਂ ਮਹਿਕ ਆਉਂਦੀ ਹੈ। ਇਸ ਦਾ ਸੁਆਦ ਤਿੱਖਾ ਹੁੰਦਾ ਹੈ। ਇਸ ਬੂਟੀ ਵਿਚ ਇਕ ਪ੍ਰਤੀਸ਼ਤ ਵਾਸ਼ਪਸ਼ੀਲ ਤੇਲ ਹੁੰਦਾ ਹੈ, ਜਿਸ ਦਾ ਪ੍ਰਮੁੱਖ ਅੰਸ਼ ਥਾਇਮੋਲ ਹੈ। ਇਸ ਦਾ ਰਸਾਇਣਕ ਫ਼ਾਰਮੂਲਾ $C_{10}H_{14}O$ ਹੈ। ਥਾਇਮੋਲ ਦੀ ਵਰਤੋਂ ਸੁਗੰਧੀ ਵਾਲੇ ਪਦਾਰਥਾਂ ਅਤੇ ਦੰਦਾਂ ਦੇ ਮੰਜਨ ਬਣਾਉਣ ਲਈ ਕੀਤੀ ਜਾਂਦੀ ਹੈ। ਇਸ ਵਿਚ ਕੀਟਨਾਸ਼ਕ ਅਤੇ ਬੇਹੋਸ਼ੀ ਲਿਆਉਣ ਵਾਲੇ ਗੁਣ ਵੀ ਹੁੰਦੇ ਹਨ। ਇਸ ਕਰਕੇ ਇਸ ਦੀ ਵਰਤੋਂ ਦਵਾਈਆਂ ਵਿਚ ਵੀ ਕੀਤੀ ਜਾਂਦੀ ਹੈ।

ਹ.ਪੁ.—ਐਨ. ਬ੍ਰਿ. ਮਾ. 9 : 990

ਥਾਈਮਸ : ਇਹ ਇਕ ਮੀਨਾਰ-ਨੁਮਾ, ਲਸੀਕਾ ਅੰਗ ਹੈ ਜਿਹੜਾ ਮਨੁੱਖ ਵਿਚ ਛਾਤੀ ਦੀ ਹੱਡੀ ਦੇ ਬਿਲਕੁਲ ਹੇਠਾਂ ਦਿਲ ਦੇ ਲੈਵਲ ਤੇ ਸਥਿਤ ਹੁੰਦਾ ਹੈ। ਥਾਈਮ ਬੂਟੀ ਦੇ ਪੱਤੇ ਨਾਲ ਸ਼ਕਲ ਮਿਲਣ ਕਰਕੇ ਇਸ ਦਾ ਨਾਂ ਥਾਈਮਸ ਪਿਆ ਹੈ। ਇਹ ਦੋ ਖੰਨਾਂ ਵਿਚ ਵੰਡਿਆ ਹੋਇਆ ਹੁੰਦਾ ਹੈ। ਹਰੇਕ ਖੰਨ ਅਗੋਂ ਛੋਟੇ-ਛੋਟੇ ਖੰਨਾਂ (ਲੱਬਿਊਲਾਂ) ਵਿਚ ਵੰਡਿਆ ਹੁੰਦਾ ਹੈ। ਥਾਈਮਸ ਟਿਸ਼ੂ ਦੇ ਬਾਹਰਲੇ ਹਿੱਸੇ ਨੂੰ ਕਾਰਟੈੱਕਸ ਅਤੇ ਅੰਦਰਲੇ ਹਿੱਸੇ ਨੂੰ ਮੈਡੂਲਾ ਕਹਿੰਦੇ ਹਨ।

ਇਹ ਅੰਗ ਮੁੱਖ ਤੌਰ ਤੇ ਦੋ ਤਰ੍ਹਾਂ ਦੇ ਸੈੱਲਾਂ ਦਾ ਬਣਿਆ ਹੁੰਦਾ ਹੈ, ਲਿੰਫ਼ੋਸਾਈਟ ਜਾਂ ਥਾਈਮੋਸਾਈਟ ਅਤੇ ਰੈਟੀਕੁਲਰ ਸੈੱਲ। ਲੱਬਿਊਲ ਵਿਚਲੇ ਪਰਦੇ ਇਸ ਅੰਗ ਨੂੰ ਸਹਾਰਾ ਦਿੰਦੇ ਹਨ। ਰੈਟੀਕੁਲਰ ਸੈੱਲ ਇਕ ਵਿਰਲਾ ਜਾਲ ਬਣਾਉਂਦੇ ਹਨ (ਜਿਵੇਂ ਲਿੰਫ਼ ਨੋਡ ਵਿਚ) ਅਤੇ ਇਨ੍ਹਾਂ ਵਿਚਲੀਆਂ ਖਾਲੀ ਥਾਵਾਂ ਲਿੰਫ਼ੋਸਾਈਟ ਸੈੱਲਾਂ ਨਾਲ ਭਰੀਆਂ ਹੁੰਦੀਆਂ ਹਨ। ਕਾਰਟੈੱਕਸ ਦੇ ਹਿੱਸੇ ਵਿਚ ਲਿੰਫ਼ੋਸਾਈਟ ਬਹੁਤ ਸੰਘਣੇ ਹੁੰਦੇ ਹਨ ਅਤੇ ਇਥੇ ਹੀ ਜ਼ਿਆਦਾ ਕਰਕੇ ਇਨ੍ਹਾਂ ਦਾ ਸੰਵਰਧਨ (Proliferation) ਹੁੰਦਾ ਹੈ। ਇਥੇ ਪੈਦਾ ਹੋਏ ਕਈ ਸੰਤਾਨ ਸੈੱਲ (daughter cells) ਮੈਡੂਲਾ ਵਿਚ ਚਲੇ ਜਾਂਦੇ ਹਨ ਅਤੇ ਮੈਡੂਲਰੀ ਸ਼ਿਰਾਵਾਂ ਰਾਹੀਂ ਲਹੂ ਵਿਚ ਜਾ ਰਲਦੇ ਹਨ।

ਥਾਈਮਸ ਦੂਜੇ ਲਸੀਕਾ-ਅੰਗਾਂ ਨਾਲੋਂ ਵੱਖਰਾ ਹੁੰਦਾ ਹੈ। ਇਸ ਵਿਚ ਲਸੀਕਾ-ਵਹਿਣੀਆਂ ਆ ਕੇ ਨਹੀਂ ਰਲਦੀਆਂ ਅਤੇ ਜਣਨ ਸੈਂਟਰ ਵੀ ਨਹੀਂ ਹੁੰਦੇ ਸਗੋਂ ਸਾਰੇ ਕਾਰਟੈੱਕਸ ਵਾਲੇ ਹਿੱਸੇ ਵਿਚ ਹੀ

(ਲਾੱਬਿਊਲਾਂ) ਵਿਚ ਵੰਡਿਆ ਹੁੰਦਾ ਹੈ। ਥਾਈਮਸ ਟਿਸ਼ੂ ਦੇ ਬਾਹਰਲੇ ਹਿੱਸੇ ਨੂੰ ਕਾਰਟੈੱਸ ਅਤੇ ਅੰਦਰਲੇ ਹਿੱਸੇ ਨੂੰ ਮੈਡੂਲਾ ਕਹਿੰਦੇ ਹਨ।

ਇਹ ਅੰਗ ਮੁੱਖ ਤੌਰ ਤੇ ਦੋ ਤਰ੍ਹਾਂ ਦੇ ਸੈੱਲਾਂ ਦਾ ਬਣਿਆ ਹੁੰਦਾ ਹੈ, ਲਿੰਫ਼ੋਸਾਈਟ ਜਾਂ ਥਾਈਮੋਸਾਈਟ ਅਤੇ ਰੈਟੀਕੁਲਰ ਸੈੱਲ। ਲਾੱਬਿਊਲ ਵਿਚਲੇ ਪਰਦੇ ਇਸ ਅੰਗ ਨੂੰ ਸਹਾਰਾ ਦਿੰਦੇ ਹਨ। ਰੈਟੀਕੁਲਰ ਸੈੱਲ ਇਕ ਵਿਰਲਾ ਜਾਲ ਬਣਾਉਂਦੇ ਹਨ (ਜਿਵੇਂ ਲਿੰਫ਼ ਨੋਡ ਵਿਚ) ਅਤੇ ਇਨ੍ਹਾਂ ਵਿਚਲੀਆਂ ਖਾਲੀ ਥਾਵਾਂ ਲਿੰਫ਼ੋਸਾਈਟ ਸੈੱਲਾਂ ਨਾਲ ਭਰੀਆਂ ਹੁੰਦੀਆਂ ਹਨ। ਕਾਰਟੈੱਕਸ ਦੇ ਹਿੱਸੇ ਵਿਚ ਲਿੰਫ਼ੋਸਾਈਟ ਬਹੁਤ ਸੰਘਣੇ ਹੁੰਦੇ ਹਨ ਅਤੇ ਇਥੇ ਹੀ ਜ਼ਿਆਦਾ ਕਰ ਕੇ ਇਨ੍ਹਾਂ ਦਾ ਸੰਵਰਧਨ (Proliferation) ਹੁੰਦਾ ਹੈ। ਇਥੇ ਪੈਦਾ ਹੋਏ ਕਈ ਸੰਤਾਨ ਸੈੱਲ (daughter cells) ਮੈਡੂਲਾ ਵਿਚ ਚਲੇ ਜਾਂਦੇ ਹਨ ਅਤੇ ਮੈਡੂਲਰੀ ਸ਼ਿਰਾਵਾਂ ਰਾਹੀਂ ਲਹੂ ਵਿਚ ਜਾ ਰਲਦੇ ਹਨ।

ਥਾਈਮਸ ਦੂਜੇ ਲਸੀਕਾ-ਅੰਗਾਂ ਨਾਲੋਂ ਵੱਖਰਾ ਹੁੰਦਾ ਹੈ। ਇਸ ਵਿਚ ਲਸੀਕਾ-ਵਹਿਣੀਆ ਆ ਕੇ ਨਹੀਂ ਰਲਦੀਆਂ ਅਤੇ ਜਣਨ ਸੈਂਟਰ ਵੀ ਨਹੀਂ ਹੁੰਦੇ ਸਗੋਂ ਸਾਰੇ ਕਾਰਟੈੱਕਸ ਵਾਲੇ ਹਿੱਸੇ ਵਿਚ ਹੀ ਲਿੰਫ਼ੋਸਾਈਟਾਂ ਦਾ ਵਾਧਾ ਹੁੰਦਾ ਰਹਿੰਦਾ ਹੈ। ਇਹ ਲਿੰਫ਼ ਨੋਡਾਂ ਦੀ ਤਰ੍ਹਾਂ ਛਾਣਨੀ (ਫਿਲਟਰ) ਦਾ ਕੰਮ ਵੀ ਨਹੀਂ ਕਰਦਾ। ਇਸ ਦੇ ਲਿੰਫ਼ੋਸਾਈਟ ਬਾਹਰੋਂ ਇਕ ਐਪੀਥੀਲੀਅਲ ਸੈੱਲਾਂ ਦੀ ਤਹਿ ਨਾਲ ਢੱਕੇ ਹੋਣ ਕਰ ਕੇ ਬਾਕੀਆਂ ਨਾਲੋਂ ਵੱਖਰੇ ਹੋਏ ਹੁੰਦੇ ਹਨ। ਇਕ ਵੱਡਾ ਫ਼ਰਕ ਇਸ ਦੇ ਵਧਣ ਦਾ ਤਰੀਕਾ ਹੈ। ਜਨਮ ਤੋਂ ਪਹਿਲਾਂ ਅਤੇ ਪੰਜ ਸਾਲ ਦੀ ਉਮਰ ਤਕ ਮਨੁੱਖ ਵਿਚ ਇਹ ਬਾਕੀ ਸਰੀਰ ਦੇ ਵਾਧੇ ਦੇ ਦਰ ਦੇ ਮੁਕਾਬਲੇ ਬਹੁਤ ਜਲਦੀ ਵਧਦਾ ਹੈ ਅਤੇ ਕਾਫ਼ੀ ਵੱਡਾ ਹੋ ਜਾਂਦਾ ਹੈ। ਬਾਅਦ ਵਿਚ ਇਸ ਦੇ ਵਾਧੇ ਦੀ ਦਰ ਬਾਕੀ ਅੰਗਾਂ ਦੇ ਨਿਸਬਤ ਘੱਟ ਜਾਂਦੀ ਹੈ। ਜਵਾਨੀ ਵਿਚ ਪੈਰ ਰੱਖਦੇ ਹੀ ਇਹ ਅੰਗ ਹੌਲੀ ਹੌਲੀ ਘਟਣਾ ਸ਼ੁਰੂ ਹੋ ਜਾਂਦਾ ਹੈ। ਇਸ ਘਟਣ ਦੀ ਕਿਰਿਆ ਸਮੇਂ ਕਾਰਟੈੱਕਸ ਪਤਲਾ ਪੈ ਜਾਂਦਾ ਹੈ। ਲਿੰਫ਼ੋਸਾਈਟ ਲੁਪਤ ਹੋ ਜਾਂਦੇ ਹਨ ਅਤੇ ਇਨ੍ਹਾਂ ਦੀ ਥਾਂ ਚਰਬੀ ਟਿਸ਼ੂ ਲੈ ਲੈਂਦੇ ਹਨ। ਮੈਡੂਲਾ ਵਿਚ ਹੱਸਲਜ਼ ਕਾਰਪਸਲਜ਼ ਦੀ ਗਿਣਤੀ ਵਧ ਜਾਂਦੀ ਹੈ।

ਇਸ ਅੰਗ ਦੀ ਮਹੱਤਤਾ ਨਵ-ਜਨਮੇ ਬੱਚਿਆਂ ਲਈ ਜ਼ਿਆਦਾ ਹੈ। ਜੇ ਬਾਲਗ਼ ਮਨੁੱਖ ਵਿਚੋਂ ਇਸ ਅੰਗ ਨੂੰ ਕੱਢ ਦਿੱਤਾ ਜਾਵੇ ਤਾਂ ਕੋਈ ਖ਼ਾਸ ਫ਼ਰਕ ਨਹੀਂ ਪੈਂਦਾ ਪਰ ਜੇ ਨਵ-ਜਨਮੇ ਬੱਚੇ ਵਿਚੋਂ ਇਸ ਨੂੰ ਕੱਢ ਲਿਆ ਜਾਵੇ ਤਾਂ ਲਹੂ ਅਤੇ ਲਸੀਕਾ-ਟਿਸ਼ੂ ਵਿਚੋਂ ਲਿੰਫ਼ੋਸਾਈਟ ਸੈੱਲ ਖ਼ਤਮ ਹੋ ਜਾਂਦੇ ਹਨ ਅਤੇ ਸਰੀਰ ਦਾ ਸੁਰੱਖਿਆ ਸਿਸਟਮ ਕੰਮ ਕਰਨਾ ਬੰਦ ਕਰ ਦਿੰਦਾ ਹੈ ਜਿਸਦੇ ਫ਼ਲਸਰੂਪ ਬੀਮਾਰੀਆਂ ਘੇਰ ਲੈਂਦੀਆਂ ਹਨ।


ਜੇ ਬੱਚਿਆਂ ਵਿਚ ਇਹ ਬਹੁਤ ਹੀ ਜ਼ਿਆਦਾ ਵਧ ਜਾਵੇ ਤਾਂ ਲਹੂ-ਗੇੜ ਅਤੇ ਸਾਹ-ਕਿਰਿਆ ਉੱਤੇ ਅਸਰ ਪੈਂਦਾ ਹੈ। ਐਕਸ ਕਿਰਨਾਂ ਰਾਹੀਂ ਇਸ ਦਾ ਇਲਾਜ ਕੀਤਾ ਜਾ ਸਕਦਾ ਹੈ। ਕਿਸੇ ਸਦਮੇ ਜਾਂ ਤਣਾਓ ਦੀ ਹਾਲਤ ਵਿਚ ਇਹ ਅੰਗ ਇਕ ਦਮ ਇੰਨਾ ਵੱਧ ਸਕਦਾ ਹੈ ਕਿ ਮੌਤ ਹੋ ਸਕਦੀ ਹੈ। ਇਸ ਹਾਲਤ ਨੂੰ ਸਟੇਟਸ ਲਿੰਫ਼ੈਟਿਕਸ ਕਹਿੰਦੇ ਹਨ।

ਜਿਹੜੇ ਮਨੁੱਖਾਂ ਵਿਚ ਇਹ ਗਿਲਟੀ ਨਹੀਂ ਸੁੰਘੜਦੀ ਉਹ ਆਪਣੀ ਉਮਰ ਤੋਂ ਛੋਟੇ ਲਗਦੇ ਹਨ, ਸਰੀਰ ਤੇ ਵਾਲ ਨਹੀਂ ਹੁੰਦੇ, ਲਹੂ ਦਾ ਦਬਾਅ ਘੱਟ ਜਾਂਦਾ ਹੈ ਅਤੇ ਥਕੇਵਾਂ ਚੜ੍ਹਿਆ ਰਹਿੰਦਾ ਹੈ। ਜੇ ਸਮੇਂ ਤੋਂ ਪਹਿਲਾਂ ਹੀ ਥਾਈਮਸ ਕੰਮ ਕਰਨਾ ਬੰਦ ਕਰ ਦੇਵੇ ਤਾਂ ਮਨੁੱਖ ਉਮਰ ਤੋਂ ਵੱਡਾ ਲਗਦਾ ਹੈ। ਲਹੂ ਦਾ ਦਬਾਅ ਵਧ ਜਾਂਦਾ ਹੈ ਅਤੇ ਸਰੀਰ ਤੇ ਵਾਲ ਜ਼ਿਆਦਾ ਹੋ ਜਾਂਦੇ ਹਨ। ਥਾਈਮਸ ਦਾ ਪ੍ਰਭਾਵ ਲਿੰਗੀ ਅਤੇ ਮਾਨਸਿਕ ਵਿਕਾਸ ਉੱਤੇ ਪੈਂਦਾ ਹੈ।

ਹ.ਪੁ.—ਐਨ. ਬ੍ਰਿ. ਮਾ. 9 : 900; ਮੈ. ਹੈ. ਐਨ. 4 : 1261

ਥਾਈਮੀਲੀਏਲੀਜ਼ : ਇਹ ਦੋ ਬੀਜ ਪੱਤਰੀ, ਫੁੱਲਾਂ ਵਾਲੇ ਪੌਦਿਆਂ ਦੇ ਇਕ ਆੱਰਡਰ ਦਾ ਨਾਂ ਹੈ ਜਿਸ ਵਿਚ ਇਕ ਕੁਲ ਥਾਈਮੀਲੀਏਸੀ, 50 ਪ੍ਰਜਾਤੀਆਂ ਅਤੇ 700 ਤੋਂ ਜ਼ਿਆਦਾ ਜਾਤੀਆਂ ਸ਼ਾਮਲ ਹਨ। ਇਨ੍ਹਾਂ ਵਿਚੋਂ ਜ਼ਿਆਦਾਤਰ ਝਾੜੀਨੁਮਾ ਪੌਦੇ ਹਨ, ਕੁਝ ਕੁ ਰੁੱਖ ਅਤੇ ਬਹੁਤ ਘੱਟ ਬੂਟੀਆਂ ਵਰਗੇ ਪੌਦੇ ਸ਼ਾਮਲ ਹਨ। ਇਹ ਪੌਦੇ ਤਕਰੀਬਨ ਸਾਰੀ ਦੁਨੀਆ ਵਿਚ ਹੀ ਮਿਲਦੇ ਹਨ।

ਇਸ ਆੱਰਡਰ ਦੀ ਪਛਾਣ ਪੌਦਿਆਂ ਦੇ ਦੋ ਲਿੰਗੀ ਫੁੱਲਾਂ ਜਾਂ ਅੱਡੋ ਅੱਡਰੇ ਨਰ ਅਤੇ ਮਾਦਾ ਫੁੱਲਾਂ ਦੀ ਹੋਂਦ ਤੋਂ ਹੋ ਜਾਂਦੀ ਹੈ। ਵੇਖਣ ਵਿਚ ਇਹ ਪੰਖੜੀਆਂ ਤੋਂ ਬਿਨ੍ਹਾਂ ਹੁੰਦੇ ਹਨ ਪਰ ਇਨ੍ਹਾਂ ਵਿਚ ਇਕ ਪੰਖੜੀ ਵਰਗੀ (ਸੈਪਲ), ਨਲੀਦਾਰ ਕੈਲਿਕਸ ਹੁੰਦੀ ਹੈ। ਕੁਝ ਪੌਦਿਆਂ ਵਿਚ 4 ਤੋਂ 12 ਪੰਖੜੀਆਂ ਹੁੰਦੀਆਂ ਹਨ ਪਰ ਇਹ ਆਕਾਰ ਵਿਚ ਘੱਟ ਕੇ ਸਹਿ ਪੱਤਰ (ਸਕੇਲ) ਦਾ ਰੂਪ ਧਾਰਨ ਕਰ ਲੈਂਦੀਆਂ ਹਨ। ਸੈਪਲ-ਪੁੰਜ ਨਲੀ ਦੇ ਮੂੰਹ ਦੇ ਨਜ਼ਦੀਕ ਸਥਿਤ ਹੁੰਦਾ ਹੈ। ਆਮ ਤੌਰ ਤੇ ਪੁੰਕੇਸਰ ਉੱਨੇ ਹੀ ਹੁੰਦੇ ਹਨ ਜਿੰਨੇ ਸੈਪਲ-ਪੁੰਜ ਖੰਨ ਹੁੰਦੇ ਹਨ। ਅੰਡਕੋਸ਼ ਸੈਪਲ-ਪੁੰਜ ਦੇ ਜੋੜ ਵਾਲੇ ਹਿੱਸੇ ਤੋਂ ਜ਼ਰਾ ਕੁ ਉਤਾਂਹ ਹੁੰਦੀ ਹੈ ਅਤੇ ਇਸ ਦਾ ਇਕ ਅੰਦਰੂਨੀ ਚੈਂਬਰ ਹੁੰਦਾ ਹੈ (ਜਾਂ ਕਦੀ ਕਦਾਈਂ ਦੋ ਵੀ ਹੋ ਸਕਦੇ ਹਨ ਜਿਸ ਵਿਚ ਪ੍ਰਤਿ ਚੈਂਬਰ ਇਕ ਬੀਜ ਅੰਡ ਹੁੰਦਾ ਹੈ)



ਥਾਈਮੀਲੀਏਲੀਜ਼ ਵਰਗ ਦਾ ਇਕ ਪ੍ਰਤਿਨਿਧ ਪੌਦਾ ਡੈਫ਼ਨੀ

ਇਸ ਵਰਗ ਦੀਆਂ ਕੁਝ-ਕੁ ਜਾਤੀਆਂ ਦੀ ਬਾਗ਼ਬਾਨੀ ਪੱਖੋਂ ਬਹੁਤ ਮਹੱਤਤਾ ਹੈ। ਇਨ੍ਹਾਂ ਵਿਚ ਸ਼ਾਮਲ ਕੀਤੇ ਜਾਣ ਵਾਲੇ ਪੌਦੇ ਇਹ ਹਨ—ਲੈਦਰ ਵੁੱਡ (Dirca palustris) ਜੋ 1·5 ਮੀ. ਉੱਚੀ ਪੀਲੇ ਰੰਗੇ ਫੁੱਲਾਂ ਵਾਲੀ ਝਾੜੀ ਹੁੰਦੀ ਹੈ; ਕਾਗ਼ਜ਼ੀ ਰੁੱਖ ਜਾਂ ਕਾਗ਼ਜ਼ੀ ਝਾੜੀ ਜਿਸ ਦੇ ਲੰਬੇ ਚਿੱਟੇ ਰੇਸ਼ੇ ਹੁੰਦੇ ਹਨ ਜਿਨ੍ਹਾਂ ਤੋਂ ਇਕ ਪਤਲਾ ਮਜ਼ਬੂਤ ਕਾਗ਼ਜ਼ ਤਿਆਰ ਕੀਤਾ ਜਾਂਦਾ ਹੈ; ਰਾਈਸ ਫਲਾੱਵਰ (Pimelea ferruginea) ਇਹ ਬਹੁ-ਸ਼ਾਖ਼ੀ ਛੋਟੀ ਝਾੜੀ ਹੁੰਦੀ ਹੈ ਜਿਸ ਦਾ ਆਕਾਰ ਇਕ ਮੀ. ਉੱਚਾ ਹੁੰਦਾ ਹੈ; ਇਹ ਅਕਸਰ ਗ੍ਰੀਨ ਹਾਊਸ ਪੌਦੇ ਵਜੋਂ ਉਗਾਇਆ ਜਾਂਦਾ ਹੈ। ਡੈਫ਼ਨੀ ਪ੍ਰਜਾਤੀ ਬਹੁਤ ਪ੍ਰਸਿੱਧ ਪ੍ਰਜਾਤੀ ਹੈ ਜਿਸ ਵਿਚ ਸਜਾਵਟੀ ਪੌਦੇ ਸ਼ਾਮਲ ਹਨ। ਸਪਰਜ ਲੌਰਲ (Daphne laureola) ਇਕ ਛੋਟੀ ਸਦਾ ਬਹਾਰ ਝਾੜੀ ਹੈ ਜਿਸਦੇ ਮੋਟੇ ਚਮਕੀਲੇ ਪੱਤੇ ਹੁੰਦੇ ਹਨ ਅਤੇ ਛੋਟੇ, ਹਰੇ ਰੰਗ ਦੇ ਫੁੱਲ ਜੋ ਸ਼ਾਖ਼ਾਵਾਂ ਦੇ ਸਿਰਿਆਂ ਦੇ ਨੇੜੇ ਹੀ ਲਗਦੇ ਹਨ ਇਸਦੇ ਫੁੱਲ ਕਾਲੇ ਰੰਗ ਦੀਆਂ ਜ਼ਹਿਰੀਲੀਆ ਰਸਭਰੀਆਂ ਪੈਦਾ ਕਰਦੇ ਹਨ ਇਕ ਹੋਰ ਪੌਦਾ ਮੇਜ਼ੇਰੀਓਨ (D-mezereum) ਇਕ ਵੱਡੀ ਝਾੜੀ ਹੈ ਜਿਸ ਦੀ

ਉਚਾਈ 1.2 ਮੀ. ਤਕ ਹੁੰਦੀ ਹੈ। ਇਸ ਦੇ ਪੱਤੇ ਝੜਨਹਾਰ ਹੁੰਦੇ ਹਨ ਅਤੇ ਇਸ ਦੇ ਗੁਲਾਬੀ ਰੰਗੇ ਫੁੱਲ ਮਸਾਲੇਦਾਰ ਮਹਿਕ ਵਾਲੇ ਹੁੰਦੇ ਹਨ, ਇਹ ਫੁੱਲ ਬਸੰਤ ਰੁੱਤ ਵਿਚ ਪੱਤੇ ਆਉਣ ਤੋਂ ਪਹਿਲਾਂ ਲਗਦੇ ਹਨ। ਇਸਦੇ ਚਮਕੀਲੇ ਲਾਲ ਸੰਤਰੀ ਫੁੱਲ ਦਸਤਾਵਾਰ ਹੁੰਦੇ ਹਨ। ਇਹ ਸਾਰਾ ਪੌਦਾ ਹੀ ਤੇਜ਼ਾਬੀ ਅਤੇ ਜ਼ਹਿਰੀਲਾ ਹੁੰਦਾ ਹੈ। ਗਾਰਲੈਂਡ ਫੁੱਲ (D. Cneorum) ਇਕ ਸਖ਼ਤ ਸਦਾਬਹਾਰ ਵੇਲ ਵਰਗੀ ਝਾੜੀ ਹੈ ਜਿਸ ਦੇ ਗੁਲਾਬੀ ਰੰਗੇ ਫੁੱਲ ਮਿਠੀ ਮਹਿਕ ਵਾਲੇ ਹੁੰਦੇ ਹਨ। ਕੁਝ ਮਹੱਤਵਪੂਰਨ ਗ੍ਰੀਨ ਹਾਊਸ ਵਾਲੇ ਪੌਦਿਆਂ ਵਿਚੋਂ ਪ੍ਰਸਿੱਧ ਪੌਦੇ ਲਾਲ ਫੁੱਲਾਂ ਵਾਲਾ ਡੈਫ਼ਨੀ ਇੰਡੀਕਾ (D. indica) ਅਤੇ ਇਕ ਹੋਰ ਜਾਤੀ ਡੈਫ਼ਨੀ ਜੈਪੋਨਿਕਾ (D. japonika) ਹਨ ਜਿਸ ਦੇ ਚਿੱਟੇ ਜਾਂ ਗੁਲਾਬੀ ਵੈਂਗਣੀ ਰੰਗੇ ਫੁੱਲ ਹੁੰਦੇ ਹਨ।

ਹ.ਪੁ.—ਐਨ. ਬ੍ਰਿ. ਮਾ. 9 : 900

ਥਾਈਰਾੱਇਡ ਗ੍ਰੰਥੀ (ਗਲੈਂਡ) ਅਤੇ ਇਸ ਦੇ ਰੋਗ :

ਥਾਈਰਾੱਇਡ ਗ੍ਰੰਥੀ ਅੰਦਰ-ਰਿਸਾਵੀ (endocrine) ਗ੍ਰੰਥੀ ਹੈ ਜੋ ਕਿ ਸਾਰੇ ਰੀੜ੍ਹਧਾਰੀ ਪ੍ਰਾਣੀਆਂ ਵਿਚ ਮੌਜੂਦ ਹੁੰਦੀ ਹੈ। ਇਹ ਗ੍ਰੰਥੀ ਥਾਈਰਾੱਇਡ ਹਾਰਮੋਨ ਦਾ ਰਿਸਾਓ ਕਰਦੀ ਹੈ ਅਤੇ ਇਸ ਨੂੰ ਸੰਚਿਤ ਕਰਦੀ ਹੈ। ਇਸ ਦਾ ਮੁੱਖ ਕਾਰਜ ਢਾਹ-ਉਸਾਰ ਕਿਰਿਆ ਦਰ ਨੂੰ ਨਿਯੰਤਰਣ ਕਰਨਾ ਹੁੰਦਾ ਹੈ। ਮਾਨਵ ਜਾਤੀ ਵਿਚ ਇਹ ਗ੍ਰੰਥੀ (ਗਲੈਂਡ) ਸਾਹ-ਨਲੀ ਦੇ ਦੋਹਾਂ ਪਾਸਿਆਂ ਵੱਲ ਸਾਹਮਣੇ ਸਥਿਤ ਹੁੰਦੀ ਹੈ। ਇਸ ਗ੍ਰੰਥੀ (ਗਲੈਂਡ) ਦਾ ਇਕ ਹੋਰ ਹਾਰਮੋਨ ਥਾਈਰੋਕੈਲਸੀ-ਟੋਨਿਨ ਹੈ ਜੋ ਕਿ ਸੀਰਮ ਕੈਲਸੀਅਮ ਨੂੰ ਨਿਯੰਤਰਿਤ ਕਰਦਾ ਹੈ। ਥਾਈਰਾੱਇਡ ਗ੍ਰੰਥੀ (ਗਲੈਂਡ) ਅਕਾਰਬਨੀ ਆਇਓਡਾਈਡਜ਼ ਨੂੰ ਸੰਚਿਤ ਕਰਨ ਦੀ ਯੋਗਤਾ ਰਖਦੀ ਹੈ ਅਤੇ ਇਨ੍ਹਾਂ ਨੂੰ ਐਮੀਨੋ ਐਸਿਡ ਟਾਇਰੋਸਿਨ ਨਾਲ ਮਿਲਾ ਕੇ ਆਇਓਡੀਨਯੁਕਤ ਪ੍ਰੋਟੀਨ ਬਣਾਉਂਦੀ ਹੈ। ਇਸ ਕਿਰਿਆ ਦਾ ਨਿਯੰਤਰਣ ਪਿਟੂਈਟਰੀ ਗਲੈਂਡ ਦੇ ਮੂਹਰਲੇ ਖੰਨ ਤੋਂ ਰਿਸੇ ਥਾਇਰੋਟ੍ਰੌਪਿਕ ਹਾਰਮੋਨ ਰਾਹੀਂ ਹੁੰਦਾ ਹੈ।

ਥਾਈਰਾੱਇਡ ਗ੍ਰੰਥੀ (ਗਲੈਂਡ) ਆਇਓਡੀਨ ਵਾਲੇ ਹਾਰਮੋਨ ਥਾਈਰਾੱਕਸਿਨ ਅਤੇ ਟ੍ਰਾਈਆਇਓਡੋਥਾਇਰੋਨਿਨ ਦਾ ਰਿਸਾਓ ਕਰਦੀ ਹੈ। ਇਹ ਰਿਸਾਓ ਸਾਧਾਰਣ ਵਿਕਾਸ ਅਤੇ ਪ੍ਰੌੜ੍ਹਤਾ ਲਈ ਜ਼ਰੂਰੀ ਹੁੰਦੇ ਹਨ। ਦੋ ਤਕਨੀਕਾਂ ਰਾਹੀਂ ਥਾਈਰਾੱਇਡ ਫਿਜ਼ਿਆਲੋਜੀ ਦਾ ਪਤਾ ਲਗਾਉਣਾ ਸੰਭਵ ਹੋ ਸਕਦਾ ਹੈ। (1) ਆਇਓਡੀਨ ਦੇ ਰੇਡੀਓ ਐਕਟਿਵ ਆਈਸੋਟੋਪਾਂ ਦੀ ਵਰਤੋਂ ਕਰ ਕੇ ਸਰੀਰ ਵਿਚਲੀ ਆਇਓਡੀਨ ਸਬੰਧੀ ਪਤਾ ਲਗ ਜਾਂਦਾ ਹੈ ਅਤੇ (2) ਕ੍ਰੋਮੈਟੋਗ੍ਰਾਫ਼ਿਕ ਤਕਨੀਕਾਂ ਰਾਹੀਂ ਆਇਓਡੀਨ ਯੁਕਤ ਯੋਗਿਕਾਂ ਦੀ ਮਾਤਰਾ ਜੋ ਕਿ ਲਹੂ, ਥਾਈਰਾੱਇਡ ਅਤੇ ਟਿਸ਼ੂਆਂ ਵਿਚ ਮੌਜੂਦ ਹੁੰਦੀ ਹੈ ਸਬੰਧੀ ਜਾਣਕਾਰੀ ਮਿਲ ਸਕਦੀ ਹੈ।

ਥਾਈਰਾੱਕਸਿਨ ਕਾਰਨ, ਸੈੱਲਾਂ ਵਿਚ ਹੋ ਰਹੇ ਆੱਕਸੀਕਰਣ ਉੱਤੇ ਪ੍ਰਭਾਵ ਪੈਂਦਾ ਹੈ। ਆੱਕ੍ਸੀਕਰਣ ਰਾਹੀਂ ਟਿਸ਼ੂਆਂ ਦੀ ਲੋੜੀਂਦੀ ਊਰਜਾ ਪ੍ਰਾਪਤ ਹੋ ਜਾਂਦੀ ਹੈ। ਥਾਈਰਾੱਇਡ ਹਾਰਮੋਨ ਦੀ ਮਹੱਤਤਾ ਦਾ ਪਤਾ ਉਦੋਂ ਲਗਦਾ ਹੈ ਜਦੋਂ ਇਸ ਦੀ ਮਾਤਰਾ ਲੋੜ ਤੋਂ ਵੱਧ ਜਾਂ ਘਟ ਹੋਵੇ। ਨਵਜਨਮੇ ਬੱਚੇ ਵਿਚ ਜੇਕਰ ਥਾਈਰਾੱਇਡ ਗ੍ਰੰਥੀ ਦੀ ਕਿਰਿਆ ਘਟ ਹੋਵੇ ਤਾਂ ਉਸ ਦਾ ਸਰੀਰਕ ਵਿਕਾਸ ਨਹੀਂ ਹੁੰਦਾ ਅਤੇ ਮਾਨਸਿਕ ਤੌਰ ਤੇ ਵੀ ਉਹ ਪਛੜ ਜਾਂਦਾ ਹੈ। ਥਾਈਰਾੱਇਡ ਹਾਰਮੋਨ ਦੀ ਘਾਟ ਜੇਕਰ ਬਾਅਦ ਵਿਚ ਹੋ ਜਾਵੇ ਤਾਂ ਵੀ ਸਰੀਰਕ ਅਤੇ ਮਾਨਸਿਕ ਵਿਕਾਸ ਵਿਚ ਵਿਘਨ ਪੈ ਜਾਂਦਾ ਹੈ। ਥਾਈਰਾੱਇਡ ਹਾਰਮੋਨ ਦੇ ਜ਼ਿਆਦਾ ਰਿਸਾਓ ਨਾਲ ਵੀ ਬੇਚੈਨੀ ਹੁੰਦੀ ਹੈ। ਦਿਲ ਦੀ ਧੜਕਨ ਵਧ ਜਾਂਦੀ ਹੈ ਅਤੇ ਹੋਰ ਅਣਸੁਖਾਵੇਂ ਪ੍ਰਭਾਵ ਪੈਂਦੇ ਹਨ। ਅਧਿਕ ਥਾਈਰਾੱਇਡ ਰਿਸਾਓ (ਹਾਈਪਰ ਥਾਈਰਾਇਡਿਜ਼ਮ) ਅਤੇ ਅਲਪ ਥਾਈਰਾੱਇਡ ਰਿਸਾਓ (ਹਾਈਪੋਥਾਈਰਾਇਡਿਜ਼ਮ) ਦਾ ਇਲਾਜ ਸਫ਼ਲਤਾ ਪੂਰਵਕ ਹੋ ਸਕਦਾ ਹੈ।

ਥਾਈਰਾੱਇਡ ਗ੍ਰੰਥੀ (ਗਲੈਂਡ) ਸਬੰਧੀ ਰੋਗ

ਰਸੌਲੀਨੁਮਾ ਅਤਿਵਾਧਾ ਅਤੇ ਸੋਜਸ਼ ਵਾਲੇ ਅੰਗ ਵਿਗਾੜ ਥਾਈਰਾੱਇਡ ਗ੍ਰੰਥੀ (ਗਲੈਂਡ) ਦੇ ਆਮ ਵਿਕਾਰ ਹਨ। ਇਨ੍ਹਾਂ ਨਾਲ ਗ੍ਰੰਥੀ (ਗਲੈਂਡ) ਦੇ ਮੁੱਖ ਹਾਰਮੋਨ ਥਾਈਰਾੱਕਸਿਨ ਅਤੇ ਟ੍ਰਾਈਆ-ਇਡੋਥਾਈਰਾੱਕਸਿਨ ਦੇ ਰਿਸਾਓ ਵਿਚ ਤਬਦੀਲੀ ਆ ਜਾਂਦੀ ਹੈ ਪਰ ਕਈ ਵਾਰੀ ਇਹ ਵਿਗਾੜ ਅੰਦਰੂਨੀ-ਰਿਸਾਓ ਬਿਨ੍ਹਾਂ ਵੀ ਹੋ ਜਾਂਦੇ ਹਨ।

ਗਿਲ੍ਹੜ (Goiter)—ਇਹ ਥਾਈਰਾੱਇਡ ਗ੍ਰੰਥੀ (ਗਲੈਂਡ) ਦਾ ਵਿਸਤਾਰ/ਵਾਧਾ ਹੁੰਦਾ ਹੈ। ਐਕਸੋਫ਼ਥੈਲਮਿਕ ਗਿਲ੍ਹੜ ਵਿਚ ਗ੍ਰੰਥੀ (ਗਲੈਂਡ) ਦੇ ਆਕਾਰ ਵਿਚ ਵਾਧਾ ਹੋ ਜਾਂਦਾ ਹੈ। ਸਾਧਾਰਣ ਗਿਲ੍ਹੜ ਆਮ ਤੌਰ ਤੇ ਗਭਰੇਟ ਅਵਸਥਾ ਦੇ ਸ਼ੁਰੂ ਵਿਚ ਹੁੰਦਾ ਹੈ। ਇਹ ਖ਼ੁਰਾਕ ਵਿਚ ਆਇਓਡੀਨ ਦੀ ਘਾਟ ਕਾਰਨ ਹੁੰਦਾ ਹੈ। ਇਹ ਰੋਗ ਆਮ ਤੌਰ ਤੇ ਪਹਾੜੀ ਇਲਾਕਿਆਂ ਵਿਚ ਅਤੇ ਸਮੁੰਦਰ ਤੋਂ ਦੂਰ ਇਲਾਕਿਆਂ ਵਿਚ ਰਹਿਣ ਵਾਲੇ ਲੋਕਾਂ ਨੂੰ ਹੁੰਦਾ ਹੈ। ਇਨ੍ਹਾਂ ਇਲਾਕਿਆਂ ਦੀ ਭੋਂ ਅਤੇ ਪਾਣੀ ਵਿਚ ਆਇਓਡੀਨ ਦੀ ਘਾਟ ਹੁੰਦੀ ਹੈ। ਸਾਧਾਰਣ ਗਿਲ੍ਹੜ ਤਟੀ ਇਲਾਕਿਆਂ ਵਿਚ ਘਟ ਹੁੰਦਾ ਹੈ। ਇਹ ਰੋਗ ਆਦਮੀਆਂ ਨਾਲੋਂ ਔਰਤਾਂ ਵਿਚ ਜ਼ਿਆਦਾ ਹੁੰਦਾ ਹੈ। ਥਾਈਰਾੱਇਡ ਗ੍ਰੰਥੀ (ਗਲੈਂਡ) ਵਿਚ ਛੋਟੀਆਂ ਵਹਿਣੀਆਂ ਮੌਜੂਦ ਹੁੰਦੀਆਂ ਹਨ ਜਿਨ੍ਹਾਂ ਵਿਚ ਪੀਲੇ ਰੰਗ ਦਾ ਪਦਾਰਥ ਕੋਲਾੱਇਡ (Colloid) ਹੁੰਦਾ ਹੈ। ਕੋਲਾੱਇਡ ਵਿਚ ਬਹੁਤ ਥੋੜ੍ਹੀ ਮਾਤਰਾ ਵਿਚ ਆਇਓਡੀਨ ਮੌਜੂਦ ਹੁੰਦਾ ਹੈ। ਆਇਓਡੀਨ ਥਾਈਰਾੱਇਡ ਗ੍ਰੰਥੀ (ਗਲੈਂਡ) ਦੇ ਹਾਰਮੋਨ ਥਾਈਰਾੱਕਸਿਨ ਵਿਚ ਵੀ ਮੌਜੂਦ ਹੁੰਦਾ ਹੈ ਇਹ ਗ੍ਰੰਥੀ (ਗਲੈਂਡ) ਆਇਓਡੀਨ ਯੁਕਤ ਖ਼ੁਰਾਕ ਅਤੇ ਪਾਣੀ ਤੋਂ ਆਇਓਡੀਨ ਦਾ ਸੋਖਣ ਕਰਦੀ ਹੈ।

ਗਿਲ੍ਹੜ ਰੋਗ ਦੇ ਬਚਾਉ ਲਈ ਨੌਜਵਾਨਾਂ ਨੂੰ ਥੋੜ੍ਹੀ ਮਾਤਰਾ ਵਿਚ ਆਇਓਡੀਨ ਦਿੱਤਾ ਜਾਂਦਾ ਹੈ ਖਾਸ ਕਰ ਕੇ ਉਨ੍ਹਾਂ ਇਲਾਕਿਆਂ ਵਿਚ ਜਿਥੇ ਭੋਂ ਅਤੇ ਪਾਣੀ ਵਿਚ ਆਇਓਡੀਨ ਦੀ ਮਾਤਰਾ ਘੱਟ ਹੁੰਦੀ ਹੈ। ਗਰਭਵਤੀ ਮਾਵਾਂ ਨੂੰ ਵੀ ਆਇਓਡੀਨ ਦਿੱਤਾ ਜਾਂਦਾ ਹੈ ਤਾਂ ਜੋ ਵਿਕਾਸ ਕਰ ਰਹੇ ਭਰੂਣ ਦੀ ਥਾਈਰਾੱਇਡ ਗ੍ਰੰਥੀ (ਗਲੈਂਡ) ਵਿਚ ਅਣਸੁਖਾਵੀਂ ਤਬਦੀਲੀ ਨਾ ਆਵੇ। ਆਇਓਡਾਈਜ਼ਡ ਨਮਕ ਦੀ ਵਰਤੋਂ ਕੀਤੀ ਜਾਂਦੀ ਹੈ। ਆਇਓਡੀਨ ਗੋਲੀਆਂ ਦੇ ਰੂਪ ਵਿਚ ਵੀ ਮਿਲਦਾ ਹੈ। ਆਇਓਡੀਨ ਦੀ ਵਰਤੋਂ ਡਾਕਟਰੀ ਸਲਾਹ ਅਨੁਸਾਰ ਕਰਨੀ ਚਾਹੀਦੀ ਹੈ।

ਜੇਕਰ ਥਾਈਰਾੱਇਡ ਗਲੈਂਡ ਦਾ ਆਕਾਰ ਬਹੁਤ ਵਧ ਜਾਵੇ ਅਤੇ ਰੋਗੀ ਨੂੰ ਤਕਲੀਫ਼ਦੇਹ ਹੋਵੇ ਤਾਂ ਇਸ ਨੂੰ ਅੱਪਰੇਸ਼ਨ ਰਾਹੀਂ ਠੀਕ ਕੀਤਾ ਜਾਂਦਾ ਹੈ। ਅੱਜਕੱਲ੍ਹ ਇਹ ਸਥਿਤੀ ਆਮ ਨਹੀਂ ਹੁੰਦੀ।

ਐਕਸੋਫ਼ਥੈਲਮਿਕ ਗਿਲ੍ਹੜ ਵਧੇਰੇ ਖ਼ਤਰਨਾਕ ਹੁੰਦਾ ਹੈ। ਇਸ ਰੋਗ ਵਿਚ ਥਾਈਰਾੱਕਸਿਨ ਹਾਰਮੋਨ ਵਿਚ ਵਾਧਾ ਹੁੰਦਾ ਹੈ। ਇਸ ਰੋਗ ਦਾ ਮੁੱਖ ਲੱਛਣ ਅੱਖਾਂ ਦਾ ਉਭਾਰ (Bulging eyes) ਹੈ। ਇਹ ਰੋਗ ਆਮ ਤੌਰ ਤੇ ਨੌਜਵਾਨ ਇਸਤਰੀਆਂ ਵਿਚ ਹੁੰਦਾ ਹੈ। ਇਸ ਦਾ ਸਬੰਧ ਨਾੜੀ ਸਿਸਟਮ ਉੱਤੇ ਤਣਾਉ ਨਾਲ ਹੁੰਦਾ ਹੈ।

ਲੱਛਣ—ਮੁੱਢਲੀ ਢਾਹ-ਉਸਾਰ ਕਿਰਿਆ ਦਰ ਅਤੇ ਦਿਲ ਦੀ ਧੜਕਨ ਵੱਧ ਜਾਂਦੀ ਹੈ। ਵਿਅਕਤੀ ਜਲਦੀ ਥਕਾਵਟ ਮਹਿਸੂਸ ਕਰਦਾ ਹੈ। ਭੁੱਖ ਵਧ ਜਾਂਦੀ ਹੈ। ਗਰਮੀ ਮਹਿਸੂਸ ਹੁੰਦੀ ਹੈ। ਭਾਰ ਘਟਣਾ ਸ਼ੁਰੂ ਹੋ ਜਾਂਦਾ ਹੈ ਹੱਥ ਕੰਬਣੇ ਸ਼ੁਰੂ ਹੋ ਜਾਂਦੇ ਹਨ। ਇਸ ਰੋਗ

ਦੀ ਜਾਂਚ ਲਈ ਰੋਗੀ ਦਾ ਬੇਸਲ ਮੈਟਾਬਾੱਲਿਜ਼ਮ ਟੈੱਸਟ ਕੀਤਾ ਜਾਂਦਾ ਹੈ। ਸਾਧਾਰਨ ਬੇਸਲ ਮੈਟਾਬਾੱਲਿਜ਼ਮ +7 ਤੋਂ −7 ਤਕ ਹੁੰਦਾ ਹੈ। ਐਕਸੋਫਥੈਲਮਿਕ ਗਿਲ੍ਹੜ ਵਿਚ ਜਾਂ ਹਾਈਪਰਥਾਈਰੱਾਇਡਿਜ਼ਮ ਅਵਸਥਾ ਵਿਚ ਇਹ +15 ਤੋਂ +30 ਜਾਂ ਇਸ ਤੋਂ ਵੀ ਜ਼ਿਆਦਾ ਹੋ ਜਾਂਦਾ ਹੈ। ਦਿਲ ਨੂੰ ਆਪਣੀ ਸਮਰੱਥਾ ਤੋਂ ਜ਼ਿਆਦਾ ਕੰਮ ਕਰਨਾ ਪੈਂਦਾ ਹੈ।

ਇਲਾਜ ਅਤੇ ਉਪਾਅ—ਜ਼ਿਆਦਾ ਆਇਓਡੀਨ ਲੈਣ ਲਈ ਰੋਗ ਨਾਲ ਸਬੰਧਤ ਲੱਛਣ ਘਟ ਜਾਣਗੇ ਪਰ ਇਹ ਇਲਾਜ ਸਥਾਈ ਇਲਾਜ ਨਹੀਂ ਹੁੰਦਾ। ਇਲਾਜ ਡਾਕਟਰ ਦੀ ਦੇਖ-ਰੇਖ ਹੇਠਾਂ ਕਰਵਾਉਣਾ ਚਾਹੀਦਾ ਹੈ। ਸਰੀਰਕ ਅਤੇ ਮਾਨਸਿਕ ਆਰਾਮ ਇਸ ਰੋਗੀ ਲਈ ਬਹੁਤ ਜ਼ਰੂਰੀ ਹਨ। ਸਥਾਈ ਇਲਾਜ ਲਈ ਗ੍ਰੰਥੀ ਦਾ ਕੁਝ ਹਿੱਸਾ ਕੱਢ ਦਿੱਤਾ ਜਾਂਦਾ ਹੈ। ਥਾਈਰੱਾਇਡ ਦੀ ਅਧਿਕ ਕਿਰਿਆਸ਼ੀਲਤਾ ਨੂੰ ਨਿਯੰਤ੍ਰਿਤ ਕਰਨ ਲਈ ਰੈਡੀਓਐਕਟਿਵ ਆਇਓਡੀਨ ਥਾਇਓਸਾਇਨੇਟਸ ਅਤੇ ਥਾਇਓਯੂਰੇਸਿਲ ਦੀ ਵਰਤੋਂ ਕੀਤੀ ਜਾਂਦੀ ਹੈ।

ਥਾਇਰੱਾਇਡ ਗਲੈਂਡ ਦੀ ਸੋਜਸ਼—ਥਾਈਰੱਾਇਡ ਗ੍ਰੰਥੀ (ਗਲੈਂਡ) ਦੀ ਸੋਜਸ਼ ਤੀਖਣ ਜਾਂ ਜੀਰਣ (Chronic) ਹੋ ਸਕਦੀ ਹੈ। ਇਸ ਸੋਜਸ਼ ਦਾ ਕਾਰਨ ਬੈਕਟੀਰੀਆ ਵੀ ਹੋ ਸਕਦੇ ਹਨ ਪਰ ਸੋਜ਼ ਹੋਰ ਕਾਰਨਾਂ ਨਾਲ ਵੀ ਹੋ ਸਕਦੀ ਹੈ। ਲਹੂ ਅਤੇ ਲਿੰਫ਼ੈਟਿਕਸ ਰਾਹੀਂ ਬੈਕਟੀਰੀਆ ਇਸ ਗ੍ਰੰਥੀ (ਗਲੈਂਡ) ਉੱਤੇ ਹਮਲਾ ਕਰਦੇ ਹਨ ਅਤੇ ਤੀਖਣ ਸੋਜ ਹੋ ਜਾਂਦੀ ਹੈ। ਜੀਰਣ ਸੋਜ ਦਾ ਕਾਰਨ ਬੈਕਟੀਰੀਆ ਨਹੀਂ ਹੁੰਦੇ। ਸੋਜ ਕਾਰਨ ਥਾਈਰੱਾਕਸਿਨ ਦੇ ਰਿਸਾਉ ਵਿਚ ਵਿਘਨ ਪੈਂਦਾ ਹੈ ਜਿਸ ਨਾਲ ਅਲਪ ਥਾਈਰੱਾਇਡ ਰਿਸਾਉ (ਹਾਈਪੋਥਾਈਰਾਇਡਿਜ਼ਮ) ਅਵਸਥਾ ਪੈਦਾ ਹੋ ਜਾਂਦੀ ਹੈ।

ਥਾਈਰੱਾਇਡ ਰਿਸਾਉ (ਹਾਈਪੋਥਾਈਰੱਾਇਡਿਜ਼ਮ)—ਇਸ ਸਥਿਤੀ ਵਿਚ ਥਾਈਰੱਾਇਡ ਹਾਰਮੋਨ ਘਟ ਮਾਤਰਾ ਵਿਚ ਰਿਸਦੇ ਹਨ। ਭਰੂਣ ਅਵਸਥਾ ਵਿਚ ਜਾਂ ਨਵਜਨਮੇ ਬੱਚਿਆਂ ਵਿਚ ਜੇਕਰ ਆਇਓਡੀਨ ਦੀ ਮਾਤਰਾ ਘਟ ਹੋਵੇ ਤਾਂ ਬੌਣਾਪਣ ਹੋ ਜਾਂਦਾ ਹੈ। ਮਾਨਸਿਕ ਵਿਕਾਸ ਵੀ ਨਹੀਂ ਹੁੰਦਾ। ਜੀਰਣ ਸੋਜ, ਵੰਸ਼ਾਗਤ ਦੋਸ਼ ਜਾਂ ਐਨਜ਼ਾਈਮ ਸਬੰਧੀ ਅਤੇ ਪੋਸ਼ਕ ਦੋਸ਼ ਆਦਿ ਕਈ ਕਾਰਨ ਹਨ ਜਿਨ੍ਹਾਂ ਕਰ ਕੇ ਅਲਪ ਥਾਈਰੱਾਇਡ ਰਿਸਾਉ (ਹਾਈਪੋਥਾਈਰਾ-ਇਡਿਜ਼ਮ) ਸਥਿਤੀ ਹੋ ਜਾਂਦੀ ਹੈ। ਮਰੀਜ਼ ਦੀ ਚਮੜੀ ਖ਼ੁਸ਼ਕ ਅਤੇ ਰੁਖੀ ਹੋ ਜਾਂਦੀ ਹੈ। ਚਿਹਰਾ ਫੁਲਿਆ ਹੋਇਆ ਲਗਦਾ ਹੈ। ਵਾਲ ਵੀ ਖ਼ੁਸ਼ਕ ਅਤੇ ਰੁੱਖੇ ਹੋ ਜਾਂਦੇ ਹਨ। ਜੀਭ ਦਾ ਆਕਾਰ ਵਧ ਜਾਂਦਾ ਹੈ। ਮੋਟਾਪਾ ਵੀ ਵਧ ਜਾਂਦਾ ਹੈ। ਕਬਜ਼ ਦੀ ਸਮੱਸਿਆ ਬਣੀ ਰਹਿੰਦੀ ਹੈ। ਦਿਲ ਅਤੇ ਲਹੂ ਦਾਬ ਉੱਤੇ ਵੀ ਅਸਰ ਪੈਂਦਾ ਹੈ। ਉਤਸਾਹਹੀਣਤਾ, ਸੁਸਤੀ ਆਦਿ ਦਾ ਹੋਣਾ ਇਸ ਸਥਿਤੀ ਦੇ ਸੰਕੇਤ ਹੁੰਦੇ ਹਨ।

ਕਈ ਵਾਰੀ ਇਸ ਗ੍ਰੰਥੀ (ਗਲੈਂਡ) ਵਿਚ ਰਸੌਲੀ ਹੋ ਜਾਂਦੀ ਹੈ। ਇਹ ਰਸੌਲੀ ਸਾਧਾਰਨ ਗਿਲ੍ਹੜ ਤੋਂ ਵੀ ਬਣ ਸਕਦੀ ਹੈ। ਕੈਂਸਰ ਤੋਂ ਬਚਣ ਲਈ ਅਤੇ ਹਾਈਪਰਥਾਈਰੱਾਇਡਿਜ਼ਮ ਦੇ ਬਚਾਅ ਲਈ ਇਹ ਰਸੌਲੀਆਂ ਅਪਰੇਸ਼ਨ ਕਰ ਕੇ ਕੱਢ ਦਿੱਤੀਆਂ ਜਾਂਦੀਆਂ ਹਨ।

ਐਨ-ਬ੍ਰਿ. ਮਾ. 9 : 991

ਥਾਈਲੈਂਡ : ਦੱਖਣ-ਪੂਰਬੀ ਏਸ਼ੀਆ ਵਿਚ ਇਹ ਇਕ ਦੇਸ਼ ਹੈ ਜਿਸ ਦੇ ਪੱਛਮ ਅਤੇ ਉੱਤਰ-ਪੱਛਮ ਵੱਲ ਮਿਆਂਮਾਰ (ਬਰਮਾ), ਉੱਤਰ-ਪੂਰਬ ਵੱਲ ਲਾਓਸ, ਦੱਖਣ-ਪੂਰਬ ਵੱਲ ਕੰਬੋਡੀਆ ਅਤੇ ਦੱਖਣ ਵੱਲ ਥਾਈਲੈਂਡ ਦੀ ਖਾੜੀ ਲਗਦੀ ਹੈ। ਦੱਖਣ-ਪੱਛਮੀ ਗੁੱਠ ਵਲੋਂ ਇਸ ਦੇਸ਼ ਦਾ ਕੁਝ ਹਿੱਸਾ ਮਾਲੇ ਪ੍ਰਾਇਦੀਪ ਦੇ ਦੱਖਣ ਵੱਲ ਨੂੰ ਮਲੇਸ਼ੀਆ ਤਕ ਫੈਲਿਆ ਹੋਇਆ ਹੈ। ਇਸ ਦਾ ਕੁੱਲ ਰਕਬਾ 5,42,373 ਵ. ਕਿ. ਮੀ. (2,09,411 ਵ. ਮੀਲ) ਅਤੇ ਵਸੋਂ 6,12,51,000 (2001) ਹੈ। ਬੈਂਕਾਕ ਇਥੋਂ ਦਾ ਰਾਜਧਾਨੀ ਸ਼ਹਿਰ ਹੈ ਅਤੇ ਥਾਈ ਇਥੋਂ ਦੀ ਸਰਕਾਰੀ ਭਾਸ਼ਾ ਹੈ।

ਭੂ-ਆਕ੍ਰਿਤੀ ਵਿਗਿਆਨ

ਇਥੋਂ ਦਾ ਵਧੇਰੇ ਹਿੱਸਾ ਪ੍ਰਮੁੱਖ ਭੂ-ਵਿਗਿਆਨਕ ਖੇਤਰਾਂ ਨੇ ਮੱਲਿਆ ਹੋਇਆ ਹੈ। ਇਸ ਦੇ ਉੱਤਰ ਵੱਲ ਵਲਨ ਪਹਾੜੀਆਂ, ਪੂਰਬ ਵੱਲ ਕੋਰਾਟ ਉਥਾਨ ਅਤੇ ਚੈਉ ਪ੍ਰਾਈਆ ਨਿਵਾਣ ਹੈ ਜਿਸ ਨੇ ਦੇਸ਼ ਦੇ ਕੇਂਦਰੀ ਮੈਦਾਨਾਂ ਦਾ ਵਧੇਰੇ ਹਿੱਸਾ ਮੱਲਿਆ ਹੋਇਆ ਹੈ। ਇਸ ਤੋਂ ਇਲਾਵਾ ਦੱਖਣ-ਪੂਰਬੀ ਸਮੁੰਦਰੀ ਤੱਟੀ ਖੇਤਰ ਅਤੇ ਦੱਖਣ-ਪੱਛਮ ਵਿਚ ਪੈਂਦਾ ਇਕ ਲੰਬਾ ਅਤੇ ਛੋਟਾ ਜਿਹਾ ਪ੍ਰਾਇਦੀਪੀ ਭੂਗੋਲਿਕ ਖੇਤਰ ਹੈ। ਦੇਸ਼ ਵਿਚ ਸਾਰਾ ਸਾਲ ਹੀ ਮੌਨਸੂਨੀ ਜਲਵਾਯੂ ਰਹਿੰਦਾ ਹੈ ਜਿਸ ਦਾ ਇਥੋਂ ਦੇ ਭੂ-ਦ੍ਰਿਸ਼, ਬਨਸਪਤੀ ਅਤੇ ਜੀਵ-ਜੰਤੂ ਆਦਿ ਉੱਤੇ ਨਵੇਕਲਾ ਪ੍ਰਭਾਵ ਪੈਂਦਾ ਹੈ।

ਜਲ-ਪ੍ਰਵਾਹ—ਇਥੋਂ ਦੇ ਪਹਾੜ ਜੋ ਭਾਰਤ, ਮਿਆਂਮਾਰ (ਬਰਮਾ) ਅਤੇ ਚੀਨ ਵਲੋਂ ਹਿਮਾਲਾ ਪ੍ਰਣਾਲੀ ਦਾ ਹੀ ਇਕ ਸਿਲਸਿਲਾ ਹਨ, ਪੱਛਮੀ ਸਰਹੱਦ ਅਤੇ ਪ੍ਰਾਇਦੀਪ ਦੇ ਨਾਲ ਨਾਲ ਥਾਈਲੈਂਡ ਵਿਚ ਦੂਰ ਦੱਖਣ ਵੱਲ ਅਤੇ ਮਲੇਸ਼ੀਆ ਦੇ ਅੰਦਰ ਨੂੰ ਫੈਲ ਜਾਂਦੇ ਹਨ। ਜਦੋਂ ਪਿਘਲੀਆਂ ਹੋਈਆਂ ਚਟਾਨਾਂ ਦੇ ਵੱਡੇ ਵੱਡੇ ਸਮੂਹਾਂ ਨੇ ਪ੍ਰਾਚੀਨ ਅਵਸਾਦੀ ਪਰਤਾਂ ਵਿਚੋਂ ਦੀ ਉਤਾਂਹ ਵੱਲ ਨੂੰ ਆਪਣਾ ਰਸਤਾ ਬਣਾ ਲਿਆ ਤਾਂ ਬਹੁਤ ਲੰਬੀਆਂ-ਲੰਬੀਆਂ ਗ੍ਰੇਨਾਈਟੀ ਪਹਾੜੀਆਂ ਹੋਂਦ ਵਿਚ ਆ ਗਈਆਂ। ਇਨ੍ਹਾਂ ਪਹਾੜੀਆਂ ਦੇ ਵਿਚਕਾਰ ਹੀ ਮੁਕਾਬਲਤਨ ਪੱਧਰੇ ਬੇਸਿਨ ਪੈਂਦੇ ਹਨ ਜਿਨ੍ਹਾਂ ਦਾ ਥਾਈਲੈਂਡ ਦੇ ਪ੍ਰਮੁੱਖ ਦਰਿਆ ਚਾਉ ਪ੍ਰਾਈਆ ਦੇ ਚਾਰ ਸਹਾਇਕ ਦਰਿਆਵਾਂ ਦੁਆਰਾ ਜਲ ਨਿਕਾਸ ਕੀਤਾ ਜਾਂਦਾ ਹੈ। ਇਨ੍ਹਾਂ ਦਰਿਆਵਾਂ ਦੇ ਕੰਢਿਆਂ ਉੱਤੇ ਹੀ ਚੀਆਂਗ ਮਾਈ, ਲਾਮਪਾਂਗ, ਪਰੇ ਅਤੇ ਨਾਨ ਨਾਂ ਦੇ ਪ੍ਰਾਂਤਿਕ ਕੇਂਦਰ ਵਿਕਸਿਤ ਹੋਏ। ਇਨ੍ਹਾਂ ਅੰਤਰ ਪਹਾੜੀ ਬੇਸਿਨਾਂ ਦੀਆਂ ਜਲੋਢੀ ਮਿੱਟੀਆਂ, ਝੋਨਾ, ਸਬਜ਼ੀਆਂ, ਤੰਬਾਕੂ ਅਤੇ ਫਲਦਾਰ ਦਰਖ਼ਤਾਂ ਲਈ ਲਾਹੇਵੰਦ ਹੈ। ਇਥੋਂ ਦੀਆਂ ਸਿਖਰਾਂ ਸਮੁੰਦਰੀ ਤਲ ਤੋਂ ਔਸਤਨ 1,585 ਮੀ. (5,200 ਫੁੱਟ) ਤੋਂ ਹੀ ਉੱਚੀਆਂ ਚਲੀਆਂ ਜਾਂਦੀਆਂ ਹਨ। ਡਾਇ ਇਨਟਾਨਨ ਦੇਸ਼ ਦੀ ਸਭ ਤੋਂ ਉੱਚੀ ਚੋਟੀ ਹੈ ਜੋ 2,595 ਮੀ. (8,514 ਫੁੱਟ) ਉੱਚੀ ਹੈ।

ਪਹਾੜੀਆਂ ਦੇ ਹੇਠਲੇ ਖੇਤਰਾਂ ਉੱਤੇ ਸਾਗਵਾਨ ਅਤੇ ਹੋਰ ਤਜਾਰਤੀ ਇਮਾਰਤੀ ਲੱਕੜ ਦੀ ਭਰਮਾਰ ਹੈ ਜਦੋਂ ਕਿ ਉਪਰਲੀਆਂ ਢਲਾਣਾਂ ਉੱਤੇ ਟਾਵੇਂ-ਟਾਵੇਂ ਚਾਹ ਦੇ ਬਾਗ ਹਨ। ਤੰਗ ਵਾਦੀਆਂ ਵਿਚੋਂ ਦੀ ਵਹਿਣ ਵਾਲੇ ਦਰਿਆ ਦੇਸ਼ ਦੇ ਕੇਂਦਰੀ ਮੈਦਾਨ ਵਿਚ ਹੀ ਖ਼ਤਮ ਹੋ ਜਾਂਦੇ ਹਨ ਪਰ ਮੌਨਸੂਨਾਂ ਵਿਚ ਇਹ ਦਰਿਆ ਫਿਰ ਉੱਤੋਂ ਦੀ ਵਗਣ ਲਗ ਪੈਂਦੇ ਹਨ।

ਕੋਰਾਟ ਖੇਤਰ ਜੋ ਤਿੰਨ ਪਾਸਿਆਂ ਵਲੋਂ ਲਾਓਸ ਅਤੇ ਕੰਬੋਡੀਆ ਨਾਲ ਲਗਦਾ ਹੈ, ਵਿਚ ਦੋ-ਪਾਸੀ ਭੂ-ਵਿਗਿਆਨਕ ਭੱਜਣ ਸ਼ਾਮਲ ਹੈ। ਇਹ ਭੱਜਣ ਮੌਲਿਕ ਅਵਸਾਦੀ ਚਟਾਨਾਂ ਦਾ ਇਕਸਾਰ ਉੱਥਾਨ ਹੋਣ ਦੀ ਥਾਂ ਤੇ ਥੋੜ੍ਹਾ ਜਿਹਾ ਉਲਰ ਗਿਆ ਹੈ। ਇਸ ਉਲਾਰ ਕਾਰਨ ਪੱਛਮੀ ਸਿਰੇ ਉੱਤੇ ਉੱਤਰ-ਦੱਖਣੀ ਦਿਸ਼ਾ ਵਿਚ ਪਰਬਤ ਲੜੀਆਂ ਹੋਂਦ ਵਿਚ ਆ ਗਈਆਂ ਹਨ ਜਿਨ੍ਹਾਂ ਦੀਆਂ ਢਲਾਣਾਂ ਕੇਂਦਰੀ ਮੈਦਾਨ ਦੇ ਉੱਤੋਂ ਦੀ ਪੱਛਮ ਵੱਲ ਨੂੰ ਨਜ਼ਰ ਆਉਂਦੀਆਂ ਹਨ। ਇਸ ਉਲਾਰ ਨੇ ਦੱਖਣ ਵੱਲ ਨੂੰ ਕੰਬੋਡੀਆ ਦੀ ਸਰਹੱਦ ਦੇ ਨਾਲ ਨਾਲ ਪੂਰਬ-ਪੱਛਮ ਵੱਲ ਨੂੰ ਜਾਣ ਵਾਲੀਆਂ ਪਰਬਤ ਲੜੀਆਂ ਹੋਂਦ ਵਿਚ ਲੈ ਆਂਦੀਆਂ ਹਨ। ਇਨ੍ਹਾਂ ਪਰਬਤ ਲੜੀਆਂ ਦੀਆਂ ਤਿੱਖੀਆਂ ਤੇ ਖੜੀਆਂ ਢਲਾਣਾਂ ਹਨ ਜੋ ਕੰਬੋਡੀਆਈ ਮੈਦਾਨ ਦੇ ਉੱਤੋਂ ਦੀ ਦਿਸਦੀਆਂ ਹਨ। ਕੋਰਾਟ ਖੇਤਰ



ਜੀਆਂਗਮਾਈ ਵਿਖੇ ਕਾਗਜ਼ ਦੀਆਂ ਖ਼ੂਬਸੂਰਤ ਛਤਰੀਆਂ ਦੀ ਛਾਂ ਹੇਠਾਂ
ਉਪਜਾਂ ਵੇਚਦੀਆਂ ਹੋਈਆਂ ਸਿਆਮੀ ਔਰਤਾਂ



ਚਾਉ ਪ੍ਰਾਈਆ ਦਰਿਆ ਦੇ ਕੰਢੇ
ਰਿਹਾਇਸ਼ੀ ਕਿਸ਼ਤੀਆਂ ਅਤੇ ਬੇੜੇ



ਥਾਈਲੈਂਡ ਵਿਖੇ ਸਾਗਵਾਨ ਦੇ ਜੰਗਲਾਂ ਵਿਚ
ਭਾਰੀ ਗੇਲੀਆਂ ਢੋਂਦਾ ਹੋਇਆ ਹਾਥੀ


ਵਿਚ ਸਤ੍ਹਈ ਉਚਾਈਆਂ 183 ਮੀ. (ਲ. 600 ਫੁੱਟ) ਹਨ। ਧਰਾਤਲ ਉੱਚੀ-ਨੀਵੀਂ ਹੈ ਅਤੇ ਚੋਟੀਆਂ ਧਰਤੀ ਦੀ ਢਲਾਣ ਦੇ ਨਾਲ-ਨਾਲ ਢਾਲਵੀਆਂ ਹੋਈ ਜਾਂਦੀਆਂ ਹਨ। ਘੱਟ ਸੰਘਣੇ ਜੰਗਲਾਂ ਵਿਚ ਹੋਈ ਮੌਨਸੂਨ ਵਰਖਾ ਬਹੁਤ ਹੀ ਤੇਜ਼ੀ ਨਾਲ ਅੱਗੇ ਨਿਕਲ ਜਾਂਦੀ ਹੈ। ਮੂਨ ਅਤੇ ਚਾਈ ਦੇ ਸੰਗਮ ਸਥਾਨ, ਉਬਨ ਰਾਚਾਤਾਨੀ ਵਿਖੇ ਲਗਭਗ ਹਰ ਸਾਲ ਹੀ ਹੜ੍ਹ ਆਉਂਦੇ ਹਨ। ਇਨ੍ਹਾਂ ਦੋਹਾਂ ਵੱਡੇ ਦਰਿਆਵਾਂ ਨੇ ਖਿੰਡੀਆਂ-ਪੁੰਡੀਆਂ ਜਲੋਢੀ ਜ਼ਮੀਨਾਂ ਹੋਂਦ ਵਿਚ ਲਿਆਂਦੀਆਂ ਹਨ ਜਿਥੇ ਝੋਨੇ ਦੀ ਫਸਲ ਬੀਜੀ ਜਾਂਦੀ ਹੈ।

ਮੇਕਾਂਗ ਦਰਿਆ ਜਿਹੜਾ ਕੋਰਾਟ ਖੇਤਰ ਦੇ ਉੱਤਰ ਅਤੇ ਪੂਰਬੀ ਹਿੱਸੇ ਤੋਂ ਪਾਰ ਵਿੰਗ-ਵਲੇਵਿਆਂ ਵਿਚ ਵਹਿੰਦਾ ਹੈ ਅਤੇ ਬਹੁਤਾ ਕਰਕੇ ਲਾਓਸ ਦੀ ਸਰਹੱਦ ਦੇ ਨਾਲ-ਨਾਲ ਵਹਿੰਦਾ ਜਾਂਦਾ ਹੈ, ਦੇ ਨੇੜੇ ਹੀ ਦਲਦਲੀ ਜ਼ਮੀਨਾਂ ਅਤੇ ਝੀਲਾਂ ਆਮ ਹਨ।

ਦੇਸ਼ ਦੇ ਦੱਖਣ-ਪੂਰਬੀ ਹਿੱਸੇ ਦੇ ਉੱਚੇ ਨੀਵੇਂ ਪੇਂਡੂ ਇਲਾਕੇ ਦੇ ਕੇਂਦਰ ਵਿਚ ਅਤੇ ਕੰਬੋਡੀਆ ਨਾਲ ਲਗਦੀ ਪੂਰਬੀ ਸਰਹੱਦ ਦੇ ਨਾਲ ਨਾਲ ਉੱਚੀਆਂ-ਉੱਚੀਆਂ ਪਹਾੜੀਆਂ ਹਨ। ਕੈਉ ਕੀਓ ਅਤੇ ਕਾਉ ਸੋਈ ਇਥੋਂ ਦੀਆਂ ਪ੍ਰਸਿੱਧ ਚੋਟੀਆਂ ਹਨ। ਸਮੁੰਦਰ ਦੇ ਬਿਲਕੁਲ ਹੀ ਨੇੜੇ ਪੁਜ ਰਹੇ ਪਹਾੜਾਂ ਨੇ ਤੱਟ-ਰੇਖਾ ਉੱਤੇ ਪ੍ਰਤੱਖ ਤੌਰ ਤੇ ਇਕ ਡੂੰਘੀ ਕਾਟ ਪਾ ਦਿੱਤੀ ਹੈ। ਇਸ ਤੱਟ-ਰੇਖਾ ਉੱਤੇ ਕਈ ਦੀਪ ਹਨ ਜਿਨ੍ਹਾਂ ਵਿਚੋਂ ਕਈ ਤਾਂ ਸੈਲਾਨੀਆਂ ਲਈ ਬਹੁਤ ਹੀ ਹਰਮਨ ਪਿਆਰੀਆਂ ਅਰਾਮਗਾਹਾਂ ਹਨ। ਸਮੁੰਦਰ ਵੱਲ ਵਹਿਣ ਵਾਲੇ ਨਦੀਆਂ ਨਾਲਿਆਂ ਨੇ ਤੱਟ ਦੇ ਨਾਲ-ਨਾਲ ਛੋਟੇ-ਛੋਟੇ ਜਲੋਢੀ ਬੇਸਿਨ ਅਤੇ ਡੈਲਟੇ ਹੋਂਦ ਵਿਚ ਲਿਆਂਦੇ ਹਨ ਜਦੋਂ ਕਿ ਵੱਡੇ-ਵੱਡੇ ਦਰਿਆਵਾਂ ਦੇ ਮੁਹਾਨਿਆਂ ਉੱਤੇ ਨੀਵੇਂ ਜਵਾਰਭਾਟੇ ਆਉਣ ਕਾਰਨ ਰੇਤਲੇ ਜਾਂ ਚਿੱਕੜ ਵਾਲੇ ਅਣਕੱਜੇ ਖੇਤਰ ਅਤੇ ਮੈਂਗ੍ਰੋਵ ਦਲਦਲਾਂ ਹਨ। ਰੇਤਲੀ ਬੀਚ, ਰਾਯਾਂਗ ਦੇ ਲੰਬੇ-ਲੰਬੇ ਖਿਲਾਰਾਂ ਨੇ ਤਾਂ ਚਨ ਬੁਰੀ ਰਾਯਾਂਗ ਅਤੇ ਥੋੜ੍ਹੇ ਜਿਹੇ ਦੀਪਾਂ ਨੂੰ ਸਾਰੇ ਸਾਲ ਲਈ ਹੀ ਅਰਾਮਗਾਹਾਂ ਵਿਚ ਤਬਦੀਲ ਕਰ ਦਿੱਤਾ ਹੈ। ਦੇਸ਼ ਦੀਆਂ ਉੱਚੀਆਂ ਥਾਵਾਂ ਤੇ ਰਬੜ, ਗੰਨਾ, ਅਨਾਨਾਸ ਅਤੇ ਕਸਾਵਾ ਪੈਦਾ ਕੀਤਾ ਜਾਂਦਾ ਹੈ।

ਕੇਂਦਰੀ ਮੈਦਾਨ ਜੋ ਥਾਈਲੈਂਡ ਦਾ ਸਭ ਤੋਂ ਅਹਿਮ ਇਲਾਕਾ ਹੈ, ਵਿਚ ਦੋ ਖੇਤਰ ਸ਼ਾਮਲ ਹਨ। ਪਹਿਲਾ ਉੱਤਰ ਵੱਲ ਕਈ ਟੁਕੜਿਆਂ ਵਿਚ ਵੰਡਿਆ ਹੋਇਆ ਉੱਚਾ ਨੀਵਾਂ ਮੈਦਾਨੀ ਖੇਤਰ ਹੈ

ਅਤੇ ਦੂਜਾ ਚਾਊ ਪ੍ਰਾਈਆ ਦਰਿਆਈ ਡੈਲਟਾ ਹੈ। ਉੱਤਰ ਵਿਚ ਪੈਂਦਾ ਉੱਚਾ-ਨੀਵਾਂ ਮੈਦਾਨੀ ਇਲਾਕਾ ਵੀ ਕਈ ਹਿੱਸਿਆਂ ਵਿਚ ਵੰਡਿਆ ਹੋਇਆ ਹੈ। ਪ੍ਰਮੁੱਖ ਤੌਰ ਤੇ ਇਸ ਇਲਾਕੇ ਨੂੰ ਪਿੰਗ ਤੇ ਵਾਂਗ ਨਾਂ ਦੇ ਦਰਿਆਵਾਂ ਨੇ ਇਕੱਠਿਆਂ ਅਤੇ ਯਾਮ ਅਤੇ ਨਾਨ ਦਰਿਆਵਾਂ ਨੇ ਵੰਡਿਆ ਹੋਇਆ ਹੈ ਜਿਹੜੇ ਕਿ ਤਿੰਨੇ ਰਲਕੇ ਚਾਊ



ਬੈਂਕਾਕ ਵਿਖੇ ਸੁਨਹਿਰੀ ਮੰਦਰ ਵਿਚ ਰੱਖੀ ਬੁੱਧ ਦੀ 5 ਟਨ ਦੀ ਸੋਨੇ ਦੀ ਮੂਰਤੀ

ਪ੍ਰਾਈਆ ਦਰਿਆ ਅਤੇ ਉਸ ਦੇ ਡੈਲਟੇ ਨੂੰ ਹੋਂਦ ਵਿਚ ਲਿਆਉਂਦੇ ਹਨ। ਹੋਰ ਬਹੁਤ ਸਾਰੇ ਡੈਲਟਿਆਂ ਵਾਂਗ ਚਾਊ ਪਰਾਈਆ ਦਰਿਆ ਦਾ ਡੈਲਟਾ ਵੀ ਦੱਖਣ ਵੱਲ ਥਾਈਲੈਂਡ ਦੀ ਖਾੜੀ ਵਲ ਨੂੰ ਫੈਲਿਆ ਹੋਇਆ ਹੈ। ਇਸ ਡੈਲਟੇ ਵਿਚ ਕਈ ਛੋਟੇ ਜਲ ਮਾਰਗ ਹਨ। ਮੈਦਾਨਾਂ ਨੂੰ ਪਾਰ ਕਰਨ ਉਪਰੰਤ ਇਸ ਵਿਚ ਕਈ ਹੋਰ ਦਰਿਆ ਜਾ ਰਲਦੇ ਹਨ। ਬਰਸਾਤੀ ਮੌਸਮ ਵਿਚ ਪੱਧਰੇ ਡੈਲਟੇ ਵਿਚ ਆਉਣ ਵਾਲੇ ਆਮ ਹੜ੍ਹ ਤਾਂ ਝੋਨੇ ਦੀ ਫਸਲ ਉਗਾਉਣ ਲਈ ਬਹੁਤ ਹੀ ਲਾਹੇਵੰਦ ਸੰਪਤੀ ਸਾਬਤ ਹੁੰਦੇ ਹਨ। ਡੈਲਟੇ ਦੇ ਧੁਰ ਪੂਰਬੀ ਅਤੇ ਪੱਛਮੀ ਸਿਰਿਆਂ ਉੱਤੇ ਪੈਂਦੀਆਂ ਉਚੇਰੀਆਂ ਥਾਵਾਂ ਉੱਤੇ ਫਸਲਾਂ ਉਗਾਉਣ ਲਈ•ਜਲ ਸਿੰਜਾਈ ਦੀ ਲੋੜ ਪੈਂਦੀ ਹੈ। ਕਿਸੇ ਸਮੇਂ ਸਾਰੇ ਦਾ ਸਾਰਾ ਹੀ ਡੈਲਟਾ ਥਾਈਲੈਂਡ ਦੀ ਖਾੜੀ ਨੇ ਮੱਲਿਆ ਹੋਇਆ ਹੁੰਦਾ ਸੀ ਪਰ ਉੱਚ-ਭੂਮੀਆਂ ਤੋਂ ਉੱਤਰ ਵਲ ਨੂੰ ਆਉਂਦੇ ਪਾਣੀ ਵਾਲੇ ਤਲਛਟਾਂ ਨੇ ਇਸ ਨੂੰ ਕਈ ਸਦੀਆਂ ਤੋਂ ਭਰ ਦਿੱਤਾ ਹੈ। ਅਜਿਹੀ ਗਾਦ ਨੇ ਦਰਿਆ ਦੇ ਮੁਹਾਣੇ ਦੇ ਨਾਲ-ਨਾਲ ਹਰ ਸਾਲ ਕਈ ਫੁੱਟ ਜ਼ਮੀਨ ਵੀ ਹੋਂਦ ਵਿਚ ਲਿਆ ਦਿੱਤੀ ਹੈ।

ਇਸ ਪ੍ਰਾਇਦੀਪ ਦੀ ਧਰਾਤਲ ਉੱਚੀ ਨੀਵੀਂ ਹੋਣ ਦੇ ਨਾਲ ਨਾਲ ਪਹਾੜੀ ਵੀ ਹੈ। ਇਥੇ ਪੱਧਰੀ ਜ਼ਮੀਨ ਬਹੁਤ ਹੀ ਥੋੜ੍ਹੀ ਮਿਲਦੀ ਹੈ। ਪੂਰਬ ਵੱਲ ਨੂੰ ਢਲਾਣਦਾਰ ਰੇਤਲੀ ਤੱਟ-ਰੇਖਾ ਹੈ। ਪੈਟ ਦਰਿਆ ਇਥੋਂ ਦੇ ਵੱਡੇ-ਵੱਡੇ ਦਰਿਆਵਾਂ ਵਿਚੋਂ ਇਕ ਹੈ ਅਤੇ ਹੋਰਨਾਂ ਵਾਂਗ ਇਸ ਉੱਤੇ ਵੀ ਜਲ ਸਿੰਜਾਈ ਲਈ ਬੰਨ੍ਹ ਮਾਰਿਆ ਗਿਆ ਹੈ। ਇਸ ਦੇ ਪੱਛਮ ਵਿਚ ਵੱਡੇ-ਵੱਡੇ ਪਹਾੜ ਹਨ ਜਿਨ੍ਹਾਂ ਦੀ ਉਚਾਈ 1,493 ਮੀ. (4,900 ਫੁੱਟ) ਤਕ ਚਲੀ ਜਾਂਦੀ ਹੈ। ਇਨ੍ਹਾਂ ਪਹਾੜਾਂ ਵਿਚ ਥਾਈਲੈਂਡ ਅਤੇ ਮਿਆਂਮਾਰ (ਬਰਮਾ) ਵਿਚਕਾਰ ਕਈ ਔਖੇ ਦੱਰੇ ਹਨ। ਮਲੇਸ਼ੀਆ ਵੱਲ ਪੈਂਦੇ ਪਹਾੜ ਪੱਛਮ ਵਲੋਂ ਅੰਡੇਮਾਨ ਸਾਗਰ ਵੱਲ ਨੂੰ ਅਤੇ ਪੂਰਬ ਵਲੋਂ ਦੱਖਣੀ ਚੀਨ ਸਾਗਰ ਵਲ ਨੂੰ ਜਾਂਦੇ ਨਜ਼ਰ ਆਉਂਦੇ



ਥਾਈਲੈਂਡ ਦੀਆਂ ਪ੍ਰਭਾਵਸ਼ਾਲੀ ਯਾਦਗਾਰਾਂ ਵਿਚੋਂ ਬੋਧੀਆਂ ਦਾ ਬੈਂਕਾਕ ਵਿਖੇ 'ਡਾਨ ਦਾ ਮੰਦਰ'

ਹਨ। ਉੱਘੜ-ਉੱਦੁਘ ਅਤੇ ਡੂੰਘੀ ਕਾਟ ਵਾਲੇ ਪੱਛਮੀ ਤੱਟ ਤੋਂ ਦੂਰ ਕਈ ਵੱਡੇ-ਵੱਡੇ ਦੀਪ ਹਨ ਜਿਨ੍ਹਾਂ ਲਈ ਕਲੀ ਭਰਪੂਰ ਪੂਕੈਟ ਦੀਪ ਅਤੇ ਪੰਛੀਆਂ ਅਤੇ ਮੱਛੀਆਂ ਨਾਲ ਭਰੇ ਹੋਏ ਹੋਰ ਕਈ ਦੀਪ ਸ਼ਾਮਲ ਹਨ।

ਜਲਵਾਯੂ—ਇਥੋਂ ਦਾ ਜਲਵਾਯੂ ਊਸ਼ਣ ਖੰਡੀ ਹੈ। ਇਸ ਦੇ ਨਾਲ ਹੀ ਇਥੇ ਉੱਚ ਤਾਪਮਾਨ ਅਤੇ ਸਿਲ੍ਹ ਰਹਿੰਦੀ ਹੈ। ਦੇਸ਼ ਭਰ ਵਿਚ ਤਿੰਨ ਮੌਸਮ ਹੀ ਰਹਿੰਦੇ ਹਨ। ਜੂਨ ਤੋਂ ਅਕਤੂਬਰ ਤਕ ਬਰਸਾਤੀ ਮੌਸਮ, ਨਵੰਬਰ ਤੋਂ ਫ਼ਰਵਰੀ ਤਕ ਸਰਦੀਆਂ ਅਤੇ ਮਾਰਚ ਤੋਂ ਮਈ ਤਕ ਗਰਮੀਆਂ ਰਹਿੰਦੀਆਂ ਹਨ। ਵਰਖਾ ਆਮ ਕਰਕੇ ਦੇਸ਼ ਦੇ ਦੱਖਣੀ ਹਿੱਸੇ ਵਿਚ ਸਭ ਤੋਂ ਵੱਧ ਅਤੇ ਉੱਤਰ-ਪੂਰਬੀ ਹਿੱਸੇ ਵਿਚ ਸਭ ਤੋਂ ਘੱਟ ਹੁੰਦੀ ਹੈ। ਇਥੇ ਔਸਤਨ ਸਾਲਾਨਾ ਵਰਖਾ 140 ਸੈ.ਮੀ. (56 ਇੰਚ) ਹੁੰਦੀ ਹੈ।

ਤੁਲਨਾਤਮਕ ਤੌਰ ਤੇ ਤਾਪਮਾਨ ਤਾਂ ਸਾਰੇ ਦੇਸ਼ ਵਿਚ ਹੀ ਸਾਲ ਭਰ ਇਕੋ ਜਿਹਾ ਰਹਿੰਦਾ ਹੈ। ਔਸਤਨ ਤਾਪਮਾਨ 24° ਸੈਂ. ਅਤੇ 30° ਸੈ. ਦੇ ਵਿਚਕਾਰ ਰਹਿੰਦਾ ਹੈ। ਤਾਪਮਾਨ ਵਿਚ ਸਭ ਤੋਂ ਭਾਰੀ ਉਤਾਰ ਚੜ੍ਹਾਅ ਦੇਸ਼ ਦੇ ਉੱਤਰੀ ਹਿੱਸੇ ਵਿਚ ਹੀ ਆਉਂਦੇ ਹਨ। ਇਸ ਹਿੱਸੇ ਦੀਆਂ ਉਚਾਣਾਂ ਉੱਤੇ ਦਸੰਬਰ ਮਹੀਨੇ ਵਿਚ ਕੋਹਰਾ ਪੈਂਦਾ ਹੈ। ਸਮੁੰਦਰੀ ਪ੍ਰਭਾਵ ਦੇਸ਼ ਦੇ ਤਾਪਮਾਨ ਨੂੰ ਦਰਮਿਆਨੇ ਦਰਜੇ ਦਾ ਬਣਾ ਦਿੰਦੇ ਹਨ। ਸਰਦੀ ਦੀ ਠੰਡੀ ਅਤੇ ਖੁਸ਼ਕ ਹਵਾ ਕਾਰਨ ਇਥੇ ਸਵੇਰ ਵੇਲੇ ਆਮ ਤੌਰ ਤੇ ਧੁੰਦ ਪੈਂਦੀ ਹੈ ਜਿਹੜੀ ਕਿ ਦੁਪਹਿਰ ਵੇਲੇ ਹੀ ਖ਼ਤਮ ਹੁੰਦੀ ਹੈ।

ਬਨਸਪਤੀ ਅਤੇ ਜੀਵ ਜੰਤੂ—ਦੇਸ਼ ਦਾ ਲਗਭਗ 1/2 ਹਿੱਸਾ ਜੰਗਲ ਅਧੀਨ; 1/5 ਹਿੱਸਾ ਘਾਹ, ਝਾੜੀਆਂ ਅਤੇ ਦਲਦਲਾਂ ਅਧੀਨ ਅਤੇ ਬਾਕੀ ਦਾ ਹਿੱਸਾ ਵਾਹੀ ਅਧੀਨ ਹੈ। ਸੰਨ 1988 ਵਿਚ ਲਗਭਗ 14.4 ਮਿ. ਹੈਕ. ਰਕਬਾ ਜੰਗਲ ਅਧੀਨ ਸੀ। ਇਥੋਂ ਦੇ ਉੱਤਰ ਦੇ ਪੱਤਝੜੀ ਜੰਗਲਾਂ ਵਿਚ ਵਧੇਰੇ ਕਰਕੇ ਸਾਗਵਾਨ, ਇਮਾਰਤੀ ਲੱਕੜ ਅਤੇ ਬਰੋਜ਼ਾ ਪੈਦਾ ਕਰਨ ਵਾਲੇ ਦਰਖ਼ਤ ਮਿਲਦੇ ਹਨ। ਦੱਖਣ-ਪੂਰਬੀ ਏਸ਼ੀਆ ਦੇ ਹੋਰਨਾਂ ਇਲਾਕਿਆਂ ਵਾਂਗ ਇਥੇ ਵੀ ਬਾਂਸ, ਤਾੜ, ਬੈਂਤ ਅਤੇ ਕਈ ਕਿਸਮ ਦੇ ਫਰਨ ਆਮ ਮਿਲਦੇ ਹਨ। ਸੰਨ 1989 ਵਿਚ ਇਥੋਂ ਦੇ ਜੰਗਲਾਂ ਵਿਚੋਂ 26,200 ਘਣ ਮੀ. ਸਾਗਵਾਨ; 9,92,600 ਘਣ ਮੀ. ਯਾਂਗ ਅਤੇ ਹੋਰ ਲੱਕੜ ਦਾ ਉਤਪਾਦਨ ਹੋਇਆ ਸੀ। ਇਥੋਂ ਦੇ ਦੱਖਣ-ਪੂਰਬੀ ਜੰਗਲ ਬਹੁਤ ਹੀ ਸੰਘਣੇ ਹਨ ਜਿਨ੍ਹਾਂ ਥੱਲੇ ਅਨੇਕਾਂ ਕਿਸਮ ਦੇ ਬੂਟੇ, ਝਾੜੀਆਂ ਅਤੇ ਵੇਲਾਂ ਮਿਲਦੀਆਂ ਹਨ। ਸਾਫ਼ ਕੀਤੇ ਜੰਗਲੀ ਇਲਾਕੇ ਤੋਂ ਪਾਰ ਘਾਹ ਅਤੇ ਝਾੜੀਆਂ ਉੱਗੀਆਂ ਹੋਈਆਂ ਹਨ। ਦੇਸ਼ ਭਰ ਦੇ ਬਹੁਤ ਸਾਰੇ ਤਲਾਬਾਂ ਅਤੇ ਦਲਦਲਾਂ ਵਿਚ ਕਿਤੇ-ਕਿਤੇ ਕਮਲ ਅਤੇ ਨੀਲ ਕਮਲ ਵੀ ਦਿਸਦੇ ਹਨ।

ਹਾਥੀ, ਮਹਿਂਹੁ, ਗੋਕੇ, ਘੋੜੇ ਅਤੇ ਖੱਚਰ ਇਥੋਂ ਦੇ ਪਾਲਤੂ ਪਸ਼ੂ ਹਨ ਜਿਹੜੇ ਖੇਤੀਬਾੜੀ ਅਤੇ ਢੋ-ਢੁਆਈ ਲਈ ਵਰਤੋਂ ਵਿਚ ਲਿਆਂਦੇ ਜਾਂਦੇ ਹਨ। ਦੇਸ਼ ਦੇ ਪੱਛਮੀ ਅਤੇ ਉੱਤਰ-ਪੂਰਬੀ ਹਿੱਸੇ ਦੇ ਜੰਗਲਾਂ ਵਿਚ ਅਜੇ ਵੀ ਖੁੱਲ੍ਹੇ ਤੁਰਦੇ ਫਿਰਦੇ ਹਾਥੀ ਮਿਲਦੇ ਹਨ। ਭਾਵੇਂ ਹੁਣ ਜੰਗਲ ਦਾ ਕੰਮ ਮਸ਼ੀਨਾਂ ਦੁਆਰਾ ਕੀਤਾ ਜਾਂਦਾ ਹੈ ਫਿਰ ਵੀ ਔਖੇ ਖੇਤਰਾਂ ਵਿਚ ਹਾਥੀ ਬਹੁਤ ਸਹਾਈ ਰਹਿੰਦੇ ਹਨ। ਜ਼ਰਾਇਤੀ ਮਸ਼ੀਨਾਂ ਵਾਹੀ ਵਾਲੇ ਪਸ਼ੂਆਂ ਦੀ ਬਹੁਤ ਤੇਜ਼ੀ ਨਾਲ ਥਾਂ ਲੈ ਰਹੀਆਂ ਹਨ ਅਤੇ ਘੋੜਿਆਂ ਅਤੇ ਖੱਚਰਾਂ ਨੂੰ ਦੇਸ਼ ਦੇ ਕੇਵਲ ਉੱਤਰ ਵਿਚ ਪੈਂਦੇ ਪਹਾੜੀ ਰਸਤਿਆਂ ਲਈ ਹੀ ਭਾਰ ਢੋਣ ਵਾਲੇ ਪਸ਼ੂਆਂ ਵਜੋਂ ਵਰਤਿਆ ਜਾਂਦਾ ਹੈ। ਸ਼ਿਕਾਰ ਖੇਡਣ ਕਾਰਨ ਇਥੋਂ ਦੇ ਜੰਗਲੀ ਜਾਨਵਰਾਂ ਦੀ ਗਿਣਤੀ ਘਟਣ ਦੇ ਨਾਲ-ਨਾਲ ਜਾਤੀ ਵੀ ਕਾਫ਼ੀ ਘੱਟਦੀ ਜਾ ਰਹੀ ਹੈ। ਦਰਿਆਈ ਘੋੜੇ ਅਤੇ ਟਾਪਿਰ (ਸੂਰ ਵਰਗਾ ਜਾਨਵਰ) ਲਗਭਗ ਅਲੋਪ ਹੀ ਹੋ ਗਏ ਹਨ। ਹਿਰਨ ਅਤੇ ਬਾਰਾਸਿੰਗਾ ਅਜੇ ਵੀ ਮਿਲਦੇ ਹਨ ਪਰ ਵੱਡੀਆਂ ਵੱਡੀਆਂ ਬਿੱਲੀਆਂ ਦੀ ਗਿਣਤੀ ਘੱਟ ਰਹੀ ਹੈ। ਸਿਆਮੀ ਬਿੱਲੀ ਬਦੇਸ਼ੀਆਂ ਲਈ ਬਹੁਤ ਲੋਕਪ੍ਰਿਯ ਹੈ।

ਘਰਾਂ ਦੇ ਆਲੇ-ਦੁਆਲੇ ਕੋੜ੍ਹ-ਕਿਰਲੀਆਂ ਆਮ ਮਿਲਦੀਆਂ ਹਨ ਅਤੇ ਉਹ ਕੀੜੇ ਮਕੌੜੇ ਖਾ ਕੇ ਆਪਣਾ ਗੁਜ਼ਾਰਾ ਕਰਦੀਆਂ ਹਨ। ਇਥੇ ਡੱਡੂ ਅਤੇ ਟੋਡ (ਇਨ੍ਹਾਂ ਵਿਚੋਂ ਕਈ ਖਾਣਯੋਗ ਵੀ ਹਨ) ਕਾਫ਼ੀ ਹਨ। ਇਸ ਤੋਂ ਇਲਾਵਾ ਮਗਰਮੱਛ ਵੀ ਮਿਲਦੇ ਹਨ। ਬੈਂਕਾਕ ਵਿਖੇ ਸਥਾਪਿਤ ਮਗਰਮੱਛ ਫਾਰਮ ਵਿਚ ਉਨ੍ਹਾਂ ਨੂੰ ਤਜ਼ਾਰਤੀ ਅਤੇ ਵਿਗਿਆਨਕ ਮਨੋਰਥਾਂ ਲਈ ਵੀ ਪਾਲਿਆ ਜਾਂਦਾ ਹੈ। ਇਥੇ ਫਨੀਅਰ, ਕਈ ਕਿਸਮ ਦੇ ਵਾਈਪਰ (ਜ਼ਹਿਰੀਲੇ ਸੱਪ) ਅਤੇ ਖਤਰਨਾਕ ਪਾਣੀ ਵਾਲੇ ਸੱਪਾਂ ਦੀ ਵੀ ਬਹੁਤਾਤ ਹੈ। ਬੈਂਕਾਕ ਵਿਖੇ ਹੀ ਸਥਾਪਿਤ ਸੱਪ ਫਾਰਮ ਵਿਚ ਜ਼ਹਿਰ ਕੱਢਣ ਲਈ ਸੱਪ ਪਾਲੇ ਜਾਂਦੇ ਹਨ। ਰੇਤਲੇ ਤੱਟ ਦਾ ਹਰੇ-ਰੰਗਾ ਕੱਛੂ ਕੁੰਮਾ ਤਾਂ ਇਕੋ ਵੇਲੇ ਕਈ ਸੌ ਆਂਡੇ ਦਿੰਦਾ ਹੈ ਜਿਨ੍ਹਾਂ ਨੂੰ ਘਰਾਂ ਵਿਚ ਬੜੇ ਸੁਆਦ ਨਾਲ ਖਾਧਾ ਜਾਂਦਾ ਹੈ।

ਇਥੇ ਸਮੁੰਦਰੀ ਅਤੇ ਦਰਿਆਈ ਮੱਛੀ ਦੀ ਭਰਮਾਰ ਹੈ ਜੋ ਸ਼ਿੰਪ, ਝੀਂਗਾ ਮੱਛੀ ਅਤੇ ਸਮੁੰਦਰੀ ਕੇਕੜਿਆਂ ਵਾਂਗ ਖਾਣਯੋਗ ਹਨ।

ਰੇਸ਼ਮ ਦਾ ਕੀੜਾ ਇਥੋਂ ਦਾ ਸਭ ਤੋਂ ਲਾਹੇਵੰਦ ਕੀੜਾ ਹੈ। ਇਨ੍ਹਾਂ ਵਿਚੋਂ ਕਈ ਜਾਤੀਆਂ ਤਾਂ ਜੰਗਲੀ ਹਨ ਪਰ ਇਨ੍ਹਾਂ ਵਿਚੋਂ ਕੁਝ ਜਾਤੀਆਂ ਇਥੋਂ ਦੇ ਰੇਸ਼ਮ ਦੇ ਉਦਯੋਗ ਦੀ ਖੁਸ਼ਹਾਲੀ ਲਈ ਪਾਲੀਆਂ ਵੀ ਜਾਂਦੀਆਂ ਹਨ। ਮੱਛਰਾਂ ਕਾਰਨ ਇਥੇ ਮਲੇਰੀਏ ਦਾ ਬੁਖ਼ਾਰ ਆਮ ਹੈ ਪਰ ਅੱਗੇ ਨਾਲੋਂ ਇਸ ਉੱਤੇ ਕਾਫ਼ੀ ਕੰਟਰੋਲ ਕਰ ਲਿਆ ਗਿਆ ਹੈ।

ਇਤਿਹਾਸ

ਪੁਰਾਤੱਤਵੀ ਪ੍ਰਮਾਣ ਇਹ ਸੰਕੇਤ ਕਰਦਾ ਹੈ ਕਿ ਪਿਛਲੇ ਕੋਈ 20,000 ਸਾਲਾਂ ਤੋਂ ਇਸ ਦੇਸ਼ ਦੀ ਧਰਤੀ ਉੱਤੇ ਮਨੁੱਖ ਨਿਰੰਤਰ ਤੌਰ ਤੇ ਵੱਸਦੇ ਰਹੇ ਹਨ। ਥਾਈਆਂ ਨੇ 10 ਸਦੀ ਈ. ਦੇ ਨੇੜੇ ਤੇੜੇ ਚੀਨ ਤੋਂ ਦੱਖਣ ਅਤੇ ਪੱਛਮ ਵਲ ਪਰਵਾਸ ਕੀਤਾ ਸੀ। ਤੇਰ੍ਹਵੀਂ ਸਦੀ ਵਿਚ ਦੋ ਥਾਈ ਰਾਜ ਹੋਂਦ ਵਿਚ ਆ ਗਏ। ਖਮੇਰ ਰਾਜ ਵਿਰੁੱਧ ਕੀਤੇ ਗਏ ਇਕ ਕਾਮਯਾਬ ਵਿਦਰੋਹ ਉਪਰੰਤ 1220 ਈ. ਦੇ ਲਗਭਗ ਸੁਕਾਤਾਈ ਰਾਜ ਦੀ ਸਥਾਪਨਾ ਕੀਤੀ ਗਈ। ਹਰੀ ਪੁੰਜਾਇਆ ਦੇ ਮਾਨ ਰਾਜ ਦੀ ਥਾਈ ਲੋਕਾਂ ਹੱਥੋਂ ਹੋਈ ਹਾਰ ਪਿੱਛੋਂ 1296 ਈ. ਵਿਚ ਜੀਆਂਗਮਾਈ (Chiangmai) ਦੀ ਸਥਾਪਨਾ ਕੀਤੀ ਗਈ। ਸੰਨ 1350 ਵਿਚ ਆਯੁਤਾਈਆ ਦੇ ਰਾਜ ਉਪਰੰਤ ਸੁਕਾਤਾਈ ਰਾਜ ਤਾਕਤ ਵਿਚ ਆਇਆ। ਪੰਦਰ੍ਹਵੀਂ ਸਦੀ ਦੇ ਆਰੰਭ ਵਿਚ ਇਸ ਨੇ ਸੁਕਾਤਾਈ ਨੂੰ ਆਪਣੇ ਨਾਲ ਮਿਲਾ ਲਿਆ ਸੀ ਅਤੇ ਢਹਿੰਦੀ ਕਲਾ ਵਿਚ ਜਾ ਰਹੇ ਖ਼ਮੇਰ ਰਾਜ ਨੂੰ ਤਬਾਹ ਕਰ ਦਿੱਤਾ ਸੀ।

ਬਰਮੀ ਆਯੁਤਾਈਆ ਰਾਜ ਦੇ ਸਭ ਤੋਂ ਸ਼ਕਤੀਸ਼ਾਲੀ ਵਿਰੋਧੀ ਸਨ ਅਤੇ 1569 ਈ. ਵਿਚ ਉਨ੍ਹਾਂ ਨੇ ਆਯੁਤਾਈਆਈ ਫ਼ੌਜਾਂ ਨੂੰ ਹਰਾ ਕੇ ਉਨ੍ਹਾਂ ਦੇ ਰਾਜਧਾਨੀ ਸ਼ਹਿਰ ਉੱਤੇ ਕਬਜ਼ਾ ਕਰ ਲਿਆ ਅਤੇ ਉਨ੍ਹਾਂ ਉੱਤੇ 15 ਸਾਲ ਰਾਜ ਕੀਤਾ। ਸੰਨ 1767 ਵਿਚ ਬਰਮੀਆਂ ਨੇ ਫਿਰ ਥਾਈ-ਰਾਜਧਾਨੀ ਉੱਤੇ ਆਪਣਾ ਕਬਜ਼ਾ ਜਮਾ ਲਿਆ ਅਤੇ ਆਯੁਤਾਈਆਈ ਹਕੂਮਤ ਖ਼ਤਮ ਕਰ ਦਿੱਤੀ।

ਸੰਨ 1782 ਵਿਚ ਚਾਉ ਪ੍ਰਾਈਆ ਚੱਕਰੀ ਦੀ ਅਗਵਾਈ ਹੇਠ ਚੱਕਰੀ ਥਾਈ ਬੰਸ ਤਾਕਤ ਵਿਚ ਆਇਆ। ਨਵੇਂ ਬੰਸ ਦੇ ਆਰੰਭਿਕ ਸਾਲਾਂ ਵਿਚ ਹੀ ਰਾਜਧਾਨੀ ਨੂੰ ਦਰਿਆ ਤੋਂ ਪਾਰ ਪੈਂਦੇ ਸ਼ਹਿਰ, ਬੈਂਕਾਕ ਵਿਖੇ ਬਦਲ ਦਿੱਤਾ ਗਿਆ। ਚੱਕਰੀ ਬੰਸ ਦੇ ਰਾਮਾ ਤੀਜੇ (1824-51) ਨੇ ਥਾਈ ਸਾਮਰਾਜ ਦਾ ਦੱਖਣ ਵਲੋਂ ਮੱਲੇ ਪ੍ਰਾਇਦੀਪ ਦੇ ਨਾਲ-ਨਾਲ, ਉੱਤਰ ਵਲੋਂ ਲਾਓਸ ਦੇ ਅੰਦਰ ਵਲ ਨੂੰ ਅਤੇ ਦੱਖਣ-ਪੂਰਬ ਵਲੋਂ ਕੰਬੋਡੀਆ ਦੇ ਅੰਦਰ ਵੱਲ ਨੂੰ ਵਿਸਥਾਰ ਕੀਤਾ। ਉਨ੍ਹੀਵੀਂ ਸਦੀ ਦੌਰਾਨ ਥਾਈ ਹਾਕਮਾਂ ਵਲੋਂ ਯੂਰਪੀ ਦੇਸ਼ਾਂ ਨੂੰ ਰਿਆਇਤਾਂ ਦੇਣ ਅਤੇ ਉਨ੍ਹਾਂ ਨਾਲ ਸਿਆਸੀ ਸਬੰਧ ਸਥਾਪਿਤ ਕਰ ਲੈਣ ਨਾਲ ਦੇਸ਼ ਵਿਚ ਪੱਛਮੀ ਪ੍ਰਭਾਵ ਬਹੁਤ ਵੱਧ ਗਿਆ। ਸੰਨ 1867 ਵਿਚ ਥਾਈ ਸਲਤਨਤ ਨੇ ਕੰਬੋਡੀਆ ਸਬੰਧੀ ਆਪਣਾ ਦਾਅਵਾ ਫਰਾਂਸ ਦੇ ਹੱਕ ਵਿਚ ਛੱਡ ਦਿੱਤਾ। ਬਾਦਸ਼ਾਹ ਚੁਲਾਲੋਂਗਕਾਰਨ (1886-191 ਈ.) ਦੀ ਰਾਜਕਾਲ ਦੌਰਾਨ ਪੱਛਮੀ ਦੇਸ਼ਾਂ ਦੇ ਅੰਦਰੂਨੀ ਸੁਧਾਰ ਸਬੰਧੀ ਨੀਤੀ ਲਾਗੂ ਕੀਤੀ ਗਈ। ਥਾਈ ਸਲਤਨਤ ਨੇ 19ਵੀਂ ਸਦੀ ਦੇ ਅਖ਼ੀਰ ਵਿਚ ਅਤੇ 20ਵੀਂ ਸਦੀ ਦੇ ਆਰੰਭ ਵਿਚ ਲਾਓਸ ਅਤੇ ਕੰਬੋਡੀਆ ਵਿਚਲਾ ਆਪਣਾ ਸਾਮੰਤ ਰਾਜ (Vassal State) ਫ਼ਰਾਂਸ ਨੂੰ ਸੌਂਪ ਦਿੱਤਾ। ਸੰਨ 1917 ਵਿਚ ਥਾਈ ਸਾਮਰਾਜ ਨੇ ਇਤਿਹਾਦੀ ਰਾਸ਼ਟਰਾਂ ਦੇ ਇਕ ਸਮਰਥੱਕ ਦੇਸ਼ ਵਜੋਂ ਪਹਿਲੀ ਸੰਸਾਰ ਜੰਗ ਵਿਚ ਪ੍ਰਵੇਸ਼ ਕੀਤਾ। ਬਾਦਸ਼ਾਹ ਪਰਜਾਧੀਪਕ (1925-35 ਈ.) ਦੇ ਰਾਜਕਾਲ ਦੌਰਾਨ ਆਏ ਇਕ ਰਾਜ ਪਲਟੇ ਕਾਰਨ ਪੂਰਨ ਰਾਜਤੰਤਰ ਖ਼ਤਮ ਹੋ ਗਿਆ ਅਤੇ ਬਾਦਸ਼ਾਹ ਦੀ ਹਿਮਾਇਤ ਨਾਲ ਇਕ ਸੰਵਿਧਾਨਕ ਹਕੂਮਤ ਸਥਾਪਿਤ ਕੀਤੀ ਗਈ। ਸੰਨ 1939 ਵਿਚ ਇਸ ਦੇਸ਼ ਦਾ ਸਰਕਾਰੀ ਤੌਰ ਤੇ ਨਵਾਂ ਨਾਂ ਸਿਆਮ ਦੀ ਥਾਂ ਤੇ ਥਾਈਲੈਂਡ ਰੱਖਿਆ ਗਿਆ। ਦੂਜੀ ਸੰਸਾਰ ਜੰਗ ਦੌਰਾਨ ਥਾਈਲੈਂਡ ਜਕੋਤਕੀ ਨਾਲ ਹੀ ਜਾਪਾਨ ਦਾ ਹਿਮਾਇਤੀ ਬਣਿਆ। ਇੰਡੋ-ਚਾਈਨਾ ਅਤੇ ਵੀਅਤਨਾਮ ਦੇ ਉੱਪਰੋਥਲੀ ਯੁੱਧਾਂ ਕਾਰਲ ਅਤੇ

ਵੀਅਤਨਾਮ ਵਲੋਂ ਯੁੱਧ ਪਿੱਛੋਂ ਕੰਪੂਚੀਆ ਦੇ ਅੰਦਰ ਕੀਤੇ ਗਏ ਹਮਲਿਆਂ ਕਾਰਨ ਥਾਈਲੈਂਡ ਦੀ ਸਥਿਰਤਾ ਕਮਜ਼ੋਰ ਹੋ ਗਈ। ਨਤੀਜੇ ਵਜੋਂ ਫੌਜ ਨੇ ਆਪਣੇ ਗਲਬੇ ਕਾਰਨ 1932 ਈ. ਦੇ ਰਾਜ ਪਲਟੇ ਤੋਂ ਲੈ ਕੇ 1950 ਵਿਆਂ ਵਿਚ ਅਤੇ ਇਸ ਤੋਂ ਵੀ ਅਗੋਂ ਤਕ ਕਈ ਰਾਜ ਪਲਟੇ ਕੀਤੇ। ਸੰਨ 1932 ਤੋਂ 1980 ਤਕ ਦੇਸ਼ ਵਿਚ ਕਈ ਤਰ੍ਹਾਂ ਦੀਆਂ ਸਰਕਾਰਾਂ ਅਤੇ ਵਧੇਰੇ ਕਰਕੇ ਫੌਜੀ ਸਰਕਾਰਾਂ ਸਥਾਪਿਤ ਹੋਈਆਂ। ਥੋੜ੍ਹੇ ਜਿਹੇ ਸਮੇਂ ਲਈ ਸੀਮਿਤ ਜਿਹੇ ਲੋਕਰਾਜ ਵੀ ਹੋਂਦ ਵਿਚ ਆਏ। ਇਸੇ ਸਮੇਂ ਦੌਰਾਨ ਦੇਸ਼ ਵਿਚ 26 ਰਾਜ ਪਲਟੇ ਅਤੇ ਵਿਰੋਧੀ ਰਾਜ ਪਲਟੇ ਆਏ ਅਤੇ 13 ਕਿਸਮ ਦੇ ਸੰਵਿਧਾਨ ਅਪਣਾਏ ਗਏ। ਸੰਨ 1979 ਦੀਆਂ ਚੋਣਾਂ ਵਿਚ ਥਾਈਲੈਂਡ ਦੇ ਸਭ ਤੋਂ ਪੁਰਾਣੇ ਸਿਆਸੀ ਧੜੇ, ਡੈਮੋਕ੍ਰੇਟਿਕ ਪਾਰਟੀ ਨੇ ਸੰਸਦ ਦੀਆਂ 301 ਸੀਟਾਂ ਵਿਚੋਂ ਕੇਵਲ 32 ਸੀਟਾਂ ਹੀ ਜਿੱਤੀਆਂ। ਸੰਨ 1981 ਵਿਚ ਪ੍ਰਧਾਨ ਮੰਤਰੀ, ਪ੍ਰੇਮ ਤਿਨਸੁਲੈਨੌਂਡ ਨੇ ਇਕ ਫੌਜੀ ਰਾਜ ਪਲਟੇ ਨੂੰ ਪੂਰੀ ਤਰ੍ਹਾਂ ਦਬਾ ਦਿੱਤਾ।

ਆਰਥਿਕਤਾ

ਇਸ ਦੀ ਆਰਥਿਕਤਾ ਵਿਚ ਖੇਤੀਬਾੜੀ ਸੇਵਾਵਾਂ ਅਤੇ ਹਲਕੇ-ਫੁਲਕੇ ਉਦਯੋਗਾਂ ਦੀ ਮੁੱਖ ਭੂਮਿਕਾ ਹੈ।

ਖਣਿਜ—ਕਲੀ ਧਾਤ ਇਥੋਂ ਦਾ ਮੁੱਖ ਖਣਿਜ ਪਦਾਰਥ ਹੈ ਜਿਸ ਦਾ ਕਾਫ਼ੀ ਮਾਤਰਾ ਵਿਚ ਨਿਰਯਾਤ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਲੋਹੇ ਦੀ ਕੱਚੀ ਧਾਤ, ਮੈਗਨੀਜ਼, ਤਾਂਬਾ, ਸਿੱਕਾ, ਚਾਂਦੀ ਅਤੇ ਹੀਰੇ ਵੀ ਪਾਏ ਜਾਂਦੇ ਹਨ। ਸੰਨ 1990 ਵਿਚ ਇਨ੍ਹਾਂ ਖਣਿਜਾਂ ਦਾ ਕੁੱਲ ਉਤਪਾਦਨ 1,000 ਟਨ ਸੀ। ਕੁਦਰਤੀ ਗੈਸਾਂ ਦੇ ਮਿਲਣ ਨਾਲ ਪੈਟਰੋਲੀਅਮ ਦਾ ਆਯਾਤ ਘੱਟ ਗਿਆ ਹੈ।

ਖੇਤੀਬਾੜੀ—ਸੰਨ 1991 ਵਿਚ ਕੁੱਲ ਰਾਸ਼ਟਰੀ ਉਤਪਾਦਨ ਵਿਚ ਖੇਤੀਬਾੜੀ ਦਾ ਯੋਗਦਾਨ 13.8 ਪ੍ਰਤੀਸ਼ਤ ਸੀ ਜਦੋਂ ਕਿ 1992 ਈ. ਵਿਚ ਇਸ ਦਾ ਯੋਗਦਾਨ ਘੱਟ ਕੇ 11.9 ਪ੍ਰਤੀਸ਼ਤ ਰਹਿ ਗਿਆ ਸੀ। ਇਸ ਦੇਸ਼ ਦੀ ਮੁੱਖ ਫਸਲ ਚੌਲ ਹੈ ਜਿਹੜੀ ਰਾਸ਼ਟਰੀ ਖੁਰਾਕ ਮੰਨੀ ਜਾਂਦੀ ਹੈ। ਇਸ ਤੋਂ ਇਲਾਵਾ ਮੱਕੀ, ਗੰਨਾ, ਪਟਸਨ, ਤੰਬਾਕੂ, ਸੋਇਆਬੀਨ, ਨਾਰੀਅਲ, ਕਪਾਹ, ਮੂੰਗਫਲੀ ਅਤੇ ਤੇਲ ਦੇ ਬੀਜਾਂ, ਕੇਲੇ, ਰਬੜ, ਅਨਾਨਾਸ ਆਦਿ ਦੀ ਕਾਸ਼ਤ ਵੀ ਕੀਤੀ ਜਾਂਦੀ ਹੈ। ਖੇਤੀਬਾੜੀ ਵਿਚ ਕੰਮ ਕਰਨ ਵਾਲੇ ਲੋਕਾਂ ਦੀ ਸੰਖਿਆ ਕੁੱਲ ਕਿਰਤ ਸ਼ਕਤੀ ਦਾ 3/4 ਹਿੱਸਾ ਹੈ। ਸੰਨ 1976 ਵਿਚ ਕਿਸਾਨਾਂ ਅਤੇ ਮੁਜ਼ਾਰਿਆਂ ਦੀ ਭਲਾਈ ਲਈ ਭੂਮੀ ਸੁਧਾਰ ਆਰੰਭ ਕੀਤੇ ਗਏ ਸਨ।

ਸੱਨਅਤਾਂ—ਸੱਨਅਤਾਂ ਅਤੇ ਸੇਵਾਵਾਂ ਦਾ 1991 ਈ. ਦੇ ਕੁੱਲ ਰਾਸ਼ਟਰੀ ਉਤਪਾਦਨ ਵਿਚ ਯੋਗਦਾਨ ਕ੍ਰਮਵਾਰ 36.4 ਅਤੇ 49.8 ਪ੍ਰਤੀਸ਼ਤ ਸੀ। ਇਥੇ ਹਲਕੀਆਂ ਸੱਨਅਤਾਂ ਦੀ ਭਰਮਾਰ ਹੈ ਅਤੇ ਇਹ ਬੈਂਕਾਕ ਦੇ ਆਲੇ-ਦੁਆਲੇ ਕੇਂਦ੍ਰਿਤ ਹਨ। ਜ਼ਿਆਦਾਤਰ ਫੈਕਟਰੀਆਂ ਛੋਟੇ ਪੈਮਾਨੇ ਦੀਆਂ ਹਨ ਅਤੇ ਇਨ੍ਹਾਂ ਵਿਚ ਘਰੇਲੂ ਕੱਚੇ ਮਾਲ ਨੂੰ ਪ੍ਰੋਸੈਸ ਕੀਤਾ ਜਾਂਦਾ ਹੈ। ਮੁੱਖ ਉਤਪਾਦਨ ਕੀਤੀਆਂ ਜਾਣ ਵਾਲੀਆਂ ਵਸਤਾਂ ਸੀਮਿੰਟ, ਬੀਅਰ,ਖੰਡ, ਸਿਗਰਟ, ਕਪੜਾ, ਰਸਾਇਣ, ਕਲੀ ਦੀਆਂ ਚਾਦਰਾਂ, ਮੋਟਰ ਸਾਈਕਲ, ਕਾਰਾਂ, ਪਟਸਨ ਦਾ ਸਾਮਾਨ ਕਾਗਜ਼ ਆਦਿ ਹਨ।

ਆਵਾਜਾਈ ਦੇ ਸਾਧਨ—ਇਸ ਦੇਸ਼ ਵਿਚ ਰੇਲਵੇ ਅਤੇ ਸੜਕਾਂ ਆਵਾਜਾਈ ਦੇ ਮੁੱਖ ਸਾਧਨ ਹਨ। ਸੰਨ 1991 ਵਿਚ ਰਾਸ਼ਟਰੀ ਸੜਕਾਂ ਦੀ ਲੰਬਾਈ 17,920 ਕਿ. ਮੀ. ਅਤੇ ਦੇਸ਼ ਦੇ ਅੰਦਰੂਨੀ ਭਾਗਾਂ ਵਿਚ ਸੜਕਾਂ ਦੀ ਲੰਬਾਈ 28,127 ਕਿ. ਮੀ. ਸੀ। ਸੰਨ 1992 ਵਿਚ ਰੇਲਵੇ ਲਾਈਨਾਂ ਦੀ ਕੁੱਲ ਲੰਬਾਈ 4,450 ਕਿ. ਮੀ. ਸੀ।

ਲੋਕ

ਸੰਨ 1992 ਵਿਚ ਕੁੱਲ ਕਿਰਤ ਸ਼ਕਤੀ (13 ਸਾਲ ਅਤੇ ਉਸ ਤੋਂ ਉਪਰ ਦੀ ਉਮਰ) 32.4 ਮਿਲੀਅਨ ਸੀ। ਇਨ੍ਹਾਂ ਵਿਚੋਂ 31.4 ਮਿਲੀਅਨ ਲੋਕ ਰੋਜ਼ਗਾਰ ਵਿਚ ਲਗੇ ਹੋਏ ਸਨ। ਖੇਤੀਬਾੜੀ ਵਿਚ ਕੰਮ ਕਰਨ ਵਾਲੇ ਕਿਰਤੀਆਂ ਦੀ ਸੰਖਿਆ 18.8 ਮਿਲੀਅਨ ਅਤੇ ਸੱਨਅਤਾਂ ਵਿਚ ਕੰਮ ਕਰਨ ਵਾਲਿਆਂ ਦੀ ਸੰਖਿਆ 3.6 ਮਿਲੀਅਨ ਸੀ। ਬੇਰੁਜ਼ਗਾਰੀ ਦਾ ਅਨੁਪਾਤ 3.1 ਪ੍ਰਤੀਸ਼ਤ ਸੀ।



ਥਾਈਲੈਂਡ ਦੇ ਰਸਮਾਂ ਰਿਵਾਜਾਂ ਸਮੇਂ ਨੱਚਣ ਵਾਲੇ ਨਚਾਰ

ਸਿੱਖਿਆ—9 ਸਾਲ ਦੀ ਉਮਰ ਤਕ ਦੇ ਬੱਚਿਆਂ ਲਈ ਸਿੱਖਿਆ ਲਾਜ਼ਮੀ ਹੈ। ਸਥਾਨਕ ਮਿਉਂਸਪਲ ਸਕੂਲਾਂ ਵਿਚ ਇਹ ਸਿੱਖਿਆ ਮੁਫ਼ਤ ਦਿੱਤੀ ਜਾਂਦੀ ਹੈ। ਸੰਨ 1990 ਵਿਚ ਟੀਚਰ ਟ੍ਰੇਨਿੰਗ ਕਾਲਜ ਦੀ ਸੰਖਿਆ 36 ਸੀ ਜਿਨ੍ਹਾਂ ਵਿਚ ਪੜ੍ਹਦੇ ਵਿਦਿਆਰਥੀਆਂ ਦੀ ਸੰਖਿਆ 3, 850 ਅਤੇ ਅਧਿਆਪਕਾਂ ਦੀ ਸੰਖਿਆ 6,393 ਸੀ। ਸੰਨ 1990 ਵਿਚ 17 ਯੂਨੀਵਰਸਿਟੀਆਂ ਵਿਚੋਂ ਛੇ ਯੂਨੀਵਰਸਿਟੀਆਂ ਪ੍ਰਾਈਵੇਟ ਸਨ।

ਸਿਹਤ—ਸੰਨ 1986 ਵਿਚ 95% ਪਿੰਡਾਂ ਵਿਚ ਮੁਢਲੇ ਸਿਹਤ ਕੇਂਦ੍ਰ ਸਨ। ਸੰਨ 1990 ਵਿਚ ਇਥੇ 959 ਹਸਪਤਾਲ ਅਤੇ 7,828 ਕੇਂਦਰ ਸਨ।

ਧਰਮ—ਸੰਨ 1993 ਵਿਚ ਇਸ ਦੇਸ਼ ਵਿਚ 54.53 ਮਿਲੀਅਨ ਬੋਧੀ, 2.31 ਮਿਲੀਅਨ ਮੁਸਲਮਾਨ ਅਤੇ 0.29 ਮਿਲੀਅਨ ਈਸਾਈ ਲੋਕ ਰਹਿੰਦੇ ਹਨ।

ਰਾਜ-ਪ੍ਰਬੰਧ

ਕਰੰਸੀ—ਇਸ ਦੇਸ਼ ਵਿਚ ਕਰੰਸੀ ਦੀ ਇਕਾਈ ਬਾਹਤ (Baht) ਹੈ ਜਿਸ ਨੂੰ ਅੱਗੇ 100 ਸਤੰਗ ਵਿਚ ਵੰਡਿਆ ਹੋਇਆ ਹੈ। 25 ਅਤੇ 50 ਸਤੰਗ ਦੇ ਸਿੱਕੇ ਹੁੰਦੇ ਹਨ। ਇਸ ਤੋਂ ਇਲਾਵਾ 1, 2, 5 ਅਤੇ 10

ਬਾਹਤ ਦੇ ਸਿੱਕੇ ਵੀ ਹੁੰਦੇ ਹਨ। ਇਸ ਦੇ ਨਾਲ-ਨਾਲ 10, 20, 50, 100, 500 ਅਤੇ 1000 ਬਾਹਤ ਦੇ ਨੋਟ ਵੀ ਛਾਪੇ ਜਾਂਦੇ ਹਨ।

ਝੰਡਾ—ਇਥੋਂ ਦੇ ਝੰਡੇ ਵਿਚ ਲਾਲ, ਚਿੱਟੇ, ਨੀਲੇ, ਚਿੱਟੇ ਅਤੇ ਲਾਲ ਰੰਗਾਂ ਦੀਆਂ ਕ੍ਰਮਵਾਰ ਪੰਜ ਲੇਟਵੀਆਂ ਪੱਟੀਆਂ ਹਨ। ਵਿਚਕਾਰਲੀ ਨੀਲੀ ਪੱਟੀ ਦੀ ਚੌੜਾਈ ਬਾਕੀ ਪੱਟੀਆਂ ਤੋਂ ਦੁੱਗਣੀ ਹੈ।

ਹ. ਪੁ.-ਸਟੇ. ਯੀ. ਬੁ. 1993-94; ਐਨ. ਅਮੈ. 26 : 486 ; ਐਨ. ਬ੍ਰਿ. 18 : 197

ਥਾਂਟ, ਓ : ਵੇਖੋ, ਊਥਾਂਟ।

ਥਾਟੋਨ : ਜ਼ਿਲ੍ਹਾ :—ਮਿਆਂਮਾਰ (ਬਰਮਾ) ਦੇ ਤਨੈਸਾਰਮ ਮੰਡਲ ਵਿਚ ਮਾੱਨ ਰਾਜ ਦਾ ਇਹ ਇਕ ਤਟਵਰਤੀ ਜ਼ਿਲ੍ਹਾ ਹੈ ਜਿਸ ਨੇ ਸਾਲਵੀਨ ਦਰਿਆ ਦੇ ਹੇਠਲੇ ਭਾਗ ਵਿਚ ਦੋਹਾਂ ਪਾਸਿਆਂ ਵਲ ਦੇਸ਼ ਦਾ ਕਾਫ਼ੀ ਹਿੱਸਾ ਮੱਲਿਆ ਹੋਇਆ ਹੈ। ਇਸ ਦਾ ਖੇਤਰਫਲ 4,944 ਵ. ਕਿ. ਮੀ. ਹੈ। ਇਸੇ ਨਾਂ ਦਾ ਸ਼ਹਿਰ ਇਸ ਦਾ ਸਦਰ-ਮੁਕਾਮ ਹੈ। ਇਸ ਦੇ ਦੱਖਣ-ਪੱਛਮ ਵਲ ਮਾਰਤਾਬਾਨ ਦੀ ਖਾੜੀ ਹੈ। ਇਸ ਜ਼ਿਲ੍ਹੇ ਦੇ ਉੱਤਰ-ਪੱਛਮ ਵਲ ਪੈਗੂ ਟਾਉਂਗੂ ਅਤੇ ਸਾਲਵੀਨ ਜ਼ਿਲ੍ਹੇ ਹਨ ਅਤੇ ਇਸ ਦੀ ਉੱਤਰ-ਪੱਛਮੀ ਹੱਦ ਦਾ ਕਾਫ਼ੀ ਹਿੱਸਾ ਸਿਤਾਂਗ ਦਰਿਆ ਦੀਆਂ ਵਾਦੀਆਂ ਅਤੇ ਸਾਲਵੀਨ ਦਰਿਆ ਅਤੇ ਉਸ ਦੀਆਂ ਸਹਾਇਕ ਨਦੀਆਂ ਦੇ ਨਾਲ-ਨਾਲ ਜਾਂਦਾ ਹੈ।

ਇਸ ਜ਼ਿਲ੍ਹੇ ਵਿਚ ਕਈ ਪਹਾੜੀ ਲੜੀਆਂ ਹਨ ਜਿਨ੍ਹਾਂ ਨੂੰ ਤਿੰਨ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ। ਇਸ ਦੇ ਪੂਰਬ ਅਤੇ ਉੱਤਰ-ਪੂਰਬ ਵਲ ਥਾਈਲੈਂਡ (ਸਿਆਮ) ਵਾਲੇ ਪਾਸੇ ਡਾੱਨਾ ਪਰਬਤ ਲੜੀ ਹੈ ਜਿਸ ਦੀਆਂ ਪਹਾੜੀਆਂ 205 ਤੋਂ 1,670 ਮੀ. (1,000 ਤੋਂ 5,500 ਫੁੱਟ) ਤਕ ਉੱਚੀਆਂ ਹਨ। ਇਹ ਪਰਬਤ ਲੜੀ ਥਾਊਨਜਿਨ ਨਦੀ ਦੀ ਵਾਦੀ ਨੂੰ ਬਾਕੀ ਦੇ ਜ਼ਿਲ੍ਹੇ ਨਾਲੋਂ ਅੱਡ ਕਰਦੀ ਹੈ। ਇਹ ਪਰਬਤ ਲੜੀ ਧੁਰ ਉੱਤਰ ਵਲੋਂ ਸ਼ੁਰੂ ਹੁੰਦੀ ਹੈ ਅਤੇ ਆਮ ਕਰਕੇ ਥਾਟੋਨ ਅਤੇ ਐਮਹਰਸਟ ਦੇ ਸਿਰੇ ਤੋਂ ਹੇਠਾਂ ਵਲ ਦੱਖਣ-ਪੂਰਬੀ ਦਿਸ਼ਾ ਵਿਚ ਮਾਲੇ ਪ੍ਰਾਇਦੀਪ ਵਲ ਨੂੰ ਫੈਲੀ ਹੋਈ ਹੈ। ਇਸ ਪਰਬਤ ਲੜੀ ਤੋਂ ਵੱਖਰਾ ਇਕ ਛੋਟਾ ਜਿਹਾ ਪਰਬਤ ਸਮੂਹ ਹੈ ਜਿਸ ਨੂੰ ਸਾਲਵੀਨ ਅਤੇ ਹਲਾਈਂਗਬਵੇ ਦਰਿਆਵਾਂ ਦੀਆਂ ਵਾਦੀਆਂ ਦੇ ਆਰ ਪਾਰ 80-90 ਕਿ. ਮੀ. (50-60 ਮੀਲ) ਤਕ ਫੈਲਿਆ ਮੈਦਾਨ ਡਾੱਨਾ ਪਰਬਤ ਲੜੀ ਤੋਂ ਅੱਡ ਕਰਦਾ ਹੈ। ਇਸ ਪਰਬਤ ਸਮੂਹ ਨੂੰ ਟਾਉਂਗਮਿਓ ਪਰਬਤ ਲੜੀ ਦੀ ਉਪਰਲੀ ਹੱਦ ਮੰਨਿਆ ਜਾਂਦਾ ਹੈ ਅਤੇ ਇਹ ਐਮਹਰਸਟ ਜ਼ਿਲ੍ਹੇ ਵਿਚ ਆਤਾਰਨ ਵਾਦੀ ਨੂੰ ਸਾਹਿਲੀ ਸ਼ਹਿਰਾਂ ਤੋਂ ਅੱਡ ਕਰਦੀ ਹੈ। ਥਾਟੋਨ ਜ਼ਿਲ੍ਹੇ ਵਿਚ ਇਹ ਪਰਬਤੀ ਖੇਤਰ ਮਾਰਤਾਬਾਨ ਪਹਾੜੀਆਂ ਤੱਕ ਨਿਰੰਤਰ ਤੌਰ ਤੇ ਜਾਂਦਾ ਹੈ। ਇਹ ਪਰਬਤ ਸਾਲਵੀਨ ਦਰਿਆ ਦੇ ਦੂਜੇ ਪਾਸੇ ਮੂਲਮਾਈਨ ਤੋਂ ਸ਼ੁਰੂ ਹੋ ਕੇ ਪਹਿਲਾਂ ਉੱਤਰ-ਪੱਛਮ ਅਤੇ ਫਿਰ ਉੱਤਰ ਵੱਲ ਸਾਲਵੀਨ ਜ਼ਿਲ੍ਹੇ ਦੇ ਅੰਦਰ ਵਲ ਨੂੰ ਫੈਲਿਆ ਹੋਇਆ ਹੈ। ਇਸ ਪਰਬਤ ਲੜੀ ਤੋਂ ਸਮੁੰਦਰ ਤਕ ਪੱਛਮ ਵਾਲੇ ਪਾਸੇ ਝੋਨੇ ਦੀ ਫਸਲ ਵਾਲਾ ਮੈਦਾਨੀ ਇਲਾਕਾ ਪੈਂਦਾ ਹੈ ਜਿਸ ਨੂੰ ਅਨੇਕਾਂ ਹੀ ਜਵਾਰੀ ਤੰਗ ਖਾੜੀਆਂ ਕੱਟਦੀਆਂ ਹਨ। ਇਹ ਇਲਾਕਾ ਸਿਤਾਂਗ ਦਰਿਆ ਤਕ ਫੈਲਿਆ ਹੋਇਆ ਹੈ। ਜ਼ਿਲ੍ਹੇ ਦੇ ਉੱਤਰ-ਪੱਛਮ ਵਲ ਇਸ ਦੂਜੀ ਪਹਾੜੀ ਲੜੀ ਅਤੇ ਸਿਤਾਂਗ ਐਸਚੁਅਰੀ ਵਿਚਕਾਰ ਇਕ ਚੂਨੇ ਦੇ ਪੱਥਰ ਦੀ ਲੜੀ (ਜੋ ਪਾਉਂਗਲਾਉਂਗ ਪਰਬਤ ਸਮੂਹ ਦਾ ਹੀ ਹਿੱਸਾ ਹੈ) ਹੈ ਜਿਹੜੀ ਇਸ ਜ਼ਿਲ੍ਹੇ ਵਿਚ ਉੱਤਰ ਵਲੋਂ ਦਾਖ਼ਲ ਹੁੰਦੀ ਹੈ ਅਤੇ ਇਸ ਦੇ ਪਰਬਤੀ ਵਧਾਉ ਦੀਆਂ ਸ਼ਾਖਾਵਾਂ ਚਿਆਈਕਤੋ (Kyonkto) ਅਤੇ ਬਿਲੀਨ ਵਿਖੇ ਖ਼ਤਮ ਹੋ ਜਾਂਦੀਆਂ ਹਨ। ਇਸ ਦੇ ਪੱਛਮੀ ਪਰਬਤੀ ਵਧਾਉ ਨੂੰ ਕੈਲਾਥਾ ਪਹਾੜੀਆਂ ਦੇ ਨਾਂ ਨਾਲ ਜਾਣਿਆ ਜਾਂਦਾ ਹੈ ਜੋ 1,112 ਮੀ. (3,650 ਫੁੱਟ) ਦੀ ਉਚਾਈ ਤਕ ਜਾਂਦੀਆਂ ਹਨ।

ਇਸ ਜ਼ਿਲ੍ਹੇ ਦਾ ਜਲ ਨਿਕਾਸ ਕਈ ਦਰਿਆ ਕਰਦੇ ਹਨ। ਇਸ ਦੇ ਧੁਰ ਪੂਰਬ ਵਲ ਥਾਊਨਜਿਨ ਦਰਿਆ ਹੈ ਜਿਹੜਾ ਐਮਹਰਸਟ ਜ਼ਿਲ੍ਹੇ ਵਿਚੋਂ ਨਿਕਲਦਾ ਹੈ। ਇਹ ਦਰਿਆ ਉੱਤਰ-ਪੱਛਮੀ ਦਿਸ਼ਾ ਵਿਚ ਵਗਦਾ ਹੋਇਆ ਮਿਆਂਮਾਰ (ਬਰਮਾ) ਨੂੰ ਥਾਈਲੈਂਡ (ਸਿਆਮ) ਨਾਲੋਂ ਅੱਡ ਕਰਦਾ ਹੈ ਅਤੇ ਅੰਤ ਵਿਚ 322 ਕਿ. ਮੀ. (200 ਮੀਲ) ਦਾ ਰਸਤਾ ਤੈਅ ਕਰਨ ਤੋਂ ਬਾਅਦ ਜ਼ਿਲ੍ਹੇ ਦੇ ਉੱਤਰ ਵਲ ਮਾਲਵੀਨ ਦਰਿਆ ਵਿਚ ਜਾ ਮਿਲਦਾ ਹੈ। ਹਲਾਈਂਗਬਵੇ ਦਰਿਆ ਥਾਊਨਜਿਨ ਅਤੇ ਸਾਲਵੀਨ ਦਰਿਆਵਾਂ ਵਿਚਕਾਰ ਪੈਂਦੇ ਇਲਾਕੇ ਦੇ ਵੈੱਜ ਜਿਥੋਂ ਡਾੱਨਾ ਪਰਬਤ ਲੜੀ ਸ਼ੁਰੂ ਹੁੰਦੀ ਹੈ, ਨਿਕਲਦਾ ਹੈ ਅਤੇ 193 ਕਿ. ਮੀ. (120 ਮੀਲ) ਦਾ ਰਸਦਾ ਤੈਅ ਕਰਨ ਤੋਂ ਬਾਅਦ ਦੱਖਣ ਵਿਚ ਹਾਉਂਗਥਰਾ ਦਰਿਆ ਵਿਚ ਜਾ ਮਿਲਦਾ ਹੈ। ਆਪਣੇ ਸੰਗਮ-ਸਥਾਨ ਤੋਂ ਪਿੱਛੋਂ ਇਹ ਦੋਵੇਂ ਦਰਿਆ ਗਯਾਇੰਗ ਦਰਿਆ ਦੇ ਨਾਂ ਨਾਲ ਜਾਣੇ ਜਾਂਦੇ ਹਨ ਅਤੇ ਜ਼ਿਲ੍ਹੇ ਦੀ ਦੱਖਣ-ਪੂਰਬੀ ਹੱਦਬੰਦੀ ਕਰਦੇ ਹਨ। ਇਹ ਦਰਿਆ 72 ਕਿ. ਮੀ. (45 ਮੀਲ) ਤਕ ਪੱਛਮ ਦਿਸ਼ਾ ਵਿਚ ਵਗਦੇ ਹੋਏ ਮੂਲਮਾਈਨ ਤੋਂ ਇਕ ਦਮ ਉਪਰ ਸਾਲਵੀਨ ਦਰਿਆ ਵਿਚ ਜਾ ਮਿਲਦੇ ਹਨ। ਸਾਲਵੀਨ ਦਰਿਆ ਇਸ ਜ਼ਿਲ੍ਹੇ ਵਿਚ ਉੱਤਰੀ ਗੁੱਠ ਤੋਂ ਦਾਖ਼ਲ ਹੁੰਦਾ ਹੈ। 17° 20′ ਉ. ਵਿਥ. ਤੇ ਇਹ ਦਰਿਆ ਬਾ-ਆਨ ਸ਼ਹਿਰ ਵਿਚ ਦਾਖ਼ਲ ਹੁੰਦਾ ਹੈ ਅਤੇ ਫਿਰ ਇਸ ਦਾ ਵਹਿਣ ਜ਼ਿਲ੍ਹੇ ਨੂੰ ਪੂਰਬੀ ਅਤੇ ਪੱਛਮੀ ਦੋ ਹਿੱਸਿਆਂ ਵਿਚ ਵੰਡ ਦਿੰਦਾ ਹੈ। ਮੂਲਮਾਈਨ ਤੋਂ ਹੇਠਾਂ ਇਹ ਦੱਖਣ ਵਲ ਵਗਣ ਲਗ ਪੈਂਦਾ ਹੈ ਜਿਥੇ ਇਸ ਦੇ ਪਾਣੀਆਂ ਨੂੰ ਬਿਲੂਗਿਊਨ ਦੀਪ ਦੋ ਮੁੱਖ ਮੁਹਾਣਿਆਂ ਵਿਚ ਵੰਡ ਦਿੰਦਾ ਹੈ ਅਤੇ ਇਨ੍ਹਾਂ ਦੇ ਰਾਹੀਂ ਵਹਿੰਦਾ ਹੋਇਆ ਇਹ ਦਰਿਆ ਸਮੁੰਦਰ ਵਿਚ ਜਾ ਡਿਗਦਾ ਹੈ। ਮੂਲਮਾਈਨ ਤੋਂ ਕੁਝ ਕੁ ਮੀਲ ਉਪਰ ਇਸ ਵਿਚ ਪੱਛਮ ਵਲੋਂ ਡਾਨਥਾਮੀ ਦਰਿਆ ਆ ਮਿਲਦਾ ਹੈ ਜਿਹੜਾ ਜ਼ਿਲ੍ਹੇ ਦੀ ਉੱਤਰੀ ਹੱਦ ਤੇ ਸਥਿਤ ਪਹਾੜੀਆਂ ਵਿਚੋਂ ਨਿਕਲਦਾ ਹੈ ਅਤੇ ਮਾਰਤਾਬਾਨ ਪਹਾੜੀ ਦੇ ਪੂਰਬ ਵਲ ਹੇਠਾਂ ਨੂੰ ਵਗਦਾ ਹੈ। ਮਾਰਤਾਬਾਨ ਪਹਾੜੀ ਦੇ ਪੱਛਮ ਵਲ ਦੇ ਖੇਤਰ ਨੂੰ ਅਨੇਕਾਂ ਜਵਾਰੀ ਤੰਗ ਖੜਾਆਂ ਕੱਟਦੀਆਂ ਹੋਈਆਂ ਲੰਘਦੀਆਂ ਹਨ ਜਿਸ ਕਰਕੇ ਥਾਟੋਨ, ਬਿਲੀਨ, ਚਿਆਈਕਤੋ (Kyaikto) ਅਤੇ ਸਿਤਾਂਗ ਸ਼ਹਿਰਾਂ ਵਲ ਅੰਦਰੂਨੀ ਆਵਾਜਾਈ ਸੰਭਵ ਹੈ। ਇਸ ਖੇਤਰ ਦਾ ਜਲ ਨਿਕਾਸ ਕੇਵਲ ਇਕੋ ਵੱਡਾ ਬਿਲੀਨ ਦਰਿਆ ਹੀ ਕਰਦਾ ਹੈ ਜਿਹੜਾ ਸਾਲਵੀਨ ਜ਼ਿਲ੍ਹੇ ਵਿਚੋਂ ਦੀ ਨਿਕਲਦਾ ਹੈ ਅਤੇ ਮਾਰਤਾਬਾਨ ਅਤੇ ਬਿਲੀਨ ਪਹਾੜੀਆਂ ਵਿਚੋਂ ਦੀ ਵਗਦਾ ਹੋਇਆ 451 ਕਿ. ਮੀ. (280 ਮੀਲ) ਦਾ ਸਫ਼ਰ ਤੈਅ ਕਰਨ ਤੋਂ ਬਾਅਦ ਮਾਰਤਾਬਾਨ ਦੀ ਖਾੜੀ ਵਿਚ ਜਾ ਡਿਗਦਾ ਹੈ। ਸਿਤਾਂਗ ਦਰਿਆ ਆਪਣੇ ਮਾਰਗ ਦੇ 64 ਕਿ. ਮੀ. (40 ਮੀਲ) ਦੇ ਅਖੀਰਲੇ ਸਫਰ ਵਿਚ ਜ਼ਿਲ੍ਹੇ ਦੀ ਪੱਛਮੀ ਹੱਦ ਬਣਾਉਂਦਾ ਹੈ।

ਮਾਰਤਾਬਾਨ ਅਤੇ ਡਾੱਨਾ ਪਹਾੜੀਆਂ ਲੇਟਰਾਈਟ ਅਤੇ ਬਿਲੀਨ ਅਤੇ ਕੈਲਾਥਾ ਪਹਾੜੀਆਂ ਚੂਨੇ ਦੀ ਪੱਥਰ ਦੀ ਬਣਤਰ ਵਾਲੀਆਂ ਹਨ। ਭਾਵੇਂ ਇਥੋਂ ਦੀ ਜਲਵਾਯੂ ਨਮੀ ਭਰਪੂਰ ਅਤੇ ਕਸ਼ਟਕਾਰੀ ਹੈ ਪਰ ਫਿਰ ਵੀ ਆਮ ਤੌਰ ਤੇ ਸਿਹਤਵਰਧਕ ਹੈ ਜਿਥੇ ਨਾ ਤਾਂ ਅਤਿ ਦੀ ਸਰਦੀ ਨਾ ਹੀ ਅਤਿ ਦੀ ਗਰਮੀ ਪੈਂਦੀ ਹੈ। ਮਾਰਤਾਬਾਨ ਦੀ ਖਾੜੀ ਤੋਂ ਆਉਣ ਵਾਲੀਆਂ ਠੰਡੀਆਂ ਹਵਾਵਾਂ ਕਾਰਨ ਸਾਹਿਲੀ ਖੇਤਰ ਦਾ ਮੌਸਮ ਸੁਹਾਵਣਾ ਹੁੰਦਾ ਹੈ।

ਇਸ ਜ਼ਿਲ੍ਹੇ ਦੇ ਮਾਨਾ ਜਾਂ ਤਲਾਇੰਗਾਂ ਦੀ ਪੁਰਾਤਨ ਸਲਤਨਤ ਜਿਸ ਨੂੰ ਪਾਲੀ ਸਾਹਿਤ ਵਿਚ ਰਮਨਦੇਸ ਕਿਹਾ ਜਾਂਦਾ ਹੈ, ਦਾ ਬਹੁਤਾ

ਹਿੱਸਾ ਮੱਲਿਆ ਹੋਇਆ ਹੈ। ਸੰਨ 1824 ਵਿਚ ਬਰਮੀ ਦੀ ਪਹਿਲੀ ਜੰਗ ਸਮੇਂ ਬਰਤਾਨਵੀਆ ਨੇ ਇਸ ਉੱਤੇ ਕਬਜ਼ਾ ਕੀਤਾ ਅਤੇ ਬਾਅਦ ਵਿਚ ਸਾਲਵੀਨ ਦਰਿਆ ਦੇ ਪੂਰਬ ਵਲ ਦੇ ਹਿੱਸੇ ਨੂੰ ਛੱਡ ਕੇ ਬਰਮਾ ਦਾ ਬਾਕੀ ਹਿੱਸਾ ਜਿਸ ਨੂੰ ਅਜੋਕਾ ਥਾਟੋਨ ਜ਼ਿਲ੍ਹਾ ਕਿਹਾ ਜਾਂਦਾ ਹੈ, ਬਰਮਾ ਦੇ ਕਬਜ਼ੇ ਹੇਠ ਆ ਗਿਆ। ਦੂਜੀ ਬਰਮੀ ਜੰਗ ਸਮੇਂ ਮਾਰਤਾਬਾਨ ਉੱਤੇ 1852 ਈ. ਵਿਚ ਜਨਰਲ ਗਾਡਵਿਨ ਦੀ ਅਗਵਾਈ ਹੇਠ ਚਲ ਰਹੀ ਫ਼ੌਜ ਨੇ ਕਬਜ਼ਾ ਕਰ ਲਿਆ ਅਤੇ ਇਹ ਕਬਜ਼ਾ ਜੰਗ ਦੇ ਅੰਤ ਤਕ ਰਿਹਾ ਜਦੋਂ ਤਕ ਕਿ ਸਾਰਾ ਜ਼ਿਲ੍ਹਾ ਬਰਤਾਨਵੀਆ ਅਧੀਨ ਨਾ ਆ ਗਿਆ। ਕਾਫ਼ੀ ਸਾਲਾਂ ਤਕ ਪੁਰਾਤਨ ਸਵੈਗਯਿਨ ਅਤੇ ਐਮਹਰਸਟ ਜ਼ਿਲ੍ਹਿਆਂ ਦਾ ਹਿੱਸਾ ਰਹਿਣ ਤੋਂ ਬਾਅਦ 1895 ਈ. ਵਿਚ ਥਾਟੋਨ ਜ਼ਿਲ੍ਹਾ ਡਿਪਟੀ ਕਮਿਸ਼ਨਰ ਦੇ ਚਾਰਜ ਹੇਠ ਆ ਗਿਆ।

ਚੈਉਕਤਾ ਬਿਲੀਨ, ਪੌਂਗ ਅਤੇ ਮਾਰਤਾਬਾਨ ਇਥੋਂ ਦੇ ਮੁੱਖ ਕਸਬੇ ਹਨ ਜਿਹੜੇ ਕਿ ਮੂਲਮਾਈਨ ਅਤੇ ਯੇ ਸ਼ਹਿਰਾਂ ਦੇ ਦੱਖਣ ਵੱਲ ਨੂੰ ਰੇਲਵੇ ਲਾਈਨ ਉੱਤੇ ਸਥਿਤ ਹਨ। ਸੜਕਾਂ ਬਣਾਉਣ ਲਈ ਮਾਕਪਲੀਨ ਦੇ ਸਥਾਨ ਤੋਂ ਖਾਣਾਂ ਵਿਚੋਂ ਪੱਥਰ ਕੱਢਿਆ ਜਾਂਦਾ ਹੈ।

16°28′ ਉ. ਵਿਥ. ਤੋਂ 17° 51′ ਉ. ਵਿਥ. ; 96° 39′ ਪੂ. ਲੰਬ. ਤੋਂ 98° 20′ ਪੂ. ਲੰਬ.

ਹ. ਪੁ. –ਐਨ. ਬ੍ਰਿ ਮਾ. 9 : 924 ਇੰਪ. ਗ. ਇੰਡ, 23 : 328

ਥਾਟੋਨ : ਸ਼ਹਿਰ—ਲੋਅਰ ਬਰਮਾ (ਮਿਆਂਮੀਰ) ਦੇ ਮਾੱਨ ਰਾਜ ਵਿਚ ਇਸੇ ਹੀ ਨਾਂ ਦੇ ਜ਼ਿਲ੍ਹੇ ਦਾ ਸਦਰ-ਮੁਕਾਮ ਹੈ। ਇਹ ਅੰਡੇਮਾਨ ਸਾਗਰ ਦੀ ਮਾਰਤਾਬਾਨ ਖਾੜੀ ਤੋਂ 16 ਕਿ. ਮੀ. (10 ਮੀਲ) ਦੀ ਦੂਰੀ ਤੇ ਮਾਰਤਾਬਾਨ ਪਹਾੜੀਆਂ ਦੀ ਤਲਹੱਟੀ ਵਿਚ ਆਬਾਦ ਹੈ। ਜੰਗਲਾਂ ਨਾਲ ਢਕੀਆਂ ਵਾਦੀਆਂ ਸ਼ਹਿਰ ਦੇ ਨਜ਼ਾਰੇ ਨੂੰ ਹੋਰ ਵੀ ਖ਼ੂਬਸੂਰਤ ਬਣਾਉਂਦੀਆਂ ਹਨ ਪਰ ਸਮੁੰਦਰ ਦੀ ਨੇੜਤਾ ਕਾਰਨ ਇਥੋਂ ਦਾ ਜਲਵਾਯੂ ਸਿੱਲ੍ਹਾ ਹੈ। ਅੱਜਕੱਲ੍ਹ ਇਹ ਸ਼ਹਿਰ ਸੜਕਾਂ ਦੁਆਰਾ ਮਾਰਤਾਬਾਨ ਅਤੇ ਪੈਗੂ ਸ਼ਹਿਰਾਂ ਨਾਲ ਅਤੇ ਰੇਲ ਮਾਰਗ ਦੁਆਰਾ ਰੰਗੂਨ ਅਤੇ ਯੇ ਸ਼ਹਿਰਾਂ ਨਾਲ ਜੁੜਿਆ ਹੋਇਆ ਹੈ। ਇਹ ਸ਼ਹਿਰ ਬਹੁਤ ਪੁਰਾਣਾ ਹੈ। ਇਸ ਨੂੰ ਬੋਧੀ ਲਿਖਤਾਂ ਦਾ ਭੰਡਾਰ ਮੰਨਿਆ ਗਿਆ ਹੈ। ਬਾਦਸ਼ਾਹ ਅਸ਼ੋਕ ਮਹਾਨ ਦੇ ਸਮੇਂ ਤੋਂ ਹੀ ਇਹ ਭਾਰਤ ਦੇ ਪ੍ਰਭਾਵ ਅਧੀਨ ਰਿਹਾ ਹੈ। ਪ੍ਰਾਚੀਨ ਕਾਲ ਵਿਚ ਇਹ ਇਕ ਪ੍ਰਸਿੱਧ ਬੰਦਰਗਾਹ ਅਤੇ ਤਲੈਂਗ (ਮਾੱਨ) ਸਾਮਰਾਜ ਦੀ ਰਾਜਧਾਨੀ ਹੁੰਦਾ ਸੀ। ਇਸ ਦੇ ਨੇੜੇ ਹੀ ਪੈਗੂ ਅਤੇ ਮਾਰਤਾਬਾਨ ਨਾਂ ਦੇ ਸ਼ਹਿਰ ਇਥੋਂ ਦੇ ਬਾਦਸ਼ਾਹ ਨੇ ਹੀ ਵਸਾਏ ਸੀ। ਪੈਗੂ ਦੀ ਸਥਾਪਨਾ ਤੋਂ ਪਿੱਛੋਂ ਮਾਰਤਾਬਾਨ ਅਤੇ ਥਾਟੋਨ ਦੇ ਰਾਜਧਾਨੀ ਵਜੋਂ ਰਹਿਣ ਬਾਰੇ ਪ੍ਰਮਾਣਕ ਤੌਰ ਤੇ ਕੁਝ ਨਹੀਂ ਕਿਹਾ ਜਾ ਸਕਦਾ। ਗਿਆਰ੍ਹਵੀਂ ਸਦੀ ਵਿਚ ਪੇਗਾਨ ਦਾ ਬਾਦਸ਼ਾਹ ਅਨਾਵ੍ਰਤ ਪੈਗੂ ਦਰਿਆ ਨੂੰ ਪਾਰ ਕਰਕੇ ਥਾਟੋਨ ਪਹੁੰਚ ਗਿਆ ਅਤੇ ਉਸ ਨੇ ਸ਼ਹਿਰ ਨੂੰ ਤਬਾਹ ਕਰ ਦਿੱਤਾ। ਉਸ ਨੇ ਇਸ ਸ਼ਹਿਰ ਨੂੰ ਖ਼ੂਬ ਲੁੱਟਿਆ ਅਤੇ ਇਥੋਂ ਦਾ ਬਹੁਤ ਸਾਰਾ ਬੋਧੀ ਧਾਰਮਿਕ ਸਾਹਿਤ ਵੀ ਆਪਣੇ ਨਾਲ ਲੈ ਗਿਆ। ਇਸ ਸਮੇਂ ਇਸ ਸ਼ਹਿਰ ਦੀ ਇੰਨੀ ਭਾਰੀ ਤਬਾਹੀ ਹੋਈ ਕਿ ਇਸ ਦਾ ਮਿਥਿਹਾਸ ਅਤੇ ਇਤਿਹਾਸ ਵਿਚ ਕਿਤੇ ਹੀ ਜ਼ਿਕਰ ਆਇਆ ਹੈ ਪਰ ਫੇਰ ਵੀ ਇਸ ਨੂੰ ਬਰਮਾ ਵਿਚ 'ਬੁੱਧ ਮਤ ਦਾ ਪੰਘੂੜਾ' ਮੰਨਿਆ ਜਾਂਦਾ ਹੈ। ਇਥੇ ਬੋਧੀਆਂ ਦੇ ਬਣਾਏ ਪਗੋਡੇ ਵੀ ਮਿਲੇ ਹਨ ਜਿਹੜੇ ਕਿ ਲਗਭਗ ਇਕੋ ਹੀ ਨਮੂਨੇ ਦੇ ਬਣ ਹੋਏ ਹਨ।

16°55′ ਉ. ਵਿਥ. ; 97°22′ ਪੂ. ਲੰਬ.

ਹ. ਪੁ.-ਇੰਪ. ਗ. ਇੰਡ. 23 : 341 ; ਐਨ. ਬ੍ਰਿ. ਮਾ. 11 : 676

ਥਾਨ : ਇਹ ਗੁਜਰਾਤ (ਭਾਰਤ) ਰਾਜ ਦੇ ਸੁਰਿੰਦਰਨਗਰ ਜ਼ਿਲ੍ਹੇ ਦਾ ਇਕ ਪਿੰਡ (ਅੱਜ-ਕੱਲ੍ਹ-ਥਾਨਗੜ੍ਹ) ਹੈ ਜਿਹੜਾ ਉੱਤਰ ਵੱਲ ਵਾਧਵਾਂ ਤੋਂ ਰਾਜਕੋਟ ਵੱਲ ਜਾਂਦੀ ਮੁੱਖ ਸੜਕ ਉੱਤੇ ਵਾਕਿਆ ਹੈ। ਇਸ ਦੇ ਆਂਲੇ ਦੁਆਲੇ ਇਕ ਕਿਲਾ ਹੈ, ਇਹ ਇਸ ਦੇ ਹੀ ਨੇੜੇ ਪੈਂਦੀਆਂ ਸਭ ਤੋਂ ਪੁਰਾਣੀਆਂ ਪਵਿੱਤਰ ਥਾਵਾਂ ਵਿਚੋਂ ਇਕ ਹੈ। ਇਸ ਦਾ ਇਹ ਨਾਂ ਸੰਸਕ੍ਰਿਤ ਦੇ ਸ਼ਬਦ 'ਸਥਾਨ' ਤੋਂ ਲਿਆ ਗਿਆ ਹੈ। ਇਹ ਨਾਂ ਸ਼ਹਿਰ ਦੀ ਸ਼ਾਨ, ਧਾਰਮਿਕ ਸਥਾਨਾਂ ਦੀ ਨੇੜਤਾ ਨੂੰ ਦਰਸਾਉਂਦਾ ਹੈ।

ਪੰਜ ਪਾਂਡਵਾਂ ਦੀ ਪਤਨੀ ਦਰੋਪਦੀ ਦੀ ਜਨਮ ਭੂਮੀ ਹੋਣ ਕਰਕੇ ਇਸ ਨੂੰ ਕਈ ਵਾਰ ਦੇਵ ਪੰਚਾਲ ਵੀ ਕਹਿੰਦੇ ਹਨ। ਰਾਜਾ ਮਾਨਧਾਤਾ ਨੇ ਸੱਤਯੁਗ ਵਿਚ ਸੂਰਜ ਦਾ ਪਹਿਲਾ ਮੰਦਰ ਇਥੇ ਹੀ ਬਣਾਇਆ ਸੀ। ਕਿਹਾ ਜਾਂਦਾ ਹੈ ਕਿ ਉਸ ਵੇਲੇ ਸ਼ਹਿਰ ਕਈ ਵ. ਕਿ. ਮੀ. ਵਿਚ ਫੈਲਿਆ ਹੁੰਦਾ ਸੀ ਜਿਥੇ ਹਜ਼ਾਰਾਂ ਦੀ ਗਿਣਤੀ ਵਿਚ ਵੱਖ-ਵੱਖ ਵਰਣਾਂ ਦੇ ਲੋਕ ਰਹਿੰਦੇ ਸਨ।

ਸੰਨ 1690 ਵਿਚ ਗੁਜਰਾਤ ਦੇ ਵਾਇਸ ਸੂਬੇਦਾਰ, ਕਾਰਤਲਾਬ ਖ਼ਾਂ ਨੇ ਸ਼ਹਿਰ ਨੂੰ ਢਾਹ ਦਿੱਤਾ ਅਤੇ ਪੁਰਾਣੇ ਮੰਦਰ ਨੂੰ ਪੱਧਰਾ ਕਰ ਦਿੱਤਾ। ਵਰਤਮਾਨ ਮੰਦਰ ਪੁਰਾਣੇ ਵਾਲੀ ਥਾਂ ਉੱਤੇ ਹੀ ਬਣਾਇਆ ਗਿਆ ਹੈ। ਭਗਵਾਨ ਸ੍ਰੀ ਕ੍ਰਿਸ਼ਨ ਅਤੇ ਉਸ ਦੀ ਪਤਨੀ ਰੁਕਮਣੀ ਵੀ ਇਥੇ ਠਹਿਰੇ ਸਨ ਅਤੇ ਉਨ੍ਹਾਂ ਨੇ ਸ਼ਹਿਰ ਦੇ ਨੇੜੇ ਹੀ ਸਥਿਤ ਦੋ ਤਲਾਬਾਂ ਵਿਚ ਇਸ਼ਨਾਨ ਕੀਤਾ ਜਿਨ੍ਹਾਂ ਵਿਚ ਇਕ ਨੂੰ 'ਪ੍ਰੀਤਮ' ਕਿਹਾ ਜਾਂਦਾ ਹੈ ਅਤੇ ਦੂਜੇ ਨੂੰ ਲਕਸ਼ਮੀ ਦੇ ਨਾਂ ਪਿੱਛੇ 'ਕਮਲ' ਕਿਹਾ ਜਾਂਦਾ ਹੈ ਅਤੇ ਕਮਲ ਉਸ ਦਾ ਹੀ ਪ੍ਰਤੀਕ ਹੈ। ਵਿਚਕਾਰਲੀ ਗੜ੍ਹੀ ਨੂੰ ਕੰਡੋਲਾ ਵੀ ਕਿਹਾ ਜਾਂਦਾ ਹੈ। ਇਥੇ ਹੀ ਸੂਰਜ ਦਾ ਸਭ ਤੋਂ ਪ੍ਰਸਿੱਧ ਮੰਦਰ ਹੈ। ਇਥੋਂ ਕੁਝ ਕਿਲੋਮੀਟਰ ਦੂਰ ਤਿੰਨ ਅੱਖਾਂ ਵਾਲੇ ਦੇਵਤੇ ਤ੍ਰਿਨੇਤਸ਼ਵਰ ਦਾ ਧਰਮ ਅਸਥਾਨ ਹੈ ਜਿਸ ਨੂੰ ਸ਼ਿਵਾ ਦੀ ਉਪਾਧੀ ਹਾਸਲ ਹੈ। ਇਸ ਦੇ ਨੇੜੇ ਹੀ ਇਕ ਮਸ਼ਹੂਰ ਕੁੰਡ ਹੈ। ਲੋਕਾਂ ਦਾ ਵਿਸ਼ਵਾਸ਼ ਹੈ ਕਿ ਇਥੇ ਨਹਾਉਣ ਵਾਲੇ ਦੇ ਸਾਰੇ ਹੀ ਪਾਪ ਧੋਤੇ ਜਾਂਦੇ ਹਨ। ਇਸ ਤਲਾਅ ਨੂੰ ਪਾਪਨਾਸ਼ਕ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਸ ਦੇ ਨੇੜੇ ਹੀ ਮਾਧਵ ਦੀਆਂ ਪਹਾੜੀਆਂ ਹਨ।

ਆਬਾਦੀ– 24, 770 (1991)

ਹ. ਪੁ.- ਇੰਪ. ਗ. ਇੰਡ. 23 : 287

ਥਾਨ : ਇਹ ਉੱਤਰ ਪ੍ਰਦੇਸ਼ ਦੇ ਰਾਏਬ੍ਰੇਲੀ ਜ਼ਿਲ੍ਹੇ ਦਾ ਇਕ ਕਵੀ ਸੀ ਜਿਸ ਦਾ ਪੂਰਾ ਨਾਂ ਖਾਨ ਰਾਏ ਸੀ। ਇਹ ਨਿਹਾਲ ਰਾਏ ਦਾ ਪੁੱਤਰ ਅਤੇ ਉੱਘੇ ਕਵੀ ਬੰਦੀਜਨ ਦਾ ਭਾਣਜਾ ਸੀ। ਸੰਨ 1840 ਵਿਚ ਇਸ ਨੇ ਚੱਡ੍ਹਰਾ (ਬੈਸਵਾਰਾ) ਦੇ ਰਈਸ ਦਲੇਲ ਸਿੰਘ ਦੇ ਨਾਂ ਤੇ ਇਕ ਰੀਤੀ ਗ੍ਰੰਥ 'ਦਲੇਲ ਪ੍ਰਕਾਸ਼' ਰਚਿਆ। ਇਸ ਗ੍ਰੰਥ ਵਿਚ ਰਸ, ਭਾਵ, ਅਲੰਕਾਰਾਂ ਅਤੇ ਕਾਵਿ ਤੋਂ ਇਲਾਵਾ ਰਾਗ-ਰਾਗਣੀਆਂ ਦੇ ਚਿੰਨ੍ਹ ਅਤੇ ਚਿੱਤਰ-ਕਾਵਿ ਵੀ ਸ਼ਾਮਲ ਹਨ। ਇਸ ਨੇ ਜਿਹੜਾ ਵੀ ਵਿਸ਼ਾ ਲਿਆ ਹੈ ਉਸ ਉਪਰ ਵਧੀਆ ਕਵਿਤਾਵਾਂ ਲਿਖੀਆਂ ਹਨ। ਇਸ ਦੀ ਬ੍ਰਜ ਭਾਸ਼ਾ ਸੁੰਦਰ, ਮਧੁਰ ਅਤੇ ਪ੍ਰਭਾਵ ਪੂਰਨ ਹੈ।

ਹ. ਪੁ. – ਹਿੰ. ਵਿ. ਕੋ. 5 : 468

ਥਾਨਾ : ਜ਼ਿਲ੍ਹਾ—ਇਹ ਪੱਛਮੀ ਭਾਰਤ ਦੇ ਮਹਾਂਰਾਸ਼ਟਰ ਰਾਜ ਦਾ ਇਕ ਜ਼ਿਲ੍ਹਾ ਹੈ। ਇਸੇ ਹੀ ਨਾਂ ਦਾ ਸ਼ਹਿਰ ਇਸ ਦਾ ਸਦਰ ਮੁਕਾਮ ਹੈ। ਇਸ ਦਾ ਖੇਤਰਫਲ 9,553 ਵ. ਕਿ.ਮੀ. (3,688 ਵ. ਮੀਲ) ਅਤੇ ਆਬਾਦੀ 52, 49, 126 (1991) ਹੈ। ਇਸ ਦੇ ਪੱਛਮ ਵਿਚ ਅਰਬ ਸਾਗਰ ਅਤੇ ਪੂਰਬ ਵਿਚ ਪੱਛਮੀ ਘਾਟ ਦੀਆਂ ਸਹਯਾਦਰੀ ਪਹਾੜੀਆਂ ਹਨ।

ਇਸ ਜ਼ਿਲ੍ਹੇ ਵਿਚ ਕੋਨਕਨ ਸਾਹਿਲੀ ਖੇਤਰ ਦੇ ਧੁਰ ਉੱਤਰੀ ਭਾਗ ਦਾ ਕੁਝ ਉੱਘੜ-ਦੁੱਘੜਾ ਹਿੱਸਾ ਸ਼ਾਮਲ ਹੈ। ਇਸ ਤੋਂ ਇਲਾਵਾ ਇਸ ਵਿਚ ਪੱਛਮੀ ਘਾਟਾਂ ਦੀਆਂ ਪਹਾੜੀਆਂ ਵੀ ਸ਼ਾਮਲ ਹਨ ਜੋ ਸਮੁੰਦਰੀ ਕੰਢੇ ਤੱਕ ਫੈਲੀਆਂ ਹੋਈਆਂ ਹਨ। ਉਲਹਾਸ ਅਤੇ ਵੈਤਰਨਾ ਦਰਿਆਵਾਂ ਤੋਂ ਇਲਾਵਾ ਹੋਰ ਵੀ ਕਈ ਛੋਟੇ ਤੇਜ਼ ਵਗਣ ਵਾਲੇ ਦਰਿਆ ਪਹਾੜੀਆਂ ਵਿਚੋਂ ਦੀ ਲੰਘਦੇ ਹਨ। ਗਰਮੀਆਂ ਵਿਚ ਦੱਖਣ-ਪੱਛਮ ਵੱਲੋਂ ਆਉਂਦੀਆਂ ਮੌਨਸੂਨ ਪੌਣਾਂ ਦੇ ਪ੍ਰਭਾਵ ਨਾਲ ਇਥੇ ਭਾਰੀ ਵਰਖਾ ਹੁੰਦੀ ਹੈ।

ਇਹ ਜ਼ਿਲ੍ਹਾ ਮੁੱਖ ਤੌਰ ਤੇ ਖੇਤੀ ਪ੍ਰਧਾਨ ਖੇਤਰ ਹੈ। ਚੌਲ, ਜਵੀਂ, ਫਲ ਅਤੇ ਸਬਜ਼ੀਆਂ ਇਥੋਂ ਦੀਆਂ ਮੁੱਖ ਫ਼ਸਲਾਂ ਹਨ। ਇਥੇ ਮਿਲਣ ਵਾਲੇ ਖਣਿਜਾਂ ਵਿਚ ਬਾਕਸਾਈਟ ਦੇ ਭੰਡਾਰ ਵੀ ਹਨ। ਇਸ ਦੇ ਕਲਿਆਣ, ਉਲਹਾਸਨਗਰ ਅਤੇ ਥਾਨਾ ਸ਼ਹਿਰਾਂ ਵਿਚ ਵੱਖ-ਵੱਖ ਕਿਸਮ ਦੇ ਉਦਯੋਗ ਸਥਾਪਿਤ ਹਨ। ਇਸ ਦੇ ਸਾਹਿਲੀ ਖੇਤਰ ਵਿਚ ਲੂਣ ਤਿਆਰ ਕੀਤਾ ਜਾਂਦਾ ਹੈ। ਬੇਸਾਈਂ ਖ਼ਾਸ ਕਰਕੇ ਮੱਛੀਆਂ ਫੜਨ ਲਈ ਮਸ਼ਹੂਰ ਹੈ।

ਜ਼ਿਲ੍ਹੇ ਦੇ ਇਤਿਹਾਸ ਦਾ ਮੁੰਬਈ ਨਾਲ ਵੀ ਡੂੰਘਾ ਸਬੰਧ ਹੈ। ਸ਼ਾਹਦ, ਟਿਟਵਾਲਾ, ਬੇਸਾਈਂ, ਕਲਿਆਣ, ਮਲਨਗੜ੍ਹ ਅਤੇ ਅੰਬਰਨਾਥ ਇਸੇ ਜ਼ਿਲ੍ਹੇ ਦੇ ਪ੍ਰਮੁੱਖ ਸ਼ਹਿਰ ਹਨ। ਵਜਰੇਸ਼ਵਰੀ ਵਿਖੇ ਗਰਮ ਪਾਣੀ ਦੇ ਚਸ਼ਮੇ ਹਨ।

ਹ. ਪੁ.- ਐਨ. ਬ੍ਰਿ. ਮਾ. 11 : 672

ਥਾਨਾ : **ਸ਼ਹਿਰ**—ਪੱਛਮੀ ਭਾਰਤ ਦੇ ਮਹਾਂਰਾਸ਼ਟਰ ਰਾਜ ਵਿਚ ਇਸੇ ਹੀ ਨਾਂ ਦੇ ਜ਼ਿਲ੍ਹੇ ਦਾ ਸਦਰ ਮੁਕਾਮ ਹੈ ਜਿਹੜਾ ਮੁੰਬਈ ਦੇ ਉੱਤਰ-ਪੂਰਬ ਵਿਚ ਉਲਹਾਮ ਜਵਾਰ-ਦਹਾਨੇ ਦੇ ਮੁੱਢ ਅਤੇ ਥਾਨਾ ਦਰਿਆ ਦੇ ਮੁਹਾਣੇ ਉੱਤੇ ਸਥਿਤ ਹੈ। ਇਕ ਵੱਡਾ ਉਦਯੋਗਿਕ ਕੰਪਲੈਕਸ ਹੋਣ ਦੇ ਬਾਵਜੂਦ ਵੀ ਇਹ ਸ਼ਹਿਰ ਮੂਲ ਰੂਪ ਵਿਚ ਮੁੰਬਈ ਦਾ ਇਕ ਰਿਹਾਇਸ਼ੀ ਉਪਨਗਰ ਹੀ ਹੈ। ਇਥੇ ਰਸਾਇਣ, ਇੰਜੀਨੀਅਰਿੰਗ ਅਤੇ ਕੱਪੜਾ ਬਣਾਉਣ ਸਬੰਧੀ ਉਦਯੋਗ ਵਿਕਸਿਤ ਹਨ। ਇਹ ਰਾਜ ਦੀ ਬੱਸ ਸੇਵਾ ਦਾ ਡਿਵੀਜਨਲ ਸਦਰ ਮੁਕਾਮ ਹੈ। ਇਥੇ ਇਕ ਕਿਲਾ ਅਤੇ ਦੋ ਈਸਾਈ ਗਿਰਜੇ ਹਨ। ਇਨ੍ਹਾਂ ਤੋਂ ਇਲਾਵਾ ਕਈ ਇਤਿਹਾਸਕ ਇਮਾਰਤਾਂ ਵੀ ਹਨ।

ਆਬਾਦੀ–8, 03, 389 (1991)

10°12′ ਉ. ਵਿਥ. ; 72°59′ ਪੂ. ਲੰਬ.

ਹ. ਪੁ.–ਐਨ. ਬ੍ਰਿ. ਮਾ. 11 : 672; ਇੰਪ. ਗ. ਇੰਡ. 23 : 303

ਥਾਨੇਸਰ : ਇਸ ਨੂੰ ਸੰਸਕ੍ਰਿਤ ਵਿਚ ਸਥਾਨੇਸ਼ਵਰ ਵੀ ਕਿਹਾ ਜਾਂਦਾ ਹੈ। ਇਹ ਹਰਿਆਣਾ (ਭਾਰਤ) ਦੇ ਜ਼ਿਲ੍ਹਾ ਕੁਰੂਕਸ਼ੇਤਰ ਵਿਚ ਦਿੱਲੀ ਤੋਂ ਕੋਈ 150 ਕਿ. ਮੀ. ਉੱਤਰ ਵੱਲ, ਅੰਬਾਲੇ ਤੋਂ 40 ਕਿ. ਮੀ. ਦੱਖਣ ਵੱਲ ਨੂੰ ਅਤੇ ਕੁਰੂਕਸ਼ੇਤਰ ਤੋਂ 5 ਕੁ ਕਿ. ਮੀ. ਪੱਛਮ ਵੱਲ ਨੂੰ ਸਰਸਵਤੀ ਨਦੀ ਦੇ ਕੰਢੇ ਹਿੰਦੂਆਂ ਦਾ ਇਕ ਪਵਿੱਤਰ ਤੀਰਥ ਅਸਥਾਨ ਅਤੇ ਸ਼ਹਿਰ ਹੈ। ਇਸ ਸ਼ਹਿਰ ਵਿਚ ਇਕ ਪ੍ਰਾਚੀਨ ਸਰੋਵਰ ਵੀ ਹੈ। ਇਹ ਦਿੱਲੀ-ਅੰਬਾਲਾ ਰੇਲ ਲਾਈਨ ਉਪਰ ਵੀ ਪੈਂਦਾ ਹੈ। ਪ੍ਰਾਚੀਨ ਰਵਾਇਤ ਅਨੁਸਾਰ ਸ਼ਿਵਲਿੰਗ ਦੀ ਪੂਜਾ ਸਭ ਤੋਂ ਪਹਿਲਾਂ ਇਥੇ ਹੀ ਆਰੰਭ ਹੋਈ ਸੀ ਅਤੇ ਮਹਾਂਭਾਰਤ ਦਾ ਯੁੱਧ ਵੀ ਇਸ ਦੇ ਦੱਖਣ-ਪੱਛਮ ਵੱਲ ਕੁਰੂਕਸ਼ੇਤਰ ਦੀ ਰਣਭੂਮੀ ਵਿਚ ਹੋਇਆ ਸੀ। ਥਾਨੇਸਰ ਦੇ ਦੱਖਣ ਦੇ ਇਲਾਕੇ ਜੋ ਸਰਸਵਤੀ ਅਤੇ ਦ੍ਰਿਸ਼ਦਵਤੀ ਨਦੀਆਂ ਦੇ ਵਿਚਕਾਰ ਹੈ, ਕੁਰੂਕਸ਼ੇਤਰ ਧਰਮ ਖੇਤਰ ਅਤੇ ਬ੍ਰਹਮਵਰਤ ਨਾਵਾਂ ਨਾਲ ਯਾਦ ਕੀਤਾ ਜਾਂਦਾ ਹੈ। ਪੁਰਾਣੇ ਸਾਹਿਤ ਵਿਚ ਇਸ ਸਰੋਵਰ ਦੇ ਕਈ ਨਾਂ ਆਏ ਜਿਵੇਂ ਕਿ ਬ੍ਰਹਮਸਰ, ਵਾਯਵਸਰ ਅਤੇ ਪਵਨਸਾਰ। ਕਨਿੰਘਮ ਅਨੁਸਾਰ ਇਹ ਸਰੋਵਰ 1064 ਮੀ. (3,546 ਫ਼ੁੱਟ) ਲੰਬਾ ਅਤੇ 570 ਮੀ. (1,900 ਫ਼ੁੱਟ) ਚੌੜਾ ਹੈ।

ਇਕ ਪੌਰਾਣਕ ਕਥਾ ਅਨੁਸਾਰ ਇਸ ਸਰੋਵਰ ਦੇ ਕੰਢੇ ਤੇ ਪਾਂਡਵਾਂ ਅਤੇ ਕੌਰਵਾਂ ਦੇ ਸਾਂਝੇ ਬਜ਼ੁਰਗ, ਕੁਰੂ ਨੇ ਤਪੱਸਿਆ ਕੀਤੀ ਸੀ। ਇਥੇ ਹੀ ਪਰਸੂ ਰਾਮ ਨੇ ਆਪਣੇ ਕੁਹਾੜੇ ਨਾਲ ਅਨੇਕਾਂ ਖੱਤਰੀਆਂ ਦਾ ਨਾਸ਼ ਕੀਤਾ ਸੀ। ਇਥੇ ਕੁਰੂ ਵੰਸ਼ ਦੇ ਰਾਜਾ ਦਿਲੀਪ ਨੇ ਇਕ ਕਿਲਾ ਬਣਵਾਇਆ ਸੀ ਜਿਸ ਦੇ 52 ਬੁਰਜ ਸਨ। ਇਸ ਸਮੇਂ ਇਹ ਸਭ ਕੁਝ ਥੇਹ ਬਣ ਚੁਕਿਆ ਹੈ। ਇਸ ਸਰੋਵਰ ਦੀ 500 ਈ. ਵਿਚ ਬਹੁਤ ਮਹੱਤਤਾ ਹੁੰਦੀ ਸੀ ਅਤੇ ਇਸ ਦੀ ਲਿਖ਼ਤ ਦੇ ਆਧਾਰ ਤੇ ਅਲਬਰੂਨੀ ਆਪਣੀ ਪ੍ਰਸਿੱਧ ਪੁਸਤਕ ਅਲ-ਹਿੰਦ ਵਿਚ ਲਿਖਦਾ ਹੈ ਕਿ ਚੰਦਰ ਗ੍ਰਹਿਣ ਸਮੇਂ ਹੋਰ ਸਾਰੇ ਸਰੋਵਰਾਂ ਦਾ ਜਲ ਥਾਨੇਸਰ ਦੇ ਸਰੋਵਰ ਦੀ ਯਾਤਰਾ ਕਰਦਾ ਹੈ। ਛੇਵੀਂ ਸਦੀ ਦੇ ਆਰੰਭ ਵਿਚ ਇਹ ਸ੍ਰੀ ਕੰਠ ਜਨਪਦ ਦੀ ਰਾਜਧਾਨੀ ਸੀ ਜਿਸ ਦੀ ਸਥਾਪਨਾ ਬਾਣ ਭੱਟ ਅਨੁਸਾਰ ਪੁਸ਼ਪਭੂਤੀ ਨੇ ਕੀਤੀ।

ਥਾਨੇਸਰ ਰਾਜ ਦੇ ਪਹਿਲੇ ਤਿੰਨ ਰਾਜਿਆਂ ਸਬੰਧੀ ਨਿਸਚੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ। ਪਰਭਾਕਰ ਵਰਧਨ ਪਹਿਲਾ ਰਾਜਾ ਹੈ ਜਿਸ ਦਾ ਜ਼ਿਕਰ ਬਾਣ ਭੱਟ ਨੇ ਕੀਤਾ ਹੈ। ਬੀਮਾਰੀ ਕਾਰਨ ਰਾਜੇ ਦੀ ਮੌਤ ਹੋ ਜਾਣ ਤੇ ਉਸ ਦੀ ਰਾਣੀ ਯਸ਼ੋਮਤੀ ਸਰਸਵਤੀ ਦੇ ਕੰਢੇ ਸਤੀ ਹੋ ਗਈ। ਇਸ ਗੱਲ ਦਾ ਉਨ੍ਹਾਂ ਦੇ ਵੱਡੇ ਰਾਜਕੁਮਾਰ, ਰਾਜ ਵਰਧਨ ਦੇ ਮਨ ਤੇ ਬਹੁਤ ਅਸਰ ਹੋਇਆ। ਉਸ ਨੇ ਰਾਜਭਾਗ ਆਪਣੇ ਛੋਟੇ ਭਾਈ ਹਰਸ਼ ਵਰਧਨ ਨੂੰ ਸੌਂਪ ਕੇ ਸਾਧੂ ਬਣਨ ਦਾ ਫੈਸਲਾ ਕਰ ਲਿਆ ਪਰ ਕਨੌਜ ਤੋਂ ਇਹ ਖਬਰ ਆ ਪਹੁੰਚੀ ਕਿ ਮਾਲਵੇ ਦੇ ਰਾਜੇ ਨੇ ਉਸ ਦੀ ਭੈਣ, ਰਾਜੇਸ਼ਵਰੀ ਨੂੰ ਕੈਦ ਕਰ ਲਿਆ ਹੈ ਅਤੇ ਥਾਨੇਸਰ ਤੇ ਕਬਜ਼ਾ ਕਰਨਾ ਚਾਹੁੰਦਾ ਹੈ। ਇਸ ਲਈ ਇਸ ਨੇ ਮਾਲਵੇ ਦੇ ਰਾਜੇ ਤੇ ਹਮਲਾ ਕਰ ਦਿੱਤਾ। ਹਮਲੇ ਵਿਚ ਰਾਜੇਸ਼ਵਰੀ ਦੇ ਪਤੀ ਦੀ ਮੌਤ ਹੋ ਗਈ ਅਤੇ ਰਾਜ ਦੀ ਵਾਗਡੋਰ ਹਰਸ਼ ਵਰਧਨ ਨੂੰ ਸੰਭਾਲਣੀ ਪਈ। ਥੋੜ੍ਹੀ ਦੇਰ ਵਿਚ ਹੀ ਹਰਸ਼ ਵਰਧਨ ਨੇ ਕਾਫੀ ਪ੍ਰਸਿੱਧੀ ਪ੍ਰਾਪਤ ਕਰ ਲਈ।

ਸੰਨ 1014 ਵਿਚ ਮਹਿਮੂਦ ਗਜ਼ਨੀ ਨੇ ਇਸ ਨੂੰ ਲੁੱਟ ਕੇ ਬਰਬਾਦ ਕਰ ਦਿੱਤਾ। ਭਾਵੇਂ 1043 ਈ. ਵਿਚ ਦਿੱਲੀ ਦੇ ਇਕ ਹਿੰਦੂ ਰਾਜੇ ਨੇ ਇਸ ਨੂੰ ਮੁੜ ਆਪਣੇ ਕਬਜ਼ੇ ਵਿਚ ਲੈ ਲਿਆ ਸੀ ਪਰ ਇਹ ਕਈ ਸਦੀਆਂ ਤੱਕ ਬੇਰੌਣਕ ਹੀ ਰਿਹਾ। ਸਿਕੰਦਰ ਲੋਧੀ ਦੇ ਵੇਲੇ ਇਹ ਕਾਫ਼ੀ ਪ੍ਰਫੁਲਤ ਹੋ ਚੁੱਕਿਆ ਸੀ ਜਦੋਂ ਉਸ ਨੇ ਇਸ ਨੂੰ ਲੁੱਟਣ ਦੀ ਵਿਚਾਰ ਕੀਤੀ ਸੀ।

ਮੁਲਾਂ ਅਹਿਮਦ ਲਿਖਦਾ ਹੈ ਕਿ ਅਕਬਰ ਦੇ ਵੇਲੇ ਸਰੋਵਰ ਦੇ ਵਿਚਕਾਰ ਬਣੀ ਮਸੀਤ ਨੂੰ ਢਾਹ ਕੇ, ਹਿੰਦੂਆਂ ਨੇ ਇਥੇ ਮੰਦਰ ਬਣਾ ਲਿਆ ਕਿਉਂਕਿ ਥਾਨੇਸਰ ਹਿੰਦੂਆਂ ਦਾ ਤੀਰਥ ਸਥਾਨ ਸੀ। ਹੋ ਸਕਦਾ ਹੈ ਕਿ ਕਿਸੇ ਵੇਲੇ ਮੁਸਲਮਾਨਾਂ ਨੇ ਮੰਦਰ ਨੂੰ ਢਾਹ ਕੇ ਮਸਜਿਦ ਬਣਾ ਲਈ ਹੋਵੇ ਜਿਸ ਦੀ ਥਾਂ ਹਿੰਦੂਆਂ ਨੇ ਮੁੜ ਮੰਦਰ ਬਣਾ ਲਿਆ ਹੋਵੇ। ਔਰੰਗਜ਼ੇਬ ਨੇ ਮੰਦਰ ਨੂੰ ਢਾਹ ਕੇ ਸਰੋਵਰ ਦੇ ਵਿਚਕਾਰ ਕਿਲਾ ਬਣਵਾ ਦਿੱਤਾ ਤਾਂ ਕਿ ਮੁਸਲਮਾਨ ਸਿਪਾਹੀ ਇਸ਼ਨਾਨ ਕਰਨ ਆਏ ਹਿੰਦੂਆਂ ਉੱਤੇ ਗੋਲੀ ਚਲਾ ਸਕਣ। ਸੰਨ 1764 ਦੇ ਵਿਚਕਾਰ ਇਥੇ ਸਰਦਾਰ ਭੰਗਾ ਸਿੰਘ ਨੇ ਕਬਜ਼ਾ ਕਰ ਲਿਆ ਅਤੇ 1862 ਈ. ਵਿਚ ਇਹ ਅੰਗਰੇਜ਼ਾਂ ਦੇ ਕਬਜ਼ੇ ਵਿਚ ਆ ਗਿਆ। ਸੰਨ 1867 ਵਿਚ ਇਥੇ ਮਿਉਂਸਪਲ ਕਮੇਟੀ ਸਥਾਪਿਤ ਕੀਤੀ ਗਈ।

ਕੁਰੂਕਸ਼ੇਤਰ ਵਿਖੇ ਸੰਸਕ੍ਰਿਤ ਯੂਨੀਵਰਸਿਟੀ ਬਣਨ ਨਾਲ ਹਿੰਦੂ ਸਭਿਅਤਾ ਦਾ ਇਹ ਕੇਂਦਰ ਮੁੜ ਸੁਰਜੀਤ ਹੁੰਦਾ ਜਾ ਰਿਹਾ ਹੈ। ਇਸ ਸਮੇਂ ਇਹ ਕਣਕ, ਮੱਕੀ ਅਤੇ ਛੋਲਿਆਂ ਦੀ ਪ੍ਰਸਿੱਧ ਮੰਡੀ ਹੈ।

ਆਬਾਦੀ -81, 255 (1991)

29°59′ ਉ. ਵਿਥ. ; 76°49′ ਪੂ. ਲੰਬ.

ਹ. ਪੁ.-ਪੰਜਾਬ : 503 , 505

ਥਾੱਰਸਟਾਈਨਸਨ, ਸਟਾਈਨਰਿਕਮੂਰ : ਆਇਰਲੈਂਡ ਦੇ ਇਸ ਦੇਸ਼ਭਗਤ ਅਤੇ ਸਰੋਦੀ ਕਵਿਤਾ ਲਿਖਣ ਵਾਲੇ ਕਵੀ ਦਾ ਜਨਮ 19 ਮਈ, 1831 ਨੂੰ ਸਨੀਫੈਲਸਨੈੱਸ ਵਿਖੇ ਹੋਇਆ। ਵਧੇਰੇ ਕਰ ਕੇ ਇਹ ਮਹੱਤਵਪੂਰਨ ਕਿਰਤਾਂ ਨੂੰ ਆਈਸਲੈਂਡੀ ਭਾਸ਼ਾ ਵਿਚ ਅਨੁਵਾਦ ਕਰਨ ਕਰ ਕੇ ਜਾਣਿਆ ਜਾਂਦਾ ਹੈ। ਇਸ ਨੇ ਕੋਪਨਹੇਗੈੱਨ ਯੂਨੀਵਰਸਿਟੀ ਤੋਂ ਸਨਾਤਨੀ ਭਾਸ਼ਾ ਵਿਗਿਆਨ ਦੀ ਸਿੱਖਿਆ ਪ੍ਰਾਪਤ ਕੀਤੀ। ਇਸ ਤੋਂ ਇਲਾਵਾ ਇਸ ਨੇ ਆਧੁਨਿਕ ਯੂਰਪੀ ਸਾਹਿਤ ਵੀ ਪੜ੍ਹਿਆ। ਵੀਹ ਸਾਲਾਂ ਮਗਰੋਂ 1872 ਈ. ਵਿਚ ਕੋਪਨਹੇਗੈੱਨ ਤੋਂ ਆਈਸਲੈਂਡ ਵਾਪਿਸ ਆਉਣ ਤੇ ਇਹ ਰੇਕਯਾਵੀਕ ਦੇ ਲਾਤੀਨੀ ਸਕੂਲ ਵਿਖੇ ਪਹਿਲਾਂ ਅਧਿਆਪਕ ਅਤੇ ਬਾਅਦ ਵਿਚ ਹੈੱਡਮਾਸਟਰ ਲੱਗਿਆ।

ਕੋਪਨਹੇਗੈੱਨ ਵਿਖੇ ਇਸ ਨੇ ਆਈਸਲੈਂਡ ਦੇ ਨੌਜੁਆਨ ਦੇਸ਼ਭਗਤਾਂ ਨਾਲ ਮਿਲ ਕੇ ਆਪਣੇ ਦੇਸ਼ ਨੂੰ ਡੈਨਮਾਰਕ ਤੋਂ ਸੁੰਤਤਰ ਕਰਾਉਣ ਦੀ ਮੁਹਿੰਮ ਵਿਚ ਹਿੱਸਾ ਲਿਆ। ਉਸ ਸਮੇਂ ਦੀ ਇਸ ਦੀ ਵਧੇਰੀ ਕਵਿਤਾ ਦੇਸ਼ਭਗਤੀ ਭਰਪੂਰ ਸੀ। ਆਪਣੇ ਦੇਸ਼ ਵਾਸੀਆਂ ਦੀ ਸਾਹਿਤਕ ਰੁਚੀ ਨੂੰ ਵਧਾਉਣ ਲਈ ਇਸ ਨੇ ਬਦੇਸ਼ਾਂ ਦੇ ਆਧੁਨਿਕ ਸਾਹਿਤ ਦਾ ਵੀ ਅਨੁਵਾਦ ਕੀਤਾ। 'ਦੀ ਅਰੇਬੀਅਨ ਨਾਈਟਸ ਐਂਟਰਟੇਨਮੈਂਟ', 'ਕਿੰਗ ਲੀਅਰ', 'ਰੋਬਿਨਸਨ ਕਰੂਜ਼ੋ' ਅਤੇ 'ਫੇਅਰੀ ਟੇਲਜ਼' ਇਸ ਦੀਆਂ ਕੁਝ ਕੁ ਪ੍ਰਸਿੱਧ ਅਨੁਵਾਦਿਤ ਕ੍ਰਿਤਾਂ ਹਨ।

ਇਸ ਦੀਆਂ ਕਵਿਤਾਵਾਂ ਉੱਚ - ਪੱਧਰ ਦੀਆਂ ਹਨ। ਆਪਣੀ ਸੰਗੀਤਕ ਕਵਿਤਾ 'ਫਾਦਰਲੈਂਡ' ਕਾਰਨ ਇਹ ਬਹੁਤ ਪ੍ਰਸਿੱਧ ਹੋਇਆ।

21 ਅਗਸਤ, 1913 ਨੂੰ ਰੇਕਯਾਵੀਕ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ. - ਐਨ. ਬ੍ਰਿ. ਮਾ. 9 : 973

ਥਾੱਰਨਹਿਲ, ਸਰ ਜੇਮਜ਼ : ਇਤਾਲਵੀ ਬੈਰੋਕ ਸ਼ੈਲੀ ਦੇ ਇਸ ਅੰਗਰੇਜ਼ ਚਿੱਤਰਕਾਰ ਦਾ ਜਨਮ 1675 ਜਾਂ 1676 ਈ. ਵਿਚ ਡਾੱਰਸੈੱਟ ਵਿਚ ਮੈਲਕੂੰਬ ਰੇਜਿਸ ਵਿਖੇ ਹੋਇਆ। ਬਾਦਸ਼ਾਹ ਜਾਰਜ ਪਹਿਲੇ, ਜਾਰਜ ਦੂਜੇ ਅਤੇ ਮਹਾਰਾਣੀ ਐਨ ਦੇ ਕਾਲ ਦੌਰਾਨ ਇਹ ਦਰਬਾਰੀ ਚਿੱਤਰਕਾਰ ਰਿਹਾ। ਇਸ ਨੂੰ ਮਹਿਲਾਂ ਅਤੇ ਸਰਕਾਰੀ ਇਮਾਰਤਾਂ ਦੀ ਸਜਾਵਟ ਦਾ ਕੰਮ ਸੌਂਪਿਆ ਗਿਆ। ਇਹ ਪੋਰਟ੍ਰੇਟ ਵੀ ਬਣਾਉਂਦਾ ਹੁੰਦਾ ਸੀ। ਸੰਨ 1723 ਵਿਚ ਇਹ ਰਾਇਲ ਸੋਸਾਇਟੀ ਦਾ ਫ਼ੈਲੋ ਬਣਿਆ। ਸੰਨ 1722-34 ਦੌਰਾਨ ਇਹ ਪਾਰਲੀਮੈਂਟ ਦਾ ਮੈਂਬਰ ਰਿਹਾ। ਸੰਨ 1720 ਵਿਚ ਇਸ ਨੂੰ 'ਨਾਈਟ' ਦੀ ਉਪਾਧੀ ਪ੍ਰਦਾਨ ਕੀਤੀ ਗਈ। ਹੋਰਾਂ ਤੋਂ ਇਲਾਵਾ ਥਾੱਰਨਹਿਲ ਨੇ ਆਪਣੇ ਸਮਕਾਲੀਆਂ ਇਜ਼ਾਕ ਨਿਊਟਨ ਅਤੇ ਸਰ ਰਿਚਰਡ ਸਟੀਲ ਦੀਆਂ ਤਸਵੀਰਾਂ ਬਣਾਈਆਂ।

13 ਮਈ, 1734 ਨੂੰ ਡਾੱਰਸੈਟ ਵਿਚ ਥਾੱਰਨਹਿੱਲ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ. - ਐਨ. ਬ੍ਰਿ. ਮਾ. 22 : 154; ਚੈਂਬ. ਐਨ. 13 : 624; ਐਨ. ਅਮੈ. 26 : 588

ਥਾਰਨਟਨ, ਵਿਲੀਅਮ : ਇਹ ਬਰਤਾਨੀਆ ਅਤੇ ਸੰਯੁਕਤ ਰਾਸ਼ਟਰ ਦਾ ਉਸਾਰੀ ਕਲਾ ਮਾਹਿਰ ਅਤੇ ਖੋਜੀ ਸੀ ਜਿਸ ਨੇ ਵਾਸ਼ਿੰਗਟਨ ਦੀ ਰਾਜਧਾਨੀ ਦਾ ਡਿਜ਼ਾਈਨ ਤਿਆਰ ਕੀਤਾ। ਇਸ ਦਾ ਜਨਮ 20 ਮਈ, 1759 ਨੂੰ ਟਾਰਟੋਲ ਬ੍ਰਿਟਿਸ਼ ਵਰਜਿਨ ਦੀਪ ਵਿਖੇ ਹੋਇਆ। ਇਸ ਨੇ ਯੂਨੀਵਰਸਿਟੀ ਵਿਚ ਮੈਡੀਸੀਨ ਦੀ ਵਿੱਦਿਆ ਪ੍ਰਾਪਤ ਕਰਨ ਉਪਰੰਤ ਐਬਰਡੀਨ ਯੂਨੀਵਰਸਿਟੀ ਤੋਂ ਐੱਮ. ਡੀ. ਦੀ ਡਿਗਰੀ ਪ੍ਰਾਪਤ ਕੀਤੀ। ਇਹ ਆਦ੍ਹੀਮ ਦੀ ਯਾਤਰਾ ਕਰਨ ਉਪਰੰਤ ਟਾਰਟੋਲ ਵਾਪਸ ਆ ਗਿਆ ਅਤੇ 1787 ਈ. ਵਿਚ ਸੰਯੁਕਤ ਰਾਸ਼ਟਰ ਗਿਆ ਅਤੇ ਇਕ ਸਾਲ ਮਗਰੋਂ ਇਸ ਨੂੰ ਸੰਯੁਕਤ ਰਾਸ਼ਟਰ ਦੀ ਨਾਗਰਿਕਤਾ ਵੀ ਮਿਲ ਗਈ ਅਤੇ ਫ਼ਿਲਾਡੈਲਫ਼ੀਆ ਦੀ ਕੰਪਨੀ ਨੇ ਲਾਇਬ੍ਰੇਰੀ ਦੀ ਨਵੀਂ ਇਮਾਰਤ ਲਈ ਡਿਜ਼ਾਈਨ ਕਰਨ ਵਾਸਤੇ ਇਕ ਮੁਕਾਬਲਾ ਕਰਵਾਇਆ, ਜਿਸ ਵਿਚ ਥਾਰਨਟਨ ਵਿਲੀਅਮ ਨੇ ਭਵਨ-ਨਿਰਮਾਣ ਦੀ ਬਾਕਾਇਦਾ ਢੰਗ ਨਾਲ ਸਿੱਖਿਆ ਨਾ ਪ੍ਰਾਪਤ ਕੀਤੀ ਹੋਣ ਦੇ ਬਾਵਜੂਦ, ਜਿੱਤ ਹਾਸਲ ਕੀਤੀ।

ਥਾਰਨਟਨ ਵਿਲੀਅਮ 1790 ਤੋਂ 1792 ਤਕ ਮੁੜ ਟਾਰਟੋਲ ਆ ਕੇ ਰਿਹਾ ਜਿਥੇ ਉਸ ਨੂੰ ਸਭ ਤੋਂ ਪਹਿਲਾਂ ਵਾਸ਼ਿੰਗਟਨ ਵਿਚ ਅਮਰੀਕਾ ਦੇ ਸੰਸਦ ਭਵਨ ਸਬੰਧੀ ਕਰਵਾਏ ਜਾ ਰਹੇ ਮਹੱਤਵਪੂਰਨ ਮੁਕਾਬਲੇ ਦੀ ਸੂਚਨਾ ਮਿਲੀ, ਪਰ ਮੁਕਾਬਲੇ ਦੀ ਮਿਤੀ ਲੰਘ ਚੁੱਕੀ ਸੀ ਅਤੇ ਉਸ ਨੇ ਆਪਣੇ ਵਲੋਂ ਤਿਆਰ ਕੀਤੇ ਡਿਜ਼ਾਈਨ ਭਾਵੇਂ ਕਾਫ਼ੀ ਦੇਰ ਨਾਲ ਪੇਸ਼ ਕੀਤੇ ਪਰ ਕਿਉਂਕਿ ਜੱਜ ਪਹਿਲੇ ਆਏ ਡਿਜ਼ਾਈਨਾਂ ਵਿਚੋਂ ਕਿਸੇ ਨਾਲ ਵੀ ਸੰਤੁਸ਼ਟ ਨਹੀਂ ਸਨ, ਇਸ ਲਈ ਉਨ੍ਹਾਂ ਨੇ ਇਸ ਦਾ ਡਿਜ਼ਾਈਨ ਵੀ ਲੈ ਲਿਆ ਅਤੇ ਵੇਖਦਿਆਂ ਹੀ ਇਸ ਨੂੰ ਚੁਣ ਲਿਆ ਗਿਆ। ਸੰਨ 1795 ਦੇ ਸੋਧੇ ਹੋਏ ਜਾਰਜੀਅਨ ਡਿਜ਼ਾਈਨ ਅਨੁਸਾਰ ਕੇਂਦਰੀ ਸੋਕਾਕਾਰ ਭਵਨ ਦੀ ਸੇਧ ਵਿਚ ਉੱਤਰੀ ਅਤੇ ਦੱਖਣੀ ਪਾਸਿਆਂ ਦੀ ਇਮਾਰਤ ਉਸਾਰੀ ਗਈ ਜਦ ਕਿ ਇਮਾਰਤ ਦੇ ਅੰਦਰਲੇ ਹਿੱਸੇ ਦਾ ਦੁਬਾਰਾ ਡਿਜ਼ਾਈਨ ਤਿਆਰ ਕੀਤਾ ਗਿਆ।

ਸੰਨ 1802 ਤਕ ਥਾਰਟਨ ਵਿਲੀਅਮ ਸ਼ਹਿਰ ਦਾ ਕਮਿਸ਼ਨਰ ਰਿਹਾ। ਉਸ ਨੇ ਕੁਝ ਮਹੱਤਵਪੂਰਨ ਪ੍ਰਾਈਵੇਟ ਇਮਾਰਤਾਂ ਦੇ ਡਿਜ਼ਾਈਨ ਵੀ ਤਿਆਰ ਕੀਤੇ, ਜਿੰਨ੍ਹਾਂ ਵਿਚ ਅਮਰੀਕਨ ਇੰਸਟੀ-ਚਿਊਟ ਆਫ਼ ਆਰਕੀਟੈਕੱਟਸ ਦਾ ਸਦਰਮੁਕਾਮ ਵੀ ਸ਼ਾਮਲ ਹੈ ਅਤੇ 1802 ਤੋਂ 1828 ਦੇ ਅਰਸੇ ਦੌਰਾਨ ਇਹ ਪੇਟੈਂਟ ਆਫ਼ਿਸ ਦੇ ਸਭ ਤੋਂ ਪਹਿਲੇ ਸੁਪਰਡੈਂਟ ਦੇ ਤੌਰ ਤੇ ਨਿਯੁਕਤ ਹੋਇਆ। ਥਾਰਟਨ ਵਿਲੀਅਮ ਅਤੇ ਇਸ ਦਾ ਸ਼ਾਗਿਰਦ ਜਾੱਨ ਫ਼ਿੱਚ ਪੈਡਲਾਂ ਨਾਲ ਚਲਣ ਵਾਲੀ ਸਟੀਮ ਬੋਟ ਈਜਾਦ ਕਰਨ ਵਾਲੇ ਪਹਿਲੇ ਵਿਅਕਤੀ ਸਨ। ਦੂਜੇ ਪਾਸੇ ਰਾਬਰਟ ਫਲਟਨ ਨੇ ਇਨ੍ਹਾਂ ਤੋਂ ਪਹਿਲਾਂ ਆਪਣੀ ਸਟੀਮ ਬੋਟ ਬਣਾਉਣ ਦਾ ਦਾਅਵਾ ਕੀਤਾ। ਇਸ ਦਾਅਵੇ ਦੇ ਜਵਾਬ ਵਿਚ ਇਸ ਨੇ ਆਪਣਾ ਪੱਖ ਪੇਸ਼ ਕਰਦੇ ਹੋਏ 1814 ਈ. ਵਿਚ 'ਸ਼ਾਰਟ ਅਕਾਊਂਟ ਆਫ਼ ਦਾ ਓਰਿਜਿਨ ਆਫ਼ ਸਟੀਮਬੋਟਸ' ਨਾਮੀ ਪੁਸਤਕ ਪ੍ਰਕਾਸ਼ਿਤ ਕੀਤੀ। ਇਸ ਵਿਚ ਉਸ ਨੇ 1778 ਤੋਂ 1790 ਦੌਰਾਨ ਆਪਣੇ ਵਲੋਂ ਕੀਤੇ ਤਜਰਬਿਆਂ ਬਾਰੇ ਵਿਸਤਾਰ ਵਿਚ ਦੱਸਦਿਆਂ ਇਸ ਦੀ ਜਾਇਜ਼ਤਾ ਦਰਸਾਈ। ਸੰਨ 1802 ਤੋਂ 1827 ਦੌਰਾਨ ਕੀਤੇ ਆਵਿਸ਼ਕਾਰਾਂ ਅਤੇ ਅਸਲੀ ਸਬੰਧੀ ਕੀਤੇ ਸੁਧਾਰਾਂ ਸਬੰਧੀ ਰਾਖਵੇਂ ਹੱਕ ਪ੍ਰਾਪਤ ਕੀਤੇ ।

28 ਮਾਰਚ, 1828 ਨੂੰ ਵਾਸ਼ਿੰਗਟਨ ਵਿਚ ਇਸ ਦੀ ਮੌਤ ਹੋ ਗਈ।

ਹ. ਪੁ. - ਐਨ. ਬ੍ਰਿ. 22 : 154; ਐਨ. ਬ੍ਰਿ. 9 : 971; ਐਨ. ਅਮੈ. 26 : 700

ਥਾਰਨਡਾਈਕ, ਐਡਵਰਡ ਲੀ : ਅਮਰੀਕਾ ਦੇ ਇਸ ਪ੍ਰਸਿੱਧ ਮਨੋਵਿਗਿਆਨੀ ਅਤੇ ਸਿੱਖਿਆ ਸ਼ਾਸਤਰੀ ਦਾ ਜਨਮ 31 ਅਗਸਤ, 1874 ਨੂੰ ਮੈਸਾਚੂਸੈਟੱਸ ਰਾਜ ਵਿਚ ਵਿਲੀਅਮਜ਼ ਬਰਗ ਵਿਖੇ ਹੋਇਆ। ਸੰਨ 1899 ਤੋਂ 1940 ਤਕ ਇਸ ਨੇ ਟੀਚਰਜ਼

ਕਾਲਜ ਕੋਲੰਬੀਆ ਯੂਨੀਵਰਸਿਟੀ ਵਿਚ ਕਾਰਜ ਕੀਤਾ। ਇਹ ਸੰਯੁਕਤ ਰਾਜ ਅਮਰੀਕਾ ਵਿਚ ਮਨੋਵਿਗਿਆਨ ਅਤੇ ਸਿੱਖਿਆ ਸਬੰਧੀ ਖੋਜ ਦੀਆਂ ਵਿਗਿਆਨਿਕ ਵਿਧੀਆਂ ਨੂੰ ਅਮਲੀ ਰੂਪ ਦੇਣ ਵਾਲਾ ਮੋਢੀ ਸੀ। ਸਿੱਖਿਆ ਮਨੋਵਿਗਿਆਨ ਅਤੇ ਮਾਨਸਿਕ ਯੋਗਤਾ ਪੱਧਰ ਤੇ ਵਿਦਿਅਕ ਪ੍ਰਾਪਤੀ ਦੇ ਖੇਤਰਾਂ ਵਿਚ ਇਸ ਦੀ ਖੋਜ ਦਾ ਬਹੁਤ ਪ੍ਰਭਾਵ ਪਿਆ। ਇਸੇ ਲਈ ਇਸ ਵੱਲੋਂ ਮਾਨਸਿਕ ਯੋਗਤਾ ਤੇ ਪ੍ਰਾਪਤੀ ਸਬੰਧੀ ਹੋਏ ਕੰਮ ਦੀ ਅੱਧੀ ਸਦੀ ਤਕ ਖੋਜ ਹੁੰਦੀ ਰਹੀ।

ਇਸ ਦੀਆਂ ਸਭ ਤੋਂ ਵੱਧ ਪ੍ਰਸਿੱਧ ਪੁਸਤਕਾਂ 'ਦੀ ਆਰਿਜਨਲ ਨੇਚਰ ਆੱਫ਼ ਮੈਨ', 'ਸਾਈਕਾਲੋਜੀ ਆਫ ਲਰਨਿੰਗ' ਅਤੇ 'ਮੈਂਟਲ ਵਰਕ ਐਂਡ ਫਟੀਗ ਐਂਡ ਇਨਡਿਵਿਯੁਅਲ ਡਿਫਰੈਂਸਜ਼ ਐਂਡ ਦੇਅਰ ਕਾਜ਼ਿਜ਼' ਪ੍ਰਸਿੱਧ ਹਨ। ਇਨ੍ਹਾਂ ਤੋਂ ਇਲਾਵਾ ਇਸ ਨੇ ਹੋਰ ਵੀ ਬਹੁਤ ਸਾਰੀਆਂ ਪੁਸਤਕਾਂ ਲਿਖੀਆਂ ਜਿਹੜੀਆਂ ਇਸ ਤੋਂ ਪਿਛਲੇ ਮਨੋਵਿਗਿਆਨੀਆਂ ਲਈ ਬਹੁਤ ਲਾਹੇਵੰਦ ਸਾਬਤ ਹੋਈਆਂ।

ਨਿਊ ਜਰਸੀ ਵਿਚ ਮਾਂਟਰੋਜ਼ ਵਿਖੇ 9 ਅਗਸਤ, 1940 ਨੂੰ ਇਸ ਦੀ ਮੌਤ ਹੋ ਗਈ।

ਹ. ਪੁ. –ਐਨ. ਅਮੈ. 26 : 699

ਥਾਰਨਡਾਈਕ, ਇਜ਼ਰਾਈਲ : ਸੰਯੁਕਤ ਰਾਜ ਅਮ–ਰੀਕਾ ਦੇ ਇਸ ਉੱਘੇ ਸਿਆਸਤਦਾਨ, ਵਪਾਰੀ ਅਤੇ ਪੂੰਜੀਪਤੀ ਦਾ ਜਨਮ ਮੈਸਾਚੂਸੈਟਸ ਰਾਜ ਦੇ ਬੈਵਰਲੀ ਸ਼ਹਿਰ ਵਿਖੇ 30 ਅਪ੍ਰੈਲ, 1755 ਈ. ਨੂੰ ਹੋਇਆ।

21 ਸਾਲ ਦੀ ਉਮਰ ਵਿਚ ਇਹ ਸਮੁੰਦਰੀ ਜਹਾਜ਼ ਦਾ ਕਪਤਾਨ ਬਣ ਗਿਆ ਅਤੇ ਮਗਰੋਂ ਵਾਲਥਮ ਮੋਜ਼ਜ਼ ਬ੍ਰਾਊਨ ਨਾਲ ਮਿਲ ਕੇ ਵਪਾਰਕ ਜਹਾਜ਼ੀ ਕੰਪਨੀਆਂ ਦਾ ਹਿੱਸੇਦਾਰ ਬਣ ਗਿਆ। ਇਹ ਇਨਕਲਾਬੀਆਂ ਦੇ ਗ਼ੈਰ-ਸਰਕਾਰੀ ਜੰਗੀ ਜਹਾਜ਼ਾਂ ਦਾ ਕਪਤਾਨ ਵੀ ਰਿਹਾ।

ਵਪਾਰਕ ਰੁਚੀਆਂ ਵੱਧ ਜਾਣ ਕਾਰਨ 1810 ਈ. ਵਿਚ ਇਹ ਬੈਵਰਲੀ ਛੱਡ ਕੇ ਬੌਸਟਨ ਚਲਾ ਗਿਆ। ਮੈਸਾਚੂਸੈਟਸ ਮਿਲਿਸ਼ੀਆ ਨਾਲ ਕੁਝ ਚਿਰ ਕੰਮ ਕਰਨ ਨਾਲ ਇਸ ਨੂੰ ਕਰਨਲ ਦਾ ਖ਼ਿਤਾਬ ਮਿਲਿਆ। ਬਦੇਸ਼ੀ ਵਪਾਰ ਵਿਚੋਂ ਕਮਾਏ ਧਨ ਨਾਲ ਇਹ ਵੈਸਟਰਨ ਰਿਜ਼ਰਵ (ਓਹਾਇਓ) ਅਤੇ ਮੇਨ ਲੈਂਡਜ਼ ਵਿਚ ਵਿਅਰਥ ਸੱਟੇਬਾਜ਼ੀ ਵਿਚ ਪੈ ਗਿਆ। ਬਾਅਦ ਵਿਚ ਬੌਸਟਨ ਵਿਖੇ ਜਾਗੀਰ ਖਰੀਦਣ ਅਤੇ ਫਰਾਂਸਿਸ ਸੀ ਲੋਅਲ ਅਤੇ ਨੇਥਨ ਐਪਲਟਨ ਨਾਲ ਮਿਲ ਕੇ ਸੂਤੀ ਕੱਪੜੇ ਦੀਆਂ ਮਿੱਲਾਂ ਵਿਚ ਵੀ ਇਸ ਨੇ ਆਪਣੀ ਪੂੰਜੀ ਲਗਾਈ।

ਰਾਜਨੀਤੀ ਦੇ ਖੇਤਰ ਵਿਚ ਇਹ ਇਕ ਕੱਟੜ ਸੰਘਵਾਦੀ ਸੀ। ਇਸ ਨੇ 12 ਸਾਲ ਤਕ ਮੈਸਾਚੂਸੈਟਸ ਵਿਚ ਵਿਧਾਨਕਾਰ ਦੇ ਤੌਰ ਤੇ ਕੰਮ ਕੀਤਾ।

8 ਮਈ, 1832 ਨੂੰ ਬੌਸਟਨ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ. – ਐਨ. ਬ੍ਰਿ. 22 : 154

ਥੌਰਨਡਾਈਕ, ਡੇਮ ਸਿਬਿਲ : ਇਸ ਬਰਤਾਨਵੀ ਅਭਿਨੇਤਰੀ ਦਾ ਜਨਮ 24 ਅਕਤੂਬਰ, 1882 ਨੂੰ ਲਿੰਕਨਸ਼ਿਰ ਵਿਚ ਗੇਨਜ਼ਬਰੋ ਵਿਖੇ ਹੋਇਆ। ਸੰਨ 1904 ਵਿਚ ਕੈਂਬ੍ਰਿਜ ਵਿਖੇ ਇਸ ਨੇ ਪਹਿਲੀ ਵਾਰ 'ਦੀ ਮੇਰੀ ਵਾਈਵਜ਼ ਆਫ਼ ਵਿੰਡਸਰ' ਨਾਟਕ ਵਿਚ ਕੰਮ ਕੀਤਾ। ਸੰਨ 1903-1907 ਦੌਰਾਨ ਬੈਨ ਗ੍ਰੀਟ ਨਾਲ ਅਤੇ ਫਿਰ 1910 - 1911 ਦੌਰਾਨ ਜਾਨ ਡ੍ਰਿਊ ਨਾਲ ਸੰਯੁਕਤ ਰਾਜ ਦਾ ਦੌਰਾ ਕਰਦੇ ਹੋਏ ਸ਼ੈਕਸਪੀਅਰ ਦੇ ਨਾਟਕ ਖੇਡ ਕੇ ਇਸ ਨੇ ਬਹੁਤ ਪ੍ਰਸਿੱਧੀ ਪ੍ਰਾਪਤ ਕੀਤੀ।

ਸੰਨ 1908-09 ਅਤੇ 1911-13 ਦੌਰਾਨ ਮਾਨਚੈਸਟਰ ਵਿਖੇ ਐਨੀ ਹਾੱਰਨੀਮੈਨ ਦੀ ਕੰਪਨੀ ਵੱਲੋਂ ਨਾਟਕ ਖੇਡਣ ਉਪਰੰਤ 1914 – 18 ਦੌਰਾਨ ਇਹ ਲੰਡਨ ਵਿਖੇ ਓਲਡ ਵਿਕ ਕੰਪਨੀ ਵਿਚ ਸ਼ਾਮਲ ਹੋ ਗਈ। ਇਸ ਨੇ ਇਸ ਥੀਏਟਰ ਨੂੰ 'ਸ਼ੈਕਸਪੀਅਰ ਦਾ ਘਰ' ਵਜੋਂ ਪ੍ਰਸਿੱਧੀ ਪ੍ਰਾਪਤ ਕਰਵਾਈ ਅਤੇ ਇਸ ਤੋਂ ਇਲਾਵਾ ਇਹ ਖ਼ੁਦ ਵੀ ਆਪਣੇ ਸਮੇਂ ਦੀ ਦੁਖਾਂਤ ਰੋਲ ਅਦਾ ਕਰਨ ਵਾਲੀ ਇਕ ਉੱਘੀ ਅਦਾਕਾਰਾ ਸਿੱਧ ਹੋਈ। ਸੰਨ 1924 ਵਿਚ ਇੰਗਲੈਂਡ ਵਿਚ 'ਸੇਂਟ ਜੋਨ' ਨਾਟਕ ਖੇਡ ਕੇ ਇਸ ਨੇ ਕਮਾਲ ਕੀਤਾ ਅਤੇ ਇਹ ਨਾਟਕ 2000 ਤੋਂ ਵੀ ਵੱਧ ਵਾਰੀ ਖੇਡਿਆ ਗਿਆ।

ਸੰਨ 1962 ਵਿਚ ਇਹ ਆਸਟ੍ਰੇਲੀਆ ਗਈ ਅਤੇ ਉਸ ਦਹਾਕੇ ਦੌਰਾਨ ਬਹੁਤ ਸਾਰੇ ਪ੍ਰੋਗਰਾਮ ਦਿੱਤੇ। ਸੰਨ 1931 ਵਿਚ ਇਸ ਨੂੰ ਬਰਤਾਨਵੀ ਸਰਕਾਰ ਵੱਲੋਂ 'ਡੇਮ' ਦਾ ਖ਼ਿਤਾਬ ਦੇ ਕੇ ਸਨਮਾਨਿਆ ਗਿਆ।

9 ਜੂਨ, 1976 ਨੂੰ ਲੰਡਨ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.–ਐਨ. ਅਮੈ. 26 : 588; ਚੈਂਬ. ਐਨ. 13 : 624; ਐਨ. ਬ੍ਰਿ. ਮਾ. 9 : 971

ਥਾਰਨੇਬੀ ਆਨ- ਟੀਜ਼ : ਇੰਗਲੈਂਡ ਵਿਚ ਯਾਰਕਸ਼ਿਰ ਦੀ ਉੱਤਰੀ ਰਾਈਡਿੰਗ ਕਾਉਂਟੀ ਦੀ ਇਕ ਮਿਉਂਸਪਲ ਬਰੋਅ ਹੈ ਜਿਹੜੀ ਮਿਡਲਜ਼ਬਰਾ ਦੇ 5 ਕਿ. ਮੀ. (3 ਮੀਲ) ਦੱਖਣ-ਪੱਛਮ ਵੱਲ ਸਟਾਕਟਨ-ਆਨ-ਟੀਜ਼ ਦਰਿਆ ਦੇ ਸਾਹਮਣੇ ਟੀਜ਼ ਦਰਿਆ ਉੱਤੇ ਸਥਿਤ ਹੈ।

8 ਵੀਂ ਸਦੀ ਵਿਚ ਡੈਨਮਾਰਕ ਵਾਸੀ ਇਸ ਨੂੰ ਥਾਰਮਾਡਬੀ ਕਿਹਾ ਕਰਦੇ ਸਨ। ਡੂਮਜ਼ਡੇ ਬੁੱਕ ਵਿਚ ਇਸ ਦਾ ਟਾਰਮਾਜ਼ਬੀ ਵਜੋਂ ਜ਼ਿਕਰ ਆਉਂਦਾ ਹੈ।

ਇਸ ਦਾ ਉਦਯੋਗਿਕ ਵਿਕਾਸ 19 ਵੀਂ ਸਦੀ ਤੋਂ ਸ਼ੁਰੂ ਹੋਇਆ। ਸੰਨ 1892 ਵਿਚ ਇਸ ਨੂੰ ਇਕ ਵੱਖਰੀ ਬਰੋਅ ਦੇ ਤੌਰ ਤੇ ਨਿਗਮਿਤ ਕੀਤਾ ਗਿਆ। ਇਥੋਂ ਦੇ ਲੋਕਾਂ ਦਾ ਰੁਜ਼ਗਾਰ ਮੁੱਖ ਤੌਰ ਤੇ ਪੁਲ ਉਸਾਰੀ, ਇੰਜੀਨੀਅਰੀ, ਢਲਾਈ, ਜਹਾਜ਼ਾਂ ਦੇ ਕਬਾੜ ਆਦਿ ਦੇ ਉਦਯੋਗਾਂ ਤੇ ਨਿਰਭਰ ਹੈ। ਇਸ ਤੋਂ ਇਲਾਵਾ ਇਥੇ ਖੰਡ ਤਿਆਰ ਕਰਨ ਦੇ ਕਾਰਖ਼ਾਨੇ ਤੇ ਆਟਾ ਚੱਕੀਆਂ ਵੀ ਹਨ।

ਹ. ਪੁ. – ਐਨ. ਬ੍ਰਿ. 22 : 153

ਥਾਰਨੀ ਕਰਾਫ਼ਟ, ਸਰ (ਵਿਲੀਅਮ) ਹੈਮੋ : ਇਸ ਅੰਗਰੇਜ਼ ਬੁੱਤਘਾੜੇ ਦਾ ਜਨਮ 9 ਮਾਰਚ, 1850 ਨੂੰ ਲੰਡਨ ਵਿਖੇ ਹੋਇਆ। ਇਹ ਇਕ ਪ੍ਰਸਿੱਧ ਬੁੱਤਘਾੜੇ ਥਾਮਸ ਥਾਰਨੀ ਕਰਾਫ਼ਟ ਦਾ ਲੜਕਾ ਸੀ ਪਰ ਇਸ ਨੇ 1880 ਦੇ ਦਹਾਕੇ ਵਿਚ ਪ੍ਰਸਿੱਧੀ ਹਾਸਲ ਕਰ ਕੇ ਆਪਣੀ ਨਵੇਕਲੀ ਥਾਂ ਬਣਾ ਲਈ। ਇਸ ਦੀ ਸਭ ਤੋਂ ਪਹਿਲੀ ਕਾਮਯਾਬੀ 'Armetis' (1880) ਸੀ। ਸੰਨ 1881 ਵਿਚ ਇਸ ਨੇ ਰਾੱਇਲ ਅਕੈਡਮੀ ਵਿਚ ਤਾਂਬੇ ਦਾ 'Teucer' ਪੇਸ਼ ਕੀਤਾ ਜਿਸ ਦਾ ਮਗਰੋਂ ਇਹ ਐਸੋਸੀਏਟ ਵੀ ਚੁਣਿਆ ਗਿਆ।

ਇਸ ਨੇ ਅਨੇਕਾਂ ਬੁੱਤ ਬਣਾਏ ਜਿਨ੍ਹਾਂ ਵਿਚੋਂ ਜਰਨਲ ਚਾਰਲਸ ਜਾਰਜ ਜਾਰਡਨ (1888), ਆੱਲੀਵਰ ਕਰਾੱਮਵੈੱਲ (1899), ਡੀਨ ਜਾੱਨ ਕਾਲੈੱਟ (1902), ਵਿਲੀਅਮ ਗਲੈਡਸਟੱਨ (1905) ਅਤੇ ਰਿਚਰਡ ਨਾਰਮੈਨ ਸ਼ਾਹ (1914) ਦੇ ਬੁੱਤ ਵਰਣਨਯੋਗ ਹਨ।

ਸੰਨ 1888 ਵਿਚ ਇਹ ਰਾੱਇਲ ਅਕੈਡਮੀਸ਼ੀਅਨ ਚੁਣਿਆ ਗਿਆ ਅਤੇ 1917 ਵਿਚ ਇਸ ਨੂੰ ਨਾਈਟ ਦਾ ਖ਼ਿਤਾਬ ਮਿਲਿਆ। 18 ਦਸੰਬਰ, 1925 ਈ. ਨੂੰ ਆੱਕਸਫੋਰਡ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ. – ਐਨ. ਬ੍ਰਿ. ਮਾ. 9 : 972

ਥਾਰਨੀਕਰਾਫ਼ਟ, ਸਰ ਜਾੱਨ ਆਈਜ਼ਾਕ : ਸਮੁੰਦਰੀ ਜਹਾਜ਼ਾਂ ਸਬੰਧੀ ਕੰਮ ਕਰਨ ਵਾਲੇ ਇਸ ਆਰਕੀਟੈਕਟ(ਭਵਨ ਨਿਰਮਾਤਾ) ਅਤੇ ਇੰਜੀਨੀਅਰ ਦਾ ਜਨਮ 1 ਫ਼ਰਵਰੀ, 1843 ਨੂੰ ਰੋਮ ਵਿਖੇ ਹੋਇਆ। ਇਸ ਨੇ ਸਮੁੰਦਰੀ ਜਹਾਜ਼ਾਂ ਦੇ ਢਾਂਚਿਆਂ ਦੇ ਖ਼ਾਸ ਡਿਜ਼ਾਈਨ ਬਣਾਏ ਅਤੇ ਮਸ਼ੀਨਰੀ ਵਿਚ ਵੀ ਸੁਧਾਰ ਕੀਤੇ। ਇਸ ਨੇ ਡੁਬਕਣੀ ਕਿਸ਼ਤੀ (ਟਾਰਪੀਡੋ) ਦੇ ਡਿਜ਼ਾਈਨ ਅਤੇ ਮਸ਼ੀਨਰੀ ਵਿਚ ਵੀ ਕਈ ਬੁਨਿਆਦੀ ਸੁਧਾਰ ਕੀਤੇ।

ਬ੍ਰਿਟਿਸ਼ ਨੇਵੀ ਲਈ ਸਭ ਤੋਂ ਪਹਿਲੀ ਡੁਬਕਣੀ ਕਿਸ਼ਤੀ ਇਸ ਨੇ ਹੀ ਬਣਾਈ ਸੀ। ਇਸ ਤੋਂ ਬਾਅਦ ਜਲਦੀ ਹੀ ਇਸ ਨੇ ਸੈਲਾਨੀ-ਕਿਸ਼ਤੀ (Launch) ਬਣਾਉਣ ਦਾ ਅਤੇ ਇੰਜੀਨੀਅਰਿੰਗ ਦਾ ਕੰਮ ਲੰਡਨ ਵਿਚ ਚਿਸਵਿਕ ਵਿਖੇ ਸਥਾਪਤ ਕਰ ਲਿਆ। ਇਸ ਨੂੰ ਰਾੱਇਲ ਨੇਵੀ ਦੀ ਪਹਿਲੀ ਡੁਬਕਣੀ ਕਿਸ਼ਤੀ, 'ਲਾਈਟਨਿੰਗ' ਬਣਾਉਣ ਦਾ ਆਰਡਰ ਮਿਲਿਆ ਜਿਹੜੀ ਇਸ ਨੇ 1877 ਈ. ਵਿਚ ਪੂਰੀ ਕੀਤੀ।

ਇਸ ਨੇ ਜਹਾਜ਼ਾਂ ਦੇ ਢਾਂਚੇ ਅਤੇ ਪ੍ਰੋਪੈੱਲਰ ਦੇ ਡਿਜ਼ਾਈਨ ਵੀ ਤਿਆਰ ਕੀਤੇ ਅਤੇ ਇਕ ਢਾਂਚਾ ਪੇਟੈਂਟ ਕਰਵਾਇਆ ਜਿਹੜਾ ਪਾਣੀ ਦੇ ਉਪਰ ਤਰ ਸਕਦਾ ਸੀ। ਡੁਬਕਣੀਆਂ ਕਿਸ਼ਤੀਆਂ ਲਈ ਵਾਟਰ-ਟਿਊਬ-ਬਾੱਇਲਰ ਦੇ ਡਿਜ਼ਾਈਨ ਵੀ ਇਸ ਨੇ ਬਣਾਏ ਅਤੇ ਸਮੁੰਦਰੀ ਜਹਾਜ਼ਾਂ ਦੇ ਪੁਰਾਤਨ ਸਟੈਬਲਾਈਜ਼ਰਾਂ (ਜਹਾਜ਼ ਨੂੰ ਸਥਿਰ ਕਰਨ ਵਾਲੇ ਫੱਟੇ) ਵਿਚੋਂ ਵੀ ਇਕ ਇਸ ਨੇ ਬਣਾਇਆ ਸੀ। ਪਹਿਲੇ ਸੰਸਾਰ ਯੁੱਧ ਸਮੇਂ ਇਸ ਨੇ ਤਟੀ ਸਪੀਡਬੋਟਾਂ ('ਸਕੂਟਰਜ਼') ਦੇ ਡਿਜ਼ਾਈਨ ਵੀ ਤਿਆਰ ਕੀਤੇ ਅਤੇ ਬਣਾਉਣ ਦਾ ਕੰਮ ਵੀ ਕੀਤਾ। ਇਸ ਨੇ ਰਾੱਇਲ ਨੇਵੀ ਲਈ ਤੇਲ ਦੇ ਬਾਲਣ ਦੀ ਵਰਤੋਂ ਸ਼ੁਰੂ ਕੀਤੀ। ਸੰਨ 1902 ਵਿਚ ਇਸ ਨੂੰ 'ਨਾਈਟ' ਦਾ ਖ਼ਿਤਾਬ ਮਿਲਿਆ।

28 ਜੂਨ, 1928 ਨੂੰ ਵ੍ਹਾਈਟ ਟਾਪੂ ਵਿਚ ਬੈਂਬ੍ਰਿਜ (Bembridge) ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ. – ਐਨ. ਬ੍ਰਿ. ਮਾ. 9 : 972

ਥਾਰਫਿਨ, ਕਾਰਲਸ਼ੈਫਨੀ : ਉੱਤਰੀ ਅਮਰੀਕਾ ਵੱਲ ਨੂੰ ਭੇਜੀ ਗਈ ਪਹਿਲੀ ਬਸਤੀਵਾਦੀ ਮੁਹਿੰਮ ਦਾ ਇਹ ਸਕੈਂਡੇਨੇਵੀਆਈ ਨੇਤਾ ਸੀ। ਇਸ ਦਾ ਜਨਮ ਲ. 980 ਈ. ਵਿਚ ਆਈਸਲੈਂਡ ਦੇ ਸਕਾਗਾ ਡਿਸਟ੍ਰਿਕਟ ਵਿਚ ਰੇਨੀਨੇਸ ਵਿਖੇ ਹੋਇਆ।

ਇਸ ਨੇ 1002 ਈ. ਵਿਚ ਗ੍ਰੀਨਲੈਂਡ ਵੱਲ ਨੂੰ ਸਮੁੰਦਰੀ ਸਫ਼ਰ ਸ਼ੁਰੂ ਕੀਤਾ ਅਤੇ ਈਰਕ ਦੀ ਰੈੱਡ ਨਾਂ ਦੇ ਪਰਿਵਾਰ ਵਿਚ ਵਿਆਹ ਕਰਵਾਇਆ। ਸੰਨ 1004 ਜਾਂ 1005 ਵਿਚ ਇਸ ਨੇ 130 ਤੋਂ ਵੱਧ ਨੌਆਬਾਦਕਾਰਾਂ ਨਾਲ ਮਿਲ ਕੇ ਉੱਤਰੀ ਅਮਰੀਕਾ ਦੇ ਉੱਤਰ-ਪੂਰਬੀ ਤੱਟ ਉੱਤੇ ਇਕ ਬਸਤੀ ਦੀ ਸਥਾਪਨਾ ਕੀਤੀ ਜਿਸ ਨੂੰ ਆਬਾਦਕਾਰਾਂ ਨੇ ਵਿਨਲੈਂਡ (ਅਜੋਕਾ ਲੈਬਰੇਡੋਰ ਅਤੇ ਨੋਵਾ ਸਕਾਸ਼ੀਆ) ਦਾ ਨਾਂ ਦਿੱਤਾ। ਸੰਨ 1005 ਵਿਚ ਵਿਨਲੈਂਡ ਵਿਖੇ ਇਸ ਦੇ ਪੁੱਤਰ ਸਨੋਰੀ ਦਾ ਜਨਮ ਹੋਇਆ। ਇਹ ਉੱਤਰੀ ਅਮਰੀਕਾ ਦੀ ਮੁੱਖ ਭੂਮੀ ਉੱਤੇ ਜਨਮ ਲੈਣ ਵਾਲਾ ਸਭ ਤੋਂ ਪਹਿਲਾ ਯੂਰਪੀ ਸੀ। ਤਿੰਨ ਸਾਲ ਬਾਅਦ ਵਿਰੋਧੀ ਇੰਡੀਅਨਾ ਦੇ ਹਮਲਿਆਂ ਕਾਰਨ ਇਸ ਨੂੰ ਅਬਾਦਕਾਰਾਂ ਸਹਿਤ ਗ੍ਰੀਨਲੈਂਡ ਪਰਤਣਾ ਪਿਆ।

ਉੱਤਰੀ ਅਮਰੀਕਾ ਦੀ ਯਾਤਰਾ ਕਰਨ ਤੋਂ ਪਹਿਲਾਂ ਇਹ ਇਕ ਕੁਸ਼ਲ ਕਪਤਾਨ ਤੋਂ ਇਲਾਵਾ ਇਕ ਸਫ਼ਲ ਵਪਾਰੀ ਵੀ ਸੀ।

ਹ. ਪੁ. – ਐਨ. ਬ੍ਰਿ. ਮਾ. 11 : 727; ਐਨ. ਬ੍ਰਿ. 22 : 152 ਸੀ

ਥਾਰ ਮਾਰੂਥਲ : ਇਸ ਮਾਰੂਥਲ ਨੂੰ ਗ੍ਰੇਟ ਇੰਡੀਅਨ ਮਾਰੂਥਲ ਵੀ ਕਿਹਾ ਜਾਂਦਾ ਹੈ। ਉੱਚੀਆਂ ਨੀਵੀਆਂ ਰੇਤਲੀਆਂ ਪਹਾੜੀਆਂ ਨਾਲ ਕੱਜੇ ਇਸ ਮਾਰੂਥਲ ਦਾ ਕੁਝ ਹਿੱਸਾ ਭਾਰਤ ਦੇ ਰਾਜਸਥਾਨ ਰਾਜ ਅਤੇ ਕੁਝ ਹਿੱਸਾ ਪਾਕਿਸਤਾਨ ਵਿਚ ਪੈਂਦਾ ਹੈ। ਇਸ ਮਾਰੂਥਲੀ ਖੰਡ ਨੇ 2,00,000 ਵ. ਕਿ. ਮੀ. (77,000 ਵ. ਮੀਲ) ਦਾ ਰਕਬਾ ਮੱਲਿਆ ਹੋਇਆ ਹੈ। ਇਸ ਦੇ ਪੱਛਮ ਵੱਲ ਸਿੰਧ ਦੇ ਮੈਦਾਨ, ਦੱਖਣ- ਪੂਰਬ ਵੱਲ ਅਰਾਵਲੀ ਪਰਬਤ ਲੜੀ ਹੈ, ਦੱਖਣ ਵਿਚ ਰਨ ਆਫ ਕੱਛ ਅਤੇ ਉੱਤਰ ਤੇ ਉੱਤਰ-ਪੂਰਬ ਵੱਲ ਪੰਜਾਬ ਦੇ ਮੈਦਾਨ ਹਨ। ਇਸ ਖੇਤਰ ਵਿਚ ਮਾਰੂਥਲ ਦੀ ਹੋਂਦ ਦਾ ਕਾਰਨ ਇਹ ਹੈ ਕਿ ਇਥੇ ਅਰਬ ਸਾਗਰ ਤੋਂ ਆਉਣ ਵਾਲੀਆਂ ਦੱਖਣ-ਪੱਛਮੀ ਮਾਨਸੂਨ ਪੌਣਾਂ ਵਰਖਾ ਨਹੀਂ ਕਰਦੀਆਂ ਕਿਉਂਕਿ ਰਾਜਸਥਾਨ ਦੇ ਪੂਰਬ ਵੱਲ ਅਰਾਵਲੀ ਪਰਬਤ ਲੜੀ ਉਨ੍ਹਾਂ ਪੌਣਾਂ ਦੇ ਸਮਾਨਾਂਤਰ ਸਥਿਤ ਹੈ ਜਿਸ ਕਰਕੇ ਇਹ ਪਰਬਤ ਲੜੀ ਇਨ੍ਹਾਂ ਮਾਨਸੂਨ ਪੌਣਾਂ ਨੂੰ ਰੋਕ ਨਹੀਂ ਸਕਦੀ। ਫਲਸਰੂਪ ਨਮੀ ਨਾਲ ਭਰੀਆਂ ਪੌਣਾਂ ਇਸ ਖੇਤਰ ਦੇ ਉੱਤੋਂ ਦੀ ਲੰਘ ਜਾਂਦੀਆਂ ਹਨ।

ਇਸ ਮਾਰੂਥਲ ਵਿਚ ਕੈਮਬ੍ਰਿਅਨ ਨੀਸ (ਗ੍ਰੇਨਾਈਟ ਵਰਗੀਆਂ ਰੂਪਾਂਤਰਿਤ ਚਟਾਨਾਂ) ਤਲਛੱਟੀ ਚਟਾਨਾਂ ਅਤੇ ਦਰਿਆਵਾਂ ਦੁਆਰਾ ਰੋੜ੍ਹ ਕੇ ਲਿਆਂਦੀ ਗਈ ਨਵੀਂ ਮਿੱਟੀ ਸ਼ਾਮਲ ਹੈ। ਇਸ ਖੇਤਰ ਵਿਚ ਮੁੱਖ ਤੌਰ ਤੇ ਸੱਤ ਕਿਸਮਾਂ ਦੀ ਮਿੱਟੀ ਹੈ ਜਿਵੇਂ ਕਿ ਲਾਲ ਮਾਰੂਥਲੀ ਮਿੱਟੀ, ਭੂਰੀ ਮਿੱਟੀ, ਲਾਲ ਅਤੇ ਪੀਲੀ ਮਿੱਟੀ, ਖਾਰੀ ਮਿੱਟੀ, ਪੇਤਲੀ ਮਿੱਟੀ, ਛਿੱਜਣ ਮਿੱਟੀ ਅਤੇ ਨਰਮ ਅਤੇ ਢਿੱਲੀ ਮਿੱਟੀ। ਪ੍ਰਮੁੱਖ ਤੌਰ ਤੇ ਇਹ ਸਾਰੀਆਂ ਮਿੱਟੀਆਂ ਖੁਰਦਰੀ ਬਣਤਰ, ਚੰਗੀ ਜਲ ਨਿਕਾਸੀ ਅਤੇ ਚੂਨੇ ਨਾਲ ਭਰਪੂਰ ਹਨ। ਇਥੋਂ ਦੀ ਮਿੱਟੀ ਅਣਉਪਜਾਊ ਹੈ। ਇਸ ਖੇਤਰ ਵਿਚ ਹਵਾ ਦੀ ਅਪਰਦਨ ਕਿਰਿਆ ਕਾਰਨ ਝੱਖੜ ਚਲਦੇ ਰਹਿੰਦੇ ਹਨ ਅਤੇ ਰੇਤ ਹੀ ਰੇਤ ਉਡਦੀ ਵਿਖਾਈ ਦਿੰਦੀ ਹੈ।

ਇਸ ਮਾਰੂਥਲੀ ਖੰਡ ਵਿਚ ਸਾਲਾਨਾ ਵਰਖਾ ਘੱਟ ਹੁੰਦੀ ਹੈ ਜੋ ਕਿ ਪੱਛਮ ਵਿਚ ਲਗਭਗ 10 ਸੈਂ. ਮੀ. (4 ਇੰਚ) ਅਤੇ ਪੂਰਬ ਵਿਚ ਲਗਭਗ 50 ਸੈਂ. ਮੀ. (20 ਇੰਚ) ਤੱਕ ਹੁੰਦੀ ਹੈ। ਇਥੇ ਕੁੱਲ ਸਾਲਾਨਾ ਵਰਖਾ ਦੀ 90 ਪ੍ਰਤੀਸ਼ਤ ਵਰਖਾ ਜੁਲਾਈ ਤੋਂ ਸਤੰਬਰ ਮਹੀਨੇ ਦੌਰਾਨ ਦੱਖਣ-ਪੱਛਮੀ ਮਾਨਸੂਨ ਪੌਣਾਂ ਨਾਲ ਹੁੰਦੀ ਹੈ। ਦੂਜੇ ਮੌਸਮ ਦੌਰਾਨ ਉੱਤਰ-ਪੂਰਬੀ ਹਵਾਵਾਂ ਚਲਦੀਆਂ ਰਹਿੰਦੀਆਂ ਹਨ। ਮਈ ਅਤੇ ਜੂਨ ਸਾਲ ਦੇ ਸਭ ਤੋਂ ਜ਼ਿਆਦਾ ਗਰਮ ਮਹੀਨੇ ਹਨ ਅਤੇ ਇਥੇ ਤਾਪਮਾਨ 50° ਸੈਂ. ਤੱਕ ਪਹੁੰਚ ਜਾਂਦਾ ਹੈ। ਜਨਵਰੀ ਦਾ ਮਹੀਨਾ ਸਭ ਤੋਂ ਠੰਢਾ ਹੁੰਦਾ ਹੈ ਅਤੇ ਘਟੋ ਘੱਟ ਔਸਤ ਤਾਪਮਾਨ 5°-10° ਸੈਂ. ਤੱਕ ਹੋ ਜਾਂਦਾ ਹੈ। ਮਈ ਦੇ ਮਹੀਨਿਆਂ ਵਿਚ ਅਕਸਰ ਹੀ ਘੱਟਾ ਉਡਾਊ ਹਵਾਵਾਂ ਅਤੇ ਹਨੇਰੀਆਂ 140 ਤੋਂ 150 ਕਿ. ਮੀ. ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਚਲਦੀਆਂ ਹਨ।

ਇਸ ਮਾਰੂਥਲ ਵਿਚ ਆਮ ਤੌਰ ਤੇ ਜੜੀ-ਬੂਟੀ ਨੁਮਾ ਪੌਦੇ ਹੀ ਹੁੰਦੇ ਹਨ ਪਰ ਕਿਤੇ-ਕਿਤੇ ਦਰਖ਼ਤ ਵੀ ਹਨ। ਪਹਾੜੀਆਂ ਉੱਤੇ ਅਰਬੀ ਗੂੰਦ ਵਾਲੀ ਕਿੱਕਰ ਅਤੇ ਥੋਹਰ ਉੱਗੀ ਹੋਈ ਮਿਲਦੀ ਹੈ। ਕਿਧਰੇ ਕਿਧਰੇ ਚਰਾਗਾਹਾਂ ਵੀ ਦਿਖਾਈ ਦਿੰਦੀਆਂ ਹਨ ਜਿਥੇ ਕਾਲੇ ਬਾਰਾਂਸਿੰਗੇ, ਹਿਰਨ, ਤਿੱਤਰ ਅਤੇ ਬਟੇਰ ਆਦਿ ਮਿਲਦੇ ਹਨ। ਪ੍ਰਵਾਸੀ ਪੰਛੀ-ਜੰਗਲੀ ਕੁੱਕੜ, ਬੱਤਖ਼ਾਂ ਅਤੇ ਹੰਸ ਆਦਿ ਮਿਲ ਜਾਂਦੇ ਹਨ।

ਇਸ ਖੰਡ ਵਿਚ ਪਸ਼ੂਆਂ ਦੀਆਂ ਪੰਜ ਮੁੱਖ ਨਸਲਾਂ ਮਿਲਦੀਆਂ ਹਨ। ਇਨ੍ਹਾਂ ਵਿਚੋਂ ਥਾਰਪਾਰਕਰ ਨਸਲ ਸਭ ਤੋਂ ਵੱਧ ਦੁੱਧ ਦਿੰਦੀ ਹੈ ਜਦੋਂ ਕਿ ਕੈਂਕਰ ਨਸਲ ਭਾਰ ਢੋਣ ਲਈ ਅਤੇ ਦੁੱਧ ਦੇਣ ਲਈ ਚੰਗੀ

ਹੈ। ਦਰਮਿਆਨੀ ਅਤੇ ਮਾੜੀ ਕਿਸਮ ਦੀ ਉੱਨ ਦੇਣ ਵਾਲੀਆਂ ਭੇਡਾਂ ਵੀ ਮਿਲਦੀਆਂ ਹਨ। ਊਠ ਆਵਾਜਾਈ ਤੋਂ ਇਲਾਵਾ ਜ਼ਮੀਨ ਵਾਹੁਣ ਅਤੇ ਖੇਤੀਬਾੜੀ ਦੇ ਹੋਰ ਕੰਮਾਂ ਲਈ ਵੀ ਵਰਤੇ ਜਾਂਦੇ ਹਨ।

ਇਸ ਮਾਰੂਥਲ ਦੇ ਲੋਕ ਜ਼ਿਆਦਾਤਰ ਪੇਂਡੂ ਇਲਾਕਿਆਂ ਵਿਚ ਰਹਿੰਦੇ ਹਨ। ਉਨ੍ਹਾਂ ਦੇ ਰਸਮੋਂ ਰਿਵਾਜ ਅਤੇ ਕੱਪੜੇ ਪਹਿਨਣ ਦਾ ਢੰਗ ਵੱਖੋ-ਵੱਖਰਾ ਹੈ। ਖਾਨਾਬਦੋਸ਼ ਲੋਕ ਪਸ਼ੂ-ਪਾਲਣ, ਕਾਰੀਗੀਰੀ ਅਤੇ ਵਪਾਰ ਦਾ ਕੰਮ ਕਰਦੇ ਹਨ।

ਘਾਹ ਇਸ ਮਾਰੂਥਲ ਦਾ ਮੁੱਖ ਕੁਦਰਤੀ ਸਾਧਨ ਹੈ। ਇਹ ਘਾਹ ਪੌਸ਼ਟਿਕ ਹੈ ਅਤੇ ਸਥਾਨਕ ਲੋਕ ਇਸ ਨੂੰ ਦਵਾਈ ਦੇ ਤੌਰ ਤੇ ਵੀ ਵਰਤਦੇ ਹਨ। ਇਹ ਐਲਕਲਾਈਡ ਦਵਾਈਆਂ ਲਈ ਵਰਤਿਆ ਜਾਂਦਾ ਹੈ ਅਤੇ ਸਾਬਣ ਬਣਾਉਣ ਲਈ ਇਨ੍ਹਾਂ ਤੋਂ ਤੇਲ ਵੀ ਕੱਢਿਆ ਜਾਂਦਾ ਹੈ। ਇਥੇ ਪਾਣੀ ਬਹੁਤ ਘੱਟ ਹੈ। ਜਦੋਂ ਵੀ ਮੌਸਮੀ ਵਰਖਾ ਹੁੰਦੀ ਹੈ ਤਾਂ ਵਰਖਾ ਦੇ ਪਾਣੀ ਨੂੰ ਤਲਾਬਾਂ ਅਤੇ ਝੀਲਾਂ ਵਿਚ ਇਕੱਠਾ ਕੀਤਾ ਜਾਂਦਾ ਹੈ ਅਤੇ ਸਾਰਾ ਸਾਲ ਪਾਣੀ ਪੀਣ ਅਤੇ ਘਰੇਲੂ ਲੋੜਾਂ ਪੂਰੀਆਂ ਕਰਨ ਲਈ ਵਰਤਿਆ ਜਾਂਦਾ ਹੈ। ਭੋਂ ਹੇਠਲਾ ਪਾਣੀ ਪੀਣ ਲਈ ਨਹੀਂ ਵਰਤਿਆ ਜਾ ਸਕਦਾ ਕਿਉਂਕਿ ਡੂੰਘਾ ਪਾਣੀ ਅਕਸਰ ਖਾਰਾ ਹੀ ਹੁੰਦਾ ਹੈ। ਇਸ ਮਾਰੂਥਲ ਦੇ ਕੇਂਦਰੀ ਹਿੱਸੇ ਵਿਚ ਚੰਗੀ ਜਲਭਰੀ ਪਰਤ ਖੋਜ ਕੀਤੀ ਗਈ ਹੈ।

ਸਾਰੇ ਮਾਰੂਥਲ ਵਿਚ ਖੂਹ, ਤਲਾਅ ਅਤੇ ਨਹਿਰਾਂ ਪਾਣੀ ਦੇ ਮੁੱਖ ਸੋਮੇ ਹਨ। ਜਿਥੇ ਕਿਤੇ ਵੀ ਪਾਣੀ ਹੁੰਦਾ ਹੈ ਉਥੇ ਕਣਕ, ਕਪਾਹ, ਗੰਨਾ, ਬਾਜਰਾ, ਤਿਲ, ਕੈਸਟਰ ਦੀਆਂ ਫਲੀਆਂ ਅਤੇ ਲਾਲ ਮਿਰਚਾਂ ਦੀਆਂ ਫਸਲਾਂ ਉਗਾਈਆਂ ਜਾਂਦੀਆਂ ਹਨ। ਸੰਨ 1932 ਵਿਚ ਸਿੰਧ ਦਰਿਆ ਉੱਤੇ ਸੱਕਰ ਬੰਨ੍ਹ ਪੂਰਾ ਕੀਤਾ ਗਿਆ ਜਿਸ ਨਾਲ ਪਾਕਿਸਤਾਨੀ ਥਾਰ ਮਾਰੂਥਲ ਦੇ ਦੱਖਣੀ ਹਿੱਸੇ ਨੂੰ ਨਹਿਰਾਂ ਰਾਹੀਂ ਸਿੰਜਿਆ ਜਾਂਦਾ ਹੈ। ਭਾਰਤ ਵਿਚ ਥਾਰ ਦੇ ਉੱਤਰੀ ਖੇਤਰ ਨੂੰ ਸਤਲੁਜ ਦਰਿਆ ਵਿਚੋਂ ਕੱਢੀ ਗਈ ਗੰਗ ਨਹਿਰ ਨਾਲ ਸਿੰਜਿਆ ਜਾਂਦਾ ਹੈ। ਰਾਜਸਥਾਨ ਨਹਿਰ ਨਾਲ ਭਾਰਤ ਦੇ ਬੀਕਾਨੇਰ ਅਤੇ ਜੈਸਲਮੇਰ ਜ਼ਿਲ੍ਹਿਆਂ ਵਿਚ ਸਿੰਜਾਈ ਕੀਤੀ ਜਾਂਦੀ ਹੈ।

ਵੱਡੇ-ਵੱਡੇ ਸ਼ਹਿਰਾਂ ਵਿਚ ਤੇਲ ਅਤੇ ਕੋਲੇ ਨਾਲ ਚਲਣ ਵਾਲੇ ਤਾਪ ਬਿਜਲੀ-ਜੈਨਰੇਟਰ ਪਲਾਂਟ ਲਾਏ ਗਏ ਹਨ ਜਿਨ੍ਹਾਂ ਤੋਂ ਸਥਾਨਕ ਲੋਕਾਂ ਨੂੰ ਬਿਜਲੀ ਮੁਹੱਈਆ ਕੀਤੀ ਜਾਂਦੀ ਹੈ। ਪੰਜਾਬ ਵਿਚ ਸਤਲੁਜ ਦਰਿਆ ਉੱਤੇ ਬਣੇ ਨੰਗਲ ਤਾਪ ਬਿਜਲੀ ਪਲਾਂਟ ਤੋਂ ਪਣ-ਬਿਜਲੀ ਸਪਲਾਈ ਕੀਤੀ ਜਾਂਦੀ ਹੈ।

ਇਸ ਮਾਰੂਥਲ ਵਿਚ ਸੜਕਾਂ ਅਤੇ ਰੇਲਵੇ ਲਾਈਨਾਂ ਘੱਟ ਹਨ। ਭਾਰਤ ਦੇ ਲੂਨੀ ਜੰਕਸ਼ਨ ਤੋਂ ਮਾਰੂਥਲ ਦੇ ਦੱਖਣੀ ਹਿੱਸੇ ਵਿਚ ਪਾਕਿਸਤਾਨ ਦੇ ਹੈਦਰਾਬਾਦ ਤੱਕ ਇਕ ਰੇਲਵੇ ਲਾਈਨ ਜਾਂਦੀ ਹੈ। ਭਾਰਤੀ ਮਾਰੂਥਲ ਦੇ ਹਿੱਸੇ ਵਿਚ ਸੂਰਤਗੜ੍ਹ ਤੱਕ ਬਰਾਸਤਾ ਬੀਕਾਨੇਰ ਮੈਟਰਾ ਰੋਡ ਦੂਜੀ ਲਾਈਨ ਕੱਢੀ ਗਈ ਹੈ ਜਦੋਂ ਕਿ ਇਕ ਹੋਰ ਰੇਲਵੇ ਲਾਈਨ ਜੈਸਲਮੇਰ ਅਤੇ ਜੋਧਪੁਰ ਸ਼ਹਿਰਾਂ ਨੂੰ ਜੋੜਦੀ ਹੈ।

ਸੰਨ 1947 ਵਿਚ ਭਾਰਤ ਅਤੇ ਪਾਕਿਸਤਾਨ ਦੀ ਵੰਡ ਤੋਂ ਪਿੱਛੋਂ ਸਿੰਧ ਦਰਿਆ ਵਿਚੋਂ ਨਿਕਲਣ ਵਾਲੀਆਂ ਬਹੁਤੀਆਂ ਨਹਿਰਾਂ ਪਾਕਿਸਤਾਨੀ ਇਲਾਕੇ ਵਿਚ ਰਹਿ ਗਈਆਂ ਅਤੇ ਭਾਰਤ ਦੇ ਸਰਹੱਦ ਨਾਲ ਲਗਦਾ ਮਾਰੂਥਲ ਦਾ ਵੱਡਾ ਹਿੱਸਾ ਅਣਸਿੰਜਿਆ ਰਹਿ ਗਿਆ।

ਸੰਨ 1960 ਵਿਚ ਸਥਾਈ ਰੂਪ ਵਿਚ ਇਕ ਸਿੰਧ ਦਰਿਆ ਸੰਧੀ (ਇੰਡਸ ਵਾਟਰ ਟਰੀਟੀ) ਕੀਤੀ ਗਈ ਜਿਸ ਵਿਚ ਸਿੰਧ ਦਰਿਆ ਪ੍ਰਣਾਲੀ ਦੇ ਪਾਣੀਆਂ ਨੂੰ ਵਰਤਣ ਲਈ ਦੋਵੇਂ ਦੇਸ਼ਾਂ ਦੇ ਹੱਕਾਂ ਅਤੇ ਜ਼ਿੰਮੇਵਾਰੀਆਂ ਨੂੰ ਸੀਮਾਬੱਧ ਕੀਤਾ ਗਿਆ। ਇਸ ਇਕਰਾਰਨਾਮੇ ਦੇ ਅਧੀਨ ਰਾਵੀ, ਬਿਆਸ ਅਤੇ ਸਤਲੁਜ ਦੇ ਪਾਣੀਆਂ ਨਾਲ ਭਾਰਤ ਦੇ ਬੀਕਾਨੇਰ ਅਤੇ ਜੈਸਲਮੇਰ ਜ਼ਿਲ੍ਹਿਆਂ ਨੂੰ ਰਾਜਸਥਾਨ ਨਹਿਰ ਰਾਹੀਂ ਸਿੰਜਿਆ ਜਾਂਦਾ ਹੈ।

ਹ. ਪੁ. – ਐਨ. ਬ੍ਰਿ. ਮਾ. 11 : 674; ਐਨ. ਬ੍ਰਿ. 22 : 26; ਐਨ. ਅਮੈ. 26 : 491

ਥੱਰਿਲਡ, ਟਾਮਸ : ਸਵੀਡਨ ਦੇ ਇਸ ਕਵੀ ਅਤੇ ਆਲੋਚਕ ਦਾ ਜਨਮ 18 ਅਪ੍ਰੈਲ, 1759 ਨੂੰ ਬੋਹੁਸਲਾਨ ਵਿਚ ਸਵਾਰਤੇਬੋਰਗ ਵਿਖੇ ਹੋਇਆ। ਇਸ ਨੇ ਲੰਡਨ ਅਤੇ ਅਪਸਾਲਾ ਵਿਖੇ ਵਿਦਿਆ ਪ੍ਰਾਪਤ ਕੀਤੀ। ਸੰਨ 1788 ਤੋਂ 1790 ਤਕ ਇਸ ਨੇ ਇੰਗਲੈਂਡ ਦੀ ਯਾਤਰਾ ਕੀਤੀ। ਪਿੱਛੋਂ 1793 ਈ. ਵਿਚ ਗੁਸਤਾਵ ਤੀਜੇ ਦੇ ਕਤਲ ਉਪਰੰਤ ਇਸ ਨੂੰ ਸਵੀਡਨ ਵਿਚੋਂ ਕੱਢ ਦਿੱਤਾ ਗਿਆ



ਟਾਮਸ ਥੱਰਿਲਡ

ਅਤੇ ਇਹ ਜਰਮਨੀ ਚਲਾ ਗਿਆ ਜਿਥੇ 1795 ਵਿਚ ਇਸ ਨੂੰ ਗ੍ਰਾਈਫ਼ਸਵੱਲਟ ਵਿਖੇ ਪ੍ਰੋਫ਼ੈਸਰ ਅਤੇ ਲਾਇਬ੍ਰੇਰੀਅਨ ਨਿਯੁਕਤ ਕਰ ਦਿੱਤਾ ਗਿਆ।

ਇਸ ਨੇ ਸਵੀਡਨ ਦੇ ਸਭਿਆਚਾਰ ਉੱਤੇ ਫ਼ਰਾਂਸ ਦੇ ਸਨਾਤਨੀਵਾਦ ਦੇ ਪ੍ਰਭਾਵ ਦਾ ਕਰੜਾ ਵਿਰੋਧ ਕੀਤਾ। ਇਸ ਦੀ ਪਹਿਲੀ ਕਵਿਤਾ 'Passionerna' ਨੇ ਉਸ ਸਮੇਂ ਦੇ ਸਾਹਿਤ ਉੱਤੇ ਬਹੁਤ ਅਸਰ ਪਾਇਆ। ਅੰਤਲੇ ਸਾਲਾਂ ਵਿਚ ਟਾਮਸ ਥੱਰਿਲਡ ਨੇ ਆਪਣਾ ਰੁਝਾਨ ਰਾਜਨੀਤਿਕ ਲਿਖਤਾਂ ਵਿਚ ਰੱਖਿਆ।

ਪਹਿਲੀ ਅਕਤੂਬਰ, 1808 ਨੂੰ ਗ੍ਰਾਈਫ਼ਸਵਾਲਟ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ. – ਐਨ. ਬ੍ਰਿ. 22 : 152; ਐਨ. ਬ੍ਰਿ. ਮਾ. 9 : 969

ਥਾਰੂ : ਇਹ ਹਿਮਾਲਾ ਪਹਾੜਾਂ ਦੇ ਪੈਰਾਂ ਵਿਚਲੇ ਤਰਾਈ ਖੇਤਰ ਦਾ ਇਕ ਕਬੀਲਾ ਹੈ ਜਿਹੜਾ ਦੱਖਣੀ ਨੇਪਾਲ ਅਤੇ ਉੱਤਰ ਪ੍ਰਦੇਸ਼ ਰਾਜ ਵਿਚ ਹੀ ਵਸਿਆ ਹੋਇਆ ਹੈ। ਸੰਨ 1970 ਵਿਚ ਭਾਰਤ ਦੇ ਥਾਰੂਆਂ ਦੀ ਗਿਣਤੀ 7,500 ਸੀ ਜਦੋਂ ਕਿ ਨੇਪਾਲ ਵਿਚ ਇਸ ਕਬੀਲੇ ਦੇ 4,96,000 ਲੋਕ ਸਨ। ਸਭਿਆਚਾਰ ਪੱਖੋਂ ਇਹ ਲਗਭਗ ਭਾਰਤੀ ਹੀ ਹਨ। ਇਨ੍ਹਾਂ ਦੇ ਰੀਤੀ-ਰਿਵਾਜ਼ ਵੀ ਭਾਰਤੀਆਂ ਵਾਲੇ ਹੀ ਹਨ। ਭਾਵੇਂ ਇਹ ਹਿੰਦੂ ਹਨ ਪਰ ਸ਼ਰਾਬ ਅਤੇ ਮਾਸ ਦਾ ਸੇਵਨ ਅਕਸਰ ਕਰ ਲੈਂਦੇ ਹਨ। ਇਨ੍ਹਾਂ ਵਿਚ ਪਿਤਾ-ਪ੍ਰਧਾਨ ਪਰਿਵਾਰ ਹੁੰਦੇ ਹਨ ਪਰ

ਔਰਤਾਂ ਨੂੰ ਵੀ ਜਾਇਦਾਦ ਸਬੰਧੀ ਆਮ ਹਿੰਦੂ ਪਰਿਵਾਰਾਂ ਨਾਲੋਂ ਵੱਧ ਅਧਿਕਾਰ ਪ੍ਰਾਪਤ ਹਨ। ਇਸ ਕਬੀਲੇ ਦੇ ਅੱਗੋਂ ਕਈ ਉਪ-ਕਬੀਲੇ ਹਨ। ਇਨ੍ਹਾਂ ਵਿਚੋਂ ਪੰਜ ਜਿਨ੍ਹਾਂ ਵਿਚ ਇਨ੍ਹਾਂ ਦੀ ਲਗਭਗ 80 ਫੀਸਦੀ ਵਸੋਂ ਸ਼ਾਮਲ ਹੈ, ਆਪਣੇ ਆਪ ਨੂੰ ਰਾਜਸਥਾਨ ਦੇ ਸ਼ਾਹੀ ਘਰਾਣਿਆਂ ਵਿਚੋਂ ਦੱਸਦੇ ਹਨ ਅਤੇ ਇਹ ਥਾਰੂ ਦੇ ਸੱਤ ਹੇਠਲੇ ਤਬਕੇ ਦੇ ਲੋਕਾਂ ਨਾਲ ਆਪਣੇ ਵਿਆਹਕ ਸਬੰਧ ਵੀ ਨਹੀਂ ਜੋੜਦੇ। ਉੱਤਰ ਪ੍ਰਦੇਸ਼ ਦੇ ਥਾਰੂ ਲੋਕ ਖੇਤੀ ਕਰਕੇ, ਪਸ਼ੂ ਪਾਲ ਕੇ, ਮੱਛੀਆਂ ਫੜ ਕੇ, ਜੰਗਲਾਂ ਤੋਂ ਜੜੀ ਬੂਟੀਆਂ ਇਕੱਠੀਆਂ ਕਰਕੇ ਗੁਜ਼ਾਰਾ ਕਰਦੇ ਹਨ। ਇਹ ਇੰਡੋ-ਯੂਰਪੀ ਭਾਸ਼ਾਈ ਪਰਿਵਾਰ ਦੇ ਅੱਗੋਂ ਇੰਡੋ-ਆਰੀਆਈ ਉਪ ਗਰੁੱਪ ਦੀ ਇੰਡੋ ਆਰੀਅਨ ਭਾਸ਼ਾ ਬੋਲਦੇ ਹਨ। ਇਹ ਪਿੰਡਾਂ ਵਿਚ ਰਹਿੰਦੇ ਹਨ। ਇਨ੍ਹਾਂ ਦਾ ਇਕ ਮੁੱਖੀ ਹੁੰਦਾ ਹੈ ਅਤੇ ਇਨ੍ਹਾਂ ਦੀ ਆਪਣੀ ਕੌਂਸਲ ਹੀ ਸਾਰੀ ਦੇਖ-ਰੇਖ ਕਰਦੀ ਹੈ।


ਹ. ਪੁ. - ਐਨ. ਬ੍ਰਿ. ਮਾ. 11 : 676 (1985)

ਥਿਊਸੀਡਿਡੀਜ਼ : ਇਹ ਯੂਨਾਨ ਦੇ ਮਹਾਨ ਇਤਿਹਾਸਕਾਰਾਂ ਵਿਚੋਂ ਇਕ ਸੀ ਅਤੇ ਇਸ ਦਾ ਜਨਮ 471 ਜਾਂ 460 ਈ. ਪੂ. ਵਿਚ ਹੋਇਆ ਮੰਨਿਆ ਜਾਂਦਾ ਹੈ। ਇਸ ਨੇ 'ਹਿਸਟਰੀ ਆਫ਼ ਦੀ ਪੈਲਾਪਨੀਸ਼ੀਅਨ ਵਾਰ' ਨਾਂ ਦੀ ਪੁਸਤਕ ਲਿਖੀ ਜਿਸ ਵਿਚ ਪੰਜਵੀਂ ਸਦੀ ਈ. ਪੂ. ਐਥਿਨਜ਼ ਅਤੇ ਸਪਾਰਟਾ ਵਿਚਕਾਰ ਹੋਏ ਯੁੱਧ ਦਾ ਵਿਸਥਾਰ ਵਿਚ ਬਿਆਨ ਕੀਤਾ ਗਿਆ ਹੈ। ਇਸ ਦਾ ਇਹ ਕੰਮ ਇਕ ਰਾਸ਼ਟਰ ਦੀਆਂ ਯੁੱਧ ਨੀਤੀਆਂ ਦੇ ਰਾਜਨੀਤਿਕ ਅਤੇ ਨੈਤਿਕ ਵਿਸ਼ਲੇਸ਼ਣ ਸਬੰਧੀ ਦਰਜ ਕੀਤਾ ਸਭ ਤੋਂ ਪਹਿਲਾ ਇਤਿਹਾਸਕ ਪ੍ਰਮਾਣ ਹੈ। ਕਲੈਸਨ, ਪੋਪੋ ਅਤੇ ਸਟਾਲ ਨੇ ਇਸ ਦੀ ਲਿਖੀ ਹੋਈ ਸਮੱਗਰੀ ਦਾ ਸੰਪਾਦਨ ਕੀਤਾ ਅਤੇ ਡੇਲ ਅਤੇ ਬੈਂਜਮਿਨ ਨੇ ਇਸ ਦੀਆਂ ਲਿਖਤਾਂ ਦੇ ਅੰਗਰੇਜ਼ੀ ਵਿਚ ਅਨੁਵਾਦ ਪ੍ਰਕਾਸ਼ਿਤ ਕਰਵਾਏ।

ਇਹ ਐਥਨਜ਼ ਦਾ ਰਹਿਣ ਵਾਲਾ ਸੀ ਜਿਸ ਨੇ ਯੁੱਧ ਦੇ ਆਰੰਭ ਹੋਣ ਅਤੇ ਇਸ ਦੀ ਮਹੱਤਤਾ ਦਾ ਨਿਰੀਖਣ ਕਰਨ ਦੇ ਨਾਲ-ਨਾਲ ਆਪਣੀਆਂ ਟਿੱਪਣੀਆਂ ਵੀ ਤਿਆਰ ਕੀਤੀਆਂ। ਇਹ ਤੀਹ ਸਾਲ ਤੋਂ ਵੱਧ ਉਮਰ ਦਾ ਸੀ ਜਦੋਂ ਇਸ ਨੂੰ 424 ਈ. ਪੂ. ਵਿਚ ਫ਼ੌਜ ਦਾ ਇਕ ਮਹੱਤਵਪੂਰਨ ਮੈਜਿਸਟ੍ਰੇਟ ਚੁਣ ਲਿਆ ਗਿਆ। ਇਸ ਤਰ੍ਹਾਂ ਇਹ ਪ੍ਰਸਿੱਧ ਇਤਿਹਾਸਕਾਰ ਹੀਰੋਡੋਟਿਸ ਤੋਂ ਅਗਲੀ ਪੀੜ੍ਹੀ ਦਾ ਇਤਿਹਾਸਕਾਰ ਮੰਨਿਆ ਜਾਂਦਾ ਹੈ।

ਇਸ ਦੇ ਪਿਤਾ ਦਾ ਨਾਂ ਓਲੋਰਸ ਸੀ। ਇਹ ਐਥਨਜ਼ ਦੇ ਮਹਾਨ ਸਿਆਸਤਦਾਨ ਅਤੇ ਜਨਰਲ ਮਿਲਟਾਈਆਡੀਜ਼ ਨਾਲ ਸਬੰਧਤ ਸੀ ਜਿਸ ਨੇ ਥਰੇਸ ਦੇ ਇਕ ਸ਼ਹਿਜ਼ਾਦੇ ਦੀ ਇਸੇ ਨਾਂ ਵਾਲੀ ਪੁੱਤਰੀ ਨਾਲ ਵਿਆਹ ਕੀਤਾ। ਥਰੇਸ ਵਿਚਲੀ ਜਾਇਦਾਦ ਤੋਂ ਇਲਾਵਾ ਇਸ ਕੋਲ ਥੇਸਾਸ ਟਾਪੂ ਦੇ ਸਾਹਮਣੇ ਪੈਂਦੀਆਂ ਸੋਨੇ ਦੀਆਂ ਖਾਣਾਂ ਵਿਚੋਂ ਸੋਨਾ ਕੱਢਣ ਦਾ ਅਧਿਕਾਰ ਵੀ ਸੀ। ਇਸ ਤਰ੍ਹਾਂ ਇਹ ਉਥੋਂ ਦਾ ਇਕ ਪ੍ਰਭਾਵਸ਼ਾਲੀ ਵਿਅਕਤੀ ਸੀ।

430-429 ਈ. ਪੂ. ਵਿਚ ਐਥਨਜ਼ ਵਿਚ ਭਿਆਨਕ ਮਹਾਮਾਰੀ ਸ਼ੁਰੂ ਹੋ ਗਈ ਅਤੇ ਇਹ ਵੀ ਇਸ ਬੀਮਾਰੀ ਦਾ ਸ਼ਿਕਾਰ ਹੋ ਗਿਆ। 424 ਈ. ਪੂ. ਵਿਚ ਇਹ ਸਾਲ ਦੇ 10 ਫ਼ੌਜੀ ਮੈਜਿਸਟ੍ਰੇਟਾਂ ਵਿਚੋਂ ਇਕ ਚੁਣਿਆ ਗਿਆ ਅਤੇ ਇਸ ਨੂੰ ਥੇਸਾਸ ਵਿਖੇ ਹੀ ਥਰੇਸਵਰਡ ਖੇਤਰ ਲਈ ਨੇਵੀ ਦੀ ਕਮਾਨ ਸੌਂਪੀ ਗਈ। ਇਹ ਐਂਫਿਪਾਲਸ ਦੇ ਮਹੱਤਵਪੂਰਨ ਸ਼ਹਿਰ ਨੂੰ ਸਪਾਰਟਾ ਦੇ ਜਰਨੈਲ ਬਰੈਸਾਦਸ ਦੇ ਕਬਜ਼ੇ ਹੇਠ ਜਾਣ ਤੋਂ ਵੀ ਰੋਕਣ ਵਿਚ ਅਸਫਲ ਰਿਹਾ।



ਥਿਊਸੀਡਿਡੀਜ਼

ਇਸ ਅਸਫਲਤਾ ਤੋਂ ਪਿੱਛੋਂ ਇਸ ਨੂੰ ਵਾਪਸ ਬੁਲਾ ਕੇ ਇਸ ਉੱਤੇ ਮੁਕੱਦਮਾ ਚਲਾਇਆ ਗਿਆ ਅਤੇ ਦੇਸ਼ ਨਿਕਾਲੇ ਦੀ ਸਜ਼ਾ ਦਿੱਤੀ ਗਈ। ਇਸ ਨਾਲ ਇਸ ਨੂੰ ਆਪਣੀ ਇਤਿਹਾਸ ਦੀ ਪੁਸਤਕ ਲਈ ਇਕਾਗਰ ਹੋ ਕੇ ਅਧਿਐਨ ਕਰਨ ਅਤੇ ਵਿਸ਼ੇਸ਼ ਕਰਕੇ ਪੈਲਾਪਨੀਸੀਅਨ ਪਾਸੇ ਵਾਲੇ ਸਪਾਰਟਾ ਅਤੇ ਉਸ ਦੇ ਇਤਿਹਾਦੀ ਦੇਸ਼ਾਂ ਵੱਲ ਸਫਰ ਕਰਨ ਅਤੇ ਵਧੇਰੇ ਸੰਪਰਕ ਸਥਾਪਿਤ ਕਰਨ ਦਾ ਮੌਕਾ ਮਿਲਿਆ।


ਇਸ ਦੀ 20 ਸਾਲਾਂ ਦੀ ਜਲਾਵਤਨੀ ਦਾ ਸਮਾਂ ਐਥਨਜ਼ ਦੇ ਪਤਨ ਅਤੇ 404 ਦੀ ਸ਼ਾਂਤੀ ਸੰਧੀ ਹੋਣ ਨਾਲ ਹੀ ਖ਼ਤਮ ਹੋਇਆ। ਇਸ ਦੀ ਮੌਤ ਕਿਵੇਂ ਹੋਈ, ਬਾਰੇ ਠੋਸ ਸਬੂਤ ਨਹੀਂ ਮਿਲੇ ਪਰੰਤੂ ਇਹ ਅਨੁਮਾਨ ਲਾਇਆ ਜਾਂਦਾ ਹੈ ਕਿ ਇਸ ਦੀ 404 ਦੀ ਸ਼ਾਂਤੀ ਸੰਧੀ ਤੋਂ ਛੇਤੀ ਪਿੱਛੋਂ ਹੀ ਮੌਤ ਹੋ ਗਈ ਸੀ। ਦੂਜੀ ਈ. ਪੂ. ਵਿਚ ਬਣਿਆ ਇਸ ਦਾ ਮਕਬਰਾ ਅਤੇ ਇਕ ਯਾਦਗਾਰ ਅਜੇ ਵੀ ਐਥਨਜ਼ ਵਿਖੇ ਮੌਜੂਦ ਹਨ।

ਹ. ਪੁ. - ਐਨ. ਬ੍ਰਿ. ਮਾ. 11 : 740; ਹਿੰ. ਵਿ. ਕੋ. 5 : 478

ਥਿਊਰਮ : ਇਹ ਗਣਿਤ ਵਿਚ ਪ੍ਰਾਪੋਜ਼ੀਸ਼ਨ ਲਈ ਵਰਤਿਆ ਜਾਣ ਵਾਲਾ ਇਕ ਸ਼ਬਦ ਹੈ, ਜਿਸ ਦੀ ਵਰਤੋਂ ਪ੍ਰਾਪੋਜ਼ੀਸ਼ਨ ਦੇ ਸਬੂਤ ਲਈ ਕੀਤੀ ਜਾਂਦੀ ਹੈ। ਰੇਖਾ ਗਣਿਤ ਵਿਚ ਪ੍ਰਾਪੋਜ਼ੀਸ਼ਨ ਨੂੰ ਆਮ ਕਰ ਕੇ ਇਕ ਪ੍ਰਸ਼ਨ (ਜਿਸ ਦੀ ਰਚਨਾ ਕਰਨੀ ਹੋਵੇ) ਜਾਂ ਇਕ ਥਿਊਰਮ (ਕਿਸੇ ਕਥਨ ਨੂੰ ਸਾਬਤ ਕਰਨਾ) ਮੰਨਿਆ ਜਾਂਦਾ ਹੈ। ਉਦਾਹਰਣ ਦੇ ਤੌਰ ਤੇ ਇਹ ਕਥਨ," ਕਿ ਜੇ ਦੋ ਰੇਖਾਵਾਂ ਇਕ ਦੂਸਰੇ ਨੂੰ ਕੱਟਦੀਆਂ ਹਨ ਤਾਂ ਲੰਬਾਤਮਕ ਕੋਣਾਂ ਦਾ ਹਰ ਜੋੜਾ ਬਰਾਬਰ ਹੋਵੇਗਾ" ਇਕ ਥਿਊਰਮ ਹੈ। ਅਲਜਬਰੇ ਵਿਚ ਜਿਸ ਨੂੰ "ਮੂਲ ਸਿਧਾਂਤ" ਕਿਹਾ ਜਾਂਦਾ ਹੈ, ਇਹ ਸਥਾਪਤ ਹੁੰਦਾ ਹੈ ਕਿ ਹਰ ਪਰਿਮੇਯ ਅਨੁਕਲ ਸਮੀਕਰਨ ਦਾ ਘੱਟੋ ਘੱਟ ਇਕ ਰੂਟ ਹੁੰਦਾ ਹੈ। ਯੂਨਾਨੀਆਂ ਨੇ ਵੀ ਇਕ ਥਿਊਰਮ ਅਤੇ ਪ੍ਰਸ਼ਨ (ਪ੍ਰੌਬਲਮ) ਵਿਚਕਾਰਲੀ ਪ੍ਰਾਪੋਜ਼ੀਸ਼ਨ, ਪਾੱਰਿਜ਼ਮ (porism) ਨੂੰ ਮਾਨਤਾ ਦਿੱਤੀ ਹੈ।

ਹ. ਪੁ. - ਐਨ. ਬ੍ਰਿ. 22 : 68

ਥਿਊਨੇਨ, ਜੋਹੈੱਨ ਹਾਈਨਰਿਕ ਫ਼ਾਨ : ਖੇਤੀਬਾੜੀ ਪੈਦਾਵਾਰ ਦੇ ਸਹੀ ਮੁੱਲ ਨਿਰਧਾਰਣ ਕਰਨ ਵਾਲੇ ਇਸ ਖੇਤੀਬਾੜੀ



ਜੋਹੈੱਨ ਹਾਈਨਰਿਕ ਫ਼ਾਨ ਥਿਊਨੇਨ

ਵਿਗਿਆਨੀ ਦਾ ਜਨਮ 24 ਜੂਨ, 1783 ਨੂੰ ਜੈਵਰ (ਜਰਮਨੀ) ਵਿਖੇ ਹੋਇਆ। ਇਸ ਨੂੰ ਖੇਤੀਬਾੜੀ ਵਸਤਾਂ ਦੀ ਢੋਆ-ਢੁਆਈ ਦੀ ਲਾਗਤ ਅਤੇ ਪੈਦਾਵਾਰ ਵਾਲੇ ਖੇਤਰ ਦੇ ਆਪਸੀ ਸਬੰਧ ਦੀ ਖੋਜ ਕਰ ਕੇ ਜਾਣਿਆ ਜਾਂਦਾ ਹੈ।

ਸੰਨ 1810 ਵਿਚ ਥਿਊਨੇਨ ਨੇ ਆਪਣੀ ਇਕ ਕਿਤਾਬ 'Der isolierte staat' ਲਈ ਅੰਕੜੇ ਇਕੱਠੇ ਕਰਨੇ ਸ਼ੁਰੂ ਕੀਤੇ ਜਿਸ ਲਈ ਇਹ ਕਾਫ਼ੀ ਪ੍ਰਸਿੱਧ ਹੋ ਗਿਆ ਅਤੇ ਇਸ ਦੀ ਇਹ ਪੁਸਤਕ 1826 ਈ. ਵਿਚ ਪ੍ਰਕਾਸ਼ਿਤ ਹੋਈ। ਇਸ ਕੰਮ ਲਈ ਇਸ ਨੇ ਇਕ ਨਵੇਕਲੇ ਸ਼ਹਿਰ ਦੀ ਜੋ ਇਕ ਪੱਧਰੇ ਅਤੇ ਇਕੋ ਜਿਹੇ ਉਪਜਾਊ ਮੈਦਾਨ ਵਿਚ ਸਥਿਤ ਹੈ, ਦੀ ਕਲਪਨਾ ਕੀਤੀ। ਕਲਪਨਾ ਅਨੁਸਾਰ ਇਹ ਸ਼ਹਿਰ ਜਹਾਜ਼ਰਾਨੀ ਵਾਲੇ ਰਸਤਿਆਂ ਤੋਂ ਬਗ਼ੈਰ ਜੰਗਲਾਤ ਨਾਲ ਘਿਰਿਆ ਹੋਇਆ ਹੈ। ਇਸ ਮਾਡਲ ਫ਼ਾਰਮ ਵਿਚ ਇਸ ਨੇ ਖੇਤੀਬਾੜੀ ਉਤਪਾਦਨ ਦੇ ਸਮਕੇਂਦ੍ਰੀ ਖੰਡ ਦਰਸਾਏ ਹਨ। ਇਸ ਵਿਚ ਦੱਸਿਆ ਹੈ ਕਿ ਛੇਤੀ ਖ਼ਰਾਬ ਹੋ ਜਾਣ ਵਾਲੀਆਂ ਵਸਤਾਂ ਸ਼ਹਿਰ ਦੇ ਨਜ਼ਦੀਕ ਅਤੇ ਪਾਏਦਾਰ ਵਸਤਾਂ ਸ਼ਹਿਰ ਦੇ ਇਰਦ-ਗਿਰਦ ਉਗਾਈਆਂ ਜਾਣ। ਸ਼ਹਿਰ ਤੋਂ ਢੋਆ-ਢੁਆਈ ਦੀਆਂ ਕੀਮਤਾਂ ਦੂਰੀ ਕਾਰਨ ਵਧ ਜਾਣ ਤੇ ਜ਼ਮੀਨ ਤੋਂ ਆਉਣ ਵਾਲੀ ਆਮਦਨ ਉਦੋਂ ਤਕ ਘਟਦੀ ਚਲੀ ਜਾਏਗੀ ਜਦ ਤਕ ਇਕ ਖ਼ਾਸ ਦੂਰੀ ਤੇ ਜ਼ਮੀਨ ਦਾ ਲਗਾਨ ਬਿਲਕੁਲ ਹੀ ਨਾ ਘਟ ਜਾਏ ਜਾਂ ਖ਼ਤਮ ਹੋ ਜਾਏ। ਇਸ ਤੋਂ ਵੀ ਵੱਧ, ਖੇਤੀਬਾੜੀ ਕਾਸ਼ਤ ਦੇ ਢੰਗ ਬਦਲਦੇ ਰਹਿਣਗੇ। ਸ਼ਹਿਰ ਦੇ ਨੇੜੇ ਜ਼ਮੀਨ ਵਿਚੋਂ ਫ਼ਸਲਾਂ ਦੀ ਕਾਸ਼ਤ ਵਧੇਰੇ ਹੁੰਦੀ ਜਾਏਗੀ। ਇਸ ਤੋਂ ਪਿੱਛੋਂ ਇਸ ਕੰਮ ਵਿਚ ਲਗੇ ਖੋਜੀਆਂ ਨੇ ਵੀ ਅਕਸਰ ਥਿਊਨੇਨ ਵਾਲੇ ਮਾਡਲ ਹੀ ਅਪਣਾਏ।

22 ਸਤੰਬਰ, 1850 ਨੂੰ ਇਸ ਦੀ ਮੌਤ ਹੋ ਗਈ।

ਹ. ਪੁ. - ਐਨ. ਬ੍ਰਿ. ਮਾ. 9 : 986

ਥਿਊਲੀਅਮ : ਇਹ ਇਕ ਰਸਾਇਣਿਕ ਤੱਤ ਹੈ ਜਿਸ ਦਾ ਰਸਾਇਣਿਕ ਚਿੰਨ੍ਹ Tm, ਪਰਮਾਣਵੀ-ਕ੍ਰਮ-ਅੰਕ 69 ਅਤੇ ਪਰਮਾਣਵੀ-ਭਾਰ 168.934 ਹੈ। ਇਹ ਦੁਰਲੱਭ-ਮਿੱਟੀ ਗਰੁੱਪ ਨਾਲ ਸਬੰਧਤ ਇਕ ਦੁਰਲੱਭ ਧਾਤਵੀ ਤੱਤ ਹੈ। ਕੁਦਰਤ ਵਿਚ ਮਿਲਦਾ ਇਸ ਦਾ ਸਥਾਈ ਸਮਸਥਾਨਕ Tm^{169} ਹੈ। ਇਸ ਦੀ ਖੋਜ ਪੀ. ਟੀ. ਕਲੀਵ ਨੇ 1878 ਈ. ਵਿਚ ਕੀਤੀ। ਥਿਊਲੀਅਮ ਦੇ ਲੂਣਾਂ ਦਾ ਰੰਗ ਪੀਲਾ ਹਰਾ ਅਤੇ ਘੋਲਾਂ ਦਾ ਰੰਗ ਬਹੁਤ ਹਲਕੀ ਹਰੀ ਭਾਹ ਮਾਰਦਾ ਹੈ। ਧਾਤ ਤਿਆਰ ਕਰਨ ਲਈ ਕੈਲਸੀਅਮ ਨਾਲ ਜਲਹੀਣ ਫ਼ਲੋਰਾਈਡ ਦਾ ਲਘੂਕਰਨ ਕਰਵਾਇਆ ਜਾਂਦਾ ਹੈ ਜਾਂ ਲੈਂਥੇਨਮ ਧਾਤ ਅਤੇ ਥਿਊਲੀਅਮ ਆੱਕਸਾਈਡ ਦੇ ਮਿਸ਼ਰਣ ਤੋਂ ਥਿਊਲਮ ਦਾ ਨਿਰਵਾਯੂ ਕਸ਼ੀਦਣ ਕੀਤਾ ਜਾਂਦਾ ਹੈ। ਪਿਘਲਾਉ ਦਰਜੇ ਉੱਤੇ ਇਸ ਦਾ ਵਾਸ਼ਪ ਦਬਾਉ ਕਾਫ਼ੀ ਉੱਚਾ ਹੁੰਦਾ ਹੈ। ਜਦੋਂ ਥਿਊਲੀਅਮ- 169 ਨੂੰ ਨਿਊਕਲੀ ਰੀਐਕਟਰ ਵਿਚ ਕਿਰਨ-ਪ੍ਰਭਾਵਿਤ ਕੀਤਾ ਜਾਂਦਾ ਹੈ ਤਾਂ Tm^{170} (ਅਰਧ - ਆਯੂ 129 ਦਿਨ) ਬਣ ਜਾਂਦਾ ਹੈ। ਫ਼ਿਰ ਸਮਸਥਾਨਕ ਇਕ ਬਹੁਤ ਪ੍ਰਬਲ ਐਕਸ-ਕਿਰਨਾਂ (84 ਕਿਲੋ ਇਲੈੱਕਟ੍ਰਾੱਨ ਵੋਲਟ) ਉਤਸਰਜਿਤ ਕਰਦਾ ਹੈ ਅਤੇ ਇਹ ਪਦਾਰਥ ਡਾਕਟਰੀ ਵਰਤੋਂ ਲਈ ਛੋਟੇ ਐਕਸ-ਕਿਰਨ ਯੂਨਿਟ ਬਣਾਉਣ ਲਈ ਲਾਹੇਵੰਦ ਹੈ। ਇਸ ਨੂੰ ਬਣਾਉਣ ਲਈ ਕਿਸੇ ਬਿਜਲੱਈ ਉਪ-ਕਰਨ ਦੀ ਲੋੜ ਨਹੀਂ ਪੈਂਦੀ ਸਗੋਂ ਹਰ ਵਾਰ ਕੁਝ ਮਹੀਨਿਆਂ ਬਾਅਦ ਪੁਨਰ-

Ia	IIa	IIIb	IVb	Vb	VIb	VIIb	VIII	VIII	VIII	Ib	IIb	IIIa	IVa	Va	VIa	VIIa	0
1 H																	2 He
3 Li	4 Be											5 B	6 C	7 N	8 O	9 F	10 Ne
11 Na	12 Mg											13 Al	14 Si	15 P	16 S	17 Cl	18 Ar
19 K	20 Ca	21 Sc	22 Ti	23 V	24 Cr	25 Mn	26 Fe	27 Co	28 Ni	29 Cu	30 Zn	31 Ga	32 Ge	33 As	34 Se	35 Br	36 Kr
37 Rb	38 Sr	39 Y	40 Zr	41 Nb	42 Mo	43 Tc	44 Ru	45 Rh	46 Pd	47 Ag	48 Cd	49 In	50 Sn	51 Sb	52 Te	53 I	54 Xe
55 Cs	56 Ba	57 La	72 Hf	73 Ta	74 W	75 Re	76 Os	77 Ir	78 Pt	79 Au	80 Hg	81 Tl	82 Pb	83 Bi	84 Po	85 At	86 Rn
87 Fr	88 Ra	89 Ac	104 Rf	105 Ha	106	107	108	109	110	111	112	113	114	115	116	117	118

ਲੈਥੇਨਾਈਡ ਲੜੀ	58 Ce	59 Pr	60 Nd	61 Pm	62 Sm	63 Eu	64 Gd	65 Tb	66 Dy	67 Ho	68 Er	69 Tm	70 Yb	71 Lu
ਐਕਟਿਨਾਈਡ ਲੜੀ	90 Th	91 Pa	92 U	93 Np	94 Pu	95 Am	96 Cm	97 Bk	98 Cf	99 Es	100 Fm	101 Md	102 No	103 Lr

ਥਿਊਲੀਅਮ

ਕਿਰਿਆਸ਼ੀਲ ਥਿਊਲੀਅਮ ਬਟਨ ਨਾਲ ਯੂਨਿਟ ਨੂੰ ਪੁਨਰ-ਚਾਰਜਿਤ ਕਰ ਲਿਆ ਜਾਂਦਾ ਹੈ। ਘੱਟ ਤਾਪਮਾਨ ਉੱਤੇ ਧਾਤ ਪ੍ਰਤਿਲੋਹ-ਚੁੰਬਕੀ ਬਣ ਜਾਂਦੀ ਹੈ।

ਇਸ ਦੀ ਹੋਰ ਵਰਤੋਂ ਲਈ ਖੋਜ ਜਾਰੀ ਹੈ।

ਹ. ਪੁ. - ਮੈਕ. ਐਨ. ਸ. ਟ. 13 : 634

ਥਿਸਲਵੁੱਡ ਆਰਥਰ : ਇਹ 1820 ਈ. ਵਿਚ ਬਰਤਾਨਵੀ ਮੰਤਰੀ ਮੰਡਲ ਨੂੰ ਕਤਲ ਕਰਨ ਸਬੰਧੀ ਘੜੀ ਗਈ 'ਕੈਟੋ ਸਟਰੀਟ ਕਾਨਸਪੀਰੇਸੀ' ਦੇ ਮੋਢੀ ਸਾਜ਼ਸ਼ੀਆਂ ਵਿਚੋਂ ਇਕ ਸੀ।

ਇਸ ਦਾ ਜਨਮ 1770 ਈ. ਵਿਚ ਇੰਗਲੈਂਡ ਵਿਚ ਬ੍ਰੂਮ

(ਲਿੰਕਨਸ਼ਿਰ) ਵਿਖੇ ਹੋਇਆ। ਸੰਨ 1798 ਵਿਚ ਇਹ ਫੌਜ ਵਿਚ ਭਰਤੀ ਹੋ ਗਿਆ ਅਤੇ ਲੈਫਟੀਨੈਂਟ ਦੇ ਅਹੁਦੇ ਤੱਕ ਪਹੁੰਚ ਗਿਆ। ਰਿਪਬਲਿਕਨਾਂ ਤੋਂ ਪ੍ਰਭਾਵਿਤ ਹੋ ਕੇ ਇਸ ਨੇ ਦੇਸ਼ ਦੇ ਬਾਗੀ ਧੜੇ 'ਸਪੈਸੀਅਨ ਸੋਸਾਇਟੀ' ਨਾਲ ਮੇਲ-ਜੋਲ ਕਰ ਲਿਆ ਅਤੇ ਜੇਮਜ਼ ਵਾਟਸਨ ਤੇ ਹੋਰ ਅਜਿਹੇ ਬਾਗ਼ੀਆਂ ਦਾ ਸਾਥੀ ਬਣ ਗਿਆ। ਇਨ੍ਹਾਂ ਦਾ ਮਕਸਦ ਸਾਰੇ ਸਮਾਜਿਕ ਢਾਂਚੇ ਵਿਚ ਤਬਦੀਲੀ ਲਿਆਉਣਾ ਸੀ।



ਥਿਸਲਵੁੱਡ ਆਰਥਰ

ਸੰਨ 1816 ਵਿਚ ਇਸ ਨੇ ਆਪਣੇ ਸਾਥੀਆਂ ਨਾਲ ਇਨਕਲਾਬ ਲਿਆਉਣ ਦਾ ਇਕ ਅਸਫ਼ਲ ਯਤਨ ਕੀਤਾ ਪਰ ਹੇਬੀਅਸ ਕਾਰਪਸ ਐਕਟ ਮੁਲਵਤੀ ਕਰ ਦਿੱਤਾ ਗਿਆ। ਇਸ ਕਾਰਨ ਥਿਸਲੰਵੁੱਡ ਅਤੇ ਵਾਟਸਨ ਤੇ ਮੁਕੱਦਮਾ ਚਲਾਇਆ ਗਿਆ ਪਰ ਮਗਰੋਂ ਇਨ੍ਹਾਂ ਨੂੰ ਰਿਹਾਅ ਕਰ ਦਿੱਤਾ ਗਿਆ। ਸੰਨ 1818-1819 ਵਿਚ ਸ਼ਾਂਤੀ ਭੰਗ ਕਰਨ ਦੇ ਦੋਸ਼ ਹੇਠ ਇਸ ਨੂੰ ਇਕ ਸਾਲ ਲਈ ਕੈਦ ਦੀ ਸਜ਼ਾ ਹੋਈ। 1 ਮਈ, 1819 ਵਿਚ ਰਿਹਾਅ ਹੋਣ ਮਗਰੋਂ ਇਸ ਨੇ ਇਕ ਹੋਰ ਸਾਜ਼ਿਸ਼ ਘੜੀ।

23 ਫ਼ਰਵਰੀ, 1820 ਵਿਚ ਬਾਦਸ਼ਾਹ ਜਾਰਜ ਤੀਜੇ ਦੀ ਮੌਤ ਕਾਰਨ ਦੇਸ਼ ਵਿਚ ਅਸੰਤੁਸ਼ਟੀ ਅਤੇ ਬੇਚੈਨੀ ਫੈਲ ਗਈ। ਕੈਬਿਨਿਟ ਮੰਤਰੀ ਹੈਰੋਬੀ ਅਰਲ ਦੇ ਘਰ ਖਾਣਾ ਖਾਣ ਲਈ ਇੱਕਠੇ ਹੋਏ। ਇਸ ਨੇ ਆਪਣੇ ਸਾਥੀਆਂ ਸਮੇਤ ਨੇੜੇ ਹੀ ਪੈਂਦੀ ਕੈਂਟ ਗਲੀ ਵਿਚ ਇਕ ਕਮਰਾ ਕਿਰਾਏ ਤੇ ਲਿਆ ਅਤੇ ਅਸਲਾ ਜਮ੍ਹਾਂ ਕਰ ਕੇ ਕੈਬਨਿਟ ਮੰਤਰੀਆਂ ਤੇ ਹਮਲਾ ਕਰਨ ਦਾ ਪ੍ਰੋਗਰਾਮ ਬਣਾਇਆ ਪਰ ਇਸ ਦੇ ਇਕ ਸਾਥੀ ਜਾਰਜ ਐਡਵਰਡ ਨੇ ਗਦਾਰੀ ਕੀਤੀ ਅਤੇ ਅਧਿਕਾਰੀਆਂ ਨੂੰ ਸੂਹ ਦੇ ਕੇ ਇਸ ਯੋਜਨਾ ਨੂੰ ਅਸਫ਼ਲ ਬਣਾ ਦਿੱਤਾ। ਇਸ ਦੇ ਕੁਝ ਸਾਥੀ ਤਾਂ ਉਸੇ ਵਕਤ ਹੀ ਗ੍ਰਿਫ਼ਤਾਰ ਕਰ ਲਏ ਗਏ ਅਤੇ ਅਗਲੇ ਦਿਨ ਇਸ ਨੂੰ ਵੀ ਫੜ ਲਿਆ ਗਿਆ। ਇਸ ਸਾਜ਼ਿਸ਼ ਕਾਰਨ ਇਨ੍ਹਾਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ।

1 ਮਈ, 1820 ਨੂੰ ਇਸ ਨੂੰ ਇਸ ਦੇ ਚਾਰ ਸਾਥੀਆਂ ਸਮੇਤ ਫਾਂਸੀ ਦੇ ਦਿੱਤੀ ਗਈ।

ਹ. ਪੁ. - ਐਨ. ਬ੍ਰਿ. 22 : 142; ਐਨ. ਅਮੈ. 26 : 569

ਥਿੰਦ : ਇਹ ਪੰਜਾਬ (ਭਾਰਤ) ਵਿਚ ਵਸਣ ਵਾਲੇ ਕੰਬੋ ਕਬੀਲਿਆਂ ਵਿਚੋਂ ਇਕ ਛੋਟਾ ਜਿਹਾ ਕਬੀਲਾ ਹੈ ਜਿਸ ਦੇ ਬਹੁਤੇ ਲੋਕ ਜ਼ਿਲ੍ਹਾ ਲੁਧਿਆਣਾ ਵਿਚ ਵਸਦੇ ਹਨ। ਇਨ੍ਹਾਂ ਦੇ ਬਿੱਛੂ ਨਾਂ ਦੇ ਵੱਡ-ਵਡੇਰੇ ਦੀ ਸਾਹਨਾਂ ਵਿਖੇ ਇਕ ਸਮਾਧ ਬਣੀ ਹੋਈ ਹੈ ਜਿਸ ਨੂੰ ਇਹ ਲੋਕ ਪੂਜਦੇ ਸਨ ਅਤੇ ਜਿਥੋਂ ਇਸ ਕਬੀਲੇ ਦੇ ਲੋਕ ਇੱਟਾਂ ਲਿਜਾ ਕੇ ਆਪਣੇ ਪਿੰਡਾਂ ਵਿਚ ਸਮਾਧਾਂ ਬਣਾ ਲੈਂਦੇ ਸਨ। ਸਮਾਧ ਪੂਜਣ ਮਗਰੋਂ ਨਵੀਂ ਲਾੜੀ ਅਤੇ ਲਾੜੇ ਦੀ ਜੋੜੀ ਇਥੇ ਛਟੀਆਂ ਖੇਡਦੀ ਹੁੰਦੀ ਸੀ। ਪਹਿਲਾਂ ਲਾੜੀ ਲਾੜੇ ਦੇ ਸੱਤ ਛਟੀਆਂ ਮਾਰਦੀ ਹੈ ਤੇ ਫਿਰ ਲਾੜਾ ਉਸੇ ਤਰ੍ਹਾਂ ਲਾੜੀ ਦੇ ਸੱਤ ਛਟੀਆਂ ਮਾਰਦਾ ਹੈ। ਸਮਾਧ ਤੇ ਚਾੜ੍ਹਿਆ ਗਿਆ ਚੜ੍ਹਾਵਾ ਬ੍ਰਾਹਮਣ ਨੂੰ ਦਿੱਤਾ ਜਾਂਦਾ ਸੀ। ਗਾਂ ਜਾਂ ਮੱਝ ਦਾ ਦੁੱਧ ਪਹਿਲਾਂ ਸਮਾਧ ਤੇ ਚੜ੍ਹਾ ਲਿਆ ਜਾਂਦਾ ਸੀ ਅਤੇ ਕੁਝ ਬ੍ਰਾਹਮਣ ਨੂੰ ਵੀ ਦੇ ਦਿੱਤਾ ਜਾਂਦਾ ਸੀ। ਪਹਿਲੀ ਮੱਸਿਆ ਨੂੰ ਘਿਉ ਵੀ ਸਮਾਧ ਤੇ ਚੜ੍ਹਾਇਆ ਜਾਂਦਾ ਸੀ ਅਤੇ ਬਾਕੀ ਦਾ ਬ੍ਰਾਹਮਣ ਨੂੰ ਦੇ ਦਿੱਤਾ ਜਾਂਦਾ ਸੀ ਪਰ ਅੱਜਕੱਲ੍ਹ ਇਹ ਸਾਰੀਆਂ ਰੀਤਾਂ ਲਗਭਗ ਖ਼ਤਮ ਹੋ ਚੁੱਕੀਆਂ ਹਨ।

ਹ. ਪੁ. - ਗਲਾ. ਟ੍ਰਾਈ. ਐਂਡ ਕਾਸ. ਜਿਲਦ 3-ਡੈਨਜ਼ਿਲ ਇਬੈਟਸਨ, ਪੰਜਾਬ ਕਾਸਟਸ - ਇਬੈਟਸਨ

ਥਿਰਾ : ਯੂਨਾਨ ਦੇ ਏਜੀਅਨ ਸਾਗਰ ਵਿਚ ਕ੍ਰੀਟ ਤੋਂ 90 ਕਿ. ਮੀ. ਉੱਤਰ ਵੱਲ ਸਿਕਲਾਡੀਜ਼ ਦੀਪ ਸਮੂਹ ਦਾ ਧੁਰ ਦੱਖਣ ਦਾ ਇਕ ਟਾਪੂ ਹੈ। ਇਸ ਨੂੰ ਸੈਂਟਾਰਿਨ ਵੀ ਕਿਹਾ ਜਾਂਦਾ ਸੀ।

ਏਕਮ ਦੇ ਚੰਨ ਦੀ ਸ਼ਕਲ ਵਰਗਾ ਇਹ ਟਾਪੂ ਲਗਭਗ 20 ਕਿ. ਮੀ. ਲੰਬਾ ਅਤੇ 5 ਕਿ. ਮੀ. ਚੌੜਾ ਹੈ। ਇਹ ਇਕ ਬਹੁਤ ਹੀ ਪੁਰਾਣੇ ਜੁਆਲਾਮੁਖ ਦਾ ਬਚਿਆ- ਖੁਚਿਆ ਹਿੱਸਾ ਹੈ ਜਿਹੜਾ ਕਿ 1520 ਅਤੇ 1420 ਈ. ਪੂ. ਦੇ ਵਿਚਕਾਰ ਆਏ ਭੁਚਾਲਾਂ ਅਤੇ ਹੋਏ ਵਿਸਫੋਟਕਾਂ ਕਾਰਨ ਆਪਣੀ ਮੁੰਦਰੀ ਵਰਗੀ ਸ਼ਕਲ ਖੋ ਬੈਠਾ ਹੈ। ਪੁਰਾਤੱਤਵ ਵਿਗਿਆਨੀਆਂ ਕੋਲ ਇਸ ਗੱਲ ਦੇ ਸਬੂਤ ਹਨ ਕਿ ਇਥੋਂ ਦੀ ਸੱਭਿਅਤਾ ਕ੍ਰੀਟ ਦੀ ਮਿਓਨ ਸੱਭਿਅਤਾ ਨਾਲ ਮੇਲ ਖਾਂਦੀ ਹੈ। ਕੁਝ ਪੁਰਾਤੱਤਵ ਵਿਗਿਆਨੀਆਂ ਦਾ ਵਿਚਾਰ ਹੈ ਕਿ ਤਬਾਹੀਕੁੰਨ ਵਿਸਫੋਟਕਾਂ ਕਾਰਨ ਇਥੋਂ ਦੇ ਨਿਵਾਸੀ ਟਾਪੂ ਤੋਂ ਬਹੁਤ ਦੂਰ ਚਲੇ ਗਏ ਹੋਣਗੇ। ਇਸ ਲਈ ਕ੍ਰੀਟ ਦੀ ਸੱਭਿਅਤਾ ਬਹੁਤ ਜਲਦੀ ਅਲੋਪ ਹੋ ਗਈ।

ਇਹ ਟਾਪੂ ਲੈਕੋਨੀਅਨ ਡੋਰੀਅਨਾਂ ਨੇ ਕ੍ਰੀਟ ਨਾਲ ਮਿਲ ਕੇ 9 ਸਦੀ ਈ. ਪੂ. ਤੋਂ ਪਹਿਲਾਂ ਮੁੜ ਆਬਾਦ ਕਰ ਲਿਆ। 631 ਈ. ਪੂ. ਵਿਚ ਇਥੇ ਸਰੀਨ ਸ਼ਹਿਰ ਦੀ ਸਥਾਪਨਾ ਕੀਤੀ ਗਈ। ਪਹਿਲਾਂ ਇਹ ਏਜੀਅਨ ਸਾਗਰ ਦੇ ਵਪਾਰ ਲਈ ਇਕ ਪ੍ਰਸਿੱਧ ਕੇਂਦਰ ਹੁੰਦਾ ਸੀ।

ਸੰਨ 1207 ਵਿਚ ਇਸ ਟਾਪੂ ਉੱਤੇ ਵੀਨਸ ਨੇ ਕਬਜ਼ਾ ਕਰ ਲਿਆ ਅਤੇ 1537 ਈ. ਵਿਚ ਤੁਰਕਾਂ ਨੇ ਇਸ ਨੂੰ ਜਿੱਤ ਲਿਆ। ਸੰਨ 1821 ਵਿਚ ਇਹ ਤੁਰਕਾਂ ਤੋਂ ਆਜ਼ਾਦ ਹੋ ਗਿਆ ਅਤੇ ਹੁਣ ਇਹ ਯੂਨਾਨ ਦੇ ਸਿਕਲਾਡੀਜ਼ ਟਾਪੂਆਂ ਦੇ ਇਕ ਯੂਨਾਨੀ ਡਿਪਾਰਟਮੈਂਟ ਦਾ ਹਿੱਸਾ ਹੈ।

ਇਥੇ ਸਾਲਾਂ-ਬੱਧੀ ਕੀਤੀ ਖੁਦਾਈ ਤੋਂ ਪ੍ਰਾਪਤ ਹੋਈ ਸਮੱਗਰੀ ਤੋਂ ਪੂਰਵ ਇਤਿਹਾਸਕ ਕਾਲ ਦੇ ਕਾਂਸੀ ਯੁੱਗ ਦੀ ਸੱਭਿਅਤਾ ਹੋਣ ਦੇ ਸਬੂਤ ਮਿਲਦੇ ਹਨ। ਸੰਨ 1900 ਵਿਚ ਜਰਮਨੀ ਦੇ ਇਕ ਪੁਰਾਤੱਤਵ ਵਿਗਿਆਨੀ ਨੇ 'ਪੁਰਾਣੇ ਥਿਰਾ' ਦੀ ਖੁਦਾਈ ਕੀਤੀ ਅਤੇ ਉਸ ਨੇ ਉਥੇ ਇਕ ਸਭਾ ਚੌਕ, ਕਈ ਘਰ, ਤਲਾਅ, ਬੈਰਕਾਂ ਅਤੇ ਇਕ ਮੰਦਰ ਲੱਭਿਆ। ਸੰਨ 1966 ਵਿਚ ਯੂਨਾਨ ਦੇ ਪੁਰਾਤੱਤਵ ਵਿਗਿਆਨੀਆਂ ਨੇ ਯੋਜਨਾਬੱਧ ਢੰਗ ਨਾਲ ਖੁਦਾਈ ਕਰ ਕੇ ਇਹ ਸਿੱਧ ਕਰ ਦਿੱਤਾ ਹੈ ਕਿ ਇਥੋਂ ਦੀ ਸੱਭਿਅਤਾ ਪੁਰਾਣੀ ਯੂਨਾਨੀ ਸੱਭਿਅਤਾ ਨਾਲ ਮਿਲਦੀ ਹੈ।

ਹ. ਪੁ. - ਐਨ. ਅਮੈ. 26 : 642

ਥੀਓਕ੍ਰਿਟਸ : ਯੂਨਾਨ ਦੇ ਇਸ ਪੇਂਡੂ ਗੀਤਾਂ ਦੇ ਜਨਮਦਾਤਾ ਦਾ ਜਨਮ ਲ. 310 ਈ. ਪੂ. ਸਿਸਲੀ ਵਿਚ ਸਿਰਾਕਿਊਜ਼ ਵਿਖੇ ਹੋਇਆ। ਇਸ ਦੇ ਜਨਮ ਬਾਰੇ ਮਾੜੀ ਮੋਟੀ ਜਾਣਕਾਰੀ ਇਸ ਦੀਆਂ ਕਵਿਤਾਵਾਂ ਤੋਂ ਹੀ ਮਿਲਦੀ ਹੈ। ਕੁਝ ਹਵਾਲਿਆਂ ਅਨੁਸਾਰ ਇਸ ਦਾ ਜਨਮ ਕੱਸ ਵਿਖੇ ਹੋਇਆ ਮੰਨਿਆ ਜਾਂਦਾ ਹੈ।

ਇਹ ਕੱਸ ਵਿਖੇ ਫਿਲੀਟਾਸ ਦਾ ਸ਼ਾਗਿਰਦ ਸੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹ ਸਿਸਲੀ ਵਿਚ ਰਿਹਾ ਅਤੇ ਕਈ ਵਾਰੀ ਕੱਸ, ਸਕੰਦਰੀਆ ਅਤੇ ਸ਼ਾਇਦ ਰੋਡਜ਼ ਵਿਖੇ ਵੀ ਰਿਹਾ।

ਇਸ ਦੀਆਂ ਛੋਟੀਆਂ ਛੋਟੀਆਂ ਕਵਿਤਾਵਾਂ ਨੂੰ ਹੀ ਪੇਂਡੂ ਗੀਤ ਕਿਹਾ ਗਿਆ ਹੈ।

ਮਿਸਰ ਜਾਣ ਤੇ ਟਾੱਲਮੀ ਫਿਲੈਡੈਲਫਸ ਨੇ ਇਸ ਦਾ ਬਹੁਤ ਸਨਮਾਨ ਕੀਤਾ। ਥੀਓਕ੍ਰਿਟਸ ਨੇ ਟਾੱਲਮੀ ਦੇ ਸਨਮਾਨ ਵਿਚ ਤਿੰਨ ਛੋਟੀਆਂ ਕਵਿਤਾਵਾਂ ਲਿਖੀਆਂ ਸਨ। ਸਿਰਾਕਿਊਜ਼ ਵਾਪਸ ਪਰਤਣ ਤੇ ਬਾਦਸ਼ਾਹ ਹਾਇਰੋ ਦੂਜੇ ਨਾਲ ਇਸ ਦੀ ਮਿੱਤਰਤਾ ਹੋ ਗਈ।

ਇਸ ਦੇ ਨਾਂ ਹੇਠਾਂ 30 ਛੋਟੀਆਂ ਕਵਿਤਾਵਾਂ ਜਾਂ ਪੇਂਡੂ ਗੀਤ ਲਿਖੇ ਦੱਸੇ ਜਾਂਦੇ ਹਨ। ਇਨ੍ਹਾਂ ਵਿਚੋਂ ਕਈ ਸ਼ਾਇਦ ਹੋਰ ਕਵੀਆਂ ਦੁਆਰਾ ਲਿਖੇ ਗਏ ਹੋਣ।

ਪੇਂਡੂ ਗੀਤਾਂ ਦੀ ਰੀਤ ਯੂਨਾਨੀ ਸਾਹਿਤ ਵਿਚ ਇਸੇ ਦੀ ਦੇਣ ਹੈ ਭਾਵੇਂ ਇਸੇ ਕਿਸਮ ਦੇ ਗੀਤ ਜਾਂ ਕਵਿਤਾਵਾਂ ਸਿਸਲੀ ਅਤੇ ਯੂਨਾਨ ਦੇ ਡੋਰੀਅਨ ਲੋਕਾਂ ਵਿਚ ਇਸ ਤੋਂ ਕਾਫ਼ੀ ਸਮਾਂ ਪਹਿਲੇ ਹੀ ਪ੍ਰਚਲਿਤ ਸਨ। ਥੀਓਕ੍ਰਿਟਸ ਨੇ ਆਪਣੇ ਗੀਤ ਸਿਸਲੀ ਜਨ-ਜੀਵਨ ਦੀ ਗਹਿਰਾਈ ਵਿਚ ਉਤਰ ਕੇ ਲਿਖੇ ਸਨ। ਉਨ੍ਹਾਂ ਗੀਤਾਂ ਵਿਚ ਕਵੀ ਨੇ ਕਿਧਰੇ ਤਾਂ ਨਿੰਮਾ ਨਿੰਮਾ ਹਾਸਾ ਬਿਖੇਰਿਆ ਹੈ ਅਤੇ ਕਿਤੇ ਕਿਤੇ ਸੱਚ ਦੇ ਦੁਖਾਂਤ ਤੇ ਰੋਇਆ ਵੀ ਹੈ। ਡੋਰੀ ਭਾਸ਼ਾ ਵਿਚ ਆਪਣਾ ਸਾਹਿਤ ਰਚਦੇ ਹੋਏ ਇਸ ਨੇ ਸ਼ੈਲੀ ਅਤੇ ਵਿਸ਼ੇ ਦੀ ਸੁੰਦਰਤਾ ਨੂੰ ਜੀਵਤ ਰੱਖਿਆ ਹੈ। ਇਸ ਦੀ ਕਵਿਤਾ ਦਾ ਵਰਜਿਲ ਅਤੇ ਟੈਨੀਸਨ ਦੀ ਕਵਿਤਾ ਉੱਤੇ ਬਹੁਤ ਪ੍ਰਭਾਵ ਪਿਆ। ਇਸ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਵਿਚ ਨਾਟਕੀ ਰੰਗਣ ਹੈ ਅਤੇ ਉਨ੍ਹਾਂ ਵਿਚ ਆਜੜੀ ਸੰਗੀਤ ਦੀ ਝਲਕ ਵਿਖਾਈ ਦਿੰਦੀ ਹੈ। ਇਨ੍ਹਾਂ ਵਿਚ ਸਿਸਲੀ ਦੇ ਆਮ ਜੀਵਨ ਦੀ ਸੱਜਰੀ ਭਾਸ਼ਾ ਅਤੇ ਜਿਉਂਦੀ ਜਾਗਦੀ ਤਸਵੀਰ ਨਜ਼ਰ ਆਉਂਦੀ ਹੈ। ਇਸ ਨੇ ਕੁਝ ਲੰਮੀਆਂ ਕਵਿਤਾਵਾਂ ਵੀ ਲਿਖੀਆਂ ਹਨ।

ਇਸ ਦੇ ਪੇਂਡੂ ਗੀਤਾਂ ਵਿਚ 'ਹਾਰਵੈਸਟ ਹੋਮ' ਬਹੁਤ ਹੀ ਪ੍ਰਸਿੱਧ ਹੈ। ਇਸ ਗੀਤ ਵਿਚ ਕੱਸ ਟਾਪੂ ਦਾ ਦ੍ਰਿਸ਼ ਚਿਤਰਿਆ ਗਿਆ ਹੈ। ਇਸ ਗੀਤ ਵਿਚ ਕਵੀ ਆਪਣੀ ਜ਼ਬਾਨੀ ਸਾਰੀ ਗੱਲ ਬਾਤ ਪੇਸ਼ ਕਰਦਾ ਹੈ।

250 ਈ. ਪੂ. ਇਸ ਦੀ ਮੌਤ ਹੋ ਗਈ।

ਹ. ਪੁ. – ਐਨ. ਬ੍ਰਿ. ਮਾ. 9 : 931; ਐਨ. ਬ੍ਰਿ. 22 : 50; ਐਨ. ਅਮੈ. 26 : 505; ਕੋਲ. ਐਨ. 18 : 332

ਥੀਓਗਨੱਸਟੱਸ : 9ਵੀਂ ਸਦੀ ਦਾ ਇਹ ਬਾਜ਼ਨਤੀਨੀ ਮੱਠਵਾਸੀ, ਧਰਮ-ਪ੍ਰਚਾਰਕ ਅਤੇ ਬਿਰਤਾਂਤਕਾਰ ਕੁਸਤੁਨਤੁਨੀਆ ਦਾ ਬਿਸ਼ਪ ਹੋਇਆ ਹੈ। ਇਸ ਨੇ ਬਿਸ਼ਪ ਫੋਸ਼ੀਅਸ ਦੇ ਅਹਿਦ (858-867 ਅਤੇ 878-886) ਦੌਰਾਨ ਪੂਰਬੀ ਈਸਾਈ ਮੱਤ ਦੀ ਸਥਿਤੀ ਬਾਰੇ ਇਕ ਹੋਰ ਲੇਖਕ ਨਾਲ ਮਿਲ ਕੇ ਇਕ ਰਿਪੋਰਟ ਤਿਆਰ ਕੀਤੀ। ਇਸ ਧਾਰਮਿਕ ਬਿਰਤਾਂਤ ਨੇ ਪੱਛਮੀ ਅਤੇ ਯੂਨਾਨੀ ਈਸਾਈ ਮੱਤਾਂ ਵਿਚਕਾਰਲੇ ਸਬੰਧਾਂ ਨੂੰ ਤੋੜਨ ਵਿਚ ਉੱਘਾ ਯੋਗਦਾਨ ਪਾਇਆ।

ਥੀਓਗਨੱਸਟੱਸ ਫ਼ੋਸੀਅਸ ਦਾ ਵਿਰੋਧੀ ਸੀ। ਇਸ ਨੇ ਆਪਣੇ ਅਹੁਦੇ ਤੋਂ ਲਾਹੇ ਜਾ ਰਹੇ ਬਿਸ਼ਪ ਇਗਨੇਸ਼ੀਅਸ ਦੀ ਹਿਮਾਇਤ ਕੀਤੀ। ਇਗਨੇਸ਼ੀਅਸ ਨੂੰ ਆਪਣੀ ਸਥਿਤੀ ਸਪਸ਼ਟ ਕਰਨ ਲਈ ਇਸ ਨੇ 'ਲੈਟਰ ਆੱਫ਼ ਅਪੀਲ' ਨਾਂ ਹੇਠ ਧਾਰਮਿਕ ਮਾਫ਼ੀ ਤਿਆਰ ਕਰਵਾਈ। ਸੰਨ 861 ਦੇ ਲਗਭਗ ਇਸ ਨੇ ਇਹ ਮਾਫ਼ੀਨਾਮਾ ਪੋਪ ਨਿਕੋਲਸ ਪਹਿਲੇ ਨੂੰ ਦਿੱਤਾ ਅਤੇ ਇਗਨੇਸ਼ੀਅਸ ਨੂੰ ਮੁੜ ਤੋਂ ਆਪਣੇ ਅਹੁਦੇ ਤੇ ਵਾਪਿਸ ਆਉਣ ਵਿਚ ਮਦਦ ਕੀਤੀ। ਇਸ ਨਾਲ ਬਾਜ਼ਨਤੀਨ ਅਤੇ ਰੋਮ ਵਿਚਕਾਰ ਦਰਾੜ ਉਤਪੰਨ ਹੋ ਗਈ।

ਸੰਤਾਂ ਦੀਆਂ ਜੀਵਨੀਆਂ ਉੱਤੇ ਲਿਖਿਆ ਰਚਨਾ ਸੰਗ੍ਰਹਿ 'ਲੈਟਰ ਆੱਫ਼ ਅਪੀਲ' ਅਤੇ 'ਵਰਜਿਨ ਮੈਰੀ' ਨਾਲ ਸਬੰਧਤ ਰਚਨਾ ਥੀਓਗਨੱਸਟੱਸ ਦੀਆਂ ਮੁੱਖ ਕਿਰਤਾਂ ਹਨ ਜੋ 1866 ਵਿਚ ਲੜੀਵਾਰ 'Patrologia Graeca' ਦੀ 105ਵੀਂ ਜਿਲਦ ਵਿਚ ਪ੍ਰਕਾਸ਼ਿਤ ਕੀਤੀਆਂ ਗਈਆਂ।

ਹ. ਪੁ. – ਐਨ. ਬ੍ਰਿ. ਮਾ. 9 : 937

ਥੀਓਗਨੱਸਟੱਸ ਆਫ਼ ਅਲੈਗਜ਼ੈਂਡ੍ਰੀਆ : ਇਹ ਯੂਨਾਨੀ ਧਰਮ-ਪ੍ਰਚਾਰਕ, ਲੇਖਕ ਅਤੇ ਸਿਕੰਦਰੀਆ ਦੀ ਪ੍ਰਸ਼ਨੋਤਰੀ ਪੱਧਤੀ ਦਾ ਉੱਘਾ ਮੁਖੀ ਸੀ ਜੋ ਤੀਜੀ ਸਦੀ ਦੇ ਅੰਤ ਵਿਚ ਹੋਇਆ। ਯੂਨਾਨੀ ਚਰਚ ਸੰਸਥਾ ਦਾ ਇਹ ਉੱਘਾ ਸਿੱਖਿਅਕ 265 ਈ. ਦੇ ਲਗਭਗ ਇਸ ਸਕੂਲ ਦਾ ਮੁਖੀ ਬਣਿਆ।

'Hypotyposeil' ਇਸ ਦੀ ਉੱਘੀ ਕਿਰਤ ਸੀ। ਇਸ ਨੇ ਦੂਜੀ-ਤੀਜੀ ਸਦੀ ਦੇ ਧਰਮ-ਪ੍ਰਚਾਰਕ ਓਰੀਜੈੱਨ ਦੀਆਂ ਸਿੱਖਿਆਵਾਂ ਦਾ ਪਾਲਣ ਕਰ ਕੇ ਆਪਣੀ ਪੁਸਤਕ ਦਾ ਸੰਪਾਦਨ ਕੀਤਾ ਅਤੇ ਆਪਣੇ ਆਗੂ ਦੀ ਪੁਸਤਕ ਵਿਚੋਂ ਹੀ ਸ਼ਬਦਾਵਲੀ ਲਈ। ਚੌਥੀ ਸਦੀ ਤਕ ਇਸ ਦੀ ਇਸ ਪੁਸਤਕ ਦੀ ਬਹੁਤ ਸ਼ਲਾਘਾ ਹੁੰਦੀ ਰਹੀ ਪਰ ਤਕਰੀਬਨ ਪੰਜ ਸਦੀਆਂ ਬਾਅਦ ਕੁਸਤੁਨਤੁਨੀਆ ਦੇ ਬਾਜ਼ਨਤੀਨੀ ਬਿਸ਼ਪ ਫੋਤੀਅਸ ਨੇ ਚਾਹੇ ਇਸ ਦੀ ਸਖ਼ਤ ਆਲੋਚਨਾ ਕੀਤੀ ਪਰ ਇਸ ਦੇ ਬਾਵਜੂਦ ਵੀ ਉਸ ਨੇ ਇਸ ਪੁਸਤਕ ਦੀ ਸ਼ੈਲੀ ਦੀ ਬੜੀ ਸ਼ਲਾਘਾ ਕੀਤੀ।

ਹ. ਪੁ. – ਐਨ. ਬ੍ਰਿ. ਮਾ. 9 : 937

ਥੀਓਗਨਿਸ : ਇਹ ਇਕ ਯੂਨਾਨੀ ਕਵੀ ਸੀ ਜਿਹੜਾ ਛੇਵੀਂ ਸਦੀ ਈ. ਪੂ. ਦੇ ਅਖ਼ੀਰ ਅਤੇ ਪੰਜਵੀਂ ਸਦੀ ਈ. ਪੂ. ਦੇ ਮੁੱਢ ਵਿਚ ਐਥਨਜ਼ ਤੋਂ 30-32 ਕਿ. ਮੀ. ਪੱਛਮ ਵੱਲ ਮੈਗਾਰਾ ਵਿਖੇ ਹੋਇਆ। ਕਿਹਾ ਜਾਂਦਾ ਹੈ ਕਿ ਸਿਕੰਦਰੀ ਕਾਲ ਤੋਂ ਪਹਿਲਾਂ ਯੂਨਾਨ ਦੇ ਕਰੁਣਾਮਈ ਕਵਿਤਾ-ਸਾਹਿਤ ਦਾ ਲਗਭਗ ਅੱਧਾ ਹਿੱਸਾ ਥੀਓਗਨਿਸ ਨੇ ਲਿਖਿਆ ਸੀ। ਇਸ ਦੀਆਂ ਬਹੁਤੀਆਂ ਕਵਿਤਾਵਾਂ ਆਪਣੀ ਮਹਿਬੂਬਾ ਸਿਰਨਸ ਨੂੰ ਸੰਬੋਧਿਤ ਸਨ। ਇਸ ਦੇ ਨਾਂ ਹੇਠਾਂ 1400 ਦੇ ਲਗਭਗ ਕਾਵਿ-ਪੰਕਤੀਆਂ ਸੰਭਾਲੀਆਂ ਹੋਈਆਂ ਦੱਸੀਆਂ ਜਾਂਦੀਆਂ ਹਨ। ਇਸ ਦੀਆਂ ਕਵਿਤਾਵਾਂ ਕੁਲੀਨ-ਤੰਤਰੀ ਸਮਾਜ ਨਾਲ ਸਬੰਧਤ ਹੁੰਦੀਆਂ ਸਨ। ਇਸ ਨੇ ਸਿਰਾਕਿਊਸ ਦੇ ਇਤਿਹਾਸ ਸਬੰਧੀ ਇਕ ਖ਼ਾਸ ਘਟਨਾ ਉੱਪਰ ਇਕ ਕਵਿਤਾ ਲਿਖੀ ਸੀ।

ਇਸ ਦੀਆਂ ਕਿਰਤਾਂ ਵਿਚ ਨਾ ਤਾਂ ਡੂੰਘਾ ਵਿਚਾਰ ਹੈ ਤੇ ਨਾ ਹੀ ਪ੍ਰਭਾਵਸ਼ਾਲੀ ਕਵਿਤਾ ਹੈ ਪਰ ਇਸ ਵਿਚ ਸਾਦੇ ਸ਼ਬਦਾਂ ਵਿਚ ਵਜ਼ਨਦਾਰ ਸੂਝ-ਬੂਝ ਦੀਆਂ ਗੱਲਾਂ ਕੀਤੀਆਂ ਮਿਲਦੀਆਂ ਹਨ। ਕਈ ਪੁਸ਼ਤਾਂ ਤਕ ਯੂਨਾਨੀਆਂ ਲਈ ਥੀਓਗਨਿਸ ਇਕ ਉੱਚ ਦਰਜੇ ਦਾ ਸਦਾਚਾਰੀ ਵਿਅਕਤੀ ਰਿਹਾ ਹੈ।

ਹ. ਪੁ. – ਐਨ. ਬ੍ਰਿ. ਮਾ. 9 : 937; ਐਨ. ਬ੍ਰਿ. 22 : 60; ਕੋਲ. ਐਨ. 18 : 333

ਥੀਓਟ, ਕੈਥਰੀਨ : ਇਹ ਫ਼ਰਾਂਸ ਦੀ ਸੁਪਨਦਰਸ਼ੀ ਇਸਤਰੀ ਸੀ। ਇਸ ਦਾ ਜਨਮ ਬਰੈਂਟੋ ਮੈਕ ਵਿਖੇ ਹੋਇਆ। ਇਹ ਆਪਣੀ ਜਵਾਨੀ ਸਮੇਂ ਭੁਲੇਖਿਆਂ ਦਾ ਸ਼ਿਕਾਰ ਰਹੀ ਅਤੇ ਪਿੱਛੋਂ ਪੈਰਿਸ ਵਿਚ ਲੰਬਾ ਸਮਾਂ ਮਿਰਾਮੋਨਜ ਦੇ ਮੱਠਾਂ ਵਿਚ ਧਾਰਮਿਕ ਤਪੱਸਵੀ ਦੇ ਤੌਰ ਤੇ ਕੰਮ ਕਰਦੀ ਰਹੀ। ਇਸ ਨੂੰ ਕੁਝ ਸਮਾਂ ਪਾਬੰਦੀ ਹੇਠ ਵੀ ਰੱਖਿਆ ਗਿਆ। ਸੰਨ 1782 ਵਿਚ ਜਦੋਂ ਇਸ ਨੂੰ ਰਿਹਾਅ ਕਰ ਦਿੱਤਾ ਗਿਆ ਤਾਂ ਥੀਓਟ ਨੇ ਆਪਣੇ ਆਪ ਨੂੰ ਮਸੀਹਾ ਬਣਨ ਲਈ ਭੁਲੇਖੇ ਪੈਦਾ ਕਰ ਲਏ। ਇਸ ਨੇ ਆਪਣੇ ਪੈਰੋਕਾਰਾਂ ਨੂੰ ਧਰਤੀ ਉੱਤੇ ਆ ਰਹੇ ਸਵਰਗ ਦੀ ਕਾਲਪਨਿਕ ਤਸਵੀਰ ਪੇਸ਼ ਕੀਤੀ ਅਤੇ ਵਿਸ਼ਵਾਸ ਨਾਲ ਕਿਹਾ ਕਿ ਇਹ ਨਵੇਂ ਮਸੀਹੇ ਦੀ ਮਾਂ ਹੈ। ਰੋਬਸਪੀਅਰ ਦੇ ਦੁਸ਼ਮਣਾਂ ਨੇ ਦੈਵ-ਸ਼ਾਸਕੀ ਨਿਯਮਾਂ ਅਤੇ ਇਸ ਦੇ ਥੀਓਟਵਾਦੀਆਂ ਨਾਲ ਸਬੰਧਾਂ ਬਾਰੇ ਬੁਰਾ ਮਨਾਇਆ ਅਤੇ ਕੈਥਰੀਨ ਨੂੰ ਦੂਜਿਆਂ ਨਾਲ ਕੈਦ ਕਰ ਕੇ ਜੇਲ੍ਹ ਭੇਜ ਦਿੱਤਾ। ਕਨਵੈਨਸ਼ਨ ਵਿਚ ਐਮ. ਜੀ. ਏ. ਵੇਡੀਅਰ ਨੇ ਥੀਓਟ ਬਾਰੇ ਸਾਜ਼ਿਸ਼ ਘੜੀ ਅਤੇ ਦਾਅਵੇ ਨਾਲ ਕਿਹਾ ਕਿ ਇਹ ਪਿਟ ਨੂੰ ਹਥਿਆਰ ਦੇ ਤੌਰ ਤੇ ਵਰਤਦੀ ਹੈ ਅਤੇ ਇਸ ਨੇ ਥੀਓਟਵਾਦੀਆਂ ਲਈ ਪਿਛਾਂਹਖਿਚੂ ਪਾਦਰੀਆਂ ਦਾ ਚੋਲਾ ਪਾਇਆ ਹੋਇਆ ਹੈ। ਇਹ ਰੋਬਸਪੀਅਰ ਦੇ ਪੱਖ ਵਿਚ ਸੁਝਾਅ ਦਿੰਦੀ ਹੈ। ਇਨਕਲਾਬੀ ਟ੍ਰਿਬਿਊਨਲ ਨੇ ਇਹ ਕੇਸ ਮੁਲਤਵੀ ਕਰ ਦਿੱਤਾ ਅਤੇ ਇਸ ਨੂੰ ਨੌਵੇਂ ਧਰਮੀ ਡੋਰ ਅੱਗੇ ਕਾਨੂੰਨੀ ਕਾਰਵਾਈ ਲਈ ਰੱਖਿਆ ਜਿਸ ਨੇ ਅਪਰਾਧੀ ਬਰੀ ਕਰ ਦਿੱਤੇ ਪਰ ਇਸ ਦੀ 1 ਸਤੰਬਰ, 1794 ਨੂੰ ਕੈਦ ਦੌਰਾਨ ਹੀ ਮੌਤ ਹੋ ਗਈ।

ਹ. ਪੁ. – ਐਨ. ਬ੍ਰਿ. 22 : 70

ਥੀਓਟੋਕਾਸ, ਜਾਰਜੀਅੱਸ : ਇਸ ਯੂਨਾਨੀ ਨਾਵਲਕਾਰ ਦਾ ਜਨਮ 1905 ਈ. ਵਿਚ ਕੁਸਤੁਨਤੁਨੀਆ ਵਿਖੇ ਹੋਇਆ। ਇਸ ਨੇ ਐਥਨਜ਼, ਪੈਰਿਸ ਅਤੇ ਲੰਡਨ ਵਿਖੇ ਸਿੱਖਿਆ ਪ੍ਰਾਪਤ ਕੀਤੀ। 'ਫ੍ਰੀ ਸਪਿਰਟ' (1929) ਲੇਖ ਰਾਹੀਂ ਇਹ ਸਾਹਿਤਕ ਖੇਤਰ ਵਿਚ ਦਾਖ਼ਲ ਹੋਇਆ। ਦੂਜੇ ਵਿਸ਼ਵ ਯੁੱਧ ਤੋਂ ਪਹਿਲਾਂ ਇਸ ਨੇ ਤਿੰਨ ਨਾਵਲ 'ਦੀ ਆਰਗੋ' (1936), 'ਦੀ ਡੈਮਨ' (1938) ਅਤੇ 'ਲੀਓਨਿਸ' (1940) ਲਿਖੇ।

ਯੁੱਧ ਉਪਰੰਤ ਥੀਓਟੋਕਾਸ ਨੇ ਆਪਣਾ ਧਿਆਨ ਥੀਏਟਰ ਵੱਲ ਲਗਾਇਆ। ਇਸ ਨੇ ਕਈ ਨਾਟਕ ਲਿਖੇ ਅਤੇ ਨੈਸ਼ਨਲ ਥੀਏਟਰ ਦਾ ਡਾਇਰੈਕਟਰ ਤੇ ਉੱਤਰੀ ਯੂਨਾਨ ਦੇ ਸਟੇਟ ਥੀਏਟਰ ਦਾ ਪ੍ਰਧਾਨ ਬਣਿਆ। 'ਦੀ ਗੇਮ ਆਫ਼ ਮੈਡਨੈੱਸ ਐਂਡ ਪਰੂਡੈਂਸ' ਇਸ ਦਾ ਉੱਘਾ ਨਾਟਕ ਸੀ। ਇਸ ਤੋਂ ਇਲਾਵਾ ਇਸ ਨੇ ਸਫ਼ਰਨਾਮੇ ਵੀ ਲਿਖੇ ਜਿਨ੍ਹਾਂ ਵਿਚ 'ਟ੍ਰੈਵਲ ਇਨ ਦੀ ਮਿਡਲ ਈਸਟ ਐਂਡ ਦੀ ਹੋਲੀ ਮਾਊਂਟੇਨ (1961) ਸ਼ਾਮਲ ਹੈ।

ਸੰਨ 1966 ਵਿਚ ਇਸ ਦੀ ਮੌਤ ਹੋ ਗਈ।

ਹ. ਪੁ. – ਐਨ. ਬ੍ਰਿ. ਮਾ. 9 : 942

ਥੀਓਟੋਕਿਸ, ਕੱਨਸਟਾਨਡੀਨੌਸ : ਯਥਾਰਥਵਾਦੀ ਪੱਧਤੀ ਦੇ ਇਸ ਯੂਨਾਨੀ ਨਾਵਲਕਾਰ ਦਾ ਜਨਮ 1872 ਈ. ਵਿਚ ਕਾਰਫ਼ੂ ਵਿਖੇ ਇਕ ਅਮੀਰ ਘਰਾਣੇ ਵਿਚ ਹੋਇਆ। ਲੋਕ ਲਿਪੀ ਵਿਚ ਲਿਖੀਆਂ ਇਸ ਦੀਆਂ ਰਚਨਾਵਾਂ ਸਪਸ਼ਟ ਅਤੇ ਸ਼ੁੱਧ ਯੂਨਾਨੀ ਭਾਸ਼ਾ ਵਿਚ ਹਨ ਜਿਨ੍ਹਾਂ ਵਿਚ ਸਥਾਨਕ ਮੁਹਾਵਰਿਆਂ ਦੀ ਭਰਮਾਰ ਹੈ।

ਥੀਓਟੋਕਿਸ ਉੱਤੇ ਸਮਾਜਵਾਦ ਦਾ ਬਹੁਤ ਪ੍ਰਭਾਵ ਸੀ ਅਤੇ ਇਸ ਦੀਆਂ ਲਿਖਤਾਂ ਤੋਂ ਵੀ ਇਸ ਪ੍ਰਭਾਵ ਦੀ ਝਲਕ ਮਿਲਦੀ ਹੈ। 'ਸਲੇਵਜ਼ ਇਨ ਦੇਅਰ ਚੇਨਜ਼' (1922) ਇਸ ਦਾ ਲੰਮੇਰਾ ਨਾਵਲ ਹੈ। ਇਹ ਕਾਰਫ਼ੂ ਵਿਖੇ ਹੋਈ ਸਮਾਜਿਕ ਅਦਲਾ ਬਦਲੀ ਦੇ ਸਮੇਂ ਦੀ ਕਹਾਣੀ ਹੈ। 'ਆਨਰ ਐਂਡ ਮਨੀ' (1914) ਇਸ ਦਾ ਇਕ ਹੋਰ ਨਾਵਲ ਹੈ। ਇਸ ਤੋਂ ਇਲਾਵਾ ਇਸ ਨੇ ਦੋ ਉੱਘੀਆਂ ਲੰਮੀਆਂ ਕਹਾਣੀਆਂ 'ਦੀ ਕਾਨਵਿਕਟ' (1919) ਅਤੇ 'ਦੀ ਲਾਈਫ਼ ਐਂਡ ਡੈਥ ਆਫ਼ ਕਾਰਾਵੀਲਾਸ' (1920) ਲਿਖੀਆਂ।

ਸੰਨ 1923 ਵਿਚ ਇਸ ਦੀ ਮੌਤ ਹੋ ਗਈ।

ਹ. ਪੁ. – ਐਨ. ਬ੍ਰਿ. ਮਾ. 9 : 942

ਥੀਓਡੈਕਟੀਜ਼ : ਲਗਭਗ 380–340 ਈ. ਪੂ. ਸਮੇਂ ਦਾ ਇਹ ਇਕ ਯੂਨਾਨੀ ਅਲੰਕਾਰ-ਸ਼ਾਸਤਰ ਤੇ ਤ੍ਰਾਸਦੀ ਕਵੀ ਹੋਇਆ ਹੈ। ਇਹ ਆਈਸੋਕ੍ਰੇਟੀਜ਼ ਅਤੇ ਅਫ਼ਲਾਤੂਨ ਦਾ ਸ਼ਾਗਿਰਦ ਅਤੇ ਅਰਸਤੂ ਦਾ ਗੂੜ੍ਹਾ ਮਿੱਤਰ ਸੀ। ਇਸ ਨੇ ਪਹਿਲਾਂ ਕਾਨੂੰਨੀ ਅਦਾਲਤਾਂ ਲਈ ਭਾਸ਼ਣ ਲਿਖੇ ਪਰ ਮਗਰੋਂ ਸਫਲਤਾ-ਭਰਪੂਰ ਤ੍ਰਾਸਦੀਆਂ ਲਿਖਣ ਲੱਗ ਪਿਆ। ਇਸ ਨੇ ਆਪਣੀ ਜ਼ਿੰਦਗੀ ਦਾ ਬਹੁਤਾ ਸਮਾਂ ਐਥਨਜ਼ ਵਿਚ ਬਤੀਤ ਕੀਤਾ ਅਤੇ ਮਰਨ ਉਪਰੰਤ ਇਸ ਨੂੰ ਇਲੂਸਿਸ ਨੂੰ ਜਾਂਦੀ ਪਵਿੱਤਰ ਸੜਕ ਦੇ ਕਿਨਾਰੇ ਦਫ਼ਨਾਇਆ ਗਿਆ। ਫਾਸੈਲਿਸ ਦੇ ਵਸਨੀਕਾਂ ਨੇ ਇਸ ਦੇ ਸਨਮਾਨ ਵਿਚ ਇਕ ਬੁੱਤ ਵੀ ਬਣਵਾਇਆ ਸੀ ਜਿਸ ਉੱਪਰ ਸਿਕੰਦਰ ਮਹਾਨ ਨੇ ਪੂਰਬ ਵੱਲ ਜਾਂਦੇ ਹੋਏ ਤੇ ਫੁੱਲ ਚੜ੍ਹਾਏ ਸਨ।

ਕੈਰੀਆ ਦੀ ਰਾਣੀ ਆਰਡੇਮਿਸੀਆ ਵੱਲੋਂ ਕਰਵਾਏ ਗਏ ਮੁਕਾਬਲੇ ਵਿਚ ਥੀਓਡੈਕਟੀਜ਼ ਨੂੰ ਆਪਣੀ ਤ੍ਰਾਸਦੀ 'Mausolus' ਲਈ ਇਨਾਮ ਮਿਲਿਆ ਸੀ ਪਰ ਭਾਸ਼ਣ ਕਲਾ ਵਿਚ ਇਹ ਥੀਓਪੰਪਸ ਦੁਆਰਾ ਹਾਰ ਗਿਆ ਸੀ। ਇਸ ਦੀ ਕਬਰ ਦੇ ਸ਼ਿਲਾਲੇਖ ਅਨੁਸਾਰ 13 ਨਾਟਕ ਮੁਕਾਬਲਿਆਂ ਵਿਚ ਇਹ 8 ਵਾਰ ਜੇਤੂ ਰਿਹਾ। ਇਸ ਦੇ 50 ਦੁਖਾਂਤ ਨਾਟਕਾਂ ਵਿਚੋਂ 13 ਮੁਕੰਮਲ ਅਤੇ ਕੁਝ ਹੋਰਾਂ ਦੇ ਅੰਸ਼ ਹੀ ਉਪਲੱਬਧ ਹਨ।

ਹ. ਪੁ. – ਐਨ. ਬ੍ਰਿ. 22 : 56

ਥੀਓਡੂਰਸ, ਅਬੂ ਕੁੱਰ੍ਹਾ : ਸੀਰੀਆ ਦੇ ਇਸ ਬਿਸ਼ਪ, ਧਰਮ ਪ੍ਰਚਾਰਕ ਅਤੇ ਭਾਸ਼ਾ ਵਿਗਿਆਨੀ ਦਾ ਜਨਮ ਲ. 750 ਈ. ਵਿਚ ਟਿਊਰਿਨ ਵਿਚ ਇਡੈੱਸਾ ਵਿਖੇ ਹੋਇਆ। ਇਹ ਪਹਿਲਾ ਈਸਾਈ ਲੇਖਕ ਸੀ ਜਿਸ ਨੇ ਅਰਬੀ ਭਾਸ਼ਾ ਵਿਚ ਲਿਖਿਆ। ਸੇਂਟ ਸਾਬਾਸ ਦੇ ਮੱਠ ਵਿਚ ਇਕ ਭਿਖਸ਼ੂ ਬਣ ਕੇ ਇਹ ਯੂਨਾਨੀ ਦਰਵੇਸ਼ੀ ਰੂਹਾਨੀਅਤ ਵਿਚ ਖੁੱਭ ਗਿਆ। 8 ਵੀਂ ਸਦੀ ਦੇ ਅਖ਼ੀਰ ਦੇ ਲਾਗੇ ਇਹ ਇਡੈੱਸਾ ਨਜ਼ਦੀਕ ਸਥਿਤ ਹਰਾਨ ਦਾ ਬਿਸ਼ਪ ਬਣਿਆ। ਇਸ ਨੇ ਅਰਬੀ ਅਤੇ ਸੀਰੀਆਈ ਭਾਸ਼ਾ ਵਿਚ ਬਹੁਤ ਲਿਖਿਆ ਅਤੇ ਦਾਰਸ਼ਨਿਕ ਧਰਮ ਬਾਰੇ ਕਈ ਟ੍ਰੈਕਟ ਲਿਖੇ। ਆਪਣੀਆਂ ਯੂਨਾਨੀ ਧਾਰਮਿਕ ਕਿਰਤਾਂ ਇਸ ਨੇ ਬਾਜ਼ਨਤੀਨੀ ਰਾਜਿਆਂ ਨੂੰ ਸਮਰਪਿਤ ਕੀਤੀਆਂ। 9ਵੀਂ ਸਦੀ ਦੇ ਮੁੱਢ ਵਿਚ ਐਂਟੀਓਕ ਦੇ ਲਾਟ ਪਾਦਰੀ ਨੇ ਇਸ ਨੂੰ ਬਿਸ਼ਪ ਪਦ ਤੋਂ ਲਾਹ ਦਿੱਤਾ ਅਤੇ ਇਹ ਫਿਰ ਸੇਂਟ ਸਾਬਾਸ ਦੇ ਮੱਠ ਵਿਚ ਚਲਾ ਗਿਆ।

ਸੰਨ 813 ਵਿਚ ਇਸ ਨੇ ਰੂੜ੍ਹੀਵਾਦ ਦੇ ਪੱਖ ਵਿਚ ਆਪਣੀ ਉੱਘੀ ਰਚਨਾ 'ਲੈਟਰ ਟੂ ਦੀ ਆਰਮੀਨੀਅਨਜ਼' ਲਿਖੀ। ਇਸ ਨੇ ਰੂੜ੍ਹੀਵਾਦੀ ਈਸਾਈ ਧਰਮ ਸ਼ਾਸਤਰ ਨੂੰ ਹੱਲਾਸ਼ੇਰੀ ਦੇਣ ਲਈ 815 ਈ. ਤੋਂ ਬਾਅਦ ਸਿਕੰਦਰੀਆ ਅਤੇ ਆਰਮੀਨੀਆ ਦੀ ਯਾਤਰਾ ਕੀਤੀ। 'ਐਕਸਪਲੇਨੇਸ਼ਨ ਆਫ਼ ਟਰਮਜ਼ ਯੂਜ਼ਡ ਬਾਈ ਦੀ ਫ਼ਿਲਾਸਫ਼ਰਜ਼ ' ਇਸ ਦਾ ਸਭ ਤੋਂ ਵੱਡਾ ਯੂਨਾਨੀ ਖੋਜ ਗ੍ਰੰਥ ਸੀ। ਸੀਰੀਆ ਦੇ ਧਰਮ ਪ੍ਰਚਾਰਕਾਂ ਨਾਲ ਤਿੱਖੇ ਵਾਦ-ਵਿਵਾਦ ਮਗਰੋਂ ਇਸ ਨੇ ਬਗਦਾਦ ਦੇ ਖਲੀਫ਼ੇ ਨਾਲ ਖ਼ੂਬ ਵਾਰਤਾਲਾਪ ਕੀਤੀ।

ਲੜੀਵਾਰ 'Patrologia Graeca' ਦੀ ਜਿਲਦ ਨੰ: 97 (1866) ਵਿਚ ਇਸ ਦੀਆਂ ਯੂਨਾਨੀ ਕਿਰਤਾਂ ਸ਼ਾਮਲ ਹਨ।

ਸੰਨ 825 ਦੇ ਲਗਭਗ ਇਸ ਦੀ ਮੌਤ ਹੋ ਗਈ।

ਹ. ਪੁ. - ਐਨ. ਬ੍ਰਿ. ਮਾ. 9 : 936

ਥੀਓਡੋਸੀਅਸ (ਪਹਿਲਾ) : ਇਹ ਰੋਮ ਦਾ ਸ਼ਹਿਨਸ਼ਾਹ ਸੀ ਜਿਸ ਦਾ ਜਨਮ 11 ਜਨਵਰੀ, 347 ਨੂੰ ਗਲੀਸ਼ੀਆ (ਉੱਤਰ-ਪੱਛਮੀ ਸਪੇਨ) ਪ੍ਰਾਂਤ ਵਿਚ ਕਾਉਕਾ ਵਿਖੇ ਹੋਇਆ। ਇਸ ਨੇ ਦੈਵੀ



ਥੀਓਡੋਸੀਅਸ ਪਹਿਲਾ

ਸ਼ਕਤੀਆਂ ਦੀ ਪੂਜਾ ਅਤੇ ਏਰੀਅਸਵਾਦ ਨੂੰ ਸਖ਼ਤੀ ਨਾਲ ਦਬਾਉਣ ਮਗਰੋਂ ਨਾਈਸੀਆ ਕੌਂਸਲ (325) ਦੇ ਧਰਮ ਸਿਧਾਂਤ ਦੀ ਈਸਾਈ ਮੱਤ ਪਰੰਪਰਾ ਦੇ ਸਰਵ-ਵਿਆਪੀ ਮਾਪਦੰਡ ਵਜੋਂ ਸਥਾਪਨਾ ਕੀਤੀ ਅਤੇ ਫ਼ਾਰਮੂਲੇ ਨੂੰ ਸਪਸ਼ਟ ਕਰਨ ਲਈ ਕੁਸਤੁਨਤੁਨੀਆ (381) ਵਿਖੇ ਦੂਜੀ ਆਮ ਸਭਾ ਬੁਲਾਉਣ ਲਈ ਆਦੇਸ਼ ਕੀਤਾ ਸੀ।

ਇਸ ਦੇ ਪਿਤਾ ਦਾ ਨਾਂ ਜਰਨਲ ਫਲੇਵੀਅਸ ਥੀਓਡੋਸੀਅਸ ਸੀ ਪਰੰਤੂ ਇਸ ਦੀ ਮਾਂ ਦੇ ਨਾਂ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ। ਇਸ ਦੇ ਵੱਡੇ ਵਡੇਰੇ ਪਹਿਲਾਂ ਹੀ ਈਸਾਈ ਧਰਮ ਨੂੰ ਮੰਨਦੇ ਸਨ। ਇਸ ਦਾ ਬਚਪਨ ਸਪੇਨ ਵਿਚ ਹੀ ਬੀਤਿਆ। ਭਾਵੇਂ ਇਸ ਨੇ ਕੋਈ ਬਹੁਤੀ ਸਿੱਖਿਆ ਪ੍ਰਾਪਤ ਨਹੀਂ ਸੀ ਕੀਤੀ ਫਿਰ ਵੀ ਬੌਧਿਕ ਪੱਖੋਂ ਇਹ ਇਕ ਨਿਰਪੱਖ ਵਿਅਕਤੀ ਸੀ ਅਤੇ ਇਤਿਹਾਸ ਦੇ ਅਧਿਐਨ ਵਿਚ ਵਿਸ਼ੇਸ਼ ਦਿਲਚਸਪੀ ਰੱਖਦਾ ਸੀ। ਆਪਣੇ ਪਿਤਾ ਦੇ ਸਟਾਫ਼ ਵਿਚ ਰਹਿੰਦਿਆਂ ਇਸ ਨੇ ਉਸ ਦੀਆਂ 368-69 ਵਿਚ ਬ੍ਰਿਟੇਨ ਵਿਚ ਪਿਕਟਾਂ ਅਤੇ ਸਕਾਟਾਂ ਵਿਰੁੱਧ, 370 ਵਿਚ ਗਾਲ ਵਿਚ ਅਲਮੈਨੀਆ (Alemanni) ਵਿਰੁੱਧ ਅਤੇ 372-73 ਵਿਚ ਬਲਕਾਨਜ਼ ਅਤੇ ਸਰਮੇਸ਼ੀਅਨਾਂ ਦੇ ਵਿਰੁੱਧ ਕੀਤੀਆਂ ਗਈਆਂ ਮੁਹਿੰਮਾਂ ਵਿਚ ਹਿੱਸਾ ਲਿਆ। ਲੋਅਰ ਡੈਨਿਊਬ ਦਰਿਆ ਉੱਤੇ ਪੈਂਦੇ ਮੀਸ਼ੀਆਂ ਨਾਂ ਦੇ ਇਕ ਰੋਮਨ ਪ੍ਰਾਂਤ ਦੇ ਇਕ ਫ਼ੌਜੀ ਕਮਾਂਡਰ ਵਜੋਂ ਇਸ ਨੇ ਸਰਮੇਸ਼ੀਅਨਾਂ ਨੂੰ ਹਰਾਇਆ। ਜਦੋਂ ਦਰਬਾਰ ਦੇ ਦੁਸ਼ਮਣਾਂ ਦੀ ਸਾਜ਼ਿਸ਼ ਦੇ ਨਤੀਜੇ ਵਜੋਂ ਇਸ ਦੇ ਪਿਤਾ ਨੂੰ ਮੌਤ ਦੀ ਸਜ਼ਾ ਦੇ ਦਿੱਤੀ ਗਈ ਤਾਂ ਇਹ ਸਪੇਨ ਵਿਖੇ ਆਪਣੀਆਂ ਜਾਗੀਰਾਂ ਤੇ ਵਾਪਸ ਚਲਾ ਗਿਆ। ਸੰਨ 376 ਵਿਚ ਇਸ ਨੇ ਸਪੇਨ ਦੀ ਰਹਿਣ ਵਾਲੀ ਈਲੀਆ ਫਲੈਸੀਲਾ ਨਾਂ ਦੀ ਔਰਤ ਨਾਲ ਵਿਆਹ ਕਰਵਾ ਲਿਆ। ਉਸ ਦਾ ਪਹਿਲਾ ਪੁੱਤਰ ਜੋ ਭਵਿੱਖ ਵਿਚ ਸ਼ਹਿਨਸ਼ਾਹ ਆਰਕੇਡੀਅਨ ਬਣਿਆ ਸੀ, ਦਾ ਜਨਮ 377 ਈ. ਵਿਚ ਅਤੇ ਪੁੱਤਰੀ ਪਲਕਿਰੀਆ ਦਾ ਜਨਮ 378 ਈ. ਵਿਚ ਹੋਇਆ।

9 ਅਗਸਤ, 378 ਨੂੰ ਵਿਸਗਾਥਾਂ ਅਤੇ ਹੋਰਨਾਂ ਬਰਬਰਾਂ ਨੇ ਸ਼ਹਿਨਸ਼ਾਹ ਵੈਲਨਜ਼ ਨੂੰ ਬਿਲਕੁਲ ਹੀ ਤਬਾਹ ਕਰ ਦਿੱਤਾ। ਇਸ ਤੋਂ ਤੁਰੰਤ ਬਾਅਦ ਸ਼ਹਿਨਸ਼ਾਹ ਗ੍ਰੇਸ਼ੀਅਨ ਨੇ ਇਸ ਨੂੰ ਅਚਾਨਕ ਹੀ ਆਪਣੇ ਦਰਬਾਰ ਵਿਚ ਬੁਲਾ ਲਿਆ। ਜਦੋਂ ਇਸ ਨੇ ਫਿਰ ਸਰਮੇਸ਼ੀਅਨਾਂ ਉੱਤੇ ਜਿੱਤ ਪ੍ਰਾਪਤ ਕਰਕੇ ਆਪਣੀ ਫ਼ੌਜੀ ਯੋਗਤਾ ਦਾ ਸਬੂਤ ਦਿੱਤਾ ਤਾਂ ਬਾਦਸ਼ਾਹ ਗ੍ਰੇਸ਼ੀਅਨ ਨੇ 19 ਜਨਵਰੀ, 379 ਨੂੰ ਇਸ ਦਾ ਆਪਣੇ ਸ਼ਹਿਨਸ਼ਾਹ ਵਜੋਂ ਐਲਾਨ ਕਰ ਦਿੱਤਾ। ਇਸ ਨੂੰ ਸਾਮਰਾਜ ਦਾ ਪੂਰਬੀ ਇਲਾਕਾ ਦਿੱਤਾ ਗਿਆ ਜਿਸ ਵਿਚ ਡੇਸ਼ੀਆ ਅਤੇ ਮਕਦੂਨੀਆ ਦੇ ਪ੍ਰਾਂਤ ਵੀ ਸ਼ਾਮਲ ਹਨ। ਇਸ ਨੇ 383 ਵਿਚ ਆਪਣੇ ਸਭ ਤੋਂ ਵੱਡੇ ਪੁੱਤਰ ਆਰਕੇਡੀਅਸ ਨੂੰ ਅੱਗੇ ਲਿਆਂਦਾ। ਇਸੇ ਸਾਲ ਹੀ ਗ੍ਰੇਸ਼ੀਅਨ ਨੂੰ ਕਤਲ ਕਰ ਦਿੱਤਾ ਗਿਆ ਅਤੇ ਬ੍ਰਿਟੇਨ ਵਿਚ ਮੈਕਸੀਮਸ ਨੇ ਬਗ਼ਾਵਤ ਕੀਤੀ। ਇਸ ਨੇ ਪੰਜ ਸਾਲਾਂ ਤੱਕ ਤਾਂ ਮੈਕਸੀਮਸ ਨੂੰ ਆਪਣਾ ਸਾਥੀ ਮੰਨਣਾ ਸਵੀਕਾਰ ਕਰ ਲਿਆ ਪਰ ਕੁਝ ਸਾਲਾਂ ਮਗਰੋਂ ਜਦੋਂ ਮੈਕਸੀਮਸ ਨੇ ਆਪਣੇ ਆਪ ਨੂੰ ਇਟਲੀ ਦਾ ਮਾਲਕ ਹੀ ਬਣਾਉਣ ਦਾ ਯਤਨ ਕੀਤਾ ਤਾਂ ਇਸ ਨੇ ਉਸ ਦੇ ਵਿਰੁੱਧ ਹਮਲਾ ਕਰ ਕੇ ਉਸ ਨੂੰ ਆਕਵਾਲੇਯਾ ਦੇ ਨੇੜੇ ਹਾਰ ਦਿੱਤੀ। ਮੈਕਸੀਮਸ ਅਤੇ ਉਸ ਦੇ ਪੁੱਤਰ ਵਿਕਟਰ ਦੇ ਕਤਲ ਹੋਣ ਤੋਂ ਬਾਅਦ ਇਸ ਨੇ ਵੈਲਨਟਿਨੀਅਨ ਦੂਜੇ ਦੇ ਪਿਤਾ ਦਾ ਸਾਮਰਾਜ ਦਾ ਜਿਸ ਇਲਾਕੇ ਉੱਤੇ ਅਧਿਕਾਰ ਹੁੰਦਾ ਸੀ, ਉਸ ਨੂੰ ਦੇ ਦਿੱਤਾ। ਸੰਨ 389 ਵਿਚ ਰੋਮ ਵਿਚ ਆਪਣੀ ਜਿੱਤ ਮਨਾਉਣ ਤੋਂ ਪਿੱਛੋਂ ਇਹ ਇਟਲੀ ਵਿਚ ਸਰਕਾਰ ਦੀ ਸਥਾਪਨਾ ਕਰਨ ਲਈ ਉਥੇ ਦੋ ਸਾਲਾਂ ਲਈ ਹੋਰ ਠਹਿਰ ਗਿਆ। ਇਤਿਹਾਸਕਾਰ ਜ਼ੋਸਾਮਸ ਅਨੁਸਾਰ ਇਹ 388 ਈ. ਦੇ ਅਖ਼ੀਰ ਵਿਚ ਐਸ਼ੋ-ਇਸ਼ਰਤ ਵਾਲਾ ਜੀਵਨ ਬਤੀਤ ਕਰਨ ਲੱਗ ਪਿਆ ਸੀ ਪਰ ਜਦੋਂ ਇਸ ਨੂੰ ਇਹ ਖ਼ਬਰ ਦਾ ਪਤਾ ਲਗਾ ਕਿ ਆਰਬੋਗੈਸਟ ਨੇ ਪੱਛਮੀ ਸਾਮਰਾਜ ਵਿਚ ਨੌਜਵਾਨ ਸ਼ਹਿਨਸ਼ਾਹ ਵੈਲਨਟਿਨੀਅਨ ਨੂੰ ਕਤਲ ਕਰਨ ਤੋਂ ਬਾਅਦ ਉਸ ਦੀ ਥਾਂ ਭਾਸ਼ਾ ਵਿਗਿਆਨੀ ਯੂਜੀਨੀਅਸ ਨੂੰ ਬਿਠਾ ਦਿੱਤਾ ਹੈ ਤਾਂ ਇਹ ਉਸੇ ਵਕਤ ਜੋਸ਼ ਵਿਚ ਆ ਗਿਆ।

ਇਸ ਨੇ ਤੁਰੰਤ ਹੀ ਯੂਜੀਨੀਅਸ ਵੱਲ ਕੂਚ ਕਰ ਦਿੱਤਾ। ਦੋਵੇਂ ਪਾਸੇ ਦੀਆਂ ਫ਼ੌਜਾਂ ਦਾ ਆਕਵਾਲੇਯਾ ਤੋਂ ਲਗਭਗ 58 ਕਿ. ਮੀ. (36 ਮੀਲ) ਦੂਰ ਫਰਿਜੀਦਸ ਦਰਿਆ ਤੇ ਆਮੋ-ਸਾਹਮਣੇ ਮੁਕਾਬਲਾ ਹੋਇਆ। ਪਹਿਲੇ ਦਿਨ ਇਸ ਦੇ ਸਾਥੀਆਂ ਦੇ ਹੋਏ ਨੁਕਸਾਨ ਤੋਂ ਅਜਿਹਾ ਪ੍ਰਤੀਤ ਹੁੰਦਾ ਸੀ ਕਿ ਯੂਜੀਨੀਅਸ ਜਿੱਤ ਜਾਵੇਗਾ। ਪ੍ਰਾਰਥਨਾ ਦੀ ਇਕ ਰਾਤ ਤੋਂ ਪਿੱਛੋਂ ਜਦੋਂ ਇਸ ਨੇ ਸਰਘੀ ਵੇਲੇ ਸੇਂਟ ਫਿਲਿਪ ਅਤੇ ਸੇਂਟ ਜਾਨ ਨੂੰ ਚਿੱਟੇ ਘੋੜਿਆਂ ਤੇ ਚੜ੍ਹੇ ਆਉਂਦੇ ਵੇਖਿਆ ਅਤੇ ਉਨ੍ਹਾਂ ਨੇ ਇਸ ਨੂੰ ਜਿਤਾਉਣ ਦਾ ਵਾਅਦਾ ਕੀਤਾ ਤਾਂ ਇਹ ਬਹੁਤ ਖ਼ੁਸ਼ ਹੋਇਆ। ਲੜਾਈ ਦੇ ਦੂਜੇ ਦਿਨ ਵੀ ਕੋਈ ਸਪਸ਼ਟ ਨਤੀਜਾ ਨਾ ਨਿਕਲਿਆ। ਸਮਕਾਲੀ ਇਤਿਹਾਸਕਾਰਾਂ ਅਨੁਸਾਰ ਅਚਾਨਕ ਹੀ ਤੇਜ਼ ਝੱਖੜ ਚਲਣ ਕਾਰਨ ਦੁਸ਼ਮਣਾਂ ਦੀਆਂ ਫ਼ੌਜਾਂ ਦੇ ਤੀਰ ਉਨ੍ਹਾਂ ਉੱਤੇ ਹੀ ਵਾਪਸ ਵਰਨੇ ਸ਼ੁਰੂ ਹੋ ਗਏ। ਹੁਣ ਇਹ ਲੜਾਈ ਫ਼ੈਸਲਾਕੁਨ ਮੋੜ ਤੇ ਸੀ। ਯੂਜੀਨੀਅਸ ਨੂੰ ਸਿਪਾਹੀਆਂ ਨੇ ਕਤਲ ਕਰ ਦਿੱਤਾ ਅਤੇ ਦੋ ਦਿਨਾਂ ਪਿੱਛੋਂ ਹੀ ਆਰਬੋਗੈਸਟ ਨੇ ਆਤਮ-ਹੱਤਿਆ ਕਰ ਲਈ। ਇਹ ਇਟਲੀ ਦੇ ਉੱਤਰ-ਪੂਰਬੀ ਹਿੱਸੇ ਵਿਚੋਂ ਹੁੰਦਾ ਹੋਇਆ

ਰੋਮ ਪਹੁੰਚ ਗਿਆ ਜਿਥੇ ਇਸ ਨੇ ਆਪਣੇ ਪੁੱਤਰ ਹੋਨੋਰੀਅਸ ਦਾ ਸਟਿਲਿਕੋ ਦੀ ਸਰਪਰਸਤੀ ਅਧੀਨ ਸ਼ਹਿਨਸ਼ਾਹ ਹੋਣ ਦਾ ਐਲਾਨ ਕਰ ਦਿੱਤਾ। ਫਿਰ ਇਹ ਮਲਾਨ ਵਾਪਸ ਆ ਗਿਆ ਜਿਥੇ ਪੇਟ ਦੀ ਸੋਜ ਕਾਰਨ ਇਸ ਦੀ 17 ਜਨਵਰੀ, 395 ਨੂੰ ਮੌਤ ਹੋ ਗਈ।

ਹ. ਪੁ. – ਐਨ. ਬ੍ਰਿ. ਮਾ. 11 : 689; ਐਨ. ਬ੍ਰਿ. 22 : 59

ਥੀਓਡੋਰ ਫੈਲਿਕਸ ਵਾਨ ਲਾਵ, ਮੈਕਸ : ਰਵਿਆਂ ਦੁਆਰਾ ਐੱਕਸ-ਕਿਰਨਾਂ ਦੇ ਵਿਵਰਤਨ ਦੀ ਖੋਜ ਕਰਨ ਵਜੋਂ 1914 ਈ. ਦਾ ਭੌਤਿਕ-ਵਿਗਿਆਨ ਦਾ ਨੋਬਲ ਪੁਰਸਕਾਰ ਪ੍ਰਾਪਤ ਕਰਨ ਵਾਲੇ ਇਸ ਵਿਗਿਆਨੀ ਦਾ ਜਨਮ 9 ਅਕਤੂਬਰ, 1879 ਨੂੰ ਕੋਬਲੈਂਜ਼ ਦੇ ਨੇੜੇ ਫ਼ੈਫ਼ੀਕਾਨਡੋਰਫ਼ ਵਿਖੇ ਹੋਇਆ। ਇਸ ਦਾ ਪਿਤਾ ਜੂਲੀਅਸ ਵਾਨ ਲਾਵ ਇਕ ਉੱਚ ਪੱਧਰ ਦਾ ਪ੍ਰਬੰਧਕੀ ਅਫ਼ਸਰ ਸੀ, ਜਿਸ ਕਰ ਕੇ ਇਹ ਆਸਾਨੀ ਨਾਲ ਪ੍ਰਬੰਧਕੀ ਫ਼ੌਜ ਜਾਂ ਕਾਨੂੰਨੀ ਕਿੱਤੇ ਵਿਚ ਜਾ ਸਕਦਾ ਸੀ ਪਰੰਤੂ ਬਰਲਿਨ ਵਿਖੇ ਪੜ੍ਹਦੇ ਸਮੇਂ ਇਸ ਦਾ ਰੁਝਾਨ ਵਿਗਿਆਨ ਵਲ ਵਧੇਰੇ ਹੋ ਗਿਆ। ਇਸ ਲਈ ਇਸ ਨੇ ਸਟਰਾਸਬਰਗ ਤੇ ਮਗਰੋਂ ਗਟਿੰਗੈਨ ਵਿਖੇ ਗਣਿਤ, ਭੌਤਿਕ-ਵਿਗਿਆਨ ਤੇ ਰਸਾਇਣ-ਵਿਗਿਆਨ ਦੀ ਪੜ੍ਹਾਈ ਕੀਤੀ। ਇਸ ਨੇ ਛੇਤੀ ਹੀ ਸਿਧਾਂਤਕ ਭੌਤਿਕ-ਵਿਗਿਆਨ ਨੂੰ ਆਪਣਾ ਵਿਸ਼ੇਸ਼ ਖੇਤਰ ਚੁਣ ਲਿਆ। ਇਸ ਤਰ੍ਹਾਂ ਇਸ ਨੂੰ ਗਣਿਤਕ ਵਿਧੀਆਂ ਰਾਹੀਂ ਕੁਦਰਤ ਬਾਰੇ ਕੁਝ ਕਹਿਣ ਦਾ ਮੌਕਾ ਮਿਲ ਗਿਆ। ਭਾਵੇਂ ਮਗਰੋਂ ਇਸ ਨੇ ਵਾਰ ਵਾਰ ਇਸ ਗੱਲ ਤੇ ਜ਼ੋਰ ਦਿੱਤਾ ਕਿ ਗਣਿਤ ਰਾਹੀਂ ਅਸਲੀਅਤ ਨੂੰ ਸਹੀ ਅਰਥਾਂ ਵਿਚ ਪੇਸ਼ ਕੀਤਾ ਜਾ ਸਕਦਾ ਹੈ।

ਇਸ ਨੇ 1903 ਈ. ਵਿਚ ਬਰਲਿਨ ਤੋਂ ਡਾਕਟ੍ਰੇਟ ਦੀ ਡਿਗਰੀ ਪ੍ਰਾਪਤ ਕਰ ਕੇ 1906 ਈ. ਵਿਚ ਯੂਨੀਵਰਸਿਟੀ ਲੈੱਕਚਰਾਰ ਲਈ ਨਿਪੁੰਨਤਾ ਪ੍ਰਾਪਤ ਕੀਤੀ ਅਤੇ 1909 ਈ. ਵਿਚ ਮਿਊਨਿਖ਼ ਵਿਖੇ ਜਿਥੇ ਰੰਟਜੈਂਨ ਕੰਮ ਕਰਦਾ ਸੀ ਲੈਕਚਰਾਰ ਲੱਗ ਗਿਆ। ਉਥੇ ਇਸ ਨੂੰ 'ਐਨਸਾਈਕਲੋਪੀਡੀਆ ਆਫ਼ ਮੈਥੇਮੈਟੀਕਲ ਸਾਇੰਸਿਜ਼' ਲਈ 'ਤਰੰਗ ਸਿਧਾਂਤ' ਵਾਲੀ ਜਿਲਦ ਦੇ ਸੰਕਲਨ ਦਾ ਕੰਮ ਸੌਂਪਿਆ ਗਿਆ, ਜਿਹੜਾ ਕਿ ਇਕ ਫ਼ੈਸਲਾ ਲੈਣ ਵਾਲਾ ਕੰਮ ਸੀ, ਕਿਉਂਕਿ ਇਸ ਵਿਚੋਂ ਇਸ ਨੂੰ 1912 ਈ. ਦੀ ਬਹਾਰ ਰੁੱਤ ਸਮੇਂ ਤਾਂਬੇ ਦੇ ਸਲਫ਼ੇਟ ਦੇ ਰਵਿਆਂ ਵਿਚੋਂ ਐੱਕਸ-ਕਿਰਨਾਂ ਲੰਘਾਉਣ ਦਾ ਵਿਚਾਰ ਪੈਦਾ ਹੋਇਆ। ਇਸ ਨੇ ਖੋਜੀਆਂ ਜਾ ਚੁੱਕੀਆਂ ਐੱਕਸ-ਕਿਰਨ ਵਿਘਨਾਂ ਅਤੇ ਵਿਚੋਂ ਲੰਘ ਰਹੀਆਂ ਵਿਕੀਰਨਾਂ ਦੀਆਂ ਤਸਵੀਰਾਂ ਲੈ ਲਈਆਂ, ਜਿਥੋਂ ਰਵਿਆਂ ਵਿਚੋਂ ਲੰਘ ਰਹੀ ਐੱਕਸ-ਕਿਰਨ ਪੁੰਜ ਦੇ ਵਿਵਰਤਨ ਦੇ ਪ੍ਰਭਾਵ ਦਾ ਪਤਾ ਲਗਦਾ ਸੀ।

ਇਹ ਐੱਕਸ-ਕਿਰਨਾਂ ਦੀ ਬਹੁਤ ਹੀ ਛੋਟੀ ਤਰੰਗ-ਲੰਬਾਈ ਅਤੇ ਰਵਿਆਂ ਦੀ ਜਾਲ-ਰਚਨਾ ਪਰਮਾਣੂ ਜਾਂ ਪਰਮਾਣਵੀ ਰਹਿੰਦ-ਖੂੰਹਦ ਦਰਸਾਉਣ ਵਿਚ ਕਾਮਯਾਬ ਹੋ ਗਿਆ। ਇਸ ਨਾਲ ਕ੍ਰਿਸਟਲ-ਵਿਗਿਆਨ ਦਾ ਨਵਾਂ ਯੁੱਗ ਸ਼ੁਰੂ ਹੋ ਗਿਆ ਜਿਹੜਾ ਕਿ ਇਕ ਸਹਾਇਕ ਵਿਗਿਆਨ ਹੋਣ ਕਾਰਨ, ਇਕ ਦਿਨ ਵਿਚ ਹੀ ਕੇਵਲ ਖਣਿਜ-ਵਿਗਿਆਨ ਵਿਚ ਹੀ ਨਹੀਂ ਸਗੋਂ ਭੌਤਿਕ-ਵਿਗਿਆਨ, ਭੌਤਿਕ-ਰਸਾਇਣ-ਵਿਗਿਆਨ ਅਤੇ ਪਦਾਰਥ ਪਰਖ ਦੇ ਖੇਤਰ ਵਿਚ ਅਨੇਕਾ ਫ਼ੈਸਲੇ ਹੋ ਗਏ। ਇਸ ਦੀ ਖੋਜ ਨੇ ਮਾਦੇ ਦੀ ਪਰਮਾਣੂ ਬਣਤਰ ਦਾ ਸਬੂਤ ਦਿੱਤਾ ਜਿਹੜਾ ਕਿ ਉਦੋਂ ਤਕ ਕੇਵਲ ਇਕ ਮਨੌਤ (supposition) ਅਤੇ ਵਿਗਿਆਨਕ ਉਪ-ਕਲਪਨਾ ਹੀ ਸੀ।

ਸਿਰਫ਼ ਦੋ ਸਾਲ ਮਗਰੋਂ ਹੀ ਇਸ ਨੂੰ ਐੱਕਸ-ਕਿਰਨ ਕ੍ਰਿਸਟਲ-ਵਿਗਿਆਨ ਉੱਤੇ ਖੋਜ ਕਰਨ ਲਈ ਪੁਰਸਕਾਰ ਪ੍ਰਾਪਤ ਹੋਇਆ। ਇਸ ਦੀ ਇਹ ਖੋਜ ਠੋਸ ਅਵਸਥਾ ਭੌਤਿਕ-ਵਿਗਿਆਨ (Solid state Physics) ਦਾ ਆਰੰਭ ਸੀ। ਇਸ ਨੂੰ 1912 ਈ. ਤੋਂ 1914 ਈ. ਤਕ ਜ਼ਿਊਰਿਕ ਵਿਖੇ ਰਹਿਣ ਉਪਰੰਤ 1914 ਈ. ਵਿਚ ਨਵੀਂ ਨਵੀਂ ਸਥਾਪਤ ਹੋਈ ਫ਼੍ਰੈਂਕਫ਼ਰਟ ਯੂਨੀਵਰਸਿਟੀ ਵਿਖੇ ਚੇਅਰ ਦੀ ਪੇਸ਼ਕਸ਼ ਆਈ। ਇਹ 1919 ਈ. ਵਿਚ ਬਰਲਿਨ ਚਲਾ ਗਿਆ ਜਿਥੇ ਇਸ ਨੇ 1943 ਈ. ਤਕ ਕੰਮ ਕੀਤਾ।

ਇਹ ਮੈਕਸ ਪਲਾਂਕ ਦੇ ਨਾਲ ਸਿਧਾਂਤਕ ਭੌਤਿਕ-ਵਿਗਿਆਨ ਦਾ ਪ੍ਰੋਫ਼ੈਸਰ ਸੀ। ਅੱਜਕੱਲ੍ਹ ਮੈਕਸ ਪਲਾਂਕ ਦੇ ਨਾਂ ਉੱਤੇ ਰੱਖੇ ਗਏ ਉਦੋਂ ਦੇ ਭੌਤਿਕੀ-ਖੋਜ ਦੇ ਵਿਲਹੈਮ ਇੰਸਟੀਚਿਊਟ ਵਿਖੇ ਇਸ ਨੇ ਫ਼ਿਜ਼ੀਕਲ ਖੋਜ ਦੇ ਵਾਧੇ ਦਾ ਕੰਮ ਆਪਣੇ ਸਿਰ ਲਿਆ ਅਤੇ ਐਲਬਰਟ ਆਈਨਸਟਾਈਨ ਦੀ ਸਹਾਇਤਾ ਕੀਤੀ।

ਇਸ ਦੀ ਪੁਸਤਕ "ਹਿਸਟਰੀ ਆਫ਼ ਫ਼ਿਜ਼ਿਕਸ" 1947 ਈ. ਦੇ ਭੈੜੇ ਹਾਲਾਤਾਂ ਦੌਰਾਨ ਸਾਹਮਣੇ ਆਈ, ਲੜਾਈ ਬੰਦ ਹੋਣ ਤੋਂ ਤੁਰੰਤ ਬਾਅਦ ਇਸ ਨੇ ਨੈਚੁਰਲ ਵਿਗਿਆਨ ਦੇ ਖੇਤਰ ਵਿਚ ਵੱਡੀ ਪੱਧਰ ਉੱਤੇ ਚਾਨਣਾ ਪਾਇਆ ਅਤੇ ਨਾਲ ਹੀ ਮਨੁੱਖੀ ਆਤਮਾ ਦੇ ਵਿਕਾਸ ਉੱਤੇ ਰੋਸ਼ਨੀ ਪਾਈ।

ਲੜਾਈ ਦੇ ਅਖ਼ੀਰ ਵਿਚ ਇਸ ਨੇ ਮੈਕਸ ਪਲਾਂਕ ਤੇ ਗਟਿੰਗੈਨ (Gottingen) ਨਾਲ ਮਿਲ ਕੇ, 1945 ਈ. ਤੋਂ ਬਾਅਦ ਥੋੜ੍ਹੀ ਦੇਰ ਲਈ ਪੁਰਾਣਾ ਇੰਸਟੀਚਿਊਟ ਚਾਲੂ ਕੀਤਾ ਪਰੰਤੂ ਇਹ ਫਿਰ ਬਰਲਿਨ ਵਾਪਸ ਆ ਗਿਆ। ਇਹ 1951 ਈ. ਤੋਂ 1959 ਈ. ਤੱਕ ਬਰਲਿਨ-ਡੈਹਲਮ ਵਿਚ ਮੈਕਸ ਪਲਾਂਕ ਸੋਸਾਇਟੀ ਦੇ ਫ਼੍ਰਿਟਜ਼ ਹੇਬਰ ਇੰਸਟੀਚਿਊਟ ਦਾ ਡਾਇਰੈੱਕਟਰ ਰਿਹਾ। ਅੱਟੋ ਹਾਨ ਤੇ ਲਾਈਸ ਮਾਈਟਨਰ ਦੇ ਨਾਂ ਉੱਤੇ ਨਿਊਕਲੀ ਖੋਜ ਦੇ ਹਾਨ-ਮਾਈਟਨਰ ਇੰਸਟੀਚਿਊਟ ਦੀ ਸਥਾਪਨਾ ਵਿਚ ਇਸ ਨੇ ਵੱਡਮੁੱਲੀ ਭੂਮਿਕਾ ਨਿਭਾਈ।

ਸੰਨ 1957 ਵਿਚ ਇਸ ਨੇ ਆਪਣਾ ਧਿਆਨ ਲੋਕਾਂ ਵਲ ਮੋੜਿਆ। ਇਹ ਜਰਮਨੀ ਦੇ 18 ਮੁੱਖ ਨਿਊਕਲੀ ਭੌਤਿਕ-ਵਿਗਿਆਨੀਆਂ ਵਿਚੋਂ ਇਕ ਸੀ ਜਿਨ੍ਹਾਂ ਨੇ ਨਿਊਕਲੀ ਹਥਿਆਰਾਂ ਦੇ ਖ਼ਤਰੇ ਤੋਂ ਚਿਤਾਵਨੀ ਦਿੱਤੀ ਅਤੇ ਇਨ੍ਹਾਂ ਹਥਿਆਰਾਂ ਨਾਲ ਲੈਸ ਨਵੀਂ ਸਥਾਪਤ ਕੀਤੀ ਫੈਡਰਲ ਜਰਮਨ ਆਰਮਡ ਫੋਰਸ ਵਿਰੁੱਧ ਨਿੱਝਕ ਹੋ ਕੇ ਬੋਲੇ।

ਇਸ ਨੂੰ ਅਨੇਕਾਂ ਆਨਰੇਰੀ ਡਾਕਟ੍ਰੇਟ ਡਿਗਰੀਆਂ ਨਾਲ ਸਨਮਾਨਿਆ ਗਿਆ, 1952 ਈ. ਵਿਚ ਥੀਓਡੋਰ ਹੀਐੱਸ ਦੁਆਰਾ ਸਥਾਪਤ ਅਮਨ ਪੱਖੀ ਜਮਾਤ "Pour le merite" ਵਿਚ ਸ਼ਾਮਲ ਕੀਤਾ ਗਿਆ। ਸੰਨ 1957 ਵਿਚ ਇਸ ਨੂੰ 'ਦੀ ਆਫ਼ੀਸਰਜ਼ ਕ੍ਰਾੱਸ ਫਰੈਂਚ ਲੀਜ਼ਨ ਅੱਫ਼ ਆਨਰ' ਦਾ ਮੈਂਬਰ ਬਣਾਇਆ ਗਿਆ ਜਿਸ ਦਾ ਸਬੰਧ ਫ਼ੈਡਰਲ ਰੀਪਬਲਿਕ ਆਫ਼ ਜਰਮਨੀ ਅੰਦਰ ਤੇ ਬਾਹਰ ਦੋਵਾਂ ਨਾਲ ਸੀ।

24 ਅਪ੍ਰੈਲ, 1960 ਨੂੰ ਬਰਲਿਨ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ. – ਐਨ. ਨੋਬਲ ਲੌਰੀਏਟਸ (1901–1987) : 95

ਥੀਓਡੋਰ ਲੈਸਕਾਰਿਸ : ਨਾਈਸੀਆ ਦੇ ਇਸ ਉੱਘੇ ਸ਼ਹਿਨਸ਼ਾਹ ਦਾ ਜਨਮ ਇਕ ਬਾਜ਼ਨਤੀਨੀ ਕੁਲੀਨ ਪਰਿਵਾਰ ਵਿਚ ਹੋਇਆ ਸੀ। ਇਸ ਦੇ ਮੁੱਢਲੇ ਜੀਵਨ ਬਾਰੇ ਵਧੇਰੇ ਵੇਰਵਾ ਪ੍ਰਾਪਤ ਨਹੀਂ ਹੈ। ਇਹ ਸ਼ਹਿਨਸ਼ਾਹ ਅਲੈਕਸੀਅਸ ਤੀਜੇ ਦਾ ਜਵਾਈ ਸੀ। ਸੰਨ 1203-04 ਵਿਚਕਾਰ ਲਾਤੀਨੀਆਂ ਦੁਆਰਾ ਕੁਸਤੁਨਤੁਨੀਆ ਦੀਆਂ ਕੀਤੀਆਂ ਘੇਰਾਬੰਦੀਆਂ ਦੌਰਾਨ ਬਹਾਦਰੀ ਦਿਖਾਉਣ ਕਾਰਨ ਇਸ ਨੂੰ ਪ੍ਰਸਿੱਧੀ ਹਾਸਲ ਹੋਈ। ਸ਼ਹਿਰ ਉੱਤੇ ਕਬਜ਼ਾ ਕਰਨ ਮਗਰੋਂ ਇਸ ਨੇ ਬਿਥੀਨੀਆ ਵਿਚ ਭਗੌੜਿਆਂ ਦੀ ਇਕ ਜੁੰਡਲੀ ਨੂੰ ਇਕੱਠਾ ਕਰ ਲਿਆ ਅਤੇ ਆਪ ਨਾਈਸੀਆ ਸ਼ਹਿਰ ਵਿਖੇ ਰਹਿਣ ਲਗ ਪਿਆ।

ਹਮਲਿਆਂ ਦਾ ਡਰ ਮੁੱਕ ਜਾਣ ਮਗਰੋਂ ਇਸ ਨੇ ਏਸ਼ੀਆ ਮਾਈਨਰ ਵਿਚ ਇਕ ਨਵਾਂ ਬਾਜ਼ਨਤੀਨੀ ਰਾਜ ਕਾਇਮ ਕਰਨ ਦਾ ਸਫ਼ਲ ਜਤਨ ਕੀਤਾ ਅਤੇ 1206 ਈ. ਵਿਚ ਆਪ ਸ਼ਹਿਨਸ਼ਾਹ ਦਾ ਖ਼ਿਤਾਬ ਧਾਰਨ ਕਰ ਲਿਆ।

ਇਸ ਨੇ ਲਾਤੀਨੀ ਸ਼ਹਿਨਸ਼ਾਹ ਹੈਨਰੀ ਵਿਰੁੱਧ ਬੜੀ ਦ੍ਰਿੜ੍ਹਤਾ ਨਾਲ ਆਪਣੇ ਰਾਜ ਦੀ ਰੱਖਿਆ ਕੀਤੀ, ਆਪਣੇ ਦੁਸ਼ਮਣ ਟਰੈਬਾਜ਼ਾਂਦ ਦੇ ਅਲੈਕਸੀਅਸ ਕਾਮਨੀਨਸ ਨੂੰ ਹਰਾਇਆ ਅਤੇ ਕਾਨਯਾ ਦੇ ਸੁਲਤਾਨ ਗਿਆਥ-ਉਦ-ਦੀਨ ਉੱਤੇ ਜਵਾਬੀ ਹਮਲਾ ਕਰ ਕੇ ਜਿੱਤ ਪ੍ਰਾਪਤ ਕੀਤੀ। ਸੰਨ 1210 ਵਿਚ ਪਸਿਡੀਆਂ ਦੇ ਐਂਟੀਆੱਕ ਸ਼ਹਿਰ ਦੇ ਨਜ਼ਦੀਕ ਹੋਈ ਲੜਾਈ ਵਿਚ ਇਸ ਨੇ ਗੱਦੀਓਂ ਲੱਥੇ ਸ਼ਹਿਨਸ਼ਾਹ ਲੈਕਸੀਅਸ ਤੀਜੇ ਨੂੰ ਬੰਦੀ ਬਣਾ ਕੇ ਸ਼ਾਨਦਾਰ ਜਿੱਤ ਹਾਸਲ ਕੀਤੀ ਅਤੇ ਸ਼ਹਿਰ ਨੂੰ ਤੁਰਕੀਆਂ ਹੱਥੋਂ ਖੋਹ ਕੇ ਆਪਣੇ ਕਬਜ਼ੇ ਵਿਚ ਕਰ ਲਿਆ।

ਸੰਨ 1222 ਵਿਚ ਇਸ ਦੀ ਮੌਤ ਹੋ ਗਈ।

ਹ.ਪੁ.–ਐਨ. ਬ੍ਰਿ. 22:57

ਥੀਓਡੋਰਸ, ਸਟੂਡਿਟਾ : ਇਹ ਕੁਸਤੁਨਤੁਨੀਆ ਵਿਚ ਸਟੂਡਿਆੱਨ ਮੱਠ ਦਾ ਈਸਾਈ ਪਾਦਰੀ ਹੋਇਆ ਹੈ ਜਿਸ ਦਾ ਜਨਮ 759 ਈ. ਵਿਚ ਹੋਇਆ। ਸੰਨ 794 ਵਿਚ ਇਹ ਆਪਣੇ ਚਾਚੇ ਪਲੈਟੋ ਤੋਂ ਮਗਰੋਂ ਬਿਥੀਨੀਆ ਵਿਚ ਸੈੱਕਡੀਅਮ ਦੇ ਮੱਠ ਦਾ ਮੁਖੀ ਬਣਿਆ। ਕਾੱਨਸਟੈਨਟਾਈਨ ਛੇਵੇਂ ਦੇ ਵਿਆਹ ਦੇ ਸਬੰਧ ਵਿਚ ਇਸ ਨੂੰ ਥੈਸੋਲੋਨਿਕਾ ਵਿਖੇ ਦੇਸ਼ ਨਿਕਾਲਾ ਦਿੱਤਾ ਗਿਆ। ਸੰਨ 797 ਵਿਚ ਬਾਦਸ਼ਾਹ ਦੀ ਮੌਤ ਉਪਰੰਤ ਇਸ ਨੂੰ ਵਾਪਸ ਬੁਲਾਇਆ ਗਿਆ ਅਤੇ ਆਪਣੇ ਚੇਲਿਆਂ ਸਮੇਤ ਇਸ ਨੂੰ ਕੁਸਤੁਨਤੁਨੀਆ ਦੇ ਸਟੂਡਿਆੱਨ ਮੱਠ ਵਿਚ ਨਿਯੁਕਤ ਕੀਤਾ ਗਿਆ। ਇਸ ਨੇ ਆਤਮ-ਤਿਆਗ ਅਤੇ ਮੱਠ ਨਾਲ ਸਬੰਧਤ ਸੁਧਾਰਾਂ ਲਈ ਇਕ ਮੁਹਿੰਮ ਸ਼ੁਰੂ ਕੀਤੀ। ਸੰਨ 809 ਵਿਚ ਇਸ ਨੂੰ ਮੁੜ ਦੇਸ਼ ਨਿਕਾਲਾ ਦਿਤਾ ਗਿਆ ਕਿਉਂਕਿ ਇਸ ਨੇ ਲਾਟ ਪਾਦਰੀ ਲਾਈਸੈ ਫੋਰਸ ਨਾਲ ਧਾਰਮਕ ਸਾਂਝ ਰੱਖਣ ਤੋਂ ਇਨਕਾਰ ਕਰ ਦਿੱਤਾ ਸੀ। ਸੰਨ 811 ਵਿਚ ਵਾਪਸ ਬੁਲਾ ਕੇ 814 ਵਿਚ ਫਿਰ ਇਸ ਨੂੰ ਦੇਸ਼ ਨਿਕਾਲਾ ਦਿੱਤਾ ਗਿਆ। ਸੰਨ 824 ਵਿਚ ਇਸ ਨੇ ਬੁੱਤਸ਼ਿਕਨੀ ਲਈ ਮਾਈਕਲ ਤੇ ਹਿੰਸਾਪੂਰਬਕ ਹਮਲਾ ਕੀਤਾ ਜਿਸ ਕਾਰਨ ਇਸ ਨੂੰ ਕੁਸਤੁਨਤੁਨੀਆ ਛੱਡਣ ਕਈ ਮਜਬੂਰ ਹੋਣਾ ਪਿਆ। ਆਪਣੀ ਮੌਤ ਤਕ ਇਹ ਵੱਖ ਵੱਖ ਮੱਠਾਂ ਵਿਚ ਰਿਹਾ। ਇਸ ਦੀਆਂ ਕਈ ਰਚਨਾਵਾਂ ਮਿਲਦੀਆਂ ਹਨ ਅਤੇ ਇਸ ਨੇ ਕਈ ਭਜਨਾਂ ਦੀ ਸਿਰਜਨਾ ਵੀ ਕੀਤੀ ਜਿਨ੍ਹਾਂ ਵਿਚੋਂ ਕਈ ਹੁਣ ਵੀ ਪ੍ਰਚਲਿਤ ਹਨ। ਸਟੂਡਿਆੱਨ ਦੇ ਸਾਰੇ ਮੱਠਵਾਸੀਆਂ ਵਾਂਗ ਹੱਥ-ਲਿਖਤਾਂ ਦੀ ਮਿਹਨਤ ਤੇ ਲਗਨ ਨਾਲ ਨਕਲ ਕਰਨ ਲਈ ਇਹ ਕਾਫ਼ੀ ਪ੍ਰਸਿੱਧ ਸੀ।

11 ਨਵੰਬਰ, 826 ਈ. ਨੂੰ ਥੀਓਡੋਰਸ ਦੀ ਮੌਤ ਹੋ ਗਈ ਅਤੇ ਇਸ ਨੂੰ ਕੈਲਸਿਟਿਸ ਵਿਖੇ ਦਫ਼ਨਾਇਆ ਗਿਆ। ਮਗਰੋਂ 26 ਜਨਵਰੀ, 844 ਈ. ਨੂੰ ਇਸ ਦੇ ਮ੍ਰਿਤਕ ਸਰੀਰ ਨੂੰ ਸਟੂਡਿਆੱਨ ਵਿਖੇ ਲਿਆਂਦਾ ਗਿਆ ਅਤੇ ਇਸ ਨੂੰ ਸੰਤ ਦੇ ਤੌਰ ਤੇ ਮਾਨਤਾ ਦਿੱਤੀ ਗਈ।

ਹ.ਪੁ.–ਐਨ.ਬ੍ਰਿ. 22:58.

ਥੀਓਡੋਰਾ : ਇਹ ਬਾਜ਼ਨਤੀਨੀ ਸਾਮਰਾਜ ਦੇ ਸ਼ਹਿਨਸ਼ਾਹ ਜਸਤੀਨੀਅਨ ਪਹਿਲੇ ਦੀ ਮਲਕਾ ਸੀ। ਖਿਆਲ ਕੀਤਾ ਜਾਂਦਾ ਹੈ ਕਿ ਇਸ ਦਾ ਜਨਮ 508 ਈ. ਵਿਚ ਕੁਸਤੁਨਤੁਨੀਆ ਵਿਚ ਹੋਇਆ ਸੀ। ਇਤਿਹਾਸਕਾਰ ਪਰਾਕੋਪੀਅਸ ਦੇ ਅਸਪਸ਼ਟ ਜਿਹੇ ਵਰਣਨ ਅਨੁਸਾਰ ਇਸ ਦੇ ਪਿਤਾ ਦਾ ਨਾਂ ਅਕੋਸੀਅਸ ਸੀ ਜੋ ਕੁਸਤੁਨਤੁਨੀਆ ਵਿਖੇ ਇਕ ਸਰਕਸ ਵਿਚ ਰਿੱਛ-ਨਿਗਰਾਨ ਸੀ। ਆਪਣੇ ਬਚਪਨ ਤੋਂ ਹੀ ਇਸ ਨੇ ਸਟੇਜ ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ। ਸ਼ਾਹੀ ਵਾਰਸ ਜਸਤੀਨੀਅਨ ਨੂੰ ਇਹ ਆਪਣੀ ਸੁੰਦਰਤਾ ਕਾਰਨ ਭਾ ਗਈ ਅਤੇ ਉਸ ਨੇ ਇਸ ਨੂੰ ਪਹਿਲਾਂ ਆਪਣੀ ਰਖੇਲ ਫਿਰ 527 ਈ. ਵਿਚ ਪਤਨੀ ਬਣਾ ਲਿਆ ਅਤੇ ਬਾਅਦ ਵਿਚ ਇਹ ਤਖ਼ਤ ਦੀ ਬਰਾਬਰ ਦੀ ਹੱਕਦਾਰ ਬਣ ਗਈ। ਇਹ ਆਪਣੇ ਪਤੀ ਤੋਂ ਉਮਰ ਵਿਚ 20 ਸਾਲ ਦੇ ਕਰੀਬ ਛੋਟੀ ਸੀ। ਇਸ ਨੇ ਆਪਣੇ ਪਤੀ ਨੂੰ ਪੂਰੀ ਤਰ੍ਹਾਂ ਆਪਣੇ ਪ੍ਰਭਾਵ ਹੇਠ ਕਰ ਲਿਆ ਸੀ। ਸੰਨ 532 ਵਿਚ ਜਦੋਂ ਨਾਈਕਾ ਦੇ ਫ਼ਸਾਦ ਹੋਏ ਤਾਂ ਇਸ ਨੇ ਬੜੇ ਹੌਂਸਲੇ ਅਤੇ ਦ੍ਰਿੜ੍ਹਤਾ ਨਾਲ ਹਾਲਤ ਨੂੰ ਸੰਭਾਲਿਆ। ਬਾਗ਼ੀਆਂ ਨੇ ਮਹਿਲ ਨੂੰ ਘੇਰਾ ਪਾ ਲਿਆ ਪਰ ਇਸ ਨੇ ਆਪਣਾ ਹੌਂਸਲਾ ਬੁਲੰਦ ਰੱਖਿਆ ਅਤੇ ਮਹਿਲ ਤੋਂ ਭੱਜਣ ਤੋਂ ਇਨਕਾਰ ਕਰ ਕੇ ਉਨ੍ਹਾਂ ਦਾ ਡੱਟ ਕੇ ਮੁਕਾਬਲਾ ਕੀਤਾ ਅਤੇ ਆਪਣੇ ਪਤੀ ਦਾ ਰਾਜ-ਭਾਗ ਬਚਾ ਲਿਆ।

ਇਸ ਨੇ ਆਪਣੀ ਦੌਲਤ ਨੂੰ ਲੋਕਾਂ ਦੇ ਸੁਧਾਰ ਲਈ ਖਰਚਿਆ।

29 ਜੂਨ, 548 ਨੂੰ ਕੈਂਸਰ ਕਾਰਨ ਕੁਸਤੁਨਤੁਨੀਆ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.–ਐਨ. ਬ੍ਰਿ. 22 : 56; ਐਨ. ਅਮੈ. 26 : 510

ਥੀਓਡੋਰਿਕ : ਇਹ ਆਸਟਰਾਗਾਥਾਂ ਦਾ ਇਕ ਬਾਦਸ਼ਾਹ ਸੀ। ਇਸ ਦਾ ਜਨਮ 454 ਈ. ਵਿਚ ਹੋਇਆ। ਇਸ ਨੇ 488 ਈ. ਵਿਚ ਇਟਲੀ ਤੇ ਹਮਲਾ ਕਰਨ ਮਗਰੋਂ 493 ਈ. ਵਿਚ ਸਮੁੱਚੇ ਪ੍ਰਾਇਦੀਪ ਅਤੇ ਸਿਸਲੀ ਉੱਤੇ ਵੀ ਜਿੱਤ ਪ੍ਰਾਪਤ ਕੀਤੀ ਅਤੇ ਆਪ ਇਟਲੀ ਦਾ ਬਾਦਸ਼ਾਹ ਬਣ ਗਿਆ। ਇਸ ਨੇ ਰਵੇਨਾ ਸ਼ਹਿਰ ਨੂੰ ਆਪਣੀ ਰਾਜਧਾਨੀ ਬਣਾ ਲਿਆ।

ਇਹ ਆਸਟਰਾਗਾਥਾਂ ਦੇ ਸਰਦਾਰ ਥੀਓਡਮੀਰ ਦਾ ਪੁੱਤਰ ਸੀ। ਇਹ ਅਜੇ ਛੋਟਾ ਹੀ ਸੀ ਕਿ ਇਸ ਨੂੰ ਪੂਰਬੀ ਰੋਮਨ ਸਾਮਰਾਜ ਦੀ ਰਾਜਧਾਨੀ ਕੁਸਤੁਨਤੁਨੀਆ ਵਿਖੇ ਇਕ ਯਰਗਮਾਲੀ ਵਜੋਂ ਸਮਾਂ ਗੁਜ਼ਾਰਨਾ ਪਿਆ। ਭਾਵੇਂ ਇਸ ਦਾ ਪਾਲਣ ਪੋਸ਼ਣ ਰੋਮਨ ਢੰਗ ਨਾਲ ਹੋਇਆ ਸੀ ਪਰ ਇਹ ਕਿਹਾ ਜਾਂਦਾ ਹੈ ਕਿ ਇਹ ਅਨਪੜ੍ਹ ਹੀ ਰਿਹਾ ਸੀ। ਇਹ ਨਿਰਸੰਦੇਹ ਬੜੀ ਅਤਿਕਥਨੀ ਲਗਦੀ ਹੈ। ਇਸ ਦਾ ਭਾਵ ਕੇਵਲ ਇਹੀ ਹੈ ਕਿ ਇਸ ਨੇ ਲਿਖਾਈ ਵਿਚ ਮੁਹਾਰਤ ਪ੍ਰਾਪਤ ਨਹੀਂ ਕੀਤੀ ਜਿਸ ਦੀ 5ਵੀਂ ਅਤੇ 6ਵੀਂ ਸਦੀ ਦੇ ਇਕ ਸ਼ਾਸ਼ਕ ਤੋਂ ਆਮ ਆਸ ਰੱਖੀ ਜਾਂਦੀ ਸੀ। ਇਸ ਦੇ ਜਨਮ ਸਮੇਂ ਹੁੱਨਾਂ ਦੇ ਸਾਮਰਾਜ ਵੱਲੋਂ ਆਸਟਰਾਗਾਥਾਂ ਉੱਤੇ ਬਹੁਤ ਜ਼ੁਲਮ ਕੀਤਾ ਜਾਂਦਾ ਸੀ। ਯੂਕਰੇਨ ਵਿਚ ਉਨ੍ਹਾਂ ਨੂੰ ਆਪਣੇ ਘਰਾਂ ਵਿਚੋਂ ਉਜਾੜ ਕੇ ਪਨੋਨੀਆ ਰਾਜ ਵਿਚ ਭੇਜ ਦਿੱਤਾ ਜਾਂਦਾ ਅਤੇ ਉਨ੍ਹਾਂ ਕੋਲੋਂ ਅਨਾਜ ਖੋਹ ਲਿਆ ਜਾਂਦਾ ਸੀ। ਇਸ ਦੇ ਜਨਮ ਤੋਂ 30 ਸਾਲ ਪਿੱਛੋਂ ਆਸਟਰਾਗਾਥਾਂ ਦਾ ਮੁੱਖ ਨਿਸ਼ਾਨਾ ਆਪਣੇ ਲਈ ਨਵੀਂ ਧਰਤੀ ਲੱਭਣਾ ਅਤੇ ਉਥੇ ਸ਼ਾਂਤੀ ਨਾਲ ਵਸਣਾ ਸੀ। ਇਹ ਲੋਕ ਉੱਤਰੀ ਪਨੋਨੀਆ ਰਾਜ ਵਿਚ ਹੋਰਨਾਂ ਜਰਮਨ ਲੋਕਾਂ ਦੇ ਵਿਰੁੱਧ ਨਿਰੰਤਰ ਤੌਰ ਤੇ ਲੜਦੇ ਰਹੇ ਅਤੇ ਕੁਸਤੁਨਤੁਨੀਆ ਵਿਖੇ ਸ਼ਹਿਨਸ਼ਾਹ ਦੇ ਹੱਕ ਵਿਚ ਅਤੇ ਵਿਰੋਧ ਵਿਚ ਲੜਦੇ ਰਹੇ। ਇਨ੍ਹਾਂ ਲੋਕਾਂ ਨੂੰ ਕਈ ਵਾਰ ਸਾਮਰਾਜੀ ਸਰਕਾਰ ਤੋਂ ਆਰਥਿਕ ਸਹਾਇਤਾ ਮਿਲ ਜਾਂਦੀ ਸੀ ਪਰ ਕਈ ਵਾਰ ਇਸ ਤੋਂ ਨਾਂਹ ਵੀ ਕਰ ਦਿੱਤੀ ਜਾਂਦੀ ਸੀ। ਇਸ ਨੇ ਇਨ੍ਹਾਂ ਲੋਕਾਂ ਦੀ ਅਗਵਾਈ ਤਾਂ ਜ਼ਰੂਰ ਕੀਤੀ ਪਰ ਇਹ ਉਨ੍ਹਾਂ ਨੂੰ ਬਚਾਉਣ ਅਤੇ ਰਹਿਣ ਲਈ ਸਥਾਈ ਥਾਂ ਦੇਣ ਵਿਚ ਅਸਫਲ ਰਿਹਾ। ਸ਼ਹਿਨਸ਼ਾਹ ਜ਼ੀਨੋ ਨੇ ਇਸ ਨੂੰ ਪਟ੍ਰਿਸ਼ਨ ਦੀ ਪਦਵੀ ਦੇਣ ਮਗਰੋਂ ਸਿਪਾਹੀਆਂ ਦੇ ਮਾਸਟਰ ਦਾ ਅਹੁਦਾ ਵੀ ਦਿੱਤਾ ਅਤੇ 484 ਈ. ਵਿਚ ਕਾਂਸਲ ਨਿਯੁਕਤ ਕਰ ਦਿੱਤਾ। ਆਪਣੇ ਨਿਸ਼ਾਨੇ ਉੱਤੇ ਪਹੁੰਚਣ ਲਈ ਇਹ ਸਾਮਰਾਜੀ ਪ੍ਰਾਂਤਾਂ ਅਤੇ ਕੁਸਤੁਨਤੁਨੀਆ

ਦੇ ਵਿਰੁੱਧ ਅਸਫਲ ਕੋਸ਼ਿਸ਼ਾਂ ਵੀ ਕਰਦਾ ਰਿਹਾ। ਸ਼ਹਿਨਸ਼ਾਹ ਜੀਨੋ ਨੇ 488 ਈ. ਵਿਚ ਇਸ ਨੂੰ ਇਟਲੀ ਦੇ ਬਦੇਸ਼ੀ ਸ਼ਾਸ਼ਕ ਓਡੋਸਰ ਦਾ ਤਖ਼ਤਾ ਉਲਟਾਉਣ ਅਤੇ ਪ੍ਰਾਇਦੀਪ ਵਿਚ ਸ਼ਹਿਨਸ਼ਾਹ ਦੇ ਨਾਂ ਤੇ ਰਾਜ ਪ੍ਰਬੰਧ ਚਲਾਉਣ ਲਈ ਉਥੇ ਭੇਜਿਆ।

ਓਡੋਸਰ ਦੀ ਮੌਤ ਨਾਲ ਸਬੰਧਤ ਹਾਲਾਤ ਇਸ ਦੇ ਆਚਰਣ ਦੇ ਅਤਿਆਚਾਰੀ ਪੱਖ ਨੂੰ ਉਘਾੜਦੇ ਹਨ। ਜਦੋਂ ਆਸਟਰਾਗਾਥ ਰਵੇਨਾ ਸ਼ਹਿਰ ਨੂੰ ਜਿੱਤਣ ਵਿਚ ਅਸਫ਼ਲ ਰਹੇ ਤਾਂ ਦੋਵੇਂ ਆਗੂ ਇਟਲੀ ਦੇ ਪ੍ਰਬੰਧ ਨੂੰ ਸਾਂਝੇ ਤੌਰ ਤੇ ਚਲਾਉਣ ਲਈ ਸਹਿਮਤ ਹੋ ਗਏ। ਓਡੋਸਰ ਨੇ 5 ਮਾਰਚ, 493 ਈ. ਨੂੰ ਇਸ ਨੂੰ ਸੁਰੱਖਿਅਤ ਸ਼ਹਿਰ ਅੰਦਰ ਦਾਖ਼ਲ ਹੋਣ ਦੀ ਆਗਿਆ ਦੇ ਦਿੱਤੀ। ਇਸ ਤੋਂ ਦਸ ਦਿਨ ਬਾਅਦ ਲਿਊਰਟਮ ਦੇ ਸ਼ਾਹੀ ਮਹਿਲ ਵਿਚ ਦੋ ਗਾਥੀ, ਫਰਿਆਦੀਆਂ ਦੇ ਭੇਸ ਵਿਚ ਆ ਦਾਖ਼ਲ ਹੋਏ ਅਤੇ ਉਨ੍ਹਾਂ ਨੇ ਅਚਾਨਕ ਹੀ ਬਾਦਸ਼ਾਹ ਓਡੋਸਰ ਦੀਆਂ ਬਾਹਾਂ ਫੜ ਲਈਆਂ ਅਤੇ ਥੀਓਡੋਰਿਕ ਨੇ ਉਸ ਨੂੰ ਤਲਵਾਰ ਨਾਲ ਵੱਢ ਦਿੱਤਾ। ਓਡੋਸਰ ਨੂੰ ਕਤਲ ਕਰਨ ਤੋਂ ਬਾਅਦ ਇਸ ਨੇ ਉਸ ਦੀ ਪਤਨੀ ਅਤੇ ਪੁੱਤਰ ਨੂੰ ਮਾਰ ਦਿੱਤਾ ਅਤੇ ਨਾਲ ਹੀ ਸਾਰੇ ਉੱਤਰੀ ਇਟਲੀ ਵਿਚੋਂ ਉਸ ਦੇ ਸਾਰੇ ਪੈਰੋਕਾਰਾਂ ਨੂੰ ਬੜੀ ਬੇਰਹਿਮੀ ਨਾਲ ਕਤਲ ਕਰ ਦਿੱਤਾ।

ਸਰਕਾਰੀ ਰਿਕਾਰਡ ਤੋਂ ਪਤਾ ਲਗਦਾ ਹੈ ਕਿ ਭਾਵੇਂ ਇਹ ਕਈ ਗੱਲਾਂ ਵਿਚ ਇਕ ਅਯੋਗ ਬਾਦਸ਼ਾਹ ਸਿੱਧ ਹੋਇਆ ਪਰੰਤੂ ਇਸ ਦੀਆਂ ਆਪਣੀਆਂ ਸ਼ਕਤੀਆਂ ਦੀਆਂ ਕੁਝ ਸੀਮਾਵਾਂ ਜ਼ਰੂਰ ਸਨ। ਇਹ ਜਾਇਜ਼ ਕਾਂਸਲਾਂ ਦੀ, ਬਾਦਸ਼ਾਹ ਦੀ ਪੁਸ਼ਟੀ ਤੋਂ ਬਿਨਾਂ ਨਿਯੁਕਤੀ ਨਹੀਂ ਸੀ ਕਰਵਾ ਸਕਿਆ, ਕੇਵਲ ਫ਼ੁਰਮਾਨ ਹੀ ਜਾਰੀ ਕਰ ਸਕਦਾ ਸੀ। ਇਹ ਕਿਸੇ ਵੀ ਗਾਥੀ ਨੂੰ ਨਾ ਤਾਂ ਰੋਮਨ ਨਾਗਰਿਕਤਾ ਪ੍ਰਦਾਨ ਕਰਦਾ ਸੀ ਅਤੇ ਨਾ ਹੀ ਉਸ ਨੂੰ ਰੋਮ ਦੇ ਸਰਕਾਰੀ ਦਫ਼ਤਰਾਂ ਵਿਚ ਜਾਂ ਸੈਨੇਟ ਵਿਚ ਨਿਯੁਕਤ ਕਰਵਾ ਸਕਦਾ ਸੀ। ਇਸ ਦੇ ਆਪਣੇ ਨਾਗਰਿਕ ਕਾਨੂੰਨੀ ਤੌਰ ਤੇ ਕਿਸੇ ਵੀ ਰੋਮਨ ਨਾਲ ਅੰਤਰ ਵਿਆਹ ਨਹੀਂ ਸਨ ਕਰਵਾ ਸਕਦੇ।

ਇਸ ਨੇ 33 ਸਾਲ ਇਟਲੀ ਉੱਤੇ ਰਾਜ ਕੀਤਾ ਅਤੇ ਆਪਣੇ ਰਾਜ-ਕਾਲ ਦੌਰਾਨ ਉਥੇ ਸ਼ਾਂਤੀ ਸਥਾਪਿਤ ਕਰੀ ਰੱਖੀ। ਉੱਤਰੀ ਅਤੇ ਕੇਂਦਰੀ ਇਟਲੀ ਵਿਚ ਗਾਥੀ ਲੋਕਾਂ ਨੂੰ ਆਬਾਦ ਕਰ ਦਿੱਤਾ ਗਿਆ ਪਰ ਸਿਸਲੀ ਅਤੇ ਦੱਖਣੀ ਇਟਲੀ ਦੇ ਉੱਤਰੀ ਹਿੱਸੇ ਵਿਚ ਨੇਪਲਜ਼ ਤੱਕ ਉਨ੍ਹਾਂ ਦੀ ਕੋਈ ਆਬਾਦੀ ਨਹੀਂ ਸੀ ਅਤੇ ਉਨ੍ਹਾਂ ਵਿਚੋਂ ਕੁਝ ਲੋਕ ਸਮੁੰਦਰੋਂ ਪਾਰ ਵੀ ਰਹਿਣ ਲੱਗ ਪਏ।

ਛੇਵੀਂ ਸਦੀ ਦੇ ਮੁੱਢ ਵਿਚ ਇਸ ਨੇ 154 ਨਿਯਮਾਂ ਅਤੇ ਵਿਨਿਯਮਾਂ ਦਾ ਆਪਣਾ ਇਕ ਫ਼ੁਰਮਾਨ ਛਪਵਾਇਆ। ਇਸ ਫ਼ੁਰਮਾਨ ਦੇ ਨਿਯਮ ਰੋਮਨਾਂ ਅਤੇ ਗਾਥੀ ਲੋਕਾਂ ਉੱਤੇ ਲਾਗੂ ਸਨ। ਇਸ ਦੇ ਪ੍ਰਸ਼ਾਸ਼ਨ ਦਾ ਮੁੱਖ ਨਿਸ਼ਾਨਾ ਗਾਥੀ ਲੋਕ ਅਤੇ ਰੋਮਨਾਂ ਵਿਚਕਾਰ ਦੀ ਇਕਸੁਰਤਾ ਨੂੰ ਸੁਰੱਖਿਅਤ ਰੱਖਣਾ ਸੀ। ਇਸ ਲਈ ਇਸ ਨੇ ਵੀ ਧਾਰਮਿਕ ਪੱਧਰ ਤੇ ਕਿਸੇ ਉੱਤੇ ਵੀ ਜ਼ੁਲਮ ਨਹੀਂ ਸੀ ਕੀਤਾ। ਇਸ ਦੀ ਮੌਤ 30 ਅਗਸਤ, 526 ਈ. ਨੂੰ ਹੋਈ। ਇਸ ਦੀ ਕਬਰ ਅੱਜ ਵੀ ਰਵੇਨਾ ਸ਼ਹਿਰ ਵਿਚ ਦੇਖੀ ਜਾ ਸਕਦੀ ਹੈ।

ਹ. ਪੁ.-ਐਨ. ਬ੍ਰਿ. ਮਾ. 11 : 688; ਐਨ. ਬ੍ਰਿ. 22 : 59

ਥੀਓਡੋਲਾਈਟ : ਇਹ ਇਕ ਸਰਵੇਖਣ ਯੰਤਰ ਹੈ ਜਿਸ ਨਾਲ ਖਿਤਜੀ ਅਤੇ ਲੰਬਾਤਮਕ ਕੋਣ ਮਿਣੇ ਜਾਂਦੇ ਹਨ। ਇਹ ਇਕ ਤਰ੍ਹਾਂ ਦੀ ਦੂਰਬੀਨ (ਟੈਲੀਸਕੋਪ) ਹੈ ਜੋ ਚੂਲ-ਛੱਲੇ ਨਾਲ ਖਿਤਜੀ ਅਤੇ ਲੰਬਾਤਮਕ ਤੌਰ ਤੇ ਜੁੜੀ ਹੁੰਦੀ ਹੈ। ਲੈਵਲਿੰਗ, ਸਪਿਰਿਟ ਲੈਵਲ ਨਾਲ ਕੀਤੀ ਜਾਂਦੀ ਹੈ। ਟੈਲੀਸਕੋਪ ਵਿਚਲੇ ਕ੍ਰਾਸ ਹੇਅਰ ਕਾਰਨ ਦੇਖੀ ਜਾਣ ਵਾਲੀ ਵਸਤੂ ਦਾ ਦਰੁਸਤ ਸੰਰੇਖਣ (alignment) ਹੋ ਜਾਂਦਾ ਹੈ। ਜਦੋਂ ਦੂਰਬੀਨ ਨੂੰ ਸਮਾਯੋਜਿਤ ਕੀਤਾ ਜਾਂਦਾ ਹੈ ਤਾਂ ਦੋਹਾਂ ਖਿਤਜੀ ਅਤੇ ਲੰਬਾਤਮਕ ਸਕੇਲਾਂ ਤੋਂ ਪੜ੍ਹਤ ਲੈ ਲਈ ਜਾਂਦੀ ਹੈ।

ਥੀਓਡੋਲਾਈਟ ਦੀ ਵਰਤੋਂ ਸਰਵੇਖਣ ਲਈ ਕੀਤੀ ਜਾਂਦੀ ਹੈ। ਸੜਕਾਂ ਬਣਾਉਣ ਸਮੇਂ ਕੋਣੀ ਮਿਣਤੀ ਲਈ, ਸੁਰੰਗਾਂ ਦੇ ਸਰਵੇਖਣ ਲਈ ਅਤੇ ਹੋਰ ਸਿਵਲ ਇੰਜੀਨੀਅਰੀ ਕਾਰਜਾਂ ਲਈ ਇਸ ਦੀ ਵਰਤੋਂ ਕੀਤੀ ਜਾਂਦੀ ਹੈ। ਨਕਸ਼ੇ ਬਣਾਉਣ ਲਈ ਇਸ ਨਾਲ ਇਕ ਕੈਮਰਾ ਵੀ ਫ਼ਿਟ ਕੀਤਾ ਜਾਂਦਾ ਹੈ ਜਿਸ ਨੂੰ ਫ਼ੋਟੋ ਥੀਓਡੋਲਾਈਟ ਕਹਿੰਦੇ ਹਨ।

ਹ.ਪੁ.-ਐਨ.ਬ੍ਰਿ. 22:56; ਐਨ. ਬ੍ਰਿ. ਮਾ. 9 : 931

ਥੀਓਦੋਰੇਤ : ਸਾਈਰਸ ਦੇ ਇਸ ਧਾਰਮਿਕ ਵਿਸ਼ਿਆਂ ਦੇ ਲੇਖਕ ਦਾ ਜਨਮ ਐਂਟੀਓਕ ਵਿਖੇ 386 ਈ. ਦੇ ਲਗਭਗ ਹੋਇਆ। ਸੰਨ 423 ਵਿਚ ਇਸ ਨੂੰ ਸਾਈਰਸ ਦਾ ਬਿਸ਼ਪ ਨਿਯੁਕਤ ਕਰ ਦਿੱਤਾ ਗਿਆ। ਆਪਣੇ ਜੀਵਨ ਦਾ ਥੋੜ੍ਹਾ ਸਮਾਂ ਛੱਡ ਕੇ ਇਹ ਬਾਕੀ ਸਾਰੀ ਉਮਰ ਇਥੇ ਹੀ ਰਿਹਾ।

ਇਸ ਨੇ ਸਿਕੰਦਰੀਆ ਦੇ ਸਿਰਿਲ ਅਤੇ ਨੈਸਤੋਰੀਅਸ ਦੇ ਝਗੜਿਆਂ ਵਿਚ ਸਾਲਸੀ ਕੀਤੀ ਪਰੰਤੂ ਦੋਹਾਂ ਵਿਚਕਾਰ ਸਮਝੌਤਾ ਕਰਵਾਉਣ ਵਿਚ ਸਫਲ ਨਾ ਹੋਇਆ।

ਥੀਓਦੋਰੇਤ ਦੀ ਮਹਾਨਤਾ ਇਸ ਦੀਆਂ ਧਾਰਮਿਕ ਸਿੱਧਾਂਤਾ-ਮਕ ਕਿਰਤਾਂ ਵਿਚ ਹੈ। ਇਸ ਦੇ ਵਿਚਾਰ ਸਿਰਿਲ ਅਤੇ ਸਿਕੰਦਰੀਆ ਦੇ ਡਾਇਓਸਕੁਰਸ ਦੇ ਵਿਚਾਰਾਂ ਨਾਲੋਂ ਬਿਲਕੁਲ ਵਖਰੇ ਸਨ। ਲਗਭਗ 20 ਸਾਲ ਇਸ ਨੇ ਉਨ੍ਹਾਂ ਦੇ ਸਿਧਾਂਤਾਂ ਵਿਰੁੱਧ ਸੰਘਰਸ਼ ਕੀਤਾ।

ਇਸ ਦੀਆਂ ਸਿਰਿਲ ਦੇ ਵਿਰੁੱਧ ਲਿਖੀਆਂ ਪੰਜ ਪੁਸਤਕਾਂ 'ਆੱਨ ਦੀ ਇਨਕਾਰਨੇਸ਼ਨ' ਵਿਚੋਂ ਹੁਣ ਕੇਵਲ ਕੁਝ ਹਿੱਸੇ ਹੀ ਮਿਲਦੇ ਹਨ। ਇਸ ਦੇ ਨਾਂ ਨਾਲ ਕਈ ਕਿਰਤਾਂ ਗ਼ਲਤ ਹੀ ਜੁੜ ਗਈਆਂ ਹਨ।

ਇਸ ਨੇ ਸਾਧੂਆਂ ਸਬੰਧੀ 30 ਜੀਵਨੀਆਂ ਵੀ ਲਿਖੀਆਂ ਹਨ ਜੋ ਕਿ ਬਹੁਤ ਪ੍ਰਚਲਿਤ ਰਹੀਆਂ ਹਨ।

ਇਸ ਦੀ ਮੌਤ 457 ਵਿਚ ਜਾਂ ਉਸ ਤੋਂ ਮਗਰੋਂ ਹੋਈ।

ਹ.ਪੁ.-ਐਨ. ਬ੍ਰਿ. 22:58; ਹਿੰ.ਵਿ.ਕੋ. 5:473

ਥੀਓਪੰਪਸ : ਯੂਨਾਨ ਦੇ ਇਸ ਮਹਾਨ ਇਤਿਹਾਸਕਾਰ ਅਤੇ ਵਕਤਾ ਦਾ ਜਨਮ 380 ਈ. ਪੂ. ਵਿਚ ਖੀਆਸ ਵਿਖੇ ਹੋਇਆ। ਇਸ ਦੇ ਪਿਤਾ ਨੂੰ ਸਪਾਰਟਾ ਨਾਲ ਹਮਦਰਦੀ ਰੱਖਣ ਕਾਰਨ ਦੇਸ਼ ਨਿਕਾਲਾ ਮਿਲਿਆ ਹੋਇਆ ਸੀ। ਇਸ ਨੇ ਆਪਣਾ ਬਚਪਨ ਐਥਨਜ਼ ਵਿਖੇ ਆਪਣੇ ਪਿਤਾ ਨਾਲ ਹੀ ਗੁਜ਼ਾਰਿਆ।

ਆਈਜਾਕ੍ਰਟੀਜ਼ ਦਾ ਸ਼ਗਿਰਦ ਬਣਨ ਮਗਰੋਂ ਇਸ ਨੇ ਭਾਸ਼ਣਕਾਰੀ ਵਿਚ ਮੁਹਾਰਤ ਹਾਸਲ ਕਰ ਲਈ। ਇਕ ਵਾਰੀ ਇਸ ਨੇ ਭਾਸ਼ਣਕਾਰੀ ਦੇ ਉਸ ਮੁਕਾਬਲੇ ਵਿਚ ਇਨਾਮ ਜਿੱਤਿਆ ਜਿਸ ਵਿਚ ਆਈਜਾਕ੍ਰਟੀਜ਼ ਨੇ ਆਪ ਵੀ ਭਾਗ ਲਿਆ ਸੀ। ਆਪਣੇ ਉਸਤਾਦ ਦੀ ਸਲਾਹ ਤੇ ਇਸ ਨੇ ਆਪਣੇ ਲਈ ਇਤਿਹਾਸਕਾਰ ਬਣਨਾ ਹੀ ਠੀਕ ਸਮਝਿਆ ਕਿਉਂਕਿ ਇਸ ਨੂੰ ਥਾਵਾਂ, ਘਟਨਾਵਾਂ ਅਤੇ ਵਿਅਕਤੀਆਂ ਬਾਰੇ ਆਮ ਨਾਲੋਂ ਕੁਝ ਵੱਧ ਜਾਣਕਾਰੀ ਹਾਸਲ ਸੀ।

ਬਾਦਸ਼ਾਹ ਸਿਕੰਦਰ ਮਹਾਨ ਦਾ ਇਸ ਉੱਪਰ ਕਾਫੀ ਪ੍ਰਭਾਵ ਸੀ। ਸਿਕੰਦਰ ਦੀ ਮੌਤ ਮਗਰੋਂ ਇਸ ਨੂੰ ਆਪਣਾ ਦੇਸ਼ ਛੱਡ ਕੇ ਭੱਜਣਾ ਪਿਆ ਅਤੇ ਇਸ ਨੇ ਮਿਸਰ ਵਿਚ ਟਾੱਲਮੀ ਦੀ ਸ਼ਰਨ ਲਈ ਪਰ ਇਥੇ ਵੀ ਇਸ ਨਾਲ ਵਧੇਰੇ ਚੰਗਾ ਸਲੂਕ ਨਾ ਹੋਇਆ। ਇਸ ਦੀ ਮੌਤ ਕਦੋਂ ਅਤੇ ਕਿਥੇ ਹੋਈ ਬਾਰੇ ਵੇਰਵਾ ਨਹੀਂ ਮਿਲਦਾ।

ਇਸ ਦੀਆਂ ਕਿਰਤਾਂ ਵਧੇਰੇ ਕਰਕੇ ਇਤਿਹਾਸ ਨਾਲ ਹੀ ਸਬੰਧਤ ਹਨ। ਇਨ੍ਹਾਂ ਵਿਚ ਹੈਰੋਡੋਟਸ, ਹੈਲੀਨਿਕਾ, ਫ਼ਿੱਲਿਪੀਕਾ ਅਤੇ ਸਿਕੰਦਰ ਨੂੰ ਲਿਖੀਆਂ ਚਿੱਠੀਆਂ ਸ਼ਾਮਲ ਹਨ। ਹੈਲੀਨਿਕਾ ਵਿਚ 411 ਈ. ਪੂ. ਤੋਂ 394 ਈ. ਪੂ. ਦੌਰਾਨ ਯੂਨਾਨ ਦੇ ਲੋਕਾਂ ਦਾ ਹਾਲ ਦਰਜ ਹੈ। ਇਹ ਪੁਸਤਕ 12 ਜਿਲਦਾਂ ਵਿਚ ਹੈ। ਇਸ ਦੀ ਮੁੱਖ ਕ੍ਰਿਤ ਫ਼ਿੱਲੀਪੀਕਾ 58 ਜਿਲਦਾਂ ਵਿਚ ਹੈ। ਇਸ ਵਿਚ 359 ਤੋਂ 336 ਈ.ਪੂ. ਤੱਕ ਦੇ ਸਮੇਂ ਬਾਰੇ ਜਾਣਕਾਰੀ ਦਿੱਤੀ ਗਈ ਹੈ ਅਤੇ ਇਸੇ ਵਿਚ ਹੀ ਮਕਦੂਨੀਆ ਦੇ ਬਾਦਸ਼ਾਹ ਫਿਲਿਪ ਦੂਜੇ ਦੇ ਖ਼ਿਲਾਫ਼ ਇਸ ਦੇ ਆਪਣੇ ਭਾਸ਼ਣ ਸ਼ਾਮਲ ਹਨ। ਇਸ ਨੇ ਆਪਣੀਆਂ ਲਿਖਤਾਂ ਵਿਚ ਸਿਰਫ਼ ਨੈਤਿਕ ਅਤੇ ਰਾਜਨੀਤਕ ਪੱਖ ਹੀ ਨਹੀਂ ਲਿਆ ਸਗੋਂ ਵੱਖ-ਵੱਖ ਨਸਲਾਂ ਅਤੇ ਦੇਸ਼ਾਂ ਦੇ ਲੋਕਾਂ ਦੇ ਰਸਮ ਰਿਵਾਜ ਅਤੇ ਨਾਵਾਂ ਆਦਿ ਬਾਰੇ ਵੀ ਵਾਕਫ਼ੀਅਤ ਦਿੱਤੀ ਹੈ। ਇਹ ਜਾਣਕਾਰੀ ਐਨੀ ਵਿਸਥਾਰ ਪੂਰਵਕ ਸੀ ਕਿ ਮਕਦੂਨੀਆ ਦੇ ਬਾਦਸ਼ਾਹ ਫਿਲਿਪ ਪੰਜਵੇਂ ਨੇ ਇਸ ਨੂੰ ਘਟਾ ਕੇ 58 ਜਿਲਦਾਂ ਤੋਂ 16 ਜਿਲਦਾਂ ਵਿਚ ਕਰਵਾ ਦਿੱਤਾ। ਉਸ ਸਾਰੇ ਹਿੱਸੇ ਬਾਰੇ ਜਾਣਕਾਰੀ ਕੱਟ ਦਿੱਤੀ ਗਈ ਜਿਸ ਦਾ ਸਬੰਧ ਮਕਦੂਨੀਆ ਨਾਲ ਨਹੀਂ ਸੀ।

ਆਪਣੀ ਸ਼ੈਲੀ ਅਤੇ ਵਿਚਾਰਾਂ ਦੀ ਅਸੰਮਤਾ ਦੇ ਬਾਵਜੂਦ ਵੀ ਇਹ ਹੋ ਚੁਕੇ ਯੂਨਾਨੀ ਇਤਿਹਾਸਕਾਰਾਂ ਵਿਚੋਂ ਸਭ ਤੋਂ ਮਹਾਨ ਮੰਨਿਆ ਜਾਂਦਾ ਹੈ।

ਹ. ਪੁ.- ਐਨ. ਬ੍ਰਿ. 22 : 68

ਥੀਓਫਾਈਲਸ : ਇਹ ਪੂਰਬੀ ਰੋਮ ਦੇ ਫਰੀਜੀਆਈ ਖ਼ਾਨਦਾਨ ਦਾ ਦੂਜਾ ਸ਼ਹਿਨਸ਼ਾਹ ਸੀ ਜਿਸ ਨੇ ਬੁੱਤ ਸ਼ਿਕਨ ਨੂੰ ਸਜ਼ਾ ਦਿੱਤੀ ਸੀ। ਇਹ 829 ਈ. ਵਿਚ ਰੋਮ ਦਾ ਸ਼ਹਿਨਸ਼ਾਹ ਬਣਿਆ ਸੀ। ਸੰਨ 832 ਵਿਚ ਇਸ ਨੇ ਮੂਰਤੀਆਂ ਦੀ ਪੂਜਾ ਕਰਨ ਵਾਲਿਆਂ ਵਿਰੁੱਧ ਇਕ ਸਖ਼ਤ ਫ਼ੁਰਮਾਨ ਜਾਰੀ ਕਰ ਦਿੱਤਾ। ਇਸ ਨੇ ਆਪਣੇ ਸਾਰੇ ਸ਼ਾਸ਼ਨ ਦੇ ਦੌਰਾਨ ਬਗ਼ਦਾਦ ਦੇ ਖ਼ਲੀਫ਼ਿਆਂ ਦੇ ਵਿਰੁੱਧ ਲੜਾਈ ਲੜੀ। ਇਸ ਨੂੰ ਇਹ ਲੜਾਈ ਅਨੇਕਾਂ ਹੀ ਈਰਾਨੀ ਰਫਿਊਜੀਆਂ ਨੂੰ ਸ਼ਰਨ ਦੇਣ ਕਾਰਨ ਲੜਨੀ ਪਈ ਸੀ। ਸੰਨ 837 ਵਿਚ ਇਸ ਨੇ ਸਮਾਸਤਾ ਸ਼ਹਿਰ ਅਤੇ ਆਲ-ਮੁਤਾਸਿਮ ਦੇ ਜਨਮ ਅਸਥਾਨ ਜ਼ਿਬਤਰਾ ਨੂੰ ਕਬਜ਼ੇ ਵਿਚ ਲੈ ਕੇ ਤਬਾਹ ਕਰ ਦਿੱਤਾ। ਗੁੱਸੇ ਵਿਚ ਆ ਕੇ ਆਲ-ਮੁਤਾਸਿਮ ਨੇ ਇਕ ਬਹੁਤ ਵੱਡੀ ਫ਼ੌਜ ਇਕੱਠੀ ਕਰ ਲਈ ਅਤੇ ਉਸ ਦੀ ਇਕ ਡਵੀਜ਼ਨ ਨੇ ਥੀਓਫਾਈਲਸ ਨੂੰ ਡੇਜ਼ੀਮਨ ਦੇ ਸਥਾਨ ਤੇ ਬੁਰੀ ਤਰ੍ਹਾਂ ਹਰਾਇਆ। ਜੁਲਾਈ, 838 ਵਿਚ ਐਨਸਾਈਰਾ ਦਾ ਕਿਲਾ ਅਤੇ ਇਕ ਮਹੀਨੇ ਪਿੱਛੋਂ ਅਮੋਰੀਅਮ ਨਾਂ ਦਾ ਇਕ ਵੱਡਾ ਕਿਲਾ ਅਤੇ ਥੀਓਫਾਈਲਸ ਖ਼ਾਨਦਾਨ ਦਾ ਨਿਵਾਸ ਸਥਾਨ, ਆਲ ਮੁਤਾਸਿਮ ਅਧੀਨ ਚਲਾ ਗਿਆ। ਅਰਬ ਫ਼ੌਜਾਂ ਵਿਚ ਪੈਦਾ ਹੋਏ ਮਤਭੇਦਾਂ ਦਾ ਲਾਹਾ ਲੈਂਦੇ ਹੋਏ ਇਸ ਨੇ 841 ਈ. ਵਿਚ ਸਪੇਨੀ ਮੂਰਾਂ ਦੀ ਸਹਾਇਤਾ ਨਾਲ ਆਰਮੀਨੀਆ ਦੀ ਸਰਹੱਦ ਉੱਤੇ ਪੈਂਦੇ ਸ਼ਹਿਰ, ਮੈਲਾਟੀਨੀ ਨੂੰ ਆਪਣੇ ਕਬਜ਼ੇ ਵਿਚ ਲੈ ਲਿਆ ਅਤੇ ਆਲ ਮੁਤਾਸਿਮ ਨੂੰ ਅਸਥਾਈ ਜੰਗਬੰਦੀ ਕਰਨ ਲਈ ਇਕਰਾਰਨਾਮੇ ਤੇ ਦਸਤਖ਼ਤ ਕਰਨ ਲਈ ਮਜਬੂਰ ਕਰ ਦਿੱਤਾ।

ਇਸ ਨੇ ਆਪਣੇ ਸ਼ਾਸ਼ਨ ਵਿਚ ਬੁੱਤ ਸ਼ਿਕਨਾਂ ਨੂੰ ਪੂਰੇ ਕੰਟਰੋਲ ਵਿਚ ਰੱਖਿਆ। ਇਸ ਨੇ ਜਾਨ ਫਿਲੋਪੋਨਸ ਨਾਲ ਰਲ ਕੇ ਕੱਟੜਵਾਦੀ ਬੁੱਤ-ਪ੍ਰਸਤਾਂ ਦੇ ਅਤਿਆਚਾਰਾਂ ਨੂੰ ਖ਼ਤਮ ਕੀਤਾ ਅਤੇ ਉਨ੍ਹਾਂ ਦੇ ਰਾਜਸੀ ਪ੍ਰਭਾਵ ਨੂੰ ਘਟਾਇਆ। ਇਸ ਨੇ ਬਾਜ਼ਨਤੀਨੀ ਸਾਮਰਾਜ ਦੇ ਸਭਿਆਚਾਰ ਵਿਚ ਸਨਾਤਨੀ ਸਿਖਿਆ ਲਈ ਕਈ ਮਹੱਤਵਪੂਰਨ ਕੰਮ ਕੀਤੇ ਜਿਨ੍ਹਾਂ ਵਿਚ ਸਨਾਤਨੀ ਸਿੱਖਿਆ ਦੇ ਅੱਖਰਾਂ ਨੂੰ ਕ੍ਰਮ ਅਨੁਸਾਰ ਕਰਨਾ, ਅਗਲੀ ਲਿਪੀ ਨੂੰ ਰਵਾਨਗੀ ਹਿੱਤ ਬਣਾਉਣਾ ਅਤੇ ਨਕਲਨਵੀਸਾਂ ਦੀ ਦੁਕਾਨਾਂ ਵਿਚ ਵਾਧਾ ਕਰਨਾ ਆਦਿ ਸ਼ਾਮਲ ਹਨ। ਇਸ ਨੇ 8ਵੀਂ ਸਦੀ ਵਿਚ ਪਤਨ ਵੱਲ ਜਾ ਚੁੱਕੀ ਕਾਂਸਟੈਂਟੋਪਲ ਯੂਨੀਵਰਸਿਟੀ ਦਾ ਪੁਨਰ ਉਥਾਨ ਕੀਤਾ ਅਤੇ ਲੀਓ ਨਾਂ ਦੇ ਇਕ ਉੱਘੇ ਬਿਜ਼ਤੀਨੀ ਗਣਿਤ ਸ਼ਾਸ਼ਤਰੀ ਨੂੰ ਉਸ ਦਾ ਮੁੱਖੀ ਨਿਯੁਕਤ ਕਰ ਦਿੱਤਾ। 20 ਜਨਵਰੀ, 842 ਈ. ਨੂੰ ਕੁਸਤੁਨਤੁਨੀਆ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. 22 : 67; ਐਨ. ਬ੍ਰਿ. ਮਾ. 11 : 694

ਥੀਓਫ਼ਾਨਜ਼, ਦੀ ਕਨਫ਼ੈਸਰ : ਯੂਨਾਨ ਦੇ ਇਸ ਬਾਜ਼ਨਤੀਨੀ ਮੱਠਵਾਸੀ ਅਤੇ ਧਰਮਸ਼ਾਸਤਰੀ ਦਾ ਜਨਮ ਲ. 752 ਈ. ਵਿਚ ਹੋਇਆ। ਇਹ ਇਕ ਉੱਘੇ ਅਮੀਰ ਘਰਾਣੇ ਵਿਚੋਂ ਸੀ ਜੋ ਮਕਦੂਨੀਆ ਦੇ ਸ਼ਾਹੀ ਖ਼ਾਨਦਾਨ ਨਾਲ ਸਬੰਧਤ ਸੀ।

ਇਕ ਅਮੀਰ ਪਰਿਵਾਰ ਦੀ ਇਸਤਰੀ ਨਾਲ ਵਿਆਹ ਕਰਨ ਤੋਂ ਤੁਰੰਤ ਪਿੱਛੋਂ ਹੀ ਇਹ ਸੰਤ ਬਣ ਗਿਆ। ਮਗਰੋਂ ਇਸ ਨੇ ਸਿਜ਼ੀਕਸ (ਹੁਣ ਕਾਪੀਦਾਗੀ) ਦੇ ਨੇੜੇ ਗ੍ਰੇ-ਫੀਲਡ ਮੱਠ ਦੀ ਸਥਾਪਨਾ ਕੀਤੀ।

ਇਸ ਨੇ ਬਾਜ਼ਨਤੀਨੀ ਬਾਦਸ਼ਾਹ ਦੀ ਡੱਟ ਕੇ ਆਲੋਚਨਾ ਕੀਤੀ। ਕਾਨਸਟੈਨਟਾਈਨ ਪੰਜਵੇਂ ਨੂੰ ਇਹ ਦੂਜਾ ਕੰਜੂਸ ਮਿਦਾਸ ਕਹਿੰਦਾ ਸੀ। ਲੀਓ ਪੰਜਵੇਂ ਦੀ ਬੁੱਤ-ਤੋੜਨ ਦੀ ਨੀਤੀ ਦਾ ਇਸ ਨੇ ਡੱਟ ਕੇ ਵਿਰੋਧ ਕੀਤਾ ਜਿਸ ਕਰ ਕੇ 814-815 ਵਿਚ ਇਸ ਨੂੰ ਕੁਸਤੁਨਤੁਨੀਆ ਵਿਖੇ ਕੈਦ ਕੀਤਾ ਗਿਆ ਅਤੇ ਸੈਮੋਥਰਸ ਦੇ ਟਾਪੂ ਵਿਚ ਕੱਢ ਦਿੱਤਾ ਗਿਆ। ਉਥੇ ਹੀ ਲ. 818 ਈ. ਵਿਚ ਇਸ ਦੀ ਮੌਤ ਹੋ ਗਈ।

ਸੰਨ 810 ਅਤੇ 814 ਵਿਚ ਥੀਓਫ਼ਾਨਜ਼ ਨੇ ਆਪਣੇ ਇਕ ਪ੍ਰਸਿੱਧ ਇਤਿਹਾਸਕਾਰ ਮਿੱਤਰ, ਜਾਰਜ ਸਿਨਸੈਲਸ ਦੁਆਰਾ ਕਹੇ ਜਾਣ ਤੇ, 'Chonographia' ਨਾਂ ਦੀ ਇਤਿਹਾਸਕ ਪੁਸਤਕ ਲਿਖੀ।

ਅਜੋਕੇ ਇਤਿਹਾਸਕਾਰਾਂ ਅਨੁਸਾਰ, ਥੀਓਫ਼ਾਨਜ਼ ਵਿਚ ਵਿਦਵਾਨਾਂ ਵਾਲੀ ਡੂੰਘਾਈ, ਇਤਿਹਾਸਕ ਘੋਖ ਅਤੇ ਵਾਸਤਵਿਕਤਾ ਦੀ ਘਾਟ ਦਿਖਾਈ ਦਿੰਦੀ ਹੈ ਪਰ ਇਸ ਦੀ ਪੁਸਤਕ ਬਾਜ਼ਨਤੀਨ ਦੇ ਕਈ ਉੱਘੇ ਇਤਿਹਾਸਕ ਪੱਖਾਂ ਬਾਰੇ ਇਕੋ ਇਕ ਹਵਾਲਾ ਹੈ।

ਹ.ਪੁ.-ਐਨ.ਬ੍ਰਿ.ਮਾ. 9 : 938; ਐਨ.ਬ੍ਰਿ. 22:66.

ਥੀਓਫ੍ਰੈਸਟਸ : ਯੂਨਾਨ ਦੇ ਇਸ ਦਾਰਸ਼ਨਿਕ ਦਾ ਜਨਮ ਲੇਜ਼ਬਾੱਸ ਵਿਚ ਐਰੇਸਸ ਵਿਖੇ ਲ. 372 ਈ. ਪੂ. ਹੋਇਆ। ਇਸ ਨੇ ਐਥਨਜ਼ ਵਿਖੇ ਅਰਸਤੂ ਪਾਸੋਂ ਵਿਦਿਆ ਪ੍ਰਾਪਤ ਕੀਤੀ। 323 ਈ. ਪੂ. ਅਰਸਤੂ ਦੇ ਰਿਟਾਇਰ ਹੋਣ ਤੇ ਇਹ ਲਾਈਸੀਅਰ ਅਕੈਡਮੀ ਦਾ ਮੁਖੀ ਬਣਿਆ। ਇਸ ਦੇ ਮੁਖੀ ਰਹਿਣ ਦੇ ਸਮੇਂ ਦੌਰਾਨ ਇਸ ਅਕੈਡਮੀ ਨੇ ਬਹੁਤ ਉਨੱਤੀ ਕੀਤੀ ਤੇ ਵਿਦਿਆਰਥੀਆਂ ਦੀ ਗਿਣਤੀ ਬਹੁਤ ਵੱਧ ਗਈ। ਇਸ ਨੇ ਅਧਿਆਤਮਕ ਵਿਦਿਆ, ਭੌਤਿਕ ਵਿਗਿਆਨ, ਸਰੀਰਕ-ਵਿਗਿਆਨ, ਪ੍ਰਾਣੀ-ਵਿਗਿਆਨ, ਬਨਸਪਤੀ ਵਿਗਿ-ਆਨ, ਨੈਤਿਕ ਸ਼ਾਸਤਰ, ਰਾਜਨੀਤੀ ਅਤੇ ਸਭਿਆਚਾਰ ਦੇ ਇਤਿਹਾਸ ਆਦਿ ਸਾਰੇ ਵਿਸ਼ਿਆਂ ਵਿਚ ਅਰਸਤੂ ਦੇ ਦਰਸ਼ਨਵਾਦ ਨੂੰ ਪੂਰੀ ਤਰ੍ਹਾਂ ਅਪਣਾਇਆ। ਇਸ ਨੇ ਇਹ ਸਕੂਲ ਲਗਭਗ 35 ਸਾਲ ਤੱਕ ਬੜੀ ਸਫਲਤਾ ਨਾਲ ਚਲਾਇਆ ਅਤੇ ਇਸ ਨੂੰ ਦੇਸ਼ ਅਤੇ ਬਦੇਸ਼ ਵਿਚ ਬੜਾ ਸਨਮਾਨ ਪ੍ਰਾਪਤ ਹੋਇਆ।

ਥੀਓਫ਼ੈਸਟਸ ਦੀਆਂ ਕਿਰਤਾਂ ਵਿਚੋਂ ਬਹੁਤ ਘੱਟ ਕਿਰਤਾਂ ਹੀ ਉਪਲੱਬਧ ਹਨ। ਇਸ ਨੂੰ ਪ੍ਰਕ੍ਰਿਤੀ ਵਿਚ ਵਿਸ਼ੇਸ਼ ਦਿਲਚਸਪੀ ਸੀ

ਅਤੇ ਬਨਸਪਤੀ ਵਿਗਿਆਨ ਸਬੰਧੀ ਲਿਖੀਆਂ ਆਪਣੀਆਂ ਪੁਸਤਕਾਂ ਲਈ ਇਸ ਨੂੰ ਵਿਸ਼ੇਸ਼ ਪ੍ਰਸਿੱਧੀ ਪ੍ਰਾਪਤ ਹੋਈ। ਇਸ ਦੀਆਂ 'ਇਨਕੁਆਰੀ ਪਲਾਂਟਸ' (9 ਜਿਲਦਾਂ)' 'ਈਟੀਆੱਲੋਜੀ ਆੱਫ ਪਲਾਂਟਸ' (6 ਜਿਲਦਾਂ) ਪੁਸਤਕ ਅਤੇ ਕੁੱਝ ਛੋਟੀਆਂ ਪੁਸਤਕਾਂ ਜਿਵੇਂ 'ਔਨ ਸਟੋਨਜ਼', 'ਔਨ ਫਾਇਰ' ਅਤੇ 'ਔਨ ਵਿੰਡਜ਼' ਆਦਿ ਸੁਰੱਖਿਅਤ ਰਖੀਆਂ ਹੋਈਆਂ ਹਨ। ਇਸ ਦੀ ਪੁਸਤਕ 'Charakteres' ਬਹੁਤ ਪ੍ਰਸਿੱਧ ਹੋਈ। ਇਸ ਵਿਚ 30 ਰੇਖਾ ਚਿੱਤਰ ਦਿੱਤੇ ਗਏ ਹਨ।

ਲ. 287 ਈ. ਪੂ. ਇਸ ਦੀ ਮੌਤ ਹੋ ਗਈ।

ਹ. ਪੁ.–ਹਿੰ.ਵਿ.ਕੋ. 5:470; ਐਨ. ਅਮੈ. 26:522; ਐਨ.ਬ੍ਰਿ. ਮਾ. 9:940; ਐਨ. ਬ੍ਰਿ. 22:68; ਕੋਲ.ਐਨ. 18:335

ਥੀਓਫ਼ਾਈਲੀਨ : ਇਹ ਇਕ ਐਲੱਕੇਲਾੱਇਡੀ ਦਵਾਈ ਹੈ ਜਿਸ ਦੀ ਵਰਤੋਂ ਡਾਕਟਰੀ ਵਿਚ ਦਮੇ ਵਿਰੁੱਧ, ਕੋਰੋਨਰੀ ਵਾਹਿਕਾ-ਵਿਸਤਾਰਕ (diflator) ਅਤੇ ਮੂਤਰ-ਵਰਧਕ ਵਜੋਂ ਕੀਤੀ ਜਾਂਦੀ ਹੈ। ਥੀਓਫ਼ਾਈਲੀਨ ਇਕ ਜ਼ੈੱਨਥੀਨ ਐਲੱਕੇਲਾੱਇਡ ਅਤੇ ਰਸਾਇਣਿਕ ਤੌਰ ਤੇ ਕੈਫ਼ੀਨ ਅਤੇ ਥੀਓਬ੍ਰੋਮੀਨ ਨਾਲ ਸਬੰਧਤ ਮੀਥਾਈਲਜ਼ੈਨੱਥੀਨ ਹੈ। ਕੈਫ਼ੀਨ ਦੇ ਨਾਲ ਨਾਲ ਇਹ ਚਾਹ ਦਾ ਕਿਰਿਆਸ਼ੀਲ ਅੰਸ਼ ਹੈ ਪਰ ਇਸ ਦਾ ਵਪਾਰਕ ਉਤਪਾਦਨ ਰਸਾਇਣਿਕ ਸੰਸਲੇਸ਼ਣ ਰਾਹੀਂ ਹੁੰਦਾ ਹੈ।

ਦਮੇ ਦੇ ਇਲਾਜ ਲਈ ਜਦੋਂ ਇਹ ਮੂੰਹ ਰਾਹੀਂ ਜਾਂ ਮਲਾਸ਼ਾ (ਮਲ-ਦੁਆਰ) ਰਾਹੀਂ ਦਿੱਤੀ ਜਾਂਦੀ ਹੈ ਤਾਂ ਫ਼ੇਫ਼ੜਿਆਂ ਵਿਚ ਨਿੱਕੀ-ਸਾਹ-ਨਲੀ ਨੂੰ ਨਰਮ ਕਰ ਕੇ ਸਾਹ ਲੈਣ ਵਿਚ ਸਹਾਇਤਾ ਕਰਦੀ ਹੈ। ਦਿਲ ਵਿਚ ਲਹੂ ਦੇ ਜਮਾਉ ਕਾਰਨ ਦੌਰੇ ਨੂੰ ਰੋਕਣ ਲਈ ਇਹ ਟੀਕੇ ਰਾਹੀਂ ਦਿੱਤੀ ਜਾਂਦੀ ਹੈ ਤਾਂ ਕਿ ਦਿਲ ਉਤੇਜਿਤ ਹੋ ਸਕੇ ਅਤੇ ਦਿਲ ਦੁਆਰਾ ਖ਼ੂਨ ਦਾ ਕੁੱਲ ਉਤਪਾਦਨ ਵਧ ਸਕੇ। ਮੂੰਹ ਦੁਆਰਾ ਦੇਣ ਨਾਲ ਇਹ ਗੁਰਦੇ ਦੀਆਂ ਨਲਕੀਆਂ (Tubules) ਵਿਚ ਪੁਨਰਸੋਖਣ ਵਿਚ ਰੁਕਾਵਟ ਪਾ ਕੇ ਮੂਤਰ-ਵਰਧਕ ਦਾ ਕੰਮ ਕਰਦੀ ਹੈ।

ਹ.ਪੁ.-ਐਨ.ਬ੍ਰਿ.ਮਾ. 9:941

ਥੀਓਫ਼ਿਲਸ : ਇਸ ਨੂੰ ਥੀਓਫ਼ਿਲਸ ਪ੍ਰੈਸਬਾਈਟਰ ਵੀ ਕਿਹਾ ਜਾਂਦਾ ਹੈ। ਇਹ ਜਰਮਨੀ ਦਾ ਮਠਵਾਸੀ ਸੀ ਜੋ 12ਵੀਂ ਸਦੀ ਵਿਚ ਹੋਇਆ। ਇਸ ਨੇ 12ਵੀਂ ਸਦੀ ਦੇ ਪਹਿਲੇ ਅੱਧ ਵਿਚ ਪ੍ਰਚਲਿਤ ਸਾਰੀਆਂ ਕਲਾਵਾਂ ਤੇ ਕਿੱਤਿਆਂ ਸਬੰਧੀ ਇਕ ਪੁਸਤਕ 'Schedula diverdsarum artium' ਲਿਖੀ ਜਿਹੜੀ 'De diversis artibus' (ਲ. 1110-40) ਦੇ ਨਾਂ ਨਾਲ ਵਧੇਰੇ ਜਾਣੀ ਜਾਂਦੀ ਹੈ।

ਇਸ ਦੀਆਂ ਲਿਖਤਾਂ ਤੋਂ ਪਤਾ ਲਗਦਾ ਸੀ ਕਿ ਇਹ ਬੈਨੇਡਿਕਟਾਈਨ ਮੱਤ ਦਾ ਪੱਕਾ ਉਪਾਸ਼ਕ ਸੀ। ਇਹ ਵੀ ਕਿਹਾ ਜਾਂਦਾ ਹੈ ਕਿ ਸ਼ਾਇਦ ਇਹ ਹੈਲਮਾਰਸ਼ੌਸੈਨ ਦਾ ਇਕ ਪ੍ਰਸਿੱਧ ਧਾਤ-ਮਿਸਤਰੀ ਰੋਜਰ ਸੀ ਜਿਸ ਨੇ ਧਾਤ ਦੀ ਇਕ ਬਲੀ-ਵੇਦੀ ਬਣਾਈ ਸੀ ਜੋ ਅੱਜਕੱਲ੍ਹ ਪਾਂਡੈਰ ਬੋਰਨ ਵਿਖੇ ਵਡੇ ਗਿਰਜੇ ਦੇ ਤੋਸ਼ੇਖਾਨੇ ਵਿਚ ਪਈ ਹੈ।

ਥੀਓਫ਼ਿਲਸ ਨੇ ਜਿਥੇ ਧਾਤ ਦੀ ਕਲਾ ਵਿਚ ਦਿਲਚਸਪੀ ਵਿਖਾਈ ਉਥੇ ਦੀਵਾਰ ਉੱਤੇ ਚਿੱਤਰਕਾਰੀ ਦੀ ਕਲਾ ਵਿਚ ਵੀ ਇਸ ਨੂੰ ਬਹੁਤ ਮੁਹਾਰਤ ਹਾਸਲ ਸੀ। ਇਸ ਦੇ ਨਾਲ ਇਸ ਨੂੰ ਹਾਥੀ ਦੰਦ ਦੀ ਖੁਦਾਈ ਅਤੇ ਸ਼ੀਸ਼ੇ ਦੀ ਕਲਾ ਦਾ ਵੀ ਬਹੁਤ ਸ਼ੌਕ ਸੀ। ਉਪਰੋਕਤ ਕਿੱਤਿਆਂ ਸਬੰਧੀ ਇਸ ਨੇ ਤਿੰਨ ਪੁਸਤਕਾਂ ਵਿਚ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਪੜ੍ਹਿਆ ਲਿਖਿਆ ਹੋਣ ਦੇ ਕਾਰਨ ਇਸ ਨੇ ਆਪਣੇ ਤਕਨੀਕੀ ਗਿਆਨ ਨੂੰ ਬਹੁਤ ਚੰਗੀ ਤਰ੍ਹਾਂ ਸਪਸ਼ਟ ਰੂਪ ਵਿਚ ਪੇਸ਼ ਕੀਤਾ ਹੈ। ਇਸ ਨੇ ਕਲਾ ਸੰਗ੍ਰਹਿ ਵਿਚ ਯੂਰਪ ਦੀ ਪ੍ਰਾਚੀਨ ਕਲਾ ਬਾਰੇ ਵੀ ਵਿਚਾਰ ਪ੍ਰਗਟ ਕੀਤੇ ਹਨ। ਸੀ. ਆਰ. ਡੋਡਵੈਲ ਨੇ 1961 ਈ. ਵਿਚ ਇਸ ਦੀ ਲਾਤੀਨੀ ਭਾਸ਼ਾ ਦੀ ਪੁਸਤਕ ਦਾ ਸੰਪਾਦਨ ਕੀਤਾ ਤੇ ਇਕ ਅੰਗਰੇਜ਼ੀ ਅਨੁਵਾਦ ਤਿਆਰ ਕੀਤਾ।

ਹ.ਪੁ. — ਐਨ. ਬ੍ਰਿ. ਮਾ. 9:940; ਐਨ.ਬ੍ਰਿ. 22:66.

ਥੀਓਫ਼ਿਲਸ ਆੱਫ ਐਂਟੀਓਕ, ਸੰਤ : ਇਹ ਦੂਜੀ ਸਦੀ ਈਸਵੀ ਵਿਚ ਹੋਇਆ ਅਤੇ ਐਂਟੀਓਕ ਦਾ ਛੇਵਾਂ ਲਾਟ ਪਾਦਰੀ ਸੀ ਇਸ ਦੇ ਜੀਵਨ ਬਾਰੇ ਵਧੇਰੇ ਵੇਰਵੇ ਪ੍ਰਾਪਤ ਨਹੀਂ ਪਰ ਇਹ ਗੱਲ ਲਗਭਗ ਨਿਸ਼ਚਿਤ ਹੈ ਕਿ 180 ਈ. ਵਿਚ ਇਹ ਐਂਟੀਓਕ ਦਾ ਲਾਟ ਪਾਦਰੀ ਸੀ। ਇਸ ਨੇ 'ਟੂ ਆਟੋਲਾਈਕਸ' ਪੁਸਤਕ ਸਬੰਧੀ ਤਿੰਨ ਲੰਬੇ ਲੇਖ ਲਿਖੇ। ਪਹਿਲੇ ਲੇਖ ਵਿਚ ਈਸਾਈਆਂ ਦੇ ਪ੍ਰਮਾਤਮਾ ਵਿਚ ਵਿਸ਼ਵਾਸ ਅਤੇ ਮੁਰਦਿਆਂ ਦੇ ਪੁਨਰ-ਉੱਥਾਨ ਬਾਰੇ ਲਿਖਿਆ ਹੈ। ਦੂਜੇ ਵਿਚ ਯੂਨਾਨੀ ਧਰਮ ਦਰਸ਼ਨ ਅਤੇ ਕਵਿਤਾ ਦੀ ਅਧਿਆਤਮਕ ਆਲੋਚਨਾ ਕੀਤੀ ਗਈ ਹੈ। ਤੀਜੇ ਲੇਖ ਵਿਚ ਮੂਰਤੀ-ਪੂਜਕ ਲੇਖਕਾਂ ਉੱਤੇ ਚੋਟ ਮਾਰੀ ਗਈ ਹੈ ਅਤੇ ਇਹ ਸਿਧ ਕੀਤਾ ਗਿਆ ਹੈ ਕਿ ਈਸਾਈ ਸਿੱਖਿਆ ਬਾਕੀ ਸਾਰੇ ਲੋਕਾਂ ਦੇ ਧਰਮਾਂ ਨਾਲੋਂ ਚੰਗੀ ਤੇ ਪੁਰਾਣੀ ਹੈ। ਥੀਓਫ਼ਿਲਸ ਨੇ ਬਾਈਬਲ (ਵਿਸ਼ੇਸ਼ ਕਰਕੇ ਓਲਡ ਟੈਸਟਾਮੈਂਟ) ਦੀ ਵਿਆਖਿਆ ਕਰ ਕੇ ਇਕ ਧਰਮ ਸ਼ਾਸਤਰ ਤਿਆਰ ਕਰਨ ਦੀ ਕੋਸ਼ਿਸ਼ ਕੀਤੀ। ਇਸ ਕਾਰਜ ਲਈ ਇਸ ਨੇ ਯੂਨਾਨੀ ਸਾਹਿਤ ਵਿਚ ਬਹੁਤ ਸਾਰੀਆਂ ਮਿਸਾਲਾਂ ਦਿੱਤੀਆਂ।

ਥੀਓਫ਼ਿਲਸ ਪਹਿਲਾ ਈਸਾਈ ਸੀ ਜਿਸ ਨੇ ਧਰਮ ਨੂੰ ਮਨੁੱਖੀ ਸਰਗਰਮੀਆਂ ਦਾ ਜ਼ਰੂਰੀ ਅੰਗ ਮੰਨਿਆ। ਇਹ ਪਹਿਲਾ ਲੇਖਕ ਸੀ ਜਿਸ ਨੇ ਨਿਊ ਟੈਸਟਾਮੈਂਟ ਦੀਆਂ ਉਤਸ਼ਾਹਜਨਕ ਲਿਖਤਾਂ ਬਾਰੇ ਜ਼ਿਕਰ ਕੀਤਾ ਹੈ। ਇਸ ਨੇ ਪ੍ਰਮਾਤਮਾ, ਉਸ ਦੇ ਸ਼ਬਦ ਅਤੇ ਉਸ ਦੀ ਦੂਰਦਰਸ਼ਤਾ ਬਾਰੇ ਗੱਲ ਕੀਤੀ ਹੈ।

ਥੀਓਫ਼ਿਲਸ ਮਨੁੱਖ ਦੀ ਸੁਤੰਤਰ ਸੋਚਣੀ ਅਤੇ ਪ੍ਰਮਾਤਮਾ ਦੇ ਕਾਨੂੰਨਾਂ ਦੀ ਪਾਲਣਾ ਕਰਨ ਦੇ ਫ਼ਰਜ਼ ਉੱਤੇ ਜ਼ੋਰ ਦਿੰਦਾ ਹੈ। ਇਸ ਤਰ੍ਹਾਂ ਇਹ ਪੁਰਾਣੇ ਯਹੂਦੀ ਈਸਾਈ ਮੱਤ ਅਤੇ ਚਰਚ ਦੇ ਯੂਨਾਨੀ ਪਾਦਰੀਆਂ ਦੇ ਖਿਆਲਾਂ ਦੇ ਵਿਚਕਾਰ ਦਾ ਰਸਤਾ ਦਸਦਾ ਹੈ। ਇਸ ਦੀ ਵਿਚਾਰਧਾਰਾ ਦਾ ਦੂਜੇ ਸਮਕਾਲੀ ਲੇਖਕਾਂ ਉੱਤੇ ਬਹੁਤ ਅਸਰ ਪਿਆ ਪਰ ਮਗਰੋਂ ਇਸ ਨੂੰ ਭੁਲਾ ਦਿੱਤਾ ਗਿਆ।

ਹ.ਪੁ.-ਐਨ.ਬ੍ਰਿ.ਮਾ. 9:940; ਐਨ.ਬ੍ਰਿ. 22 : 67

ਥੀਓਬਾਲਡ, ਸੈਮੁਅਲ : ਅੱਖਾਂ ਦੇ ਇਸ ਮਾਹਿਰ ਡਾਕਟਰ ਦਾ ਜਨਮ 12 ਨਵੰਬਰ, 1846 ਨੂੰ ਬਾਲਟੀਮੋਰ, ਮੇਰੀਲੈਂਡ ਵਿਖੇ ਹੋਇਆ। ਸੰਨ 1867 ਵਿਚ ਮੇਰੀਲੈਂਡ ਯੂਨੀਵਰਸਿਟੀ ਤੋਂ ਮੈਡੀਕਲ ਦੀ ਡਿਗਰੀ ਪ੍ਰਾਪਤ ਕਰਨ ਮਗਰੋਂ ਵੀਆਨਾ ਅਤੇ ਰਾੱਇਲ ਲੰਡਨ ਆੱਪਥੈਲਮਿਕ ਹਸਪਤਾਲ (1870-71) ਤੋਂ ਨੇਤਰ-ਵਿਗਿਆਨ ਅਤੇ ਕੰਨ-ਵਿਗਿਆਨ ਬਾਰੇ ਵਿਸ਼ੇਸ਼ਤਾ ਹਾਸਲ ਕੀਤੀ। ਸੰਨ 1871 ਵਿਚ ਇਹ ਬਾਲਟੀਮੋਰ ਪਰਤ ਆਇਆ ਅਤੇ ਸੰਨ 1874 ਵਿਚ ਬਾਲਟੀਮੋਰ ਵਿਖੇ ਅੱਖ ਅਤੇ ਕੰਨ ਡਿਸਪੈਂਸਰੀ ਖੋਲ੍ਹਣ ਵਿਚ ਇਸ ਨੇ ਬਹੁਤ ਮਦਦ ਕੀਤੀ। ਸੰਨ 1882 ਵਿਚ ਕੁਝ ਸਾਥੀਆਂ ਨਾਲ ਰਲਕੇ ਬਾਲਟੀਮੋਰ ਵਿਖੇ ਅੱਖ, ਕੰਨ ਅਤੇ ਗਲੇ ਦਾ ਚੈਰਿਟੀ (ਉਦਾਰਤਾ) ਹਸਪਤਾਲ ਸਥਾਪਤ ਕੀਤਾ। ਇਹ ਸੰਨ 1889-1925 ਤੱਕ ਜਾੱਨਜ਼ ਹਾੱਪਕਿਨਜ਼ ਹਸਪਤਾਲ ਵਿਚ ਅੱਖਾਂ ਦੇ ਰੋਗਾਂ ਦਾ ਸਰਜਨ ਰਿਹਾ। ਸੰਨ 1896-1912 ਤਕ ਜਾੱਨਜ਼ ਹਾੱਪਕਿਨਜ਼ ਸਕੂਲ ਆਫ਼ ਮੈਡੀਸਨ ਵਿਚ ਨੇਤਰ-ਵਿਗਿਆਨ ਤੇ ਕੰਨ-ਵਿਗਿਆਨ ਦਾ ਕਲਿਨਿਕਲ ਪ੍ਰੋਫ਼ੈਸਰ ਅਤੇ ਸੰਨ 1912-1925 ਤਕ ਇਸੇ ਸਕੂਲ ਵਿਚ ਨੇਤਰ-ਵਿਗਿਆਨ ਦਾ ਪ੍ਰੋਫ਼ੈਸਰ ਰਿਹਾ।

ਇਸ ਨੇ ਆਪਣੀ ਜ਼ਿੰਦਗੀ ਦੌਰਾਨ 100 ਤੋਂ ਵੱਧ ਖੋਜ ਪੱਤਰ ਅਤੇ ਲੇਖ ਲਿਖੇ। ਇਨ੍ਹਾਂ ਵਿਚ ਨਵੇਂ ਉਪਕਰਣਾਂ ਦਾ ਵਰਣਨ, ਅੱਪਰੇਸ਼ਨ ਕਰਨ ਦੇ ਢੰਗ ਅਤੇ ਕੇਸ ਰਿਪੋਟਾਂ ਆਦਿ ਸਨ। ਇਸ ਨੇ ਆਮ ਬੀਮਾਰੀਆਂ ਅਤੇ ਅੱਖਾਂ ਦੀਆਂ ਬੀਮਾਰੀਆਂ ਤੇ ਅੰਨ੍ਹੇਪਣ ਵਿਚਕਾਰ ਸਬੰਧਾਂ ਬਾਰੇ ਰਿਪੋਟਾਂ ਵੀ ਤਿਆਰ ਕੀਤੀਆਂ।


ਹ.ਪੁ.–ਐਨ. ਬ੍ਰਿ. 22 : 54

ਥੀਓਬਾਲਡ, ਲੀਵਿਸ : ਇੰਗਲੈਂਡ ਦੇ ਇਸ ਵਿਦਵਾਨ, ਕਵੀ ਅਤੇ ਨਾਟਕਕਾਰ ਦਾ ਜਨਮ 1688 ਨੂੰ ਕੈਂਟ ਵਿਚ ਸਟਿੰਗਬਰਨ ਵਿਖੇ ਹੋਇਆ ਅਤੇ 2 ਅਪ੍ਰੈਲ, 1688 ਵਿਚ ਇਸ ਨੂੰ ਬਪਤਿਸਮਾ ਦਿੱਤਾ ਗਿਆ। ਇਸ ਦਾ ਪਿਤਾ ਇਕ ਵਕੀਲ ਸੀ। ਕਾਨੂੰਨ ਦੀ ਡਿਗਰੀ ਪ੍ਰਾਪਤ ਕਰਨ ਉਪਰੰਤ ਥੋੜ੍ਹੀ ਦੇਰ ਇਹ ਅਟਾਰਨੀ ਰਿਹਾ ਪਰ ਛੇਤੀ ਹੀ ਇਹ ਸਾਹਿਤਕ ਸਿਰਜਣ ਵਿਚ ਜੁਟ ਗਿਆ। ਕਈ ਉੱਚ ਪੱਧਰ ਦੇ ਅਨੁਵਾਦਾਂ ਤੋਂ ਇਲਾਵਾ ਇਸ ਨੇ ਕਵਿਤਾ ਤੇ ਨਾਟਕ ਲਿਖੇ ਪਰ ਇਸ ਦੀ ਵਧੇਰੇ ਪ੍ਰਸਿੱਧੀ ਸ਼ੈਕਸਪੀਅਰ ਦੇ ਨਾਟਕਾਂ ਦੇ ਸੰਪਾਦਨ ਕਰਨ ਨਾਲ ਹੋਈ। ਸੰਨ 1726 ਵਿਚ ਥੀਓਬਾਲਡ ਨੇ 'ਸ਼ੈਕਸਪੀਅਰ ਰੈਸਟੋਰਡ' ਨਾਂ ਦੀ ਕਿਰਤ ਪ੍ਰਕਾਸ਼ਤ ਕੀਤੀ। ਇਸ ਪੁਸਤਕ ਵਿਚ ਇਸ ਨੇ ਅਲੈਗਜ਼ੈਂਡਰ ਪੋਪ ਵੱਲੋਂ ਸ਼ੈਕਸਪੀਅਰ ਦੇ ਨਾਟਕਾਂ ਸਬੰਧੀ ਪ੍ਰਕਾਸ਼ਤ ਪੁਸਤਕ ਦੀਆਂ ਬਹੁਤ ਸਾਰੀਆਂ ਤਰੁਟੀਆਂ ਵੱਲ ਇਸ਼ਾਰਾ ਕੀਤਾ। ਇਸ ਗੱਲ ਤੇ ਗੁੱਸਾ ਖਾ ਕੇ ਅਲੈਗਜ਼ੈਂਡਰ ਪੋਪ ਨੇ ਆਪਣੀ ਪੁਸਤਕ 'The Dunciad' (1728) ਵਿਚ ਥੀਓਬਾਲਡ ਦੀ ਬਹੁਤ ਨਿਖੇਧੀ ਕੀਤੀ। ਸੰਨ 1734 ਵਿਚ ਥੀਓਬਾਲਡ ਨੇ ਸ਼ੈਕਸਪੀਅਰ ਦੀਆਂ ਰਚਨਾਵਾਂ ਨੂੰ 7 ਜਿਲਦਾਂ ਵਿਚ ਸੰਪਾਦਤ ਕੀਤਾ।

17 ਸਤੰਬਰ, 1744 ਨੂੰ ਲੰਡਨ ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ.–ਐਨ.ਬ੍ਰਿ.ਮਾ. 9:931; ਐਨ.ਅਮੈ. 26:507; ਐਨ. ਬ੍ਰਿ. 22:54; ਕੋਲ. ਐਨ. 18:331

ਥੀਓਰੈੱਲ, ਐਕਸੈੱਲ ਹਿਊਗੋ ਟੀਓਡੋਰ : ਸਵੀਡਨ



ਐਕਸੈੱਲ ਹਿਊਗੋ ਟੀਓਡੋਰ ਥੀਓਰੈੱਲ

ਦੇ ਇਸ ਜੀਵ-ਰਸਾਇਣ-ਵਿਗਿਆਨੀ ਅਤੇ ਨੋਬਲ ਪੁਰਸਕਾਰ ਵਿਜੇਤਾ ਦਾ ਜਨਮ ਸਵੀਡਨ ਵਿਚ ਲਿੰਕਾਪਿੰਗ ਵਿਖੇ 6 ਜੁਲਾਈ, 1903 ਨੂੰ ਹੋਇਆ। ਇਸ ਨੇ ਐਨਜ਼ਾਈਮਾਂ ਉੱਤੇ ਵਿਸ਼ੇਸ਼ ਖੋਜ ਦੇ ਸਿੱਟੇ ਵਜੋਂ ਨੋਬਲ ਪੁਰਸਕਾਰ ਪ੍ਰਾਪਤ ਕੀਤਾ। ਸੰਨ 1930 ਵਿਚ ਸਟਾੱਕਹੋਮ ਤੋਂ ਐੱਮ.ਡੀ. ਦੀ ਡਿਗਰੀ ਹਾਸਲ ਕਰਨ ਉਪਰੰਤ ਆਪਣੀ ਸਾਧਾਰਨ ਪ੍ਰੈਕਟਿਸ ਸ਼ੁਰੂ ਕਰ ਦਿੱਤੀ, ਪਰ ਪੋਲੀਓ ਦੇ ਹਮਲੇ ਨੇ ਇਸ ਨੂੰ ਅਪਾਹਜ ਕਰ ਦਿੱਤਾ। ਇਸ ਤੋਂ ਬਾਅਦ ਇਸ ਨੇ ਆਪਣੇ ਆਪ ਨੂੰ ਖੋਜ ਕਰਨ ਵੱਲ ਲਾ ਦਿੱਤਾ। ਇਸ ਨੇ ਸੰਨ 1932-36 ਤਕ ਅਪਸਾਲਾ ਯੂਨੀਵਰਸਿਟੀ ਵਿਚ ਕੰਮ ਕੀਤਾ ਅਤੇ ਰਾੱਕਫੈੱਲਰ ਫੈਲੋਸ਼ਿਪ ਲੈਂਦੇ ਹੋਏ ਜਰਮਨੀ ਵਿਚ ਵਿੱਦਿਆ ਪ੍ਰਾਪਤ ਕੀਤੀ।

ਸੰਨ 1934 ਵਿਚ ਥੀਓਰੈੱਲ ਨੇ ਪਹਿਲੀ ਵਾਰ ਸ਼ੁੱਧ ਰੂਪ ਵਿਚ ਪੀਲਾ ਐਨਜ਼ਾਈਮ ਤਿਆਰ ਕੀਤਾ ਜਿਹੜਾ ਕਿ ਜੀਵਿਤ ਸੈੱਲਾਂ ਵਿਚ ਆੱਕਸੀਕਰਣ ਉੱਤੇ ਪ੍ਰਭਾਵ ਪਾਉਂਦਾ ਹੈ। ਇਸ ਤੋਂ ਮਗਰੋਂ ਇਸ ਨੇ ਐਨਜ਼ਾਈਮ ਨੂੰ ਦੋ ਭਾਗਾਂ, ਅਰਥਾਤ ਕੋਐਨਜ਼ਾਈਮ ਅਤੇ ਐਪੋਐਨਜ਼ਾਈਮ ਵਿਚ ਵੰਡ ਦਿੱਤਾ। ਕੋਐਨਜ਼ਾਈਮ, ਉਤਪ੍ਰੇਰਕ ਦਾ ਕੰਮ ਕਰਦਾ ਹੈ ਅਤੇ ਐਪੋਐਨਜ਼ਾਈਮ ਇਕ ਸ਼ੁੱਧ ਪ੍ਰੋਟੀਨ ਹੈ ਜਿਹੜਾ ਰਸਾਇਣਿਕ ਚੇਨ ਕਿਰਿਆ ਕਰਦਾ ਹੈ ਜਿਸ ਨਾਲ ਜੀਵਿਤ ਸੈੱਲ ਆੱਕਸੀਜਨ ਨੂੰ ਸਾਹ ਲੈਣ ਲਈ ਵਰਤ ਸਕਦੇ ਹਨ। ਇਹ ਪਹਿਲਾ ਵਿਗਿਆਨੀ ਸੀ ਜਿਸ ਨੇ ਪੱਠਿਆਂ ਦਾ ਲਾਲ ਰੰਗ ਦਾ ਪਦਾਰਥ, ਅਰਥਾਤ ਸ਼ੁੱਧ ਮਾਇਓਗਲੋਬਿਨ ਤਿਆਰ ਕੀਤਾ। ਇਸ ਨੇ ਖ਼ੂਨ ਦਾ ਇਕ ਨਵਾਂ ਟੈੱਸਟ ਕੱਢਿਆ ਜਿਹੜਾ ਕਿ ਸਵੀਡਨ ਵਿਚ ਕਾਫ਼ੀ ਇਸਤੇਮਾਲ ਕੀਤਾ ਗਿਆ। ਇਹ ਟੈੱਸਟ ਵਿਅਕਤੀ ਦੇ ਖ਼ੂਨ ਵਿਚੋਂ ਸ਼ਰਾਬ ਦਾ ਪਤਾ ਲਗਾਉਂਦਾ ਸੀ ਅਤੇ ਨਾਲ ਹੀ ਇਸ ਨੇ ਇਕ ਪ੍ਰੋਐਪਟਿਨ ਨਾਮੀ ਰੋਗਾਣੂਨਾਸ਼ਕ ਦੀ ਖੋਜ ਕੀਤੀ।

ਇਨ੍ਹਾਂ ਸਾਰੀਆਂ ਖੋਜਾਂ ਉੱਤੇ ਐਨਜ਼ਾਈਮਾਂ ਸਬੰਧੀ ਕੀਤਾ ਕੰਮ ਉਚੇਰਾ ਸਮਝਿਆ ਗਿਆ, ਜਿਸ ਕਾਰਨ ਇਸ ਨੂੰ ਆੱਕਸੀਕਰਨ ਐਨਜ਼ਾਈਮਾਂ ਦੀ ਕਿਰਿਆ ਅਤੇ ਸੁਭਾਅ ਨਾਲ ਸਬੰਧਤ ਖੋਜਾਂ ਲਈ 1955 ਈ. ਦਾ ਮੈਡੀਸਨ ਨੋਬਲ ਪੁਰਸਕਾਰ ਦਿੱਤਾ ਗਿਆ।

ਸੰਨ 1937 ਵਿਚ ਥੀਓਰੈੱਲ ਨੂੰ ਸਟਾੱਕਹੋਮ ਵਿਖੇ ਨੋਬਲ ਇੰਸਟੀਚਿਊਟ ਦੇ ਜੀਵ-ਰਸਾਇਣ-ਵਿਗਿਆਨ ਦਾ ਡਾਇਰੈੱਕਟਰ ਨਿਯੁਕਤ ਕੀਤਾ ਗਿਆ। ਸੰਨ 1942 ਵਿਚ ਇਹ ਸਵੀਡਿਸ਼ ਸੋਸਾਇਟੀ ਫ਼ਾੱਰ ਮੈਡੀਕਲ ਰੀਸਰਚ ਅਤੇ ਸਵੀਡਿਸ਼ ਅਕੈਡਮੀ ਆਫ਼ ਸਾਇੰਸ ਦਾ ਮੈਂਬਰ ਬਣਿਆ।

ਹ.ਪੁ.—ਐਨ.ਬ੍ਰਿ. 22:68; ਐਨ. ਬ੍ਰਿ. ਮਾ. 9:941

ਥੀਆਫ਼ਨੋ : ਇਹ ਇਕ ਹੋਲੀ ਰੋਮਨ ਮਹਾਰਾਣੀ ਸੀ। ਇਸ ਨੂੰ ਇਕ ਬਿਜ਼ੰਤੀਨੀ ਰਾਜਕੁਮਾਰੀ ਵਜੋਂ ਤਾਂ ਮੰਨ ਲਿਆ ਗਿਆ ਹੈ ਪਰ ਇਸ ਦੇ ਕੰਮ ਬਾਰੇ ਕੋਈ ਆਮ ਸਹਿਮਤੀ ਨਹੀਂ ਮਿਲਦੀ। ਕੁਝ ਇਤਿਹਾਸਕਾਰ ਇਸ ਨੂੰ ਰੋਮੋਨਸ ਦੂਜੇ ਸ਼ਹਿਨਸ਼ਾਹ ਅਤੇ ਥੀਆਫਟਨੋ ਦੀ ਧੀ ਮੰਨਦੇ ਹਨ ਜੋ ਕਿ ਇਕ ਸਰਾਂ ਦੇ ਮਾਲਕ ਦੀ ਧੀ ਸੀ। ਹੋਰਨਾਂ ਦਾ ਵਿਚਾਰ ਇਹ ਹੈ ਕਿ ਇਹ ਜਾਨ ਟਜ਼ੀਮਿਸੀਜ ਦੀ ਭਤੀਜੀ ਸੀ ਜਿਸ ਨੇ ਸਮਰਾਟ ਨਾਈਸਫੋਰਸ ਦੂਜੇ ਨੂੰ 969 ਈ. ਵਿਚ ਕਤਲ ਕਰਕੇ ਆਪ ਗੱਦੀ ਸੰਭਾਲ ਲਈ ਸੀ।

ਇਸ ਦਾ ਵੰਸ਼ ਕੋਈ ਵੀ ਹੋਵੇ ਪਰ ਇਹ ਪੱਕੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਇਹ ਸ਼ਹਿਜ਼ਾਦੀ ਸਮਰਾਟ ਦੀ ਪਦਵੀ ਤੱਕ ਪਹੁੰਚ ਗਈ ਸੀ। ਹੋਲੀ ਰੋਮਨ ਸ਼ਹਿਨਸ਼ਾਹ ਊਟੋ ਨੇ ਆਪਣੇ ਉਤਰਾਧਿਕਾਰੀ, ਊਟੋ ਅਤੇ ਨੌਜਵਾਨ ਸ਼ਹਿਜ਼ਾਦੀ ਦੇ ਵਿਆਹ ਦੀ ਤਜਵੀਜ਼ ਮੰਗੀ ਪਰ ਨਵਾਂ ਬਿਜ਼ੰਤੀਨੀ ਸ਼ਹਿਨਸ਼ਾਹ ਨਾਈਸੀਫੋਰਸ ਫੋਕਸ ਇਸ ਵਿਆਹ ਦੇ ਪੱਖ ਵਿਚ ਨਹੀਂ ਸੀ। ਜਾਨ ਟਜ਼ੀਮਿਸੀਜ ਦੀ ਤਾਜਪੋਸ਼ੀ ਤੋਂ ਬਾਅਦ ਹੀ ਅਖ਼ੀਰ ਨੂੰ ਨੌਜਵਾਨ ਸ਼ਹਿਜ਼ਾਦੀ ਦੇ ਵਿਆਹ ਦੀ ਤਿਆਰੀ ਕੀਤੀ ਗਈ ਅਤੇ ਵਿਆਹ ਦੀ ਰਸਮ ਬੜੀ ਸ਼ਾਨ ਨਾਲ, 972 ਈ. ਵਿਚ ਰੋਮ ਵਿਖੇ ਮੁਕੰਮਲ ਕੀਤੀ ਗਈ।

ਜਦੋਂ ਉਟੋ ਪਹਿਲੇ ਨੇ ਆਪਣੀ ਮੌਤ ਤੋਂ ਪਹਿਲਾਂ ਅਖ਼ੀਰਲੀ ਡਾਇਟ ਦੀ ਪ੍ਰਧਾਨਗੀ ਕੀਤੀ ਸੀ ਤਾਂ ਇਹ ਉਸ ਸਮੇਂ ਉਥੇ ਹਾਜ਼ਰ ਸੀ। ਉਟੋ ਦੂਜੇ ਦੇ ਸ਼ਾਸ਼ਨ ਕਾਲ ਦੇ ਪਹਿਲੇ ਸਾਲਾਂ ਵਿਚ ਇਸ ਦੀ ਸੱਸ ਐਡੀਲੇਡ ਦੇ ਕਾਰਨ ਇਸ ਦਾ ਪ੍ਰਭਾਵ ਉੱਕਾ ਹੀ ਖ਼ਤਮ ਹੋ ਗਿਆ ਪਰ ਜਿਉਂ ਹੀ ਐਡੀਲੇਡ ਦੇ ਆਪਣੇ ਪੁੱਤਰ ਨਾਲ ਸਬੰਧ ਵਿਗੜੇ ਤਾਂ ਇਸ ਦੀ ਸ਼ਕਤੀ ਵਧਣ ਲੱਗੀ। ਆਪਣੇ ਪੁੱਤਰ ਉਟੋ ਦੇ ਜਨਮ ਤੋਂ ਥੋੜ੍ਹਾ ਚਿਰ ਮਗਰੋਂ ਇਸ ਨੇ ਆਪਣੇ ਪਤੀ ਦਾ ਇਟਲੀ ਦੀ ਮੁਹਿੰਮ ਵੇਲੇ ਸਾਥ ਦਿੱਤਾ ਪਰ ਇਥੇ ਇਨ੍ਹਾਂ ਨੂੰ ਅਰਬਾਂ ਅਤੇ ਬਿਜ਼ੰਤੀਅਮ ਸ਼ਹਿਨਸ਼ਾਹ ਬੇਸਿਲ ਦੂਜੇ ਵਿਚਕਾਰ ਹੋਏ ਗੱਠਜੋੜ ਵੱਲੋਂ ਬੁਰੀ ਤਰ੍ਹਾਂ ਹਾਰ ਮਿਲੀ। ਬੇਸਿਲ ਦੂਜੇ ਵਿਚਕਾਰ ਹੋਏ ਗਠਜੋੜ, ਇਟਲੀ ਵਿਚ ਇਕ ਤਾਜ਼ਾ ਮੁਹਿੰਮ ਦੀ ਤਿਆਰੀ ਕਰਦਿਆਂ ਅਤੇ ਆਪਣੇ ਤਿੰਨ ਸਾਲ ਦੀ ਉਮਰ ਦੇ ਪੁੱਤਰ ਦੀ ਜਰਮਨ ਬਾਦਸ਼ਾਹ ਵਜੋਂ ਚੋਣ ਦੇ ਪ੍ਰਬੰਧ ਮੁਕੰਮਲ ਕਰ ਲੈਣ ਉਪਰੰਤ ਸ਼ਹਿਨਸ਼ਾਹ ਦੀ ਅਚਾਨਕ ਹੀ 983 ਈ. ਵਿਚ ਰੋਮ ਵਿਖੇ ਮੌਤ ਹੋ ਗਈ। ਉਟੋ ਦੇ ਕਜ਼ਨ, ਹੈਨਰੀ ਦੀ ਕੁਅਰਲਸਮ ਅਤੇ ਬਾਵੇਰੀਆ ਦੇ ਡਿਊਕ ਦੀ ਅਗਵਾਈ ਹੇਠ ਜਰਮਨੀ ਵਿਚ ਵਿਦਰੋਹ ਖੜਾ ਹੋ ਗਿਆ। ਸੰਨ 984 ਵਿਚ ਬਾਲ ਬਾਦਸ਼ਾਹ ਨੂੰ ਦੋ ਮਹਾਰਾਣੀਆਂ ਅਤੇ ਉਸ ਦੀ ਆਂਟ ਮੈਥਾਈਲਡ ਦੇ ਸਪੁਰਦ ਕਰ ਦਿੱਤਾ ਗਿਆ।

ਇਸ ਨੇ ਬੜੀ ਸਿਆਣਪ ਅਤੇ ਸਫਲਤਾ ਨਾਲ ਰਾਜ ਕੀਤਾ। ਇਸ ਨੇ ਆਪਣੇ ਪ੍ਰਤਿਭਾਵਾਨ ਬੱਚੇ ਨੂੰ ਸਿੱਖਿਆ ਪ੍ਰਾਪਤੀ ਲਈ ਸੈਕਸਨ ਦੇ ਸਪੁਰਦ ਕਰ ਦਿੱਤਾ। ਇਸ ਦੀਆਂ ਪੁੱਤਰੀਆਂ ਨੇ ਸ਼ਾਹੀ ਮੱਠਾਂ ਤੋਂ ਸਿਖਿਆ ਪ੍ਰਾਪਤ ਕੀਤੀ ਅਤੇ ਉਨ੍ਹਾਂ ਵਿਚੋਂ ਦੋ ਕਵੈਡਲਨਬੁਰਗ ਜੈਂਡਰਸਾਈਸ ਦੀਆਂ ਮੱਠ ਅਧਿਕਾਰਨਾਂ ਬਣੀਆਂ।

ਇਸ ਨੇ ਆਪਣੇ ਥੋੜ੍ਹੇ ਜਿਹੇ ਰਾਜ-ਕਾਲ ਦੌਰਾਨ ਬੇਮਿਸਾਲ ਮੁਸ਼ਕਲਾਂ ਹੋਣ ਦੇ ਬਾਵਜੂਦ ਵੀ ਇਕ ਸ਼ਕਤੀਸ਼ਾਲੀ ਸ਼ਾਸ਼ਕ ਵਜੋਂ ਰਾਜ ਕੀਤਾ। ਇਸ ਨੇ ਚਰਚਾਂ ਅਤੇ ਮੱਠਾਂ ਨੂੰ ਜੋ ਹੱਥ ਲਿਖਤਾਂ ਦਾਨ ਵਜੋਂ ਦਿੱਤੀਆਂ ਉਹ ਇਸ ਦੇ ਸਭਿਆਚਾਰ ਅਤੇ ਸ਼ਰਧਾ ਦੀ ਸਾਖੀ ਭਰਦੀਆਂ ਹਨ। ਸ਼ਾਹੀ ਸਰਕਾਰ ਦੇ ਕੰਮਾਂ ਦੀ ਪੂਰਤੀ ਦੇ ਸਬੰਧ ਵਿਚ ਸਫ਼ਰ ਕਰਦਿਆਂ ਅਚਾਨਕ ਹੀ ਇਸ ਦੀ 15 ਜੂਨ, 991 ਨੂੰ ਨਿਜਮੀਜਨ ਵਿਖੇ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. 22 : 66

ਥੀਏਟਰ : ਵੇਖੋ, ਰੰਗ ਮੰਚ।

ਥੀਏਲੀਜ਼ : ਇਹ ਮੈਗਨੋਲੀਓਫ਼ਾਈਟਾ (Magnoliophyta) ਡਵੀਜ਼ਨ, ਮੈਗਨਡੀਓਪਸੀਡਾ (Magndiopsida) ਸ਼੍ਰੇਣੀ ਅਤੇ ਡੀਲੇਨਾਈਡੀ (Dillenidee) ਉਪ-ਸ਼੍ਰੇਣੀ ਦੇ ਫੁੱਲਦਾਰ ਪੌਦੇ ਹਨ। ਇਸ ਆੱਰਡਰ ਵਿਚ 21 ਕੁਲਾਂ (families) ਸ਼ਾਮਲ ਹਨ। ਇਸ ਦੀਆਂ 155 ਪ੍ਰਜਾਤੀਆਂ ਅਤੇ ਲਗਭਗ 3000 ਜਾਤੀਆਂ ਹਨ। ਸਭ ਤੋਂ ਵੱਡੀ ਕੁਲ ਗਟੀਫੇਰੀ (Guttiferae) ਹੈ ਜਿਸ ਵਿਚ ਲਗਭਗ 900 ਜਾਤੀਆਂ ਹਨ। ਇਸ ਤੋਂ ਬਾਅਦ ਥੀਏਸੀ (Theaceae) ਵਿਚ 600 ਜਾਤੀਆਂ, ਡਿਪਟੀਰੋਕਾਰਪੇਸੀ (Dipterocarpaceae) ਵਿਚ ਤਕਰੀਬਨ 400 ਜਾਤੀਆਂ ਅਤੇ ਓਕਨੇਸੀ (Ochnaceae) ਵਿਚ ਵੀ 400 ਜਾਤੀਆਂ ਹਨ। ਇਹ ਪੌਦੇ ਆਮ ਤੌਰ ਤੇ ਵੱਡੇ ਆਕਾਰ ਦੇ ਹੁੰਦੇ ਹਨ ਪਰ ਕੁਝ ਕੁ ਪੌਦੇ ਬੂਟੀਨੁਮਾ ਵੀ ਹੁੰਦੇ ਹਨ। ਇਨ੍ਹਾਂ ਦੇ ਪੱਤੇ ਸਾਧਾਰਣ ਪਰ ਕਦੇ ਕਦੇ ਸੰਯੁਕਤ ਹੁੰਦੇ ਹਨ। ਫੁੱਲ ਦੇ ਪੈਰੀਐਂਥ ਅਤੇ ਪੁੰਕੇਸਰ ਰਿਸੈਪਟੇਕਲ ਨਾਲ ਸਿੱਧੇ ਜੁੜੇ ਹੁੰਦੇ ਹਨ। ਸੈਪਲ-ਪੁੰਜ ਪੂਰੀ ਤਰ੍ਹਾਂ ਜੁੜੇ ਹੁੰਦੇ ਹਨ ਅਤੇ ਪੰਖੜੀਆਂ ਆਮ ਤੌਰ ਤੇ ਇਕ ਦੂਜੇ ਨਾਲੋਂ ਵੱਖਰੀਆਂ ਹੁੰਦੀਆਂ ਹਨ। ਪੁੰਕੇਸਰ ਬਹੁਗਿਣਤੀ ਵਿਚ ਅਤੇ ਅਪਕੇਂਦਰੀ ਕ੍ਰਮ ਵਿਚ ਹੁੰਦੇ ਹਨ। ਪਰਾਗ ਹਮੇਸ਼ਾਂ ਦੋ ਕੇਂਦਰਕੀ ਹੁੰਦੇ ਹਨ। ਅੰਡਪ-ਪੁੰਜ ਵਿਚ ਦੋ ਜਾਂ ਇਸ ਤੋਂ ਜ਼ਿਆਦਾ ਅੰਡਪ ਹੋ ਸਕਦੇ ਹਨ। ਇਹ ਅੰਡਪ ਪੂਰਨ ਜਾਂ ਅਪੂਰਨ ਤੌਰ ਤੇ ਜੁੜੇ ਹੋਏ ਹੁੰਦੇ ਹਨ। ਚਾਹ ਵਾਲੇ ਬੂਟੇ ਕੈਮੀਲੀਆ (Camellia),



ਥੀਏਲੀਜ਼

ਹਾਈਪੈਰੀਕਮ (Hypericum) ਅਤੇ ਫਰੈਂਕਲਿਨ (Franklin) ਇਸ ਆੱਰਡਰ ਦੇ ਜਾਣੇ ਪਛਾਣੇ ਪੌਦੇ ਹਨ। ਇਸ ਆੱਰਡਰ ਵਿਚ ਉਹ ਪੌਦੇ ਸ਼ਾਮਲ ਹਨ ਜਿਹੜੇ ਕਿ ਚਾਹ, ਫਲ ਨਟ, ਬਰੋਜ਼ਾ, ਲੱਕੜ ਆਦਿ ਵਸਤਾਂ ਦੇ ਮੁੱਖ ਸ੍ਰੋਤ ਹਨ।

ਹ.ਪੁ.– ਐਨ. ਸ. ਟ. 13:563; ਐਨ.ਬ੍ਰਿ. ਮਾ. 9:925

ਥੀਸੀਅਸ : ਯੂਨਾਨ ਦਾ ਇਹ ਮਿਥਿਹਾਸਕ ਨਾਇਕ ਐਥਨਜ਼ ਦੇ ਰਾਜੇ ਈਜੀਅਸ ਦਾ ਪੁੱਤਰ ਸੀ। ਇਸ ਦੀ ਮਾਤਾ ਈਥਰਾ ਤੋਈਜ਼ੈਨ ਦੇ ਰਾਜੇ ਪਿਥੀਅਸ ਦੀ ਧੀ ਸੀ। ਕੁਝ ਲੇਖਕਾਂ ਅਨੁਸਾਰ ਥੀਸੀਅਸ ਸਮੁੰਦਰੀ ਦੇਵਤੇ ਪੋਸੀਡਾੱਨ ਦਾ ਪੁੱਤਰ ਸੀ। ਪ੍ਰਾਚੀਨ ਲੋਕ ਤਾਂ ਇਸ ਨੂੰ ਇਕ ਇਤਿਹਾਸਕ ਸ਼ਖ਼ਸੀਅਤ ਹੀ ਸਮਝਦੇ ਸਨ। ਕਿੰਨੇ ਹੀ ਯੂਨਾਨੀ ਦੁਖਾਂਤ ਨਾਟਕਾਂ ਵਿਚ ਇਸ ਦਾ ਜ਼ਿਕਰ ਆਇਆ ਹੈ ਜਿਨ੍ਹਾਂ ਵਿਚ ਇਸ ਨੂੰ ਬਹੁਤ ਹੀ ਆਦਰਸ਼ਕ ਦਿਖਾਇਆ ਗਿਆ ਹੈ।

ਪੌਰਾਣਿਕ ਕਥਾ ਅਨੁਸਾਰ ਈਜੀਅਸ ਦੇ ਘਰ ਕੋਈ ਬੱਚਾ ਨਹੀਂ ਸੀ। ਉਹ ਪਿਥੀਅਸ ਕੋਲ ਗਿਆ ਤੇ ਉਸ ਦੇ ਤਜਵੀਜ਼ ਕਰਨ ਤੇ ਉਸ ਨੇ ਈਥਰਾ (ਪਿਟਥੀਅਸ ਦੀ ਧੀ) ਨਾਲ ਸੰਭੋਗ ਕੀਤਾ। ਸਮਾਂ ਬੀਤਣ ਤੇ ਈਥਰਾ ਨੇ ਥੀਸੀਅਸ ਨੂੰ ਜਨਮ ਦਿੱਤਾ। ਜਵਾਨ ਹੋਣ ਤੇ ਈਥਰਾ ਨੇ ਇਸ ਨੂੰ ਐਥਨਜ਼ ਭੇਜ ਦਿਤਾ।

ਰਸਤੇ ਵਿਚ ਥੀਸੀਅਸ ਨੇ ਕਈ ਮੁਸ਼ਕਲਾਂ ਦਾ ਸਾਹਮਣਾ ਕੀਤਾ। ਅਜਿਹੀਆਂ ਆਮ ਮਿਥਿਹਾਸਕ ਕਥਾਵਾਂ ਵਾਂਗ ਇਹ ਕਈ ਦੈਂਤਾਂ ਤੇ ਭਿਆਨਕ ਦੁਸ਼ਮਣਾਂ ਨੂੰ ਮੁਕਾਉਂਦਾ ਗਿਆ।

ਐਥਨਜ਼ ਪਹੁੰਚ ਕੇ ਇਸ ਨੂੰ ਪਤਾ ਲਗਾ ਕਿ ਇਸ ਦੇ ਪਿਤਾ ਨੇ ਜਾਦੂਗਰਨੀ ਮੀਡੀਆ ਨਾਲ ਵਿਆਹ ਕਰਵਾ ਲਿਆ ਹੈ। ਜਾਦੂ-ਗਰਨੀ ਝਟ ਹੀ ਇਸ ਨੂੰ ਪਛਾਣ ਗਈ ਤੇ ਉਸ ਨੇ ਇਸ ਦੇ ਪਿਤਾ ਈਜੀਅਸ ਨੂੰ ਇਸ ਨੂੰ ਜ਼ਹਿਰ ਦੇ ਕੇ ਮਾਰਨ ਲਈ ਮਨਾਉਣ ਦੀ ਕੋਸ਼ਿਸ ਕੀਤੀ ਪਰੰਤੂ ਇਸ ਦਾ ਪਿਤਾ ਇਸ ਨੂੰ ਪਛਾਣ ਗਿਆ ਤੇ ਉਸ ਨੇ ਇਸ ਨੂੰ ਆਪਣੀ ਗੱਦੀ ਦਾ ਵਾਰਸ ਐਲਾਨ ਕਰ ਦਿੱਤਾ। ਇਸੇ ਐਲਾਨ ਪਿੱਛੋਂ ਥੀਸੀਅਸ ਨੂੰ ਆਪਣੇ ਚਾਚੇ ਪਾਲਾਸ ਦੇ ਪੁਤਰਾਂ ਨਾਲ ਜਿਨ੍ਹਾਂ ਨੂੰ ਰਾਜਗੱਦੀ ਦੀ ਆਸ ਸੀ, ਮੁਕਾਬਲਾ ਕਰਨਾ ਪਿਆ ਅਤੇ

ਉਨ੍ਹਾਂ ਦੀ ਚਾਲ ਨੂੰ ਖ਼ਤਮ ਕਰ ਕੇ ਥੀਸੀਅਸ ਨੇ ਮਾਰਾਥਾੱਨ ਦੇ ਸਾਨ੍ਹ ਨਾਲ ਮੁਕਾਬਲਾ ਕੀਤਾ। ਇਸ ਉਪਰੰਤ ਇਸ ਨੂੰ ਕ੍ਰੀਟਨ ਮੀਨੋਟੌਰ ਨਾਲ ਲੋਹਾ ਲੈਣਾ ਪਿਆ। ਇਹ ਇਕ ਅਜੀਬ ਜੀਵ ਸੀ ਜੋ ਅੱਧਾ ਮਨੁੱਖ ਤੇ ਅੱਧਾ ਸਾਨ੍ਹ ਸੀ। ਇਸ ਮੁਹਿੰਮ ਤੇ ਜਾਣ ਸਮੇਂ ਇਸ ਨੇ ਆਪਣੇ ਪਿਤਾ ਈਜੀਅਸ ਨਾਲ ਵਾਅਦਾ ਕੀਤਾ ਸੀ ਕਿ ਜੇ ਇਹ ਸਫਲ ਹੋ ਕੇ ਵਾਪਸ ਆਉਂਦਾ ਹੈ ਤਾਂ ਆਪਣੇ ਜਹਾਜ਼ ਉੱਤੇ ਚਿੱਟੇ ਕੱਪੜੇ ਦਾ ਬਾਦਬਾਨ ਲਹਿਰਾਉਂਦਾ ਹੋਇਆ ਪਰਤੇਗਾ। ਭਾਵੇਂ ਇਹ ਜਿੱਤ ਕੇ ਵਾਪਸ ਪਰਤਿਆ ਸੀ ਪਰ ਇਹ ਇਸ ਵਾਅਦੇ ਨੂੰ ਭੁਲ ਗਿਆ ਤੇ ਇਸ ਦੇ ਪਿਤਾ ਈਜੀਅਸ ਨੇ ਜਹਾਜ਼ ਨੂੰ ਕਾਲੇ ਬਾਦਬਾਨ ਨਾਲ ਵਾਪਸ ਪਰਤਦਿਆਂ ਵੇਖ ਕੇ ਐਕਰੋਪੋਲਿਸ ਚਟਾਨ ਤੋਂ ਛਾਲ ਮਾਰ ਕੇ ਖ਼ੁਦਕੁਸ਼ੀ ਕਰ ਲਈ। ਇਸ ਕਾਰਨ ਸਾਰੇ ਰਾਜ ਵਿਚ ਸੋਗ ਪੈ ਗਿਆ। ਉਸ ਦਿਨ ਪਿੱਛੋਂ ਹਰ ਸਾਲ ਜਦੋਂ ਵੀ ਥੀਸੀਅਸ ਦਾ ਗੱਦੀ-ਦਿਵਸ ਮਨਾਇਆ ਜਾਂਦਾ ਸੀ ਉਸ ਸਮੇਂ ਰੋਣਾ-ਧੋਣਾ ਅਤੇ ਸੋਗ ਮਨਾਇਆ ਜਾਂਦਾ ਸੀ।

ਗੱਦੀ ਸੰਭਾਲਣ ਪਿੱਛੋਂ ਥੀਸੀਅਸ ਨੇ ਐਟਿਕ ਦੇ ਵੱਖ-ਵੱਖ ਫਿਰਕਿਆਂ ਨੂੰ ਇਕ ਥਾਂ ਸੰਗਠਿਤ ਕੀਤਾ ਤੇ ਐਟਿਕਾ ਦੇ ਰਾਜ-ਖੇਤਰ ਨੂੰ ਕੋਰਿੰਗ ਦੀ ਖ਼ਾਕਨਾਏ (ਇਸਥਮਸ ਆੱਫ ਕੋਰਿੰਥ) ਤਕ ਵਧਾ ਦਿੱਤਾ। ਮੈਲਿਸਰਟੀਜ਼ ਦੇ ਸਨਮਾਨ ਵਿਚ ਕਰਵਾਈਆਂ ਜਾਂਦੀਆਂ-ਇਸਥਮੀ ਖੇਡਾਂ ਨਾਲ ਇਸ ਨੇ 'ਪੋਸੀਡਾੱਨ' ਦਾ ਨਾਂ ਵੀ ਜੋੜ ਦਿੱਤਾ।

ਫਿਰ ਇਸ ਨੇ ਇਕੱਲਿਆਂ ਹੀ ਜਾਂ ਯੂਨਾਨੀ ਨਾਇਕ ਹੈਰਾਕਲੀਜ਼ ਦੇ ਨਾਲ ਮਿਲ ਕੇ ਐਮੇਜ਼ਨ ਦੀ ਸ਼ਹਿਜ਼ਾਦੀ ਐਂਟੀਓਪ (ਜਾਂ ਹਿਪੋਲਾਈਟਾ) ਨੂੰ ਕਾਬੂ ਕੀਤਾ।

ਥੀਸੀਅਸ ਦੀ ਲੇਪਿਥਸ ਦੇ ਰਾਜੇ ਪਿਰਿਥਸ ਨਾਲ ਮਿੱਤਰਤਾ ਦੀ ਕਹਾਣੀ ਵੀ ਬੜੀ ਪ੍ਰਸਿੱਧ ਹੈ। ਪਿਰਿਥਸ ਨੇ ਹੈਲਨ ਨੂੰ ਚੁਕਣ ਦੇ ਮਾਮਲੇ ਵਿਚ ਥੀਸੀਅਸ ਦੀ ਸਹਾਇਤਾ ਕੀਤੀ ਅਤੇ ਬਦਲੇ ਵਿਚ ਥੀਸੀਅਸ ਨੇ ਪਰਸੀਫੋਨ ਦੇ ਮਾਮਲੇ ਵਿਚ ਪਿਰਿਥਸ ਦੀ ਸਹਾਇਤਾ ਕੀਤੀ ਪਰੰਤੂ ਇਹ ਦੋਵੇਂ ਫੜੇ ਗਏ ਅਤੇ ਇਨ੍ਹਾਂ ਨੂੰ ਪਾਤਾਲ ਲੋਕ ਵਿਚ (ਹੇਡਜ਼) ਕੈਦ ਕਰ ਦਿੱਤਾ ਗਿਆ ਤੇ ਮਗਰੋਂ ਹੈਰਾਕਲੀਜ਼ ਨੇ ਜਾ ਕੇ ਥੀਸੀਅਸ ਨੂੰ ਛੁਡਵਾ ਲਿਆ।

ਐਥਨਜ਼ ਪਰਤਣ ਤੇ ਥੀਸੀਅਸ ਨੂੰ ਐਥਨਜ਼ ਦੇ ਪੁਰਾਣੇ ਰਾਜਿਆਂ ਦੇ ਇਕ ਉਤਰਾਧਿਕਾਰੀ ਮੈਨਸਥੀਅਸ ਦੁਆਰਾ ਅਗਵਾਈ ਕੀਤੇ ਜਾ ਰਹੇ ਵਿਦਰੋਹੀਆਂ ਦਾ ਮੁਕਾਬਲਾ ਕਰਨਾ ਪਿਆ। ਵਿਦੋਰਹ ਨੂੰ ਕੁਚਲਣ ਵਿਚ ਅਸਮਰਥ ਰਹਿਣ ਕਰ ਕੇ ਥੀਸੀਅਸ ਨੇ ਆਪਣੇ ਬੱਚੇ ਅਯੂਬੀਆ ਭੇਜ ਦਿੱਤੇ ਤੇ ਆਪ ਐਥਨਜ਼ ਦੇ ਵਾਸੀਆਂ ਨੂੰ ਸਰਾਪ ਦੇ ਕੇ ਸਕਾਈਰੋਸ ਦੇ ਟਾਪੂ ਉੱਤੇ ਚਲਾ ਗਿਆ ਪਰ ਸਕਾਈਰੋਸ ਦੇ ਰਾਜੇ ਲਾਈਕੋਮੀਡਜ਼ ਨੇ ਇਸ ਨੂੰ ਇਕ ਚਟਾਨ ਉੱਪਰੋਂ ਸਮੁੰਦਰ ਵਿਚ ਸੁਟ ਕੇ ਮਾਰ ਦਿੱਤਾ। ਮਗਰੋਂ ਐਥਨਜ਼ ਦੇ ਲੋਕਾਂ ਨੇ ਇਸ ਦੀਆਂ ਅਸਥੀਆਂ ਸਕਾਈਰੋਸ ਤੋਂ ਲਿਆ ਕੇ ਐਟਿਕ ਦੀ ਧਰਤੀ ਵਿਚ ਦਫ਼ਨ ਕੀਤੀਆਂ। ਇਹ ਕਾਰਜ ਸਾਈਮਨ ਨੇ 469 ਵਿਚ ਕੀਤਾ।

ਥੀਸੀਅਸ ਦੀ ਯਾਦ ਵਿਚ ਇਕ ਉਤਸਵ 'ਥੀਸੀਆ' 21 ਅਕਤੂਬਰ ਨੂੰ ਮਨਾਇਆ ਜਾਂਦਾ ਹੈ।

ਹ.ਪੁ.-ਐਨ. ਬ੍ਰਿ. 19:950; ਐਨ. ਬ੍ਰਿ. 22:126


ਥੀਕੋਡਾਂਸ਼ੀਆ : ਇਹ ਟ੍ਰਾਈਐਸਿਕ ਕਲਪ ਸਮੇਂ ਮਿਲਣ ਵਾਲੇ ਆਰਕੋਸੋਰੀਅਨ ਪ੍ਰਾਣੀਆਂ ਦਾ ਇਕ ਮੁੱਢਲਾ ਵਰਗ ਹੈ। ਇਸ ਵਰਗ ਨੂੰ ਮਗਰਮੱਛਾਂ, ਟੈਰੋਸੋਰਾਂ, ਪੰਛੀਆਂ ਅਤੇ ਡਾਈਨੋਸੋਰਾਂ (ਸੌਰਿਸਕੀਅਨ ਅਤੇ ਆੱਰਨਿਥਿਸਕੀਅਨ ਦੋਵੇਂ ਗਰੁਪਾਂ) ਦਾ ਪੂਰਵਜ ਮੰਨਿਆ ਗਿਆ ਹੈ। ਇਸ ਵਿਚ ਕੁਝ ਖ਼ਾਸ ਲੱਛਣ ਹਨ ਜਿਵੇਂ ਕਿ ਇਸ ਵਰਗ ਦੇ ਜੀਵਾਂ ਵਿਚ ਕਲੈਵਿਕਲ (ਹੱਸ) ਅਤੇ ਇੰਟਰ-ਕਲੈਵਿਕਲ ਹੱਡੀਆਂ ਹੁੰਦੀਆਂ ਸਨ। ਪਿਊਬਿਸ ਅਤੇ ਇਸਕੀਅਮ (ਆਸਣ-ਅਸਥੀ) ਦਾ ਪਲੇਟਨੁਮਾ ਵਿਕਾਸ ਹੋਇਆ ਸੀ, ਪੈਰਾਂ ਵਿਚ ਪੰਜ-ਪੰਜ ਉਂਗਲਾਂ ਸਨ ਅਤੇ ਪਿਛਲੀਆਂ ਲੱਤਾਂ ਅਗਲੀਆਂ ਨਾਲੋਂ ਜ਼ਿਆਦਾ ਲੰਮੀਆਂ ਹੁੰਦੀਆਂ ਸਨ। ਥੀਕੋਡਾਂਸ਼ੀਆ ਵਰਗ ਅਗੋਂ, ਇਕ ਦੂਜੇ ਤੋਂ ਬਿਲਕੁਲ ਅੱਡਰੇ, ਪੰਜ ਉਪ-ਵਰਗਾਂ ਵਿਚ ਨਿਮਨ ਅਨੁਸਾਰ ਵੰਡਿਆ ਗਿਆ ਹੈ।

ਪ੍ਰੋਟੈਰੋਸੂਕੀਆ—ਇਹ ਰੀਂਗਣੇ ਪ੍ਰਾਣੀ 1-2 ਮੀ. ਲੰਬੇ ਸਨ। ਇਨ੍ਹਾਂ ਦੀ ਖੋਪਰੀ ਹਲਕੀ ਅਤੇ ਤਿਕੋਨੀ ਜਿਹੀ ਸੀ। ਨ੍ਹਾਸਾਂ ਹੇਠਾਂ ਵਲ ਮੁੜੀਆਂ ਹੋਈਆਂ ਸਨ ਅਤੇ ਮੂੰਹ ਵਿਚ ਤਾਲੂ ਦੰਦ ਹੁੰਦੇ ਸਨ। ਇਨ੍ਹਾਂ ਦੀ ਉਦਾਹਰਣ ਕੈਸਮੈਟੋਸੌਰਸ ਹਨ ਜਿਹੜੇ ਅਫ਼ਰੀਕਾ ਅਤੇ ਯੂਰੇਸ਼ੀਆ ਵਿਚ ਮੁੱਢਲੇ ਟ੍ਰਾਈਐਸਿਕ ਕਲਪ ਸਮੇਂ ਮਿਲੇ ਹਨ।

ਪੈਲਿਕੋਸੀਮੀਆ—ਇਹ 4-5 ਮੀ. ਲੰਬੇ, ਵੱਡੇ ਤੇ ਭਾਰੇ ਸਰੀਰ ਵਾਲੇ, ਚੌਪਾਏ ਸ਼ਿਕਾਰਖੋਰ ਪ੍ਰਾਣੀ ਸਨ ਜਿਨ੍ਹਾਂ ਦੀਆਂ ਖੋਪਰੀਆਂ ਵੱਡੀਆਂ ਤੇ ਭਾਰੀਆਂ ਅਤੇ ਦੰਦ ਤਿੱਖੇ ਬਲੇਡ ਵਾਲੇ ਸਨ। ਅਫ਼ਰੀਕਾ ਅਤੇ ਯੂਰੇਸ਼ੀਆ ਵਿਚ ਮੁੱਢਲੇ ਟ੍ਰਾਈਐਸਿਕ ਕਲਪ ਸਮੇਂ ਮਿਲੇ ਐਰਿਥਰੋਸੂਕਸ ਇਸ ਉਪ-ਵਰਗ ਵਿਚ ਸ਼ਾਮਲ ਹਨ।

ਸੂਡੋਸੂਕੀਆ—ਇਹ ਛੋਟੇ ਤੋਂ ਲੈ ਕੇ ਦਰਮਿਆਨੇ ਆਕਾਰ ਵਾਲੇ ਦੋਪਾਏ ਪ੍ਰਾਣੀ ਸਨ ਜਿਨ੍ਹਾਂ ਦੇ ਸਰੀਰ ਦੀ ਚਮੜੀ ਘੱਟ ਵੱਧ ਹੀ ਪਿੰਜਰ-ਨੁਮਾ ਬਣੀ ਮਿਲਦੀ ਹੈ। ਖੋਪਰੀ ਇਨ੍ਹਾਂ ਦੀ ਕਾਫ਼ੀ ਹੱਦ ਤਕ ਡਾਈਨੋਸੌਰਾ ਪ੍ਰਾਣੀਆਂ ਨਾਲ ਮਿਲਦੀ ਸੀ ਪਰ ਇਨ੍ਹਾਂ ਵਿਚ ਪੂਰਵਜ ਪੈਲਵਿਸ ਵੀ ਸੀ। ਅਫ਼ਰੀਕਾ ਦਾ ਯੂਪਾਰਕੇਰੀਆ ਅਤੇ ਯੂਰਪ ਦਾ ਸਾਲਟੋਪੋਸੂਕਸ ਇਸ ਵਿਚ ਸ਼ਾਮਲ ਹਨ।


ਐਈਟੋਸੋਰੀਆ—ਇਨ੍ਹਾਂ ਚੌਪਾਏ ਪ੍ਰਾਣੀਆਂ ਦੇ ਸਰੀਰ ਤੇ ਮੋਟੀਆਂ ਅਸਥੀਮਈ ਪਲੇਟਾਂ ਦੇ ਛੱਲਿਆਂ ਦਾ ਬਣਿਆ ਪਿੰਜਰ ਜਿਹਾ ਹੁੰਦਾ ਸੀ। ਇਨ੍ਹਾਂ ਦੇ ਆਕਾਰ ਵਿਚ ਬਹੁਤ ਵਖਰੇਵੇਂ ਮਿਲੇ ਹਨ। ਛਿਪਕਲੀ ਵਰਗ, ਐਈਟੋਸੌਰਸ ਲਗਭਗ 75 ਸੈਂ. ਮੀ. ਲੰਬਾ ਸੀ ਜਦੋਂ ਕਿ ਡੈੱਸਮੈਟੋਸੂਕਸ ਕੋਈ 3 ਮੀ. ਦੇ ਕਰੀਬ ਲੰਬਾ ਸੀ ਅਤੇ ਇਸ ਦੇ ਸਿੰਗ ਮੋਢਿਆਂ ਉੱਤੇ ਮੁੜੇ ਹੋਏ ਸਨ। ਇਨ੍ਹਾਂ ਦੇ ਸਰੀਰ ਦਾ ਢਾਂਚਾ ਅਤੇ ਖ਼ਾਸ ਕਰ ਕੇ ਇਨ੍ਹਾਂ ਦੇ ਗਿੱਟੇ ਜੋੜ ਦੀ ਬਣਤਰ ਮਗਰਮੱਛਾਂ



ਥੀਕੋਡਾਂਸ਼ੀਆ

ਨਾਲ ਮਿਲਦੀ ਸੀ। ਇਨ੍ਹਾਂ ਦਾ ਉੱਪਰਲਾ ਟੈਂਪੋਰਲ ਛੇਕ ਖੋਪਰੀ ਦੇ ਉੱਪਰ ਦੀ ਬਜਾਇ, ਪਾਸੇ ਤੇ ਸੀ ਅਤੇ ਆਪਣੇ ਇਸ ਲੱਛਣ ਕਰ ਕੇ ਇਹ ਬਾਕੀ ਸਾਰੇ ਥੀਕੋਡੌਂਟ ਪ੍ਰਾਣੀਆਂ ਤੋਂ ਨਵੇਕਲੇ ਸਨ। ਇਨ੍ਹਾਂ ਦੇ ਛੋਟੇ-ਛੋਟੇ ਤਿਕੋਨੇ ਦੰਦ ਅਤੇ ਉੱਪਰ ਨੂੰ ਮੁੜੀ ਹੋਈ ਥੂਥਨੀ (Snout) ਸੀ।

ਫ਼ਾਈਟੋਸੌਰੀਆ (ਪੈਰਸੂਕੀਆ)—ਇਹ ਟ੍ਰਾਈਐਸਿਕ ਕਲਪ ਦੇ ਪਿਛਲੇਰੇ ਸਮੇਂ ਦੇ ਲੰਬੀਆਂ ਥੂਥਨੀਆਂ ਵਾਲੇ ਪ੍ਰਾਣੀ ਸਨ, ਜਿਨ੍ਹਾਂ ਦੇ



ਨਿਕਰੋਸੌਰਸ-ਇਕ ਚੌਪਾਇਆ-ਥੀਕੋਡਾਂਟ (ੳ) ਰੈੱਸਟੋਰੇਸ਼ਨ, (ਅ) ਖੋਪਰੀ, (ਕ) ਬਾਹਰਲੀ ਨ੍ਹਾਸ ਦੀ ਸਥਿਤੀ ਦਰਸਾਉਂਦਾ ਹੈ।

ਸਰੀਰ ਉੱਤੇ ਐਈਟੋਸੌਰੀਆ ਵਰਗਾ ਪਿੰਜਰ ਸੀ ਅਤੇ ਇਨ੍ਹਾਂ ਦਾ ਗਿੱਟਾ-ਜੋੜ ਮਗਰਮੱਛ ਵਰਗਾ ਸੀ। ਇਹ ਮਗਰਮੱਛਾਂ ਅਤੇ ਘੜਿਆਲਾਂ (ਗੇਵੀਏਲਿਸ) ਦੀ ਤਰ੍ਹਾਂ ਜਲੀ ਪ੍ਰਾਣੀ ਸਨ, ਪਰ ਕੁਝ ਪ੍ਰੱਤਖ ਲੱਛਣਾਂ ਕਰ ਕੇ ਇਹ ਉਨ੍ਹਾਂ ਤੋਂ ਵਖਰੇ ਸਨ ਜਿਵੇਂ ਇਨ੍ਹਾਂ ਦੀਆਂ ਬਾਹਰਲੀਆਂ ਨ੍ਹਾਸਾਂ ਪਿੱਛੇ ਵਲ ਸਥਿਤ ਸਨ, ਸੈਕੰਡਰੀ ਤਾਲੂ ਨਹੀਂ ਸੀ ਅਤੇ ਪੁੜਾ (ਪੈਲਵਿਕ) ਅਤੇ ਮੇਖਲਾ (Girdle) ਦੀ ਬਣਤਰ ਵੀ ਫ਼ਰਕ ਸੀ। ਇਨ੍ਹਾਂ ਦੀਆਂ ਉਦਾਹਰਣਾਂ-ਪੈਲਓ-ਰਿੰਕਸ, ਮਿਸਟਰੀਓਸੂਕਸ ਨਿਕਰੋਸੌਰਸ ਆਦਿ ਹਨ।


ਹ.ਪੁ. — ਮੈਕ. ਐਨ. ਸ. ਟ. 13: 563

ਥੀਬਜ : ਇਹ ਮਿਸਰ ਦਾ ਇਕ ਪ੍ਰਸਿੱਧ ਪੁਰਾਤਨ ਸ਼ਹਿਰ ਸੀ ਜਿਹੜਾ ਕਾਹਿਰਾ ਤੋਂ 550 ਕਿ.ਮੀ. ਦੱਖਣ-ਪੂਰਬ ਵੱਲ ਮੌਜੂਦਾ ਲਕਸਰ ਅਤੇ ਕਰਨਾਕ ਨਗਰਾਂ ਦੇ ਨੇੜੇ ਸਥਿਤ ਸੀ। ਨੀਲ ਦਰਿਆ ਦੇ ਸੱਜੇ ਕੰਢੇ ਹੁਣ ਤਾਂ ਇਸ ਦੇ ਖੰਡਰਾਤ ਹੀ ਮਿਲਦੇ ਹਨ। ਮਿਸਰੀ ਭਾਸ਼ਾ ਵਿਚ ਸ਼ਹਿਰ ਦਾ ਨਾਂ ਨਿਵਤ ਸੀ ਅਤੇ ਬਾਈਬਲ ਵਿਚ ਇਸ ਦਾ ਜ਼ਿਕਰ ਨੋ (No) ਦੇ ਤੌਰ ਤੇ ਕੀਤਾ ਗਿਆ ਹੈ। ਯੂਨਾਨੀ ਇਸ ਨੂੰ ਬੀਬਾਈ ਜਾਂ ਡਾਈਆਸਪਾਲਸ ਕਹਿੰਦੇ ਸਨ।

11ਵੇਂ ਰਾਜ ਘਰਾਣੇ ਦੇ ਰਾਜ-ਕਾਲ ਦੌਰਾਨ ਰਾਜਨੀਤੀ ਅਤੇ ਧਰਮ ਦੇ ਖੇਤਰ ਵਿਚ ਥੀਬਜ ਦਾ ਜ਼ਿਲ੍ਹਾ ਇਕ ਮਹੱਤਵਪੂਰਨ ਕੇਂਦਰ ਹੁੰਦਾ ਸੀ। ਇਥੋਂ ਦੇ 17ਵੇਂ ਅਤੇ 18ਵੇਂ ਰਾਜ ਘਰਾਣੇ ਦੇ ਸ਼ਾਸ਼ਕਾਂ ਨੇ ਹਿਕਸਾਸ ਰਾਜਿਆਂ ਨੂੰ ਹੇਠਲੇ ਮਿਸਰ ਵਿਚੋਂ ਕੱਢ ਦਿੱਤਾ ਸੀ। 18ਵੇਂ ਰਾਜ ਘਰਾਣੇ ਦੇ ਬਹੁਤ ਸਾਰੇ ਰਾਜਿਆਂ ਦੇ ਰਾਜ-ਕਾਲ ਦੌਰਾਨ ਇਹ ਮਿਸਰ ਦੀ ਦੱਖਣੀ ਰਾਜਧਾਨੀ ਰਿਹਾ ਪਰ ਜਦੋਂ 19ਵੇਂ ਰਾਜ ਘਰਾਣੇ ਦੇ ਰਾਜਿਆਂ ਨੇ ਨੀਲ-ਡੈਲਟੇ ਨੂੰ ਆਪਣਾ ਮੁੱਖ ਰਿਹਾਇਸ਼ੀ ਸਥਾਨ ਬਣਾ ਲਿਆ ਤਾਂ ਇਸ ਦੀ ਮਹੱਤਤਾ ਕਾਫ਼ੀ ਘੱਟ ਗਈ। ਸ਼ੁਰੂ ਵਿਚ 21ਵੇਂ ਰਾਜ ਘਰਾਣੇ ਦੇ ਮਿਸਰ ਦੇ ਰਾਜੇ ਥੀਬਜ ਦੀ ਬਜਾਏ ਤਾਨਿਸ ਵਿਖੇ ਦਫ਼ਨਾਏ ਗਏ ਅਤੇ ਥੀਬਜ ਕੇਵਲ ਇਕ ਪ੍ਰਾਂਤਕ ਕੇਂਦਰ ਹੀ ਬਣ ਗਿਆ ਸੀ ਪਰ 25ਵੇਂ ਅਤੇ 26 ਵੇਂ ਰਾਜ ਘਰਾਣੇ ਦੇ ਸਮੇਂ ਇਹ ਫਿਰ ਪ੍ਰਸਿੱਧੀ ਪ੍ਰਾਪਤ ਕਰ ਗਿਆ। ਅਸੀਰੀਅਨ ਜੇਤੂ, ਅਸ਼ੁਰਬੇਨੀਪਾਲ ਨੇ ਸੱਤਵੀਂ ਸਦੀ ਈ. ਪੂ. ਵਿਚ ਥੀਬਜ ਦੀ ਤਬਾਹੀ ਨੂੰ ਆਪਣੀ ਇਕ ਵੱਡੀ ਜਿੱਤ ਦੱਸਿਆ। ਕਰਨਾਕ ਵਿਖੇ ਦੇਵਤਿਆਂ ਦੇ ਰਾਜੇ ਐਮਨਰੀ ਦਾ ਮੰਦਰ, ਬੀਬੀਆਈ ਖੇਤਰ ਦਾ ਸਭ ਤੋਂ ਵੱਧ ਖਿੱਚ ਵਾਲਾ ਕੇਂਦਰ ਹੈ। ਇਸ ਨੂੰ ਇਹ ਰੱਬ ਦਾ ਮਹਿਲ ਮੰਨਦੇ ਹਨ ਅਤੇ ਕਹਿੰਦੇ ਹਨ ਕਿ ਇਸ ਦੇ ਅੰਦਰ ਦੀਆਂ ਚੀਜ਼ਾਂ ਬਣਾਉਣ ਲਈ 2000 ਸਾਲ ਤੋਂ ਵੀ ਵੱਧ ਸਮਾਂ ਲੱਗਿਆ।

ਮੰਦਰ 370 ਮੀ. ਲੰਬਾ ਅਤੇ 100 ਮੀ. ਚੌੜਾ ਸੀ। ਸਭ ਤੋਂ ਵੱਡੇ ਹਾਲ ਵਿਚ 16 ਲਾਈਨਾਂ ਵਿਚ 134 ਥਮਲੇ ਸਨ। ਵਿਚਕਾਰਲੀਆਂ ਦੋ ਲਾਈਨਾਂ ਵਿਚ ਸਭ ਤੋਂ ਉੱਚੇ ਥਮਲਿਆਂ ਦਾ ਘੇਰਾ 10 ਮੀ. ਅਤੇ ਉਚਾਈ 24 ਮੀ. ਸੀ।

ਇਹ ਵੱਡੀ ਇਮਾਰਤ 24 ਹੈਕ. ਵਿਚ ਬਣੀ ਹੋਈ ਸੀ ਅਤੇ ਇਸ ਦੇ ਚਾਰੇ ਪਾਸੇ ਕੱਚੀਆਂ ਇੱਟਾਂ ਦੀ ਕੰਧ ਬਣੀ ਹੋਈ ਸੀ। ਇਸ ਵਿਚ ਹੋਰ ਛੋਟੇ-ਛੋਟੇ ਕਈ ਮੰਦਰ ਬਣੇ ਹੋਏ ਸਨ। ਐਮਨ ਮੰਦਰ ਦੇ ਪਿਛਵਾੜੇ ਅੱਧੇ ਹਿੱਸੇ ਵਿਚ ਇਕ ਝੀਲ ਬਣਾਈ ਹੋਈ ਸੀ ਜਿਸ ਵਿਚ ਪਾਦਰੀ ਧਾਰਮਿਕ ਰਸਮਾਂ ਅਨੁਸਾਰ ਦਿਨ ਵਿਚ ਚਾਰ ਵਾਰ ਇਸ਼ਨਾਨ ਕਰਦੇ ਹੁੰਦੇ ਸਨ। ਦੱਖਣ ਵਾਲੇ ਪਾਸੇ ਐਮਨ ਦੇ ਇਕ ਹੋਰ ਵੱਡੇ ਮੰਦਰ



ਥੀਬਜ ਵਿਖੇ ਸਥਿਤ ਮਿਸਰ ਦੀ ਮਹਾਰਾਣੀ ਦਾ ਮਾਰਚਰੀ ਮੰਦਰ

ਦੇ ਖੰਡਰਾਤ ਵਰਤਮਾਨ ਲਕਸਰ ਵਿਖੇ ਦਰਿਆ ਦੇ ਪੂਰਬੀ ਕੰਢੇ ਮੌਜੂਦ ਹਨ ਭਾਵੇਂ ਦੋਹਾਂ ਮੰਦਰਾਂ ਦੇ ਵਿਚਕਾਰ ਫ਼ਾਸਲਾ 1.6 ਕਿਲੋਮੀਟਰ ਤੋਂ ਵੀ ਵੱਧ ਸੀ ਪਰ ਇਨ੍ਹਾਂ ਦੋਵੇਂ ਮੰਦਰਾਂ ਨੂੰ 30ਵੇਂ ਰਾਜ ਘਰਾਣੇ ਸਮੇਂ ਜੋੜਿਆ ਗਿਆ ਜਿਸ ਦੇ ਕਿਨਾਰਿਆਂ ਨੂੰ ਮਨੁੱਖੀ ਸਿਰਾਂ ਵਾਲੇ ਸਫਿੰਕਸਾਂ (ਨਰ-ਸਿੰਘ) ਅਤੇ ਫੁੱਲ ਬੂਟਿਆਂ ਨਾਲ ਸ਼ਿੰਗਾਰਿਆ ਗਿਆ। ਲਕਸਰ ਵਿਚਲਾ ਮੰਦਰ ਨਾ ਤਾਂ ਕਰਨਾਕ ਦੇ ਮੰਦਰ ਜਿੰਨਾ ਪੌਰਾਣਕ ਹੈ ਅਤੇ ਨਾ ਹੀ ਵੱਡਾ ਹੈ। ਇਹ 260 ਮੀ. ਲੰਬਾ ਹੈ। ਇਸ ਦਾ ਪਹਿਲਾ ਹਿੱਸਾ 18 ਵੇਂ ਰਾਜ ਘਰਾਣੇ ਦੇ ਸਮੇਂ ਦਾ ਬਣਿਆ ਹੋਇਆ ਹੈ ਅਤੇ ਆਖ਼ਰੀ ਹਿੱਸਾ ਸਿਕੰਦਰ ਮਹਾਨ ਦੇ ਸਮੇਂ ਦਾ ਬਣਿਆ ਜਾਪਦਾ ਹੈ। ਰੋਮਨਾਂ ਵਲੋਂ ਇਕ ਛੋਟੇ ਹਾਲ ਨੂੰ ਸ਼ਾਹੀ ਮੰਦਰ ਬਣਾ ਦਿੱਤਾ ਗਿਆ ਸੀ ਅਤੇ ਇਸ ਦੀਆਂ ਦੀਵਾਰਾਂ ਤੇ ਤੀਸਰੀ ਸਦੀ ਦੇ ਦੋ ਸੀਜ਼ਰ ਬਾਦਸ਼ਾਹਾਂ ਦੀਆਂ ਤਸਵੀਰਾਂ ਬਣੀਆਂ ਹੋਈਆਂ ਹਨ। ਕਰਨਾਕ ਅਤੇ ਲਕਸਰ ਦੇ ਮੰਦਰਾਂ ਦੀਆਂ ਦੀਵਾਰਾਂ ਉੱਤੇ ਉਭਰਵੀਆਂ ਸ਼ਿਲਪ ਕਿਰਤਾਂ ਅਤੇ ਸ਼ਿਲਾਲੇਖਾਂ ਤੋਂ ਰੋਮ ਦੇ ਧਰਮ ਅਤੇ ਇਤਿਹਾਸ ਬਾਰੇ ਮਹੱਤਵਪੂਰਨ ਜਾਣਕਾਰੀ ਮਿਲਦੀ ਹੈ।

ਨੀਲ ਦਰਿਆ ਦੇ ਪੱਛਮੀ ਕੰਢੇ ਤੇ ਬਿਲਕੁਲ ਵੱਖਰੀ ਕਿਸਮ ਦੀਆਂ ਪ੍ਰਾਚੀਨ ਯਾਦਗਾਰਾਂ ਬਣੀਆਂ ਹੋਈਆਂ ਹਨ। ਸਵਰਗਵਾਸੀ ਬਾਦਸ਼ਾਹਾਂ ਦੀ ਪੂਜਾ ਕਰਨ ਲਈ ਦਰਿਆ ਦੇ ਬਿਲਕੁਲ ਕੰਢੇ ਉਪਰ ਉਨ੍ਹਾਂ ਦੇ ਬਹੁਤ ਸਾਰੇ ਮੰਦਰ ਬਣੇ ਹੋਏ ਹਨ। ਇਨ੍ਹਾਂ ਵਿਚ 11 ਵੇਂ ਘਰਾਣੇ ਦੇ ਮੈਨਟੂਹਾਟੇਪ ਦੂਜੇ ਅਤੇ 18ਵੇਂ ਘਰਾਣੇ ਦੀ ਅਗਵਾਹੀ ਹੈਟਸੈਪਸੂਟ ਦੇ ਮੰਦਰ ਆਪਣੀ ਕਲਾ ਕਰਕੇ ਵਿਸ਼ੇਸ਼ ਕਰਕੇ ਵਰਣਨਯੋਗ ਹਨ। ਇਸ ਦੀ ਪਿਠ-ਭੂਮੀ ਵਿਚ ਦੰਦੀਦਾਰ ਪਹਾੜੀਆਂ ਇਸ ਨੂੰ ਹੋਰ ਵੀ ਸੁੰਦਰ ਬਣਾਉਂਦੀਆਂ ਹਨ। ਰੈਮਾਸੀਜ਼ ਤੀਜੇ ਦਾ ਮੈਡੀਨੈਟ ਹਾਬੂ ਵਿਖੇ ਬਣਿਆ ਸਮਸ਼ਾਨ ਘਾਟ ਵੀ ਵੇਖਣ-ਯੋਗ ਸੀ। ਇਸ ਨੂੰ ਛੋਟੇ ਕਿਲੇ ਵਜੋਂ ਵਰਤਣ ਲਈ ਇਸ ਦੀਆਂ ਕੰਧਾਂ ਮਜ਼ਬੂਤ ਬਣਾਈਆਂ ਹੋਈਆਂ ਹਨ ਅਤੇ ਦਰਵਾਜ਼ੇ ਵੱਡੇ ਹਨ। ਇਸ ਵਿਚ ਬਾਦਸ਼ਾਹ ਦੇ ਰਹਿਣ ਲਈ ਇਕ ਛੋਟਾ ਜਿਹਾ ਮਹਿਲ ਅਤੇ ਇਕ ਲਾਇਬਰੇਰੀ ਜਾਂ ਪੁਰਾਲੇਖ ਭਵਨ ਸੀ। ਦਾਅਵਤਾਂ ਦੇਣ ਅਤੇ ਮਨਪਰਚਾਵੇ ਲਈ ਵੱਡੇ ਗੇਟ ਦੇ ਬੁਰਜਾਂ ਵਿਚ ਰਿਹਾਇਸ਼ੀ ਕਮਰੇ ਬਣੇ ਹੋਏ ਸਨ। ਇਹ 20ਵੇਂ ਤੇ 21ਵੇਂ ਰਾਜ ਘਰਾਣਿਆਂ ਦੇ ਸ਼ਾਸ਼ਨਕਾਲ ਦੌਰਾਨ ਪੱਛਮੀ ਥੀਬਜ ਦਾ ਪ੍ਰਬੰਧਕੀ ਕੇਂਦਰ ਰਿਹਾ ਹੈ। ਪੂਰਬ ਵਾਲੇ ਪਾਸੇ ਪਹਾੜੀ ਦੰਦੀਆਂ ਤੇ 18ਵੇਂ, 19ਵੇਂ ਤੇ 20ਵੇਂ ਖ਼ਾਨਦਾਨਾਂ ਦੇ ਖ਼ਾਨਦਾਨੀ ਬੰਦਿਆਂ ਦੀਆਂ ਕਬਰਾਂ ਖੋਦੀਆਂ ਹੋਈਆਂ ਹਨ ਅਤੇ ਇਨ੍ਹਾਂ ਤੋਂ ਹੋਰ ਪੱਛਮ ਵੱਲ ਕਈਆਂ ਦਰਿਆਈ ਘਾਟੀਆਂ ਵਿਚ ਇਨ੍ਹਾਂ ਦੇ ਰਾਜੇ-ਰਾਣੀਆਂ ਦੀਆਂ ਕਬਰਾਂ ਬਣਾਈਆਂ ਹੋਈਆਂ ਹਨ। ਇਨ੍ਹਾਂ ਵਿਚੋਂ ਬਹੁਤ ਸਾਰੀਆਂ ਕਬਰਾਂ ਨੂੰ ਚਿੱਤਰਕਾਰੀ ਅਤੇ ਬੁੱਤ-ਤਰਾਸ਼ੀ ਦੁਆਰਾ ਸਜਾਇਆ ਹੋਇਆ ਹੈ। ਅਮੀਰਾਂ ਦੀਆਂ ਕਬਰਾਂ ਦੇ ਦ੍ਰਿਸ਼ ਉਨ੍ਹਾਂ ਦੇ ਮਾਲਕਾਂ ਦੇ ਸਮੇਂ ਵਾਪਰੀਆਂ ਘਟਨਾਵਾਂ, ਆਦਰਸ਼ ਕਿਸਮ ਦੇ ਦਾਹ-ਸੰਸਕਾਰਾਂ, ਮਰਨ ਤੋਂ ਪਿੱਛੋਂ ਦਿੱਤੀਆਂ ਗਈਆਂ ਦਾਅਵਤਾਂ ਅਤੇ ਸਵਰਗ ਵਿਚ ਮਨ-ਭਾਉਂਦੇ ਮਨਪਰਚਾਵਿਆਂ ਦੇ ਪ੍ਰਤੀਕ ਹਨ। ਬਹੁਤ ਸਾਰੀਆਂ ਸ਼ਾਹੀ ਘਰਾਣੇ ਦੀਆਂ ਔਰਤਾਂ ਦੀਆਂ ਕਬਰਾਂ ਵਿਚੋਂ ਖ਼ੂਬਸੂਰਤ ਹੀਰੇ ਜਵਾਹਰਾਤ ਅਤੇ ਹਾਰ ਸ਼ਿੰਗਾਰ ਦਾ ਸਾਮਾਨ ਜਿਉਂ ਦਾ ਤਿਉਂ ਪ੍ਰਾਪਤ ਕੀਤਾ ਗਿਆ ਹੈ ਜਿਹੜਾ ਕਿ ਹੁਣ ਨਿਊਯਾਰਕ ਅਤੇ ਕਾਹਿਰਾ ਦੇ ਅਜਾਇਬ ਘਰਾਂ ਵਿਚ ਵੇਖਿਆ ਜਾ ਸਕਦਾ ਹੈ।

ਸੰਨ 1881 ਵਿਚ ਬਹੁਤ ਸਾਰੇ ਸ਼ਾਹੀ ਆਦਮੀਆਂ ਦੀਆਂ ਮੁੜ ਦਬਾਈਆਂ ਗਈਆਂ ਮੱਮੀਆਂ ਵੀ ਕੱਢੀਆਂ ਗਈਆਂ ਹਨ ਪਰ ਇਨ੍ਹਾਂ ਵਿਚੋਂ ਬਿਲਕੁਲ ਸਹੀ ਸਲਾਮਤ ਮੱਮੀ ਦਫ਼ਨ ਬਾਦਸ਼ਾਹ ਤੂਤਨਖਾਮਨ ਦੀ ਹੀ ਮਿਲੀ ਹੈ।

ਪੱਛਮੀ ਪਾਸੇ ਇਨ੍ਹਾਂ ਕਬਰਾਂ ਨੂੰ ਬਣਾਉਣ ਤੇ ਸਜਾਉਣ ਵਾਲੇ ਕਲਾਕਾਰਾਂ ਤੇ ਕਾਰੀਗਰਾਂ ਦੇ ਘਰ ਪਾਏ ਜਾਂਦੇ ਹਨ।

ਥੀਬਜ ਤੋਂ ਪ੍ਰਾਪਤ ਹੋਈ ਸਮਗੱਰੀ ਤੋਂ ਨਵੀਂ ਬਾਦਸ਼ਾਹਤ ਦੇ ਆਰਥਿਕ ਅਤੇ ਸਮਾਜਿਕ ਇਤਿਹਾਸ ਬਾਰੇ ਵੱਡਮੁੱਲੀ ਜਾਣਕਾਰੀ ਪ੍ਰਾਪਤ ਹੋਈ ਹੈ।

ਹ.ਪੁ.– ਐਨ. ਅਮੇ. 26:622

ਥੀਮਿਸ : ਯੂਨਾਨੀ ਧਰਮ ਅਨੁਸਾਰ ਇਹ ਸਿਆਣਪ ਅਤੇ ਨੇਕ ਸਲਾਹ ਦੀ ਦੇਵੀ ਹੈ। ਇਸ ਨੂੰ ਨਿਆਂ ਦਾ ਸਰੂਪ ਮੰਨਿਆ ਜਾਂਦਾ ਹੈ। ਕੁਝ ਹਵਾਲਿਆਂ ਅਨੁਸਾਰ ਇਹ ਯੂਰੈਨਸ (ਆਕਾਸ ਅਤੇ ਗੀਆ (ਧਰਤੀ) ਦੀ ਧੀ ਸੀ ਭਾਵੇਂ ਕਈ ਸੂਤਰਾਂ ਨੇ ਇਸੇ ਨੂੰ ਗੀਆ ਕਿਹਾ ਹੈ। ਇਹ ਜ਼ੀਅਸ ਦੇਵਤੇ ਦੀ ਦੂਜੀ ਪਤਨੀ ਸੀ। ਕੁਝ ਸੂਤਰਾਂ ਨੇ ਇਸ ਨੂੰ ਜ਼ੀਅਸ ਦੀ ਰਖੇਲ ਜਾਂ ਨੌਕਰਾਣੀ ਵੀ ਲਿਖਿਆ ਹੈ।

ਇਹ ਦੇਵ ਬਾਣੀ ਕਰਦੀ ਹੁੰਦੀ ਸੀ ਅਤੇ ਡੈਲਫੀ ਵਿਖੇ ਇਸ ਕੋਲ ਇਕ ਮੰਚ ਸੀ ਜਿਥੇ ਇਹ ਦੇਵਤਿਆਂ ਤੋਂ ਸੁਆਲ ਪੁੱਛਦੀ ਸੀ ਮਗਰੋਂ ਇਸ ਨੇ ਇਹ ਥਾਂ ਅਪੋਲੋ ਦੇਵਤੇ ਨੂੰ ਦੇ ਦਿੱਤੀ। ਯੂਨਾਨ ਵਿਚ ਥੀਮਿਸ ਦੀ ਬਹੁਤ ਮਾਨਤਾ ਸੀ। ਅਕਸਰ ਇਸ ਨੂੰ ਤਰਾਜੂ ਚੁੱਕੇ ਹੋਏ ਇਕ ਗੰਭੀਰ ਇਸਤਰੀ ਦੇ ਰੂਪ ਵਿਚ ਚਿਤਰਿਆ ਜਾਂਦਾ ਸੀ।

ਹ.ਪੁ. – ਐਨ. ਬ੍ਰਿ. ਮਾ. 9:930; ਐਨ. ਬ੍ਰਿ. 22:53; ਕੋਲ. ਐਨ. 18:331

ਥੀਮਿਸਟੋਕਲੀਜ਼ : ਪੰਜਵੀਂ ਸਦੀ ਦੇ ਪਹਿਲੇ ਅੱਧ ਵਿਚ ਇਹ ਯੂਨਾਨ ਦਾ ਸਭ ਤੋਂ ਯੋਗ ਅਤੇ ਦੂਰਦਰਸ਼ੀ ਸਿਆਸਤਦਾਨ ਅਤੇ ਯੋਧਾ ਹੋਇਆ ਹੈ। ਇਸ ਦਾ ਜਨਮ 514 ਈ. ਪੂ. ਇਕ ਸਾਧਾਰਣ ਪਰਿਵਾਰ ਵਿਚ ਹੋਇਆ।

ਐਥਨਜ਼ ਦੇ ਉੱਘੇ ਜਰਨੈਲ ਮਿਲਟੀਡੀਜ਼ ਦੀ ਮੌਤ ਮਗਰੋਂ ਥੀਮਿਸਟੋਕਲੀਜ਼ ਅਤੇ ਐਰਿਸਟੀਡੀਜ਼ ਦੋਹਾਂ ਨੇ ਉਸਦੀ ਥਾਂ ਲੈਣ ਦਾ ਜਤਨ ਕੀਤਾ ਅਤੇ ਦੋਹਾਂ ਵਿਚ ਦੁਸ਼ਮਣੀ ਵੀ ਬਹੁਤ ਵੱਧ ਗਈ। ਥੀਮਿਸਟੋਕਲੀਜ਼ ਐਥਨਜ਼ ਦੇ ਹਿੱਤਾਂ ਦੀ ਰਾਖੀ ਲਈ ਜਲ ਸੈਨਾ ਨੂੰ ਮਜ਼ਬੂਤ ਕਰਨਾ ਚਾਹੁੰਦਾ ਸੀ ਕਿਉਂਕਿ ਉਸ ਵੇਲੇ ਐਥਨਜ਼ ਨੂੰ ਇਕ ਪਾਸਿਉਂ ਤਾਂ ਇਜਾਈਨਾ ਤੋਂ ਖ਼ਤਰਾ ਸੀ ਅਤੇ ਦੂਜੇ ਪਾਸੇ ਫਾਰਸੀਆਂ ਵੱਲੋਂ ਵੀ ਹਮਲੇ ਦਾ ਪੂਰਾ ਡਰ ਸੀ। ਇਸ ਲਈ ਥੀਮਿਸਟੋਕਲੀਜ਼ ਨੇ ਆਪਣੇ ਦੇਸ਼ ਵਿਚ 200 ਦੇ ਕਰੀਬ ਤਿੰਨ ਪਾਲੀ ਚੱਪੂਆਂ ਵਾਲੇ ਯੂਨਾਨੀ ਜੰਗੀ ਜਹਾਜ਼ ਬਣਾਉਣ ਤੇ ਜ਼ੋਰ ਪਾਇਆ ਅਤੇ ਪਾਈਰੀਅਸ ਦੀਆਂ ਤਿੰਨ ਕੁਦਰਤੀ ਬੰਦਰਗਾਹਾਂ ਨੂੰ ਮਜ਼ਬੂਤ ਕਰਨ ਦਾ ਜਤਨ ਕੀਤਾ।

ਇਹ ਆਪਣੇ ਵਿਰੋਧੀਆਂ ਨੂੰ ਪਿੱਛੇ ਛੱਡਦਾ ਹੋਇਆ ਐਥਨਜ਼ ਦਾ ਸਭ ਤੋਂ ਸ਼ਕਤੀਸ਼ਾਲੀ ਆਦਮੀ ਬਣ ਗਿਆ। ਯੂਨਾਨੀ ਜੰਗੀ ਬੇੜਾ ਭਾਵੇਂ ਨਾਂ ਨੂੰ ਸਪਾਰਟ ਦੇ ਯੁਰਬਾਈਸਾਡੀਜ਼ ਦੇ ਕਬਜ਼ੇ ਵਿਚ ਸੀ ਪਰ ਥੀਮਿਸਟੋਕਲੀਜ਼ ਨੇ ਉਸ ਨੂੰ ਆਪਣੀ ਇੱਛਾ ਅਨੁਸਾਰ ਵਰਤਿਆ। ਐਥਨਜ਼ ਨੂੰ ਬਾਹਰੀ ਹਮਲਿਆਂ ਤੋਂ ਬਚਾਉਣ ਲਈ ਸਪਾਰਟਾ ਦੀ ਮੁਖ਼ਾਲਫ਼ਤ ਦੇ ਬਾਵਜੂਦ ਇਸ ਨੇ ਐਥਨਜ਼ ਦੇ ਦੁਆਲੇ ਉੱਚੀਆਂ-ਉੱਚੀਆਂ ਕੰਧਾਂ ਦੀ ਉਸਾਰੀ ਕਰਵਾਈ। ਐਥਨਜ਼ ਦੇ ਬਾਵਜੂਦ ਇਸ ਨੇ ਐਥਨਜ਼ ਦੀ ਕਿਲੇਬੰਦੀ ਦੀ ਯੋਜਨਾ ਅਤੇ ਪਾਈਰੀਅਸ ਨੂੰ ਬੰਦਰਗਾਹ ਬਣਾਉਣ ਦੀ ਸਕੀਮ ਤੇ ਅਮਲ ਕੀਤਾ ਗਿਆ। ਐਥਨਜ਼ ਯੂਨਾਨ ਵਿਚ ਵਪਾਰ ਦਾ ਇਕ ਉੱਘਾ ਕੇਂਦਰ ਬਣ ਗਿਆ। ਇਸ ਵੱਲੋਂ ਚੁੰਗੀ ਕਰ ਦੀ ਮੁਕਤੀ ਕਰਨ ਨਾਲ ਬਹੁਤ ਸਾਰੇ ਬਦੇਸ਼ੀ ਵਪਾਰੀ ਐਥਨਜ਼ ਵਿਚ ਆ ਕੇ ਵਸ ਗਏ।

ਈਰਾਨੀ ਹਮਲਿਆਂ ਤੋਂ ਪਿੱਛੋਂ ਐਥਨਜ਼ ਨੂੰ ਬਚਾਉਣ ਲਈ ਥੀਮਿਸਟੋਕਲੀਜ਼ ਅਤੇ ਐਰਿਸਟੀਡੀਜ਼ ਨੇ ਆਪਣੀ ਨਿੱਜੀ ਦੁਸ਼ਮਣੀ ਨੂੰ ਛੱਡ ਦਿੱਤਾ। ਥੀਮਿਸਟੋਕਲੀਜ਼ ਨੇ ਲੋਕਾਂ ਤੋਂ ਰਿਸ਼ਵਤ ਲੈ ਕੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਇੰਜ ਲੋਕਾਂ ਵਿਚ ਇਸ ਦਾ ਵਿਸ਼ਵਾਸ ਘਟਣ ਲਗ ਪਿਆ। 476-471 ਈ. ਪੂ. ਦੌਰਾਨ ਇਸ ਨੂੰ ਦੇਸ਼ ਨਿਕਾਲਾ ਵੀ ਦਿੱਤਾ ਗਿਆ। ਇਸ ਸਮੇਂ ਇਹ ਏਸ਼ੀਆ ਮਾਈਨਰ ਵਿਚ ਚਲਾ ਗਿਆ ਅਤੇ ਐਥਨਜ਼ ਵਿਚ ਇਸ ਨੂੰ 'ਗਦਾਰ' ਕਰਾਰ ਦਿੱਤਾ ਗਿਆ। ਏਸ਼ੀਆ ਮਾਈਨਰ ਵਿਚ ਫ਼ਾਰਸੀਆਂ ਨੇ ਇਸ ਦਾ ਨਿੱਘਾ ਸਵਾਗਤ ਕੀਤਾ ਅਤੇ ਇਸ ਨੂੰ ਮੈਗਨੀਸ਼ੀਆ ਵਿਚ ਰਹਿਣ ਦੀ ਇਜਾਜ਼ਤ ਦੇ ਦਿੱਤੀ।

449 ਈ. ਪੂ. ਮੈਗਨੀਸ਼ੀਆ ਵਿਖੇ 65 ਸਾਲ ਦੀ ਉਮਰ ਵਿਚ ਇਸ ਦੀ ਮੌਤ ਹੋ ਗਈ। ਸ਼ਹਿਰ ਦੇ ਲੋਕਾਂ ਨੇ ਇਸ ਦੀ ਇਕ ਸੁੰਦਰ ਯਾਦਗਾਰ ਬਣਵਾਈ। ਇਥੋਂ ਦੇ ਲੋਕਾਂ ਨੇ ਇਸ ਨੂੰ 'ਦੇਵਤੇ'ਦਾ ਦਰਜਾ ਦਿੱਤਾ।

ਹ.ਪੁ.–ਐਨ.ਬ੍ਰਿ. 22:53

ਥੀਰੀਆ : ਇਹ ਥਣਧਾਰੀ ਪ੍ਰਾਣੀਆਂ ਦੀ ਮੈਮੇਲੀਆ ਸ਼੍ਰੇਣੀ ਦੀ ਇਕ ਉਪ-ਸ਼੍ਰੇਣੀ ਹੈ ਜਿਸ ਵਿਚ ਸ਼ਿਸ਼ੂਦਾਨੀ ਪ੍ਰਾਣੀ, ਇਨਫ਼੍ਰਾ ਸ਼੍ਰੇਣੀ ਮੈਟਾਥੀਰੀਆ, ਵਰਗ ਮਾਰਸੂਪੀਐਲੀਆ ਅਤੇ ਔਲ ਵਾਲੇ ਥਣਧਾਰੀ ਪ੍ਰਾਣੀ, ਇਨਫ਼੍ਰਾ ਸ਼੍ਰੇਣੀ ਯੂਥੀਰੀਆ, ਸ਼ਾਮਲ ਕੀਤੇ ਗਏ ਹਨ। ਇਕ ਲੁਪਤ ਹੋ ਚੁਕੀ ਇਨਫ਼੍ਰਾ ਸ਼੍ਰੇਣੀ ਕਾਈਟਿਊਬਰਕੁਲੇਟਾ ਵਿਚ ਦੋ ਵਰਗ ਆਉਂਦੇ ਹਨ :- ਸਿਮਿਟਰੋਡਾਂਟਾ ਅਤੇ ਪੈਂਟੋਥੀਰੀਆ।

ਮੈਕ.ਐਨ.ਸ.ਟ. ਅਨੁਸਾਰ ਇਸ ਦੀਆਂ ਤਿੰਨ ਇਨਫ਼੍ਰਾ ਸ਼੍ਰੇਣੀਆਂ ਪੈਂਟੋਥੀਰੀਆ, ਮੈਟਾਥੀਰੀਆ ਅਤੇ ਯੂਥੀਰੀਆ ਹਨ।


ਥੀਰੀਆ ਟ੍ਰਾਈਐਸਿਕ ਯੁਗ ਦੇ ਥਣਧਾਰੀਆਂ ਵਰਗੇ ਰੀਂਗਣੇਂ ਪ੍ਰਾਣੀਆਂ ਵਿਚੋਂ ਨਿਕਲਿਆ ਇਕ ਪ੍ਰਫੁੱਲਤ ਵੰਸ਼ ਹੈ, ਪਰ ਇਸ ਦੀਆਂ ਤਿੰਨੋਂ ਇਨਫ਼੍ਰਾ ਸ਼੍ਰੇਣੀਆਂ ਇਕੋ ਸਮੇਂ ਦੀਆਂ ਨਹੀਂ ਹਨ। ਪੈਂਟੋਥੀਰੀਅਨ ਥਣਧਾਰੀਆਂ ਵਰਗੇ ਰੀਂਗਣੇ ਪ੍ਰਾਣੀਆਂ ਤੋਂ ਸਿੱਧੇ ਨਿਕਲੇ ਹਨ ਅਤੇ ਮੈਟਾਥੀਰੀਆ ਅਤੇ ਯੂਥੀਰੀਆ ਅਗੋਂ ਜੂਰੈਸਿਕ ਅਤੇ ਕ੍ਰੀਟੇਸ਼ਸ ਯੁਗਾਂ ਵਿਚ ਪੈਂਟੋਥੀਰੀਆ ਵਿਚੋਂ ਨਿਕਲੀਆਂ ਹਨ।

ਇਸ ਉਪ-ਸ਼੍ਰੇਣੀ ਦੇ ਥਣਧਾਰੀਆਂ ਦੀ ਖ਼ਾਸੀਅਤ ਇਨ੍ਹਾਂ ਦੇ ਮੋਲਰ ਦੰਦਾਂ ਦੀ ਦੰਦ ਬਣਤਰ ਦਾ ਇਕ ਵੱਖਰਾ ਹੀ ਇਤਿਹਾਸ ਹੈ। ਪਥਰਾਟਾਂ ਤੋਂ ਪਤਾ ਲਗਦਾ ਹੈ ਕਿ ਇਨ੍ਹਾਂ ਵਿਚ ਉੱਪਰਲੇ ਮੋਲਰ ਦੰਦ ਇਕ ਤਿਕੋਨ ਵਿਚ ਸਥਿਤ ਹੁੰਦੇ ਹਨ (ਹੋਰ ਵਿਸਥਾਰ ਲਈ ਵੇਖੋ ਥਣਧਾਰੀ ਪ੍ਰਾਣੀ)।

ਹ.ਪੁ.–ਮੈਕ. ਐਨ. ਸ.ਟ. 13: 567; ਐਨ. ਬ੍ਰਿ. ਮਾ. 9:945

ਥੀਲਰ, ਮੈਕਸ : ਇਸ ਵਿਗਿਆਨੀ ਦਾ ਜਨਮ ਦੱਖਣੀ ਅਫ਼ਰੀਕਾ ਵਿਚ, ਪਰੀਟੋਰੀਆ ਵਿਖੇ, 30 ਜਨਵਰੀ, 1899 ਨੂੰ ਹੋਇਆ। ਇਸ ਨੇ 1951 ਈ. ਦਾ ਸਰੀਰ-ਕਿਰਿਆ ਵਿਗਿਆਨ (ਡਾਕਟਰੀ) ਦਾ ਨੋਬਲ ਪੁਰਸਕਾਰ ਹਾਸਲ ਕੀਤਾ। ਇਸ ਨੂੰ ਇਹ ਪੁਰਸਕਾਰ 'ਯੈਲੋ ਫ਼ੀਵਰ' ਉੱਤੇ ਖੋਜ ਕਾਰਨ ਮਿਲਿਆ। ਥੀਲਰ ਦੀ ਖੋਜ, ਕਿ ਚੂਹਿਆਂ ਨੂੰ ਯੈਲੋ ਫ਼ੀਵਰ ਹੋ ਜਾਂਦਾ ਹੈ, ਦੇ ਸਿੱਟੇ ਵਜੋਂ ਮਨੁੱਖਾਂ ਲਈ ਇਕ ਟੀਕਾ ਤਿਆਰ ਕੀਤਾ ਗਿਆ ਜੋ ਇਸ ਬੀਮਾਰੀ ਨੂੰ ਰੋਕਦਾ ਸੀ।

ਇਸ ਨੇ ਮੁੱਢਲੀ ਵਿੱਦਿਆ ਦੱਖਣੀ ਅਫ਼ਰੀਕਾ ਅਤੇ ਸਵਿਟਜ਼ਰਲੈਂਡ ਤੋਂ ਹਾਸਲ ਕੀਤੀ। ਡਾਕਟਰੀ ਦੀ ਟ੍ਰੇਨਿੰਗ ਲੰਡਨ ਦੇ ਸੇਂਟ ਟਾਮਸ ਹਸਪਤਾਲ. ਤੋਂ ਅਤੇ ਲੰਡਨ ਸਕੂਲ ਆਫ਼ ਹਾਈਜੀਨ ਐਂਡ ਟ੍ਰਾਪੀਕਲ ਮੈਡੀਸਨ ਤੋਂ 1922 ਈ. ਵਿਚ ਡਾਕਟਰੀ ਦੀ ਡਿਗਰੀ ਪ੍ਰਾਪਤ ਕੀਤੀ। ਉਸ ਨਾਲ ਇਹ ਹਾਰਵਰਡ ਮੈਡੀਕਲ



ਮੈਕਸ ਥੀਲਰ

ਸਕੂਲ, ਬਾਸਟਨ ਦੇ ਊਸ਼ਣ-ਖੰਡੀ ਡਾਕਟਰੀ ਵਿਭਾਗ ਵਿਚ ਦਾਖ਼ਲ ਹੋ ਗਿਆ। ਉਥੇ ਇਸ ਨੇ ਯੈਲੋ ਫ਼ੀਵਰ ਅਤੇ ਹੋਰ ਛੂਤ ਦੀਆਂ ਬੀਮਾਰੀਆਂ ਬਾਰੇ ਅਧਿਐਨ ਕੀਤੇ ਜਿਸ ਨਾਲ ਵਿਸ਼ਾਣੂ ਦੀ ਪ੍ਰਵਿਰਤੀ ਘਟਾਉਣ ਲਈ ਪਹਿਲਾ ਵਿਕਾਸ ਹੋਇਆ। ਸੰਨ 1930 ਤੋਂ 1964 ਤਕ ਥੀਲਰ ਨੇ ਆਪਣੀ ਖੋਜ ਨਿਊਯਾਰਕ ਸ਼ਹਿਰ ਵਿਖੇ ਰਾੱਕਫੈਲਰ ਇੰਸਟੀਚਿਊਟ ਫ਼ਾਰ ਮੈਡੀਕਲ ਰਿਸਰਚ (ਹੁਣ ਰਾੱਕਫੈਲਰ ਯੂਨੀਵਰਸਿਟੀ) ਵਿਚ ਜਾਰੀ ਰਖੀ। ਇਥੇ ਇਸ ਨੇ ਆਪਣੇ ਸਹਿਯੋਗੀਆਂ ਨਾਲ ਬਿਹਤਰ ਟੀਕਾ (17-ਡੀ) ਤਿਆਰ ਕੀਤਾ ਜਿਹੜਾ ਕਿ ਯੈਲੋ ਫ਼ੀਵਰ ਵਿਰੁੱਧ ਮਨੁੱਖੀ ਸੁਰੱਖਿਆ ਲਈ ਕਾਫ਼ੀ ਜ਼ਿਆਦਾ ਵਰਤਿਆ ਗਿਆ।

11 ਅਗਸਤ, 1972 ਨੂੰ ਨਿਊ ਹੈਵਨ, ਕਨੈਕਟੀਕਟ ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ.–ਐਨ.ਬ੍ਰਿ. ਮਾ. 9 : 929

ਥੀਲੋਡਸ : ਇਹ ਜਬਾੜ੍ਹਾ ਰਹਿਤ ਰੀੜ੍ਹਧਾਰੀਆਂ ਦੀ ਇਕ ਪੂਰਵਜ ਅਤੇ ਲੁਪਤ ਹੋ ਚੁੱਕੀ ਪ੍ਰਜਾਤੀ ਹੈ ਜਿਸ ਦਾ ਪਤਾ ਯੂਰਪ ਅਤੇ ਉੱਤਰੀ ਅਮਰੀਕਾ ਦੀਆਂ ਸਿਲੂਰੀਅਨ ਸਮੇਂ ਦੀਆਂ ਚਟਾਨਾਂ ਦੇ ਬੈਡਿੰਗ ਪਲੇਨਜ਼ ਉੱਤੇ ਪਏ ਹੋਏ ਨਿਸ਼ਾਨਾਂ ਤੋਂ ਲਗਦਾ ਹੈ। ਇਹ ਪ੍ਰਜਾਤੀ ਅਗਲੇਰੇ ਡੀਵੋਨੀਅਨ ਯੁਗ ਤਕ ਜੀਉਂਦੀ ਰਹੀ।

ਥੀਲੋਡਸ ਅਤੇ ਇਸ ਦੇ ਨਜ਼ਦੀਕੀ ਸਬੰਧੀਆਂ ਸੀਲੋਲੈਪਿਡਾਂ ਦੀ ਬਣਤਰ ਬਾਰੇ ਬਹੁਤ ਘੱਟ ਗਿਆਨ ਪ੍ਰਾਪਤ ਹੋ ਸਕਿਆ ਹੈ, ਪਰ ਕਿਆਸ ਕੀਤਾ ਜਾਂਦਾ ਹੈ ਕਿ ਇਨ੍ਹਾਂ ਦਾ ਸਰੀਰ ਛੋਟੀਆਂ ਛੋਟੀਆਂ ਹੱਡਲ, ਦੰਦਾਂ ਵਰਗੀਆਂ ਬਣਤਰਾਂ ਨਾਲ ਢਕਿਆ ਹੁੰਦਾ ਸੀ। ਥੀਲੋਡਸ ਆਪਣੇ ਸਮੇਂ ਦੇ ਹੋਰ ਪ੍ਰਾਣੀਆਂ (ਜਿਨ੍ਹਾਂ ਦਾ ਸਰੀਰ ਮੋਟੇ ਹੱਡਲ ਪਿੰਜਰ ਵਿਚ ਢਕਿਆ ਸੀ) ਤੋਂ ਜ਼ਿਆਦਾ ਫੁਰਤੀਲੇ ਸਨ।

ਹ.ਪੁ.– ਐਨ. ਬ੍ਰਿ. ਮਾ. 9 : 930

ਬੁਗੁਟ, ਜਾਨ ਅਮੇਡੀਅਸ : ਆਸਟ੍ਰੀਆ ਦੇ ਇਸ ਉੱਘੇ ਨੀਤੀਵਾਨ ਦਾ ਜਨਮ 24 ਮਈ, 1736 ਨੂੰ ਲਿੰਟਸ ਵਿਖੇ ਹੋਇਆ।

ਸੰਨ 1769 ਵਿਚ ਇਹ ਕੁਸਤੁਨਤੁਨੀਆ ਵਿਖੇ ਰਾਜਦੂਤਕ ਪ੍ਰਤਿਨਿਧ ਨਿਯੁਕਤ ਹੋਇਆ ਅਤੇ ਇਸ ਨੇ ਪੋਲੈਂਡ ਦੀ ਪਹਿਲੀ ਵੰਡ ਦੇ ਸਿਲਸਿਲੇ ਵਿਚ ਚਲ ਰਹੀ ਗੱਲਬਾਤ ਦੌਰਾਨ ਤੁਰਕੀਆਂ ਕੋਲੋਂ ਧਨ ਦੀ ਗਰਾਂਟ ਅਤੇ ਲਿਟਲ ਵਾੱਲੇਕੀਆ ਦਾ ਖੇਤਰ ਪ੍ਰਾਪਤ ਕਰਨ ਸਬੰਧੀ ਇਕਰਾਰ ਕਰਵਾਇਆ। ਸੰਨ 1771 ਵਿਚ ਇਸ ਨੂੰ ਸਰਦਾਰੀ ਮਿਲੀ ਅਤੇ ਨਾਲ ਹੀ ਕੁਸਤੁਨਤੁਨੀਆ ਵਿਖੇ ਉਸਮਾਨ ਸਰਕਾਰ ਵਿਚ ਰਾਜਦੂਤ ਬਣਾਇਆ ਗਿਆ। ਇਸ ਦੌਰਾਨ ਇਸਨੇ ਸ਼ਹਿਜ਼ਾਦਾ ਕਾਊਨਿਟਸ ਦੀ ਅਗਵਾਈ ਹੇਠ ਪੋਲੈਂਡ ਅਤੇ ਤੁਰਕੀ ਵਿਚ ਆਸਟ੍ਰੀਆ ਦੇ ਸਫਾਰਤੀ ਮਾਮਲਿਆਂ ਨੂੰ ਸੰਭਾਲਿਆ।

ਸੰਨ 1775 ਤੋਂ ਬਾਅਦ ਇਸ ਨੇ ਫ਼ਰਾਂਸ ਅਤੇ ਇਟਲੀ ਦੀ ਯਾਤਰਾ ਕੀਤੀ ਅਤੇ 1778 ਈ. ਵਿਚ ਇਸ ਨੇ ਮਾਰੀਆ ਥੇਰੇਸਾ ਅਤੇ ਫ੍ਰੈਡਰਿਕ ਦੀ ਗ੍ਰੇਟ ਦੀ ਗੱਲ-ਬਾਤ ਕਰਾਉਣ ਵਿਚ ਇਕ ਵਿਚੋਲੇ ਵਜੋਂ ਕੰਮ ਕੀਤਾ। ਸੰਨ 1780 ਵਿਚ ਇਹ ਆਸਟ੍ਰੀਆ ਦੇ ਰਾਜਦੂਤ ਦੇ ਤੌਰ ਤੇ ਵਾਰਸਾ ਗਿਆ ਪਰ 1783 ਈ. ਵਿਚ ਇਹ ਸਰਕਾਰੀ ਕੰਮਾਂ ਤੋਂ ਛੁੱਟੀ ਲੈ ਕੇ ਪੈਰਿਸ ਚਲਾ ਗਿਆ। ਇਥੇ ਇਸ ਨੇ ਚਾਰ ਸਾਲ ਦੇ ਕਰੀਬ ਬਿਤਾਏ ਅਤੇ ਇਨਕਲਾਬੀ ਨੇਤਾਵਾਂ ਨਾਲ ਜਾਣ ਪਛਾਣ ਕੀਤੀ।

ਸੰਨ 1787 ਤੋਂ 1789 ਦੌਰਾਨ ਨੇਪਲਜ਼ ਵਿਚ ਮੰਤਰੀ ਦੇ ਅਹੁੱਦੇ ਤੇ ਰਿਹਾ। ਸੰਨ 1790 ਵਿਚ ਬਾਦਸ਼ਾਹ ਜੋਜ਼ਫ ਦੂਜੇ ਦੇ ਆਦੇਸ਼ ਮੁਤਾਬਕ ਕਮਿਸ਼ਨਰ ਦੇ ਤੌਰ ਤੇ ਬੁਖਾਰੈਸਟ ਆਇਆ ਤਾਂ ਕਿ ਤੁਰਕੀਆਂ ਨਾਲ ਦੋਸਤੀ ਸਥਾਪਿਤ ਕਰਨ ਲਈ ਗੱਲਬਾਤ ਹੋ ਸਕੇ। ਸੰਨ 1792 ਵਿਚ ਫ਼ਰਾਂਸ ਉਪਰ ਹਮਲਾ ਕਰਨ ਵਾਲੀਆਂ ਇਤਹਾਦੀ ਫ਼ੌਜਾਂ ਦਾ ਇਹ ਸਹਿਯੋਗੀ ਡਿਪਲੋਮੈਟਿਕ ਏਜੰਟ ਬਣਿਆ। 25 ਮਾਰਚ, 1793 ਵਿਚ ਬਦੇਸ਼ੀ ਮਾਮਲਿਆਂ ਦਾ ਡਾਇਰੈਕਟਰ ਅਤੇ 1794 ਈ. ਵਿਚ ਕਾਊਨਿਟਸ ਦੀ ਮੌਤ ਮਗਰੋਂ ਚਾਂਸਲਰ ਬਣਿਆ।

ਸੰਨ 1793-1800 ਦੌਰਾਨ ਇਸ ਦੁਆਰਾ ਅਪਣਾਈ ਗਈ ਸਵਾਰਥੀ ਬਦੇਸ਼ੀ ਨੀਤੀ ਦਾ ਆਸਟ੍ਰੀਆ ਦੇ ਦੂਜੇ ਇਤਹਾਦੀ ਦੇਸ਼ਾਂ ਨੇ ਵਿਰੋਧ ਕੀਤਾ। ਸੰਨ 1796-97 ਵਿਚ ਇਟਲੀ ਵਿਚ ਆਸਟ੍ਰੀਆਈ ਫ਼ੌਜਾਂ ਦੀ ਹਾਰ ਹੋਈ ਅਤੇ ਕਾਂਪੋਫੋਰਮੀਓ ਦਾ ਸਮਝੌਤਾ ਹੋਇਆ। ਆਸਟ੍ਰੀਆ ਵਿਚ ਦੂਜੀ ਰਾਜਨੀਤਕ ਪਾਰਟੀ ਤਾਕਤ ਵਿਚ ਆ ਗਈ ਅਤੇ ਉਸ ਨੇ ਫ਼ਰਾਂਸ ਨਾਲ ਮਿਲ ਕੇ ਇਸ ਨੂੰ ਲੜਾਈ ਦੇ ਨੁਕਸਾਨ ਦਾ ਜ਼ਿੰਮੇਵਾਰ ਕਰਾਰ ਦਿੱਤਾ ਜਿਸ ਨਾਲ ਇਸ ਦੇ ਤਿਆਗ-ਪੱਤਰ ਦੀ ਮੰਗ ਕੀਤੀ ਗਈ। 3 ਦਸੰਬਰ, 1800 ਵਿਚ ਹੋਅਨਲਿੰਡਨ ਦੀ ਲੜਾਈ ਹੋਈ ਜਿਸ ਨਾਲ ਹਾਲਾਤ ਇਸ ਦੇ ਹੋਰ ਵੀ ਵਿਰੁੱਧ ਹੋ ਗਏ ਅਤੇ ਇਹ ਸੇਵਾ ਮੁਕਤ ਹੋ ਕੇ ਵੀਆਨਾ ਛੱਡ ਕੇ ਪਰੈਸਬੁਰਕ ਚਲਾ ਗਿਆ ਪਰ ਬਾਅਦ ਵਿਚ ਵਾਪਸ ਵੀਆਨਾ ਪਰਤ ਆਇਆ।

28 ਮਈ, 1818 ਵਿਚ ਵੀਆਨਾ ਵਿਖੇ ਹੀ ਇਸ ਦੀ ਮੌਤ ਹੋ ਗਈ।

ਹ.ਪ੍ਰ.- ਐਨ.ਬ੍ਰਿ. 22:167

ਥੁਟਮੋਸ (ਪਹਿਲਾ) : ਇਹ ਮਿਸਰ ਦੇ ਅਠਾਰ੍ਹਵੇਂ ਖਾਨਦਾਨ ਦਾ ਇਕ ਬਾਦਸ਼ਾਹ ਸੀ ਜਿਸ ਨੇ ਲਗਭਗ 1525 ਈ.ਪੂ. ਤੋਂ 1512 ਈ.ਪੂ. ਤਕ ਰਾਜ ਕੀਤਾ ਅਤੇ ਮਿਸਰ ਸਾਮਰਾਜ ਦੀਆਂ ਹੱਦਾਂ ਨੂੰ ਨਿਊਬੀਆ ਅਤੇ ਸੀਰੀਆ ਦੇ ਧੁਰ ਅੰਦਰ ਤਕ ਵਧਾਇਆ।

ਭਾਵੇਂ ਇਸ ਦੀ ਮਾਂ ਕਿਸੇ ਸ਼ਾਹੀ ਘਰਾਣੇ ਨਾਲ ਸਬੰਧਤ ਨਹੀਂ ਸੀ ਪਰ ਇਸ ਨੇ ਆਪਣੀ ਤਖ਼ਤ-ਨਸ਼ੀਨੀ ਤੋਂ ਸ਼ਾਇਦ ਥੋੜ੍ਹਾ ਚਿਰ ਪਹਿਲਾਂ ਆਪਣੇ ਇਕ ਪੂਰਵ-ਅਧਿਕਾਰੀ ਦੀ ਰਾਜ ਕੁਮਾਰੀ ਨਾਲ ਵਿਆਹ ਕਰਵਾ ਕੇ ਰਾਜਗੱਦੀ ਪ੍ਰਤਿ ਆਪਣੇ ਦਾਅਵੇ ਨੂੰ ਹੋਰ ਮਜ਼ਬੂਤ ਕਰ ਲਿਆ। ਥੀਬਜ਼ ਵਿਖੇ ਮਿਲੇ ਇਕ ਛੋਟੇ ਜਿਹੇ ਗਿਰਜੇ 'ਚੋਂ ਪ੍ਰਮਾਣਿਤ ਹੁੰਦਾ ਹੈ ਕਿ ਸੰਭਵ ਹੈ ਕਿ ਇਸ ਨੇ ਆਪਣੇ ਇਕ ਪੂਰਵ ਅਧਿਕਾਰੀ ਨਾਲ ਕੁਝ ਸਮੇਂ ਲਈ ਇਕ ਸਹਿ-ਰੀਜੈਂਟ ਦੇ ਤੌਰ ਤੇ ਕੰਮ ਕੀਤਾ ਹੋਵੇ। ਰਾਜਗੱਦੀ ਤੇ ਬੈਠਣ ਵਾਲੇ ਦਿਨ ਇਸ ਨੇ ਆਪਣੀ ਤਾਜਪੋਸ਼ੀ ਬਾਰੇ ਨਿਊਬੀਆ ਦੇ ਵਾਇਸਰਾਇ ਨੂੰ ਵੀ ਇਕ ਚਿੱਠੀ ਰਾਹੀਂ ਸੂਚਿਤ ਕੀਤਾ।

ਆਪਣੇ ਰਾਜ ਦੇ ਦੂਸਰੇ ਸਾਲ ਇਸ ਨੇ ਆਪਣੇ ਪੂਰਵ ਅਧਿਕਾਰੀ ਦੀਆਂ ਹੱਦਾਂ ਤੋਂ ਵੀ ਅੱਗੇ ਨਿਊਬੀਆ ਦੇ ਅੰਦਰਲੇ ਹਿੱਸਿਆਂ ਵੱਲ ਨੂੰ ਇਕ ਦਰਿਆਈ ਮੁਹਿੰਮ ਦੀ ਅਗਵਾਈ ਕੀਤੀ। ਜਿਵੇਂ ਕਿ ਰਾਹ ਵਿਚ ਉੱਕਰੇ ਹੋਏ ਸ਼ਿਲਾਲੇਖਾਂ ਤੋਂ ਪਤਾ ਲਗਦਾ ਹੈ ਕਿ ਫੋਰਥ ਨਾਈਲ ਕੈਟਰੈਕਟ ਦੇ ਨੇੜਿਓਂ ਅਗਲੇ ਇਲਾਕੇ ਵਿਚ ਜਾ ਦਾਖ਼ਲ ਹੋਇਆ ਅਤੇ ਕਾਨਿਸਾ ਕੁਰਗੁਸ ਵਿਖੇ ਇਕ ਨਵੀਂ ਹੱਦ ਸਥਾਪਿਤ ਕੀਤੀ। ਨਿਊਬੀਆ ਵਿਚ ਦੂਰ ਤਕ ਜਾਣ ਦੇ ਕਾਰਨਾਂ ਵਿਚੋਂ ਇਕ ਤਾਂ ਇਥੋਂ ਦੇ ਸੋਨੇ ਦੇ ਕੀਮਤੀ ਭੰਡਾਰ ਸਨ ਜਿਨ੍ਹਾਂ ਦੀ 18ਵੇਂ ਖਾਨਦਾਨ ਦੇ ਰਾਜਕਾਲ ਦੌਰਾਨ ਪੂਰੀ ਤਰ੍ਹਾਂ ਵਰਤੋਂ ਕੀਤੀ ਗਈ। ਦੂਜਾ ਕਾਰਨ ਇਹ ਸੀ ਕਿ ਥਰਡ ਕੈਟਰੈਕਟ ਦੇ ਨੇੜੇ ਹੀ ਇਕ ਵਿਰੋਧੀ ਤਾਕਤ ਕੁਸ਼ ਸਲਤਨਤ ਇਕੱਠੀ ਹੋ ਚੁੱਕੀ ਸੀ ਜਿਸ ਨੇ 17ਵੇਂ ਖਾਨਦਾਨ ਦੇ ਰਾਜ-ਕਾਲ ਦੌਰਾਨ ਮਿਸਰ ਨੂੰ ਗੰਭੀਰ ਰੂਪ ਵਿਚ ਖਤਰੇ ਪਾਈ ਰੱਖਿਆ ਸੀ।

ਨਿਊਬੀਆ ਦੇ ਯੁੱਧ ਤੋਂ ਬਾਅਦ ਇਹ ਹਿਕਸਾਸਾਂ ਦਾ ਪਿੱਛਾ ਕਰਦਾ-ਕਰਦਾ ਸੀਰੀਆ ਵਿਚ ਕਾਰਕੀਮਿਸ਼ ਦੇ ਨੇੜਿਓਂ ਫ਼ਰਾਤ ਦਰਿਆ ਤਕ ਪੁੱਜ ਗਿਆ। ਨਿਊਬੀਆ ਦੀ ਇਕ ਪਾਠ-ਪੁਸਤਕ ਵਿਚ ਜ਼ਿਕਰ ਆਇਆ ਹੈ ਕਿ ਸੀਰੀਆ ਦੇ ਹਮਲੇ ਤੋਂ ਪਹਿਲਾਂ ਹੀ ਥੁਟਮੋਸ ਨੇ ਫ਼ਰਾਤ ਦਰਿਆ ਨੂੰ ਆਪਣੇ ਰਾਜ ਦੀ ਹੱਦ ਮੰਨਣ ਦਾ ਦਾਅਵਾ ਕੀਤਾ ਸੀ। ਭਾਵੇਂ ਪਹਿਲੀਆਂ ਮੁਹਿੰਮਾਂ ਬਾਰੇ ਕੋਈ ਹਵਾਲਾ ਨਹੀਂ ਮਿਲਦਾ ਫਿਰ ਵੀ ਨਿਊਬੀਆ ਦੀਆਂ ਪਾਠ-ਪੁਸਤਕਾਂ ਤੋਂ ਇਹ ਸੰਕੇਤ ਮਿਲਦਾ ਹੈ ਕਿ ਸੀਰੀਆ ਦੇ ਧੁਰ ਅੰਦਰ ਵੱਲ ਨੂੰ ਪ੍ਰਵੇਸ਼ ਪਹਿਲਾਂ ਹੀ ਹੋ ਚੁੱਕਿਆ ਸੀ।

ਮਿਸਰ ਦੇ ਅੰਦਰਵਾਰ ਥੀਬਜ਼ ਵਿਖੇ ਮੱਧ ਕਾਲੀ ਸਲਤਨਤ ਦੇ ਬਣੇ ਹੋਏ ਐਮਨ ਮੰਦਰ ਨੂੰ ਨਵੇਂ ਸਿਰਿਓਂ ਪੂਰੀ ਤਰ੍ਹਾਂ ਮੁਰੰਮਤ ਕਰਵਾਇਆ। ਇਸ ਨੇ ਇਸ ਦੇ ਦੁਆਲੇ ਇਕ ਕੰਧ ਕਰਵਾ ਦਿੱਤੀ ਅਤੇ ਪੱਛਮੀ ਸਿਰੇ ਤੇ ਦੋ ਮੁੱਖ-ਦੁਆਰ ਬਣਵਾ ਕੇ ਵਿਚਕਾਰ ਛੋਟੇ-ਛੋਟੇ ਥੰਮ੍ਹਾਂ ਵਾਲਾ ਇਕ ਹਾਲ ਬਣਵਾਇਆ। ਬਾਹਰਲੇ ਮੁੱਖ-ਦੁਆਰ ਅੱਗੇ ਦੋ ਸ਼ੰਕ ਰੂਪੀ ਮੀਨਾਰ ਵੀ ਲਗਵਾਏ। ਥੁਟਮੋਸ ਨੇ ਧੁਰਈ ਮੰਦਰ ਦਾ ਨਿਰਮਾਣ ਕਰਵਾਇਆ।

ਇਸ ਦੇ ਦੋ ਯੁਵਰਾਜ ਸਨ ਜਿਨ੍ਹਾਂ ਦੀ ਮੌਤ ਇਸ ਦੀ ਮੌਤ ਤੋਂ ਪਹਿਲਾਂ ਹੀ ਹੋ ਗਈ ਸੀ। ਦੋਹਾਂ ਯੁਵਰਾਜਾਂ ਵਿਚੋਂ ਇਕ ਫ਼ੌਜਾਂ ਦਾ ਕਮਾਂਡਰ ਵੀ ਬਣਿਆ ਅਤੇ ਉਸ ਨੂੰ ਆਧੁਨਿਕ ਕਾਹਿਰਾ ਦੇ ਨੇੜੇ ਪੈਂਦੇ ਮੈਮਫਸ ਸ਼ਹਿਰ ਦੀ ਕਮਾਨ ਦਿੱਤੀ ਗਈ। ਇਹੀ ਸ਼ਹਿਰ ਮਗਰੋਂ ਨਵੀਂ ਸਲਤਨਤ ਵਿਚ ਫ਼ੌਜੀ ਕਾਰਵਾਈਆਂ ਦਾ ਕੇਂਦਰ ਬਣ ਗਿਆ।

ਥੁਟਮੋਸ ਉਹ ਪਹਿਲਾ ਬਾਦਸ਼ਾਹ ਸੀ ਜਿਸ ਨੇ ਥੀਬਜ਼ ਵਿਖੇ ਮਹਾਰਾਜਿਆਂ ਦੀਆਂ ਵਾਦੀਆਂ ਵਿਚ ਆਪਣਾ ਮਕਬਰਾ ਬਣ-ਵਾਇਆ ਸੀ। ਇਸ ਨੇ ਹੀ ਪੱਛਮੀ ਥੀਬਜ਼ ਵਿਚ ਦਰ ਐੱਲ ਮਦੀਨਾ ਵਿਖੇ ਕਬਰਸਤਾਨ ਵਿਚ ਕੰਮ ਕਰਨ ਵਾਲੇ ਕਾਮਿਆਂ ਲਈ ਇਕ

ਪਿੰਡ ਬਣਵਾਇਆ ਸੀ। ਇਸ ਦੇ ਰਾਜ ਕਾਲ ਬਾਰੇ ਪ੍ਰਮਾਣਕ ਤੌਰ ਤੇ ਕੁਝ ਨਹੀਂ ਕਿਹਾ ਜਾ ਸਕਦਾ।

ਹ.ਪੁ. -ਐਨ. ਬ੍ਰਿ. ਮਾ. 11 : 747

ਬੁਟਮੋਸ (ਦੂਜਾ) : ਇਹ ਮਿਸਰ ਦੇ ਅਠਾਰ੍ਹਵੇਂ ਖ਼ਾਨਦਾਨ ਦਾ ਇਕ ਬਾਦਸ਼ਾਹ ਸੀ ਜਿਸਨੇ ਲਗਭਗ 1512 ਤੋਂ 1504 ਈ. ਪੂ. ਤਕ ਰਾਜ ਕੀਤਾ। ਇਸ ਨੇ ਨਿਊਬੀਆ ਵਿਚ ਫੈਲੀ ਬਗ਼ਾਵਤ ਨੂੰ ਦਬਾਇਆ ਅਤੇ ਅਰਬ ਦੇ ਕੁਝ ਟਪਰੀਵਾਸਾਂ ਦੇ ਖਿਲਾਫ਼ ਫਲਸਤੀਨ ਨੂੰ ਇਕ ਤਾਜ਼ੀਰੀ ਬੇੜਾ ਭੇਜਿਆ।

ਇਹ ਬੁਟਮੋਸ ਪਹਿਲੇ ਦਾ ਪੁੱਤਰ ਸੀ। ਇਸ ਦਾ ਜਨਮ ਆਪਣੇ ਪਿਤਾ ਦੀ ਮਹਾਰਾਣੀ ਦੀ ਇਕ ਭੈਣ ਦੀ ਕੁੱਖੋਂ ਹੋਇਆ। ਇਸ ਨੇ ਰਾਜਗੱਦੀ ਲਈ ਆਪਣੇ ਦਾਅਵੇ ਨੂੰ ਮਜ਼ਬੂਤ ਕਰਨ ਲਈ ਸ਼ਾਹੀ ਖ਼ਾਨਦਾਨ ਨਾਲ ਸਬੰਧ ਰੱਖਦੀ ਆਪਣੀ ਮਤਰੇਈ ਭੈਣ ਹੈਟਸ਼ੈੱਪਸੂਟ ਨਾਲ ਵਿਆਹ ਕਰਵਾ ਲਿਆ। ਆਸਵਾਨ ਤੋਂ ਮਿਲੇ ਇਕ ਸ਼ਿਲਾਲੇਖ ਤੋਂ ਪਤਾ ਲਗਦਾ ਹੈ ਕਿ ਉੱਤਰੀ ਕੁਸ਼ ਦੇ ਇਕ ਸਰਦਾਰ ਨੇ ਮਿਸਰੀ ਅਧਿਰਾਜਕੀ ਦੇ ਖਿਲਾਫ਼ ਬਗ਼ਾਵਤ ਭੜਕਾ ਦਿੱਤੀ ਅਤੇ ਨਿਊਬੀਆ ਵਿਚ ਤੈਨਾਤ ਰੱਖਿਅਕ ਸੈਨਾਵਾਂ ਨੂੰ ਵੀ ਧਮਕਾਇਆ। ਬਾਦਸ਼ਾਹ ਨੇ ਬਾਗ਼ੀਆਂ ਨੂੰ ਕੁਚਲਣ ਲਈ ਅਤੇ ਉਨ੍ਹਾਂ ਦੇ ਆਦਮੀਆਂ ਨੂੰ ਮੌਤ ਦੇ ਘਾਟ ਉਤਾਰਨ ਲਈ ਫ਼ੌਜ ਦਾ ਇਕ ਦਸਤਾ ਭੇਜਿਆ। ਸੰਭਵ ਹੈ ਕਿ ਸਰਦਾਰ ਦੇ ਇਕ ਪੁੱਤਰ ਨੂੰ ਮਿਸਰੀ ਤੌਰ ਤਰੀਕਿਆਂ ਵਿਚ ਢਾਲਣ ਲਈ ਬੰਦੀ ਬਣਾ ਕੇ ਮਿਸਰ ਲਿਆਂਦਾ ਗਿਆ ਹੋਵੇ ਅਤੇ ਇਕ ਆਸ਼੍ਰਿਤ ਸ਼ਾਸਕ ਦੇ ਰੂਪ ਵਿਚ ਉਸ ਨੂੰ ਆਪਣੇ ਦੇਸ਼ ਪਰਤਾ ਦਿੱਤਾ ਹੋਵੇ। ਬੁਟਮੋਸ ਪਹਿਲੇ ਦੇ ਨਾਲ ਦੇ ਸੈਨਿਕਾਂ ਵਿਚੋਂ ਇਕ ਸੈਨਿਕ ਦੀ ਸਵੈ-ਜੀਵਨੀ ਤੋਂ ਪਤਾ ਲਗਦਾ ਹੈ ਕਿ ਕੁੱਝ ਦੇਰ ਬਾਅਦ ਬੁਟਮੋਸ ਦੂਜੇ ਨੇ ਦੱਖਣੀ ਫ਼ਲਸਤੀਨ ਵਿਚ ਰਹਿੰਦੇ ਕੁਝ ਅਰਬੀ ਖ਼ਾਨਾਬਦੋਸ਼ਾਂ ਵਿਰੁੱਧ ਸੈਨਾ ਵੀ ਭੇਜੀ ਸੀ।

ਇਨ੍ਹਾਂ ਹਵਾਲਿਆਂ ਤੋਂ ਇਲਾਵਾ ਇਸ ਦੇ ਰਾਜ ਕਾਲ ਬਾਰੇ ਹੋਰ ਕੋਈ ਬਹੁਤੀ ਜਾਣਕਾਰੀ ਨਹੀਂ ਮਿਲਦੀ। ਇਸ ਦਾ ਨਾਂ ਥੋੜ੍ਹੇ ਜਿਹੇ ਉਪਰਲੇ ਮਿਸਰੀ ਅਤੇ ਕਿਊਬੀਆਈ ਸ਼ਿਲਾਲੇਖਾਂ ਉੱਤੇ ਦੇਖਣ ਨੂੰ ਮਿਲਦਾ ਹੈ। ਉਹ ਵੀ ਸ਼ਾਇਦ ਇਸ ਕਰਕੇ ਕਿ ਇਸ ਨੇ ਆਪਣੇ ਪੁੱਤਰ, ਬੁਟਮੋਸ ਤੀਜੇ ਨੂੰ ਅਜਿਹਾ ਕਰਨ ਦੇ ਆਦੇਸ਼ ਦਿੱਤੇ ਹੋਣਗੇ। ਪੱਛਮੀ ਥੀਬਜ਼ ਵਿਖੇ ਇਸ ਨੇ ਅੰਤਿਮ ਸੰਸਕਾਰ ਸਬੰਧੀ ਇਕ ਛੋਟਾ ਜਿਹਾ ਮੰਦਰ ਵੀ ਬਣਵਾਇਆ ਹੈ ਜਿਸ ਨੂੰ ਇਸ ਦੇ ਪੁੱਤਰ ਨੇ ਬਾਅਦ ਵਿਚ ਵੱਡਾ ਕਰਵਾਇਆ। ਬੁਟਮੋਸ ਦੂਜੇ ਦਾ ਕੋਈ ਮਕਬਰਾ ਨਹੀਂ ਮਿਲਦਾ। ਭਾਵੇਂ ਇਸ ਦੀ ਮੁੜ ਦਬਾਈ ਹੋਈ ਮੱਮੀ ਸ਼ਾਹੀ ਤਹਿਖ਼ਾਨੇ ਵਿਚ ਮਿਲੀ ਸੀ।

ਆਪਣੇ ਹਰਮ ਦੀ ਇਕ ਕਨੀਜ਼ ਦੀ ਕੁੱਖੋਂ ਇਸ ਦਾ ਇਕ ਪੁੱਤਰ ਸੀ ਜਿਹੜਾ ਇਸ ਦੀ ਮੌਤ ਸਮੇਂ ਅਜੇ ਬਹੁਤ ਛੋਟਾ ਸੀ। ਜਿਵੇਂ ਕਿ ਬਾਦਸ਼ਾਹ ਦੇ ਆਰਕੀਟੈਕਟ ਨੇ ਵਰਨਨ ਕੀਤਾ ਹੈ ਕਿ ਭਾਵੇਂ ਛੋਟੇ ਯੁਵਰਾਜ ਨੂੰ ਤਖ਼ਤ ਤੇ ਬਿਠਾ ਦਿੱਤਾ ਗਿਆ ਸੀ ਪਰ ਉਸ ਦੀ ਮਤਰੇਈ ਮਾਂ ਹੈਟਸ਼ੈੱਪਸੂਟ, ਜਿਹੜੀ ਕਿ ਇਸ ਦੀ ਸਹਿ-ਰੀਜੈਂਟ ਸੀ, ਨੇ ਮਿਸਰ ਦੇ ਰਾਜ ਭਾਗ ਨੂੰ ਚਲਾਇਆ।

ਬੁਟਮੋਸ ਦੂਜੇ ਦੇ ਰਾਜ ਕਾਲ ਦੇ ਨਿਸ਼ਚਿਤ ਸਮੇਂ ਬਾਰੇ ਕੋਈ ਵੀ ਵਰਨਨ ਨਹੀਂ ਮਿਲਦਾ।

ਹ.ਪੁ.-ਐਨ. ਬ੍ਰਿ. ਮਾ. 11 : 747

ਥੁਰਸਟੈਨ ਲੂਈ, ਲਿਓਨ : ਇਹ ਅਮਰੀਕਾ ਦਾ ਪ੍ਰਸਿੱਧ ਮਨੋਵਿਗਿਆਨੀ ਸੀ ਜਿਸ ਦਾ ਜਨਮ 29 ਮਈ, 1887 ਨੂੰ ਸ਼ਿਕਾਗੋ ਵਿਚ ਹੋਇਆ। ਇਸ ਨੇ ਮਨੋਵਿਗਿਆਨ ਸਮੱਸਿਆ ਅਤੇ ਗਣਿਤਕ ਅਤੇ ਅੰਕੜਿਆਂ ਸਬੰਧੀ ਸਿਧਾਂਤਾਂ ਨੂੰ ਲਾਗੂ ਕਰਨ ਵਿਚ ਪਹਿਲ-ਕਦਮੀ ਕੀਤੀ।

ਇਥਾਕਾ ਐਨ. ਵਾਈ (ਨਿਊਯਾਰਕ) ਦੀ ਕਾਰਨੈੱਲ ਯੂਨੀ-ਵਰਸਿਟੀ ਤੋਂ ਡਿਗਰੀ ਲੈਣ ਉਪਰੰਤ ਇਸ ਨੇ ਥਾਮਸ ਐਡੀਸਨ ਕੋਲ ਸਹਾਇਕ ਵਜੋਂ ਕੰਮ ਕੀਤਾ ਅਤੇ ਮਿਨੇਸੋਟਾ (ਮਿਨਐਪਾਲਿਸ) ਯੂਨੀਵਰਸਿਟੀ ਵਿਖੇ ਇੰਜੀਨੀਅਰਿੰਗ ਦੀ ਡਿਗਰੀ ਵਿਚ ਦਾਖ਼ਲਾ ਲਿਆ ਅਤੇ ਕਲਾਸਾਂ ਨੂੰ ਪੜ੍ਹਾਇਆ।

ਗਣਿਤਕ ਸਬੰਧਾਂ ਦੀ ਵਿਸ਼ੇਸ਼ ਦਿਲਚਸਪੀ ਲੈਣ ਕਰ ਕੇ ਇਸ ਨੇ ਸ਼ਿਕਾਗੋ ਯੂਨੀਵਰਸਿਟੀ ਵਿਚ ਦਾਖ਼ਲਾ ਲਿਆ ਜਿਥੇ ਇਸ ਨੇ ਮਨੋਵਿਗਿਆਨ ਵਿਚ ਡਾਕਟਰੇਟ ਦੀ ਡਿਗਰੀ ਪ੍ਰਾਪਤ ਕੀਤੀ ਅਤੇ ਆਪਣੀ ਬਹੁਤੀ ਵਿਵਸਾਇਕ ਜ਼ਿੰਦਗੀ ਦਾ ਸਮਾਂ ਗੁਜ਼ਾਰਿਆ। ਥੁਰਸਟੈਨ ਦੀਆਂ ਪ੍ਰਾਪਤੀਆਂ ਵਿਚੋਂ ਸਭ ਤੋਂ ਪ੍ਰਮੁੱਖ ਬੁੱਧੀ ਨੂੰ ਮਾਪਣ ਦੇ ਤਰੀਕੇ ਅਤੇ ਬਹੁੱਪਖੀ ਸਾਧਨ ਵਿਸ਼ਲੇਸ਼ਣ ਦੇ ਵਿਕਾਸ ਸਨ।

ਖਾਸ ਕਰ ਕੇ ਮਨੁੱਖੀ ਬੁਧੀ ਦੀ ਪ੍ਰਕਿਰਤੀ ਤੇ ਖੋਜ ਅਤੇ ਵਿਵਹਾਰਿਕ ਪੱਖ ਤੋਂ ਵੱਖਰੀ ਤਰ੍ਹਾਂ ਦੀਆਂ ਯੋਗਤਾਵਾਂ ਨੂੰ ਮਾਪਣ ਲਈ ਟੈਸਟਾਂ/ਮਾਪਦੰਡਾਂ ਦਾ ਨਿਰਮਾਣ ਕਰਨਾ ਸੀ। ਭਾਵੇਂ ਤੁਲਨਾਤਮਕ ਪੱਖੋਂ ਇਸ ਦੀ ਸਾਹਿਤਕ ਦੇਣ ਥੋੜ੍ਹੀ ਸੀ ਜਿਸ ਵਿਚ ਇਕ ਜਾਂ ਦੋ ਖੋਜ ਪੱਤਰ, ਕੁਝ ਕੁ ਕਿਤਾਬਾਂ ਅਤੇ ਲੇਖ (ਮੋਨੋਗ੍ਰਾਫ) ਸਨ ਪਰ ਉਹ ਇੰਨੇ ਪ੍ਰਭਾਵਸ਼ਾਲੀ ਸਨ ਕਿ ਸੰਯੁਕਤ ਰਾਸ਼ਟਰ ਦੇ ਇਕ ਉੱਘੇ ਮਨੋਵਿਗਿਆਨੀ ਵੱਲੋਂ ਉਨ੍ਹਾਂ ਦਾ ਹਵਾਲਾ ਦਿੱਤਾ ਜਾਂਦਾ ਸੀ।

ਥੁਰਸਟੈਨ ਦੀਆਂ ਪ੍ਰਮੁਖ ਪੁਸਤਕਾਂ 'Vectors of the Mind' (1935) ਅਤੇ 'Multiple Factor Analysis' (1947) ਸਨ। ਇਸ ਦੀ ਚੈਪਲ ਹਿਲ. ਐਨ. ਸੀ. ਵਿਖੇ 29 ਸਤੰਬਰ, 1955 ਨੂੰ ਮੌਤ ਹੋ ਗਈ।

ਹ.ਪੁ. - ਐਨ. ਬ੍ਰਿ. 22 : 173

ਥੂਰਿੰਜੀਆ : ਇਹ ਜਰਮਨੀ ਦਾ ਇਕ ਇਤਿਹਾਸਕ ਖੰਡ ਹੈ ਜਿਹੜਾ ਹਾਰਟਸ ਪਰਬਤ ਦੇ ਦੱਖਣ ਵਿਚ ਸਥਿਤ ਹੈ। ਇਸ ਖੇਤਰ ਦੇ ਪੱਛਮ ਵੱਲ ਵੈਰਾ, ਪੂਰਬ ਵੱਲ ਵੀਸਾ ਐਲਸਟਰ ਦਰਿਆ ਹਨ। ਦੂਜੇ ਵਿਸ਼ਵ ਯੁੱਧ ਤੋਂ ਬਾਅਦ ਇਸ ਨੂੰ ਪੂਰਬੀ ਜਰਮਨੀ ਵਿਚ ਮਿਲਾ ਦਿੱਤਾ ਗਿਆ।

ਇਸ ਖ਼ੂਬਸੂਰਤ ਖੇਤਰ ਵਿਚ ਪ੍ਰਸਿੱਧ ਥੂਰਿੰਜੀਅਨ ਜੰਗਲ ਹੈ ਜਿਹੜਾ ਵੈਰਾ ਘਾਟੀ ਤੋਂ ਦੱਖਣ-ਪੂਰਬ ਵੱਲ ਲਗਭਗ 100 ਕਿ.ਮੀ. ਵਿਚ ਫੈਲਿਆ ਹੋਇਆ ਹੈ। ਇਸ ਦੀ ਚੌੜਾਈ 10 ਤੋਂ 35 ਕਿ.ਮੀ. ਦੇ ਵਿਚਕਾਰ ਹੈ। ਚੀਲ ਅਤੇ ਕੋਲੋਂ ਦੇ ਦਰਖ਼ਤਾਂ ਨੇ ਇਸ ਨੂੰ ਹੋਰ ਸੁਹਣਾ ਬਣਾ ਰੱਖਿਆ ਹੈ। ਇਸ ਖੇਤਰ ਦੀਆਂ ਪਹਾੜੀਆਂ ਦੇ ਜਲ-ਨਿਖੇੜ ਤੋਂ ਕਈ ਨਦੀਆਂ ਵਗਦੀਆਂ ਹਨ ਜਿਨ੍ਹਾਂ ਦੀਆਂ ਵਾਦੀਆਂ ਲਈ ਵੀ ਇਹ ਮਸ਼ਹੂਰ ਹੈ। ਇਥੇ ਪੋਟਾਸ਼, ਲੋਹਾ, ਤਾਂਬਾ, ਸਲੇਟ, ਸੋਨਾ, ਲਿਗਨਾਈਟ ਅਤੇ ਕੋਬਾਲਟ ਦੇ ਭੰਡਾਰ ਵੀ ਹਨ। ਪਹਾੜ ਦੇ ਦੱਖਣ-ਪੂਰਬ ਵੱਲ ਥੂਰਿੰਜੀਅਨ ਘਾਟੀ ਖੇਤੀ ਦੇ ਪੱਖੋਂ ਬਹੁਤ ਉਪਜਾਊ ਹੈ ਜਿਥੇ ਬਹੁਤ ਸਾਰੀਆਂ ਸਬਜ਼ੀਆਂ ਅਤੇ ਫਲ ਪੈਦਾ ਕੀਤੇ ਜਾਂਦੇ ਹਨ।

ਇਤਿਹਾਸਕ ਪੱਖੋਂ ਮੱਧ ਯੁਗ ਦੇ ਆਰੰਭ ਵਿਚ ਇਥੇ ਥੂਰਿੰਜੀਅਨ-ਕਬਾਇਲੀ ਬਾਦਸ਼ਾਹਤ ਸਥਾਪਿਤ ਹੋਈ ਸੀ ਪਰ 531 ਵਿਚ ਫਰਾਂਕਾਂ ਨੇ ਉਸ ਉੱਤੇ ਕਬਜ਼ਾ ਕਰ ਲਿਆ। 8ਵੀਂ ਸਦੀ ਵਿਚ ਇਹ ਖੇਤਰ ਈਸਾਈ ਬਣ ਗਿਆ। ਸੰਨ 804 ਵਿਚ ਸ਼ਾਰਲੀਮੇਨ ਨੇ ਪੂਰਬ ਵੱਲੋਂ ਸਲਾਵਾਂ ਤੋਂ ਸੁਰੱਖਿਅਤ ਰਹਿਣ ਲਈ ਥੂਰਿੰਜੀਅਨ ਮਾਰਕ

ਸਥਾਪਿਤ ਕਰ ਦਿੱਤਾ। ਮੱਧ ਯੁਗ ਵਿਚ ਖਾਨਦਾਨੀ ਝਗੜਿਆਂ ਕਾਰਨ ਇਹ ਖੇਤਰ ਵਾਰ-ਵਾਰ ਵੰਡਿਆ ਗਿਆ। ਸੰਨ 1440 ਵਿਚ ਬਹੁਤ ਸਾਰਾ ਇਲਾਕਾ ਇਲੈਕਟੋਰਲ ਸੈਕਸਨੀ ਅਧੀਨ ਚਲਾ ਗਿਆ ਅਤੇ 1485 ਈ. ਵਿਚ ਜ਼ਮੀਨਾਂ ਦਾ ਬਟਵਾਰਾ ਹੋਣ ਕਾਰਨ ਇਸ ਦਾ ਕਾਫ਼ੀ ਇਲਾਕਾ ਵੈਟਨ ਖਾਨਦਾਨ ਦੀ ਅਰਨਿਸਟੀਨ ਬ੍ਰਾਂਚ ਨੂੰ ਦੇ ਦਿੱਤਾ ਗਿਆ।

ਸੁਧਾਰ ਅੰਦੋਲਨ ਦੌਰਾਨ ਇਹ ਪ੍ਰੋਟੈਸਟੈਂਟ ਬਣ ਗਿਆ। ਵਾਰਟ ਵਰਗ ਵਿਖੇ ਇਕ ਕਿਲੇ ਵਿਚ ਲੂਥਰ ਨੂੰ ਕੁਝ ਸਮੇਂ ਲਈ ਸੁਰੱਖਿਅਤ ਹਿਰਾਸਤ 'ਚ ਰੱਖਿਆ ਗਿਆ ਅਤੇ ਉਥੇ ਉਸ ਨੇ ਬਾਈਬਲ ਦੇ ਕਾਫ਼ੀ ਹਿੱਸੇ ਦਾ ਅਨੁਵਾਦ ਕੀਤਾ।

19ਵੀਂ ਸਦੀ ਦੇ ਆਰੰਭ ਵਿਚ ਪ੍ਰਸ਼ੀਆ ਦੇ ਪ੍ਰਭਾਵ ਹੇਠ ਇਹ 1871 ਈ. ਵਿਚ ਜਰਮਨ ਰਾਜ ਦਾ ਇਕ ਹਿੱਸਾ ਬਣ ਗਿਆ ਅਤੇ ਥੁਰਿੰਜੀਅਨ ਪ੍ਰਾਂਤਾਂ ਨੂੰ ਵੱਖਰੇ-ਵੱਖਰੇ ਨਾਂ ਦਿੱਤੇ ਗਏ। ਸੰਨ 1920 ਵਿਚ ਕੋਬਰਗ ਜੋ ਬਾਵੇਰੀਆ ਵਿਚ ਸ਼ਾਮਲ ਹੋ ਗਿਆ ਸੀ, ਤੋਂ ਇਲਾਵਾ ਇਨ੍ਹਾਂ ਸਾਰਿਆਂ ਪ੍ਰਾਂਤਾਂ ਨੂੰ ਇੱਕਠਾ ਕਰਕੇ ਵਾਈਮਾਰ ਗਣਤੰਤਰ ਅਧੀਨ ਥੁਰਿੰਜੀਅਨ ਸਟੇਟ ਦਾ ਨਾਂ ਦਿੱਤਾ ਗਿਆ। ਹਿਟਲਰ ਦੇ ਸਮੇਂ ਥੁਰਿੰਜੀਅਨ ਜਰਮਨੀ ਈਸਾਈ ਕਾਜ਼ੀ ਪੱਖੀ ਗਰੁੱਪਾਂ ਵਿਚ ਸਭ ਤੋਂ ਵੱਧ ਗਰਮ ਦਲੀਏ ਸਨ। ਸੰਨ 1944 ਵਿਚ ਸੈਕਸਨੀ ਅਤੇ ਹੈਸੀ-ਨਾਸੂ ਪ੍ਰਾਂਤਾਂ ਦੇ ਹਿੱਸੇ ਥੁਰਿੰਜੀਆ ਵਿਚ ਮਿਲਾ ਦਿੱਤੇ ਗਏ। ਦੂਸਰੇ ਵਿਸ਼ਵ ਯੁੱਧ ਤੋਂ ਬਾਅਦ ਪੂਰਬੀ ਜਰਮਨੀ ਦੇ ਪੰਜ ਰਾਜਾਂ ਵਿਚੋਂ ਇਹ ਵੀ ਇਕ ਰਾਜ ਸੀ। ਸੰਨ 1952 ਵਿਚ ਜਦ ਪੂਰਬੀ ਜਰਮਨੀ ਨੇ ਇਨ੍ਹਾਂ ਰਾਜ ਸਰਕਾਰਾਂ ਨੂੰ ਖ਼ਤਮ ਕਰ ਦਿੱਤਾ ਤਾਂ ਇਸ ਦਾ ਬਹੁਤ ਸਾਰਾ ਹਿੱਸਾ ਐਰਫਰਟ, ਜੀਰਾ ਅਤੇ ਸੂਲ੍ਹ ਡਿਸਟ੍ਰਿਕਟਾਂ ਵਿਚ ਮਿਲਾ ਦਿੱਤਾ ਗਿਆ।

ਹ.ਪੁ. – ਐਨ. ਬ੍ਰਿ. 26 : 713

ਥੁਰੈਟ (ਥਿਉਰੈਟ, ਗੁਸਤਾਵ-ਅਡਾੱਲਫ਼) : ਇਸ ਬਨਸਪਤੀ ਵਿਗਿਆਨੀ ਦਾ ਜਨਮ 23 ਮਈ, 1817 ਨੂੰ ਪੈਰਿਸ ਵਿਖੇ ਹੋਇਆ। ਭੂਰੇ ਸਾਵਲ ਵਿਚ ਨਿਸ਼ੇਚਨ (Fertilization) ਦਾ ਪਤਾ ਲਗਾਉਣ ਵਾਲਾ ਇਹ ਪਹਿਲਾ ਬਨਸਪਤੀ ਵਿਗਿਆਨੀ ਸੀ। ਸੰਨ 1838 ਵਿਚ ਕਾਨੂੰਨ ਦੀ ਡਿਗਰੀ ਹਾਸਲ ਕਰਨ ਤੋਂ ਬਾਅਦ ਇਹ ਬਨਸਪਤੀ ਵਿਗਿਆਨੀ ਜੋਜ਼ਫ ਡੀਕੇਜ਼ਨ ਦੇ ਨਿਰੀਖਣ ਹੇਠ ਬਨਸਪਤੀ ਦਾ ਅਧਿਐਨ ਕਰਨ ਲਗ ਗਿਆ। ਸਮੁੰਦਰੀ ਸਾਵਲਾਂ ਦੀ ਜੀਵਨੀ ਅਤੇ ਵਿਵਹਾਰ ਪ੍ਰਤਿ ਇਸ ਨੂੰ ਦਿਲਚਸਪੀ ਹੋ ਗਈ ਅਤੇ 1840 ਈ. ਦੇ ਕਰੀਬ ਇਸ ਨੇ ਹਰੇ ਸਾਵਲ (ਕਾਰਾ) ਦੇ ਸਪੱਰਮੈਟੋਜ਼ਾੱਇਡ (ਨਰ ਲਿੰਗੀ ਸੈੱਲ) ਦੇ ਫ਼ਲੈਜੱਲਾ ਨੂੰ ਦਰਸਾਇਆ। ਸੰਨ 1844 ਵਿਚ ਥੁਰੈਟ ਅਤੇ ਡੀਕੇਜ਼ਨ ਨੇ ਸਮੁੰਦਰੀ ਭੂਰੇ ਸਾਵਲ (ਫਿਊਕਸ) ਦੇ ਨਰ ਲਿੰਗੀ ਸੈੱਲ (ਸਪੱਰਮੈਟੋਜ਼ਾੱਇਡ) ਦੀ ਖੋਜ ਨੂੰ ਦਰਸਾਇਆ। ਇਸ ਤੋਂ ਬਾਅਦ 1854 ਈ. ਵਿਚ ਥੁਰੈਟ ਨੇ ਫਿਊਕਸ ਦੇ ਇਕ ਅੰਡੇ ਨੂੰ ਦਰਸਾਇਆ ਜੋ ਸਿਲੀਆਮਈ ਨਰ ਲਿੰਗੀ ਸੈੱਲਾਂ (ਸਪੱਰਮੈਟੋਜ਼ਾੱਇਡ) ਨਾਲ ਘਿਰਿਆ ਹੋਇਆ ਸੀ, ਜਿਨ੍ਹਾਂ ਵਿਚੋਂ ਕੁਝ ਕੁ ਅੰਡਾ ਸੈੱਲ ਦੀ ਕੰਧ ਨਾਲ ਜੁੜੇ ਹੋਏ ਸਨ। ਇਸ ਤਰੀਕੇ ਨਾਲ ਇਸ ਨੇ ਸਾਵਲ ਵਿਚ ਨਿਸ਼ੇਚਨ ਕਿਰਿਆ ਦਰਸਾਉਣ ਦਾ ਪਹਿਲਾ ਯਤਨ ਕੀਤਾ। ਸੰਨ 1852 ਵਿਚ ਪੈਰਿਸ ਛੱਡਣ ਉਪਰੰਤ ਚੈਰਬਰੋ ਵਿਚ ਅਤੇ ਫਿਰ ਐਂਟੀਬਜ਼, ਜੋ ਨਾਈਸ ਖਾੜੀ ਦੇ ਉਸ ਪਾਰ ਸੀ, ਜਾ ਵਸਿਆ। ਇਥੇ ਇਸ ਨੇ ਸਾਵਲਾਂ ਤੇ ਆਪਣੀ ਖੋਜ ਜਾਰੀ ਰਖੀ ਅਤੇ ਇਕ ਪ੍ਰਸਿੱਧ ਬਨਸਪਤਿਕ ਬਾਗ "ਵਿਲਾ ਥੁਰੈਟ" ਸਥਾਪਤ ਕੀਤਾ। ਸੰਨ 1867 ਵਿਚ ਥੁਰੈਟ ਅਤੇ ਐਡੁਅਰਡ ਬਾਰਨੈੱਟ ਨੇ ਲਾਲ ਸਾਵਲ ਫਲੋਰਿਡੀ ਦੇ ਜੀਵਨ ਕਾਲ ਦਾ ਪਤਾ ਲਗਾਇਆ। ਇਸ ਦੀਆਂ ਦੋ ਪ੍ਰਸਿੱਧ ਖੋਜਾਂ ਦੇ ਖੋਜ ਪੱਤਰ Etndesphy Cologiquet (1878) ਅਤੇ Notes algogigues (1876-80), ਇਸ ਦੇ ਮਰਨ ਉਪਰੰਤ ਪ੍ਰਕਾਸ਼ਿਤ ਹੋਏ। 10 ਮਈ, 1875 ਨੂੰ ਨਾਈਸ (ਫਰਾਂਸ) ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ. –ਐਨ.ਬ੍ਰਿ. ਮਾ. 9 : 986

ਥੇਅਰ, ਐਬਟ, ਹੈਡਰਸਨ : ਅਮਰੀਕਾ ਦੇ ਇਸ ਚਿੱਤਰਕਾਰ ਦਾ ਜਨਮ 12 ਅਗਸਤ, 1849 ਨੂੰ ਮੈਸਾਚੂਸੈੱਟਸ ਰਾਜ ਵਿਚ ਬਾੱਸਟਨ ਵਿਖੇ ਹੋਇਆ। ਸ਼ੁਰੂ ਵ੍ਰਿਚ ਇਸ ਨੇ ਜਾਨਵਰਾਂ ਦੀਆਂ ਤਸਵੀਰਾਂ ਬਣਾਉਣ ਵਿਚ ਮੁਹਾਰਤ ਪ੍ਰਾਪਤ ਕੀਤੀ। ਪਿੱਛੋਂ ਇਸ ਨੇ ਪੈਰਿਸ ਵਿਚ ਜਾ ਕੇ ਯ਼ਾਂ ਲੀਆਂ ਜ਼ਰੋਮ ਨਾਲ ਚਿੱਤਰਕਾਰੀ ਦਾ ਅਧਿਐਨ ਕੀਤਾ। ਵਾਪਸੀ ਤੇ ਇਸ ਨੇ ਇਸਤਰੀਆਂ ਦੇ ਚਿੱਤਰ ਬਣਾਉਣੇ ਸ਼ੁਰੂ ਕੀਤੇ ਜੋ ਕਿ ਬਹੁਤ ਹਰਮਨ ਪਿਆਰੇ ਹੋਏ। ਸੰਨ 1884 ਵਿਚ ਇਸ ਨੂੰ 'ਸੋਸਾਇਟੀ ਆੱਫ਼ ਅਮੈਰੀਕਨ ਆਰਟਿਸਟਸ' ਦਾ ਪ੍ਰਧਾਨ ਚੁਣ ਲਿਆ ਗਿਆ। ਸੰਨ 1901 ਵਿਚ ਇਹ 'ਨੈਸ਼ਨਲ ਅਕੈਡਮੀ ਆੱਫ਼ ਡੀਜ਼ਾਈਨ' ਦਾ ਮੈਂਬਰ ਬਣ ਗਿਆ।

ਥੇਅਰ ਨੂੰ ਕਲਪਨਾਤਮਕ ਭੂ-ਦ੍ਰਿਸ਼ ਚਿੱਤਰਣ ਵਿਚ ਕਮਾਲ ਹਾਸਲ ਸੀ। ਇਸ ਨੇ ਜਵਾਨ ਇਸਤਰੀਆਂ ਤੇ ਮਰਦਾਂ ਦੇ ਸਹੀ ਆਚਰਣ ਉਘਾੜਨ ਵਿਚ ਆਪਣੇ ਬੁਰਸ਼ ਦੀਆਂ ਛੋਹਾਂ ਨਾਲ ਜਾਨ ਪਾ ਦਿੱਤੀ। ਇਸ ਦੇ ਚਿੱਤਰ ਵਾਸ਼ਿੰਗਟਨ ਦੀਆਂ 'ਫਰੀਅਰ ਗੈਲਰੀ ਆਫ਼ ਆਰਟ' ਅਤੇ 'ਨੈਸ਼ਨਲ ਕੁਲੈਕਸ਼ਨ ਆੱਫ਼ ਫਾਈਨ ਆਰਟਸ' ਵਿਚ ਰਖੇ ਗਏ ਸਨ। ਇਸ ਨੇ ਜੰਗਲੀ ਜਾਨਵਰਾਂ ਦਾ ਅਧਿਐਨ ਕਰ ਕੇ ਵਸਤਾਂ ਨੂੰ ਛੁਪਾ ਕੇ ਰੱਖਣ ਦੀ ਇਕ ਅਜਿਹੀ ਕਲਾ ਤਿਆਰ ਕੀਤੀ ਜੋ ਕਿ ਪਹਿਲੇ ਵਿਸ਼ਵ ਯੁੱਧ ਵਿਚ ਬਹੁਤ ਲਾਭਦਾਇਕ ਸਾਬਤ ਹੋਈ।

29 ਮਈ, 1921 ਨੂੰ ਨਿਊ ਹੈਂਪਸ਼ਿਰ ਰਾਜ ਵਿਚ ਡਬਲਿਨ ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ.–ਐਨ. ਬ੍ਰਿ. 22 : 20

ਥੇਅਰ, ਵਿਲੀਅਮ ਰਾਸਕੋ : ਅਮਰੀਕਾ ਦੇ ਇਸ ਲੇਖਕ ਦਾ ਜਨਮ 16 ਜਨਵਰੀ, 1859 ਨੂੰ ਮੈਸਾਚੂਸੈੱਟਸ ਰਾਜ ਵਿਚ ਬਾੱਸਟਨ ਵਿਖੇ ਹੋਇਆ। ਇਸ ਨੇ ਆਪਣੇ ਇਕ ਨਿਜੀ ਅਧਿਆਪਕ ਨਾਲ ਬਦੇਸ਼ਾਂ ਦਾ ਸਫ਼ਰ ਕੀਤਾ। ਸੰਨ 1881 ਵਿਚ ਇਸ ਨੇ ਹਾਰਵਰਡ ਵਿਖੇ ਬੀ.ਏ. ਦੀ ਡਿਗਰੀ ਪ੍ਰਾਪਤ ਕੀਤੀ। ਸੰਨ 1918 ਵਿਚ ਇਹ 'ਅਮੈਰੀਕਨ ਹਿਸਟੋਰੀਕਲ ਐਸੋਸੀਏਸ਼ਨ' ਦਾ ਪ੍ਰਧਾਨ ਚੁਣਿਆ ਗਿਆ। ਇਸ ਨੂੰ ਆਪਣੀਆਂ ਕ੍ਰਿਤਾਂ ਕਾਰਨ ਕਈ ਵਾਰ ਸਨਮਾਨ ਮਿਲਿਆ। ਇਸ ਦੀਆਂ ਪੁਸਤਕਾਂ ਵਿਚ 'ਦੀ ਡਾਅਨ ਆੱਫ਼ ਇਟੈਲੀਅਨ ਇੰਡੀਪੈਂਡੈਂਸ (1893), 'ਏ ਸ਼ਾਰਟ ਹਿਸਟਰੀ ਆੱਫ਼ ਵੈਨਿਸ' (1905) ਅਤੇ 'ਦੀ ਲਾਈਫ਼ ਐਂਡ ਟਾਈਮਜ਼ ਆਫ ਕੈਵਰ' (1911) ਆਦਿ ਸ਼ਾਮਲ ਹਨ।

7 ਸਤੰਬਰ, 1923 ਨੂੰ ਮੈਸਾਚੂਸੈੱਟਸ ਵਿਚ ਕੈਂਬਰਿਜ ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ.–ਐਨ. ਬ੍ਰਿ. 22:28

ਥੇਸਾਸ : ਯੂਨਾਨ ਦਾ ਇਕ ਜੰਗਲੀ ਟਾਪੂ ਹੈ ਜਿਹੜਾ ਨੈਸਟਾਸ ਦਰਿਆ ਦੇ ਡੈਲਟੇ ਤੋਂ ਕਾਫ਼ੀ ਹਟਵਾਂ ਜਿਹਾ ਏਜੀਅਨ ਸਾਗਰ ਦੇ ਧੁਰ ਉੱਤਰ ਵਿਚ ਵਾਕਿਆ ਹੈ। ਇਸ ਦਾ ਖੇਤਰਫਲ 379 ਵ.ਕਿ.ਮੀ. ਅਤੇ ਆਬਾਦੀ 13,111 (1981) ਹੈ। ਭੂ ਵਿਗਿਆਨਿਕ ਪੱਖੋਂ ਥੇਸਾਸ ਮਕਦੂਨੀਆ ਦੀ ਰਵੇਦਾਰ ਚਟਾਨ ਦਾ ਬਾਹਰਲਾ ਹਿੱਸਾ ਹੈ। ਇਸ ਦਾ ਸਭ ਤੋਂ ਉੱਚਾ ਸਥਾਨ ਉੱਤਰ-ਪੂਰਬੀ

ਤੱਟ ਤੇ ਵਾਕਿਆ ਇਪਸਾਰੀਅਨ ਹੈ ਜੋ ਸਮੁੰਦਰੀ ਸਤਹ ਤੋਂ 1,203 ਮੀ. (3,947 ਫੁੱਟ) ਉੱਚਾ ਹੈ। ਟਾਪੂ ਦਾ ਮੁੱਖ ਸ਼ਹਿਰ ਥੇਸਾਸ, ਉੱਤਰੀ ਤੱਟ ਉੱਪਰ ਸਥਿਤ ਹੈ।

ਪ੍ਰਾਚੀਨ ਯੂਨਾਨੀ ਇਤਿਹਾਸਕਾਰ ਥੇਸਾਸ ਹੈਰੋਡੋਟਸ ਨੇ ਟਾਪੂ ਉਪਰ ਬਹੁਤ ਸਮਾਂ ਪਹਿਲਾਂ ਫੋਨੀਸ਼ੀਅਨ ਆਬਾਦੀ ਹੋਣ ਦਾ ਜ਼ਿਕਰ ਕੀਤਾ ਹੈ ਜਿਹੜੀ ਕਿ ਇਥੇ ਦੀਆਂ ਸੋਨੇ ਦੀਆਂ ਖਾਣਾਂ ਵਿਚ ਕੰਮ ਕਰਦੀ ਸੀ। ਸੱਤਵੀਂ ਸਦੀ ਈ. ਪੂ. ਵਿਚ ਪਾਰੋਸ ਦੇ ਯੂਨਾਨੀਆਂ ਨੇ ਇਥੇ ਬਸਤੀ ਸਥਾਪਿਤ ਕਰਕੇ ਖਾਣਾਂ ਦਾ ਕੰਮ ਸ਼ੁਰੂ ਕੀਤਾ ਅਤੇ ਬੁੱਤਤਰਾਸ਼ੀ ਦੇ ਇਕ ਸਕੂਲ ਦੀ ਨੀਂਹ ਰੱਖੀ।

465 ਈ. ਪੂ. ਵਿਚ ਥੇਸਾਸ ਨੇ ਮੁੱਖ-ਭੂਮੀ ਉੱਪਰ ਸੋਨੇ ਦੀਆਂ ਖਾਣਾਂ ਦੇ ਝਗੜੇ ਦੇ ਸਬੰਧ ਵਿਚ ਡੈਲੀਅਨ ਲੀਗ ਨਾਲੋਂ ਆਪਣੇ ਸਬੰਧ ਤੋੜ ਲਏ ਪਰ ਐਥਨੀਆਂ ਵੱਲੋਂ ਦੋ ਸਾਲ ਘੇਰਾ ਪਾਈ ਰੱਖਣ ਕਾਰਨ ਇਸ ਨੂੰ ਆਪਣੀ ਚਾਰ ਦੀਵਾਰੀ ਢਾਹੁਣੀ ਪਈ ਅਤੇ ਕਈ ਹੋਰ ਰਿਆਇਤਾਂ ਵੀ ਦੇਣੀਆਂ ਪਈਆਂ। 389 ਈ. ਪੂ. ਵਿਚ ਇਸ ਦੀ ਐਥਨੀਆ ਨਾਲ ਸੰਧੀ ਹੋ ਗਈ ਅਤੇ ਦੂਜੀ ਐਥੀਅਨ ਲੀਗ ਦਾ ਇਹ ਪੱਕਾ ਮੈਂਬਰ ਬਣ ਗਿਆ।

202 ਈ. ਪੂ. ਵਿਚ ਇਹ ਮਕਦੂਨੀਆਂ ਦਾ ਇਕ ਅਧੀਨ ਖੇਤਰ ਬਣ ਗਿਆ ਅਤੇ 196 ਈ. ਪੂ. ਵਿਚ ਇਹ ਰੋਮਨਾਂ ਦੇ ਕਬਜ਼ੇ ਵਿਚ ਆ ਗਿਆ। ਸੰਨ 1204 ਤੋਂ ਇਹ ਲਾਤੀਨੀ ਸ਼ਾਸਨ ਅਧੀਨ ਰਿਹਾ ਅਤੇ 1455 ਈ. ਵਿਚ ਤੁਰਕਾਂ ਨੇ ਇਸ ਨੂੰ ਆਪਣੇ ਕਬਜ਼ੇ ਵਿਚ ਕਰ ਲਿਆ। ਸੰਨ 1813 ਤੋਂ 1902 ਤਕ ਮਿਸਰ ਦੇ ਤੁਰਕ ਗਵਰਨਰਾਂ ਅਧੀਨ ਰਿਹਾ ਅਤੇ ਬਲਕਾਨ ਯੁੱਧਾਂ ਪਿੱਛੋਂ 1913 ਈ. ਵਿਚ ਯੂਨਾਨ ਪਾਸ ਆ ਗਿਆ।

ਸੰਨ 1862-63 ਵਿਚ ਪੁਰਾਣੀਆਂ ਬਸਤੀਆਂ ਦੀ ਖੁਦਾਈ ਦਾ ਕੰਮ ਆਰੰਭ ਕੀਤਾ ਗਿਆ। ਇਹ ਖੁਦਾਈ 1911 ਈ. ਵਿਚ ਮੁੜ ਸ਼ੁਰੂ ਕੀਤੀ ਗਈ ਪਰ ਦੂਜੀ ਤੋਂ ਸੱਤਵੀਂ ਈ.ਪੂ. ਦੀਆਂ ਯਾਦਗਾਰਾਂ ਦਾ ਪਤਾ ਲਾਉਣ ਲਈ ਖੁਦਾਈ ਦਾ ਬਹੁਤਾ ਕਾਰਜ 1948 ਈ. ਤੋਂ ਹੀ ਸ਼ੁਰੂ ਹੋਇਆ ਸੀ।

ਇਥੇ ਕਿਸ਼ਤੀਆਂ ਬਣਾਉਣ ਦੇ ਕਾਰਖ਼ਾਨੇ ਹਨ। ਇਸ ਤੋਂ ਇਲਾਵਾ ਮੱਛੀ ਫੜ੍ਹਨ ਅਤੇ ਸੈਰ ਸਪਾਟੇ ਦਾ ਕੰਮ ਵੀ ਕਾਫ਼ੀ ਵਿਕਸਿਤ ਹੈ। 1970 ਵਿਆਂ ਦੇ ਸ਼ੁਰੂ ਵਿਚ ਇਹ ਸ਼ਹਿਰ ਉੱਤਰੀ ਏਜੀਅਨ ਸਾਗਰ ਵਿਚ ਤੱਟ ਤੋਂ ਦੂਰ ਤੇਲ ਦੀ ਖੋਜ ਦਾ ਵੀ ਇਕ ਅੱਡਾ ਬਣ ਗਿਆ ਹੈ। ਪਹਿਲੇ ਯੁੱਧ ਤੋਂ ਬਾਅਦ ਜਿਸਤ ਦੀ ਖਾਣ ਖੁਦਾਈ ਦਾ ਕੰਮ ਮੁੜ ਚਾਲੂ ਕੀਤਾ ਗਿਆ ਅਤੇ ਅਜਿਹਾ ਕਰਨ ਨਾਲ ਲਾਈਮਨੇਰੀਆਂ ਨਾਂ ਦਾ ਇਕ ਨਵਾਂ ਕੇਂਦਰ ਹੋਂਦ ਵਿਚ ਆ ਗਿਆ।

ਹ.ਪੁ. - ਐਨ. ਬ੍ਰਿ.ਮਾ. 11 : 676 ; ਵੈ. ਜਗ. ਡਿ.

ਥੇਨ : ਇਹ ਇਕ ਐਂਗਲੋ ਸੈਕਸਨ ਸ਼ਬਦ ਹੈ ਜਿਸ ਦਾ ਸ਼ਾਬਦਿਕ ਅਰਥ ਅਰਦਲੀ, ਨੌਕਰ, ਸੇਵਾਦਾਰ ਜਾਂ ਸਰਕਾਰੀ ਕਰਮਚਾਰੀ ਹੈ ਪਰ ਇਸ ਦੀ ਵਰਤੋਂ ਵਧੇਰੇ ਕਰਕੇ ਉੱਚ ਫ਼ੌਜੀ ਅਹੁੱਦੇ ਦੇ ਰੂਪ ਵਿਚ ਕੀਤੀ ਗਈ। ਇਸ ਸ਼ਬਦ ਨੂੰ 'ਮੰਤਰੀ' ਦੇ ਅਹੁੱਦੇ ਲਈ ਵੀ ਵਰਤਿਆ ਗਿਆ। 'ਥੇਨ' ਸ਼ਬਦ ਦਾ ਜ਼ਿਕਰ ਚਾਰਟਰਾਂ ਵਿਚ ਅਕਸਰ ਆਇਆ ਹੈ।

'ਥੇਨ' ਨਾਉਂ ਜਾਂ ਰੁਤਬਾ ਉੱਚ-ਸ਼੍ਰੇਣੀ ਦੇ ਲੋਕਾਂ ਨੂੰ ਦਿੱਤਾ ਜਾਂਦਾ ਸੀ। ਇਸ ਰੁਤਬੇ ਨੂੰ ਹਾਸਲ ਕਰਨ ਲਈ ਨਿਰਧਾਰਤ ਕੀਤੀਆਂ ਕੁਝ ਸ਼ਰਤਾਂ ਨੂੰ ਪੂਰਾ ਕਰਨਾ ਪੈਂਦਾ ਸੀ। ਸਫਲ ਥੇਨਾਂ ਵਿਚੋਂ ਹੀ ਕੁਝ ਤਾਂ 'ਅਰਲ' ਦੇ ਅਹੁੱਦੇ ਤੇ ਵੀ ਜਾ ਪਹੁੰਚਦੇ ਸਨ। ਕਈ ਵਾਰੀ ਇਹ ਅਹੁੱਦਾ ਜੱਦੀ ਤੌਰ ਤੇ ਹੀ ਮਿਲ ਜਾਂਦਾ ਸੀ ਪਰ ਕਈ ਵਿਅਕਤੀਆਂ ਨੂੰ ਆਪਣੀ ਮਿਹਨਤ ਨਾਲ ਇਸ ਨੂੰ ਪ੍ਰਾਪਤ ਕਰਨਾ ਪੈਂਦਾ ਰਿਹਾ ਹੈ। ਥੇਨ ਦਾ ਦਰਜਾ ਸ਼ਾਹੀ ਘਰਾਣੇ ਦੇ ਮੈਂਬਰਾਂ ਤੋਂ ਨੀਵਾਂ ਪਰ ਆਮ ਆਦਮੀ ਤੋਂ ਉੱਚਾ ਸੀ। ਇਸ ਦੀ ਹੈਸੀਅਤ ਦਾ ਅਨੁਮਾਨ ਇਸ ਨੂੰ ਮਿਲਣ ਵਾਲੀ ਤਨਖਾਹ ਤੋਂ ਲਗਦਾ ਸੀ। ਇੰਗਲੈਂਡ ਵਿਚ ਇਸ ਨੂੰ ਆਮ ਆਦਮੀ ਨਾਲੋਂ ਛੇ ਗੁਣਾ ਵੱਧ ਪੈਸੇ ਮਿਲਦੇ ਸਨ। ਜ਼ਿਆਦਾ ਭਾਗਾਂ ਵਿਚ ਇਸ ਨੂੰ ਮਿਲਣ ਵਾਲੀ ਰਾਸ਼ੀ 1,200 ਸ਼ਲਿੰਗ ਨਿਰਧਾਰਤ ਕੀਤੀ ਗਈ।

ਸਮਾਂ ਪੈਣ ਤੇ ਥੇਨਾਂ ਵਿਚ ਵੀ ਆਪਣੇ ਦਰਜੇ ਬਣ ਗਏ। ਇਨ੍ਹਾਂ ਵਿਚ ਇਕ ਜਮਾਤ ਤਾਂ ਬਾਦਸ਼ਾਹ ਦੇ ਥੇਨਾਂ ਦੀ ਬਣ ਗਈ ਜਿਸ ਨੂੰ ਕਾਫੀ ਮਹੱਤਤਾ ਪ੍ਰਾਪਤ ਸੀ। ਇਹ ਖਾਸ ਸਹੂਲਤਾਂ ਵੀ ਮਾਣਦੇ ਸਨ। 12 ਸੀਨੀਅਰ ਥੇਨਾਂ ਕੋਲ ਨਿਆਂ ਕਰਨ ਸਬੰਧੀ ਵੀ ਅਧਿਕਾਰ ਸਨ ਅਤੇ ਕਚਹਿਰੀ ਵਿਚ ਕਮੇਟੀ ਦੀ ਹੈਸੀਅਤ ਵਿਚ ਮੁਕੱਦਮਿਆਂ ਸਬੰਧੀ ਆਪਣੇ ਫੈਸਲੇ ਦੇਂਦੇ ਸਨ। ਦੂਜੀ ਜਮਾਤ ਪਾਦਰੀਆਂ ਦੀ ਜਾਂ ਦੂਜੇ ਥੇਨਾਂ ਦੀ ਸੀ। ਇਸ ਨੂੰ ਵਧੇਰੇ ਉੱਚਤਾ ਪ੍ਰਾਪਤ ਨਹੀਂ ਸੀ। ਸਕਾਟਲੈਂਡ ਵਿਚ 15 ਵੀਂ ਸਦੀ ਤੱਕ ਇਸ ਸ਼ਬਦ ਦੀ ਵਰਤੋਂ ਤਖ਼ਤ ਦੇ ਜੱਦੀ ਗ਼ੈਰ ਫ਼ੌਜੀ ਮੁਜਾਰਿਆਂ ਲਈ ਕੀਤੀ ਜਾਂਦੀ ਰਹੀ ਹੈ।

ਹ.ਪੁ. - ਐਨ. ਬ੍ਰਿ. 22 : 46

ਥੇਬਿਟ ਇਬਨ ਕੁੱਰਾਹ : ਇਸ ਅਰਬਵਾਸੀ ਹਿਸਾਬਦਾਨ, ਚਿਕਿਤਸਕ ਅਤੇ ਦਰਸ਼ਨ-ਵਿਗਿਆਨੀ ਦਾ ਜਨਮ ਸਿਰੀਆ ਵਿਖੇ 836 ਈ. ਪੂ. ਵਿਚ ਹੋਇਆ। ਇਹ 9ਵੀਂ ਸਦੀ ਦੇ ਪ੍ਰਚੱਲਿਤ ਹੋ ਰਹੇ ਇਸਲਾਮੀ ਸੱਭਿਆਚਾਰ ਦਾ ਪ੍ਰਤਿਨਿਧ ਸੀ। ਇਹ ਹਾਰੇਨ ਵਿਖੇ ਵਸੇ ਇਕ ਪ੍ਰਸਿੱਧ ਖ਼ਾਨਦਾਨ ਦਾ ਵਾਰਸ ਸੀ। ਇਹ ਸ਼ਹਿਰ ਪੱਕੀ ਤਰ੍ਹਾਂ ਯੂਨਾਨੀ ਮੱਤ ਦੇ ਖਗੋਲੀ ਸੰਪ੍ਰਦਾਇ ਦੀ ਸੀਟ ਸੀ। ਕੁਝ ਸ੍ਰੋਤ ਇਸ ਨੂੰ ਸਰਾਫ਼ ਦੱਸਦੇ ਹਨ। ਇਹ ਕਿਸਮਤ ਨਾਲ ਬਗ਼ਦਾਦ ਚਲਾ ਗਿਆ ਜਿਥੇ ਇਸ ਨੇ ਗਣਿਤ ਅਤੇ ਦਰਸ਼ਨ-ਵਿਗਿਆਨ ਦਾ ਪੂਰਾ ਅਧਿਐਨ ਕੀਤਾ। ਜਦੋਂ ਇਹ ਆਪਣੇ ਨਿਜੀ ਸ਼ਹਿਰ ਪਰਤਿਆ ਤਾਂ ਇਸ ਨੇ ਵੇਖਿਆ ਕਿ ਇਸ ਦੇ ਫ਼ਰਾਖ਼ਦਿਲ ਦਾਰਸ਼ਨਿਕ ਵਿਚਾਰਾਂ ਦਾ ਇਸ ਦੇ ਸਹਿ-ਮਜ਼ਹਬੀਆਂ ਨੇ ਵਿਰੋਧ ਕੀਤਾ। ਇਕ ਸਥਾਨਕ ਧਾਰਮਿਕ ਕਚਹਿਰੀ ਵਿਚ ਪੇਸ਼ ਹੋਣ ਤੋਂ ਪਹਿਲਾਂ ਇਸ ਨੇ ਆਪਣਾ ਬਿਆਨ ਵਾਪਸ ਲੈ ਲਿਆ। ਹੋਰ ਜ਼ੁਲਮ ਸਹਿਣ ਤੋਂ ਬਚਣ ਲਈ ਇਹ ਹਾਰੇਨ ਛੱਡ ਗਿਆ। ਕੁਝ ਅਸਰ-ਰਸੂਖ ਵਾਲੇ ਵਿਅਕਤੀਆਂ ਦੀ ਮਦਦ ਨਾਲ ਇਹ ਬਗ਼ਦਾਦ ਵਿਖੇ ਦਰਬਾਰੀ ਖਗੋਲਵੇਤਾ ਬਣ ਪਿਆ। ਅਖ਼ੀਰਲੇ ਦਮ ਤੱਕ ਇਹ ਇਥੇ ਹੀ ਗਣਿਤ, ਦਰਸ਼ਨ-ਵਿਗਿਆਨ ਅਤੇ ਡਾਕਟਰੀ ਸਬੰਧੀ ਲਿਖਦਾ ਰਿਹਾ ਅਤੇ ਯੂਨਾਨੀ ਗਣਿਤ-ਵਿਗਿਆਨੀਆਂ ਦੀਆਂ ਲਿਖਤਾਂ ਦਾ ਅਨੁਵਾਦ ਕਰਦਾ ਰਿਹਾ।

901 ਈ.ਪੂ. ਵਿਚ ਇਸ ਦੀ ਮੌਤ ਹੋ ਗਈ।

ਹ.ਪੁ. -ਐਨ. ਬ੍ਰਿ. ਮਾ. 9 : 917

ਥੇਰ, ਆਲਬ੍ਰੈਕਟ : ਜਰਮਨੀ ਦੇ ਇਸ ਸੁਪ੍ਰਸਿੱਧ ਖੇਤੀ ਵਿਗਿਆਨੀ, ਅਧਿਆਪਕ ਅਤੇ ਲੇਖਕ ਦਾ ਜਨਮ ਸੇਲੇ ਨਾਂ ਦੇ ਸਥਾਨ ਤੇ 1752 ਈ. ਵਿਚ ਹੋਇਆ। 18 ਸਾਲ ਦੀ ਉਮਰ ਵਿਚ ਇਸ ਨੇ ਚਿਕਿਤਸਾ ਦੀ ਪੜ੍ਹਾਈ ਲਈ ਗਾਟਿੰਜਨ ਯੂਨੀਵਰਸਿਟੀ ਵਿਚ ਦਾਖ਼ਲਾ ਲਿਆ ਅਤੇ ਪੜ੍ਹਾਈ ਤੋਂ ਬਾਅਦ ਸੇਲੇ ਵਿਚ ਹੀ ਰਹਿਣ ਲਗ ਪਿਆ। ਸੰਨ 1778 ਵਿਚ ਰਾੱਇਲ ਐਗਰੀਕਲਚਰਲ ਸੋਸਾਇਟੀ ਦਾ ਮੈਂਬਰ ਚੁਣਿਆ ਗਿਆ ਅਤੇ ਇਹ ਆਪਣੀਆਂ ਛੁੱਟੀਆਂ ਦਾ ਸਮਾਂ ਖੇਤੀ ਸਬੰਧੀ ਸੰਸਥਾਵਾਂ ਵਿਚ ਲਗਾਉਣ ਲਗ ਪਿਆ। ਸੰਨ 1802 ਵਿਚ ਇਸ ਨੇ ਆਪਣੀ ਸਾਰੀ ਪੂੰਜੀ ਖੇਤੀ ਬਾੜੀ

ਕਾਲਜ ਵਿਚ ਲਗਾ ਦਿੱਤੀ। ਇਹ ਆਪਣੀ ਕਿਸਮ ਦਾ ਪਹਿਲਾ ਕਾਲਜ ਸੀ ਜਿਸ ਵਿਚ ਥੇਰ ਖੇਤੀ ਬਾੜੀ ਉਪਰ ਭਾਸ਼ਣ ਵੀ ਦਿੰਦਾ ਸੀ। ਸੰਨ 1804 ਵਿਚ ਇਹ ਪ੍ਰਿਵੀ ਕਾਊਂਸਿਲ, ਬਰਲਿਨ, ਅਕੈਡਮੀ ਔਫ਼ ਸਾਇੰਸਿਜ਼ ਦਾ ਮੈਂਬਰ ਅਤੇ ਮੋਗਲਿਨ ਸਥਿਤ, ਨਵੀਨ ਸਟੇਟ ਐਗਰੀਕਲਚਰਲ ਇੰਸਟੀਚਿਊਟ ਦੇ ਪ੍ਰਧਾਨ ਦੇ ਅਹੁਦੇ ਤੇ ਨਿਯੁਕਤ ਹੋਇਆ।

ਇਸ ਨੇ ਖੇਤੀ-ਰਸਾਇਣ ਉਪਰ ਜਰਮਨ ਭਾਸ਼ਾ ਵਿਚ ਇਕ ਪੁਸਤਕ 'ਖੇਤੀ ਦੇ ਸਿੱਧਾਂਤ' ਲਿਖੀ। ਇਹ ਚਾਰ ਭਾਗਾਂ ਵਿਚ ਹੈ। ਇਸ ਦਾ ਦੂਸਰਾ ਭਾਗ ਅਤਿਅੰਤ ਮਹੱਤਵਪੂਰਨ ਹੈ ਜਿਸ ਵਿਚ ਫ਼ਸਲਾਂ ਦੇ ਖ਼ੁਰਾਕੀ ਪਦਾਰਥਾਂ ਨਾਲ ਸਬੰਧਤ ਸਿੱਧਾਂਤਾਂ ਦਾ ਵਿਸਤਾਰ ਪੂਰਵਕ ਵਿਵਰਣ ਹੈ।

ਥੇਰ ਨੇ ਫ਼ਸਲਾਂ ਦੇ ਹੇਰ ਫੇਰ ਦੁਆਰਾ ਫ਼ਸਲਾਂ ਦੀ ਉਪਜ ਵਿਚ ਵਾਧਾ ਪ੍ਰਾਪਤ ਕੀਤਾ ਅਤੇ ਉੱਨ ਦੀ ਪ੍ਰਾਪਤੀ ਲਈ ਮਰੀਨਾ ਭੇਡ ਦੀ ਨਸਲ ਵਿਚ ਸੁਧਾਰ ਕੀਤੇ। ਅਧਿਆਪਕ ਅਤੇ ਲੇਖਕ ਦੇ ਤੌਰ ਤੇ ਵੀ ਇਸ ਦਾ ਨਾਂ ਅਮਰ ਰਹੇਗਾ। ਇਸ ਨੂੰ ਨਵਨਿਰਮਾਨਤ ਬਰਲਿਨ ਯੂਨੀਵਰਸਿਟੀ ਦਾ ਵੀ ਪ੍ਰੋਫ਼ੈਸਰ ਨਿਯੁਕਤ ਕੀਤਾ ਗਿਆ ਅਤੇ ਮੋਗਲਿਨ ਸਥਿਤ ਇਸ ਦੇ ਖੇਤੀ ਬਾੜੀ ਕਾਲਜ ਨੂੰ ਰੌਇਲ ਅਕੈਡਮੀ ਬਣਾ ਦਿੱਤਾ ਗਿਆ। ਇਸ ਦੀ ਮੌਤ 1828 ਈ. ਵਿਚ ਹੋਈ।

ਹ.ਪੁ. – ਹਿੰ. ਵਿ. ਕੋ. 5:474

ਥੇਰ ਗਾਥਾ : ਇਹ ਖ਼ੁਦਕ ਮੱਤ ਦਾ ਅੱਠਵਾਂ ਗ੍ਰੰਥ ਹੈ। ਇਸ ਵਿਚ 264 ਥੇਰਾਂ ਦੇ ਵਿਚਾਰ ਇਕੱਤਰ ਕੀਤੇ ਗਏ ਹਨ। ਇਹ ਗ੍ਰੰਥ 21 ਨਿਪਾਤਾਂ ਵਿਚ ਵੰਡਿਆ ਗਿਆ ਹੈ। ਪਹਿਲੇ ਨਿਪਾਤ ਵਿਚ 12 ਵਰਗ, ਦੂਜੇ ਨਿਪਾਤ ਵਿਚ 5 ਵਰਗ ਅਤੇ ਬਾਕੀ ਸਾਰੇ ਨਿਪਾਤਾਂ ਵਿਚ ਇਕ ਇਕ ਵਰਗ ਹੈ। ਗਾਥਾਵਾਂ ਦੀ ਗਿਣਤੀ 1279 ਹੈ। ਇਸ ਥੇਰ ਗਾਥਾ ਵਿਚ ਪਰਮ-ਪਦ ਪ੍ਰਾਪਤ ਕੀਤੇ ਥੇਰਾਂ ਦੇ ਵਿਚਾਰ ਅਤੇ ਮਨ ਦੇ ਉਬਾਲ ਨਾਲ ਸਬੰਧਤ ਗਾਥਾਵਾਂ ਸ਼ਾਮਲ ਹਨ। ਇਸ ਵਿਚ ਪਰਮ ਸ਼ਾਂਤੀ ਦੀ ਖ਼ੁਸ਼ੀ ਭਰੀ ਧੁਨ ਵਜਦੀ ਹੈ।

ਇਸ ਵਿਚਲੀਆਂ ਕਥਾਵਾਂ ਬਹੁਤੀਆਂ ਨਿਰਵਾਣ ਦੀ ਮੰਜ਼ਿਲ ਵੱਲ ਇਸ਼ਾਰਾ ਕਰਦੀਆਂ ਹਨ। ਇਹ ਗਾਥਾਵਾਂ ਸਾਧਕਾਂ ਦੀ ਸਾਧਨਾ ਨੂੰ ਸਫ਼ਲ ਬਣਾਉਣ ਲਈ ਪ੍ਰੇਰਣਾ ਕਰਦੀਆਂ ਹਨ। ਇਨ੍ਹਾਂ ਵਿਚ ਪਰਮ-ਪਦ ਨੂੰ ਪ੍ਰਾਪਤ ਥੇਰਾਂ ਦੁਆਰਾ ਬ੍ਰਹਮਚਾਰੀਆਂ ਅਤੇ ਆਮ ਵਿਅਕਤੀਆਂ ਨੂੰ ਦਿੱਤੇ ਗਏ ਉਪਦੇਸ਼ਾਂ ਦਾ ਵੀ ਜ਼ਿਕਰ ਕੀਤਾ ਗਿਆ ਹੈ। ਇਸ ਗ੍ਰੰਥ ਵਿਚ ਮਹਾਤਮਾ ਬੁੱਧ ਦੁਆਰਾ ਸਥਾਪਤ ਸੰਗਠਨ ਦਾ ਇਕ ਸੁੰਦਰ ਚਿੱਤਰ ਮਿਲਦਾ ਹੈ। ਇਸ ਵਿਚ ਝੌਂਪੜੀਆਂ ਅਤੇ ਰਾਜ ਮਹਿਲ ਤੋਂ ਨਿਕਲੇ ਉੱਚ ਕੋਟੀ ਦੇ ਲੋਕਾਂ ਦਾ ਵਰਣਨ ਹੈ।

ਮਹਾਤਮਾ ਬੁੱਧ ਦੀ ਸ਼ਰਣ ਵਿਚ ਆ ਕੇ ਉਹ ਸਾਰੇ ਇਕ ਹੋ ਗਏ ਸਨ। ਇਸ ਸੰਗਠਨ ਵਿਚ ਲੌਕਿਕ ਧਨ, ਤਾਕਤ ਅਤੇ ਪਦ ਦਾ ਮਾਣ ਨਹੀਂ ਸੀ। ਇਸ ਗ੍ਰੰਥ ਵਿਚ ਪ੍ਰਾਕ੍ਰਿਤਕ ਸੁੰਦਰਤਾ ਦਾ ਵੀ ਵਰਣਨ ਮਿਲਦਾ ਹੈ।

ਸੰਤ-ਸਾਹਿਤ ਦਾ ਥੇਰ ਗਾਥਾ ਵਿਚ ਵਿਸ਼ੇਸ਼ ਸਥਾਨ ਹੈ। ਇਨ੍ਹਾਂ ਕਥਾਵਾਂ ਵਿਚ ਮਹਾਨ ਸਾਧਕ ਆਪਣੇ ਜੀਵਨ ਦੇ ਅਨੁਭਵ ਸਾਡੇ ਲਈ ਛੱਡ ਗਏ ਹਨ। ਇਸ ਗ੍ਰੰਥ ਵਿਚ ਸੋਣ ਥੇਰ ਜੋ ਕਿ ਪਹਿਲਾ ਸੈਨਾਪਤੀ ਸੀ, ਆਪਣੇ ਦ੍ਰਿੜ ਸੰਕਲਪ ਨੂੰ ਇਸ ਤਰ੍ਹਾਂ ਪ੍ਰਗਟ ਕਰਦਾ ਹੈ, 'ਯੁੱਧ ਭੂਮੀ ਵਿਚ ਅਗੇ ਵੱਧ ਕੇ ਹਾਥੀ ਤੋਂ ਭਾਵੇਂ ਡਿਗ ਹੀ ਪਵਾਂ ਪਰੰਤੂ ਹਾਰ ਕੇ ਜੀਣ ਦੇ ਬਦਲੇ ਯੁੱਧ-ਭੂਮੀ ਵਿਚ ਪ੍ਰਾਪਤ ਮੌਤ ਮੈਨੂੰ ਪਿਆਰੀ ਹੈ।' ਇਸੇ ਤਰ੍ਹਾਂ ਬਾਰਸ਼ ਦੀ ਆਵਾਜ਼ ਨਾਲ ਖ਼ੁਸ਼ ਹੋ ਕੇ ਗਿਰਿਗਾਨੰਦ ਥੇਰ ਗਾਉਂਦਾ ਹੈ, "ਦੇਵ ਇਵੇਂ ਵਸਦਾ ਹੈ ਜਿਵੇਂ ਗੀਤ ਗਾਇਆ ਜਾ ਰਿਹਾ ਹੈ। ਮੇਰੀ ਝੌਂਪੜੀ ਛਾਈ ਹੈ, ਸੁਖਦਾਈ ਹੈ ਅਤੇ ਹਵਾ ਤੋਂ ਸੁਰੱਖਿਅਤ ਹੈ। ਇਸ ਵਿਚ ਮੌਜ ਨਾਲ ਮੈਂ ਘੁੰਮ ਰਿਹਾ ਹਾਂ। ਦੇਵ ਜੀ, ਭਰ ਕੇ ਵਸੋ।' ਇਸੇ ਤਰ੍ਹਾਂ ਹੋਰ ਕਈ ਥੇਰਾਂ ਦੇ ਵਿਚਾਰ ਇਸ ਗ੍ਰੰਥ ਵਿਚ ਅੰਕਿਤ ਕੀਤੇ ਗਏ ਹਨ।

ਇਸ ਤਰ੍ਹਾਂ ਚਿੰਤਕ ਥੇਰ ਮੋਰ ਦੀ ਆਵਾਜ਼ ਨਾਲ ਗਾਉਂਦਾ ਹੈ "ਨੀਲੀ ਗਰਦਨ ਅਤੇ ਕਲਗੀ ਵਾਲੇ ਮੋਰ ਜੰਗਲ ਵਿਚ ਗਾਉਂਦੇ ਹਨ। ਠੰਡੀ ਹਵਾ ਨਾਲ ਪ੍ਰਫੁੱਲਤ ਹੋ ਕੇ ਪਿਆਰੇ ਗੀਤ ਗਾਉਣ ਵਾਲੇ ਉਹ ਸੁੱਤੇ ਹੋਏ ਜੋਗੀ ਨੂੰ ਜਗਾਉਂਦੇ ਹਨ।"

ਇਸ ਤਰ੍ਹਾਂ ਥੇਰ ਗਾਥਾ ਗ੍ਰੰਥ ਵਿਚ ਕਈ ਥੇਰਾਂ ਦੇ ਵਿਚਾਰਾਂ ਨੂੰ ਇਕੱਤਰ ਕੀਤਾ ਗਿਆ ਹੈ।

ਹ.ਪੁ. – ਹਿੰ. ਵਿ. ਕੋ. 5 : 474

ਥੈਲੀਅਮ : ਇਹ ਇਕ ਧਾਤਵੀ ਰਸਾਇਣਿਕ ਤੱਤ ਹੈ। ਇਸ ਦੀ ਖੋਜ 1861 ਈ. ਵਿਚ ਸਰ ਵਿਲੀਅਮ ਕਰੁੱਕਜ਼ ਨੇ ਕੀਤੀ। ਸਿਲੀਨੀਫ਼ੈਰਸ ਪਾਇਰਾਈਟੀਜ਼ ਨੂੰ ਭੱਠੀ ਵਿਚ ਗਰਮ ਕਰਨ ਨਾਲ ਪੈਦਾ ਹੋਈ ਧੂੜ ਦੇ ਸਪੈੱਕਟ੍ਰੋਸਕੋਪਿਕ ਨਿਰੀਖਣ ਦੌਰਾਨ ਉਸ ਨੇ ਇਕ ਓਪਰੀ ਹਰੀ ਪੱਟੀ ਵੇਖੀ। ਇਸ ਪਿਛੋਂ ਕਰੁੱਕਜ਼ ਨੇ ਇਹ ਨਤੀਜਾ ਕੱਢਿਆ ਕਿ ਇਸ ਵਿਚ ਇਕ ਨਵਾਂ ਤੱਤ ਹੈ ਜਿਸ ਨੂੰ ਉਸ ਨੇ 'ਥੈਲੀਅਮ' ਦਾ ਨਾਂ ਦਿੱਤਾ। ਥੈਲੀਅਮ ਬਹੁਤ ਹੀ ਘੱਟ ਮਿਲਣ ਵਾਲੇ ਖਣਿਜ ਜਿਵੇਂ ਕਿ ਕਰੂਕੀਸਾਈਟ $(CuT\ell Ag)_2$ Se ; ਲੋਰੇਨਡਾਈਟ $(T\ell ASS_2)$, ਵਰਬਾਈਟ $(T\ell As_2SbS_5)$ ਅਤੇ ਹਟਚਿਨਸੋਨਾਈਟ $(T\ell Agcu)_2\ S.AS_2S_3 + PbSAS_2\ S_3$ ਵਿਚ ਹੁੰਦੀ ਹੈ। ਵੱਖ ਵੱਖ ਪਾਇਰਾਈਟੀਜ਼ ਵਿਚ ਵੀ ਇਹ ਧਾਤ ਬਹੁਤ ਘੱਟ ਮਾਤਰਾ ਵਿਚ ਹੁੰਦੀ ਹੈ। ਸਲਫ਼ਿਊਰਿਕ ਐਸਿਡ ਦੇ ਨਿਰਮਾਣ ਦੌਰਾਨ ਬਣੇ ਸਹਿ-ਉਪਜ ਥੈਲੀਅਮ ਲਈ ਕੱਚੇ ਮਾਲ ਦਾ ਸ੍ਰੋਤ ਹਨ।

ਭੌਤਿਕ ਗੁਣ – ਥੈਲੀਅਮ ਨੀਲੀ ਭਾਹ ਮਾਰਦੀ ਚਿੱਟੀ ਧਾਤ ਹੈ। ਇਹ ਬਹੁਤ ਹੀ ਨਰਮ ਅਤੇ ਖਿਚੀਣਯੋਗ ਧਾਤ ਹੈ ਜਿਸ ਦੀ ਤਣਾਉ-ਸਮਰੱਥਾ ਘੱਟ ਹੈ। ਤਾਜ਼ਾ ਕੱਟੀ ਹੋਈ ਧਾਤ ਚਾਂਦੀ ਵਾਂਗ ਚਮਕੀਲੀ ਹੁੰਦੀ ਹੈ। ਥੈਲੀਅਮ ਦਾ ਪਰਮਾਣੂ ਨੰਬਰ 81 ਅਤੇ ਪਰਮਾਣੂ ਭਾਰ 204.37 ਹੈ। 226° ਸੈਂ. ਦੇ ਅੰਤਰਕਾਲੀ ਤਾਪਮਾਨ ਤੇ ਇਸ ਧਾਤ ਦੇ ਦੋ ਰਵੇਦਾਰ ਰੂਪ ਹੁੰਦੇ ਹਨ। 230° ਸੈਂ. ਤਾਪਮਾਨ ਤੋਂ ਥੱਲੇ ਇਸ ਧਾਤ ਦੀ ਬਣਤਰ ਛੇ-ਕੋਣੀ ਹੁੰਦੀ ਹੈ। ਇਸ ਦੀ ਘਣਤਾ 20° ਸੈਂ. ਤੇ. 11.85 ਗ੍ਰਾਮ ਪ੍ਰਤੀ ਸੀ.ਸੀ. ਹੈ। ਥੈਲੀਅਮ ਦਾ ਪਿਘਲਣ ਦਰਜਾ 303° ਸੈਂ. ਅਤੇ ਉਬਾਲ ਦਰਜਾ 1457° ਸੈਂ. ਹੈ।

ਰਸਾਇਣਿਕ ਗੁਣ—ਥੈਲੀਅਮ ਅਤੇ ਇੰਡੀਅਮ ਆਵਰਤੀ ਸਾਰਨੀ ਦੇ ਤੀਜੇ ਗਰੁੱਪ ਦੇ ਤੱਤ ਹਨ। ਥੈਲੀਅਮ ਦੇ ਇਲੈੱਕਟ੍ਰਾੱਨ ਦੀ ਤਰਤੀਬ ਅਧੂਰੇ ਆਰਬਿਟ ਵਿਚ $5s^2$, $5p^6$, $5d^{10}$, $6S^2$, $6P^1$ ਹੈ। ਇਹ ਆਪਣਾ ਇਕ ਸੰਯੋਜਕ ਇਲੈੱਕਟ੍ਰਾੱਨ ਘਟਾ ਕੇ ਥੈਲਸ (Thallous) ਬਣਾਉਂਦਾ ਹੈ, ਜਿਹੜੀ ਕਿ +1 ਆੱਕਸੀਕ੍ਰਿਤ ਅਵੱਸਥਾ ਹੈ। ਇਸ ਦੇ + 3 ਇਲੈੱਕਟ੍ਰਾੱਨ ਘਟਣ ਨਾਲ ਥੈਲਿਕ (Thallic) ਬਣਦਾ ਹੈ। ਥੈਲਸ ਯੋਗਿਕ ਸਖ਼ਤ ਆੱਕਸੀਕਾਰਕ ਜਿਵੇਂ ਕਿ ਕਲੋਰੀਨ, ਬਰੋਮੀਨ ਅਤੇ ਇਲੈੱਕਟ੍ਰੋਲਿਸਜ਼ ਨਾਲ ਘੱਟ ਸਥਾਈ ਥੈਲਿਕ ਯੋਗਿਕ (+3) ਵਿਚ ਬਦਲ ਜਾਂਦੇ ਹਨ। ਥੈਲਸ ਯੋਗਿਕ ਪੋਟਾਸ਼ੀਅਮ ਅਤੇ ਚਾਂਦੀ ਨਾਲ ਮਿਲਦੇ ਜੁਲਦੇ ਹਨ। ਪਾਣੀ ਵਿਚ ਘੁਲਣ ਵਾਲੇ ਥੈਲਸ ਯੋਗਿਕਾਂ ਵਿਚ ਆੱਕਸਾਈਡ, ਹਾਈਡ੍ਰਾੱਕਸਾਈਡ, ਨਾਈਟ੍ਰੇਟ, ਸਲਫ਼ੇਟ, ਫਲੋਰਾਈਡ, ਕਾਰਬੋਨੇਟ ਅਤੇ ਐਸੀਟੇਟ ਹਨ। ਕਲੋਰਾਈਡ, ਬਰੋਮਾਈਡ, ਆਇਓਡਾੱਈਡ, ਸਲਫ਼ਾਈਡ ਅਤੇ ਕ੍ਰੋਮੇਟ ਆਦਿ ਪਾਣੀ ਵਿਚ ਨਾ ਘੁਲਣ ਵਾਲੇ ਹਨ। ਥੈਲਸ ਯੋਗਿਕ ਧਾਤ ਦੇ ਐਸਿਡ ਜਾਂ ਪਾਣੀ ਅਤੇ ਆੱਕਸੀਜਨ ਨਾਲ ਕਿਰਿਆ ਕਰਨ ਉਪਰੰਤ ਬਣਦੇ ਹਨ। ਥੈਲਿਕ ਯੋਗਿਕ ਫੈਰਿਕ (+3 ਲੋਹਾ) ਨਾਲ ਮਿਲਦੇ ਜੁਲਦੇ ਹਨ।

ਪਾਣੀ ਵਿਚ ਅਘੁਲਣਸ਼ੀਲ ਆੱਕਸਾਈਡ ਅਤੇ ਹਾਈਡ੍ਰਾੱਕਸਾਈਡ ਅਤੇ ਪਾਣੀ ਵਿਚ ਘੁਲਣਸ਼ੀਲ ਕਲੋਰਾਈਡ ਮਹੱਤਵਪੂਰਨ ਹਨ।


ਧਾਤਵੀ ਥੇਲੀਅਮ–ਥੇਲੀਅਮ ਆਸਾਨੀ ਨਾਲ ਥੈਲਸ ਅਵਸਥਾ ਵਿਚ ਆੱਕਸੀਕ੍ਰਿਤ ਹੋ ਜਾਂਦੀ ਹੈ। ਇਹ ਹਵਾ ਵਿਚ ਬਦਰੰਗ ਹੋ ਜਾਂਦੀ ਹੈ ਅਤੇ ਆੱਕਸਾਈਡ ਫ਼ਿਲਮ ਬਣਾਉਂਦੀ ਹੈ ਜਿਹੜੀ ਕਿ ਪਾਣੀ ਵਿਚ ਆਸਾਨੀ ਨਾਲ ਘੁਲਣਸ਼ੀਲ ਹੈ। ਪਾਣੀ ਅਤੇ ਹਵਾ ਵਿਚ ਜ਼ਿਆਦਾ ਦੇਰ ਰਹਿਣ ਨਾਲ ਇਹ ਧਾਤ ਘੁਲ ਕੇ ਥੈਲਸ ਹਾਈਡ੍ਰਾੱਕਸਾਈਡ ਦਾ ਘੋਲ ਬਣਾਉਂਦੀ ਹੈ। ਤੇਜ਼ ਤਾਪ ਅਤੇ ਪਾਣੀ ਦੀ ਪ੍ਰਤਿਕਿਰਿਆ ਨਾਲ ਹਾਈਡ੍ਰੋਜਨ ਨਿਕਲਦੀ ਹੈ ਅਤੇ ਥੈਲਸ ਆੱਕਸਾਈਡ ($T\ell_2O$) ਬਣਦਾ ਹੈ। ਥੇਲੀਅਮ, ਨਾਈਟ੍ਰਿਕ ਐਸਿਡ ਅਤੇ ਸਲਫ਼ਿਊਰਿਕ ਐਸਿਡ ਵਿਚ ਘੁਲਣਸ਼ੀਲ ਹੈ ਪਰ ਹਾਈਡ੍ਰੋਕਲੋਰਿਕ ਐਸਿਡ ਵਿਚ ਘੱਟ ਘੁਲਦੀ ਹੈ।

ਲੂਣ—ਥੇਲੀਅਮ ਦੇ ਦੋ ਤਰ੍ਹਾਂ ਦੇ ਲੂਣ ਹੁੰਦੇ ਹਨ। ਥੈਲਸ, ਜਿਸ ਵਿਚ ਧਾਤ ਇਕ ਸੰਯੋਜਕ ਹੁੰਦੀ ਹੈ ਅਤੇ ਥੈਲਿਕ ਵਿਚ ਇਹ ਧਾਤ ਤਿੰਨ ਸੰਯੋਜਕ ਹੁੰਦੀ ਹੈ। ਥੈਲਿਕ ਲੂਣ ਨੂੰ ਇਸ ਦੇ ਜ਼ਿਆਦਾ ਅਪਵਰਤਨ ਅੰਕ ਹੋਣ ਕਰਕੇ ਆੱਪਟੀਕਲ ਕੱਚ ਦੇ ਨਿਰਮਾਣ ਵਿਚ ਵਰਤਿਆ ਜਾਂਦਾ ਹੈ। ਥੈਲਸ ਹਾਈਡ੍ਰਾੱਕਸਾਈਡ ($T\ell OH$) ਸਲਫ਼ੇਟ ਦੇ ਘੋਲ ਨੂੰ ਬੇਰੀਅਮ ਹਾਈਡ੍ਰਾੱਕਸਾਈਡ ਦੇ ਅਪਘਟਨ ਨਾਲ ਤਿਆਰ ਕੀਤਾ ਜਾਂਦਾ ਹੈ। ਇਸ ਤਰ੍ਹਾਂ ਲੰਬੇ ਪੀਲੇ ਸੂਈਨੁਮਾਂ ਰਵੇ ਬਣਦੇ ਹਨ। ਥੈਲਸ ਹਾਈਡ੍ਰਾੱਕਸਾਈਡ ਪਾਣੀ ਵਿਚ ਘੁਲ ਕੇ ਇਕ ਖਾਰਾ ਘੋਲ ਬਣਾਉਂਦੇ ਹਨ ਜਿਹੜਾ ਕਿ ਕਾਸਟਿਕ ਦੀ ਤਰ੍ਹਾਂ ਕੰਮ ਕਰਦਾ ਹੈ। ਥੈਲਿਕ ਆੱਕਸਾਈਡ ($T\ell o_3$) ਧਾਤ ਨੂੰ ਹਵਾ ਜਾਂ ਆੱਕਸੀਜਨ ਵਿਚ 500–700° ਸੈਂ. ਤੱਕ ਗਰਮ ਕਰਨ ਨਾਲ ਬਣਦਾ ਹੈ। ਥੈਲਸ ਕਲੋਰਾਈਡ ($T\ell c\ell$) ਨੂੰ ਆਸਾਨੀ ਨਾਲ ਕਿਸੇ ਵੀ ਥੈਲਸ ਲੂਣ ਦੇ ਘੋਲ ਤੋਂ ਪ੍ਰਾਪਤ ਕੀਤਾ ਜਾਂਦਾ ਹੈ। ਹਾਈਡ੍ਰੋਕਲੋਰਿਕ ਐਸਿਡ ਪਾਉਣ ਨਾਲ ਚਿੱਟੇ ਰਵੇ ਬਣਦੇ ਹਨ ਜਿਹੜੇ ਕਿ ਸਿਲਵਰ ਕਲੋਰਾਈਡ ਵਰਗੇ ਹੁੰਦੇ ਹਨ। ਰੋਸ਼ਨੀ ਵਿਚ ਇਹ ਜਾਮਨੀ ਰੰਗ ਵਿਚ ਬਦਲ ਜਾਂਦੇ ਹਨ। ਥੈਲਸ ਬਰੋਮਾਈਡ ($T\ell Br.$) ਇਕ ਹਲਕਾ ਪੀਲਾ ਰਵੇਦਾਰ ਪਾਊਡਰ ਹੈ ਜਿਹੜਾ ਕਿ ਕਲੋਰਾਈਡ ਵਾਂਗੂ ਹੀ ਬਣਦਾ ਹੈ। ਥੈਲਸ ਪਰਕਲੋਰੇਟੇ ($T\ell c\ell o_4$) ਅਤੇ ਪੈਰੀਓਡੇਟ ($T\ell Io_4$) ਬਾਕੀ ਥੈਲਸ ਲੂਣਾਂ ਵਾਂਗ ਹੀ ਮਹੱਤਵਪੂਰਨ ਹਨ ਅਤੇ ਇਹ ਪੋਟਾਸ਼ੀਅਮ ਲੂਣਾਂ ਦੇ ਸਮਰੂਪੀ ਹੁੰਦੇ ਹਨ। ਥੈਲਸ ਕਾਰਬੋਨੇਟ ($T\ell_2CO_3$) ਲਿਥੀਅਮ ਨਾਲ ਮਿਲਦੇ ਜੁਲਦੇ ਹਨ। ਥੈਲਸ ਸਲਫ਼ੇਟ ($T\ell_2So_4$), ਰ੍ਹਾਂਬਿਕ (rhombic) ਪ੍ਰਿਜ਼ਮ ਬਣਾਉਂਦਾ ਹੈ ਜਿਹੜੇ ਪਾਣੀ ਵਿਚ ਘੁਲਣਸ਼ੀਲ ਹਨ। ਤੇਜ਼ ਤਾਪ ਉੱਤੇ ਇਹ ਪਿਘਲ ਕੇ ਸਲਫ਼ਰ ਡਾਇਆੱਕਸਾਈਡ ਵਿਚ ਅਪਘਟਿਤ ਹੋ ਜਾਂਦਾ ਹੈ। ਇਹ ਐਲੂਮੀਨੀਅਮ, ਕ੍ਰੋਮੀਅਮ ਅਤੇ ਲੋਹੇ ਦੇ ਸਲਫ਼ੇਟ ਨਾਲ ਮਿਲ ਕੇ ਫਟਕੜੀ (alums) ਬਣਾਉਂਦਾ ਹੈ।

ਸਾਰੇ ਥੇਲੀਅਮ ਯੋਗਿਕ ਬਹੁਤ ਹੀ ਜ਼ਹਿਰੀਲੇ ਹੁੰਦੇ ਹਨ। ਇਸ ਦੀ ਜ਼ਹਿਰ ਨਾਲ ਵਾਲਾਂ ਦਾ ਝੜਨਾ, ਮਿਹਦੇ ਦੇ ਰੋਗ ਆਦਿ ਹੋ ਸਕਦੇ ਹਨ ਅਤੇ ਕਈ ਵਾਰ ਮੌਤ ਵੀ ਹੋ ਸਕਦੀ ਹੈ। ਇਸ ਧਾਤ ਦੇ ਛੇਤੀ ਆੱਕਸੀਕਰਨ ਹੋਣ ਕਰਕੇ ਇਸ ਨੂੰ ਸਾਵਧਾਨੀ ਨਾਲ ਵਰਤਣਾ ਚਾਹੀਦਾ ਹੈ। ਥੇਲੀਅਮ ਯੋਗਿਕਾਂ ਨੂੰ ਚੂਹੇ ਮਾਰ ਦਵਾਈਆਂ ਅਤੇ ਕੀੜੇ ਮਾਰ ਦਵਾਈਆਂ ਵਿਚ ਵੀ ਵਰਤਿਆ ਜਾਂਦਾ ਹੈ। ਇਸ ਦੇ ਸਲਫ਼ਾਈਡ ਨੂੰ ਬਿਜਲਈ ਸੈੱਲਾਂ, ਬਰੋਮਾਈਡ ਅਤੇ ਆਇਓਡਾਇਡ ਦੇ ਸੰਯੁਕਤ ਰਵਿਆਂ ਨੂੰ ਇਨਫ਼੍ਰਾਰੈੱਡ ਡੀਟੈੱਕਟਰ (Infrared Detector) ਵਿਚ ਵਰਤਿਆ ਜਾਂਦਾ ਹੈ। ਥੇਲੀਅਮ ਤੇ ਸਿੱਕੇ ਦੇ ਐਲਾਇ ਨੂੰ ਫਿਊਜ਼ ਵਿਚ ਵਰਤਿਆ ਜਾਂਦਾ ਹੈ ਅਤੇ ਪਾਰੇ ਵਾਲੇ ਐਲਾਇ ਨੂੰ ਦ੍ਰਵੀ ਸਵਿੱਚਾਂ ਲਈ ਵਰਤਿਆ ਜਾਂਦਾ ਹੈ। ਥੇਲੀਅਮ ਆੱਕਸਾਈਡ ਨੂੰ ਨਕਲੀ ਹੀਰਿਆਂ ਨੂੰ ਰੰਗ ਦੇਣ ਲਈ ਵਰਤਿਆ ਜਾਂਦਾ ਹੈ।

ਹ.ਪੁ. – ਐਨ. ਬ੍ਰਿ. 22 : 22; ਐਨ. ਬ੍ਰਿ. ਮਾ. 9 : 920; ਐਨ. ਅਮੈ. 26 : 491; ਐਨ.ਸ.ਟ. 13

ਥੇਲੀਜ਼ ਆਫ਼ ਮਾਈਲੀਟਸ : ਇਹ ਇਕ ਯੂਨਾਨੀ ਦਾਰਸ਼ਨਿਕ ਅਤੇ ਵਿਗਿਆਨੀ ਸੀ ਜਿਹੜਾ 580 ਈ. ਪੂ. ਦੇ ਲਗਭਗ ਹੋਇਆ। ਯੂਨਾਨੀ ਵਿਦਵਾਨ ਅਪੋਲੋਡੋਰਸ ਅਨੁਸਾਰ ਇਸ ਦਾ ਜਨਮ 624 ਈ. ਪੂ. ਹੋਇਆ। ਇਸ ਨੂੰ ਯੂਨਾਨੀ ਫ਼ਿਲਾਸਫੀ ਦਾ ਬਾਨੀ ਮੰਨਿਆ ਜਾਂਦਾ ਹੈ। ਇਸ ਦੀ ਕੋਈ ਲਿਖਤ ਉਪਲੱਬਧ ਨਹੀਂ ਹੈ। ਸੱਤ ਕਲਪਿਤ ਸਿਆਣਿਆਂ ਵਿਚ ਇਸ ਦਾ ਨਾਂ ਸ਼ਾਮਲ ਹੋਣ



ਵਾਟੀਕਨ ਦੇ ਗੈਲਰੀਆ ਜੀਓਗ੍ਰਾਫੀਕਾ ਵਿਚ ਪਿਆ ਥੇਲੀਜ਼ ਦਾ ਬੁੱਤ

ਕਾਰਨ ਇਸ ਨੂੰ ਆਦਰਸ਼ਕ ਰੂਪ ਵਿਚ ਪੇਸ਼ ਕੀਤਾ ਜਾਣਾ ਆਰੰਭ ਹੋਇਆ। ਇਹ ਕਿਹਾ ਜਾਂਦਾ ਹੈ ਕਿ ਇਸ ਨੇ ਆਪਣੇ ਰੇਖਾ–ਗਣਿਤ ਦੇ ਗਿਆਨ ਦੀ ਮਦਦ ਨਾਲ ਮਿਸਰ ਦੇ ਮੁਨਾਰਿਆਂ ਨੂੰ ਮਾਪਿਆ ਅਤੇ ਸਮੁੰਦਰੀ ਜਹਾਜ਼ਾਂ ਦਾ ਕੰਢੇ ਤੋਂ ਫ਼ਾਸਲਾ ਪਤਾ ਕਰਨ ਦਾ ਢੰਗ ਦੱਸਿਆ। ਇਸ ਨੇ ਜਹਾਜ਼ਰਾਨਾਂ ਨੂੰ ਸਲਾਹ ਦਿੱਤੀ ਕਿ ਦਿਸ਼ਾ ਨੂੰ ਜਾਣਨ ਲਈ ਸਪਤਰਿਸ਼ੀ ਦੀ ਬਜਾਏ ਲਘੂ–ਸਪਤਰਿਸ਼ੀ ਦੀ ਮਦਦ ਲੈਣੀ ਚਾਹੀਦੀ ਹੈ। 585 ਈ. ਪੂ. ਦੇ ਸੂਰਜ ਗ੍ਰਹਿਣ ਦੀ ਭਵਿੱਖਬਾਣੀ ਕਰ ਕੇ ਇਹ ਜਗਤ–ਪ੍ਰਸਿੱਧ ਹੋ ਗਿਆ ਸੀ। ਰੇਖਾ–ਗਣਿਤ ਵਿਚ ਇਸ ਨੇ ਪੰਜ ਥਿਓਰਮਾਂ ਦਾ ਯੋਗਦਾਨ ਦਿੱਤਾ ਹੈ। ਗਣਿਤ ਵਿਚ ਇਸ ਦੇ ਯੋਗਦਾਨ ਬਾਰੇ ਅੰਦਾਜ਼ਾ ਲਾਉਣਾ ਮੁਸ਼ਕਿਲ ਹੈ। ਪ੍ਰਚਲਿਤ ਮੱਤ ਅਨੁਸਾਰ ਅਰਸਤੂ ਨੇ ਲਿਖਿਆ ਹੈ ਕਿ ਥੇਲੀਜ਼ ਪਹਿਲਾ ਵਿਅਕਤੀ ਹੈ ਜਿਸ ਨੇ ਦੱਸਿਆ ਕਿ ਸਾਰੇ ਬ੍ਰਹਿਮੰਡ ਦਾ ਆਧਾਰ ਪਾਣੀ ਜਾਂ ਨਮੀ ਹੈ। ਅਰਸਤੂ ਨੇ ਥੇਲੀਜ਼ ਦੇ ਨਾਂ ਨਾਲ ਜੋੜੀਆਂ ਜਾਂਦੀਆਂ ਗੱਲਾਂ ਵਿਚੋਂ ਇਹ ਵੀ ਲਿਖਿਆ ਹੈ ਕਿ ਥੇਲੀਜ਼ ਅਨੁਸਾਰ ਚੁੰਬਕ ਵਿਚ ਰੂਹ ਹੈ ਤਾਂ ਹੀ ਤਾਂ ਇਹ ਲੋਹੇ ਨੂੰ ਖਿਚਦਾ ਹੈ। ਥੇਲੀਜ਼ ਦਾ ਇਕ ਹੋਰ ਵਿਚਾਰ ਇਹ ਦੱਸਿਆ ਜਾਂਦਾ ਹੈ ਕਿ ਸਾਰੀਆਂ ਵਸਤਾਂ ਵਿਚ ਦੇਵੀ ਦੇਵਤਿਆਂ ਦੀ ਭਰਮਾਰ ਹੈ। ਕਈ ਪਾਰਖੂਆਂ ਦੇ ਵਿਚਾਰਾਂ ਅਨੁਸਾਰ ਥੇਲੀਜ਼ ਨੇ ਅਜੋਕੇ ਵਿਗਿਆਨ ਬਾਰੇ ਕਿੰਨਾ ਚਿਰ ਪਹਿਲਾਂ ਹੀ ਸੰਕੇਤ ਦੇ ਦਿੱਤਾ ਸੀ।

546 ਈ. ਪੂ. ਦੇ ਲਗਭਗ ਇਸ ਦੀ ਮੌਤ ਹੋ ਗਈ।

ਹ.ਪੁ. — ਚੈਂਬ. ਐਨ. 13 : 570 ; ਐਨ.ਅਮੈ. 26 : 491 ; ਐਨ. ਬ੍ਰਿ. ਮਾ. 9 : 919

ਥੈਸਪਿਸ : ਯੂਨਾਨ ਦਾ ਇਹ ਕਵੀ ਛੇਵੀਂ ਸਦੀ ਈ. ਪੂ. ਇਕਾਰੀਆ ਦੇ ਜ਼ਿਲ੍ਹੇ ਵਿਚ ਹੋਇਆ ਮੰਨਿਆ ਜਾਂਦਾ ਹੈ ਇਸ ਨੂੰ ਦੁਖਾਂਤ ਨਾਟਕ ਦਾ ਜਨਮਦਾਤਾ ਮੰਨਿਆ ਜਾਂਦਾ ਹੈ। ਇਸ ਨੇ ਡਰਾਮੇ ਵਿਚ ਅਦਾਕਾਰੀ ਦਾ ਮੁੱਢ ਬੰਨ੍ਹਿਆ।

ਇਸ ਬਾਰੇ ਪ੍ਰਚਲਿਤ ਹੈ ਕਿ ਲ. 534 ਈ. ਪੂ. ਸਿਟੀ ਡਾਇਓਨੀਸੀਆ ਵਿਖੇ ਇਸ ਨੂੰ ਦੁਖਾਂਤ ਨਾਟਕ ਲਈ ਪਹਿਲਾ ਇਨਾਮ-ਜੇਤੂ ਐਲਾਨ ਕੀਤਾ ਗਿਆ ਸੀ। ਅਲੰਕਾਰ ਸ਼ਾਸਤਰੀ ਥੀਸਿਸਟੀਅਸ ਅਨੁਸਾਰ ਅਰਸਤੂ ਨੇ ਕਿਹਾ ਸੀ ਕਿ ਪਹਿਲਾਂ ਪਹਿਲਾਂ ਦੁਖਾਂਤ ਨਾਟਕ ਸਮੂਹ ਗਾਨ ਦੇ ਰੂਪ ਵਿਚ ਪੇਸ਼ ਕੀਤਾ ਜਾਂਦਾ ਸੀ ਮਗਰੋਂ ਮੁੱਖਬੰਦ ਅਤੇ ਭਾਸ਼ਨ ਦੀ ਰੀਤ ਥੈਸਪਿਸ ਨੇ ਸ਼ੁਰੂ ਕੀਤੀ ਸੀ। ਇਸ ਤਰ੍ਹਾਂ ਇਹ ਮੰਨਿਆ ਜਾ ਸਕਦਾ ਹੈ ਕਿ ਥੈਸਪਿਸ ਪਹਿਲਾ ਅਦਾਕਾਰ ਸੀ ਅਤੇ ਦੁਖਾਂਤ ਨਾਟਕ ਵਿਚ ਵਾਰਤਾਲਾਪ ਦਾ ਮੁੱਢ ਉਦੋਂ ਬੱਝਿਆ ਜਦੋਂ ਥੈਸਪਿਸ ਨੇ ਸਮੂਹ ਗਾਨ ਦੇ ਮੁਖੀ ਨਾਲ ਗੱਲਬਾਤ ਕੀਤੀ।

ਥੈਸਪਿਸ ਨੇ ਹੀ ਸਟੇਜ ਉੱਤੇ ਲਿਲਨ ਦੇ ਕੱਪੜੇ ਦੇ ਮਖੌਟਿਆਂ ਦੀ ਵਰਤੋਂ ਸ਼ੁਰੂ ਕੀਤੀ ਸੀ। ਹਾਰਿਸ ਅਨੁਸਾਰ ਇਹ ਆਪਣੇ ਤਗਮਿਆਂ ਨੂੰ ਸਥਾਨਕ ਮੇਲਿਆਂ ਤੇ ਵੀ ਲੈ ਕੇ ਜਾਂਦਾ ਸੀ।

ਹ.ਪੁ.– ਐਨ. ਬ੍ਰਿ.ਮਾ. 9 : 951, ਕੋਲ.ਐਨ. 18 : 339 ; ਐਨ.ਬ੍ਰਿ. 22 : 128

ਥੈਕਸਟਰ ਰੋਲੈਂਡ : ਇਹ ਸੰਯੁਕਤ ਰਾਜ ਅਮਰੀਕਾ ਦਾ ਪ੍ਰਸਿੱਧ ਬਨਸਪਤੀ ਅਤੇ ਉੱਲੀ-ਵਿਗਿਆਨੀ ਸੀ। ਇਸ ਦਾ ਜਨਮ ਨਿਊਟਨ ਸ਼ਹਿਰ, ਮੈਸਾਚੁਸੈਟਸ ਵਿਖੇ 28 ਅਗਸਤ, 1858 ਨੂੰ ਹੋਇਆ। ਇਸ ਨੇ ਹਾਰਵਰਡ ਯੂਨੀਵਰਸਿਟੀ ਤੋਂ 1888 ਈ. ਵਿਚ ਪੀ.ਐੱਚ.ਡੀ. ਦੀ ਡਿਗਰੀ ਹਾਸਲ ਕੀਤੀ ਅਤੇ ਇਸੇ ਹੀ ਸਾਲ ਕਨੈਕਟੀਕਟ ਖੇਤੀਬਾੜੀ ਪ੍ਰਯੋਗ ਸਟੇਸ਼ਨ ਵਿਚ ਉੱਲੀ-ਵਿਗਿਆਨੀ ਨਿਯੁਕਤ ਹੋਇਆ। ਤਿੰਨ ਸਾਲ ਬਾਅਦ ਇਹ ਹਾਵਰਡ ਵਿਖੇ ਫੁੱਲਹੀਣ (ਕ੍ਰਿਪਟੋਗੈਮ) ਬਨਸਪਤੀ-ਵਿਗਿਆਨ ਦੇ ਸਹਾਇਕ ਪ੍ਰੋਫ਼ੈਸਰ ਵਜੋਂ ਕੰਮ ਕਰਨ ਲੱਗਿਆ। ਸੰਨ 1901 ਵਿਚ ਇਹ ਵਿਲੀਅਮ ਸਿਲਸਨ ਫਾਰਲੋਂ ਤੋਂ ਬਾਅਦ ਪ੍ਰੋਫ਼ੈਸਰ ਬਣਿਆ ਜਿਥੇ ਇਹ 1919 ਈ. ਵਿਚ ਰਿਟਾਇਰ ਹੋਣ ਤੱਕ ਕੰਮ ਕਰਦਾ ਰਿਹਾ।

ਥੈਕਸਟਰ ਦਾ ਸਭ ਤੋਂ ਪਹਿਲਾਂ ਉੱਲੀ ਸਬੰਧੀ ਖੋਜ ਕੰਮ (1887) ਜਿਮਨੋਸਪੋਰੈਂਜੀਅਮ ਕੁੰਗੀਆਂ ਅਤੇ ਉਨ੍ਹਾਂ ਦੀਆਂ ਰੋਸਟੀਲੀਆ (Roestelia) ਅਵਸਥਾਵਾਂ ਉੱਤੇ ਸੀ। ਉਹ ਲੇਸਲੇ ਬੈਕਟੀਰੀਆ ਦੇ ਅਧਿਐਨ (1892) ਕਰਨ ਵਾਲੇ ਖੋਜੀਆਂ ਵਿਚੋਂ ਸਭ ਤੋਂ ਪਹਿਲਾ ਖੋਜੀ ਸੀ। ਇਸ ਦਾ ਸਭ ਤੋਂ ਪ੍ਰਸਿੱਧ ਕੰਮ ਉੱਲੀਆਂ ਦੇ ਇਕ ਗਰੁੱਪ ਲੈਬੂਲਬੀਨੇਏਸੀ ਉੱਤੇ ਸੀ ਜੋ ਬਾਹਰੀ ਅਤੇ ਪ੍ਰਤੱਖ ਰੂਪ ਵਿਚ ਬਗ਼ੈਰ ਨੁਕਸਾਨ ਪਹੁੰਚਾਏ ਕੀਟਾਂ ਦੇ ਪ੍ਰਜੀਵੀ ਹੁੰਦੇ ਹਨ। ਇਸਨੇ ਆਪਣੀ ਇਕ ਖੋਜ-ਪਤ੍ਰਿਕਾ ਵਿਚ (ਜਿਸ ਦੇ ਪੰਜ ਹਿੱਸੇ 1896-1931 ਤੱਕ ਪ੍ਰਕਾਸ਼ਿਤ ਹੋਏ) ਇਸ ਕੁਲ ਜਿਸ ਬਾਰੇ ਪਹਿਲਾਂ ਬਹੁਤ ਹੀ ਘੱਟ ਜਾਣਕਾਰੀ ਸੀ, ਇਸ ਦੀਆਂ 100 ਤੋਂ ਉਪਰ ਨਵੀਆਂ ਪ੍ਰਜਾਤੀਆਂ ਅਤੇ 800 ਜਾਤੀਆਂ ਦਾ ਵਰਣਨ ਕੀਤਾ। ਸੰਨ 1909 ਵਿਚ ਇਹ ਅਮਰੀਕਾ ਦੀ ਬੋਟੈਨੀਕਲ ਸੋਸਾਇਟੀ ਦਾ ਪ੍ਰੈਜ਼ੀਡੈਂਟ ਬਣਿਆ ਅਤੇ 1912 ਈ. ਵਿਚ ਇਹ ਨੈਸ਼ਨਲ ਅਕਾਡਮੀ ਆੱਫ਼ ਸਾਇੰਸਿਜ਼ ਦਾ ਮੈਂਬਰ ਚੁਣਿਆ ਗਿਆ। ਇਹ ਫਾਰਲੋ ਅਤੇ ਥੈਕਸਟਰ ਹਾਰਵਰਡ ਵਿਖੇ ਕ੍ਰਿਪਟੋਗੈਮਿਕ ਬਨਸਪਤੀ-ਵਿਗਿਆਨ ਦੀ ਇਕ ਉੱਚ-ਕੋਟੀ ਦੀ ਸੰਸਥਾ ਅਤੇ ਹਰਬੇਰੀਅਮ ਸਥਾਪਤ ਕਰਨ ਵਿਚ ਸਫ਼ਲ ਹੋਇਆ।

ਸੰਨ 1932 ਵਿਚ ਇਸ ਦੀ ਮੌਤ ਹੋ ਗਈ।

ਹ.ਪੁ.–ਐਨ.ਬ੍ਰਿ. 22 : 27

ਥੈਕਰੇ, ਵਿਲੀਅਮ ਮੇਕਪੀਸ : ਵਿਕਟੋਰੀਅਨ ਕਾਲ ਦੇ ਇਸ ਅੰਗਰੇਜ਼ੀ ਨਾਵਲਕਾਰ ਦਾ ਜਨਮ 18 ਜੁਲਾਈ, 1811 ਨੂੰ ਕਲਕੱਤਾ ਵਿਖੇ ਹੋਇਆ ਜਿਥੇ ਇਸ ਦਾ ਪਿਤਾ ਈਸਟ ਇੰਡੀਆ ਕੰਪਨੀ ਦੀ ਨੌਕਰੀ ਕਰਦਾ ਸੀ। ਸੰਨ 1815 ਵਿਚ ਇਸ ਦੇ ਪਿਤਾ ਦੀ ਮੌਤ ਹੋ ਗਈ ਤੇ ਇਸ ਨੂੰ ਆਪਣੇ ਦੇਸ਼ ਵਾਪਸ ਇੰਗਲੈਂਡ ਭੇਜ ਦਿੱਤਾ ਗਿਆ। ਇਸ ਨੇ ਚਾਰਟਰ ਹਾਊਸ ਸਕੂਲ ਅਤੇ ਕੈਂਬਰਿਜ ਯੂਨੀਵਰਸਿਟੀ ਵਿਚ ਸਿੱਖਿਆ ਪ੍ਰਾਪਤ ਕੀਤੀ।

ਕੈਂਬਰਿਜ ਵਿਚ ਕੇਵਲ ਇਕ ਸਾਲ ਪੜ੍ਹ ਕੇ ਇਹ ਆਪਣੀ ਸਿੱਖਿਆ ਨੂੰ ਵਿਚ ਹੀ ਛੱਡ ਕੇ ਸੈਰ ਲਈ ਯੂਰਪ ਚਲਾ ਗਿਆ। ਯੂਰਪ ਦੀ ਸੈਰ ਤੋਂ ਵਾਪਸੀ ਤੇ ਇਸ ਨੇ ਕਾਨੂੰਨ ਦੀ ਸਿੱਖਿਆ ਪ੍ਰਾਪਤ ਕਰਨੀ ਸ਼ੁਰੂ ਕਰ ਦਿੱਤੀ। ਇਹ ਕਾਨੂੰਨ ਦੀ ਸਿੱਖਿਆ ਨੂੰ ਵੀ ਮੁਕੰਮਲ ਨਾ ਕਰ ਸਕਿਆ ਤੇ ਇਸ ਨੇ ਥੋੜ੍ਹਾ ਚਿਰ ਪਿੱਛੋਂ ਹੀ ਪੱਤਰਕਾਰੀ ਦਾ ਕੰਮ ਆਰੰਭ ਕਰ ਦਿੱਤਾ। ਇਸ ਨੇ ਦੋ ਰਸਾਲੇ ਸ਼ੁਰੂ ਕੀਤੇ ਪਰ ਸਫ਼ਲ ਨਾ ਹੋਇਆ।



ਵਿਲੀਅਮ ਮੇਕਪੀਸ ਥੈਕਰੇ

ਇਸ ਉਪਰੰਤ ਇਸ ਨੇ ਚਿੱਤਰਕਲਾ ਦਾ ਅਧਿਐਨ ਕਰਨ ਦੇ ਇਰਾਦੇ ਨਾਲ ਪੈਰਿਸ ਤੇ ਰੋਮ ਦੀ ਯਾਤਰਾ ਕੀਤੀ। ਸੰਨ 1836 ਵਿਚ ਇਸ ਨੇ ਇਜ਼ਾਬੈੱਲਾ ਨਾਲ ਵਿਆਹ ਕਰ ਲਿਆ ਅਤੇ ਲੰਡਨ ਵਿਚ ਵਸ ਗਿਆ। ਇਸ ਨੇ ਮੁੜ ਲਿਖਣ ਵਿਚ ਦਿਲਚਸਪੀ ਲੈਣੀ ਸ਼ੁਰੂ ਕਰ ਦਿੱਤੀ ਅਤੇ ਆਪਣੀਆਂ ਕਿਰਤਾਂ ਨੂੰ ਵੱਖ-ਵੱਖ ਰਸਾਲਿਆਂ ਵਿਚ ਪ੍ਰਕਾਸ਼ਿਤ ਕਰਵਾਇਆ।

ਸੰਨ 1847-48 ਵਿਚ ਇਸ ਦੇ ਨਾਵਲ 'ਵੈਨਿਟੀ ਫੇਅਰ' ਦੇ ਲੜੀਵਾਰ ਛਪਣ ਨਾਲ ਇਸ ਦੀ ਪ੍ਰਸਿੱਧੀ ਹੋ ਗਈ। ਇਨ੍ਹਾਂ ਰਚਨਾਵਾਂ ਕਾਰਨ ਇਸ ਨੂੰ ਬਹੁਤ ਸਨਮਾਨ ਮਿਲਿਆ ਅਤੇ ਇਹ ਫੀਲਡਿੰਗ ਵਰਗੇ ਉੱਚ ਕੋਟੀ ਦੇ ਨਾਵਲਕਾਰਾਂ ਦੀ ਕਤਾਰ ਵਿਚ ਸ਼ਾਮਲ ਕੀਤਾ ਜਾਣ ਲਗ ਪਿਆ। ਇਸ ਦਾ ਅਗਲਾ ਨਾਵਲ 'ਪੈਂਡੇਨਿਸ' ਵੀ ਬਹੁਤ ਸਫ਼ਲ ਸਾਬਤ ਹੋਇਆ। ਇਸ ਉਪਰੰਤ ਇਸ ਨੇ 'ਦੀ ਇੰਗਲਸ਼ ਹਿਊਮਰਿਸਟ ਆਫ਼ ਦੀ ਏਟੀਨਥ ਸੈਂਚੁਰੀ' ਅਤੇ 'ਫੋਰ ਜਾਰਜਜ਼' ਵਿਸ਼ਿਆਂ ਤੇ ਬਹੁਤ ਸਫਲ ਭਾਸ਼ਣ ਲਿਖੇ। ਸੰਨ 1852 ਵਿਚ ਇਸ ਦਾ ਸਰਬਸ੍ਰੇਸ਼ਟ ਨਾਵਲ 'ਹੈਨਰੀ ਐਸਮੰਡ' ਅਤੇ 'ਦੀ ਨਿਊਕਮਜ਼' ਵੀ ਪ੍ਰਕਾਸ਼ਿਤ ਹੋ ਗਏ। ਸੰਨ 1860 ਵਿਚ ਇਸ ਨੂੰ ਕਾੱਰਨਹਿਲ 'ਮੈਗਜ਼ੀਨ' ਦਾ ਪਹਿਲਾ ਸੰਪਾਦਕ ਥਾਪਿਆ ਗਿਆ। ਉਸ ਮੈਗਜ਼ੀਨ ਵਿਚ ਇਸ ਨੇ ਆਪਣੀਆਂ ਕਿਰਤਾਂ 'ਲਾਵੈਲ ਦੀ ਵਿਡੋਅਰ' ਅਤੇ

'ਦੀ ਐਡਵੈਂਚਰਜ਼ ਆੱਫ਼ ਫ਼ਿਲਿਪ' ਪ੍ਰਕਾਸ਼ਿਤ ਕਰਵਾਈਆਂ। ਇਸ ਦਾ ਅੰਤਮ ਨਾਵਲ 'ਡੈਨਿਸ ਡੁਵਾਲ' ਅਧੂਰਾ ਹੀ ਰਹਿ ਗਿਆ ਸੀ।

24 ਦਸੰਬਰ, 1863 ਨੂੰ ਲੰਡਨ ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ.-ਹਿੰ. ਵਿ.ਕੋ. 5 : 477 ; ਐਨ. ਬ੍ਰਿ. 22 : 19

ਥੇਟਫਰਡ ਮਾਈਨਜ਼ : ਇਹ ਕੈਨੇਡਾ ਦੇ ਕਿਊਬੈੱਕ ਰਾਜ ਦੀ ਮੈਗਾਨਟਿਕ ਕਾਊਂਟੀ ਦਾ ਸ਼ਹਿਰ ਹੈ ਜਿਹੜਾ ਕਵੀਬੈੱਕ ਸ਼ਹਿਰ ਤੋਂ ਲਗਭਗ 120 ਕਿ.ਮੀ. ਉੱਤਰ ਵੱਲ ਵਾਕਿਆ ਹੈ। ਇਥੋਂ ਦੇ ਲੋਕ ਪਹਿਲਾਂ ਇਸ ਨੂੰ ਕਿੰਗਜ਼ਵਿਲ ਕਹਿੰਦੇ ਸਨ। ਇਹ 1892 ਈ. ਵਿਚ ਇਕ ਪਿੰਡ ਦੇ ਤੌਰ ਤੇ ਵਸਿਆ ਸੀ ਜੋ 1905 ਈ. ਵਿਚ ਕਸਬਾ ਅਤੇ 1912 ਈ. ਵਿਚ ਸ਼ਹਿਰ ਬਣ ਗਿਆ।

ਸ਼ਹਿਰ ਦਾ ਮੁੱਖ ਉਦਯੋਗ ਅਤੇ ਆਰਥਿਕਤਾ ਦਾ ਆਧਾਰ ਇਥੋਂ ਦੀਆਂ 1876 ਈ. ਵਿਚ ਲੱਭੀਆਂ ਐਸਬਾਸਟਾਸ ਅਤੇ ਕ੍ਰੋਮੀਅਮ ਦੀਆਂ ਖਾਣਾਂ ਹਨ। ਸੰਸਾਰ ਦੇ ਕੁੱਲ ਉਤਪਾਦਨ ਦਾ ਅੱਧੇ ਤੋਂ ਵੱਧ ਐਸਬਾਸਟਸ ਇਥੋਂ ਪ੍ਰਾਪਤ ਹੁੰਦਾ ਹੈ। ਸ਼ਹਿਰ ਦੇ ਨੇੜੇ ਹੀ ਡੇਅਰੀ ਉਤਪਾਦਨ ਹੁੰਦਾ ਹੈ ਜਿਸ ਉੱਤੇ ਇਥੋਂ ਦੇ ਮੁੱਖਣ ਅਤੇ ਪਨੀਰ ਦੇ ਉਦਯੋਗ ਆਧਾਰਿਤ ਹਨ।

ਆਬਾਦੀ — 17, 273 (1991)

46°10' ਉ. ਵਿਥ.; 71°23' ਪੱ. ਲੰਬ.

ਹ.ਪੁ.- ਐਨ.ਅਮੈ. 26 : 662 ; ਐਨ. ਬ੍ਰਿ. ਮਾ. 11 : 706

ਥੈਨਟ : ਇੰਗਲੈਂਡ ਦੀ ਕੈਂਟ ਕਾਊਂਟੀ ਦੇ ਧੁਰ ਉੱਤਰ-ਪੂਰਬ ਵਿਚ ਇਹ ਇਕ ਡਿਸਟ੍ਰਿਕਟ ਹੈ ਜਿਹੜਾ ਗ੍ਰੇਟ ਸਟਾਊਰ ਦਰਿਆ ਦੇ ਦੱਖਣ ਵੱਲ ਲਗਭਗ ਸੈਂਡਵਿਚ ਤਕ ਫੈਲਿਆ ਹੋਇਆ ਹੈ। ਇਸ ਦਾ ਖੇਤਰਫਲ 103 ਵ.ਕਿ.ਮੀ. (40 ਵ. ਮੀਲ) ਅਤੇ ਆਬਾਦੀ 1,23,665 (1991) ਹੈ।

ਥੇਮਜ਼ ਜਵਾਰ ਦਹਾਨੇ ਅਤੇ ਡੋਵਰ ਜਲਡਮਰੂ ਤੇ ਇਸ ਡਿਸਟ੍ਰਿਕਟ ਦੀ 42 ਕਿ.ਮੀ. (26 ਮੀਲ) ਲੰਬੀ ਤੱਟੀ ਰੇਖਾ ਹੈ। ਇਥੇ ਸਮੁੰਦਰੀ ਤੱਟ ਉੱਤੇ ਕਈ ਸੈਰਗਾਹਾਂ ਹਨ। 20ਵੀਂ ਸਦੀ ਦੇ ਦੂਜੇ ਅੱਧ ਵਿਚ ਰੈਮਜ਼ਗੇਟ ਅਤੇ ਕੈਲੇਸ ਦੇ ਵਿਚਕਾਰ ਸਮੁੰਦਰੀ ਆਵਾਜਾਈ ਦੇ ਵੱਧਣ ਨਾਲ ਇਥੇ ਸੜਕਾਂ ਅਤੇ ਹਵਾਈ ਆਵਾਜਾਈ ਦੀਆਂ ਸਹੂਲਤਾਂ, ਹਲਕੇ ਉਦਯੋਗਾਂ ਅਤੇ ਹੋਟਲਾਂ ਦਾ ਕਾਫ਼ੀ ਵਿਸਥਾਰ ਹੋਇਆ ਹੈ।

ਪਹਿਲਾਂ ਇਥੇ ਅਨਾਜੀ ਫਸਲਾਂ ਉਗਾਈਆਂ ਜਾਂਦੀਆਂ ਸਨ ਪਰ ਹੁਣ ਇਥੇ ਹਰੀਆਂ ਸਬਜ਼ੀਆਂ ਅਤੇ ਆਲੂਆਂ ਦੀ ਕਾਸ਼ਤ ਵੀ ਕੀਤੀ ਜਾਂਦੀ ਹੈ।


ਹ.ਪੁ. - ਐਨ. ਬ੍ਰਿ.ਮਾ. 11 : 762

ਥੈਨਟ ਟਾਪੂ : ਇੰਗਲੈਂਡ ਦੀ ਕੈਂਟ ਕਾਊਂਟੀ ਦੇ ਉੱਤਰ-ਪੂਰਬੀ ਨੁੱਕਰ ਵਿਚ ਇਹ ਇਕ ਟਾਪੂ ਹੈ ਜਿਹੜਾ ਥੇਮਜ਼ ਜਵਾਰ ਦਹਾਨੇ ਅਤੇ ਗ੍ਰੇਟ ਸਟਾਊਰ ਦਰਿਆ ਦੀਆਂ ਦੋ ਸ਼ਾਖਾਵਾਂ ਨਾਲ ਘਿਰਿਆ ਹੋਇਆ ਹੈ। ਪਹਿਲੀਆਂ ਸਦੀਆਂ ਵਿਚ ਇਹ ਇਕ ਨਿਵੇਕਲਾ ਜਿਹਾ ਦੀਪ ਹੁੰਦਾ ਸੀ ਅਤੇ ਵੈਂਟਸਮ ਚੈਨਲ ਨੇ ਇਸ ਨੂੰ ਮੁੱਖ ਭੂਮੀ ਨਾਲੋਂ ਵੱਖ ਕੀਤਾ ਹੋਇਆ ਸੀ। 109 ਵ.ਕਿ.ਮੀ. (42 ਵ. ਮੀਲ) ਦੇ ਖੇਤਰ ਵਿਚ ਫੈਲਿਆ ਹੋਇਆ ਇਹ ਟਾਪੂ ਮੁੱਖ ਤੌਰ ਤੇ ਖੜੀਆ ਮਿੱਟੀ ਵਾਲਾ ਹੈ ਜੋ ਉੱਤਰੀ ਫੋਰਲੈਂਡ ਵਿਚ ਜਾ ਖਤਮ ਹੁੰਦੀ ਹੈ।

ਉੱਤਰ ਵਿਚ ਰੈਕੂਲਵਰ ਅਤੇ ਦੱਖਣ ਵਿਚ ਰਿਚਬਰ ਨਾਂ ਦੇ ਤੀਜੀ ਸਦੀ ਦੇ ਬਣੇ ਹੋਏ ਦੋ ਰੋਮਨ ਕਿਲੇ ਵੈਂਟਸਮ ਚੈਨਲ ਨੂੰ ਸੁਰੱਖਿਆ ਪ੍ਰਦਾਨ ਕਰਦੇ ਸਨ। ਇਸ ਦੇ ਦੱਖਣੀ ਸਿਰੇ ਤੇ ਐਬਜ਼ ਫਲੀਟ ਨਾਂ ਦੀ ਉਹ ਮਸ਼ਹੂਰ ਜਗ੍ਹਾ ਹੈ ਜਿਥੇ ਪੰਜਵੀ ਸਦੀ ਦਾ ਐਂਗਲੋ-ਸੈਕਸਨ ਨੇਤਾ, ਹੈਂਗਿਸਟ ਉੱਤਰਿਆ ਸੀ। 16ਵੀਂ ਸਦੀ ਤਕ ਇਸ ਜਲਮਾਰਗ ਵਿਚ ਛੋਟੇ ਜਹਾਜ਼ ਚਲਦੇ ਰਹੇ ਸਨ। ਡੋਵਰ ਅਤੇ ਸੈਂਡਵਿਚ ਸਮੁੰਦਰੀ ਬੰਦਰਗਾਹੀ ਸ਼ਹਿਰ ਇਸ ਦੇ ਨਾਲ ਲਗਦੇ ਸਨ। ਇਹ ਮੱਧ ਕਾਲ ਦੇ ਸਿੰਕ ਬੰਦਰਗਾਹਾਂ ਦੇ ਅਧਿਕਾਰ ਖੇਤਰ ਵਿਚ ਪੈਂਦਾ ਸੀ। ਮਾਰਗੇਟ ਅਤੇ ਰੈਮਜ਼ਗੇਟ ਇਥੋਂ ਦੀਆਂ ਮੁੱਖ ਤੱਟਵਰਤੀ ਸੈਰਗਾਹਾਂ ਹਨ।

ਹ.ਪੁ.-ਐਨ. ਬ੍ਰਿ. ਮਾ. 11 : 673

ਥੈਨਰਡ, ਲੂਈ-ਜੈਕੁਅਸ : ਇਸ ਫਰਾਂਸੀਸੀ ਰਸਾਇਣ-ਵਿਗਿਆਨੀ ਦਾ ਜਨਮ 4 ਮਈ, 1777 ਨੂੰ ਲਾ ਲਾਅਪਟੀਅਰ, ਆਬੇ ਵਿਖੇ ਇਕ ਗ਼ਰੀਬ ਕਿਸਾਨ ਦੇ ਘਰ ਹੋਇਆ। ਇਸ ਨੇ ਪ੍ਰਾਰੰਭਿਕ ਰਸਾਇਣ-ਵਿਗਿਆਨ ਬਾਰੇ ਇਕ ਸਟੈਂਡਰਡ ਪਾਠ ਪੁਸਤਕ ਲਿਖੀ ਅਤੇ ਹਾਈਡ੍ਰੋਜਨ ਪਰਆੱਕਸਾਈਡ ਦੀ ਖੋਜ ਕੀਤੀ। ਇਸ ਨੂੰ ਵਿਗਿਆਨ ਸਬੰਧੀ ਵਿਦਿਆ ਪ੍ਰਾਪਤ ਕਰਨ ਲਈ ਬਹੁਤ



ਲੂਈ-ਜੈਕੁਅਸ ਥੈਨਰਡ

ਔਕੜਾਂ ਦਾ ਸਾਹਮਣਾ ਕਰਨਾ ਪਿਆ। ਇਸ ਨੇ ਬਹੁਤ ਹੀ ਨਿਮਾਣਾ ਹੋ ਕੇ ਲੂਈ ਐੱਨ ਵਾਕਿਊਲਿਨ ਦੀ ਪ੍ਰਯੋਗਸ਼ਾਲਾ ਵਿਚ ਕੰਮ ਕੀਤਾ। ਵਾਕਿਊਲਿਨ ਨੇ ਇਸ ਵਾਸਤੇ ਕਈ ਅਧਿਆਪਨ ਅਸਾਮੀਆਂ ਉਪਲੱਬਧ ਕੀਤੀਆਂ। ਸੰਨ 1802 ਵਿਚ ਵਾਕਿਊਲਿਨ ਨੇ ਕਾਲਜ - ਡ- ਫਰਾਂਸ ਛੱਡ ਦਿੱਤਾ ਅਤੇ ਆਪਣੀ ਕਾਲਜ ਵਾਲੀ ਰਸਾਇਣ-ਵਿਗਿਆਨ ਦੀ ਚੇਅਰ ਦਾ ਅਹੁਦਾ ਸੰਭਾਲਿਆ। ਇਸ ਤੋਂ ਮਗਰੋਂ ਇਹ ਯੂਨੀਵਰਸਿਟੀ ਆੱਫ਼ ਪੈਰਿਸ ਦਾ ਕੁਲਪਤੀ ਅਤੇ ਐਜੂਕੇਸ਼ਨ ਕੌਂਸਲ ਦਾ ਮੈਂਬਰ ਬਣਿਆ।

ਥੈਨਰਡ ਇਕ ਮਹਾਨ ਅਧਿਆਪਕ ਸੀ ਅਤੇ ਇਸ ਦੁਆਰਾ ਲਿਖੀ ਪੁਸਤਕ 'Traite e'lementaire de chimie the'orique et practique' (4 ਜਿਲਦਾਂ, 1813-16) ਨੇ ਇਸ ਦੁਆਰਾ ਕੀਤੀਆਂ ਪ੍ਰਸਿੱਧ ਖੋਜਾਂ ਨਾਲੋਂ ਵਿਗਿਆਨ ਦੀ ਪ੍ਰਗਤੀ ਵਿਚ ਵਧੇਰੇ ਵਾਧਾ ਕੀਤਾ। ਇਸ ਨੇ ਆਪਣੇ ਮਿੱਤਰ ਜੇ.ਐੱਲ. ਗੇ-ਲੁਸੈਕ ਨਾਲ

ਵੀ ਕਈ ਖੋਜਾਂ ਕੀਤੀਆਂ। ਇਸ ਦੀਆਂ ਮੁੱਖ ਖੋਜਾਂ ਐੱਸਟਰਾਂ (1807); ਸਿਬੈਸਿਕ ਐਸਿਡ (1802) ਅਤੇ ਪਿੱਤ (ਬਾਈਲ – 1807) ਉੱਤੇ ਸਨ। ਹਾਈਡ੍ਰੋਜਨ ਦੇ ਪਰਆੱਕਸਾਈਡ ਦੀ ਕਾਢ (1818) ਅਤੇ ਕਾਰਬਨੀ ਫਾਸਫ਼ੋਰਸ ਯੋਗਿਕਾਂ ਉੱਤੇ ਕੀਤਾ ਇਸਦਾ ਕੰਮ (1846) ਵਰਣਨਯੋਗ ਹਨ। ਸੰਨ 1799 ਵਿਚ ਇਸ ਨੇ ਇਕ ਵਰਣਕ (ਪਿਗਮੈਂਟ) ਦੀ ਖੋਜ ਕੀਤੀ ਜਿਸ ਦਾ ਨਾਂ ਥੈਨਰਡਜ਼ ਬਲੂ ਰਖਿਆ ਇਸ ਦੀ ਵਰਤੋਂ ਪਾੱਰਸਲੇਨ ਨੂੰ ਰੰਗਣ ਲਈ ਕੀਤੀ ਜਾਂਦੀ ਸੀ।

ਥੈਨਰਡ ਦੁਆਰਾ ਜ਼ਿੰਦਗੀ ਵਿਚ ਕੀਤੇ ਖੋਜ ਸਬੰਧੀ ਕੰਮਾਂ ਦੀ ਸੂਚੀ ਰੱਾੱਇਲ ਸੋਸਾਇਟੀ ਦੇ ਕੈਟਾਲਾਗ ਆਫ਼ ਸਾਇੰਟਿਫ਼ਿਕ ਪੇਪਰਜ਼ ਵਿਚ ਮਿਲ ਸਕਦੀ ਹੈ।

ਪੈਰਿਸ ਵਿਚ 21 ਜੂਨ, 1857 ਨੂੰ ਇਸ ਦੀ ਮੌਤ ਹੋ ਗਈ। ਇਸ ਦੇ ਸਨਮਾਨ ਵਿਚ ਇਸ ਦੇ ਜੱਦੀ ਪਿੰਡ ਦਾ ਨਾਂ ਬਦਲ ਕੇ ਇਸ ਦੇ ਨਾਂ ਉੱਤੇ ਲਾਅਪਟੀਅਰ-ਥੈਨਰਡ (1865) ਰੱਖਿਆ ਗਿਆ।

ਹ.ਪੁ.–ਐਨ.ਬ੍ਰਿ. 22 : 54 ; ਐਨ. ਬ੍ਰਿ.ਮਾ. 9 : 930

ਥੈਪਸਸ ਦੀ ਲੜਾਈ : ਜੂਲੀਅਸ ਸੀਜ਼ਰ ਨੇ ਫਾਰਸੇਲਸ ਦੀ ਜਿੱਤ ਤੋਂ ਮਗਰੋਂ ਪੌਂਪੇ ਦਾ ਮਿਸਰ ਵੱਲ ਨੂੰ ਪਿੱਛਾ ਕੀਤਾ ਜਿਥੇ ਕਿ ਪੌਂਪਿਆਂ ਨੇ ਬਹੁਤ ਭਾਰੀ ਫ਼ੌਜ ਇਕੱਠੀ ਕੀਤੀ ਹੋਈ ਸੀ ਅਤੇ ਨੁਮਿਦੀਆ ਦਾ ਰਾਜਾ, ਜੂਬਾ ਵੀ ਉਨ੍ਹਾਂ ਨਾਲ ਰਲ ਗਿਆ ਸੀ। ਰਸਪਨਾ ਵਿਖੇ ਹੋਈ ਲੜਾਈ ਵਿਚ ਸੀਜ਼ਰ ਤਾਂ ਲਗਭਗ ਹਾਰ ਹੀ ਗਿਆ ਸੀ। ਇਸ ਲੜਾਈ ਤੋਂ ਪਿੱਛੋਂ ਉਹ ਵੀਟਾ ਸ਼ਹਿਰ ਵੱਲ ਵਧਿਆ ਅਤੇ ਉਸ ਨੇ ਸ਼ਹਿਰ ਨੂੰ ਘੇਰਾ ਪਾ ਲਿਆ ਅਤੇ ਸਿਪੀਓ ਨੂੰ ਲੜਾਈ ਲਈ ਮਜਬੂਰ ਕਰਨ ਲਈ ਉੱਤਰੀ ਅਫ਼ਰੀਕਾ ਵਿਚ ਵਜੇਸ਼ੀਆਨ ਪ੍ਰਾਂਤ ਦੇ ਪੁਰਾਣੇ ਸ਼ਹਿਰ ਥੈਪਸਸ ਵੱਲ ਨੂੰ ਕੂਚ ਕੀਤਾ। ਇਹ ਸ਼ਹਿਰ ਕਾਰਥਿਜ਼ ਸ਼ਹਿਰ ਦੇ ਉੱਤਰ ਵੱਲ 161 ਕਿ.ਮੀ. (100 ਮੀਲ) ਦੂਰ ਇਕ ਤੱਟ ਉੱਤੇ ਸਥਿਤ ਹੈ। ਥੈਪਸਸ ਸ਼ਹਿਰ ਵਿਚ ਫ਼ੌਜ ਦੇ ਬਹੁਤ ਭਾਰੀ ਸਟੋਰ ਸਨ ਅਤੇ ਇਨ੍ਹਾਂ ਦੀ ਸੀਜ਼ਰ ਦੀਆਂ ਰੱਖਿਅਕ ਫ਼ੌਜਾਂ ਅਤੇ ਬੇੜਿਆਂ ਦੁਆਰਾ ਨਾਕਾਬੰਦੀ ਕੀਤੀ ਹੋਈ ਸੀ। 4 ਫ਼ਰਵਰੀ, 47 ਈ.ਪੂ. ਨੂੰ ਸੀਜ਼ਰ ਸ਼ਹਿਰ ਦੇ ਸਾਹਮਣੇ ਆ ਗਿਆ ਅਤੇ ਉਸ ਨੇ ਤੁਰੰਤ ਹੀ ਸ਼ਹਿਰ ਨੂੰ ਘੇਰ ਲਿਆ। ਹੁਣ ਅੱਗੋਂ ਸਿਪੀਓ ਵੀ ਜਵਾਬੀ ਹਮਲੇ ਲਈ ਤੁਰੰਤ ਥੈਪਸਸ ਵੱਲ ਵਧਿਆ ਅਤੇ ਉਸ ਨੇ ਸ਼ਹਿਰ ਦੇ ਦੱਖਣ ਵੱਲ 13 ਕਿ.ਮੀ. (8 ਮੀਲ) ਦੂਰ ਇਕ ਜੂਬਾ ਦੀਆਂ ਫ਼ੌਜਾਂ ਲਈ ਅਤੇ ਦੂਜਾ ਆਪਣੀਆਂ ਫ਼ੌਜਾਂ ਲਈ ਮੋਰਚਾ ਬਣਾ ਲਿਆ।

ਇਸ ਉਪਰੰਤ ਅਪਣਾਈਆਂ ਜਾਣ ਵਾਲੀਆਂ ਜੰਗੀ ਚਾਲਾਂ ਥੈਪਸਸ ਸ਼ਹਿਰ ਦੇ ਦੱਖਣ-ਪੱਛਮ ਵਿਚ ਪੈਂਦੀ ਇਕ ਖਾਰੇ ਪਾਣੀ ਦੀ ਝੀਲ ਅਜੋਕੀ ਸੈਬਕਾ ਡੀ. ਮਾਕਨੀਨੀ ਝੀਲ ਤੋਂ ਹੀ ਕੰਟ੍ਰੋਲ ਕੀਤੀਆਂ ਜਾਣੀਆਂ ਸਨ। ਸੀਜ਼ਰ ਨੇ ਪੂਰੀ ਤਰ੍ਹਾਂ ਸ਼ਹਿਰ ਨੂੰ ਘੇਰਿਆ ਹੋਇਆ ਸੀ ਪਰੰਤੂ ਸਿਪੀਓ ਦਾ ਵਿਚਾਰ ਸੀ ਕਿ ਉਹ ਦੱਖਣ ਵਾਲੇ ਪਾਸਿਓਂ ਹੀ ਇਸ ਸ਼ਹਿਰ ਨੂੰ ਆਜ਼ਾਦ ਕਰਵਾ ਸਕਦਾ ਸੀ। ਸੀਜ਼ਰ ਨੂੰ ਇਸ ਚਾਲ ਬਾਰੇ ਪਹਿਲਾਂ ਹੀ ਪਤਾ ਲੱਗ ਚੁੱਕਾ ਸੀ। ਇਸ ਲਈ ਉਸ ਨੇ ਸਮੁੰਦਰ ਵੱਲ ਝੀਲ ਦੇ ਪੂਰਬੀ ਕਿਨਾਰੇ ਵੱਲ ਪੈਂਦੀ ਇਕ ਪੱਟੀ ਦੇ ਬਿਲਕੁਲ ਵਿਚਕਾਰ ਮਜ਼ਬੂਤ ਕਿਲਾ ਬਣਾਇਆ ਹੋਇਆ ਸੀ। ਸਿਪੀਓ ਨੇ ਅੱਗੇ ਵੱਧ ਕੇ ਇਸ ਕਿਲੇ ਤੇ ਹਮਲਾ ਕੀਤਾ ਪਰੰਤੂ ਇਸ ਨੂੰ ਜਿੱਤਣ 'ਚ ਉਹ ਅਸਫ਼ਲ ਰਿਹਾ ਅਤੇ ਪਰਤ ਗਿਆ ਅਤੇ ਉਸ ਨੇ ਹੁਣ ਝੀਲ ਦੇ ਆਲੇ-ਦੁਆਲੇ ਵੱਲ ਕੂਚ ਕਰਨ ਅਤੇ ਉੱਤਰ ਵੱਲ ਪੈਂਦੇ ਪਹੁੰਚ ਮਾਰਗ ਰਾਹੀਂ ਸ਼ਹਿਰ ਵਿਚ ਦਾਖ਼ਲ ਹੋਣ ਦਾ ਫੈਸਲਾ ਕੀਤਾ ਅਤੇ ਝੀਲ ਦੇ ਉੱਤਰ ਵੱਲ ਆਪਣੇ ਦੋ ਕੈਂਪ ਸਥਾਪਿਤ ਕਰ ਲਏ। ਭਾਵੇਂ ਸੀਜ਼ਰ ਨੇ ਥੈਪਸਸ ਸ਼ਹਿਰ ਨੂੰ ਆਪਣੇ ਕਬਜ਼ੇ ਵਿਚ ਕਰਨ ਤਕ ਲੜਾਈ ਮੁਲਤਵੀ ਕਰ ਦਿੱਤੀ ਸੀ ਪਰੰਤੂ ਹੁਣ ਉਸ ਨੇ ਸਿਪੀਓ ਦੁਆਰਾ ਆਪਣੇ ਮੋਰਚਿਆਂ ਨੂੰ ਖਤਮ ਕਰਨ ਤੋਂ ਪਹਿਲਾਂ-ਪਹਿਲਾਂ ਹੀ ਉਸ ਉੱਤੇ ਹਮਲਾ ਕਰਨ ਦਾ ਇਰਾਦਾ ਬਣਾ ਲਿਆ। ਇਸ ਨੇ ਆਪਣੇ ਇਕ ਗਵਰਨਰ ਐਸਪ੍ਰੀਨਾਸ ਅਤੇ ਦੋ ਲਸ਼ਕਰਾਂ ਨੂੰ ਘੇਰੇ ਨੂੰ ਜਾਰੀ ਰੱਖਣ ਲਈ ਛੱਡ ਕੇ ਆਪਣੀਆਂ ਬਾਕੀ ਦੀਆਂ ਫ਼ੌਜਾਂ ਨਾਲ ਸਿਪੀਓ ਵਿਰੁੱਧ ਕੂਚ ਕਰ ਦਿੱਤਾ। ਸੀਜ਼ਰ ਨੇ ਆਪਣੇ ਅੱਧੇ ਬੇੜੇ ਨੂੰ ਘੇਰਾਬੰਦੀ ਜਾਰੀ ਰੱਖਣ ਲਈ ਤੈਨਾਤ ਕਰ ਦਿੱਤਾ ਅਤੇ ਦੂਜੇ ਅੱਧੇ ਬੇੜੇ ਨੂੰ ਤੱਟ ਵਾਲੇ ਪਾਸੇ ਜਾਣ ਅਤੇ ਸਿਪੀਓ ਦੀਆਂ ਪਿੱਛੇ ਰਹੀਆਂ ਫ਼ੌਜਾਂ ਨਾਲ ਲੜਾਈ ਕਰਨ ਦਾ ਹੁਕਮ ਦੇ ਦਿੱਤਾ। ਸਿਪੀਓ ਨੇ ਖੱਬੇ ਪਾਸੇ ਵਾਲੀ ਆਪਣੀ ਫ਼ੌਜ ਨੂੰ ਤੱਟ ਉੱਤੇ ਤੈਨਾਤ ਕਰ ਦਿੱਤਾ ਅਤੇ ਆਪਣੇ ਸੱਜੇ ਅਤੇ ਖੱਬੇ ਪਾਸੇ ਸਾਹਮਣੇ ਵੱਲ ਹਾਥੀਆਂ ਅਤੇ ਹਲਕੇ ਹਥਿਆਰਾਂ ਨਾਲ ਲੈਸ ਫ਼ੌਜਾਂ ਅਤੇ ਖੱਬੇ ਪਾਸੇ ਵੱਲ ਨੁਮੀਦੀਆ ਦੀ ਘੋੜ ਸਵਾਰ ਫ਼ੌਜ, ਉਨ੍ਹਾਂ ਦੀ ਬਾਕੀ ਰਹਿੰਦੀ ਘੋੜ ਸਵਾਰੀ ਫ਼ੌਜ ਅਤੇ ਹਲਕੇ ਹਥਿਆਰਾਂ ਨਾਲ ਲੈਸ ਫ਼ੌਜਾਂ ਨੂੰ ਸੱਜੇ ਪਾਸੇ ਵੱਲ ਤੈਨਾਤ ਕਰ ਦਿੱਤਾ। ਦੂਜੇ ਪਾਸੇ ਸੀਜ਼ਰ ਨੇ ਵੀ ਆਪਣੀ ਫ਼ੌਜ ਦੇ ਦੂਜੇ ਅਤੇ ਦਸਵੇਂ ਲਸ਼ਕਰ ਨੂੰ ਸੱਜੇ ਪਾਸੇ, ਅੱਠਵੇਂ ਅਤੇ ਨੌਵੇਂ ਲਸ਼ਕਰ ਨੂੰ ਖੱਬੇ ਪਾਸੇ ਅਤੇ ਪੰਜ ਲਸ਼ਕਰਾਂ ਨੂੰ ਕੇਂਦਰ ਵਿਚ ਤਿੰਨ ਲਾਈਨਾਂ ਵਿਚ ਤਾਇਨਾਤ ਕੀਤਾ ਹੋਇਆ ਸੀ। ਉਸ ਨੇ ਆਪਣੇ ਪਾਸਿਆਂ ਵੱਲ ਪੰਜ ਚੋਣਵੇਂ ਫ਼ੌਜੀ ਦਸਤਿਆਂ ਜਿਸ ਵਿਚ ਤੀਰ ਅੰਦਾਜ, ਸਲਿੰਗਰ ਚਾਲਕ ਅਤੇ ਘੋੜ ਸਵਾਰ ਸ਼ਾਮਲ ਸਨ, ਤੈਨਾਤ ਕਰ ਦਿੱਤੇ। ਸਿਪੀਓ ਨੇ ਅਜੇ ਅੱਧੇ ਕੁ ਹੀ ਤੰਬੂ ਲਾਏ ਸਨ ਕਿ ਸੀਜ਼ਰ ਦੇ ਆਦਮੀਆਂ ਨੇ ਤੁਰੰਤ ਅੱਗੇ ਵਧਣ ਦੀ ਖਾਹਸ਼ ਕੀਤੀ। ਸੀਜ਼ਰ ਲੜਾਈ ਕਰਨ 'ਚ ਬਹੁਤ ਕਾਹਲਾ ਨਹੀਂ ਸੀ ਕਿਉਂਕਿ ਉਸ ਦੇ ਮੁਕਾਬਲੇ ਤੋਂ ਨੁਮੀਦੀਅਨ ਘੋੜ ਸਵਾਰ ਫ਼ੌਜ ਦੀ ਗਿਣਤੀ ਬਹੁਤ ਜ਼ਿਆਦਾ ਸੀ। ਸੀਜ਼ਰ ਆਪ ਤਾਂ ਅਜੇ ਹਿਚਕਿਚਾਹਟ 'ਚ ਸੀ ਪਰ ਅਚਾਨਕ ਹੀ ਦਸਵੇਂ ਲਸ਼ਕਰ ਨੇ ਹਮਲੇ ਦਾ ਡੰਕਾ ਵਜਾ ਦਿੱਤਾ। ਸੀਜ਼ਰ ਦੇ ਤੀਰ ਅੰਦਾਜਾਂ ਅਤੇ ਸਲਿੰਗਰ-ਚਾਲਕਾਂ ਨੇ ਸਿਪੀਓ ਦੇ ਹਾਥੀਆਂ ਨੂੰ ਆਪਣੇ ਤੀਰਾਂ ਅਤੇ ਪੱਥਰਾਂ ਨਾਲ ਕੁਚਲ ਦਿੱਤਾ ਅਤੇ ਉਨ੍ਹਾਂ ਨੂੰ ਆਪਣੀਆਂ ਪਹਿਲੀਆਂ ਥਾਵਾਂ ਤੇ ਹੀ ਧਕੇਲ ਦਿੱਤਾ ਅਤੇ ਉਥੋਂ ਉਨ੍ਹਾਂ ਨੇ ਨਾ ਕੇਵਲ ਉਸ ਦੀ ਥਲ ਫ਼ੌਜ ਦੇ ਹੌਸਲੇ ਹੀ ਢਾਹ ਦਿੱਤੇ ਸਗੋਂ ਉਸ ਦੇ ਖੱਬੇ ਪਾਸੇ ਤੇ ਘੋੜਸਵਾਰ ਸੈਨਾ ਨੂੰ ਵੀ ਖਿੰਡਾ ਦਿੱਤਾ। ਥਲ ਫ਼ੌਜਾਂ ਫਿਰ ਜੋਸ਼ 'ਚ ਆ ਗਈਆਂ ਅਤੇ ਉਹ ਇਕ ਦੂਜੇ ਦੇ ਸਾਹਮਣੇ ਸੂਰਜ ਛਿਪਣ ਤਕ ਲੜਦੀਆਂ ਰਹੀਆਂ। ਇਸ ਸਮੇਂ ਤਕ ਸਿਪੀਓ ਦੀਆਂ ਸੱਜੇ ਪਾਸੇ ਵਾਲੀਆਂ ਫ਼ੌਜਾਂ ਦੇ ਹੌਂਸਲੇ ਵੀ ਬਿਲਕੁਲ ਢਹਿ ਚੁੱਕੇ ਸਨ। ਇਸ ਲੜਾਈ ਦਾ ਸਿਪੀਓ ਦੇ ਕੇਂਦਰ ਤੇ ਬੜਾ ਮਾੜਾ ਪ੍ਰਭਾਵ ਪਿਆ ਅਤੇ ਛੇਤੀ ਹੀ ਉਸ ਦੀ ਸਾਰੀ ਫ਼ੌਜੀ ਲਾਈਨ ਟੁੱਟ ਗਈ ਅਤੇ ਫ਼ੌਜਾਂ ਨੇ ਆਪਣੇ ਅੱਧੇ ਕੁ ਲੱਗੇ ਤੰਬੂਆਂ 'ਚ ਜਾ ਸ਼ਰਨ ਲਈ। ਸੀਜ਼ਰ ਦੀਆਂ ਪਾਸਿਆਂ ਉੱਤੇ ਤੈਨਾਤ ਫ਼ੌਜਾਂ ਨੇ ਬੜੀ ਤੇਜ਼ੀ ਨਾਲ ਇਨ੍ਹਾਂ ਸਾਰੀਆਂ ਫ਼ੌਜਾਂ ਨੂੰ ਬੰਦੀ ਬਣਾ ਲਿਆ। ਥੈਪਸਸ ਦੀ ਲੜਾਈ ਵਿਚ ਕੋਈ ਪੰਜਾਹ ਹਜ਼ਾਰ ਫ਼ੌਜੀਆਂ ਦੀਆਂ ਲਾਸ਼ਾਂ ਖਿਲਰੀਆਂ ਪਈਆਂ ਸਨ ਅਤੇ ਇਨ੍ਹਾਂ ਵਿਚ ਕੁਝ ਸੀਜ਼ਰ ਪੱਖੀ ਅਫ਼ਸਰਾਂ ਦੀਆਂ ਲਾਸ਼ਾਂ ਵੀ ਸਨ ਜਿਹੜੇ ਕਿ ਨਵੀਂ ਬਾਦਸ਼ਾਹਤ ਦੇ ਵਿਰੋਧੀ ਸਮਝੇ ਜਾਂਦੇ ਸਨ।

ਇਸ ਲੜਾਈ ਵਿਚ ਨਾ ਤਾਂ ਯੁੱਧ ਨੀਤੀ ਅਪਣਾਈ ਗਈ ਅਤੇ ਨਾ ਹੀ ਇਸ ਦੌਰਾਨ ਵਰਤੀਆਂ ਗਈਆਂ ਜੰਗੀ ਚਾਲਾਂ ਹੀ ਕੋਈ ਧਿਆਨਯੋਗ ਹਨ। ਇਸ ਲੜਾਈ ਦੇ ਸਿੱਟੇ ਵਜੋਂ ਇਹ ਗੱਲ ਤਾਂ ਉਭਰ ਕੇ ਆ ਗਈ ਸੀ ਕਿ ਹੁਣ ਆਦਮੀ ਹੁਕਮ ਅਦੂਲੀ ਕਰਨ ਲਗ ਪਏ ਸਨ ਅਤੇ ਕਈਆਂ ਦੇ ਮਨਾਂ ਦੇ ਅੰਦਰ ਸੀਜ਼ਰ ਵਲੋਂ ਸਥਾਪਿਤ ਕੀਤੀ ਜਾ ਰਹੀ ਨਵੀਂ ਵਿਵਸਥਾ 'ਚ ਪ੍ਰਭੁਤਾ ਪ੍ਰਾਪਤ ਕਰਨ ਦੀ ਭਾਵਨਾ ਵੀ ਪੈਦਾ ਹੋ ਚੁਕੀ ਸੀ। ਹੁਣ ਸਿਪਾਹੀ ਅਮਨ ਚਾਹੁੰਦੇ ਸਨ

ਤਾਂ ਕਿ ਉਹ ਆਪਣੇ ਘਰਾਂ ਨੂੰ ਪਰਤ ਸਕਣ ਅਤੇ ਪਰਿਵਾਰਾਂ ਨੂੰ ਮਿਲ ਸਕਣ। ਥੈਪਸਸ ਦੀ ਲੜਾਈ ਸੀਜ਼ਰ ਦੀ ਮਰਜ਼ੀ ਅਤੇ ਉਸ ਦੇ ਆਦਮੀਆਂ ਦੀਆਂ ਇੱਛਾਵਾਂ ਦੇ ਵਿਚਕਾਰ ਸ਼ੁਰੂ ਹੋਈ ਸੀ। ਪਹਿਲਾਂ ਇਹ ਲੜਾਈ ਬਹੁਤ ਮੱਠੀ ਅਤੇ ਪ੍ਰਗਤੀਸ਼ੀਲ ਸੀ ਪਰੰਤੂ ਇਹ ਲੜਾਈ ਐਲਾਰਿਕ ਦੁਆਰਾ ਰੋਮ ਸ਼ਹਿਰ ਨੂੰ ਤਬਾਹ ਕਰ ਦੇਣ ਵੇਲੇ ਹੀ ਖ਼ਤਮ ਹੋਈ।

ਹ.ਪੁ. -ਐਨ.ਬ੍ਰਿ. 22 : 26

ਥੈਰੱਪਿਊਟਿਕਸ (ਚਿਕਿਤਸਾ-ਵਿਗਿਆਨ) : ਇਹ ਕਿਸੇ ਬੀਮਾਰੀ ਦੇ ਇਲਾਜ ਜਾਂ ਰੋਕਥਾਮ ਦੀ ਕਲਾ ਅਤੇ ਵਿਗਿਆਨ ਨਾਲ ਸਬੰਧਤ ਡਾਕਟਰੀ ਦਾ ਇਕ ਭਾਗ ਹੈ। ਥੈਰੱਪਿਊਟਿਕਸ ਦੀ ਵਰਤੋਂ ਵਿਚ ਭਿੰਨ-ਭਿੰਨ ਤਕਨੀਕਾਂ ਜਿਵੇਂ ਕਿ ਯੰਤ੍ਰਿਕ ਜੁਗਤਾਂ, ਦਵਾਈਆਂ, ਟੀਕਿਆਂ ਅਤੇ ਮਨੋ-ਚਿਕਿਤਸਾ ਸ਼ਾਮਲ ਹਨ। ਕਿਸੇ ਵੀ ਵਿਅਕਤੀ ਨੂੰ ਬੀਮਾਰੀ ਲਗਣ ਤੋਂ ਬਚਾਉਣ ਲਈ ਜਾਂ ਬੀਮਾਰੀ ਪ੍ਰਤਿ ਮਰੀਜ਼ ਦੇ ਸੁਧਾਰ ਨੂੰ ਵਧਾਉਣ ਲਈ ਕੀਤੀ ਜਾਣ ਵਾਲੀ ਕਿਸੇ ਵੀ ਕਿਰਿਆ ਨੂੰ ਥੈਰੱਪਿਊਟਿਕਸ ਦੀ ਕਿਸਮ ਕਿਹਾ ਜਾਂਦਾ ਹੈ। ਬਹੁਤ ਸਾਲਾਂ ਤੋ ਖ਼ਾਸ ਥੈਰੱਪਿਊਟਿਕਸ ਜਾਂ ਚਿਕਿਤਸਾ ਸਬੰਧੀ ਧਾਰਾਵਾਂ ਜਾਂ ਵਿਚਾਰਾਂ ਦੇ ਮਾਹਿਰਾਂ ਨੇ ਆਪਣੇ ਆਪ ਨੂੰ ਗਰੁੱਪਾਂ ਵਿਚ ਵੰਡ ਲਿਆ ਹੈ। ਉਦਾਹਰਣ ਦੇ ਤੌਰ ਤੇ ਕੰਗਰੋੜ-ਚਿਕਿਤਸਾ, ਹੋਮੀਓਪੈਥੀ, ਪ੍ਰਾਕ੍ਰਿਤਿਕ-ਚਿਕਿਤਸਾ ਅਤੇ ਅਸਥੀ ਚਿਕਿਤਸਾ। ਅਜੋਕੀ ਪ੍ਰਚੱਲਿਤ ਡਾਕਟਰੀ ਵਿਚ ਥੈਰੱਪਿਊਟਿਕ ਧਾਰਨਾਵਾਂ ਅਤੇ ਤਕਨੀਕਾਂ ਨੂੰ ਕਈ ਥੈਰੱਪਿਊਟਿਕ ਵਿਸ਼ੇਸ਼ਤਾਵਾਂ ਵਿਚ ਸ਼ਾਮਲ ਕਰ ਲਿਆ ਗਿਆ ਹੈ, ਜਿਵੇਂ ਕਿ ਔਸ਼ਧ-ਪ੍ਰਭਾਵ ਵਿਗਿਆਨ, ਪ੍ਰੀਵੈਂਟਿਵ ਮੈਡੀਸਨ, ਰੋਗ-ਮੁਕਤ ਵਿਗਿਆਨ, ਮਨੋ-ਚਿਕਿਤਸਾ ਅਤੇ ਰੇਡੀਆੱਲੋਜੀ (ਐੱਕਸ-ਕਿਰਨ ਚਿਕਿਤਸਾ-ਵਿਗਿਆਨ)।

ਕਾਰਜ-ਖੇਤਰ—ਜਦੋਂ ਉਪਚਾਰ ਦੀਆਂ ਕਈ ਕਿਸਮਾਂ ਉੱਤੇ ਵਿਚਾਰ ਕੀਤਾ ਜਾਂਦਾ ਹੈ ਤਾਂ ਪਤਾ ਲਗਦਾ ਹੈ ਕਿ ਥੈਰੱਪਿਊਟਿਕਸ ਦਾ ਕਾਰਜ-ਖੇਤਰ ਬਹੁਤ ਵਿਸ਼ਾਲ ਹੈ। ਇਸ ਵਿਚ ਬਾਇਆੱਲੋਜਿਕ ਉਪਚਾਰ, ਜਿਸ ਵਿਚ ਬਾਇਆੱਲੋਜਿਕ ਉਪਜਾਂ ਜਿਵੇਂ ਕਿ ਸੀਰਮ, ਟੀਕੇ ਅਤੇ ਜੀਵ-ਵਿਨਾਸ਼ਕ ਤੱਤਾਂ ਦੀ ਵਰਤੋਂ ਹੁੰਦੀ ਹੈ; ਰਸਾਇਣ-ਚਿਕਿਤਸਾ, ਜਿਸ ਵਿਚ ਵਿਸ਼ੇਸ਼ ਬੀਮਾਰੀਆਂ ਉੱਤੇ ਹਮਲਾ ਕਰਨ ਲਈ ਸ਼ੁੱਧ ਰਸਾਇਣਾਂ ਦੀ ਵਰਤੋਂ ਕੀਤੀ ਜਾਂਦੀ ਹੈ; ਤਾਪ-ਪਾਰਕ (diathermic) ਉਪਚਾਰ, ਜਿਸ ਵਿਚ ਤਾਪ-ਪਾਰਤਾ ਉਪਕਰਨ ਦੀ ਵਰਤੋਂ ਕੀਤੀ ਜਾਂਦੀ ਹੈ; ਸ਼ਾੱਕ ਉਪਚਾਰ, ਜਿਸ ਵਿਚ ਦਿਮਾਗ਼ ਵਿਚੋਂ ਬਿਜਲੱਈ ਕਰੰਟ ਲੰਘਾ ਕੇ ਜਾਂ ਖ਼ੂਨ ਵਿਚ ਇਨਸੁਲਿਨ ਦਾ ਟੀਕਾ ਲਗਾ ਕੇ ਪਾਗਲਾਂ ਜਾਂ ਮਨੋਰੋਗੀਆਂ ਦਾ ਇਲਾਜ ਕੀਤਾ ਜਾਂਦਾ ਹੈ ਅਤੇ ਅੰਤਰ-ਨਿਕਾਸੀ ਉਪਚਾਰ, ਜਿਸ ਵਿਚ ਹਾੱਰਮੋਨਾਂ ਦੀ ਵਰਤੋਂ ਹੁੰਦੀ ਹੈ, ਸ਼ਾਮਲ ਹਨ। ਦੂਜੀਆਂ ਕਿਸਮਾਂ ਦੇ ਉਪਚਾਰ ਵਿਚ ਤਾਪ, ਠੰਢ, ਉੱਚ-ਆਵ੍ਰਿੱਤੀ ਧੁਨੀ, ਸਾਧਾਰਨ ਜਾਂ ਉੱਚ ਦਬਾਉ ਉੱਤੇ ਆੱਕਸੀਜਨ, ਐੱਕਸ-ਕਿਰਨਾਂ, ਰੇਡੀਅਮ, ਇਨਫ਼੍ਰਾਰੈੱਡ ਕਿਰਨਾਂ, ਪਰਾ-ਵੈਂਗਣੀ ਕਿਰਨਾਂ, ਅਸੁਭਾਵਕ ਨੀਂਦ, ਜਲ-ਚਿਕਿਤਸਾ, ਪ੍ਰਤਿਜਾਮਣ, ਵਿਟਾਮਿਨ, ਹਵਾਈ ਘੋਲ ਵਿਚਲੀਆਂ ਧੁੰਧਾਂ, ਸਮੁੰਦਰੀ ਪਾਣੀ ਅਤੇ ਸਰਜਰੀ ਦੀ ਵਰਤੋਂ ਕੀਤੀ ਜਾਂਦੀ ਹੈ। ਕਈ ਕਿਸਮਾਂ ਵਿਚ ਸੰਗੀਤ ਉਪਚਾਰ, ਫ਼ਿਜ਼ਿਕਲ ਉਪਚਾਰ ਅਤੇ ਵਿਵਸਾਇਕ ਚਿਕਿਤਸਾ ਸ਼ਾਮਲ ਹਨ।

ਪ੍ਰਯੋਗਿਕ ਤੌਰ ਤੇ ਕੋਈ ਵੀ ਦਵਾਈ ਜਾਂ ਇਲਾਜ ਪ੍ਰਚੱਲਿਤ ਕੀਤੇ ਜਾ ਸਕਦੇ ਹਨ ਅਤੇ ਉਨ੍ਹਾਂ ਨੂੰ ਉਪਚਾਰ ਦੇ ਰੂਪ ਦਾ ਨਾਂ ਦਿੱਤਾ ਜਾ ਸਕਦਾ ਹੈ। ਦੂਜੇ ਪਾਸੇ ਪ੍ਰਯੋਗਿਕ ਤੌਰ ਤੇ ਸਰੀਰ ਦੇ ਕਿਸੇ ਵੀ ਭਾਗ ਦਾ ਇਲਾਜ ਕੀਤਾ ਜਾ ਸਕਦਾ ਹੈ ਅਤੇ ਵਿਧੀ ਨੂੰ ਥੈਰੱਪਿਊਟਿਕਸ ਦਾ ਰੂਪ ਕਿਹਾ ਜਾਂਦਾ ਹੈ, ਉਦਾਹਰਣ ਵਜੋਂ ਦੰਦਾਂ ਦੀ ਥੈਰੱਪਿਊਟਿਕਸ ਜਾਂ ਸ਼ਕਤੀਵਰਧਕ ਥੈਰੱਪਿਊਟਿਕਸ। ਥੈਰੱਪਿਊ-ਟਿਕਸ ਵਿਸ਼ਿਸ਼ਟ ਜਾਂ ਅਵਿਸ਼ਿਸ਼ਟ ਦਵਾਈ ਜਾਂ ਇਲਾਜ ਹੋ ਸਕਦਾ ਹੈ ਅਤੇ ਇਹ ਉਚਿਤ ਜਾਂ ਅਣਉਚਿਤ ਵੀ ਹੋ ਸਕਦਾ ਹੈ।

ਵਿਕਾਸ-20ਵੀਂ ਸਦੀ ਦੇ ਆਰੰਭ ਵਿਚ ਕੇਵਲ ਕੁਝ-ਕੁ ਦਵਾਈਆਂ ਤੇ ਹੋਰ ਮਾਪਦੰਡ ਵਿਸ਼ੇਸ਼ ਥੈਰੱਪਿਊਟਿਕ ਮਹੱਤਤਾ ਵਾਲੇ ਸਨ ਅਤੇ ਇਨ੍ਹਾਂ ਵਿਚੋਂ ਕੁਝ ਨੂੰ ਅਯੋਗ ਢੰਗ ਨਾਲ ਸਮਝਿਆ ਗਿਆ ਸੀ। ਵਧੇਰੇ ਡਾਕਟਰਾਂ ਨੂੰ ਸੂਰਜ, ਤਾਜ਼ੀ ਹਵਾ, ਤਾਜ਼ੇ ਫਲਾਂ ਅਤੇ ਦਰਦ ਠੀਕ ਕਰਨ ਵਾਲੇ ਪਦਾਰਥਾਂ ਦੀ ਉਪਯੋਗਤਾ ਬਾਰੇ ਤਾਂ ਪਤਾ ਸੀ ਪਰ ਇਹ ਪਤਾ ਨਹੀਂ ਸੀ ਕਿ ਇਹ ਸੁਨਿਸ਼ਚਿਤ ਤੌਰ ਤੇ ਮਨੁੱਖ ਦੀ ਸੇਵਾ ਕਿਵੇਂ ਕਰਦੇ ਹਨ। ਇਸ ਤੋਂ ਅੱਗੇ ਜਦੋਂ ਸਰਜਰੀ, ਡਾਕਟਰੀ ਦਾ ਇਕ ਲਾਹੇਵੰਦ ਹਿੱਸਾ ਸੀ, ਤਾਂ ਇਸ ਨੂੰ ਸੰਤੋਸ਼ਜਨਕ ਰੋਗਾਣੂਨਾਸ਼ਕ ਮਾਪਦੰਡਾਂ, ਸੰਤੋਸ਼ਜਨਕ ਸੁੰਨਕਾਰਕਾਂ ਦੀ ਘਾਟ ਅਤੇ ਸ਼ਾੱਕ, ਖ਼ੂਨ ਦੀ ਹਾਨੀ ਤੇ ਛੂਤ ਨੂੰ ਰੋਕਣ ਲਈ ਵਿਸ਼ੇਸ਼ ਸਹਾਇਤਾ ਨਾ ਹੋਣ ਕਾਰਨ ਇਸ ਨੂੰ ਖ਼ਤਰਾ ਭਰਪੂਰ ਮੰਨਿਆ ਗਿਆ। ਇਸ ਲਈ ਸ਼ਾਇਦ ਇਹ ਕਹਿਣਾ ਠੀਕ ਹੈ ਕਿ ਅਜੋਕਾ ਥੈਰੱਪਿਊਟਿਕਸ ਦੁਨੀਆ ਦੇ ਪਹਿਲੇ ਮਹਾਯੁੱਧ ਤੋਂ ਮਗਰੋਂ ਵੀ ਸ਼ੁਰੂ ਨਹੀਂ ਸੀ ਹੋਇਆ। ਭਾਵੇਂ ਇਸ ਦੇ ਵਿਕਾਸ ਲਈ ਇਸ ਦੀ ਸਥਾਪਨਾ ਮੁੱਢਲੇ ਸਾਲਾਂ ਵਿਚ ਪਾਲ ਇਹਰਲਿਕ, ਰਾਬਰਟ ਕਾੱਚ ਅਤੇ ਹੋਰਨਾਂ ਦੁਆਰਾ ਕੀਤੀ ਜਾ ਚੁੱਕੀ ਸੀ।

ਬੀਮਾਰੀ ਨੂੰ ਰੋਕਣ ਅਤੇ ਰੋਗੀਆਂ ਦੇ ਇਲਾਜ ਲਈ ਵਰਤੇ ਗਏ ਮਾਪਦੰਡਾਂ ਦੀ ਵਰਤੋਂ ਮਨੁੱਖੀ ਇਤਿਹਾਸ ਵਿਚ ਬਹੁਤ ਪੁਰਾਣੀ ਹੈ, ਜਦੋਂ ਕਿ ਕਿਸੇ ਨੇ ਟੁੱਟੀ ਹੱਡੀ ਉੱਤੇ ਪੱਤੇ, ਚਿੱਕੜ ਅਤੇ ਫੱਟੀ ਬੰਨ੍ਹਣ ਦੀ ਕੋਸ਼ਿਸ਼ ਕੀਤੀ ਹੈ ਅਤੇ ਦੇਵਤਿਆਂ ਨੂੰ ਅਰਦਾਸ ਕਰਕੇ ਅਸ਼ੀਰਵਾਦ ਮੰਗੇ। ਪ੍ਰਾਚੀਨ ਸਮੇਂ ਦਾ ਮਨੁੱਖ ਅਗਿਆਤ ਅਤੇ ਲੱਗੀ ਬੀਮਾਰੀ ਪ੍ਰਤਿ ਦੇਵਤਿਆਂ ਦੀ ਨਾਖ਼ੁਸ਼ੀ ਜਾਂ ਕਿਸੇ ਹੋਰ ਕਾਰਨ ਡਰਦਾ ਸੀ। ਜਦੋਂ ਮਨੁੱਖ ਨੇ ਯਤਨ ਅਤੇ ਭੁੱਲ ਵਿਧੀ ਨਾਲ ਕੁਝ ਸਰਲ ਇਲਾਜ ਸਿੱਖੇ ਤਾਂ ਡਾਕਟਰੀ ਕਰਨੀ ਸ਼ੁਰੂ ਕਰ ਦਿੱਤੀ, ਭਾਵੇਂ ਥੋੜ੍ਹੇ ਸਮੇਂ ਬਾਅਦ ਇਹ ਜਾਦੂ-ਟੂਣਾ ਕਰਨ ਵਾਲੇ (ਸਿਆਣੇ) ਕਬਾਇਲੀਆਂ ਦੇ ਹੱਥ ਆ ਗਈ, ਜਿਨ੍ਹਾਂ ਵਿਚੋਂ ਕਈ ਆਪਣੀਆਂ ਸਵੈ-ਅਧਿਕਾਰਿਤ ਰਹੱਸਮਈ ਸ਼ਕਤੀਆਂ ਕਾਰਨ ਚਲਾਕ ਅਤੇ ਅਸਰ-ਰਸੂਖ਼ ਵਾਲੇ ਸਨ। ਪ੍ਰਾਚੀਨ ਮਨੁੱਖ ਦੀਆਂ ਕਈ ਕਿਰਿਆਵਾਂ ਕਾਲਪਨਿਕ ਵਿਸ਼ਵਾਸਾਂ ਉੱਤੇ ਨਿਰਭਰ ਹੋਣ ਕਰਕੇ ਅਸਚਰਜ ਅਤੇ ਮਨੋਹਰ ਪ੍ਰਭਾਵ ਚਟਾਨਾਂ, ਦਰਖ਼ਤਾਂ, ਬੱਦਲਾਂ, ਦਰਿਆਵਾਂ ਅਤੇ ਹੋਰ ਵਸਤਾਂ ਜਿਨ੍ਹਾਂ ਨੂੰ ਮਨੁੱਖ ਦੇਖ ਸਕਦਾ ਹੈ ਪਰ ਸਮਝ ਨਹੀਂ ਸਕਦਾ ਨਾਲ ਸਬੰਧਤ ਸਨ। ਇਸ ਤੋਂ ਬਾਅਦ ਮਨੁੱਖ ਨੇ ਜੀਵਾਂ, ਝਾੜੀਆਂ ਅਤੇ ਫੁੱਲਾਂ ਦੇ ਅਸਾਧਾਰਣ ਗੁਣਾਂ ਨੂੰ ਪਛਾਣਿਆ ਤੇ ਇਨ੍ਹਾਂ ਨੂੰ ਜਾਨ-ਬਚਾਊ ਸਮਝਿਆ। ਉਦਾਹਰਣ ਵਜੋਂ ਕਿਉਂਕਿ ਸ਼ੇਰ ਬਹਾਦਰ ਹੈ ਇਸ ਲਈ ਮਨੁੱਖ ਨੇ ਸਮਝਿਆ ਕਿ ਸ਼ੇਰ ਦਾ ਦਿਲ ਖਾਣ ਨਾਲ ਮਨੁੱਖ ਵੀ ਬਹਾਦਰ ਹੋ ਜਾਵੇਗਾ ; ਕਿਉਂਕਿ ਲੂੰਬੜ ਬਹੁਤ ਦੇਰ ਤੱਕ ਦੌੜ ਸਕਦਾ ਹੈ ਇਸ ਲਈ ਲੂੰਬੜ ਦੇ ਫ਼ੇਫ਼ੜੇ ਖਾਣ ਨਾਲ ਮਨੁੱਖ ਲੰਬੇ ਦਮ ਵਾਲਾ ਬਣ ਜਾਵੇਗਾ ਅਤੇ ਕਿਉਂਕਿ ਰਿੱਛ ਵਧੇਰੇ ਤਾਕਤਵਰ ਹੁੰਦਾ ਹੈ ਇਸ ਲਈ ਇਸ ਦਾ ਮਾਸ ਖਾਣ ਨਾਲ ਮਨੁੱਖ ਵੀ ਤਾਕਤਵਰ ਹੋ ਜਾਵੇਗਾ।

ਅਜਿਹੇ ਵਿਸ਼ਵਾਸ ਮੁੱਖ ਤੌਰ ਤੇ ਮਨੁੱਖ ਦੀ ਅਗਿਆਨਤਾ ਤੇ ਆਧਾਰਿਤ ਸਨ। ਸਮੇਂ ਸਮੇਂ ਇਨ੍ਹਾਂ ਅਭਿਆਸਾਂ ਨਾਲ ਸੱਚਾਈ ਦਾ ਕੁਝ ਅੰਸ਼ ਲੱਭਾ ਪਰ ਇਸ ਤੱਥ ਦਾ ਪਤਾ ਲਾਉਣ ਲਈ ਅਨੇਕਾਂ ਸਾਲ ਲੱਗੇ। ਪੌਦਿਆਂ, ਜੀਵਾਂ ਅਤੇ ਖਣਿਜਾਂ ਵਿਚ ਥੈਰੱਪਿਊਟਿਕ ਉਪ-ਯੋਗਤਾ ਲੱਭਣ ਤੋਂ ਪਹਿਲਾਂ ਮਨੁੱਖ ਨੂੰ ਸੱਭਿਅ ਕਾਲਾਂ ਵਲ ਗੁਜ਼ਰਨਾ ਪਿਆ। ਅਜੋਕੀ ਡਾਕਟਰੀ, ਅਚਾਨਕ ਖੋਜਾਂ, ਦਿਲਚਸਪ ਪ੍ਰੇਖਣਾਂ

ਅਤੇ ਧਿਆਨਪੂਰਵਕ ਅਧਿਐਨ ਦੀ ਆਮਦ ਦੇ ਸਿੱਟੇ ਵਜੋਂ ਕਈ ਲਾਹੇਵੰਦ ਲੱਭਤਾਂ ਦਾ ਪਤਾ ਲੱਗਾ। ਉਦਾਹਰਣ ਦੇ ਤੌਰ ਤੇ ਦਿਲ ਦੀਆਂ ਬੀਮਾਰੀਆਂ ਲਈ ਡਿਜੀਟੇਲਿਸ (ਇਕ ਦਵਾਈ) ਦਾ ਪਤਾ ਇੰਗਲੈਂਡ ਦੇ ਇਕ ਡਾਕਟਰ ਨੇ ਉੱਦੋਂ ਲਗਾਇਆ ਜਦੋਂ ਉਹ ਇਕ ਬਜ਼ੁਰਗ ਗ੍ਰਹਿਣੀ ਦੁਆਰਾ ਫਾੱਕਸ ਗਲੱਵ (ਇਕ ਪ੍ਰਕਾਰ ਦਾ ਪੌਦਾ ਜਿਸ ਨੂੰ ਲਾਲ ਜਾਂ ਚਿੱਟੇ ਫੁੱਲ ਲਗਦੇ ਹਨ) ਤੋਂ ਤਿਆਰ ਕੀਤੀ ਇਕ ਬੀਅਰ ਉੱਤੇ ਖੋਜ ਕਰ ਰਿਹਾ ਸੀ ਅਤੇ ਐਪਸਮ ਸਾਲਟ ਦੀ ਉਪਯੋਗਤਾ ਦਾ ਪਤਾ ਉੱਦੋਂ ਲੱਗਾ ਜਦੋਂ ਇਕ ਕਿਸਾਨ ਉਤਸੁਕ ਹੋ ਗਿਆ ਕਿ ਉਸ ਦੇ ਪਸ਼ੂ ਇਕ ਖ਼ਾਸ ਖੂਹ ਦਾ ਪਾਣੀ ਕਿਉਂ ਨਹੀਂ ਸਨ ਪੀਂਦੇ। ਕਈ ਤਕਨੀਕਾਂ ਵਰਤੀਆਂ ਗਈਆਂ ਪਰ ਅੰਤ ਵਿਚ ਤਿਆਗ ਦਿੱਤੀਆਂ ਗਈਆਂ ਜਾਂ ਕਦੇ ਕਦਾਈਂ ਹੀ ਵਰਤੀਆਂ ਗਈਆਂ। ਇਕ ਵਾਰੀ ਵੱਡੇ ਪੈਮਾਨੇ ਉੱਤੇ ਰੋਗੀ ਦਾ ਚੀਰੇ ਦੁਆਰਾ ਲਹੂ-ਨਿਕਾਸ ਢੰਗ ਵੀ ਵਰਤਿਆ ਗਿਆ। ਇਕ ਵਾਰ ਇਕ ਹੋਰ ਪ੍ਰਸਿੱਧ ਤਕਨੀਕ ਸ਼ੀਸ਼ੇ ਜਾਂ ਜੋਕਾਂ ਰਾਹੀਂ ਸਿੰਗੀਆਂ ਲਾਉਣ ਵਾਲਾ ਸੀ। ਪੂਰਬ ਦੇ ਕਈ ਹਿੱਸਿਆਂ ਵਿਚ ਸੂਈ ਛੇਦਨ ਢੰਗ ਦੀ ਵਰਤੋਂ ਕੀਤੀ ਜਾਂਦੀ ਹੈ।

ਉਪਯੋਗਤਾ - 19ਵੀਂ ਸਦੀ ਵਿਚ ਮੁੱਢਲੀਆਂ ਰਸਾਇਣਿਕ ਅਤੇ ਭੌਤਿਕ ਲੱਭਤਾਂ ਮਗਰੋਂ ਅਜੋਕੀ ਰਸਾਇਣ-ਚਿਕਿਤਸਾ ਅਤੇ ਥੈਰੱਪਿਊਟਿਕਸ ਹੋਂਦ ਵਿਚ ਆਈਆਂ। ਦਵਾਈਆਂ ਨੂੰ ਸ਼ੁੱਧ ਕੀਤਾ ਗਿਆ, ਬੀਮਾਰੀ ਵਿਰੁੱਧ ਵਿਸ਼ੇਸ਼ ਮਾਪਦੰਡ ਵਿਕਸਿਤ ਕੀਤੇ ਗਏ, ਬੀਮਾਰੀਆਂ ਦੀ ਸ਼ਨਾਖਤ ਕੀਤੀ ਗਈ ਅਤੇ ਬੀਮਾਰੀ ਦੀ ਤਸ਼ਖ਼ੀਸ, ਇਲਾਜ ਤੇ ਰੋਕਥਾਮ ਲਈ ਢੰਗ ਲੱਭੇ ਗਏ। ਇਨ੍ਹਾਂ ਵਿਚੋਂ ਕੁਝ ਖੋਜਾਂ ਦੇਖਣ ਨੂੰ ਡਾਕਟਰੀ ਨਾਲ ਅਸਬੰਧਤ ਅਧਿਐਨਾਂ ਉੱਤੇ ਆਧਾਰਿਤ ਸਨ। ਇਸ ਤਰ੍ਹਾਂ 1928 ਈ. ਵਿਚ ਸਰ ਅਲੈੱਗਜ਼ਾਂਦਰ ਫ਼ਲੈਮਿੰਗ ਨੇ ਆਪਣੀ ਜੀਵਾਣੂ-ਵਿਗਿਆਨ ਵਾਲੀ ਪ੍ਰਯੋਗਸ਼ਾਲਾ ਵਿਚ ਬੈਕਟੀਰੀਆ ਪੈਦਾ ਕਰਨ ਵਾਲੇ ਮਾਧਿਅਮਾਂ ਉੱਤੇ ਉੱਲੀ ਦੇ ਵਧਾਅ ਦਾ ਪ੍ਰੇਖਣ ਕਰਕੇ ਪੈਨਸਲੀਨ ਪ੍ਰਾਪਤ ਕੀਤੀ। ਸੰਨ 1932 ਵਿਚ ਜਦੋਂ ਗੇਰਹਾਰਟ ਡੋਮਾਕ ਊਨੀ ਵਸਤਾਂ ਲਈ ਵਧੀਆ ਰੰਗਾਂ ਦੀ ਖੋਜ ਕਰ ਰਿਹਾ ਸੀ ਤਾਂ ਉਸ ਨੇ ਸਲਫ਼ਾ ਦਵਾਈਆਂ ਦਾ ਪੂਰਵਗਾਮੀ ਲੱਭਿਆ।

ਅਜੋਕੇ ਥੈਰੱਪਿਊਟਿਕਸ ਦੀ ਉਪਯੋਗਤਾ ਦਾ ਕੁਝ ਅੰਦਾਜ਼ਾ ਅੰਕੜਿਆਂ ਦਾ ਮੁਕਾਬਲਾ ਕਰਕੇ ਲਗਾਇਆ ਜਾ ਸਕਦਾ ਹੈ। ਕਰੀਮੀਅਨ ਯੁੱਧ ਦੌਰਾਨ ਲੜਾਈ ਵਿਚ ਇਕ ਵਿਅਕਤੀ ਮਰਨ ਦੇ ਮੁਕਾਬਲੇ ਅੱਠ ਵਿਅਕਤੀ ਬੀਮਾਰੀਆਂ ਨਾਲ ਮਰੇ ਅਤੇ ਰੂਸ ਦੇ, ਇਕ ਪਿੱਛੇ ਵੀਹ ਬੀਮਾਰੀਆਂ ਨਾਲ ਮਰੇ। ਮੌਤਾਂ ਦੇ ਆਮ ਕਾਰਨ ਹੈਜ਼ਾ, ਟਾਈਫ਼ਸ, ਛੂਤ ਅਤੇ ਪੇਚਸ਼ ਸਨ। ਬਾਅਦ ਵਿਚ ਇਨ੍ਹਾਂ ਸਭਨਾਂ ਉੱਤੇ ਕਾਬੂ ਪਾ ਲਿਆ ਗਿਆ। ਸਪੇਨੀ-ਅਮਰੀਕਨ ਯੁੱਧ ਦੌਰਾਨ ਲੜਾਈ ਵਿਚ ਮਾਰੇ ਜਾਣ ਵਾਲੇ ਇਕ ਪਿੱਛੇ ਸੱਤ ਸਿਪਾਹੀ ਬੀਮਾਰੀਆਂ ਨਾਲ ਮਰੇ। ਅਮਰੀਕਨ ਸਿਵਲ ਯੁੱਧ ਦੌਰਾਨ 50% ਜ਼ਖ਼ਮੀ ਮਾਰੇ ਗਏ ਜਦੋਂ ਕਿ ਦੁਨੀਆਂ ਦੇ ਪਹਿਲੇ ਮਹਾ ਯੁੱਧ ਵਿਚ 6% ਤੋਂ 12% ਮਰੇ ਅਤੇ ਦੂਸਰੇ ਯੁੱਧ ਵਿਚ ਮੌਤਾਂ ਦੀ ਦਰ 3% ਤੋਂ ਵੱਧ ਨਹੀਂ ਸੀ। ਦੁਨੀਆ ਦੇ ਪਹਿਲੇ ਮਹਾ ਯੁੱਧ ਵਿਚ ਅਮਰੀਕੀ ਸਿਪਾਹੀਆਂ ਦੀ ਸਾਲਾਨਾ ਮੌਤ ਦਰ 10000 ਪਿੱਛੇ 12.8 ਸੀ ਅਤੇ ਦੂਸਰੇ ਮਹਾ ਯੁੱਧ ਵਿਚ 1000 ਪਿਛੇ ਕੇਵਲ 0.5 ਸੀ। ਦੁਨੀਆ ਦੇ ਪਹਿਲੇ ਮਹਾ ਯੁੱਧ ਵਿਚ 20% ਤੋਂ 30% ਸਿਪਾਹੀ ਨਮੂਨੀਏ ਨਾਲ ਮਾਰੇ ਗਏ ਜਦੋਂ ਕਿ ਦੂਸਰੇ ਮਹਾ ਯੁੱਧ ਵਿਚ ਇਸ ਦੇ ਮੁਕਾਬਲੇ ਮਰਨ ਵਾਲਿਆਂ ਦੀ ਦਰ 1% ਸੀ। ਵੀਹਵੀਂ ਸਦੀ ਦੇ ਪਹਿਲੇ 40 ਸਾਲਾਂ ਵਿਚ ਅਮਰੀਕਾ ਦੇ 25,000 ਲੋਕਾਂ ਦੀ ਜਾਨ ਪੰਜ ਬੀਮਾਰੀਆਂ ਉੱਤੇ ਕਾਬੂ ਪਾ ਕੇ ਬਚਾਈ ਗਈ। ਇਹ ਬੀਮਾਰੀਆਂ ਨਮੂਨੀਆ, ਟਾਈਫ਼ਾਈਡ (ਮਿਆਦੀ ਬੁਖ਼ਾਰ), ਗਲਘੋਟੂ, ਚੇਚਕ ਅਤੇ ਦਿਮਾਗ਼ ਦੀਆਂ ਝਿੱਲੀਆਂ ਦੀ ਸੋਜ ਸਨ। ਸੰਨ 1900 ਵਿਚ ਇਕ ਨਵ-ਜੰਮੇ ਬੱਚੇ ਦਾ ਜੀਵਨ ਕਾਲ 49.2 ਸਾਲ, 1940 ਈ. ਵਿਚ 63.3 ਸਾਲ ਅਤੇ 1948 ਈ. ਵਿਚ 68 ਸਾਲ ਹੋ ਗਿਆ।

ਇਸ ਸੁਧਾਰ ਦਾ ਕਾਰਨ ਵਧੇਰੇ ਅਰੋਗਤਾ ਦੇ ਸਿੱਧਾਂਤ, ਸਿਹਤ ਸਿੱਖਿਆ, ਹਸਪਤਾਲਾਂ ਵਿਚ ਸੁਧਰੀਆਂ ਸਹੂਲਤਾਂ, ਵਧੀਆ ਖ਼ੂਨ, ਸਫ਼ਾਈ ਪ੍ਰਬੰਧ, ਵਧੀਆ ਸਰਜੀਕਲ ਤਕਨੀਕ, ਸੁਧਰੇ ਹੋਏ ਆਵਾਜਾਈ ਦੇ ਸਾਧਨ ਅਤੇ ਹੋਰ ਫ਼ੈਕਟਰ ਸ਼ਾਮਲ ਸਨ। ਵਧੇਰੇ ਅਤੇ ਸ਼ੁੱਧ ਦਵਾਈਆਂ ਦੀ ਆਮਦ ਨਾਲ ਭੌਤਿਕੀ ਉਪਕਰਨਾਂ ਦੇ ਵਿਕਾਸ (ਜਿਵੇਂ ਕਿ ਐਕਸ-ਕਿਰਨ ਮਸ਼ੀਨਾਂ) ਅਤੇ ਸਿਹਤ ਸਬੰਧੀ ਵਿਸ਼ੇਸ਼ ਭੋਜਨਾਂ ਦਾ ਪ੍ਰਬੰਧ (ਜਿਵੇਂ ਕਿ ਬੱਚਿਆਂ ਅਤੇ ਬੀਮਾਰਾਂ ਦਾ ਭੋਜਨ) ਮਹੱਤਵਪੂਰਨ ਫ਼ੈਕਟਰ ਸਨ।

ਸਾਧਾਰਣ ਸਮੱਸਿਆਵਾਂ—ਕੁਝ ਸਮੱਸਿਆਵਾਂ ਜਿਹੜੀਆਂ ਕਿ ਕਈ ਬੀਮਾਰੀਆਂ ਵਿਚ ਆਮ ਆਉਂਦੀਆਂ ਹਨ, ਜਿਨ੍ਹਾਂ ਦੇ ਇਲਾਜ ਲਈ ਦਵਾਈਆਂ ਵਰਤੀਆਂ ਜਾਂਦੀਆਂ ਹਨ ਉਨ੍ਹਾਂ ਬਾਰੇ ਵਿਚਾਰ ਕਰਨਾ ਜ਼ਰੂਰੀ ਹੈ। ਇਸ ਤਰ੍ਹਾਂ ਮਰੀਜ਼ ਉਸ ਦੇ ਪਰਿਵਾਰ ਅਤੇ ਨਰਸਾਂ ਨੂੰ ਕੁਝ ਜ਼ਰੂਰੀ ਹਦਾਇਤਾਂ ਕਰਨੀਆਂ ਜ਼ਰੂਰੀ ਹਨ ਜਿਵੇਂ ਕਿ ਕਸਰਤ ਵਗੈਰਾ ਦਾ ਘਟਾਉਣਾ ਜਾਂ ਵਧਾਉਣਾ, ਖ਼ੁਰਾਕ ਨੂੰ ਕੰਟਰੋਲ ਵਿਚ ਰਖਣਾ ਅਤੇ ਪ੍ਰਯੋਗਸ਼ਾਲਾ ਵਿਚ ਲੋੜੀਂਦੇ ਟੈੱਸਟਾਂ ਆਦਿ ਦਾ ਖ਼ਿਆਲ ਰਖਣਾ।

ਜੇਕਰ ਕਿਸੇ ਨੁਸਖ਼ੇ ਦਾ ਆਦੇਸ਼ ਦਿੱਤਾ ਜਾਂਦਾ ਹੈ ਤਾਂ ਨੁਸਖ਼ਾ ਲਿਖਣ ਵਾਲਾ ਮਰੀਜ਼ ਦੀ ਉਮਰ ਅਤੇ ਭਾਰ ਬਾਰੇ, ਕਿਸੇ ਅਲਰਜੀ ਦੇ ਇਤਿਹਾਸ ਬਾਰੇ, ਤਰੀਕਾ ਅਤੇ ਦਵਾਈ ਲੈਣ ਦੇ ਸਮੇਂ ਬਾਰੇ ਵਿਚਾਰ ਕਰਦਾ ਹੈ। ਇਸ ਦੇ ਨਾਲ ਹੀ ਮਰੀਜ਼ ਨੂੰ ਵਿਸੇਸ਼ ਨਹਾਉਣ, ਚਮੜੀ, ਨੱਕ, ਅੱਖਾਂ ਅਤੇ ਮੂੰਹ ਪ੍ਰਤਿ ਖ਼ਾਸ ਧਿਆਨ ਦੇਣ ਦੀ ਲੋੜ ਹੁੰਦੀ ਹੈ। ਖ਼ੁਰਾਕਾਂ ਵੀ ਕਈ ਵਾਰੀ ਸਮੱਸਿਆ ਖੜ੍ਹੀ ਕਰ ਦਿੰਦੀਆਂ ਹਨ। ਇਸ ਲਈ ਕਈ ਕਿਸਮ ਦੀ ਖ਼ੁਰਾਕ ਦਾ ਆਦੇਸ਼ ਵੀ ਦੇਣਾ ਪੈਂਦਾ ਹੈ ਕਿਉਂਕਿ ਭਿੰਨ-ਭਿੰਨ ਕਿਸਮ ਦੀਆਂ ਖ਼ੁਰਾਕਾਂ ਹਨ ਜਿਵੇਂ ਕਿ ਤਰਲ ਖ਼ੁਰਾਕਾਂ, ਨਰਮ ਖ਼ੁਰਾਕਾਂ ਅਤੇ ਦੂਸਰੀਆਂ ਵਿਸ਼ੇਸ਼ ਖ਼ੁਰਾਕਾਂ ਜਿਵੇਂ ਕਿ ਪਾਚਕ ਅਲਸਰ, ਠੰਢਪਾਉ, ਰਹਿੰਦ-ਖੂੰਹਦ ਰਹਿਤ, ਘੱਟ ਰਹਿੰਦ-ਖੂੰਹਦ ਵਾਲੀਆਂ ਤੇ ਵੱਧ ਰਹਿੰਦ-ਖੂੰਹਦ ਵਾਲੀਆਂ, ਉੱਚ ਕੈਲੋਰੀ, ਜ਼ਿਆਬਤੀਸੀ, ਉੱਚ-ਪ੍ਰੋਟੀਨ ਅਤੇ ਘੱਟ-ਲੂਣ ਵਾਲੀਆਂ ਖ਼ੁਰਾਕਾਂ।

ਥੈਰੱਪਿਊਟਿਕ ਕਾਰਕਾਂ ਦਾ ਮਿਆਰੀਕਰਨ—ਸਾਰੀ ਦੁਨੀਆ ਦੇ ਵਧੇਰੇ ਦੇਸ਼ਾਂ ਵਿਚ ਕੋਸ਼ਿਸ ਕੀਤੀ ਗਈ ਹੈ ਕਿ ਸੰਤੋਸ਼ਜਨਕ ਭੋਜਨ ਅਤੇ ਦਵਾਈਆਂ ਮਾਰਕਿਟ ਵਿਚ ਆਉਣ ਪਰੰਤੂ ਕੇਵਲ ਕੁਝ ਕੁ ਦੇਸ਼ਾਂ ਵਿਚ ਹੀ ਨੁਸਖ਼ਾ ਲਿਖਣ ਵਾਲੇ ਅਤੇ ਵਰਤਣ ਵਾਲੇ ਦੀ ਤਸੱਲੀ ਲਈ ਇਹ ਕੁਝ ਹੋ ਸਕਿਆ ਹੈ। ਕਈ ਦੇਸ਼ ਦਵਾਈਆਂ ਬਣਾਉਣ ਲਈ ਔਸ਼ਧ-ਕੋਸ਼ ਦੀ ਵਰਤੋਂ ਕਰਦੇ ਹਨ ਪਰੰਤੂ ਵਧੇਰੇ ਦੇਸ਼ਾਂ ਕੋਲ ਨੁਕਸਾਨਦੇਹ ਦਵਾਈਆਂ ਦੀ ਆਮਦ ਦੀ ਰੋਕਥਾਮ ਲਈ ਕੋਈ ਕਾਨੂੰਨ ਨਹੀਂ ਹੈ। ਕੈਨੇਡਾ, ਬਰਤਾਨੀਆ, ਸੰਯੁਕਤ ਰਾਜ ਅਮਰੀਕਾ, ਨੀਦਰਲੈਂਡਜ਼ ਅਤੇ ਸਕੈਂਡੀਨੇਵੀਅਨ ਦੇਸ਼ਾਂ ਵਿਚ ਭੋਜਨ ਅਤੇ ਦਵਾਈ ਦੀ ਮਾਰਕਿਟ ਵਿਚ ਆਮਦ ਮਿਆਰੀਕਰਨ ਅਨੁਸਾਰ ਹੁੰਦੀ ਹੈ। ਸੰਯੁਕਤ ਰਾਜ ਅਮਰੀਕਾ ਵਿਚ ਦਵਾਈਆਂ, ਭੋਜਨ ਅਤੇ ਕੁਝ ਹੱਦ ਤੱਕ ਉਪਕਰਨ, ਜੋ ਅੰਤਰ-ਰਾਜ ਤਜਾਰਤ ਲਈ ਜ਼ਹਾਜ਼ਾਂ ਰਾਹੀਂ ਭੇਜੇ ਜਾਂਦੇ ਹਨ, ਉਨਾਂ ਨੂੰ ਕਈ ਢੰਗਾਂ ਨਾਲ ਕੰਟਰੋਲ ਕੀਤਾ ਜਾਂਦਾ ਹੈ। ਤਿਆਰ ਕਰਨ ਵਾਲੇ ਸਖ਼ਤ ਮੁਕਾਬਲੇ, ਪ੍ਰਤਿਕੂਲ ਪ੍ਰਚਾਰ ਅਤੇ ਮੁਕੱਦਮਿਆਂ ਦੇ ਡਰ ਕਾਰਨ ਪ੍ਰਭਾਵਸ਼ਾਲੀ ਦਵਾਈਆਂ ਅਤੇ ਭੋਜਨ ਦਾ ਵਿਕਾਸ ਕਰਨ ਦਾ ਪੂਰਾ ਯਤਨ ਕਰਦੇ ਹਨ। ਇਸ ਦੇ

ਨਾਲ ਭੋਜਨ, ਦਵਾਈਆਂ ਅਤੇ ਸ਼ਿੰਗਾਰ ਸਮੱਗਰੀ ਦੇ ਫ਼ੈਡਰਲ (ਸੰਘੀ) ਐਕਟ ਹੇਠ ਖ਼ਾਸੀਅਤ, ਲੇਬਲ ਲਾਉਣਾ ਅਤੇ ਕੁਝ ਹੱਦ ਤੱਕ ਪ੍ਰਚਾਰ ਕਰਕੇ ਵਿਕਰੀ ਵਧਾਉਣ ਦੇ ਕਲੇਮ ਵੀ ਆ ਜਾਂਦੇ ਹਨ। ਇਸੇ ਅਤੇ ਹੋਰ ਐਕਟਾਂ ਲਈ ਏਜੰਟ ਦਾ ਕੰਮ ਕਰਨ ਲਈ ਫ਼ੂਡ ਐਂਡ ਡਰੱਗ ਪ੍ਰਸ਼ਾਸਨ ਹੈ, ਜੋ ਉਪਜਾਂ ਨੂੰ ਕਬਜ਼ੇ ਵਿਚ ਲੈ ਕੇ ਟੈੱਸਟ ਕਰ ਸਕਦਾ ਹੈ ਅਤੇ ਕਾਰਖ਼ਾਨਿਆਂ ਦੀ ਜਾਂਚ-ਪੜਤਾਲ ਕਰ ਸਕਦਾ ਹੈ। ਇਕ ਹੋਰ ਸੰਘੀ ਏਜੰਸੀ, ਦੂਸਰੇ ਸੰਘੀ ਕਾਨੂੰਨ ਨੂੰ ਲਾਗੂ ਕਰਦੀ ਹੈ, ਜਿਸ ਹੇਠ ਸੀਰਮ ਅਤੇ ਟੀਕਿਆਂ ਦੀ ਵਿਕਰੀ ਆਉਂਦੀ ਹੈ। ਕੁਝ ਰਾਜਾਂ ਅਤੇ ਕੁਝ-ਕੁ ਵੱਡੇ ਵੱਡੇ ਸ਼ਹਿਰਾਂ ਦੇ ਖੇਤਰ ਵਿਚ ਆਪਣੇ ਹੀ ਕਾਨੂੰਨ ਅਤੇ ਏਜੰਸੀਆਂ ਹਨ। ਡਾਕਟਰੀ ਕਿੱਤੇ ਦੇ ਲੋਕ ਆਪਣੇ ਆਪ ਜਾਂ ਅਮਰੀਕਨ ਮੈਡੀਕਲ ਐਸੋਸੀਏਸ਼ਨ ਰਾਹੀਂ ਦਵਾਈਆਂ, ਭੋਜਨ ਅਤੇ ਉਨ੍ਹਾਂ ਦੀ ਉਪਯੋਗਤਾ ਪਤਾ ਲਗਾਉਣ ਵਾਲੇ ਯੰਤਰਾਂ ਦਾ ਨਿਰੀਖਣ ਕਰਨ ਵਾਲੀਆਂ ਕਈ ਕਾਉਂਸਿਲਾਂ ਦੀ ਸਹਾਇਤਾ ਕਰਦੇ ਹਨ।

ਸੰਯੁਕਤ ਰਾਜ (ਇੰਗਲੈਂਡ, ਵੇਲਜ਼, ਸਕਾਟਲੈਂਡ ਅਤੇ ਉੱਤਰੀ ਆਇਰਲੈਂਡ) ਵਿਚ ਦਵਾਈਆਂ ਨੂੰ ਫ਼ੂਡ ਐਂਡ ਡਰੱਗਜ਼ ਐਕਟ, ਸਿਹਤ ਵਿਭਾਗ, ਖੇਤੀਬਾੜੀ ਵਿਭਾਗ ਅਤੇ ਮੱਛੀ ਸੰਸਥਾ ਦੁਆਰਾ ਨਿਯੰਤ੍ਰਿਤ ਕੀਤਾ ਜਾਂਦਾ ਹੈ। ਸੀਰਮਾਂ ਤੇ ਟੀਕਿਆਂ, ਰੋਗਾਣੂਨਾਸ਼ਕਾਂ ਅਤੇ ਕੁਝ ਹੋਰ ਜੀਵ-ਵਿਗਿਆਨਕ ਪਦਾਰਥਾਂ ਦਾ ਕੰਟਰੋਲ ਥੈਰੱਪਿਊਟਿਕ ਪਦਾਰਥਾਂ ਦੇ ਐਕਟ ਅਧੀਨ ਕੀਤਾ ਜਾਂਦਾ ਹੈ। ਕੁਝ ਦਵਾਈਆਂ ਦਾ ਮਿਆਰੀਕਰਨ ਅੰਤਰ-ਰਾਸ਼ਟਰੀ ਸਮਝੌਤੇ ਦੁਆਰਾ ਕੀਤਾ ਜਾਂਦਾ ਹੈ ਅਤੇ ਸੰਸਾਰ ਸਿਹਤ ਸੰਸਥਾ (W.H.O.) ਦੁਆਰਾ ਇਕ ਅੰਤਰ-ਰਾਸ਼ਟਰੀ ਔਸ਼ਧ-ਕੋਸ਼ ਛਾਪਿਆ ਜਾਂਦਾ ਹੈ।

ਜੀਵਾਂ ਉੱਤੇ ਪਰਖ ਕਰਕੇ ਅਤੇ ਹੋਰ ਦੂਸਰੇ ਮਾਪਦੰਡਾਂ ਦੁਆਰਾ ਦਵਾਈਆਂ ਅਤੇ ਭੋਜਨਾਂ ਦੀ ਰਸਾਇਣਿਕ ਤੌਰ ਤੇ ਜਾਂਚ ਕੀਤੀ ਜਾ ਸਕਦੀ ਹੈ। ਜਦੋਂ ਕਿ ਵਧੇਰੇ ਦਵਾਈਆਂ ਦੀ ਜਾਂਚ ਰਸਾਇਣਿਕ ਟੈੱਸਟਾਂ ਦੁਆਰਾ ਕੀਤੀ ਜਾ ਸਕਦੀ ਹੈ, ਕੁਝ ਵਿਚ ਇਹ ਸੰਭਵ ਨਹੀਂ ਹੈ ਜਿਵੇਂ ਇਨਸੁਲਿਨ। ਅਜਿਹੀਆਂ ਦਵਾਈਆਂ ਦੀ ਪਰਖ, ਆਮ ਕਰਕੇ ਦਵਾਈਆਂ ਦੇ ਨਵੇਂ ਸਮੂਹ ਦਾ ਅਧਿਕ੍ਰਿਤ ਮਿਆਰ ਦਵਾਈਆਂ ਨਾਲ ਮੁਕਾਬਲਾ ਕਰਕੇ, ਕੀਤੀ ਜਾਂਦੀ ਹੈ।

ਕਿਰਿਆ ਦੀ ਵਿਧੀ—ਬੀਮਾਰੀ ਦੇ ਇਲਾਜ ਲਈ ਢੰਗ ਦੀ ਚੋਣ ਕਈ ਫ਼ੈਕਟਰਾਂ ਜਿਵੇਂ ਕਿ ਬੀਮਾਰੀ ਕਿਹੜੀ ਹੈ, ਮਰੀਜ਼ ਦੀ ਬੀਮਾਰੀ ਦੀ ਗੰਭੀਰਤਾ, ਬੀਮਾਰੀ ਦੁਆਰਾ ਲੋਕਾਂ ਦੀ ਸਿਹਤ ਲਈ ਖ਼ਤਰਾ ਅਤੇ ਉਪਲੱਬਧ ਇਲਾਜ ਉੱਤੇ ਨਿਰਭਰ ਹੈ। ਇਸ ਤਰ੍ਹਾਂ ਦਵਾਈ ਮੂੰਹ ਰਾਹੀਂ, ਚਮੜੀ ਵਿਚ ਹੇਠਾਂ, ਪੱਠੇ ਵਿਚ ਜਾਂ ਧਮਣੀ, ਸ਼ਿਰਾ ਜਾਂ ਸਰੀਰ ਦੇ ਟਿਸ਼ੂਆਂ ਵਿਚ ਟੀਕੇ ਰਾਹੀਂ ਦਿੱਤੀ ਜਾ ਸਕਦੀ ਹੈ। ਦਵਾਈ ਚਮੜੀ ਉੱਤੇ ਵੀ ਲਗਾਈ ਜਾ ਸਕਦੀ ਹੈ। ਇਹ ਗੋਲੀ, ਪਾਊਡਰ, ਘੋਲ, ਕੈਪਸਿਊਲ ਜਾਂ ਮੱਲ੍ਹਮ ਦੀ ਸ਼ਕਲ ਵਿਚ ਉਪਲੱਬਧ ਹੋ ਸਕਦੀ ਹੈ।

ਕੋਈ ਦਵਾਈ ਜਾਂ ਹੋਰ ਇਲਾਜ ਕਿਸੇ ਬੀਮਾਰੀ ਦਾ ਖ਼ਾਸ ਕਰਕੇ ਟਾਕਰਾ ਕਰਨ ਲਈ ਵਰਤਿਆ ਜਾ ਸਕਦਾ ਹੈ । ਇਹ ਸਰੀਰ ਦੀਆਂ ਆਪਣੀਆਂ ਕੁਦਰਤੀ ਸੁਰੱਖਿਆ ਬਲਾਂ ਨੂੰ ਹਰਕਤ ਵਿਚ ਲਿਆਉਣ ਲਈ ਸਹਾਇਤਾ ਵਜੋਂ ਵਰਤੀ ਜਾ ਸਕਦੀ ਹੈ, ਜਿਵੇਂ ਕਿ ਸਲਫ਼ਾ ਦਵਾਈਆਂ ਬੈਕਟੀਰੀਆ ਦੇ ਵਾਧੇ ਨੂੰ ਰੋਕਦੀਆਂ ਹਨ ਜਦੋਂ ਕਿ ਸਰੀਰ ਆਪਣੇ ਵਿਚਲੇ ਪਹਿਲੇ ਬੈਕਟੀਰੀਆ ਨੂੰ ਕਾਬੂ ਕਰਦਾ ਹੈ, ਇਸ ਦੀ ਵਰਤੋਂ ਰੋਗ-ਸੂਚਕ ਆਰਾਮ ਦੇਣ ਲਈ ਵੀ ਕੀਤੀ ਜਾਂਦੀ ਹੈ, ਜਿਵੇਂ ਸਿਰ ਦਰਦ ਲਈ ਐਸਪਰੀਨ ; ਇਸ ਦੀ ਵਰਤੋਂ ਬੀਮਾਰੀ ਉੱਤੇ ਸਿੱਧਾ ਪ੍ਰਭਾਵ ਜਾਂ ਟਕਰਾਅ ਕਰਨ ਲਈ ਵੀ ਕੀਤੀ ਜਾਂਦੀ ਹੈ, ਜਿਵੇਂ ਕੈਂਸਰ ਲਈ ਐੱਕਸ-ਕਿਰਨ। ਇਲਾਜ ਦੀ ਚੋਣ ਬੀਮਾਰੀ ਦੇ ਕਾਰਨ, ਉਲਝਣਾਂ ਅਤੇ ਉਪਲੱਬਧ ਥੈਰਪਿਊਟਿਕ ਮਾਪਦੰਡਾਂ ਦੀ ਵਿਸ਼ਿਸ਼ਟਤਾ ਉੱਤੇ ਨਿਰਭਰ ਕਰਦੀ ਹੈ। ਇਸ ਤੋਂ ਇਲਾਵਾ ਚਿਕਿਤਸਕ ਨੂੰ ਰੋਗੀ ਦੀ ਮਾਨਸਿਕ ਸ਼ਾਂਤੀ ਨੂੰ ਜ਼ਰੂਰ ਧਿਆਨ ਵਿਚ ਰਖਣਾ ਚਾਹੀਦਾ ਹੈ। ਰੋਗੀ ਨਾਲ ਹਮਦਰਦੀ ਭਰਿਆ ਵਤੀਰਾ ਕਈ ਵਾਰ ਦਵਾਈ ਅਤੇ ਸਰਜਰੀ ਦੀ ਵਰਤੋਂ ਨਾਲੋਂ ਵਧੇਰੇ ਲਾਹੇਵੰਦ ਜਾਂ ਪ੍ਰਭਾਵਸ਼ਾਲੀ ਹੁੰਦਾ ਹੈ। ਦਿਆਲੂ ਸ਼ਬਦ, ਕੁਦਰਤੀ ਨਜ਼ਾਰੇ ਵਿਚ ਤਬਦੀਲੀ ਅਤੇ ਨਵੇਂ ਮਿੱਤਰਾਂ ਨਾਲ ਰੋਗੀ ਵਿਚ ਅਕਸਰ ਕਰਾਮਾਤੀ ਸੁਧਾਰ ਹੋ ਜਾਂਦਾ ਹੈ।

ਬੀਮਾਰੀ ਦੀ ਰੋਕਥਾਮ—ਬੀਮਾਰੀ ਦੀ ਰੋਕਥਾਮ ਉਚਿਤ ਖ਼ੁਰਾਕ, ਉਚਿਤ ਸਫ਼ਾਈ ਅਤੇ ਬੀਮਾਰੀਆਂ ਵਿਰੁੱਧ ਵਿਸ਼ੇਸ਼ ਮਾਪਦੰਡਾਂ ਦੀ ਵਰਤੋਂ ਤੇ ਆਧਾਰਿਤ ਹੈ। ਕਈ ਵਿਸ਼ੇਸ਼ੱਗਾਂ ਨੇ ਇਸ ਨੂੰ ਨਿਰੋਧਕ ਥੈਰੱਪਿਊਟਿਕਸ ਮੰਨਿਆ ਹੈ। ਸਕੂਲਾਂ ਦੀਆਂ ਚਿਕਿਤਸ਼ਾਲਾਵਾਂ; ਲਿੰਗੀ ਰੋਗ ਚਿਕਿਤਸ਼ਾਲਾਵਾਂ; ਜਨ-ਸਿਹਤ ਪ੍ਰਯੋਗਸ਼ਾਲਾਵਾਂ; ਟੀਕਾ; ਸੰਤੁਲਿਤ ਖ਼ੁਰਾਕ; ਬੱਚਿਆਂ ਲਈ ਵਧੇਰੇ ਦੁੱਧ; ਗਿਲ੍ਹੜ ਦੀ ਰੋਕਥਾਮ ਲਈ ਲੂਣ ਵਿਚ ਆਈਓਡੀਨ ਮਿਲਾਉਣਾ; ਦੰਦਾ ਦੀ ਖੈ ਦੀ ਰੋਕਥਾਮ ਲਈ ਪਾਣੀ ਵਿਚ ਫਲੋਰਾਈਡ ਮਿਲਾਉਣਾ ; ਦੁੱਧ ਵਿਚ ਵਿਟਾਮਿਨ-ਡੀ ਮਿਲਾਉਣਾ ਅਤੇ ਦੂਸਰੇ ਭੋਜਨਾਂ ਵਿਚ ਵਿਟਾਮਿਨ-ਸੀ ਮਿਲਾਉਣਾ ਪ੍ਰਚੱਲਿਤ ਰੋਕਥਾਮ ਅਭਿਆਸਾਂ ਦਾ ਭਾਗ ਹਨ।

ਉਹ ਬੀਮਾਰੀਆਂ, ਜਿਨ੍ਹਾਂ ਦੀ ਸੁਰੱਖਿਆ ਦੁਆਰਾ ਰੋਕਥਾਮ ਹੋ ਸਕਦੀ ਹੈ ਉਹ ਚੇਚਕ, ਗਲਘੋਟੂ, ਪੀਲਾ ਬੁਖ਼ਾਰ, ਮਿਆਦੀ ਬੁਖ਼ਾਰ, ਪੈਰਾਟਾਈਫ਼ਾਇਡ ਬੁਖ਼ਾਰ, ਖਸਰਾ, ਪੋਲੀਓ ਆਦਿ ਹਨ।

ਥਰੈਪੀ (ਉਪਚਾਰ) ਤੋਂ ਇਲਾਵਾ ਹੋਰ ਮਹੱਤਵਪੂਰਨ ਰੋਕਥਾਮ ਮਾਪਦੰਡ, ਗੰਦ-ਮੰਦ ਦਾ ਠੀਕ ਬੰਦੋਬਸਤ, ਬੀਮਾਰੀ ਫੈਲਾਉਣ ਵਾਲੇ ਮੱਛਰਾਂ ਦਾ ਖ਼ਾਤਮਾ ਅਤੇ ਕਿਰਮ-ਰਹਿਤ ਪੀਣ ਯੋਗ ਪਾਣੀ ਦਾ ਪ੍ਰਬੰਧ ਹਨ। ਕੁਝ ਪਸ਼ੂਆਂ ਅਤੇ ਪੰਛੀਆਂ ਨੂੰ ਕਈ ਬੀਮਾਰੀਆਂ ਲੱਗੀਆਂ ਹੁੰਦੀਆਂ ਹਨ ਜਿਨ੍ਹਾਂ ਨਾਲ ਮਨੁੱਖ ਪ੍ਰਭਾਵਿਤ ਹੋ ਜਾਂਦਾ ਹੈ, ਇਸ ਲਈ ਉਨ੍ਹਾਂ ਨੂੰ ਵੀ ਵਿਸ਼ੇਸ਼ ਕੰਟਰੋਲ ਮਾਪਦੰਡਾਂ ਨਾਲ ਕਾਬੂ ਕਰਨਾ ਚਾਹੀਦਾ ਹੈ ਜਿਵੇਂ ਕਿ ਤਪਦਿਕ ਲਈ ਟੈੱਸਟ ਅਤੇ ਹਲਕਾਅ ਵਿਰੁੱਧ ਟੀਕਾ ਹਨ।

ਦਵਾਈ ਦੇ ਪ੍ਰਭਾਵ ਦੀ ਵਿਸ਼ਿਸ਼ਟਤਾ—ਅਜੋਕੀ ਥੈਰੱਪਿਊ-ਟਿਕਸ ਦੇ ਉਤਸ਼ਾਹਜਨਕ ਪੱਖ ਦਵਾਈ ਦੇ ਪ੍ਰਭਾਵ ਦੀ ਵਿਸ਼ੇਸ਼ਤਾ ਹੈ। ਪਹਿਲਾਂ-ਪਹਿਲ ਦਵਾਈਆਂ ਖ਼ਾਸ ਤੌਰ ਤੇ ਨਿਸ਼ਚਿਤ ਨਹੀਂ ਸਨ; ਅਸਲ ਵਿਚ 'ਸ਼ਾੱਟਗਨ ਥਰੈਪੀ' ਹੀ ਉਦੋਂ ਦਾ ਰਿਵਾਜ ਸੀ। ਅੱਜ-ਕੱਲ੍ਹ ਚਿਕਿਤਸਕ ਕਈ ਬੀਮਾਰੀਆਂ ਅਤੇ ਸਿਹਤ ਸਮੱਸਿਆਵਾਂ ਲਈ ਇਕ ਵਿਸ਼ੇਸ਼ ਦਵਾਈ ਦੇ ਸਕਦਾ ਹੈ। ਇਸ ਤਰ੍ਹਾਂ ਕੋਈ ਵੀ ਕਿਸੇ ਖ਼ਾਸ ਅੱਪਰੇਸ਼ਨ ਲਈ ਵਧੀਆ ਕਿਸਮ ਦੇ ਸੁੰਨਕਾਰਕ ਦੀ ਚੋਣ ਕਰ ਸਕਦਾ ਹੈ, ਦਰਦ ਅਤੇ ਉਨੀਂਦਰੇ ਲਈ ਵਧੀਆ ਦਵਾਈ ਲੈ ਸਕਦਾ ਹੈ, ਪੱਠਿਆਂ ਦੇ ਕੜਵੱਲ ਜਾਂ ਉੱਚ ਖ਼ੂਨ ਦਬਾਉ ਜਾਂ ਅਲਰਜੀ ਜਾਂ ਛੂਤ ਤੋਂ ਬਚਣ ਲਈ ਯੋਗ ਦਵਾਈ ਲੈ ਸਕਦਾ ਹੈ। ਅਜਿਹੀ ਸਿੱਧੀ ਪਹੁੰਚ, ਵਧੇਰੇ ਚੰਗੇ ਰੋਗ-ਲੱਛਣ ਤਕਨੀਕਾਂ ਦੇ ਵਿਕਾਸ ਨਾਲ, ਚਿਕਿਤਸਕਾਂ ਤੇ ਰਸਾਇਣ-ਵਿਗਿਆਨੀਆਂ ਦੀਆਂ ਸਾਂਝੀਆਂ ਕੋਸ਼ਿਸ਼ਾਂ ਨਾਲ ਅਤੇ ਉਨ੍ਹਾਂ ਵਿਸ਼ੇਸ਼ੱਗਾਂ ਦੀਆਂ ਕੋਸ਼ਿਸ਼ਾਂ ਨਾਲ ਸੰਭਵ ਹੋ ਸਕੀ, ਜਿਹੜੇ ਰਲ ਕੇ ਕਿਸੇ ਵਿਸ਼ੇਸ਼ ਸਿਹਤ ਸਮੱਸਿਆ ਦਾ ਟਾਕਰਾ ਕਰਨ ਲਈ ਲੋੜੀਂਦੇ ਰਸਾਇਣਾਂ ਨੂੰ ਪਹਿਲਾਂ ਸਿਧਾਂਤਕ ਤੌਰ ਤੇ ਅਤੇ ਫਿਰ ਅਮਲੀ ਰੂਪ ਵਿਚ ਵਿਕਸਿਤ ਕਰ ਸਕਦੇ ਹੋਣ।

ਹ.ਪੁ.—ਐਨ.ਬ੍ਰਿ. 22 : 72 ; ਐਨ.ਬ੍ਰਿ.ਮਾ. 9 : 944

ਥੇਰੈਪਸਿਡ : ਇਹ ਪਰਮੀਅਨ ਅਤੇ ਟ੍ਰਾਈਐਸਿਕ ਕਲਪ (280,000, 000 ਤੋਂ 190,000,000 ਸਾਲ ਪਹਿਲਾਂ) ਦੇ ਰੀਂਗਣ ਵਾਲੇ ਪ੍ਰਾਣੀਆਂ ਦੇ ਇਕ ਮੁੱਖ ਆੱਰਡਰ ਦੇ ਮੈਂਬਰ ਹਨ। ਇਹ ਪੈਲਿਕੋਸੌਰੀਆ ਆੱਰਡਰ ਤੋਂ ਵਿਕਸਿਤ ਹੋਏ ਅਤੇ ਅੱਗੋਂ ਇਨ੍ਹਾਂ ਤੋਂ ਥਣਧਾਰੀ ਪ੍ਰਾਣੀਆਂ ਦਾ ਵਿਕਾਸ ਹੋਇਆ ਮੰਨਿਆ ਜਾਂਦਾ ਹੈ।

ਆਦਿਮ (primitive) ਥੈਰੈਪਸਿਡ ਸੋਵੀਅਤ ਯੂਨੀਅਨ ਦੇ ਮੱਧ ਪਰਮੀਅਨ ਕਾਲੀ ਪਥਰਾਟਾਂ ਵਿਚ ਮਿਲੇ ਹਨ, ਬਾਅਦ ਦੀਆਂ ਕਿਸਮਾਂ ਆਸਟ੍ਰੇਲੀਆ ਨੂੰ ਛੱਡ ਕੇ ਬਾਕੀ ਸਾਰੇ ਮਹਾਂਦੀਪਾਂ ਵਿਚੋਂ ਮਿਲੀਆਂ ਹਨ, ਪਰ ਦੱਖਣੀ ਅਫ਼ਰੀਕਾ ਵਿਚ ਪਿਛਲੇਰੇ ਪਰਮੀਅਨ ਅਤੇ ਸ਼ੁਰੂ ਦੇ ਟ੍ਰਾਈਐਸਿਕ ਕਾਲ ਵਿਚ ਇਨ੍ਹਾਂ ਦੀ ਬਹੁਤਾਤ ਸੀ।

ਇਹ ਚਾਰ ਲੱਤਾਂ ਨਾਲ ਧਰਤੀ ਤੇ ਚੱਲਦੇ ਸਨ ਅਤੇ ਚੱਲਣ-ਵਾਲੇ ਥਣਧਾਰੀ ਪ੍ਰਾਣੀਆਂ ਵਾਂਗ ਹੀ ਇਨ੍ਹਾਂ ਦੇ ਇਹ ਅੰਗ ਵੀ ਖ਼ਤਮ ਹੋ ਚੁੱਕੇ ਸਨ। ਥਣਧਾਰੀਆਂ ਦੀ ਤਰ੍ਹਾਂ ਇਨ੍ਹਾਂ ਦੀ ਖੋਪਰੀ ਦੀ ਪੁੜਪੁੜੀ-ਹੱਡੀ ਖੇਤਰ (temporal region) ਵਿਚ ਵੀ ਇਕੋ ਛੇਕ ਸੀ ਜਿਸ ਦੇ ਹੇਠਲੇ ਪਾਸੇ ਇਕ ਹੱਡਲ ਡਾਟ (bony arch) ਸੀ। ਇਨ੍ਹਾਂ ਦੇ ਦੰਦ ਵੀ ਆਮ ਤੌਰ ਤੇ ਥਣਧਾਰੀਆਂ ਵਾਂਗ ਹੀ ਚੁਭਵੇਂ ਮਖ਼ਲੇ (incisors), ਵੱਡੇ ਵੱਡੇ ਚਾਕੂਨੁਮਾ ਸੂਏ (canines), ਗਲ੍ਹ-ਦੰਦਾਂ (cheek teeth) ਦੀ ਇਕ ਕਤਾਰ ਵਿਚ ਵੰਡੇ ਹੋਏ ਸਨ। ਹੇਠਲਾ ਜਬਾੜ੍ਹਾ ਰੀਂਗਣ ਵਾਲੇ ਪ੍ਰਾਣੀਆਂ ਵਰਗਾ 7 ਹੱਡੀਆਂ ਦਾ ਬਣਿਆ ਹੋਇਆ ਸੀ, ਜਦੋਂ ਕਿ ਥਣਧਾਰੀ ਪ੍ਰਾਣੀਆਂ ਵਿਚ ਇਹ ਇਕੋ ਹੱਡੀ ਦਾ ਬਣਿਆ ਹੁੰਦਾ ਹੈ ਅਤੇ ਇਕ ਆਦਿ ਜੋੜ ਰਾਹੀਂ ਖੋਪਰੀ ਨਾਲ ਜੁੜਿਆ ਹੁੰਦਾ ਹੈ। ਵਿਕਸਿਤ ਕਿਸਮਾਂ ਵਿਚ ਥਣਧਾਰੀਆਂ ਵਾਂਗ ਇਕ ਹੱਡਲ ਤਾਲੂ ਹੁੰਦਾ ਸੀ। ਥਣਧਾਰੀਆਂ ਦੇ ਹੋਰ ਲੱਛਣ, ਜਿਵੇਂ ਬੱਚਿਆਂ ਨੂੰ ਦੁੱਧ ਚੁੰਘਾਉਣਾ, ਚਮੜੀ ਦਾ ਲੂੰਦਾਰ ਹੋਣਾ ਅਤੇ ਸਰੀਰ ਦਾ ਤਾਪ-ਨਿਯਮਿਤ ਹੋਣਾ ਆਦਿ, ਵੀ ਸ਼ਾਇਦ ਇਨ੍ਹਾਂ ਵਿਚ ਪ੍ਰਤੱਖ ਹੋਣੇ ਸ਼ੁਰੂ ਹੋ ਗਏ ਸਨ।

ਥੈਰੈਪਸਿਡ ਦੀ ਪੌਦਾ ਆਹਾਰੀ ਕਿਸਮ ਡਾਈਸਾਈਨੋਡਾਂਟ (dicynodonts) ਵਰਣਨਯੋਗ ਹੈ ਜਿਨ੍ਹਾਂ ਵਿਚ ਉਪਰਲੇ ਸੂਏ ਦੰਦ ਤਾਂ ਸਨ ਪਰ ਬਾਕੀ ਦੇ ਦੰਦਾਂ ਦੀ ਥਾਂ ਚੁੰਝ ਬਣੀ ਹੋਈ ਸੀ। ਮਾਸਾਹਾਰੀ ਥੈਰੈਪਸਿਡਾਂ ਵਿਚ ਗਾੱਰਗੋਨੋਪਸੀਅਨ ਅਤੇ ਥਿਰੋਸ਼ੈ-ਫੈਲੀਅਨ ਪਰਮੀਅਨ ਕਾਲ ਦੇ ਅਤੇ ਸਾਈਨੋਡਾਂਟ ਅਤੇ ਬੈਰੀ-ਆਮਾਰਫ਼ ਟ੍ਰਾਈਐਸਿਕ ਕਾਲ ਦੇ ਨੁਮਾਇੰਦੇ ਹਨ। ਕੁਝ ਕੁ ਥੈਰੈਪਸਿਡ ਪਿਛਲੇਰੇ ਟ੍ਰਾਈਐਸਿਕ ਅਤੇ ਸ਼ੁਰੂ ਦੇ ਜੁਰੈਸਿਕ ਪੀਰੀਅਡਾਂ ਵਿਚ ਵੀ ਮਿਲੇ ਹਨ, ਪਰ ਬਹੁਤੇ ਉਸ ਸਮੇਂ ਤੱਕ ਲੁਪਤ ਹੋ ਚੁੱਕੇ ਸਨ ਜਾਂ ਥਣਧਾਰੀਆਂ ਦੀਆਂ ਆਦਿ ਕਿਸਮਾਂ ਵਿਚ ਵਿਕਸਿਤ ਹੋ ਗਏ ਸਨ।

ਹ.ਪ੍ਰ.-ਐਨ.ਬ੍ਰਿ.ਮਾ. 9 : 944


ਥੈਲਿਕ ਐਨਹਾਈਡ੍ਰਾਈਡ ਅਤੇ ਥੈਲਿਕ ਐਸਿਡ :

ਥੈਲਿਕ ਐਨਹਾਈਡ੍ਰਾਈਡ ਥੈਲਿਕ ਐਸਿਡ ਦਾ ਇਕ ਵਿਉਂਤਪਨ ਹੈ, ਭਾਵੇਂ ਵਪਾਰਕ ਤੌਰ ਤੇ ਇਹ ਨੈੱਫਥੇਲੀਨ ਤੋਂ ਪ੍ਰਾਪਤ ਕੀਤਾ ਜਾਂਦਾ ਹੈ ਅਤੇ ਕਈ ਪ੍ਰਸਿੱਧ ਰਸਾਇਣਿਕ ਪਦਾਰਥਾਂ ਜਿਵੇਂ ਕਿ ਰੰਗਕਾਂ, ਬਰੋਜ਼ਿਆਂ, ਪਲਾਸਟੀਸਾਈਜ਼ਰਾਂ ਅਤੇ ਘੋਲਕਾਂ ਨੂੰ ਤਿਆਰ ਕਰਨ ਲਈ ਇਹ ਮੁੱਢਲਾ ਪਦਾਰਥ ਹੈ। ਥੈਲਿਕ ਐਸਿਡ ਜਿਸ ਨੂੰ ਆਰਥੋਥੈਲਿਕ ਐਸਿਡ ਜਾਂ ਆਰਥੋਬੈਂਜ਼ੀਨ-ਡਾਈਕਾਰਬਾੱਕਸੀਲਿਕ ਐਸਿਡ ਵੀ ਕਿਹਾ ਜਾਂਦਾ ਹੈ, ਬੈਂਨਜ਼ੀਨ ਦੇ ਤਿੰਨ ਡਾਈ ਕਾਰਬਾੱਕ-ਸੀਲਿਕ ਐਸਿਡਾਂ ਵਿਚੋਂ ਇਕ ਹੈ। ਦੂਸਰੇ ਦੋ ਐਸਿਡ ਮੈਟਾ-ਅਤੇ ਪੈਰਾਥੈਲਿਕ ਐਸਿਡ ਹਨ। ਕੇਵਲ ਆੱਰਥੋ ਸਮ-ਅੰਗਕ ਇਕ ਐਨ-ਹਾਈਡ੍ਰਾਈਡ ਬਣਾਉਂਦਾ ਹੈ (200° ਸੈਂ. ਤੋਂ ਉੱਤੇ) ਜਿਸ ਨੂੰ ਥੈਲਿਕ ਐਨਹਾਈਡ੍ਰਾਈਡ ਕਿਹਾ ਜਾਂਦਾ ਹੈ।

ਥੈਲਿਕ ਐਨਹਾਈਡ੍ਰਾਈਡ—ਥੈਲਿਕ ਐਨਹਾਈਡ੍ਰਾਈਡ ਦਾ ਰਸਾਇਣਿਕ ਫ਼ਾਰਮੂਲਾ $C_6H_4\ (CO)_2\ O$ ਹੈ। ਇਹ ਇਕ ਰੰਗਹੀਣ ਠੋਸ ਹੈ ਜਿਸ ਦਾ ਪਿਘਲਾਉ ਦਰਜਾ 131.1° ਸੈਂ. ਹੈ ਅਤੇ ਇਹ ਤਰਲ ਰੂਪ ਵਿਚ 284° ਸੈਂ. ਉੱਤੇ ਉਬਲਦਾ ਹੈ। ਇਹ ਉਬਾਲ ਦਰਜੇ ਤੋਂ ਹੇਠਾਂ ਤਾਪਮਾਨਾਂ ਉੱਤੇ ਜੌਹਰ ਉਡਾਉਂਦਾ ਹੈ ਅਤੇ ਜੌਹਰ ਉੱਡੀ ਉਪਜ ਲਚਕਸ਼ੀਲ ਅਤੇ ਧਾਗੇ ਵਰਗੇ ਰਵਿਆਂ ਦਾ ਰੂਪ ਧਾਰ ਲੈਂਦੀ ਹੈ, ਜਿਸ ਦੀ ਚਮਕ ਰੇਸ਼ਮ ਵਰਗੀ ਹੁੰਦੀ ਹੈ। ਪਾਣੀ ਦੇ ਸੰਪਰਕ ਵਿਚ ਆਉਣ ਨਾਲ ਐਨਹਾਈਡ੍ਰਾਈਡ, ਥੈਲਿਕ ਐਸਿਡ ਵਿਚ ਬਦਲ ਜਾਂਦਾ ਹੈ। "ਥੈਲਿਕ" ਸ਼ਬਦ "ਨੈੱਫ਼ਥੇਲੀਨ" ਤੋਂ ਕੱਢਿਆ ਗਿਆ ਸੀ ਕਿਉਂਕਿ ਇਸ ਤੋਂ ਤਾਰਕੋਲ ਵਿਉਂਤਪਨ ਐਨਹਾਈਡ੍ਰਾਈਡ ਅਤੇ ਮੂਲ ਤੇਜ਼ਾਬ ਪਹਿਲਾਂ ਤਿਆਰ ਕੀਤੇ ਗਏ ਸਨ।

ਥੈਲਿਕ ਐਨਹਾਈਡ੍ਰਾਈਡ ਸਭ ਤੋਂ ਪਹਿਲਾਂ ਆੱਗਸਟ ਲਾਰੈਂਜ ਦੁਆਰਾ 1836 ਈ. ਵਿਚ ਟੈਟ੍ਰਾੱਕਲੋਰੋਨੈੱਫ਼ਥੇਲੀਨ ਦੇ ਨਾਈਟ੍ਰਿਕ ਐਸਿਡ ਨਾਲ ਆੱਕਸੀਕਰਨ ਦੁਆਰਾ ਤਿਆਰ ਕੀਤਾ ਗਿਆ ਸੀ। ਇਹ ਇਸ ਅਤੇ ਹੋਰ ਸਾਪੇਖੀ ਤੌਰ ਤੇ ਮਹਿੰਗੇ ਢੰਗਾਂ ਨਾਲ ਉਦੋਂ ਤੱਕ ਤਿਆਰ ਕੀਤਾ ਜਾਂਦਾ ਰਿਹਾ ਜਦੋਂ ਤਕ ਨੈੱਫ਼ਥੇਲੀਨ ਨਾਲ ਗੰਧਕ ਦੇ ਤੇਜ਼ਾਬ ਦੇ ਆੱਕਸੀਕਰਨ ਉੱਤੇ ਆਧਾਰਿਤ ਇਕ ਸਸਤੇ-ਢੰਗ (1896 ਵਿਚ ਪੇਟੈਂਟ ਹੋਇਆ) ਦੀ ਖੋਜ ਨਹੀਂ ਸੀ ਹੋਈ। ਆੱਕਸੀਕਰਨ ਮਰਕਿਊਰਿਕ ਸਲਫ਼ੇਟ ਉਤਪ੍ਰੇਰਕ ਦੀ ਮਦਦ ਨਾਲ ਨੇਪਰੇ ਚੜ੍ਹਿਆ। ਇਹ ਮੰਨਿਆ ਜਾਂਦਾ ਹੈ ਕਿ ਇਹ ਕਿਰਿਆ ਇਤਫ਼ਾਕ ਨਾਲ ਉਦੋਂ ਲੱਭੀ ਜਦੋਂ ਨੈੱਫ਼ਥੇਲੀਨ ਅਤੇ ਗੰਧਕ ਦੇ ਤੇਜ਼ਾਬ ਦੇ ਗਰਮ ਮਿਸ਼ਰਣ ਵਿਚ ਰਖਿਆ ਇਕ ਥਰਮਾਮੀਟਰ ਅਚਾਨਕ ਟੁੱਟ ਗਿਆ। ਇਹ ਵਿਧੀ ਸੰਸ਼ਲਿਸ਼ਟ ਨੀਲ ਤਿਆਰ ਕਰਨ ਲਈ ਵਰਤੇ ਜਾਣ ਵਾਲੇ ਥੈਲਿਕ ਐਨਹਾਈਡ੍ਰਾਈਡ ਦੀ ਤਿਆਰੀ ਲਈ ਵੱਡੇ ਪੈਮਾਨੇ ਉੱਤੇ ਵਰਤੀ ਗਈ। ਇਸ ਵਿਧੀ ਦੀ ਥਾਂ ਲਗਭਗ 1917 ਈ. ਵਿਚ ਇਕ ਵਧੇਰੇ ਸਸਤੀ ਜਾਂ ਸੰਜਮੀ ਵਿਧੀ ਨੇ ਲੈ ਲਈ। ਇਸ ਨਵੀਂ ਵਿਧੀ ਵਿਚ ਨੈੱਫ਼ਥੈਲੀਨ ਦਾ ਆੱਕਸੀਕਰਨ ਹਵਾ ਨਾਲ 350°-450° ਸੈਂ. ਵਿਚਕਾਰ ਕੀਤਾ ਜਾਂਦਾ ਹੈ ਅਤੇ ਵੈਨੇਡੀਅਮ ਆੱਕਸਾਈਡ ਉਤਪ੍ਰੇਰਕ ਵਜੋਂ ਵਰਤਿਆ ਜਾਂਦਾ ਹੈ। ਇਸ ਵਿਧੀ ਦੀ ਖੋਜ ਬਿਊਰੋ ਆਫ਼ ਕੈਮਿਸਟਰੀ ਐਂਡ ਸਾੱਇਲਜ਼, ਯੂ. ਐੱਸ ਡਿਪਾਰਟਮੈਂਟ ਆਫ਼ ਐਗਰੀਕਲਚਰ ਦੇ ਐੱਚ. ਡੀ. ਗਿੱਬਜ਼ ਦੁਆਰਾ ਅਤੇ ਲਗਭਗ ਉਦੋਂ ਹੀ ਜਰਮਨੀ ਵਿਚ ਕੀਤੀ ਗਈ।

ਜਦੋਂ ਥੈਲਿਕ ਐਨਹਾਈਡ੍ਰਾਈਡ ਦੀ ਕਿਰਿਆ ਡਾਈਹਾਈ-ਡ੍ਰਿਕ ਜਾਂ ਪਾੱਲੀਹਾਈਡ੍ਰਿਕ ਅਲਕੋਹਲ ਨਾਲ ਕਰਵਾਈ ਜਾਂਦੀ ਹੈ ਤਾਂ ਬਰੋਜ਼ੇ ਵਰਗੀ ਇਕ ਐੱਸਟਰ ਬਣਦੀ ਹੈ। ਇਸ ਸੁਭਾਅ ਜਾਂ ਸਰੂਪ ਵਾਲੀਆਂ ਐਸਟਰਾਂ ਜਿਹੜੀਆਂ ਕਿ ਐਲਕਾੱਇਡ ਬਰੋਜ਼ਿਆਂ ਦੀ ਸ਼੍ਰੇਣੀ ਨਾਲ ਸਬੰਧਿਤ ਹਨ ਅਤੇ ਵਿਸ਼ੇਸ਼ ਕਰਕੇ ਥੈਲਿਕ ਐਨਹਾਈ-ਡ੍ਰਾਈਡ ਤੇ ਫ਼ੈਟੀ ਐਸਿਡਾਂ ਨਾਲ ਗਲਿਸਰੀਨ ਦੀ ਕਿਰਿਆ ਦੁਆਰਾ ਤਿਆਰ ਕੀਤੀਆਂ ਜਾਂਦੀਆਂ ਹਨ। ਮਿਸ਼ਰਿਤ ਐਸੱਟਰਾਂ ਵਧੇਰੇ ਕਰਕੇ ਰੰਗਾਂ, ਵਾਰਨਿਸ਼ਾਂ, ਲੈਕਰਾਂ, ਇਨੈਮਲ ਅਤੇ ਬਿਜਲਈ ਅਚਾਲਕ ਪਦਾਰਥਾਂ ਵਿਚ ਵਰਤੀਆਂ ਜਾਂਦੀਆਂ ਹਨ। ਐਸੱਟਰ, ਸੁਰੱਖਿਅਕ ਲੇਪਾਂ ਨੂੰ ਜੋੜਨ ਜਾਂ ਚਿਪਕਾਉਣ ਦਾ ਇਕ ਵੱਡਮੁੱਲਾ ਗੁਣ ਪ੍ਰਦਾਨ ਕਰਦੇ ਹਨ। ਇਹ ਗੁਣ ਧਾਤਵੀ ਤਹਿਆਂ ਜਾਂ ਸਤ੍ਹਾਵਾਂ ਲਈ ਖ਼ਾਸ ਵਿਸ਼ੇਸ਼ਤਾ ਰਖਦਾ ਹੈ।



(ਨੈੱਫ਼ਥੇਲੀਨ) (ਥੈਲਿਕ ਐਸਿਡ) (ਥੈਲਿਕ ਐਨਹਾਈਡ੍ਰਾਈਡ)

ਥੈਲਿਕ ਐਸਿਡ ਦੇ ਦੂਸਰੇ ਜਾਂ ਹੋਰ ਐਸੱਟਰ, ਜਿਹੜੇ ਕਿ ਥੈਲਿਕ ਐਨਹਾਈਡ੍ਰਾਈਡ ਦੀ ਮਾੱਨੋਹਾਈਡ੍ਰਿਕ ਅਲਕੋਹਲ ਨਾਲ ਕਿਰਿਆ ਦੁਆਰਾ ਬਣਾਏ ਜਾਂਦੇ ਹਨ, ਤੇਲ ਵਰਗੇ ਤਰਲ ਹਨ ਅਤੇ ਉੱਚ ਤਾਪਮਾਨਾਂ ਉੱਤੇ ਉਬਲਦੇ ਹਨ। ਡਾਈਮੀਥਾਈਲ ਡਾਈਈਥਾਈਲ ਅਤੇ ਡਾਈਬਿਊਟਾਈਲ ਐਸੱਟਰਾਂ ਦੀ ਵਧੇਰੇ ਮਾਤਰਾ ਵਿਚ ਵਰਤੋਂ ਪਲਾਸਟਿਕਾਂ ਤੇ ਸੁਰੱਖਿਅਕ ਲੇਪਾਂ ਵਿਚ ਘੋਲਕਾਂ ਵਜੋਂ, ਸੈਲੂਲੋਜ਼ ਐਸੱਟਰਾਂ ਦੇ ਪਲਾਸਟੀਸਾਈਜ਼ਰਾਂ ਅਤੇ ਸੰਸ਼ਲਿਸ਼ਟ ਬਰੋਜ਼ਿਆਂ ਵਿਚ ਕੀਤੀ ਜਾਂਦੀ ਹੈ। ਇਸ ਤੋਂ ਬਿਨਾਂ ਡਾਈਮੀਥਾਈਲ ਐਸੱਟਰ ਦੀ ਵਰਤੋਂ ਕੀਟ ਰੋਧਕ ਦਵਾਈ ਵਜੋਂ, ਡਾਈਮੀਥਾਈਲ ਐਸੱਟਰ ਸੁਗੰਧਾਂ ਵਿਚ ਅਤੇ ਡਾਈਬਿਊਟਾਈਲ ਐਸੱਟਰ ਦੀ ਵਰਤੋਂ ਧੂੰ-ਰਹਿਤ ਗਨ-ਪਾਊਡਰਾਂ ਵਿਚ ਇਕ ਮੰਦਕ ਵਜੋਂ ਕੀਤੀ ਜਾਂਦੀ ਹੈ।

ਪਾਣੀ ਜਾਂ ਥੈਲਿਕ ਐਨਹਾਈਡ੍ਰਾਈਡ ਵਿਚ 200° ਸੈਂ. ਤੋਂ ਉਪਰ ਅਤੇ ਵਿਸ਼ੇਸ਼ ਉਤਪ੍ਰੇਰਕਾ ਦੀ ਹੋਂਦ ਵਿਚ ਘੁਲਿਆ ਥੈਲਿਕ ਐਸਿਡ, ਬੈਨੱਜ਼ੋਇਕ ਐਸਿਡ ਅਤੇ ਕਾਰਬਨ ਡਾਈਆੱਕਸਾਈਡ ਵਿਚ ਟੁੱਟ ਜਾਂਦਾ ਹੈ। ਇਹ ਉਪਜਾਂ ਇਸੇ ਤਰ੍ਹਾਂ ਉਦੋਂ ਬਣਦੀਆਂ ਹਨ ਜਦੋਂ ਭਾਫ਼ ਨਾਲ ਮਿਲੇ ਥੈਲਿਕ ਐਨਹਾਈਡ੍ਰਾਈਡ ਵਾਸ਼ਪ ਦੀ ਕਿਰਿਆ ਉੱਚ ਤਾਪਮਾਨਾਂ ਅਰਥਾਤ 450° ਸੈਂ. ਉੱਤੇ ਯੋਗ ਉਤਪ੍ਰੇਰਕਾਂ ਨਾਲ ਕਰਵਾਈ ਜਾਂਦੀ ਹੈ। ਥੈਲਿਕ ਐਸਿਡ ਦੇ ਅਕਾਰਬਨੀਕਰਨ ਲਈ ਇਹ ਢੰਗ ਵੱਡੇ ਪੈਮਾਨੇ ਉੱਤੇ ਬੈੱਨਜ਼ੋਇਕ ਐਸਿਡ ਤਿਆਰ ਕਰਨ ਲਈ ਵਰਤੇ ਜਾਂਦੇ ਹਨ।

ਰੰਗ ਉਦਯੋਗ ਵਿਚ ਥੈਲਿਕ ਐਨਹਾਈਡ੍ਰਾਈਡ ਦੀ ਵਰਤੋਂ ਇਸ ਹਾਲਤ ਵਿਚ ਕਈ ਰੰਗਕ-ਪਦਾਰਥ ਤਿਆਰ ਕਰਨ ਲਈ ਕੀਤੀ ਜਾਂਦੀ ਹੈ ਪਰ ਇਸ ਦੀ ਵਧੇਰੇ ਮਹੱਤਵਪੂਰਨ ਵਰਤੋਂ ਐਂਥ੍ਰਾਕੁਇਨੋਨ ਅਤੇ ਇਸ ਦੇ ਵਿਉਂਤਪੰਨਾਂ ਦੇ ਸੰਸ਼ਲੇਸ਼ਣ ਲਈ ਕੀਤੀ ਜਾਂਦੀ ਹੈ। ਥੈਲਿਕ ਐਨਹਾਈਡ੍ਰਾਈਡ ਦੀ ਕੁਝ ਕੁ ਵਰਤੋਂ ਫ਼ੀਨੋਲਫ਼ਥੈਲੀਨ ਤਿਆਰ ਕਰਨ ਲਈ ਕੀਤੀ ਜਾਂਦੀ ਹੈ।


ਥੈਲਿਕ ਐਨਹਾਈਡ੍ਰਾਈਡ ਦੇ ਸਰਲ ਵਿਉਂਤਪੰਨ, ਜਿਹੜੇ ਕਿ ਰਸਾਇਣਿਕ ਤਕਨਾਲੋਜੀ ਵਿਚ ਕੁਝ ਮਹੱਤਤਾ ਰਖਦੇ ਹਨ ਇਸ ਤਰ੍ਹਾਂ ਹਨ : ਟੈੱਟ੍ਰਾਕਲੋਰੋਥੈਲਿਕ ਐਨਹਾਈਡ੍ਰਾਈਡ $C_6Cl_4(CO_2)O$; ਥੈਲਾਈਲ ਕਲੋਰਾਈਡ $C_6H_4(COCl_2)$ ਜਾਂ $C_6H_4(CCl_2)(CO)O$ ਅਤੇ ਥੈਲਾਇਮਾਈਡ $C_6H_4(CO)_2NH$.

ਇਨ੍ਹਾਂ ਵਿਚੋਂ ਮਗਰਲੇ ਐਨਹਾਈਡ੍ਰਾਈਡ ਦੀ ਵਰਤੋਂ ਵੱਡੀ ਮਾਤਰਾ ਵਿਚ ਐਂਥ੍ਰਾਨਿਲਿਕ ਐਸਿਡ (ਆੱਰਥੋ-ਐਮੀਨੋਬੈੱਨਜ਼ੋਇਕ ਐਸਿਡ) ਤਿਆਰ ਕਰਨ ਲਈ ਕੀਤੀ ਜਾਂਦੀ ਹੈ। ਇਸ ਐਸਿਡ ਦੇ ਮੀਥਾਈਲ ਐੱਸਟਰ ਦੀ ਵਰਤੋਂ ਵਧੇਰੇ ਕਰਕੇ ਅੰਗੂਰਾਂ ਨੂੰ ਬਨਾਵਟੀ ਤੌਰ ਤੇ ਰਸਦਾਰ ਬਣਾਉਣ ਲਈ ਕੀਤੀ ਜਾਂਦੀ ਹੈ। ਇਸ ਗੱਲ ਤੇ ਜ਼ੋਰ ਦੇਣਾ ਚਾਹੀਦਾ ਹੈ ਕਿ ਆੱਰਥੋਥੈਲਿਕ ਐਸਿਡ ਦੇ ਕਈ ਐੱਸਟਰ ਜਿਵੇਂ ਕਿ ਉਪਰ ਦੱਸਿਆ ਗਿਆ ਹੈ, ਤੇਜ਼ਾਬ ਦੀ ਬਜਾਇ ਥੈਲਿਕ ਐਨਹਾਈਡ੍ਰਾਈਡ ਤੋਂ ਬਣਾਏ ਜਾਂਦੇ ਹਨ।

ਥੈਲਿਕ ਐਸਿਡ—ਆੱਰਥੋਥੈਲਿਕ ਐਸਿਡ ਆਪਣੇ ਆਪ ਵਿਚ ਕੋਈ ਵਪਾਰਕ ਮਹੱਤਤਾ ਨਹੀਂ ਰਖਦਾ। ਅਜਿਹਾ ਹੀ ਮੈਟਾ-ਐਸਿਡ, ਜਿਸ ਨੂੰ ਆਈਸੋਥੈਲਿਕ ਐਸਿਡ ਵੀ ਕਿਹਾ ਜਾਂਦਾ ਹੈ, ਹੁੰਦਾ ਹੈ। ਮੈਟਾ-ਐਸਿਡ ਬੜੇ ਸਹਿਜੇ ਹੀ ਮੈਟਾ-ਜ਼ਾਈਲੀਨ ਦੇ ਆੱਕਸੀਕਰਨ ਨਾਲ ਤਿਆਰ ਕੀਤਾ ਜਾ ਸਕਦਾ ਹੈ। ਇਸ ਦਾ ਪਿਘਲਾਉ ਦਰਜਾ 300° ਸੈਂ. ਤੋਂ ਉਪਰ ਹੈ ਅਤੇ ਇਹ ਠੰਢੇ ਪਾਣੀ ਵਿਚ ਘੱਟ ਪਰ ਗਰਮ ਪਾਣੀ ਵਿਚ ਕਾਫ਼ੀ ਘੁਲਣਸ਼ੀਲ ਹੈ। ਇਹ ਕੋਈ ਐਨਹਾਈਡ੍ਰਾਈਡ ਨਹੀਂ ਬਣਾਉਂਦਾ। ਪੈਰਾ-ਥੈਲਿਕ ਐਸਿਡ, ਜਿਸ ਨੂੰ ਟੈਰੇਥੈਲਿਕ ਐਸਿਡ ਵੀ ਕਿਹਾ ਜਾਂਦਾ ਹੈ, ਪੈਰਾ-ਜ਼ਾਈਲੀਨ ਜਾਂ ਕਾਲੇ ਜ਼ੀਰੇ ਦੇ ਤੇਲ ਦੇ ਆੱਕਸੀਕਰਨ ਦੁਆਰਾ ਤਿਆਰ ਕੀਤਾ ਜਾਂਦਾ ਹੈ। ਕਾਲੇ ਜ਼ੀਰੇ ਦਾ ਤੇਲ, ਸਾਇਮੀਨ ਅਤੇ ਕਿਊਮੀਨਾੱਲ ਦਾ ਇਕ ਮਿਸ਼ਰਣ ਹੈ। ਇਹ ਤੇਜ਼ਾਬ ਪੈਰਾ-ਟਾੱਲੂਈਡੀਨ ਤੋਂ ਇਸ ਤਰ੍ਹਾਂ ਤਿਆਰ ਕੀਤਾ ਜਾ ਸਕਦਾ ਹੈ :—

$$CH_3.C_6H_4.NH_2 \longrightarrow CH_3C_6H_4.CN \longrightarrow CH_3C_6H_4.COOH$$
$$\longrightarrow COOH.C_6H_4COOH$$

ਇਸ ਤੇਜ਼ਾਬ ਦੇ ਪਿਘਲੇ ਬਿਨਾਂ ਹੀ ਜ਼ੌਹਰ ਉਡੱਦੇ ਹਨ ਅਤੇ ਇਹ ਪਾਣੀ ਅਲਕੋਹਲ ਅਤੇ ਈਥਰ ਵਿਚ ਬਹੁਤ ਹੀ ਘੱਟ ਘੁਲਣਸ਼ੀਲ ਹੈ। ਇਹ ਵੀ ਕੋਈ ਐਨਹਾਈਡ੍ਰਾਈਡ ਨਹੀਂ ਬਣਾਉਂਦਾ। ਸੰਨ 1950 ਤੋਂ ਇਹ ਤੇਜ਼ਾਬ ਵਪਾਰਕ ਤੌਰ ਤੇ ਕਾਫ਼ੀ ਮਹੱਤਵਪੂਰਨ ਹੋ ਗਿਆ ਹੈ ਕਿਉਂਕਿ ਇਸ ਦਾ ਐਥੀਲੀਨ ਗਲਾਈਕਾੱਲ ਐੱਸਟਰ ਮਨੁੱਖ ਦੁਆਰਾ ਤਿਆਰ ਕੀਤਾ ਇਕ ਪ੍ਰਸਿੱਧ ਰੇਸ਼ਾ ਟੈਰੀਲੀਨ (ਟੈਰਿਲੀਨ) ਜਾਂ ਡੈਕਰਾੱਨ ਹੈ। ਇਨ੍ਹਾਂ ਥੈਲਿਕ ਐਸਿਡਾਂ ਨੂੰ ਇਸ ਤਰ੍ਹਾਂ ਦਰਸਾਇਆ ਜਾ ਸਕਦਾ ਹੈ :—



(ਆੱਰਥੋ ਥੈਲਿਕ ਐਸਿਡ) (ਮੈਟਾ ਥੈਲਿਕ ਐਸਿਡ) (ਪੈਰਾ ਥੈਲਿਕ ਐਸਿਡ)

ਹ. ਪੁ. – ਐਨ. ਬ੍ਰਿ. 17 : 1010.

ਥੈਲੀਏਸੀਆ : ਇਹ ਰੀੜ੍ਹਰਹਿਤ ਪ੍ਰਾਣੀਆਂ ਦੇ ਉਪ-ਫ਼ਾਈਲਮ ਟਿਊਨਿਕੇਟਾ ਦੀ ਇਕ ਸ਼੍ਰੇਣੀ ਹੈ। ਇਸ ਸ਼੍ਰੇਣੀ ਦੇ ਪ੍ਰਾਣੀ ਖੁੱਲ੍ਹੇ ਸਮੁੰਦਰਾਂ ਵਿਚ ਰਹਿੰਦੇ ਹਨ, ਗਰਮ ਸਮੁੰਦਰਾਂ ਵਿਚ ਇਨ੍ਹਾਂ ਦੀ ਖ਼ਾਸ ਕਰਕੇ ਬਹੁਤਾਤ ਹੁੰਦੀ ਹੈ। ਇਸ ਸ਼੍ਰੇਣੀ ਵਿਚ ਤਿੰਨ ਵਰਗ ਸ਼ਾਮਲ ਕੀਤੇ ਗਏ ਹਨ ਸੈਲੱਪਿਡਾ ਜਾਂ ਸੈਲਪਿਡੀਆ, ਡਾੱਲੀਓਲਿਡਾ ਅਤੇ ਪਾਇਰੋਸੋਮਿਡਾ। ਇਨ੍ਹਾਂ ਦੀਆਂ ਪ੍ਰਸਿੱਧ ਜਾਤੀਆਂ ਕ੍ਰਮਵਾਰ, ਸੈਲਪਾ, ਡੋਲੀਓਲਮ ਅਤੇ ਪਾਇਰੋਸੋਮਾ ਹਨ।

ਪਾਇਰੋਸੋਮਿਡਾ ਵਰਗ ਦੇ ਪ੍ਰਾਣੀ (ਮੈਂਬਰ) ਆਮ ਕਰਕੇ ਸਮੂਹਾਂ ਵਿਚ ਰਹਿੰਦੇ ਹਨ। ਪਾਇਰੋਸੋਮਾ ਹੀ ਇਕ ਅਜਿਹਾ ਜੀਨਸ ਹੈ ਜਿਹੜਾ ਗਰਮ (ਤਪਤ ਖੰਡੀ) ਸਮੁੰਦਰਾਂ ਵਿਚ ਮਿਲਦਾ ਹੈ। ਇਨ੍ਹਾਂ ਪ੍ਰਾਣੀਆਂ ਦੇ ਮੂੰਹ ਅਤੇ ਏਟ੍ਰੀਅਲ ਸੁਰਾਖ਼ ਸਰੀਰ ਦੇ ਦੋਵੇਂ ਸਿਰਿਆਂ ਤੇ ਵੱਖ-ਵੱਖ ਸਥਿਤ ਹੁੰਦੇ ਹਨ। ਪਾਇਰੋਸੋਮਿਡਾ ਲੰਬੂਤਰੀਆਂ, ਤੈਰਦੀਆਂ, ਮੁਕਤ ਕਾਲੋਨੀਆਂ (ਸਮੂਹਾਂ) ਵਿਚ ਮਿਲਦੇ ਹਨ। ਇਹ ਕਾਲੋਨੀਆਂ (ਸਮੂਹ) ਬਹੁਤ ਜ਼ਿਆਦਾ ਦੀਪਿਤ (ਪ੍ਰਕਾਸ਼ਜਨਕ) ਹੁੰਦੀਆਂ ਹਨ।

ਡਾੱਲੀਓਲਿਡਾ ਅਤੇ ਸੈਲੱਪਿਡਾ ਦੇ ਮੈਂਬਰ ਇਕਾਂਤਵਾਸੀ (ਇਕੱਲੇ ਇਕੱਲੇ ਰਹਿਣ ਵਾਲੇ) ਪ੍ਰਾਣੀ ਹਨ। ਇਹ ਦੋਨੋਂ ਪਾਰਦਰਸ਼ੀ ਕਿਸਮਾਂ ਹਨ। ਸੈਲੱਪਿਡਾਂ ਦੀਆਂ ਕੁਝ ਜਾਤੀਆਂ ਡੂੰਘੇ ਸੀਤ ਸਮੁੰਦਰਾਂ ਵਿਚ ਵੀ ਮਿਲਦੀਆਂ ਹਨ। ਡਾਲੀਓਲਿਡਾ ਪ੍ਰਾਣੀ ਸਿਲੰਡਰਾਕਾਰ ਜਾਂ ਪ੍ਰਿਜ਼ਮ-ਨੁਮਾ ਹੁੰਦੇ ਹਨ। ਇਨ੍ਹਾਂ ਦੇ ਸਰੀਰ ਦੇ ਦੁਆਲੇ ਅਧੂਰੇ ਜਾਂ ਪੂਰੇ ਪੇਸ਼ੀਦਾਰ (ਪੇਸ਼ੀ) ਬੈਂਡਾ ਦੇ ਛੱਲੇ ਹੁੰਦੇ ਹਨ। ਇਨ੍ਹਾਂ ਬੈਂਡਾਂ ਦੇ ਸੁੰਗੜਨ ਨਾਲ ਪਾਣੀ ਵਿਚ ਤਰੰਗਾਂ ਪੈਦਾ ਹੁੰਦੀਆਂ ਹਨ, ਜਿਹੜੀਆਂ ਇਨ੍ਹਾਂ ਪ੍ਰਾਣੀਆਂ ਨੂੰ ਤੈਰਨ, ਖ਼ੁਰਾਕ ਹਾਸਲ ਕਰਨ ਅਤੇ ਸਾਹ ਲੈਣ ਵਿਚ ਸਹਾਇਤਾ ਕਰਦੀਆਂ ਹਨ। ਜੀਵਨ-ਚੱਕਰ ਅਲਿੰਗੀ ਤੇ ਲਿੰਗੀ ਜਣਨ ਦੋ ਹਾਲਤਾਂ ਵਿਚ ਚਲਦਾ ਹੈ ਜਿਹੜੀਆਂ ਏਕਾਂਤਰਣ (ਇਕ ਤੋਂ ਬਾਅਦ ਦੂਜੀ) ਵਿਚ ਵਾਪਰਦੀਆਂ ਹਨ। ਇਕ ਇਕਾਂਤਵਾਸੀ

ਅਲਿੰਗੀ ਅੰਡ-ਜੀਵਨ (ਉਓਜ਼ੂਆੱਇਡ) ਹਨ ਜਿਹੜੇ ਇਕ ਗੁੰਝਲਦਾਰ ਦੇਹਅੰਕੁਰ (ਸਟੋਲਨ ਤੋਂ ਬਡਿੰਗ ਰਾਹੀਂ ਪੈਦਾ ਹੁੰਦੇ ਹਨ) ਅਤੇ ਦੂਜੇ ਕਾੱਲੋਨੀਅਲ, ਲਿੰਗੀ ਬਲਾਸਟੋਜ਼ੂਆੱਇਡ ਹਨ ਜਿਨ੍ਹਾਂ ਵਿਚ ਲਿੰਗੀ ਜਣਨ ਰਾਹੀਂ ਵਾਧਾ ਹੁੰਦਾ ਹੈ।

ਹ.ਪੁ. - ਐਨ. ਬ੍ਰਿ.ਮਾ. 9:920; ਮੈਕ. ਐਨ. ਸ. ਟ. 13 :560

ਥੈਲੇਮਸ : ਇਹ ਦਿਮਾਗ਼ ਦਾ ਉਹ ਹਿੱਸਾ ਹੈ ਜੋ ਕਿ ਸੰਵੇਦੀ ਨਾੜੀ ਆਵੇਗ (Impulse) ਨੂੰ ਸੈਰੀਬ੍ਰਮ ਦੀ ਬਾਹਰਲੀ ਪਰਤ (Cortex) ਤਕ ਪਹੁੰਚਾਂਦਾ ਹੈ। ਇਹ ਸੈਰੀਬ੍ਰਮ ਨੂੰ ਪ੍ਰਭਾਵਿਤ ਕਰਕੇ ਚੇਤਨ ਅਵਸਥਾ ਨੂੰ ਨਿਯੰਤ੍ਰਿਤ ਕਰਦਾ ਹੈ। ਇਹ ਨਾੜੀ ਸੈੱਲਾਂ ਅਤੇ ਤੰਤੂਆਂ ਦਾ ਗੁੱਛਾ ਹੁੰਦਾ ਹੈ ਜੋ ਕਿ ਡਾਈਐਨੱਸੈਫਲਾੱਨ ਵਿਚ ਹਾਈਪੋਥੈਲੇਮਸ ਦੇ ਉਪਰਲੇ ਹਿੱਸੇ ਤੇ ਸਥਿਤ ਹੁੰਦਾ ਹੈ। ਸੁੰਘਣ ਆਵੇਗ ਤੋਂ ਇਲਾਵਾ ਬਾਕੀ ਸਭ ਆਵੇਗ ਸੈਰੀਬ੍ਰਲ ਕਾੱਰਟੈੱਕਸ ਤੱਕ ਪਹੁਚੰਦੇ ਹਨ।

ਉਪ-ਥਣਧਾਰੀ ਪ੍ਰਾਣੀਆਂ ਵਿਚ ਕਾੱਰਟੈੱਕਸ ਦੇ ਵਿਕਾਸ ਦੇ ਨਾਲ ਨਾਲ ਸੰਵੇਦੀ ਨਿਊਕਲੀਆਈ ਵਿਚ ਵੀ ਉਸੇ ਅਨੁਪਾਤ ਨਾਲ ਵਾਧਾ ਹੁੰਦਾ ਹੈ। ਇਸ ਤਰ੍ਹਾਂ ਥੈਲੇਮਸ ਦੇ ਪਿਛਲੇ ਅਤੇ ਪਾਸੇ ਦੇ ਹਿੱਸੇ ਵਿਚ ਲੈਟਰਲ ਜੈਨੀਕੁਲੇਟ ਬਾੱਡੀ ਬਣ ਜਾਂਦੀ ਹੈ ਜੋ ਕਿ ਦ੍ਰਿਸ਼ਟੀ ਆਵੇਗ ਨੂੰ ਰੀਲੇ ਕਰਦੀ ਹੈ। ਇਸੇ ਤਰ੍ਹਾਂ ਸੁਣਨ ਸ਼ਕਤੀ ਲਈ ਮੱਧ ਸਥਿਤੀ ਗੋਲ ਜੈਨੀਕੁਲੇਟ ਬਾੱਡੀ ਅਤੇ ਹੇਠਲੇ ਕੇਂਦਰੀ ਹਿੱਸੇ ਵਿਚ ਹੋਰ ਸਰੀਰਕ ਸੰਵੇਦਨ ਲਈ ਨਿਊਕਲੀਅਸ ਬਣ ਜਾਂਦੇ ਹਨ।

ਥੈਲੇਮਸ ਦੇ ਲਗਭਗ 30 ਨਿਊਕਲੀਆਈ ਬਣ ਜਾਂਦੇ ਹਨ ਜਿਨ੍ਹਾਂ ਦੇ ਵੱਖ-ਵੱਖ ਕਾਰਜ ਹੁੰਦੇ ਹਨ। ਥੈਲੇਮਸ ਆਮ ਤੌਰ ਤੇ ਜ਼ਖ਼ਮੀ ਨਹੀਂ ਹੁੰਦਾ। ਇਸ ਉੱਤੇ ਬੀਮਾਰੀ ਦਾ ਅਸਰ ਵੀ ਘੱਟ ਹੁੰਦਾ ਹੈ ਪਰ ਆਮ ਵਿਘਨਾਂ ਦਾ ਇਸ ਉੱਤੇ ਅਸਰ ਜ਼ਰੂਰ ਪੈਂਦਾ ਹੈ।

ਹ. ਪੁ. - ਐਨ. ਬ੍ਰਿ. 22 : 20; ਐਨ. ਮਾ. 9 : 919

ਥੈਲੋਫਾਈਟਾ : ਥੈਲੋਫਾਈਟਾ ਸਾਵਲ (ਐਲਗੀ) ਅਤੇ ਫ਼ਫੂੰਦੀ (ਫ਼ੰਜਾਈ) ਦਾ ਸਮੂਹਿਕ ਨਾਂ ਹੈ। ਇਹ ਬਣਤਰ ਪੱਖੋਂ ਸਭ ਤੋਂ ਸਾਧਾਰਣ ਪੌਦੇ ਹੁੰਦੇ ਹਨ। ਇਹ ਪੌਦੇ ਥੈਲਸ ਵਰਗੇ ਹੁੰਦੇ ਹਨ ਜਿਨ੍ਹਾਂ ਵਿਚ ਜੜ੍ਹਾਂ, ਤਣੇ ਅਤੇ ਪੱਤੇ ਆਦਿ ਕੁਝ ਨਹੀਂ ਹੁੰਦਾ। ਐਲਗੀ ਪ੍ਰਮੁੱਖ ਤੌਰ ਤੇ ਪਾਣੀ ਵਾਲੇ ਬੂਟੇ ਹੁੰਦੇ ਹਨ। ਵੱਡੀ ਕੈਲਪ, ਆਇਰਿਸ਼ ਮੱਸ ਅਤੇ ਡਾਇਟੋਮਜ਼ ਇਸ ਦੀਆਂ ਵਿਭਿੰਨ ਕਿਸਮਾਂ ਹਨ। ਐਲਗੀ ਵਿਚ ਕਲੋਰੋਫ਼ਿਲ ਅਰਥਾਤ ਹਰਾ ਅੰਸ਼ (Pigment) ਹੁੰਦਾ ਹੈ ਜਿਸ ਦੀ ਸਹਾਇਤਾ ਨਾਲ ਪੌਦੇ ਹਵਾ ਵਿਚੋਂ ਕਾਰਬਨ-ਡਾਇਅੱਕਸਾਈਡ ਅਤੇ ਪਾਣੀ ਲੈ ਕੇ ਦਿਨ ਦੀ ਰੌਸ਼ਨੀ ਸਮੇਂ ਆਪਣਾ ਭੋਜਨ ਆਪ ਤਿਆਰ ਕਰਦੇ ਹਨ। ਫ਼ੰਜਾਈ ਵਿਚ ਖੁੰਬਾ, ਬੈਕਟੀਰੀਆ, ਮੱਕੀ ਦੀ ਕਾਂਗਿਆਰੀ ਅਤੇ ਉੱਲੀ ਵਰਗੇ ਪੌਦੇ ਸ਼ਾਮਲ ਹਨ। ਫ਼ੰਜਾਈ ਵਿਚ ਕਲੋਰੋਫ਼ਿਲ ਨਹੀਂ ਹੁੰਦਾ ਇਸ ਕਰਕੇ ਇਹ ਪੌਦੇ ਆਪਣੀ ਖ਼ੁਰਾਕ ਆਪ ਤਿਆਰ ਨਹੀਂ ਕਰ ਸਕਦੇ। ਥੈਲੋਫਾਈਟਾ ਵਿਚ ਫੁੱਲ ਅਤੇ ਬੀਜ ਨਹੀਂ ਬਣਦੇ। ਇਨ੍ਹਾਂ ਦੇ ਯੁਗਮਜ ਨਿਸ਼ੇਚਨ ਤੋਂ ਛੇਤੀ ਹੀ ਬਾਅਦ ਪੌਦੇ ਤੋਂ ਵੱਖਰੇ ਹੋ ਜਾਂਦੇ ਹਨ। ਦੂਸਰੀ ਕਿਸਮ ਦੇ ਪੌਦਿਆਂ ਵਿਚ ਇਹ ਯੁਗਮਜ ਇਕ ਭਰੂਣ ਵਿਚ ਬਦਲ ਜਾਂਦੇ ਹਨ। ਥੈਲੋਫਾਈਟਾ ਦੇ ਜਣਨ ਅੰਗ ਆਮ ਤੌਰ ਤੇ ਇਕ-ਸੈੱਲੇ ਹੀ ਹੁੰਦੇ ਹਨ।

ਹ. ਪੁ.-ਐਨ. ਬ੍ਰਿ. 22 : 23; ਐਨ. ਐਮ. 26 : 491

ਥੋਹਰ : ਇਸ ਦਾ ਬਨਸਪਤੀ ਵਿਗਿਆਨਕ ਨਾਂ ਯੂਫ਼ੋਰਬੀਆ ਲੈਗੀਫ਼ੈਲਿਕਸ ਹੈ। ਇਸ ਨੂੰ ਸੰਸਕ੍ਰਿਤ ਵਿਚ ਸਨੂਹੀ ਕਹਿੰਦੇ ਹਨ। ਹਿੰਦੀ ਵਿਚ ਇਸ ਨੂੰ ਸੇਹੁੰਡ ਅਤੇ ਅੰਗਰੇਜ਼ੀ ਵਿਚ ਮਿਲਕ ਹੈੱਜ ਆਖਦੇ ਹਨ।

ਇਸ ਦਾ ਦਰਖ਼ਤ ਜਾਂ ਝਾੜ 3-3-½ ਮੀ. ਤੱਕ ਉੱਚਾ ਹੁੰਦਾ ਹੈ। ਇਸ ਦਾ ਤਣਾ ਅਤੇ ਸ਼ਾਖ਼ਾਵਾਂ ਸਿੱਧੀਆਂ ਅਤੇ ਗੋਲ ਹੁੰਦੀਆਂ ਹਨ। ਇਹ ਕੰਡਿਆਂ ਵਾਲੀਆਂ, ਜੋੜਾਂ ਵਾਲੀਆਂ ਅਤੇ ਪੰਜ ਕੋਣੀਆਂ ਹੁੰਦੀਆਂ ਹਨ। ਇਸ ਦੇ ਛੋਟੇ ਛੋਟੇ ਕੰਡੇ ਹੁੰਦੇ ਹਨ ਜਿਹੜੇ ਦੋ ਦੋ ਦੇ ਜੋੜਿਆਂ ਵਿਚ ਹੁੰਦੇ ਹਨ। ਕੰਡੇ 6-1.2 ਸੈਂ. ਮੀ. ਲੰਬੇ ਹੁੰਦੇ ਹਨ। ਟਾਹਣੀਆਂ ਦੇ ਸਿਖ਼ਰ ਤੇ ਚਾਰੇ ਪਾਸੇ ਗੁੱਛਾਕਾਰ ਪੱਤੇ ਹੁੰਦੇ ਹਨ। ਇਹ ਪੱਥਰਚੱਟ ਦੇ ਪੱਤਿਆਂ ਦੀ ਤਰ੍ਹਾਂ ਮੋਟੇ 15-30 ਸੈਂ. ਮੀ. ਲੰਬੇ ਅਤੇ ਆਇਤਾਕਾਰ ਹੁੰਦੇ ਹਨ। ਫੁੱਲ ਹਰੀ ਭਾਹ ਮਾਰਦੇ ਪੀਲੇ, ਤਿੰਨ ਤੋਂ ਸੱਤ ਇਕ ਪੁਸ਼ਪਾਵਲੀ ਵਿਚ ਲਗਭਗ 38 ਸੈਂ. ਮੀ. ਲੰਬੀ ਫੁੱਲ ਡੰਡੀ ਤੇ ਲਗਦੇ ਹਨ। ਫੁੱਲ ਲੰਬਾ ਅਤੇ ਤਿੰਨ ਖੰਡਾਂ ਵਾਲਾ ਹੁੰਦਾ ਹੈ। ਸਰਦੀਆਂ ਵਿਚ ਪੱਤੀਆਂ ਝੜ ਜਾਂਦੀਆਂ ਹਨ। ਬਸੰਤ ਵਿਚ ਫੁੱਲ ਤੇ ਫ਼ਲ ਲਗਦੇ ਹਨ।

ਯੂਫ਼ੋਰਬੀਆ ਦੁੱਧ ਵਾਲੇ ਪੌਦਿਆਂ ਦੀ ਇਕ ਬਹੁਤ ਵੱਡੀ ਪ੍ਰਜਾਤੀ ਹੈ। ਇਹ ਦੁਨੀਆ ਦੇ ਗਰਮ ਹਿੱਸਿਆਂ ਵਿਚ ਫੈਲਿਆ ਹੋਇਆ ਹੈ। ਇਸ ਦੀਆਂ ਬਹੁਤ ਸਾਰੀਆਂ ਕਿਸਮਾਂ ਛੋਟੀਆਂ ਵੀ ਹੁੰਦੀਆਂ ਹਨ ਜੋ ਕੈਕਟਸ ਨਾਲ ਮਿਲਦੀਆਂ ਹਨ ਪਰੰਤੂ ਇਸ ਦਾ ਉਨ੍ਹਾਂ ਤੋਂ ਮੁੱਖ ਫ਼ਰਕ ਇਸ ਵਿਚ ਦੁੱਧ ਦਾ ਹੋਣਾ ਹੈ। ਬਹੁਤ ਸਾਰੇ ਯੂਫ਼ੋਰਬੀਆ ਪੌਦਿਆਂ ਦਾ ਦੁੱਧ ਜਾਂ ਲੈਕਟਸ ਜ਼ਹਿਰੀਲਾ ਹੁੰਦਾ ਹੈ। ਥੋਹਰ ਉਲਟੀ ਲਿਆਉਣ ਵਾਲੀ ਅਤੇ ਤੀਬਰ ਦਸਤ ਲਾਉਣ ਵਾਲੀ ਹੁੰਦੀ ਹੈ। ਇਸ ਦੀਆਂ ਬਹੁਤ ਸਾਰੀਆਂ ਕਿਸਮਾਂ ਚਮੜੀ ਉੱਤੇ ਖਾਜ ਤੇ ਲਾਲੀ ਪੈਦਾ ਕਰਦੀਆਂ ਹਨ। ਇਸ ਦੀਆਂ ਕੁਝ ਕਿਸਮਾਂ ਗਮਲਿਆਂ ਵਿਚ ਸਜਾਵਟੀ ਪੌਦੇ ਦੇ ਤੌਰ ਤੇ ਲਗਾਈਆਂ ਜਾਂਦੀਆਂ ਹਨ। ਬਹੁਤ ਸਾਰੀਆਂ ਕਿਸਮਾਂ ਨੂੰ ਵਾੜ ਦੇ ਤੌਰ ਤੇ ਲਾਉਣ ਵਾਲੇ ਪੌਦੇ ਦੇ ਰੂਪ ਵਿਚ ਵਰਤਿਆ ਜਾਂਦਾ ਹੈ।

ਥੋਹਰ ਦੀਆਂ ਕਈ ਜਾਤੀਆਂ ਮਿਲਦੀਆਂ ਹਨ। ਪੰਜਾਬ ਵਿਚ ਦੋ ਜਾਤੀਆਂ ਬਾਰੇ ਲੋਕ ਆਮ ਜਾਣਦੇ ਹਨ- ਛਿੱਤਰ ਥੋਹਰ ਅਤੇ ਡੰਡਾ ਥੋਹਰ। ਇਸ ਤੋਂ ਇਲਾਵਾ ਤਿੰਨ ਧਾਰਾਂ ਵਾਲੀ ਯੂਫ਼ੋਰਬੀਆ ਐਂਟੀਕੋਰਮ, ਸੱਤ ਧਾਰਾਂ ਵਾਲੀ ਅਤੇ ਯੂਫ਼ੋਰਬੀਆ ਰੱਾਇਲਿਆਨਾ, ਯੂਫ਼ੋਰਬੀਆ ਟਿਰੂਕੈਲਾਈ ਅਤੇ ਯੂਫ਼ੋਰਬੀਆ ਬੁਚਰੈਮ ਨੂੰ ਮਹਾਂ ਦਰਖ਼ਤ ਵੀ ਕਹਿੰਦੇ ਹਨ ਕਿਉਂਕਿ ਇਸ ਦੇ ਦਰਖ਼ਤ 9 ਮੀ. ਤੱਕ ਉੱਚੇ ਹੁੰਦੇ ਹਨ। ਦਵਾਈ ਦੇ ਤੌਰ ਤੇ ਡੰਡਾ ਥੋਹਰ ਹੀ ਮੁੱਖ ਤੌਰ ਤੇ ਵਰਤੀ ਜਾਂਦੀ ਹੈ। ਇਹ ਸਾਰੇ ਭਾਰਤ ਵਿਚ ਪਥਰੀਲੀਆਂ ਜ਼ਮੀਨਾਂ ਤੇ ਮਿਲਦੀ ਹੈ। ਸਾਰੇ ਭਾਰਤ ਵਿਚ ਆਮ ਤੌਰ ਤੇ ਇਸ ਨੂੰ ਬਾਗ਼ਾਂ ਦੀ ਚਾਰਦੀਵਾਰੀ ਕਰਨ ਲਈ ਵਰਤਿਆ ਜਾਂਦਾ ਹੈ।

ਇਸ ਵਿਚ ਰਾਲ, ਨਿਰਿਆਸ, ਰਬੜ, ਕੈਲਸੀਅਮ ਤੇ ਮਾਲਟ ਆਦਿ ਮਿਲਦੇ ਹਨ। ਇਸ ਦਾ ਦੁੱਧ ਕੌੜਾ ਤੇ ਚਮੜੀ ਤੇ ਲਾਲੀ ਪੈਦਾ ਕਰਨ ਵਾਲਾ ਹੁੰਦਾ ਹੈ।

ਇਸ ਦਾ ਚਿੱਟਾ ਦੁੱਧ ਵਰਗਾ ਪਦਾਰਥ ਬਹੁਤ ਤੇਜ਼ ਦਸਤਾਵਰ ਹੈ। ਇਸ ਦੇ ਨਾਲ ਪਾਣੀ ਦੀ ਤਰ੍ਹਾਂ ਜੁਲਾਬ ਲਗਦੇ ਹਨ। ਇਸ ਦੇ ਪੱਤਿਆਂ ਦਾ ਰਸ ਮੂਤਰਲ ਹੈ। ਕਾਲੀ ਮਿਰਚ ਦੇ ਦਾਣਿਆਂ ਨੂੰ ਇਸ ਵਿਚ ਭਿਉਂ ਕੇ ਸੁਕਾ ਲੈਂਦੇ ਹਨ ਅਤੇ ਢਿੱਡ ਦਰਦ ਵਿਚ ਕਾਲੀ ਮਿਰਚ ਦੇ ਇਹ ਦਾਣੇ ਖਾਣ ਲਈ ਦਿੱਤੇ ਜਾਂਦੇ ਹਨ। ਬੰਨ੍ਹ ਪੈਣ ਤੇ ਰੋਗੀ ਨੂੰ ਰੋਟੀ ਖਵਾਉਣ ਤੋਂ ਪਹਿਲਾਂ ਇਸ ਦੇ ਪੱਤਿਆਂ ਦਾ ਸਾਗ ਖਵਾਉਂਦੇ ਹਨ। ਇਸ ਦੀ ਜੜ੍ਹ ਨੂੰ ਮਿਰਚ ਦੇ ਨਾਲ ਸੂਤਿਕਾ ਬੁਖ਼ਾਰ ਵਿਚ ਦਿੰਦੇ ਹਨ। ਪੁਰਾਣੇ ਜੋੜਾਂ ਦੇ ਦਰਦ ਵਿਚ ਇਸ ਦਾ ਰਸ ਨਿਬੋਲੀ ਦੇ ਤੇਲ ਵਿਚ ਮਿਲਾ ਕੇ ਮਲਿਆ ਜਾਂਦਾ ਹੈ। ਸਾਹ ਜਾਂ ਦਮੇ ਵਿਚ ਇਸ ਦੇ ਪੱਤਿਆਂ ਦੇ ਰਸ ਨੂੰ ਸ਼ਹਿਦ ਵਿਚ ਮਿਲਾ ਕੇ ਖਵਾਇਆ ਜਾਂਦਾ ਹੈ। ਜ਼ਖ਼ਮਾਂ ਤੇ ਇਸ ਦੇ ਚਿੱਟੇ ਨਿਸਾਰ ਨੂੰ ਘਿਉ

ਨਾਲ ਮਿਲਾਕੇ ਲਗਾਇਆ ਜਾਂਦਾ ਹੈ। ਇਸ ਨੂੰ ਵਰਤਣ ਲਈ ਜੜ੍ਹ ਦੇ ਚੂਰਨ ਦੀ ਮਾਤਰਾ ਦੋ ਤੋਂ ਚਾਰ ਰੱਤੀ, ਰਸ ਦੋ ਤੋਂ ਪੰਜ ਬੂੰਦਾਂ, ਚਿੱਟਾ ਦੁੱਧ ਜਾਂ ਖੀਰ ½ -1 ਰੱਤੀ ਹੋਣਾ ਚਾਹੀਦਾ ਹੈ।

ਇਸ ਦੀ ਬਹੁਤ ਹੀ ਵਧੀਆ ਵਰਤੋਂ ਆਯੁਰਵੇਦ ਵਿਚ ਖਾਰ ਸੂਤਰ ਸਰਜਰੀ ਵਿਚ ਕੀਤੀ ਜਾਂਦੀ ਹੈ ਭਾਵ ਇਕ ਉੱਤਮ ਧਾਗਾ ਲੈ ਕੇ ਉਸ ਨੂੰ ਥੋਹਰ ਦੇ ਦੁੱਧ ਵਿਚ ਬਾਰ ਬਾਰ ਭਿਉਂਇਆ ਜਾਂਦਾ ਹੈ ਤੇ ਸੁਕਾ ਕੇ ਬਵਾਸੀਰ ਦੇ ਰੋਗੀ ਦੇ ਮਸਿਆਂ ਨੂੰ ਇਨ੍ਹਾਂ ਧਾਗਿਆਂ ਨਾਲ ਬੰਨ੍ਹ ਦਿੱਤਾ ਜਾਂਦਾ ਹੈ ਜਿਸ ਨਾਲ ਮੱਸਾ ਆਪਣੇ ਆਪ ਗਿਰ ਜਾਂਦਾ ਹੈ। ਇਸ ਨੂੰ ਖਾਰ ਸੂਤਰ ਸਰਜਰੀ ਕਿਹਾ ਜਾਂਦਾ ਹੈ ਅਤੇ ਆਯੁਰਵੇਦ ਵਿਚ ਇਸ ਦਾ ਪ੍ਰਯੋਗ ਬਹੁਤ ਕਾਮਯਾਬੀ ਨਾਲ ਕੀਤਾ ਜਾਂਦਾ ਹੈ।

– ਡਾ. ਅੰਮ੍ਰਿਤਪਾਲ ਸਿੰਘ

ਥੋਂਗ-ਯਿਨ : ਮਿਆਂਮਾਰ (ਬਰਮਾ) ਦਾ 240 ਕਿ.ਮੀ. ਲੰਬਾ ਦਰਿਆ ਹੈ ਜਿਹੜਾ ਉੱਤਰ-ਪੱਛਮ ਦੀ ਦਿਸ਼ਾ ਵਿਚ ਵਗਦਾ ਹੋਇਆ ਮਿਆਂਮਾਰ-ਥਾਈਲੈਂਡ ਦੀ ਹੱਦ ਉਪਰ ਸਾਲਵੀਨ ਦਰਿਆ ਨਾਲ ਮਿਲ ਜਾਂਦਾ ਹੈ। ਡਾਨਾ ਪਰਬਤੀ ਲੜੀ ਦੇ ਪੂਰਬ ਵੱਲ ਦੇ ਕੁਝ ਕੁ ਹਿੱਸੇ ਵਿਚ ਇਹ ਮਿਆਂਮਾਰ ਅਤੇ ਥਾਈਲੈਂਡ ਵਿਚਕਾਰ ਵੀ ਹੱਦ ਬਣਾਉਂਦਾ ਹੈ।

ਹ.ਪੁ.–ਵੈ.ਜਗ.ਡਿ. : 1206

ਥੋਰਲਾੱਕਸਨ, ਗੁਦਬ੍ਰਾਂਦਰ : ਆਈਸਲੈਂਡ ਦੇ ਇਸ ਵਿਦਵਾਨ ਅਤੇ ਲੂਥਰ ਪੰਥੀ ਪਾਦਰੀ ਦਾ ਜਨਮ 1541 ਈ. ਵਿਚ ਸਟੇਡਹਾਰਬਾਕੀ ਵਿਖੇ ਹੋਇਆ। ਇਸ ਨੇ ਆਈਸਲੈਂਡ ਵਿਚ ਲੂਥਰ ਦੇ ਧਰਮ ਸਿਧਾਂਤ ਦਾ ਸਫਲਤਾਪੂਰਣ ਪ੍ਰਚਾਰ ਕੀਤਾ। ਸੰਨ 1570 ਵਿਚ ਇਹ ਹੋਲਾਰ ਦਾ ਪਾਦਰੀ ਨਿਯੁਕਤ ਹੋਇਆ ਅਤੇ 56 ਸਾਲ ਇਸ ਪਦ ਤੇ ਰਿਹਾ। ਉਸ ਸਮੇਂ ਆਈਸਲੈਂਡ ਵਿਚ ਡੈਨਮਾਰਕ ਦੇ ਰਾਜਿਆਂ ਨੇ ਪ੍ਰੋਟੈਸਟੈਂਟ ਮੱਤ ਠੋਸਿਆ ਤਾਂ ਸੀ ਪਰ ਲੋਕਾਂ ਵੱਲੋਂ ਇਹ ਮੱਤ ਬਹੁਤ ਘੱਟ ਅਪਣਾਇਆ ਗਿਆ ਸੀ। ਥੋਰਲੱਾਕਸਨ ਧਰਮ ਵਿਦਿਆ, ਕੁਦਰਤੀ ਵਿਗਿਆਨ ਭਾਸ਼ਾਵਾਂ ਅਤੇ ਗਣਿਤ ਵਿਚ ਪੂਰੀ ਤਰ੍ਹਾਂ ਨਿਪੁੰਨ ਸੀ। ਇਸ ਨੇ ਕਈ ਵੱਖ ਵੱਖ ਲਿਖਤਾਂ ਪ੍ਰਕਾਸ਼ਿਤ ਕਰ ਕੇ ਲੋਕਾਂ ਦੇ ਮਨਾਂ ਵਿਚ ਅਮਲੀ ਅਤੇ ਸੱਚੀ ਤਬਦੀਲੀ ਲਿਆਂਦੀ।

ਥੋਰਲਾੱਕਸਨ ਦੀਆਂ ਪ੍ਰਕਾਸ਼ਿਤ ਹੋਈਆਂ 86 ਕਿਰਤਾਂ ਵਿਚੋਂ 'Gudbrandstri blia' ਬਹੁਤ ਮਹੱਤਤਾ ਰੱਖਦੀ ਸੀ। ਇਹ ਪੁਸਤਕ ਆਪਣੇ ਆਪ ਵਿਚ ਮੁਕੰਮਲ ਅੰਜੀਲ ਹੈ।

ਸੰਨ 1589 ਵਿਚ ਇਸ ਨੇ ਨਵੀਂ ਕ੍ਰਿਤ 'Salmab' ਪ੍ਰਕਾਸ਼ਿਤ ਕਰਵਾਈ ਜਿਸ ਵਿਚ ਇਸ ਨੇ ਆਈਸਲੈਂਡ ਵਿਚ ਪ੍ਰਚਲਿਤ ਤੇ ਹਰਮਨਪਿਆਰੀਆਂ ਜਿੰਨਾਂ ਭੂਤਾਂ ਅਤੇ ਨਾਇਕਾਂ ਦੀਆਂ ਗੀਤ-ਕਥਾਵਾਂ ਦੇ ਮੁਕਾਬਲੇ ਤੇ ਉਤਰਨ ਦੀ ਕੋਸ਼ਿਸ਼ ਕੀਤੀ। ਇਸ ਪਿੱਛੋਂ 1612 ਈ. ਵਿਚ ਇਸ ਨੇ ਇਕ ਹੋਰ ਪੁਸਤਕ 'Visivilok' ਪ੍ਰਕਾਸ਼ਿਤ ਕਰਵਾਈ। ਇਸ ਨੇ ਸਕੂਲਾਂ ਵਿਚ ਲੂਥਰ ਪੰਥੀ ਪ੍ਰਸ਼ਨਮਾਲਾ ਅਤੇ ਅਰਦਾਸ ਸ਼ੁਰੂ ਕਰਵਾਈ। ਇਸ ਨੇ ਆਈਸਲੈਂਡ ਦਾ ਨਕਸ਼ਾ ਵੀ ਤਿਆਰ ਕੀਤਾ।

ਸੰਨ 1627 ਵਿਚ ਹੋਲਰ ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ. – ਐਨ. ਬ੍ਰਿ. ਮਾ. 9 : 970

ਥੋਰਲਿਡ, ਟਾੱਮਸ : ਸਵੀਡਨ ਦੇ ਇਸ ਕਵੀ ਅਤੇ ਆਲੋਚਕ ਦਾ ਜਨਮ ਸਫਾੱਤਬਾੱਰ ਵਿਚ 18 ਅਪ੍ਰੈਲ, 1759 ਨੂੰ ਹੋਇਆ। ਇਸ ਨੇ ਸਵੀਡਨ ਦੇ ਸਭਿਆਚਾਰ ਉੱਤੇ ਫ਼ਰਾਂਸੀਸੀ ਕਲਾ-ਸਕੀਵਾਦ ਦੇ ਅਸਰ ਦਾ ਵਿਰੋਧ ਕੀਤਾ।

ਸੰਨ 1793 ਵਿਚ ਗਸਤਾਵ ਤੀਜੇ ਦੇ ਕਤਲ ਪਿੱਛੋਂ ਰਾਜਨੀਤਿਕ ਕਾਰਨਾਂ ਕਰ ਕੇ ਇਸ ਨੂੰ ਸਵੀਡਨ ਵਿਚੋਂ ਦੇਸ਼ਨਿਕਾਲਾ ਦੇ ਦਿੱਤਾ ਗਿਆ। ਇਸ ਦੇ ਸਿੱਟੇ ਵਜੋਂ ਇਹ ਜਰਮਨੀ ਚਲਾ ਗਿਆ ਜਿਥੇ 1795 ਈ. ਵਿਚ ਗ੍ਰਿਫ਼ਸਵਾਲਡ ਵਿਖੇ ਇਹ ਪ੍ਰੋਫ਼ੈਸਰ ਅਤੇ ਲਾਇਬ੍ਰੇਰੀਅਨ ਨਿਯੁਕਤ ਹੋ ਗਿਆ। ਇਹ ਜਨਮ ਤੋਂ ਹੀ ਸੰਘਰਸ਼ ਪ੍ਰੇਮੀ ਸੀ। ਇਸ ਨੇ ਓਸ਼ੀਅਨ, ਸ਼ੈਕਸਪੀਅਰ ਕਲਾੱਪਸਟਾੱਕ ਅਤੇ ਗੇਟੇ ਦੇ ਅਸਰ ਅਧੀਨ ਤੁਕਾਂਤ ਰਹਿਤ ਕਵਿਤਾਵਾਂ ਲਿਖੀਆਂ। 'Passionerna' ਇਸ ਦੀਆਂ ਕਿਰਤਾਂ ਵਿਚੋਂ ਸਭ ਤੋਂ ਉੱਤਮ ਸੀ।

ਥੋਰਲਿਡ ਭਾਵੇਂ ਰਾਜਨੀਤਿਕ ਲਿਖਤਾਂ ਵਿਚ ਵਧੇਰੇ ਰੁਝ ਗਿਆ ਸੀ ਪਰੰਤੂ ਇਸ ਦੀ ਕਵਿਤਾ ਆਪਣੇ ਸਮੇਂ ਦੀ ਸਭ ਤੋਂ ਚੰਗੀ ਕਵਿਤਾ ਮੰਨੀ ਗਈ ਹੈ। ਇਸ ਦੀਆਂ ਹੋਰ ਪੁਸਤਕਾਂ ਵਿਚ 'Gotamannasanger' ਅਤੇ 'Ofver critiker' ਆਦਿ ਸ਼ਾਮਲ ਹਨ।

ਦੇਸ਼ਨਿਕਾਲੇ ਦੌਰਾਨ ਇਸ ਨੇ ਕਈ ਲੇਖ ਲਿਖੇ ਜਿਨ੍ਹਾਂ ਵਿਚੋਂ 'Om quinnokonets natuseiga hoghet' (ਦੀ ਨੈਚੂਰਲ ਗ੍ਰੇਟਨੈਸ ਆੱਫ਼ ਵੋਮੈਨ ਕਾਈਂਡ) ਸਭ ਤੋਂ ਚੰਗਾ ਲੇਖ ਮੰਨਿਆ ਗਿਆ ਹੈ।

ਪਹਿਲੀ ਅਕਤੂਬਰ, 1808 ਨੂੰ ਗ੍ਰਿਫ਼ਸਵਾਲਡ ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ.–ਐਨ. ਬ੍ਰਿ.ਮਾ. 9 : 969 ; ਐਨ. ਬ੍ਰਿ. 22 : 152.

ਥੋਰਾਈਟ : ਇਹ ਥੋਰੀਅਮ ਸਿਲਿਕੇਟ ਤੋਂ ਬਣਿਆ ਇਕ ਖਣਿਜ ਹੈ ਜਿਸ ਵਿਚਲਾ ਥੋਰੀਅਮ ਤੱਤ 1828 ਈ. ਵਿਚ ਲੱਭਿਆ ਗਿਆ ਸੀ। ਕ੍ਰਿਸਟਲੀਕਰਨ ਵਿਚ ਥੋਰਾਈਟ ਟੈੱਟ੍ਰਾਗੋਨਲ ਹੁੰਦਾ ਹੈ। ਇਸ ਦੀ ਕ੍ਰਿਸਟਲ ਬਣਤਰ ਨੈੱਸੋਸਿਲਿਕੇਟ ਜ਼ਰਕਾੱਨ ਨਾਲ ਮਿਲਦੀ ਜੁਲਦੀ ਹੈ। ਇਸ ਦਾ ਰਸਾਇਣਿਕ ਫ਼ਾਰਮੂਲਾ, $ThSiO_4$ ਹੈ। ਥੋਰੀਅਮ ਦਾ ਅੰਸ਼ਿਕ ਤੌਰ ਤੇ ਯੂਰੇਨੀਅਮ, ਦੁਰਲੱਭ ਮਿੱਟੀਆਂ, ਕੈਲਸੀਅਮ ਅਤੇ ਲੋਹੇ ਦੁਆਰਾ ਪ੍ਰਤਿਸਥਾਪਨ ਹੋਣ ਕਾਰਨ ਕੁਦਰਤ ਵਿਚ ਮਿਲਣ ਵਾਲੇ ਸਾਰੇ ਪਦਾਰਥ ਨਾਲੋਂ ਇਸ ਦੀ ਰਚਨਾ ਵੱਖਰੀ ਹੈ। ਰਚਨਾਤਮਕ ਤੌਰ ਤੇ ਇਸ ਵਿਚਲੇ ਯੂਰੇਨੀਅਮ ਅਤੇ ਥੋਰੀਅਮ ਦੀ ਰੇਡੀਓ-ਐਕਟਿਵਤਾ ਖੈ ਹੋ ਜਾਣ ਨਾਲ ਇਸ ਦੀ ਕ੍ਰਿਸਟਲਤਾ ਪੂਰੀ ਤਰ੍ਹਾਂ ਖ਼ਤਮ ਹੋ ਚੁੱਕੀ ਹੈ। ਇਸ ਦੀ ਵਿਸ਼ਿਸ਼ਟ ਘਣਤਾ 4.3 ਅਤੇ 5.4 ਦੇ ਵਿਚਕਾਰ ਹੈ। ਆਮ ਪੈਮਾਨੇ ਉੱਤੇ ਕਠੋਰਤਾ ਲਗਭਗ 4.5 ਹੈ। ਰੰਗ ਆਮ ਕਰਕੇ ਭੂਰੇ ਪੀਲੇ ਤੋਂ ਭੂਰਾ ਕਾਲਾ ਅਤੇ ਕਾਲਾ ਹੈ। ਥੋਰੋਗੰਮਾ-ਈਟ; ਥੋਰਾਈਟ ਦਾ ਰਸਾਇਣਿਕ ਬਦਲ ਹੈ। ਇਸ਼ ਦੀ ਉਹੀ ਰਵੇਦਾਰ ਬਣਤਰ ਹੈ ਅਤੇ ਗੁਣ ਵੀ ਮਿਲਦੇ ਜੁਲਦੇ ਹਨ। ਇਸ ਵਿਚ ਸਿਲਿਕਾ ਦੀ ਘਾਟ ਹੁੰਦੀ ਹੈ ਅਤੇ ਆੱਕਸੀਜਨ ਦੇ ਪ੍ਰਤਿਸਥਾਪਨ ਲਈ ਕੁਝ ਮਾਤਰਾ OH ਦੀ ਹੁੰਦੀ ਹੈ।

ਥੋਰਾਈਟ ਮੁੱਖ ਤੌਰ ਤੇ ਪੈਗਮੇਟਾਈਟਾਂ ਵਿਚ ਮਿਲਦਾ ਹੈ। ਇਹ ਕੁਝ ਮਾਤਰਾ ਵਿਚ ਕਾਲੇ ਰੇਤਾਂ ਅਤੇ ਗ੍ਰੈਨਾਈਟ ਜਾਂ ਅਬਰਕੀ ਖੇਤਰਾਂ ਦੇ ਮਲਬਿਆਂ ਦੀਆਂ ਡਿਪਾਜ਼ਿਟਾਂ ਵਿਚੋਂ ਕੱਢਿਆ ਜਾਂਦਾ ਹੈ। ਖਣਿਜ-ਸ਼ਿਰਾ ਡਿਪਾਜ਼ਿਟ ਜਿਨ੍ਹਾਂ ਵਿਚ ਥੋਰਾਈਟ ਅਤੇ ਥੋਰੋਗੰਮਾਈਟ (ਬੈਰਾਈਟ ਅਤੇ ਫ਼ਲੋਰਾਈਟ ਮਿਲੇ) ਭਰਿਆ ਹੁੰਦਾ ਹੈ, ਆਮ ਕਰਕੇ ਵਧੇਰੇ ਵਰਖਾ ਹੋਣ ਵਾਲੇ ਪਹਾੜਾਂ, ਕਸਟਰ ਅਤੇ ਫ੍ਰੀਮਾਂਟ ਕਾਉਂਟੀਸ ਤੇ ਕਾੱਲੋ ਵਿਚ ਮਿਲਦਾ ਹੈ। ਇਸੇ ਤਰ੍ਹਾਂ ਦੇ ਡਿਪਾਜ਼ਿਟ ਲੈਮਹੀ ਪਾਸ ਜ਼ਿਲਾ ਇਡਾਹੋ ਅਤੇ ਮਾੱਨਟਾਂਨਾ ਵਿਚ ਮਿਲਦੇ ਹਨ। ਮੋਨਾਜ਼ਾਈਟ, ਜਿਸ ਵਿਚ ਥੋਰੀਅਮ ਹੈ, ਦੀ ਇਕ ਖਣਿਜ ਸ਼ਿਰਾ ਡਿਪਾਜ਼ਿਟ ਦੀ ਖਾਣ-ਖੁਦਾਈ ਵਾਨ ਰਿਹਨਜ਼ਡਰਾਪ ਨੇੜੇ ਸਟੀਨਕੈਂਪਸਕਰਾਲ (ਕੇਪ

ਪਰਾਵਿਨਸ, ਦੱਖਣੀ ਅਫ਼ਰੀਕਾ) ਵਿਖੇ ਕੀਤੀ ਗਈ ਹੈ।

ਹ. ਪੁ.—ਮੈਕ. ਐਨ. ਸ. ਟ. 13 : 628

ਥੋਰਾੱਡਸੈੱਨ, ਜਾੱਨ : ਆਈਸਲੈਂਡ ਦੇ ਇਸ ਨਾਵਲਕਾਰ, ਸੰਗੀਤਕ ਕਵੀ ਅਤੇ ਗੀਤਕਾਰ ਦਾ ਜਨਮ 5 ਅਕਤੂਬਰ, 1818 ਨੂੰ ਬਾਰਦਾਸਟ੍ਰਾਂਦਾਰਸਿਸਲਾ ਵਿਖੇ ਹੋਇਆ। ਇਸ ਨੂੰ ਆਈਸਲੈਂਡ ਦੇ ਨਾਵਲ ਦਾ ਜਨਮਦਾਤਾ ਮੰਨਿਆ ਜਾਂਦਾ ਹੈ।

ਕਾਨੂੰਨ ਦੀ ਪੜ੍ਹਾਈ ਕਰਨ ਲਈ ਕੋਪਨਹੇਗੈੱਨ (ਡੈਨਮਾਰਕ) ਚਲਾ ਗਿਆ ਪਰ ਉਥੇ ਪਿਆਰ ਵਿਚ ਅਸਫਲ ਹੋਣ ਤੇ ਜਿਸ ਦੀ ਝਲਕ ਇਸ ਦੇ ਨਾਵਲਾਂ ਵਿਚੋਂ ਮਿਲਦੀ ਹੈ, ਆਪਣੇ ਦਿਲ ਨੂੰ ਧਰਵਾਸ ਦੇਣ ਲਈ ਇਸ ਨੇ ਸਾਹਿਤ ਦਾ ਖੇਤਰ ਚੁਣਿਆ। ਸਰ ਵਾਲਟਰ ਸਕਾਟ ਨੇ ਇਸ ਦੀ ਕਲਪਨਾ ਸ਼ਕਤੀ ਨੂੰ ਤਾੜਿਆ ਅਤੇ ਇਸ ਨੂੰ ਆਈਸਲੈਂਡ ਦੇ ਨਜ਼ਾਰਿਆਂ ਨੂੰ ਨਾਵਲ ਦਾ ਰੂਪ ਦੇਣ ਲਈ ਪ੍ਰੇਰਿਆ।

ਆਈਸਲੈਂਡ ਵਿਚ ਪਰਤ ਕੇ ਡਿਸਟ੍ਰਿਕਟ ਜੱਜ ਬਣਨ ਤੋਂ ਪਹਿਲਾਂ 1849 ਈ. ਵਿਚ ਇਸ ਨੇ ਆਪਣਾ ਪਹਿਲਾ ਨਾਵਲ 'ਲੈਂਡ ਐਂਡ ਲੈਸ' ਲਿਖ ਲਿਆ ਸੀ। ਇਸ ਦਾ ਦੂਜਾ ਨਾਵਲ 'Madurog Kona' ('ਮੇਨ ਐਂਡ ਵੂਮਨ') ਇਸ ਦੀ ਮੌਤ ਤਕ ਅਧੂਰਾ ਸੀ। ਇਸ ਦੇ ਦੋਹਾਂ ਨਾਵਲਾਂ ਨੇ ਆਈਸਲੈਂਡ ਦੇ ਆਧੁਨਿਕ ਸਮਾਜ ਦੀ ਸਿੱਧੀ ਸਾਦੀ ਤਸਵੀਰ ਨੂੰ ਪੇਸ਼ ਕੀਤੀ ਹੈ।

8 ਮਾਰਚ, 1868 ਨੂੰ ਲਾਈਰਾ ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ. –ਐਨ. ਬ੍ਰਿ. ਮਾ. 9 : 972

ਥੋਰਾਰੈੱਨਸੈੱਨ, ਜੈਕਬ : ਆਈਸਲੈਂਡ ਦੇ ਇਸ ਕਵੀ ਦਾ ਜਨਮ 18 ਮਈ, 1886 ਨੂੰ ਹੁਨਾਵਤਨਸਿਸਲਾ ਵਿਖੇ ਹੋਇਆ। ਇਸ ਦੀ ਗਿਣਤੀ ਆਪਣੇ ਸਮਕਾਲੀ ਚੋਣਵੇਂ ਕਵੀਆਂ ਵਿਚ ਆਉਂਦੀ ਹੈ। ਆਪਣੇ ਸਮਕਾਲੀ ਹੋਰ ਯੁਵਕਾਂ ਵਾਂਗ ਇਹ ਵੀ ਫ਼ਾਰਮ ਅਤੇ ਮੱਛੀਆਂ ਫੜਨ ਵਾਲੀਆਂ ਕਿਸ਼ਤੀਆਂ ਉੱਤੇ ਕੰਮ ਕਰ ਕੇ ਰੋਜ਼ੀ ਕਮਾਉਂਦਾ ਸੀ। 19 ਸਾਲ ਦੀ ਉਮਰ ਵਿਚ ਇਹ ਲਕੜੀ ਦਾ ਕੰਮ ਸਿੱਖਣ ਲਈ ਰਾਈਕਜਾਵੀਕ ਚਲਾ ਗਿਆ ਜਿਥੇ ਇਸ ਨੇ ਕਈ ਸਾਲ ਕੰਮ ਕੀਤਾ। ਫਿਰ ਇਹ ਲਿਖਣ ਵਿਚ ਡਟ ਗਿਆ। ਇਸ ਨੇ ਬਹੁਤ ਥੋੜ੍ਹੀ ਮੁਢਲੀ ਪੜ੍ਹਾਈ ਪ੍ਰਾਪਤ ਕੀਤੀ ਸੀ ਪਰ ਬਹੁਤ ਸਾਰਾ ਗਿਆਨ ਸਾਹਿਤ ਪੁਸਤਕਾਂ ਪੜ੍ਹ ਕੇ ਪ੍ਰਾਪਤ ਕੀਤਾ ਅਤੇ ਆਪਣੀ ਇਕ ਨਿਜੀ ਲਾਇਬ੍ਰੇਰੀ ਬਣਾਈ। ਇਸ ਦੀਆਂ ਕਵਿਤਾਵਾਂ ਦਾ ਪਹਿਲਾ ਸੰਗ੍ਰਹਿ 'Snaeljos' (1914, ਗਲੇਅਰ ਆੱਫ਼ ਦੀ ਸਨੋ) ਸੀ ਜਿਸ ਵਿਚ ਇਸ ਨੇ ਸੁਤੰਤਰ ਆਤਮਾ ਦਾ ਜ਼ਿਕਰ ਕੀਤਾ ਸੀ ਅਤੇ ਸੰਖੇਪ ਜਿਹੇ ਸ਼ਬਦਾਂ ਵਿਚ ਆਈਸਲੈਂਡ ਦੇ ਕਿਸਾਨਾਂ ਅਤੇ ਮਛੇਰਿਆਂ ਦੀ ਤਾਕਤ ਨੂੰ ਬਿਆਨ ਕੀਤਾ ਸੀ।

ਪਿੱਛੋਂ ਇਸ ਨੇ ਨਿੱਕੀਆਂ ਕਹਾਣੀਆਂ ਉੱਤੇ ਆਪਣੀ ਕਲਮ ਅਜ਼ਮਾਈ ਕੀਤੀ ਅਤੇ 1929 ਈ. ਤੋਂ 1939 ਈ. ਦੌਰਾਨ ਇਸ ਦੀਆਂ ਕਹਾਣੀਆਂ ਛਪਦੀਆਂ ਰਹੀਆਂ। ਇਨ੍ਹਾਂ ਕਹਾਣੀਆਂ ਵਿਚ ਵੀ ਇਸ ਨੇ ਆਪਣੀਆਂ ਕਵਿਤਾਵਾਂ ਦਾ ਹੀ ਵਿਸ਼ਾ ਵਸਤੂ ਪੇਸ਼ ਕੀਤਾ।

ਸੰਨ 1972 ਵਿਚ ਇਸ ਦੀ ਮੌਤ ਹੋ ਗਈ।

ਹ.ਪੁ. – ਐਨ. ਬ੍ਰਿ. ਮਾ. 9 : 968

ਥੋਰੀਅਮ : ਇਹ ਇਕ ਰਸਾਇਣਿਕ ਤੱਤ ਹੈ, ਜਿਸ ਦਾ ਰਸਾਇਣਿਕ ਚਿੰਨ੍ਹ Th ਅਤੇ ਪਰਮਾਣੂ-ਕ੍ਰਮ-ਅੰਕ 90 ਹੈ। ਇਹ ਤੱਤ 1828 ਈ. ਵਿਚ ਜੇ.ਜੇ. ਬਰਜ਼ੀਲੀਅਸ ਨੇ ਲੱਭਿਆ ਸੀ। ਸੰਨ 1885 ਵਿਚ ਸੀ.ਏ. ਵਾਨ ਵੈੱਲਸਬੈਚ ਦੁਆਰਾ ਤਾਪਦੀਪਤ ਮੈਂਟਲ ਦੇ ਵਿਕਾਸ ਤੋਂ ਪਹਿਲਾਂ ਥੋਰੀਅਮ ਦੀ ਵਰਤੋਂ ਘੱਟ ਹੀ ਹੁੰਦੀ ਸੀ। ਹਾਲੇ ਵੀ ਕਈ ਹਜ਼ਾਰ ਪਾਊਂਡ ਥੋਰੀਅਮ ਆੱਕਸਾਈਡ ਇਨ੍ਹਾਂ ਮੈਂਟਲਾਂ ਦੇ ਸਾਲਾਨਾ ਉਤਪਾਦਨ ਲਈ ਵਰਤਿਆ ਜਾਂਦਾ ਹੈ। ਕਈ ਸਾਲ ਥੋਰੀਅਮ ਆੱਕਸਾਈਡ ਟੰਗਸਟਨ ਧਾਤ ਵਿਚ ਸੰਮਿਲਿਤ ਮਿਲਦਾ

Ia	IIa	IIIb	IVb	Vb	VIb	VIIb	VIII	VIII	VIII	Ib	IIb	IIIa	IVa	Va	VIa	VIIa	0
1 H																	2 He
3 Li	4 Be											5 B	6 C	7 N	8 O	9 F	10 Ne
11 Na	12 Mg											13 Al	14 Si	15 P	16 S	17 Cl	18 Ar
19 K	20 Ca	21 Sc	22 Ti	23 V	24 Cr	25 Mn	26 Fe	27 Co	28 Ni	29 Cu	30 Zn	31 Ga	32 Ge	33 As	34 Se	35 Br	36 Kr
37 Rb	38 Sr	39 Y	40 Zr	41 Nb	42 Mo	43 Tc	44 Ru	45 Rh	46 Pd	47 Ag	48 Cd	49 In	50 Sn	51 Sb	52 Te	53 I	54 Xe
55 Cs	56 Ba	57 La	72 Hf	73 Ta	74 W	75 Re	76 Os	77 Ir	78 Pt	79 Au	80 Hg	81 Tl	82 Pb	83 Bi	84 Po	85 At	86 Rn
87 Fr	88 Ra	89 Ac	104 Rf	105 Ha	106	107	108	109	110	111	112	113	114	115	116	117	118

ਲੈਂਥੇਨਾਈਡ ਲੜੀ	58 Ce	59 Pr	60 Nd	61 Pm	62 Sm	63 Eu	64 Gd	65 Tb	66 Dy	67 Ho	68 Er	69 Tm	70 Yb	71 Lu
ਐੱਕਟਿਨਾਈਡ ਲੜੀ	**90 Th**	91 Pa	92 U	93 Np	94 Pu	95 Am	96 Cm	97 Bk	98 Cf	99 Es	100 Fm	101 Md	102 No	103 Lr

ਆਵਰਤੀ ਸਾਰਣੀ (ਥੋਰੀਅਮ)

ਰਿਹਾ, ਜਿਸ ਦੀ ਵਰਤੋਂ ਬਿਜਲਈ ਪ੍ਰਕਾਸ਼ ਫ਼ਿਲਾਮੈਂਟਾਂ ਵਿਚ ਕੀਤੀ ਜਾਂਦੀ ਹੈ। ਥੋੜ੍ਹੀ ਦੇਰ ਤੋਂ ਆੱਕਸਾਈਡ ਦੀ ਕੁਝ ਮਾਤਰਾ ਦੂਸਰੀਆਂ ਧਾਤਾਂ ਅਤੇ ਮਿਸ਼ਰਿਤ-ਧਾਤਾਂ ਲਈ ਲਾਹੇਵੰਦ ਸਾਬਤ ਹੋਈ ਹੈ। ਕਈ ਵਿਸ਼ੇਸ਼ ਕਾਰਬਨੀ ਰਸਾਇਣਿਕ ਕਿਰਿਆਵਾਂ ਦੇ ਵਰਧਨ ਲਈ ਆੱਕਸਾਈਡ ਦੀ ਵਰਤੋਂ ਉਤਪ੍ਰੇਰਕਾਂ ਵਿਚ ਕੀਤੀ ਜਾਂਦੀ ਹੈ। ਥੋਰੀਅਮ ਆੱਕਸਾਈਡ ਦੀ ਵਿਸ਼ੇਸ਼ ਵਰਤੋਂ ਉੱਚ-ਤਾਪ ਚੀਨੀ-ਮਿੱਟੀ ਪਦਾਰਥ ਵਜੋਂ ਕੀਤੀ ਜਾਂਦੀ ਹੈ। ਧਾਤ ਜਾਂ ਇਸ ਦੇ ਆੱਕਸਾਈਡ ਦੀ ਵਰਤੋਂ ਬਿਜਲੀ ਦੀਆਂ ਟਿਊਬਾਂ, ਫ਼ੋਟੋ ਸੈੱਲਾਂ ਅਤੇ ਖ਼ਾਸ ਵੈੱਲਡੀਕਰਨ ਇਲੈੱਕਟ੍ਰੋਡਾਂ ਵਿਚ ਕੀਤੀ ਜਾਂਦੀ ਹੈ। ਖ਼ਲਾ ਸਿਸਟਮਾਂ ਅਤੇ ਗੈਸ ਸੁਧਾਈ ਵਿਚ ਇਸ ਦੀ ਵਰਤੋਂ ਗੈੱਟਰ ਦੇ ਤੌਰ ਤੇ ਕੀਤੀ ਜਾਂਦੀ ਹੈ। ਇਸ ਨੂੰ ਕਈ ਧਾਤਾਂ ਦੀ ਸਫ਼ਾਈ ਲਈ ਵਰਤਿਆ ਜਾਂਦਾ ਹੈ।

ਇਸ ਦੀ ਉੱਚ ਘਣਤਾ, ਰਸਾਇਣਿਕ ਕਿਰਿਆਸ਼ੀਲਤਾ, ਸਾਧਾਰਨ ਯੰਤ੍ਰਿਕ ਗੁਣਾਂ ਅਤੇ ਵਧੇਰੇ ਕੀਮਤੀ ਹੋਣ ਕਰਕੇ ਥੋਰੀਅਮ ਦੀ ਵਰਤੋਂ ਬਣਤਰੀ ਪਦਾਰਥ ਦੇ ਤੌਰ ਤੇ ਬਹੁਤ ਘੱਟ ਹੁੰਦੀ ਹੈ। ਕੁਝ ਬਣਤਰੀ ਧਾਤਾਂ ਵਿਚ ਥੋਰੀਅਮ ਦੀ ਐਲਾਇੰਗ ਏਜੰਟ ਦੇ ਤੌਰ ਤੇ ਕਾਫ਼ੀ ਮਹੱਤਤਾ ਹੈ। ਨਿਊਕਲੀ ਖੇਤਰ ਤੋਂ ਬਾਹਰ ਥੋਰੀਅਮ ਦੀ ਮੁੱਖ ਵਰਤੋਂ ਸ਼ਾਇਦ ਮੈਗਨੀਸ਼ੀਅਮ ਤਕਨਾਲੋਜੀ ਵਿਚ ਹੈ। ਮੈਗਨੀ-ਸ਼ੀਅਮ ਧਾਤ ਵਿਚ ਲਗਭਗ 3% ਥੋਰੀਅਮ ਐਲਾਇੰਗ ਏਜੰਟ ਦੇ ਤੌਰ ਤੇ ਮਿਲਾਉਣ ਨਾਲ ਮੈਗਨੀਸ਼ੀਅਮ ਵਿਚ ਉੱਚ-ਸਮੱਰਥਾ ਵਾਲੇ ਗੁਣ ਅਤੇ ਉੱਚ ਤਾਪਮਾਨ ਉੱਤੇ ਕ੍ਰੀਪ (ਮੰਦ ਵਿਰੂਪਣ) ਪ੍ਰਤਿਰੋਧ ਆ

ਜਾਂਦਾ ਹੈ। ਥੋਰੀਅਮ ਮਿਲੀਆਂ ਮੈਗਨੀਸ਼ੀਅਮ ਦੀਆਂ ਮਿਸ਼ਰਿਤ-ਧਾਤਾਂ ਹਲਕੀਆਂ ਅਤੇ ਲੋੜੀਂਦੀ ਸਮਰੱਥਾ ਵਾਲੀਆਂ ਹੋਣ ਕਰਕੇ ਜਹਾਜ਼ ਦੇ ਇੰਜਣਾਂ ਅਤੇ ਹਵਾਈ ਜਹਾਜ਼ ਦੇ ਢਾਂਚੇ ਵਿਚ ਵਰਤੀਆਂ ਜਾਂਦੀਆਂ ਹਨ।

ਨਿਊਕਲੀ ਰੀਐਕਟਰ ਵਿਚ ਥੋਰੀਅਮ ਨੂੰ ਯੂਰੇਨੀਅਮ-233 ਵਿਚ ਬਦਲਿਆ ਜਾ ਸਕਦਾ ਹੈ ਜੋ ਕਿ ਪਰਮਾਣਵੀ ਬਾਲਣ ਹੈ। ਥੋਰੀਅਮ ਅਤੇ ਯੂਰੇਨੀਅਮ ਦੇ ਸਿਸਟਮ ਤੋਂ ਪਰਮਾਣਵੀ ਊਰਜਾ ਪੈਦਾ ਕਰਨ ਲਈ ਸਾਰੇ ਥੋਰੀਅਮ ਦੀ ਪੂਰਨ ਵਰਤੋਂ ਦੀ ਆਸ ਬੱਝਦੀ ਹੈ। ਦੁਨੀਆ ਦੀ ਥੋਰੀਅਮ ਸਪਲਾਈ ਤੋਂ ਉਤਪੰਨ ਹੋਈ ਊਰਜਾ ਦੁਨੀਆ ਦੇ ਯੂਰੇਨੀਅਮ, ਕੋਲਾ ਅਤੇ ਤੇਲ ਤੋਂ ਪੈਦਾ ਹੋਈ ਕੁੱਲ ਊਰਜਾ ਨਾਲੋਂ ਵਧੇਰੇ ਹੈ।

ਕੁਦਰਤੀ ਪ੍ਰਾਪਤੀ—ਥੋਰੀਅਮ ਮਿਲਿਆ ਸਾਧਾਰਣ ਅਤੇ ਵਪਾਰਕ ਤੌਰ ਤੇ ਬਹੁਤ ਪ੍ਰਸਿੱਧ ਖਣਿਜ 'ਮੋਨਾਜ਼ਾਈਟ' ਕੁਦਰਤ ਵਿਚ ਦੂਰ ਦੂਰ ਤੱਕ ਫੈਲਿਆ ਮਿਲਦਾ ਹੈ। ਇਸ ਦੇ ਮਹੱਤਵਪੂਰਨ ਡਿਪਾਜ਼ਿਟ ਭਾਰਤ, ਬ੍ਰਾਜ਼ੀਲ ਅਤੇ ਸ੍ਰੀ ਲੰਕਾ ਦੇ ਤੱਟਾਂ ਦੇ ਨਾਲ-ਨਾਲ ਮਿਲਦੇ ਹਨ। ਮੋਨਾਜ਼ਾਈਟ ਦੇ ਹੋਰ ਵਿਸ਼ਾਲ ਡਿਪਾਜ਼ਿਟ ਦੱਖਣੀ ਅਫ਼ਰੀਕਾ, ਰੂਸ, ਸਕੈਂਡੀਨੇਵੀਆ ਅਤੇ ਆਸਟ੍ਰੇਲੀਆ ਵਿਚ ਹਨ। ਅਮਰੀਕਾ ਵਿਚ ਇਹ ਡਿਪਾਜ਼ਿਟ ਫਲੋਰਿਡਾ, ਇਡਾਹੋ ਅਤੇ ਕੈਰੋਲਿਨਾਸ ਵਿਚ ਮਿਲਦੇ ਹਨ। ਮੋਨਾਜ਼ਾਈਟ ਮੁੱਖ ਤੌਰ ਤੇ ਰੇਤ ਦੀ ਸ਼ਕਲ ਵਿਚ ਮਿਲਦਾ ਹੈ ਜਿਹੜਾ ਕਿ ਦੂਜੇ ਰੇਤਾਂ ਨਾਲੋਂ ਭੌਤਿਕੀ ਜਾਂ ਯੰਤ੍ਰਿਕ ਢੰਗਾਂ ਨਾਲ ਵੱਖਰਾ ਕੀਤਾ ਜਾਂਦਾ ਹੈ ਅਤੇ ਮਗਰੋਂ ਡਰੈੱਜ (ਧੂੜਨਾ) ਨਾਲ ਸਫ਼ਾਈ ਕੀਤੀ ਜਾਂਦੀ ਹੈ। ਮੋਨਾਜ਼ਾਈਟ ਸੰਘਣਾ ਰੇਤ ਅਸਲ ਵਿਚ ਦੁਰਲੱਭ-ਮਿੱਟੀ ਤੱਤਾਂ ਦਾ ਇਕ ਆੱਰਥੋਫ਼ਾੱਸਫ਼ੇਟ ਹੈ ਅਤੇ ਇਸ ਵਿਚ ਆਮ ਕਰਕੇ 3-10% ThO_2 ਹੁੰਦਾ ਹੈ। ਹੋਰ ਘੱਟ ਮਹੱਤਤਾ ਵਾਲੇ ਖਣਿਜ ਜਿਨ੍ਹਾਂ ਵਿਚ ਥੋਰੀਅਮ ਹੁੰਦਾ ਹੈ ਥੋਰਾਈਟ, ਥੋਰੀਏਨਾਈਟ ਅਤੇ ਯੂਰੇਨੋਥੋਰਾਈਟ ਹਨ।

ਧਾਤਕਰਮ ਨਿਸ਼ਕਰਸ਼ਣ—ਥੋਰੀਅਮ ਦੀ ਪੁਨਰ ਪ੍ਰਾਪਤੀ ਲਈ ਵਿਧੀਆਂ ਆਮ ਕਰਕੇ ਮੋਨਾਜ਼ਾਈਟ ਰੇਤ ਦੇ, ਗੰਧਕ ਦੇ ਗਾੜ੍ਹੇ ਤੇਜ਼ਾਬ ਜਾਂ ਗਰਮ ਗਾੜ੍ਹੇ ਕਾਸਟਿਕ ਨਾਲ ਕਾੜ੍ਹਨ ਨਾਲ ਸ਼ੁਰੂ ਹੁੰਦੀਆਂ ਹਨ। ਇਸ ਤੋਂ ਬਾਅਦ ਇਸੇ ਮੁੱਢਲੀ ਕਿਰਿਆ ਤੋਂ ਬਹੁਤ ਬਦਲਵੀਆਂ ਰਸਾਇਣਿਕ ਕਿਰਿਆਵਾਂ ਦੁਆਰਾ ਅਸ਼ੁੱਧ ਥੋਰੀਅਮ ਦਾ ਸੰਘਣਾ ਪਦਾਰਥ ਬਣ ਜਾਂਦਾ ਹੈ। ਇਸ ਅਸ਼ੁੱਧ ਸੰਘਣੇ ਪਦਾਰਥ ਦੀ ਤਰਲ ਨਿਸ਼ਕਰਸ਼ਣ ਵਿਧੀ ਦੁਆਰਾ ਕਿਰਿਆ ਕਰਵਾ ਕੇ ਉੱਚ-ਸ਼ੁੱਧਤਾ ਵਾਲਾ ਥੋਰੀਅਮ ਤਿਆਰ ਕੀਤਾ ਜਾ ਸਕਦਾ ਹੈ। ਪਾਣੀ, ਟ੍ਰਾਈਬਿਊਟਾਈਲ ਫ਼ਾੱਸਫ਼ੇਟ, ਨਾਈਟ੍ਰਿਕ ਐਸਿਡ, ਥੋਰੀਅਮ ਅਤੇ ਸ਼ਾਮਲ ਅਸ਼ੁੱਧੀਆਂ ਦੇ ਬਣੇ ਇਕ ਸਿਸਟਮ ਲਈ ਪਾਣੀ ਅਮਿਸ਼ਰਣਯੋਗ ਟ੍ਰਾਈਬਿਊਟਾਈਲ ਫ਼ਾੱਸਫ਼ੇਟ ਫ਼ੇਜ਼ ਨਾਲ ਥੋਰੀਅਮ ਕੱਢਣ ਲਈ ਇਕ ਨਿਸ਼ਕਰਸ਼ਕ ਲਗਾਇਆ ਜਾ ਸਕਦਾ ਹੈ, ਜਦੋਂ ਕਿ ਅਸ਼ੁੱਧੀਆਂ ਜਲੀ ਫ਼ੇਜ਼ ਵਿਚ ਚਲੀਆਂ ਜਾਂਦੀਆਂ ਹਨ। ਸਾਧਾਰਣ ਤੌਰ ਤੇ ਸ਼ੁੱਧ ਕੀਤੇ ਥੋਰੀਅਮ ਦਾ ਉਲਟਾ ਨਿਸ਼ਕਰਸ਼ਣ ਜਲੀ ਘੋਲ ਵਿਚ ਕੀਤਾ ਜਾਂਦਾ ਹੈ ਫਿਰ ਨਾਈਟ੍ਰੇਟ ਦੇ ਰੂਪ ਵਿਚ ਘੋਲ ਵਿਚੋਂ ਰਵੇ ਬਣਾ ਲਏ ਜਾਂਦੇ ਹਨ ਜਾਂ ਆੱਕਸੇਲੇਟ ਦੇ ਰੂਪ ਵਿਚ ਤਲਛੱਟ ਬਣਾ ਲਿਆ ਜਾਂਦਾ ਹੈ। ਇਨ੍ਹਾਂ ਸ਼ੁੱਧ ਲੂਣਾਂ ਤੋਂ ਆੱਕਸਾਈਡ ਜਾਂ ਥੋਰੀਅਮ ਦੇ ਹੋਰ ਯੋਗਿਕ ਤਿਆਰ ਕੀਤੇ ਜਾ ਸਕਦੇ ਹਨ।

ਥੋਰੀਅਮ ਦੇ ਕਾਫ਼ੀ ਕਿਰਿਆਸ਼ੀਲ ਹੋਣ ਕਾਰਨ ਥੋਰੀਅਮ ਧਾਤ ਤਿਆਰ ਕਰਨ ਵਿਚ ਕੁਝ ਮੁਸ਼ਕਿਲ ਪੇਸ਼ ਆਉਂਦੀ ਹੈ। ਕੇਵਲ ਇਲੈੱਕਟ੍ਰਾਲਿਸਿਜ਼ ਜਾਂ ਬਿਜਲਵਾਹਨ ਬਲ ਸੀਰੀਜ਼ ਵਿਚਲੇ ਉੱਚ ਤੱਤਾਂ (ਖਾਰ ਅਤੇ ਖਾਰੀ ਮਿੱਟੀ ਧਾਤਾਂ) ਨਾਲ ਕਿਰਿਆ ਦੁਆਰਾ ਚੰਗੇ ਗੁਣਾਂ ਵਾਲੀ ਥੋਰੀਅਮ ਧਾਤ ਸਿੱਧੇ ਹੀ ਇਸ ਦੇ ਯੋਗਿਕਾਂ ਤੋਂ ਤਿਆਰ ਕੀਤੀ ਗਈ ਹੈ।

ਥੋਰੀਅਮ ਧਾਤ ਤਿਆਰ ਕਰਨ ਲਈ ਕਈ ਸਾਲਾਂ ਤਕ ਥੋਰੀਏਨਾਈਟ ਦੀ ਕੈਲਸੀਅਮ ਲਘੂਕਰਨ ਵਿਧੀ ਵਧੇਰੇ ਪ੍ਰਚੱਲਿਤ ਰਹੀ ਹੈ। ਇਸ ਵਿਧੀ ਵਿਚ ਦਾਣੇਦਾਰ ਜਾਂ ਰਵੇਦਾਰ ਕੈਲਸੀਅਮ ਧਾਤ ਨੂੰ ਥੋਰੀਅਮ ਆੱਕਸਾਈਡ ਨਾਲ ਮਿਲਾ ਕੇ ਅੰਦਰ ਲੱਗੀ ਲੋਹੇ ਦੀ ਕੁਠਾਲੀ ਵਿਚ ਪਾ ਦਿੱਤਾ ਜਾਂਦਾ ਹੈ। ਫਿਰ ਇਸ ਨੂੰ ਇਕ ਅਕਿਰਿਆਸ਼ੀਲ ਗੈਸ ਨਾਲ ਭਰ ਕੇ ਥੋਰੀਅਮ ਧਾਤ ਦਾ ਪਾਊਡਰ ਅਤੇ ਕੈਲਸੀਅਮ ਆੱਕਸਾਈਡ ਬਣਾਉਣ ਲਈ ਲਗਭਗ 1000° ਸੈਂ. ਉੱਤੇ ਗਰਮ ਕੀਤਾ ਜਾਂਦਾ ਹੈ। ਕਮਰੇ ਦੇ ਤਾਪਮਾਨ ਤੱਕ ਠੰਢਾ ਕਰਨ ਮਗਰੋਂ ਖੋਰਨ-ਵਿਧੀ ਦੁਆਰਾ ਅਤੇ ਫਿਰ ਸੁਕਾ ਕੇ ਥੋਰੀਅਮ ਧਾਤ ਪ੍ਰਾਪਤ ਹੁੰਦੀ ਹੈ। ਵਧੇਰੇ ਮਾਤਰਾ ਵਿਚ ਥੋਰੀਅਮ ਪ੍ਰਾਪਤ ਕਰਨ ਲਈ ਪਾਊਡਰ ਧਾਤਕਰਮ ਤਕਨੀਕ ਵਰਤੇ ਜਾਂਦੇ ਹਨ।

ਵੱਡੇ ਪੈਮਾਨੇ ਉੱਤੇ ਥੋਰੀਅਮ ਧਾਤ ਦਾ ਉਤਪਾਦਨ ਬੰਬ ਵਿਧੀ ਨਾਲ ਕੀਤਾ ਜਾਂਦਾ ਹੈ। ਥੋਰੀਅਮ ਟੈੱਟ੍ਰਾਫਲੋਰਾਈਡ, ਦਾਣੇਦਾਰ ਕੈਲਸੀਅਮ ਧਾਤ ਅਤੇ ਜਿਸਤ ਕਲੋਰਾਈਡ ਦੇ ਮਿਸ਼ਰਣ ਨੂੰ ਉੱਚ ਤਾਪ ਸਹਿ- ਅੰਦਰਸ ਵਾਲੇ ਬਰਤਨ ਵਿਚ ਰੱਖ ਕੇ ਢੱਕਣ ਨਾਲ ਬੰਦ ਕਰ ਦਿੱਤਾ ਜਾਂਦਾ ਹੈ। ਇਸ ਭਰੇ ਹੋਏ (ਚਾਰਜਿਤ) ਬੰਬ ਨੂੰ ਇਕ ਭੱਠੀ ਵਿਚ ਰਖਿਆ ਜਾਂਦਾ ਹੈ, ਜਿਸ ਦਾ ਤਾਪਮਾਨ ਲਗਭਗ 650° ਸੈਂ. ਹੁੰਦਾ ਹੈ। ਇਥੇ ਕੁਝ ਮਿੰਟਾਂ ਬਾਅਦ ਮਿਸ਼ਰਣ ਇਕ ਦਮ ਬਲ ਉਠਦਾ ਹੈ ਅਤੇ ਸਿੱਟੇ ਵਜੋਂ ਕਿਰਿਆ ਨਾਲ ਕੈਲਸੀਅਮ ਫਲੋਰਾਈਡ ਤੇ ਕੈਲਸੀਅਮ ਕਲੋਰਾਈਡ ਦੀ ਧਾਤ-ਮੈਲ ਅਤੇ ਥੋਰੀਅਮ ਤੇ ਜਿਸਤ ਦੀ ਇਕ ਮਿਸ਼ਰਿਤ-ਧਾਤ ਬਣਦੀ ਹੈ। ਕਿਰਿਆ ਦੁਆਰਾ ਬੰਬ ਅੰਦਰ ਜੋ ਤਾਪਮਾਨ ਹੋ ਜਾਂਦਾ ਹੈ, ਉਹ ਪੈਦਾ ਹੋਈਆਂ ਉਪਜਾਂ ਨੂੰ ਪਿਘਲਾਉਣ ਲਈ ਕਾਫ਼ੀ ਹੁੰਦਾ ਹੈ। ਵਧੇਰੇ ਥੋਰੀਅਮ ਵਾਲੀ ਮਿਸ਼ਰਿਤ-ਧਾਤ ਤਰਲ ਧਾਤ-ਮੈਲ ਦੇ ਹੇਠਾਂ ਪਿਘਲੇ ਹੋਏ ਪੂਲ ਦੇ ਰੂਪ ਵਿਚ ਇਕੱਠੀ ਹੋ ਜਾਂਦੀ ਹੈ। ਫਿਰ ਬੰਬ ਨੂੰ ਠੰਢਾ ਹੋਣ ਦਿੱਤਾ ਜਾਂਦਾ ਹੈ ਅਤੇ ਮਗਰੋਂ ਥੋਰੀਅਮ ਮਿਸ਼ਰਿਤ ਧਾਤ ਦੇ ਠੋਸ ਟੁਕੜੇ ਕੱਢ ਕੇ ਚਿੰਬੜੀ ਹੋਈ ਧਾਤ-ਮੈਲ ਤੋਂ ਸਾਫ਼ ਕੀਤਾ ਜਾਂਦਾ ਹੈ। ਇਸ ਤੋਂ ਬਾਅਦ ਮਿਸ਼ਰਿਤ-ਧਾਤ ਨੂੰ ਖ਼ਲਾ ਵਿਚ 1100° ਸੈਂ. ਤਕ ਗਰਮ ਕਰਕੇ ਜਿਸਤ ਵੱਖਰਾ ਕਰ ਲਿਆ ਜਾਂਦਾ ਹੈ ਅਤੇ ਥੋਰੀਅਮ ਧਾਤ ਇਕ ਸਪੰਜ ਦੇ ਰੂਪ ਵਿਚ ਰਹਿ ਜਾਂਦੀ ਹੈ। ਥੋਰੀਅਮ ਧਾਤ ਦੀਆਂ ਠੋਸ ਡਲੀਆਂ ਇਕ ਕੁਠਾਲੀ ਵਿਚ ਸਪੰਜ ਦੇ ਖ਼ਲਾ-ਪ੍ਰੇਰਨ-ਪਿਘਲਾਉਣ ਨਾਲ ਜਾਂ ਸਪੰਜ ਨੂੰ ਛੜਾਂ ਦਾ ਰੂਪ ਦੇ ਕੇ ਇਨ੍ਹਾਂ ਨੂੰ ਖ਼ਪਤ ਯੋਗ ਇਲੈਕੱਟ੍ਰੋਡ ਆਰਕ ਮੈਲਟਿੰਗ ਨਾਲ ਪਿਘਲਾਉਣ ਨਾਲ ਬਣਦੀਆਂ ਹਨ। ਚੰਗੇ ਗੁਣਾਂ ਵਾਲੀ ਥੋਰੀਅਮ ਧਾਤ ਨੂੰ ਬੜੀ ਆਸਾਨੀ ਨਾਲ ਘਾੜਤ ਦੇ ਸਟੈਂਡਰਡ ਢੰਗ ਵਰਤ ਕੇ ਲੋੜੀਂਦੇ ਰੂਪ ਵਿਚ ਢਾਲਿਆ ਜਾ ਸਕਦਾ ਹੈ।

ਗੁਣ—ਥੋਰੀਅਮ ਦਾ ਪਰਮਾਣਵੀ ਭਾਰ 232 ਅਤੇ ਘਣਤਾ 11.7 ਗ੍ਰਾ. ਪ੍ਰਤਿ ਸੈਂ. ਮੀ. ਹੈ। ਚੰਗੇ ਗੁਣਾਂ ਵਾਲੀ ਥੋਰੀਅਮ ਧਾਤ ਸਾਪੇਖੀ ਤੌਰ ਤੇ ਨਰਮ ਅਤੇ ਖਿਚੀਣਯੋਗ ਹੁੰਦੀ ਹੈ। ਉੱਚ ਤਾਪਮਾਨਾਂ ਉੱਤੇ ਹੋਣ ਵਾਲੀਆਂ ਕਿਰਿਆਵਾਂ ਵਿਚ, ਇਸ ਦਾ ਆੱਕਸੀਕਰਨ ਹੋਣ ਤੋਂ ਬਚਾਉਣ ਲਈ, ਇਸ ਨੂੰ ਸੁਰੱਖਿਅਤ ਰਖਣਾ ਜ਼ਰੂਰੀ ਹੈ। ਇਸ ਧਾਤ ਦਾ ਰੰਗ ਚਾਂਦੀ ਵਰਗਾ ਹੁੰਦਾ ਹੈ ਪਰ ਵਾਯੂਮੰਡਲ ਵਿਚ ਕਾਫ਼ੀ ਦੇਰ ਪ੍ਰਕਾਸ਼-ਪ੍ਰਭਾਵਨ ਨਾਲ ਮੱਧਮ ਹੋ ਜਾਂਦਾ ਹੈ। ਬਹੁਤ ਬਾਰੀਕ ਕੀਤਾ ਥੋਰੀਅਮ ਹਵਾ ਵਿਚ ਸਵੈ- ਜਲਣਸ਼ੀਲ ਹੈ।

ਧਾਤ ਵਿਚ ਥੋਰੀਅਮ ਦੇ ਪਰਮਾਣੂ 1400° ਸੈਂ. ਤੋਂ ਹੇਠਾਂ ਸਭ ਤਾਪਮਾਨਾਂ ਉੱਤੇ ਫਲਕ ਕੇਂਦ੍ਰਿਤ ਘਣਾਕਾਰ ਸਿਸਟਮ ਵਿਚ ਕ੍ਰਮਬੱਧ ਹੁੰਦੇ ਹਨ। ਗਰਮ ਕਰਨ ਨਾਲ ਪਰਮਾਣੂ ਇਸ ਤਾਪਮਾਨ ਉੱਤੇ ਇਕ

ਅੰਤਰ -ਕੇਂਦ੍ਰਿਤ ਘਣਾਕਾਰ ਪੈਟਰਨ ਵਿਚ ਪੁਨਰ ਕ੍ਰਮਬੱਧ ਹੋ ਜਾਂਦੇ ਹਨ ਜਿਹੜਾ ਕਿ ਪਿਘਲਾਉ ਤਾਪਮਾਨ ਤੱਕ ਸਥਾਈ ਹੈ। ਇਸ ਦਾ ਪਿਘਲਾਉ ਦਰਜਾ 1750° ਸੈਂ. ਦੇ ਨੇੜੇ ਤੇੜੇ ਮੰਨਿਆ ਜਾਂਦਾ ਹੈ।

ਥੋਰੀਅਮ : ਐਕਟਿਨਾਈਡ ਸੀਰੀਜ਼ ਦੇ ਤੱਤਾਂ ਦਾ ਮੈਂਬਰ ਹੈ ਜਿਨ੍ਹਾਂ ਵਿਚ ਪ੍ਰੋਟੈਕਟੀਨੀਅਮ, ਯੂਰੇਨੀਅਮ ਅਤੇ ਸੰਸ਼ਲਿਸ਼ਟ ਟ੍ਰਾਂਸਯੂਰੇਨਿਕ ਤੱਤ ਸ਼ਾਮਲ ਹਨ। ਇਹ ਰੇਡੀਓ ਐਕਟਿਵ ਤੱਤ ਹੈ ਅਤੇ ਇਸ ਦੀ ਅਰਧ-ਆਯੂ 14×10^9 ਸਾਲ ਹੈ। ਦੁਰਲੱਭ ਗੈਸਾਂ ਤੋਂ ਛੁੱਟ ਸਾਰੇ ਅਧਾਤਵੀ ਤੱਤ ਥੋਰੀਅਮ ਨਾਲ ਦੋ -ਅੰਗੀ ਯੋਗਿਕ ਬਣਾਉਂਦੇ ਹਨ। ਬੈਰੀਲੀਅਮ, ਮੈਗਨੀਸ਼ੀਅਮ, ਬੋਰਾਨ, ਐਲੂਮੀਨੀਅਮ ਅਤੇ ਸਿਲੀਕਾਨ ਨਾਲ ਅਤੇ ਆਵਰਤੀ ਚਾਰਟ ਦੇ ਤਿੰਨ ਲੰਬੇ ਪੀਰੀਅਡਾਂ ਵਿਚਲੇ ਸਾਰੇ ਤੱਤਾਂ ਜਿਹੜੇ VI b ਗਰੁੱਪ ਵਿਚ ਸੱਜੇ ਪਾਸੇ ਸਥਿਤ ਹਨ, ਥੋਰੀਅਮ ਦੇ ਅੰਤਰ-ਧਾਤਵੀ ਯੋਗਿਕਾਂ ਦਾ ਪਤਾ ਵੀ ਲਗਿਆ ਹੈ। ਥੋਰੀਅਮ ਦੇ ਕਈ ਯੋਗਿਕ ਖ਼ਾਸ ਕਰਕੇ ਚਾਂਦੀ, ਸੋਨੇ ਅਤੇ ਤਾਂਬੇ ਨਾਲ ਬਣੇ ਹੋਏ ਸਵੈ-ਜਲਣਸ਼ੀਲ ਹਨ।

ਮੁੱਖ ਯੋਗਿਕ—ਥੋਰੀਅਮ ਦੇ ਅਕਾਰਬਨੀ ਯੌਗਿਕਾਂ ਜਾਂ ਘੋਲਾਂ ਦੇ ਕਈ ਦਿਖਣਯੋਗ ਸਪੈੱਕਟ੍ਰਮ ਰੰਗ ਨਹੀਂ ਬਣਦੇ। ਕੁਝ ਕੁ ਛੋਟਾਂ ਬਿਨਾਂ ਥੋਰੀਅਮ ਦੇ ਸਾਰੇ ਲੂਣਾਂ ਵਿਚ ਇਸ ਦੀ ਸੰਯੋਜਕਤਾ 4+ ਹੁੰਦੀ ਹੈ। ਰਸਾਇਣਿਕ ਤੌਰ ਤੇ ਇਹ ਜ਼ਰਕੋਨੀਅਮ ਅਤੇ ਹੈਫ਼ਨੀਅਮ ਨਾਲ ਥੋੜ੍ਹਾ ਮਿਲਦਾ ਜੁਲਦਾ ਹੈ। ਥੋਰੀਅਮ ਦਾ ਸਭ ਤੋਂ ਸਾਧਾਰਣ ਘੁਲਣਸ਼ੀਲ ਯੋਗਿਕ ਨਾਈਟ੍ਰੇਟ ਹੈ, ਜਿਸ ਦਾ ਫ਼ਾਰਮੂਲਾ $Th(No_3)_4 .4H_2O$ ਹੈ।

ਥੋਰੀਅਮ ਦਾ ਆਮ ਆੱਕਸਾਈਡ ਥੋਰੀਅਮ ThO_2 ਹੈ। ਇਹ ਥੋਰੀਅਮ ਦੇ ਨਾਈਟ੍ਰੇਟ, ਆੱਕਸੇਲੇਟ, ਹਾਈਡ੍ਰਾੱਕਸਾਈਡ ਅਤੇ ਦੂਸਰੇ ਯੋਗਿਕਾਂ ਦੇ ਤਾਪ ਅਪਘਟਨ ਦੁਆਰਾ ਬਣਦਾ ਹੈ। ਜਲਯੋਜਨ-ਪਾਣੀ ਨਾਲ ਥੋਰੀਅਮ ਦਾ ਪਰਆੱਕਸਾਈਡ ਅਤੇ ਹਾਈਡ੍ਰਾੱਕਸਾਈਡ ਦਾ ਥੋਰੀਅਮ ਲੂਣਾਂ ਦੇ ਘੋਲਾਂ ਵਿਚੋਂ ਤਲਛੱਟ ਤਿਆਰ ਕੀਤਾ ਜਾ ਸਕਦਾ ਹੈ।

ਹੈਲੋਜੈੱਨ, ਥੋਰੀਅਮ ਨਾਲ ਭਿੰਨ-ਭਿੰਨ ਕਿਸਮ ਦੇ ਲੂਣ ਬਣਾਉਂਦੇ ਹਨ। ਥੋਰੀਅਮ ਟੈੱਟ੍ਰਾਹੈਲਾਈਡ ਜਿਨ੍ਹਾਂ ਦਾ ਸਾਧਾਰਣ ਫ਼ਾਰਮੂਲਾ Thx_4 (x = ਹੈਲੋਜੈੱਨ) ਹੈ, ਜਲਹੀਣ ਅਤੇ ਵੱਖ-ਵੱਖ ਹਾਈਡ੍ਰੇਸ਼ਨ ਦੀ ਡਿਗਰੀ ਵਾਲੇ ਮਿਲਦੇ ਹਨ। ਥੋਰੀਅਮ ਦੇ ਹੈਲਾਈਡਾਂ ਦਾ ਝੁਕਾਅ ਦੂਸਰੇ ਹੈਲਾਈਡਾਂ (ਜਿਵੇਂ ਕਿ ਖਾਰੀਆਂ ਧਾਤਾਂ ਦੇ ਹੈਲਾਈਡ) ਨਾਲ ਮਿਲ ਕੇ ਦੂਹਰੇ ਲੂਣ ਬਣਾਉਣ ਵਲ ਹੁੰਦਾ ਹੈ।

ਥੋਰੀਅਮ ਸਲਫ਼ੇਟ ਜਲਹੀਣ ਜਾਂ ਕ੍ਰਿਸਟਲੀਕਰਨ ਜਲ ਦੇ 2, 4, 6, 8 ਜਾਂ 9 ਅਣੂਆਂ ਵਿਚ ਪ੍ਰਾਪਤ ਕੀਤਾ ਜਾ ਸਕਦਾ ਹੈ। ਜਦੋਂ ਥੋਰੀਅਮ ਸਲਫ਼ੇਟ ਦੇ ਪਾਣੀ ਵਿਚ ਹਲਕੇ ਘੋਲ ਨੂੰ ਉਬਾਲਿਆ ਜਾਂਦਾ ਹੈ ਤਾਂ ਕੁਝ ਕੁ ਖਾਰਾਂ ਅਘੁਲਣਸ਼ੀਲ ਸਲਫ਼ੇਟ ਬਣਦਾ ਹੈ। ਖਾਰੀਆਂ ਧਾਤਾਂ ਜਾਂ ਅਮੋਨੀਅਮ ਨਾਲ ਥੋਰੀਅਮ ਦੇ ਦੂਹਰੇ ਲੂਣ ਵੀ ਮਿਲਦੇ ਹਨ। ਥੋਰੀਅਮ ਦੇ ਥਾਇਓਸਲਫ਼ੇਟ ਅਤੇ ਹਾਈਡ੍ਰੋਸਲਫ਼ੇਟ ਪਾਣੀ ਵਿਚ ਅਘੁਲਣਸ਼ੀਲ ਯੋਗਿਕ ਹਨ। ਥੋਰੀਅਮ ਕਾਰਬੋਨੇਟ, ਫ਼ਾਸਫ਼ੇਟ, ਕਲੋਰੇਟ, ਮਾੱਲਿਬਡੇਟ, ਕ੍ਰੋਮੇਟ, ਆਇਓਡੇਟ ਅਤੇ ਇਸ ਦੇ ਹੋਰ ਅਕਾਰਬਨੀ ਲੂਣ ਵੀ ਕਾਫ਼ੀ ਮਹੱਤਵਪੂਰਨ ਹਨ। ਥੋਰੀਅਮ, ਕਾਰਬਨੀ ਤੇਜ਼ਾਬਾਂ ਨਾਲ ਵੀ ਲੂਣ ਬਣਾਉਂਦਾ ਹੈ, ਜਿਨ੍ਹਾਂ ਵਿਚ ਪਾਣੀ ਵਿਚ ਘੁਲਣਸ਼ੀਲ ਆੱਕਸੇਲੇਟ ਹੈ, ਜਿਹੜਾ ਕਿ ਥੋਰੀਅਮ ਦੇ ਸ਼ੁੱਧ ਯੋਗਿਕ ਬਣਾਉਂਦਾ ਹੈ।

ਵਿਸ਼ਲੇਸ਼ੀ ਵਿਧੀਆਂ—ਚਟਾਨਾਂ ਅਤੇ ਹੋਰ ਕੁਦਰਤੀ ਸ੍ਰੋਤਾਂ ਵਿਚ ਥੋਰੀਅਮ ਦੀ ਘੱਟ ਮਾਤਰਾ ਦਾ ਅੰਦਾਜ਼ਾ, ਸੈਂਪਲ ਦੇ ਰੇਡੀਓਐਕੱਟਿਵਤਾ ਅਧਿਐਨ ਤੋਂ ਲਗਾਇਆ ਜਾ ਸਕਦਾ ਹੈ। ਥੋਰੀਅਮ ਲਈ ਪਦਾਰਥਾਂ ਦੇ ਰਸਾਇਣਿਕ ਵਿਸ਼ਲੇਸ਼ਣ ਲਈ ਆਮ ਤੌਰ ਤੇ ਥੋਰੀਅਮ ਦਾ ਗੰਧਕ ਦੇ ਤੇਜ਼ਾਬ ਵਿੱਚ ਘੋਲ ਬਣਾਉਣਾ ਪੈਂਦਾ ਹੈ। ਫਿਰ ਥੋਰੀਅਮ ਨੂੰ ਵਿਘਨਕਾਰੀ ਆਇਨਾਂ ਨਾਲੋਂ ਵਖਰਾ ਕਰਨਾ ਜ਼ਰੂਰੀ ਹੈ। ਇਸ ਮੰਤਵ ਲਈ ਆਇਨ ਵਟਾਂਦਰਾ ਜਾਂ ਘੋਲਕ ਨਿਸ਼ਕਰਸ਼ ਜਾਂ ਪਾਇਰੋਫ਼ਾਸਫ਼ੇਟ ਜਾਂ ਆਇਓਡਾਈਡ ਦੇ ਤੌਰ ਤੇ ਤਲਛੱਟਣ ਵਿਧੀਆਂ ਅਪਣਾਈਆਂ ਜਾਂਦੀਆਂ ਹਨ। ਥੋਰੀਅਮ ਦਾ ਆਖਰੀ ਨਿਰਧਾਰਨ ਅਨੁਮਾਪਨਤਾ, ਭਾਰਾਤਮਕ ਜਾਂ ਵਰਨਮਾਪਕੀ ਢੰਗਾਂ ਰਾਹੀਂ ਕੀਤਾ ਜਾਂਦਾ ਹੈ।

ਹ. ਪੁ. — ਮੈਕ. ਐਨ. ਸ. ਟ. 13 : 629



ਦ

ਗੁਰਦੁਆਰਾ ਦੁਖਨਿਵਾਰਨ ਸਾਹਿਬ

ਭਾਰਤੀ ਭਾਸ਼ਾਵਾਂ ਦੇ ਵਿਕਾਸ ਕ੍ਰਮ ਅਨੁਸਾਰ 'ਦ' ਦੀ ਬਣਾਵਟ ਕੁਟਿਲ ਲਿਪੀ ਸਮੇਂ ਹੋ ਚੁੱਕੀ ਸੀ। ਗੁਰਮੁਖੀ ਲਿਪੀ ਦਾ ਇਹ 23 ਵਾਂ ਅੱਖਰ ਅਤੇ 20 ਵਾਂ ਵਿਅੰਜਨ ਹੈ। ਇਸ ਵਿਅੰਜਨ ਦਾ ਉਚਾਰਣ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ 'ਦਦਾ' ਚਲਿਆ ਆ ਰਿਹਾ ਹੈ। ਰਾਗ ਆਸਾ ਮਹਲਾ ੧ ਪਟੀ ਅਨੁਸਾਰ

ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥

ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥

(ਪੰਨਾ 433)

ਇਹ 'ਪਟੀ' ਅਨੁਸਾਰ 21 ਵਾਂ ਅੱਖਰ ਹੈ। 'ਪਟੀ' ਅਨੁਸਾਰ ਗੁਰਮੁਖੀ ਵਰਣਮਾਲਾ ਦੀ ਤਰਤੀਬ ਹੇਠ ਲਿਖੇ ਅਨੁਸਾਰ ਮਿਲਦੀ ਹੈ।

ਸ, ੲ, ੳ, ਙ, ਕ, ਖ, ਗ, ਘ, ਚ, ਛ, ਜ, ਞ, ਞ, ਟ, ਠ, ਡ, ਢ, ਣ, ਤ, ਥ, ਦ, ਧ, ਨ, ਪ, ਫ, ਬ, ਭ, ਮ, ਯ, ਰ, ਲ, ਵ, ੜ, ਹ, ਅ

'ਦਦਾ ਦਾਤਾ ਏਕੁ ਹੈ' (ਗੁਰੂ ਅਰਜਨ) ਅਤੇ 'ਦਦਾ ਦੇਖਿ ਜੁ ਬਿਨਸਨਹਾਰਾ (ਕਬੀਰ) ਅਨੁਸਾਰ ਵੀ 'ਦਦਾ' ਉਚਾਰਣ ਹੈ।

'ਦ' ਅੱਖਰ ਦੀ ਬਣਾਵਟ ਲਿਪੀਆਂ ਦੇ ਲੰਮੇ ਇਤਿਹਾਸ ਵਿਚ ਹੇਠ ਲਿਖੇ ਅਨੁਸਾਰ ਬਣਦੀ ਰਹੀ ਹੈ—

ਬ੍ਰਹਮੀ	ਪਾਲੀ	ਕੁਟਿਲ	ਨਾਗਰੀ
ਸ਼ਾਰਦਾ	ਟਾਕਰੀ	ਲੰਡੇ	ਗੁਰਮੁਖੀ
			ਦ

'ਦ' ਦੀ ਬਣਾਵਟ ਨੂੰ ਬ੍ਰਹਮੀ ਦਾ ਵਿਕਸਿਤ ਰੂਪ ਮੰਨਿਆ ਜਾਂਦਾ ਹੈ।

'ਦ' ਦੰਤੀ ਵਿਅੰਜਨਾਂ ਅੰਦਰ ਹੈ ਪਰ ਇਹ ਸਘੋਸ਼ ਅਲਪ ਪ੍ਰਾਣ ਧੁਨੀ ਹੈ ਅਤੇ ਮੁੱਖ ਦੁਆਰਾ ਉਚਾਰਿਆ ਜਾਣ ਵਾਲਾ 'ਡਕਵਾਂ ਵਿਅੰਜਨ'ਹੈ। ਸਘੋਸ਼ ਵਿਅੰਜਨ ਦੇ ਉਚਾਰਣ ਸਮੇਂ ਸੁਰ-ਤੰਦਾਂ ਵਿਚ ਕਾਂਬਾ ਜਿਹਾ ਪੈਦਾ ਹੁੰਦਾ ਹੈ ਜਿਸ ਨੂੰ ਨਾਦੀ ਵਿਅੰਜਨ ਵੀ ਕਹਿੰਦੇ ਹਨ। ਅਲਪ-ਪ੍ਰਾਣ ਅਤੇ ਮਹਾਂਪ੍ਰਾਣ ਦਾ ਅੰਤਰ ਫੇਫੜਿਆਂ ਵਿਚੋਂ ਬਾਹਰ ਆਉਂਦੀ ਹਵਾ ਦੀ ਮਾਤਰਾ ਨਾਲ ਹੈ। ਜਦੋਂ ਮੂੰਹ ਵਿਚੋਂ ਸਹਿਜ ਰੂਪ ਵਿਚ ਹਵਾ ਬਾਹਰ ਆਵੇ ਤਾਂ ਉਹ ਅਲਪ-ਪ੍ਰਾਣ ਹੈ। ਜਦੋਂ ਫਰਾਟੇ

	ਅੱਜ ਦੀ ਗੁਰਮੁਖੀ		ਦ
ਗੁਪਤ ਲਿਪੀ	ਅਲਾਹਾਬਾਦ	(375 ਈ.)	
	ਬਾਵਰ	(400-500 ਈ.)	
	ਮੰਦਸੋਰ	(532 ਈ.)	
ਕੁਟਿਲ ਲਿਪੀ	ਹੋਰਯੁਜੀ	(500-550 ਈ.)	
	ਹਰਸ਼ ਸਮੇਂ ਦੀ ਲਿਖਤ	(606-647 ਈ.)	
	ਮੇਰੂ ਵਰਮਾ ਚੰਬਾ	(800 ਈ.)	
	ਬਖਸ਼ਾਲੀ	(800 ਈ.)	
ਸ਼ਾਰਦਾ ਲਿਪੀ	ਸਰਾਹਾਂ	(10 ਵੀ ਸਦੀ)	
	ਸੁੰਗਲ	(11 ਵੀ ਸਦੀ)	
	ਕਲੈਤ (11 ਵੀ ਸਦੀ) ਬੈਜਨਾਥ	(1204 ਈ.)	
	ਕੁੱਲੂ	(1559 ਈ.)	
	ਸ਼ਕੁੰਤਲਾ	ਖਰੜਾ (16 ਵੀ ਸਦੀ)	
	ਸ਼ਾਰਦਾ	(ਮੌਜੂਦਾ)	
	ਟਾਕਰੀ		
	ਲੰਡੇ		
	ਡੋਗਰੀ		
ਗੁਰਮੁਖੀ ਲਿਪੀ	ਪੋਥੀਆਂ ਬਾਬਾ ਮੋਹਨ ਜੀ	(1559-1574 ਈ.)	
	ਬੀੜ ਧਰਮਸ਼ਾਲਾ ਹਕੀਮ ਬੂਟਾ ਸਿੰਘ	(16 ਵੀ ਸਦੀ)	
	ਸਾਖੀ ਵਲਾਇਤ ਵਾਲੀ	(17 ਵੀ ਸਦੀ)	
	ਦਸ਼ਮੇਸ਼ ਦਾ ਸ਼ਿਕਸਤਾ	(ਲਗਭਗ 18 ਵੀ ਸਦੀ)	
	ਪਾਦਰੀਆਂ ਵਾਲਾ ਟਾਈਪ	(1850 ਈ.)	ਦ

ਨਾਲ ਬਾਹਰ ਆਵੇ ਤਾਂ ਉਹ ਮਹਾਂ ਪ੍ਰਾਣ ਹੈ। 'ਦ' ਸ਼ੁੱਧ ਦੰਤੀ ਧੁਨੀ ਦੇ ਵਰਗ ਅੰਦਰ ਆਉਂਦਾ ਹੈ ਅਤੇ ਮੂੰਹ ਰਾਹੀਂ ਬੋਲਿਆ ਜਾਂਦਾ ਹੈ। 'ਸਵਾਲ ਲਿਪੀ ਦਾ : ਇਕ ਪ੍ਰਤੀਉੱਤਰ' ਨਿਬੰਧ ਵਿਚ ਡਾ. ਪ੍ਰੇਮ ਪ੍ਰਕਾਸ਼ ਸਿੰਘ 'ਦ' ਨੂੰ ਨਾਦੀ ਅਲਪ ਪ੍ਰਾਣ ਵਿਅੰਜਨ ਮੰਨਦੇ ਹਨ ਜਿਹੜਾ ਦੰਤੀ, ਡੱਕਵਾਂ ਤੇ ਸਪਰਸ਼ੀ ਹੈ।

ਸੰਸਕ੍ਰਿਤ ਵਿਚ 'ਦ' ਸੰਗਿਆ ਹੈ ਅਤੇ ਇਸ ਦੇ ਕਈ ਅਰਥ ਨਿਸ਼ਚਿਤ ਹਨ ਜਿਵੇਂ ਪਹਾੜ, ਦੰਦ, ਰਖਿਆ, ਵਹੁਟੀ, ਦਾਤਾ ਆਦਿ। ਕੁਝ ਸ਼ਬਦਾਂ ਦੇ ਅੰਤ ਵਿਚ ਲੱਗਣ ਨਾਲ ਇਸ ਦਾ ਅਰਥ ਦੇਣ ਵਾਲਾ/ਦਾਤਾ ਬਣ ਜਾਂਦਾ ਹੈ ਜਿਵੇਂ ਸੁਖਦ= ਸੁਖ ਦੇਣ ਵਾਲਾ। 'ਦ' ਨਾਲ ਸਾਰੀਆਂ ਲਗਾਂ -ਮਾਤਰਾਵਾਂ ਲਗ ਸਕਦੀਆਂ ਹਨ।

ਹ. ਪੁ.–ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ - ਸ਼੍ਰੋ. ਗੁ.ਪ੍ਰ.ਕ. ਅੰਮ੍ਰਿਤਸਰ; ਗੁਰਮੁਖੀ ਲਿਪੀ ਬਾਰੇ- ਡਾ. ਈਸ਼ਰ ਸਿੰਘ ਤਾਂਘ; ਪੰਜਾਬੀ ਭਾਸ਼ਾ ਦਾ ਵਿਆਕਰਣ ਭਾਗ-1–ਡਾ. ਜੋਗਿੰਦਰ ਸਿੰਘ ਪਵਾਰ; 'ਵਤਨ' ਦੇ ਜਨਵਰੀ-ਮਾਰਚ, 94 ਅੰਕ –ਡਾ. ਪ੍ਰੇਮ ਪ੍ਰਕਾਸ਼ ਸਿੰਘ

ਦਇਆ ਸਿੰਘ (ਭਾਈ) : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਜੇ ਪੰਜ ਪਿਆਰਿਆਂ ਵਿਚੋਂ ਪਹਿਲਾ ਪਿਆਰਾ ਸੀ ਜਿਸ ਦਾ ਜਨਮ ਡੱਲਾ ਨਿਵਾਸੀ ਭਾਈ ਪਾਰੋ ਦੇ ਵੰਸ਼ਜ ਭਾਈ ਸੁਧੇ ਦੇ ਘਰ 1661 ਈ. (1718 ਸੰਮਤ) ਲਾਹੌਰ ਵਿਖੇ ਹੋਇਆ। ਪੁਰਾਣੀਆਂ ਲਿਖਤਾਂ ਵਿਚ ਇਸ ਦਾ ਨਾਂ ਭਾਈ ਦਇਆ ਰਾਮ ਖਤਰੀ ਜਾਂ ਮੁਨਸ਼ੀ ਲਿਖਿਆ ਮਿਲਦਾ ਹੈ। ਇਸ ਤੋਂ ਇਹ ਵੀ ਪਤਾ ਲਗਦਾ ਹੈ ਕਿ ਇਹ ਗੁਰੂ ਸਾਹਿਬ ਦੇ ਦਰਬਾਰ ਵਿਚ ਲਿਖਾ ਪੜ੍ਹੀ ਦਾ ਕੰਮ ਬਤੌਰ ਮੁਨਸ਼ੀ ਕਰਦਾ ਰਿਹਾ ਹੋਵੇਗਾ। ਇਹ 1677 ਈ. (1734 ਬਿ.) ਤੋਂ ਗੁਰੂ ਸਾਹਿਬ ਦੀ ਸੇਵਾ ਕਰਨ ਲਈ ਅਨੰਦਪੁਰ ਆ ਗਿਆ। ਜਦੋਂ ਗੁਰੂ ਸਾਹਿਬ ਨੇ ਖਾਲਸਾ ਸਾਜਣ ਲਈ ਪੰਜ ਸੀਸਾਂ ਦੀ ਭੇਟ ਮੰਗੀ ਤਾਂ ਇਹ ਸਭ ਤੋਂ ਪਹਿਲਾ ਸ਼ਰਧਾਲੂ ਸੀ ਜਿਸ ਨੇ ਪਹਿਲ ਕਰ ਕੇ ਮੁਖੀ ਪਿਆਰਾ ਹੋਣ ਦਾ ਮਾਣ ਪ੍ਰਾਪਤ ਕੀਤਾ। ਗੁਰੂ ਸਾਹਿਬ ਇਸ ਤੇ ਬਹੁਤ ਖੁਸ਼ ਸਨ ਅਤੇ ਇਸ ਨੂੰ ਆਪਣੇ ਨੇੜਲੇ ਸਿੰਘਾਂ ਵਿਚ ਗਿਣਦੇ ਸਨ।

ਇਸ ਦੀ ਪਰੀਖਿਆ ਦਾ ਦੂਜਾ ਮੌਕਾ ਉਸ ਸਮੇਂ ਆਇਆ ਜਦ ਗੁਰੂ ਸਾਹਿਬ ਨੇ ਔਰੰਗਜ਼ੇਬ ਦੇ ਨਾਮ ਲਿਖਿਆ ਖਤ 'ਜ਼ਫ਼ਰਨਾਮਾ' ਬਾਦਸ਼ਾਹ ਤਕ ਅਹਿਮਦ ਨਗਰ ਪਹੁੰਚਾਉਣਾ ਸੀ। ਇਸ ਕੰਮ ਲਈ ਭਾਈ ਦਇਆ ਸਿੰਘ ਨੂੰ ਚੁਣਿਆ ਗਿਆ ਜੋ ਨੀਲਾ ਬਾਣਾ ਪਹਿਨ ਕੇ ਰਸਤੇ ਦੀਆਂ ਅਨੇਕ ਔਕੜਾਂ ਦੇ ਬਾਵਜੂਦ ਦੱਖਣ ਵੱਲ ਗਿਆ। ਲੰਬੇ ਸਫ਼ਰ ਬਾਅਦ ਜਦੋਂ ਇਹ ਅਹਿਮਦ ਨਗਰ ਪੁਜਾ ਤਾਂ ਬਾਦਸ਼ਾਹ ਨਾਲ ਮੁਲਾਕਾਤ ਵਿਚ ਇਸ ਨੂੰ ਕਈ ਔਕੜਾਂ ਦਾ ਸਾਹਮਣਾ ਕਰਨਾ ਪਿਆ ਕਿਉਂਕਿ ਬਾਦਸ਼ਾਹ ਦੇ ਮੁਸਲਮਾਨ ਅਹਿਲਕਾਰ ਇਹ ਮੁਲਾਕਾਤ ਨਹੀਂ ਸਨ ਚਾਹੁੰਦੇ। ਭਾਈ ਧਰਮ ਸਿੰਘ ਅਤੇ ਭਾਈ ਸ਼ਿਵ ਸਿੰਘ ਦੱਖਣੀ ਤਲਵੰਡੀ ਸਾਬੋ ਕੀ ਤੋਂ ਗੁਰੂ ਜੀ ਪਾਸੋਂ ਵਿਸ਼ੇਸ਼ ਆਦੇਸ਼ ਲੈ ਕੇ ਭਾਈ ਦਇਆ ਸਿੰਘ ਕੋਲ ਪੁੱਜੇ ਤੇ ਬਾਦਸ਼ਾਹ ਨਾਲ ਮੁਲਾਕਾਤ ਦਾ ਸਾਧਨ ਬਣਾਇਆ। ਇਹ ਆਪਣੀ ਸਿਆਣਪ ਨਾਲ ਹੀ ਬਾਦਸ਼ਾਹ ਨੂੰ ਮਿਲ ਸਕਿਆ। ਫਿਰ ਜਦ ਗੁਰੂ ਸਾਹਿਬ ਸ਼ਾਹੀ ਸੱਦੇ ਤੇ ਦੱਖਣ ਵੱਲ ਆਏ ਤਾਂ ਵੀ ਭਾਈ ਦਇਆ ਸਿੰਘ ਨਾਲ ਸੀ।

ਭਾਈ ਦਇਆ ਸਿੰਘ ਦਾ ਗੁਰੂ ਦਰਬਾਰ ਵਿਚ ਜੋ ਮਾਣ ਸਤਿਕਾਰ ਸੀ ਉਹ ਇਸ ਗੱਲ ਤੋਂ ਸਾਫ਼ ਪਤਾ ਲਗਦਾ ਹੈ ਕਿ ਜਦ ਗੁਰੂ ਸਾਹਿਬ ਨੇ ਭਰੇ ਦਰਬਾਰ ਵਿਚ ਸੰਗਤ ਨੂੰ ਕਿਹਾ ਸੀ ਕਿ ਜੋ ਕੋਈ ਵੀ ਪਰਮਾਰਥ ਦਾ ਸਵਾਲ ਪੁੱਛਣਾ ਚਾਹੇ ਉਸ ਦਾ ਉੱਤਰ ਭਾਈ ਦਇਆ ਸਿੰਘ ਹੀ ਦੇਵੇਗਾ।

ਭਾਈ ਦਇਆ ਸਿੰਘ ਇਕ ਬੁੱਧੀਮਾਨ ਤੇ ਬਿਬੇਕੀ ਪੁਰਸ਼ ਸੀ ਅਤੇ ਇਸ ਨੇ ਇਕ ਛੋਟਾ ਗ੍ਰੰਥ 'ਰਹਿਤਨਾਮਾ' ਵੀ ਲਿਖਿਆ ਹੈ। ਇਸ ਦਾ ਅੱਸੂ ਮਹੀਨੇ ਵਿਚ 1708 ਈ. (1765 ਬਿ.) ਨੂੰ ਅਬਚਲ ਨਗਰ ਨਾਂਦੇੜ ਵਿਖੇ ਦੇਹਾਂਤ ਹੋ ਗਿਆ।

ਹ.ਪੁ.–ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨ-ਪਿਆਰਾ ਸਿੰਘ ਪਦਮ; ਗੁਰੂ ਗੋਬਿੰਦ ਸਿੰਘ- ਪ੍ਰੋ. ਕਰਤਾਰ ਸਿੰਘ; ਮ.ਕੋ.

ਦਈਅਰ : ਇਸ ਪੰਛੀ ਨੂੰ ਦਈਆ ਵੀ ਕਿਹਾ ਜਾਂਦਾ ਹੈ। ਇਹ ਪੈਸੈਰੀਫ਼ਾੱਰਮੀਜ਼ ਵਰਗ ਦੀ ਟਰਡਿੱਡੀ ਕੁਲ ਦਾ ਦੱਖਣੀ ਏਸ਼ੀਆ ਵਿਚ ਮਿਲਣ ਵਾਲਾ ਇਕ ਪੰਛੀ ਹੈ। ਇਸ ਦਾ ਵਿਗਿਆਨਕ ਨਾਂ ਕੱਪਸਾਈਕਸ ਸਾੱਲੋਰਿਸ (Copsychus Sauloris) ਹੈ। ਆਕਾਰ ਅਤੇ ਰੰਗ ਦੇ ਥੋੜ੍ਹੇ ਬਹੁਤ ਫਰਕ ਨਾਲ ਇਨ੍ਹਾਂ ਦੀਆਂ ਚਾਰ ਨਸਲਾਂ ਮਿਲਦੀਆਂ ਹਨ। ਇਹ ਪੰਛੀ ਵਿਰਲੇ ਜੰਗਲਾਂ ਵਿਚ ਜਾ ਮਨੁੱਖੀ ਨਿਵਾਸ ਸਥਾਨਾਂ ਦੇ ਨੇੜੇ ਤੇੜੇ ਇਕੱਲੇ-ਇੱਕਲੇ ਜਾਂ ਜੋੜਿਆਂ ਵਿਚ ਮਿਲਦੇ ਹਨ।

ਇਹ ਲਗਭਗ 20 ਸੈਂ. ਮੀ. ਲੰਬਾ ਅਤੇ ਚਿੱਟੀ-ਕਾਲੇ ਰੰਗ ਦੀ ਪੂੰਛ ਵਾਲਾ ਪੰਛੀ ਹੈ। ਮਾਦਾ ਪੰਛੀ ਵਿਚ ਕਾਲੇ ਰੰਗ ਦੀ ਥਾਂ ਭੂਰਾ ਜਾਂ ਸਲੇਟੀ ਰੰਗ ਹੁੰਦਾ ਹੈ। ਨਰ ਪੰਛੀ ਆਮ ਤੌਰ ਤੇ ਚੁਪ ਚਾਪ ਰਹਿਣ ਵਾਲਾ ਅਤੇ ਸ਼ਰਮੀਲੇ ਸੁਭਾਅ ਦਾ ਹੁੰਦਾ ਹੈ। ਇਹ ਅਕਸਰ ਝਾੜੀਆਂ ਆਦਿ ਵਿਚ ਲੁਕਿਆ ਰਹਿੰਦਾ ਹੈ। ਇਹ ਕਦੀ ਕਦੀ ਵਿਰਲਾਪ ਭਰਿਆ ਸੁਰ ਸਵੀ-ਈ (swee-ee) ਅਤੇ ਕਦੀ ਖਰਵੀਂ ਚਰ-ਰ(chr-r) ਦੀ ਅਵਾਜ਼ ਕੱਢਦਾ ਹੈ। ਪ੍ਰਜਣਨ ਰੁੱਤ ਵਿਚ ਇਸ ਦੀ ਆਵਾਜ਼ ਉੱਚੀ ਹੋ ਜਾਂਦੀ ਹੈ। ਇਹ ਬਹੁਤ ਸੁਹਣਾ ਗਾਉਂਦਾ ਹੈ। ਗਾਉਣ ਲਗਿਆਂ ਇਹ ਆਪਣੀ ਪੂੰਛ ਨੀਵੀਂ ਕਰ ਕੇ ਉਸ ਨੂੰ ਖਿਲਾਰ ਲੈਂਦਾ ਹੈ ਅਤੇ ਨਾਲ ਨਾਲ ਪੂੰਛ ਨੂੰ ਉਪਰ ਵਲ ਝਟਕੇ ਵੀ ਮਾਰਦਾ ਹੈ। ਇਹ ਮੰਨਿਆ ਜਾਂਦਾ ਹੈ ਕਿ ਪ੍ਰਜਣਨ ਰੁੱਤੇ ਇਹ ਸਾਰਾ ਦਿਨ ਗਾਉਂਦਾ ਹੈ। ਇਸ ਸਮੇਂ ਨਰ ਪੰਛੀ ਲੜਾਕਾ ਵੀ ਹੋ ਜਾਂਦਾ ਹੈ। ਇਹ ਮਾਦਾ ਜਾਂ ਹੋਰ ਨਰ ਪੰਛੀਆਂ ਸਾਹਮਣੇ ਆਪਣੀ ਖੁਸ਼ੀ ਦਾ ਪ੍ਰਗਟਾਅ ਵੀ ਕਰਦਾ ਹੈ। ਇਸ ਦੌਰਾਨ ਇਹ ਆਪਣੀ ਪੂੰਛ ਪਿੱਠ ਉੱਤੇ ਮਾਰਦਾ ਹੈ ਅਤੇ ਛਾਤੀ ਦੇ ਹਿੱਸੇ ਨੂੰ ਅਜੀਬ ਤਰ੍ਹਾਂ ਫੁਲਾ ਲੈਂਦਾ ਹੈ। ਚੁੰਝ ਉਪਰ ਵਲ ਚੁੱਕ ਕੇ ਬੜੀ ਆਕੜ ਨਾਲ ਤੁਰਦਾ ਹੈ ਅਤੇ ਮਟਕ ਮਟਕ ਕੇ ਤੁਰਦਿਆਂ ਸਿਰ ਵੀ ਹਿਲਾਉਂਦਾ ਹੈ।

ਇਹ ਮੁੱਖ ਤੌਰ ਤੇ ਕੀਟ ਆਹਾਰੀ ਪੰਛੀ ਹਨ। ਇਹ ਬੈਰੀ ਫਲ, ਸਿਲਕ ਕਾੱਟਨ ਅਤੇ ਕੋਰਲ ਦਰਖ਼ਤਾਂ ਦੇ ਲਾਲ ਫੁੱਲਾਂ ਦਾ ਆਹਾਰ ਵੀ ਕਰਦੇ ਹਨ। ਇਹ ਦੀਵਾਰ ਦੀ ਕਿਸੇ ਤ੍ਰੇੜ ਜਾਂ ਦਰਖ਼ਤ ਦੀ ਖੋੜ ਆਦਿ ਵਿਚ ਘਾਹ-ਫੂਸ, ਜੜਾਂ ਅਤੇ ਵਾਲ ਆਦਿ ਰੱਖ ਕੇ ਆਲ੍ਹਣਾ ਬਣਾਉਂਦੇ ਹਨ ਅਤੇ ਇਸ ਵਿਚ 3 ਜਾਂ 5 ਅੰਡੇ ਦਿੰਦੇ ਹਨ। ਅੰਡਿਆਂ ਦਾ ਰੰਗ ਪਿਲਤਣ ਤੇ ਨੀਲਾ-ਹਰਾ ਜਿਹਾ ਹੁੰਦਾ ਹੈ ਅਤੇ ਇਨ੍ਹਾਂ ਉਪਰ ਲਾਲ ਭੂਰੇ ਰੰਗ ਦੇ ਚਟਾਖ਼ ਹੁੰਦੇ ਹਨ। ਇਨ੍ਹਾਂ ਅੰਡਿਆਂ ਨੂੰ ਮਾਦਾ ਪੰਛੀ ਹੀ ਸੇਂਦੀ ਹੈ। ਨਰ ਪੰਛੀ ਆਲ੍ਹਣੇ ਦੇ ਹੋਰ ਕੰਮਾਂ ਵਿਚ ਹੱਥ ਵਟਾਉਂਦਾ ਹੈ।

ਦਈਅਰ ਪੰਛੀ ਦੀ ਹੀ ਇਕ ਹੋਰ ਕਿਸਮ ਹੈ ਜਿਸ ਨੂੰ ਜੰਗਲੀ ਦਈਅਰ ਜਾਂ ਸਮਾਂ ਵੀ ਕਿਹਾ ਜਾਂਦਾ ਹੈ। ਇਸ ਦਾ ਵਿਗਿਆਨਕ ਨਾਂ ਕੱਪਸਾਈਕਸ ਮਾਲਾਬਾਰਿਕਸ (C.malabaricus) ਹੈ। ਚਿੱਟੇ-ਕਾਲੇ ਪੂੰਝੇ ਵਾਲਾ ਇਹ ਪੰਛੀ ਚੀਨ ਅਤੇ ਦੱਖਣ ਪੂਰਬੀ ਏਸ਼ੀਆ ਦਾ ਜੰਮਪਲ ਹੈ ਅਤੇ ਇਸ ਨੂੰ ਹਵਾਈ (ਟਾਪੂ) ਵਿਚ ਵੀ ਲਿਜਾਇਆ ਗਿਆ ਹੈ। ਇਹ ਇਕ ਵਧੀਆ ਗਾਉਣ ਵਾਲਾ ਪੰਛੀ ਹੈ ਅਤੇ ਇਸ ਨੂੰ ਪਾਲਤੂ ਵੀ ਰੱਖਿਆ ਜਾਂਦਾ ਹੈ। ਇਸ ਦਾ ਰੰਗ ਉਪਰੋਂ ਕਾਲਾ ਹੁੰਦਾ ਹੈ ਪਰ ਪਿੱਠ ਦੇ ਆਖ਼ੀਰ ਤੇ ਇਕ ਚਿੱਟਾ ਜਿਹਾ ਚਟਾਖ਼ ਹੁੰਦਾ ਹੈ। ਹੇਠਲੇ ਪਾਸੇ ਤੋਂ ਇਹ ਪੰਛੀ ਭੂਰੇ ਰੰਗ ਦਾ ਹੁੰਦਾ ਹੈ।

ਹ. ਪੁ.- ਐਨ. ਬ੍ਰਿ. ਮਾ. 6 : 495 ; ਕਾ. ਬ. 101 ; ਦੀ ਬੁੱਕ ਆਫ਼ ਇੰਡੀਅਨ ਬਰਡਜ਼ :13

ਦਸ਼ਕੁਮਾਰ ਚਰਿਤ : ਸੰਸਕ੍ਰਿਤ ਗੱਦ-ਕਾਵਿ ਦਾ ਇਹ ਗ੍ਰੰਥ ਦੰਡੀ ਦੁਆਰਾ ਛੇਵੀਂ ਜਾਂ ਸੱਤਵੀਂ ਸਦੀ ਈ. ਵਿਚ ਰਚਿਆ ਗਿਆ ਸੀ। ਇਸ ਵਿਚ ਦਸ ਕੁਮਾਰਾਂ ਦਾ ਚਰਿਤਰ ਵਰਣਨ ਕੀਤਾ ਗਿਆ ਹੈ ਜਿਸ ਕਰ ਕੇ ਇਸ ਗ੍ਰੰਥ ਦਾ ਨਾਂ ਦਸ਼ਕੁਮਾਰ ਚਰਿਤ ਪੈ ਗਿਆ ਹੈ। ਵਰਤਮਾਨ ਉਪਲੱਬਧ ਦਸ਼ਕੁਮਾਰ ਚਰਿਤ ਵਿਚ ਤਿੰਨ ਭਾਗ ਸ਼ਾਮਲ ਹਨ (1) ਆਰੰਭਿਕ ਅਰਥਾਤ ਭੂਮਿਕਾ ਭਾਗ ਜਿਸ ਵਿਚ ਪੰਜ ਅਧਿਆਇ ਹਨ ਤੇ ਇਹ ਪੂਰਵ ਪੀਠਿਕਾ ਨਾਂ ਨਾਲ ਪ੍ਰਸਿੱਧ ਹੈ। (2) ਮੱਧ ਭਾਗ ਵਿਚ 8 ਅਧਿਆਇ ਹਨ ਅਤੇ ਇਨ੍ਹਾਂ ਨੂੰ ਦਸ਼ਕੁਮਾਰ ਚਰਿਤ ਕਿਹਾ ਜਾਂਦਾ ਹੈ ਅਤੇ (3) ਅੰਤਿਮ ਅਰਥਾਤ ਅੰਤਿਕਾ ਭਾਗ ਨੂੰ ਉੱਤਰਪੀਠਿਕਾ ਕਿਹਾ ਜਾਂਦਾ ਹੈ। ਇਨ੍ਹਾਂ ਵਿਚੋਂ ਗ੍ਰੰਥ ਦਾ ਮੱਧ ਭਾਗ ਹੀ ਜੋ ਅੱਠ ਅਧਿਆਵਾਂ ਵਿਚ ਵੰਡਿਆ ਹੋਇਆ ਹੈ, ਦੰਡੀ ਦੀ ਮੌਲਿਕ ਰਚਨਾ ਮੰਨਿਆ ਜਾਂਦਾ ਹੈ। ਬਾਕੀ ਦੇ ਦੋਵੇਂ ਭਾਗ ਅਰਥਾਤ ਪੂਰਵਪੀਠਿਕਾ ਤੇ ਉੱਤਰਪੀਠਿਕਾ ਹੋਰਨਾਂ ਲੇਖਕਾਂ ਦੀਆਂ ਰਚਨਾਵਾਂ ਹਨ ਜੋ ਮਗਰੋਂ ਜਾ ਕੇ ਮੂਲ ਗ੍ਰੰਥ ਵਿਚ ਕ੍ਰਮ ਅਨੁਸਾਰ ਸ਼ੁਰੂ ਤੇ ਅਖ਼ੀਰ ਵਿਚ ਜੋੜ ਦਿੱਤੀਆਂ ਗਈਆਂ ਹਨ। ਵਿਦਵਾਨਾਂ ਦਾ ਵਿਚਾਰ ਹੈ ਕਿ ਦੰਡੀ ਨੇ ਪਹਿਲਾਂ ਜ਼ਰੂਰ ਹੀ ਪੂਰੇ ਗ੍ਰੰਥ ਦੀ ਰਚਨਾ ਕੀਤੀ ਹੋਵੇਗੀ ਪਰ ਮਗਰੋਂ ਕਿਸੇ ਕਾਰਨ ਇਹ ਭਾਗ ਨਸ਼ਟ ਹੋ ਗਏ ਹੋਣਗੇ। ਦੰਡੀ ਦੇ ਮੂਲ ਗ੍ਰੰਥ ਦੇ ਅੱਠ ਅਧਿਆਵਾਂ ਵਿਚ ਸਿਰਫ਼ ਅੱਠ ਕੁਮਾਰਾਂ ਦੀ ਕਥਾ ਆਉਂਦੀ ਹੈ ਪਰ ਪੂਰਵ ਪੀਠਿਕਾ ਅਥਵਾ ਭੂਮਿਕਾ ਭਾਗ ਵਿਚ ਦਿੱਤੀ ਗਈ ਦੋ ਕੁਮਾਰਾਂ ਦੀ ਕਥਾ ਪੂਰੀ ਹੋ ਜਾਂਦੀ ਹੈ। ਇਸੇ ਤਰ੍ਹਾਂ ਮੂਲ ਗ੍ਰੰਥ ਦੇ ਅੱਠਵੇਂ ਅਧਿਆਇ ਵਿਚ ਵਰਣਿਤ ਅਪੂਰਨ ਚਰਿਤ ਨੂੰ ਉੱਤਰਪੀਠਿਕਾ ਵਿਚ ਪੂਰਾ ਕੀਤਾ ਗਿਆ ਹੈ।

ਦੰਡੀ ਰਚਿਤ 'ਅਵੰਤੀ ਸੁੰਦਰੀ ਕਥਾ' ਨਾਮੀ ਗੱਦ ਕਾਵਿ ਦੀ ਖੋਜ ਨਾਲ ਦਸ਼ਕੁਮਾਰ ਚਰਿਤ ਦੀ ਸਮੱਸਿਆ ਹੋਰ ਵੀ ਗੁੰਝਲਦਾਰ ਬਣ ਗਈ ਹੈ। ਇਸ ਨਾਲ ਇਹ ਪ੍ਰਸ਼ਨ ਪੈਦਾ ਹੋ ਗਿਆ ਹੈ ਕਿ ਕੀ ਇਨ੍ਹਾਂ ਦੋਹਾਂ ਗ੍ਰੰਥਾਂ ਦਾ ਕਰਤਾ ਦੰਡੀ ਇਕੋ ਹੀ ਵਿਦਵਾਨ ਹੈ ਜਾਂ ਕਿ ਇਹ ਦੋ ਵਖਰੇ ਵਿਅਕਤੀ ਹਨ। ਵਿਦਵਾਨਾਂ ਦਾ ਇਸ ਸਬੰਧ ਵਿਚ ਮਤ ਭੇਦ ਹੈ।

ਮੂਲ ਦਸ਼ਕੁਮਾਰ ਚਰਿਤ ਦੇ ਪਹਿਲੇ ਅਧਿਆਇ ਦਾ ਆਰੰਭ ਅਚਾਨਕ ਹੀ ਮੁੱਖ ਨਾਇਕ ਰਾਜਕੁਮਾਰ ਰਾਜਵਾਹਨ ਦੀ ਕਥਾ ਨਾਲ ਹੁੰਦਾ ਹੈ। ਮਗਰੋਂ ਉਸ ਦੇ ਭੁੱਲੇ ਭਟਕੇ ਸਾਰੇ ਸਾਥੀ ਮਿਲ ਜਾਂਦੇ ਹਨ ਜਿਹੜੇ ਬਾਕੀ ਦੇ ਸੱਤ ਅਧਿਆਵਾਂ ਵਿਚ ਆਪਣੀਆਂ ਰੁਮਾਂਚਕਾਰੀ ਤੇ ਉਤਸੁਕਤਾਪੂਰਨ ਘਟਨਾਵਾਂ ਰਾਜਵਾਹਨ ਨੂੰ ਦੱਸਦੇ ਹਨ। ਦੂਸਰੇ ਅਧਿਆਇ ਵਿਚ ਉਪਹਾਰ ਵਰਮਾ ਦੀ ਕਥਾ ਆਉਂਦੀ ਹੈ ਜਿਹੜੀ ਅਤਿਅੰਤ ਵਿਸਤ੍ਰਿਤ ਤੇ ਵਿਨੋਦਮਈ ਹੈ। ਤੀਜੇ ਅਧਿਆਇ ਤੋਂ ਲੈ ਕੇ ਛੇਵੇਂ ਅਧਿਆਇ ਤਕ ਕ੍ਰਮਵਾਰ ਉਪਹਾਰ ਵਰਮਾ, ਅਰਥਪਾਲ, ਪ੍ਰਗਤੀ ਤੇ ਮ੍ਰਿਤਗੁਪਤ ਦੀਆਂ ਕਥਾਵਾਂ ਆਉਂਦੀਆਂ ਹਨ। ਸੱਤਵੇਂ ਅਧਿਆਇ ਵਿਚ ਅੰਤਰਗੁਪਤ ਦੀ ਕਥਾ ਹੈ। ਇਸ ਅਧਿਆਇ ਦੀ ਇਹ ਵਿਸ਼ੇਸ਼ਤਾ ਹੈ ਕਿ ਇਸ ਵਿਚ ਕਥਾ-ਵਾਚਕ ਦੇ ਬੁਲ੍ਹ ਉਸ ਦੀ ਪ੍ਰੇਮਿਕਾ ਵੱਲੋਂ ਕਟੇ ਜਾਣ ਕਰ ਕੇ ਬੁਲ੍ਹਾਂ ਤੋਂ ਉਚਾਰੇ ਜਾਣ ਵਾਲੇ ਪਵਰਗ ਦੇ ਵਰਣਾਂ ਦੀ ਵਰਤੋਂ ਨਹੀਂ ਕੀਤੀ ਗਈ।

ਸੰਸਕ੍ਰਿਤ ਸਾਹਿਤ ਵਿਚ ਦਸ਼ਕੁਮਾਰ ਚਰਿਤ ਦਾ ਮਹੱਤਵਪੂਰਨ ਸਥਾਨ ਹੈ। ਸੰਸਕ੍ਰਿਤ ਦਾ ਇਹ ਗੱਦ ਕਾਵਿ ਆਧੁਨਿਕ ਨਾਵਲਾਂ ਦੇ ਬਹੁਤ ਨੇੜੇ ਹੈ। ਇਹ ਉਸ ਸਮੇਂ ਦੇ ਸਮਾਜ ਦਾ ਸਰਬ ਪੱਖੀ ਯਥਾਰਥਕ ਚਿਤਰ ਪੇਸ਼ ਕਰਦਾ ਹੈ। ਪ੍ਰਸੰਗਿਕ ਕਥਾਵਾਂ ਨੂੰ ਮੁੱਖ ਕਥਾ ਨਾਲ ਬੜੀ ਕੁਸ਼ਲਤਾ ਨਾਲ ਪਰੋਇਆ ਗਿਆ ਹੈ। ਆਦਿ ਤੋਂ ਅੰਤ ਤਕ ਕਥਾ ਪ੍ਰਵਾਹ ਬਿਨਾਂ ਰੁਕਾਵਟ ਦੇ ਰੌਚਕਤਾ ਤੇ ਉਤਸੁਕਤਾ ਪੂਰਬਕ ਚਲਦਾ ਹੈ। ਉਪਲੱਬਧ ਪ੍ਰਾਚੀਨ ਸੰਸਕ੍ਰਿਤ ਗੱਦ ਕਾਵਿ ਦੇ ਗ੍ਰੰਥਾਂ ਵਿਚੋਂ ਦੰਡੀ ਦਾ ਦਸ਼ਕੁਮਾਰ ਚਰਿਤ ਹੀ ਅਜਿਹਾ ਗੱਦ ਕਾਵਿ ਗ੍ਰੰਥ ਹੈ ਜਿਹੜਾ ਸਰਲ ਤੇ ਸੁਭਾਵਿਕ ਗਦ ਸ਼ੈਲੀ ਵਿਚ ਲਿਖਿਆ ਗਿਆ ਹੈ।

ਹ. ਪੁ.- ਹਿ.ਵਿ.ਕੋ. 6 : 17.

ਦਸਗਾਤਰ : ਹਿੰਦੂ ਧਰਮ ਵਿਚ ਕੀਤੇ ਜਾਣ ਵਾਲਾ ਇਕ ਕਰਮਕਾਂਡ ਹੈ ਜਿਹੜਾ ਕਿਸੇ ਪ੍ਰਾਣੀ ਦੇ ਮਰਨ ਉਪਰੰਤ ਦਸ ਦਿਨ ਤਕ ਕੀਤਾ ਜਾਂਦਾ ਹੈ। ਇਸ ਵਿਚ ਪਿੰਡ ਦਾਨ ਆਦਿ ਕੀਤਾ ਜਾਂਦਾ ਹੈ। ਹਿੰਦੂ ਮਤ ਦੀਆਂ ਧਰਮ ਪੁਸਤਕਾਂ ਅਰਥਾਤ ਪੁਰਾਣ ਅਨੁਸਾਰ ਇਹ ਕਰਮ ਕਾਂਡ ਕੀਤਾ ਜਾਣਾ ਜ਼ਰੂਰੀ ਮੰਨਿਆ ਜਾਂਦਾ ਹੈ ਕਿਉਂਕਿ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਸ ਕਰਮ ਕਾਂਡ ਦੇ ਸਿੱਟੇ ਵਜੋਂ ਪ੍ਰੇਤ ਦਾ ਗਾਤਰ ਅਰਥਾਤ ਸਰੀਰ ਬਣਦਾ ਹੈ। ਇਸ ਦਸ ਦਿਨ ਦੇ ਸਮੇਂ ਵਿਚ, ਪਹਿਲੇ ਦਿਨ ਦੇ ਪਿੰਡ ਦਾਨ ਤੋਂ ਸਿਰ, ਦੂਜੇ ਦਿਨ ਦੇ ਪਿੰਡ ਦਾਨ ਤੋਂ ਨੱਕ, ਕੰਨ, ਅੱਖਾਂ ਆਦਿ ਅਤੇ ਇਸੇ ਤਰ੍ਹਾਂ ਦਸਵੇਂ ਦਿਨ ਪੈਰ ਆਦਿ ਬਣ ਕੇ ਸਰੀਰ ਮੁਕੰਮਲ ਹੋ ਜਾਂਦਾ ਹੈ। ਇਹ ਸਰੀਰ ਪ੍ਰੇਤ ਨੂੰ ਮਿਲ ਜਾਂਦਾ ਹੈ ਤੇ ਉਸ ਦੀ ਭਟਕਣ ਖ਼ਤਮ ਹੋ ਜਾਂਦੀ ਹੈ। ਇਹ ਵੀ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਪ੍ਰਾਣੀ ਦੇ ਮਰਨ ਉਪਰੰਤ ਇਹ ਕਰਮ ਕਾਂਡ ਨਾ ਕੀਤਾ ਜਾਵੇ ਤਾਂ ਉਸ ਦੀ ਰੂਹ ਭਟਕਦੀ ਰਹਿੰਦੀ ਹੈ।

ਹ.ਪੁ.-ਮ.ਕੋ.

ਦਸਤ : ਇਸ ਰੋਗ ਵਿਚ ਆਂਦਰ ਦੀ ਸੋਜ ਹੋਣ ਦੇ ਨਾਲ ਨਾਲ ਪੇਟ ਵਿਚ ਦਰਦ ਹੁੰਦਾ ਹੈ ਅਤੇ ਦਸਤ ਲਗ ਜਾਂਦੇ ਹਨ। ਦਸਤਾਂ ਵਿਚ ਕਈ ਵਾਰ ਖ਼ੂਨ ਅਤੇ ਮਿਊਕਸ ਵੀ ਆਉਣ ਲਗ ਪੈਂਦਾ ਹੈ। ਇਹ ਰੋਗ ਦੋ ਪ੍ਰਕਾਰ ਦਾ ਹੁੰਦਾ ਹੈ :—

1. ਬੇਸਿਲਰੀ ਦਸਤ (Bacillary dysentery)
2. ਐਮੀਬਿਕ ਦਸਤ(Amoebic dysentery)

ਬੇਸਿਲਰੀ ਦਸਤ—ਇਹ ਦਸਤ ਸ਼ਿਗੈਲਾ ਬੇਸਿਲਾਈ ਕਾਰਨ ਹੁੰਦੇ ਹਨ। ਇਨ੍ਹਾਂ ਦਸਤਾਂ ਦੀ ਲਾਗ ਬਹੁਤੀ ਪੁਰਾਣੀ ਨਹੀਂ ਹੁੰਦੀ । ਸ਼ੁਰੂ ਵਿਚ ਹਲਕੇ ਜਿਹੇ ਦਸਤ ਸ਼ੁਰੂ ਹੁੰਦੇ ਹਨ ਪਰ ਕਈ ਵਾਰ ਇਹ ਦਸਤ ਇਕ ਦਮ ਬਹੁਤ ਤੇਜ਼ੀ ਨਾਲ ਵਧਣ ਲਗ ਪੈਂਦੇ ਹਨ ਜਿਸ ਨਾਲ ਰੋਗੀ ਵਿਚ ਪਾਣੀ ਦੀ ਘਾਟ ਹੋ ਜਾਂਦੀ ਹੈ ਅਤੇ ਬੈਕਟੀਰਿਆਈ ਵਿਸ਼ (bacterial toxins) ਪੈਦਾ ਹੋਣ ਕਾਰਨ ਰੋਗੀ ਦੀ ਮੌਤ ਵੀ ਹੋ ਸਕਦੀ ਹੈ। ਇਹ ਲਾਗ ਸ਼ਿਗੈਲਾ ਸ਼ਿਗੈ (Shigella shigae) ਬੇਸਿਲਾਈ ਨਾਲ ਬਹੁਤ ਗੰਭੀਰ ਰੂਪ ਵਿਚ ਹੁੰਦੀ ਹੈ। ਇਸ ਦਾ ਇਲਾਜ ਸਲਫ਼ੋਨਾਮਾਈਡ ਅਤੇ ਰੋਗਾਣੂ ਨਾਸ਼ਕ ਦਵਾਈਆਂ (antibiotics) ਨਾਲ ਕੀਤਾ ਜਾਂਦਾ ਹੈ।

ਐਮੀਬਿਕ ਦਸਤ—ਇਹ ਦਸਤ ਐਂਟਐਮੀਬਾ ਹਿਸਟੋਲਿਟਿਕਾ ਨਾਂ ਦੇ ਇਕ ਸੈੱਲੇ ਜੀਵਾਂ ਕਾਰਨ ਹੁੰਦੇ ਹਨ। ਇਹ ਜੀਵ ਵੱਡੀ ਆਂਦਰ ਵਿਚ ਨਾਸੂਰ ਜਿਹੇ ਵੀ ਬਣਾ ਦਿੰਦੇ ਹਨ। ਇਨ੍ਹਾਂ ਦੀ ਲਾਗ ਕਈ ਵਾਰ ਬਹੁਤ ਪੁਰਾਣੀ ਹੁੰਦੀ ਹੈ। ਇਹ ਰੋਗ ਕਈ ਵਾਰ ਦੁਬਾਰਾ ਵੀ ਹੋ ਜਾਂਦਾ ਹੈ।

ਐਮੀਬਿਕ ਦਸਤਾਂ ਦੇ ਪੁਰਾਣੇ ਰੋਗੀਆਂ ਦੇ ਜਿਗਰ ਜਾਂ ਫੇਫੜੇ ਅਤੇ ਚਮੜੀ ਦੇ ਤੰਤੂਆਂ ਵਿਚ ਫੋੜੇ (abcess) ਜਿਹੇ ਬਣ ਜਾਂਦੇ ਹਨ। ਐਮੀਟਿਨ (Emetine) ਅਤੇ ਡਾਇਓਡੀਕਿਊਨ (diodequin) ਦਵਾਈਆਂ ਇਸ ਰੋਗ ਲਈ ਲਾਹੇਵੰਦ ਸਿੱਧ ਹੁੰਦੀਆਂ ਹਨ।

ਇਸ ਰੋਗ ਦੀ ਲਾਗ, ਲਾਗ ਵਾਲੇ (Contaminated) ਭੋਜਨ, ਪਾਣੀ ਜਾਂ ਰੋਗੀ ਦੇ ਮਲ ਮੂਤਰ ਰਾਹੀਂ ਫੈਲਦੀ ਹੈ। ਆਮ ਤੌਰ

ਤੇ ਮੱਖੀਆਂ ਇਸ ਰੋਗ ਦੇ ਰੋਗਾਣੂਆਂ ਨੂੰ ਇਕ ਥਾਂ ਤੋਂ ਦੂਜੀ ਥਾਂ ਤੱਕ ਪਹੁੰਚਾਉਣ ਦਾ ਕੰਮ ਕਰਦੀਆਂ ਹਨ।

ਹ. ਪੁ.-ਐਨ. ਬ੍ਰਿ. ਮਾ. 4 :310 ; ਮੈ. ਹੈ. ਐਨ. 2 : 524

ਦਸ਼ਤ : ਇਹ ਦੱਖਣ-ਪੱਛਮੀ ਪ੍ਰਾਕਿਸਤਾਨ ਦੇ ਬਲੋ-ਚਿਸਤਾਨ ਸੂਬੇ ਦਾ ਇਕ ਦਰਿਆ ਹੈ ਜਿਹੜਾ ਕੌਰਏ ਅਵਾਰਾ ਦੇ ਸਥਾਨ ਤੇ ਨਿਹਿੰਗ ਅਤੇ ਕੀਚ ਕੌਰ ਦਰਿਆਵਾਂ ਦੇ ਸੰਗਮ ਤੋਂ ਬਣਿਆ ਹੈ। ਇਸ ਨਾਲ ਮਕਰਾਨ ਦੇ ਦੱਖਣ-ਪੱਛਮੀ ਖੇਤਰ ਦੀ ਜਲ ਨਿਕਾਸੀ ਹੁੰਦੀ ਹੈ। ਕੀਚ ਕੌਰ ਦਰਿਆ ਵੀ ਅੱਗੇ ਗੀਸ਼ ਕੌਰ ਅਤੇ ਕੀਲ ਜਾਂ ਕੁਲ ਕੌਰ ਨਾਂ ਦੀਆਂ ਦੋ ਨਦੀਆਂ ਦੇ ਸੰਗਮ ਤੋਂ ਬਣਿਆ ਹੈ। ਇਨ੍ਹਾਂ ਵਿਚੋਂ ਗੀਸ਼ ਕੌਰ ਬੁਲੈਡਾ ਵਾਦੀ ਦੀ ਜਲ ਨਿਕਾਸੀ ਕਰਦੀ ਹੈ ਤੇ ਕੀਲ ਕੌਰ ਕੇਂਦਰੀ ਮਕਰਾਨ ਲੜੀ ਵਿਚੋਂ ਨਿਕਲਦੀ ਹੈ। ਕੀਲ ਕੌਰ ਦੇ ਸਰੋਤ ਸਥਾਨ ਤੋਂ ਲੈ ਕੇ ਸਮੁੰਦਰ ਤੱਕ ਇਸ ਦਰਿਆ ਦੀ ਕੁੱਲ ਲੰਬਾਈ ਲਗਭਗ 380 ਕਿ.ਮੀ. ਹੈ। ਇਨ੍ਹਾਂ ਵਿਚੋਂ ਨਿਹਿੰਗ ਨਦੀ ਮਾੱਡ ਅਤੇ ਟੰਪ ਦੀ ਅਤੇ ਕੀਚ ਕੌਰ ਬੁਲੈਡਾ, ਸਾਮੀ ਅਤੇ ਕੀਚ ਖੇਤਰ ਦੀ ਜਲ ਨਿਕਾਸੀ ਕਰਦੀਆਂ ਹਨ। ਇਹ ਸਾਰੀਆਂ ਨਦੀਆਂ ਫਿਰ ਇਕੱਠੀਆਂ ਹੋ ਕੇ ਦਸ਼ਤ ਵਾਦੀ ਨੂੰ ਉਪਜਾਊ ਬਣਾਉਂਦੀਆਂ ਹੋਈਆਂ ਸਮੁੰਦਰ ਵਿਚ ਮਿਲ ਜਾਂਦੀਆਂ ਹਨ। ਕੀਚ ਅਤੇ ਸਾਮੀ ਖੇਤਰਾਂ ਵਿਚ ਕੌਰ ਨਦੀ ਦੇ ਹੜ੍ਹਾਂ ਨਾਲ ਕਾਫ਼ੀ ਨੁਕਸਾਨ ਹੁੰਦਾ ਹੈ।

ਹ. ਪੁ.- ਇੰਪ. ਗ. ਇੰਡ. 11 : 192

ਦਸਤ-ਇ-ਕਵੀਰ : ਈਰਾਨ ਵਿਚ ਕੈਸਪੀਅਨ ਸਾਗਰ ਦੇ ਦੱਖਣ-ਦੱਖਣ-ਪੂਰਬ ਅਤੇ ਐਲਬੁਰਜ ਪਰਬਤ ਦੇ ਦੱਖਣ-ਪੂਰਬ ਵਿਚ 762 ਮੀ. (2,500 ਫੁੱਟ) ਦੀ ਉੱਚਾਈ ਤੇ ਫੈਲੀ ਹੋਈ ਲੂਣ ਦੀ ਇਕ ਵਿਸ਼ਾਲ ਪਠਾਰ ਹੈ ਜਿਸ ਨੂੰ ਮਹਾਨ ਖਾਰਾ ਮਾਰੂਥਲ ਵੀ ਕਿਹਾ ਜਾਂਦਾ ਹੈ। ਇਸ ਭਾਗ ਵਿਚ ਵਰਖਾ ਘੱਟ ਅਤੇ ਵਾਸ਼ਪੀਕਰਣ ਬਹੁਤ ਜ਼ਿਆਦਾ ਹੁੰਦਾ ਹੈ ਜਿਸ ਕਾਰਨ ਇਥੇ ਮੁੱਖ ਰੂਪ ਵਿਚ ਲੂਣ ਦੀਆਂ ਦਲਦਲਾਂ ਪਾਈਆਂ ਜਾਂਦੀਆਂ ਹਨ। ਗਰਮੀ ਦੇ ਕਾਰਨ ਇਥੇ ਮੁੱਖ ਰੂਪ ਵਿਚ ਲੂਣ ਦੀਆਂ ਚਟਾਨਾਂ ਵਿਚੋਂ ਨੁਕੀਲੀਆਂ ਕਿੰਗਰੀਆਂ ਨਿਕਲ ਆਉਂਦੀਆਂ ਹਨ ਜੋ ਕਿ ਪਸ਼ੂਆਂ ਅਤੇ ਮਨੁੱਖਾਂ ਨੂੰ ਇਸ ਦੇ ਉਪਰ ਚਲਣ ਵਿਚ ਰੁਕਾਵਟ ਪਾਉਂਦੀਆਂ ਹਨ। ਕਿਤੇ-ਕਿਤੇ ਇਨ੍ਹਾਂ ਦੀ ਉਪਰਲੀ ਤਹਿ ਇੰਨੀ ਕਮਜ਼ੋਰ ਹੁੰਦੀ ਹੈ ਕਿ ਭਾਰੇ ਸਰੀਰ ਵਾਲੇ ਜੀਵ ਇਸ ਦੇ ਹੇਠਾਂ ਖੁੱਬ ਜਾਂਦੇ ਹਨ। ਇਨ੍ਹਾਂ ਕਾਰਨਾਂ ਕਰਕੇ ਇਥੇ ਵੱਸੋਂ ਬਹੁਤ ਘੱਟ ਪਾਈ ਜਾਂਦੀ ਹੈ। ਇਥੋਂ ਦਾ ਬਹੁਤ ਵੱਡਾ ਹਿੱਸਾ ਉਜਾੜ ਅਤੇ ਵੱਸੋਂ ਰਹਿਤ ਹੈ। ਕੇਵਲ ਪਹਾੜੀ ਢਲਾਣਾਂ ਤੇ ਹੀ ਪਿੰਡ ਵਸੇ ਹੋਏ ਮਿਲਦੇ ਹਨ।

34° 30′ ਉ. ਵਿਥ.; 55° 00′ ਪੂ. ਲੰਬ.

ਹ. ਪੁ.- ਹਿੰ. ਵਿ. ਕੋ. 6; ਵੈਬ. ਜੁਗ. ਡਿ : 316

ਦਸਤਾਵੇਜ਼ : ਦਸਤਾਵੇਜ਼ ਦੀ ਪਰਿਭਾਸ਼ਾ ਇੰਡੀਅਨ ਐਵੀਡੈਂਸ ਐਕਟ 1872 ਦੀ ਧਾਰਾ 3 ਅਤੇ ਭਾਰਤੀ ਦੰਡਾਵਲੀ ਐਕਟ 1860 ਦੀ ਧਾਰਾ 29 ਵਿਚ ਮਿਲਦੀ ਹੈ। ਉਕਤ ਦੋਹਾਂ ਧਾਰਾਵਾਂ ਅਨੁਸਾਰ ਦਸਤਾਵੇਜ਼ ਦੀ ਪਰਿਭਾਸ਼ਾ ਵਿਚ ਕੋਈ ਅੰਤਰ ਨਹੀਂ ਹੈ। ਦਸਤਾਵੇਜ਼ ਦਾ ਭਾਵ ਬਹੁਤ ਸਿੱਧਾ ਤੇ ਸਪਸ਼ਟ ਹੈ ਤੇ ਕਿਸੇ ਵੀ ਲਿਖਤੀ ਅੱਖਰ, ਅਕਾਰ ਅਤੇ ਨਿਸ਼ਾਨ ਜਦੋਂ ਕਿ ਉਹ ਕਿਸੇ ਤਰ੍ਹਾਂ ਦੇ ਕਾਗਜ਼, ਪੱਥਰ, ਧਾਤ ਅਤੇ ਕੱਪੜੇ ਜਾਂ ਹੋਰ ਕਿਸੇ ਵੀ ਵਜੂਦ ਵਾਲੀ ਚੀਜ਼ ਤੇ ਲਿਖੇ ਜਾਂ ਉਕਰੇ ਹੋਣ, ਨੂੰ ਦਸਤਾਵੇਜ਼ ਕਿਹਾ ਜਾਂਦਾ ਹੈ।

ਦਸਤਾਵੇਜ਼ ਨਾਂ ਦੀ ਚੀਜ਼ ਮਨੁੱਖ ਨੂੰ ਇਸ ਲਈ ਮਹਿਸੂਸ ਹੋਈ ਤਾਂ ਕਿ ਉਹ ਨਿਤਾ-ਪ੍ਰਤੀ ਦੇ ਜੀਵਨ ਨੂੰ ਚਲਾਉਣ ਹਿਤ ਲੇਖਾ ਜੋਖਾ ਰੱਖ ਸਕੇ ਅਤੇ ਆਪਣੇ ਮਨ ਦੇ ਵਲਵਲਿਆਂ ਦੇ ਪ੍ਰਗਟਾਵੇ ਨੂੰ ਦੂਜਿਆਂ ਤਕ ਪਹੁੰਚਾ ਸਕੇ। ਇਸ ਤੋਂ ਬਿਨਾਂ ਇਹ ਵੀ ਕਿਹਾ ਜਾ ਸਕਦਾ ਹੈ ਕਿ ਕਿਸੇ ਦਸਤਾਵੇਜ਼ ਤੋਂ ਬਿਨਾਂ ਬੀਤੇ ਸਮਿਆਂ ਬਾਰੇ ਗਿਆਨ ਦੇ ਭੰਡਾਰੇ ਨੂੰ ਇਕੱਠਾ ਕਰਨਾ ਵੀ ਮੁਸ਼ਕਿਲ ਸੀ। ਇਹੋ ਕਾਰਨ ਹੈ ਕਿ ਅਸੀਂ ਪੁਰਾਣੇ ਯੁਗਾਂ ਦੀ ਸਭਿਅਤਾ, ਰਸਮਾਂ, ਰਿਵਾਜਾਂ ਅਤੇ ਵਿਰਸੇ ਨੂੰ ਇਨ੍ਹਾਂ ਦਸਤਾਵੇਜ਼ਾਂ ਰਾਹੀਂ ਹੀ ਸਮਝ ਅਤੇ ਵੇਖ ਸਕਦੇ ਹਾਂ।

ਕਾਨੂੰਨ ਦੇ ਪੱਖੋਂ ਜੇ ਕਰ ਅਸੀਂ ਦਸਤਾਵੇਜ਼ ਦੇ ਹਰ ਪਹਿਲੂ ਨੂੰ ਵੇਖੀਏ ਤਾਂ ਇਸ ਦੀ ਮਹੱਤਤਾ ਬਹੁਤ ਜ਼ਿਆਦਾ ਹੈ ਤੇ ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ, ਕਿ ਜੇਕਰ ਕਾਨੂੰਨ ਦੇ ਦਾਇਰੇ ਵਿਚੋਂ ਸ਼ਬਦ ਦਸਤਾਵੇਜ਼ ਨੂੰ ਕੱਢ ਦਿੱਤਾ ਜਾਵੇ ਤਾਂ ਕਾਨੂੰਨ ਨੂੰ ਲਾਗੂ ਕਰਨਾ ਤੇ ਉਸ ਦੇ ਸਹੀ ਅਰਥ ਲੈਣੇ ਅਸੰਭਵ ਜਿਹੀ ਗੱਲ ਬਣ ਜਾਂਦੀ ਹੈ।

ਕਾਨੂੰਨ ਪੱਖੋਂ ਦਸਤਾਵੇਜ਼ਾਂ ਨੂੰ ਦੋ ਹਿੱਸਿਆਂ ਵਿਚ ਵੰਡਿਆ ਗਿਆ ਹੈ, ਜਿਵੇਂ ਕਿ ਪਬਲਿਕ ਦਸਤਾਵੇਜ਼ ਤੇ ਨਿਜੀ ਜਾਂ ਪ੍ਰਾਈਵੇਟ ਦਸਤਾਵੇਜ਼। ਪਬਲਿਕ ਦਸਤਾਵੇਜ਼ ਦਾ ਵਰਣਨ ਇੰਡੀਅਨ ਐਵੀਡੈਂਸ ਐਕਟ 1802 ਦੀ ਧਾਰਾ 24 ਵਿਚ ਕੀਤਾ ਗਿਆ ਹੈ। ਕਿਸੇ ਸੱਤਾ ਅਧਿਕਾਰੀ, ਸਰਕਾਰੀ ਅਦਾਰਿਆਂ, ਟ੍ਰਿਬਿਊਨਲਾਂ, ਸਰਕਾਰੀ ਅਧਿਕਾਰੀਆਂ, ਵਿਧਾਨਕ, ਕਾਰਜਕਾਰੀ ਅਤੇ ਨਿਆਇਕ ਕੰਮ ਤੇ ਉਨ੍ਹਾਂ ਦੇ ਰਿਕਾਰਡਾਂ ਨੂੰ ਪਬਲਿਕ ਦਸਤਾਵੇਜ਼ ਕਿਹਾ ਜਾਂਦਾ ਹੈ। ਇਨ੍ਹਾਂ ਤੋਂ ਬਿਨਾਂ ਜੇਕਰ ਕਿਸੇ ਸਰਕਾਰ ਨੇ ਪ੍ਰਾਈਵੇਟ ਦਸਤਾਵੇਜ਼ਾਂ ਦਾ ਰਿਕਾਰਡ ਰੱਖਿਆ ਹੋਇਆ ਹੋਵੇ ਤਾਂ ਉਸ ਨੂੰ ਵੀ ਪਬਲਿਕ ਦਸਤਾਵੇਜ਼ ਦਾ ਦਰਜਾ ਦਿੱਤਾ ਗਿਆ ਹੈ। ਪਬਲਿਕ ਦਸਤਾਵੇਜ਼ਾਂ ਨੂੰ ਪ੍ਰਾਈਵੇਟ ਦਸਤਾਵੇਜ਼ਾਂ ਨਾਲੋਂ ਪਹਿਲ ਦਿੱਤੀ ਜਾਂਦੀ ਹੈ ਕਿਉਂਕਿ ਇਨ੍ਹਾਂ ਦਸਤਾਵੇਜ਼ਾਂ ਦੇ ਸਬੰਧ ਵਿਚ ਇਹ ਸਮਝਿਆ ਜਾਂਦਾ ਹੈ ਕਿ ਜੋ ਕੁਝ ਵੀ ਇਨ੍ਹਾਂ ਦਸਤਾਵੇਜ਼ਾਂ ਵਿਚ ਦਰਜ ਹੈ ਉਹ ਠੀਕ ਹੈ।

ਜਿਥੋਂ ਤਕ ਪ੍ਰਾਈਵੇਟ ਦਸਤਾਵੇਜ਼ਾਂ ਦਾ ਸਬੰਧ ਹੈ ਇਨ੍ਹਾਂ ਦਾ ਵਰਣਨ ਉਕਤ ਐਕਟ ਦੀ ਧਾਰਾ 75 ਵਿਚ ਕੀਤਾ ਗਿਆ ਹੈ। ਇਸ ਧਾਰਾ ਵਿਚ ਦਿੱਤੀ ਪਰਿਭਾਸ਼ਾ ਅਨੁਸਾਰ ਜੋ ਦਸਤਾਵੇਜ਼ ਪਬਲਿਕ ਦਸਤਾਵੇਜ਼ਾਂ ਦੀ ਜ਼ੱਦ ਵਿਚ ਨਹੀਂ ਆਉਂਦੇ ਉਹ ਪ੍ਰਾਈਵੇਟ ਦਸਤਾਵੇਜ਼ ਹਨ ਜਿਵੇਂ ਕਿ ਦੋ ਵਿਅਕਤੀਆਂ ਵਿਚਕਾਰ ਇਕਰਾਰਨਾਮੇ, ਪਟੇਨਾਮੇ, ਰਹਿਨ-ਨਾਮੇ ਅਤੇ ਮੁਵਾਇਦੇ ਆਦਿ।

ਐਵੀਡੈਂਸ ਐੱਕਟ (ਅਧਿਆਇ 5) ਦੀ ਧਾਰਾ 61 ਤੋਂ ਲੈ ਕੇ ਧਾਰਾ 73 ਤਕ ਕਿਸੇ ਦਸਤਾਵੇਜ਼ ਵਿਚ ਦਰਜ ਵਿਸ਼ਾ-ਵਸਤੂ ਨੂੰ ਸਾਬਤ ਕਰਨ ਦੀਆਂ ਵਿਧੀਆਂ ਦਿੱਤੀਆਂ ਗਈਆਂ ਹਨ ਜਿਨ੍ਹਾਂ ਵਿਚ ਮੁੱਖ ਤੌਰ ਤੇ ਦੋ ਵਿਧੀਆਂ ਹਨ- ਇਕ ਤਾਂ ਸਬੂਤਾਂ ਵਜੋਂ ਅਸਲੀ ਦਸਤਾਵੇਜ਼ਾਂ ਨੂੰ ਪੇਸ਼ ਕਰਨਾ ਅਤੇ ਦੂਜਾ ਅਸਲ ਦਸਤਾਵੇਜ਼ ਦੀ ਨਕਲ ਪੇਸ਼ ਕਰਨਾ। ਪਹਿਲੀ ਵਿਧੀ ਨੂੰ ਪ੍ਰਾਇਮਰੀ ਗਵਾਹੀ ਅਤੇ ਦੂਜੀ ਵਿਧੀ ਨੂੰ ਦਸਤਾਵੇਜ਼ ਦੀ ਦੂਜੀ ਗਵਾਹੀ ਕਿਹਾ ਜਾਂਦਾ ਹੈ।

ਇਸ ਤੋਂ ਬਿਨਾਂ ਉਕਤ ਧਾਰਾਵਾਂ ਵਿਚ ਇਹ ਵੀ ਦਰਜ ਕੀਤਾ ਗਿਆ ਹੈ ਕਿ ਦਸਤਾਵੇਜ਼ ਦੀ ਦੂਜੀ ਗਵਾਹੀ ਕਿਹੜੇ ਕਿਹੜੇ ਹਾਲਾਤ ਵਿਚ ਦਿੱਤੀ ਜਾ ਸਕਦੀ ਹੈ। ਇਨ੍ਹਾਂ ਗੱਲਾਂ ਦਾ ਵਰਣਨ ਉਕਤ ਐਕਟ ਦੀ ਧਾਰਾ 65 ਵਿਚ ਕੀਤਾ ਗਿਆ ਹੈ ਜੋ ਇਸ ਪ੍ਰਕਾਰ ਹਨ :

(ੳ) ਜਦੋਂ ਕਿ ਅਸਲ ਦਸਤਾਵੇਜ਼ ਉਸ ਵਿਅਕਤੀ ਦੇ ਕਬਜ਼ੇ ਜਾਂ ਅਧਿਕਾਰ ਵਿਚ ਹੋਵੇ ਜਿਸ ਦੇ ਵਿਰੁੱਧ ਉਸ ਦਸਤਾਵੇਜ਼ ਨੂੰ ਸਾਬਤ ਕਰਨਾ ਹੋਵੇ; ਉਹ ਦਸਤਾਵੇਜ਼ ਕਿਸੇ ਵਿਅਕਤੀ ਦੀ ਪਹੁੰਚ ਤੋਂ ਬਾਹਰ ਹੋਵੇ ਜਾਂ ਅਦਾਲਤ ਉਸ ਨੂੰ ਪੇਸ਼ ਕਰਾਉਣ ਤੋਂ ਅਸਮਰਥ ਹੋਵੇ।

(ਅ) ਉਦੋਂ ਜਦੋਂ ਕਿ ਦਸਤਾਵੇਜ਼ ਦੀ ਹੋਂਦ, ਸ਼ਰਤ ਜਾਂ ਉਸ ਵਿਚ ਦਰਜ ਤੱਤਾਂ ਨੂੰ ਲਿਖਤੀ ਤੌਰ ਤੇ ਉਸ ਆਦਮੀ ਜਾਂ ਉਸ ਦੇ ਵਾਰਸਾਂ ਨੇ ਮੰਨਿਆ ਹੋਵੇ।

(ੲ) ਜਦੋਂ ਕਿ ਅਸਲ ਦਸਤਾਵੇਜ਼ ਗੁੰਮ, ਜ਼ਾਇਆ ਜਾਂ ਨਸ਼ਟ ਹੋ ਗਿਆ ਹੋਵੇ ਅਤੇ ਉਸ ਧਿਰ ਦਾ ਉਕਤ ਗੱਲਾਂ ਵਿਚ ਕੋਈ ਕਸੂਰ ਨਾ ਹੋਵੇ ਅਤੇ ਉਹ ਧਿਰ ਵਾਜਬ ਸਮੇਂ ਉਸ ਦਸਤਾਵੇਜ਼ ਨੂੰ ਪੇਸ਼ ਕਰਨ ਵਿਚ ਅਸਮਰਥ ਰਹੀ ਹੋਵੇ।

(ਸ) ਜਦੋਂ ਕਿ ਅਸਲ ਦਸਤਾਵੇਜ਼ ਇਸ ਤਰ੍ਹਾਂ ਦਾ ਹੋਵੇ ਕਿ ਉਸ ਦਸਤਾਵੇਜ਼ ਨੂੰ ਹਿਲਾਇਆ ਜਾਂ ਚੁੱਕਿਆ ਨਾ ਜਾ ਸਕੇ।

(ਹ) ਜਦੋਂ ਕਿ ਅਸਲ ਦਸਤਾਵੇਜ਼ ਉਕਤ ਐਕਟ ਦੀ ਧਾਰਾ 74 ਅਨੁਸਾਰ ਪਬਲਿਕ ਦਸਤਾਵੇਜ਼ ਹੋਵੇ।

(ਕ) ਜਦੋਂ ਕਿ ਅਸਲ ਦਸਤਾਵੇਜ਼ ਦੀ ਤਸਦੀਕਸ਼ੁਦਾ ਨਕਲ ਐਵੀਡੈਂਸ ਐਕਟ ਅਨੁਸਾਰ ਸਬੂਤਾਂ ਵਿਚ ਦਿੱਤੀ ਜਾ ਸਕਦੀ ਹੋਵੇ।

(ਖ) ਜਦੋਂ ਕਿ ਅਸਲ ਦਸਤਾਵੇਜ਼ ਅਣਗਿਣਤ ਦਸਤਾਵੇਜ਼ਾਂ ਦੀ ਸ਼ਕਲ ਵਿਚ ਹੋਵੇ ਤੇ ਅਦਾਲਤ ਆਸਾਨੀ ਨਾਲ ਇਸ ਦੀ ਘੋਖ ਨਾ ਕਰ ਸਕਦੀ ਹੋਵੇ ਤੇ ਸਮੂਹ ਦਸਤਾਵੇਜ਼ਾਂ ਦਾ ਮਤਲਬ ਇਕੋ ਹੋਵੇ।

ਇਨ੍ਹਾਂ ਉਕਤ ਸਾਰੀਆਂ ਗੱਲਾਂ ਤੋਂ ਬਿਨਾਂ ਦਸਤਾਵੇਜ਼ਾਂ ਦੀ ਮਹੱਤਤਾ ਲਈ ਇਹ ਵੀ ਜ਼ਰੂਰੀ ਹੈ ਕਿ ਕਿਹੜੇ ਕਿਹੜੇ ਦਸਤਾਵੇਜ਼ ਦੀ ਰਜਿਸਟਰੇਸ਼ਨ ਇੰਡੀਅਨ ਰਜਿਸਟਰੇਸ਼ਨ ਐਕਟ, 1908 ਅਨੁਸਾਰ ਜ਼ਰੂਰੀ ਹੈ ਤੇ ਕਿਨ੍ਹਾਂ ਦਸਤਾਵੇਜ਼ਾਂ ਦੀ ਰਜਿਸਟਰੇਸ਼ਨ ਗ਼ੈਰ ਜ਼ਰੂਰੀ ਹੈ। ਇਨ੍ਹਾਂ ਦਸਤਾਵੇਜ਼ਾਂ ਦਾ ਕ੍ਰਮਵਾਰ ਜਿਕਰ ਧਾਰਾ 17 ਅਤੇ 18 ਵਿਚ ਕੀਤਾ ਗਿਆ ਹੈ। ਮੋਟੇ ਤੌਰ ਤੇ ਜਿਨ੍ਹਾਂ ਦਸਤਾਵੇਜ਼ਾਂ ਦੀ ਰਜਿਸਟਰੇਸ਼ਨ ਜ਼ਰੂਰੀ ਹੈ ਉਨ੍ਹਾਂ ਵਿਚ ਅਸਲ ਸੰਪਤੀ ਦਾ ਹਿਸਾਬ ਨਾਮਾ, ਸੌ ਰੁਪਏ ਜਾਂ ਸੌ ਰੁਪਏ ਤੋਂ ਵੱਧ ਦੀ ਸੰਪਤੀ ਨੂੰ ਕੁਤਈ ਤੌਰ ਤੇ ਵੇਚਣਾ, ਸਾਲ ਦਰ ਸਾਲ ਪਟੇ ਨਾਮੇ ਜਾਂ ਸਾਲਾਂ ਤੋਂ ਵੱਧ ਦੀ ਮਿਆਦ ਵਾਲੇ ਪਟੇ ਨਾਮੇ, ਸੌ ਰੁਪਏ ਜਾਂ ਸੌ ਤੋਂ ਵੱਧ ਦੀ ਕੀਮਤ ਦੇ ਤਬਾਦਲੇ - ਨਾਮੇ, ਰਹਿਨ-ਨਾਮੇ ਆਦਿ ਸ਼ਾਮਲ ਹਨ।

ਉਕਤ ਐਕਟ ਦੀ ਧਾਰਾ 18 ਅਨੁਸਾਰ ਵਸੀਅਤ ਦਸਤਾਵੇਜ਼ ਦੀ ਰਜਿਸਟਰੇਸ਼ਨ ਕਰਵਾਉਣਾ ਜ਼ਰੂਰੀ ਨਹੀਂ ਹੈ ਅਤੇ ਹੋਰ ਦਸਤਾਵੇਜ਼ ਜਿਨ੍ਹਾਂ ਦੀ ਕੀਮਤ 100/- ਰੁਪਏ ਤੋਂ ਘੱਟ ਅਤੇ ਜਿਨ੍ਹਾਂ ਦਾ ਜ਼ਿਕਰ ਧਾਰਾ 17 ਵਿਚ ਨਾ ਕੀਤਾ ਗਿਆ ਹੋਵੇ, ਦੀ ਰਜਿਸਟਰੇਸ਼ਨ ਵੀ ਜ਼ਰੂਰੀ ਨਹੀਂ ਹੈ।

ਦਸਤਾਵੇਜ਼ ਸਬੰਧੀ ਇਕ ਹੋਰ ਮਹੱਤਵਪੂਰਨ ਪਹਿਲੂ ਇਹ ਹੈ ਕਿ ਭਾਰਤ ਵਿਚ ਵੱਖੋ ਵੱਖ ਕਾਨੂੰਨਾਂ ਅਨੁਸਾਰ ਦਸਤਾਵੇਜ਼ ਦਾ ਦੋ ਗਵਾਹਾਂ ਰਾਹੀਂ ਤਸਦੀਕ ਕਰਨਾ ਵੀ ਜ਼ਰੂਰੀ ਹੈ, ਜਿਵੇਂ ਕਿ ਵਸੀਅਤ, ਬੈਨਾਮਾ, ਤਬਾਦਲਾ-ਨਾਮਾ, ਰਹਿਨ-ਨਾਮਾ ਆਦਿ।

ਇਹ ਇਸ ਲਈ ਜ਼ਰੂਰੀ ਹੈ ਤਾਂ ਕਿ ਕਿਸੇ ਦਸਤਾਵੇਜ਼ ਨੂੰ ਤਸਦੀਕ ਕਰਨ ਵਾਲੇ ਵਿਅਕਤੀ ਦੇ ਬਿਆਨਾਂ ਰਾਹੀਂ ਉਸ ਵਿਚ ਦਰਜ ਤੱਤਾਂ ਨੂੰ ਸਾਬਤ ਕਰਵਾਇਆ ਜਾ ਸਕੇ।

—ਕਪੂਰ ਸਿੰਘ ਚੀਮਾ

ਦਸ਼ਨਾਮੀ : ਇਹ ਸੰਨਿਆਸੀਆਂ ਦੇ ਇਕ ਵਿਸ਼ੇਸ਼ ਸੰਗਠਨ ਦਾ ਨਾਂ ਹੈ । ਕਿਹਾ ਜਾਂਦਾ ਹੈ ਕਿ ਇਸ ਸੰਸਥਾ ਨੂੰ ਸਭ ਤੋਂ ਪਹਿਲਾਂ ਸਵਾਮੀ ਸ਼ੰਕਰਾਚਾਰੀਆ ਨੇ ਚਲਾਇਆ ਸੀ। ਕਈ ਵਿਦਵਾਨ ਸਵਾਮੀ ਸੁਰੇਸ਼ਵਰਾਚਾਰੀਆ ਨੂੰ ਇਸ ਸੰਸਥਾ ਦਾ ਮੋਢੀ ਮੰਨਦੇ ਹਨ। ਕਿਹਾ ਜਾਂਦਾ ਹੈ ਕਿ ਸ਼ੰਕਰ ਨੇ ਆਪਣੇ ਮਤ ਦੇ ਪ੍ਰਚਾਰ ਲਈ ਭਾਰਤ ਦੀ ਯਾਤਰਾ ਕਰਦੇ ਸਮੇਂ ਚਾਰ ਮੱਠਾਂ ਦੀ ਸਥਾਪਨਾ ਕੀਤੀ ਸੀ। ਇਹ ਸ੍ਰਿੰਗੇਰੀ ਮੱਠ (ਦੱਖਣ), ਜੋਸ਼ੀ ਮੱਠ (ਉੱਤਰ), ਗੋਵਰਧਨ ਮੱਠ (ਪੂਰਬ) ਅਤੇ ਸ਼ਾਰਦਾ ਮੱਠ (ਪੱਛਮ) ਸਨ। ਇਨ੍ਹਾਂ ਮੱਠਾਂ ਦੇ ਆਚਾਰੀਆਂ ਨੂੰ ਕ੍ਰਮਵਾਰ ਹਸਤਾਮਲਕ, ਤ੍ਰੋਟਕਾਚਾਰੀਆ, ਪਦਮਪਾਦਚਾਰੀਆ ਅਤੇ ਸਵਰੂਪਾਚਾਰੀਆ ਕਿਹਾ ਜਾਂਦਾ ਹੈ ਅਤੇ ਇਨ੍ਹਾਂ ਨੂੰ ਵੱਖਰੀਆਂ ਵੱਖਰੀਆਂ ਪਰੰਪਰਾਵਾਂ ਕ੍ਰਮਵਾਰ-ਪੁਰੀ, ਭਾਰਤੀ ਅਤੇ ਸਰਸਵਤੀ, ਗਿਰੀ ਪਰਬਤ ਅਤੇ ਅਰਣਯ ਅਰਥਾਤ ਤੀਰਥ ਅਤੇ ਆਸ਼ਰਮ-ਜਿਹੇ ਦਸ਼ਨਾਵਾਂ ਨਾਲ ਸਬੰਧਤ ਦਸਿਆ ਜਾਂਦਾ ਹੈ। ਇਨ੍ਹਾਂ ਚਾਰਾਂ ਵਿਚੋਂ ਸ੍ਰਿਗੇਰੀ ਮੱਠ ਦਾ ਖੇਤਰ ਆਂਧਰਾ, ਦ੍ਰਾਵਿੜ, ਕਰਨਾਟਕ ਅਤੇ ਕੇਰਲ ਪ੍ਰਦੇਸ਼ਾਂ ਤਕ ਸਮਝਿਆ ਜਾਂਦਾ ਹੈ। ਇਸ ਸੰਸਥਾ ਦਾ ਤੀਰਥ ਅਸਥਾਨ ਰਾਮੇਸ਼ਵਰਮ ਹੈ ਅਤੇ ਇਸ ਦਾ ਵੇਦ ਯਜੁਰਵੇਦ ਮਹਾਵਾਕ 'ਅਹੰਬ੍ਰਹਮਾਸਮੀ' ਹੈ ਗੋਤ੍ਰ 'ਭੂਰਿਵਰ' ਹੈ ਅਤੇ ਇਸ ਦੇ ਬ੍ਰਹਮਚਾਰੀ ਨੂੰ ਚੈਤਨਯ ਕਿਹਾ ਜਾਂਦਾ ਹੈ।

ਜੋਸ਼ੀਮੱਠ ਦੇ ਖੇਤਰ ਵਿਚ ਉੱਤਰ ਦੇ ਕੁਰੂ, ਪੰਚਾਲ, ਕਸ਼ਮੀਰ, ਕੰਬੋਜ ਅਤੇ ਤਿੱਬਤ ਆਦਿ ਆਉਂਦੇ ਹਨ। ਇਸ ਦਾ ਤੀਰਥ ਅਸਥਾਨ ਬਦਰਿਕਾਆਸ਼ਰਮ ਅਤੇ ਇਸ ਦਾ ਵੇਦ ਅਥਰਵ ਵੇਦ ਹੈ, ਮਹਾਵਾਕ'ਅਯਮਾਤਮਾ ਬ੍ਰਹਮ' ਘੋਤਰ ਆਨੰਦਵਰ ਅਤੇ ਇਸ ਦੇ ਬ੍ਰਹਮਚਾਰੀ ਨੂੰ 'ਆਨੰਦ' ਕਿਹਾ ਜਾਂਦਾ ਹੈ।

ਇਸੇ ਤਰ੍ਹਾਂ ਗੋਵਰਧਨ ਮੱਠ ਦਾ ਖੇਤਰ ਅੰਗ, ਬੰਗ, ਕਲਿੰਗ, ਮਗਧ, ਉਤਕਲ ਅਤੇ ਬਰਬਰ ਤਕ ਫੈਲਿਆ ਹੋਇਆ ਹੈ। ਇਸ ਦਾ ਤੀਰਥ ਅਸਥਾਨ ਪੁਰੀ ਹੈ ਅਤੇ ਇਸ ਦਾ ਵੇਦ ਰਿਗਵੇਦ ਹੈ। ਮੁਹਾਵਾਕ 'ਪ੍ਰਗਿਆਨੰ ਬ੍ਰਹਮ' ਭੋਗਵਰ ਹੈ ਅਤੇ ਇਸ ਦੇ ਬ੍ਰਹਮਚਾਰੀ ਨੂੰ 'ਪ੍ਰਕਾਸ਼' ਕਿਹਾ ਜਾਂਦਾ ਹੈ।

ਸ਼ਾਰਦਾ ਮੱਠ ਦਾ ਖੇਤਰ ਸਿੰਧ, ਸੌਵੀਰ, ਸੌਰਾਸ਼ਟਰ ਅਤੇ ਮਹਾਰਾਸ਼ਟਰ ਤਕ ਫੈਲਿਆ ਹੋਇਆ ਹੈ। ਇਸ ਦਾ ਵੇਦ ਸਾਮਵੇਦ ਹੈ, ਮਹਾਵਾਕ ਤਤਵਮਸਿ ਅਤੇ ਗੋਤਰ 'ਕੀਟਵਰ' ਹੈ। ਇਸ ਦੇ ਬ੍ਰਹਮਚਾਰੀ ਨੂੰ 'ਸਵਰੂਪ' ਕਿਹਾ ਜਾਂਦਾ ਹੈ ਜੋ ਹੋਰਾਂ ਨਾਲੋਂ ਬਿਲਕੁਲ ਹੀ ਭਿੰਨ ਹੈ।

ਦਸ਼ਨਾਮੀਆਂ ਦੀਆਂ 52 ਗੜ੍ਹੀਆਂ ਵੀ ਪ੍ਰਸਿੱਧ ਹਨ ਜਿਨ੍ਹਾਂ ਵਿਚ 27 ਗਿਰੀਆਂ ਦੀਆਂ, 16 ਪੁਰੀਆਂ ਦੀਆਂ, ਚਾਰ ਭਾਰਤੀਆਂ ਦੀਆਂ, ਚਾਰ ਵਣਾਂ ਦੀਆਂ ਅਤੇ ਇਕ ਲਾਮਾ ਦੀ ਦੱਸੀ ਜਾਂਦੀ ਹੈ ਅਤੇ ਤੀਰਥਾਂ, ਆਸ਼ਰਮਾਂ, ਸਰਸਵਤੀਆਂ, ਅਤੇ ਭਾਰਤੀਆਂ ਵਿਚੋਂ ਅੱਧੇ ਅਰਥਾਤ ਸਾਢੇ ਤਿੰਨ, ਦੰਡੀ ਅਤੇ ਬਾਕੀ ਛੇ ਗੋਸਾਈਂ ਕਹੇ ਜਾਂਦੇ ਹਨ।

ਦਸ਼ਨਾਮੀ ਸਾਧੂਆਂ ਦੇ ਹਰੇਕ ਵਰਗ ਵਿਚ ਉਨ੍ਹਾਂ ਦੀ ਅਧਿਆਤਮਕ ਸਥਿਤੀ ਅਨੁਸਾਰ ਚਾਰ ਕੋਟੀਆਂ ਹੁੰਦੀਆਂ ਹਨ ਜਿਨ੍ਹਾਂ ਨੂੰ ਕ੍ਰਮਵਾਰ ਕੁਟੀਚਕ, ਬਹੁਦਕ, ਹੰਸ ਅਤੇ ਪਰਮਹੰਸ ਕਿਹਾ ਜਾਂਦਾ ਹੈ। ਇਨ੍ਹਾਂ ਵਿਚੋਂ ਪਹਿਲੇ ਦੋ ਨੂੰ ਕਦੇ ਕਦੇ ਤ੍ਰਿਕੰਡੀ ਵੀ ਕਿਹਾ ਜਾਂਦਾ ਹੈ। ਦੀਖਿਆ ਸਮੇਂ ਬ੍ਰਹਮਚਾਰੀ ਦੀ ਉਮਰ 17-18 ਸਾਲ ਤੋਂ ਘੱਟ ਨਹੀਂ ਹੋਣੀ ਚਾਹੀਦੀ ਅਤੇ ਉਹ ਬ੍ਰਾਹਮਣ, ਖਤਰੀ ਜਾਂ ਵੈਸ਼ ਜਾਤੀਆਂ ਵਿਚੋਂ ਹੀ ਹੁੰਦੇ ਹਨ।

ਇਹ ਬ੍ਰਹਮਚਾਰੀ ਰਾਤ ਦਿਨ ਵਿਚ ਕੇਵਲ ਇਕ ਵਾਰੀ ਰੋਟੀ ਖਾਂਦੇ ਹਨ, ਬਸਤੀਆਂ ਤੋਂ ਬਾਹਰ ਰਹਿੰਦੇ ਹਨ, ਵੱਧ ਤੋਂ ਵੱਧ ਸਤ ਘਰਾਂ ਵਿਚੋਂ ਭੀਖ ਮੰਗਦੇ ਹਨ, ਕੇਵਲ ਜ਼ਮੀਨ ਤੇ ਹੀ ਸੌਂਦੇ ਹਨ, ਕਿਸੇ ਨੂੰ ਪਰਣਾਮ ਨਹੀਂ ਕਰਦੇ ਤੇ ਨਾ ਹੀ ਕਿਸੇ ਦੀ ਨਿੰਦਾ ਕਰਦੇ ਹਨ। ਇਹ ਕੇਵਲ ਸੰਨਿਆਸੀ ਨੂੰ ਹੀ ਪ੍ਰਣਾਮ ਕਰਦੇ ਹਨ। ਜਿਹੜਾ ਦਸ਼ਨਾਮੀ ਸਾਧੂ ਕਿਸੇ ਅਜਿਹੇ ਮੱਠਧਾਰੀ ਦਾ ਚੇਲਾ ਬਣ ਕੇ ਉਸ ਦਾ

ਉੱਤਰਾਧਿਕਾਰੀ ਬਣ ਜਾਂਦਾ ਹੈ ਉਸ ਨੂੰ ਪ੍ਰਬੰਧ ਆਦਿ ਵੀ ਕਰਨੇ ਪੈਂਦੇ ਹਨ। ਇਨ੍ਹਾਂ ਦਾ ਉਦੇਸ਼ ਧਰਮ ਪ੍ਰਚਾਰ ਆਦਿ ਤੋਂ ਇਲਾਵਾ ਧਰਮ ਰਖਿਆ ਵੀ ਹੁੰਦਾ ਹੈ ਅਤੇ ਇਸ ਉਦੇਸ਼ ਲਈ ਉਨ੍ਹਾਂ ਨੇ ਕਈ ਅਖਾੜੇ ਕਾਇਮ ਕੀਤੇ ਹੋਏ ਹਨ।

ਦਸ਼ਨਾਮੀਆਂ ਵਿਚ ਕੁਝ ਗ੍ਰਿਹਸਤੀ ਵੀ ਹੁੰਦੇ ਹਨ ਜਿਨ੍ਹਾਂ ਨੂੰ ਗੋਸਾਈਂ ਕਹਿੰਦੇ ਹਨ।

ਹ. ਪੁ.- ਹਿੰ. ਵਿ. ਕੋ. 6 :17

ਦਸ ਨੇਮ (Ten Commandments) ਯਹੂਦੀ ਧਰਮ ਅਨੁਸਾਰ ਇਹ ਧਾਰਮਿਕ ਤੇ ਇਖ਼ਲਾਕੀ ਫ਼ਰਜ਼ ਜਾਂ ਆਦੇਸ਼ ਹਨ। ਇਹ ਸ਼ਬਦ ਯੂਨਾਨੀ ਭਾਸ਼ਾ (deka logoi) ਵਿਚੋਂ ਨਿਕਲਿਆ ਹੈ ਜਿਸ ਦਾ ਭਾਵ ਹੈ 'ਦਸ ਸ਼ਬਦ' ਜਿਹੜਾ Ten Commandments ਕਰ ਕੇ ਜਾਣਿਆ ਜਾਂਦਾ ਹੈ। ਇਹ ਧਾਰਮਿਕ ਉਪਦੇਸ਼ਾਂ ਦੀ ਇਕ ਸੂਚੀ ਹੈ। ਬਾਈਬਲ ਅਨੁਸਾਰ ਸਿਨਾਈ ਪਰਬਤ ਉਤੇ ਹਜ਼ਰਤ ਮੂਸਾ ਨੂੰ ਇਨ੍ਹਾਂ ਆਦੇਸ਼ਾਂ ਦਾ ਦੈਵੀ ਇਲਹਾਮ ਹੋਇਆ ਸੀ ਅਤੇ ਇਹ ਪੱਥਰ ਦੀਆਂ ਦੋ ਫੱਟੀਆਂ ਉਤੇ ਉਕਰੇ ਹੋਏ ਸਨ। ਬਾਈਬਲ ਅਨੁਸਾਰ ਇਹ ਆਦੇਸ਼ ਹੇਠ ਲਿਖੇ ਅਨੁਸਾਰ ਹਨ :

1. ਮੈਂ ਜਿਹੋਵਾ ਤੇਰਾ ਪਰਮੇਸ਼ਰ ਹਾਂ ਜਿਹੜਾ ਤੈਨੂੰ ਮਿਸਰ ਦੇਸ਼ ਤੋਂ ਗ਼ੁਲਾਮੀ ਦੇ ਘਰ ਤੋਂ ਕੱਢ ਲਿਆਇਆ ਹਾਂ।
2. ਮੇਰੇ ਸਨਮੁਖ ਤੇਰੇ ਲਈ ਦੂਜੇ ਦੇਵਤੇ ਨਾ ਹੋਣ। ਤੂੰ ਆਪਣੇ ਲਈ ਉਕਰੀ ਹੋਈ ਮੂਰਤ ਨਾ ਬਣਾ..........।
3. ਤੂੰ ਜਿਹੋਵਾ ਭਾਵ ਆਪਣੇ ਪਰਮੇਸ਼ਰ ਦਾ ਨਾਂ ਵਿਅਰਥ ਨਾ ਲੈ ਕਿਉਂਕਿ ਜਿਹੜਾ ਉਸ ਦਾ ਨਾਮ ਵਿਅਰਥ ਲੈਂਦਾ ਹੈ ਯਹੋਵਾਰ ਉਸ ਨੂੰ ਬੇਦੋਸ਼ ਨਹੀਂ ਠਹਿਰਾਵੇਗਾ।
4. ਤੂੰ ਸੈਬਥ (ਐਤਵਾਰ) ਦੇ ਦਿਨ ਨੂੰ ਵਿੱਤਰ ਜਾਣ ਤੇ ਚੇਤੇ ਰੱਖ ਤੇ ਤੂੰ ਛੇ ਦਿਨ ਮਿਹਨਤ ਕਰ...........।
5. ਤੂੰ ਆਪਣੇ ਪਿਤਾ ਅਤੇ ਮਾਤਾ ਦਾ ਆਦਰ ਕਰ ਤਾਂ ਜੋ ਤੇਰੇ ਦਿਨ ਉਸ ਭੂਮੀ ਉੱਤੇ ਜਿਹੜੀ ਜਿਹੋਵਾ ਤੈਨੂੰ ਦਿੰਦਾ ਹੈ, ਲੰਮੇ ਹੋਣ।
6. ਤੂੰ ਖ਼ੂਨ ਨਾ ਕਰ
7. ਤੂੰ ਜਨਾਹ ਨਾ ਕਰ
8. ਤੂੰ ਚੋਰੀ ਨਾ ਕਰ
9. ਤੂੰ ਆਪਣੇ ਗਵਾਂਢੀ ਦੇ ਖਿਲਾਫ਼ ਝੂਠੀ ਗਵਾਹੀ ਨਹੀਂ ਦੇਣੀ।
10. ਤੂੰ ਆਪਣੇ ਗਵਾਂਢੀ ਦੇ ਘਰ ਦੀ ਲਾਲਸਾ ਨਾ ਕਰ ....

'ਟੈੱਨ ਕਮਾਂਡਮੈਂਟਸ' ਦੇ ਕ੍ਰਮਅੰਕ ਨਾਲ ਸਬੰਧਤ ਕਈ ਰਵਾਇਤਾਂ ਹਨ। ਯਹੂਦੀ ਧਰਮ ਵਿਚ ਇਸੇ ਤਰ੍ਹਾਂ ਦੀ ਤਰਤੀਬ ਹੈ। ਲੂਥਰ ਇਸ ਨੂੰ ਦਸ ਨੰਬਰਾਂ ਵਿਚ ਇਕੋ ਹੀ ਉਪਦੇਸ਼ ਕਹਿੰਦਾ ਹੈ।

ਡੈਕਾਲਾੱਗ ਦੀ ਮਿਤੀ ਦਾ ਅਨੁਮਾਨ ਅਸੀਂ ਉਪਦੇਸ਼ਾਂ ਦੀ ਵਿਆਖਿਆ ਤੋਂ ਲਾ ਸਕਦੇ ਹਾਂ। ਕੁਝ ਵਿਦਵਾਨ ਇਸ ਦੀ ਮਿਤੀ 16 ਵੀਂ ਤੋਂ 13 ਸਦੀ ਈ. ਪੂ. ਮੰਨਦੇ ਹਨ ਕਿਉਂਕਿ ਬਾਈਬਾਲ ਵਿਚ ਕੂਚ(Exodus) ਅਤੇ ਬਿਵਸਥਾ ਸਾਰ (Deuteronomy) ਇਸ ਨੂੰ ਮੂਸਾ ਅਤੇ ਜਿਹੋਵਾ ਵਿਚਕਾਰ ਸਿਨਾਈ ਵਿਖੇ ਇਕਰਾਰਨਾਮੇ ਨਾਲ ਜੋੜਦੇ ਹਨ ਪਰ ਜਿਹੜੇ ਇਸ ਨੂੰ ਪੈਗ਼ੰਬਰੀ ਸਿੱਖਿਆਵਾਂ ਦਾ ਸਾਰ ਮੰਨਦੇ ਹਨ ਉਹ ਇਸ ਦੀ ਮਿਤੀ 750 ਈ. ਪੂ. ਤੋਂ ਪਿੱਛੋਂ ਦੀ ਮੰਨਦੇ ਹਨ। ਜੇਕਰ ਇਸ ਨੂੰ ਇਸਰਾਈਲ ਦੀ ਕਾਨੂੰਨੀ ਅਤੇ ਪਾਦਰੀ ਰਵਾਇਤ ਦਾ ਸਾਰ ਸਮਝਿਆ ਜਾਵੇ ਤਾਂ ਇਸ ਦੀ ਰਚਨਾ ਦੀ ਮਿਤੀ ਇਸ ਤੋਂ ਵੀ ਮਗਰੋਂ ਦੀ ਹੈ।

ਇਹ ਡੈਕਾਲਾੱਗ ਪ੍ਰਾਚੀਨ ਸੰਸਾਰ ਲਈ ਨਵਾਂ ਨਹੀਂ ਸੀ। ਇਸ ਲਈ ਇਹ ਸਖ਼ਤ ਕਾਨੂੰਨ ਨਹੀਂ ਸਨ ਸਗੋਂ ਇਹ ਤਾਂ ਇਸਰਾਈਲੀ ਸਮਾਜ ਵਿਚ ਜਿਹੋਵਾ ਨਾਲ ਸਬੰਧਾਂ ਲਈ ਮੰਨੇ ਹੋਏ ਉਪਬੰਧਾਂ ਦੀ ਵਿਆਖਿਆ ਹਨ। 'ਕੂਚ' ਅਤੇ 'ਬਿਵਸਥਾ ਸਾਰ' ਦੇ ਅੰਤਰ ਤੋਂ ਇਸ ਗੱਲ ਦਾ ਸੰਕੇਤ ਮਿਲਦਾ ਹੈ ਕਿ ਨਸਲਾਂ ਦੇ ਗੁਜ਼ਰਨ ਨਾਲ ਇਸ ਵਿਚ ਤਬਦੀਲੀ ਆਈ ਹੈ।

ਇਸ ਡੈਕਾਲਾੱਗ ਦਾ 13 ਵੀਂ ਸਦੀ ਤਕ ਈਸਾਈ ਮਰਯਾਦਾ ਵਿਚ ਕੋਈ ਖ਼ਾਸ ਮਹੱਤਵ ਨਹੀਂ ਸੀ ਪਰ ਇਸ ਤੋਂ ਪਿਛੋਂ ਇਹ ਆਪਣੇ ਪਾਪਾਂ ਦਾ ਪਛਤਾਵਾ ਕਰਨ ਵਾਲਿਆਂ ਲਈ ਨਿਯਮਾਵਲੀ ਦੀ ਪੁਸਤਕ ਵਿਚ ਸ਼ਾਮਲ ਕਰ ਲਏ ਗਏ।

ਜਦੋਂ ਪ੍ਰੋਟੈਸਟੈਂਟ ਚਰਚ ਬਣਿਆ ਤਾਂ ਇਸ ਧਰਮ ਵਿਚ ਉਪਦੇਸ਼ਾਂ ਦੀਆਂ ਨਵੀਆਂ ਨਿਯਮਾਵਲੀਆਂ ਬਣੀਆਂ ਅਤੇ ਇਹ ਡੈਕਾਲਾੱਗ ਪ੍ਰਸ਼ਨੋਤਰੀ ਵਿਚ ਸ਼ਾਮਲ ਕਰ ਦਿਤਾ ਅਤੇ ਖ਼ਾਸ ਕਰ ਕੇ ਜਵਾਨਾਂ ਦੀ ਧਾਰਮਿਕ ਸਿਖਲਾਈ ਦਾ ਇਕ ਮੌਲਿਕ ਹਿੱਸਾ ਬਣਾ-ਇਆ ਗਿਆ।

ਹ. ਪੁ.- ਐਨ. ਬ੍ਰਿ. ਮਾ. 9 : 884 ; ਵ. ਯੂ. ਐਨ. 5 :1478; ਬਾਈਬਲ ਕੂਚ (Exodus) –94

ਦਸ਼ਪੁਰ (ਮੰਦਸੌਰ) : ਇਹ ਮੱਧ ਪ੍ਰਦੇਸ਼ (ਭਾਰਤ) ਰਾਜ ਵਿਚ ਮੰਦਸੌਰ ਨਾਂ ਦੇ ਜ਼ਿਲ੍ਹੇ ਦਾ ਸਦਰ-ਮੁਕਾਮ ਹੈ ਅਤੇ ਹੁਣ ਮੰਦਸੌਰ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਪਹਿਲਾਂ ਇਹ ਸ਼ਹਿਰ ਪੱਛਮੀ ਮਾਲਵੇ (ਅਵੰਤਿ) ਵਿਚ ਹੁੰਦਾ ਸੀ। ਇਹ ਸ਼ਹਿਰ ਚੰਬਾ ਨਦੀ ਦੀ ਉਪ-ਸ਼ਾਖਾ ਚਾਓ ਨਦੀ ਦੇ ਕੰਢੇ ਵਾਕਿਆ ਹੈ । ਭਾਰਤੀ ਇਤਿਹਾਸ ਦੇ ਪੁਰਾਣੇ ਯੁੱਗ ਵਿਚ ਉੱਤਰੀ ਭਾਰਤ ਵਿਚ ਜਦੋਂ ਵੀ ਸਾਮਰਾਜ ਸਥਾਪਿਤ ਹੋਏ ਅੰਵਤਿ ਉਨ੍ਹਾਂ ਦਾ ਇਕ ਪ੍ਰਾਂਤ ਹੁੰਦਾ ਸੀ। ਦਸ਼ਪੁਰ ਇਸੇ ਪ੍ਰਾਂਤ ਵਿਚ ਸੀ ਪਰ ਇਸ ਦਾ ਹੋਰ ਕੋਈ ਇਤਿਹਾਸਕ ਵਰਣਨ ਗੁਪਤਾ ਯੁੱਗ ਤੋਂ ਪਹਿਲਾਂ ਨਹੀਂ ਮਿਲਦਾ। ਕੁਮਾਰ ਗੁਪਤ ਪਹਿਲੇ ਤੇ ਦੂਜੇ ਅਤੇ ਬੰਧੂ ਵਰਮਾ ਦਾ ਮੰਦਸੌਰ ਵਿਚ 436 ਈ. ਅਤੇ 472 ਈ. ਦਾਂ ਵਤਸਭੱਟ ਦੁਆਰਾ ਰਚਿਤ ਲੇਖ ਮਿਲਿਆ ਹੈ ਜਿਸ ਤੋਂ ਪਤਾ ਲਗਦਾ ਹੈ ਕਿ ਜਦੋਂ 436 ਈ. ਵਿਚ ਬੰਧੂ ਵਰਮਾ ਕੁਮਾਰ ਗੁਪਤ ਪਹਿਲੇ ਦਾ ਦਸ਼ਪੁਰ ਵਿਚ ਪ੍ਰਤੀਨਿੱਧ ਹੁੰਦਾ ਸੀ ਉਦੋਂ ਉਥੋਂ ਦੇ ਤੰਤਵਾਇਆਂ ਨੇ ਇਕ ਸੂਰਜ ਮੰਦਰ ਦੀ ਉਸਾਰੀ ਕੀਤੀ ਅਤੇ ਖਰਚ ਦਾ ਪ੍ਰਬੰਧ ਕੀਤਾ। ਇਹ ਮੰਦਰ ਕੁਮਾਰ ਗੁਪਤ ਦੂਜੇ ਸਮੇ ਪੂਰਾ ਹੋਇਆ। ਬੰਧੂ ਵਰਮਾ ਇਸ ਸਮੇਂ ਵਿਚ ਗੁਪਤ ਰਾਜਿਆਂ ਦਾ ਦਸ਼ਪੁਰ ਵਿਚ ਖੇਤਰ ਸ਼ਾਸਕ ਰਿਹਾ। ਥੋੜ੍ਹੇ ਦਿਨਾਂ ਬਾਅਦ ਉਸ ਨੇ ਸਾਰੇ ਪ੍ਰਦੇਸ਼ਾਂ ਨੂੰ ਕੁਚਲ ਦਿੱਤਾ ਅਤੇ ਗੁਪਤ ਸਮਰਾਟਾਂ ਦਾ ਉਥੇ ਰਾਜ ਖ਼ਤਮ ਹੋ ਗਿਆ। ਗਵਾਲੀਅਰ ਵਿਚ ਮਿਲਣ ਵਾਲੇ ਮਿਹਰਕੁਲ ਦੇ ਸਿੱਕਿਆਂ ਤੋਂ ਇਹ ਪਤਾ ਲਗਦਾ ਹੈ ਕਿ ਦਸ਼ਪੁਰ ਦਾ ਰਾਜ ਹੂਨਾਂ ਦੇ ਅਧਿਕਾਰ ਵਿਚ ਚਲਾ ਗਿਆ ਪਰੰਤੂ ਉਸ ਦੀ ਸਫ਼ਲਤਾ ਸਥਾਈ ਨਹੀਂ ਸੀ ਅਤੇ ਯਸ਼ੋਧਰਮਨ ਵਿਸ਼ਣੂਵਰਧਨ ਨਾਮ ਦੇ ਇਕ ਔਲਿਕਰਵੰਸੀ ਰਾਜੇ ਨੇ ਮਿਹਿਰਕੁਲ ਨੂੰ ਹਰਾਇਆ। ਮੰਦਸੌਰ ਤੋਂ 532 ਈ. ਦਾ ਯਸ਼ੋਧਰਮਨ ਦਾ ਲਿਖਿਆ ਇਕ ਲੇਖ ਮਿਲਿਆ ਜਿਸ ਵਿਚ ਉਸ ਨੂੰ ਜਨੇਂਦਰ, ਨਰਾਧਿਪਤੀ, ਸਮਰਾਏ, ਰਾਜਾਧਿਰਾਜ, ਪਰਮੇਸ਼ਵਰ ਆਦਿ ਨਾਂ ਦਿੱਤੇ ਗਏ। ਉਸ ਦਾ ਇਹ ਦਾਅਵਾ ਹੈ ਕਿ ਜਿਨ੍ਹਾਂ ਪ੍ਰਦੇਸ਼ਾਂ ਨੂੰ ਗੁਪਤ ਰਾਜੇ ਵੀ ਨਹੀਂ ਪ੍ਰਾਪਤ ਕਰ ਸਕੇ ਉਨ੍ਹਾਂ ਸਾਰਿਆਂ ਨੂੰ ਉਸ ਨੇ ਜਿੱਤਿਆ ਅਤੇ ਨੀਚ ਮਿਹਿਰਕੁਲ ਨੂੰ ਬੇਵਸ ਹੋ ਕੇ ਫੁੱਲਾਂ ਦੀ ਮਾਲਾ ਨਾਲ ਭਰੇ

ਆਪਣੇ ਸਿਰ ਨੂੰ ਉਸ ਦੇ ਦੋਹਾਂ ਪੈਰਾਂ ਉੱਤੇ ਰੱਖ ਕੇ ਉਸ ਦੀ ਪੂਜਾ ਕਰਨੀ ਪਈ। ਯਸ਼ੋਧਰਮਨ ਮੱਧ ਭਾਰਤ ਤੋਂ ਹੋ ਕੇ ਉੱਤਰ ਪ੍ਰਦੇਸ਼ ਪਹੁੰਚਿਆ ਅਤੇ ਪੰਜਾਬ ਵਿਚ ਮਿਹਿਰਕੁਲ ਦੀ ਸ਼ਕਤੀ ਨੂੰ ਨਸ਼ਟ ਕਰਦਾ ਹੋਇਆ ਸਾਰਾ ਗੁਪਤ ਰਾਜ ਖ਼ਤਮ ਕਰ ਦਿੱਤਾ। ਪੂਰਬ ਵਿਚ ਲੋਹਿਤ ਉੱਤਰ-ਪੂਰਬੀ ਭਾਰਤੀ ਸੀਮਾ ਦੀ ਲੋਹਿਤ ਨਦੀ ਤੋਂ ਸ਼ੁਰੂ ਹੋ ਕੇ ਹਿਮਾਲਾ ਦੀਆਂ ਪਹਾੜੀਆਂ ਤੋਂ ਹੁੰਦਾ ਹੋਇਆ ਪੱਛਮੀ ਸੰਮੁਦਰ ਤੱਕ ਅਤੇ ਦੱਖਣ-ਪੂਰਬ ਵਿਚ ਮਹੇਦਰ ਪਰਬਤ ਤੱਕ ਦੇ ਖੇਤਰ ਦਾ ਦਾਅਵਾ ਕੀਤਾ ਅਤੇ ਦਸ਼ਪੁਰ ਨੂੰ ਯਸ਼ੋਧਰਮਨ ਦੀ ਰਾਜਧਾਨੀ ਬਣਾਇਆ।

ਇਹ ਅਨਾਜ, ਕਪਾਹ ਅਤੇ ਕੱਪੜੇ ਦਾ ਵਪਾਰਕ ਕੇਂਦਰ ਹੈ। ਇਥੇ ਰੂੰ ਦੀ ਪਿੰਜਾਈ ਅਤੇ ਬੁਣਾਈ, ਖੰਡ, ਖੁਰਾਕ ਪ੍ਰੋਸੈਸਿੰਗ ਅਤੇ ਖੱਡੀ ਵਰਗੀਆਂ ਸੱਨਅਤਾਂ ਸਥਾਪਿਤ ਹਨ। ਇਤਿਹਾਸਕ ਪੱਖੋਂ ਇਸ ਸ਼ਹਿਰ ਦੀ ਬਹੁਤ ਮਹੱਤਤਾ ਹੈ। ਸ਼ਹਿਰ ਦੇ ਦੱਖਣ-ਪੂਰਬ ਵੱਲ ਸਤੂਨਾ ਆਕਾਰੀ ਪੱਥਰ ਦੇ ਥੰਮ ਹਨ ਜਿਨ੍ਹਾਂ ਉੱਤੇ 437 ਈ. ਵਿਚ ਉਸਾਰੇ ਗਏ ਸੂਰਜ ਦੇ ਮੰਦਰ ਸਬੰਧੀ ਸ਼ਿਲਾਲੇਖ ਹਨ। ਪੂਰਬ ਵੱਲ 14ਵੀਂ ਸਦੀ ਦਾ ਬਣਿਆ ਇਕ ਕਿਲਾ ਵੀ ਮੌਜੂਦ ਹੈ। ਸੰਨ 1902 ਵਿਚ ਇਥੇ ਮਿਉਂਸਪਲਟੀ ਦੀ ਸਥਾਪਨਾ ਹੋਈ। ਵਿਕਰਮ ਯੂਨੀਵਰਸਿਟੀ ਨਾਲ ਸਬੰਧਤ ਇਥੇ ਦੋ ਕਾਲਜ ਹਨ। ਇਸ ਤੋਂ ਇਲਾਵਾ ਇਥੇ ਸੰਗੀਤ ਅਕਾਦਮੀ ਅਤੇ ਟੈਕਨੋਲਾਜੀਕਲ ਇੰਸਟੀਚਿਊਟ ਵੀ ਹੈ। ਮਲਹਾਰ ਰਾਓ ਹੋਲਕਰ ਦੂਜੇ ਦੇ ਅੰਗਰੇਜ਼ਾਂ ਤੋਂ ਹਾਰ ਜਾਣ ਤੋਂ ਬਾਅਦ 1818 ਈ. ਵਿਚ ਇਸੇ ਹੀ ਸਥਾਨ ਤੇ ਮੰਦਸੌਰ ਦੀ ਸੰਧੀ ਹੋਈ ਸੀ।

ਆਬਾਦੀ – 95,758 (1991)

ਹ. ਪੁ.–ਹਿੰ. ਵਿ. ਕੋ. 6 : 8; ਐਨ. ਬ੍ਰਿ. ਮਾ. 6 : 557

ਦਸੰਬਰ : ਜਾਰਜੀਅਨ ਕਲੰਡਰ ਦੇ ਅਨੁਸਾਰ ਇਹ ਸਾਲ ਦਾ 12ਵਾਂ ਅਤੇ ਆਖ਼ਰੀ ਮਹੀਨਾ ਹੈ। ਇਹ ਇਕੱਤੀ ਦਿਨਾਂ ਦਾ ਹੁੰਦਾ ਹੈ। ਮੁੱਢਲੇ ਰੋਮਨ ਕਲੰਡਰ ਅਨੁਸਾਰ ਇਸ ਨੂੰ 10 ਵਾਂ ਅਤੇ ਆਖ਼ਰੀ ਮਹੀਨਾ ਮੰਨਿਆ ਜਾਂਦਾ ਸੀ ਜਿਹੜਾ ਮਾਰਚ ਦੇ ਮਹੀਨੇ ਤੋਂ ਸ਼ੁਰੂ ਹੁੰਦਾ ਸੀ ਅਤੇ ਇਸ ਦਾ ਨਾਂ ਵੀ ਲਾਤੀਨੀ ਸ਼ਬਦ 'ਦੀਸੈਮ' ਤੋਂ ਨਿਕਲਿਆ ਹੈ ਜਿਸ ਦਾ ਭਾਵ ਹੈ 'ਦਸ'। ਇਹ ਨਾਂ ਭਾਵੇਂ ਮਿਥਿਹਾਸਕ ਸੀ ਪਰ ਫਿਰ ਵੀ ਇਹ ਜੂਲੀਅਨ ਕਲੰਡਰ ਦੇ ਤੌਰ ਤੇ 12ਵੇਂ ਮਹੀਨੇ ਵਜੋਂ ਚਲਦਾ ਰਿਹਾ ਜਿਹੜਾ 1 ਜਨਵਰੀ, 45 ਈ. ਪੂ. ਤੋਂ ਸ਼ੁਰੂ ਹੋਇਆ।

ਉੱਤਰੀ ਗੋਲਾਰਧ ਵਿਚ ਦਸੰਬਰ ਮਹੀਨਾ ਸਰਦੀਆਂ ਦਾ ਸੰਕ੍ਰਾਂਤੀ ਮਹੀਨਾ ਹੈ। ਰੋਮਨ ਲੋਕਾਂ ਵਿਚ ਇਹ ਧੁਆਂਖਲਾ, ਠੰਢਾ ਅਤੇ ਕੱਕਰ ਵਾਲਾ ਮਹੀਨਾ ਕਿਹਾ ਜਾਂਦਾ ਸੀ ਅਤੇ ਗ਼ੈਰ ਈਸਾਈ ਐਂਗਲੋ-ਸੈਕਸਨ ਲੋਕਾਂ ਵਿਚ ਇਸ ਮਹੀਨੇ ਨੂੰ "ਵਿੰਟਰ ਮੰਥ" ਕਿਹਾ ਜਾਂਦਾ ਸੀ। ਰੈਵੂਲੁਸ਼ਨਰੀ ਕਲੰਡਰ ਦੇ ਅਨੁਸਾਰ ਦਸਬੰਰ ਮਹੀਨੇ ਨੂੰ ਫਰਾਈਮੇਅਰ ਬਰਫੀਲੀ ਵਰਖਾ ਦਾ ਮਹੀਨਾ, ਅਤੇ ਨਿਵੋਸ ਬਰਫ ਦਾ ਮਹੀਨਾ ਦੇ ਮਹੀਨਿਆਂ ਦਾ ਹਿੱਸਾ ਮੰਨਿਆ ਗਿਆ ਹੈ।

ਉੱਤਰੀ ਗੋਲਾਰਧ ਵਿਚ ਸੰਕ੍ਰਾਂਤੀ ਮਹੀਨੇ ਵਿਚ ਦਿਨ ਵੱਡੇ ਹੋਣ ਲੱਗ ਜਾਂਦੇ ਹਨ। ਦਸਬੰਰ ਮਹੀਨੇ ਨੂੰ ਰਵਾਇਤੀ ਤੌਰ ਤੇ ਖ਼ੁਸ਼ੀਆਂ ਦੇ ਮਹੀਨੇ ਵਜੋਂ ਵੀ ਜਾਣਿਆ ਜਾਂਦਾ ਹੈ। ਰੋਮਨ ਲੋਕ ਦਸਬੰਰ ਮਹੀਨੇ ਨੂੰ ਸੈਟਰਨ ਦੇਵਤੇ ਵਜੋਂ ਵੀ ਮਨਾਉਂਦੇ ਹਨ। ਪਿੱਛੋਂ ਚੌਥੀ ਸਦੀ ਵਿਚ ਇਸ ਮਹੀਨੇ ਨੂੰ 25 ਦਸਬੰਰ ਵਾਲੇ ਦਿਨ ਯਸ਼ੂ ਮਸੀਹ ਦੇ ਜਨਮ ਦਿਨ ਦੇ ਤੌਰ ਤੇ ਮਨਾਇਆ ਜਾਣ ਲੱਗਿਆ। ਇਨ੍ਹਾਂ ਤਬਦੀਲੀਆਂ ਤੋਂ ਮਗਰੋਂ ਐਂਗਲੋ-ਸੈਕਸਨ ਲੋਕ ਦਸਬੰਰ ਮਹੀਨੇ ਨੂੰ ਕ੍ਰਿਸਮਿਸ ਦੇ ਸਤਿਕਾਰ ਵਿਚ ਇਕ ਪਵਿਤਰ ਮਹੀਨਾ (Holy month) ਕਹਿਣ ਲੱਗ ਪਏ। ਇਸ ਮਹੀਨੇ ਦੀਆਂ ਦੂਜੀਆਂ ਛੁੱਟੀਆਂ ਵਿਚ ਈਸਟ ਆਫ਼ ਸੇਂਟ ਨਿਕੋਲਸ ਅਤੇ ਹੈਨਿਉਖਾਹ ਸ਼ਾਮਲ ਹਨ ਜਦੋਂ ਕਿ ਯਸ਼ੂ ਫੈਸਟੀਵਲ ਆਫ਼ ਲਾਈਟਸ ਕਈ ਵਾਰ ਨਵੰਬਰ ਮਹੀਨੇ ਵਿਚ ਆ ਜਾਂਦਾ ਹੈ।

ਦਸਬੰਰ ਮਹੀਨੇ ਵਿਚ ਹੋਈਆਂ ਸਥਾਈ ਘਟਨਾਵਾਂ ਵਿਚ ਪਲਾਮਾ ਯਾਤਰੀਆਂ ਦਾ ਆਉਣਾ (21 ਦਸਬੰਰ, 1620), ਪਹਿਲੀ ਹਵਾਈ ਉਡਾਣ (17 ਦਸਬੰਰ, 1903) ਅਤੇ ਪਰਲ ਹਾਰਬਰ ਉੱਤੇ ਜਪਾਨੀਆਂ ਵੱਲੋਂ ਕੀਤਾ ਹਮਲਾ (7 ਦਸੰਬਰ, 1941) ਸ਼ਾਮਲ ਹਨ। ਦਸੰਬਰ ਦੇ ਮਹੀਨੇ ਵਿਚ ਪੈਦਾ ਹੋਣ ਵਾਲੇ ਪ੍ਰਸਿੱਧ ਲੋਕਾਂ ਵਿਚ ਆਈਜ਼ਕ ਨਿਊਟਨ (25 ਦਸਬੰਰ, 1642), ਬੀਥੋਵਨ 16 ਦਸੰਬਰ, 1770) ਕਲਾਰਾ ਬਾਰਟਨ (25 ਦਸੰਬਰ, 1821) ਅਤੇ ਵੁਡਰੋ ਵਿਲਸਨ (28 ਦਸਬੰਰ, 1856) ਸ਼ਾਮਲ ਹਨ। ਪਹਿਲਾਂ ਦਸੰਬਰ ਦੇ ਮਹੀਨੇ ਵਿਚ ਜਨਮ ਰਾਸ਼ੀ ਅਨੁਸਾਰ ਪਾਇਆ ਜਾਣ ਵਾਲਾ ਕੀਮਤੀ ਪੱਥਰ ਲਾਲ ਰੰਗ ਦਾ ਹੁੰਦਾ ਸੀ ਪਰ ਹੁਣ ਫ਼ਿਰੋਜ਼ੀ ਰੰਗ ਦਾ ਮੰਨਿਆ ਜਾਂਦਾ ਹੈ। ਹਾਲੀ ਅਤੇ ਨਰਗਸ ਦੇ ਫੁੱਲ ਇਸ ਮਹੀਨੇ ਨਾਲ ਹੀ ਸਬੰਧਤ ਹਨ।

ਹ. ਪੁ.- ਐਨ. ਅਮੈ. 8 : 586 ; ਐਨ. ਬ੍ਰਿ. 7 :122; ਐਨ. ਬ੍ਰਿ. ਮਾ. 3 :423

ਦਸ਼ਭੂਮੀਸ਼ਵਰ : ਇਹ ਮਹਾਯਾਨ ਬੋਧੀ ਸਾਹਿਤ ਦੇ ਮਹਾਸੰਘਾਂ ਦੀ ਲੋਕ ਉੱਤਰਾਵਾਦੀ ਸ਼ਾਖ ਦਾ ਗ੍ਰੰਥ ਹੈ ਜਿਸ ਦਾ ਉਲੇਖ ਸਭ ਤੋਂ ਪਹਿਲਾਂ ਆਚਾਰੀਆ ਨਾਗਾਰਜੁਨ ਨੇ ਆਪਣੀ 'ਪ੍ਰਗਿਆਪਾਮਿਤਾ ਸ਼ਾਸਤਰ' ਦੀ ਵਿਆਖਿਆ ਵਿਚ ਕੀਤਾ ਸੀ। ਨਾਗਾਰਜੁਨ ਦੁਆਰਾ ਉਲੇਖ ਕੀਤੇ ਗਏ ਇਸ ਗ੍ਰੰਥ ਦਾ ਜਾਪਾਨੀ ਰੂਪਾਂਤਰ 'ਜੁਜਿ-ਕਯੋ' ਦੇ ਰੂਪ ਵਿਚ ਸੁਰੱਖਿਅਤ ਹੈ।

ਦਸ਼ਭੂਮਿਕ ਦੇ ਦੋ ਉਲਥੇ ਪ੍ਰਸਿੱਧ ਹਨ-ਪਹਿਲਾ ਧਰਮ-ਰਕਸ਼ਕ੍ਰਿਤ ਜਿਸ ਦਾ ਰਚਨਾ ਕਾਲ 297 ਈ. ਹੈ ਅਤੇ ਦੂਸਰਾ ਕੁਮਾਰਜੀਵ ਦਾ ਪ੍ਰਸਿੱਧ ਅਨੁਵਾਦ। ਇਸ ਸੂਤਰ ਦਾ ਸੰਸਕ੍ਰਿਤ ਰੂਪ ਅੱਜ ਵੀ ਮਿਲਦਾ ਹੈ। ਬੋਧਿਸਤਵ ਵ੍ਰਜਗਰਭ ਨੇ ਇਸ ਵਿਚ ਬੋਧਿਸਤਵ ਦੇ ਵਿਕਾਸ ਦੀਆਂ ਕ੍ਰਮ ਅਨੁਸਾਰ ਦਸ ਅਵਸਥਾਵਾਂ ਦੱਸੀਆਂ ਹਨ- ਪ੍ਰਮੁਦਿਤ, ਵਿਮਲ, ਪ੍ਰਭਾਕਾਰੀ, ਆਰਿਸਮਤੀ, ਸੁਦੁਰਜਯ, ਅਭਿਮੁਕਤ, ਦੂਰੰਗਮ, ਅੱਚਲ, ਸਾਧੂਮਤੀ ਅਤੇ ਤਥਤਾ। ਇਨ੍ਹਾਂ ਅਵਸਥਾਵਾਂ ਨੂੰ ਬੋਧਿਸਤਵ ਦੀਆਂ ਭੂਮੀਆਂ ਕਿਹਾ ਜਾਂਦਾ ਹੈ। ਪਹਿਲੀ ਭੂਮੀ ਵਿਚ ਦਾਨ, ਦਿਆ, ਅਜਿਤ, ਨਮਰਤਾ, ਆਦਿ ਸਾਰੇ ਸ਼ਾਸਤਰਾਂ ਦਾ ਅਧਿਐਨ ਇਛਾਵਾਂ ਤੋਂ ਮੁਕਤੀ ਅਤੇ ਸਹਿਨਸ਼ੀਲਤਾ ਮਿਲਦੀ ਹੈ। ਦੂਜੀ ਭੂਮੀ ਵਿਚ ਬੋਧਿਸਤਵ ਨੂੰ ਸ੍ਰਿਸ਼ਟੀ ਦੇ ਅਲੱਗ-ਅਲੱਗ ਰੂਪਾਂ ਪ੍ਰਤੀ ਖਿੱਚ ਖ਼ਤਮ ਹੋ ਜਾਂਦੀ ਹੈ। ਜਸ ਅਤੇ ਮਾਨ ਦੀ ਇੱਛਾ ਤੋਂ ਛੁਟਕਾਰਾ ਪਾ ਕੇ ਬੋਧਿਸਤਵ ਪਰਮ ਨਿਸ਼ਾਨੇ (ਨਿਰਵਾਣ) ਵੱਲ ਵਧਦੇ ਹਨ। ਤੀਜੀ ਅਤੇ ਚੌਥੀ ਭੂਮੀਆਂ ਵਿਚ ਵੈਰਾਗ ਦੀ ਭਾਵਨਾ ਮਜ਼ਬੂਤ ਅਤੇ ਗਿਆਨ ਪ੍ਰਾਪਤ ਕਰਨ ਦੀ ਇੱਛੁਕ ਹੁੰਦੀ ਹੈ। ਪੰਜਵੀਂ ਭੂਮੀ ਵਿਚ ਪ੍ਰਵੇਸ਼ ਕਰਨ ਨਾਲ ਬੋਧਿਸਤਵ ਨੂੰ ਸਾਰਾ ਸੰਸਾਰ ਵਾਸਨਾ, ਅਗਿਆਨ ਅਤੇ ਹੰਕਾਰ ਵਿਚ ਸੜਦਾ ਹੋਇਆ ਪ੍ਰਤੀਤ ਹੁੰਦਾ ਹੈ। ਛੇਵੀਂ ਭੂਮੀ ਵਿਚ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਸੰਸਾਰਿਕ ਆਨੰਦ ਕੁਝ ਸਮੇਂ ਦਾ ਹੈ। ਸੱਤਵੀਂ ਭੂਮੀ ਵਿਚ ਦਾਖ਼ਲ ਹੋਣ ਤੇ ਬੋਧਿਸਤਵ ਆਤਮ-ਸੰਜਮ ਵਿਚ ਦ੍ਰਿੜ ਹੋ ਕੇ ਮਨੁੱਖਤਾ ਦੇ ਕਲਿਆਣ ਦੀ ਗੱਲ ਸੋਚਦੇ ਸਨ। ਅੱਠਵੀਂ ਅਤੇ ਨੌਵੀਂ ਭੂਮੀਆਂ ਵਿਚ ਬੋਧਿਸਤਵ ਉਸ ਮਹਾਨਤਾ ਨੂੰ ਪ੍ਰਾਪਤ ਕਰਦੇ ਹਨ ਜਿਸ ਦੇ ਆਧਾਰ ਤੇ 'ਮਹਾਵਸਤੂ' ਦੇ ਇਸ ਸੂਤਰ ਵਿਚ ਵਿਦਯੁਤਪ੍ਰਭ, ਲੋਕਾਭਰਣ, ਧਰਮਧਾਤੂ ਸਮਤਰਸ਼ਮਿ ਆਦਿ ਬੋਧਿਸਤਵਾ ਦੀ ਕਲਪਨਾ ਕੀਤੀ

ਗਈ ਹੈ। ਦਸਵੀਂ ਭੂਮੀ ਵਿਚ ਖੁਦ ਭਗਵਾਨ ਤਥਾਸਤ ਪ੍ਰਗਟ ਹੁੰਦੇ ਹਨ।

ਮਹਾਂਵਸਤੂ ਦਾ ਦਸ਼ਭੂਮਿਕੰ ਇਕ ਮਹਤਵਪੂਰਨ ਅੰਸ਼ ਹੋਣ ਕਾਰਨ ਇਸ ਨੂੰ ਪ੍ਰਾਥਨਾ ਵਿਚ ਸ਼ਾਮਲ ਕੀਤਾ ਗਿਆ ਹੈ ਅਤੇ ਬੋਧਿਸਤਵਾਂ ਦੀਆਂ ਦਸ ਭੂਮੀਆਂ ਦੇ ਦਰਸ਼ਨ ਹਿਤ ਸੁਤੰਤਰ ਤੌਰ ਤੇ ਚਾਰ ਚਰਚਾਵਾਂ ਦੇ ਪਾਲਣ ਤੇ ਵਿਸ਼ੇਸ਼ ਧਿਆਨ ਦੇਣ ਲਈ ਕਿਹਾ ਗਿਆ ਹੈ- ਪ੍ਰਕ੍ਰਿਤੀ ਕ੍ਰਿਆ, ਆਨੁਲੋਮ ਕ੍ਰਿਆ ਅਤੇ ਅਨਿਵਰਤਨ ਕ੍ਰਿਆ। ਵਿੰਡਿਸ਼ ਦੀਆਂ ਖੋਜਾਂ ਅਨੁਸਾਰ 'ਮਹਾਵੱਗ' ਦੇ ਬਹੁਤੇ ਅੰਸ਼ ਮਹਾਵਸਤੂ ਪਾਲੀ ਗ੍ਰੰਥ ਨਾਲ ਮਿਲਦੇ ਹਨ।

ਹ. ਪੁ.- ਹਿੰ. ਵਿ. ਕੋ. 6 :18

ਦਸ਼ਮਲਵ ਸਿੱਕਾ-ਪ੍ਰਣਾਲੀ : ਇਹ ਉਹ ਸਿੱਕਾ-ਪ੍ਰਣਾਲੀ ਹੈ ਜਿਸ ਵਿਚ ਰੁਪਏ ਦੇ ਨੋਟ (ਕਾਗਜ਼) ਜਾਂ ਧਾਤ ਦੇ ਸਿੱਕਿਆਂ ਨੂੰ ਵੰਡਿਆ ਜਾਂ ਗੁਣਾਂ ਕੀਤਾ ਜਾਂਦਾ ਹੋਵੇ। ਇਸ ਪ੍ਰਣਾਲੀ ਦਾ ਸਭ ਤੋਂ ਵੱਡਾ ਗੁਣ ਇਹ ਹੈ ਕਿ ਇਸ ਵਿਚ ਗਣਿਤਿਕ ਹਿਸਾਬ ਕਿਤਾਬ ਵਧੇਰੇ ਸੌਖਾ ਹੋ ਜਾਂਦਾ ਹੈ। ਇਸ ਪ੍ਰਣਾਲੀ ਦੀ ਛੋਟੀ ਤੋਂ ਛੋਟੀ ਮੁੱਦਰਾ ਇਕਾਈ ਇਕ ਰੁਪਿਆ ਰੱਖੀ ਗਈ ਹੈ। ਇਸ ਤਰ੍ਹਾਂ ਉੱਚ ਮੁਦਰਾ ਇਕਾਈਆਂ ਆਦਿ ਹਨ ਜਦੋਂ ਕਿ ਹੇਠਲੀਆਂ ਇਕਾਈਆਂ ਆਦਿ ਬਣਦੀਆਂ ਹਨ।

ਇਸ ਪ੍ਰਣਾਲੀ ਦੇ ਹੋਂਦ ਵਿਚ ਆਉਣ ਦਾ ਮੁੱਖ ਕਾਰਨ ਮੁਦਰਾ ਨੂੰ ਆਸਾਨੀ ਨਾਲ ਗਿਣਿਆ ਜਾਣਾ ਹੈ। ਸੰਯੁਕਤ ਰਾਜ ਅਮਰੀਕਾ ਅਜਿਹਾ ਪਹਿਲਾ ਦੇਸ਼ ਸੀ ਜਿਸ ਨੇ ਇਸ ਆਧੁਨਿਕ ਦਸ਼ਮਲਵ ਸਿੱਕਾ ਪ੍ਰਣਾਲੀ ਨੂੰ 1792 ਈ. ਵਿਚ ਅਪਣਾਇਆ ਸੀ।

ਫਰਾਂਸ ਯੂਰਪ ਦਾ ਪਹਿਲਾ ਦੇਸ਼ ਸੀ ਜਿਸ ਨੇ 1799 ਈ. ਵਿਚ ਇਸ ਪ੍ਰਣਾਲੀ ਨੂੰ ਅਪਣਾਇਆ ਮਗਰੋਂ 1865 ਈ. ਵਿਚ ਇਹ ਪ੍ਰਣਾਲੀ ਲਾਤੀਨੀ ਮੁਦਰਾ ਸੰਘ ਦੇ ਬੈਲਜੀਅਮ, ਇਟਲੀ ਅਤੇ ਸਵਿਟਜ਼ਰਲੈਂਡ ਦੇਸ਼ਾਂ ਵਿਚ ਵੀ ਪ੍ਰਚਲਿਤ ਹੋ ਗਈ। ਯੂਰਪ ਦੇ ਹੋਰ ਕਈ ਦੇਸ਼ਾਂ ਨੇ 19 ਵੀਂ ਸਦੀ ਦੇ ਅਖ਼ੀਰ ਵਿਚ ਇਸ ਪ੍ਰਣਾਲੀ ਨੂੰ ਅਪਣਾਇਆ।

ਦੂਜੇ ਵਿਸ਼ਵ ਯੁੱਧ ਤੋਂ ਬਾਅਦ ਹੋਂਦ ਵਿਚ ਆਉਣ ਵਾਲੇ ਸਾਰੇ ਹੀ ਦੇਸ਼ਾਂ ਨੇ ਦਸ਼ਮਲਵ ਸਿੱਕਾ-ਪ੍ਰਣਾਲੀ ਨੂੰ ਅਪਣਾਇਆ ਹੈ। ਪ੍ਰਮੁੱਖ ਬਰਤਾਨਵੀ ਰਾਸ਼ਟਰ-ਮੰਡਲ ਦੇਸ਼ਾਂ ਨੇ ਵੀ ਆਪਣੀ ਸਿੱਕਾ-ਪ੍ਰਣਾਲੀ ਨੂੰ ਦਸ਼ਮਲਵ ਸਿੱਕਾ-ਪ੍ਰਣਾਲੀ ਵਿਚ ਬਦਲ ਲਿਆ ਹੈ ਜਿਨ੍ਹਾਂ ਵਿਚ ਕੈਨੇਡਾ (1858), ਜਾਪਾਨ (1871), ਜਰਮਨੀ (1873), ਰੂਸ (1875), ਸਕੈਂਡੇਨੇਵੀਆ ਰਾਜ (1875), ਪਾਕਿਸਤਾਨ ਅਤੇ ਭਾਰਤ (1957), ਆਸਟ੍ਰੇਲੀਆ (1956) ਅਤੇ ਨਿਊਜ਼ੀਲੈਂਡ (1967) ਆਦਿ ਸ਼ਾਮਲ ਹਨ।

(ਵਿਸਥਾਰ ਲਈ ਵੇਖੋ ਮੀਟਰਿਕ ਸਿਸਟਮ ਜਾਂ ਪ੍ਰਣਾਲੀ)

ਹ. ਪੁ.-ਐਨ. ਅਮੈ. 8 : 587; ਐਨ. ਬ੍ਰਿ. ਮਾ. 3 : 424; ਕੋਲ.ਐਨ. 6 :134; ਹਿੰ. ਵਿ. ਕੋ. 6 : 19

ਦਸ਼ਮਲਵ ਪ੍ਰਣਾਲੀ : ਵਿਆਪਕ ਰੂਪ ਵਿਚ ਦਸ਼ਮਲਵ ਦਾ ਸਬੰਧ ਦਸ਼ਮਲਵ ਸੰਖਿਆ ਸਿਸਟਮ ਦੇ ਕਿਸੇ ਵੀ ਅੰਕ ਨਾਲ ਹੈ ਪਰ ਸੀਮਿਤ ਰੂਪ ਵਿਚ ਇਹ ਦਸ਼ਮਲਵ ਭਿੰਨ ਲਈ ਵਰਤਿਆ ਜਾਂਦਾ ਹੈ । ਇਹ ਇਕ ਅਜਿਹੀ ਸੰਖਿਆ ਹੁੰਦੀ ਹੈ ਜਿਸ ਵਿਚ ਦਸ਼ਮਲਵ ਪ੍ਰਣਾਲੀ ਵਿਚ ਦਸ਼ਮਲਵ ਬਿੰਦੀ ਦੇ ਖੱਬੇ ਪਾਸੇ ਸਿਫ਼ਰ ਤੋਂ ਸਿਵਾ ਹੋਰ ਕੋਈ ਅੰਕ ਨਹੀਂ ਹੁੰਦਾ। ਮਿਸਾਲ ਵਜੋਂ 0.123 ਇਕ ਨਿਰੋਲ ਦਸ਼ਮਲਵ ਹੈ। ਇਕ ਮਿਸ਼ਰਤ ਦਸ਼ਮਲਵ ਵਿਚ ਦਸ਼ਮਲਵ ਭਿੰਨ ਅਤੇ ਪੂਰਨ ਸੰਖਿਆ ਹੁੰਦੀ ਹੈ। ਮਿਸਾਲ ਵਜੋਂ 12.345 ਇਕ ਮਿਸ਼ਰਤ ਦਸ਼ਮਲਵ ਹੈ। ਜੇਕਰ ਦੋ ਦਸ਼ਮਲਵਾਂ ਵਿਚ ਦਸ਼ਲਵ ਬਿੰਦੀ ਦੇ ਸੱਜੇ ਪਾਸੇ ਇਕੋ ਜਿੰਨੇ ਅੰਕ ਹੋਣ ਤਾਂ ਉਹ ਸਮਰੂਪ ਦਸ਼ਮਲਵ ਹੁੰਦੇ ਹਨ। 1.234 ਅਤੇ .123 ਸਮਰੂਪ ਹਨ ਭਾਵੇਂ ਇਹ ਦੋ ਵੱਖ-ਵੱਖ ਸੰਖਿਆ ਹਨ।

ਸੀਮਿਤ ਜਾਂ ਅੰਤ ਸਹਿਤ ਦਸ਼ਮਲਵ, ਵਿਚ ਸੀਮਿਤ ਅੰਕ ਹੁੰਦੇ ਹਨ 1/8 =.125 ਇਕ ਸੀਮਿਤ ਦਸ਼ਮਲਵ ਹੈ। ਇਸ ਦੇ ਉਲਟ ਇਕ ਅੰਨਤ ਜਾਂ ਅਸੀਮਿਤ ਦਸ਼ਮਲਵ ਵਿਚ ਅੰਕਾਂ ਦੀ ਸੰਖਿਆ ਖ਼ਤਮ ਨਹੀਂ ਹੁੰਦੀ। ਇਹ ਲਗਾਤਾਰ ਅੱਗੇ ਤੋਂ ਅੱਗੇ ਚਲਦੀ ਜਾਂਦੀ ਹੈ। ਅਸੀਮਿਤ ਦਸ਼ਮਲਵ ਦੋ ਤਰ੍ਹਾਂ ਦੇ ਹੋ ਸਕਦੇ ਹਨ। ਆਵਰਤੀ ਦਸ਼ਮਲਵ ਵਿਚ ਸੰਖਿਆ ਰੈਸ਼ਨਲ ਹੁੰਦੀ ਹੈ ਅਤੇ ਇਸ ਵਿਚ ਅੰਕ ਜਾਂ ਅੰਕਾਂ ਦੇ ਸਮੂਹ ਬਾਰ ਬਾਰ ਦੋਹਰਾਉਂਦੇ ਹਨ। 2/3 = 0.666... ਨੂੰ 0.6 ਵਜੋਂ ਲਿਖਿਆ ਜਾਂਦਾ ਹੈ। ਇਸੇ ਤਰ੍ਹਾਂ 5/7= 0.71428-5714285714... ਵਿਚ ਅੰਕ ਸਮੂਹ 714285 ਲਗਾਤਾਰ ਦੋਹਰਾਉਂਦਾ ਹੈ। ਇਸ ਦਸ਼ਮਲਵ ਨੂੰ 0.714285 ਦੇ ਰੂਪ ਵਿਚ ਲਿਖਿਆ ਜਾਂਦਾ ਹੈ। ਇਹਨਾਂ ਨੂੰ ਅਨੰਤ ਆਵਰਤੀ ਦਸ਼ਮਲਵ ਵੀ ਕਿਹਾ ਜਾਂਦਾ ਹੈ। ਅਨੰਤ ਅਣ-ਆਵਰਤੀ ਜਾਂ ਬਿਨ੍ਹਾਂ ਦੋਹਰਾਓ ਵਾਲੇ ਦਸ਼ਮਲਵ ਅਣ-ਰੈਸ਼ਨਲ ਸੰਖਿਆਵਾਂ ਹਨ, ਜਿਸ ਤਰ੍ਹਾਂ (e, π, $\sqrt{2}$) ਆਦਿ। ਇਹ ਵੀ ਅਨੰਤ ਦਸ਼ਮਲਵ ਹਨ ਪਰ ਇਨ੍ਹਾਂ ਵਿਚਲੇ ਅੰਕ ਦੋਹਰਾਉਂਦੇ ਨਹੀਂ।

ਦਸ਼ਮਲਵ ਭਿੰਨ ਇਕ ਅਜਿਹੀ ਭਿੰਨ ਹੈ ਜਿਸ ਦੇ ਹਰ ਭਾਜਕ (denominator) ਵਿਚ 10, 100, 1000 ਆਦਿ ਦੀਆਂ ਸੰਖਿਆਵਾਂ ਹੁੰਦੀਆਂ ਹਨ ਅਤੇ ਇਸ ਨੂੰ ਇਕ ਸੰਖਿਆ ਵਜੋਂ ਲਿਖਿਆ ਜਾ ਸਕਦਾ ਹੈ ਜਿਸ ਵਿਚ ਦਸ਼ਮਲਵ ਦੀ ਵਰਤੋਂ ਹੁੰਦੀ ਹੈ। ਇਸ ਦਸ਼ਮਲਵ ਦੇ ਸਥਾਨ ਤੋਂ ਪਤਾ ਲਗਦਾ ਹੈ ਕਿ ਉਸ ਭਿੰਨ ਦੇ ਅੰਕ ਇਕਾਈ ਦਾ ਦਸਵਾਂ, ਸੌਵਾਂ, ਹਜ਼ਾਰਵਾਂ ਭਾਗ ਹਨ। ਮਿਸਾਲ ਵਜੋਂ ਦਸ਼ਮਲਵ ਭਿੰਨ .123=123/1000, .24 = 24/100, ·1=1/10 ਆਦਿ।

ਦਸ਼ਮਲਵ ਸਥਾਨ ਕਿਸੇ ਅੰਕ ਦੇ ਦਸ਼ਮਲਵ ਸੰਖਿਆ ਵਿਚਲੇ ਸਥਾਨਕ ਮੁੱਲ ਨੂੰ ਦਰਸਾਉਂਦਾ ਹੈ। ਮਿਸਾਲ ਵਜੋਂ 654.321 ਵਿਚ 6 ਦਾ ਸਥਾਨ ਸੈਂਕੜੇ ਦਾ, 5 ਦਾ ਦਹਾਈ ਦਾ, 4 ਦਾ ਇਕਾਈ ਦਾ, 3 ਦਾ ਪਹਿਲਾ ਦਸ਼ਮਲਵ ਸਥਾਨ (1/10), 2 ਦਾ ਦੂਜਾ ਦਸ਼ਮਲਵ ਸਥਾਨ (1/100) ਅਤੇ 1 ਦਾ ਤੀਜਾ ਦਸ਼ਮਲਵ ਸਥਾਨ (1/1000) ਹੈ।

ਦਸ਼ਮਲਵ ਹਿੰਦੁਸਤਾਨ ਦੀ ਸੰਸਾਰ ਨੂੰ ਇਕ ਬਹੁਮੁੱਲੀ ਦੇਣ ਹੈ। ਹਜ਼ਾਰ ਤੋਂ ਵੀ ਵੱਧ ਸਾਲ ਪਹਿਲਾਂ ਸੰਖਿਆਵਾਂ ਦੇ ਵਰਗ-ਮੂਲ ਲੱਭਣ ਲਈ ਇਸ ਦੀ ਵਰਤੋਂ ਹੁੰਦੀ ਰਹੀ ਹੈ। ਅਰਬਾਂ ਨੇ ਹਿੰਦੁਸਤਾਨ ਤੋਂ ਇਹ ਸਿਸਟਮ ਅਪਨਾਇਆ ਅਤੇ ਬਾਅਦ ਵਿਚ ਯੂਰਪ ਤੇ ਹੋਰ ਦੇਸ਼ਾਂ ਵਿਚ ਇਸ ਦਾ ਪ੍ਰਚਾਲਣ ਹੋਇਆ। ਦਸ਼ਮਲਵ ਚਿੰਨ੍ਹ ਦੀ ਯੂਰਪ ਵਿਚ 1592 ਈ. ਵਿਚ ਜੀ. ਏ. ਮਾਰਜਿਨੀ ਅਤੇ 1593 ਈ. ਵਿਚ ਕ੍ਰਿਸਟੋਫ ਕਲਾਵਿਅਸ ਨੇ ਵਰਤੋਂ ਕੀਤੀ। ਇਸ ਨਾਲ ਉਹਨਾਂ ਨੇ ਸੰਖਿਆਵਾਂ ਦੇ ਪੂਰਨ ਅੰਕ ਅਤੇ ਭਿੰਨ ਭਾਗਾਂ ਨੂੰ ਵੱਖ ਵੱਖ ਕਰਕੇ ਦਰਸਾਇਆ ਸੀ। ਇਸ ਦਾ ਵਧੇਰੇ ਉਪਯੋਗ ਕੋਈ 20 ਸਾਲ ਬਾਅਦ ਨੈਪੀਅਰ ਨੇ ਆਪਣੀਆਂ ਸਾਰਨੀਆਂ ਵਿਚ ਕੀਤਾ। ਉਸ ਤੋਂ ਪਹਿਲਾਂ 1579 ਈ. ਵਿਚ ਫਰਾਂਸ ਦੇ ਫਰਾਂਸਵਾ ਵੀਤੇ ਨੇ ਆਪਣੇ ਹਿਸਾਬ ਦੇ ਸੰਗ੍ਰਹਿ ਵਿਚ ਦਸ਼ਮਲਵ ਭਿੰਨਾਂ ਦੀ ਵਰਤੋਂ ਤੇ ਜ਼ੋਰ ਦਿੱਤਾ ਸੀ ਅਤੇ

ਸੰਨਾਤਮਕ ਭਿੰਨਾਂ ਨੂੰ ਨਾ ਵਰਤਣ ਲਈ ਕਿਹਾ। ਉਸ ਨੇ ਦਸ਼ਮਲਵ ਬਿੰਦੀ ਦੀ ਵਰਤੋਂ ਨਹੀਂ ਕੀਤੀ ਬਲਕਿ ਕੁਝ ਦੂਜੀ ਤਰ੍ਹਾਂ ਦੇ ਸੰਕੇਤਾਂ ਦਾ ਉਪਯੋਗ ਕੀਤਾ।

ਦਸ਼ਮਲਵ ਸਿਸਟਮ ਦੋ ਅਰਥਾਂ ਵਿਚ ਵਰਤਿਆ ਜਾਂਦਾ ਹੈ। ਪਹਿਲਾ ਦਸ਼ਮਲਵ ਸੰਖਿਆ ਸਿਸਟਮ ਹੈ ਜਿਸ ਦਾ ਮੂਲ ਅੰਕ ਆਧਾਰ (ਰੈਡਿਕਸ) 10 ਹੈ ਅਤੇ ਜਿਸ ਵਿਚ 0, 1, 2, ...9 ਦਸ ਅੰਕ ਹਨ। ਦੂਜਾ ਅਰਥ ਦਸ਼ਮਲਵ ਮਾਪ ਤੋਲ ਦਾ ਸਿਸਟਮ ਹੈ। ਮੀਟ੍ਰਿਕ ਪ੍ਰਣਾਲੀ ਇਕਾਈ ਤੋਂ 10 ਦੀ ਕਿਸੇ ਨਾਲ ਗੁਣਾਂ ਜਾਂ ਭਾਗ ਕਰਕੇ ਪ੍ਰਾਪਤ ਹੁੰਦੀ ਹੈ। ਮੀਟਰ ਤੋਂ ਡੈਕਾਮੀਟਰ, ਹੈਕਟੋਮੀਟਰ, ਕਿਲੋਮੀਟਰ ਅਤੇ ਡੈਸੀਮੀਟਰ, ਸੈਂਟੀਮੀਟਰ, ਮਿਲੀਮੀਟਰ, ਕ੍ਰਮਵਾਰ 10, 100 ਅਤੇ 1000 ਨਾਲ ਗੁਣਾਂ ਕਰਕੇ ਅਤੇ 10, 100, 1000 ਨਾਲ ਭਾਗ ਕਰਨ ਨਾਲ ਪ੍ਰਾਪਤ ਕੀਤੇ ਜਾਂਦੇ ਹਨ।

ਦਸ਼ਮਲਵ ਪ੍ਰਣਾਲੀ—ਮੀਟ੍ਰਿਕ ਪੈਮਾਨਾ ਦਸ (10) ਅਤੇ ਦਸ ਦੀਆਂ ਤਾਕਤਾਂ ਤੇ ਨਿਰਧਾਰਤ ਹੈ। ਦਸ ਭਾਗਾਂ ਵਿਚੋਂ ਇਕ ਭਾਗ ਨੂੰ ਅਸੀਂ ਦਸਵਾਂ ਭਾਗ ਕਹਿੰਦੇ ਹਾਂ, ਭਿੰਨ ਰੂਪ ਵਿਚ 1/10 ਲਿਖਦੇ ਹਾਂ ਅਤੇ ਦਸ਼ਮਲਵ ਪ੍ਰਣਾਲੀ ਵਿਚ .1

ਉਦਾਹਰਣ ਵਜੋਂ :	ਭਿੰਨ ਰੂਪ	ਦਸ਼ਮਲਵ ਰੂਪ
	$\frac{7}{10}$	= 0.7
	$\frac{53}{100}$	= 0.53
	$\frac{361}{1000}$	= 0.361


ਦਸ਼ਮਲਵ ਪ੍ਰਣਾਲੀ ਦੇ ਨੰਬਰ ਨੂੰ ਜਦੋਂ ਭਿੰਨ ਰੂਪ ਵਿਚ ਲਿਖਦੇ ਹਾਂ ਤਾਂ ਉਸ ਵਿਚ ਭਿੰਨ ਦਾ ਹਰ 10 ਦੀਆਂ ਤਾਕਤਾਂ ਵਿਚ ਹੁੰਦਾ ਹੈ। ਦਸ਼ਮਲਵ ਭਿੰਨ ਤੋਂ ਪਹਿਲਾਂ ਸਿਫ਼ਰ ਅਸਲ ਵਿਚ ਜ਼ਰੂਰੀ ਨਹੀਂ ਹੁੰਦੀ ਪਰ ਅਸੀਂ ਇਸ ਨੂੰ ਇਸ ਲਈ ਲਗਾਉਂਦੇ ਹਾਂ ਕਿ ਕਿਤੇ ਸ਼ੁਰੂ ਵਿਚ ਦਸ਼ਮਲਵ ਚਿੰਨ੍ਹ ਰਹਿ ਨਾ ਜਾਵੇ।

ਜਦੋਂ ਕਿਸੇ ਨੰਬਰ ਨੂੰ ਦਸ਼ਮਲਵ ਰੂਪ ਵਿਚ ਲਿਖਿਆ ਜਾਵੇ ਤਾਂ ਦਸ਼ਮਲਵ ਚਿੰਨ੍ਹ ਦੇ ਸੱਜੇ ਹੱਥ ਵਾਲਾ ਪਹਿਲਾ ਅੰਕ ਦਸਵੇਂ ਹਿੱਸੇ ਨੂੰ, ਦੂਸਰਾ ਸੌਵੇਂ ਹਿੱਸੇ ਨੂੰ, ਤੀਸਰਾ ਹਜ਼ਾਰਵੇਂ ਹਿੱਸੇ ਆਦਿ ਨੂੰ ਦਰਸਾਉਂਦਾ ਹੈ। ਉਦਾਹਰਣ ਵਜੋਂ 1.51 ਇਕ ਅਤੇ ਇਕ ਦੇ ਇਕ ਸੌ ਭਾਗਾਂ ਵਿਚੋਂ ਇਕਵੰਜਾ ਭਾਗਾਂ ਨੂੰ ਦਰਸਾਉਂਦਾ ਹੈ।

ਦਸ਼ਮਲਵ ਨੰਬਰ ਵਿਚ ਦਸ਼ਮਲਵ ਭਿੰਨ ਤੋਂ ਬਾਅਦ ਦੇ ਅੰਕਾਂ ਨੂੰ ਘੱਟ ਕਰਨ ਦੀ ਵਿਧੀ—ਜਦੋਂ ਦਸ਼ਮਲਵ ਨੰਬਰ ਵਿਚ ਦਸ਼ਮਲਵ ਚਿੰਨ੍ਹ ਤੋਂ ਬਾਅਦ ਦੇ ਅੰਕ ਜ਼ਿਆਦਾ ਹੋਣ ਅਤੇ ਅਸੀਂ ਉਨ੍ਹਾਂ ਨੂੰ ਇਸ ਖਿਆਲ ਨਾਲੋਂ ਘੱਟ ਕਰਨਾ ਚਾਹੁੰਦੇ ਹੋਈਏ ਅਤੇ ਉਸ ਦੇ ਅਸਲੀ ਮੁੱਲ ਵਿਚ ਫਰਕ ਨਾ ਆਵੇ ਤਾਂ ਅਸੀਂ ਹੇਠ ਲਿਖੇ ਅਨੁਸਾਰ ਕਰਦੇ ਹਾਂ।

ਮੰਨ ਲਓ ਕਿ ਦਸ਼ਮਲਵ ਨੰਬਰ 525.47349 ਨੂੰ ਅਸੀਂ ਦਸ਼ਮਲਵ ਭਾਗ ਦੇ ਹਜ਼ਾਰਵੇਂ ਹਿੱਸੇ ਤਕ ਰਖਣਾ ਚਾਹੁੰਦੇ ਹਾਂ। ਅਸੀਂ ਇਸ ਨੰਬਰ ਨੂੰ 525. 473 ਨਾਲ ਬਦਲ ਸਕਦੇ ਹਾਂ। ਇਸ ਵਿਚ ਦਸ਼ਮਲਵ ਭਾਗ ਦੇ ਸੱਜੇ ਹੱਥ ਤੋਂ ਇਕ ਇਕ ਅੰਕ ਕਟਣਾ ਠੀਕ ਨਹੀਂ ਹੁੰਦਾ ਅਤੇ ਪੂਰਾ ਭਾਗ ਹਟਾਣਾ ਹੀ ਠੀਕ ਹੁੰਦਾ ਹੈ।

ਉਦਾਹਰਣ ਵਜੋਂ ਅਸੀਂ ਦਸ਼ਮਲਵ ਨੰਬਰ 2.448 ਨੂੰ ਦਸ਼ਮਲਵ ਦੇ ਦਸਵੇਂ ਹਿੱਸੇ ਤੱਕ ਰਖਣਾ ਚਾਹੁੰਦੇ ਹਾਂ। ਜੇ ਦਸ਼ਮਲਵ ਭਾਗ ਦੇ ਅੰਕਾਂ ਨੂੰ ਸੱਜੇ ਹੱਥ ਵਲੋਂ ਇਕ ਇਕ ਅੰਕ ਕਰਕੇ ਹਟਾਈਏ ਤਾਂ ਪਹਿਲਾਂ 2.448 ਨੂੰ ਅਸੀਂ 2.45 ਲਿਖਾਂਗੇ ਅਤੇ ਫਿਰ 2.5 (ਦਸਵੇਂ ਹਿਸੇ ਤੱਕ) ਜਿਹੜਾ ਕਿ ਠੀਕ ਨਹੀਂ ਹੈ।



ਧਿਆਨ ਨਾਲ ਦੇਖਣ ਤੇ ਪਤਾ ਲਗਦਾ ਹੈ ਕਿ 2.448, 2.5 ਨਾਲੋਂ 2.4 ਦੇ ਜ਼ਿਆਦਾ ਨਜ਼ਦੀਕ ਹੈ। ਇਸ ਲਈ 2.448 ਨੂੰ ਦਸ਼ਮਲਵ ਦੇ ਦਸਵੇਂ ਹਿੱਸੇ ਤਕ ਲਿਖਣ ਲਈ ਠੀਕ ਉਤਰ 2.4 ਹੈ।

ਦਸ਼ਮਲਵ ਨੰਬਰਾਂ ਨੂੰ ਜਮਾਂ ਕਰਨ ਦੀ ਵਿਧੀ—ਜਮਾਂ ਕਰਨ ਵਾਲੇ ਦਸ਼ਮਲਵ ਨੰਬਰਾਂ ਨੂੰ ਇਸ ਪ੍ਰਕਾਰ ਲਿਖੋ ਕਿ ਦਸ਼ਮਲਵ ਨੰਬਰਾਂ ਦੇ ਦਸ਼ਮਲਵ ਚਿੰਨ੍ਹ ਇਕ ਖੜਵੀਂ ਕਤਾਰ ਵਿਚ ਹੋਣ। ਸਾਰੇ ਨੰਬਰਾਂ ਵਿਚ ਦਸ਼ਮਲਵ ਚਿੰਨ੍ਹ ਤੋਂ ਬਾਅਦ ਬਰਾਬਰ ਅੰਕ ਬਣਾਉਣ ਵਾਸਤੇ ਵਾਧੂ ਸਿਫ਼ਰਾਂ ਦਾ ਪ੍ਰਯੋਗ ਕੀਤਾ ਜਾ ਸਕਦਾ ਹੈ। ਉਦਾਹਰਣ ਵਜੋਂ

$$4.3 + 3.54 + 13.512 + 0.0005 = 21.3525$$

ਦਸ਼ਮਲਵ ਨੰਬਰ ਨੂੰ ਦਸ਼ਮਲਵ ਨੰਬਰ ਨਾਲ ਭਾਗ ਦੇਣ ਦੀ ਵਿਧੀ —

1. ਸਭ ਤੋਂ ਪਹਿਲਾਂ ਭਾਜਕ ਦੇ ਦਸ਼ਮਲਵ ਚਿੰਨ੍ਹ ਨੂੰ ਸੱਜੇ ਹੱਥ ਵਾਲੇ ਪਾਸੇ ਅੱਗੇ ਲੈ ਕੇ ਜਾਓ ਕਿ ਭਾਜਕ ਪੂਰਨ ਅੰਕ ਬਣ ਜਾਵੇ।
2. ਉਸੇ ਤਰ੍ਹਾਂ ਭਾਜਯੋਗ ਦੇ ਦਸ਼ਮਲਵ ਚਿੰਨ੍ਹ ਨੂੰ ਵੀ ਉਤਨੇ ਸਥਾਨ ਹੀ ਸੱਜੇ ਹੱਥ ਵਾਲੇ ਪਾਸੇ ਲੈ ਕੇ ਜਾਓ।
3. ਪੂਰਨ ਅੰਕ ਦੀ ਭਾਗ ਦੀ ਵਿਧੀ ਤਰ੍ਹਾਂ ਹੀ ਭਾਗ ਦਿਓ।
4. ਉਤਰ ਵਿਚ ਦਸ਼ਮਲਵ ਚਿੰਨ੍ਹ ਨੂੰ ਉਸੇ ਸਥਾਨ ਉੱਤੇ ਭਾਜਯੋਗ ਦੇ ਦਸ਼ਮਲਵ ਚਿੰਨ੍ਹ ਦੇ ਉਪਰ ਲਗਾਓ।

ਹ. ਪੁ.- ਦੀ ਪੈਨਗੁਇਨ ਡਿਕਸ਼ਨਰੀ ਆਫ਼ ਮੈਥੇਮੈਟਿਕਸ (1789) ; ਏ ਹਿਸਟਰੀ ਆਫ਼ ਮੈਥੇਮੈਟਿਕਸ-ਸੀ. ਬੀ. ਏਅਰ (1968)

ਦਸ਼ਰਥ : ਇਹ ਸੂਰਜਵੰਸ਼ੀ ਰਾਜਾ ਜਿਹੜਾ ਕਿ ਰਾਜੇ ਅੱਜ ਦਾ ਪੁੱਤਰ, ਸ੍ਰੀ ਰਾਮ ਚੰਦਰ ਦਾ ਪਿਤਾ ਅਤੇ ਅਯੁੱਧਿਆ ਨਗਰੀ ਦਾ ਰਾਜਾ ਸੀ। ਰਾਮਾਇਣ ਵਿਚ ਇਸ ਦੇ ਜੀਵਨ ਨਾਲ ਸਬੰਧਿਤ ਕਈ ਘਟਨਾਵਾਂ ਮਿਲਦੀਆਂ ਹਨ। ਇਸ ਦੀਆਂ ਤਿੰਨ ਸੌ ਤਰਵੰਜਾ ਪਤਨੀਆਂ ਸਨ ਜਿਨ੍ਹਾਂ ਵਿਚੋਂ ਕੌਸ਼ਲਿਆ, ਕੈਕੇਈ ਤੇ ਸੁਮਿਤਰਾ ਨੂੰ ਮੁੱਖ ਰਾਣੀਆਂ ਹੋਣ ਦਾ ਮਾਣ ਹਾਸਲ ਸੀ। ਦਸ਼ਰਥ ਦੇ ਘਰ ਕੋਈ ਸੰਤਾਨ ਨਹੀਂ ਸੀ। ਇਸ ਨੇ ਸੰਤਾਨ ਪ੍ਰਾਪਤੀ ਲਈ ਅਸ਼ਵਮੇਧ ਯੱਗ ਕੀਤਾ ਅਤੇ ਇਸ ਦੀਆਂ ਤਿੰਨ ਮੁੱਖ ਰਾਣੀਆਂ ਸਾਰੀ ਰਾਤ ਘੋੜੇ ਦੀ ਲੋਥ ਕੋਲ ਬੈਠ ਕੇ ਸਾਧਨਾ ਕਰਦੀਆਂ ਰਹੀਆਂ ਜਿਸ ਕਾਰਨ ਵਿਸ਼ਨੂੰ ਨੇ ਪ੍ਰਸੰਨ ਹੋ ਕੇ ਦਸ਼ਰਥ ਨੂੰ ਚਾਰ ਪੁੱਤਰਾਂ ਦਾ ਵਰ ਦਿੱਤਾ। ਕੌਸ਼ਲਿਆ ਦੀ ਕੁੱਖੋਂ ਰਾਮ ਨੇ ਜਨਮ ਲਿਆ। ਸੁਮਿਤਰਾ ਦੀ ਕੁੱਖੋਂ ਲਛਮਣ ਤੇ ਸ਼ਤਰੂਘਨ ਨੇ ਅਤੇ ਕੈਕੇਈ ਦੀ ਕੁੱਖੋਂ ਭਰਤ ਨੇ ਜਨਮ ਲਿਆ।

ਬਾਲਮੀਕਿ ਰਾਮਾਇਣ ਦੀ ਇਕ ਹੋਰ ਕਥਾ ਅਨੁਸਾਰ ਰਾਵਣ ਨੇ ਜਦੋਂ ਦੇਵਤਿਆਂ ਨੂੰ ਦੁਖ ਦੇਣ ਦੀ ਹੱਦ ਕਰ ਦਿੱਤੀ ਤਾਂ ਦੇਵਤਿਆਂ ਦੁਆਰਾ ਪ੍ਰਾਰਥਨਾ ਕਰਨ ਤੇ ਵਿਸ਼ਨੂੰ ਨੇ ਵਿਸ਼ਵਾਸ ਦਿਵਾਇਆ ਕਿ ਉਹ ਰਾਵਣ ਦਾ ਵਿਨਾਸ਼ ਕਰਨ ਲਈ ਮਨੁੱਖੀ ਰੂਪ ਵਿਚ ਪ੍ਰਗਟ ਹੋਵੇਗਾ। ਪੁੱਤਰ ਪ੍ਰਾਪਤੀ ਦੀ ਇੱਛਾ ਹਿਤ ਜਦੋਂ ਦਸ਼ਰਥ ਨੇ ਅਸ਼ਵਮੇਧ ਯੱਗ ਕੀਤਾ ਤਾਂ ਯੱਗ ਦੇ ਕੁੰਡ ਵਿਚੋਂ ਇਕ ਮਹਾਂ

ਤੇਜਸਵੀ ਪ੍ਰਾਣੀ ਪ੍ਰਗਟ ਹੋਇਆ ਜਿਸ ਨੇ ਇਕ ਦੁੱਧ ਦਾ ਭਰਿਆ ਕਟੋਰਾ ਰਾਜੇ ਨੂੰ ਦਿੱਤਾ। ਰਾਜਾ ਦਸ਼ਰਥ ਨੇ ਇਸ ਕਟੋਰੇ ਵਿਚੋਂ ਅੱਧਾ ਦੁੱਧ ਕੌਸ਼ਲਿਆ ਨੂੰ ਪਿਲਾਇਆ, ਬਾਕੀ ਅੱਧਾ ਦੋਹਾਂ ਰਾਣੀਆਂ ਸੁਮਿਤਰਾ ਅਤੇ ਕੈਕੇਈ ਨੂੰ । ਤਿੰਨਾਂ ਦੀ ਕੁੱਖੋਂ ਜੋ ਔਲਾਦ ਹੋਈ ਉਸ ਵਿਚ ਵਿਸ਼ਨੂੰ ਦਾ ਦੈਵੀ ਅੰਸ਼ ਉਸੇ ਮਾਤਰਾ ਵਿਚ ਰਚਿਆ ਸੀ ਜਿਸ ਮਾਤਰਾ ਵਿਚ ਤਿੰਨਾਂ ਰਾਣੀਆਂ ਨੇ ਦੁੱਧ ਪੀਤਾ ਸੀ ਅਰਥਾਤ ਰਾਮ ਚੰਦਰ ਵਿਸ਼ਨੂੰ ਦੇ ਅੱਧੇ ਅੰਸ਼, ਭਰਤ ਵਿਸ਼ਨੂੰ ਦੇ ਚੌਥੇ ਅੰਸ਼ ਤੇ ਲਛਮਣ ਤੇ ਸ਼ਤਰੂਘਨ ਬਾਕੀ ਦੇ ਚੌਥੇ ਹਿੱਸੇ ਵਿਚ ਅਵਤਾਰ ਹੋਏ।

ਕਿਸੇ ਸਮੇਂ ਹੋਏ ਦੇਵ-ਅਸੁਰ ਸੰਗਰਾਮ ਵਿਚ ਇੰਦਰ ਦੀ ਮਦਦ ਲਈ ਰਾਜਾ ਦਸ਼ਰਥ ਨੇ ਕੈਕੇਈ ਸਹਿਤ ਯੁੱਧ ਵਿਚ ਭਾਗ ਲਿਆ। ਯੁੱਧ ਵਿਚ ਜ਼ਖਮੀ ਹੋਣ ਕਰ ਕੇ ਰੱਥ ਵਿਚ ਅਚੇਤ ਪਏ ਦਸ਼ਰਥ ਨੂੰ ਕੈਕੇਈ ਸਹੀ ਸਲਾਮਤ ਬਾਹਰ ਕੱਢ ਲਿਆਈ। ਕੈਕੇਈ ਦੇ ਇਸ ਕਾਰਨਾਮੇ ਤੋਂ ਖ਼ੁਸ਼ ਹੋ ਕੇ ਦਸ਼ਰਥ ਨੇ ਰਾਣੀ ਨੂੰ ਦੋ ਵਰ ਮੰਗਣ ਲਈ ਕਿਹਾ। ਰਾਣੀ ਨੇ ਮੌਕੇ ਆਉਣ ਤੇ ਵਰ ਮੰਗਣ ਦਾ ਯਕੀਨ ਦਿਵਾਇਆ।

ਰਾਜਾ ਦਸ਼ਰਥ ਜਦੋਂ ਰਾਮ ਨੂੰ ਰਾਜਾ ਥਾਪਣ ਲੱਗਾ ਤਾਂ ਕੈਕੇਈ ਦੀ ਦਾਸੀ ਮੰਥਰਾ ਦੇ ਕਹਿਣ ਤੇ ਕੈਕੇਈ ਨੇ ਰਾਜੇ ਤੋਂ ਦੋ ਵਰਾਂ ਦੀ ਮੰਗ ਕੀਤੀ। ਇਕ ਵਰ ਅਨੁਸਾਰ ਭਰਤ ਨੂੰ ਯੁਵਰਾਜ ਬਣਾਇਆ ਜਾਵੇ ਅਤੇ ਦੂਜੇ ਵਰ ਅਨੁਸਾਰ ਰਾਮ ਚੰਦਰ ਨੂੰ ਚੌਦਾਂ ਵਰ੍ਹਿਆਂ ਦਾ ਬਨਵਾਸ ਦਿੱਤਾ ਜਾਵੇ। ਰਾਜਾ ਵਰ ਪ੍ਰਦਾਨ ਕਰਨ ਲਈ ਵਚਨਬੱਧ ਸੀ। ਸ੍ਰੀ ਰਾਮ ਚੰਦਰ ਨੇ ਪ੍ਰਸੰਨਤਾ ਪੂਰਵਕ ਪਿਤਾ ਦੀ ਆਗਿਆ ਦਾ ਪਾਲਣ ਕੀਤਾ ਪਰ ਪੁੱਤਰ ਵਿਯੋਗ ਵਿਚ ਰਾਜਾ ਦਸ਼ਰਥ ਨੇ ਪ੍ਰਾਣ ਤਿਆਗ ਦਿੱਤੇ।

ਰਾਜਾ ਦਸ਼ਰਥ ਦੇ ਪੁੱਤਰ ਵਿਯੋਗ ਕਾਰਨ ਮਰਨ ਪਿੱਛੇ ਸਰਵਣ ਦੇ ਅੰਨ੍ਹੇ ਮਾਤਾ ਪਿਤਾ ਨੇ ਦਸ਼ਰਥ ਨੂੰ ਦਿੱਤਾ ਸਰਾਪ ਸੀ ਕਿਉਂਕਿ ਮਾਤਾ ਪਿਤਾ ਵਾਸਤੇ ਪਾਣੀ ਲਿਆਉਣ ਲਈ ਗਿਆ ਸਰਵਣ ਦਸ਼ਰਥ ਦੇ ਤੀਰ ਦਾ ਸ਼ਿਕਾਰ ਬਣਿਆ ਸੀ। ਕਿਹਾ ਜਾਂਦਾ ਹੈ ਕਿ ਦਸ਼ਰਥ ਕਾਫ਼ੀ ਲੰਮੀ ਉਮਰ ਭੋਗ ਕੇ ਮਰਿਆ। ਬਾਲਮੀਕਿ ਰਾਮਾਇਣ ਅਨੁਸਾਰ ਇਸ ਦੀ ਆਯੂ ਮਰਨ ਵੇਲੇ ਸੱਠ ਹਜ਼ਾਰ ਸਾਲ ਸੀ। ਸਰਵਣ ਦੇ ਮਾਤਾ ਪਿਤਾ ਦੇ ਸਰਾਪ ਕਾਰਨ ਦਸ਼ਰਥ ਰਾਮ ਦੇ ਵਿਯੋਗ ਵਿਚ ਮਰਿਆ। ਭਗਤ ਨਾਮਦੇਵ ਜੀ ਨੇ ਆਪਣੀ ਬਾਣੀ ਵਿਚ ਦਸ਼ਰਥ ਵੱਲ ਸੰਕੇਤ ਕੀਤਾ ਹੈ।

"ਜਸਰਥ ਰਾਇ ਨੰਦੁ ਰਾਜਾ ਮੇਰਾ ਰਾਮ ਚੰਦੁ ਪ੍ਰਣਵੈ ਨਾਮਾ
ਤਤੁ ਰਸੁ ਅੰਮ੍ਰਿਤੁ ਪੀਜੈ॥"

(ਆਦਿ ਗ੍ਰੰਥ ਪੰ.973)

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਵੀ ਦਸ਼ਰਥ ਦਾ ਉਲੇਖ ਮਿਲਦਾ ਹੈ-

'ਰੰਗ ਮਹਲ ਰੰਗ ਰੰਗ ਵਿਚ ਦਸਰਥੁ ਕਉਸਲਿਆ ਰਲੀਆਲੇ'

(ਭਾਈ ਗੁਰਦਾਸ ਦੀ ਵਾਰ 23)

ਹ. ਪੁ.- ਪੰ. ਲੋ. ਵਿ. ਕੋ. -ਡਾ. ਵਣਜਾਰਾ ਬੇਦੀ : 1526; ਪੰ. ਸਾ. ਸੰ. ਕੋ. - ਡਾ. ਜੱਗੀ : 483; ਮ.ਕੋ.; ਹਿੰ.ਵਿ.ਕੋ.

ਦਸਵੰਧ : ਇਸ ਤੋਂ ਭਾਵ ਹੈ ਕਮਾਈ ਦਾ ਦਸਵਾਂ ਹਿੱਸਾ। ਸਿੱਖ ਧਰਮ ਵਿਚ ਦਸਵੰਧ ਦਾ ਸੰਕਲਪ ਗੁਰੂ ਨਾਨਕ ਦੇਵ ਜੀ ਤੋਂ ਸ਼ੁਰੂ ਹੋ ਗਿਆ ਸੀ। ਗੁਰੂ ਜੀ ਬਾਣੀ ਵਿਚ ਲਿਖਦੇ ਹਨ :—

ਘਾਲਿ ਖਾਇ ਕਿਛੁ ਹਥਹੁ ਦੇਇ ॥
ਨਾਨਕ ਰਾਹੁ ਪਛਾਣਹਿ ਸੇਇ॥

ਦਸਵੰਧ ਦਾ ਵਿਚਾਰ ਸੰਗਤ ਅਤੇ ਲੰਗਰ ਵਿਚ ਪੈਦਾ ਹੋਇਆ। ਸਿੱਖ ਧਰਮ ਵਿਚ ਇਹ ਰਹਿਤ ਮੰਨੀ ਜਾਂਦੀ ਹੈ ਕਿ ਆਪਣੀ ਮਿਹਨਤ ਦੀ ਕਮਾਈ ਵਿਚੋਂ ਕੁਝ ਅਰਥਾਤ ਦਸਵਾਂ ਹਿੱਸਾ ਗੁਰੂ ਘਰ ਲਈ ਦੇਣਾ ਅਰਥਾਤ ਲੰਗਰ ਵਿਚ ਪਾਉਣਾ ਜਾਂ ਗੁਰਦੁਆਰੇ ਦੀ ਕਾਰ ਸੇਵਾ ਲਈ ਜ਼ਰੂਰੀ ਹੈ। ਗੁਰੂ ਅਮਰਦਾਸ ਜੀ ਤੋਂ ਪਹਿਲਾਂ ਇਹ ਦਸਵੰਧ ਵਿਕੋਲਿਤਰੇ ਰੂਪ ਵਿਚ ਇੱਕਠਾ ਹੁੰਦਾ ਰਿਹਾ। ਗੁਰੂ ਅਮਰਦਾਸ ਨੇ ਸਿੱਖ ਧਰਮ ਵਿਚ ਇਕ ਸਿਸਟਮ ਦੇ ਰੂਪ ਵਿਚ ਦਸਵੰਧ ਇਕੱਠਾ ਕਰਨ ਲਈ ਦੇਸ਼ ਦੇ ਵੱਖੋ ਵਖਰੇ ਭਾਗਾਂ ਵਿਚ 22 ਮੰਜੀਆਂ ਸਥਾਪਤ ਕੀਤੀਆਂ। ਇਨ੍ਹਾਂ ਦੇ ਮਸੰਦ ਨਿਯੁਕਤ ਕੀਤੇ ਗਏ ਜਿਹੜੇ ਇਕ ਪਾਸੇ ਗੁਰੂ ਨਾਨਕ ਦੀ ਵਿਚਾਰਧਾਰਾ ਦਾ ਲੋਕਾਂ ਵਿਚ ਪ੍ਰਚਾਰ ਕਰਦੇ ਤੇ ਸੰਗਤ ਦੀ ਸੇਵਾ ਕਰਦੇ ਤੇ ਦੂਜੇ ਪਾਸੇ ਗੁਰੂ ਘਰ ਲਈ ਦਸਵੰਧ ਇੱਕਠਾ ਕਰਦੇ। ਗੁਰੂ ਰਾਮ ਦਾਸ ਜੀ ਨੇ ਪਵਿੱਤਰ ਹਰਿਮੰਦਰ ਸਾਹਿਬ ਦੇ ਸਰੋਵਰ ਦੀ ਸੇਵਾ ਸ਼ੁਰੂ ਕਰਵਾਈ ਤਾਂ ਇਸ ਤੇ ਬਹੁਤ ਖਰਚ ਆਉਣਾ ਸੀ ਇਸ ਵੇਲੇ ਸਿੱਖਾਂ ਨੂੰ ਆਪਣੀ ਕਮਾਈ ਦਾ ਦਸਵਾਂ ਹਿੱਸਾ ਇਸ ਪਵਿੱਤਰ ਸਰੋਵਰ ਦੀ ਸੇਵਾ ਹਿਤ ਗੁਰੂ ਦੀ ਗੋਲਕ ਵਿਚ ਪਾਉਣ ਲਈ ਹੁਕਮ ਦਿੱਤਾ ਗਿਆ । ਮਸੰਦ ਇਹ ਦਸਵੰਧ ਸਿੱਖਾਂ ਤੋਂ ਇਕੱਠਾ ਕਰ ਕੇ ਗੁਰੂ ਘਰ ਪਹੁੰਚਾਉਂਦੇ ਸਨ। ਇਸ ਤੋਂ ਬਾਅਦ ਦਸਵੰਧ ਕੱਢਣਾ ਸਿੱਖਾਂ ਦੇ ਜੀਵਨ ਦਾ ਇਕ ਅਹਿਮ ਹਿੱਸਾ ਬਣ ਗਿਆ।

ਦਸਵੰਧ ਕੱਢਣ ਦੀ ਇਹ ਰੀਤ ਈਸਾਈ ਧਰਮ ਵਿਚ ਵੀ ਹੈ। ਇਥੇ ਵੀ ਕਮਾਈ ਦਾ ਦਸਵਾਂ ਹਿੱਸਾ ਚਰਚ ਦੇ ਪਾਦਰੀ ਨੂੰ ਦਿੱਤਾ ਜਾਂਦਾ ਹੈ। ਮੁਸਲਿਮ ਧਰਮ ਵਿਚ ਵੀ ਕਮਾਈ ਦਾ 2.5 ਪ੍ਰਤੀਸ਼ਤ ਹਿੱਸਾ ਜ਼ਰੂਰਤਮੰਦ ਨੂੰ ਦੇਣਾ ਚਾਹੀਦਾ ਹੈ। ਦਸਵੰਧ ਅਤੇ ਦਾਨ ਵਿਚ ਫਰਕ ਹੈ। ਦਸਵੰਧ ਧਾਰਮਿਕ ਸੰਸਥਾਵਾਂ ਅਰਥਾਤ ਜਿਵੇਂ ਗੁਰਦੁਆਰੇ ਦੀ ਕਾਰ-ਸੇਵਾ, ਗੁਰੂ ਕਾ ਲੰਗਰ ਅਤੇ ਸਮਾਜ ਭਲਾਈ ਲਈ ਹੁੰਦਾ ਹੈ।

ਦਸਵੰਧ ਕੱਢਣ ਜਾਂ ਦੇਣ ਦੀ ਇਹ ਰੀਤ ਗੁਰੂ ਗੋਬਿੰਦ ਸਿੰਘ ਦੇ ਸਮੇਂ ਸਿੱਖੀ ਰਹਿਤ ਮਰਿਯਾਦਾ ਵਿਚ ਗਿਣੀ ਜਾਣ ਲੱਗੀ । ਗੁਰੂ ਗੋਬਿੰਦ ਜੀ ਨੇ ਦਸਵੰਧ ਦੀ ਮਹੱਤਤਾ ਸੰਗਤ ਨੂੰ ਸਮਝਾਉਣ ਲਈ ਭਾਈ ਨੰਦ ਲਾਲ ਜੀ ਨਾਲ ਵਾਰਤਾਲਾਪ ਕਰਦੇ ਹੋਏ ਸਿੱਖਾਂ ਦੇ ਕੀਤੇ ਹੋਏ ਸਵਾਲਾਂ ਦੇ ਜਵਾਬ ਦਿੰਦੇ ਫੁਰਮਾਇਆ ਤਾਂ ਕਿ ਦੂਰੋਂ ਨੇੜਿਓਂ ਆਈਆਂ ਸੰਗਤਾਂ ਦੀ ਸ਼ੰਕਾ ਦੂਰ ਹੋ ਸਕੇ ਅਤੇ ਇਸ ਵਾਰਤਾਲਾਪ ਅੰਦਰ ਗੁਰੂ ਘਰ ਲਈ ਜੋ ਲੋਕ ਝੂਠ ਬੋਲ ਕੇ ਦਸਵੰਧ ਇੱਕਠਾ ਕਰਦੇ ਹਨ ਉਨ੍ਹਾਂ ਨੂੰ ਤਾੜਨਾ ਦਿੰਦੇ ਹੋਏ ਗੁਰੂ ਜੀ ਫਰਮਾਉਂਦੇ ਹਨ :—

ਦਸਵੰਧ ਗੁਰੂ ਨਹਿ ਦੇਵਈ, ਝੂਠ ਬੋਲਿ ਜੋ ਖਾਇ
ਕਹੈ ਗੋਬਿੰਦ ਸਿੰਘ ਲਾਲ ਜੀ, ਤਿਸਕਾ ਕਛੁ ਨ ਬਿਸਾਹ

—ਤਨਖਾਹਨਾਮਾ ਭਾਈ ਨੰਦ ਲਾਲ ਜੀ

ਭਾਈ ਚੌਪਾ ਸਿੰਘ ਜੀ ਵੀ ਗੁਰੂ ਘਰ ਦੇ ਪ੍ਰੇਮੀ ਸਿੱਖ ਸਨ ਜਿਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਨੂੰ ਆਪਣੇ ਹੱਥੀਂ ਖਿਡਾਇਆ ਸੀ। ਭਾਈ ਸਾਹਿਬ ਨੇ ਅੰਮ੍ਰਿਤ ਦੀ ਦਾਤ ਦਸਮੇਸ਼ ਜੀ ਦੇ ਹੱਥੋਂ ਪ੍ਰਾਪਤ ਕੀਤੀ। ਭਾਈ ਸਾਹਿਬ ਦਸਵੰਧ ਬਾਬਤ ਗੁਰੂ ਜੀ ਦਾ ਹੁਕਮ ਇੰਜ ਲਿਖਦੇ ਹਨ।

ਧਰਮ ਕਿਰਤ ਨਫ਼ੇ ਚੋਂ ਗੁਰੂ ਅਰਥ ਦਸਵੰਧ ਦੇਵੈ

—ਰਹਿਤਨਾਮਾ ਭਾਈ ਚੌਪਾ ਸਿੰਘ ਜੀ

ਹ. ਪੁ.- ਐਨ. ਆਫ਼. ਸਿੱਖਿ-ਡਾ. ਹਰਬੰਸ ਸਿੰਘ; ਕਰਣੀ ਪ੍ਰਧਾਨ - ਸੰਤਾ ਸਿੰਘ ਬ੍ਰਹਮੀ

ਦਸੂਹਾ : ਤਹਿਸੀਲ—ਪੰਜਾਬ ਰਾਜ (ਭਾਰਤ) ਦੇ ਹੁਸ਼ਿ-

ਆਰਪੁਰ ਜ਼ਿਲ੍ਹੇ ਦੀ ਇਕ ਤਹਿਸੀਲ ਹੈ। ਇਸ ਦਾ ਕੁਲ ਰਕਬਾ 1247.4 ਵ. ਕਿ. ਮੀ. ਅਤੇ ਆਬਾਦੀ 3,40,485 (2001) ਹੈ। ਇਸ ਤਹਿਸੀਲ ਵਿਚ 620 ਪਿੰਡ ਹਨ। ਇਸੇ ਨਾਂ ਦਾ ਹੀ ਸ਼ਹਿਰ ਇਸ ਦਾ ਸਦਰ-ਮੁਕਾਮ ਹੈ। ਇਹ ਤਹਿਸੀਲ ਬਿਆਸ ਦਰਿਆ ਦੇ ਵਿਸ਼ਾਲ ਮੋੜ ਦੇ ਵਿਚਕਾਰ ਪੈਂਦੀ ਹੈ ਜੋ ਇਸ ਦੀ ਉੱਤਰ-ਪੂਰਬੀ ਅਤੇ ਪੱਛਮੀ ਸਰਹੱਦ ਬਣਾਉਂਦਾ ਹੈ। ਤਹਿਸੀਲ ਦਾ ਦੱਖਣੀ ਹਿੱਸਾ ਇਕ ਬਹੁਤ ਹੀ ਉਪਜਾਊ ਮੈਦਾਨੀ ਪੱਟੀ ਹੈ। ਦਰਿਆ ਦੇ ਨਾਲ ਨੀਵੀਂ ਭੂਮੀ ਵਾਲਾ ਖੇਤਰ ਹੈ ਜਦੋਂ ਕਿ ਉੱਤਰ ਵੱਲ ਸ਼ਿਵਾਲਿਕ ਪਹਾੜੀਆਂ ਦੇ ਨਾਲ ਲਗਦਾ ਖੇਤਰ ਤਹਿਸੀਲ ਦੀ ਉੱਚ ਭੂਮੀ ਬਣਾਉਂਦਾ ਹੈ। ਦਸੂਹੇ ਤੋਂ ਇਲਾਵਾ ਤਲਵਾੜਾ, ਮੁਕੇਰੀਆਂ ਅਤੇ ਟਾਂਡਾ ਇਸ ਤਹਿਸੀਲ ਦੇ ਹੋਰ ਸ਼ਹਿਰ ਹਨ। ਕਣਕ ਅਤੇ ਝੋਨਾ ਇਸ ਤਹਿਸੀਲ ਦੀਆਂ ਮੁੱਖ ਫ਼ਸਲਾਂ ਹਨ।

31°35′ ਤੋਂ 32°05′ ਉ. ਵਿਥ.; 75°30′ ਤੋਂ 75°59′ ਪੂ. ਲੰਬ.

ਹ. ਪੁ.- ਸੈਂਸਿਜ਼ ਆਫ਼ ਇੰਡੀਆ 1981: ਹੁਸ਼ਿਆਰਪੁਰ ਡਿਸਟ੍ਰਿਕਟ; ਇੰਪ . ਗ. ਇੰਡ 11 : 194; ਪੰਜਾਬ ਦਾ ਅੰਕੜਾਸਾਰ, 2001 : 50

ਦਸੂਹਾ : ਸ਼ਹਿਰ—ਇਹ ਪੰਜਾਬ ਰਾਜ ਦੇ ਹੁਸ਼ਿਆਰਪੁਰ ਜ਼ਿਲ੍ਹੇ ਦੀ ਇਸੇ ਹੀ ਨਾਂ ਦੀ ਤਹਿਸੀਲ ਦਾ ਸਦਰ-ਮੁਕਾਮ ਹੈ ਜੋ ਜਲੰਧਰ-ਪਠਾਨਕੋਟ, ਜੰਮੂ ਤਵੀ ਰੇਲ ਰਾਹ ਅਤੇ ਜਲੰਧਰ - ਪਠਾਨਕੋਟ ਸੜਕ ਤੇ ਜਲੰਧਰ ਤੋਂ 56 ਕਿ.ਮੀ. ਦੂਰ ਅਤੇ ਹੁਸ਼ਿਆਰਪੁਰ ਤੋਂ 40 ਕਿ.ਮੀ. ਉੱਤਰ-ਪੱਛਮ ਵੱਲ ਵਾਕਿਆ ਹੈ।

ਇਸ ਨੂੰ ਕਾਫ਼ੀ ਪੁਰਾਣਾ ਸ਼ਹਿਰ ਮੰਨਿਆ ਜਾਂਦਾ ਹੈ। ਇਕ ਰਵਾਇਤ ਅਨੁਸਾਰ ਮਹਾਂਭਾਰਤ ਵਿਚ ਵੀ ਇਸ ਦਾ ਜ਼ਿਕਰ ਆਉਂਦਾ ਹੈ ਜਿਸ ਅਨੁਸਾਰ ਇਹ ਰਾਜਾ ਵਿਰਾਟ ਦੀ ਰਾਜਧਾਨੀ ਹੁੰਦਾ ਸੀ ਤੇ ਇਸ ਦਾ ਪੁਰਾਣਾ ਨਾਂ 'ਵਿਰਾਟ ਕੀ ਨਗਰੀ' ਹੁੰਦਾ ਸੀ। ਸ਼ਹਿਰ ਦੀਆਂ ਉੱਚੀਆਂ-ਨੀਵੀਆਂ ਗਲੀਆਂ ਅਤੇ ਇਸ ਦੇ ਕੁਝ ਹਿੱਸੇ ਦਾ ਇਕ ਥੇਹ ਉੱਤੇ ਵਸਿਆ ਹੋਣਾ ਇਸ ਦੀ ਪੁਰਾਤਨਤਾ ਦੀ ਗਵਾਹੀ ਭਰਦੇ ਹਨ। ਇਸ ਤੋਂ ਇਲਾਵਾ ਇਥੇ ਇਕ ਪੁਰਾਣਾ ਕਿਲਾ ਵੀ ਹੈ ਜੋ ਸ਼ਹਿਰ ਦੇ ਉੱਤਰ ਵੱਲ ਬਣਿਆ ਹੋਇਆ ਹੈ ਅਤੇ ਇਸ ਦਾ ਬਹੁਤ ਸਾਰਾ ਹਿੱਸਾ 1884 ਈ. ਵਿਚ ਢਾਹ ਦਿੱਤਾ ਗਿਆ ਸੀ ਪਰ ਇਸ ਦਾ ਇਕ ਬੁਰਜ ਅਜੇ ਵੀ ਮੌਜੂਦ ਹੈ। ਇਸ ਕਿਲੇ ਦਾ ਜ਼ਿਕਰ 'ਆਈਨ-ਏ-ਅਕਬਰੀ' ਵਿਚ ਵੀ ਆਇਆ ਹੈ ਜੋ ਬਾਅਦ ਵਿਚ ਰਾਮਗੜ੍ਹੀਆ ਮਿਸਲ ਦੇ ਸਰਦਾਰਾਂ ਦਾ ਗੜ੍ਹ ਵੀ ਰਿਹਾ। ਸੰਨ 1817 ਵਿਚ ਮਹਾਰਾਜਾ ਰਣਜੀਤ ਸਿੰਘ ਨੇ ਇਸ ਨੂੰ ਆਪਣੇ ਰਾਜ ਵਿਚ ਸ਼ਾਮਲ ਕਰ ਲਿਆ ਅਤੇ 14 ਸਾਲ ਆਪਣੇ ਕਬਜ਼ੇ ਵਿਚ ਰੱਖਣ ਤੋਂ ਬਾਅਦ ਇਹ ਕਿਲਾ ਕੁਝ ਪਿੰਡਾਂ ਸਮੇਤ ਸਾਹਿਬਜ਼ਾਦਾ ਤਾਰਾ ਸਿੰਘ ਨੂੰ ਦੇ ਦਿੱਤਾ ਸੀ। ਕਿਲੇ ਦੀ ਬੁਰਜੀ ਵਿਚ ਲੜਕੀਆਂ ਦਾ ਸਰਕਾਰੀ ਹਾਈ ਸਕੂਲ ਹੈ। ਇਸ ਤੋਂ ਇਲਾਵਾ ਸ਼ਹਿਰ ਵਿਚ ਪੁਰਾਣਾ ਖੂਹ ਵੀ ਹੈ ਅਤੇ ਬੱਸ ਅੱਡੇ ਦੇ ਨੇੜੇ ਹੀ ਇਕ ਪੁਰਾਣਾ ਤਲਾਅ ਵੀ ਹੈ। ਕਿਹਾ ਜਾਂਦਾ ਹੈ ਕਿ ਇਸ ਤਲਾਅ ਨੂੰ ਪਾਂਡਵਾਂ ਨੇ ਆਪਣੇ ਬਣਵਾਸ ਸਮੇਂ ਬਣ-ਵਾਇਆ ਸੀ।

ਸ਼ਹਿਰ ਵਿਚ ਲੜਕੀਆਂ ਦਾ ਸਰਕਾਰੀ ਹਾਈ ਸਕੂਲ, ਦੋ ਪ੍ਰਾਈਵੇਟ ਸੈਕੰਡਰੀ ਸਕੂਲ, ਦੋ ਕਾਲਜ, ਇਕ ਸਿਵਲ ਹਸਪਤਾਲ ਹੈ। ਸੰਨ 1867 ਤੋਂ ਇਥੇ ਮਿਉਂਸਪਲਟੀ ਹੈ।

ਆਬਾਦੀ- 20, 118 (2001)

31°49′ ਉ. ਵਿਥ.; 75°40′ ਪੂ. ਲੰਬ.

ਹ. ਪੁ.- ਡਿ. ਗ.—ਹੁਸ਼ਿਆਰਪੁਰ : 434; ਇੰਪ. ਗ. ਇੰਡ. 11 :194; ਪੰਜਾਬ ਦਾ ਅੰਕੜਾਸਾਰ, 2001 : 77

ਦਹਿਲ : ਇਹ ਇਕ ਰੋਗ ਹੈ ਜਿਸ ਨੂੰ ਕਈ ਨਾਂਵਾਂ ਨਾਲ ਜਾਣਿਆ ਜਾਂਦਾ ਹੈ ਜਿਵੇਂ ਹੌਲ, ਧੜਕਾ, ਖ਼ਫ਼ਕਾਨ, ਹੌਲਦਿਲ ਆਦਿ। ਇਹ ਉਨਮਾਦ ਰੋਗ ਦੀ ਪਹਿਲੀ ਸਟੇਜ ਹੈ। ਇਸ ਰੋਗ ਵਿਚ ਦਿਲ ਦੀ ਧੜਕਣ ਬਹੁਤ ਤੇਜ਼ ਹੋ ਜਾਂਦੀ ਹੈ ਨਬਜ਼ ਵੀ ਤੇਜ਼ ਚਲਣ ਲਗਦੀ ਹੈ। ਇਸ ਨਾਲ ਮਨੁੱਖ ਹਰ ਵਕਤ ਸਹਿਮਿਆ ਰਹਿੰਦਾ ਹੈ ਅਤੇ ਕਈ ਵਾਰ ਅਚਾਨਕ ਚੌਂਕ ਵੀ ਪੈਂਦਾ ਹੈ। ਇਹੋ ਜਿਹਾ ਮਰੀਜ਼ ਅਚਾਨਕ ਬੁਲਾਉਣ ਤੇ ਵੀ ਡਰ ਜਾਂਦਾ ਹੈ ਅਤੇ ਓਪਰੇ ਇਨਸਾਨ ਤੋਂ ਭੈਅ ਖਾਂਦਾ ਹੈ।

ਇਸ ਰੋਗ ਦੇ ਮੁੱਖ ਕਾਰਨ ਪੱਠਿਆਂ ਦੀ ਕਮਜ਼ੋਰੀ, ਦਿਮਾਗ਼ੀ ਮਿਹਨਤ, ਡਰ, ਨਸ਼ੇ ਵਾਲੀਆਂ ਚੀਜ਼ਾਂ ਜਿਵੇਂ ਸ਼ਰਾਬ, ਭੰਗ, ਤਮਾਕੂ ਜਿਗਰ ਅਤੇ ਚਰਸ ਆਦਿ ਦੀ ਵਧੇਰੇ ਵਰਤੋਂ, ਬਹੁਤੀ ਥਕਾਵਟ, ਜਿਗਰ ਜਾਂ ਮਿਹਦੇ ਦੀ ਖਰਾਬੀ, ਬਵਾਸੀਰ, ਜ਼ਿਆਦਾ ਮੈਥੁਨ ਆਦਿ ਹਨ। ਇਸ ਰੋਗ ਦੇ ਇਲਾਜ ਲਈ ਤਾਕਤ ਵਾਲੀਆਂ ਚੀਜ਼ਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਦਵਾਈਆਂ ਵੀ ਖਾਣੀਆਂ ਚਾਹੀਦੀਆਂ ਹਨ। ਹਾਜ਼ਮੇਦਾਰ ਪਦਾਰਥਾਂ ਦੀ ਵਧੇਰੇ ਵਰਤੋਂ ਕਰਨੀ ਚਾਹੀਦੀ ਹੈ। ਫਲ, ਮੁੱਰਬੇ, ਦੁੱਧ, ਮੱਖਣ ਅਤੇ ਮਲਾਈ ਆਦਿ ਲਾਹੇਵੰਦ ਸਿੱਧ ਹੁੰਦੇ ਹਨ । ਅਨਾਰ, ਸੰਦਲ ਆਦਿ ਠੰਢੀ ਤਸੀਰ ਵਾਲੀਆਂ ਚੀਜ਼ਾਂ ਦਾ ਸ਼ਰਬਤ ਪੀਣ ਨਾਲ ਵੀ ਕਾਫ਼ੀ ਫਾਇਦਾ ਹੁੰਦਾ ਹੈ। ਚੰਗੀ ਖ਼ੁਰਾਕ ਅਤੇ ਦਵਾਈਆਂ ਦੇ ਨਾਲ ਰੋਗੀ ਨੂੰ ਹਰ ਵੇਲੇ ਖ਼ੁਸ਼ ਰਹਿਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਫ਼ਿਕਰ ਅਤੇ ਗ਼ਮ ਆਦਿ ਦਿਮਾਗ਼ ਵਿਚ ਨਹੀਂ ਰਖਣੇ ਚਾਹੀਦੇ।

ਹ. ਪੁ.- ਮ.ਕੋ. : 617; ਮੈ. ਡਿ. :1460

ਦਹੇਜ : ਵੇਖੋ, ਦਾਜ

ਦਕਸ਼ : ਇਹ ਬ੍ਰਹਮਾ ਦਾ ਪੁੱਤਰ ਅਤੇ ਭਾਰਤੀ ਮਿਥਿਹਾਸ ਵਿਚ ਵਰਣਿਤ ਪ੍ਰਜਾਪਤੀਆਂ ਵਿਚੋਂ ਇਕ ਹੈ ਅਤੇ ਕਈ ਵਾਰ ਇਸ ਨੂੰ ਉਨ੍ਹਾਂ ਦਾ ਮੁਖੀ ਵੀ ਮੰਨਿਆ ਜਾਂਦਾ ਹੈ। ਇਸ ਦਾ ਜ਼ਿਕਰ ਰਿਗਵੇਦ ਵਿਚ ਵੀ ਮਿਲਦਾ ਹੈ। ਮਹਾਭਾਰਤ ਅਨੁਸਾਰ ਦਕਸ਼ ਬ੍ਰਹਮਾ ਦੇ ਸੱਜੇ ਅੰਗੂਠੇ ਵਿਚੋਂ ਪੈਦਾ ਹੋਇਆ ਅਤੇ ਉਸ ਦੀ ਪਤਨੀ ਬ੍ਰਹਮਾ ਦੇ ਖੱਬੇ ਅੰਗੂਠੇ ਵਿਚੋਂ। ਪੁਰਾਣਾਂ ਨੇ ਵੀ ਇਸ ਦੇ ਜਨਮ ਦੀ ਇਸੇ ਧਾਰਨਾ ਨੂੰ ਅਪਣਾਇਆ ਹੈ ਪਰ ਉਨ੍ਹਾਂ ਅਨੁਸਾਰ ਇਸ ਦਾ ਵਿਆਹ ਪ੍ਰਿਯਵਰਤ ਦੀ ਧੀ ਅਤੇ ਮਨੂ ਦੀ ਪੋਤੀ ਪ੍ਰਸੂਤੀ ਨਾਲ ਹੋਇਆ ਸੀ। ਇਸ ਦੀ ਕੁੱਖ ਤੋਂ ਵਖੋ ਵੱਖਰੇ ਕਥਨਾਂ ਅਨੁਸਾਰ 25, 50 ਜਾਂ 60 ਧੀਆਂ ਪੈਦਾ ਹੋਈਆਂ। ਰਾਮਾਇਣ ਅਤੇ ਮਹਾਭਾਰਤ ਵਧੇਰੇ ਗਿਣਤੀ ਨਾਲ ਹੀ ਸਹਿਮਤ ਹਨ। ਮਨੂ ਤੇ ਮਹਾਭਾਰਤ ਅਨੁਸਾਰ ਇਸ ਨੇ (ਦਕਸ਼) ਆਪਣੀਆਂ ਦਸ ਧੀਆਂ ਧਰਮ ਨੂੰ ਅਤੇ ਤੇਰ੍ਹਾਂ ਕਸ਼ਯਪ ਨੂੰ ਦਿੱਤੀਆਂ ਜਿਨ੍ਹਾਂ ਤੋਂ ਸੰਸਾਰ ਦੇ ਸਾਰੇ ਚਰ-ਅਚਰ (ਜੜ ਤੇ ਚੇਤਨ) ਦੀ ਉਤਪਤੀ ਹੋਈ, ਭਾਵ ਜਿਹੜੀਆਂ ਦੇਵਤਿਆਂ, ਦੈਂਤਾਂ, ਮਨੁੱਖਾਂ, ਪੰਛੀਆਂ, ਨਾਗਾਂ ਅਤੇ ਸਮੂਹ ਜੀਵ ਜੰਤੂਆਂ ਦੀਆਂ ਮਾਂਵਾਂ ਬਣੀਆਂ। ਸਤਾਈ ਧੀਆਂ ਵਿਆਹ ਵਿਚ ਸੋਮ ਨੂੰ ਦਿੱਤੀਆਂ ਅਤੇ ਇਹ ਹੀ ਸਤਾਈ ਨਛੱਤਰ ਬਣ ਗਈਆਂ। ਉਨ੍ਹਾਂ ਵਿਚੋਂ ਇਕ ਲੜਕੀ ਸਤੀ ਦਾ ਵਿਆਹ ਸ਼ਿਵ ਜੀ ਨਾਲ ਹੋਇਆ ਜਿਸ ਨੇ ਪਿੱਛੋਂ ਜਾ ਕੇ ਆਪਣੇ ਪਤੀ ਤੇ ਪਿਤਾ ਵਿਚਕਾਰ ਕਿਸੇ ਝਗੜੇ ਕਾਰਨ ਆਤਮਘਾਤ ਕਰ ਲਿਆ। ਕਾਸ਼ੀ ਖੰਡ ਵਿਚ ਲਿਖਿਆ ਹੈ ਕਿ ਉਹ ਸਤੀ ਹੋ ਗਈ ਅਤੇ ਆਪਣੇ ਆਪ ਨੂੰ ਸਾੜ ਲਿਆ।

ਮਹਾਭਾਰਤ ਅਤੇ ਪੁਰਾਣਾਂ ਵਿਚ ਆਈ ਇਕ ਹੋਰ ਕਥਾ ਅਨੁਸਾਰ ਦਕਸ਼ ਨੇ ਇਕ ਹੋਰ ਮਨਵੰਤਰ ਵਿਚ ਦੂਸਰੀ ਵਾਰ ਜਨਮ ਲਿਆ। ਇਹ ਪ੍ਰਚੇਤਸ ਅਤੇ ਮਾਰਿਸ਼ਾ ਦਾ ਪੁੱਤਰ ਸੀ ਅਤੇ ਅਗੋਂ ਜਾ ਕੇ ਇਸ ਦੇ ਘਰ ਸੱਤ ਪੁੱਤਰ ਹੋਏ ਜਿਹੜੇ ਪ੍ਰਤੀਕਾਤਮਕ ਰੂਪ ਵਿਚ

ਕ੍ਰੋਧ, ਤਮਸ, ਦਮ, ਵਿਕ੍ਰਿਤ, ਅੰਗਿਰਸ, ਕਰਦਮ ਅਤੇ ਅਸ਼੍ਵ ਸਨ ਕਿਹਾ ਜਾਂਦਾ ਹੈ ਕਿ ਅਗਲਾ ਜਨਮ ਇਸ ਦੇ ਜਵਾਈ ਸ਼ਿਵ ਜੀ ਦੇ ਸਰਾਪ ਕਾਰਨ ਹੋਇਆ ਸੀ। ਦਕਸ਼ ਇਕ ਖਾਸ ਵਿਧੀ ਨਾਲ ਆਪਣੀ ਮਾਂ ਮਾਰਿਸ਼ਾ ਕਰ ਕੇ ਸੋਮ (ਚੰਦਰਮਾ) ਤੋਂ ਪ੍ਰਗਟ ਹੋਇਆ ਸੀ ਪਰ ਕਿਉਂਕਿ ਇਸ ਦੀਆਂ ਸਤਾਈ ਧੀਆਂ ਸੋਮ ਨਾਲ ਵਿਆਹੀਆਂ ਹੋਈਆਂ ਸਨ, ਇਸ ਕਰ ਕੇ ਕਈ ਵਾਰ ਇਸ ਨੂੰ ਚੰਦਰਮਾ ਦਾ ਪਿਤਾ ਅਤੇ ਪੁੱਤਰ ਦੋਨੋਂ ਹੀ ਮੰਨ ਲਿਆ ਜਾਂਦਾ ਹੈ। ਇਸ ਤਰ੍ਹਾਂ ਇਸ ਦੇ ਸੁਭਾਅ ਦੇ ਦਵੈਤ ਦਾ ਪ੍ਰਗਟਾਉ ਹੁੰਦਾ ਹੈ।

ਹਰੀਵੰਸ਼ ਵਿਚ ਦਕਸ਼ ਦੇ ਚਰਿੱਤਰ ਦੀ ਭਿੰਨਤਾ ਦਾ ਹੋਰ ਤਰ੍ਹਾਂ ਵਰਣਨ ਕੀਤਾ ਗਿਆ ਹੈ। ਉਸ ਅਨੁਸਾਰ ਵਿਸ਼ਨੂੰ ਨੇ ਖੁਦ ਦਕਸ਼ ਦਾ ਰੂਪ ਧਾਰ ਲਿਆ ਅਤੇ ਅਸੰਖਾਂ ਜੀਵ ਜੰਤੂਆਂ ਨੂੰ ਉਤਪੰਨ ਕੀਤਾ। ਦੂਜੇ ਸ਼ਬਦਾਂ ਵਿਚ ਇਹ ਸਿਰਜਨਹਾਰ ਬਣਿਆ। ਮਨੁੱਖਾਂ ਵਿਚੋਂ ਦਕਸ਼ ਪਹਿਲਾ ਮਨੁੱਖ ਸੀ ਜਿਸ ਨੇ ਯੋਗ ਦੀ ਸ਼ਕਤੀ ਨਾਲ ਇਕ ਸੁੰਦਰ ਇਸਤਰੀ ਦਾ ਰੂਪ ਧਾਰ ਲਿਆ ਅਤੇ ਜਿਸ ਤੋਂ ਕਈ ਸੋਹਣੀਆਂ ਧੀਆਂ ਉਤਪੰਨ ਕੀਤੀਆਂ ਜਿਨ੍ਹਾਂ ਨੂੰ ਇਸ ਨੇ ਮਨੂ ਦੀ ਦੱਸੀ ਹੋਈ ਵਿਧੀ ਅਤੇ ਉਪਰੋਕਤ ਢੰਗ ਨਾਲ ਵਿਆਹਾਂ ਵਿਚ ਅਰਪਨ ਕੀਤਾ।

ਦਕਸ਼ ਦੇ ਜੀਵਨ ਦੀ ਇਕ ਪ੍ਰਸਿੱਧ ਘਟਨਾ ਜਿਸ ਦਾ ਵਰਣਨ ਆਮ ਕੀਤਾ ਜਾਂਦਾ ਹੈ, 'ਦਕਸ਼ ਦਾ ਯਗ' ਹੈ ਜਿਸ ਨੂੰ ਸ਼ਿਵ ਜੀ ਨੇ ਕ੍ਰੋਧ ਵਿਚ ਆ ਕੇ ਭੰਗ ਕਰ ਦਿੱਤਾ ਸੀ। ਇਸ ਕਥਾ ਦੇ ਬੀਜ ਤੈਤਿਰੀਯ ਸੰਹਿਤਾ ਵਿਚ ਮਿਲਦੇ ਹਨ। ਉਸ ਅਨੁਸਾਰ ਜਦੋਂ ਦੇਵਤਿਆਂ ਨੇ ਰੁਦ੍ਰ ਨੂੰ ਯੱਗ ਵਿਚੋਂ ਬਾਹਰ ਕੱਢ ਦਿਤਾ ਤਾਂ ਉਸ ਨੇ ਆਪਣੇ ਤੀਰ ਨਾਲ ਯੱਗ ਭੰਗ ਕਰ ਦਿੱਤਾ ਅਤੇ ਜਦੋਂ ਪੂਸ਼ਨ ਆਹੁਤੀ ਲੈਣ ਲਗਾ ਤਾਂ ਉਸ ਦੇ ਦੰਦ ਟੁੱਟ ਗਏ। ਇਹ ਕਥਾ ਰਾਮਾਇਣ ਤੇ ਮਹਾਭਾਰਤ ਦੋਨਾਂ ਵਿਚ ਹੀ ਮਿਲਦੀ ਹੈ । ਮਹਾਭਾਰਤ ਅਨੁਸਾਰ ਦਕਸ਼ ਯੱਗ ਵਿਚ ਲੀਨ ਸੀ ਕਿ ਸ਼ਿਵ ਜੀ ਨੇ ਉਧੜ ਧੁੰਮੀ ਮਚਾਉਂਦਿਆਂ ਹੋਇਆ ਤੀਰ ਨਾਲ ਯੱਗ ਭੰਗ ਕਰ ਦਿੱਤਾ। ਇਸ ਨਾਲ ਦੇਵਤੇ ਦੈਂਤ ਸਹਿਮ ਗਏ ਅਤੇ ਸਾਰਾ ਬ੍ਰਹਿਮੰਡ ਕੰਬਣ ਲੱਗ ਪਿਆ। ਰਿਸ਼ੀਆਂ ਨੇ ਕ੍ਰੋਧਵਾਨ ਦੇਵਤੇ ਨੂੰ ਮਨਾਉਣ ਦੀ ਬੜੀ ਕੋਸ਼ਿਸ਼ ਕੀਤੀ ਪਰ ਸਭ ਨਿਸ਼ਫਲ ਹੀ ਗਈ। ਉਹ ਕ੍ਰੋਧ ਵਿਚ ਆ ਕੇ ਦੇਵਤਿਆਂ ਵੱਲ ਦੌੜਿਆ ਅਤੇ ਭਗ ਦੇਵਤੇ ਦੀਆਂ ਅੱਖਾਂ ਉੱਤੇ ਘਸੁੰਨ ਮਾਰਿਆ ਅਤੇ ਪੂਸ਼ਨ ਨੂੰ ਠੁੱਡਾ ਮਾਰ ਕੇ ਉਸ ਦਾ ਅਪਮਾਨ ਕੀਤਾ ਅਤੇ ਜਦੋਂ ਉਹ ਆਹੁਤੀ ਲੈ ਰਿਹਾ ਸੀ ਤਾਂ ਉਸ ਦੇ ਦੰਦ ਵੀ ਭੰਨ ਦਿਤੇ। ਦੇਵਤਿਆਂ ਤੇ ਰਿਸ਼ੀਆਂ ਨੇ ਨਿਮਰਤਾ ਨਾਲ ਉਸ ਅੱਗੇ ਬੇਨਤੀ ਕੀਤੀ ਅਤੇ ਜਦੋਂ ਉਹ ਸ਼ਾਂਤ ਹੋ ਗਿਆ ਤਾਂ ਉਸ ਨੂੰ ਯੱਗ ਦਾ ਵਿਸ਼ੇਸ਼ ਭਾਗ ਦੇਣਾ ਸਵੀਕਾਰ ਕੀਤਾ ਅਤੇ ਡਰਦਿਆਂ ਹੋਇਆਂ ਮੁੜ ਉਸ ਨੂੰ ਆਪਣਾ ਸ਼ਰਣ ਪਾਲਕ ਵੀ ਮੰਨਿਆ। ਇਸ ਗ੍ਰੰਥ ਦੇ ਦੂਸਰੇ ਭਾਗ ਵਿਚ ਇਹ ਕਹਾਣੀ ਕੁਝ ਹੋਰ ਭਿੰਨਤਾ ਨਾਲ ਵਰਣਨ ਕੀਤੀ ਗਈ ਹੈ। ਉਸ ਅਨੁਸਾਰ ਜਦੋਂ ਦਕਸ਼ ਨੇ ਯੱਗ ਕੀਤਾ ਤਾਂ ਉਸ ਵਿਚ ਰੁਦ੍ਰ (ਸ਼ਿਵ) ਦਾ ਕੋਈ ਹਿੱਸਾ ਨਾ ਰਖਿਆ। ਦਧੀਚੀ ਰਿਸ਼ੀ ਦੇ ਭੜਕਾਉਣ ਤੇ ਉਸ ਨੇ ਆਪਣਾ ਚਮਕਦਾ ਤ੍ਰਿਸ਼ੂਲ ਚਲਾਇਆ ਜਿਸ ਨੇ ਦਕਸ਼ ਦਾ ਯੱਗ ਭੰਗ ਕਰ ਦਿੱਤਾ ਅਤੇ ਤ੍ਰਿਸ਼ੂਲ ਨਾਰਾਇਣ ਦੀ ਛਾਤੀ ਉੱਤੇ ਬੜੇ ਜ਼ੋਰ ਨਾਲ ਡਿਗ ਕੇ ਤੇਜ਼ੀ ਨਾਲ ਆਪਣੇ ਮਾਲਕ ਕੋਲ ਵਾਪਸ ਆ ਗਿਆ। ਹੁਣ ਦੋਹਾਂ ਦੇਵਤਿਆਂ ਵਿਚ ਭਿਅੰਕਰ ਯੁੱਧ ਸ਼ੁਰੂ ਹੋ ਗਿਆ ਅਤੇ ਉਦੋਂ ਤਕ ਬੰਦ ਨਾ ਹੋਇਆ ਜਦੋਂ ਤਕ ਬ੍ਰਹਮਾ ਨੇ ਰੁਦ੍ਰ ਨੂੰ ਨਾਰਾਇਣ ਅੱਗੇ ਬੇਨਤੀ ਕਰਨ ਲਈ ਮੰਨਵਾ ਨਾ ਲਿਆ। ਇਸ ਤੇ ਨਾਰਾਇਣ ਪਸੀਜ ਗਿਆ।

ਪੁਰਾਣਾਂ ਵਿਚ ਇਹ ਕਥਾ ਬੜੇ ਸ਼ਿੰਗਾਰ ਨਾਲ ਪੇਸ਼ ਕੀਤੀ ਗਈ ਹੈ। ਦਕਸ਼ ਨੇ ਵਿਸ਼ਨੂੰ ਦਾ ਯੱਗ ਕੀਤਾ ਅਤੇ ਬਹੁਤ ਸਾਰੇ ਦੇਵਤਿਆਂ ਨੂੰ ਇਸ ਦੀ ਪੂਰਤੀ ਲਈ ਸੱਦਾ ਦਿਤਾ ਗਿਆ ਪਰ ਸ਼ਿਵ ਜੀ ਨੂੰ ਇਸ ਵਿਚ ਸੱਦਾ ਨਾ ਦਿੱਤਾ ਗਿਆ ਕਿਉਂਕਿ ਦੇਵਤੇ ਉਸ ਨੂੰ ਯੱਗ ਦੀ ਆਹੂਤੀ ਤੋਂ ਵਾਂਝਾ ਰੱਖਣਾ ਚਾਹੁੰਦੇ ਸੀ। ਸ਼ਿਵ ਜੀ ਦੀ ਪਤਨੀ ਦੇਵੀ ਉਮਾ ਨੂੰ ਇਸ ਗੱਲ ਦਾ ਪਤਾ ਲੱਗ ਗਿਆ। ਉਮਾ ਪਿਛਲੇ ਜਨਮ ਵਿਚ ਦਕਸ਼ ਦੀ ਧੀ ਸਤੀ ਹੀ ਸੀ ਜਿਸ ਨੇ ਆਪਣੇ ਪਿਤਾ ਦਾ ਆਪਣੇ ਤੇ ਆਪਣੇ ਪਤੀ ਸ਼ਿਵ ਜੀ ਨਾਲ ਝਗੜਾ ਵੇਖ ਕੇ ਜੀਵਨ ਨੂੰ ਸਮਾਪਤ ਕਰ ਲਿਆ ਸੀ। ਸ਼ਿਵ ਜੀ ਨੇ ਗੁੱਸੇ ਵਿਚ ਆ ਕੇ ਵੀਰ ਭਦ੍ਰ ਨਾਂ ਦਾ ਅੱਗ ਵਰਗਾ ਜੀਵ ਜਿਸ ਦੀ ਸ਼ਕਲ ਸੂਰਤ ਬੜੀ ਭਿਆਨਕ ਅਤੇ ਸ਼ਕਤੀਸ਼ਾਲੀ ਸੀ, ਪੈਦਾ ਕੀਤਾ ਅਤੇ ਹਜ਼ਾਰਾਂ ਸ਼ਕਤੀਸ਼ਾਲੀ ਅਰਧ ਦੇਵਤਿਆਂ ਨੂੰ ਵੀ ਭੇਜਿਆ ਜਿਨ੍ਹਾਂ ਨੂੰ ਸ਼ਿਵ ਜੀ ਨੇ ਉਸ ਦੇ ਨਾਲ ਹੀ ਪੈਦਾ ਕੀਤਾ ਸੀ। ਅਨਰਥ ਹੋਣ ਲੱਗਾ। ਪਰਬਤ ਹਿੱਲਣ ਲਗੇ ਅਤੇ ਧਰਤੀ ਕੰਬਣ ਲੱਗ ਪਈ, ਯੱਗ ਭੰਗ ਹੋ ਗਿਆ ਅਤੇ ਬ੍ਰਾਹਮਣਾਂ ਨੂੰ ਇੱਟਾਂ ਪੱਥਰ ਵੱਜੇ, ਪ੍ਰਜਾਪਤੀਆਂ ਨੂੰ ਕੁਟਿਆ ਗਿਆ। ਦੇਵਤੇ ਅਤੇ ਅਰਧ ਦੇਵਤੇ ਹੱਥਾਂ ਵਿਚ ਤਲਵਾਰਾਂ ਲੈ ਕੇ ਯੱਗ ਵਿਚ ਦੌੜਦਿਆਂ ਹੋਇਆਂ ਤੀਰਾਂ ਨਾਲ ਵਿੰਨ੍ਹੇ ਗਏ। ਇਸ ਤੇ ਦਕਸ਼ ਨੇ ਡਰਦਿਆਂ ਕ੍ਰੋਧਵਾਨ ਦੇਵਤੇ ਅੱਗੇ ਬੇਨਤੀ ਕੀਤੀ ਅਤੇ ਉਸ ਦੀ ਪ੍ਰਭੁਤਾ ਸਵੀਕਾਰ ਕੀਤੀ। ਕੁਝ ਪਾਠਾਂਤਰਾਂ ਅਨੁਸਾਰ ਦਕਸ਼ ਦਾ ਆਪਣਾ ਸਿਰ ਵੀ ਲੱਥ ਗਿਆ ਸੀ ਜੋ ਕਿ ਅੱਗ ਵਿਚ ਸੁੱਟ ਦਿੱਤਾ ਗਿਆ ਪਰ ਬਾਅਦ ਵਿਚ ਸ਼ਿਵ ਜੀ ਨੇ ਦਕਸ਼ ਅਤੇ ਬਾਕੀ ਦੇ ਮ੍ਰਿਤਕਾਂ ਨੂੰ ਮੁੜ ਸੁਰਜੀਤ ਕਰ ਦਿੱਤਾ।

ਹ. ਪੁ.- ਹਿੰ. ਮਿ. ਕੋ. 273 ; ਪੰ. ਸਾ. ਸੰ. ਕੋ. : 482; ਹਿੰ. ਵਿ. ਕੋ. 5 : 493; ਹਿੰ. ਸਾ. ਕੋ. 2 : 225; ਮ. ਕੋ : 618.

ਦਕਾਂ, ਅਲੈਕਸਾਂਦਰ ਗਾਬ੍ਰੀਐਲ (Decamps, Alexandre. Gabriel) : ਇਸ ਫ਼ਰਾਂਸੀਸੀ ਚਿੱਤਰਕਾਰ ਦਾ ਜਨਮ 3 ਮਾਰਚ, 1803 ਈ. ਨੂੰ ਪੈਰਿਸ ਵਿਖੇ ਹੋਇਆ। ਇਸ ਨੇ ਏਬੈੱਲ ਡੀ ਪੂਜਾੱਲ ਸਟੂਡੀਓ ਵਿਖੇ ਸਿੱਖਿਆ ਪ੍ਰਾਪਤ ਕੀਤੀ। ਜਵਾਨੀ ਵਿਚ ਇਹ ਪੂਰਬ ਵੱਲ ਗਿਆ ਅਤੇ ਉਥੋਂ ਆਉਂਦੇ ਹੋਏ ਕਈ ਰੇਖਾ-ਚਿੱਤਰ ਲਿਆਇਆ ਅਤੇ ਬਾਅਦ ਵਿਚ ਇਨ੍ਹਾਂ ਵਿਚੋਂ ਆਪਣੀਆਂ ਕਈ ਵਧੀਆ ਕਿਰਤਾਂ ਪੇਸ਼ ਕੀਤੀਆਂ ਜਿਨ੍ਹਾਂ ਵਿਚੋਂ ਦੀ ਗ੍ਰੈਂਡ ਬਾਜਾਰਾਂ 'ਏ ਟਰਕਿਸ਼ ਕੈਫ਼ੇ' 'ਟਰਕਿਸ਼ ਚਿਲਡਰਨ ਗੋਇੰਗ ਆਉਟ ਆੱਫ਼ ਸਕੂਲ' 'ਅਰਬ ਹਾਰਸਮੈੱਨ ਪਾਸਿੰਗ ਫੋਰਡ' 'ਦੀ ਸ਼ੈਪਰਡ ਐਂਡ ਹਿਜ਼ ਫ਼ਲਾੱਕ ਓਵਰਟੇਕਨ ਬਾਈ ਏ ਸਟਾੱਰਮ,' 'ਐਨ ਇਟੇਲੀਅਨ ਵਿੱਲੇਜ' ਆਦਿ ਇਸ ਦੀਆਂ ਕੁਝ ਪ੍ਰਸਿੱਧ ਕਿਰਤਾਂ ਹਨ। ਇਸ ਨੇ ਧਾਰਮਿਕ ਅਤੇ ਇਤਿਹਾਸਕ ਵਿਸ਼ਿਆਂ ਸਬੰਧੀ ਵੀ ਕਈ ਚਿੱਤਰ ਬਣਾਏ ਜਿਵੇਂ 'ਡੀਫ਼ੀਟ ਆੱਫ ਦੀ ਸਿੰਬਰੀ' ਦੀ ਮਿਰਾਕੂਲਸ ਡ੍ਰਾਉਟ ਆੱਫ ਫ਼ਿਸ਼ਿਜ਼ 'ਜੋਜ਼ੈਫ਼' ਸੋਲਡ ਬਾਈ ਹਿਜ਼ ਬ੍ਰਦਰੈੱਨ ਆਦਿ । ਸੰਨ 1839 ਵਿਚ ਇਸ ਨੂੰ 'ਲੀਜਨ ਆੱਫ਼ ਆੱਨਰ' ਨਾਲ ਸਨਮਾਨਿਆ ਗਿਆ।

22 ਅਗਸਤ, 1860 ਨੂੰ ਫਾੱਨਟੇਨਬਲੂ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ-ਐਨ. ਬ੍ਰਿ. 7:154 ; ਕੋਲ ਐਨ. 6 :131; ਐਨ. ਅਮੈ. 8 : 555.

ਦੱਖਣ ਸ਼ਾਹਬਾਜ਼ਪੁਰ : ਇਹ ਬਗੰਲਾ ਦੇਸ਼ ਦੇ ਖੁਲਨਾ ਮੰਡਲ ਦੇ ਬਰੀਸੇਲ ਜ਼ਿਲ੍ਹੇ ਵਿਚ ਮੇਘਨ ਜਵਾਰ ਦਹਾਨੇ ਵਿਖੇ ਸਥਿਤ ਇਕ ਵੱਡਾ ਦੀਪ ਹੈ ਜਿਸ ਦੀ ਲੰਬਾਈ 69 ਕਿ. ਮੀ. (43 ਮੀਲ), ਚੌੜਾਈ 15-20 ਕਿ.ਮੀ. (10-15 ਮੀਲ) ਅਤੇ ਕੁਲ ਖੇਤਰਫਲ ਲਗਭਗ 1,525 ਵ. ਕਿ. ਮੀ. (612 ਵ. ਮੀਲ) ਹੈ। ਇਸ ਵਿਚ ਕੁਲ 447 ਪਿੰਡ ਸ਼ਾਮਲ ਹਨ। ਇਹ ਵੀ ਬਹੁਤਾ ਕਰ ਕੇ ਮੇਘਨਾ ਦਰਿਆ ਦੁਆਰਾ ਉਪਰੋਂ ਲਿਆਂਦੀ ਗਈ ਭਲ ਦਾ ਬਣਿਆ ਹੋਇਆ ਹੈ। ਮੇਘਨਾ ਦਰਿਆਈ ਡੈਲਟੇ ਦੀ ਇਕ ਸ਼ਾਹਬਾਜ਼ਪੁਰ ਨਾਮੀ

ਦਰਿਆਈ ਸ਼ਾਖਾ ਇਸ ਨੂੰ ਪੂਰਬ ਵੱਲ ਸਥਿਤ ਹਾਟੀਆ ਦੀਪ ਤੋਂ ਅਤੇ ਪੱਛਮ ਵੱਲੋਂ ਟਿਟਲੂਯਾ ਦਰਿਆ ਇਸ ਨੂੰ ਦੇਸ਼ ਦੇ ਮੁੱਖ ਭਾਗ ਤੋਂ ਵੱਖ ਕਰਦਾ ਹੈ। ਦੀਪ ਦੇ ਉੱਤਰ ਅਤੇ ਪੂਰਬ ਵੱਲ ਮੇਘਨਾ ਦਰਿਆ ਦੁਆਰਾ ਇਥੋਂ ਦੀ ਬਹੁਤ ਸਾਰੀ ਧਰਤੀ ਖੁਰਚੀ ਜਾ ਰਹੀ ਹੈ। ਦੀਪ ਵਿਚ ਤੇਜ਼ ਤੂਫਾਨੀ ਲਹਿਰਾਂ ਅਤੇ ਚੱਕਰਵਾਤ ਬਹੁਤ ਆਉਂਦੇ ਰਹਿੰਦੇ ਹਨ ਜਿਨ੍ਹਾਂ ਕਰ ਕੇ ਇਥੇ ਤਬਾਹੀ ਵੀ ਬਹੁਤ ਹੁੰਦੀ ਹੈ। ਇਹ ਦੀਪ ਸਟੀਮਰ ਸੇਵਾਵਾਂ ਦੁਆਰਾ ਦੇਸ਼ ਦੇ ਮੁੱਖ ਭਾਗ ਨਾਲ ਜੁੜਿਆ ਹੋਇਆ ਹੈ।

22°6′ ਤੋਂ 23°2′ ਉ. ਵਿਥ.; 90°35′ ਤੋਂ 91°2′ ਪੂ. ਲੰਬ.

ਹ. ਪੁ.- ਐਨ. ਬ੍ਰਿ. ਮਾ. 3 : 853 ; ਇੰਪ. ਗ. ਇੰਡ 11 : 124

ਦੱਖਣਾ (ਦਖਿਣਾ ਜਾਂ ਦਕਸ਼ਿਨਾ) : ਸੱਜੇ ਹੱਥ ਨਾਲ ਦਿੱਤੀ ਗਈ ਭੇਟਾ ਨੂੰ ਕਹਿੰਦੇ ਹਨ । ਸ਼ਾਸਤਰਾਂ ਅਨੁਸਾਰ ਸੱਜੇ ਹੱਥ ਨਾਲ ਦਿੱਤਾ ਦਾਨ ਤਾਂ ਫਲਦਾ ਹੈ ਪਰ ਖੱਬੇ ਹੱਥ ਨਾਲ ਦਿੱਤਾ ਦਾਨ ਵਿਅਰਥ ਜਾਂਦਾ ਹੈ। ਲੋਕ ਨਿਸ਼ਚੇ ਅਨੁਸਾਰ ਸੱਜੇ ਹੱਥ ਨਾਲ ਦਿੱਤਾ ਦਾਨ ਦਸ ਗੁਣਾ ਵਧ ਹੋ ਕੇ ਪਰਲੋਕ ਵਿਚ ਪ੍ਰਾਪਤ ਹੁੰਦਾ ਹੈ ਪਰ ਖੱਬੇ ਹੱਥ ਨਾਲ ਦਿੱਤਾ ਦਾਨ ਉਂਨੀ ਹੀ ਮਾਤਰਾ ਵਿਚ ਮਿਲਦਾ ਹੈ ਜਿੰਨਾ ਦਿੱਤਾ ਗਿਆ ਹੋਵੇ।

ਗੁਰੂ ਨੂੰ ਸਨਮਾਨ ਸਰੂਪ ਦਿੱਤੀ ਜਾਣ ਵਾਲੀ ਭੇਟ ਅਥਵਾ ਯੱਗ, ਸ਼ਰਾਧ ਅਤੇ ਧਾਰਮਿਕ ਕੰਮਾਂ ਲਈ ਦਿੱਤੇ ਜਾਣ ਵਾਲੇ ਧਨ ਨੂੰ ਦੱਖਣਾ ਜਾਂ ਦਕਸ਼ਿਨਾ ਕਿਹਾ ਜਾਂਦਾ ਹੈ। ਭਾਰਤ ਦੇ ਗੁਰੁਕੁਲਾਂ ਦੇ ਵਿਦਿਆਰਥੀ ਆਪਣੀ ਸਿੱਖਿਆ ਖ਼ਤਮ ਕਰਨ ਉਪਰੰਤ ਘਰ ਜਾਣ ਸਮੇਂ ਆਪਣੀ ਇੱਛਾ ਅਨੁਸਾਰ ਆਪਣੇ ਗੁਰੂ ਨੂੰ ਸਨਮਾਨ ਵਜੋਂ ਸ਼ਰਧਾਪੂਰਵਕ ਕੁਝ ਨਾ ਕੁਝ ਭੇਟ ਕਰਦੇ ਸਨ ਜਿਸ ਨੂੰ ਦੱਖਣਾ ਕਿਹਾ ਜਾਂਦਾ ਸੀ। ਇਸ ਦੱਖਣਾ ਦੇ ਪਿੱਛੇ ਗੁਰੂ ਦੇ ਪਰਿਵਾਰ ਦੀ ਪਾਲਣਾ ਅਤੇ ਉਸ ਦੀਆਂ ਆਰਥਿਕ ਜ਼ਰੂਰਤਾਂ ਨੂੰ ਪੂਰਾ ਕਰਨ ਦਾ ਭਾਵ ਹੁੰਦਾ ਹੈ। ਜੇ ਕੋਈ ਗਰੀਬ ਵਿਦਿਆਰਥੀ ਆਪਣੇ ਗੁਰੂ ਨੂੰ ਦੱਖਣਾ ਨਹੀਂ ਦੇ ਸਕਦਾ ਸੀ ਤਾਂ ਗੁਰੂ ਨੂੰ ਇਹ ਅਧਿਕਾਰ ਸੀ ਕਿ ਉਹ ਇਹ ਦੱਖਣਾ ਰਾਜੇ ਤੋਂ ਲਵੇ।

ਦੂਜੀ ਦੱਖਣਾ ਧਾਰਮਿਕ ਕੰਮਾਂ ਦੇ ਸਬੰਧ ਵਿਚ ਹੈ। ਬਿਨਾਂ ਦੱਖਣਾ ਦੇ ਕੋਈ ਯੱਗ ਪੂਰਾ ਨਹੀਂ ਹੁੰਦਾ ਅਤੇ ਉਸ ਦਾ ਕੋਈ ਫਲ ਨਹੀਂ ਹੁੰਦਾ। ਯੱਗ ਉਪਰੰਤ ਬ੍ਰਾਹਮਣ ਅਤੇ ਪੁਰੋਹਿਤ ਨੂੰ ਪੂਰੀ ਦੱਖਣਾ ਨਾ ਦੇਣ ਨਾਲ ਇਹ ਸਮੇਂ ਅਨੁਸਾਰ ਵਧਦੀ ਜਾਂਦੀ ਹੈ। ਦੱਖਣਾ ਦੇਣ ਦਾ ਮੁੱਖ ਕਾਰਨ ਦੱਖਣਾ ਦੇਣ ਵਾਲੇ ਨੂੰ ਆਪਣੀ ਸੰਪਤੀ ਨਸ਼ਟ ਹੋਣ ਦਾ, ਪੂਰਵਜਾਂ ਦਾ, ਪਿੰਡ ਨਾ ਮੰਨਣਾ ਅਤੇ ਉਸ ਦੀਆਂ ਕਈ ਪੀੜ੍ਹੀਆਂ ਦੀ ਗਤੀ ਨਾ ਹੋਣ ਆਦਿ ਦਾ ਡਰ ਹੁੰਦਾ ਹੈ। ਬ੍ਰਾਹਮਣਾਂ ਅਤੇ ਪੁਰੋਹਿਤਾਂ ਨੇ ਦੱਖਣਾ ਰਾਹੀਂ ਆਪਣੀ ਜੀਵਿਕਾ ਚਲਾਉਣ ਲਈ ਨਿਯਮ ਬਣਾਏ ਅਤੇ ਰਾਜਿਆਂ ਅਤੇ ਸ਼ਾਸ਼ਕਾਂ ਨੂੰ ਵੀ ਇਸ ਗੱਲ ਲਈ ਮਜਬੂਰ ਕੀਤਾ ਕਿ ਦੱਖਣਾ ਨਾ ਦੇਣ ਵਾਲਿਆਂ ਨੂੰ ਦੰਡ ਦਿੱਤਾ ਜਾਵੇ।

ਭਾਰਤੀ ਜੀਵਨ ਵਿਚ ਧਾਰਮਿਕ ਕੰਮਾਂ, ਯੱਗਾਂ ਅਤੇ ਪੂਜਾ ਸ਼ਰਾਧਾਂ ਅਤੇ ਸੰਸਾਰਿਕ ਅਵਸਰਾਂ ਵਿਚ ਇਹ ਦੱਖਣਾ ਭੇਟਾਵਾਂ ਦੇ ਰੂਪ ਵਿਚ ਅੱਜ ਵੀ ਪ੍ਰਧਾਨ ਹਨ। ਦੱਖਣਾ ਸੋਨੇ, ਚਾਂਦੀ, ਸਿੱਕਿਆਂ, ਅਨਾਜ, ਕਪੜਿਆਂ ਆਦਿ ਕਈ ਰੂਪਾਂ ਵਿਚ ਦਿੱਤੀ ਜਾਂਦੀ ਹੈ ਜੋ ਕਿ ਕੁਲ ਪੁਰੋਹਿਤ ਜਾਂ ਬ੍ਰਹਮਣਾਂ ਨੂੰ ਭੋਜਨ ਖੁਆਉਣ ਮਗਰੋਂ ਦਿੱਤੀ ਜਾਂਦੀ ਹੈ। ਇਸ ਨੂੰ ਦੱਛਣਾ ਵੀ ਕਹਿੰਦੇ ਹਨ। ਦੱਖਣਾ ਦਿੱਤੇ ਬਗੈਰ ਭੋਜਨ ਕਰਵਾਉਣ ਦਾ ਕੋਈ ਮਹਾਤਮ ਨਹੀਂ ਹੁੰਦਾ।

ਦੱਖਣਾ ਦੇ ਸਬੰਧ ਵਿਚ ਧਾਰਮਿਕ ਭਾਵ ਉਤਪੰਨ ਕਰਨ ਲਈ ਹੀ ਦੱਖਣਾ ਨੂੰ ਯੱਗ ਪੁਰਸ਼ ਦੀ ਇਸਤਰੀ ਦੇ ਰੂਪ ਵਿਚ ਜਾਣਿਆ ਗਿਆ ਹੈ। ਦੇਵ ਕਥਾ ਵਿਚ ਇਸ ਨੂੰ ਇਕ ਦੇਵੀ ਮੰਨਿਆ ਗਿਆ ਹੈ ਅਤੇ ਇਸ ਨਾਲ ਕਈ ਵਸਤੂਆਂ ਦਾ ਸਬੰਧ ਵੀ ਜੋੜਿਆ ਜਾਂਦਾ ਹੈ।

ਹ. ਪੁ.- ਹਿੰ. ਵਿ. ਕੋ. 5: 493; ਮ.ਕੋ.; ਹਿੰ. ਮਿ. ਕੋ. 284; ਹਿੰ. ਸਾ. ਕੋ. 2 :225; ਪੰ. ਲੋ. ਵਿ. ਕੋ. 1529

ਦਖਣੀ ਓਅੰਕਾਰ : ਰਾਮਕਲੀ ਰਾਗ ਦੀ ਦਖਣੀ ਜਾਤੀ ਵਿਚ ਗੁਰੂ ਨਾਨਕ ਦੇਵ ਜੀ ਦੁਆਰਾ ਉਚਾਰਣ ਕੀਤੀ ਹੋਈ ਬਾਣੀ ਹੈ ਜਿਹੜੀ ਪੈਂਤੀ ਅੱਖਰੀ ਦੇ ਰੂਪ ਵਿਚ ਵਰਣਮਾਲਾ ਕ੍ਰਮ ਅਨੁਸਾਰ ਰਚੀ ਗਈ ਹੈ।

ਪੁਰਾਤਨ ਜਨਮ ਸਾਖੀ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਇਹ ਬਾਣੀ ਪਹਿਲੀ ਉਦਾਸੀ ਸਮੇਂ ਬਨਾਰਸ ਵਿਖੇ ਪੰਡਿਤ ਚਤਰ ਦਾਸ ਦੀ ਬੇਨਤੀ ਤੇ ਉਚਾਰੀ :-

ਤਬ ਪੰਡਤ ਕਿਹਾ, "ਜੀ, ਵਚਨ ਪਾਰਬ੍ਰਹਮ ਕੇ ਸਿਉ ਪਹਿਲੀ ਪਟੀ ਪੜ੍ਹਾਵਉ ਸੰਸਾਰ ਜੋਗੁ। ਤਬ ਬਾਬਾ ਬੋਲਿਆ: ਰਾਮਕਲੀ ਮ:੧ ਦਖਣੀ ਓਅੰਕਾਰ।

ਮਹਾਨ ਕੋਸ਼ ਅਤੇ ਗੁਰਮਤਿ ਨਿਰਣਯ ਸਾਗਰ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਮੱਧ ਭਾਰਤ ਦੇ ਨਿਮਾਰ ਜ਼ਿਲ੍ਹੇ ਵਿਚ ਮਾਨਧਾਤਾ ਟਾਪੂ ਦੇ ਅੰਦਰ ਓਅੰਕਾਰ ਮੰਦਰ ਵਿਚ ਪੁਜਾਰੀਆਂ ਨੂੰ ਸੁਮਤਿ ਦੇਣ ਲਈ ਇਹ ਬਾਣੀ ਰਚੀ।

ਤਵਾਰੀਖ ਗੁਰੂ ਖਾਲਸਾ ਅਨੁਸਾਰ ਇਹ ਬਾਣੀ ਗੁਰੂ ਜੀ ਦੁਆਰਾ ਪੰਡਿਤ ਬੈਜਨਾਥ ਪ੍ਰਤੀ ਬਚਪਨ ਵਿਚ ਉਚਾਰੀ ਗਈ।

ਪ੍ਰਾਨਸੰਗਲੀ ਦੇ ਪੈਂਤੀਵੇਂ ਅਧਿਆਇ ਅਨੁਸਾਰ ਇਹ ਬਾਣੀ ਰਾਜਕੁਮਾਰਾਂ ਨੂੰ ਪੜ੍ਹਾਉਣ ਵਾਲੇ ਪੰਡਿਤ ਪ੍ਰਤੀ ਉਚਾਰੀ ਗਈ।

ਇਸ ਬਾਣੀ ਵਿਚ ਅੱਖਰਾਂ ਰਾਹੀਂ ਸਿੱਖਿਆ ਦਿੱਤੀ ਗਈ ਹੈ। ਇਸ ਬਾਣੀ ਦਾ ਆਰੰਭ 'ੳ' ਅੱਖਰ ਦੀ ਅਧਿਆਤਮਕ ਭਾਵ ਭੂਮੀ ਤੋਂ ਹੁੰਦਾ ਹੈ :—

ਓਅੰਕਾਰਿ ਬ੍ਰਹਮਾ ਉਤਪਤਿ॥
ਓਅੰਕਾਰੁ ਕੀਆ ਜਿਨਿ ਚਿਤਿ॥
ਓਅੰਕਾਰਿ ਸੈਲ ਜੁਗ ਭਏ॥
ਓਅੰਕਾਰਿ ਬੇਦ ਨਿਰਮਏ॥
ਓਅੰਕਾਰਿ ਸਬਦਿ ਉਧਰੇ॥
ਓਅੰਕਾਰਿ ਗੁਰਮੁਖਿ ਤਰੇ॥
ਓਨਮ ਅਖਰ ਸੁਣਹੁ ਬੀਚਾਰੁ॥
ਓਨਮ ਅਖਰੁ ਤ੍ਰਿਭਵਣ ਸਾਰੁ॥

54 ਪਦਿਆਂ ਦੀ ਇਸ ਬਾਣੀ ਵਿਚ ਇਕ ਦੋ ਥਾਵਾਂ ਨੂੰ ਛੱਡ ਕੇ ਹੋਰ ਕਿਧਰੇ ਵੀ ਅੱਖਰ ਜਾਂ ਮਾਤਰਾ ਦਾ ਉਚਾਰਣ ਨਹੀਂ ਦਿੱਤਾ ਗਿਆ। ਹਰ ਇਕ ਪਦ ਦੇ ਪਹਿਲੇ ਸ਼ਬਦ ਤੋਂ ਹੀ ਉਸ ਵਿਚਲੇ ਅੱਖਰ ਜਾਂ ਮਾਤਰਾ ਦਾ ਅੰਦਾਜ਼ਾ ਲਗਾਉਣਾ ਪੈਂਦਾ ਹੈ।

ਇਸ ਬਾਣੀ ਵਿਚ ਗੁਰੂ ਜੀ ਦੇ ਦਾਰਸ਼ਨਿਕ ਅਤੇ ਧਾਰਮਿਕ ਵਿਚਾਰ ਕਿਸੇ ਨਾ ਕਿਸੇ ਰੂਪ ਵਿਚ ਮਿਲ ਜਾਂਦੇ ਹਨ। ਇਸ ਬਾਣੀ ਦਾ ਕੇਂਦਰੀ ਭਾਵ ਰਹਾਉ ਦੀਆਂ ਪੰਕਤੀਆਂ ਵਿਚ ਹੈ:

ਸੁਣਿ ਪਾਡੇ ਕਿਆ ਲਿਖਹੁ ਜੰਜਾਲਾ॥
ਲਿਖੁ ਰਾਮ ਨਾਮ ਗੁਰਮੁਖਿ ਗੋਪਾਲਾ॥

'ਰਾਮਨਾਮ' ਦੀ ਹੀ ਵਿਆਖਿਆ ਸਾਰੀ ਬਾਣੀ ਵਿਚ ਹੋਈ ਹੈ। ਸਾਧਸੰਗਤ ਕੀਤਿਆਂ ਮਨ ਨੂੰ ਧੀਰਜ ਦਾ ਉੱਤਮ ਉਦੇਸ਼ ਨਿਸ਼ਚਿਤ ਕੀਤਾ ਗਿਆ ਹੈ। ਗੁਰੂ ਜੀ ਅਨੁਸਾਰ ਸਹੀ ਅਰਥਾਂ ਵਿਚ ਪਡੰਤ /

ਪੜ੍ਹਿਆ/ਲਿਖਿਆ/ਸਿਆਣਾ ਉਹੀ ਹੈ ਜਿਸ ਦੀ ਆਤਮਾ ਰੂਪੀ ਗਲੇ ਵਿਚ ਪ੍ਰਭੂ ਨਾਮ ਦੀ ਮਾਲਾ ਸੁਸ਼ੋਭਿਤ ਹੈ —

ਨਾਨਕ ਸੋ ਪੜਿਆ ਸੋ ਪੰਡਿਤੁ ਬੀਨਾ
ਜਿਸੁ ਰਾਮ ਨਾਮੁ ਗਲਿ ਹਾਰੁ॥

ਭਾਸ਼ਾ ਪੱਖੋਂ ਇਹ ਬਾਣੀ ਕੇਂਦਰੀ ਜਾਂ ਟਕਸਾਲੀ ਪੰਜਾਬੀ ਦੇ ਨੇੜੇ ਹੈ। ਇਸ ਵਿਚ ਠੇਠ ਮੁਹਾਵਰੇ ਜਿਵੇਂ ਖੁਆਰ ਹੋਣਾ, ਨਾਲ ਚੱਲਣਾ, ਢਾਹ ਉਸਾਰਨਾ, ਖਪ ਖਪ ਮਰਨਾ ਆਦਿ ਦਾ ਪ੍ਰਯੋਗ ਹੋਇਆ ਹੈ। ਗੁਰੂ ਸਾਹਿਬ ਦੇ ਸ਼ਬਦਾਂ ਨਾਲ ਪੰਦਰਵੀਂ ਸਦੀ ਦੀ ਪੰਜਾਬੀ ਆਧੁਨਿਕ ਰੂਪ ਧਾਰਦੀ ਦਿਸਦੀ ਹੈ।

ਹ. ਪੁ.- ਮ.ਕੋ.;ਤ. ਗੁ. ਖਾ; ਗੁਰਮਤਿ ਨਿਰਣਯ ਸਾਗਰ-ਪੰਡਤ ਤਾਰਾ ਸਿੰਘ ਨਰੋਤਮ;ਪੰ. ਸਾ. ਸੰ. ਕੋ. ; ਪੰ. ਸਾ. ਆ. ਇ-ਡਾ. ਜੀਤ ਸਿੰਘ ਸੀਤਲ

ਦੱਖਣੀ ਅਫ਼ਰੀਕਾ : ਦੱਖਣੀ ਅਫ਼ਰੀਕਾ ਗਣਰਾਜ ਦੇ ਨਾਉਂ ਨਾਲ ਜਾਣਿਆ ਜਾਣ ਵਾਲਾ ਇਹ ਅਫ਼ਰੀਕਾ ਮਹਾਂਦੀਪ ਦਾ ਧੁਰ ਦੱਖਣੀ ਦੇਸ਼ ਹੈ ਜਿਸ ਦੇ ਉੱਤਰ ਵੱਲੋਂ ਦੱਖਣ-ਪਛੱਮੀ ਅਫ਼ਰੀਕਾ, ਬਾਤਸਵਾਨਾ, ਜ਼ਿੰਬਾਬਵੇ; ਉੱਤਰ-ਪੂਰਬ ਵੱਲੋਂ ਮੌਜ਼ਮਬੀਕ ਅਤੇ ਸਵਾਜ਼ੀਲੈਂਡ; ਪੂਰਬ ਵੱਲੋਂ ਹਿੰਦ ਮਹਾਂਸਾਗਰ ਅਤੇ ਦੱਖਣ ਤੇ ਪੱਛਮ ਵੱਲੋਂ ਦੱਖਣੀ ਅੰਧ ਮਹਾਂਸਾਗਰ ਇਸ ਦੀ ਹੱਦਬੰਦੀ ਕਰਦੇ ਹਨ। ਇਸ ਦਾ ਕੁਲ ਰਕਬਾ 12,19,090 ਵ. ਕਿ. ਮੀ. ਅਤੇ ਆਬਾਦੀ 4,35,86,000 (2001) ਹੈ। ਭਾਵੇਂ ਟਰੈਂਸਕੇ ਬੋਪਤਾਤਸਵਨਾ, ਵੈਂਡਾ ਅਤੇ ਸਿਸਕਾਈ ਗਣਤੰਤਰ ਨੇ ਕ੍ਰਮਵਾਰ 1976, 1977, 1979 ਅਤੇ 1981 ਵਿਚ ਆਪਣਾ ਵੱਖਰਾ ਰਾਜ ਕਾਇਮ ਕਰ ਲਿਆ ਸੀ ਪਰ 1994 ਈ. ਵਿਚ ਇਹ ਚਾਰੇ ਗਣਤੰਤਰ ਇਸ ਵਿਚ ਮੁੜ ਸ਼ਾਮਲ ਹੋ ਗਏ।

ਇਥੋਂ ਦੀ ਪ੍ਰਬੰਧਕੀ ਰਾਜਧਾਨੀ ਪ੍ਰਿਟੋਰੀਆ, ਵਿਧਾਨਕ ਸਦਰ-ਮੁਕਾਮ ਕੇਪ ਟਾਊਨ ਅਤੇ ਨਿਆਂਇਕ ਸਦਰ ਮੁਕਾਮ ਬਲੂਮਫਾਨਟੇਨ ਹੈ। ਜੋਹਾਨਸਬਰਗ ਇਥੋਂ ਦਾ ਸਭ ਤੋਂ ਵੱਡਾ ਸ਼ਹਿਰ ਹੈ। ਅੰਗਰੇਜ਼ੀ ਅਤੇ ਅਫ਼ਰੀਕਾਨਜ਼ ਇਥੋਂ ਦੀਆਂ ਸਰਕਾਰੀ ਭਾਸ਼ਾਵਾਂ ਹਨ।

ਭੂ-ਆਕ੍ਰਿਤੀ ਵਿਗਿਆਨ

ਧਰਾਤਲ ਪੱਖੋਂ ਇਸ ਨੂੰ ਤਿੰਨ ਮੁੱਖ ਭੂਗੋਲਿਕ ਖੰਡਾਂ ਵਿਚ ਵੰਡਿਆ ਗਿਆ ਹੈ। ਵਿਸ਼ਾਲ ਅੰਦਰੂਨੀ ਪਠਾਰ, ਪਹਾੜੀ ਅਰਧ-ਗੋਲਾਕਾਰ ਗ੍ਰੇਟ ਐਸਕਾਰਪਮੈਂਟ ਅਤੇ ਤੱਟੀ ਮੈਦਾਨ ਦੀ ਤੰਗ ਪੱਟੀ। ਪਠਾਰੀ ਇਲਾਕੇ ਨੇ ਦੇਸ਼ ਦਾ ਸਭ ਤੋਂ ਜ਼ਿਆਦਾ ਰਕਬਾ ਮੱਲਿਆ ਹੋਇਆ ਹੈ। ਇਸ ਦੀ ਸਮੁੰਦਰ ਤਲ ਤੋਂ ਉਚਾਈ ਪੱਛਮ ਵਿਚ 900 ਮੀ. ਤੋਂ ਲੈ ਕੇ ਪੂਰਬ ਵਿਚ 2,400 ਮੀ. ਤੱਕ ਜਾਂਦੀ ਹੈ। ਗ੍ਰੇਟ ਐਸਕਾਰਪਮੈਂਟ 1,500 ਮੀ.ਤੋਂ 3,300 ਮੀ. ਤੱਕ ਉੱਚੀ ਹੈ। ਇਸ ਨੂੰ ਉੱਤਰ-ਪੂਰਬ ਵਿਚ ਟ੍ਰਾਂਸਵਾਲ ਡਰਾਕਨਜ਼ਬਰ, ਪੱਛਮ ਵਿਚ ਰਾਗਵੈਲਟਬਰਗ ਵਜੋਂ ਜਾਣਿਆ ਜਾਂਦਾ ਹੈ। ਲਸੋਟ ਦੇ ਉੱਤਰ-ਪੂਰਬ ਵਿਚ ਵਾਕਿਆ ਮਾਊਂਟ ਆਕਸ ਸੋਰਸਜ਼ ਇਥੋਂ ਦੀ ਸਭ ਤੋਂ ਉੱਚੀ ਪਰਬਤੀ ਚੋਟੀ ਹੈ ਜਿਸ ਦੀ ਉਚਾਈ 3,247 ਮੀ. ਹੈ। ਤੰਗ ਸਾਹਿਲੀ ਪੱਟੀ ਦਾ ਜ਼ਰਖੇਜ਼ ਇਲਾਕਾ ਪੱਛਮ, ਦੱਖਣ ਤੇ ਪੂਰਬ ਵਿਚ ਵਾਕਿਆ ਹੈ।

ਜਲ-ਪ੍ਰਵਾਹ—ਵਰਖਾ ਘੱਟ ਹੋਣ ਕਾਰਨ ਇਥੇ ਜਹਾਜ਼ਰਾਨੀ ਯੋਗ ਕੋਈ ਵੀ ਦਰਿਆ ਨਹੀਂ ਹੈ। ਆਰੇਂਜ ਅਤੇ ਲਿਮਪੋਪੋ ਇਥੋਂ ਦੇ ਪ੍ਰਸਿੱਧ ਦਰਿਆ ਹਨ। ਆਰੇਂਜ ਦਰਿਆ ਇਥੋਂ ਦੇ 5,48,333 ਵ. ਕਿ. ਮੀ. ਖੇਤਰ ਦੀ ਜਲ-ਨਿਕਾਸੀ ਕਰਦਾ ਹੈ। ਵਾਲ ਅਤੇ ਕੈਲਡਨ ਇਸ ਦੀਆਂ ਪ੍ਰਮੁੱਖ ਸਹਾਇਕ ਨਦੀਆਂ ਹਨ। ਲਿਮਪੋਪੋ ਦਰਿਆ ਪਠਾਰ ਦੇ ਉੱਤਰੀ ਭਾਗ ਦੀ ਜਲ-ਨਿਕਾਸੀ ਕਰਦਾ ਹੈ। ਆਲੀਫੈਂਟਸ ਮਾਰੀਕੋ ਅਤੇ ਸੈਂਡ ਇਸ ਦੀਆਂ ਸਹਾਇਕ ਨਦੀਆਂ ਹਨ। ਢਲਾਣ ਵਾਲੇ ਇਲਾਕੇ ਵਿਚੋਂ ਕਈ ਛੋਟੇ ਦਰਿਆ ਨਿਕਲਦੇ ਹਨ ਜਿਹੜੇ ਸਮੁੰਦਰ ਵਿਚ ਜਾ ਡਿਗਦੇ ਹਨ। ਇਨ੍ਹਾਂ ਤੋਂ ਇਲਾਵਾ ਇਥੇ ਕੁਝ ਕੁ ਝੀਲਾਂ ਵੀ ਹਨ। ਮੋਸਲ ਬੇ ਇਥੋਂ ਦੀ ਇਕ ਖ਼ੂਬਸੂਰਤ ਸੈਰਗਾਹ ਅਤੇ ਉੱਘੀ ਬੰਦਰਗਾਹ ਹੈ ਜਿਹੜੀ ਹਿੰਦ ਮਹਾਂਸਾਗਰ ਦੀ ਸੰਕੀਰਣ ਖਾੜੀ ਉੱਤੇ ਵਾਕਿਆ ਹੈ।

ਜਲਵਾਯੂ—ਇਥੇ ਦਾ ਜਲਵਾਯੂ ਮੁਹਤਦਿਲ, ਉਪ-ਊਸ਼ਣੀ ਕਿਸਮ ਦਾ ਹੈ। ਦਸਬੰਰ ਤੋਂ ਫ਼ਰਵਰੀ ਦੌਰਾਨ ਗਰਮੀਆਂ ਦਾ ਮੌਸਮ ਹੁੰਦਾ ਹੈ ਅਤੇ ਇਸ ਸਮੇਂ ਇਥੋਂ ਦਾ ਔਸਤਨ ਤਾਪਮਾਨ 21° ਅਤੇ 24° ਸੈਂ. (70° ਅਤੇ 75° ਫਾ.) ਦੇ ਦਰਮਿਆਨ ਰਹਿੰਦਾ ਹੈ। ਜੂਨ ਤੋਂ ਅਗਸਤ ਦੌਰਾਨ ਸਰਦੀਆਂ ਹੁੰਦੀਆਂ ਹਨ ਅਤੇ ਇਸ ਸਮੇਂ ਔਸਤਨ ਤਾਪਮਾਨ 10° ਸੈਂ. (50° ਫਾ.) ਅਤੇ 4° ਸੈਂ. (40° ਫਾ.) ਦਰਮਿਆਨ ਹੁੰਦਾ ਹੈ। ਔਸਤਨ ਸਾਲਾਨਾ ਵਰਖਾ 485 ਮਿ.ਮੀ. (19 ਇੰਚ) ਤੱਕ ਹੁੰਦੀ ਹੈ। ਦੱਖਣ-ਪੱਛਮੀ ਕੇਪ ਪ੍ਰਾਵਿੰਸ ਨੂੰ ਛੱਡ ਕੇ ਇਥੋਂ ਦੇ ਬਾਕੀ ਦੇ ਹਿੱਸਿਆਂ ਵਿਚ ਵਰਖਾ ਕਾਫ਼ੀ ਘੱਟ ਹੁੰਦੀ ਹੈ ਅਤੇ ਪੌਣਪਾਣੀ ਖ਼ੁਸ਼ਕ ਕਿਸਮ ਦਾ ਹੈ।

ਦੱਖਣੀ ਅਫ਼ਰੀਕਾ ਕਿਉਂਕਿ ਉਪ-ਊਸ਼ਣੀ ਵੱਧ ਵਾਯੂ ਭਾਰ ਪੇਟੀ ਅੰਦਰ ਵਾਕਿਆ ਹੈ, ਇਸ ਕਾਰਨ ਉਪਰਲੀਆਂ ਠੰਡੀਆਂ ਹਵਾਵਾਂ ਹੇਠ ਬੈਠਦੀਆਂ ਅਤੇ ਪੂਰਬ ਵੱਲ ਫੈਲ ਕੇ ਜਲਵਾਯੂ ਨੂੰ ਪ੍ਰਭਾਵਿਤ ਕਰਦੀਆਂ ਹਨ। ਇਸੇ ਕਾਰਨ ਇਥੇ ਦੇ ਪੱਛਮੀ ਹਿੱਸਿਆਂ ਵਿਚ ਮੌਸਮ ਸਾਰਾ ਸਾਲ ਹੀ ਖੁਸ਼ਗਵਾਰ ਰਹਿੰਦਾ ਹੈ ਅਤੇ ਵਰਖਾਹਣ ਦੀ ਮਾਤਰਾ ਵੀ ਘੱਟ ਰਹਿੰਦੀ ਹੈ।

ਬਨਸਪਤੀ ਅਤੇ ਜੀਵ ਜੰਤੂ—ਪੌਣ-ਪਾਣੀ ਦੇ ਵਖਰੇਵੇਂ ਕਾਰਨ ਇਥੋਂ ਦੀ ਬਨਸਪਤੀ ਵੱਖ-ਵੱਖ ਕਿਸਮ ਦੀ ਹੈ। ਕੇਪ ਪ੍ਰਾਵਿੰਸ ਵਿਚ ਰੂਮ ਸਾਗਰੀ ਝਾੜੀਆਂ, ਕਨਿਸਨ ਅਤੇ ਦੇਸ਼ ਦੇ ਪੱਛਮੀ ਅੱਧ ਦੇ ਅਰਧ ਮਾਰੂਥਲੀ ਇਲਾਕਿਆਂ ਵਿਚ ਝਾੜੀਆਂ ਵਰਗੀ ਬਨਸਪਤੀ ਮਿਲਦੀ ਹੈ। ਹਾਈਵੈਲਡ ਵਿਚ ਘਾਹ ਦੇ ਮੈਦਾਨ ਅਤੇ ਟ੍ਰਾਂਸਵਾਲ ਬੁਸ਼ਵੈਲਡ ਅਤੇ ਲੋਵੈਲਡ ਵਿਚ ਕਾਲਾਹਾਰੀ, ਪੂਰਬੀ ਕੇਪ ਦੀਆਂ ਡੂੰਘੀਆਂ ਵਾਦੀਆਂ ਅਤੇ ਨਟਾਲ ਦੇ ਤੱਟੀ ਖੇਤਰ ਵਿਚ ਸਵਾਨਾ ਕਿਸਮ ਦੀ ਬਨਸਪਤੀ ਮਿਲਦੀ ਹੈ।

ਜਦੋਂ 17ਵੀਂ ਸਦੀ ਵਿਚ ਇਥੇ ਪਹਿਲੇ ਗੋਰੇ ਆਬਾਦਕਾਰ ਪਹੁੰਚੇ ਸਨ ਤਾਂ ਦੱਖਣੀ ਅਫ਼ਰੀਕਾ ਦੇ ਜੰਗਲ ਜਾਨਵਰਾਂ ਨਾਲ ਭਰੇ ਹੋਏ ਸਨ। ਇਨ੍ਹਾਂ ਵਿਚ ਸ਼ੇਰ, ਹਾਥੀ, ਗੈਂਡੇ ਅਤੇ ਕਈ ਕਿਸਮ ਦੀਆਂ ਨੀਲ ਗਊਆਂ ਦੀ ਭਰਮਾਰ ਸੀ ਪਰ ਅੱਜਕੱਲ੍ਹ ਇਹ ਜਾਨਵਰ ਕਾਲਾਹਾਰੀ ਦੇ ਜੰਗਲਾਂ ਤੱਕ ਹੀ ਸੀਮਿਤ ਰਹਿ ਗਏ ਹਨ। ਇਨ੍ਹਾਂ ਜੰਗਲੀ ਜਾਨਵਰਾਂ ਦੀ ਸੁਰੱਖਿਆ ਲਈ ਸਰਕਾਰੀ ਪੱਧਰ ਤੇ ਵੱਡੇ ਪੈਮਾਨੇ ਉਪਰ, ਮੁਹਿੰਮ ਸ਼ੁਰੂ ਕੀਤੀ ਗਈ ਹੈ। ਕਈ ਪਾਰਕ ਬਣਾਏ ਗਏ ਹਨ ਜਿਨ੍ਹਾਂ ਵਿਚ ਉੱਤਰ-ਪੂਰਬੀ ਖੇਤਰ ਵਿਚ ਵਾਕਿਆ ਕਰੂਗਰ ਨੈਸ਼ਨਲ ਪਾਰਕ ਕਾਫ਼ੀ ਉੱਘਾ ਹੈ। ਇਥੇ ਪੰਛੀਆਂ ਦੀ ਵੀ ਬਹੁਤਾਤ ਹੈ। ਇਥੇ ਸੱਪਾਂ ਦੀਆਂ ਵੀ 100 ਤੋਂ ਵੱਧ ਜਾਤੀਆਂ ਮਿਲਦੀਆਂ ਹਨ ਅਤੇ ਇਨ੍ਹਾਂ ਵਿਚੋਂ ਚੌਥਾ ਹਿੱਸਾ ਸੱਪ ਕਾਫ਼ੀ ਜ਼ਹਿਰੀਲੇ ਹਨ।

ਇਤਿਹਾਸ

ਪਿਛਲੇਰੇ ਪੱਥਰ ਯੁੱਗ ਵਿਚ ਲਗਭਗ 10,000 ਸਾਲ ਪਹਿਲਾਂ ਸਾਨ ਅਤੇ ਕਾਇ-ਕਾਇ ਲੋਕ ਸ਼ਿਕਾਰੀਆਂ ਅਤੇ ਜੀਵਨ ਨਿਰਬਾਹ ਲਈ ਜ਼ਰੂਰੀ ਵਸਤਾਂ ਇਕੱਤਰ ਕਰਨ ਵਾਲੇ ਲੋਕਾਂ ਦੇ ਰੂਪ ਵਿਚ ਇਥੇ ਘੁੰਮਦੇ ਰਹੇ। ਹੌਲੀ-ਹੌਲੀ ਉਨ੍ਹਾਂ ਦੇ ਨਾਲ ਹੀ ਚਰਾਗਾਹੀ ਸਭਿਆਚਾਰ ਦਾ ਮੁੱਢ ਬੱਝਾ। ਲੋਹ ਯੁੱਗ ਵਿਚ ਬਾਂਟੂ ਭਾਸ਼ਾ ਬੋਲਣ

ਵਾਲੇ ਲੋਕ ਦੱਖਣ ਵੱਲ ਜਾ ਵਸੇ ਅਤੇ ਉਨ੍ਹਾਂ ਦੇ ਆਉਣ ਨਾਲ ਇਥੇ ਸੋਨੇ ਅਤੇ ਤਾਂਬੇ ਦੀ ਖੁਦਾਈ ਸਬੰਧੀ ਉਦਯੋਗ ਵਿਕਸਤ ਹੋਏ ਅਤੇ ਪੂਰਬੀ ਅਫ਼ਰੀਕੀ ਵਪਾਰ ਵਿਕਸਤ ਹੋਇਆ।

ਸੰਨ 1488 ਵਿਚ ਇਕ ਪੁਰਤਗਾਲੀ ਜ਼ਹਾਜਰਾਨ ਬਾਰ-ਟੂਲੂਮੇਉ ਡੀਅਸ ਇਥੋਂ ਦੇ ਦੱਖਣੀ ਸਿਰੇ ਤੇ ਪਹੁੰਚਿਆ। ਸੰਨ 1652 ਵਿਚ ਯਾਨ ਵੈਨ ਰੀਬੇਕ ਨਾਂ ਦੇ ਇਕ ਡੱਚ ਨੇ ਕੇਪ ਆਫ਼ ਗੁਡ ਹੋਪ ਵਿਖ ਡੱਚ ਈਸਟ ਇੰਡੀਆ ਕੰਪਨੀ ਦੇ ਵਪਾਰਕ ਜਹਾਜ਼ਾਂ ਦੇ ਠਹਿਰਣ ਲਈ ਇਕ ਕਾਲੋਨੀ ਦੀ ਸਥਾਪਨਾ ਕੀਤੀ। ਡੱਚ ਆਬਾਦਕਾਰ ਹੀ ਬਾਅਦ ਵਿਚ ਬੋਅਰ ਅਤੇ ਅਫ਼ਰੀਕਨਰਾਂ ਦੇ ਨਾਉਂ ਨਾਲ ਜਾਣੇ ਜਾਣ ਲਗ ਪਏ। ਸਾਨ, ਕਾਇ ਕਾਇ ਅਤੇ ਅਫਰੀ-ਕਨਰਾਂ ਦੇ ਆਪਸੀ ਸਬੰਧਾਂ ਕਾਰਨ ਕੇਪ ਕੱਲਰਡਸ ਨਾਂ ਦਾ ਇਕ ਨਸਲੀ ਗਰੁੱਪ ਵਜੂਦ ਵਿਚ ਆਇਆ। ਇਹ ਲੋਕ ਅਰਧ ਖ਼ਾਨਾਬਦੋਸ਼ੀ ਦਰਾਗਾਹੀ ਕਿਸਾਨ ਬਣ ਗਏ ਅਤੇ ਇਨ੍ਹਾਂ ਨੂੰ ਟ੍ਰੈਕ ਬੋਅਰ ਕਿਹਾ ਜਾਣ ਲੱਗਾ। ਇਨ੍ਹਾਂ ਲੋਕਾਂ ਦਾ ਫ਼ਿਸ਼ ਦਰਿਆ ਦੇ ਖੇਤਰ ਵਿਚ ਚੋਖੀ ਗਿਣਤੀ ਵਿਚ ਵਸਦੇ ਜ਼ਰਾਇਤੀ ਕੋਸਾ ਲੋਕਾਂ ਨਾਲ ਟਾਕਰਾ ਹੋਇਆ। 18ਵੀਂ ਸਦੀ ਦੇ ਅਖ਼ੀਰਲੇ ਹਿੱਸੇ ਵਿਚ ਜਾਨਵਰਾਂ ਦੇ ਛੋਟੇ-ਛੋਟੇ ਹਮਲਿਆਂ ਦੇ ਨਤੀਜੇ ਵਜੋਂ ਅਫਰੀਕਨਰਾਂ ਅਤੇ ਕੋਸਾਂ ਲੋਕਾਂ ਵਿਚ ਲਗਭਗ 100 ਸਾਲ ਤੱਕ ਸਰਹੱਦੀ ਯੁੱਧ ਚਲਦੇ ਰਹੇ। ਕਾਇ ਕਾਇ ਲੋਕਾਂ ਨੂੰ ਇਨ੍ਹਾਂ ਦੇ ਇਲਾਕੇ ਵਿਚੋਂ ਕੱਢ ਕੇ ਅਫ਼ਰੀਕਨਰਾਂ ਦੇ ਫਾਰਮਾਂ ਵਿਚ ਗੁਲਾਮਾਂ ਵਾਂਗ ਕੰਮ ਕਰਨ ਤੇ ਲਾ ਦਿੱਤਾ ਗਿਆ। ਸਾਨ ਲੋਕਾਂ ਨੂੰ ਖੁਸ਼ਕ ਜਾਂ ਪਹਾੜੀ ਸਥਾਨਾਂ ਵੱਲ ਕੱਢ ਦਿੱਤਾ ਗਿਆ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਲੋਕਾਂ ਨੂੰ ਮੌਤ ਦੇ ਘਾਟ ਉਤਾਰਿਆ ਗਿਆ।

ਸੰਨ 1795 ਵਿਚ ਬਰਤਾਨਵੀ ਫੌਜਾਂ ਨੇ ਕੇਪ ਉਪਰ ਕਬਜ਼ਾ ਕਰ ਲਿਆ ਪਰ 1802 ਈ. ਵਿਚ ਇਸ ਇਲਾਕੇ ਨੂੰ ਛੱਡ ਦਿੱਤਾ। ਸੰਨ 1806 ਵਿਚ ਇਸ ਨੌਆਬਾਦੀ ਉੱਤੇ ਮੁੜ ਕਬਜ਼ਾ ਕਰ ਕੇ ਬਰਤਾਨਵੀਆਂ ਨੇ ਸਰਹੱਦੀ ਇਲਾਕਿਆਂ ਦੇ ਨਾਲ-ਨਾਲ ਵੱਸਦੇ ਬਾਂਟੂ ਭਾਸ਼ਾ ਬੋਲਣ ਵਾਲੇ ਕਬੀਲਿਆਂ ਨੂੰ ਆਪਣੇ ਅਧੀਨ ਕਰਨ ਦੀ ਨੀਤੀ ਅਖ਼ਤਿਆਰ ਕੀਤੀ। ਸੰਨ 1830 ਦੇ ਦਹਾਕੇ ਵਿਚ 'ਮਹਾਨ ਪਰਵਾਸ' ਆਰੰਭ ਹੋਇਆ ਜਿਸ ਅਧੀਨ ਬਹੁਤ ਸਾਰੇ ਅਫਰੀਕਨਰ ਆਪਣੇ ਗੁਲਾਮਾਂ ਸਮੇਤ ਆਰੇਂਜ ਅਤੇ ਵਾਲ ਦਰਿਆਵਾਂ ਤੋਂ ਪਾਰ ਉੱਤਰ ਵੱਲ ਪ੍ਰਵਾਸ ਕਰ ਗਏ। ਇਸੇ ਪ੍ਰਵਾਸ ਕਾਲ ਦੌਰਾਨ 1838 ਈ. ਵਿਚ ਸਾਊਥ ਅਫਰੀਕਨ ਅਤੇ 1854 ਈ. ਵਿਚ ਆਰੇਂਜ ਫ੍ਰੀ ਸਟੇਟ ਨਾਂ ਦੇ ਬੋਅਰ ਗਣਤੰਤਰ ਹੋਂਦ ਵਿਚ ਆਏ। ਇਹ ਦੋਵੇਂ ਗਣਤੰਤਰਾਂ ਨੇ 1850 ਵਿਆਂ ਵਿਚ ਬਰਤਾਨਵੀ ਹਕੂਮਤ ਤੋਂ ਆਜ਼ਾਦੀ ਪ੍ਰਾਪਤ ਕਰ ਲਈ।

ਸੰਨ 1868 ਵਿਚ ਹੀਰਿਆਂ ਦੀ ਅਤੇ 1886 ਈ. ਵਿਚ ਸੋਨੇ ਦੀਆਂ ਖਾਣਾਂ ਮਿਲ ਜਾਣ ਨਾਲ ਇਥੋਂ ਦੀ ਆਰਥਿਕਤਾ ਦਾ ਕਾਫ਼ੀ ਵਿਕਾਸ ਹੋਇਆ। ਬੋਅਰ ਗਣਤੰਤਰਾਂ ਨੂੰ ਬਰਤਾਨਵੀ ਸਰਕਾਰ ਦੱਖਣੀ ਅਫ਼ਰੀਕਾ ਸੰਘ ਵਿਚ ਮਿਲਾਉਣਾ ਚਾਹੁੰਦੀ ਸੀ ਪਰ ਇਨ੍ਹਾਂ ਗਣਤਤੰਰਾਂ ਨੇ ਇਸ ਦਾ ਭਾਰੀ ਵਿਰੋਧ ਕੀਤਾ। ਸਿੱਟੇ ਵਜੋਂ 1899 ਈ. ਵਿਚ ਗਣਤੰਤਰਾਂ ਅਤੇ ਬਰਤਾਨਵੀਆਂ ਵਿਚਕਾਰ ਯੁੱਧ ਸ਼ੁਰੂ ਹੋ ਗਿਆ। ਸੰਨ 1902 ਵਿਚ ਬੋਅਰ ਵਿਰੋਧਤਾ ਨੂੰ ਪੂਰੀ ਤਰ੍ਹਾਂ ਕੁਚਲ ਦਿੱਤਾ ਗਿਆ ਅਤੇ ਬਰਤਾਨਵੀ ਸਰਕਾਰ ਨੇ ਇਨ੍ਹਾਂ ਨੂੰ ਆਪਣੀਆਂ ਨਵੀਆਂ ਬਸਤੀਆਂ ਵਜੋਂ ਆਪਣੇ ਵਿਚ ਸ਼ਾਮਲ ਕਰ ਲਿਆ।

ਸੰਨ 1910 ਵਿਚ ਦੱਖਣੀ ਅਫ਼ਰੀਕੀ ਐਕਟ ਦੁਆਰਾ ਯੂਨੀਅਨ ਆਫ਼ ਸਾਊਥ ਅਫ਼ਰੀਕਾ ਦੀ ਸਥਾਪਨਾ ਹੋਈ ਅਤੇ ਇਸ ਵਿਚ ਕੇਪ ਆਫ਼ ਗੁੱਡ ਹੋਪ, ਨਟਾਲ, ਟ੍ਰਾਂਸਵਾਲ ਅਤੇ ਆਰੇਂਜ ਫਰੀ ਸਟੇਟ ਨਾਂ ਦੀਆ ਸਾਬਕਾ ਸਵੈ-ਸ਼ਾਸਿਤ ਬਰਤਾਨਵੀ ਬਸਤੀਆਂ ਸ਼ਾਮਲ ਹੁੰਦੀਆਂ ਸਨ। ਪਹਿਲੇ ਵਿਸ਼ਵ ਯੁੱਧ ਵਿਚ ਦੱਖਣੀ ਅਫ਼ਰੀਕਾ ਨੇ ਬਰਤਾਨੀਆ ਦਾ ਸਾਥ ਦਿੱਤਾ ਅਤੇ 1915 ਈ. ਤੱਕ ਇਨ੍ਹਾਂ ਦੇ ਸਿਪਾਹੀਆਂ ਨੇ ਦੱਖਣੀ ਪੱਛਮੀ ਅਫ਼ਰੀਕਾ ਉੱਤੇ ਕਾਬਜ਼ ਜਰਮਨ ਫੌਜਾਂ ਨੂੰ ਹਰਾ ਦਿੱਤਾ। ਸੰਨ 1919 ਵਿਚ ਲੀਗ ਆਫ਼ ਨੇਸ਼ਨਜ਼ ਨੇ ਸਾਬਕਾ ਜਰਮਨ ਨੌਆਬਾਦੀ ਨੂੰ ਦੱਖਣੀ ਅਫ਼ਰੀਕਾ ਨੂੰ ਆਰਜ਼ੀ ਤੌਰ ਤੇ ਸੌਂਪ ਦਿੱਤਾ। ਵੀਹਵੀਂ ਸਦੀ ਦੌਰਾਨ ਦੱਖਣੀ ਅਫ਼ਰੀਕਾ ਉਪਰ ਗੋਰੀ ਸਰਕਾਰ ਦੀ ਰਾਜਨੀਤੀ ਹੀ ਹਾਵੀ ਰਹੀ ਹੈ। ਸੰਨ 1948 ਵਿਚ ਗੋਰਿਆਂ ਦੀ ਨੈਸ਼ਨਲਿਸਟ ਪਾਰਟੀ ਦੀ ਨਵੀਂ ਸਰਕਾਰ ਨੇ ਨਸਲੀ ਵਿਤਕਰੇ ਵਾਲੀ ਨੀਤੀ ਦਾ ਨਿਰਮਾਣ ਕੀਤਾ ਜਿਸ ਦੇ ਨਤੀਜੇ ਵਜੋਂ ਗੋਰਿਆਂ ਅਤੇ ਕਾਲਿਆਂ ਨੂੰ ਰਾਜਨੀਤਿਕ ਅਤੇ ਆਰਥਿਕ ਖੇਤਰਾਂ ਵਿਚ ਦੋ ਵਿਰੋਧੀ ਧਿਰਾਂ ਵਜੋਂ ਖੜਾ ਕਰ ਦਿੱਤਾ ਗਿਆ ਅਤੇ ਏਸ਼ੀਆਈ ਅਤੇ ਹੋਰ ਕਾਲੇ ਲੋਕ ਇਨ੍ਹਾਂ ਦੇ ਵਿਚਕਾਰ ਆ ਗਏ।

ਸੰਨ 1950 ਅਤੇ 1960 ਦੇ ਦਹਾਕਿਆਂ ਦਰਮਿਆਨ ਕਾਲੇ ਲੋਕਾਂ ਵਿਚ ਰੋਸ ਦੀ ਭਾਵਨਾ ਕਾਫ਼ੀ ਵਧ ਗਈ। ਸਿੱਟੇ ਵਜੋਂ ਨਸਲੀ ਵਿਤਕਰੇ ਵਿਰੁੱਧ ਹਿੰਸਕ ਸੰਘਰਸ਼ ਦੀ ਲਹਿਰ ਚਲ ਪਈ। ਸੰਨ 1960 ਦੇ ਦਹਾਕੇ ਦੇ ਸ਼ੁਰੂ ਵਿਚ ਸਰਕਾਰ ਨੇ ਲੋਕਾਂ ਦੇ ਬਹੁਤ ਸਾਰੇ ਸਿਵਲ ਅਧਿਕਾਰ ਮੁਅੱਤਲ ਕਰ ਦਿੱਤੇ ਅਤੇ ਸ਼ੱਕ ਹੋ ਜਾਣ ਤੇ ਭੰਨ-ਤੋੜ ਕਰਨ ਵਾਲੇ ਨੂੰ ਬਿਨਾਂ ਮੁਕਦਮਾ ਚਲਾਏ ਜੇਲ੍ਹ ਵਿਚ ਸੁੱਟਿਆ ਜਾਣ ਲਗਾ। ਯੂਨੀਅਨ ਆਫ਼ ਸਾਊਥ ਅਫ਼ਰੀਕਾ 31 ਮਈ, 1961 ਨੂੰ ਇਕ ਗਣਰਾਜ ਬਣ ਗਿਆ। ਇਸ ਤੋਂ ਪਹਿਲਾਂ ਇਹ ਬ੍ਰਿਟਿਸ਼ ਕਾਮਨਵੈੱਲਥ ਦਾ ਮੈਂਬਰ ਹੁੰਦਾ ਸੀ। ਸੰਨ 1966 ਵਿਚ ਲਸੋਟੋ ਅਤੇ ਬਾਤਸਵਾਨਾ ਆਜ਼ਾਦ ਹੋ ਗਏ। ਸੰਨ 1968 ਵਿਚ ਦੱਖਣ-ਪੱਛਮੀ ਅਫ਼ਰੀਕਾ ਨੂੰ ਨਾਮਿਬੀਆ ਨਾਉਂ ਦਿੱਤਾ ਪਰ ਇਸ ਦੀ ਆਜ਼ਾਦੀ ਦਾ ਮਸਲਾ 1980 ਈ. ਤੀਕ ਸੁਲਝਾਇਆ ਨਾ ਗਿਆ। ਸੰਨ 1981 ਵਿਚ ਪਬਲਿਕ ਸੰਗਠਨ ਦੇ ਫੌਜੀ ਅੱਡਿਆਂ ਨੂੰ ਖ਼ਤਮ ਕਰਨ ਹਿਤ ਦੱਖਣ-ਪੱਛਮੀ ਅਫ਼ਰੀਕੀ ਫੌਜਾਂ ਨੇ ਅੰਗੋਲਾ ਵਿਚ ਇਕ ਜ਼ੋਰਦਾਰ ਫੌਜੀ ਕਾਰਵਾਈ ਕੀਤੀ। ਨਸਲੀ ਵਿਤਕਰੇ ਦੀ ਕੱਟੜ ਨੀਤੀ ਕਾਰਨ ਦੱਖਣੀ ਅਫ਼ਰੀਕਾ ਦੀ ਅੰਤਰ ਰਾਸ਼ਟਰੀ ਪੱਧਰ ਤੇ ਜ਼ੋਰਦਾਰ ਮੁਖਾਲ-ਫ਼ਤ ਹੋਈ। ਅਕਤੂਬਰ, 1981 ਵਿਚ ਆਜ਼ਾਦ ਨਾਮਿਬੀਆ ਲਈ ਨਵੀਆਂ ਸੰਵਿਧਾਨਕ ਤਜਵੀਜ਼ਾਂ ਪੇਸ਼ ਕੀਤੀਆਂ ਗਈਆਂ।

ਸੰਨ 1989 ਦੇ ਅੰਤ ਤੱਕ ਨਸਲੀ ਵਿਤਕਰੇ ਵਾਲੀਆਂ ਪਾਬੰਦੀਆਂ ਖ਼ਤਮ ਹੋਣੀਆਂ ਸ਼ੁਰੂ ਹੋ ਗਈਆਂ ਅਤੇ ਸਰਕਾਰ ਨੇ ਬਲੈਕ ਸਾਊਥ ਅਫ਼ਰੀਕਨਾਂ ਦੇ ਸਿਆਸੀ ਅਧਿਕਾਰਾਂ ਵਿਚ ਹੋਰ ਵਾਧਾ ਕਰਨ ਸਬੰਧੀ ਵੀ ਆਪਣੀ ਸਹਿਮਤੀ ਦਾ ਐਲਾਨ ਕਰ ਦਿੱਤਾ। ਫ਼ਰਵਰੀ, 1990 ਵਿਚ ਅਫ਼ਰੀਕਨ ਨੈਸ਼ਨਲ ਕਾਂਗਰਸ ਉੱਤੇ ਲਾਈ ਗਈ 30 ਸਾਲਾ ਪਾਬੰਦੀ ਵੀ ਹਟਾ ਲਈ ਗਈ ਅਤੇ ਇਸ ਦੇ ਨੇਤਾ ਨੈਲਸਨ ਮੰਡੇਲਾ ਨੂੰ ਜੇਲ੍ਹ ਵਿਚੋਂ ਰਿਹਾ ਕਰ ਦਿੱਤਾ ਗਿਆ।

ਜੂਨ, 1986 ਵਿਚ ਲਈ ਗਈ ਸੰਕਟਕਾਲੀ ਸਥਿਤੀ ਨੂੰ ਜੂਨ, 1990 (ਨਟਾਲ ਵਿਚੋਂ ਅਕਤੂਬਰ) ਵਿਚ ਚੁੱਕ ਦਿੱਤਾ ਗਿਆ। ਸੈਪਰੇਟ ਐਮੇਨਿਟੀਜ਼ ਐਕਟ ਜਿਸ ਅਨੁਸਾਰ ਸਰਕਾਰੀ ਸਹੂਲਤਾਂ ਨਸਲੀ ਭੇਦ-ਭਾਵ ਦੇ ਆਧਾਰ ਤੇ ਮੁਹੱਈਆਂ ਕੀਤੀਆਂ ਜਾਂਦੀਆਂ ਸਨ, ਨੂੰ ਅਕਤੂਬਰ, 1990 ਵਿਚ ਮਨਸੂਖ਼ ਕਰ ਦਿੱਤਾ ਗਿਆ।

ਨੈਲਸਨ ਮੰਡੇਲਾ ਅਤੇ ਚੀਫ਼ ਮੈਂਗੋਸੂਥ ਬੂਥੈਲੈਜ਼ੀ ਦੀਆਂ ਸਾਂਝੀਆਂ ਅਪੀਲਾਂ ਦੇ ਬਾਵਜੂਦ ਵੀ 1992 ਈ. ਵਿਚ ਅਫ਼ਰੀਕਨ ਨੈਸ਼ਨਲ ਪਾਰਟੀ ਅਤੇ ਜ਼ੂਲੂ ਇਨਕੈਥਾ ਪਾਰਟੀ ਦੇ ਸਮਰਥਕਾਂ ਵਿਚਕਾਰ ਇੱਕਾ ਦੁੱਕਾ ਹਿੰਸਕ ਝੜੱਪਾਂ ਹੁੰਦੀਆਂ ਰਹੀਆਂ।

ਜੂਨ, 1991 ਵਿਚ ਅਸੈਂਬਲੀ ਸਦਨ ਦੇ ਗਰੁੱਪ ਏਰੀਆ ਐਕਟ 1966; ਲੈਂਡ ਐਕਟ 1916 ਤੇ 1936 ਅਤੇ ਪਾਪੂਲੇਸ਼ਨ ਰਜਿਸਟ੍ਰੇਸ਼ਨ ਐਕਟ 1950 ਮਨਸੂਖ਼ ਕਰ ਦਿੱਤੇ। ਇਸ ਤਰ੍ਹਾਂ

ਰਿਹਾਇਸ਼ੀ ਨਸਲੀ ਵਿਤਕਰੇ ਅਤੇ ਜ਼ਮੀਨ ਦੀ ਮਾਲਕੀ ਉੱਤੇ ਲਾਈਆਂ ਗਈਆਂ ਨਸਲੀ ਪਾਬੰਦੀਆਂ ਖ਼ਤਮ ਹੋ ਗਈਆਂ ।

ਹਿੰਸਕ ਕਾਰਵਾਈਆਂ ਨੂੰ ਰੋਕਣ ਲਈ ਸਤੰਬਰ, 1991 ਵਿਚ ਸਰਕਾਰ, ਅਫ਼ਰੀਕਨ ਨੈਸ਼ਨਲ ਪਾਰਟੀ ਅਤੇ ਇਨਕੈਥ ਪਾਰਟੀ ਵਿਚਕਾਰ ਇਕ ਸਮਝੌਤਾ ਕੀਤਾ ਗਿਆ। ਇਸ ਸਮਝੌਤੇ ਅਨੁਸਾਰ ਪੁਲਿਸ ਅਤੇ ਸਿਆਸੀ ਪਾਰਟੀਆਂ ਲਈ ਆਚਰਣ ਕੋਡ ਪ੍ਰਬੰਧ ਦੀ ਨਿਗਰਾਨੀ ਅਤੇ ਉਸ ਨੂੰ ਲਾਗੂ ਕਰਨ ਲਈ ਅਮਨ ਕਮੇਟੀ, ਹਿੰਸਕ ਕਾਰਵਾਈਆਂ ਦੀ ਤਫ਼ਤੀਸ਼ ਲਈ ਸਟੈਚੂਟਰੀ ਕਮਿਸ਼ਨ ਅਤੇ ਹਿੰਸਕ ਕਾਰਵਾਈਆਂ ਦੇ ਮੁਕੱਦਮਿਆਂ ਦੇ ਨਿਪਟਾਰੇ ਲਈ ਵਿਸ਼ੇਸ਼ ਅਦਾਲਤਾਂ ਸਥਾਪਿਤ ਕੀਤੀਆਂ ਗਈਆਂ।

20 ਦਸੰਬਰ, 1991 ਨੂੰ ਲੋਕਰਾਜੀ ਦੱਖਣੀ ਅਫ਼ਰੀਕਾ ਲਈ ਇਕ ਕਨਵੈਨਸ਼ਨ ਕੀਤੀ ਗਈ ਜਿਸ ਵਿਚ ਨਵੇਂ ਸੰਵਿਧਾਨ ਬਾਰੇ ਵਾਰਤਾਲਾਪ ਸ਼ੁਰੂ ਹੋਈ। ਇਸ ਕਨਵੈਨਸ਼ਨ ਵਿਚ ਸਾਰੇ ਹੀ ਭਾਸ਼ਾਈ ਗਰੁੱਪਾਂ ਵਿਚੋਂ 19 ਡੈਲੀਗੇਟਾਂ ਨੂੰ ਸੱਦਾ ਦਿੱਤਾ ਗਿਆ। ਇਸ ਕਨਵੈਨਸ਼ਨ ਨੇ ਨਵੇਂ ਸੰਵਿਧਾਨ ਦੇ ਅਮਲ ਨੂੰ ਵਿਚਾਰ ਅਧੀਨ ਰੱਖਦੇ ਹੋਏ ਇਕ ਬਹੁ-ਨਸਲੀ ਅੰਤਰਿਮ ਮੰਤਰੀ-ਮੰਡਲ ਸਥਾਪਤ ਕਰਨਾ ਸਵੀਕਾਰ ਕਰ ਲਿਆ। 17 ਮਾਰਚ ਨੂੰ ਕੇਵਲ ਗੋਰੇ ਲੋਕਾਂ ਦੇ ਹੋਏ ਰੀਫਰੈਂਡਮ (ਲੋਕਮਤ) ਨੇ ਵੀ ਸਾਰੇ ਦੱਖਣੀ ਅਫ਼ਰੀਕਾ ਵਿਚ ਵੱਸਦੇ ਹਰ ਇਕ ਨਸਲ ਦੇ ਲੋਕਾਂ ਨੂੰ ਕਾਨੂੰਨ ਸਾਹਮਣੇ ਬਰਾਬਰੀ ਦਾ ਅਧਿਕਾਰ ਦਿਵਾਉਣ ਹਿਤ ਸੰਵਿਧਾਨਿਕ ਸੁਧਾਰ ਲਿਆਉਣ ਦੀ ਹਿਮਾਇਤ ਕੀਤੀ।

17 ਜੂਨ, 1992 ਨੂੰ ਕਾਲੇ ਲੋਕਾਂ ਦੇ ਸ਼ਹਿਰ ਬਾਇਪਟਾਂਗ, ਵਿਖੇ 43 ਮੁਜ਼ਾਹਰਾਕਾਰਾਂ ਨੂੰ ਮਾਰ ਦਿੱਤਾ ਗਿਆ। ਇਸ ਉਪਰੰਤ ਅਫ਼ਰੀਕਨ ਨੈਸ਼ਨਲ ਕਾਂਗਰਸ ਨੇ ਸੰਵਿਧਾਨਕ ਵਾਰਤਾਲਾਪ ਤੋੜ ਦਿੱਤੀ। ਸਰਕਾਰ ਵੱਲੋਂ ਸਾਰੇ ਸਿਆਸੀ ਕੈਦੀਆਂ ਨੂੰ ਰਿਹਾਅ ਕਰ ਦੇਣ ਦੇ ਫੈਸਲੇ ਉਪਰੰਤ ਅਫ਼ਰੀਕਨ ਨੈਸ਼ਨਲ ਕਾਂਗਰਸ ਫਿਰ 26 ਸਤੰਬਰ ਨੂੰ ਸ਼ਮੂਲੀਅਤ ਲਈ ਸਹਿਮਤ ਹੋ ਗਈ। 28 ਸਤੰਬਰ ਨੂੰ ਇਨਕੈਥਾ ਪਾਰਟੀ ਸ਼ਾਮਲ ਹੋਣ ਤੋਂ ਪਿੱਛੇ ਹਟ ਗਈ।

ਸੰਵਿਧਾਨਕ ਵਾਰਤਾਲਾਪ ਵਿਚ ਸ਼ਾਮਲ ਹੋਣ ਵਾਲੀਆਂ ਸਾਰੀਆਂ ਸਿਆਸੀ ਪਾਰਟੀਆਂ ਨਾਲ 1 ਅਪ੍ਰੈਲ, 1993 ਨੂੰ ਨਵੇਂ ਸਿਰਿਉਂ ਵਾਰਤਾਲਾਪ ਆਰੰਭ ਹੋਈ।

ਆਰਥਿਕਤਾ

19ਵੀਂ ਸਦੀ ਦੇ ਅੱਧ ਤੀਕ ਦੱਖਣੀ ਅਫ਼ਰੀਕਾ ਆਰਥਿਕ ਤੌਰ ਤੇ ਕਾਫ਼ੀ ਪਛੜਿਆ ਹੋਇਆ ਸੀ। ਪਹਿਲਾਂ ਇਥੋਂ ਕੇਵਲ ਉੱਨ ਦਾ ਹੀ ਨਿਰਯਾਤ ਹੁੰਦਾ ਸੀ ਅਤੇ ਇਥੋਂ ਦੇ ਵਸਨੀਕ ਸ਼ਿਕਾਰ ਤੇ ਖੇਤੀ ਆਦਿ ਕਰ ਕੇ ਹੀ ਆਪਣਾ ਗੁਜ਼ਾਰਾ ਕਰਦੇ ਹੁੰਦੇ ਸਨ। ਦੇਸ਼ ਵਿਚ ਜਹਾਜ਼ਰਾਨੀ ਯੋਗ ਕੋਈ ਵੀ ਦਰਿਆ ਨਹੀਂ ਸੀ। ਦੇਸ਼ ਦੇ ਲੋਕ ਅਤਿਅੰਤ ਗਰੀਬ ਸਨ ਅਤੇ ਪੈਸੇ ਦੀ ਘਾਟ ਕਰ ਕੇ ਰੇਲ ਪਟੜੀਆਂ ਵਿਛਾਉਣਾ ਕਠਿਨ ਸੀ। ਆਵਾਜਾਈ ਲਈ ਬੈਲਗੱਡੀਆਂ ਦੀ ਹੀ ਵਰਤੋਂ ਕੀਤੀ ਜਾਂਦੀ ਸੀ। ਬਦੇਸ਼ੀ ਸਰਮਾਇਆ ਲਗਵਾਉਣ ਦੇ ਵੀ ਦੇਸ਼ ਵਿਚ ਮੌਕੇ ਨਹੀਂ ਸਨ ਪਰ ਇਸ ਲਈ ਸਦੀ ਦੇ ਅੰਤਲੇ ਸਾਲਾਂ ਵਿਚ ਇਸ ਦਾ ਆਰਥਿਕ ਵਿਕਾਸ ਹੋਣਾ ਸ਼ੁਰੂ ਹੋਇਆ।

ਉਦਯੋਗ, ਖਾਣ-ਖੁਦਾਈ ਅਤੇ ਸੇਵਾਵਾਂ ਇਥੋਂ ਦੀ ਆਰ-ਥਿਕਤਾ ਦਾ ਮੁੱਖ ਆਧਾਰ ਹਨ। ਆਰਥਿਕ ਵਿਕਾਸ ਦੀ ਵੰਡ ਗੋਰਿਆਂ ਅਤੇ ਕਾਲਿਆਂ ਵਿਚਕਾਰ ਇਕੋ ਜਿਹੀ ਨਹੀਂ ਹੈ। ਨਿਪੁੰਨ ਕਾਰੀਗਰਾਂ ਦੀ ਕਮੀ ਕਾਰਨ ਰਾਸ਼ਟਰੀ ਆਮਦਨੀ ਵਿਚ ਵਧੇਰੇ ਵਾਧਾ ਨਹੀਂ ਹੋ ਸਕਿਆ।

ਖਣਿਜ—ਖਣਿਜ ਇਥੋਂ ਦਾ ਦੂਜਾ ਵੱਡਾ ਆਰਥਿਕ ਖੇਤਰ ਹੈ। ਦੁਨੀਆ ਦੇ ਬਹੁਤ ਥੋੜ੍ਹੇ ਦੇਸ਼ ਅਜਿਹੇ ਹਨ ਜਿਨ੍ਹਾਂ ਵਿਚ ਦੱਖਣੀ ਅਫ਼ਰੀਕਾ ਜਿੰਨੇ ਖਣਿਜ ਭੰਡਾਰ ਹਨ। ਪੁਰਾਤੱਤਵੀ ਖੋਜਾਂ ਤੋਂ ਇਹ ਪਤਾ ਲੱਗਾ ਹੈ ਕਿ ਇਥੇ ਖਾਣ-ਖੁਦਾਈ ਦਾ ਕੰਮ 40, 000 ਸਾਲ ਪਹਿਲਾਂ ਵੀ ਹੁੰਦਾ ਸੀ। ਆਧੁਨਿਕ ਖਾਣ-ਖੁਦਾਈ ਦਾ ਕੰਮ ਗੋਰੇ ਆਬਾਦਕਾਰਾਂ ਦੇ ਆਗਮਨ ਨਾਲ ਹੀ ਸ਼ੁਰੂ ਹੋਇਆ ਹੈ। ਉਨ੍ਹਾਂ ਨੇ 19 ਵੀਂ ਸਦੀ ਦੇ ਮੱਧ ਵਿਚ ਕੇਪ ਪ੍ਰਾਵਿੰਸ ਵਿਚ ਤਾਂਬੇ ਦੀਆਂ ਖਾਣਾਂ ਲਭ ਲਈਆਂ ਸਨ। ਖਾਣ-ਖੁਦਾਈ ਦੇ ਅਸਲ ਯੁੱਗ ਦਾ ਆਰੰਭ 19 ਵੀਂ ਸਦੀ ਦੇ ਅੰਤਲੇ ਸਾਲਾਂ ਵਿਚ ਹੀਰਿਆਂ ਤੇ ਸੋਨੇ ਦੀਆਂ ਖਾਣਾਂ ਲੱਭਣ ਤੋਂ ਹੀ ਆਰੰਭ ਹੋਇਆ।

ਇਨ੍ਹਾਂ ਖਣਿਜਾਂ ਦਾ ਅੱਜ ਵੀ ਰਾਸ਼ਟਰੀ ਆਮਦਨ ਵਿਚ ਵੱਡਾ ਯੋਗਦਾਨ ਹੈ। ਸੋਨੇ ਦੀ ਖ਼ੁਦਾਈ ਵਿਚ ਇਹ ਸੰਸਾਰ-ਭਰ ਵਿਚ ਪਹਿਲੇ ਨੰਬਰ ਤੇ ਆਉਂਦਾ ਹੈ। ਇਥੋਂ ਕੋਲਾ ਵੀ ਭਾਰੀ ਮਾਤਰਾ ਵਿਚ ਕੱਢਿਆ ਜਾਂਦਾ ਹੈ। ਇਥੇ ਯੂਰੇਨੀਅਮ ਦੇ ਭੰਡਾਰ ਵੀ ਮੌਜੂਦ ਹਨ। ਸੰਨ 1982 ਵਿਚ ਕੇਪ ਆਫ਼ ਗੁੱਡ ਹੋਪ ਦੇ ਪ੍ਰਾਵਿੰਸ ਵਿਚ ਇਕ ਨਿਊਕਲੀ ਰੀਐਕਟਰ ਚਾਲੂ ਕੀਤਾ ਗਿਆ।

ਉਦਯੋਗ—ਇਥੇ ਕ੍ਰੋਮਾਈਟ, ਹੀਰੇ, ਜਵਾਹਰਾਤ, ਪਲੈਟੀਨਮ ਅਤੇ ਵੈਨੇਡੀਅਮ ਦਾ ਕਾਫ਼ੀ ਉਤਪਾਦਨ ਕੀਤਾ ਜਾਂਦਾ ਹੈ। ਇਨ੍ਹਾਂ ਤੋਂ ਇਲਾਵਾ ਐਂਟੀਮਨੀ-ਐਸਬੈਸਟੱਸ, ਉਦਯੋਗਿਕ ਹੀਰੇ, ਫਲੋਰ-ਸਪੱਰ ਮੈਗਨੀਜ਼ ਅਤੇ ਵਰਮੀਕੁਲਾਈਟ ਦਾ ਵੀ ਕਾਫ਼ੀ ਉਤਪਾਦਨ ਹੁੰਦਾ ਹੈ।

ਉਦਯੋਗਾਂ ਤੋਂ ਰਾਸ਼ਟਰ ਦੀ ਕੁੱਲ ਆਮਦਨੀ ਦਾ ਚੌਥਾ ਹਿੱਸਾ ਮਿਲਦਾ ਹੈ। ਫੈਕਟਰੀਆਂ ਵਿਚ ਕੰਮ ਕਰਨ ਵਾਲੇ ਮਜ਼ਦੂਰ ਆਮ ਤੌਰ ਤੇ ਕਾਲੇ ਲੋਕ ਹੀ ਹਨ। ਪੀਣ ਯੋਗ ਪਦਾਰਥ, ਰਸਾਇਣ, ਕੱਪੜਾ, ਬਿਜਲੀ, ਮਸ਼ੀਨਰੀ ਅਤੇ ਮੋਟਰਕਾਰਾਂ ਆਦਿ ਦਾ ਨਿਰਮਾਣ ਵੱਡੇ ਪੈਮਾਨੇ ਤੇ ਕੀਤਾ ਜਾਂਦਾ ਹੈ।


ਖੇਤੀਬਾੜੀ—ਇਸ ਪੱਖੋਂ ਇਹ ਵਧੇਰੇ ਵਿਕਸਤ ਨਹੀਂ ਹੈ। ਸਮੁੱਚੇ ਉਤਪਾਦਨ ਵਿਚ ਇਸ ਖੇਤਰ ਦਾ 8 ਪ੍ਰਤਿਸ਼ਤ ਤੋਂ ਵੀ ਘੱਟ ਹਿੱਸਾ ਹੈ। ਵਾਹੀਯੋਗ ਜ਼ਮੀਨ 13,00,00,000 ਹੈਕ. ਦੇ ਕਰੀਬ ਹੈ ਅਤੇ ਉਪਜ ਵੀ ਘੱਟ ਹੈ। ਸੋਕਾ ਇਥੇ ਆਮ ਹੀ ਪੈਂਦਾ ਹੈ ਜਿਸ ਦਾ ਅਸਰ ਇਥੋਂ ਦੀ ਮੁੱਖ ਫਸਲ ਮੱਕੀ ਉਪਰ ਵੀ ਕਾਫ਼ੀ ਹੁੰਦਾ ਹੈ। ਵਧੇਰੇ ਭੂਮੀ ਨੂੰ ਸਿੰਜਣ ਅਤੇ ਉਪਜ ਨੂੰ ਵਧਾਉਣ ਲਈ ਇਥੇ 1962 ਈ. ਵਿਚ ਆਰੇਂਜ ਰਿਵਰ ਪ੍ਰੋਜੈਕਟ ਸ਼ੁਰੂ ਕੀਤਾ ਗਿਆ ਪਰ ਇਸ ਦੇ ਬਾਵਜੂਦ ਸਿੰਜਾਈ ਦੀਆਂ ਸਹੂਲਤਾਂ ਕਾਫ਼ੀ ਘੱਟ ਹਨ। ਗੰਨਾ, ਕਣਕ, ਆਲੂ, ਮੂੰਗਫਲੀ ਅਤੇ ਤਮਾਕੂ ਇਥੋਂ ਦੀਆਂ ਮੁੱਖ ਫਸਲਾਂ ਹਨ। ਅੱਜਕੱਲ੍ਹ ਇਥੇ ਕਪਾਹ ਵੀ ਕਾਫ਼ੀ ਬੀਜੀ ਜਾਂਦੀ ਹੈ।

ਇਥੋਂ ਦੀ ਵਸੋਂ ਦਾ 1/4 ਹਿੱਸਾ ਖੇਤੀ ਵਿਚ ਲੱਗਾ ਹੋਇਆ ਹੈ ਅਤੇ ਕਾਫੀ ਹਿੱਸਾ ਚਰਾਂਦਾ ਅਧੀਨ ਹੈ ਜਿਥੇ ਭੇਡਾਂ ਅਤੇ ਹੋਰ ਪਸ਼ੂ ਪਾਲੇ ਜਾਂਦੇ ਹਨ। ਉੱਨ ਇਥੋਂ ਦੀ ਮਹੱਤਵਪੂਰਨ ਉਤਪਾਦਨ ਹੈ। ਵਪਾਰ ਪੱਖੋਂ ਗੋਰੇ ਕਿਸਾਨਾਂ ਦੀ ਕਾਸ਼ਤ ਕਾਲੇ ਲੋਕਾਂ ਦੀ ਕਾਸ਼ਤ ਦੇ ਮੁਕਾਬਲੇ ਵਧੇਰੇ ਫਾਇਦੇਮੰਦ ਹੈ। ਕਾਲੇ ਲੋਕ ਵਧੇਰੇ ਕਰਕੇ ਰਵਾਇਤੀ ਢੰਗਾਂ ਨਾਲ ਹੀ ਖੇਤੀ ਕਰਦੇ ਹਨ ਜਿਸ ਕਾਰਨ ਉਪਜ ਘੱਟ ਹੁੰਦੀ ਹੈ।

ਵਪਾਰ—ਇਥੋਂ ਕ੍ਰੋਮਾਈਟ, ਹੀਰੇ ਜਵਾਹਰਾਤ, ਪਲੈਟੀਨਮ ਅਤੇ ਵੈਨੇਡੀਅਮ ਦਾ ਨਿਰਯਾਤ ਕੀਤਾ ਜਾਂਦਾ ਹੈ। ਇਨ੍ਹਾਂ ਤੋਂ ਇਲਾਵਾ ਕੱਪੜਾ, ਰਸਾਇਣ ਪਦਾਰਥ, ਤੰਮਾਕੂ ਆਦਿ ਵੀ ਬਾਹਰ ਭੇਜੇ ਜਾਂਦੇ ਹਨ। ਮਸ਼ੀਨਰੀ, ਹਵਾਈ ਜਹਾਜ਼, ਵਿਗਿਆਨਕ ਸਮਾਨ ਅਤੇ ਪਲਾਸਟਿਕ ਆਦਿ ਵਸਤਾਂ ਦਾ ਆਯਾਤ ਕੀਤਾ ਜਾਂਦਾ ਹੈ।



ਬੱਚੀ ਦਾ ਸਿਰ ਸ਼ਿੰਗਾਰਦੀ ਹੋਈ ਇਕ ਜ਼ੁਲੂ ਮਾਂ



ਕੇਪ ਡਚ ਭਵਨ ਨਿਰਮਾਣ ਕਲਾ ਦਾ ਇਕ ਨਮੂਨਾ



ਦੱਖਣੀ ਅਫ਼ਰੀਕਾ ਵਿਚ ਸੌਦੇ ਵੇਚਦੀ ਇਕ ਏਸ਼ੀਆਈ ਔਰਤ



ਦੱਖਣੀ ਅਫ਼ਰੀਕਾ ਦਾ ਸਪਰਿੰਗਬੱਕ

ਲੋਕ

ਇਥੋਂ ਦੀ ਲਗਭਗ ਅੱਧੀ ਆਬਾਦੀ ਸ਼ਹਿਰਾਂ ਵਿਚ ਵੱਸਦੀ ਹੈ। ਜੋਹਾਨਸਬਰਗ ਸਭ ਤੋਂ ਵਧ ਆਬਾਦੀ ਵਾਲਾ ਸ਼ਹਿਰ ਹੈ।

ਸੰਸਾਰ ਭਰ ਵਿਚ ਸ਼ਾਇਦ ਸਭ ਤੋਂ ਵਧ ਰਲੀਆਂ ਮਿਲੀਆਂ ਨਸਲਾਂ ਦੇ ਲੋਕ ਇਸੇ ਦੇਸ਼ ਵਿਚ ਹੀ ਵਸਦੇ ਹਨ।

ਗੋਰੇ ਲੋਕ ਗਿਣਤੀ ਵਿਚ ਘੱਟ ਹਨ ਪਰ ਉਨ੍ਹਾਂ ਦੇ ਵੀ ਦੋ ਗਰੁੱਪ ਹਨ। ਅਫ਼ਰੀਕਨਰ ਜਿਹੜੇ ਡੱਚ ਮੂਲ ਦੇ ਹਨ 1652 ਈ. ਵਿਚ ਇਥੇ ਆਬਾਦ ਹੋਏ ਸਨ। ਬਾਅਦ ਵਿਚ ਫਰਾਂਸੀਸੀ ਹਯੂਗਨਾਟ ਅਤੇ ਜਰਮਨ ਪ੍ਰੋਟੈਸਟੈਂਟ ਵੀ ਉਨ੍ਹਾਂ ਨਾਲ ਰਲ ਗਏ, ਦੂਜਾ ਗਰੁੱਪ ਅੰਗਰੇਜ਼ੀ ਭਾਸ਼ਾ ਬੋਲਣ ਵਾਲੇ ਲੋਕਾਂ ਦਾ ਹੈ ਜਿਹੜੇ 1820 ਈ. ਤੋਂ ਇਥੇ ਆ ਕੇ ਵਸਣੇ ਸ਼ੁਰੂ ਹੋਏ। ਇਥੋਂ ਦੇ ਹਬਸ਼ੀ ਲੋਕਾਂ ਦੀ ਗਿਣਤੀ ਗੋਰਿਆਂ ਦੇ ਮੁਕਾਬਲੇ 4:1 ਅਨੁਪਾਤ ਨਾਲੋਂ ਵੀ ਵਧ ਹੈ। ਇਹ ਲੋਕ ਬਹੁ-ਗਿਣਤੀ ਵਾਲੇ ਕਾਲੇ ਲੋਕਾਂ ਵਿਚ ਵੰਡੇ ਹੋਏ ਹਨ ਜਿਹੜੇ ਬਾਂਟੂ ਭਾਸ਼ਾਵਾਂ ਬੋਲਦੇ ਹਨ। ਰਲੇ-ਮਿਲੇ ਨਸਲੀ ਮੂਲ ਦੇ ਕਾਲੇ ਲੋਕ ਅਤੇ ਮਿਲੀਆਂ-ਜੁਲੀਆਂ ਨਸਲਾਂ ਦੇ ਏਸ਼ੀਆਈ ਲੋਕ ਜਿਹੜੇ ਭਾਰਤੀ ਉਪ ਮਹਾਂਦੀਪ ਨਾਲ ਆਪਣਾ ਮੂਲ ਜੋੜਦੇ ਹਨ, ਵੀ ਇਨ੍ਹਾਂ ਲੋਕਾਂ ਵਿਚ ਸ਼ਾਮਲ ਹਨ। ਕੁਝ ਕੁ ਆਦਿਵਾਸੀ ਲੋਕ ਕਾਲਾਹਾਰੀ ਮਾਰੂਥਲ ਵਿਚ ਸ਼ਿਕਾਰ ਆਦਿ ਕਰ ਕੇ ਆਪਣੀ ਰੋਜ਼ੀ ਕਮਾਉਂਦੇ ਹਨ।

ਭਾਵੇਂ ਕਾਲੇ ਲੋਕਾਂ ਦੀਆਂ ਭਾਸ਼ਾਵਾਂ ਦਾ ਆਪਸ ਵਿਚ ਬਹੁਤ ਨਜ਼ਦੀਕੀ ਸਬੰਧ ਹੈ ਫਿਰ ਵੀ ਇਕ ਗਰੁੱਪ ਦੂਜੇ ਦੀ ਭਾਸ਼ਾ ਨਹੀਂ ਸਮਝਦਾ। ਇਸ ਮੁਸ਼ਕਲ ਦੇ ਹੱਲ ਕਰਨ ਲਈ ਖਾਣਾਂ ਵਾਲੇ ਹਿੱਸੇ ਵਿਚ ਜਿਥੇ ਬਹੁਗਿਣਤੀ ਵਿਚ ਕਾਲੇ ਲੋਕ ਕੰਮ ਕਰਦੇ ਹਨ, ਇਕ ਨਵੀਂ ਭਾਸ਼ਾ ਫਾਨਗਲੋ ਨਾਂ ਦੀ ਵਿਕਸਤ ਕੀਤੀ ਗਈ ਹੈ।

ਕੇਪ ਦੇ ਕਾਲੇ ਲੋਕ ਰਲੇ-ਮਿਲੇ ਮੂਲ ਦੇ ਹਨ। ਡੱਚ ਲੋਕ ਡੱਚ ਈਸਟ ਇੰਡੀਜ਼ ਅਤੇ ਮੈਡਗਾਸਕਰ ਤੋਂ ਆਪਣੇ ਨਾਲ ਕਈ ਗੁਲਾਮ ਲਿਆਏ ਸਨ ਜਿਹੜੇ ਸਮਾਂ ਪਾ ਕੇ ਇਥੋਂ ਦੇ ਸਥਾਨਕ ਲੋਕਾਂ ਹੋਟਨਟਾਟਾਂ ਨਾਲ ਹੀ ਘੁਲ ਮਿਲ ਗਏ। ਇਨ੍ਹਾਂ ਲੋਕਾਂ ਦੇ ਮੇਲ ਨਾਲ ਇਕ ਨਿਵੇਕਲੀ ਨਸਲ ਹੋਂਦ ਵਿਚ ਆ ਗਈ। ਗੁਨੀ ਜ਼ੁਲੂ, ਸਵਾਜ਼ੀ, ਐਂਡਾਬੀਲੀ, ਸੋਥੋ, ਸਵਾਨਾ (Tswana) ਅਤੇ ਵੈਂਡਾ ਕਾਲੇ ਅਫ਼ਰੀਕੀਆਂ, ਗੋਰੇ ਅਫ਼ਰੀਕਨਰ ਅਤੇ ਅੰਗਰੇਜ਼ੀ ਬੋਲਣ ਵਾਲੇ ਕਾਲੇ ਲੋਕ ਅਤੇ ਏਸ਼ੀਆਈ (ਵਧੇਰੇ ਕਰਕੇ ਇੰਡੀਅਨ) ਇਥੋਂ ਦੇ ਨਸਲੀ - ਭਾਸ਼ਾਈ ਗੱਰੁਪ ਹਨ।

ਧਰਮ—ਅੰਗਰੇਜ਼ੀ ਬੋਲਣ ਵਾਲੇ ਲੋਕਾਂ ਦਾ ਪ੍ਰਮੁੱਖ ਧਰਮ ਐਂਗਲੀਕਨ ਹੈ। ਇਸ ਤੋਂ ਪਿੱਛੋਂ ਮੈਥੋਡਿਸਟ ਰੋਮਨ ਕੈਥੋਲਿਕ ਅਤੇ ਪ੍ਰੈਸਬੀਟਰੀ ਧਰਮ ਨੂੰ ਮੰਨਣ ਵਾਲੇ ਲੋਕਾਂ ਦਾ ਆਉਂਦਾ ਹੈ। ਇਨ੍ਹਾਂ ਤੋਂ ਇਲਾਵਾ ਇਥੇ ਮੁਸਲਿਮ, ਹਿੰਦੂ ਅਤੇ ਯਹੂਦੀ ਮੱਤ ਨੂੰ ਮੰਨਣ ਵਾਲੇ ਲੋਕ ਵੀ ਕੁਝ ਗਿਣਤੀ ਵਿਚ ਵੱਸਦੇ ਹਨ।

ਬੋਲੀ—ਅਫ਼ਰੀਕਨਜ਼ ਅਤੇ ਅੰਗਰੇਜ਼ੀ ਸਰਕਾਰੀ ਭਾਸ਼ਾਵਾ ਤੋਂ ਇਲਾਵਾ ਆਮ ਲੋਕਾਂ ਦੀਆਂ ਕਈ ਉਪ ਬੋਲੀਆਂ ਹਨ।

ਸਿਹਤ—ਸ਼ਹਿਰਾਂ ਅਤੇ ਪਿੰਡਾਂ ਵਿਚ ਉਪਲੱਬਧ ਸਿਹਤ ਸਹੂਲਤਾਂ ਵਿਚ ਕਾਫ਼ੀ ਅੰਤਰ ਹੈ। ਸ਼ਹਿਰੀ ਇਲਾਕਿਆਂ ਵਿਚ ਆਧੁਨਿਕ ਸਿਹਤ ਸਹੂਲਤਾਂ ਉਪਲੱਬਧ ਹਨ । ਕਾਲੇ ਲੋਕ ਛੂਤ ਦੀਆਂ ਬੀਮਾਰੀਆਂ ਅਤੇ ਅਪੂਰਣ ਖ਼ੁਰਾਕ ਦਾ ਸ਼ਿਕਾਰ ਹਨ।

ਵਿਦਿਆ—ਤਿੰਨ ਪ੍ਰਕਾਰ ਦੀਆਂ ਵੱਖ-ਵੱਖ ਪ੍ਰਚਲਿਤ ਵਿਦਿਅਕ ਪ੍ਰਣਾਲੀਆਂ ਤੋਂ ਇਕ ਨਤੀਜਾ ਇਹ ਵੀ ਨਿਕਲਦਾ ਹੈ ਕਿ ਇਨ੍ਹਾਂ ਨੇ ਵੱਖ-ਵੱਖ ਨਸਲਾਂ ਵਿਚਕਾਰ ਸਾਖਰਤਾ ਦੀ ਦਰ ਵਿਚ ਅਸਮਾਨਤਾ ਪੈਦਾ ਕਰ ਦਿੱਤੀ ਹੈ। ਗੋਰੇ, ਕਾਲੇ ਅਤੇ ਏਸ਼ੀਆਈ ਲੋਕ 90% ਪੜ੍ਹੇ ਲਿਖੇ ਹਨ ਜਦੋਂ ਕਿ ਹਬਸ਼ੀ ਲੋਕ ਜਿਹੜੇ ਕਿ ਗਿਣਤੀ ਵਿਚ ਕਿਧਰੇ ਵਧ ਹਨ, ਸਿਰਫ਼ 60% ਹੀ ਪੜ੍ਹੇ ਲਿਖੇ ਹਨ। 7 ਅਤੇ 16 ਸਾਲ ਦੀ ਉਮਰ ਵਿਚਕਾਰਲੇ ਗੋਰਿਆਂ ਅਤੇ ਕਾਲਿਆਂ ਦੇ ਬੱਚਿਆਂ ਅਤੇ 7 ਤੋਂ 15 ਸਾਲ ਦੀ ਉਮਰ ਵਿਚਕਾਰਲੇ ਏਸ਼ੀਆਈ ਲੋਕਾਂ ਦੇ ਬੱਚਿਆਂ ਲਈ ਵਿਦਿਆ ਲਾਜ਼ਮੀ ਅਤੇ ਮੁਫ਼ਤ ਹੈ। ਅਫ਼ਰੀਕੀਆਂ ਦੇ ਬੱਚਿਆਂ ਨੂੰ ਇਹ ਸਹੂਲਤ 1980 ਈ. ਤੋਂ ਦਿੱਤੀ ਗਈ।।

ਹਰ ਇਕ ਪ੍ਰਾਂਤ ਵਿਚ ਅਧਿਐਨ ਦੇ ਕੋਰਸ ਵੱਖ-ਵੱਖ ਅਤੇ ਇਮਤਿਹਾਨ ਲੈਣ ਦੇ ਵੱਖ-ਵੱਖ ਨਿਯਮ ਹਨ ਪਰ ਨੌਂਵੀਂ ਅਤੇ ਦਸਵੀਂ ਜਮਾਤ ਦਾ ਕੋਰਸ ਇਕ ਸਾਂਝੇ ਮੈਟ੍ਰਿਕੁਲੇਸ਼ਨ ਬੋਰਡ ਵੱਲੋਂ ਨਿਰਧਾਰਿਤ ਕੀਤਾ ਜਾਂਦਾ ਹੈ।

ਗੋਰਿਆਂ ਲਈ ਵਿਦਿਆ ਦਾ ਮਾਧਿਅਮ ਅੰਗਰੇਜ਼ੀ ਜਾਂ ਅਫ਼ਰੀਕਾਨਜ਼ ਹੈ। ਇੰਡੀਅਨ ਸਕੂਲਾਂ ਵਿਚ ਅੰਗਰੇਜ਼ੀ ਅਤੇ ਕਾਲਿਆਂ ਦੇ ਸਕੂਲਾਂ ਵਿਚ ਪ੍ਰਾਇਮਰੀ ਅਤੇ ਜੂਨੀਅਰ ਸੈਕੰਡਰੀ ਅਤੇ ਟੀਚਰਜ਼ ਟਰੇਨਿੰਗ ਸਕੂਲਾਂ ਵਿਚ ਸਥਾਨਕ ਭਾਸ਼ਾ ਅਤੇ ਜਿਹੜੇ ਵਿਸ਼ੇ ਸਥਾਨਕ ਭਾਸ਼ਾਵਾਂ ਵਿਚ ਨਹੀਂ ਪੜ੍ਹਾਏ ਜਾ ਸਕਦੇ ਉੱਨ੍ਹਾਂ ਨੂੰ ਅਫ਼ਰੀਕਾਨਜ਼ ਜਾਂ ਅੰਗਰੇਜ਼ੀ ਮਾਧਿਅਮ ਰਾਹੀਂ ਵੀ ਪੜ੍ਹਾਇਆ ਜਾ ਸਕਦਾ ਹੈ। ਦੇਸ਼-ਭਰ ਵਿਚ 17 ਯੂਨੀਵਰਸਿਟੀਆਂ ਹਨ। ਨੈਸ਼ਨਲ ਐਜੂਕੇਸ਼ਨ ਵਿਭਾਗ ਦੀ ਦੇਖ ਰੇਖ ਅਧੀਨ ਤਕਨੀਕੀ ਅਤੇ ਕਿੱਤਾ ਸਿਖਲਾਈ ਵਿਦਿਆ ਦਾ ਵੀ ਪ੍ਰਬੰਧ ਕੀਤਾ ਗਿਆ ਹੈ।

ਰਸਮ ਰਿਵਾਜ—ਇਥੇ ਬੋਲੀਆਂ ਜਾਣ ਵਾਲੀਆਂ 10 ਤੋਂ ਵੀ ਵਧ ਭਾਸ਼ਾਵਾ ਇਥੋਂ ਦੇ ਸਭਿਆਚਾਰਕ ਵਖਰੇਵੇਂ ਦੀ ਤਸਵੀਰ ਪੇਸ਼ ਕਰਦੀਆਂ ਹਨ। ਭਾਵੇਂ ਕਾਲੇ ਲੋਕਾਂ ਦੀ ਬਹੁ-ਗਿਣਤੀ ਨੇ ਈਸਾਈ ਮਤ ਧਾਰਨ ਕਰ ਲਿਆ ਹੈ ਫਿਰ ਵੀ ਇਥੋਂ ਦੇ ਰਵਾਇਤੀ ਲੋਕ-ਸੰਗੀਤ, ਨਾਚ ਅਤੇ ਭਾਸ਼ਾਵਾਂ ਪੂਰੇ ਤੌਰ ਤੇ ਪ੍ਰਚਲਿਤ ਹਨ।

ਰਾਜ-ਪ੍ਰਬੰਧ

2 ਨਵੰਬਰ, 1983 ਨੂੰ ਹੋਈ ਇਕ ਕੌਮੀ ਰੀਫਰੈਂਡਮ ਵ੍ਰਿਚ ਗੋਰੇ ਦੱਖਣੀ ਅਫਰੀਕੀਆਂ ਨੇ ਇਕ ਨਵੇਂ ਸੰਵਿਧਾਨ ਨੂੰ ਸਵੀਕਾਰ ਕੀਤਾ ਜਿਸ ਰਾਹੀਂ ਦੇਸ਼ ਦੇ ਕਾਲੇ ਲੋਕਾਂ ਅਤੇ ਏਸ਼ੀਆਈ ਘੱਟ ਗਿਣਤੀਆਂ ਨੂੰ ਸੀਮਿਤ ਜਿਹੇ ਰਾਜਨੀਤਿਕ ਅਧਿਕਾਰ ਦਿੱਤੇ ਗਏ। ਸੰਵਿਧਾਨ ਅਨੁਸਾਰ ਗੋਰਿਆਂ, ਕਾਲਿਆਂ ਅਤੇ ਏਸ਼ੀਆਈਆਂ ਲਈ ਇਕ ਤਿੰਨ ਸਦਨੀ ਸੰਸਦ ਸਥਾਪਿਤ ਕੀਤੀ ਗਈ ਹੈ। ਹਰ ਪਰੀਸ਼ਦ ਦੇ ਮੈਂਬਰਾਂ ਦੀ ਚੋਣ ਉਨ੍ਹਾਂ ਦੀ ਨਸਲ ਦੇ ਲੋਕਾਂ ਰਾਹੀਂ ਹੁੰਦੀ ਹੈ। ਅਸੈਂਬਲੀ ਸਦਨ ਵਿਚ 178 ਗੋਰੇ ਮੈਂਬਰ, ਪ੍ਰਤਿਨਿਧ ਸਦਨ ਵਿਚ 85 ਕਾਲੇ ਮੈਂਬਰ ਅਤੇ ਡੈਲੀਗੇਟ ਸਦਨ ਵਿਚ 45 ਏਸ਼ੀਆਈ ਮੈਂਬਰ ਹਨ। ਹਰ ਸਦਨ ਕੋਲ ਸਿੱਖਿਆ ਸਥਾਨਕ ਸਰਕਾਰ ਸਹਿਤ ਮਕਾਨ ਉਸਾਰੀ, ਸਮਾਜ ਭਲਾਈ ਅਤੇ ਆਪਣੇ ਮਾਮਲਿਆਂ ਸਬੰਧੀ ਕਾਨੂੰਨ ਬਣਾਉਣ ਦਾ ਇਖ਼ਤਿਆਰ ਹੈ। ਆਮ ਮਾਮਲੇ ਅਤੇ ਬਦੇਸ਼ੀ ਨੀਤੀ, ਸੁਰੱਖਿਆ, ਕਰ ਅਤੇ ਕਾਲੇ ਲੋਕਾਂ ਨਾਲ ਸਬੰਧਤ ਮਾਮਲਿਆਂ ਬਾਰੇ ਤਿੰਨੋਂ ਸਦਨਾਂ ਦੀਆਂ ਸਯੁੰਕਤ ਸਥਾਈ ਕਮੇਟੀਆਂ ਵਿਚ ਵਿਚਾਰ-ਵਟਾਂਦਰਾ ਕੀਤਾ ਜਾਂਦਾ ਹੈ। ਕਾਲੇ ਅਫ਼ਰੀਕੀਆਂ ਦਾ ਬਹੁਮਤ ਹੋਣ ਦੇ ਬਾਵਜੂਦ ਵੀ ਉਨ੍ਹਾਂ ਦੀ ਨਵੇਂ ਵਿਧਾਨ ਮੰਡਲ ਵਿਚ ਕੋਈ ਵੀ ਪ੍ਰਤਿਨਿਧਤਾ ਨਹੀਂ ਹੈ। ਨਵੇਂ ਸੰਵਿਧਾਨ ਵਿਚ ਦੇਸ਼ ਦੇ ਪ੍ਰੈਜ਼ੀਡੈਂਟ ਦੇ ਇਖ਼ਤਿਆਰਾਂ ਵਿਚ ਵੀ ਵਾਧਾ ਕੀਤਾ ਗਿਆ ਹੈ। ਪ੍ਰੈਜ਼ੀਡੈਂਟ ਦੀ ਚੋਣ ਗੋਰਿਆਂ ਦੇ ਬਹੁਮੱਤ ਵਾਲੇ ਇਕ ਚੋਣਕਾਰ ਮੰਡਲ ਦੁਆਰਾ ਹੁੰਦੀ ਹੈ। ਪ੍ਰੈਜ਼ੀਡੈਂਟ ਦੀ ਸਹਾਇਤਾ ਲਈ ਤਿੰਨੇ ਨਸਲੀ ਗਰੁੱਪਾਂ ਵਿਚੋਂ ਨਿਯੁਕਤ ਕੀਤਾ ਇਕ ਮੰਤਰੀ ਮੰਡਲ ਅਤੇ ਪ੍ਰੈਜ਼ੀਡੈਂਟ ਦੀ ਕੌਂਸਲ ਹੁੰਦੀ ਹੈ। ਪ੍ਰੈਜ਼ੀਡੈਂਟ ਦੀ ਕੌਂਸਲ ਵਿਚ 35 ਚੁਣੇ ਹੋਏ ਅਤੇ 25 ਨਿਯੁਕਤ ਕੀਤੇ ਮੈਂਬਰ ਹੁੰਦੇ

ਹਨ। ਪ੍ਰੈਜ਼ੀਡੈਂਟ ਦੀ ਕੌਂਸਲ ਵਿਧਾਨਕ ਸਦਨਾਂ ਦੌਰਾਨ ਖੜੇ ਹੋਏ ਝਗੜਿਆਂ ਦਾ ਫੈਸਲਾ ਕਰਦੀ ਹੈ ਅਤੇ ਇਸ ਦੇ ਫੈਸਲੇ ਅੰਤਿਮ ਹੁੰਦੇ ਹਨ।

ਸਰਕਾਰ ਵੱਲੋਂ 10 ਬਾਂਟੂ (ਅਫ਼ਰੀਕਨ) ਰਾਸ਼ਟਰੀ ਇਲਾਕਿਆਂ ਦੀ ਸਥਾਪਨਾ ਕੀਤੀ ਗਈ ਜਿਨ੍ਹਾਂ ਨੂੰ ਹਬਸ਼ੀਆਂ ਦੇ ਰਾਜ ਦਾ ਨਾਉਂ ਦਿੱਤਾ ਗਿਆ। ਸੰਨ 1970 ਵਿਚ ਹਰੇਕ ਹਬਸ਼ੀ ਨੂੰ ਇਨ੍ਹਾਂ ਇਲਾਕਿਆਂ ਵਿਚੋਂ ਕਿਸੇ ਨਾ ਕਿਸੇ ਇਕ ਇਲਾਕੇ ਦਾ ਨਾਗਰਿਕ ਬਣਾ ਦਿੱਤਾ ਗਿਆ। ਭਾਵੇਂ ਉਹ ਇਲਾਕੇ ਵਿਚ ਕਦੇ ਵੀ ਨਾ ਰਿਹਾ ਹੋਵੇ। 1980 ਦੇ ਦਹਾਕੇ ਦੇ ਸ਼ੁਰੂ ਵਿਚ ਇਨ੍ਹਾਂ ਵਿਚੋਂ ਚਾਰ ਰਾਸ਼ਟਰੀ ਇਲਾਕਿਆਂ ਨੂੰ ਆਜ਼ਾਦੀ ਪ੍ਰਾਪਤ ਹੋਈ ਅਤੇ ਇਹ ਅਰਧ-ਸੰਸਦੀ ਰਾਜਾਂ ਵਾਂਗ ਕੰਮ ਕਰਨ ਲਗ ਪਏ।

ਸਰਕਾਰ ਦੀ ਕੇਂਦਰੀ ਨੀਤੀ ਨਸਲੀ ਵਿਤਕਰੇ ਵਾਲੀ ਹੈ ਅਤੇ ਇਸ ਨੇ ਗੋਰਿਆਂ, ਕਾਲਿਆਂ, ਏਸ਼ੀਆਈਆਂ ਅਤੇ ਅਫ਼ਰੀਕੀਆਂ (ਨੀਗਰੋ) ਨੂੰ ਮੁਕੰਮਲ ਤੌਰ ਤੇ ਵੱਖ-ਵੱਖ ਕਰ ਦਿੱਤਾ ਹੈ। ਨਵੇਂ ਸੰਵਿਧਾਨ ਦੁਆਰਾ ਲਾਗੂ ਕੀਤੇ ਗਏ ਰਾਜਨੀਤਕ ਸੁਧਾਰ ਵੀ ਨਸਲੀ ਵਿਤਕਰੇ ਵਾਲੇ ਮੌਲਿਕ ਕਾਨੂੰਨਾਂ ਵਿਚ ਤਬਦੀਲੀ ਲਿਆਉਣ ਤੋਂ ਅਸਮਰੱਥ ਰਹੇ ਹਨ।

ਗੋਰਿਆਂ ਦੀ ਨੈਸ਼ਨਲ ਪਾਰਟੀ ਇਥੋਂ ਦੀ ਮੁੱਖ ਸਿਆਸੀ ਪਾਰਟੀ ਹੈ। ਨਿਆਂਇਕ ਪ੍ਰਣਾਲੀ ਵਿਚ ਸੁਪਰੀਮ ਕੋਰਟ, ਹਾਈ ਕੋਰਟ ਅਤੇ ਮਾਤਹਿਤ ਅਦਾਲਤਾਂ ਹਨ।

ਕਰੰਸੀ—ਰੈਂਡ ਇਥੋਂ ਦੀ ਕਰੰਸੀ ਹੈ। ਮਾਪ ਤੇ ਤੋਲ ਦੀ ਇਥੇ ਮੀਟ੍ਰਿਕ ਪ੍ਰਣਾਲੀ ਪ੍ਰਚਲਿਤ ਹੈ।

ਰਾਸ਼ਟਰੀ ਗੀਤ—'ਦੀ ਵਾਇਸ ਆਫ਼ ਸਾਊਥ ਅਫ਼ਰੀਕਾ' ਇਥੋਂ ਦਾ ਰਾਸ਼ਟਰੀ ਗੀਤ ਹੈ।

ਰਾਸ਼ਟਰੀ ਝੰਡਾ—ਰਾਸ਼ਟਰੀ ਝੰਡੇ ਵਿਚ ਕੇਸਰੀ, ਸਫ਼ੈਦ ਅਤੇ ਨੀਲੇ ਰੰਗ ਦੀਆਂ ਲੇਟਵੀਆਂ ਧਾਰੀਆਂ ਹਨ ਜਿਨ੍ਹਾਂ ਵਿਚ ਯੂਨੀਅਨ ਜੈਕ, ਆਰੇਂਜ ਫ਼ਰੀ ਸਟੇਟ ਦੇ ਪੁਰਾਣੇ ਝੰਡੇ ਅਤੇ ਪ੍ਰਾਚੀਨ ਟ੍ਰਾਂਸਵਾਲ ਵਾਇਰਕਲਿਓਰ ਝੰਡੇ ਦੇ ਪ੍ਰਤਿ-ਚਿੱਤਰ ਬਣੇ ਹੋਏ ਹਨ।

ਹ. ਪੁ.-ਐਨ. ਅਮੇ. 25 : 262 ; ਐਨ. ਬ੍ਰਿ. ਮਾ. 11 : 32; ਸਟੇ. ਯੀ. ਬੁ. 2002 : 1437

ਦੱਖਣੀ ਰਾਇ : ਇਹ ਬਹੁਤ ਪਹੁੰਚੇ ਹੋਏ ਕਰਨੀ ਵਾਲੇ ਸੰਤ ਸਨ। ਇਨ੍ਹਾਂ ਦਾ ਜਨਮ ਸ੍ਰੀ ਗੁਰੂ ਰਾਮਦਾਸ ਅਤੇ ਪ੍ਰਿਥੀਚੰਦ ਜੀ ਦੇ ਬੰਸ ਵਿਚ ਹੋਇਆ ਸੀ। ਪਟਿਆਲਾ ਰਿਆਸਤ ਵੱਲੋਂ ਇਨ੍ਹਾਂ ਨੂੰ ਕਪਿਆਲ ਅਤੇ ਬਟਰਿਆਨਾ ਦਾ ਇਲਾਕਾ ਜਾਗੀਰ ਦੇ ਰੂਪ ਵਿਚ ਦਿੱਤਾ ਗਿਆ ਸੀ। ਆਪ ਜੀ ਭਵਾਨੀਗੜ੍ਹ ਦੇ ਪਿੰਡ ਘਰਾਚੋਂ ਦੇ ਵਸਨੀਕ ਸਨ ਅਤੇ ਆਪ ਦੀ ਸੰਤਾਨ ਹੁਣ ਵੀ ਇਥੇ ਹੀ ਰਹਿ ਰਹੀ ਹੈ। ਸ੍ਰੀ ਤ੍ਰਿਲੋਕ ਰਾਮ ਜੋ ਇਕ ਉਦਾਸੀ ਸਾਧੂ ਅਤੇ ਬਹੁਤ ਵੱਡੇ ਵਿਦਵਾਨ ਵੀ ਸਨ, ਆਪ ਜੀ ਦੀ ਬੰਸਾਵਲੀ ਵਿਚੋਂ ਹੀ ਸਨ। ਇਸ ਉਦਾਸੀ ਸਾਧੂ ਤੋਂ ਬਹੁਤ ਸਾਰੇ ਵਿਦਿਆਰਥੀਆਂ ਨੇ ਸਿੱਖਿਆ ਪ੍ਰਾਪਤ ਕੀਤੀ ਸੀ।

ਦੱਖਣੀ ਰਾਇ ਦੀ ਬੰਸਾਵਲੀ ਇਸ ਤਰ੍ਹਾਂ ਚਲਦੀ ਰਹੀ ਹੈ। ਗੁਰੂ ਰਾਮਦਾਸ ਜੀ ਤੋਂ ਬਾਅਦ ਪ੍ਰਿਥੀ ਚੰਦ ਜੀ ਜਿਨ੍ਹਾਂ ਉਪਰੰਤ ਮਿਹਰਬਾਨ ਅਤੇ ਉਸ ਤੋਂ ਬਾਅਦ ਕਰਨਮੱਲ, ਸੋਹਨ ਮੱਲ, ਨਿਰੰਜਨ ਰਾਇ ਅਤੇ ਦੱਖਣੀ ਰਾਇ ਜੀ ਹੋਏ।

ਦੱਖਣੀ ਰਾਇ ਜੀ ਦਾ ਦੇਹਾਂਤ ਸੰਮਤ 1972 ਵਿਚ ਹੋਇਆ ਸੀ।

ਹ. ਪੁ.-ਮ. ਕੋ.

ਦਜੋਕਰਾ, ਆਰਨੈਲ ਫਰਾਂਸਵਾ (Jucount, Arnal Francois) : ਫ਼ਰਾਂਸ ਦੇ ਇਸ ਰਾਜਤੀਨੀ ਵੇਤਾ ਦਾ ਜਨਮ 14 ਨਵੰਬਰ, 1757 ਨੂੰ ਟੋਰਨੈਨ ਬ੍ਰਾਈ ਵਿਖੇ ਹੋਇਆ। ਇਹ ਇਨਕਲਾਬੀ ਵਿਚਾਰਧਾਰਾ ਦਾ ਸਮਰਥਕ ਸੀ ਅਤੇ ਆਪਣੀ ਹੀ ਰਜਮੈਂਟ ਵਿਚ ਕਰਨਲ ਬਣ ਗਿਆ ਸੀ। ਇਸ ਨੇ ਅਸੈਂਬਲੀ ਵਿਚ ਸੇਨ-ਏ-ਮਾਰਨ ਡਿਪਾਰਟਮੈਂਟ ਦੀ ਪ੍ਰਤਿਨਿੱਧਤਾ ਕੀਤੀ। ਇਸ ਦੇ ਵਿਚਾਰ ਕਿਉਂਕਿ ਇਸ ਦੇ ਸਾਥੀਆਂ ਦੇ ਵਿਚਾਰਾਂ ਦੇ ਮੁਕਾਬਲੇ ਬਹੁਤ ਨਰਮ ਸਨ, ਇਸ ਕਰ ਕੇ ਇਸ ਨੇ 1792 ਈ. ਵਿਚ ਅਸਤੀਫ਼ਾ ਦੇ ਦਿੱਤਾ ਅਤੇ ਪ੍ਰਤੀ ਕ੍ਰਿਆਵਾਦੀ ਹੋਣ ਦੇ ਸ਼ੱਕ ਵਿਚ ਇਸ ਨੂੰ ਗ੍ਰਿਫ਼ਤਾਰ ਕਰ ਲਿਆ। ਸਤੰਬਰ ਵਿਚ ਹੋਏ ਕਤਲੇਆਮ ਤੋਂ ਥੋੜ੍ਹਾਂ ਚਿਰ ਪਹਿਲਾਂ ਮਮੀ ਡੇ ਸਟਾਲ ਨੇ ਇਸ ਨੂੰ ਰਿਹਾਅ ਕਰਵਾ ਲਿਆ। ਤਾਲਰਾਂ ਨਾਲ ਇਹ ਇੰਗਲੈਂਡ ਚਲਾ ਗਿਆ ਤੇ ਲੂਈ ਸੋਲ੍ਹਵੇਂ ਨੂੰ ਫਾਂਸੀ ਲਗਾਉਣ ਮਗਰੋਂ ਹੀ ਵਾਪਸ ਆਇਆ। ਕਾਂਸਲੀ ਸ਼ਾਸਨ ਅਧੀਨ ਇਹ ਕੁਝ ਸਮੇਂ ਲਈ ਟ੍ਰਿਬਿਊਨੇਟ ਦਾ ਪ੍ਰਧਾਨ ਵੀ ਰਿਹਾ। ਸੰਨ 1803 ਵਿਚ ਇਸ ਨੇ ਸੈਨਟ ਵਿਚ ਪ੍ਰਵੇਸ਼ ਕੀਤਾ ਅਤੇ 1804 ਈ. ਵਿਚ ਇਸ ਨੂੰ ਜੋਜ਼ਫ਼ ਬੋਨਾਪਾਰਟ ਦੇ ਪਰਿਵਾਰ ਹਿਤ ਨਿਯੁਕਤ ਕਰ ਦਿੱਤਾ ਗਿਆ। ਹੁਣ ਇਸ ਦੇ ਸਾਮਰਾਜਵਾਦੀ ਵਿਚਾਰ ਵੀ ਠੰਡੇ ਪੈ ਗਏ ਅਤੇ ਰੈਸਟਰੇਸ਼ਨ ਸਮੇਂ ਇਹ ਫ਼ਰਾਂਸ ਦਾ ਇਕ ਪੀਅਰ ਅਤੇ ਰਾਜ ਦਾ ਮੰਤਰੀ ਵੀ ਰਿਹਾ। ਇਸ ਨੇ ਆਪਣੇ ਆਪ ਨੂੰ ਪ੍ਰੋਟੈਸਟੈਂਟ ਧਰਮ ਦੀ ਸੇਵਾ ਲਈ ਅਰਪਿਤ ਕਰ ਦਿੱਤਾ। ਲੂਈ ਫਿਲਿਪ ਦੇ ਸ਼ਾਸਨ ਸਮੇਂ ਇਹ ਉਪਰਲੇ ਸਦਨ ਦਾ ਮੈਂਬਰ ਵੀ ਰਿਹਾ। ਸੈਕੰਡ ਰਿਪਬਲਿਕ ਦੀ ਸਥਾਪਤੀ ਸਮੇਂ ਇਸ ਨੂੰ ਆਪਣਾ ਪ੍ਰਾਈਵੇਟ ਜੀਵਨ ਬਤੀਤ ਕਰਨਾ ਪਿਆ ਪਰੰਤੂ ਇਹ ਲੂਈ ਨੈਪੋਲੀਅਨ ਦੀ ਸਰਕਾਰ ਨੂੰ ਪੁਨਰ ਸੰਗਠਿਤ ਕਰਨ ਲਈ ਜੀਵਨ ਭਰ ਜੁਟਿਆ ਰਿਹਾ।

5 ਫ਼ਰਵਰੀ, 1852 ਨੂੰ ਪੈਸਲੀਜ਼ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.- ਐਨ. ਬ੍ਰਿ. 12 : 969

ਦੰਡ ਦਾਇਤਵ : ਸਭਿਅ ਸਮਾਜ ਵਿਚ ਇਕ ਵਿਅਕਤੀ ਦੇ ਦੂਜੇ ਵਿਅਕਤੀ ਨਾਲ ਸਬੰਧਾਂ ਨੂੰ ਅਤੇ ਵਿਅਕਤੀ ਦੇ ਰਾਜ ਨਾਲ ਸਬੰਧਾਂ ਨੂੰ ਕਾਨੂੰਨ ਰਾਹੀਂ ਨਿਯਮ-ਬਧ ਕੀਤਾ ਜਾਂਦਾ ਹੈ ਤਾਂ ਜੋ ਹਰ ਵਿਅਕਤੀ ਨੂੰ ਦੂਜੇ ਵਿਅਕਤੀਆਂ ਨਾਲ ਰੋਜ਼ਾਨਾ ਦੀ ਜ਼ਿੰਦਗੀ ਗੁਜ਼ਾਰਨ ਲਈ ਆਪਣੇ ਪ੍ਰਤੀ ਫਰਜ਼ਾਂ ਦਾ ਪਤਾ ਲਗ ਸਕੇ ਅਤੇ ਉਹ ਆਪਣੇ ਅਧਿਕਾਰਾਂ ਤੋਂ ਵੀ ਜਾਣੂ ਹੋ ਸਕੇ। ਜਦੋਂ ਇਕ ਮਨੁੱਖ ਦੇ ਦੂਜੇ ਮਨੁੱਖਾਂ ਪ੍ਰਤੀ ਫਰਜ਼ਾਂ ਅਤੇ ਅਧਿਕਾਰਾਂ ਬਾਰੇ ਕਾਨੂੰਨ ਬਣਾਏ ਜਾਂਦੇ ਹਨ ਅਤੇ ਫਿਰ ਜੇਕਰ ਮਨੁੱਖ ਆਪਣੇ ਅਧਿਕਾਰਾਂ ਦੀ ਗਲਤ ਜਾਂ ਵੱਧ ਵਰਤੋਂ ਕਰਦਾ ਹੈ ਜਾਂ ਉਹ ਆਪਣੇ ਫਰਜ਼ ਨਿਭਾਉਣ ਵਿਚ ਢਿੱਲ ਵਰਤਦਾ ਹੈ ਤਾਂ ਕੁਦਰਤੀ ਹੈ ਕਿ ਮਨੁੱਖ ਨੂੰ ਆਪਣੀ ਜ਼ਿੰਦਗੀ ਨੂੰ ਠੀਕ ਢੰਗ ਨਾਲ ਚਲਾਉਣ ਅਤੇ ਦੂਜਿਆਂ ਦੀ ਜ਼ਿੰਦਗੀ ਠੀਕ ਤਰ੍ਹਾਂ ਨਾਲ ਚਲਣ ਵਿਚ ਕੁਤਾਹੀ ਜਾਂ ਲਾਪਰਵਾਹੀ ਹੁੰਦੀ ਹੈ ਅਤੇ ਇਸ ਤਰ੍ਹਾਂ ਕਾਨੂੰਨੀ ਤੌਰ ਤੇ ਕਾਨੂੰਨੀ-ਫ਼ਰਜ਼ਾਂ ਜਾਂ ਅਧਿਕਾਰਾਂ ਦੀ ਉਲੰਘਣਾ ਕਰਨ ਵਾਲੇ ਲਈ ਦੰਡ ਨਿਯਤ ਕੀਤਾ ਜਾਂਦਾ ਹੈ। ਜਿਹੜਾ ਕੰਮ ਜਾਂ ਹਰਕਤ ਕਾਨੂੰਨ ਦੇ ਦਾਇਰੇ ਅੰਦਰ ਰਹਿ ਕੇ ਨਾ ਕੀਤੀ ਜਾਵੇ ਉਸ ਨੂੰ ਅਪਰਾਧ ਕਿਹਾ ਜਾਂਦਾ ਹੈ। ਇਸ ਤਰ੍ਹਾਂ ਅਪਰਾਧ ਦੀ ਗੰਭੀਰਤਾ ਜਾਂ ਘੱਟ ਗੰਭੀਰਤਾ ਦੇ ਆਧਾਰ ਤੇ ਅਪਰਾਧ ਲਈ ਕਾਨੂੰਨ ਹੀ ਦੰਡ ਨਿਸ਼ਚਤ ਕਰਦਾ ਹੈ ਜਿਸ ਨੂੰ ਅਸੀਂ ਆਮ ਸ਼ਬਦਾਂ ਵਿਚ ਫ਼ੌਜਦਾਰੀ ਜ਼ਿੰਮੇਵਾਰੀ ਦਾ ਨਾਂ ਦਿੰਦੇ ਹਾਂ। ਜਦੋਂ ਕੋਈ ਅਪਰਾਧੀ ਕਿਸੇ ਤਰ੍ਹਾਂ ਦਾ ਅਪਰਾਧ ਕਰਦਾ ਹੈ ਤਾਂ ਕਾਨੂੰਨ ਦਾ ਕੰਮ ਹੈ ਕਿ ਉਹ ਅਪਰਾਧੀ ਦੀ ਫ਼ੌਜਦਾਰੀ ਜ਼ਿੰਮੇਵਾਰੀ ਨਿਸ਼ਚਤ ਕਰੇ ਤੇ ਇਸ ਅਨੁਸਾਰ ਉਸ ਨੂੰ ਸਜ਼ਾ ਦਿਵਾਏ।

ਪੁਰਾਣੇ ਸਮਿਆਂ ਵਿਚ ਫ਼ੌਜਦਾਰੀ ਜ਼ਿੰਮੇਵਾਰੀ ਨੂੰ ਮਿਥਣ ਲਈ ਭਾਵੇਂ ਕਾਨੂੰਨ ਨਹੀਂ ਹੁੰਦੇ ਸਨ ਪਰ ਫਿਰ ਵੀ ਕਬੀਲੇ ਦੇ ਸਰਦਾਰ ਨੂੰ ਉਥੋਂ ਦੇ ਰਿਵਾਜ ਜਾਂ ਪ੍ਰਥਾ ਅਨੁਸਾਰ ਫ਼ੌਜਦਾਰੀ ਜ਼ਿੰਮੇਵਾਰੀ ਮਿਥਣ ਅਤੇ ਉਸ ਨੂੰ ਸਜ਼ਾ ਦੇਣ ਦਾ ਹੱਕ ਹੁੰਦਾ ਸੀ ਤੇ ਇਹ ਜ਼ਿੰਮੇਵਾਰੀ ਸਿੱਧੇ ਜਿਹੇ ਢੰਗ ਨਾਲ ਮਿਥ ਲਈ ਜਾਂਦੀ ਸੀ। ਜੇ ਅਪਰਾਧੀ ਨੇ ਕਿਸੇ ਵਿਅਕਤੀ ਦੀ ਜਾਨ ਲਈ ਹੁੰਦੀ ਸੀ ਤਾਂ ਅਪਰਾਧੀ ਨੂੰ ਵੀ ਮੌਤ ਦੀ ਸਜ਼ਾ ਮਿਲਦੀ ਸੀ ਅਤੇ ਜੇ ਅਪਰਾਧੀ ਨੇ ਕਿਸੇ ਦੀ ਬਾਂਹ ਵੱਢੀ ਹੁੰਦੀ ਤਾਂ ਅਪਰਾਧੀ ਦੀ ਵੀ ਬਾਂਹ ਵੱਢ ਦਿੱਤੀ ਜਾਂਦੀ ਸੀ। ਇਸ ਦੰਡ ਵਿਰੁੱਧ ਕੋਈ ਅਪੀਲ ਜਾਂ ਕੋਈ ਹੋਰ ਚਾਰਾ-ਜੋਈ ਨਹੀਂ ਹੁੰਦੀ ਸੀ ਪਰ ਅੱਜ ਦੇ ਸਭਿਅ ਸਮਾਜ ਵਿਚ ਕਾਨੂੰਨ ਵਿਚ ਬਹੁਤ ਲਚਕੀਲਾਪਣ ਹੈ ਜਿਸ ਕਾਰਨ ਦਿਨੋ ਦਿਨ ਅਪਰਾਧਾਂ ਵਿਚ ਵਾਧਾ ਹੋ ਰਿਹਾ ਹੈ ਤੇ ਕਾਨੂੰਨ ਆਪਣੀ ਜ਼ਿੰਮੇਵਾਰੀ ਨਿਭਾਉਣ ਵਿਚ ਪੂਰਾ ਨਹੀਂ ਉਤਰ ਰਿਹਾ।

ਭਾਵੇਂ ਕਾਨੂੰਨ ਦੀ ਉਲੰਘਣਾ ਕਰਨ ਵਾਲੇ ਦੀਆਂ ਦੋ ਤਰ੍ਹਾਂ ਦੀਆਂ ਜ਼ਿੰਮੇਵਾਰੀਆਂ ਬਣਦੀਆਂ ਹਨ— ਅਰਥਾਤ ਦੀਵਾਨੀ ਅਤੇ ਫ਼ੌਜਦਾਰੀ ਪਰ ਫੌਜਦਾਰੀ ਜ਼ਿੰਮੇਵਾਰੀ ਮਿਥੇ ਜਾਣ ਤੇ ਗੰਭੀਰ ਸਿੱਟੇ ਨਿਕਲਦੇ ਹਨ ਤੇ ਆਦਮੀ ਆਪਣੀ ਜਾਨ ਤੋਂ ਵੀ ਹੱਥ ਧੋ ਸਕਦਾ ਹੈ। ਇਹ ਜ਼ਿੰਮੇਵਾਰੀ ਇਕ ਤਰ੍ਹਾਂ ਦੀ ਦੂਜਿਆਂ ਲਈ ਤਾੜਨਾ ਹੁੰਦੀ ਹੈ ਕਿ ਜੇ ਕੋਈ ਵਿਅਕਤੀ ਅਜਿਹਾ ਅਪਰਾਧ ਕਰਦਾ ਹੈ ਤਾਂ ਉਸ ਨੂੰ ਇਸ ਤਰ੍ਹਾਂ ਹੀ ਸਜ਼ਾ ਦਾ ਭਾਗੀ ਬਣਨਾ ਪਵੇਗਾ। ਇਹ ਗੱਲ ਸਮਾਜ ਵਿਚ ਰਹਿੰਦੇ ਵਿਅਕਤੀਆਂ ਨੂੰ ਜਿਥੇ ਆਪਣੇ ਫਰਜ਼ਾਂ ਸਬੰਧੀ ਚੇਤਨਤਾ ਦਿਵਾਉਂਦੀ ਹੈ ਉਥੇ ਉਨ੍ਹਾਂ ਵਿਚ ਇਹ ਵਿਸ਼ਵਾਸ ਵੀ ਪੈਦਾ ਕਰਦੀ ਹੈ ਕਿ ਉਨ੍ਹਾਂ ਦੇ ਹੱਕਾਂ ਦੀ ਰਾਖੀ ਕਾਨੂੰਨ ਕਰਦਾ ਹੈ। ਇਸ ਤਰ੍ਹਾਂ ਇਕ ਵਿਅਕਤੀ ਦੀ ਸਮਾਜ ਪ੍ਰਤੀ ਜ਼ਿੰਮੇਵਾਰੀ ਦਾ ਵੀ ਪਤਾ ਲਗਦਾ ਹੈ। ਹਰ ਵਿਅਕਤੀ ਨੂੰ ਗਿਆਨ ਹੋ ਜਾਂਦਾ ਹੈ ਕਿ ਕਿਹੜੀ ਗੱਲ ਕਰਨੀ ਮਾੜੀ ਹੈ ਤੇ ਕਿਹੜੀ ਚੰਗੀ।

ਅਪਰਾਧ ਕਰਨ ਵਾਲੇ ਲਈ ਸਜ਼ਾ ਦਾ ਮਿਆਰ ਜਾਂ ਅਪਰਾਧ ਦੀ ਜ਼ਿੰਮੇਵਾਰੀ ਕਈ ਗੱਲਾਂ ਤੇ ਨਿਰਭਰ ਕਰਦੀ ਹੈ। ਅਪਰਾਧੀ ਦੀ ਜ਼ਿੰਮੇਵਾਰੀ ਦਾ ਅੰਦਾਜ਼ਾ ਇਸ ਤਰ੍ਹਾਂ ਲਾਇਆ ਜਾਂਦਾ ਹੈ ਕਿ ਅਪਰਾਧੀ ਨੂੰ ਕਿਨ੍ਹਾਂ ਕਾਰਨਾਂ ਨੇ ਅਪਰਾਧ ਕਰਨ ਲਈ ਮਜਬੂਰ ਕੀਤਾ ਜਾਂ ਉਕਸਾਇਆ ਹੁੰਦਾ ਹੈ ਜਾਂ ਅਪਰਾਧ ਕਰਨ ਪਿੱਛੇ ਕੀ ਇਰਾਦਾ ਸੀ। ਇਸ ਅਨੁਸਾਰ ਹੀ ਦੰਡ ਦੀ ਜ਼ਿੰਮੇਵਾਰੀ ਥਾਪੀ ਜਾਂਦੀ ਹੈ ਕਿਉਂਕਿ ਅਪਰਾਧ ਕਰਨ ਪਿੱਛੇ ਦਿਮਾਗ ਦਾ ਹੋਣਾ ਫ਼ੌਜਦਾਰੀ ਜ਼ਿੰਮੇਵਾਰੀ ਨਿਸ਼ਚਿਤ ਕਰਨ ਵਾਸਤੇ ਬਹੁਤ ਹੀ ਮਹੱਤਤਾ ਰਖਦਾ ਹੈ। ਜ਼ਿੰਮੇਵਾਰੀ ਦੀ ਹੱਦ ਨਿਸ਼ਚਿਤ ਕਰਨ ਲਈ ਇਹ ਗੱਲ ਦਿਮਾਗ ਵਿਚ ਰਖਣੀ ਜ਼ਰੂਰੀ ਹੁੰਦੀ ਹੈ ਕਿ ਇਹ ਘਟਨਾ ਜਾਂ ਅਪਰਾਧ ਕਿਨ੍ਹਾਂ ਕਾਰਨਾਂ ਕਰ ਕੇ ਹੋਇਆ ਜਿਵੇਂ ਕੋਈ ਵਿਅਕਤੀ ਕਿਸੇ ਤੇ ਅਚਾਨਕ ਹਮਲਾ ਕਰ ਦਿੰਦਾ ਹੈ ਤਾਂ ਜਿਸ ਆਦਮੀ ਤੇ ਹਮਲਾ ਹੁੰਦਾ ਹੈ ਉਹ ਆਪਣੇ ਬਚਾਉ ਲਈ ਇਸ ਹੱਦ ਤਕ ਹਮਲਾ ਕਰਨ ਵਾਲੇ ਦਾ ਨੁਕਸਾਨ ਕਰ ਸਕਦਾ ਹੈ ਜੋ ਉਸ ਸਮੇਂ ਦੇ ਹਾਲਾਤ ਅਨੁਸਾਰ ਹੋਵੇ ਪਰ ਉਸ ਨੂੰ ਹੱਦ ਤੋਂ ਵੱਧ ਨੁਕਸਾਨ ਨਹੀਂ ਕਰਨਾ ਚਾਹੀਦਾ ਜਿਵੇਂ ਕਿ ਜੇ ਕੋਈ ਵਿਅਕਤੀ ਖਾਲੀ ਹੱਥ ਆ ਕੇ ਕਿਸੇ ਦੂਸਰੇ ਵਿਅਕਤੀ ਦੀ ਮਾਰ ਕੁਟਾਈ ਸ਼ੁਰੂ ਕਰ ਦਿੰਦਾ ਹੈ ਤਾਂ ਦੂਜੇ ਵਿਅਕਤੀ ਨੂੰ ਅੱਗੋਂ ਕਿਸੇ ਖ਼ਤਰਨਾਕ ਹਥਿਆਰ ਨਾਲ ਜਵਾਬ ਨਹੀਂ ਦੇਣਾ ਚਾਹੀਦਾ ਜਿਸ ਨਾਲ ਹਮਲਾ ਕਰਨ ਵਾਲੇ ਦੀ ਮੌਤ ਹੀ ਹੋ ਜਾਵੇ। ਜੇਕਰ ਕੋਈ ਵਿਅਕਤੀ ਇਸ ਤਰ੍ਹਾਂ ਕਰਦਾ ਹੈ ਤਾਂ ਦੋਸ਼ੀ ਹੈ ਕਿਉਂਕਿ ਕਾਨੂੰਨ ਉਸ ਨੂੰ ਹੱਦ ਤੋਂ ਵੱਧਣ ਦੀ ਆਗਿਆ ਨਹੀਂ ਦਿੰਦਾ। ਜਦੋਂ ਕਿਸੇ ਅਪਰਾਧ ਨੂੰ ਕਰਨ ਪਿੱਛੇ ਲਾਪਰਵਾਹੀ ਵਰਤੀ ਜਾਂਦੀ ਹੋਵੇ ਤਾਂ ਕਾਨੂੰਨ ਵੀ ਸਖ਼ਤੀ ਨਾਲ ਅਪਰਾਧ ਦੀ ਜ਼ਿੰਮੇਵਾਰੀ ਮਿਥਦਾ ਹੈ ਤੇ ਦੋਸ਼ੀ ਨੂੰ ਸਜ਼ਾ ਦਿੰਦਾ ਹੈ।

ਆਮ ਆਦਮੀ ਕਦੇ ਕਦੇ ਇਹ ਵੀ ਸੋਚ ਲੈਂਦਾ ਹੈ ਕਿ ਉਹ ਤਾਂ ਅਨਪੜ੍ਹ ਹੈ ਅਤੇ ਉਸ ਨੂੰ ਕਾਨੂੰਨ ਬਾਰੇ ਕੋਈ ਵਾਕਫ਼ੀਅਤ ਨਹੀਂ ਹੈ। ਇਸ ਲਈ ਉਸ ਦੀ ਕੋਈ ਜ਼ਿੰਮੇਵਾਰੀ ਨਹੀਂ ਬਣਦੀ ਪਰ ਉਸ ਆਦਮੀ ਦਾ ਇਹ ਬਹਾਨਾ ਨਿਰਮੂਲ ਤੇ ਬੇ-ਬੁਨਿਆਦ ਹੈ ਕਿਉਂਕਿ ਕਾਨੂੰਨ ਕਹਿੰਦਾ ਹੈ ਕਿ ਕਾਨੂੰਨ ਦੀ ਅਗਿਆਨਤਾ ਉਸ ਨੂੰ ਸਜ਼ਾ ਤੋਂ ਬਚਾਅ ਨਹੀਂ ਸਕਦੀ ਤੇ ਉਹ ਇਹ ਗੱਲ ਕਹਿ ਕੇ ਦੰਡ ਤੋਂ ਬਚ ਨਹੀਂ ਸਕਦਾ। ਕਾਨੂੰਨ ਤਾਂ ਇਹ ਕਹਿੰਦਾ ਹੈ ਕਿ ਮਨੁੱਖ ਭਾਵੇਂ ਅਨਪੜ੍ਹ ਹੈ ਜਾਂ ਉਸ ਨੂੰ ਕਾਨੂੰਨ ਦੀ ਵਾਕਫ਼ੀਅਤ ਹੈ ਜਾਂ ਨਹੀਂ ਪਰ ਉਸ ਨੂੰ ਕਾਨੂੰਨ ਦੀ ਉਲਘੰਣਾ ਕਰਨ ਦੇ ਸਿੱਟੇ ਬਾਰੇ ਜ਼ਰੂਰ ਪਤਾ ਹੋਣਾ ਚਾਹੀਦਾ ਹੈ।

ਜੇਕਰ 7 ਸਾਲ ਤੋਂ ਘੱਟ ਉਮਰ ਦਾ ਕੋਈ ਵਿਅਕਤੀ ਕੋਈ ਅਪਰਾਧ ਕਰਦਾ ਹੈ ਤਾਂ ਉਸ ਨੂੰ ਕਾਨੂੰਨ ਦੀਆਂ ਨਜ਼ਰਾਂ ਵਿਚ ਮਾਸੂਮ ਸਮਝਿਆ ਜਾਂਦਾ ਹੈ। 7 ਸਾਲ ਤੋਂ 12 ਸਾਲ ਦੀ ਉਮਰ ਦੇ ਬੱਚੇ ਦੀ ਜ਼ਿੰਮੇਵਾਰੀ ਮਿਥਣ ਲਈ ਇਹ ਵੇਖਿਆ ਜਾਂਦਾ ਹੈ ਕਿ ਕੀ ਬੱਚਾ ਅਪਰਾਧ ਸਬੰਧੀ ਪੂਰੀ ਸਮਝ ਰਖਦਾ ਸੀ ਜਾਂ ਨਹੀਂ। ਇਸੇ ਤਰ੍ਹਾਂ ਹੀ ਜੇ ਕੋਈ ਵਿਅਕਤੀ ਦਿਮਾਗੀ ਤੌਰ ਤੇ ਤੰਦਰੁਸਤ ਨਾ ਹੋਵੇ ਤਾਂ ਉਸ ਦੁਆਰਾ ਕੀਤੇ ਅਪਰਾਧ ਨੂੰ ਅਪਰਾਧ ਨਹੀਂ ਸਮਝਿਆ ਜਾਂਦਾ ਤੇ ਉਸ ਲਈ ਦੰਡ ਦੇਣ ਸਬੰਧੀ ਇਹ ਕਿਹਾ ਜਾਂਦਾ ਹੈ ਕਿ ਅਪਰਾਧ ਉਸ ਨੇ ਜਾਣ ਬੁੱਝ ਕੇ ਨਹੀਂ ਕੀਤਾ ਸਗੋਂ ਬੇਸਮਝੀ ਕਾਰਨ ਅਪਰਾਧ ਹੋਇਆ ਹੈ। ਇਸੇ ਤਰ੍ਹਾਂ ਜੇ ਕੋਈ ਵਿਅਕਤੀ ਨਸ਼ੇ ਦੀ ਹਾਲਤ ਵਿਚ ਕੋਈ ਅਪਰਾਧ ਕਰਦਾ ਹੈ ਅਤੇ ਅਪਰਾਧ ਕਰਨ ਸਮੇਂ ਨਸ਼ੇ ਕਾਰਨ ਉਸ ਦੇ ਦਿਮਾਗ ਦੀ ਸਥਿਤੀ ਇੰਨੀ ਵਿਗੜੀ ਹੁੰਦੀ ਹੈ ਕਿ ਉਸ ਨੂੰ ਗਲਤ ਜਾਂ ਠੀਕ ਕੰਮ ਦਾ ਕੋਈ ਗਿਆਨ ਨਹੀਂ ਹੁੰਦਾ ਤਾਂ ਵੀ ਕਾਨੂੰਨ ਉਸ ਪ੍ਰਤੀ ਇਹ ਕਿਆਸ ਕਰਦਾ ਹੈ ਕਿ ਉਹ ਬੇਕਸੂਰ ਹੈ।

ਜੇ ਕੋਈ ਵਿਅਕਤੀ ਦੂਜੇ ਦੇ ਭਲੇ ਲਈ ਕੋਈ ਕੰਮ ਕਰ ਰਿਹਾ ਹੋਵੇ ਤਾਂ ਉਸ ਤੋਂ ਕੋਈ ਅਚਾਨਕ ਅਪਰਾਧ ਹੋ ਜਾਵੇ ਤਾਂ ਉਸ ਨੂੰ ਵੀ ਬੇਕਸੂਰ ਹੀ ਸਮਝਿਆ ਜਾਂਦਾ ਹੈ। ਜਿਵੇਂ ਕਿ ਡਾਕਟਰ ਵੱਲੋਂ ਮਰੀਜ਼ਾਂ ਦਾ ਇਲਾਜ ਕਰਨ ਸਬੰਧੀ ਕੋਈ ਅਪਰਾਧ ਹੋ ਜਾਵੇ ਤਾਂ ਵੀ ਡਾਕਟਰ ਸਬੰਧੀ ਫ਼ੌਜਦਾਰੀ ਜ਼ਿੰਮੇਵਾਰੀ ਨਹੀਂ ਮਿਥੀ ਜਾਂਦੀ।

ਜੇ ਕੋਈ ਵਿਅਕਤੀ ਕਿਸੇ ਨੂੰ ਕੋਈ ਅਪਰਾਧ ਕਰਨ ਲਈ ਉਕਸਾਉਂਦਾ ਹੈ ਤਾਂ ਉਸ ਦੀ ਵੀ ਉੱਨੀ ਹੀ ਫ਼ੌਜਦਾਰੀ ਜ਼ਿੰਮਵਾਰੀ ਬਣਦੀ ਹੈ ਜਿੰਨੀ ਕਿ ਅਪਰਾਧ ਕਰਨ ਵਾਲੇ ਦੀ ਬਣਦੀ ਹੈ।

ਕੁਝ ਸਮੇਂ ਤੋਂ ਕਾਨੂੰਨ ਦੇ ਖ਼ੇਤਰ ਵਿਚ ਕੁਝ ਸੁਧਾਰਵਾਦੀ ਕਦਮ ਵੀ ਉਠਾਏ ਗਏ ਹਨ ਜਿਨ੍ਹਾਂ ਦਾ ਉਦੇਸ਼ ਇਹ ਹੈ ਕਿ ਅਪਰਾਧ ਨੂੰ ਸਖ਼ਤੀ ਨਾਲ ਨਹੀਂ ਦਬਾਇਆ ਜਾ ਸਕਦਾ। ਇਸ ਲਈ ਅਪਰਾਧੀ ਨੂੰ ਸੁਧਾਰਨ ਲਈ ਦੰਡ ਦਾਇਤਵ ਇਸ ਤਰ੍ਹਾਂ ਮਿਥਿਆ ਜਾਣ ਲਗ ਪਿਆ ਹੈ। 18 ਸਾਲ ਤੋਂ ਘੱਟ ਉਮਰ ਦੇ ਅਪਰਾਧੀ ਅਤੇ ਪਹਿਲੀ ਵਾਰ ਦੋਸ਼ ਕਰਨ ਵਾਲੇ ਵਿਅਕਤੀ ਨੂੰ ਘੱਟ ਸਜ਼ਾਵਾਂ ਵਾਲੇ ਅਪਰਾਧਾਂ ਦੀ ਸੂਰਤ ਵਿਚ ਨੇਕ ਚਲਨ ਜ਼ਮਾਨਤ ਤੇ ਵੀ ਛੱਡ ਦਿੱਤਾ ਜਾਂਦਾ ਹੈ ਤਾਂ ਕਿ ਅਪਰਾਧੀ ਜੇਲ੍ਹ ਵਿਚ ਖ਼ਤਰਨਾਕ ਅਪਰਾਧੀਆਂ ਦੀ ਸੰਗਤ ਤੋਂ ਬਚ ਸਕੇ ਤੇ ਸਮਾਜ ਦਾ ਇਕ ਚੰਗਾ ਅੰਗ ਬਣ ਸਕੇ। ਇਸ ਤਰ੍ਹਾਂ ਸੁਧਾਰਵਾਦੀ ਪੱਖ ਨੂੰ ਅੱਜਕੱਲ੍ਹ ਜ਼ਿਆਦਾ ਮਹੱਤਤਾ ਦਿੱਤੀ ਜਾ ਰਹੀ ਹੈ।

—ਕਪੂਰ ਸਿੰਘ ਚੀਮਾ

ਦੰਡਨਾਇਕ : ਇਹ ਇਕ ਅਹੁਦਾ ਸੀ ਜਿਹੜਾ ਪ੍ਰਾਚੀਨ ਭਾਰਤੀ ਰਾਜ ਵਿਚ ਇਕ ਅਧਿਕਾਰੀ ਨੂੰ ਦਿੱਤਾ ਜਾਂਦਾ ਸੀ। ਆਮ ਤੌਰ ਤੇ ਇਸ ਪਦਵੀ ਦਾ ਪ੍ਰਯੋਗ ਕਿਸੇ ਸੈਨਾ ਅਧਿਕਾਰੀ ਲਈ ਕੀਤਾ ਜਾਂਦਾ ਸੀ ਪਰ ਇਹ ਜ਼ਰੂਰੀ ਨਹੀਂ ਸੀ ਕਿ ਦੰਡਨਾਇਕ ਕੋਈ ਸੈਨਿਕ ਅਧਿਕਾਰੀ ਹੋਵੇ। ਇਸ ਅਹੁਦੇ ਦਾ ਪ੍ਰਯੋਗ ਆਧੁਨਿਕ ਮੈਜਿਸਟ੍ਰੇਟ ਜਾਂ ਮੱਧਕਾਲੀਨ ਫ਼ੌਜਦਾਰ ਵਰਗੇ ਅਧਿਕਾਰੀਆਂ ਲਈ ਵੀ ਕਦੇ ਕਦੇ ਕੀਤਾ ਜਾਂਦਾ ਸੀ। ਕਦੇ ਕਦੇ ਦੰਡਨਾਇਕ ਦੇ ਕਾਰਜ ਖੇਤਰ ਵਿਚ ਕੁਝ ਪਿੰਡਾਂ ਦੇ ਸਮੂਹ ਦੀ ਰੱਖਿਆ ਦਾ ਕਾਰਜ ਵੀ ਸ਼ਾਮਲ ਹੁੰਦਾ ਸੀ। ਪ੍ਰਾਚੀਨ ਭਾਰਤੀ ਅਭਿਲੇਖਾਂ ਵਿਚ ਅਕਸਰ ਦੰਡਨਾਇਕਾਂ ਦਾ ਵਰਣਨ ਮਿਲਦਾ ਹੈ। ਫਿਰ ਵੀ ਉਨ੍ਹਾਂ ਦੇ ਕੰਮਾਂ ਦਾ ਕੋਈ ਨਿਸ਼ਚਿਤ ਸਰੂਪ ਦਸਣਾ ਮੁਸ਼ਕਲ ਹੈ। ਅਧਿਕਾਰੀ ਦੀ ਵਿਆਪਕਤਾ ਜਾਂ ਵੱਡੀਆਂ ਵੱਡੀਆਂ ਫ਼ੌਜਾਂ ਦੇ ਬੰਦੋਬਸਤ ਦੇ ਕਾਰਨ ਸਾਧਾਰਣ ਦੰਡਨਾਇਕਾਂ ਨਾਲੋਂ ਵੱਡੇ ਅਧਿਕਾਰੀ ਵੀ ਹੁੰਦੇ ਸਨ ਜਿਨ੍ਹਾਂ ਨੂੰ ਮਹਾ ਦੰਡਨਾਇਕ, ਮਹਾਪ੍ਰਚੰਡ ਦੰਡਨਾਇਕ ਜਾਂ ਸਰਵ ਦੰਡਨਾਇਕ ਕਿਹਾ ਜਾਂਦਾ ਸੀ।

ਹ. ਪੁ.- ਹਿੰ. ਵਿ. ਕੋ. 5 : 483

ਦੰਡਪਾਣੀ : ਦੰਡਪਾਣੀ ਨਾਂ ਕਈ ਵੱਖ ਵੱਖ ਸ਼ਖ਼ਸੀਅਤਾਂ ਲਈ ਵਰਤਿਆ ਜਾਂਦਾ ਹੈ ਪਰ ਇਸ ਸ਼ਬਦ ਦੀ ਵਧੇਰੇ ਵਰਤੋਂ ਕਾਸ਼ੀ ਵਿਖੇ ਸਥਿਤ ਸ਼ਿਵ ਦੇ ਇਕ ਗਣਵਿਸ਼ੇਸ਼ ਲਈ ਕੀਤੀ ਜਾਂਦੀ ਹੈ। ਪਦਮ ਪੁਰਾਣ ਅਨੁਸਾਰ ਇਹ ਪੂਰਣ ਭਦਰ ਨਾਮੀ ਯਕਸ਼ ਦਾ ਪੁੱਤਰ ਅਤੇ ਸ਼ਿਵ ਦਾ ਪਰਮ ਭਗਤ ਸੀ। ਇਸ ਦਾ ਅਸਲ ਨਾਂ ਹਰਿਕੇਸ਼ ਸੀ। ਅੱਠ ਸਾਲ ਦੀ ਉਮਰ ਵਿਚ ਹੀ ਇਹ ਸ਼ਿਵ ਦੀ ਭਗਤੀ ਵਿਚ ਲੀਨ ਹੋ ਗਿਆ। ਸ਼ਿਵ ਦੀ ਕਿਰਪਾ ਨਾਲ ਇਹ ਕਾਸ਼ੀ ਦਾ ਦੰਡਨਾਇਕ ਬਣਿਆ। ਦੁਸ਼ਟਾਂ ਨੂੰ ਸਜ਼ਾ ਦੇਣ ਲਈ ਇਸ ਦੇ ਹੱਥ ਵਿਚ ਡੰਡਾ ਹੋਣ ਕਾਰਨ ਇਸ ਨੂੰ 'ਦੰਡਪਾਣੀ' ਕਿਹਾ ਜਾਣ ਲਗਾ। ਵਾਰਾਣਸੀ ਵਿਖੇ ਕਾਲ ਭੈਰੋਂ ਨਾਂ ਤੇ ਇਸ ਦੀ ਇਕ ਮੂਰਤੀ ਅਤੇ ਮੰਦਰ ਹਨ। ਕਈ ਲੋਕਾਂ ਦਾ ਇਹ ਵਿਸ਼ਵਾਸ ਹੈ ਕਿ ਇਸ ਦੀ ਕਿਰਪਾ ਬਿਨਾਂ ਕਾਸ਼ੀ ਵਿਖੇ ਰਹਿਣਾ ਮੁਸ਼ਕਿਲ ਹੈ। ਇਸ ਨੂੰ ਬਹੁਤ ਸ਼ਕਤੀਸ਼ਾਲੀ ਦੇਵਤਾ ਮੰਨਿਆ ਜਾਂਦਾ ਹੈ। ਵਾਰਾਣਸੀ ਵਿਖੇ ਵਿਸ਼ਵੇਸ਼ਵ ਗੰਜ ਕੋਲ ਸਥਿਤ ਇਸ ਦੇ ਮੰਦਰ ਦੇ ਨਾਲ ਦੀ ਬਸਤੀ ਨੂੰ ਵੀ 'ਦੰਡਪਾਣੀ' ਕਿਹਾ ਜਾਂਦਾ ਹੈ।

ਦੰਡਪਾਣੀ ਨਾਮੀ ਇਕ ਚੰਦਰਬੰਸੀ ਰਾਜੇ ਦਾ ਵੀ ਪੁਰਾਣਾਂ ਵਿਚ ਉਲ੍ਹੇਖ ਮਿਲਦਾ ਹੈ। ਗੌਤਮ ਬੁੱਧ ਦੇ ਇਕ ਮਾਮੇ ਦਾ ਨਾਂ ਵੀ ਦੰਡਪਾਣੀ ਸੀ।

ਹ. ਪੁ.- ਹਿੰ. ਵਿ. ਕੋ. 5 :483 ; ਹਿੰ. ਸਾ. ਕੋ. 2 : 275

ਦੰਡੀ : ਇਹ ਇਕ ਸੰਸਕ੍ਰਿਤ ਆਚਾਰੀਆ ਹੋਇਆ ਹੈ। ਇਸ ਦਾ ਜਨਮ ਕਦੋਂ ਹੋਇਆ ਅਤੇ ਇਸ ਦੀਆਂ ਰਚਨਾਵਾਂ ਕਿਹੜੀਆਂ ਹਨ, ਬਾਰੇ ਹਾਲੇ ਵੀ ਵਿਦਵਾਨਾਂ ਵਿਚ ਮਤਭੇਦ ਹੈ। ਦੱਖਣੀ ਭਾਰਤ ਵਿਚ ਉਪਲੱਬਧ, ਅਵੰਤੀ-ਸੁੰਦਰੀ ਕਥਾ ਅਤੇ ਅਵੰਤੀ-ਸੁੰਦਰੀ ਕਥਾਸਾਰ ਗ੍ਰੰਥਾਂ ਦੇ ਆਧਾਰ ਤੇ ਇਸ ਦੇ ਜੀਵਨ ਬਾਰੇ ਸਿਰਫ਼ ਇੰਨਾ ਪਤਾ ਲੱਗਾ ਹੈ ਕਿ ਇਹ ਦਾਮੋਦਰ ਪੰਡਿਤ ਦਾ ਪੜਪੋਤਰਾ ਸੀ ਅਤੇ ਪੰਡਿਤ ਭਾਰਵੀ ਦਾ ਮਿੱਤਰ ਸੀ। ਆਪਣੇ ਇਸ ਮਿੱਤਰ ਦੀ ਮਦਦ ਨਾਲ ਇਹ ਚਾਲੂਕੀਆਵੰਸ਼ੀ ਰਾਜੇ ਵਿਸ਼ਨੂਵਰਧਨ ਦੇ ਕੋਲ ਪੁਜਿਆ। ਭਰਵੀ ਦੀ ਚੌਥੀ ਪੀੜ੍ਹੀ ਵਿਚ ਇਸ ਦਾ ਜਨਮ ਹੋਇਆ ਅਤੇ ਕਾਂਚੀ ਦੇ ਰਾਜੇ ਦੇ ਸਹਾਰੇ ਇਸ ਦਾ ਜੀਵਨ ਬਤੀਤ ਹੋਇਆ। ਕੰਨੜ ਭਾਸ਼ਾ ਦੇ ਅਲੰਕਾਰ ਗ੍ਰੰਥ ਕਵੀ ਰਾਜ ਮਾਰਗ (ਲ. 815 ਈ.) ਉੱਤੇ ਦੰਡੀ ਦੇ ਕਾਵਯਾਦਰਸ਼ ਦਾ ਪ੍ਰਭਾਵ ਵੇਖ ਕੇ ਅਤੇ ਸਿਹਲੀ ਦੇ ਅਲੰਕਾਰ ਗ੍ਰੰਥ 'ਸੀਯ-ਬਸ-ਲਕਰ' (846-866 ਈ.) ਨੂੰ ਕਾਵਿ ਆਦਰਸ਼ ਦੇ ਆਧਾਰ ਤੇ ਸਿਰਜਿਆ ਸਮਝ ਕੇ ਇਹ ਨਿਸ਼ਚਾ ਕੀਤਾ ਜਾਂਦਾ ਹੈ ਕਿ ਦੰਡੀ ਦਾ ਸਮਾਂ ਨੌਵੀਂ ਸਦੀ ਤੋਂ ਪਹਿਲਾਂ ਦਾ ਹੈ। ਇਸੇ ਤਰ੍ਹਾਂ ਲਕਸ਼ਮ ਲਕਸ਼ਮੀ ਤਨੋਤੀਤਿ ਪ੍ਰਸੰਗ ਦੇ ਕਾਲੀਦਾਸ ਦੇ ਇਕ ਪ੍ਰਸਿੱਧ ਪਦ-ਅੰਸ਼ ਤੇ ਆਸ਼ਰਿਤ ਹੋਣ ਤੋਂ ਦੰਡੀ ਦਾ ਸਮਾਂ ਕਾਲੀਦਾਸ ਤੋਂ ਮਗਰੋਂ ਦਾ ਮੰਨਿਆ ਜਾਂਦਾ ਹੈ। ਪ੍ਰੋ. ਪਾਠਕ ਅਨੁਸਾਰ ਕਾਵਿ-ਆਦਰਸ਼ਾਂ ਦੀ ਰਚਨਾ ਭਰਥਰੀ ਹਰੀ (650 ਈ.) ਤੇ ਆਧਾਰਿਤ ਹੋਣ ਕਰ ਕੇ ਇਹ ਰਚਨਾ 650 ਈ. ਤੋਂ ਮਗਰੋਂ ਦੀ ਹੈ ਪਰ ਕੁਝ ਵਿਦਵਾਨ ਦੰਡੀ ਨੂੰ ਸੁਬੰਧ ਤੋਂ ਪਹਿਲਾਂ ਅਤੇ ਕੁਝ ਇਸ ਨੂੰ ਬਾਣਭੱਟ ਤੋਂ ਪਹਿਲਾਂ ਹੋਇਆ ਮੰਨਦੇ ਹਨ। ਕੁਝ ਹੋਰ ਵਿਦਵਾਨਾਂ ਅਨੁਸਾਰ ਸੁਬੰਧ, ਦੰਡੀ ਅਤੇ ਬਾਣ ਤਿੰਨੋ ਹੀ 550 ਈ. ਅਤੇ 650 ਈ. ਵਿਚਾਲੇ ਪੈਦਾ ਹੋਏ ਸਨ। ਇਨ੍ਹਾਂ ਵਿਦਵਾਨਾਂ ਅਨੁਸਾਰ ਅਵੰਤੀ-ਸੁੰਦਰੀ ਕਥਾ ਜਾਂ ਕਥਾਸਾਰ ਦੰਡੀ ਦੀਆਂ ਰਚਨਾਵਾਂ ਨਹੀਂ ਹਨ।

ਕੁਝ ਵਿਦਵਾਨਾਂ ਦਾ ਇਹ ਮਤ ਵੀ ਹੈ ਕਿ ਕਾਵਯਾਦਰਸ਼ ਅਤੇ ਦਸ਼ਕੁਮਾਰ ਚਰਿਤ ਦੰਡੀ ਨਾਂ ਦੇ ਦੋ ਵਖਰੇ ਵਖਰੇ ਵਿਦਵਾਨਾਂ ਦੀਆਂ ਰਚਨਾਵਾਂ ਹਨ। ਇਸ ਦਾ ਇਕ ਪ੍ਰਮੁੱਖ ਕਾਰਨ ਇਹ ਹੈ ਕਿ ਕਾਵਯਾਦਰਸ਼ ਵਿਚ ਜੋ ਸਿਧਾਂਤ ਵਰਣਨ ਕੀਤੇ ਗਏ ਹਨ, ਦਸ਼ਕੁਮਾਰ ਚਰਿਤ ਵਿਚ ਉਨ੍ਹਾਂ ਦਾ ਵਿਰੋਧ ਮਿਲਦਾ ਹੈ। ਇਸ ਲਈ ਆਚਾਰੀਆ ਅਤੇ ਕਾਵਿਕਾਰ ਦੇ ਸਿਧਾਂਤ ਤੇ ਵਿਹਾਰ ਵਿਚ ਅਸੰਗਤੀ ਇਕ ਨਹੀਂ ਸਗੋਂ ਦੋ ਵਖਰੇ ਰਚਨਾਕਾਰਾਂ ਵੱਲੋਂ ਸੰਕੇਤ ਕਰਦੀ ਹੈ ਪਰ ਬਹੁਤ ਸਾਰੇ ਵਿਦਵਾਨਾਂ ਅਨੁਸਾਰ ਇਸ ਅਸੰਗਤੀ ਦਾ ਕਾਰਨ ਇਹ ਮੰਨ ਲਿਆ ਗਿਆ ਹੈ ਕਿ ਆਪਣੇ ਸਾਹਿਤਕ ਜੀਵਨ ਦੇ ਆਰੰਭਕ ਕਾਲ ਵਿਚ ਇਸ ਨੇ ਦਸ਼ਕੁਮਾਰ ਚਰਿਤ ਦੀ ਰਚਨਾ ਕੀਤੀ ਸੀ ਜਦੋਂ ਕਿ ਕਾਵਯਾਦਰਸ਼ ਉਸ ਪ੍ਰੌੜ੍ਹ ਅਵਸਥਾ ਦੀ ਰਚਨਾ ਹੈ ਜਦੋਂ ਦੰਡੀ ਦਾ ਸ਼ਾਸਤਰ ਗਿਆਨ ਪਰਿਪਕ ਹੋ ਚੁੱਕਾ ਸੀ। ਕੁਝ ਵਿਦਵਾਨ ਸੁਦ੍ਰਕ ਰਚਿਤ ਕਿਹਾ ਜਾਣ ਵਾਲਾ ਗ੍ਰੰਥ ਮ੍ਰਿਛਕਟਿਕ ਵੀ ਦੰਡੀ ਦੀ ਹੀ ਰਚਨਾ ਮੰਨਦੇ ਹਨ। ਇਸ ਦਾ ਇਕ ਆਧਾਰ 'ਕਾਵਿ ਆਦਰਸ਼' ਵਿਚ ਬਿਨਾਂ ਕਿਸੇ ਨਾਂ ਦੇ ਮ੍ਰਿਛਕਟਿਕ ਦੀ ਇਕ ਪੰਕਤੀ ਦਾ ਪ੍ਰਸੰਗ ਹੈ। ਦੂਸਰਾ ਕਾਰਨ ਇਹ ਹੈ ਕਿ ਮ੍ਰਿਛਕਟਿਕ ਤੇ ਦਸ਼ਕੁਮਾਰ ਚਰਿਤ ਵਿਚ ਇਕਸੁਰਤਾ ਹੈ। 'ਮੈੱਲਿਕਾਮਾਰੁਤ' ਨੂੰ ਕਦੇ ਕਦੇ ਦੰਡੀ ਦੀ ਰਚਨਾ ਮੰਨਿਆ ਜਾਂਦਾ ਹੈ ਪਰ ਇਹ 15ਵੀਂ ਸਦੀ ਦੇ ਉਦੰਡ ਰੰਗਨਾਥ ਦੀ ਰਚਨਾ ਹੈ। ਅਵੰਤੀ-ਸੁੰਦਰੀ ਕਥਾ ਜੋ ਅਪੂਰਣ ਗੱਦ-ਕਾਵਿ ਹੈ, ਨੂੰ ਹੁਣ ਬਹੁਤ ਸਾਰੇ ਵਿਦਵਾਨ 'ਦਸ਼ਕੁਮਾਰ ਚਰਿਤ' ਦੀਆਂ ਕਥਾਵਾਂ ਨਾਲ ਮੇਲ ਖਾਣ ਤੇ ਦੰਡੀ ਦੀ ਰਚਨਾ ਮੰਨਣ ਲਗ ਪਏ ਹਨ ਪਰ ਦੋਹਾਂ ਦੀ ਸ਼ੈਲੀਗਤ ਵਿਭਿੰਨਤਾ ਵੇਖ ਕੇ ਕੁਝ ਵਿਦਵਾਨਾਂ ਨੂੰ ਇਨ੍ਹਾਂ ਦੋਹਾਂ ਗ੍ਰੰਥਾਂ ਦਾ ਕਰਤਾ ਦੰਡੀ ਹੋਣ ਬਾਰੇ ਸ਼ੱਕ ਹੈ। ਕੁਝ ਹੋਰ ਵਿਦਵਾਨ ਦਸ਼ਕੁਮਾਰ ਚਰਿਤ ਨੂੰ ਯੁਵਾ ਅਵਸਥਾ ਦੀ ਰਚਨਾ ਅਤੇ 'ਅਵੰਤੀ-ਸੁੰਦਰੀ' ਕਥਾ ਨੂੰ ਪ੍ਰੌੜ੍ਹ ਅਵਸਥਾ ਦੀ ਰਚਨਾ ਮੰਨ ਕੇ ਇਨ੍ਹਾਂ ਦੋਹਾਂ ਦਾ ਕਰਤਾ ਦੰਡੀ ਨੂੰ ਹੀ ਮੰਨਦੇ ਹਨ। ਕੁਝ ਵਿਦਵਾਨ 'ਅਵੰਤੀ-ਸੁੰਦਰੀ' ਕਥਾ ਨੂੰ ਦਸ਼ਮਕੁਮਾਰ ਚਰਿਤ ਦੀ ਖੋਹੀ ਹੋਈ ਪੂਰਵ ਪੀਠਿਕਾ ਮੰਨਣ ਲੱਗ ਪਏ ਹਨ। ਕਾਵਯਾਦਰਸ ਦੰਡੀ ਦੀ ਇਕ ਅਜਿਹੀ ਰਚਨਾ ਹੈ ਜਿਹੜੀ ਕਾਵਿ-ਸ਼ਾਸਤਰ ਦੇ ਖੇਤਰ ਵਿਚ ਵਿਸ਼ੇਸ਼ ਮਹੱਤਵ ਰਖਦੀ ਹੈ। ਇਨ੍ਹਾਂ ਰਚਨਾਵਾਂ ਦੇ ਆਧਾਰ ਤੇ ਅਸੀਂ ਦੰਡੀ ਨੂੰ ਇਕ ਉੱਤਮ ਕਾਵਿਕਾਰ ਅਤੇ ਉੱਚਕੋਟੀ ਦਾ ਅਲੰਕਾਰ ਸ਼ਾਸਤਰੀ ਕਹਿ ਸਕਦੇ ਹਾਂ।

ਹ. ਪੁ. -ਹਿੰ. ਵਿ. ਕੋ. 5 :485

ਦੰਡੀ : ਇਹ ਇਕ ਵਿਸ਼ੇਸ਼ ਤਰ੍ਹਾਂ ਦੇ ਸੰਨਿਆਸੀ ਹੁੰਦੇ ਹਨ ਜੋ ਹੱਥ ਵਿਚ ਦੰਡ (ਡੰਡਾ) ਰਖਦੇ ਹਨ। ਮਨੂ ਸਿਮ੍ਰਿਤੀ ਵਰਗੇ ਗ੍ਰੰਥਾਂ ਵਿਚ ਦੰਡੀਆਂ ਦੇ ਲੱਛਣ ਅਤੇ ਉਨ੍ਹਾਂ ਦੀ ਤਪੱਸਿਆ ਦੇ ਨਿਯਮ ਦਿੱਤੇ ਗਏ ਹਨ। ਬਾਕੀ ਤਿੰਨੇ ਆਸ਼ਰਮਾਂ ਦੇ ਲੋਕ ਵੀ ਭਾਵੇਂ ਸੰਨਿਆਸ ਲੈ ਸਕਦੇ ਸਨ ਪਰ ਸਿਰਫ਼ ਬ੍ਰਾਹਮਣ ਹੀ ਦੰਡੀ ਸੰਨਿਆਸੀ

ਹੋ ਸਕਦਾ ਸੀ ਅਤੇ ਉਸ ਨੂੰ ਵੀ ਮਾਤਾ, ਪਿਤਾ ਅਤੇ ਪਤਨੀ ਦੇ ਨਾ ਹੋਣ ਦੇ ਹੀ ਦੰਡੀ ਹੋਣ ਦੀ ਆਗਿਆ ਸੀ। ਸੰਨਿਆਸ ਦਾ ਉਦੇਸ਼ ਮੁਕਤੀ ਪ੍ਰਾਪਤੀ ਹੈ ਅਤੇ ਅਧਿਆਤਮਕ ਮੁਕਤੀ ਲਈ ਸੰਸਾਰਕ ਮੁਕਤੀ ਜ਼ਰੂਰੀ ਹੈ। ਦੰਡੀ ਲਈ ਬਹੁਤ ਕਠੋਰ ਲੱਛਣ ਬਣਾਏ ਗਏ ਹਨ ਜਿਵੇਂ ਸ਼ਾਕਾਹਾਰੀ ਭੋਜਨ, ਕਿਸੇ ਵੀ ਚੀਜ਼ ਦੀ ਇੱਛਾ ਨਾ ਹੋਣਾ, ਗੁੱਸਾ ਨਾ ਕਰਨਾ, ਮੌਤ ਤੋਂ ਨਾ ਡਰਨਾ, ਦੁੱਖ ਸੁੱਖ ਵਿਚ ਇਕੋ ਹੀ ਭਾਵ ਹੋਣਾ, ਘਰ ਦਾ ਤਿਆਗ ਕਰਨਾ, ਬਸਤੀਆਂ ਵਿਚ ਸਿਰਫ਼ ਭਿਖ਼ਸ਼ਾ ਲਈ ਹੀ ਜਾਣਾ, ਸੰਸਾਰਿਕ ਮਾਮਲਿਆਂ ਤੋਂ ਦੂਰ ਰਹਿਣਾ ਆਦਿ। ਮਹਾਭਾਰਤ ਅਨੁਸਾਰ ਦੰਡੀ ਦੇ ਇਹ ਲੱਛਣ ਸਨ— ਦੰਡ ਭੋਗਣਾ, ਸਿਰ ਦੇ ਵਾਲ ਮੁੰਡਾਏ ਰੱਖਣਾ, ਕੁਸ਼ਾਆਸਣ ਦੀ ਵਰਤੋਂ, ਮੇਖਲਾ ਪਾਉਣਾ ਆਦਿ। ਇਸ ਤਰ੍ਹਾਂ ਨਿਯਮਾਂ ਦੀ ਪਾਲਣਾ ਕਰਦੇ ਹੋਏ 12 ਸਾਲ ਖ਼ਤਮ ਹੋਣ ਤੇ ਦੰਡੀ ਆਪਣੀ ਦੰਡ (ਡੰਡਾ) ਸੁੱਟ ਕੇ ਪਰਮਹੰਸ ਹੋ ਜਾਂਦਾ ਸੀ। ਬ੍ਰਾਹਮਣ ਵਰਗ ਵਿਚੋਂ ਹੋਣ ਕਾਰਨ ਦੰਡੀ ਸੰਨਿਆਸੀ ਆਮ ਤੌਰ ਤੇ ਵੱਡੇ ਵਿਦਵਾਨ ਹੁੰਦੇ ਸਨ ਅਤੇ ਕਦੇ ਕਦੇ ਲੋਕ ਇਨ੍ਹਾਂ ਕੋਲ ਪੜ੍ਹਨ ਲਈ ਆਉਂਦੇ ਸਨ। ਬਾਅਦ ਵਿਚ ਇਨ੍ਹਾਂ ਸੰਨਿਆਸੀਆਂ ਦੀ ਇਕ ਸੰਪ੍ਰਦਾਇ ਬਣ ਗਈ ਅਤੇ ਇਨ੍ਹਾਂ ਦਾ ਮੁੱਖ ਉਦੇਸ਼ ਨਿਰਗੁਣ ਬ੍ਰਹਮਾ ਦੀ ਉਪਾਸਨਾ ਕਰਨਾ ਬਣ ਗਿਆ। ਅੱਜ ਕਲ੍ਹ ਵੀ ਭਾਰਤ ਦੇ ਪਵਿੱਤਰ ਤੀਰਥਾਂ ਅਤੇ ਸ਼ਹਿਰਾਂ ਵਿਚ ਅਨੇਕ ਆਸ਼ਰਮਾਂ ਵਿਚ ਦੰਡੀ ਦੇਖਣ ਨੂੰ ਮਿਲਦੇ ਹਨ।

ਹ. ਪੁ-. ਹਿੰ. ਵਿ. ਕੋ. 5: 485

ਦੱਤ ਕਵੀ : ਇਸ ਨਾਂ ਦੇ ਕਈ ਕਵੀ ਹੋਏ ਹਨ। ਇਕ ਪ੍ਰਾਚੀਨ ਮਾੜੀ (ਜ਼ਿਲ੍ਹਾ ਕਾਨ੍ਹਪੁਰ-ਉੱਤਰ ਪ੍ਰਦੇਸ਼) ਵਾਲੇ 'ਦੱਤ' ਦੂਜੇ ਮਉਰਾਨੀਪੁਰ ਦੇ ਵਸਨੀਕ ਜਨਗੋਪਾਲ 'ਦੱਤ', ਤੀਜੇ ਗੁਲਜ਼ਾਰ ਪਿੰਡ ਦੇ ਦੱਤਲਾਲ 'ਦੱਤ' ਅਤੇ ਚੌਥੇ ਲਾਲੀਤਯਲਤਾ ਦੇ ਰਚਨਹਾਰ ਕਵੀ ਦੱਤ। ਇਹ ਸਾਰੇ ਆਪਣੀਆਂ ਰਚਨਾਵਾਂ ਵਿਚ 'ਦੱਤ' ਅਤੇ ਕਦੇ ਕਦੇ ਛੰਦ ਪੂਰਤੀ ਲਈ 'ਦੱਤ ਕਵੀ' ਨਾਂ ਦੀ ਵਰਤੋਂ ਕਰਦੇ ਸਨ ਜਿਸ ਕਾਰਨ ਇਹ ਨਿਸ਼ਚਿਤ ਕਰਨਾ ਮੁਸ਼ਕਲ ਹੈ ਕਿ ਕਿਹੜੀ ਰਚਨਾ ਕਿਹੜੇ ਦੱਤ ਕਵੀ ਦੀ ਹੈ। 'ਦੱਤ ਕਵੀ' ਅਤੇ 'ਕਵੀ ਦੱਤ' ਦੇ ਨਾਂ ਨਾਲ 'ਦਿਗਵਿਜੈਮੁਸ਼ਣ' ਵਿਚ ਦੋ, 'ਸ਼ਿਵਸਿੰਘਸਰੋਜ' ਵਿਚ ਤਿੰਨ ਅਤੇ 'ਮਿਸ਼ਰਬੰਧੂ ਵਿਨੋਦ' ਵਿਚ ਦੋ ਕਵੀਆਂ ਦਾ ਸਪਸ਼ਟ ਅਤੇ ਅਲੱਗ ਅਲੱਗ ਉਲੇਖ ਮਿਲਦਾ ਹੈ।

'ਲਾਲੀਤਯਲਤਾ' ਰੀਤੀ ਗ੍ਰੰਥ ਦਾ ਰਚਨਹਾਰ ਕਵੀ ਦੱਤ ਗੰਗਾ ਤਟ ਵਿਖੇ ਸਥਿਤ ਜਾਜਉ ਦਾ ਵਸਨੀਕ ਸੀ। ਇਹ ਚਰਖਾਰੀ ਦੇ ਰਾਜੇ ਖੁਮਾਨ ਸਿੰਘ ਜਿਸ ਦਾ ਰਾਜ ਕਾਲ 1818 ਤੋਂ 1829 ਤਕ ਸੀ, ਦੇ ਦਰਬਾਰ ਵਿਚ ਰਿਹਾ ਸੀ। 'ਲਾਲੀਤਯਲਤਾ' ਦੀ ਰਚਨਾ 1791 ਈ. ਵਿਚ ਹੋਈ। ਇਸ ਕਾਰਨ ਇਹ ਅਨੁਮਾਨ ਲਾਇਆ ਜਾਂਦਾ ਹੈ ਕਿ ਇਸ ਦਾ ਜਨਮ 18ਵੀਂ ਸਦੀ ਦੇ ਪਹਿਲੇ ਅੱਧ ਵਿਚ ਹੋਇਆ। ਕੁਝ ਸਮਾਂ ਇਹ ਟੀਹਰੀ (ਬਿਹਾਰ) ਦੇ ਰਾਜ ਕੁਮਾਰ ਫਤਹਿ ਸਿੰਘ ਕੋਲ ਵੀ ਰਿਹਾ।

ਇਸ ਨੇ ਕੁੱਲ ਪੰਜ ਰਚਨਾਵਾਂ ਰਚੀਆਂ-ਲਾਲੀਤਯਲਤਾ (ਸੰਨ 1791), ਸੱਜਨਬਿਲਾਸ (ਸੰਨ 1804), ਵੀਰਬਿਲਾਸ, ਬ੍ਰਜਰਾਜ ਪੰਚਾਸ਼ਿਕਾ (ਸੰਨ 1808) ਅਤੇ ਸਵਰੋਦਯ। ਪਹਿਲਾ ਗ੍ਰੰਥ ਅਲੰਕਾਰ ਗ੍ਰੰਥ ਹੈ। ਇਸ ਦੇ ਭਾਵ ਸਰਲ, ਮਧੁਰ ਅਤੇ ਪ੍ਰਭਾਵਸ਼ਾਲੀ ਹਨ।

ਹ. ਪੁ. -ਹਿੰ. ਵਿ. ਕੋ. 5 :500; ਹਿੰ. ਸਾ. ਇ. 294; ਹਿੰ. ਸਾ. ਕੋ. 2 : 225

ਦੰਤਬਕ੍ਰ (ਜਾਂ ਦੰਤ ਬਕਤ੍ਰ) : ਇਸ ਨੂੰ ਦੰਤ ਬਕਤ੍ਰ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਸ ਸ਼ਬਦ ਦਾ ਅਰਥ ਟੇਢੇ ਦੰਦਾਂ ਵਾਲਾ ਹੈ। ਇਸ ਦਾ ਅਸਲ਼ ਨਾਂ ਦੰਤ ਵਕਤ੍ਰ ਸੀ। ਪੁਰਾਣਾਂ ਵਿਚ ਇਸ ਨੂੰ ਹਿਰਨਯਕਸ਼ਿਪੁ ਦਾ ਅਵਤਾਰ ਵੀ ਲਿਖਿਆ ਗਿਆ ਹੈ।

ਇਹ ਵ੍ਰਿੱਧਸ਼ਰਮਾ ਦਾ ਪੁੱਤਰ ਸੀ ਤੇ ਪ੍ਰਿਥੁਕੀਰਤਿ ਦੇ ਗਰਭ ਤੋਂ ਪੈਦਾ ਹੋਇਆ ਸੀ। ਇਹ ਕਰੂਸ਼ ਦੇਸ਼ ਦੇ ਰਾਜਾ ਸ਼ਿਸ਼ੁਪਾਲ ਦਾ ਭਰਾ ਅਤੇ ਕ੍ਰਿਸ਼ਨ ਜੀ ਦਾ ਪੱਕਾ ਦੁਸ਼ਮਣ ਸੀ। ਇਸ ਦੀ ਮੌਤ ਕ੍ਰਿਸ਼ਨ ਜੀ ਦੇ ਹੱਥੋਂ ਹੀ ਦਤੀਹੇ ਨਗਰ ਵਿਖੇ ਹੋਈ ਸੀ।

'ਦੰਤਬਕ੍ਰ ਤਬ ਚਿਤ ਮੇ ਅਤਿ ਹੀ ਕੋਪ ਬਢਾਇ" (ਕ੍ਰਿਸ਼ਨਾਵਤਾਰ)

"ਉਤੈ ਦੰਤਬਕਤ੍ਰਾ ਇਤੈ ਕ੍ਰਿਸਨ ਸੂਰੋ" (ਚਰਿਤ੍ਰ 142)

ਹ. ਪ.- ਮ. ਕੋ. 655

ਦੱਤ, ਬ੍ਰਹਮ ਨਾਥ : ਉਰਦੂ ਦੇ ਇਸ ਸ਼ਾਇਰ ਅਤੇ ਪੱਤਰਕਾਰ ਦਾ ਜਨਮ 1892 ਈ. ਵਿਚ ਵੀਰਮ ਦਤਾ, ਤਹਿਸੀਲ ਸ਼ੰਕਰ ਗੜ੍ਹ ਜ਼ਿਲ੍ਹਾ ਗੁਰਦਾਸਪੁਰ (ਪੰਜਾਬ) ਵਿਚ ਗੁਰਾਂਦਿਤਾ ਮੱਲ ਦੇ ਘਰ ਹੋਇਆ। ਇਸ ਨੇ ਮੈਟ੍ਰਿਕ ਦਿਆਲ ਸਿੰਘ ਸਕੂਲ, ਲਾਹੌਰ (ਪਾਕਿਸਤਾਨ) ਅਤੇ ਐਫ. ਏ. ਦੀ ਪ੍ਰੀਖਿਆ ਡੀ. ਏ. ਵੀ. ਕਾਲਜ, ਲਾਹੌਰ ਤੋਂ ਕੀਤੀ। ਸੰਨ 1910 ਵਿਚ ਐਫ. ਏ. ਕਰ ਕੇ ਇਹ ਪੁਲਿਸ ਵਿਚ ਥਾਣੇਦਾਰ ਭਰਤੀ ਹੋ ਗਿਆ ਪਰ ਗੁਲਾਮ ਦੇਸ਼ ਵਿਚ ਪੁਲਿਸ ਅਤੇ ਫੌਜ ਦੀ ਨੌਕਰੀ ਹਰਾਮ ਸਮਝ ਕੇ ਤੁਰੰਤ ਛੱਡ ਦਿੱਤੀ। ਇਸ ਦੇ ਪਿਤਾ ਨੂੰ ਥਾਣੇਦਾਰ ਦਾ ਬਾਪ ਹੋਣਾ ਜ਼ਿਆਦਾ ਪਸੰਦ ਸੀ ਜਿਸ ਕਾਰਨ ਉਸ ਨੇ ਗੁੱਸੇ ਵਿਚ ਇਸ ਨੂੰ ਘਰੋਂ ਕੱਢ ਦਿੱਤਾ। ਇਸ ਨੇ ਮਾਮੂਲੀ ਜਿਹੀ ਤਨਖ਼ਾਹ ਉੱਤੇ ਬਟਾਲੇ ਦੇ ਇਕ ਬਾਣੀਏ ਕੋਲ ਨੌਕਰੀ ਕਰ ਲਈ।

ਬ੍ਰਹਮ ਦੱਤ ਨੂੰ ਬਚਪਨ ਤੋਂ ਹੀ ਸ਼ੇਅਰੋ ਸ਼ਾਇਰੀ ਦਾ ਸ਼ੌਕ ਸੀ। ਲਾਹੌਰ ਦੇ ਇਕ ਪੱਤਰ 'ਮੋਹਿਆਲ ਮਿਤ੍ਰ' ਦਾ ਐਡੀਟਰ ਬਣ ਕੇ ਅਤੇ ਸਾਹਿਤ ਤੇ ਪੱਤਰਕਾਰੀ ਦੇ ਖੇਤਰ ਵਿਚ ਤਜਰਬਾ ਪ੍ਰਾਪਤ ਕਰ ਕੇ ਆਪਣੀ ਸਾਹਿਤਕ ਪ੍ਰਤਿਭਾ ਵਿਚ ਵਾਧਾ ਕੀਤਾ। ਇਸ ਦੇ ਲੇਖ ਅਤੇ ਨਜ਼ਮਾਂ 'ਅਦਬੀ ਦੁਨੀਆ', 'ਨਿਗਮ', 'ਹਮਾਰੀ ਜ਼ਬਾਨ', 'ਸ਼ਾਇਆ ਹਿੰਦ', 'ਫੈਜ਼-ਉਲ', 'ਇਸਲਾਮ', ਪੰਜ ਦਰਿਆ' ਆਦਿ ਰਸਾਲਿਆਂ ਵਿਚ ਛਪਦੀਆਂ ਰਹੀਆਂ। ਇਸ ਨੇ ਇਤਿਹਾਸ, ਧਾਰਮਿਕ ਸਾਹਿਤ, ਫ਼ਲਸਫ਼ਾ ਅਤੇ ਸੰਸਾਰ ਦੇ ਉੱਚ ਕੋਟੀ ਦੇ ਸਾਹਿਤ ਦਾ ਡੂੰਘਾ ਅਧਿਐਨ ਕੀਤਾ। ਇਸ ਦੀਆਂ ਲਿਖਤਾਂ ਵਿਚ ਮਿਰਜ਼ਾ ਗ਼ਾਲਿਬ ਦਾ ਪ੍ਰਭਾਵ ਪ੍ਰਤੱਖ ਦਿਸਦਾ ਹੈ। ਇਸ ਦੀ ਸਾਹਿਤਕ ਸੇਵਾ ਦੀ ਕਦਰ ਕਰਦਿਆਂ ਭਾਰਤ ਸਰਕਾਰ ਨੇ ਇਸ ਨੂੰ 'ਪਦਮ ਸ਼੍ਰੀ' ਦਾ ਖਿਤਾਬ ਦਿੱਤਾ। ਪੰਜਾਬ ਸਰਕਾਰ ਵੀ ਬ੍ਰਹਮ ਦੱਤ ਨੂੰ ਸਨਮਾਨਿਤ ਕਰ ਚੁੱਕੀ ਹੈ। ਡਾਲ ਪਾਤ ਡਾਲ ਪਾਤ, ਜਵਾਹਰ ਪਾਰੇ, ਪ੍ਰਚਮਜ਼ਿਆ, ਅਹਿਲਏਸੈਫ਼, ਮੇਰਾ ਭਾਈ, ਯੂਨਾਨੀ ਸ਼ਾਇਰ, ਹਮਾਰੇ ਭਾਈ, ਬਰਗੋ-ਓ-ਬਾਰ, ਜਿਗਰੋ-ਓ-ਫਿਕਰ, ਐਂਟੀਗੋਨ ਇਸ ਦੀਆਂ ਮਹੱਤਵਪੂਰਨ ਰਚਨਾਵਾਂ ਹਨ।

ਹ. ਪੁ-. ਸ. ਸੂ. — 1970 - ਭਾ. ਵਿ. ਪੰ.

ਦੱਤ, ਮਾਈਕਲ ਮਧੂਸੂਦਨ : ਇਸ ਬੰਗਾਲੀ ਕਵੀ ਦਾ ਜਨਮ 25 ਜਨਵਰੀ, 1824 ਨੂੰ ਜੈਸੋਰ ਵਿਚ ਸਾਗਰਦਰੀ (ਹੁਣ ਬੰਗਲਾ ਦੇਸ਼ ਵਿਚ) ਵਿਖੇ ਰਾਜ ਨਰਾਇਣ ਦੱਤ ਦੇ ਘਰ ਹੋਇਆ। ਇਹ ਆਪਣੇ ਮਾਤਾ ਪਿਤਾ ਦਾ ਇਕੱਲਾ ਪੁੱਤਰ ਸੀ। ਸੰਨ 1833 ਵਿਚ ਇਹ ਹਿੰਦੂ ਕਾਲਜ, ਕਲਕੱਤਾ ਦੇ ਜੂਨੀਅਰ ਸਕੂਲ ਵਿਚ ਦਾਖ਼ਲ ਹੋਇਆ। ਸਕੂਲ ਸਮੇਂ ਤੋਂ ਹੀ ਇਹ ਇਨਾਮ ਪ੍ਰਾਪਤ ਕਰਨ ਲਗ ਪਿਆ ਸੀ। ਪਿੱਛੋਂ ਇਹ ਹਿੰਦੂ ਕਾਲਜ ਵਿਚ ਦਾਖਲ ਹੋ ਗਿਆ।

9 ਫ਼ਰਵਰੀ 1843 ਨੂੰ ਇਸ ਨੇ ਓਲਡ ਮਿਸ਼ਨ ਚਰਚ ਵਿਖੇ ਈਸਾਈ ਧਰਮ ਅਪਣਾ ਲਿਆ ਅਤੇ ਆਪਣੇ ਨਾਂ ਨਾਲ 'ਮਾਈਕਲ' ਸ਼ਬਦ ਜੋੜ ਲਿਆ। ਈਸਾਈ ਮੱਤ ਧਾਰਨ ਕਰਨ ਪਿੱਛੋਂ ਇਸ ਨੇ ਹਿੰਦੂ ਕਾਲਜ ਛੱਡ ਦਿੱਤਾ ਤੇ ਬਿਸ਼ਪ ਕਾਲਜ ਵਿਚ ਦਾਖ਼ਲ ਹੋ ਗਿਆ। ਇਸ ਕਾਲਜ ਵਿਚ ਇਸ ਨੇ ਯੂਨਾਨੀ, ਲਾਤੀਨੀ ਅਤੇ ਸੰਸਕ੍ਰਿਤ ਆਦਿ ਕਲਾਸਕੀ ਭਾਸ਼ਾਵਾਂ ਦਾ ਅਧਿਐਨ ਕੀਤਾ।

ਸੰਨ 1848 ਵਿਚ ਇਹ ਮਦਰਾਸ ਚਲਾ ਗਿਆ ਅਤੇ ਮੇਲ ਔਰਫਨ ਅਸਾਈਲਮ, ਬਲੈਕ ਟਾਊਨ ਵਿਚ ਅੰਗਰੇਜ਼ੀ ਦਾ ਅਧਿਆਪਕ ਨਿਯੁਕਤ ਹੋ ਗਿਆ। ਮਦਰਾਸ ਵਿਚ ਹੀ ਇਸ ਨੇ ਰੈਬੇਕਾ ਮੈਕਟੇਵਿਸ ਨਾਲ ਵਿਆਹ ਕਰਵਾ ਲਿਆ। ਇਥੇ ਨੌਕਰੀ ਦੌਰਾਨ ਇਸ ਨੇ ਆਪਣੀ ਸਾਹਿਤਕ ਰੁਚੀ ਨੂੰ ਜਾਰੀ ਰਖਿਆ ਅਤੇ 'ਟਿਮੋਥੀ' ਤਖ਼ੱਲਸ ਹੇਠ' ਮੈਡਰਾਸ ਸਰਕੁਲੇਸ਼ਨ ਵਿਚ ਇਸ ਦੀਆਂ ਕੁਝ ਕਵਿਤਾਵਾਂ ਪ੍ਰਕਾਸ਼ਤ ਹੋਈਆਂ। ਉਸੇ ਸਾਲ ਇਸ ਨੇ 'ਮੈਡਰਾਸ ਸਰਕੁਲੇਸ਼ਨ' ਦੀ ਜਰਨਲ ਕ੍ਰਾਨੀਕ 'ਦੀ ਐਥੀਨੀਅਮ' ਅਤੇ 'ਦੀ ਸਪੈਕਟੇਟਰ' ਆਦਿ ਦੇ ਸੰਪਾਦਕੀ ਬੋਰਡਾਂ ਵਿਚ ਕੰਮ ਕੀਤਾ।

ਸੰਨ 1849 ਵਿਚ ਮਸੂਦਨ ਨੇ ਆਪਣੀ ਪਹਿਲੀ ਲੰਬੀ ਕਵਿਤਾ 'ਦੀ ਕੈਪਟਿਵ ਲੇਚੀ' ਪ੍ਰਕਾਸ਼ਤ ਕੀਤੀ। ਇਸ ਉਪਰੰਤ ਮਧੂ ਸੂਦਨ ਨੇ ਬੰਗਾਲੀ ਭਾਸ਼ਾ ਵਿਚ ਲਿਖਣਾ ਸ਼ੁਰੂ ਕਰ ਦਿੱਤਾ।

ਸੰਨ 1852 ਵਿਚ ਇਹ ਮਦਰਾਸ ਯੂਨੀਵਰਸਿਟੀ ਹਾਈ ਸਕੂਲ ਵਿਚ ਸੈਕੰਡ ਮਾਸਟਰ ਲਗ ਗਿਆ। ਸੰਨ 1856 ਵਿਚ ਇਸ ਨੇ ਮਦਰਾਸ ਤੇ ਰੈਬੈਕਾ ਨੂੰ ਛੱਡ ਦਿੱਤਾ ਅਤੇ ਇਕ ਫ਼ਰਾਂਸੀਸੀ ਇਸਤਰੀ ਐਮਿਲੀਆ ਹੈਨਰੀਨਾ ਸੋਫੀਆ ਨਾਲ ਵਿਆਹ ਕਰ ਲਿਆ ਜਿਸ ਨੇ ਉਮਰ ਭਰ ਇਸ ਦਾ ਸਾਥ ਦਿੱਤਾ। ਵਿਆਹ ਪਿੱਛੋਂ ਮਧੂਸੂਦਨ ਕਲੱਕਤੇ ਚਲਾ ਗਿਆ ਜਿਥੇ ਇਸ ਨੇ ਪੁਲਿਸ ਕੋਰਟ ਕਲੱਕਤੇ ਵਿਚ ਦੋ ਭਾਸ਼ੀਏ ਵਜੋਂ ਕੰਮ ਕੀਤਾ। ਸੰਨ 1862 ਵਿਚ ਇਸ ਨੇ 'ਹਿੰਦੂ ਪੈਟਰੀਅਟ' ਲਈ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸੰਨ 1859-62 ਦੌਰਾਨ ਮਧੂਸੂਦਨ ਨੇ ਬਹੁਤ ਸਹਿਤ ਰਚਨਾ ਕੀਤੀ। ਇਸ ਥੋੜ੍ਹੇ ਜਿਹੇ ਸਮੇਂ ਵਿਚ ਇਸ ਨੇ ਤਿੰਨ ਨਾਟਕ, ਦੋ ਵਿਅੰਗ ਰਚਨਾਵਾਂ, ਚਾਰ ਕਾਵਿ ਰਚਨਵਾਂ ਲਿਖੀਆਂ। ਮਾਨਵਤਾ ਦੀ ਝਲਕ ਮਾਰਦਾ ਇਸ ਦਾ ਰਚਿਆ 'ਸ਼ਰਮਿਸਠਾ' ਨਾਟਕ (1859) ਮਹਾਭਾਰਤ ਦੀ ਕਹਾਣੀ ਤੇ ਆਧਾਰਿਤ ਹੈ। ਇਸ ਦਾ ਅਗਲਾ ਨਾਟਕ 'ਪਦਮਵਤੀ' ਵੀ ਇਨ੍ਹਾਂ ਹੀ ਲੀਹਾਂ ਤੇ ਰਚਿਆ ਹੋਇਆ ਹੈ। ਇਸ ਦੇ ਹੋਰ ਨਾਟਕਾਂ ਵਿਚ ਕ੍ਰਿਸ਼ਨਾ ਕੁਮਾਰੀ (1861) ਅਤੇ ਮਾਯਾਕਾਨਨ (1873) ਸ਼ਾਮਲ ਹਨ।

ਬੰਗਾਲੀ ਕਵਿਤਾ ਦੇ ਖੇਤਰ ਵਿਚ ਦੱਤ ਦੀਆਂ ਪ੍ਰਸਿੱਧ ਪੁਸਤਕਾਂ ਵਿਚ 'ਤਿਲੋਤਮਾ ਸੰਭਵ ਕਾਵਯਾ' (1859) 'ਮੇਘਨਦਬੱਧ' 'ਕਾਵਯ' (1861) 'ਬ੍ਰਾਜੰਗਨ ਕਾਵਯ' (1861) ਅਤੇ 'ਵੀਰਾਂਗਨਾ ਕਾਵਯ' (1862) ਸ਼ਾਮਲ ਹਨ।

ਜੂਨ, 1862 ਵਿਚ ਇਹ ਇੰਗਲੈਂਡ ਚਲਾ ਗਿਆ। ਅਗਲੇ ਸਾਲ ਇਸ ਦੀ ਪਤਨੀ ਤੇ ਬੱਚੇ ਵੀ ਇਸ ਕੋਲ ਲੰਡਨ ਪਹੁੰਚ ਗਏ। ਜੂਨ, 1863 ਵਿਚ ਇਹ ਆਪਣੇ ਪਰਿਵਾਰ ਸਮੇਤ ਵਰਸੇਲਜ਼ ਵਿਚ ਰਹਿਣ ਲਗ ਪਿਆ। ਇਸ ਸਮੇਂ ਮਧੂਸੂਦਨ ਬਹੁਤ ਗਰੀਬੀ ਦੀ ਹਾਲਤ ਵਿਚੋਂ ਗੁਜ਼ਰ ਰਿਹਾ ਸੀ। ਇਸ ਮੁਸ਼ਕਲ ਵਿਚੋਂ ਨਿਕਲਣ ਲਈ ਮਧੂਸੂਦਨ ਨੇ "ਵਿਦਿਆ ਸਾਗਰ" (1820-91) ਪਾਸੋਂ 8000/- ਰੁਪਏ ਦੀ ਰਕਮ ਉਧਾਰ ਲਈ। ਪਿੱਛੋਂ ਇਹ ਫ਼ਰਾਂਸ ਚਲਾ ਗਿਆ ਜਿਥੇ ਇਸ ਨੇ ਆਪਣੀ ਕਾਵਿ ਰਚਨਾ 'ਚਤੁਰਦਸਪਦੀ ਕਬਿਤਬਾਲੀ' (1866) ਛਾਪੀ।

ਸੰਨ 1866 ਵਿਚ ਇਹ ਭਾਰਤ ਆ ਗਿਆ। 1867 ਵਿਚ ਇਸ ਨੇ ਕਲਕੱਤਾ ਹਾਈ ਕੋਰਟ ਵਿਚ ਵਕਾਲਤ ਸ਼ੁਰੂ ਕਰ ਦਿੱਤੀ। ਸੰਨ 1871 ਵਿਚ ਇਸ ਨੇ ਆਪਣੀ ਇਕੋ ਵਾਰਤਕ ਦੀ ਪੁਸਤਕ 'ਹੈਕਟਰ ਬੱਧ' ਪ੍ਰਕਾਸ਼ਤ ਕੀਤੀ।

ਇਸ ਦਾ ਰਹਿਣ-ਸਹਿਣ ਸ਼ਹਿਜ਼ਾਦਿਆਂ ਵਰਗਾ ਹੋਣ ਕਾਰਨ ਇਹ ਆਪਣੀ ਚੋਖੀ ਕਮਾਈ ਦੇ ਬਾਵਜੂਦ ਕਰਜ਼ਾਈ ਹੋ ਗਿਆ। ਇਹ ਤੇ ਇਸ ਦੀ ਪਤਨੀ ਬਹੁਤ ਸਖਤ ਬੀਮਾਰ ਹੋ ਗਏ ਤੇ ਜੂਨ, 1873 ਵਿਚ ਇਨ੍ਹਾਂ ਨੂੰ ਜਰਨਲ ਹਸਪਤਾਲ ਕਲਕੱਤਾ ਵਿਚ ਦਾਖਲ ਕਰ ਦਿੱਤਾ ਗਿਆ।

26 ਜੂਨ, 1873 ਨੂੰ ਇਸ ਦੀ ਪਤਨੀ ਦੀ ਅਤੇ 29 ਜੂਨ, 1873 ਨੂੰ ਇਸ ਦੀ ਆਪਣੀ ਮੌਤ ਹੋ ਗਈ। 30 ਜੂਨ ਨੂੰ ਈਸਾਈ ਰਸਮਾਂ ਅਨੁਸਾਰ ਇਸ ਨੂੰ ਲੋਅਰ ਸਰਕੂਲਰ ਸ਼ਮਸ਼ਾਨ ਭੂਮੀ ਵਿਚ ਦਫ਼ਨਾ ਦਿਤਾ ਗਿਆ।

ਹ. ਪੁ.- ਡਿ. ਨੈ. ਬਾ. -1 : 392

ਦੱਤਾ ਤ੍ਰੇਯ : ਇਹ ਪੁਰਾਣਾਂ ਵਿਚ ਦਸੇ 24 ਅਵਤਾਰਾਂ ਵਿਚੋਂ ਇਕ ਅਵਤਾਰ ਸੀ ਜਿਸ ਦਾ ਜਨਮ ਅਨਸੂਯਾ ਦੀ ਕੁੱਖੋਂ ਹੋਇਆ। ਇਹ ਅਤਰੀ ਰਿਸ਼ੀ ਦਾ ਪੁੱਤਰ ਸੀ। ਇਸ ਵਿਚ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਤਿੰਨਾਂ ਦੇ ਦੈਵੀ ਅੰਸ਼ ਵਿਦਮਾਨ ਸਨ। ਮਾਰਕੰਡੇ ਪੁਰਾਣ ਅਨੁਸਾਰ ਅਨਸੂਯਾ ਦੇ ਵਰ ਮੰਗਣ ਤੇ ਉਸ ਦੇ ਗਰਭ ਤੋਂ ਬ੍ਰਹਮਾ 'ਸੋਮ' ਰੂਪ ਵਿਚ ਵਿਸ਼ਨੂੰ 'ਦੱਤ' ਰੂਪ ਵਿਚ ਤੇ ਸ਼ਿਵ 'ਦੁਰਵਾਸਾ' ਦੇ ਰੂਪ ਵਿਚ ਪੈਦਾ ਹੋਇਆ। ਮੱਤਸਯ, ਵਿਸ਼ਨੂੰ ਤੇ ਭਾਗਵਤ ਪੁਰਾਣ ਅਨੁਸਾਰ ਦੱਤਾ ਤ੍ਰੇਯ ਬ੍ਰਾਹਮਣ ਰਿਸ਼ੀ ਸੀ। ਦੱਤਾ ਤ੍ਰੇਯ ਤ੍ਰੇਤਾ ਯੁੱਗ ਵਿਚ ਹੋਇਆ ਜਦੋਂ ਧਰਮ ਦਾ ਚੌਥਾ ਹਿੱਸਾ ਨਸ਼ਟ ਹੋ ਚੁੱਕਾ ਸੀ ਤੇ ਇਸ ਅਵਤਾਰ ਦਾ ਮੰਤਵ ਮਨੁੱਖ ਵਿਚ ਆਪਸੀ ਮੇਲ ਮਿਲਾਪ ਦੀ ਭਾਵਨਾ ਜਗਾਉਣਾ ਤੇ ਲੋਕਾਂ ਨੂੰ ਧਰਮ ਵੱਲ ਮੁੜ ਰੁਚਿਤ ਕਰਨਾ ਸੀ। ਕਾਰਤਕਾਵੀਰਯ ਨੇ ਦੱਤਾ ਤ੍ਰੇਯ ਦੀ ਅਰਾਧਨਾ ਕਰ ਕੇ, ਇਸ ਤੋਂ ਹਜ਼ਾਰ ਬਾਹਵਾਂ ਤੇ ਇਕ ਸ਼ਕਤੀਸ਼ਾਲੀ ਰਥ ਜਿਹੜਾ ਹਰ ਥਾਂ ਉੱਤੇ ਪਹੁੰਚ ਸਕੇ, ਦਾ ਵਰ ਪ੍ਰਾਪਤ ਕੀਤਾ। ਦੱਤਾ ਤ੍ਰੇਯ ਨੇ 24 ਗੁਰੂ ਧਾਰਨ ਕੀਤੇ ਜਿਨ੍ਹਾਂ ਤੋਂ ਇਸ ਨੇ ਕੋਈ ਨਾ ਕੋਈ ਗੁਣ ਗ੍ਰਹਿਣ ਕੀਤਾ। ਦਸਮ ਗ੍ਰੰਥ ਅਨੁਸਾਰ ਚੌਵੀ ਗੁਰੂ ਇਹ ਹਨ-ਪ੍ਰਿਥਵੀ, ਜਲ, ਪਵਨ, ਆਕਾਸ਼, ਚੰਦਰਮਾ, ਅਗਨੀ, ਸੂਰਜ, ਕਬੂਤਰ, ਅਜਗਰ (ਸੱਪ), ਸਮੁੰਦਰ, ਹਾਣੀ, ਭੌਰਾ, ਪਤੰਗ, ਸ਼ਹਿਦ ਚੋਣ ਵਾਲੀ ਇਸਤਰੀ, ਮ੍ਰਿਗ, ਮੱਛੀ, ਪਿੰਗਲਾ, ਵੇਸ਼ਯਾ, ਗਿਰਝ, ਸ਼ਿਕਾਰੀ, ਬਾਲਕ, ਕੰਨਿਆ, ਤੀਰਗਰ, ਮਕੜੀ ਤੇ ਤਿਤਲੀ।

ਜਦੋਂ ਵਿਸ਼ਨੂੰ, ਬ੍ਰਹਮਾ ਤੇ ਸ਼ਿਵ ਜੀ ਆਪਣੀਆਂ ਪਤਨੀਆਂ ਦੇ ਆਖੇ ਲੱਗ ਕੇ ਅਨਸੂਯਾ ਦੀ ਪ੍ਰੀਖਿਆ ਲੈਣ ਲਈ ਆਏ ਤਾਂ ਉਸ ਨੇ ਇਨ੍ਹਾਂ ਤਿੰਨਾਂ ਨੂੰ ਹੀ ਬੱਚੇ ਬਣਾ ਦਿੱਤਾ ਅਤੇ ਜਦੋਂ ਇਨ੍ਹਾਂ ਦੀਆਂ ਪਤਨੀਆਂ ਇਨ੍ਹਾਂ ਨੂੰ ਵਾਪਸ ਲੈਣ ਆਈਆਂ ਤਾਂ ਇਨ੍ਹਾਂ ਨੂੰ ਬੱਚਾ ਰੂਪ ਵਿਚ ਦੇਖ ਕੇ ਬਹੁਤ ਦੁਖੀ ਹੋਈਆਂ ਅਤੇ ਉਨ੍ਹਾਂ ਦੀ ਬੇਨਤੀ ਮੰਨ ਕੇ ਅਨਸੂਯਾ ਨੇ ਫਿਰ ਉਨ੍ਹਾਂ ਨੂੰ ਉਸੇ ਰੂਪ ਵਿਚ ਬਣਾ ਦਿੱਤਾ ਪਰ ਕਿਹਾ ਕਿ ਇਹ ਸਾਰੇ ਬੱਚੇ ਰਹੇ ਹਨ ਇਸ ਲਈ ਤਿੰਨਾਂ ਨੂੰ ਹੀ ਇਕ ਰੂਪ ਵਿਚ ਇਕੱਠਾ ਕਰ ਕੇ ਬੱਚੇ ਦਾ ਰੂਪ ਦਿੱਤਾ ਗਿਆ ਸੋ ਇਸ ਤਰ੍ਹਾਂ ਇਸ ਵਿਚ ਤਿੰਨਾਂ ਦੇਵਤਿਆਂ ਦੇ ਹੀ ਗੁਣ ਸਨ ।

ਹ.ਪੁ.—ਪੰ.ਲੋ.ਵਿ.ਕੋ. 6 :1530 ; ਪੰ.ਸਾ.ਕੋ. (ਭਾਗ ਦੂਜਾ) : 401; ਹਿੰ.ਮਿ.ਕੋ. 276; ਮ. ਕੋ. 464; ਚ. ਕੋ. 202

ਦੱਤਾਤੇ, ਵਿਸ਼ਨੂੰ ਆਪਟੇ : ਇਸ ਅਧਿਆਪਕ, ਪੱਤਰਕਾਰ ਅਤੇ ਇਤਿਹਾਸਕਾਰ ਦਾ ਜਨਮ 1880 ਈ. ਵਿਚ

ਹੋਇਆ। ਇਸ ਨੇ ਮੁਢਲੀ ਸਿਖਿਆ ਜਮਖਿੰਡੀ ਵਿਖੇ ਅਤੇ 1902 ਈ. ਵਿਚ ਪੂਨਾ ਵਿਖੇ ਬੀ. ਏ. ਦੀ ਡਿਗਰੀ ਪ੍ਰਾਪਤ ਕੀਤੀ। ਇਸ ਨੇ ਯਵਤਮਾਲ ਦੇ ਰਾਸ਼ਟਰੀ ਵਿਦਿਆਲੇ ਅਤੇ ਗੋਆ ਵਿਖੇ ਅਧਿਆਪਨ ਦਾ ਕੰਮ ਕੀਤਾ। 'ਹਰਿ ਕਿਸ਼ੋਰ' ਸਪਤਾਹਿਕ ਵਿਚ ਇਸ ਨੇ ਲੋਕਾਂ ਨੂੰ ਜਾਗ੍ਰਿਤ ਕਰਨ ਲਈ ਲੇਖ ਲਿਖੇ। ਇਹ ਬੰਬਈ ਦੇ ਰੋਜ਼ਾਨਾ ਪੱਤਰ 'ਰਾਸ਼ਟਰਮਤ' ਦੇ ਸੰਪਾਦਕੀ ਵਿਭਾਗ ਵਿਚ, ਪੂਨੇ ਦੇ ਪੱਤਰਾਂ 'ਚਿਤਰਮਯ ਜਗਤ' ਅਤੇ ਸ਼ਾਲਾਪਤ੍ਰਕ' ਦਾ ਸੰਪਾਦਕ ਅਤੇ 'ਆਨੰਦ ਆਸ਼ਰਮ' ਪ੍ਰੈਸ ਦਾ ਪ੍ਰਬੰਧਕ ਵੀ ਰਿਹਾ।

ਆਪਣੇ ਗੁਰੂ ਇਤਿਹਾਸਕਾਰਾਂ ਦੀ ਤਰ੍ਹਾਂ ਇਸ ਦੀ ਰਾਸ਼ਟਰ ਭਗਤੀ ਇਤਿਹਾਸਕ ਚਿੰਤਨ ਅਤੇ ਦਰਸ਼ਨ ਤੇ ਆਧਾਰਿਤ ਸੀ। ਇਤਿਹਾਸ ਮੰਜਰੀ ਸ੍ਰੀ ਰੰਗਮਪੱਟਵਚੀ ਮੋਹੀਮ, ਪੱਤਰਸਾਰਸੰਗ੍ਰਹ, ਮੁਘੋਲਵੰਯਾ ਰਾਜਘਰਾਣਿਆਂ ਦਾ ਇਤਿਹਾਸ ਆਦਿ ਇਸ ਦੇ ਕੁਝ ਮਹਤੱਵਪੂਰਨ ਗ੍ਰੰਥ ਹਨ। ਇਹ ਭਾਰਤੀ ਇਤਿਹਾਸ ਸੰਸ਼ੋਧਨ ਮੰਡਲ ਦਾ ਜੀਵਨ ਭਰ ਲਈ ਮੈਂਬਰ ਅਤੇ ਸੰਸਥਾ ਦਾ ਉਪ ਸਭਾਪਤੀ ਸੀ।

ਇਤਿਹਾਸ ਤੋਂ ਇਲਾਵਾ ਇਸ ਨੂੰ ਗਣਿਤ, ਜੋਤਿਸ਼ ਵਿਚ ਵੀ ਰੁਚੀ ਸੀ। ਇਸ ਨੇ ਸ਼ਿਵਾ ਜੀ ਦੇ ਸਮੇਂ ਦੇ ਜੋਤਿਸ਼ ਨਾਲ ਸਬੰਧਤ ਸ਼ੋਧ ਕੰਮਾਂ ਬਾਰੇ ਦੱਸਿਆ। ਇਸ ਨੇ ਇਤਿਹਾਸ ਲਈ ਖਤੇ ਜੰਤਰੀ ਦਾ ਮਹੱਤਵ ਦੱਸਿਆ ਅਤੇ ਕਰਨਕੋਸਤੁਭ, ਬੀਜਗਣਿਤ, ਲੀਲਾਵਤੀ ਆਦਿ ਗ੍ਰੰਥਾਂ ਨੂੰ ਵੰਡਿਆ। ਇਸ ਨੇ ਭਾਸਕਰਾਚਾਰੀਆ ਦੇ ਸੰਸਕ੍ਰਿਤ ਗ੍ਰੰਥਾਂ ਦਾ ਟੀਕਾ ਸਹਿਤ ਅਨੁਵਾਦ ਆਸਾਨ ਮਰਾਠੀ ਵਿਚ ਕੀਤਾ।

ਸੰਨ 1943 ਨੂੰ ਪੂਨਾ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਹਿੰ. ਵਿ. ਕੋ. 5:500

ਦੰਤੀ : ਇਸ ਔਸ਼ਧੀਜਨਕ ਪੌਦੇ ਦਾ ਬਨਸਪਤੀ ਵਿਗਿਆਨਕ ਨਾਂ ਬੈਲੀਓਸਪਰਮਮ ਮੋਨਟੈਨਮ ਹੈ। ਹਿੰਦੀ ਤੇ ਸੰਸਕ੍ਰਿਤ ਵਿਚ ਇਸ ਨੂੰ ਦੰਤੀ ਆਖਦੇ ਹਨ। ਇਸ ਦਾ ਪੌਦਾ ਲਗਭਗ 9 ਮੀ. ਤੋਂ 1.8 ਮੀ. ਤਕ ਉੱਚਾ ਹੁੰਦਾ ਹੈ। ਆਮ ਤੌਰ ਤੇ ਇਸ ਦੀ ਜੜ੍ਹ ਤੋਂ ਹੀ ਕੋਮਲ ਸ਼ਾਖ਼ਾਵਾਂ ਨਿਕਲਦੀਆਂ ਹਨ। ਪੱਤੀਆਂ ਉਪਰ ਤੋਂ ਲੈਕੇ ਹੇਠਾਂ ਤੱਕ ਵਖੋ-ਵਖਰੇ ਆਕਾਰ ਦੀਆਂ ਹੁੰਦੀਆਂ ਹਨ। ਉਪਰ ਵਾਲੀਆਂ ਪੱਤੀਆਂ 5 ਸੈਂ ਮੀ. ਤੋਂ ਲੈ ਕੇ 7.5 ਸੈਂ. ਮੀ. ਤੁਕ ਲੰਬੀਆਂ ਅਤੇ ਆਇਤਾਕਾਰ ਜਾਂ ਭਾਲਾਕਾਰ ਹੁੰਦੀਆਂ ਹਨ। ਹੇਠਾਂ ਵਾਲੀਆਂ ਪੱਤੀਆਂ 15 ਸੈਂ. ਮੀ. ਤੋਂ 30 ਸੈਂ. ਮੀ. ਲੰਬੀਆਂ ਅਤੇ ਖੰਡਿਤ ਹੁੰਦੀਆਂ ਹਨ। ਇਸ ਦੇ ਪੱਤੇ ਆਮ ਤੌਰ ਤੇ ਅੰਜੀਰ ਤੇ ਗੂਲਰ ਵਰਗੇ ਹੁੰਦੇ ਹਨ। ਇਸ ਲਈ ਕਈ ਵਾਰ ਇਸ ਨੂੰ ਸੰਸਕ੍ਰਿਤ ਵਿਚ ਉਦੂੱਬਰਪਰਵੀ ਵੀ ਆਖਦੇ ਹਨ।

ਇਹ ਪੌਦਾ ਖਾਸ ਤੌਰ ਤੇ ਬੰਗਾਲ, ਬਿਹਾਰ ਅਤੇ ਦੱਖਣੀ ਭਾਰਤ ਵਿਚ ਹੁੰਦਾ ਹੈ। ਹਰੇ ਰੰਗ ਦੀ ਭਾਅ ਮਾਰਦੇ ਇਸ ਦੇ ਫੁੱਲ ਇਕ ਲਿੰਗੀ ਹੁੰਦੇ ਹਨ ਅਤੇ ਗੁੱਛਿਆਂ ਵਿਚ ਲੱਗਦੇ ਹਨ। ਫੁੱਲ 1.2 ਸੈਂ ਮੀ. ਤੋਂ 2.5 ਸੈਂ. ਮੀ. ਲੰਬਾ ਅਤੇ ਤਿੰਨ ਬੀਜਦਾਨੀਆਂ ਵਾਲਾ ਹੁੰਦਾ ਹੈ। ਇਸ ਦੇ ਬੀਜ ਭੂਰੇ ਰੰਗ ਦੇ ਅਤੇ ਚਿਤਰੇ-ਮਿਤਰੇ ਜਿਹੇ ਹੁੰਦੇ ਹਨ। ਦੰਤੀ ਦੀ ਜੜ੍ਹ ਉਂਗਲੀ ਦੇ ਬਰਾਬਰ ਮੋਟੀ, ਖੁਰਦਰੀ, ਚਿੱਟੀ, ਪੀਲੀ ਅਤੇ ਕਦੇ ਕਦੇ ਟੁੱਟੀ ਹੋਈ ਹੁੰਦੀ ਹੈ। ਇਸ ਦੀ ਜੜ੍ਹ ਵਿਚ ਰਾਲ, ਸਟਾਰਚ ਅਤੇ ਬੀਜਾਂ ਵਿਚ ਤੇਲ ਹੁੰਦਾ ਹੈ।

ਦੰਤੀ ਦੀ ਜੜ੍ਹ ਕੌੜੀ, ਗਰਮ, ਸੋਜਸ਼ ਦਾ ਨਾਸ਼ ਕਰਨ ਵਾਲੀ, ਬੁਖ਼ਾਰ ਉਤਾਰਨ ਵਾਲੀ, ਦਸਤਾਵਰ ਅਤੇ ਕਫ਼ ਪਿਤ ਨਾਸ਼ਕ ਹੈ। ਇਸ ਦੀ ਜ਼ਿਆਦਾ ਵਰਤੋਂ ਪੇਟ ਵਿਚ ਪਾਣੀ ਪੈਣ ਤੇ ਜਿਸ ਨੂੰ ਜਲੋਂਦਰ ਵੀ ਆਖਦੇ ਹਨ, ਸੋਜਸ਼, ਪੀਲੀਏ ਜਿਸ ਦੀ ਵਧੀ ਹੋਈ ਅਵਸਥਾ ਨੂੰ ਕਾਮਲਾ ਆਖਦੇ ਹਨ ਵਿਚ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਜਿਗਰ ਦੇ ਰੋਗਾਂ, ਅਫ਼ਾਰਾ, ਬਵਾਸੀਰ ਅਤੇ ਬੁਖ਼ਾਰ ਵਿਚ ਵੀ ਇਸ ਨੂੰ ਦਿੱਤਾ ਜਾਂਦਾ ਹੈ। ਇਸ ਦੇ ਬੀਜ ਤੇਜ ਦਸਤ ਲਿਆਉਣ ਵਾਲੇ ਹੁੰਦੇ ਹਨ। ਇਸ ਦੇ ਬੀਜਾਂ ਦਾ ਤੇਲ ਤਿਕਤ, ਕੌੜਾ, ਚਰਪਰਾ, ਪੇਟ ਦੇ ਕੀੜਿਆਂ ਦਾ ਨਾਸ਼ ਕਰਨ ਵਾਲਾ, ਕਫ਼ ਭਾਵ ਬਲਗਮ ਅਤੇ ਵਾਯੂ ਦੇ ਦੋਸ਼ਾਂ ਦਾ ਨਾਸ਼ ਕਰਨ ਵਾਲਾ, ਪੇਟ ਦੀਆਂ ਬੀਮਾਰੀਆਂ ਵਿਚ ਫਾਇਦਾ ਕਰਨ ਵਾਲਾ ਅਤੇ ਜ਼ਖ਼ਮਾਂ ਨੂੰ ਠੀਕ ਕਰਨ ਵਾਲਾ ਹੁੰਦਾ ਹੈ। ਸੋਜਸ਼, ਦਰਦ ਅਤੇ ਬਵਾਸੀਰ ਦੇ ਮਸਿਆਂ ਤੇ ਦੰਤੀ ਦੀ ਜੜ੍ਹ ਦਾ ਲੇਪ ਕੀਤਾ ਜਾਂਦਾ ਹੈ। ਬੀਜਾਂ ਦਾ ਤੇਲ ਵਾਯੂ ਦੋਸ਼ਾਂ ਵਿਚ ਮਾਲਿਸ਼ ਕਰਨ ਲਈ ਵਰਤਿਆ ਜਾਂਦਾ ਹੈ।

ਬੁਖ਼ਾਰ ਵਿਚ ਦਹੀਂ ਜਾਂ ਲੱਸੀ ਨਾਲ ਇਸ ਦੀ ਜੜ੍ਹ ਦੇਣ ਨਾਲ ਜਿਗਰ ਠੀਕ ਕੰਮ ਕਰਨ ਲਗਦਾ ਹੈ ਅਤੇ ਮਲ ਰਾਹੀਂ ਸਰੀਰ ਦੀ ਗਰਮੀ ਬਾਹਰ ਨਿਕਲ ਜਾਂਦੀ ਹੈ। ਸਾਹ ਦੇ ਰੋਗਾਂ ਵਿਚ ਇਸ ਦੇ ਪੱਤਿਆਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਪਥਰੀ ਵਿਚ ਵੀ ਇਸ ਦਾ ਪ੍ਰਯੋਗ ਕੀਤਾ ਜਾਂਦਾ ਹੈ। ਚਮੜੀ ਦੇ ਸਾਰੇ ਰੋਗਾਂ ਵਿਚ ਇਸ ਦੀ ਜੜ੍ਹ ਦੀ ਵਰਤੋਂ ਕੀਤੀ ਜਾਂਦੀ ਹੈ ਕਿਉਂਕਿ ਇਸ ਤਰ੍ਹਾਂ ਨਾਲ ਸਰੀਰ ਦੇ ਸਾਰੇ ਦੋਸ਼ ਨਿਕਲ ਜਾਂਦੇ ਹਨ ਅਤੇ ਰੋਗ ਜੜ੍ਹੋਂ ਪੁੱਟਿਆ ਜਾਂਦਾ ਹੈ। ਇਸ ਦਾ ਕਾੜ੍ਹਾ ਬਣਾਉਣ ਸਮੇਂ ਸੌਂਫ਼ ਆਦਿ ਸੁਗੰਧਤ ਪਦਾਰਥ ਮਿਲਾ ਲੈਣੇ ਚਾਹੀਦੇ ਹਨ ਕਿਉਂਕਿ ਜ਼ਿਆਦਾ ਮਿਕਦਾਰ ਵਿਚ ਦੰਤੀ ਦੀ ਵਰਤੋਂ ਪੇਟ ਵਿਚ ਮਰੋੜ ਅਤੇ ਨਸ਼ਾ ਕਰ ਦਿੰਦੀ ਹੈ। ਇਸ ਦੇ ਅਜਿਹੇ ਪ੍ਰਭਾਵ ਪ੍ਰਗਟ ਹੋਣ ਤੇ ਮਿੱਠੇ ਤੇ ਚਿਕਨਾਈ ਵਾਲੇ ਪਦਾਰਥਾਂ ਜਿਵੇਂ ਸ਼ਰਬਤ ਤੇ ਦੁੱਧ ਆਦਿ ਦੀ ਵਰਤੋਂ ਕਰਨੀ ਚਾਹੀਦੀ ਹੈ।


—ਡਾ. ਅੰਮ੍ਰਿਤਪਾਲ ਸਿੰਘ

ਦਤੀਆ : ਜ਼ਿਲ੍ਹਾ— ਭਾਰਤ ਦੇ ਮੱਧ ਪ੍ਰਦੇਸ਼ ਰਾਜ ਦਾ ਇਹ ਇਕ ਜ਼ਿਲ੍ਹਾ ਹੈ ਜਿਸ ਦੇ ਉੱਤਰ ਵੱਲ ਭਿੰਡ, ਪੱਛਮ ਵੱਲ ਗਵਾਲੀਅਰ, ਦੱਖਣ-ਪੱਛਮ ਵੱਲ ਸ਼ਿਵਪੁਰੀ, ਦੱਖਣ ਵੱਲ ਝਾਂਸੀ (ਉੱਤਰ ਪ੍ਰਦੇਸ਼) ਅਤੇ ਪੂਰਬ ਵੱਲ ਗਵਾਲੀਅਰ ਜ਼ਿਲ੍ਹਿਆਂ ਦੀਆਂ ਹੱਦਾਂ ਲਗਦੀਆਂ ਹਨ। ਇਸ ਦਾ ਕੁੱਲ ਖੇਤਰਫਲ 2,038 ਵ. ਕਿ. ਮੀ. ਅਤੇ ਆਬਾਦੀ 6,27,818 (2001) ਹੈ। ਇਸੇ ਹੀ ਨਾਂ ਦਾ ਸ਼ਹਿਰ ਇਸ ਦਾ ਸਦਰ ਮੁਕਾਮ ਹੈ। ਇਸ ਜ਼ਿਲ੍ਹੇ ਦਾ ਨਾਂ ਇਸ ਇਲਾਕੇ ਨਾਲ ਹੀ ਸਬੰਧਤ ਇਕ ਮਿਥਿਹਾਸਕ ਦੈਂਤ ਸ਼ਾਸਕ ਦੈਂਤਾਂਵਕਰ ਦੇ ਨਾਂ ਤੇ ਪਿਆ ਹੈ।

ਇਸ ਜ਼ਿਲ੍ਹੇ ਨੇ ਸਿੰਧ ਅਤੇ ਪਾਹੂਜ ਦਰਿਆਵਾਂ ਵਿਚਕਾਰਲਾ ਇਕ ਅਣ-ਉਪਜਾਊ ਜਲੋਢੀ ਮੈਦਾਨ ਮੱਲਿਆ ਹੋਇਆ ਹੈ। ਸੋਰਗਮ, ਮੱਕੀ, ਕਣਕ ਅਤੇ ਫਲੀਆਂ ਇਥੋਂ ਦੀਆਂ ਮੁੱਖ ਫ਼ਸਲਾਂ ਹਨ। 16 ਵੀਂ ਸਦੀ ਵਿਚ ਇਕ ਰਾਜਪੂਤ ਸਰਦਾਰ ਨੇ ਇਸ ਦੀ ਇਕ ਸ਼ਾਹੀ ਰਿਆਸਤ ਵਜੋਂ ਸਥਾਪਨਾ ਕੀਤੀ ਸੀ। ਉਨ੍ਹੀਵੀਂ ਸਦੀ ਦੇ ਸ਼ੁਰੂ ਵਿਚ ਇਸ ਨੇ ਰਿਆਸਤ ਵੱਲੋਂ ਅੰਗਰੇਜ਼ਾਂ ਨਾਲ ਸੰਧੀਗਤ ਸਬੰਧ ਸਥਾਪਿਤ ਕੀਤੇ। ਸੰਨ 1804 ਅਤੇ 1818 ਈ. ਦੀਆਂ ਸੰਧੀਆਂ ਵਿਚ ਇਸ ਨੂੰ ਓਰਛਾ ਰਿਆਸਤ ਦੇ ਬੰਦੇਲਾ ਰਾਜਪੂਤ ਸ਼ਾਸਕ ਖ਼ਾਨਦਾਨ ਦੀ ਇਕ ਉਪਸ਼ਾਖਾ ਮੰਨ ਲਿਆ ਗਿਆ ਸੀ ਅਤੇ ਬੁੰਦੇਲਖੰਡ ਏਜੰਸੀ ਦੀਆਂ ਤਿੰਨ ਸੰਧੀ ਰਿਆਸਤਾਂ ਵਿਚ ਇਹ ਵੀ ਰਿਆਸਤ ਸ਼ਾਮਲ ਸੀ।

ਹ. ਪੁ.- ਐਨ. ਬ੍ਰਿ. ਮਾ. 3:389; ਐਨ. ਬ੍ਰਿ. 7:88; ਐਨ. ਅਮੈ. 8 : 490; ਇੰਡੀਆ, 2003 : 773

ਦਤੀਆ : ਸ਼ਹਿਰ—ਇਹ ਮੱਧ ਪ੍ਰਦੇਸ਼ ਰਾਜ ਦੇ ਇਸੇ ਹੀ ਨਾਂ ਦੇ ਜ਼ਿਲ੍ਹੇ ਦਾ ਸਦਰ ਮੁਕਾਮ ਹੈ ਜਿਹੜਾ ਝਾਂਸੀ ਤੋਂ 25 ਕਿ. ਮੀ. (16 ਮੀਲ) ਉੱਤਰ-ਪੱਛਮ ਵੱਲ ਸਥਿਤ ਹੈ। ਇਸ ਸ਼ਹਿਰ ਦੇ ਆਲੇ-



ਦਤੀਆ ਵਿਖੇ 17ਵੀਂ ਸਦੀ ਵਿਚ ਬੀਰ ਸਿੰਘ ਦਿਓ ਦੁਆਰਾ ਬਣਵਾਇਆ ਮਹਿਲ

ਦੁਆਲੇ ਪੱਥਰਾਂ ਦੀ ਫ਼ਸੀਲ ਬਣੀ ਹੋਣੀ ਹੈ। ਇਹ ਸ਼ਹਿਰ ਸਾਬਕਾ ਸ਼ਾਹੀ ਰਿਆਸਤ ਦਤੀਆ ਦੀ ਰਾਜਧਾਨੀ ਵੀ ਹੁੰਦਾ ਸੀ। ਇਥੇ ਪੁਰਾਣੇ ਸੁੰਦਰ ਮਹਿਲ ਅਤੇ ਕਈ ਬਾਗ ਬਗੀਚੇ ਹਨ। 17ਵੀਂ ਸਦੀ ਵਿਚ ਬੀਰ ਸਿੰਘ ਦਿਓ ਵਲੋਂ ਬਣਵਾਇਆ ਗਿਆ ਮਹਿਲ ਹਿੰਦੂ ਉਸਾਰੀ ਕਲਾ ਦਾ ਵਧੀਆ ਨਮੂਨਾ ਹੈ।

ਸੰਨ 1907 ਵਿਚ ਇਥੇ ਮਿਉਂਸਪਲਟੀ ਸਥਾਪਿਤ ਕੀਤੀ ਗਈ। ਇਥੇ ਜਿਵਾਜੀ ਯੂਨੀਵਰਸਿਟੀ ਨਾਲ ਸਬੰਧਤ ਦੋ ਕਾਲਜ ਹਨ। ਸ਼ਹਿਰ ਦੇ ਉੱਤਰ ਵਲੋਂ ਗੁਜਾਰਾ ਵਿਖੇ ਸਮਰਾਟ ਅਸ਼ੋਕ ਦਾ ਇਕ ਸ਼ਿਲਾਲੇਖ ਹੈ ਅਤੇ ਸੋਨਾਗੀਰ ਸ਼ਹਿਰ ਦੇ ਨੇੜੇ ਜੈਨ ਧਰਮ ਨਾਲ ਸਬੰਧਤ ਕੁਝ ਮੰਦਰ ਵੀ ਹਨ।

ਆਬਾਦੀ – 64, 477 (1991)

25° 41′ ਉ. ਵਿਥ.; 78° 28′ ਪੂ. ਲੰਬ.

ਹ. ਪੁ.–ਐਨ. ਬ੍ਰਿ. ਮਾ. 3 : 389 ; ਐਨ. ਅਮੈ. 8 : 490

ਦੰਦ : ਦੰਦ ਚਿੱਟੇ ਰੰਗ ਦੀਆਂ ਸਖ਼ਤ ਕੈਲਸ਼ੀਅਮੀ ਬਣਤਰਾਂ ਹਨ ਜਿਹੜੀਆਂ ਮਨੁੱਖ ਅਤੇ ਅਨੇਕਾਂ ਹੋਰ ਜਾਨਵਰਾਂ ਦੇ ਮੂੰਹ ਵਿਚ ਹੁੰਦੀਆਂ ਹਨ। ਇਹ ਮਸੂੜਿਆਂ ਅਤੇ ਜਬਾੜ੍ਹਿਆਂ ਵਿਚ ਪੈਰੀਓਡੌਂਟਲ ਝਿੱਲੀ ਰਾਹੀਂ ਫਿਟ ਹੋਈਆਂ ਹੁੰਦੀਆਂ ਹਨ। ਇਨ੍ਹਾਂ ਦਾ ਮੁੱਖ ਕੰਮ ਭੋਜਨ ਨੂੰ ਇੰਨੇ ਛੋਟੇ ਛੋਟੇ ਟੁਕੜਿਆਂ ਵਿਚ ਕਟਣਾ ਹੈ ਜਿਹੜੇ ਆਸਾਨੀ ਨਾਲ ਨਿਗਲੇ ਤੇ ਹਜ਼ਮ ਕੀਤੇ ਜਾ ਸਕਣ। ਇਸ ਤੋਂ ਇਲਾਵਾ ਦੰਦ ਚੀਜ਼ਾਂ ਨੂੰ ਪਕੜਨ, ਚਬਾਉਣ, ਛਿੱਲਣ ਅਤੇ ਲੜਾਈ ਆਦਿ ਵਿਚ ਵੀ ਮਦਦ ਕਰਦੇ ਹਨ। ਦੰਦ ਬੋਲਣ ਵਿਚ ਵੀ ਸਹਾਇਤਾ ਕਰਦੇ ਹਨ। ਆਮ ਤੌਰ ਦੇ ਇਹ ਬੁਢਾਪੇ ਵਿਚ ਗਿਰਦੇ ਹਨ। ਚੰਗੇ ਦੰਦ ਚੰਗੀ ਸਿਹਤ ਦੀ ਨਿਸ਼ਾਨੀ ਹਨ, ਖ਼ਰਾਬ ਦੰਦਾਂ ਜਾਂ ਮਸੂੜਿਆਂ ਕਰਕੇ ਮਨੁੱਖ ਕਈ ਰੋਗਾਂ ਦਾ ਸ਼ਿਕਾਰ ਹੋ ਜਾਂਦਾ ਹੈ।

ਦੰਦ ਮੁੱਖ ਤੌਰ ਤੇ ਖਣਿਜੀ ਲੂਣਾਂ ਦੇ ਬਣੇ ਹੁੰਦੇ ਹਨ ਜਿਨ੍ਹਾਂ ਵਿਚੋਂ ਮੁੱਖ ਕੈਲਸ਼ੀਅਮ, ਫ਼ਾਸਫ਼ੋਰਸ, ਮੈਗਨੀਸ਼ੀਅਮ, ਫਲੋਰੀਨ ਆਦਿ ਹਨ। ਹਰੇਕ ਦੰਦ ਦੇ ਦੋ ਹਿੱਸੇ ਹੁੰਦੇ ਹਨ ਕ੍ਰਾਊਨ ਅਤੇ ਜੜ੍ਹ। ਅਸਲੀ ਵਰਤੋਂ ਵਿਚ ਆਉਣ ਵਾਲਾ ਹਿੱਸਾ ਕ੍ਰਾਊਨ ਹੈ ਜਿਹੜਾ ਮਸੂੜੇ ਤੋਂ ਉਪਰ ਦਿੱਸਦਾ ਹੈ। ਜੜ੍ਹ ਵਾਲਾ ਹਿੱਸਾ ਅੰਦਰ ਹੁੰਦਾ ਹੈ ਅਤੇ ਇਹ ਦੰਦ ਨੂੰ ਜਬਾੜ੍ਹਾ–ਹੱਡੀ ਵਿਚ ਪੱਕੀ ਤਰ੍ਹਾਂ ਜੋੜੀ ਰਖੱਦਾ ਹੈ। ਮੂੰਹ ਦੇ ਵੱਖ–ਵੱਖ ਦੰਦਾਂ ਵਿਚ ਅਤੇ ਵੱਖ–ਵੱਖ ਜਾਨਵਰਾਂ ਵਿਚ ਕ੍ਰਾਊਨ ਦੀ ਸ਼ਕਲ ਅਤੇ ਜੜ੍ਹਾਂ ਦੀਆਂ ਖਾਸੀਅਤਾਂ ਵੱਖ–ਵੱਖ ਹੁੰਦੀਆਂ ਹਨ।

ਵਿਕਾਸ ਦੌਰਾਨ ਵੱਖ–ਵੱਖ ਤਰ੍ਹਾਂ ਦਾ ਭੋਜਨ ਖਾਣ ਵਾਲੇ ਪ੍ਰਾਣੀਆਂ ਦੇ ਦੰਦਾਂ ਵਿਚ ਵੀ ਤਬਦੀਲੀਆਂ ਆ ਗਈਆਂ। ਮਾਸਾ–ਹਾਰੀ ਪ੍ਰਾਣੀਆਂ ਦੇ ਦੰਦ ਸਿਰਫ਼ ਮਾਸ ਨੂੰ ਪਾੜਨ ਲਈ, ਬਨਸਪਤੀ–ਆਹਾਰੀ ਪ੍ਰਾਣੀਆਂ ਵਿਚ ਸਿਰਫ਼ ਘਾਹ–ਫੂਸ ਖਾਣ ਲਈ ਅਤੇ ਸਰਬ–ਆਹਾਰੀ ਪ੍ਰਾਣੀਆਂ ਦੇ ਦੰਦ ਦੋਨਾਂ ਤਰ੍ਹਾਂ ਦਾ ਭੋਜਨ ਖਾ ਸਕਣ ਲਈ ਵਿਸ਼ਿਸ਼ਟ ਤੌਰ ਤੇ ਤਬਦੀਲ ਹੋ ਗਏ। ਪੁਰਾਤਨ ਮਨੁੱਖ ਦੇ ਪਥਰਾਟਾਂ ਵਿਚ ਮਿਲੇ ਦੰਦਾਂ ਨਾਲੋਂ ਅਜੋਕੇ ਮਨੁੱਖ ਦੇ ਦੰਦਾਂ ਵਿਚ ਆਕਾਰ ਅਤੇ ਸ਼ਕਲ ਦੇ ਪੱਖੋਂ ਪਰਿਵਰਤਨ ਮਿਲਦਾ ਹੈ।

ਮਨੁੱਖ ਦੀ ਡੈਂਟਲ ਐਨਾਟਮੀ—ਸਾਰੀ ਉਮਰ ਵਿਚ ਮਨੁੱਖ ਦੇ ਸਿਰਫ਼ ਦੋ ਵਾਰ ਦੰਦ ਨਿਕਲਦੇ ਹਨ। ਪਹਿਲੇ ਦੰਦ ਜਿਨ੍ਹਾਂ ਨੂੰ 'ਦੁੱਧ ਦੰਦ' ਕਹਿੰਦੇ ਹਨ ਆਮ ਤੌਰ ਤੇ ਛੇ ਮਹੀਨੇ ਤੋਂ ਲੈ ਕੇ ਦੋ ਸਾਲ ਦੀ ਉਮਰ ਦੇ ਵਿਚ ਵਿਚ ਨਿਕਲਦੇ ਹਨ। ਜਿਉਂ ਜਿਉਂ ਜਬਾੜ੍ਹੇ ਆਕਾਰ ਵਿਚ ਵਧਦੇ ਹਨ ਇਹ ਦੰਦ ਇਕ ਇਕ ਕਰਕੇ ਡਿਗਦੇ ਜਾਂਦੇ ਹਨ ਅਤੇ ਇਨ੍ਹਾਂ ਦੀ ਥਾਂ ਨਵੇਂ ਪਕੇ ਦੰਦ ਲੈ ਲੈਂਦੇ ਹਨ। ਪਹਿਲੀ ਕਿਸਮ ਦੇ ਦੰਦਾਂ ਨੂੰ ਅਸਥਾਈ ਦੰਦ ਜਾਂ ਪ੍ਰਾਇਮਰੀ ਦੰਦ ਅਤੇ ਦੂਜਿਆਂ ਨੂੰ ਸਥਾਈ ਜਾਂ ਸੈਕੰਡਰੀ ਦੰਦ ਕਹਿੰਦੇ ਹਨ। ਅਸਥਾਈ ਦੰਦਾਂ ਦੀ ਗਿਣਤੀ 20 ਤੇ ਸਥਾਈ ਦੰਦਾਂ ਦੀ 32 ਹੁੰਦੀ ਹੈ। ਅਸਥਾਈ ਦੰਦ ਜ਼ਿਆਦਾ ਛੋਟੇ ਤੇ ਚਿੱਟੇ ਹੁੰਦੇ ਹਨ ਅਤੇ ਇਨ੍ਹਾਂ ਦੇ ਕ੍ਰਾਊਨ ਤੇ ਜੜ੍ਹ ਦੇ


ਵਿਚਕਾਰ ਗਰਦਨ ਦਾ ਹਿੱਸਾ ਜ਼ਿਆਦਾ ਪ੍ਰਤੱਖ ਹੁੰਦਾ ਹੈ ਅਤੇ ਇਨ੍ਹਾਂ ਦੇ ਮੋਲਰ ਦੰਦਾਂ ਦੀਆਂ ਜੜ੍ਹਾਂ ਜ਼ਿਆਦਾ ਫੈਲੀਆਂ ਹੁੰਦੀਆਂ ਹਨ।

ਮੂੰਹ ਵਿਚ ਕੁਲ ਦੰਦਾਂ ਨੂੰ ਚਾਰ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ, ਉਪਰਲੇ ਜਬਾੜ੍ਹੇ ਦਾ ਸੱਜਾ ਹਿੱਸਾ ਤੇ ਖੱਬਾ ਹਿੱਸਾ ਅਤੇ ਹੇਠਲੇ ਜਬਾੜ੍ਹੇ ਦਾ ਸੱਜਾ ਹਿੱਸਾ ਤੇ ਖੱਬਾ ਹਿੱਸਾ। ਸੱਜੇ ਹਿੱਸੇ ਦੇ ਦੰਦ ਖੱਬੇ ਹਿੱਸੇ ਵਰਗੇ ਹੀ ਹੁੰਦੇ ਹਨ ਸਿਰਫ਼ ਕਿਧਰੇ ਕਿਧਰੇ ਥੋੜ੍ਹਾ ਬਹੁਤ ਅੰਤਰ ਮਿਲਦਾ ਹੈ। ਹਰੇਕ ਹਿੱਸੇ ਵਿਚ ਪੰਜ ਦੰਦ ਹੁੰਦੇ ਹਨ ਜਿਨ੍ਹਾਂ ਦੀ ਥਾਂ ਅੱਠ ਪੱਕੇ ਦੰਦ ਲੈਂਦੇ ਹਨ; ਇਸ ਤਰ੍ਹਾਂ ਮੂੰਹ ਵਿਚ ਕੁਲ 32 ਦੰਦ ਹੁੰਦੇ ਹਨ। ਹਰੇਕ ਚੌਥਾਈ ਹਿੱਸੇ ਵਿਚ ਚਾਰ ਤਰ੍ਹਾਂ ਦੇ ਦੰਦ ਹੁੰਦੇ ਹਨ ਜਿਨ੍ਹਾਂ ਦਾ ਆਕਾਰ ਅਤੇ ਕੰਮ ਵੱਖ-ਵੱਖ ਹਨ। ਇਹ ਚਾਰ ਕਿਸਮਾਂ ਹਨ- ਮਖਲੇ, ਸੂਏ (ਜਾਂ ਕਸਪਿਡ), ਪ੍ਰੀਮੋਲਰ (ਜਾਂ ਬਾਈਕਸਪਿਡ) ਅਤੇ ਮੋਲਰ। ਅਸਥਾਈ ਦੰਦਾਂ ਵਿਚ ਹਰੇਕ ਚੌਥੇ ਹਿੱਸੇ ਵਿਚ ਦੋ ਮਖਲੇ, ਇਕ ਸੂਆ ਅਤੇ ਦੋ ਮੋਲਰ ਦੰਦ ਹੁੰਦੇ ਹਨ। ਮੋਲਰਾਂ ਦੀ ਥਾਂ ਸਥਾਈ ਪ੍ਰੀਮੋਲਰ ਆਉਂਦੇ ਹਨ ਪਰ ਮਖਲੇ ਅਤੇ ਸੂਏ ਦੀ ਥਾਂ ਸਥਾਈ ਮਖਲੇ ਅਤੇ ਸੂਏ ਹੀ ਆਉਂਦੇ ਹਨ। ਸਥਾਈ ਮੋਲਰਾਂ ਦੇ ਕੋਈ ਪੂਰਵਗਾਮੀ ਅਸਥਾਈ ਦੰਦਾਂ ਵਿਚ ਨਹੀਂ ਮਿਲਦੇ।

ਮਖਲੇ ਦੰਦ—ਇਨ੍ਹਾਂ ਦੀ ਗਿਣਤੀ ਅੱਠ ਹੁੰਦੀ ਹੈ, ਹਰੇਕ ਚੌਥਾਈ ਹਿੱਸੇ ਵਿਚ ਦੋ-ਦੋ। ਉਪਰਲੇ ਜਬਾੜ੍ਹੇ ਵਿਚ ਬਾਹਰਲਾ ਜਾਂ ਸੈਂਟਰਲ (ਮੱਧ ਵਾਲਾ) ਮਖਲਾ ਦੰਦ ਸਭ ਤੋਂ ਵੱਡਾ ਹੁੰਦਾ ਹੈ ਅਤੇ ਅੰਦਰਲਾ ਜਾਂ ਲੇਟਰਲ (ਪਾਸੇ ਵਾਲਾ) ਛੋਟਾ ਤੇ ਬੇਢਬਾ। ਹੇਠਲੇ ਮਖਲੇ ਦੰਦ ਬਹੁਤ ਛੋਟੇ ਅਤੇ ਦੂਜੇ ਦੰਦਾਂ ਵਰਗੇ ਹੀ ਹੁੰਦੇ ਹਨ। ਮਖਲੇ ਦੰਦਾਂ ਦਾ ਮੁੱਖ ਕੰਮ ਕਿਸੇ ਚੀਜ਼ ਨੂੰ ਦੰਦੀ ਵਢਣਾ ਤੇ ਕਟਣਾ ਹੈ। ਇਨ੍ਹਾਂ ਦੀ ਛੂਹ-ਸ਼ਕਤੀ ਬਹੁਤ ਤੇਜ਼ ਹੁੰਦੀ ਹੈ ਜਿਸ ਕਰਕੇ ਕਿਸੇ ਚੀਜ਼ ਦੇ ਥੋੜ੍ਹੇ ਜਿਹੇ ਛੂਹਣ ਤੇ ਵੀ ਉਸ ਦੀ ਪਛਾਣ ਕਰ ਸਕਦੇ ਹਨ। ਦੰਦੀ ਵੱਢਣ ਵਾਲਾ ਹਿੱਸਾ ਚੌੜਾ ਤੇ ਪਤਲਾ, ਛੈਣੀ ਵਰਗਾ ਹੁੰਦਾ ਹੈ। ਉਪਰਲੇ ਤੇ ਹੇਠਲੇ ਮਖਲੇ ਜਾਂ ਤਾਂ ਕਿਨਾਰੇ ਨਾਲ ਕਿਨਾਰਾ ਮਿਲਾ ਕੇ ਕੱਟਦੇ ਹਨ ਜਾਂ ਫਿਰ ਹੇਠਲੇ ਵਾਲੇ ਕੁਝ ਅੰਦਰ ਵਲ ਨੂੰ ਜਾਂਦੇ ਹਨ।

ਕਸਪਿਡ ਜਾਂ ਸੂਏ—ਮਖਲੇ ਦੰਦਾਂ ਤੋਂ ਬਾਅਦ ਫਿਰ ਕਸਪਿਡ ਜਾਂ ਸੂਏ ਦੰਦ ਹੁੰਦੇ ਹਨ। ਇਨ੍ਹਾਂ ਦੀ ਕੁਲ ਗਿਣਤੀ ਚਾਰ ਹੁੰਦੀ ਹੈ, ਹਰੇਕ ਚੌਥਾਈ ਹਿੱਸੇ ਵਿਚ ਇਕ-ਇਕ। ਇਹ ਨੋਕਦਾਰ ਤੇ ਕੰਡੇ ਵਰਗੇ ਹੁੰਦੇ ਹਨ। ਉਨ੍ਹਾਂ ਥਣਧਾਰੀ ਪ੍ਰਾਣੀਆਂ ਵਿਚ, ਜਿਨ੍ਹਾਂ ਵਿਚ ਸੁਰੱਖਿਆ ਦਾ ਕੰਮ ਸਿੰਗ ਕਰਦੇ ਹਨ, ਸੂਏ ਦੰਦ ਨਹੀਂ ਹੁੰਦੇ; ਕਈ ਪ੍ਰਾਣੀਆਂ ਵਿਚ ਇਹ ਬਹੁਤ ਜ਼ਿਆਦਾ ਵੱਡੇ ਹੁੰਦੇ ਹਨ ਅਤੇ ਇਨ੍ਹਾਂ ਤੋਂ ਹੀ ਇਹ ਪ੍ਰਾਣੀ ਸੁਰੱਖਿਆ ਦਾ ਕੰਮ ਲੈਂਦੇ ਹਨ। ਮਨੁੱਖ ਵਿਚ ਇਹ ਦੰਦ ਕੱਟਣ ਤੇ ਪਾੜਨ ਦਾ ਕੰਮ ਕਰਦੇ ਹਨ। ਇਸ ਦੀ ਲੰਬਾਈ ਤੇ ਸਥਿਤੀ ਅਜਿਹੀ ਹੈ ਕਿ ਇਹ ਹੋਰ ਦੰਦਾਂ ਤੋਂ ਅੱਗੇ ਤਕ ਨਹੀਂ ਜਾਂਦੇ ਜਿਸ ਕਰਕੇ ਪਾਸਿਆਂ ਵਲ ਦੀ (ਸਾਈਡ-ਟੂ-ਸਾਈਡ) ਚਿਥਣ ਦੀ ਕਿਰਿਆ ਹੋ ਸਕਦੀ ਹੈ ਜਿਹੜੀ ਕਿ ਵੱਡੇ ਸੂਏ ਦੰਦਾਂ ਵਾਲੇ ਪ੍ਰਾਣੀਆਂ ਵਿਚ ਅਸੰਭਵ ਹੈ।

ਬਾਈਕਸਪਿਡ ਜਾਂ ਪ੍ਰੀਮੋਲਰ—ਸੂਇਆਂ ਤੋਂ ਬਾਅਦ ਦੋ-ਦੋ ਪ੍ਰੀਮੋਲਰ ਦੰਦ ਹੁੰਦੇ ਹਨ, ਇਸ ਤਰ੍ਹਾਂ ਇਨ੍ਹਾਂ ਦੀ ਕੁਲ ਗਿਣਤੀ ਅੱਠ ਹੁੰਦੀ ਹੈ। ਹਰੇਕ ਪ੍ਰੀਮੋਲਰ ਦੰਦ ਦੀਆਂ ਦੋ ਨੋਕਾਂ (ਕਸਪ) ਹੁੰਦੀਆਂ ਹਨ ਪਰ ਹੇਠਲੇ ਦੂਜੇ ਪ੍ਰੀਮੋਲਰ ਦੀ ਆਮ ਤੇ ਇਕ ਛੋਟੀ ਜਿਹੀ ਤੀਜੀ ਨੋਕ ਵੀ ਹੁੰਦੀ ਹੈ। ਉਪਰਲੇ ਪਹਿਲੇ ਪ੍ਰੀਮੋਲਰ ਦੀਆਂ ਆਮ ਤੌਰ ਤੇ ਦੋ ਜੜ੍ਹਾਂ ਹੁੰਦੀਆਂ ਹਨ ਪਰ ਕਦੀ ਕਦਾਈਂ ਇਕ ਵੀ ਹੁੰਦੀ ਹੈ। ਇਸ ਦੇ ਉਲਟ ਉਪਰਲੇ ਦੂਜੇ ਪ੍ਰੀਮੋਲਰ ਦੀ ਆਮ ਤੌਰ ਤੇ ਇਕ ਜੜ੍ਹ ਹੰਦੀ ਹੈ ਤੇ ਕਦੀ ਕਦਾਈਂ ਦੋ ਵੀ ਹੁੰਦੀਆਂ ਹਨ। ਹੇਠਲੇ ਪ੍ਰੀਮੋਲਰਾਂ ਦੀ ਇਕ-ਇਕ ਜੜ੍ਹ ਹੁੰਦੀ ਹੈ ਤੇ ਕਦੀ ਕਦਾਈਂ ਦੋ ਵੀ ਹੁੰਦੀਆਂ ਹਨ। ਹੇਠਲੇ ਪ੍ਰੀਮੋਲਰਾਂ ਦੀ ਇਕ-ਇਕ ਜੜ੍ਹ ਹੀ ਹੁੰਦੀ ਹੈ ਜਿਹੜੀ ਕਈ ਵਾਰ ਅਗੋਂ ਦੋ ਹਿੱਸਿਆਂ ਵਿਚ ਵੰਡੀ ਹੁੰਦੀ ਹੈ।




ਚਿੱਤਰ ਨੰ. 1 — ਸਥਾਈ ਦੰਦਾਂ ਦਾ ਪੂਰਾ ਸੈੱਟ

ਮੋਲਰ ਦੰਦ—ਪ੍ਰੀਮੋਲਰ ਤੋਂ ਬਾਅਦ ਤਿੰਨ-ਤਿੰਨ ਮੋਲਰ ਦੰਦ ਹੁੰਦੇ ਹਨ, ਇਸ ਤਰ੍ਹਾਂ ਇਨ੍ਹਾਂ ਦੀ ਕੁਲ ਗਿਣਤੀ 12 ਹੁੰਦੀ ਹੈ। ਇਹ ਪੀਹਣ ਦਾ ਕੰਮ ਕਰਦੇ ਹਨ। ਉਪਰਲੇ ਮੋਲਰ ਦੰਦਾਂ ਦੀਆਂ ਆਮ ਤੌਰ ਤੇ ਚਾਰ (ਕਈ ਵਾਰ ਤਿੰਨ) ਨੋਕਾਂ ਅਤੇ ਹੇਠਲੇ ਮੋਲਰ ਦੰਦਾਂ ਦੀਆਂ ਆਮ ਤੌਰ ਤੇ ਪੰਜ (ਕਈ ਵਾਰ ਚਾਰ) ਨੋਕਾਂ ਹੁੰਦੀਆਂ ਹਨ। ਇਨ੍ਹਾਂ ਨੋਕਾਂ ਦੀ ਗਿਣਤੀ ਤੇ ਸਥਿਤੀ ਅਤੇ ਇਨ੍ਹਾਂ ਦੇ ਵਿਚਕਾਰਲੀਆਂ ਝਿਰੀਆਂ ਦੇ ਲੱਛਣ ਵੱਖ-ਵੱਖ ਪ੍ਰਾਣੀਆਂ ਦੀ ਖਾਸੀਅਤ ਹਨ। ਆਮ ਤੌਰ ਤੇ ਉਪਰਲੇ ਮੋਲਰਾਂ ਦੀਆਂ ਤਿੰਨ-ਤਿੰਨ ਤੇ ਹੇਠਲਿਆਂ ਦੀਆਂ ਦੋ ਦੋ ਜੜ੍ਹਾਂ ਹੁੰਦੀਆਂ ਹਨ। ਯੂਰਪੀ ਉਤਪਤੀ ਵਾਲੇ ਮਨੁੱਖਾਂ ਵਿਚ ਆਮ ਤੌਰ ਤੇ ਪਹਿਲਾ ਮੋਲਰ ਵੱਡਾ, ਦੂਜਾ ਉਸ ਤੋਂ ਛੋਟਾ ਤੇ ਤੀਜਾ ਸਭ ਤੋਂ ਛੋਟਾ ਹੁੰਦਾ ਹੈ। ਕਈ ਹੋਰ ਗਰੁੱਪਾਂ ਵਿਚ ਤੀਜਾ ਮੋਲਰ ਦੂਜੇ ਤੋਂ ਵੱਡਾ ਪਰ ਪਹਿਲੇ ਤੋਂ ਛੋਟਾ ਹੁੰਦਾ ਹੈ।

ਦੰਦ ਕਢੱਣਾ—ਦੰਦ ਨਿਕਲਣ ਦੇ ਸਮੇਂ ਅਤੇ ਤਰਤੀਬ ਵਿਚ ਵੱਖ-ਵੱਖ ਪ੍ਰਾਣੀਆਂ ਵਿਚ ਵਖਰੇਵੇਂ ਮਿਲਦੇ ਹਨ। ਅਸਥਾਈ ਦੰਦਾਂ ਵਿਚ ਛੇ ਤੋਂ ਨੌਂ ਮਹੀਨੇ ਦੀ ਉਮਰ ਦੇ ਵਿਚਕਾਰ ਬੱਚੇ ਦਾ (ਆਮ ਤੌਰ ਤੇ) ਹੇਠਲਾ ਪਹਿਲਾ ਜਾਂ ਸੈਂਟਰਲ ਮਖਲਾ ਦੰਦ ਨਿਕਲਦਾ ਹੈ। ਇਸ ਤੋਂ ਬਾਅਦ ਉਪਰਲੇ ਪਹਿਲੇ ਤੇ ਫਿਰ ਦੂਜੇ ਮਖਲੇ ਦੰਦ ਨਿਕਲਦੇ ਹਨ ਅਤੇ ਦੋ ਸਾਲ ਦੀ ਉਮਰ ਤੱਕ ਸਾਰੇ ਦੰਦ ਨਿਕਲ ਆਉਂਦੇ ਹਨ। ਇਹ ਤਾਂ ਆਮ ਬੱਚਿਆਂ ਵਿਚ ਮਿਲਣ ਵਾਲਾ ਪੈਟਰਨ ਹੈ ਪਰ ਕਈਆਂ ਵਿਚ ਕਦੀ ਕਦਾਈਂ ਇਸ ਤੋਂ ਫਰਕ ਪੈਟਰਨ ਵੀ ਮਿਲਦਾ ਹੈ। ਇਨ੍ਹਾਂ ਵਿਚ ਸਭ ਤੋਂ ਪਹਿਲਾਂ ਹੇਠਲਾ ਪਹਿਲਾ ਮੋਲਰ ਦੰਦ ਆਉਂਦਾ ਹੈ। ਤਕਰੀਬਨ ਛੇ ਸਾਲ ਦੀ ਉਮਰ ਵਿਚ ਸਥਾਈ ਦੰਦ ਆਉਣੇ ਸ਼ੁਰੂ ਹੁੰਦੇ ਹਨ। ਉਦੋਂ ਜਬਾੜ੍ਹਾ ਹੱਡੀ ਦੇ ਵੱਧਣ ਅਤੇ ਤਬਦੀਲੀ ਦੇ ਨਾਲ-ਨਾਲ ਦੁੱਧ ਦੰਦ ਡਿਗਦੇ ਜਾਂਦੇ ਹਨ ਤੇ ਪੱਕੇ ਜਾਂ ਸਥਾਈ ਦੰਦ ਆਉਂਦੇ ਰਹਿੰਦੇ ਹਨ। ਇਹ ਕਿਰਿਆ 12 ਸਾਲ ਦੀ ਉਮਰ ਤਕ ਜਾਰੀ ਰਹਿੰਦੀ ਹੈ। ਇਸ ਉਮਰ ਵਿਚ ਦੂਜਾ ਮੋਲਰ ਦੰਦ ਨਿਕਲਦਾ ਹੈ। ਤੀਜਾ ਮੋਲਰ ਦੰਦ ਜਾਂ ਅਕਲ-ਦਾੜ੍ਹ ਤਕਰੀਬਨ 18-20 ਸਾਲ ਦੀ ਉਮਰ ਵਿਚ ਨਿਕਲਦੀ ਹੈ, ਕਈਆਂ ਵਿਚ ਇਹ ਦੰਦ ਨਿਕਲਦਾ ਹੀ ਨਹੀਂ। ਕਈ ਕੇਸਾਂ ਵਿਚ ਜੇ ਬਾਲਗ਼ ਅਵਸਥਾ ਵਿਚ ਵੀ ਕੋਈ ਦੁੱਧ ਦੰਦ ਰਹਿ ਜਾਂਦਾ ਹੈ ਤਾਂ ਉਸ ਦੀ ਥਾਂ ਤੇ ਆਉਣ ਵਾਲਾ ਸਥਾਈ ਦੰਦ ਜਾਂ ਤਾਂ ਆਉਂਦਾ ਹੀ ਨਹੀਂ ਜਾਂ ਫਿਰ ਗਲਤ ਥਾਂ ਤੇ ਆਉਂਦਾ ਹੈ।

ਹਿਸਟਾਲੋਜੀ—ਦੰਦ ਕਈ ਟਿਸ਼ੂਆਂ ਦੇ ਬਣੇ ਹੁੰਦੇ ਹਨ ਜਿਨ੍ਹਾਂ ਦਾ ਵੇਰਵਾ ਅੱਗੇ ਲਿਖੇ ਅਨੁਸਾਰ ਹੈ —



ਚਿੱਤਰ ਨੰ. 2 — ਮਨੁੱਖ ਦੇ ਮੋਲਰ ਦੰਦ ਦਾ ਕ੍ਰਾੱਸ ਸੈਕਸ਼ਨ

ਡੈਂਟਾਈਨ—ਦੰਦ ਦਾ ਕੋਰ ਜਾਂ ਮੁੱਖ ਅੰਸ਼ ਡੈਂਟਾਈਨ ਟਿਸ਼ੂ ਹੈ। ਇਹ ਇਕ ਕੈਲਸ਼ੀਅਮੀ ਟਿਸ਼ੂ ਹੈ ਜਿਸ ਦਾ ਤਰਕੀਬਨ 30% ਭਾਗ ਕਾਰਬਨੀ ਮਾਦਾ ਤੇ ਪਾਣੀ ਅਤੇ ਬਾਕੀ ਦਾ 70% ਅਕਾਰਬਨੀ ਮਾਦਾ ਹੈ ਜਿਨ੍ਹਾਂ ਵਿਚੋਂ ਮੁੱਖ ਕੈਲਸ਼ੀਅਮ ਤੇ ਫ਼ਾਸਫ਼ੋਰਸ ਹੁੰਦਾ ਹੈ। ਇਸ ਟਿਸ਼ੂ ਦੀਆਂ ਨਿੱਕੀਆਂ ਨਿੱਕੀਆਂ ਨਲਕੀਆਂ ਵਿਚੋਂ ਲਸੀਕਾ ਵਹਿੰਦਾ ਹੈ ਜਿਸ ਕਰਕੇ ਇਹ ਬਹੁਤ ਹੀ ਸੰਵੇਦੀ ਟਿਸ਼ੂ ਹੈ। ਦੰਦ ਦੇ ਕ੍ਰਾਊਨ ਵਾਲੇ ਹਿੱਸੇ ਵਿਚ ਡੈਂਟਾਈਨ ਉੱਤੇ ਇਨੈਮਲ ਤੇ ਜੜ੍ਹਾਂ ਵਾਲੇ ਹਿੱਸੇ ਤੇ ਸੀਮੈਂਟਮ ਹੁੰਦਾ ਹੈ।

ਇਨੈਮਲ—ਸਰੀਰ ਦੇ ਸਾਰੇ ਟਿਸ਼ੂਆਂ ਵਿਚੋਂ ਇਹ ਸਭ ਤੋਂ ਜ਼ਿਆਦਾ ਸਖ਼ਤ ਟਿਸ਼ੂ ਹੈ ਜਿਸ ਦਾ 96% ਭਾਗ ਅਕਾਰਬਨੀ ਮਾਦਾ ਅਤੇ 4% ਕਾਰਬਨੀ ਮਾਦਾ ਤੇ ਪਾਣੀ ਹੁੰਦਾ ਹੈ। ਇਸ ਵਿਚ ਨਾੜੀਆਂ ਨਹੀਂ ਜਾਂਦੀਆਂ ਪਰ ਕੁਝ ਤਰਲ ਇਸ ਵਿਚ ਵਹਿੰਦਾ ਸਮਝਿਆ ਜਾਂਦਾ ਹੈ। ਖ਼ੁਰਦਬੀਨ ਨਾਲ ਦੇਖਿਆਂ ਪਤਾ ਲਗਦਾ ਹੈ ਕਿ ਇਹ ਛੇ-ਕੋਣੇ ਪ੍ਰਿਜ਼ਮਾਂ ਦਾ ਬਣਿਆ ਹੁੰਦਾ ਹੈ। ਜੇ ਕਿਸੇ ਹਾਦਸੇ ਵਿਚ ਜਾਂ ਬੀਮਾਰੀ ਕਾਰਨ ਇਨੈਮਲ ਨੂੰ ਕੋਈ ਨੁਕਸਾਨ ਪਹੁੰਚ ਜਾਏ ਤਾਂ ਮੁੜ ਕੇ ਨਾ ਤਾਂ ਉਹ ਆਪਣੇ ਆਪ (ਕੁਦਰਤੀ ਤੌਰ ਤੇ) ਠੀਕ ਹੋ ਸਕਦਾ ਹੈ ਅਤੇ ਨਾ ਹੀ ਕਿਸੇ ਦਵਾਈ ਜਾਂ ਬਲਵਰਧਕ ਪਦਾਰਥਾਂ ਦੇ ਸੇਵਨ ਨਾਲ ਮੁੜ ਸੁਰਜੀਤ ਹੋ ਸਕਦਾ ਹੈ।

ਸੀਮੈਂਟਮ—ਇਹ ਵੀ ਕੈਲਸ਼ੀਅਮੀ ਟਿਸ਼ੂ ਹੈ ਤੇ ਹੱਡੀ ਵਰਗਾ ਲਗਦਾ ਹੈ। ਇਹ ਜੜ੍ਹਾਂ ਵਾਲੇ ਹਿੱਸੇ ਵਿਚ ਹੁੰਦਾ ਹੈ ਅਤੇ ਆਮ ਤੌਰ ਤੇ ਉਨ੍ਹਾਂ ਰੇਸ਼ਿਆਂ ਨੂੰ ਜੋੜਨ ਦਾ ਕੰਮ ਕਰਦਾ ਹੈ ਜਿਹੜੇ ਦੰਦ ਨੂੰ ਆਲੇ-ਦੁਆਲੇ ਦੇ ਟਿਸ਼ੂਆਂ ਵਿਚ ਜਕੜੀ ਰੱਖਦੇ ਹਨ।

ਪਲਪ—ਦੰਦ ਦੇ ਮੱਧ ਵਿਚ ਇਕ ਖੋੜ ਹੁੰਦੀ ਹੈ ਜਿਸ ਵਿਚ ਨਾੜੀਆਂ, ਲਸੀਕਾ ਤੇ ਲਹੂ-ਵਹਿਣੀਆਂ ਅਤੇ ਰੇਸ਼ੇਦਾਰ ਟਿਸ਼ੂ ਹੁੰਦਾ ਹੈ। ਇਸ ਸਭ ਕੁਝ ਨੂੰ ਪਲਪ ਕਹਿੰਦੇ ਹਨ। ਇਹ ਪਲਪ ਦੰਦ ਦੇ 4/5 ਹਿੱਸੇ ਤਕ ਜਾਂਦੀ ਹੈ। ਜੜ੍ਹਾਂ ਦੇ ਸਿਰੇ ਤੇ ਸਥਿਤ ਅੰਤਲੇ ਸੁਰਾਖ਼ ਰਾਹੀਂ ਇਹ ਜਨਰਲ ਆਹਾਰ ਅਤੇ ਨਾੜੀ ਸਿਸਟਮ ਨਾਲ ਜੁੜੀ ਹੁੰਦੀ ਹੈ। ਪਲਪ ਖੋੜ ਦੀ ਸਾਰੀ ਭਿੱਤੀ (ਦੀਵਾਰ) ਉੱਤੇ ਡੈਂਟਾਈਨ-ਸੈੱਲ (ਜਾਂ ਓਡੋਂਟੋਬਲਾਸਟ) ਹੁੰਦੇ ਹਨ ਜਿਨ੍ਹਾਂ ਤੋਂ ਡੈਂਟਾਈਨ ਦੀਆਂ ਨਿੱਕੀਆਂ ਨਲਕੀਆਂ ਬਣੀਆਂ ਹੁੰਦੀਆਂ ਹਨ; ਇਹ ਸੈਕੰਡਰੀ ਡੈਂਟਾਈਨ ਵੀ ਬਣਾ ਸਕਦੇ ਹਨ।

ਵਿਕਾਸ ਅਤੇ ਤੁਲਨਾਤਮਕ ਅਧਿਐਨ—ਕੈਲਸ਼ੀਅਮੀ ਬਣਤਰਾਂ ਹੋਣ ਕਰਕੇ ਦੰਦਾਂ ਦੇ ਬਹੁਤ ਪਥਰਾਟ ਮਿਲੇ ਹਨ ਜਿਨ੍ਹਾਂ ਤੋਂ ਇਨ੍ਹਾਂ ਦੇ ਵਿਕਾਸ ਦੀਆਂ ਸਟੇਜਾਂ ਦਾ ਪਤਾ ਲਗਦਾ ਹੈ। ਵੱਖ-ਵੱਖ ਗਰੁੱਪਾਂ ਵਿਚ ਇਨ੍ਹਾਂ ਦੇ ਫ਼ਰਕ ਦਾ ਅਧਿਐਨ ਵੀ ਕੀਤਾ ਗਿਆ ਹੈ। ਅਜੋਕੇ ਮਨੁੱਖ ਦੇ ਦੰਦ ਆਪਣੇ ਪੂਰਵਜਾਂ ਨਾਲੋਂ ਆਕਾਰ,ਵਿਕਾਸ, ਅਤੇ ਬਣਤਰ ਆਦਿ ਦੇ ਪੱਖੋਂ ਵੱਖ ਹਨ। ਇਸੇ ਤਰ੍ਹਾਂ ਮਨੁੱਖ ਅਤੇ ਹੋਰ ਐਂਥ੍ਰੋਪਾਇਡਾਂ ਦੇ ਦੰਦਾਂ ਵਿਚ ਵੀ ਫ਼ਰਕ ਮਿਲਦਾ ਹੈ।

ਪੂਰਵਜ ਰੀਂਗਣੇ ਪ੍ਰਾਣੀਆਂ ਦੇ ਸਾਧਾਰਣ ਕੋਨ-ਨੁਮਾ ਦੰਦਾਂ ਤੋਂ ਮਨੁੱਖੀ ਗੁੰਝਲਦਾਰ ਮੋਲਰ ਦੰਦਾਂ ਤਕ ਦੇ ਵਿਕਾਸ ਬਾਰੇ ਕਈ ਸਿਧਾਂਤ ਪ੍ਰਚਲਿਤ ਹਨ। ਦੋ ਅਮਰੀਕੀ ਫ਼ਾਸਿਲ ਵਿਗਿਆਨੀਆਂ, ਈ. ਡੀ. ਕੋਪ ਅਤੇ ਐਚ. ਐਚ. ਆਸਬਰਨ ਨੇ "ਟ੍ਰਾਈਟਿਊਬਰਕੁਲੀ" ਦਾ ਸਿਧਾਂਤ ਦਿੱਤਾ। ਇਸ ਸਿਧਾਂਤ ਅਨੁਸਾਰ ਪਹਿਲਾਂ ਪਲੇਟਨੁਮਾ ਚਾਣਿਆਂ (ਪਲੈਕਾੱਇਡ ਸਕੇਲ) ਤੋਂ ਸਾਧਾਰਣ ਕੰਡੇ ਵਰਗਾ ਦੰਦ ਬਣਿਆ ਜਿਸ ਉੱਤੇ ਅਗੋਂ ਦੋ ਹੋਰ ਕੰਡਿਆਂ ਜਾਂ ਕੋਨਾਂ ਦਾ ਵਿਕਾਸ ਹੋਇਆ, ਇਕ ਇਸ ਕੰਡੇ ਦੇ ਅਗਲੇ ਪਾਸੇ ਤੇ ਦੂਜਾ ਪਿਛਲੇ ਪਾਸੇ, ਇਸ ਨੂੰ 'ਟ੍ਰਾਈਕੋਡਾਂਟ ਸਟੇਜ' ਕਹਿੰਦੇ ਹਨ ਅਤੇ ਇਹ ਲੁਪਤ ਹੋ ਚੁੱਕੇ ਥਣਧਾਰੀਆਂ ਦੇ ਪਥਰਾਟਾਂ ਵਿਚ ਮਿਲੀ ਹੈ। ਇਸ ਟ੍ਰਾਈਟਿਊਬਰਕੁਲਰ

ਦੰਦ ਤੋਂ ਹੀ ਵਧਣ ਜਾਂ ਘਟਣ ਅਤੇ ਦੰਦ-ਨੋਕਾਂ ਦੀ ਤਬਦੀਲੀ ਨਾਲ ਸਾਰੀਆਂ ਅਜੋਕੇ ਥਣਧਾਰੀਆਂ ਦੀਆਂ ਦੰਦ ਤਰਤੀਬਾਂ ਵਿਕਸਤ ਹੋਈਆਂ ਮੰਨੀਆਂ ਜਾਂਦੀਆਂ ਹਨ।

ਪਹਿਲਾਂ ਪਹਿਲ ਪ੍ਰਾਣੀਆਂ ਵਿਚ ਮਿਲੇ ਦੰਦ ਅਜੋਕੇ ਦੰਦਾਂ ਵਰਗੇ ਨਹੀਂ ਸਨ। ਨਾ ਤਾਂ ਉਹ ਕੈਲਸ਼ੀਅਮੀ ਸਨ ਤੇ ਨਾ ਹੀ ਉਹ ਹੇਠਲੇ ਟਿਸ਼ੂ ਆਦਿ ਵਿਚ ਪੂਰੀ ਤਰ੍ਹਾਂ ਜਕੜੇ ਹੋਏ ਸਨ; ਨਾ ਹੀ ਉਹ ਸਿਰਫ਼ ਜਬਾੜ੍ਹਿਆਂ ਤਕ ਸੀਮਤ ਸਨ। ਇਹ ਹਾਲਤ ਅੱਜਕਲ੍ਹ ਵੀ ਕਈ ਨਿਮਨ-ਪੱਧਰੀ ਪ੍ਰਾਣੀਆਂ ਵਿਚ ਮਿਲਦੀ ਹੈ।

ਮੱਛੀਆਂ—ਦੰਦਾਂ ਦੇ ਵਿਕਾਸ ਦੀ ਸਭ ਤੋਂ ਪੁਰਾਤਨ ਹਾਲਤ ਮੱਛੀਆਂ ਵਿਚ ਮਿਲਦੀ ਹੈ। ਕਈਆਂ ਵਿਚ ਮੂੰਹ ਦੇ ਕਿਨਾਰੇ ਦੇ ਚਾਣੇ ਹੀ ਦੰਦਾਂ ਦਾ ਕੰਮ ਕਰਦੇ ਹਨ ਅਤੇ ਲੋੜ ਪੈਣ ਤੇ ਉਨ੍ਹਾਂ ਤੋਂ ਅਗਲੇ ਚਾਣੇ ਇਹ ਕੰਮ ਸਾਂਭ ਲੈਂਦੇ ਹਨ। ਕਈ ਮੱਛੀਆਂ ਵਿਚ ਉੱਚ-ਪੱਧਰੀ ਪ੍ਰਾਣੀਆਂ ਵਾਂਗ ਕੈਲਸ਼ੀਅਮੀ ਬਣਤਰਾਂ ਹੁੰਦੀਆਂ ਹਨ ਪਰ ਇਹ ਬਣਤਰਾਂ ਇਕਹਿਰੇ ਕੋਨ ਵਰਗੀਆਂ ਹੀ ਹੁੰਦੀਆਂ ਹਨ। ਇਹ ਸਿਰਫ਼ ਜਬਾੜ੍ਹਿਆਂ ਤਕ ਹੀ ਸੀਮਤ ਹੁੰਦੀਆਂ ਹਨ ਅਤੇ ਲਗਾਤਾਰ ਬਣਦੀਆਂ ਤੇ ਝੜਦੀਆਂ ਰਹਿੰਦੀਆਂ ਹਨ।

ਸਾਈਕਲੋਸਟੋਮੇਟਾ— ਲੈਂਪਰੀ ਤੇ ਹੈਗ ਮੱਛੀਆਂ ਵਿਚ ਦੰਦ ਹਾਰਨੀ ਕੋਨਾਂ ਵਰਗੇ ਹੁੰਦੇ ਹਨ।

ਇਲੈਸਮੋਬ੍ਰੈਂਕਾਈ—ਇਨ੍ਹਾਂ ਵਿਚ ਉਪ-ਅਸਥੀ-ਯੁਕਤ ਮੱਛੀ-ਆਂ (ਸ਼ਾਰਕ, ਰੇ ਆਦਿ) ਆਉਂਦੀਆਂ ਹਨ ਜਿਨ੍ਹਾਂ ਦੇ ਦੰਦ ਕਈ ਕਤਾਰਾਂ ਵਿਚ ਲਗੇ ਹੁੰਦੇ ਹਨ। ਅਗਲੀ ਕਤਾਰ ਦੇ ਦੰਦ ਝੜ ਜਾਣ ਤੇ ਪਿਛੋਂ ਹੋਰ ਅੱਗੇ ਆ ਜਾਂਦੇ ਹਨ। ਕਈਆਂ ਵਿਚ ਇਹ ਚਪਟੇ ਬਲਾਕਾਂ ਵਿਚ ਲਗੇ ਹੁੰਦੇ ਹਨ। ਰੇ-ਮੱਛੀਆਂ ਵਿਚ ਇਹ ਚਪਟੀਆਂ ਪਲੇਟਾਂ ਵਰਗੇ ਹੁੰਦੇ ਹਨ ਅਤੇ ਮੋਲਰਾਂ ਵਰਗੇ ਲਗਦੇ ਹਨ। ਆਰਾ ਮੱਛੀ ਨੂੰ ਛੱਡ ਕੇ ਬਾਕੀਆਂ ਦੇ ਦੰਦ ਸੱਕਿਟਾਂ (ਟੋਇਆਂ) ਵਿਚ ਨਹੀਂ ਲਗੇ ਹੁੰਦੇ ਅਤੇ ਇਨ੍ਹਾਂ ਦੀ ਡੈਂਟਾਈਨ ਵੀ ਹੱਡੀ ਵਰਗੀ ਹੁੰਦੀ ਹੈ, ਜਿਸ ਵਿਚ ਪਲਪ ਖੋੜ ਨਹੀਂ ਹੁੰਦੀ।

ਟੀਲੀਓਸਟੋਮੀ—ਇਨ੍ਹਾਂ ਮੱਛੀਆਂ ਦੇ ਦੰਦਾਂ ਵਿਚ ਬਹੁਤ ਵਖਰੇਵੇਂ ਮਿਲਦੇ ਹਨ। ਸਟਰਜਨਾਂ ਵਿਚ ਬਿਲਕੁਲ ਹੀ ਦੰਦ ਨਹੀਂ ਹੁੰਦੇ ਪਰ ਹੋਰਾਂ ਵਿਚ ਇਹ ਮੂੰਹ ਦੇ ਦੁਆਲੇ ਦੀਆਂ ਸਾਰੀਆਂ ਹੱਡੀਆਂ ਉੱਤੇ (ਬ੍ਰੈਕੀਅਲ ਆਰਚਾਂ ਸਮੇਤ) ਲਗੇ ਹੁੰਦੇ ਹਨ। ਪਾਈਕ ਦੇ ਮੂੰਹ ਅਤੇ ਫ਼ੈਰਿੰਕਸ ਦੋਨਾਂ ਵਿਚ ਦੰਦ ਹੁੰਦੇ ਹਨ। ਪਾਈਕ ਅਤੇ ਹੇਕ ਵਿਚ ਕਬਜਾ-ਨੁਮਾ ਦੰਦ ਹੁੰਦੇ ਹਨ ਜਿਹੜੇ ਸ਼ਿਕਾਰ ਦੇ ਅੰਦਰ ਲੰਘਣ ਸਮੇਂ ਮੁੜ ਜਾਂਦੇ ਹਨ ਅਤੇ ਫਿਰ ਸਿੱਧੇ ਖੜੇ ਹੋ ਕੇ ਰਸਤਾ ਰੋਕ ਲੈਂਦੇ ਹਨ। ਇਹ ਕਬਜੇ ਨਰਮ ਟਿਸ਼ੂ ਦੇ ਬਣੇ ਹੁੰਦੇ ਹਨ ਜਿਨ੍ਹਾਂ ਵਿਚ ਲਚਕਦਾਰ ਲਿਗਾਮੈਂਟ ਹੁੰਦੇ ਹਨ। ਬਹੁਤੀਆਂ ਟੀਲੀਓਸਟੋਮੀ ਮੱਛੀਆਂ ਵਿਚ ਵੀ ਹੱਡੀ ਵਰਗਾ ਆਸਟੀਓਡੈਂਟਾਈਨ ਹੁੰਦਾ ਹੈ ਪਰ ਹੇਕ ਅਤੇ ਕਈ ਹੋਰਾਂ ਵਿਚ ਵੈਸੋਡੈਂਟਾਈਨ ਹੁੰਦਾ ਹੈ ਜਿਸ ਵਿਚ ਅਨੇਕਾਂ ਲਹੂ-ਵਹਿਣੀਆਂ ਹੁੰਦੀਆਂ ਹਨ।

ਜਲ-ਥਲੀ ਪ੍ਰਾਣੀ—ਇਨ੍ਹਾਂ ਵਿਚ ਮੱਛੀਆਂ ਨਾਲੋਂ ਘੱਟ ਦੰਦ ਹੁੰਦੇ ਹਨ। ਇਨ੍ਹਾਂ ਦੇ ਦੰਦ ਵੋਮਰ ਹੱਡੀ ਅਤੇ ਉਪਰਲੇ ਅਤੇ ਹੇਠਲੇ ਜਬਾੜ੍ਹਿਆਂ ਦੀਆਂ ਹੱਡੀਆਂ ਉੱਤੇ ਹੁੰਦੇ ਹਨ। ਡੱਡੂ (ਟੋਡ) ਬਿਲਕੁਲ ਦੰਦ ਰਹਿਤ ਹੁੰਦਾ ਹੈ ਅਤੇ ਡੱਡੂ ਦੇ ਹੇਠਲੇ ਜਬਾੜ੍ਹੇ ਉੱਤੇ ਕੋਈ ਦੰਦ ਨਹੀਂ ਹੁੰਦੇ। ਲੁਪਤ ਹੋ ਚੁੱਕੇ ਪੂਛ ਵਾਲੇ ਜਲ-ਥਲੀ ਪ੍ਰਾਣੀਆਂ (ਸਟੈਗੋਸੈਫੈਲੀਆ) ਵਿਚ ਗੁੰਝਲਦਾਰ, ਵਲ੍ਹੇਟੀ ਹੋਈ ਡੈਂਟਾਈਨ ਸੀ ਜਿਸ ਨੂੰ ਲੈਬਿਰਿੰਥੀਅਨ ਕਿਹਾ ਜਾਂਦਾ ਹੈ ਅਤੇ ਇਸੇ ਕਰਕੇ ਇਹ ਪ੍ਰਾਣੀ ਲੈਬਿਰਿੰਥੋਡਾਂਟ ਕਹਾਉਂਦੇ ਹਨ।

ਰੀਂਗਣੇ ਪ੍ਰਾਣੀ—ਰੀਂਗਣੇ ਪ੍ਰਾਣੀਆਂ ਵਿਚ ਕਈ ਤਰ੍ਹਾਂ ਦੀ ਦੰਦ ਤਰਤੀਬ ਮਿਲਦੀ ਹੈ। ਸਭ ਤੋਂ ਪਹਿਲਾਂ ਇਸ ਸ਼੍ਰੇਣੀ ਦੇ ਪੂਰਵਜ ਥੈਰੇਪਸਿਡ ਪ੍ਰਾਣੀਆਂ (Ictidopsis) ਵਿਚ ਸੂਏ ਦੰਦ ਦੇ ਲੰਬੇ ਹੋ ਜਾਣ ਨਾਲ ਅਗਲੇ ਅਤੇ ਪਿਛਲੇ ਦੰਦ ਅੱਡ ਹੋਏ ਸਨ। ਕੀਲੋਨੀਆ ਗਰੁਪ (ਕੱਛੂਆਂ) ਵਿਚ ਦੰਦ ਨਹੀਂ ਹੁੰਦੇ ਅਤੇ ਉਨ੍ਹਾਂ ਦੀ ਥਾਂ ਹਾਰਨੀ ਜਬਾੜ੍ਹਾ ਕੇਸ ਹੁੰਦੇ ਹਨ। ਓਫ਼ਿਡੀਆ ਗਰੁੱਪ ਦੇ ਵਿਹੁ-ਰਹਿਤ ਸੱਪਾਂ ਦੇ ਉਪਰਲੇ ਜਬਾੜ੍ਹੇ ਵਿਚ ਦੰਦਾਂ ਦੀਆਂ ਦੋ ਕਤਾਰਾਂ ਹੁੰਦੀਆਂ ਹਨ। ਇਕ ਮੈਕਸਿਲਾ ਉੱਤੇ ਅਤੇ ਦੂਜੀ ਪੈਲੇਟਾਈਨ ਅਤੇ ਟੈਰੀਗਾੱਇਡ ਹੱਡੀਆਂ ਉੱਤੇ, ਪਰ ਹੇਠਲੇ ਜਬਾੜ੍ਹੇ ਉੱਤੇ ਦੰਦਾਂ ਦੀ ਸਿਰਫ਼ ਇਕੋ ਕਤਾਰ ਹੁੰਦੀ ਹੈ। ਇਨ੍ਹਾਂ ਦੇ ਦੰਦ ਤਿੱਖੇ ਕੰਡਿਆਂ ਵਰਗੇ ਹੁੰਦੇ ਹਨ ਅਤੇ ਇਹ ਇੰਨੇ ਜ਼ਿਆਦਾ ਮੁੜੇ ਹੋਏ ਹੁੰਦੇ ਹਨ ਕਿ ਇਕ ਵਾਰ ਫੜਿਆ ਸ਼ਿਕਾਰ ਮੁੜ ਵਾਪਸ ਨਹੀਂ ਲੰਘ ਸਕਦਾ। ਜ਼ਹਿਰੀਲੇ ਸੱਪਾਂ ਵਿਚ ਵਿਸ਼ਿਸ਼ਟ ਵਿਹੁ-ਦੰਦ ਹਰੇਕ ਪਾਸੇ ਦੇ ਮੈਕਸਲਾ ਵਿਚ ਹੁੰਦੇ ਹਨ। ਇਸ ਦੰਦ ਵਿਚ ਇਕ ਝਿਰੀ ਹੁੰਦੀ ਹੈ ਤੇ ਵਿਹੁ-ਗਲੈਂਡ ਵਿਚੋਂ ਆਇਆ ਜ਼ਹਿਰ ਇਸ ਰਾਹੀਂ ਲੰਘਦਾ ਹੈ। ਕਾਲੂਬਰਾਈਨ ਸੱਪਾਂ (ਜਿਹਾ ਕਿ ਨਾਗ) ਵਿਚ ਵਿਹੁ-ਦੰਦ ਹਮੇਸ਼ਾਂ ਸਿੱਧਾ ਖੜ੍ਹਾ ਰਹਿੰਦਾ ਹੈ ਪਰ ਵਾਈਪਰੀਨ ਸੱਪਾਂ ਜਿਹਾ ਕਿ (ਐਡਰ, ਰੈਟਲ ਸਨੇਕ ਆਦਿ) ਵਿਚ ਵਿਹੁ-ਦੰਦ ਮੂੰਹ ਦੀ ਛੱਤ ਨਾਲ ਚਪਟਾ ਲਗਿਆ ਹੁੰਦਾ ਹੈ, ਸਿਰਫ਼ ਕੱਟਣ (ਡੱਸਣ) ਵੇਲੇ ਸਿੱਧਾ ਹੁੰਦਾ ਹੈ। ਕਿਰਲੀਆਂ ਵਿਚ ਉਪਰਲੇ ਅਤੇ ਹੇਠਲੇ ਜਬਾੜ੍ਹੇ ਵਿਚ ਕੰਡਾ-ਨੁਮਾ ਦੰਦਾਂ ਦੀਆਂ ਕਈ ਕਤਾਰਾਂ ਹੁੰਦੀਆਂ ਹਨ। ਕਈਆਂ ਵਿਚ (ਜਿਹਾ ਕਿ ਗਿਰਗਿਟ) ਦੰਦ ਆਪਣੇ ਮੁੱਢ ਤੇ ਹੱਡੀ ਨਾਲ ਜੁੜੇ ਹੁੰਦੇ ਹਨ ਅਤੇ ਇਸ ਨੂੰ ਅਗ੍ਰ ਦੰਦਵੀ ਜਾਂ ਐਕ੍ਰੋਡੌਂਟ ਡੈਂਟੀਸ਼ਨ ਕਹਿੰਦੇ ਹਨ; ਕਈਆਂ ਵਿਚ (ਜਿਵੇਂ ਇਗਵਾਨਾ) ਦੰਦ ਹੱਡੀ ਦੇ ਪਾਸੇ ਤੇ ਬਣੇ ਉਭਾਰ ਨਾਲ ਆਪਣੇ ਪਾਸਿਆਂ ਰਾਹੀਂ ਜੁੜੇ ਹੁੰਦੇ ਹਨ ਅਤੇ ਇਸ ਨੂੰ ਪਲੂਰੋਡੌਂਟ ਡੈਂਟੀਸ਼ਨ ਕਹਿੰਦੇ ਹਨ। ਕ੍ਰਾੱਕੋਡਿਲੀਆ ਵਿਚ ਥਣ-ਧਾਰੀਆਂ ਵਾਂਗ ਦੰਦ ਸੱਕਿਟਾਂ ਵਿਚ ਫਿਟ ਹੋਏ ਹੁੰਦੇ ਹਨ; ਇਸ ਨੂੰ ਗਰਤ ਦੰਦਵੀ ਜਾਂ ਥੀਕੋਡੌਂਟ ਡੈਂਟੀਸ਼ਨ ਕਹਿੰਦੇ ਹਨ। ਹੇਠਲੇ ਜਬਾੜ੍ਹੇ ਦਾ ਪਹਿਲਾ, ਚੌਥਾ ਤੇ ਗਿਆਰਵਾਂ ਦੰਦ ਅਤੇ ਉਪਰਲੇ ਜਬਾੜ੍ਹੇ ਦਾ ਤੀਜਾ ਤੇ ਨੌਂਵਾਂ ਦੰਦ ਬਾਕੀਆਂ ਨਾਲੋਂ ਵੱਡੇ ਹੁੰਦੇ ਹਨ।

ਪੰਛੀ—ਅਜੋਕੇ ਪੰਛੀਆਂ ਵਿਚ ਦੰਦ ਨਹੀਂ ਹੁੰਦੇ ਪਰ ਪਥਰਾਟਾਂ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਕਿਸੇ ਵਕਤ ਇਹ ਵੀ ਦੰਦਾਂ ਵਾਲੇ ਹੁੰਦੇ ਸਨ। ਆਰਕੀਆੱਪਟੈਰਿਕਸ, ਇਕਈਆਰਨਿਸ ਅਤੇ ਹੈਸਪੈਰਾਰਨਿਸ ਦੰਦ ਵਾਲੇ ਪਥਰਾਟ ਪੰਛੀਆਂ ਦੀਆਂ ਉਦਾਹਰਣਾਂ ਹਨ। ਇਨ੍ਹਾਂ ਦੇ ਦੰਦ ਆੱਸਟੀਓਡੈਂਟਾਈਨ ਦੇ ਬਣੇ ਹੋਏ ਸਨ ਜਿਨ੍ਹਾਂ ਦੇ ਉਪਰਲੇ ਸਿਰਿਆਂ ਤੇ ਇਨੈਮਲ ਸੀ।

ਉਕਤ ਸਾਰੀਆਂ ਸ਼੍ਰੇਣੀਆਂ ਦੇ ਦੰਦ ਆਮ ਤੌਰ ਤੇ ਸਾਧਾਰਣ ਤੇ ਇਕੋ ਜਿਹੇ (ਸਮਦੰਦਵੀ ਜਾਂ ਹੋਮੋਡੌਂਟ) ਸਨ। ਬਹੁਤਿਆਂ ਵਿਚ ਜਦੋਂ ਕੋਈ ਦੰਦ ਝੜਦਾ ਹੈ ਤਾਂ ਹੋਰ ਦੰਦ ਉਸ ਦੀ ਜਗ੍ਹਾ ਲੈ ਲੈਂਦਾ ਹੈ। ਇਸ ਤਰਤੀਬ ਨੂੰ ਬਹੁਵਾਰ ਦੰਦਵੀ ਜਾਂ ਪਾੱਲੀਫ਼ਾਇਉਡੌਂਟ ਡੈਂਟੀਸ਼ਨ ਕਹਿੰਦੇ ਹਨ।

ਥਣਧਾਰੀ ਪ੍ਰਾਣੀ—ਥਣਧਾਰੀਆਂ ਵਿਚ ਅਨੇਕਾਂ ਕਿਸਮਾਂ ਦੀ ਦੰਦ ਤਰਤੀਬ ਅਤੇ ਅਨੇਕਾਂ ਕਿਸਮਾਂ ਦੀਆਂ ਵਿਸ਼ੇਸ਼ਤਾਵਾਂ ਮਿਲਦੀਆਂ ਹਨ। ਇਨ੍ਹਾਂ ਅਨੇਕਾਂ ਅਕਾਰਾਂ ਦੀ ਦੰਦ-ਤਰਤੀਬ ਨੂੰ ਭਿੰਨ-ਦੰਦਵੀ ਜਾਂ ਹੈਟਰੋਡੌਂਟ ਡੈਂਟੀਸ਼ਨ ਕਿਹਾ ਜਾਂਦਾ ਹੈ। ਥਣਧਾਰੀਆਂ ਵਿਚ ਬਹੁਵਾਰ ਦੰਦਵੀ (ਪਾਲੀਫਾਇਓਡੌਂਟ) ਦੀ ਥਾਂ ਦੋਵਾਰੀ-ਦੰਦਵੀ ਜਾਂ ਡਿਫਿਓਡੌਂਟ ਡੈਂਟੀਸ਼ਨ ਮਿਲਦੀ ਹੈ ਜਿਸ ਦਾ ਭਾਵ ਹੈ ਕਿ ਦੰਦ ਝੜਨ ਤੋਂ ਬਾਅਦ ਸਿਰਫ਼ ਇਕੋ ਵਾਰ ਹੀ ਮੁੜਕੇ ਆਉਂਦੇ ਹਨ। ਮਾਰਸੂਪੀਅਲਾਂ (ਸ਼ਿਸ਼ੂਦਾਨੀ ਪ੍ਰਾਣੀ) ਵਿਚ ਹਰ ਚੌਥਾਈ ਹਿੱਸੇ ਦਾ ਸਿਰਫ਼ ਇਕ ਪ੍ਰੀਮੋਲਰ ਹੀ ਦੁਬਾਰਾ ਆਉਂਦਾ ਹੈ ਤੇ ਦੰਦ-ਵਾਲੀਆਂ ਵੇਲ੍ਹ ਮੱਛੀਆਂ ਵਿਚ ਦੰਦ ਸਿਰਫ਼ ਇਕੋ ਵਾਰ ਹੀ ਆਉਂਦੇ ਹਨ। ਇਸ ਹਾਲਤ ਨੂੰ ਇਕਵਾਰ ਦੰਦਵੀ ਜਾਂ ਮਾਨੋਫਾਇ-

ਓਡੌਂਟ ਡੈਂਟੀਸ਼ਨ ਕਿਹਾ ਜਾਂਦਾ ਹੈ। ਰੋਡੈਂਟ (ਜਾਂ ਕੁਤਰਨ ਪ੍ਰਾਣੀਆਂ) ਵਿਚ ਮਖਲੇ ਦੰਦ ਸਾਰੀ ਉਮਰ ਤਕ ਵਧਦੇ ਰਹਿੰਦੇ ਹਨ। ਅੰਗੁਲੇਟਾਂ (ਜਾਂ ਖੁਰ ਵਾਲੇ ਪ੍ਰਾਣੀਆਂ ਜਿਹਾ ਕਿ ਘੋੜੇ) ਦੇ ਦੰਦ ਬਹੁਤ ਵੱਡੇ ਤੇ ਵਲ੍ਹੇਟੇ ਹੋਏ ਹੁੰਦੇ ਹਨ ਅਤੇ ਉਨ੍ਹਾਂ ਦੀਆਂ ਜੜ੍ਹਾਂ ਵੀ ਬਹੁਤ ਲੰਬੀਆਂ ਹੁੰਦੀਆਂ ਹਨ। ਮਾਸਾਹਾਰੀ ਪ੍ਰਾਣੀਆਂ ਦੇ ਦੰਦ ਟ੍ਰੈ-ਟਿਊਬਰਕਲੀ ਕਿਸਮ ਤੋਂ ਵਿਕਸਤ ਹੋਏ ਹੁੰਦੇ ਹਨ ਤੇ ਕੱਟਣ, ਪਕੜਨ ਤੇ ਪਾੜਨ ਲਈ ਵਿਸ਼ਿਸ਼ਟ ਹੁੰਦੇ ਹਨ, ਕਈਆਂ ਵਿਚ ਦੰਦਾਂ ਦੀ ਗਿਣਤੀ ਘੱਟ ਗਈ ਹੈ ਤੇ ਐਡੈਨਟੇਟਾ ਵਿਚ ਦੰਦ ਬਿਲਕੁਲ ਹੀ ਨਹੀਂ ਹੁੰਦੇ।

ਸਾਰੇ ਪ੍ਰਾਈਮੇਟਜ਼ ਵਿਚ ਇਕੋ ਜਿਹੀ ਦੰਦ ਤਰਤੀਬ ਹੁੰਦੀ ਹੈ ਫਰਕ ਸਿਰਫ਼ ਵੱਖ-ਵੱਖ ਹਿੱਸਿਆਂ ਦੇ ਦੰਦਾਂ ਦੇ ਆਕਾਰ, ਦੰਦਾਂ ਦੀਆਂ ਕੁਲ ਕਿਸਮਾਂ ਆਦਿ ਵਿਚ ਹੀ ਹੁੰਦਾ ਹੈ। ਲਿਮੁਰਾੱਇਡੀਆ ਵਿਚ ਪ੍ਰੀਮੋਲਰਾਂ ਦੀ ਗਿਣਤੀ ਹਰ ਚੌਥਾਈ ਹਿੱਸੇ ਵਿਚ 2-4 ਹੁੰਦੀ ਹੈ। ਆਈ ਆਈ (ਇਕ ਲੀਮਰ)ਵਿਚ ਸੂਏ ਦੰਦ ਨਹੀਂ ਹੁੰਦੇ, ਇਨ੍ਹਾਂ ਵਿਚ ਉਪਰਲੇ ਤੇ ਹੇਠਲੇ ਮਖਲੇ ਅਤੇ ਇਕ ਉਪਰਲਾ ਪ੍ਰੀਮੋਲਰ ਹੁੰਦਾ ਹੈ। ਦਖੱਣੀ ਅਮਰੀਕੀ ਬਾਂਦਰਾਂ (ਪਲੈਟੀਰ੍ਹਾਈਨਾ) ਵਿਚ ਹਰੇਕ ਚੌਥਾਈ ਹਿੱਸੇ ਵਿਚ ਤਿੰਨ ਪ੍ਰੀਮੋਲਰ ਤੇ ਪੁਰਾਣੀ ਦੁਨੀਆਂ ਦੀਆਂ ਕਿਸਮਾਂ (ਕੈਟਾਰ੍ਹਾਈਨਾ) ਵਿਚ ਦੋ ਪ੍ਰੀਮੋਲਰ ਹੁੰਦੇ ਹਨ।

ਅਜੋਕੇ ਮਨੁੱਖ ਵਿਚ ਵੀ ਵੱਖ-ਵੱਖ ਨਸਲਾਂ ਵਿਚ ਦੰਦ-ਤਰਤੀਬ ਵੱਖ-ਵੱਖ ਹੁੰਦੀ ਹੈ, ਮੁੱਖ ਫਰਕ ਉਪਰਲੇ ਮਖਲੇ ਦੰਦਾਂ ਦੇ ਪਿਛਲੇ ਜਾਂ ਜੀਭ ਵਾਲੇ ਹਿੱਸੇ ਦੀ ਬਣਾਵਟ, ਦੰਦਾਂ ਦੇ ਆਕਾਰ ਆਦਿ ਵਿਚ ਹੁੰਦਾ ਹੈ। ਕਈ ਵਾਰ ਕੁਝ ਨਸਲਾਂ ਵਿਚ ਕਈ ਦੰਦ ਨਿਕਲਦੇ ਹੀ ਨਹੀਂ ਜਿਵੇਂ ਮੱਧ ਯੂਰਪ ਦੇ 19% ਅੰਗਰੇਜ਼ਾਂ ਵਿਚ ਇਕ (ਜਾਂ ਜ਼ਿਆਦਾ) ਤੀਜਾ ਮੋਲਰ, ਜਿਸ ਨੂੰ ਅਕਲ ਦਾੜ੍ਹ ਵੀ ਕਹਿੰਦੇ ਹਨ, ਨਹੀਂ ਨਿਕਲਦਾ। ਕਈਆਂ ਵਿਚ ਉਪਰਲੇ ਲੇਟਰਲ ਮਖਲੇ ਦੰਦ ਨਹੀਂ ਨਿਕਲਦੇ। ਇਸੇ ਤਰ੍ਹਾਂ ਦੰਦ ਨੋਕਾਂ ਦੇ ਆਕਾਰ ਤੇ ਡੀਜ਼ਾਈਨ ਵਿਚ ਵੀ ਵਖਰੇਵੇਂ ਮਿਲਦੇ ਹਨ, ਇਹ ਅਸਰ ਸਭ ਤੋਂ ਵੱਧ ਤੀਜੇ ਮੋਲਰ, ਲੇਟਰਲ ਮਖਲੇ ਅਤੇ ਦੂਜੇ ਪ੍ਰੀਮੋਲਰ ਤੇ ਹੁੰਦਾ ਹੈ।

ਦੰਦ ਫ਼ਾਰਮੂਲਾ—ਇਹ ਉਹ ਫ਼ਾਰਮੂਲਾ ਹੈ ਜਿਸ ਰਾਹੀਂ ਉਪਰਲੇ ਅਤੇ ਹੇਠਲੇ ਜਬਾੜ੍ਹੇ ਦੇ ਅਧੇ ਹਿੱਸੇ ਦੇ ਦੰਦਾਂ ਦੀ ਗਿਣਤੀ ਦੱਸੀ ਜਾਂਦੀ ਹੈ। ਇਸ ਦੀ ਸਹਾਇਤਾ ਨਾਲ ਵੱਖ-ਵੱਖ ਥਣਧਾਰੀਆਂ ਦੇ ਦੰਦਾਂ ਦੀ ਤੁਲਨਾ ਵੀ ਅਸਾਨੀ ਨਾਲ ਕੀਤੀ ਜਾ ਸਕਦੀ ਹੈ। ਮਨੁੱਖ ਦਾ ਦੰਦ ਫ਼ਾਰਮੂਲਾ ਇਸ ਤਰ੍ਹਾਂ ਹੈ :—

ਮਖਲੇ $\frac{2}{2}$, ਸੂਏ $\frac{1}{1}$, ਪ੍ਰੀਮੋਲਰ $\frac{2}{2}$, ਮੋਲਰ $\frac{3}{3}$

ਇਸ ਵਿਚ ਲਾਈਨ ਤੋਂ ਉਪਰ ਉਪਰਲੇ ਜਬਾੜ੍ਹੇ ਦੇ ਅੱਧੇ ਹਿੱਸੇ ਦੇ ਦੰਦਾਂ ਅਤੇ ਲਾਈਨ ਤੋਂ ਹੇਠਾਂ ਹੇਠਲੇ ਜਬਾੜ੍ਹੇ ਦੇ ਅੱਧੇ ਹਿੱਸੇ ਦੇ ਦੰਦਾਂ ਦੀ ਗਿਣਤੀ ਹੈ। ਇਸ ਫ਼ਾਰਮੂਲੇ ਨੂੰ ਇਸ ਤਰ੍ਹਾਂ ਵੀ ਲਿਖਿਆ ਜਾ ਸਕਦਾ ਹੈ — $\frac{2\cdot1\cdot2\cdot3}{2\cdot1\cdot2\cdot3}$

ਹੇਠਾਂ ਕੁਝ ਥਣਧਾਰੀਆਂ ਦੇ ਦੰਦ ਫ਼ਾਰਮੂਲੇ ਦਿੱਤੇ ਗਏ ਹਨ—

ਪੂਰਵਜ ਥਣਧਾਰੀ	$\frac{3\cdot1\cdot4\cdot3}{3\cdot1\cdot4\cdot3}$
ਟਿਪੀਕਲ ਮਾਰਸੂਪੀਅਲ	$\frac{5\cdot1\cdot3\cdot4}{4\cdot1\cdot3\cdot4}$
ਪਲੈਟੀਰ੍ਹਾਈਨਾ	$\frac{2\cdot1\cdot(2-3)\cdot(2-3)}{2\cdot1\cdot(2-3)\cdot(2-3)}$
ਕੈਟਾਰ੍ਹਾਈਨਾ	$\frac{1\cdot1\cdot2\cdot3}{2\cdot1\cdot2\cdot3}$

ਹ. ਪੁ.- ਐਨ. ਬ੍ਰਿ. 21 : 875; ਮੈ. ਹੈ. ਐਨ. 4 : 1244

ਦੰਦਸਾਜ਼ੀ (Dentistry) : ਦੰਦਸਾਜ਼ੀ ਉਹ ਕਲਾ ਹੈ ਜਿਸ ਦੇ ਅਧੀਨ ਦੰਦਾਂ, ਮਸੂੜਿਆਂ ਅਤੇ ਜਬਾੜ੍ਹਿਆਂ ਦੇ ਵੱਖ-ਵੱਖ ਤਰ੍ਹਾਂ ਦੇ ਇਲਾਜ ਕੀਤੇ ਜਾਂਦੇ ਹਨ। ਇਹ ਸਿਰਫ਼ ਦੰਦ ਭਰਨ ਜਾਂ ਕੱਢਣ ਨਾਲ ਹੀ ਸਬੰਧਤ ਨਹੀਂ ਸਗੋਂ ਦੰਦਾਂ ਦੇ ਆਪਸੀ ਸਬੰਧ ਅਤੇ ਨਕਲੀ ਦੰਦ ਲਗਾਉਣ ਨਾਲ ਵੀ ਸਬੰਧਤ ਹੈ।

ਹਿਪੋਕਰੇਟਸ ਦੀਆਂ ਲਿਖਤਾਂ (460 ਬੀ. ਸੀ.-377 ਬੀ. ਸੀ.) ਵਿਚ ਵੀ ਦੰਦਾਂ ਦੀਆਂ ਵੱਖ-ਵੱਖ ਬੀਮਾਰੀਆਂ ਅਤੇ ਉਨ੍ਹਾਂ ਦੇ ਇਲਾਜਾਂ ਬਾਰੇ ਸਬੂਤ ਮਿਲਦੇ ਹਨ ਜਿਸ ਤੋਂ ਇਹ ਪਤਾ ਲਗਦਾ ਹੈ ਕਿ ਦੰਦਸਾਜ਼ੀ ਇਕ ਬਹੁਤ ਹੀ ਪੁਰਾਣੀ ਕਲਾ ਹੈ ਅਤੇ ਪੁਰਾਤਨ ਸਮੇਂ ਵਿਚ ਵੀ ਲੋਕ ਦੰਦਾਂ ਦੀ ਸਿਹਤ ਬਾਰੇ ਕਾਫ਼ੀ ਜਾਗਰੂਕ ਸਨ।

ਅਠਾਰ੍ਹਵੀਂ ਸਦੀ ਤਕ ਦੰਦਸਾਜ਼ੀ ਵਧੇਰੇ ਕਰਕੇ ਸਿਰਫ਼ ਦੰਦ ਕੱਢਣ ਤੱਕ ਹੀ ਸੀਮਿਤ ਸੀ ਅਤੇ ਇਸ ਕੰਮ ਲਈ ਕੋਈ ਖਾਸ ਮਾਹਰ ਵਿਅਕਤੀ ਦੀ ਲੋੜ ਨਹੀਂ ਸਮਝੀ ਜਾਂਦੀ ਸੀ। ਇਕ ਜਨਰਲ ਸਰਜਨ ਹੀ ਦੰਦ ਕੱਢ ਲੈਂਦਾ ਸੀ।

ਦੰਦਸਾਜ਼ੀ ਦੀ ਅਜੋਕੀ ਰੂਪ ਰੇਖਾ ਲਿਆਉਣ ਵਿਚ ਸਭ ਤੋਂ ਵੱਧ ਯੋਗਦਾਨ ਅਮਰੀਕਾ ਤੇ ਫਰਾਂਸ ਦਾ ਹੈ, ਜਿਥੇ ਵੱਖ-ਵੱਖ ਤਰ੍ਹਾਂ ਦੀਆਂ ਮਸ਼ੀਨਾਂ ਦੀ ਕਾਢ ਕੱਢੀ ਗਈ ਸੀ।

ਪੁਰਾਣੇ ਸਮੇਂ ਵਿਚ ਦੰਦ ਵਿਚ ਖੋੜ ਕਰਨ ਲਈ ਹੱਥਾਂ ਦਾ ਹੀ ਪ੍ਰਯੋਗ ਕੀਤਾ ਜਾਂਦਾ ਹੈ। ਦੰਦ ਵਿਚ ਖੋੜ ਕਰਨ ਲਈ ਸੂਈ ਨੂੰ ਇਕ ਹੱਥ ਨਾਲ ਪਕੜ ਕੇ ਦੂਜੇ ਨਾਲ ਘੁਮਾਇਆ ਜਾਂਦਾ ਸੀ।

ਸੰਨ 1870 ਵਿਚ ਪਹਿਲੀ ਵਾਰ ਬਿਜਲੀ ਨਾਲ ਚਲੱਣ ਵਾਲੀ ਡ੍ਰਿਲ (Drill) ਬਣਾਈ ਗਈ। ਹਵਾ ਦੇ ਦਬਾਅ ਨਾਲ ਚਲਣ ਵਾਲੀ ਪਹਿਲੀ ਡ੍ਰਿਲ 1950 ਈ. ਵਿਚ ਹੋਂਦ ਵਿਚ ਆਈ, ਜਿਸ ਦੀ ਗਤੀ 4 ਲੱਖ ਚੱਕਰ ਪ੍ਰਤੀ ਮਿੰਟ ਹੈ ਅਤੇ ਇਸ ਨਾਲ ਬਹੁਤ ਘੱਟ ਸਮੇਂ ਵਿਚ ਹੀ ਖੋੜ ਬਣ ਜਾਂਦੀ ਹੈ ਅਤੇ ਮਰੀਜ਼ ਨੂੰ ਤਕਲੀਫ਼ ਵੀ ਘੱਟ ਹੁੰਦੀ ਹੈ।

ਦੰਦਸਾਜ਼ੀ ਵਿਚ ਸੁੰਨ ਕਰਨ ਦੀ ਤਕਨੀਕ ਉਨ੍ਹੀਵੀਂ ਸਦੀ ਦੇ ਅੰਤ ਵਿਚ ਆ ਕੇ ਉੱਨਤ ਹੋਈ। ਦੰਦ ਕੱਢਣ ਲਈ ਪਹਿਲੀ ਵਾਰ ਸੁੰਨ ਕਰਨ ਦੀ ਤਕਨੀਕ 1884 ਈ. ਵਿਚ ਵਿਲੀਅਮ ਐਸ. ਹਾਲਸਟੇਡ (William S. Halsted) ਨੇ ਪ੍ਰਯੋਗ ਕੀਤੀ ਸੀ।

ਐੱਕਸ-ਰੇ ਦੀ ਵਰਤੋਂ ਦੰਦਸਾਜ਼ੀ ਲਈ ਪਹਿਲੀ ਵਾਰ ਜਨਵਰੀ, 1896 ਵਿਚ ਜਰਮਨੀ ਦੇ ਦੰਦਸਾਜ਼ ਵਾਕਹੱਫ (Walkhoff) ਨੇ ਕੀਤੀ ਅਤੇ 1897 ਈ. ਵਿਚ ਵਾਨ ਵਿਰਤ (Van Woert) ਨੇ ਪਹਿਲੀ ਵਾਰ ਮੂੰਹ ਦੇ ਅੰਦਰ ਐੱਕਸ-ਰੇ ਦੀ ਫਿਲਮ ਵਰਤੋਂ ਵਿਚ ਲਿਆਂਦੀ ਸੀ।

ਨਕਲੀ ਦੰਦ ਲਗਾਉਣ ਦਾ ਇਤਿਹਾਸ ਵੀ ਬਹੁਤ ਪੁਰਾਣਾ ਹੈ। ਜਬਾੜ੍ਹੇ ਦਾ ਨਾਪ ਲੈਣ ਵਾਸਤੇ ਪਲਾਸਟਰ ਦੀ ਵਰਤੋਂ ਕੀਤੀ ਜਾਂਦੀ ਸੀ ਜੋ ਕਿ ਬਹੁਤ ਹੀ ਦਰਦਨਾਕ ਕਿਰਿਆ ਹੁੰਦੀ ਸੀ। ਨਕਲੀ ਦੰਦ ਬਣਾਉਣ ਲਈ ਲੱਕੜ, ਹਾਥੀ ਦੰਦ ਜਾਂ ਕੱਛੂ ਦੇ ਖੋਲ (Shell) ਦੀ ਵਰਤੋਂ ਕੀਤੀ ਜਾਂਦੀ ਸੀ। ਇਨ੍ਹਾਂ ਦੰਦਾਂ ਨੂੰ ਮੂੰਹ ਵਿਚ ਤਾਰਾਂ ਨਾਲ ਟਿਕਾਇਆ ਜਾਂਦਾ ਸੀ। ਮੋਮ ਅਤੇ ਪਲਾਸਟਿਕ ਦੇ ਵਿਕਾਸ ਮਗਰੋਂ ਦੰਦ ਬਣਾਉਣ ਦੀ ਤਕਨੀਕ ਨੇ ਬਹੁਤ ਤਰੱਕੀ ਕੀਤੀ ਹੈ ਪਰ ਅਜੋਕੇ ਨਕਲੀ ਦੰਦ ਪਾਣੀ ਦੀ ਕੈਪਿਲਰੀ ਕਿਰਿਆ (Capillary action)

ਅਤੇ ਸਤੱਈ ਤਣਾਉ (Surface tension) ਵਰਗੀਆਂ ਵਿਸ਼ੇਸ਼-ਤਾਵਾਂ ਦੇ ਆਧਾਰ ਤੇ ਮੂੰਹ ਵਿਚ ਪੂਰੀ ਤਰ੍ਹਾਂ ਫਿੱਟ ਆਉਂਦੇ ਹਨ।

ਦੰਦਸਾਜ਼ੀ ਦਾ ਇਕ ਹੋਰ ਪਹਿਲੂ ਮੂੰਹ ਅਤੇ ਦੰਦਾਂ ਦੀ ਸਫ਼ਾਈ ਹੈ, ਜਿਸ ਦਾ ਦੰਦਾਂ ਅਤੇ ਮਸੂੜਿਆਂ ਦੀਆਂ ਬੀਮਾਰੀਆਂ ਦੇ ਬਚਾਅ ਵਿਚ ਬਹੁਤ ਵੱਡਾ ਯੋਗਦਾਨ ਹੈ। ਇਸੇ ਤਰ੍ਹਾਂ ਫ਼ਲੋਰਾਈਡ (Fluoride) ਦੀ ਵਰਤੋਂ ਦੰਦਾਂ ਦਾ ਕੀੜਾ ਲੱਗਣ ਤੋਂ ਬਚਾਅ ਕਰਦੀ ਹੈ।

ਸੰਸਾਰ ਦਾ ਪਹਿਲਾ ਡੈਂਟਲ ਕਾਲਜ 1839 ਈ. ਵਿਚ ਬਾਲਟੀਮੋਰ ਵਿਚ ਚਾਲੂ ਕੀਤਾ ਗਿਆ ਸੀ। ਇਸ ਕਾਲਜ ਵਿਚ ਹੀ ਪਹਿਲੀ ਵਾਰ ਦੰਦਸਾਜ਼ੀ ਦੇ ਵਿਭਿੰਨ ਪਹਿਲੂਆਂ ਦੇ ਗਿਆਨ ਉੱਤੇ ਆਧਾਰਿਤ ਵਿਦਿਆਰਥੀਆਂ ਨੂੰ ਪੜ੍ਹਾਇਆ ਗਿਆ ਅਤੇ ਟ੍ਰੇਨਿੰਗ ਦਿੱਤੀ ਗਈ।

ਅਜੋਕੇ ਦੰਦਸਾਜ਼ ਦਾ ਕੰਮ ਸਿਰਫ ਦੰਦ ਕੱਢਣ ਅਤੇ ਲਾਉਣ ਤੱਕ ਹੀ ਸੀਮਿਤ ਨਹੀਂ ਹੈ। ਨਵੇਂ ਦੰਦ ਲਾਉਣਾ, ਕੀੜੇ ਦੇ ਖਾਧੇ ਦੰਦਾਂ ਨੂੰ ਠੀਕ ਕਰਨਾ ਅਤੇ ਟੇਢੇ-ਮੇਢੇ ਦੰਦਾਂ ਨੂੰ ਸਿੱਧੇ ਕਰਨਾ ਵੀ ਦੰਦਸਾਜ਼ ਦੇ ਕਾਰਜ ਖੇਤਰ ਵਿਚ ਆਉਂਦੇ ਹਨ।

ਦੰਦਸਾਜ਼ੀ ਦੇ ਖੇਤਰ ਵਿਚ ਮੁਹਾਰਤ ਰੱਖਣ ਵਾਲੀਆਂ ਛੇ ਕਿਸਮ ਦੀਆਂ ਸ਼ਾਖ਼ਾਵਾਂ ਹਨ–ਅੱਪਰੇਟਿਵ (operative), ਮੂੰਹ ਨਾਲ ਸਬੰਧਤ ਸਰਜਰੀ (Oral surgery), ਬੱਚਿਆਂ ਦੇ ਦੰਦਾਂ ਦੇ ਇਲਾਜ (Pedodontia), ਦੰਦਾਂ ਨਾਲ ਸਬੰਧਤ ਟਿਸ਼ੂਆਂ (ਮਸੂੜਿਆਂ) ਦੀਆਂ ਬੀਮਾਰੀਆਂ ਅਤੇ ਉਨ੍ਹਾਂ ਦੇ ਇਲਾਜ (Periodontia), ਨਵੇਂ ਦੰਦ ਲਗਾਉਣੇ (Prosthetics) ਅਤੇ ਵਿੰਗੇ ਟੇਢੇ ਦੰਦਾਂ ਦੇ ਨੁਕਸਾਂ ਨੂੰ ਦੂਰ ਕਰਨਾ (Orthodontia)।

ਅੱਪਰੇਟਿਵ–ਇਸ ਖੇਤਰ ਵਿਚ ਦੰਦਾਂ ਅਤੇ ਜਾੜ੍ਹਾਂ ਦਾ ਭਰਨਾ ਸ਼ਾਮਲ ਹੈ।

ਮੂੰਹ ਨਾਲ ਸਬੰਧਤ ਸਰਜਰੀ (Oral Surgery)–ਇਸ ਦਾ ਸਬੰਧ ਮਨੁੱਖੀ ਜਬਾੜ੍ਹਿਆਂ ਅਤੇ ਉਨ੍ਹਾਂ ਨਾਲ ਸਬੰਧਤ ਮੂੰਹ ਦੇ ਭਾਗਾਂ ਦੀਆਂ ਬੀਮਾਰੀਆਂ, ਜ਼ਖ਼ਮਾਂ ਅਤੇ ਨੁਕਸਾਂ ਦੀ ਜਾਂਚ ਪੜਤਾਲ ਕਰਨ ਅਤੇ ਲੋੜੀਂਦੀ ਸਰਜਰੀ ਕਰਕੇ ਉਨ੍ਹਾਂ ਦਾ ਇਲਾਜ ਕਰਨ ਨਾਲ ਹੈ ਜਿਵੇਂ ਕਿ ਕੋਈ ਬਹੁਤ ਜ਼ਿਆਦਾ ਖਰਾਬ ਦੰਦ ਜਾਂ ਦੂਜੇ ਦੰਦਾਂ ਵਿਚ ਕੋਈ ਫਸਿਆ ਦੰਦ ਹੋ ਸਕਦਾ ਹੈ। ਇਸ ਤੋਂ ਇਲਾਵਾ ਮੂੰਹ ਅਤੇ ਜਬਾੜ੍ਹਿਆਂ ਵਿਚ ਕਿਸੇ ਫੋੜੇ, ਫਿਨਸੀ ਜਾਂ ਕਿਸੇ ਲਾਗ ਆਦਿ ਦਾ ਇਲਾਜ ਵੀ ਹੋ ਸਕਦਾ ਹੈ। ਸਗੋਂ ਕਈ ਵਾਰੀ ਤਾਂ ਮੂੰਹ ਤੇ ਜਬਾੜ੍ਹਿਆਂ ਸਬੰਧੀ ਹੋਰ ਦੀਰਘ ਉਲਝਣਾਂ ਵੀ ਹੋ ਸਕਦੀਆਂ ਹਨ ਜਿਵੇਂ ਕਿ ਬੁੱਲਾਂ ਜਾਂ ਤਾਲੂਏ ਦਾ ਫਟ ਜਾਣਾ ਅਤੇ ਜਬਾੜ੍ਹੇ ਤੇ ਮੂੰਹ ਦਾ ਜ਼ਖ਼ਮੀ ਹੋ ਜਾਣਾ।

ਬੱਚਿਆ ਦੇ ਦੰਦਾਂ ਦਾ ਇਲਾਜ (Pedodontia)–ਇਹ ਖੇਤਰ ਬੱਚਿਆਂ ਅਤੇ ਗਭਰੀਟਾਂ ਦੇ ਦੰਦਾਂ ਦੀ ਸੁਰੱਖਿਆ ਸੰਭਾਲ ਨਾਲ ਸਬੰਧਤ ਹੈ। ਇਸ ਵਿਚ ਆਮ ਕਰਕੇ ਦੰਦਾਂ ਦੇ ਬੁਸਣ (Caries) ਅਤੇ ਸਮੇਂ ਤੋਂ ਪਹਿਲਾਂ ਟੁੱਟਣ ਤੋਂ ਬਚਾਉਣਾ ਸ਼ਾਮਲ ਹੁੰਦਾ ਹੈ। ਇਸ ਸਬੰਧ ਵਿਚ ਫ਼ਲੋਰਾਈਡ ਦੀ ਵਰਤੋਂ ਕਰਨ ਅਤੇ ਸਹੀ ਖ਼ੁਰਾਕ ਖਾਧੇ ਜਾਣ ਅਤੇ ਲੋੜੀਂਦੀ ਸਫ਼ਾਈ ਰੱਖਣ ਲਈ ਹਦਾਇਤਾਂ ਦਿੱਤੀਆਂ ਜਾਂਦੀਆਂ ਹਨ। ਅਕਸਰ ਬੱਚਿਆਂ ਦੇ ਦੰਦਾਂ ਦਾ ਉਗੜ-ਦੁਗੜੀ ਹਾਲਤ ਵਿਚ ਉੱਗ ਆਉਣਾ ਇਕ ਹੋਰ ਦੀਰਘ ਸੱਮਸਿਆ ਹੁੰਦੀ ਹੈ। ਕਈ ਵਾਰ ਅਜਿਹੇ ਕੁੱਢਬੇਪਣ ਦੇ ਇਲਾਜ ਅਤੇ ਦਰੁਸਤੀ ਲਈ ਬੜਾ ਸਮਾਂ ਲਗਦਾ ਹੈ। ਕੋਈ ਤਕਨੀਕਾਂ ਦੁਆਰਾ ਜਬਾੜ੍ਹੇ ਦੇ ਅਜਿਹੇ ਮੁਢਲੇ ਨੁਕਸਾਂ ਨੂੰ ਦੂਰ ਕੀਤਾ ਜਾਂਦਾ ਹੈ। ਬੱਚਿਆਂ ਦੇ ਮਾਹਰ ਦੰਦਸਾਜ਼ ਨੂੰ ਹੋਰ ਗੱਲਾਂ ਤੋਂ ਇਲਾਵਾ ਅੰਤਾਂ ਦੇ ਧੀਰਜ ਦੀ ਲੋੜ ਹੁੰਦੀ ਹੈ।

ਮਸੂੜਿਆਂ ਤੇ ਜਬਾੜ੍ਹਿਆਂ ਦੀਆਂ ਬੀਮਾਰੀਆਂ ਦੇ ਇਲਾਜ (Periodontia)–ਦੰਦਸਾਜ਼ੀ ਦੇ ਇਸ ਖੇਤਰ ਵਿਚ ਮਸੂੜਿਆਂ ਤੇ ਜਬਾੜ੍ਹਿਆਂ ਦੀਆਂ ਬੀਮਾਰੀਆਂ ਤੋਂ ਸੁਰੱਖਿਆ, ਉਨ੍ਹਾਂ ਦੀ ਤਸ਼ਖ਼ੀਸ ਅਤੇ ਇਲਾਜ ਆਉਂਦੇ ਹਨ। ਮਸੂੜਿਆਂ ਦੀ ਆਮ ਬੀਮਾਰੀ ਮਾਸਖੋਰਾ (Pyorrhoea) ਹੁੰਦੀ ਹੈ। ਜੇਕਰ ਸਮੇਂ ਸਿਰ ਇਸ ਦਾ ਇਲਾਜ ਨਾ ਕੀਤਾ ਜਾਵੇ ਤਾਂ ਕਈ ਵਾਰੀ ਜਵਾਨੀ ਵਿਚ ਹੀ ਦੰਦ ਡਿਗਣ ਲੱਗ ਪੈਂਦੇ ਹਨ। ਦੰਦਾਂ ਦੀ ਇਸ ਬੀਮਾਰੀ ਦਾ ਕਾਰਨ ਦੰਦਾਂ ਦੇ ਉਪਰ ਜੰਮਿਆ ਕਰੇੜਾ ਹੁੰਦਾ ਹੈ ਜਿਸ ਵਿਚ ਅਜਿਹੀ ਕਿਸਮ ਦੇ ਬੈਕਟੀਰੀਆ ਹੁੰਦੇ ਹਨ ਜੋ ਮਸੂੜਿਆਂ ਅਤੇ ਜਬਾੜ੍ਹਿਆਂ ਦੇ ਟਿਸ਼ੂਆਂ ਨੂੰ ਖੋਰੀ ਜਾਂਦੇ ਹਨ। ਇਸ ਲਈ ਇਸ ਖੇਤਰ ਦੇ ਮਾਹਰ ਦੰਦਸਾਜ਼ ਦੰਦਾਂ ਦੇ ਵਿਚੋਂ ਦੀ ਅਜਿਹੇ ਕਰੇੜੇ ਨੂੰ ਦੂਰ ਕਰਨ ਅਤੇ ਦੰਦਾਂ ਨੂੰ ਪੂਰੀ ਤਰ੍ਹਾਂ ਸਾਫ ਸੁਥਰੇ ਰੱਖਣ ਉੱਤੇ ਜ਼ੋਰ ਦਿੰਦੇ ਹਨ।

ਨਵੇਂ ਦੰਦ ਲਗਾਉਣੇ (Prosthetics)–ਮੂੰਹ ਦੇ ਸਾਰੇ ਕਾਰਜਾਂ ਨੂੰ ਅਤੇ ਮੂੰਹ ਦੀ ਸ਼ਕਲ ਸੂਰਤ ਨੂੰ ਸਹੀ ਢੰਗ ਵਿਚ ਰੱਖਣਾ ਅਤੇ ਟੁੱਟੇ ਦੰਦਾਂ ਦੇ ਸਥਾਨ ਉੱਤੇ ਨਵੇਂ ਦੰਦ ਲਗਾਉਣਾ ਇਸ ਖੇਤਰ ਵਿਚ ਆਉਂਦੇ ਹਨ। ਨਵੇਂ ਦੰਦ ਇਸ ਤਰ੍ਹਾਂ ਦੇ ਵੀ ਹੁੰਦੇ ਹਨ ਕਿ ਲੋੜ ਅਨੁਸਾਰ ਲਗਾਏ ਅਤੇ ਉਤਾਰੇ ਜਾ ਸਕਣ ਅਤੇ ਸਥਾਈ ਕਿਸਮ ਦੇ ਵੀ ਹੁੰਦੇ ਹਨ। ਇਹ ਬਹੁਤ ਹੀ ਮੁਹਾਰਤ ਵਾਲਾ ਕੰਮ ਹੁੰਦਾ ਹੈ ਕਿਉਂ ਜੋ ਅਜਿਹੇ ਦੰਦਸਾਜ਼ ਨੇ ਇਹ ਧਿਆਨ ਰੱਖਣਾ ਹੁੰਦਾ ਹੈ ਕਿ ਸਬੰਧਤ ਵਿਅਕਤੀ ਦੇ ਮਸੂੜਿਆਂ ਅਤੇ ਜਬਾੜ੍ਹਿਆਂ ਵਿਚ ਕਿਸੇ ਕਿਸਮ ਦਾ ਕੋਈ ਰੋਗ ਨਾ ਹੋਵੇ ਅਤੇ ਲਗਾਏ ਗਏ ਦੰਦ ਉਸ ਮਨੁੱਖ ਨੂੰ ਚਬਾਉਣ ਆਦਿ ਵਿਚ ਪੂਰੀ ਸੁਵਿਧਾ ਦੇਣ ਅਤੇ ਮੂੰਹ ਦੀ ਸਾਧਾਰਣ ਸ਼ਕਲ ਵਿਚ ਕਿਸੇ ਕਿਸਮ ਦਾ ਨੁਕਸ ਨਾ ਪਾਉਣ। ਨਵੇਂ ਲਗਾਏ ਗਏ ਦੰਦ ਬਾਕੀ ਦੰਦਾਂ ਨਾਲ ਹਰ ਤਰ੍ਹਾਂ ਦਾ ਮੇਲ ਖਾਂਦੇ ਹੋਣੇ ਚਾਹੀਦੇ ਹਨ।

ਵਿੰਗੇ ਟੇਢੇ ਦੰਦਾਂ ਦੀ ਦਰੁਸਤੀ (Orthodontia)–ਦੰਦ ਸਾਜ਼ੀ ਦੇ ਖੇਤਰ ਵਿਚ ਇਹ ਵੀ ਬਹੁਤ ਹੀ ਜ਼ਿਆਦਾ ਮੁਹਾਰਤ ਰੱਖਣ ਵਾਲੀ ਸ਼ਾਖ਼ਾ ਹੈ। ਇਸ ਵਿਚ ਵਿੰਗੇ ਟੇਢੇ ਦੰਦਾਂ ਨੂੰ ਤਾਰਾਂ ਆਦਿ ਦੀ ਮਦਦ ਨਾਲ ਸਹੀ ਅਤੇ ਸੁੰਦਰ ਵਿਵਸਥਾ ਵਿਚ ਲਿਆਉਣਾ ਹੁੰਦਾ ਹੈ। ਅਸਲ ਵਿਚ ਦੰਦਾਂ ਦੀ ਦਰੁਸਤੀ ਦਾ ਕੰਮ ਮਿਸਰੀ ਸਭਿੱਅਤਾ ਦੇ ਸਮੇਂ ਤੋਂ ਚਲਿਆ ਆ ਰਿਹਾ ਹੈ ਪਰ ਵੀਹਵੀਂ ਸਦੀ ਵਿਚ ਤਾਂ ਇਸ ਖੇਤਰ ਵਿਚ ਬਹੁਤ ਹੀ ਜ਼ਿਆਦਾ ਪ੍ਰਗਤੀ ਹੋਈ ਹੈ।

ਸ਼ਿੰਗਾਰਜਨਕ ਜਾਂ ਸ਼ੋਭਾਜਨਕ ਦੰਦਸਾਜ਼ੀ (Cosmetic dentistry)–ਇਸ ਤਕਨੀਕ ਦੇ ਆਉਣ ਨਾਲ ਵੱਧ ਤੋਂ ਵੱਧ ਲੋਕਾਂ ਨੂੰ ਆਪਣੇ ਮੂੰਹ, ਚਿਹਰੇ ਅਤੇ ਦੰਦਾਂ ਦੀ ਖ਼ੂਬਸੂਰਤੀ ਦਾ ਧਿਆਨ ਰਹਿਣ ਲਗ ਪਿਆ ਹੈ। ਹੁਣ ਦੰਦਾਂ ਦੇ ਡਾਕਟਰ ਦਾ ਕੰਮ ਸਿਰਫ਼ ਦੰਦਾਂ ਦਾ ਇਲਾਜ ਕਰਨਾ, ਜਾੜ੍ਹਾਂ ਕਢਣੀਆਂ, ਖੋੜਾਂ ਭਰਨੀਆਂ ਜਾਂ ਦੰਦਾਂ ਦੀ ਸਫ਼ਾਈ ਕਰਨ ਅਤੇ ਉਨ੍ਹਾਂ ਨੂੰ ਚਮਕਦਾਰ ਬਣਾਉਣਾ ਹੀ ਨਹੀਂ ਰਹਿ ਗਿਆ ਸਗੋਂ ਉਸ ਨੇ ਸਮੁੱਚੇ ਤੌਰ ਉੱਤੇ ਮੂੰਹ ਅਤੇ ਦੰਦਾਂ ਦੀ ਤੰਦਰੁਸਤੀ ਵਲ ਧਿਆਨ ਦੇਣਾ ਹੁੰਦਾ ਹੈ ਪਰ ਭਾਰਤ ਵਿਚ ਦੰਦਾਂ ਦੀ ਸਫਾਈ ਵਲ ਅਜੇ ਵੀ ਬਹੁਤਾ ਧਿਆਨ ਨਹੀਂ ਦਿੱਤਾ ਜਾਂਦਾ। ਆਮ ਤੌਰ ਤੇ ਸਿਰਫ਼ ਤਕਲੀਫ਼ ਵੇਲੇ ਹੀ ਲੋਕ ਡਾਕਟਰ ਕੋਲ ਭੱਜਦੇ ਹਨ, ਉਂਜ ਕਦੇ ਵੀ ਹਰ ਸਾਲ ਜਾਂ ਛਮਾਹੀ ਮਗਰੋਂ ਬਾਕਾ-ਇਦਾ ਤੌਰ ਉੱਤੇ ਆਪਣੇ ਦੰਦਾਂ ਦੀ ਪੜਤਾਲ ਨਹੀਂ ਕਰਵਾਉਂਦੇ ਪਰ ਸੁੰਦਰਤਾ ਮੁਕਾਬਲਿਆਂ ਦਾ ਵਧੇਰੇ ਰਿਵਾਜ਼ ਚੱਲਣ ਕਰਕੇ ਵਿਸ਼ੇਸ਼ ਕਰਕੇ ਅਮੀਰ ਲੋਕਾਂ ਨੇ ਮੂੰਹ, ਬੁਲ੍ਹਾਂ ਅਤੇ ਦੰਦਾਂ ਦੀ ਖ਼ੂਬਸੂਰਤੀ ਅਤੇ ਮਸੂੜਿਆਂ ਵਲ ਧਿਆਨ ਦੇਣਾ ਸ਼ੁਰੂ ਕਰ ਦਿੱਤਾ ਹੈ।

ਅਜੋਕੇ ਕਾਲ ਵਿਚ ਦੰਦਸਾਜ਼ੀ ਦੇ ਖੇਤਰ ਵਿਚ ਸਰਕਾਰਾਂ ਵਲੋਂ ਸਮੂਹਕ ਰੂਪ ਵਿਚ ਆਮ ਜਨਤਾ ਦੇ ਦੰਦਾਂ ਦੀ ਸਿਹਤ ਸੰਭਾਲ ਅਤੇ ਸੁਰੱਖਿਆ ਵਲ ਵਿਸ਼ੇਸ਼ ਧਿਆਨ ਦਿੱਤਾ ਜਾਣ ਲੱਗ ਪਿਆ ਹੈ। ਅਨੇਕ

ਕਿਸਮ ਦੇ ਸਰਵੇ ਹੁੰਦੇ ਰਹਿੰਦੇ ਹਨ। ਸਿਹਤ ਵਿਭਾਗ ਵਲੋਂ ਸਕੂਲਾਂ ਅਤੇ ਕਾਲਜਾਂ ਦੇ ਬੱਚਿਆਂ ਦੇ ਦੰਦਾਂ ਦੀ ਜਾਂਚ ਪੜਤਾਲ ਕੀਤੀ ਜਾਂਦੀ ਹੈ ਅਤੇ ਲੋੜ ਅਨੁਸਾਰ ਮਾਪਿਆਂ ਨੂੰ ਉਨ੍ਹਾਂ ਦੇ ਇਲਾਜ ਲਈ ਸਲਾਹ ਮਸ਼ਵਰਾ ਦਿੱਤਾ ਜਾਂਦਾ ਹੈ। ਹੋਰ ਦੇਸ਼ਾਂ ਵਾਂਗ ਹੁਣ ਭਾਰਤ ਵਿਚ ਵੀ ਦੰਦਾਂ ਦੀ ਸੁੱਰਖਿਆ ਸੰਭਾਲ ਵੱਲ ਵਧੇਰੇ ਧਿਆਨ ਦਿੱਤਾ ਜਾਣ ਲੱਗ ਪਿਆ ਹੈ।

—ਡਾ. ਮਾਲਵਿੰਦਰਬੀਰ ਕੌਰ

ਦੰਦ-ਕਥਾ : ਦੰਦ-ਕਥਾ ਉਸ ਸੁਣੀ ਸੁਣਾਈ ਗੱਲ, ਵਿਅਕਤੀ ਜਾਂ ਸਥਾਨ ਸਬੰਧੀ ਲੋਕ ਚਰਚਾ ਨੂੰ ਕਹਿੰਦੇ ਹਨ ਜਿਹੜੀ ਕਿ ਮੂੰਹੋ-ਮੂੰਹ ਅੱਗੇ ਤੁਰਦੀ ਆਈ ਹੋਵੇ। ਵਿਸ਼ੇ ਪੱਖੋਂ ਇਹ ਲੋਕ ਕਥਾਵਾਂ ਨਾਲ ਮੇਲ ਖਾਂਦੀਆਂ ਹਨ। ਪੰਜਾਬੀ ਭਾਸ਼ਾ ਵਿਚ ਇਹ ਸ਼ਬਦ ਅੰਗਰੇਜ਼ੀ ਦੇ ਲੀਜੈਂਡ ਅਤੇ ਪਾਲੀ ਭਾਸ਼ਾ ਦੇ ਸ਼ਬਦ 'ਅਵ-ਦਾਨ' ਦਾ ਸਮਪ੍ਰਾਰਥਕ ਹੈ। ਦੰਦ-ਕਥਾ ਨੂੰ ਮੁਕੰਮਲ ਸੱਚ ਨਹੀਂ ਕਿਹਾ ਜਾ ਸਕਦਾ। ਇਹ ਅੱਧੀ ਕਲਪਨਾ ਅਤੇ ਅੱਧਾ ਸੱਚ ਹੁੰਦੀ ਹੈ। ਇਹ ਲੋਕਾਂ ਦੇ ਦਿਲਾਂ ਵਿਚੋਂ ਉਤਪੰਨ ਹੋਈ ਗਾਥਾ ਹੁੰਦੀ ਹੈ। ਲੋਕ-ਕਹਾਣੀਆਂ ਦੇ ਖੇਤਰ ਵਿਚ ਦੰਦਕਥਾਵਾਂ ਦਾ ਨਿਵੇਕਲਾ ਸਥਾਨ ਹੈ।

ਦੰਦ-ਕਥਾਵਾਂ ਵਿਚ ਆਲੌਕਿਕ ਕਿਸਮ ਦੇ ਵਿਅਕਤੀ ਮਿਥਿਹਾਸਕ ਘਟਨਾਵਾਂ ਦਾ ਅੰਸ਼ ਜਾਂ ਕੁਦਰਤੀ ਵਰਤਾਰੇ ਦੀ ਵਿਆਖਿਆ ਸ਼ਾਮਲ ਹੁੰਦੀ ਹੈ ਪਰ ਇਹ ਸਭ ਕੁਝ ਵਿਸ਼ੇਸ਼ ਸਥਾਨ ਜਾਂ ਵਿਅਕਤੀ ਨਾਲ ਜੋੜਿਆ ਹੁੰਦਾ ਹੈ ਅਤੇ ਇਸ ਗੱਲ ਨੂੰ ਇਤਿਹਾਸਕ ਬਣਾ ਕੇ ਦਰਸਾਇਆ ਜਾਂਦਾ ਹੈ। ਕਈ ਸਥਾਨਕ ਦੰਦ-ਕਥਾਵਾਂ, ਅਸਲ ਵਿਚ ਲੋਕ ਕਥਾਵਾਂ ਹੀ ਹੁੰਦੀਆਂ ਹਨ ਜੋ ਕਿ ਬਾਅਦ ਵਿਚ ਕਿਸੇ ਖਾਸ ਵਿਅਕਤੀ ਜਾਂ ਸਥਾਨ ਨਾਲ ਜੁੜ ਜਾਂਦੀਆਂ ਹਨ ਤੇ ਉਹ ਦੰਦ-ਕਥਾਵਾਂ ਬਣ ਜਾਂਦੀਆਂ ਹਨ। ਲੋਕ ਕਹਾਣੀਆਂ ਦੇ ਖੇਤਰ ਵਿਚ ਦੰਦ-ਕਥਾਵਾਂ ਦਾ ਨਿਵੇਕਲਾ ਅਤੇ ਵਿਲੱਖਣ ਸਥਾਨ ਹੈ। ਇਹ ਕਥਾ, ਮਿਥ ਅਤੇ ਕਹਾਣੀ ਦੇ ਦਰਮਿਆਨ ਦੀ ਚੀਜ਼ ਹੈ। ਮਿਥ ਪੂਰਵ ਇਤਿਹਾਸਕ ਯੁਗ ਵਿਚ ਵਾਪਰੀ ਦੇਵੀ ਦੇਵਤਿਆਂ ਨਾਲ ਸਬੰਧਤ ਕਥਾ ਹੈ ਜਿਸ ਨੂੰ ਕਿਸੇ ਵਿਸ਼ੇਸ਼ ਜਾਤੀ ਦੇ ਲੋਕ ਪੂਰਨ ਸ਼ਰਧਾ ਅਤੇ ਭਾਵਨਾ ਨਾਲ ਸੁਣਦੇ ਹਨ। ਸਾਧਾਰਣ ਕਹਾਣੀ ਨਿਰੋਲ ਕਲਪਿਤ ਕਥਾ ਹੈ ਅਤੇ ਇਹ ਲੋਕ ਮਨ ਦੀ ਬ੍ਰਿਤਾਂਤਕ ਅਭਿਵਿਅਕਤੀ ਹੈ ਪਰ ਦੰਦ-ਕਥਾ ਇਕ ਅਜਿਹੀ ਮਿਸ਼ਰਤ ਕਥਾ ਹੈ ਜਿਸ ਦੇ ਨਿਰਮਾਣ ਵਿਚ ਯਥਾਰਥ , ਕਲਪਨਾ ਅਤੇ ਪਰੰਪਰਾ ਤਿੰਨੋ ਤੱਤ ਇਕ ਦੂਜੇ ਨਾਲ ਓਤ ਪੋਤ ਹੋ ਕੇ ਇਕ ਮਹਾਨ ਅਤੇ ਗੌਰਵਮਈ ਸੱਚ ਬਣ ਕੇ ਉਭਰਦੇ ਹਨ।

ਹਰ ਦੰਦ-ਕਥਾ ਦਾ ਮੁੱਢ ਕਿਸੇ ਤੱਥ ਤੋਂ ਹੀ ਬੱਝਦਾ ਹੈ। ਇਹ ਤੱਥ ਘਟਨਾ, ਕਾਲ, ਸਥਾਨ, ਵਿਅਕਤੀ ਆਦਿ ਵਿਚੋਂ ਕੋਈ ਵੀ ਹੋ ਸਕਦਾ ਹੈ । ਇਹ ਤੱਥ ਹੀ ਦੰਦ-ਕਥਾ ਦਾ ਮੂਲ ਅਸਤਿੱਤਵ ਹਨ। ਇਸ ਤੱਥ ਦੇ ਦੁਆਲੇ ਲੋਕ ਮਨ ਅਤੇ ਪਰੰਪਰਾਗਤ ਰੂੜ੍ਹੀਆਂ ਦਾ ਆਲੌਕਿਕ ਜਾਲ ਬੁਣਿਆ ਜਾਂਦਾ ਹੈ। ਅਖ਼ੀਰ ਇਹ ਤੱਥ ਇਕ ਖਾਸ ਰੂਪ ਅਤੇ ਆਕਾਰ ਵਿਚ ਉੱਭਰ ਕੇ ਸਾਹਮਣੇ ਆਉਂਦਾ ਹੈ ਅਤੇ ਪਰੰਪਰਾ ਦਾ ਅੰਗ ਬਣ ਜਾਂਦਾ ਹੈ। ਦੰਦ-ਕਥਾਵਾਂ ਦੇ ਨਿਰਮਾਣ ਵਿਚ ਲੋਕ ਮਨ ਵੀ ਇਕ ਖਾਸ ਪ੍ਰਵਿਰਤੀ ਦਾ ਬੜਾ ਵੱਡਾ ਹੱਥ ਹੈ। ਲੋਕ ਮਨ ਕਲਪਨਾ, ਯਥਾਰਥ ਅਤੇ ਇਤਿਹਾਸ ਵਿਚ ਕੋਈ ਅੰਤਰ ਨਹੀਂ ਮਿਥਦਾ। ਅੱਜ ਜੋ ਕਲਪਿਤ ਹੈ ਪਰੰਪਰਾ ਦਾ ਅੰਗ ਬਣ ਕੇ ਪਹਿਲਾਂ ਉਹ ਯਥਾਰਥ ਅਤੇ ਫਿਰ ਅਰਧ-ਇਤਿਹਾਸ ਦਾ ਰੂਪ ਗ੍ਰਹਿਣ ਕਰ ਲੈਂਦਾ ਹੈ। ਦੰਦ-ਕਥਾਵਾਂ ਵਿਚ ਵਿਅਕਤੀਆਂ ਨਾਲ ਸਬੰਧਤ ਘਟਨਾਵਾਂ ਤੇ ਘਟਨਾਵਾਂ ਨਾਲ ਕਲਪਿਤ ਸਥਾਨ ਜੋੜ ਲਏ ਜਾਂਦੇ ਹਨ ਪਰ ਸਮਾਂ ਬੀਤਣ ਨਾਲ ਇਹ ਲੋਕ-ਕਲਪਨਾ ਅਰਧ-ਇਤਿਹਾਸ ਬਣ ਕੇ ਸਥਾਪਤ ਹੋਣ ਲਗਦੀ ਹੈ। ਲੋਕ-ਕਲਪਨਾ ਲਈ ਸਮੇਂ ਸਥਾਨ ਦੀ ਵਿੱਥ ਕੋਈ ਮਹੱਤਵ ਨਹੀਂ ਰੱਖਦੀ।

ਦੰਦ-ਕਥਾਵਾਂ ਦੀ ਵਿਲੱਖਣਤਾ ਇਹ ਹੈ ਕਿ ਇਹ ਇਤਿਹਾਸ ਵੱਲ ਮੂੰਹ ਕਰ ਕੇ ਤੁਰਦੀਆਂ ਹਨ। ਸਮਾਂ ਪਾ ਕੇ ਹਰ ਦੰਦ-ਕਥਾ ਇਤਿਹਾਸ ਦੀ ਸੀਮਾ ਵਿਚ ਆ ਜਾਂਦੀ ਹੈ ਅਤੇ ਇਸ ਦੀ ਇਤਿਹਾਸਿਕਤਾ ਉੱਪਰ ਉਦੋਂ ਤਕ ਪ੍ਰਸ਼ਨ ਨਹੀਂ ਕੀਤਾ ਜਾ ਸਕਦਾ ਜਦੋਂ ਤਕ ਇਸ ਦੇ ਕਲਪਿਤ ਹੋਂਦ ਬਾਰੇ ਇਤਿਹਾਸਕ ਪ੍ਰਮਾਣ ਨਾ ਮਿਲਦੇ ਹੋਣ ਪਰ ਜੇ ਕਿਸੇ ਕਥਾ ਦੇ ਕਲਪਿਤ ਹੋਣ ਬਾਰੇ ਠੋਸ ਪ੍ਰਮਾਣ ਮਿਲ ਵੀ ਜਾਣ ਫੇਰ ਵੀ ਉਹ ਕਥਾ ਪਰੰਪਰਾ ਦਾ ਅੰਗ ਬਣੀ ਰਹਿੰਦੀ ਹੈ ਅਤੇ ਲੋਕ ਇਤਿਹਾਸ ਦੇ ਰੂਪ ਵਿਚ ਜੀਵਿਤ ਰਹਿੰਦੀ ਹੈ। ਇਸ ਲਈ ਦੰਦ-ਕਥਾ ਨੂੰ ਵਿਕ੍ਰਿਤ-ਇਤਿਹਾਸ ਵੀ ਕਹਿ ਲਿਆ ਜਾਂਦਾ ਹੈ।

ਦੰਦ-ਕਥਾਵਾਂ ਦਾ ਨਿਰਮਾਣ ਹਰ ਯੁਗ ਵਿਚ ਹੁੰਦਾ ਰਿਹਾ ਹੈ। ਭਾਰਤ ਦੀਆਂ ਸਭ ਤੋਂ ਪ੍ਰਾਚੀਨ ਅਤੇ ਗੌਰਵਤਾ ਵਾਲੀਆਂ ਦੰਦ-ਕਥਾਵਾਂ ਰਾਮਾਇਣ ਅਤੇ ਮਹਾਭਾਰਤ ਹਨ। ਮਹਾਤਮਾ ਬੁੱਧ ਦੇ ਜੀਵਨ ਨਾਲ ਸਬੰਧਤ ਕਥਾਵਾਂ ਜਿਨ੍ਹਾਂ ਨੂੰ ਅਵਦਾਨ ਕਿਹਾ ਜਾਂਦਾ ਹੈ, ਵੀ ਇਸ ਪਰੰਪਰਾ ਨੂੰ ਅੱਗੇ ਤੋਰਦੀਆਂ ਹਨ। ਅਵਦਾਨ ਸ਼ਤਕ ਦਿਵਯਾਵਦਾਨ ਅਤੇ ਅਨਦਾਨ ਕਲਪਨਾ ਦੀਆਂ ਕਈ ਦੰਦ-ਕਥਾਵਾਂ ਮਗਰੋਂ ਪੰਜਾਬੀ ਪਰੰਪਰਾ ਦਾ ਹਿੱਸਾ ਬਣ ਗਈਆਂ। ਖਾਸ ਤੌਰ ਤੇ ਕੁਨਾਲ ਦੀ ਦੰਦ ਕਥਾ ਜੋ ਪਹਿਲੀ ਵਾਰ ਦਿਵਯਾਵਦਾਨ ਵਿਚ ਕਰਦਾ ਹੈ ਅਤੇ ਜਿਹੜੀ ਟੈਕਸਲਾ ਤੋਂ ਕੁਝ ਮੀਲਾਂ ਦੀ ਵਿੱਥ ਉੱਤੇ ਕੁਨਾਲ ਨਾਂ ਦੇ ਸਥਾਨ ਤੇ ਵਾਪਰੀ, ਪੰਜਾਬ ਦੀਆਂ ਪ੍ਰਾਚੀਨਤਮ ਦੰਦ-ਕਥਾਵਾਂ ਵਿਚੋਂ ਇਕ ਹੈ ਅਤੇ ਇਸੇ ਪ੍ਰਥਾ ਦੇ ਫਲਸਰੂਪ 'ਪੂਰਨ ਲੂਣਾ' ਦੀ ਕਥਾ ਦਾ ਨਿਰਮਾਣ ਹੋਇਆ। ਦੰਦ-ਕਥਾਵਾਂ ਦੀ ਇਸ ਪ੍ਰਾਚੀਨ ਪਰੰਪਰਾ ਨੇ ਕਈ ਤਰ੍ਹਾਂ ਦੀਆਂ ਕਥਾਵਾਂ ਦਾ ਨਿਰਮਾਣ ਕੀਤਾ। ਜਦੋਂ ਜੋਗ ਮੱਤ ਦਾ ਬੋਲਬਾਲਾ ਸੀ ਤਾਂ ਗੋਰਖ, ਮਛੰਦਰ, ਪੂਰਨ, ਗੋਪੀ ਚੰਦ, ਭਰਥਰੀ ਹਰੀ ਆਦਿ ਨਾਥਾਂ ਬਾਰੇ ਜੋਗੀਆਂ ਨਾਲ ਸਬੰਧਤ ਇਕ ਵਿਸ਼ੇਸ਼ ਤਰ੍ਹਾਂ ਦੀਆਂ ਕਥਾਵਾਂ ਮਿਲਦੀਆਂ ਹਨ। ਇਨ੍ਹਾਂ ਦੰਦ-ਕਥਾਵਾਂ ਵਿਚ ਤਿਆਗ ਦੀ ਭਾਵਨਾ ਪ੍ਰਬਲ ਹੈ। ਇਸ ਵੇਲੇ ਦੀਆਂ ਕਥਾਵਾਂ ਵਿਚ ਗੋਪੀਚੰਦ, ਭਰਥਰੀ, ਪੂਰਨ ਆਦਿ ਨੂੰ ਪ੍ਰਧਾਨਤਾ ਪ੍ਰਾਪਤ ਹੈ।

ਇਨ੍ਹਾਂ ਤੋਂ ਇਲਾਵਾ ਪੀਰਾਂ ਨਾਲ ਸਬੰਧਤ ਦੰਦ-ਕਥਾਵਾਂ ਮਿਲਦੀਆਂ ਹਨ। ਇਨ੍ਹਾਂ ਦੰਦ-ਕਥਾਵਾਂ ਦੀ ਸ਼ੁਰੂਆਤ ਸੂਫ਼ੀ ਫਕੀਰਾਂ ਦੇ ਪੰਜਾਬ ਵਿਚ ਆਉਣ ਨਾਲ ਹੋਈ। ਮੱਧ ਕਾਲ ਵਿਚ ਪੀਰ-ਪ੍ਰਥਾ ਲੋਕ ਧਰਮ ਦਾ ਇਕ ਵਿਸ਼ੇਸ਼ ਅੰਗ ਰਹੀ ਹੈ। ਇਸ ਸਮੇਂ ਹਰ ਮੁਸਲਮਾਨ ਲਈ ਪੀਰ ਨੂੰ ਧਾਰਨ ਕਰਨਾ ਰੋਜ਼ੇ ਅਤੇ ਨਿਮਾਜ਼ ਜਿੰਨੀ ਹੀ ਮਹੱਤਤਾ ਰੱਖਦਾ ਸੀ। ਪੰਜਾਬ ਵਿਚ ਇਨ੍ਹਾਂ ਪੀਰਾਂ ਦੀ ਗਿਣਤੀ ਲੱਖਾਂ ਹਜ਼ਾਰਾਂ ਤੋਂ ਉੱਪਰ ਹੈ ਅਤੇ ਹਰ ਪੀਰ ਦੇ ਸਮਰਥਕਾਂ ਨੇ ਆਪਣੇ ਪੀਰ ਦੀ ਉਪਮਾ ਜਾਂ ਉਸਤਤ ਕਰਨ ਲਈ ਅਦਭੁਤ ਅਤੇ ਅਲੌਕਿਕ ਦੰਦ-ਕਥਾਵਾਂ ਦਾ ਨਿਰਮਾਣ ਕੀਤਾ। ਇਨ੍ਹਾਂ ਦੰਦ-ਕਥਾਵਾਂ ਦਾ ਉਦੇਸ਼ ਕਿਸੇ ਪੀਰ ਦਾ ਲੌਕਿਕ ਜੀਵਨ ਬ੍ਰਿਤਾਂਤ ਸਿਰਜ ਕੇ ਉਸ ਪੀਰ ਪ੍ਰਤੀ ਸ਼ਰਧਾ ਦੀ ਭਾਵਨਾ ਪੈਦਾ ਕਰਨਾ ਹੈ। ਸਖੀ ਸਰਵਰ ਅਤੇ ਗੁੱਗਾ ਪੀਰ ਦੀਆਂ ਕਥਾਵਾਂ ਪੀਰਾਂ-ਫਕੀਰਾਂ ਨਾਲ ਸਬੰਧਤ ਮਹੱਤਵਪੂਰਨ ਦੰਦ-ਕਥਾਵਾਂ ਹਨ।

ਤੀਜੀ ਕਿਸਮ ਗੁਰ-ਭਗਤ ਦੰਦ-ਕਥਾਵਾਂ ਦੀ ਹੈ ਜਿਨ੍ਹਾਂ ਦਾ ਨਿਰਮਾਣ ਭਗਤੀ ਲਹਿਰ ਸਮੇਂ ਇਕ ਵਿਸ਼ੇਸ਼ ਪ੍ਰਕਾਰ ਦੀ ਸਹਿਜ-ਭਾਵਨਾ ਵਿਚੋਂ ਹੋਇਆ। ਪੰਜਾਬ ਵਿਚ ਦੰਦ-ਕਥਾਵਾਂ ਸਾਖੀਆਂ ਦੇ ਨਾਂ ਨਾਲ ਪ੍ਰਸਿੱਧ ਹਨ। ਇਹ ਦੰਦ-ਕਥਾਵਾਂ ਉਪਰੋਕਤ ਦੋਹਾਂ ਤਰ੍ਹਾਂ ਦੀਆਂ ਕਥਾਵਾਂ ਤੇ ਚਰਿੱਤਰ ਵਿਚ ਵੱਖਰੀਆਂ ਹਨ। ਇਨ੍ਹਾਂ ਦੰਦ-ਕਥਾਵਾਂ ਵਿਚ ਜੀਵਨ-ਰਹੱਸ ਨੂੰ ਸਮਝਣ ਅਤੇ ਨੈਤਿਕ ਕਦਰਾਂ-ਕੀਮਤਾਂ ਨੂੰ ਗ੍ਰਹਿਣ ਕਰਨ ਉੱਤੇ ਜ਼ੋਰ ਦਿੱਤਾ ਗਿਆ ਹੈ। ਪੰਜਾਬ ਦੀਆਂ ਦੰਦ-ਕਥਾਵਾਂ ਦੇ ਨਿਰਮਾਣ ਵਿਚ ਦੂਜੀ ਵਿਸ਼ੇਸ਼ ਪ੍ਰਵਿਰਤੀ

ਪ੍ਰੇਮ ਦੀ ਹੈ। ਇਨ੍ਹਾਂ ਦੰਦ-ਕਥਾਵਾਂ ਨੂੰ ਪੰਜਾਬੀਆਂ ਨੇ ਆਪਣੇ ਖ਼ੂਨ ਨਾਲ ਸਿੰਜਿਆ, ਪਾਲਿਆ ਅਤੇ ਸੰਭਾਲਿਆ ਹੈ। ਇਹ ਕਥਾਵਾਂ ਉਨ੍ਹਾਂ ਦਾ ਗੌਰਵ, ਮਾਣ, ਲੋਚਾ ਅਤੇ ਤਾਂਘ ਹਨ। ਇਹ ਕਥਾਵਾਂ ਪੰਜਾਬੀਆਂ ਦੇ ਆਪਣੇ ਆਪ ਅਤੇ ਉਨ੍ਹਾਂ ਦੇ ਸੁਪਨਿਆਂ ਦੀ ਆਰਸੀ ਹਨ। ਹਰ ਪੰਜਾਬੀ ਗੱਭਰੂ, ਮਿਰਜ਼ੇ, ਰਾਂਝੇ, ਮਹੀਵਾਲ ਅਤੇ ਪੁੰਨੂੰ ਵਾਂਗ ਸੱਚਾ ਪ੍ਰੇਮ ਕਰਨਾ ਲੋਚਦਾ ਹੈ ਅਤੇ ਉਸ ਦੀ ਹੋਣੀ ਭੋਗਣੀ ਚਾਹੁੰਦਾ ਹੈ ਅਤੇ ਹਰ ਮੁਟਿਆਰ ਸਾਹਿਬਾਂ, ਹੀਰ, ਸੱਸੀ ਅਤੇ ਸੋਹਣੀ ਵਾਂਗ ਅਜਿਹਾ ਕਰਨਾ ਲੋਚਦੀ ਹੈ। ਇਨ੍ਹਾਂ ਗੱਭਰੂ, ਮੁਟਿਆਰਾਂ ਅਰਥਾਤ ਪ੍ਰੇਮੀਆਂ ਦਾ ਇਸ਼ਕ ਸੱਚਾ ਅਤੇ ਸੁੱਚਾ ਸੀ। ਇਹੀ ਕਾਰਨ ਹੈ ਕਿ ਸਾਡੇ ਅਧਿਆਤਮਕ ਕਵੀਆਂ ਨੇ ਵੀ ਇਨ੍ਹਾਂ ਪ੍ਰੇਮੀਆਂ ਦੇ ਇਸ਼ਕ ਨੂੰ ਸਿਮਰਨ ਰੂਪ ਵਿਚ ਅਧਿਆਤਮਕ ਖੇਤਰ ਵਿਚ ਭੋਗਣ ਦੀ ਪ੍ਰੇਰਣਾ ਦਿੱਤੀ ਹੈ।

ਇਨ੍ਹਾਂ ਪਾਤਰਾਂ ਅਤੇ ਕਹਾਣੀਆਂ ਪ੍ਰਤੀ ਮੋਹ ਸਦਕਾ ਹਰ ਪੰਜਾਬੀ ਇਨ੍ਹਾਂ ਪ੍ਰੀਤ-ਕਥਾਵਾਂ ਨੂੰ ਇਕ ਇਤਿਹਾਸਕ ਸੱਚ ਮੰਨਦਾ ਹੈ। ਪੰਜਾਬੀ ਇਨ੍ਹਾਂ ਦੇ ਮਿਥ ਹੋਣ ਦੀ ਕਲਪਨਾ ਵੀ ਨਹੀਂ ਕਰ ਸਕਦੇ। ਇਸ ਗੱਲ ਦਾ ਪ੍ਰਮਾਣ ਦਸਮ ਗ੍ਰੰਥ ਦੀ ਹੀਰ ਕਥਾ ਤੋਂ ਮਿਲਦਾ ਹੈ ਜਿਸ ਵਿਚ ਹੀਰ ਨੂੰ ਮੇਨਕਾ ਦਾ ਅਤੇ ਰਾਂਝੇ ਨੂੰ ਇੰਦਰ ਦਾ ਅਵਤਾਰ ਦੱਸਿਆ ਗਿਆ ਹੈ। ਸੰਸਾਰ ਦੀ ਇਹੋ ਇਕ ਪ੍ਰੇਮ ਕਥਾ ਹੈ ਜਿਸ ਦੇ ਨਾਇਕ ਦਾ ਇਸ ਤਰ੍ਹਾਂ ਉਦਾਤੀਕਰਨ ਹੋਇਆ ਹੋਵੇ।

ਦੰਦ-ਕਥਾਵਾਂ ਦੀ ਤੀਸਰੀ ਪ੍ਰਵਿਰਤੀ ਬਲ, ਪ੍ਰਾਕਰਮ ਅਤੇ ਸਾਹਸੀ ਦੰਦ-ਕਥਾਵਾਂ ਦੀ ਹੈ। ਅਜਿਹੀਆਂ ਦੰਦ-ਕਥਾਵਾਂ ਦੀ ਮਿਸਾਲ ਸਾਨੂੰ ਪੁਰਾਤਨ ਯੁੱਗ ਵਿਚ ਸਲਵਾਨ, ਰਾਜਾ ਰਸਾਲੂ ਅਤੇ ਪਿਛਲੇਰੇ ਮਧਕਾਲੀਨ ਯੁੱਗ ਵਿਚ ਦੁੱਲਾ-ਭੱਟੀ ਦੀ ਮਿਲਦੀ ਹੈ। ਸਲਵਾਨ ਪੰਜਾਬੀਆਂ ਦਾ ਪ੍ਰਾਚੀਨਤਮ ਲੋਕ-ਨਾਇਕ ਹੈ ਜਿਸ ਨੇ ਬਦੇਸ਼ੀ ਕਬੀਲਿਆਂ ਵਿਰੁੱਧ ਘੋਰ ਯੁੱਧ ਕਰ ਕੇ ਉਨ੍ਹਾਂ ਨੂੰ ਕਹਿਰੋੜ ਦੇ ਸਥਾਨ ਅਜਿਹੀ ਕਰੜੀ ਹਾਰ ਦਿੱਤੀ ਕਿ ਉਹ ਮੁੜ ਸਿਰ ਨਾ ਚੁਕ ਸਕੇ ਪਰ ਜੋਗ ਮੱਤ ਦੀ ਚੜ੍ਹਤ ਵੇਲੇ ਜੋਗੀਆਂ ਨੇ ਜਿਹੜੇ ਕਿ ਰਾਜ ਭਾਗ ਦੇ ਵਿਰੁੱਧ ਸਨ, ਇਸ ਲੋਕ ਨਾਇਕ ਨੂੰ ਆਪਣੇ ਆਦਰਸ਼ਾਂ ਅਤੇ ਸਿਧਾਂਤਾਂ ਦੇ ਪ੍ਰਚਾਰ ਲਈ ਨਵੇਂ ਖੰਡਿਤ ਰੂਪ ਵਿਚ ਪੇਸ਼ ਕੀਤਾ। ਉਦੋਂ ਹੀ ਪੂਰਨ ਅਤੇ ਲੂਣਾ ਦੀ ਕਥਾ ਸਲਵਾਨ ਨਾਲ ਜੁੜ ਗਈ ਅਤੇ ਇਹ ਲੋਕ-ਨਾਇਕ ਜੋਗ ਮੱਤ ਦੇ ਪ੍ਰਭਾਵ ਸਦਕਾ ਇਕ ਅਯਾਸ਼ ਦੇ ਰੂਪ ਵਿਚ ਪ੍ਰਗਟ ਹੋਇਆ ਜਿਹੜਾ ਕਿ ਪਤਨੀ ਦੇ ਮੋਹ ਜਾਲ ਵਿਚ ਅੰਨ੍ਹਾ ਹੋ ਕੇ ਆਪਣੇ ਸ਼ਰੀਫ ਤੇ ਸਾਊ ਪੁੱਤਰ ਪੂਰਨ ਦੀ ਹੱਤਿਆ ਕਰਵਾ ਦਿੰਦਾ ਹੈ।

ਹ. ਪੁ.—ਪੰ. ਲੋ. ਵਿ. ਕੋ. 6 : 1531

ਦੱਦਰ (ਜਾਂ ਦੱਦ) : ਅੰਗਰੇਜ਼ੀ ਵਿਚ ਇਸ ਨੂੰ ਰਿੰਗਵਰਮ ਕਹਿੰਦੇ ਹਨ ਕਿਉਂਕਿ ਇਸ ਦੀ ਲਾਗ ਗੋਲ ਛੱਲੇ (ਰਿੰਗ) ਵਾਂਗ ਸ਼ੁਰੂ ਹੁੰਦੀ ਤੇ ਵਧਦੀ ਹੈ। ਪਹਿਲਾਂ ਪਹਿਲ ਇਹ ਖ਼ਿਆਲ ਕੀਤਾ ਜਾਂਦਾ ਸੀ ਕਿ ਇਹ ਲਾਗ ਇਕ ਵਰਮ ਕਰਕੇ ਲਗਦੀ ਹੈ ਜਿਸ ਕਰਕੇ ਇਸ ਨੂੰ ਟੀਨੀਆ ਵੀ ਕਿਹਾ ਜਾਂਦਾ ਹੈ। ਟੀਨੀਆ (Tinea) ਵਰਮ ਦਾ ਲਾਤੀਨੀ ਨਾਂ ਹੈ। ਅਸਲ ਵਿਚ ਇਹ ਲਾਗ ਉੱਲੀ ਕਰਕੇ ਲਗਦੀ ਹੈ ਅਤੇ ਬਹੁਤ ਜ਼ਿਆਦਾ ਪਸੀਨੇ, ਗਰਮੀ, ਨਮੀ ਜਾਂ ਰਗੜ ਵਾਲੀ ਥਾਂ ਤੇ ਸਰੀਰ ਉੱਤੇ ਜਲਦੀ ਵਧਦੀ ਹੈ। ਇਹ ਲਾਗ ਮਨੁੱਖ ਤੋਂ ਇਲਾਵਾ ਕੁੱਤਿਆਂ, ਬਿੱਲੀਆਂ ਅਤੇ ਕਈ ਹੋਰ ਪਾਲਤੂ ਜਾਨਵਰਾਂ ਵਿਚ ਵੀ ਮਿਲਦੀ ਹੈ ਅਤੇ ਛੂਤ ਰਾਹੀਂ ਉਨਾਂ ਤੋਂ ਮਨੁੱਖਾਂ ਨੂੰ ਹੋ ਜਾਂਦੀ ਹੈ। ਚਮੜੀ ਉੱਤੇ ਕਈ ਤਰ੍ਹਾਂ ਦੀਆਂ ਉੱਲੀਆਂ ਰਹਿੰਦੀਆਂ ਹਨ ਜਿਹੜੀਆਂ ਆਮ ਤੌਰ ਤੇ ਕੋਈ ਲਾਗ ਨਹੀਂ ਫੈਲਾਉਂਦੀਆਂ ਪਰ ਅਨੁਕੂਲ ਹਾਲਤਾਂ ਮਿਲਣ ਤੇ ਇਹ ਸਿਰ ਜਾਂ ਦਾੜ੍ਹੀ ਦੇ ਵਾਲਾਂ ਦੇ ਫਾੱਲੀਕਲਾਂ, ਨਹੁੰਆਂ, ਚਮੜੀ ਤੇ ਕਈ ਹੋਰ ਥਾਵਾਂ ਤੇ ਹਮਲਾ ਕਰ ਦਿੰਦੀਆਂ ਹਨ।

ਦੱਦਰ ਆਮ ਤੌਰ ਤੇ ਛੋਟੇ-ਛੋਟੇ ਗੋਲ ਜਾਂ ਅੰਡਾਕਾਰ , ਲਾਲ ਰੰਗ ਦੇ ਉਭਰਵੇਂ ਜ਼ਖਮਾਂ ਦੇ ਰੂਪ ਵਿਚ ਸ਼ੁਰੂ ਹੁੰਦੀ ਹੈ। ਇਹ ਜਖ਼ਮ ਹੌਲੀ ਹੌਲੀ ਵੱਡੇ ਤੇ ਲਾਲ ਹੁੰਦੇ ਜਾਂਦੇ ਹਨ। ਇਨ੍ਹਾਂ ਤੋਂ ਫਿਰ ਉਠਾਅ ਬਣਦੇ ਹਨ ਜਿਨ੍ਹਾਂ ਤੇ ਖਾਜ ਤੇ ਜਲਨ ਹੁੰਦੀ ਹੈ। ਇਹ ਲਾਗ ਵਿਚਕਾਰੋਂ ਠੀਕ ਸ਼ੁਰੂ ਹੁੰਦੀ ਹੈ ਪਰ ਫੈਲਦੀ ਬਾਹਰ ਵਲ ਗੋਲ ਚੱਕਰ ਵਿਚ ਹੈ ਜਿਸ ਕਰਕੇ ਇਹ ਗੋਲ ਜਿਹੇ ਲਗਦੇ ਹਨ। ਇਹ ਲਾਗਾਂ ਛੂਤਕ ਹਨ ਅਤੇ ਸਕੂਲਾਂ ਅਤੇ ਹਸਪਤਾਲਾਂ ਵਿਚ ਇਨ੍ਹਾਂ ਦੇ ਫੈਲਣ ਦਾ ਬਹੁਤ ਡਰ ਰਹਿੰਦਾ ਹੈ।

ਸਿਰ ਦੀ ਦੱਦਰ (ਟੀਨੀਆ ਕੈਪੀਟਿਸ)—ਇਹ ਕਿਸਮ ਬੱਚਿਆਂ ਵਿਚ ਆਮ ਮਿਲਦੀ ਹੈ ਅਤੇ ਇਹ ਬਹੁਤ ਜ਼ਿਆਦਾ ਛੂਤਕ ਹੈ। ਇਸ ਲਾਗ ਦੇ ਹੋਣ ਨਾਲ ਵਾਲਾਂ ਦੀ ਚਮਕ ਘੱਟ ਜਾਂਦੀ ਹੈ। ਵਾਲ ਕਮਜ਼ੋਰ ਪੈ ਜਾਂਦੇ ਹਨ ਅਤੇ ਛੇਤੀ ਟੁਟਦੇ ਹਨ। ਸਿਰ ਦੇ ਵਿਚ ਸਲੇਟੀ ਰੰਗ ਦੇ ਧੱਬੇ ਦਿੱਸਦੇ ਹਨ। ਲਾਗ ਵਧਣ ਤੇ ਸਿਰ ਵਿਚ ਪੀਕਦਾਰ ਜ਼ਖਮ ਹੋ ਜਾਂਦੇ ਹਨ। ਅਸਥਾਈ ਤੌਰ ਤੇ ਗੰਜਾਪਣ ਆ ਜਾਂਦਾ ਹੈ। ਇਸ ਦਾ ਇਲਾਜ ਇਸ ਲਾਗ ਨੂੰ ਵਧਣ ਤੋਂ ਰੋਕਣਾ ਹੈ। ਲਾਗ ਵਾਲੀਆਂ ਥਾਂਵਾਂ ਨੂੰ ਸਾਫ਼ ਤੇ ਸੁੱਕਾ ਰੱਖਣਾ ਚਾਹੀਦਾ ਹੈ ਤੇ ਰਗੜ ਤੋਂ ਬਚਾਉਣਾ ਚਾਹੀਦਾ ਹੈ। ਸਿਰ ਨੂੰ ਰੋਜ਼ ਕਿਸੇ ਚੰਗੇ ਉੱਲੀ ਨਾਸ਼ਕ ਪਦਾਰਥ ਨਾਲ ਧੋਣਾ ਚਾਹੀਦਾ ਹੈ ਜੇ ਹੋ ਸਕੇ ਤਾਂ ਵਾਲ ਕੱਟ ਕੇ ਛੋਟੇ ਕਰ ਦੇਣੇ ਚਾਹੀਦੇ ਹਨ ਅਤੇ ਕੱਟੇ ਹੋਏ ਵਾਲਾਂ ਨੂੰ ਸਾੜ ਦੇਣਾ ਚਾਹੀਦਾ ਹੈ ਕਈ ਹਾਲਤਾਂ ਵਿਚ ਤਾਂ ਡਾਕਟਰ ਵਾਲਾਂ ਨੂੰ ਜੜ੍ਹਾਂ ਤੋਂ ਹੀ ਕੱਢ ਦਿੰਦੇ ਹਨ। ਲਾਗ ਦੌਰਾਨ ਸਿਰ ਨੂੰ ਵਾਹੁਣ ਲਈ ਵਰਤੇ ਕੰਘੇ ਦਾ, ਸਿਰ ਢਕਣ ਲਈ ਵਰਤੇ ਟੋਪੇ ਆਦਿ ਜਾਂ ਤਾਂ ਸਾੜ ਦੇਣੇ ਚਾਹੀਦੇ ਹਨ ਜਾਂ ਫਿਰ ਜਰਮ-ਰਹਿਤ ਕਰਨੇ ਚਾਹੀਦੇ ਹਨ। ਜ਼ਖ਼ਮਾਂ ਨੂੰ ਖੁਰਚਣਾ ਨਹੀਂ ਚਾਹੀਦਾ ਅਤੇ ਰੋਗੀ ਨੂੰ ਆਪਣੀਆਂ ਉਂਗਲਾਂ ਅਤੇ ਨਹੁੰ ਸਾਫ਼ ਰੱਖਣੇ ਚਾਹੀਦੇ ਹਨ।

ਚੱਡਿਆਂ ਦੀ ਦੱਦਰ ਜਾਂ (ਟੀਨੀਆ ਕਰੂਰਿਸ)—ਇਹ ਕਿਸਮ ਕੱਛਾਂ ਅਤੇ ਚੱਡਿਆਂ ਵਿਚ ਅਤੇ ਪੱਟਾਂ ਦੇ ਅੰਦਰਲੇ ਪਾਸੇ ਮਿਲਦੀ ਹੈ। ਭਾਵੇਂ ਆਦਮੀਆਂ ਅਤੇ ਔਰਤਾਂ ਦੋਹਾਂ ਵਿਚ ਇਹ ਲਾਗ ਹੋ ਸਕਦੀ ਹੈ ਪਰ ਆਦਮੀਆਂ ਨੂੰ ਇਹ ਜ਼ਿਆਦਾ ਹੁੰਦੀ ਹੈ। ਜੇ ਲਾਗ ਘੱਟ ਹੋਵੇ ਤਾਂ ਇਹ ਹਲਕੇ ਭੂਰੇ ਰੰਗ ਦੇ ਸਕੇਲਾਂ ਦੇ ਰੂਪ ਵਿਚ ਹੁੰਦੀ ਹੈ ਪਰ ਗੰਭੀਰ ਹਾਲਤ ਵਿਚ ਇਹ ਸੁਰਖ਼ ਲਾਲ ਧੱਬਿਆਂ ਦੀ ਸ਼ਕਲ ਵਿਚ ਹੁੰਦੀ ਹੈ ਜਿਨ੍ਹਾਂ ਦੇ ਕਿਨਾਰੇ ਉਭਰਵੇਂ ਹੁੰਦੇ ਹਨ। ਇਸ ਉੱਤੇ ਖ਼ਾਸ ਕਰਕੇ ਰਾਤ ਨੂੰ ਬਹੁਤ ਜ਼ਿਆਦਾ ਖਾਜ ਹੁੰਦੀ ਹੈ। ਗੰਦਾ ਰਹਿਣ, ਬਹੁਤ ਜ਼ਿਆਦਾ ਪਸੀਨਾ ਆਉਣ ਜਾਂ ਮੋਟਾਪੇ ਕਰਕੇ ਇਹ ਲਾਗ ਹੋਰ ਵੀ ਵਧਦੀ ਹੈ। ਸਰਦ ਰੁੱਤ ਵਿਚ ਇਹ ਲਾਗ ਦਬ ਜਾਂਦੀ ਹੈ ਪਰ ਗਰਮੀਆਂ ਵਿਚ ਮੁੜ ਫੁਟ ਪੈਂਦੀ ਹੈ। ਸਵਿਮਿੰਗ ਪੂਲਾਂ ਜਾਂ ਇਸ਼ਨਾਨ ਘਰਾਂ ਵਿਚ ਇਹ ਲਾਗ ਜ਼ਿਆਦਾ ਫੈਲਣ ਦਾ ਡਰ ਰਹਿੰਦਾ ਹੈ। ਜਿਸ ਮਨੁੱਖ ਨੂੰ ਇਹ ਦੱਦਰ ਹੋਵੇ ਉਸ ਨੂੰ ਰੋਜ਼ਾਨਾ ਨਹਾਉਣਾ ਅਤੇ ਕੱਪੜੇ ਬਦਲਣੇ ਚਾਹੀਦੇ ਹਨ, ਅਲੱਗ ਬਿਸਤਰ ਤੇ ਸੌਣਾ ਚਾਹੀਦਾ ਹੈ ਅਤੇ ਉਸ ਦੇ ਬਿਸਤਰ ਦੀਆਂ ਚਾਦਰਾਂ ਅਤੇ ਕੱਪੜੇ ਜਰਮਨਾਸ਼ਕ ਦਵਾਈ ਵਿਚ ਪਾਉਣੇ ਚਾਹੀਦੇ ਹਨ। ਦੱਦਰ ਵਾਲੀ ਥਾਂ ਹਮੇਸ਼ਾ ਸੁੱਕੀ ਤੇ ਸਾਫ਼ ਰੱਖਣੀ ਚਾਹੀਦੀ ਹੈ। ਜ਼ਿਆਦਾ ਲਾਗ ਦੀ ਹਾਲਤ ਵਿਚ ਡਾਕਟਰ ਬਿਸਮਥ ਜਾਂ ਸੈਲੀਸਿਲਿਕ ਐਸਿਡ ਵਾਲੀ ਮਲ੍ਹਮ ਲਗਾਉਣ ਦੀ ਸਲਾਹ ਦਿੰਦੇ ਹਨ।

ਸਰੀਰ ਦੀ ਦੱਦਰ (ਟੀਨੀਆ ਸਰਸੀਨੇਟਾ)—ਇਸ ਕਿਸਮ ਦੀ ਦੱਦਰ ਸਰੀਰ ਦੇ ਉਨ੍ਹਾਂ ਹਿੱਸਿਆਂ ਤੇ ਹੁੰਦੀ ਹੈ ਜਿਥੇ ਵਾਲ ਨਹੀਂ ਹੁੰਦੇ। ਆਮ ਤੌਰ ਤੇ ਇਹ ਮੂੰਹ ਅਤੇ ਗਰਦਨ ਤੋਂ ਸ਼ੁਰੂ ਹੁੰਦੀ ਹੈ ਅਤੇ ਫਿਰ ਹੌਲੀ ਹੌਲੀ ਸਾਰੇ ਸਰੀਰ , ਬਾਹਾਂ ਅਤੇ ਲੱਤਾਂ ਤਕ ਪਹੁੰਚ ਜਾਂਦੀ ਹੈ। ਇਹ ਆਮ ਤੌਰ ਤੇ ਪਾਲਤੂ ਜਾਨਵਰਾਂ ਤੋਂ ਲਗਦੀ ਹੈ।

ਇਹ ਛੋਟੇ ਲਾਲ ਜ਼ਖ਼ਮਾਂ ਦੇ ਰੂਪ ਵਿਚ ਸ਼ੁਰੂ ਹੁੰਦੀ ਹੈ ਅਤੇ ਬਾਹਰ ਵਲ ਵਧਦੀ ਜਾਂਦੀ ਹੈ। ਜੇ ਸੁੱਕੀ ਦੱਦਰ ਹੋਵੇ ਤਾਂ ਸਕੇਲੀ ਬਣ ਜਾਂਦੀ ਹੈ ਅਤੇ ਜੇ ਗਿੱਲੀ ਕਿਸਮ ਹੋਵੇ ਤਾਂ ਪੀਕ ਵਾਲੇ ਫੋੜੇ ਜਿਹੇ ਬਣਦੇ ਹਨ। ਜ਼ਖ਼ਮ ਨੂੰ ਸਾਫ਼ ਕਰਕੇ ਸੈਲੀਸਿਲਿਕ ਐਸਿਡ ਅਤੇ ਸਲਫ਼ਰ ਵਾਲੀ ਮਲ੍ਹਮ ਲਗਾਈ ਜਾਂਦੀ ਹੈ।

ਫੇਵਸ (ਟੀਨੀਆ ਫੇਵੋਸਾ)—ਇਹ ਸਿਰ ਨੂੰ ਲਗਣ ਵਾਲੀ ਇਕ ਹੋਰ ਕਿਸਮ ਦੀ ਦੱਦਰ ਹੈ ਜਿਹੜੀ ਕਿਸੇ ਹੋਰ ਉੱਲੀ ਰਾਹੀਂ ਹੁੰਦੀ ਹੈ ਜਿਸ ਦਾ ਬਨਸਪਤੀ ਵਿਗਿਆਨਕ ਨਾਂ ਟ੍ਰਾਈਕੋਫਾਈਟਾਨ ਸ਼ੁਐਨਲੀਅਮ (Trichophyton schoenlam) ਹੈ। ਬਾਲਗਾਂ ਨਾਲੋਂ ਜ਼ਿਆਦਾ ਇਹ ਬੱਚਿਆਂ ਨੂੰ ਹੁੰਦੀ ਹੈ ਅਤੇ ਚੀਨ, ਜਰਮਨੀ, ਮੱਧ ਏਸ਼ੀਆ ਆਦਿ ਵਿਚ ਇਸ ਦੇ ਜ਼ਿਆਦਾ ਕੇਸ ਮਿਲਦੇ ਹਨ।

ਛੋਟੇ ਛੋਟੇ ਲਾਲ, ਸਕੇਲੀ ਜ਼ਖ਼ਮਾਂ ਦੇ ਰੂਪ ਵਿਚ ਇਹ ਲਾਗ ਸ਼ੁਰੂ ਹੁੰਦੀ ਹੈ ਜਿਸ ਦੇ ਉੱਤੇ ਫਿਰ ਕਪ-ਨੁਮਾ, ਪੀਲੇ ਜਿਹੇ ਰੰਗ ਦੀ ਪੇਪੜੀ ਬਣ ਜਾਂਦੀ ਹੈ ਜਿਸ ਵਿਚੋਂ ਨਿੱਕੇ ਨਿੱਕੇ ਰੋਮ ਉਪਰ ਉਠਦੇ ਹਨ। ਇਨ੍ਹਾਂ ਰੋਮਾਂ ਵਿਚ ਕੋਈ ਚਮਕ ਨਹੀਂ ਹੁੰਦੀ ਅਤੇ ਬੜੀ ਜਲਦੀ ਟੁਟਦੇ ਹਨ। ਇਨ੍ਹਾਂ ਵਿਚੋਂ ਗੰਦੀ ਮੁਸ਼ਕ ਜਿਹੀ ਵੀ ਆਉਂਦੀ ਹੈ। ਜੇ ਬੀਮਾਰੀ ਦਾ ਇਲਾਜ ਜਲਦੀ ਹੀ ਕਰ ਲਿਆ ਜਾਵੇ ਤਾਂ ਥੋੜ੍ਹਾ ਬਹੁਤ (ਪਰ ਸਥਾਈ) ਗੰਜਾਪਣ ਰਹਿ ਜਾਂਦਾ ਹੈ ਪਰ ਜੇ ਲਾਗ ਵਧ ਜਾਵੇ ਤਾਂ ਸਿਰ ਵਿਚ ਕਈ ਵੱਡੇ ਵੱਡੇ ਗੰਜ ਦੇ ਟੁੱਕੜੇ ਬਣ ਜਾਂਦੇ ਹਨ। ਇਸ ਦਾ ਇਲਾਜ ਵੀ ਟੀਨੀਆ ਕੈਪੀਟਿਸ ਦੱਦਰ ਵਾਲਾ ਹੀ ਹੈ।

ਨਹੁੰਆਂ ਦੀ ਦੱਦਰ (ਪੀਨੀਆ ਅੰਗੁਟਮ ਜਾਂ ਓਨੀਕੋਮਾਈਕੋਸਿਸ)—ਇਹ ਵਾਲਾਂ ਦੀ ਦੱਦਰ ਦੇ ਨਾਲ ਫੈਲਦੀ ਹੈ ਜਾਂ ਅਲੱਗ ਵੀ ਹੋ ਸਕਦੀ ਹੈ। ਨਰਸਾਂ ਨੂੰ ਇਹ ਮਰੀਜਾਂ ਤੋਂ ਹੋ ਜਾਂਦੀ ਹੈ। ਇਹ ਨਹੁੰ ਦੇ ਅੰਦਰਲੇ ਪਾਸੇ ਤੋਂ ਸ਼ੁਰੂ ਹੁੰਦੀ ਹੈ ਜਿਹੜਾ ਫਿਰ ਉਪਰ ਨੂੰ ਉਠਦਾ ਹੈ ਅਤੇ ਲਾਗ ਨਹੁੰ ਦੀ ਜੜ੍ਹ ਵੱਲ ਵਧਦੀ ਜਾਂਦੀ ਹੈ। ਇਸ ਦੇ ਇਲਾਜ ਲਈ ਪੁਰਾਣੇ ਨਹੁੰ ਨੂੰ ਕੱਟ ਦਿੱਤਾ ਜਾਂਦਾ ਹੈ ਅਤੇ ਨਵਾਂ ਨਹੁੰ ਨਿਕਲਣ ਦੇ ਸਾਰੇ ਅਰਸੇ ਦੌਰਾਨ ਲਾਗ ਉੱਤੇ ਦਵਾਈ ਲਗਾਉਣੀ ਚਾਹੀਦੀ ਹੈ। ਹੱਥਾਂ ਦੀ ਲਾਗ ਹੋਣ ਕਰਕੇ ਇਹ ਮੁੜ ਮੁੜ ਹੋਣ ਦੀ ਸੰਭਾਵਨਾ ਵੀ ਰਹਿੰਦੀ ਹੈ। ਖ਼ਾਸ ਕਰਕੇ ਉਨਾਂ ਨੂੰ ਜਿਨ੍ਹਾਂ ਨੂੰ ਹੱਥਾਂ ਦਾ ਕੰਮ ਜ਼ਿਆਦਾ ਕਰਨਾ ਪੈਂਦਾ ਹੈ ਤੇ ਹੱਥ ਵਾਰ ਵਾਰ ਧੋਣੇ ਪੈਂਦੇ ਹਨ।

ਆਯੁਰਵੈਦਿਕ ਇਲਾਜ—ਵੈਦਿਕ ਤਰੀਕੇ ਅਨੁਸਾਰ ਇਸ ਦਾ ਇਲਾਜ ਕਰਨ ਲਈ ਦਵਾਈ ਇਸ ਤਰ੍ਹਾਂ ਬਣਾਈ ਜਾ ਸਕਦੀ ਹੈ -ਕੱਥ, ਮਾਜੂ, ਗੰਧਕ, ਤੇਲੀਆ, ਸੁਹਾਗਾ ਚਾਰੋ ਚੀਜ਼ਾਂ ਨੂੰ ਕਪੜਛਾਣ ਕਰਕੇ, ਕੂੰਡੇ ਵਿਚ ਪਾਣੀ ਦਾ ਛਿੱਟਾ ਦੇ ਕੇ ਘੋਟਿਆ ਜਾਂਦਾ ਹੈ । ਇਸ ਨੂੰ ਅਜਿਹਾ ਘੋਟਿਆ ਜਾਂਦਾ ਹੈ ਕਿ ਉਹ ਲੇਸ ਛੱਡ ਦੇਵੇ। ਫਿਰ ਇਸ ਦੀਆਂ ਗੋਲੀਆਂ ਬਣਾਕੇ ਛਾਂ ਵਿਚ ਸੁਕਾ ਲਈਆਂ ਜਾਂਦੀਆਂ ਹਨ।

ਦੱਦਰ ਵਾਲੀ ਥਾਂ ਨੂੰ ਪਹਿਲਾਂ ਗੰਧਕ ਦੇ ਸਾਬਣ ਨਾਲ ਧੋ ਕੇ ਸਾਫ਼ ਕਰ ਲਿਆ ਜਾਂਦਾ ਹੈ। ਫਿਰ ਇਸ ਗੋਲੀ ਨੂੰ ਪਾਣੀ ਨਾਲ ਘਸਾ ਕੇ ਉਪਰ ਲੇਪ ਕਰ ਦਿੱਤਾ ਜਾਂਦਾ ਹੈ ਅਤੇ ਜਦੋਂ ਤੱਕ ਇਹ ਸੁੱਕ ਨਾ ਜਾਵੇ ਉਸ ਥਾਂ ਨਾਲ ਕੱਪੜਾ ਨਹੀਂ ਛੁਹਾਉਣਾ ਚਾਹੀਦਾ।

ਦੂਜਾ ਤਰੀਕਾ ਹੈ ਛੇ ਮਾਸੇ ਸੰਘਾੜੇ ਦਾ ਆਟਾ ਅਤੇ ਇਕ ਮਾਸਾ ਅਫੀਮ ਲੈ ਕੇ ਦੋਨਾਂ ਨੂੰ ਕਾਗਜ਼ੀ ਨਿੰਬੂ ਦੇ ਰਸ ਵਿਚ ਚੰਗੀ ਤਰ੍ਹਾਂ ਘੋਟ ਲਿਆ ਜਾਵੇ ਅਤੇ ਫਿਰ ਇਸ ਦਾ ਲੇਪ ਕੀਤਾ ਜਾਵੇ।

ਇਨਾਂ ਤੋਂ ਇਲਾਵਾ ਲਹੂ ਸਾਫ਼ ਕਰਨ ਵਾਲੀਆਂ ਔਸ਼ਧੀਆ ਜਿਵੇਂ ਚਰਾਇਤਾ ਆਦਿ ਦਾ ਸੇਵਨ ਕਰਨਾ ਚਾਹਿਦਾ ਹੈ। ਅਜਿਹੇ ਪਦਾਰਥਾਂ ਦੇ ਸੇਵਨ ਤੋਂ ਪਰਹੇਜ਼ ਕਰਨਾ ਚਾਹੀਦਾ ਹੈ ਜਿਹੜੇ ਲਹੂ ਵਿਚ ਜੋਸ਼ ਪੈਦਾ ਕਰਨ।

ਹ. ਪੁ.- ਮੈ. ਹੈ. ਐਨ. 4 : 1150; ਮ. ਕੋਸ਼: 619

ਦਧੀਚ : ਇਹ ਇਕ ਵੈਦਿਕ ਰਿਸ਼ੀ ਸੀ ਜਿਸ ਦੀਆਂ ਹੱਡੀਆਂ ਤੋਂ ਇੰਦਰ ਨੇ ਵਜ੍ਰ ਨਾਂ ਦਾ ਅਸਤਰ ਬਣਾਇਆ ਸੀ। ਅਥਰਵਾ ਨਾਂ ਦੇ ਪੁਰੋਹਿਤ ਦੇ ਘਰ ਸ਼ਾਂਤੀ ਦੀ ਕੁੱਖੋਂ ਪੈਦਾ ਹੋਇਆ ਦਧੀਚ ਬਹੁਤ ਤਪੱਸਵੀ ਸੀ। ਇਹ ਦਕਸ਼ ਪ੍ਰਜਾਪਤੀ ਦੁਆਰਾ ਕੀਤੇ ਯੱਗ ਵਿਚ ਮੌਜੂਦ ਸੀ ਅਤੇ ਇਸ ਨੇ ਯੱਗ ਵਿਚ ਸ਼ਿਵ ਦਾ ਭਾਗ ਕੱਢਣ ਲਈ ਦਕਸ਼ ਨੂੰ ਸੁਝਾਉ ਦਿੱਤਾ ਸੀ ਪਰ ਦਕਸ਼ ਨੇ ਅਣਸੁਣੀ ਕਰ ਛੱਡੀ ਜਿਸ ਦੇ ਫਲਸਰੂਪ ਵੀਰਭੱਦਰ ਨੇ ਯੱਗ ਭੰਗ ਕਰ ਦਿੱਤਾ। ਰਿਗਵੇਦ ਅਨੁਸਾਰ ਇੰਦਰ ਨੇ ਇਸ ਨੂੰ ਵਿਗਿਆਨ ਦੀ ਵਿਦਿਆ ਇਸ ਸ਼ਰਤ ਤੇ ਦਿੱਤੀ ਸੀ ਕਿ ਜੇਕਰ ਇਹ ਵਿਦਿਆ ਇਸ ਨੇ ਅੱਗੇ ਹੋਰ ਕਿਸੇ ਨੂੰ ਦਿੱਤੀ ਤਾਂ ਇਸ ਦਾ ਸਿਰ ਕੱਟ ਦਿੱਤਾ ਜਾਵੇਗਾ। ਅਸ਼ਵਨੀ ਕੁਮਾਰਾਂ ਨੇ ਇਸ ਨੂੰ ਇਹ ਵਿਦਿਆ ਸਿਖਾਉਣ ਲਈ ਪ੍ਰੇਰਿਆ ਤੇ ਇੰਦਰ ਦੇ ਗੁੱਸੇ ਤੋਂ ਬਚਣ ਲਈ ਇਸ ਦਾ ਸਿਰ ਕੱਟ ਕੇ ਘੋੜੇ ਦਾ ਲਾ ਦਿੱਤਾ। ਜਦੋਂ ਇੰਦਰ ਨੇ ਇਸ ਦਾ ਘੋੜੇ ਵਾਲਾ ਸਿਰ ਕੱਟ ਦਿੱਤਾ ਤਾਂ ਅਸ਼ਵਨੀ ਕੁਮਾਰਾਂ ਨੇ ਇਸ ਦਾ ਅਸਲ ਸਿਰ ਇਸ ਨੂੰ ਦੇ ਦਿੱਤਾ।


ਇਸ ਦਾ ਇਕ ਪੁਰਾਤਨ ਨਾਂ 'ਦਧਯੰਚ' ਵੀ ਸੀ। ਇਸ ਦੀ ਤਪੱਸਿਆ ਕਾਰਨ ਦੈਂਤ ਇਸ ਦੀ ਸ਼ਕਲ ਨੂੰ ਵੇਖ ਕੇ ਸਹਿਮ ਦੇ ਮਾਰੇ ਸ਼ਾਂਤ ਰਹਿੰਦੇ ਸਨ। ਜਦੋਂ ਇਹ ਸਵਰਗ ਵਿਚ ਚਲਾ ਗਿਆ ਤਾਂ ਧਰਤੀ ਉੱਤੇ ਦੈਂਤ ਬਲਵਾਨ ਹੋ ਗਏ ਅਤੇ ਉਹ ਸਾਰੇ ਪ੍ਰਿਥਵੀ ਤੇ ਛਾ ਗਏ। ਇੰਦਰ ਨੇ ਦਧੀਚ ਦੀ ਕਿਸੇ ਬਚਦੀ ਵਸਤੂ ਦਾ ਖੁਰਾ ਖੋਜ ਕੱਢਣ ਦਾ ਬਹੁਤ ਯਤਨ ਕੀਤਾ। ਅੰਤ ਵਿਚ ਕੁਰੂਕਸ਼ੇਤਰ ਦੇ ਨੇੜੇ ਇਕ ਸਰੋਵਰ ਵਿਚੋਂ ਦਧੀਚ ਦੀਆਂ ਹੱਡੀਆਂ ਲਭ ਲਈਆਂ। ਇਨ੍ਹਾਂ ਹੱਡੀਆਂ ਤੋਂ ਵਜ੍ਰ ਨਾਂ ਦਾ ਅਸਤਰ ਤਿਆਰ ਕਰ ਕੇ ਇੰਦਰ ਨੇ ਦੈਂਤਾਂ ਦਾ ਨਾਸ਼ ਕੀਤਾ। ਰਿਗਵੇਦ ਦੀ ਇਕ ਰਿਚਾ ਵਿਚ ਆਉਂਦਾ ਹੈ ਕਿ ਇੰਦਰ ਨੇ ਦਧੀਚ ਦੀਆਂ ਹੱਡੀਆਂ ਨਾਲ 90 ਵਾਰ ਨੌਂ ਵ੍ਰਿਤ੍ਰਾਂ ਨੂੰ ਕਤਲ ਕੀਤਾ ਪਰ ਮਹਾਭਾਰਤ ਤੇ ਪੁਰਾਣਾਂ ਅਨੁਸਾਰ ਰਿਸ਼ੀ ਨੇ ਆਪ ਹੀ ਆਪਣੀ ਜਾਨ ਦੇ ਦਿੱਤੀ ਤਾਂ ਕਿ ਇੰਦਰ ਤੇ ਹੋਰ ਦੇਵਤੇ ਵ੍ਰਿਤ੍ਰ ਤੇ ਅਸੁਰਾਂ ਦਾ ਨਾਸ਼ ਕਰਨ ਲਈ ਉਸ ਦੀਆਂ ਹੱਡੀਆਂ ਨਾਲ ਵੱਜਰ ਨਾਲੋਂ ਵੀ ਪ੍ਰਬਲ ਸ਼ਸਤਰ ਤਿਆਰ ਕਰ ਸਕਣ।

ਹ. ਪੁ.-ਪੰ. ਸ. ਸੰ. ਕੋ. 484; ਹਿੰ.ਮਿ. ਕੋ. 10 : 276; ਮ.ਕੋ. : 619 ; ਹਿੰ. ਵਿ.ਕੋ. 5 : 50; ਹਿੰ. ਸਾ. ਕੋ.2:226

ਦਬਾਉ (ਦਾਬ) : ਇਕਾਈ ਖੇਤਰਫਲ ਤੇ ਲਗ ਰਹੇ ਬਲ ਨੂੰ ਦਬਾਉ ਜਾਂ ਦਾਬ ਕਿਹਾ ਜਾਂਦਾ ਹੈ। ਆਮ ਤੌਰ ਤੇ ਇਸ ਦੀ ਮਿਣਤੀ ਬੈਰੋਮੀਟਰ ਦੀ ਟਿਊਬ ਵਿਚਲੇ ਪਾਰੇ ਦੀ ਉਚਾਈ ਨਾਲ ਕੀਤੀ ਜਾਂਦੀ ਹੈ। ਵਾਯੂਮੰਡਲੀ ਦਾਬ ਨੂੰ ਨਿਰਦੇਸ਼ ਦਾਬ ਮੰਨਿਆ ਜਾਂਦਾ ਹੈ ਅਤੇ ਉਹ ਸਾਰੇ ਜੋ ਇਸ ਤੋਂ ਉਪਰ ਹੁੰਦੇ ਹਨ ਗੇਜ਼ ਦਾਬ ਅਖਵਾਉਂਦੇ ਹਨ।


ਦਬਾਉ ਨਿਯੰਤਰਨ ਸਿਸਟਮ ਦਾ ਢਾਂਚਾ ਬੰਦ-ਲੂਪ ਹੁੰਦਾ ਹੈ, ਭਾਵ ਇਹ ਕਿ ਨਿਯੰਤਰਿਤ ਦਬਾਉ ਨੂੰ ਕਿਸੇ ਨਿਰਦੇਸ਼ ਜਾਂ ਨਿਰਧਾਰਤ ਬਿੰਦੂ ਦੇ ਲਿਹਾਜ਼ ਨਾਲ ਮਿਣਿਆ ਅਤੇ ਮੇਲਿਆ ਜਾਂਦਾ ਹੈ। ਅਸਲ ਦਬਾਉ ਅਤੇ ਨਿਰਧਾਰਤ ਬਿੰਦੂ ਵਾਲੇ ਦਬਾਉ ਵਿਚਲੇ ਅੰਤਰ ਨਾਲ ਚਾਲਕ ਰਾਹੀਂ ਵਾਲਵ ਖੁਲ ਜਾਂਦਾ ਹੈ। ਵਾਲਵ ਘੱਟ ਜਾਂ ਵੱਧ ਖੁਲਦਾ ਤੇ ਬੰਦ ਹੁੰਦਾ ਰਹਿੰਦਾ ਹੈ ਜਿੰਨਾਂ ਚਿਰ ਦੋਵੇਂ ਦਬਾਉ ਬਰਾਬਰ ਨਹੀਂ ਹੋ ਜਾਂਦੇ ਭਾਵ ਅੰਤਰ ਸਿਫ਼ਰ ਨਹੀਂ ਹੋ ਜਾਂਦਾ, ਉਹ ਸਾਰੇ ਸਾਧਾਰਣ ਨਿਯਮ ਜਿਨ੍ਹਾਂ ਦੀ ਵਰਤੋਂ ਗਤੀਸ਼ੀਲ ਪੁਨਰ ਸਮਿਲਿਤ ਨਿਯੰਤਰਣ ਸਿਸਟਮਾਂ ਲਈ ਕੀਤੀ ਜਾਂਦੀ ਹੈ, ਦਬਾਉ ਨਿਯੰਤਰਣ ਸਿਸਟਮ ਲਈ ਵੀ ਉਹ ਹੀ ਵਰਤੇ ਜਾਂਦੇ ਹਨ। ਪੁਨਰ ਸਮਿਲਿਤ ਨਿਯੰਤਰਣ ਸਿਸਟਮ ਵਿਚ ਨਿਯੰਤਰਿਤ ਰਾਸ਼ੀ ਦੀ ਮਾਤਰਾ ਨੂੰ ਪੁਨਰ ਸਮਿਲਿਤ ਕਰਕੇ ਕਿਸੇ ਉਤਪਾਦਨ ਰਾਸ਼ੀ ਦੀ

ਮਾਤਰਾ ਤੇ ਨਿਯੰਤਰਣ ਕਰਨ ਲਈ ਨਿਵੇਸ਼ ਰਾਸ਼ੀ ਨੂੰ ਇਸ ਢੰਗ ਨਾਲ ਛੱਡਿਆ ਜਾਂਦਾ ਹੈ ਕਿ ਨਿਯੰਤਰਿਤ ਰਾਸ਼ੀ ਦੀ ਮਾਤਰਾ ਲੋੜੀਂਦੀ ਮਾਤਰਾ ਦੇ ਬਰਾਬਰ ਹੋ ਜਾਵੇ। ਅਜਿਹੇ ਸਿਸਟਮ ਨੂੰ ਬੰਦ-ਲੂਪ-ਨਿਯੰਤਰਣ ਸਿਸਟਮ ਕਿਹਾ ਜਾਂਦਾ ਹੈ। ਹੇਠਾਂ ਤਾਪਮਾਨ ਨਿਯੰਤਰਣ ਸਿਸਟਮ ਦਾ ਵਿਸਥਾਰ ਪੂਰਵਕ ਵਿਉਂਤ ਚਿੱਤਰ ਦਰਸਾਇਆ ਗਿਆ ਹੈ।



ਨਿਯਮਿਤ ਤਾਪਮਾਨ ਨਿਯੰਤਰਣ ਸਿਸਟਮ

ਕਮਰੇ ਦੇ ਅਸਲ ਤਾਪਮਾਨ ਨੂੰ ਮਿਣ ਲਿਆ ਜਾਂਦਾ ਹੈ ਅਤੇ ਰੈਗੂਲੇਟਰ ਵਿਚ ਸਮਿਲਿਤ ਕੀਤਾ ਜਾਂਦਾ ਹੈ, ਜਿਥੇ ਇਸ ਦੀ ਤੁਲਨਾ ਕਮਰੇ ਦੇ ਲੋੜੀਂਦੇ ਤਾਪਮਾਨ ਨਾਲ ਕੀਤੀ ਜਾਂਦੀ ਹੈ। ਜੇਕਰ ਕੋਈ ਅੰਤਰ ਹੁੰਦਾ ਹੈ ਤਾਂ ਰੈਗੂਲੇਟਰ ਰਾਹੀਂ ਕਮਰੇ ਨੂੰ ਜਾ ਰਹੇ ਤਾਪ ਦੀ ਮਾਤਰਾ ਵਿਚ ਤਬਦੀਲੀ ਕੀਤੀ ਜਾਂਦੀ ਹੈ ਤਾਂ ਜੋ ਅੰਤਰ ਸਿਫ਼ਰ ਹੋ ਜਾਵੇ। ਅਜਿਹੇ ਪੁਨਰ ਸਮਿਲਿਤ ਸਿਸਟਮਾਂ ਦੀ ਵਰਤੋਂ ਇਲੈੱਕ-ਟ੍ਰੋਨਿਕ ਐਂਪਲੀਫਾਇਰ ਰਸਾਇਣਿਕ ਪ੍ਰੋਸੈੱਸਾਂ ਵਿਚ ਦਬਾਉ ਅਤੇ ਪ੍ਰਵਾਹ ਦੇ ਨਿਯੰਤਰਣ ਲਈ ਹਵਾਈ ਜਹਾਜ਼ਾਂ, ਮਿਸਾਈਲਾਂ ਅਤੇ ਪੁਲਾੜ ਵਾਹਨਾਂ ਦੇ ਨਿਯੰਤਰਣ ਤੇ ਅਗਵਾਈ ਲਈ ਆਮ ਕੀਤੀ ਜਾਂਦੀ ਹੈ।



ਦਬਾਉ ਨਿਯਮਤ ਵਾਲਵ

ਸਵੈਚਲਿਤ ਦਬਾਉ ਨਿਯੰਤਰਣ ਸਿਸਟਮ ਵਿਚ ਟ੍ਰਾਂਸਡਿਊਸਰ ਲਗੇ ਹੁੰਦੇ ਹਨ ਜਿਹੜੇ ਦਬਾਉ ਨੂੰ ਮਿਣਨ ਉਪਰੰਤ ਲੋੜੀਂਦੀ ਰਾਸ਼ੀ ਵਿਚ ਤਬਦੀਲ ਕਰ ਦਿੰਦੇ ਹਨ ਜਿਵੇਂ ਕਿ ਬਲ, ਐਠਨ, ਘੁੰਮਣਸ਼ੀਲਤਾ, ਵਿਸਥਾਪਨ, ਬਿਜਲੱਈ ਵੋਲਟਤਾ ਜਾਂ ਕਰੰਟ ਆਦਿ। ਦਬਾਉ ਨਿਯੰਤਰਣ ਸਿਸਟਮ ਕਈ ਕਿਸਮ ਦੇ ਹਨ। ਨਿਯਮਤ ਵਾਲਵ ਇਕ ਆਮ ਸਾਧਾਰਣ ਕਿਸਮ ਦਾ ਮਕੈਨੀਕਲ ਦਬਾਉ ਨਿਯੰਤਰਣ ਸਿਸਟਮ ਹੈ ਜਿਸ ਵਿਚ ਚਿੱਤਰ ਅਨੁਸਾਰ ਦਬਾਉ ਟ੍ਰਾਂਸਡਿਊਸਰ, ਨਿਯੰਤਰਿਕ ਅਤੇ ਚਾਲਕ ਦੇ ਕਾਰਜਾਂ ਨੂੰ ਇੱਕਠਾ ਕੀਤਾ ਗਿਆ ਹੈ। ਬਾਹਰ ਨਿਕਲ ਰਹੇ ਪ੍ਰਵਾਹ ਦਾ ਦਬਾਉ ਪਾਪਟ ਵਾਲਵ ਖੋਲ੍ਹ ਕੇ ਜਾਂ ਬੰਦ ਕਰਕੇ ਅਨੁਕੂਲ ਕੀਤਾ ਜਾਂਦਾ ਹੈ ਜਿਹੜਾ ਦ੍ਰਵ ਦੇ ਪ੍ਰਵਾਹ ਨੂੰ ਸਹੀ ਰੱਖਦਾ ਹੈ। ਜਿਉਂ ਹੀ ਵਾਲਵ ਨੂੰ ਐਡਜਸਟ ਕੀਤਾ ਜਾਂਦਾ ਹੈ ਤਾਂ ਨਿਯੰਤਰਿਤ ਦਬਾਉ ਵੱਧ ਜਾਂ ਘੱਟ ਜਾਂਦਾ ਹੈ। ਪਾਪਟ ਵਾਲਵ ਨੂੰ ਪੁਨਰ ਸਮਿਲਿਤ ਨਿਯੰਤਰਣ ਸਿਸਟਮ ਵਿਚ ਚਾਲਕ ਕਿਹਾ ਜਾ ਸਕਦਾ ਹੈ।

ਸਪਰਿੰਗ ਨਪੀੜਨ ਦਬਾਉ ਨਾਲ ਪੈਦਾ ਹੋਇਆ ਬਲ ਨਿਰਦੇਸ਼ ਨਿਵੇਸ਼ ਹੈ। ਇਸ ਬਲ ਦੀ ਤੁਲਨਾ ਦਬਾਉ ਦੁਆਰਾ ਪਰਦੇ ਉੱਤੇ ਪੈ ਰਹੇ ਬਲ ਨਾਲ ਕੀਤੀ ਜਾਂਦੀ ਹੈ। ਅਸੰਤੁਲਨ ਅਵਸਥਾ ਵਿਚ ਵਾਲਵ ਸਪਰਿੰਗ ਬਲ ਦੇ ਲਿਹਾਜ਼ ਨਾਲ ਖੁਲ੍ਹ ਜਾਂ ਬੰਦ ਹੋ ਜਾਂਦਾ ਹੈ। ਇਸ ਤਰ੍ਹਾਂ ਸਵੈਪ੍ਰੇਰਿਤ ਡੋਲਨਤਾ ਪੈਦਾ ਹੋ ਜਾਂਦੀ ਹੈ। ਇਹ ਸਥਿਤੀ ਦਬਾਉ ਦੀ ਮਾਮੂਲੀ ਤਰੁੱਟੀ ਕਾਰਨ ਵਾਲਵ ਦੇ ਬਹੁਤਾ ਖੁਲ੍ਹ ਜਾਣ ਉੱਤੇ ਵੀ ਹੁੰਦੀ ਹੈ। ਡੋਲਨਤਾ ਨੂੰ ਪੁਨਰ ਸਮਿਲਿਤ ਪ੍ਰਵਾਹ ਘਟਾਉਣ ਨਾਲ ਰੋਕਿਆ ਜਾ ਸਕਦਾ ਹੈ। ਪਰਦੇ ਦੇ ਘਣਫ਼ਲ ਅਨੁਸਾਰ ਇਕ ਛੇਕ ਕੀਤਾ ਹੁੰਦਾ ਹੈ ਜਿਹੜਾ ਘੱਟ ਪ੍ਰਵਾਹ ਅਤੇ ਘੱਟ ਲਾਭ ਐਲੀਮੈਂਟ ਦੇ ਤੌਰ ਤੇ ਕੰਮ ਕਰਦਾ ਹੈ। ਇਹ ਐਲੀਮੈਂਟ ਡੋਲਨਤਾ ਰੋਕਣ ਲਈ ਨਿਯੰਤਰਿਕ ਵਜੋਂ ਕੰਮ ਕਰਦਾ ਹੈ ਅਤੇ ਵਿਘਨ ਵਾਲੀਆਂ ਹਾਲਤਾਂ ਵਿਚ ਵੀ ਸਫ਼ਲਤਾ-ਪੂਰਵਕ ਕੰਮ ਕਰਦਾ ਹੈ। ਉਦਾਹਰਣ ਵਜੋਂ ਲਿਆ ਗਿਆ ਸਵੈਚਾਲਿਤ ਦਬਾਉ ਨਿਯੰਤਰਣ ਸਿਸਟਮ ਇਕ ਸਾਧਾਰਣ ਸਿਸਟਮ ਹੈ ਜਿਸ ਵਿਚ ਵਖੋ ਵਖਰੇ ਕਾਰਜ ਦਬਾਉ ਸੂਚਕ, ਤਰੁੱਟੀ ਲੱਭਣ, ਨਿਯੰਤਰਣ ਅਤੇ ਚਾਲਕ ਸਭ ਇਕ ਸੰਗਠਿਤ ਯੰਤਰ ਦੇ ਰੂਪ ਵਿਚ ਹੁੰਦੇ ਹਨ।

ਹ. ਪੁ.– ਐਨ. ਸ. ਟ. 5 : 214

ਦਬਾਉ ਟ੍ਰਾਂਸਡਿਊਸਰ : ਇਹ ਉਸ ਯੰਤਰ ਦਾ ਇਕ ਅੰਗ ਹੈ ਜਿਹੜਾ ਕਿਸੇ ਤਰਲ ਦੇ ਦਬਾਉ ਦੀ ਮਿਣਤੀ ਕਰਨ ਉਪਰੰਤ ਉਸ ਨੂੰ ਬਰਾਬਰ ਦੇ ਬਿਜੱਲਈ ਸਿਗਨਲ ਵਿਚ ਬਦਲਦਾ ਹੈ। ਆਮ ਕਰਕੇ ਸਮੁੱਚੇ ਯੰਤਰ ਸਿਸਟਮ ਵਿਚ ਦਬਾਉ-ਸੰਵੇਦੀ ਐਲੀਮੈਂਟ ਜਿਵੇਂ ਕਿ ਬੁਰਡੋਂ ਟਿਊਬ, ਬੈਲੋਜ਼ (ਧੌਂਕਣੀ) ਜਾਂ ਡਾਇਆਫ੍ਰਾਮ ਐਲੀਮੈਂਟ ਹੁੰਦਾ ਹੈ ਜਿਹੜਾ ਦਬਾਉ-ਸੰਵੇਦੀ ਯੰਤਰ ਤੋਂ ਪ੍ਰਾਪਤ ਹੋਈ ਗਤੀ ਜਾਂ ਦਬਾਉ ਦੇ ਸਿਗਨਲ ਨੂੰ ਗ੍ਰਹਿਣ ਕਰਨ ਉਪਰੰਤ ਬਿਜੱਲਈ ਪੈਰਾ-ਮੀਟਰ ਵਿਚ ਬਦਲਦਾ ਹੈ। ਇਸ ਵਿਚ ਇਕ ਸੂਚਕ ਜਾਂ ਰਿਕਾਰਡਿੰਗ ਯੰਤਰ ਵੀ ਲੱਗਾ ਹੁੰਦਾ ਹੈ। ਲੋੜੀਂਦੇ ਦਬਾਉ ਨੂੰ ਬਣਾਈ ਰੱਖਣ ਲਈ ਇਸ ਦੀ ਵਰਤੋਂ ਅਕਸਰ ਸਵੈਨਿਯੰਤ੍ਰਿਤ ਲੂਪ ਵਿਚ ਕੀਤੀ ਜਾਂਦੀ ਹੈ।

ਯੰਤ੍ਰਿਕ ਅਤੇ ਗੈਸ ਨਿਯੰਤ੍ਰਿਤ ਮਿਣਤੀ ਦੀ ਥਾਂ ਬਿਜੱਲਈ ਮਿਣਤੀ ਨੂੰ ਪਹਿਲ ਦਿੱਤੀ ਜਾਂਦੀ ਹੈ ਜਿਸ ਦੇ ਕੁਝ ਕੁ ਕਾਰਨ ਨਿਮਨ ਅਨੁਸਾਰ ਹਨ :


1. ਬਿਜਲੀ ਰਾਹੀਂ ਸਿਗਨਲ ਲੰਬੀ ਦੂਰੀ ਤੱਕ ਭੇਜੇ ਜਾ ਸਕਦੇ ਹਨ।
2. ਕਈ ਵਾਰੀ ਬਿਜਲੀ ਰਾਹੀਂ ਸਿਗਨਲ ਵਧੇਰੇ ਛੇਤੀ ਤੇ ਠੀਕ ਠਾਕ ਮਿਣੇ ਜਾ ਸਕਦੇ ਹਨ।
3. ਬਿਜੱਲਈ ਸਿਗਨਲ ਨੂੰ ਚਾਲੂ ਕਰਨਾ ਸਭ ਤੋਂ ਸੌਖਾ ਹੈ।
4. ਕੰਮ-ਕਾਜ ਅਤੇ ਲਾਗਤ ਪੱਖੋਂ ਬਿਜਲੀ ਸਭ ਤੋਂ ਢੁਕਵਾਂ ਸਾਧਨ ਹੈ।

ਦਬਾਉ ਟ੍ਰਾਂਸਡਿਊਸਰਾਂ ਨੂੰ ਉਨ੍ਹਾਂ ਦੀ ਕਾਰਜ ਵਿਧੀ ਸਿਧਾਂਤ ਦੇ ਆਧਾਰ ਉੱਤੇ ਬਤੌਰ ਪ੍ਰਤਿਰੋਧਕ ਟ੍ਰਾਂਸਡਿਊਸਰ, ਵਿਕਾਰਮਾਪਕ, ਚੁੰਬਕੀ ਟ੍ਰਾਂਸਡਿਊਸਰ, ਕ੍ਰਿਸਟਲ ਟ੍ਰਾਂਸਡਿਊਸਰ ਅਤੇ ਧਾਰਨਤਾ ਟ੍ਰਾਂਸਡਿਊਸਰ ਵਿਚ ਵੰਡ ਕੀਤੀ ਗਈ ਹੈ।

ਪ੍ਰਤਿਰੋਧਕ ਦਬਾਉ ਟ੍ਰਾਂਸਡਿਊਸਰ—ਦਬਾਉ ਦੀ ਮਿਣਤੀ ਕਰਨ ਲਈ ਇਨ੍ਹਾਂ ਟ੍ਰਾਂਸਡਿਊਸਰਾਂ ਵਿਚ ਲੱਗਿਆ ਇਕ ਐਲੀਮੈਂਟ ਬਿਜੱਲਈ ਪ੍ਰਤਿਰੋਧਕ ਨੂੰ ਦਬਾਉ ਦੇ ਫ਼ੰਕਸ਼ਨ ਵਿਚ ਬਦਲ ਦਿੰਦਾ ਹੈ।

ਆਮ ਕਰਕੇ ਜ਼ਿਆਦਾਤਰ ਕਿਸਮਾਂ ਦੇ ਪ੍ਰਤਿਰੋਧਕ ਦਬਾਉ ਟ੍ਰਾਂਸਡਿਊਸਰਾਂ ਵਿਚ ਗਤੀਸ਼ੀਲ ਸੰਪਰਕ ਲੱਗਾ ਹੁੰਦਾ ਹੈ ਜਿਹੜਾ ਕਿ ਦਬਾਉ-ਸੰਵੇਦੀ ਐਲੀਮੈਂਟ ਅਨੁਸਾਰ ਆਪਣੀ ਸਥਿਤੀ ਰੱਖਦਾ ਹੈ। ਸਭ ਤੋਂ ਸਾਧਾਰਣ ਕਿਸਮ ਦੇ ਪ੍ਰਤਿਰੋਧਕ ਦਬਾਉ ਟ੍ਰਾਂਸਡਿਊਸਰ ਵਿਚ ਨਿਰੰਤਰ ਪ੍ਰਤਿਰੋਧਕ ਦੇ ਨਾਲ ਸਰਕਣਸ਼ੀਲ ਸਪੰਰਕ ਲੱਗਾ ਹੁੰਦਾ ਹੈ। ਇਹ ਸਿੱਧੀ ਤਾਰ ਦੇ ਰੂਪ ਵਿਚ ਕੁੰਡਲਾਕਾਰ ਜਾਂ ਅਧਾਤਵੀਂ ਜਿਵੇਂ ਕਿ ਕਾਰਬਨ ਦਾ ਬਣਿਆ ਹੋ ਸਕਦਾ ਹੈ। ਜੇਕਰ ਪ੍ਰਤਿਰੋਧਕ ਦੇ ਪਰਿ-ਖੇਤਰ ਦਾ ਖੇਤਰਫ਼ਲ ਸਥਿਰ ਹੋਵੇ ਤਾਂ ਪ੍ਰਤਿਰੋਧ ਵਿਚਲੀ ਤਬਦੀਲੀ ਸੰਪਰਕ ਦੀ ਗਤੀ ਦੇ ਸਮਾਨਅਨੁਪਾਤੀ ਹੋਵੇਗੀ। ਪਰਿਖੇਤਰ ਨੂੰ ਅਸਮਾਨ ਵੀ ਰਖਿਆ ਜਾ ਸਕਦਾ ਹੈ ਤਾਂ ਜੋ ਗਤੀ ਅਤੇ ਪ੍ਰਤਿਰੋਧਕ ਦੀ ਤਬਦੀਲੀ ਵਿਚ ਅਰੇਖੀ ਸਬੰਧ ਪ੍ਰਾਪਤ ਹੋ ਸਕੇ। ਕੋਣੀ ਗਤੀ ਦੀ ਮਿਣਤੀ ਕਰਨ ਲਈ ਪ੍ਰਤਿਰੋਧਕ ਐਲੀਮੈਂਟ ਵਕ੍ਰੀ ਜਾਂ ਕਿਸੇ ਵਕ੍ਰ ਦਾ ਇਕ ਹਿੱਸਾ ਵੀ ਹੋ ਸਕਦਾ ਹੈ।

ਚਿੱਤਰ (1) ਵਿਚ ਪ੍ਰਤਿਰੋਧਕ ਦਬਾਉ ਟ੍ਰਾਂਸਡਿਊਸਰ ਦੀ ਇਕ ਕਿਸਮ ਦਰਸਾਈ ਗਈ ਹੈ। ਬੈਲੋਜ਼ ਦੇ ਉਲਟ ਬਹੁਤ ਹੀ ਸੂਖ਼ਮ



ਚਿੱਤਰ ਨੰ. 1 – ਪ੍ਰਤਿਰੋਧਕ ਦਬਾਉ ਟ੍ਰਾਂਸਡਿਊਸਰ


ਡਿਜ਼ਾਈਨ ਵਾਲਾ ਸਪਰਿੰਗ ਕਿਰਿਆ ਕਰਦਾ ਹੈ, ਜਿਹੜਾ ਦਬਾਉ ਨੂੰ ਸੰਵੇਦੀ ਕਰਦਾ ਹੈ ਅਤੇ ਇਨ੍ਹਾਂ ਦੋਵਾਂ ਵਿਚਕਾਰ ਲੱਗੀ ਪਲੇਟ ਦੇ ਦਬਾਉ ਨੂੰ ਰੇਖੀ ਗਤੀ ਵਿਚ ਬਦਲਦਾ ਹੈ। ਅੱਗੋਂ ਇਹ ਪਲੇਟ ਸੂਖ਼ਮ ਤਾਰ ਵਲ੍ਹੇਟੇ ਪ੍ਰਤਿਰੋਧਕ ਨਾਲ ਸੰਪਰਕ ਬਣਾਈ ਰਖਦੀ ਹੈ। ਜੇਕਰ ਸਮੁੱਚੇ ਪ੍ਰਤਿਰੋਧਕ ਤੇ ਸਥਿਰ ਪੁਟੈਂਸ਼ਲ (ਅਪਰਤਵੀਂ ਜਾਂ ਪਰਤਵੀਂ) ਰਖੀ ਜਾਵੇ ਅਤੇ ਪ੍ਰਤਿਰੋਧਕ ਦੇ ਮੁਕਾਬਲੇ ਵੋਲਟਮੀਟਰ ਦੀ ਪ੍ਰਤਿਰੋਧਕਤਾ ਕਾਫ਼ੀ ਹੋਵੇ ਤਾਂ ਮਿਣੀ ਗਈ ਵੋਲਟੇਜ ਦਬਾਉ ਦੀ ਸਹੀ ਮਿਣਤੀ ਹੋਵੇਗੀ। ਅਜਿਹੇ ਯੰਤਰ ਨਾਲ 0-0.35010 ਕਿ. ਗ੍ਰਾ. /ਸੈਂ.ਮੀ^{2}. ਤਕ ਦੇ ਘੱਟ ਦਬਾਉ ਅਤੇ ਉੱਚੇ ਤੋਂ ਉੱਚੇ 0-700.20 ਕਿ. ਗ੍ਰਾ. / ਸੈਂ. ਮੀ.^{2} ਤਕ ਦੇ ਦਬਾਉ ਮਿਣੇ ਜਾ ਸਕਦੇ ਹਨ ਅਤੇ ਇਨ੍ਹਾਂ ਨਾਲ ਪੂਰਨ ਸਕੇਲ ਉੱਤੇ 0.25% ਸ਼ੁੱਧਤਾ ਪ੍ਰਾਪਤ ਕੀਤੀ ਜਾ ਸਕਦੀ ਹੈ। ਕਾਰਬਨ ਦੀ ਪਾਈਲ (ਢੇਰ, ਥਹੀ) ਨੂੰ ਵੀ ਇਕ ਹੋਰ ਕਿਸਮ ਦਾ ਪ੍ਰਤਿਰੋਧਕ ਦਬਾਉ ਟ੍ਰਾਂਸਡਿਊਸਰ ਮੰਨਿਆ ਦਾ ਸਕਦਾ ਹੈ। ਇਸ ਦੀ ਸਾਧਾਰਣ ਕਿਸਮ ਕਾਰਬਨ ਮਾਈਕ੍ਰੋਫ਼ੋਨ ਹੈ ਜਿਸ ਵਿਚ ਕਾਰਬਨ ਦੇ ਕਣਾਂ ਵਾਲੇ ਬਕਸੇ ਨੂੰ ਡਾਇਆਫ਼੍ਰਾਮ ਨਾਲ ਢਕਿਆ ਹੁੰਦਾ ਹੈ। ਡਾਇਆਫ਼੍ਰਾਮ ਉੱਤੇ ਦਬਾਉ ਦੇ ਬਦਲਣ ਨਾਲ ਕਾਰਬਨ ਦੇ ਕਣਾਂ ਨਾਲ ਸਪੰਰਕ ਵਾਲਾ ਖੇਤਰਫਲ ਬਦਲ ਜਾਂਦਾ ਹੈ ਜਿਸ ਦੇ ਫ਼ਲਸਰੂਪ ਬਕਸੇ ਦਾ ਬਿੱਜਲੀ ਪ੍ਰਤਿਰੋਧ ਵੀ ਬਦਲ ਜਾਂਦਾ ਹੈ। ਕਾਰਬਨ ਮਾਈਕ੍ਰੋਫ਼ੋਨ ਦੀ ਵਰਤੋਂ ਕੇਵਲ ਗਤੀਸ਼ੀਲ ਮਿਣਤੀਆਂ (ਤਬਦੀ-ਲੀਆਂ) ਲਈ ਹੀ ਕੀਤੀ ਜਾਂਦੀ ਹੈ, ਇਸ ਲਈ ਕੋਈ ਅੰਸ਼-ਸੋਧਿਤ ਸ਼ੁੱਧਤਾ ਨਹੀਂ ਹੁੰਦੀ। ਇਸ ਦੀ ਇਕ ਹੋਰ ਸੋਧੀ ਅਤੇ ਸਥਿਰ ਕਿਸਮ ਹੈ ਜਿਸ ਵਿਚ ਕਾਰਬਨ ਕਣਾਂ ਦੀ ਥਾਂ ਵਿਸ਼ੇਸ਼ ਢੰਗ ਨਾਲ ਤਿਆਰ ਕੀਤੀਆਂ ਡਿਸਕਾਂ ਦੇ ਢੇਰ (ਸਟੈਕ) ਦਾ ਇਸਤੇਮਾਲ ਕੀਤਾ ਗਿਆ ਹੈ।

ਦਬਾਉ-ਸੰਵੇਦੀ ਤਾਰ ਦਬਾਉ ਮਿਣਤੀ ਦਾ ਇਕ ਹੋਰ ਢੰਗ ਹੈ। ਜਦੋਂ ਤਾਰ ਉੱਤੇ ਤਰਲ ਦਬਾਉ ਪਾਇਆ ਜਾਂਦਾ ਹੈ ਤਾਂ ਤਾਰ ਨਪੀੜੀ ਜਾਂਦੀ ਹੈ ਅਤੇ ਪ੍ਰਤਿਰੋਧ ਵਧ ਜਾਂਦਾ ਹੈ। ਸੋਨਾ-ਕ੍ਰੋਮੀਅਮ ਅਤੇ ਮੈਂਗੇਨਿਨ ਤਾਰ ਦੀ ਵਰਤੋਂ ਆਮ ਕੀਤੀ ਜਾਂਦੀ ਹੈ ਕਿਉਂਕਿ ਇਨ੍ਹਾਂ ਦੇ ਪ੍ਰਤਿਰੋਧ ਦੇ ਅਸਾਧਾਰਣ ਘੱਟ ਤਾਪਮਾਨ ਗੁਣਾਂਕ ਹੁੰਦੇ ਹਨ। ਇਨ੍ਹਾਂ ਟ੍ਰਾਸਡਿਊਸਰਾਂ ਨਾਲ 14004 ਕਿ. ਗ੍ਰਾ./ ਸੈਂ. ਮੀ.^{2} ਤਕ ਦੇ ਦਬਾਉ ਮਿਣੇ ਜਾ ਸਕਦੇ ਹਨ।

ਵਿਕਾਰਮਾਪਕ ਦਬਾਉ ਟ੍ਰਾਂਸਡਿਊਸਰ — ਇਨ੍ਹਾਂ ਨੂੰ ਵੀ ਪ੍ਰਤਿਰੋਧਕ ਦਬਾਉ ਟ੍ਰਾਂਸਡਿਊਸਰ ਮੰਨਿਆ ਜਾ ਸਕਦਾ ਹੈ ਪਰੰਤੂ ਇਹ ਅਕਸਰ ਵਖਰੀ ਹੀ ਕਿਸਮ ਵਜੋਂ ਵਿਚਾਰੇ ਜਾਂਦੇ ਹਨ। ਵਿਕਾਰਮਾਪਕ ਦਬਾਉ ਟ੍ਰਾਂਸਡਿਊਸਰਾਂ ਵਿਚ ਵੀ ਵਾਸਤਵਿਕ ਗਤੀ ਨੂੰ ਬਿਜੱਲਈ ਸੰਕੇਤ ਵਿਚ ਬਦਲਿਆ ਜਾਂਦਾ ਹੈ। ਇਸ ਵਿਚ ਇਕ ਤਾਰ ਉੱਤੇ ਜਦੋਂ ਦਬਾਉ ਪਾਇਆ ਜਾਂਦਾ ਹੈ ਤਾਂ ਉਸ ਦਾ ਵਿਆਸ ਘੱਟ ਜਾਂਦਾ ਹੈ ਅਤੇ ਬਿਜੱਲਈ ਪ੍ਰਤਿਰੋਧ ਵੱਧ ਜਾਂਦਾ ਹੈ। ਪ੍ਰਤਿਰੋਧ ਦੀ ਤਬਦੀਲੀ ਨਾਲ ਗਤੀ ਦੀ ਮਿਣਤੀ ਰਾਹੀਂ ਦਬਾਉ ਦੀ ਮਿਣਤੀ ਹੋ ਜਾਂਦੀ ਹੈ। ਇਸ ਦੇ ਪ੍ਰਮੁੱਖ ਲਾਭ ਅੰਨਤ ਵਿਭੇਦਨ ਅਤੇ ਛੋਟਾ ਆਕਾਰ ਹਨ। ਵਿਕਾਰਮਾਪਕ ਦੀ ਵਰਤੋਂ ਆਮ ਕਰਕੇ ਵ੍ਹੀਟ ਸਟੋਨ-ਬ੍ਰਿਜ ਸਰਕਟ ਵਿਚ ਕੀਤੀ ਜਾਂਦੀ ਹੈ।

ਚੁੰਬਕੀ ਦਬਾਉ ਟ੍ਰਾਂਸਡਿਊਸਰ—ਇਨ੍ਹਾਂ ਵਿਚ ਦਬਾਉ ਦੀ ਤਬਦੀਲੀ ਨੂੰ ਚੁੰਬਕੀ ਪ੍ਰਤਿਰੋਧ ਜਾਂ ਪ੍ਰੇਰਕਤਾ ਵਿਚ ਬਦਲਿਆ ਜਾਂਦਾ ਹੈ। ਦਬਾਉ ਪੈਣ ਨਾਲ ਚੁੰਬਕੀ ਸਰਕਟ ਦਾ ਇਕ ਭਾਗ ਦਬਾਉ-ਸੰਵੇਦੀ ਐਲੀਮੈਂਟ, ਬੁਰਡੋਂ ਟਿਊਬ, ਬੈਲੋਜ਼ ਜਾਂ ਡਾਇਆਫ਼੍ਰਾਮ ਨਾਲ ਗਤੀ ਕਰਦਾ ਹੈ। ਚੁੰਬਕੀ ਟ੍ਰਾਂਸਡਿਊਸਰਾਂ ਦੀ ਪੂਰਨ ਸਕੇਲ ਉੱਤੇ 0.1% ਤਕ ਦੀ ਸ਼ੁੱਧਤਾ ਪ੍ਰਾਪਤ ਕੀਤੀ ਜਾ ਸਕਦੀ ਹੈ।

(ੳ) ਰੀਲਕਟੈਂਸ (ਪ੍ਰਤਿਰੋਧ) ਟਾਈਪ ਦਬਾਉ ਟ੍ਰਾਂਸਡਿਊਸਰ–ਇਸ ਕਿਸਮ ਦੇ ਟ੍ਰਾਂਸਡਿਊਸਰਾਂ ਵਿਚ ਚੁੰਬਕੀ ਸਰਕਟ ਦੌਰਾਨ




ਚਿੱਤਰ ਨੰ. 2 – ਰੀਲਕਟੈਂਸ – ਟਾਈਪ ਦਬਾਉ ਟ੍ਰਾਂਸਡਿਊਸਰ

ਚੁੰਬਕੀ ਰੀਲਕਟੈਂਸ ਦੀ ਤਬਦੀਲੀ ਮਿਣੀ ਜਾਂਦੀ ਹੈ ਜਿਹੜੀ ਸਿੱਧੇ ਤੌਰ ਤੇ ਦਬਾਉ ਨਾਲ ਸਬੰਧਤ ਹੁੰਦੀ ਹੈ। ਇਹ ਤਬਦੀਲੀ ਆਮ ਕਰਕੇ ਇਕ ਜਾਂ ਦੋ ਕੱਇਲਾਂ ਵਿਚ ਹੁੰਦੀ ਹੈ ਜਿਹੜੀ ਚੁੰਬਕੀ ਸਰਕਟ ਵਿਚ ਚੁੰਬਕੀ ਪਦਾਰਥ ਦੁਆਲੇ ਵਲ੍ਹੇਟੀ ਹੋਈ ਹੁੰਦੀ ਹੈ। ਨਮੂਨੇ ਵਜੋਂ ਅਨੁਪਾਤ ਕਿਸਮ ਦਾ ਰੀਲਕਟੈਂਸ ਤਬਦੀਲ ਕਰਨ ਵਾਲਾ ਯੰਤਰ ਚਿੱਤਰ (2) ਵਿਚ ਦਰਸਾਇਆ ਗਿਆ ਹੈ। ਇਕ ਬੁਰਡੋਂ ਟਿਊਬ ਜਾਂ ਕੋਈ ਹੋਰ ਦਬਾਉ-ਸੰਵੇਦੀ ਯੰਤਰ ਆਰਮੇਚਰ ਨੂੰ ਘੁੰਮਾਉਂਦਾ ਹੈ। ਚੁੰਬਕੀ ਪੱਖ A ਅਤੇ B ਦੀਆਂ ਰੀਲਕਟੈਂਸਾਂ (ਚੁੰਬਕੀ ਫ਼ਲੱਕਸ ਦੇ ਰਸਤੇ ਵਿਚ ਰੁਕਾਵਟ) ਨੂੰ ਮੁੱਖ ਤੌਰ ਤੇ ਕੋਰ ਅਤੇ ਆਰਮੇਚਰ ਵਿਚਲੀ


ਵਾਯੂ ਵਿੱਥਾਂ ਦੀ ਲੰਬਾਈ ਅਨੁਸਾਰ ਮਿਣਿਆ ਜਾਂਦਾ ਹੈ। ਹਰ ਇਕ ਵਾਈਡਿੰਗ ਦੀ ਪ੍ਰੇਰਕਤਾ ਅਤੇ ਪ੍ਰੇਰਨ-ਪ੍ਰਤਿਘਾਤ ਉਸ ਦੇ ਚੁੰਬਕੀ ਪੱਥ ਦੀ ਰੀਲਕਟੈਂਸ ਉੱਤੇ ਨਿਰਭਰ ਕਰਦਾ ਹੈ। ਜੇਕਰ ਆਰਮੇਚਰ ਉਦਾਸੀਨ ਸਮਮਿਤੀ ਸਥਿਤੀ ਉੱਤੇ ਹੋਵੇ ਤਾਂ ਵਾਯੂ ਵਿੱਥਾਂ ਬਰਾਬਰ ਹੋਣਗੀਆਂ ਅਤੇ ਪ੍ਰੇਰਨ ਪ੍ਰਤਿਘਾਤ X_{LA}ਤੇ X_{LB} ਬਰਾਬਰ ਹੋਣਗੇ। ਦਬਾਉ ਦੀ ਤਬਦੀਲੀ ਨਾਲ ਇਕ ਵਾਯੂ ਵਿੱਥ ਘੱਟ ਜਾਂਦੀ ਹੈ ਅਤੇ ਦੂਜੀ ਵੱਧ ਜਾਂਦੀ ਹੈ। ਇਸ ਤਰ੍ਹਾਂ X_{LA}ਤੇ X_{LB} ਪ੍ਰੇਰਨ ਪ੍ਰਤਿਘਾਤਾਂ ਦਾ ਅਨੁਪਾਤ ਬਦਲ ਜਾਂਦਾ ਹੈ। ਇਸ ਤਬਦੀਲੀ ਦਾ ਇਸਤੇਮਾਲ ਕਰਕੇ ਅਨੇਕਾਂ ਸਰਕਟਾਂ ਰਾਹੀਂ ਬਿਜ਼ਲਈ ਸਿਗਨਲ ਹਾਸਲ ਕੀਤੇ ਜਾ ਸਕਦੇ ਹਨ ਜਿਹੜੇ ਦਬਾਉ ਦੀ ਮਿਣਤੀ ਨੂੰ ਦਰਸਾਉਂਦੇ ਹਨ। ਸਿਗਨਲ ਨੂੰ ਮਿਣਤੀ ਕਰਨ ਵਾਲੇ ਜਾਂ ਕੰਟਰੋਲ ਕਰਨ ਵਾਲੇ ਯੰਤਰ ਵਲ ਭੇਜਿਆ ਜਾਂਦਾ ਹੈ।

ਪ੍ਰੇਰਨ-ਟਾਈਪ ਦਬਾਉ ਟ੍ਰਾਂਸਡਿਊਸਰ—ਬੁਰਡੋਂ ਟਿਊਬ ਜਾਂ ਹੋਰ ਦਬਾਉ-ਸੰਵੇਦੀ ਐਲੀਮੈਂਟਾਂ ਰਾਹੀਂ ਸਥਿਤ ਕੀਤੀ ਚੁੰਬਕੀ ਕੋਰ ਦੀ ਗਤੀ ਨਾਲ ਇਕ ਜਾਂ ਇਕ ਤੋਂ ਵੱਧ ਵਾਈਡਿੰਗਾਂ ਦੀ ਪ੍ਰੇਰਕਤਾ ਅਤੇ ਪ੍ਰੇਰਨ-ਪ੍ਰਤਿਘਾਤ ਵਿਚ ਤਬਦੀਲੀ ਆ ਜਾਂਦੀ ਹੈ। ਰੀਲਕ-ਟੈਂਸ-ਟਾਈਪ ਦਬਾਉ ਟ੍ਰਾਂਸਡਿਊਸਰ ਦੇ ਉਲਟ ਇਨ੍ਹਾਂ ਵਿਚ ਵਾਈ-ਡਿੰਗ ਅੰਦਰਲੀ ਵਾਯੂ ਵਿੱਥ ਦੀ ਤਬਦੀਲੀ ਨਾਲ ਪ੍ਰੇਰਕਤੀ ਬਦਲ ਜਾਂਦੀ ਹੈ। ਚਿੱਤਰ (3) ਵਿਚ ਪ੍ਰੇਰਨ-ਟਾਈਪ ਦਬਾਉ ਟ੍ਰਾਂਸਡਿਊਸਰ



ਚਿੱਤਰ ਨੰ. 3 - ਪ੍ਰੇਰਨ ਟਾਈਪ ਦਬਾਉ ਟ੍ਰਾਂਸਡਿਊਸਰ

ਦਰਸਾਇਆ ਗਿਆ ਹੈ। ਦਬਾਉ-ਸੰਵੇਦੀ ਐਲੀਮੈਂਟ ਦਬਾਉ ਦੀ ਤਬਦੀਲੀ ਅਨੁਸਾਰ ਕੋਰ ਨੂੰ ਗਤੀ ਦਿੰਦਾ ਹੈ। ਜਦੋਂ ਕੋਰ ਅਧਵਿਚਕਾਰਲੀ ਸਥਿਤੀ ਉੱਤੇ ਹੁੰਦੀ ਹੈ ਤਾਂ ਦੋਵੇਂ ਕੱਇਲਾਂ ਦੀ ਪ੍ਰੇਰਕਤਾ ਬਰਾਬਰ ਹੁੰਦੀ ਹੈ। ਜਦੋਂ ਦਬਾਉ ਵਿਚ ਤਬਦੀਲੀ ਆਉਂਦੀ ਹੈ ਤਾਂ ਕੋਰ ਗਤੀ ਕਰਕੇ ਨਵੀਂ ਸਥਿਤੀ ਧਾਰਨ ਕਰ ਲੈਂਦੀ ਹੈ ਇਸ ਤਰ੍ਹਾਂ ਦੋਵੇਂ ਪ੍ਰੇਰਕਤਾਵਾਂ ਵਿਚਲਾ ਅਨੁਪਾਤ ਬਦਲ ਜਾਂਦਾ ਹੈ। ਉਸੇ ਬ੍ਰਿਜ ਸਰਕਟ ਦੁਆਰਾ ਕੱਇਲਾਂ ਨੂੰ ਊਰਜਾ ਪ੍ਰਦਾਨ ਕੀਤੀ ਜਾਂਦੀ ਹੈ ਜਿਹੜੇ ਪ੍ਰੇਰਕਤਾਵਾਂ ਵਿਚਲੇ ਅਨੁਪਾਤ ਦੀ ਮਿਣਤੀ ਕਰਦਾ ਹੈ। ਚਿੱਤਰ (4) ਵਿਚ ਇਕ ਹੋਰ ਕਿਸਮ ਦਾ ਪ੍ਰੇਰਨ-ਦਬਾਉ ਟ੍ਰਾਂਸਡਿਊਸਰ ਵਿਭੇਦੀ ਟ੍ਰਾਂਸਫ਼ਾਰਮਰ ਦਰਸਾਇਆ ਗਿਆ ਹੈ। ਦਬਾਉ



ਚਿੱਤਰ ਨੰ. 4 - ਵਿਭੇਦੀ ਟ੍ਰਾਂਸਫ਼ਾਰਮਰ

ਵਿਚਲੀ ਤਬਦੀਲੀ ਨਾਲ ਕੋਰ ਗਤੀ ਕਰਦੀ ਹੈ ਜਿਸ ਨਾਲ ਸੰਪਰਕ ਅਤੇ ਦੋ ਸੈਕੰਡਰੀ ਵਾਈਡਿੰਗਾਂ ਦੀ ਪ੍ਰੇਰਕਤਾਵਾਂ ਦਾ ਅਨੁਪਾਤ ਵੀ ਬਦਲ ਜਾਂਦਾ ਹੈ। ਜਦੋਂ ਕੋਰ ਕੇਂਦਰੀ ਸਥਿਤੀ ਉੱਤੇ ਹੁੰਦੀ ਹੈ ਤਾਂ ਦੋਵੇਂ ਉਲਟ ਦਿਸ਼ਾਵੀ ਵਾਈਡਿੰਗਾਂ ਵਿਚ ਬਰਾਬਰ ਵੋਲਟੇਜ ਪ੍ਰੇਰਿਤ ਹੋਵੇਗੀ ਅਤੇ ਨਿਵੇਸ਼ ਵੋਲਟੇਜ ਸਿਫ਼ਰ ਹੋ ਜਾਵੇਗੀ। ਦਬਾਉ ਦੀ ਤਬਦੀਲੀ ਕੋਰ ਨੂੰ ਗਤੀ ਪ੍ਰਦਾਨ ਕਰਦੀ ਹੈ ਜਿਸ ਨਾਲ ਇਕ ਸੈਕੰਡਰੀ ਵਾਈਡਿੰਗ ਵਿਚ ਪ੍ਰੇਰਤ ਵੋਲਟੇਜ ਵਧਦੀ ਹੈ ਅਤੇ ਦੂਜੀ ਸੈਕੰਡਰੀ ਵਾਈਡਿੰਗ ਵਿਚ ਪ੍ਰੇਰਿਤ ਵੋਲਟੇਜ ਘੱਟ ਜਾਂਦੀ ਹੈ। ਇਸ ਤਰ੍ਹਾਂ ਨਿਵੇਸ਼ (ਵਿਭੇਦੀ) ਵੋਲਟੇਜ ਹੀ ਦਬਾਉ ਦੀ ਮਿਣਤੀ ਕਰਦੀ ਹੈ।

ਕ੍ਰਿਸਟਲ ਦਬਾਉ ਟ੍ਰਾਂਸਡਿਊਸਰ—ਜਦੋਂ ਕਿਸੇ ਕ੍ਰਿਸਟਲ ਉੱਤੇ ਦਬਾਉ- ਸੰਵੇਦੀ ਐਲੀਮੈਂਟ ਦੁਆਰਾ ਪ੍ਰਤਿਬਲ ਪਾਇਆ ਜਾਂਦਾ ਹੈ ਤਾਂ ਬਿਜ਼ਲਈ ਪੁਟੈਂਸ਼ਲ ਪੈਦਾ ਹੁੰਦੀ ਹੈ। ਕ੍ਰਿਸਟਲ ਦੇ ਖ਼ਾਸ ਧੁਰੇ ਦੇ ਲਿਹਾਜ਼ ਨਾਲ ਪ੍ਰਤਿਬਲ ਨੂੰ ਘੁਮਾਇਆ ਜਾਣਾ ਚਾਹੀਦਾ ਹੈ। ਢੁੱਕਵੇਂ ਕ੍ਰਿਸਟਲ ਕੁਦਰਤੀ ਤੌਰ ਤੇ ਮਿਲਣ ਵਾਲੇ ਕੁਆਰਟਜ਼ ਤੇ ਟੂਰਮੈਲੀਨ ਅਤੇ ਬਣਾਉਟੀ ਕ੍ਰਿਸਟਲ ਜਿਵੇਂ ਕਿ ਰੋਸ਼ੈੱਲ ਲੂਣ ਤੇ ਬੇਰੀਅਮ ਟਾਇਟੇਨੇਟ ਹਨ। ਕੁਦਰਤੀ ਕ੍ਰਿਸਟਲ ਵਧੇਰੇ ਕਠੋਰ ਹੋਣ ਕਾਰਨ ਅੰਸ਼-ਸ਼ੋਧਣ ਵਿਚ ਬਹੁਤੀ ਤਬਦੀਲੀ ਨਹੀਂ ਆਉਂਦੀ, ਜਦੋਂ ਕਿ ਬਣਾਉਟੀ ਕ੍ਰਿਸਟਲ ਬਹੁਤ ਉੱਚ ਵੋਲਟੇਜ ਨਿਵੇਸ਼ ਪ੍ਰਦਾਨ ਕਰਦੇ ਹਨ ਜਿਸ ਕਾਰਨ ਹਮੇਸ਼ਾਂ ਐਂਪਲੀਫ਼ਾਇਰ ਦੀ ਜ਼ਰੂਰਤ ਪੈਂਦੀ ਹੈ। ਕ੍ਰਿਸਟਲ ਟ੍ਰਾਂਸਡਿਊਸਰ ਬਹੁਤ ਜ਼ਿਆਦਾ ਪ੍ਰਤਿਕਿਰਿਆ ਅਰਥਾਤ ਲਗਭਗ 1,000,000 ਹਰਟਜ਼ ਤਕ ਦੀ ਪ੍ਰਦਾਨ ਕਰਦੇ ਹਨ। ਇਹ ਇੰਜਣ ਦਬਾਉ ਅਤੇ ਪ੍ਰਖੇਪ-ਵਿਗਿਆਨ ਵਿਚ ਗਤੀਸ਼ੀਲ ਦਬਾਉ ਮਿਣਤੀਆਂ ਕਰਨ ਲਈ ਵੱਡੀ ਪੱਧਰ ਉੱਤੇ ਵਰਤੇ ਜਾਂਦੇ ਹਨ।

ਧਾਰਨਤਾ ਦਬਾਉ ਟ੍ਰਾਂਸਡਿਊਸਰ—ਇਨ੍ਹਾਂ ਵਿਚ ਧਾਤਵੀ ਡਾਇਆਫ਼੍ਰਾਮ ਦੀ ਸਹਾਇਤਾ ਨਾਲ ਦਬਾਉ ਦਾ ਅੰਦਾਜ਼ਾ ਲਗਾ-ਇਆ ਜਾਂਦਾ ਹੈ। ਇਸ ਦੀ ਵਰਤੋਂ ਕੈਪੇਸੀਟਰ (ਧ਼ਾਰਨ-ਯੰਤਰ) ਦੀ ਇਕ ਪਲੇਟ ਵਜੋਂ ਵੀ ਕੀਤੀ ਜਾਂਦੀ ਹੈ। ਦਬਾਉ ਵਿਚਲੀ ਕੋਈ ਵੀ ਤਬਦੀਲੀ ਡਾਇਆਫ਼੍ਰਾਮ ਤੇ ਪਲੇਟ ਵਿਚਲੀ ਵਿੱਥ ਵਿਚ ਤਬਦੀਲੀ ਪੈਦਾ ਕਰਦੀ ਹੈ ਜਿਸ ਨਾਲ ਸਿਸਟਮ ਦੀ ਬਿਜ਼ਲਈ ਕੈਪੈਸੀਟੈਂਸ ਬਦਲ ਜਾਂਦੀ ਹੈ। ਕੈਪੈਸੀਟੈਂਸ ਦੀ ਤਬਦੀਲੀ ਨੂੰ ਬਿੱਜਲਈ ਸਿਗਨਲ ਦੀ ਆਵ੍ਰਿੱਤੀ ਜਾਂ ਆਯਾਮ ਲਈ ਵਰਤਿਆ ਜਾਂਦਾ ਹੈ। ਇਨ੍ਹਾਂ ਟ੍ਰਾਂਸਡਿਊਸਰਾਂ ਦੀ ਵਰਤੋਂ ਬਹੁਤ ਹੀ ਘੱਟ ਦਬਾਉ ਭਾਵ 0.07002 ਕਿ. ਗ੍ਰਾ. /ਸੈਂ. ਮੀ^{2}. ਦੇ ਇਕ ਮਿਲੀਅਨ ਭਾਗ ਜਿੰਨੇ ਦਬਾਉ ਮਿਣਤੀ ਲਈ ਕੀਤਾ ਜਾਂਦਾ ਹੈ ਅਤੇ ਉੱਚੇ ਤੋਂ ਉੱਚਾ ਦਬਾਉ 700·20 ਕਿ. ਗ੍ਰਾ/ ਸੈਂ. ਮੀ^{2}. ਤਕ ਮਿਣਿਆ ਜਾਂਦਾ ਹੈ। ਇਨ੍ਹਾਂ ਨਾਲ 0·25% ਤਕ ਦੀ ਸ਼ੁੱਧਤਾ ਹਾਸਲ ਕੀਤੀ ਜਾ ਸਕਦੀ ਹੈ।

ਹ. ਪੁ.- ਐਨ. ਸ.ਟ.10 :671

ਦਬਾਉ ਮਿਣਤੀ : ਇਕਾਈ ਖ਼ੇਤਰਫ਼ਲ ਉੱਤੇ ਪਾਏ ਜਾ ਰਹੇ ਦ੍ਰਵ ਦੇ ਬਲ ਦੀ ਮਾਤਰਾ ਦੀ ਮਿਣਤੀ ਕਰਨ ਦੇ ਢੰਗਾਂ ਨੂੰ ਦਬਾਉ ਮਿਣਤੀ ਕਿਹਾ ਜਾਂਦਾ ਹੈ। ਦਬਾਉ ਮਿਣਤੀਆਂ ਨੂੰ ਮੁੱਖ ਤੌਰ ਤੇ ਦੋ ਭਾਗਾਂ ਵਿਚ ਵੰਡਿਆ ਗਿਆ ਹੈ-ਗੇਜ ਦਬਾਉ ਜਾਂ ਨਿਰਪੇਖ (ਪਰਮ) ਦਬਾਉ ਢੰਗ। ਗੇਜ ਦਬਾਉ ਵਾਯੂਮੰਡਲੀ ਦਬਾਉ ਅਤੇ ਦਿੱਤੇ ਹੋਏ ਦਬਾਉ ਵਿਚਲਾ ਅੰਤਰ ਹੁੰਦਾ ਹੈ। ਨਿਰਪੇਖ ਦਬਾਉ ਕੁੱਲ ਦਬਾਉ ਹੁੰਦਾ ਹੈ ਜਿਸ ਅੰਦਰ ਵਾਯੂਮੰਡਲੀ ਦਬਾਉ ਸ਼ਾਮਲ ਹੁੰਦਾ ਹੈ। ਵਾਯੂਮੰਡਲੀ ਦਬਾਉ ਪਹਿਲਾ ਦਬਾਉ ਸੀ ਜਿਸ ਦੀ ਮਿਣਤੀ ਅਸਲੋਂ ਕੀਤੀ ਗਈ। ਵਾਯੂਮੰਡਲੀ ਦਬਾਉ ਤੋਂ ਘੱਟ ਮਾਤਰਾ ਵਾਲੇ ਦਬਾਉ ਨੂੰ ਖ਼ਲਾ ਦਬਾਉ ਕਿਹਾ ਜਾਂਦਾ ਹੈ।


ਦਬਾਉ ਮਿਣਤੀ ਦੀਆਂ ਆਮ ਵਰਤੀਆਂ ਜਾਣ ਵਾਲੀਆਂ ਅੱਠ ਇਕਾਈਆਂ ਦਾ ਤੁਲਨਾਤਮਕ ਅਧਿਐਨ ਸਾਰਣੀ ਵਿਚ ਦਰਸਾਇਆ ਗਿਆ ਹੈ। ਕਿਸੇ ਵੀ ਉਲਝਣ ਨੂੰ ਦੂਰ ਕਰਨ ਲਈ ਪਰਮ ਜਾਂ ਗੇਜ ਦਬਾਉ ਲਈ g ਅਤੇ a ਪਿਛੇਤਰਾਂ ਦਾ ਇਸਤੇਮਾਲ ਕੀਤਾ ਗਿਆ ਹੈ ਜਿਵੇਂ 7.002 ਕਿ. ਗ੍ਰਾ. / ਸੈਂ. ਮੀ. । ਗੇਜ ਦਬਾਉ

ਲਈ 100 psig ਅਤੇ 8.05230 ਕਿ . ਗ੍ਰਾ. ਸੈਂ. ਮੀ^{2}. ਪਰਮ ਦਬਾਉ ਲਈ 115 psia ਲਿਖਿਆ ਜਾਂਦਾ ਹੈ।

	ਵਾਯੂਮੰਡਲ	ਨਿਊਟਨ/ਸੈਂ.ਮੀ.^{2}	ਪੌਂਡ/ਵ.ਇੰਚ	ਪਾਰੇ ਦੇ ਕਾੱਲਮ ਦੀ ਉਚਾਈ ਇੰਚਾਂ ਵਿਚ*	ਪਾਣੀ ਦੇ ਕਾੱਲਮ ਦੀ ਉਚਾਈ ਇੰਚਾਂ ਵਿਚ+	ਪਾਰੇ ਦੇ ਕਾੱਲਮ ਦੀ ਲੰਬਾਈ ਮਿ.ਮੀ. (ਟਾੱਰੀਸੈਲੀ)*	ਮਿਲੀਬਾਰਜ਼	ਪਾਰੇ ਦੇ ਕਾੱਲਮ ਦੀ ਉਚਾਈ ਮਾਈਕ੍ਰੋਂ-ਮੀਟਰਾਂ ਵਿਚ*
ਵਾਯੂਮੰਡਲ	1	10.13	14.70	29.92	406.8	760	1013	—
ਨਿਊਟਨ/ਵ.ਸੈਂ.ਮੀ.	0.0987	1	1.450	2.953	40.15	75.01	100	—
ਪੌਂਡ/ਵ.ਸੈਂ.ਮੀ.	0.0680	0.6894	1	2.036	27.68	51.71	68.95	—
ਪਾਰੇ ਦੇ ਕਾੱਲਮ ਦੀ ਉਚਾਈ ਇੰਚਾਂ ਵਿਚ*	0.0334	0.3383	0.491	1	13.60	25.40	33.86	—
ਪਾਣੀ ਦੇ ਕਾੱਲਮ ਦੀ ਉਚਾਈ ਇੰਚਾਂ ਵਿਚ+	0.00246	0.02491	0.0361	0.0736	1	1.868	2.486	—
ਪਾਰੇ ਦੇ ਮਿ.ਮੀ.*	0.00132	0.01334	0.0193	0.0394	0.535	1	1.333	1000
ਮਿਲੀਬਾਰਜ਼	—	0.01	0.0145	0.0295	0.401	0.750	1	750.1
ਪਾਰੇ ਦੇ ਕਾੱਲਮ ਦੀ ਉਚਾਈ ਮਾਈਕ੍ਰੋਮੀਟਰਾਂ ਵਿਚ*	—	—	—	—	—	0.001	0.00133	1

★ 0° ਸੈਂ (32° ਫ਼ਾ.) ਉੱਤੇ ਪਾਰੇ ਨੂੰ 60° ਫ਼ਾ. ਵਿਚ ਬਦਲਣ ਲਈ 1.00283 ਨਾਲ ਗੁਣਾ ਕਰੋ। 4° ਸੈਂ (39.2° ਫ਼ਾ.) ਉੱਤੇ ਪਾਣੀ ਨੂੰ 60° ਫ਼ਾ. ਵਿਚ ਬਦਲਣ ਲਈ 1.00096 ਨਾਲ ਗੁਣਾ ਕਰੋ।


ਪ੍ਰਯੋਗਸ਼ਾਲਾ ਵਿਚ ਦਬਾਉ ਇਕ ਮਹੱਤਵਪੂਰਨ ਮਿਣਤੀ ਹੈ ਕਿਉਂਕਿ ਦਬਾਉ ਦੇ ਲੈਵਲ (ਪੱਧਰ) ਦਾ ਬਹੁਤ ਸਾਰੇ ਭੌਤਿਕੀ, ਰਸਾਇਣੀ ਅਤੇ ਪ੍ਰਾਣੀ-ਵਿਗਿਆਨਕ ਪ੍ਰਸੈੱਸਾਂ (ਕਾਰਜ-ਵਿਧੀਆਂ) ਉੱਤੇ ਵਿਸ਼ੇਸ਼ ਪ੍ਰਭਾਵ ਪੈਂਦਾ ਹੈ। ਉਦਯੋਗਾਂ ਵਿਚ ਵਿਸ਼ੇਸ ਕਰਕੇ ਪ੍ਰਸੈੱਸ ਉਦਯੋਗਾਂ ਵਿਚ, ਦਬਾਉ ਦੀ ਮਿਣਤੀ ਕੀਤੀ ਜਾਂਦੀ ਹੈ ਅਤੇ ਨਿਯੰਤ੍ਰਿਤ ਕਰਕੇ ਉਤਪਾਦਨ ਇਕਸਾਰਤਾ ਬਣਾਈ ਜਾਂਦੀ ਹੈ । ਉਦਯੋਗਾਂ ਵਿਚ ਵਿਸ਼ੇਸ਼ ਕਰਕੇ ਪ੍ਰਸਿੱਧ ਉਦਯੋਗਾਂ ਵਿਚ ਦਬਾਉ ਦੀ ਗਿਣਤੀ ਕੀਤੀ ਜਾਂਦੀ ਹੈ, ਇਸੇ ਤਰ੍ਹਾਂ ਸੁਰੱਖਿਆ ਕਿਰਿਆਵਾਂ ਲਈ, ਤਰਲ ਪ੍ਰਵਾਹ ਲਈ, ਪੰਪਿੰਗ ਹੈੱਡ ਜਾਣਨ ਲਈ, ਹੋਰ ਦੂਜੀਆਂ ਚੱਲ ਮਾਤਰਾਵਾਂ ਜਿਵੇਂ ਕਿ ਭਾਰ, ਦ੍ਰਵ ਲੈਵਲ, ਤਾਪਮਾਨ, ਪ੍ਰਵਾਹ, ਦ੍ਰਵਾਂ ਦੀ ਘਣਤਾ ਅਤੇ ਦ੍ਰਵਚਾਲਿਤ ਬਲਾਂ ਆਦਿ ਦੀ ਮਿਣਤੀ ਲਈ ਵੀ ਦਬਾਉ ਮਿਣਤੀ ਜ਼ਰੂਰੀ ਹੈ। ਕਾਰਜ ਨਿਯਮਾਂ ਦੇ ਅਧਾਰ ਤੇ ਦਬਾਉ ਮਾਪੀ ਗੇਜ਼ਾਂ, ਚਾਰ ਤਰ੍ਹਾਂ ਦੀਆਂ ਹੁੰਦੀਆਂ ਹਨ ਜਿਵੇਂ ਕਿ ਦ੍ਰਵ ਕਾੱਲਮ, ਬੈੱਲ ਯੰਤਰ, ਵਿਸਤਾਰਸ਼ੀਲ ਐਲੀਮੈਂਟ ਗੇਜਾਂ ਅਤੇ ਬਿੱਜਲੀ ਦਬਾਉ ਟ੍ਰਾਂਸਡਿਊਸਰ।



ਚਿੱਤਰ 1 - ਦ੍ਰਵ ਕਾਲਮ ਗੇਜ (U-ਟਿਊਬ ਮੈਨੋਮੀਟਰ)

ਦ੍ਰਵ-ਕਾੱਲਮ ਗੇਜ— ਇਸ ਤਰ੍ਹਾਂ ਦੀ ਗੇਜ ਵਿਚ ਬੈਰੋਮੀਟਰ ਅਤੇ ਮੈਨੋਮੀਟਰ (ਦਬਾਉ-ਅੰਤਰਮਾਪੀ) ਲੱਗੇ ਹੁੰਦੇ ਹਨ। ਇਸ ਵਿਚ U ਆਕਾਰ ਦੀ ਟਿਊਬ ਲੱਗੀ ਹੁੰਦੀ ਹੈ ਜਿਹੜੀ ਕਿਸੇ ਵਾਸ਼ਪਸ਼ੀਲ ਦ੍ਰਵ ਨਾਲ ਕੁਝ ਹੱਦ ਤਕ ਭਰੀ ਜਾਂਦੀ ਹੈ (ਚਿੱਤਰ 1)। ਇਸ ਕਿਸਮ ਵਿਚ ਪਾਣੀ ਅਤੇ ਪਾਰਾ, ਆਮ ਕਰਕੇ ਭਰਿਆ ਜਾਂਦਾ ਹੈ। ਜੇਕਰ ਇਕ ਸਿਰੇ ਨੂੰ ਵਾਯੂਮੰਡਲ ਦਬਾਉ ਉੱਤੇ ਖੁੱਲ੍ਹਾ ਛੱਡ ਦਿੱਤਾ ਜਾਵੇ ਤਾਂ ਦੋਵਾਂ ਵਿਚਲਾ ਅੰਤਰ ਲੋੜੀਂਦੇ ਗੇਜ ਦਬਾਉ ਦੀ ਸਿੱਧੀ ਮਿਣਤੀ ਹੁੰਦਾ ਹੈ। ਜੇਕਰ ਦੋ ਤਰ੍ਹਾਂ ਦੇ ਦਬਾਉ ਦੀ ਤੁਲਨਾ ਕਰਨੀ ਹੋਵੇ ਗੇਜ ਦੇ ਦੋਵੇਂ ਸਿਰਿਆਂ ਉੱਤੇ ਇਨ੍ਹਾਂ ਨੂੰ ਲਗਾਉਣ ਤੇ ਘੱਟ ਦਬਾਉ ਵਾਲੇ ਕਾੱਲਮ ਦਾ ਲੈਵਲ ਉੱਚਾ ਹੋ ਜਾਵੇਗਾ ਅਤੇ ਵੱਧ ਦਬਾਉ ਵਾਲੇ ਕਾੱਲਮ ਦਾ ਦਬਾਉ ਘੱਟ ਹੋ ਜਾਵੇਗਾ। ਦੋਵੇਂ ਦਬਾਵਾਂ ਵਿਚਲੇ ਦਬਾਉ ਲੈਵਲਾਂ (ਹੈੱਡ) ਦੇ ਅੰਤਰ ਨੂੰ ਯੰਤਰ ਦੇ ਦ੍ਰਵ ਦੀ ਘਣਤਾ ਨਾਲ ਗੁਣਾ ਕਰਨ ਤੇ ਵਿਭੇਦੀ ਦਬਾਉ ਪ੍ਰਾਪਤ ਹੋ ਜਾਵੇਗਾ।


ਬੈੱਲ-ਟਾਈਪ ਗੇਜ—ਇਸ ਦਾ ਖੋਲ ਘੰਟੀ ਵਰਗਾ ਹੁੰਦਾ ਹੈ ਜਿਹੜਾ ਪੁੱਠਾ ਕਰਕੇ ਅੰਸ਼ਿਕ ਤੌਰ ਤੇ ਇਕ ਹਲਕੇ ਤੇਲ ਜਾਂ ਪਾਰੇ




ਚਿੱਤਰ 2 - ਬੈੱਲ ਟਾਈਪ ਗੇਜ

ਵਿਚ ਡੁੱਬਿਆ ਹੁੰਦਾ ਹੈ। ਜਦੋਂ ਇਸ ਘੰਟੀ ਦੇ ਇਕ ਪਾਸੇ ਦਬਾਉ ਪਾਇਆ ਜਾਂਦਾ ਹੈ ਅਤੇ ਦੂਸਰੇ ਪਾਸੇ ਵਾਯੂਮੰਡਲ ਦਬਾਉ ਕਿਰਿਆ ਕਰਦਾ ਹੈ ਤਾਂ ਇਹ ਤਰਲ ਇਕ ਸੀਲ ਦਾ ਕੰਮ ਕਰਦਾ ਹੈ (ਚਿੱਤਰ 2)। ਘੰਟੀ ਦੀ ਉਪਰਲੇ ਪਾਸੇ ਦੀ ਗਤੀ ਨੂੰ ਸਕੇਲ ਵਾਲੇ ਸਪਰਿੰਗ ਦੀ ਸਹਾਇਤਾ ਨਾਲ ਸਿੱਧਾ ਪੜ੍ਹ ਲਿਆ ਜਾਂਦਾ ਹੈ, ਇਹੋ ਹੀ ਗੇਜ ਦਬਾਉ ਹੈ। ਇਸ ਦੀ ਵਰਤੋਂ ਦੋ ਅਗਿਆਤ ਦਬਾਉ ਦੇ ਅੰਤਰ ਨੂੰ ਮਿਣਨ ਲਈ ਵੀ ਕੀਤੀ ਜਾਂਦੀ ਹੈ। ਘੰਟੀ ਦੇ ਦੋਵੇਂ ਸਿਰੇ ਢਕ ਦਿੱਤੇ ਜਾਂਦੇ ਹਨ ਅਤੇ ਇਸ ਦੀ ਗਤੀ ਦਬਾਉ-ਬੰਦ ਬੈਰਿੰਗਾਂ ਜਾਂ ਸੀਲਾਂ ਦੁਆਰਾ ਮਿਣ ਲਈ ਜਾਂਦੀ ਹੈ। ਬੈੱਲ-ਟਾਈਪ ਗੇਜ ਦੀ ਸ਼ੁੱਧਤਾ ਲਗਭਗ ਸਮੁੱਚੀ ਸਕੇਲ ਦਾ 1% ਹੈ।

ਵਿਸਤਾਰਸ਼ੀਲ ਧਾਤਵੀ-ਐਲੀਮੈਂਟ ਗੇਜ—ਇਨ੍ਹਾਂ ਦੀ ਲਗਭਗ ਸਮੁੱਚੇ ਉਦਯੋਗ ਵਿਚ ਹੀ ਵੱਡੀ ਪੱਧਰ ਉੱਤੇ ਵਰਤੋਂ ਕੀਤੀ ਜਾਂਦੀ ਹੈ ਕਿਉਂਕਿ ਇਹ ਘੱਟ ਕੀਮਤੀ ਅਤੇ ਦੂਵਿਤ ਗੈਸਾਂ ਦੇ ਕਾਰਜ ਪ੍ਰਤਿਬੰਧਾਂ ਤੋਂ ਮੁਕਤ ਹੁੰਦੇ ਹਨ। ਇਹ ਤਿੰਨ ਤਰ੍ਹਾਂ ਦੇ ਹੁੰਦੇ ਹਨ ਬੁਰਡੋਂ, ਡਾਇਆਫ਼੍ਰਾਮ ਅਤੇ ਧੌਂਕਣੀ (ਬੈਲੋਜ਼)। ਸਾਰੀਆਂ ਕਿਸਮਾਂ ਵਿਚ ਕੇਵਲ ਇਕੋ ਐਲੀਮੈਂਟ ਲੱਗਾ ਹੁੰਦਾ ਹੈ ਜਿਹੜਾ ਬਾਹਰੀ ਦਬਾਉ (ਵਾਯੂਮੰਡਲ) ਵਿਚਲੀਆਂ ਤਬਦੀਲੀਆਂ ਨਾਲ ਪ੍ਰਭਾਵਿਤ ਹੁੰਦਾ ਹੈ। ਇਸ ਲਈ ਇਹ ਆਮ ਕਰਕੇ ਗੇਜ ਐਲੀਮੈਂਟ ਵਜੋਂ ਵਰਤਿਆ ਜਾਂਦਾ ਹੈ। ਇਸ ਦੇ ਪਦਾਰਥਾਂ, ਡੀਜ਼ਾਈਨ ਅਤੇ ਸ਼ੁੱਧਤਾ ਅਨੁਸਾਰ ਸਮੁੱਚੀ ਸ਼ੁੱਧਤਾ ਪੂਰੀ ਸਕੇਲ ਦੇ 0.1-2.0% ਦੇ ਵਿਚਕਾਰ ਹੁੰਦੀ ਹੈ। ਇਨ੍ਹਾਂ ਐਲੀਮੈਂਟਾਂ ਦਾ ਡੀਜ਼ਾਈਨ ਇਸ ਤਰ੍ਹਾਂ ਕੀਤਾ ਜਾਂਦਾ ਹੈ ਕਿ ਜਦੋਂ ਇਨ੍ਹਾਂ ਉੱਤੇ ਦਬਾਉ ਕਿਰਿਆ ਕਰਦਾ ਹੈ ਤਾਂ ਗਤੀ ਪੈਦਾ ਹੋਵੇ ਜਾਂ ਬਲ। ਸਾਧਾਰਣ ਗਤੀ ਵਾਲੇ ਵਿਸਤਾਰਸ਼ੀਲ ਧਾਤਵੀ-ਐਲੀਮੈਂਟਾਂ ਵਿਚ ਸਿੱਧੇ ਹੀ ਸੂਚਕ ਰਾਹੀਂ ਦਬਾਉ ਪੜ੍ਹ ਲਿਆ ਜਾਂਦਾ ਹੈ ਜਾਂ ਫਿਰ ਲੀਵਰਾਂ ਰਾਹੀਂ ਰਿਕਾਡਿੰਗ ਪੈੱਨ ਆਦਿ ਨਾਲ ਰਿਕਾਰਡ ਹੋ ਜਾਂਦਾ ਹੈ। ਕਈ ਵਾਰੀ ਟ੍ਰਾਂਸਡਿਊਸਰ ਰਾਹੀਂ ਇਹ ਬਿਜਲੱਈ ਸਿਗਨਲ ਵਿਚ ਤਬਦੀਲ ਹੋ ਜਾਂਦਾ ਹੈ। ਬੁਰਡੋਂ-ਸਪਰਿੰਗ ਗੇਜਾਂ ਵਿਚ ਆਕਾਰਿਤ, ਚਪਟੀ, ਲਚਕੀਲੀ ਟਿਊਬ ਉੱਤੇ ਦਬਾਉ ਕਿਰਿਆ ਕਰਦਾ ਹੈ ਅਤੇ ਇਨ੍ਹਾਂ ਦੀ ਵਰਤੋਂ




ਚਿੱਤਰ 3 - ਬੁਰਡੋਂ ਟਿਊਬ



ਚਿੱਤਰ 4 - ਡਾਇਆਫ਼੍ਰਾਮ ਐਲੀਮੈਂਟ ਗੇਜ

1.503- 7002000 ਕਿ. ਗ੍ਰਾ. /ਵ. ਸੈਂ. ਮੀ^{2}. ਲਈ ਆਮ ਹੁੰਦੀ ਹੈ (ਚਿੱਤਰ 3.) । ਇਹ ਗੇਜਾਂ ਸਾਧਾਰਣ, ਮਜ਼ਬੂਤ ਅਤੇ ਸਸਤੀਆਂ ਹੁੰਦੀਆਂ ਹਨ। ਡਾਇਆਫ਼੍ਰਾਮ-ਐਲੀਮੈਂਟ ਗੇਜਾਂ ਵਿਚ, ਸਪਰਿੰਗ ਦੇ ਉਲਟ ਡਾਇਆਫ਼੍ਰਾਮ ਦੇ ਸਪਰਿੰਗ ਦਰ ਦੇ ਪ੍ਰਤਿਕੂਲ ਜਾਂ ਇਕ ਤੋਂ ਵੱਧ ਡਾਇਆਫ਼੍ਰਾਮ ਦੀਆਂ ਵਿੰਗੀਆਂ ਟੇਢੀਆਂ ਡਿਸਕਾਂ ਉੱਤੇ ਦਬਾਉ ਪਾਇਆ ਜਾਂਦਾ ਹੈ ਜਿਸ ਦੇ ਫਲਸਰੂਪ ਮਿਣਤੀ ਯੋਗ ਗਤੀ ਪ੍ਰਾਪਤ ਹੁੰਦੀ ਹੈ (ਚਿੱਤਰ 4) । ਡਿਸਕ ਦਾ ਆਕਾਰ, ਮਿਣਤੀ ਅਤੇ



ਚਿੱਤਰ 5 - ਬੈਲੋਜ਼-ਐਲੀਮੈਂਟ ਗੇਜ

ਮੋਟਾਈ ਦੇ ਲਿਹਾਜ਼ ਨਾਲ ਇਨ੍ਹਾਂ ਦੀ ਰੇਂਜ ਪਾਣੀ ਦੀ 5.1 ਸੈਂ. ਮੀ^{2}. ਉਚਾਈ ਦੇ ਬਰਾਬਰ ਦੇ ਦਬਾਉ ਤੋਂ ਲੈ ਕੇ 02.10060 ਕਿ. ਗ੍ਰਾ/ਸੈਂ. ਮੀ^{2} ਗ੍ਰਾ. ਤੱਕ ਦਾ ਪਤਾ ਲਗਾਇਆ ਜਾ ਸਕਦਾ ਹੈ। ਘੱਟ ਦਬਾਉ ਦੀ ਮਿਣਤੀ ਲਈ ਪਤਲੀ ਝਿੱਲੀ ਵਾਲੇ ਡਾਇਆਫ਼੍ਰਾਮਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ ਜਿਹੜੇ ਕਿ ਦਰਜੇਦਾਰ ਸਪਰਿੰਗ ਦੇ ਉਲਟ ਕੰਮ ਕਰਦੇ ਹਨ। ਇਨ੍ਹਾਂ ਨਾਲ 0.1256 ਸੈਂ. ਮੀ. ਪਾਣੀ ਦੀ ਉਚਾਈ ਦੇ ਬਰਾਬਰ ਜਿੰਨੇ ਅੰਤਰ ਦਬਾਉ ਵੀ ਮਿਣੇ ਜਾ ਸਕਦੇ ਹਨ। ਬੈਲੋਜ਼-ਐਲੀਮੈਂਟ ਗੇਜਾਂ ਵਿਚ ਦਬਾਉ, ਬੈਲੋਜ਼ ਦੇ ਅੰਦਰ ਅਤੇ ਆਲੇ-ਦੁਆਲੇ ਕਿਰਿਆ ਕਰਦਾ ਹੈ ਜਿਸ ਨਾਲ ਬੈਲੋਜ਼ ਦੀ ਸਿਰੇ ਵਾਲੀ ਪਲੇਟ ਦਰਜੇਦਾਰ ਦੇ ਉਲਟ ਕੰਮ ਕਰਦੀ ਹੈ ਅਤੇ ਉਸ ਦੀ ਗਤੀ ਨੂੰ ਮਿਣ ਲਿਆ ਜਾਂਦਾ ਹੈ (ਚਿੱਤਰ 5)।

ਬਿਜਲਈ ਦਬਾਉ ਟ੍ਰਾਂਸਡਿਊਸਰ—ਇਨ੍ਹਾਂ ਯੰਤਰਾਂ ਦੀ ਸਹਾ-ਇਤਾ ਨਾਲ ਦਬਾਉ ਨੂੰ ਬਿਜਲਈ ਸਿਗਨਲ ਵਿਚ ਬਦਲਿਆ ਜਾਂਦਾ ਹੈ (ਵਿਸਥਾਰ ਲਈ ਵੇਖੋ ਦਬਾਉ-ਟ੍ਰਾਂਸਡਿਊਸਰ)।

ਮਿਣਤੀ ਮਿਆਰ—ਪ੍ਰਯੋਗਸ਼ਾਲਾਵਾਂ ਅਤੇ ਉਦਯੋਗਾਂ ਵਿਚ 0.400040 ਕਿ. ਗ੍ਰਾ/ਸੈਂ.ਮੀ^{2}. ਗ੍ਰਾ. ਤੱਕ ਦਾ ਦਬਾਉ ਮਿਣਨ ਲਈ ਪ੍ਰਮਾਣਿਕ ਮੈਨੋਮੀਟਰਾਂ ਦਾ ਇਸਤੇਮਾਲ ਵਧੇਰੇ ਕੀਤਾ ਜਾਂਦਾ ਹੈ ਜਿਨ੍ਹਾਂ ਵਿਚ ਪਾਰੇ ਜਾਂ ਪਾਣੀ ਦੀ ਵਰਤੋਂ ਕੀਤੀ ਜਾਂਦੀ ਹੈ। ਉੱਚ ਦਬਾਉ ਦੀ ਮਿਣਤੀ ਲਈ ਡੈੱਡ ਭਾਰ ਪਿਸਟਨ ਟੈਸਟਰ ਹੀ ਮਿਆਰ ਹੈ। ਇਸ ਦਾ ਨਿਯਮ ਇਹ ਹੈ ਕਿ ਇਕ ਪਾਸੇ ਪਿਸਟਨ ਉੱਤੇ ਅਗਿਆਤ ਦਬਾਉ ਪਾਇਆ ਜਾਂਦਾ ਹੈ ਅਤੇ ਦੂਜੇ ਪਾਸੇ ਪਿਸਟਨ ਉੱਤੇ ਅਗਿਆਤ ਭਾਰ ਪਾ ਕੇ ਸੰਤੁਲਨ ਕੀਤਾ ਜਾਂਦਾ ਹੈ। ਇਨ੍ਹਾਂ ਪਿਸਟਨਾਂ ਦੇ ਖੇਤਰਫਲਾਂ ਦਾ ਪਤਾ ਹੋਣ ਕਾਰਨ ਦਬਾਉ ਦੀ ਮਿਣਤੀ ਹੋ ਜਾਂਦੀ ਹੈ। ਜਿਸ ਦਬਾਉ ਗੇਜ ਦੇ ਦਰਜੇ ਮਾਰਕ ਕਰਨੇ ਹੁੰਦੇ ਹਨ ਜਾਂ ਪਹਿਲੋਂ ਲੱਗੇ ਦਰਜਿਆਂ ਨੂੰ ਚੈੱਕ ਕਰਨਾ ਹੁੰਦਾ ਹੈ ਨੂੰ ਦ੍ਰਵਚਾਲਿਤ ਹੌਜ਼ ਨਾਲ ਜੋੜ ਦਿੱਤਾ ਜਾਂਦਾ ਹੈ। ਚੈੱਕ ਦਬਾਉ ਜਿੰਨਾ ਭਾਰ ਪਿਸਟਨ ਉੱਤੇ ਰੱਖ ਦਿੱਤਾ ਜਾਂਦਾ ਹੈ। ਰਗੜ ਦੇ ਪ੍ਰਭਾਵ ਨੂੰ ਘੱਟ ਕਰਨ ਲਈ ਪਿਸਟਨ ਅਤੇ ਭਾਰ ਦੋਵਾਂ ਨੂੰ ਉੱਚਿਤ ਦਿਸ਼ਾ ਵਿਚ ਘੁਮਾਇਆ ਜਾਂਦਾ ਹੈ, ਮਗਰੋਂ ਦ੍ਰਵਚਾਲਿਤ ਦਬਾਉ ਵਧਾਇਆ ਜਾਂਦਾ ਹੈ। ਜਿਉਂ ਹੀ ਚੈੱਕ ਦਬਾਉ ਦੇ ਬਰਾਬਰ ਦਬਾਉ ਪਹੁੰਚਦਾ ਹੈ ਮਿਣਨ ਵਾਲਾ ਪਿਸਟਨ ਸੁਤੰਤਰਤਾ ਪੂਰਵਕ ਤੈਰਨ ਲਗ ਜਾਂਦਾ ਹੈ। ਡੈੱਡ ਭਾਰ ਟੈਸਟਰ ਪ੍ਰਯੋਗਸ਼ਾਲਾਵਾਂ ਵਿਚ ਅਕਸਰ ਮੁੱਢਲੇ ਮਿਣਤੀ

ਮਿਆਰ ਦੇ ਤੌਰ ਤੇ ਵਰਤਿਆ ਜਾਂਦਾ ਹੈ ਅਤੇ ਖੇਤਰ ਜਾਂ ਪਲਾਂਟ ਟੈਸਟਰ ਯੰਤਰ ਦੇ ਰੂਪ ਵਿਚ ਸੈਕਡੰਗੀ ਮਿਣਤੀ ਮਿਆਰ ਵਜੋਂ ਵਰਤਿਆ ਜਾਂਦਾ ਹੈ, ਭਾਵ ਡੈੱਡ ਭਾਰ ਟੈਸਟਰ ਦੇ ਹਿਸਾਬ ਨਾਲ ਬਣਾਈ ਗਈ ਦਰਜੇਦਾਰ ਸਕੇਲ ਦੀ ਵਰਤੋਂ ਕੀਤੀ ਜਾਂਦੀ ਹੈ। ਡੈੱਡ ਭਾਰ ਟੈਸਟ ਦੀ ਸ਼ੁੱਧਤਾ ਪੜ੍ਹਤ ਦੇ 1% ਦੇ 1/30 ਦੇ ਬਰਾਬਰ ਹੋ ਸਕਦੀ ਹੈ।

ਹ. ਪੁ.- ਮੈਕ. ਐਨ. ਸ. ਟ. 10 : 670

ਦਬਿਸਤਾਨੇ ਮਜ਼ਾਹਬ : ਇਹ ਸਾਰੇ ਧਰਮਾਂ ਬਾਰੇ ਸਿੱਖਿਆ ਦੇਣ ਵਾਲਾ ਇਕ ਗ੍ਰੰਥ ਹੈ ਜਿਸ ਤੋਂ ਕਈ ਧਰਮਾਂ ਦੇ ਨਿਯਮ ਪਤਾ ਲਗਦੇ ਹਨ। ਸ਼ੇਖ ਮਹੀਬੁੱਲਾ ਦੇ ਚੇਲੇ ਮੁਹੰਮਦ ਮੁਹਸਿਨ 'ਫ਼ਾਨੀ' ਨੇ ਇਸ ਗ੍ਰੰਥ ਨੂੰ 1645 ਈ. ਦੇ ਲਗਭਗ ਲਿਖਿਆ।

ਅਨੁਮਾਨ ਹੈ ਕਿ ਮੁਹੰਮਦ ਮੁਹਸਿਨ ਦਾ ਜਨਮ 1615 ਈ. ਵਿਚ ਹੋਇਆ। ਇਸ ਨੇ ਆਪਣਾ ਬਹੁਤਾ ਸਮਾਂ ਕਸ਼ਮੀਰ ਵਿਖੇ ਬਿਤਾਇਆ। ਇਸ ਦਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨਾਲ ਚਿੱਠੀ ਪੱਤਰ ਵੀ ਚਲਦਾ ਸੀ ਅਤੇ ਇਹ ਕਈ ਵਾਰ ਗੁਰੂ ਜੀ ਦੇ ਦਰਬਾਰ ਵਿਚ ਹਾਜ਼ਰ ਹੋਇਆ। ਸਿੱਖ ਧਰਮ ਸਬੰਧੀ ਲਿਖੇ ਇਸ ਦੇ ਕਈ ਲੇਖ ਪੜ੍ਹਨਯੋਗ ਹਨ। ਸੰਨ 1670 ਵਿਚ ਇਸ ਦੀ ਮੌਤ ਹੋ ਗਈ।

ਹ. ਪੁ. -ਮ. ਕੋ.

ਦਬੀਰ : ਇਹ ਉਰਦੂ ਦਾ ਮਰਸੀਏ ਲਿਖਣ ਵਾਲਾ ਪ੍ਰਸਿੱਧ ਕਵੀ ਸੀ ਜਿਸ ਦਾ ਅਸਲ ਨਾਂ ਮਿਰਜ਼ਾ ਸਲਾਮਤ ਅਲੀ ਅਤੇ ਉਪ ਨਾਂ 'ਦਬੀਰ' ਸੀ। ਇਸ ਦਾ ਜਨਮ 1803 ਈ. ਵਿਚ ਦਿੱਲੀ ਵਿਖੇ ਗੁਲਾਮ ਹੁਸੈਨ ਦੇ ਘਰ ਹੋਇਆ। ਇਸ ਨੇ ਮੌਲਵੀ ਗੁਲਾਮ ਜ਼ਾਮਿਨ ਅਤੇ ਮਿਰਜ਼ਾ ਕਾਜ਼ਿਮ ਅਲੀ ਤੋਂ ਲਖਨਊ ਵਿਖੇ ਅਰਬੀ ਫ਼ਾਰਸੀ ਦੀ ਸਿੱਖਿਆ ਪ੍ਰਾਪਤ ਕੀਤੀ। ਮਰਸੀਆ ਵਿਚ ਰੁਚੀ ਹੋਣ ਕਾਰਨ ਇਸ ਨੇ ਪ੍ਰਸਿੱਧ ਮਰਸੀ ਆਗੂ ਮੀਰ ਮੁਜ਼ਫਰ ਹੁਸੈਨ 'ਜਮੀਰ' ਨੂੰ ਆਪਣਾ ਕਾਵਿ-ਗੁਰੂ ਬਣਾਇਆ। ਛੇਤੀ ਹੀ ਪ੍ਰਸਿੱਧੀ ਪ੍ਰਾਪਤ ਕਰਨ ਮਗਰੋਂ ਇਸ ਨੂੰ ਅਵਧ ਦੇ ਨਵਾਬ ਸਾਹਮਣੇ ਵੀ ਮਰਸੀਆ ਪੜ੍ਹਨ ਦਾ ਸੁਭਾਗ ਪ੍ਰਾਪਤ ਹੋਇਆ। ਲਖਨਊ ਦੇ ਵੱਡੇ ਵੱਡੇ ਰਈਸ ਅਤੇ ਸ਼ਾਹੀ ਪਰਿਵਾਰ ਦੇ ਲੋਕ ਇਸ ਨੂੰ ਆਪਣਾ ਗੁਰੂ ਮੰਨਣ ਲੱਗੇ। ਦਬੀਰ ਨੇ 14-15 ਸਾਲ ਦੀ ਉਮਰ ਤੋਂ ਹੀ ਮਰਸੀਆ ਲਿਖਣਾ ਸ਼ੁਰੂ ਕਰ ਦਿੱਤਾ ਸੀ ਅਤੇ ਆਪਣੀ ਮੌਤ ਤਕ ਲੰਬੇ ਲੰਬੇ ਤਕਰੀਬਨ 3,000 ਮਰਸੀਏ ਲਿਖੇ ਅਤੇ ਮਰਸੀਆ ਕਾਵਿ ਨੂੰ ਸਿਖਰ ਤਕ ਪਹੁੰਚਾਇਆ। ਇਸ ਤੋਂ ਇਲਾਵਾ ਇਸ ਨੇ ਦੋਹਾ, ਰੁਬਾਈ ਅਤੇ ਕਲਾਮ ਵੀ ਬਹੁਤ ਰਚੇ। ਭੜਕੀਲੇ ਸ਼ਬਦਾਂ ਦੀ ਵਰਤੋਂ, ਉੱਚ ਵਿਚਾਰ, ਨਵੀਆਂ ਉਪਮਾਵਾਂ ਅਤੇ ਕਥਨਾਂ ਵਿਚ ਨਵੀਨਤਾ ਵੱਲ ਇਹ ਬਹੁਤ ਰੁਚੀ ਰੱਖਦਾ ਸੀ। ਆਪਣੇ ਕਲਾਮ ਵਿਚ ਇਸ ਨੂੰ ਕੁਰਾਨ ਦੀਆਂ ਆਇਤਾਂ ਅਤੇ ਹਦੀਸ ਦੇ ਬਚਨਾਂ ਦੀ ਵਰਤੋਂ ਕਰਨ ਦਾ ਸ਼ੌਕ ਸੀ।

ਸੰਨ 1875 ਵਿਚ ਲਖਨਊ ਵਿਖੇ ਇਸ ਦੀ ਮੌਤ ਹੋ ਗਈ ਅਤੇ ਇਸ ਨੂੰ ਇਸ ਦੇ ਘਰ ਵਿਚ ਹੀ ਦਫ਼ਨਾਇਆ ਗਿਆ।

ਹ. ਪੁ.- ਹਿੰ. ਵਿ. ਕੋ. 5 : 501

ਦਬੁਰਜੀ : ਇਹ ਪੰਜਾਬ ਦੇ ਅੰਮ੍ਰਿਤਸਰ ਜ਼ਿਲ੍ਹੇ ਦਾ ਇਕ ਪਿੰਡ ਹੈ ਜੋ ਅੰਮ੍ਰਿਤਸਰ ਤੋਂ ਜਲੰਧਰ ਜਾਣ ਵਾਲੀ ਸੜਕ ਤੇ ਅੰਮ੍ਰਿਤਸਰ ਸ਼ਹਿਰ ਤੋਂ 5 ਕਿ. ਮੀ. ਦੀ ਦੂਰੀ ਤੇ ਸਥਿਤ ਹੈ। ਪਿੰਡ ਦੇ ਬਾਹਰਵਾਰ ਸੁਲਤਾਨਵਿੰਡ ਨੂੰ ਜਾਣ ਵਾਲੀ ਸੜਕ ਦੇ ਦੋਵੇਂ ਪਾਸਿਆਂ ਤੇ ਦੋ ਬੁਰਜੀਆਂ ਬਣੀਆਂ ਹੋਈਆਂ ਹਨ ਜਿਨ੍ਹਾਂ ਕਰਕੇ ਪਿੰਡ ਦਾ ਨਾਂ ਦਬੁਰਜੀ ਪਿਆ ਹੈ। ਇਹ ਬੁਰਜੀਆਂ ਕੋਈ 200 ਸਾਲ ਪੁਰਾਣੀਆਂ ਹਨ। ਨਾਨਕਸ਼ਾਹੀ ਇੱਟਾਂ ਦੀਆਂ ਬਣੀਆਂ ਹੋਈਆਂ ਇਨ੍ਹਾਂ ਬੁਰਜੀਆਂ ਦੇ ਇਤਿਹਾਸ ਬਾਰੇ ਰਿਕਾਰਡ ਉਪਲੱਬਧ ਨਹੀਂ ਪਰ ਪਿੰਡ ਦੇ ਕੁਝ ਬਜ਼ੁਰਗਾਂ ਅਨੁਸਾਰ ਇਹ ਬੁਰਜੀਆਂ ਅਕਬਰ ਬਾਦਸ਼ਾਹ ਦੇ ਜ਼ਮਾਨੇ ਦੀਆਂ ਹਨ ਅਰਥਾਤ '500 ਸਾਲ ਦੇ ਲਗਭਗ ਪੁਰਾਣੀਆਂ ਹਨ। ਇਨ੍ਹਾਂ ਦੀ ਚਿਣਾਈ ਸੀਮਿੰਟ ਗਾਰੇ ਨਾਲ ਨਹੀਂ ਸਗੋਂ ਮਾਹਾਂ ਦੇ ਆਟੇ ਅਤੇ ਚੂਨੇ ਦੇ ਮਿਸ਼ਰਣ ਨਾਲ ਹੋਈ ਹੈ। ਇਨ੍ਹਾਂ ਵਿਚੋਂ ਇਕ ਬੁਰਜੀ 1982 ਈ. ਵਿਚ ਟੁੱਟ ਗਈ ਸੀ ਤੇ ਹੁਣ ਕੇਵਲ ਇਕੋ ਹੀ ਬੁਰਜੀ ਕਾਇਮ ਹੈ। ਬੁਰਜੀਆਂ ਤੋਂ ਇਲਾਵਾ ਪਿੰਡ ਵਿਚ ਕਈ ਉੱਚੇ ਟਿੱਲੇ ਹੁੰਦੇ ਸਨ ਜਿਨ੍ਹਾਂ ਬਾਰੇ ਕਿਹਾ ਜਾਂਦਾ ਹੈ ਕਿ ਇਥੇ ਪੁਰਾਣੇ ਬਾਦਸ਼ਾਹਾਂ ਦੇ ਛੋਟੇ-ਛੋਟੇ ਕਿਲੇ ਹੁੰਦੇ ਸਨ।

ਹੁਣ ਇਹ ਪਿੰਡ ਅੰਮ੍ਰਿਤਸਰ ਨਗਰ ਨਿਗਮ ਅਧੀਨ ਆ ਗਿਆ ਹੈ ਅਤੇ ਹੌਲੀ ਹੌਲੀ ਛੋਟੇ ਸ਼ਹਿਰ ਦਾ ਰੂਪ ਧਾਰਨ ਕਰ ਰਿਹਾ ਹੈ। ਇਥੇ ਨਗਰ ਨਿਗਮ ਦੀ ਮਹਿਸੂਲ ਚੁੰਗੀ ਚੌਕੀ ਹੈ। ਪਿੰਡ ਦੇ ਲੋਕ ਬਹੁਤਾ ਕਰਕੇ ਕਾਰੀਗਰ ਜਾਂ ਮਜ਼ਦੂਰ ਹਨ।

ਹ.ਪੁ.—ਪੰ.ਟ੍ਰਿ.10.8.84.

ਦਭੋਈ : ਦੱਖਣ-ਪੂਰਬੀ ਗੁਜਰਾਤ ਰਾਜ (ਭਾਰਤ) ਦੇ ਵਦੋਦਰਾ ਜ਼ਿਲ੍ਹੇ ਦਾ ਇਕ ਸ਼ਹਿਰ ਹੈ ਜਿਹੜਾ ਵਦੋਦਰੇ ਸ਼ਹਿਰ ਤੋਂ 25 ਕਿ.ਮੀ. (16 ਮੀਲ) ਦੱਖਣ-ਪੂਰਬ ਵੱਲ ਸਥਿਤ ਹੈ। ਇਹ ਸ਼ਹਿਰ ਨਾ ਸਿਰਫ ਆਪਣੇ ਪੁਰਾਤਨ ਇਤਿਹਾਸ ਕਾਰਨ ਸਗੋਂ ਆਪਣੇ ਮੰਦਰਾਂ-ਦਰਵਾਜ਼ਿਆਂ ਅਤੇ ਦੀਵਾਰਾਂ ਦੀ ਨਿਰਮਾਣ-ਸ਼ੈਲੀ ਕਾਰਨ ਬਹੁਤ ਪ੍ਰਸਿੱਧ ਹੈ। ਇਥੋਂ ਦੀਆਂ ਦੀਵਾਰਾਂ ਅਤੇ ਦਰਵਾਜ਼ਿਆਂ ਤੇ ਮੂਰਤੀਆਂ ਬਣਾਈਆਂ ਹੋਈਆਂ ਹਨ। 13 ਵੀਂ ਸਦੀ ਦੇ ਸ਼ੁਰੂ ਵਿਚ ਵਘੇਲਿਆਂ ਨੇ ਇਸ ਦੀ ਕਿਲਾਬੰਦੀ ਕੀਤੀ।

ਦਭੋਈ ਸੜਕਾਂ ਅਤੇ ਰੇਲ-ਮਾਰਗਾਂ ਦਾ ਕੇਂਦਰ ਹੈ। ਇਥੇ ਚੌਲ, ਬਾਜਰਾ, ਮੱਕੀ ਅਤੇ ਕਪਾਹ ਦਾ ਵਪਾਰ ਹੁੰਦਾ ਹੈ ਅਤੇ ਸ਼ਰਾਬ ਬਣਾਉਣ, ਲਕੜੀ ਤੇ ਨਕਾਸ਼ੀ ਕਰਨ, ਕਪਾਹ ਵਿਚੋਂ ਵੜੇਵੇਂ ਕੱਢਣ, ਤਾਂਬੇ ਅਤੇ ਪਿੱਤਲ ਦੀਆਂ ਵਸਤਾਂ ਬਣਾਉਣ ਅਤੇ ਸੂਤੀ ਕੱਪੜਾ ਬੁਣਨ ਦੇ ਉਦਯੋਗ ਹਨ।


ਆਬਾਦੀ— 50,641(1991)

22°8′ ਉ. ਵਿਥ.; 73°28′ ਪੂ. ਲੰਬ.

ਹ. ਪੁ.— ਇੰਪ.ਗ.ਇੰਡ. 11 : 99 ; ਹਿੰ. ਵਿ. ਕੋ. 5 : 503; ਵੈ. ਜਗ. ਡਿ.; ਡਾਇਰੈਕਟਰੀ ਆਫ਼ ਸਿੱਟੀਜ਼ ਐਂਡ ਟਾਊਨਜ਼ ਇਨ ਇੰਡੀਆ-ਓ.ਪੀ. ਸ਼ਰਮਾ

ਦਮਦਮਾ ਸਾਹਿਬ, ਤਖ਼ਤ : ਤਖ਼ਤ ਸ੍ਰੀ ਦਮਦਮਾ ਸਾਹਿਬ, ਪੰਜਾਬ ਦੇ ਜ਼ਿਲ੍ਹਾ ਬਠਿੰਡਾ ਵਿਚ ਤਲਵੰਡੀ ਸਾਬੋ ਵਿਖੇ ਸਥਿਤ ਹੈ। ਇਹ ਖਾਲਸਾ ਪੰਥ ਦੇ ਪੰਜ ਤਖ਼ਤਾਂ ਵਿਚੋਂ ਇਕ ਤਖ਼ਤ ਹੈ। ਇਸ ਅਸਥਾਨ ਨਾਲ ਤਿੰਨ ਗੁਰੂ ਸਾਹਿਬਾਨ- ਗੁਰੂ ਨਾਨਕ ਦੇਵ ਜੀ, ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਜੁੜੀ ਹੋਈ ਹੈ। ਗੁਰੂ ਤੇਗ ਬਹਾਦਰ ਜੀ ਨੇ ਇਥੇ ਪਵਿੱਤਰ ਸਰੋਵਰ ਦੀ ਸ਼ੁਰੂਆਤ ਖ਼ੁਦ ਆਪਣੇ ਕਰ-ਕਮਲਾਂ ਨਾਲ ਕਰਵਾ ਕੇ ਖ਼ੁਦਵਾਈ ਕਰਵਾਈ ਸੀ। ਗੁਰੂ ਗੋਬਿੰਦ ਸਿੰਘ ਜੀ 1705 ਈ. ਦੇ ਅਖ਼ੀਰ ਵਿਚ ਅਨੰਦਪੁਰ ਸਾਹਿਬ ਨੂੰ ਛੱਡਣ ਪਿੱਛੋਂ ਦੀਨਾ-ਕਾਂਗੜ ਵਿਖੇ ਕੁਝ ਸਮੇਂ ਦੀ ਰਿਹਾਇਸ਼ ਕਰਨ ਤੋਂ ਬਾਅਦ ਤਕਰੀਬਨ ਫ਼ਰਵਰੀ, 1706 ਈ. ਵਿਚ ਇਥੇ ਆਏ ਸਨ। ਇਥੇ ਉਨ੍ਹਾਂ ਦੀ ਰਿਹਾਇਸ਼ ਨੌਂ ਮਹੀਨਿਆਂ ਤਕ ਦੇ ਸਮੇਂ ਦੀ ਸੀ। ਵੈਸੇ ਤਾਂ ਮਾਲਵੇ ਦੇ ਸਾਰੇ ਹੀ ਜੱਟ ਕਬੀਲੇ ਗੁਰੂ ਜੀ ਦੇ ਪੈਰੋਕਾਰ ਸਨ ਪਰ ਬਰਾੜ ਕਬੀਲਾ ਸ਼ਕਤੀ ਦੇ ਪੱਖੋਂ ਮਾਲਵੇ

ਵਿਚ ਸਭ ਤੋਂ ਭਾਰੂ ਸੀ। ਕੋਟਕਪੂਰੇ ਤੋਂ ਲੈ ਕੇ ਤਲਵੰਡੀ ਸਾਬੋ ਤਕ ਦੀ ਵਿਸ਼ਾਲ ਪਟੀ ਉੱਪਰ ਬਰਾੜਾਂ ਦਾ ਹੀ ਦਬਦਬਾ ਸੀ। ਭਾਵੇਂ ਇਹ



ਤਖ਼ਤ ਦਮਦਮਾ ਸਾਹਿਬ

ਬਰਾੜ ਕਬੀਲਾ ਵੀ ਵੱਖ ਵੱਖ ਧੜਿਆਂ ਵਿਚ ਵੰਡਿਆ ਹੋਇਆ ਸੀ ਪਰ ਇਹ ਸਾਰੇ ਧੜੇ ਗੁਰੂ ਜੀ ਦੇ ਪੈਰੋਕਾਰ ਸਨ। ਤਲਵੰਡੀ ਸਾਬੋ ਜਿਥੇ ਕਿ ਤਖ਼ਤ ਸ੍ਰੀ ਦਮਦਮਾ ਸਾਹਿਬ ਸਥਿਤ ਹੈ, ਡੱਲਾ ਬਰਾੜ ਦਾ ਇਲਾਕਾ ਸੀ। ਇਹ ਡੱਲਾ ਬਰਾੜ ਪਿੱਛੋਂ ਅੰਮ੍ਰਿਤ ਛਕਣ ਕਰ ਕੇ ਡੱਲਾ ਸਿੰਘ ਬਰਾੜ ਅਖਵਾਉਣ ਲਗ ਪਿਆ ਸੀ।

ਗੁਰੂ ਅਰਜਨ ਦੇਵ ਜੀ ਦੇ ਸਮੇਂ ਤੋਂ ਹੀ ਸਿੱਖ ਧਰਮ ਵਿਚ ਮਾਲਵੇ ਪ੍ਰਵੇਸ਼ ਕਰ ਚੁੱਕਿਆ ਸੀ। ਇਸ ਕਰ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤਕ ਮਾਲਵਾ ਸਿੱਖੀ ਦਾ ਗੜ੍ਹ ਬਣ ਗਿਆ ਸੀ। ਸੈਨਿਕ ਦ੍ਰਿਸ਼ਟੀਕੋਣ ਤੋਂ ਮਾਲਵਾ ਗੁਰੂ ਜੀ ਲਈ ਬਹੁਤ ਅੱਛੀ ਜਗ੍ਹਾ ਸੀ। ਇਹੀ ਕਾਰਨ ਸੀ ਕਿ ਗੁਰੂ ਜੀ ਨੂੰ ਸਰਹਿੰਦ ਦੇ ਸੂਬੇਦਾਰ ਦੀ ਫੌਜ ਉੱਪਰ ਮੁਕਤਸਰ (ਖਿਦਰਾਣੇ ਦੀ ਢਾਬ) ਦੇ ਅਸਥਾਨ ਤੇ ਸੌਖਿਆਂ ਹੀ ਜਿੱਤ ਪ੍ਰਾਪਤ ਹੋ ਗਈ ਸੀ। ਗੁਰੂ ਜੀ ਨੇ ਜਿਹੜਾ ਨੌਂ ਮਹੀਨਿਆਂ ਦਾ ਸਮਾਂ ਤਲਵੰਡੀ ਸਾਬੋ ਵਿਖੇ ਗੁਜ਼ਾਰਿਆ ਸੀ ਉਸ ਦੌਰਾਨ ਕਈ ਇਤਿਹਾਸਕ ਕੰਮ ਪੂਰੇ ਕੀਤੇ ਗਏ ਸਨ। ਸਭ ਤੋਂ ਮਹੱਤਵਪੂਰਨ ਕੰਮ ਗੁਰੂ ਗ੍ਰੰਥ ਸਾਹਿਬ ਦੇ ਮੁੜ ਤੋਂ ਸੰਪਾਦਨਾ ਕਰਨ ਦਾ ਸੀ। ਇਥੇ ਸੰਪਾਦਤ ਕੀਤੀ ਗਈ ਬੀੜ 'ਦਮਦਮੀ ਬੀੜ' ਦੇ ਨਾਂ ਨਾਲ ਮਸ਼ਹੂਰ ਹੋਈ। ਇਸੇ ਬੀੜ ਨੂੰ ਹੀ ਨਾਂਦੇੜ ਸਾਹਿਬ ਵਿਖੇ ਆਤਮਿਕ ਗੁਰਗੱਦੀ ਸੌਂਪੀ ਗਈ ਸੀ। ਇਸੇ ਬੀੜ ਦੇ ਕਈ ਉਤਾਰੇ ਵੀ ਕੀਤੇ ਗਏ ਸਨ। ਬੀੜ ਦੀ ਪੁਨਰ ਸੰਪਾਦਨਾ ਕਰਨ ਵਾਲੇ ਭਾਈ ਮਨੀ ਸਿੰਘ ਜੀ ਸਨ ਅਤੇ ਇਸ ਬੀੜ ਤੋਂ ਉਤਾਰੇ ਕਰਨ ਵਾਲੇ ਬਾਬਾ ਦੀਪ ਸਿੰਘ ਜੀ ਸਨ।

ਤਲਵੰਡੀ ਸਾਬੋ ਵਿਖੇ ਠਹਿਰਨ ਸਮੇਂ ਗੁਰੂ ਜੀ ਮਾਲਵੇ ਦੇ ਅਨੇਕਾਂ ਪਿੰਡਾਂ ਵਿਚ ਦੌਰਿਆਂ ਤੇ ਗਏ ਸਨ। ਇਥੇ ਰਹਿੰਦਿਆਂ ਹੀ ਸਿੱਖ ਸੰਗਤਾਂ ਦੇ ਨਾਂ ਅਨੇਕਾਂ ਹੁਕਮਨਾਮੇ ਭੇਜੇ ਗਏ ਸਨ ਜਿਨ੍ਹਾਂ ਵਿਚੋਂ ਇਸ ਸਮੇਂ ਸਿਰਫ ਕੁਝ ਇਕ ਹੀ ਉਪਲੱਬਧ ਹਨ। ਤਲਵੰਡੀ ਸਾਬੋ ਦਾ ਇਹ ਪਵਿੱਤਰ ਅਸਥਾਨ ਕਿਵੇਂ ਤਖ਼ਤ ਸਾਹਿਬ ਦਾ ਰੁਤਬਾ ਹਾਸਲ ਕਰ ਗਿਆ ਸੀ ਇਸ ਬਾਰੇ ਸਾਨੂੰ ਸਿਰਫ਼ ਪਰੰਪਰਾਵਾਂ ਤੋਂ ਹੀ ਸੇਧ ਮਿਲਦੀ ਹੈ। ਖਾਲਸਈ ਪਰੰਪਰਾਵਾਂ ਅਨੁਸਾਰ ਜਦੋਂ 1699 ਈ. ਦੀ ਵਿਸਾਖੀ ਸਮੇਂ ਖਾਲਸਾ ਪੰਥ ਦੀ ਸਾਜਨਾ ਕਰਕੇ ਸਿੱਖ ਸਮਾਜ ਨੂੰ ਨਵੇਂ ਖਾਲਸਈ ਸੰਗਠਨ ਅਤੇ ਰਹਿਤ-ਮਰਯਾਦਾ ਵਿਚ ਪਰੋਇਆ ਗਿਆ ਸੀ ਤਾਂ ਸਮੁੱਚੇ ਖਾਲਸਾ ਪੰਥ ਲਈ ਪੰਜ ਕੇਂਦਰ ਸਥਾਪਤ ਕੀਤੇ ਗਏ ਸਨ ਤਾਂ ਕਿ ਖਾਲਸਾ ਭਾਈਚਾਰਾ ਇਕ ਜਥੇਬੰਦਕ ਤੌਰ ਉੱਤੇ ਪੂਰਾ ਸੰਗਠਿਤ ਰਾਸ਼ਟਰ ਬਣ ਸਕੇ। ਇਹ ਪੰਜ ਕੇਂਦਰ ਸਨ – ਸ੍ਰੀ ਅਕਾਲ ਤਖ਼ਤ ਸਾਹਿਬ ਜੋ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਤੋਂ ਹੀ ਸਿੱਖ ਸਮਾਜ ਦਾ ਕੇਂਦਰੀ ਅਸਥਾਨ ਬਣ ਚੁੱਕਿਆ ਸੀ, ਬਾਕੀ ਦੇ ਚਾਰ ਕੇਂਦਰ (ਤਖ਼ਤ) ਗੁਰੂ ਗੋਬਿੰਦ ਸਿੰਘ ਜੀ ਨੇ ਖ਼ੁਦ ਸਥਾਪਤ ਕੀਤੇ ਸਨ। ਇਹ ਸਨ-ਤਖ਼ਤ ਸ੍ਰੀ ਪਟਨਾ ਸਾਹਿਬ (ਬਿਹਾਰ) ਜਿਹੜਾ ਪੂਰਬੀ ਭਾਰਤ ਦੇ ਖਾਲਸਾ ਭਾਈਚਾਰੇ ਦਾ ਕੇਂਦਰ ਹੋਣਾ ਸੀ ; ਤਖ਼ਤ ਸ੍ਰੀ ਕੇਸ ਗੜ੍ਹ ਸਾਹਿਬ ਜੋ ਪੰਜਾਬ ਦੇ ਪੱਛਮੀ ਅਤੇ ਉੱਤਰੀ ਖੇਤਰ ਦਾ ਕੇਂਦਰ ਹੋਣਾ ਸੀ; ਤਖ਼ਤ ਸ੍ਰੀ ਦਮਦਮਾ ਸਾਹਿਬ ਜੋ ਪੰਜਾਬ ਦੇ ਦੱਖਣ ਪੂਰਬੀ ਖੇਤਰ ਦਾ ਅਤੇ ਰਾਜਪੂਤਾਨੇ ਦੀਆਂ ਸਿੱਖ ਸੰਗਤਾਂ ਦਾ ਕੇਂਦਰ ਹੋਣਾ ਸੀ ਅਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ (ਮਹਾਰਾਸ਼ਟਰ) ਜੋ ਪਿਛਲੇ ਸਮੇਂ ਵਿਚ ਸਥਾਪਤ ਕੀਤਾ ਗਿਆ ਸੀ ਅਤੇ ਇਸ ਨੇ ਦੱਖਣੀ ਭਾਰਤ ਦੀਆਂ ਸੰਗਤਾਂ ਦਾ ਕੇਂਦਰ ਬਣਨਾ ਸੀ। ਸਭ ਦਾ ਕੇਂਦਰੀ ਅਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ ਸੀ।

ਤਖ਼ਤ ਤੋਂ ਭਾਵ ਇਕ ਅਜਿਹੇ ਸੱਤਾ ਸੰਪੰਨ ਅਸਥਾਨ ਤੋਂ ਹੈ ਜਿਥੋਂ ਇਕ ਕੇਂਦਰ ਦੇ ਤੌਰ ਤੇ ਜਥੇਬੰਦਕ ਢਾਂਚਾ ਚਲਾਇਆ ਜਾ ਸਕੇ। ਅਜਿਹੇ ਕੇਂਦਰ ਦਾ ਨਾਂ ਤਖ਼ਤ ਰੱਖਿਆ ਜਾਣਾ ਆਪਣੇ ਆਪ ਵਿਚ ਹੀ ਇਸ ਗੱਲ ਨੂੰ ਸਾਬਤ ਕਰਦਾ ਹੈ ਕਿ ਖਾਲਸਾਈ ਪ੍ਰਬੰਧ ਇਕ ਸੁਤੰਤਰ ਅਤੇ ਸਵੈ-ਸ਼ਾਸਤ ਪ੍ਰਬੰਧ ਸੀ। ਚਾਰ ਤਖ਼ਤ, ਪ੍ਰਾਂਤਾਂ ਵਾਂਗ ਇਲਾਕਾਈ ਕੇਂਦਰ ਸਨ ਜਦੋਂ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਕੇਂਦਰੀ ਅਸਥਾਨ ਸੀ ਜਿਸ ਨੂੰ ਖਾਲਸੇ ਦੀ ਰਾਸ਼ਟਰੀ ਰਾਜਧਾਨੀ ਵੀ ਕਿਹਾ ਜਾ ਸਕਦਾ ਹੈ। ਖਾਲਸੇ ਦੀ ਅਗਵਾਈ ਪੰਜ ਪਿਆਰਿਆਂ ਦੇ ਰੂਪ ਵਿਚ ਪੰਜ ਪੁਰਖੀ ਪ੍ਰਧਾਨਗੀ ਮੰਡਲ ਦੇ ਹੱਥਾਂ ਵਿਚ ਹੋਣੀ ਸੀ। ਚੋਣ ਦਾ ਤਰੀਕਾ ਸਰਬਤ ਖਾਲਸੇ ਦੀ ਸੰਸਥਾ ਰਾਹੀਂ ਸਿੱਧੀ ਜਮਹੂਰੀਅਤ ਰਾਹੀਂ ਅਮਲ ਵਿਚ ਲਿਆਉਣਾ ਸੀ। ਇਉਂ ਖਾਲਸਾ ਪੰਥ ਇਕ ਰਾਸ਼ਟਰ ਦੇ ਤੌਰ ਤੇ ਉਭਰਨਾ ਸੀ ਜਿਸ ਦੀ ਆਪਣੀ ਵਿਸ਼ੇਸ਼ ਕਿਸਮ ਦੀ ਜਮਹੂਰੀ ਪ੍ਰਣਾਲੀ ਹੋਣੀ ਸੀ। ਇਸ ਤਰ੍ਹਾਂ ਆਧੁਨਿਕ ਬੋਲੀ ਵਿਚ ਤਖ਼ਤ ਖਾਲਸੇ ਦੀਆਂ ਪਾਰਲੀਮੈਂਟਰੀ ਸੰਸਥਾਵਾਂ ਸਨ।

ਤਖ਼ਤ ਸ੍ਰੀ ਦਮਦਮਾ ਸਾਹਿਬ ਇਸ ਤਰ੍ਹਾਂ ਪੰਜ ਤਖਤਾਂ ਵਿਚੋਂ ਇਕ ਤਖ਼ਤ ਸੀ। ਜਦੋਂ ਗੁਰੂ ਗੋਬਿੰਦ ਸਿੰਘ ਜੀ 30 ਅਕਤੂਬਰ, 1706 ਈ. ਨੂੰ ਤਲਵੰਡੀ ਸਾਬੋ ਤੋਂ ਦੱਖਣ ਵੱਲ ਨੂੰ ਰਵਾਨਾ ਹੋਏ ਸਨ ਤਾਂ ਜਾਣ ਸਮੇਂ ਬਾਬਾ ਦੀਪ ਸਿੰਘ ਨੂੰ ਇਥੋਂ ਦਾ ਸੇਵਾਦਾਰ ਥਾਪ ਗਏ ਸਨ। ਇਸ ਪਦਵੀ ਨੂੰ ਅਸੀਂ ਆਧੁਨਿਕ ਬੋਲੀ ਵਿਚ ਜਥੇਦਾਰ ਵੀ ਕਹਿ ਸਕਦੇ ਹਾਂ। ਇਉਂ ਬਾਬਾ ਦੀਪ ਸਿੰਘ ਜੀ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਪਹਿਲੇ ਜਥੇਦਾਰ ਬਣੇ। ਜਿਥੋਂ ਤਕ ਦਮਦਮਾ ਸਾਹਿਬ ਦੇ ਨਾਮਕਰਣ ਦਾ ਸਬੰਧ ਹੈ ਉਸ ਤਰ੍ਹਾਂ ਦਮਦਮਾ ਸਾਹਿਬ ਸਿਰਫ ਉਸੇ ਅਸਥਾਨ ਨੂੰ ਹੀ ਕਿਹਾ ਜਾਂਦਾ ਹੈ ਜਿਥੇ ਬੈਠ ਕੇ ਗੁਰੂ ਸਾਹਿਬ ਸਿੱਖ

ਸੰਗਤਾਂ ਦੇ ਦਰਬਾਰ ਲਗਾਉਂਦੇ ਹੁੰਦੇ ਸਨ। ਜਿਥੇ ਜਿਥੇ ਵੀ ਗੁਰੂ ਸਾਹਿਬਾਨ ਨੇ ਲੰਮੇ ਸਮੇਂ ਲਈ ਬਾਕਾਇਦਾ ਰੂਪ ਵਿਚ ਸਿੱਖ ਸੰਗਤਾਂ ਦੇ ਦਰਬਾਰ ਲਗਾਏ ਸਨ ਉਥੇ ਉਥੇ ਹੀ ਦਮਦਮਾ ਸਾਹਿਬ ਦੇ ਨਾਂ ਵਾਲੇ ਅਸਥਾਨ ਸਾਨੂੰ ਮਿਲਦੇ ਹਨ ਜਿਵੇਂ ਕੀਰਤਪੁਰ ਸਾਹਿਬ ਅਤੇ ਅਨੰਦਪੁਰ ਸਾਹਿਬ ਵਿਖੇ ਹਨ। ਅੰਮ੍ਰਿਤਸਰ ਵਿਖੇ ਖ਼ੁਦ ਅਕਾਲ ਤਖ਼ਤ ਸਾਹਿਬ ਹੈ। ਉਥੇ ਇਹੀ ਅਸਥਾਨ ਸਿੱਖ ਸੰਗਤਾਂ ਦਾ ਦਰਬਾਰ ਲਗਾਉਣ ਵਾਲੀ ਥਾਂ ਸੀ।

ਗੁਰੂ ਗੋਬਿੰਦ ਸਿੰਘ ਜੀ ਦੇ ਜਾਣ ਪਿੱਛੋਂ ਬਾਬਾ ਦੀਪ ਸਿੰਘ ਜੀ ਤਖ਼ਤ ਸ੍ਰੀ ਦਮਦਮਾ ਸਾਹਿਬ ਦੀ ਸੇਵਾ-ਸੰਭਾਲ ਵੀ ਕਰਦੇ ਸਨ ਅਤੇ ਗੁਰਬਾਣੀ ਦੇ ਸ਼ਬਦਾਂ ਦਾ ਸ਼ੁੱਧ ਉਚਾਰਣ ਕਰਨ ਲਈ ਉਨ੍ਹਾਂ ਇਥੇ ਸਿੱਖਿਆ ਦੇਣੀ ਵੀ ਸ਼ੁਰੂ ਕੀਤੀ ਹੋਈ ਸੀ। ਇਹ ਪਰੰਪਰਾ ਆਖ਼ਰ ਸ੍ਰੀ ਦਮਦਮੀ ਟਕਸਾਲ ਦੇ ਨਾਂ ਨਾਲ ਮਸ਼ਹੂਰ ਹੋਈ। ਬਾਬਾ ਦੀਪ ਸਿੰਘ ਜੀ 1764-65 ਈ. ਵਿਚ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੀ ਰੱਖਿਆ ਕਰਦੇ ਹੋਏ ਸ਼ਹੀਦ ਹੋ ਗਏ ਸਨ। ਉਨ੍ਹਾਂ ਦਾ ਜੱਥਾ ਸ਼ਹੀਦੀ ਜਾਂ ਅਕਾਲੀ ਜੱਥਾ ਦੇ ਨਾਂ ਨਾਲ ਜਾਣਿਆ ਜਾਂਦਾ ਸੀ। ਇਨ੍ਹਾਂ ਨੂੰ ਨਿਹੰਗ ਸਿੰਘ ਵੀ ਕਿਹਾ ਜਾਂਦਾ ਸੀ। ਬਾਬਾ ਦੀਪ ਸਿੰਘ ਜੀ ਦੀ ਸ਼ਹਾਦਤ ਦੇ ਪਿੱਛੋਂ ਭਾਵੇਂ ਉਨ੍ਹਾਂ ਦੇ ਸ਼ਹੀਦੀ ਜੱਥੇ ਦਾ ਉਹ ਪ੍ਰਭਾਵ ਨਾ ਰਿਹਾ ਜੋ ਉਨ੍ਹਾਂ ਦੇ ਆਪਣੇ ਸਮੇਂ ਸੀ ਪਰ ਉਨ੍ਹਾਂ ਦਾ ਇਕ ਪੈਰੋਕਾਰ ਭਾਈ ਸੁਖਾ ਸਿੰਘ ਤਖ਼ਤ ਸ੍ਰੀ ਦਮਦਮਾ ਸਾਹਿਬ ਦੀ ਸਾਂਭ-ਸੰਭਾਲ ਕਰਦਾ ਰਿਹਾ ਸੀ। ਇਸ ਨੂੰ ਅਸੀਂ ਇਸ ਅਸਥਾਨ ਦਾ ਦੂਸਰਾ ਜਥੇਦਾਰ ਵੀ ਕਹਿ ਸਕਦੇ ਹਾਂ। ਇਨ੍ਹਾਂ ਤੋਂ ਬਾਅਦ ਅੰਬਾਲੇ ਜ਼ਿਲ੍ਹੇ ਵਿਚ ਸਥਿਤ ਪਿੰਡ ਸ਼ਹਿਜ਼ਾਦਪੁਰ ਦਾ ਵਸਨੀਕ ਭਾਈ ਕਰਮ ਸਿਘ ਸੰਧੂ ਸ੍ਰੀ ਦਮਦਮਾ ਸਾਹਿਬ ਦਾ ਕਾਰ-ਮੁਖ਼ਤਿਆਰ ਬਣ ਗਿਆ ਸੀ। ਇਸ ਦੇ ਸਮੇਂ ਸ੍ਰੀ ਦਮਦਮਾ ਸਾਹਿਬ ਦਾ ਤਖ਼ਤ ਵਾਲਾ ਦਰਜਾ ਅਤੇ ਸੰਕਲਪ ਖ਼ਤਮ ਹੋਣਾ ਸ਼ੁਰੂ ਹੋ ਗਿਆ ਸੀ। ਸ਼ਹਿਜ਼ਾਦਪੁਰੀਆ ਜਾਗੀਰਦਾਰ ਸੀ ਅਤੇ ਸ੍ਰੀ ਦਮਦਮਾ ਸਾਹਿਬ ਇਸ ਦੀ ਜਾਗੀਰ ਦਾ ਇਕ ਹਿੱਸਾ ਹੀ ਬਣ ਗਿਆ ਸੀ। ਸਾਰਾ ਪ੍ਰਬੰਧ ਇਕ ਜਾਗੀਰਦਾਰੀ ਢਾਂਚੇ ਅਨੁਸਾਰ ਹੀ ਹੋਣ ਲਗ ਪਿਆ ਸੀ। ਇਸ ਤੋਂ ਬਾਅਦ ਸ੍ਰੀ ਦਮਦਮਾ ਸਾਹਿਬ ਦਾ ਸਮੁੱਚਾ ਪ੍ਰਬੰਧ ਵਿਗੜਦਾ ਹੀ ਗਿਆ ਸੀ।

ਸੰਨ 1948 ਵਿਚ ਪੈਪਸੂ ਦੇ ਬਣ ਜਾਣ ਕਾਰਨ ਸ੍ਰੀ ਦਮਦਮਾ ਸਹਿਬ ਦਾ ਪ੍ਰਬੰਧ ਇਕ ਆਮ ਗੁਰਦੁਆਰੇ ਦੀ ਤਰ੍ਹਾਂ ਹੁੰਦਾ ਰਿਹਾ ਸੀ। ਸੰਨ 1956 ਵਿਚ ਪੈਪਸੂ ਦੇ ਟੁੱਟ ਜਾਣ ਕਾਰਨ ਇਸ ਅਸਥਾਨ ਦਾ ਪ੍ਰਬੰਧ ਸਿੱਖ ਗੁਰਦੁਆਰਾ ਐਕਟ, ਪੰਜਾਬ 1925 ਦੇ ਤਹਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਦੇ ਅਧੀਨ ਆ ਗਿਆ। ਸਿੱਖ ਸੰਗਤਾਂ ਵੱਲੋਂ ਇਸ ਅਸਥਾਨ ਨੂੰ ਮੁੜ ਤੋਂ ਤਖ਼ਤ ਸਾਹਿਬ ਦਾ ਦਰਜਾ ਬਹਾਲੀ ਦੀ ਮੰਗ ਕੀਤੇ ਜਾਣ ਨਾਲ ਸ਼੍ਰੋਮਣੀ ਕਮੇਟੀ (1960 ਈ. ਵਿਚ) ਨੇ ਸਿੱਖ ਵਿਦਵਾਨਾਂ ਦੀ ਇਕ ਕਮੇਟੀ ਬਣਾਈ। ਇਸ ਕਮੇਟੀ ਨੇ ਪੂਰੀ ਛਾਣ-ਬੀਣ ਕਰਨ ਉਪਰੰਤ ਅਪ੍ਰੈਲ, 1964 ਵਿਚ ਆਪਣੀ ਰਿਪੋਰਟ ਪੇਸ਼ ਕੀਤੀ। ਇਸ ਰਿਪੋਰਟ ਰਾਹੀਂ ਇਸ ਅਸਥਾਨ ਨੂੰ ਤਖ਼ਤ ਸਾਹਿਬ ਦਾ ਦਰਜਾ ਮੁਹੱਈਆ ਕਰਨ ਦੀ ਸਿਫ਼ਾਰਸ਼ ਕੀਤੀ ਗਈ ਸੀ। 25 ਅਪਰੈਲ, 1964 ਨੂੰ ਸ਼੍ਰੋਮਣੀ ਕਮੇਟੀ ਨੇ ਆਪਣੇ ਇਕ ਮਤੇ ਰਾਹੀਂ ਤਖ਼ਤ ਸ੍ਰੀ ਦਮਦਮਾ ਸਾਹਿਬ ਨੂੰ ਮੁੜ ਤੋਂ ਤਖ਼ਤ ਦਾ ਦਰਜਾ ਦੇਣ ਦਾ ਫੈਸਲਾ ਕੀਤਾ। ਸੰਤ ਹਰਚਰਨ ਸਿੰਘ ਲੌਂਗੋਵਾਲ ਇਸ ਦੇ ਪਹਿਲੇ ਜਥੇਦਾਰ ਥਾਪੇ ਗਏ ਸਨ। ਕੁਝ ਸਮੇਂ ਪਿੱਛੋਂ ਸੰਤ ਲੌਂਗੋਵਾਲ ਦੀ ਥਾਂ ਸੰਤ ਲੱਖਾ ਸਿੰਘ ਜੀ ਇਸ ਤਖ਼ਤ ਦੇ ਜਥੇਦਾਰ ਨਿਯੁਕਤ ਕੀਤੇ ਗਏ ਸਨ। 26 ਜਨਵਰੀ, 1986 ਨੂੰ ਸਰਬਤ ਖਾਲਸਾ ਸਮਾਗਮ ਵੱਲੋਂ ਗਿਆਨੀ ਜਸਵੰਤ ਸਿੰਘ ਜੀ ਇਸ ਤਖ਼ਤ ਦੇ ਜਥੇਦਾਰ ਥਾਪੇ ਗਏ ਸਨ ਪਰ ਇਹ ਜ਼ਿਆਦਾ ਸਮਾਂ ਨਾ ਰਹਿ ਸਕੇ।

ਹ. ਪੁ.-ਤਵਾ. ਗੁ. ਖਾ.— ਗਿਆਨੀ ਗਿਆਨ ਸਿੰਘ; ਸ੍ਰੀ ਗੁਰ ਸੋਭਾ— ਸੰਪਾ. ਡਾ. ਗੰਡਾ ਸਿੰਘ ; ਗੁਰਮਤਿ ਪ੍ਰਕਾਸ਼ ; ਖਾਲਸਾ ਪੰਥ ਦੇ ਪੰਜ ਤਖ਼ਤ —ਡਾ. ਸੁਖਦਿਆਲ ਸਿੰਘ ; ਗੁਰਮਤਿ ਵਿਚ ਤਖਤਾਂ ਦੀ ਮਹਾਨਤਾ

—ਡਾ. ਸੁਖਦਿਆਲ ਸਿੰਘ

ਦਮਨ ਅਤੇ ਦੀਊ : ਇਹ ਦੋ ਪ੍ਰਦੇਸ਼ ਭਾਰਤ ਦੇ ਗੁਜਰਾਤ ਤੱਟ ਉੱਤੇ ਇਕ ਕੇਂਦਰੀ ਸਾਸ਼ਤ ਪ੍ਰਦੇਸ਼ ਬਣਾਉਂਦੇ ਹਨ। ਆਜ਼ਾਦੀ ਤੋਂ ਪਿੱਛੋਂ ਪੁਰਤਗਾਲੀਆਂ ਨੇ ਗੋਆ ਦੇ ਨਾਲ-ਨਾਲ ਦਮਨ ਅਤੇ ਦੀਊ ਨੂੰ ਵੀ ਆਪਣੀ ਬਸਤੀ ਬਣਾ ਲਿਆ ਸੀ। ਪਹਿਲਾਂ ਇਹ ਸਾਬਕਾ ਕੇਂਦਰੀ ਸਾਸ਼ਤ ਪ੍ਰਦੇਸ਼ ਗੋਆ ਦਮਨ ਅਤੇ ਦੀਊ ਦਾ ਇਕ ਹਿੱਸਾ ਹੁੰਦਾ ਸੀ ਪਰ 30 ਮਈ, 1987 ਨੂੰ ਗੋਆ ਇਕ ਰਾਜ ਬਣ ਗਿਆ ਅਤੇ ਦਮਨ ਤੇ ਦੀਊ ਨੂੰ ਇਕ ਵੱਖਰਾ ਕੇਂਦਰੀ ਸਾਸ਼ਤ ਪ੍ਰਦੇਸ਼ ਬਣਾ ਦਿੱਤਾ ਗਿਆ।

ਦਮਨ ਮੁੰਬਈ (ਬੰਬਈ) ਦੇ ਉੱਤਰ ਵੱਲ ਲਗਭਗ 60 ਕਿ.ਮੀ. ਦੂਰ ਹੈ। ਇਸ ਦੇ ਉੱਤਰ ਵਿਚ ਕੋਲਕ ਦਰਿਆ, ਪੂਰਬ ਵਿਚ ਗੁਜਰਾਤ ਰਾਜ, ਦੱਖਣ ਵਿਚ ਕਲਾਈ ਦਰਿਆ ਅਤੇ ਪੱਛਮ ਵਿਚ ਕੈਂਬੇ ਦੀ ਖਾੜੀ ਹੈ। ਦੀਊ ਇਕ ਟਾਪੂ ਹੈ ਜਿਹੜਾ ਕਿ ਤਾੜ ਅਤੇ ਘੋਘਲਾ ਪਿੰਡਾਂ ਦੇ ਨੇੜੇ ਬਣੇ ਪੁਲਾਂ ਦੁਆਰਾ ਜੁੜਿਆ ਹੋਇਆ ਹੈ। ਇਸ ਟਾਪੂ ਦੇ ਗੁਆਂਢ ਵਿਚ ਗੁਜਰਾਤ ਰਾਜ ਦਾ ਜੂਨਾਗੜ੍ਹ ਜ਼ਿਲ੍ਹਾ ਲਗਦਾ ਹੈ । ਇਨ੍ਹਾਂ ਵਿਚੋਂ ਦਮਨ 72 ਵ.ਕਿ.ਮੀ. ਵਿਚ ਫੈਲਿਆ ਹੋਇਆ ਹੈ ਅਤੇ ਇਥੋਂ ਦੀ ਆਬਾਦੀ 62,101 (1991) ਹੈ ਜਦੋਂ ਕਿ ਦੀਊ 40 ਵ.ਕਿ.ਮੀ. ਵਿਚ ਫੈਲਿਆ ਹੋਇਆ ਹੈ ਅਤੇ ਇਥੋਂ ਦੀ ਆਬਾਦੀ 39,485 (1991) ਹੈ। ਦਮਨ ਸ਼ਹਿਰ ਇਸ ਦੀ ਰਾਜਧਾਨੀ ਹੈ।

ਇਥੋਂ ਦਾ ਸਿੰਜਿਆ ਰਕਬਾ 517.22 ਹੈਕ. ਹੈ ਜਿਸ ਵਿਚੋਂ 244.22 ਹੈਕ.ਦਮਨ ਅਤੇ 273 ਹੈਕ. ਦੀਊ ਵਿਚ ਹੈ। ਖੇਤੀਬਾੜੀ ਉਤਪਾਦਨ ਵਧਾਉਣ ਲਈ ਜਲ ਸਿੰਜਾਈ ਸਕੀਮਾਂ ਅਤੇ ਸਤ੍ਹਈ ਪਾਣੀ ਨੂੰ ਛੋਟੇ-ਛੋਟੇ ਜਲ ਸਿੰਜਾਈ ਸਮਰੱਥਾ ਵਾਲੇ ਪ੍ਰਾਜੈਕਟਾਂ ਰਾਹੀਂ ਦੂਹਰੀ ਫ਼ਸਲ ਅਧੀਨ ਖੇਤਰ ਨੂੰ ਵਧਾਉਣ ਦੀ ਤਜਵੀਜ਼ ਰੱਖੀ ਗਈ ਹੈ। ਇਹ ਤਾਂ ਹੀ ਕੀਤਾ ਜਾ ਸਕਦਾ ਹੈ ਜੇਕਰ ਬਰਸਾਤ-ਆਧਾਰਿਤ ਇਲਾਕਿਆਂ ਲਈ ਬਣੇ ਨੈਸ਼ਨਲ ਵਾਟਰਸ਼ੈੱਡ ਡੀਵੈਲਪਮੈਂਟ ਪ੍ਰਾਜੈਕਟ (ਐਨ.ਡਬਲਯੂ.ਡੀ.ਪੀ.) ਦੇ ਰਾਹੀਂ ਬਰਸਾਤ ਆਧਾਰਿਤ ਫਸਲਾਂ ਅਧੀਨ ਹੋਰ ਰਕਬਾ ਲਿਆਂਦਾ ਜਾਵੇ। ਇਥੇ ਝੋਨਾ, ਬਾਜਰਾ, ਜਵਾਰ, ਮੂੰਗਫਲੀ, ਦਾਲਾਂ, ਲੋਬੀਆ, ਕਣਕ ਰਾਗੀ ਆਦਿ ਫਸਲਾਂ ਦੀ ਪੈਦਾਵਾਰ ਹੁੰਦੀ ਹੈ। ਇਨ੍ਹਾਂ ਤੋਂ ਇਲਾਵਾ ਇਥੇ ਕੇਲਾ, ਅੰਬ, ਨਾਰੀਅਲ ਅਤੇ ਗੰਨੇ ਦੀ ਕਾਸ਼ਤ ਵੀ ਕੀਤੀ ਜਾਂਦੀ ਹੈ। ਇਥੇ ਕੋਈ ਵੱਡੇ ਜੰਗਲ ਨਹੀਂ ਹਨ।

ਇਥੇ 550 ਛੋਟੇ ਉਦਯੋਗ ਹਨ। ਰਿਗਨਵਾੜਾ ਵਿਖੇ ਬਹੁ-ਪ੍ਰਯੋਜਨੀ ਉਦਯੋਗਿਕ ਵਿਕਾਸ ਦੁਆਰਾ ਇਕ ਉਦਯੋਗਿਕ ਖੇਤਰ ਵਿਕਸਿਤ ਹੋ ਰਿਹਾ ਹੈ। ਦਭੇਲ, ਭੀਮਪੁਰ ਅਤੇ ਕੋਡੈਈਆ ਹੋਰ ਉਦਯੋਗਿਕ ਖੇਤਰ ਹਨ। ਸਾਰੇ ਪਿੰਡਾਂ ਵਿਚ ਬਿਜਲੀ ਪਹੁੰਚ ਚੁੱਕੀ ਹੈ। ਪੱਛਮੀ ਖੇਤਰ ਵਿਚ ਸਥਿਤ ਸੈਂਟਰਲ ਸੈਕਟਰ ਪਾਵਰ ਸਟੇਸ਼ਨ ਰਾਹੀਂ ਇਥੇ ਕਾਫ਼ੀ ਮਾਤਰਾ ਵਿਚ ਬਿਜਲੀ ਪ੍ਰਾਪਤ ਹੈ। ਦਮਨ ਵਿਚ ਦੋ 66/11 ਕਿਲੋਵਾਟ ਦੇ ਦੋ ਉਪ-ਸਟੇਸ਼ਨ ਹਨ। ਇਨ੍ਹਾਂ ਵਿਚੋਂ ਇਕ ਕਾਚੀਗਮ ਵਿਖੇ ਹੈ ਜਿਸ ਤੋਂ 30 ਮੈਗਾਵਾਟ ਬਿਜਲੀ ਪ੍ਰਾਪਤ ਹੁੰਦੀ ਹੈ। ਦੂਜਾ ਦਲਵਾੜਾ ਵਿਖੇ ਹੈ ਜਿਸ ਤੋਂ 20 ਮੈਗਾਵਾਟ ਬਿਜਲੀ ਪ੍ਰਾਪਤ ਹੁੰਦੀ ਹੈ। ਦੀਊ ਵਿਖੇ ਇਕ ਉਪ-ਸਟੇਸ਼ਨ ਹੈ ਜੋ 10 ਮੈਗਾਵਾਟ ਅਤੇ 66/11 ਕਿਲੋਵਾਟ ਬਿਜਲੀ ਪੈਦਾ ਕਰਦਾ ਹੈ ਅਤੇ ਇਹ ਇਥੇ ਵਿਕਸਿਤ ਹੋ ਰਹੇ ਸੈਰ-ਸਪਾਟਾ ਉਦਯੋਗ ਦੀ ਜ਼ਰੂਰਤ ਨੂੰ ਪੂਰਾ ਕਰਦਾ ਹੈ।

ਦਮਨ ਵਿਚ ਸੜਕਾਂ ਦੀ ਕੁੱਲ ਲੰਬਾਈ 183 ਕਿ.ਮੀ. ਅਤੇ ਦੀਊ ਵਿਚ 60 ਕਿ.ਮੀ. ਹੈ। ਦਮਨ ਅਤੇ ਦੀਊ ਵਿਚ ਕੋਈ ਰੇਲਵੇ ਸਟੇਸ਼ਨ ਨਹੀਂ ਹੈ। ਦਮਨ ਤੋਂ ਸਭ ਤੋਂ ਨੇੜੇ ਦਾ ਰੇਲਵੇ ਸਟੇਸ਼ਨ ਪੱਛਮੀ ਰੇਲਵੇ ਬੰਬਈ, ਦਿੱਲੀ ਰੇਲ ਲਾਈਨ ਉੱਤੇ ਵਾਪੀ ਹੈ ਜਦੋਂ ਕਿ ਦੀਊ ਤੋਂ ਸਭ ਤੋਂ ਨੇੜਲਾ ਰੇਲਵੇ ਸਟੇਸ਼ਨ ਦਲਵਾੜਾ ਹੈ ਜੋ ਮੀਟਰ ਗੇਜ ਤੇ ਹੈ। ਦਮਨ ਅਤੇ ਦੀਊ ਦੋਹਾਂ ਥਾਵਾਂ ਤੇ ਹਵਾਈ ਅੱਡੇ ਹਨ। ਬੰਬਈ ਤੋਂ ਦੀਊ ਵਿਚਕਾਰ ਲਗਾਤਾਰ ਹਵਾਈ ਸੇਵਾਂਵਾਂ ਉਪਲੱਬਧ ਹਨ।

ਸੰਨ 1991 ਵਿਚ ਇਥੇ 73.58 ਪ੍ਰਤੀਸ਼ਤ ਲੋਕ ਪੜ੍ਹੇ ਲਿਖੇ ਸਨ ਜਿਸ ਵਿਚੋਂ 85.67 ਪ੍ਰਤੀਸ਼ਤ ਆਦਮੀ ਅਤੇ 61.38 ਪ੍ਰਤੀਸ਼ਤ ਔਰਤਾਂ ਸਨ। ਸੰਨ 1996-97 ਵਿਚ ਇਥੇ 53 ਪ੍ਰਾਇਮਰੀ ਸਕੂਲ, 20 ਮਿਡਲ ਸਕੂਲ, 20 ਹਾਈ ਸਕੂਲ ਅਤੇ 3 ਹਾਇਰ ਸੈਕੰਡਰੀ ਸਕੂਲ ਸਨ। ਇਥੇ ਇਕ ਡਿਗਰੀ ਅਤੇ ਬਹੁ-ਤਕਨੀਕੀ ਕਾਲਜ ਵੀ ਹੈ।

ਦੇਵਕਾ ਬੀਚ, ਜੈਂਮਪੁਰ ਬੀਚ, ਕਾਚੀਗਨ ਤਲਾਅ, ਨਾਨੀ ਦਮਨ ਜੇਟੀ ਬਾਗ, ਪੁਰਾਣੇ ਗਿਰਜੇ, ਕਿਲੇ, ਲਾਈਟ ਹਾਊਸ ਅਤੇ ਸਮਰ ਹਾਊਸ ਦਮਨ ਦੀਆਂ ਸੈਰ ਸਪਾਟੇ ਵਾਲੀਆਂ ਪ੍ਰਸਿੱਧ ਥਾਵਾਂ ਹਨ ਜਦੋਂ ਕਿ ਦੀਊ ਵਿਚ ਜਲੈਂਡਰ ਬੀਚ, ਨਗੋਆ ਬੀਚ ਅਤੇ ਘੋਘਲਾ ਵਿਖੇ ਬੱਚਿਆਂ ਦਾ ਪਾਰਕ ਸੈਲਾਨੀਆਂ ਲਈ ਵਿਸ਼ੇਸ਼ ਤੌਰ ਤੇ ਖਿੱਚ ਦਾ ਕੇਂਦਰ ਹਨ।

ਹ. ਪੁ.- ਐਨ. ਬ੍ਰਿ. ਮਾ. 3 : 359; ਇੰਡੀਆ— 1995 : 838-840; ਸਟੇ. ਯੀ. ਬੁੱ. 1993-94:767

ਦਮਯੰਤੀ : ਵੇਖੋ, ਨਲ ਦਮਯੰਤੀ

ਦਮਾ : ਇਹ ਇਕ ਸਾਹ ਦੀ ਬੀਮਾਰੀ ਹੈ ਜਿਸ ਦੀ ਖ਼ਾਸ ਪਹਿਚਾਣ ਸਾਹ ਔਖਾ ਆਉਣਾ, ਖਾਂਸੀ ਉਠਣੀ ਅਤੇ ਸਾਹ ਦੀ ਰੁਕਾਵਟ ਕਰਕੇ ਛਾਤੀ ਵਿਚੋਂ ਆਵਾਜ਼ ਆਉਣੀ ਹੈ। ਦਮੇ ਕਰਕੇ ਛਾਤੀ ਵਿਚ ਘੁਟਣ ਮਹਿਸੂਸ ਹੁੰਦੀ ਹੈ। ਇਸ ਰੋਗ ਵਿਚ ਸਾਹ ਦੀ ਨਾਲੀ ਅਤੇ ਛਾਤੀ ਵਿਚ ਸਾਹ ਦੀਆਂ ਛੋਟੀਆਂ ਨਾਲੀਆਂ ਭੀੜੀਆਂ ਹੋ ਜਾਂਦੀਆਂ ਹਨ ਜਿਸ ਕਰਕੇ ਸਾਹ ਲੈਣਾ ਔਖਾ ਹੋ ਜਾਂਦਾ ਹੈ। ਬਾਰ-ਬਾਰ ਦਮੇ ਦੇ ਦੌਰੇ ਪੈਣ ਕਰਕੇ ਛਾਤੀ ਵਿਚ ਸੋਜ ਹੋ ਜਾਂਦੀ ਹੈ ਅਤੇ ਫੇਫੜਿਆਂ ਦੀਆਂ ਨਾਲੀਆਂ ਵੀ ਭੀੜੀਆਂ ਹੋ ਜਾਂਦੀਆਂ ਹਨ ਜਿਸ ਕਰਕੇ ਸਾਹ ਲੈਣਾ ਹੋਰ ਵੀ ਔਖਾ ਹੋ ਜਾਂਦਾ ਹੈ। ਦਮੇ ਦੇ ਕੀ ਕਾਰਨ ਹਨ ਇਸ ਬਾਰੇ ਬਹੁਤ ਘੱਟ ਜਾਣਕਾਰੀ ਉਪਲੱਬਧ ਹੈ। ਦਮੇ ਦੇ ਕਾਰਨਾਂ ਬਾਰੇ ਵਧੇਰੇ ਜਾਣਕਾਰੀ ਇਸ ਕਰਕੇ ਵੀ ਨਹੀਂ ਮਿਲਦੀ ਕਿ ਕਈ ਵਾਰੀ ਤਾਂ ਆਪਣੇ ਆਪ ਬਿਨਾਂ ਕਾਰਨ ਤੋਂ ਦਮਾ ਉਠ ਖੜ੍ਹਦਾ ਹੈ ਅਤੇ ਕਦੇ ਕੋਈ ਚੀਜ਼ ਇਸ ਦਾ ਕਾਰਨ ਬਣ ਜਾਂਦੀ ਹੈ ਜਿਵੇਂ ਧੂੜ ਅਤੇ ਗਰਦਾ, ਖੁਸ਼ਬੂਆਂ, ਸੈਂਟ, ਠੰਡੀ ਹਵਾ, ਦਿਮਾਗੀ ਪਰੇਸ਼ਾਨੀ ਆਦਿ। ਕਈ ਵਾਰੀ ਸਾਧਾਰਣ ਨਜ਼ਲਾ ਜ਼ੁਕਾਮ ਵਿਗੜ ਕੇ ਵੀ ਦਮਾ ਹੋ ਸਕਦਾ ਹੈ। ਵਧੇਰੇ ਮਰੀਜ਼ਾਂ ਵਿਚ ਅਲਰਜੀ ਇਕ ਮਹੱਤਵਪੂਰਨ ਕਾਰਨ ਸਮਝਿਆ ਜਾਂਦਾ ਹੈ। ਸਾਹ ਪ੍ਰਣਾਲੀ ਦੀ ਰੁਕਾਵਟ ਅੰਦਰੋਂ ਹੀ ਨਿਕਲੇ ਕਈ ਰਸਾਇਣਾਂ ਕਰਕੇ ਹੁੰਦੀ ਹੈ ਜਿਵੇਂ ਹਿਸਟਾਮੀਨ ਬਰੈਡੀਕਾਈਨੀਨ ਪਰੋਸਾਗਲੈਨਡੀਨ ਆਦਿ। ਜਦੋਂ ਦਮੇ ਦਾ ਦੌਰਾ ਪੈਂਦਾ ਹੈ ਤਾਂ ਸਾਹ ਦੀਆਂ ਨਾਲੀਆਂ ਭੀੜੀਆਂ ਹੋ ਜਾਂਦੀਆਂ ਹਨ। ਉਨ੍ਹਾਂ ਵਿਚ ਬਲਗਮ ਇਕੱਠੀ ਹੋ ਜਾਂਦੀ ਹੈ ਖ਼ੂਨ ਦੀਆਂ ਨਾੜੀਆਂ ਵਿਚ ਖ਼ੂਨ ਉਤਰ ਆਉਂਦਾ ਹੈ। ਇਸ ਦਮੇ ਦਾ ਇਲਾਜ ਤਾਂ ਹੀ ਸੰਭਵ ਹੈ ਜੇ ਕਿਸੇ ਦਵਾਈ ਨਾਲ ਇਹ ਸਾਰਾ ਕੁਝ ਠੀਕ ਕੀਤਾ ਜਾ ਸਕੇ। ਦਮੇ ਦੇ ਦੌਰੇ ਨੌਜਵਾਨਾਂ ਵਿਚ ਆਮ ਅਤੇ ਇਸ ਤੋਂ ਵੀ ਵੱਧ ਬੱਚਿਆਂ ਵਿਚ ਵੇਖੇ ਜਾਂਦੇ ਹਨ। ਆਦਮੀ ਅਤੇ ਔਰਤਾਂ ਵਿਚ ਦਮੇ ਦੇ ਦੌਰੇ ਇਕੋ ਹੀ ਦਰ ਨਾਲ ਪੈਂਦੇ ਹਨ। ਕਿਸੇ ਵੀ ਆਬਾਦੀ ਵਿਚ 4-5% ਲੋਕ ਦਮੇ ਨਾਲ ਪ੍ਰਭਾਵਿਤ ਹੁੰਦੇ ਹਨ। ਕਈ ਮਰੀਜ਼ਾਂ ਵਿਚ ਦਮੇ ਦਾ ਰੋਗ ਪੈਦਾ ਹੋਣ ਦੀ ਕੁਦਰਤੀ ਰੁਚੀ ਅਤੇ ਪਰਵਿਰਤੀ ਹੁੰਦੀ ਹੈ। ਇਹ ਜਾਣਨ ਲਈ ਜੇ ਅਜਿਹੇ ਮਰੀਜ਼ ਨੂੰ 5-10 ਮਿੰਟ ਲਈ ਲਗਾਤਾਰ ਕਸਰਤ ਕਰਵਾਈ ਜਾਵੇ ਤਾਂ ਦਮੇ ਦਾ ਹਮਲਾ ਹੋ ਸਕਦਾ ਹੈ। ਇਸ ਤਰ੍ਹਾਂ ਦਮਾ ਪਰਤੱਖ ਹੋ ਜਾਂਦਾ ਹੈ ਕਿਉਂਕਿ ਜਿਸਮ ਵਿਚ ਗਰਮੀ ਅਤੇ ਪਾਣੀ ਦੀ ਘਾਟ ਹੋ ਜਾਂਦੀ ਹੈ। ਕਈ ਮਰੀਜ਼ਾਂ ਵਿਚ ਤਿੰਨ ਬੀਮਾਰੀਆਂ ਦਾ ਤਿਕੋਨ ਵੇਖਿਆ ਜਾਂਦਾ ਹੈ ਜਿਸ ਵਿਚ ਦਮੇ ਦਾ ਦੌਰਾ, ਐਸਪਰਿਨ ਨਾਮੀ ਦਵਾਈ ਕਰਕੇ ਅਲਰਜੀ ਅਤੇ ਨੱਕ ਵਿਚ ਸੋਜ ਹੋ ਜਾਂਦੀ ਹੈ। ਕਈ ਵਾਰੀ ਵਾਤਾਵਰਣ ਵੀ ਦਮੇ ਦੇ ਰੋਗ ਨੂੰ ਵਧਾਉਂਦਾ ਹੈ। ਕਿਸੇ ਫੈਕਟਰੀ ਜਾਂ ਕਿਸੇ ਅਜਿਹੇ ਕੰਮ ਧੰਦੇ ਵਿਚ ਜਿਥੇ ਕਿਸੇ ਚੀਜ਼ ਤੋਂ ਅਲਰਜੀ ਹੋਵੇ ਤਾਂ ਦਮਾ ਹੋ ਸਕਦਾ ਹੈ। ਮੌਸਮ, ਦਵਾਈਆਂ ਅਤੇ ਦਿਲ ਦੀਆਂ ਬੀਮਾਰੀਆਂ ਕਰਕੇ ਵੀ ਦਮਾ ਹੋ ਸਕਦਾ ਹੈ।

ਦਮੇ ਦੇ ਲੱਛਣ ਬਿਲਕੁਲ ਸਾਫ ਨਜ਼ਰ ਆਉਂਦੇ ਹਨ ਜਿਵੇਂ ਕਿ ਸਾਹ ਲੈਣ ਵਿਚ ਔਖ ਅਤੇ ਰੁਕਾਵਟ ਆਉਂਦੀ ਹੈ। ਛਾਤੀ ਵਿਚੋਂ ਸਾਹ ਦੇ ਰਗੜ ਦੀ ਆਵਾਜ਼ ਸੁਣਾਈ ਦਿੰਦੀ ਹੈ। ਬਾਰ ਬਾਰ ਖਾਂਸੀ ਉਠਦੀ ਹੈ। ਦਮੇ ਦੇ (ਅਟੈਕ) ਹਮਲੇ ਦੀ ਸੰਭਾਵਨਾ ਵਧੇਰੇ ਰਾਤ ਨੂੰ 2 ਵਜੇ ਤੋਂ ਲੈ ਕੇ ਸਵੇਰੇ ਪੰਜ ਵਜੇ ਤੱਕ ਰਹਿੰਦੀ ਹੈ। ਉਸ ਵਕਤ ਜਿਸਮ ਵਿਚ ਕੁਝ ਅਜਿਹੇ ਰਸਾਇਣ ਬਣਦੇ ਹਨ ਜਿਨ੍ਹਾਂ ਕਰਕੇ ਦਮਾ ਹੋ ਸਕਦਾ ਹੈ। ਦਮੇ ਦਾ ਦੌਰਾ ਜਾਚਣ ਲਈ ਕਈ ਤਰ੍ਹਾਂ ਦੇ ਟੈਸਟ ਕਰਵਾਏ ਜਾਂਦੇ ਹਨ ਜਿਵੇਂ ਖ਼ੂਨ ਦਾ ਟੈਸਟ, ਥੁੱਕ ਦਾ ਟੈਸਟ ਅਤੇ ਸਾਹ ਪ੍ਰਣਾਲੀ ਕਿਰਿਆ ਦਾ ਮਸ਼ੀਨੀ ਟੈਸਟ। ਇਹ ਮਸ਼ੀਨੀ ਟੈਸਟ ਇਕ ਕੰਪਿਊਟਰ ਮਸ਼ੀਨ ਉੱਤੇ ਹੁੰਦਾ ਹੈ। ਇਹ ਮਸ਼ੀਨ ਸਾਹ ਦੀ ਰੁਕਾਵਟ ਦੇ ਕਾਰਨ ਬਾਰੇ ਪੂਰੀ ਜਾਣਕਾਰੀ ਦਿੰਦੀ ਹੈ। ਇਹ ਜਾਣਕਾਰੀ ਡਾਕਟਰਾਂ ਨੂੰ ਇਲਾਜ ਕਰਨ ਵਿਚ ਸਹਾਈ ਹੁੰਦੀ ਹੈ। ਇਸ ਤੋਂ ਇਲਾਵਾ ਛਾਤੀ ਦਾ ਐਕਸ-ਰੇ ਅਤੇ ਕਈ ਤਰ੍ਹਾਂ ਦੇ ਖ਼ੂਨ ਦੇ ਟੈਸਟ ਕੀਤੇ ਜਾਂਦੇ ਹਨ ਜੋ ਕਾਫੀ ਮਹਿੰਗੇ ਹਨ ਅਤੇ ਜਿਨ੍ਹਾਂ ਲਈ ਕਾਫ਼ੀ ਸਮਾਂ ਅਤੇ ਧਿਆਨ ਲੋੜੀਂਦਾ ਹੈ। ਜੇ ਦਮੇ ਦੇ ਰੋਗ ਦਾ ਸਹੀ ਇਲਾਜ ਨਾ ਕੀਤਾ ਜਾਵੇ ਜਾਂ ਇਲਾਜ ਨਾ ਕਰਵਾਇਆ ਜਾਵੇ ਤਾਂ ਕਈ ਤਰ੍ਹਾਂ ਦੀਆਂ ਉਲਝਣਾਂ ਪੈਦਾ ਹੋ ਜਾਂਦੀਆਂ ਹਨ ਜਿਨ੍ਹਾਂ ਕਰਕੇ ਦਿਲ ਦੀ ਬੀਮਾਰੀ, ਬੇਹੋਸ਼ੀ ਦੇ ਦੌਰੇ ਅਤੇ ਛਾਤੀ ਵਿਚ ਰੋਗਾਣੂ ਜੜ੍ਹ ਫੜ ਲੈਂਦੇ ਹਨ। ਅਮਰੀਕਾ ਵਿਚ ਹਰ ਸਾਲ 4500 ਬੰਦੇ ਦਮੇ ਕਾਰਨ ਮਰ ਜਾਂਦੇ ਹਨ। ਜ਼ਿਆਦਾਤਰ ਗਰੀਬ ਆਦਮੀ ਇਲਾਜ ਨਾ ਕਰਵਾਉਣ ਕਰਕੇ ਹੱਥੋਂ ਜਾਨ ਗਵਾ ਬੈਠਦੇ ਹਨ। ਭਾਰਤ ਵਿਚ ਮਰਨ ਵਾਲਿਆਂ ਦੀ ਗਿਣਤੀ ਦੁਗਣੀ ਤਿਗਣੀ ਹੋ ਸਕਦੀ ਹੈ। ਦਮੇ ਤੋਂ ਬਚਣ ਲਈ ਕਈ ਪਰਹੇਜ਼ ਦੱਸੇ ਜਾਂਦੇ ਹਨ ਜਿਵੇਂ ਸਾਫ਼ ਤਾਜ਼ੀ ਹਵਾ ਵਿਚ ਰਹਿਣਾ, ਕੰਮ ਕਾਜ ਸਾਫ਼ ਸੁਥਰੇ ਮਾਹੌਲ ਵਿਚ ਕਰਨਾ ਅਤੇ ਦਿਮਾਗੀ ਪਰੇਸ਼ਾਨੀ ਤੋਂ ਬਚਣਾ ਪਰ ਸਭ ਤੋਂ ਮਹੱਤਵਪੂਰਨ ਹੈ ਕਿ ਦਮੇ ਦਾ ਸਹੀ ਮੁਆਇਨਾ ਕਰਵਾ ਕੇ ਡਾਕਟਰੀ ਇਲਾਜ ਕੀਤਾ ਜਾਵੇ। ਇਲਾਜ ਪੱਖੋਂ ਦਮੇ ਦੀਆਂ ਦੋ ਕਿਸਮਾਂ ਮੰਨੀਆਂ ਜਾਂਦੀਆਂ ਹਨ (1) ਸਾਧਾਰਣ ਦਮਾ ਜਿਸ ਵਿਚ ਸਾਹ ਲੈਣ ਲਈ ਰੁਕਾਵਟ ਤਾਂ ਹੁੰਦੀ ਹੈ ਪਰ ਮਰੀਜ਼ ਸਾਧਾਰਣ ਦਵਾਈ ਨਾਲ ਹੀ ਠੀਕ ਹੋ ਜਾਂਦਾ ਹੈ। ਇਸ ਵਾਸਤੇ ਕਈ ਤਰ੍ਹਾਂ ਦੀਆਂ ਦਵਾਈਆਂ ਮਿਲਦੀਆਂ ਹਨ ਜਿਨ੍ਹਾਂ ਰਾਹੀਂ ਦਮਾ ਕਾਬੂ ਵਿਚ ਰੱਖਿਆ ਜਾ ਸਕਦਾ ਹੈ। (2) ਦੂਜੀ ਕਿਸਮ ਦਾ ਦਮਾ ਦਰਮਿਆਨਾ ਜਾਂ ਦਰਮਿਆਨੇ ਤੋਂ ਗੰਭੀਰ ਹਾਲਤ ਵਾਲਾ ਸਮਝਿਆ ਜਾਂਦਾ ਹੈ ਅਜਿਹੇ ਮਰੀਜ਼ ਨੂੰ ਹਸਪਤਾਲ ਵਿਚ ਦਾਖ਼ਲ ਕਰਨਾ ਪੈਂਦਾ ਹੈ। ਗੋਲੀਆਂ, ਸਾਹ ਰਾਹੀਂ ਦਵਾਈਆਂ ਅਤੇ ਆੱਕਸੀਜਨ ਤੋਂ ਇਲਾਵਾ ਖ਼ੂਨ ਦੀਆਂ ਨਾੜੀਆਂ ਵਿਚ ਵੀ ਦਵਾਈ ਦੇਣੀ ਪੈਂਦੀ ਹੈ। ਜਦੋਂ ਮਰੀਜ਼ ਠੀਕ ਹੋ ਜਾਵੇ ਤਾਂ ਉਸ ਨੂੰ ਕਿਸੇ ਇਕ

ਦਵਾਈ ਦੀ ਸਦਾ ਲਈ ਵਰਤੋਂ ਦਸ ਕੇ ਆਮ ਜ਼ਿੰਦਗੀ ਬਤੀਤ ਕਰਨ ਲਈ ਸਮਝਾਇਆ ਜਾਂਦਾ ਹੈ। ਇਲਾਜ ਵਿਚ ਨਾਲ ਲਗਦੀਆਂ ਸਮੱਸਿਆਵਾਂ ਜਿਵੇਂ ਕਿਸੇ ਕੀਟਾਣੂ ਨੂੰ ਖ਼ਤਮ ਕਰਨਾ, ਅਲਰਜੀ ਤੋਂ ਬਚਣਾ ਜਾਂ ਅਲਰਜੀ ਖ਼ਤਮ ਕਰਨ ਦੀ ਕੋਸ਼ਿਸ਼ ਕਰਨਾ ਆਦਿ ਇਲਾਜ ਦਾ ਹਿੱਸਾ ਹਨ।

ਜੇ ਮਰੀਜ਼ ਡਾਕਟਰਾਂ ਦੀ ਰਾਇ ਅਨੁਸਾਰ ਚਲਦਾ ਰਹੇ ਤਾਂ ਦਮੇ ਦੇ ਹਮਲੇ ਘਟ ਜਾਂਦੇ ਹਨ ਅਤੇ ਕਈ ਵਾਰੀ ਦਵਾਈ ਸਮੇਂ ਸਿਰ ਲੈਂਦੇ ਰਹਿਣ ਨਾਲ ਨਹੀਂ ਵੀ ਹੁੰਦੇ। ਸੋ ਦਮਾ ਕੋਈ ਜਾਨ ਲੇਵਾ ਬੀਮਾਰੀ ਨਹੀਂ। ਚਾਹੇ ਇਸ ਦੇ ਕਾਰਨ ਨਹੀਂ ਪਤਾ ਲਗ ਸਕਦੇ ਪਰ ਇਲਾਜ਼ ਸੰਭਵ ਜ਼ਰੂਰ ਹੈ ਜੋ ਮਰੀਜ਼ ਨੂੰ ਠੀਕ ਕਰ ਸਕਦਾ ਹੈ। ਪੱਕੇ ਤੌਰ ਉੱਤੇ ਠੀਕ ਕਰ ਦੇਣਾ ਅਜੇ ਸੰਭਵ ਨਹੀਂ ਪਰ ਸਹੀ ਇਲਾਜ ਅਤੇ ਦਵਾਈ ਦੀ ਸਹੀ ਵਰਤੋਂ ਨਾਲ ਮਰੀਜ਼ ਠੀਕ-ਠਾਕ ਤੇ ਤੰਦਰੁਸਤ ਰਹਿ ਸਕਦਾ ਹੈ।

—ਡਾ. ਹਰਿੰਦਰ ਸਿੰਘ ਮਨੀਸ਼

ਦਮਿਸ਼ਕ (**Damascus**) : ਇਹ ਸੀਰੀਆ ਅਤੇ ਇਸੇ ਹੀ ਨਾਂ ਦੇ ਮੁਹਾਫ਼ਜ਼ੇ ਦੀ ਰਾਜਧਾਨੀ ਅਤੇ ਦੇਸ਼ ਦਾ ਸਭ ਤੋਂ ਵੱਡਾ ਸ਼ਹਿਰ ਹੈ ਜੋ ਬੈਰੂਤ ਦੇ ਦੱਖਣ-ਪੂਰਬ ਵੱਲ ਕੈਸਿਊਂ ਪਹਾੜ ਦੇ ਪੈਰਾਂ ਵਿਚ ਸਥਿਤ ਅਲ-ਗੁਤਾਹ ਨਖ਼ਲਿਸਤਾਨ ਵਿਚ ਸਥਿਤ ਹੈ। ਇਸ ਨੂੰ 'ਪੂਰਬ ਦਾ ਮੋਤੀ', 'ਕਈ ਥੰਮ੍ਹਾਂ ਵਾਲਾ ਸ਼ਹਿਰ', 'ਕਾਬੇ ਦਾ ਦਰਵਾਜ਼ਾ' ਕਿਹਾ ਜਾਂਦਾ ਹੈ। ਬਹੁਤ ਸਾਰੇ ਵਿਦਵਾਨਾਂ ਦਾ ਮੱਤ ਹੈ ਕਿ ਸ਼ਾਇਦ ਇਹ ਦੁਨੀਆ ਦਾ ਸਭ ਤੋਂ ਪੁਰਾਣਾ ਸ਼ਹਿਰ ਹੈ। ਪ੍ਰਾਚੀਨ ਸਮਿਆਂ ਵਿਚ ਕਾਬੇ ਵੱਲ ਨੂੰ ਜਾਣ ਵਾਲੇ ਹਾਜੀ ਇਸੇ ਸ਼ਹਿਰ ਤੋਂ ਆਪਣੀ ਧਾਰਮਿਕ ਯਾਤਰਾ ਸ਼ੁਰੂ ਕਰਿਆ ਕਰਦੇ ਸਨ। ਇਹ ਸ਼ਹਿਰ ਸੜਕਾਂ ਰਾਹੀਂ ਅਲੈਪੋ, ਬੈਰੂਤ, ਲੈਬਨਾਨ, ਅਮਾਨ ਅਤੇ ਜਾਰਡਨ ਨਾਲ ਅਤੇ ਮਾਰੂਥਲੀ ਰਸਤਿਓਂ ਇਰਾਕ ਵਿਚ ਬਗ਼ਦਾਦ ਨਾਲ ਜੁੜਿਆ ਹੋਇਆ ਹੈ। ਇਹ ਸ਼ਹਿਰ ਵਧੇਰੇ ਕਰਕੇ ਬਾਰਦਾ ਦਰਿਆ ਕਰ ਕੇ ਹੀ ਹੋਂਦ ਵਿਚ ਆਇਆ ਹੈ ਅਤੇ ਇਸੇ ਦਰਿਆ ਤੋਂ ਹੀ ਸ਼ਹਿਰ ਨੂੰ ਪਾਣੀ ਮੁਹੱਈਆ ਹੁੰਦਾ ਹੈ।

ਇਥੋਂ ਦੀ ਵਧੇਰੇ ਆਬਾਦੀ ਅਰਬੀ ਮੁਸਲਮਾਨਾਂ ਦੀ ਹੈ। ਇਸ ਤੋਂ ਬਿਨਾਂ ਕੁਝ ਗਿਣਤੀ ਵਿਚ ਅਰਬੀ ਈਸਾਈ ਲੋਕ ਵੀ ਰਹਿੰਦੇ ਹਨ। ਸੰਨ 1948 ਤੋਂ ਮਗਰੋਂ ਇਥੋਂ ਦੇ ਬਹੁਤ ਸਾਰੇ ਯਹੂਦੀ ਪਰਿਵਾਰ ਇਜ਼ਰਾਈਲ ਜਾ ਕੇ ਵਸ ਗਏ ਹਨ। ਕੁਰਦ, ਅਲਜੀਰੀਆਈ, ਫ਼ਾਰਸੀ, ਅਫ਼ਗਾਨ ਅਤੇ ਤੁਰਕਮਾਨਾਂ ਦੀ ਵਸੋਂ ਨੇ ਇਸ ਨੂੰ ਸਰਬਦੇਸ਼ੀ ਸ਼ਹਿਰ ਦਾ ਦਰਜਾ ਦੇ ਦਿੱਤਾ ਹੈ।

ਇਥੋਂ ਦੀ ਵਧੇਰੇ ਮਹੱਤਤਾ 732 ਈ. ਪੂ. ਵਿਚ ਆਰ-ਮੀਨੀਆਈ ਰਾਜ ਦੀ ਰਾਜਧਾਨੀ ਬਣਨ ਨਾਲ ਹੋਈ। ਸਿਨੋਕਸੀਆ ਅਧੀਨ ਇਸ ਨੂੰ ਕੋਈ ਵਧੇਰੇ ਪ੍ਰਸਿੱਧੀ ਹਾਸਲ ਨਾ ਹੋਈ ਪਰ 64 ਈ. ਪੂ. ਰੋਮਨਾਂ ਅਧੀਨ ਆਉਣ ਮਗਰੋਂ ਇਸ ਸ਼ਹਿਰ ਨੇ ਬੜੀ ਉੱਨਤੀ ਕੀਤੀ। ਬਾਜ਼ਨਤੀਨੀਆਂ ਅਧੀਨ ਵੀ ਸ਼ਹਿਰ ਦਾ ਕਾਫ਼ੀ ਵਿਕਾਸ ਹੋਇਆ। 636 ਈ.ਪੂ. ਵਿਚ ਅਰਬੀ ਮੁਸਲਮਾਨਾਂ ਨੇ ਹਮਲਾ ਕਰਕੇ ਇਸ ਨੂੰ ਈਸਾਈਆਂ ਹੱਥੋਂ ਖੋਹ ਕੇ ਆਪਣੇ ਕਬਜ਼ੇ ਵਿਚ ਕਰ ਲਿਆ। ਕੁਝ ਸਦੀਆਂ ਬਾਅਦ ਜਦੋਂ ਅਰਬ ਦੀ ਥਾਂ ਤੇ ਸੀਰੀਆ ਮੁਸਲਮਾਨੀ ਤਾਕਤ ਦਾ ਗੜ੍ਹ ਬਣਿਆ ਤਾਂ ਦਮਿਸ਼ਕ ਦੀ ਸ਼ਾਨ ਸਿਖਰਾਂ ਤਕ ਪੁੱਜ ਗਈ। ਉਮਈਆ ਖ਼ਾਨਦਾਨ (661-750 ਈ.ਪੂ.) ਦੇ ਬਾਨੀ ਮੁਆਣੀਆਂ ਨੇ ਇਸ ਨੂੰ ਆਪਣੀ ਰਾਜਧਾਨੀ ਬਣਾ ਲਿਆ। ਇਸ ਤਰ੍ਹਾਂ ਇਹ ਛੇਤੀ ਹੀ ਸਮੁੱਚੀ ਮੁਸਲਿਮ ਦੁਨੀਆ ਦਾ ਰਾਜਧਾਨੀ ਸ਼ਹਿਰ ਬਣ ਗਿਆ। ਇਸ ਸਮੇਂ ਮੁਸਲਮਾਨਾਂ ਦਾ ਇਲਾਕਾ ਕੁਝ ਸਮੇਂ ਲਈ ਪਿਰਾਨੀਜ਼ ਪਰਬਤ ਲੜੀ ਤੋਂ ਲੈ ਕੇ ਭਾਰਤ ਤਕ ਫੈਲਿਆ ਹੁੰਦਾ ਸੀ। ਪਿਛੋਂ ਇਹ ਇਕ ਪ੍ਰਾਂਤ ਜਾਂ ਇਕ ਛੋਟੇ ਜਿਹੇ ਖ਼ਾਨਦਾਨ ਦੀ ਰਾਜਧਾਨੀ ਬਣ ਗਿਆ। ਛੇਤੀ ਹੀ ਜਹਾਦਾਂ ਦੀ ਵਿਰੋਧਤਾ ਕਰਨ ਦਾ ਕੇਂਦਰ ਬਣ ਜਾਣ ਕਾਰਨ ਇਸ ਨੇ ਮੁੜ ਆਪਣੀ ਪਹਿਲਾਂ ਵਾਲੀ ਪ੍ਰਸਿੱਧੀ ਹਾਸਲ ਕਰ ਲਈ। ਇਸ ਤੋਂ ਬਾਅਦ ਮੰਗੋਲ ਹਮਲੇ ਵੀ ਦਮਿਸ਼ਕ ਦੀ ਮਹੱਤਤਾ ਨੂੰ ਘਟਾ ਨਾ ਸਕੇ। ਸੰਨ 1516 ਤੋਂ ਇਸ ਉੱਤੇ ਉਸਮਾਨੀਆਂ ਦਾ ਅਧਿਕਾਰ ਹੋ ਗਿਆ ਪਰ 1918 ਈ. ਵਿਚ ਐਂਗਲੋ-ਅਰਬੀ ਤਾਕਤਾਂ ਨੇ ਇਨ੍ਹਾਂ ਉੱਤੇ ਹਮਲਾ ਕਰ ਕੇ ਸ਼ਹਿਰ ਨੂੰ ਆਜ਼ਾਦ ਕਰਵਾ ਲਿਆ। ਸੰਨ 1920 ਵਿਚ ਇਹ ਕੁਝ ਸਮੇਂ ਲਈ ਇਕ ਸੀਰੀਆਈ ਰਾਜ ਦਾ ਸ਼ਹਿਰ ਬਣਿਆ ਪਰ ਫਰਾਂਸ ਨੇ ਉਸ ਰਾਜ ਨੂੰ ਬਿਲਕੁਲ ਹੀ ਖ਼ਤਮ ਕਰ ਦਿੱਤਾ। ਇਹ ਫ਼ਰਾਂਸ ਦੇ ਸ਼ਾਸਕ ਆਦੇਸ਼ ਅਧੀਨ ਵੀ ਇਕ ਸੀਰੀਆਈ ਰਾਜਧਾਨੀ ਸ਼ਹਿਰ ਰਿਹਾ। ਅਗਲੇ ਦਹਾਕਿਆਂ ਵਿਚ ਇਹ ਅਰਬ ਰਾਸ਼ਟਰੀ ਲਹਿਰ ਦਾ ਕੇਂਦਰ ਰਿਹਾ। ਸੰਨ 1946 ਵਿਚ ਆਜ਼ਾਦੀ ਪ੍ਰਾਪਤ ਕਰਨ ਮਗਰੋਂ ਇਹ ਸੀਰੀਆਈ ਅਰਬ ਗਣਰਾਜ ਦਾ ਰਾਜਧਾਨੀ ਸ਼ਹਿਰ ਬਣ ਗਿਆ।

ਇਥੋਂ ਦਾ ਉਦਯੋਗ ਜੜਾਊ ਕੰਮ, ਲੱਕੜੀ ਤੇ ਨਕਾਸ਼ੀ, ਜ਼ੇਵਰ ਬਣਾਉਣ ਅਤੇ ਜ਼ਰੀ ਦਾ ਕੱਪੜਾ ਆਦਿ ਦਸਤਕਾਰੀਆਂ ਉੱਤੇ ਆਧਾਰਤ ਹੈ। ਇਨ੍ਹਾਂ ਤੋਂ ਇਲਾਵਾ ਇਥੇ ਸੀਮਿੰਟ, ਖਾਦ-ਪਦਾਰਥਾਂ ਦੀ ਪ੍ਰੋਸੈਸਿੰਗ, ਫਰਨੀਚਰ ਅਤੇ ਸ਼ੀਸ਼ੇ ਦੇ ਉਦਯੋਗ ਵੀ ਕਾਫ਼ੀ ਵਿਕਸਤ ਹੋ ਗਏ ਹਨ। ਕੱਪੜਾ ਬਣਾਉਣ ਦੇ ਉਦਯੋਗ ਨੂੰ ਵੀ ਭਰਵਾਂ ਹੁੰਗਾਰਾ ਮਿਲਿਆ ਹੈ।

ਦਮਿਸ਼ਕ ਦਾ ਪੁਰਾਣਾ ਸ਼ਹਿਰ ਦਰਿਆ ਦੇ ਦੱਖਣੀ ਹਿੱਸੇ ਵੱਲ ਵਾਕਿਆ ਹੈ ਇਸ ਵਿਚ ਪ੍ਰਮੁੱਖ ਮਸਜਿਦਾਂ, ਸਰਾਵਾਂ ਅਤੇ ਬਜ਼ਾਰ ਬਣੇ ਹੋਏ ਹਨ। ਇਨ੍ਹਾਂ ਵਿਚੋਂ 705 ਈ.ਪੂ. ਦੀ ਬਣੀ ਮਹਾਨ ਉਮਈਆ ਮਸਜਿਦ ਵਿਸ਼ੇਸ਼ ਤੌਰ ਤੇ ਵਰਣਨਯੋਗ ਹੈ। ਸੰਨ 1929 ਤੋਂ ਬਾਅਦ ਹੀ ਨਵੇਂ ਸ਼ਹਿਰ ਨੂੰ ਤਿਆਰ ਕਰਨ ਹਿਤ ਯੋਜਨਾਵਾਂ ਬਣੀਆਂ। ਘਰਾਂ ਅੰਦਰ ਵਿਹੜੇ ਰੱਖਣ ਦਾ ਰਿਵਾਜ ਪੁਰਾਣੇ ਸ਼ਹਿਰ ਵਾਂਗ ਨਵੇਂ ਸ਼ਹਿਰ ਵਿਚ ਵੀ ਬਰਕਰਾਰ ਹੈ।

ਸੰਨ 1903 ਵਿਚ ਦਮਿਸ਼ਕ ਯੂਨੀਵਰਸਿਟੀ ਦੀ ਸਥਾਪਨਾ ਹੋਈ। ਸੰਨ 1919 ਵਿਚ ਸਥਾਪਿਤ ਹੋਈ ਅਰਬ ਅਕਾਦਮੀ ਦੇ ਵਿਚ ਹੀ ਅਜ਼ ਜ਼ਹੇਰੀਆ ਨੈਸ਼ਨਲ ਲਾਇਬ੍ਰੇਰੀ ਬਣੀ ਹੋਈ ਹੈ। ਸੰਨ 1921 ਵਿਚ ਇਥੇ ਰਾਸ਼ਟਰੀ ਅਜਾਇਬ ਘਰ ਸਥਾਪਿਤ ਹੋਇਆ।

ਸ਼ਹਿਰ ਤੋਂ 31 ਕਿ. ਮੀ. (19 ਮੀਲ) ਦੀ ਦੂਰੀ ਤੇ ਹਵਾਈ ਅੱਡਾ ਹੈ।

ਆਬਾਦੀ-22,70,000 (1999)

33° 31' ਉ.ਵਿਥ.; 36°18' ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 3 : 864; ਐਨ. ਬ੍ਰਿ. 5 : 447; ਐਨ. ਅਮੇ. 8 : 455; ਸਟੇ. ਯੀ. ਬੁੱ. 2002 : 1526

ਦਮਿਤਰੀਅਸ (ਪਹਿਲਾ ਸੋਟਰ) : ਇਹ ਸੀਰੀਆ ਦਾ ਇਕ ਬਾਦਸ਼ਾਹ ਸੀ ਜਿਸ ਨੇ 162 ਤੋਂ 150 ਈ. ਪੂ. ਤੱਕ ਸੀਰੀਆ ਉੱਤੇ ਰਾਜ ਕੀਤਾ ਸੀ। ਇਸ ਦਾ ਜਨਮ 187 ਈ. ਪੂ. ਵਿਚ ਹੋਇਆ। ਇਹ ਸਿਲੋਕਸ ਬੰਸ ਦੇ ਸ਼ਾਸਕਾਂ ਵਿਚੋਂ ਇਕ ਸੀ। ਇਸ ਬੰਸ ਦੀ ਨੀਂਹ 312 ਵਿਚ ਸਿਕੰਦਰ ਮਹਾਨ ਦੇ ਹੀ ਮਕਦੂਨੀਆਂ ਦੇ ਇਕ ਉੱਤਰਾਧਿਕਾਰੀ ਸ਼ਾਸਕ ਨੇ ਰੱਖੀ ਸੀ। ਇਸ ਦੇ ਪਿਤਾ ਦਾ ਨਾਂ ਬਾਦਸ਼ਾਹ ਸਿਲੋਕਸ ਚੌਥਾ ਫਿਲਾਪਟਰ ਸੀ। ਇਸ ਦੇ ਪਿਤਾ ਦੇ ਸ਼ਾਸਨ ਕਾਲ ਦੌਰਾਨ ਹੀ ਇਸ ਨੂੰ ਰੋਮ ਵਿਖੇ ਇਕ ਯਰਗਮਾਲ ਵਜੋਂ ਭੇਜਿਆ ਗਿਆ। ਜਦੋਂ ਇਹ ਅਜੇ ਬਾਹਰ ਹੀ ਸੀ ਕਿ ਇਸਦੇ ਚਾਚੇ, ਐਂਟਾਈਆਕਸ ਚੌਥਾ ਇਪਿਫਾਪਾਨੀਜ਼ ਨੇ ਸੀਰੀਆ ਉੱਤੇ ਰਾਜ

ਕਰਨਾ ਸ਼ੁਰੂ ਕਰ ਦਿੱਤਾ ਅਤੇ ਉਸ ਤੋਂ ਪਿੱਛੋਂ ਇਸ ਦੇ ਚਚੇਰੇ ਭਾਈ ਐਂਟਾਈਆਕਸ ਪੰਜਵੇਂ ਨੇ ਰਾਜ ਕੀਤਾ। 162 ਈ.ਪੂ. ਵਿਚ ਇਹ ਯੂਨਾਨੀ ਸਿਆਸਤਦਾਨ ਅਤੇ ਇਤਿਹਾਸਕਾਰ ਪਲਿਬੀਅਸ ਦੀ ਸਹਾਇਤਾ ਨਾਲ ਰੋਮ ਤੋਂ ਅਚਾਨਕ ਨਿਕਲ ਆਇਆ ਅਤੇ ਸੀਰੀਆ ਦੀ ਰਾਜਗੱਦੀ ਲਈ ਆਪਣਾ ਦਾਅਵਾ ਸਥਾਪਿਤ ਕਰਨ ਲਈ ਸੀਰੀਆ ਪਰਤ ਆਇਆ।

ਬਾਗੀ ਜਰਨੈਲ ਤੀਮਾਰਕਸ ਨੂੰ ਹਰਾਉਣ ਤੋਂ ਪਿੱਛੋਂ ਇਸ ਨੂੰ ਰੋਮ ਦੀ ਸੈਨੇਟ ਨੇ ਬਾਦਸ਼ਾਹ ਵਜੋਂ ਮਾਨਤਾ ਦੇ ਦਿੱਤੀ। 160 ਈ. ਪੂ. ਵਿਚ ਇਸ ਨੇ ਫਲਸਤੀਨ ਵਿਚ ਇਕ ਯਹੂਦੀ ਵਿਦਰੋਹ ਨੂੰ ਵੀ ਕੁਚਲ ਦਿੱਤਾ। ਇਹ 150 ਈ. ਪੂ. ਵਿਚ ਤਖ਼ਤ ਲਈ ਇਕ ਹੋਰ ਉਠੇ ਝੂਠੇ ਦਾਅਵੇ ਵਿਚ ਐਲਿਗਜ਼ੈਂਡਰ ਬਲਾਸ, ਜਿਸ ਦੀ ਰੋਮ, ਮਿਸਰ ਅਤੇ ਪਰਗਾਮਸ ਰਾਜ ਵੀ ਸਹਾਇਤਾ ਕਰ ਰਹੇ ਸਨ, ਨਾਲ ਲੜਦਾ ਹੋਇਆ ਮਾਰਿਆ ਗਿਆ।

ਹ. ਪੁ.—ਐਨ. ਬ੍ਰਿ.ਮਾ. 2 : 456; ਐਨ. ਬ੍ਰਿ. 7 : 175

ਦਮਿਤਰੀਅਸ (ਪਹਿਲਾ-ਬਾਖ਼ਤਰੀਆ) : ਇਹ ਦੂਜੀ ਸਦੀ ਈ. ਪੂ. ਦੱਖਣ-ਪੱਛਮੀ ਏਸ਼ੀਆ ਦੇ ਬਾਖ਼ਤਰੀਆ ਨਾਂ ਦੇ ਇਕ ਪ੍ਰਾਚੀਨ ਦੇਸ਼ ਦਾ ਇਕ ਯੂਨਾਨੀ ਬਾਦਸ਼ਾਹ ਸੀ। ਇਸ ਦਾ ਜਨਮ ਬਾਖ਼ਤਰੀਆ ਦੇ ਬਾਦਸ਼ਾਹ, ਯੂਥਿਡਾਮਸ ਦੇ ਘਰ ਹੋਇਆ। ਇਸ ਦੇ ਰਾਜਕਾਲ ਬਾਰੇ ਇਤਿਹਾਸਕਾਰਾਂ ਵਿਚ ਕਾਫ਼ੀ ਮੱਤਭੇਦ ਹੈ। ਕੁਝ ਵਿਦਵਾਨਾਂ ਦਾ ਇਹ ਮੱਤ ਹੈ ਕਿ ਇਸ ਨੇ 190 ਤੋਂ 167 ਈ. ਪੂ. ਦੌਰਾਨ ਰਾਜ ਕੀਤਾ ਸੀ।

ਇਸ ਨੇ ਉੱਤਰੀ ਭਾਰਤ ਵਿਚ ਕਈ ਜਿੱਤਾਂ ਪ੍ਰਾਪਤ ਕਰ ਕੇ 184 ਈ. ਪੂ. ਵਿਚ ਖ਼ਤਮ ਹੋਏ ਵੱਡੇ ਮੌਰੀਆ ਰਾਜ ਨੂੰ ਪੁਨਰ ਸਥਾਪਿਤ ਹੀ ਕਰ ਦਿੱਤਾ। ਹੋਰਨਾਂ ਵਿਦਵਾਨਾਂ ਦੀ ਰਾਏ ਅਨੁਸਾਰ ਇਹ ਕੋਈ ਹੋਰ ਹੀ ਛੋਟਾ ਦਮਿਤਰੀਅਸ ਸੀ ਜਿਸ ਨੇ ਉੱਤਰੀ ਭਾਰਤ ਨੂੰ ਫ਼ਤਹਿ ਕੀਤਾ ਸੀ। ਦਮਿਤਰੀਅਸ ਨੇ ਗੰਧਾਰ ਨੂੰ ਵੀ ਆਪਣੇ ਰਾਜ ਵਿਚ ਸ਼ਾਮਲ ਕੀਤਾ ਅਤੇ 185 ਈ. ਪੂ. ਦੇ ਲਗਭਗ ਪੰਜਾਬ, ਸਿੰਧ ਘਾਟੀ ਅਤੇ ਕਾਬਲ ਦਰਿਆਵਾਂ ਵੱਲ ਵਧਿਆ। ਇਸ ਨੇ ਸੀਰੀਆ ਦੇ ਮਹਾਨ ਬਾਦਸ਼ਾਹ ਐਂਟਾਈਆਕਸ ਤੀਜੇ ਨਾਲ ਸੰਧੀ ਕਰ ਕੇ ਆਪਣੇ ਰਾਜ ਨੂੰ ਮਜ਼ਬੂਤ ਕੀਤਾ। ਭਾਵੇਂ ਉੱਤਰੀ ਭਾਰਤ ਨੂੰ ਜਿੱਤਣ ਵਾਲਾ ਇਹ ਦਮਿਤਰੀਅਸ ਸੀ ਜਾਂ ਕੋਈ ਹੋਰ, ਇਸ ਵਿਚ ਕੋਈ ਸ਼ੱਕ ਨਹੀਂ ਕਿ ਇਨ੍ਹਾਂ ਦੋਹਾਂ ਵਿਚੋਂ ਇਕ ਹੀ ਉਹ ਪਹਿਲਾ ਵਿਅਕਤੀ ਸੀ ਜਿਸ ਨੇ ਯੂਨਾਨੀ ਅਤੇ ਪ੍ਰਾਕ੍ਰਿਤ ਭਾਸ਼ਾ ਵਿਚ ਸਿੱਕੇ ਜਾਰੀ ਕੀਤੇ ਸਨ। ਇਹ ਤੱਥ ਇਸ ਗੱਲ ਦੀ ਸਾਖੀ ਭਰਦਾ ਹੈ ਕਿ ਉਹ ਭਾਰਤੀਆਂ ਅਤੇ ਬਾਖ਼ਤਰੀਆ ਦੇ ਯੂਨਾਨੀਆਂ ਨਾਲ ਇਕੋ ਜਿਹਾ ਸਲੂਕ ਕਰਦਾ ਸੀ।

167 ਈ. ਪੂ. ਵਿਚ ਯੁਕਰੇਟਾਡੀਜ਼ ਨੇ ਇਸ ਨੂੰ ਮਾਰ ਦਿੱਤਾ।

ਹ. ਪੁ.-ਐਨ. ਬ੍ਰਿ. ਮਾ. 4 : 3 ; ਐਨ. ਅਮੈ. 8 : 636

ਦਮਿਤਰੀਅਸ (ਪਹਿਲਾ-ਮਕਦੂਨੀਆ) : ਮਕਦੂਨੀਆ ਦੇ ਇਸ ਬਾਦਸ਼ਾਹ ਦਾ ਜਨਮ 336 ਈ. ਪੂ. ਸਿਕੰਦਰ ਮਹਾਨ ਦੇ ਜਰਨੈਲ ਐਨਟਿਗਾਨਸ ਦੇ ਘਰ ਮਕਦੂਨੀਆ ਵਿਚ ਹੋਇਆ। 312 ਈ. ਪੂ. ਮਿਸਰ ਦੇ ਗਵਰਨਰ ਟਾੱਲਮੀ ਪਹਿਲੇ ਸੋਟਰ ਨੇ ਇਸ ਨੂੰ ਗਾਜ਼ਾ ਦੇ ਸਥਾਨ ਤੇ ਹਾਰ ਦਿੱਤੀ। ਨੈਬਤੀਅਨਾਂ ਤੋਂ ਵੀ ਇਸ ਨੂੰ ਹਾਰਨਾ ਪਿਆ ਪਰ ਜਲਦੀ ਹੀ ਸਿਲਰਜ਼ ਉਪਰ ਜਿੱਤ ਪ੍ਰਾਪਤ ਕੀਤੀ। 250 ਜਹਾਜ਼ਾਂ ਵਾਲੇ ਬੇੜੇ ਨਾਲ ਇਸ ਨੇ 307 ਈ. ਪੂ. ਵਿਚ ਮਕਦੂਨੀਆ ਕਾਸੈਂਡਰ ਤੋਂ ਏਥਨਜ਼ ਨੂੰ ਆਜਾਦ ਕਰਵਾਇਆ ਅਤੇ 306 ਈ. ਪੂ. ਵਿਚ ਸੈਲਾਮਸ ਦੇ ਸਥਾਨ ਤੋਂ ਟਾੱਲਮੀ ਨੂੰ ਹਰਾਇਆ ਅਤੇ ਮਿਸਰ ਦੇ ਸਮੁੰਦਰੀ ਬੇੜੇ ਨੂੰ ਤਬਾਹ ਕਰ ਦਿੱਤਾ। ਕਿਲੇਬੰਦ ਸ਼ਹਿਰ ਦੀਆਂ ਘੇਰਾਬੰਦੀਆਂ ਕਾਰਨ ਇਸ ਨੂੰ ਪਾਲੀਰ-ਸੀਟੀਜ਼ ਭਾਵ 'ਘੇਰਾ ਘੱਤਣ ਵਾਲਾ' ਆਖਿਆ ਜਾਣ ਲੱਗਾ। ਇਸ ਤੋਂ ਬਾਅਦ ਇਸ ਦੇ ਪਿਤਾ ਨੇ ਇਸ ਨੂੰ ਯੂਨਾਨ ਵਾਪਸ ਸੱਦ ਲਿਆ ਅਤੇ ਪਿਤਾ-ਪੁੱਤਰ ਦੋਹਾਂ ਨੇ ਸਾਂਝੇ ਤੌਰ ਤੇ ਰਾਜਗੱਦੀ ਸੰਭਾਲੀ।

305-304 ਈ. ਪੂ. ਦੌਰਾਨ ਇਸ ਨੇ ਰੋਡਜ਼ ਨੂੰ ਘੇਰਾ ਪਾਇਆ। ਇਹ ਮੁਹਿੰਮ ਵਿਚ ਭਾਵੇਂ ਇਸ ਨੂੰ ਸਫ਼ਲਤਾ ਪ੍ਰਾਪਤ ਨਾ ਹੋਈ ਪਰ ਇਸ ਦੌਰਾਨ ਇਸ ਨੇ ਨਵੀਂ ਯੁੱਧ ਨੀਤੀ ਅਪਣਾਈ ਅਤੇ ਨਵੀਂ ਕਿਸਮ ਦੇ ਹਥਿਆਰਾਂ ਦੀ ਵਰਤੋਂ ਕਰ ਕੇ ਪ੍ਰਸਿੱਧੀ ਹਾਸਲ ਕੀਤੀ। 304-302 ਈ. ਪੂ. ਦੌਰਾਨ ਇਸ ਨੇ ਯੂਨਾਨ ਵਿਚ ਲੀਗ ਆਫ਼ ਕੋਰਿੰਥ ਨੂੰ ਮੁੜ ਤੋਂ ਸਥਾਪਿਤ ਕਰਨ ਦੀ ਕੋਸ਼ਿਸ਼ ਕੀਤੀ। ਸਿਕੰਦਰ ਮਹਾਨ ਦੇ ਦੂਜੇ ਵਾਰਸਾਂ ਨੇ ਇਨ੍ਹਾਂ ਦੋਹਾਂ ਪਿਉ-ਪੁੱਤਰਾਂ ਵਿਰੁੱਧ ਇਕ ਗੱਠਜੋੜ ਕਰ ਲਿਆ। ਸਿੱਟੇ ਵਜੋਂ 301 ਈ. ਪੂ. ਵਿਚ ਇਸਪਸ ਵਿਖੇ ਲੜਾਈ ਹੋਈ ਜਿਸ ਵਿਚ ਟਿਗਾਨਸ ਮਾਰਿਆ ਗਿਆ ਅਤੇ ਦਮਿਤਰੀਅਸ ਨੂੰ ਏਸ਼ੀਆ ਵਿਚੋਂ ਬਾਹਰ ਕੱਢ ਦਿੱਤਾ ਗਿਆ। ਇਸ ਦੇ ਬਾਵਜੂਦ ਵੀ ਇਸ ਦਾ ਯੂਨਾਨ ਨਾਲ ਸੰਪਰਕ ਬਣਿਆ ਰਿਹਾ। 294 ਈ.ਪੂ. ਵਿਚ ਇਸ ਨੇ ਏਥਨਜ਼ ਉੱਤੇ ਮੁੜ ਕਬਜ਼ਾ ਕਰ ਲਿਆ ਅਤੇ ਆਪਣੇ ਆਪ ਨੂੰ ਮਕਦੂਨੀਆ ਦਾ ਬਾਦਸ਼ਾਹ ਐਲਾਨ ਕੀਤਾ। ਆਪਣੀਆਂ ਜੰਗੀ ਨੀਤੀਆਂ ਕਾਰਨ ਇਹ ਲੋਕਾਂ ਵਿਚ ਹਰਮਨ ਪਿਆਰਾ ਨਾ ਬਣ ਸਕਿਆ ਅਤੇ 288 ਈ. ਪੂ. ਵਿਚ ਇਸ ਦੇ ਦੋ ਵਿਰੋਧੀ ਬਾਦਸ਼ਾਹਾਂ ਲਾਈਸਿਮਾਕਸ ਅਤੇ ਪਿਰਸ ਨੇ ਇਸ ਨੂੰ ਮਕਦੂਨੀਆ ਵਿਚੋਂ ਕੱਢ ਦਿੱਤਾ। 285 ਈ. ਪੂ. ਵਿਚ ਇਸ ਨੇ ਸਲੀਸ਼ੀਆ ਵਿਚ ਸਿਲੋਕਸ ਪਹਿਲਾ ਨਿਕੇਟਰ ਅੱਗੇ ਹਥਿਆਰ ਸੁੱਟ ਦਿੱਤੇ।

283 ਈ. ਪੂ. ਵਿਚ ਇਸ ਦੀ ਸ਼ਲੀਸ਼ੀਆ ਵਿਖੇ ਮੌਤ ਹੋ ਗਈ।

ਹ. ਪੁ.— ਐਨ. ਬ੍ਰਿ. ਮਾ. 4 : 3 ; ਐਨ. ਅਮੈ. 8 : 682

ਦਮਿਤਰੀਅਸ (ਦੂਜਾ-ਸੀਰੀਆ) : ਇਹ ਵੀ ਸੀਰੀਆ ਦਾ ਇਕ ਰਾਜਾ ਸੀ ਜਿਸ ਨੇ 145 ਤੋਂ 139 ਈ. ਪੂ. ਤਕ ਅਤੇ 129 ਤੋਂ 125 ਈ. ਪੂ. ਦੌਰਾਨ ਸੀਰੀਆ ਉੱਤੇ ਰਾਜ ਕੀਤਾ। ਇਸ ਦਾ ਜਨਮ 161 ਈ. ਪੂ. ਵਿਚ ਬਾਦਸ਼ਾਹ ਦਮਿਤਰੀਅਸ ਪਹਿਲੇ, ਸੋਟਰ ਦੇ ਘਰ ਹੋਇਆ ਸੀ। ਜਦੋਂ ਇਸ ਦਾ ਪਿਤਾ 150 ਈ. ਪੂ. ਵਿਚ ਅਲੈਗਜ਼ੈਂਡਰ ਬਲਾਸ ਨਾਲ ਲੜਾਈ ਕਰਦਾ ਹੋਇਆ ਮਾਰਿਆ ਗਿਆ ਤਾਂ ਇਸ ਨੂੰ ਵੀ ਦੇਸ਼ ਨਿਕਾਲਾ ਦੇ ਦਿੱਤਾ ਗਿਆ। 147 ਈ. ਪੂ. ਵਿਚ ਇਹ ਕ੍ਰੀਟ ਦੇ ਭਾੜੇ ਦੇ ਸਿਪਾਹੀਆਂ ਦੀ ਇਕ ਫ਼ੌਜ ਨਾਲ ਸੀਰੀਆ ਪਰਤਿਆ ਅਤੇ 145 ਈ. ਪੂ. ਵਿਚ ਬਾਲਾਜ਼ ਗੱਦੀਓਂ ਲਾਹ ਕੇ ਆਪ ਸਿੰਘਾਸਣ ਤੇ ਬੈਠ ਗਿਆ। 140 ਈ. ਪੂ. ਵਿਚ ਇਸ ਨੇ ਪਾਰਥੀਆਂ ਦੇ ਇਕ ਹਮਲੇ ਨੂੰ ਤਾਂ ਪਛਾੜ ਦਿੱਤਾ ਪਰ 139 ਈ. ਪੂ. ਵਿਚ ਪਾਰਥੀਆਂ ਨੇ ਇਸ ਨੂੰ ਹਰਾ ਦਿੱਤਾ ਅਤੇ ਬੰਦੀ ਬਣਾ ਲਿਆ। 129 ਈ. ਪੂ. ਵਿਚ ਇਸ ਨੂੰ ਕੈਦ ਵਿਚੋਂ ਰਿਹਾਅ ਕਰ ਦਿੱਤਾ ਅਤੇ ਇਹ ਸੀਰੀਆ ਵਾਪਸ ਆ ਗਿਆ। ਆਪਣੇ ਦੂਜੇ ਸ਼ਾਸਨ ਕਾਲ ਦੌਰਾਨ ਇਸ ਨੇ ਆਪਣੇ ਰਾਜ ਦੇ ਥੋੜ੍ਹੇ ਜਿਹੇ ਹਿੱਸੇ ਉੱਤੇ ਹੀ ਰਾਜ ਕੀਤਾ ਸੀ। ਲਗਭਗ ਚਾਰ ਸਾਲਾਂ ਤੋਂ ਮਗਰੋਂ ਇਸ ਨੂੰ 125 ਈ. ਪੂ. ਵਿਚ ਤੀਅਰੇ ਦੇ ਨੇੜੇ ਕਤਲ ਕਰ ਦਿੱਤਾ ਗਿਆ।

ਹ. ਪੁ. — ਐਨ. ਬ੍ਰਿ. 7 : 175; ਐਨ. ਬ੍ਰਿ. ਮਾ. 3 : 456.

ਦਮਿਤਰੀਅਸ (ਦੂਜਾ-ਮਕਦੂਨੀਆ) : ਇਹ 239 ਈ. ਪੂ. ਵਿਚ ਮਕਦੂਨੀਆ ਦੇਸ਼ ਦਾ ਰਾਜਾ ਸੀ। ਇਸ ਦਾ ਜਨਮ ਲਗਭਗ 276 ਈ. ਪੂ. ਹੋਇਆ। ਇਹ ਬਹੁਤਾ ਸਮਾਂ ਆਪਣੇ ਪਿਤਾ ਨਾਲ ਰਿਹਾ ਅਤੇ ਇਸ ਨੇ ਲਗਭਗ 263 ਈ. ਪੂ. ਵਿਚ ਐਪੀਰਸ ਦੇ

ਰਾਜਾ ਐਲਿਗਜੈਂਡਰ ਨੂੰ ਹਰਾਇਆ। ਰਾਜਗੱਦੀ ਉੱਤੇ ਬੈਠਣ ਵੇਲੇ ਇਸ ਨੂੰ ਈਡੋਲੀਅਨ ਅਤੇ ਅਕਾਇਆ ਦੇ ਗੱਠਜੋੜ ਜਿਸ ਵਿਚ ਮਗਰੋਂ ਈਪਾਈਰੋਟ ਲੀਗ ਵੀ ਸ਼ਾਮਲ ਹੋ ਗਈ ਸੀ, ਦਾ ਮੁਕਾਬਲਾ ਕਰਨਾ ਪਿਆ ਸੀ। ਇਸ ਨੇ ਇਸ ਗੱਠਜੋੜ ਵਿਰੁੱਧ ਬੜਾ ਸਖ਼ਤ ਰਵੱਈਆ ਅਪਣਾਇਆ ਅਤੇ ਉਨ੍ਹਾਂ ਤੋਂ ਬੀਓਟੀਆ ਨੂੰ ਹਥਿਆਉਣ ਵਿਚ ਇਹ ਸਫਲ ਵੀ ਹੋਇਆ। ਐਪੀਰਸ ਦੇ ਇਨਕਲਾਬ ਪਿੱਛੋਂ ਬਾਦਸ਼ਾਹੀ ਥਾਂ ਤੇ ਰਿਪਬਲਿਕਨ ਲੀਗ ਸਥਾਪਿਤ ਕੀਤੀ ਗਈ ਜਿਸ ਦੇ ਸਿੱਟੇ ਵਜੋਂ ਇਸ ਦੀ ਤਾਕਤ ਕਾਫ਼ੀ ਕਮਜ਼ੋਰ ਹੋ ਗਈ। ਇਸ ਨੇ ਉੱਤਰ ਵਾਲੇ ਪਾਸੇ ਦੇ ਜੰਗਲੀ ਲੋਕਾਂ ਦੇ ਹਮਲੇ ਤੋਂ ਵੀ ਮਕਦੂਨੀਆ ਨੂੰ ਬਚਾ ਕੇ ਰੱਖਿਆ। ਇਸ ਦੀ ਡਾਰਡੇਨੀਅਨਾਂ ਨਾਲ ਹੋਈ ਲੜਾਈ ਬਹੁਤ ਤਬਾਹਕੁੰਨ ਸਾਬਤ ਹੋਈ ਅਤੇ ਇਸ ਲੜਾਈ ਤੋਂ ਥੋੜਾ ਚਿਰ ਪਿੱਛੋਂ ਹੀ ਇਸ ਦੀ 229 ਈ. ਪੂ. ਵਿਚ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 3 : 456; ਐਨ. ਬ੍ਰਿ. 7 : 175

ਦਮਿਤਰੀਅਸ (ਤੀਜਾ-ਸੀਰੀਆ) : ਇਹ ਐਂਟਾਈ-ਆਕਾਸ ਅੱਠਵੇਂ ਦਾ ਪੁੱਤਰ ਅਤੇ ਦਮਿਤਰੀਅਸ ਦੂਜੇ ਦਾ ਭਤੀਜਾ ਸੀ। ਇਸ ਨੇ ਸਿਲੋਕਸ ਬੰਸ਼ ਦੇ ਆਖ਼ਰੀ ਬਾਦਸ਼ਾਹ ਵਜੋਂ 95-98 ਈ. ਪੂ. ਤਕ ਸੀਰੀਆ ਉੱਤੇ ਰਾਜ ਕੀਤਾ। 96 ਈ. ਪੂ. ਵਿਚ ਦਮਿਸ਼ਕ ਸ਼ਹਿਰ ਨੂੰ ਆਪਣੇ ਕਬਜ਼ੇ ਵਿਚ ਕਰਨ ਤੋਂ ਮਗਰੋਂ ਇਸ ਦੀ ਬਾਦਸ਼ਾਹਤ ਸਬੰਧੀ ਆਪਣੇ ਚਚੇਰੇ ਭਰਾ, ਐਂਟਾਈਆਕਸ ਦਸਵੇਂ ਨਾਲ ਲੜਾਈ ਵੀ ਹੋਈ। ਇਸ ਨੇ ਆਪਣੇ ਭਰਾ ਫਿਲਿਪ ਨਾਲ ਰਲ ਕੇ 93 ਤੋਂ 88 ਈ. ਪੂ. ਤਕ ਰਾਜ ਵੀ ਕੀਤਾ। ਆਪਣੇ ਸ਼ਾਸਨ ਕਾਲ ਦੌਰਾਨ ਇਨ੍ਹਾਂ ਨੂੰ ਕੁਝ ਸਮੇਂ ਲਈ ਘਰੇਲੂ ਜੰਗ ਦਾ ਵੀ ਸਾਹਮਣਾ ਕਰਨਾ ਪਿਆ। ਜਦੋਂ ਇਸ ਨੇ ਆਪਣੇ ਭਰਾ ਫਿਲਿਪ ਇਪਿਫਾਨੀਜ਼ ਨੂੰ ਗੱਦੀਓਂ ਲਾਹੁਣ ਦੀ ਕੋਸ਼ਿਸ਼ ਕੀਤੀ ਤਾਂ ਉਸ ਵੇਲੇ ਸੀਰੀਆ ਨੂੰ ਅਰਬਾਂ ਅਤੇ ਪਾਰਥੀਆਂ ਹੱਥੋਂ ਹਾਰ ਦਾ ਮੂੰਹ ਵੇਖਣਾ ਪਿਆ। ਇਸ ਨੂੰ ਇਸ ਦੀ ਮੌਤ 88 ਈ. ਪੂ. ਤਕ ਪਾਰਥੀਆਂ ਦੇ ਬਾਦਸ਼ਾਹ ਮਿਥਰਾਡੇਟੀਜ਼ ਨੇ ਕੈਦ ਵਿਚ ਹੀ ਰੱਖੀ ਰੱਖਿਆ।

ਹ. ਪੁ. —ਐਨ. ਬ੍ਰਿ. 3 : 457; ਐਨ. ਬ੍ਰਿ. ਮਾ. 7 : 175

ਦਮਿਤਰੀਅਸ ਆਫ਼ ਫ਼ਲਿਰਨ : ਏਥਨਜ਼ ਦੇ ਇਸ ਉੱਘੇ ਸਿਆਸਤਦਾਨ, ਬੁਲਾਰੇ ਅਤੇ ਦਾਰਸ਼ਨਿਕ ਦਾ ਜਨਮ 350 ਈ. ਪੂ. ਵਿਚ ਏਥਨਜ਼ ਦੇ ਹੀ ਨੇੜੇ ਫ਼ਲਿਰਨ ਵਿਖੇ ਹੋਇਆ। ਇਹ ਅਰਸਤੂਵਾਦੀ ਮੱਤ ਦਾ ਹਾਮੀ ਸੀ। ਇਸ ਦੇ ਮੁਢਲੇ ਜੀਵਨ ਬਾਰੇ ਵੇਰਵੇ ਪ੍ਰਾਪਤ ਨਹੀਂ ਹਨ। 317 ਈ. ਪੂ. ਵਿਚ ਮਕਦੂਨੀਆ ਦੇ ਸ਼ਾਸਕ ਕੈਸੰਡਰ ਨੇ ਇਸ ਨੂੰ ਏਥਨਜ਼ ਦਾ ਜਰਨੈਲ ਨਿਯੁਕਤ ਕੀਤਾ। ਇਹ ਉੱਚ ਸ਼੍ਰੇਣੀ ਦੇ ਲੋਕਾਂ ਦਾ ਹਿਮਾਇਤੀ ਸੀ ਅਤੇ ਇਸ ਨੇ ਅਰਸਤੂ ਵਰਗੇ ਮੁਢੱਲੇ ਰਾਜਨੀਤਕ ਸਿਧਾਂਤਕਾਰਾਂ ਦੇ ਵਿਚਾਰਾਂ ਨੂੰ ਅਪਣਾਇਆ।

ਇਸ ਨੇ ਲੋਕਤੰਤਰ ਨੂੰ ਬਿਲਕੁਲ ਰੱਦ ਕਰ ਦਿੱਤਾ ਅਤੇ ਕਾਨੂੰਨਾਂ ਦੇ 7 ਸਰਪ੍ਰਸਤ ਨਿਯੁਕਤ ਕੀਤੇ ਜਿਨ੍ਹਾਂ ਕੋਲ ਕਾਨੂੰਨਸਾਜ਼ੀ ਨੂੰ ਵੀਟੋ ਕਰਨ ਦਾ ਅਖ਼ਤਿਆਰ ਸੀ। ਇਸ ਨੇ ਅਮੀਰਾਂ ਨੂੰ ਕਰਾਂ ਤੋਂ ਛੋਟ ਦੇ ਦਿੱਤੀ। ਇਸ ਨੇ ਤਿਉਹਾਰਾਂ ਅਤੇ ਆਪਣੇ ਨਿੱਜੀ ਕੰਮਾਂ ਉਪਰ ਕਾਫ਼ੀ ਫਜ਼ੂਲ ਖਰਚੇ ਕੀਤੇ।

307 ਈ. ਪੂ. ਵਿਚ ਏਥਨਜ਼ ਵਿਚ ਮੁੜ ਲੋਕਤੰਤਰ ਸਥਾਪਿਤ ਹੋ ਜਾਣ ਨਾਲ ਇਹ ਏਥਨਜ਼ ਛੱਡ ਕੇ ਭੱਜ ਗਿਆ ਅਤੇ ਪਹਿਲਾਂ ਇਸ ਨੇ ਥੀਬਜ਼ ਵਿਚ ਅਤੇ ਫਿਰ ਮਿਸਰ ਵਿਚ ਜਾ ਸ਼ਰਨ ਲਈ। ਮਿਸਰ ਵਿਚ ਟਾੱਲਮੀ ਨੇ ਵੀ ਇਸ ਦਾ ਕਾਫ਼ੀ ਸਨਮਾਨ ਕੀਤਾ। 283 ਈ. ਪੂ. ਵਿਚ ਇਸ ਦੀ ਮੌਤ ਹੋ ਗਈ।

ਹ.ਪੁ.—ਐਨ. ਬ੍ਰਿ. ਮਾ. 4 : 4; ਐਨ. ਅਮੇ. 8 : 683

ਦਮੋਹ : ਜ਼ਿਲ੍ਹਾ— ਇਹ ਕੇਂਦਰੀ ਭਾਰਤ ਦੇ ਮੱਧ ਪ੍ਰਦੇਸ਼ ਰਾਜ ਦਾ ਇਕ ਜ਼ਿਲ੍ਹਾ ਹੈ। ਇਸੇ ਨਾਂ ਦਾ ਸ਼ਹਿਰ ਇਸ ਜ਼ਿਲ੍ਹੇ ਦਾ ਸਦਰ ਮੁਕਾਮ ਹੈ। ਇਹ ਜ਼ਿਲ੍ਹਾ 1956 ਈ. ਵਿਚ ਬਣਾਇਆ ਗਿਆ ਸੀ। ਜ਼ਿਲ੍ਹੇ ਦਾ ਕੁੱਲ ਖੇਤਰਫਲ 7,301 ਵ. ਕਿ. ਮੀ. (2,819 ਵ. ਮੀਲ) ਅਤੇ ਆਬਾਦੀ 8,97,544 (1997) ਹੈ। ਇਸ ਵਿਚ ਵਿੰਧਿਆਚਲ ਪਰਬਤ ਲੜੀ ਦਾ ਧੁਰ ਪੂਰਬੀ ਪਰਬਤੀ ਵਧਾਉ ਅਤੇ ਪਹਾੜੀਆਂ ਨਾਲ ਘਿਰੀ ਹੋਈ ਸੋਨਾਰ ਦਰਿਆ ਦੀ ਉਪਜਾਉ ਵਾਦੀ ਸ਼ਾਮਲ ਹੈ। ਸੋਨਾਰ ਅਤੇ ਬੇਰਮ ਦਰਿਆ ਜ਼ਿਲ੍ਹੇ ਦੀ ਜਲ-ਨਿਕਾਸੀ ਕਰਦੇ ਹਨ। ਇਥੇ ਅਨਾਜ, ਦਾਲ ਅਤੇ ਤੇਲਾਂ ਵਾਲੇ ਬੀਜਾਂ ਆਦਿ ਦੀਆਂ ਫ਼ਸਲਾਂ ਉਗਾਈਆਂ ਜਾਂਦੀਆਂ ਹਨ ਪਰ ਜ਼ਿਲ੍ਹੇ ਦੀ ਮੁੱਖ ਫ਼ਸਲ ਕਣਕ ਹੈ।

ਜ਼ਿਲ੍ਹੇ ਵਿਚ ਕਈ ਵੇਖਣਯੋਗ ਪੁਰਾਤਨ ਇਤਿਹਾਸਕ ਸਥਾਨ ਹਨ ਜਿਨ੍ਹਾਂ ਵਿਚ ਦਮੋਹ ਸ਼ਹਿਰ ਦੇ ਨਜ਼ਦੀਕ ਛੇਵੀਂ ਸਦੀ ਦੇ ਬਣੇ ਦੋ ਵੈਸ਼ਨਵ ਮੰਦਰ ਅਤੇ ਸ਼ਿੰਗਾਰਗੜ੍ਹ ਪਹਾੜੀ ਕਿਲਾ ਜੋ ਖੇਤਰ ਦੇ ਗੋਂਡ ਰਾਜਿਆਂ ਦੀ ਪੁਰਾਤਨ ਰਾਜਧਾਨੀ ਹੁੰਦੀ ਸੀ, ਪ੍ਰਮੁੱਖ ਹਨ। ਜ਼ਿਲ੍ਹੇ ਦਾ ਮੱਧ ਭਾਗ ਉਪਜਾਊ ਹੈ ਪਰ ਉੱਤਰੀ ਭਾਗ ਜੰਗਲੀ ਅਤੇ ਪਹਾੜੀ ਹੈ। ਹੱਥ-ਖੱਡੀ ਦਾ ਕੱਪੜਾ ਬੁਣਨਾ ਅਤੇ ਰੰਗਣਾ, ਮਿੱਟੀ ਦੇ ਭਾਂਡੇ ਬਣਾਉਣਾ ਅਤੇ ਘੰਟੇ ਬਣਾਉਣ ਲਈ ਮਿਸ਼ਰਤ ਧਾਤ ਤਿਆਰ ਕਰਨਾ ਇਥੋਂ ਦੇ ਮੁੱਖ ਧੰਦੇ ਹਨ। ਇਥੇ ਖਣਿਜ ਪਦਾਰਥਾਂ ਵਿਚੋਂ ਕੇਵਲ ਥੋੜ੍ਹੀ ਮਾਤਰਾ ਵਿਚ ਲੋਹਾ ਅਤੇ ਬਲੌਰੀ ਪੱਥਰ ਹੀ ਮਿਲਦੇ ਹਨ।

ਹ. ਪੁ.— ਐਨ. ਬ੍ਰਿ. ਮਾ. 3 : 868 ; ਹਿੰ. ਵਿ. ਕੋ. 5 : 503; ਇੰਡੀਆ 1998 : 615

ਦਮੋਹ : **ਸ਼ਹਿਰ**—ਇਹ ਕੇਂਦਰੀ ਭਾਰਤ ਦੇ ਮੱਧ ਪ੍ਰਦੇਸ਼ ਰਾਜ ਦੇ ਇਸੇ ਹੀ ਨਾਂ ਦੇ ਜ਼ਿਲ੍ਹੇ ਦਾ ਸਦਰ ਮੁਕਾਮ ਹੈ ਜੋ ਕਟਨੀ ਤੋਂ ਬੀਨਾ ਜਾਣ ਵਾਲੇ ਰੇਲ-ਰਾਹ ਉੱਤੇ ਸਥਿਤ ਹੈ। ਇਹ ਜ਼ਰਾਇਤੀ ਉਪਜਾਂ ਦਾ ਤਜਾਰਤੀ ਕੇਂਦਰ ਹੈ। ਇਤਿਹਾਸਕ ਪੱਖ ਤੋਂ ਇਹ ਕਾਫ਼ੀ ਪੁਰਾਣਾ ਸ਼ਹਿਰ ਹੈ। 14ਵੀਂ ਸਦੀ ਵਿਚ ਮੁਸਲਮਾਨਾਂ ਅਧੀਨ ਇਹ ਕਾਫ਼ੀ ਮਹੱਤਵਪੂਰਨ ਹੋ ਗਿਆ ਸੀ ਅਤੇ ਮਰਹੱਟੇ ਗਵਰਨਰਾਂ ਦਾ ਸਦਰ-ਮੁਕਾਮ ਵੀ ਰਿਹਾ। ਸੰਨ 1867 ਤੋਂ ਇਥੇ ਮਿਉਂਸਪਲਟੀ ਸਥਾਪਿਤ ਹੈ। ਆਧੁਨਿਕ ਸ਼ਹਿਰ ਵਿਚ ਉਦਯੋਗਿਕ ਪੱਖ ਤੋਂ ਵੀ ਕਾਫ਼ੀ ਉੱਨਤੀ ਹੋਈ ਹੈ। ਇਥੇ ਹੁਣ ਤੇਲ-ਕੱਢਣ ਦੀਆਂ ਮਿੱਲਾਂ, ਹੱਥ-ਖੱਡੀ ਉਦਯੋਗ, ਭਰਤ ਦੇ ਬਰਤਨ ਬਣਾਉਣੇ ਅਤੇ ਕੁੰਭਕਾਰੀ ਦਾ ਕੰਮ ਕਾਫ਼ੀ ਵਿਕਸਿਤ ਹੈ। ਸ਼ਹਿਰ ਵਿਚ ਇਕ ਹਸਪਤਾਲ ਅਤੇ ਸਾਗਰ ਯੂਨੀਵਰਸਿਟੀ ਨਾਲ ਸਬੰਧਤ ਤਿੰਨ ਕਾਲਜ ਵੀ ਹਨ। ਇਹ ਸ਼ਹਿਰ ਪਸ਼ੂਆਂ ਦੀ ਮੰਡੀ ਲਈ ਮਸ਼ਹੂਰ ਹੈ।

ਆਬਾਦੀ–1,05,043 (1991)

23°50′ ਉ. ਵਿਥ. ; 78°27′ ਪੂ. ਲੰਬ.

ਹ. ਪੁ.- ਐਨ. ਬ੍ਰਿ. ਮਾ. 3 : 868 ; ਹਿੰ. ਵਿ. ਕੋ. 5 : 503

ਦਮੋਦਰ : ਇਹ ਪੰਜਾਬੀ ਸਾਹਿਤ ਦਾ ਇਕ ਪ੍ਰਸਿੱਧ ਕਿੱਸਾਕਾਰ ਹੋਇਆ ਹੈ। ਇਸ ਦਾ ਕਿੱਸਾ ਹੀਰ-ਰਾਂਝਾ ਪੰਜਾਬੀ ਕਿੱਸਾ-ਕਾਵਿ ਦਾ ਉਪਲੱਬਧ ਪਹਿਲਾ ਲਿਖਤੀ ਕਿੱਸਾ ਮੰਨਿਆ ਜਾਂਦਾ ਹੈ। ਦਮੋਦਰ ਦਾ ਜਨਮ ਲੋਧੀ ਰਾਜ ਸਮੇਂ ਝੰਗ (ਪਾਕਿਸਤਾਨ) ਵਿਖੇ ਹੋਇਆ। ਇਸ ਦੇ ਕਿੱਸੇ ਵਿਚ ਥਾਂ ਪਰ ਥਾਂ ਅਕਬਰ ਦੇ ਰਾਜ ਦਾ ਉਲੇਖ ਆਉਂਦਾ ਹੈ। ਇਹ ਜਾਤ ਦਾ ਅਰੋੜਾ ਤੇ ਗੋਤ ਦਾ ਗੁਲਾਟੀ

ਸੀ। ਇਸ ਦੇ ਕਿੱਸੇ ਤੋਂ ਪਤਾ ਲਗਦਾ ਹੈ ਕਿ ਹੀਰ ਦੇ ਬਾਪ ਚੂਚਕ ਨੇ ਇਸ ਨੂੰ ਝੰਗ ਵਿਚ ਹੱਟੀ ਖੋਲ੍ਹ ਦਿੱਤੀ ਪਰ ਸਰ ਰਿਚਰਡ ਟੈਂਪਲ ਇਸ ਨੂੰ ਪਟਵਾਰੀ ਦੱਸਦਾ ਹੈ ਜੋ ਠੀਕ ਨਹੀਂ ਜਾਪਦਾ।

ਕਿੱਸੇ ਅਨੁਸਾਰ ਦਮੋਦਰ ਨਾ ਕੇਵਲ ਹੀਰ ਰਾਂਝੇ ਦਾ ਸਮਕਾਲੀ ਸੀ ਸਗੋਂ ਬਹੁਤ ਨੇੜੇ ਦਾ ਸਾਥੀ ਵੀ ਸੀ। ਚੂਚਕ ਦੇ ਪਿੰਡ ਹੱਟੀ ਕਰਦਿਆਂ ਜਦੋਂ ਇਹ ਰਾਂਝੇ ਦੀ ਖ਼ੂਬਸੂਰਤੀ ਬਾਰੇ ਸੁਣਦਾ ਹੈ ਤਾਂ ਉਸ ਦੇ ਪਿੰਡ ਤਖ਼ਤ ਹਜ਼ਾਰੇ ਜਾਂਦਾ ਹੈ। ਨਾਹੜਾਂ ਤੇ ਖੇੜਿਆਂ ਦੀ ਲੜਾਈ ਸਮੇਂ ਅਤੇ ਉਸ ਤੋਂ ਪਿਛੋਂ ਜਦੋਂ ਕੋਟਕਬੂਲੇ ਦਾ ਹਾਕਮ ਹੀਰ ਰਾਂਝੇ ਦੇ ਹਕ ਵਿਚ ਫੈਸਲਾ ਕਰਦਾ ਹੈ ਤਾਂ ਵੀ ਦਮੋਦਰ ਆਪਣੇ ਆਪ ਨੂੰ ਉਥੇ ਸਾਖਿਆਤ ਮੌਜੂਦ ਦਸਦਾ ਹੈ।

ਦਮੋਦਰ ਦੇ ਜੀਵਨ ਬਾਰੇ ਹੋਰ ਕੋਈ ਜਾਣਕਾਰੀ ਨਹੀਂ ਮਿਲਦੀ। ਇਸ ਨੇ ਆਪਣੀ ਰਚਨਾ ਵਿਚ ਦੱਸਿਆ ਹੈ ਕਿ ਹੀਰ ਰਾਂਝੇ ਦਾ ਇਹ ਕਿੱਸਾ 1472 ਈ. (ਸੰਮਤ 1529 ਬਿ.) ਵਿਚ ਮੁਕੰਮਲ ਕੀਤਾ ਗਿਆ ਸੀ ਪਰ ਮੌਲਾ ਬਖ਼ਸ਼ ਕੁਸ਼ਤਾ ਅਨੁਸਾਰ ਕਾਤਬ ਨੇ ਗ਼ਲਤੀ ਨਾਲ ਸੋਲਾਂ ਸੌ ਉਨਤਾਲੀ ਦੀ ਥਾਂ ਪੰਦਰਾਂ ਸੌ ਉਨਤਾਲੀ ਲਿਖ ਦਿੱਤਾ ਹੈ ਅਤੇ ਅਕਬਰ ਦੇ ਰਾਜ ਨੂੰ ਮੁੱਖ ਰਖਦਿਆਂ 1629 ਸੰਮਤ ਹੀ ਠੀਕ ਬੈਠਦਾ ਹੈ।

ਕਿੱਸੇ ਦੀ ਕਥਾ ਨੂੰ ਯਥਾਰਥਕਤਾ ਪ੍ਰਦਾਨ ਕਰਨ ਲਈ ਦਮੋਦਰ ਨੇ ਥਾਂ-ਥਾਂ 'ਆਖ ਦਮੋਦਰ ਮੈਂ ਅੱਖੀ ਡਿੱਠਾ' ਕਿਹਾ ਹੈ ਪਰ ਇਹ ਸ਼ਾਇਦ ਕਿੱਸਾਕਾਰ ਦਾ ਤਕੀਆ ਕਲਾਮ ਹੀ ਸੀ। ਇਹ ਕਾਵਿ ਵਕਰੋਕਤੀ ਭਾਵ ਕਹਿਣ ਦਾ ਢੰਗ ਹੈ। ਪੀਲੂ ਨੇ ਵੀ ਤਾਂ ਕਿਹਾ ਹੈ—'ਮਿਰਜ਼ਾ ਪੁਛੋ ਪੀਲੂ ਸ਼ਾਇਰ ਨੂੰ।'

ਕੁਝ ਆਲੋਚਕਾਂ ਦਾ ਕਹਿਣਾ ਹੈ ਕਿ ਹੀਰ ਸ਼ਬਦ ਹੀਰੋਇਨ (Heroine) ਤੋਂ ਬਣਿਆ ਹੈ ਤੇ ਇਸ ਦਾ ਮੁੱਢ ਯੂਨਾਨੀ ਹੈ ਅਤੇ ਹੀਰ ਰਾਂਝੇ ਦੀ ਕਹਾਣੀ ਯੂਨਾਨੀ ਸਾਹਿਤ ਤੋਂ ਲਈ ਗਈ ਹੈ ਪਰ ਇਹ ਤਰਕ ਤੋਂ ਬਹੁਤ ਦੂਰ ਹੈ। ਭਾਈ ਗੁਰਦਾਸ ਤੇ ਸ਼ਾਹ ਹੁਸੈਨ ਨੇ ਵੀ ਹੀਰ ਰਾਂਝੇ ਦੀ ਪ੍ਰੀਤ ਵੱਲ ਇਸ਼ਾਰਾ ਕੀਤਾ ਹੈ ਅਤੇ ਇਹ ਦੋਵੇਂ ਹੀ ਦਮੋਦਰ ਦੇ ਲਗਭਗ ਸਮਕਾਲੀ ਹੋਏ ਹਨ। ਪ੍ਰੇਮ ਦੀ ਸੁਗੰਧੀ ਅੱਗ ਵਾਂਗ ਫੈਲਦੀ ਹੈ ਅਤੇ ਥੋੜ੍ਹੇ ਜਿਹੇ ਸਮੇਂ ਵਿਚ ਹੀ ਹੀਰ-ਰਾਂਝੇ ਦੇ ਤੀਬਰ ਵੇਗ ਨੂੰ ਸਾਰਿਆਂ ਸੁਣ ਲਿਆ ਹੋਵੇਗਾ।

ਦਮੋਦਰ ਦੇ ਇਸ ਕਿੱਸੇ ਦੇ 991 ਬੰਦ ਹਨ। ਇਸ ਨੇ ਇਸ ਕਥਾ ਦੀ ਭਾਗ ਵੰਡ ਕੀਤੀ ਹੈ ਅਤੇ ਇਹ ਤਰੀਕਾ ਕਿੱਸਾਕਾਰੀ ਵਿਚ ਕਵੀ ਦੀ ਨਿਜੀ ਵਿਸ਼ੇਸ਼ਤਾ ਹੈ। ਕਿੱਸਾ ਆਰੰਭ ਕਰਨ ਤੋਂ ਪਹਿਲਾਂ ਉਥਾਨਕਾ ਦਿੱਤੀ ਹੈ ਜਿਸ ਵਿਚ ਕਵੀ ਨੇ ਆਪਣੀ ਜਾਣ-ਪਛਾਣ ਕਿੱਸੇ ਦੇ ਅੱਖੀਂ ਡਿੱਠੇ ਹੋਣ ਬਾਰੇ, ਸਮੇਂ ਤੇ ਸਥਾਨ ਬਾਰੇ ਸੰਖੇਪ ਰੂਪ ਵਿਚ ਦੱਸਿਆ ਹੈ। ਫਿਰ ਇਹ ਮੰਗਲਾਚਰਣ ਵਿਚ 'ਸਾਹਿਬ' ਜੋ ਹਿੰਦੂਆਂ ਤੇ ਮੁਸਲਮਾਨਾਂ ਦਾ ਸਾਂਝਾ ਰੱਬ ਹੈ, ਦੀ ਬੰਦਗੀ ਕਰਦਾ ਹੈ। ਇਸ ਉਪਰੰਤ ਹੀਰ ਦੇ ਜੀਵਨ ਦੀ ਇਕੱਲੀ ਇਕੱਲੀ ਘਟਨਾ ਨੂੰ ਕਲਮਬੰਦ ਕਰਦਾ ਹੈ।

ਪੰਜਾਬੀ ਕਿੱਸਿਆਂ ਵਿਚ ਸਭ ਤੋਂ ਪਹਿਲਾ ਕਿੱਸਾ ਦਮੋਦਰ ਦੀ ਹੀਰ ਝਾਂਗੀ ਵਿਚ ਜੋ ਲਹਿੰਦੀ ਦੀ ਉਪਭਾਖਾ ਹੈ, ਇਕ ਲੰਬੀ ਬਿਆਨੀਆ ਕਵਿਤਾ ਦੀ ਇਕੋ ਮਿਸਾਲ ਹੈ। ਇਸ ਵਿਚ ਫ਼ਾਰਸੀ ਤੇ ਮੁਲਤਾਨੀ ਸ਼ਬਦਾਂ ਦਾ ਬਹੁਤ ਰਲਾ ਹੈ। ਤਸ਼ਬੀਹਾਂ, ਮੁਹਾਵਰੇ ਤੇ ਅਲੰਕਾਰ ਬੜੇ ਢੁਕਵੇਂ ਹਨ।

ਦਮੋਦਰ ਦੀ ਹੀਰ ਦਾ ਮੀਰੀ ਗੁਣ ਕਲਾ-ਪੂਰਤ ਕਹਾਣੀ ਦਾ ਬਿਆਨ ਹੈ। ਇਸ ਦਾ ਬਿਆਨ ਬਹੁਤ ਸੁੰਦਰ ਹੈ ਅਤੇ ਇਸ ਨੇ ਵਾਰਤਾ ਦੀ ਹਰ ਘਟਨਾ ਨੂੰ ਅਜਿਹੇ ਢੰਗ ਨਾਲ ਬਿਆਨਿਆ ਹੈ ਜਿਵੇਂ ਇਹ ਸਾਡੇ ਸਾਹਮਣੇ ਵਾਪਰ ਰਹੀ ਹੋਵੇ। ਆਚਰਣ ਉਸਾਰੀ ਵਿਚ ਕਵੀ ਪ੍ਰਬੀਨ ਹੈ।

ਦਮੋਦਰ ਦੀਆਂ ਤਸ਼ਬੀਹਾਂ ਵਿਚੋਂ ਮੌਲਿਕਤਾ ਝਲਕਦੀ ਹੈ। ਪੰਜਾਬੀ ਸਾਹਿਤ ਬਹੁਤਾ ਗੰਭੀਰ ਹੈ ਅਤੇ ਇਸ ਵਿਚ ਹਾਸ ਰਸ ਬਹੁਤ ਘੱਟ ਮਿਲਦਾ ਹੈ ਪਰ ਦਮੋਦਰ ਦਾ ਇਹ ਇਕ ਖ਼ਾਸ ਗੁਣ ਹੈ ਤੇ ਇਸ ਦਾ ਹਾਸ ਰਸ ਬੜਾ ਜਚਵਾਂ, ਤੋਲਵਾਂ ਤੇ ਸੁਆਦਲਾ ਹੈ। ਦਮੋਦਰ ਨੇ ਆਪਣੇ ਕਿੱਸੇ ਵਿਚ ਬੀਰ ਰਸ ਪੈਦਾ ਕਰਨ ਲਈ ਹੀਰ ਦਾ ਨੂਰ ਖ਼ਾਂ ਚੰਧੜ ਨਾਲ ਮੁਕਾਬਲਾ ਵਿਖਾਇਆ ਹੈ। ਇਸ ਘਟਨਾ ਤੋਂ ਸਾਨੂੰ ਵਾਰਾਂ ਦੀ ਯਾਦ ਆਉਂਦੀ ਹੈ ਜਿਹੜੀਆਂ ਉਸ ਸਮੇਂ ਜਾਂ ਉਸ ਸਮੇਂ ਤੋਂ ਪਹਿਲਾਂ ਲਿਖੀਆਂ ਗਈਆਂ ਹਨ।

ਦਮੋਦਰ ਮੁਸਲਮਾਨੀ ਸ਼ਰ੍ਹਾ, ਵੇਦਾਂਤਕ ਫ਼ਲਸਫਾ ਅਤੇ ਜੋਗਮਤ ਦੇ ਵਿਚਾਰਾਂ ਤੋਂ ਜਾਣੂ ਸੀ। ਇਸ ਨੇ ਕੁਦਰਤ ਦਾ ਵਰਣਨ ਵੀ ਸੁਤੰਤਰ ਰੂਪ ਵਿਚ ਨਹੀਂ ਕੀਤਾ ਸਗੋਂ ਕੁਦਰਤ ਤੇ ਮਨੁੱਖ ਦੋਹਾਂ ਵਿਚਾਲੇ ਸਾਂਝ ਪ੍ਰਗਟਾਈ ਹੈ। ਜਦੋਂ ਹੀਰ ਪੇਕਿਆਂ ਨੂੰ ਛੱਡ ਕੇ ਖੇੜਿਆਂ ਨਾਲ ਤੁਰਦੀ ਹੈ ਤਾਂ ਬਹੁਤ ਰੋਂਦੀ ਹੈ ਅਤੇ ਉਸ ਦੇ ਨਾਲ ਵਣ ਤ੍ਰਿਣ ਵੀ ਕੂਕ ਉੱਠਦੇ ਹਨ।

ਦਮੋਦਰ ਦੀ 'ਹੀਰ' ਪੰਜਾਬੀ ਕਿੱਸਾ ਸਾਹਿਤ ਦਾ ਪਹਿਲਾ ਕਿੱਸਾ ਹੈ ਤੇ ਮਗਰਲੇ ਕਿੱਸਾ-ਲੇਖਕਾਂ ਲਈ ਇਕ ਚਾਨਣਮੁਨਾਰਾ ਹੈ। ਹੀਰ ਤੋਂ ਬਿਨਾਂ ਦਮੋਦਰ ਦੀ ਕੋਈ ਹੋਰ ਰਚਨਾ ਨਹੀਂ ਮਿਲਦੀ। ਦਮੋਦਰ ਤੋਂ ਮਗਰੋਂ ਹੋਏ ਹੀਰ ਦੇ ਕਿੱਸਾਕਾਰਾਂ ਜਿਵੇਂ ਵਾਰਸ ਸ਼ਾਹ, ਮੁਕਬਲ ਆਦਿ ਨੇ ਦਮੋਦਰ ਦੀ ਹੀਰ ਦਾ ਪਲਾਟ ਅਤੇ ਨਾਵਾਂ ਥਾਵਾਂ ਦਾ ਫਰਕ ਪਾਇਆ ਹੈ। ਦਮੋਦਰ ਦਾ ਕਿੱਸਾ ਸੁਖਾਂਤ ਹੈ ਅਤੇ ਇਹ ਹੀਰ ਤੇ ਰਾਂਝੇ ਦੋਹਾਂ ਨੂੰ ਮੱਕੇ ਮਦੀਨੇ ਵੱਲ ਭੇਜ ਦਿੰਦਾ ਹੈ ਜਦੋਂ ਕਿ ਵਾਰਸ ਤੇ ਅਹਿਮਦ ਇਸ ਨੂੰ ਦੁਖਾਂਤ ਬਣਾ ਦਿੰਦੇ ਹਨ।

ਦਮੋਦਰ ਦੀ ਮੌਤ ਅਕਬਰ ਦੇ ਰਾਜ ਕਾਲ ਦੌਰਾਨ ਹੋਈ।

ਹ. ਪੁ.— ਪੰ.ਸ਼ਾ.ਤਜ਼. ; ਪੰ.ਸਾ.ਇ.—ਭਾ.ਵਿ.ਪੰ. ; ਪੰ.ਸਾ.ਇ.—ਕੋਹਲੀ

ਦਮੋਦਰ ਗੁਪਤ : ਇਹ ਪ੍ਰਾਚੀਨ ਗੁਪਤਵੰਸ਼ ਦਾ ਪੰਜਵਾਂ ਸ਼ਾਸਕ ਸੀ। ਇਸ ਦੇ ਪਿਤਾ ਦਾ ਨਾਂ ਕੁਮਾਰ ਗੁਪਤ ਤੀਜਾ ਸੀ। ਇਸ ਬਾਰੇ ਥੋੜ੍ਹੀ ਜਿਹੀ ਜਾਣਕਾਰੀ ਅਪਸਡ ਦੇ ਸ਼ਿਲਾਲੇਖ ਤੋਂ ਮਿਲਦੀ ਹੈ। ਬਹੁਤੇ ਵਿਦਵਾਨ ਇਹ ਮੰਨਦੇ ਹਨ ਕਿ ਪ੍ਰਾਚੀਨ ਗੁਪਤਿਆਂ ਦਾ ਮੂਲ ਸਥਾਨ ਪੂਰਬੀ ਮਾਲਵਾ ਸੀ ਪਰ ਕੁਝ ਵਿਦਵਾਨ ਉਨ੍ਹਾਂ ਦਾ ਮੂਲ ਸਥਾਨ ਮਗਧ ਨੂੰ ਮੰਨਦੇ ਹਨ। ਦਮੋਦਰ ਗੁਪਤ ਦੇ ਪਿਤਾ ਕੁਮਾਰ ਗੁਪਤ ਤੀਜੇ ਨੇ ਈਸ਼ਾਨ ਵਰਮਨ ਨੂੰ ਯੁੱਧ ਵਿਚ ਹਰਾ ਕੇ ਆਪਣੇ ਆਪ ਨੂੰ ਮਗਧ (ਭਾਰਤ) ਦੀ ਇਕ ਪ੍ਰਮੁੱਖ ਸ਼ਕਤੀ ਬਣਾਇਆ। ਉਸ ਦੇ ਸਮੇਂ ਵਿਚ ਪ੍ਰਾਚੀਨ ਗੁਪਤ ਸਾਮੰਤ ਨਾ ਰਹਿ ਕੇ ਪੂਰੀ ਤਰ੍ਹਾਂ ਆਜ਼ਾਦ ਹੋ ਗਏ ਸਨ। ਸੰਨ 560 ਦੇ ਲਗਭਗ ਕੁਮਾਰ ਗੁਪਤ ਦੀ ਮੌਤ ਹੋ ਗਈ। ਇਸ ਉਪਰੰਤ ਦਮੋਦਰ ਗੁਪਤ ਰਾਜਾ ਬਣ ਗਿਆ। ਅਪਸਡ ਦੇ ਸ਼ਿਲਾਲੇਖ ਤੋਂ ਪਤਾ ਲਗਦਾ ਹੈ ਕਿ ਮੰਦਾਰ ਦੀ ਤਰ੍ਹਾਂ ਇਸ ਨੇ ਵੀ ਆਪਣੇ ਦੁਸ਼ਮਣਾਂ ਨੂੰ ਮਾਰ ਦਿੱਤਾ ਪਰ ਨਾਲ ਹੀ ਇਹ ਵੀ ਕਿਹਾ ਗਿਆ ਹੈ ਕਿ ਯੁੱਧ ਵਿਚ ਇਹ ਬੇਹੋਸ਼ ਹੋ ਗਿਆ ਸੀ ਅਤੇ ਸ਼ਾਇਦ ਉਥੇ ਹੀ ਮਰ ਗਿਆ ਸੀ। ਅੰਤਮ ਜਿੱਤ ਕਿਸ ਦੀ ਹੋਈ, ਇਸ ਬਾਰੇ ਵਿਦਵਾਨਾਂ ਵਿਚ ਮਤਭੇਦ ਹੈ ਪਰ ਉਸੇ ਰਿਕਾਰਡ ਵਿਚ ਇਹ ਵੀ ਲਿਖਿਆ ਮਿਲਿਆ ਹੈ ਕਿ ਮੋਖਰੀਆਂ ਦੀ ਫ਼ੌਜ ਖਿੰਡ-ਪੁੰਡ ਗਈ ਜਿਸ ਤੋਂ ਦਮੋਦਰ ਗੁਪਤ ਦੀ ਜਿੱਤ ਦਾ ਅਨੁਮਾਨ ਲਗਾਇਆ ਜਾ ਸਕਦਾ ਹੈ। ਇਸ ਯੁੱਧ ਵਿਚ ਦਮੋਦਰ ਗੁਪਤ ਦਾ ਵਿਰੋਧੀ ਸ਼ਾਇਦ ਸ਼ਰਵ ਵਰਮਨ ਸੀ।

ਹ. ਪੁ.– ਹਿੰ. ਵਿ. ਕੋ. 6 : 31

ਦਮੋਦਰ ਦਰਿਆ : ਉੱਤਰ-ਪੂਰਬੀ ਭਾਰਤ ਦਾ ਇਹ ਦਰਿਆ ਬਿਹਾਰ ਦੇ ਹਜ਼ਾਰੀਬਾਗ ਜ਼ਿਲ੍ਹੇ ਦੇ ਛੋਟਾ ਨਾਗਪੁਰ ਪਠਾਰ

ਵਿਚੋਂ ਨਿਕਲਦਾ ਹੈ। ਇਸ ਦੀ ਲੰਬਾਈ 592 ਕਿ. ਮੀ. ਹੈ। ਇਸ ਦੀਆਂ ਕਈ ਸਹਾਇਕ ਨਦੀਆਂ ਹਨ ਜਿਨ੍ਹਾਂ ਵਿਚੋਂ ਕੋਨਾਰ ਅਤੇ ਬੋਦਾਰੋ ਪ੍ਰਮੁੱਖ ਹਨ। ਪੂਰਬ-ਦੱਖਣ-ਪੂਰਬ ਵੱਲ ਨੂੰ ਵਹਿੰਦਾ ਹੋਇਆ ਕੋਲਕਾਤਾ ਦੇ ਦੱਖਣ-ਪੱਛਮ ਵੱਲ ਹੁੱਗਲੀ ਦਰਿਆ ਵਿਚ ਜਾ ਡਿੱਗਦਾ ਹੈ। ਬਿਹਾਰ ਰਾਜ ਵਿਚੋਂ ਦੀ ਇਹ ਦਰਿਆ 288 ਕਿ. ਮੀ. ਦਾ ਰਸਤਾ ਤੈਅ ਕਰਦਾ ਹੈ। ਇਸ ਦਾ ਬੇਸਿਨ 10,240 ਵ. ਕਿ. ਮੀ. ਹੈ ਜਿਸ ਵਿਚੋਂ 8,909 ਵ. ਕਿ. ਮੀ. ਬਿਹਾਰ ਵਿਚ ਪੈਂਦਾ ਹੈ। ਸੋਮੇਂ ਤੋਂ ਮੁਹਾਣੇ ਤਕ ਦਰਿਆ ਦੀ ਔਸਤਨ ਪ੍ਰਵਣਤਾ 1.1 ਮੀ. ਪ੍ਰਤਿ ਕਿ. ਮੀ. (6 ਫੁੱਟ ਪ੍ਰਤੀ ਮੀਲ) ਹੈ ਜਦੋਂ ਕਿ ਬਿਹਾਰ ਵਿਚ ਇਹ 2.1 ਮੀ. ਪ੍ਰਤੀ ਕਿ. ਮੀ. (11 ਫੁੱਟ ਪ੍ਰਤੀ ਮੀਲ) ਹੈ।

ਬਿਹਾਰ ਅਤੇ ਪੱਛਮੀ ਬੰਗਾਲ ਦੀ ਹੱਦ ਨਾਲ ਲਗਦੀ ਦਮੋਦਰ ਘਾਟੀ ਵਿਚ ਭਾਰਤ ਦੀਆਂ ਕੋਲੇ ਅਤੇ ਅਬਰਕ ਦੀਆਂ ਅਹਿਮ ਖਾਣਾਂ ਹਨ। ਇਸੇ ਹੀ ਖੇਤਰ ਵਿਚ ਕਾਫ਼ੀ ਚਿਰ ਤੋਂ ਬੜੀ ਤੇਜ਼ੀ ਨਾਲ ਵਿਕਾਸ ਵੀ ਹੋਇਆ ਹੈ। ਸੰਨ 1948 ਵਿਚ ਸ਼ੁਰੂ ਹੋਈ ਦਮੋਦਰ ਘਾਟੀ ਕਾਰਪੋਰੇਸ਼ਨ ਨੇ ਤਿਲੈਈਆ ਕੋਨਾਰ, ਪੰਚੇਤ ਹਿਲ ਅਤੇ ਮਾਈਥਾਨ ਚਾਰ ਬਹੁ-ਮੰਤਵੀ ਡੈਮ ਬਣਾਏ ਹਨ। ਹੜ੍ਹ ਰੋਕਣਾ, ਪਣ-ਬਿਜਲੀ ਪੈਦਾ ਕਰਨਾ, ਕੋਲੇ ਦੀਆਂ ਖਾਣਾਂ ਨੂੰ ਬਿਜਲੀ ਸਪਲਾਈ, 3,85,000 ਹੈਕ. ਖੇਤਰ ਦੀ ਸਿੰਚਾਈ (ਮੁੱਖ ਤੌਰ ਤੇ ਪੱਛਮੀ ਬੰਗਾਲ ਵਿਚ) ਕਰਨਾ, ਮੱਛੀ ਪਾਲਣ, ਮਨੋਰੰਜਨ ਅਤੇ ਪੂਰੀ ਘਾਟੀ ਵਿਚ ਖੇਤੀਬਾੜੀ ਅਤੇ ਉਦਯੋਗਿਕ ਵਿਕਾਸ ਦੀਆਂ ਸਹੂਲਤਾਂ ਪ੍ਰਦਾਨ ਕਰਨਾ ਇਸ ਪ੍ਰਾਜੈਕਟ ਦੇ ਮੁੱਖ ਮੰਤਵ ਹਨ। ਧਨਬਾਦ, ਝਰੀਆ, ਸਿੰਦਰੀ ਅਤੇ ਕਈ ਹੋਰ ਸ਼ਹਿਰ ਰੇਲਾਂ ਅਤੇ ਸੜਕਾਂ ਰਾਹੀਂ ਇਸ ਨਾਲ ਜੁੜੇ ਹੋਏ ਹਨ।

23°14′ ਉ. ਵਿਥ.; : 87°30′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 3 : 363; ਇੰਪ. ਗ. ਇੰਡ 11 : 132; ਵੈ. ਜ. ਡਿ. ਬਿਹਾਰ — ਇਨਾਇਤ ਅਹਿਮਦ

ਦਮੋਦਰੀ ਮਾਤਾ : ਇਹ ਸਿੱਖਾਂ ਦੇ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਦੀ ਪਤਨੀ ਸੀ ਜਿਸ ਦਾ ਜਨਮ ਡੱਲਾ ਨਿਵਾਸੀ ਜੁਲਕਾ ਖੱਤਰੀ ਨਾਰਾਇਣ ਦਾਸ ਦੇ ਘਰ ਭਾਗਭਰੀ ਦੀ ਕੁੱਖੋਂ ਹੋਇਆ। ਗੁਰੂ ਜੀ ਨਾਲ ਇਸ ਦਾ ਵਿਆਹ 1604 ਈ. (ਸੰਮਤ 1661) ਵਿਚ ਹੋਇਆ। ਸੰਨ 1613 (ਸੰਮਤ 1670) ਵਿਚ ਇਸ ਨੇ ਬਾਬਾ ਗੁਰਦਿੱਤਾ ਨੂੰ ਜਨਮ ਦਿੱਤਾ। ਸੰਨ 1631 (ਸੰਮਤ 1688) ਵਿਚ ਡਰੋਲੀ ਵਿਖੇ ਇਸ ਦੀ ਮੌਤ ਹੋ ਗਈ ਜਿਥੇ ਇਸ ਦਾ ਦੇਹਰਾ ਹੈ।

ਹ. ਪੁ.- ਮ. ਕੋ. 629; ਤ.ਗ.ਖਾ.-ਗਿਆਨੀ ਗਿਆਨ ਸਿੰਘ

ਦਯਾ ਕੌਰ : ਇਹ ਗੁਜਰਾਤ ਦੇ ਰਈਸ ਸਰਦਾਰ ਸਾਹਿਬ ਸਿੰਘ ਭੰਗੀ ਦੀ ਪਤਨੀ ਸੀ। ਪਤੀ ਦੀ ਮੌਤ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਨੇ 1811 ਈ. ਵਿਚ ਇਸ ਨਾਲ ਵਿਆਹ ਕਰਵਾ ਲਿਆ। ਇਸ ਦੀ ਕੁੱਖੋਂ ਹੀ ਮਹਾਰਾਜਾ ਰਣਜੀਤ ਸਿੰਘ ਦੀ ਪਿਸ਼ਾਵਰ ਦੀ ਜਿੱਤ (1818) ਸਮੇਂ ਪਿਸ਼ੌਰਾ ਸਿੰਘ ਅਤੇ ਕਸ਼ਮੀਰ ਦੀ ਜਿੱਤ (1819) ਸਮੇਂ ਕਸ਼ਮੀਰਾ ਸਿੰਘ ਨੇ ਜਨਮ ਲਿਆ। ਕੰਵਰ ਕਸ਼ਮੀਰਾ ਸਿੰਘ ਬਾਬਾ ਬੀਰ ਸਿੰਘ ਨੌਰੰਗਾਬਾਦੀਏ ਦੇ ਨਾਲ ਹੀ 1843 ਈ. ਵਿਚ ਸਿੱਖ ਫ਼ੌਜਾਂ ਦੇ ਹੱਥੋਂ ਮਾਰਿਆ ਗਿਆ। ਕੰਵਰ ਪਿਸ਼ੌਰਾ ਸਿੰਘ, ਫ਼ਤਹਿ ਖਾਂ ਟਿਵਾਣੇ ਅਤੇ ਸਰਦਾਰ ਚੜ੍ਹਤ ਸਿੰਘ ਅਟਾਰੀ ਵਾਲੇ ਨਾਲ ਲੜਦਾ ਹੋਇਆ 1844 ਈ. ਵਿਚ ਅਟਕ ਵਿਖੇ ਮਾਰਿਆ ਗਿਆ। ਇਸ ਦੀ ਮੌਤ 1843 ਈ. ਵਿਚ ਹੋਈ ਪਰ ਲਤੀਫ਼ ਅਨੁਸਾਰ ਇਸ ਨੂੰ ਅਟਕ ਕਿਲੇ ਦੇ ਕਾਲਾ ਬੁਰਜ ਵਿਚ ਧੋਖੇ ਨਾਲ 1845 ਈ. ਵਿਚ ਗਲਾ ਘੁੱਟ ਕੇ ਮਾਰਿਆ ਗਿਆ ਸੀ।

ਹ.ਪੁ.—ਮ.ਕੋ; ਤਵਾ. ਗੁ. ਖਾ.-ਭਾਗ ਦੂਜਾ ; ਸਿ. ਮਿ., ਹਿਸਟਰੀ ਆਫ ਪੰਜਾਬ-ਸੱਯਦ ਮੁੰਹਮਦ ਲਤੀਫ਼; ਮਹਾਰਾਜਾ ਰਣਜੀਤ ਸਿੰਘ-ਫਸਟ ਡੈੱਥ ਸੈਨੇਟਰੀ ਮੈਮੋਰੀਅਲ-ਭਾਸ਼ਾ ਵਿਭਾਗ; ਹਿ. ਸਿ. -ਕਨਿੰਘਮ।

ਦਯਾਨੰਦ ਸੁਆਮੀ : ਕਾਠੀਆਵਾੜ ਦੇ ਇਕ ਛੋਟੇ ਜਿਹੇ ਪਿੰਡ ਟੰਕਾਰਾ ਵਿਚ 12 ਫ਼ਰਵਰੀ, 1825 ਨੂੰ ਸੁਆਮੀ ਦਯਾਨੰਦ ਦਾ ਜਨਮ ਹੋਇਆ। ਇਸ ਦੇ ਬਚਪਨ ਦਾ ਨਾਮ ਮੂਲ ਸ਼ੰਕਰ ਸੀ। ਇਸ ਦੇ ਪਿਤਾ ਦਾ ਨਾ ਅੰਬਾ ਸ਼ੰਕਰ ਸੀ ਜੋ ਬ੍ਰਾਹਮਣ ਸੀ ਅਤੇ ਸ਼ਿਵ ਜੀ ਦਾ ਬਹੁਤ ਭਗਤ ਸੀ।

ਮੂਲ ਸ਼ੰਕਰ ਬਚਪਨ ਤੋਂ ਹੀ ਜਗਿਆਸੂ ਸੀ। ਸ਼ਿਵਰਾਤਰੀ ਦਾ ਅਵਸਰ ਸੀ। ਪਿਤਾ ਜੀ ਦੀ ਆਗਿਆ ਹੋਈ ਕਿ ਮੂਲ ਸ਼ੰਕਰ ਹੁਣ 14 ਸਾਲਾਂ ਦਾ ਯੁਵਕ ਹੈ ਅਤੇ ਇਸ ਨੂੰ ਸ਼ਿਵਰਾਤਰੀ ਦਾ ਵਰਤ ਰੱਖਣਾ ਚਾਹੀਦਾ ਹੈ। ਮੂਲ ਸ਼ੰਕਰ ਦੇ ਦਿਲ ਵਿਚ ਸ਼ਿਵ ਲਈ ਅਥਾਹ ਸ਼ਰਧਾ ਸੀ ਪ੍ਰੰਤੂ ਇਹ ਛੇਤੀ ਹੀ ਡੋਲ ਗਈ ਜਦੋਂ ਇਸ ਨੇ ਸ਼ਿਵ ਦੀ ਮੂਰਤੀ ਤੇ ਇਕ ਚੂਹੇ ਨੂੰ ਅਠਖੇਲੀਆਂ ਕਰਦੇ ਦੇਖਿਆ। ਇਸ ਨੇ ਆਪਣਾ ਵਰਤ ਤੋੜ ਦਿੱਤਾ ਅਤੇ ਸੱਚੇ ਸ਼ਿਵ ਦੀ ਭਾਲ ਵਿਚ ਲੱਗ ਗਿਆ।

ਇਥੇ ਉਨ੍ਹਾਂ ਦੋ ਘਟਨਾਵਾਂ ਦਾ ਜ਼ਿਕਰ ਕਰਨਾ ਅਤਿਅੰਤ ਜ਼ਰੂਰੀ ਹੈ ਜਿਨ੍ਹਾਂ ਨੇ ਇਸ ਦੇ ਮਨ ਉਤੇ ਡੂੰਘਾ ਅਸਰ ਪਾਇਆ। ਜਦੋਂ ਮੂਲ ਸ਼ੰਕਰ 16 ਸਾਲਾਂ ਦਾ ਸੀ ਤਾਂ ਇਸ ਦੀ 14 ਵਰ੍ਹਿਆਂ ਦੀ ਭੈਣ ਦੀ ਹੈਜ਼ੇ ਨਾਲ ਸਿਰਫ਼ ਚਾਰ ਘੰਟਿਆਂ ਵਿਚ ਹੀ ਮੌਤ ਹੋ ਗਈ। ਉਸੀ ਸਮੇਂ ਦੌਰਾਨ ਇਸ ਦੇ ਚਾਚਾ ਜੀ ਜੋ ਉਸ ਨੂੰ ਬਹੁਤ ਪਿਆਰ ਕਰਦੇ ਸਨ, ਉਨ੍ਹਾਂ ਦੀ ਵੀ ਮੌਤ ਹੋ ਗਈ। ਹੁਣ ਮੂਲ ਸ਼ੰਕਰ ਦੇ ਮਨ ਵਿਚ ਵਿਚਾਰ ਆਇਆ ਕਿ ਮੈਨੂੰ ਵੀ ਇਕ ਦਿਨ ਮੌਤ ਦਾ ਸਾਹਮਣਾ ਕਰਨਾ ਪਵੇਗਾ ਤੇ ਇਸ ਤੋਂ ਕਿਵੇਂ ਛੁਟਕਾਰਾ ਪਾਇਆ ਜਾਵੇ।

ਉਪਰੋਕਤ ਘਟਨਾਵਾਂ ਦੇ ਫਲਸਰੂਪ ਮੂਲ ਸ਼ੰਕਰ ਦੇ ਮਨ ਵਿਚ ਵੈਰਾਗ ਦੀ ਭਾਵਨਾ ਨੇ ਜਨਮ ਲਿਆ। ਇਹੋ ਜਿਹੀਆਂ ਘਟਨਾਵਾਂ ਹਰੇਕ ਦੇ ਜੀਵਨ ਵਿਚ ਵਾਪਰਦੀਆਂ ਹਨ ਪਰੰਤੂ ਮਹਾਂਪੁਰਸ਼ਾਂ ਨੂੰ ਇਹ ਮਹਾਨ ਬਣਾ ਦਿੰਦੀਆਂ ਹਨ। ਇਸ ਦੀ ਮਨੋਬਿਰਤੀ ਨੂੰ ਦੇਖ ਕੇ ਮਾਤਾ ਪਿਤਾ ਚਿੰਤਤ ਹੋਏ ਤੇ ਇਸ ਨੂੰ ਵਿਆਹ ਕਰਨ ਲਈ ਮਜਬੂਰ ਕਰਨ ਲੱਗੇ ਪਰੰਤੂ 1846 ਈ. ਇਕ ਰਾਤ ਨੂੰ 22 ਸਾਲਾਂ ਦੀ ਉਮਰੇ ਵਿਚ ਇਸ ਨੇ ਆਪਣਾ ਘਰ ਬਾਰ ਤਿਆਗ ਦਿੱਤਾ।

ਮੂਲ ਸ਼ੰਕਰ ਨੇ ਸੁਣਿਆ ਹੋਇਆ ਸੀ ਕਿ ਯੋਗ ਨਾਲ ਮੌਤ ਨੂੰ ਜਿੱਤਿਆ ਜਾ ਸਕਦਾ ਹੈ ਅਤੇ ਇਹ ਵਿਦਿਆ ਯੋਗੀਆਂ ਕੋਲੋਂ ਸਿੱਖੀ ਜਾ ਸਕਦੀ ਹੈ। ਘਰ ਤੋਂ ਨਿਕਲਦਿਆਂ ਹੀ ਇਹ ਯੋਗੀਆਂ ਨੂੰ ਢੂੰਡਣ ਲੱਗਾ। ਸ਼ੈਲਾ ਨਗਰ ਵਿਚ ਇਸ ਨੂੰ ਲਾਲਾ ਭਗਤ ਯੋਗੀ ਮਿਲੇ। ਉਸ ਕੋਲੋਂ ਇਸ ਨੇ ਕੁਝ ਦਿਨ ਯੋਗ ਅਭਿਆਸ ਕੀਤਾ ਪਰੰਤੂ ਨਾਲ ਦੀ ਇਹ ਮਹਿਸੂਸ ਕਰਨ ਲੱਗਾ ਕਿ ਸੰਨਿਆਸ ਲਏ ਬਗੈਰ ਗੱਲ ਨਹੀਂ ਬਣਦੀ। ਇਸ ਲਈ ਇਸ ਨੇ ਇਕ ਬ੍ਰਹਮਚਾਰੀ ਤੋਂ ਸੰਨਿਆਸ ਦੀ ਦੀਖਿਆ ਲੈ ਲਈ ਅਤੇ ਹੁਣ ਇਸ ਦਾ ਨਾਮ 'ਸ਼ੁੱਧ-ਚੈਤੰਨਯ' ਹੋ ਗਿਆ।

ਕੱਤਕ ਦੇ ਮਹੀਨੇ ਸਿੱਧਪੁਰ ਵਿਚ ਇਕ ਮਹਾਂ ਮੇਲਾ ਲੱਗਦਾ ਹੈ ਜਿਥੇ ਅਨੇਕ ਸੰਪ੍ਰਦਾਵਾਂ ਦੇ ਸਾਧੂ ਤੇ ਯੋਗੀ ਇਕੱਠੇ ਹੁੰਦੇ ਹਨ। ਸ਼ੁੱਧ ਚੈਤੰਨਯ ਨੇ ਸ਼ਰਧਾ ਨਾਲ ਸਾਧੂ ਸੰਨਿਆਸੀਆਂ ਤੋਂ ਕੁਝ ਸਿੱਖਣ ਦੀ ਭਾਵਨਾ ਨਾਲ ਉਨ੍ਹਾਂ ਨਾਲ ਗੱਲਬਾਤ ਕੀਤੀ। ਅਚਾਨਕ ਇਕ ਦਿਨ ਇਸ ਦੇ ਪਿਤਾ ਜੀ ਉਥੇ ਆ ਗਏ ਤੇ ਆਪਣੇ ਪੁੱਤਰ ਨੂੰ ਘਰ ਵਾਪਸ ਲੈ ਗਏ ਪਰੰਤੂ ਮੌਕਾ ਮਿਲਦਿਆਂ ਹੀ ਇਹ ਫਿਰ ਘਰੋਂ ਨਿਕਲ ਗਿਆ ਤੇ ਆਪਣੇ ਘਰ ਵਾਲਿਆਂ ਦੀ ਪਕੜ ਤੋਂ ਬਹੁਤ ਦੂਰ ਛੁਪਦੇ ਛੁਪਾਉਂਦੇ ਘੁੰਮਦੇ-ਘੁੰਮਾਉਂਦੇ ਬੜੋਦਾ ਪਹੁੰਚਿਆ। ਬੜੋਦਾ ਵਿਖੇ

ਚੈਤੰਨਯ ਕੁਝ ਦਿਨ ਮੱਠ ਵਿਚ ਠਹਿਰਿਆ। ਉਥੇ ਕੁਝ ਬ੍ਰਹਮਚਾਰੀਆਂ ਨਾਲ ਇਸ ਦੀ ਜੀਵ ਤੇ ਬ੍ਰਹਮ ਸਬੰਧੀ ਵਾਰਤਾਲਾਪ ਹੋਈ ਤੇ ਇਸ ਗੱਲ ਬਾਤ ਤੋਂ ਪ੍ਰਭਾਵਿਤ ਹੋ ਕੇ ਇਹ ਜੀਵ-ਬ੍ਰਹਮ ਦੀ ਅਭਿੰਨਤਾ ਵਿਚ ਵਿਸ਼ਵਾਸ ਰੱਖਣ ਲੱਗਾ।

ਸੰਨ 1958 ਵਿਚ ਇਹ ਹਰਿਦੁਆਰ ਪਹੁੰਚਿਆ। ਇਥੋਂ ਰਿਸ਼ੀਕੇਸ਼, ਟਿਹਰੀ, ਜੋਸ਼ੀਮੱਠ, ਬਦਰੀਨਾਥ, ਕਾਸ਼ੀ, ਇਲਾਹਾਬਾਦ ਤੇ ਹੋਰ ਅਨੇਕ ਤੀਰਥ ਅਸਥਾਨਾਂ ਤੋਂ ਹੁੰਦੇ ਹੋਏ ਆਖ਼ਿਰ ਵਿਚ ਮਥੁਰਾ ਪਹੁੰਚਿਆ। ਇਥੇ ਇਸ ਨੇ ਪੂਰਨਾਨੰਦ ਸਰਸਵਤੀ ਤੋਂ ਸੰਨਿਆਸ ਗ੍ਰਹਿਣ ਕੀਤਾ ਅਤੇ ਸ਼ੁੱਧ ਚੈਤੰਨਯ ਤੋਂ ਸੁਆਮੀ ਦਯਾਨੰਦ ਸਰਸਵਤੀ ਬਣ ਗਿਆ।

ਮਥੁਰਾ ਪਹੁੰਚ ਕੇ ਇਸ ਦੀ ਤਲਾਸ਼ ਪੂਰੀ ਹੋਈ ਅਤੇ ਇਸ ਦੇ ਗੁਰੂ ਸੁਆਮੀ ਵਿਰਜਾਨੰਦ ਨਾਲ ਇਸ ਦਾ ਮੇਲ ਹੋਇਆ। ਸੁਆਮੀ ਦਯਾਨੰਦ ਨੇ ਵੀ ਤਨੋਂ ਮਨੋਂ ਗੁਰੂ ਦੀ ਸੇਵਾ ਕੀਤੀ ਅਤੇ ਗੁਰੂ ਜੀ ਨੇ ਦਯਾਨੰਦ ਨੂੰ ਵੇਦਾਂਤ ਦੀ ਛੇ ਸਾਲ ਸਿੱਖਿਆ ਦਿੱਤੀ। ਗੁਰੂ ਜੀ ਦੇ ਆਦੇਸ਼ ਦਾ ਪਾਲਣ ਕਰਨ ਲਈ ਇਹ ਵੇਦਾਂਤ ਦਾ ਪ੍ਰਚਾਰ ਕਰਨ ਹਿੱਤ ਭ੍ਰਮਣ ਕਰਨ ਲੱਗ ਪਿਆ। ਪ੍ਰਚਾਰ ਦਾ ਮਾਧਿਅਮ ਹਿੰਦੀ ਰੱਖਿਆ ਤਾਂ ਕਿ ਲੋਕਾਂ ਨੂੰ ਸੌਖੀ ਤਰ੍ਹਾਂ ਸਮਝ ਆ ਸਕੇ। ਉਹ ਵਿਚਾਰ ਜੋ ਪੰਡਤਾਂ ਨੇ ਆਪਣੀ ਹੀ ਮਲਕੀਅਤ ਬਣਾ ਕੇ ਰੱਖੇ ਸਨ, ਇਸ ਨੇ ਜਨਤਾ ਜਨਾਰਧਨ ਦੀ ਝੋਲੀ ਵਿਚ ਪਾਏ। ਸੁਆਮੀ ਜੀ ਤੋਂ ਪ੍ਰਭਾਵਿਤ ਹੋ ਕੇ ਹੀ ਅਨੇਕ ਡੀ.ਏ.ਵੀ. ਸਕੂਲ ਲਾਲਾ ਲਾਜਪਤ ਰਾਇ ਅਤੇ ਮਹਾਰਾਜ ਹੰਸ ਰਾਜ ਜੀ ਨੇ ਖੋਲ੍ਹੇ। ਸੁਆਮੀ ਜੀ ਦੇ ਇਕ ਭਗਤ ਸੁਆਮੀ ਸ਼ਰਧਾਨੰਦ ਨੇ ਹਰਿਦੁਆਰ ਦੇ ਨੇੜੇ ਗੁਰੂਕੁਲ ਕਾਂਗੜੀ ਖੋਲ੍ਹੀ। ਲੜਕੀਆਂ ਲਈ ਮਹਾਂਵਿਦਿਆਲੇ ਖੋਲ੍ਹੇ ਗਏ।

ਕਹਿੰਦੇ ਹਨ ਕਿ ਪਰਉਪਕਾਰੀ ਮਨੁੱਖ ਦਾ ਜੀਵਨ ਤੇ ਮਰਨ ਦੋਵੇਂ ਹੀ ਵਚਿੱਤਰ ਹੁੰਦੇ ਹਨ। ਧੰਨ ਦੇ ਲਾਲਚ ਵਿਚ ਆ ਕੇ ਜਗਨ ਨਾਥ ਨੇ ਸੁਆਮੀ ਦਯਾਨੰਦ ਨੂੰ ਦੁੱਧ ਵਿਚ ਕੱਚ ਮਿਲਾ ਕੇ ਪਿਲਾ ਦਿੱਤਾ ਪ੍ਰੰਤੂ ਸੁਆਮੀ ਜੀ ਨੇ ਦਯਾ ਭਾਵਨਾ ਨਾਲ ਜਗਨ ਨਾਥ ਨੂੰ ਕੁਝ ਰੁਪਏ ਦੇ ਕੇ ਕਹਿ ਦਿੱਤਾ ਕਿ ਉਹ ਜਿਤਨਾ ਜਲਦੀ ਹੋ ਸਕੇ ਉਥੋਂ ਸਰਕਾਰ ਦੀ ਪਕੜ ਤੋਂ ਦੂਰ ਭੱਜ ਜਾਵੇ ਨਹੀਂ ਤਾਂ ਉਸ ਨੂੰ ਸਜ਼ਾ ਹੋ ਜਾਵੇਗੀ। ਸੁਆਮੀ ਦਯਾਨੰਦ ਸਰਸਵਤੀ ਦਾ ਦੇਹਾਂਤ 30 ਅਕਤੂਬਰ, 1883 ਈ. ਨੂੰ ਹੋਇਆ।

ਸੁਆਮੀ ਜੀ ਨੇ ਆਪਣੀ ਜ਼ਿੰਦਗੀ ਵਿਚ ਆਰੀਆ ਸਮਾਜ ਦੀ ਸਥਾਪਨਾ ਕੀਤੀ ਤੇ ਬਹੁਤ ਜਲਦੀ ਹੀ ਇਹ ਲਹਿਰ ਕਈ ਥਾਵਾਂ ਵਿਚ ਫੈਲ ਗਈ ਜਿਸ ਦਾ ਮਨੋਰਥ ਜਾਤ ਪਾਤ ਦਾ ਆਧਾਰ ਜਨਮ ਜਾਤ ਨਹੀਂ ਬਲਕਿ ਕਰਮ ਹੈ। ਸੁਆਮੀ ਜੀ ਦੀ ਜ਼ਿੰਦਗੀ ਦੌਰਾਨ ਅਤੇ ਉਨ੍ਹਾਂ ਦੀ ਮਹਾਂ ਸਮਾਧੀ ਤੋਂ ਬਾਅਦ ਆਰੀਆ ਲਹਿਰ ਨੇ ਸਮਾਜ ਸੁਧਾਰ ਵਿਚ ਸਕਾਰਾਤਮਕ ਕੰਮ ਕੀਤਾ ਹੈ।

—ਜਸਬੀਰ ਕੌਰ ਆਹੂਜਾ

ਦਯਾਲ ਸਿੰਘ, ਭਾਈ : ਇਹ ਭਾਈ ਰੂਪ ਚੰਦ ਦਾ ਪੋਤਾ ਅਤੇ ਭਾਈ ਧਰਮ ਸਿੰਘ ਦਾ ਸਪੁੱਤਰ ਸੀ। ਇਸ ਮਹਾਤਮਾ ਨੇ ਸਾਬਕਾ ਰਿਆਸਤ ਨਾਭਾ ਵਿਚ ਦਯਾਲਪੁਰਾ ਪਿੰਡ ਆਬਾਦ ਕੀਤਾ। ਬਾਗੜੀਆਂ ਵਾਲੇ ਭਾਈ ਸਾਹਿਬ ਇਸੇ ਮਹਾਂਪੁਰਸ਼ਾਂ ਦੀ ਸੰਤਾਨ ਹਨ।

ਭਾਈ ਦਯਾਲ ਸਿੰਘ ਤੋਂ ਪਹਿਲਾਂ ਇਹ ਜ਼ਮੀਨ ਰਾਇ ਜੋਧ ਅਤੇ ਉਸ ਦੀ ਔਲਾਦ ਦੇ ਕਬਜ਼ੇ ਵਿਚ ਰਹੀ ਸੀ ਜਿਨ੍ਹਾਂ ਨੇ ਛੇਵੇਂ ਸਤਿਗੁਰੂ ਅਤੇ ਦਸ਼ਮੇਸ਼ ਜੀ ਦੀ ਤਨ ਮਨ ਨਾਲ ਸੇਵਾ ਕੀਤੀ ਸੀ। ਇਥੇ ਦੋ ਗੁਰਦੁਆਰੇ ਹਨ। ਇਕ ਉਹ ਅਸਥਾਨ ਜਿਥੇ ਬੈਠਕੇ ਕਲਗੀਧਰ ਨੇ ਔਰੰਗਜ਼ੇਬ ਨੂੰ ਜ਼ਫ਼ਰਨਾਮਾ ਲਿਖਿਆ ਸੀ। ਸੰਤ ਮਨੀ ਸਿੰਘ ਨੇ ਉਥੇ ਸੁੰਦਰ ਦਰਬਾਰ ਬਣਾ ਕੇ ਉਸ ਦਾ ਨਾਂ 'ਜ਼ਫ਼ਰਨਾਮਾ ਸਾਹਿਬ' ਰੱਖਿਆ। ਦੂਜਾ ਗੁਰਦੁਆਰਾ ਸ੍ਰੀ ਹਰਿਗੋਬਿੰਦ ਸਾਹਿਬ ਦਾ ਹੈ। ਇਹ ਅਸਥਾਨ ਰੇਲਵੇ ਸਟੇਸ਼ਨ ਰਾਮਪੁਰਾ ਫੂਲ ਤੋਂ 25 ਕਿਲੋਮੀਟਰ ਉੱਤਰ ਵੱਲ ਹੈ।

ਦਯਾਲ ਸਿੰਘ ਨਾਂ ਦਾ ਇਕ ਹੋਰ ਸਿੱਖ ਵੀ ਸੀ ਜਿਸ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਅੰਮ੍ਰਿਤ ਛਕਿਆ। ਇਹ ਸੁਰਸਿੰਘ ਦਾ ਵਸਨੀਕ ਅਤੇ ਸਿੱਧੂ ਜੱਟ ਸੀ। ਇਸ ਨੇ ਅਨੰਦਪੁਰ ਦੀਆਂ ਜੰਗਾਂ ਵਿਚ ਖ਼ਾਲਸੇ ਦੀ ਸੈਨਾ ਨਾਲ ਮਿਲ ਕੇ ਜ਼ਾਲਮਾਂ ਦਾ ਬਹੁਤ ਡੱਟ ਕੇ ਮੁਕਾਬਲਾ ਕੀਤਾ।

ਹ.ਪੁ.—ਮ.ਕੋ. : 622

ਦਯਾਲ ਦਾਸ : ਭੁੱਚੋ ਪਿੰਡ ਦਾ ਇਹ ਵਸਨੀਕ ਭਾਈ ਭਗਤੂ ਦਾ ਪੋਤਾ ਅਤੇ ਗੌਰੇ ਦਾ ਪੁੱਤਰ ਸੀ। ਜਦ ਗੁਰੂ ਗੋਬਿੰਦ ਸਿੰਘ ਜੀ ਦਮਦਮਾ ਸਾਹਿਬ ਆ ਕੇ ਠਹਿਰੇ ਤਾਂ ਇਹ ਸੇਵਾ ਵਿਚ ਹਾਜ਼ਰ ਹੋਇਆ। ਗੁਰੂ ਜੀ ਨੇ ਇਸ ਨੂੰ ਅੰਮ੍ਰਿਤ ਛੱਕਣ ਲਈ ਕਿਹਾ ਜਿਸ ਦੀ ਇਸ ਨੇ ਤਾਮੀਲ ਕੀਤੀ।

ਹ.ਪੁ.-ਮ.ਕੋ.

ਦਯਾਲ ਪੁਰੀ : ਸੀਤਲਪੁਰੀ ਸੰਨਿਆਸੀ ਦਾ ਇਹ ਚੇਲਾ ਸਰਹਿੰਦ ਦਾ ਵਸਨੀਕ ਸੀ। ਸਾਹਿਬਜ਼ਾਦਿਆਂ ਦਾ ਸ਼ਹੀਦ ਹੋਣਾ ਦੇਖ ਕੇ ਅਤੇ ਸਰਹਿੰਦ ਉਤੇ ਆਉਣ ਵਾਲੀ ਆਫ਼ਤ ਨੂੰ ਜਾਣ ਕੇ ਇਸ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸ ਦੀਨੇ ਪਿੰਡ ਪਹੁੰਚ ਕੇ ਆਪਣੇ ਸ਼ਰਧਾਲੂਆਂ ਸਬੰਧੀ ਬੇਨਤੀ ਕੀਤੀ ਜਿਸ ਨੂੰ ਸੁਣਕੇ ਗੁਰੂ ਗੋਬਿੰਦ ਸਿੰਘ ਜੀ ਨੇ ਹੁਕਮ ਕੀਤਾ ਕਿ ਤੇਰਾ ਡੇਰਾ ਅਤੇ ਮੁਹੱਲਾ ਖ਼ਾਲਸਾ ਦਲ ਤੋਂ ਬਚ ਜਾਵੇਗਾ।

ਹ.ਪੁ.—ਮ.ਕੋ.

ਦਰਸ਼ਨ, ਪੱਛਮੀ : ਪੱਛਮੀ ਦਰਸ਼ਨਧਾਰਾ ਮਨੁੱਖੀ ਮਾਨਸਿਕਤਾ ਦੇ ਉਸ ਚਿੰਤਨਸ਼ੀਲ ਪ੍ਰਗਟਾਵੇ ਦਾ ਨਾਮ ਹੈ ਜਿਸ ਨੂੰ ਯੂਰਪੀ ਦੇਸ਼ਾਂ ਦੇ ਵਿਚਾਰਵਾਨਾਂ ਨੇ ਸਮੁੱਚੀ ਹੋਂਦ ਨੂੰ ਸਮਝਣ ਦੀ ਜਗਿਆਸਾ ਵਿਚੋਂ ਲਿਖਤੀ ਰੂਪ ਦਿੱਤਾ। ਇਸ ਚਿੰਤਨ ਧਾਰਾ ਦਾ ਆਰੰਭ ਈਸਾ ਦੇ ਜਨਮ ਤੋਂ ਲਗਭਗ ਛੇ ਸਦੀਆਂ ਪਹਿਲਾਂ ਯੂਨਾਨ ਦੀ ਧਰਤੀ ਉੱਤੇ ਹੋਇਆ। ਮਗਰੋਂ ਇਸ ਦੀ ਪ੍ਰਗਤੀ ਵਿਚ ਇਟਲੀ, ਜਰਮਨੀ, ਇੰਗਲੈਂਡ ਆਦਿ ਯੂਰਪੀ ਦੇਸ਼ਾਂ ਤੋਂ ਛੁੱਟ ਅਮਰੀਕੀ ਮਹਾਂਦੀਪ ਦੇ ਚਿੰਤਕਾਂ ਨੇ ਭਰਵਾਂ ਯੋਗਦਾਨ ਪਾਇਆ ਅਤੇ ਇਸ ਨੂੰ ਵਿਚਾਰਾਂ ਤੇ ਸਿਧਾਂਤਾਂ ਦੇ ਵੰਨ-ਸੁਵੰਨੇ ਬਹੁਮੁਖੀ ਸਮੁੱਚ ਦੇ ਰੂਪ ਵਿਚ ਵਿਕਸਿਤ ਕੀਤਾ। ਜਿਨ੍ਹਾਂ ਸਮੱਸਿਆਵਾਂ ਨਾਲ ਪੱਛਮੀ ਫ਼ਲਸਫ਼ਾ ਜੂਝਦਾ ਰਿਹਾ ਉਨ੍ਹਾਂ ਵਿਚ ਸਮੁੱਚੇ ਵਿਸ਼ਵ ਦੀ ਹਸਤੀ ਤੇ ਹੋਂਦ, ਅਦ੍ਰਿਸ਼ਟ ਤੇ ਅਗੋਚਰ ਦਾ ਕਿਆਸ, ਮਨੁੱਖੀ ਗਿਆਨ ਦਾ ਪਸਾਰ ਤੇ ਸੀਮਾਵਾਂ, ਕਦਰਾਂ-ਕੀਮਤਾਂ ਦਾ ਵਿਚਾਰ ਅਤੇ ਮਨੁੱਖ ਦੇ ਭਾਸ਼ਾਈ ਸਾਧਨਾਂ ਦੀ ਸਮਰੱਥਾ ਤੇ ਪਰਖ ਦੇ ਪ੍ਰਸ਼ਨ ਪ੍ਰਮੁੱਖ ਹਨ। ਦੂਜੇ ਸ਼ਬਦਾਂ ਵਿਚ ਪੱਛਮੀ ਦਾਰਸ਼ਨਿਕ ਪਰੰਪਰਾ ਜੀਵਨ ਦੇ ਬੁਨਿਆਦੀ ਸੂਤਰਾਂ ਦੇ ਨਿਯਮਾਂ ਦਾ ਵਿਧੀਬਧ ਅਧਿਐਨ ਹੈ ਅਤੇ ਸੁਚੱਜੀ ਜੀਵਨ ਸ਼ੈਲੀ ਦਾ ਬੌਧਿਕ ਸੁਨੇਹਾ ਹੈ।

ਪੱਛਮੀ ਫ਼ਲਸਫ਼ੇ ਦੇ ਇਤਿਹਾਸਕਾਰਾਂ ਨੇ ਇਸ ਦੇ ਵਿਕਾਸ-ਕ੍ਰਮ ਨੂੰ ਤਿੰਨ ਪੜਾਵਾਂ ਵਿਚ ਵੰਡਿਆ ਹੈ—(ੳ) ਪ੍ਰਾਚੀਨ ਫ਼ਲਸਫ਼ਾ, ਜਿਸ ਨੂੰ ਅਕਸਰ ਯੂਨਾਨੀ ਫ਼ਲਸਫ਼ੇ ਦਾ ਨਾਮ ਦਿੱਤਾ ਜਾਂਦਾ ਹੈ; (ਅ) ਮੱਧ ਕਾਲੀਨ ਜਾਂ ਈਸਾਈਅਤ ਦਾ ਫ਼ਲਸਫ਼ਾ; (ੲ) ਆਧੁਨਿਕ ਫ਼ਲਸਫ਼ਾ ਜੋ ਯੂਰਪੀ ਪੁਨਰ-ਜਾਗ੍ਰਿਤੀ ਦੇ ਦੌਰ ਤੋਂ ਆਰੰਭ ਹੋ ਕੇ ਵੀਹਵੀਂ ਸਦੀ ਤਕ ਫੈਲਿਆ ਹੋਇਆ ਹੈ। ਸਮਕਾਲੀ ਫ਼ਲਸਫ਼ਾ ਬੇਸ਼ਕ

ਆਧੁਨਿਕ ਕਾਲ ਦੇ ਫ਼ਲਸਫ਼ੇ ਦਾ ਹੀ ਅੰਗ ਹੈ ਪਰ ਇਸ ਦੀਆਂ ਦਾਰਸ਼ਨਿਕ ਧਾਰਾਵਾਂ ਦੀ ਵਿਭਿੰਨਤਾ ਤੇ ਪਾਸਾਰ ਨੂੰ ਮੁੱਖ ਰੱਖਦਿਆਂ ਇਸ ਨੂੰ ਸੁਤੰਤਰ ਇਕਾਈ ਦੇ ਰੂਪ ਵਿਚ ਵਿਚਾਰਨਾ ਉਚਿਤ ਹੈ। ਸਮਕਾਲੀ ਦੌਰ ਵਿਚ ਆ ਕੇ ਫ਼ਲਸਫ਼ੇ ਦੀਆਂ ਪੱਛਮੀ ਤੇ ਭਾਰਤੀ ਸ਼ਾਖ਼ਾਵਾਂ ਦੀ ਹੱਦਬੰਦੀ ਧੁੰਦਲੀ ਹੋ ਜਾਂਦੀ ਹੈ ਅਤੇ ਇਹ ਦੋਵੇਂ ਸਮਕਾਲੀ ਦਾਰਸ਼ਨਿਕ ਪਰੰਪਰਾ ਦੇ ਅੰਗਾਂ ਵਿਚੋਂ ਉਭਰ ਕੇ ਸਾਹਮਣੇ ਆਉਂਦੀਆਂ ਹਨ।

ਯੂਨਾਨੀ ਫ਼ਲਸਫ਼ੇ ਦਾ ਮੁੱਢਲਾ ਦੌਰ—ਮੱਧ ਸਾਗਰ ਦੇ ਤੱਟ ਉੱਤੇ, ਇਟਲੀ ਦੇ ਗੁਆਂਢ ਵਿਚ ਵਸਿਆ ਯੂਨਾਨ, ਪੱਛਮੀ ਫ਼ਲਸਫ਼ੇ ਨੂੰ ਜਨਮ ਦੇਣ ਵਾਲਾ ਦੇਸ਼ ਹੈ। ਇਸ ਦੀਆਂ ਨਗਰ-ਰਿਆਸਤਾਂ ਵਿਚੋਂ ਮਿਲੇਟਸ ਨਾਮ ਦੀ ਇਕ ਬਸਤੀ ਵਿਚ ਹੁਣ ਤੋਂ ਦੋ ਹਜ਼ਾਰ ਛੇ ਸੌ ਵਰ੍ਹੇ ਪਹਿਲਾਂ ਥੇਲਿਜ਼ ਨੇ ਇਸ ਦੀ ਨੀਂਹ ਰੱਖੀ। ਇਹ ਉਹ ਸਮਾਂ ਸੀ ਜਦੋਂ ਭਾਰਤ ਵਿਚ ਗੌਤਮ ਬੁੱਧ ਦਾ ਆਗਮਨ ਹੋਇਆ। ਥੇਲਿਜ਼ ਨੇ ਕਿਸੇ ਤਰ੍ਹਾਂ ਬਾਬਲ ਦੇ ਸਿਆਣਿਆਂ ਪਾਸੋਂ ਇਹ ਗਿਆਨ ਪ੍ਰਾਪਤ ਕਰ ਲਿਆ ਸੀ ਕਿ ਚੰਦ ਤੇ ਸੂਰਜ ਦੇ ਗ੍ਰਹਿਣ ਵਿਸ਼ੇਸ਼ ਹਿਸਾਬ ਨਾਲ ਲਗਦੇ ਹਨ ਅਤੇ ਇਨ੍ਹਾਂ ਸਬੰਧੀ ਭਵਿੱਖ ਬਾਣੀ ਕੀਤੀ ਜਾ ਸਕਦੀ ਹੈ। ਉਨ੍ਹਾਂ ਦਿਨਾਂ ਵਿਚ ਆਰਫ਼ੀਅਨ ਨਾਮ ਦਾ ਇਕ ਪ੍ਰਾਚੀਨ ਮਿਥਿਹਾਸਕ ਧਰਮ ਯੂਨਾਨੀ ਲੋਕਾਂ ਵਿਚ ਪ੍ਰਚੱਲਿਤ ਸੀ ਜੋ ਰੂਹ ਦੇ ਪੁਨਰ-ਜਨਮ ਵਿਚ ਵਿਸ਼ਵਾਸ ਰੱਖਦਾ ਸੀ ਤੇ ਰੱਹਸਮਈ ਬਿਰਤੀ ਉੱਤੇ ਬਲ ਦਿੰਦਾ ਸੀ। ਥੇਲਿਜ਼ ਦੇ ਵਿਚਾਰਾਂ ਨੇ ਇਸ ਪਰੰਪਰਾਈ ਧਾਰਮਿਕ ਵਾਤਾਵਰਣ ਵਿਚ ਇਨਕਲਾਬ ਲੈ ਆਂਦਾ ਜਿਸ ਦੇ ਫਲ ਸਰੂਪ ਬੌਧਿਕ ਪ੍ਰਸ਼ਨਾਂ ਉੱਤੇ ਧਿਆਨ ਕੇਂਦ੍ਰਿਤ ਹੋਣ ਲੱਗਾ।

ਥੇਲਿਜ਼ ਦਾ ਸਾਧਾਰਣ ਜਿਹਾ ਪ੍ਰਸ਼ਨ ਸੀ ਕਿ ਦ੍ਰਿਸ਼ਟਮਾਨ ਜਗਤ ਦੀ ਮੁੱਢਲੀ ਸਾਮੱਗਰੀ ਕੀ ਹੈ। ਇਹ ਪ੍ਰਸ਼ਨ ਪੱਛਮੀ ਦੇਸ਼ ਦੇ ਵਿਗਿਆਨ ਤੇ ਫ਼ਲਸਫ਼ੇ ਦਾ ਸਾਂਝਾ ਪ੍ਰਾਥਮਿਕ ਪ੍ਰਸ਼ਨ ਸੀ। ਥੇਲਿਜ਼ ਨੇ ਇਸ ਦੇ ਉੱਤਰ ਵਿਚ ਆਪ ਹੀ ਕਿਹਾ-'ਪਾਣੀ' ਮੁੱਢਲਾ ਪਦਾਰਥ ਹੈ ਜਿਸ ਤੋਂ ਕੁਦਰਤ ਦੀ ਹਰ ਸ਼ੈਅ ਉਪਜੀ ਹੈ। 'ਪਾਣੀ ਪਿਤਾ' ਦਾ ਵਿਚਾਰ ਭਾਰਤ ਵਿਚ ਵੀ ਪ੍ਰਚੱਲਿਤ ਰਿਹਾ ਹੈ। ਅਜੋਕਾ ਵਿਗਿਆਨ ਹਾਈਡ੍ਰੋਜਨ ਗੈਸ ਨੂੰ ਜਗਤ-ਪਾਸਾਰੇ ਦੀ ਆਵੱਸ਼ਕ ਸਾਮੱਗਰੀ ਮੰਨਦਾ ਹੈ ਅਤੇ ਪਾਣੀ ਦਾ ਦੋ-ਤਿਹਾਈ ਹਿੱਸਾ ਹਾਈਡ੍ਰੋਜਨ ਹੈ। ਥੇਲਿਜ਼ ਤੋਂ ਉਪਰੰਤ ਮਿਲੇਸ਼ੀਅਨ ਮੱਤ ਦੇ ਦੋ ਹੋਰ ਚਿੰਤਕਾਂ ਨੇ ਮੁੱਢਲੀ ਸਾਮੱਗਰੀ ਦੇ ਪ੍ਰਸ਼ਨ ਉੱਤੇ ਵਿਚਾਰ ਪ੍ਰਗਟਾਏ। ਅਨੇਕਸੀਮੈਂਡਰ ਨੇ ਕਿਹਾ ਕਿ ਕੋਈ ਅਦਿਖ ਤੇ ਅਮੁੱਕ ਸਾਮੱਗਰੀ ਮੌਜੂਦ ਹੈ ਜੋ ਅਨੇਕ ਰੂਪਾਂ ਵਿਚ ਪ੍ਰਗਟ ਹੁੰਦੀ ਹੈ; ਪਾਣੀ ਵੀ ਇਸੇ ਧਾਤੂ ਦਾ ਇਕ ਰੂਪ ਹੈ। ਅਨੇਕਸੀਮੇਨਜ਼ ਨਾਮ ਦੇ ਚਿੰਤਕ ਨੇ 'ਹਵਾ' ਨੂੰ ਮੁਢੱਲਾ ਦ੍ਰਵ ਮਿੱਥ ਕੇ 'ਪਵਨ ਗੁਰੂ' ਦੇ ਵਿਚਾਰ ਦੀ ਸਥਾਪਨਾ ਕੀਤੀ। ਉਸ ਅਨੁਸਾਰ ਹਵਾ ਹੀ ਪਾਣੀ ਦਾ ਆਧਾਰ ਹੈ ਭਾਰਤ ਵਿਚ ਗੁਰੂ ਨਾਨਕ ਨੇ 'ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ' ਕਹਿ ਕੇ ਹਵਾ ਦੇ ਮਹੱਤਵ ਨੂੰ ਪੁਸ਼ਟ ਕੀਤਾ ਹੈ।

ਪਾਣੀ, ਹਵਾ ਅਤੇ ਅਦ੍ਰਿਸ਼ਟ ਦ੍ਰਵ ਦੇ ਉਪਰੰਤ, ਮਿੱਟੀ ਤੇ ਅਗਨੀ ਦੇ ਮੂਲ ਤੱਤਾਂ ਦੀ ਵਾਰੀ ਆਈ ਨਾਲ ਹੀ ਕੁਝ ਹੋਰ ਦਾਰਸ਼ਨਿਕ ਸਮੱਸਿਆਵਾਂ ਨੂੰ ਵਿਚਾਰ ਅਧੀਨ ਲਿਆਂਦਾ ਗਿਆ। ਹਰਕਲਾਈਟੱਸ ਨਾਮ ਦੇ ਚਿੰਤਕ ਨੇ ਇਹ ਪ੍ਰਸਤਾਵ ਰੱਖਿਆ ਕਿ ਵਿਸ਼ਵ ਵਿਚ ਕੁਝ ਵੀ ਸਥਿਰ ਤੇ ਸਦੀਵੀ ਨਹੀਂ; ਹਰ ਵਸਤੂ ਪਰਿਵਰਤਨ ਵਿਚ ਹੈ, ਵਿਕਾਸ ਵਿਚ ਹੈ। ਸਭ ਵਸਤਾਂ ਵਿਰੋਧੀ ਗੁਣਾਂ ਦੇ ਮੇਲ ਤੋਂ ਉਤਪੰਨ ਹੁੰਦੀਆਂ ਹਨ; ਸ਼ਕਤੀਆਂ ਦੀ ਟੱਕਰ ਤੇ ਮੁੱਠਭੇੜ ਵਿਚੋਂ ਇਕਸੁਰਤਾ ਪੈਦਾ ਹੁੰਦੀ ਹੈ। ਮਨੁੱਖ ਲਈ ਉਚਿਤ ਹੈ ਕਿ ਆਪਣੀ ਆਤਮਾ ਨੂੰ ਖੁਸ਼ਕ ਰੱਖੇ, ਕਾਮਨਾਵਾਂ ਦੀ ਪੂਰਤੀ ਤੇ ਵਿਸ਼ੇ-ਵਿਕਾਰ ਆਤਮਾ ਨੂੰ ਗਿੱਲਾ ਕਰ ਦਿੰਦੇ ਹਨ। 'ਅਗਨੀ' ਨੂੰ ਹਰਕਲਾਈਟੱਸ ਨੇ ਮੂਲ ਸਾਮੱਗਰੀ ਮੰਨਿਆ। ਇਹ ਅਗਨੀ ਹੀ ਸਾਡੇ ਜੁਗ ਦੀ ਊਰਜਾ ਹੈ ਜੋ ਆਧੁਨਿਕ ਜੀਵਨ ਦੀ ਤਕਨੀਕੀ ਪ੍ਰਗਤੀ ਦਾ ਆਧਾਰ ਹੈ।

ਹਰਕਲਾਈਟੱਸ ਦੇ ਵਿਰੋਧ ਵਿਚ ਪਾਰਮੈਨੀਡਸ ਦਾ ਸਦੀਵਤਾ ਦਾ ਸਿਧਾਂਤ ਪ੍ਰਸਤੁਤ ਹੋਇਆ ਜਿਸ ਨੇ ਪਰਿਵਰਤਨ ਦੇ ਪ੍ਰਸਤਾਵ ਨੂੰ ਰੱਦ ਕਰ ਦਿੱਤਾ। ਬ੍ਰਹਿਮੰਡ ਸਦੀਵੀ ਹੈ। ਇਸ ਦਾ ਨਾ ਆਦਿ ਹੈ, ਨਾ ਅੰਤ ਅਤੇ ਨਾ ਹੀ ਇਸ ਨੂੰ ਨਸ਼ਟ ਕੀਤਾ ਜਾ ਸਕਦਾ ਹੈ। ਇਸ ਵਿਚਾਰ ਨੂੰ ਅੱਗੇ ਤੋਰਦਿਆਂ ਹਿਸਾਬਦਾਨ ਪੈਥਾਗੋਰਸ ਨੇ ਅੰਕੜਿਆਂ ਨੂੰ ਸਦੀਵੀ ਤੇ ਸਥਿਰ ਮੰਨ ਕੇ 'ਮਾਤਰਾ' ਨੂੰ ਉੱਚਤਮ ਦਰਜਾ ਦੇ ਦਿੱਤਾ। ਅੰਕੜੇ (ਇਕ, ਦੋ, ਤਿੰਨ...) ਸਦਾ ਇਕ, ਦੋ, ਤਿੰਨ .... ਰਹਿੰਦੇ ਹਨ, ਕਦੀ ਨਸ਼ਟ ਨਹੀਂ ਹੁੰਦੇ। ਹਰ ਰੂਪ, ਹਰ ਆਕਾਰ, ਹਰ ਕਲਾ ਤੇ ਸੰਗੀਤ ਵਿਚ ਵਿਆਖਿਆ ਅੰਕੜਿਆਂ ਤੇ ਮਾਤਰਾ ਦੀ ਵਰਤੋਂ ਰਾਹੀਂ ਸੰਭਵ ਹੈ। ਪੈਥਾਗੋਰਸ ਦਾ ਰੱਬ ਵੀ ਹਿਸਾਬਦਾਨ ਹੈ ਜਿਸ ਨੇ ਅੰਕਾਂ ਤੇ ਮਾਤਰਾ ਦੇ ਨਾਪ-ਤੋਲ ਨਾਲ ਸੰਸਾਰ ਦੀਆਂ ਵਸਤਾਂ ਘੜੀਆਂ ਹਨ।

ਪੈਥਾਗੋਰਸ ਦਾ ਇਕ ਸ਼ਰਧਾਲੂ ਸਿਸਲੀ ਦਾ ਵਸਨੀਕ ਐਪੀਡੋਕਲੀਜ਼ ਸੀ ਜਿਸ ਅਨੁਸਾਰ ਸੰਸਾਰੀ ਵਸਤਾਂ ਤੇ ਜੀਵ ਹਵਾ ਮਿੱਟੀ, ਅਗਨੀ ਤੇ ਪਾਣੀ ਚਾਰ ਤੱਤਾਂ ਦੇ ਇਤਫਾਕੀਆ ਮੇਲ ਤੋਂ ਪੈਦਾ ਹੁੰਦੇ ਹਨ। ਪਿਆਰ ਤੇ ਝਗੜਾ (ਘਿਰਣਾ) ਦੋ ਬੁਨਿਆਦੀ ਤਾਕਤਾਂ ਹਨ ਜੋ ਤੱਤਾਂ ਤੇ ਜੀਵਾਂ ਨੂੰ ਜੋੜਨ ਦਾ ਕੰਮ ਕਰਦੀਆਂ ਹਨ। ਇਕ ਹੋਰ ਚਿੰਤਕ ਅਨੈਕਸਾਗੋਰਸ ਅਨੁਸਾਰ ਸੰਸਾਰ ਦੀ ਮੂਲ ਸ਼ਕਤੀ 'ਮਨ' ਹੈ ਜੋ ਆਪਣੇ ਆਪ ਵਿਚ ਅਨੰਤ ਤੇ ਨਿਰੋਲ ਹੈ। ਪ੍ਰਸਿੱਧ ਫ਼ਿਲਾਸਫ਼ਰ ਡਿਮੋਕ੍ਰਾਈਟੱਸ ਨੇ ਚੌਥੀ ਸਦੀ ਈ. ਪੂ. 'ਪਰਮਾਣੂ' ਦਾ ਸਿਧਾਂਤ ਪੇਸ਼ ਕੀਤਾ। ਸਭ ਸ਼ੈਆਂ, ਧਰਤੀ, ਸੂਰਜ, ਸਿਤਾਰੇ ਪਰਮਾਣੂਆਂ ਦੇ ਜੋੜ ਤੋੜ ਤੋਂ ਉਪਜੇ ਹਨ। ਪਰਮਾਣੂ ਆਪਣੇ ਆਪ ਵਿਚ ਅੰਤਿਮ ਕਿਣਕਾ ਜਾਂ ਭੋਰਾ ਹੈ ਜਿਸਦਾ ਵਿਸ਼ਲੇਸ਼ਣ ਸੰਭਵ ਨਹੀਂ। ਸਭ ਪਰਮਾਣੂ ਹਰਕਤ ਵਿਚ ਹਨ ਤੇ ਆਪਣੇ ਆਸ-ਪਾਸ ਦੇ 'ਪੁਲਾੜ' ਵਿਚ ਘੁੰਮਦੇ ਰਹਿੰਦੇ ਹਨ। ਮਨ ਤੇ ਰੂਹ ਨੂੰ ਡਿਮੋਕ੍ਰਾਈਟੱਸ ਨੇ ਪਦਾਰਥਵਾਦੀ ਸ਼ਬਦਾਂ ਵਿਚ ਕਥਨ ਕੀਤਾ। ਉਸ ਅਨੁਸਾਰ ਰੂਹ ਵੀ ਪਰਮਾਣੂਆਂ ਤੋਂ ਬਣੀ ਹੋਈ ਹੈ।

ਯੂਨਾਨੀ ਫ਼ਲਸਫ਼ੇ ਦੇ ਇਸ ਦੌਰ ਦਾ ਇਕ ਹੋਰ ਉੱਘਾ ਦਾਰਸ਼ਨਿਕ ਪ੍ਰੋਟਾਗੋਰਸ ਸੀ ਜਿਸ ਨੇ ਕੁਦਰਤ ਵਲੋਂ ਧਿਆਨ ਹਟਾ ਕੇ ਮਨੁੱਖ ਵੱਲ ਮੋੜਿਆ। ਉਸ ਦਾ ਕਹਿਣਾ ਸੀ—'ਮਨੁੱਖ ਹੀ ਹਰ ਸ਼ੈਅ ਦਾ ਨਾਪ ਹੈ।' ਜਿਸ ਸਮਾਜਕ ਵਾਤਾਵਰਣ ਵਿਚ ਮਨੁੱਖ ਵਸਦਾ ਹੈ, ਕਿਉਂ ਨਾ ਉਸ ਦਾ ਪ੍ਰਬੰਧ ਸੁਧਾਰਣ ਹਿਤ ਜਤਨ ਕਰੀਏ? ਪ੍ਰੋਟਾਗੋਰਸ ਇਕ ਸੋਫ਼ਿਸਟ ਸੀ ਜੋ ਫੀਸ ਉਗਰਾਹ ਕੇ ਲੋਕਾਂ ਨੂੰ ਦਿੰਦਾ ਸੀ। ਸੋਫ਼ਿਸਟਾਂ ਨਾਲ ਬਹੁਤ ਲੋਕਾਂ ਨੂੰ ਘਿਰਣਾ ਸੀ ਚਾਹੇ ਉਹ ਬੜੇ ਅਕਲਮੰਦ ਤੇ ਸੁਤੰਤਰ ਸੋਚਣੀ ਵਾਲੇ ਵਿਅਕਤੀ ਸਨ। ਸੁਕਰਾਤ ਨੇ ਵੀ ਸੋਫ਼ਿਸਟ ਉਸਤਾਦਾਂ ਦੀ ਨੁਕਤਾਚੀਨੀ ਕੀਤੀ ਅਤੇ ਨੈਤਿਕਤਾ ਦਾ ਨਵਾਂ ਸਿਧਾਂਤ ਪੇਸ਼ ਕੀਤਾ। ਸੁਕਰਾਤ ਆਪ ਭਾਵੇਂ ਸੋਫ਼ਿਸਟਾਂ ਵਾਂਗ ਫਿਰ ਤੁਰ ਕੇ ਲੋਕਾਂ ਨੂੰ ਸਿੱਖਿਆ ਦਿੰਦਾ ਸੀ ਪਰ ਉਹ ਇਸ ਕੰਮ ਦੀ ਕੋਈ ਫ਼ੀਸ ਨਹੀਂ ਸੀ ਲੈਂਦਾ ਅਤੇ ਨਾ ਹੀ ਉਸ ਨੂੰ ਖਾਣ ਪੀਣ ਜਾਂ ਕੱਪੜੇ-ਲੱਤੇ ਦੀ ਕੋਈ ਸੁੱਧ ਬੁੱਧ ਹੁੰਦੀ ਸੀ। ਜਿਥੇ ਲਿਵ ਲੱਗ ਜਾਂਦੀ, ਘੰਟਿਆਂ-ਬੱਧੀ ਖੜ੍ਹਾ ਰਹਿੰਦਾ।

ਸੁਕਰਾਤ, ਪਲੈਟੋ, ਅਰਸਤੂ—ਸੁਕਰਾਤ (470-399 ਈ. ਪੂ.) ਨੂੰ ਚਿੰਤਨ ਦੀ ਦੁਨੀਆ ਦਾ ਪਹਿਲਾ 'ਸ਼ਹੀਦ' ਗਰਦਾਨਿਆ ਗਿਆ ਹੈ। ਏਥਨਜ਼ ਦੇ ਇਸ ਵਸਨੀਕ ਅਤੇ ਦਰਵੇਸ਼ ਫ਼ਿਲਾਸਫ਼ਰ ਉੱਤੇ ਸਰਕਾਰ ਵਲੋਂ ਇਹ ਦੋਸ਼ ਲਗਾਇਆ ਗਿਆ ਕਿ ਉਹ ਪ੍ਰਮਾਣਿਤ ਦੇਵਤਿਆਂ ਦੀ ਉਪਾਸਨਾ ਨਹੀਂ ਕਰਦਾ; ਆਪ ਨਾਸਤਿਕ

ਹੈ ਅਤੇ ਨਵ-ਯੁਵਕਾਂ ਨੂੰ ਗੁਮਰਾਹ ਕਰਦਾ ਹੈ। ਉਸ ਨੇ ਮੌਤ ਦੀ ਸਜ਼ਾ ਪ੍ਰਵਾਨ ਕਰਦਿਆਂ ਜ਼ਹਿਰ ਦਾ ਪਿਆਲਾ ਪੀ ਲਿਆ। ਸੁਕਰਾਤ ਦੇ ਚੇਲਿਆਂ ਨੇ ਉਸ ਦੇ ਵਿਚਾਰਾਂ ਨੂੰ ਲਿਖਤੀ ਰੂਪ ਦਿੱਤਾ। ਵਿਸ਼ੇਸ਼ ਕਰਕੇ ਪਲੈਟੋ ਨੇ ਆਪਣੇ 'ਵਾਰਤਾਲਾਪ' ਵਿਚ ਸੁਕਰਾਤ ਨੂੰ ਮੁੱਖ ਪਾਤਰ ਦੇ ਰੂਪ ਵਿਚ ਪੇਸ਼ ਕਰਕੇ ਉਸ ਦੇ ਚਿੰਤਨ ਨੂੰ ਫ਼ਲਸਫ਼ੇ ਦੇ ਇਤਿਹਾਸ ਵਿਚ ਅਮਰ ਕਰ ਦਿੱਤਾ।

ਸੁਕਰਾਤ ਨੇ ਜ਼ੀਨੋ ਦੀ ਤੋਰੀ ਹੋਈ ਲੀਹ ਨੂੰ ਵਿਕਸਿਤ ਕਰਦਿਆਂ ਪ੍ਰਸ਼ਨ-ਉੱਤਰ ਦੀ ਸੰਵਾਦਕ ਵਿਧੀ ਰਾਹੀਂ ਵਿਚਾਰਾਂ ਦੀ ਸਪੱਸ਼ਟਤਾ ਤਕ ਪੁੱਜਣ ਦਾ ਢੰਗ ਅਪਣਾਇਆ। ਸੰਕਲਪਾਂ ਨੂੰ ਪਰਿਭਾਸ਼ਿਤ ਕਰਨਾ ਸਹੀ ਗਿਆਨ ਦੀ ਦਿਸ਼ਾ ਵੱਲ ਪਹਿਲਾ ਕਦਮ ਹੈ। ਉਸ ਨੇ ਧਰਮ ਦੀ ਅਧਿਕਾਰ-ਸੱਤਾ ਜਾਂ ਮਨੋਭਾਵਾਂ ਉਤੇ ਆਧਾਰਿਤ ਜੀਵਨ ਸ਼ੈਲੀ ਦੀ ਆਲੋਚਨਾ ਕੀਤੀ ਅਤੇ 'ਵਿਚਾਰਾਂ ਦੀ ਦੁਨੀਆ' ਸਿਰਜਣ ਉੱਤੇ ਬਲ ਦਿੱਤਾ। ਨੈਤਿਕ ਜੀਵਨ ਲਈ ਉਸ ਦੀ ਪ੍ਰਮੁੱਖ ਸੋਧ ਸਦਗੁਣ ਦੀ ਸੂਝ ਤੇ ਪਛਾਣ ਸੀ; ਗਿਆਨ ਅਤੇ ਵਿਵੇਕਸ਼ੀਲਤਾ ਉਤੇ ਆਧਾਰਿਤ ਗੁਣ ਹੀ ਅਸਲ ਵਿਚ ਨੈਤਿਕ ਗੁਣ ਹਨ। ਸੁਕਰਾਤ ਦੇ ਫ਼ਲਸਫ਼ੇ ਵਿਚ ਬੌਧਿਕਤਾ ਦੀ ਪ੍ਰੀਤ ਅਤੇ ਸੰਜਮ ਦਾ ਜੀਵਨ ਦੋ ਉੱਘੜਵੇਂ ਅੰਗ ਹਨ।

ਪਲੈਟੋ (428-327 ਈ. ਪੂ.) ਜੋ 'ਅਫਲਾਤੂਨ' ਤੇ 'ਸੁਕਰਾਤ' ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ, ਏਥਨਜ਼ ਵਿਚ ਜਨਮਿਆ ਅਤੇ ਸੁਕਰਾਤ ਦੇ ਸੰਪਰਕ ਵਿਚ ਆ ਕੇ ਫ਼ਲਸਫ਼ੇ ਵੱਲ ਰੁਚਿਤ ਹੋਇਆ। ਆਪਣੇ ਪੂਰਬਵਰਤੀ ਚਿੰਤਕਾਂ ਦੇ ਵਿਚਾਰਾਂ ਤੇ ਸਿਧਾਂਤਾਂ ਨੂੰ ਘੋਖਣ ਉਪਰੰਤ ਉਸ ਨੇ ਨੈਤਿਕਤਾ, ਤੱਤ-ਮੀਮਾਂਸ ਅਤੇ ਰਾਜਨੀਤੀ ਦੇ ਖੇਤਰਾਂ ਵਿਚ ਪ੍ਰਤਿਭਾਸ਼ਾਲੀ ਦੇਣ ਦਿੱਤੀ। ਉਸ ਅਨੁਸਾਰ ਮਨੁੱਖੀ ਹਿਰਦੇ ਦੇ ਤਿੰਨ ਭਾਗ ਹਨ : ਕਾਮਨਾ, ਆਤਮਾ ਅਤੇ ਬੁੱਧੀ। ਬੌਧਿਕਤਾ ਨੂੰ ਸੁਕਰਾਤ ਵਾਂਗ ਉਸ ਨੇ ਸਰਬੋਤਮ ਸਥਾਨ ਦਿੱਤਾ। ਆਤਮਾ ਤੋਂ ਉਸ ਦਾ ਭਾਵ ਮਨੋਵੇਗ, ਵਲਵਲੇ ਤੇ ਉੱਨਤੀ ਦੀ ਤਾਂਘ ਸੀ ਜਿਸ ਨੂੰ ਬੁੱਧ-ਵਿਵੇਕ ਦੇ ਵਸੀਕਾਰ ਵਿਚ ਰੱਖਣਾ ਉਚਿਤ ਹੈ। ਜਗਤ ਦੇ ਭਿੰਨ ਤੇ ਵਿਸ਼ੇਸ਼ ਤੱਥਾਂ ਤੋਂ ਅਸੀਂ ਸੰਕਲਪਾਂ ਵੱਲ ਵਧਦੇ ਹਾਂ ਅਤੇ ਵਿਚਾਰਾਂ ਦੇ ਮੰਡਲ ਵਿਚ ਪ੍ਰਵੇਸ਼ ਕਰਦੇ ਹਾਂ।

ਪਲੈਟੋ ਦਾ ਪ੍ਰਸਿੱਧ 'ਵਿਚਾਰਾਂ ਦਾ ਸਿਧਾਂਤ' ਫ਼ਲਸਫ਼ੇ ਦਾ ਪਹਿਲਾ ਆਦਰਸ਼ਵਾਦੀ ਸਿਸਟਮ ਸੀ ਜਿਸ ਅਨੁਸਾਰ ਦ੍ਰਿਸ਼ਟਮਾਨ ਜਗਤ ਦੀਆਂ ਸ਼ੈਆਂ ਸਭ ਨਕਲਾਂ ਹਨ; ਯਥਾਰਥਕ ਜਗਤ ਕੇਵਲ ਵਿਚਾਰਧਾਰਾ ਦਾ ਆਦਰਸ਼ਕ ਮੰਡਲ ਹੈ ਜਿਸ ਦਾ ਅਨੁਭਵ ਬੁੱਧੀ ਦੀ ਦ੍ਰਿਸ਼ਟੀ ਰਾਹੀਂ ਸੰਭਵ ਹੈ। ਇਸ ਸੁੰਦਰ, ਉਚੇਰੇ ਮੰਡਲ ਵਿਚ ਅਣਗਿਣਤ ਵਿਚਾਰ ਮੌਜੂਦ ਹਨ ਜੋ ਸਦੀਵੀ ਤੇ ਸਥਿਰ ਹਨ। ਇਸ ਦੇ ਟਾਕਰੇ ਉੱਤੇ ਸਾਡੇ ਨਿਤਾ-ਪ੍ਰਤੀ ਪ੍ਰੇਖਣ ਵਿਚ ਆਉਣ ਵਾਲਾ ਜਗਤ 'ਮਾਇਆ' ਤੇ 'ਕੂੜ' ਹੈ ਜੋ ਪਰਿਵਰਤਨਸ਼ੀਲ, ਬੁਰਾ ਤੇ ਕੁਹਜਾ ਹੈ।

ਨੈਤਿਕ ਜੀਵਨ ਲਈ ਪਲੈਟੋ ਨੇ ਚਾਰ ਪ੍ਰਮੁੱਖ ਸਦਗੁਣਾਂ ਦੀ ਸਿਫ਼ਾਰਸ਼ ਕੀਤੀ ਜੋ ਸਿਆਣਪ, ਦਲੇਰੀ, ਸੰਜਮ ਤੇ ਨਿਆਂ ਦੇ ਗੁਣ ਹਨ। ਉਸ ਦੀ ਪ੍ਰਸਿੱਧ ਪੁਸਤਕ 'ਰੀਪਬਲਿਕ' ਵਿਚ ਕਿਸੇ ਸਾਂਝੀਵਾਲ ਸਮਾਜ ਦਾ ਸੁਪਨਮਈ ਚਿੱਤਰ ਦਿੱਤਾ ਗਿਆ ਹੈ ਜਿਸ ਵਿਚ ਸਾਰੇ ਮਰਦ ਸਾਂਝੇ ਪਤੀ ਅਤੇ ਸਭ ਇਸਤਰੀਆਂ ਸਾਂਝੀਆਂ ਪਤਨੀਆਂ ਹੋਣਗੀਆਂ। ਵਿਆਹ ਤੇ ਸੰਜੋਗ ਲਈ ਚੋਣ ਦਾ ਕਾਰਜ ਹਕੂਮਤ ਕਰੇਗੀ। ਬੱਚੇ ਵੀ ਸਾਂਝੇ ਹੋਣਗੇ ਜਿਨ੍ਹਾਂ ਨੂੰ ਸਟੇਟ ਵਲੋਂ ਪਾਲਿਆ ਪੋਸਿਆ ਜਾਏਗਾ। ਪਲੈਟੋ ਅਨੁਸਾਰ 'ਫ਼ਿਲਾਸਫ਼ਰ ਬਾਦਸ਼ਾਹ' ਵਿਸ਼ੇਸ਼ ਰੂਪ ਵਿਚ ਰਾਜ ਪ੍ਰਬੰਧ ਦੇ ਯੋਗ ਹਨ।

ਪਲੈਟੋ ਦਾ ਸ਼ਾਗਿਰਦ ਅਰਸਤੂ (384-322 ਈ. ਪੂ.) ਮਹਾਂ ਉਸਤਾਦ ਤੇ ਸਿਰਕੱਢ ਫ਼ਿਲਾਸਫ਼ਰ ਸੀ ਜੋ ਕਈ ਸਾਲ ਏਥਨਜ਼ ਵਿਚ ਸਿਕੰਦਰ ਦਾ ਟਿਊਟਰ ਰਿਹਾ। ਅਰਸਤੂ ਦੀ ਦਾਰਸ਼ਨਿਕ ਦੇਣ ਵਿਚ ਤਰਕ ਸ਼ਾਸਤਰ (ਲਾੱਜਿਕ) ਪ੍ਰਮੁੱਖ ਹੈ। ਆਪਣੇ ਕਾਰਨਤਾ ਸਿਧਾਂਤ ਵਿਚ ਉਹ ਪਦਾਰਥਕ, ਨਮਿੱਤ, ਰੂਪਾਕਾਰ ਤੇ ਅੰਤਿਮ ਚਾਰ ਕਿਸਮ ਦੇ ਕਾਰਨ ਗਿਣਦਾ ਹੈ। ਸੰਸਾਰ ਦਾ ਅੰਤਿਮ ਕਾਰਨ ਈਸ਼ਵਰ ਹੈ ਜੋ ਆਪ ਅਹਿੱਲ, ਅਡੋਲ, ਸਦੀਵੀ ਤੇ ਸੰਪੂਰਨ ਹਸਤੀ ਹੈ। ਜਗਤ ਰਚਨਾ ਉਪਰੰਤ ਰੱਬ ਅਗੋਚਰ ਤੇ ਅਟੰਕ ਹੈ। ਕਿਸੇ ਵਸਤੂ ਦਾ ਅਸਲੀ ਖ਼ਾਸਾ ਉਸ ਦਾ 'ਰੂਪ' ਹੁੰਦਾ ਹੈ; ਜੇਕਰ ਬੁੱਤ ਦਾ ਰੂਪਾਕਾਰ ਨਾ ਹੋਵੇ ਤਾਂ ਉਹ ਪੱਥਰ ਦਾ ਟੁਕੜਾ ਹੀ ਰਹੇਗਾ। ਪਲੈਟੋ ਦੇ ਆਦਰਸ਼ਕ 'ਵਿਚਾਰ' ਅਰਸਤੂ ਅਨੁਸਾਰ ਕੇਵਲ ਸਰਬੰਗੀ ਜਾਂ ਵਿਆਪਕ ਨਾਮ ਹਨ ਜੋ ਆਪਣੀ ਸ਼੍ਰੇਣੀ ਦੇ ਹਰ ਮੈਂਬਰ ਉੱਤੇ ਲਾਗੂ ਹੁੰਦੇ ਹਨ (ਜਿਵੇਂ ਕੁੱਤਾ, ਜਾਨਵਰ, ਸਫ਼ੈਦ, ਗੋਲ ਸਭ ਸਰਬੰਗੀ ਨਾਮ ਹਨ)।

ਅਰਸਤੂ ਅਨੁਸਾਰ 'ਨੇਕੀ' ਦੋ ਬਦੀਆਂ ਵਿਚਕਾਰ 'ਸੁਨਹਿਰੀ ਮੱਧ' ਹੈ ਜਿਵੇਂ ਬੁਜ਼ਦਿਲੀ ਤੇ ਨਿਧੜਕਤਾ ਵਿਚਕਾਰ 'ਦਲੇਰੀ' ਅਤੇ ਲੱਜਿਆ ਤੇ ਬੇਸ਼ਰਮੀ ਵਿਚਕਾਰ 'ਨਿਰਮਾਣਤਾ' ਦਾ ਗੁਣ। ਫ਼ਿਲਾਸਫ਼ਰ ਸਭ ਤੋਂ ਉੱਤਮ ਤੇ ਪ੍ਰਸੰਨ ਮਨੁੱਖ ਹੈ ਕਿਉਂਕਿ ਉਸ ਪਾਸ ਲਿਵ ਲਾਉਣ ਦੀ ਰੁਚੀ ਤੇ ਵਿਹਲ ਹੁੰਦੀ ਹੈ। ਆਦਰਸ਼ਕ ਵਿਅਕਤੀ ਨੂੰ ਉਸ ਨੇ 'ਮਾਣ ਮੱਤਾ' ਕਿਹਾ ਜੋ ਆਪਣਾ ਪੂਰਾ ਮੁੱਲ ਪਾਉਂਦਾ ਹੈ; ਹਰ ਵਧੀਆ ਸ਼ੈਅ ਉੱਚ ਦਰਜੇ ਦੇ ਵਿਅਕਤੀਆਂ, ਰਈਸਾਂ ਤੇ ਫ਼ਿਲਾਸਫ਼ਰਾਂ ਲਈ ਹੈ। ਗੁਲਾਮਾਂ ਤੇ ਮਾਲਕਾਂ ਨੂੰ ਇੱਕੋ ਦਰਜਾ ਨਹੀਂ ਮਿਲ ਸਕਦਾ। ਸਿਹਤ ਨੂੰ ਅਰਸਤੂ ਨੇ ਬਹੁਤ ਉੱਚਾ ਸਥਾਨ ਦਿੱਤਾ ਹੈ। ਵਿੱਦਿਆ ਸਰਕਾਰੀ ਪ੍ਰਬੰਧ ਅਧੀਨ ਹੋਣੀ ਚਾਹੀਦੀ ਹੈ ਜੋ ਯੁਵਕਾਂ ਨੂੰ ਨੇਕ-ਆਦਤ, ਆਗਿਆਕਾਰ ਤੇ ਕਾਨੂੰਨ-ਪਾਲ ਸ਼ਹਿਰੀ ਬਣਨ ਲਈ ਸਹਾਇਕ ਹੋਵੇ। 'ਵਿਗਿਆਨ ਦੇ ਪਿਤਾ' ਅਰਸਤੂ ਨੇ ਵਾਸਤਵਿਕ ਜਗਤ ਨੂੰ ਮਾਇਆ ਕਹਿ ਕੇ ਰੱਦ ਨਹੀਂ ਕੀਤਾ ਸਗੋਂ ਇਸ ਨੂੰ ਸਮਝਣ ਤੇ ਘੋਖਣ ਦੇ ਜਤਨ ਕੀਤੇ ਅਤੇ ਵਿਭਿੰਨ ਵਿਗਿਆਨਾਂ ਦੀ ਰੂਪ-ਰੇਖਾ ਉਲੀਕੀ।

ਪਲੈਟੋ ਤੇ ਅਰਸਤੂ ਤੋਂ ਉਪਰੰਤ, ਯੂਨਾਨ ਦੀ 'ਹੈਲਿਨਿਕ' ਸਭਿਅਤਾ ਅਤੇ ਰੋਮ ਦੀ ਸਿਆਸੀ ਤਾਕਤ ਤੇ ਮਿਲਵੇਂ ਪ੍ਰਭਾਵਾਂ ਨੇ ਕਈ ਨਵੇਂ ਵਿਚਾਰਾਂ ਤੇ ਸਿਧਾਂਤਾਂ ਨੂੰ ਜਨਮ ਦਿੱਤਾ। ਫ਼ਲਸਫ਼ੇ ਦੇ ਇਤਿਹਾਸ ਵਿਚ ਇਸ ਯੁੱਗ ਦੇ ਸਨਕੀ ਮੱਤ, ਸ਼ੰਕਾਵਾਦ, ਸਾਧੂ ਮੱਤ ਅਤੇ ਸੁਖਵਾਦ ਉੱਘੇ ਸਿਧਾਂਤ ਹਨ। ਸੁਖਵਾਦ ਦਾ ਮੋਢੀ ਐਪੀਕੁਰੱਸ ਸੀ ਜਿਸ ਨੇ ਆਪਣਾ ਨਿੱਜੀ ਜੀਵਨ ਬੜਾ ਸਾਦਾ ਤੇ ਸਾਧੂ ਸੁਭਾਅ ਵਾਲਾ ਬਤੀਤ ਕੀਤਾ ਪਰ "ਖਾਉ ਪੀਉ ਕਰੋ ਅਨੰਦ" ਦਾ ਪ੍ਰਸਤਾਵ ਲੋਕਾਈ ਦੇ ਸਨਮੁੱਖ ਰੱਖਿਆ। ਉਸ ਅਨੁਸਾਰ ਕਲਾ ਤੇ ਫ਼ਿਲਾਸਫ਼ੀ, ਸਾਹਿਤ ਤੇ ਨੇਕ ਪੁਰਸ਼ਾਂ ਦੀ ਸੰਗਤ ਉੱਚੇਰੀ ਪ੍ਰਸੰਨਤਾ ਪੈਦਾ ਕਰਦੇ ਹਨ। ਪ੍ਰਾਚੀਨ ਕਾਲ ਦਾ ਅੰਤਲਾ ਵਿਸ਼ੇਸ਼ ਪਲੋਟੀਨੱਸ ਤੀਸਰੀ ਸਦੀ ਈਸਵੀ ਵਿਚ ਹੋਇਆ। ਉਸ ਨੇ ਪਲੈਟੋ ਦੇ ਵਿਚਾਰਾਂ ਦੀ ਪੁਨਰ ਸਥਾਪਨਾ ਕੀਤੀ। ਉਸ ਦੀ ਵਿਚਾਰਧਾਰਾ ਏਕਵਾਦੀ ਸੀ; 'ਏਕਾ' ਹੀ ਸੰਸਾਰ ਦਾ ਆਦਿ ਹੈ, ਇਸੇ ਵਿਚੋਂ ਬੁੱਧੀ ਤੇ ਰੂਹ ਉਤਪੰਨ ਹੋਈਆਂ ਹਨ। ਇਹ ਵਿਚਾਰਧਾਰਾ ਮਗਰੋਂ ਜਾ ਕੇ ਈਸਾਈ ਚਿੰਤਨ ਵਿਚ ਘੁਲ-ਮਿਲ ਗਈ।

ਮੱਧ ਕਾਲੀਨ ਈਸਾਈ ਫ਼ਲਸਫ਼ਾ—ਯੂਰਪ ਦੇ ਇਤਿਹਾਸ ਵਿਚ 400 ਤੋਂ 1400 ਈ. ਤਕ ਦੇ ਇਕ ਹਜ਼ਾਰ ਸਾਲਾਂ ਨੂੰ 'ਮੱਧ ਕਾਲ' ਦਾ ਨਾਮ ਦਿੱਤਾ ਗਿਆ ਹੈ। ਇਸ ਵਿਚੋਂ ਲਗਭਗ ਚਾਰ ਸਦੀਆਂ (600 ਤੋਂ 1000 ਈ.) ਫ਼ਲਸਫ਼ੇ ਤੇ ਚਿੰਤਨ ਦੀ ਦ੍ਰਿਸ਼ਟੀ ਤੋਂ ਅੰਧਕਾਰ ਦਾ ਯੁੱਗ ਸਨ ਜਿਸ ਦੌਰਾਨ ਦਾਰਸ਼ਨਿਕ ਖੇਤਰ ਉੱਤੇ ਹਨੇਰਾ ਛਾਇਆ ਰਿਹਾ ਅਤੇ ਬੌਧਿਕ ਵਿਕਾਸ ਰੁਕਿਆ ਰਿਹਾ। ਈਸਾ ਦੇ ਜਨਮ ਸਮੇਂ ਯਹੂਦੀਆਂ ਦੀ ਵਿਚਾਰਧਾਰਾ ਦਾ ਬੋਲਬਾਲਾ ਸੀ, ਉਨ੍ਹਾਂ ਦਾ ਭਵਿੱਖਮੁਖੀ ਵਿਸ਼ਵਾਸ ਅਕਸਰ ਚਿਤਾਵਨੀ ਕਰਾਉਂਦਾ ਰਹਿੰਦਾ ਸੀ ਕਿ ਕੋਈ 'ਮਸੀਹਾ' ਆਵੇਗਾ। ਆਪਣੇ ਆਪ ਵਿਚ

ਯਹੂਦੀ ਧਰਮ-ਸਿਧਾਂਤ ਸਾਧਾਰਣ ਤੇ ਸਰਲ ਸੀ ਜਿਸ ਵਿਚ ਕਿਸੇ ਗੂੜ੍ਹ-ਗਿਆਨ ਜਾਂ ਰਹੱਸਵਾਦ ਦੀ ਵਿਸ਼ੇਸ਼ਤਾ ਨਹੀਂ ਸੀ। ਉਨ੍ਹਾਂ ਦਾ ਇਸ਼ਟ 'ਜੇਹੋਵਾ' ਨਾਮ ਦਾ ਦੇਵ ਸੀ ਜੋ ਮਗਰੋਂ ਜਾ ਕੇ ਕਬੀਲਾ ਦੇਵ ਦੀ ਪਦਵੀ ਤੋਂ ਵਿਆਪਕ ਰੱਬ ਅਤੇ ਜ਼ਮੀਨ-ਆਸਮਾਨ ਦਾ ਕਰਤਾ ਪਰਵਾਨਿਆ ਗਿਆ। ਯਹੂਦੀਆਂ ਨੇ ਕਈ ਇਲਾਕਿਆਂ ਵਿਚ ਆਪਣੀਆਂ ਬਸਤੀਆਂ ਸਥਾਪਿਤ ਕੀਤੀਆਂ ਹੋਈਆਂ ਸਨ ਜਿਥੇ ਉਹ ਆਪਣੀ ਜੀਵਨ ਜਾਂਚ ਉੱਤੇ ਪਾਬੰਦ ਰਹਿੰਦੇ ਸਨ।

ਈਸਾਈ ਦੌਰ ਦੇ ਮੁੱਢਲੇ ਦਹਾਕਿਆਂ ਵਿਚ ਅਜੇ ਯੂਨਾਨੀ ਦਰਸ਼ਨਧਾਰਾ ਦਾ ਪ੍ਰਭਾਵ ਕਾਇਮ ਸੀ। ਈਸਾ ਦਾ ਸਮਕਾਲੀ 'ਫੀਲੋ' ਪਲੈਟੋ ਦਾ ਸ਼ਰਧਾਲੂ ਅਤੇ ਯਹੂਦੀ ਧਰਮ ਚਿੰਤਕ ਸੀ। ਹੌਲੀ ਹੌਲੀ ਈਸਾਈਅਤ ਵਿਚ ਦਾਰਸ਼ਨਿਕ ਪਰੰਪਰਾ ਵਿਕਸਿਤ ਹੋਣੀ ਸ਼ੁਰੂ ਹੋ ਗਈ। ਈਸਾਈ ਚਿੰਤਕਾਂ ਨੇ ਪਿਤਾ (ਰੱਬ), ਪੁੱਤਰ (ਈਸਾ) ਤੇ ਪਾਵਨ ਰੂਹ ਦੇ ਤ੍ਰੈ-ਮੁਖੀ ਇਸ਼ਟ ਦਾ ਵਿਸ਼ਵਾਸ ਪ੍ਰਚੱਲਿਤ ਕੀਤਾ। ਇਸ ਤ੍ਰਿਮੂਰਤੀ ਵਿਚ ਇਕੋ ਇਕ ਪਰਮਾਤਮਾ ਨੂੰ ਉਸ ਦੇ ਤਿੰਨ ਪ੍ਰਗਟਾਵਿਆਂ ਵਿਚ ਅਨੁਭਵ ਕਰਨ ਦੀ ਚੇਸ਼ਟਾ ਸੀ। ਈਸਾਈ ਚਰਚ ਦੀ ਸਥਾਪਨਾ ਨੇ ਧਰਮ ਦੀ ਵਕਾਲਤ ਅਤੇ ਪ੍ਰਚਾਰ ਨੂੰ ਬਲਵਾਨ ਸੇਧਾਂ ਦਿੱਤੀਆਂ। ਮੱਧ ਕਾਲ ਦੇ ਬਹੁਤੇ ਵਿਚਾਰਵਾਨ ਚਰਚ ਨਾਲ ਸਬੰਧਿਤ ਕਾਰਿੰਦੇ ਸਨ। ਉਨ੍ਹਾਂ ਦੀ ਸੋਚਣੀ ਵਿਚ ਅਕਸਰ ਦਵੈਤਮਈ ਅੰਸ਼ ਪ੍ਰਧਾਨ ਸੀ ਜਿਵੇਂ ਦੈਵੀ ਤੇ ਦੁਨਿਆਵੀ ਰਾਜ-ਪਾਟ, ਰੂਹਾਨੀ ਤੇ ਸਰੀਰਕ ਪੱਖ, ਪੋਪ ਅਤੇ ਬਾਦਸ਼ਾਹ। ਪੱਛਮੀ ਚਰਚ ਦੇ ਚਿੰਤਕਾਂ ਨੂੰ 'ਡਾਕਟਰ' ਦੀ ਉਪਾਧੀ ਦਿੱਤੀ ਜਾਂਦੀ ਸੀ। ਉਸ ਦੌਰ ਦੇ ਨਾਮਵਰ ਚਿੰਤਕਾਂ ਵਿਚ ਸੇਂਟ ਅੰਬਰੋਸ, ਸੇਂਟ ਜੀਰੋਮ, ਸੇਂਟ ਆਗੱਸਤੀਨ, ਤੇ ਪੋਪ ਗ੍ਰੈਗਰੀ ਸ਼ਾਮਿਲ ਸਨ।

ਸੇਂਟ ਆਗੱਸਤੀਨ (354-430 ਈ.) ਨੇ ਈਸਾਈ ਧਰਮ-ਸਿਧਾਂਤ ਨੂੰ ਦਾਰਸ਼ਨਿਕ ਆਧਾਰ ਦੇਣ ਦਾ ਜਤਨ ਕੀਤਾ। ਆਪਣੇ ਆਪ ਵਿਚ ਉਹ ਬੁੱਧੀਮਾਨ ਵਿਅਕਤੀ ਸੀ ਜਿਸ ਨੇ ਚੌਥੀ ਪੰਜਵੀਂ ਸਦੀ ਵਿਚ ਚਿੰਤਨ ਦਾ ਪਾਸਾਰ ਕੀਤਾ ਅਤੇ ਕਈ ਪੁਸਤਕਾਂ ਰਚੀਆਂ। ਉਸ ਦੀ ਰਚਨਾ 'ਪਰਮਾਤਮਾ ਦੀ ਨਗਰੀ' ਚੌਥੀ ਪ੍ਰਸਿੱਧ ਤੇ ਪ੍ਰਭਾਵਸ਼ਾਲੀ ਲਿਖਤ ਹੈ। ਇਤਿਹਾਸ ਦੇ ਫ਼ਲਸਫ਼ੇ ਤੇ ਸਮੇਂ (ਕਾਲ) ਦੇ ਵਿਸ਼ਿਆਂ ਉੱਤੇ ਉਸ ਨੇ ਗੰਭੀਰ ਵਿਚਾਰ ਪ੍ਰਗਟਾਏ। ਆਗੱਸਤੀਨ ਅਨੁਸਾਰ ਸਮਾਂ ਸਾਡੀਆਂ ਸੋਚਾਂ ਦਾ ਇਕ ਪੱਖ ਹੈ। ਅਤੀਤ ਦਾ 'ਵਰਤਮਾਨ' ਸਾਡੀ ਯਾਦਾਸ਼ਤ ਹੈ। ਵਰਤਮਾਨ ਦੇ ਛਿਣਾਂ ਵਿਚ ਅਸੀਂ ਨਜ਼ਾਰੇ ਮਾਣਦੇ ਹਾਂ ਅਤੇ ਭਵਿੱਖ ਦਾ 'ਵਰਤਮਾਨ' ਸਾਡੀਆਂ ਆਸਾਂ ਹਨ। ਸੋ ਸਮਾਂ ਸਾਡੀ ਆਤਮਪਰਕਤਾ ਦੀ ਖੇਡ ਹੈ। ਆਗੱਸਤੀਨ ਦੀ ਮੌਤ ਨਾਲ ਪ੍ਰਾਚੀਨ ਕਾਲ ਦੇ ਫ਼ਲਸਫ਼ੇ ਦਾ ਅੰਤ ਹੋ ਗਿਆ ਅਤੇ ਨਾਲ ਹੀ ਸਭਿਅਤਾ ਦਾ ਜ਼ਵਾਲ ਆਰੰਭ ਹੋ ਗਿਆ ਪਰ ਈਸਾਈ ਚਰਚ ਦੀ ਪਕੜ ਲੋਕਾਂ ਉੱਤੇ ਉਸੇ ਤਰ੍ਹਾਂ ਕਾਇਮ ਰਹੀ।

ਹਨੇਰੇ ਜੁਗਾਂ ਵਿਚ ਜਦੋਂ ਕਦੀ ਵੀ ਉਜਾਲੇ ਦੀ ਕਿਰਨ ਲਿਸ਼ਕੀ, ਬੌਧਿਕਤਾ ਦੇ ਇਤਿਹਾਸਕਾਰਾਂ ਨੇ ਉਸ ਦਾ ਭਰਵਾਂ ਸੁਆਗਤ ਕੀਤਾ। ਗਿਆਰ੍ਹਵੀਂ ਸਦੀ ਦੇ ਸੇਂਟ ਅਨਸੈਲੱਮ ਨੇ ਚਿੰਤਨ ਦੇ ਖੇਤਰ ਨੂੰ ਰੱਬ ਦੀ ਹੋਂਦ ਦੇ ਹੱਕ ਵਿਚ 'ਹੋਂਦਪਰਕ ਦਲੀਲ' ਦਾ ਯੋਗਦਾਨ ਦਿੱਤਾ। ਪਲੈਟੋ ਨੇ ਆਪਣੇ ਵਿਚਾਰਾਂ ਦੇ ਸਿਧਾਂਤ ਲਈ ਇਸੇ ਦਲੀਲ ਤੋਂ ਕੰਮ ਲਿਆ ਸੀ। ਅਨਸੈਲੱਮ ਨੇ ਰੱਬ ਦੀ ਹੋਂਦ ਸਿੱਧ ਕਰਨ ਹਿਤ ਇਹ ਸਬੂਤ ਪੇਸ਼ ਕੀਤਾ ਕਿ ਸਭ ਤੋਂ ਮਹਾਨ ਹਸਤੀ ਦਾ ਹੋਂਦ ਵਿਚ ਹੋਣਾ ਜ਼ਰੂਰੀ ਹੈ। ਜੇਕਰ ਉਸ ਦੀ ਹੋਂਦ ਨਹੀਂ ਤਾਂ ਕੋਈ ਹੋਰ ਹਸਤੀ ਜੋ 'ਹੋਂਦ' ਵਿਚ ਹੈ, ਉਸ ਨਾਲੋਂ ਵਧੇਰੇ ਮਹਾਨ ਹੋ ਜਾਵੇਗੀ ਤੇ ਉਹੀ ਰੱਬ ਹੋਵੇਗੀ। ਦੋ ਸਦੀਆਂ ਮਗਰੋਂ ਇਸ ਦਲੀਲ ਨੂੰ ਧਰਮ-ਸਿਧਾਂਤੀਆਂ ਨੇ ਰੱਦ ਕਰ ਦਿੱਤਾ ਪਰ ਫ਼ਲਸਫ਼ੇ ਵਿਚ ਇਸ ਨੇ ਆਪਣੀ ਥਾਂ ਬਣਾਈ ਰੱਖੀ।

ਸੇਂਟ ਥਾਮਸ ਐਕੁਆਈਨੱਸ (1225-1274 ਈ.) ਇਕ ਹੋਰ ਉੱਘਾ ਚਿੰਤਕ ਤੇ ਧਰਮ-ਸਿਧਾਂਤੀ ਸੀ ਜੋ ਅਰਸਤੂ ਦਾ ਸ਼ਰਧਾਲੂ ਅਤੇ ਪਲੈਟੋ ਦੇ ਚਿੰਤਨ ਦਾ ਆਲੋਚਕ ਸੀ। ਉਸ ਨੇ ਸਾਰੀ ਸੋਚ-ਸ਼ਕਤੀ ਨੂੰ ਈਸਾਈ ਮੱਤ ਦੇ ਹੱਕ ਵਿਚ ਵਰਤਣ ਦੀ ਲੀਹ ਤੋਰੀ। ਬਾਰ੍ਹਵੀਂ ਸਦੀ ਵਿਚ ਆਰੰਭ ਹੋਏ ਯੂਰਪੀ ਵਿਦਵਤਾ ਦੇ ਦੌਰ ਦਾ ਉਹ ਪ੍ਰਮੁੱਖ ਚਿੰਤਕ ਮੰਨਿਆ ਗਿਆ ਹੈ। ਉਸ ਅਨੁਸਾਰ ਰੱਬ ਦੀ 'ਹੋਂਦ' ਨਾਲੋਂ ਉਸ ਦਾ 'ਤੱਤ' ਵਧੇਰੇ ਵਿਸ਼ੇਸ਼ ਹੈ; ਸਗੋਂ ਰੱਬ ਵਿਚ ਤੱਤ ਤੇ ਹੋਂਦ ਇਕ ਰੂਪ ਹੋ ਗਏ ਸਨ। ਰੱਬ ਦੀ ਮਰਜ਼ੀ ਤੇ ਉਸ ਦਾ ਭਾਣਾ ਹੀ ਉਸ ਦਾ ਤੱਤ ਹੈ। ਮਨੁੱਖ ਦੀ ਸਭ ਤੋਂ ਉੱਤਮ ਪ੍ਰਸੰਨਤਾ ਸਰੀਰਕ ਭੋਗਾਂ ਰਾਹੀਂ ਨਹੀਂ ਸਗੋਂ ਪਰਮਾਤਮਾ ਵਿਚ ਲਿਵ ਜੋੜਨ ਵਿਚੋਂ ਪ੍ਰਾਪਤ ਹੁੰਦੀ ਹੈ। ਸੇਂਟ ਥਾਮਸ ਇਕ-ਨਾਰੀ ਵਿਆਹ ਦਾ ਹਾਮੀ ਸੀ। ਗਰੀਬ ਦੀ ਸਵੈ-ਇੱਛਿਤ ਚੋਣ ਸੱਚੇ ਈਸਾਈ ਦਾ ਕਰਤੱਵ ਹੈ।

ਸੇਂਟ ਥਾਮਸ ਵਿਅਕਤੀ ਦੀ ਸ਼ਰਧਾ ਅਤੇ ਬੁੱਧ-ਵਿਵੇਕ ਵਿਚ ਇਕਸੁਰਤਾ ਲਿਆਉਣ ਦਾ ਇੱਛੁਕ ਸੀ। ਉਸ ਨੇ ਕੈਥੋਲਿਕ ਈਸਾਈ ਮਤ ਦੇ ਵਿਸ਼ਵਾਸਾਂ ਨੂੰ ਦਾਰਸ਼ਨਿਕ ਸਮਰਥਨ ਦਿੱਤਾ। ਉਸ ਦੀ ਵਿਚਾਰਧਾਰਾ ਨੂੰ ਈਸਾਈਅਤ ਦਾ ਮਾਨਵਵਾਦ ਕਿਹਾ ਗਿਆ ਹੈ। ਉਸ ਦੀਆਂ ਪੁਸਤਕਾਂ 'ਸੁੱਮਾ' ਅਤੇ 'ਸੁੱਮਾ ਥੀਆਲੌਜਿਕਾ' ਯੂਰਪ ਦੇ ਬੌਧਿਕ ਇਤਿਹਾਸ ਵਿਚ ਜਾਣੇ-ਪਛਾਣੇ ਮੀਲ ਪੱਥਰ ਹਨ। ਸੇਂਟ ਥਾਮਸ ਦੇ ਜੀਵਨ ਕਾਲ ਤੋਂ ਉਪਰੰਤ ਜਲਦੀ ਹੀ ਯੂਰਪੀ ਪੁਨਰ-ਜਾਗ੍ਰਿਤੀ ਦਾ ਦੌਰ ਆਰੰਭ ਹੋ ਗਿਆ ਅਤੇ ਪੱਛਮੀ ਦੁਨੀਆ ਆਪਣੇ ਆਧੁਨਿਕ ਕਾਲ ਵਿਚ ਪ੍ਰਵੇਸ਼ ਕਰ ਗਈ। ਜੋ ਬੁੱਧੀਮਾਨਤਾ ਯੂਨਾਨੀ ਦਾਰਸ਼ਨਿਕਤਾ ਦੇ ਅੰਤ ਨਾਲ ਸਮਾਪਤ ਹੋ ਗਈ ਸੀ ਉਹ ਪੰਦਰ੍ਹਵੀਂ ਸਦੀ ਦੀ ਵਿਗਿਆਨਕ ਸਾਹਿਤਕ ਪ੍ਰਗਤੀ ਨਾਲ ਦੁਬਾਰਾ ਸੁਰਜੀਤ ਹੋ ਗਈ ਅਤੇ ਸਭਿਅਤਾ ਦੇ ਪਤਨ ਨੂੰ ਠੱਲ੍ਹ ਪੈ ਗਈ।

ਆਧੁਨਿਕ ਦੌਰ ਦਾ ਵਿਵੇਕਵਾਦ—ਯੂਰਪ ਦੀ 'ਪੁਨਰ ਜਾਗ੍ਰਿਤੀ' ਪੰਦਰ੍ਹਵੀਂ ਸਦੀ ਦੇ ਪੱਛਮੀ ਚਿੰਤਕਾਂ, ਸਾਹਿਤਕਾਰਾਂ ਤੇ ਵਿਗਿਆਨੀਆਂ ਦੀ ਮਿਲੀ-ਜੁਲੀ ਦੇਣ ਸੀ। ਇਟਲੀ ਦੇ ਬੁੱਧੀਮਾਨਾਂ ਨੇ ਇਸ ਨੂੰ ਮਾਨਵਵਾਦੀ ਸੇਧ ਦਿੱਤੀ। ਇਰੈਸਮੱਸ ਤੇ ਟਾਮਸ ਮੋਰ ਜੋ ਪੰਦਰ੍ਹਵੀਂ-ਸੋਲ੍ਹਵੀਂ ਸਦੀ ਦੇ ਸਮਕਾਲੀ ਚਿੰਤਕ ਤੇ ਲੇਖਕ ਸਨ, ਮਾਨਵਵਾਦ ਦੇ ਸਿਰਕੱਢ ਆਗੂ ਮੰਨੇ ਜਾਂਦੇ ਹਨ। ਗਲੀਲੀਓ ਤੇ ਨਿਊਟਨ ਨੇ ਸੋਲ੍ਹਵੀਂ ਤੇ ਸਤਾਰ੍ਹਵੀਂ ਸਦੀ ਵਿਚ ਵਿਗਿਆਨ ਨੂੰ ਠੋਸ ਆਧਾਰ ਦੇ ਕੇ ਨਿਰੰਤਰ ਪ੍ਰਗਤੀ ਦੇ ਰਾਹ ਉੱਤੇ ਤੋਰਿਆ। ਆਧੁਨਿਕ ਦੌਰ ਦੇ ਚਿੰਤਨ ਦੀ ਇਕ ਖਾਸੀਅਤ ਇਹ ਸੀ ਕਿ ਉਸ ਨੇ ਚਰਚ ਦੀ ਆਥਾਰਟੀ ਵਲੋਂ ਮੂੰਹ ਮੋੜ ਕੇ ਸਾਇੰਸ ਤੇ ਵਿਵੇਕਸ਼ੀਲਤਾ ਦੀ ਪ੍ਰਭੁਤਾ ਕਾਇਮ ਕਰ ਦਿੱਤੀ। ਈਸਾਈ ਚਰਚ ਦੇ ਇਤਿਹਾਸ ਵਿਚ ਪਹਿਲੀ ਵਾਰੀ 'ਰੀਫ਼ਾਰਮੇਸ਼ਨ' ਦਾ ਸੁਧਾਰਵਾਦੀ ਅੰਦੋਲਨ ਚੱਲਿਆ। ਫ਼ਰਾਂਸਿਸ ਬੇਕਨ, ਹੱਬਜ਼ ਆਦਿ ਚਿੰਤਕਾਂ ਨੇ ਨਵੀਂ ਸੋਚਣੀ ਵਿਚ ਭਰਪੂਰ ਯੋਗਦਾਨ ਪਾਇਆ।

ਆਧੁਨਿਕ ਫ਼ਲਸਫ਼ੇ ਨੇ ਵੀ ਸਤਾਰ੍ਹਵੀਂ ਸਦੀ ਵਿਚ ਪੈਰ ਜਮਾਉਣੇ ਆਰੰਭੇ। ਇਕ ਪਾਸੇ ਯੂਰਪੀ ਮਹਾਂਦੀਪ ਦੇ 'ਵਿਵੇਕ-ਵਾਦੀਆਂ' ਨੇ ਦਾਰਸ਼ਨਿਕ ਪ੍ਰਸ਼ਨਾਂ ਨੂੰ ਨਿਰੋਲ ਬੁੱਧ ਵਿਵੇਕ ਦੀ ਦ੍ਰਿਸ਼ਟੀ ਤੋਂ ਪਰਖਣਾ ਆਰੰਭਿਆ ਤੇ ਦੂਜੇ ਪਾਸੇ ਬਰਤਾਨਵੀ ਫ਼ਿਲਾਸਫ਼ਰਾਂ ਨੇ 'ਅਨੁਭਵਵਾਦ' ਦੀ ਨੀਂਹ ਰੱਖੀ। ਵਿਵੇਕਵਾਦੀ ਮਤ ਦੇ ਮੁੱਢਲੇ ਉਸਰੱਈਏ ਦੇਕਾਰਤ ਸਪਿਨੋਜ਼ਾ ਤੇ ਲਾਇਬਨੀਜ਼ ਬਹੁਤ ਪ੍ਰਸਿੱਧ ਹਨ।

ਰੇਨੇ ਦੇਕਾਰਤ (1596-1650 ਈ.) ਫ਼ਰਾਂਸ ਦਾ ਵਸਨੀਕ ਈਸਾਈ ਕੈਥੋਲਿਕ ਗਣਿਤ ਦਾ ਮਾਹਰ ਸੀ। ਉਸ ਨੇ ਫ਼ਲਸਫ਼ੇ ਨੂੰ ਹਿਸਾਬ ਦੀ ਨਿਸ਼ਚਿਤ ਆਧਾਰ-ਸ਼ਿਲਾ ਉੱਤੇ ਉਸਾਰਣ ਦਾ ਯਤਨ ਕੀਤਾ। ਹਿਸਾਬ ਦੇ ਅੰਕੜੇ ਸਪੱਸ਼ਟ ਤੇ ਨਿਖੜਵੇਂ ਹਨ ਤੇ ਹਰ ਅੰਕ

ਦੀ ਨਿਸ਼ਚਿਤ ਪਰਿਭਾਸ਼ਾ ਹੈ। ਇਸ ਤਰ੍ਹਾਂ ਹਰ ਦਾਰਸ਼ਨਿਕ ਸੰਕਲਪ ਨਿਸ਼ਚਿਤ ਤੇ ਸਪੱਸ਼ਟ ਹੋਣਾ ਜ਼ਰੂਰੀ ਹੈ। ਨਵੀਨ ਫ਼ਲਸਫੇ ਦੇ ਪਿਤਾਮਾ ਦੇਕਾਰਤ ਨੇ ਆਪਣੀ ਗੱਲ ਨਿੱਜੀ ਹੋਂਦ ਦੀ 'ਨਿਰਸੰਦੇਹ' ਬੁਨਿਆਦ ਤੋਂ ਸ਼ੁਰੂ ਕੀਤੀ। ਸ਼ੱਕ ਜਾਂ ਸੰਦੇਹ ਮਾਨਸਿਕ ਤੱਥ ਹੈ ਪਰ ਮੈਂ ਆਪਣੇ ਮਨ ਦੀ ਹੋਂਦ ਬਾਰੇ ਸ਼ੰਕਾਵਾਨ ਨਹੀਂ ਹੋ ਸਕਦਾ। ਜੇ ਮੈਂ ਸ਼ੱਕ ਕਰਾਂ ਤਾਂ ਵੀ 'ਮੈਂ' ਤਾਂ ਹਾਂ। "ਮੈਂ ਸੋਚਦਾ ਹਾਂ, ਸੋ ਮੈਂ ਹਾਂ।" ਹੋਰ ਕੁਝ ਵੀ ਨਿਸ਼ਚਿਤ ਨਹੀਂ ਸਿਵਾਏ ਮੇਰੀ ਨਿੱਜੀ ਹੋਂਦ ਦੇ ਜੋ ਸੋਚਦੀ ਹੈ, ਸ਼ੰਕਾਵਾਨ ਹੁੰਦੀ ਹੈ। ਸੋ ਵਿਚਾਰਸ਼ੀਲਤਾ ਅਤੇ ਹੋਂਦ ਵਿਚਕਾਰ ਜ਼ਰੂਰੀ ਸਬੰਧ ਹੈ। ਦੂਸਰੀ ਗੱਲ ਜੋ ਦੇਕਾਰਤ ਨੇ ਕਹੀ ਉਹ ਇਹ ਸੀ ਕਿ 'ਰੱਬ' ਦਾ ਵਿਚਾਰ ਮੇਰੇ ਮਨ ਵਿਚ ਮੌਜੂਦ ਹੈ। ਇਸ ਵਿਚਾਰ ਦਾ ਕਰਤਾ ਕੌਣ ਹੈ? ਰੱਬ ਅਨੰਤ ਹੈ, ਮੈਂ ਅੰਤਸ਼ੀਲ ਤੇ ਸੀਮਿਤ ਹਸਤੀ ਹਾਂ; ਇਸ ਲਈ ਮੈਂ ਇਸ ਵਿਚਾਰ ਨੂੰ ਜਨਮ ਨਹੀਂ ਦੇ ਸਕਦਾ। ਰੱਬ ਆਪ ਹੀ ਇਸ ਵਿਚਾਰ ਦਾ ਕਰਤਾ ਹੈ। ਸੋ ਰੱਬ ਦੀ ਹੋਂਦ ਅਵੱਸ਼ਕ ਸਿੱਧ ਹੋ ਗਈ। ਰੱਬ ਦਾ ਸੁਭਾ ਹੀ ਹੈ ਕਿ ਉਹ 'ਹੈ'।

ਰੱਬ ਤੋਂ ਉਪਰੰਤ ਦੇਕਾਰਤ ਨੇ ਮੈਟਰ ਜਾਂ ਪਦਾਰਥਕ ਜਗਤ ਦੀ ਹੋਂਦ ਸਿੱਧ ਕਰਨ ਹਿਤ ਦਲੀਲ ਦਿੱਤੀ। ਭੌਤਿਕ ਪਦਾਰਥ (ਮੈਟਰ) ਦਾ ਵਿਸ਼ੇਸ਼ ਗੁਣ ਇਸ ਦੀ ਫੈਲਾਵਟ ਹੈ ਜਿਸ ਬਾਰੇ ਸਪੱਸ਼ਟ ਵਿਚਾਰ ਮੇਰੇ ਮਨ ਵਿਚ ਮੌਜੂਦ ਹੈ। ਜੇ ਅਸਲ ਵਿਚ ਮੈਟਰ ਨਾ ਹੋਵੇ ਅਤੇ ਮੇਰੇ ਚਿੰਤਨ ਵਿਚ ਇਸ ਦਾ ਵਿਚਾਰ ਆ ਜਾਵੇ ਤਾਂ ਰੱਬ ਮੇਰੇ ਨਾਲ ਧੋਖਾ ਕਰ ਰਿਹਾ ਹੈ। ਪਰ ਕੀ ਰੱਬ ਧੋਖੇਬਾਜ਼ ਹੈ ? ਸੋ ਮੇਰਾ ਸਵੈ (ਆਪਾ), ਈਸ਼ਵਰ ਤੇ ਪਦਾਰਥ ਤਿੰਨਾਂ ਦੀ ਹੋਂਦ ਸਿੱਧ ਹੋ ਗਈ। ਮੈਟਰ ਦਾ ਗੁਣ ਫੈਲਾਵਟ ਹੈ ਪਰ ਮਨ ਦੀ ਵਿਸ਼ੇਸ਼ਤਾ ਚਿੰਤਨ ਹੈ। ਇਹ ਇਕ ਦੂਜੇ ਉੱਤੇ ਅਮਲ ਕਿਵੇਂ ਕਰਦੇ ਹਨ? ਦੇਕਾਰਤ ਅਨੁਸਾਰ ਇਨ੍ਹਾਂ ਵਿਚ ਅੰਤਰ ਕ੍ਰਿਆ ਦਾ ਕਾਰਨੀ ਸਬੰਧ ਹੈ। ਬੁੱਧੀ ਸਾਡੇ ਗਿਆਨ ਦਾ ਸਰੋਤ ਹੈ ਪਰ ਅੰਤਰਬੋਧੀ ਗਿਆਨ ਪਹਿਲੇ ਸਥਾਨ ਉੱਤੇ ਆਉਂਦਾ ਹੈ। ਦੇਕਾਰਤ ਨੇ ਮਨ ਅਤੇ ਪਦਾਰਥ ਦੀ ਹੋਂਦ ਨੂੰ ਪ੍ਰਵਾਨ ਕਰਕੇ ਆਦਰਸ਼ਵਾਦ ਤੇ ਪਦਾਰਥਵਾਦ ਦੋਹਾਂ ਨੂੰ ਸਵੀਕ੍ਰਿਤੀ ਦੇ ਦਿੱਤੀ।

ਸਪਿਨੋਜ਼ਾ (1632-1677 ਈ.) ਨੂੰ ਵਿਵੇਕਵਾਦੀਆਂ ਦਾ 'ਸ਼ਹਿਜ਼ਾਦਾ' ਕਿਹਾ ਗਿਆ ਹੈ। ਤਾਰਕਿਕ ਸੋਚਣੀ ਵਿਚ ਉਹ ਭਾਰਤ ਦੇ ਸ਼ੰਕਰਾਚਾਰੀਆ ਨਾਲ ਮੇਲ ਖਾਂਦਾ ਹੈ। ਉਸ ਦੀ ਬੌਧਿਕ ਦਲੇਰੀ ਨੇ ਫ਼ਲਸਫੇ ਨੂੰ ਸੁਤੰਤਰ ਲੀਹ ਉੱਤੇ ਤੋਰਿਆ। ਸਰਬੋਤਮ ਯਥਾਰਥ ਕੇਵਲ ਸਮੁੱਚੀ ਹੋਂਦ ਹੋ ਸਕਦੀ ਹੈ, ਅੰਤਿਮ ਸੱਤਾ ਇਕੋ ਇਕ ਦ੍ਰਵ ਹੈ ਜਿਸ ਨੂੰ ਸਮੁੱਚੀ ਪ੍ਰਕ੍ਰਿਤੀ (ਕੁਦਰਤ) ਦੇ ਤੁਲ ਮੰਨਿਆ ਜਾ ਸਕਦਾ ਹੈ। ਅਨੰਤ ਕੁਦਰਤ ਦੀ ਇਹ ਸਮੁੱਚਤਾ ਹੀ 'ਰੱਬ' ਹੈ।

ਸਪਿਨੋਜ਼ਾ ਅਨੁਸਾਰ ਈਸ਼ਵਰ ਕੋਈ ਪੁਰਖੀ ਹੋਂਦ ਜਾਂ ਕੁਦਰਤ ਤੋਂ ਪਰੇਡੀ, ਅਗੋਚਰ ਹਸਤੀ ਨਹੀਂ। ਯਥਾਰਥ ਜਾਂ ਦ੍ਰਵ ਦੇ ਅਣਗਿਣਤ ਗੁਣ ਵਿਸ਼ੇਸ਼ਣ ਹਨ ਜਿਨ੍ਹਾਂ ਰਾਹੀਂ ਅਸੀਂ ਦ੍ਰਵ ਦੀ ਜਾਣਕਾਰੀ ਪ੍ਰਾਪਤ ਕਰਦੇ ਹਾਂ। ਇਨ੍ਹਾਂ ਵਿਚੋਂ ਦੋ ਗੁਣ ਵਧੇਰੇ ਵਿਸ਼ੇਸ਼ ਹਨ-ਚਿੰਤਨ ਤੇ ਫੈਲਾਵਟ ਜੋ ਸਾਡੇ ਨਿਤਾਪ੍ਰਤੀ ਅਨੁਭਵ ਵਿਚ ਆਉਂਦੇ ਹਨ। ਹਰ ਵਿਸ਼ੇਸ਼ ਸ਼ੈਅ ਵਿਚ ਇਹ ਦੋਵੇਂ ਗੁਣ ਮੌਜੂਦ ਹਨ ਜੋ ਇਸ ਨੂੰ ਸਮੁੱਚੇ ਦ੍ਰਵ ਦਾ ਇਕ ਪ੍ਰਗਟਾਵਾ (ਮੋਡ) ਬਣਾਉਂਦੇ ਹਨ ਪਰ ਮੋਡ ਆਪਣੇ ਆਪ ਵਿਚ ਸੁਤੰਤਰ ਹੋਂਦ ਨਹੀਂ। ਸਾਰੇ ਮੋਡ ਮੂਲ-ਦ੍ਰਵ ਦੇ ਵਿਭਿੰਨ ਪ੍ਰਗਟਾਵੇ ਹਨ। ਯਥਾਰਥ ਕੋਈ ਅਹਿੱਲ ਕ੍ਰਿਆਹੀਣ ਪਦਾਰਥ ਨਹੀਂ, ਇਹ ਕ੍ਰਿਆਸ਼ੀਲ ਹਸਤੀ ਹੈ ਜਿਸ ਦੀ ਕ੍ਰਿਆ ਵਿਚ ਅਸੀਂ ਸਭ ਸ਼ਾਮਲ ਹਾਂ। ਸਪਿਨੋਜ਼ਾ ਨੇ ਈਸ਼ਵਰ ਪ੍ਰਤੀ 'ਬੌਧਿਕ ਪ੍ਰੀਤ' ਦੀ ਸਿਫ਼ਾਰਿਸ਼ ਕੀਤੀ। ਇਹ ਉਸ ਦਾ ਉਚੱਤਮ ਨੈਤਿਕ ਆਦਰਸ਼ ਸੀ।

ਲਾਇਬਨੀਜ਼ (1646-1716 ਈ.) ਤੀਸਰਾ ਪ੍ਰਮੁੱਖ ਦਰਸ਼ਨਵੇਤਾ ਸੀ ਜਿਸ ਨੇ ਵਿਵੇਕਵਾਦ ਨੂੰ ਸਬਲ ਬਣਾਇਆ। ਉਸ ਦੇ ਫ਼ਲਸਫ਼ੇ ਨੂੰ 'ਚਿਤਾਣੂਵਾਦ' ਦਾ ਨਾਮ ਦਿੱਤਾ ਗਿਆ ਹੈ। ਚਿਤਾਣੂ (ਚਿਤ-ਅਣੂ) ਆਤਮਿਕ ਪਰਮਾਣੂ ਦੇ ਰੂਪ ਵਿਚ ਕਿਆਸਿਆ ਗਿਆ। ਬਰਟਰੰਡ ਰੱਸਲ ਦੇ ਸ਼ਬਦਾਂ ਵਿਚ ਲਾਇਬਨੀਜ਼ ਦੀ ਦਲੀਲ ਦਾ ਸੰਖੇਪ ਸਾਰ ਇੰਜ ਹੈ- "ਜੋ ਕੁਝ ਜਟਿਲ ਹੈ, ਉਹ ਸਰਲ (ਸਿੰਪਲ) ਭਾਗਾਂ ਦਾ ਸਮੂਹ ਹੈ; ਜੋ ਕੁਝ ਸਰਲ ਹੈ ਉਸ ਵਿਚ ਫੈਲਾਵਟ ਨਹੀਂ ਹੋ ਸਕਦੀ। ਇਸ ਲਈ ਹਰ ਵਸਤੂ ਅਜਿਹੇ ਭਾਗਾਂ ਤੋਂ ਬਣੀ ਹੋਈ ਹੈ ਜਿਨ੍ਹਾਂ ਦੀ ਫੈਲਾਵਟ ਕੋਈ ਨਹੀਂ ਪਰ ਜੋ ਕੁਝ ਫੈਲਿਆ ਹੋਇਆ ਨਹੀਂ, ਉਹ ਭੌਤਿਕ ਪਦਾਰਥ (ਮੈਟਰ) ਨਹੀਂ। ਸੋ ਵਸਤਾਂ ਦੇ ਅੰਤਿਮ ਘਾੜਕ ਭੌਤਿਕ ਜਾਂ ਪਦਾਰਥ ਨਹੀਂ ਹਨ ਅਤੇ ਜੇਕਰ ਭੌਤਿਕ ਨਹੀਂ ਤਾਂ ਮਾਨਸਿਕ ਹੋਏ। ਸਿੱਟੇ ਵਜੋਂ ਇਕ ਮੇਜ਼ ਅਸਲ ਵਿਚ ਰੂਹ ਦਾ ਸਮੂਹ ਜਾਂ ਸੁਜੋੜ ਹੈ।"

ਲਾਇਬਨੀਜ਼ ਦਾ ਸੰਸਾਰ ਆਤਮਿਕ ਅਣੂਆਂ (ਚਿਤਾਣੂਆਂ) ਦਾ ਘੜਿਆ ਹੋਇਆ ਹੈ। ਉਸ ਅਨੁਸਾਰ ਰੱਬ ਆਪ ਵੀ ਉੱਚੇਰੀ ਪ੍ਰਕਾਰ ਦਾ ਚਿਤਾਣੂ ਹੈ ਜਿਸ ਨੇ ਸੰਸਾਰ ਦੇ ਸਾਰੇ ਚਿਤਾਣੂਆਂ ਵਿਚਕਾਰ ਆਦਿ ਕਾਲ ਤੋਂ ਇਕਸੁਰਤਾ ਪੈਦਾ ਕਰ ਰੱਖੀ ਹੈ। ਹਰ ਚਿਤਾਣੂ ਰੱਬ ਦੀ ਇੱਛਾ ਅਨੁਸਾਰ ਕਾਰਜ ਕਰਦਾ ਹੈ। ਚਿਤਾਣੂ ਇਕ ਦੂਜੇ ਤੋਂ ਸੁਤੰਤਰ ਹਨ, ਇਨ੍ਹਾਂ ਵਿਚ ਝਰੋਖੇ ਬਾਰੀਆਂ ਨਹੀਂ ਹਨ। ਫਿਰ ਵੀ ਸਾਰੇ ਚਿਤਾਣੂ ਮਿਲ ਕੇ ਜੋ ਏਕਤਾ ਪੈਦਾ ਕਰਦੇ ਹਨ ਉਹ ਪਦਾਰਥਕ ਅਣੂ ਪਰਮਾਣੂ ਨਹੀਂ ਕਰ ਸਕਦੇ। ਚਿਤਾਣੂਆਂ ਦਾ ਆਤਮਿਕ ਬਲ ਹੀ ਏਕਤਾ ਦਾ ਆਧਾਰ ਹੈ। ਸਾਡਾ ਇਹ ਸੰਸਾਰ ਸਾਰੇ ਸੰਭਵ ਜਗਤਾਂ ਵਿਚੋਂ ਸਰਬੋਤਮ ਹੈ। ਇਸ ਨੂੰ ਈਸ਼ਵਰ ਨੇ ਆਪ ਘੜਿਆ ਹੈ।

ਬਰਤਾਨਵੀ ਅਨੁਭਵਵਾਦ—ਦਾਰਸ਼ਨਿਕ ਅਨੁਭਵਵਾਦ ਗਿਆਨ-ਸਿਧਾਂਤ ਦੀ ਉਹ ਪ੍ਰਣਾਲੀ ਹੈ ਜਿਸ ਅਨੁਸਾਰ ਗਿਆਨ ਦਾ ਸਰੋਤ ਵਿਅਕਤੀ ਦਾ ਅਨੁਭਵ ਹੈ। ਇਥੇ 'ਅਨੁਭਵ' ਤੋਂ ਮੁਰਾਦ ਸੰਵੇਦੀ ਬੋਧ ਹੈ ਜੋ ਗਿਆਨ-ਇੰਦਰਿਆਂ ਦੀ ਕ੍ਰਿਆ ਉੱਤੇ ਨਿਰਭਰ ਹੈ। ਬੁੱਧ ਵਿਵੇਕ ਤੇ ਟਾਕਰੇ ਉੱਤੇ ਸੰਵੇਦਨਾ ਪ੍ਰੇਖਣ ਨੂੰ ਮਨੁੱਖੀ ਗਿਆਨ ਦਾ ਮੁੱਖ ਦੁਆਰ ਮੰਨਣ ਵਾਲੇ ਚਿੰਤਕਾਂ ਦੇ ਮੱਤ ਨੂੰ 'ਅਨੁਭਵਵਾਦ' ਦਾ ਨਾਮ ਦਿੱਤਾ ਗਿਆ ਹੈ। ਇਸ ਮੱਤ ਦੇ ਮੋਢੀਆਂ ਵਿਚ ਸਤਾਰ੍ਹਵੀਂ ਅਠਾਰ੍ਹਵੀਂ ਸਦੀ ਦੇ ਤਿੰਨ ਬਰਤਾਨਵੀ ਦਾਰਸ਼ਨਿਕ ਸ਼ਾਮਿਲ ਹਨ ਜਿਨ੍ਹਾਂ ਨੇ ਫ਼ਲਸਫ਼ੇ ਨੂੰ ਨਵਾਂ ਮੋੜ ਦਿੱਤਾ ਅਤੇ ਵਿਸ਼ਵ ਦੀ ਬਜਾਇ ਮਨੁੱਖ ਨੂੰ ਬੁਨਿਆਦੀ ਇਕਾਈ ਦੇ ਰੂਪ ਵਿਚ ਪਰਵਾਨਿਆ।

ਜਾਹਨ ਲਾੱਕ (1632-1704) ਦਾ ਵਿਸ਼ਵਾਸ ਸੀ ਕਿ "ਕੁੱਲ ਗਿਆਨ ਦਾ ਆਧਾਰ ਅਨੁਭਵ ਹੈ।" ਵਿਗਿਆਨੀ ਵੀ ਦੇਖ-ਭਾਲ ਤੇ ਨਿਰੀਖਣ ਦਾ ਮਾਰਗ ਅਪਣਾਉਂਦੇ ਹਨ। ਇਹ ਸਾਧਾਰਣ ਸੂਝ ਦਾ ਮਾਰਗ ਹੈ। ਬੱਚਾ ਆਪਣੇ ਇੰਦਰਿਆਂ ਦੀ ਵਰਤੋਂ ਕਰ ਕੇ ਆਸ-ਪਾਸ ਦੀ ਸੋਝੀ ਪ੍ਰਾਪਤ ਕਰਦਾ ਹੈ। ਉਸ ਦੀ ਕੁੱਲ ਜਾਣਕਾਰੀ ਅਨੁਭਵਾਂ ਉੱਤੇ ਆਧਾਰਿਤ ਹੈ। ਲਾੱਕ ਕਹਿੰਦਾ ਹੈ ਕਿ ਜਨਮ ਸਮੇਂ ਬਾਲਕ ਦਾ ਮਨ 'ਕੋਰੀ ਤਖ਼ਤੀ' ਹੁੰਦਾ ਹੈ ਜਿਸ ਉੱਤੇ ਅਨੁਭਵਾਂ ਦੇ ਪੂਰਨੇ ਪੈਂਦੇ ਹਨ ਅਤੇ ਸਰਲ ਵਿਚਾਰ ਹੌਲੀ ਹੌਲੀ ਜਟਿਲ ਵਿਚਾਰਾਂ ਵਿਚ ਬਦਲਦੇ ਰਹਿੰਦੇ ਹਨ। ਲਾੱਕ ਅਨੁਸਾਰ ਵਿਅਕਤੀ ਕੋਈ ਜਮਾਂਦਰੂ ਵਿਚਾਰ ਲੈ ਕੇ ਨਹੀਂ ਜਨਮਦਾ, ਉਹ ਸਭ ਕੁਝ ਦੁਨੀਆ ਵਿਚ ਆ ਕੇ ਸਿਖਦਾ ਹੈ, ਗ੍ਰਹਿਣ ਕਰਦਾ ਹੈ। ਵਸਤਾਂ ਦੇ ਕੁਝ ਪ੍ਰਾਥਮਿਕ ਗੁਣ ਹਨ ਜਿਵੇਂ ਫੈਲਾਵਟ, ਆਕਾਰ, ਹਰਕਤ, ਸਥਿਰਤਾ ਆਦਿ। ਜੋ ਗੁਣ ਪ੍ਰੇਖਕ ਦੀ ਅੰਤਰੀਵੀ ਸਮਰੱਥਾ ਉੱਤੇ ਆਧਾਰਿਤ ਹਨ (ਸੁਆਦ, ਸੁਗੰਧ, ਰੰਗ ਆਦਿ) ਉਹ ਦੂਜੇ ਦਰਜੇ ਦੇ (ਗੌਣ) ਗੁਣ ਹਨ। ਲਾੱਕ ਦਾ ਸਿਧਾਂਤ ਅਤਿ ਸਾਧਾਰਣ ਤੇ ਸਰਲ ਸੀ ਜਿਸ ਨੂੰ ਦਾਰਸ਼ਨਿਕ

ਪੱਧਰ ਉੱਤੇ ਵਧੇਰੇ ਅਹਿਮੀਅਤ ਨਾ ਮਿਲੀ ਪਰ ਅਨੁਭਵਵਾਦ ਦੇ ਪਹਿਲੇ ਮੀਲ ਪੱਥਰ ਵਜੋਂ ਪਰਵਾਨਿਆ ਗਿਆ।

ਬਰੱਕਲੇ (1685-1753 ਈ.) ਦਾ ਅਨੁਭਵਵਾਦ 'ਮੈਟਰ' ਜਾਂ ਭੌਤਿਕ ਪਦਾਰਥ ਨੂੰ ਉੱਕਾ ਰੱਦ ਕਰਦਾ ਹੈ। ਉਸ ਦਾ ਕਹਿਣਾ ਹੈ ਕਿ ਕਿਸੇ ਵੀ ਵਸਤੂ ਦੀ ਹੋਂਦ ਉਦੋਂ ਤਕ ਸੰਭਵ ਨਹੀਂ ਜਿੰਨੀ ਦੇਰ ਤਕ ਉਸ ਦਾ ਕਿਸੇ ਨੂੰ ਅਨੁਭਵ ਨਾ ਹੋਵੇ। ਸਾਧਾਰਣ ਰੂਪ ਵਿਚ ਅਸੀਂ ਅਨੁਭਵ ਵਿਚ ਆਈ ਕਿਸੇ 'ਵਸਤੂ' ਨੂੰ 'ਅਨੁਭਵੀ-ਕ੍ਰਿਆ' ਨਾਲੋਂ ਨਿਖੇੜ ਕੇ ਸਮਝਦੇ ਹਾਂ। ਵਸਤੂ ਪਦਾਰਥਕ ਹੈ, ਅਨੁਭਵ ਮਾਨਸਿਕ ਕ੍ਰਿਆ ਹੈ। ਬਰੱਕਲੇ ਨੂੰ ਇਹ ਨਿਖੇੜ ਪ੍ਰਵਾਨ ਨਹੀਂ ਜੋ ਵਸਤੂ ਸਾਡੇ ਸੰਵੇਦੀ ਅਨੁਭਵ ਵਿਚ ਆਈ ਹੈ, ਉਹ ਆਪ ਵੀ ਸੰਵੇਦਕੀ ਸ਼ੈਅ ਹੈ। ਯਥਾਰਥਕ ਹੋਣ ਦਾ ਭਾਵ ਹੀ ਪ੍ਰੇਖਕੀ ਅਨੁਭਵ ਉੱਤੇ ਆਧਾਰਿਤ ਹੋਣਾ ਹੈ। ਸਾਡੇ ਮਨਾਂ ਵਿਚ ਜੋ ਵਿਚਾਰ ਉਪਜਦੇ ਹਨ ਉਹ ਕਿਸੇ ਪਦਾਰਥ ਦ੍ਰਵ ਦੀ ਵਜ੍ਹਾ ਕਰਕੇ ਨਹੀਂ ਸਗੋਂ ਈਸ਼ਵਰ ਦੇ ਉਪਜਾਏ ਹੁੰਦੇ ਹਨ, ਨਿਯਮਿਤ ਰੂਪ ਵਿਚ ਸਾਡੇ ਅਨੁਭਵ ਦਾ ਹਿੱਸਾ ਬਣਦੇ ਹਨ। ਸੋ ਅੰਤਿਮ ਯਥਾਰਥ ਵਿਚਾਰਾਂ ਤੇ ਆਤਮਿਕ ਇਕਾਈਆਂ ਦੁਆਰਾ ਨਿਰਮਿਤ ਹੈ। ਕਾਇਨਾਤ ਦੇ ਪਦਾਰਥਕ ਪੱਖਾਂ ਨੂੰ ਮਾਨਸਿਕ ਸਰੂਪ ਵਿਚ ਗ੍ਰਹਿਣ ਕਰਨਾ ਹੀ ਉਚਿਤ ਹੈ।

ਜਾਰਜ ਬਰੱਕਲੇ ਨੇ ਲਾੱਕ ਦੁਆਰਾ ਕੀਤੇ ਪ੍ਰਾਥਮਿਕ ਤੇ ਦੁਤੀਆ ਗੁਣਾਂ ਦੇ ਨਿਖੇੜ ਨੂੰ ਰੱਦ ਕਰ ਦਿੱਤਾ। ਉਸ ਅਨੁਸਾਰ ਸਾਰੇ ਗੁਣ ਮਾਨਸਿਕ ਹਨ। ਉਸ ਨੇ ਲਾੱਕ ਦੇ ਮੂਲ-ਦ੍ਰਵ ਨੂੰ ਵੀ ਪ੍ਰਵਾਨ ਨਹੀਂ ਕੀਤਾ ਕਿਉਂਕਿ 'ਦ੍ਰਵ' ਸਾਡੇ ਸੰਵੇਦੀ ਅਨੁਭਵ ਵਿਚ ਨਹੀਂ ਆਉਂਦਾ। ਕੋਈ ਵੀ ਵਿਆਪਕੀ (ਵਿਆਪਕ ਸੰਕਲਪ ਜਾਂ ਵਿਚਾਰ) ਪ੍ਰੇਖਣ ਦਾ ਵਿਸ਼ਾ ਨਹੀਂ। ਕੇਵਲ ਵਿਸ਼ੇਸ਼ ਵਸਤਾਂ ਹੀ ਪ੍ਰੇਖਣ ਵਿਚ ਆਉਂਦੀਆਂ ਹਨ। ਇਸ ਤਰ੍ਹਾਂ ਬਰੱਕਲੇ ਨੂੰ ਆਪਣੀ 'ਆਤਮਾ' ਜਾਂ 'ਰੂਹ' ਵਲੋਂ ਵੀ ਇਨਕਾਰੀ ਹੋਣਾ ਪੈ ਗਿਆ। ਉਸ ਦਾ ਫ਼ਲਸਫ਼ਾ ਪਲੈਟੋ ਦੇ 'ਵਿਚਾਰਾਂ' ਦੇ 'ਸਿਧਾਂਤ' ਦਾ ਵਿਰੋਧੀ ਹੈ, ਚਾਹੇ ਦੋਵੇਂ ਆਪਣੇ ਆਪਣੇ ਢੰਗ ਨਾਲ ਦਾਰਸ਼ਨਿਕ ਧਾਰਨਾਵਾਦ (ਆਦਰਸ਼ਵਾਦ) ਦੇ ਹਾਮੀ ਹਨ।

ਡੇਵਿਡ ਹਿਊਮ (1711-1776 ਈ.) ਦੀ ਮਹਾਨਤਾ ਇਸ ਗੱਲ ਵਿਚ ਹੈ ਕਿ ਉਸ ਨੇ ਫ਼ਿਲਾਸਫ਼ੀ ਵਿਚ ਦਲੀਲ ਦੇ ਯੋਗਦਾਨ ਨੂੰ ਵਧੇਰੇ ਮਹੱਤਵ ਦਿੱਤਾ। ਜੇਕਰ ਉਸ ਦੀ ਦਲੀਲ ਨੇ ਤੱਤ ਮੀਮਾਂਸਾ (ਮੈਟਾਫ਼ਿਜ਼ਿਕਸ) ਨੂੰ ਨਿਰਾਧਾਰ ਸਿੱਧ ਕਰ ਦਿੱਤਾ ਤਾਂ ਹਿਊਮ ਨੇ ਤੱਤ-ਮੀਮਾਂਸਾ ਨੂੰ ਵੀ ਤਿਲਾਂਜਲੀ ਦੇ ਦਿੱਤੀ। ਆਤਮਾ ਜਾਂ ਰੂਪ ਸਾਡੇ ਪ੍ਰੇਖਣ ਵਿਚ ਨਹੀਂ ਆਉਂਦੇ, ਨਾ ਹੀ ਰੱਬ ਸਾਡੇ ਸੰਵੇਦੀ (ਸੈਂਸਰੀ) ਅਨੁਭਵ ਦਾ ਵਿਸ਼ਾ ਹੈ। ਸੋ ਆਤਮਾ ਤੇ ਰੱਬ ਦੋਵੇਂ ਰੱਦ ਹੋ ਗਏ। ਦ੍ਰਿਸ਼ਟਮਾਨ ਜਗਤ ਵਿਚ ਅਸੀਂ ਚੀਜ਼ਾਂ ਤੇ ਘਟਨਾਵਾਂ ਦੇ ਸਬੰਧਾਂ ਨੂੰ 'ਕਾਰਨੀ' ਸਬੰਧ ਵਜੋਂ ਪ੍ਰਵਾਨ ਕਰ ਲੈਂਦੇ ਹਾਂ ਪਰ 'ਕਾਰਨ' ਕੀ ਹੈ? ਇਸ ਦਾ ਕਾਰਜ ਨਾਲ ਕੀ ਸਬੰਧ ਹੈ। ਦੋਵੇਂ ਭਿੰਨ-ਭਿੰਨ ਘਟਨਾਵਾਂ ਹਨ; ਇਨ੍ਹਾਂ ਵਿਚ ਆਵੱਸ਼ਕ ਸਬੰਧ ਕੋਈ ਨਹੀਂ। ਵਿਅਕਤੀ ਸੁਭਾਵਕ ਤੌਰ ਤੇ ਇਨ੍ਹਾਂ ਨੂੰ ਕਾਰਨੀ ਸਬੰਧ ਵਿਚ ਜੋੜ ਲੈਂਦਾ ਹੈ। ਇਕ ਘਟਨਾ ਤੋਂ ਮਗਰੋਂ ਦੂਜੀ ਘਟਨਾ ਵਾਪਰਦੀ ਦੇਖ ਕੇ ਅਸੀਂ ਆਪਣੀ ਮਾਨਸਿਕ ਆਦਤ ਵਜੋਂ ਇਨ੍ਹਾਂ ਵਿਚ ਕਾਰਨੀ ਸਬੰਧ ਸਥਾਪਿਤ ਕਰ ਲੈਂਦੇ ਹਾਂ, ਜਦੋਂ ਕਿ ਕੁਦਰਤ ਵਿਚ ਹਰ ਘਟਨਾ ਸੁਤੰਤਰ ਹੈ। ਸਰਲ ਤੇ ਸੁਤੰਤਰ ਵਿਚਾਰ ਇਕ ਦੂਜੇ ਨਾਲ ਜੁੜ ਕੇ ਵਿਚਾਰਾਂ ਦੀ ਜਟਿਲਤਾ ਨੂੰ ਜਨਮ ਦਿੰਦੇ ਹਨ; ਜਟਿਲ ਤੇ ਭਾਵ-ਵਾਚਕ ਵਿਚਾਰਾਂ ਦੀ ਯਥਾਰਥਕ ਹੋਂਦ ਹਿਊਮ ਅਨੁਸਾਰ ਸ਼ੰਕੇ ਵਾਲੀ ਗੱਲ ਹੈ।

ਜਰਮਨ ਚਿੰਤਕਾਂ ਦਾ ਯੋਗਦਾਨ—ਵਿਵੇਕਵਾਦ ਅਤੇ ਅਨੁ-ਭਵਵਾਦ ਦੀਆਂ ਦਰਸ਼ਨ ਧਾਰਾਵਾਂ ਨੇ ਯੂਰਪੀ ਚਿੰਤਨ ਵਿਚ ਵਿਭਿੰਨ ਪ੍ਰਤਿਕਰਮ ਪੈਦਾ ਕੀਤੇ। ਵਿਸ਼ੇਸ਼ ਕਰਕੇ ਹਿਊਮ ਦੇ ਸ਼ੰਕਾਵਾਦ ਨੇ ਕਈ ਤੱਤ-ਮੀਮਾਂਸਿਕਾਂ ਤੇ ਧਰਮ-ਸਿਧਾਂਤੀਆਂ ਨੂੰ ਹਲੂਣਾ ਦੇ ਕੇ ਜਾਗ੍ਰਿਤ ਕੀਤਾ ਜਰਮਨੀ ਦੇ ਮਹਾਨ ਦਰਸ਼ਨਵੇਤਾ ਇਮੈਨੁਅਲ ਕਾਂਟ (1724-1804) ਨੇ ਬੁੱਧ ਵਿਵੇਕ ਅਤੇ ਸੰਵੇਦੀ ਅਨੁਭਵ ਦੇ ਉਚਿਤ ਸਥਾਨ ਤੇ ਯੋਗਦਾਨ ਸਬੰਧੀ ਵਿਸ਼ੇਸ਼ ਰੂਪ ਵਿਚ ਘੋਖ ਪੜਤਾਲ ਕੀਤੀ। ਉਹ ਜਾਣਨਾ ਚਾਹੁੰਦਾ ਸੀ ਕਿ ਬੌਧਿਕਤਾ ਕਿਸ ਹੱਦ ਤੀਕ ਗਿਆਨ ਦਾ ਮਾਰਗ ਰੁਸ਼ਨਾ ਸਕਦੀ ਹੈ? ਉਸ ਦੀ ਸੀਮਾ ਕੀ ਹੈ ? ਇਸ ਦੀ ਸੰਵੇਦੀ ਅਨੁਭਵ ਨਾਲ ਕਿਸ ਕਿਸਮ ਦਾ ਸਬੰਧ ਹੈ? ਉਸ ਨੇ ਆਪਣੀ ਆਲੋਚਨਾਤਮਕ ਫ਼ਿਲਾਸਫ਼ੀ ਰਾਹੀਂ ਦਰਸਾਇਆ ਕਿ ਬੁੱਧੀ ਦਾ ਕਾਰਜ ਸੰਵੇਦਨਾ ਦੁਆਰਾ ਪ੍ਰਾਪਤ ਸਾਮੱਗਰੀ ਦੀ ਛਾਣ-ਬੀਣ ਕਰ ਕੇ ਸੰਜੋਗਮਈ ਗਿਆਨ ਦੀ ਸਥਾਪਨਾ ਕਰਨਾ ਹੈ।

ਕਾਂਟ ਦਾ ਮੱਤ ਹੈ ਕਿ ਕੇਵਲ ਅਨੁਭਵ ਸਾਨੂੰ ਯਥਾਰਥ ਦਾ ਗਿਆਨ ਨਹੀਂ ਦੇ ਸਕਦਾ। ਕੋਈ ਅਨੁਭਵ-ਅਤੀਤ ਸਮੱਰਥਾ ਅਜਿਹੀ ਹੈ ਜੋ ਸਾਨੂੰ ਪ੍ਰਕਾਸ਼ ਦਿੰਦੀ ਹੈ। ਇਸ ਜਾਣਕਾਰੀ ਸਰੋਤ ਦੇ ਕੁੱਲ 12 ਪ੍ਰਵਰਗਾਂ (ਕੈਟਾਗਰੀਜ਼) ਦਾ ਉਲੇਖ ਉਸ ਨੇ ਦਿੱਤਾ ਹੈ। ਇਨ੍ਹਾਂ ਪ੍ਰਵਰਗਾਂ ਨੂੰ ਲਾਗੂ ਕੀਤੇ ਬਿਨ੍ਹਾਂ ਕੁਦਰਤ ਦੇ ਕਿਸੇ ਪੱਖ ਦੀ ਜਾਣਕਾਰੀ ਸੰਭਵ ਨਹੀਂ। ਕਾਂਟ ਅਨੁਸਾਰ ਜੋ ਜਾਣਕਾਰੀ ਸਾਨੂੰ ਮਿਲਦੀ ਵੀ ਹੈ ਉਹ ਦ੍ਰਿਸ਼ਟਮਾਨ ਜਗਤ ਦੀ ਹੁੰਦੀ ਹੈ; ਅਗੋਚਰ ਤੇ ਅਲੌਕਿਕ ਜਗਤ ਦੀ ਸੋਝੀ ਮਨੁੱਖੀ ਅਨੁਭਵ ਦੇ ਘੇਰੇ ਵਿਚ ਨਹੀਂ ਆਉਂਦੀ। ਜੋ ਚੀਜ਼ਾਂ ਸਾਡੇ ਅਨੁਭਵ ਵਿਚ ਆਉਂਦੀਆਂ ਹਨ ਉਨ੍ਹਾਂ ਨੂੰ ਸਾਡੀ ਬੁੱਧੀ ਦੇਖ ਪਰਖ ਲੈਂਦੀ ਹੈ ਪਰ ਜੋ ਚੀਜ਼ਾਂ ਅਸਲ ਵਿਚ ਹਨ, ਉਹ ਸਾਡੀ ਪਕੜ ਤੋਂ ਬਾਹਰ ਰਹਿੰਦੀਆਂ ਹਨ। ਉਨ੍ਹਾਂ ਬਾਰੇ ਅਸੀਂ ਕਿਆਸਕਾਰੀ ਦਾ ਆਸਰਾ ਲੈ ਸਕਦੇ ਹਾਂ।

ਉਪਰੋਕਤ ਸਾਰੀ ਕ੍ਰਿਆ ਸਿਧਾਂਤਕ ਹੈ। ਜਦੋਂ ਸਮੱਸਿਆ ਅਮਲੀ ਰੂਪ ਵਿਚ ਦਰਪੇਸ਼ ਹੁੰਦੀ ਹੈ ਤਾਂ ਕਾਂਟ ਅਨੁਸਾਰ ਵਿਅਕਤੀ ਦੀ ਇੱਛਾ, ਇਰਾਦਾ ਤੇ ਉਸ ਦੀ ਭਾਵਨਾ ਹਰਕਤ ਵਿਚ ਆਉਂਦੇ ਹਨ। ਇਥੇ ਕਾਂਟ ਆਪਣਾ 'ਸੁਤੰਤਰਤਾ' ਦਾ ਸਿਧਾਂਤ ਪੇਸ਼ ਕਰਦਾ ਹੈ ਜੋ ਉਸ ਦੇ ਸਮਾਜਕ-ਨੈਤਿਕ ਚਿੰਤਨ ਦਾ ਮੁੱਖ ਆਧਾਰ ਹੈ। ਸੁਤੰਤਰ ਇੱਛਾ ਤੋਂ ਬਿਨਾਂ ਨੈਤਿਕ ਕਰਮ ਸੰਭਵ ਨਹੀਂ ਅਤੇ ਉੱਚਤਮ ਸਦਾਚਾਰਕ ਕ੍ਰਿਆ ਨਿਸ਼ਕਾਮ ਕਰਮ ਹੈ ਜੋ ਕੇਵਲ ਡਿਊਟੀ ਜਾਂ ਕਰੱਤਵ ਤੋਂ ਪ੍ਰੇਰਿਤ ਹੋਵੇ, ਕਿਸੇ ਫਲ ਜਾਂ ਸਿੱਟੇ ਦੀ ਆਸ ਤੋਂ ਨਹੀਂ। ਕਾਂਟ ਦੇ ਇਕ ਪ੍ਰਸਿੱਧ ਨੈਤਿਕ ਆਦੇਸ਼ ਅਨੁਸਾਰ ਕਿਸੇ ਵਿਅਕਤੀ ਨਾਲ 'ਸਾਧਨ' ਰੂਪ ਵਿਚ ਵਿਹਾਰ ਨਾ ਹੋਵੇ, ਹਰ ਮਨੁੱਖ ਨੂੰ 'ਉਦੇਸ਼' ਸਮਝੋ। ਮਾਨਵ ਜਾਤੀ 'ਉਦੇਸ਼ਾਂ ਦੀ ਸਲਤਨਤ' ਹੈ।

ਕਰੱਤਵ ਤੋਂ ਪ੍ਰੇਰਿਤ ਨਿਸ਼ਕਾਮ ਕਰਮ ਕਾਂਟ ਅਨੁਸਾਰ ਨਿਸਫਲ ਨਹੀਂ ਰਹਿੰਦਾ। ਈਸ਼ਵਰ ਅਜਿਹੇ ਸਦਾਚਾਰੀ ਜੀਵਾਂ ਨੂੰ ਫਲ ਦਾ ਭੁਗਤਾਨ ਅਵੱਸ਼ ਕਰਦਾ ਹੈ ਜੇ ਇਸ ਜਨਮ ਵਿਚ ਨਹੀਂ ਤਾਂ ਅਗਲੇ ਜਨਮ ਵਿਚ। ਇਥੇ ਆ ਕੇ ਕਾਂਟ ਨੇ 'ਆਤਮਾ ਦੀ ਅਮਰਤਾ' ਦਾ ਵਿਚਾਰ ਅਪਣਾ ਲਿਆ ਅਤੇ ਈਸ਼ਵਰ ਦੀ ਹੋਂਦ ਵੀ ਸਵੀਕਾਰ ਕਰ ਲਈ। ਇਹ ਅਮਲੀ ਬੌਧਿਕਤਾ ਦੀ ਆਵੱਸ਼ਕਤਾ ਸੀ ਜੋ ਸਿਧਾਂਤਕ ਮੰਗਾਂ ਤੋਂ ਉੱਚੇਰੀ ਸਿੱਧ ਹੋਈ। ਸਦਾਚਾਰਕ ਨਿਯਮ ਨੂੰ ਕਾਂਟ ਨੇ ਕੁਦਰਤੀ ਕਾਨੂੰਨ ਦੇ ਤੁੱਲ ਰੱਖਿਆ। ਉਸ ਦਾ ਪ੍ਰਸਿੱਧ ਕਥਨ ਹੈ-'ਤਾਰਿਕਾ ਮੰਡਲ ਬਾਹਰਵਾਰ ਅਤੇ ਨੈਤਿਕ ਨਿਯਮ ਅੰਦਰਵਾਰ।'

ਕਾਂਟ ਦੇ ਫ਼ਲਸਫ਼ੇ ਵਿਚ ਆਤਮ-ਪਰਕਤਾ ਦਾ ਵਿਸ਼ੇਸ਼ ਸਥਾਨ ਹੈ। ਕੁਦਰਤ ਦੀ ਸੁੰਦਰਤਾ ਕੇਵਲ-ਮਾਤਰ ਕੁਦਰਤੀ ਜਾਂ ਵਸਤੂਪਰਕ ਨਹੀਂ, ਇਸ ਵਿਚ ਸੁੰਦਰਤਾ ਨੂੰ ਨਿਹਾਰਨ ਵਾਲੇ ਦੀ ਆਤਮਪਰਕ ਪਛਾਣ ਅਵੱਸ਼ ਸ਼ਾਮਲ ਹੈ। ਸੁੰਦਰਤਾ ਤੇ ਕਲਾ ਨੂੰ ਮਾਣਨ ਦੀ ਕ੍ਰਿਆ ਵਿਚ ਕੁਦਰਤ ਦੇ ਬਾਹਰਮੁਖੀ ਪੱਖਾਂ ਤੇ ਵਿਅਕਤੀ ਦੀ ਆਤਮ-ਪਰਕਤਾ ਦਾ ਸੁਮੇਲ ਹੈ। ਇਸੇ ਤਰ੍ਹਾਂ ਕਾਲ ਅਤੇ ਪੁਲਾੜ ਦੀ ਸੋਝੀ ਵਿਚ ਵੀ ਮਨੁੱਖੀ ਸੂਝ ਦਾ ਆਤਮਪਰਕ ਭਾਗ ਸ਼ਾਮਲ ਹੈ। ਕਾਂਟ

ਅਨੁਸਾਰ ਅਸੀਂ ਸਮੇਂ ਜਾਂ ਸਥਾਨ ਨੂੰ ਆਪਣੇ ਮਾਨਵੀ ਢਾਂਚੇ ਦੀਆਂ ਬੌਧਿਕ ਸਮੱਰਥਾਵਾਂ ਤੇ ਸੀਮਾਵਾਂ ਅਨੁਸਾਰ ਅਨੁਭਵ ਕਰਦੇ ਹਾਂ, ਨਾ ਕਿ ਜਿਵੇਂ 'ਵਾਸਤਵ' ਵਿਚ ਉਹ ਹਨ। ਵਾਸਤਵਿਕਤਾ ਸਾਡੀ ਪਹੁੰਚ ਤੋਂ ਪਰੇਡੀ ਤੇ ਅਗੋਚਰ ਹੈ। ਕਾਂਟ ਦੇ ਫ਼ਲਸਫ਼ੇ ਦਾ ਇਹ ਰਹੱਸਮਈ ਅੰਸ਼ ਕਿਸੇ ਅਲੌਕਿਕ ਤੇ ਅਰੂਪ ਜਗਤ ਵੱਲ ਸੰਕੇਤ ਕਰਦਾ ਹੈ ਜਿਸ ਦਾ ਪ੍ਰਤੱਖ ਸਰੂਪ ਵੰਨ-ਸੁਵੰਨਾ, ਦ੍ਰਿਸ਼ਟਮਾਨ ਜਗਤ ਹੈ ਜਿਸ ਵਿਚ ਅਸੀਂ ਵਿਚਰਦੇ ਅਤੇ ਰੁਝੇ ਰਹਿੰਦੇ ਹਾਂ।

ਕਾਂਟ ਦੇ ਫ਼ਲਸਫ਼ੇ ਦੀਆਂ ਡੂੰਘਾਈਆਂ ਤੇ ਵੇਰਵਿਆਂ ਨੇ ਚੋਖੇ ਪ੍ਰਤਿਭਾਵਾਨ ਚਿੰਤਕਾਂ ਨੂੰ ਪ੍ਰਭਾਵਿਤ ਕੀਤਾ। ਜਰਮਨੀ ਦਾ ਦਾਰਸ਼ਨਿਕ ਲੇਖਕ ਸ਼ੋਪਨਹਾੱਰ (1788-1860) ਕਾਂਟ ਦਾ ਸ਼ਰਧਾਲੂ ਸੀ। ਉਸ ਦੇ ਚਿੰਤਨ ਦਾ ਕੇਂਦਰ ਬਿੰਦੂ 'ਇੱਛਾ' ਦਾ ਸੰਕਲਪ ਹੈ। ਮਾਨਵ ਪ੍ਰਕਿਰਤੀ ਵਿਚ ਕਾਮਨਾ ਤੇ ਤ੍ਰਿਸ਼ਨਾ ਦੀਆਂ ਮੰਗਾਂ ਬਲਵਾਨ ਹਨ ਅਤੇ ਮਨੁੱਖ ਬੁਨਿਆਦੀ ਤੌਰ ਤੇ ਮੰਦਭਾਵੀ ਹੈ। ਸ਼ੋਪਨਹਾੱਰ ਦੇ ਨਿਰਾਸ਼ਾਵਾਦ ਨੇ ਉਸ ਨੂੰ 'ਨਿਰਵਾਣ' ਦੀ ਭਾਲ ਹਿਤ ਪ੍ਰੇਰਿਆ ਜੋ ਭਾਰਤੀ ਅਦਵੈਤਵਾਦ ਅਤੇ ਬੋਧੀ ਚਿੰਤਨ ਦੇ ਅਧਿਐਨ ਵਿਚੋਂ ਪ੍ਰਾਪਤ ਹੋਇਆ। ਆਪੇ ਦੀ ਪਛਾਣ ਉਸ ਦੇ ਚਿੰਤਨ ਦੀ ਚੂਲ ਬਣੀ। ਮਨੁੱਖੀ ਜੀਵਨ ਅਪ੍ਰਸੰਨ ਤੇ ਦੁਖੀ ਹੈ। ਇਹ ਕਸ਼ਟਾਂ ਤੇ ਸੰਗਰਾਮਾਂ ਵਿਚ ਘਿਰਿਆ ਹੈ। ਸੁੱਖ ਦੀ ਤਲਾਸ਼ ਵਿਚ ਵਿਅਕਤੀ ਵਿਆਹ ਤੇ ਸੰਤਾਨ ਦਾ ਆਸਰਾ ਲੈਂਦਾ ਹੈ ਪਰ ਸੁੱਖ ਉਸ ਨੂੰ ਛਲਾਵਾ ਦੇ ਜਾਂਦਾ ਹੈ ਅਤੇ ਅੰਤ ਉਹ ਮੌਤ ਦੇ ਮੂੰਹ ਜਾ ਪੈਂਦਾ ਹੈ। ਕਾਂਟ ਅਤੇ 'ਸੁਤੰਤਰਤਾ' ਸੰਕਲਪ ਨੇ ਸ਼ੋਪਨਹਾੱਰ ਨੂੰ ਕਾਫ਼ੀ ਪ੍ਰਭਾਵਿਤ ਕੀਤਾ। ਉਸ ਨੇ ਇੱਛਾ ਅਤੇ ਸੂਝਵਾਨ ਸੁਤੰਤਰਤਾ ਦੇ ਸੁਜੋੜ ਨੂੰ ਆਪਣੇ ਚਿੰਤਨ ਦਾ ਆਧਾਰ ਬਣਾਇਆ।

ਇਕ ਹੋਰ ਸਿਰਕੱਢ ਜਰਮਨ ਫ਼ਿਲਾਸਫ਼ਰ ਨੀਤਸ਼ੇ ਸੀ ਜਿਸ ਨੇ ਸ਼ੋਪਨਹਾੱਰ ਦਾ ਡੂੰਘਾ ਪ੍ਰਭਾਵ ਕਬੂਲਿਆ ਪਰ 'ਇੱਛਾ' ਦੀ ਬਜਾਇ 'ਸ਼ਕਤੀ' ਨੂੰ ਆਪਣਾ ਮੂਲ ਮੁਹਾਵਾਰਾ ਬਣਾਇਆ। ਨੀਤਸ਼ੇ (1844-1900) ਦਾ ਸ਼ਕਤੀਮਾਨ 'ਪਰਮ ਮਨੁੱਖ' (ਸੁਪਰਮੈਨ) ਦਾ ਸੰਕਲਪ ਖੂਬ ਪ੍ਰਚੱਲਿਤ ਹੋਇਆ। ਕੁਦਰਤ ਦੀ ਹਰ ਸ਼ੈਅ, ਹਰ ਜੀਵ ਅਤੇ ਸਮਾਜਕ ਸੰਗਠਨ ਵਿਚ ਸ਼ਕਤੀ ਦੀ ਇੱਛਾ ਲੁਪਤ ਹੈ ਜੋ ਵਿਕਾਸ ਦਾ ਨਿਯਮ ਸਿੱਧ ਹੁੰਦੀ ਹੈ। ਨੀਤਸ਼ੇ ਦਾ ਦਰਸ਼ਨ ਮਾਨਵੀ ਜੀਵਨ ਦਾ ਫ਼ਲਸਫ਼ਾ ਹੈ ਨਾ ਕਿ ਅੰਤਿਮ ਯਥਾਰਥ ਸਬੰਧੀ ਬੌਧਿਕ ਕਿਆਸਕਾਰੀ। ਉਸ ਦੀ ਨੈਤਿਕਤਾ ਉਪਕਾਰ ਤੇ ਭਲਾਈ ਦੀ ਥਾਂ ਸੱਤਾ ਤੇ ਸੂਰਬੀਰਤਾ ਨੂੰ ਪਹਿਲ ਦਿੰਦੀ ਹੈ। ਨੀਤਸ਼ੇ ਅਨੁਸਾਰ ਵਿਆਹ ਦਾ ਆਧਾਰ ਪਿਆਰ ਨਹੀਂ ਸਗੋਂ ਅਜਿਹੇ ਬਾਲਕ ਨੂੰ ਜਨਮ ਦੇਣ ਦੀ ਇੱਛਾ ਹੋਣਾ ਜ਼ਰੂਰੀ ਹੈ ਜੋ ਸ੍ਰੇਸ਼ਟ ਤੇ ਸੱਤਾਧਾਰੀ ਵਿਅਕਤੀ ਸਿੱਧ ਹੋਵੇ। ਉਸ ਨੇ ਕੁਲੀਨ ਤੰਤਰ ਨੂੰ ਲੋਕ ਤੰਤਰ ਉੱਤੇ ਤਰਜੀਹ ਦਿੱਤੀ। ਉਸ ਦਾ ਸਮਾਜ ਚਿੰਤਨ ਪਲੈਟੋ ਦੇ ਆਦਰਸ਼ਕ ਸਮਾਜ ਦੀ ਚਿਤਵਨਾ ਨਾਲ ਮੇਲ ਖਾਂਦਾ ਹੈ। ਇਸਤਰੀ ਪ੍ਰਤੀ ਉਸ ਦੀ ਬੇਮੇਚੀ ਉਪਰਾਮਤਾ ਉਮਰ ਭਰ ਉਸ ਦੇ ਨਾਲ ਨਿਭੀ ਅਤੇ ਅੰਤ ਸ਼ੁਦਾਈ ਦੀ ਦਸ਼ਾ ਵਿਚ ਸਾਲ 1900 ਵਿਚ ਉਸ ਜਾ ਚਲਾਣਾ ਹੋ ਗਿਆ।

ਉੱਨੀਵੀਂ ਸਦੀ ਦੀ ਦੇਣ—ਅਠਾਰ੍ਹਵੀਂ ਸਦੀ ਦੇ ਜਿਨ੍ਹਾਂ ਦਹਾਕਿਆਂ ਵਿਚ ਬੱਰਕਲੇ ਤੇ ਹਿਊਮ ਦੇ ਅਨੁਭਵਵਾਦ ਦਾ ਵਿਕਾਸ ਹੋ ਰਿਹਾ ਸੀ, ਵਾੱਲਤੇਅਰ (1694-1778) ਫ਼ਰਾਂਸ ਵਿਚ ਆਪਣੀ ਪ੍ਰਤਿਭਾ ਦਾ ਚਮਤਕਾਰ ਦਿਖਾ ਰਿਹਾ ਸੀ। ਉਹ ਰੂਸੋ ਦਾ ਵੀ ਸਮਕਾਲੀ ਸੀ ਦੋਹਾਂ ਦੀ ਮੌਤ 1778 ਵਿਚ ਹੋਈ। ਵਾੱਲਤੇਅਰ ਨੇ ਸੰਸਥਾਪਕ ਈਸਾਈ ਮਤ ਤੇ ਚਰਚ ਦਾ ਜ਼ੋਰਦਾਰ ਵਿਰੋਧ ਕੀਤਾ। ਧਰਮ ਸਥਾਨਾਂ ਅਤੇ ਸਮਾਜ ਵਿਚ ਵਿਆਪਕ ਬੁਰਾਈਆਂ, ਸਹਿਨਸ਼ੀਲਤਾ ਦੀ ਅਣਹੋਂਦ, ਵਿਰੋਧੀਆਂ ਪ੍ਰਤੀ ਸੰਕੀਰਣਤਾ ਆਦਿ ਨੂੰ ਉਸ ਨੇ ਦਲੇਰੀ ਨਾਲ ਭੰਡਿਆ। ਉਸ ਦੀ ਸ਼ੈਲੀ ਦਾ ਵਿਅੰਗ ਟੁੰਬਣ ਵਾਲਾ ਸੀ। ਲ੍ਹਾਇਬਨੀਜ਼ ਦੇ ਸਿਧਾਂਤ ਦੀ ਉਸ ਨੇ ਖੂਬ ਖਿੱਲੀ ਉਡਾਈ ਜਿਸ ਅਨੁਸਾਰ ਸਾਡਾ ਇਹ ਸੰਸਾਰ ਸਾਰੇ ਸੰਭਵ ਸੰਸਾਰਾਂ ਵਿਚੋਂ 'ਸਰਬ-ਸ੍ਰੇਸ਼ਟ' ਹੈ। ਵਾੱਲਤੇਅਰ ਨੂੰ ਨਾਸਤਕ ਗਰਦਾਨਿਆ ਗਿਆ ਪਰ ਉਸ ਦਾ ਨਿਆਂਸ਼ੀਲ, ਹੱਕੀ ਈਸ਼ਵਰ ਵਿਚ ਡੂੰਘਾ ਨਿਸ਼ਚਾ ਸੀ।

ਰੂਸੋ ਬੇਸ਼ੱਕ ਸਵਿਟਜ਼ਰਲੈਂਡ ਦਾ ਵਸਨੀਕ ਸੀ ਪਰ ਉਸ ਦਾ ਪ੍ਰਭਾਵ ਫ਼ਰਾਂਸ ਤੇ ਹੋਰ ਯੂਰਪੀ ਦੇਸ਼ਾਂ ਤਕ ਫੈਲਿਆ ਹੋਇਆ ਸੀ। 'ਸਮਾਜਕ ਅਹਿਦਨਾਮਾ' ਉਸ ਦਾ ਵਿਸ਼ੇਸ਼ ਸਿਧਾਂਤ ਹੈ। ਫ਼ਰਾਂਸ ਦਾ ਇਕ ਹੋਰ ਉੱਘਾ ਚਿੰਤਕ ਆੱਗਸਤ ਕਾਮਤੇ ਸੀ ਜਿਸ ਨੇ ਉੱਨੀਵੀਂ ਸਦੀ ਦੇ ਪਹਿਲੇ ਅੱਧ ਵਿਚ 'ਪ੍ਰਤੱਖਵਾਦ' ਦਾ ਫ਼ਲਸਫ਼ਾ ਵਿਕਸਿਤ ਕੀਤਾ। ਬਰਤਾਨੀਆ ਦਾ ਹਰਬੱਰਟ ਸਪੈਂਸਰ (1820-1903) ਵਿਕਾਸਵਾਦੀ ਸਿਧਾਂਤ ਦਾ ਪ੍ਰਮੁੱਖ ਪ੍ਰੇਰਕ ਦੇ ਚਿੰਤਕ ਸੀ। ਉਸ ਨੇ ਡਾਰਵਿਨ ਦੀਆਂ ਲਿਖਤਾਂ ਤੋਂ ਪਹਿਲਾਂ ਅਤੇ ਪਿਛੋਂ 'ਵਿਕਾਸ' ਦੇ ਸੰਕਲਪ ਨੂੰ ਹਰਮਨ ਪਿਆਰਾ ਬਣਾਇਆ। ਉਸ ਨੇ ਜੀਵ-ਵਿਗਿਆਨ, ਮਨੋਵਿਗਿਆਨ, ਸਮਾਜ, ਰਾਜਨੀਤੀ ਅਤੇ ਨੈਤਿਕਤਾ ਵਿਚ ਵਿਕਾਸਵਾਦੀ ਕ੍ਰਿਆਵਾਂ ਦੀ ਦੇਣ ਦਾ ਉਲੇਖ ਕੀਤਾ।

ਉੱਨੀਵੀਂ ਸਦੀ ਵਿਚ ਜਿਨ੍ਹਾਂ ਉੱਘੇ-ਚਿੰਤਕਾਂ ਤੇ ਦਰਸ਼ਨ-ਵੇਤਾਵਾਂ ਨੇ ਅਕਾਦਮਿਕ ਤੇ ਸਮਾਜਕ ਜੀਵਨ ਨੂੰ ਆਪਣੇ ਅਤੇ ਦਾਰਸ਼ਨਿਕ ਇਤਿਹਾਸ ਨੂੰ ਸਭ ਤੋਂ ਵਧੀਕ ਪ੍ਰਭਾਵਿਤ ਕੀਤਾ ਉਨ੍ਹਾਂ ਵਿਚ ਤਿੰਨ ਨਾਮ ਉਲੇਖਨੀ ਹਨ ਹੇਗਲ, ਡਾਰਵਿਨ ਅਤੇ ਕਾਰਲ ਮਾਰਕਸ। ਚਾਰਲਿਸ ਡਾਰਵਿਨ (1809-1882) ਦੇ ਵਿਕਾਸ ਸਿਧਾਂਤ ਨੇ ਕੇਵਲ ਜੀਵ-ਵਿਗਿਆਨ ਹੀ ਨਹੀਂ ਸਗੋਂ ਚਿੰਤਨ ਦੇ ਹਰ ਖੇਤਰ ਨੂੰ ਪ੍ਰਭਾਵਿਤ ਕੀਤਾ। ਵੀਹਵੀਂ ਸਦੀ ਦੀ ਦਾਰਸ਼ਨਿਕ ਪ੍ਰਣਾਲੀ ਅਤੇ ਧਰਮ ਦਰਸ਼ਨ ਤੇ ਖੇਤਰਾਂ ਵਿਚ ਕੋਈ ਸਿਧਾਂਤ ਵਿਕਾਸਵਾਦੀ ਸੇਧ ਤੋਂ ਅਭਿੱਜ ਨਹੀਂ ਰਹਿ ਸਕਿਆ। ਮਾਰਕਸ ਤੇ ਏਂਗਲਜ਼ ਦੀ ਵਿਚਾਰਧਾਰਾ ਵੀ ਵਿਕਾਸ ਦੇ ਸੰਕਲਪ ਦੀ ਪੁਸ਼ਟੀ ਕਰਦੀ ਸੀ। ਉਨ੍ਹਾਂ ਦਾ 'ਇਤਿਹਾਸਕ ਪਦਾਰਥਵਾਦ' ਮਾਨਵ ਸਮਾਜ ਦੀ ਪ੍ਰਗਤੀ ਦਾ ਅਨੂਠਾ ਵਿਸ਼ਲੇਸ਼ਣ ਸਿੱਧ ਹੋਇਆ ਜਿਸ ਨੇ ਵੀਹਵੀਂ ਸਦੀ ਦੇ ਦਾਰਸ਼ਨਿਕ ਚਿੰਤਨ ਅਤੇ ਸਮਾਜਕ-ਆਰਥਿਕ ਸੋਚਣੀ ਉੱਤੇ ਆਪਣੀ ਛਾਪ ਲਾਈ।

ਆਧੁਨਿਕ ਫ਼ਲਸਫ਼ੇ ਵਿਚ ਕਾਂਟ ਤੋਂ ਉਪਰੰਤ ਜਿਸ ਫ਼ਿਲਾਸਫ਼ਰ ਨੇ ਸਰਬੋਤਮ ਕਾਰਜ ਕੀਤਾ ਉਹ ਹੇਗਲ (1770-1831) ਸੀ। ਉੱਨੀਵੀਂ ਸਦੀ ਦੇ ਮੁਢਲੇ ਦਹਾਕਿਆਂ ਵਿਚ ਇਸ ਜਰਮਨ ਦਾਰਸ਼ਨਿਕ ਨੇ ਆਦਰਸ਼ਵਾਦ ਨੂੰ ਇਸ ਦੀ ਬਹੁਪੱਖੀ ਸਮੁੱਚਤਾ ਵਿਚ ਪ੍ਰਸਤੁਤ ਕੀਤਾ। ਉੱਚਤਮ ਹਕੀਕਤ ਹੇਗਲ ਅਨੁਸਾਰ "ਐਬਸੋਲਿਊਟ' ਹੈ ਜਿਸ ਨੂੰ ਭਾਰਤੀ ਦਰਸ਼ਨ ਨੇ 'ਬ੍ਰਹਮ' ਦੀ ਸੰਗਿਆ ਦਿੱਤੀ ਹੈ। ਲੱਛਣਾਂ ਦੇ ਵੇਰਵੇ ਵਿਚ ਅੰਤਰ ਹੋ ਸਕਦਾ ਹੈ ਪਰ 'ਐਬਸੋਲਿਊਟ' ਅਤੇ 'ਬ੍ਰਹਮ' ਦੇ ਸਮੁੱਚੇ ਅਰਥ ਇਕ ਦੂਸਰੇ ਦੇ ਅਨੁਸਾਰੀ ਹਨ। ਹੇਗਲ ਦਾ ਬ੍ਰਹਮ ਨਿਰੰਕੁਸ਼, ਆਤਮਿਕ ਹਸਤੀ ਹੈ ਜੋ ਸਮੁੱਚੀ ਹਕੀਕਤ ਦਾ ਸਰੂਪ ਹੈ। ਹਕੀਕਤ ਦੇ ਕਿਸੇ ਇਕ ਭਾਗ ਨੂੰ ਬ੍ਰਹਮ ਨਹੀਂ ਕਿਹਾ ਜਾ ਸਕਦਾ। ਬ੍ਰਹਮ ਵਿਚ ਬ੍ਰਹਿਮੰਡ ਦਾ ਸਥਾਨ ਵੀ ਹੈ ਚਾਹੇ ਇਸ ਦੀ ਵਿਆਖਿਆ ਪਰਪੰਚ ਜਗਤ, ਮਾਇਆ ਜਾਂ ਗ਼ੈਰ ਹਕੀਕੀ ਇਕਾਈ ਦੇ ਸ਼ਬਦਾਂ ਵਿਚ ਕਿਉਂ ਨਾ ਕੀਤੀ ਜਾਵੇ।

ਨਿਰੰਕੁਸ਼ ਬ੍ਰਹਮ (ਐਬਸੋਲਿਊਟ) ਦੇ ਲੱਛਣਾਂ ਵਿਚ ਇਸ ਦੀ ਸਮੁੱਚਤਾ, ਸੰਪੂਰਨਤਾ, ਜ਼ਰੂਰਤ, ਸਰਬੋਤਮਤਾ, ਸਦੀਵਤਾ ਅਤੇ ਅਨੰਤਤਾ ਗਿਣੇ ਗਏ ਹਨ। ਬ੍ਰਹਮ ਨੂੰ 'ਏਕਤਾ' ਅਤੇ ਇਸ ਦੇ ਵਿਸ਼ਵਮਈ ਸਰੂਪ ਨੂੰ 'ਅਨੇਕਤਾ' ਵੀ ਕਿਹਾ ਗਿਆ ਹੈ। ਸਮੁੱਚੀ ਹਕੀਕਤ ਤੇ ਵਿਭਿੰਨ ਭਾਗਾਂ ਨੂੰ ਸਾਪੇਖ ਰੂਪ ਵਿਚ ਚਿਤਵਿਆ ਜਾ

ਸਕਦਾ ਹੈ ਪਰ ਸਮੁੱਚਤਾ ਨਿਰਪੇਖ ਹੈ, ਆਤਮ ਨਿਰਭਰ ਤੇ ਸੁਤੰਤਰ ਹੈ ਇਸ ਉੱਤੇ ਕਿਸੇ ਦਾ ਬੰਧਨ, ਵਸ਼ੀਕਾਰ ਜਾਂ ਭਉ ਨਹੀਂ। ਸਾਪੇਖ ਭਾਗਾਂ ਵਿਚ ਪਰਸਪਰ ਵਿਰੋਧ ਦੀ ਸੰਭਾਵਨਾ ਹੈ ਪਰ ਸਮੁੱਚਤਾ ਵਿਚ ਇਕਸੁਰਤਾ ਤੇ ਸਵੈ-ਅਨੁਕੂਲਤਾ ਹੈ। ਭਾਰਤੀ ਦ੍ਰਿਸ਼ਟੀਕੋਣ ਤੋਂ ਦੇਖੀਏ, ਤਾਂ ਹੇਗਲ ਦਾ ਬ੍ਰਹਮ 'ਸਤ' (ਹਸਤੀ) ਹੈ। 'ਚਿਤ' (ਚੇਤਨ ਸੱਤਾ) ਹੈ 'ਅਨੰਦ' (ਸੁਤੰਤਰ ਮੌਜ) ਹੈ। ਇਹ ਨਿਰਗੁਣ ਵੀ ਹੈ, ਸਰਗੁਣ ਵੀ; ਅਕਥਨੀ ਵੀ ਹੈ ਅਤੇ ਕਥਨ ਦਾ ਵਿਸ਼ਾ ਵੀ ਹੈ।

ਹੇਗਲ ਨੇ ਸਮੁੱਚੀ ਹਕੀਕਤ ਨੂੰ ਧਾਰਨਾ (ਵਿਚਾਰ) ਦਾ ਨਾਮ ਦਿੱਤਾ ਹੈ ਇਸ ਤੋਂ ਭਾਵ ਹੈ ਕਿ ਹਕੀਕਤ ਚੇਤਨ ਸੱਤਾ ਹੈ, ਵਿਚਾਰਸ਼ੀਲ ਹੈ, ਮਾਨਸਿਕ ਲੱਛਣਾਂ ਵਾਲੀ ਹੈ। ਇਸ ਨੂੰ ਅਚੇਤ, ਜੜ੍ਹ ਪਦਾਰਥ ਨਹੀਂ ਮੰਨਿਆ ਜਾ ਸਕਦਾ। ਇਸ ਲਈ ਹੇਗਲ ਦੀ ਫ਼ਿਲਾਸਫ਼ੀ ਨੂੰ ਧਾਰਨਾਵਾਦ (ਜਾਂ ਆਦਰਸ਼ਵਾਦ) ਦੀ ਪ੍ਰਤਿਨਿਧ ਕਿਹਾ ਗਿਆ ਹੈ ਪਰ ਇਸ ਫ਼ਲਸਫ਼ੇ ਵਿਚ ਸਮੁੱਚੀ ਨਿਰੰਕੁਸ਼ ਹਕੀਕਤ ਦਾ ਵਿਚਾਰ ਪ੍ਰਗਟਾਇਆ ਜਾਣ ਕਰਕੇ ਇਸ ਨੂੰ ਨਿਰੰਕੁਸ਼ ਆਦਰਸ਼ਵਾਦ ਕਿਹਾ ਗਿਆ। ਹੇਗਲ ਦਾ ਬ੍ਰਹਮ-ਰੂਪੀ ਵਿਚਾਰ (ਧਾਰਨਾ) ਵਿਵੇਕਸ਼ੀਲ ਹੈ; ਇਹ ਕੋਈ ਬੁੱਧੀ ਵਿਹੀਣ ਵੇਗ ਜਾਂ ਭਾਵੁਕਤਾ ਨਹੀਂ। ਧਰਮ ਦੀ ਦ੍ਰਿਸ਼ਟੀ ਤੋਂ ਇਸ ਸਰਬੋਤਮ ਹਸਤੀ ਨੂੰ ਰੱਬ ਜਾਂ ਈਸ਼ਵਰ ਮੰਨਿਆ ਜਾਂਦਾ ਹੈ, ਉਸ ਵਿਚ ਪੁਰਖੀ ਗੁਣ ਮੌਜੂਦ ਹਨ। ਹੇਗਲ ਦੀ ਦਾਰਸ਼ਨਿਕ ਦ੍ਰਿਸ਼ਟੀ ਤੋਂ ਐਬਸੋਲਿਊਟ (ਬ੍ਰਹਮ) ਸਰਬ ਸ੍ਰੇਸ਼ਠ ਸਤਿ ਹੈ ਜੋ ਪੁਰਖੀ, ਅਪੁਰਖੀ, ਵਿਆਪਕ ਤੇ ਅਗੋਚਰ ਸਭ ਸਚਾਈਆਂ ਦਾ ਇਕੋ ਇਕ ਅੰਤਿਮ ਸੱਚ ਹੈ।

ਆਦਰਸ਼ਵਾਦ ਤੋਂ ਛੁੱਟ ਹੇਗਲ ਦੀ ਦੇਣ ਤਰਕ (ਲੌਜਿਕ) ਦੇ ਖੇਤਰ ਵਿਚ ਵੀ ਸ਼ਕਤੀਸ਼ਾਲੀ ਸਿੱਧ ਹੋਈ। ਉਸ ਦੇ ਫ਼ਲਸਫ਼ੇ ਵਿਚ ਸਿਧਾਂਤ (ਤੱਤ-ਮੀਮਾਂਸਾ) ਅਤੇ ਤਰਕ (ਚਿੰਤਨ-ਵਿਧੀ) ਦਾ ਸੁਮੇਲ ਪ੍ਰਾਪਤ ਹੈ। ਹੇਗਲ ਦੀ ਤਾਰਕਿਕ ਵਿਧੀ ਨੂੰ 'ਡਾਇਲੈਕਟਿਕ' ਕਿਹਾ ਜਾਂਦਾ ਹੈ ਜਿਸ ਤੋਂ ਭਾਵ ਹੈ ਸੰਬਾਦਕ ਵਿਕਾਸ ਦੀ ਵਿਧੀ। ਉਸ ਦੇ ਦਵੰਤਾਤਮਕ ਤਰਕ ਵਿਚ ਹਰ ਪ੍ਰਸਤਾਵ (ਥੀਸਿਸ) ਦਾ ਵਿਰੋਧੀ ਪ੍ਰਸਤਾਵ (ਐਂਟੀਥੀਸਿਸ) ਨਾਲ ਟਾਕਰਾ ਹੁੰਦਾ ਹੈ, ਇਕ ਨਵਾਂ ਥੀਸਿਸ ਸੰਗਮ (ਸਿੰਥਿਸਿਸ) ਦੇ ਰੂਪ ਵਿਚ ਉਭਰਦਾ ਹੈ। ਵਿਸ਼ਵ ਵਿਚ ਇਹ ਦਵੰਦਮਈ ਕ੍ਰਿਆ ਸੰਯੋਗਾਂ ਨੂੰ ਨਿਰੰਤਰ ਜਨਮ ਦਿੰਦੀ ਹੈ ਅਤੇ ਇਸ ਤਰ੍ਹਾਂ ਪਰਿਵਰਤਨ ਦਾ ਅਮਲਾ ਚਲਦਾ ਰਹਿੰਦਾ ਹੈ। ਇਸੇ ਪਰਿਵਰਤਨੀ ਕ੍ਰਿਆ ਰਾਹੀਂ ਅਸੀ ਸਰਵੁੱਚ ਸੰਜੋਗ ਤਕ ਪਹੁੰਚਦੇ ਹਾਂ ਜਿਸ ਨੂੰ ਹੇਗਲ ਨੇ 'ਨਿਰੰਕੁਸ਼ ਧਾਰਨਾ' ਮੰਨਿਆ ਹੈ। ਇਹ ਦਵੰਦਾਤਮਕ ਵਿਧੀ ਵਿਕਾਸ ਦਾ ਹੀ ਇਕ ਸਰੂਪ ਹੈ ਅਤੇ ਇਸੇ ਆਧਾਰ ਉੱਤੇ ਹੇਗਲ ਦੇ ਅੰਤਿਮ ਯਥਾਰਥ ਨੂੰ ਬਣਨਸ਼ੀਲ ਗਰਦਾਨਿਆ ਗਿਆ ਹੈ। ਇਹ ਅੰਤਿਮ ਸੱਤਾ (ਬ੍ਰਹਮ) ਪਰਿਵਰਤਨ ਦੇ ਵਿਕਾਸ ਦੀ ਸਿਖਰ ਹੈ।

ਉੱਨੀਵੀਂ ਸਦੀ ਦੀ ਦੇਣ ਕੇਵਲ ਵਿਕਾਸ-ਸਿਧਾਂਤ ਜਾਂ ਹੀਗੇਲੀਅਨ ਆਦਰਸ਼ਵਾਦ ਤਕ ਸੀਮਿਤ ਨਹੀਂ। ਇਸ ਸਦੀ ਨੇ ਕੁਝ ਅਜਿਹੇ ਸਿਰਕੱਢ ਚਿੰਤਕਾਂ ਨੂੰ ਜਨਮ ਦਿੱਤਾ ਜਿਨ੍ਹਾਂ ਦਾ ਫ਼ਲਸਫ਼ਾ ਵੀਹਵੀਂ ਸਦੀ ਵਿਚ ਪਰਵਾਨ ਚੜ੍ਹਿਆ। ਬਰਟਰੈਂਡ ਰੱਸਲ (ਜਨਮ 1872), ਵਾਈਟਹੈੱਡ (ਜਨਮ 1861), ਜਾਹਨ ਡਿਊਈ ਅਤੇ ਬਰਗਸੌਨ (ਜਨਮ 1859) ਅਤੇ ਹਾਇਡੈਗਰ (ਜਨਮ 1889) ਜਿਨ੍ਹਾਂ ਨੇ ਵਰਤਮਾਨ ਪੱਛਮੀ ਦਰਸ਼ਨ ਦੇ ਨਿੱਗਰ ਆਧਾਰ ਕਾਇਮ ਕੀਤੇ, ਉੱਨੀਵੀਂ ਸਦੀ ਦੀ ਉਪਜ ਸਨ। ਇਨ੍ਹਾਂ ਦੇ ਵਿਚਾਰਾਂ ਤੇ ਸਿਧਾਂਤਾਂ ਦੀ ਪ੍ਰਫੁੱਲਤਾ ਵੀਹਵੀਂ ਸਦੀ ਵਿਚ ਹੋਣ ਕਰਕੇ ਹੋਰਨਾਂ ਮੋਢੀ ਦਾਰਸ਼ਨਿਕਾਂ ਦੇ ਨਾਲ ਇਨ੍ਹਾਂ ਨੂੰ ਸਮਕਾਲੀ ਦਰਸ਼ਨ ਦੇ ਪ੍ਰਵਰਤਕਾਂ ਵਿਚ ਰੱਖਿਆ ਜਾਂਦਾ ਹੈ।

—ਡਾ. ਵਜ਼ੀਰ ਸਿੰਘ

ਦਰਸ਼ਨ, ਭਗਤ : ਅਠਾਰਵੀਂ ਸਦੀ ਦੇ ਪੂਰਵਾਰਧ ਦੇ ਪੰਜਾਬੀ ਦੇ ਇਸ ਪ੍ਰਮੁੱਖ ਕਵੀ ਜਿਸ ਨੇ ਅਧਿਆਤਮਕ ਅਤੇ ਇਤਿਹਾਸਕ ਰਚਨਾਵਾਂ ਦੀ ਰਚਨਾ ਕੀਤੀ, ਦੀ ਜਨਮ ਤਿਥੀ ਤੇ ਸਥਾਨ ਬਾਰੇ ਬਹੁਤੀ ਜਾਣਕਾਰੀ ਨਹੀਂ ਮਿਲਦੀ ਕੇਵਲ ਇਸ ਦੀ ਰਚਨਾ ਵਿਚ ਵਰਤੀ ਗਈ ਬੋਲੀ ਤੋਂ ਹੀ ਪਤਾ ਲਗਦਾ ਹੈ ਕਿ ਇਹ ਲਹਿੰਦੇ ਅਰਥਾਤ ਪੱਛਮੀ ਪੰਜਾਬ ਦਾ ਵਸਨੀਕ ਸੀ। ਇਸ ਦੀ ਲਿਖੀ ਇਤਿਹਾਸਕ ਰਚਨਾ 'ਅੰਮ੍ਰਿਤਸਰ ਦੀ ਵਾਰ' ਬੜੀ ਮਹੱਤਵਪੂਰਨ ਰਚਨਾ ਹੈ। ਅਧਿਆਤਮਕ ਰਚਨਾਵਾਂ ਵਿਚ ਸ਼ਬਦ, ਸਲੋਕ, ਦੋਹਰੇ, ਝੂਲਣੇ ਤੇ ਬੇਨਤੀ ਦੀ ਵਰਤੋਂ ਕੀਤੀ ਗਈ ਹੈ। 'ਅੰਮ੍ਰਿਤਸਰ ਦੀ ਵਾਰ' ਰਚਨਾ ਵਿਚ 1709 ਈ. ਦੀ ਵਿਸਾਖੀ ਦੀ ਘਟਨਾ ਦਾ ਵਰਣਨ ਕੀਤਾ ਗਿਆ ਹੈ। ਇਸ ਵਾਰ ਦੇ ਰਚਨਾਕਾਲ ਸਿਧਾਂਤ ਨੂੰ ਸਿੱਧ ਕਰਦੇ ਪਿਆਰਾ ਸਿੰਘ ਪਦਮ 'ਦਰਸ਼ਨ ਭਗਤ' ਤੇ ਲਿਖੀ ਪੁਸਤਕ ਵਿਚ ਲਿਖਦੇ ਹਨ ਕਿ ਇਸ ਨੇ ਵਿਸਾਖੀ 1709 ਈ. ਦੀ ਘਟਨਾ ਨੂੰ ਆਪਣੀ ਰਚਨਾ ਵਿਚ ਇਉਂ ਅੰਕਿਤ ਕੀਤਾ ਹੈ ਜਿਵੇਂ ਉਸ ਨੇ ਅੰਮ੍ਰਿਤਸਰ ਖੁਦ ਇਸ ਘਟਨਾ ਨੂੰ ਅੱਖੀਂ ਵੇਖਿਆ ਹੋਵੇ ਅਤੇ ਇਹ ਵੀ ਕੋਈ ਵੱਡੀ ਗੱਲ ਨਹੀਂ ਕਿ ਉਹ ਆਪ ਉਸ ਵਿਸਾਖੀ ਨੂੰ ਅੰਮ੍ਰਿਤਸਰ ਹੀ ਹੋਵੇ ਤੇ ਉਦੋਂ ਹੀ ਉਸ ਨੇ ਇਸ ਨੂੰ ਕਲਮਬੰਦ ਕੀਤਾ ਹੋਵੇ। ਸੰਨ 1709 ਵਿਸਾਖੀ ਤੋਂ ਕੁਝ ਮਹੀਨੇ ਬਾਅਦ ਬੰਦਾ ਬਹਾਦਰ ਸਰਹੰਦ ਫਤਹਿ ਕਰਦਾ ਹੈ ਅਤੇ ਪੰਜਾਬ ਵਿਚ ਉਸ ਦਾ ਦਬਦਬਾ ਬੈਠ ਜਾਂਦਾ ਹੈ। ਕਵੀ ਨੇ ਸਰਹੰਦ ਦੇ ਸਾਕੇ ਨੂੰ ਕਲਮ-ਬੰਦ ਨਹੀਂ ਕੀਤਾ ਜਿਸ ਤੋਂ ਸਪਸ਼ਟ ਹੈ ਕਿ ਕਵੀ ਵਿਸਾਖੀ ਦਾ ਸਾਕਾ ਵੇਖ ਕੇ ਆਪਣੇ ਵਤਨ ਪੱਛਮੀ ਪੰਜਾਬ ਵਾਪਸ ਚਲਾ ਗਿਆ ਤੇ ਉਸ ਨੇ ਸਰਹੰਦ ਦਾ ਵਾਕਿਆ ਨਹੀਂ ਵੇਖਿਆ।

'ਵਾਰ ਅੰਮ੍ਰਿਤਸਰ ਕੀ' ਹੀਰ ਦਮੋਦਰ ਵਾਂਗ ਚਹੁਤੁਕੀਏ ਬੰਦਾਂ ਵਿਚ ਹੈ। ਸ਼ੈਲੀ ਤੇ ਸ਼ਬਦਾਵਲੀ ਵੀ ਉਹੀ ਹੈ। ਇਸ ਦੇ ਕੁੱਲ 45 ਬੰਦ ਹਨ। ਵਾਰ ਦਾ ਆਰੰਭ ਇਸ ਤਰ੍ਹਾਂ ਹੈ :

ਅੰਮ੍ਰਿਤਸਰ ਜਲੁ ਅੰਮ੍ਰਿਤ ਤੇਰਾ
ਚਾਰਿ ਕੁੰਟ ਮਿਲ ਆਵੈ।
ਦਰਸ਼ਨ ਕੀਤੇ ਪਾਪ ਖੰਡੀਅਨ
ਜਨਮ ਮਰਨ ਮਿਟ ਜਾਵੈ।"

ਦਰਸ਼ਨ ਭਗਤ ਨੇ ਵਾਰ ਪਰੰਪਰਾ ਅਪਣਾਉਂਦਿਆਂ ਹੋਇਆਂ ਵਾਰ ਦਾ ਆਰੰਭ ਸ੍ਰੀ ਅੰਮ੍ਰਿਤਸਰ ਦੀ ਉਸਤਤਿ ਗਾ ਕੇ ਕੀਤਾ ਹੈ ਤੇ ਇਸ ਪਵਿਤਰ ਨਗਰ ਨੂੰ ਪਰਮੇਸ਼ਰ ਸੰਗ ਤੁਲਨਾ ਦਿੱਤੀ ਹੈ।

"ਅੰਮ੍ਰਿਤਸਰ ਦੇ ਦਰਸ਼ਨ ਕਾਰਨਿ ਕੇਤੀ ਖੜੀ ਪਿਆਸੀ
ਜੋਗੀ ਜੰਗਮ ਅਵਰ ਮਨੀ ਸਰ ਬੈਰਾਗੀ ਸੰਨਿਆਸੀ
ਸਿਧ ਸੰਤ ਸਭਿ ਸ਼ਰਨਿ ਤੁਮਾਰੀ ਤੂੰ ਸੱਚਾ ਅਬਿਨਾਸੀ
ਦਰਸਨ ਜਿਨ੍ਹਾਂ ਨੇ ਦਰਸ਼ਨ ਕੀਤਾ ਟੂਟੀ ਜਮ ਕੀ ਫਾਸੀ।"

ਇਸ ਵਾਰ ਦਾ ਮੂਲ ਕਾਰਨ ਤੂਤਾਂ ਦੇ ਦਰਖਤਾਂ ਦੀ ਖਰੀਦੋ ਫਰੋਖਤ ਸੀ। ਇਹ ਘਟਨਾ ਅੰਮ੍ਰਿਤਸਰ ਦੇ ਸਿੰਘਾਂ ਵਿਚ ਜਾਗ੍ਰਤੀ ਲਿਆਈ। ਸਿੰਘਾਂ ਤੇ ਮੁਗਲਾਂ ਦੀ ਇਸ ਲੜਾਈ ਵਿਚ ਸਿੰਘਾਂ ਦੀ ਜਿੱਤ ਹੋਈ। ਇਹ ਸਾਰਾ ਸਾਕਾ ਅੱਧੇ ਦਿਨ ਵਿਚ ਹੀ ਸਮਾਪਤ ਹੋ ਗਿਆ।

ਸੁਤੇ ਸਿੰਘ ਜਗਾਏ ਸਤਿਗੁਰ
ਹੋਇਆ ਆਪ ਸਹਾਈ।
ਕਹੁ ਜੀ ਦਰਸ਼ਨ ਸਿੰਘ ਚੁਹੁਣੇ ਹੋਏ
ਸਭਨਾ ਫਤਹਿ ਬੁਲਾਈ।"

ਇਸ ਤਰ੍ਹਾਂ ਇਹ ਵਾਰ ਸਿੰਘਾਂ ਦੀ ਅੰਮ੍ਰਿਤਸਰ ਦੇ ਭੇੜੇ ਵਿਚ ਹੋਈ ਫਤਹਿ ਦੀ ਵਿਥਿਆ ਸੁਣਾ ਕੇ ਸਮਾਪਤ ਹੋ ਜਾਂਦੀ ਹੈ। ਵਾਰ ਵਿਚ ਦਵਈਆ ਛੰਦ ਦੀ ਵਰਤੋਂ ਕੀਤੀ ਗਈ ਹੈ। ਹਰ ਤੁਕ 28 ਮਾਤਰਾ ਦੀ ਹੈ। ਪਹਿਲਾ ਵਿਸ਼ਰਾਮ 12 ਤੇ ਅਤੇ ਦੂਜਾ 26 ਤੇ ਹੁੰਦਾ ਹੈ, ਅੰਤ ਗੁਰੂ ਹੈ। ਸ਼ਬਦਾਵਲੀ ਵਿਚ ਲਹਿੰਦੀ ਤੇ ਫਾਰਸੀ ਦੇ ਤਦਭਵ ਸ਼ਬਦਾਂ ਦਾ ਪ੍ਰਯੋਗ ਕੀਤਾ ਗਿਆ ਹੈ। ਅਜਿਹੇ ਸ਼ਬਦ ਪਹਿਲਾਂ ਵੀ ਪੰਜਾਬੀ ਕਵੀ ਵਰਤਦੇ ਆਏ ਹਨ। ਵਾਰ ਵਿਚ ਟਕਸਾਲੀ ਪੰਜਾਬੀ ਦੀ ਵਰਤੋਂ ਕੀਤੀ ਗਈ ਹੈ। ਇਹ ਵਿਸ਼ੇਸ਼ਤਾਈ ਵਾਰ ਦੀ ਸਫ਼ਲਤਾ ਦਾ ਕਾਰਨ ਹੈ। ਬਿਆਨ ਪ੍ਰਭਾਵਸ਼ਾਲੀ ਹੈ ਤੇ ਵਾਰ ਦੀ ਚਾਲ ਵਿਚ ਕਿਧਰੇ ਵੀ ਸੁਸਤੀ ਨਹੀਂ ਆਉਂਦੀ।

ਹ.ਪੁ.—ਪੀ.ਸ.ਦਾ ਆਲੋ. ਇ.— ਡਾ. ਜੀਤ ਸਿੰਘ ਸੀਤਲ

ਦਰਸ਼ਨ, ਭਾਰਤੀ : ਭਾਰਤੀ ਦਰਸ਼ਨ ਭਾਰਤ ਦੀ ਅਨੇਕ-ਪੱਖੀ ਦਾਰਸ਼ਨਿਕ ਪਰੰਪਰਾ ਦਾ ਸਮੁੱਚ ਹੈ ਜੋ ਧਰਮ ਦੀ ਭਾਵਨਾ ਨਾਲ ਓਤ-ਪੋਤ ਹੈ ਅਤੇ ਮਨੁੱਖ ਦੇ ਆਤਮਿਕ-ਸਮਾਜਕ ਕਲਿਆਣ ਦਾ ਪੰਧ ਉਲੀਕਣ ਹਿਤ ਕਾਰਜਸ਼ੀਲ ਰਿਹਾ ਹੈ। ਭਾਰਤੀ ਦਰਸ਼ਨ ਕਿਸੇ ਇਕ ਵਿਚਾਰਧਾਰਾ ਦਾ ਨਾਂ ਨਹੀਂ ਤੇ ਨਾ ਹੀ ਇਹ ਕੋਈ ਵਿਸ਼ੇਸ਼ ਵਿਧੀ ਜਾਂ ਵਿਧਾਨ ਹੈ। ਇਸ ਦੀ ਸਮੁੱਚਤਾ ਵਿਚ ਅਨੇਕ ਵਿਚਾਰ, ਵਿਧੀਆਂ ਤੇ ਵਿਧਾਨ ਸ਼ਾਮਿਲ ਹਨ ਜੋ ਇਸ ਨੂੰ ਜਟਿਲਤਾ ਦਾ ਰੂਪ ਦਿੰਦੇ ਹਨ ਅਤੇ ਨਾਲ ਹੀ ਇਕਸੁਰਤਾ ਪ੍ਰਦਾਨ ਕਰਦੇ ਹਨ। ਭਾਰਤੀ ਫ਼ਲਸਫ਼ੇ ਦੀ ਸਮੁੱਚੀ ਆਦਰਸ਼ਵਾਦੀ ਸੇਧ ਇਸ ਦੇ ਵਿਭਿੰਨ ਮਤਾਂ ਤੇ ਸਿਧਾਂਤਾਂ ਵਿਚ ਸਾਂਝ ਪੈਦਾ ਕਰਦੀ ਹੈ। ਵਿਵੇਕ ਦੀ ਵਰਤੋਂ ਇਸ ਵਿਚ ਤਾਰਕਿਕ ਤੇ ਦਾਰਸ਼ਨਿਕ ਪੱਧਰ ਤੇ ਉੱਤਮਤਾ ਲਿਆਉਂਦੀ ਹੈ ਜਦੋਂ ਕਿ ਅੰਤਰਬੋਧੀ, ਅਧਿਆਤਮਿਕ ਸੂਝ ਧਰਮ ਦੇ ਖੇਤਰ ਨਾਲ ਇਸ ਦੀ ਡੂੰਘੀ ਸਾਂਝ ਪੁਆਉਂਦੀ ਹੈ।

ਭਾਰਤੀ ਫ਼ਲਸਫ਼ੇ ਨੂੰ 'ਦਰਸ਼ਨ' ਦੀ ਸੰਗਿਆ ਇਸ ਲਈ ਦਿੱਤੀ ਗਈ ਹੈ ਕਿ ਉਸ ਵਿਚ ਉੱਚਤਮ ਹਕੀਕਤ ਦਾ ਜਲਵਾ ਜਾਂ ਦੀਦਾਰ ਕਰਾਉਣ ਦੀ ਸਮਰੱਥਾ ਪ੍ਰਵਾਨਿਤ ਰਹੀ ਹੈ। ਇਸ ਦਾ ਮੁੱਖ ਉਦੇਸ਼ ਹੀ ਯਥਾਰਥ ਦਾ ਸਾਖਿਆਤ ਦਰਸ਼ਨ ਹੈ ਜੋ ਕਿ ਵਿਅਕਤੀ ਦੇ ਆਤਮ ਕਲਿਆਣ ਦੀ ਸੇਧ ਮੰਨੀ ਗਈ ਹੈ। ਸਚਾਈ ਦੇ ਅੰਤਰੀਵੀ ਅਨੁਭਵ ਜਾਂ 'ਦਰਸ਼ਨ' ਵਿਅਕਤੀ ਨੂੰ ਸਚਾਈ ਨਾਲ ਇਕਸੁਰ ਕਰਦਾ ਹੈ। ਹਕੀਕੀ ਗਿਆਨ ਦਾ ਪ੍ਰਕਾਸ਼ ਭਰਮ-ਭੁਲੇਖਿਆਂ ਦੇ ਹਨੇਰੇ ਕੱਟ ਕੇ ਉਸ ਨੂੰ ਬੰਧਨ ਮੁਕਤ ਕਰ ਦਿੰਦਾ ਹੈ ਅਤੇ ਇਹ ਅਵਸਥਾ ਨੂੰ ਪ੍ਰਾਪਤ ਵਿਅਕਤੀ ਪਰਮ ਸੁਖ ਤੇ ਸ਼ਾਂਤੀ ਦਾ ਜੀਵਨ ਬਤੀਤ ਕਰਦਾ ਹੈ। ਭਾਰਤੀ ਫ਼ਲਸਫ਼ੇ ਦੀ ਇਹ ਮਨੌਤ ਇਸ ਦੇ ਵਿਭਿੰਨ ਮਤਾਂ-ਮਤਾਂਤਰਾਂ ਨੂੰ ਪ੍ਰਵਾਨ ਰਹੀ ਹੈ, ਬੇਸ਼ੱਕ ਚਾਰਵਾਕੀ ਚਿੰਤਕਾਂ ਨੇ ਇਸ ਮਨੌਤ ਨੂੰ ਰੱਦ ਕਰਦਿਆਂ ਵਖਰੀ ਪਦਾਰਥਵਾਦੀ ਲੀਹ ਵੀ ਤੋਰੀ। ਚਾਰਵਾਕ ਜਿਸ ਸਚਾਈ ਦਾ ਬੋਧ ਕਰਾਉਂਦਾ ਹੈ ਉਹ ਵਿਅਕਤੀ ਦੀ ਨਿਤਾਪ੍ਰਤੀ ਜੀਵਨ ਦੀ ਪਦਾਰਥਕ-ਸਮਾਜਕ ਸਚਾਈ ਹੈ ਜਿਸ ਵਿਚ ਕਿਸੇ ਰਹੱਸਮਈ, ਆਤਮਿਕ ਅਨੁਭਵ ਦੀ ਸੰਭਾਵਨਾ ਪ੍ਰਵਾਨ ਨਹੀਂ ਕੀਤੀ ਗਈ।

ਭਾਰਤੀ ਦਾਰਸ਼ਨਿਕ ਪਰੰਪਰਾ ਦੀ ਇਕ ਵਿਸ਼ੇਸ਼ਤਾ ਇਹ ਹੈ ਕਿ ਇਤਿਹਾਸਕ ਦ੍ਰਿਸ਼ਟੀ ਤੋਂ ਇਹ ਕੇਵਲ ਸਦੀਆਂ-ਪੁਰਾਣੀ ਹੀ ਨਹੀਂ, ਨਿਰੰਤਰ ਚਲੀ ਆ ਰਹੀ ਰਵਾਇਤ ਹੈ ਜੋ ਅਨੇਕ ਦੌਰਾਂ, ਜੁਗ ਪਲਟਿਆਂ ਵਿਚੋਂ ਲੰਘਦੀ, ਅਟੁੱਟ ਵਿਕਾਸ ਲੜੀ ਵਿਚ ਪਰੁੱਚੀ ਹੋਈ ਹੈ। ਇਕ ਹੋਰ ਵਿਸ਼ੇਸ਼ਤਾ ਇਸ ਦੀ ਸੰਯੋਗਮਈ ਰੁਚੀ ਹੈ ਜਿਸ ਦੇ ਬਲਬੂਤੇ ਇਸ ਨੇ ਆਤਮਵਾਦੀ ਤੇ ਅਨਾਤਮਵਾਦੀ, ਆਸਤਿਕ ਤੇ ਨਾਸਤਿਕ, ਆਦਰਸ਼ਵਾਦੀ ਤੇ ਪਦਾਰਥਵਾਦੀ, ਰਹੱਸਮਈ ਤੇ ਤਾਰਕਿਕ ਸਿਧਾਂਤਾਂ, ਵਿਸ਼ਵਾਸਾਂ ਤੇ ਵਿਧੀਆਂ ਨੂੰ ਆਪਣੀ ਲਪੇਟ ਵਿਚ ਲਿਆ ਹੈ। ਪਰਸਪਰ ਵਿਰੋਧੀ ਵਿਚਾਰਧਾਰਾਵਾਂ ਨੇ ਇਸ ਦੀ ਨਿਰੰਤਰਤਾ ਵਿਚ ਏਕਤਾ ਨੂੰ ਭੰਗ ਨਹੀਂ ਹੋਣ ਦਿੱਤਾ। ਤੀਸਰਾ ਮੁੱਖ ਲੱਛਣ ਭਾਰਤੀ ਦਰਸ਼ਨ ਦੀ ਵਿਹਾਰਕ ਸੇਧ ਹੈ ਜਿਸ ਅਨੁਸਾਰ ਇਸ ਨੇ ਵਿਅਕਤੀ ਤੇ ਸਮਾਜ ਦੇ ਕਲਿਆਣ ਦਾ ਉਦੇਸ਼ ਸਨਮੁਖ ਰਖਿਆ ਹੈ। ਇਹ ਫਲਸਫ਼ਾ ਕੇਵਲ-ਮਾਤਰ ਜਾਣਕਾਰੀ ਦੇਣ ਹਿਤ ਜਾਂ ਅਲੋਕਾਰੀ ਬਿਰਤੀ ਦੀ ਤ੍ਰਿਪਤੀ ਲਈ ਜਾਂ ਬੌਧਿਕ ਕਿਆਸਕਾਰੀ ਲਈ ਕਾਇਮ ਨਹੀਂ ਹੋਇਆ, ਨਾ ਹੀ ਇਸ ਵਿਚ ਕੁਦਰਤ ਦੇ ਵਿਸ਼ਲੇਸ਼ਣ ਦੀ ਭਾਵਨਾ ਪ੍ਰਮੁੱਖ ਰਹੀ ਹੈ। ਇਸ ਦੀ ਖੋਜ ਮਨੁੱਖੀ ਆਪੇ ਦੀ, ਮਨੁੱਖੀ ਪੂਰਨਤਾ ਦੀ ਖੋਜ ਹੈ; ਉਸ ਜੀਵਨ-ਜਾਂਚ ਦੀ ਖੋਜ ਹੈ ਜਿਸ ਦੀ ਪ੍ਰਾਪਤੀ ਵਿਅਕਤੀ ਨੂੰ ਦੁਖ-ਸੰਤਾਪ ਤੋਂ ਨਿਵਿਰਤ ਕਰ ਸਕੇ ਅਤੇ ਸਮਾਜ ਨੂੰ ਵਧੇਰੇ ਸੁਚੱਜਾ ਤੇ ਸੁਖਾਵਾਂ ਬਣਾ ਸਕੇ।

ਭਾਰਤੀ ਦਰਸ਼ਨਧਾਰਾ ਵਿਚ ਅਧਿਕਾਰ-ਸੰਪੰਨ ਵਿਅਕਤੀਆਂ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਰਿਹਾ ਹੈ। ਰਿਸ਼ੀਆਂ ਦੀ ਮਾਨਤਾ ਭਾਰਤੀ ਜਨ-ਜੀਵਨ ਦੀਆਂ ਮੁੱਖ ਵਿਸ਼ੇਸ਼ਤਾਵਾਂ ਵਿਚ ਗਿਣੀ ਜਾ ਸਕਦੀ ਹੈ। ਦਾਰਸ਼ਨਿਕ ਮਤ-ਮਤਾਂਤਰਾਂ ਦਾ ਮੂਲ ਸਰੋਤ ਪਹੁੰਚੇ ਹੋਏ ਵਿਅਕਤੀਆਂ ਦੀ ਦ੍ਰਿਸ਼ਟੀ ਨੂੰ ਸਵੀਕਾਰ ਕੀਤਾ ਗਿਆ ਹੈ। ਭਾਰਤੀ ਵਿਸ਼ਵਾਸ-ਪ੍ਰਬੰਧ ਅਨੁਸਾਰ ਰਿਸ਼ੀਆਂ ਨੇ ਸਚਾਈ ਨੂੰ ਬੁੱਧ-ਵਿਵੇਕ ਰਾਹੀਂ ਘੜਿਆ ਨਹੀਂ, ਸਗੋਂ ਆਪਣੀ ਅੰਤਰਬੋਧੀ ਦ੍ਰਿਸ਼ਟੀ ਰਾਹੀਂ ਇਸ ਦਾ ਅੰਤਰੀਵੀ ਅਨੁਭਵ ਕੀਤਾ ਹੈ ਅਤੇ ਭਾਸ਼ਾਈ ਸੰਕੇਤਾਂ ਰਾਹੀਂ ਸੂਤਰਾਂ ਤੇ ਮੰਤਰਾਂ ਦੇ ਰੂਪ ਵਿਚ ਇਸ ਦਾ ਪ੍ਰਗਟਾਵਾ ਕੀਤਾ ਹੈ। ਦਾਰਸ਼ਨਿਕ ਚਿੰਤਨ ਦਾ ਕਾਰਜ ਇਨ੍ਹਾਂ ਸੰਕੇਤਾਂ ਦਾ ਆਧਾਰ ਉਤੇ ਬੌਧਿਕ ਸੰਰਚਨਾ ਕਰਨਾ ਹੈ, ਰਿਸ਼ੀਆਂ ਦੀ ਦ੍ਰਿਸ਼ਟੀ ਨੂੰ ਤਾਰਕਿਕ ਰੂਪ ਦੇਣਾ ਤੇ ਇਸ ਦੀ ਵਿਧੀ-ਬੱਧ ਵਿਆਖਿਆ ਕਰਨਾ ਹੈ। ਇਕੋ ਸੂਤਰ ਜਾਂ ਮੰਤਰ ਦੀ ਵਿਆਖਿਆਕਾਰੀ ਵਿਚ ਅਕਸਰ ਇਕ ਤੋਂ ਵਧੀਕ ਦਾਰਸ਼ਨਿਕ ਮਤਾਂ ਦੀ ਰਚਨਾ ਹੋਈ ਹੈ ਜੋ ਪਰਸਪਰ ਵਿਰੋਧੀ ਵਿਚਾਰ-ਪ੍ਰਣਾਲੀਆਂ ਕਾਇਮ ਕਰਨ ਦੇ ਬਾਵਜੂਦ ਇਕ ਦੂਜੇ ਦੇ ਪੂਰਕ ਹਨ। ਭਾਰਤੀ ਦਰਸ਼ਨ ਦੀ ਸਮੁੱਚਤਾ ਨੇ ਇਨ੍ਹਾਂ ਵਿਭਿੰਨ ਮਤਾਂ ਤੇ ਸਿਧਾਂਤਾਂ ਦਾ ਸੰਯੋਗ ਸਥਾਪਿਤ ਕਰ ਕੇ ਆਪਣੀ ਚਿੰਤਨ ਪਰੰਪਰਾ ਨੂੰ ਅਮੀਰੀ ਤੇ ਵੰਨ-ਸੁਵੰਨਤਾ ਬਖਸ਼ੀ ਹੈ।

ਭਾਰਤੀ ਦਰਸ਼ਨ ਦੇ ਵੇਦਿਕ ਸਰੋਤ—ਸਾਧਾਰਣ ਤੌਰ ਤੇ ਭਾਰਤੀ ਚਿੰਤਨ ਪਰੰਪਰਾ ਦਾ ਮੂਲ-ਸਰੋਤ ਵੇਦਾਂ ਨੂੰ ਮੰਨਿਆ ਜਾਂਦਾ ਹੈ ਜੋ ਗਿਣਤੀ ਵਿਚ ਚਾਰ ਹਨ : (1) ਰਿਗ ਵੇਦ (2) ਸਾਮ ਵੇਦ (3) ਯਜੁਰ ਵੇਦ, ਤੇ (4) ਅਥਰਵ ਵੇਦ। ਵੇਦਾਂ ਦੇ ਅਗੋਂ ਦੋ ਭਾਗ ਹਨ : (ੳ) ਮੰਤਰ, ਤੇ (ਅ) ਬ੍ਰਾਹਮਣ। ਇਨ੍ਹਾਂ ਮੂਲ ਸਰੋਤਾਂ ਵਿਚ ਅੰਕਿਤ ਰਿਚਾਵਾਂ, ਗੀਤਾਂ, ਰਹੁ-ਰੀਤਾਂ, ਧਰਮ ਕਰਮ ਦੀਆਂ ਵਿਧੀਆਂ, ਯੱਗ ਤੇ ਕੁਰਬਾਨੀ ਦੇ ਵੇਰਵਿਆਂ ਨੇ ਮਗਰੋਂ ਆਉਣ ਵਾਲੇ ਵਿਚਾਰਾਂ, ਸਿਧਾਂਤਾਂ ਤੇ ਦਾਰਸ਼ਨਿਕ ਪ੍ਰਣਾਲੀਆਂ ਉਤੇ ਸਿੱਧਾ ਜਾਂ ਅਸਿੱਧਾ ਪ੍ਰਭਾਵ ਪਾਇਆ ਹੈ। ਵੇਦਿਕ ਕਾਲ ਤੋਂ ਪਹਿਲਾਂ ਭਾਰਤੀ ਖਿੱਤੇ ਦੇ ਵਸਨੀਕਾਂ ਦਾ ਧਰਮ ਕਿਸ ਨੁਹਾਰ ਦਾ ਸੀ, ਇਸ ਸਬੰਧੀ ਇਤਿਹਾਸਕ ਖੋਜ ਨੇ ਜੋ ਤੱਥ ਸਾਹਮਣੇ ਲਿਆਂਦੇ ਹਨ, ਉਨ੍ਹਾਂ ਨੂੰ ਦੋ ਉਪਭਾਗਾਂ ਵਿਚ ਵੰਡ ਕੇ ਸਮਝਿਆ ਜਾ ਸਕਦਾ ਹੈ : (ੳ) ਸਿੰਧ ਵਾਦੀ ਦੀ ਸਭਿਅਤਾ, ਅਤੇ (ਅ) ਦੱਖਣੀ ਭਾਰਤ ਦੀ ਦਰਾਵੜੀ ਸਭਿਅਤਾ। ਇਹ ਦੋਵੇਂ ਪ੍ਰਣਾਲੀਆਂ ਵੇਦਾਂ ਤੋਂ ਪੂਰਬਲੇ ਕਾਲ ਨਾਲ ਸਬੰਧਿਤ ਹੋਣ ਕਾਰਨ, ਅਣ-ਵੇਦਿਕ ਵਿਚਾਰ ਪੇਸ਼ ਕਰਦੀਆਂ ਹਨ, ਬੇਸ਼ੱਕ 'ਹਿੰਦੂ' ਧਰਮ ਚਿੰਤਨ ਨੇ ਇਨ੍ਹਾਂ ਦੇ ਕਈ ਵਿਸ਼ਵਾਸਾਂ, ਵਿਧੀਆਂ ਆਦਿ ਨੂੰ ਆਪਣੀ ਵਿਚਾਰਧਾਰਾ ਤੇ ਜੀਵਨ-ਸ਼ੈਲੀ ਵਿਚ ਪਰੋ ਲਿਆ ਹੈ।

ਪੂਰਬ ਵੇਦਿਕ ਕਾਲ ਦੀ ਸਿੰਧ ਵਾਦੀ ਸਭਿਅਤਾ ਵਿਚ ਲਿੰਗ ਪੂਜਾ, ਦੇਵੀ ਮਾਤਾ ਦੀ ਉਪਾਸਨਾ ਅਤੇ ਮੁਰਦਾ ਦੇਹੀ ਨੂੰ ਜਲਾਉਣ

ਤੋਂ ਬਿਨਾਂ ਦੱਬਣ ਦੀਆਂ ਰੀਤੀਆਂ ਪ੍ਰਚੱਲਿਤ ਸਨ। ਸੰਨਿਆਸੀਆਂ ਨੂੰ ਅਜੇ ਵੀ ਅਕਸਰ ਦਬਾ ਦਿੱਤਾ ਜਾਂਦਾ ਹੈ, ਇਸ ਵਿਸ਼ਵਾਸ ਅਧੀਨ ਕਿ ਉਹ ਮੁੜ ਸੁਰਜੀਤ ਹੋ ਸਕਣਗੇ। ਸ਼ਰਾਧ ਦੀ ਰਸਮ ਇਸ ਕਾਲ ਵਿਚ ਨਹੀਂ ਮਿਲਦੀ। ਮਨੁੱਖ ਆਪਣੀ ਤਕਦੀਰ ਦਾ ਸੁਆਮੀ ਆਪ ਹੈ— ਇਹ ਵਿਚਾਰ ਵੀ ਪੂਰਬ-ਵੈਦਿਕ ਹੈ। ਇਸੇ ਤਰ੍ਹਾਂ ਦਰਾਵੜੀ ਸਭਿਅਤਾ ਵਿਚ ਦੇਵੀ-ਮਾਤਰਾ ਦਾ ਪ੍ਰਭਾਵ ਬਲਵਾਨ ਹੈ ਅਤੇ ਇਸਤਰੀ ਨੂੰ ਮਹਾਨਤਾ ਦਿੱਤੀ ਗਈ ਹੈ। ਗਊ-ਪੂਜਾ, ਜਾਨਵਰਾਂ ਪਰਿੰਦਿਆਂ, ਦਰੱਖਤਾਂ, ਜੰਗਲਾਂ, ਕੇਂਦਰਾਂ ਦੀ ਵਿਸ਼ੇਸ਼ਤਾ ਅਣ-ਵੈਦਿਕ ਅੰਸ਼ ਹਨ ਜੋ ਪਿਛਲੇਰੇ ਸਮਿਆਂ ਵਿਚ ਵੇਦਾਂ ਦੇ ਅਨੁਆਈਆਂ ਨੇ ਅਪਣਾ ਲਏ। ਸ਼ੈਵ, ਸ਼ਾਕਤ ਤੇ ਵੈਸ਼ਨਵ ਮਤਾਂ ਦੇ ਸ਼ਰਧਾਲੂ ਜਿਨਾਂ 'ਆਗਮ' ਗ੍ਰੰਥਾਂ ਨੂੰ ਮਾਨਤਾ ਦਿੰਦੇ ਹਨ, ਉਹ ਵੀ ਵੈਦਿਕ ਸਾਹਿਤ ਤੋਂ ਬਾਹਰਲੇ ਸ਼ਾਸਤਰ ਹਨ। ਕਸ਼ਮੀਰ ਸ਼ੈਵ-ਮਤ ਜੋ ਆਪਣੇ ਆਵੇ ਨੂੰ 'ਸੁਤੰਤਰਵਾਦ' ਕਹਿੰਦਾ ਹੈ, ਵੇਦਾਂ ਨੂੰ ਪ੍ਰਮਾਣਿਤ ਨਹੀਂ ਮੰਨਦਾ ਅਤੇ ਆਪਣਾ ਅਸਲਾ ਸ਼ਿਵ-ਆਗਮਾਂ ਤੋਂ ਕਢਦਾ ਹੈ।

ਜਿਥੋਂ ਤਕ ਵੈਦਿਕ ਵਿਚਾਰਧਾਰਾ ਦਾ ਸਬੰਧ ਹੈ ਇਸ ਨੂੰ ਅਤਿ ਪ੍ਰਾਚੀਨ ਅਤੇ ਅਲੌਕਿਕ ਦਰਸਾਇਆ ਗਿਆ ਹੈ। ਵੈਦਿਕ ਪਰੰਪਰਾ ਦੇ ਸਮਰੱਥਕਾਂ ਅਨੁਸਾਰ ਵੇਦ ਬਾਣੀ ਸਦੀਵੀ ਗਿਆਨ ਪ੍ਰਸਤੁਤ ਕਰਦੀ ਹੈ ਜਿਸ ਨੂੰ ਕਿਸੇ ਸਾਧਾਰਣ ਮਾਨਵੀ ਪ੍ਰਤਿਭਾ ਦੀ ਉਪਜ ਨਹੀਂ ਕਿਹਾ ਜਾ ਸਕਦਾ। ਰਿਸ਼ੀਆਂ ਮੁਨੀਆਂ ਨੇ ਇਹ ਗਿਆਨ ਮੰਤਰਾਂ ਦੇ ਰੂਪ ਵਿਚ ਲੋਕਾਈ ਦੇ ਕਲਿਆਣ ਹਿਤ ਉਪਜਾਇਆ ਹੈ। ਵੇਦਾਂ ਦੀ ਰਚਨਾ ਦਾ ਕਾਲ 2500 ਤੋਂ 600 ਈ. ਪੂ. ਦੇ ਵਿਚਕਾਰ ਮਿਥਿਆ ਜਾਂਦਾ ਹੈ। ਵੇਦਾਂ ਦੀ ਲਿਖਤ ਵਿਚ ਕੋਈ ਭਰੋਸੇਯੋਗ ਅੰਤਰੀਵੀ ਗਵਾਹੀ ਇਸ ਬਾਰੇ ਪ੍ਰਾਪਤ ਨਹੀਂ। ਜੇਕਰ ਵੈਦਿਕ ਯੁਗ ਨੂੰ ਭਾਰਤੀ ਦਰਸ਼ਨ ਦਾ ਪ੍ਰਾਚੀਨ ਪਰ ਮੁੱਢਲਾ ਕਾਲ ਮੰਨਿਆ ਜਾਵੇ ਤਾਂ ਇਸ ਤੋਂ ਮਗਰਲਾ ਦੌਰ (600 ਪੂ. ਈ. ਤੋਂ 200 ਈ.) ਇਸ ਦਾ ਮਹਾਂ-ਕਾਵਿ (ਐਪਿਕ) ਕਾਲ ਹੈ ਜਿਸ ਵਿਚ ਰਾਮਾਇਣ, ਮਹਾਂਭਾਰਤ ਅਤੇ ਭਗਵਦ ਗੀਤਾ ਦੀ ਰਚਨਾ ਹੋਈ। ਇਸੇ ਕਾਲ ਵਿਚ ਬੁੱਧ ਮਤ, ਜੈਨ-ਮਤ ਅਤੇ ਧਰਮ ਸ਼ਾਸਤ੍ਰਾਂ ਦੇ ਸੰਕਲਨ ਤਿਆਰ ਹੋਏ।

ਭਾਰਤੀ ਦਰਸ਼ਨਧਾਰਾ ਦਾ ਤੀਸਰਾ ਦੌਰ ਸੂਤ੍ਰ-ਕਾਲ ਹੈ ਜੋ ਹੁਣ ਤੋਂ ਲਗਭਗ ਦੋ ਹਜ਼ਾਰ ਸਾਲ ਪਹਿਲਾਂ ਅਰੰਭ ਹੋਇਆ ਅਤੇ ਜਿਸ ਵਿਚ 'ਖਟ ਦਰਸ਼ਨ' (ਛੇ ਸ਼ਾਸਤ੍ਰਾਂ) ਦੇ ਮੂਲ-ਸੂਤ੍ਰ ਲਿਖੇ ਗਏ। ਇਸ ਤੋਂ ਉਪਰੰਤ ਵਿਦਵਤਾ ਦਾ ਦੌਰ ਆਰੰਭ ਹੋਇਆ ਜੋ ਕਿਸੇ ਨਾ ਕਿਸੇ ਰੂਪ ਵਿਚ ਅਜੇ ਤਕ ਜਾਰੀ ਹੈ। ਇਸ ਦੌਰ ਵਿਚ ਸੂਤ੍ਰਾਂ ਦੇ 'ਭਾਸ਼' ਰਚੇ ਗਏ। 'ਬ੍ਰਹਮ ਸੂਤ੍ਰ' ਬਾਦਰਾਇਣ ਰਿਸ਼ੀ ਕ੍ਰਿਤ ਮੂਲ ਵੇਦਾਂਤ ਸੂਤ੍ਰਾਂ ਦੀ ਰਚਨਾ ਹੈ ਜਿਸ ਦੀ ਵਿਆਖਿਆ ਵਿਚ ਸ਼ੰਕਰਚਾਰੀਆ ਸਮੇਤ ਪ੍ਰਸਿੱਧ ਦਰਸ਼ਨਵੇਤਾਵਾਂ ਤੇ ਵਿਦਵਾਨਾਂ ਨੇ ਆਪਣੇ ਆਪਣੇ ਭਾਸ਼ ਲਿਖੇ। ਇਨ੍ਹਾਂ ਭਾਸ਼ਾਂ ਉਤੇ ਅਗੋਂ ਹੋਰ ਵਿਆਖਿਆ ਚਲਦੀ ਰਹੀ ਅਤੇ ਇਸ ਤਰ੍ਹਾਂ ਨਵੇਂ ਤੋਂ ਨਵੇਂ ਵਿਚਾਰ ਪ੍ਰਸਤੁਤ ਹੁੰਦੇ ਰਹੇ। ਅਜੋਕੇ ਦੌਰ ਵਿਚ ਡਾ. ਸਰਵਪੱਲੀ ਰਾਧਾਕ੍ਰਿਸ਼ਨਨ ਵਿਦਵਤਾ-ਕਾਲ ਦੇ ਸਿਰਕੱਢ ਪ੍ਰਤਿਨਿਧ ਹਨ ਜਿਨਾਂ ਨੇ ਭਾਰਤੀ ਦਰਸ਼ਨ ਦੀ ਵਿਆਖਿਆ ਨੂੰ ਆਧੁਨਿਕਤਾ ਦੀ ਪਾਹ ਦੇ ਕੇ, ਵਿਸ਼ਾਲ ਪੱਧਰ ਉਤੇ ਪਾਠਕਾਂ ਦੇ ਦ੍ਰਿਸ਼ਟੀਗੋਚਰ ਕੀਤਾ। ਵੇਦਾਂ ਤੋਂ ਵੇਦਾਂਤ ਅਤੇ ਛੇ ਦਰਸ਼ਨਾਂ ਤੋਂ ਆਧੁਨਿਕ ਵਿਆਖਿਆ—ਸਾਹਿਤਕ ਭਾਰਤੀ ਦਰਸ਼ਨ ਦੀ ਇਹ ਵਿਕਾਸ-ਲੜੀ ਨਿਰੰਤਰ ਕਾਰਜ ਕਰਦੀ ਆ ਰਹੀ ਹੈ।

ਵੇਦਾਂ ਵਿਚ ਬੇਸ਼ੱਕ ਨਿਰੋਲ ਦਾਰਸ਼ਨਿਕ ਵਿਚਾਰ ਦੇ ਸਿਧਾਂਤ ਉਪਲੱਬਧ ਨਹੀਂ ਪਰ ਇਨ੍ਹਾਂ ਵਿਚ ਦਾਰਸ਼ਨਿਕ ਮਹੱਤਵ ਦੇ ਕਈ ਤੱਤ ਤੇ ਸੰਕੇਤ ਪ੍ਰਾਪਤ ਹਨ। ਰਿਗਵੇਦ ਵਿਚ ਦੇਵਤਿਆਂ ਨੂੰ ਸਮਰਪਿਤ ਮੰਤਰਾਂ ਦਾ ਉਲੇਖ ਹੈ ਜੋ ਆਰੀਆ-ਲੋਕਾਂ ਦੇ ਵਿਸ਼ਵਾਸ ਪ੍ਰਬੰਧ ਦੀ ਜਾਣਕਾਰੀ ਦਿੰਦੇਂ ਹਨ। ਰਿਗਵੇਦ ਦਾ ਦੇਵਤਾਵਾਦ ਕੁਦਰਤੀ ਸ਼ਕਤੀਆਂ ਦੀ ਉਪਾਸਨਾ ਦਾ ਪ੍ਰਤੀਕ ਹੈ। ਆਰੀਆਂ ਦਾ ਵਿਸ਼ਵਾਸ ਸੀ ਕਿ ਦੇਵਤਿਆਂ ਨੂੰ ਪ੍ਰਸੰਨ ਕਰ ਕੇ, ਜੀਵਨ ਦੀਆਂ ਲੋੜਾਂ, ਧਨ-ਦੌਲਤ ਆਦਿ ਦੀ ਪ੍ਰਾਪਤੀ ਸੰਭਵ ਹੈ ਅਤੇ ਨਾਲ ਹੀ ਮੌਤ ਉਪਰੰਤ ਸੁਖ-ਸ਼ਾਂਤੀ ਤੇ ਸਵਰਗ। ਦੇਵਤਿਆਂ ਵਿਚ ਇੰਦਰ, ਵਰੁਣ ਤੇ ਅਗਨੀ ਪ੍ਰਮੁੱਖ ਸਨ। ਦੇਵੀਆਂ ਦਾ ਜ਼ਿਕਰ ਘੱਟ ਹੈ, ਪਰ 'ਆਦਿਤੀ' ਦੇਵੀ ਨੂੰ ਦੇਵਤਿਆਂ ਦੀ ਮਾਂ ਦੇ ਰੂਪ ਵਿਚ ਪ੍ਰਵਾਨਿਆ ਗਿਆ ਹੈ। ਦਰਾਵੜੀ ਸਭਿਅਤਾ ਦੇ ਪ੍ਰਭਾਵ ਅਧੀਨ ਦੇਵੀ ਮਾਤਾ ਅਤੇ ਅਰਧ-ਨਾਰੀਸ਼ਵਰ (ਸ਼ਿਵਜੀ-ਪਾਰਬਤੀ) ਦੀ ਉਪਾਸਨਾ ਆਰੀਆ ਜੀਵਨ ਵਿਚ ਪ੍ਰਵੇਸ਼ ਕਰ ਗਈ। ਵੈਦਿਕ ਸਾਹਿਤ ਵਿਚ ਦੇਵਤਿਆਂ ਦੇ ਨਾਲ ਨਾਲ ਪ੍ਰਜਾਪਤੀ ਜਾਂ ਸਰਬ ਦੇਵ ਦਾ ਕਿਆਸ ਵੀ ਉਪਲੱਬਧ ਹੈ ਜੋ ਪਿਛਲੇਰੇ ਕਾਲ ਵਿਚ ਬ੍ਰਹਮ ਦੇ ਸੰਕਲਪ ਵਿਚ ਪਰਿਵਰਤਿਤ ਹੋਇਆ।

ਰਿਗਵੇਦ ਦਾ 'ਪੁਰੁਸ਼ ਸੂਕਤ' ਭਾਗ ਵਿਸ਼ਵ-ਸਿਧਾਂਤੀ ਦ੍ਰਿਸ਼ਟੀਕੋਣ ਤੋਂ ਅਤਿਅੰਤ ਮਹੱਤਵਪੂਰਨ ਹੈ। ਇਸ ਵਿਚ ਸ੍ਰਿਸ਼ਟੀ-ਰਚਨਾ ਦਾ ਕਰਤਾ ਇਕ ਸਰਬ ਵਿਆਪੀ ਸ਼ਕਤੀ (ਪੁਰੁਸ਼) ਨੂੰ ਦਰਸਾਇਆ ਗਿਆ ਹੈ ਜਿਸ ਦੇ ਵਿਰਾਟ ਰੂਪ ਦਾ ਵਰਨਣ ਇਸ ਸੂਕਤ ਵਿਚ ਮਿਲਦਾ ਹੈ। ਇਸ ਮਹਾਂ-ਸ਼ਕਤੀ ਦੇ ਅੰਗਾਂ ਵਿਚੋਂ ਬ੍ਰਾਹਮਣ, ਕਸ਼ਤ੍ਰੀ, ਵੈਸ਼ ਤੇ ਸ਼ੂਦਰ ਉਤਪੰਨ ਹੋਏ। ਰਿਗਵੇਦ ਦਾ ਇਹ ਕਥਨ ਬਹੁਤ ਪ੍ਰਸਿੱਧ ਹੈ ਕਿ "ਪਰਮਾਤਮਾ ਇਕੋ ਹੈ, ਚਾਹੇ ਵਿਦਵਾਨ ਲੋਕ ਉਸ ਨੂੰ ਵਿਭਿੰਨ ਸਰੂਪਾਂ ਵਿਚ ਚਿਤਵਦੇ ਹਨ।" ਦਾਰਸ਼ਨਿਕ ਮੁੱਲ ਦਾ ਇਕ ਹੋਰ ਵਿਚਾਰ ਜੋ ਵੈਦਿਕ ਸਾਹਿਤ ਵਿਚੋਂ ਉਭਰਿਆ 'ਰਿਤ' ਦਾ ਸੰਕਲਪ ਸੀ, ਜੋ ਸ੍ਰਿਸ਼ਟੀ ਵਿਚ ਵਰਤ ਰਹੇ ਨਿਯਮ ਜਾਂ ਕਾਨੂੰਨ ਦਾ ਸੰਕੇਤਕ ਹੈ। ਮਗਰੋਂ ਜਾ ਕੇ ਰਿਤ ਦਾ ਇਹ ਵਿਚਾਰ 'ਧਰਮ' ਦੇ ਸੰਕਲਪ ਵਿਚ ਬਦਲ ਗਿਆ। ਵਿਆਪਕ ਨਿਯਮ ਦੇ ਰੂਪ ਵਿਚ 'ਰਿਤ' ਕੁਦਰਤ, ਸਮਾਜ, ਰਾਜਨੀਤੀ, ਨੈਤਿਕਤਾ ਸਭ ਪੱਖਾਂ ਉਤੇ ਲਾਗੂ ਦੈਵੀ ਪ੍ਰਬੰਧ ਸੀ।

ਜੇਕਰ ਮੰਤਰਾਂ ਦਾ ਉਚਾਰਣ ਰਿਗਵੇਦ ਦੀਆਂ ਰਿਚਾਵਾਂ ਵਿਚ ਪ੍ਰਮੁੱਖ ਸੀ, ਤਾਂ ਯੱਗ ਅਤੇ ਉਪਾਸਨਾ ਸਮੇਂ ਪੰਡਿਤਾਂ, ਪੁਜਾਰੀਆਂ ਵਲੋਂ ਗਾਏ ਜਾਣ ਵਾਲੇ ਗੀਤ ਸਾਮਵੇਦ ਦੀ ਵਿਸ਼ੇਸ਼ਤਾ ਸਨ। ਯਜੁਰਵੇਦ ਵਿਚ ਬਲੀਦਾਨ ਦੀਆਂ ਵਿਧੀਆਂ ਦਾ ਵਾਰਤਕ ਵਿਚ ਉਲੇਖ ਹੈ ਅਤੇ ਅਥਰਵਵੇਦ ਜਾਦੂ-ਟੂਣੇ ਤੇ ਕੁਰਬਾਨੀ ਦੀਆਂ ਰਸਮਾਂ ਰੀਤਾਂ ਦੇ ਵੇਰਵੇ ਦਰਸਾਂਦਾ ਹੈ। ਬ੍ਰਾਹਮਣ-ਗ੍ਰੰਥਾਂ ਵਿਚ ਵੈਦਿਕ ਮੰਤਰਾਂ ਵਿਧੀਆਂ ਦੇ ਵਿਸਥਾਰ ਪ੍ਰਾਪਤ ਹਨ। ਯੱਗ ਤੇ ਹਵਨ ਦੇ ਅਵਸਰਾਂ ਉਤੇ ਕਿਹੜੇ ਮੰਤਰ ਪੜ੍ਹੇ ਜਾਣੇ ਹਨ; ਦੁੱਧ, ਸ਼ਹਿਦ, ਮੱਖਣ, ਅਨਾਜ, ਮਾਸ ਤੇ ਸੋਮ ਦਾ ਰਸ ਕਿਵੇਂ ਭੇਟਾ ਕੀਤਾ ਜਾਣਾ ਹੈ ਅਤੇ ਅਗਨੀ ਦੇਵ ਨੂੰ ਅਹੂਤੀ ਹੋਏ ਪਦਾਰਥ ਦੇਵਤਿਆਂ ਪਾਸ ਪੁਚਾਉਣ ਲਈ ਕਿਵੇਂ ਪ੍ਰਾਰਥਨਾ ਕੀਤੀ ਜਾਣੀ ਹੈ। ਇਹ ਸਭ ਵੇਰਵੇ ਵੈਦਿਕ ਸਾਹਿਤ ਦਾ ਵਿਸ਼ਾ ਸਨ। ਵੇਦਾਂ ਤੇ ਕਰਤਾ ਰਿਸ਼ੀਆਂ ਨੇ ਵੈਦਿਕ ਗਿਆਨ 'ਸ਼ਰੁਤੀ' ਦੇ ਆਧਾਰ ਉਤੇ ਪ੍ਰਸਤੁਤ ਕੀਤਾ, ਜਿਸ ਤੋਂ ਭਾਵ ਸੀ ਉਨ੍ਹਾਂ ਨੇ ਦੈਵੀ ਸਰੋਤ ਤੋਂ ਸਿੱਧਾ ਸ੍ਰਵਣ ਕਰਕੇ ਮੰਤਰ ਉਚਾਰੇ।

ਉਪਨਿਸ਼ਦਾਂ ਦੀ ਦਾਰਸ਼ਨਿਕਤਾ—ਵੇਦਾਂ ਵਿਚ ਭਾਰਤੀ ਦਰਸ਼ਨ ਦੇ ਸਰੋਤ ਬੀਜ ਰੂਪ ਵਿਚ ਮੌਜੂਦ ਸਨ ਪਰ ਦਾਰਸ਼ਨਿਕਤਾ ਦਾ ਯਥਾਰਥਕ ਪ੍ਰਗਵਾਟਾ ਉਪਨਿਸ਼ਦਾਂ ਵਿਚ ਆ ਕੇ ਹੋਇਆ। ਵੇਦਾਂ ਦਾ ਦੂਸਰਾ ਭਾਗ 'ਬ੍ਰਾਹਮਣ' ਗ੍ਰੰਥ ਸਨ ਜਿਨ੍ਹਾਂ ਤੋਂ ਉਪਰੰਤ 'ਆਰੱਣਿਅਕ' ਹੋਂਦ ਵਿਚ ਆਏ। ਬ੍ਰਾਹਮਣਾਂ ਵਿਚ ਰਸਮਾਂ ਰੀਤਾਂ ਦੀ ਪਾਲਣਾ ਦੇ ਨਿਯਮ ਤੇ ਹਦਾਇਤਾਂ ਅੰਕਿਤ ਹਨ ਅਤੇ ਆਰੱਣਿਅਕਾਂ ਵਿਚ ਰੀਤਾਂ ਦੀ ਚਿੰਨ੍ਹ ਰੂਪ ਵਿਆਖਿਆ ਤੋਂ ਬਿਨਾਂ ਸਮਾਧੀ, ਲਿਵਲੀਨਤਾ ਆਦਿ ਦੇ ਢੰਗ ਨਿਸ਼ਚਿਤ ਕੀਤੇ ਗਏ ਹਨ। ਮੁੱਢਲੀਆਂ ਦਾਰਸ਼ਨਿਕ ਰਚਨਾਵਾਂ ਉਪਨਿਸ਼ਦਾਂ ਨੂੰ ਮੰਨਿਆ ਜਾਂਦਾ

ਹੈ ਜੋ ਗਿਣਤੀ ਵਿਚ 1180 ਦੱਸੇ ਗਏ ਹਨ ਪਰ ਸਾਰੇ ਦੇ ਸਾਰੇ ਉਪਲੱਬਧ ਨਹੀਂ ਹਨ। ਕੇਵਲ 108 ਉਪਨਿਸ਼ਦ ਵਿਦਵਾਨਾਂ ਨੂੰ ਪ੍ਰਾਪਤ ਹੋਏ ਹਨ ਜਿਨ੍ਹਾਂ ਉਤੇ ਟੀਕਾ ਟਿਪਣੀ ਕੀਤੀ ਗਈ ਹੈ। ਇਨ੍ਹਾਂ ਵਿਚੋਂ ਵੀ ਮੁੱਖ ਉਪਨਿਸ਼ਦ ਕੇਵਲ 10 ਹਨ : (1) ਈਸ਼ਾਵਾਸਯ (2) ਕੇਨ (3) ਕੱਠ (4) ਪ੍ਰਸ਼ਨ (5) ਮੁੰਡਕ (6) ਮਾਂਡੂਕ (7) ਤੈਤ੍ਰੀਯ (8) ਅਤ੍ਰੈਯ (9) ਛਾਂਦੋਗਯ, ਤੇ (10) ਬ੍ਰਿਹਦਾਰੱਣਿਅਕੀ। ਕਈ ਵਿਦਵਾਨ ਮੁੱਖ ਉਪਨਿਸ਼ਦਾਂ ਦੀ ਗਿਣਤੀ 13 ਦਸਦੇ ਹਨ ਅਤੇ ਇਨ੍ਹਾਂ ਵਿਚ ਮੈਤ੍ਰੀਯ, ਈਸ਼ ਤੇ ਕੌਸ਼ੀਤਕੀਯ ਨੂੰ ਸ਼ਾਮਿਲ ਕਰਦੇ ਹਨ।

ਉਪਨਿਸ਼ਦਾਂ ਨੂੰ 'ਵੇਦਾਂਤ' ਦਾ ਨਾਮ ਵੀ ਦਿੱਤਾ ਗਿਆ ਹੈ, ਜਿਸ ਤੋਂ ਭਾਵ ਹੈ ਵੇਦ ਦਾ ਅੰਤ। ਇਹ ਕੇਵਲ ਵੇਦਾਂ ਦਾ ਅੰਤਲਾ ਭਾਗ ਹੀ ਨਹੀਂ ਸਗੋਂ ਵੇਦਿਕ ਉਦੇਸ਼ਾਂ ਦੇ ਲਖਾਇਕ ਵੀ ਹਨ। ਸਪੱਸ਼ਟ ਹੈ ਕਿ ਵੇਦਿਕ ਸਾਹਿਤ ਦੇ ਸਮੁੱਚ ਵਿਚ ਚਾਰ ਵੇਦ, ਬ੍ਰਾਹਮਣ, ਆਰੱਣਿਅਕ ਅਤੇ ਉਪਨਿਸ਼ਦ ਸ਼ਾਮਿਲ ਹਨ ਅਤੇ ਇਹ ਚਾਰੇ ਵਰਗ ਇਕ ਦੂਸਰੇ ਨਾਲ ਅੰਤਰ-ਸਬੰਧ ਵਿਚ ਜੁੜੇ ਹੋਏ ਹਨ। ਉਪਨਿਸ਼ਦਾਂ ਨੂੰ ਭਾਰਤੀ ਵਿਚਾਰਧਾਰਾ ਤੇ ਸਭਿਆਚਾਰ ਦੇ ਸੋਮਿਆਂ ਵਜੋਂ ਸਵੀਕ੍ਰਿਤੀ ਮਿਲੀ ਹੈ। ਇਹ ਗ੍ਰੰਥ ਕਿਸੇ ਇਕ ਕਰਤਾ ਦੀ ਕ੍ਰਿਤ ਨਹੀਂ ਹਨ, ਨਾ ਹੀ ਵਿਧੀ-ਬੱਧ ਦਾਰਸ਼ਨਿਕ ਰਚਨਾਵਾਂ ਹਨ। ਇਨ੍ਹਾਂ ਦੇ ਲੇਖਕ ਰਹੱਸਵਾਦੀ ਦ੍ਰਿਸ਼ਟੋਤਾ ਸਨ ਜਿਨ੍ਹਾਂ ਨੇ ਉੱਚਤਮ ਹਕੀਕਤ ਦਾ ਨਿਜੀ ਅਨੁਭਵ ਕੀਤਾ ਅਤੇ ਆਪਣੇ ਵਿਚਾਰਾਂ ਨੂੰ ਕਥਾ-ਕਹਾਣੀ, ਵਾਰਤਾਲਾਪ ਅਤੇ ਟੋਟਕਿਆਂ ਦੇ ਰੂਪ ਵਿਚ ਕਲਮਬੰਦ ਕੀਤਾ। ਉਨ੍ਹਾਂ ਦੀ ਲਿਖਣ-ਸ਼ੈਲੀ ਕਾਵਿਕ ਹੈ; ਜਿਥੇ ਵਾਰਤਕ ਲਿਖੀ ਹੈ, ਉਥੇ ਵੀ ਕਾਵਿਕ ਗੁਣ ਪ੍ਰਤੱਖ ਹੈ। ਕਈ ਥਾਵਾਂ ਤੇ ਚਿੰਨ੍ਹ ਰੂਪੀ ਪ੍ਰਭਾਵ ਦਿੱਤੇ ਹਨ ਜੋ ਅਰਥ ਨੂੰ ਸਪੱਸ਼ਟ ਹੋਣ ਵਿਚ ਸਹਾਇਤਾ ਨਹੀਂ ਕਰਦੇ ਅਤੇ ਪਾਠ ਵਿਚ ਗੁਹਜ ਪੈਦਾ ਕਰਦੇ ਹਨ। ਉਪਨਿਸ਼ਦਾਂ ਦਾ ਫ਼ਾਰਸੀ ਵਿਚ ਅਨੁਵਾਦ ਪਹਿਲੀ ਵਾਰੀ ਦਾਰਾ ਸ਼ਿਕੋਹ ਨੇ 1649 ਈ. ਵਿਚ ਕੀਤਾ, ਜਿਸ ਤੋਂ ਇਹ ਗ੍ਰੰਥ ਲਾਤੀਨੀ ਭਾਸ਼ਾ ਵਿਚ ਉਲਥਾਏ ਗਏ। ਅੰਗ੍ਰੇਜ਼ੀ ਵਿਚ ਇਨ੍ਹਾਂ ਦਾ ਅਨੁਵਾਦ ਮੈਕਸ ਮਿਊਲਰ ਦੇ ਯਤਨ ਰਾਹੀਂ ਹੋਇਆ ਅਤੇ ਇਹ ਭਾਰਤੀ ਗ੍ਰੰਥ ਜਗਤ ਪ੍ਰਸਿੱਧੀ ਨੂੰ ਪ੍ਰਾਪਤ ਹੋਏ।

ਉਪਨਿਸ਼ਦਾਂ ਦੀ ਭਾਵਨਾ ਰੀਤੀਵਾਦ ਦੇ ਵਿਰੁੱਧ ਸੀ। ਇਨ੍ਹਾਂ ਰਚਨਾਵਾਂ ਵਿਚ ਵੇਦਾਂ ਦੇ ਉਸ ਭਾਗ ਦਾ ਪ੍ਰਭਾਵ ਝਲਕਦਾ ਹੈ ਜੋ ਇਕੋ ਇਕ ਅੰਤਿਮ ਸੱਤਾ ਵੱਲ ਸੰਕੇਤ ਕਰਦਾ ਹੈ। ਜਿਨ੍ਹਾਂ ਵੇਦਿਕ ਮੰਤਰਾਂ ਵਿਚ ਕੇਵਲ ਰੀਤਾਂ ਰਸਮਾਂ, ਅਹੂਤੀ ਦੀਆਂ ਵਿਧੀਆਂ ਤੇ ਪੁਜਾਰੀਆਂ ਤੇ ਕਰਤੱਵਾਂ ਦਾ ਉਲੇਖ ਹੈ, ਉਹ ਉਪਨਿਸ਼ਦਾਂ ਦੀ ਪ੍ਰੇਰਨਾ ਨਹੀਂ ਬਣੇ। ਕੁਝ ਲਿਖ਼ਤਾਂ ਵਿਚ ਰੀਤੀਵਾਦ ਦਾ ਦਾਰਸ਼ਨਿਕ ਅਰਥ ਪ੍ਰਗਟਾਉਣ ਦੀ ਚੇਸ਼ਟਾ ਕੀਤੀ ਗਈ ਹੈ ਜਿਵੇਂ ਕਿ ਬ੍ਰਹਦਾਰੱਣਿਅਕ ਵਿਚ ਅਸ਼ਵਮੇਧ ਦੀ ਵਿਆਖਿਆ ਦਿੰਦਿਆਂ ਵਿਸ਼ਵ ਨੂੰ ਘੋੜੇ (ਅਸ਼ਵ) ਦਾ ਪ੍ਰਤੀਕ ਦਿੱਤਾ ਗਿਆ ਹੈ ਜਿਸ ਨੂੰ ਕੁਰਬਾਨ ਕਰਕੇ ਹੀ ਆਤਮਿਕ ਸੁਤੰਤਰਤਾ ਪ੍ਰਾਪਤ ਹੋ ਸਕਦੀ ਹੈ। ਰੀਤੀਵਾਦ ਦਾ ਸਬੰਧ ਕੇਵਲ ਸੰਸਾਰਕ ਸਰੋਕਾਰਾਂ ਨਾਲ ਹੈ। ਅਸਲ ਉਦੇਸ਼ ਪਰਮ ਆਤਮਾ ਦੀ ਸੋਝੀ ਹੈ ਜਿਸ ਨੂੰ ਪ੍ਰਾਪਤੀ ਲਈ ਉਪਨਿਸ਼ਦਾਂ ਨੇ ਗੁਹਜ-ਭਰੇ ਨਿਯਮਾਂ ਦੀ ਪ੍ਰਸਤੁਤੀ ਕੀਤੀ। ਇਨ੍ਹਾਂ ਨੂੰ ਬ੍ਰਹਮ ਦੇ ਪੱਖ ਪ੍ਰਦਰਸ਼ਕ ਵੀ ਕਿਹਾ ਗਿਆ ਹੈ।

'ਉਪਨਿਸ਼ਦ' ਦਾ ਸ਼ਾਬਦਿਕ ਅਰਥ ਗੁਰੂ ਦੇ ਸਨਮੁਖ ਸ਼ਰਧਾ ਪੂਰਬਕ 'ਬੈਠਕ' ਹੈ, ਜਿਸ ਰਾਹੀਂ ਚੇਲਾ ਸਿਖਿਆ ਪ੍ਰਾਪਤ ਕਰਦਾ ਸੀ। ਉਸਤਾਦ ਤੇ ਸ਼ਾਗਿਰਦ ਦੀ ਪਰਸਪਰ ਭੇਂਟ ਅਤੇ ਗੁਪਤਗੋਈ ਦੀ ਵਿਧੀ ਦੇ ਆਧਾਰ ਉਤੇ ਇਨ੍ਹਾਂ ਅਧਿਆਤਮਿਕ ਸਿਖਿਆਵਾਂ ਨੂੰ ਉਪਨਿਸ਼ਦ ਦਾ ਨਾਮ ਦਿੱਤਾ ਗਿਆ। ਚੇਲੇ ਨੂੰ ਗੁਰੂ ਪਾਸੋਂ ਜੋ ਗੁਹਜ ਜਾਂ ਗੁਪਤ ਸੰਕੇਤ ਪ੍ਰਾਪਤ ਹੁੰਦੇ ਹਨ ਉਨ੍ਹਾਂ ਨੂੰ 'ਗੁੱਝੇ ਆਦੇਸ਼' ਵੀ ਕਿਹਾ ਜਾਂਦਾ ਹੈ। ਇਹ ਪਰਮ ਗੁਹਜ ਹੀ ਉਪਨਿਸ਼ਦਾਂ ਦਾ ਸਾਰ ਹਨ ਅਤੇ ਅਗਿਆਨ ਦਾ ਹਨੇਰਾ ਮਿਟਾ ਕੇ ਗਿਆਨ ਰੂਪ ਉਜਾਲਾ ਦੇਣ ਦੇ ਸਾਧਨ ਹਨ। ਜਿਨ੍ਹਾਂ ਭਾਸ਼ਕਾਰਾਂ ਨੇ ਉਪਨਿਸ਼ਦਾਂ ਨੂੰ ਵੇਦਿਕ ਮਨੋਰਥਾਂ ਦੇ ਪ੍ਰਤਿਨਿਧ ਮੰਨ ਕੇ ਇਨ੍ਹਾਂ ਦੀ ਵਿਆਖਿਆ ਕੀਤੀ, ਉਨ੍ਹਾਂ ਦੇ ਮਤਾਂ ਨੂੰ ਵੀ ਵੇਦਾਂਤ ਕਿਹਾ ਜਾਣ ਲੱਗਾ। ਇਨ੍ਹਾਂ ਸਭ ਦਾ ਪ੍ਰਮੁੱਖ ਵਿਸ਼ਾ 'ਅਸਲਾਂ ਦਾ ਅਸਲ', 'ਅੰਤਿਮ ਯਥਾਰਥ' ਜਾਂ 'ਤੂੰ ਹੀ ਤੂੰ ਹੈ' ਦਾ ਗੁਹਜ ਹੈ। ਮਨੁੱਖੀ ਆਤਮਾ ਦੀ ਖੋਜ, ਆਤਮਾ ਦੀ ਅਮਰਤਾ, ਮੌਤ ਦਾ ਰਹੱਸ, ਹਸਤੀ ਤੇ ਹੋਂਦ ਦੀ ਵਿਚਾਰ, ਨੈਤਿਕ ਵਿਹਾਰ, ਕਰਮ ਸਿਧਾਂਤ, ਉਪਾਸਨਾ ਵਿਧੀਆਂ, ਰਹੁ ਰੀਤਾਂ ਦੀ ਚਿੰਨ੍ਹਮਈ ਵਿਆਖਿਆ ਕੁਝ ਹੋਰ ਵਿਸ਼ੇ ਹਨ ਜਿਨ੍ਹਾਂ ਬਾਰੇ ਉਪਨਿਸ਼ਦਿਕ ਗੁਰੂਆਂ ਨੇ ਚੇਲਿਆਂ ਨੂੰ ਉਪਦੇਸ਼ ਦਿੱਤੇ।

ਉਪਨਿਸ਼ਦਾਂ ਦੇ ਵਿਸ਼ਾ-ਵਸਤੂ ਨੂੰ ਤਿੰਨ ਉਪਵਰਗਾਂ ਵਿਚ ਰੱਖ ਕੇ ਸਮਝਿਆ ਜਾ ਸਕਦਾ ਹੈ—ਜੀਵ, ਜਗਤ ਤੇ ਬ੍ਰਹਮ। ਮਨੁੱਖੀ ਜੀਵ ਵਿਚ ਚੇਤਨਾ ਦਾ ਗੁਣ ਮੌਜੂਦ ਹੈ ਜੋ ਉਸ ਦੇ ਮਨ ਤੇ ਬੁੱਧੀ ਦੀ ਕ੍ਰਿਆ ਰਾਹੀਂ ਵਿਅਕਤ ਹੁੰਦਾ ਹੈ। ਤੈਤ੍ਰੀਯ ਉਪਨਿਸ਼ਦ ਵਿਚ ਜੀਵ ਦੇ 'ਪੰਜ ਕੋਸ਼ਾਂ' ਦਾ ਸਿਧਾਂਤ ਪ੍ਰਾਪਤ ਹੈ ਜੋ ਉਸ ਦੀ ਆਤਮਾ ਨੂੰ ਪਰਦਿਆਂ ਹੇਠਾਂ ਲਕੋਈ ਰਖਦੇ ਹਨ। ਪਹਿਲਾ 'ਐਨਮਯ' ਕੋਸ਼ ਹੈ, ਜੋ ਸਰੀਰ ਨੂੰ ਪਦਾਰਥਕ ਆਧਾਰ ਦਿੰਦਾ ਹੈ ਅਤੇ ਵਿਅਕਤੀ ਨੂੰ ਕਾਰਜ ਕਰਨ ਦੇ ਯੋਗ ਬਣਾਉਂਦਾ ਹੈ। ਦੂਸਰਾ 'ਪ੍ਰਾਣਮਯ' ਕੋਸ਼ ਹੈ ਜੋ ਸੁਆਸ ਯੰਤਰ ਦੇ ਰੂਪ ਵਿਚ ਵਿਅਕਤੀ ਦੇ ਜੀਵਨ ਦਾ ਆਧਾਰ ਹੈ। ਤੀਸਰਾ 'ਮਨੋਮਯ' ਕੋਸ਼ ਹੈ, ਜੋ ਅੰਨਮਈ ਤੇ ਪ੍ਰਾਣਮਈ ਪੱਧਰਾਂ ਤੇ ਟਾਕਰੇ ਉਤੇ ਵਧੇਰੇ ਸੂਖਮ ਮੰਡਲ ਹੈ। ਇਹ ਚੇਤਨਾ ਦੀ ਪੱਧਰ ਹੈ, ਇਥੇ ਕਾਮਨਾ, ਤ੍ਰਿਪਤੀ, ਸੁਆਦ, ਸ਼ੰਕਾ ਆਦਿ ਮਾਨਸਿਕ ਕ੍ਰਿਆਵਾਂ ਵਾਪਰਦੀਆਂ ਹਨ। ਚੌਥਾ 'ਵਿਗਿਆਨਮਯ ਕੋਸ਼ ਹੈ, ਜੋ ਮਾਨਸਿਕਤਾ ਦਾ ਉਚੇਰਾ ਭਾਗ ਹੈ। ਇਥੇ ਬੌਧਿਕ ਤੇ ਤਾਰਕਿਕ ਕ੍ਰਿਆ ਵਾਪਰਦੀ ਹੈ, ਮਨੋਰਥਾਂ ਦੀ ਪ੍ਰਾਪਤੀ ਹਿਤ ਦਿਸ਼ਾ ਨਿਰਧਾਰਿਤ ਹੁੰਦੀ ਹੈ। ਸਾਹਿਤ, ਕਲਾ ਦਰਸ਼ਨ ਵਿਚ ਰੁਚੀ ਜਾਗਦੀ ਹੈ। ਪੰਜਵਾਂ 'ਅਨੰਦਮਯ' ਕੋਸ਼ ਹੈ ਜੋ ਆਤਮਿਕ ਵਿਕਾਸ ਦੀ ਅੰਤਲੀ ਮੰਜ਼ਿਲ ਹੈ ਅਤੇ ਪਹਿਲੇ ਚਾਰ ਕੋਸ਼ਾਂ ਨੂੰ ਪਿੱਛੇ ਛੱਡ ਕੇ ਆਨੰਦ ਵਿਚ ਮਗਨਤਾ ਦਾ ਸੂਖਮ ਪੱਧਰ ਹੈ।

ਜੀਵ ਦੇ ਸੰਬੰਧ ਵਿਚ ਇਕ ਮਹੱਤਵਪੂਰਨ ਪ੍ਰਸ਼ਨ ਆਤਮਾ ਦੀ ਪਰਿਭਾਸ਼ਾ ਹੈ ਜਿਸ ਨੂੰ ਉਪਨਿਸ਼ਦਾਂ ਦੀ ਵਡੇਰੀ ਗਿਣਤੀ ਨੇ ਵਿਚਾਰ ਗੋਚਰ ਕੀਤਾ ਹੈ। 'ਆਤਮਾ' ਮਨੁੱਖੀ ਆਪੇ ਲਈ ਵਰਤਿਆ ਗਿਆ ਸ਼ਬਦ ਹੈ ਜਿਸ ਦਾ ਅਸਲਾ ਬ੍ਰਹਮ ਵਾਂਗ ਸੂਖਮ ਤੇ ਸਦੀਵੀ ਹੈ। ਵਿਅਕਤੀਗਤ ਆਤਮਾ ਦਾ ਨਾਮ ਜੀਵ ਹੈ, ਜੋ ਜੀਵਨ ਦੇ ਕੁੱਲ ਪਰਿਵਰਤਨਾਂ ਦਾ ਅਨੁਭਵ ਕਰਦੀ ਹੈ, ਪਰ ਆਪ ਅਪਰਿਵਰਤਿਤ ਰਹਿੰਦੀ ਹੈ। ਆਤਮਾ ਚੇਤਨ-ਤੱਤ ਹੈ, ਬੇਸ਼ਕ ਇਹ ਸਰੀਰ ਦੇ ਪਦਾਰਥਕ ਤੱਤਾਂ ਨਾਲ ਮਿਲ ਕੇ ਕਾਰਜ ਕਰਦੀ ਹੈ। ਮਾਂਡੂਕਯ ਅਨੁਸਾਰ ਇਸ ਚੇਤਨ ਸਰੂਪ ਆਤਮਾ ਦੀਆਂ ਚਾਰ ਅਵਸਥਾਵਾਂ ਹਨ : (1) ਜਾਗ੍ਰਿਤ (2) ਸੁਪਨ (3) ਸੁਖੋਪਤੀ, ਤੇ (4) ਤੁਰੀਆ। ਅੰਤਿਮ ਅਵਸਥਾ ਵਿਚ ਕੇਵਲ ਸ਼ੁੱਧ ਚੇਤਨਾ ਬਾਕੀ ਰਹਿ ਜਾਂਦੀ ਹੈ, ਜੋ ਸਵੈ-ਪ੍ਰਕਾਸ਼ਿਤ ਹੈ, ਨਿਸ਼ਚਿਤ ਹੈ, ਧੁਨੀਆਂ ਦੀ ਧੁਨੀ ਹੈ। ਜੀਵ ਦੀ ਹਸਤੀ ਲਈ ਜਗਤ ਭੂਮੀ ਦਾ ਕੰਮ ਕਰਦੀ ਹੈ, ਜਿਸ ਦੀ ਅਨੇਕਤਾ ਨੂੰ ਵਿਅਕਤੀ ਨਿਹਾਰਦਾ ਤੇ ਭੋਗਦਾ ਹੈ। ਦ੍ਰਿਸ਼ਟਮਾਨ ਜਗਤ ਦਾ ਕਰਤਾ ਬ੍ਰਹਮ ਆਪ ਹੈ, ਜੋ ਆਤਮ ਰੂਪ ਹੈ ਅਤੇ ਇਸ ਤਰ੍ਹਾਂ ਆਤਮਾ ਹੀ ਜਗਤ ਦਾ ਕਾਰਨ ਹੈ। ਬ੍ਰਹਮ ਵਿਚੋਂ ਜਗਤ ਉਪਜਦਾ ਹੈ ਪਰ ਇਸ ਕ੍ਰਿਆ ਨਾਲ ਬ੍ਰਹਮ ਵਿਚ ਕੋਈ ਘਾਟ ਨਹੀਂ ਹੁੰਦੀ, ਉਹ ਪੂਰਨ ਦਾ ਪੂਰਨ ਰਹਿੰਦਾ ਹੈ।

ਉਪਨਿਸ਼ਦਾਂ ਵਿਚ ਪਰਮ ਤੱਤ ਜਾਂ ਧਰਮ ਸੱਤ ਨੂੰ ਬ੍ਰਹਮ ਦਾ ਨਾਮ ਦੇ ਕੇ, ਬ੍ਰਹਮਵਾਦ ਦਾ ਸਿਧਾਂਤ ਪ੍ਰਸਤੁਤ ਕੀਤਾ ਗਿਆ ਹੈ।

ਬ੍ਰਹਮ ਨੂੰ 'ਸਤ-ਚਿਤ-ਆਨੰਦ' ਸਰੂਪ ਦਰਸਾਇਆ ਗਿਆ ਹੈ ਅਤੇ 'ਆਉਮ' (ਓਮ) ਇਸ ਦਾ ਪ੍ਰਤੀਕ ਮੰਨਿਆ ਹੈ। ਪੂਰਬਵਰਤੀ ਵੈਦਿਕ ਸਾਹਿਤ ਵਿਚ ਦੇਵੀ ਦੇਵਤਿਆਂ ਦੀ ਉਪਾਸਨਾ ਕੇਂਦਰੀ ਮਹੱਤਵ ਦਾ ਵਿਸ਼ਾ ਸੀ; ਉਪਨਿਸ਼ਦਾਂ ਅਨੁਸਾਰ ਸਭ ਦੇਵਤੇ ਇਕੋ ਇਕ ਬ੍ਰਹਮ ਦੀਆਂ ਸ਼ਕਤੀਆਂ ਹਨ ਬ੍ਰਹਮ ਸਦੀਵੀ ਤੇ ਆਕਰਸ਼ਕ ਹਸਤੀ ਹੈ ਜਿਸ ਦਾ ਗਿਆਨ 'ਪਰਾ' ਅਖਵਾਉਂਦਾ ਹੈ। ਉਪਨਿਸ਼ਦਾਂ ਅਨੁਸਾਰ ਹੋਰ ਸਾਰੇ ਗਿਆਨ 'ਅ-ਪਰਾ' ਹਨ, ਜਿਨ੍ਹਾਂ ਵਿਚ ਵੇਦਾਂ ਦਾ ਬੋਧ, ਪਰਪੰਚ, ਵਿਗਿਆਨ ਤੇ ਕਲਾਵਾਂ ਦੀ ਜਾਣਕਾਰੀ ਸ਼ਾਮਿਲ ਹਨ। ਜੀਵ ਲਈ ਸੰਸਾਰਕ ਵਿਦਿਆ ਦੇ ਨਾਲ ਨਾਲ 'ਪਰਾ' ਦਾ ਗਿਆਨ ਪ੍ਰਾਪਤ ਕਰਨਾ ਆਵੱਸ਼ਕ ਹੈ ਤਦ ਹੀ ਉਹ ਸੰਸਾਰ ਦੇ ਬੰਧਨਾਂ ਤੋਂ ਮੁਕਤ ਹੋ ਸਕੇਗਾ। ਇਕ ਤੋਂ ਵਧੀਕ ਉਪਨਿਸ਼ਦਾਂ ਨੇ ਗਿਆਨਕਾਰੀ ਦੀ ਕ੍ਰਿਆ ਨੂੰ ਸ੍ਵਣ (ਸਿਖਿਆ ਗ੍ਰਹਿਣ ਕਰਨਾ), ਮੰਨਨ (ਸਿਖਿਆ ਉਤੇ ਵਿਸ਼ਵਾਸ ਲਿਆਉਣਾ), ਅਤੇ ਨਿਧਿਧਿਆਸਨ (ਸਮਾਧੀ ਸਥਿਤ ਹੋ ਕੇ ਧਿਆਨ ਜੋੜਨਾ) ਦਾ ਉਲੇਖ ਦਿੱਤਾ ਹੈ। ਉਪਨਿਸ਼ਦਾਂ ਦੀ ਸਿਖਿਆ ਦਾ ਸਾਰ ਜੀਵ-ਆਤਮਾ ਦੀ ਮੁਕਤੀ ਦਾ ਮਾਰਗ ਨਿਰਧਾਰਿਤ ਕਰਨਾ ਹੈ, ਜੋ ਭਾਰਤੀ ਦਰਸ਼ਨ ਤੇ ਧਰਮ ਦੀ ਪ੍ਰਮੁੱਖ ਸਮੱਸਿਆ ਹੈ।

ਚਾਰਵਾਕ, ਜੈਨ ਤੇ ਬੋਧੀ ਦਰਸ਼ਨ—ਭਾਰਤੀ ਦਰਸ਼ਨਧਾਰਾ ਦੇ ਕੁਝ ਮਤ ਅਜਿਹੇ ਹਨ ਜੋ ਵੈਦਿਕ ਸਰੋਤਾਂ ਨੂੰ ਆਪਣੇ ਚਿੰਤਨ ਦਾ ਆਧਾਰ ਨਹੀਂ ਬਣਾਉਂਦੇ ਅਤੇ ਵੇਦਾਂ ਤੋਂ ਸੁਤੰਤਰ ਰੂਪ ਵਿਚ ਆਪਣੇ ਵਿਸ਼ਵਾਸ ਤੇ ਸਿਧਾਂਤ ਪ੍ਰਸਤੁਤ ਕਰਦੇ ਹਨ। ਇਨ੍ਹਾਂ ਮਤਾਂ ਨੂੰ ਅਕਸਰ 'ਨਾਸਤਿਕ' ਕਿਹਾ ਜਾਂਦਾ ਸੀ, ਜਿਸ ਤੋਂ ਭਾਵ ਸੀ ਵੇਦਾਂ ਦੀ ਅਸਵੀਕ੍ਰਿਤੀ। ਮੁੱਖ ਰੂਪ ਵਿਚ ਤਿੰਨ ਦਾਰਸ਼ਨਿਕ ਮਤ ਇਸ ਵਰਗ ਵਿਚ ਆਉਂਦੇ ਹਨ : (1) ਚਾਰਵਾਕ (2) ਜੈਨ-ਮਤ, ਅਤੇ (3) ਬੋਧੀਮਤ। ਮਗਰਲੇ ਦੋ ਮਤਾਂ ਨੇ ਆਪਣੀਆਂ ਧਰਮ ਪ੍ਰਣਾਲੀਆਂ ਵੀ ਵਿਕਸਿਤ ਕੀਤੀਆਂ, ਜਦੋਂ ਕਿ ਚਾਰਵਾਕ ਕਿਸੇ 'ਧਰਮ' ਨਾਲ ਸਬੰਧਿਤ ਨਹੀਂ ਅਤੇ ਨਿਰੋਲ ਸਿਧਾਂਤਕ ਵਿਚਾਰ ਪ੍ਰਸਤੁਤ ਕਰਦਾ ਹੈ।

ਚਾਰਵਾਕ ਪ੍ਰਣਾਲੀ ਨੂੰ ਰਵਾਇਤੀ ਤੌਰ ਤੇ ਬ੍ਰਿਹਸਪਤੀ ਤੇ ਚਿੰਤਨ ਨਾਲ ਸੰਬੰਧਿਤ ਕੀਤਾ ਜਾਂਦਾ ਹੈ। ਸਹੀ ਰੂਪ ਵਿਚ ਇਸ ਨੂੰ 'ਪ੍ਰਣਾਲੀ' ਕਹਿਣਾ ਵੀ ਉਚਿਤ ਨਹੀਂ ਕਿਉਂਕਿ ਇਸ ਦੀ ਵਿਚਾਰਧਾਰਾ ਕਿਸੇ ਨਿਯਮਿਤ ਸਿਲਸਿਲੇ ਜਾਂ ਤਾਰਕਿਕ ਪ੍ਰਬੰਧ ਵਿਚ ਨਹੀਂ ਰਚੀ ਗਈ। ਚਾਰਵਾਕੀ ਚਿੰਤਨ ਦੇ ਕੋਈ 20 ਸੂਤ੍ਰ ਉਪਲਬੱਧ ਹਨ ਜਿਨ੍ਹਾਂ ਵਿਚ ਪੂਰਬ-ਵਰਤੀ ਵਿਸ਼ਵਾਸ ਪ੍ਰਣਾਲੀਆਂ ਅਤੇ ਕਦਰਾਂ-ਕੀਮਤਾਂ ਦੀ ਆਲੋਚਨਾ ਕੀਤੀ ਮਿਲਦੀ ਹੈ। ਚਾਰਵਾਕ ਨੂੰ ਭਾਰਤੀ ਭੌਤਿਕਵਾਦ (ਪਦਾਰਥਵਾਦ) ਕਿਹਾ ਜਾਂਦਾ ਹੈ ਕਿਉਂਕਿ ਇਸ ਦੇ ਚਿੰਤਨ ਦਾ ਮੂਲ ਆਧਾਰ ਦ੍ਰਵ (ਮਾਦਾ ਜਾਂ ਮੈਟਰ) ਨੂੰ ਮੰਨਿਆ ਗਿਆ ਹੈ, ਨਾ ਕਿ ਮਨ ਜਾਂ ਆਤਮਾ ਨੂੰ। ਦ੍ਰਿਸ਼ਟਮਾਨ ਜਗਤ ਹੀ ਅੰਤਿਮ ਯਥਾਰਥ ਹੈ ਜਿਸ ਨੂੰ ਵਿਅਕਤੀ ਗਿਆਨ-ਇੰਦਰੀਆਂ ਰਾਹੀਂ ਨਿਹਾਰਦਾ ਹੈ। ਕੇਵਲ ਪ੍ਰੇਖਣ ਦੀ ਕ੍ਰਿਆ ਹੀ ਪਦਾਰਥਕ ਜਗਤ ਦਾ ਅਨੁਭਵ ਦੇਣ ਦੇ ਸਮਰੱਥ ਹੈ। ਅਸਲੀਅਤ ਚਾਰ ਤੱਤਾਂ ਉਤੇ ਨਿਰਭਰ ਹੈ—ਮਿੱਟੀ, ਪਾਣੀ, ਅੱਗ ਅਤੇ ਹਵਾ। ਇਨ੍ਹਾਂ ਤੋਂ ਵਧੀਕ ਨਾ ਕੋਈ ਰੂਹ ਜਾਂ ਆਤਮਾ ਹੈ, ਨਾ ਕੋਈ ਦੈਵੀ ਸ਼ਕਤੀ ਜਾਂ ਰੱਬ।

ਚਾਰਵਾਕੀ ਸਿਧਾਂਤ ਰੀਤੀਵਾਦ ਦਾ ਤੀਬਰ ਵਿਰੋਧ ਕਰਦਾ ਹੈ। ਇਸ ਨੂੰ ਕੋਈ ਸਦਾਚਾਰ ਪ੍ਰਣਾਲੀ ਜਾਂ ਨੈਤਿਕ ਕਦਰ-ਕੀਮਤ ਪ੍ਰਵਾਨ ਨਹੀਂ। 'ਇਹ ਜਗ ਮਿੱਠਾ' ਇਸ ਦਾ ਮੂਲ ਵਿਸ਼ਵਾਸ ਹੈ, ਜੋ ਇਸ ਨੂੰ ਸੁਖਵਾਦ ਨਾਲ ਸਬੰਧਿਤ ਕਰਦਾ ਹੈ। ਜਗਤ ਵਿਚ ਕੋਈ ਮਨੋਰਥ ਜਾਂ ਉਦੇਸ਼ ਕ੍ਰਿਆਸ਼ੀਲ ਨਹੀਂ, ਜਿਸ ਦੀ ਭਾਲ ਵਿਚ ਸਮਾਂ ਗੁਆਇਆ ਜਾਵੇ। ਨਾ ਹੀ ਕੁਦਰਤ ਕਿਸੇ ਨੇਮ ਦੀ ਪਾਬੰਧ ਹੈ। ਚਾਰਵਾਕੀ ਚਿੰਤਨ ਸ਼ੰਕਾਵਾਦੀ ਤੇ ਨਿਰਗਿਆਨਵਾਦੀ ਹਨ, ਜਿਨ੍ਹਾਂ ਦਾ ਮਤ ਹੈ ਕਿ ਕਿਸੇ ਅਧਿਆਤਮਿਕ ਗਿਆਨ ਦੀ ਪ੍ਰਾਪਤੀ ਦਾ ਯਤਨ ਵਿਅਰਥ ਹੈ ਅਤੇ ਮਨੁੱਖ ਦਾ ਕੋਈ ਗਿਆਨ ਨਿਸ਼ਚਿਤ ਜਾਂ ਭਰੋਸੇਯੋਗ ਨਹੀਂ। ਜੋ ਜਾਣਕਾਰੀ ਸਾਨੂੰ ਸਾਧਾਰਣ ਰੂਪ ਵਿਚ ਨਿਤਾ-ਪ੍ਰਤੀ ਜੀਵਨ ਦੇ ਤੱਥਾਂ ਸਬੰਧੀ ਮਿਲਦੀ ਹੈ, ਉਹੀ ਗਿਆਨ ਹੈ ਅਤੇ ਆਗਮਨ ਵਿਧੀ ਰਾਹੀਂ ਪ੍ਰਾਪਤ ਅਜਿਹੀ ਜਾਣਕਾਰੀ ਹੀ ਸਾਡੇ ਵਿਸ਼ਵਾਸਾਂ ਦਾ ਆਧਾਰ ਹੈ।

ਜੈਨ ਦਰਸ਼ਨ ਭਾਰਤ ਦੀਆਂ ਅਣਵੈਦਿਕ ਚਿੰਤਨ-ਪ੍ਰਣਾਲੀਆਂ ਵਿਚੋਂ ਅਤਿ ਪ੍ਰਾਚੀਨ ਹੈ, ਜੋ ਪੰਜਵੀਂ ਸਦੀ ਈ. ਪੂ. ਵਿਚ ਫਲਿਆ ਫੁਲਿਆ। ਇਸ ਮਤ ਦਾ ਪਹਿਲਾ ਤੀਰਥੰਕਰ ਅਤੇ ਸੰਚਾਲਕ ਰਿਸ਼ਭਦੇਵ ਮੁਨੀ ਸੀ ਅਤੇ ਅੰਤਲਾ (24ਵਾਂ) ਤੀਰਥੰਕਰ ਵਰਧਮਾਨ ਮਹਾਂਵੀਰ, ਜਿਸ ਨੇ ਇਸ ਮਤ ਨੂੰ ਵਿਧੀਬੱਧ ਢੰਗ ਨਾਲ ਪ੍ਰਸਤੁਤ ਕੀਤਾ। ਜੈਨ ਚਿੰਤਨ ਅਨੁਸਾਰ ਸੰਸਾਰ ਵਿਚ ਜੀਵ (ਚੇਤਨ) ਅਤੇ ਅਜੀਵ (ਅਚੇਤਨ) ਦੋ ਤਰਾਂ ਦੀਆਂ ਹਸਤੀਆਂ ਹਨ। ਮਨੁੱਖ 'ਜੀਵ' ਵਰਗ ਵਿਚ ਆਉਂਦਾ ਹੈ, ਪਰ ਉਹ ਸੰਸਾਰਕ ਬੰਧਨਾਂ ਵਿਚ ਫਸਿਆ ਹੋਣ ਕਾਰਨ ਆਪਣੀਆਂ ਕੁੱਲ ਸਮਰੱਥਾਵਾਂ ਉਜਾਗਰ ਨਹੀਂ ਕਰ ਸਕਦਾ। ਯਥਾਰਥ ਅਨੇਕਮੁਖੀ ਅਤੇ ਜਟਿਲ ਹੈ ਜਿਸ ਨੂੰ ਇਕੋ ਤਰ੍ਹਾਂ ਨਾਲ ਕਥਨ ਕਰਨਾ ਸੰਭਵ ਨਹੀਂ। ਜੈਨ ਸਿਧਾਂਤ ਨੂੰ 'ਅਨੇਕਾਂਤਵਾਦ' ਅਤੇ 'ਸਯਾਦਵਾਦ' ਦੇ ਨਾਮ ਦਿੱਤੇ ਗਏ ਹਨ।

ਜੈਨ ਮਤ ਵਿਚ ਨੈਤਿਕਤਾ ਨੂੰ ਪ੍ਰਮੁੱਖ ਸਥਾਨ ਮਿਲਿਆ ਹੈ। 'ਅਹਿੰਸਾ' ਅਤੇ 'ਕਰਮ ਸਿਧਾਂਤ' ਇਸ ਦੇ ਕੇਂਦਰੀ ਸੰਕਲਪ ਹਨ। ਇਸ ਦੇ 'ਤਿੰਨ ਰਤਨ' ਸਹੀ ਗਿਆਨ, ਸਹੀ ਵਿਸ਼ਵਾਸ, ਅਤੇ ਸਹੀ ਆਚਰਣ ਮੰਨੇ ਗਏ ਹਨ। ਨਾਲ ਹੀ ਇਸ ਨੇ 'ਪੰਜ ਪ੍ਰਣ' ਨਿਰਧਾਰਿਤ ਕੀਤੇ - ਕਿਸੇ ਨੂੰ ਦੁਖ ਨਾ ਪੁਚਾਉ, ਸਚਾਈ ਉਤੇ ਕਾਇਮ ਰਹੋ, ਲਾਲਚ ਤਿਆਗੋ, ਵਾਸ਼ਨਾਵਾਂ ਤੋਂ ਬਚੋ, ਸੰਸਾਰਕ ਵਸਤਾਂ ਤੋਂ ਅਲਿਪਤ ਰਹੋ। ਇਨ੍ਹਾਂ ਆਦੇਸ਼ਾਂ ਦੀ ਪਾਲਣਾ ਕਰਦਿਆਂ ਵਿਅਕਤੀ ਬੰਧਨ-ਮੁਕਤ ਹੋ ਸਕਦਾ ਹੈ। ਦੇਵਤਿਆਂ ਨੂੰ ਵੀ ਮੁਕਤ ਹੋਣ ਲਈ ਮਨੁੱਖ ਦੇ ਜਨਮ ਵਿਚ ਆਉਣਾ ਜ਼ਰੂਰੀ ਹੈ। ਜੈਨ ਧਰਮ ਨੇ ਉੱਚਤਮ ਅਵਸਥਾ ਨੂੰ 'ਕੈਵੱਲਯ' ਦਾ ਨਾਮ ਦਿੱਤਾ ਹੈ ਜਿਥੇ ਪੂਰਨ ਗਿਆਨ, ਪੂਰਨ ਸ਼ਰਧਾ, ਅਨੰਤ ਸ਼ਕਤੀ ਤੇ ਪਰਮ ਆਨੰਦ ਦੀ ਪ੍ਰਾਪਤੀ ਹੈ। ਜੈਨ ਮਤ ਪਰਮਾਤਮਾ ਦਾ ਵਿਸ਼ਵਾਸੀ ਨਹੀਂ ਫਿਰ ਵੀ ਆਤਮਿਕ ਤੱਥਾਂ ਤੇ ਕੀਮਤਾਂ ਦਾ ਧਾਰਨੀ ਹੈ। ਇਸ ਦੇ ਦੋ ਪ੍ਰਮੁੱਖ ਫਿਰਕੇ ਸਵੇਤਾਂਬਰ (ਸਫ਼ੈਦ ਵਸਤਰਾਂ ਵਾਲਾ) ਅਤੇ ਦਿਗੰਬਰ (ਵਸਤਰਹੀਣ) ਪ੍ਰਸਿੱਧ ਹਨ। ਦਿਗੰਬਰਾਂ ਅਨੁਸਾਰ ਇਸਤ੍ਰੀ ਮੋਖ ਨੂੰ ਪ੍ਰਾਪਤ ਨਹੀਂ ਹੋ ਸਕਦੀ; ਮੁਕਤ ਹੋਣ ਲਈ ਉਸ ਨੂੰ ਪੁਰਸ਼ ਦਾ ਜਨਮ ਧਾਰਨਾ ਪਏਗਾ।

ਬੁੱਧ ਦਰਸ਼ਨ ਵੀ ਜੈਨ ਮਤ ਵਾਂਗ, ਅਵੈਦਿਕ ਹੈ ਅਤੇ ਢਾਈ ਹਜ਼ਾਰ ਸਾਲ ਪੁਰਾਣਾ ਫ਼ਲਸਫ਼ਾ ਹੈ। ਇਸ ਨੇ ਭਾਰਤ ਦੀਆਂ ਸੀਮਾਵਾਂ ਤੋਂ ਪਾਰ ਜਾ ਕੇ, ਏਸ਼ੀਆ ਹੀ ਨਹੀਂ, ਹੋਰਨਾਂ ਮਹਾਦੀਪਾਂ ਵਿਚ ਵੀ ਲੋਕ ਮਨ ਨੂੰ ਪ੍ਰਭਾਵਿਤ ਕੀਤਾ ਹੈ। ਇਸ ਦੇ ਸੰਚਾਲਕ ਗੌਤਮ ਬੁੱਧ ਨੇ 'ਅਨਾਤਮ' ਦਾ ਵਿਚਾਰ ਦੇ ਕੇ ਸਦੀਵੀ ਆਤਮਾ ਦੀ ਹੋਂਦ ਵਲੋਂ ਇਨਕਾਰ ਕੀਤਾ। ਇਹ ਤੱਥ ਇਸ ਨੂੰ ਹਿੰਦੂ ਅਤੇ ਜੈਨ-ਚਿੰਤਨ ਦੋਹਾਂ ਤੋਂ ਵਖਰਿਆਂਦਾ ਹੈ। ਵਿਅਕਤੀ ਦਾ ਆਪਾ (ਸੈੱਲਫ਼) ਕੋਈ ਸਥਿਰ ਹੋਂਦ ਨਹੀਂ ਜੋ ਵਿਭਿੰਨ ਕ੍ਰਿਆਵਾਂ ਤੇ ਸਥਿਤੀਆਂ ਵਿਚੋਂ ਲੰਘਦੀ ਹੈ; ਸਗੋਂ ਜਿਸ ਨੂੰ ਅਸੀਂ ਆਪਾ ਜਾਂ ਆਤਮਾ ਕਹਿੰਦੇ ਹਾਂ ਉਹ ਛਿਨ-ਛਿਨ ਵਾਪਰਦੀਆਂ ਘਟਨਾਵਾਂ ਦੇ ਅਨੁਭਵ ਹਨ ਜੋ ਇਕ ਲੜੀ ਵਿਚ ਪਰੁਚੇ ਜਾਪਦੇ ਹਨ। ਬੁੱਧ ਦੇ ਚਿੰਤਨ ਵਿਚ 'ਛਿਨਵਾਦ' ਇਕ ਹੋਰ ਮਹੱਤਵਪੂਰਨ ਸਿਧਾਂਤ ਹੈ ਜੋ ਕਿਸੇ ਵੀ ਵਸਤੂ ਜਾਂ ਸੱਤਾ ਦਾ ਸਥਾਈ ਹੋਂਦ ਵਲੋਂ ਇਨਕਾਰੀ ਹੈ। ਇਸ ਅਨੁਸਾਰ ਪਰਿਵਰਤਨ ਹੀ ਸਭ ਤੋਂ ਵੱਡੀ ਸਚਾਈ ਹੈ। ਕੁਝ ਵੀ 'ਨਿਤ' ਨਹੀਂ, ਸਭ ਕੁਝ 'ਅਨਿਤ'

ਹੈ। ਆਤਮਾ ਅਤੇ ਜਗਤ ਦੋਵੇਂ ਨਦੀ ਦੇ ਪ੍ਰਵਾਹ ਵਾਂਗ ਵਹਿੰਦੇ ਚਲੇ ਜਾ ਰਹੇ ਘਟਨਾ-ਸਮੂਹ ਹਨ ਜਾਂ ਫਿਰ ਅੱਗ ਦੀ ਲਾਟ ਵਾਂਗ ਪਲ-ਪਲ ਨਸ਼ਟ ਹੋ ਰਹੇ ਤੱਥ ਹਨ। ਇਸੇ ਲਈ ਬੋਧੀ ਦਰਸ਼ਨ ਨੂੰ ਪਰਿਵਰਤਨਵਾਦ ਦਾ ਨਾਮ ਦਿੱਤਾ ਗਿਆ ਹੈ।

ਮਹਾਤਮਾ ਬੁੱਧ ਦੀ ਵਿਚਾਰਧਾਰਾ ਦਾ ਮੂਲ-ਮੁਹਾਵਰਾ 'ਦੁਖ' ਹੈ। ਇਸ ਨੇ ਆਪਣੀ ਗੱਲ 'ਸਰਵਮ ਦੁਖਮ-ਦੁਖਮ' ਤੋਂ ਆਰੰਭ ਕੀਤੀ। ਸਾਰੀ ਮਨੁੱਖਤਾ ਦੁਖ ਵਿਚ ਗ੍ਰਸੀ ਹੋਈ ਹੈ ਪਰ ਇਸ ਬੀਮਾਰੀ ਦਾ ਇਲਾਜ ਸੰਭਵ ਹੈ, ਜੋ ਬੁੱਧ ਨੇ 'ਅਸ਼ਟ ਮਾਰਗ' ਦੇ ਰੂਪ ਵਿਚ ਪ੍ਰਸਤੁਤ ਕੀਤਾ। ਇਹ ਮਾਰਗ ਅਜਿਹੀ ਜੀਵਨ-ਜਾਚ ਉਲੀਕਦਾ ਹੈ ਜੋ ਅਤਿਵਾਦੀ ਸੋਚਣੀ ਤੇ ਕਰਨੀ ਤੋਂ ਬਚਣ ਦੀ ਵਿਧੀ ਹੈ। ਇਹ ਪ੍ਰਵਿਰਤੀ ਅਤੇ ਨਵਿਰਤੀ ਮਾਰਗਾਂ ਦੇ ਵਿਚਕਾਰ 'ਮੱਧ ਮਾਰਗ' ਹੈ; ਇਹ ਨਾ ਕਾਮਨਾਵਾਂ ਦੇ ਦਮਨ ਦਾ ਅਤੇ ਨਾ ਹੀ ਉਨ੍ਹਾਂ ਦੀ ਬੇਰੋਕ ਤ੍ਰਿਪਤੀ ਦਾ ਵਿਸ਼ਵਾਸੀ ਹੈ। ਇਸ਼ ਸਾਰੇ ਜਤਨ ਦਾ ਉਦੇਸ਼ 'ਨਿਰਵਾਣ' ਦੀ ਪ੍ਰਾਪਤੀ ਹੈ ਜੋ ਦੁਖ ਸੰਤਾਪ ਤੋਂ ਮੁਕਤ, ਆਨੰਦਿਤ ਅਵਸਥਾ ਹੈ ਜਿਥੇ ਕੋਈ ਤ੍ਰਿਸ਼ਨਾ ਬਾਕੀ ਨਹੀਂ ਰਹਿੰਦੀ, ਸ਼ਾਂਤੀ ਦਾ ਪਸਾਰਾ ਹੋ ਜਾਂਦਾ ਹੈ। ਕਈ ਵਿਆਖਿਆਕਾਰਾਂ ਨੇ ਨਿਰਵਾਣ ਦਾ ਅਰਥ ਵਿਅਕਤੀਗਤ ਜੀਵਨ ਦੀ ਸਮਾਪਤੀ ਕੀਤਾ ਹੈ ਕਿਉਂਕਿ ਮਨੁੱਖੀ ਹੋਂਦ ਹੀ ਦੁੱਖ ਦਾ ਮੂਲ ਕਾਰਨ ਹੈ ਅਤੇ ਦੁੱਖਾਂ ਤੋਂ ਨਿਜਾਤ ਵੀ ਇਸ ਦੇ ਅੰਤ ਨਾਲ ਹੀ ਸੰਭਵ ਹੈ।

ਮਹਾਤਮਾ ਬੁੱਧ ਦੇ ਮਹਾਂ ਪਰਿਨਿਰਵਾਣ ਤੋਂ ਉਪਰੰਤ ਉਸ ਦੇ ਸ਼ਰਧਾਲੂਆਂ ਤੇ ਚਿੰਤਕਾਂ ਨੇ ਜਥੇਬੰਦੀ (ਸੰਘ) ਅਤੇ ਦਾਰਸ਼ਨਿਕ ਧਾਰਾਵਾਂ ਦਾ ਵਿਕਾਸ ਕੀਤਾ। ਮਹਾਯਾਨ ਤੇ ਹੀਨਯਾਨ ਫ਼ਿਰਕੇ ਦੀਆਂ ਦੋ-ਦੋ ਪ੍ਰਣਾਲੀਆਂ ਹੋਂਦ ਵਿਚ ਆਈਆਂ ਜਿਨ੍ਹਾਂ ਵਿਚ ਮੱਧਮਿਕ ਵਿਚਾਰਧਾਰਾ 'ਸ਼ੂਨਯਵਾਦ' ਦੇ ਨਾਮ ਨਾਲ ਪ੍ਰਸਿੱਧ ਹੋਈ। ਇਸ ਬੋਧੀ ਦਰਸ਼ਨ ਦਾ ਮਹਾਨ ਚਿੰਤਕ ਨਾਗਾਰਜੁਨ ਸੀ ਜਿਸ ਨੇ ਤਰਕ ਦੀ ਵਰਤੋਂ ਦੁਆਰਾ ਇਹ ਸਿੱਧ ਕੀਤਾ ਕਿ ਸ਼ੂਨਯ (ਸਿਫ਼ਰ) ਜਾਂ ਨਾਸਤੀ ਹੀ ਅੰਤਿਮ ਸਚਾਈ ਹੈ। ਇਹ ਮਤ ਦਾਰਸ਼ਨਿਕ ਤੱਤ-ਮੀਮਾਂਸਾ ਬਾਰੇ ਸ਼ੰਕਾਵਾਦੀ ਹੈ। ਇਸ ਅਨੁਸਾਰ ਕੋਈ ਵੀ ਸਿਧਾਂਤ ਤੇ ਸੰਕਲਪ ਸੱਚਾ ਜਾਂ ਭਰੋਸੇਯੋਗ ਨਹੀਂ। ਨਾਗਾਰਜੁਨ ਦੇ ਇਸ ਮਤ ਦੀ ਭਰਪੂਰ ਆਲੋਚਨਾ ਹੋਈ ਪਰ ਉਸ ਦੀ ਦਲੀਲ ਦਾ ਖੰਡਨ ਸੌਖਾ ਕਾਰਜ ਨਹੀਂ ਸੀ। ਸਮੁੱਚੇ ਤੌਰ ਤੇ ਬੁੱਧ ਧਰਮ ਨੇ 'ਬੋਧੀਸੱਤਵ' ਦਾ ਲਕਸ਼ ਨਿਰਧਾਰਿਤ ਕਰਕੇ, ਅਜਿਹੇ ਸੁਲਝੇ ਹੋਏ ਆਦਰਸ਼ਕ ਵਿਅਕਤੀ ਦਾ ਚਿੱਤਰ ਦਿੱਤਾ ਜੋ ਆਪਣੇ ਪੁੰਨ ਕਰਮਾਂ ਨੂੰ ਸੰਗ-ਸਾਥ ਦੇ ਅਰਪਿਤ ਕਰਦਾ ਹੈ ਅਤੇ ਲੋਕਾਂ ਨੂੰ ਬੰਧਨਾਂ ਤੋਂ ਮੁਕਤ ਹੋਣ ਦੀ ਰਾਹ ਦਿਖਾਉਂਦਾ ਹੈ। ਵਿਅਕਤੀ ਆਪਣੇ ਕਰਮਾਂ ਦੇ ਫਲ ਤੋਂ ਬਚ ਨਹੀਂ ਸਕਦਾ ਪਰ ਬੋਧੀਸੱਤਵ ਦੀ ਕਿਰਪਾ ਦੁਆਰਾ ਨਿਰਵਾਣ ਪ੍ਰਾਪਤੀ ਦੀ ਸੋਧ ਅਖ਼ਤਿਆਰ ਕਰ ਸਕਦਾ ਹੈ।

ਬੋਧੀ ਜੀਵਨ-ਜਾਚ ਵਿਚ 'ਧਿਆਨ' ਨੂੰ ਮਹੱਤਵਪੂਰਨ ਸਥਾਨ ਪ੍ਰਾਪਤ ਹੈ ਜਿਸ ਦੇ ਆਧਾਰ ਉਤੇ 'ਜੈਨ' ਬੁੱਧ ਮਤ ਦੀ ਰਚਨਾ ਹੋਈ। ਬੋਧੀ ਚਿੰਤਨਧਾਰਾ ਅਨੁਸਾਰ ਹਰ ਹੋਂਦ ਤੇ ਹਸਤੀ ਦਾ ਮੂਲ 'ਮਨ' ਹੈ। ਮਾਨਸਿਕ ਕ੍ਰਿਆ ਦੇ ਦਵੰਦ ਉਤੇ ਵਸੀਕਾਰ ਪਾਉਣ ਲਈ ਇਕਾਗਰ ਚਿਤ ਧਿਆਨ ਦੀ ਆਵੱਸ਼ਕਤਾ ਹੈ। ਇਸੇ ਵਿਧੀ ਰਾਹੀਂ ਗੌਤਮ ਬੁੱਧ ਨੂੰ ਬੋਧ ਪ੍ਰਾਪਤ ਹੋਇਆ ਸੀ। ਮਨੁੱਖੀ ਚੇਤਨਾ ਨੂੰ ਆਤਮਪਰਕ ਤੇ ਵਸਤੂਪਰਕ ਤੇ ਦਵੰਦ ਤੋਂ ਅਤੇ ਦਲੀਲਕਾਰੀ ਤੋਂ ਮੁਕਤ ਕਰਨ ਉਪਰੰਤ ਹੀ ਸਚਾਈ ਦਾ ਪ੍ਰਕਾਸ਼ ਸੰਭਵ ਹੁੰਦਾ ਹੈ। ਸਮਾਧੀ ਦੀ ਲਿਵਲੀਨਤਾ ਵਿਚ ਸਾਧਕ ਨੂੰ ਸਮੁੱਚੇ ਵਿਸ਼ਵ ਅਤੇ ਸਮੁੱਚੇ ਜੀਵਨ ਦੀ ਏਕਤਾ ਦਾ ਅੰਤਰਬੋਧੀ ਅਨੁਭਵ ਹੋ ਜਾਂਦਾ ਹੈ। ਜੈਨ ਮਤ ਨੇ ਚੀਨ ਅਤੇ ਜਾਪਾਨ ਵਿਚ ਚੋਖਾ ਵਿਕਾਸ ਕੀਤਾ ਅਤੇ ਇਸ ਦੇ ਕਈ ਨਵੇਂ ਫ਼ਿਰਕੇ ਸਥਾਪਿਤ ਹੋਏ। ਇਸ ਮਤ ਦੇ ਆਧੁਨਿਕ ਚਿੰਤਕਾਂ ਅਨੁਸਾਰ ਜੈਨ ਹੀ ਅਜੋਕੇ ਸਮਾਜ ਦੀਆਂ ਕੁਰੀਤੀਆਂ ਦੂਰ ਕਰਨ ਦੇ ਸਮਰੱਥ ਹੈ। ਬੁੱਧ ਮਤ ਦਾ ਇਹ ਮਾਨਵਵਾਦੀ ਸੰਦੇਸ਼ ਫ਼ਲਸਫ਼ੇ, ਜੀਵਨ ਸ਼ੈਲੀ ਅਤੇ ਸਮਾਧੀ ਦੀ ਤਕਨੀਕ ਦਾ ਹੋਣਹਾਰ ਸੰਜੋਗ ਹੈ।

ਛੇ ਸ਼ਾਸਤ੍ਰ (ਖਟ ਦਰਸ਼ਨ)—ਵੈਦਿਕ ਸਰੋਤਾਂ ਦੀ ਅਧਿਕਾਰ ਸੰਪੰਨਤਾ ਨੂੰ ਸਵੀਕਾਰ ਕਰਨ ਵਾਲੇ ਆਸਤਿਕ ਸ਼ਾਸਤ੍ਰਾਂ ਨੂੰ 'ਛੇ ਦਰਸ਼ਨ' ਕਿਹਾ ਜਾਂਦਾ ਹੈ। ਜੋ ਇਸ ਪ੍ਰਕਾਰ ਹਨ :

(1) ਸਾਂਖ : ਇਸ ਦਾ ਕਰਤਾ ਕਪਿਲ ਰਿਸ਼ੀ ਹੈ ਜਿਸ ਨੂੰ ਹਿੰਦੂ ਫ਼ਲਸਫ਼ੇ ਦਾ ਪਿਤਾਮਾ ਮੰਨਿਆ ਜਾਂਦਾ ਹੈ ਅਤੇ ਜਿਸ ਨੇ ਪੁਰਸ਼ ਤੇ ਪ੍ਰਕਿਰਿਤੀ ਦੀ ਭਿੰਨਤਾ ਦਰਸਾਈ।

(2) ਯੋਗ : ਪਤੰਜਲੀ ਦਾ ਸ਼ਾਸਤ੍ਰ, ਜੋ ਸਿੱਧੇ ਨਿੱਜੀ ਅਨੁਭਵ ਦੁਆਰਾ ਹਕੀਕਤ ਦੀ ਟੋਹ ਲਾਉਣ ਦੀ ਵਿਧੀਆਂ ਨਿਰਧਾਰਿਤ ਕਰਦਾ ਹੈ।

(3) ਨਿਆਇ : ਗੌਤਮ ਰਿਸ਼ੀ ਦਾ ਤਰਕ-ਸ਼ਾਸਤ੍ਰ ਜੋ ਗਿਆਨ-ਪ੍ਰਾਪਤੀ ਹਿਤ ਦਲੀਲਕਾਰੀ ਦੀਆਂ ਵਿਧੀਆਂ ਪ੍ਰਸਤੁਤ ਕਰਦਾ ਹੈ।

(4) ਵੈਸ਼ੇਸ਼ਿਕ : ਕਨਾਂਦ ਦਾ ਅਨੇਕਵਾਦੀ ਫ਼ਲਸਫ਼ਾ ਜੋ ਬੁਨਿਆਦੀ ਪ੍ਰਵਰਗਾਂ ਤੇ ਇਨ੍ਹਾਂ ਦੇ ਜੋੜ-ਤੋੜ ਦੀ ਵਿਚਾਰ ਪ੍ਰਸਤੁਤ ਕਰਦਾ ਹੈ।

(5) ਮੀਮਾਂਸਾ : ਜੈਮਿਨੀ ਦਾ ਰੀਤੀਵਾਦੀ ਫ਼ਲਸਫ਼ਾ।

(6) ਵੇਦਾਂਤ : ਬਾਦਰਾਇਣ ਰਿਸ਼ੀ ਦਾ 'ਬ੍ਰਹਮ' ਸਿਧਾਂਤ, ਜਿਸ ਦੀ ਵਿਆਖਿਆ ਵਿਚ ਅਦਵੈਤ ਅਤੇ ਹੋਰ ਵੇਦਾਂਤਿਕ ਮਤ ਪ੍ਰਚਲਿਤ ਹੋਏ।

ਸਾਂਖ ਤੇ ਯੋਗ ਨੂੰ ਅਕਸਰ ਇਕੱਠਿਆਂ ਵਿਚਾਰ ਅਧੀਨ ਰਖਿਆ ਜਾਂਦਾ ਹੈ; ਦੋਹਾਂ ਵਿਚ 'ਪੁਰਸ਼' ਅਤੇ 'ਪ੍ਰਕਿਰਤੀ' ਨੂੰ ਸਦੀਵੀ ਹਸਤੀਆਂ ਪ੍ਰਵਾਨ ਕੀਤਾ ਗਿਆ ਹੈ। ਯੋਗ ਦਾ ਕਰਤਾ ਇਨ੍ਹਾਂ ਦੋਹਾਂ ਦੇ ਨਾਲ ਈਸ਼ਵਰ ਦੀ ਹੋਂਦ ਨੂੰ ਵੀ ਮੰਨਦਾ ਹੈ ਜਿਸ ਦਾ ਵਾਚਕ 'ਓਮ' ਹੈ। ਸ਼ਾਂਖ ਸ਼ਾਸਤ੍ਰ ਵਿਚ ਈਸ਼ਵਰ ਦਾ ਕੋਈ ਸਥਾਨ ਨਹੀਂ। 'ਸਾਂਖਯ ਕਾਰਿਕਾ' ਗ੍ਰੰਥ ਚੇਤਨ ਤੇ ਜੜ੍ਹ ਦੀ ਦਵੈਤ ਪ੍ਰਸਤੁਤ ਕਰਦਿਆਂ, ਪ੍ਰਕਿਰਤੀ ਨੂੰ ਸਤੋ, ਰਜੋ, ਤਮੋ ਗੁਣਾਂ ਤੇ ਸੰਤੁਲਨ ਦੀ ਅਵਸਥਾ ਦਸਦਾ ਹੈ ਜਿਸ ਤੋਂ ਕੁੱਲ 24 ਤੱਤਾਂ ਦੀ ਸਥਾਪਤੀ ਹੁੰਦੀ ਹੈ। ਪੁਰਸ਼ ਸਮੇਤ ਤਾਤਵਿਕ ਗੁਣਾਂ ਦੀ ਸੰਖਿਆ 25 ਹੋ ਜਾਂਦੀ ਹੈ। 'ਪੁਰਸ਼' ਇਕ ਨਹੀਂ, ਅਨੇਕ ਤੇ ਵਿਭਿੰਨ ਹਨ। ਪੁਰਸ਼ ਦੇ ਪ੍ਰਭਾਵ ਅਧੀਨ ਪ੍ਰਕਿਰਤੀ ਵਿਚ ਵਿਕਾਸ ਦੀ ਕ੍ਰਿਆ ਚਲਦੀ ਹੈ। ਕਾਰਨ ਤੋਂ ਜੋ ਕਾਰਜ ਉਤਪੰਨ ਹੁੰਦਾ ਹੈ, ਉਹ ਕਾਰਨ ਵਿਚ ਪਹਿਲਾਂ ਤੋਂ ਹੀ ਸਥਿਤ ਸੀ; ਇਸੇ ਲਈ ਸਾਂਖ ਦਾ ਕਾਰਨ ਕਾਰਜ ਸਿਧਾਂਤ 'ਸੱਤਕਾਰਜਵਾਦ' ਦੇ ਨਾਮ ਨਾਲ ਪ੍ਰਸਿੱਧ ਹੈ।

ਸਾਂਖ ਦਾ 'ਪੁਰਸ਼' ਸ਼ੁੱਧ ਚੇਤਨਾ ਹੈ ਜਿਸ ਵਿਚ ਸਤ-ਚਿਤ-ਆਨੰਦ ਦੇ ਕੇਵਲ 'ਸਤ' ਤੇ 'ਚਿਤ' ਹਾਜ਼ਰ ਹਨ ਪਰ ਆਨੰਦ ਦਾ ਅਭਾਵ ਹੈ। ਉਹ ਕੁੱਲ ਅਨੁਭਵਾਂ ਦਾ ਆਧਾਰ ਹੈ। ਉਹ ਆਪ ਤ੍ਰੈ-ਗੁਣ ਅਤੀਤ ਹੈ, ਪਰ ਸਰੀਰ ਨਾਲ ਸੰਯੁਕਤ ਆਤਮਾਵਾਂ ਗਿਆਨ ਪ੍ਰਾਪਤੀ ਰਾਹੀਂ ਮੁਕਤ ਹੋ ਸਕਦੀਆਂ ਹਨ। ਮੋਖ ਤੋਂ ਭਾਵ ਸੰਸਾਰਕ ਦੁਖਾਂ ਸੁਖਾਂ ਤੋਂ ਪਰੇਡੀ ਅਵਸਥਾ ਹੈ, ਜੋ ਜੀਵਨ ਮੁਕਤੀ ਦੇ ਤੁੱਲ ਹੈ। ਪਤੰਜਲੀ ਦੇ ਯੋਗ ਸ਼ਾਸਤ੍ਰ ਨੇ ਸਾਂਖ ਦੇ ਸਿਧਾਂਤ ਨਾਲ ਈਸ਼ਵਰ ਨੂੰ ਜੋੜ ਕੇ ਤੱਤਵਾਂ ਦੀ ਸੰਖਿਆ 26 ਕਰ ਦਿੱਤੀ। ਯੋਗ ਸਿਧਾਂਤ ਨੂੰ 'ਰਾਜ ਯੋਗ' ਦਾ ਨਾਮ ਦਿੱਤਾ ਗਿਆ ਜੋ ਈਸ਼ਵਰ ਨਾਲ ਮੇਲ (ਯੋਗ/ਸੰਯੋਗ) ਦਾ ਸਾਧਨ ਸੀ ਅਤੇ ਸਮਾਧੀ ਦੀ ਕ੍ਰਿਆ ਨੂੰ ਅਧਿਕ

ਮਹੱਤਤਾ ਦਿੰਦਾ ਸੀ। ਯੋਗ ਸਾਧਨਾ ਵਿਚ ਚਿਤ ਦੀਆਂ ਲਹਿਰਾਂ ਜਾਂ ਮਨੋ-ਬਿਰਤੀਆਂ ਅਤੇ ਬੰਧੇਜ ਆਵੱਸ਼ਕ ਹੈ। ਰਾਜ ਯੋਗ ਦੇ ਅੱਠ ਅੰਕ ਜੋ ਸਾਧਨਾ ਦਾ ਮਾਰਗ ਉਲੀਕਦੇ ਹਨ, ਇਸ ਪ੍ਰਕਾਰ ਹਨ : (1) ਯਮ (ਸਦਗੁਣਾਂ ਉਤੇ ਬਲ); ਨਿਯਮ (ਆਤਮ ਸੰਜਮ) ; (3) ਆਸਨ ; (4) ਪ੍ਰਾਣਾਯਾਮ; (5) ਪ੍ਰਤਿਆਹਾਰ (ਇੰਦਰੀਆਂ ਦਾ ਸੰਜਮ); (6) ਧਾਰਨਾ (ਚਿਤ ਦੀ ਇਕਾਗਰਤਾ); (7) ਧਿਆਨ; ਅਤੇ (8) ਸਮਾਧੀ, ਜਿਸ ਵਿਚ ਚਿਤ ਅਤੇ ਵਸਤੂ ਇਕ ਰੂਪ ਹੋ ਜਾਂਦੇ ਹਨ। ਜੀਵ ਨੂੰ ਮੋਖ ਪ੍ਰਾਪਤੀ ਦੀ ਸੋਧ ਦੇਣ ਵਾਲਾ ਈਸ਼ਵਰ ਹੈ। ਯੋਗ ਦਾ ਇਹ ਈਸ਼ਵਰਵਾਦੀ ਸਿਧਾਂਤ ਅਧਿਆਤਮਿਕ ਮੁੱਲ ਦੀ ਵਿਚਾਰਧਾਰਾ ਹੈ, ਜਦੋਂ ਕਿ ਸਾਂਖ ਆਪਣੇ ਆਪ ਵਿਚ ਭਾਰਤੀ ਦਰਸ਼ਨ ਦੀ ਉੱਤਮ ਕਿਆਸਕਾਰੀ ਹੈ।

ਨਿਆਇ ਅਤੇ ਵੈਸ਼ੇਸ਼ਿਕ ਦੋ ਅਜਿਹੇ ਦਾਰਸ਼ਨਿਕ ਮਤ ਹਨ ਜੋ ਭਾਰਤੀ ਦਰਸ਼ਨਧਾਰਾ ਦੇ ਯਥਾਰਥਵਾਦੀ ਤੇ ਅਨੇਕਵਾਦੀ ਪੱਖ ਪ੍ਰਸਤੁਤ ਕਰਦੇ ਹਨ ਅਤੇ ਨਾਲ ਹੀ ਈਸ਼ਵਰਵਾਦੀ ਵਿਸ਼ਵਾਸ ਦੇ ਧਾਰਨੀ ਹਨ। ਦੋਹਾਂ ਵਿਚ ਤੱਤ-ਮੀਮਾਂਸਿਕ ਸਿਧਾਂਤ ਦੀ ਸਾਂਝ ਹੈ, —ਪਦਾਰਥਕ ਜਗਤ ਦੀ ਰਚਨਾ ਕੁਝ ਬੁਨਿਆਦੀ ਤੱਤਾਂ ਤੋਂ ਹੋਈ ਹੈ ਜੋ ਇਕ ਦੂਜੇ ਤੋਂ ਸੁਤੰਤਰ ਹਨ ਅਤੇ ਜਿਨਾਂ ਨੂੰ ਦਾਰਸ਼ਨਿਕ ਪ੍ਰਵਰਗਾਂ ਵਿਚ ਆਂਕਿਆ ਜਾ ਸਕਦਾ ਹੈ। ਮੂਲ ਦ੍ਰਵ ਨੌਂ ਹਨ : ਪ੍ਰਿਥਵੀ, ਜਲ, ਅਗਨੀ, ਵਾਯੂ, ਆਕਾਸ਼, ਸਮਾਂ, ਸਥਾਨ, ਮਨ ਅਤੇ ਆਤਮਾਵਾਂ। ਪਹਿਲੇ ਚਾਰ ਦ੍ਰਵ ਪਰਮਾਣੂਆਂ ਦੇ ਸੰਯੋਗ ਤੋਂ ਹੋਂਦ ਵਿਚ ਆਏ ਹਨ। ਹਰ ਪਦਾਰਥਕ ਦ੍ਰਵ ਦੇ ਕੁਝ ਗੁਣ ਹਨ, ਜਿਹਾ ਕਿ ਰੂਪ, ਰਸ, ਗੰਧ, ਸਪਰਸ਼, ਸ਼ਬਦ, ਸੰਖਿਆ, ਮਾਤ੍ਰਾ, ਵਿਭਾਗ, ਬੁੱਧੀ, ਸੁਖ, ਦੁਖ, ਦਵੈਸ਼, ਸਨੇਹ, ਧਰਮ, ਅਧਰਮ ਆਦਿਕ। ਇਨ੍ਹਾਂ ਗੁਣਾਂ ਦੀ ਕੁੱਲ ਗਿਣਤੀ 24 ਹੈ।

ਵੈਸ਼ੇਸ਼ਿਕਾਂ ਨੇ ਇਕ 'ਸਾਮਾਨਯ' (ਵਿਆਪਕ) ਅਤੇ ਇਕ 'ਵਿਸ਼ੇਸ਼' ਪ੍ਰਵਰਗ ਨੂੰ ਸਵੀਕ੍ਰਿਤੀ ਦਿੱਤੀ। ਮਨੁੱਖਤਾ ਸਾਮਾਨਯ ਗੁਣ ਹੈ ਜੋ ਸਾਰੇ ਮਨੁੱਖਾਂ ਵਿਚ ਵਿਆਪਕ ਹੈ। ਦੂਜੇ ਪਾਸੇ ਹਰ ਪਰਮਾਣੂ ਆਪਣੇ ਆਪ ਵਿਚ ਵਿਸ਼ੇਸ਼ ਅਤੇ ਵੱਖਰਾ ਹੈ ਜਿਸ ਦੀ ਹੋਂਦ ਸਦੀਵੀ ਹੈ। ਨਿਆਇ ਵੈਸ਼ਵਿਕ ਚਿੰਤਕਾਂ ਨੇ 'ਮਨ' ਨੂੰ ਵੀ ਪ੍ਰਮਾਣੂ ਮੰਨਿਆ ਹੈ, ਜੋ ਅਦਿੱਖ ਦ੍ਰਵ ਹੈ ਅਤੇ ਦੁਖਾਂ ਸੁਖਾਂ ਆਦਿਕ ਦਾ ਅਨੁਭਵ ਕਰਦਾ ਹੈ। ਈਸ਼ਵਰ ਦੀ ਅਦੁੱਤੀ ਹਸਤੀ ਸੰਸਾਰ ਦਾ ਨਮਿਤ ਕਾਰਨ ਹੈ। ਸੰਸਾਰੀ ਜੀਵਾਂ ਨੂੰ ਕਰਮਾਂ ਦਾ ਫਲ ਭੁਗਤਾਉਣ ਵਾਲਾ ਈਸ਼ਵਰ ਹੀ ਹੈ। ਨਿਆਇ ਮਤ ਦੇ ਚਿੰਤਕਾਂ ਨੇ ਤਰਕ ਸ਼ਾਸਤ੍ਰ (ਲੌਜਿਕ) ਦੀਆਂ ਬਰੀਕੀਆਂ ਨਿਰਧਾਰਿਤ ਕਰਕੇ ਚਿੰਤਨ ਅਤੇ ਗਿਆਨ ਮੀਮਾਂਸਾ ਦੇ ਖੇਤਰਾਂ ਨੂੰ ਵਡਮੁੱਲੀ ਦੇਣ ਦਿੱਤੀ। ਮਨੁੱਖੀ ਗਿਆਨ ਦੇ ਦੋ ਪ੍ਰਮੁੱਖ ਸਰੋਤ 'ਪ੍ਰੇਖਣ' ਅਤੇ 'ਅਨੁਮਾਨ' ਹਨ ਜਿਨ੍ਹਾਂ ਦਾ ਵਿਸਤ੍ਰਿਤ ਵਰਨਣ ਨਿਆਇ ਸ਼ਾਸ਼ਤ੍ਰ ਵਿਚ ਪ੍ਰਾਪਤ ਹੈ। ਨਿਆਈ ਵੈਸ਼ੇਸ਼ਿਕ ਸਿਧਾਂਤ ਅਨੁਸਾਰ ਹਰ ਵਸਤੂ ਹਰ ਦੂਜੀ ਵਸਤੂ ਤੋਂ ਭਿੰਨ ਹੈ; 'ਕਾਰਜ' ਕਿਸੇ ਕਾਰਨ ਦੀ ਉਪਜ ਨਹੀਂ; ਸੋ 'ਅਸਤ-ਕਾਰਜਵਾਦ' ਦਾ ਸਿਧਾਂਤ ਇਸ ਮਤ ਨੂੰ ਪ੍ਰਵਾਨ ਹੈ।

ਜੈਮਿਨੀ ਦੇ ਮੀਮਾਂਸਾ-ਸੂਤ੍ਰਾਂ ਉੱਤੇ ਆਧਾਰਿਤ ਸ਼ਾਸਤ੍ਰ ਨੂੰ 'ਪੂਰਵ ਮੀਮਾਂਸਾ' ਕਿਹਾ ਜਾਂਦਾ ਹੈ। ਇਸ ਚਿੰਤਨ ਪ੍ਰਣਾਲੀ ਦਾ ਕੇਂਦਰੀ ਸੰਕਲਪ 'ਧਰਮ' ਹੈ ਜਿਸ ਤੋਂ ਕਰਤੱਵ-ਪਾਲਨਾ ਦਾ ਭਾਵ ਲਿਆ ਗਿਆ ਹੈ। ਇਸ ਦੀ ਸੇਧ ਕਰਮ ਕਾਂਡ ਹੈ ਜੋ ਵੇਦਿਕ ਸਿਖਿਆਵਾਂ ਉਤੇ ਆਧਾਰਿਤ ਮੰਨੀ ਗਈ ਹੈ। ਮੀਮਾਂਸਾ ਹਿੰਦੂ ਧਰਮ ਦੇ ਕ੍ਰਿਆਤਮਕ ਪੱਖ ਦਾ ਸਿਧਾਂਤ ਪੇਸ਼ ਕਰਦਾ ਹੈ —ਕੀ ਕਰਨਾ ਹੈ, ਕੀ ਨਹੀ ਕਰਨਾ। ਬਲੀਦਾਨ, ਯੱਗ ਆਦਿਕ ਦੀਆਂ ਵਿਧੀਆਂ ਅਤੇ ਉਨ੍ਹਾਂ ਦੇ ਫਲ ਦਾ ਉਲੇਖ ਇਸ ਸ਼ਾਸਤ੍ਰ ਵਿਚ ਪ੍ਰਾਪਤ ਹੈ। ਇਹ ਯਥਾਰਥਵਾਦੀ ਚਿੰਤਨ ਪ੍ਰਣਾਲੀ ਵਿਸ਼ਵ ਨੂੰ ਸਦੀਵੀ ਹੋਂਦ ਮੰਨਦੀ ਹੈ, ਜਿਸ ਦਾ ਕੋਈ ਕਰਤਾ ਜਾਂ ਸਿਰਜਕ ਨਹੀਂ। ਰੱਬ ਦੀ ਹਸਤੀ ਵਿਚ ਇਸ ਮਤ ਦਾ ਵਿਸ਼ਵਾਸ ਨਹੀਂ। 'ਕਰਮ' ਸੁਤੰਤਰ ਤੇ ਬਲਵਾਨ ਨਿਯਮ ਹੈ। ਨੈਤਿਕ ਕਰਤੱਵ ਦੀ ਪਾਲਨਾ ਵਿਅਕਤੀ ਦਾ ਧਰਮ ਹੈ। ਗਿਆਨ ਪ੍ਰਾਪਤੀ ਦੇ ਸਾਧਨਾਂ ਵਿਚ ਪੂਰਵ ਮੀਮਾਂਸਾ ਛੇ ਪ੍ਰਮਾਣ ਸ਼ਾਮਿਲ ਕਰਦਾ ਹੈ—ਪ੍ਰੇਖਣ, ਅਨੁਮਾਨ, ਸ਼ਬਦ, ਉਪਮਾਨ, ਅਰਥਾਪੱਤੀ ਅਤੇ ਅਨੁਪਲਬਧੀ (ਅਣਹੋਂਦ)। ਕਾਰਨ ਕਾਰਜ ਦੇ ਸਿਧਾਂਤ ਨੂੰ ਮੀਮਾਂਸਿਕਾਂ ਨੇ 'ਸੱਤ ਕਾਰਜਵਾਦ' ਆਖਿਆ ਹੈ ਕਿਉਂਕਿ ਕਾਰਜ ਆਪਣੇ ਰੂਪ ਵਿਚ ਕਾਰਨ ਤੋਂ ਭਿੰਨ ਹੈ। ਪਿਛਲੇਰੇ ਚਿੰਤਕਾਂ ਨੇ 'ਮੋਖ' ਨੂੰ ਮੀਮਾਂਸਾ-ਸ਼ਾਸਤ੍ਰ ਵਿਚ ਮਹੱਤਤਾ ਦਿੱਤੀ ਹੈ। ਮੁਕਤ ਆਤਮਾ ਦੁਖਾਂ ਸੁਖਾਂ ਤੋਂ ਉਪਰ ਹੋ ਜਾਂਦੀ ਹੈ। ਨਿਸ਼ਕਾਮ ਕਰਮ ਮੋਖ ਪ੍ਰਾਪਤੀ ਦਾ ਉੱਤਮ ਸਾਧਨ ਮੰਨਿਆ ਹੈ।

ਵੇਦਾਂਤ ਭਾਰਤੀ ਦਰਸ਼ਨ ਦਾ ਪ੍ਰਮੁੱਖ ਸ਼ਾਸਤ੍ਰ ਹੈ ਜਿਸ ਦੀ ਵਿਚਾਰਧਾਰਾ ਨੇ ਹਿੰਦੂ ਧਰਮ ਤੇ ਸਭਿਆਚਾਰ ਨੂੰ ਸਭ ਤੋਂ ਵਧੀਕ ਪ੍ਰਭਾਵਿਤ ਕੀਤਾ ਹੈ ਅਤੇ ਜਗਤ ਪ੍ਰਸਿੱਧੀ ਪ੍ਰਾਪਤ ਕੀਤੀ ਹੈ। ਹਿੰਦੂ ਧਰਮ-ਚਿੰਤਨ ਤੇ ਤਿੰਨ ਪ੍ਰਮੁੱਖ ਸਰੋਤ ਮੰਨੇ ਗਏ ਹਨ—ਉਪਨਿਸ਼ਦ, ਗੀਤਾ ਅਤੇ ਵੇਦਾਂਤ। ਵੇਦਾਂਤ ਸ਼ਾਸਤ੍ਰ ਨੂੰ 'ਉੱਤਰ ਮੀਮਾਂਸਾ' ਦਾ ਨਾਮ ਵੀ ਦਿੱਤਾ ਗਿਆ ਹੈ। ਇਸ ਦਾ ਆਧਾਰ ਵਿਆਸ (ਬਾਦਰਾਇਣ) ਦੇ ਬ੍ਰਹਮ ਸੂਤ੍ਰ ਹਨ ਜੋ ਉਪਨਿਸ਼ਦਾਂ ਦੀ ਮੂਲ ਭਾਵਨਾ ਨੂੰ ਵਿਅਕਤ ਕਰਦੇ ਹਨ। ਬ੍ਰਹਮ ਸੂਤ੍ਰਾਂ ਦੀ ਵਿਆਖਿਆ ਦੇ ਅੰਤਰਗਤ ਉਤਪੰਨ ਮਤ-ਭੇਦਾਂ ਕਾਰਨ ਛੇ ਪ੍ਰਸਿੱਧ ਮਤ ਪ੍ਰਚੱਲਿਤ ਹੋਏ ਜਿਨਾਂ ਦੇ ਨਾਮ ਇੰਜ ਹਨ : (1) ਸ਼ੰਕਰਚਾਰੀਆ ਦਾ ਅਦਵੈਤ ਵੇਦਾਂਤ (2) ਰਾਮਾਨੁਜ ਦਾ ਵਿਸ਼ਿਸ਼ਟਾਦਵੈਤ (3) ਮਾਧਵਾਚਾਰੀਆ ਦਾ ਦਵੈਤ (4) ਨਿੰਬਾਰਕ ਦਾ ਦਵੈਤਾਦਵੈਤ (5) ਵੱਲਭ ਦਾ ਸ਼ੁੱਧ ਅਦਵੈਤ ਅਤੇ (6) ਚੈਤੰਨਯ ਦਾ ਅਚਿੰਤਾ-ਭੇਦਾ-ਭੇਦ। ਸਿਧਾਂਤਕ ਵਿਆਖਿਆ ਵਿਚ ਬੇਸ਼ੱਕ ਹਰ ਚਿੰਤਨ ਨੇ ਵਿਵੇਕਸ਼ੀਲਤਾ ਅਤੇ ਤਰਕ ਤੋਂ ਕੰਮ ਲਿਆ ਹੈ ਪਰ ਬੁਨਿਆਦੀ ਵਿਸ਼ਵਾਸ ਸਭ ਦਾ ਆਵੇਸ਼ ਵਿਚ ਹੈ ਅਤੇ ਵੇਦਾਂ ਦੀ ਪ੍ਰਭੁਤਾ ਸਭ ਨੂੰ ਪ੍ਰਵਾਨ ਹੈ।

ਸ਼ੰਕਰਚਾਰੀਆ ਨੇ ਆਪਣੇ ਅਦਵੈਤਵਾਦ ਦੇ ਸਿਧਾਂਤ ਰਾਹੀਂ ਇਹ ਸਿੱਧ ਕੀਤਾ ਕਿ ਬ੍ਰਹਮ ਹੀ ਇਕੋ-ਇਕ ਪਰਮ ਸਚਾਈ ਹੈ ਜਿਸ ਦਾ ਕੋਈ ਸਾਨੀ ਨਹੀਂ, ਜੋ ਦੂਈ-ਰਹਿਤ ਹਸਤੀ ਹੈ, ਅ-ਦਵੈਤ ਹੈ, ਆਤਮਾ ਤੇ ਬ੍ਰਹਮ ਵਿਚ ਕੋਈ ਭੇਦ ਨਹੀਂ; ਜਦੋਂ ਜੀਵ ਨੂੰ ਪੂਰਨ ਗਿਆਨ ਪ੍ਰਾਪਤ ਹੋ ਜਾਂਦਾ ਹੈ ਤਾਂ ਉਸ ਉਤੇ ਇਹ ਸਚਾਈ ਸਪਸ਼ਟ ਹੋ ਜਾਂਦੀ ਹੈ ਕਿ ਉਹ ਆਪ ਹੀ ਬ੍ਰਹਮ ਹੈ। ਜਗਤ ਪਰਪੰਚ ਨੂੰ ਸ਼ੰਕਰ ਨੇ 'ਮਾਇਆ' ਕਹਿ ਕੇ ਭਰਮ ਭੁਲੇਖੇ ਦਾ ਦਰਜਾ ਦਿੱਤਾ ਹੈ। ਮਾਇਆ ਇਕ ਪਾਸੇ ਬ੍ਰਹਮ ਵਾਂਗ ਆਦਿ-ਰਹਿਤ (ਅਨਾਦੀ) ਦਰਸਾਈ ਹੈ, ਦੂਜੇ ਪਾਸੇ ਇਸ ਨੂੰ ਜੀਵਾਂ ਦੀ ਅਵਿਦਿਆ ਦਾ ਸਿੱਟਾ ਦਸਿਆ ਹੈ। ਰੱਸੀ ਤੇ ਸੱਪ ਦਾ ਦ੍ਰਿਸ਼ਟਾਂਤ ਦੇ ਕੇ ਸ਼ੰਕਰ ਨੇ ਮਨੁੱਖੀ ਅਗਿਆਨ ਉਤੇ ਆਧਾਰਿਤ ਭੁਲੇਖੇ ਦਾ ਵਰਨਣ ਕੀਤਾ ਹੈ ਜਿਸ ਦਾ ਅੰਤ ਸੰਭਵ ਹੈ। ਇਸ ਤਰ੍ਹਾਂ ਮਾਇਆ 'ਸਾ-ਅੰਤ' ਹੋ ਜਾਂਦੀ ਹੈ। ਜਗਤ ਦੀ ਹੋਂਦ ਬ੍ਰਹਮ ਦੀ ਸੱਤਾ ਉਤੇ ਨਿਰਭਰ ਹੈ; ਆਪਣੇ ਆਪ ਵਿਚ ਇਸ ਦੀ ਵਾਸਤਵਿਕਤਾ ਨਹੀਂ। ਪਰ ਇਸ ਨੂੰ ਅਸਤ ਵੀ ਨਹੀਂ ਕਿਹਾ ਜਾ ਸਕਦਾ। ਸ਼ੰਕਰ ਅਨੁਸਾਰ ਮਾਇਆ ਕਥਨੋਂ-ਬਾਹਰੀ, ਅ-ਨਿਰਵਚਨੀ ਹੈ। ਅੰਤਰਬੋਧੀ ਦ੍ਰਿਸ਼ਟੀ ਰਾਹੀਂ ਗ੍ਰਹਿਣ ਕੀਤਾ ਹੋਇਆ ਪਰਮਾਰਥਕ ਸੱਚ ਬ੍ਰਹਮ ਦੀ ਅਦਵੈਤਿਕ ਸਚਾਈ ਪ੍ਰਗਟ ਕਰ ਦਿੰਦਾ ਹੈ; ਇਹ ਗਿਆਨ ਵਿਅਕਤੀ ਦੀ ਉੱਚਤਮ ਪ੍ਰਾਪਤੀ ਹੈ, ਉਸ ਦੀ ਮੁਕਤੀ ਹੈ।

ਸ਼ੰਕਰ ਦੇ ਸਿਧਾਂਤ ਵਿਚ ਬ੍ਰਹਮ ਨਿਰਗੁਣ ਵੀ ਹੈ ਅਤੇ ਸਾਗੁਣ ਵੀ। ਉਹ ਗੁਣਾਂ ਤੋਂ ਅਤੀਤ ਹੈ, ਨਿਰ-ਆਕਾਰ ਹੈ, ਕੋਈ ਗੁਣ, ਆਕਾਰ ਉਸ ਨਾਲ ਸਬੰਧਿਤ ਨਹੀਂ ਕੀਤਾ ਜਾ ਸਕਦਾ ਪਰ ਸੰਸਾਰਕ ਦ੍ਰਿਸ਼ਟੀਕੋਣ ਤੋਂ ਸਾਰੇ ਗੁਣ ਉਸੇ ਦੇ ਹਨ, ਉਹੀ ਜਗਤ ਦਾ ਈਸ਼ਵਰ ਹੈ। ਫ਼ਲਸਫ਼ੇ ਦਾ 'ਬ੍ਰਹਮ' ਹੀ ਧਰਮ ਦਾ 'ਰੱਬ' ਤੇ 'ਪ੍ਰਭੂ' ਹੋ ਨਿਬੜਦਾ ਹੈ। ਸਭ ਆਤਮਾਵਾਂ ਵਿਚ ਇਕੋ-ਪਰਮ ਆਤਮਾ ਵਿਚਰ ਰਹੀ ਹੈ, ਸਾਰੇ ਮਨੁੱਖ ਇਕੋ ਜੋਤੀ ਦਾ ਸਰੂਪ ਹਨ; ਭੇਦ-ਭਾਵ ਤੇ ਵਖਰੇਵੇਂ ਮਨੁੱਖੀ ਅਵਿਦਿਆ ਹੈ। ਵਿਵੇਕ ਤੇ ਵੈਰਾਗ ਮਨੁੱਖ ਨੂੰ ਅੰਤਿਮ ਨਿਸ਼ਾਨੇ ਵੱਲ ਲੈ ਜਾਂਦੇ ਹਨ।

ਸ਼ੰਕਰ ਦੇ ਸਿਧਾਂਤ ਵਿਚ ਜਿਥੇ ਗਿਆਨ ਨੂੰ ਪ੍ਰਾਥਮਿਕਤਾ ਪ੍ਰਾਪਤ ਹੈ ਉਥੇ ਰਾਮਾਨੁਜ ਦੇ 'ਵਿਸ਼ਿਸ਼ਟ ਅਦਵੈਤ' ਮਤ ਵਿਚ ਭਗਤੀ ਨੂੰ ਉੱਤਮ ਸਥਾਨ ਮਿਲਿਆ ਹੈ। ਰਾਮਾਨੁਜਾਚਾਰੀਆ ਅਨੁਸਾਰ ਬ੍ਰਹਮ ਅਤੇ ਜੀਵ ਦੋਵੇਂ ਵਿਸ਼ੇਸ਼ ਹਨ। ਈਸ਼ਵਰ ਪ੍ਰਮੁੱਖ ਹੈ ਜਦੋਂ ਕਿ ਚਿਤ ਤੇ ਅਚਿਤ ਹਸਤੀਆਂ ਉਸ ਦੇ ਵਿਸ਼ੇਸ਼ਣ (ਗੁਣ) ਹਨ। ਜੀਵ ਆਪਣੀ ਚੇਤਨਾ ਰਾਹੀਂ ਈਸ਼ਵਰ ਨੂੰ ਸਾਖਿਆਤ ਕਰ ਲੈਂਦਾ ਹੈ ਅਤੇ ਭਗਤੀ ਸਾਧਨਾ ਦੁਆਰਾ ਪਰਮ ਅਨੰਦ ਦੀ ਅਵਸਥਾ ਨੂੰ ਪ੍ਰਾਪਤ ਹੁੰਦਾ ਹੈ। ਰਾਮਾਨੁਜ ਦਾ ਸਾਗੁਣ ਨਿਰਗੁਣ ਬ੍ਰਹਮ ਸਤਿਅਮ, ਸੁੰਦਰਮ ਤੇ ਆਨੰਦਮ ਹੈ। ਉਸ ਨੂੰ ਬ੍ਰਹਮ ਇਸ ਲਈ ਕਹਿੰਦੇ ਹਾਂ ਕਿ ਉਸ ਵਿਸ਼ਵ-ਵਿਆਪੀ ਚੇਤਨ ਹਸਤੀ ਹੈ ਜਿਸ ਵਿਚ ਪਦਾਰਥਕ ਹੋਂਦਾਂ ਤੇ ਜੀਵ ਸ਼ਾਮਿਲ ਹਨ। ਉਸ ਨੂੰ ਈਸ਼ਵਰ ਰੂਪ ਵਿਚ ਇਸ ਲਈ ਚਿਤਵਦੇ ਹਨ ਕਿ ਉਹ ਅੰਤਰਯਾਮੀ ਹੈ, ਹਰ ਆਤਮਾ ਵਿਚ ਵਸਦਾ ਹੈ, ਕਿਰਪਾ ਸਰੂਪ, ਦਾਤਾਰ ਹੈ ਅਤੇ ਜੀਵਾਂ ਦੇ ਕਲਿਆਣ ਹਿਤ ਅਵਤਾਰ ਧਾਰਦਾ ਹੈ। ਉਪਾਸ਼ਨਾ, ਸਮਾਧੀ ਅਤੇ ਪ੍ਰੇਮਾ-ਭਗਤੀ ਜੀਵ ਦੀ ਮੋਖ ਪ੍ਰਾਪਤੀ ਦਾ ਪੰਧ ਉਲੀਕਦੇ ਹਨ। ਰਾਮਾਨੁਜ ਦੇ ਇਸ ਮਤ ਦੇ ਟਾਕਰੇ ਉਤੇ ਮਾਧਵਾਚਾਰੀਆ ਦਾ 'ਦਵੈਤ' ਸਿਧਾਂਤ ਈਸ਼ਵਰ ਅਤੇ ਜਗਤ ਨੂੰ ਯਥਾਰਥਕ ਹਸਤੀਆਂ ਪ੍ਰਵਾਨ ਕਰਦਾ ਹੈ। ਈਸ਼ਵਰ ਸੰਸਾਰ ਦਾ ਕਰਤਾ ਹੈ ਪਰ ਸੰਸਾਰ ਕੇਵਲ ਮਾਇਆ ਜਾਂ ਭੁਲੇਖਾ ਨਹੀਂ, ਯਥਾਰਥ ਹੈ। ਸਾਕਸ਼ੀ ਈਸ਼ਵਰ ਦੀ ਵਿਧੀਬੱਧ ਭਗਤੀ ਜੀਵ ਨੂੰ ਮੋਖ ਪ੍ਰਦਾਨ ਕਰਦੀ ਹੈ।

ਭਾਰਤੀ ਅਧਿਆਤਮਵਾਦ ਦੀ ਪਰੰਪਰਾ—ਵੇਦਾਂਤ ਦੇ ਵਿਭਿੰਨ-ਮਤਾਂ ਨੇ ਜਗਤ, ਜੀਵ ਤੇ ਬ੍ਰਹਮ ਦੇ ਪਰਸਪਰ ਸੰਬੰਧਾਂ ਦੀ ਵਿਆਖਿਆ ਦੇ ਅੰਤਰਗਤ ਜਿਸ ਅਧਿਆਤਮਵਾਦੀ ਦਰਸ਼ਨ ਦੀ ਵਿਅੰਜਨਾ ਕੀਤੀ ਹੈ, ਉਹ ਭਾਰਤੀ ਚਿੰਤਨ ਦੀ ਸਮੁੱਚੀ ਪਰੰਪਰਾ ਦਾ ਪ੍ਰਤਿਨਿਧ ਹੈ। ਇਸ ਅਧਿਆਤਮਵਾਦ ਦਾ ਇਕ ਪ੍ਰਮੁੱਖ ਸਰੂਪ ਭਗਵਦ ਗੀਤਾ ਵਿਚ ਉਪਲਬੱਧ ਹੈ ਜਿਥੇ ਸ੍ਰੀ ਕ੍ਰਿਸ਼ਨ ਪਾਂਡਵਾਂ ਦੇ ਸੂਰਬੀਰ ਅਰਜੁਨ ਨੂੰ ਸੰਬੋਧਿਤ ਉਪਦੇਸ਼ਾਂ ਰਾਹੀਂ ਈਸ਼ਵਰਵਾਦ, ਨੈਤਿਕ ਕਰਮ, ਗਿਆਨ, ਭਗਤੀ, ਸੰਨਿਆਸ ਅਤੇ ਅਭੇਦਤਾ ਦੇ ਰਹੱਸਮਈ ਅਰਥ ਉਜਾਗਰ ਕਰਦੇ ਹਨ। ਗੀਤਾ ਦੀ ਸਿਖਿਆ ਨੂੰ ਭਾਰਤੀ ਜੀਵਨ ਸ਼ੈਲੀ ਦਾ ਪ੍ਰਮੁੱਖ ਆਧਾਰ ਮੰਨਿਆ ਜਾਂਦਾ ਹੈ। ਮਹਾਤਮਾ ਗਾਂਧੀ ਨੇ ਗੀਤਾ ਨੂੰ ਆਪਣੀ 'ਆਤਮਿਕ ਮਾਂ' ਆਖਿਆ ਹੈ। ਸ੍ਰੀ ਅਰਬਿੰਦੋ ਇਸ ਨੂੰ ਵਿਸ਼ਵ-ਵਿਆਪੀ ਉਪਦੇਸ਼ ਕਹਿੰਦੇ ਹਨ ਜਿਸ ਦਾ 'ਕਰਮ ਯੋਗ' ਬੇਮਿਸਾਲ ਚਿੰਤਨ-ਪ੍ਰਨਾਲੀ ਹੈ। ਡਾ. ਰਾਧਾ ਕ੍ਰਿਸ਼ਨਨ ਗੀਤਾ ਨੂੰ ਈਸ਼ਵਰ ਤੇ ਮਨੁੱਖ ਵਿਚਕਾਰ ਇਕ ਸੰਵਾਦ ਮੰਨਦੇ ਹਨ। ਗੀਤਾ ਦੇ ਉਦੇਸ਼ਾਂ ਵਿਚ ਸਵੈ-ਸੰਜਮ ਨੂੰ ਅਧਿਕ ਮਹੱਤਤਾ ਮਿਲੀ ਹੈ। ਤਮਸ ਤੇ ਰਜਸ ਦੇ ਗੁਣਾਂ ਨੂੰ ਵਸੀਕਾਰ ਵਿਚ ਰੱਖ ਕੇ, ਜੀਵ ਜਦੋਂ ਸਾਤਵਿਕ ਗੁਣ ਦੀ ਸੇਧ ਵਿਚ ਚਲਦਾ ਹੈ ਤਾਂ ਉਹ 'ਸਥਿਤਪ੍ਰਗਿਆ' ਦੇ ਸੰਤੁਲਿਤ ਜੀਵਨ ਨੂੰ ਪ੍ਰਾਪਤ ਹੁੰਦਾ ਹੈ। ਇਸ ਆਦਰਸ਼ਕ ਅਵਸਥਾ ਵਿਚ ਨਿਸ਼ਕਾਮ ਕਰਮ ਤੇ ਕਰਤੱਵ ਪਾਲਨਾ, ਭਗਤੀ ਭਾਵ ਤੇ ਆਪਾ-ਸਮਰਪਨ ਉਸ ਦੀ ਜੀਵਨ ਟੇਕ ਬਣ ਜਾਂਦੇ ਹਨ ਅਤੇ ਪ੍ਰਭੂ ਪ੍ਰੇਮ ਦਾ ਪਾਤਰ ਹੋ ਕੇ ਉਹ ਮਨੁੱਖ ਮਾਤਰ ਲਈ ਸੇਵਾ ਤੇ ਪ੍ਰੇਮ ਦਾ ਪੁੰਜ ਸਿੱਧ ਹੁੰਦਾ ਹੈ।

ਗੀਤਾ ਵਿਚ ਨਿਰਧਾਰਿਤ ਜੀਵਨ-ਜਾਚ ਉਪਨਿਸ਼ਦਾਂ ਅਤੇ ਵੇਦਾਂਤ ਦੀ ਭਾਵਨਾ ਨਾਲ ਓਤ-ਪੋਤ ਹੈ। ਇਸ ਜੀਵਨ ਜਾਚ ਵਿਚ ਭਾਰਤੀ ਸਭਿਆਚਾਰ ਦੀਆਂ ਪਰੰਪਰਾਗਤ ਕਦਰਾਂ-ਕੀਮਤਾਂ ਦਾ ਸੰਚਾਰ ਹੋਇਆ ਹੈ ਜੋ 'ਚਾਰ ਪਦਾਰਥ' ਦੇ ਰੂਪ ਵਿਚ ਧਰਮ, ਅਰਥ,ਕਾਮ ਤੇ ਮੋਕਸ਼ ਦੀਆਂ ਕੀਮਤਾਂ ਹਨ। ਚਿੰਤਕਾਂ ਨੇ ਮਨੁੱਖ ਦੇ ਸਰੀਰਕ ਤੇ ਮਾਨਸਿਕ ਜੀਵਨ ਦੀਆਂ ਲੋੜਾਂ ਨੂੰ ਸਵੀਕ੍ਰਿਤੀ ਦਿੰਦਿਆਂ, ਧਰਮ ਨੂੰ ਪਹਿਲੇ ਸਥਾਨ ਉਤੇ ਰਖਿਆ ਕਿਉਂਕਿ ਪਦਾਰਥਕ ਤੇ ਭਾਵੁਕ ਸੰਤੁਸ਼ਟੀ ਦੀ ਭਾਲ ਅਤੇ ਧਰਮ ਦਾ ਸੰਜਮ ਆਵੱਸ਼ਕ ਸਮਝਿਆ ਗਿਆ। 'ਧਰਮ' ਕੇਵਲ ਵਿਅਕਤੀ ਦਾ ਨੈਤਿਕ ਕਰਤੱਵ ਨਹੀਂ, ਇਹ ਕੁਦਰਤ ਵਿਚ ਵਿਆਪਕ ਵਿਸ਼ਵਮਈ ਨਿਯਮ ਅਤੇ ਸਮਾਜਕ ਜੀਵਨ ਦਾ ਆਧਾਰ ਵੀ ਹੈ। ਮੋਖ ਦਾ ਆਦਰਸ਼ ਧਨ-ਮਾਲ, ਕਾਮਨਾ ਤੇ ਕਰਤੱਵ ਦੀਆਂ ਆਵੱਸ਼ਕਤਾਵਾਂ ਨੂੰ ਨਿਯਮਿਤ ਸੇਧ ਦੇ ਕੇ, ਅਲੇਪਤਾ ਦੇ ਜੀਵਨ ਦਾ ਸੰਜਮ ਨਿਰਧਾਰਿਤ ਕਰਦਾ ਹੈ। ਭਾਰਤੀ ਸਭਿਆਚਾਰ ਦੀਆਂ ਕੀਮਤਾਂ ਦਾ ਇਹ ਚਹੁ-ਮੁੱਖੀ ਢਾਂਚਾ ਸੰਤੁਲਿਤ ਜੀਵਨ ਸ਼ੈਲੀ ਦਾ ਇਕ ਵਿਸੇਸ਼ ਚਿੱਤਰ ਪੇਸ਼ ਕਰਦਾ ਹੈ।

ਉਪਨਿਸ਼ਦਾਂ ਅਤੇ ਛੇ ਸ਼ਾਸਤ੍ਰਾਂ ਤੋਂ ਛੁਟ, ਭਾਰਤੀ ਧਰਮ-ਦਰਸ਼ਨ ਦੇ ਵਿਕਾਸ ਵਿਚ ਜਿਨ੍ਹਾਂ ਚਿੰਤਨ ਪ੍ਰਣਾਲੀਆਂ ਦੀ ਵਰਣਨ ਯੋਗ ਦੇਣ ਹੈ, ਉਨ੍ਹਾਂ ਵਿਚ ਤੰਤਰ, ਆਗਮ ਤੇ ਨਿਗਮ ਸ਼ਾਮਲ ਹਨ ਇਨ੍ਹਾਂ ਗ੍ਰੰਥਾਂ ਉਤੇ ਆਧਾਰਿਤ ਤਿੰਨ ਮਤ ਪ੍ਰਸਿੱਧ ਹਨ—ਸ਼ੈਵ, ਸ਼ਾਕਤ ਅਤੇ ਵੈਸ਼ਨਵ ਜੋ ਕ੍ਰਮਵਾਰ ਸ਼ਿਵ, ਸ਼ਕਤੀ (ਦੁਰਗਾ) ਅਤੇ ਵਿਸ਼ਨੂ ਦੇ ਪੈਰੋਕਾਰਾਂ ਦੇ ਮਤ ਹਨ। ਇਨ੍ਹਾਂ ਤੋਂ ਬਿਨਾਂ ਕਸ਼ਮੀਰ-ਸ਼ੈਵਮਤ ਦਾ 'ਆਦਰਸ਼ਕ ਏਕਵਾਦ' ਵੀ ਪ੍ਰਚੱਲਿਤ ਹੋਇਆ ਜੋ ਅੰਤਿਮ ਹਕੀਕਤ ਦੇ ਅਗੋਚਰ ਤੇ ਵਿਆਪਕ ਪੱਖਾਂ ਦਾ ਉਲੇਖ ਕਰਦਾ ਹੈ। ਭਾਰਤ ਵਿਚ ਇਸਲਾਮ ਦੇ ਪ੍ਰਵੇਸ਼ ਉਪਰੰਤ ਸੂਫ਼ੀ ਰਹੱਸਵਾਦ ਦਾ ਪ੍ਰਭਾਵ ਜ਼ੋਰ ਪਕੜ ਗਿਆ; ਮੱਧਕਾਲੀਨ ਭਗਤੀ ਲਹਿਰ ਤੇ ਸੰਤ-ਮਤ ਦੀ ਵਿਚਾਰਧਾਰਾ ਉਤੇ ਕਿਸੇ ਹੱਦ ਤੱਕ ਸੂਫ਼ੀਆਨਾ ਰੰਗਤ ਦੇਖਣ ਵਿਚ ਆਉਂਦੀ ਹੈ।

ਸਮੁੱਚੀ ਭਾਰਤੀ ਪਰੰਪਰਾ ਵਿਚ ਮਨੁੱਖੀ ਜੀਵਨ ਦੇ ਸੰਸਾਰਕ ਤੇ ਪਰਮਾਰਥਕ ਪੱਖਾਂ ਦੀ ਚਰਚਾ ਦੇ ਬਾਵਜੂਦ, ਇਸ ਨੂੰ ਅਕਸਰ ਸੰਸਾਰ ਤੋਂ ਉਪਰਾਮ ਵਿਚਾਰਧਾਰਾ ਗਰਦਾਨਿਆ ਗਿਆ ਹੈ। ਸੰਨਿਆਸ ਦੇ ਆਦਰਸ਼ ਨੇ ਇਸ ਆਲੋਚਨਾ ਲਈ ਆਧਾਰ ਦਾ ਕੰਮ ਕੀਤਾ ਹੈ। ਆਧੁਨਿਕ ਭਾਰਤੀ ਚਿੰਤਨ ਇਸ ਵਿਚਾਰ ਨਾਲ ਪੂਰੀ ਤਰ੍ਹਾਂ ਸਹਿਮਤ ਨਹੀਂ। ਪਰੰਪਰਾ ਬੇਸ਼ੱਕ ਉਪਰਾਮਤਾ ਅਤੇ ਸੰਨਿਆਸ ਨੂੰ ਆਦਰਸ਼ ਥਾਪਦੀ ਹੈ, ਇਸ ਵਿਚ ਵਰਤਮਾਨ ਮਨੁੱਖੀ ਜੀਵਨ ਦੇ ਸਮਾਜਕ, ਰਾਜਨੀਤਿਕ ਤੇ ਆਰਥਿਕ ਪੱਖਾਂ ਸੰਬੰਧੀ ਸਾਮਗ੍ਰੀ ਵੀ ਚੋਖੀ ਮਾਤ੍ਰਾ ਵਿਚ ਉਪਲਬੱਧ ਹੈ।

ਸੋਲ੍ਹਵੀਂ ਤੇ ਸਤਾਰਵੀਂ ਸਦੀ ਦੌਰਾਨ ਗੁਰੂ ਨਾਨਕ ਦੇਵ ਅਤੇ ਉਨ੍ਹਾਂ ਦੇ ਉੱਤਰ ਅਧਿਕਾਰੀ ਗੁਰੂ ਸਾਹਿਬਾਨ ਨੇ ਆਪਣੀ ਬਾਣੀ ਵਿਚ ਮਨੁੱਖੀ ਜੀਵਨ ਨੂੰ ਜੋ ਸੇਧ ਦਿੱਤੀ, ਉਸ ਦੀ ਵਿਆਖਿਆ ਭਾਰਤੀ ਦਰਸ਼ਨ ਵਿਚ ਨਿੱਗਰ ਵਾਧਾ ਕਰਦੀ ਹੈ। ਇਸ ਨੈਤਿਕ-ਅਧਿਆਤਮਿਕ ਚਿੰਤਨ ਵਿਚ ਉਪਰਾਮਤਾ ਅਤੇ ਸੰਨਿਆਸ ਦੀ ਬਜਾਇ ਗ੍ਰਿਹਸਥ ਵਿਚ ਨਿਰਲੇਪਤਾ ਦੇ ਜੀਵਨ ਉਤੇ ਅਧਿਕ ਬਲ ਹੈ ਅਤੇ ਜੀਵਨ ਮੁਕਤ ਵਿਅਕਤੀ ਨੂੰ ਬ੍ਰਹਮ-ਗਿਆਨੀ, ਗੁਰਮੁਖ ਤੇ ਸਚਿਆਰ ਦੇ ਰੂਪ ਵਿਚ ਦਰਸਾਇਆ ਗਿਆ ਹੈ। 'ਅਕਾਲ' ਸਿੱਖ ਫ਼ਲਸਫ਼ੇ ਦੀ ਇਕੋ-ਇਕ ਉੱਚਤਮ ਹਕੀਕਤ ਹੈ ਜਿਸ ਨੂੰ ਗੁਰੂ ਅਰਜਨ ਦੇਵ ਦੀ ਇਹ ਪੰਕਤੀ ਸਪੱਸ਼ਟ ਰੂਪ ਵਿਚ ਕਥਨ ਕਰਦੀ ਹੈ—"ਸਰਗੁਣ, ਨਿਰਗੁਣ ਨਿਰੰਕਾਰ, ਸੁੰਨ ਸਮਾਧੀ ਆਪਿ।"

ਜਗਤ-ਰਚਨਾ, ਸਿੱਖ ਫ਼ਲਸਫ਼ੇ ਅਨੁਸਾਰ, ਨਾ ਅਨਾਦੀ ਹੈ, ਨਾ ਸਦੀਵੀ। ਆਪਣੀ ਸਿਰਜਨਾ ਵਿਚ ਵਿਆਪਕ ਹੈ ਪਰ ਇਸ ਤੋਂ ਅਗੋਚਰ ਤੇ ਅਪਰੰਪਰ ਵੀ ਹੈ। ਕੁਦਰਤ ਦੇ ਵਿਡਾਣ ਨੂੰ ਮਾਣਦਿਆਂ ਜੀਵ ਵਿਸ਼ਮਾਦਿਤ ਹੋ ਉਠਦਾ ਹੈ ਅਤੇ ਪ੍ਰਭੂ ਦੇ ਗੁਣ ਗਾਇਨ ਕਰਦਾ ਹੈ। ਸਮੁੱਚੀ ਕਾਇਨਾਤ ਅਤੇ ਮਨੁੱਖਤਾ ਵਿਚ ਉਸ ਨੂੰ ਕਰਤਾਰ ਦੇ ਦਰਸ਼ਨ ਹੁੰਦੇ ਹਨ ਅਤੇ ਉਹ "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" ਦਾ ਕਾਇਲ ਹੋ ਜਾਂਦਾ ਹੈ।

ਇਸ ਦਰਸ਼ਨ ਵਿਚ ਮਨੁੱਖੀ ਕਰਮ ਅਤੇ ਦੈਵੀ ਮਿਹਰ ਤੇ ਸੰਕਲਪਾਂ ਦਾ ਸੰਯੋਗ ਪ੍ਰਾਪਤ ਹੈ। ਪ੍ਰਸਾਦ (ਕਿਰਪਾ) ਦਾ ਵਿਚਾਰ ਭਾਰਤੀ ਪਰੰਪਰਾ ਵਿਚ ਕੇਵਲ ਸੰਕੇਤ-ਮਾਤਰ ਵਰਤੋਂ ਵਿਚ ਆਇਆ ਹੈ ਕਿਉਂਕਿ ਕਰਮ-ਸਿਧਾਂਤ ਦਾ ਬੋਲਬਾਲਾ ਹੋਣ ਕਾਰਨ, ਕਿਰਪਾ ਨੂੰ ਵਿਸ਼ੇਸ਼ ਸਥਾਨ ਨਹੀਂ ਮਿਲ ਸਕਿਆ। ਸਿੱਖ ਚਿੰਤਨ ਨੇ ਦੈਵੀ ਮਿਹਰ ਨੂੰ ਪ੍ਰਮੁੱਖਤਾ ਦੇ ਕੇ ਨਰੋਈ ਅਧਿਆਤਮਿਕ ਸੇਧ ਕਾਇਮ ਕੀਤੀ। 'ਕਰਮ' ਦੇ ਅਰਥ ਵਿਚ ਕ੍ਰਿਆਸ਼ੀਲਤਾ ਦੇ ਗੁਣ ਦੀ ਮਹੱਤਤਾ ਦਰਸਾ ਕੇ,ਸੰਸਾਰਕ ਜੀਵਨ ਨੂੰ ਉੱਦਮ, ਦਲੇਰੀ ਅਤੇ ਮਿਲਵਰਤਣ ਦੀ ਭਾਵਨਾ ਨਾਲ ਬਤੀਤ ਕਰਨ ਉਤੇ ਬਲ ਦਿੱਤਾ ਗਿਆ। ਮਨੁੱਖ-ਮਾਤਰ ਪ੍ਰਤੀ ਪ੍ਰੇਮ ਤੇ ਸੇਵਾ-ਭਾਵ ਅਤੇ ਪ੍ਰਭੂ ਦੇ ਸਿਮਰਨ ਵਿਚ ਲਿਵਲੀਨਤਾ ਸਿੱਖ ਜੀਵਨ-ਜਾਚ ਦਾ ਧੁਰਾ ਮੰਨੇ ਗਏ। ਰਾਗ ਅਤੇ ਕਾਵਿ ਦੇ ਸੰਯੋਗ ਨੇ ਸਿੱਖ ਸਭਿਆਚਾਰ ਨੂੰ ਸੁਹਜਾਤਮਕ ਸੇਧ ਪ੍ਰਦਾਨ ਕੀਤੀ।

ਉਨ੍ਹੀਵੀਂ ਤੇ ਵੀਹਵੀਂ ਸਦੀ ਵਿਚ ਪੱਛਮੀ ਚਿੰਤਨ ਦੇ ਪ੍ਰਭਾਵਾਂ ਅਧੀਨ ਕਈ ਨਵੀਨ ਤੱਤ ਭਾਰਤੀ ਦਰਸ਼ਨ ਵਿਚ ਸੰਮਿਲਤ ਹੋ ਗਏ, ਜਿਨ੍ਹਾਂ ਵਿਚ ਵਿਕਾਸਵਾਦ, ਗਿਆਨ-ਸਿਧਾਂਤ ਵਿਧੀਆਂ, ਮਨੁੱਖੀ ਸੁਤੰਤਰਤਾ ਤੇ ਸੰਭਵ-ਸ਼ਕਤੀਆਂ, ਤੁਲਨਾਤਮਕ ਅਧਿਐਨ ਆਦਿਕ ਸ਼ਾਮਿਲ ਹਨ। 'ਯੋਗ' ਦੇ ਭਾਰਤੀ ਸੰਕਲਪ ਨੇ ਨਵੀਆਂ ਦਿਸ਼ਾਵਾਂ ਗ੍ਰਹਿਣ ਕੀਤੀਆਂ ਹਨ। ਸ੍ਰੀ ਅਰਬਿੰਦੋ ਨੇ ਯੋਗ ਅਤੇ ਵਿਕਾਸ ਸਿਧਾਂਤ ਦੇ ਸੁਮੇਲ ਰਾਹੀਂ ਅਧਿਆਤਮਕ ਜੀਵਨ ਦੀਆਂ ਉਚੇਰੀਆਂ ਪੱਧਰਾਂ ਨਿਰਧਾਰਿਤ ਕੀਤੀਆਂ। ਉਸ ਦੇ ਫ਼ਲਸਫੇ ਵਿਚ ਸਾਧਕ ਨੂੰ ਪੂਰਨਤਾ ਦੀ ਸੇਧ ਵਿਚ ਵਿਕਸਿਤ ਹੁੰਦਾ ਦਰਸਾਇਆ ਗਿਆ ਹੈ। ਪਰ ਮਨੁੱਖੀ ਚੇਤਨਾ ਤੇ ਬੁੱਧੀ ਸੀਮਿਤ ਹੋਣ ਦੇ ਨਾਤੇ ਅਸੀਮ ਤੇ ਸਰਬ ਸੰਪੂਰਨ ਦਾ ਪੂਰਾ ਥਾਹ ਨਹੀਂ ਪਾ ਸਕਦੀਆਂ। ਡਾ. ਸਰਵਪੱਲੀ ਰਾਧਾਕ੍ਰਿਸ਼ਨਨ ਨੇ ਭਾਰਤੀ ਚਿੰਤਨ ਦੀ ਪਰੰਪਰਾ ਨੂੰ ਸਮਕਾਲੀ ਦਾਰਸ਼ਨਿਕਤਾ ਨਾਲ ਜੋੜ ਕੇ ਇਸ ਦੀ ਪੁਨਰਵਿਆਖਿਆ ਪ੍ਰਸਤੁਤ ਕੀਤੀ। ਉਸ ਨੇ ਧਾਰਨਾਵਾਦ (ਆਦਰਸ਼ਵਾਦ) ਦੀਆਂ ਵਿਭਿੰਨ ਪਰਤਾਂ ਉਜਾਗਰ ਕਰਕੇ ਇਸ ਨੂੰ ਪੂਰਬ ਅਤੇ ਪੱਛਮ ਦਾ ਸਾਂਝਾ ਫਲਸਫ਼ਾ ਬਣਾ ਕੇ ਪੇਸ਼ ਕੀਤਾ। ਉਸ ਨੇ ਅਦਵੈਤ ਮਤ ਵਿਚਲੇ 'ਮਾਇਆ' ਦੇ ਸੰਕਲਪ ਦੀ ਨਵੀਂ ਵਿਆਖਿਆ ਦੇ ਕੇ ਇਸ ਨੂੰ ਵਿਸ਼ਵਮਈ ਭੁਲੇਖੇ ਦੇ ਅਰਥ ਤੋਂ ਮੁਕਤ ਕੀਤਾ ਅਤੇ ਮਾਇਆ ਨੂੰ ਮਨੁੱਖੀ ਮਨ ਦੀ ਨਿਰਬਲਤਾ ਤੇ ਅਲਪੱਗਤਾ ਦੇ ਅਰਥਾਂ ਵਿਚ ਦਰਸਾਇਆ ਹੈ।

ਸਮਕਾਲੀ ਦੌਰ ਵਿਚ ਭਾਰਤੀ ਦਰਸ਼ਨਧਾਰਾ ਨੂੰ ਪ੍ਰਫੁਲਿਤ ਕਰਨ ਵਾਲੇ ਹੋਰਨਾਂ ਚਿੰਤਕਾਂ ਵਿਚ ਰਾਬਿੰਦਰ ਨਾਥ ਟੈਗੋਰ, ਮਹਾਤਮਾ ਗਾਂਧੀ, ਕੇ. ਸੀ. ਭੱਟਾਚਾਰੀਆ, ਸੁਆਮੀ ਵਿਵੇਕਾਨੰਦ, ਜੇ. ਕ੍ਰਿਸ਼ਨਾਮੂਰਤੀ ਅਤੇ ਮੁਹੰਮਦ ਇਕਬਾਲ ਦੇ ਨਾਮ ਵਰਣਨਯੋਗ ਹਨ। ਇਨ੍ਹਾਂ ਨੇ ਤੱਤ-ਮੀਮਾਂਸਾ, ਗਿਆਨ-ਸਿਧਾਂਤ, ਕੀਮਤ ਸਿਧਾਂਤ, ਮਾਨਵ ਵਦਾ, ਨੈਤਿਕਤਾ, ਧਰਮ ਦਰਸ਼ਨ, ਰਹੱਸਵਾਦ ਆਦਿਕ ਖੇਤਰਾਂ ਨੂੰ ਆਪਣੀ ਭਰਪੂਰ ਦੇਣ ਰਾਹੀਂ ਅਮੀਰ ਕੀਤਾ ਹੈ ਅਤੇ ਪੂਰਬ ਤੇ ਪੱਛਮ ਦੇ ਸਮੁੱਚੇ ਬੁੱਧੀਜੀਵੀ ਵਰਗ ਦੀ ਭਾਰਤੀ ਚਿੰਤਨ ਨਾਲ ਸਾਂਝ ਪੁਆਈ ਹੈ। ਵੇਦਿਕ ਕਾਲ ਤੋਂ ਲੈ ਕੇ ਵੀਹਵੀਂ ਸਦੀ ਤਕ ਨਿਰੰਤਰ ਚਲੀ ਆ ਰਹੀ ਭਾਰਤੀ ਚਿੰਤਨਧਾਰਾ ਨੇ ਅਨੇਕ ਦਾਰਸ਼ਨਿਕ ਉਡਾਰੀਆਂ ਲਾਈਆਂ ਅਤੇ ਅਧਿਆਤਮਿਕ ਉਚਾਈਆਂ ਛੋਹੀਆਂ ਹਨ ਜਿਨ੍ਹਾਂ ਦਾ ਗੰਭੀਰ ਅਧਿਐਨ ਭਵਿੱਖ ਦੀਆਂ ਪੀੜ੍ਹੀਆਂ ਨੂੰ ਕਦਰਾਂ-ਕੀਮਤਾਂ ਦੀ ਨਰੋਈ ਸੇਧ ਦੇਣ ਦੇ ਸਮਰੱਥ ਹੈ।

— ਡਾ. ਵਜ਼ੀਰ ਸਿੰਘ

ਦਰਖ਼ਤ : ਇਹ ਬਹੁਵਰਸ਼ੀ ਬੀਜਾਂ ਵਾਲੇ ਪੌਦੇ ਹਨ ਜਿਨ੍ਹਾਂ ਦੀਆਂ ਹਜ਼ਾਰਾਂ ਕਿਸਮਾਂ ਧਰਤੀ ਉਪਰ ਹਰ ਥਾਂ ਮਿਲਦੀਆਂ ਹਨ। ਪੌਦਿਆਂ ਦਾ ਆਪਸ ਵਿਚ ਮੇਲ ਜੋਲ ਇੰਨਾ ਰਲਗਡ ਹੈ ਕਿ ਕੁਝ ਦਰਖ਼ਤਾਂ ਨੂੰ ਝਾੜੀਆਂ ਅਤੇ ਕਾਠੇ ਪੌਦਿਆਂ ਨੂੰ ਬੂਟੀ ਨੁਮਾ ਪੌਦਿਆਂ ਵਿਚ ਸ਼ਾਮਲ ਕਰ ਲਿਆ ਜਾਂਦਾ ਹੈ। ਕਿਸੇ ਵੀ ਪੌਦੇ ਨੂੰ ਦਰਖ਼ਤ ਦੇ ਕਾਬਲ ਹੋਣ ਲਈ ਬਹੁਵਰਸ਼ੀ ਹੋਣਾ (ਉਹ ਪੌਦਾ ਜਿਸ ਵਿਚ ਹਰ ਸਾਲ ਵਾਧਾ ਹੁੰਦਾ ਰਹੇ) ਲਾਜ਼ਮੀ ਹੈ। ਇਸ ਤੋਂ ਇਲਾਵਾ ਦਰਖ਼ਤਾਂ ਵਿਚ ਆਮ ਤੌਰ ਤੇ ਇਕ ਹੀ ਮੁੱਖ ਤਣਾ ਹੁੰਦਾ ਹੈ ਜੋ ਬਗੈਰ ਕਿਸੇ ਸਹਾਰੇ ਦੇ ਹੁੰਦਾ ਹੈ। ਇਹ ਮੁੱਖ ਤਣਾ ਆਮ ਤੌਰ ਤੇ ਜ਼ਮੀਨ ਤੋਂ ਕੁਝ ਉਚਾਈ ਤਕ ਇਕਹਿਰਾ ਹੀ ਹੁੰਦਾ ਹੈ ਅਤੇ ਇਸ ਤੋਂ ਹੀ ਸੈਕੰਡਰੀ ਹਿੱਸੇ (ਸ਼ਾਖ਼ਾਵਾਂ) ਪੈਦਾ ਹੁੰਦੇ ਹਨ। ਕਈ ਜਾਤੀਆਂ ਵਿਚ ਮੁੱਖ ਤਣਾ ਕਈ ਵੇਰ ਬਹੁਤ ਥਲਿਉਂ ਜਾਂ ਜ਼ਮੀਨੀ ਸਤ੍ਹਾ ਤੋਂ ਹੀ ਦੋ ਜਾਂ ਜ਼ਿਆਦਾ ਤਣਿਆਂ ਵਿਚ ਵੰਡਿਆ ਜਾਂਦਾ ਹੈ। ਬਹੁਤ ਸਾਰੇ ਪਾਮ ਰੁੱਖਾਂ ਵਿਚ ਸ਼ਾਖ਼ਾਵਾਂ ਨਹੀਂ ਹੁੰਦੀਆਂ। ਉਚਾਈ ਵੀ ਕਿਸੇ ਹੱਦ ਤਕ ਦਰਖ਼ਤਾਂ ਦੀ ਪ੍ਰੀਭਾਸ਼ਾ ਵਿਚ ਇਕ ਤੱਥ ਹੁੰਦਾ ਹੈ। ਆਮ ਤੌਰ ਤੇ ਘਟੋ ਘੱਟ ਸੀਮਾ 15 ਤੋਂ 20 ਫੁੱਟ (5 ਤੋਂ 7 ਮੀ.) ਮੰਨ ਲਈ ਜਾਂਦੀ ਹੈ। ਲੱਕੜੀ ਵਾਲੇ ਪੌਦੇ ਜਲਵਾਯੂ ਤੋਂ ਵੀ ਕਾਫ਼ੀ ਪ੍ਰਭਾਵਿਤ ਹੁੰਦੇ ਹਨ। ਇਕ ਹੀ ਜਾਤੀ ਦੇ ਆਕਾਰ ਵਿਚ ਬਹੁਤ ਭਾਰੀ ਭਿੰਨਤਾ ਵੇਖਣ ਵਿਚ ਆਉਂਦੀ ਹੈ। ਪਾਈਨੇ, ਸਪਰੂਸ ਅਤੇ ਬਰਚ (ਭੋਜਪੱਤਰ) ਵਰਗੇ ਰੁੱਖ ਬੇਸ਼ਕ ਆਕਾਰ ਵਿਚ ਕੁਝ ਸੈਂ. ਮੀ. ਦੀ ਉਚਾਈ ਤਕ ਹੀ ਛੋਟੇ ਰਹਿ ਗਏ ਹੋਣ ਜਿਵੇਂ ਧੁਰ ਉਤਰੀ ਸੀਮਾਵਾਂ ਤੇ ਉਨ੍ਹਾਂ ਹੀ ਉਚਾਈਆਂ ਤੇ ਜਿਥੇ ਇਹ ਪੈਦਾ ਹੁੰਦੇ ਹਨ, ਇਨ੍ਹਾਂ ਵਿਚ ਫਿਰ ਵੀ ਲਕੱੜੀ ਵਾਲਾ ਇਕੋ ਹੀ ਤਣਾ ਹੁੰਦਾ ਹੈ। ਬਹੁਤ ਸਾਰੀਆਂ ਜਾਤੀਆਂ ਦੇ ਨਮੂਨੇ ਵਜੋਂ ਲਏ ਗਏ ਪੌਦੇ ਜੇਕਰ ਪ੍ਰਤਿਕੂਲ ਹਾਲਤਾਂ ਜਿਵੇਂ ਭੋਂ, ਸਿੱਲ੍ਹੀ ਹਵਾ ਅਤੇ ਹੋਰ ਜਲਵਾਯੂ ਤੱਥਾਂ ਵਿਚ ਉਗਾਏ ਜਾਣ ਤਾਂ ਇਨ੍ਹਾਂ ਦਾ ਕੱਦ ਬੌਣਾ ਰਹਿ ਜਾਂਦਾ ਹੈ। ਜਪਾਨੀ ਲੋਕਾਂ ਨੇ ਉਨ੍ਹਾਂ ਕੁਦਰਤੀ ਤੱਥਾਂ ਨੂੰ ਵਰਤ ਕੇ ਅਤੇ ਇਸ ਤੋਂ ਇਲਾਵਾ ਸੁਯੋਗ ਕਾਂਟਛਾਂਗ ਨਾਲ ਪੌਦਿਆਂ ਦੇ ਬੌਣੇਪਣ ਦੀ ਇਕ ਕਲਾ ਨੂੰ ਪ੍ਰਚਲਿਤ ਕੀਤਾ ਹੈ ਜਿਸ ਨੂੰ ਬਾਨਸਾਈ ਕਿਹਾ ਜਾਂਦਾ ਹੈ। ਇਸ ਕਲਾ ਰਾਹੀਂ ਉਨ੍ਹਾਂ ਪੌਦਿਆਂ, ਜੋ ਕੁਦਰਤੀ ਤੌਰ ਤੇਂ ਜੰਗਲਾਂ ਦੇ ਵੱਡੇ ਆਕਾਰ ਦੇ ਰੁੱਖ ਹੁੰਦੇ ਹਨ, ਨੂੰ ਇੰਨਾਂ ਛੋਟਾ ਕੀਤਾ ਜਾ ਸਕਦਾ ਹੈ ਕਿ ਉਨ੍ਹਾਂ ਦੇ ਆਕਾਰ ਕੁਝ ਕੁ ਸੈਂ. ਮੀ. ਤੋਂ ਲੈ ਕੇ 1 ਮੀਟਰ ਤੱਕ ਹੀ ਉੱਚੇ ਰਹਿ ਜਾਂਦੇ ਹਨ।

ਦਰਖ਼ਤਾਂ ਦੀਆਂ ਕਿਸਮਾਂ ਅਤੇ ਵੰਡ—ਸੰਨ 1948 ਵਿਚ ਬਰਤਾਨਵੀ ਬਨਸਪਤੀ ਵਿਗਿਆਨੀ ਜਾਨ ਹਚਿੰਸਨ ਨੇ ਰਸਮੀ ਤੌਰ ਤੇ ਮਾਨਤਾ ਪ੍ਰਾਪਤ ਫੁੱਲਾਂ ਵਾਲੇ ਪੌਦਿਆਂ ਦੀ ਸ਼੍ਰੇਣੀ ਡਾਈਕਾੱਟਿ-ਲਿਡਨੀ ਨੂੰ ਦੋ ਸ਼੍ਰੇਣੀਆਂ ਵਿਚ ਵੰਡ ਦਿੱਤਾ। ਇਕ ਲਿਗਨੋਸੀ ਜਿਸ ਵਿਚ ਸਾਰੇ ਦਰਖ਼ਤ ਅਤੇ ਝਾੜੀਆਂ, ਇਥੋਂ ਤਕ ਕਿ ਬੂਟੀ-ਨੁਮਾ ਪੌਦੇ ਵੀ ਸ਼ਾਮਲ ਸਨ, ਦੂਸਰੀ ਸ਼੍ਰੇਣੀ ਹਰਬੇਸੀ ਜਿਸ ਵਿਚ ਸਾਰੇ ਬੂਟੀ-ਨੁਮਾ ਪੌਦੇ, ਜਿਨ੍ਹਾਂ ਨਾਲ ਪ੍ਰਤਖ ਤੌਰ ਤੇ ਸਬੰਧਤ ਕੁਝ ਲਕੱੜੀ ਵਾਲੇ ਪੌਦੇ ਵੀ ਸ਼ਾਮਲ ਕਰ ਲਏ ਗਏ।

ਆਧੁਨਿਕ ਬਨਸਪਤੀ ਸ਼੍ਰੇਣੀ ਵੰਡ ਦਾ ਇਕ ਜ਼ਰੂਰੀ ਉਦੇਸ਼ ਇਹ ਰਿਹਾ ਹੈ ਕਿ ਪ੍ਰਜਾਤੀਆਂ, ਜਾਤੀਆਂ ਅਤੇ ਹੋਰ ਗਰੁੱਪਾਂ ਨੂੰ ਜਾਤੀ ਵਿਕਾਸ ਵਿਧੀ ਰਾਹੀਂ ਫਾਈਲੋਜੈਨਿਟਿਕਲੀ (Phylogeneti-

cally) ਤਰਤੀਬ ਵਿਚ ਰੱਖਿਆ ਜਾਵੇ। ਅਜਿਹੀ ਸ਼੍ਰੇਣੀ ਵੰਡ ਕਰਨ ਲਗਿਆਂ ਬਹੁਤ ਸਾਰੇ ਤੱਥ ਧਿਆਨ ਵਿਚ ਰੱਖੇ ਜਾਂਦੇ ਹਨ। ਵਿਕਾਸ ਦੀ ਸਹੀ ਜਾਣਕਾਰੀ ਵਿਚ ਭਾਰੀ ਕਮੀ ਹੋਣ ਦੇ ਕਾਰਨ ਧਰਤੀ ਉਪਰਲੇ ਪੌਦਿਆਂ ਦੇ ਸ਼੍ਰੇਣੀ ਵੰਡ ਸਿਸਟਮ ਕਿਸੇ ਹੱਦ ਤੱਕ ਇਕ ਅਨੁਮਾਨ ਤੇ ਆਧਾਰਿਤ ਹਨ ਅਤੇ ਇਨ੍ਹਾਂ ਵਿਚੋਂ ਕਿਸੇ ਵੀ ਇਕ ਸਿਸਟਮ ਵਿਚ ਦਰਖ਼ਤਾਂ ਨੂੰ ਇਕ ਵੱਖਰਾ ਗਰੁਪ ਨਹੀਂ ਮੰਨਿਆ ਗਿਆ।

ਦਰਖ਼ਤਾਂ ਨੂੰ ਆਮ ਕਰਕੇ ਵੱਡੀਆਂ ਡਿਵੀਜ਼ਨਾਂ ਅਤੇ ਉਪ ਡਿਵੀਜ਼ਨਾਂ ਵਿਚ ਵੰਡਿਆ ਹੋਇਆ ਹੈ। ਪਲਾਂਟ ਕਿੰਗਡਮ ਦੀ ਇਸ ਸ਼੍ਰੇਣੀ ਵੰਡ ਅਨੁਸਾਰ ਟੈਰਿਡੋਫਾਈਟਸ ਵਿਚ ਫਰਨਜ਼ ਸ਼ਾਮਲ ਹਨ, ਜਿਮਨੋਸਪਰਮਜ਼ ਵਿਚ ਸਾਈਕੈਡ, ਜਿੰਗੋ, ਕੋਨੀਫਰ ਅਤੇ ਐਂਜੀਓਸ-ਪਰਮਜ਼ ਵਿਚ ਸਾਰੇ ਫੁੱਲਦਾਰ ਪੌਦੇ ਸ਼ਾਮਲ ਹਨ।

ਟ੍ਰੀ ਫਰਨ ਦੀਆਂ ਜੋ ਜਾਤੀਆਂ ਡਿਕਸੋਨੀਏਸੀ ਅਤੇ ਸਾਇ-ਥੀਸੀ ਨਾਲ ਸਬੰਧ ਰਖਦੀਆਂ ਹਨ, ਫਰਨ ਦੀਆਂ 10,000 ਜਾਤੀਆਂ ਵਿਚੋਂ ਕਰੀਬ 300 ਜਾਤੀਆਂ ਹੀ ਹਨ, ਜਿਨ੍ਹਾਂ ਰੁੱਖਾਂ ਦਾ ਆਕਾਰ 7 ਤੋਂ 10 ਮੀ., ਕੁਝ 16 ਤੋਂ 20 ਮੀ., ਕਦੇ ਕਦਾਈਂ 27 ਮੀ. ਦੀ ਉਚਾਈ ਤਕ ਦੇ ਹੁੰਦੇ ਹਨ। ਇਹ ਖ਼ੂਬਸੂਰਤ ਰੁੱਖ ਜੋ ਕਿ ਊਸ਼ਨ ਖੰਡਾਂ, ਉਪ ਊਸ਼ਨ ਖੰਡਾਂ ਅਤੇ ਦੱਖਣੀ ਅਰਧ ਦੇ ਗਰਮ-ਸ਼ੀਤ ਖੇਤਰ ਦੇ ਜੰਮਪਲ ਹਨ, ਦੇ ਵੱਡੇ ਲੇਸਦਾਰ ਪੱਤੇ ਹੁੰਦੇ ਹਨ। ਹੋ ਸਕਦਾ ਹੈ ਕਿ ਇਹ ਪੌਦੇ ਉਸ ਬਨਸਪਤੀ ਦੇ ਸਮੂਹ ਦੀ ਰਹਿੰਦ-ਖੂੰਹਦ ਵਜੋਂ ਕੋਈ 280,000,000 ਤੋਂ 345,000,000 ਸਾਲ ਪਹਿਲਾਂ ਇਸ ਇਲਾਕੇ ਵਿਚ ਮਿਲਦੇ ਸੀ। ਇਸ ਕਾਲ ਨੂੰ ਕਾਰਬੋਨੀਫੈਰਸ ਕਾਲ ਕਿਹਾ ਜਾਂਦਾ ਹੈ।

ਸਾਈਕੈਡ ਰੁੱਖ, ਸਾਈਕੈਡੀਸੀ ਕੁਲ ਨਾਲ ਸਬੰਧਤ ਹਨ। ਇਸ ਕੁਲ ਦੀਆਂ 9 ਪ੍ਰਜਾਤੀਆਂ ਅਤੇ ਤਕਰੀਬਨ 100 ਜਾਤੀਆਂ ਹਨ। ਜਿੰਗੋ ਜੋ ਕੇ ਜਿੰਗਕੋਏ ਸੀ (ਆਰਡਰ ਜਿੰਗੋਏਲੀਜ਼) ਕੁਲ ਦਾ ਇਕੋ-ਇਕ ਜੀਵਤ ਰੁੱਖ ਹੈ, ਧਾਰਮਿਕ ਚਿੰਨ੍ਹ ਵਜੋਂ ਬੋਧੀ ਮੰਦਰਾਂ ਵਿਚ ਜਿਵੇਂ ਕਿ ਚੀਨ ਅਤੇ ਹੋਰ ਵੀ ਕਈ ਥਾਈਂ 18ਵੀਂ ਸਦੀ ਤੋਂ ਉਗਾਏ ਜਾਂਦੇ ਰਹੇ ਹਨ। ਸ਼ਾਇਦ ਹੀ ਕਿਤੇ ਇਹ ਰੁੱਖ ਜੰਗਲੀ ਰੂਪ ਵਿਚ ਉਗਦਾ ਹੋਇਆ ਮਿਲਦਾ ਹੋਵੇ। ਇਹ ਯਕੀਨ ਕੀਤਾ ਜਾਂਦਾ ਹੈ ਕਿ ਜੁਰੇਸਿਕ ਕਾਲ ਜਾਂ 165,000,000 ਸਾਲ ਪਹਿਲਾਂ ਹੋਣ ਵਾਲੀਆਂ ਸਬੰਧਤ ਪ੍ਰਜਾਤੀਆਂ ਨੂੰ ਦਰਸਾਉਂਦਾ ਹੋਇਆ ਇਹ ਇਕ ਆਖ਼ਰੀ ਗਰੁਪ ਹੈ। ਕੋਨੀਫਰ ਰੁੱਖਾਂ, ਜਿਨ੍ਹਾਂ ਵਿਚ ਦਰਖ਼ਤ ਅਤੇ ਝਾੜੀਆਂ ਵੀ ਸ਼ਾਮਲ ਹਨ, ਦੀਆਂ 7 ਕੁਲਾਂ ਅਤੇ 500 ਜਾਤੀਆਂ ਹਨ। ਇਸ ਗਰੁਪ ਦੇ



ਚਿੱਤਰ ਨੰ. 1 – ਲੈਬਨਾਨ ਦੇ ਸੀਡਾਰ ਰੁੱਖ

ਜਾਣੇ ਪਛਾਣੇ ਨੁਮਾਇੰਦੇ ਪੌਦੇ ਇਹ ਹਨ : ਐਰੋਕੇਰੀਆ, ਸੀਡਾਰ, ਸਾਈ-ਪਰਸ, ਡਗਲਾਸ ਫਰ, ਹੈਮਲਾਕ ਜੂਨੀਪਰ, ਲਾਰਚ, ਪਾਈਨ, ਪੋਡੋਕਾਰਪਸਜ਼, ਰੈਡਵੁੱਡ, ਸਪਰੂਸ ਅਤੇ ਯੀਊ।

ਐਂਜਿਓਸਪਰਮ ਜਾਂ ਫੁਲਦਾਰ ਪੌਦੇ ਦੁਨੀਆਂ ਦੀ ਆਧੁਨਿਕ ਬਨਸਪਤੀ ਤੇ ਛਾਏ ਹੋਏ ਹਨ। ਵੰਡ ਅਨੁਸਾਰ ਇਨ੍ਹਾਂ ਨੂੰ 300 ਕੁਲਾਂ ਅਤੇ ਲਗਭਗ 220,000 ਜਾਤੀਆਂ ਵਿਚ ਵੰਡਿਆ ਗਿਆ ਹੈ। ਦਨੀਆਂ ਦੇ ਬਹੁਤੇ ਦਰਖ਼ਤ ਇਸੇ ਹੀ ਗਰੁੱਪ ਵਿਚ ਆਉਂਦੇ ਹਨ।

ਦਰਖ਼ਤਾਂ ਦੀ ਸ਼੍ਰੇਣੀ ਵੰਡ ਸਿਸਟਮ — ਅਵਿਗਿਆਨਕ ਵਰਤੋਂ ਲਈ ਦਰਖ਼ਤਾਂ ਨੂੰ ਕਈ ਢੰਗਾਂ ਨਾਲ ਗਰੁੱਪਾਂ ਵਿਚ ਵੰਡਿਆ ਹੋਇਆ ਹੈ ਪਰ ਇਨ੍ਹਾਂ ਵਿਚੋਂ ਕਈ ਗਰੁੱਪਾਂ ਦੀ ਸ਼੍ਰੇਣੀ ਵੰਡ ਇਨ੍ਹਾਂ ਦੀ ਵਿਗਿਆਨਕ ਸ਼੍ਰੇਣੀ ਵੰਡ ਅਨੁਸਾਰ ਹੀ ਹੈ ਜਿਵੇਂ ਨਰਮ ਲੱਕੜ



ਚਿੱਤਰ ਨੰ. 2 – ਜਿੰਗੋ ਰੁੱਖ ਦੇ ਪੱਤੇ ਅਤੇ ਫਲ

ਵਾਲਿਆਂ ਨੂੰ ਕੋਨੀਫਰ ਅਤੇ ਸਖ਼ਤ ਲੱਕੜ ਵਾਲਿਆਂ ਨੂੰ ਡਾਈਕਾਟੀਲਿਡਿਨ (ਦੋ ਬੀਜ ਪੱਤਰੀ) ਕਹਿੰਦੇ ਹਨ। ਸਖ਼ਤ ਲੱਕੜ ਵਾਲਿਆਂ ਨੂੰ ਚੌੜੇ ਪੱਤਿਆਂ ਵਾਲੇ ਰੁੱਖ ਵੀ ਕਿਹਾ ਜਾਂਦਾ ਹੈ। ਇਸ ਸ਼੍ਰੇਣੀ ਵੰਡ ਨੂੰ ਵੀ ਬਹੁਤੀ ਹੱਦ ਤਕ ਠੀਕ ਨਹੀਂ ਸਮਝਿਆ ਜਾਂਦਾ ਕਿਉਂਕਿ ਦਰਖ਼ਤਾਂ ਨੂੰ ਨਰਮ ਲੱਕੜ, ਸਖ਼ਤ ਲੱਕੜ ਅਤੇ ਚੌੜੇ ਪੱਤਿਆਂ ਵਾਲੇ ਰੁੱਖਾਂ ਵਿਚ ਵੰਡਦਿਆਂ ਕੁਝ ਊਣਤਾਈਆਂ ਰਹਿ ਜਾਂਦੀਆਂ ਹਨ ਜਿਵੇਂ ਕੁਝ ਚੌੜੇ ਪੱਤਿਆਂ ਵਾਲੇ ਰੁੱਖਾਂ (ਜਿਵੇਂ ਮੈਰਿਕਾ ਅਤੇ ਟੈਮੈਰਿਕਸ ਰੁੱਖਾਂ ਦੀਆਂ ਕੁਝ ਕਿਸਮਾਂ) ਦੇ ਪੱਤੇ ਕੋਨੀਫਰ (ਪੋਡੋਕਾਰਪਸ) ਰੁੱਖਾਂ ਨਾਲੋਂ ਵੀ ਪਤਲੇ ਹੁੰਦੇ ਹਨ।

ਦਰਖ਼ਤਾਂ ਦੇ ਗਰੁੱਪਾਂ ਵਿਚਲੀ ਵੰਡ ਦਾ ਇਕ ਪ੍ਰਚੱਲਿਤ ਅਤੇ ਸੌਖਾ ਢੰਗ ਇਹ ਹੈ ਕਿ ਇਨ੍ਹਾਂ ਨੂੰ ਸਦਾ ਬਹਾਰ ਅਤੇ ਪਤਝੜ ਰੁੱਖਾਂ ਵਿਚ ਵੰਡ ਲਿਆ ਜਾਂਦਾ ਹੈ। ਇਹ ਸ਼੍ਰੇਣੀ ਵੰਡ ਸਥਾਨਿਕ ਤੌਰ ਤੇ ਸਹੀ ਜਾਪਦੀ ਹੈ ਕਿਉਂਕਿ ਇਹ ਉਥੋਂ ਦੇ ਜਲਵਾਯੂ ਉਪਰ ਨਿਰਭਰ ਕਰਦਾ ਹੈ ਕਿ ਕੀ ਕਿਸੇ ਵਿਸ਼ੇਸ਼ ਜਾਤੀ ਦੇ ਪੌਦਿਆਂ ਉਪਰ ਸਾਰਾ ਸਾਲ ਹੀ ਪੱਤੇ ਲੱਗੇ ਰਹਿੰਦੇ ਹਨ ਜਾਂ ਨਹੀਂ। ਕਈ ਵਾਰ ਇਸ ਤਰ੍ਹਾਂ ਵੀ ਹੋ ਜਾਂਦਾ ਹੈ ਕਿ ਕਿਸੇ ਜਾਤੀ ਦੇ ਪੱਤੇ ਦੱਖਣੀ ਅਰਧ ਗੋਲੇ ਦੀਆਂ ਦੱਖਣੀ ਸੀਮਾਵਾਂ ਤੇ ਜਿਥੇ ਇਹ ਪੈਦਾ ਹੁੰਦੇ ਹਨ, ਪੱਤਾ ਰਹਿਤ ਹੋ ਜਾਂਦੇ ਹਨ ਜਦੋਂ ਕਿ ਸਾਧਾਰਣ ਹਾਲਤਾਂ ਵਿਚ ਇਨ੍ਹਾਂ ਦੇ ਪੱਤੇ ਨਹੀਂ ਝੜਦੇ। ਬਹੁਤ ਸਾਰੀਆਂ ਟ੍ਰਾਪੀਕਲ ਅਤੇ ਸਬ-ਟ੍ਰਾਪੀਕਲ ਜਾਤੀਆਂ ਦੇ ਪੌਦੇ ਇਕਸਾਰ ਤਰ ਜਲਵਾਯੂ ਵਾਲੇ ਇਲਾਕੇ ਵਿਚ ਕਦੀ ਵੀ ਪੱਤਿਆਂ ਤੋਂ ਬਗੈਰ ਨਹੀਂ ਹੁੰਦੇ ਪਰ ਇਹ ਉਨ੍ਹਾਂ ਇਲਾਕਿਆਂ ਵਿਚ



ਚਿੱਤਰ ਨੰ. 3 – ਗੰਜਾ ਸਾਈਪਰਸ



ਚਿੱਤਰ ਨੰ. 4 – ਇਕ ਵੱਡਾ ਸੀਕੋਇਆ ਰੁੱਖ

ਜਿਥੇ ਖੁਸ਼ਕ ਤੋਂ ਬਾਅਦ ਤਰ ਜਲਵਾਯੂ ਦਾ ਅਦਲ-ਬਦਲ ਹੁੰਦਾ ਹੋਵੇ ਇਨ੍ਹਾਂ ਦੇ ਪੱਤੇ ਝੜ ਜਾਂਦੇ ਹਨ। ਉੱਤਰੀ ਅਮਰੀਕਾ ਵਿਚ ਸਦਾਬਹਾਰ ਰੁੱਖਾਂ ਦਾ ਨਾਂ ਜੁੜਿਆ ਹੀ ਕੋਨੀਫ਼ਰ ਜਾਂ ਕੋਨਧਾਰੀ ਰੁੱਖਾਂ ਨਾਲ ਹੀ ਹੈ।

ਕਈ ਵਾਰ ਇਕ ਸਾਧਾਰਣ ਵਿਅਕਤੀ ਅਜਿਹੇ ਪੌਦਿਆਂ ਨੂੰ ਵੀ ਦਰਖ਼ਤ ਕਹਿ ਦਿੰਦਾ ਹੈ ਜਿਨ੍ਹਾਂ ਨੂੰ ਬਨਸਪਤੀ ਵਿਗਿਆਨੀ ਦਰਖ਼ਤ ਨਹੀਂ ਮੰਨਦੇ, ਉਦਾਹਰਣ ਵਜੋਂ ਕੇਲਾ। ਅਜਿਹਾ ਭੰਬਲਭੂਸਾ ਇਸ ਲਈ ਪੈਂਦਾ ਹੈ ਕਿ ਸਧਾਰਣ ਤੌਰ ਤੇ ਕੇਲੇ ਦੇ ਜਿਸ ਹਿੱਸੇ ਨੂੰ ਤਣਾ ਮੰਨ ਲਿਆ ਜਾਂਦਾ ਹੈ, ਉਹ ਅਸਲ ਵਿਚ ਪੱਤਿਆਂ ਦੇ ਸਟਾਕ ਹੁੰਦੇ ਹਨ ਜੋ ਇਕ ਦੂਸਰੇ ਉਪਰ ਗੁੰਦਵੀਂ ਤਰ੍ਹਾਂ ਜੁੜੇ ਹੁੰਦੇ ਹਨ। ਕੇਲੇ ਦਾ ਪੌਦਾ ਪੂਰੀ ਤਰ੍ਹਾਂ ਬੂਟੀਨੁਮਾ ਪੌਦਾ ਹੈ ਜਿਸ ਦਾ ਨਾ ਤਾਂ ਕੋਈ ਤਣਾ ਹੈ ਅਤੇ ਇਹ ਇੱਕ ਦਰਖ਼ਤ ਨਹੀਂ ਹੈ।

ਦਰਖ਼ਤਾਂ ਦੀ ਵੰਡ — ਕੁਦਰਤੀ ਤੌਰ ਤੇ ਪੌਦਿਆਂ ਦੀ ਹੋਂਦ ਪਾਣੀ ਦੇ ਮਿਲਣ ਅਤੇ ਵਧਣ ਸਮੇਂ ਦੀ ਲੰਬਾਈ ਤੇ ਨਿਰਭਰ ਕਰਦੀ ਹੈ। ਕਈ ਖੇਤਰਾਂ ਵਿਚ ਜਲਵਾਯੂ ਤੇ ਅਧਾਰਤ ਹੋਣ ਕਰਕੇ ਇਨ੍ਹਾਂ ਵਿਚਲੀ ਲੱਕੜ ਪਕਦੀ ਨਹੀਂ ਅਤੇ ਨਾ ਹੀ ਇਨ੍ਹਾਂ ਰੁੱਖਾਂ ਤੇ ਬੀਜ ਲਗਦੇ ਹਨ, ਇਹ ਰੁੱਖ ਕੁਦਰਤੀ ਬਨਸਪਤੀ ਦਾ ਹਿੱਸਾ ਨਹੀਂ ਹਨ। ਉਨ੍ਹਾਂ ਖੇਤਰਾਂ ਵਿਚ ਜਿਥੇ ਬਾਰਸ਼ ਥੋੜ੍ਹੀ ਪੈਂਦੀ ਹੋਵੇ ਸਿਵਾਇ ਕੁਝ ਕੁ ਮਾਰੂਥਲੀ ਜਾਂ ਅਰਧ ਮਾਰੂਥਲੀ ਹਾਲਤਾਂ ਵਿਚ ਦਰਖ਼ਤ ਅਕਸਰ ਕਾਮਯਾਬ ਨਹੀਂ ਹੁੰਦੇ। ਅਜਿਹੇ ਖੇਤਰਾਂ ਵਿਚ ਘਾਹ ਅਤੇ ਦੂਜੇ ਬੂਟੀਨੁਮਾ ਪੌਦੇ ਜਾਂ ਛੋਟੀਆਂ ਝਾੜੀਆਂ ਉੱਗਦੀਆਂ ਹਨ। ਅਣ-ਸੁਖਾਵੀਂ ਭੌਂ, ਲਗਾਤਾਰ ਚਲਦੀਆਂ ਹਵਾਵਾਂ, ਭੌਂ ਦਾ ਕਾਸ਼ਤ ਅਧੀਨ ਹੋਣਾ ਅਤੇ ਬਾਰ ਬਾਰ ਬਨਸਪਤੀ ਜਲਾਏ ਜਾਂਦੇ ਰਹਿਣਾ ਆਦਿ ਅਜਿਹੇ ਤੱਥ ਹਨ ਜੋ ਦਰਖ਼ਤਾਂ ਦੀ ਅਣਹੋਂਦ ਲਈ ਜ਼ਿੰਮੇਵਾਰ ਹਨ। ਦਰਖ਼ਤ ਆਮ ਤੌਰ ਤੇ ਉਨ੍ਹਾਂ ਥਾਂਵਾਂ ਤੇ ਜ਼ਿਆਦਾ ਉੱਗਦੇ ਹਨ ਜਿਥੇ ਸਾਲਾਨਾ ਵਰਖਾ 75 ਸੈਂ. ਮੀ. ਤੋਂ ਜ਼ਿਆਦਾ ਹੋਵੇ।

ਉੱਤਰੀ ਸੀਤ ਖੇਤਰਾਂ ਦੇ ਸਦਾਬਹਾਰ ਜੰਗਲ ਜ਼ਿਆਦਾਤਰ ਕੋਨੀਫ਼ਰ ਰੁੱਖਾਂ ਨਾਲ ਹੀ ਭਰਪੂਰ ਹਨ ਅਤੇ ਇਹ ਉੱਤਰੀ ਅਮਰੀਕਾ, ਯੂਰਪ ਅਤੇ ਏਸ਼ੀਆ ਵਿਚ ਅਤੇ ਦੱਖਣ ਵਿਚ ਪਹਾੜਾਂ ਦੀਆਂ ਚੋਟੀਆਂ ਉਪਰ ਉਸ਼ਣ ਖੰਡੀ ਖੇਤਰਾਂ ਤਕ ਵੀ ਮਿਲਦੇ ਹਨ। ਇਕ ਵੱਡਾ ਜੰਗਲ ਜਿਸ ਵਿਚ ਜ਼ਿਆਦਾਤਰ ਕੋਨੀਫ਼ਰ ਰੁੱਖ ਹਨ, ਮੱਧ ਕੈਲਿਫ਼ੋਰਨੀਆ ਤੋਂ ਅਲਾਸਕਾ ਤਕ ਫੈਲਿਆ ਹੋਇਆ ਹੈ। ਉੱਤਰੀ ਅਰਧ ਗੋਲੇ ਜਿਥੇ ਕਿ ਸਰਦੀ ਅਤੇ ਗਰਮੀ ਰੁੱਤ ਦੇ ਤਾਪਮਾਨ ਦਾ ਬਹੁਤਾ ਅੰਤਰ ਨਹੀਂ ਹੁੰਦਾ, ਉਪ ਉਸ਼ਣੀ (ਸਬ ਟ੍ਰਾਪੀਕਲ) ਕਿਸਮ ਦੇ ਚੌੜੇ ਪੱਤਿਆਂ ਵਾਲੇ ਸਦਾਬਹਾਰ ਕਿਸਮ ਦੇ ਰੁੱਖ ਹੀ ਮਿਲਦੇ ਹਨ। ਜਿਥੇ ਕਿਤੇ ਵਰਖਾ ਚੰਗੀ ਹੁੰਦੀ ਹੈ, ਉਥੇ ਇਹ ਟ੍ਰਾਪੀਕਲ (ਤਪਤਖੰਡੀ) ਵਰਖਾ ਵਾਲੇ ਜੰਗਲਾਂ ਦੇ ਰੂਪ ਵਿਚ ਮਿਲਦੇ ਹਨ, ਜਿਵੇਂ ਇਹ ਦੱਖਣੀ ਅਮਰੀਕਾ ਵਿਚ ਐਮੇਜ਼ਨ ਅਤੇ ਆਰੀਨੋਕੋ ਡ੍ਰਨੇਜ ਸਿਸਟਮਾਂ ਵਿਚ ਚੰਗੇ ਖੇਤਰ ਵਿਚ ਪਸਰੇ ਹੋਏ ਹਨ। ਅਫ਼ਰੀਕਾ ਵਿਚ ਇਹ ਕਾਂਗੋ, ਨਾਈਜਰ ਅਤੇ ਮੈਡਗਾਸਕਰ ਤੇ ਇੰਡੋਮਲਾਇਅਨ ਖੇਤਰ ਵਿਚ ਮਿਲਦੇ ਹਨ। ਦਰਖ਼ਤ ਝੁੰਡਾਂ ਵਿਚ ਜਾਂ ਇੱਕਲੇ-ਇੱਕਲੇ ਦੱਖਣੀ ਅਮਰੀਕਾ, ਅਫ਼ਰੀਕਾ, ਆਸਟ੍ਰੇਲੀਆ ਅਤੇ ਹੋਰ ਥਾਂਵਾਂ ਦੇ ਘਾਹ ਵਾਲੇ ਮੈਦਾਨਾਂ (Savannas) ਵਿਚ ਮਿਲਦੇ ਹਨ।

ਰੁਖਾਂ ਦੀ ਮਨੁੱਖੀ ਵਸੋਂ ਪ੍ਰਤੀ ਮਹਾਨਤਾ—ਪਹਾੜੀ ਅਤੇ ਨੀਮ ਪਹਾੜੀ ਇਲਾਕਿਆਂ ਵਿਚ ਜੰਗਲਾਂ ਦੀ ਭੌਂ ਸਥਿਰਤਾ ਕਾਇਮ ਕਰਨ ਅਤੇ ਹੜ੍ਹ ਰੋਕਣ ਲਈ ਬਹੁਤ ਹੀ ਜ਼ਿਆਦਾ ਮਹੱਤਤਾ ਹੈ। ਅਜਿਹੀਆਂ ਥਾਂਵਾਂ ਤੇ ਦਰਖ਼ਤਾਂ ਦੇ ਝੁੰਡ ਜਾਂ ਇੱਕਲੇ-ਇਕੱਲੇ ਦਰਖ਼ਤ ਵੀ ਭੌਂ ਨੂੰ ਖੁਰਣ ਤੋਂ ਰੋਕਦੇ ਹਨ ਅਤੇ ਨਦੀਆਂ ਦੇ ਕੰਢਿਆਂ ਨੂੰ ਬਣਾਈ ਰੱਖਣ ਵਿਚ ਸਹਾਈ ਹੁੰਦੇ ਹਨ। ਦਰਖ਼ਤਾਂ ਨੂੰ ਭੌਂ ਅਤੇ ਪਾਣੀ ਦੇ ਰਖਵਾਲੇ ਕਿਹਾ ਜਾ ਸਕਦਾ ਹੈ। ਮਿੱਟੀ ਦੇ ਰੁੜ੍ਹ ਜਾਣ ਨਾਲ ਜੋ ਘਾਟਾ

ਪੈਂਦਾ ਹੈ, ਉਹ ਦਰਖ਼ਤਾਂ ਦੀ ਹੋਂਦ ਕਾਰਨ ਚਟਾਨਾਂ ਦੀ ਖੋਰ ਦੇ ਬਚਾਅ ਅਤੇ ਕਾਰਬਨੀ ਰਹਿੰਦ-ਖੂੰਹਦ ਕਾਰਨ ਨਵੀਂ ਬਣੀ ਭੌਂ ਕਾਰਨ ਬਰਾਬਰ ਹੋ ਜਾਂਦਾ ਹੈ। ਦਰਖ਼ਤ ਨਾ ਕੇਵਲ ਬਹੁਤ ਸਾਰੇ ਜਾਨਵਰਾਂ ਲਈ ਓਟ, ਘਰ ਅਤੇ ਖ਼ੁਰਾਕ ਹੀ ਮੁਹੱਈਆ ਨਹੀਂ ਕਰਦੇ ਸਗੋਂ ਹੋਰਨਾਂ ਹਰੇ ਪੌਦਿਆਂ ਵਾਂਗ ਵਾਤਾਵਰਣ ਵਿਚ ਕਾਰਬਨ ਡਾਈਆੱਕਸਾਈਡ ਨੂੰ ਜਜ਼ਬ ਕਰਕੇ ਅਤੇ ਆੱਕਸੀਜਨ ਛੱਡਣ ਨਾਲ ਹੋਰ ਵੀ ਸਵੱਛਤਾ ਪ੍ਰਦਾਨ ਕਰਦੇ ਹਨ।

ਆਰਥਿਕ ਮਹੱਤਤਾ–ਦਰਖ਼ਤਾਂ ਦੀ ਅਣਹੋਂਦ ਕਾਰਨ ਦੁਨੀਆਂ ਬਿਲਕੁਲ ਵੀਰਾਨ ਲਗਣ ਲਗ ਪਵੇਗੀ ਅਤੇ ਜੀਵਨ ਅਸਭੰਵ ਹੋ ਜਾਵੇਗਾ। ਕਾਰਬਨੀਕ੍ਰਿਤ ਅਤੇ ਪਥਰਾਟਾਂ ਤੋਂ ਪ੍ਰਾਪਤ ਕੀਤੀ ਗਈ ਲੱਕੜੀ, ਜੋ ਕੋਲੇ ਦੇ ਰੂਪ ਵਿਚ ਪ੍ਰਾਪਤ ਹੁੰਦੀ ਹੈ, ਤੋਂ ਮਨੁੱਖ ਦੀ ਊਰਜਾ ਦੀ ਮੰਗ ਦੀ ਪੂਰਤੀ ਹੁੰਦੀ ਹੈ। ਪੁਰਾਤਨ ਸਮੇਂ ਤੋਂ ਹੀ ਮਨੁੱਖ ਲੱਕੜੀ ਨੂੰ ਘਰਾਂ, ਬੇੜਿਆਂ, ਬੇੜੀਆਂ, ਬਾਲਣ ਅਤੇ ਹਥਿਆਰ ਬਣਾਉਣ ਦੇ ਲਈ ਵਰਤਦਾ ਆ ਰਿਹਾ ਹੈ। ਕਈ ਅਗਾਂ-ਹਵਧੂ ਸਭਿਆਤਾਵਾਂ ਨੇ ਦਰਖ਼ਤਾਂ ਦੀ ਬੜੀ ਹੀ ਬਰਬਾਦੀ ਕੀਤੀ। ਲੈਬਨਾਨ ਵਿਚ ਸੀਡਾਰ ਦੇ ਬਾਗ ਉਜਾੜ ਕੇ ਸ਼ਹਿਨਸ਼ਾਹ ਸਾਲੋਮਾਨ ਦਾ ਮਹਾਨ ਮੰਦਰ ਅਤੇ ਮਹਿਲ ਉਸਾਰੇ ਗਏ ਸਨ। ਕਈ ਮਹਾਨ ਕੌਮਾਂ ਜਿਵੇਂ ਅਸੀਰੀਅਨ, ਬੇਬੀਲੋਨੀਅਨ, ਯੂਨਾਨੀ ਅਤੇ ਰੋਮ ਲੋਕਾਂ ਨੇ ਰੂਮ ਸਾਗਰ ਦੇ ਇਲਾਕੇ ਵਿਚ ਮੱਧ ਪੂਰਬ ਵਿਚਲੇ ਖੇਤਰ ਵਿਚ ਫੈਲੇ ਜੰਗਲਾਂ ਦੇ ਇਕ ਵੱਡੇ ਪਸਾਰ ਨੂੰ ਬੁਰੀ ਤਰ੍ਹਾਂ ਤਬਾਹ ਕੀਤਾ। ਪੁਰਾਤਨ ਲੋਕ ਦਰਖ਼ਤਾਂ ਉਪਰ ਕੇਵਲ ਲੱਕੜ ਤਕ ਹੀ ਨਹੀਂ ਸਗੋਂ ਬਹੁਤ ਸਾਰੀਆਂ ਹੋਰ ਸਹੂਲਤਾਂ ਲਈ ਵੀ ਨਿਰਭਰ ਸਨ। ਕਈ ਰੁੱਖਾਂ ਦੇ ਫਲ ਅਤੇ ਗਿਰੀ ਫਲ ਮਨੁੱਖਾਂ ਅਤੇ ਪਸ਼ੂਆਂ ਨੂੰ ਖ਼ੁਰਾਕ ਵਜੋਂ ਦਿੱਤੇ ਜਾਂਦੇ ਸਨ। ਪਾਮ ਅਤੇ ਹੋਰ ਅਜਿਹੇ ਰੁਖਾਂ ਤੋਂ ਪ੍ਰਾਪਤ ਕੀਤੇ ਪੱਤਰਾਂ ਤੋਂ ਘਰਾਂ ਦੀਆਂ ਛੱਤਾਂ ਬਣਾਉਣ ਦਾ ਕੰਮ ਲਿਆ ਜਾਂਦਾ ਸੀ। ਕੱਪੜਾ ਬਣਾਉਣ ਲਈ ਦਰਖ਼ਤਾਂ ਦੇ ਕਈ ਹਿੱਸਿਆਂ ਜਿਵੇਂ ਛਿੱਲ, ਗੁੱਦਾ, ਪੱਤਿਆਂ ਅਤੇ ਹੋਰ ਹਿੱਸਿਆਂ ਦੀ ਵਰਤੋਂ ਕੀਤੀ ਜਾਂਦੀ ਸੀ। ਕਈ ਤਰ੍ਹਾਂ ਦੇ ਬਰਤਨ ਕੈਲਾਬਾਸ (Calabashes) ਰੁੱਖ ਦੇ ਫਲ, ਕੋਕੋਨਟ ਅਤੇ ਹੋਰਨਾਂ ਫਲਾਂ ਦੇ ਨਮੂਨੇ ਉਤਾਰ ਕੇ ਤਿਆਰ ਕੀਤੇ ਗਏ। ਕਈ ਦਵਾਈਆਂ ਜਿਵੇਂ ਕੁਨੀਨ, ਰੰਗਕ ਪਦਾਰਥ, ਚਮੜਾ ਰੰਗਣ ਲਈ ਲੋੜੀਂਦੇ ਪਦਾਰਥ ਅਤੇ ਮਸਾਲੇਦਾਰ ਵਸਤਾਂ ਦੀ ਵਰਤੋਂ ਦਾ ਪੁਰਾਤਨ ਲੋਕਾਂ ਨੂੰ ਪਤਾ ਲਗ ਚੁੱਕਾ ਸੀ। ਕਈ ਰੁੱਖਾਂ ਤੋਂ ਪ੍ਰਾਪਤ ਕੀਤੇ ਬੀਜਾਂ ਆਦਿ ਨੂੰ ਖ਼ੂਬਸੂਰਤੀ ਅਤੇ ਹਾਰ ਸ਼ਿੰਗਾਰ ਸਮੱਗਰੀ ਵਜੋਂ ਵਰਤਿਆ ਜਾਂਦਾ ਰਿਹਾ ਹੈ।

ਅਜੋਕਾ ਮਨੁੱਖ ਵੀ ਜੰਗਲਾਂ ਤੇ ਘੱਟ ਨਿਰਭਰ ਨਹੀਂ ਹੈ। ਬੇਸ਼ਕ ਕੰਕਰੀਟ, ਸਟੀਲ, ਸ਼ੀਸ਼ੇ ਅਤੇ ਪਲਾਸਟਿਕ ਦੀ ਵਰਤੋਂ ਨੇ ਲੱਕੜ ਦੀ ਮੰਗ ਕਾਫ਼ੀ ਘਟਾ ਦਿੱਤੀ ਹੈ ਪਰ ਫਿਰ ਵੀ ਅਖ਼ਬਾਰਾਂ ਦੀ ਛਪਾਈ ਲਈ ਵਰਤਿਆ ਜਾਂਦਾ ਕਾਗਜ਼ ਅਤੇ ਕਾਰਡ ਬੋਰਡ ਜਿਹੀ ਪੈਕਿੰਗ ਲਈ ਲੋੜੀਂਦੀ ਸਮੱਗਰੀ ਦੀ ਵੱਡੀ ਮੰਗ ਦਰਖ਼ਤਾਂ ਤੋਂ ਹੀ ਪੂਰੀ ਕੀਤੀ ਜਾਂਦੀ ਹੈ। ਅਜੋਕੇ ਪਲਾਈਵੁੱਡ ਉਦਯੋਗ ਵਿਚ ਦਰਖ਼ਤਾਂ ਦੀ ਭਾਰੀ ਗਿਣਤੀ ਬਿਲਡਿੰਗ ਸਮੱਗਰੀ ਬਣਾਉਣ ਵਿਚ ਵਰਤੀ ਜਾਂਦੀ ਹੈ।

ਲੱਕੜ ਤੋਂ ਇਲਾਵਾ ਵੀ ਅੱਜ ਦਾ ਮਨੁੱਖ ਦਰਖ਼ਤਾਂ ਦੀਆਂ ਕਈ ਪ੍ਰਕਾਰ ਦੀਆਂ ਸਹਿ-ਉਪਜਾਂ ਤੇ ਨਿਰਭਰ ਹੈ। ਸੀਤ-ਊਸ਼ਣੀ ਜਲਵਾਯੂ ਵਾਲੇ ਇਲਾਕਿਆਂ ਵਿਚ ਖਾਣ ਯੋਗ ਫਲ ਸੇਬ, ਚੈਰੀ, ਆੜੂ, ਨਾਸ਼ਪਤੀ ਆਦਿ ਮਿਲਦੇ ਹਨ। ਉਪ-ਊਸ਼ਣੀ ਜਲਵਾਯੂ ਵਾਲੇ ਇਲਾਕਿਆਂ ਵਿਚ ਐਵੋਕੈਡੋ, ਅੰਜੀਰ , ਪਰਸੀਮੋਨ ਅਤੇ ਨਿੰਬੂ ਜਾਤੀ ਦੇ ਫਲ ਮਿਲਦੇ ਹਨ। ਤਪਤ ਖੰਡ ਵਿਚ ਬ੍ਰੈਡ ਫਰੂਟ, ਨਾਰੀਅਲ, ਜੈਕ ਫਰੂਟ, ਅੰਬ ਅਤੇ ਹੋਰ ਫ਼ਲ ਮਿਲਦੇ ਹਨ। ਮਾਰੂਥਲ ਦਾ ਫ਼ਲ ਖਜੂਰ ਵੀ ਇਥੇ ਹੀ ਮਿਲਦਾ ਹੈ। ਨਾਰੀਅਲ ਅਤੇ ਆਇਲ ਪਾਮ ਆਦਿ ਰੁੱਖਾਂ ਤੋਂ ਮਹੱਤਵਪੂਰਨ ਤੇਲ ਮਿਲਦੇ ਹਨ ਜੋ ਖ਼ੁਰਾਕ ਦੇ ਤੌਰ ਤੇ ਅਤੇ ਹੋਰ ਮੰਤਵਾਂ ਲਈ ਵਰਤੇ ਜਾਂਦੇ ਹਨ। ਕਈ ਤਰ੍ਹਾਂ ਦੇ ਮਸਾਲੇਦਾਰ ਪਦਾਰਥ ਜਿਵੇਂ ਦਾਲਚੀਨੀ, ਲੌਂਗ ਅਤੇ ਨਟਮੈਗ ਤੋਂ ਇਲਾਵਾ ਪੀਣ ਯੋਗ ਪਦਾਰਥ ਜਿਵੇਂ ਚਾਕਲੇਟ, ਕਾਫ਼ੀ ਅਤੇ ਕੋਲਾ ਨਟਸ ਅਤੇ ਸੰਸਾਰ ਪ੍ਰਸਿੱਧ ਚਿਕਲ (Chicle) ਜੋ ਚਬਾਉਣ ਚਿਊਇੰਗਮ ਵਿਚ ਵਰਤਿਆ ਜਾਂਦਾ ਹੈ, ਵੀ ਦਰਖ਼ਤਾਂ ਤੋਂ ਹੀ ਪ੍ਰਾਪਤ ਹੁੰਦੇ ਹਨ। ਦਰਖ਼ਤਾਂ ਦੇ ਨਾ ਖਾਣ ਯੋਗ ਪਦਾਰਥਾਂ ਨੂੰ ਵਪਾਰਕ ਤੌਰ ਤੇ ਕਾਫ਼ੀ ਵਰਤੋਂ ਵਿਚ ਲਿਆਂਦਾ ਜਾਂਦਾ ਹੈ। ਇਨ੍ਹਾਂ ਵਿਚ ਗੂੰਦ-ਸਾਲ ਤਾਰਪੀਨ, ਚਮੜਾ ਰੰਗਣ ਵਾਲੀ ਛਿੱਲੜ ਕ੍ਰੀਓਸੋਟ ਕਾਰਕ ਅਤੇ ਕਾਪੋਕ ਰੇਸ਼ੇ ਸ਼ਾਮਲ ਹਨ। ਰੁੱਖਾਂ ਦਾ ਸਜਾਵਟੀ ਪੱਖ ਵੀ ਮਹੱਤਵਪੂਰਨ ਹੈ। ਇਹ ਕੁਦਰਤੀ ਰੂਪ ਵਿਚ ਜੰਗਲਾਂ ਵਿਚ ਘਾਹ ਵਾਲੇ ਮੈਦਾਨਾਂ ਵਿਚ ਅਤੇ ਦਰਿਆਵਾਂ ਦੇ ਨਾਲ ਨਾਲ ਮਿਲਦੇ ਹਨ। ਬਾਗਾਂ, ਪਾਰਕਾਂ, ਪਾਰਕਿੰਗ ਰਸਤਿਆਂ ਤੋਂ ਇਲਾਵਾ ਸ਼ਹਿਰੀ ਗਲੀਆਂ ਵਿਚ ਵੀ ਦਰਖ਼ਤ ਸਜਾਵਟੀ ਪੱਖ ਤੋਂ ਲਗਾਏ ਜਾਂਦੇ ਹਨ।

ਵਿਸ਼ੇਸ਼ ਦਿਲਚਸਪੀ ਵਾਲੇ ਅਸਾਧਾਰਣ ਰੁੱਖ–ਮੈਨਗਰੂਵ ਇਕ ਅਜਿਹੀ ਕਿਸਮ ਦਾ ਦਰਖ਼ਤ ਹੈ ਜਿਸ ਦੀ ਨਾ ਕੇਵਲ ਇਕ ਪ੍ਰਜਾਤੀ ਜਾਂ ਜਾਤੀ ਸਗੋਂ ਇਹ ਬਹੁਤ ਜ਼ਿਆਦਾ ਗਿਣਤੀ ਵਿਚ ਊਸ਼ਣ ਖੰਡੀ ਅਤੇ ਉਪ-ਊਸ਼ਣ ਖੰਡੀ ਖੇਤਰਾਂ ਦੇ ਸਮੁੰਦਰੀ ਤੱਟਾਂ ਅਤੇ ਲੂਣੇ ਪਾਣੀਆਂ ਵਿਚ ਸਮੂਹਾਂ ਵਿਚ ਪੈਦਾ ਹੁੰਦੇ ਹਨ। ਇਸ ਤਰ੍ਹਾਂ ਉਹ ਨਾ ਕੇਵਲ ਤਟਵਰਤੀ ਕੰਢਿਆਂ ਨੂੰ ਹੀ ਸਥਿਰ ਬਣਾਉਂਦੇ ਹਨ ਸਗੋਂ ਆਪਣੀ ਗੁੰਦਵੀਆਂ ਜੜ੍ਹਾਂ ਰਾਹੀ ਚਿੱਕੜ, ਮਿੱਟੀ ਅਤੇ ਦਰਖ਼ਤਾਂ ਦੀ ਰਹਿੰਦ ਖੂੰਹਦ ਨਾਲ ਨਵੀਂ ਭੌਂ ਬਣਾਉਣ ਵਿਚ ਸਹਾਈ ਹੁੰਦੇ ਹਨ। ਇਨ੍ਹਾਂ ਪੌਦਿਆਂ ਦੀ ਵਿਸ਼ੇਸ਼ਤਾ ਇਸ ਗਲ ਵਿਚ ਹੈ ਕਿ ਇਨ੍ਹਾਂ ਦੇ ਬੀਜ ਦਰਖ਼ਤਾਂ ਤੇ ਹੀ ਲੱਗੇ ਹੋਏ ਪੁੰਗਰ ਆਉਂਦੇ ਹਨ ਕਿਉਂਕਿ ਕੁਦਰਤ ਨੇ ਅਜਿਹਾ ਇਹ ਇਕ ਵਸੀਲਾ ਬਣਾਇਆ ਹੈ ਜਿਸ ਕਰਕੇ




ਚਿੱਤਰ ਨੰ. 5 - ਮੈਨਗਰੂਵ ਵਿਚ ਦਰਖ਼ਤ ਉਪਰ ਹੀ ਬੀਜਾਂ ਦਾ ਪੁੰਗਰਨਾ

ਧਾਂਗੀ ਭੋਂ ਵਿਚ ਬੀਜ ਦੇ ਨਾ ਉਗਣ ਕਰਕੇ ਬੀਜ ਦਰਖ਼ਤ ਤੇ ਹੀ ਲਗਾ ਹੋਇਆ ਉੱਗ ਆਉਂਦਾ ਹੈ ਅਤੇ ਇਨ੍ਹਾਂ ਦੀਆਂ ਸ਼ਾਖ਼ਾਵਾਂ ਵੀ ਧਰਤੀ ਤੇ ਪਹੁੰਚ ਜਾਂਦੀਆਂ ਹਨ। ਇਸੇ ਤਰ੍ਹਾਂ ਦੀ ਪ੍ਰਵਿਰਤੀ ਹੋਰਨਾਂ ਰੁੱਖਾਂ ਵਿਚ ਵੀ ਵੇਖਣ ਵਿਚ ਆਉਂਦੀ ਹੈ ਖ਼ਾਸ ਕਰਕੇ ਫਾਈਕਸ ਪ੍ਰਜਾਤੀ ਦੇ ਰੁੱਖ, ਅੰਜੀਰਾਂ ਤੋਂ ਇਲਾਵਾ, ਘਰਾਂ ਵਿਚ ਆਮ ਲਾਏ ਜਾਣ ਵਾਲੇ ਰਬੜ ਪਲਾਂਟ ਵਿਚ ਵੀ ਇਸੇ ਤਰ੍ਹਾਂ ਹੁੰਦਾ ਹੈ।

ਔਂਬੂ (Phytolaca dioica)— ਇਹ ਦੱਖਣੀ ਅਮਰੀਕਾ ਦਾ ਇਕ ਰੁੱਖ ਹੈ ਜਿਸ ਦੀ ਉਚਾਈ 20 ਮੀ. ਦੇ ਕਰੀਬ ਅਤੇ ਫੈਲਾਓ 33-35 ਮੀ. ਵਿਚਾਲੇ ਹੁੰਦਾ ਹੈ। ਇਸ ਦੀਆਂ ਸ਼ਾਖ਼ਾਵਾਂ ਵਿਚ 80% ਪਾਣੀ ਹੁੰਦਾ ਹੈ ਅਤੇ ਇਸ ਰੁੱਖ ਦੇ ਮੁੱਢ ਤੋਂ ਜੜ੍ਹਾਂ ਵਰਗੀਆਂ ਸ਼ਾਖ਼ਾਵਾਂ ਨਿਕਲਦੀਆਂ ਹਨ ਅਤੇ ਇਨ੍ਹਾਂ ਦਾ ਆਕਾਰ ਵੀ ਕਾਫ਼ੀ ਹੁੰਦਾ ਹੈ ਕਿ ਇਨ੍ਹਾਂ ਉਪਰ ਇਕ ਆਦਮੀ ਸਹਿਜੇ ਹੀ ਬੈਠ ਸਕਦਾ ਹੈ।

ਟੈਲੀਪਾਟ ਪਾਮ (Corypha umbracutifera)—ਇਹ ਉਸ਼ਣ ਖੰਡੀ ਏਸ਼ੀਆ ਦਾ ਰੁੱਖ ਹੈ ਜੋ 75 ਸਾਲ ਤਕ ਵੀ ਭਾਵੇਂ ਜੀਉਂਦਾ ਰਹੇ ਪਰ ਇਸ ਨੂੰ ਇਕ ਵਾਰ ਹੀ ਫੁੱਲ ਅਤੇ ਫਲ ਲਗਦੇ ਹਨ ਅਤੇ ਫਿਰ ਇਹ ਰੁੱਖ ਮਰ ਜਾਂਦਾ ਹੈ। ਪਾਮ ਰੁੱਖਾਂ ਦੀ ਹੀ ਇਕ ਹੋਰ ਦਿਲਚਸਪ ਕਿਸਮ ਹੈ ਜਿਸ ਨੂੰ ਦੋਹਰਾ ਕੋਕੋਨਟ ਕਿਹਾ ਜਾਂਦਾ ਹੈ। ਇਹ ਭਾਰਤੀ ਮਹਾਂਸਾਗਰ (Indian ocean) ਦੇ ਸੈਚੇਲੀਜ਼ ਗਰੁੱਪ ਦੇ ਦੋ ਛੋਟੇ ਦੀਪ ਸਮੂਹਾਂ ਦਾ ਜੰਮਪਲ ਹੈ। ਇਸ ਦੇ ਫਲਾਂ ਨੂੰ ਪੱਕਣ ਲਈ 10 ਵਰ੍ਹੇ ਦਾ ਸਮਾਂ ਲਗ ਜਾਂਦਾ ਹੈ ਅਤੇ ਇਹ ਵਜ਼ਨ ਵਿਚ 20 ਕਿ. ਗ੍ਰਾ. ਤੋਂ ਵੀ ਵੱਧ ਜਾਂਦੇ ਹਨ ਅਤੇ ਇਨ੍ਹਾਂ ਦੀ ਸ਼ਕਲ ਦੋ ਜੁੜਵਾਂ ਕੋਕੋਨਟ ਵਰਗੀ ਹੁੰਦੀ ਹੈ। ਜਦੋਂ ਤਕ ਇਨ੍ਹਾਂ ਦੇ ਸੋਮੇ ਬਾਰੇ ਪਤਾ ਨਹੀਂ ਸੀ ਇਹ ਫਲ ਸਮੁੰਦਰੀ ਵਹਾਅ ਵਿਚ ਰੁੜ੍ਹ ਕੇ ਭਾਰਤ ਪਹੁੰਚ ਜਾਂਦੇ ਸਨ। ਇਨ੍ਹਾਂ ਫਲਾਂ ਵਿਚ ਜਾਦੂਮਈ ਗੁਣਾਂ ਦਾ ਹੋਣਾ ਵੀ ਜੋੜਿਆ ਜਾਂਦਾ ਸੀ।

ਸਭ ਤੋਂ ਲੰਮੇ ਰੁੱਖ ਸ਼ਾਂਤ ਮਹਾਂਸਾਗਰੀ ਤਟ ਦੇ ਰੈੱਡ ਵੁੱਡ ਨਾਂ ਦੇ ਰੁੱਖ ਹਨ ਜਿਸ ਦੇ ਕਈ ਨਮੂਨੇ ਵਜੋਂ ਗਿਣੇ ਜਾਂਦੇ ਰੁੱਖ 105 ਮੀ.



ਚਿੱਤਰ ਨੰ. 6 - ਦਰਖ਼ਤ ਦਾ ਆਡੇ ਦਾਅ ਸੈਕਸ਼ਨ ਜਿਸ ਨਾਲ ਲੱਕੜ ਦੀ ਪਸਾਰ ਤਰਤੀਬ ਵਿਚ ਜੀਵਨ ਵਿਚਲੀਆਂ ਹਾਲਤਾਂ ਨੂੰ ਦਰਸਾਇਆ ਗਿਆ ਹੈ।

(350 ਫੁੱਟ) ਕੈਲੀਫ਼ੋਰਨੀਆ ਤੱਕ ਉਚਾਈ ਪ੍ਰਾਪਤ ਕਰ ਲੈਂਦੇ ਹਨ। ਅਜਿਹੇ ਰੁੱਖਾਂ ਦੇ ਸਮੂਹ ਕੈਲਿਫ਼ੋਰਨੀਆ ਦੀ ਰੈੱਡ ਵੁੱਡ ਕਰੀਕ ਵੈਲੀ (ਵਾਦੀ) ਵਿਚ ਦੇਖੇ ਜਾ ਸਕਦੇ ਹਨ। ਅਜਿਹੇ ਹੀ ਕੁਝ ਹੋਰ ਵੱਡੇ ਰੁੱਖਾਂ ਵਿਚ ਆਸਟ੍ਰੇਲੀਅਨ ਮਾਊਨਟੇਨ ਐਸ਼ (Eucalyptus regnans) ਜਿਸ ਦੀ ਉਚਾਈ ਲਗਭਗ 90 ਮੀ. ਹੈ, ਨਾਨ ਕੋਨੀਫਰ (non-conifer) ਰੁੱਖਾਂ ਲਈ ਜਾਣੀ ਜਾਂਦੀ ਸਭ ਤੋਂ ਉੱਚੀ ਉਚਾਈ ਹੈ। ਦਰਖ਼ਤਾਂ ਦੇ ਤਣੇ ਦੇ ਪਸਾਰ ਦੇ ਰਿਕਾਰਡ ਬਾਓਅਬ ਰੁੱਖਾਂ ਦੇ ਗਿਣੇ ਜਾਂਦੇ ਹਨ। ਇਹ ਰੁੱਖ ਅਕਸਰ 25 ਮੀ. ਦੀ ਉਚਾਈ ਤਕ ਵੀ ਪਹੁੰਚ ਜਾਂਦੇ ਹਨ। ਇਥੇ ਇਕ ਰੁੱਖ ਦਾ ਮੁੱਢ 50 ਮੀ. (150 ਫੁਟ) ਤਕ ਵੀ ਪਾਇਆ ਗਿਆ ਹੈ।

ਸਭ ਤੋਂ ਪੁਰਾਤਨ ਰੁੱਖ ਨੈਵੇਦਾ ਸੰ. ਰਾ. ਅ. ਦੇ ਇਕ ਰਾਜ ਵਿਚ ਹੈ। ਇਸ ਰੁੱਖ ਦਾ ਨਾਂ ਤਿੱਖੇ ਕੋਨਾਂ ਵਾਲਾ ਪਾਈਨ (Pinus aristata) ਹੈ। ਕਿਹਾ ਜਾਂਦਾ ਹੈ ਕਿ ਇਹ 4600 ਸਾਲ ਪੁਰਾਣਾ ਹੈ। ਇਸ ਜਾਤੀ ਦੇ ਰੁੱਖਾਂ ਦੀ ਉਚਾਈ 12 ਮੀ. (35 ਫੁੱਟ) ਤੋਂ ਵਧੇਰੇ ਨਹੀਂ ਹੁੰਦੀ।

ਦਰਖ਼ਤਾਂ ਦੀ ਮਿਥਿਹਾਸਕ ਮਹੱਤਤਾ—ਦਰਖ਼ਤਾਂ ਦੀ ਪੂਜਾ ਵੀ ਹੁੰਦੀ ਹੈ। ਉਨ੍ਹਾਂ ਉੱਤੇ ਦੇਵਤਿਆਂ ਜਾਂ ਫਿਰ ਬਦਰੂਹਾਂ ਦੇ ਵਸੇਵੇ ਬਾਰੇ ਵੀ ਜ਼ਿਕਰ ਮਿਲਦਾ ਹੈ। ਅਨਾਰ ਦਾ ਫਲ ਯਹੂਦੀਆਂ ਅਤੇ ਫਾਰਸੀ ਲੋਕਾਂ ਲਈ ਵਰਜਿਤ ਸੀ ਅਤੇ ਟ੍ਰੀ ਆਫ਼ ਵਿਸਡਮ (tree of wisdom) ਜਿਹੇ ਰੁੱਖਾਂ ਦਾ ਵਰਣਨ ਬਾਈਬਲ ਵਿਚ ਮਿਲਦਾ ਹੈ। ਵੱਖ-ਵੱਖ ਧਰਮਾਂ ਦੇ ਆਪਣੇ-ਆਪਣੇ ਪੂਜਨੀਕ ਦਰਖ਼ਤ ਹਨ ਜਿਵੇਂ ਬੋਧੀਆਂ ਲਈ ਅਸ਼ੋਕ ਅਤੇ ਬੋ ਰੁਖ (Ficus religiosa), ਹਿੰਦੂਆਂ ਵਿਚ ਕੇਲੇ ਅਤੇ ਪਿਪਲ ਦੇ ਰੁੱਖ ਪਵਿੱਤਰ ਅਤੇ ਸ਼ੁਭ ਮੰਨੇ ਜਾਂਦੇ ਹਨ। ਦਰੂਦ ਲੋਕ ਬਲੂਤ ਦੇ ਦਰਖ਼ਤ ਨੂੰ ਪੂਜਦੇ ਹਨ। ਸਕੈਂਡੇਨੇਵੀਆ ਦੀਆਂ ਪੁਰਾਤਨ ਕਥਾਵਾਂ ਅਨੁਸਾਰ ਯਗਡ਼ਰਾਸਿਲ ਇਕ ਦਰਖ਼ਤ ਹੈ ਜਿਹੜਾ ਕਿ ਧਰਤੀ ਨੂੰ ਸਵਰਗ ਅਤੇ ਨਰਕ ਨਾਲ ਜੋੜਦਾ ਹੈ।

ਦਰਖ਼ਤਾਂ ਦੀ ਰਚਨਾ ਅਤੇ ਵਾਧਾ—ਬਾਹਰੀ ਰੂਪ ਵਿਚ ਦਰਖ਼ਤਾਂ ਵਿਚ ਜਾਤੀ ਅਨੁਸਾਰ ਕਾਫ਼ੀ ਵਿਭਿੰਨਤਾ ਨਜ਼ਰ ਆਉਂਦੀ ਹੈ। ਸ਼ਾਖ਼ਾਵਾਂ ਤੋਂ ਕਿਸੇ ਦੋਹਾਂ ਜਾਤੀਆਂ ਦੇ ਪੌਦਿਆਂ ਨੂੰ ਵੱਖ ਕਰਨ ਵਿਚ ਕਾਫ਼ੀ ਸਹਾਇਤਾ ਮਿਲਦੀ ਹੈ। ਇਨ੍ਹਾਂ ਪੌਦਿਆਂ ਵਿਚ ਕਈਆਂ ਦਾ ਚੰਗੀ ਤਰ੍ਹਾਂ ਵਿਕਸਿਤ ਮੁੱਢਲਾ ਐਕਸਿਸ ਹੁੰਦਾ ਹੈ ਅਤੇ ਲੈਟਰਲ ਸ਼ਾਖ਼ਾਵਾਂ ਆਕਾਰ ਵਿਚ ਅਤੇ ਮਹੱਤਤਾ ਪੱਖੋਂ ਸੈਕੰਡਰੀ ਕਿਸਮ ਦੀਆਂ ਹੁੰਦੀਆਂ ਹਨ। ਅਜਿਹੀ ਕਿਸਮ ਦੇ ਕੁਝ ਰੁੱਖ ਹਨ - ਫਰ, ਸਪਰੂਸ, ਨਾਰਚਜ਼ ਅਤੇ ਕਈ ਪਾਈਨ ਰੁੱਖ। ਐਂਜੀਓਸਪਰਮ ਪੌਦਿਆਂ ਵਿਚ ਮੁੱਢਲਾ ਤਣਾ ਕੇਂਦਰੀ ਧੁਰਾ ਬਣਦਾ ਹੈ ਅਤੇ ਸਿਖ਼ਰ ਤੇ ਇਹ ਸ਼ਾਖ਼ਾਵਾਂ ਵਿਚ ਵੰਡੀਜਣ ਕਰਕੇ ਦਰਖ਼ਤ ਦਾ ਸਿਖ਼ਰ ਬਣ ਜਾਂਦਾ ਹੈ। ਕਈ ਰੁੱਖਾਂ ਦੀ ਪਛਾਣ ਵਿਚ ਇਨ੍ਹਾਂ ਦਾ ਛਿੱਲੜ ਵੀ ਇਕ ਫੈਕਟਰ ਹੁੰਦਾ ਹੈ। ਛਿੱਲੜ (bark) ਪਧਰੀ, ਤਾਂਬੇ ਰੰਗੀ ਤੋਂ ਲੈ ਕੇ ਮੋਟੀ, ਨਰਮ ਅਤੇ ਸਪੰਜ ਵਰਗੀ ਹੁੰਦੀ ਹੈ। ਕਾਰਕ ਓਕ ਰੁੱਖਾਂ ਦੀ ਛਿੱਲੜ ਕਾਰਕ ਵਰਗੀ ਹੁੰਦੀ ਹੈ ਜਦ ਕਿ ਕਈ ਓਕ ਰੁੱਖਾਂ ਵਿਚ ਇਹ ਖੁਰਦਰੀ ਅਤੇ ਫਿਸ਼ਰ/ਚੀਰਦਾਰ ਰੂਪ ਵਿਚ ਵੀ ਮਿਲਦੀ ਹੈ। ਕੰਢਿਆਂ ਦੀ ਹੋਂਦ ਵੀ ਪਛਾਣ ਵਿਚ ਸਹਾਈ ਹੁੰਦੀ ਹੈ।

ਦਰਖ਼ਤ ਇਕ ਓਵਿਊਲ (female egg cell) ਤੇ ਇਕ ਪੋਲਨ ਗ੍ਰੇਨ ਦੇ ਨਿਸ਼ੇਚਨ ਕਾਰਨ ਬਣਦੇ ਅਤੇ ਫਿਰ ਜੀਵਨ ਕਾਲ ਭੋਗ ਕੇ ਖ਼ਤਮ ਹੋ ਜਾਂਦੇ ਹਨ। ਇਨ੍ਹਾਂ ਦੇ ਬਨਸਪਤਿਕ ਵਧਣ ਹਿੱਸੇ, ਜੜ੍ਹਾਂ, ਤਣੇ ਅਤੇ ਪੱਤੇ ਹੁੰਦੇ ਹਨ। ਦਰਖ਼ਤਾਂ ਦਾ ਵਾਧਾ ਸੈੱਲਾਂ ਦੇ ਵਧਣ ਨਾਲ ਹੀ ਹੁੰਦਾ ਹੈ।

ਦਰਖ਼ਤਾਂ ਦਾ ਨਿਕਾਸ ਅਤੇ ਵਿਕਾਸ—ਧਰਤੀ ਉਪਰ ਪੌਦੇ

500, 000, 000 ਸਾਲ ਪਹਿਲਾਂ ਪ੍ਰਗਟ ਹੋਏ। ਦਰਖ਼ਤਾਂ ਦਾ ਵਿਕਾਸ ਡੀਵੋਨੀਅਨ ਕਾਲ (345, 000, 000 ਤੋਂ 395, 000, 000) ਤਕ ਨਹੀਂ ਸ਼ੁਰੂ ਹੋਇਆ ਹੋਵੇਗਾ। ਇਸ ਕਾਲ ਤੋਂ ਬਾਅਦ ਕਾਰਬਨ-ਕਾਲ (ਕਾਰਬੋਨੀਫੈਰਸ ਕਾਲ 280, 000, 000 ਤੋਂ 345, 000, 000 ਸਾਲ ਪਹਿਲਾਂ) ਵਿਚ ਧਰਤੀ ਦਾ ਜਲਵਾਯੂ ਇਕਸਾਰ ਤਰ ਅਤੇ ਗਰਮ ਸੀ। ਇਸ ਕਾਲ ਦੌਰਾਨ ਬਹੁਤ ਵੱਡੀ ਤਾਦਾਦ ਵਿਚ ਰੁੱਖ ਉੱਗ ਆਏ ਅਤੇ ਕਈ ਵੱਡ-ਆਕਾਰੀ ਰੂਪ ਵੀ ਧਾਰਨ ਕਰ ਗਏ ਪਰ ਸਮੇਂ ਦੇ ਨਾਲ ਜਦ ਇਹ ਪਾਣੀ ਵਿਚ ਡੁੱਬ ਗਏ ਅਤੇ ਮਿੱਟੀ ਤੇ ਚਿੱਕੜ ਨੇ ਦਬਾ ਲਿਆ ਅਤੇ ਬਹੁਤ ਵੱਡੇ ਦਬਾਅ ਤੱਕ ਇਨ੍ਹਾਂ ਦਰਖ਼ਤਾਂ ਤੋਂ ਖ਼ੈਅ ਹੋ ਜਾਣ ਵਾਲਾ ਕਾਰਬਨੀ ਮਾਦਾ ਬਣਿਆ ਜਿਸ ਤੋਂ ਕੋਲਾ ਬਣ ਗਿਆ। ਅਨੁਮਾਨ ਲਗਾਇਆ ਗਿਆ ਹੈ ਕਿ ਕੋਲੇ ਦੀ 4 ਸੈਂ. ਮੀ. ਦੀ ਮੋਟਾਈ ਤੋਂ ਜੰਗਲ ਦੇ 1000 ਸਾਲ ਦੇ ਵਾਧੇ ਦਾ ਪਤਾ ਲਗਦਾ ਹੈ। ਜਲਵਾਯੂ ਦੀ ਤਬਦੀਲੀ ਨਾਲ ਕਾਰਬਨ-ਕਾਲ (ਕਾਰਬੋਨੀਫੈਰਸ ਕਾਲ) ਦੇ ਜੰਗਲ ਖ਼ਤਮ ਹੋ ਗਏ ਅਤੇ ਇਸ ਕਾਲ ਦੀਆਂ ਕੁਝ ਪੌਦਾ ਕਿਸਮਾਂ ਜਿਵੇਂ ਹਾਰਸਟੈਲ, ਕਲਬ ਮਾਸਜ਼ ਅਤੇ ਫਰਨ ਪੌਦੇ ਬਚ ਗਏ ਬਾਕੀ ਤਬਾਹ ਹੋ ਗਏ। ਇਸ ਤੋਂ ਬਾਅਦ ਪਰਮ਼ੀਅਨ ਕਾਲ ਦਾ ਸਮਾਂ (225, 000, 000 ਤੋਂ 220, 000, 000 ਸਾਲ) ਬੜਾ ਠੰਢਾ, ਖ਼ੁਸ਼ਕ ਅਤੇ ਧਰਤੀ ਉਪਰ ਪੌਦਿਆਂ ਦੇ ਵਾਧੇ ਪ੍ਰਤੀ ਅਨੁਕੂਲ ਨਹੀਂ ਸੀ।

ਪਹਿਲੇ (ਪੁਰਾਤਨ) ਦਰਖ਼ਤਾਂ ਉਪਰ ਫੁੱਲ ਅਤੇ ਫਲ ਨਹੀਂ ਸੀ ਆਉਂਦੇ, ਇਹ ਕੇਵਲ ਸਪੋਰਾਂ ਦੇ ਸਹਾਰੇ ਹੀ ਜ਼ਿੰਦਗੀ ਨੂੰ ਅਗਾਂਹ ਤੋਰਦੇ ਸੀ। ਡੀਵੋਨੀਅਨ ਕਾਲ ਵਿਚ ਬੀਜਾਂ ਵਾਲੇ ਪੌਦੇ ਬਣਨੇ ਸ਼ੁਰੂ ਹੋਏ। ਇਨ੍ਹਾਂ ਵਿਚੋਂ 'ਸੀਡ ਫਰਨ' ਜੋ ਦਰਖ਼ਤਾਂ ਦੀ ਤਰ੍ਹਾਂ ਦੇ ਹੁੰਦੇ ਸੀ ਉਹ ਵੀ ਕਾਰਬੋਨੀਫੈਰਸ ਕਾਲ ਵਿਚ ਖ਼ਤਮ ਹੋ ਗਏ ਅਤੇ 200, 000,000 ਦੇ ਲਗਭਗ ਇਕ ਨਵੀਂ ਕਿਸਮ ਨੇ ਜਨਮ ਲਿਆ ਜਿਨ੍ਹਾਂ ਨੂੰ ਜਿਮਨੋਸਪਰਮ ਕਿਹਾ ਜਾਂਦਾ ਹੈ। ਇਨ੍ਹਾਂ ਵਿਚੋਂ ਜੋ 750 ਜਾਤੀਆਂ ਬਣੀਆਂ ਹਨ ਉਨ੍ਹਾਂ ਵਿਚੋਂ ਸਾਈਕੈਡ, ਜਿੰਗੋ ਅਤੇ ਕੋਨੀਫਰ ਕਾਫੀ ਗਿਣਤੀ ਵਿਚ ਮਿਲਦੇ ਹਨ। ਕ੍ਰੀਟੇਸ਼ੀਅਸ ਕਾਲ ਵਿਚ ਪਹਿਲੇ ਫੁੱਲਾਂ ਵਾਲੇ ਰੁੱਖ ਪੈਦਾ ਹੋਏ। ਮੈਗਨੋਲੀਆ ਪੌਦਿਆਂ ਦੀਆਂ ਕੁਝ ਕਿਸਮਾਂ ਹਨ ਜੋ ਉਸ ਸਮੇਂ ਵਿਚ ਹੋਈਆਂ ਜਦੋਂ ਕਿ ਡਾਈਨੋਸੋਰ ਵਰਗੇ ਪ੍ਰਾਣੀ ਧਰਤੀ ਤੇ ਹੋਂਦ ਵਿਚ ਆਏ ਸਨ।

ਹ. ਪੁ. —ਐਨ. ਬ੍ਰਿ. ਮੈ. 18 : 687 ; ਕਾ. ਟ੍ਰੀ. : 68

ਦਰੰਗ : ਇਹ ਭਾਰਤ ਦੇ ਆਸਾਮ ਰਾਜ ਦੇ ਉੱਤਰੀ ਮੱਧਵਰਤੀ ਭਾਗ ਵਿਚ ਸਥਿਤ ਇਕ ਜ਼ਿਲ੍ਹਾ ਹੈ ਜਿਸ ਦੇ ਉੱਤਰ-ਪੱਛਮੀ ਨੁੱਕਰ ਵੱਲ ਭੂਟਾਨ, ਉੱਤਰ-ਪੂਰਬ ਵੱਲ ਅਰੁਨਾਚਲ ਪ੍ਰਦੇਸ਼, ਪੂਰਬ ਵੱਲ ਸਾਨਿਤਪੁਰ ਜ਼ਿਲ੍ਹੇ, ਦੱਖਣ ਵੱਲ ਮਾਰੀਗਾਓਂ ਅਤੇ ਕਾਮਰੂਪ ਜ਼ਿਲ੍ਹਿਆਂ ਅਤੇ ਦੱਖਣ-ਪੱਛਮ ਵੱਲ ਕਾਮਰੂਪ ਜ਼ਿਲ੍ਹੇ ਦੀਆਂ ਹੱਦਾਂ ਲਗਦੀਆਂ ਹਨ। ਇਹ 8,775 ਵ. ਕਿ.ਮੀ. (3,388 ਵ. ਮੀਲ) ਵਿਚ ਫੈਲਿਆ ਹੋਇਆ ਹੈ ਅਤੇ ਇਥੋਂ ਦੀ ਆਬਾਦੀ 12,98,860 (1991) ਹੈ। ਮੰਗਲਦਾਇ ਸ਼ਹਿਰ ਇਸ ਦਾ ਸਦਰ-ਮੁਕਾਮ ਹੈ। ਇਹ ਜ਼ਿਲ੍ਹਾ ਭੂਟਾਨ ਤੇ ਦਫ਼ਲਾ ਪਹਾੜੀਆਂ ਅਤੇ ਬ੍ਰਹਮਪੁੱਤਰ ਦਰਿਆ ਵਿਚਕਾਰ ਪੈਂਦਾ ਹੈ। ਮੁੱਖ ਤੌਰ ਤੇ ਇਥੋਂ ਦੀ ਧਰਾਤਲ ਪੱਧਰੀ ਹੈ ਅਤੇ ਬ੍ਰਹਮਪੁੱਤਰ ਦਰਿਆ ਦੇ ਕਈ ਸਹਾਇਕ ਦਰਿਆ ਇਸ ਖੇਤਰ ਦੀ ਜਲ-ਨਿਕਾਸੀ ਕਰਦੇ ਹਨ। ਇਥੋਂ ਦੀ ਜਲੋਢ ਮਿੱਟੀ ਵਿਚ ਚਾਹ, ਚੌਲ ਅਤੇ ਗੰਨੇ ਦੀ ਪੈਦਾਵਾਰ ਹੁੰਦੀ ਹੈ। ਕੁਝ ਹੱਦ ਤਕ ਰੇਸ਼ਮ ਦੇ ਕੀੜੇ ਵੀ ਪਾਲੇ ਜਾਂਦੇ ਹਨ। ਇਥੇ ਚਾਹ ਦੀ ਪ੍ਰੋਸੈਸਿੰਗ, ਤੇਲ ਦੇ ਬੀਜਾਂ ਦੀਆਂ ਮਿਲਾਂ ਆਦਿ ਵਰਗੇ ਉਦਯੋਗ ਹਨ। ਇਥੇ ਬ੍ਰਹਮਪੁੱਤਰ ਦਰਿਆ ਦੀ ਢੋ-ਢੁਆਈ ਪਖੋਂ ਵਪਾਰਕ ਮਹੱਤਤਾ ਹੈ। ਉੱਤਰ ਵੱਲ ਦੀਆਂ ਪਹਾੜੀਆਂ ਉੱਤੇ ਸੁਰੱਖਿਅਤ ਜੰਗਲ ਮਿਲਦੇ ਹਨ। ਇਸ ਦੇ ਸਦਰ-ਮੁਕਾਮ ਮੰਗਲਦਾਇ ਤੋਂ ਇਲਾਵਾ ਭੈਰਵ ਕੁੰਡ, ਪਥਰਾਘਾਟ, ਪਰਤਾਪਗੜ੍ਹ ਅਤੇ ਰਾਵਤਾ ਇਥੋਂ ਦੇ ਹੋਰ ਪ੍ਰਮੁੱਖ ਸ਼ਹਿਰ ਹਨ। ਇਥੇ ਉਦਾਲਘਰੀ ਕਾਲਜ, ਤਾਂਗਲਾ ਕਾਲਜ, ਤਾਂਗਲਾ ਕੰਨਿਆ ਮਹਾਵਿਦਿਆਲਾ, ਮੰਗਲਦਾਇ ਕਾਲਜ ਅਤੇ ਮੰਗਲਦਾਇ ਵਿਖੇ ਅਧਿਆਪਕਾਂ ਦਾ ਟ੍ਰੇਨਿੰਗ ਕਾਲਜ ਵਰਗੇ ਵਿਦਿਅਕ ਅਦਾਰੇ ਹਨ। ਸੰਨ 1991-92 ਤਕ ਇਥੇ 7 ਹਸਪਤਾਲ, 31 ਪ੍ਰਾਇਮਰੀ ਹੈਲਥ ਸੈਂਟਰ, 21 ਡਿਸਪੈਂਸਰੀਆਂ, 7 ਪੇਂਡੂ ਪਰਿਵਾਰ ਭਲਾਈ ਯੋਜਨਾ ਸੈਂਟਰ ਸਨ।

ਹ.ਪੁ.—ਐਨ. ਬ੍ਰਿ. ਮਾ. 8 : 891; ਡਿਸ. ਗ. ਆਫ. ਇੰਡ. 10 : 199-ਐਸ. ਸੀ. ਭੱਟ; ਇੰਡ. 1998-589

ਦਰਜ਼ੀ (ਪੰਛੀ) : ਇਹ ਪੈਸੈਰੀਫ਼ਾੱਰਮੀਜ਼ ਵਰਗ ਦੀ ਪ੍ਰਾਚੀਨ ਸਮੇਂ ਵਿਚ ਮਿਲਣ ਵਾਲੀ ਸਿਲਵਾਈਡੀ ਕੁਲ ਦੀ ਆੱਰਥੋਟੋਮਸ ਪ੍ਰਜਾਤੀ ਦੇ ਪੰਛੀ ਹਨ। ਇਨ੍ਹਾਂ ਦੀਆਂ ਮੁੱਖ ਨੌਂ ਜਾਤੀਆਂ ਹਨ। ਇਨ੍ਹਾਂ ਪੰਛੀਆਂ ਦਾ ਨਾਂ ਦਰਜ਼ੀ ਇਸ ਲਈ ਪਿਆ ਕਿਉਂਕਿ ਇਹ ਪੰਛੀ ਆਪਣੇ ਆਲ੍ਹਣੇ ਦਰਜ਼ੀਆਂ ਵਾਂਗ ਸਿਉਂ ਕੇ ਬਣਾਉਂਦੇ ਹਨ। ਇਨ੍ਹਾਂ ਦੀ ਇਕ ਆਮ ਮਿਲਣ ਵਾਲੀ ਕਿਸਮ ਦਾ ਵਿਗਿਆਨਕ ਨਾਂ ਆੱਰਥੋਟੋਮਸ ਸਿਊਟੋਰੀਅਸ (Orthotomus sutorius) ਹੈ। ਇਹ ਪੰਛੀ ਭਾਰਤ ਤੋਂ ਲੈ ਕੇ ਦੱਖਣੀ ਚੀਨ ਅਤੇ ਜਾਵਾ ਤੱਕ ਬਾਗ਼ਾਂ ਵਿਚ ਮਿਲਦੇ ਹਨ। ਇਹ ਸ਼ਹਿਰਾਂ ਅਤੇ ਬਾਹਰ ਖੁੱਲ੍ਹੀਆਂ ਥਾਂਵਾਂ ਵਿਚ ਹਰ ਜਗ੍ਹਾ ਮਿਲ ਜਾਂਦੇ ਹਨ। ਇਹ ਘਰਾਂ ਅਤੇ ਬਾਗ਼ਾਂ ਵਿਚ ਪੌਦਿਆਂ ਉਪਰ ਫੁਦਕਦੇ ਫਿਰਦੇ ਹਨ। ਇਹ ਪੰਛੀ ਲਗਭਗ 13 ਸੈਂ.ਮੀ. ਲੰਬਾ ਹੁੰਦਾ ਹੈ ਅਤੇ ਇਸ ਦੀ ਲੰਬੀ ਪਤਲੀ ਪੂੰਛ ਉਪਰ ਵਲ ਚੁੱਕੀ ਹੋਈ ਹੁੰਦੀ ਹੈ। ਪੂੰਛ ਵਿਚ ਦੋ ਲੰਬੇ ਖੰਭ ਹੁੰਦੇ ਹਨ ਜਿਨ੍ਹਾਂ ਦੇ ਸਿਰੇ ਸੂਈ ਵਾਂਗ ਤਿੱਖੇ ਹੁੰਦੇ ਹਨ। ਨਰ ਪੰਛੀਆਂ ਵਿਚ ਪ੍ਰੌੜ੍ਹ ਅਵਸਥਾ ਵਿਚ ਇਹ ਜ਼ਿਆਦਾ ਵਿਕਸਿਤ ਹੁੰਦੇ ਹਨ। ਇਸ ਪੰਛੀ ਦਾ ਰੰਗ ਉਪਰੋਂ ਪੀਲਾ-ਹਰਾ ਜਿਹਾ ਅਤੇ ਹੇਠੋਂ ਚਿੱਟਾ ਹੁੰਦਾ ਹੈ। ਸਿਰ ਦਾ ਰੰਗ ਲਾਲੀ ਦੀ ਭਾਹ ਮਾਰਦਾ ਭੂਰਾ ਜਿਹਾ ਹੁੰਦਾ ਹੈ। ਇਨ੍ਹਾਂ ਪੰਛੀਆਂ ਦੇ ਨਰ ਅਤੇ ਮਾਦਾ ਦੀ ਸ਼ਕਲ ਇਕੋ ਜਿਹੀ ਹੁੰਦੀ ਹੈ।

ਇਹ ਪੰਛੀ ਝਾੜੀਆਂ ਵਿਚ ਇਕੱਲੇ-ਇਕੱਲੇ ਜਾਂ ਜੋੜਿਆਂ ਵਿਚ ਰਹਿੰਦੇ ਹਨ। ਇਹ ਬੜੇ ਉੱਚੇ ਸੁਰ ਵਿਚ ਖ਼ੁਸ਼ੀ ਭਰੀ ਟੋਵਿਤ ਟੋਵਿਤ ਜਾਂ ਪਰੈਟੀ-ਪਰੈਟੀ ਦੀ ਆਵਾਜ਼ ਕੱਢਦੇ ਹਨ। ਇਨ੍ਹਾਂ ਦਾ ਆਹਾਰ ਛੋਟੇ-ਛੋਟੇ ਕੀੜੇ-ਮਕੌੜੇ, ਉਨ੍ਹਾਂ ਦੇ ਅੰਡੇ ਤੇ ਲਾਰਵੇ, ਸਿਲਕ ਕਾੱਟਨ ਕੋਰਲ ਅਤੇ ਦਰਖ਼ਤਾਂ ਦੇ ਫੁੱਲਾਂ ਦਾ ਨੈਕਟਰ ਹੁੰਦਾ ਹੈ।

ਇਹ ਪੰਛੀ ਅੰਜੀਰ, ਕ੍ਰੋਟਨ ਅਤੇ ਇਸੇ ਤਰ੍ਹਾਂ ਦੇ ਵੱਡੇ ਪੱਤਿਆਂ ਵਾਲੇ ਪੌਦਿਆਂ ਅਤੇ ਵੇਲਾਂ ਦੇ ਪੱਤਿਆਂ ਦੇ ਆਲ੍ਹਣੇ ਬਣਾਉਂਦੇ ਹਨ। ਇਹ ਇਕ ਜਾਂ ਵੱਧ ਪੱਤਿਆਂ ਦੇ ਕਿਨਾਰਿਆਂ ਨੂੰ ਆਪਣੀ ਚੁੰਝ ਨਾਲ ਘਾਹ ਦੇ ਬਰੀਕ ਬਰੀਕ ਤੀਲਿਆਂ ਜਾਂ ਪੌਦਿਆਂ ਦੇ ਨਰਮ ਰੇਸ਼ਿਆਂ ਨਾਲ ਸਿਉਂ ਕੇ ਆਪਣਾ ਆਲ੍ਹਣਾ ਬਣਾਉਂਦੇ ਹਨ। ਆਪਣੀ ਲੰਬੀ ਪਤਲੀ ਚੁੰਝ ਨਾਲ ਪੱਤਿਆਂ ਦੇ ਕਿਨਾਰਿਆਂ ਵਿਚ ਛੇਕ ਕਰਕੇ ਪੌਦਿਆਂ ਦੇ ਰੇਸ਼ਿਆਂ, ਕੀੜਿਆਂ ਦੁਆਰਾ ਬਣਾਏ ਰੇਸ਼ਮ ਜਾਂ ਘਰਾਂ ਵਿਚੋਂ ਚੋਰੀ ਕੀਤੇ ਧਾਗਿਆਂ ਨਾਲ ਇਨ੍ਹਾਂ ਛੇਕਾਂ ਨੂੰ ਸਿਉਂ ਕੇ ਆਲ੍ਹਣਾ ਤਿਆਰ ਕਰਦੇ ਹਨ। ਛੇਕਾਂ ਵਿਚੋਂ ਸੁਹਣੇ ਢੰਗ ਨਾਲ ਧਾਗੇ ਦਾ ਲੂਪ ਬਣਾ ਕੇ ਗੰਢਣ ਦੀ ਕਲਾ ਕਾਰਨ ਹੀ ਇਸ ਦਾ ਨਾਉਂ ਦਰਜ਼ੀ ਰੱਖਿਆ ਗਿਆ। ਅਪ੍ਰੈਲ ਤੋਂ ਸਤੰਬਰ ਤਕ ਇਹ ਆਪਣਾ ਆਲ੍ਹਣਾ ਤਿਆਰ ਕਰਦੇ ਹਨ। ਨਰਮ ਰੇਸ਼ੇ ਅਤੇ ਕਾੱਟਨ ਵੂਲ ਵਰਗੀਆਂ ਨਰਮ ਵਸਤਾਂ ਆਲ੍ਹਣੇ ਵਿਚ ਰੱਖ ਕੇ ਅੰਦਰੋਂ ਕੱਪ ਵਰਗੀ ਸ਼ਕਲ ਬਣਾ ਲੈਂਦੇ ਹਨ। ਇਸ ਤੋਂ ਮਗਰੋਂ ਮਾਦਾ ਪੰਛੀ, ਲਾਲ ਜਾਂ ਨੀਲੀ ਭਾਹ ਮਾਰਦੇ 3 ਜਾਂ 4 ਚਿੱਟੇ ਅੰਡੇ ਦਿੰਦੀ ਹੈ ਜਿਨ੍ਹਾਂ ਉਪਰ

ਲਾਲ ਭੂਰੇ ਚਟਾਖ਼ ਹੁੰਦੇ ਹਨ। ਆਲ੍ਹਣਾ ਬਣਾਉਣ ਦਾ ਕੰਮ ਨਰ ਅਤੇ ਮਾਦਾ ਦੋਵੇਂ ਕਰਦੇ ਹਨ ਪਰ ਅੰਡੇ ਮਾਦਾ ਇਕੱਲੀ ਹੀ ਸੇਂਦੀ ਹੈ।

ਹ.ਪੁ.—ਐਨ. ਬ੍ਰਿ. ਮਾ. 9 : 773; ਕਾ.ਬ.: 101; ਦੀ ਬੁੱਕ ਆਫ਼ ਇੰਡੀਅਨ ਬਰਡਜ਼ : 25

ਦਰਦ, ਗਿਆਨੀ ਹੀਰਾ ਸਿੰਘ : 'ਮਜ਼ਹਬ ਮੇਰਾ ਆਜ਼ਾਦੀ' ਦੇ ਆਸ਼ਕ ਗਿਆਨੀ ਹੀਰਾ ਸਿੰਘ 'ਦਰਦ' ਦਾ ਜਨਮ ਸ੍ਰੀ ਹਰੀ ਸਿੰਘ ਦੇ ਘਰ ਪਿੰਡ ਘੱਘਰੋਂ ਜ਼ਿਲ੍ਹਾ ਰਾਵਲਪਿੰਡੀ ਵਿਖੇ 30 ਸਤੰਬਰ, 1889 ਨੂੰ ਹੋਇਆ। ਇਸ ਦੇ ਪਿਤਾ ਧਾਰਮਕ ਰੁਚੀਆਂ ਵਾਲੇ ਤੇ ਸਮਾਜ ਸੁਧਾਰ ਦੇ ਹਾਮੀ ਸਨ ਜਿਨ੍ਹਾਂ ਦੇ ਪ੍ਰਭਾਵ ਅਧੀਨ ਇਸ ਨੇ ਪੁਰਾਣੀਆਂ ਰਸਮਾਂ, ਕਦਰਾਂ-ਕੀਮਤਾਂ, ਬੰਦਸ਼ਾਂ ਅਤੇ ਅੰਧ ਵਿਸ਼ਵਾਸਾਂ ਉਤੇ ਆਧਾਰਿਤ ਪਰੰਪਰਾਵਾਂ ਵਿਰੁੱਧ ਆਵਾਜ਼ ਬੁਲੰਦ ਕੀਤੀ। ਇਸ ਨੇ ਆਪਣੀਆਂ ਇਤਿਹਾਸਕ ਯਾਦਾਂ ਵਿਚ ਲਿਖਿਆ ਹੈ : "ਪਿਤਾ ਜੀ ਦੇ ਪ੍ਰਭਾਵ ਅਤੇ ਸਿੰਘ ਸਭਾ ਲਹਿਰ ਦੇ ਅਸਰ ਹੇਠਾਂ ਮੈਂ ਪੁਰਾਣੀਆਂ ਰਸਮਾਂ-ਰਿਵਾਜਾਂ ਨੂੰ ਤਿਲਾਂਜਲੀ ਦੇ ਦਿੱਤੀ।" ਘਰੇਲੂ ਹਾਲਾਤ ਠੀਕ ਨਾ ਹੋਣ ਕਾਰਨ ਇਹ ਲਗਾਤਾਰ ਵਿਦਿਆ ਪ੍ਰਾਪਤ ਨਾ ਕਰ ਸਕਿਆ। ਇਸ ਨੇ ਦਸਵੀਂ ਤੇ ਗਿਆਨੀ ਦੀ ਪ੍ਰੀਖਿਆ ਪਾਸ ਕੀਤੀ।

ਗਿਆਨੀ ਹੀਰਾ ਸਿੰਘ ਦਰਦ ਨੇ ਸਭ ਤੋਂ ਪਹਿਲਾਂ ਨਗਰ ਪਾਲਿਕਾ, ਰਾਵਲਪਿੰਡੀ ਦੇ ਦਫ਼ਤਰ ਵਿਚ ਚੁੰਗੀ ਮੋਹਰਰ ਦੀ ਨੌਕਰੀ ਕੀਤੀ ਪਰ ਬਦੇਸ਼ੀ ਸਰਕਾਰ ਨਾਲ ਨਫ਼ਰਤ ਹੋਣ ਕਾਰਨ ਛੇਤੀ ਹੀ ਇਸ ਨੇ ਅਸਤੀਫਾ ਦੇ ਕੇ ਆਪਣੇ ਆਪ ਨੂੰ ਆਜ਼ਾਦੀ ਦੇ ਕਾਫਲੇ ਵਿਚ ਸ਼ਾਮਲ ਕਰ ਲਿਆ। ਇਹ ਉਨ੍ਹਾਂ ਸੂਰਬੀਰ ਦੇਸ਼ ਭਗਤਾਂ ਵਿਚੋਂ ਸੀ ਜਿਨ੍ਹਾਂ ਨੇ ਕੌਮੀ ਆਜ਼ਾਦੀ ਤੇ ਸਮਾਜ ਸੁਧਾਰ ਦੇ ਖੇਤਰ ਵਿਚ ਉੱਘਾ ਹਿੱਸਾ ਪਾਇਆ ਅਤੇ ਇਸ ਆਦਰਸ਼ ਦੀ ਪੂਰਤੀ ਲਈ ਕਸ਼ਟ ਝੱਲੇ। ਮਾਸਟਰ ਤਾਰਾ ਸਿੰਘ, ਗੁਰਮੁਖ ਸਿੰਘ ਮੁਸਾਫਰ, ਮਾਸਟਰ ਸੁੰਦਰ ਸਿੰਘ ਮਸਤੂਆਣਾ, ਲਾਲ ਸਿੰਘ ਕਮਲਾ ਅਕਾਲੀ ਜਿਹੇ ਮੋਢੀ ਸੂਰਬੀਰਾਂ ਦੀ ਸੰਗਤ ਨੇ ਇਸ ਨੂੰ ਧਾਰਮਕ ਰੰਗ ਦਿੱਤਾ ਜੋ ਕਿ ਇਸ ਦੇ 'ਦਰਦ ਸੁਨੇਹੇ' ਨਾਮੀ ਕਵਿਤਾ ਸੰਗ੍ਰਹਿ ਤੋਂ ਸਪਸ਼ਟ ਹੁੰਦਾ ਹੈ।

ਇਸ ਲਈ ਤਾਂ ਵਤਨ ਹੀ ਜਿੰਦ ਜਾਨ ਸੀ। ਇਹ ਗੁਲਾਮੀ ਦਾ ਜੀਵਨ ਜਿਊਣਾ ਨਹੀਂ ਚਾਹੁੰਦਾ ਸੀ ਅਤੇ ਗੁਲਾਮੀ ਦੀਆਂ ਬੇੜੀਆਂ ਤੋੜਨ ਲਈ ਇਸ ਨੂੰ ਕਈ ਵਾਰ ਜੇਲ੍ਹ ਦੀ ਯਾਤਰਾ ਕਰਨੀ ਪਈ। ਇਸ ਨੇ ਭਾਰਤ ਛੱਡੋ ਅੰਦੋਲਨ ਵਿਚ ਵੀ ਵਧ ਚੜ੍ਹ ਕੇ ਹਿੱਸਾ ਲਿਆ। ਇਸ ਦੇ ਜੀਵਨ ਦਾ ਬਹੁਤ ਹਿੱਸਾ ਬਦੇਸ਼ੀ ਹਕੂਮਤ ਦੇ ਜਬਰ ਅਤੇ ਬੇਇਨਸਾਫ਼ੀ ਸਹਿਣ ਵਿਚ ਹੀ ਗੁਜ਼ਰਿਆ। ਇਹ ਸੁਭਾਵਿਕ ਤੌਰ ਤੇ ਮਿਹਨਤੀ, ਰੱਬ ਤੋਂ ਡਰਨ ਵਾਲਾ ਪਰ ਰਾਜਸੀ ਤੌਰ ਤੇ ਨਿਧੜਕ ਸਿਪਾਹੀ ਸੀ। ਇਸ ਦੇ ਅੰਦਰ ਦੇਸ਼ ਪਿਆਰ, ਦੇਸ਼ ਸੇਵਾ ਅਤੇ ਦੇਸ਼ ਦੀ ਆਜ਼ਾਦੀ ਲਈ ਡੂੰਘੀ ਤੜਪ ਸੀ।

ਇਸ ਦੀ ਪੰਜਾਬੀ ਪੱਤਰਕਾਰੀ ਨੂੰ ਮਹਾਨ ਦੇਣ ਹੈ। ਸੰਨ 1920 ਵਿਚ ਜਦੋਂ ਪੰਜਾਬੀ ਦਾ ਪਹਿਲਾ ਅਖਬਾਰ 'ਅਕਾਲੀ ਪੱਤ੍ਰਕਾ' ਜਾਰੀ ਹੋਇਆ ਤਾਂ ਇਹ ਇਸ ਦੇ ਮੋਢੀਆਂ ਵਿਚੋਂ ਇਕ ਸੀ। ਸਾਹਿਤਕ ਤੌਰ ਤੇ ਵੀ ਪੰਜਾਬੀ ਲਿਖਾਰੀਆਂ, ਆਲੋਚਕਾਂ, ਕਵੀਆਂ ਤੇ ਵਾਰਤਕ ਲਿਖਾਰੀਆਂ ਦੇ ਪਹਿਲੇ ਪੋਚ ਵਿਚੋਂ ਸੀ। ਇਸ ਨੇ ਸਾਹਿਤ ਦੀ ਹਰ ਵੰਨਗੀ ਅਰਥਾਤ ਕਵਿਤਾ, ਕਹਾਣੀ, ਆਲੋਚਨਾ, ਲੇਖ ਅਤੇ ਸਫ਼ਰਨਾਮਾ ਤੇ ਆਪਣੀ ਕਲਮ ਅਜ਼ਮਾਈ। ਕੇਂਦਰੀ ਪੰਜਾਬੀ ਲੇਖਕ ਸਭਾ ਦਾ ਜਦੋਂ ਵੀ ਜ਼ਿਕਰ ਹੁੰਦਾ ਹੈ, ਗਿਆਨੀ ਜੀ ਦੀ ਯਾਦ ਤਾਜ਼ਾ ਹੋ ਜਾਂਦੀ ਹੈ ਕਿਉਂਕਿ ਇਹ ਕੇਂਦਰੀ ਲੇਖਕ ਸਭਾ ਦਾ ਬਾਨੀ ਸੀ। ਇਸ ਤੋਂ ਬਿਨਾਂ ਇਹ ਪੰਜਾਬੀ ਸਾਹਿਤ ਐਕਡਮੀ ਦਾ ਵੀ ਮੀਤ ਪ੍ਰਧਾਨ ਰਿਹਾ।

ਇਸ ਦੀਆਂ ਸਾਹਿਤਕ ਰਚਨਾਵਾਂ ਵਿਚ ਰਸ, ਸਾਦਗੀ, ਸੋਚ ਤੇ ਖਿਆਲਾਂ ਦੀ ਉੱਚੀ ਉਡਾਰੀ ਵੇਖਣ ਨੂੰ ਮਿਲਦੀ ਹੈ। ਇਸ ਦੇ ਸ਼ੇਅਰਾਂ ਵਿਚੋਂ ਪੰਜਾਬੀ ਦਾ ਪਿਆਰ ਡੁੱਲ ਡੁੱਲ ਪੈਂਦਾ ਹੈ। ਇਸ ਦੀ ਰਚਨਾ ਭਾਵੇਂ ਰਾਜਸੀ ਜਾਂ ਇਨਕਲਾਬੀ ਹੋਵੇ ਪਰ ਇਸ ਨੇ ਸੁਧਾਰ ਜਾਂ ਮਨੋਰੰਜਨ ਨੂੰ ਕਦੇ ਵੀ ਆਪਣੇ ਸਾਹਿਤਕ ਮੰਤਵ ਵਜੋਂ ਪ੍ਰਵਾਨ ਨਹੀਂ ਕੀਤਾ। ਇਸ ਦੀ ਧਾਰਮਕ ਕਵਿਤਾ ਵਿਚ ਉਪਾਸਨਾ ਜਾਂ ਸ਼ਰਧਾ ਤੇ ਉਸਤਤੀ ਦੀ ਥਾਂ ਇਨਕਲਾਬੀ ਝਲਕ ਨਜ਼ਰ ਆਉਂਦੀ ਹੈ ਤੇ ਰਾਜਸੀ ਕਵਿਤਾ ਵਿਚ ਨਿਡਰਤਾ ਯੁਗ ਪਲਟਾਊ ਆਸ਼ਾਵਾਦ ਦੀ ਪ੍ਰਬਲਤਾ ਵੇਖਣ ਨੂੰ ਮਿਲਦੀ ਹੈ ਜਿਵੇਂ :— 'ਉਪਕਾਰਾਂ ਦੀ ਵੰਨਗੀ, ਸਿੱਖ ਬੱਚਿਓ ਜਾਗੋ: ਦਰਦ ਸੁਨੇਹੇ', 'ਫੁਲਵਾੜੀ', 'ਕਿਸਾਨ ਦੀਆਂ ਆਹੀਂ', 'ਹੋਰ ਅਗੇਰੇ ਚੋਣਵੇਂ ਦਰਦ ਸੁਨੇਹੇ' ਇਸ ਦੇ ਪ੍ਰਸਿੱਧ ਕਾਵਿ ਸੰਗ੍ਰਹਿ ਹਨ। 'ਜੀਵਨ ਤਿਲਕ ਜੀ', 'ਜੀਵਨ ਬਾਬਾ ਗੁਰਦਿੱਤਾ', 'ਧਰਮ ਤੇ ਰਾਜਨੀਤੀ', 'ਨਵੀਨ ਭਾਰਤ ਦੇ ਰਾਜਸੀ ਆਗੂ', 'ਮੇਰੀਆਂ ਕੁਝ ਇਤਿਹਾਸਕ ਯਾਦਾਂ' ਆਦਿ ਵਾਰਤਕ, 'ਆਸ ਦੀ ਤੰਦ ਤੇ ਹੋਰ ਕਹਾਣੀਆਂ', 'ਪੰਜਾਬੀ ਸਧਰਾਂ (ਸੰਪਾਦਿਤ ਕਹਾਣੀਆਂ) 'ਪੰਜਾਬੀ ਸਾਹਿਤ ਦਾ ਇਤਿਹਾਸ', 'ਸ: ਕਰਮ ਸਿੰਘ ਹਿਸਟੋਰੀਅਨ', ਆਲੋਚਨਾ, 'ਇਤਿਹਾਸਕ ਲੇਖ' ਨਿਬੰਧ ਪੁਸਤਕਾਂ ਹਨ ਅਤੇ ਬ੍ਰਿਜ ਭੂਮੀ ਤੇ ਮਲਾਇਆ ਦੀ ਯਾਤਰਾ' ਸਫ਼ਰਨਾਮੇ ਹਨ।

ਨਿਰਸੰਦੇਹ ਇਹ ਇਕ ਸੁਚੱਜਾ ਸਾਹਿਤਕਾਰ, ਸਮਾਜ ਸੇਵੀ, ਦੇਸ਼ ਪ੍ਰੇਮੀ ਤੇ ਸੁਤੰਤਰਤਾ ਸੰਗਰਾਮੀ ਸੀ। ਇਸ ਨੇ ਦੇਸ਼ ਨੂੰ ਪ੍ਰਾਚੀਨ ਪਰ ਬੇਲੋੜੀਆਂ ਰਸਮਾਂ-ਰਿਵਾਜਾਂ, ਰੂੜ੍ਹੀਆਂ, ਪਰੰਪਰਾਵਾਂ ਅਤੇ ਅੰਧ-ਵਿਸ਼ਵਾਸਾਂ ਤੋਂ ਮੁਕਤ ਕਰਵਾਇਆ।

ਗਿਆਨੀ ਹੀਰਾ ਸਿੰਘ ਨੇ ਹਮੇਸ਼ਾ ਆਜ਼ਾਦੀ ਦੇ ਗੀਤ ਗਾਏ, ਆਜ਼ਾਦੀ ਘੋਲ ਘੁਲਦੇ ਅਤੇ ਲੋਕਾਂ ਨੂੰ ਅਜ਼ਾਦੀ ਲਈ ਪ੍ਰੇਰਿਤ ਕਰਨ ਲਈ ਪ੍ਰੇਰਣਾਦਾਇਕ ਸਾਹਿਤ ਰਚਦੇ ਰਹੇ ਅਤੇ ਇਸ ਤਰ੍ਹਾਂ 28 ਜੂਨ, 1964 ਨੂੰ ਇਸ ਦੀ ਮੌਤ ਹੋ ਗਈ।

ਹ.ਪੁ.—ਪੰ. ਸਾ. ਆਲੋ. ਇਤਿ.-ਡਾ. ਸੀਤਲ; ਪੰ. ਸ. ਇਤਿ.-ਭਾ. ਵਿ. ਪੰ.; ਲਿ. ਕੋ; ਪੰ. ਸਾ. ਕੋ.


ਦਰਦੀ, ਗੋਪਾਲ ਸਿੰਘ : ਪੰਜਾਬੀ ਦੇ ਇਸ ਸਾਹਿਤਕਾਰ ਦਾ ਜਨਮ 1917 ਈ. ਵਿਚ ਪਿੰਡ ਸਰਾਏ ਨਿਆਮਤ ਖਾਂ ਜ਼ਿਲ੍ਹਾ ਹਜ਼ਾਰਾ (ਉਤਰੀ ਪੱਛਮੀ ਸੀਮਾ ਪ੍ਰਾਂਤ) ਵਿਖੇ ਹੋਇਆ। ਇਸ ਨੇ ਖਾਲਸਾ ਹਾਈ ਸਕੂਲ ਹਜ਼ਾਰਾ ਤੋਂ ਦਸਵੀਂ ਦੀ ਪ੍ਰੀਖਿਆ ਪਾਸ ਕਰਨ ਉਪਰੰਤ ਖਾਲਸਾ ਕਾਲਜ, ਅੰਮ੍ਰਿਤਸਰ ਤੋਂ ਐਮ. ਏ. ਦੀ ਡਿਗਰੀ ਹਾਸਲ ਕੀਤੀ। ਕੁਝ ਸਮਾਂ ਇਸ ਨੇ ਡੀ.ਏ.ਵੀ. ਕਾਲਜ, ਰਾਵਲਪਿੰਡੀ ਵਿਚ ਬਤੌਰ ਅਧਿਆਪਕ ਵੀ ਕੰਮ ਕੀਤਾ। ਇਸ ਦੇ ਨਾਲ ਹੀ ਪੰਜਾਬੀ ਸਾਹਿਤ ਦੇ ਨਵੇਂ ਝੁਕਾ' ਵਿਸ਼ੇ ਉਤੇ ਖੋਜ ਕਾਰਜ ਕਰਕੇ ਪੀ. ਐਚ. ਡੀ. ਦੀ ਡਿਗਰੀ ਹਾਸਲ ਕੀਤੀ। ਡਾ. ਦਰਦੀ ਦਾ ਪਹਿਲਾ ਕਾਵਿ ਸੰਗ੍ਰਹਿ 'ਝਨਾਂ' 1942 ਈ. ਵਿਚ ਛਪਿਆ ਜਿਸ ਵਿਚ ਇਸ ਦੀ ਪ੍ਰਤਿਭਾ, ਮੌਲਿਕਤਾ, ਪ੍ਰੌਢਤਾ ਅਤੇ ਸੁਹਜਮਈ ਕਾਵਿ ਚੇਤਨਾ ਦਾ ਪ੍ਰਮਾਣ ਮਿਲਦਾ ਹੈ। ਇਸ ਪੁਸਤਕ ਵਿਚ ਲੇਖਕ ਨੇ ਜੀਵਨ ਦੇ ਵੱਖ-ਵੱਖ ਪਹਿਲੂਆਂ ਨੂੰ ਕਾਵਿ-ਸਿਰਜਣਾ ਦਾ ਵਿਸ਼ਾ ਬਣਾਇਆ ਹੈ। ਸਮਕਾਲੀ ਰੋਮਾਂਚਿਕ ਕਾਵਿ ਧਾਰਾ ਵਿਚ ਇਸ ਸਿਰਜਣਾ ਦਾ ਵਿਸ਼ੇਸ਼ ਸਥਾਨ ਹੈ। ਇਸ ਕਾਵਿ ਸੰਗ੍ਰਹਿ ਤੋਂ ਇਲਾਵਾ 'ਹਨੇਰੇ ਸਵੇਰੇ', 'ਅਨਹਦ ਨਾਦ' ਲੇਖਕ ਦੇ ਹੋਰ ਕਾਵਿ ਸੰਗ੍ਰਹਿ ਹਨ। 'ਹਨੇਰੇ ਸਵੇਰੇ' ਕਾਵਿ ਸੰਗ੍ਰਹਿ ਵਿਚ ਵਿਅੰਗਾਤਮਕ ਸੁਰ ਉਘੜ ਕੇ ਸਾਹਮਣੇ ਆਇਆ ਹੈ। 'ਅਨਹਦ ਨਾਦ' ਕਾਵਿ ਸੰਗ੍ਰਹਿ ਵਿਚ ਡਾ. ਦਰਦੀ ਨੇ ਮਾਨਵੀ ਹੋਂਦ ਦੇ ਉਨ੍ਹਾਂ ਮਲੂਕ ਪ੍ਰਸ਼ਨਾਂ ਨੂੰ ਉਠਾਇਆ ਹੈ ਜੋ ਸਮਕਾਲੀਨ ਅਵਸਥਾ ਦਾ ਧੁਰਾ ਹੈ। ਇਨ੍ਹਾਂ ਕਾਵਿ ਪੁਸਤਕਾਂ ਵਿਚ

ਡਾ. ਦਰਦੀ ਨੇ ਮੁਕਤ ਛੰਦ ਦੀ ਵਰਤੋਂ ਕੀਤੀ ਹੈ ਤੇ ਇਨ੍ਹਾਂ ਵਿਚ ਵਰਤੀ ਗਈ ਬਿੰਬਾਵਲੀ, ਸ਼ਬਦਾਵਲੀ, ਰੂਪਕ, ਚਿੰਨ੍ਹ, ਦ੍ਰਿਸ਼ਟਾਂਤ, ਰੋਮਾਂਚਿਕ ਤੇ ਸ਼ਾਸਤਰੀ ਸਾਹਿਤ ਦੇ ਡੂੰਘੇ ਅਧਿਐਨ ਦੀ ਸ਼ਾਹਦੀ ਭਰਦੇ ਹਨ। ਕਵਿਤਾ ਤੋਂ ਇਲਾਵਾ ਡਾ. ਦਰਦੀ ਨੇ ਸਾਹਿਤ ਦੀਆਂ ਹੋਰ ਵਿਧਾਵਾਂ ਨਾਟਕ, ਜੀਵਨੀ, ਆਲੋਚਨਾ ਅਤੇ ਅਨੁਵਾਦ ਦੇ ਖੇਤਰ ਵਿਚ ਵੀ ਯੋਗਦਾਨ ਪਾਇਆ। ਡਾ. ਦਰਦੀ ਦਾ ਲਿਖਿਆ ਨਾਟਕ 'ਲਾਲੀ' ਇਕ ਵਧੀਆ ਨਾਟਕ ਹੈ।

ਇਸ ਨੇ ਗੁਰੂ ਗੋਬਿੰਦ ਸਿੰਘ ਅਤੇ ਗੁਰੂ ਨਾਨਕ ਦੇਵ ਜੀ ਦੀ ਜੀਵਨੀ ਲਿਖ ਕੇ ਸਾਹਿਤ ਵਿਚ ਯੋਗਦਾਨ ਪਾਇਆ। 'ਰੁਮਾਂਟਿਕ ਪੰਜਾਬੀ ਕਵੀ', 'ਸਾਹਿਤ ਦੀ ਪਰਖ', 'ਪੰਜਾਬੀ ਸਾਹਿਤ ਦਾ ਇਤਿਹਾਸ', 'ਗੁਰੂ ਗ੍ਰੰਥ ਸਾਹਿਬ ਦੀ ਸਾਹਿਤਕ ਵਿਸ਼ੇਸ਼ਤਾ' ਡਾ. ਦਰਦੀ ਦੀਆਂ ਆਲੋਚਨਾਤਮਕ ਪੁਸਤਕਾਂ ਹਨ। ਇਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪੰਜਾਬੀ ਤੋਂ ਅੰਗਰੇਜ਼ੀ ਵਿਚ ਅਨੁਵਾਦ ਵੀ ਕੀਤਾ ਹੈ। ਪੰਜਾਬੀ ਸਾਹਿਤ ਨੂੰ ਇਸ ਮਹੱਤਵਪੂਰਨ ਯੋਗਦਾਨ ਸਦਕਾ ਪੰਜਾਬ ਸਰਕਾਰ ਦੇ ਅਦਾਰੇ ਭਾਸ਼ਾ ਵਿਭਾਗ ਵਲੋਂ ਇਸ ਨੂੰ ਸਾਲ 1961 ਦਾ ਸ਼੍ਰੋਮਣੀ ਪੰਜਾਬੀ ਸਾਹਿਤਕਾਰ ਪੁਰਸਕਾਰ ਦੇ ਕੇ ਸਨਮਾਨਿਤ ਕੀਤਾ ਗਿਆ। ਸੰਨ 1970 ਵਿਚ ਇਸ ਨੂੰ ਬੁਲਗਾਰੀਆ ਦਾ ਭਾਰਤੀ ਰਾਜਦੂਤ ਵੀ ਨਿਯੁਕਤ ਕੀਤਾ ਗਿਆ।

ਹ.ਪੁ.-ਪੰ. ਸਾ. ਦਾ. ਅਲੋ. ਇਤਿ.-ਡਾ. ਸੀਤਲ ; ਪੰ. ਸਾ. ਕੋ.; ਸੁਵਿ.

ਦਰਦੀ, ਜਗਜੀਤ ਸਿੰਘ : ਆਧੁਨਿਕ ਦੌਰ ਦੇ ਉੱਘੇ ਪੰਜਾਬੀ ਪੱਤਰਕਾਰ ਦਾ ਜਨਮ 19 ਜਨਵਰੀ, 1949 ਨੂੰ ਕੁਰਕਸ਼ੇਤਰ ਵਿਖੇ ਹੋਇਆ। ਪੱਤਰਕਾਰੀ ਦਾ ਸਫਰ ਇਸ ਨੇ ਬਚਪਨ ਵਿਚ ਹੀ ਪੰਜਾਬੀ ਸੂਬਾ ਲਹਿਰ ਸਮੇਂ ਸ਼ੁਰੂ ਕੀਤਾ। ਸੰਨ 1960 ਅਤੇ 1965 ਵਿਚ ਇਸ ਨੇ ਅਕਾਲੀ ਮੋਰਚਿਆਂ ਵਿਚ ਗ੍ਰਿਫ਼ਤਾਰ ਹੋ ਕੇ ਸਿਆਸੀ ਅਤੇ ਪੱਤਰਕਾਰੀ ਜੀਵਨ ਸ਼ੁਰੂ ਕੀਤਾ। ਦਰਦੀ ਪੰਜਾਬੀ ਦੇ ਰੋਜ਼ਾਨਾ ਅਖ਼ਬਾਰ 'ਚੜ੍ਹਦੀਕਲਾ' ਤੋਂ ਇਲਾਵਾ 'ਭਾਰਤ ਦੇਸ਼ ਹਮਾਰਾ' (ਹਿੰਦੀ ਵਿਚ) ਵੀ ਪ੍ਰਕਾਸ਼ਿਤ ਕਰ ਰਿਹਾ ਹੈ। ਸੰਨ 1974 ਵਿਚ ਇਸ ਨੇ ਸਿੱਖ ਪੰਥ ਦੇ ਮਹਾਨ ਵਿਦਵਾਨ ਪ੍ਰਿੰ. ਸਤਿਬੀਰ ਸਿੰਘ ਤੇ ਨਵੀਨ ਪੰਜਾਬੀ ਸਾਹਿਤ ਦੇ ਮੋਢੀ ਭਾਈ ਵੀਰ ਸਿੰਘ ਦੇ ਭਰਾ ਡਾ. ਬਲਬੀਰ ਸਿੰਘ 'ਅਭਿਨੰਦਨ ਗ੍ਰੰਥਾਂ' ਦਾ ਸੰਪਾਦਨ ਕੀਤਾ।



ਜਗਜੀਤ ਸਿੰਘ ਦਰਦੀ

ਸ. ਜਗਜੀਤ ਸਿੰਘ ਦਰਦੀ ਪੱਤਰਕਾਰੀ ਦੇ ਖੇਤਰ ਵਿਚ ਇਕ ਮਹਾਨ ਦਿੱਖ ਰੱਖਦਾ ਹੈ। ਇਹ ਪ੍ਰੈਸ ਲਈ ਬੋਲਣ ਲਈ ਅਤੇ ਲਿਖਣ ਦੀ ਆਜ਼ਾਦੀ ਦੇ ਕੱਟੜ ਸਮਰਥਕਾਂ ਵਿਚੋਂ ਹੈ। ਸਾਹਿਤ ਦੇ ਖੇਤਰ ਵਿਚ ਵੀ ਇਸ ਦੀ ਵਿਸ਼ੇਸ਼ ਰੁਚੀ ਹੈ। ਇਸ ਵਲੋਂ ਹਰ ਸਾਲ ਪੰਜਾਬੀ ਮਾਂ ਬੋਲੀ ਦੀ ਸੇਵਾ ਕਰਨ ਵਾਲੇ ਸਾਹਿਤਕਾਰਾਂ ਨੂੰ 'ਚੜ੍ਹਦੀਕਲਾ ਸਾਹਿਤਕ ਪੁਰਸਕਾਰ' ਅਤੇ ਗਿਆਨੀ ਹਰਨਾਮ ਸਿੰਘ ਪੁਰਸਕਾਰ ਦੇ ਕੇ ਸਨਮਾਨਿਤ ਕੀਤਾ ਜਾਂਦਾ ਹੈ। ਪੱਤਰਕਾਰੀ ਦੇ ਖੇਤਰ ਇਸ ਦੇ ਵਡਮੁੱਲੇ ਯੋਗਦਾਨ ਨੂੰ ਧਿਆਨ ਵਿਚ ਰਖਦਿਆਂ ਭਾਸ਼ਾ ਵਿਭਾਗ, ਪੰਜਾਬ ਵਲੋਂ ਇਸ ਨੂੰ ਸਾਲ 1992 ਦਾ ਸ਼੍ਰੋਮਣੀ ਪੰਜਾਬੀ ਪੱਤਰਕਾਰ ਦੇ ਕੇ ਸਨਮਾਨਿਤ ਕੀਤਾ ਗਿਆ ਹੈ।

ਹ.ਪੁ.—ਸੁਵਿ. ਸਨ. ਸਮਾ. 1991-92

ਦਰਬਾਰ : ਭਾਰਤ ਵਿਚ ਰਾਜੇ ਮਹਾਰਾਜਿਆਂ ਵੱਲੋਂ ਲਾਈ ਜਾਣ ਵਾਲੀ ਕਚਹਿਰੀ ਲਈ ਵਰਤਿਆ ਜਾਣ ਵਾਲਾ ਇਹ ਇਕ ਸ਼ਬਦ ਹੈ। ਇਸ ਵਿਚ ਦੇਸ਼ ਦੇ ਪ੍ਰਬੰਧਕੀ ਕਾਰਜਾਂ ਤੋਂ ਇਲਾਵਾ ਰਸਮੀ ਗੱਲਾਂ ਵੀ ਕੀਤੀਆਂ ਜਾਂਦੀਆਂ ਹਨ। ਮੁਗ਼ਲ ਸ਼ਹਿਨਸ਼ਾਹ ਆਪਣੇ ਦਰਬਾਰ ਵਿਚ ਬਦੇਸ਼ੀ ਮਹਿਮਾਨਾਂ ਦਾ ਸਵਾਗਤ ਹੀ ਕਰਦੇ ਹੁੰਦੇ ਸਨ। ਇਹ ਸ਼ਬਦ ਪ੍ਰਸ਼ਾ ਤੋਂ ਭਾਰਤ ਵਿਚ ਆਇਆ। ਮਹਾਰਾਜਿਆਂ ਦੇ ਦਰਬਾਰ ਤੋਂ ਇਲਾਵਾ ਸਰਕਾਰੀ ਹਾਕਮ ਵੱਲੋਂ ਮੰਨੇ-ਪ੍ਰਮੰਨੇ ਵਿਅਕਤੀਆਂ ਦੀ ਇਕੱਤਰਤਾ ਲਈ ਵੀ ਇਸ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ। ਬਰਤਾਨਵੀ ਸ਼ਾਸ਼ਨ ਵੱਲੋਂ ਭਾਰਤ ਵਿਚ ਇਹ ਸ਼ਬਦ ਉਚੇਚੇ ਤੌਰ ਤੇ ਰਾਜ ਵੱਲੋਂ ਮਨਾਏ ਜਾਣ ਵਾਲੇ ਮੌਕਿਆਂ ਤੇ ਸੱਦੀ ਗਈ ਸ਼ਾਹੀ ਇਕੱਤਰਤਾ ਲਈ ਹੀ ਵਰਤਿਆ ਜਾਂਦਾ ਸੀ। ਸੰਨ 1877, 1903 ਅਤੇ 1911 ਵਿਚ ਦਿੱਲੀ ਵਿਖੇ ਤਿੰਨ ਪ੍ਰਸਿੱਧ ਦਰਬਾਰਾਂ ਦੀ ਚਰਚਾ ਵਿਸ਼ੇਸ਼ ਤੌਰ ਤੇ ਹੁੰਦੀ ਹੈ। ਸੰਨ 1876 ਵਿਚ ਮਹਾਰਾਣੀ ਵਿਕਟੋਰੀਆ ਵੱਲੋਂ ਭਾਰਤ ਦੀ ਮਲਕਾ ਦਾ ਖਿਤਾਬ ਧਾਰਨ ਕੀਤਾ ਤਾਂ ਇਸ ਸਬੰਧ ਵਿਚ 1897 ਈ. ਵਿਚ ਦਰਬਾਰ ਆਯੋਜਿਤ ਕੀਤਾ ਗਿਆ। ਸੰਨ 1902 ਵਿਚ ਬਾਦਸ਼ਾਹ ਐਡਵਰਡ ਸੱਤਵੇਂ ਦੀ ਤਾਜਪੋਸ਼ੀ ਤੋਂ ਬਾਅਦ 1903 ਈ. ਵਿਚ ਦਰਬਾਰ ਲਾਇਆ ਗਿਆ ਅਤੇ 1911 ਈ. ਵਿਚ ਬਾਦਸ਼ਾਹ ਜਾਰਜ ਪੰਜਵੇਂ ਅਤੇ ਮਹਾਰਾਨੀ ਮੇਰੀ ਦੀ ਭਾਰਤ ਯਾਤਰਾ ਸਮੇਂ ਵਿਸ਼ੇਸ਼ ਦਰਬਾਰ ਲਾਇਆ ਗਿਆ।

ਹ.ਪੁ.—ਐਨ. ਬ੍ਰਿ. ਮਾ. 4 : 289; ਐਨ. ਬ੍ਰਿ. 7 : 76; ਐਨ. ਅਮੈ. 8 : 488

ਦਰਬਾਰਾ ਸਿੰਘ (ਸਾਬਕਾ ਗਵਰਨਰ) : ਸਵ. ਸ. ਦਰਬਾਰਾ ਸਿੰਘ ਇਕ ਦਰਵੇਸ਼ ਸਿਆਸਤਦਾਨ ਸਨ। ਦਰਬਾਰਾ ਸਿੰਘ ਦਾ ਜਨਮ 25 ਫ਼ਰਵਰੀ, 1927 ਨੂੰ ਸ. ਮੰਗਲ ਸਿੰਘ ਦੇ ਗ੍ਰਹਿ ਚੱਕ ਨੰ. 26 ਜੇ ਬੀ, ਜ਼ਿਲ੍ਹਾ ਲਾਇਲਪੁਰ (ਪਾਕਿਸਤਾਨ) ਵਿਖੇ ਹੋਇਆ ਸੀ। ਇਸ ਨੇ 1947 ਈ. ਵਿਚ ਲਾਇਲਪੁਰ ਖਾਲਸਾ ਕਾਲਜ ਤੋਂ ਗਰੈਜੂਏਸ਼ਨ ਕੀਤੀ ਅਤੇ 1950 ਈ. ਵਿਚ ਪੰਜਾਬ ਇੰਜੀਨੀਅਰਿੰਗ ਕਾਲਜ ਰੁੜਕੀ ਤੋਂ ਬੀ.ਐਸ. ਸੀ. ਮਕੈਨੀਕਲ ਦੀ ਡਿਗਰੀ ਸਵ. ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਦੇ ਕਰ ਕਮਲਾਂ ਤੋਂ ਪ੍ਰਾਪਤ ਕੀਤੀ। ਆਪਣੀ ਰਾਜਨੀਤਕ ਸੋਚ ਨੂੰ ਇਸ ਨੇ 1942 ਈ. ਵਿਚ 'ਅੰਗਰੇਜ਼ੋ ਭਾਰਤ ਛੱਡੋ ਲਹਿਰ' ਦੌਰਾਨ ਯੋਗਦਾਨ ਪਾ ਕੇ ਉਭਾਰਿਆ।

ਸੰਨ 1951 ਵਿਚ ਇਸ ਨੇ ਮਲਸੀਆਂ ਖੇਤਰ ਵਿਚ ਪੇਪਰ ਮਿਲ ਲਗਾ ਕੇ ਉਦਯੋਗਿਕ ਜੀਵਨ ਆਰੰਭ ਕੀਤਾ ਅਤੇ ਪੰਡਤ ਨਹਿਰੂ ਵੱਲੋਂ ਦਿੱਤੇ ਸੁਝਾਅ ਅਨੁਸਾਰ ਨਵੀਨਤਮ ਖੇਤੀ ਵੱਲ ਆਪਣੇ ਸ਼ੇਰੋਵਾਲੀਆ ਪਰਿਵਾਰ ਨੂੰ ਪ੍ਰੇਰਨਾ ਦੇ ਕੇ ਇਸ ਖੇਤਰ ਵਿਚ ਵਾਹ ਵਾਹ ਖੱਟੀ।

ਸਮਾਜ ਸੇਵਾ ਉਸ ਦੇ ਜੀਵਨ ਵਿਚ ਕੁੱਟ ਕੁੱਟ ਕੇ ਭਰੀ ਹੋਈ ਸੀ ਜਿਸ ਦੇ ਸਦਕਾ ਆਪਣੇ ਪਿੰਡ ਮਲਸੀਆਂ ਤੋਂ 1964 ਈ. ਵਿਚ ਇਹ ਸਰਪੰਚ, ਪੰਚਾਇਤ ਸੰਮਤੀ ਸ਼ਾਹਕੋਟ ਦਾ ਚੇਅਰਮੈਨ ਅਤੇ ਜ਼ਿਲ੍ਹਾ ਪਰੀਸ਼ਦ ਜਲੰਧਰ ਦਾ ਮੈਂਬਰ ਬਣਿਆ।

ਨਕੋਦਰ ਖੇਤਰ ਵਿਚ ਕੋਈ ਕਾਲਜ ਨਾ ਹੋਣ ਕਾਰਨ ਦਸਵੀਂ ਪਾਸ ਕਰਨ ਉਪਰੰਤ ਨੌਜਵਾਨ ਲੜਕੇ ਤੇ ਲੜਕੀਆਂ ਨੂੰ ਬਾਹਰਲੇ ਕਾਲਜਾਂ ਵਿਚ ਪੜ੍ਹਨ ਜਾਣ ਲਈ ਬੱਸਾਂ ਵਿਚ ਖੱਜਲ ਖੁਆਰ ਹੁੰਦੇ ਇਸ ਤੋਂ ਜਰਿਆ ਨਾ ਗਿਆ ਅਤੇ ਜਦੋਂ ਲੋਕਾਂ ਨੇ ਉਸ ਵੇਲੇ ਦੇ ਪਤਵੰਤੇ ਆਗੂਆਂ ਨੂੰ ਕਾਲਜ ਆਰੰਭ ਕਰਨ ਲਈ ਮਜਬੂਰ ਕੀਤਾ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 500 ਸਾਲਾ ਪ੍ਰਕਾਸ਼ ਦਿਵਸ ਦੇ ਮੌਕੇ ਤੇ ਗੁਰੂ ਨਾਨਕ ਨੈਸ਼ਨਲ ਕਾਲਜ ਦਾ ਆਰੰਭ ਹੋਇਆ ਜਿਸ ਲਈ ਦਰਬਾਰਾ ਸਿੰਘ ਨੇ ਦੇਸ਼ ਬਦੇਸ਼ ਵਿਚੋਂ ਲੱਖਾਂ ਰੁਪਏ ਇਕੱਠੇ ਕਰਕੇ ਵੱਡਾ ਯੋਗਦਾਨ ਪਾਇਆ। ਉਹ ਗੁਰੂ ਨਾਨਕ ਨੈਸ਼ਨਲ ਕਾਲਜ ਪ੍ਰਬੰਧਕ ਕਮੇਟੀ (ਲੜਕੇ ਤੇ ਲੜਕੀਆਂ) ਦਾ ਆਖ਼ਰੀ ਦਮ ਤਕ ਪ੍ਰਧਾਨ ਰਿਹਾ। ਇਸ ਦੌਰਾਨ 1967 ਈ. ਵਿਚ ਇਹ ਪਹਿਲੀ ਵਾਰ ਪੰਜਾਬ ਵਿਧਾਨ ਸਭਾ ਦਾ ਨਕੋਦਰ ਹਲਕੇ ਤੋਂ ਅਜ਼ਾਦ ਉਮੀਦਵਾਰ ਵਜੋਂ ਮੈਂਬਰ ਚੁਣਿਆ ਗਿਆ। ਸੰਨ 1968 ਤੋਂ 1969 ਈ. ਤਕ ਇਸ ਨੇ ਡਿਪਟੀ ਮਨਿਸਟਰ ਵਜੋਂ ਸੇਵਾ ਕੀਤੀ। ਸੰਨ 1969 ਵਿਚ ਹੋਈਆਂ ਦੁਬਾਰਾ ਚੋਣਾਂ ਸਮੇਂ ਇਹ ਫਿਰ ਜੇਤੂ ਰਿਹਾ ਅਤੇ 1973 ਈ. ਤਕ ਵਿਧਾਨ ਸਭਾ ਦੇ ਸਫਲ ਸਪੀਕਰ ਵਜੋਂ ਵਾਹ ਵਾਹ ਖੱਟੀ।

ਸੰਨ 1996 ਵਿਚ ਇਸ ਨੇ 23 ਸਾਲ ਦੇ ਰਾਜਨੀਤਕ ਸੰਨਿਆਸ ਉਪਰੰਤ ਸ਼੍ਰੋਮਣੀ ਅਕਾਲੀ ਦਲ ਦੇ ਟਿਕਟ ਤੇ ਲੋਕ ਸਭਾ ਲਈ ਜਲੰਧਰ ਹਲਕੇ ਤੋਂ ਚੋਣ ਜਿੱਤੀ ਅਤੇ ਸਾਰੇ ਦੇਸ਼ ਵਿਚ ਇਨ੍ਹਾਂ ਦੀ ਸ਼ਾਨ ਚਮਕੀ।

ਸੰਨ 1997 ਵਿਚ ਜਦੋਂ ਲੋਕ ਸਭਾ ਦੀਆਂ ਮੱਧਕਾਲੀ ਚੋਣਾਂ ਹੋਈਆਂ ਤਾਂ ਇਸ ਨੇ ਭਾਰਤ ਦੇ ਉਸ ਸਮੇਂ ਦੇ ਪ੍ਰਧਾਨ ਮੰਤਰੀ ਤੇ ਪੰਜਾਬ ਦੇ ਮਹਾਨ ਸਪੂਤ ਸ੍ਰੀ ਇੰਦਰ ਕੁਮਾਰ ਗੁਜਰਾਲ ਦੇ ਹੱਕ ਵਿਚ ਇਹ ਕਹਿ ਕੇ ਚੋਣ ਨਾ ਲੜੀ ਕਿ ਉਹ ਹਰ ਤਰ੍ਹਾਂ ਉਨ੍ਹਾਂ ਤੋਂ ਸੂਝਵਾਨ ਤੇ ਸੀਨੀਅਰ ਹਨ ਅਤੇ ਸ੍ਰੀ ਗੁਜਰਾਲ ਦੀ ਸ਼ਾਨਦਾਰ ਜਿੱਤ ਲਈ ਸਾਰੀ ਵਾਹ ਲਗਾ ਦਿੱਤੀ।

ਇਸ ਦੀ ਇਸ ਕੁਰਬਾਨੀ ਤੇ ਯੋਗਤਾ ਸਦਕਾ ਸ਼੍ਰੋਮਣੀ ਅਕਾਲੀ ਦਲ ਦੀ ਹਾਈ ਕਮਾਂਡ ਨੇ ਇਸ ਦੇ ਨਾਂ ਦੀ ਰਾਜਸਥਾਨ ਦੇ ਗਵਰਨਰ ਬਣਾਏ ਜਾਣ ਦੀ ਸਿਫਾਰਸ਼ ਕੀਤੀ ਜਿਸ ਦੇ ਅਨੁਸਾਰ ਦਰਬਾਰਾ ਸਿੰਘ ਨੇ 1 ਮਈ, 1998 ਨੂੰ ਜੈਪੁਰ ਵਿਖੇ ਇਕ ਵਿਸ਼ਾਲ ਸਮਾਗਮ ਵਿਚ ਇਸ ਅਹੁੱਦੇ ਦੀ ਸਹੁੰ ਚੁੱਕੀ ਜਿਸ ਦਾ ਭਰਪੂਰ ਸਵਾਗਤ ਕੀਤਾ ਗਿਆ।

ਇਸ ਪਿੱਛੋਂ ਇਸ ਪ੍ਰਾਂਤ ਦੇ ਮੁੱਖ ਮੰਤਰੀ ਸ੍ਰੀ ਭੈਰੋਂ ਸਿੰਘ ਸ਼ੇਖਾਵਤ ਅਤੇ ਉਸ ਦੀ ਵਜ਼ਾਰਤ ਨਾਲ ਉਸ ਨੇ ਰਾਜਸਥਾਨ ਨੂੰ ਪੰਜਾਬ ਦੀ ਤਰ੍ਹਾਂ ਖੇਤੀ ਪ੍ਰਧਾਨ ਪ੍ਰਾਂਤ ਬਣਾਉਣ ਲਈ ਵਿਚਾਰ ਵਟਾਂਦਰੇ ਆਰੰਭੇ ਪਰ ਈਸ਼ਵਰ ਨੂੰ ਕੁਝ ਹੋਰ ਹੀ ਮਨਜ਼ੂਰ ਸੀ।

ਇਸ ਮਹੀਨੇ ਕੇਂਦਰੀ ਸਰਕਾਰ ਨੇ ਪੋਖਰਨ ਵਿਖੇ ਪ੍ਰਮਾਣੂ ਧਮਾਕੇ ਕਰਕੇ ਆਪਣੀ ਸ਼ਕਤੀ ਦੀ ਧਾਕ ਬਿਠਾਈ। ਜਦੋਂ ਇਹ ਪ੍ਰਧਾਨ ਮੰਤਰੀ ਸ੍ਰੀ ਅਟਲ ਬਿਹਾਰੀ ਵਾਜਪਈ ਨਾਲ ਰਾਜਪਾਲ ਹੋਣ ਦੇ ਨਾਤੇ ਉਕਤ ਸਥਾਨ ਦਾ ਦੌਰਾ ਕਰਨ ਗਿਆ ਤਾਂ ਕੁਝ ਘਬਰਾਹਟ ਮਹਿਸੂਸ ਹੋਣ ਕਾਰਨ ਇਸ ਨੂੰ ਦਿੱਲੀ ਦੇ ਇਕ ਹਸਪਤਾਲ ਵਿਚ ਮੈਡੀਕਲ ਚੈਕ ਅਪ ਲਈ ਭਰਤੀ ਕਰਾਇਆ ਗਿਆ ਜਿਥੇ ਇਹ 24 ਮਈ, 1998 ਨੂੰ ਅਕਾਲ ਚਲਾਣਾ ਕਰ ਗਿਆ।

—ਪ੍ਰਗਟ ਸਿੰਘ (ਉਲੰਪੀਅਨ)

ਦਰਭੰਗਾ : ਜ਼ਿਲ੍ਹਾ—ਉੱਤਰ-ਪੂਰਬੀ ਭਾਰਤ ਦੇ ਬਿਹਾਰ ਰਾਜ ਦਾ ਇਕ ਜ਼ਿਲ੍ਹਾ ਹੈ ਅਤੇ ਇਸੇ ਹੀ ਨਾਂ ਦਾ ਸ਼ਹਿਰ ਇਸ ਦਾ ਪ੍ਰਬੰਧਕੀ ਸਦਰ-ਮੁਕਾਮ ਹੈ। ਇਸ ਦਾ ਖੇਤਰਫਲ 2,296 ਵ.ਕਿ.ਮੀ. (886 ਵ.ਮੀਲ.) ਅਤੇ ਆਬਾਦੀ 25,10,959 (1991) ਹੈ।

ਇਹ ਜ਼ਿਲ੍ਹਾ ਮੁੱਖ ਤੌਰ ਤੇ ਇਕ ਵਿਸ਼ਾਲ ਉਪਜਾਊ ਮੈਦਾਨੀ ਖੇਤਰ ਹੈ ਅਤੇ ਉੱਤਰ ਤੋਂ ਦੱਖਣ ਵੱਲ ਨੂੰ ਇਸ ਦੀ ਕੁਦਰਤੀ ਢਲਾਣ ਹੈ। ਕਿਤੇ ਕਿਤੇ ਨੀਵੇਂ ਖੇਤਰਾਂ ਵਿਚ ਦਲਦਲਾਂ ਅਤੇ ਝੀਲਾਂ ਹਨ। ਗੰਗਾ, ਬੜੀ ਗੰਡਕ ਅਤੇ ਬਾਘਮਤੀ ਜ਼ਿਲ੍ਹੇ ਦੇ ਮੁੱਖ ਦਰਿਆ ਹਨ। ਕਰੇਹਾ ਦਰਿਆ ਜ਼ਿਲ੍ਹੇ ਦੀ ਜਲ-ਨਿਕਾਸੀ ਕਰਦਾ ਹੈ।

ਇਤਿਹਾਸਕ ਪੱਖੋਂ ਇਹ ਜ਼ਿਲ੍ਹਾ ਪਹਿਲਾਂ ਪ੍ਰਾਚੀਨ ਮਿਥਿਲਾ ਸਾਮਰਾਜ ਦਾ ਇਕ ਹਿੱਸਾ ਹੁੰਦਾ ਸੀ। ਇਸ ਤੋਂ ਬਾਅਦ ਇਸ ਉੱਤੇ ਪਾਲ ਅਤੇ ਸੈਨ ਖ਼ਾਨਦਾਨਾਂ ਦਾ ਰਾਜ ਰਿਹਾ। ਸੰਨ 1203 ਵਿਚ ਇਸ ਉਪਰ ਮੁਹੰਮਦ-ਇ-ਬਖ਼ਤਿਆਰ ਖ਼ਿਲਜੀ ਨੇ ਕਬਜ਼ਾ ਕਰ ਲਿਆ। 14ਵੀਂ ਸਦੀ ਦੇ ਮੱਧ ਵਿਚ ਇਹ ਬ੍ਰਾਹਮਣ ਰਾਜਿਆਂ ਅਧੀਨ ਰਿਹਾ। ਸੰਨ 1556 ਵਿਚ ਇਸ ਨੂੰ ਮੁਗ਼ਲ ਸਾਮਰਾਜ ਵਿਚ ਸ਼ਾਮਲ ਕਰ ਦਿੱਤਾ ਗਿਆ। ਸੰਨ 1765 ਵਿਚ ਇਹ ਅੰਗਰੇਜ਼ਾਂ ਅਧੀਨ ਚਲਾ ਗਿਆ ਅਤੇ ਇਸ ਨੂੰ ਸੂਬਾ ਬਿਹਾਰ ਵਿਚ ਸ਼ਾਮਲ ਕਰ ਲਿਆ ਗਿਆ। ਇਸ ਸਮੇਂ ਮੁਜ਼ੱਫ਼ਰਪੁਰ ਜ਼ਿਲ੍ਹੇ ਦੇ ਇਕ ਵੱਡੇ ਹਿੱਸੇ ਨਾਲ ਮਿਲਾ ਕੇ ਤ੍ਰਿਹੁਟ ਨੂੰ ਸਰਕਾਰ ਬਣਾ ਦਿੱਤੀ ਗਈ। ਸੰਨ 1875 ਵਿਚ ਤ੍ਰਿਹੁਟ ਮੁਜ਼ੱਫਰਪੁਰ ਅਤੇ ਦਰਭੰਗਾ ਨਾਂ ਦੇ ਦੋ ਜ਼ਿਲ੍ਹਿਆਂ ਵਿਚ ਵੰਡ ਦਿੱਤਾ ਗਿਆ।

ਜ਼ਿਲ੍ਹੇ ਵਿਚ ਜੰਗਲਾਤ ਦੀ ਘਾਟ ਹੈ। ਖੇਤੀਬਾੜੀ ਇਥੋਂ ਦੇ ਲੋਕਾਂ ਦਾ ਮੁੱਖ ਧੰਦਾ ਹੈ। ਤੇਲ ਵਾਲੇ ਬੀਜ, ਤੰਬਾਕੂ, ਕਮਾਦ, ਅੰਬ, ਝੋਨਾ ਅਤੇ ਤਿਲ ਇਥੋਂ ਦੀਆਂ ਪ੍ਰਮੁੱਖ ਫਸਲਾਂ ਹਨ।

ਹ.ਪੁ.—ਐਨ. ਬ੍ਰਿ. ਮਾ. 3 : 883; ਕੋਲ. ਐਨ. 6 : 89; ਹਿੰ. ਵਿ.ਕੋ. 6 : 1; ਇੰਪ. ਗ. ਇੰਡ. 11 : 151; ਦੀ ਐਨ. ਡਿਸ.ਗ.ਆਫ਼. ਇੰਡ. 8 : 101- ਐਸ. ਸੀ. ਭੱਟ

ਦਰਭੰਗਾ : ਸ਼ਹਿਰ — ਉੱਤਰ-ਪੂਰਬੀ ਭਾਰਤ ਦੇ ਬਿਹਾਰ ਰਾਜ ਦੇ ਉੱਤਰੀ ਹਿੱਸੇ ਵਿਚ ਇਸੇ ਹੀ ਨਾਂ ਦੇ ਜ਼ਿਲ੍ਹੇ ਦਾ ਸ਼ਹਿਰ ਅਤੇ ਪ੍ਰਬੰਧਕੀ ਸਦਰ-ਮੁਕਾਮ ਹੈ ਜਿਹੜਾ ਗੰਗਾ ਦਰਿਆ ਦੀ ਇਕ ਸਹਾਇਕ ਨਦੀ ਬਾਘਮਤੀ ਉਪਰ ਠੀਕ ਉੱਤਰ-ਪੂਰਬ ਵਿਚ ਪਟਨਾ ਤੋਂ 96 ਕਿ.ਮੀ. (60 ਮੀਲ) ਦੀ ਦੂਰੀ ਤੇ ਵਾਕਿਆ ਹੈ। ਇਹ ਸੜਕਾਂ ਅਤੇ ਰੇਲਾਂ ਦਾ ਮੁੱਖ ਜੰਕਸ਼ਨ ਹੈ। ਇਥੇ ਜ਼ਰਾਇਤੀ ਉਪਜਾਂ ਜਿਨ੍ਹਾਂ ਵਿਚ ਅੰਬ, ਚੌਲ, ਤੇਲ ਦੇ ਬੀਜ ਅਤੇ ਪਟਸਨ ਆਦਿ ਮੁੱਖ ਹਨ, ਤੋਂ ਇਲਾਵਾਂ ਇਮਾਰਤੀ ਲੱਕੜ ਅਤੇ ਮੱਛੀ ਦਾ ਵੀ ਵਪਾਰ ਹੁੰਦਾ ਹੈ। ਉਦਯੋਗਿਕ ਪਖੋਂ ਇਥੇ ਖੰਡ ਅਤੇ ਬੂਟਾਂ ਦੇ ਤਸਮੇਂ ਬਣਾਉਣ ਦੇ ਉਦਯੋਗ ਪ੍ਰਫੁੱਲਤ ਹਨ।

ਇਸ ਸ਼ਹਿਰ ਦਾ ਨਾਂ ਸ਼ਾਇਦ ਇਥੋਂ ਦੇ ਇਕ ਸਮੁੰਦਰੀ ਲੁਟੇਰੇ, ਦਰਭੰਗੀ ਖ਼ਾਨ ਦੇ ਨਾਂ ਤੇ ਪਿਆ ਸੀ। ਇਤਿਹਾਸਕ ਪੱਖ ਤੋਂ ਇਹ ਸ਼ਹਿਰ 16ਵੀਂ ਸਦੀ ਵਿਚ ਬਣੀ ਦਰਭੰਗਾ ਨਾਮੀ ਰਿਆਸਤ ਦਾ ਸਦਰ-ਮੁਕਾਮ ਸੀ। ਉਸ ਸਮੇਂ ਦਾ ਬਣਿਆ ਹੋਇਆ ਆਨੰਦਬਾਗ਼ ਮਹੱਲ ਜਿਹੜਾ ਮਹਾਰਾਜਾ ਧਿਰਾਜ ਦਾ ਰਿਹਾਇਸ਼-ਸਥਾਨ ਸੀ, ਇਥੋਂ ਦੀਆਂ ਦੇਖਣਯੋਗ ਥਾਵਾਂ ਵਿਚੋਂ ਇਕ ਹੈ। ਸੰਨ 1864 ਤੋਂ ਇਥੇ ਮਿਉਂਸਪਲਟੀ ਦੀ ਸਥਾਪਨਾ ਹੈ। ਸ਼ਹਿਰ ਦੇ ਬਾਹਰਲੇ ਪਾਸੇ ਦੱਖਣੀ ਹਿੱਸੇ ਵਿਚ ਸਥਿਤ ਲਹਿਰੀਆਂ ਸਰਾਂ ਵਿਚ ਜ਼ਿਲ੍ਹੇ ਦੇ ਮੁੱਖ ਦਫ਼ਤਰ ਹਨ।

ਸੰਨ 1961 ਵਿਚ ਇਥੇ ਕਾਮੇਸ਼ਵਰਾ ਸਿੰਘ ਦਰਭੰਗਾ ਸੰਸਕ੍ਰਿਤ ਯੂਨੀਵਰਸਿਟੀ ਸਥਾਪਤ ਕੀਤੀ ਗਈ। ਇਸ ਤੋਂ ਇਲਾਵਾ

ਸਿੱਖਿਆ ਮੁਹੱਈਆ ਕਰਨ ਲਈ ਇਥੇ ਬਿਹਾਰ ਯੂਨੀਵਰਸਿਟੀ ਨਾਲ ਸਬੰਧਤ ਤਿੰਨ ਕਾਲਜ ਹਨ ਜਿਨ੍ਹਾਂ ਵਿਚੋਂ ਇਕ ਮੈਡੀਕਲ, ਇਕ ਆਰਟਸ ਅਤੇ ਇਕ ਸੰਸਕ੍ਰਿਤ ਕਾਲਜ ਹੈ। ਇਥੇ ਇਕ ਅਜਾਇਬ ਘਰ ਵੀ ਹੈ ਜਿਸ ਵਿਚ ਪੁਰਾਤੱਤਵੀ, ਇਤਿਹਾਸਕ ਅਤੇ ਦਸਤਕਾਰੀ ਦੀਆਂ ਸੁੰਦਰ ਚੀਜ਼ਾਂ ਹਨ।

ਆਬਾਦੀ–2,18,391 (1991)

26° 10′ ਉ. ਵਿਥ.; 85° 54′ ਪੂ. ਲੰਬ.

ਹ.ਪੁ.—ਐਨ. ਬ੍ਰਿ. ਮਾ. 3 : 883; ਕੋਲ. ਐਨ. 6 : 89; ਐਨ. ਅਮੈ. 8 : 497; ਇੰਪ. ਗ. ਇੰਡ. 11 : 164

ਦਰਵਾਜ਼ਾ : ਆਮ ਕਰਕੇ ਲੱਕੜ, ਧਾਤ, ਸ਼ੀਸ਼ੇ ਜਾਂ ਰਲੀ–ਮਿਲੀ ਸਾਮੱਗਰੀ ਤੋਂ ਤਿਆਰ ਕੀਤੀ ਗਈ ਸਕ੍ਰੀਨ ਨੂੰ ਦਰਵਾਜ਼ਾ ਕਿਹਾ ਜਾਂਦਾ ਹੈ ਜੋ ਕਿ ਕਿਸੇ ਵੀ ਕਮਰੇ ਜਾਂ ਇਮਾਰਤ ਦੀ ਖੁਲ੍ਹੀ ਥਾਂ ਨੂੰ ਬੰਦ ਕਰਨ ਦੇ ਮਨੋਰਥ ਲਈ ਲਗਾਇਆ ਜਾਂਦਾ ਹੈ। ਦਰਵਾਜ਼ੇ ਕਈ ਕਿਸਮ ਦੇ ਹੁੰਦੇ ਹਨ। ਕਈ ਦਰਵਾਜ਼ੇ ਆਪਣੇ ਆਪ ਹੀ ਖੁੱਲ੍ਹਣ ਅਤੇ ਬੰਦ ਹੋਣ ਵਾਲੇ, ਕਈ ਠੱਪਵੇਂ, ਕਈ ਲਪੇਟਵੇਂ ਅਤੇ ਕਈ ਸਰਕਵੇਂ ਹੁੰਦੇ ਹਨ।

ਸਭ ਤੋਂ ਪਹਿਲਾਂ ਪ੍ਰਾਚੀਨ ਯੁਗ ਵਿਚ ਅਤੇ ਸਾਰੇ ਹੀ ਮੈਸੋਪੋਟੇਮੀਆ ਵਿਚ ਚਮੜੇ ਜਾਂ ਕੱਪੜੇ ਦੇ ਹੀ ਬਣਾਏ ਹੋਏ ਦਰਵਾਜ਼ੇ ਵਰਤੇ ਜਾਂਦੇ ਸਨ ਪਰੰਤੂ ਯਾਦਗਾਰੀ ਭਵਨ ਨਿਰਮਾਣ ਸ਼ੈਲੀ ਦੇ ਵਿਕਸਿਤ ਹੋਣ ਦੇ ਨਾਲ ਨਾਲ ਦਰਵਾਜ਼ੇ ਵੀ ਸਖ਼ਤ ਅਤੇ ਠੋਸ ਸਾਮੱਗਰੀ ਦੇ ਬਣਾਏ ਜਾਣ ਲਗ ਪਏ। ਕਾਂਸੀ ਜਾਂ ਪੱਥਰ ਦੇ ਬਣੇ ਹੋਏ ਦਰਵਾਜ਼ੇ ਸਭ ਤੋਂ ਵੱਧ ਮਹੱਤਵਪੂਰਨ ਹਨ।

ਕਬਰਾਂ ਦੇ ਦਰਵਾਜ਼ੇ ਆਮ ਤੌਰ ਤੇ ਪੱਥਰ ਦੀਆਂ ਚੂਲਾਂ ਵਾਲੇ ਹੁੰਦੇ ਹਨ। ਅਗਸਟਸ ਦੇ ਸਮੇਂ ਦਾ ਬਣਿਆ ਪਾਂਪੇ (Pompeii) ਦੇ ਸ਼ਹਿਰ ਤੋਂ ਸੰਗਮਰਮਰ ਦੇ ਚੌਖਟੇ ਦਾ ਇਕ ਕਿਲਾ ਵੀ ਮਿਲਿਆ ਹੈ। ਲੰਗਾਜ਼ਾ ਦੇ ਸਥਾਨ ਤੇ ਇਕ ਮਕਬਰੇ ਦਾ ਲ. 200 ਈ. ਦਾ ਬਣਿਆ ਇਕ ਯੂਨਾਨੀ ਦਰਵਾਜ਼ਾ ਮਿਲਿਆ ਹੈ ਜਿਸ ਨੂੰ ਇਸਤੰਬੋਲ ਦੇ ਅਜਾਇਬ ਘਰ ਵਿਚ ਸੰਭਾਲਿਆ ਹੋਇਆ ਹੈ।

ਵੀਹਵੀਂ ਸਦੀ ਵਿਚ ਵੀ ਯਾਦਗਾਰੀ ਕਾਂਸੀ ਦੇ ਦਰਵਾਜ਼ਿਆਂ ਨੂੰ ਪਰੰਪਰਾ ਦੇ ਤੌਰ ਤੇ ਵਰਤਿਆ ਜਾਂਦਾ ਹੈ। ਯੂਨਾਨੀ ਮੰਦਰਾਂ ਦੇ ਦਰਸ਼ਨੀ ਦਰਵਾਜ਼ਿਆਂ ਵਿਚ ਅਕਸਰ ਕਾਂਸੀ ਢਾਲ ਕੇ ਬਣਾਈਆਂ ਗਰਿਲਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਸੇ ਤਰ੍ਹਾਂ ਰੋਮ ਵਿਚ ਵੀ ਸਖਤ ਕਾਂਸੀ ਦੇ ਬਣੇ ਦਰਵਾਜ਼ੇ ਵਰਤੇ ਜਾਂਦੇ ਹਨ। ਇਹ ਦਰਵਾਜ਼ੇ ਦੋ ਦੋ ਪੱਲਿਆਂ ਵਾਲੇ ਹੁੰਦੇ ਹਨ। ਰੋਮਨ ਪੈਥੀਅਨ ਲੋਕਾਂ ਨੇ 7.3 ਮੀਟਰ ਲੰਬੇ ਪੱਲਿਆਂ ਵਾਲੇ ਦਰਵਾਜ਼ੇ ਵਰਤੋਂ ਵਿਚ ਲਿਆਂਦੇ। ਬਿਜ਼ੰਤੀਨੀ ਅਤੇ ਰੋਮ ਦੀ ਭਵਨ–ਨਿਰਮਾਣ ਕਲਾ ਵਿਚ ਰੋਮਨ ਡਿਜ਼ਾਇਨਾਂ ਅਤੇ ਮਾਊਂਟਿੰਗ ਤਕਨੀਕਾਂ ਦੀ ਵਰਤੋਂ ਕੀਤੀ ਜਾਂਦੀ ਸੀ। ਕਈ ਥਾਂਈ ਪ੍ਰਾਚੀਨ ਕਾਲ ਦੇ ਕੁਝ ਵਿਸ਼ੇਸ਼ ਆਕਾਰ ਦੇ ਦਰਵਾਜ਼ੇ ਵੀ ਮਿਲਦੇ ਹਨ। ਤੁਰਕੀ ਵਿਚ ਅੰਕਾਰਾ ਸ਼ਹਿਰ ਵਿਖੇ 10 ਫੁੱਟ 9 ਇੰਚ ਚੌੜੇ ਅਤੇ 28 ਫੁੱਟ 3 ਇੰਚ ਉੱਚੇ; ਸੀਰੀਆ ਦੇ ਸ਼ਹਿਰ ਪਾਲਮਾਈਰ ਵਿਖੇ 'ਸੂਰਜ ਮੰਦਰ' ਦੇ 14 ਫੁੱਟ ਚੌੜੇ ਅਤੇ 28 ਫੁੱਟ 6 ਇੰਚ ਉੱਚੇ ਅਤੇ ਲਿਬਨਾਨ ਵਿਚ ਬਾਲਬੈਕ ਵਿਖੇ 21 ਫੁੱਟ 3 ਇੰਚ ਚੌੜੇ ਅਤੇ 45 ਫੁੱਟ ਉੱਚੇ ਦਰਵਾਜ਼ੇ ਮਿਲਦੇ ਹਨ।

ਪੂਰਬੀ ਸਾਮਰਾਜ ਵਿਚ ਧਾਤ ਨੂੰ ਢਾਲਕੇ ਬਣਾਏ ਗਏ ਦਰਵਾਜ਼ਿਆਂ ਨੂੰ ਕਲਾ ਦੇ ਪਖੋਂ ਸੰਭਾਲ ਕੇ ਰੱਖਿਆ ਗਿਆ ਹੈ। ਇਨ੍ਹਾਂ ਵਿਚੋਂ ਇਸਤੰਬੋਲ ਵਿਚ ਹਾਜੀਆ ਸੋਫੀਆ ਵਾਲਾ ਦਰਵਾਜ਼ਾ ਸਭ ਤੋਂ ਵੱਧ ਮਹੱਤਵਪੂਰਨ ਹੈ। 11ਵੀਂ ਸਦੀ ਵਿਚ ਕਾਨਸਟੈਂਟਨੋਪਲ ਵਿਚ ਕਾਂਸੀ ਨੂੰ ਢਾਲ ਕੇ ਬਣੇ ਦਰਵਾਜ਼ੇ ਦੱਖਣੀ ਇਟਲੀ ਨੂੰ ਭੇਜੇ ਜਾਂਦੇ ਸਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪ੍ਰਾਚੀਨ ਯੁਗ ਵਿਚ ਜ਼ਿਆਦਾਤਰ ਲੱਕੜੀ ਦੇ ਬਣੇ ਹੋਏ ਦਰਵਾਜ਼ੇ ਹੀ ਵਰਤੇ ਜਾਂਦੇ ਸਨ। ਭਵਨ ਨਿਰਮਾਣ ਕਲਾ ਅਤੇ ਲਿਖਤੀ ਸਬੂਤਾਂ ਤੋਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਮਿਸਰ ਅਤੇ ਮੈਸੋਪੋਟੇਮੀਆ ਵਿਚ ਇਨ੍ਹਾਂ ਦਰਵਾ–ਜ਼ਿਆਂ ਦੀ ਬਹੁਤਾਤ ਸੀ।

ਅੱਜਕੱਲ੍ਹ ਵੀ ਚਿਲੇਦਾਰ ਦਰਵਾਜ਼ੇ ਬਣਦੇ ਹਨ ਪਰੰਤੂ ਸਮਤਲ ਦਰਵਾਜ਼ਿਆਂ ਦਾ ਰਿਵਾਜ ਵੱਧ ਰਿਹਾ ਹੈ। ਅੱਗ ਤੋਂ ਬਚਣ ਲਈ ਧਾਤੂ ਦਾ ਪ੍ਰਯੋਗ ਵੀ ਹੁੰਦਾ ਹੈ। ਅਜਿਹੇ ਦਰਵਾਜ਼ੇ ਦੋ ਕਿਸਮ ਦੇ ਹੁੰਦੇ ਹਨ। ਇਕ ਉਹ ਦਰਵਾਜ਼ੇ ਜਿਨ੍ਹਾਂ ਦਾ ਅੰਦਰਲਾ ਭਾਗ ਤਾਂ ਧਾਤੂ ਦਾ ਹੁੰਦਾ ਹੈ ਪਰੰਤੂ ਉਸ ਉਤੇ ਲੱਕੜ ਦੀ ਚਾਦਰ ਚੜ੍ਹਾ ਕੇ ਪਾਲਸ਼ ਕਰ ਦਿੱਤੀ ਜਾਂਦੀ ਹੈ। ਦੂਜੀ ਕਿਸਮ ਦੇ ਦਰਵਾਜ਼ਿਆਂ ਉੱਤੇ ਧਾਤੂ ਦੇ ਢਾਂਚੇ ਉੱਤੇ ਚਾਦਰ ਜੜ੍ਹ ਦਿੱਤੀ ਜਾਂਦੀ ਹੈ। ਵਿਸ਼ੇਸ਼ ਕਿਸਮ ਦੇ ਕੰਮ ਲਈ ਵਿਸ਼ੇਸ਼ ਕਿਸਮ ਦੇ ਦਰਵਾਜ਼ੇ ਬਣਾਏ ਜਾਂਦੇ ਹਨ।

ਹ.ਪੁ.—ਐਨ. ਬ੍ਰਿ. ਮਾ. 3 : 624; ਐਨ. ਅਮੈ. 9 : 262; ਐਨ. ਬ੍ਰਿ. 7 : 589; ਹਿੰ. ਵਿ. ਕੋ. 6 : 1

ਦਰਿਆ ਖ਼ਾਂ ਰੁਹੇਲਾ : ਮੁਗਲ ਸ਼ਹਿਨਸ਼ਾਹ ਸ਼ਾਹਜਹਾਨ ਦਾ ਇਹ ਇਕ ਵਫ਼ਾਦਾਰ ਅਤੇ ਬਹਾਦਰ ਸੈਨਕ ਸੀ। ਜਦੋਂ ਸ਼ਾਹਜਹਾਨ ਨੇ ਆਪਣੇ ਪਿਤਾ ਸ਼ਹਿਨਸ਼ਾਹ ਜਹਾਂਗੀਰ ਵਿਰੁੱਧ ਬਗਾਵਤ ਕੀਤੀ ਤਾਂ ਦਰਿਆ ਖ਼ਾਂ ਨੇ ਸ਼ਹਿਜ਼ਾਦਾ ਸ਼ਾਹਜਹਾਨ ਦਾ ਪੂਰਾ ਸਾਥ ਦਿੱਤਾ। ਨੂਰ ਜਹਾਨ ਨੇ ਜਹਾਂਗੀਰ ਨੂੰ ਸ਼ਾਹਜਹਾਨ ਵਿਰੁੱਧ ਭੜਕਾਇਆ। ਸ਼ਾਹਜਹਾਨ ਨੇ ਧੌਲਪੁਰ ਪਰਗਨੇ ਦੀ ਜਾਗੀਰ ਲੈਣ ਲਈ ਦਰਿਆ ਖ਼ਾਂ ਨੂੰ ਆਪਣੇ ਨੁਮਾਇੰਦੇ ਵਜੋਂ ਭੇਜਿਆ ਪਰ ਇਸ ਦੇ ਪਹੁੰਚਣ ਤੋਂ ਪਹਿਲਾਂ ਹੀ ਨੂਰ ਜਹਾਨ ਨੇ ਇਹ ਜਾਗੀਰ ਆਪਣੇ ਜਵਾਈ ਸ਼ਹਿਰਯਾਰ ਨੂੰ ਦੇ ਦਿੱਤੀ ਅਤੇ ਸ਼ਰੀਫ–ਉਲ–ਮੁਲਕ ਨੂੰ ਉਥੋਂ ਦਾ ਫ਼ੌਜਦਾਰ ਮੁਕਰਰ ਕੀਤਾ। ਦਰਿਆ ਖ਼ਾਂ ਦੇ ਉਥੇ ਪਹੁੰਚਣ ਤੇ ਸ਼ਰੀਫ ਉਲ–ਮੁਲਕ ਨਾਲ ਟਾਕਰਾ ਹੋਇਆ। ਇਸ ਝੜਪ ਵਿਚ ਸ਼ਰੀਫ–ਉਲ–ਮੁਲਕ ਦੀ ਇਕ ਅੱਖ ਜਾਂਦੀ ਰਹੀ। ਸ਼ਾਹ ਜਹਾਨ ਦਰਿਆ ਖ਼ਾਂ ਦੀ ਬਹਾਦਰੀ ਤੋਂ ਕਾਫ਼ੀ ਪ੍ਰਭਾਵਤ ਹੋਇਆ। ਬੰਗਾਲ ਅਤੇ ਬਿਹਾਰ ਦੇ ਯੁੱਧਾਂ ਵਿਚ ਵੀ ਦਰਿਆ ਖ਼ਾਂ ਨੇ ਆਪਣੀ ਬਹਾਦਰੀ ਅਤੇ ਵਫ਼ਾਦਾਰੀ ਦਾ ਸਬੂਤ ਦਿੱਤਾ। ਸ਼ਾਹਜਹਾਨ ਨੇ ਖੁਸ਼ ਹੋ ਕੇ ਉਸ ਨੂੰ ਚੋਖਾ ਇਨਾਮ ਦਿੱਤਾ ਅਤੇ ਅਲਾਹਾਬਾਦ ਭੇਜ ਦਿੱਤਾ। ਉਥੇ ਇਸ ਦੀ ਸ਼ਾਹਜਹਾਨ ਦੇ ਚਹੇਤੇ ਨੁਮਾਇੰਦੇ, ਅਬਦੁੱਲਾ ਨਾਲ ਅਣਬਣ ਹੋ ਗਈ। ਇਸ ਲਈ ਸ਼ਾਹੀ ਫ਼ੌਜਾਂ ਮਹਾਬਤ ਖਾਂ ਦੀ ਅਗਵਾਈ ਵਿਚ ਅਲਾਹਾਬਾਦ ਤਕ ਪਹੁੰਚ ਗਈਆਂ। ਦਰਿਆ ਖਾਂ ਜੌਨਪਰ ਹੁੰਦੇ ਹੋਏ ਸ਼ਾਹਜਹਾਨ ਕੋਲ ਬਨਾਰਸ ਜਾ ਪੁੱਜਾ। ਇਥੇ ਫਿਰ ਯੁੱਧ ਦੀਆਂ ਤਿਆਰੀਆਂ ਹੋਈਆਂ ਪਰ ਦਰਿਆ ਖ਼ਾਂ ਦੇ ਸਿਪਾਹੀ ਬਿਨਾਂ ਲੜਿਆਂ ਹੀ ਭੱਜ ਗਏ। ਦਰਿਆ ਖ਼ਾਂ ਵੀ ਸ਼ਾਹਜਹਾਨ ਨੂੰ ਛੱਡ ਕੇ ਦੱਖਣ ਦੇ ਸੂਬੇਦਾਰ ਖ਼ਾਨ ਜਹਾਨ ਲੋਧੀ ਕੋਲ ਚਲਾ ਗਿਆ। ਇਸ ਦੇ ਮਾਫ਼ੀ ਮੰਗਣ ਤੇ ਸ਼ਹਿਨਸ਼ਾਹ ਨੇ ਇਸ ਨੂੰ ਕਾਸਿਮ ਖ਼ਾਨ ਕੋਲ ਪਹਿਲਾਂ ਬੰਗਾਲ ਅਤੇ ਫਿਰ ਖਾਂਦੇਸ਼ ਭੇਜ ਦਿੱਤਾ। ਇਸ ਵੇਲੇ ਇਸ ਨੇ ਮਰਹੱਟਿਆਂ ਵੱਲੋਂ ਸਾਹੂ ਭੌਂਸਲੇ ਦੇ ਵਿਦਰੋਹ ਨੂੰ ਦਬਾਇਆ। ਜਦੋਂ ਸ਼ਾਹਜਹਾਨ ਖ਼ਾਨ ਜਹਾਨ ਵਿਰੁੱਧ ਫੌਜਾਂ ਲੈ ਕੇ ਪੁੱਜਾ ਤਾਂ ਦਰਿਆ ਖ਼ਾਂ ਮੁੜ ਖ਼ਾਨ ਜਹਾਨ ਨਾਲ ਜਾ ਮਿਲਿਆ। ਖ਼ਾਨ ਜਹਾਨ ਨੂੰ ਹਾਰ ਹੋਈ। ਦਰਿਆ ਖ਼ਾਂ ਜਾਨ ਬਚਾਉਣ ਲਈ ਮਾਲਵੇ ਵੱਲ ਭੱਜ ਗਿਆ। ਸ਼ਾਹੀ ਫ਼ੌਜਾਂ ਨੇ ਇਸ ਦਾ ਪਿੱਛਾ ਕੀਤਾ। ਇਹ ਬੁੰਦੇਲਿਆਂ ਦੇ ਰਾਜ ਵੱਲ ਦੌੜ ਗਿਆ। ਸ਼ਾਹਜਹਾਨ ਨੇ ਆਪਣੇ ਵਿਸ਼ਵਾਸਪਾਤਰ ਸਰਦਾਰ ਜੁਝਾਰ ਸਿੰਘ ਦੇ ਪੁੱਤਰ ਵਿਕਰਮਾਜੀਤ ਨੂੰ ਇਸ ਦੇ ਪਿੱਛੇ ਭੇਜਿਆ। ਸੰਨ 1631 ਵਿਚ ਵਿਕਰਮਾਜੀਤ ਅਤੇ ਦਰਿਆ ਖ਼ਾਂ ਵਿਚਕਾਰ ਘਮਸਾਨ ਦੀ ਲੜਾਈ ਹੋਈ ਅਤੇ ਇਹ ਇਸੇ ਲੜਾਈ ਵਿਚ ਹੀ ਮਾਰਿਆ


ਗਿਆ।

ਹ. ਪੁ.–ਹਿੰ. ਵਿ. ਕੋ. 6 : 2; ਰਾਈਜ਼ ਐਂਡ ਫਾਲ ਆਫ਼ ਮੁਗਲ ਅੰਪਾਇਰ–ਤ੍ਰਿਪਾਠੀ : 431

ਦਰਯਾਪੰਥੀ : ਇਹ ਸਿੰਧ ਅਤੇ ਬਲੋਚਿਸਤਾਨ (ਪਾਕਿਸਤਾਨ) ਵਿਚ ਰਹਿੰਦੇ ਇਕ ਫ਼ਿਰਕੇ ਦਾ ਨਾਂ ਹੈ। ਇਹ ਲੋਕ ਉਡੇਰੋਲਾਲ ਦੇ ਉਪਾਸ਼ਕ ਹਨ। ਇਸ ਬਾਰੇ ਇਹ ਕਥਾ ਪ੍ਰਚਲਿਤ ਹੈ ਕਿ ਸਿੰਧ ਦਰਿਆ ਵਿਚੋਂ ਉਡੇਰੋਲਾਲ ਨਾਮੀ ਬਾਲਕ ਪੈਦਾ ਹੋਇਆ ਜਿਸ ਦੇ ਨਾਂ ਤੇ ਇਕ ਨਗਰ ਦੀ ਸਥਾਪਨਾ ਹੋਈ। ਉਥੇ ਉਡੇਰੋਲਾਲ ਦਾ ਮੰਦਰ ਹੈ ਜਿਸ ਨੂੰ ਹਿੰਦੂ ਅਤੇ ਮੁਸਲਮਾਨ ਦੋਵੇਂ ਹੀ ਆਪਣੇ ਆਪਣੇ ਮਤ ਦਾ ਪੀਰ ਮੰਨਦੇ ਹਨ। ਇਸ ਪੀਰ ਨੂੰ ਸ਼ੇਖ਼ ਤਾਹਿਰ, ਖ਼੍ਵਾਜਾ ਖ਼ਿਜ਼ਰ ਅਤੇ ਜਿੰਦਹਪੀਰ ਵੀ ਕਿਹਾ ਜਾਂਦਾ ਹੈ।

ਹ.ਪੁ.–ਮ.ਕੋ.

ਦ੍ਰਵਘਣਤਾ ਮਾਪਕ : ਇਹ ਤਰਲਾਂ (ਦ੍ਰਵਾਂ) ਦੀ ਘਣਤਾ ਮਾਪਣ ਵਾਲਾ ਇਕ ਯੰਤਰ ਹੈ। ਮੁੱਢਲੇ ਕਾਲ ਤੋਂ ਹੀ ਤਰਲਾਂ ਦੀ ਘਣਤਾ ਸਿੱਧੇ ਤੌਰ ਤੇ ਇਸ ਯੰਤਰ ਨਾਲ ਮਿਣੀ ਜਾਂਦੀ ਰਹੀ ਹੈ। ਇਸ ਗੱਲ ਦੇ ਵੀ ਸਬੂਤ ਮਿਲਦੇ ਹਨ ਕਿ ਆਰਕਿਮਿਡੀਸ ਨੂੰ ਇਨ੍ਹਾਂ ਸਬੰਧੀ ਪੂਰੀ ਜਾਣਕਾਰੀ ਸੀ। ਦ੍ਰਵਘਣਤਾ ਮਾਪਕ 18ਵੀਂ ਸਦੀ ਤਕ ਬਹੁਤ ਘੱਟ ਵਰਤਿਆ ਜਾਂਦਾ ਸੀ ਪਰ ਜਦੋਂ ਅਲਕੋਹਲਿਕ ਬੀਅਰ ਦੀ ਡਿਗਰੀ ਨਿਰਧਾਰਤ ਕਰਨ ਦੀ ਜ਼ਰੂਰਤ ਪਈ ਤਾਂ ਇਸ ਕੰਮ ਲਈ ਇਹ ਮਹੱਤਵਪੂਰਨ ਤੇ ਆਮ ਵਰਤਿਆ ਜਾਣ ਵਾਲਾ ਯੰਤਰ ਬਣ ਗਿਆ। ਵੀਹਵੀਂ ਸਦੀ ਵਿਚ ਉਦਯੋਗਿਕ ਖੇਤਰ ਵਿਚ ਇਨ੍ਹਾਂ ਦੀ ਵਰਤੋਂ ਵਡੇ ਪੈਮਾਨੇ ਤੇ ਹੋਣ ਲਗ ਗਈ ਸੀ। ਰਾਬਰਟ ਬੱਾਇਲ (1675) ਦੁਆਰਾ ਦਰਸਾਇਆ ਗਿਆ ਕਿ ਦ੍ਰਵਘਣਤਾ ਮਾਪਕ ਜਿਹੜਾ ਸ਼ੀਸ਼ੇ ਦਾ ਬਣਿਆ ਹੋਇਆ ਸੀ ਕਿਸੇ ਪੱਖੋਂ ਵੀ ਆਧੁਨਿਕ ਦ੍ਰਵਘਣਤਾ ਮਾਪਕ ਨਾਲੋਂ ਵੱਖਰਾ ਨਹੀਂ ਸੀ (ਚਿੱਤਰ. 1)। ਦ੍ਰਵਘਣਤਾ ਮਾਪਕ ਉਦੋਂ ਤਕ ਤਰਲ ਦੇ ਅੰਦਰ ਡੁੱਬਦਾ ਚਲਾ ਜਾਂਦਾ ਸੀ ਜਦੋਂ ਤਕ ਉਸ ਦੁਆਰਾ ਹਟਾਏ ਗਏ ਤਰਲ ਦਾ ਭਾਰ ਉਸ ਦੇ ਭਾਰ ਬਰਾਬਰ ਨਹੀਂ ਹੋ ਜਾਂਦਾ ਸੀ। ਆਰਕਿਮੀਡੀਸ ਦੇ ਸਿੱਧਾਂਤ ਅਨੁਸਾਰ ਘੱਟ ਘਣਤਾ ਵਾਲੇ ਤਰਲਾਂ ਵਿਚ ਇਹ ਵਧੇਰੇ ਡੁੱਬੇਗਾ ਅਤੇ ਵੱਧ ਘਣਤਾ ਵਾਲੇ ਤਰਲਾਂ ਵਿਚ ਘੱਟ।



ਚਿੱਤਰ ਨੰ. 1 – ਸ਼ੀਸ਼ੇ ਦੇ ਆਧੁਨਿਕ ਦ੍ਰਵਘਣਤਾ ਮਾਪਕ

ਦ੍ਰਵਘਣਤਾ ਮਾਪਣ ਦਾ ਸਹੀ ਸਿਸਟਮ–ਸਤ੍ਹਾ-ਤਣਾਉ ਦੇ ਮਾਮੂਲੀ ਜਿਹੇ ਪ੍ਰਭਾਵਾਂ ਅਤੇ ਤਾਪਮਾਨ ਦੀਆਂ ਦਬਦੀਲੀਆਂ ਨੂੰ ਅਖੋਂ ਓਹਲੇ ਕਰਨ ਤੋਂ ਬਾਅਦ ਤਰਲ ਦੀ ਸਤ੍ਹਾ ਅਤੇ ਸੁਤੰਤਰਤਾ ਪੂਰਵਕ ਤੈਰ ਰਹੇ ਦ੍ਰਵਘਣਤਾ ਮਾਪਕ ਦੀ ਨਲੀ ਦੀ ਆਪਸੀ ਸਤ੍ਹਾ, ਕੇਵਲ ਤਰਲ ਦੀ ਘਣਤਾ ਦੁਆਰਾ ਮਾਪੀ ਜਾਂਦੀ ਹੈ। ਦ੍ਰਵਘਣਤਾ ਮਾਪਕ ਦੀ ਨਲੀ ਉੱਤੇ ਜਾਂ ਅੰਦਰ ਲਗੇ ਦਰਜੇ ਤਰਲ ਦੀ ਘਣਤਾ ਨੂੰ ਦਰਸਾਉਂਦੇ ਹਨ। ਇਨ੍ਹਾਂ ਘਣਤਾਵਾਂ ਨੂੰ ਅਸਾਨੀ ਨਾਲ ਗ੍ਰਾਮ ਪ੍ਰਤਿ ਲਿਟਰ ਤੇ ਤੌਰ ਤੇ ਦਰਸਾਇਆ ਜਾਂਦਾ ਹੈ ਜਿਹੜਾ ਕਿ ਦ੍ਰਵਘਣਤਾ ਮਾਪਕ ਯੰਤਰਾਂ ਦੀ ਘਣਤਾ ਸਕੇਲ ਦਾ ਆਮ ਆਧਾਰ ਹੈ।

ਪੈਟ੍ਰੋਲੀਅਮ ਉਪਤਾਦਨਾਂ ਦੀ ਵਿਸ਼ੇਸ਼ਤਾ ਜਾਣਨ ਲਈ ਘਣਤਾ (ਅਕਸਰ ਸਾਪੇਖੀ ਗੁਰੂਤਾ ਦੇ ਬਰਾਬਰ ਮੰਨੀ ਜਾਂਦੀ ਹੈ) ਦਾ ਪ੍ਰਯੋਗ ਕੀਤਾ ਜਾਂਦਾ ਹੈ ਕਿਉਂਕਿ ਇਨ੍ਹਾਂ ਤਰਲਾਂ ਦਾ ਪਸਾਰ ਗੁਣਾਂਕ ਹੋਰਨਾਂ ਦੇ ਲਿਹਾਜ਼ ਨਾਲ ਕਾਫ਼ੀ ਉੱਚਾ ਹੁੰਦਾ ਹੈ। ਇਸ ਲਈ ਕਿਸੇ ਖ਼ਾਸ ਤਾਪਮਾਨ ਉੱਤੇ ਹੀ ਇਨ੍ਹਾਂ ਦੀ ਘਣਤਾ ਦਾ ਜਾਣਨਾ ਜ਼ਰੂਰੀ ਹੋ ਜਾਂਦਾ ਹੈ। ਆਮ ਕਰਕੇ 15.6° ਸੈਂ. (60° ਫਾ.) ਤਾਪਮਾਨ ਲਿਆ ਜਾਂਦਾ ਹੈ ਅਤੇ ਇਸ ਤਾਪਮਾਨ ਉੱਤੇ ਦਰਜੇਦਾਰ ਦ੍ਰਵਘਣਤਾ ਮਾਪਕ ਸਿੱਧੇ ਤੌਰ ਤੇ ਹੀ ਤਰਲ ਦੀ 15.6° ਸੈਂ. ਉੱਤੇ ਘਣਤਾ ਦਸੇਗਾ। ਇਹ ਹਮੇਸ਼ਾ ਠੀਕ ਹੁੰਦਾ ਹੈ ਕਿ ਤਰਲ ਦੇ ਤਾਪਮਾਨ ਉੱਤੇ ਹੀ ਦ੍ਰਵਮਾਪਕ ਦੀ ਰੀਡਿੰਗ ਲਈ ਜਾਵੇ ਅਤੇ ਉਸ ਨੂੰ ਪ੍ਰਯੋਗਿਕ ਤੌਰ ਤੇ 15.6° ਸੈਂ. ਉੱਤੇ ਠੀਕ ਕਰ ਲਿਆ ਜਾਵੇ।

ਚੀਨੀ ਦੇ ਘੋਲ ਦਾ ਗਾੜ੍ਹਾਪਣ (ਸੰਘਣਤਾ) ਜਾਣਨ ਲਈ ਦ੍ਰਵਘਣਤਾ ਮਾਪਕ ਨੂੰ ਗਿਆਤ ਤਾਪਮਾਨ ਵਾਲੇ ਘੋਲ ਵਿਚ ਡਬੋਇਆ ਜਾਂਦਾ ਹੈ ਅਤੇ ਫਿਰ ਪ੍ਰਯੋਗਿਕ ਸਾਰਣੀਆਂ ਨਾਲ ਚੀਨੀ ਦੀ ਪ੍ਰਤਿਸ਼ਤਤਾ ਪੈਤਾ ਕੀਤੀ ਜਾਂਦੀ ਹੈ।

ਦ੍ਰਵਘਣਤਾ ਮਾਪਕ, ਘਣਤਾ ਜਾਣਨ ਲਈ ਅਤੇ ਸਾਰਣੀਆਂ ਮਿਆਰੀ ਆਧਾਰਾਂ ਵਿਚ ਬਦਲਣ ਲਈ ਇਸਤੇਮਾਲ ਕੀਤੀਆਂ ਜਾਂਦੀਆਂ ਹਨ ਭਾਵ ਪ੍ਰਤਿਸ਼ਤਤਾ ਪਤਾ ਕਰਨ ਲਈ। ਦ੍ਰਵਘਣਤਾ ਮਾਪਕ ਸਕੇਲ ਸਪਸ਼ਟ ਤੌਰ ਤੇ ਤਰਲ ਦੇ ਗੁਣਾਂ ਉੱਤੇ ਨਿਰਭਰ ਨਹੀਂ ਕਰਦੀ। ਘਣਤਾ ਨੂੰ ਪ੍ਰਤਿਸ਼ਤਤਾ ਵਿਚ ਬਦਲਣ ਦਾ ਢੰਗ ਉਨ੍ਹਾਂ ਰਾਹੀਂ ਇਸਤੇਮਾਲ ਤੇ ਡਾਟਾ ਇਕੱਤਰ ਕਰਨ ਉੱਤੇ ਨਿਰਭਰ ਕਰਦਾ ਹੈ। ਸਾਰਣੀਆਂ ਵਿਚ ਅਦਲਾ ਬਦਲੀ ਦਾ ਦ੍ਰਵਘਣਤਾ ਮਾਪਕ ਉੱਤੇ ਕੋਈ ਅਸਰ ਨਹੀਂ ਪੈਂਦਾ। ਘਣਤਾ ਅਤੇ ਸਾਪੇਖੀ ਗੁਰੂਤਾ ਨੂੰ ਪੂਰਨ ਨੰਬਰਾਂ ਵਾਲੀ ਸਕੇਲ ਵਿਚ ਬਦਲ ਲਿਆ ਜਾਂਦਾ ਹੈ ਅਤੇ ਦ੍ਰਵਘਣਤਾ ਮਾਪਕਾਂ ਉੱਤੇ ਅੰਕਿਤ ਕਰ ਦਿੱਤਾ ਜਾਂਦਾ ਹੈ ਜਿਵੇਂ ਕਿ ਈਥਾਈਲ ਅਲਕੋਹਲ ਜਿਸ ਦੀ 15.6° ਸੈਂ. ਉੱਤੇ ਸਾਪੇਖੀ ਗੁਰੂਤਾ 0.81603 ਹੈ, ਨੂੰ ਕੇਵਲ '190 ਪ੍ਰੂਫ਼' ਲਿਖਿਆ ਜਾਂਦਾ ਹੈ ਜਾਂ 15.6° ਸੈਂ. ਉੱਤੇ 95% ਈਥਾਈਲ ਅਲਕੋਹਲ ਆਇਤਨ ਦੁਆਰਾ ਇਨ੍ਹਾਂ ਦੇ ਨਤੀਜੇ ਪ੍ਰਯੋਗਿਕ ਪਖੋਂ ਅਕਸਰ ਪੂਰਨ ਤੌਰ ਤੇ ਸਹੀ ਹੁੰਦੇ ਹਨ।

ਦ੍ਰਵਘਣਤਾ ਮਾਪਕ ਦੇ ਡਿਜ਼ਾਈਨ ਸਿੱਧਾਂਤ–ਉਹ ਸਾਰੀਆਂ ਘਣਤਾਵਾਂ ਜਿਨ੍ਹਾਂ ਲਈ ਇਸ ਦਾ ਪ੍ਰਯੋਗ ਕੀਤਾ ਜਾਂਦਾ ਹੈ ਉਹ ਇਸ ਦੇ ਪੁੰਜ M (ਗ੍ਰਾ. ਵਿਚ), ਬਲਬ ਦੇ ਦਰਜਿਆਂ ਤੋਂ ਹੇਠਲੇ ਭਾਗ ਦਾ ਆਇਤਨ V (ਮਿ. ਮੀ. ਵਿਚ) ਅਤੇ ਨਲੀ ਦਾ ਉੱਚਤਮ ਅਤੇ ਨਿਊਨਤਮ ਦਰਜਿਆਂ ਵਿਚਕਾਰਲੇ ਭਾਗ ਦਾ ਆਇਤਨ υ (ਮਿ. ਮੀ.) ਦਾ ਫ਼ੰਕਸ਼ਨ ਹੁੰਦੀਆਂ ਹਨ। ਇਨ੍ਹਾਂ ਨੂੰ ਨਿਮਨ ਦਰਜ ਸੂਤਰ ਅਨੁਸਾਰ ਦਰਸਾਇਆ ਜਾਂਦਾ ਹੈ :

$$M = \delta_o (V + \vartheta) = \delta_N V$$

ਜਿਥੇ δo = ਉੱਚਤਮ ਦਰਜੇ ਉਤਲੀ ਘਣਤਾ (ਗ੍ਰਾ. ਪ੍ਰਤਿ ਮੀ. ਮੀ.) ਅਤੇ δN = ਨਿਊਨਤਮ ਦਰਜੇ ਉਤਲੀ ਘਣਤਾ (ਗ੍ਰਾ. ਪ੍ਰਤਿ ਮਿ. ਮੀ.) ਹੈ। ਘਣਤਾਵਾਂ ਦੇ ਰੇਂਜ ਲਈ ਡੀਜ਼ਾਈਨਰ ਬਲਬ ਅਤੇ ਨਲੀ ਦੇ ਆਇਤਨਾਂ ਵਿਚਲਾ ਸਬੰਧ ਹੇਠ ਲਿਖੇ ਸੂਤਰ ਅਨੁਸਾਰ ਹੁੰਦਾ ਹੈ :

$$V = \vartheta \times \frac{\delta O}{\delta N - \delta O}$$

ਦਰਜਿਆਂ ਵਿਚਲੀ ਦੂਰੀ ਮਾਰਕ ਕਰਨਾ—ਮੰਨ ਲਉ ਦੋ ਸੀਮਾਂਤ ਘਣਤਾਵਾਂ δo ਅਤੇ δN ਦੇ ਵਿਚਕਾਰ ਕਿਸੇ ਵੀ ਸਥਿਤੀ ਉਤਲੀ ਘਣਤਾ δ ਹੈ ਅਤੇ ϑ′ ਦੋਵੇਂ δo ਅਤੇ δn ਦੇ ਦਰਜਿਆਂ ਵਿਚਕਾਰਲੀ ਨਲੀ ਦਾ ਆਇਤਨ ਹੈ ਤਦ

$$M = \delta o\ (v + \vartheta) = \delta\ (V + \vartheta - \vartheta') = \delta_N V$$

ਇਨ੍ਹਾਂ ਸਮੀਕਰਨਾਂ ਵਿਚੋਂ M ਅਤੇ V ਨੂੰ ਲੁਪਤ ਕਰਨ ਉਪਰੰਤ

$$\vartheta' = \vartheta \times \frac{\delta - \delta_0}{\delta N - \delta_0} \times \frac{\delta N}{\delta}$$

ਸਮੀਕਰਨ ਪ੍ਰਾਪਤ ਹੁੰਦਾ ਹੈ।

ਜੇਕਰ ਨਲੀ ਦਾ ਵਿਆਸ ਇਕਸਮਾਨ ਹੋਵੇ ਅਤੇ δO ਤੇ δN ਦਰਜਿਆਂ ਵਿਚਲੀ ਦੂਰੀ L ਅਤੇ ਉੱਚਤਮ δ ਵਾਲੇ ਦਰਜੇ ਤੋਂ ਦੂਰੀ ℓ ਹੋਵੇ ਤਾਂ

$$\ell = L \times \frac{\delta - \delta O}{\delta N - \delta O} \times \frac{\delta_N}{\delta}$$

1.000 (δO) ਤੋਂ 1.050 (δN) ਗ੍ਰਾ. ਪ੍ਰਤਿ ਮਿ.ਮੀ. ਦੇ ਰੇਂਜ ਵਾਲੇ ਦ੍ਰਵਘਣਤਾ ਮਾਪਕ ਜਿਸ ਵਿਚ L = 150 ਮਿ. ਮੀ. ਹੋਵੇ ਤਾਂ ਉਕਤ ਸਮੀਕਰਨ ਤੋਂ ਨਿਮਨਲਿਖਤ ਕੀਮਤਾਂ ਪਤਾ ਲਗਣਗੀਆਂ :

1.000 ਦਰਜੇ ਤੋਂ 1.010 ਦਰਜੇ ਵਿਚਲੀ ਦੂਰੀ= 31.2 ਮਿ. ਮੀ.
1.010 ਦਰਜੇ ਤੋਂ 1.020 ਦਰਜੇ ਵਿਚਲੀ ਦੂਰੀ= 30.6 ਮਿ. ਮੀ.
1.020 ਦਰਜੇ ਤੋਂ 1.030 ਦਰਜੇ ਵਿਚਲੀ ਦੂਰੀ= 30.0 ਮਿ.ਮੀ.
1.030 ਦਰਜੇ ਤੋਂ 1.040 ਦਰਜੇ ਵਿਚਲੀ ਦੂਰੀ= 29.4 ਮਿ.ਮੀ.
1.040 ਦਰਜੇ ਤੋਂ 1.50 ਦਰਜੇ ਵਿਚਲੀ ਦੂਰੀ = 28.8 ਮਿ.ਮੀ.

0.010 ਗ੍ਰਾ. ਪ੍ਰਤੀ ਮਿ.ਮੀ. ਘਣਤਾ ਦੀ ਤਬਦੀਲੀ ਦੇ ਲਿਹਾਜ਼ ਨਾਲ ਲੰਬਾਈ ਸਕੇਲ ਦੇ ਹੇਠਲੇ ਪਾਸੇ ਵਲ ਨੂੰ ਘਟਦੀ ਜਾਂਦੀ ਹੈ ਭਾਵ ਜਦੋਂ ਘਣਤਾ ਵਧਦੀ ਹੈ ਤਾਂ ਘਣਤਾ ਮਾਪੀ ਦ੍ਰਵਮਾਪਕ ਦੇ ਦਰਜਿਆਂ ਵਿਚਲੀ ਦੂਰੀ ਘਟਦੀ ਜਾਂਦੀ ਹੈ।

ਘਣਤਾ ਮਾਪੀ ਦ੍ਰਵਘਣਤਾਮਾਪਕ ਦੀਆਂ ਤਾਪਮਾਨੀ ਸੋਧਾਂ—ਮੰਨ ਲਉ t° ਸੈਂ. ਉੱਤੇ ਤਰਲ ਵਿਚ ਦ੍ਰਵਘਣਤਾ ਮਾਪਕ ਸਹੀ ਰੀਡਿੰਗ δ ਗ੍ਰਾ. ਪ੍ਰਤੀ ਮਿ.ਮੀ. ਦਰਸਾਉਂਦਾ ਹੈ। ਇਸੇ ਤਰ੍ਹਾਂ ਜਦੋਂ ਦੂਜੇ ਤਰਲ ਵਿਚ ਡਬੋਇਆ ਜਾਂਦਾ ਹੈ ਜਿਸ ਦਾ ਤਾਪਮਾਨ t'° ਸੈਂ. ਹੋਵੇ ਅਤੇ ਦ੍ਰਵਘਣਤਾਮਪਕ ਦੀ ਰੀਡਿੰਗ ਫਿਰ δ ਗ੍ਰਾ. ਪ੍ਰਤੀ ਮਿ.ਮੀ. ਹੋਵੇ ਤਾਂ ਪਹਿਲੇ ਤਰਲ ਦੀ t° ਸੈਂ. ਉੱਤੇ ਘਣਤਾ $\delta = \frac{M}{V}$, ਜਿਥੇ M ਦ੍ਰਵਘਣਤਾ ਮਾਪਕ ਦਾ ਪੁੰਜ ਅਤੇ V ਦ੍ਰਵਘਣਤਾ ਮਾਪਕ ਦੇ ਉਸ ਭਾਗ ਦਾ ਆਇਤਨ ਹੈ ਜਿਹੜਾ ਦਰਜੇ δ ਤੋਂ ਹੇਠਾਂ ਛੁਪਿਆ ਹੋਇਆ ਹੈ। ਦੂਜੇ ਤਰਲ ਅੰਦਰ ਜਿਹੜਾ δ t'° ਸੈਂ. ਉੱਤੇ ਹੈ, ਦੀ ਰੀਡਿੰਗ δ ਹੀ ਹੈ ਤਾਂ ਇਸ ਦੇ ਡੁਬੇ ਹੋਏ ਭਾਗ ਦਾ ਆਇਤਨ = V {1 + α (t′ – t)} ਮਿ. ਲਿਟਰ ਹੋਵੇਗਾ ਜਿਥੇ α ਦ੍ਰਵਘਣਤਾ ਮਾਪਕ ਦਾ ਆਇਤਨ ਪਸਾਰ-ਗੁਣਾਂਕ ਹੈ। ਦੂਜੇ ਤਰਲ ਦੀ t'° ਸੈਂ. ਤਾਪਮਾਨ ਉੱਤੇ ਸੋਧੀ ਹੋਈ ਘਣਤਾ δ ਨਿਮਨ ਲਿਖਤ ਸਮੀਕਰਨ ਰਾਹੀਂ ਪ੍ਰਾਪਤ ਹੋ ਜਾਂਦੀ ਹੈ।

$$\delta' = \frac{M}{V\{1 + \alpha(t' - t)\}}$$

ਜਾਂ $\delta' = \delta\ \{1 + \alpha\ (t' - t)\}$ ਲਗਭਗ


ਮੰਨ ਲਉ t'° ਸੈਂ. ਉੱਤੇ ਦੂਜੇ ਤਰਲ ਦੀ ਘਣਤਾ δ ਪ੍ਰਾਪਤ ਕਰਨ ਲਈ ਪਹਿਲਾਂ ਪ੍ਰਾਪਤ ਘਣਤਾ δ ਉੱਤੇ ਸੋਧ C ਦਾ ਪ੍ਰਯੋਗ ਕੀਤਾ ਗਿਆ ਹੈ ਤਾਂ δ′ = δ + C ਜਿਥੇ C = δ α. (t – t')

α ਦੀ ਔਸਤ ਕੀਮਤ 0.000026 (ਸ਼ੀਸ਼ੇ ਦੀ ਦ੍ਰਵਘਣਤਾ ਮਾਪਕ ਲਈ) ਹੈ ਤਾਂ ਕਿ ਜੇਕਰ (t – t') 10° ਸੈਂ. ਹੋਵੇ ਤਾਂ ਘਣਤਾ δ ਦੀਆਂ ਵੱਖੋ ਵੱਖਰੀਆਂ ਕੀਮਤਾਂ ਲਈ C ਦੀਆਂ ਕੀਮਤਾਂ ਇਸ ਤਰ੍ਹਾਂ ਹੋਣਗੀਆਂ

δ	0.6	1.0	1.5	2.0
C	0.0002	0.0003	0.0004	0.0005

ਦ੍ਰਵਘਣਤਾ ਮਾਪਕ ਤੋਂ ਲਏ ਗਏ ਅਨੇਕਾਂ ਕੰਮਾਂ ਵਿਚ 0.0005 ਗ੍ਰਾ. ਪ੍ਰਤਿ ਮਿ.ਮੀ. ਦੀ ਤਰੁੱਟੀ ਅਰਥਹੀਣ ਮੰਨੀ ਜਾਂਦੀ ਹੈ। ਇਸੇ ਕਰਕੇ C ਦੀਆਂ ਉਕਤ ਕੀਮਤਾਂ ਨੂੰ ਆਮ ਕਰਕੇ ਅੱਖੋਂ ਓਹਲੇ ਕਰ ਦਿੱਤਾ ਜਾਂਦਾ ਹੈ। ਇਸ ਲਈ (t ± 10)° ਸੈਂ. ਦੇ ਰੇਂਜ ਅੰਦਰ ਸਟੈਂਡਰਡ ਤਾਪਮਾਨ t° ਸੈਂ. ਉੱਤੇ ਦ੍ਰਵਘਣਤਾ ਮਾਪਕ ਜਿਹੜੀ ਘਣਤਾ ਦਰਸਾਉਂਦਾ ਹੈ ਉਹ ਬਿਲਕੁਲ ਠੀਕ ਹੁੰਦੀ ਹੈ। ਸਿੱਟਾ ਇਹ ਹੋਇਆ ਕਿ ਸਾਧਾਰਣ ਮੰਤਵਾਂ ਲਈ ਪ੍ਰੇਖਣ ਤਾਪਮਾਨਾਂ ਉੱਤੇ ਇਹ ਠੀਕ ਘਣਤਾਵਾਂ ਦਸਦਾ ਹੈ।

ਦ੍ਰਵਘਣਤਾ ਮਾਪਕ ਦੀ ਰੀਡਿੰਗ ਉੱਤੇ ਸਤ੍ਹਾ-ਤਣਾਉ ਦੇ ਪ੍ਰਭਾਵ—ਜਦੋਂ ਦ੍ਰਵਘਣਤਾ ਮਾਪਕ ਤਰਲ ਦੇ ਅੰਦਰ ਤੈਰ ਰਿਹਾ ਹੁੰਦਾ ਹੈ ਤਾਂ ਇਸ ਦੀ ਨਲੀ ਦੇ ਨਾਲ ਲਗਦਾ ਤਰਲ ਉਪਰ ਉਠਿਆ ਰਹਿੰਦਾ ਹੈ। ਦ੍ਰਵਘਣਤਾ ਮਾਪਕ ਦੀ ਨਲੀ ਦੇ ਕਰਾਸ ਸੈਕਸ਼ਨ ਉੱਤੇ ਹੇਠਲੇ ਪਾਸੇ ਵੱਲ ਦੀ ਧੱਕ T×πxd/10 ਡਾਈਨ ਦੇ ਬਰਾਬਰ ਹਵੇਗੀ ਜਿਥੇ T ਡਾਈਨ ਪ੍ਰਤਿ ਸੈਂ. ਮੀ. ਵਿਚ ਸਤ੍ਹਾ-ਤਣਾਉ ਹੈ ਅਤੇ d ਮਿ. ਮੀ. ਵਿਚ ਨਲੀ ਦਾ ਵਿਆਸ। ਇਸ ਦਾ ਸਮੁੱਚਾ ਪ੍ਰਭਾਵ ਦ੍ਰਵ-ਘਣਤਾ ਮਾਪਕ ਦਾ $\frac{\pi dT}{10g}$ ਦੇ ਬਰਾਬਰ ਭਾਰ ਵਧਾ ਦਿੰਦੀ ਹੈ ਜਿਥੇ g ਸੈਂ. ਮੀ. ਪ੍ਰਤਿ ਸੈਕਿੰਡ ਗੁਰੂਤਾ ਕਾਰਨ ਪ੍ਰਵੇਗ ਹੈ (ਚਿੱਤਰ 2)।



ਚਿੱਤਰ 2. ਸਤ੍ਹਾ-ਤਣਾਉ ਦਾ ਦ੍ਰਵਘਣਤਾ ਮਾਪਕ ਉੱਤੇ ਪ੍ਰਭਾਵ

ਮੰਨ ਲਉ T_1 ਸਤ੍ਹਾ-ਤਣਾਉ ਵਾਲੇ ਤਰਲ ਵਿਚ ਦ੍ਰਵਘਣਤਾ ਮਾਪਕ δ ਘਣਤਾ ਦਰਸਾਉਂਦੇ ਹਨ ਜਿਹੜੀ ਕਿ ਘਣਤਾ ਦੀ ਸਹੀ ਰੀਡਿੰਗ ਹੈ। ਹੁਣ ਉਨੀ ਘਣਤਾ ਵਾਲੇ ਦੂਜੇ ਤਰਲ ਵਿਚ ਦ੍ਰਵਘਣਤਾ ਮਾਪਕ ਨੂੰ ਡੁਬੋਇਆ ਜਾਂਦਾ ਹੈ ਪਰੰਤੂ ਉਸ ਦੀ ਸਤ੍ਹਾ-ਤਣਾਉ T_2 ਪਹਿਲੇ ਤਰਲ ਨਾਲੋਂ ਵੱਧ ਹੈ। ਇਸ ਸਤ੍ਹਾ-ਤਣਾਉ ਦੇ ਵਾਧੇ ਕਾਰਨ ਦੂਜੇ ਤਰਲ ਦੇ ਭਾਰ ਵਿਚ ਪਹਿਲੇ ਤਰਲ ਦੇ ਲਿਹਾਜ਼ ਨਾਲ ਹੋਇਆ ਸਮੁੱਚਾ ਵਾਧਾ $\frac{\pi d}{10g}\cdot\{T_2 - T_1\}$ ਹੋਵੇਗਾ। ਇਸ ਲਈ ਦ੍ਰਵਘਣਤਾ ਮਾਪਕ ਦੂਜੇ ਤਰਲ ਵਿਚ ਵਧੇਰੇ ਲੰਬਾਈ ਤਕ ਡੁੱਬੇਗਾ। ਜੇਕਰ ℓ ਮਿ.ਮੀ. ਨਲੀ ਪਹਿਲੇ ਤਰਲ ਨਾਲੋਂ ਦੂਜੇ ਤਰਲ ਵਿਚ ਵਧੇਰੇ ਡੁੱਬਦੀ ਹੈ ਤਾਂ ਦ੍ਰਵਘਣਤਾ ਮਾਪਕ ਦੁਆਰਾ ਹਟਾਏ ਗਏ ਤਰਲ ਦੇ ਪੁੰਜ ਵਿਚ ਵਾਧਾ $\frac{\pi}{4}\cdot\frac{d^2}{100}\cdot\frac{\ell}{10}\cdot\delta$ ਹੋਵੇਗਾ।

ਇਸ ਲਈ $\frac{\pi d}{10g}\{T_2 - T_1\} = \frac{\pi}{4}\cdot\frac{d^2}{100}\cdot\frac{\ell}{10}\cdot\delta$

ਜਿਸ ਤੋਂ $\ell = \frac{400}{d\delta g}\{T_2 - T_1\}$

ਮੰਨ ਲਉ λ ਦ੍ਰਵਘਣਤਾ ਮਾਪਕ ਦੀ ਸਕੇਲ ਉਤਲਾ ਇਕ ਦਰਜਾ ਹੈ ਜਿਹੜਾ δ ਘਣਤਾ ਦੀ ਰੀਡਿੰਗ ਦੇ ਨਾਲ ਹੀ ਹੈ ਅਤੇ ਇਹ ਵੀ ਮੰਨ ਲਉ ਕਿ $\phi = \ell/\lambda$ ਹੈ ਤਾਂ ਉਕਤ ਸਮੀਕਰਨਾਂ ਤੋਂ

$$\phi = \frac{400}{\lambda d\delta g}\{T_2 - T_1\}$$

ਜਿਥੇ φ ਸਤ੍ਹਾ-ਤਣਾਉ ਵਿਚਲੀ ਤਬਦੀਲੀ $(T_2 - T_1)$ ਕਾਰਨ ਦਰਜੇ ਵਿਚ ਤਰੁੱਟੀ ਹੈ। ਇਹ ਕੋਸ਼ਿਸ਼ ਹੁੰਦੀ ਹੈ ਕਿ φ ਜਿੰਨੀ ਘੱਟ ਤੋਂ ਘੱਟ ਹੋਵੇ ਉਨਾ ਹੀ ਚੰਗਾ ਹੈ ਅਤੇ ਇਸ ਤਰ੍ਹਾਂ λd ਵੱਧ ਤੋਂ ਵੱਧ ਹੋਣਾ ਚਾਹੀਦਾ ਹੈ। ਇਕ ਦ੍ਰਵਘਣਤਾ ਮਾਪਕ ਜਿਸ ਦਾ λ = 1.5 ਮਿ.ਮੀ., ਜਿਹੜਾ 0.001 ਗ੍ਰਾ. ਪ੍ਰਤਿ. ਮਿ.ਮੀ. ਦੇ ਬਰਾਬਰ ਹੈ, ਜੇਕਰ δ = 1.030 ਗ੍ਰਾ. ਪ੍ਰਤਿ ਮਿ.ਲੀ. ਅਤੇ d = 5 ਮਿ.ਮੀ. ਤਾਂ $\phi = 0.053\{T_2 - T_1\}$

ਅਜਿਹੇ ਦ੍ਰਵਘਣਤਾ ਮਾਪਕ ਨੂੰ ਜੇਕਰ ਹਲਕੇ ਗੰਧਕ ਦੇ ਤੇਜ਼ਾਬ ਜਿਸ ਦੀ ਸਤ੍ਹਾ-ਤਣਾਉ 70 ਡਾਈਨ ਪ੍ਰਤਿ ਸੈਂ. ਹੋਵੇ, ਤਾਂ ਘਣਤਾ ਦੱਸਣ ਲਈ 1.030 ਤੇ ਸੈੱਟ ਕੀਤਾ ਹੋਵੇ ਅਤੇ ਫਿਰ ਦੁੱਧ ਦੀ ਘਣਤਾ ਲਈ ਵਰਤਿਆ ਜਾਵੇ, ਜਿਸ ਦੀ ਸਤ੍ਹਾ-ਤਣਾਉ 50 ਡਾਈਨ ਪ੍ਰਤਿ ਸੈਂ. ਹੋਵੇ ਤਾਂ φ = 1.03 ਹੋਵੇਗੀ ਭਾਵ ਇਹ ਕਿ ਦੁੱਧ ਲਈ ਵਰਤਦੇ ਸਮੇਂ ਦ੍ਰਵਘਣਤਾ ਮਾਪਕ ਤਰੁੱਟੀ ਪੂਰਨ ਰੀਡਿੰਗ ਦਰਸਾਏਗਾ ਜਿਹੜੀ ਕਿ ਦਰਜੇ ਨਾਲੋਂ ਕੁਝ ਵੱਧ ਜਾਂ 0.001 ਗ੍ਰਾ. ਪ੍ਰਤਿ ਮਿ.ਮੀ. ਨਾਲੋਂ ਵੱਧ ਹੁੰਦੀ ਹੈ।

ਹ.ਪੁ.—ਐਨ.ਬ੍ਰਿ. 11 : 972

ਦਰਵੇਸ਼ : ਇਹ ਇਕ ਫ਼ਾਰਸੀ ਸ਼ਬਦ ਹੈ ਜਿਸ ਦਾ ਅਰਥ ਹੈ ਰੱਬ ਦੇ ਦਰ ਦਾ ਜਾਚਕ, ਭਗਤ ਜਾਂ ਸਾਧੂ। ਇਸ ਦਾ ਅਰਥ ਬੋਧੀ ਭਿਖਸ਼ੂ ਨਾਲ ਮਿਲਦਾ ਹੈ। ਫ਼ਾਰਸੀ ਸਾਹਿਤ ਵਿਚ ਪੰਜਵੀਂ ਅਤੇ ਛੇਵੀਂ ਸਦੀ ਵਿਚ ਇਸ ਤੋਂ ਭਾਵ ਸੰਤ ਜਾਂ 'ਪਾਕ ਮਨੁੱਖ' ਸਮਝਿਆ ਜਾਂਦਾ ਸੀ ਅਤੇ ਬਾਅਦ ਵਿਚ ਇਸ ਸ਼ਬਦ ਦਾ ਇਹੋ ਅਰਥ ਹੀ ਸਾਰੇ ਸੰਸਾਰ ਵਿਚ ਪ੍ਰਚੱਲਿਤ ਹੋ ਗਿਆ। ਦੱਖਣੀ ਅਰਬ ਵਿਚ ਇਸ ਲਈ ਸਤਿਕਾਰ ਨਾਲ 'ਸ਼ੇਖ' ਸ਼ਬਦ ਵਰਤਿਆ ਜਾਂਦਾ ਹੈ। ਅਰਬ ਦੇ ਕੁਝ ਦੇਸ਼ਾਂ ਵਿਚ ਇਸ ਲਈ ਫ਼ਕੀਰ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ।

ਪੈਗੰਬਰ ਮੁਹੰਮਦ ਸਾਹਿਬ ਦੇ ਸਮੇਂ ਤੋਂ ਹੀ ਇਸ ਫ਼ਿਰਕੇ ਨਾਲ ਸਬੰਧਤ ਲੋਕ ਉੱਨ ਪਹਿਨਦੇ ਸਨ। ਇਸ ਕਰਕੇ ਇਹ ਸ਼ਬਦ ਵਧੇਰੇ ਕਰਕੇ ਸੂਫ਼ੀਆਂ ਨਾਲ ਜੁੜ ਗਿਆ। ਛੇਵੀਂ ਸਦੀ ਵਿਚ ਇਹ ਹੋਂਦ ਵਿਚ ਆਏ ਅਤੇ ਸੱਤਵੀਂ ਸਦੀ ਵਿਚ ਇਹ ਨਾਂ ਪ੍ਰਚੱਲਿਤ ਹੋ ਗਿਆ। ਇਸ ਫ਼ਿਰਕੇ ਦਾ ਬਾਨੀ ਅਬਦਲ ਕਾਦਰ ਜੀਲਾਨੀ ਸੀ ਜਿਸ ਦਾ ਦਿਹਾਂਤ 1166 ਈ. ਵਿਚ ਹੋਇਆ। ਪ੍ਰੰਤੂ ਅਹਿਮਦ ਅਲ ਰਿਫ਼ਾਈ (ਮ੍ਰਿਤੂ 1182 ਈ.) ਦੁਆਰਾ ਪ੍ਰਚੱਲਿਤ ਕੀਤੀ ਸੰਪ੍ਰਦਾਇ ਵੀ ਇਸ ਦੀ ਸਮਕਾਲੀ ਸੀ। ਵਾਨ ਹੈਮਰ ਅਨੁਸਾਰ ਇਸ ਸੰਪ੍ਰਦਾਇ ਦੇ 36 ਫਿਰਕਿਆਂ ਵਿਚੋਂ 12 ਫ਼ਿਰਕੇ ਓਸਮਾਨ ਰਾਜ ਦੇ ਸਮੇਂ ਹੋਂਦ ਵਿਚ ਆਏ ਅਤੇ ਬਾਕੀ ਦੇ 24 ਫ਼ਿਰਕੇ ਬਾਅਦ ਵਿਚ ਬਣੇ। ਇਨ੍ਹਾਂ ਵਿਚੋਂ ਸਭ ਤੋਂ ਦਿਲਚਸਪ ਫਿਰਕਾ ਬੈਕਟਸੀ ਹੈ ਜੋ ਇਸਲਾਮ ਅਤੇ ਈਸਾਈ ਮੱਤ ਨਾਲ ਮਿਲਦਾ ਜੁਲਦਾ ਹੈ। ਇਸੇ ਤਰ੍ਹਾਂ ਬਾਅਦ ਵਿਚ ਨਕਸ਼ਬੰਦੀ, ਮੌਲਾਵੀਆਂ, ਰਿਫ਼ਾਈਆ, ਈਸ਼ਵਰੀਆ ਫ਼ਿਰਕੇ ਪ੍ਰਸਿੱਧ ਹੋਏ। ਉਸਮਾਨ ਰਾਜ ਵਿਚ ਕਈ ਸੂਬਿਆਂ ਵਿਚ ਫ਼ਿਰਕਿਆਂ ਦਾ ਮੁੱਖੀ 'ਸ਼ੇਖ-ਅਲ-ਤੁਰਕ' ਹੁੰਦਾ ਸੀ ਜੋ ਇਨ੍ਹਾਂ ਦੇ ਵਿਵਹਾਰ ਲਈ ਕਰਕਾਰ ਕੋਲ ਜ਼ਿੰਮੇਵਾਰ ਹੁੰਦਾ ਸੀ।

ਇਹ ਅਨੁਸ਼ਾਸਨ ਵਿਚ ਰਹਿ ਕੇ ਭਗਤੀ ਕਰਦੇ ਸਨ। ਇਨ੍ਹਾਂ ਦੇ ਭਗਤੀ ਕਾਰਜਾਂ ਨੂੰ 'ਹਦਰਾਹ' ਆਖਿਆ ਜਾਂਦਾ ਸੀ। ਇਨ੍ਹਾਂ ਦਾ ਜ਼ਿਆਦਾ ਪ੍ਰਸਿੱਧ ਕੰਮ 'ਲਾ ਇਲਾੱਹਾ ਇੱਲਾ ਲਹੂ' ਦਾ ਅਨੇਕ ਵਾਰ ਜਾਪ ਕਰਨਾ ਸੀ। ਇਹ ਰਲ ਕੇ ਸੰਗੀਤ ਵਿਚ ਗਾਉਂਦੇ ਸਨ।

ਇਸਲਾਮ ਦੀ ਸੱਤਵੀਂ ਸਦੀ ਤੋਂ ਹੀ ਇਨ੍ਹਾਂ ਦਰਵੇਸ਼ਾਂ ਨੂੰ ਗ਼ੈਬੀ ਸ਼ਕਤੀਆਂ ਦੇ ਮਾਲਕ ਮੰਨਿਆ ਜਾਣ ਲਗ ਪਿਆ ਸੀ। ਦਰਵੇਸ਼ ਬਣਨ ਨਾਲ ਰੋਜ਼ਾਨਾ ਜੀਵਨ ਦੇ ਕੰਮ ਕਾਰ ਵਿਚ ਕੋਈ ਫ਼ਰਕ ਨਹੀਂ ਪੈਂਦਾ। ਮਿਸਰ ਦੇ ਵਧੇਰੇ ਦਰਵੇਸ਼ ਆਮ ਤੌਰ ਤੇ ਛੋਟੇ ਦੁਕਾਨਦਾਰ ਹੀ ਦੱਸੇ ਜਾਂਦੇ ਹਨ।

ਹ.ਪੁ.—ਐਨ: ਰਿ. ਐਥਿ 4 : 641; ਮ.ਕੋ., ਐਨ. ਬ੍ਰਿ. 7 : 279 ; ਕੋਲ ਐਨ. 6 : 214 ; ਐਨ. ਬ੍ਰਿ. ਮਾ. 3 : 482.

ਦਰਾਵੜ ਭਾਸ਼ਾਵਾਂ : ਦਰਾਵੜ ਭਾਸ਼ਾਵਾਂ ਵਿਚ ਤੇਲਗੂ, ਤਾਮਿਲ, ਮਲਿਆਲਮ ਅਤੇ ਕੰਨ੍ਹੜ ਆਦਿ ਮੁੱਖ ਭਾਸ਼ਾਵਾਂ ਸ਼ਾਮਲ ਹਨ। ਸਾਰੇ ਦੱਖਣੀ ਏਸ਼ੀਆ ਵਿਚ ਇਸ ਪਰਿਵਾਰ ਦੀਆਂ 23 ਭਾਸ਼ਾਵਾਂ ਹਨ ਅਤੇ 1,10,000,000 ਤੋਂ ਵੱਧ ਲੋਕ ਇਨ੍ਹਾਂ ਨੂੰ ਬੋਲਣ ਵਾਲੇ ਹਨ।

ਇਸ ਪਰਿਵਾਰ ਦੀਆਂ ਮੁੱਖ ਭਾਸ਼ਾਵਾਂ ਤਾਮਿਲ, ਤੇਲਗੂ, ਕੰਨ੍ਹੜ ਅਤੇ ਮਲਿਆਲਮ ਦੀਆਂ ਆਪਣੀਆਂ ਸੁਤੰਤਰ ਲਿਪੀਆਂ ਅਤੇ ਈ. ਪੂ. ਸਮੇਂ ਤੋਂ ਆਰੰਭ ਹੁੰਦੇ ਸਾਹਿਤ ਦੇ ਇਤਿਹਾਸ ਹਨ। ਭਾਰਤੀ ਸੰਵਿਧਾਨ ਦੁਆਰਾ ਇਨ੍ਹਾਂ ਨੂੰ ਮਾਣਤਾ ਪ੍ਰਾਪਤ ਹੋਣ ਤੇ ਇਹ ਕ੍ਰਮਵਾਰ ਤਾਮਿਲਨਾਡੂ, ਕਰਨਾਟਕ ਅਤੇ ਕੇਰਲਾ ਦੀਆਂ ਸਰਕਾਰੀ ਭਾਸ਼ਾਵਾਂ ਬਣ ਗਈਆਂ। ਇਸ ਤੋਂ ਇਲਾਵਾ ਇਹ ਭਾਸ਼ਾਵਾਂ ਦੱਖਣ ਪੂਰਬੀ ਏਸ਼ੀਆ ਅਤੇ ਦੱਖਣੀ ਤੇ ਪੂਰਬੀ ਅਫ਼ਰੀਕਾ ਵਿਚ ਬੋਲੀਆਂ ਜਾਂਦੀਆਂ ਹਨ। ਇਸ ਪਰਿਵਾਰ ਦੀਆਂ ਮੁੱਖ ਭਾਸ਼ਾਵਾਂ ਨੂੰ ਬੋਲਣ ਵਾਲਿਆਂ ਦੀ ਗਿਣਤੀ ਇਸ ਪ੍ਰਕਾਰ ਹੈ :—

ਤੇਲਗੂ 37,600,000; ਤਾਮਿਲ 30,560,000; ਕੰਨ੍ਹੜ 17,420,000; ਮਲਿਆਲਮ 17,020,000, ਗੌਂਡੀ 1,50,000; ਕੁਰੁਖ 1,140,000 ਅਤੇ ਤੁਲੂ 940,000। ਬੋਲਣ ਵਾਲਿਆਂ ਦੇ ਪੱਖ ਤੋਂ ਇਹ ਭਾਸ਼ਾ ਪਰਿਵਾਰ ਸੰਸਾਰ ਵਿਚ ਪੰਜਵੇਂ ਜਾਂ ਛੇਵੇਂ ਨੰਬਰ ਤੇ ਆਉਂਦਾ ਹੈ।

ਤਾਮਿਲ ਐਨੀ ਅਮੀਰ ਭਾਸ਼ਾ ਹੈ ਕਿ ਭਾਰਤ ਵਿਚ ਕੇਵਲ ਸੰਸਕ੍ਰਿਤ ਹੀ ਇਸ ਦੇ ਮੁਕਾਬਲੇ ਤੇ ਖੜੀ ਹੋ ਸਕਦੀ ਹੈ।

ਦਰਾਵੜ ਭਾਸ਼ਾਵਾਂ ਦੀ ਉਤਪਤੀ ਬਾਰੇ ਪੱਕਾ ਕੁਝ ਨਹੀਂ ਪਤਾ। ਆਮ ਵਿਚਾਰ ਹੈ ਕਿ ਕਿਸੇ ਪ੍ਰਾਚੀਨ ਮਹਾਂਦੀਪ ਦੇ ਸਾਗਰ ਵਿਚ ਡੁੱਬ ਜਾਣ ਨਾਲ ਉਥੋਂ ਦੇ ਲੋਕ ਭਾਰਤ ਵਿਚ ਪਰਵਾਸ ਕਰਕੇ ਆ ਗਏ। ਕੁਝ ਵਿਦਵਾਨਾਂ ਅਨੁਸਾਰ ਦਰਾਵੜ ਭਾਸ਼ਾਵਾਂ ਦੀਆਂ ਦੇਸੀ ਭਾਸ਼ਾਵਾਂ ਹਨ। ਦਰਾਵੜ ਭਾਸ਼ਾਵਾਂ ਬੋਲਣ ਵਾਲੇ ਭਾਰਤੀ ਉਪਮਹਾਂਦੀਪ ਦੇ ਉੱਤਰ ਪੱਛਮ ਤੋਂ ਦੱਖਣ ਅਤੇ ਪੂਰਬ ਵੱਲ ਫੈਲ ਗਏ। ਇਕ ਹੋਰ ਸਿਧਾਂਤ ਅਨੁਸਾਰ ਦਰਾਵੜ ਭਾਸ਼ਾ ਸਿੰਧ ਵਾਦੀ ਸਭਿਅਤਾ ਦੇ ਲੋਕਾਂ ਦੁਆਰਾ ਬੋਲੀ ਜਾਂਦੀ ਸੀ। ਵਧੇਰੇ ਪ੍ਰਮਾਣਿਤ ਮੱਤ ਇਸ ਪਰਿਵਾਰ ਦੀਆਂ ਭਾਸ਼ਾਵਾਂ ਦਾ ਯੂਰਾਲਿਕ (ਹੰਗਰੀ ਅਤੇ ਫਿਨਿਸ਼) ਅਤੇ ਅਲਟਿਕ (ਤੁਰਕੀ ਅਤੇ ਮੰਗੋਲ) ਭਾਸ਼ਾ ਗਰੁੱਪਾਂ ਨਾਲ ਸਬੰਧ ਹੋਣ ਦਾ ਹੈ।

ਦਰਾਵੜ ਭਾਸ਼ਾਵਾਂ ਨੂੰ ਇਕ ਵੱਖਰੇ ਪਰਿਵਾਰ ਦਾ ਦਰਜਾ ਪਹਿਲੀ ਵਾਰ 1816 ਈ. ਵਿਚ ਇਕ ਬਰਤਾਨਵੀ ਅਫ਼ਸਰ ਫ਼ਰਾਂਸਿਸ ਡਬਲਿਯੂ ਐਲਿਸ ਨੇ ਦਿੱਤਾ। 'ਦਰਾਵੜ' ਸ਼ਬਦ ਪਹਿਲੀ ਵਾਰ ਰਾਬਰਟ ਏ ਕਾਲਡਵੈਲ ਨੇ ਆਪਣੀ ਪੁਸਤਕ 'ਏ ਕੰਪੈਰੇਟਿਵ ਗਰਾਮਰ ਆੱਫ਼ ਦੀ ਡਾਵਿਡੀਅਨ ਔਰ ਸਾਊਥ ਇੰਡੀਅਨ ਫੈਮਿਲੀ ਆੱਫ਼ ਲੈਂਗੁਏਜਿਜ਼' (1856) ਵਿਚ ਵਰਤਿਆ। 7 ਵੀਂ ਸਦੀ ਵਿਚ ਸੰਸਕ੍ਰਿਤ ਦੇ ਇਕ ਹਵਾਲੇ ਵਿਚ ਵਰਤੇ ਗਏ ਦਰਾਵੜ ਸ਼ਬਦ ਦਾ ਭਾਵ ਤਾਮਿਲ ਸੀ। ਸੰਨ 1961 ਦੀ ਮਰਦਮ ਸ਼ੁਮਾਰੀ ਅਨੁਸਾਰ ਤਾਮਿਲ ਭਾਸ਼ਾ ਤਾਮਿਲਨਾਡੂ (30,562, 688), ਸ੍ਰੀ ਲੰਕਾ (2,50,000), ਮਿਆਂਮਾਰ, ਮਲੇਸ਼ੀਆ, ਇੰਡੋਨੇਸ਼ੀਆ ਅਤੇ ਵੀਅਤਨਾਮ (ਲਗਭਗ 1,000,000), ਪੂਰਬੀ ਅਤੇ ਦੱਖਣੀ ਅਫ਼ਰੀਕਾ (2,50,000), ਬ੍ਰਿਟਿਸ਼ ਗੀਆਨਾ ਅਤੇ ਫਿਜ਼ੀ, ਮੌਰੀਸ਼ਸ, ਗੀਯੂਨੀਅਨ, ਮੈਡਗਾਸਕਰ ਤ੍ਰਿਨੀਦਾਦ ਅਤੇ ਮਾਰਤਿਨੀਕ ਦੇ ਟਾਪੂਆਂ ਦੇ ਕੁਝ ਲੋਕਾਂ ਦੁਆਰਾ ਬੋਲੀ ਜਾਂਦੀ ਹੈ। ਇਸ ਭਾਸ਼ਾ ਦੀਆਂ ਸਭ ਤੋਂ ਪੁਰਾਣੀਆਂ ਉਪਲੱਬਧ ਲਿਖਤਾਂ ਤੀਜੀ ਅਤੇ ਦੂਜੀ ਸਦੀ ਈ. ਪੂ. ਦੀਆਂ ਹਨ। ਇਸ ਦੇ ਮੁੱਖ ਉਪ-ਭਾਖਾਈ ਖੇਤਰ ਉੱਤਰੀ ਅਤੇ ਦੱਖਣ ਪੱਛਮੀ ਅਤੇ ਦੱਖਣੀ ਹਨ।

ਮਲਿਆਲਮ ਤਾਮਿਲ ਦੇ ਬਹੁਤ ਨੇੜੇ ਹੈ ਅਤੇ ਇਹ ਕੇਰਲ ਪ੍ਰਾਂਤ ਦੇ 17,015, 762 ਲੋਕਾਂ ਦੁਆਰਾ ਬੋਲੀ ਜਾਂਦੀ ਹੈ। ਇਸ ਦੀ ਉਤਪਤੀ ਤਾਮਿਲ ਤੋਂ ਹੀ ਨੌਵੀਂ ਅਤੇ ਦਸਵੀਂ ਸਦੀ ਦੇ ਲਗਭਗ ਹੋਈ। ਆਪਣੀ ਸੁਤੰਤਰ ਲਿਪੀ ਹੋਣ ਕਾਰਨ ਇਸ ਵਿਚ ਉੱਚ ਪਾਏ ਦਾ ਸਾਹਿਤ ਉਪਲੱਬਧ ਹੈ। ਇਸ ਦੀਆਂ ਤਿੰਨ ਮੁੱਖ ਖੇਤਰੀ ਉਪਭਾਸ਼ਾਵਾਂ (ਉੱਤਰੀ, ਮੱਧ ਅਤੇ ਦੱਖਣੀ) ਹਨ। ਨੀਲਗਿਰੀ ਅਤੇ ਨਾਲ ਲਗਦੇ ਇਲਾਕਿਆਂ ਵਿਚ ਕਈ ਛੋਟੇ ਛੋਟੇ ਫਿਰਕੇ ਇਰੂਲਾ (4124), ਬਦਾਗਾ (854630) ਟੋਡਾ (765) ਅਤੇ ਕੋਟਾ (862) ਆਦਿ ਭਾਸ਼ਾਵਾਂ ਬੋਲਦੇ ਹਨ। ਕੂਰਮ ਦੇ ਪਹਾੜੀ ਖੇਤਰ ਵਿਚ ਕੋਡਾਗ (78,202) ਭਾਸ਼ਾ ਬੋਲੀ ਜਾਂਦੀ ਹੈ। ਤੁਲੂ (900,000) ਮੰਗਲੌਰ ਵਿਚ ਅਤੇ ਇਸ ਦੇ ਆਲੇ ਦੁਆਲੇ ਮਾਲਾਬਾਰ ਤੱਟ ਵਿਚ ਬੋਲੀ ਜਾਂਦੀ ਹੈ।

ਮੌਜੂਦਾ ਕਰਨਾਟਕ (ਸਾਬਕਾ ਮੈਸੂਰ ਰਾਜ) ਵਿਚ 17415827 ਲੋਕ ਕੰਨ੍ਹੜ ਭਾਸ਼ਾ ਬੋਲਦੇ ਹਨ। ਪੜ੍ਹੇ ਲਿਖੇ ਲੋਕਾਂ ਦੀ ਭਾਸ਼ਾ ਅਤੇ ਆਮ ਲੋਕਾਂ ਦੀ ਜਨਤਕ ਭਾਸ਼ਾ ਵਿਚ ਬਹੁਤ ਫਰਕ ਹੈ। ਆਮ ਲੋਕਾਂ ਦੀ ਬੋਲ ਚਾਲ ਦੀ ਬੋਲੀ ਵੀ ਅੱਗੇ ਜਾਤੀਆਂ ਅਨੁਸਾਰ ਤਿੰਨ ਤਰ੍ਹਾਂ ਦੀ ਹੈ—ਬ੍ਰਾਹਮਣਾਂ ਦੀ; ਜੋ ਬ੍ਰਾਹਮਣ ਨਹੀਂ ਹਨ ਅਤੇ ਤੀਜੇ ਹਰੀਜਨਾਂ ਦੀ। ਤੇਲਗੂ ਆਂਧਰਾ ਪ੍ਰਦੇਸ਼ ਦੀ ਸਰਕਾਰੀ ਭਾਸ਼ਾ ਹੈ। ਇਸ ਦੀ ਲਿਖਤੀ ਅਤੇ ਬੋਲ ਚਾਲ ਦੀ ਬੋਲੀ ਤੋਂ ਇਲਾਵਾ ਵੱਖ ਵੱਖ ਇਲਾਕਿਆਂ ਅਤੇ ਜਾਤੀਆਂ ਅਨੁਸਾਰ ਕਈ ਉਪ-ਭਾਸ਼ਾਵਾਂ ਹਨ। ਉੱਤਰੀ ਭਾਗਾਂ ਵਿਚ ਕੋਲਾਮੀ (46,065) ਤੇ ਨੈਕੀ (1,000) ਅਤੇ ਮੱਧ ਪ੍ਰਦੇਸ਼ ਦੇ ਬਸਤਰ ਖੇਤਰ ਦੀ ਬੋਲੀ ਪਾਰਜੀ (99607) ਹੈ। ਉੜੀਸਾ ਵਿਚ ਕੋਡਾ ਡੋਰਾਸ ਲੋਕ (12000) ਕੋਡੀ ਬੋਲਦੇ ਹਨ ਗਡਬਾਸ (ਲ. 2000) ਓਲਗੀ, ਪੋਟੰਗੀ ਤੇ ਪੋਯਾ ਉਪ ਭਾਸ਼ਾਵਾਂ ਬੋਲਦੇ ਹਨ। ਇਸ ਤੋਂ ਇਲਾਵਾ ਉਥੇ ਪੈਗੋ ਅਤੇ ਮੰਡਾ ਉਪ ਭਾਸ਼ਾਵਾਂ ਵੀ ਪ੍ਰਚੱਲਿਤ ਹਨ। ਗੋਂਡੀ (1,500,000) ਮੱਧ ਭਾਰਤ ਦੀਆਂ ਉਪ ਭਾਸ਼ਾਵਾਂ ਨਾਲ ਸਬੰਧਤ ਗਰੁੱਪ ਹੈ। ਹੋਰ ਉੱਤਰ ਵਾਲੇ ਪਾਸੇ ਨੂੰ ਬਿਹਾਰ, ਉੜੀਸਾ ਅਤੇ ਮੱਧ ਪ੍ਰਦੇਸ਼ ਵਿਚ ਓਰਾਓ ਕਬੀਲੇ ਕੂਰਮ (1,132,931) ਬੋਲਦੇ ਹਨ ਅਤੇ ਬਿਹਾਰ ਅਤੇ ਪੱਛਮੀ ਬੰਗਾਲ ਦੀ ਸੀਮਾ ਦੇ ਨੇੜੇ ਮਾਲਟੋ (88,645) ਉਪ ਭਾਸ਼ਾ ਬੋਲੀ ਜਾਂਦੀ ਹੈ।

ਭਾਰਤ ਤੋਂ ਬਾਹਰ ਪਾਕਿਸਤਾਨ ਦੇ ਕਲਾਤ, ਹੈਰਪੁਰ ਅਤੇ ਹੈਦਰਾਬਾਦ ਜ਼ਿਲ੍ਹਿਆਂ ਵਿਚ ਬ੍ਰਾਹੁਈ ਨਾਂ ਦੀ ਦਰਾਵੜੀ ਭਾਸ਼ਾ (300000) ਬੋਲੀ ਜਾਂਦੀ ਹੈ।


ਅੱਜਕੱਲ੍ਹ ਦਰਾਵੜ ਭਾਸ਼ਾਵਾਂ ਮੁੱਖ ਤੌਰ ਤੇ ਭਾਰਤ ਦੇ ਦੱਖਣੀ ਹਿੱਸੇ ਵਿਚ ਬੋਲੀਆਂ ਜਾਂਦੀਆਂ ਹਨ। ਇਹ ਮੰਨਿਆ ਜਾਂਦਾ ਹੈ ਕਿ ਪੁਰਾਣੇ ਸਮੇਂ ਵਿਚ ਦਰਾਵੜ ਭਾਸ਼ਾਵਾਂ ਬੋਲਣ ਵਾਲੇ ਲੋਕ ਭਾਰਤ ਦੇ ਉੱਤਰ-ਪੱਛਮੀ ਹਿੱਸੇ ਸਮੇਤ ਸਾਰੇ ਭਾਰਤ ਵਿਚ ਫੈਲੇ ਹੋਏ ਸਨ ਜੋ ਮੁਢਲੀ ਇੰਡੋ ਆਰੀਅਨ ਸਾਹਿਤਕ ਕ੍ਰਿਤ ਹੈ। ਕਈ ਵਿਦਵਾਨਾਂ ਦਾ ਵਿਚਾਰ ਹੈ ਕਿ ਪੂਰਵ ਇੰਡੋ-ਆਰੀਅਨ ਅਤੇ ਪੂਰਵ ਦਰਾਵੜ ਭਾਸ਼ਾਵਾਂ ਵਿਚ ਧੁਨੀ ਵਿਗਿਆਨ, ਵਾਕ ਬਣਤਰ ਅਤੇ ਸ਼ਬਦਾਵਲੀ ਦੇ ਪੱਖ ਤੋਂ ਕਾਫ਼ੀ ਨੇੜਤਾ ਹੈ।

ਇਸ ਤਰ੍ਹਾਂ ਇੰਜ ਜਾਪਦਾ ਹੈ ਕਿ ਆਰੀਆ ਲੋਕਾਂ ਦੇ ਆਉਣ ਤੋਂ ਪਹਿਲਾਂ ਪ੍ਰੋਟੋ ਦਰਾਵੜ ਜਾਂ ਪ੍ਰੋਟੋ-ਉੱਤਰੀ ਦਰਾਵੜ ਦਾ ਕੋਈ ਰੂਪ ਉਤਰੀ ਭਾਰਤ ਵਿਚ ਪ੍ਰਚੱਲਿਤ ਰਿਹਾ ਹੋਵੇਗਾ। 2000 ਤੋਂ 1500 ਈ. ਪੂ. ਦੇ ਵਿਚਕਾਰ ਦਰਾਵੜ ਭਾਸ਼ਾ ਬੋਲਣ ਵਾਲੇ ਲੋਕ ਲਗਾਤਾਰ ਭਾਰਤ ਦੇ ਉਤਰ ਪੱਛਮ ਤੋਂ ਦੱਖਣ-ਪੂਰਬ ਵੱਲ ਘੁੰਮਦੇ ਰਹੇ ਅਤੇ ਲਗਭਗ 1500 ਈ. ਪੂ. ਤਕ ਤਿੰਨ ਵੱਖ ਵੱਖ ਉਪ ਭਾਸ਼ਾਈ ਗਰੁੱਪ ਅਰਥਾਤ ਪ੍ਰੋਟੋ-ਉੱਤਰੀ ਦਰਾਵੜ, ਪ੍ਰੋਟੋ ਮੱਧ ਦਰਾਵੜ ਅਤੇ ਪ੍ਰੋਟੋ ਦੱਖਣੀ ਦਰਾਵੜ ਹੋਂਦ ਵਿਚ ਆਏ।


ਹੋਰ ਭਾਸ਼ਾ ਪਰਿਵਾਰਾਂ ਸਬੰਧੀ ਕੀਤੇ ਖੋਜ ਕਾਰਜ ਦੇ ਮੁਕਾਬਲੇ ਤੇ ਦਰਾਵੜ ਭਾਸ਼ਾ ਦੇ ਧੁਨੀ ਵਿਗਿਆਨ ਅਤੇ ਵਿਆਕਰਣਕ ਪ੍ਰਕ੍ਰਿਆ ਸਬੰਧੀ ਖੋਜ ਦਾ ਕੰਮ ਬਹੁਤ ਹੋਇਆ ਹੈ। ਇਸ ਲਈ ਦਰਾਵੜ ਪ੍ਰੋਟੋ ਭਾਸ਼ਾ ਦੇ ਧੁਨੀ ਵਿਗਿਆਨ ਦੇ ਕੁਝ ਭਾਗਾਂ ਨੂੰ ਛੱਡ ਕੇ ਇਸ ਭਾਸ਼ਾ ਦੇ ਲੱਛਣਾਂ ਦੇ ਪੁਨਰ-ਨਿਰਮਾਣ ਦਾ ਕਾਰਜ ਵਧੇਰੇ ਕਰਕੇ ਅਨੁਮਾਨ ਤੇ ਹੀ ਆਧਾਰਤ ਹੈ।

ਪ੍ਰੋਟੋ-ਦਰਾਵੜ ਭਾਸ਼ਾ ਵਿਚ ਪੰਜ ਸ੍ਵਰ ਇ, ਉ, ਏ, ਓ ਅਤੇ ਅ ਹਰ ਇਕ ਹੀ ਹਰਸ੍ਵ ਅਤੇ ਦੀਰਘ ਹੈ। ਇਸ ਦੇ ਵਿਅੰਜਨ ਸਿਸਟਮ ਵਿਚ ਰੋਕ (Obstruant) ਵਾਲੇ ਪ, ਟ, ਚ, ਤ, ਸ, ਕ ਅਨੁਨਾਸਕ ਮ, ਨ, ਣ, ਞ ਅਤੇ ਲਕਾਰ ਲ ਅਤੇ ਲ਼, ਉਖਿਅਤ ਰ ਅਤੇ ਫੜਫੜਾਹਟ ਵਾਲੀ ਧੁਨੀ (Retroflex Continuant) ੜ ਅਤੇ ਅਰਧ ਸ੍ਵਰ ਯ ਅਤੇ ਵ ਹਨ। ਇਸ ਦਾ ਵਿਅੰਜਨ ਵਿਧਾਨ ਦਾ ਵਿਸੇਸ਼ ਲੱਛਣ ਛੇ ਰੋਕ ਸਥਿਤੀਆਂ ਵਾਲਾ ਹੈ- ਹੋਂਠੀ, ਦੰਤੀ, ਮੂਰਧਨੀ ਤਾਲਵੀ ਅਤੇ ਕੰਠੀ ਹੈ। ਮੂਰਧਨੀ ਧੁਨੀਆ ਤ, ਣ, ਲ਼, ੜ ਹਨ। ਅਲਵਿਓਲੀ ਜਾਂ ਮੂਰਧਨੀ ਧੁਨੀਆਂ ਵਾਲੇ ਵਿਅੰਜਨਾਂ ਨਾਲ ਕੋਈ ਸ਼ਬਦ ਆਰੰਭ ਨਹੀਂ ਹੁੰਦਾ। ਸ਼ਬਦ ਦੇ ਅੰਤਮ ਸਥਾਨ ਤੇ ਸਾਰੇ ਵਿਅੰਜਨ ਆ ਸਕਦੇ ਹਨ ਪਰ ਰੋਕ ਵਾਲੇ ਚਾਰੇ ਵਿਅੰਜਨਾਂ ਪਿਛੇ 'ਉ' ਦੀ ਧੁਨੀ ਆਪਣੇ ਆਪ ਹੀ ਨਾਲ ਜੁੜਦੀ ਹੈ। ਸ਼ਬਦ ਦੇ ਅੰਤਮ ਸਥਾਨ ਦੇ ਜੁੜਵੇਂ ਵਿਅੰਜਨ ਨਹੀਂ ਆਉਂਦੇ। ਪ੍ਰੋਟੋ-ਦਰਾਵੜ ਭਾਸ਼ਾ ਵਿਚ ਕੇਵਲ ਇਕ ਹੀ ਰੋਕ ਵਾਲਾ ਧੁਨੀ ਗ੍ਰਾਮ ਕ੍ਰਮ ਸੀ ਜੋ ਸ੍ਵਰਾਂ ਦੇ


ਸਾਰਣੀ-ਦੱਖਣੀ ਦਰਾਵੜੀ ਉਪ-ਪਰਿਵਾਰ



ਸਾਰਣੀ-2 ਮੱਧ-ਦਰਾਵੜੀ ਉਪ-ਪਰਿਵਾਰ



ਸਾਰਣੀ ਨੰ. 3 ਉੱਤਰੀ ਦਰਾਵੜੀ ਉਪ-ਪਰਿਵਾਰ



ਵਿਚਕਾਰ ਬੇਆਵਾਜ਼ (ਨਾਦ-ਤੰਦੀਆਂ ਦੀ ਥਰਕਣ ਤੋਂ ਬਿਨਾਂ ਉਪਰੰਤ ਹੁੰਦੀਆਂ ਸਨ) ਅਤੇ ਆਵਾਜ਼ ਵਾਲੇ (ਨਾਦ-ਤੰਦੀਆਂ ਦੀ ਥਰਕਣ ਨਾਲ ਉਪਜ ਦੀਆਂ ਸਨ) ਰੂਪ ਵਿਚ ਆਉਂਦਾ ਹੈ। ਸਾਰੇ ਪ੍ਰੋਟੋ ਦਰਾਵੜ ਧਾਤੂ ਇਕਾਙਰੀ ਸ਼ਬਦ ਸਨ।

ਪ੍ਰੋਟੋ ਦਰਾਵੜ ਵਿਚ ਕੇਵਲ ਅਗੇਤਰ ਹੀ ਆਉਂਦੇ ਹਨ। ਪਿਛੇਤਰ ਜਾਂ ਪ੍ਰਤਯ (Infix) ਕਦੇ ਨਹੀਂ ਆਉਂਦੇ। ਇਸ ਲਈ ਸ਼ਬਦਾਂ ਦੇ ਧਾਤੂ ਹਮੇਸ਼ਾਂ ਹੀ ਆਰੰਭ ਵਿਚ ਆਉਂਦੇ ਹਨ। ਨਾਂਵ ਕ੍ਰਿਆਵਾਂ ਅਤੇ ਅਣਵੈਵੀ ਸ਼ਬਦ ਮੂਲ ਸ਼ਬਦ ਸ਼੍ਰੇਣੀਆਂ ਬਣਾਉਂਦੇ ਹਨ।

ਈਸਾ-ਪੂਰਵ ਸਮੇਂ ਦੇ ਪਹਿਲੇ ਇਕ ਹਜ਼ਾਰ ਵਰ੍ਹੇ ਦੇ ਦੌਰਾਨ ਉੱਤਰੀ ਭਾਰਤ ਵਿਚ ਆਰੀਆਈਕਰਣ ਹੌਲੀ ਹੌਲੀ ਹੋਣਾ ਸ਼ੁਰੂ ਹੋ ਗਿਆ ਸੀ। ਉਸ ਸਮੇਂ ਦੇ ਲਾਗੇ ਚਾਗੇ ਆਰੀਆਈ ਲੋਕ ਦੱਖਣੀ ਭਾਰਤ ਵਿਚ ਗਏ। ਪੰਜਵੀਂ ਸਦੀ ਈ. ਪੂ. ਤੋਂ ਇਲਾਵਾ ਪ੍ਰੋਟੋ ਦੱਖਣੀ ਦਰਾਵੜੀ ਸ਼ਾਇਦ ਇਕ ਹੀ ਭਾਸ਼ਾ ਸੀ ਜਿਸ ਦੀਆਂ ਦੋ ਉਪਭਾਸ਼ਾਵਾਂ ਸਨ 'ਪ੍ਰੋਟੋ-ਮੱਧ ਦਰਾਵੜੀ ਦੇ ਵੀ ਦੋ ਰੂਪ ਹੋ ਗਏ ਸਨ ਅਤੇ ਉੱਤਰੀ ਦਰਾਵੜੀ ਪਹਿਲਾਂ ਹੀ ਕੁਰੁਖ ਮਾਲਟੋ ਅਤੇ ਬ੍ਰਾਹੂਈ ਵਿਚ ਜਾ ਚੁਕੀ ਸੀ।

ਅਸ਼ੋਕ ਦੇ ਰਾਜ ਦੇ ਕਿਸੇ ਸਮੇਂ (ਤੀਜੀ ਸਦੀ ਈ. ਪੂ.) ਦੋ ਦੱਖਣੀ ਭਾਸ਼ਾਵਾਂ ਤਾਮਿਲ ਅਤੇ ਕੰਨੜ ਵਿਕਸਿਤ ਹੋਈਆਂ ਅਤੇ ਦੋਹਾਂ ਸਭਿਅਤਾਵਾਂ ਦੀ ਵੱਖਰੀ ਵੱਖਰੀ ਹੋਂਦ ਹੋ ਗਈ। ਇਕ ਤੀਜਾ ਮੁੱਖ ਦਰਾਵੜ ਭਾਸ਼ਾਈ ਅਤੇ ਸਭਿਆਚਾਰਕ ਇਕਾਈ, ਤੇਲਗੂ, ਦੇ ਰੂਪ ਵਿਚ ਆਂਧਰਾ ਪ੍ਰਦੇਸ਼ ਵਿਚ ਪ੍ਰਗਟ ਹੋਈ। 300 ਤੋਂ 100 ਈ.ਪੂ.

ਦੇ ਸਮੇਂ ਵਿਚ ਪੂਰਵ ਤਾਮਿਲ ਉਪ-ਭਾਸ਼ਾਵਾਂ ਵਿਚੋਂ ਇਕ (ਸ਼ਾਇਦ ਮਦੁਰਾਇਕੀ) ਪ੍ਰਫੁਲਿਤ ਹੋਈ ਅਤੇ ਪ੍ਰਮਾਣਿਕ ਸਾਹਿਤਕ ਭਾਸ਼ਾ ਬਣ ਗਈ। ਇਸੇ ਸਮੇਂ ਵਿਚ ਹੀ ਲਗਭਗ 250 ਈ. ਦੇ ਲਾਗੇ ਚਾਗੇ ਆਸ਼ੋਕੀ ਦੱਖਣੀ ਬ੍ਰਾਹਮੀ ਲਿਪੀ ਤਾਮਿਲ ਲਈ ਵਰਤੀ ਜਾਣ ਲਗੀ ਅਤੇ ਜੈਨ ਸਾਧੂਆਂ ਦੁਆਰਾ ਗੁਫ਼ਾ ਸ਼ਿਲਾਲੇਖਾਂ ਲਈ ਕਈ ਸਦੀਆਂ (ਦੂਜੀ ਸਦੀ ਈ.ਪੂ. ਤੋਂ ਪੰਜਵੀਂ ਸਦੀ ਈਸਵੀ) ਤਕ ਵਰਤੀ ਜਾਂਦੀ ਰਹੀ।

ਕੰਨ੍ਹੜ ਵਿਚ ਪ੍ਰਾਚੀਨਤਮ ਸ਼ਿਲਾਲੇਖ 450 ਈ. ਦੇ ਹਨ। ਕੰਨ੍ਹੜ ਸਾਹਿਤ ਨ੍ਰਿਪਤੁੰਗਾ ਦੇ 'ਕਵੀਰਾਜਮਾਰਗ' ਨਾਲ 850 ਈ. ਦੇ ਲਗਭਗ ਆਰੰਭ ਹੁੰਦਾ ਹੈ। ਤੇਲਗੂ ਦਾ ਸਭ ਤੋਂ ਪੁਰਾਤਨ ਸ਼ਿਲਾਲੇਖ 633 ਈ. ਦਾ ਹੈ ਅਤੇ ਇਸ ਭਾਸ਼ਾ ਦਾ ਸਾਹਿਤ ਵਿਆਕਰਣ ਰਚੇਤਾ ਨਨੱਯਾ ਦੇ ਸੰਸਕ੍ਰਿਤ ਕਲਾਸਿਕ 'ਮਹਾ ਭਾਰਤ' ਦੇ ਅਨੁਵਾਦ ਨਾਲ ਗਿਆਰ੍ਹਵੀਂ ਸਦੀ ਵਿਚ ਆਰੰਭ ਹੁੰਦਾ ਹੈ। ਮਲਿਆਲਮ ਵਿਚ ਪੁਰਾਤਨ ਲਿਖਤਾਂ ਨੌਂਵੀਂ ਸਦੀ ਦੇ ਅੰਤ ਦੀਆਂ ਹਨ। ਇਸ ਭਾਸ਼ਾ ਦੀ ਪਹਿਲੀ ਸਾਹਿਤਕ ਪੁਸਤਕ ਸ਼ਾਇਦ ਭਾਸਕੌਤਲਿਯਾਮ (1125-1250- ਈ.) ਹੈ।

ਉਸ ਸਮੇਂ ਤੋਂ ਲੈ ਕੇ ਹੁਣ ਤਕ ਇਹ ਚਾਰ ਭਾਸ਼ਾਵਾਂ ਤਾਮਿਲ, ਮਲਿਆਲਮ, ਕੰਨ੍ਹੜ ਅਤੇ ਤੇਲਗੂ ਦੀ ਵਰਤੋਂ ਰਾਜ ਪ੍ਰਬੰਧ ਅਤੇ ਸਾਹਿਤ ਲਈ ਹੁੰਦੀ ਆਈ ਹੈ। ਇਹ ਸਾਰੀਆਂ ਹੀ ਸਾਇੰਸ ਦੇ ਕੋਰਸਾਂ ਅਤੇ ਕਲਾਵਾਂ ਲਈ ਵਰਤੀਆਂ ਜਾਂਦੀਆਂ ਰਹੀਆਂ ਹਨ ਅਤੇ ਇਨ੍ਹਾਂ ਵਿਚ ਸੰਸਕ੍ਰਿਤ ਆਧਾਰਤ ਅਤੇ ਜਾਂ ਬਿਲਕੁਲ ਹੀ ਦੇਸੀ ਨਵੀਂ ਤਕਨੀਕੀ ਸ਼ਬਦਾਵਲੀ ਤਿਆਰ ਕੀਤੀ ਜਾਂਦੀ ਰਹੀ ਹੈ।

18ਵੀਂ ਸਦੀ ਦੇ ਅੰਤ ਤਕ ਜਦੋਂ ਨਵੀਂ ਖੋਜ ਸ਼ੁਰੂ ਹੋਈ ਗ਼ੈਰ-ਸਾਹਿਤਕ ਦਰਾਵੜ ਭਾਸ਼ਾਵਾਂ ਦੇ ਇਤਿਹਾਸ ਬਾਰੇ ਕੁਝ ਪਤਾ ਨਹੀਂ ਸੀ ਫਿਰ ਵੀ ਟਾੱਲਮੀ ਦੀ ਦੂਜੀ ਸਦੀ ਈ. ਦੀ ਲਿਖਤ ਵਿਚ ਗੌਂਡਾ ਦਾ ਜ਼ਿਕਰ ਆਉਂਦਾ ਹੈ।

ਦਰਾਵੜ ਭਾਸ਼ਾਵਾਂ ਦੇ ਲੱਛਣ—ਦਰਾਵੜ ਭਾਸ਼ਾਵਾਂ ਨੇ ਇੰਡੋ ਆਰੀਆਈ ਭਾਸ਼ਾਵਾਂ ਤੋਂ ਨਾ ਸਿਰਫ਼ ਘੱਟ ਸ਼ਬਦਾਵਲੀ ਹੀ ਉਧਾਰ ਲਈ ਸਗੋਂ ਦਰਾਵੜ ਭਾਸ਼ਾਵਾਂ ਨੇ ਇੰਡੋ ਆਰੀਆਈ ਭਾਸ਼ਾਵਾਂ ਉਤੇ ਬਣਤਰ ਦੇ ਪੱਖ ਤੋਂ ਵੀ ਚੋਖਾ ਪ੍ਰਭਾਵ ਪਾਇਆ।

ਪ੍ਰੋਟੋ ਦਰਾਵੜੀ ਭਾਸ਼ਾਵਾਂ ਦੇ ਵਿਕਾਸ ਕ੍ਰਮ ਵਿਚ ਦੇਖਿਆ ਗਿਆ ਹੈ ਕਿ ਇੰਡੋ ਆਰੀਆਈ ਜਾਂ ਈਰਾਨੀ ਦੇ ਪ੍ਰਭਾਵ ਕਰਕੇ 'ਏ' ਤੇ 'ਐ' ਅਤੇ 'ਓ' ਤੇ 'ਔ' ਸ੍ਵਰਾਂ ਦਾ ਭੇਦ ਬ੍ਰਾਹੂਈ ਵਿਚ ਹੌਲੀ ਹੌਲੀ ਅਲੋਪ ਹੋ ਗਿਆ ਜਾਂ ਈਰਾਨੀ ਦੀ ਇਹ ਗੱਲ ਵੀ ਮਹੱਤਵਪੂਰਨ ਹੈ ਕਿ ਕੋੜਾਗੂ ਅਤੇ ਇਰੂਲਾ ਉਪਭਾਸ਼ਾਵਾਂ ਵਿਚ ਮੂਰਧਨੀ ਸ੍ਵਰ ਉਤਪੰਨ ਹੋ ਗਏ ਅਤੇ ਪੇਂਡੂ ਤਾਮਿਲ ਵਿਚ ਨੱਕ ਵਿਚ ਬੋਲੇ ਜਾਣ ਵਾਲੇ ਸ੍ਵਰ ਸ਼ਾਮਲ ਹੋ ਗਏ।

ਵਿਅੰਜਨਾਂ ਦੇ ਵਿਕਾਸ ਵਿਚ ਮਹੱਤਵਪੂਰਨ ਗੱਲ ਕ (C) ਧੁਨੀ ਦਾ ਅਲੋਪ ਹੋਣਾ ਹੈ ਪਰ ਦੱਖਣੀ ਦਰਾਵੜੀ ਵਿਚ ਇਹ ਅਜੇ ਵੀ ਪ੍ਰਚਲਿਤ ਹੈ ਜਿਵੇਂ ਪ੍ਰੋਟੋ ਦਰਾਵੜੀ ਵਿਚ ਕਾਰ (Car) ਆਦਿ। ਤਾਮਿਲ, ਮਲਿਆਲਮ ਅਤੇ ਤੇਲਗੂ ਵਿਚ ਮੂਹਰਲੇ ਸ੍ਵਰਾਂ ਤੋਂ ਪਹਿਲਾਂ ਕ (K) ਪ੍ਰੋਟੋ-ਦਰਾਵੜੀ ਧੁਨੀ ਕ (C) ਵਿਚ ਬਦਲ ਜਾਂਦੀ ਹੈ ਜਿਵੇਂ ਕੇ Ke 'ਲਾਲ' ਪਰ ਤਮਿਲ ਵਿਚ ਕੇ (Ce) ; 'ਆ' ਤੋਂ 'ਔ' ਤੋਂ ਪਹਿਲਾਂ ਕ (K) ਧੁਨੀ ਉੱਤਰੀ ਦਰਾਵੜੀ ਵਿਚ ਐਕਸ (X) ਵਿਚ ਬਦਲ ਜਾਂਦੀ ਹੈ ਜਿਵੇਂ ਤਾਮਿਲ ਕਾਲ (Kal) ਪਰ ਬ੍ਰਾਹੂਈ ਵਿਚ ਕਸਾਲ (Xal ਪੱਥਰ) ਮੂਰਧਨੀ 'ਰ' ਤਾਮਿਲ ਅਤੇ ਮਲਿਆਲਮ ਵਿਚ ਅਜੇ ਪ੍ਰਚਲਿਤ ਹੈ ਅਤੇ ਬਾਕੀ ਭਾਸ਼ਾਵਾਂ ਵਿਚ ਇਹ 'ਲ' ਤੋਂ 'ੜ' ਅਤੇ ਹੋਰ ਧੁਨੀਆਂ ਵਿਚ ਬਦਲ ਗਈ ਹੈ।

ਸ਼ਬਦਾਵਲੀ ਦੇ ਪੱਖ ਤੋਂ ਵੱਖ ਵੱਖ ਭਾਸ਼ਾਵਾਂ ਨੇ ਦੂਜੀਆਂ ਭਾਸ਼ਾਵਾਂ ਤੋਂ ਸ਼ਬਦ ਗ੍ਰਹਿਣ ਕੀਤੇ। ਤਾਮਿਲ ਨੇ ਸਭ ਤੋਂ ਘੱਟ ਸ਼ਬਦ ਉਧਾਰ (18-25 ਪ੍ਰਤੀਸ਼ਤ) ਲਏ ਹਨ ਜਦ ਕਿ ਮਲਿਆਲਮ ਅਤੇ ਤੇਲਗੂ ਵਿਚ ਇਹ ਪ੍ਰਤੀਸ਼ਤਤਾ ਕਾਫ਼ੀ ਜ਼ਿਆਦਾ ਹੈ। ਉਧਾਰ ਲਏ ਬਹੁਤ ਸਾਰੇ ਸ਼ਬਦਾਂ ਦੇ ਸੋਮੇ ਸੰਸਕ੍ਰਿਤ, ਪਾਲੀ ਅਤੇ ਪ੍ਰਾਕ੍ਰਿਤ ਹਨ। ਆਧੁਨਿਕ ਯੁਗ ਵਿਚ ਉਰਦੂ, ਪੁਰਤਗਾਲੀ ਅਤੇ ਅੰਗਰੇਜ਼ੀ ਨੇ ਇਸ ਵਿਚ ਕਾਫ਼ੀ ਹਿੱਸਾ ਪਾਇਆ ਹੈ। ਇਕ ਦਰਾਵੜੀ ਭਾਸ਼ਾ ਤੋਂ ਦੂਜੀ ਦਰਾਵੜੀ ਭਾਸ਼ਾ ਨੇ ਬਹੁਤ ਘੱਟ ਸ਼ਬਦ ਲਏ ਹਨ। ਇਸ ਪੱਖੋਂ ਪਾਕਿਸਤਾਨ ਦੀ ਬ੍ਰਾਹੂਈ ਅਤੇ ਇੰਡੋ ਆਰੀਆਈ ਅਤੇ ਈਰਾਨੀ ਭਾਸ਼ਾਵਾਂ ਦਾ ਸਭ ਤੋਂ ਵੱਧ ਪ੍ਰਭਾਵ ਪਿਆ ਹੈ ਅਤੇ ਤਾਮਿਲਨਾਡੂ ਦੀ ਟੋਡਾ ਉਤੇ ਸਭ ਤੋਂ ਘੱਟ ਅਸਰ ਪਿਆ ਹੈ।

ਹ.ਪੁ.—ਐਨ. ਬ੍ਰਿ. 7 : 655; ਕੋਲ. ਐਨ. 6 : 383; ਐਨ. ਅਮੈ. 9 : 312; ਐਨ. ਬ੍ਰਿ. ਮੈ. 5 : 989

ਦਰਾਵੜ ਲੋਕ : ਦੱਖਣੀ ਭਾਰਤ, ਮੱਧ ਭਾਰਤ ਅਤੇ ਸ੍ਰੀ ਲੰਕਾ ਦੇ ਉਸ ਹਿੱਸੇ ਵਿਚ ਰਹਿਣ ਵਾਲੇ ਲੋਕਾਂ ਨੂੰ ਦਰਾਵੜ ਕਿਹਾ ਜਾਂਦਾ ਹੈ ਜਿਹੜੇ ਦਰਾਵੜੀ ਭਾਸ਼ਾ ਬੋਲਦੇ ਹਨ। ਕੁਝ ਦਰਾਵੜੀ ਭਾਸ਼ਾ ਬੋਲਣ ਵਾਲੇ ਲੋਕ ਮਲਾਇਆ, ਪੂਰਬੀ ਅਫ਼ਰੀਕਾ ਆਦਿ ਦੇਸ਼ਾਂ ਵਿਚ ਵੱਸੇ ਹੋਏ ਹਨ। ਇਨ੍ਹਾਂ ਦਾ ਮੂਲ ਅਤੇ ਪੁਰਾਤਨ ਇਤਿਹਾਸ ਅਸਪਸ਼ਟ ਹੈ। ਇਨ੍ਹਾਂ ਦੇ ਪਹਿਲੀ ਵਾਰ ਭਾਰਤ ਵਿਚ ਆਉਣ ਬਾਰੇ ਕਿਸੇ ਵੀ ਪੂਰਵ-ਇਤਿਹਾਸਕ ਸਭਿਅਤਾ ਜਾਂ ਕਿਸੇ ਵਿਸ਼ੇਸ਼ ਨਸਲੀ ਲੱਛਣ ਨੂੰ ਇਨ੍ਹਾਂ ਨਾਲ ਜੋੜਿਆ ਨਹੀਂ ਜਾ ਸਕਦਾ। ਇਹ ਅਨੁਮਾਨ ਹੈ ਕਿ 2000 ਈ.ਪੂ. ਵਿਚ ਆਰੀਆ ਦੇ ਹਮਲੇ ਤੋਂ ਪਹਿਲਾਂ ਦਰਾਵੜੀ ਭਾਸ਼ਾ ਬੋਲਣ ਵਾਲੇ ਲੋਕ ਉੱਤਰੀ ਭਾਰਤ ਵਿਚ ਫੈਲ ਚੁੱਕੇ ਸਨ ਅਤੇ ਵੈਦਿਕ ਮੰਤਰਾਂ ਵਿਚ ਜਿਨ੍ਹਾਂ ਸਥਾਨਕ ਲੋਕਾਂ ਦਾ ਦਰਾਵੜਾਂ ਵੱਲੋਂ ਜ਼ਿਕਰ ਆਇਆ ਹੈ, ਨੂੰ ਆਮ ਕਰਕੇ ਸਵੀਕਾਰ ਨਹੀਂ ਕੀਤਾ ਗਿਆ। ਇਹ ਲੋਕ ਦਰਮਿਆਨੇ ਕੱਦ ਵਾਲੇ, ਗਠੀਲੇ ਅਤੇ ਸਾਂਵਲੇ ਰੰਗ ਅਤੇ ਚੌੜੇ ਨੱਕ ਵਾਲੇ ਹੁੰਦੇ ਹਨ।

ਇਨ੍ਹਾਂ ਵਿਚੋਂ ਥੋੜ੍ਹੇ ਜਿਹੇ ਬਹੁਤ ਸੱਭਿਆ ਲੋਕ ਅਤੇ ਕੁਝ ਕੁ ਪੁਰਾਤਨ ਜੰਗਲੀ ਕਬੀਲਿਆਂ ਦੇ ਲੋਕ ਸ਼ਾਮਲ ਹਨ। ਇਸ ਲਈ ਇਨ੍ਹਾਂ ਦੇ ਕਿਸੇ ਵਿਸ਼ੇਸ਼ ਦਰਾਵੜੀ ਸਭਿਆਚਾਰ ਬਾਰੇ ਪੱਕੇ ਤੌਰ ਤੇ ਕੁਝ ਨਹੀਂ ਕਿਹਾ ਜਾ ਸਕਦਾ। ਸੰਨ 1947 ਵਿਚ ਭਾਰਤ ਨੂੰ ਆਜ਼ਾਦੀ ਮਿਲਣ ਉਪਰੰਤ ਦੱਖਣੀ ਭਾਰਤ ਵਿਚ ਅਤੇ ਖਾਸ ਤੌਰ ਤੇ ਮਦਰਾਸ ਦੇ ਤਾਮਿਲਾਂ ਵਿਚ ਦਰਾਵੜੀ ਰਾਸ਼ਟਰੀਅਤਾ ਦੀ ਭਾਵਨਾ ਜ਼ੋਰ ਫੜ ਗਈ। ਇਸ ਲਈ ਇਨ੍ਹਾਂ ਲੋਕਾਂ ਨੇ ਹਿੰਦੀ ਨੂੰ ਰਾਸ਼ਟਰ ਭਾਸ਼ਾ ਵੱਜੋਂ ਲਾਗੂ ਕਰਨ ਵਿਚ ਡੱਟ ਕੇ ਵਿਰੋਧ ਕੀਤਾ। ਭਾਸ਼ਾਈ ਨਿਯਮਾਂ ਅਨੁਸਾਰ ਰਾਜਨੀਤਕ ਇਕਾਈਆਂ ਦੇ ਪੁਨਰ ਸੰਗਠਨ ਦੇ ਸਿੱਟੇ ਵਜੋਂ ਚਾਰ ਦਰਾਵੜ ਭਾਸ਼ਾਈ ਰਾਜ-ਮਦਰਾਸ (ਤਾਮਿਲਨਾਡੂ), ਆਂਧਰਾ ਪ੍ਰਦੇਸ਼, ਮੈਸੂਰ (ਕਰਨਾਟਕ) ਅਤੇ ਕੇਰਲ ਹੋਂਦ ਵਿਚ ਆਏ। ਦਰਾਵੜੀ ਲੋਕਾਂ ਦਾ ਕੋਈ ਇਕ ਧਰਮ ਨਹੀਂ ਹੈ। ਬਹੁਤ ਸਾਰੇ ਦਰਾਵੜ ਕਬੀਲੇ ਸਥਾਨਕ ਦੇਵਤਿਆਂ ਦੀ ਅਰਾਧਨਾ ਕਰਦੇ ਹਨ ਜਦੋਂ ਕਿ ਉੱਚ ਜਾਤੀਆਂ ਨੇ ਬ੍ਰਾਹਮਣੀ ਹਿੰਦੂ ਮਤ ਨੂੰ ਅਪਣਾਇਆ ਹੋਇਆ ਹੈ।


ਹ. ਪੁ.—ਐਨ. ਬ੍ਰਿ. 7 : 654; ਐਨ. ਬ੍ਰਿ. ਮਾ. 3 : 658

ਦਰਿਆਈ : ਰਾਮਸਨੇਹੀ ਵੈਰਾਗੀ ਸਾਧੂਆਂ ਦੀ ਇਕ ਸ਼ਾਖ ਦਾ ਨਾਂ ਦਰਿਆਈ ਹੈ। ਦਰਿਆਈਆਂ ਦੀ ਮੁੱਖ ਗੱਦੀ ਰਾਜਸਥਾਨ ਵਿਚ ਮੇਰਤੇ ਵਿਖੇ ਹੈ। ਜੋਧਪੁਰ ਬੀਕਾਨੇਰ ਲਾਈਨ ਤੇ ਮੇਰਤਾ ਰੋਡ ਸਟੇਸ਼ਨ ਤੋਂ ਇਹ ਸਥਾਨ 15 ਕਿਲੋਮੀਟਰ ਦੱਖਣ ਪੂਰਬ ਵੱਲ ਹੈ।

ਦਰਿਆਈ ਫਿਰਕੇ ਦੇ ਨਾਂ ਬਾਰੇ ਇਹ ਪ੍ਰਚਲਿਤ ਹੈ ਕਿ ਇਕ ਵਿਧਵਾ ਨੇ ਇਕ ਪੁੱਤਰ ਨੂੰ ਜਨਮ ਦਿੱਤਾ ਜਿਸ ਨੂੰ ਉਹ ਸ਼ਰਮ ਦੇ ਮਾਰੇ ਦਰਿਆ ਵਿਚ ਸੁੱਟ ਆਈ। ਇਥੇ ਇਕ ਪੇਂਜੇ ਨੇ ਉਸ ਬਾਲਕ ਨੂੰ ਚੁੱਕ ਲਿਆਂਦਾ ਅਤੇ ਪਿਆਰ ਨਾਲ ਪਾਲਿਆ। ਬਾਅਦ ਵਿਚ ਇਸ ਦਾ ਨਾਂ ਦਰਿਆਈ ਪ੍ਰਸਿੱਧ ਹੋ ਗਿਆ। ਵੱਡਾ ਹੋ ਕੇ ਇਹ ਰਾਮਚਰਨਦਾਸ ਦੀ ਸੰਪ੍ਰਦਾਇ ਦਾ ਚੇਲਾ ਬਣ ਕੇ ਇਕ ਉੱਤਮ ਪ੍ਰਚਾਰਕ ਬਣਿਆ। ਬਾਅਦ ਵਿਚ ਇਸ ਦੇ ਚੇਲੇ ਭੀ ਦਰਿਆਈ ਕਹਾਏ।

ਹ.ਪੁ.–ਮ.ਕੋ.

ਦਰਿਆਈ ਘੋੜਾ : ਇਹ ਆਰਟੀਓਡੈਕਟਾਇਲਾ (ਸਮ-ਖੁਰੀ) ਵਰਗ ਦੀ ਹਿਪੋਪਾੱਟੈਮਿਡੀ ਕੁਲ ਦਾ ਅਫ਼ਰੀਕੀ, ਜਲ-ਥਲੀ ਥਣਧਾਰੀ ਪ੍ਰਾਣੀ ਹੈ। ਇਸ ਦਾ ਪ੍ਰਾਣੀ-ਵਿਗਿਆਨਕ ਨਾਂ ਹਿਪੋਪੋ-ਟੈਮਸ ਐਂਫਿਬੀਅਸ (Hippopotamus amphibius) ਹੈ। ਪਹਿਲਾਂ ਪਹਿਲ ਇਹ ਪ੍ਰਾਣੀ ਸਾਰੇ ਅਫ਼ਰੀਕਾ ਦੀਆਂ ਝੀਲਾਂ ਅਤੇ ਦਰਿਆਵਾਂ ਵਿਚ ਮਿਲਦਾ ਸੀ ਪਰ ਹੁਣ ਉਹ ਕੁਝ ਸੀਮਤ ਥਾਵਾਂ ਤੇ ਹੀ ਮਿਲਦਾ ਹੈ। ਜ਼ਿਆਦਾਤਰ ਇਹ ਅਮਰ ਨੀਲ ਤੋਂ ਦੱਖਣੀ ਅਫ਼ਰੀਕਾ ਤਕ ਮਿਲਦਾ ਹੈ।



ਦਰਿਆਈ ਘੋੜਾ

ਦਰਿਆਈ ਘੋੜੇ ਉਗਾਲੀ ਨਾ ਕਰਨ ਵਾਲੇ ਥਣਧਾਰੀ ਪ੍ਰਾਣੀਆਂ ਵਿਚੋਂ ਆਕਾਰ ਵਿਚ ਸਭ ਤੋਂ ਵੱਡੇ ਹਨ। ਇਨ੍ਹਾਂ ਦਾ ਸਰੀਰ ਢੋਲ ਵਰਗਾ ਅਤੇ ਲੱਤਾਂ-ਬਾਹਾਂ ਛੋਟੀਆਂ ਹੁੰਦੀਆਂ ਹਨ। ਇਨ੍ਹਾਂ ਦਾ ਸਰੀਰ ਅਤੇ ਵਿਸ਼ੇਸ਼ ਕਰਕੇ ਪੈਰ ਬਹੁਤ ਮਜ਼ਬੂਤ ਹੁੰਦੇ ਹਨ। ਇਹ ਲਗਭਗ 4.6 ਮੀ. ਲੰਬੇ, 1.5 ਮੀ. ਉੱਚੇ ਅਤੇ 3-4.5 ਟਨ ਭਾਰੇ ਹੁੰਦੇ ਹਨ। ਇਨ੍ਹਾਂ ਦੀ ਚਮੜੀ ਬਹੁਤ ਮੋਟੀ ਅਤੇ ਵਾਲਾਂ ਤੋਂ ਬਿਨਾਂ ਹੁੰਦੀ ਹੈ। ਸਰੀਰ ਦਾ ਰੰਗ ਉਪਰੋਂ ਭੂਰਾ-ਕਾਲਾ ਅਤੇ ਹੇਠਲੇ ਪਾਸੇ ਤੋਂ ਹਲਕਾ ਪਿਆਜ਼ੀ ਜਿਹਾ ਹੁੰਦਾ ਹੈ।

ਚਮੜੀ ਵਿਚੋਂ ਅਨੇਕਾਂ ਗ੍ਰੰਥੀਆਂ (ਗਲੈਂਡ) ਇਕ ਪਿਆਜ਼ੀ ਰੰਗ ਦੇ ਤੇਲ ਵਰਗਾ ਰਿਸਾਓ ਕੱਢਦੀਆਂ ਹਨ ਜੋ ਚਮੜੀ ਦੀ ਸੁਰੱਖਿਆ ਦਾ ਕੰਮ ਕਰਦਾ ਹੈ। ਇਸ ਦੇ ਕੰਨ ਛੋਟੇ ਤੇ ਹਿਲਣਸ਼ੀਲ ਹੁੰਦੇ ਹਨ। ਅੱਖਾਂ ਅਤੇ ਨਾਸਾਂ ਬਾਹਰ ਵਲ ਉੱਭਰਵੀਆਂ ਹੁੰਦੀਆਂ ਹਨ। ਜਦੋਂ ਇਨ੍ਹਾਂ ਦਾ ਬਾਕੀ ਸਾਰਾ ਸਰੀਰ ਪਾਣੀ ਦੇ ਅੰਦਰ ਹੁੰਦਾ ਹੈ ਤਾਂ ਇਹ ਅੱਖਾਂ ਨੂੰ ਪਾਣੀ ਤੋਂ ਬਾਹਰ ਕੱਢਦੇ ਹਨ ਤਾਂ ਇਨ੍ਹਾਂ ਦਾ ਮੂੰਹ ਵੱਡਾ ਅਤੇ ਉਪਰਲਾ ਬੁੱਲ ਮੋਟਾ ਤੇ ਵਧਿਆ ਹੋਇਆ ਹੁੰਦਾ ਹੈ। ਮਖਲੇ ਅਤੇ ਸੂਏ ਦੰਦ ਬਹੁਤ ਵੱਡੇ ਹੁੰਦੇ ਹਨ। ਇਹ ਦੰਦ ਸਾਰੀ ਉਮਰ ਲਗਾਤਾਰ ਅਗੋਂ ਟੁੱਟਦੇ ਤੇ ਪਿਛੋਂ ਵਧਦੇ ਰਹਿੰਦੇ ਹਨ। ਇਨ੍ਹਾਂ ਦੇ ਦੰਦਾਂ ਦੀ ਗਿਣਤੀ ਘੱਟ ਹੁੰਦੀ ਹੈ। ਹੇਠਲੇ ਜਬਾੜੇ ਦੇ ਦੰਦ ਜ਼ਿਆਦਾ ਲੰਬੇ ਹੁੰਦੇ ਹਨ। ਇਨ੍ਹਾਂ ਦੇ ਸੂਏ ਮੁੜੇ ਹੋਏ ਅਤੇ ਹਾਥੀ ਦੰਦਾਂ ਨਾਲ ਮਿਲਦੇ ਜੁਲਦੇ ਹੁੰਦੇ ਹਨ। ਇਹ ਲਗਭਗ 60 ਸੈਂ. ਮੀ. ਲੰਬੇ ਤੇ 3 ਕਿ. ਗ੍ਰਾ. ਭਾਰੇ ਹੁੰਦੇ ਹਨ। ਦੂਜੇ ਦੰਦ ਬੁੱਲ੍ਹਾਂ ਦੇ ਪਿਛੇ ਲੁਕੇ ਹੋਏ ਹੁੰਦੇ ਹਨ। ਇਨ੍ਹਾਂ ਦਾ ਦੰਦ ਫਾਰਮੂਲਾ ਮਖਲੇ $\frac{2}{2}$ ਸੂਏ $\frac{1}{1}$ ਪ੍ਰੀਮੋਲਰ $\frac{4}{4}$ ਮੋਲਰ $\frac{3}{3}$ ਹੈ। ਦੰਦਾਂ ਦੀ ਕੁਲ ਗਿਣਤੀ 40 ਹੁੰਦੀ ਹੈ।

ਇਨ੍ਹਾਂ ਦੀ ਪੂੰਛ ਬਹੁਤ ਛੋਟੀ ਹੁੰਦੀ ਹੈ ਜਿਸ ਉੱਤੇ ਕੁਝ ਵਾਲ ਹੁੰਦੇ ਹਨ। ਕੁਝ ਵਾਲ ਥੁਥਨੀ ਉੱਤੇ ਅਤੇ ਕੰਨਾਂ ਦੇ ਅੰਦਰਲੇ ਪਾਸੇ ਵੀ ਹੁੰਦੇ ਹਨ। ਇਨ੍ਹਾਂ ਦੇ ਪੈਰਾਂ ਦੀਆਂ ਚਾਰ-ਚਾਰ ਉਂਗਲਾਂ ਹੁੰਦੀਆਂ ਹਨ ਜੋ ਗੋਲ ਖੁਰਾਂ ਵਿਚ ਲਿਪਟੀਆਂ ਹੁੰਦੀਆਂ ਹਨ। ਸਾਰੀਆਂ ਉਂਗਲਾਂ ਇਕੋ ਜਿੰਨੀਆਂ ਵਿਕਸਤ ਹੁੰਦੀਆਂ ਹਨ ਅਤੇ ਸਾਰੀਆਂ ਦੀਆਂ ਸਾਰੀਆਂ ਜ਼ਮੀਨ ਨੂੰ ਛੂੰਹਦੀਆਂ ਹਨ।

ਝੁੰਡਾਂ ਵਿਚ ਰਹਿਣ ਵਾਲੇ ਇਹ ਪ੍ਰਾਣੀ ਦਰਿਆਵਾਂ ਅਤੇ ਦਲਦਲਾਂ ਵਿਚ ਰਹਿੰਦੇ ਹਨ। ਪਾਣੀ ਅੰਦਰਲੀ ਤੇ ਕਿਨਾਰਿਆਂ ਤੇ ਲਗੀ ਬਨਸਪਤੀ ਇਨ੍ਹਾਂ ਦਾ ਆਹਾਰ ਹਨ। ਇਹ ਪਾਣੀ ਦੇ ਅੰਦਰ ਜਾਂ ਪਾਣੀ ਦੇ ਨੇੜੇ-ਤੇੜੇ ਹੀ ਰਹਿੰਦੇ ਹਨ, ਬਹੁਤਾ ਦੂਰ ਨਹੀਂ ਜਾਂਦੇ। ਇਹ ਬਹੁਤ ਤੇਜ਼ ਤੁਰਦੇ ਹਨ। ਧਰਤੀ ਉੱਤੇ ਤੁਰਨ ਲੱਗਿਆਂ ਕੁਝ ਦੂਰੀ ਤਕ ਇਹ ਮਨੁੱਖ ਤੋਂ ਵੀ ਤੇਜ਼ ਦੌੜ ਸਕਦੇ ਹਨ। ਇਹ ਪ੍ਰਾਣੀ ਉੱਚੀ ਉੱਚੀ ਘੁਰਘੁਰ ਜਾਂ ਚਿੰਘਾੜਨ ਦੀ ਆਵਾਜ਼ ਵੀ ਕੱਢਦੇ ਹਨ।

ਪ੍ਰਜਣਨ ਰੁੱਤ ਵਿਚ ਨਰ ਪ੍ਰਾਣੀ ਆਪਸ ਵਿਚ ਲੜਦੇ ਹਨ। ਇਹ ਲੜਾ-ਈਆਂ ਕਈ ਵਾਰ ਘਾਤਕ ਵੀ ਸਿੱਧ ਹੁੰਦੀਆਂ ਹਨ। ਇਹ ਆਪਣੇ ਖੇਤਰ ਉਪਰ ਕਬਜ਼ਾ ਕਰਕੇ ਰਖਦੇ ਹਨ। ਇਨ੍ਹਾਂ ਦੀ ਇਸ ਮਲਕੀਅਤ ਵਿਚ ਕੁਝ ਮਾਦਾ ਪ੍ਰਾਣੀ ਤੇ ਬੱਚਿਆਂ ਦਾ ਛੋਟਾ ਜਿਹਾ ਝੁੰਡ ਹੁੰਦਾ ਹੈ। ਮਾਦਾ ਦਾ ਜਣਨ-ਕਾਲ ਲਗਭਗ 8 ਮਹੀਨੇ ਹੁੰਦਾ ਹੈ ਜਿਸ ਤੋਂ ਬਾਅਦ ਇਹ ਬੱਚੇ ਨੂੰ ਜਨਮ ਦਿੰਦੀ ਹੈ। ਜਦੋਂ ਉਹ ਪਾਣੀ ਦੇ ਅੰਦਰ ਹੁੰਦੀ ਹੈ ਜਾਂ ਤੈਰ ਰਹੀ ਹੁੰਦੀ ਹੈ, ਬੱਚਾ ਮਾਂ ਦੀ ਪਿੱਠ ਤੇ ਸਵਾਰ ਰਹਿੰਦਾ ਹੈ।

ਆਮ ਤੌਰ ਤੇ ਇਹ ਪ੍ਰਾਣੀ ਲੜਾਕੇ ਨਹੀਂ ਹੁੰਦੇ ਪਰ ਕਈ ਵਾਰ ਛੋਟੀਆਂ ਕਿਸ਼ਤੀਆਂ ਉੱਤੇ ਹਮਲਾ ਕਰਕੇ ਉਨ੍ਹਾਂ ਨੂੰ ਆਪਣੇ ਜਬਾ-ੜਿਆਂ ਨਾਲ ਤੋੜ-ਫੋੜ ਦਿੰਦੇ ਹਨ। ਇਨ੍ਹਾਂ ਦਾ ਮਾਸ ਪਸੰਦ ਕੀਤਾ ਜਾਂਦਾ ਹੈ ਅਤੇ ਇਨ੍ਹਾਂ ਦੇ ਦੰਦ ਵੀ ਬਹੁਤ ਕੀਮਤੀ ਹੁੰਦੇ ਹਨ।

ਦਰਿਆਈ ਘੋੜੇ ਦੀ ਇਕ ਹੋਰ ਕਿਸਮ ਵੀ ਅਫ਼ਰੀਕਾ ਵਿਚ ਮਿਲਦੀ ਹੈ ਜਿਸ ਨੂੰ ਪਿਗਮੀ ਹਿਪੋਪੋਟੈਮਸ ਕਹਿੰਦੇ ਹਨ। ਇਹ ਵੀ ਹਿਪੋਪੋਟੈਮਿਡੀ ਕੁਲ ਦਾ ਪ੍ਰਾਣੀ ਹੈ ਤੇ ਇਸ ਦਾ ਪ੍ਰਾਣੀ-ਵਿਗਿਆਨਕ ਨਾਂ ਕੀਰੋਪਸਿਸ ਲਿਬਰੀਐਂਨਸਿਸ (Choeropsis liberiensis) ਹੈ। ਇਹ ਤਕਰੀਬਨ 1.5 ਮੀ. ਲੰਬਾ ਅਤੇ ਗੂੜ੍ਹੇ ਰੰਗ ਦਾ ਹੁੰਦਾ ਹੈ। ਇਹ ਪੱਛਮੀ ਅਫ਼ਰੀਕਾ ਦੀਆਂ ਝੀਲਾਂ, ਸਿੱਲ੍ਹੇ ਜੰਗਲਾਂ ਅਤੇ ਦਲਦਲਾਂ ਵਿਚ ਇਕੱਲੇ ਇਕੱਲੇ ਜਾਂ ਜੋੜਿਆਂ ਵਿਚ ਰਹਿੰਦੇ ਹਨ। ਇਹ

ਦਰਿਆਈ ਘੋੜਿਆਂ ਦੀ ਦੂਜੀ ਕਿਸਮ ਨਾਲੋਂ ਘੱਟ ਜਲੀ ਜੀਵਨ ਬਿਤਾਉਂਦੇ ਹਨ। ਇਨ੍ਹਾਂ ਦਾ ਦੰਦ-ਫ਼ਾਰਮੂਲਾ ਮਖਲੇ $\frac{2}{1}$ ਸੂਏ $\frac{1}{1}$ ਪ੍ਰੀਮੋਲਰ $\frac{4}{4}$ ਮੋਲਰ $\frac{3}{3}$ ਹੈ। ਇਨ੍ਹਾਂ ਦੇ ਦੰਦਾਂ ਦੀ ਕੁਲ ਗਿਣਤੀ 38 ਹੁੰਦੀ ਹੈ।

ਹ.ਪੁ.—ਮੈਕ. ਐਨ. ਸ.ਟ. 6 : 517; ਐਨ. ਬ੍ਰਿ. ਮਾ. 5 : 57 ; ਹਿੰ. ਵਿ. ਕੋ. 6 : 146

ਦ੍ਰਿਸ਼ਟਕੂਟ : ਦ੍ਰਿਸ਼ਟਕੂਟ ਸ਼ਬਦ ਸੰਸਕ੍ਰਿਤ ਦੇ ਸ਼ਬਦਾਂ ਦ੍ਰਿਸ਼ਟ ਅਤੇ ਕੂਟ ਤੋਂ ਬਣਿਆ ਹੈ ਜਿਸ ਦਾ ਅਰਥ ਹੈ 'ਜੋ ਵੇਖਣ ਸੁਣਨ ਦ੍ਰਿਸ਼ਟ ਨਾਲ ਸੌਖਿਆਂ ਹੀ ਸਮਝ ਨਾ ਆ ਸਕੇ।' ਜਿਵੇਂ ਤਿਲ ਦੀ ਓਟ ਪਤਾੜ, ਦ੍ਰਿਸ਼ਟੀਛਲਣ ਆਦਿ। ਇਸ ਲਈ ਇਸ ਸ਼ਬਦ ਦੇ ਅਰਥਾਂ ਦੀ ਡੂੰਘਾਈ ਹੀ ਇਸ ਦੀ ਜਟਿਲਤਾ ਅਤੇ ਵਿਸ਼ੇਸ਼ਤਾ ਹੈ।

ਦ੍ਰਿਸ਼ਟਕੂਟ ਸ਼ਬਦ ਦੇ ਅਰਥ ਦਾ ਇਤਿਹਾਸ ਇਸ ਦੇ ਵਿਸ਼ੇਸ਼ ਅੰਗ ਕੂਟ ਨੂੰ ਧਿਆਨ ਵਿਚ ਰਖਦਿਆਂ ਬਹੁਤ ਪੁਰਾਣਾ ਹੈ। ਵੇਦਾਂ ਅਤੇ ਉਪਨਿਸ਼ਦਾਂ ਵਿਚ ਇਸ ਦੀ ਵਰਤੋਂ ਬ੍ਰਹਮ, ਜੀਵ ਅਤੇ ਜਗਤ ਦੇ ਅਰਥਾਂ ਵਿਚ ਕਰਨ ਵਾਲੇ ਅਨੇਕਾਂ ਸ਼ਬਦਾਂ ਦੀ ਸਹਾਇਤਾ ਨਾਲ ਇਸ ਨੇ ਵਿਕਾਸ ਕੀਤਾ ਅਤੇ ਮਹਾਭਾਰਤ ਦੇ ਕਈ ਸ਼ਬਦਾਂ ਨਾਲ ਇਹ ਵਧੇਰੇ ਸ਼ਕਤੀਸ਼ਾਲੀ ਬਣਿਆ। ਭਗਤੀ ਸਾਹਿਤ ਦੀ ਅਪਰ ਸੰਸਕ੍ਰਿਤ ਰਚਨਾ 'ਭਾਗਵੰਤਰਸਮਾਲਜ' ਵਿਚ ਇਸ ਸ਼ਬਦ ਦੀ ਵਰਤੋਂ ਦਾ ਸੁੰਦਰ ਸਰੂਪ ਵੇਖਣ ਯੋਗ ਹੈ। ਸੰਸਕ੍ਰਿਤ ਦੇ ਕਾਵਿ ਗ੍ਰੰਥਾਂ ਸਾਕੁੰਤਲ, ਮਾਘ ਅਤੇ ਹਰਸ਼ਚਰਿਤ ਆਦਿ ਵਿਚ ਇਸ ਸ਼ਬਦ ਦੀ ਵਰਤੋਂ ਕੀਤੀ ਗਈ ਹੈ।

ਹਿੰਦੀ ਸਾਹਿਤ, ਵਿਸ਼ੇਸ਼ ਕਰਕੇ ਬ੍ਰਜ ਭਾਸ਼ਾ ਵਿਚ ਇਸ ਸ਼ਬਦ ਦੀ ਪਹਿਲੋਂ ਪਹਿਲ ਵਰਤੋਂ ਡਿੰਗਲ ਕਵੀ ਨਲਹ (1215 ਈ.) ਦੀ ਰਚਨਾ 'ਬੀਸਲਦੇਵਰਾਸੋ' ਵਿਚ ਹੋਈ ਜਾਪਦੀ ਹੈ ਫਿਰ ਮੈਥਿਲ ਕਵੀ ਵਿਦਿਆਪਤੀ (1368 ਈ.) ਦੀ ਪਦਾਵਲੀ ਅਤੇ ਸੂਰਦਾਸ (1478 ਈ.) ਅਸ਼ਟਾਛਾਪ ਵਿਮਲਵਾਣੀ ਪਦਾਵਲੀ ਵਿਚ ਇਸ ਦੀ ਭਰਪੂਰ ਵਰਤੋਂ ਹੋਈ। ਇਸ ਦ੍ਰਿਸ਼ਟਕੂਟ ਰਚਨਾ ਸ਼ੈਲੀ ਦੀ ਹਿੰਦੀ ਸਾਹਿਤ ਵਿਚ ਵੀ ਗੋਸਵਾਮੀ ਤੁਲਸੀ ਦਾਸ ਨੇ ਕੁਝ ਹੱਦ ਤਕ ਵਰਤੋਂ ਕੀਤੀ ਹੈ।


ਸੰਸਕ੍ਰਿਤ ਕਾਵਿ-ਸਿਧਾਂਤਾਂ ਨਾਲ ਸੁਸ਼ੋਭਤ ਹਿੰਦੀ ਰੀਤੀਕਾਲ ਵਿਚ ਵੀ ਦ੍ਰਿਸ਼ਟਕੂਟ ਸਾਹਿਤ ਨੇ ਉਨਤੀ ਕੀਤੀ। ਰੀਤੀ ਕਾਲ ਦੇ ਪਹਿਲੇ ਵਿਦਵਾਨ ਸ੍ਰੀ ਚਿੰਤਾਮਣਿ (1609) ਈ.) ਪ੍ਰਭ੍ਰਿਤੀ ਦੁਆਰਾ ਰਚੇ ਗਏ ਕਈ ਕਾਵਿ-ਸ਼ਾਸਤਰ ਗ੍ਰੰਥਾਂ ਵਿਚ ਸ਼ਬਦਾਂ ਰਥਾਅਲੰਕਾਰ ਰੂਪੇਣ, ਅਰਥਾਤ ਯਮਕ, ਪ੍ਰਹੇਲਿਆ, ਅਤਰਲਾਪਿਕਾ, ਬਹਿਰਲਾ-ਪਿਕਾ, ਰੂਪਕਾਤਿਸ਼ਿਓਕਤਿ, ਸਬੰਧੀ ਸੂਖਮ, ਅਰਥਯੁੱਕਤ ਅਤੇ ਉਭੈਆਤਮਕ 'ਸ਼ਲੇਸ਼' ਆਦਿ ਇਸ 'ਦ੍ਰਿਸ਼ਟਕੂਟ' ਸਾਹਿਤ ਰਚਨਾ ਦੀ ਸੁੰਦਰਤਾ ਵਧਾ ਰਹੇ ਹਨ। ਹਿੰਦੀ ਦੇ ਭਗਤੀ ਕਾਲ ਤੋਂ ਲੈ ਕੇ ਅਲੰਕ੍ਰਿਤ ਕਾਲ ਤਕ ਇਸ ਦ੍ਰਿਸ਼ਟਕੂਟ (ਜਾਂ ਗੂੜ੍ਹਅਰਥੀ) ਸਾਹਿਤ ਨੂੰ ਕਥਾਤਮਕ, ਅਲੰਕਾਰਤਮਕ ਅਤੇ ਧੁਨੀ ਪਰਿਵਰਤਨਾਤਮਕ ਤਿੰਨ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ।

ਸੰਸਕ੍ਰਿਤ ਸਾਹਿਤ ਵਿਚ ਦ੍ਰਿਸ਼ਟ ਜਾਂ ਦ੍ਰਿਸ਼ਟਕੂਟ ਸਾਹਿਤ ਦੀ ਕੋਈ ਅਲੱਗ ਰਚਨਾ ਪੁਸਤਕ ਰੂਪ ਵਿਚ ਨਹੀਂ ਮਿਲਦੀ। ਹਿੰਦੀ ਪੁਸਤਕ-ਸਾਹਿਤ ਵਿਚ ਵੀ ਇਹ ਰੂਪ ਖਿੰਡਿਆ ਪੁੰਡਿਆ ਹੀ ਮਿਲਦਾ ਹੈ। ਅਗਿਆਤ ਸਾਹਿਤ-ਪ੍ਰੇਮੀਆਂ ਨੇ ਸੂਰਦਾਸ ਦੇ ਦ੍ਰਿਸ਼ਟਕੂਟ ਪਦ ਹੱਥ ਲਿਖਤ ਖਰੜਿਆਂ ਦੇ ਰੂਪ ਵਿਚ ਲਿਖੇ ਜੋ ਪਿਛੋਂ ਜਾ ਕੇ ਪ੍ਰਕਾਸ਼ਿਤ ਕੀਤੇ ਗਏ।

ਦ੍ਰਿਸ਼ਟਕੂਟ ਸਾਹਿਤ ਰਚਨਾ ਦੇ ਪ੍ਰੇਮੀਆਂ ਨੇ ਇਸ ਕਾਵਿ ਦੀ ਸਿਰਜਣਾ ਨਾਲ ਸੰਸਕ੍ਰਿਤ ਦੇ ਕਈ ਸ਼ਬਦਾਂ ਨੂੰ ਇਸ ਨਾਲ ਮਿਲਾ ਕੇ ਉਨ੍ਹਾਂ ਤੋਂ ਆਪਣੀ ਪਸੰਦ ਦੇ ਅਰਥਾਂ ਦਾ ਕੰਮ ਲਿਆ ਹੈ।

ਹ.ਪੁ.—ਹਿੰ. ਵਿ. ਕੋ. 6 : 96

ਦ੍ਰਿਸ਼ਟੀ : ਇਹ ਇਕ ਸੰਵੇਦਨਾ ਹੈ ਜਿਸ ਨਾਲ ਰੂਪ, ਰੰਗ, ਆਕਾਰ, ਗਤੀ ਅਤੇ ਵਸਤਾਂ ਦੀ ਦੂਰੀ ਦਾ ਅਨੁਭਵ ਹੁੰਦਾ ਹੈ। ਸਾਰੀਆਂ ਸੰਵੇਦਨਾਵਾਂ ਨਾਲੋਂ ਦ੍ਰਿਸ਼ਟੀ ਸਭ ਤੋਂ ਵੱਧ ਆਲੇ ਦੁਆਲੇ ਸਬੰਧੀ ਵਿਸਤ੍ਰਿਤ ਜਾਣਕਾਰੀ ਦਿੰਦੀ ਹੈ। ਬੋਲਾਪਣ ਜਾਂ ਹੋਰ ਕਿਸੇ ਅੰਗ ਦੇ ਅਪੰਗ ਹੋਣ ਨਾਲੋਂ ਅੰਨ੍ਹਾਪਣ ਵਧੇਰੇ ਦੁਖਦਾਈ ਹੈ। ਉੱਚ ਸ਼੍ਰੇਣੀ ਦੇ ਜੀਵਾਂ ਵਿਚ ਖਾਸ ਤੌਰ ਤੇ ਪੰਛੀਆਂ ਵਿਚ ਅਤੇ ਪ੍ਰਾਈਮੇਟਜ਼ ਵਿਚ ਕੇਂਦਰੀ ਨਾੜੀ ਪ੍ਰਣਾਲੀ ਵਿਚ ਅੱਖਾਂ ਅਤੇ ਦ੍ਰਿਸ਼ਟੀ ਖੇਤਰ ਵਧੇਰੇ ਵਿਕਸਿਤ ਹਨ। ਹੋਰ ਕੋਈ ਵੀ ਸੰਵੇਦੀ ਸਿਸਟਮ ਇਤਨਾ ਵਿਕਸਿਤ ਨਹੀਂ ਹੈ। ਇਸ ਕਾਰਜ ਵਿਚ ਅੱਖ, ਅੱਖ ਸਬੰਧੀ ਦਿਮਾਗ਼ ਵਿਚ ਨਾੜੀ ਜੋੜ ਕੁਨੈਕਸ਼ਨਜ਼ ਅਤੇ ਪ੍ਰਕਾਸ਼ ਪ੍ਰਤੀ ਪ੍ਰਤਿਕਿਰਿਆਵਾਂ ਸ਼ਾਮਲ ਹਨ।



ਅੱਖਾਂ ਅਤੇ ਵਿਜ਼ੂਅਲ ਪ੍ਰੋਜੈਕਸ਼ਨ ਸਿਸਟਮ ਨੂੰ ਦਰਸਾਉਂਦਾ ਚਿੱਤਰ

ਦ੍ਰਿਸ਼ਟੀ ਉਤੇਜਕ ਵਸਤਾਂ—ਪ੍ਰਕਾਸ਼ ਕਿਰਣਾਂ ਜਦੋਂ ਅੱਖ ਵਿਚ ਦਾਖ਼ਲ ਹੁੰਦੀਆਂ ਹਨ ਤਾਂ ਉਹ ਨੇਤਰ ਗੋਲੇ (ਡੇਲੇ) ਦੇ ਪਿਛਲੇ ਹਿੱਸੇ ਤੇ ਰੈਟਿਨਾ ਉੱਤੇ ਪ੍ਰਤਿਬਿੰਬ ਬਣਾਉਂਦੀਆਂ ਹਨ।

ਪ੍ਰਕਾਸ਼ ਦੀ ਤੀਬਰਤਾ ਅਤੇ ਤਰੰਗ ਲੰਬਾਈ, ਪ੍ਰਕਾਸ਼ ਸ੍ਰੋਤ ਅਤੇ ਜਿਸ ਵਸਤੂ ਤੋਂ ਪ੍ਰਕਾਸ਼ ਕਿਰਣਾਂ ਪਰਾਵਰਤਿਤ ਹੁੰਦੀਆਂ ਹਨ ਉੱਤੇ ਨਿਰਭਰ ਕਰਦੀ ਹੈ। ਮਨੁੱਖੀ ਦ੍ਰਿਸ਼ਟੀ ਪ੍ਰਕਾਸ਼ ਪ੍ਰਤੀ ਜਿਸ ਦੀ ਤਰੰਗ ਲੰਬਾਈ 380–720 ਨੈਨੋਮੀਟਰ ਹੁੰਦੀ ਹੈ ਬਹੁਤ ਜ਼ਿਆਦਾ ਸੰਵੇਦਨਸ਼ੀਲ ਹੁੰਦੀ ਹੈ। ਸੂਰਜ ਦੇ ਪ੍ਰਕਾਸ਼ ਅਤੇ ਹੋਰ ਬਣਾਉਟੀ ਪ੍ਰਕਾਸ਼ ਦੇ ਸੋਮਿਆਂ ਵਿਚ ਉਚਿਤ ਤਰੰਗ ਲੰਬਾਈ ਹੁੰਦੀ ਹੈ। ਏਟਿਪੀਕਲ (Atypical) ਉਤੇਜਕ ਪ੍ਰੇਰਣਾ ਵਿਚ ਅੱਖ ਦੇ ਡੇਲੇ ਤੇ ਥੋੜ੍ਹੇ ਸਮੇਂ ਲਈ ਦਬਾਅ ਪੈਣ ਨਾਲ, ਸਿਰ ਜਾਂ ਅੱਖ ਤੇ ਬਿਜਲੀ ਦਾ ਕਰੰਟ ਲਗਣ ਨਾਲ, ਸਿਰ ਦੇ ਪਿਛਲੇ ਹਿੱਸੇ ਤੇ ਸੱਟ ਲਗਣ ਨਾਲ ਜਾਂ ਕੇਂਦਰੀ ਨਾੜੀ ਸਿਸਟਮ ਵਿਚ ਵਿਘਨ ਪੈਣ ਨਾਲ (ਕਿਸੇ ਬੀਮਾਰੀ ਜਾਂ, ਦਵਾਈਆਂ ਦੇ ਅਸਰ ਕਾਰਨ) ਦ੍ਰਿਸ਼ਟੀ-ਅਨੁਭਵ ਹੁੰਦੇ ਹਨ ਜੋ ਪ੍ਰਕਾਸ਼ ਕਾਰਨ ਹੁੰਦੇ ਹਨ। ਇਸ ਤਰ੍ਹਾਂ ਕੋਈ ਵਿਅਕਤੀ ਗੂੜ੍ਹੇ ਹਨ੍ਹੇਰੇ ਵਿਚ ਵੀ ਪ੍ਰਕਾਸ਼ ਬਿੰਦੂ ਵੇਖ ਸਕਦਾ ਹੈ। ਇਸ ਤਰ੍ਹਾਂ ਸਿੱਧ ਹੁੰਦਾ ਹੈ ਕਿ

ਉਤੇਜਕ ਵਸਤਾਂ ਦਾ ਕੰਮ ਪਹਿਲਾਂ ਮੌਜੂਦ ਕਿਰਿਆ ਨੂੰ ਵਧਾਉਣਾ ਹੈ ਨਾ ਕਿ ਨਵੀਂ ਕਿਰਿਆ ਨੂੰ ਸ਼ੁਰੂ ਕਰਨਾ ਹੈ।

ਦ੍ਰਿਸ਼ਟੀ ਲਈ ਸਰੀਰ-ਰਚਨਾਤਮਕ ਬੁਨਿਆਦ— ਐਨਾਟਾਮੀਕਲ ਬਣਤਰ ਵਿਚ ਅੱਖ, ਦ੍ਰਿਸ਼ਟੀ ਨਾੜੀਆਂ, ਦ੍ਰਿਸ਼ਟੀ ਟ੍ਰੈਕਟ, ਦ੍ਰਿਸ਼ਟੀ ਥੈਲਮਸ ਅਤੇ ਦ੍ਰਿਸ਼ਟੀ ਕਾਰਟੈਕਸ ਸ਼ਾਮਲ ਹਨ। ਅੱਖਾਂ ਸੰਵੇਦੀ ਅਤੇ ਪ੍ਰੇਰਕ ਅੰਗ ਹਨ। ਕਿਸੇ ਵਸਤੂ ਨੂੰ ਵੇਖਣ ਲਈ ਦੋ ਅੱਖਾਂ ਦਾ ਆਪੋ ਵਿਚ ਤਾਲਮੇਲ ਹੁੰਦਾ ਹੈ। ਅੱਖ ਲੈੱਨਜ਼ ਦੀ ਬਣਤਰ ਨੂੰ ਲੋੜ ਅਨੁਸਾਰ ਨਿਯੰਤਰਿਤ ਕਰ ਸਕਦੀ ਹੈ ਤਾਂ ਜੋ ਰੈਟਿਨਾ ਉੱਤੇ ਸਹੀ ਪ੍ਰਤੀਬਿੰਬ ਬਣ ਸਕੇ। ਅੱਖਾਂ ਪ੍ਰਕਾਸ਼ ਮਾਤਰਾ ਨੂੰ ਜੋ ਕਿ ਰੈਟਿਨਾ ਤਕ ਪਹੁੰਚਦੀ ਹੈ ਨਿਯੰਤਰਿਤ ਕਰ ਸਕਦੀਆਂ ਹਨ, ਅਜਿਹਾ ਅੱਖ ਦੀ ਪੁਤਲੀ (ਆਇਰਸ) ਦੇ ਸੁੰਗੜਨ ਅਤੇ ਫੈਲਣ ਨਾਲ ਹੁੰਦਾ ਹੈ। ਅੱਖਾਂ ਦੀ ਇਹ ਕਿਰਿਆ ਅਣਇੱਛਕ ਕਿਰਿਆ ਦੀ ਇਕ ਉਦਾਹਰਣ ਹੈ।

ਵੇਖਣ ਦੀ ਪ੍ਰਕ੍ਰਿਆ ਉਦੋਂ ਸ਼ੁਰੂ ਹੁੰਦੀ ਹੈ ਜਦੋਂ ਪ੍ਰਕਾਸ਼, ਅੱਖਾਂ ਵਿਚੋਂ ਲੰਘਦਾ ਹੈ ਅਤੇ ਰੈਟਿਨਾ ਦੇ ਸੰਵੇਦੀ ਸੈੱਲ ਇਸ ਨੂੰ ਗ੍ਰਹਿਣ ਕਰ ਲੈਂਦੇ ਹਨ। ਇਹ ਸੈੱਲ ਪ੍ਰਕਾਸ਼ ਨਾਲ ਉਤੇਜਿਤ ਹੋ ਜਾਂਦੇ ਹਨ। ਦ੍ਰਿਸ਼ਟੀ ਨਾੜੀਆਂ ਦੋਹਾਂ ਅੱਖਾਂ ਤੋਂ ਆ ਕੇ ਇਕ ਬਿੰਦੂ ਜਿਸ ਨੂੰ ਆੱਪਟਿਕਐਜ਼ਮਾ ਕਹਿੰਦੇ ਹਨ ਉੱਤੇ ਮਿਲ ਜਾਂਦੀਆਂ ਹਨ। ਦ੍ਰਿਸ਼ਟੀ ਕਾਰਜ ਜਿਹਾ ਕਿ ਆਕਾਰ-ਪਛਾਣ, ਗਤੀ-ਅਨੁਭਵ ਅਤੇ ਪੜ੍ਹਨਾ ਆਦਿ ਕਾਰਟੀਕਲ ਕਿਰਿਆ ਉੱਤੇ ਨਿਰਭਰ ਹਨ।

ਸਕੋਟੱਪਿਕ ਅਤੇ ਫੋਟੋਪਿਕ ਦ੍ਰਿਸ਼ਟੀ—ਰਾਤਲ ਪ੍ਰਾਣੀ ਜਿਵੇਂ ਕਿ ਉਲੂ, ਬਿੱਲੀ ਦੀਆਂ ਅੱਖਾਂ ਇਸ ਤਰ੍ਹਾਂ ਦੀਆਂ ਹੁੰਦੀਆਂ ਹਨ ਕਿ ਉਹ ਘੱਟ ਤੋਂ ਘੱਟ ਰੌਸ਼ਨੀ ਵਿਚ ਵੇਖ ਸਕਦੇ ਹਨ। ਇਸ ਤਰ੍ਹਾਂ ਦੀ ਦ੍ਰਿਸ਼ਟੀ ਨੂੰ ਸਕੋਟੱਪਿਕ ਕਹਿੰਦੇ ਹਨ। ਗਲਹਿਰੀ, ਕਬੂਤਰ ਆਦਿ ਨੂੰ ਵੇਖਣ ਲਈ ਜ਼ਿਆਦਾ ਪ੍ਰਕਾਸ਼ ਦੀ ਲੋੜ ਹੁੰਦੀ ਹੈ.ਇਸ ਨੂੰ ਫੋਟੋਟੱਪਿਕ ਦ੍ਰਿਸ਼ਟੀ ਕਹਿੰਦੇ ਹਨ। ਇਨ੍ਹਾਂ ਦੀ ਦ੍ਰਿਸ਼ਟੀ ਰੂਪ, ਰੰਗ ਅਤੇ ਬਾਰੀਕੀਆਂ ਨੂੰ ਪਹਿਚਾਣ ਸਕਦੀ ਹੈ। ਮਨੁੱਖੀ ਦ੍ਰਿਸ਼ਟੀ ਵਿਚ ਦੋਵੇਂ ਤਰ੍ਹਾਂ ਦੇ ਗੁਣ ਹੁੰਦੇ ਹਨ, ਫੋਟੋਟੱਪਿਕ ਅਤੇ ਸਕੋਟੱਪਿਕ। ਵਰਣ ਦ੍ਰਿਸ਼ਟੀ ਫੋਟੋਟੱਪਿਕ ਸਿਸਟਮ ਕਰਕੇ ਹੀ ਹੁੰਦੀ ਹੈ।

ਸਕੋਟੱਪਿਕ ਦ੍ਰਿਸ਼ਟੀ—ਇਹ ਸਥਿਤੀ ਉਦੋਂ ਹੁੰਦੀ ਹੈ ਜਦੋਂ ਅੱਖ ਦੇ ਰੱਡ ਰਿਸੈਪਟਰ ਪ੍ਰਕਾਸ਼ ਨਾਲ ਉਤੇਜਿਤ ਹੁੰਦੇ ਹਨ। ਇਨ੍ਹਾਂ ਰੱਡਾਂ ਵਿਚ ਇਕ ਫੋਟੋ ਸੰਵੇਦਨਸ਼ੀਲ ਪਦਾਰਥ ਰੋਡਾਪਸਿਨ ਹੁੰਦਾ ਹੈ। ਤੇਜ਼ ਪ੍ਰਕਾਸ਼ ਵਿਚ ਇਸ ਪਦਾਰਥ ਕਾਰਨ ਦਿਨ ਸਮੇਂ ਸਕੋਟੱਪਿਕ ਸਿਸਟਮ ਕਾਰਨ ਅੰਧਾਪਣ ਹੁੰਦਾ ਹੈ। ਦਿਨ ਦੀ ਤੇਜ਼ ਰੌਸ਼ਨੀ ਸਮੇਂ ਜਦੋਂ ਕੋਈ ਇਕਦਮ ਹਨੇਰੇ ਕਮਰੇ ਵਿਚ ਜਾਂਦਾ ਹੈ ਤਾਂ ਕੁਝ ਚਿਰ ਲਈ ਉਸ ਨੂੰ ਕੁਝ ਦਿਖਾਈ ਨਹੀਂ ਦਿੰਦਾ। ਜਦੋਂ ਕੁਝ ਚਿਰ ਬਾਅਦ ਅੱਖਾਂ ਨੂੰ ਘੱਟ ਰੌਸ਼ਨੀ ਦੀ ਆਦਤ ਹੋ ਜਾਂਦੀ ਹੈ ਤਾਂ ਹੌਲੀ ਹੌਲੀ ਸਕੋਟੱਪਿਕ ਸਿਸਟਮ ਆਪਣਾ ਕੰਮ ਕਰਦਾ ਹੈ। ਇਸ ਨੂੰ ਅਨ੍ਹੇਰਾ-ਅਨੁਕੂਲਣ ਕਹਿੰਦੇ ਹਨ। ਅੰਧਰਾਤਾ ਰੋਗ ਉਨ੍ਹਾਂ ਲੋਕਾਂ ਵਿਚ ਹੁੰਦਾ ਹੈ ਜਿਨ੍ਹਾਂ ਵਿਚ ਰੱਡ ਰਿਸੈਪਟਰ ਨਹੀਂ ਹੁੰਦੇ ਜਾਂ ਜਦੋਂ ਖ਼ੁਰਾਕ ਵਿਚ ਵਿਟਾਮਿਨ ਏ ਦੀ ਘਾਟ ਹੁੰਦੀ ਹੈ। ਇਹ ਲੋਕ ਤੇਜ਼ ਬਣਾਉਟੀ ਰੌਸ਼ਨੀ ਤੋਂ ਬਿਨਾਂ ਰਾਤ ਵੇਲੇ, ਆਪਣਾ ਰਸਤਾ ਨਹੀਂ ਲੱਭ ਸਕਦੇ।

ਨਾਰਮਲ ਫੋਟੋਟੱਪਿਕ ਦ੍ਰਿਸ਼ਟੀ—ਰੈਟਿਨਾ ਦੇ ਸੈਂਟਰ ਵਿਚ ਇਕ ਛੋਟਾ ਜਿਹਾ ਖੇਤਰ ਹੁੰਦਾ ਹੈ ਜਿਸ ਨੂੰ ਫੋਵੀਆ ਸੈਂਟ੍ਰੈਲਿਸ ਕਹਿੰਦੇ ਹਨ। ਇਸ ਜਗ੍ਹਾ ਤੇ ਕੋਨ ਰਿਸੈਪਟਰ ਹੁੰਦੇ ਹਨ। ਇਨ੍ਹਾਂ ਦੀ ਘਣਤਾ 100,000 ਪ੍ਰਤੀ ਵਰਗ ਮਿ.ਮੀ. ਹੁੰਦੀ ਹੈ। ਹਰ ਕੋਨ ਵਿਚ ਕਈ ਨਰਵ ਸੈੱਲ ਹੁੰਦੇ ਹਨ। ਇਸ ਤਰ੍ਹਾਂ ਕਾੱਰਟੈਕਸ ਨੂੰ ਪ੍ਰਕਾਸ਼ ਸਬੰਧੀ ਜਾਣਕਾਰੀ ਮਿਲਦੀ ਰਹਿੰਦੀ ਹੈ।

ਪੈਰੀਫ਼ਰਲ ਦ੍ਰਿਸ਼ਟੀ—ਉਦਾਹਰਣ ਦੇ ਤੌਰ ਤੇ ਇਕ ਛਪੇ ਹੋਏ ਪੰਨੇ ਤੇ ਇਕ ਅੱਖਰ ਨੂੰ ਵੇਖੀਏ ਤਾਂ ਇਹ ਅੱਖਰ ਅਤੇ ਇਸ ਦੇ ਨੇੜੇ ਦੇ ਅੱਖਰ ਸਪਸ਼ਟ ਅਤੇ ਕਾਲੇ ਦਿਸਣਗੇ ਕਿਉਂਕਿ ਇਹ ਫੋਵੀਅਲ ਦ੍ਰਿਸ਼ਟੀ ਨਾਲ ਵੇਖੇ ਜਾਂਦੇ ਹਨ। ਬਾਕੀ ਦਾ ਪੰਨਾ ਅਸਪਸ਼ਟ ਅਤੇ ਲਾਈਨਾਂ ਗ੍ਰੇਅ ਵਿਖਾਈ ਦੇਣਗੀਆਂ। ਇਸ ਨੂੰ ਪੈਰੀਫ਼ਰਲ ਦ੍ਰਿਸ਼ਟੀ ਕਹਿੰਦੇ ਹਨ।

ਦ੍ਰਿਸ਼ਟੀ ਤੀਬਰਤਾ—ਕਿਸੇ ਵਸਤੂ ਦੀਆਂ ਬਾਰੀਕੀਆਂ ਵੇਖਣ ਦੀ ਸਮਰੱਥਾ ਨੂੰ ਦ੍ਰਿਸ਼ਟੀ ਤੀਬਰਤਾ ਕਹਿੰਦੇ ਹਨ। ਸਟੈਂਡਰਡ ਦ੍ਰਿਸ਼ਟੀ ਤੀਬਰਤਾ ਇਕ ਵਸਤੂ ਨੂੰ ਬਾਰੀਕ ਵੇਖਣ ਦੀ ਉਹ ਯੋਗਤਾ ਹੈ ਜਦੋਂ ਕਿ ਕੋਣ θ ਇਕ ਡਿਗਰੀ ਦਾ $1/60$ ਹੁੰਦਾ ਹੈ।

ਸਪੇਸ ਅਤੇ ਸਮਾਂ ਅਨੁਭਵ—ਸਪੇਸ ਅਨੁਭਵ ਦੇ ਮੁੱਢਲੇ ਰੂਪ ਵਰਨੀਅਰ ਅਤੇ ਸਟੀਰੀਓ ਸਕੋਪਿਕ ਵਖਰੇਵੇਂ ਹਨ। ਇਸ ਤਰ੍ਹਾਂ ਅੱਖ ਇਕ ਵਸਤੂ ਦਾ ਦੂਜੀ ਵਸਤੂ ਦੇ ਮੁਕਾਬਲੇ ਸਥਿਤੀ ਦਾ ਨਿਰਣਾ ਕਰਦੀ ਹੈ। ਫ਼ਾਸਲੇ ਦਾ ਨਿਰਣਾ ਰੈਟਿਨਾ ਨਹੀਂ ਕਰਦਾ ਸਗੋਂ ਕਾਰਟੈਕਸ ਕਰਦਾ ਹੈ। ਇਕ ਦਮ ਰੌਸ਼ਨੀ ਹੋਣ ਤੇ ਨਾੜੀ ਆਵੇਗ ਅੱਖ ਤੋਂ ਦਿਮਾਗ਼ ਵਲ ਜਾਂਦਾ ਹੈ। ਲਗਾਤਾਰ ਰੌਸ਼ਨੀ ਨਾਲ ਅੱਖ ਆਪਣੇ ਆਪ ਨੂੰ ਅਨੁਕੂਲਿਤ ਕਰ ਲੈਂਦੀ ਹੈ। ਇਸੇ ਤਰ੍ਹਾਂ ਇਕ ਦਮ ਰੌਸ਼ਨੀ ਬੰਦ ਹੋਣ ਤੇ ਤੇਜ਼ ਨਿਊਰਲ ਪ੍ਰਤਿਕਿਰਿਆ ਹੁੰਦੀ ਹੈ। ਚਾਨਣ ਜਾਂ ਰੌਸ਼ਨੀ ਬੰਦ ਹੋਣ ਤੋਂ ਬਾਅਦ ਵੀ ਸੈਕੰਡ ਦੇ ਕੁਝ ਹਿੱਸੇ ਲਈ ਪ੍ਰਤੀਬਿੰਬ ਦਿਸੱਦੇ ਰਹਿੰਦੇ ਹਨ।

ਹ.ਪੁ.—ਐਨ. ਸ.ਟ. 14 : 387; ਐਨ. ਬ੍ਰਿ. 23 : 201

ਦ੍ਰਿੜਬਲ : ਇਹ ਆਯੁਰਵੇਦ ਦਾ ਵਿਦਵਾਨ ਅਤੇ ਸ਼ਿਵ ਦਾ ਭਗਤ ਸੀ। ਇਸ ਦਾ ਦੂਜਾ ਨਾਂ ਕਪਿਲਬਲੀ ਸੀ। ਵਾਗਭੱਟ ਨੇ ਅਸ਼ਟਾਂਗ ਸੰਗ੍ਰਿਹ ਵਿਚ ਇਸ ਦੇ ਮੱਤ ਦਾ ਉਲੇਖ ਕੀਤਾ ਹੈ। ਦ੍ਰਿੜਬਲ ਪੰਚਨਦਪੁਰ ਦਾ ਨਿਵਾਸੀ ਸੀ। ਪੰਚਨਦਪੁਰ ਕਸ਼ਮੀਰ ਵਿਚ ਸਥਿਤ ਹੈ ਜਿਥੇ ਪੰਜ ਨਦੀਆਂ ਅਰਥਾਤ ਸਿੰਧ, ਵਿਤਸਤਾ, ਆਚਾਰ, ਤ੍ਰਿਗਾਮਿਆ ਅਤੇ ਕਸ਼ੀਰਭਵਾਨੀ ਦਾ ਸੰਗਮ ਹੁੰਦਾ ਹੈ। ਇਸ ਦਾ ਸਮਾਂ ਤੀਸਰੀ ਸਦੀ ਦਾ ਅੰਤ ਜਾਂ ਚੌਥੀ ਸਦੀ ਦਾ ਆਰੰਭ ਬਣਦਾ ਹੈ। ਦ੍ਰਿੜਬਲ ਨੇ ਚਰਕ ਸਹਿੰਤਾ ਤੇ ਚਿਕਿਤਸਾ ਸਥਾਨ ਦੇ 17 ਅਧਿਆਈ, ਕਲਪਾਸਥਾਨ ਅਤੇ ਸਿੱਦਸਥਾਨ ਪੂਰੇ ਕੀਤੇ। ਚਿਕਿਤਸਾ ਸਥਾਨ ਦੇ ਅਧਿਆਇਆਂ ਦੇ ਕ੍ਰਮ ਵਿਚ ਅੰਤਰ ਹੈ। ਵਿਸ਼ ਚਿਕਿਤਸਾ ਵਿਚ ਜਯਾ ਵਿਸ਼ਨੂ ਵਾਸੂਦੇਵ ਕ੍ਰਿਸ਼ਣ ਦਾ ਨਾਂ ਆਉਂਦਾ ਹੈ। ਇਸ ਤੋਂ ਇਹ ਗੁਪਤ ਕਾਲ ਦੇ ਸਮੇਂ ਵਿਚ ਹੋਇਆ ਪ੍ਰਤੀਤ ਹੁੰਦਾ ਹੈ। ਹੋਰ ਵੀ ਕਈ ਸੰਕੇਤ ਮਿਲਦੇ ਹਨ ਜਿਸ ਤੋਂ ਇਸ ਦਾ ਸਮਾਂ ਗੁਪਤ ਕਾਲ ਦੇ ਸਮੇਂ ਦਾ ਹੀ ਬਣਦਾ ਹੈ।

ਇਸ ਦੀਆਂ ਲਿਖਤਾਂ ਤੋਂ ਪ੍ਰਤੀਤ ਹੁੰਦਾ ਹੈ ਕਿ ਇਸ ਦੇ ਦੂਜੇ ਗ੍ਰੰਥਾਂ ਤੋਂ ਵੀ ਕਈ ਅੰਸ਼ ਆਪਣੀਆਂ ਲਿਖਤਾਂ ਵਿਚ ਸ਼ਾਮਲ ਕੀਤੇ ਹੋਣ।

ਹ.ਪੁ.—ਹਿੰ. ਵਿ. ਕੋ. 6 : 94

ਦਰੂਸ : ਇਹ ਲੈਬਨਾਨ ਨਿਵਾਸੀ ਇਸਮਾਈਲੀ ਸ਼ੀਆ ਲੋਕਾਂ ਦੀ ਇਕ ਸੰਪ੍ਰਦਾਇ ਹੈ ਜਿਸਦੀ ਸਥਾਪਨਾ ਫ਼ਾਰਸ ਦੇ ਇਕ ਰਹੱਸਵਾਦੀ ਇਸਮਾਈਲ ਉਦ-ਦਰੂਜ਼ੀ ਨੇ ਕੀਤੀ। ਇਸ ਫਿਰਕੇ ਦੇ ਲੋਕਾਂ ਦੀ ਅਨੁਮਾਨਿਤ ਸੰਖਿਆ ਲਗਭਗ 1,000,000 ਹੈ। ਇਨ੍ਹਾਂ ਵਿਚੋਂ ਤਕਰੀਬਨ ਅੱਧੇ ਲੋਕ ਜਬਾਲੁਦ-ਦਰੂਜ ਨਾਂ ਦੇ ਪਰਬਤੀ ਖੇਤਰ ਵਿਚ ਰਹਿੰਦੇ ਹਨ। ਰੱਬ ਦੇ ਇਸ ਅਵਤਾਰ ਦਰੂਜ਼ੀ ਨੇ ਲੈਬਨਾਨ ਦੇ ਪਹਾੜਾਂ ਤੇ ਜਾ ਕੇ ਲੋਕਾਂ ਨੂੰ ਸਿੱਖਿਆ ਦਿੱਤੀ। ਇਨ੍ਹਾਂ ਲੋਕਾਂ ਨੇ ਤਕਰੀਬਨ ਨੌ ਸਦੀਆਂ ਤਕ ਧਾਰਮਿਕ ਅਤੇ ਰਾਜਨੀਤਿਕ ਸੁਤੰ-

ਤਰਤਾ ਬਣਾਈ ਰੱਖੀ। ਇਸ ਸੰਪ੍ਰਦਾਇ ਦੇ ਸੱਤ ਧਰਮ ਨਿਰਦੇਸ਼ ਅਤੇ ਪ੍ਰਾਚੀਨ ਧਰਮ ਗ੍ਰੰਥਾਂ ਦੀ ਹਮਜ਼ਾ, ਨਾਂ ਦੇ ਵਿਅਕਤੀ ਨੇ ਰਚਨਾ ਕੀਤੀ। ਉਹ ਮਿਸਰ ਦੇ ਛੇਵੇ ਫ਼ਾਤਮੀ ਖ਼ਲੀਫੇ ਅਲ-ਹਾਕਿਮ ਬੀ ਅਮਰਿਲਾਹ (996-1021) ਦਾ ਮੰਤਰੀ ਅਤੇ ਧਰਮ ਪ੍ਰਚਾਰਕ ਸੀ। ਈਸਾਈ ਧਰਮ ਗ੍ਰੰਥਾਂ ਅਤੇ ਕੁਰਾਨ ਸਰੀਫ਼ ਨੂੰ ਇਹ ਲੋਕ ਪ੍ਰੇਰਣਾਤਮਕ ਗ੍ਰੰਥ ਮੰਨਦੇ ਹਨ। ਇਹ ਈਸਾ ਮਸੀਹ ਨੂੰ ਤਾਂ ਈਸ਼ਵਰ ਦਾ ਅਵਤਾਰ ਮੰਨਦੇ ਹਨ ਪਰ ਹਜ਼ਰਤ ਮੁਹੰਮਦ ਨੂੰ ਨਹੀਂ। ਇਹ ਕੱਟੜ ਏਕ ਈਸ਼ਵਰਵਾਦੀ ਹਨ ਪਰ ਇਹ ਈਸ਼ਵਰ ਦੇ 70 ਅਵਤਾਰਾਂ ਵਿਚ ਵਿਸ਼ਵਾਸ ਰੱਖਦੇ ਹਨ ਅਤੇ ਇਹ ਮੰਨਦੇ ਹਨ ਕਿ ਅੱਗੇ ਉਸ ਦਾ ਕੋਈ ਅਵਤਾਰ ਨਹੀਂ ਹੋਵੇਗਾ। ਉਨ੍ਹਾਂ ਨੂੰ ਆਸ ਹੈ ਕਿ ਅਲ-ਹਕੀਮ ਹੀ ਮੁੜ ਆਉਣਗੇ ਅਤੇ ਸੱਚੇ ਧਰਮ ਦੀ ਪ੍ਰਤਿਸ਼ਠਾ ਕਰਨਗੇ।

ਦਰੂਸ ਯੁੱਧ ਕਰਨ ਵਾਲੇ ਪਹਾੜੀ ਲੋਕ ਹਨ। ਇਨ੍ਹਾਂ ਨੇ ਉਸਮਾਨ ਤੁਰਕਾਂ ਨੂੰ ਮਿਸਰ ਜਿੱਤਣ ਵਿਚ ਮਦਦ ਕੀਤੀ ਅਤੇ ਬਾਅਦ ਵਿਚ ਉਸਮਾਨ ਸੁਲਤਾਨਾਂ ਦੇ ਵਿਰੁੱਧ ਵਿਦਰੋਹ ਕੀਤਾ ਮਗਰੋਂ ਇਨ੍ਹਾਂ ਨੇ ਫ਼ਰਾਂਸੀਸੀਆਂ ਵਿਰੁੱਧ ਵਿਦਰੋਹ ਕਰਕੇ ਆਪਣੇ ਆਪ ਨੂੰ ਉਨ੍ਹਾਂ ਤੋਂ ਅਲੱਗ ਕੀਤਾ ਜਦੋਂ 1945 ਵਿਚ ਲੈਬਨਾਨ ਆਜ਼ਾਦ ਹੋਇਆ ਤਾਂ ਦਰੂਸਾਂ, ਈਸਾਈਆਂ ਅਤੇ ਕੱਟੜ ਮੁਸਲਮਾਨਾਂ ਨੇ ਅਜਿਹਾ ਰਾਜਨੀਤਕ ਰੂਪ ਸਥਿਰ ਕੀਤਾ ਜੋ ਸਾਰਿਆਂ ਲਈ ਅਨੁਕੂਲ ਜਾਪਦਾ ਸੀ।

ਦਰੂਸਾਂ ਨੇ ਧਾਰਮਿਕ ਸਾਹਿਤ ਬਹੁਤ ਵੱਡੀ ਮਾਤਰਾ ਵਿਚ ਰਚਿਆ।

ਹ.ਪੁ.—ਹਿੰ. ਵਿ. ਕੋ. 6 : 143; ਐਨ. ਬ੍ਰਿ. 7 : 683

ਦ੍ਰੋਣ : ਇਹ ਕੌਰਵਾਂ ਅਤੇ ਪਾਂਡਵਾਂ ਦਾ ਗੁਰੂ ਸੀ ਜਿਹੜਾ ਆਮ ਕਰਕੇ ਦ੍ਰੋਣਾਚਾਰੀਆ ਨਾਂ ਨਾਲ ਜਾਣਿਆ ਜਾਂਦਾ ਸੀ। ਇਹ ਭਾਰਦਵਾਜ ਰਿਸ਼ੀ ਦਾ ਪੁੱਤਰ ਸੀ ਜਿਸ ਨੇ ਇਸ ਨੂੰ ਦ੍ਰੋਣ (ਡੋਲ) ਚੋਂ ਪੈਦਾ ਕੀਤਾ ਅਤੇ ਇਸੇ ਕਾਰਨ ਇਸ ਦਾ ਨਾਮ ਦ੍ਰੋਣ ਪਿਆ। ਇਸ ਦਾ ਵਿਆਹ ਭੀਸ਼ਮ ਦੀ ਮਤਰੇਈ ਭੈਣ ਕ੍ਰਿਪੀ ਨਾਲ ਹੋਇਆ ਜਿਸ ਤੋਂ ਅਸ਼ਵਥਾਮਾ ਨਾਂ ਦਾ ਪੁੱਤਰ ਪੈਦਾ ਹੋਇਆ। ਦ੍ਰੋਣ ਨੇ ਪਰਸ਼ੂਰਾਮ ਤੋਂ ਸ਼ਸਤਰ ਸਿੱਖਿਆ ਪ੍ਰਾਪਤ ਕੀਤੀ ਅਤੇ ਉਸ ਦੇ ਸ਼ਸਤਰ ਵੀ ਇਸੇ ਨੂੰ ਮਿਲੇ।

'ਮਹਾਭਾਰਤ' ਅਨੁਸਾਰ ਇਹ ਇਕ ਵਾਰ ਪੰਚਾਲ ਦੇਸ਼ ਦੇ ਰਾਜਾ ਦਰੁਪਦ ਕੋਲ ਗਿਆ ਜੋ ਇਸ ਦਾ ਸਹਿਪਾਠੀ ਅਤੇ ਮਿੱਤਰ ਰਿਹਾ ਸੀ ਪਰ ਨਿਰਧਨ ਹੋਣ ਕਾਰਨ ਦਰੁਪਦ ਨੇ ਇਸ ਦਾ ਸਤਿਕਾਰ ਨਾ ਕੀਤਾ। ਇਸ ਅਪਮਾਨ ਕਰਕੇ ਇਸ ਦੇ ਮਨ ਵਿਚ ਬਦਲੇ ਦੀ ਭਾਵਨਾ ਪੈਦਾ ਹੋ ਗਈ। ਸਮਾਂ ਬੀਤਣ ਤੇ ਇਹ ਕੌਰਵਾਂ ਅਤੇ ਪਾਂਡਵਾਂ ਦਾ ਸ਼ਸਤਰ ਗੁਰੂ ਬਣਿਆ। ਇਸ ਨੇ ਆਪਣੇ ਸ਼ਾਗਿਰਦਾਂ ਨੂੰ ਦਰੁਪਦ ਨੂੰ ਫੜਨ ਲਈ ਉਕਸਾਇਆ। ਇਸ ਕੰਮ ਵਿਚ ਕੌਰਵ ਸਫ਼ਲ ਨਾ ਹੋ ਸਕੇ ਪਰ ਪਾਂਡਵਾਂ ਨੇ ਦਰੁਪਦ ਨੂੰ ਪਕੜ ਕੇ ਦ੍ਰੋਣ ਦੇ ਸਾਹਮਣੇ ਪੇਸ਼ ਕੀਤਾ ਅਤੇ ਉਸ ਦਾ ਅੱਧਾ ਰਾਜ ਵੀ ਖੋਹ ਲਿਆ ਪਰ ਦ੍ਰੋਣ ਨੇ ਤਰਸ ਖਾ ਕੇ ਉਸ ਦੀ ਜਾਨ ਬਖ਼ਸ਼ ਦਿੱਤੀ ਅਤੇ ਉਸ ਦਾ ਖੋਹਿਆ ਹੋਇਆ ਰਾਜ ਵੀ ਉਸ ਨੂੰ ਵਾਪਸ ਕਰ ਦਿੱਤਾ ਪਰ ਪੁਰਾਣਾ ਵੈਰ ਖੜਕਦਾ ਹੀ ਰਿਹਾ ਜਿਸ ਨੇ ਅੰਤ ਵਿਚ ਦੋਹਾਂ ਦੀ ਹੀ ਜਾਨ ਲੈ ਲਈ।

ਮਹਾਭਾਰਤ ਦੇ ਯੁੱਧ ਵਿਚ ਦ੍ਰੋਣ ਨੇ ਕੌਰਵਾਂ ਦਾ ਸਾਥ ਦਿੱਤਾ। ਯੁੱਧ ਦੇ ਦਸਵੇਂ ਦਿਨ ਭੀਸ਼ਮ ਤੋਂ ਬਾਅਦ ਦ੍ਰੋਣਾਚਾਰਯ ਕੌਰਵਾਂ ਦਾ ਸੈਨਾ ਨਾਇਕ ਬਣਿਆ। ਆਪਣੀ ਅਗਵਾਈ ਦੇ ਚੌਥੇ ਦਿਨ ਇਸ ਨੇ ਦਰੁਪਦ ਨੂੰ ਮਾਰ ਦਿੱਤਾ ਅਤੇ ਉਸ ਤੋਂ ਬਾਅਦ ਧ੍ਰਿਸ਼ਟਾਦਯੁਮਨ ਨਾਲ ਹੋਈ ਝੜਪ ਵਿਚ ਇਸ ਨੇ ਆਪਣੇ ਪਿਤਾ ਦਾ ਬਦਲਾ ਲੈਣ ਦਾ ਪ੍ਰਣ ਕੀਤਾ ਹੋਇਆ ਸੀ, ਅਯੋਗ ਤਰੀਕੇ ਨਾਲ ਆਪ ਵੀ ਮਾਰਿਆ ਗਿਆ ਕਿਉਂਕਿ ਜਦੋਂ ਦ੍ਰੋਣ ਦੇ ਅਮਲੇ ਅੱਗੇ ਪਾਂਡਵਾਂ ਦਾ ਕੋਈ ਵਸ ਨਹੀਂ ਸੀ ਚਲ ਰਿਹਾ ਤਾਂ ਕ੍ਰਿਸ਼ਨ ਦੀ ਦੇਸੀ ਨੀਤੀ ਨਾਲ ਯੁਧਿਸ਼ਠਰ ਤੋਂ ਅਸ਼ਵਥਾਮਾ ਮਾਰਿਆ ਗਿਆ' ਅਖਵਾ ਕੇ ਦ੍ਰੋਣ ਨੂੰ ਬਲਹੀਨ ਕਰ ਦਿੱਤਾ ਅਤੇ ਇਸ ਨੇ ਨਿਰਾਸ਼ ਹੋ ਕੇ ਸ਼ਸਤਰ ਤਿਆਗ ਦਿੱਤੇ ਅਤੇ ਇਸ ਦੇ ਵੈਰੀ ਧ੍ਰਿਸ਼ਟਦਯੁਮਨ ਨੇ ਚੰਗਾ ਮੌਕਾ ਤਾੜ ਕੇ ਇਸ ਦਾ ਸਿਰ ਵੱਢ ਦਿੱਤਾ ਪਰ ਦ੍ਰੋਣ ਇਕ ਬ੍ਰਾਹਮਣ ਅਤੇ ਆਚਾਰੀਆ ਸੀ ਜਿਸ ਦੇ ਮਾਰਨ ਦਾ ਪਾਪ ਬਹੁਤ ਵੱਡਾ ਸੀ। ਕਿਹਾ ਜਾਂਦਾ ਹੈ ਕਿ ਦ੍ਰੋਣ ਸੂਰਜ ਦੀ ਤਰ੍ਹਾਂ ਚਮਕਦਾ ਹੋਇਆ ਸਵਰਗ ਵਿਚ ਚਲਾ ਗਿਆ ਅਤੇ ਧ੍ਰਿਸ਼ਟਦਯੁਮਨ ਨੇ ਕੇਵਲ ਜਿੰਦਹੀਨ ਸਰੀਰ ਦਾ ਹੀ ਸਿਰ ਵੱਢਿਆ।

ਦ੍ਰੋਣਾਚਾਰੀਆ ਦਾ ਸਭ ਤੋਂ ਪਿਆਰਾ ਸ਼ਾਗਿਰਦ ਅਰਜਨ ਸੀ। ਇਸ ਨੂੰ ਉਸ ਉਤੇ ਪੂਰਾ ਮਾਣ ਸੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਦ੍ਰੋਣਾਚਾਰਯ ਕੌਰਵਾਂ ਵਲੋਂ ਲੜਿਆ ਪਰ ਇਸ ਦੀ ਹਮਦਰਦੀ ਸਦਾ ਪਾਂਡਵਾਂ ਨਾਲ ਸੀ। ਦ੍ਰੋਣ ਨੂੰ ਕੂਟਜਾ ਵੀ ਕਿਹਾ ਜਾਂਦਾ ਹੈ। ਕੂਟ ਦਾ ਆਮ ਅਰਥ ਪਰਬਤ ਚੋਟੀ ਹੈ ਪਰ ਇਸ ਦੇ ਅਨੇਕਾਂ ਅਰਥਾਂ ਵਿਚੋਂ ਇਕ ਅਰਥ 'ਪਾਣੀ ਦਾ ਜੱਗ' ਵੀ ਹੈ। ਪਿਤਾ ਦੇ ਨਾਂ ਦੇ ਆਧਾਰ ਤੇ ਇਸ ਨੂੰ ਭਾਰਦਵਾਜ ਵੀ ਕਹਿੰਦੇ ਹਨ।

ਹ.ਪੁ.—ਮ.ਕੋ. 658; ਪੰ. ਸੰਦ. ਕੋ. 505; ਹਿੰ.ਮਿ. ਕੋ. 283; ਹਿੰ. ਵਿ. ਕੋ. 6 : 143

ਦ੍ਰੋਪਦੀ : ਇਹ ਪੰਚਾਲ ਦੇ ਰਾਜੇ ਦਰੁਪਦ ਦੀ ਧੀ ਅਤੇ ਪੰਜਾਂ ਪਾਂਡਵਾਂ ਦੀ ਪਤਨੀ ਸੀ। ਇਸ ਸੁੰਦਰੀ ਦਾ ਰੰਗ ਸਾਂਵਲਾ ਸੀ। ਇਸ ਦਾ ਅਸਲ ਨਾਂ ਕ੍ਰਿਸ਼ਨਾ ਸੀ। 'ਮਹਾਭਾਰਤ' ਅਨੁਸਾਰ ਜਦੋਂ ਦ੍ਰੋਣਾਚਾਰੀਆ ਨੇ ਦਰੁਪਦ ਤੋਂ ਅੱਧਾ ਰਾਜ ਹਥਿਆ ਲਿਆ ਤਾਂ ਉਹ ਬਹੁਤ ਦੁਖੀ ਹੋਇਆ। ਨਿਰਸੰਤਾਨ ਹੋਣ ਕਾਰਨ ਜਦੋਂ ਬਦਲਾ ਲੈਣਾ ਸੰਭਵ ਨਾ ਲੱਗਿਆ ਤਾਂ ਸੰਤਾਨ ਉੱਤਪਤੀ ਲਈ ਯਾਜ ਅਤੇ ਉਪਯਥ ਰਿਸ਼ੀਆਂ ਦੀ ਮਦਦ ਨਾਲ ਦਰੁਪਦ ਨੇ 'ਪੁੱਤਰ ਕਾਮੇਸ਼ਰੀ ਯੱਗ' ਕੀਤਾ। ਉਸ ਯੱਗ ਦੀ ਅੱਗ ਤੋਂ ਇਸ ਦਾ ਜਨਮ ਹੋਇਆ। ਜਦੋਂ 'ਹਵਿਸਬ' (ਹਵਨ ਲਈ ਤਿਆਰ ਕੀਤੀ ਸਮੱਗਰੀ) ਨੂੰ ਧਾਰਨ ਕਰਨ ਲਈ ਦਰੁਪਦ ਦੀ ਪਤਨੀ ਸਮੇਂ ਸਿਰ ਨਾ ਪਹੁੰਚੀ ਤਾਂ ਉਸ ਦੀ ਆਹੂਤੀ ਅਗਨ-ਕੁੰਡ ਵਿਚ ਪਾਈ ਗਈ। ਉਸ ਵਿਚੋਂ 'ਇਕ ਸ਼ਸਤਰਧਾਰੀ ਰਾਜਕੁਮਾਰ ਪੈਦਾ ਹੋਇਆ ਜਿਸ ਦਾ ਨਾਂ ਧ੍ਰਿਸ਼ਟਦਯੁਮਨ ਰੱਖਿਆ। ਇਸ ਉਪਰੰਤ ਇਕ ਕੰਨਿਆ ਪੈਦਾ ਹੋਈ ਜਿਸ ਦਾ ਨਾਂ ਕ੍ਰਿਸ਼ਨਾ ਸੀ। ਇਹ ਦਰੁਪਦ ਦੀ ਪੁੱਤਰੀ ਹੋਣ ਕਾਰਨ ਦ੍ਰੋਪਦੀ ਅਖਵਾਈ। ਯੱਗ ਤੋਂ ਪੈਦਾ ਹੋਣ ਕਾਰਨ ਇਸ ਦਾ ਨਾਂ 'ਯੋਨੀਸੰਭਟ' ਅਤੇ 'ਯਾਨਸੇਨੀ' ਪਿਆ। ਇਸ ਦਾ ਜਨਮ ਲਕਸ਼ਮੀ ਦੇ ਅੰਸ਼ ਤੋਂ ਹੋਇਆ। ਇਸ ਦੇ ਵਿਆਹ ਲਈ ਇਸ ਦੇ ਪਿਤਾ ਨੇ ਸਵੰਬਰ ਰਚਾਇਆ ਅਤੇ ਇਸ ਵਿਚ ਇਹ ਸ਼ਰਤ ਰੱਖੀ ਕਿ ਜਿਹੜਾ ਰਾਜਕੁਮਾਰ ਹੇਠਾਂ ਤੇਲ ਵਿਚ ਵੇਖਦਾ ਹੋਇਆ ਉਪਰ ਘੁੰਮਦੀ ਮੱਛੀ ਦੀ ਤੀਰ ਨਾਲ ਅੱਖ ਵਿੰਨ੍ਹੇਗਾ ਉਸ ਨਾਲ ਇਸ ਦਾ ਵਿਆਹ ਹੋਏਗਾ। ਸਵੰਬਰ ਵਿਚ ਅਰਜਨ ਨੇ ਮੱਛੀ ਦੀ ਅੱਖ ਵਿੰਨ੍ਹ ਕੇ ਦ੍ਰੋਪਦੀ ਨੂੰ ਜਿੱਤਿਆ।

ਘਰ ਆਉਣ ਤੇ ਪਾਂਡਵਾਂ ਨੇ ਆਪਣੀ ਮਾਂ ਕੁੰਤੀ ਨੂੰ ਕਿਹਾ ਕਿ ਉਹ ਇਕ ਅਦਭੁਤ ਵਸਤੂ ਲੈ ਕੇ ਆਏ ਹਨ। ਇਹ ਸੁਣ ਕੇ ਮਾਂ ਨੇ ਉਨ੍ਹਾਂ ਨੂੰ ਇਹ ਵਸਤੂ ਆਪਸ ਵਿਚ ਵੰਡਣ ਲਈ ਕਿਹਾ। ਇਸ ਤਰ੍ਹਾਂ ਮਾਤਾ ਦੇ ਬਚਨ ਅਨੁਸਾਰ ਇਹ ਉਨ੍ਹਾਂ ਦੀ ਸਾਂਝੀ ਪਤਨੀ ਬਣ ਗਈ। ਅਰਜਨ ਇਸ ਦਾ ਚਹੇਤਾ ਪਤੀ ਸੀ।

ਹਸਤਨਾਪੁਰ ਵਿਚ ਆਪਣੇ ਚਚੇਰੇ ਭਰਾਵਾਂ ਕੌਰਵਾਂ ਨਾਲ ਜੂਆ ਖੇਡਦੇ ਹੋਏ ਜਦ ਯੁਧਿਸ਼ਟਰ ਰਾਜ ਭਾਗ, ਆਪਣਾ ਆਪ ਅਤੇ ਆਪਣੀ ਪਤਨੀ ਦ੍ਰੋਪਦੀ ਨੂੰ ਵੀ ਹਾਰ ਗਿਆ ਤਾਂ ਇਹ ਕੌਰਵਾਂ ਦੀ

ਦਾਸੀ ਬਣ ਗਈ। ਦੁਰਯੋਧਨ ਨੇ ਇਸ ਨੂੰ ਆਪਣੇ ਕਮਰੇ ਵਿਚ ਝਾੜੂ ਦੇਣ ਲਈ ਕਿਹਾ। ਇਸ ਦੇ ਇਨਕਾਰ ਕਰਨ ਤੇ ਦੁਸ਼ਾਸਨ ਇਸ ਨੂੰ ਵਾਲਾਂ ਤੋਂ ਫੜ ਕੇ ਸਾਰੇ ਮੁਖੀਆਂ ਕੋਲ ਦਰਬਾਰ ਵਿਚ ਲੈ ਆਇਆ। ਉਸ ਨੇ ਦ੍ਰੋਪਦੀ ਨੂੰ ਬਹੁਤ ਬੁਰਾ ਭਲਾ ਕਿਹਾ ਅਤੇ ਇਸ ਦੇ ਸਾਰੇ ਕੱਪੜੇ ਫਾੜਨ ਦਾ ਹੁਕਮ ਦਿੱਤਾ। ਦੁਰਯੋਧਨ ਨੇ ਇਸ ਨੂੰ ਆਪਣੇ ਪੱਟ ਤੇ ਬੈਠਣ ਲਈ ਕਿਹਾ। ਕ੍ਰਿਸ਼ਨ ਨੂੰ ਇਸ ਦੀ ਹਾਲਤ ਤੇ ਤਰਸ ਆ ਗਿਆ ਅਤੇ ਜਿਉਂ ਜਿਉਂ ਇਸ ਦੇ ਚੀਰ ਹਰਣ ਕੀਤੇ ਜਾਣ ਲੱਗੇ ਉਸ ਦੀ ਥਾਂ ਤੇ ਨਵੇਂ ਕੱਪੜੇ ਆਪਣੇ ਆਪ ਆਉਂਦੇ ਰਹੇ। ਚੀਰ ਹਰਣ ਹੁੰਦੇ ਦੇਖਕੇ ਭੀਮ ਨੂੰ ਬਹੁਤ ਕ੍ਰੋਧ ਆਇਆ ਅਤੇ ਉਸ ਨੇ ਇਹ ਪ੍ਰਣ ਕੀਤਾ ਕਿ ਉਹ ਦੁਸ਼ਾਸਨ ਦਾ ਲਹੂ ਪੀਵੇਗਾ ਅਤੇ ਦੁਰਯੋਧਨ ਦਾ ਪੱਟ ਤੋੜ ਕੇ ਛੱਡੇਗਾ। ਦ੍ਰੋਪਦੀ ਨੇ ਵੀ ਇਹ ਪ੍ਰਣ ਕੀਤਾ ਕਿ ਉਹ ਉਨਾਂ ਚਿਰ ਆਪਣੇ ਵਾਲ ਖੁੱਲ੍ਹੇ ਰੱਖੇਗੀ ਜਿੰਨਾ ਚਿਰ ਭੀਮ ਦੁਸ਼ਾਸਨ ਦੇ ਖੂਨ ਨਾਲ ਭਿੱਜੇ ਹੋਏ ਹੱਥਾਂ ਨਾਲ ਉਨ੍ਹਾਂ ਨੂੰ ਨਹੀਂ ਬੰਨ੍ਹੇਗਾ। ਜੂਏਬਾਜੀ ਦੇ ਸਿੱਟੇ ਵਜੋਂ ਇਸ ਨੂੰ ਆਪਣੇ ਪਤੀਆਂ ਸਮੇਤ ਬਾਰਾਂ ਸਾਲ ਬਨਵਾਸ ਅਤੇ ਤੇਰਵੇਂ ਸਾਲ ਗੁਪਤ ਰੂਪ ਵਿਚ ਰਹਿਣਾ ਪਿਆ।

ਬਨਵਾਸ ਦੌਰਾਨ ਸਿੰਧੂ ਦੇ ਰਾਜੇ ਜਯਦ੍ਰਥ ਨੇ ਇਸ ਦਾ ਹਰਣ ਕੀਤਾ। ਤੇਰ੍ਹਵੇਂ ਸਾਲ ਦੌਰਾਨ ਇਹ ਵਿਰਾਟ ਦੀ ਰਾਣੀ ਦੀ ਦਾਸੀ ਬਣ ਗਈ। ਉਥੇ ਰਾਣੀ ਦੇ ਭਰਾ ਕੀਚਕ ਨੇ ਇਸ ਨੂੰ ਤੰਗ ਕਰਨਾ ਸ਼ੁਰੂ ਕੀਤਾ। ਭੀਮ ਅੱਗੇ ਬੇਨਤੀ ਕਰਨ ਤੇ ਉਸ ਨੇ ਕੀਚਕ ਨੂੰ ਮਾਰਨ ਦਾ ਪ੍ਰਣ ਕੀਤਾ। ਕੀਚਕ ਦੀ ਮੌਤ ਦਾ ਇਲਜ਼ਾਮ ਦ੍ਰੋਪਦੀ ਅਤੇ ਉਸ ਦੀ ਰਾਖੀ ਕਰਦੇ ਪੰਜ ਗੰਧਰਵਾਂ ਤੇ ਆਇਆ ਅਤੇ ਇਸ ਨੂੰ ਕੀਚਕ ਦੀ ਚਿਤਾ ਨਾਲ ਸੜ ਜਾਣ ਦਾ ਦੰਡ ਮਿਲਿਆ। ਭੀਮ ਨੇ ਭੇਸ ਬਦਲ ਕੇ ਇਕ ਦਰਖਤ ਉਖਾੜ ਕੇ ਗਦਾ ਬਣਾ ਲਈ ਅਤੇ ਇਸ ਦੀ ਰੱਖਿਆ ਕੀਤੀ।

ਮਹਾਭਾਰਤ ਦੇ ਯੁੱਧ ਦੇ ਸੋਲ੍ਹਵੇਂ ਦਿਨ ਭੀਮ ਸੈਨ ਨੇ ਦੁਸ਼ਾਸਨ ਨੂੰ ਯੁੱਧ ਭੂਮੀ ਵਿਚ ਮਾਰ ਦਿੱਤਾ ਅਤੇ ਉਸ ਦਾ ਲਹੂ ਪੀਤਾ ਅਤੇ ਚੀਰ ਹਰਣ ਵੇਲੇ ਤੋਂ ਖੁੱਲ੍ਹੇ ਛੱਡੇ ਦ੍ਰੋਪਦੀ ਦੇ ਵਾਲਾਂ ਦੀ ਦੁਸ਼ਾਸਨ ਦੇ ਲਹੂ ਨਾਲ ਲਿਬੜੇ ਹੱਥਾਂ ਨਾਲ ਗੁੱਤ ਕੀਤੀ। ਯੁੱਧ ਦੀ ਅੰਤਿਮ ਰਾਤ ਨੂੰ ਜਦੋਂ ਪਾਂਡਵ ਯੁੱਧ ਜਿੱਤ ਕੇ ਕੌਰਵਾਂ ਦੇ ਕੈਂਪ ਵਿਚ ਵਿਸ਼ਰਾਮ ਕਰ ਰਹੇ ਸਨ ਤਾਂ ਅਸ਼ਵਥਾਮਾ ਨੇ ਦ੍ਰੋਪਦੀ ਦੇ ਪੰਜ ਪੁੱਤਰਾਂ ਨੂੰ ਮਾਰ ਦਿੱਤਾ। ਹਰੇਕ ਪਤੀ ਕੋਲੋਂ ਇਸ ਦਾ ਇਕ ਇਕ ਪੁੱਤਰ ਸੀ ਜਿਵੇਂ ਯੁਧਿਸ਼ਟਰ ਦਾ ਪ੍ਰਤਿਵਿੰਧ੍ਯ, ਭੀਮ ਦਾ ਸੁਤਸੋਮ, ਅਰਜਨ ਦਾ ਬਤਕਰਮਾ, ਨਕੁਲ ਦਾ ਸਤਾਨੀਕ ਅਤੇ ਸਹਿਦੇਵ ਦਾ ਸੁਤਸੇਨ। ਇਸ ਦਾ ਦੁੱਖ ਉਦੋਂ ਸਮਾਪਤ ਹੋਇਆ ਜਦੋਂ ਅਸ਼ਵਥਾਮਾ ਦੇ ਮਸਤਕ ਚੋਂ ਮਣੀ ਕੱਢ ਕੇ ਇਸ ਨੂੰ ਭੇਟ ਕੀਤੀ ਗਈ ਜੋ ਬਾਅਦ ਵਿਚ ਇਸ ਨੇ ਯੁਧਿਸ਼ਟਰ ਨੂੰ ਦੇ ਦਿੱਤੀ। ਜਦੋਂ ਇਸ ਦੇ ਪਤੀ ਸੰਸਾਰ ਤਿਆਗ ਕੇ ਹਿਮਾਲੀਆ ਉਤੇ ਅਤੇ ਸਵਰਗ ਨੂੰ ਗਏ ਤਾਂ ਦ੍ਰੋਪਦੀ ਵੀ ਉਨ੍ਹਾਂ ਦੇ ਨਾਲ ਹੀ ਗਈ ਅਤੇ ਸਭ ਤੋਂ ਪਹਿਲਾਂ ਇਸ ਦਾ ਹੀ ਅੰਤ ਹੋਇਆ।

ਇਸ ਨੂੰ ਇਸ ਦੇ ਪਿਤਾ ਦੇ ਨਾਂ ਤੇ ਦ੍ਰੋਪਦੀ ਤੇ ਯਗਯ ਸੇਨੀ ਅਤੇ ਆਪਣੇ ਦੇਸ਼ ਦੇ ਨਾਂ ਤੇ ਪਾਂਚਾਲੀ ਕਿਹਾ ਜਾਂਦਾ ਹੈ। ਇਸ ਨੂੰ ਸੈਰੰਧ੍ਰੀ-ਵਿਰਾਟ ਦੀ ਰਾਣੀ ਦੀ ਦਾਸੀ; 'ਪੰਚਮੀ' ਪੰਜ ਪਤੀਆਂ ਵਾਲੀ ਅਤੇ 'ਨਿਤ ਯੌਵਨੀ' (ਸਦੀ-ਜਵਾਨ) ਵੀ ਕਿਹਾ ਜਾਂਦਾ ਹੈ।

ਹ.ਪੁ.-ਮ.ਕੋ. 668; ਹਿ. ਮਿ. ਕੋ. 2 : 293; ਹਿ. ਸਾ. ਕੋ. 2 : 25; ਪ੍ਰ.ਚ.ਕ :310

ਦਲਜੀਤ ਸਿੰਘ, ਡਾ. : ਸੰਸਾਰ ਪ੍ਰਸਿੱਧ ਅੱਖਾਂ ਦੇ ਮਾਹਿਰ ਡਾਕਟਰ ਅਤੇ ਪੰਜਾਬੀ ਭਾਸ਼ਾ ਦੀ ਸੇਵਾ ਕਰ ਰਹੇ ਇਸ ਲੇਖਕ ਦਾ ਜਨਮ 11 ਅਕਤੂਬਰ, 1934 ਨੂੰ ਅੰਮ੍ਰਿਤਸਰ ਵਿਖੇ ਗੁਰਬਾਣੀ ਦੇ ਮਹਾਨ ਟੀਕਾਕਾਰ ਪ੍ਰੋ. ਸਾਹਿਬ ਸਿੰਘ ਦੇ ਘਰ ਹੋਇਆ। ਇਥੇ ਹੀ ਇਸ ਨੇ ਡਾਕਟਰੀ ਦੀ ਪੜ੍ਹਾਈ ਕੀਤੀ ਅਤੇ ਸਰਕਾਰੀ ਰਾਮ ਲਾਲ ਅੱਖਾਂ ਦੇ ਹਸਪਤਾਲ ਵਿਚ ਲੰਮਾ ਸਮਾਂ ਸੇਵਾ ਕੀਤੀ। ਸੰਨ 1985 ਵਿਚ 25 ਸਾਲਾਂ ਦੀ ਸਰਕਾਰੀ ਨੌਕਰੀ ਤੋਂ ਸੇਵਾ ਮੁਕਤ ਹੋ ਕੇ ਇਸ ਨੇ ਅੰਮ੍ਰਿਤਸਰ ਵਿਖੇ ਹੀ ਅੱਖਾਂ ਦਾ ਹਸਪਤਾਲ ਖੋਲ੍ਹਿਆ। ਉਸ ਪਿਛੋਂ ਇਸ ਨੇ ਅੱਖਾਂ ਦੀ ਸਰਜਰੀ ਦੇ ਖੇਤਰ ਵਿਚ ਜੋ ਨਾਮਣਾ ਖੱਟਿਆ,



ਡਾ. ਦਲਜੀਤ ਸਿੰਘ

ਜਿੰਨੀਆਂ ਨਵੀਆਂ ਖੋਜਾਂ ਕੀਤੀਆਂ, ਅਪਰੇਸ਼ਨ ਦੀਆਂ ਨਵੀਆਂ ਵਿਧੀਆਂ ਅਪਨਾਈਆਂ, ਨਵੇਂ ਔਜ਼ਾਰ ਈਜਾਦ ਕੀਤੇ ਹਨ, ਉਨ੍ਹਾਂ ਕਾਰਨ ਭਾਰਤ ਤਾਂ ਕੀ ਕੁਲ ਸੰਸਾਰ ਦਾ ਧਿਆਨ ਅੰਮ੍ਰਿਤਸਰ ਵਿਚ ਹੋ ਰਹੀ ਅੱਖਾਂ ਦੀ ਸਰਜਰੀ ਉਤੇ ਕੇਂਦਰਿਤ ਹੋ ਗਿਆ। ਹਰ ਸਾਲ ਅਨੇਕਾਂ ਅੱਖਾਂ ਦੇ ਅਪਰੇਸ਼ਨ ਕਰਕੇ ਇਸ ਨੇ ਨਵਾਂ ਇਤਿਹਾਸ ਸਿਰਜਿਆ ਹੈ। ਇਸ ਦਾ ਨਾਮ ਹੁਣ ਤਕ ਕਿਸੇ ਸੰਸਥਾ ਵਲੋਂ ਕੀਤੇ ਗਏ ਅੱਖਾਂ ਦੇ ਸਭ ਤੋਂ ਵੱਧ ਅਪਰੇਸ਼ਨਾਂ ਕਾਰਨ ਵੀ ਮਹੱਤਵ ਰੱਖਦਾ ਹੈ।

ਸੰਨ 1981-82 ਵਿਚ ਇਸ ਨੇ ਕਦੀ ਕਦਾਈ ਘਰ ਮਰੀਜ਼ ਦੇਖਣੇ ਆਰੰਭ ਕੀਤੇ। ਸੰਨ 1985 ਵਿਚ ਅੱਖਾਂ ਦਾ ਹਸਪਤਾਲ ਖੋਲ੍ਹ ਲਿਆ ਅਤੇ ਮਰੀਜ਼ਾਂ ਦੇ ਅਪਰੇਸ਼ਨ ਦੇ ਨਾਲ ਉਨ੍ਹਾਂ ਨੂੰ ਠਹਿਰਾਉਣ ਦਾ ਪ੍ਰਬੰਧ ਵੀ ਕੀਤਾ। ਇਸ ਦੀ ਸਫ਼ਾਈ ਤੇ ਸੁਚੱਜਾ ਪ੍ਰਬੰਧ ਦੇਖ ਕੇ ਇਸ ਦੁਆਲੇ ਅੱਖਾਂ ਦੇ ਮਰੀਜ਼ਾਂ ਦੀਆਂ ਭੀੜਾਂ ਲੱਗਣ ਲੱਗੀਆਂ। ਪੰਜਾਬ ਦੇ ਹਾਲਾਤ ਖ਼ਰਾਬ ਹੋ ਜਾਣ ਕਾਰਨ ਇਕ ਹੋਰ ਹਸਪਤਾਲ ਗੁਜਰਾਤ ਵਿਚ ਵੀ ਖੋਲ੍ਹਣਾ ਪਿਆ। ਦੋਹਾਂ ਥਾਵਾਂ ਤੇ ਮਿਥੇ ਸਮੇਂ ਵਿਚ ਅਪਰੇਸ਼ਨ ਕਰਨੇ ਇਸ ਦੀ ਆਦਤ ਬਣ ਗਈ ਤੇ ਇਸ ਦੀ ਮਕਬੂਲੀਅਤ ਪੂਰੇ ਭਾਰਤ ਤੋਂ ਇਲਾਵਾ ਦੂਸਰੇ ਦੇਸ਼ਾਂ ਵਿਚ ਵੀ ਫੈਲਣ ਲੱਗੀ।

ਡਾ. ਦਲਜੀਤ ਸਿੰਘ ਨੇ ਪਹਿਲੀ ਵਾਰ ਅੱਖਾਂ ਦੇ ਮੋਤੀਏ ਦਾ ਅਪਰੇਸ਼ਨ ਕਰਨ ਸਮੇਂ ਲੈਨਜ਼ ਬਦਲਣ ਦੀ ਤਕਨੀਕ ਅਪਨਾਈ। ਇਹ ਅੱਖਾਂ ਦੇ ਮਾਹਿਰ ਵਜੋਂ ਹਰ ਖੇਤਰ ਵਿਚ ਸੰਪੂਰਨਤਾ ਪ੍ਰਾਪਤ ਕਰਨ ਦਾ ਚਾਹਵਾਨ ਹੈ। ਅਤਿ ਆਧੁਨਿਕ ਕੈਮਰੇ, ਕੰਪਿਊਟਰ, ਮਸ਼ੀਨਾਂ ਦੇ ਔਜ਼ਾਰ ਖਰੀਦਣੇ, ਅਪਰੇਸ਼ਨ ਸਮੇਂ ਵੀਡੀਓ ਫਿਲਮਾਂ ਲੈਣੀਆਂ ਤੇ ਫੋਟੋ ਖਿੱਚਣੀਆਂ, ਹਰ ਨਵੇਂ ਕੇਸ ਦੀ ਤਹਿ ਤਕ ਜਾਣਾ, ਨਵੀਆਂ ਖੋਜਾਂ ਕਰਨੀਆਂ, ਪੇਪਰ ਲਿਖਣੇ ਤੇ ਫਿਰ ਆਪਣੀ ਖੋਜ ਨੂੰ ਸੈਮੀਨਾਰਾਂ ਤੇ ਕਾਨਫ਼ਰੰਸਾਂ ਉਤੇ ਭਾਰਤ ਅਤੇ ਵਿਦੇਸ਼ੀ ਅੱਖਾਂ ਦੇ ਡਾਕਟਰਾਂ ਨਾਲ ਸਾਂਝਾ ਕਰਨਾ ਤੇ ਫਿਲਮਾਂ ਵਿਖਾਉਣੀਆਂ ਤੇ ਇਕ ਅਧਿਆਪਕ ਵਾਂਗ ਅੱਖਾਂ ਦੇ ਡਾਕਟਰਾਂ ਨੂੰ ਹਰ ਔਖੇ ਕੇਸ ਸਮਝਾਉਣੇ ਇਸ ਦਾ ਨੇਮ ਹੈ।

ਡਾ. ਦਲਜੀਤ ਸਿੰਘ ਨੇ ਆਪਣੀ ਕਲਾ ਕੌਸ਼ਲਤਾ ਨੂੰ ਆਮ ਲੋਕਾਂ ਤਕ ਪਹੁੰਚਾਉਣ ਲਈ ਮਾਤ-ਭਾਸ਼ਾ ਪੰਜਾਬੀ ਵਿਚ ਕਈ ਪੁਸਤਕਾਂ ਲਿਖੀਆਂ ਹਨ ਜਿਨ੍ਹਾਂ ਵਿਚੋਂ 'ਨਰੋਈ ਅੱਖ' ਨੂੰ ਭਾਸ਼ਾ ਵਿਭਾਗ, ਪੰਜਾਬ ਵਲੋਂ ਅਤੇ 'ਨੇਤਰ ਰੋਗ' ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਪੁਰਸਕਾਰ ਪ੍ਰਾਪਤ ਹੋਇਆ। ਇਸ ਦੀਆਂ ਰਚਨਾਵਾਂ ਵਿਚ 'ਅੱਖਾਂ ਦੀ ਸੰਭਾਲ' ਅਤੇ ਕਵਿਤਾ ਦੀ ਪੁਸਤਕ 'ਧਰਤੀ ਤ੍ਰਿਹਾਈ' ਵੀ ਸ਼ਾਮਿਲ ਹਨ। ਇਨ੍ਹਾਂ ਤੋਂ ਇਲਾਵਾ ਇਸ ਨੇ ਭਾਸ਼ਾ ਵਿਭਾਗ, ਪੰਜਾਬ ਵਲੋਂ ਤਿਆਰ ਕੀਤੇ ਜਾ ਰਹੇ ਪੰਜਾਬੀ ਵਿਸ਼ਵ ਕੋਸ਼ ਲਈ ਐਂਟਰੀਆਂ, ਮੈਡੀਕਲ ਜਰਨਲ ਲਈ ਲੇਖ, ਖੋਜ ਪੱਤਰ ਅਤੇ ਕਈ ਵਿਗਿਆਨਕ ਲੇਖ ਲਿਖੇ। ਇਹ Ophthalmic Practice, Lens, Implants ਅਤੇ Asia Pacific Journal of Ophthalmology ਨਾਮੀ ਰਸਾਲਿਆਂ ਦਾ ਸੰਪਾਦਕ ਵੀ ਰਿਹਾ। Intra ocular Lenses ਇਸ ਦੀ ਅੰਗਰੇਜ਼ੀ ਵਿਚ ਲਿਖੀ ਪੁਸਤਕ ਹੈ। ਅੱਜਕੱਲ੍ਹ ਇਹ ਆਲ ਇੰਡੀਆ ਓਪਥਲਮਾਲੋਜੀ ਐਸੋਸੀਏਸ਼ਨ ਦੇ ਪ੍ਰਧਾਨ ਹਨ।

ਡਾ. ਦਲਜੀਤ ਸਿੰਘ ਨੂੰ ਹੁਣ ਤਕ ਅਨੇਕਾਂ ਸੰਸਥਾਵਾਂ ਵਲੋਂ ਪੁਰਸਕਾਰ ਤੇ ਸਨਮਾਨ ਪ੍ਰਾਪਤ ਹੋ ਚੁਕੇ ਹਨ। ਇਸ ਦਾ ਮਾਨ ਸਨਮਾਨ ਕਰਨਾ ਹਰ ਇਨਸਾਨ ਆਪਣਾ ਫ਼ਖ਼ਰ ਸਮਝਦਾ ਹੈ। ਭਾਰਤ ਦੇ ਰਾਸ਼ਟਰਪਤੀ ਨੇ ਇਸ ਨੂੰ ਡਾ. ਬੀ. ਸੀ. ਰਾਏ ਪੁਰਸਕਾਰ ਨਾਲ ਭਾਰਤ ਦੇ ਅੱਖਾਂ ਦੇ ਸਰਵ-ਸਰੇਸ਼ਟ ਸਰਜਨ ਵਜੋਂ ਸਨਮਾਨਿਤ ਕੀਤਾ ਹੈ। ਸੰਨ 1987 ਵਿਚ ਭਾਰਤ ਸਰਕਾਰ ਨੇ ਇਸ ਨੂੰ 'ਪਦਮ ਸ਼੍ਰੀ' ਦੀ ਉਪਾਧੀ ਨਾਲ ਸਨਮਾਨਿਤ ਕੀਤਾ। ਸੰਨ 1987 ਵਿਚ ਹੀ ਭਾਸ਼ਾ ਵਿਭਾਗ, ਪੰਜਾਬ ਨੇ ਪੰਜਾਬੀ ਨਾਲ ਪਿਆਰ ਅਤੇ ਸੇਵਾ ਲਗਨ ਵਾਲੇ ਇਸ ਉੱਘੇ ਲੇਖਕ ਨੂੰ 'ਸ਼੍ਰੋਮਣੀ ਲੇਖਕ' ਵਜੋਂ ਸਨਮਾਨਿਤ ਕੀਤਾ। ਲੋਕ ਸੇਵਾ ਇਸ ਦੇ ਜੀਵਨ ਦਾ ਲਕਸ਼ ਰਿਹਾ ਹੈ। ਇਸ ਦਾ ਅਮਲੀ ਤੇ ਸਿਧਾਂਤਕ ਜੀਵਨ ਇਕ ਪੱਧਰ ਤੇ ਖਲੋਤੇ ਹਨ। ਅੱਜ ਸਭ ਕੁਝ ਪ੍ਰਾਪਤ ਕਰਕੇ ਵੀ ਇਹ ਉਸੀ ਤਰ੍ਹਾਂ ਇਕ ਸਾਧਾਰਣ ਇਨਸਾਨ ਵਾਂਗ ਵਿਚਰ ਰਿਹਾ ਹੈ।

ਹ.ਪੁ.—ਅਜੀਤ 29 ਨਵੰਬਰ, 1998; ਸ. ਸੁ. - (1987), ਭਾ.ਵਿ.ਪੰ.

ਦਲਦਲ : ਖੇਤੀ ਵਿਗਿਆਨ ਵਿਚ ਇਹ ਭੋਂ ਦੀ ਅਜਿਹੀ ਅਵਸਥਾ ਹੈ ਜਿਸ ਵਿਚ ਪਾਣੀ ਦੀ ਹੋਂਦ ਕਾਰਨ ਉਪਰਲੀ ਸਤ੍ਹਾ ਨਰਮ ਅਤੇ ਪੋਲੀ ਹੋ ਜਾਂਦੀ ਹੈ। ਇਸ ਵਿਚ ਬਨਸਪਤੀ ਦਾ ਗਲਣ ਸੜਨ ਹੁੰਦਾ ਰਹਿੰਦਾ ਹੈ ਜਿਸ ਵਿਚ ਖਾਸ ਕਰਕੇ ਮੱਸ ਪੌਦੇ ਹੁੰਦੇ ਹਨ। ਦਲਦਲ ਸ਼ਬਦ ਅਜਿਹੀ ਸਿਲ੍ਹੀ ਸਤ੍ਹਾ ਲਈ ਵਰਤਿਆ ਜਾਂਦਾ ਹੈ ਪਰ ਪੌਦਾ ਆਕਾਰ ਰਚਨਾ ਵਿਗਿਆਨੀ ਅਤੇ ਭੂਗੋਲ ਵਿਗਿਆਨੀ ਇਸ ਸ਼ਬਦ ਦੀ ਵਰਤੋਂ ਸੀਮਤ ਪ੍ਰੀਭਾਸ਼ਾ ਵਿਚ ਹੀ ਕਰਦੇ ਹਨ। ਦਲਦਲ ਇਹ ਅਜਿਹਾ ਖੇਤਰ ਹੈ ਜਿਸ ਵਿਚ ਪਾਣੀ ਦਾ ਬਾਹਰੀ ਨਿਕਾਸ ਬਿਲਕੁਲ ਹੀ ਨਹੀਂ ਹੁੰਦਾ। ਇਸ ਜਗ੍ਹਾ ਬਨਸਪਤੀ ਪਨਪਦੀ ਅਤੇ ਇਕੱਠੀ ਹੁੰਦੀ ਰਹਿੰਦੀ ਹੈ ਜਦੋਂ ਇਹ ਅੱਧ-ਪਚੱਧੀ ਗਲਦੀ ਹੈ ਤਾਂ ਉਪਰਲੇ ਭਾਰ ਨਾਲ ਦਬੀ ਜਾਂਦੀ ਹੈ ਇਸ ਤਰ੍ਹਾਂ ਨਾਲ ਕਾਰਬਨੀ ਮਾਦੇ ਦੀ ਤਹਿ ਜਿਹੀ ਬਣ ਜਾਂਦੀ ਹੈ। ਜਿਸ ਨੂੰ ਪੀਟ (ਕੋਲੇ ਵਰਗਾ ਇਕ ਪਦਾਰਥ ਜੋ ਬਾਲਣ ਦੇ ਕੰਮ ਆਉਂਦਾ ਹੈ) ਕਿਹਾ ਜਾਂਦਾ ਹੈ। ਕਈ ਹਾਲਤਾਂ ਵਿਚ ਦਲਦਲ ਵਿਚ ਪਈ ਹੋਈ ਪੀਟ ਇਕ ਤਰ੍ਹਾਂ ਨਾਲ ਸ਼ੁੱਧ ਕਾਰਬਨੀ ਪਦਾਰਥ ਹੁੰਦਾ ਹੈ। ਹੋਰਨਾਂ ਹਾਲਤਾਂ ਵਿਚ ਇਸ ਵਿਚ ਥੋੜ੍ਹੀ ਬਹੁਤ ਮਾਤਰਾ ਵਿਚ ਖਣਿਜੀ ਪਦਾਰਥ ਵੀ ਰਲ ਜਾਂਦੇ ਹਨ। ਜੇਕਰ ਇਨ੍ਹਾਂ ਡੂੰਘਾਣਾਂ ਵਿਚ ਖੁੱਲ੍ਹਾ ਪਾਣੀ (ਜਿਵੇਂ ਛੱਪੜ ਜਾਂ ਛੋਟੀ ਝੀਲ) ਹੋਵੇ ਤਾਂ ਕਿਨਾਰਿਆਂ ਤੇ ਤਰਦੀ ਹੋਈ ਬਨਸਪਤੀ ਦੀ ਇਕ ਸਫ਼ (ਚਟਾਈ) ਬਣਦੀ ਜਾਂਦੀ ਹੈ। ਇਹੋ ਜਿਹੀ ਬਨਸਪਤੀ ਵਿਚ ਪਾਣੀ ਵਿਚ ਪੈਦਾ ਹੋਣ ਵਾਲੇ ਝਿੱਲੀ ਅਤੇ ਕਾਈ ਵਰਗੇ ਪੌਦੇ ਸ਼ਾਮਲ ਹੁੰਦੇ ਹਨ। ਤਰਦੀ ਹੋਈ ਬਨਸਪਤੀ ਦੀ ਇਹ ਸਫ਼ ਉਪਰਲੇ ਅਤੇ ਹੇਠਲੇ ਹਿੱਸੇ ਤੋਂ ਮੋਟੀ ਹੁੰਦੀ ਜਾਂਦੀ ਹੈ ਅਤੇ ਕਿਸੇ ਵਕਤ ਇਹ ਇਤਨੀ ਸਖ਼ਤ ਅਤੇ ਗਫ਼ ਹੋ ਜਾਂਦੀ ਹੈ ਕਿ ਇਸ ਉਪਰ ਕੋਈ ਮਨੁੱਖ ਖੜ੍ਹਾ ਵੀ ਹੋ ਸਕਦਾ ਹੈ। ਝਾੜੀਆਂ ਅਤੇ ਸ਼ਾਖਾਵਾਂ ਵਾਲੀਆਂ ਝਾੜੀਆਂ ਹੌਲੀ ਹੌਲੀ ਇਸ ਖੇਤਰ ਵਿਚ ਉੱਗ ਆਉਂਦੀਆਂ ਹਨ ਜਿਨ੍ਹਾਂ ਤੋਂ ਬਾਅਦ ਵਿਚ ਟੈਮੈਰਕ (ਅਮਰੀਕੀ ਦਿਉਦਾਰ) ਵਰਗੇ ਰੁੱਖ ਵੀ ਉੱਗ ਆਉਂਦੇ ਹਨ। ਦਲਦਲੀ ਖੇਤਰ ਵਿਚ ਜੀਵ-ਜੰਤੂ ਬਹੁਤ ਹੀ ਘੱਟ ਹੁੰਦੇ ਹਨ।

ਦਲਦਲ ਵਿਚ ਪਾਣੀ ਦੀ ਹਰਕਤ ਬਹੁਤ ਹੀ ਘੱਟ ਹੁੰਦੀ ਹੈ। ਬੇਸ਼ਕ ਪੀਟ ਦੇ ਜਮ੍ਹਾਂ ਹੋਣ ਨਾਲ ਸਤ੍ਹਾ ਉਪਰ ਉੱਠਦੀ ਰਹਿੰਦੀ ਹੈ ਪਰ ਭੋਂ-ਖੁਰਣ ਨਾਲ ਇਹ ਪਦਾਰਥ ਹਟਦਾ ਨਹੀਂ ਹੈ। ਇਸ ਦੇ ਫਲਸਰੂਪ ਪੀਟ ਦੀ ਬਹੁਤ ਮੋਟੀ ਤਹਿ ਬਣਦੀ ਰਹਿੰਦੀ ਹੈ। ਇਹ ਹੇਠਲੇ ਤਲ ਤੋਂ ਸ਼ੁਰੂ ਹੋ ਕੇ ਉਪਰ ਵਲ ਨੂੰ ਵਧਦੀ ਰਹਿੰਦੀ ਹੈ।

ਹ.ਪੁ.—ਐਨ. ਬ੍ਰਿ. 3 : 843

ਦਲਪਤ ਰਾਵ ਬੁੰਦੇਲਾ : ਇਹ ਰਾਵ ਸ਼ੁਭਕਰਣ ਦਾ ਪੁੱਤਰ ਸੀ ਜੋ ਕਿ ਮੁਗਲ ਸ਼ਹਿਨਸ਼ਾਹ ਔਰੰਗਜ਼ੇਬ ਦੇ ਦਰਬਾਰ ਵਿਚ ਇਕ ਫ਼ੌਜੀ ਅਫ਼ਸਰ ਸੀ। ਇਸ ਦੇ ਵੱਡੇ ਵਡੇਰੇ ਵਿਧਵਾਸਨੀ ਦੇਵੀ ਦੇ ਉਪਾਸਕ ਹੋਣ ਕਾਰਨ ਬੁੰਦੇਲੇ ਆਖਵਾਉਂਦੇ ਹਨ। ਆਪਣੇ ਪਿਤਾ ਦੀ ਮੌਤ ਮਗਰੋਂ ਇਸ ਨੂੰ ਤਰੱਕੀ ਕਰਨ ਦਾ ਮੌਕਾ ਪ੍ਰਾਪਤ ਹੋਇਆ। ਛੇਤੀ ਹੀ ਇਸ ਨੂੰ ਪੰਜ ਹਜ਼ਾਰੀ ਮਨਸਬਦਾਰ ਦਾ ਅਹੁੱਦਾ ਮਿਲ ਗਿਆ ਅਤੇ ਨਾਲ ਹੀ ਇਸ ਨੂੰ 'ਰਾਵ' ਜਾਂ 'ਰਾਓ' ਦੀ ਉਪਾਧੀ ਵੀ ਪ੍ਰਦਾਨ ਕੀਤੀ ਗਈ।

ਸ਼ਹਿਨਸ਼ਾਹ ਨੇ ਇਸ ਨੂੰ ਡੰਕਾ ਅਤੇ ਅੱਦੋਨੀ ਕਿਲਿਆਂ ਦਾ ਕਿਲੇਦਾਰ ਨਿਯੁਕਤ ਕੀਤਾ। ਵਾਕਿਨਕਰਾ ਦੀ ਮੁਹਿੰਮ ਸਮੇਂ ਇਹ ਸ਼ਹਿਜ਼ਾਦਾ ਕਾਮਬਖ਼ਸ਼ ਦਾ ਇਕ ਵਫ਼ਾਦਾਰ ਸਹਾਇਕ ਸਾਬਤ ਹੋਇਆ। ਔਰੰਗਜ਼ੇਬ ਦੀ ਮੌਤ ਮਗਰੋਂ ਇਹ ਸ਼ਹਿਜ਼ਾਦੇ ਮੁਹੰਮਦ ਆਜ਼ਮ ਦੇ ਨਾਲ ਉੱਤਰੀ ਭਾਰਤ ਵਿਚ ਆਇਆ ਅਤੇ 1710 ਈ. ਵਿਚ ਹਰਾਵਲੀ ਵਿਖੇ ਅਜੀਮੁੱਸ਼ਨ ਦੇ ਵਿਰੁੱਧ ਲੜਦਿਆਂ ਇਸ ਦੀ ਮੌਤ ਹੋ ਗਈ।

ਹ. ਪੁ.—ਹਿੰ. ਵਿ. ਕੋ. 6 : 16

ਦਲਮਾਉ : ਇਹ ਭਾਰਤ ਦੇ ਉੱਤਰ-ਪ੍ਰਦੇਸ਼ ਰਾਜ ਦੇ ਰਾਇ ਬਰੇਲੀ ਜ਼ਿਲ੍ਹੇ ਦਾ ਇਕ ਸ਼ਹਿਰ ਹੈ ਜਿਹੜਾ ਗੰਗਾ ਨਦੀ ਦੇ ਕੰਢੇ ਤੇ ਵਾਕਿਆ ਹੈ। ਇਕ ਮਤ ਅਨੁਸਾਰ ਇਸ ਸ਼ਹਿਰ ਨੂੰ ਕਨੌਜ ਦੇ ਰਾਜੇ ਦਲ ਦੇਵ ਨੇ ਵਸਾਇਆ ਸੀ ਅਤੇ ਦੂਜੇ ਮਤ ਅਨੁਸਾਰ ਇਸ ਨੂੰ ਭਾਰ ਰਜਿਆਂ ਵੱਲੋਂ ਵਸਾਇਆ ਗਿਆ ਸੀ। ਮੁਸਲਮਾਨਾਂ ਅਨੁਸਾਰ ਇਸ

ਸ਼ਹਿਰ ਨੂੰ ਸੱਈਅਦ ਸਲਾਰ ਨੇ ਆਪਣੇ ਕਬਜ਼ੇ ਵਿਚ ਕਰ ਲਿਆ ਸੀ ਅਤੇ ਸ਼ਹਿਰ ਵਿਚ ਅਜੇ ਵੀ ਕਈ ਪੁਰਾਣੇ ਮਕਬਰੇ ਮੌਜੂਦ ਹਨ। ਫਿਰੋਜ਼ ਸ਼ਾਹ ਤੁਗਲਕ ਨੇ ਇਸ ਸ਼ਹਿਰ ਵਿਚ ਇਕ ਸਕੂਲ ਅਤੇ ਈਦਗਾਹ ਵੀ ਬਣਵਾਈ। 14ਵੀਂ ਸਦੀ ਦੇ ਅਖ਼ੀਰ ਵਿਚ ਭਾਰ ਰਾਜਿਆਂ ਦੇ ਹੱਥ ਵਿਚ ਦੁਬਾਰਾ ਸ਼ਕਤੀ ਆ ਗਈ ਅਤੇ ਭਾਰ ਰਾਜੇ ਨੇ ਇਕ ਸੱਈਅਦ ਕੁੜੀ ਨਾਲ ਵਿਆਹ ਕਰਨ ਦਾ ਯਤਨ ਕੀਤਾ ਜਿਸ ਕਰ ਕੇ ਜੌਨਪੁਰ ਦੇ ਰਾਜੇ ਇਬਰਾਹੀਮ ਸ਼ਾਹ ਨੂੰ ਦਖਲ ਅੰਦਾਜ਼ੀ ਕਰਨੀ ਪਈ ਅਤੇ ਉਸ ਨੇ ਸ਼ਹਿਰ ਤੇ ਹਮਲਾ ਕਰ ਕੇ ਕਿਲੇ ਨੂੰ ਆਪਣੇ ਕਬਜ਼ੇ ਵਿਚ ਕਰ ਲਿਆ। ਇਬਰਾਹੀਮ ਸ਼ਾਹ ਨੇ ਕਿਲੇ ਅਤੇ ਬਾਗ਼ ਨੂੰ ਬਚਾ ਕੇ ਰੱਖਿਆ। ਸ਼ਹਿਰ ਵਿਚ ਇਬਰਾਹੀਮ ਦੇ ਪੋਤੇ ਮੁਹੰਮਦ ਦਾ ਇਕ ਮਕਬਰਾ ਹੈ ਜਿਹੜਾ ਕਿ ਥੋੜ੍ਹਾ ਸਮਾਂ ਰਾਜ ਕਰਨ ਤੋਂ ਬਾਅਦ ਆਪਣੇ ਭਰਾ ਹੁਸੈਨ ਨਾਲ ਹੋਈ ਲੜਾਈ ਵਿਚ ਮਾਰਿਆ ਗਿਆ ਸੀ। ਜੌਨਪੁਰ ਦੇ ਸ਼ਾਸਨ ਸਮੇਂ ਇਸ ਸ਼ਹਿਰ ਦੀ ਮਹੱਤਤਾ ਕੁਝ ਘੱਟ ਸੀ ਪਰੰਤੂ ਜਦੋਂ ਮੁਗਲਾਂ ਦੇ ਸਮੇਂ ਵਿਚ ਮੁਸਲਮਾਨਾਂ ਨੇ ਇਸ ਸ਼ਹਿਰ ਨੂੰ ਆਪਣੇ ਕਬਜ਼ੇ ਵਿਚ ਕੀਤਾ ਤਾਂ ਉਨ੍ਹਾਂ ਨੇ ਉਥੇ ਕੁਝ ਮਸਜਿਦਾਂ ਅਤੇ ਹੋਰ ਇਮਾਰਤਾਂ ਬਣਾ ਕੇ ਇਸ ਦਾ ਵਿਸਥਾਰ ਕੀਤਾ। 18ਵੀਂ ਸਦੀ ਵਿਚ ਨਵਾਬ ਸ਼ੁਜਾਅ-ਉੱਦ-ਦੌਲਾ ਨੇ ਇਥੇ ਇਕ ਘਰ ਬਣਾਇਆ ਪਰ ਮਰਾਠਿਆਂ ਨੇ ਹਮਲਾ ਕਰ ਕੇ ਇਥੋਂ ਦੇ ਲੋਕਾਂ ਨੂੰ ਉਜਾੜ ਦਿੱਤਾ। ਇਥੇ ਖੰਡਰ ਹੋਏ ਬੁੱਧ ਧਰਮ ਦੇ ਦੋ ਸਤੂਪਾਂ ਉੱਤੇ ਇਕ ਕਿਲਾ ਬਣਿਆ ਹੋਇਆ ਹੈ। ਦਰਿਆ ਦੇ ਕੰਢੇ ਤੇ ਖਲੋਤਿਆਂ ਜੇਕਰ ਕਿਲੇ ਦੀਆਂ ਲੜਖੜਾਉਂਦੀਆਂ ਪੈਵਿਲੀਅਨਾਂ ਅਤੇ ਟੁੱਟ ਰਹੀਆਂ ਫਸੀਲਾਂ ਵੱਲ ਝਾਤ ਮਾਰੀਏ ਤਾਂ ਇਕ ਬਹੁਤ ਹੀ ਸੁੰਦਰ ਦ੍ਰਿਸ਼ ਪੇਸ਼ ਹੁੰਦਾ ਹੈ। ਸ਼ਹਿਰ ਦੇ ਪੂਰਬ ਵੱਲ ਇਬਰਾਹੀਮ ਸ਼ਾਹ ਦਾ ਬਣਾਇਆ ਹੋਇਆ ਇਕ ਬਹੁਤ ਵਧੀਆ ਪ੍ਰਵੇਸ਼-ਦੁਆਰ ਹੈ ਜਿਹੜਾ ਕਿ ਵਧੇਰੇ ਕਰ ਕੇ ਪ੍ਰਾਚੀਨ ਮੰਦਰਾਂ ਦੇ ਹੀ ਟੁੱਟੇ ਹੋਏ ਭਾਗਾਂ ਤੋਂ ਬਣਿਆ ਹੋਇਆ ਹੈ। ਇਥੇ ਅਕਬਰ ਅਤੇ ਸ਼ਾਹਜਹਾਨ ਦੇ ਸਮੇਂ ਦੀਆਂ ਬਣੀਆਂ ਹੋਈਆਂ ਕਈ ਇਮਾਰਤਾਂ ਵੀ ਹਨ। ਇਥੇ ਕੱਚ ਦੀਆਂ ਛੋਟੀਆਂ-ਛੋਟੀਆਂ ਸ਼ੀਸ਼ੀਆਂ ਤਿਆਰ ਕੀਤੀਆਂ ਜਾਂਦੀਆਂ ਹਨ ਜਿਨ੍ਹਾਂ ਨੂੰ ਧਾਰਮਿਕ ਯਾਤਰੀ ਗੰਗਾ ਦੇ ਪਵਿੱਤਰ ਪਾਣੀ ਲਈ ਵਰਤਦੇ ਹਨ। ਇਥੇ ਤੇਲ, ਬੀਜ, ਮੱਕੀ ਅਤੇ ਪੋਸਤ ਦੇ ਬੀਜਾਂ ਦੀ ਪੈਦਾਵਾਰ ਹੁੰਦੀ ਹੈ। ਪਤਝੜ ਦੇ ਮੌਸਮ ਵਿਚ ਇਥੇ ਬਹੁਤ ਵੱਡਾ ਮੇਲਾ ਲਗਦਾ ਹੈ ਜਿਥੇ ਵੱਡੀ ਗਿਣਤੀ ਵਿਚ ਲੋਕ ਇਕੱਠੇ ਹੁੰਦੇ ਹਨ।

ਆਬਾਦੀ—4, 654 (1991)

26° 4′ ਉ. ਵਿਥ.; 81° 3′ ਪੂ. ਲੰਬ.

ਹ. ਪੁ.—ਇਪ. ਗ. ਇੰਡ. 11 : 127

ਦਲਾਈ ਲਾਮਾ : ਤਿੱਬਤੀ ਬੋਧੀਆਂ ਦੀ ਸਭ ਤੋਂ ਵੱਡੀ ਸੰਪ੍ਰਦਾਇ (ਯੈਲੋ ਹੈਟ) ਦੇ ਮੁਖੀ ਦਾ ਇਹ ਖਿਤਾਬ ਹੈ। ਸੰਨ 1959 ਦੇ ਚੀਨ ਦੇ ਸਾਮਵਾਦੀ ਰਾਜ ਤਕ ਇਹ ਤਿੱਬਤ ਦਾ ਅਧਿਆਤਮਕ ਤੇ ਦੁਨਿਆਵੀ ਸ਼ਾਸਕ ਸੀ।

ਇਸ ਸੰਪ੍ਰਦਾਇ ਦਾ ਪਹਿਲਾ ਮੁਖੀ Dga-'due-Rgya-mtsho (1391–1475) ਸੀ ਜੋ ਕੇਂਦਰੀ ਤਿੱਬਤ ਵਿਚ ਤਾਂਸ਼ੀਲੰਪੋ ਮੱਠ ਦਾ ਬਾਨੀ ਅਤੇ ਮੱਠ ਅਧਿਕਾਰੀ ਸੀ। 14ਵੀਂ ਸਦੀ ਵਿਚ ਲਾਮਿਆਂ ਦੇ ਪੁਨਰ-ਜਨਮ ਸਬੰਧੀ ਵਿਕਸਿਤ ਹੋਏ ਵਿਸ਼ਵਾਸ ਅਨੁਸਾਰ ਉਹ ਆਪਣੇ ਉੱਤਰਾਧਿਕਾਰੀਆਂ ਦੇ ਰੂਪ ਵਿਚ ਆਪ ਹੀ ਦੁਬਾਰਾ ਜਨਮ ਲੈ ਕੇ ਆਉਂਦਾ ਸੀ ਅਤੇ ਇਹ ਉੱਤਰਾਧਿਕਾਰੀ ਦਇਆਵਾਨ ਅਵਲੋਕੀਤੇਸ਼ਵਰ ਬੋਧੀਸਤਵ ਦੇ ਹੀ ਸਰੀਰਕ ਰੂਪ ਸਮਝੇ ਜਾਂਦੇ ਹਨ।

ਇਸ ਸੰਪ੍ਰਦਾਇ ਦੇ ਦੂਜੇ ਮੁਖੀ (1475–1542) ਲਹਾਸਾ ਦੇ ਬਾਹਰਲੇ ਭਾਗ ਵਿਚ ਸਥਿਤ ਬਰਾਸ-ਸੰਪਰਾਸ ਡ੍ਰੈਪੰਗ ਜਿਹੜੀ ਕਿ ਉਸ ਤੋਂ ਬਾਅਦ ਦਲਾਈ ਲਾਮਾ ਦੀ ਮੁੱਖ ਗੱਦੀ ਬਣੀ, ਦਾ ਮੁੱਖ ਅਧਿਕਾਰੀ ਸੀ। ਉਸ ਦੇ ਉੱਤਰਾਧਿਕਾਰੀ Bsod-nams rgya-mtsho (1543–88) ਨੂੰ ਮੰਗੋਲ ਮੁਖੀ ਵਲੋਂ ਇਕ ਭੇਟ ਦੌਰਾਨ ਸਤਿਕਾਰ ਸੂਚਕ ਖਿਤਾਬ ta-la (ਅੰਗਰੇਜ਼ੀ ਭਾਸ਼ਾ ਵਿਚ ਦਲਾਈ) ਤਿੱਬਤੀ rgya mtsho ਦਾ ਮੰਗੋਲੀਅਨ ਸਮਾਨਾਰਥਕ-ਭਾਵ ਸਮੁੰਦਰ ਤੇ ਸੰਭਵ ਤੌਰ ਤੇ ਬੁਧੀਮਾਨਤਾ ਦੀ ਵਿਸ਼ਾਲਤਾ ਦਰਸਾਉਂਦਾ ਹੈ, ਦਿੱਤਾ ਗਿਆ। ਬਾਅਦ ਵਿਚ ਇਹ ਖਿਤਾਬ ਮਠ ਦੇ ਦੋ-ਪੂਰਵ-ਪਦ-ਅਧਿਕਾਰੀਆਂ ਨੂੰ ਮਰਨ-ਉਪਰੰਤ ਦਿੱਤਾ ਗਿਆ। ਤਿੱਬਤੀ ਆਪਣੇ ਆਪ ਨੂੰ ਦਲਾਈ ਲਾਮਾ ਮਹਾਨ ਜੇਤੂ ਕਹਿੰਦੇ ਹਨ।

ਚੌਥਾ ਦਲਾਈ ਲਾਮਾ Yon-tan-rgya mtsho (1589–1617) ਅਲਤਾਨ ਖ਼ਾਨ ਦਾ ਪੜਪੋਤਾ ਸੀ ਜਿਹੜਾ ਕਿ ਪੁਨਰ-ਜਨਮ ਲੜੀ ਵਿਚ ਇਕੱਲਾ ਗੈਰਤਿੱਬਤੀ ਸੀ। ਅਗਲਾ ਦਲਾਈ ਲਾਮਾ (1617–82) ਆਮ ਤੌਰ ਤੇ 'ਗ੍ਰੇਟ ਫਿਫਥ' ਕਰਕੇ ਜਾਣਿਆ ਜਾਂਦਾ ਸੀ। ਤਿੱਬਤ ਦੇ ਦੁਨਿਆਵੀ ਸ਼ਾਸਨ ਵਾਸਤੇ ਉਸ ਨੇ ਖੋਸ਼ਹਾਉਡ ਮੰਗੋਲਾਂ ਦੀ ਫ਼ੌਜੀ ਸਹਾਇਤਾ ਨਾਲ ਸੰਪ੍ਰਦਾਇ ਦਾ ਦੂਜੇ ਵਿਰੋਧੀ ਸੰਪ੍ਰਦਾਇ ਉਪਰ ਪ੍ਰਭੁਤਵ ਸਥਾਪਿਤ ਕੀਤਾ। ਉਸ ਦੇ ਰਾਜ ਦੌਰਾਨ ਲਹਾਸਾ ਵਿਖੇ ਦਲਾਈ ਲਾਮਾ ਦਾ ਆਲੀਸ਼ਾਨ ਸਰਦ ਮਹਿਲ ਪੋਤਾਲ ਬਣਿਆ।

ਛੇਵਾਂ ਮੁਖੀ Ishangs-dbyangs rgya-mtsho (1683–1706) ਧਾਰਮਿਕ ਕੱਟੜਤਾ ਦਾ ਵਿਰੋਧੀ ਅਤੇ ਰੋਮਾਂਟਿਕ ਕਾਵਿ ਲਿਖਾਰੀ ਸੀ ਜੋ ਕਿ ਇਸ ਗੱਦੀ ਤੇ ਬੈਠਣ ਦੇ ਉੱਚ ਅਧਿਕਾਰ ਦੇ ਬਿਲਕੁਲ ਕਾਬਲ ਨਹੀਂ ਸੀ। ਉਹ ਮੰਗੋਲਾਂ ਦੁਆਰਾ ਗੱਦੀਉਂ ਉਤਾਰਿਆ ਗਿਆ ਅਤੇ ਫ਼ੌਜੀ ਸੁਰਖਿਆ ਅਧੀਨ ਚੀਨ ਲੈ ਕੇ ਜਾਂਦੇ ਹੋਏ ਉਸ ਦੀ ਮੌਤ ਹੋ ਗਈ।

ਸੱਤਵੇਂ ਮੁਖੀ (1708–57) ਦੇ ਸ਼ਾਸਨ ਸਮੇਂ ਖ਼ਾਨਾਜੰਗੀ ਅਤੇ ਚੀਨੀ ਮਨਚੂਆਂ ਦੀ ਤਿੱਬਤ ਤੇ ਸਰਦਾਰੀ ਸਥਾਪਿਤ ਹੋਈ। ਅੱਠਵੇਂ ਮੁਖੀ Jan dpal-rgya mksha (1758–1804) ਦੇ ਰਾਜ ਦੌਰਾਨ ਦੇਸ਼ ਤੇ ਨੇਪਾਲ ਦੇ ਗੋਰਖਾ ਫ਼ੌਜੀਆਂ ਵਲੋਂ ਧਾਵਾ ਬੋਲਿਆ ਗਿਆ ਪਰ ਚੀਨ ਦੀ ਸਹਾਇਤਾ ਨਾਲ ਉਨ੍ਹਾਂ ਨੂੰ ਹਰਾ ਦਿੱਤਾ ਗਿਆ। ਅਗਲੇ ਚਾਰੋ ਦਲਾਈ ਲਾਮੇ ਛੋਟੀ ਉਮਰ ਵਿਚ ਹੀ ਪਰਲੋਕ ਸਿਧਾਰ ਗਏ ਅਤੇ ਸ਼ਾਸਨ ਦਾ ਭਾਰ ਚਾਰ ਹਾਕਮਾਂ Lung-rtogs-rgya-mtsho (1806-15), Tshul-Khrims-rgya-mtsho (1816-37), Mahas-grab rgya-mtsho (1838-56) ਅਤੇ Phrin-Las-rgya-mtsho (1856-75) ਨੇ ਸੰਭਾਲਿਆ।

ਤੇਰਵਾਂ ਦਲਾਈ ਲਾਮਾ Thub-bstan Egya-mtsho (1875–1933) ਇਕ ਮਹਾਨ ਸ਼ਖਸੀਅਤ ਸੀ ਜਿਸ ਨੇ ਆਪਣੀ ਵਿਅਕਤੀਗਤ ਕਾਬਲੀਅਤ ਅਤੇ ਅਧਿਕਾਰਾਂ ਸਹਿਤ ਸ਼ਾਸ਼ਨ ਕੀਤਾ। ਸੰਨ 1912 ਵਿਚ ਚੀਨ ਦੇ ਅੰਦਰ ਹੀ ਸ਼ਾਸਕ ਰਾਜਬੰਧ ਦੇ ਵਿਰੁੱਧ ਇਥੇ ਇਕ ਸਫਲ ਵਿਦਰੋਹ ਦੇ ਨਤੀਜੇ ਵਜੋਂ ਤਿੱਬਤੀਆਂ ਨੂੰ ਵੱਖ ਵੱਖ ਹੋਈਆਂ ਚੀਨੀ ਫ਼ੌਜਾਂ ਨੂੰ ਹਟਾਉਣ ਦਾ ਅਵਸਰ ਮਿਲਿਆ ਅਤੇ ਦਲਾਈ ਲਾਮਾ ਨੇ ਇਕ ਪ੍ਰਭੂਸਤਾ ਵਾਲੇ ਰਾਜ ਦੇ ਮੁਖੀ ਦੇ ਰੂਪ ਵਿਚ ਰਾਜ ਕੀਤਾ।

ਚੌਦਵੇਂ ਅਤੇ ਦਲਾਈ ਲਾਮਿਆਂ ਦੀ ਲੜੀ ਵਿਚ ਮੌਜੂਦਾ ਮੁਖੀ Bstan-'dzin rgya mtsho ਤਿੱਬਤੀ ਵੰਸ਼ੀ ਦਾ ਜਨਮ 1935 ਵਿਚ ਚੀਨ ਦੇ ਸ਼ਿਘਾਈ ਪ੍ਰਾਂਤ ਵਿਚ ਹੋਇਆ। ਸੰਨ 1940 ਵਿਚ ਇਸ ਨੂੰ ਗੱਦੀ ਤੇ ਬਿਠਾਇਆ ਗਿਆ ਪਰ 1959 ਵੇਲੇ ਸਾਮਵਾਦੀ ਚੀਨੀ ਤਾਕਤਾਂ ਜਿਨ੍ਹਾਂ ਨੇ 1950 ਤੋਂ ਦੇਸ਼ ਤੇ ਕਬਜ਼ਾ ਕੀਤਾ ਹੋਇਆ ਸੀ ਦੇ ਵਿੱਰੁਧ ਤਿੱਬਤੀ ਲੋਕਾਂ ਵਲੋਂ ਕੀਤੇ ਗਏ ਅਸਫਲ ਵਿਦਰੋਹ

ਕਰਕੇ ਇਸ ਨੂੰ ਦੇਸ਼ ਨਿਕਾਲਾ ਦਿੱਤਾ ਗਿਆ ਅਤੇ ਅਪ੍ਰੈਲ, 1959 ਵਿਚ ਇਸ ਨੇ ਭਾਰਤ ਦੇਸ਼ ਵਿਚ ਸ਼ਰਨ ਲਈ।

ਹ.ਪੁ.—ਐਨ. ਬ੍ਰਿ. 7 : 3; ਐਨ. ਬ੍ਰਿ.ਮਾ. 3 : 351; ਐਨ. ਅਮੈ. 16 : 656

ਦਲਾਲ : ਦਲਾਲ ਇਕ ਵਿਚੋਲਾ ਜਾਂ ਏਜੰਟ ਹੁੰਦਾ ਹੈ ਜਿਹੜਾ ਕਿਸੇ ਵਸਤੂ, ਅਸਲ ਜਾਇਦਾਦ, ਸਟਾਕ, ਬਾਂਡ ਅਤੇ ਬੀਮਾ ਪਾਲਿਸੀਆਂ ਦੀ ਵੇਚ-ਖਰੀਦ ਵਿਚ ਆਪਣੀ ਪ੍ਰਮੁੱਖ ਧਿਰ ਅਤੇ ਦੂਜੀ ਧਿਰ ਵਿਚਕਾਰ ਗੱਲਬਾਤ ਰਾਹੀਂ ਸੌਦਾ ਕਰਵਾਉਂਦਾ ਹੈ। ਇਹ ਇਨ੍ਹਾਂ ਚੀਜ਼ਾਂ ਦਾ ਆਪ ਮਾਲਕ ਨਹੀਂ ਹੁੰਦਾ ਅਤੇ ਨਾ ਹੀ ਇਹ ਚੀਜ਼ਾਂ ਉਸ ਦੇ ਕੋਲ ਹੁੰਦੀਆਂ ਹਨ। ਉਹ ਤਾਂ ਇਕ ਸੁਤੰਤਰ ਏਜੰਟ ਹੁੰਦਾ ਹੈ ਅਤੇ ਕਿਸੇ ਦਾ ਨੌਕਰ ਨਹੀਂ ਹੁੰਦਾ। ਦਲਾਲ ਇਕ ਵਿਅਕਤੀ, ਫਰਮ ਜਾਂ ਨਿਗਮ ਵੀ ਹੋ ਸਕਦੀ ਹੈ। ਇਸ ਤਰ੍ਹਾਂ ਹਰ ਇਕ ਦਲਾਲ ਇਕ ਤਰ੍ਹਾਂ ਨਾਲ ਏਜੰਟ ਹੁੰਦਾ ਹੈ ਪਰੰਤੂ ਹਰ ਇਕ ਏਜੰਟ ਦਲਾਲ ਨਹੀਂ ਹੁੰਦਾ। ਆਮ ਤੌਰ ਤੇ ਦਲਾਲ ਨੂੰ ਆਪਣਾ ਕੰਮ ਕਰਨ ਲਈ ਕਾਨੂੰਨ ਅਨੁਸਾਰ ਲਸੰਸ ਲੈਣਾ ਪੈਂਦਾ ਹੈ। ਭਾਵੇਂ ਦਲਾਲ ਦਾ ਕੰਮ ਇਕ ਏਜੰਟ ਜਾਂ ਇਕ ਕਮਿਸ਼ਨ-ਵਪਾਰੀ ਵਰਗਾ ਹੀ ਹੁੰਦਾ ਹੈ ਪਰੰਤੂ ਕਾਨੂੰਨ ਦੀ ਨਿਗਾਹ ਵਿਚ ਇਹ ਉਨ੍ਹਾਂ ਤੋਂ ਵੱਖਰਾ ਹੁੰਦਾ ਹੈ। ਇਕ ਏਜੰਟ ਆਪਣੇ ਮਾਲਕ ਨੂੰ ਉਸ ਦੁਆਰਾ ਦਿੱਤੇ ਗਏ ਅਖ਼ਤਿਆਰ ਦੇ ਅਨੁਸਾਰ ਹੀ ਵਸਤੂ ਦੀ ਵਿਕਰੀ ਲਈ ਪਾਬੰਦ ਕਰ ਸਕਦਾ ਹੈ। ਇਸੇ ਤਰ੍ਹਾਂ ਕਮਿਸ਼ਨ-ਵਪਾਰੀ ਦੇ ਕੋਲ ਮਾਲਕ ਦੀਆਂ ਵਸਤਾਂ ਹੁੰਦੀਆਂ ਹਨ ਅਤੇ ਉਹ ਮਾਲਕ ਨੂੰ ਦੱਸੀਆਂ ਹੋਈਆਂ ਸ਼ਰਤਾਂ ਤੇ ਕੀਮਤਾਂ ਦੇ ਅਨੁਸਾਰ ਹੀ ਵਸਤੂ ਦੀ ਵਿਕਰੀ ਦਾ ਅਧਿਕਾਰ ਰੱਖਦਾ ਹੈ ਪਰੰਤੂ ਇਕ ਦਲਾਲ ਦੇ ਕੋਲ ਆਮ ਅਖ਼ਤਿਆਰ ਨਹੀਂ ਹੁੰਦੇ, ਉਸ ਨੂੰ ਕੇਵਲ ਮਾਲਕ ਦੁਆਰਾ ਵੇਚੀਆਂ ਜਾਣ ਵਾਲੀਆਂ ਵਸਤਾਂ ਦੇ ਬਦਲੇ ਵਿਚ ਇਕ ਰਕਮ ਦੀ ਪ੍ਰਾਪਤੀ ਹੁੰਦੀ ਹੈ ਜਿਸ ਨੂੰ ਕਮਿਸ਼ਨ ਆਖਿਆ ਜਾਂਦਾ ਹੈ।

ਦਲਾਲ ਦੀ ਹੈਸੀਅਤ ਵਿਚ ਕੰਮ ਕਰਨ ਵਾਲਾ ਵਿਅਕਤੀ ਇਕ ਉੱਚ-ਕੋਟੀ ਦਾ ਮਾਹਿਰ ਵਿਚੋਲਾ ਹੁੰਦਾ ਹੈ ਜਿਸ ਕੋਲ ਨਾ ਤਾਂ ਵਸਤਾਂ ਦੇ ਸਟਾਕ ਹੀ ਹੁੰਦੇ ਹਨ ਅਤੇ ਨਾ ਹੀ ਉਹ ਮੰਡੀ ਦੇ ਜੋਖਿਆਂ ਨੂੰ ਸਹਿਣ ਕਰਦਾ ਹੈ। ਉਹ ਆਪਣੇ ਕੋਲੋਂ ਕਿਸੇ ਵੀ ਚੀਜ਼ ਦੇ ਮਾਲਕੀ ਹੱਕਾਂ ਦੀ ਬਦਲੀ ਨਹੀਂ ਕਰਦਾ ਅਤੇ ਨਾ ਹੀ ਵੇਚ ਖਰੀਦ ਲਈ ਰਾਸ਼ੀ ਦਿੰਦਾ ਹੈ। ਦੋ ਧਿਰਾਂ ਵਿਚਕਾਰ ਸੌਦਾ ਕਰਵਾਉਣ ਦੇ ਬਦਲੇ ਉਸ ਨੂੰ ਆਪਣੀ ਸੇਵਾ ਦੀ ਹੀ ਫੀਸ ਪ੍ਰਾਪਤ ਹੁੰਦੀ ਹੈ।

ਦਲਾਲ ਇਕ ਨਿਸ਼ਚਿਤ ਅਖ਼ਤਿਆਰ ਦੇ ਘੇਰੇ ਵਿਚ ਹੀ ਕੰਮ ਕਰਦਾ ਹੈ। ਉਹ ਮਾਲਕ ਵਲੋਂ ਸੌਂਪੇ ਗਏ ਅਖ਼ਤਿਆਰ ਦੇ ਅਨੁਸਾਰ ਹੀ ਕਿਸੇ ਤੀਸਰੇ ਵਿਅਕਤੀ ਨਾਲ ਸੌਦਾ ਕਰਦਾ ਹੈ। ਉਸ ਦੁਆਰਾ ਅਖ਼ਤਿਆਰ ਦੇ ਅੰਦਰ ਰਹਿੰਦੇ ਹੋਏ ਜਿਹੜੇ ਸੌਦੇ ਕੀਤੇ ਜਾਂਦੇ ਹਨ, ਮਾਲਕ ਉਨ੍ਹਾਂ ਲਈ ਹੀ ਪਾਬੰਦ ਹੁੰਦਾ ਹੈ। ਆਮ ਤੌਰ ਤੇ ਦਲਾਲ ਨੂੰ ਉਧਾਰ ਉੱਤੇ ਚੀਜ਼ਾਂ ਦੀ ਖਰੀਦ ਅਤੇ ਵਿਕਰੀ ਕਰਨ ਦਾ ਹੱਕ ਨਹੀਂ ਦਿੱਤਾ ਜਾਂਦਾ। ਇਸੇ ਤਰ੍ਹਾਂ ਉਹ ਤਜਾਰਤੀ ਵਸਤਾਂ ਦੀ ਮਲਕੀਅਤ ਨੂੰ ਕਿਸੇ ਦੂਸਰੇ ਦੇ ਨਾਂ ਤੇ ਉਦੋਂ ਤੱਕ ਨਹੀਂ ਬਦਲ ਸਕਦਾ ਜਦੋਂ ਤੱਕ ਦੋ ਧਿਰਾਂ ਵਿਚਕਾਰ ਸੌਦੇ ਦੀਆਂ ਸ਼ਰਤਾਂ ਤੈਅ ਨਹੀਂ ਹੋ ਜਾਂਦੀਆਂ ਅਤੇ ਖਰੀਦਦਾਰ ਵੱਲੋਂ ਵਿਕ੍ਰੇਤੇ ਨੂੰ ਰਕਮ ਦੀ ਅਦਾਇਗੀ ਨਹੀਂ ਹੋ ਜਾਂਦੀ। ਆਮ ਤੌਰ ਤੇ ਉਸ ਨੂੰ ਆਪਣੇ ਨਾਂ ਤੇ ਸੌਦਾ ਕਰਨ ਦਾ ਅਧਿਕਾਰ ਨਹੀਂ ਦਿੱਤਾ ਜਾਂਦਾ। ਕਾਨੂੰਨ ਅਨੁਸਾਰ ਇਕ ਦਲਾਲ ਆਪਣੇ ਮਾਲਕ ਦੇ ਹਿੱਤ ਨੂੰ ਨੁਕਸਾਨ ਪਹੁੰਚਾ ਕੇ ਆਪਣੇ ਹਿੱਤ ਵਿਚ ਸੌਦੇ ਨਹੀਂ ਕਰ ਸਕਦਾ। ਉਸ ਦਾ ਕੰਮ ਕੇਵਲ ਦੋ ਧਿਰਾਂ ਵਿਚਕਾਰ ਸੌਦੇ ਕਰਵਾ ਕੇ ਕਮਿਸ਼ਨ ਦੇ ਰੂਪ ਵਿਚ ਆਮਦਨ ਪ੍ਰਾਪਤ ਕਰਨਾ ਹੈ। ਦਲਾਲ ਦੇ ਆਪਣੇ ਮਾਲਕਾਂ ਨਾਲ ਨਿਰੰਤਰ ਸਬੰਧ ਹੋ ਸਕਦੇ ਹਨ ਜਾਂ ਉਹ ਇਕ ਸੌਦੇ ਲਈ ਕੀਤੇ ਇਕ ਵੱਖਰੇ, ਇਕਰਾਰਨਾਮੇ ਅਧੀਨ ਕੰਮ ਕਰ ਸਕਦੇ ਹਨ। ਮਾਲਕ ਅਤੇ ਦਲਾਲ ਵਿਚਕਾਰ ਮੁਆਇਦੇ ਲਿਖਤੀ ਜਾਂ ਜ਼ੁਬਾਨੀ ਵੀ ਹੋ ਸਕਦੇ ਹਨ। ਜੇਕਰ ਮੁਆਇਦੇ ਕਿਸੇ ਨਿਸ਼ਚਿਤ ਸਮੇਂ ਲਈ ਨਾ ਕੀਤੇ ਗਏ ਹੋਣ ਤਾਂ ਉਹ ਆਪਣੀ ਮਰਜ਼ੀ ਅਨੁਸਾਰ ਕਿਸੇ ਸਮੇਂ ਵੀ ਖ਼ਤਮ ਕੀਤੇ ਜਾ ਸਕਦੇ ਹਨ ਪਰ ਜੇਕਰ ਇਕ ਦਲਾਲ ਨਿਸ਼ਚਿਤ ਸਮੇਂ ਲਈ ਨਿਯੁਕਤ ਕੀਤਾ ਜਾਂਦਾ ਹੈ ਅਤੇ ਉਸ ਦਾ ਮਾਲਕ ਸਮੇਂ ਤੋਂ ਪਹਿਲਾਂ ਹੀ ਬਿਨਾਂ ਕਿਸੇ ਕਾਰਨ ਦੇ ਇਹ ਇਕਰਾਰਨਾਮਾ ਤੋੜ ਦੇਵੇ ਤਾਂ ਉਸ ਸੂਰਤ ਵਿਚ ਮਾਲਕ ਹਰਜਾਨੇ ਲਈ ਜ਼ਿੰਮੇਵਾਰ ਠਹਿਰਾਇਆ ਜਾ ਸਕਦਾ ਹੈ।

ਦਲਾਲਾਂ ਦੀਆਂ ਕਿਸਮਾਂ—ਦਲਾਲਾਂ ਦੁਆਰਾ ਵਪਾਰ ਵਿਚ ਕੀਤੇ ਜਾਣ ਵਾਲੇ ਕੰਮ ਦੇ ਆਧਾਰ ਤੇ ਉਨ੍ਹਾਂ ਨੂੰ ਹੇਠ ਲਿਖੀਆਂ ਸ਼੍ਰੇਣੀਆਂ ਵਿਚ ਵੰਡਿਆ ਗਿਆ ਹੈ :—

ਤਜਾਰਤੀ ਵਸਤਾਂ ਦੇ ਦਲਾਲ—ਤਜਾਰਤੀ ਵਸਤਾਂ ਦੇ ਸਬੰਧ ਵਿਚ ਤਿੰਨ ਤਰ੍ਹਾਂ ਦੇ ਦਲਾਲ ਹੁੰਦੇ ਹਨ—ਥੋਕ ਵਪਾਰੀਆਂ ਜਾਂ ਉਤਪਾਦਕਾਂ ਦੇ ਦਲਾਲ, ਨਿਰਮਾਤਿਆਂ ਦੇ ਏਜੰਟ ਅਤੇ ਵਿਕਰੀ ਏਜੰਟ। ਸਯੁੰਕਤ ਰਾਜ ਸੇਂਸਿਸ ਬਿਊਰੋ ਅਨੁਸਾਰ ਥੋਕ ਦਲਾਲ ਉਹ ਹੁੰਦੇ ਹਨ ਜਿਨ੍ਹਾਂ ਦਾ ਕੰਮ ਖਰੀਦਦਾਰਾਂ ਅਤੇ ਵਿਕ੍ਰੇਤਿਆਂ ਵਿਚਕਾਰ ਸੌਦਾ ਕਰਨ ਬਾਰੇ ਗੱਲਬਾਤ ਕਰਵਾਉਣਾ ਹੁੰਦਾ ਹੈ। ਇਹ ਆਪਣੇ ਮਾਲਕਾਂ ਜਿਹੜੇ ਕਿ ਆਮ ਕਰ ਕੇ ਵਪਾਰੀ ਜਾਂ ਉਤਪਾਦਕ ਹੁੰਦੇ ਹਨ, ਲਈ ਏਜੰਟਾਂ ਵਜੋਂ ਕੰਮ ਕਰਦੇ ਹਨ ਭਾਵੇਂ ਕਈ ਵਾਰ ਇਹ ਪਰਚੂਨ ਵਪਾਰੀਆਂ ਦੀ ਵੀ ਪ੍ਰਤੀਨਿਧਤਾ ਕਰਦੇ ਹਨ। ਇਨ੍ਹਾਂ ਕੋਲ ਵਸਤਾਂ ਪ੍ਰਤੀ ਹੱਕ-ਮਾਲਕੀ ਨਹੀਂ ਹੁੰਦੀ ਅਤੇ ਨਾ ਹੀ ਆਮ ਕਰ ਕੇ ਉਹ ਵਸਤਾਂ ਇਨ੍ਹਾਂ ਦੇ ਕਬਜ਼ੇ ਵਿਚ ਹੁੰਦੀਆਂ ਹਨ ਅਤੇ ਨਾ ਹੀ ਇਹ ਆਪਣੇ ਗਾਹਕਾਂ ਨੂੰ ਫਾਈਨੈਂਸ ਹੀ ਕਰਦੇ ਹਨ। ਆਮ ਕਰ ਕੇ ਇਨ੍ਹਾਂ ਦਾ ਕੋਈ ਇਲਾਕਾ ਵੀ ਸੀਮਤ ਨਹੀਂ ਕੀਤਾ ਹੁੰਦਾ ਅਤੇ ਇਹ ਜਿਥੇ ਕਿਤੇ ਮੌਕਾ ਮਿਲੇ ਉਥੇ ਹੀ ਵਸਤਾਂ ਦੀ ਵੇਚ ਅਤੇ ਖਰੀਦ ਕਰ ਸਕਦੇ ਹਨ। ਇਨ੍ਹਾਂ ਦਾ ਖ਼ਾਸ ਪਦਾਰਥਾਂ ਅਨਾਜ, ਕਪਾਹ, ਬਸਤਰ, ਰਸਾਇਣ-ਪਦਾਰਥਾਂ, ਜੰਗਲੀ ਲੱਕੜ ਅਤੇ ਤੇਲ ਵਿਚ ਬਹੁਤ ਮਹੱਤਵ-ਪੂਰਨ ਸਥਾਨ ਹੈ। ਨਿਰਮਾਤਿਆਂ ਦੇ ਏਜੰਟ ਕੁਝ ਇਕ ਨਿਰਮਾਤਿਆਂ ਦੁਆਰਾ ਪੈਦਾ ਕੀਤੀ ਜਾਣ ਵਾਲੀ ਵਸਤੂ ਦੇ ਉਤਪਾਦਕ ਦੇ ਕੁਝ ਹਿੱਸੇ ਦੀ ਹੀ ਵਿਕਰੀ ਦਾ ਪ੍ਰਬੰਧ ਕਰਦੇ ਹਨ। ਅਜਿਹੇ ਦਲਾਲਾਂ ਦੇ ਨਿਰਮਾਤਿਆਂ ਨਾਲ ਨਿਰੰਤਰ ਸਬੰਧ ਬਣੇ ਰਹਿੰਦੇ ਹਨ ਅਤੇ ਉਨ੍ਹਾਂ ਦੇ ਕਾਰਜ-ਖੇਤਰ, ਕੀਮਤਾਂ ਅਤੇ ਵਿਕਰੀ ਦੀਆਂ ਸ਼ਰਤਾਂ ਵੀ ਸੀਮਿਤ ਕੀਤੀਆਂ ਹੁੰਦੀਆਂ ਹਨ। ਭਾਵੇਂ ਇਨ੍ਹਾਂ ਦਾ ਪ੍ਰਮੁੱਖ ਕਾਰਜ ਵਿਕਰੀ ਕਰਨਾ ਹੀ ਹੁੰਦਾ ਹੈ ਪਰ ਉਹ ਕੁਝ ਵਸਤਾਂ ਨੂੰ ਮਾਲ ਸੌਦਿਆਂ ਵਿਚ ਹੀ ਰੱਖ ਸਕਦੇ ਹਨ। ਆਮ ਤੌਰ ਤੇ ਅਜਿਹੇ ਦਲਾਲ ਦੋ ਜਾਂ ਦੋ ਤੋਂ ਵੱਧ ਨਿਰਮਾਤਿਆਂ ਦੀ ਪ੍ਰਤਿਨਿਧਤਾ ਕਰਦੇ ਹਨ ਅਤੇ ਉਨ੍ਹਾਂ ਦੀਆਂ ਕੇਵਲ ਪੂਰਨ ਪਰ ਗ਼ੈਰ-ਮੁਕਾਬਲਾਕਾਰੀ ਵਸਤਾਂ ਹੀ ਵੇਚਦੇ ਹਨ। ਇਨ੍ਹਾਂ ਦਾ ਮੋਟਰ-ਗੱਡੀਆਂ ਦੇ ਸਾਜ਼ੋ-ਸਮਾਨ, ਰਸਾਇਣਕ ਪਦਾਰਥ, ਬਿਜਲੀ ਦੇ ਜੰਤਰਾਂ, ਕੱਪੜਾ, ਬਸਤਰਾਂ, ਡੱਬੇ ਬੰਦ, ਖ਼ਾਸ ਪਦਾਰਥਾਂ, ਕਰਿਆਨੇ ਦਾ ਸਾਮਾਨ, ਮਸ਼ੀਨਰੀ, ਫ਼ੌਲਾਦ, ਫ਼ਰਨੀਚਰ ਅਤੇ ਘਰ ਨੂੰ ਸਜਾਉਣ ਵਾਲੀਆਂ ਵਸਤਾਂ ਦੀ ਵਿਕਰੀ ਵਿਚ ਬਹੁਤ ਅਹਿਮ ਰੋਲ ਹੁੰਦਾ ਹੈ। ਵਿਕਰੀ ਏਜੰਟ ਆਮ ਤੌਰ ਤੇ ਇਕੋ ਕਿਸਮ ਦੀਆਂ ਵਸਤਾਂ ਦਾ ਉਤਪਾਦਨ ਕਰਨ ਵਾਲੇ ਇਕ ਜਾਂ ਇਕ ਤੋਂ ਵੱਧ ਉਤਪਾਦਕਾਂ ਦੇ ਹੀ ਏਜੰਟ ਹੁੰਦੇ ਹਨ ਅਤੇ ਉਨ੍ਹਾਂ ਨਾਲ ਇਨ੍ਹਾਂ ਦਾ ਨਿਰੰਤਰ ਸਬੰਧ ਬਣਿਆ ਰਹਿੰਦਾ ਹੈ। ਉਹ ਆਪਣੇ ਗਾਹਕਾਂ ਲਈ ਵਿੱਤ ਦਾ ਪ੍ਰਬੰਧ ਵੀ ਕਰਦੇ ਹਨ ਅਤੇ ਕੁਝ ਹਾਲਤਾਂ ਵਿਚ ਮਾਲਕਾਂ ਲਈ ਕੁਝ ਦੂਸਰੀਆਂ ਤਜਾਰਤੀ ਵਸਤਾਂ ਦੀ ਵਿਕਰੀ ਦਾ ਪ੍ਰਬੰਧ ਵੀ ਕਰਦੇ ਹਨ।

ਇਨ੍ਹਾਂ ਤਿੰਨਾਂ ਕਿਸਮਾਂ ਦੇ ਤਜਾਰਤੀ ਦਲਾਲਾਂ ਦਾ ਮੁੱਖ ਕੰਮ ਉਤਪਾਦਕਾਂ ਦੁਆਰਾ ਪੈਦਾ ਕੀਤੀਆਂ ਜਾਣ ਵਾਲੀਆਂ ਵਸਤਾਂ ਦੀ ਵਿਕਰੀ ਕਰਵਾਉਣਾ, ਸੂਚਨਾ ਦੇਣਾ ਅਤੇ ਉਨ੍ਹਾਂ ਨੂੰ ਸਲਾਹ ਦੇਣਾ ਹੈ। ਵਿਕਰੀ ਏਜੰਟ ਮਾਲਕਾਂ ਦੀ ਵਿੱਤੀ ਸਹਾਇਤਾ ਵੀ ਕਰਦੇ ਹਨ। ਅਜਿਹੇ ਦਲਾਲ ਆਮ ਤੌਰ ਤੇ ਵਸਤਾਂ ਦੀ ਵਿਕਰੀ ਦਾ ਪ੍ਰਬੰਧ ਉਦਯੋਗਿਕ ਖ਼ਰੀਦਦਾਰਾਂ, ਥੋਕ ਵਿਕ੍ਰੇਤਿਆਂ, ਸੰਸਥਾਵਾਂ ਅਤੇ ਵੱਡੇ ਪ੍ਰਚੂਨ ਵਿਕ੍ਰੇਤਿਆਂ ਲਈ ਕਰਦੇ ਹਨ। ਇਕ ਦਲਾਲ ਕਈ ਉਤ-ਪਾਦਕਾਂ ਦੀ ਪ੍ਰਤੀਨਿਧਤਾ ਕਰਦਾ ਹੈ। ਇਨ੍ਹਾਂ ਦਲਾਲਾਂ ਨੂੰ ਮਿਲਣ ਵਾਲਾ ਕਮਿਸ਼ਨ ਵੀ ਵੱਖ-ਵੱਖ ਹੁੰਦਾ ਹੈ ਅਤੇ ਇਹ 1 ਤੋਂ 10 ਪ੍ਰਤੀਸ਼ਤ ਜਾਂ ਜ਼ਿਆਦਾ ਵੀ ਹੋ ਸਕਦਾ ਹੈ। ਕਮਿਸ਼ਨ ਦੀ ਦਰ ਦਲਾਲ ਦੀ ਸੇਵਾ ਅਤੇ ਵਸਤਾਂ ਦੀ ਕਿਸਮ ਤੇ ਨਿਰਭਰ ਕਰਦੀ ਹੈ।

ਖ਼ਰੀਦਾਰੀ ਦਲਾਲ—ਜਿਹੜੇ ਦਲਾਲ ਆਪਣੇ ਮਾਲਕਾਂ ਲਈ ਵਿਸ਼ੇਸ਼ ਕਿਸਮ ਦੀਆਂ ਵਸਤਾਂ ਦੀ ਖਰੀਦ ਦਾ ਪ੍ਰਬੰਧ ਕਰਦੇ ਹਨ ਉਨ੍ਹਾਂ ਨੂੰ ਖ਼ਰੀਦਾਰੀ ਦਲਾਲ ਆਖਿਆ ਜਾਂਦਾ ਹੈ। ਉਦਾਹਰਣ ਲਈ ਕਰਿਆਨੇ ਦਾ ਸਮਾਨ, ਰੰਗਾਂ ਦਾ ਸਾਮਾਨ , ਕੱਪੜਾ, ਪੌਸ਼ਾਕ ਆਦਿ ਵਸਤਾਂ ਦੀ ਖਰੀਦ ਦਾ ਪ੍ਰਬੰਧ ਇਨ੍ਹਾਂ ਦਲਾਲਾਂ ਦੁਆਰਾ ਹੀ ਮਾਲਕਾਂ ਲਈ ਕੀਤਾ ਜਾਂਦਾ ਹੈ। ਇਹ ਦਲਾਲ ਆਪਣੇ ਮਾਲਕਾਂ ਲਈ ਖਰੀਦੀਆਂ ਜਾਣ ਵਾਲੀਆਂ ਵਸਤਾਂ ਦੀ ਭਾਲ ਕਰਦੇ ਹਨ ਅਤੇ ਖਰੀਦ ਮੁਆਇਦਿਆਂ ਸਬੰਧੀ ਗੱਲਬਾਤ ਕਰਦੇ ਹਨ। ਕਈ ਵਾਰ ਇਹ ਬਹੁਤ ਸਾਰੇ ਖ਼ਰੀਦਾਰਾਂ ਦੇ ਆਰਡਰ ਇਕੱਠੇ ਕਰ ਕੇ ਮਿਕਦਾਰ-ਕੀਮਤਾਂ ਵੀ ਪ੍ਰਾਪਤ ਕਰਦੇ ਹਨ। ਮੁਆਇਦੇ ਖ਼ਤਮ ਵੀ ਕਰਦੇ ਹਨ ਅਤੇ ਆਪਣੇ ਮਾਲਕਾਂ ਨੂੰ ਕੀਮਤਾਂ ਬਾਰੇ ਸੂਚਨਾ ਦਿੰਦੇ ਹਨ। ਇਨ੍ਹਾਂ ਕੰਮਾਂ ਦੇ ਬਦਲੇ ਖ਼ਰੀਦਾਰ ਮਾਲਕਾਂ ਵੱਲੋਂ ਉਨ੍ਹਾਂ ਨੂੰ ਕਮਿਸ਼ਨ ਦਿੱਤਾ ਜਾਂਦਾ ਹੈ ਪਰ ਕੁਝ ਦਲਾਲ ਅਜਿਹੇ ਵੀ ਹੁੰਦੇ ਹਨ ਜਿਹੜੇ ਪ੍ਰਤੀਨਿਧਤਾ ਤਾਂ ਖ਼ਰੀਦਾਰ ਮਾਲਕਾਂ ਦੀ ਕਰਦੇ ਹਨ ਪਰ ਉਨ੍ਹਾਂ ਨੂੰ ਕਮਿਸ਼ਨ ਵਿਕਰੇਤਿਆਂ ਤੋਂ ਮਿਲਦੀ ਹੈ। ਇਸ ਤਰ੍ਹਾਂ ਦਾ ਕੰਮ ਤਜਾਰਤੀ ਕਮਿਸ਼ਨ ਏਜੰਟਾਂ ਦੁਆਰਾ ਵੀ ਕੀਤਾ ਜਾਂਦਾ ਹੈ ਅਤੇ ਉਹ ਮਾਲਕਾਂ ਲਈ ਵਿੱਤ ਅਤੇ ਮੰਡੀਕਰਣ ਦਾ ਪ੍ਰਬੰਧ ਵੀ ਕਰਦੇ ਹਨ। ਇਸ ਤੋਂ ਇਲਾਵਾ ਉਹ ਵਿਕ੍ਰੇਤਿਆਂ ਅਤੇ ਖ਼ਰੀਦਾਰਾਂ ਨੂੰ ਆਪਸ ਵਿਚ ਮਿਲਾਉਂਦੇ ਵੀ ਹਨ ਅਤੇ ਇਸ ਕੰਮ ਲਈ ਉਨ੍ਹਾਂ ਨੂੰ ਦੋਹਾਂ ਧਿਰਾਂ ਤੋਂ ਕਮਿਸ਼ਨ ਮਿਲਦਾ ਹੈ। ਦਲਾਲਾਂ ਦੇ ਮੁਕਾਬਲੇ ਤਜਾਰਤੀ ਕਮਿਸ਼ਨ ਏਜੰਟਾਂ ਦੇ ਅਖ਼ਤਿਆਰ ਵੀ ਜ਼ਿਆਦਾ ਹੁੰਦੇ ਹਨ।

ਅਸਲ ਜਾਇਦਾਦ ਦਲਾਲ—ਅਸਲ ਜਾਇਦਾਦ ਦਾ ਸਬੰਧ ਜ਼ਮੀਨ ਅਤੇ ਇਮਾਰਤ ਨਾਲ ਹੁੰਦਾ ਹੈ। ਅਸਲ ਜਾਇਦਾਦ ਦੇ ਦਲਾਲ ਉਨ੍ਹਾਂ ਵਿਅਕਤੀਆਂ ਨੂੰ ਆਖਿਆ ਜਾਂਦਾ ਹੈ ਜਿਹੜੇ ਦੋ ਧਿਰਾਂ ਵਿਚਕਾਰ ਅਸਲ ਜਾਇਦਾਦ ਦੀ ਵੇਚ-ਖਰੀਦ ਦਾ ਸੌਦਾ ਕਰਵਾਉਂਦੇ ਹਨ। ਇਸ ਕੰਮ ਦੇ ਬਦਲੇ ਦਲਾਲ ਨੂੰ ਦੋਵਾਂ ਧਿਰਾਂ ਤੋਂ ਕਮਿਸ਼ਨ ਜਾਂ ਫੀਸ ਮਿਲਦੀ ਹੈ। ਕੁਝ ਦਲਾਲ ਕਰਜ਼ੇ ਅਤੇ ਅਸਲ ਜਾਇਦਾਦ ਨੂੰ ਗਿਰਵੀ ਰੱਖਣ ਦਾ ਕੰਮ ਵੀ ਕਰਦੇ ਹਨ। ਇਸ ਤੋਂ ਇਲਾਵਾ ਇਨ੍ਹਾਂ ਦਲਾਲਾਂ ਰਾਹੀਂ ਅਸਲ ਜਾਇਦਾਦ ਦੀ ਮਲਕੀਅਤ ਨੂੰ ਰਜਿਸਟਰਡ ਕਰਵਾਉਣ ਦਾ ਕੰਮ ਵੀ ਕੀਤਾ ਜਾਂਦਾ ਹੈ। ਕੁਝ ਇਕ ਦੇਸ਼ਾਂ ਵਿਚ ਇਨ੍ਹਾਂ ਨੂੰ ਅਸਲ ਜਾਇਦਾਦ ਏਜੰਟ ਵੀ ਆਖਿਆ ਜਾਂਦਾ ਹੈ। ਇਹ ਦਲਾਲ ਦੋ-ਧਿਰਾਂ ਵਿਚਕਾਰ ਅਸਲ ਗੱਲਬਾਤ ਰਾਹੀਂ ਅਸਲ ਜਾਇਦਾਦ ਦੀ ਵੇਚ-ਖਰੀਦ ਦਾ ਪ੍ਰਬੰਧ ਕਰਦਾ ਹੈ। ਦਲਾਲ ਕਿਸੇ ਵੀ ਤਰ੍ਹਾਂ ਮਾਲਕ ਦੁਆਰਾ ਦੱਸੀਆਂ ਗਈਆਂ ਸ਼ਰਤਾਂ ਤੋਂ ਅੱਗੇ ਕੋਈ ਗੱਲਬਾਤ ਕਰਨ ਦਾ ਹੱਕ ਨਹੀਂ ਰੱਖਦਾ। ਦਲਾਲ ਦਾ ਅਖ਼ਤਿਆਰ ਆਮ ਕਰ ਕੇ ਵਿਸ਼ੇਸ਼ ਦੋਵੇਂ ਕਿਸਮਾਂ ਦਾ ਹੋ ਸਕਦਾ ਹੈ। ਆਮ ਅਖ਼ਤਿਆਰ ਦੁਆਰਾ ਦਲਾਲ ਦੀਆਂ ਸ਼ਕਤੀਆਂ ਕਾਫ਼ੀ ਹੁੰਦੀਆਂ ਹਨ ਪਰੰਤੂ ਵਿਸ਼ੇਸ਼ ਅਖ਼ਤਿਆਰ ਦੁਆਰਾ ਉਸ ਦੀ ਸ਼ਕਤੀ ਸੀਮਿਤ ਕੀਤੀ ਜਾਂਦੀ ਹੈ।

ਬੀਮਾ ਦਲਾਲ—ਉਹ ਵਿਅਕਤੀ ਜਿਹੜਾ ਬੀਮੇ ਦੇ ਖੇਤਰ ਵਿਚ ਦਲਾਲ ਦਾ ਕੰਮ ਕਰਦਾ ਹੋਵੇ, ਨੂੰ ਬੀਮਾ ਦਲਾਲ ਆਖਿਆ ਜਾਂਦਾ ਹੈ। ਅਜਿਹਾ ਵਿਅਕਤੀ ਬੀਮਾ ਪਾਲਿਸੀ ਖ਼ਰੀਦਣ ਵਾਲੇ ਵਿਅਕਤੀ ਦੀ ਪ੍ਰਤੀਨਿਧਤਾ ਕਰਦਾ ਹੈ। ਇਸ ਕੰਮ ਦੇ ਬਦਲੇ ਉਸ ਨੂੰ ਕਮਿਸ਼ਨ ਮਿਲਦੀ ਹੈ। ਉਸ ਨੂੰ ਇਹ ਕਮਿਸ਼ਨ ਬੀਮਾ ਕੰਪਨੀ ਦੁਆਰਾ ਦਿੱਤੀ ਜਾਂਦੀ ਹੈ। ਬੀਮਾ ਕਰਵਾਉਣ ਵਾਲੀਆਂ ਫਰਮਾਂ ਅਤੇ ਵਿਅਕਤੀਆਂ ਲਈ ਅਜਿਹੇ ਦਲਾਲ ਵੱਖ-ਵੱਖ ਕਿਸਮ ਦੇ ਬੀਮਿਆਂ ਦਾ ਪ੍ਰਬੰਧ ਕਰਦਾ ਹੈ। ਆਮ ਤੌਰ ਤੇ ਦਲਾਲ ਨੂੰ ਬੀਮਾ ਕੰਪਨੀ ਦੁਆਰਾ ਕੀਤੇ ਬੀਮੇ ਦੀ ਰਕਮ ਦੇ ਅਨੁਸਾਰ ਹੀ ਕਮਿਸ਼ਨ ਦਿੱਤਾ ਜਾਂਦਾ ਹੈ। ਦਲਾਲ ਕੰਪਨੀ ਦਾ ਏਜੰਟ ਨਹੀਂ ਹੁੰਦਾ। ਉਹ ਬੀਮੇ ਦਾ ਕੰਮ ਕਿਸੇ ਵੀ ਬੀਮਾ ਕੰਪਨੀ ਲਈ ਕਰ ਸਕਦਾ ਹੈ। ਅੱਗ, ਦੁਰਘਟਨਾ ਅਤੇ ਚੋਰੀ ਆਦਿ ਦੇ ਕੰਮਾਂ ਵਿਚ ਬੀਮਾ ਦਲਾਲ ਦੀ ਕਾਫ਼ੀ ਮਹੱਤਤਾ ਹੈ। ਬੀਮਾ ਕੰਪਨੀਆਂ ਜਿਨ੍ਹਾਂ ਦਆਰਾ ਵੱਖ-ਵੱਖ ਕੰਮਾਂ ਦੇ ਬੀਮੇ ਦਾ ਕੰਮ ਕੀਤਾ ਜਾਂਦਾ ਹੈ, ਲਈ ਅਜਿਹੇ ਦਲਾਲਾਂ ਦੀਆਂ ਸੇਵਾਵਾਂ ਕਾਫ਼ੀ ਮਹੱਤਤਾ ਰੱਖਦੀਆਂ ਹਨ ਕਿਉਂਕਿ ਅਜਿਹੇ ਵਿਅਕਤੀ ਉਨ੍ਹਾਂ ਨੂੰ ਕੰਮ ਲਿਆ ਕੇ ਦਿੰਦੇ ਹਨ। ਦਲਾਲ ਕੁਝ ਬੀਮਾ ਕੰਪਨੀਆਂ ਦੇ ਏਜੰਟ ਵੀ ਹੋ ਸਕਦੇ ਹਨ ਅਤੇ ਕੁਝ ਕੰਪਨੀਆਂ ਲਈ ਦਲਾਲੀ ਦਾ ਕੰਮ ਵੀ ਕਰਦੇ ਹਨ। ਬੀਮਾਂ ਦਲਾਲਾਂ ਦਾ ਅੰਤਰ-ਰਾਸ਼ਟਰੀ ਵਪਾਰ ਵਿਚ ਮਹੱਤਵਪੂਰਨ ਸਥਾਨ ਹੈ। ਬਹੁਤ ਵੱਡੀਆਂ ਕੰਪਨੀਆਂ ਘਰੇਲੂ ਅਤੇ ਅੰਤਰ-ਰਾਸ਼ਟਰੀ ਖੇਤਰ ਵਿਚ ਬੀਮੇ ਦਾ ਕੰਮ ਕਰਦੀਆਂ ਹਨ ਅਤੇ ਅਜਿਹੀਆਂ ਕੰਪਨੀਆਂ ਲਈ ਬੀਮੇ ਦਾ ਕੰਮ ਬੀਮਾ ਦਲਾਲ ਰਾਹੀਂ ਕੀਤਾ ਜਾਂਦਾ ਹੈ।

ਜਹਾਜ਼ੀ ਦਲਾਲ—ਅਜਿਹੇ ਵਿਅਕਤੀ ਜਿਹੜੇ ਜਹਾਜ਼ਾਂ ਦੀ ਵੇਚ-ਖਰੀਦ, ਜਹਾਜ਼ਾਂ ਦੇ ਸ਼ੇਅਰਾਂ ਅਤੇ ਜਹਾਜ਼ਾਂ ਤੋਂ ਸਮਾਨ ਨੂੰ ਥੱਲੇ ਲਾਹੁਣ ਅਤੇ ਉਨ੍ਹਾਂ ਉੱਤੇ ਸਾਮਾਨ ਚੜ੍ਹਾਉਣ ਦੇ ਸਬੰਧ ਵਿਚ ਦੋ-ਧਿਰਾਂ ਵਿਚਕਾਰ ਗੱਲਬਾਤ ਰਾਹੀਂ ਸੌਦਾ ਕਰਵਾਉਂਦੇ ਹਨ, ਨੂੰ ਜਹਾਜ਼ੀ ਦਲਾਲ ਆਖਿਆ ਜਾਂਦਾ ਹੈ। ਅਜਿਹੇ ਦਲਾਲ ਸਮੁੰਦਰੀ ਤਬਾਹੀ ਤੋਂ ਹੋਣ ਵਾਲੇ ਨੁਕਸਾਨ ਦੇ ਦਾਅਵਿਆਂ ਦਾ ਸਮਝੌਤਾ ਵੀ ਕਰਵਾਉਂਦੇ ਹਨ। ਜਹਾਜ਼ੀ ਦਲਾਲ ਦੁਨੀਆ ਦੀਆਂ ਮਹੱਤਵਪੂਰਨ ਬੰਦਰਗਾਹਾਂ ਤੇ ਕੰਮ ਕਰਦੇ ਹਨ। ਇਸੇ ਤਰ੍ਹਾਂ ਹੀ ਹਵਾਈ ਆਵਾਜਾਈ ਅਤੇ ਟਰੱਕਾਂ ਰਾਹੀਂ ਆਵਾਜਾਈ ਨਾਲ ਸਬੰਧਤ ਕੰਮ ਵੀ ਅਜਿਹੇ ਦਲਾਲਾਂ ਦੁਆਰਾ ਕੀਤੇ ਜਾਂਦੇ ਹਨ। ਇਨ੍ਹਾਂ ਦਲਾਲਾਂ ਨੂੰ ਜਹਾਜ਼ੀ ਕੰਪਨੀਆਂ ਅਤੇ ਇਨ੍ਹਾਂ ਨਾਲ ਸਬੰਧਤ ਗਾਹਕਾਂ ਵੱਲੋਂ ਕਮਿਸ਼ਨ ਮਿਲਦਾ ਹੈ।

ਸ਼ੇਅਰ ਦਲਾਲ—ਸ਼ੇਅਰ ਦਲਾਲ ਅਜਿਹੇ ਕਮਿਸ਼ਨ ਏਜੰਟ ਹੁੰਦੇ ਹਨ ਜਿਹੜੇ ਕਿ ਸ਼ੇਅਰ ਬਾਜ਼ਾਰ ਵਿਚ ਕੰਪਨੀਆਂ ਦੇ ਸ਼ੇਅਰ ਸਿਕਿਉਰਿਟੀ ਅਤੇ ਡੀਬੈਂਚਰ ਦੇ ਵਿਕ੍ਰੇਤਿਆਂ ਅਤੇ ਖ਼ਰੀਦਾਰਾਂ ਵਿਚਕਾਰ ਵਿਚੋਲੇ ਦਾ ਕੰਮ ਕਰਦੇ ਹਨ। ਅਜਿਹੇ ਦਲਾਲ ਸ਼ੇਅਰ ਬਾਜ਼ਾਰ ਵਿਚ ਸ਼ੇਅਰਾਂ ਦੇ ਵਿਕ੍ਰੇਤਿਆਂ ਅਤੇ ਖ਼ਰੀਦਾਰਾਂ ਵਿਚ ਸੌਦਾ ਕਰਵਾਉਣ ਵਿਚ ਸਹਾਇਤਾ ਕਰਦੇ ਹਨ। ਸ਼ੇਅਰ ਦਲਾਲ ਇਸ ਸੇਵਾ ਲਈ ਦੋਵਾਂ ਧਿਰਾਂ ਤੋਂ ਕਮਿਸ਼ਨ ਲੈਂਦੇ ਹਨ। ਉਹ ਆਪਣੇ ਵੱਲੋਂ ਸ਼ੇਅਰਾਂ ਦੀ ਵੇਚ-ਖਰੀਦ ਨਹੀਂ ਕਰਦੇ। ਇਨ੍ਹਾਂ ਵਿਅਕਤੀਆਂ ਨੂੰ ਸ਼ੇਅਰ ਬਾਜ਼ਾਰ ਵਿਚ ਸ਼ੇਅਰਾਂ ਅਤੇ ਡੀਬੈਂਚਰ ਦੀਆਂ ਕੀਮਤਾਂ ਵਿਚ ਹੋਣ ਵਾਲੇ ਉਤਰਾਅ-ਚੜ੍ਹਾਅ ਦੀ ਚੰਗੀ ਜਾਣਕਾਰੀ ਹੁੰਦੀ ਹੈ ਅਤੇ ਉਹ ਆਪਣੇ ਗਾਹਕਾਂ ਨੂੰ ਇਸ ਬਾਰੇ ਰਾਏ ਵੀ ਦਿੰਦੇ ਹਨ। ਸ਼ੇਅਰ ਦਲਾਲ ਸ਼ੇਅਰ ਖਰੀਦਣ ਵਾਲੇ ਵਿਅਕਤੀਆਂ ਤੋਂ ਪ੍ਰਾਪਤ ਹੋਣ ਵਾਲੇ ਆਰਡਰਾਂ ਨੂੰ ਜਾਂਬਰ (ਦਲਾਲ ਆੜ੍ਹਤੀ) ਦੇ ਰਾਹੀਂ ਪੂਰਾ ਕਰਦੇ ਹਨ। ਆਮ ਪੂੰਜੀ ਨਿਵੇਸ਼ ਕਰਨ ਵਾਲੇ ਵਿਅਕਤੀ ਨੂੰ ਸ਼ੇਅਰ ਬਾਜ਼ਾਰ ਬਾਰੇ

ਵਿਸ਼ੇਸ਼ ਜਾਣਕਾਰੀ ਨਹੀਂ ਹੁੰਦੀ। ਸ਼ੇਅਰ ਦਲਾਲ ਆਪਣੀ ਨਿਪੁੰਨਤਾ ਦੇ ਆਧਾਰ ਤੇ ਆਪਣੇ ਗਾਹਕਾਂ ਨੂੰ ਸ਼ੇਅਰ ਬਾਜ਼ਾਰ ਬਾਰੇ ਉਚਿਤ ਜਾਣਕਾਰੀ ਦਿੰਦੇ ਹਨ ਜਿਸ ਨਾਲ ਆਮ ਲੋਕਾਂ ਨੂੰ ਇਸ ਦਾ ਲਾਭ ਪਹੁੰਚਦਾ ਹੈ।

ਸ਼ੇਅਰ ਬਾਜ਼ਾਰ ਦੋ ਤਰ੍ਹਾਂ ਦੀਆਂ ਸਿਕਿਉਰਿਟੀਆਂ ਦਾ ਹੁੰਦਾ ਹੈ- ਪ੍ਰਾਇਮਰੀ ਸਿਕਿਉਰਿਟੀਆਂ ਅਤੇ ਸੈਕੰਡਰੀ ਸਿਕਿਉਰਿਟੀਆਂ। ਪ੍ਰਾਇਮਰੀ ਸਿਕਿਉਰਿਟੀ ਬਾਜ਼ਾਰ ਵਿਚ ਕੰਪਨੀਆਂ ਦੇ ਨਵੇਂ ਸ਼ੇਅਰ ਅਤੇ ਡੀਬੈਂਚਰ ਵੇਚੇ ਅਤੇ ਖਰੀਦੇ ਜਾਂਦੇ ਹਨ। ਇਸ ਤਰ੍ਹਾਂ ਸ਼ੇਅਰ ਦਲਾਲ ਪ੍ਰਾਇਮਰੀ ਅਤੇ ਸੈਕੰਡਰੀ ਦੋਵਾਂ ਤਰ੍ਹਾਂ ਦੇ ਬਾਜ਼ਾਰ ਵਿਚ ਵੇਚੀਆਂ ਅਤੇ ਖਰੀਦੀਆਂ ਜਾਣ ਵਾਲੀਆਂ ਸਿਕਿਉਰਟੀਆਂ ਨਾਲ ਸਬੰਧਤ ਹੁੰਦੇ ਹਨ। ਦਲਾਲ ਸ਼ੇਅਰਾਂ ਦੇ ਖ਼ਰੀਦਾਰਾਂ ਜਾਂ ਵਿਕ੍ਰੇਤਿਆਂ ਦੀ ਪ੍ਰਤੀਨਿਧਤਾ ਕਰਦੇ ਹਨ। ਸੈਕੰਡਰੀ ਸਿਕਿਉਰਿਟੀ ਬਾਜ਼ਾਰ ਵਿਚ ਉਨ੍ਹਾਂ ਦੁਆਰਾ ਸ਼ੇਅਰਾਂ ਦੀ ਖਰੀਦ ਅਤੇ ਵੇਚ ਖ਼ਰੀਦਾਰਾਂ ਅਤੇ ਵਿਕ੍ਰੇਤਿਆਂ ਦੁਆਰਾ ਦਿੱਤੀਆਂ ਗਈਆਂ ਹਦਾਇਤਾਂ ਅਨੁਸਾਰ ਕੀਤੀ ਜਾਂਦੀ ਹੈ। ਸਟਾਕ ਐਕਸਚੇਂਜ਼ ਬਾਜ਼ਾਰ ਵਿਚ ਸਿਕਿਉਰਟੀਆਂ ਦੀ ਵੇਚ ਅਤੇ ਖਰੀਦ ਸਿੱਧੇ ਤੌਰ ਤੇ ਨਹੀਂ ਕੀਤੀ ਜਾ ਸਕਦੀ। ਇਸ ਲਈ ਸ਼ੇਅਰ ਦਲਾਲ ਦੀ ਸੇਵਾ ਲੈਣੀ ਲਾਜ਼ਮੀ ਹੋ ਜਾਂਦੀ ਹੈ।


ਸ਼ੇਅਰ ਦਲਾਲ ਅਤੇ ਜਾਂਬਰ ਵਿਚ ਅੰਤਰ ਹੈ। ਸ਼ੇਅਰ ਦਲਾਲ ਦੋ ਧਿਰਾਂ ਵੱਲੋਂ ਸ਼ੇਅਰ ਦੀ ਖਰੀਦ ਅਤੇ ਵੇਚ ਕਰਦੇ ਹਨ ਜਿਸ ਦੇ ਬਦਲੇ ਉਨ੍ਹਾਂ ਨੂੰ ਕਮਿਸ਼ਨ ਮਿਲਦੀ ਹੈ ਪਰੰਤੂ ਜਾਂਬਰ ਸੁਤੰਤਰ ਤੌਰ ਤੇ ਸਿਕਿਉਰਿਟੀਆਂ ਦੀ ਵੇਚ ਅਤੇ ਖਰੀਦ ਕਰਦੇ ਹਨ, ਉਨ੍ਹਾਂ ਕੋਲ ਸ਼ੇਅਰਾਂ ਅਤੇ ਡੀਬੈਂਚਰਾਂ ਦਾ ਸਟਾਕ ਹੁੰਦਾ ਹੈ। ਇਹ ਆਪਣੇ ਵੱਲੋਂ ਹੀ ਸਿਕਿਉਰਿਟੀਆਂ ਦੀ ਖਰੀਦ ਅਤੇ ਵੇਚ ਕਰਦੇ ਹਨ। ਸ਼ੇਅਰਾਂ ਦੀਆਂ ਕੀਮਤਾਂ ਵਿਚ ਹੋਣ ਵਾਲੀਆਂ ਤਬਦੀਲੀਆਂ ਦੇ ਅੰਤਰ ਤੋਂ ਇਹ ਲਾਭ ਕਮਾਉਂਦੇ ਹਨ। ਜਾਂਬਰ ਕਿਸੇ ਦੂਸਰੇ ਵਿਅਕਤੀਆਂ ਵੱਲੋਂ ਸ਼ੇਅਰ ਦੀ ਵੇਚ ਖਰੀਦ ਨਹੀਂ ਕਰ ਸਕਦੇ। ਇਨ੍ਹਾਂ ਦੁਆਰਾ ਸ਼ੇਅਰਾਂ ਦੀ ਵੇਚ-ਖਰੀਦ ਸ਼ੇਅਰ ਦਲਾਲ ਦੁਆਰਾ ਕੀਤੀ ਜਾਂਦੀ ਹੈ। ਜਾਂਬਰ ਸ਼ੇਅਰ ਦੋ ਕੀਮਤਾਂ ਦੱਸਦੇ ਹਨ- ਇਕ ਖਰੀਦ ਕੀਮਤ ਅਤੇ ਦੂਸਰੀ ਵਿਕਰੀ ਕੀਮਤ। ਇਨ੍ਹਾਂ ਦੋਹਾਂ ਕੀਮਤਾਂ ਦਾ ਅੰਤਰ ਜਾਂਬਰ ਦਾ ਲਾਭ ਹੁੰਦਾ ਹੈ। ਲੰਡਨ ਸਟਾਕ ਐਕਸਚੇਂਜ ਬਾਜ਼ਾਰ ਵਿਚ ਜਾਂਬਰ ਅਤੇ ਸ਼ੇਅਰ ਦਲਾਲ ਦੋ ਵੱਖਰੇ ਕੰਮ ਕਰਨ ਵਾਲੇ ਵਿਅਕਤੀ ਹਨ। ਇਹ ਸਟਾਕ ਐਕਸਚੇਂਜ ਦੇ ਮੈਂਬਰ ਹੁੰਦੇ ਹਨ ਅਤੇ ਇਨ੍ਹਾਂ ਨੂੰ ਹਰ ਇਕ ਸਾਲ ਦੇ ਸ਼ੁਰੂ ਵਿਚ ਇਹ ਘੋਸ਼ਣਾ ਕਰਨੀ ਪੈਂਦੀ ਹੈ ਕਿ ਉਨ੍ਹਾਂ ਨੇ ਜਾਂਬਰ ਦਾ ਜਾਂ ਸ਼ੇਅਰ ਦਲਾਲ ਦਾ ਕੰਮ ਕਰਨਾ ਹੈ। ਇਕ ਵਾਰ ਘੋਸ਼ਣਾ ਕਰਨ ਉਪਰੰਤ ਉਹ ਦੋਹਾਂ ਵਿਚੋਂ ਘੋਸ਼ਿਤ ਕੰਮ ਹੀ ਕਰ ਸਕਦਾ ਹੈ। ਦੋਵੇਂ ਕੰਮ ਇਕ ਹੀ ਵਿਅਕਤੀ ਦੁਆਰਾ ਨਹੀਂ ਕੀਤੇ ਜਾ ਸਕਦੇ।

ਭਾਰਤ ਵਿਚ ਬੰਬਈ ਸਟਾਕ ਐਕਸਚੇਂਜ ਦੇ ਮੈਂਬਰਾਂ ਨੇ ਆਪਣੇ ਆਪ ਨੂੰ ਦੋ ਸ਼੍ਰੇਣੀਆਂ : (ੳ) ਦਲਾਲ ਅਤੇ (ਅ) ਤਾਰਾਵਾਨੀ ਵਾਲਾ ਵਿਚ ਵੰਡਿਆ ਹੋਇਆ ਹੈ। ਪਹਿਲੇ ਕਿਸਮ ਦੇ ਵਿਅਕਤੀ ਕੇਵਲ ਸ਼ੇਅਰ ਦਲਾਲ ਦਾ ਕੰਮ ਕਰਦੇ ਹਨ ਜਦੋਂ ਕਿ ਤਾਰਾਵਾਨੀਵਾਲਾ ਜਾਂਬਰ ਅਤੇ ਸ਼ੇਅਰ ਦਲਾਲ ਦੋਵਾਂ ਤਰ੍ਹਾਂ ਦਾ ਕੰਮ ਕਰਦੇ ਹਨ। ਇਕ ਤਾਰਾਵਾਨੀਵਾਲਾ ਆਪਣੇ ਵੱਲੋਂ ਜਾਂਬਰ ਦੀ ਤਰ੍ਹਾਂ ਸ਼ੇਅਰਾਂ ਦੀ ਖਰੀਦ ਅਤੇ ਵਿਕਰੀ ਕਰਦਾ ਹੈ ਅਤੇ ਨਾਲ ਹੀ ਆਮ ਲੋਕਾਂ ਵੱਲੋਂ ਸ਼ੇਅਰ ਦਲਾਲ ਦਾ ਕੰਮ ਵੀ ਕਰਦਾ ਹੈ। ਇਸ ਤਰ੍ਹਾਂ ਉਹ ਆਪਣੀਆਂ ਹੀ ਸਿਕਿਉਰਟੀਆਂ ਗਾਹਕਾਂ ਨੂੰ ਉੱਚੀਆਂ ਕੀਮਤਾਂ ਤੇ ਵੇਚਦੇ ਹਨ ਅਤੇ ਕਈ ਵਾਰੀ ਭ੍ਰਿਸ਼ਟਾਚਾਰ ਵਾਲੇ ਕੰਮ ਕਰਦੇ ਹਨ।

ਸ਼ੇਅਰ ਦਲਾਲ ਸ਼ੇਅਰ ਬਾਜ਼ਾਰ ਵਿਚ ਇਕ ਮਹੱਤਵਪੂਰਨ ਵਿਅਕਤੀ ਹੈ ਜਿਹੜਾ ਕਿ ਪਾਰਟੀਆਂ ਨੂੰ ਕੇਵਲ ਆਪਸ ਵਿਚ ਸੌਦੇ ਦੁਆਰਾ ਮਿਲਾਉਂਦਾ ਹੀ ਨਹੀਂ ਸਗੋਂ ਉਸ ਦੀਆਂ ਕਾਰਵਾਈਆਂ ਦਾ ਪ੍ਰਭਾਵ ਵੀ ਸ਼ੇਅਰ ਬਾਜ਼ਾਰ ਉੱਤੇ ਪੈਂਦਾ ਹੈ। ਸ਼ੇਅਰ ਦਲਾਲ ਦੀ ਕਾਮਯਾਬੀ ਇਸ ਗੱਲ ਤੇ ਨਿਰਭਰ ਕਰਦੀ ਹੈ ਕਿ ਉਹ ਆਪਣੇ ਕੰਮ ਵਿਚ ਕਿੰਨਾ ਮਾਹਿਰ ਹੈ ਅਤੇ ਲੋਕਾਂ ਦਾ ਉਸ ਵਿਚ ਕਿੰਨਾ ਯਕੀਨ ਹੈ। ਸ਼ੇਅਰ ਬਾਜ਼ਾਰ ਵਿਚ ਸਿਕਿਉਰਿਟੀਆਂ ਦੀਆਂ ਕੀਮਤਾਂ ਵਿਚ ਉਤਰਾਅ ਚੜ੍ਹਾਅ ਇਨਾਂ ਵਿਅਕਤੀਆਂ ਦੁਆਰਾ ਕੀਤੀਆਂ ਜਾਣ ਵਾਲੀਆਂ ਕਾਰਵਾਈਆਂ ਉੱਤੇ ਨਿਰਭਰ ਕਰਦਾ ਹੈ।

ਹ.ਪੁ.—ਐਨ. ਬ੍ਰਿ. : 4; ਐਨ. ਆਫ. ਸੋ. : ਸਾ; ਮਾਰਕਿਟਿੰਗ ਮੈਥੱਡਸ ਐਂਡ ਪਾਲਿਸੀਸ—ਪਾਲ ਕੰਨਵਰਸ 109=114, 134-177; ਐਨ. ਅਮੈ. 4 : 591; ਐਨ. ਬ੍ਰਿ. ਮਾ. 2 : 291

ਦਲੀਪ ਸਿੰਘ (ਮਹਾਰਾਜਾ) : ਮਹਾਰਾਜਾ ਦਲੀਪ ਸਿੰਘ ਸੁਤੰਤਰ ਪੰਜਾਬ ਦਾ ਆਖ਼ਰੀ ਮਹਾਰਾਜਾ ਸੀ। ਪੰਜਾਬ ਨੂੰ ਅੰਗਰੇਜ਼ੀ ਰਾਜ ਵਿਚ ਮਿਲਾਉਣ ਲਈ ਇਸ ਨੂੰ 1849 ਈ. ਵਿਚ ਗੱਦੀ ਤੋਂ ਉਤਾਰਿਆ ਗਿਆ। ਆਪਣੀ ਆਖ਼ਰੀ ਉਮਰ ਵਿਚ ਮਹਾਰਾਜਾ ਦਲੀਪ ਸਿੰਘ ਨੇ ਰੂਸ ਦੀ ਸਹਾਇਤਾ ਨਾਲ ਭਾਰਤ ਨੂੰ ਆਜ਼ਾਦ



ਦਲੀਪ ਸਿੰਘ ਮਹਾਰਾਜਾ

ਕਰਵਾਉਣ ਦਾ ਯਤਨ ਕੀਤਾ ਪਰ ਸਫ਼ਲ ਨਾ ਹੋਇਆ। ਇਸ ਦਾ ਸਾਰਾ ਜੀਵਨ ਦੁਖਾਂਤ ਭਰਿਆ ਅਤੇ ਉਤਾਰਅ ਚੜ੍ਹਾਅ ਵਾਲਾ ਰਿਹਾ।

ਮਹਾਰਾਜਾ ਦਲੀਪ ਸਿੰਘ ਦਾ ਜਨਮ 5 ਸਤੰਬਰ, 1836 ਨੂੰ ਲਾਹੌਰ ਦੇ ਸ਼ਾਹੀ ਕਿਲੇ ਵਿਚ ਹੋਇਆ। ਇਹ ਮਹਾਰਾਜਾ ਰਣਜੀਤ ਸਿੰਘ ਦਾ ਸਭ ਤੋਂ ਛੋਟਾ ਸ਼ਹਿਜ਼ਾਦਾ ਸੀ ਜੋ ਰਾਣੀ ਜਿੰਦ ਕੌਰ ਦੀ ਕੁਖ ਤੋਂ ਪੈਦਾ ਹੋਇਆ ਸੀ। ਇਹ ਹਾਲੀ ਦਸਾਂ ਹੀ ਮਹੀਨਿਆਂ ਦਾ ਸੀ ਜਦੋਂ 1839 ਈ. ਵਿਚ ਮਹਾਰਾਜਾ ਰਣਜੀਤ ਸਿੰਘ ਦਾ ਦਿਹਾਂਤ ਹੋ ਗਿਆ। ਇਸ ਲਈ ਸ਼ਹਿਜ਼ਾਦਾ ਦਲੀਪ ਸਿੰਘ ਆਪਣੀ ਮਾਂ ਦੀ ਸਰਪਰਸਤੀ ਵਿਚ ਵੱਡਾ ਹੋਇਆ।

ਮਹਾਰਾਜਾ ਦਲੀਪ ਸਿੰਘ ਨੂੰ ਰਾਜ ਬਹੁਤ ਖ਼ੂਨ ਖ਼ਰਾਬੇ ਪਿੱਛੋਂ ਮਿਲਿਆ। ਮਹਾਰਾਜਾ ਰਣਜੀਤ ਸਿੰਘ ਪਿੱਛੋਂ ਉਸ ਦਾ ਵੱਡਾ ਸ਼ਹਿਜ਼ਾਦਾ ਖੜਕ ਸਿੰਘ ਤਖ਼ਤ ਤੇ ਬੈਠਾ। ਪੂਰੇ ਇਕ ਸਾਲ ਬਾਅਦ 1840 ਈ. ਨੂੰ ਉਸ ਦੀ ਮੌਤ ਹੋ ਗਈ। ਉਸ ਦਾ ਸੰਸਕਾਰ ਕਰ ਕੇ ਆਉਂਦਿਆਂ ਕਿਲੇ ਦਾ ਛੱਜਾ ਉਸ ਦੇ ਪੁੱਤਰ ਨੌ ਨਿਹਾਲ ਸਿੰਘ ਤੇ ਡਿੱਗ ਪਿਆ। ਇਸ ਤਰ੍ਹਾਂ ਦੋਹਾਂ ਪਿਉ ਪੁੱਤਰਾਂ ਦਾ ਇਕੱਠਾ ਹੀ ਖਾਤਮਾ ਹੋ ਗਿਆ। ਰਾਜ ਦੂਸਰੇ ਸ਼ਹਿਜ਼ਾਦੇ ਸ਼ੇਰ ਸਿੰਘ ਨੂੰ ਮਿਲਿਆ। ਮਹਾਰਾਜਾ ਸ਼ੇਰ ਸਿੰਘ ਨੂੰ 1843 ਈ. ਵਿਚ ਅਜੀਤ ਸਿੰਘ ਸੰਧਾਵਾਲੀਏ ਨੇ ਗੋਲੀ ਮਾਰ ਕੇ ਖ਼ਤਮ ਕਰ ਦਿੱਤਾ। ਇਸ ਤੋਂ ਪਿੱਛੋਂ ਧਿਆਨ ਸਿੰਘ ਜੋ ਮਹਾਰਾਜਾ ਸ਼ੇਰ ਸਿੰਘ ਦਾ ਵਜ਼ੀਰ ਸੀ, ਉਸ ਨੂੰ ਵੀ ਮਾਰ ਦਿੱਤਾ। ਧਿਆਨ ਸਿੰਘ ਦਾ ਪੁੱਤਰ ਹੀਰਾ ਸਿੰਘ ਵਜ਼ੀਰ ਬਣਿਆ ਤੇ ਪੰਜ ਸਾਲ ਦੇ ਸ਼ਾਹਜ਼ਾਦੇ ਦਲੀਪ ਸਿੰਘ ਨੂੰ ਰਾਜਗੱਦੀ ਤੇ ਬਿਠਾਇਆ ਗਿਆ ਅਤੇ ਰਾਣੀ ਜਿੰਦਾਂ ਉਸ ਦੀ ਸਰਪਰਸਤ ਬਣੀ।

ਮਹਾਰਾਜਾ ਦਲੀਪ ਸਿੰਘ ਦਾ ਰਾਜ ਸਤੰਬਰ, 1843 ਤੋਂ ਮਾਰਚ, 1849 ਈ. ਤੱਕ ਰਿਹਾ। ਇਹ ਸਾਢੇ ਪੰਜ ਸਾਲ ਦਾ ਸਮਾਂ ਬਹੁਤ ਘਟਨਾਵਾਂ ਭਰਪੂਰ ਹੈ ਅਤੇ ਪੰਜਾਬ ਦੇ ਇਤਿਹਾਸ ਵਿਚ ਬਹੁਤ ਮਹਾਨਤਾ ਰੱਖਦਾ ਹੈ। ਫ਼ੌਜ ਨੂੰ ਆਪਣੇ ਵੱਲ ਕਰਨ ਲਈ ਹੀਰਾ ਸਿੰਘ ਨੇ ਫ਼ੌਜੀਆਂ ਦੀਆਂ ਤਨਖ਼ਾਹਾਂ ਵਧਾਈਆਂ। ਘਾਟਾ ਪੂਰਾ ਕਰਨ ਲਈ ਕਈਆਂ ਸਰਦਾਰਾਂ ਦੀਆਂ ਜਾਗੀਰਾਂ ਜ਼ਬਤ ਕੀਤੀਆਂ ਗਈਆਂ। ਉਹ ਸਰਦਾਰ ਆਪਣੇ ਪਰਿਵਾਰਾਂ ਅਤੇ ਫ਼ੌਜੀਆਂ ਸਮੇਤ ਬਾਬਾ ਬੀਰ ਸਿੰਘ ਨੌਰੰਗਾਬਾਦੀ ਦੇ ਡੇਰੇ ਤੇ ਗਏ। ਅਤਰ ਸਿੰਘ ਸੰਧਾਵਾਲੀਆ ਜੋ ਹੀਰਾ ਸਿੰਘ ਦਾ ਰਾਜਸੀ ਵੈਰੀ ਸੀ, ਸਤਲੁਜ ਪਾਰ ਤੋਂ ਬਾਬਾ ਜੀ ਦੇ ਡੇਰੇ ਆ ਗਿਆ। ਹੀਰਾ ਸਿੰਘ ਨੇ ਬਹੁਤ ਸਾਰੀਆਂ 'ਡੋਗਰਾ ਫ਼ੌਜਾਂ' ਭੇਜ ਕੇ ਬਾਬਾ ਬੀਰ ਸਿੰਘ ਦੇ ਡੇਰੇ ਨੂੰ ਘੇਰ ਲਿਆ। ਡੋਗਰਾ ਫ਼ੌਜ ਦੇ ਗੋਲਿਆਂ ਨਾਲ ਬਾਬਾ ਬੀਰ ਸਿੰਘ ਮਾਰੇ ਗਏ। ਇਸ ਨਾਲ ਹੀਰਾ ਸਿੰਘ ਸਿੱਖ ਫ਼ੌਜੀਆਂ ਵਿਚ ਬਹੁਤ ਬਦਨਾਮ ਹੋ ਗਿਆ। ਫ਼ੌਜੀਆਂ ਤੋਂ ਡਰਦਾ ਹੀਰਾ ਸਿੰਘ ਤੇ ਉਸ ਦਾ ਵਿਸ਼ੇਸ਼ ਮਸ਼ੀਰ ਪੰਡਤ ਜਲ੍ਹਾ ਨੱਸ ਗਏ। ਫ਼ੌਜੀਆਂ ਨੇ ਪਿੱਛਾ ਕਰ ਕੇ ਦੋਹਾਂ ਨੂੰ ਮਾਰ ਦਿੱਤਾ। ਜਵਾਹਰ ਸਿੰਘ ਇਸ ਤੋਂ ਪਿੱਛੋਂ 1843 ਈ. ਵਿਚ ਵਜ਼ੀਰ ਬਣਿਆ, ਉਹ ਵੀ ਮਾਰਿਆ ਗਿਆ।

ਅੰਗਰੇਜ਼ ਈਸਟ ਇੰਡੀਆ ਕੰਪਨੀ ਦੇ ਕਰਮਚਾਰੀ ਇਹ ਸਭ ਹਾਲ ਵੇਖ ਰਹੇ ਸਨ। ਉਨ੍ਹਾਂ ਦੇ ਲਿਖੇ ਰੀਕਾਰਡ ਦੱਸਦੇ ਹਨ ਕਿ ਉਹ ਕਈ ਸਾਲਾਂ ਤੋਂ ਪੰਜਾਬ ਨੂੰ ਅੰਗਰੇਜ਼ੀ ਰਾਜ ਵਿਚ ਮਿਲਾਉਣ ਦਾ ਯਤਨ ਕਰ ਰਹੇ ਸਨ। ਅੰਗਰੇਜ਼ ਕਰਮਚਾਰੀ ਜੇ.ਡੀ. ਕਨਿੰਘਮ ਲਿਖਦਾ ਹੈ ਕਿ ਅੰਗਰੇਜ਼ਾਂ ਦੀ ਲਾਹੌਰ ਦਰਬਾਰ ਨਾਲ ਅਮਨ ਜਾਰੀ ਰੱਖਣ ਦੀ ਪਾਲਸੀ ਨਹੀਂ ਸੀ। ਅੰਬਾਲਾ, ਫ਼ਿਰੋਜ਼ਪੁਰ ਅਤੇ ਲੁਧਿਆਣਾ ਦੀਆਂ ਫ਼ੌਜਾਂ ਵਧਾ ਦਿੱਤੀਆਂ ਗਈਆਂ। ਨਵੀਆਂ ਵੱਡੀਆਂ ਬੇੜੀਆਂ ਬਣਵਾ ਕੇ ਸਤਲੁਜ ਦਰਿਆ ਵਿਚ ਪ੍ਰਗਟਾਵਾ ਕੀਤਾ ਜਿਸ ਨਾਲ ਲਾਹੌਰ ਦਰਬਾਰ ਵਿਚ ਯਕੀਨ ਹੋ ਗਿਆ ਕਿ ਅੰਗਰੇਜ਼ ਜੰਗ ਦੀਆਂ ਤਿਆਰੀਆਂ ਕਰ ਰਹੇ ਹਨ। ਲਾਹੌਰ ਦਰਬਾਰ ਦੀ ਫ਼ੌਜੀ ਹਲਚਲ ਦੇਖਦਿਆਂ ਹਾਰਡਿੰਗ ਨੇ ਸਤਲੁਜ ਪਾਰ ਸਾਰੇ ਲਾਹੌਰ ਦਰਬਾਰ ਦੇ ਇਲਾਕੇ ਜ਼ਬਤ ਕਰ ਲਏ। ਫੇਰ ਵੀ ਅੰਗਰੇਜ਼ ਮੁਦਕੀ, ਫ਼ੇਰੂਸ਼ਾਹ ਅਤੇ ਸਭਰਾਓਂ ਦੀਆਂ ਲੜਾਈਆਂ ਵਿਚ ਮੁਸ਼ਕਲ ਨਾਲ ਜਿੱਤੇ। ਸ਼ਾਹ ਮੁਹੰਮਦ ਨੇ ਠੀਕ ਹੀ ਲਿਖਿਆ ਹੈ, "ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ ਫ਼ੌਜਾਂ ਜਿੱਤ ਕੇ ਅੰਤ ਨੂੰ ਹਾਰੀਆ ਨੀ"।

ਮਹਾਰਾਜਾ ਦਲੀਪ ਸਿੰਘ ਹਾਲੀ ਨਾਬਾਲਗ ਸੀ, ਇਸ ਲਈ 1846 ਈ. ਦੀ ਲਾਹੌਰ ਸੰਧੀ ਅਨੁਸਾਰ ਅੰਗਰੇਜ਼ ਰੈਜ਼ੀਡੈਂਟ ਨਿਯੁਕਤ ਕਰ ਕੇ ਉਸ ਦੇ ਅਧੀਨ ਕੌਂਸਲ ਆਫ਼ ਰੀਜੈਂਸੀ ਬਣਾ ਦਿੱਤੀ ਗਈ ਅਤੇ ਸਾਰੇ ਅਖ਼ਤਿਆਰ ਕੌਂਸਲ ਆਫ਼ ਰੀਜੈਂਸੀ ਨੂੰ ਦੇ ਦਿੱਤੇ ਗਏ। 16 ਦਸੰਬਰ, 1846 ਦੀ ਦੂਜੀ ਸੰਧੀ ਵਿਚ ਇਹ ਸਪਸ਼ਟ ਕੀਤਾ ਗਿਆ ਕਿ ਇਹ ਰਾਜਸੀ ਪ੍ਰਬੰਧ ਮਹਾਰਾਜਾ ਦਲੀਪ ਸਿੰਘ ਦੇ ਬਾਲਗ ਹੋਣ ਤੇ ਭਾਵ 1854 ਈ. ਤੱਕ ਰਹੇਗਾ। ਜਦੋਂ ਦੀਵਾਨ ਮੂਲਰਾਜ ਦੀ ਬਗ਼ਾਵਤ ਹੋਈ ਤਾਂ ਅੰਗਰੇਜ਼ੀ ਫ਼ੌਜਾਂ ਇਸ ਐਲਾਨ ਨਾਲ ਪੰਜਾਬ ਵਿਚ ਦਾਖ਼ਲ ਹੋਈਆਂ ਕਿ ਉਹ ਮਹਾਰਾਜਾ ਦਲੀਪ ਸਿੰਘ ਦੇ ਰਾਜ ਦੀ ਰੱਖਿਆ ਲਈ ਆਈਆਂ ਹਨ, ਇਸ ਲਈ ਸਾਰੇ ਕਰਮਚਾਰੀ ਅਤੇ ਲੋਕ ਅੰਗਰੇਜ਼ੀ ਫ਼ੌਜਾਂ ਦੀ ਸਹਾਇਤਾ ਕਰਨ। ਇਹ ਗੱਲ ਅੰਗਰੇਜ਼ ਕਰਮਚਾਰੀ ਫਰੈਡਰਕ ਜੋ ਉਸ ਵੇਲੇ ਬਦੇਸ਼ੀ ਮਾਮਲਿਆਂ ਦਾ ਸਕੱਤਰ ਸੀ ਅਤੇ ਹੋਰ ਵੀ ਮਹੱਤਵਪੂਰਨ ਪਦਵੀਆਂ ਤੇ ਨਿਯੁਕਤ ਅਫ਼ਸਰ ਆਪਣੀਆਂ ਲਿਖਤਾਂ ਵਿਚ ਮੰਨਦੇ ਹਨ ਕਿ ਅੰਗਰੇਜ਼ਾਂ ਨੇ 'ਸਿੱਖ ਅੰਗਰੇਜ਼ਾਂ ਦੀ ਦੂਜੀ ਜੰਗ', ਮਹਾਰਾਜਾ ਦਲੀਪ ਸਿੰਘ ਵੱਲੋਂ ਲੜ ਕੇ ਜਿੱਤੀ ਸੀ। ਇਸ ਲਈ ਪੰਜਾਬ ਨੂੰ ਅੰਗਰੇਜ਼ੀ ਰਾਜ ਵਿਚ ਮਿਲਾਉਣਾ ਇਖਲਾਕੀ ਤੌਰ ਤੇ ਠੀਕ ਨਹੀਂ ਪਰ ਲਾਰਡ ਡਲਹੌਜ਼ੀ ਨੇ ਇਕ ਨਾ ਸੁਣੀ ਤੇ ਮਹਾਰਾਜਾ ਦਲੀਪ ਸਿੰਘ ਨੂੰ 29 ਮਾਰਚ, 1849 ਨੂੰ ਆਖ਼ਰੀ ਦਰਬਾਰ ਕਰ ਕੇ ਗੱਦੀ ਤੋਂ ਲਾਹ ਦਿੱਤਾ। ਪੰਜਾਬੀ ਕਹਾਵਤ ਹੈ "ਡਾਢੇ ਦਾ ਸੱਤੀ ਵੀਹੀਂ ਸੌ", "ਜੀਦੇ ਕੋਠੀ ਦਾਣੇ ਉਹਦੇ ਕਮਲੇ ਵੀ ਸਿਆਣੇ।"

ਮਹਾਰਾਜਾ ਦਲੀਪ ਸਿੰਘ ਦੇ ਗੱਦੀ ਤੋਂ ਲਾਹੇ ਜਾਣ ਤੋਂ ਪਹਿਲਾਂ ਇਸ ਨੂੰ ਆਪਣੀ ਮਾਂ ਜਿੰਦ ਕੌਰ ਤੋਂ ਵਿਛੋੜਿਆ ਗਿਆ। ਉਸ ਦਾ ਕਾਰਨ ਤੇਜਾ ਸਿੰਘ ਨੂੰ ਸਨਮਾਨਤ ਕਰਨਾ ਸੀ। ਅੰਗਰੇਜ਼ਾਂ ਅਤੇ ਸਿੱਖਾਂ ਦੀ ਪਹਿਲੀ ਜੰਗ ਸਮੇਂ ਉਸ ਨੇ ਲਾਹੌਰ ਦਰਬਾਰ ਨਾਲ ਗੱਦਾਰੀ ਕੀਤੀ ਸੀ ਤੇ ਅੰਗਰੇਜ਼ਾਂ ਦਾ ਪੱਖ ਪੂਰਿਆ ਸੀ। ਅੰਗਰੇਜ਼ ਉਸ ਨੂੰ ਭਰੇ ਦਰਬਾਰ ਵਿਚ ਰਾਜੇ ਦਾ ਖ਼ਿਤਾਬ ਮਹਾਰਾਜਾ ਦਲੀਪ ਸਿੰਘ ਕੋਲੋਂ ਦੁਆਉਣਾ ਚਾਹੁੰਦੇ ਸਨ। ਭਰੇ ਦਰਬਾਰ ਵਿਚ ਮਹਾਰਾਜਾ ਦਲੀਪ ਸਿੰਘ ਨੇ ਇਹ ਉਪਾਧੀ ਦੇਣ ਤੋਂ ਇਨਕਾਰ ਕਰਦਿਆਂ ਦੋਵੇਂ ਹੱਥ ਪਿੱਛੇ ਕਰ ਲਏ। ਅੰਗਰੇਜ਼ ਸਮਝ ਗਏ ਕਿ ਇਹ ਰਾਣੀ ਜਿੰਦਾਂ ਦੀ ਸਖਾਵਤ ਹੈ। ਇਸ ਲਈ ਉਨ੍ਹਾਂ ਰਾਣੀ ਨੂੰ ਪਹਿਲਾਂ ਸ਼ੇਖੂਪੁਰੇ ਦੇ ਕਿਲੇ ਵਿਚ ਤੇ ਫੇਰ ਅਲਾਹਾਬਾਦ ਦੇ ਕਿਲੇ ਅਤੇ ਫੇਰ ਚੁਨਾਰ ਦੇ ਕਿਲੇ ਵਿਚ ਕੈਦ ਕੀਤਾ ਜਿਥੋਂ ਚੋਰੀ ਨੱਸ ਕੇ ਉਹ ਨੇਪਾਲ ਵਿਚ ਚਲੀ ਗਈ।

ਗੱਦੀਓਂ ਲੱਥਣ ਸਮੇਂ ਮਹਾਰਾਜਾ ਦਲੀਪ ਸਿੰਘ ਦੀ ਉਮਰ ਕੇਵਲ ਸਾਢੇ ਦਸ ਸਾਲ ਦੀ ਸੀ। ਉਸ ਲਈ ਈਸਾਈ ਉਸਤਾਦ ਅਤੇ ਈਸਾਈ ਸਰਪਰਸਤ (ਲਾਗਨ ਅਤੇ ਲੇਡੀ ਲਾਗਨ) ਰੱਖੇ ਗਏ। ਮਹਾਰਾਜਾ ਦਲੀਪ ਸਿੰਘ ਨੂੰ ਪੰਜਾਬ ਤੋਂ ਬਾਹਰ ਪਹਿਲਾਂ ਫਤਿਹਗੜ੍ਹ ਫੇਰ ਦੇਹਰਾਦੂਨ ਰੱਖਿਆ ਤੇ ਇਸ ਨੂੰ ਈਸਾਈ ਬਣਾ ਲਿਆ। ਈਸਾਈ ਬਣ ਕੇ ਇਹ ਇੰਗਲੈਂਡ ਚਲਾ ਗਿਆ ਤੇ ਲੰਡਨ ਵਿਖੇ ਰਹਿਣ ਲਗਾ। ਇਸ ਦਾ ਸਾਰਾ ਪ੍ਰਬੰਧ 1859 ਈ. ਤਕ ਲਾਗਨ ਹੀ ਕਰਦਾ ਰਿਹਾ। ਇਸ ਸਾਰੇ ਸਮੇਂ ਇਸ ਦੇ ਮਨ ਵਿਚ ਆਪਣੀ ਮਾਂ ਨੂੰ ਮਿਲਣ ਦੀ ਤਾਂਘ ਪ੍ਰਬਲ ਹੁੰਦੀ ਗਈ। ਸੰਨ 1860 ਵਿਚ ਸ਼ੇਰਾਂ ਦੇ ਸ਼ਿਕਾਰ ਦੇ ਬਹਾਨੇ ਇਹ ਭਾਰਤ ਵਿਚ ਆਪਣੀ ਮਾਂ ਨੂੰ ਮਿਲਣ ਆਇਆ ਪਰ ਪੰਜਾਬ ਵਿਚ ਆਉਣ ਦੀ ਆਗਿਆ ਨਾ ਮਿਲੀ। ਕਲਕੱਤੇ (ਅਜੋਕਾ

ਕੋਲਕਾਤਾ) ਵਿਚ ਰਾਣੀ ਜਿੰਦਾਂ ਆਪਣੇ ਪੁੱਤਰ ਨੂੰ ਚੌਦਾਂ ਸਾਲ ਪਿੱਛੋਂ ਮਿਲੀ। ਹੁਣ ਮਾਂ ਪੁੱਤਰ ਵਿਛੜਨਾ ਨਹੀਂ ਸਨ ਚਾਹੁੰਦੇ ਸੋ ਮਹਾਰਾਜਾ ਦਲੀਪ ਸਿੰਘ ਆਪਣੀ ਮਾਂ ਨੂੰ ਇੰਗਲੈਂਡ ਲੈ ਗਿਆ ਜਿਥੇ 1863 ਈ. ਵਿਚ ਉਸ ਦਾ ਦਿਹਾਂਤ ਹੋ ਗਿਆ। ਮਾਂ ਦੀ ਇੱਛਾ ਅਨੁਸਾਰ ਉਸ ਦੇ ਫੁਲਾਂ ਨੂੰ ਜਲ ਪਰਵਾਹ ਕਰਨ ਲਈ ਮਹਾਰਾਜਾ ਦਲੀਪ ਸਿੰਘ ਨਾਸਕ ਆਇਆ ਤੇ ਗੋਦਾਵਰੀ ਵਿਚ ਜਲ ਪਰਵਾਹ ਕੀਤਾ।

ਸੰਨ 1866 ਵਿਚ ਭਾਰਤ ਤੋਂ ਇੰਗਲੈਂਡ ਜਾਂਦਿਆਂ ਮਿਸਰ ਵਿਚ ਮਹਾਰਾਜਾ ਦਲੀਪ ਸਿੰਘ ਨੇ ਇਕ ਜਰਮਨ ਮੁਜਰ ਬੰਬਾ ਨਾਲ ਵਿਆਹ ਕਰ ਲਿਆ। ਮੁਜਰ ਬੰਬਾ ਇਕ ਜਰਮਨ ਵਪਾਰੀ ਦੀ ਪੁੱਤਰੀ ਸੀ। ਮਹਾਰਾਜ ਦਲੀਪ ਸਿੰਘ ਦੇ ਛੇ ਬੱਚੇ—ਤਿੰਨ ਕੁੜੀਆਂ ਅਤੇ ਤਿੰਨ ਮੁੰਡੇ ਹੋਏ। (1) ਵਿਕਟਰ ਦਲੀਪ ਸਿੰਘ (ਦਿਹਾਂਤ 1918) (2) ਫ੍ਰੈਡਰਕ ਦਲੀਪ ਸਿੰਘ (ਦਿਹਾਂਤ 1926) (3) ਐਡਵਰਡ ਦਲੀਪ ਸਿੰਘ ਜੋ ਬਚਪਨ ਵਿਚ ਮਹਾਰਾਜਾ ਦਲੀਪ ਸਿੰਘ ਦੇ ਦਿਹਾਂਤ ਤੋਂ ਕੁਝ ਸਮਾਂ ਪਹਿਲਾਂ ਗੁਜ਼ਰ ਗਿਆ। ਮਹਾਰਾਜਾ ਦਲੀਪ ਸਿੰਘ ਦੀਆਂ ਤਿੰਨੋਂ ਲੜਕੀਆਂ ਬੰਬਾ, ਸੋਫੀਆ ਅਤੇ ਕੇਥਰਾਈਨ ਸਨ। ਸਭ ਤੋਂ ਵੱਡੀ ਬੰਬਾ ਦਾ ਦਿਹਾਂਤ ਮਾਰਚ, 1957 ਨੂੰ ਲਾਹੌਰ ਵਿਚ ਹੋਇਆ। ਇਨ੍ਹਾਂ 'ਸਤਰਾਂ ਦੇ ਲਿਖਾਰੀ ਨੂੰ ਨਵੰਬਰ, 1956 ਵਿਚ ਇਸ ਨੂੰ ਲਾਹੌਰ ਮਿਲਣ ਦਾ ਸੁਭਾਗ ਪ੍ਰਾਪਤ ਹੋਇਆ। ਉਸ ਵੇਲੇ ਉਹ ਬੀਮਾਰ ਸੀ।

ਇੰਗਲੈਂਡ ਵਿਚ ਰਹਿੰਦਿਆਂ ਮਹਾਰਾਜਾ ਦਲੀਪ ਸਿੰਘ ਈਸਾਈ ਧਰਮ ਤੋਂ ਅਤੇ ਅੰਗਰੇਜ਼ਾਂ ਤੋਂ ਉਪਰਾਮ ਹੁੰਦਾ ਗਿਆ। ਰਾਣੀ ਜਿੰਦਾਂ ਨੇ ਆਪਣੇ ਪੁੱਤਰ ਦੇ ਮਨ ਵਿਚ ਸਿੱਖੀ ਪਿਆਰ ਜਗਾਇਆ। ਠਾਕਰ ਸਿੰਘ ਸੰਧਾਵਾਲੀਆ ਜੋ ਉਸ ਦੇ ਖ਼ਾਨਦਾਨ ਵਿਚੋਂ ਸੀ, 1885 ਈ. ਵਿਚ ਇੰਗਲੈਂਡ ਗਿਆ। ਉਸ ਨੇ ਵੀ ਦਲੀਪ ਸਿੰਘ ਨੂੰ ਸਿੱਖੀ ਵੱਲ ਪ੍ਰੇਰਿਆ। ਅੰਗਰੇਜ਼ੀ ਸਰਕਾਰ ਮਹਾਰਾਜਾ ਦਲੀਪ ਸਿੰਘ ਨੂੰ ਭਾਰਤ ਆਉਣ ਤੋਂ ਰੋਕਦੀ ਸੀ ਪਰ 1886 ਈ. ਵਿਚ ਮਹਾਰਾਜਾ ਧੱਕੇ ਨਾਲ ਅਦਨ ਤੱਕ ਆ ਗਿਆ ਤੇ ਉਸ ਨੇ ਇਥੇ ਅੰਮ੍ਰਿਤ ਛਕਿਆ ਤੇ ਸਿੱਖ ਬਣ ਗਿਆ। ਮਹਾਰਾਜਾ ਦਲੀਪ ਸਿੰਘ ਨੂੰ ਇਹ ਨਿਸ਼ਚਾ ਹੋ ਗਿਆ ਸੀ ਕਿ ਅੰਗਰੇਜ਼ੀ ਸਰਕਾਰ ਉਸ ਨਾਲ ਬੇਇਨਸਾਫ਼ੀ ਅਤੇ ਧੱਕਾ ਕਰ ਰਹੀ ਹੈ। ਉਸ ਕੋਲੋਂ ਨਾਜਾਇਜ਼ ਤਰੀਕੇ ਨਾਲ ਨਾ ਸਿਰਫ਼ ਰਾਜ ਹੀ ਖੋਹਿਆ ਗਿਆ ਸੀ ਸਗੋਂ ਉਸ ਦੀ ਜਾਤੀ ਜਾਇਦਾਦ ਵੀ ਜਬਤ ਕਰ ਲਈ ਗਈ ਸੀ। ਇਸ ਦੇ ਬਦਲੇ ਬਹੁਤ ਥੋੜ੍ਹੀ ਪੈਨਸ਼ਨ ਦਿੱਤੀ ਗਈ। ਇਸ ਨੇ ਇਕ ਲੰਮੀ ਚਿੱਠੀ ਟਾਈਮਜ਼ ਲੰਡਨ ਨੂੰ ਲਿਖੀ ਜੋ 31 ਅਗਸਤ, 1862 ਨੂੰ ਛਪੀ। ਇਸ ਦਾ ਕੋਈ ਅਸਰ ਨਾ ਹੋਇਆ। ਭਾਰਤ ਦੀ ਅਖ਼ਬਾਰ ਟਾਈਮਜ਼ ਆਫ਼ ਇੰਡੀਆ ਨੂੰ ਦੋ ਚਿੱਠੀਆਂ ਲਿਖੀਆਂ। ਫੇਰ ਇਸ ਨੇ ਇਕ ਪੁਸਤਕ ਲਿਖੀ ਜਿਸ ਦਾ ਸਿਰਲੇਖ ਸੀ "ਮਹਾਰਾਜਾ ਦਲੀਪ ਸਿੰਘ ਐਂਡ ਗੌਰਮੈਂਟ"। ਇਹ 1884 ਈ. ਵਿਚ ਛਪਵਾ ਕੇ ਵੰਡੀ ਪਰ ਸਰਕਾਰ ਨੇ ਵਤੀਰਾ ਨਾ ਬਦਲਿਆ। ਸੰਨ 1886 ਵਿਚ ਸਿੱਖ ਬਣਨ ਤੋਂ ਪਿੱਛੋਂ ਉਹ ਇੰਗਲੈਂਡ ਨਹੀਂ ਗਿਆ।

ਮਹਾਰਾਜਾ ਦਲੀਪ ਸਿੰਘ ਨੇ ਰੂਸ ਦੀ ਸਹਾਇਤਾ ਨਾਲ ਭਾਰਤ ਨੂੰ ਅੰਗਰੇਜ਼ੀ ਰਾਜ ਤੋਂ ਆਜ਼ਾਦ ਕਰਵਾਉਣ ਦਾ ਯਤਨ ਕੀਤਾ। ਇਸ ਉਮੀਦ ਨਾਲ ਉਹ ਕੁਝ ਸਮੇਂ ਲਈ ਮਾਸਕੋ ਗਿਆ। ਉਸ ਦਾ ਰੂਸੀ ਮਿੱਤਰ ਕਟਕਾਫ ਤੇ ਸਰਦਾਰ ਠਾਕਰ ਸਿੰਘ ਸੰਧਾਵਾਲੀਆਂ ਜੋ ਪਾਂਡੀਚਰੀ ਚਲਾ ਗਿਆ ਸੀ, ਉਸ ਦੀ ਸਹਾਇਤਾ ਕਰ ਰਹੇ ਸਨ ਅਤੇ ਇਹ ਦੋਵੇਂ ਅੰਗਰੇਜ਼ੀ ਸਰਕਾਰ ਦੀਆਂ ਨਜ਼ਰਾਂ ਵਿਚ ਰੜਕਦੇ ਸਨ। ਦੋਵੇਂ ਹੀ ਮਾਰੇ ਗਏ। ਠਾਕਰ ਸਿੰਘ ਸੰਧਾਵਾਲੀਆਂ ਨੂੰ ਜ਼ਹਿਰ ਦੇ ਦਿੱਤਾ ਗਿਆ। ਅਖ਼ੀਰ ਮਹਾਰਾਜਾ ਦਲੀਪ ਸਿੰਘ ਉਪਰਾਮ ਹੋ ਕੇ ਪੈਰਿਸ ਦੇ ਇਕ ਹੋਟਲ ਵਿਚ ਆ ਕੇ ਰਹਿਣ ਲੱਗਾ। ਸਭ ਤੋਂ ਵੱਡਾ ਪੁੱਤਰ ਵਿਕਟਰ ਦਲੀਪ ਸਿੰਘ ਪੈਰਿਸ ਆ ਕੇ ਇਸ ਦੇ ਕੋਲ ਰਿਹਾ। ਜਦੋਂ ਇਸ ਨੂੰ ਅਧਰੰਗ ਹੋਇਆ ਤਾਂ ਉਹ ਮਹਾਰਾਜਾ ਨੂੰ ਨਾਲ ਇੰਗਲੈਂਡ ਲਿਜਾਣਾ ਚਾਹੁੰਦਾ ਸੀ ਪਰ ਮਹਾਰਾਜਾ ਨਾ ਮੰਨਿਆ। ਅਖ਼ੀਰ 23 ਅਕਤੂਬਰ, 1893 ਨੂੰ ਪੈਰਿਸ ਵਿਖੇ ਇਸ ਦਾ ਦਿਹਾਂਤ ਹੋ ਗਿਆ। ਮਹਾਰਾਜਾ ਦਲੀਪ ਸਿੰਘ ਦੀ ਬੀਮਾਰੀ ਵਿਚ ਹੀ ਸੈਕਟਰੀ ਆਫ਼ ਸਟੇਟ ਲਾਰਡ ਕਰਾਸ ਨੇ ਇਕ ਚਿੱਠੀ ਮਿਤੀ 27 ਜੁਲਾਈ, 1890 ਨੂੰ ਅਖਬਾਰਾਂ ਵਿਚ ਪ੍ਰਕਾਸ਼ਿਤ ਕਰਵਾਈ ਜੋ ਲਾਰਡ ਕੁਰਾਧ ਵੱਲੋਂ ਲਿਖੀ ਗਈ ਸੀ। ਉਸ ਵਿਚ ਮਹਾਰਾਜਾ ਦਲੀਪ ਸਿੰਘ ਨੇ ਮਹਾਰਾਣੀ ਵਿਕਟੋਰੀਆ ਕੋਲੋਂ ਮੁਆਫ਼ੀ ਮੰਗੀ ਸੀ ਅਤੇ ਅੱਗੋਂ ਲਈ ਮਹਾਰਾਣੀ ਵਿਕਟੋਰੀਆ ਦੀ ਤਾਬਿਆਦਾਰੀ ਕਰਨ ਦਾ ਵਾਅਦਾ ਕੀਤਾ ਅਤੇ ਨਾਲ ਮੁਆਫ਼ੀ ਦਿੱਤੀ ਜਾਣ ਦੀ ਚਿੱਠੀ ਮਿਤੀ 1 ਅਗਸਤ, 1890 ਨੂੰ ਪ੍ਰਕਾਸ਼ਿਤ ਕੀਤੀ। ਜੇਕਰ ਇਹ ਦੋਨੋਂ ਚਿੱਠੀਆਂ ਅਸਲ ਅਤੇ ਠੀਕ ਹੁੰਦੀਆਂ ਤਾਂ ਕੋਈ ਕਾਰਨ ਨਹੀਂ ਜਾਪਦਾ ਕਿ ਮਹਾਰਾਜਾ ਦਲੀਪ ਸਿੰਘ ਇੰਗਲੈਂਡ ਨਾ ਜਾਂਦਾ ਜਦੋਂ ਕਿ ਇਸ ਦਾ ਵੱਡਾ ਪੁੱਤਰ ਇਸ ਨੂੰ ਇੰਗਲੈਂਡ ਜਾਣ ਲਈ ਜ਼ੋਰ ਦੇ ਰਿਹਾ ਸੀ। ਅਖ਼ੀਰ ਉਸ ਦੇ ਮੁਰਦਾ ਸਰੀਰ ਨੂੰ ਇੰਗਲੈਂਡ ਲੈ ਗਏ ਜਿਥੇ ਅਲੈਵੀਡਜ, ਉਸ ਦੀ ਐਸਟੇਟ ਵਿਚ ਇਸ ਨੂੰ ਦਫ਼ਨਾਇਆ ਗਿਆ। ਇਸ ਦੀ ਕਬਰ ਉਥੇ ਹੁਣ ਤੱਕ ਮੌਜੂਦ ਹੈ।

ਹ.ਪੁ.—ਹਿ. ਸਿ. ਕਨਿੰਘਮ; ਕੈਰੀਅਰ ਆਫ਼ ਮੇਜ਼ਰ ਬਰਾਡਫੁੱਟ-ਬਰਾਡਫੁੱਟ; ਸਰ ਜਾਨ ਲਾਗਨ ਐਂਡ ਦਲੀਪ ਸਿੰਘ- ਲੇਡੀ ਲਾਗਨ; ਰੀਨਿੰਗ ਆਫ਼ ਲਾਹੌਰ-ਸਮਿਥ ਕਾਰਮਾਈਕਲ; ਅਨੇਕਸੈਸ਼ਨ ਆਫ਼ ਪੰਜਾਬ ਐਂਡ ਮਹਾਰਾਜਾ ਦਲੀਪ ਸਿੰਘ - ਮੇਜਰ ਈਵਨ ਬੈਲ; ਉਮਦਤ- ਉਲ ਤਵਾਰੀਖ਼-ਸੋਹਨ ਲਾਲ ਸੂਰੀ; ਡੀਸਾਈਸਿਵ ਬੈਟਲਜ਼ ਆਫ਼ ਇੰਡੀਆ- ਮੈਲੀ ਸਨ; ਚੀ. ਫੈ. ਨੋ. ਪੰ. ਐਲ. ਐੱਚ. ਗ੍ਰਿਫਨ; ਹਿ. ਪੰ.-ਮੁਹੰਮਦ ਲਤੀਫ਼; ਮਹਾਰਾਜਾ ਦਲੀਪ ਸਿੰਘ- ਸੰਪਾ. ਪ੍ਰਿਥੀਪਾਲ ਸਿੰਘ ਕਪੂਰ; ਸੈਲਸੈਟ ਆਫ਼ ਸਿੱਖ ਇਸਪਾਇਰ-ਸੀਤਾ ਰਾਮ ਕੋਹਲੀ

ਦਵੰਦ ਯੁੱਧ : ਦੋ ਵਿਰੋਧੀ ਵਿਅਕਤੀਆਂ ਵਿਚਕਾਰ ਪਹਿਲਾਂ ਤੋਂ ਮਿਥੇ ਗਏ ਸਮੇਂ ਉੱਤੇ ਨੇਮਾਵਲੀ ਤਰੀਕੇ ਅਨੁਸਾਰ ਉਨ੍ਹਾਂ ਦੇ ਆਪਸੀ ਝਗੜੇ ਦਾ ਨਿਪਟਾਰਾ ਕਰਨ ਲਈ ਮਾਰੂ ਹਥਿਆਰਾਂ ਨਾਲ ਲੜੀ ਜਾਣ ਵਾਲੀ ਲੜਾਈ ਨੂੰ ਦਵੰਦ ਯੁੱਧ ਆਖਿਆ ਜਾਂਦਾ ਹੈ। ਇਹ ਲੜਾਈ ਦੋ ਧੜਿਆਂ ਵਿਚਕਾਰ ਵੀ ਹੋ ਸਕਦੀ ਹੈ। ਅਜਿਹੇ ਯੁੱਧ ਪੁਰਾਤਨ ਕਾਲ ਵਿਚ ਕਈ ਦੇਸ਼ਾਂ ਵਿਚ ਪ੍ਰਚਲਿਤ ਸਨ। ਲੋਕਾਂ ਦਾ ਇਹ ਵਿਸ਼ਵਾਸ ਸੀ ਕਿ ਇਸ ਯੁੱਧ ਵਿਚ ਪਰਮਾਤਮਾ ਉਸੇ ਵਿਅਕਤੀ ਜਾਂ ਧੜੇ ਦੀ ਜਿੱਤ ਕਰਵਾਉਂਦਾ ਹੈ ਜਿਸ ਦੇ ਪੱਖ ਵਿਚ ਨਿਆਂ ਹੋਵੇ। ਭਾਰਤ ਵਿਚ ਅਜਿਹੇ ਯੁੱਧ, ਧਰਮ ਯੁੱਧ ਸਮਝੇ ਜਾਂਦੇ ਹਨ। ਵੈਦਿਕ ਕਾਲ ਵਿਚ ਦਵੰਦ ਯੁੱਧ ਬਹੁਤ ਪ੍ਰਚਲਿਤ ਸਨ। ਉੱਤਰ ਵੈਦਿਕ ਕਾਲ ਵਿਚ ਇਨ੍ਹਾਂ ਸਬੰਧੀ ਨਵੇਂ ਨਿਯਮ ਬਣਾ ਕੇ ਇਨ੍ਹਾਂ ਵਿਚ ਕਈ ਤਰ੍ਹਾਂ ਦੇ ਸੁਧਾਰ ਕੀਤੇ ਗਏ। ਰਾਮਾਇਣ ਵਿਚ ਰਾਮ ਦਾ ਰਾਵਣ ਨਾਲ, ਬਾਲੀ ਦਾ ਸੁਗਰੀਵ ਨਾਲ ਅਤੇ ਮਹਾਭਾਰਤ ਵਿਚ ਦੁਰਯੋਧਨ ਦੇ ਭੀਮ ਨਾਲ ਦਵੰਦ ਯੁੱਧ ਦੀਆਂ ਉੱਤਮ ਉਦਾਹਰਣਾਂ ਹਨ।

ਪਿਛਲੇਰੇ ਕਾਲ ਵਿਚ ਵੀ ਇਨ੍ਹਾਂ ਯੁੱਧਾਂ ਦਾ ਬੋਲਬਾਲਾ ਸੀ। ਕਸ਼ੱਤਰੀ ਜਿਹੜੀ ਸਮੱਸਿਆ ਕਿਸੇ ਦੂਜੇ ਤਰੀਕੇ ਨਾਲ ਨਹੀਂ ਸਨ ਹੱਲ ਕਰ ਸਕਦੇ ਉਸ ਨੂੰ ਸੁਲਝਾਉਣ ਲਈ ਇਸੇ ਯੁੱਧ ਦੀ ਰੀਤ ਅਪਣਾਈ ਜਾਂਦੀ ਸੀ। ਕਈ ਵਾਰੀ ਸੈਨਿਕਾਂ ਨੂੰ ਨਾ ਲੜਾ ਕੇ ਦੋਹਾਂ ਧਿਰਾਂ ਦੇ ਇਕ-ਇਕ ਜੋਧੇ ਨੂੰ ਆਪਸ ਵਿਚ ਲੜਾਇਆ ਜਾਂਦਾ ਸੀ। ਜਿਸ ਯੋਧੇ ਦੀ ਜਿੱਤ ਹੁੰਦੀ ਉਸੇ ਦਾ ਰਾਜਾ ਜੇਤੂ ਮੰਨ ਲਿਆ ਜਾਂਦਾ ਸੀ। ਇਸ ਤਰ੍ਹਾਂ ਰਾਜਿਆਂ ਦੇ ਆਪਸੀ ਝਗੜਿਆਂ ਦਾ ਨਿਪਟਾਰਾ ਹੋ ਜਾਂਦਾ ਸੀ। ਦੱਖਣੀ ਭਾਰਤ ਦੇ ਹਿੰਦੂ ਰਾਜਿਆਂ ਵਿਚ ਇਹ ਰੀਤ ਕਈ ਸੌ ਸਾਲ ਤੱਕ ਚਲਦੀ ਰਹੀ।

ਬਾਈਬਲ ਵਿਚ ਵੀ ਡੇਵਿਡ ਅਤੇ ਗੋਲੀਅਥ ਦੇ ਦਵੰਦ ਯੁੱਧ ਦਾ ਵਰਣਨ ਆਉਂਦਾ ਹੈ। ਜਾਪਾਨ ਤੋਂ ਆਇਰਲੈਂਡ ਤੱਕ ਅਤੇ ਭੂ-ਮੱਧ ਸਾਗਰ ਤੋਂ ਉੱਤਰੀ ਵਿਥਕਾਰ ਦਰਮਿਆਨ ਇਹ ਯੁੱਧ ਪ੍ਰਚਲਿਤ ਨਹੀਂ ਸੀ। ਇਟਲੀ ਵਿਚ ਅੰਬ੍ਰੀਆ ਪ੍ਰਦੇਸ਼ ਦੇ ਵਾਸੀਆਂ ਅਤੇ ਸਵਾਲ ਕਬੀਲਿਆਂ ਵਿਚਕਾਰ ਵੀ ਇਹ ਯੁੱਧ ਪ੍ਰਚਲਿਤ ਸੀ। ਰੋਮ ਵਾਸੀ ਇਸ ਯੁੱਧ ਨੂੰ ਅਸਭਿਆ ਲੋਕਾਂ ਦੀ ਰੀਤ ਮੰਨਦੇ ਹੁੰਦੇ ਸਨ। ਸਪੇਨ, ਪ੍ਰਾਚੀਨ ਜਰਮਨੀ ਦੇ ਕਬੀਲਿਆਂ ਵਿਚ ਇਹ ਯੁੱਧ ਆਮ ਹੁੰਦਾ ਹੈ। ਯੂਰਪ ਵਿਚ ਰੋਮਨ ਸਾਮਰਾਜ ਦੀ ਗਿਰਾਵਟ ਮਗਰੋਂ ਦਵੰਧ ਯੁੱਧ ਵਧੇਰੇ ਪ੍ਰਚਲਿਤ ਹੋ ਗਿਆ। ਪੱਛਮੀ ਯੂਰਪ ਵਿਚ 814 ਤੋਂ 840 ਈ. ਦੌਰਾਨ ਲੂਈ ਲ ਡੇਬੋਨੈਅਰ ਦੇ ਰਾਜ ਵਿਚ ਜੇ ਇਕ ਵਿਅਕਤੀ ਦੂਜੇ ਉਪਰ ਕੋਈ ਦੋਸ਼ ਲਾਉਂਦਾ ਤੇ ਦੂਜਾ ਅੱਗੋਂ ਇਨਕਾਰ ਕਰਦਾ ਤਾਂ ਮੁਨਸਫ ਦਵੰਦ ਯੁੱਧ ਕਰਵਾ ਕੇ ਹਾਰ ਜਿੱਤ ਦਾ ਫ਼ੈਸਲਾ ਕਰਦਾ।

ਸੰਨ 1547 ਵਿਚ ਫਰਾਂਸ ਵਿਚ ਬਾਦਸ਼ਾਹ ਹੈਨਰੀ ਦੂਜੇ ਨੇ ਨਿਆਂਕਾਰ ਦੇ ਸਾਹਮਣੇ ਹੋਣ ਵਾਲੇ ਨਿਆਇਕ ਦਵੰਦ ਯੁੱਧ ਬੰਦ ਕਰਵਾ ਦਿੱਤੇ ਪਰ ਨਿੱਜੀ ਦਵੰਦ ਯੁੱਧ ਬਾਅਦ ਵਿਚ ਵੀ ਚਲਦੇ ਰਹੇ। ਸੰਨ 1587 ਵਿਚ ਫ਼ਰਾਂਸ ਦੇ ਬਾਦਸ਼ਾਹ ਦੇ ਵਿਸ਼ਵਾਸ ਪਾਤਰ ਕੇਲਸ ਅਤੇ ਗੀਜ਼ ਦੇ ਡਿਊਕ ਦੇ ਵਿਸ਼ਵਾਸਪਾਤਰ ਸਿਅਰ ਡੀ ਡਿਊਨਸ ਵਿਚਕਾਰ ਜਦੋਂ ਯੁੱਧ ਹੋਇਆ ਤਾਂ ਵੇਖਣ ਆਏ ਦੋਹਾਂ ਧਿਰਾਂ ਦੇ ਮਿੱਤਰਾਂ, ਨਿਰੀਖਕਾਂ ਵਿਚਕਾਰ ਵੀ ਯੁੱਧ ਸ਼ੁਰੂ ਹੋ ਗਿਆ। ਇੰਜ ਯੂਰਪ ਵਿਚ ਨਿਰੀਖਕਾਂ ਵਿਚਕਾਰ ਦਵੰਦ ਯੁੱਧ ਦੀ ਰਸਮ ਸ਼ੁਰੂ ਹੋ ਗਈ ਜੋ ਲਗਭਗ 75 ਸਾਲ ਤੱਕ ਚਲਦੀ ਰਹੀ। 16ਵੀਂ ਅਤੇ 17ਵੀਂ ਸਦੀਆਂ ਵਿਚ ਯੂਰਪ ਦੇ ਕਈ ਦੇਸ਼ਾਂ ਨੇ ਇਸ ਯੁੱਧ ਵਿਰੁੱਧ ਕਾਨੂੰਨ ਬਣਾਏ ਪਰ ਇਕ ਵਾਰੀ ਲਲਕਾਰੇ ਜਾਣ ਤੇ ਯੁੱਧ ਤੋਂ ਮੂੰਹ ਮੋੜਨਾ ਕਾਇਰਤਾ ਮੰਨੀ ਜਾਂਦੀ ਸੀ। ਸੰਨ 1643 ਵਿਚ ਲੂਈ ਚੌਦਵੇਂ ਦੇ ਫ਼ਰਾਂਸ ਦੀ ਗੱਦੀ ਤੇ ਬੈਠਣ ਮਗਰੋਂ ਅਜਿਹੇ ਯੁੱਧ ਵਿਚ ਭਾਗ ਲੈਣ ਵਾਲਿਆਂ ਲਈ ਮੌਤ ਦੀ ਸਜ਼ਾ ਮੁਕਰਰ ਕਰ ਦਿੱਤੀ। ਪ੍ਰਤੱਖ ਰੂਪ ਵਿਚ ਚਾਹੇ ਇਹ ਯੁੱਧ ਬੰਦ ਹੋ ਗਏ ਪਰ ਅਪ੍ਰਤੱਖ ਜਿਹੇ ਕਿਸੇ ਸੁੰਨਸਾਨ ਥਾਂ ਤੇ ਆਪਸ ਵਿਚ ਮੁਕਾਬਲਾ ਕਰਦੇ ਸਨ ਅਤੇ ਜੇ ਇਨ੍ਹਾਂ ਦੋਹਾਂ ਵਿਚੋਂ ਇਕ ਮਾਰਿਆ ਜਾਂਦਾ ਤਾਂ ਦੂਜਾ ਕਾਨੂੰਨ ਤੋਂ ਬਚਣ ਲਈ ਇਹ ਕਹਿ ਕੇ ਬਚ ਜਾਂਦਾ ਕਿ ਉਸ ਨੇ ਆਤਮ ਰੱਖਿਆ ਲਈ ਦੂਜੇ ਨੂੰ ਮਾਰਿਆ ਸੀ ਪਰ ਜਦੋਂ ਇਸ ਦੀ ਆੜ ਵਿਚ ਕਤਲ ਹੋਣ ਲੱਗੇ ਤਾਂ ਇਹ ਯੁੱਧ ਕਾਫ਼ੀ ਹਦ ਤੱਕ ਬੰਦ ਹੋ ਗਏ।

ਇਸ ਯੁੱਧ ਵਿਚ ਪਿਸਤੌਲਾਂ ਦੀ ਵਰਤੋਂ 18ਵੀਂ ਸਦੀ ਵਿਚ ਸ਼ੁਰੂ ਹੋਈ। ਇਸ ਕੰਮ ਲਈ ਵਿਸ਼ੇਸ਼ ਪ੍ਰਕਾਰ ਦੇ ਪਿਸਤੌਲ ਬਣਾਏ ਜਾਂਦੇ ਸਨ। ਇੰਗਲੈਂਡ ਵਿਚ ਇਸ ਪ੍ਰਕਾਰ ਦੇ ਯੁੱਧ ਬਾਦਸ਼ਾਹ ਜਾਰਜ ਚੌਥੇ ਦੇ ਸਮੇਂ ਪ੍ਰਚਲਿਤ ਹੋਏ। ਸੰਨ 1785 ਵਿਚ ਇਸ ਨੂੰ ਰੋਕਣ ਲਈ ਇੰਗਲੈਂਡ ਵਿਚ ਨਿਯਮ ਬਣਾਇਆ ਗਿਆ ਅਤੇ ਨਿਯਮ ਤੋੜਨ ਵਾਲੇ ਨੂੰ ਸਜ਼ਾ ਦਾ ਭਾਗੀ ਬਣਾਇਆ ਗਿਆ। ਸੰਨ 1850 ਦੇ ਕਰੀਬ ਲਗਭਗ ਸਾਰੇ ਦੇਸ਼ਾਂ ਵਿਚ ਇਹ ਯੁੱਧ ਹੋਣੇ ਬੰਦ ਹੋ ਗਏ।

ਹ. ਪੁ.—ਹਿੰ. ਵਿ. ਕੋ. 6 : 143

ਦਵੰਦਾਤਮਕ ਤਰਕ : ਤਰਕ-ਸ਼ਾਸਤਰ (ਲੌਜਿਕ) ਦੇ ਵਿਕਾਸ-ਕ੍ਰਮ ਵਿਚ ਇਸ ਵਿਸ਼ੇ ਦੇ ਦੋ ਵਿਸ਼ੇਸ਼ ਸਰੂਪ ਸਾਹਮਣੇ ਆਏ ਹਨ : ਇਕ ਰਵਾਇਤੀ ਤਰਕ ਜੋ ਸਿੱਟਾ ਨਿਆਇ (ਸਿਲੋਜਿਜ਼ਮ) ਦੀ ਵਿਧੀ ਉੱਤੇ ਆਧਾਰਿਤ ਹੈ; ਦੂਸਰਾ ਦਵੰਦਾਤਮਕ ਤਰਕ ਜੋ ਪ੍ਰਤਿਕੂਲ ਵਿਚਾਰਾਂ ਜਾਂ ਸ਼ਕਤੀਆਂ ਦੇ ਟਾਕਰੇ ਵਿਚੋਂ ਪਰਿਵਰਤਨ ਦੇ ਵਿਕਾਸ ਦੀ ਵਿਧੀ ਅਪਣਾਉਂਦਾ ਹੈ। ਰਵਾਇਤੀ ਤਰਕ ਦੇ ਮੁਢਲੇ ਨਿਯਮ ਯੂਨਾਨੀ ਫਿਲਾਸਫ਼ਰ ਅਰਸਤੂ ਦੀ ਦੇਣ ਮੰਨੇ ਜਾਂਦੇ ਹਨ। ਦਵੰਦਾਤਮਕ ਤਰਕ ਦੇ ਆਧਾਰ ਵੀ ਯੂਨਾਨੀ ਦਾਰਸ਼ਨਿਕਾਂ ਸੁਕਰਾਤ ਅਤੇ ਪਲੈਟੋ ਨੇ ਕਾਇਮ ਕੀਤੇ। ਪਲੈਟੋ ਦੇ ਵਾਰਤਾਲਾਪਾਂ ਵਿਚੋਂ ਦੋ ਵਿਅਕਤੀਆਂ ਨੂੰ ਦਲੀਲਬਾਜ਼ੀ ਕਰਦਿਆਂ ਦਰਸਾਇਆ ਗਿਆ ਹੈ ਅਤੇ ਬਹਿਸ ਦੇ ਇਸ ਦਵੰਦ ਵਿਚੋਂ ਕੋਈ ਤੀਸਰਾ ਵਿਚਾਰ ਜਾਂ ਸਿਧਾਂਤ ਜਨਮ ਲੈਂਦਾ ਹੈ। ਅਜਿਹੇ ਦਵੰਦ ਨੂੰ 'ਸੰਬਾਦ' ਦੀ ਕਲਾ (ਡਾਇਲੈਕਟਿਕ) ਦਾ ਨਾਮ ਦਿੱਤਾ ਗਿਆ।

ਸੰਬਾਦਕ ਤਰਕ ਦੀ ਵਿਧੀ ਨੂੰ ਜਰਮਨ ਦਾਰਸ਼ਨਿਕ ਹੇਗਲ (1770–1831 ਈ.) ਨੇ ਨਵਾਂ ਰੂਪ ਦਿੱਤਾ। ਹੇਗਲ ਅਨੁਸਾਰ ਸੰਬਾਦ ਦਾ ਦਵੰਦ ਅਸਲ ਵਿਚ ਪਰਿਵਰਤਨ ਦੀ ਕ੍ਰਿਆ ਹੈ ਜੋ ਯਥਾਰਥਕ ਵਸਤਾਂ, ਹੋਂਦਾਂ ਤੇ ਸ਼ਕਤੀਆਂ ਵਿਚ ਨਿਰੰਤਰ ਕਾਰਜਸ਼ੀਲ ਰਹਿੰਦੀ ਹੈ। ਰਵਾਇਤੀ ਤਰਕ ਅਨੁਸਾਰ ਹਰ ਵਸਤੂ ਆਪਣਾ ਨਿਵੇਕਲਾ ਸਰੂਪ ਕਾਇਮ ਰਖਦੀ ਸੀ। 'ਕ' ਸਦਾ 'ਕ' ਹੀ ਰਹਿੰਦਾ ਹੈ, ਇਹ ਕਦੀ ਅਣ-ਕ' ਨਹੀਂ ਹੋ ਸਕਦਾ। ਇਸ ਨਿਯਮ ਨੂੰ 'ਸਮਰੂਪਤਾ' ਦਾ ਨਿਯਮ ਕਿਹਾ ਗਿਆ, ਜੋ ਆਪਣੇ ਨਾਲ ਸੰਬੰਧਿਤ ਦੋ ਹੋਰ ਨਿਯਮਾਂ (ਵਿਰੋਧ ਅਤੇ ਨਿਰਮਾਧਿਅਮ) ਸਹਿਤ ਆਤਮਸੰਗਤੀ ਦਾ ਪਰੰਪਰਾਈ ਨਿਯਮ ਹੈ। ਦਵੰਦਾਤਮਕ ਤਰਕ ਇਸ ਕਿਸਮ ਦੀ ਇਕ ਰੂਪਤਾ ਨੂੰ ਰੱਦ ਕਰਦਾ ਹੈ; ਇਸ ਅਨੁਸਾਰ 'ਕ' ਵਿਚ ਹਰ ਸਮੇਂ ਪਰਿਵਰਤਨ ਦੀ ਕ੍ਰਿਆ ਚਲਦੀ ਹੈ, ਅਤੇ 'ਕ +' ਹੋ ਕੇ ਹੌਲੀ ਹੌਲੀ 'ਖ' ਵਿਚ ਬਦਲ ਜਾਂਦਾ ਹੈ ਅਤੇ ਫਿਰ 'ਖ +' ਆਦਿਕ।

ਹੇਗਲ ਦੇ ਦਵੰਦਾਤਮਕ ਨਿਯਮ ਨੂੰ ਤ੍ਰੈ-ਪੱਖੀ ਨਾਂ ਦਿੱਤਾ ਗਿਆ, ਜਿਸ ਅਨੁਸਾਰ ਹਰ ਪ੍ਰਸਤਾਵ (ਥੀਸਿਸ) ਦਾ ਵਿਰੋਧੀ ਪ੍ਰਸਤਾਵ ਨਾਲ ਟਾਕਰਾ ਹੁੰਦਾ ਹੈ ਅਤੇ ਇਕ ਨਵਾਂ ਥੀਸਿਸ ਸੰਗਮ (ਸੰਯੋਗ) ਦੇ ਰੂਪ ਵਿਚ ਉਭਰਦਾ ਹੈ। ਇਸ ਸੰਜੋਗੀ ਪ੍ਰਸਤਾਵ (ਸਿੰਥਿਸਿਸ) ਦਾ ਦਵੰਦ ਕਿਸੇ ਨਵੇਂ ਪ੍ਰਤਿਪ੍ਰਸਤਾਵ ਨਾਲ ਹੁੰਦਾ ਹੈ ਅਤੇ ਇਸ ਤਰ੍ਹਾਂ 'ਪ੍ਰਸਤਾਵ-ਪ੍ਰਤਿਪ੍ਰਸਤਾਵ-ਸੰਜੋਗ' ਦਾ ਅਮਲ ਨਿਰੰਤਰ ਚਲਦਾ ਹੈ। ਇਹ ਨਿਯਮ ਪਦਾਰਥਕ ਜਗਤ ਦੇ ਹਰ ਤੱਥ ਉੱਤੇ ਲਾਗੂ ਹੈ। ਇਸ ਨੂੰ ਵਿਰੋਧ ਵਿਕਾਸੀ ਨਿਯਮ ਵੀ ਕਿਹਾ ਗਿਆ ਹੈ ਕਿਉਂਕਿ ਵਿਕਾਸ ਦੀ ਕ੍ਰਿਆ ਦੋ ਸ਼ਕਤੀਆਂ ਦੇ ਪਰਸਪਰ ਟਾਕਰੇ ਉੱਤੇ ਆਧਾਰਿਤ ਮੰਨੀ ਗਈ ਹੈ।

ਦਵੰਦਾਤਮਕ ਤਰਕ ਦੀ ਉਕਤ ਵਿਧੀ ਨੂੰ ਹੇਗਲ ਨੇ ਨਿਸ਼ੇਧ (ਨਿਗੇਸ਼ਨ) ਦੀ ਵਿਧੀ ਮੰਨਿਆ ਹੈ। 'ਕ' ਦਾ 'ਕ+' ਹੋਣਾ ਅਤੇ 'ਖ' ਵਿਚ ਬਦਲ ਜਾਣਾ 'ਕ' ਦਾ ਨਿਸ਼ੇਧ ਹੈ। ਕਾਰਲ ਮਾਰਕਸ ਤੇ ਏਂਗਲਜ਼ ਨੇ ਹੇਗਲ ਦੀ ਵਿਧੀ ਨੂੰ ਅਪਣਾ ਕੇ ਵਿਰੋਧ-ਵਿਕਾਸ ਦਾ ਨਿਯਮ ਸਮੁੱਚੇ ਪਦਾਰਥ ਜਗਤ ਅਤੇ ਮਨੁੱਖੀ ਇਤਿਹਾਸ ਉੱਤੇ ਲਾਗੂ ਕਰਨ ਦੀ ਚੇਸ਼ਟਾ ਕੀਤੀ। ਏਂਗਲਜ਼ ਨੇ ਆਪਣੀ ਪੁਸਤਕ 'ਕੁਦਰਤ ਦੀ ਸੰਬਾਦਿਕਤਾ' (1886) ਵਿਚ ਵਿਰੋਧ ਵਿਕਾਸ ਨੂੰ ਪ੍ਰਬੀਨਤਾ ਸਹਿਤ ਪ੍ਰਕਿਰਤਿਕ ਵਿਗਿਆਨਾਂ ਵਿਚ ਕਾਰਜ ਕਰਦਾ ਦਰ-ਸਾਇਆ। ਇਸ ਤਰ੍ਹਾਂ ਰਵਾਇਤੀ ਤਰਕ ਦੇ ਆਧਾਰ ਰੂਪੀ ਨਿਯਮਾਂ ਦੇ ਟਾਕਰੇ ਉੱਤੇ ਦਵੰਦਾਤਮਕ ਤਰਕ ਦੇ ਨਿਯਮਾਂ ਦੀ ਸਥਾਪਤੀ ਹੋਈ, ਜੋ ਗਿਣਤੀ ਵਿਚ ਤਿੰਨ ਹਨ :—

(1) ਪ੍ਰਤਿਕੂਲ ਤੱਤਾਂ ਤੇ ਸ਼ਕਤੀਆਂ ਦੀ ਪਰਸਪਰ 'ਅੰਤਰ-ਪ੍ਰਵੇਸ਼ਤਾ' ਦਾ ਨਿਯਮ ਜਿਸ ਅਨੁਸਾਰ ਪਰਿਵਰਤਨ ਦੀ ਕ੍ਰਿਆ ਹੀ ਯਥਾਰਥਕ ਹੈ। ਸੰਗਮ ਤੇ ਏਕਤਾ ਆਰਜ਼ੀ ਹਨ। ਕੁਝ ਵੀ ਅ-ਪਰਿਵਰਤਿਤ ਜਾਂ ਅ-ਬਦਲ ਨਹੀਂ।

(2) ਮਾਤ੍ਰਾ ਦਾ ਗੁਣ ਵਿਚ ਅਤੇ ਗੁਣ ਦਾ ਮਾਤ੍ਰਾ ਵਿਚ ਪਰਿਵਰਤਨ। ਇਸ ਨਿਯਮ ਅਨੁਸਾਰ ਤਬਦੀਲੀ ਦੀ ਮਾਤਰਾ ਹੌਲੀ-ਹੌਲੀ ਵਧਦੀ ਹੈ ਅਤੇ ਇਕ ਵਿਸ਼ੇਸ਼ ਪੱਧਰ ਨੂੰ ਪੁੱਜ ਕੇ ਕਿਸੇ ਨਵੀਂ ਪ੍ਰਕਾਰ ਨੂੰ ਜਨਮ ਦਿੰਦੀ

ਹੈ। ਇਹ ਨਵੀਨਤਾ ਦਾ ਗੁਣ ਹੈ ਜੋ ਮੂਲਕ ਤੱਥ ਦਾ ਪਰਿਵਰਤਿਤ ਰੂਪ ਸਿਰਜਦਾ ਹੈ।

(3) ਨਿਸ਼ੇਧ ਦਾ ਨਿਸ਼ੇਧ। ਨਵਾਂ ਗੁਣ ਸਦਾ ਲਈ ਨਵਾਂ ਨਹੀਂ ਰਹਿੰਦਾ; ਇਸ ਵਿਚ ਹੌਲੀ-ਹੌਲੀ ਤਬਦੀਲੀ ਆਉਂਦੀ ਹੈ ਅਤੇ ਜਿਵੇਂ ਇਸ ਨੇ ਮੂਲ-ਪ੍ਰਸਤਾਵ ਦਾ ਨਿਸ਼ੇਧ ਕੀਤਾ ਸੀ, ਇਸ ਦਾ ਆਪਣਾ ਵੀ ਨਿਸ਼ੇਧ ਹੋ ਜਾਂਦਾ ਹੈ। ਇਸੇ ਤਰ੍ਹਾਂ 'ਨਿਸ਼ੇਧ ਦੇ ਨਿਸ਼ੇਧ' ਦੀ ਪ੍ਰਕ੍ਰਿਆ ਰਾਹੀਂ ਵਿਕਾਸ ਦਾ ਅਮਲ ਜਾਰੀ ਰਹਿੰਦਾ ਹੈ।

ਹੇਗਲ ਤੇ ਮਾਰਕਸ ਅਤੇ ਉਨ੍ਹਾਂ ਦੇ ਪੈਰੋਕਾਰਾਂ ਅਨੁਸਾਰ, ਦਵੰਦਾਤਮਕ ਤਰਕ ਦੀ ਇਹ ਵਿਧੀ ਯਥਾਰਥਕ ਜਗਤ ਦੀਆਂ ਵਸਤਾਂ ਦੀ 'ਇਤਿਹਾਸਿਕਤਾ' ਹੈ। ਕੋਈ ਸ਼ੈਅ ਕਿਸ ਗਤੀ ਨਾਲ, ਕਿਸ ਦਿਸ਼ਾ ਵੱਲ ਵੱਧ ਰਹੀ ਹੈ ਜਾਂ ਕ੍ਰਿਆਸ਼ੀਲ ਹੈ, ਇਹ ਗੱਲ ਮਹੱਤਵਪੂਰਨ ਹੈ ਕਿਉਂਕਿ ਨਵੇਂ ਸਿੱਟੇ ਇਸੇ ਅਮਲ ਵਿਚੋਂ ਉਤਪੰਨ ਹੁੰਦੇ ਹਨ; ਵਿਕਾਸ ਦੀ ਸੇਧ ਇਸੇ ਕ੍ਰਿਆ ਰਾਹੀਂ ਨਿਰਧਾਰਿਤ ਹੁੰਦੀ ਹੈ। ਸੁਕਰਾਤ ਤੇ ਪਲੈਟੋ ਨੇ ਜਿਸ ਸੰਬਾਦਕ ਵਿਧੀ ਨੂੰ ਸਰਲ ਰੂਪ ਵਿਚ ਸਿਰਜਿਆ ਸੀ ਉਹ ਆਧੁਨਿਕ ਦੌਰ ਵਿਚ ਇਕ ਜਟਿਲ ਤੇ ਬਹੁ-ਪੱਖੀ ਵਿਧੀ ਵਿਚ ਵਿਕਸਿਤ ਹੋ ਗਈ ਜਿਸ ਦੀ ਵਰਤੋਂ ਨੇ ਫਲਸਫ਼ੇ ਦੇ ਵਿਕਾਸ ਵਿਚ ਕਈ ਨਵੀਆਂ ਦਾਰਸ਼ਨਿਕ ਧਾਰਨਾਵਾਂ ਤੇ ਵਿਚਾਰਧਾਰਾਵਾਂ ਦਾ ਨਿਰਮਾਣ ਕੀਤਾ।

—ਡਾ. ਵਜ਼ੀਰ ਸਿੰਘ

ਦਵੰਦਾਤਮਕ ਭੌਤਿਕਵਾਦ : ਉਨੀਵੀਂ ਸਦੀ ਵਿਚ ਕਾਰਲ ਮਾਰਕਸ ਤੇ ਏਂਗਲਜ਼ ਨੇ ਭੌਤਿਕਵਾਦੀ ਫ਼ਲਸਫ਼ੇ ਦੀ ਇਕ ਨਵੀਂ ਧਾਰਾ ਵਿਕਸਿਤ ਕੀਤੀ ਜਿਸ ਦਾ ਨਾਮ ਉਨ੍ਹਾਂ ਨੇ ਦਵੰਦਾ-ਤਮਕ ਭੌਤਿਕਵਾਦ (ਸੰਬਾਦਕ ਪਦਾਰਥਵਾਦ) ਰੱਖਿਆ। ਇਸ ਦਰਸ਼ਨਧਾਰਾ ਨੂੰ ਮਾਰਕਸਵਾਦੀ ਚਿੰਤਕਾਂ ਤੇ ਪੈਰੋਕਾਰਾਂ ਦਾ ਸਮਰਥਨ ਪ੍ਰਾਪਤ ਹੋਣ ਕਾਰਨ, ਇਸ ਦੀ ਪ੍ਰਸਿੱਧੀ ਕੇਵਲ ਦਾਰਸ਼ਨਿਕ ਖੇਤਰ ਤਕ ਹੀ ਸੀਮਿਤ ਨਾ ਰਹੀ ਸਗੋਂ ਇਹ ਖੱਬੇ-ਪੱਖੀ ਰਾਜਸੀ ਸੰਗਠਨਾਂ, ਪ੍ਰਗਤੀਸ਼ੀਲ ਬੁੱਧੀਜੀਵੀਆਂ, ਸਮਾਜ ਵਿਗਿਆਨੀਆਂ, ਆਰਥਿਕ ਨੀਤੀਵਾਨਾਂ ਅਤੇ ਇਨਕਲਾਬੀ ਜਥੇਬੰਦੀਆਂ ਦੀ ਸਾਂਝੀ ਵਿਚਾਰ-ਧਾਰਾ ਬਣ ਗਈ। ਵੀਹਵੀਂ ਸਦੀ ਦੇ ਮੁਢਲੇ ਸਾਲਾਂ ਦੌਰਾਨ ਲੈਨਿਨ ਨੇ ਇਸ ਫ਼ਲਸਫ਼ੇ ਨੂੰ ਤੁਲਨਾਤਮਕ ਅਧਿਐਨ ਦੇ ਪਰਿਪੇਖ ਵਿਚ ਰੱਖ ਕੇ ਇਸ ਨੂੰ ਤਕਨੀਕੀ ਆਧਾਰ ਦਿੱਤਾ ਅਤੇ ਤੱਤ-ਮੀਮਾਂਸਾ (ਮੈਟਾਫ਼ਿ-ਜ਼ਿਕਸ) ਦੇ ਖ਼ੇਤਰ ਵਿਚ ਇਸ ਦੀ ਸਾਖ ਕਾਇਮ ਕੀਤੀ।

ਦਵੰਤਾਤਮਕ ਭੌਤਿਕਵਾਦ ਦੇ ਮੁੱਖ ਆਧਾਰ 'ਪਦਾਰਥ' ਦਾ ਸੰਕਲਪ ਅਤੇ 'ਸੰਪਾਦਕ' ਵਿਧੀ ਹਨ। ਪਰੰਪਰਾਗਤ ਭੌਤਿਕਵਾਦ ਪਦਾਰਥ (ਮੈਟਰ) ਨੂੰ ਬੁਨਿਆਦੀ ਹਕੀਕਤ ਪ੍ਰਵਾਨ ਕਰਦਾ ਸੀ ਅਤੇ ਮਾਨਸਿਕ, ਆਤਮਿਕ ਤੱਥਾਂ ਨੂੰ ਪਦਾਰਥਕ ਸਚਾਈ ਦੀਆਂ ਬਣਤਰਾਂ ਤੋਂ ਵੱਧ ਅਹਿਮੀਅਤ ਨਹੀਂ ਸੀ ਦਿੰਦਾ। ਇਸ ਦਾ ਵਿਰੋਧੀ ਦਾਰਸ਼ਨਿਕ ਸਿਧਾਂਤ ਆਦਰਸ਼ਵਾਦ (ਧਾਰਨਾਵਾਦ) ਹਕੀਕਤ ਨੂੰ ਕਿਸੇ ਗ਼ੈਰ-ਪਦਾਰਥਕ ਮਨ ਜਾਂ ਆਤਮਾ ਉੱਤੇ ਆਧਾਰਿਤ ਮੰਨ ਕੇ ਪਦਾਰਥ ਦੀ ਹਸਤੀ ਨੂੰ ਰੱਦ ਕਰਦਾ ਸੀ ਅਤੇ ਜਾਂ ਇਸ ਨੂੰ ਮਾਨਸਿਕ ਮੂਲ-ਸੱਤਾ ਦਾ ਵਿਕ੍ਰਿਤ ਰੂਪ ਕਿਆਸਦਾ ਸੀ। ਮਾਰਕਸਵਾਦੀ ਚਿੰਤਨ ਨੇ ਪਦਾਰਥ ਹਕੀਕਤ ਨੂੰ ਸੰਬਾਦਕ ਵਿਧੀ ਰਾਹੀਂ ਵਿਕਾਸ ਕਰਦਿਆਂ ਦਰਸਾ ਕੇ ਇਸ ਦੇ ਮਾਨਸਿਕ, ਸਮਾਜਕ ਤੇ ਆਤਮਿਕ ਪ੍ਰਗਟਾਵਿਆਂ ਦੀ ਸੰਭਾਵਨਾ ਨੂੰ ਉਜਾਗਰ ਕੀਤਾ ਅਤੇ ਇਸ ਤਰ੍ਹਾਂ ਪਦਾਰਥਵਾਦ ਤੇ ਧਾਰਨਾਵਾਦ ਦੇ ਆਪਸੀ ਵਿਰੋਧ ਦੀ ਤੀਬਰਤਾ ਨੂੰ ਘਟਾਇਆ। ਮੂਲ-ਸੱਤਾ ਮੈਟਰ ਹੀ ਰਿਹਾ ਜਦ ਕਿ ਧਾਰਨਾ, ਬੁੱਧੀ ਤੇ ਚਿੰਤਨ ਮੂਲ ਪਦਾਰਥ ਦੀ ਵਿਕਾਸ-ਕ੍ਰਿਆ ਵਿਚੋਂ ਉਪਜੇ ਹੋਣਹਾਰ ਸਿੱਟੇ ਤੇ ਕ੍ਰਿਸ਼ਮੇ ਮੰਨੇ ਗਏ।

ਵਿਕਾਸ ਦੀ ਜਿਸ ਵਿਧੀ ਰਾਹੀਂ ਪਦਾਰਥ ਆਪਣੀਆਂ ਸੂਖਮ ਸੰਭਾਵਨਾਵਾਂ ਨੂੰ ਪ੍ਰਾਪਤ ਹੁੰਦਾ ਹੈ, ਉਹ ਮਾਰਕਸੀ ਚਿੰਤਨ ਅਨੁਸਾਰ ਦਵੰਦਾਤਮਕ (ਵਿਰੋਧੀ, ਵਿਕਾਸੀ, ਸੰਬਾਦਕ ਜਾਂ ਡਾਇਲੈਕਟਿਕ) ਤਰਕ ਦੀ ਵਿਧੀ ਹੈ। ਮਾਰਕਸ ਤੋਂ ਪਹਿਲਾਂ ਹੇਗਲ ਨੇ ਇਸ ਤਾਰਕਿਕ ਵਿਧੀ ਨੂੰ ਆਪਣੇ ਆਦਰਸ਼ਵਾਦੀ ਫ਼ਲਸਫ਼ੇ ਉੱਤੇ ਲਾਗੂ ਕਰਦਿਆਂ ਇਕੋ ਇਕ, ਨਿਰੰਕੁਸ਼ ਤੇ ਅੰਤਿਮ ਮਾਨਸਿਕ ਸੱਤਾ ਦੀ ਸਚਾਈ ਸਿੱਧ ਕਰਨ ਹਿਤ ਵਰਤਿਆ ਸੀ। ਹੇਗਲ ਅਨੁਸਾਰ ਹਕੀਕਤ ਅਜਿਹੀ ਪਰਮ ਧਾਰਨਾ ਜਾਂ ਆਤਮਿਕ ਸਮੁੱਚ ਹੈ, ਜੋ ਨਿਸ਼ੇਧ (ਨਿਗੇਸ਼ਨ) ਦੇ ਅਮਲ ਰਾਹੀਂ ਆਪਣੀ ਸਿਖਰ ਨੂੰ ਪੁੱਜਦੀ ਹੈ। ਮਾਰਕਸ ਨੇ ਇਸ ਸਿਧਾਂਤ ਦੇ ਵਿਰੋਧ ਵਿਚ ਪਦਾਰਥਕ ਬੁਨਿਆਦ ਨੂੰ ਨਿਸ਼ੇਧ ਦੀ ਕ੍ਰਿਆ ਰਾਹੀਂ ਉਚੇਰੇ ਮਾਨਸਿਕ-ਆਤਮਿਕ ਮੰਡਲਾਂ ਤਕ ਵਿਕਸਿਤ ਹੁੰਦਾ ਦਿਖਾਇਆ। ਦਵੰਦਾਤਮਕ ਭੌਤਿਕਵਾਦ ਵਿਚ ਪਰੰਪਰਾਗਤ ਪਦਾਰਥਵਾਦ ਅਤੇ ਹੇਗਲਵਾਦੀ ਤਰਕ ਦਾ ਸੰਜੋਗ ਪ੍ਰਾਪਤ ਹੈ।

ਮਾਰਕਸੀ ਚਿੰਤਨ ਅਨੁਸਾਰ ਮੂਲ-ਪਦਾਰਥ (ਮੈਟਰ) ਬਾਹਰਮੁਖੀ, ਵਸਤੂਪਰਕ ਯਥਾਰਥ ਹੈ ਜਿਸ ਨੂੰ ਅਸੀਂ ਕੁਦਰਤ ਦੇ ਵਿਭਿੰਨ ਜਲਵਿਆਂ ਵਿਚ ਨਿਹਾਰਦੇ ਹਾਂ ਅਤੇ ਜੋ ਸਾਡੀਆਂ ਗਿਆਨ ਇੰਦ੍ਰੀਆਂ ਨੂੰ ਪ੍ਰਭਾਵਿਤ ਕਰਦਿਆਂ ਸਾਨੂੰ ਸੂਚਨਾ ਤੇ ਗਿਆਨ ਪ੍ਰਦਾਨ ਕਰਦਾ ਹੈ। ਇਹ ਕੁਦਰਤ ਦੀ 'ਆਵਸ਼ਕਤਾ' ਹੈ, ਜਿਸ ਦੇ ਆਪਣੇ ਅਟਲ ਨਿਯਮ ਹਨ ਪਰ ਮਨੁੱਖ ਆਪਣੀ ਬੌਧਿਕ ਸਮਰੱਥਾ ਦੇ ਬਲਬੂਤੇ ਤੇ ਪ੍ਰਕਿਰਤਿਕ ਨਿਯਮਾਂ-ਕਾਨੂੰਨਾਂ ਦੀ ਸੋਝੀ ਹਾਸਲ ਕਰਦਾ ਹੈ ਅਤੇ ਇਨ੍ਹਾਂ ਨੂੰ ਸਮਾਜਕ ਲਾਭ ਤੇ ਪ੍ਰਗਤੀ ਹਿਤ ਵਰਤੋਂ ਵਿਚ ਲਿਆਉਂਦਾ ਹੈ। ਇਸ ਤਰ੍ਹਾਂ ਉਹ ਅੰਨ੍ਹੀ ਅਚੇਤ ਹੋਣੀ ਨੂੰ ਵਿਵੇਕ ਤੇ ਵਿਗਿਆਨ ਦੀ ਸਹਾਇਤਾ ਨਾਲ ਸੁਚੇਤ ਪੱਧਰ ਉੱਤੇ ਲਿਆ ਕੇ 'ਸੁਤੰਤਰ' ਹੁੰਦਾ ਚਲਾ ਜਾਂਦਾ ਹੈ। ਇੰਜ ਦਵੰਦਾਤਮਕ ਭੌਤਿਕਵਾਦ ਕੇਵਲ-ਮਾਤਰ ਤੱਤ ਮੀਮਾਂਸਾ ਹੀ ਨਹੀਂ ਸਗੋਂ ਮਨੁੱਖ ਅਤੇ ਸਮਾਜ ਨੂੰ ਆਪਣੀ ਵਲਗਣ ਵਿਚ ਲੈਂਦਾ ਹੋਇਆ ਮਾਨਵਵਾਦੀ ਚਿੰਤਨ ਦਾ ਸਰੂਪ ਅਖ਼ਤਿਆਰ ਕਰਦਾ ਹੈ।

ਉਪਰੋਕਤ ਚਿੰਤਨਧਾਰਾ ਵਿਚ 'ਪਦਾਰਥ' ਨੂੰ ਇਕ ਦਾਰਸ਼ਨਿਕ ਪ੍ਰਵਰਗ ਤੋਂ ਅਗੇਰੇ ਸਮਾਜਕ-ਆਰਥਿਕ ਅਰਥ ਦਿੱਤਾ ਗਿਆ ਜੋ ਮਾਰਕਸਵਾਦੀ ਵਿਚਾਰਧਾਰਾ ਦੀ ਪ੍ਰਸਿੱਧੀ ਦਾ ਵਡੇਰਾ ਕਾਰਨ ਬਣਿਆ। ਮਾਰਕਸ ਦੇ ਸਮਾਜ-ਸਿਧਾਂਤ ਨੂੰ 'ਇਤਿਹਾਸਕ ਪਦਾਰਥਵਾਦ' ਕਿਹਾ ਗਿਆ ਹੈ ਜਿਸ ਅਨੁਸਾਰ ਸਮਾਜਕ ਵਿਕਾਸ ਦੇ ਹਰ ਦੌਰ ਵਿਚ ਸਮਾਜ ਦੀ ਆਰਥਕ ਪ੍ਰਣਾਲੀ ਬੁਨਿਆਦ ਦਾ ਕੰਮ ਕਰਦੀ ਹੈ ਅਤੇ ਮਨੁੱਖ ਦਾ ਸਭਿਆਚਾਰ, ਧਰਮ, ਰਾਜਨੀਤੀ, ਕਾਨੂੰਨ, ਕਲਾਵਾਂ, ਸੰਸਥਾਵਾਂ ਸਭ ਉਪਰਲਾ ਢਾਂਚਾ ਘੜਦੇ ਹਨ। ਆਰਥਕ ਕ੍ਰਿਆ ਵਿਚ ਰੁੱਝਾ ਮਨੁੱਖ ਆਪਣੇ ਉਤਪਾਦਕੀ ਵਸੀਲਿਆਂ, ਸੰਦਾਂ, ਹਥਿਆਰਾਂ ਦੀ ਵਰਤੋਂ ਰਾਹੀਂ ਰੋਟੀ-ਰੋਜ਼ੀ ਤੇ ਸੁੱਖ-ਸੁਵਿਧਾਵਾਂ ਦੇ ਸਾਧਨ ਪੈਦਾ ਕਰਦਾ ਹੈ ਅਤੇ ਆਪਣੇ ਸੰਗ-ਸਾਥ ਨਾਲ ਆਰਥਕ ਸਬੰਧ ਵਿਚ ਜੁੜਦਾ ਹੈ। ਇਸ ਪਦਾਰਥਕ ਇਤਿਹਾਸਕ ਅਮਲ ਵਿਚੋਂ ਸ਼੍ਰੇਣੀ-ਸਮਾਜ ਦੀ ਸਥਾਪਨਾ ਹੁੰਦੀ ਹੈ ਜੋ ਸ਼੍ਰੇਣੀਆਂ ਦੇ ਦਵੰਦ ਵਿਚੋਂ ਪ੍ਰਗਤੀ ਦੀ ਦਿਸ਼ਾ ਲੈਂਦੀ ਹੋਈ ਸਮਾਜ-ਵਾਦੀ ਬਣਤਰ ਵੱਲ ਵਧਦੀ ਹੈ। ਇਤਿਹਾਸਕ ਪਦਾਰਥਵਾਦ 'ਸ਼੍ਰੇਣੀ-ਸੰਗਰਾਮ' ਦੀ ਪਰੰਪਰਾ ਵਿਚ ਗੁਲਾਮਾਂ ਅਤੇ ਮਾਲਕਾਂ ਸਾਮੰਤਸ਼ਾਹੀ ਯੁਗ ਦੇ ਕਾਮਿਆਂ ਅਤੇ ਜਾਗੀਰਦਾਰਾਂ, ਪੂੰਜੀਵਾਦੀ ਦੌਰ ਤੇ ਕਿਰਤੀਆਂ ਅਤੇ ਉਦਯੋਗਪਤੀਆਂ ਵਿਚਕਾਰ ਟੱਕਰ ਅਤੇ ਜੱਦੋ-ਜਹਿਦ ਦੇ ਤੱਥਾਂ ਉੱਤੇ ਆਪਣੀ ਸਿਧਾਂਤਕ ਰਚਨਾ ਕਰਦਾ ਹੈ। ਇਹ ਸਿਧਾਂਤ ਸਮਾਜਵਾਦ ਨੂੰ ਸਹੀ ਅਰਥਾਂ ਵਿਚ ਲੋਕਤੰਤਰ ਦੀ ਪ੍ਰਫੁੱਲਤਾ ਮੰਨਦਾ ਹੈ। ਇਸ ਦਾ ਉਦੇਸ਼ ਸ਼੍ਰੇਣੀ ਰਹਿਤ ਸਮਾਜ ਦਾ ਨਿਰਮਾਣ ਹੈ ਜਿਸ ਵਿਚ ਆਰਥਕ ਖੁਸ਼ਹਾਲੀ ਦੇ ਨਾਲ-ਨਾਲ ਸਮਾਨਤਾ ਤੇ ਭਰਾਤਰੀਭਾਵ ਦਾ ਵਾਤਾਵਰਣ ਪੈਦਾ ਹੋ ਸਕੇ।

ਦਵੰਦਾਤਮਕ ਅਤੇ ਇਤਿਹਾਸਕ ਪਦਾਰਥਵਾਦ, ਦੋਹਾਂ ਵਿਚ ਸੰਬਾਦਕ ਤਰਕ ਦੇ 'ਪ੍ਰਸਤਾਵ-ਪ੍ਰਤਿਪ੍ਰਸਤਾਵ-ਸੰਗਮ' ਦਾ ਵਿਰੋਧ-ਵਿਕਾਸੀ ਨਿਯਮ ਲਾਗੂ ਹੁੰਦਾ ਦਰਸਾਇਆ ਗਿਆ ਹੈ। ਕੋਈ ਵੀ ਪਦਾਰਥਕ ਤੇ ਸਮਾਜਕ ਬਣਤਰ ਸਦੀਵੀ ਤੇ ਸਥਿਰ ਨਹੀਂ। ਹਰ ਤੱਥ, ਹਰ ਆਰਥਿਕ ਤੇ ਸਮਾਜਕ ਪ੍ਰਬੰਧ ਦਵੰਦਮਈ ਵਿਕਾਸ ਦੀ ਕ੍ਰਿਆ ਵਿਚੋਂ ਲੰਘ ਰਿਹਾ ਹੈ। ਹਰ ਨਜ਼ਾਮ ਵਿਚ ਹੌਲੀ ਹੌਲੀ ਪਰਿਵਰਤਨ ਆਉਂਦੇ ਹਨ ਅਤੇ ਇਕ ਵਿਸ਼ੇਸ਼ ਪੱਧਰ ਨੂੰ ਪੁੱਜ ਕੇ ਇਨਕਲਾਬੀ ਰੂਪ ਧਾਰਨ ਕਰ ਲੈਂਦੇ ਹਨ। ਨੈਤਿਕ ਦ੍ਰਿਸ਼ਟੀ ਤੋਂ ਹਰ ਅਜਿਹੀ ਸ਼ਕਤੀ ਦੀ ਹਮਾਇਤ ਉਚਿਤ ਹੈ ਜੋ ਪ੍ਰਗਤੀ ਦੀ ਸੇਧ ਵੱਲ ਲੈ ਜਾਵੇ, ਜਨਤਕ ਹਿੱਤਾਂ ਅਤੇ ਸਮਾਜਕ ਨਿਆਂ ਲਈ ਕਰਮਸ਼ੀਲ ਹੋਵੇ। ਮਾਰਕਸਵਾਦੀ ਸਿਧਾਂਤ ਅਨੁਸਾਰ ਸ਼੍ਰੇਣੀ-ਰਹਿਤ ਸਮਾਜ ਦਾ ਆਦਰਸ਼ ਇਸ ਲਈ ਮਹੱਤਵਪੂਰਨ ਹੈ ਕਿ ਇਸ ਵਿਚ ਹਰ ਵਿਅਕਤੀ ਦੀਆਂ ਪਦਾਰਥਕ ਤੇ ਸਭਿਆਚਾਰਕ ਲੋੜਾਂ ਦੀ ਸੰਤੁਸ਼ਟੀ ਸੰਭਵ ਹੋਵੇਗੀ ਅਤੇ ਹਰ ਕੋਈ ਆਪਣੀ ਸ਼ਖ਼ਸੀਅਤ ਦੀਆਂ ਹੋਣਹਾਰ ਸ਼ਕਤੀਆਂ ਨੂੰ ਵੱਧ ਤੋਂ ਵੱਧ ਪ੍ਰਫੁਲਿਤ ਕਰ ਸਕੇਗਾ।

—ਡਾ. ਵਜ਼ੀਰ ਸਿੰਘ

ਦਵਾਈ ਬਕਸਾ : ਹਰ ਘਰ ਵਿਚ ਆਮ ਵਰਤੋਂ ਵਿਚ ਆਉਣ ਵਾਲੀਆਂ ਸਾਧਾਰਨ ਦਵਾਈਆਂ ਲਈ ਇਕ ਬਕਸਾ ਜਾਂ ਡੱਬਾ ਹੋਣਾ ਚਾਹੀਦਾ ਹੈ ਜਿਸ ਵਿਚ ਦਵਾਈਆਂ, ਪੱਟੀਆਂ ਅਤੇ ਅਜਿਹਾ ਹੋਰ ਸਮਾਨ ਸੁਰੱਖਿਅਤ ਰੱਖਿਆ ਜਾ ਸਕੇ। ਇਸ ਬਕਸੇ ਵਿਚ ਮਿਆਦ ਪੁੱਗੀਆਂ ਅਤੇ ਲੇਬਲ ਤੋਂ ਬਿਨਾਂ ਦਵਾਈਆਂ ਨਹੀਂ ਰੱਖਣੀਆਂ ਚਾਹੀਦੀਆਂ। ਗ਼ਲਤ ਖਾਧੀ ਦਵਾਈ ਕਈ ਵਾਰ ਘਾਤਕ ਸਿੱਧ ਹੋ ਸਕਦੀ ਹੈ। ਕਈ ਦਵਾਈਆਂ ਪੁਰਾਣੀਆਂ ਹੋ ਜਾਣ ਕਰਕੇ ਖਰਾਬ ਹੋਣ ਤੋਂ ਇਲਾਵਾ ਹਾਨੀਕਾਰਕ ਵੀ ਸਿੱਧ ਹੁੰਦੀਆਂ ਹਨ। ਇਸ ਬਕਸੇ ਵਿਚ ਰਖੀ ਹਰ ਦਵਾਈ ਦਾ ਨਾਂ ਉਸ ਉਪਰ ਜ਼ਰੂਰ ਲਿਖਿਆ ਹੋਣਾ ਚਾਹੀਦਾ ਹੈ ਅਤੇ ਜੇ ਹੋ ਸਕੇ ਤਾਂ ਉਸ ਦੀ ਮਿਆਦ ਪੁੱਗਣ ਦੀ ਮਿਤੀ ਵੀ ਲਿਖੀ ਹੋਣੀ ਚਾਹੀਦੀ ਹੈ। ਜੇ ਘਰ ਵਿਚ ਬੱਚੇ ਹੋਣ ਤਾਂ ਇਸ ਬਕਸੇ ਨੂੰ ਤਾਲਾ ਮਾਰ ਕੇ ਰੱਖਣਾ ਹੀ ਉਚਿਤ ਹੁੰਦਾ ਹੈ ਕਿਉਂਕਿ ਕੋਈ ਹਲਕੀ ਜਿਹੀ ਦਵਾਈ ਵੀ ਜੇ ਠੀਕ ਤਰੀਕੇ ਨਾਲ ਨਾ ਵਰਤੀ ਜਾਵੇ ਕਈ ਵਾਰੀ ਨੁਕਸਾਨ ਦੇਹ ਸਿੱਧ ਹੋ ਸਕਦੀ ਹੈ। ਇਸ ਬਕਸੇ ਦੇ ਤਾਲੇ ਦੀ ਚਾਬੀ ਸੁਰੱਖਿਅਤ ਥਾਂ ਤੇ ਰਖਣੀ ਚਾਹੀਦੀ ਹੈ ਜਿਥੋਂ ਲੋੜ ਪੈਣ ਤੇ ਛੇਤੀ ਹੀ ਲੱਭੀ ਜਾ ਸਕੇ। ਪਰਿਵਾਰ ਦੀਆਂ ਲੋੜਾਂ ਨੂੰ ਮੁੱਖ ਰੱਖਦੇ ਹੋਏ ਹੇਠ ਲਿਖੀਆਂ ਦਵਾਈਆਂ ਇਸ ਬਕਸੇ ਵਿਚ ਰੱਖਣੀਆਂ ਚਾਹੀਦੀਆਂ ਹਨ :—

ਕਬਜ਼ਕੁਸ਼ਾ ਅਤੇ ਦਸਤਾਵਰ ਦਵਾਈਆਂ—ਆਮ ਘਰਾਂ ਵਿਚ ਕਬਜ਼ ਦੂਰ ਕਰਨ ਲਈ ਦਵਾਈਆਂ ਵਰਤੀਆਂ ਜਾਂਦੀਆਂ ਹਨ। ਕਬਜ਼ ਦੂਰ ਕਰਨ ਲਈ ਅਰਿੰਡ ਦੇ ਤੇਲ ਅਤੇ ਜੁਲਾਬੀ ਲੂਣ (epsom salt) ਦੀ ਬਹੁਤੀ ਵਰਤੋਂ ਨਹੀਂ ਕਰਨੀ ਚਾਹੀਦੀ ਕਿਉਂਕਿ ਕਈ ਵਾਰ ਇਹ ਉਤੇਜਨਾ ਵਧਾ ਦਿੰਦੇ ਹਨ ਜਿਸ ਨਾਲ ਰੋਜ਼ਾਨਾ ਪਖਾਨੇ ਤੇ ਅਸਰ ਪੈਂਦਾ ਹੈ। ਖਣਿਜੀ ਤੇਲ ਵੀ ਜੇ ਜ਼ਿਆਦਾ ਸਮਾਂ ਲਗਾਤਾਰ ਵਰਤੇ ਜਾਣ ਤਾਂ ਉਹ ਵਿਟਾਮਿਨ ਏ ਅਤੇ ਡੀ ਦੀ ਸੋਖਣ ਕਿਰਿਆ ਤੇ ਅਸਰ ਕਰਦੇ ਹਨ।

ਕੁਝ ਲੋਕ ਕੁਦਰਤੀ ਕਬਜ਼ਕੁਸ਼ਾ ਦੀ ਵਰਤੋਂ ਨਹੀਂ ਕਰ ਸਕਦੇ ਉਨ੍ਹਾਂ ਨੂੰ ਸੰਸ਼ਲਿਸ਼ਟ ਕਬਜ਼ਕੁਸ਼ਾ ਵਰਤਣੇ ਪੈਂਦੇ ਹਨ ਜੋ ਅਲਰਜੀ ਨਹੀਂ ਕਰਦੇ ਅਤੇ ਆਂਦਰ ਵਿਚ ਪਹੁੰਚਣ ਤਕ ਫੁਲਦੇ ਵੀ ਨਹੀਂ। ਹੋਰ ਆਮ ਵਰਤੋਂ ਵਿਚ ਆਉਣ ਵਾਲੀਆਂ ਕਬਜ਼ਕੁਸ਼ਾ ਦਵਾਈਆਂ ਵਿਚ ਫੀਨਾਲੱਫਥੇਲੀਨ, ਸੀਡਲੀਜ਼ ਪਾਊਡਰ (seidlitz powder) ਸੋਡੀ-ਅਮ ਫ਼ਾਸਫ਼ੇਟ, ਮਿਲਕ ਆਫ਼ ਮੈਗਨੀਸ਼ੀਆ, ਖ਼ੁਸ਼ਬੂਦਾਰ ਕਸਕਾਰਾ ਅਤੇ ਮਿੱਠੇ ਵਿਚ ਮਿਲੇ ਖਣਿਜੀ ਤੇਲ ਹਨ। ਕਬਜ਼ਕੁਸ਼ਾ ਜਾਂ ਦਸ-ਤਾਵਰ ਦਵਾਈਆਂ ਜਦੋਂ ਪੇਟ ਵਿਚ ਦਰਦ ਹੋਵੇ ਤਾਂ ਨਹੀਂ ਖਾਣੀਆਂ ਚਾਹੀਦੀਆਂ ਕਿਉਂਕਿ ਇਹ ਅੰਤੜੀ ਸੋਜ ਵਰਗੀਆਂ ਬੀਮਾਰੀਆਂ ਲਈ ਹਾਨੀਕਾਰਕ ਸਿੱਧ ਹੁੰਦੀਆਂ ਹਨ। ਇਨ੍ਹਾਂ ਦਵਾਈਆਂ ਦੇ ਸੇਵਨ ਨੂੰ ਇਕ ਆਦਤ ਵੀ ਨਹੀਂ ਬਣਾਉਣਾ ਚਾਹੀਦਾ।

ਦਰਦ-ਨਿਵਾਰਕ ਦਵਾਈਆਂ—ਆਮ ਤੌਰ ਤੇ ਇਹ ਦਵਾ-ਈਆਂ ਸਿਰ ਦਰਦ ਲਈ ਵਰਤੀਆਂ ਜਾਂਦੀਆਂ ਹਨ। ਕਈ ਵਾਰ ਇਨ੍ਹਾਂ ਦੀ ਵਰਤੋਂ ਤੰਤੂ-ਪੀੜ, ਤੰਤੂ ਪ੍ਰਦਾਹ, ਦੰਦਾਂ ਦੀ ਦਰਦ ਅਤੇ ਹੋਰ ਕਈ ਅੰਗਾਂ ਦੀਆਂ ਦਰਦਾਂ ਲਈ ਵੀ ਕੀਤੀ ਜਾਂਦੀ ਹੈ। ਸਿਰ ਦਰਦ ਠੀਕ ਕਰਨ ਵਾਲੇ ਬਹੁਤੇ ਪਾਊਡਰਾਂ ਵਿਚ ਫਿਨੈਸਿਟਿਨ ਜਾਂ ਐਸਿਟੈਨਿਲਿਡ ਕੁਝ ਮਾਤਰਾ ਵਿਚ ਜ਼ਰੂਰੀ ਹੁੰਦੀ ਹੈ। ਆਮ ਵਰਤੋਂ ਵਿਚ ਆਉਣ ਵਾਲੀ ਦਰਦ ਨਿਵਾਰਕ ਦਵਾਈ ਐਸਪਰੀਨ ਹੈ ਜਿਹੜੀ ਆਮ ਤੌਰ ਤੇ ਪੰਜ ਗ੍ਰਾਮ ਦੀ ਗੋਲੀ ਦੇ ਰੂਪ ਵਿਚ ਵਿਕਦੀ ਹੈ। ਤਪਤ-ਖੰਡੀ ਇਲਾਕਿਆਂ ਤੋਂ ਇਲਾਵਾ ਐਸਪਰੀਨ ਨੂੰ ਬੰਦ ਢੱਕਣ ਵਾਲੀ ਸ਼ੀਸ਼ੀ ਵਿਚ ਬਹੁਤ ਦੇਰ ਤਕ ਰਖਿਆ ਜਾ ਸਕਦਾ ਹੈ। ਐਸਪਰੀਨ ਨਾਲ ਰੋਗ ਦੂਰ ਨਹੀਂ ਹੁੰਦਾ ਇਹ ਸਿਰਫ਼ ਰੋਗ ਕਾਰਨ ਪੈਦਾ ਹੋਈ ਦਰਦ ਦੂਰ ਕਰਦੀ ਹੈ। ਇਹ ਦਰਦ ਦੇ ਨਾਲ ਬੁਖ਼ਾਰ ਨੂੰ ਵੀ ਘਟਾਉਂਦੀ ਹੈ। ਬੱਚਿਆਂ ਲਈ ਐਸਪਰੀਨ ਦੀਆਂ ਛੋਟੀਆਂ ਗੋਲੀਆਂ ਮਿਲਦੀਆਂ ਹਨ ਜੋ ਚੱਸਦਾਰ ਮਿੱਠੀਆਂ ਹੁੰਦੀਆਂ ਹਨ। ਕਈ ਵਾਰ ਬੱਚੇ ਇਨ੍ਹਾਂ ਨੂੰ ਬਾਕੀ ਮਿੱਠੀਆਂ ਗੋਲੀਆਂ ਵਾਂਗ ਜ਼ਿਆਦਾ ਮਾਤਰਾ ਵਿਚ ਖਾ ਜਾਂਦੇ ਹਨ। ਇਸ ਲਈ ਹਰ ਸਾਲ ਐਸਪਰੀਨ ਦੀ ਜ਼ਿਆਦਾ ਮਾਤਰਾ ਖਾਣ ਕਾਰਨ ਸੈਂਕੜੇ ਬੱਚੇ ਮਰ ਜਾਂਦੇ ਹਨ। ਐਸਪਰੀਨ ਦੀਆਂ ਚੱਸਦਾਰ ਗੋਲੀਆਂ ਦੀ ਸ਼ੀਸ਼ੀ ਬੱਚਿਆਂ ਦੀ ਪਹੁੰਚ ਤੋਂ ਦੂਰ ਰੱਖੀ ਜਾਣੀ ਚਾਹੀਦੀ ਹੈ।

ਆਮ ਕਰਕੇ ਐਸਪਰੀਨ ਦੀ ਪ੍ਰਤਿਕ੍ਰਿਆ ਨਹੀਂ ਹੁੰਦੀ ਪਰ ਸੌ ਵਿਚੋਂ ਦੋ ਜਾਂ ਤਿੰਨ ਆਦਮੀਆਂ ਨੂੰ ਇਸ ਦੀ ਪ੍ਰਤਿਕ੍ਰਿਆ ਹੋ ਸਕਦੀ ਹੈ। ਐਸਪਰੀਨ ਦੀ ਪ੍ਰਤਿਕਿਰਿਆ ਦਮੇ ਜਾਂ ਐਲਰਜੀ ਦੇ ਰੋਗੀਆਂ ਨੂੰ ਹੋ ਸਕਦੀ ਹੈ।

ਨੀਂਦ ਆਵਰ ਦਵਾਈਆਂ—ਬਹੁਤੀਆਂ ਨੀਂਦ ਆਵਰ ਦਵਾ-ਈਆਂ ਵਿਚ ਬਾਰਬਿਟਿਊਰਿਕ ਐਸਿਡ ਦੀ ਕੁਝ ਮਾਤਰਾ ਜ਼ਰੂਰ ਹੁੰਦੀ ਹੈ। ਇਹ ਦਵਾਈਆਂ ਕੁਝ ਹੋਰ ਔਸ਼ਧੀਆਂ ਨਾਲ ਮਿਲਾ ਕੇ ਬਣਾਈਆਂ ਜਾਂਦੀਆਂ ਹਨ। ਇਹ ਦਵਾਈਆਂ ਡਾਕਟਰ ਦੀ ਸਲਾਹ ਨਾਲ ਹੀ ਵਰਤੀਆਂ ਜਾਣੀਆਂ ਚਾਹੀਦੀਆਂ ਹਨ ਅਤੇ ਇਨ੍ਹਾਂ ਨੂੰ ਬੱਚਿਆਂ ਦੀ ਪਹੁੰਚ ਤੋਂ ਦੂਰ ਰੱਖਣਾ ਚਾਹੀਦਾ ਹੈ। ਅਜਿਹੀਆਂ ਦਵਾਈਆਂ ਦੀ ਸ਼ੀਸ਼ੀ ਤੇ ਠੀਕ ਨਾਮ ਜ਼ਰੂਰ ਲਿਖਿਆ ਹੋਣਾ ਚਾਹੀਦਾ ਹੈ।

ਨਸ਼ਾ ਆਵਰ ਦਵਾਈਆਂ—ਸਭ ਤੋਂ ਵੱਧ ਸਖ਼ਤ ਦਵਾਈਆਂ ਨੀਂਦ ਵਾਲੀਆਂ ਅਤੇ ਬੇਹੋਸ਼ੀ ਵਾਲੀਆਂ ਹੀ ਮੰਨੀਆ ਜਾਂਦੀਆਂ ਹਨ। ਇਸ ਲਈ ਡਾਕਟਰ ਦੀ ਸਲਾਹ ਬਿਨਾਂ ਇਨ੍ਹਾਂ ਦੀ ਵਰਤੋਂ ਬਿਲਕੁਲ ਨਹੀਂ ਕਰਨੀ ਚਾਹੀਦੀ। ਉਹ ਦਵਾਈ ਜਿਸ ਦੀ ਵਰਤੋਂ ਅੰਤਰ ਤੁਚਈ ਸਰਿੰਜ ਨਾਲ ਕੀਤੀ ਜਾਂਦੀ ਹੈ ਦਵਾਈ ਦੇ ਬਕਸੇ ਵਿਚ ਨਹੀਂ ਰੱਖਣੀ ਚਾਹੀਦੀ। ਸ਼ੂਗਰ ਦੇ ਜਿਨ੍ਹਾਂ ਰੋਗੀਆਂ ਨੂੰ ਡਾਕਟਰ ਨੇ ਆਪਣੇ ਆਪ ਸਰਿੰਜ ਨਾਲ ਇਨਸੁਲਿਨ ਦਾ ਟੀਕਾ ਲਗਵਾਉਣ ਲਈ ਸਲਾਹ ਦਿੱਤੀ ਹੁੰਦੀ ਹੈ ਉਨ੍ਹਾਂ ਨੂੰ ਵੀ ਸਰਿੰਜ ਵਖਰੀ ਸੁਰੱਖਿਅਤ ਥਾਂ ਤੇ ਰੱਖਣੀ ਚਾਹੀਦੀ ਹੈ।

ਰੋਗਾਣੂ-ਨਾਸ਼ਕ ਦਵਾਈਆਂ—ਪਹਿਲੋਂ ਪਹਿਲ ਇਹ ਦਵਾ-ਈਆਂ ਡਾਕਟਰ ਦੀ ਲਿਖੀ ਪਰਚੀ ਤੋਂ ਬਿਨ੍ਹਾਂ ਬਾਜ਼ਾਰ ਵਿਚ ਨਹੀਂ ਸਨ ਮਿਲਦੀਆਂ ਪਰ ਅੱਜਕੱਲ੍ਹ ਇਹ ਕਈ ਰਾਜਾਂ ਵਿਚ ਆਮ ਦਵਾਈਆਂ ਵਾਲੀਆਂ ਦੁਕਾਨਾਂ ਤੋਂ ਮਿਲ ਜਾਂਦੀਆਂ ਹਨ। ਰੋਗਾਣੂ-ਨਾਸ਼ਕ ਦਵਾਈਆਂ ਮਿੱਠੀਆਂ, ਗੋਲੀਆਂ ਦੇ ਰੂਪ ਵਿਚ ਅਤੇ ਦਵਾਈ ਲਗੀਆਂ ਹੋਈਆਂ ਪੱਟੀਆਂ ਦੇ ਰੂਪ ਵਿਚ ਮਿਲ ਜਾਂਦੀਆਂ ਹਨ। ਕਈ ਵਾਰ ਪੈਨਸਲੀਨ ਅਤੇ ਟੈਟਰਾਮਾਈਸੀਨ ਵਰਗੀਆਂ ਦਵਾਈਆਂ ਦੀਆਂ ਪ੍ਰਤਿਕ੍ਰਿਆਵਾਂ ਵੀ ਹੋ ਜਾਂਦੀਆਂ ਹਨ। ਪੁਰਾਣੀਆਂ ਪਈਆਂ ਰੋਗਾਣੂ ਨਾਸ਼ਕ ਦਵਾਈਆਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਜੇ ਕਿਸੇ ਕਾਰਨ ਦਵਾਈਆਂ ਦੀ ਵਰਤੋਂ ਕਰਨੀ ਪੈ ਜਾਏ ਤਾਂ ਉਲਟੀ ਆਉਣ, ਦਿਲ ਕੱਚਾ ਹੋਣ ਜਾਂ ਹੋਰ ਕਿਸੇ ਅਜਿਹੇ ਲੱਛਣ ਦੇ ਪ੍ਰਗਟ ਹੁੰਦਿਆਂ ਹੀ ਡਾਕਟਰੀ ਸਹਾਇਤਾ ਲੈਣੀ ਚਾਹੀਦੀ ਹੈ।

ਐਂਟੀਸੈਪਟਿਕ ਦਵਾਈਆਂ—ਚਮੜੀ ਤੇ ਲਗਾਉਣ ਲਈ, ਜ਼ਖ਼ਮ ਸਾਫ਼ ਕਰਨ ਲਈ ਜਾਂ ਗਰਾਰੇ ਕਰਨ ਲਈ ਕਈ ਐਂਟੀਸੈਪਟਿਕ ਦਵਾਈਆਂ ਵਰਤੀਆਂ ਜਾਂਦੀਆਂ ਹਨ ਜਿਨ੍ਹਾਂ ਵਿਚੋਂ ਆਇਓਡੀਨ, ਮੈਟਾਫੇਨ ਮਰੋਕਿਊਰੋਕਰੋਮ ਆਦਿ ਜ਼ਿਆਦਾ ਵਰਤੋਂ ਵਿਚ ਆਉਂ-ਦੀਆਂ ਹਨ।

ਮੁਢਲੀ ਸਹਾਇਤਾ—ਮੁਢਲੀ ਸਹਾਇਤਾ ਲਈ ਚਿਪਕਣ ਵਾਲੀ ਟੇਪ, ਜੀਵਾਣੂ ਰਹਿਤ ਰੂੰ ਅਤੇ ਪੱਟੀਆਂ, ਪੈਟਰੋਲੀਅਮ ਜੈਲ, ਜ਼ਿੰਕ ਆੱਕਸਾਈਡ ਦੀ ਕਰੀਮ ਅਤੇ ਕੈਂਚੀ ਦਵਾਈ ਬਕਸੇ ਵਿਚ ਹੋਣੀਆਂ ਬਹੁਤ ਜ਼ਰੂਰੀ ਹਨ। ਇਨ੍ਹਾਂ ਤੋਂ ਇਲਾਵਾ ਬਣੀਆਂ ਬਣਾ-ਈਆਂ ਜੀਵਾਣੂ ਰਹਿਤ ਪੱਟੀਆਂ, ਮਿਲਕ ਆਫ਼ ਮੈਗਨੀਸ਼ੀਆ ਅਤੇ ਮਿੱਠਾ ਸੋਡਾ ਆਦਿ ਵੀ ਦਵਾਈ ਬਕਸੇ ਵਿਚ ਰੱਖਣੇ ਚਾਹੀਦੇ ਹਨ।

ਦਵਾਈ ਬਕਸੇ ਵਿਚ ਕੀੜੇ ਮਾਰਨ ਵਾਲੀਆਂ ਦਵਾਈਆਂ ਅਤੇ ਬਲੀਚਿੰਗ ਲਈ ਲੋੜੀਂਦੇ ਰਸਾਇਣ ਆਦਿ ਨਹੀਂ ਰੱਖਣੇ ਚਾਹੀਦੇ। ਚਾਹੇ ਬੱਚਿਆਂ ਨੂੰ ਕਿਤਨਾ ਵੀ ਮਨ੍ਹਾਂ ਕਰੋ ਫਿਰ ਵੀ ਕਈ ਵਾਰ ਨੁਕਸਾਨ ਹੋ ਹੀ ਜਾਂਦਾ ਹੈ। ਮੁਢਲੀ ਸਹਾਇਤਾ ਲਈ ਲੋੜੀਂਦੇ ਸਾਮਾਨ ਤੋਂ ਇਲਾਵਾ ਕਈ ਪਰਿਵਾਰ ਅਨੀਮਾ ਦੇਣ ਲਈ ਸਰਿੰਜ, ਗਰਮ ਪਾਣੀ ਦੀ ਬੋਤਲ, ਬੀਮਾਰ ਦੀ ਟੱਟੀ-ਪੇਸ਼ਾਬ ਲਈ ਭਾਂਡਾ ਅਤੇ ਭਾਫ਼ ਬਣਾਉਣ ਲਈ ਯੰਤਰ ਆਦਿ ਵੀ ਰੱਖਣਾ ਉਚਿਤ ਸਮਝਦੇ ਹਨ।

ਇਕ ਪਰਿਵਾਰ ਲਈ ਰਖਿਆ ਦਵਾਈ ਬਕਸਾ ਘੱਟ ਤੋਂ ਘੱਟ ਇਕ ਸਾਲ ਵਿਚ ਚਾਰ ਵਾਰੀ ਜਾਂ ਹਰ ਤਿੰਨ ਮਹੀਨੇ ਬਾਅਦ ਜ਼ਰੂਰ ਚੈਕ ਕਰ ਲੈਣਾ ਚਾਹੀਦਾ ਹੈ। ਫਾਲਤੂ ਜਾਂ ਜਿਨ੍ਹਾਂ ਦਵਾਈਆਂ ਦੀ ਮਿਆਦ ਪੁਗਣ ਮਿਤੀ ਲੰਘ ਚੁੱਕੀ ਹੋਵੇ ਉਹ ਸੁੱਟ ਦੇਣੀਆਂ ਚਾਹੀ-ਦੀਆਂ ਹਨ। ਦਵਾਈ ਦੀ ਠੀਕ ਢੰਗ ਨਾਲ ਵਰਤੋਂ ਲਈ ਹੇਠ ਲਿਖੇ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ।

1. ਜ਼ਹਿਰੀਲੀਆਂ ਦਵਾਈਆਂ ਵਰਤੋਂ ਤੋਂ ਬਾਅਦ ਬਚਾ ਕੇ ਨਹੀਂ ਰੱਖਣੀਆਂ ਚਾਹੀਦੀਆਂ। ਜੇ ਅਜਿਹਾ ਕਰਨਾ ਹੀ ਪਏ ਤਾਂ ਉਨ੍ਹਾਂ ਨੂੰ ਬਾਕੀ ਦਵਾਈਆਂ ਤੋਂ ਅਲਗ ਰੱਖਣਾ ਚਾਹੀਦਾ ਹੈ ਅਤੇ ਉਨ੍ਹਾਂ ਉਪਰ ਨਾਂ ਵੀ ਜ਼ਰੂਰ ਲਿਖ ਦੇਣਾ ਚਾਹੀਦਾ ਹੈ।
2. ਹਰ ਦਵਾਈ ਉਪਰ ਉਸ ਦਾ ਨਾਂ ਅਤੇ ਖਾਣ ਦੀ ਮਾਤਰਾ ਜ਼ਰੂਰ ਲਿਖੀ ਹੋਣੀ ਚਾਹੀਦੀ ਹੈ।
3. ਦਵਾਈਆਂ ਦੀਆਂ ਬੋਤਲਾਂ ਨੂੰ ਚੰਗੀ ਤਰ੍ਹਾਂ ਬੰਦ ਕਰਨਾ ਚਾਹੀਦਾ ਹੈ। ਕਈ ਵਾਰ ਦਵਾਈਆਂ ਵਿਚ ਤਰਲ ਉਡਣ ਨਾਲ ਉਹ ਗਾੜ੍ਹੀਆਂ ਹੋ ਜਾਂਦੀਆਂ ਹਨ ਜਿਸ ਕਰਕੇ ਹਾਨੀਕਾਰਕ ਸਿੱਧ ਹੋ ਸਕਦੀਆਂ ਹਨ। ਕਈ ਵਾਰ ਨਮੀ ਸੋਖਣ ਕਾਰਨ ਦਵਾਈਆਂ ਦਾ ਅਸਰ ਖ਼ਤਮ ਹੋ ਜਾਂਦਾ ਹੈ।
4. ਜਿਸ ਦਵਾਈ ਦੀ ਰਚਨਾ (composition) ਬਾਰੇ ਨਾ ਪਤਾ ਹੋਵੇ ਉਸ ਦੇ ਸੈਂਪਲ ਨਹੀਂ ਰੱਖਣੇ ਚਾਹੀਦੇ।
5. ਪਰਿਵਾਰ ਦੇ ਦਵਾਈ ਬਕਸੇ ਵਿਚ ਪੋਸਤ ਜਾਂ ਮਾਰਫ਼ੀਨ ਵਰਗੀਆਂ ਦਵਾਈਆਂ ਨਹੀਂ ਰਖਣੀਆਂ ਚਾਹੀਦੀਆਂ।
6. ਜਿਨ੍ਹਾਂ ਦਵਾਈਆਂ ਦੇ ਘੋਲ ਕਿਸੇ ਖਾਸ ਰੋਗ ਲਈ ਤਿਆਰ ਕੀਤੇ ਗਏ ਹੋਣ ਉਹ ਘੋਲ ਉਸ ਰੋਗ ਲਈ ਵਰਤਣ ਤੋਂ ਬਾਅਦ ਜੇ ਬੱਚ ਜਾਣ ਤਾਂ ਸੁੱਟ ਦੇਣੇ ਚਾਹੀਦੇ ਹਨ।
7. ਕੋਈ ਵੀ ਦਵਾਈ ਖਾਣ ਤੋਂ ਪਹਿਲਾਂ ਉਸ ਦਾ ਨਾਂ, ਮਿਆਦ, ਪੁੱਗਣ ਮਿਤੀ ਧਿਆਨ ਨਾਲ ਪੜ੍ਹ ਲੈਣੇ ਚਾਹੀਦੇ ਹਨ।

ਹ.ਪੁ.—ਮੈ. ਹੈ. ਐਨ. 3 : 883

ਦਵਾਰਕਾ : ਇਹ ਗੁਜਰਾਤ ਰਾਜ ਦੇ ਜਾਮਨਗਰ ਜ਼ਿਲ੍ਹੇ ਦਾ ਇਕ ਪੁਰਾਤਨ ਸ਼ਹਿਰ ਅਤੇ ਉੱਘਾ ਤੀਰਥ ਅਸਥਾਨ ਹੈ ਜਿਸ ਨੂੰ ਦਵਾਰਾਵਤੀ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਹ ਰਾਜਕੋਟ ਦੇ ਪੱਛਮ ਵਿਚ 185 ਕਿ. ਮੀ. (115 ਮੀ.) ਦੀ ਦੂਰੀ ਤੇ ਕਾਠੀਆਵਾੜ ਪ੍ਰਾਇਦੀਪ ਦੇ ਉੱਤਰ-ਪੱਛਮ ਵਿਚ, ਉਖਾਮੰਡਲ ਪ੍ਰਾਇਦੀਪ ਦੇ ਪੱਛਮੀ ਤੱਟ ਉੱਤੇ ਸਥਿਤ ਹੈ। ਇਹ ਰੇਲਵੇ ਅਤੇ ਰਾਜ ਮਾਰਗ ਨਾਲ ਦੇਸ਼ ਦੇ ਦੂਜੇ ਭਾਗਾਂ ਨਾਲ ਜੁੜਿਆ ਹੋਇਆ ਹੈ। ਇਸ ਸ਼ਹਿਰ ਵਿਚ ਬਹੁਤ ਸਾਰੇ ਵੱਡੇ ਦਰਵਾਜ਼ੇ ਹੋਣ ਕਾਰਨ ਇਸ ਨੂੰ ਦਰਵਾਜ਼ਿਆਂ ਵਾਲਾ ਸ਼ਹਿਰ ਵੀ ਕਿਹਾ ਜਾਂਦਾ ਹੈ। ਮਿਥ ਅਨੁਸਾਰ ਇਸ ਨੂੰ ਭਗਵਾਨ ਸ਼੍ਰੀ ਕ੍ਰਿਸ਼ਨ ਜੀ ਦੀ ਰਾਜਧਾਨੀ ਦੱਸਿਆ ਗਿਆ ਹੈ ਜਿਸ ਦੀ ਸਥਾਪਨਾ ਉਨ੍ਹਾਂ ਨੇ ਮਥੁਰਾ ਸ਼ਹਿਰ ਨੂੰ ਛੱਡਣ ਮਗਰੋਂ ਕੀਤੀ ਸੀ। ਇਸੇ ਕਾਰਨ ਇਸ ਸ਼ਹਿਰ ਦੀ ਗਿਣਤੀ ਹਿੰਦੂਆਂ ਦੇ ਸੱਤ ਮਹਾਨ ਤੀਰਥ ਅਸਥਾਨਾਂ ਵਿਚ ਕੀਤੀ ਜਾਂਦੀ ਹੈ। ਸੰਨ 1372 ਵਿਚ ਦਿੱਲੀ ਦੇ ਮੁਸਲਮਾਨ ਬਾਦਸ਼ਾਹਾਂ ਨੇ ਇਸ ਸ਼ਹਿਰ ਦੇ ਮੂਲ ਮੰਦਰਾਂ ਨੂੰ ਨਸ਼ਟ ਕਰ ਦਿੱਤਾ ਸੀ।

ਤੀਰਥ ਯਾਤਰੀਆਂ ਤੇ ਲਾਇਆ ਗਿਆ ਕਰ ਸ਼ਹਿਰ ਦੀ ਆਮਦਨੀ ਦਾ ਮੁੱਖ ਸਾਧਨ ਹੈ। ਇਥੇ ਸੀਮਿੰਟ ਦਾ ਉਦਯੋਗ ਸਥਾਪਿਤ ਹੈ। ਘਿਓ, ਤੇਲ ਦੇ ਬੀਜ, ਲੂਣ ਅਤੇ ਬਾਜਰੇ ਦਾ ਵਪਾਰ ਵੀ ਪ੍ਰਫੁੱਲਤ ਹੈ।

ਆਬਾਦੀ-27, 824 (1991)

22°22′ ਉ. ਵਿਥ.; 69°5′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 4 : 307; ਐਨ. ਬ੍ਰਿ. 7 : 810

ਦ੍ਵਿ-ਅਧਿਕਾਰ : ਪੂੰਜੀਵਾਦੀ ਅਰਥ ਵਿਵਸਥਾ ਵਿਚ ਵਸਤਾਂ ਦੀ ਖਰੀਦ ਅਤੇ ਵਿਕਰੀ ਕਰਨ ਦਾ ਮੁੱਖ ਕੇਂਦਰ ਬਾਜ਼ਾਰ ਹੁੰਦਾ ਹੈ। ਵਸਤਾਂ ਦੀਆਂ ਕੀਮਤਾਂ ਅਤੇ ਉਤਪਾਦਨ ਦਾ ਨਿਰਧਾਰਣ ਬਾਜ਼ਾਰ ਵਿਚ ਹੀ ਹੁੰਦਾ ਹੈ। ਕਿਸੇ ਵਸਤੂ ਦਾ ਕਿੰਨੀ ਮਾਤਰਾ ਵਿਚ ਉਤਪਾਦਨ ਕੀਤਾ ਜਾਵੇਗਾ ਅਤੇ ਉਸ ਵਸਤੂ ਦੀ ਕਿੰਨੀ ਕੀਮਤ ਨਿਸ਼ਚਿਤ ਹੋਵੇਗੀ, ਇਹ ਉਸ ਵਸਤੂ ਦੇ ਬਾਜ਼ਾਰ ਦੀ ਬਣਤਰ ਤੇ ਹੀ ਨਿਰਭਰ ਕਰਦਾ ਹੈ। ਦ੍ਵਿ-ਅਧਿਕਾਰ ਅਲਪਾਧਿਕਾਰ ਦਾ ਹੀ ਇਕ ਸੀਮਿਤ ਰੂਪ ਹੈ। ਅਲਪਾਧਿਕਾਰ ਉਸ ਸਮੇਂ ਪੈਦਾ ਹੁੰਦਾ ਹੈ ਜਦੋਂ ਬਾਜ਼ਾਰ ਵਿਚ ਥੋੜੇ ਜਿਹੇ ਵਿਕ੍ਰੇਤੇ ਹੋਣ। ਵਿਕ੍ਰੇਤਿਆਂ ਦੀ ਗਿਣਤੀ

ਇੰਨੀ ਘੱਟ ਹੁੰਦੀ ਹੈ ਕਿ ਇਕ ਹੀ ਵਿਕ੍ਰੇਤਾ ਦੀਆਂ ਕ੍ਰਿਆਵਾਂ ਦਾ ਬਾਕੀ ਦੇ ਵਿਕ੍ਰੇਤਿਆਂ ਉੱਤੇ ਸਪਸ਼ਟ ਅਤੇ ਮਹੱਤਵਪੂਰਨ ਪ੍ਰਭਾਵ ਪੈਂਦਾ ਹੈ।

ਦ੍ਵਿ-ਅਧਿਕਾਰ ਬਾਜ਼ਾਰ ਦੀ ਉਹ ਹਾਲਤ ਹੈ ਜਿਸ ਵਿਚ ਕੇਵਲ ਦੋ ਵਿਕ੍ਰੇਤੇ ਹੁੰਦੇ ਹਨ ਅਤੇ ਦੋਵੇਂ ਹੀ ਇਕ ਕਿਸਮ ਦੀ ਵਸਤੂ ਨੂੰ ਵੇਚਦੇ ਹਨ ਜਿਸ ਦੇ ਕਾਰਨ ਬਾਜ਼ਾਰ ਵਿਚ ਇਕ ਹੀ ਕੀਮਤ ਨਿਰਧਾਰਿਤ ਹੁੰਦੀ ਹੈ। ਕੁਝ ਹਾਲਤਾਂ ਵਿਚ ਦੋਵੇਂ ਵਿਕ੍ਰੇਤਿਆਂ ਦੀ ਵਸਤੂ ਵਿਚ ਥੋੜ੍ਹੀ ਜਿਹੀ ਭਿੰਨਤਾ ਹੋਣ ਦੇ ਕਾਰਨ ਕੀਮਤ ਵਿਚ ਅੰਤਰ ਹੋ ਸਕਦਾ ਹੈ ਪਰ ਸਾਧਾਰਣ ਹਾਲਤਾਂ ਵਿਚ ਵਸਤੂ ਸਮਰੂਪ ਹੀ ਹੁੰਦੀ ਹੈ।

ਅਲਪਾਧਿਕਾਰ ਵਿਚ ਵਿਕ੍ਰੇਤੇ ਥੋੜ੍ਹੇ ਹੁੰਦੇ ਹਨ ਜਦੋਂ ਕਿ ਬਾਜ਼ਾਰ ਵਿਚ ਦੋ ਵਿਕ੍ਰੇਤਿਆਂ ਦੇ ਕਾਰਨ ਦ੍ਵਿ-ਅਧਿਕਾਰ ਦੀ ਹਾਲਤ ਪੈਦਾ ਹੋ ਜਾਂਦੀ ਹੈ।

ਅਲਪਾਧਿਕਾਰ ਅਤੇ ਦ੍ਵਿ-ਅਧਿਕਾਰ ਵਿਚ ਬਾਜ਼ਾਰ ਦੀ ਇਕ ਹੀ ਕਿਸਮ ਹੈ ਪਰੰਤੂ ਉਨ੍ਹਾਂ ਵਿਚ ਕੇਵਲ ਦਰਜੇ ਦਾ ਹੀ ਅੰਤਰ ਹੈ। ਦ੍ਵਿ-ਅਧਿਕਾਰ ਵਿਚ ਦੋ ਵਿਕ੍ਰੇਤੇ ਆਪਸ ਵਿਚ ਅੰਤਰ ਕ੍ਰਿਆ ਕਰਦੇ ਹਨ। ਜਦੋਂ ਇਕ ਵਿਕ੍ਰੇਤਾ ਵਸਤੂ ਦੀ ਕੀਮਤ ਘੱਟ ਕਰਦਾ ਹੈ ਤਾਂ ਦੂਜਾ ਵੀ ਕੀਮਤ ਘੱਟ ਕਰ ਦਿੰਦਾ ਹੈ। ਇਸ ਤਰ੍ਹਾਂ ਮੁਕਾਬਲੇ ਦੀ ਇਹ ਪ੍ਰਕ੍ਰਿਆ ਨਿਰੰਤਰ ਚਲਦੀ ਰਹਿੰਦੀ ਹੈ ਜਿਸ ਦੇ ਕਾਰਨ ਕੀਮਤ ਯੁੱਧ ਸ਼ੁਰੂ ਹੋ ਜਾਂਦਾ ਹੈ ਪਰੰਤੂ ਦੋਹਾਂ ਵਿਕ੍ਰੇਤਿਆਂ ਵਿਚ ਸਮਝੌਤੇ ਦੀ ਸੰਭਾਵਨਾ ਜ਼ਿਆਦਾ ਹੁੰਦੀ ਹੈ ਜਿਸ ਕਰ ਕੇ ਦੋਵੇਂ ਵਿਕ੍ਰੇਤੇ ਆਪਸੀ ਸਮਝੌਤੇ ਦੇ ਆਧਾਰ ਤੇ ਕੀਮਤ ਇਸ ਤਰ੍ਹਾਂ ਨਿਰਧਾਰਤ ਕਰਦੇ ਹਨ ਜਿਸ ਨਾਲ ਉਨ੍ਹਾਂ ਨੂੰ ਵਧੇਰੇ ਲਾਭ ਹੁੰਦਾ ਹੋਵੇ। ਕੀਮਤ ਵਿਚ ਤਬਦੀਲੀ ਵੀ ਵਾਪਸੀ ਸਮਝੌਤੇ ਦੇ ਆਧਾਰ ਤੇ ਹੁੰਦੀ ਹੈ। ਸਮਝੌਤੇ ਕਰਕੇ ਆਮ ਤੌਰ ਤੇ ਵਿਕ੍ਰੇਤਾ ਵਸਤੂ ਦੀ ਕੀਮਤ ਸਾਧਾਰਣ ਕੀਮਤ ਦੇ ਮੁਕਾਬਲੇ ਉੱਚੀ ਰੱਖਦੇ ਹਨ ਜਿਸ ਕਰ ਕੇ ਉਨ੍ਹਾਂ ਨੂੰ ਜ਼ਿਆਦਾ ਲਾਭ ਪ੍ਰਾਪਤ ਹੁੰਦਾ ਹੈ।

ਫ਼ਰਾਂਸੀਸੀ ਅਰਥ ਵਿਗਿਆਨੀ ਕੂਰਨੋ ਪਹਿਲਾ ਅਰਥ-ਵਿਗਿਆਨੀ ਸੀ ਜਿਸ ਨੇ ਦ੍ਵਿ-ਅਧਿਕਾਰ ਦੇ ਮਾਡਲ ਦੀ 1838 ਈ. ਵਿਚ ਵਿਆਖਿਆ ਕੀਤੀ ਸੀ। ਇਸ ਸਿਧਾਂਤ ਦੇ ਅਨੁਸਾਰ ਦ੍ਵਿ-ਅਧਿਕਾਰ ਵਿਚ ਹਰ ਇਕ ਵਿਕ੍ਰੇਤਾ ਕੁੱਲ ਮੰਗ ਦਾ 1/3 ਹਿੱਸਾ ਵੇਚਦਾ ਹੈ ਅਤੇ ਵਸਤੂ ਦੀ ਇਕ ਹੀ ਕੀਮਤ ਬਾਜ਼ਾਰ ਵਿਚ ਨਿਰਧਾਰਿਤ ਹੁੰਦੀ ਹੈ। ਕੁੱਲ ਮੰਗ ਦੇ 2/3 ਹਿੱਸੇ ਦੀ ਪੂਰਤੀ ਕੀਤੀ ਜਾਂਦੀ ਹੈ।

ਕੂਰਨੋ ਤੋਂ ਬਾਅਦ ਇਕ ਹੋਰ ਫਰਾਂਸੀਸੀ ਗਣਿਤ ਵਿਗਿਆਨੀ ਬੈਤਰਾ ਨੇ 1883 ਈ. ਵਿਚ ਕੂਰਨੋ ਦੇ ਮਾਡਲ ਵਿਚ ਕੁਝ, ਇਕ ਤਬਦੀਲੀਆਂ ਕਰ ਕੇ ਇਕ ਨਵਾਂ ਸਿਧਾਂਤ ਵਿਕਸਿਤ ਕੀਤਾ। ਇਹ ਮਾਡਲ ਕੂਰਨੋ ਦੇ ਸਿਧਾਂਤ ਨਾਲੋਂ ਕੇਵਲ ਇਸ ਗੱਲ ਵਿਚ ਵੱਖਰਾ ਹੈ ਕਿ ਹਰ ਇਕ ਵਿਕ੍ਰੇਤਾ ਇਹ ਮੰਨਦਾ ਹੈ ਕਿ ਉਸ ਦਾ ਵਿਰੋਧੀ ਕੀਮਤ ਨੂੰ ਸਥਿਰ ਰੱਖਦਾ ਹੈ। ਇਸ ਤਰ੍ਹਾਂ ਹਰ ਇਕ ਫਰਮ ਲਈ ਬਾਜ਼ਾਰ ਦੀ ਮੰਗ ਇਕ ਸਾਰ ਹੁੰਦੀ ਹੈ ਅਤੇ ਵਿਕ੍ਰੇਤਾ ਆਪਣੇ ਲਾਭ ਵਿਚ ਵਾਧਾ ਕਰਦਾ ਹੈ।

ਇਸ ਉਪਰੰਤ 1879 ਈ. ਵਿਚ ਐੱਫ. ਵਾਈ. ਐਜੱਵਰਥ ਨੇ ਦ੍ਵਿ-ਅਧਿਕਾਰ ਦੇ ਸਿਧਾਂਤ ਨੂੰ ਵਿਕਸਿਤ ਕੀਤਾ। ਐਜੱਵਰਥ ਵੀ ਬੈਤਰਾ ਦੀ ਤਰ੍ਹਾਂ ਇਹ ਮੰਨਦਾ ਹੈ ਕਿ ਇਕ ਵਿਕ੍ਰੇਤੇ ਦਾ ਵਿਰੋਧੀ ਆਪਣੀ ਵਸਤੂ ਦੀ ਕੀਮਤ ਨੂੰ ਸਥਿਰ ਰੱਖਦਾ ਹੈ। ਸੰਨ 1930 ਵਿਚ ਇਕ ਜਰਮਨ ਅਰਥ-ਵਿਗਿਆਨੀ ਸਟੈਕਲਬਰਗ ਨੇ ਦ੍ਵਿ-ਅਧਿਕਾਰ ਦਾ ਅਗਵਾਈ ਸਿਧਾਂਤ ਵਿਕਸਿਤ ਕੀਤਾ। ਇਹ ਮਾਡਲ ਅਸਲ ਵਿਚ ਕੂਰਨੋ ਦੇ ਸਿਧਾਂਤ ਦਾ ਇਕ ਵਿਸਤਾਰ ਹੈ। ਇਸ ਸਿਧਾਂਤ ਅਨੁਸਾਰ ਦੋਵਾਂ ਵਿਕ੍ਰੇਤਿਆਂ ਵਿਚੋਂ ਇਕ ਵਿਕ੍ਰੇਤਾ ਲੀਡਰ ਬਣ ਜਾਂਦਾ ਹੈ ਅਤੇ ਦੂਜਾ ਉਸ ਦੇ ਮਗਰ ਲਗਦਾ ਹੈ। ਇਸ ਤਰ੍ਹਾਂ ਕੀਮਤ ਦਾ ਨਿਰਧਾਰਣ ਅਗਵਾਈ ਫਰਮ ਦੁਆਰਾ ਕੀਤਾ ਜਾਂਦਾ ਹੈ।

ਐਡਵਰਡ ਐੱਚ. ਚੈਂਬਰਲਿਨ ਨੇ 1929 ਈ. ਵਿਚ ਅਲਪਾਧਿਕਾਰ ਦਾ ਇਕ ਛੋਟਾ ਗਰੁੱਪ ਮਾਡਲ ਤਿਆਰ ਕੀਤਾ। ਇਸ ਤੋਂ ਪਹਿਲਾਂ ਕੂਰਨੋ, ਐਜੱਵਰਥ ਅਤੇ ਬੈਂਤਰਾ ਨੇ ਆਪਣੇ ਮਾਡਲਾਂ ਵਿਚ ਫਰਮਾਂ ਦੁਆਰਾ ਸੁਤੰਤਰ ਨਿਰਣੇ ਦੀ ਜਿਹੜੀ ਮਨੌਤ ਅਪਣਾਈ ਸੀ, ਐੱਜਵਰਥ ਨੇ ਉਸ ਨੂੰ ਛੱਡ ਦਿੱਤਾ ਅਤੇ ਉਸ ਦੀ ਥਾਂ ਤੇ ਆਪਸੀ ਨਿਰਭਰਤਾ ਨੂੰ ਅਪਨਾਇਆ। ਇਸ ਵਿਚਾਰ ਅਨੁਸਾਰ ਫਰਮਾਂ ਇਕ ਦੂਜੇ ਤੋਂ ਸੁਤੰਤਰ ਹੋ ਕੇ ਕੰਮ ਨਹੀਂ ਕਰਦੀਆਂ। ਉਹ ਇਕ ਦੂਜੇ ਤੇ ਨਿਰਭਰ ਹੋ ਕੇ ਕੰਮ ਕਰਦੀਆਂ ਹਨ। ਇਸ ਤਰ੍ਹਾਂ ਚੈਂਬਰਲਿਨ ਨੇ ਇਹ ਸੁਝਾਓ ਦਿੱਤਾ ਕਿ ਹਰ ਇਕ ਫਰਮ ਦੂਜੀ ਫਰਮ ਦੁਆਰਾ ਉਤਪਾਦਨ ਅਤੇ ਕੀਮਤ ਵਿਚ ਕੀਤੀ ਜਾਣ ਵਾਲੀ ਤਬਦੀਲੀ ਨੂੰ ਧਿਆਨ ਵਿਚ ਰੱਖਦੀ ਹੈ। ਇਸ ਤਰ੍ਹਾਂ ਜਦੋਂ ਇਕ ਵਿਰੋਧੀ ਫਰਮ ਦੂਜੀ ਫਰਮ ਦੁਆਰਾ ਕੀਤੇ ਜਾਣ ਵਾਲੇ ਕੰਮ ਨੂੰ ਧਿਆਨ ਵਿਚ ਰੱਖਦੀ ਹੈ ਤਾਂ ਇਸ ਤਰ੍ਹਾਂ ਕ੍ਰਿਆ ਅਤੇ ਪ੍ਰਤੀਕ੍ਰਿਆ ਦੁਆਰਾ ਹਰ ਫਰਮ ਅਜਿਹੀ ਸਥਿਤੀ ਵਿਚ ਪਹੁੰਚ ਜਾਂਦੀ ਹੈ ਜਿਥੇ ਏਕਾਧਿਕਾਰੀ ਕੀਮਤ ਨਿਰਧਾਰਤ ਹੁੰਦੀ ਹੈ। ਹਰ ਇਕ ਫਰਮ ਏਕਾਧਿਕਾਰੀ ਕੀਮਤ ਵਸੂਲ ਕਰਦੀ ਹੈ ਅਤੇ ਫਰਮਾਂ ਸਥਿਰ ਸੰਤੁਲਨ ਦੀ ਹਾਲਤ ਵਿਚ ਪਹੁੰਚ ਜਾਂਦੀਆਂ ਹਨ ਜਿਸ ਦੇ ਨਾਲ ਉਦਯੋਗ ਦੇ ਸਮੁੱਚੇ ਲਾਭ ਵਧ ਜਾਂਦੇ ਹਨ। ਚੈਂਬਰਲਿਨ ਦੇ ਮਾਡਲ ਨੂੰ ਪਹਿਲੇ ਸਾਰੇ ਮਾਡਲਾਂ ਨਾਲੋਂ ਉੱਤਮ ਸਮਝਿਆ ਗਿਆ ਹੈ ਕਿਉਂਕਿ ਇਸ ਮਾਡਲ ਵਿਚ ਫਰਮਾਂ ਦੀ ਆਪਸੀ-ਨਿਰਭਰਤਾ ਨੂੰ ਮਹੱਤਤਾ ਦਿੱਤੀ ਗਈ ਹੈ।

ਹ.ਪੁ.—ਮਾਡਰਨ ਮਾਈਕਰੋ ਇਕਨਾਮਿਕਸ-ਏ ਕੱਟਸਨਾਈਜ਼ : 216; ਡੁਆਪਲੀ ਕਲੂਸਨ ਆਫ ਵਾਰਫੇਅਰ-ਆਰ. ਐਲ. ਬਿਸ਼ਪ; ਅਮਰੀਕਨ ਇਕਨਾਮਿਕ ਰਿਵੀਉ (1960)

ਦਵਿਜ, ਜਨਾਰਦਨ ਪ੍ਰਸਾਦ ਝਾਅ : ਹਿੰਦੀ ਦੇ ਇਸ ਕਵੀ, ਕਹਾਣੀਕਾਰ ਅਤੇ ਸਿਖਿਅਕ ਦਾ ਜਨਮ ਬਿਹਾਰ ਪ੍ਰਾਂਤ ਦੇ ਭਾਗਲਪੁਰ ਜ਼ਿਲ੍ਹੇ ਵਿਚ ਰਾਮਪੁਰ ਡੀਰ ਨਾਂ ਦੇ ਪਿੰਡ ਵਿਚ 1905 ਈ. ਵਿਚ ਹੋਇਆ। ਇਸ ਦਾ ਪਿਤਾ ਪੰਡਤ ਉਚਿਤ ਲਾਲ ਝਾਅ ਅਧਿਆਪਕ ਸੀ। ਇਸ ਨੇ ਮੁੱਢਲੀ ਸਿੱਖਿਆ ਆਪਣੇ ਪਿੰਡ ਵਿਚ ਹੀ ਪ੍ਰਾਪਤ ਕੀਤੀ। ਮਹਾਤਮਾ ਗਾਂਧੀ ਦੇ ਰਾਸ਼ਟਰੀ ਅੰਦੋਲਨ ਤੋਂ ਪ੍ਰਭਾਵਿਤ ਹੋ ਕੇ ਸਿੱਖਿਆ ਲਈ ਇਹ ਕਾਸ਼ੀ ਚਲਾ ਗਿਆ। ਉਥੇ ਇਸ ਨੇ ਮਹਾਤਮਾ ਮਾਲਵੀਯ ਅਤੇ ਪੰਡਤ ਰਾਮ ਨਾਰਾਇਣ ਮਿਸ਼ਰ ਦੀ ਪ੍ਰੇਰਣਾ ਸਦਕਾ ਹਿੰਦੂ ਵਿਸ਼ਵ ਵਿਦਿਆਲਾ ਤੋਂ ਅੰਗਰੇਜ਼ੀ ਅਤੇ ਹਿੰਦੀ ਦੀ ਐਮ. ਏ. ਪਹਿਲੇ ਦਰਜੇ ਵਿਚ ਪਾਸ ਕੀਤੀ। ਇਸ ਨੇ ਕਵਿਤਾ ਅਤੇ ਕਹਾਣੀ ਕਲਾ ਵਿਚ ਪ੍ਰਸਾਦ ਅਤੇ ਪ੍ਰੇਮ ਚੰਦ ਦੇ ਪ੍ਰਭਾਵ ਨੂੰ ਕਬੂਲਿਆ।

ਦਵਿਜ ਥੋੜ੍ਹੇ ਸਮੇਂ ਲਈ ਦੇਵਧਰ ਹਿੰਦੀ ਵਿਦਿਆ ਪੀਠ ਦਾ ਰਜਿਸਟਰਾਰ ਬਣਿਆ। ਫਿਰ ਇਹ ਹਿੰਦੀ ਵਿਭਾਗ ਦਾ ਮੁਖੀ ਬਣ ਕੇ ਛਪਰਾ ਦੇ ਰਾਜਿੰਦਰਾ ਕਾਲਜ ਵਿਚ ਚਲਿਆ ਗਿਆ। ਮਗਰੋਂ ਇਹ ਔਰੰਗਾਬਾਦ, ਰਾਬਾ ਅਤੇ ਸਚਦਾਨੰਦ ਕਾਲਜ ਦਾ ਪ੍ਰਿੰਸੀਪਲ ਰਿਹਾ। ਇਹ ਇਕ ਪ੍ਰਤਿਭਾਸ਼ਾਲੀ ਵਿਚਾਰਵਾਨ, ਨਿਰਭੈ ਆਲੋਚਕ ਅਤੇ

ਸਪਸ਼ਟ ਬੁਲਾਰਾ ਸੀ। ਇਸ ਦੇ 'ਅਨੁਭੂਤੀ', 'ਅੰਤਰ ਧੁਨੀ' ਆਦਿ ਕਾਵਿ ਸੰਗ੍ਰਹਿ; 'ਕਿਸਲਯ', 'ਮਾਕਾ', 'ਮਧੁਮਈ' ਆਦਿ ਕਹਾਣੀ ਸੰਗ੍ਰਹਿ ਅਤੇ ਕਿੰਨੇ ਹੀ ਨਿਬੰਧ ਪ੍ਰਸਿੱਧ ਹਨ।

ਆਪਣੇ ਜੀਵਨ ਦੇ ਆਖ਼ਰੀ ਸਮੇਂ ਵਿਚ ਦਵਿਜ ਪੂਰਨੀਆ ਡਿਗਰੀ ਕਾਲਜ ਦਾ ਪ੍ਰਿੰਸੀਪਲ ਰਿਹਾ ਅਤੇ 5 ਮਈ, 1964 ਨੂੰ ਉਥੇ ਹੀ ਪ੍ਰਲੋਕ ਸਿਧਾਰ ਗਿਆ।

ਹ.ਪੁ.—ਹਿੰ. ਵਿ. ਕੋ. 6 : 148

ਦਵਿਜੇਸ਼, ਬਲਰਾਮ ਪ੍ਰਸਾਦ ਮਿਸ਼ਰ : ਇਹ ਹਿੰਦੀ ਦਾ ਕਵੀ ਸੀ। ਇਸ ਦਾ ਜਨਮ 1872 ਈ. (1929 ਬਿ.) ਵਿਚ ਉੱਤਰ ਪ੍ਰਦੇਸ਼ ਦੇ ਪਿੰਡ ਮਿਸਰੌਲੀਆ ਵਿਖੇ ਹੋਇਆ। ਇਸ ਨੇ ਫ਼ਾਰਸੀ ਵਿਚ ਅਬੁੱਲ ਫ਼ਜ਼ਲ ਅਤੇ ਸੰਸਕ੍ਰਿਤ ਵਿਚ ਸਿਧਾਂਤ ਕੌਮੁਦੀ ਦਾ ਅਧਿਐਨ ਘਰ ਵਿਚ ਹੀ ਕੀਤਾ। ਅੰਗਰੇਜ਼ੀ ਮਿਸ਼ਨ ਹਾਈ ਸਕੂਲ ਬਸਤੀ ਵਿਚ ਪੜ੍ਹਿਆ। ਇਸ ਨੂੰ ਖਾਣ ਪੀਣ ਅਤੇ ਪਹਿਨਣ ਦਾ ਬੜਾ ਸ਼ੌਕ ਸੀ।

ਇਸ ਦੀ ਭਾਸ਼ਾ ਪੂਰਵੀ ਅਵਧੀ ਰਲੀ ਟਕਸਾਲੀ ਬ੍ਰਜ ਸੀ। ਇਸ ਨੇ ਉਰਦੂ ਵਿਚ ਵੀ ਰਚਨਾ ਕੀਤੀ। ਇਸ ਦਾ ਹਿੰਦੀ ਛੰਦਾਂ ਦਾ ਇਕ ਸੰਕਲਨ 'ਦਵਿਜੇਸ਼ ਦਰਸ਼ਨ' ਨਾਂ ਹੇਠ ਪ੍ਰਕਾਸ਼ਿਤ ਹੈ ਜਿਸ ਤੇ ਇਸ ਨੂੰ ਰਾਜ ਸਰਕਾਰ ਵਲੋਂ ਪੁਰਸਕਾਰ ਮਿਲ ਚੁਕਿਆ ਹੈ।

10 ਫ਼ਰਵਰੀ, 1959 ਨੂੰ ਇਹ ਕਾਸ਼ੀ ਵਿਚ ਸੁਰਗਵਾਸ ਗਿਆ।

ਹ.ਪੁ.—ਹਿੰ. ਵਿ. ਕੋ. 6 : 148

ਦਵਿਜੇਂਦਰ ਲਾਲ ਰਾਏ : ਇਹ ਹਿੰਦੀ ਦਾ ਨਾਟਕਕਾਰ ਅਤੇ ਕਵੀ ਸੀ। ਇਹ ਡਾ. ਰਵਿੰਦਰ ਨਾਥ ਠਾਕਰ ਦਾ ਸਮਕਾਲੀ ਸੀ ਪਰ ਇਸ ਦੀ ਰਚਨਾ ਸ਼ੈਲੀ ਰਵਿੰਦਰ ਨਾਥ ਠਾਕੁਰ ਦੇ ਪ੍ਰਭਾਵ ਤੋਂ ਮੁਕਤ ਸੀ। ਇਸਦੇ ਨਾਟਕ ਪੜ੍ਹਨਯੋਗ ਹੀ ਨਹੀਂ ਸਗੋਂ ਖੇਡਣ ਯੋਗ ਵੀ ਸਨ। ਇਸਦੇ ਨਾਟਕ ਭਾਰਤ ਦੇ ਮੱਧ ਕਾਲ ਦੇ ਸਮੇਂ ਨੂੰ ਲੈ ਕੇ ਲਿਖੇ ਹੋਏ ਹਨ। ਬੰਕਮ ਚੰਦਰ ਚੈਟਰਜੀ ਨੇ ਜਿਸ ਤਰ੍ਹਾਂ ਬੰਗਲਾ ਸਾਹਿਤ ਦੁਆਰਾ ਦੇਸ਼ ਪ੍ਰੇਮ ਦਾ ਪ੍ਰਚਾਰ ਕੀਤਾ ਇਵੇਂ ਹੀ ਉਸ ਤੋਂ ਪਿਛੋਂ ਇਸ ਨੇ ਇਸ ਸਬੰਧੀ ਸਭ ਤੋਂ ਵੱਧ ਯੋਗਦਾਨ ਪਾਇਆ।

ਇਸ ਦੇ ਨਾਟਕਾਂ ਵਿਚ 'ਕਲਕੀ ਅਵਤਾਰ' (1895 ਈ.), 'ਪਾਸ਼ਾਣੰ' (1900 ਈ.), 'ਸੀਤਾ' (1902 ਈ.), 'ਤਾਰਾਬਾਈ' (1903 ਈ.) ਅਤੇ ਸੋਹਰਾਬ ਰੁਸਤਮ (1908 ਈ.) ਆਦਿ ਸ਼ਾਮਿਲ ਹਨ ਜੋ ਕਵਿਤਾ ਵਿਚ ਲਿਖੇ ਹੋਏ ਹਨ ਮਗਰੋਂ ਇਸ ਨੇ ਵਾਰਤਕ ਵਿਚ ਨਾਟਕ ਲਿਖੇ। ਇਸ ਨੇ ਬੰਗਲਾ ਨਾਟਕ ਨੂੰ ਧਾਰਮਿਕਤਾ ਅਤੇ ਭਾਵੁਕਤਾ ਦੀ ਵਲਗਣ ਵਿਚੋਂ ਕੱਢ ਕੇ ਦੇਸ਼-ਪ੍ਰੇਮ ਵੱਲ ਲਿਆਂਦਾ।

ਹ.ਪੁ.—ਹਿੰ. ਵਿ. ਕੋ. 6 : 148

ਦਵਿੰਦਰ ਨਾਥ ਠਾਕੁਰ : ਦਵਿੰਦਰ ਨਾਥ ਠਾਕੁਰ ਦਾ ਜਨਮ 1818 ਈ. ਨੂੰ ਬੰਗਾਲ ਵਿਖੇ ਹੋਇਆ। ਇਸ ਨੇ ਆਪਣੀ ਮੁਢਲੀ ਸਿੱਖਿਆ ਹਿੰਦੂ ਕਾਲਜ ਵਿਚ ਹਾਸਲ ਕੀਤੀ। 22 ਸਾਲ ਦੀ ਉਮਰ ਵਿਚ ਇਸ ਨੇ 'ਤੱਤਬੋਧਨੀ' ਸਭਾ ਸਥਾਪਿਤ ਕੀਤੀ। ਇਸ ਦਾ ਮੁੱਖ ਉਦੇਸ਼ ਇਹ ਸੀ ਕਿ ਲੋਕਾਂ ਨੂੰ 'ਬ੍ਰਹਮਧਰਮ' ਦਾ ਪਾਠ ਪੜ੍ਹਾਉਣਾ। ਇਸ ਸਭਾ ਨੇ ਮੌਲਿਕ ਸ਼ਾਸਤਰਾਂ ਨੂੰ ਜਾਣਨ ਅਤੇ ਵਰਤਮਾਨ ਸਮੇਂ ਤਕ ਉਸ ਵਿਚ ਕੀਤੇ ਗਏ ਪਰਿਵਰਤਨ ਕਰਨ ਦਾ ਨਿਰਣਾ ਲਿਆ। ਦਵਿੰਦਰ ਨਾਥ ਦੁਆਰਾ ਬਣਾਈ ਸਭਾ ਵਿਚ ਬਹੁਤ ਹਿੰਦੂ ਇਸ ਦੇ ਮੈਂਬਰ ਬਣ ਗਏ ਅਤੇ ਇਸ ਦੀਆਂ ਹਰ ਹਫਤੇ ਬੈਠਕਾਂ ਹੋਣੀਆਂ ਸ਼ੁਰੂ ਹੋਈਆਂ। ਦਵਿੰਦਰ ਨਾਥ ਨੇ ਰਾਜਾ ਰਾਮਮੋਹਨ ਰਾਏ ਦੁਆਰਾ ਚਲਾਏ ਗਏ ਧਰਮ ਬ੍ਰਹਮੋ ਸਮਾਜ ਵਿਚ ਪ੍ਰਵੇਸ਼ ਕੀਤਾ ਅਤੇ ਰਾਜਾ ਰਾਮ ਮੋਹਨ ਰਾਏ ਦੇ ਇੰਗਲੈਂਡ ਜਾਣ ਤੋਂ ਬਾਅਦ ਇਸ ਧਰਮ ਨੂੰ ਨਵਾਂ ਜੀਵਨ ਪ੍ਰਦਾਨ ਕੀਤਾ। ਸੰਨ 1847 ਵਿਚ ਇਸ ਨੇ 'ਤੱਤਬੋਧਨੀ ਸਭਾ' ਦੇ ਮੈਂਬਰਾਂ ਨੂੰ ਇਹ ਪ੍ਰਤਿੱਗਿਆ ਕਰਵਾਈ ਕਿ ਇਸ ਸਭਾ ਦਾ ਹਰ ਮੈਂਬਰ 'ਬ੍ਰਹਮੋ ਸਮਾਜ' ਨੂੰ ਕੁਝ ਨਾ ਕੁਝ ਭੇਟਾ ਦੇਵੇਗਾ, ਬੁਰੇ ਕੰਮਾਂ ਤੋਂ ਬਚਣ ਦੀ ਕੋਸ਼ਿਸ਼ ਕਰੇਗਾ ਅਤੇ ਸੱਚੇ ਮਨ ਨਾਲ ਭਗਵਾਨ ਦੀ ਪੂਜਾ ਕਰੇਗਾ। ਇਸੇ ਹੀ ਸਾਲ ਦਵਿੰਦਰ ਨਾਥ ਠਾਕੁਰ ਨੇ 'ਤੱਤਬੋਧਨੀ ਅਖ਼ਬਾਰ' ਮਹੀਨਾਵਾਰ ਕੱਢਣੀ ਸ਼ੁਰੂ ਕੀਤੀ। ਬ੍ਰਹਮੋ ਸਮਾਜ ਦੀਆਂ ਬੈਠਕਾਂ ਲਈ ਇਕ ਵਧੀਆ ਸਥਾਨ ਪ੍ਰਾਪਤ ਕਰਵਾਉਣ ਵਿਚ ਦਵਿੰਦਰ ਨਾਥ ਠਾਕੁਰ ਨੇ ਪੂਰਾ ਯੋਗਦਾਨ ਪਾਇਆ। ਬ੍ਰਹਮੋ ਸਮਾਜ ਦੀਆਂ ਬੈਠਕਾਂ ਵਿਚ ਹੁਣ ਵੇਦਾਂ ਅਤੇ ਉਪਨਿਸ਼ਦਾਂ ਦਾ ਪਾਠ ਕੀਤਾ ਜਾਣ ਲਗ ਪਿਆ। ਕੁਝ ਦੇਰ ਬਾਅਦ ਬ੍ਰਹਮੋ ਸਮਾਜ ਦੀਆਂ ਥਾਂ-ਥਾਂ ਕਈ ਸ਼ਾਖਾਵਾਂ ਖੁਲ੍ਹਣੀਆਂ ਸ਼ੁਰੂ ਹੋ ਗਈਆਂ। ਕੁਝ ਦੇਰ ਬਾਅਦ ਇਸ ਸਭਾ ਦੇ ਮੈਂਬਰਾਂ ਵਿਚ ਮਤਭੇਦ ਪੈਦਾ ਹੋਣੇ ਸ਼ੁਰੂ ਹੋ ਗਏ। ਕੁਝ ਲੋਕਾਂ ਦਾ ਇਹ ਕਹਿਣਾ ਸੀ ਕਿ ਵੇਦਾਂ ਦਾ ਸਹੀ ਮਾਰਗ ਦਰਸ਼ਨ ਕਰਨ ਦੇ ਸਬੰਧ ਵਿਚ ਕਦੀ ਵੀ ਇਨ੍ਹਾਂ ਦਾ ਨਿਰੀਖਣ ਨਹੀਂ ਕੀਤਾ। ਦਵਿੰਦਰ ਨਾਥ ਨੇ ਇਹ ਗੱਲ ਮੰਨ ਲਈ ਅਤੇ 1845 ਈ. ਵਿਚ ਚਾਰ ਬ੍ਰਾਹਮਣਾਂ ਨੂੰ ਚਾਰੇ ਵੇਦਾਂ ਦਾ ਅਧਿਐਨ ਕਰਨ ਲਈ ਅਤੇ ਹਰੇਕ ਵੇਦ ਦਾ ਉਤਾਰਾ ਕਰਨ ਲਈ ਬਨਾਰਸ ਭੇਜਿਆ। ਦੋ ਸਾਲਾਂ ਬਾਅਦ ਜਦੋਂ ਬ੍ਰਾਹਮਣ ਵੇਦਾਂ ਦਾ ਉਤਾਰਾ ਕਰ ਕੇ ਵਾਪਸ ਪਹੁੰਚੇ ਤਾਂ ਉਸ ਉਤਾਰੇ ਦਾ ਨਿਰੀਖਣ ਕੀਤਾ ਗਿਆ। ਇਸ ਨਿਰੀਖਣ ਦੇ ਕਾਰਨ ਕਾਫ਼ੀ ਵਾਦ-ਵਿਵਾਦ ਪੈਦਾ ਹੋਇਆ। ਅੰਤ ਵਿਚ ਇਹ ਨਿਰਣਾ ਹੋਇਆ ਕਿ ਨਾ ਵੇਦ ਅਤੇ ਨਾ ਉਪਨਿਸ਼ਦ ਸਹੀ ਅਰਥਾਂ ਵਿਚ ਮਾਰਗ ਦਰਸ਼ਨ ਕਰਦੇ ਹਨ। ਇਸ ਤਰ੍ਹਾਂ ਬ੍ਰਹਮੋ ਸਮਾਜ ਵਿਚ ਜਿਸ ਧਾਰਮਕ ਪ੍ਰਣਾਲੀ ਨੂੰ ਅਪਣਾਇਆ ਗਿਆ ਸੀ ਉਹ ਉਪਨਿਸ਼ਦਾਂ ਦੇ ਉਪਰ ਆਧਾਰਿਤ ਸੀ। ਇਸ ਵਿਚ ਹਿੰਦੂ ਧਰਮ ਦੇ ਕੁਝ ਨਵੇਂ ਵਿਚਾਰ ਅਤੇ ਹਿੰਦੂ ਸਮਾਜ ਦੇ ਕੁਝ ਸਿਧਾਂਤ ਵੀ ਸ਼ਾਮਲ ਕੀਤੇ ਗਏ ਸਨ।

ਬ੍ਰਹਮੋ ਸਮਾਜ ਵਿਚ ਨੌਜਵਾਨ ਲੋਕਾਂ ਨੇ ਪ੍ਰਵੇਸ਼ ਕੀਤਾ ਜੋ ਕਾਫ਼ੀ ਆਧੁਨਿਕ ਵਿਚਾਰਾਂ ਨਾਲ ਸਬੰਧਿਤ ਸਨ। ਇਨ੍ਹਾਂ ਨੌਜਵਾਨਾਂ ਵਿਚੋਂ ਕੇਸ਼ਵ ਚੰਦਰ ਸੇਨ ਸੀ। ਇਸ ਨੇ ਆਪਣੇ ਸਾਥੀਆਂ ਨਾਲ ਕਈ ਪ੍ਰਾਂਤਾਂ ਜਿਵੇਂ ਬੰਗਾਲ, ਪੰਜਾਬ, ਮਦਰਾਸ ਵਿਚ ਬ੍ਰਹਮੋ ਸਮਾਜ ਦਾ ਪ੍ਰਚਾਰ ਕੀਤਾ ਅਤੇ ਇਨ੍ਹਾਂ ਦੇ ਯੋਗਦਾਨ ਨਾਲ 54 ਸ਼ਾਖਾਵਾਂ ਖੁਲ੍ਹ ਗਈਆਂ। ਦਵਿੰਦਰ ਨਾਥ ਠਾਕੁਰ ਇਨ੍ਹਾਂ ਨੌਜਵਾਨਾਂ ਦੇ ਕੰਮ ਤੋਂ ਖ਼ੁਸ਼ ਹੋਏ ਪਰ ਉਨ੍ਹਾਂ ਦੇ ਕੇਸ਼ਵ ਚੰਦਰ ਸੇਨ ਨਾਲ ਵਿਧਵਾ ਵਿਆਹ ਅਤੇ ਅੰਤਰਜਾਤੀ ਵਿਆਹ ਤੋਂ ਮੱਤਭੇਦ ਪੈਦਾ ਹੋ ਗਏ। ਇਸ ਦੇ ਕਾਰਨ 1865 ਈ. ਵਿਚ ਬ੍ਰਹਮੋ ਸਮਾਜ ਵਿਚ ਫੁਟ ਪੈ ਗਈ। ਇਸ ਤਰ੍ਹਾਂ ਦਵਿੰਦਰ ਨਾਥ ਠਾਕੁਰ ਨੇ ਕੇਸ਼ਵ ਚੰਦਰ ਸੇਨ ਦੇ ਸਾਥੀਆਂ ਨੂੰ ਕੱਢ ਦਿੱਤਾ ਅਤੇ ਕੇਸ਼ਵਚੰਦਰ ਸੇਨ ਨੇ ਭਾਰਤੀ ਬ੍ਰਹਮਾ ਸਮਾਜ ਦੀ ਸਥਾਪਨਾ ਕਰ ਕੇ ਜਾਣਿਆ ਜਾਣ ਲੱਗਾ। ਇਸ ਤਰ੍ਹਾਂ ਦਵਿੰਦਰ ਨਾਥ ਠਾਕੁਰ ਦੁਆਰਾ ਬਣਾਇਆ 'ਬ੍ਰਹਮੋ ਸਮਾਜ' ਕਿਸੇ ਵੀ ਤਰ੍ਹਾਂ ਦੇ ਸਮਾਜ ਸੁਧਾਰ ਤੋਂ ਦੂਰ ਹੋ ਗਿਆ। ਦਵਿੰਦਰ ਨਾਥ ਠਾਕੁਰ ਦੀ ਵਿਅਕਤੀਗਤ ਸ਼ਖ਼ਸੀਅਤ ਦਾ ਪ੍ਰਭਾਵ ਕੁਝ ਦੇਰ ਤੱਕ ਬ੍ਰਹਮੋ ਸਮਾਜ ਤੇ ਪੈਂਦਾ ਰਿਹਾ। ਅੰਤ ਵਿਚ ਦਵਿੰਦਰ ਨਾਥ ਠਾਕੁਰ ਨੇ ਇਸ ਦਾ ਕੰਮਕਾਰ ਇਕ ਪ੍ਰਬੰਧਕ ਸੰਮਤੀ ਨੂੰ ਸੌਂਪ ਦਿੱਤਾ।

ਦਵੈਤਵਾਦ : ਭਾਰਤੀ ਅਤੇ ਪੱਛਮੀ ਦਰਸ਼ਨ ਪਰੰਪਰਾਵਾਂ ਵਿਚ 'ਦਵੈਤਵਾਦ' ਉਸ ਸਿਧਾਂਤ ਦਾ ਨਾਮ ਹੈ ਜਿਸ ਅਨੁਸਾਰ ਅੰਤਿਮ ਸੱਤਾ ਇਕ ਨਹੀਂ ਸਗੋਂ ਦੋ ਪਦਾਰਥ ਜਾਂ ਸਚਾਈਆਂ ਹਨ ਜੋ ਇਕ ਦੂਜੀ ਤੋਂ ਸੁਤੰਤਰ ਹਨ। ਸਾਧਾਰਣ ਸੂਝ ਜਦੋਂ 'ਮੈਂ ਤੇ ਤੂੰ' 'ਸਰੀਰ ਤੇ ਆਤਮਾ', 'ਮੈਂ ਤੇ ਮੇਰਾ ਰੱਬ' ਵਿਚ ਅੰਤਰ ਕਰਦੀ ਹੈ ਤਾਂ ਇਹ ਵੀ ਦਵੈਤਵਾਦੀ ਭਾਵਨਾ ਦਾ ਪ੍ਰਗਟਾਵਾ ਹੁੰਦਾ ਹੈ। ਫ਼ਿਲਾਸਫੀ ਇਸ ਅੰਤਰ ਨੂੰ ਇਕ ਪਾਸੇ ਜਗਤ ਤੇ ਜੀਵਾਤਮਾ ਅਤੇ ਦੂਜੇ ਪਾਸੇ

ਉੱਚਤਮ ਹਕੀਕਤ ਵਿਚਕਾਰ ਦਵੰਦ ਸਥਾਪਿਤ ਕਰ ਕੇ 'ਦਵੈਤਵਾਦ' ਨੂੰ ਸਿਧਾਂਤਕ ਰੂਪ ਦਿੰਦੀ ਹੈ।

ਭਾਰਤੀ ਵੇਦਾਂਤਕ ਚਿੰਤਨ ਦੀਆਂ ਪ੍ਰਮੁੱਖ ਧਾਰਾਵਾਂ ਵਿਚ ਸ਼ੰਕਰਾਚਾਰੀਆ ਦਾ 'ਅਦਵੈਤਵਾਦ', ਰਾਮਾਨੁਜ ਦਾ 'ਵਿਸ਼ਿਸ਼ਟ ਅਦਵੈਤ' ਅਤੇ ਮਾਧਵ ਦਾ 'ਦਵੈਤਵਾਦ' ਸ਼ਾਮਲ ਹਨ। ਤੇਰ੍ਹਵੀਂ ਸਦੀ ਈ. ਵਿਚ ਮਾਧਵ ਨੇ ਵੇਦਾਂਤ ਸੂਤਰਾਂ ਦੀ ਵਿਆਖਿਆ ਕਰਦਿਆਂ, ਜਗਤ ਤੇ ਈਸ਼ਵਰ ਨੂੰ ਦੋ ਅੰਤਿਮ ਸਚਾਈਆਂ ਪ੍ਰਵਾਨ ਕੀਤਾ ਅਤੇ ਇਨ੍ਹਾਂ ਵਿਚਲੇ 'ਭੇਦ' ਨੂੰ ਆਪਣੇ ਚਿੰਤਨ ਦਾ ਧੁਰਾ ਬਣਾਇਆ। ਮਾਧਵ ਨੇ ਜੀਵ ਅਤੇ ਈਸ਼ਵਰ ਵਿਚ ਭੇਦ ਕੀਤਾ; ਇਕ ਜੀਵ ਦਾ ਦੂਜੇ ਜੀਵ ਨਾਲੋਂ; ਚੇਤਨ (ਜੀਵ) ਦਾ ਅਚੇਤ (ਜੜ੍ਹ) ਨਾਲੋਂ; ਈਸ਼ਵਰ ਦਾ ਜੜ੍ਹ ਪਦਾਰਥ ਨਾਲੋਂ; ਅਤੇ ਇਕ ਜੜ੍ਹ ਵਸਤੂ ਦਾ ਦੂਜੀ ਨਾਲੋਂ ਅੰਤਰ ਦਰਸਾਇਆ। ਉਸ ਨੇ ਸ਼ੰਕਰ-ਅਦਵੈਤ ਦੇ ਅਭੇਦਤਾ ਸਿਧਾਂਤ ਨੂੰ ਰੱਦ ਕੀਤਾ ਜੋ ਜਗਤ ਨੂੰ ਮਿਥਿਆ ਮੰਨਦਾ ਸੀ ਅਤੇ ਕੇਵਲ ਬ੍ਰਹਮ ਨੂੰ ਇਕੋ ਇਕ ਅੰਤਿਮ ਯਥਾਰਥ ਚਿਤਵਦਾ ਸੀ।

ਮਾਧਵ ਨੇ ਈਸ਼ਵਰ ਨੂੰ 'ਵਿਸ਼ਨੂੰ' ਦੇ ਰੂਪ ਵਿਚ ਸੰਕਲਪਿਆ ਹੈ ਜੋ ਜਗਤ ਦੀ ਸਥਾਪਨਾ, ਸੰਚਾਲਨ ਤੇ ਸੰਘਾਰ ਦੀ ਅਧਿਕਾਰੀ-ਸੱਤਾ ਹੈ। ਜਗਤ ਦੀ ਉਤਪਤੀ ਲਈ ਮੂਲ ਪਦਾਰਥ ਦੀ ਰਚਨਾ ਵਿਸ਼ਨੂੰ ਨੇ ਨਹੀਂ ਕੀਤੀ, ਪਦਾਰਥ ਨਿੱਤ ਤੇ ਸਦੀਵੀ ਹੈ। ਵਿਸ਼ਨੂੰ ਇਸ ਉੱਤੇ ਕਾਰਜ ਕਰਦਾ ਹੈ ਅਤੇ ਇਸ ਨੂੰ ਵਿਭਿੰਨ ਸਰੂਪ ਬਖਸ਼ਦਾ ਹੈ; ਜਿਵੇਂ ਸੁਨਿਆਰ ਸੋਨੇ ਦੇ ਵੰਨ ਸੁਵੰਨੇ ਗਹਿਣੇ ਘੜਦਾ ਹੈ। ਸਾਖ ਦਰਸ਼ਨ ਨੇ 'ਪੁਰਸ਼' ਤੇ 'ਪ੍ਰਕ੍ਰਿਤੀ' ਵਿਚ ਦਵੰਦ ਸਥਾਪਿਤ ਕਰਦਿਆਂ, ਦੋਹਾਂ ਨੂੰ ਪਰਸਪਰ ਸੁਤੰਤਰ ਸਚਾਈਆਂ ਪ੍ਰਵਾਨ ਕੀਤਾ ਸੀ। ਮਾਧਵ ਨੇ ਪ੍ਰਕ੍ਰਿਤੀ ਨੂੰ ਵਿਸ਼ਨੂੰ ਦੇ ਅਧੀਨ ਮੰਨਦਿਆਂ; ਪਰਤੰਤਰ ਜਾਂ ਨਿਰਭਰਤਾ ਦੇ ਵਿਚਾਰ ਨੂੰ ਅਪਣਾਇਆ ਜੋ ਉਸ ਦੇ ਸਿਧਾਂਤ ਨੂੰ ਨਿਰੋਲ ਦਵੈਤਵਾਦੀ ਨਹੀਂ ਰਹਿਣ ਦਿੰਦਾ। ਵਿਸ਼ਨੂੰ ਸੁਤੰਤਰ ਸੱਤਾ ਹੈ ਪਰ ਜਗਤ ਤੇ ਜੀਵਨ ਪਰਤੰਤਰ ਹੈ। ਸੰਸਾਰ ਈਸ਼ਵਰ ਦੀ ਲੀਲਾ ਹੈ; ਜਗਤ ਦੀ ਸਿਰਜਨਾ ਕਰਦੇ ਰਹਿਣਾ ਉਸ ਦਾ ਸੁਭਾਅ ਹੈ।

ਮਾਧਵਾਚਾਰੀਆ ਜੀਵਾਂ ਦੀ ਭਿੰਨਤਾ ਤੇ ਅਨੇਕਤਾ ਨੂੰ ਪ੍ਰਵਾਨ ਕਰਦਾ ਹੈ। ਉਸ ਅਨੁਸਾਰ ਕੁਝ ਮਨੁੱਖ ਮੁਕਤੀ ਦੇ ਯੋਗ ਹਨ ਪਰ ਕੁਝ ਹੋਰ ਮੁਕਤੀ-ਅਯੋਗ ਹਨ। ਮੁਕਤੀ ਤੋਂ ਭਾਵ ਜੀਵ ਦੀ ਬ੍ਰਹਮ ਵਿਚ ਲੀਨਤਾ ਜਾਂ ਅਭੇਦਤਾ ਨਹੀਂ; ਇਹ ਮਾਨਵ-ਹਸਤੀ ਵਿਚ ਦੈਵੀ ਗੁਣਾਂ ਦਾ ਸੰਚਾਰ ਹੈ। ਜੀਵ ਆਪਣੀ ਹਉਮੈ ਕਰ ਕੇ ਸਾਖੀ ਹੈ। ਉਹ ਸੰਸਾਰ ਦੀਆਂ ਵਸਤਾਂ ਨੂੰ ਯਥਾਰਥਕ ਰੂਪ ਵਿਚ ਜਾਣਦਾ-ਬੁਝਦਾ ਹੈ। ਜੀਵ ਦਾ ਬੰਧਨ ਉਸ ਦੇ ਅਗਿਆਨ ਤੇ ਦੁੱਖ ਦਾ ਕਾਰਨ ਬਣਦਾ ਹੈ। ਮਾਧਵ ਨੇ ਨਿਸ਼ਕਾਮ ਕਰਮ ਉੱਤੇ ਬਲ ਦੇ ਕੇ, ਗੀਤਾ ਦੇ ਉਪਦੇਸ਼ ਦਾ ਸਮਰਥਨ ਕੀਤਾ ਹੈ। ਭੇਦ-ਸਿਧਾਂਤ ਉਸ ਦੇ ਤੱਤ-ਗਿਆਨ (ਮੈਟਾਫ਼ਿਜ਼ਿਕਸ) ਦਾ ਵਿਧੀ-ਕ੍ਰਮ ਹੈ। ਬੇਸ਼ਕ ਉਸ ਨੇ ਸੁਤੰਤਰ ਤੇ ਪਰਤੰਤਰ ਵਿਚਲੇ ਸੰਬੰਧ ਦੀ ਨਿਸ਼ਚਿਤ ਵਿਆਖਿਆ ਨਹੀਂ ਦਿੱਤੀ।

ਭਾਰਤੀ ਚਿੰਤਨ ਨੇ ਮਾਧਵ ਦੇ ਦਵੈਤਵਾਦ ਤੋਂ ਬਿਨਾਂ ਕਈ ਹੋਰ ਦਵੰਦਮਈ ਸੰਕਲਪਾਂ ਦੀ ਵਰਤੋਂ ਕੀਤੀ ਹੈ ਜਿਨ੍ਹਾਂ ਵਿਚ ਹਲਤ ਤੇ ਪਲਤ, ਦੀਨ ਤੇ ਦੁਨੀਆ, ਦੈਵੀ ਤੇ ਮਾਨਵੀ ਕਰਮ ਸ਼ਾਮਲ ਹਨ ਪਰ ਇਨ੍ਹਾਂ ਪਰਸਪਰ ਵਿਰੋਧੀ ਭਾਸਦੇ ਸੰਕਲਪਾਂ ਨੂੰ ਵਧੇਰੇ ਕਰ ਕੇ ਕਿਸੇ ਉਚੇਰੇ ਸੰਯੋਗ ਵਿਚ ਪਹੁੰਚਣ ਦਾ ਜਤਨ ਕੀਤਾ ਗਿਆ ਹੈ। ਪੱਛਮੀ ਪਰੰਪਰਾ ਵਿਚ ਹੇਗਲ ਤੇ ਮਾਰਕਸ ਦੇ ਪ੍ਰਸਤਾਵ ਤੇ ਪ੍ਰਤੀ-ਪ੍ਰਸਤਾਵ ਦੇ ਦਵੰਦ ਨੂੰ, ਸੰਬਾਦਕ ਵਿਧੀ-ਕ੍ਰਮ ਦੀ ਵਰਤੋਂ ਕਰਦਿਆਂ, ਨਿਰੰਤਰ ਵਿਕਾਸ ਦੀ ਸੇਧ ਦਿੱਤੀ। ਅਸਤਿੱਤਵਵਾਦੀ ਫ਼ਲਸਫ਼ੇ ਨੇ 'ਤੱਤ' ਤੇ 'ਹੋਂਦ' ਦਾ ਦਵੰਦ ਅਪਨਾਉਂਦਿਆਂ ਮਨੁੱਖ ਨੂੰ ਆਪਣੇ ਅਸਲੇ (ਤੱਤ) ਦੀ ਭਾਲ ਵਿਚ ਭਟਕਦਾ ਦਰਸਾਇਆ ਹੈ।

ਪੱਛਮੀ ਚਿੰਤਨ ਵਿਚ ਪਲੈਟੋ ਦਾ ਆਦਰਸ਼ਵਾਦੀ ਸਿਧਾਂਤ ਦਵੈਤਵਾਦ ਦਾ ਮੁਢਲਾ ਸੰਕੇਤ ਸੀ। ਆਦਰਸ਼ਕ ਜਗਤ ਬੁੱਧ-ਵਿਵੇਕ ਦਾ ਮੰਡਲ ਹੈ ਜਿਸ ਦੇ ਟਾਕਰੇ ਉਤੇ ਦ੍ਰਿਸ਼ਟਮਾਨ ਜਗਤ (ਪਰਪੰਚ) ਕੇਵਲ 'ਨਕਲ' ਜਾਂ 'ਮਾਇਆ' ਹੈ ਜਿਸ ਦਾ ਆਧਾਰ ਇੰਦ੍ਰਿਆਈ ਪ੍ਰੇਖਣ ਹੈ। ਸਤਾਰ੍ਹਵੀ ਸਦੀ ਈ. ਦੇ ਫ਼ਰਾਂਸੀਸੀ ਚਿੰਤਕ ਦੇਕਾਰਤ ਨੇ ਮਨ ਤੇ ਸਰੀਰ ਦੇ ਦਵੰਦ ਉੱਤੇ ਬਲ ਦੇ ਕੇ, ਦਵੈਤਵਾਦ ਨੂੰ ਪੱਕੇ ਪੈਰਾਂ ਉਤੇ ਸਥਾਪਿਤ ਕਰ ਦਿੱਤਾ। ਮਾਨਸਿਕ ਕ੍ਰਿਆ ਜਾਂ ਚਿੰਤਨ ਦਾ ਕੋਈ ਆਕਾਰ ਜਾਂ ਰੂਪ-ਰੇਖਾ ਨਹੀਂ ਜਦੋਂ ਕਿ ਸਰੀਰ ਪਦਾਰਥਕ ਹੋਂਦ ਹੈ ਜਿਸ ਦੀ ਪੁਲਾੜ-ਕਾਲ ਵਿਚ ਫੈਲਾਵਟ ਦੇਖੀ ਪਰਖੀ ਜਾਂਦੀ ਹੈ। ਦਵੈਤਵਾਦੀ ਦ੍ਰਿਸ਼ਟੀ ਤੋਂ ਜਿਸ ਵਸਤੂ ਦਾ ਬੋਧ ਪ੍ਰਾਪਤ ਕੀਤਾ ਜਾਂਦਾ ਹੈ, ਉਹ 'ਵਸਤੂ' ਸਾਡੇ 'ਅਨੁਭਵ' 'ਮਨੋ ਬਿੰਬ' ਜਾਂ 'ਯਾਦ ਚਿੱਤਰ' ਤੋਂ ਭਿੰਨ ਹੁੰਦੀ ਹੈ। ਵਸਤੂ ਤੇ ਇਸ ਦੇ ਗਿਆਨ ਨੂੰ ਇਕ-ਮਿਕ ਨਹੀਂ ਕੀਤਾ ਜਾ ਸਕਦਾ।

—ਡਾ. ਵਜ਼ੀਰ ਸਿੰਘ

ਦਵੈਯਾ : ਇਹ ਇਕ ਛੰਦ ਹੈ ਜਿਸ ਨੂੰ 'ਦੋਵੈ' ਵੀ ਆਖਿਆ ਜਾਂਦਾ ਹੈ। ਇਸ ਦਾ ਲੱਛਣ ਚਾਰ ਚਰਣ,ਪ੍ਰਤੀ ਚਰਣ 28 ਮਾਤਰਾਂ, ਪਹਿਲਾ ਵਿਸ਼ਰਾਮ 16 ਉਤੇ, ਦੂਜਾ 12 ਤੇ ਅੰਤ ਗੁਰੂ। ਜੇ ਅੰਤ ਵਿਚ ਦੋ ਗੁਰੂ ਹੋਣ ਤਾਂ ਇਸ ਨੂੰ 'ਸਾਰ' ਅਤੇ 'ਲਲਿਤ ਪਦ' ਆਖਿਆ ਜਾਂਦਾ ਹੈ।

ਹ.ਪੁ.—ਮ.ਕੋ.

ਦਾਊਸ ਜੋਆਓ ਡੇ : ਪੁਰਤਗਾਲ ਦੇ ਇਸ ਸਰੋਦੀ ਕਵੀ ਅਤੇ ਸਿਖਿਅਕ ਦਾ ਜਨਮ 8 ਮਾਰਚ, 1930 ਨੂੰ ਪੁਰਤਗਾਲ ਵਿਚ ਸਾਓ ਬਾਰਟੱਲਾਮਿਓ ਡੇ ਮੈਸੀਨ ਵਿਖੇ ਹੋਇਆ। ਇਸ ਦੀ ਲਿਖੀ ਸਰੋਦੀ ਕਵਿਤਾ ਪੁਰਤਗਾਲੀ ਰੁਮਾਂਟਿਕ ਕਵਿਤਾ ਦਾ ਅੰਤਿਮ ਪ੍ਰਗ-ਟਾਵਾ ਅਤੇ ਇਸ ਦੇ ਵਿਰੁੱਧ ਕੀਤੀ ਬਗਾਵਤ ਦਾ ਪਹਿਲਾ ਸੰਕੇਤ ਹੈ। ਕੁਇੰਬਰਾ ਵਿਖੇ ਆਪਣੇ ਵਿਦਿਆਰਥੀ ਜੀਵਨ ਵਿਚ ਮੌਜ-ਮਸਤੀ ਵਾਲੇ ਜੀਵਨ ਸਬੰਧੀ ਬੇਪਰਵਾਹੀ ਨਾਲ ਲਿਖੀਆਂ ਕਵਿਤਾਵਾਂ ਇਸ ਦੇ ਮਨ ਦੀਆਂ ਭਾਵਨਾਵਾਂ ਨੂੰ ਸਹੀ ਰੂਪ ਵਿਚ ਸਪਸ਼ਟ ਨਹੀਂ ਕਰ ਸਕੀਆਂ। ਇਹ ਗਿਟਾਰ ਵਜਾਉਣ ਵਿਚ ਨਿਪੁੰਨ ਸੀ ਅਤੇ ਇਸ ਦੇ ਗਿਟਾਰ ਦੀਆਂ ਧੁਨਾਂ ਇਸ ਦੇ ਸੰਗੀਤਕ ਗੁਣਾਤਮਕ ਅਤੇ ਸੁਰਤਾਲ ਬਾਰੇ ਇਸ ਦੀ ਸੂਝ ਨੂੰ ਪ੍ਰਗਟਾਉਂਦੀਆਂ ਹਨ। ਸੰਨ 1859 ਵਿਚ ਇਸ ਨੇ ਕਾਨੂੰਨੀ ਸ਼ਿਖਿਆ ਹਾਸਲ ਕੀਤੀ। ਬਾਅਦ ਵਿਚ ਇਸ ਨੇ ਨੇਬੀਜਾ ਵਿਚ ਰਹਿ ਕੇ ਕੁਝ ਦੇਰ ਪੱਤਰਕਾਰੀ ਦਾ ਕੰਮ ਵੀ ਕੀਤਾ ਜਿਥੇ 'O Bejense' ਅਤੇ 'Fotha do Sul' ਦਾ ਸੰਪਾਦਕ ਬਣ ਗਿਆ। ਪੱਤਰਕਾਰੀ ਦੇ ਖੇਤਰ ਵਿਚ ਇਸ ਦਾ ਜ਼ਿਆਦਾ ਦੇਰ ਝੁਕਾਅ ਨਾ ਰਿਹਾ। ਬਾਅਦ ਵਿਚ ਇਸ ਨੇ ਬੱਚਿਆਂ ਦੀ ਸਿੱਖਿਆ ਬਾਰੇ ਲਿਖਣਾ ਸ਼ੁਰੂ ਕੀਤਾ।

ਦਾਊਸ ਨੇ ਵਾਰਤਕ, ਆਲੋਚਨਾ, ਅਨੁਵਾਦ ਅਤੇ ਸਿੱਖਿਆ ਸਬੰਧੀ ਟ੍ਰੈਕਟ ਲਿਖੇ। ਇਨ੍ਹਾਂ ਵਿਚੋਂ ਬਹੁਤ ਸਾਰੀਆਂ ਰਚਨਾਵਾਂ ਨੂੰ 'Prosas' ਨਾਂ ਹੇਠ ਇਕੱਠਾ ਕਰ ਕੇ ਛਾਪਿਆ ਗਿਆ। ਇਸ ਦੀਆਂ ਕਵਿਤਾਵਾਂ ਦੂਜਿਆਂ ਵਿਅਕਤੀਆਂ ਨੇ ਕੋਸ਼ਿਸ ਕਰ ਕੇ 1893 ਈ. ਵਿਚ 'Flores de campo Rama de Flores' ਅਤੇ 'Folhas Solkas' ਨਾਂ ਹੇਠ ਇਕਠੀਆਂ ਕੀਤੀਆਂ। ਇਨ੍ਹਾਂ ਵਿਚ ਬਹੁਤੀਆਂ T. Braga ਦੁਆਰਾ 'Campo de Flores' ਨਾਂ ਹੇਠ ਇਕਠੀਆਂ ਕੀਤੀਆਂ ਗਈਆਂ। ਸੰਨ 1869 ਵਿਚ ਇਹ ਆਪਣੇ ਦੋਸਤਾਂ ਮਿਤਰਾਂ ਦੀ ਕੋਸ਼ਿਸ਼ ਸਦਕਾ ਸੰਸਦ ਦਾ ਮੈਂਬਰ ਬਣ ਗਿਆ ਪਰ ਆਪਣੇ ਸਿਧਾਂਤਾਂ ਤੇ ਪਹਿਰਾ ਦਿੰਦਿਆਂ ਇਸ ਨੇ ਕੁਝ ਚਿਰ ਬਾਅਦ ਆਪਣੇ ਅਹੁਦੇ ਤੋਂ ਅਸਤੀਫਾ ਦਿੱਤਾ ਜਿਸ ਕਰ ਕੇ ਆਪਣੇ ਦੋਸਤਾਂ

ਮਿਤਰਾਂ ਵਿਚ ਇਸ ਦਾ ਮਾਣ ਸਤਿਕਾਰ ਹੋਰ ਵੀ ਵਧ ਗਿਆ। ਬਾਅਦ ਵਿਚ ਇਸ ਨੂੰ ਬਹੁਤ ਜ਼ਿਆਦਾ ਪ੍ਰਸਿੱਧੀ ਹਾਸਲ ਹੋਈ। ਵਿਆਹ ਤੋਂ ਪਿਛੋਂ ਆਪਣੇ ਗ੍ਰਿਹਸਥੀ ਜੀਵਨ ਦੇ ਨਿਰਬਾਹ ਲਈ ਇਸ ਨੂੰ ਆਪਣੀਆਂ ਰਚਨਾਵਾਂ ਵਪਾਰੀਆਂ ਦੇ ਹੱਥ ਕਮਿਸ਼ਨ ਤੇ ਦੇਣੀਆਂ ਪਈਆਂ। ਇਸ ਸਮੇਂ ਦੌਰਾਨ ਇਸ ਨੇ ਕੁਝ ਸਮਾਂ ਸਕੂਲਾਂ ਵਿਚ ਵੀ ਪੜ੍ਹਾਇਆ। ਇਸ ਨੇ ਬੱਚਿਆਂ ਨੂੰ ਪੜ੍ਹਾਉਣ ਅਤੇ ਸਿਖਾਉਣ ਦੇ ਕੁਝ ਨਵੇਂ ਢੰਗ ਅਪਨਾਏ। ਬਾਅਦ ਵਿਚ ਇਸ ਦਾ ਪੜ੍ਹਾਉਣ ਢੰਗ ਬੜਾ ਸਲਾਹਿਆ ਗਿਆ। ਇਸ ਦੇ ਸਮੁੱਚੇ ਕੰਮ ਨੂੰ 1893 ਵਿਚ Teofilo Braga ਦੁਆਰਾ 1893 ਵਿਚ ਪ੍ਰਕਾਸ਼ਿਤ ਕੀਤਾ ਗਿਆ। 20 ਵੀਂ ਸਦੀ ਦੇ ਪੁਰਤਗਾਲੀ ਸਾਹਿਤ ਤੇ ਇਸ ਦਾ ਬਹੁਤ ਪ੍ਰਭਾਵ ਦਿਖਾਈ ਦਿੰਦਾ ਹੈ। ਸੰਨ 1895 ਵਿਚ ਇਸ ਨੂੰ ਪੁਰਤਗਾਲ ਦਾ ਸਭ ਤੋਂ ਵੱਡਾ ਕਵੀ ਐਲਾਨਿਆ ਗਿਆ।

11 ਜਨਵਰੀ, 1896 ਨੂੰ ਪੁਰਤਗਾਲ ਦੇ ਇਸ ਕਵੀ ਦੀ ਲਿਜ਼ਬਨ ਵਿਖੇ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 3 : 496; ਕੋਲ. ਐਨ. 6 : 222; ਐਨ. ਬ੍ਰਿ. ਮਾ. 7 : 319

ਦਾਊ ਜੈਕਸ ਅਗਸਟਸ ਡੇ : ਇਹ ਫ਼ਰਾਂਸ ਦਾ ਇਕ ਮੁਦੱਬਰ ਇਤਿਹਾਸਕਾਰ ਅਤੇ ਪੁਸਤਕ ਪ੍ਰੇਮੀ ਸੀ ਜਿਸ ਨੇ ਆਪਣੇ ਸਮੇਂ ਦੀਆਂ ਇਤਿਹਾਸਕ ਘਟਨਾਵਾਂ ਨੂੰ ਨਿਰਪੱਖ ਅਤੇ ਬੇਲਾਗ ਹੋ ਕੇ ਵਿਗਿਆਨਕ ਢੰਗ ਨਾਲ ਪੇਸ਼ ਕਰਨ ਦੀ ਪਹਿਲ ਕੀਤੀ। ਇਸ ਦਾ ਜਨਮ ਪੈਰਿਸ ਵਿਖੇ 8 ਅਕਤੂਬਰ, 1553 ਨੂੰ ਇਕ ਅਜਿਹੇ ਪਰਿਵਾਰ ਵਿਚ ਹੋਇਆ ਜਿਹੜਾ ਕਿ ਸਿਆਸਤਦਾਨਾਂ ਅਤੇ ਵਿਦਵਾਨਾਂ ਦੇ ਪਰਿਵਾਰ ਕਰ ਕੇ ਪ੍ਰਸਿੱਧ ਸੀ। ਇਸ ਨੇ ਆੱਰਲੇਨ, ਵਾਲਾਂਸ ਅਤੇ ਪੁਰਜ਼ ਸ਼ਹਿਰਾਂ ਤੋਂ ਕਾਨੂੰਨ ਦੀ ਸਿੱਖਿਆ ਪ੍ਰਾਪਤ ਕੀਤੀ। ਸਭ ਤੋਂ ਪਹਿਲਾਂ ਇਸ ਦਾ ਝੁਕਾਅ ਚਰਚ ਵੱਲ ਹੋਣ ਕਰ ਕੇ ਇਹ ਆਪਣੇ ਚਾਚੇ ਦਾ ਉੱਤਰਾਧਿਕਾਰੀ ਬਣਿਆ ਅਤੇ ਪੈਰਿਸ ਦੇ ਨੌਟਰ ਡੈਮ ਚਰਚ ਦੇ ਪਾਦਰੀਆਂ ਦੀ ਸਭਾ ਦਾ ਮੈਂਬਰ ਬਣਿਆ। ਰਾਜ ਦੇ ਭਰੋਸੇਯੋਗ ਸਲਾਹਕਾਰ ਦੇ ਕੌਂਸਲਰ ਦੀ ਹੈਸੀਅਤ ਵਿਚ ਇਸ ਨੇ ਹੈਨਰੀ ਤੀਜੇ ਅਤੇ ਹੈਨਰੀ ਚੌਥੇ ਦੀ ਵਫਾਦਾਰੀ ਨਾਲ ਸੇਵਾ ਕੀਤੀ ਅਤੇ 1593 ਈ. ਵਿਚ ਇਹ ਸ਼ਾਹੀ ਲਾਇਬਰੇਰੀ ਦਾ ਡਾਇਰੈਕਟਰ ਬਣ ਗਿਆ। ਸੰਨ 1595 ਵਿਚ ਇਹ ਪੈਰਿਸ ਦੀ ਪਾਰਲੀਮੈਂਟ ਦਾ ਪ੍ਰਧਾਨ ਬਣਿਆ। ਇਸ ਹੈਸੀਅਤ ਵਿਚ ਇਸ ਨੇ ਧਾਰਮਿਕ ਸ਼ਾਂਤੀ ਸਥਾਪਿਤ ਕਰਨ ਲਈ 1598 ਈ. ਵਿਚ ਨਾਂਟੇਸ ਦਾ ਫਰਮਾਨ ਜਾਰੀ ਕਰ ਕੇ ਪ੍ਰੋਟੈਸਟੈਂਟ ਈਸਾਈਆਂ ਨਾਲ ਗੱਲਬਾਤ ਕੀਤੀ ਅਤੇ ਗੈਲਿਕਨਵਾਦ ਦੇ ਨਾਂ ਪਿੱਛੇ ਟ੍ਰੈਂਟ ਦੀ ਕੌਂਸਲ ਦੀ ਮਾਨਤਾ ਦਾ ਵਿਰੋਧ ਵੀ ਕੀਤਾ। ਇਸ ਰਵੱਈਏ ਕਾਰਨ ਇਸ ਨੂੰ ਕੈਥੋਲਿਕਾਂ ਦੀ ਦੁਸ਼ਮਣੀ ਮੁੱਲ ਲੈਣੀ ਪਈ। ਹੈਨਰੀ ਚੌਥੇ ਦੀ ਮੌਤ (1610 ਈ.) ਤੋਂ ਪਿੱਛੋਂ ਜਦੋਂ ਉਸ ਦੀ ਰਾਣੀ ਮਾਰੀ-ਡ-ਮੇਡੀਸੀਸ ਕਾਇਮ-ਮੁਕਾਮ ਹਾਕਮ ਬਣੀ ਤਾਂ ਉਸ ਨੇ ਇਸ ਨੂੰ ਪਾਰਲੀਮੈਂਟ ਦੇ ਪ੍ਰੀਮੀਅਰ ਪ੍ਰੈਜ਼ੀਡੈਂਟ ਥਾਪਣ ਦੀ ਜਗ੍ਹਾ, ਫਾਈਨਾਂਸਜ ਕੌਂਸਲ ਦਾ ਮੈਂਬਰ ਨਿਯੁਕਤ ਕਰ ਦਿੱਤਾ। ਇਸ ਹੈਸੀਅਤ ਵਿਚ ਹੀ ਇਹ ਮਹਾਰਾਣੀ ਮਾਰੀ-ਡ-ਮੇਡੀਸੀਸ ਦੇ ਅਧੀਨ ਕੰਮ ਕਰਦਾ ਰਿਹਾ ਅਤੇ ਸੇਂਟ ਮੀਨੀਹੋਲਜਡ ਅਤੇ ਲੁਡਨ ਵਿਖੇ ਹੋਈਆਂ ਸੰਧੀਆਂ ਵਿਚ ਸ਼ਾਮਲ ਹੁੰਦਾ ਰਿਹਾ। ਇਸ ਨੂੰ ਭਾਵੇਂ ਰਾਜਨੀਤੀ ਵਿਚ ਕਾਫੀ ਮਹੱਤਵਪੂਰਨ ਰੁਤਬੇ ਹਾਸਲ ਸਨ ਪਰ ਇਸ ਨੇ ਆਪਣੇ ਜੀਵਨ ਦੀਆਂ ਸਰਗਰਮੀਆਂ ਵਿਚ ਪ੍ਰਾਥਮਿਕਤਾ ਇਤਿਹਾਸ ਲਿਖਣ ਨੂੰ ਹੀ ਦਿੱਤੀ। ਇਸ ਦਾ ਉਦੇਸ਼ ਆਪਣੇ ਸਮੇਂ ਦੇ ਇਤਿਹਾਸ ਦਾ ਬ੍ਰਿਤਾਂਤ ਨਿਰਪੱਖ ਅਤੇ ਵਿਗਿਆਨਕ ਦ੍ਰਿਸ਼ਟੀ ਤੋਂ ਕਰਨਾ ਸੀ। 'ਹਿਸਟਰੀ ਆਫ ਹਿਜ ਓਨ ਟਾਈਮ' ਇਸ ਨੇ ਆਪਣੇ ਇਸੇ ਆਸ਼ੇ ਨੂੰ ਮੁੱਖ ਰਖ ਕੇ ਲਾਤੀਨੀ ਭਾਸ਼ਾ ਵਿਚ ਲਿਖੀ। ਇਤਿਹਾਸ ਦਾ ਪਹਿਲਾ ਹਿੱਸਾ ਇਸ ਨੇ ਆਪਣੇ ਆਰੰਭਕ ਨੁਕਤੇ ਦੀ ਪਰਿਭਾਸ਼ਾ ਦੇਣ ਤੋਂ ਬਾਅਦ ਫਰਾਂਸਿਸ ਪਹਿਲੇ ਦੇ ਅੰਤਲੇ ਸਾਲਾਂ ਦੇ ਰਾਜ ਕਾਲ ਤੋਂ ਲੈ ਕੇ 16ਵੀਂ ਸਦੀ ਦੇ ਮੁਢਲੇ ਵਰ੍ਹਿਆਂ ਦੇ ਵਿਆਪਕ ਸਰਵੇਖਣ ਤੋਂ ਆਰੰਭ ਕੀਤਾ ਹੈ। ਇਸ ਦੀਆਂ ਪਹਿਲੀਆਂ ਪੁਸਤਕਾਂ ਵਿਚ 1560 ਈ. ਤੱਕ ਦਾ ਕਾਲ ਸ਼ਾਮਲ ਹੈ ਅਤੇ ਇਹ 1604 ਈ. ਵਿਚ ਪ੍ਰਕਾਸ਼ਿਤ ਹੋਈਆਂ। ਦੂਜੇ ਭਾਗ ਵਿਚ ਧਾਰਮਿਕ ਲੜਾਈਆਂ ਦਾ ਇਤਿਹਾਸ ਹੈ ਜਿਹੜਾ 1560 ਈ. ਤੋਂ 1572 ਈ. ਤੱਕ ਜਾਂਦਾ ਹੈ। ਤੀਜੇ ਭਾਗ ਵਿਚ 1574 ਈ. ਤੱਕ ਅਤੇ ਚੌਥਾ 1584 ਈ. ਤੱਕ ਦੇ ਕਾਲ ਨਾਲ ਸਬੰਧਤ ਹੈ ਅਤੇ ਇਹ ਦੋਵੇਂ ਭਾਗ 1607 ਈ. ਅਤੇ 1608 ਈ. ਵਿਚ ਪ੍ਰਕਾਸ਼ਿਤ ਹੋਏ। ਨਿਰਪੱਖ ਹੋ ਕੇ ਲਿਖਣ ਦੇ ਬਾਵਜੂਦ ਵੀ ਇਨ੍ਹਾਂ ਦੇ ਪ੍ਰਕਾਸ਼ਨ ਤੇ ਵੀ ਕਾਫ਼ੀ ਰੌਲਾ ਪਿਆ। ਇਸ ਰੌਲੇ ਗੌਲੇ ਦੇ ਜਵਾਬ ਵਿਚ 1670 ਈ. ਵਿਚ ਪੀਰੀ ਡੂਈਪਵੀ ਅਤੇ ਨਿਕੋਲਸ ਰੀਗੋ ਵਿਦਵਾਨਾਂ ਨੇ ਉਸ ਦੇ ਇਤਿਹਾਸ ਦੀ ਪਹਿਲੀ ਪੰਜ ਹਿੱਸਿਆਂ ਵਾਲੀ ਪੂਰੀ ਐਡੀਸ਼ਨ (138 ਹਿੱਸਿਆਂ ਵਿਚ) ਅਤੇ ਪੰਜਵੇਂ ਹਿੱਸੇ ਨੂੰ ਪ੍ਰਕਾਸ਼ਿਤ ਕੀਤਾ। ਇਸ ਵਿਚ ਦਾਊ ਦੇ ਮੈਮੋਆਇਰਜ਼ ਵਾਲਾ ਹਿੱਸਾ ਵੀ ਅੰਤਿਕ ਦੇ ਰੂਪ ਵਿਚ ਸ਼ਾਮਲ ਕੀਤਾ ਗਿਆ।

ਇਸ ਦੀ ਮੌਤ ਤੋਂ 100 ਸਾਲ ਬਾਅਦ ਸੈਮੂਅਲ ਬਕਲੀ ਨਾਂ ਦੇ ਇਕ ਅੰਗਰੇਜ਼ ਪ੍ਰਕਾਸ਼ਕ ਨੇ ਇਸ ਦੀ ਇਕ ਆਲੋਚਨਾਤਮਕ ਐਡੀਸ਼ਨ ਵੀ ਛਾਪੀ। ਇਸ ਦਾ ਇਤਿਹਾਸ ਆਪਣੇ ਆਪ ਵਿਚ ਇਕ ਅਜਿਹੀ ਖੋਜ ਦਾ ਨਮੂਨਾ ਹੈ ਜਿਹੜਾ ਕਿ ਉੱਤਮ ਦਰਜੇ ਦੇ ਸ੍ਰੋਤਾਂ ਦਾ ਅਧਿਐਨ ਕਰਨ ਉਪਰੰਤ ਵਿਸ਼ੇਸ਼ ਸ਼ੈਲੀ ਵਿਚ ਪੇਸ਼ ਕੀਤਾ ਗਿਆ ਹੈ।

ਇਸ ਦੀਆਂ ਹੋਰ ਵੀ ਕਈ ਮਹੱਤਵਪੂਰਨ ਕਿਰਤਾਂ ਹਨ ਜਿਨ੍ਹਾਂ ਨੇ ਉਸ ਨੂੰ ਅਮਰ ਕਰ ਦਿੱਤਾ ਹੈ। 7 ਮਈ, 1617 ਨੂੰ ਪੈਰਿਸ ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ.—ਐਨ. ਬ੍ਰਿ. ਮਾ. 9 : 974; ਐਨ. ਬ੍ਰਿ. 22 : 156

ਦਾਊਦ : ਇਹ ਇਜ਼ਰਾਈਲ ਅਤੇ ਜੂਡਾ ਦਾ ਇਕ ਬਾਦਸ਼ਾਹ ਸੀ ਜਿਸ ਨੇ ਇਜ਼ਰਾਈਲ ਵਿਚ ਇਕ ਸੰਯੁਕਤ ਸਲਤਨਤ ਦੀ ਨੀਂਹ ਰੱਖੀ ਸੀ ਅਤੇ ਯੋਰੋਸ਼ਲਮ ਨੂੰ ਆਪਣੀ ਰਾਜਧਾਨੀ ਬਣਾਇਆ ਸੀ। ਇਸ ਨੇ 1000 ਈ. ਪੂ. ਤੋਂ ਲੈ ਕੇ ਲ. 962 ਈ. ਪੂ. ਤੱਕ ਰਾਜ ਕੀਤਾ ਸੀ। ਇਸ ਦਾ ਜਨਮ ਜੂਡਜਾ ਵਿਚ ਬੈਥਲੀਹਮ ਵਿਖੇ ਹੋਇਆ। ਇਜ਼ਰਾਈਲ ਦੇ ਪਹਿਲੇ ਬਾਦਸ਼ਾਹ ਸਾੱਲ ਦੇ ਦਰਬਾਰ ਵਿਚ ਇਸ ਨੇ ਇਕ ਸਹਾਇਕ ਵਜੋਂ ਆਪਣੇ ਜੀਵਨ ਦੀ ਸ਼ੁਰੂਆਤ ਕੀਤੀ ਅਤੇ ਬਾਦਸ਼ਾਹ ਦੇ ਪੁੱਤਰ ਜਨਾਥਨ ਜੋ ਵਲੀਅਹਿਦ ਵੀ ਸੀ, ਦਾ ਗੂੜ੍ਹਾ ਮਿੱਤਰ ਬਣ ਗਿਆ। ਫਲਸਤੀਨੀਆਂ ਨੂੰ ਮਾਤ ਦੇਣ ਦੀ ਆਪਣੀ ਯੋਗਤਾ ਕਾਰਨ ਇਹ ਛੇਤੀ ਹੀ ਹਰਮਨਪਿਆਰਾ ਹੋ ਗਿਆ ਅਤੇ ਇਸ ਨੇ ਬਾਦਸ਼ਾਹ ਸਾੱਲ ਦੀ ਲੜਕੀ ਮੀਸ਼ੈਲ ਨਾਲ ਵਿਆਹ ਕਰਵਾ ਲਿਆ। ਇਸ ਦੀ ਲੋਕਪ੍ਰਿਯਤਾ ਨੂੰ ਵੇਖਦੇ ਹੋਏ ਬਾਦਸ਼ਾਹ ਨੂੰ ਇਸ ਨਾਲ ਈਰਖਾ ਹੋ ਗਈ ਅਤੇ ਉਸ ਨੇ ਇਸ ਨੂੰ ਮਾਰ ਦੇਣ ਦੀ ਵੀ ਸਾਜ਼ਸ਼ ਬਣਾਈ। ਸੂਹ ਮਿਲ ਜਾਣ ਤੇ ਇਹ ਫ਼ਲਸਤੀਨ ਤੇ ਤੱਟੀ ਮੈਦਾਨ ਉੱਤੇ ਪੈਂਦੇ ਦੱਖਣੀ ਜੂਡਾ ਅਤੇ ਫ਼ਲਿਸਤੀਆ ਦੇਸ਼ਾਂ ਵੱਲ ਭੱਜ ਗਿਆ। ਇਥੇ ਇਸ ਨੇ ਆਪਣੀ ਸੂਝ-ਬੂਝ ਅਤੇ ਦੂਰਦ੍ਰਿਸ਼ਟੀ ਨਾਲ ਆਪਣੇ ਜੀਵਨ-ਪਥ ਦੀ ਨੀਂਹ ਰੱਖੀ।

ਕਾਨੂੰਨੀ ਮੁਜ਼ਰਿਮ ਕਰਾਰ ਦਿੱਤੇ ਜਾਣ ਕਾਰਨ ਇਸ ਨੂੰ ਕੁਝ ਚਿਰ ਲਈ ਆਪਣਾ ਜੀਵਨ ਜੂਡਾ ਦੇ ਸਰਹੱਦੀ ਮਾਰੂਥਲੀ ਖੇਤਰ ਵਿਚ ਬਿਤਾਉਣਾ ਪਿਆ। ਇਥੇ ਇਹ ਦੂਜੇ ਕਾਨੂੰਨੀ ਮੁਜ਼ਰਿਮਾਂ ਅਤੇ ਸ਼ਰਨਾਰਥੀਆਂ ਦਾ ਨੇਤਾ ਬਣ ਗਿਆ। ਹੌਲੀ-ਹੌਲੀ ਇਸ ਦੀ ਟੋਲੀ ਨੂੰ ਸਥਾਨਕ ਲੋਕਾਂ ਦਾ ਸਾਥ ਮਿਲਣ ਲੱਗਾ ਅਤੇ ਬਦਲੇ ਵਿਚ ਲੋਕਾਂ ਨੂੰ ਉਨ੍ਹਾਂ ਤੇ ਪੈਣ ਵਾਲੀਆਂ ਮੁਸ਼ਕਲਾਂ ਤੋਂ ਨਿਜਾਤ ਦਵਾਉਣ ਲਗ ਪਿਆ। ਆਪਣੀ ਰਾਜਨੀਤਿਕ ਸੂਝ-ਬੂਝ ਕਾਰਨ ਇਸ ਨੂੰ ਜੂਡਾ ਦੇ

ਅਸਰ ਰਸੂਖ ਵਾਲੇ ਲੋਕਾਂ ਦੀ ਵੀ ਹਿਮਾਇਤ ਹਾਸਲ ਹੋਈ। ਮਾਂਟ ਗਿਲਬੋਆ ਉੱਤੇ ਫ਼ਲਸਤੀਨੀਆਂ ਨਾਲ ਯੁੱਧ ਕਰਦਿਆਂ ਬਾਦਸ਼ਾਹ ਸਾੱਲ ਅਤੇ ਸਹਿਜ਼ਾਦੇ ਜਨਾਥਨ ਦੀ ਮੌਤ ਹੋ ਜਾਣ ਮਗਰੋਂ ਕੁਝ ਦੇਰ ਬਾਅਦ ਪਹਿਲਾਂ ਹੀਬ੍ਰੋਂਨ ਵਿਚ ਜੂਡਾ ਨੇ ਅਤੇ ਫਿਰ ਸਾਰੇ ਇਜ਼ਰਾਈਲੀਆਂ ਨੇ ਇਸ ਨੂੰ ਬਾਦਸ਼ਾਹ ਸਾੱਲ ਦੇ ਵਾਰਸ ਵਜੋਂ ਆਪਣੀ ਬਾਦਸ਼ਾਹਤ ਸੰਭਾਲਣ ਦਾ ਸੱਦਾ ਦਿੱਤਾ।

ਹੀਬ੍ਰੋਂਨ ਵਿਚ ਪਹੁੰਚਣ ਤੇ ਇਸ ਦਾ ਬਾਦਸ਼ਾਹ ਵਜੋਂ ਐਲਾਨ ਕੀਤਾ ਗਿਆ। ਇਸ ਨੂੰ ਕੁਝ ਸਾਲਾਂ ਤੱਕ ਤਖ਼ਤ ਤੇ ਕੁਝ ਹੋਰ ਦਾਅਵੇਦਾਰ ਅਤੇ ਵਿਸ਼ੇਸ਼ ਕਰ ਕੇ ਬਾਦਸ਼ਾਹ ਸਾੱਲ ਦੇ ਜੀਵਿਤ ਪੁੱਤਰ, ਸਹਿਜ਼ਾਦਾ ਇਸ਼ਬੋਲ ਨਾਲ ਯੁੱਧ ਕਰਨਾ ਪਿਆ। ਬਾਅਦ ਵਿਚ ਸਹਿਜ਼ਾਦੇ ਦੇ ਆਪਣੇ ਹੀ ਦਰਬਾਰੀਆਂ ਨੇ ਉਸ ਨੂੰ ਕਤਲ ਕਰ ਦਿੱਤਾ ਅਤੇ ਇਹ ਸਮੁੱਚੇ ਇਜ਼ਰਾਈਲ ਦਾ ਬਾਦਸ਼ਾਹ ਬਣ ਗਿਆ ਅਤੇ ਇਸ ਨੇ ਲਗਭਗ 40 ਸਾਲ ਤੀਕ ਰਾਜ ਕੀਤਾ। ਬਾਦਸ਼ਾਹ ਬਣ ਕੇ ਇਸ ਨੇ ਸਭ ਤੋਂ ਪਹਿਲਾਂ ਯੋਰੋਸ਼ਲਮ ਸ਼ਹਿਰ ਨੂੰ ਜਿੱਤਿਆ ਅਤੇ ਆਪਣੀ ਨਵੀਂ ਸੰਯੁਕਤ ਸਲਤਨਤ ਦੀ ਰਾਜਧਾਨੀ ਬਣਾ ਕੇ ਯਹੂਦੀ ਧਰਮ ਦੇ ਪ੍ਰਮੁੱਖ ਪ੍ਰਤੀਕ 'ਰੱਬੀ ਇਕਰਾਰ ਦਾ ਸੰਦੂਕ' ਨੂੰ ਇਥੇ ਲਿਆਂਦਾ। ਫਿਰ ਇਸ ਨੇ ਫ਼ਲਸਤੀਨੀਆਂ ਨੂੰ ਇੰਨੀ ਸਖ਼ਤੀ ਨਾਲ ਦਬਾਇਆ ਕਿ ਉਹ ਮੁੜ ਇਜ਼ਰਾਈਲੀਆਂ ਦੀ ਸੁਰੱਖਿਆ ਪ੍ਰਤੀ ਕਦੇ ਵੀ ਗੰਭੀਰ ਖਤਰਾ ਨਾ ਬਣ ਸਕੇ। ਇਸ ਨੇ ਉਨ੍ਹਾਂ ਦੇ ਤੱਟੀ ਖੇਤਰ ਨੂੰ ਵੀ ਆਪਣੇ ਰਾਜ ਵਿਚ ਸ਼ਾਮਲ ਕਰ ਲਿਆ। ਦੇਸ਼ ਦੇ ਨਾਲ ਲਗਦੇ ਹੋਰ ਸਾਰੇ ਛੋਟੇ-ਛੋਟੇ ਰਾਜਾਂ ਨੂੰ ਜਿੱਤ ਕੇ ਆਪਣੇ ਰਾਜ ਵਿਚ ਸ਼ਾਮਲ ਕੀਤਾ। ਦੱਖਣ ਵਿਚ ਈਡਮ, ਪੂਰਬ ਵਿਚ ਮੋਐਬ ਅਤੇ ਐਮਨ ਅਤੇ ਉੱਤਰ ਵਿਚ ਐਰਮ ਆਦਿ ਰਾਜਾਂ ਨੂੰ ਫ਼ਤਹਿ ਕਰ ਕੇ ਇਸ ਨੇ ਆਪਣੇ ਰਾਜ ਦਾ ਕਾਫ਼ੀ ਵਿਸਥਾਰ ਕੀਤਾ ਅਤੇ ਇੰਜ ਇਜ਼ਰਾਈਲ ਨੂੰ ਨੀਲ ਅਤੇ ਫਰਾਤ ਦਰਮਿਆਨ ਇਕ ਸ਼ਕਤੀਸ਼ਾਲੀ ਦੇਸ਼ ਬਣਾ ਦਿੱਤਾ। ਇਨ੍ਹਾਂ ਜਿੱਤਾਂ ਦੇ ਬਾਵਜੂਦ ਵੀ ਦੇਸ਼ ਵਿਚ ਅੰਦਰੂਨੀ ਗੜਬੜਾਂ ਨੇ ਇਸ ਦੇ ਰਾਜ ਵਿਚ ਸ਼ਾਂਤੀ ਕਾਇਮ ਨਾ ਹੋਣ ਦਿੱਤੀ। ਇਸ ਦੀ ਔਰਤਾਂ ਪ੍ਰਤੀ ਕਮਜ਼ੋਰੀ ਇਸ ਦੀ ਸਲਤਨਤ ਲਈ ਇਕ ਧੱਬਾ ਸਾਬਤ ਹੋਈ। ਕਈ ਔਰਤਾਂ ਦਾ ਹਰਨ ਹੋਣ ਕਾਰਨ ਉਨ੍ਹਾਂ ਦੇ ਬੱਚਿਆਂ ਦੀ ਆਪਸੀ ਵਿਰੋਧਤਾ ਕਾਰਨ ਇਸ ਨੂੰ ਆਪਣੇ ਜੀਵਨ ਦੇ ਅੰਤਲੇ ਦਿਨ ਕਾਫ਼ੀ ਔਖਿਆਈ ਵਿਚ ਗੁਜ਼ਾਰਨੇ ਪਏ।

962 ਈ. ਪੂ. ਵਿਚ ਯੋਰੋਸ਼ਲਮ ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ.—ਐਨ. ਬ੍ਰਿ. ਮਾ. 3 : 906; ਐਨ. ਅਮੈ. 8 : 527

ਦਾਊਦ (ਬੰਗਾਲ) : ਇਹ ਸ਼ੇਰਸ਼ਾਹ ਸੂਰੀ ਦੇ ਰਾਜਕਾਲ ਦੇ ਅੰਤਲੇ ਸਮੇਂ ਬਿਹਾਰ ਦੇ ਦੂਰ-ਦਰਸ਼ੀ ਗਵਰਨਰ, ਸੁਲੇਮਾਨ ਕੱਰਾਨੀ ਦਾ ਪੁੱਤਰ ਅਤੇ ਬੰਗਾਲ ਦਾ ਪਹਿਲਾ ਅਫ਼ਗਾਨ ਸ਼ਾਸ਼ਕ ਸੀ। ਸੰਨ 1572 ਵਿਚ ਆਪਣੇ ਪਿਤਾ ਦੀ ਮੌਤ ਉਪਰੰਤ ਇਸ ਨੇ ਆਪਣੇ ਆਪ ਨੂੰ ਬੰਗਾਲ ਦਾ ਸਰਬ ਸੱਤਾਵਾਨ ਰਾਜਾ ਹੋਣ ਦਾ ਐਲਾਨ ਕੀਤਾ। ਆਪਣੇ ਪਿਤਾ ਤੋਂ ਉਲਟ ਇਸ ਨੇ ਆਪਣੀ ਰਾਜਸੀ ਤਾਕਤ ਨੂੰ ਅੱਖੋਂ ਓਹਲੇ ਕਰਦਿਆਂ ਹੋਇਆਂ ਦਿੱਲੀ ਦੇ ਸ਼ਹਿਨਸ਼ਾਹ ਅਕਬਰ ਦੀ ਅਧੀਨਗੀ ਵਿਚ ਰਹਿਣ ਦੀ ਬਜਾਇ 1573 ਈ. ਵਿਚ ਇਕ ਨਾਮੀ ਸਰਹੱਦੀ ਚੌਕੀ, ਜਮਾਨੀਆਂ (ਗਾਜ਼ੀਪੁਰ) ਉੱਤੇ ਹਮਲਾ ਕਰ ਕੇ ਕਬਜ਼ਾ ਕਰ ਲਿਆ ਜਿਸ ਦੇ ਨਤੀਜੇ ਵਜੋਂ ਅਕਬਰ ਨੇ ਜੌਨਪੁਰ ਦੇ ਮੁਗ਼ਲ ਵਾਇਸਰਾਏ, ਮੁਨੀਮ ਖ਼ਾਂ ਨੂੰ ਤੁਰੰਤ ਬਿਹਾਰ ਉੱਤੇ ਹਮਲਾ ਕਰਨ ਦਾ ਹੁਕਮ ਦਿੱਤਾ। ਮੁਨੀਮ ਖ਼ਾਂ ਨੇ ਦਾਊਦ ਨਾਲ ਮਕੂਲ ਕਿਸਮ ਦੀਆਂ ਸ਼ਰਤਾਂ ਅਨੁਸਾਰ ਸੰਧੀ ਕਰ ਲਈ ਪਰ ਅਕਬਰ ਨੇ ਮੁਨੀਮ ਖ਼ਾਂ ਦਾ ਫ਼ੈਸਲਾ ਨਾ ਕਬੂਲਦਿਆਂ ਹੋਇਆਂ ਉਸ ਨੂੰ ਪਟਨੇ ਨੂੰ ਮੁੜ ਘੇਰਾ ਪਾਉਣ ਦਾ ਹੁਕਮ ਦਿੱਤਾ ਅਤੇ ਆਪ ਵੀ ਦਰਿਆ ਦੇ ਰਸਤਿਉਂ ਅਗਸਤ, 1574 ਵਿਚ ਪਟਨੇ ਦੇ ਨੇੜੇ ਪਹੁੰਚ ਗਿਆ ਅਤੇ ਉਸ ਨੇ ਜਮਾਨੀਆਂ ਦੇ ਕਿਲੇ ਦੀ ਫ਼ੌਜ ਨੂੰ ਰਸਦ-ਪਾਣੀ ਤੇ ਗੋਲਾ-ਬਾਰੂਦ ਪਹੁੰਚਾਉਣ ਵਾਲੀ ਥਾਂ, ਹਾਜੀਪੁਰ ਉੱਤੇ ਹਮਲਾ ਕਰ ਕੇ ਆਪਣੇ ਕਬਜ਼ੇ ਵਿਚ ਕਰ ਲਿਆ। ਇਹ ਦੇਖ ਕੇ ਦਾਊਦ ਹਨੇਰੇ ਵਿਚ ਹੀ ਇਕ ਹੋਰ ਦਰਵਾਜ਼ੇ ਵਿਚੋਂ ਦੀ ਨਿਕਲ ਕੇ ਬੰਗਾਲ ਵੱਲ ਭੱਜ ਗਿਆ।

ਅਕਬਰ ਨੇ ਟੋਡਰ ਮੱਲ ਤੇ ਮੁਨੀਮ ਖ਼ਾਂ ਨੂੰ ਦਾਊਦ ਖ਼ਾਂ ਦਾ ਪਿੱਛਾ ਕਰਨ ਲਈ ਭੇਜਿਆ ਅਤੇ ਮੁਗ਼ਲ ਫ਼ੌਜਾਂ ਨੇ ਸਾਰੇ ਬੰਗਾਲ ਨੂੰ ਆਪਣੇ ਕਬਜ਼ੇ ਹੇਠ ਕਰ ਲਿਆ। ਇਸ ਦੌਰਾਨ ਦਾਊਦ ਬੰਗਾਲ ਤੋਂ ਉੜੀਸਾ ਵੱਲ ਭੱਜ ਗਿਆ ਅਤੇ ਮਾਰਚ, 1574 ਨੂੰ ਮੁਨੀਮ ਖ਼ਾਂ ਨੇ ਇਸ ਨੂੰ ਤੁਕਾਰਾਏ ਵਿਖੇ ਹਰਾਇਆ। ਇਸ ਪਿੱਛੋਂ ਇਨ੍ਹਾਂ ਦੋਹਾਂ ਵਿਚਕਾਰ ਫਿਰ ਇਕ ਰਸਮੀ ਸੰਧੀ ਤੈਅ ਹੋਈ ਜਿਸ ਦੀਆਂ ਸ਼ਰਤਾਂ ਅਨੁਸਾਰ ਇਸ ਨੇ ਬੰਗਾਲ ਤੇ ਬਿਹਾਰ ਨੂੰ ਰਸਮੀ ਤੌਰ ਤੇ ਮੁਗ਼ਲਾਂ ਦੇ ਹਵਾਲੇ ਕਰਨਾ ਮੰਨ ਲਿਆ ਅਤੇ ਮੁਗ਼ਲਾਂ ਨੇ ਇਸ ਨੂੰ ਉੜੀਸਾ ਉੱਤੇ ਕਬਜ਼ਾ ਰੱਖਣ ਦੀ ਖੁੱਲ੍ਹ ਦੇ ਦਿੱਤੀ।

ਅਕਤੂਬਰ, 1575 ਵਿਚ ਮੁਨੀਮ ਖ਼ਾਂ ਦੀ ਮੌਤ ਉਪਰੰਤ ਇਸ ਨੇ ਬੰਗਾਲ ਉੱਤੇ ਇਕ ਵਾਰ ਫਿਰ ਆਪਣਾ ਹੱਕ ਜਮਾਉਣ ਲਈ ਬਗ਼ਾਵਤ ਕਰ ਦਿੱਤੀ ਅਤੇ ਪ੍ਰਸਿੱਧ ਉਲੀਆ-ਗੜ੍ਹੀ ਦੱਰੇ ਸਮੇਤ ਬੰਗਾਲ ਦੇ ਬਹੁਤ ਸਾਰੇ ਹਿੱਸੇ ਉੱਤੇ ਆਪਣਾ ਕਬਜ਼ਾ ਕਰ ਲਿਆ। ਇਕ ਵਾਰ ਅਕਬਰ ਨੇ ਖ਼ਾਨ ਜਹਾਨ ਮੁਜ਼ੱਫ਼ਰ ਖ਼ਾਂ ਅਤੇ ਰਾਜਾ ਟੋਡਰ ਮੱਲ ਨੂੰ ਇਸ ਦੇ ਦੰਦ ਖੱਟੇ ਕਰਨ ਅਤੇ ਚੰਗਾ ਸਬਕ ਸਿਖਾਉਣ ਲਈ ਭੇਜਿਆ। ਜੁਲਾਈ, 1576 ਵਿਚ ਹੋਈ ਲੜਾਈ ਦੌਰਾਨ ਇਸ ਨੂੰ ਕੈਦ ਕਰ ਕੇ ਖ਼ਾਨ ਜਹਾਨ ਦੇ ਸਾਹਮਣੇ ਪੇਸ਼ ਕੀਤਾ ਗਿਆ। ਖ਼ਾਨ ਜਹਾਨ ਨੇ ਇਸ ਦਾ ਸਿਰ ਉਡਾਉਣ ਦਾ ਹੁਕਮ ਦਿੱਤਾ ਅਤੇ ਰਹਿੰਦੇ ਖੂੰਹਦੇ ਬਾਗ਼ੀਆਂ ਨੂੰ ਡਰਾਉਣ ਲਈ ਇਸ ਦੇ ਧੜ ਨੂੰ ਬੰਗਾਲ ਵਿਚ ਰਾਜਮਹਿਲ ਵਿਖੇ ਫ਼ਾਂਸੀ ਲਾ ਦਿੱਤੀ ਗਈ।

ਹ. ਪੁ.—ਭਾ. ਮੁ. ਇਤਿ.-ਨਾਰੰਗ : 315; ਮੁ. ਐਂਪਾ. : 152; ਹਿ. ਮੈ. ਇੰਡੀ.-ਬੀ.ਐਨ.ਤ੍ਰਲੀਆ

ਦਾਊਦ ਕਿਰਮਾਨੀ : ਇਹ ਪ੍ਰਸਿੱਧ ਸੂਫ਼ੀ ਸੰਤ ਅਤੇ ਜੁਹਨੀਵਾਲ ਫ਼ਤਹੁਲਾੱਹ ਕਿਰਮਾਨੀ ਦਾ ਪੁੱਤਰ ਸੀ। ਛੋਟੀ ਉਮਰ ਵਿਚ ਹੀ ਮਾਤਾ-ਪਿਤਾ ਦੀ ਮੌਤ ਹੋ ਜਾਣ ਤੇ ਇਸ ਦੀ ਪਾਲਣਾ ਇਸ ਦੇ ਵੱਡੇ ਭਰਾ ਸ਼ੇਖ਼ ਰਹਿਮਤੁਲਾਹ ਨੇ ਕੀਤੀ। ਮੁੱਢਲੀ ਸਿਖਿਆ ਘਰ ਵਿਚ ਹੀ ਪ੍ਰਾਪਤ ਕਰਨ ਉਪਰੰਤ ਇਸ ਨੇ ਲਾਹੌਰ ਵਿਖੇ ਮੌਲਾਨਾ ਅਬਦੁਰ ਰਹਿਮਾਨ 'ਜਾਮੀ' ਦੇ ਸ਼ਾਗਿਰਦ ਸ਼ੇਖ਼ ਇਸਮਾਈਲ ਤੋਂ ਸਿੱਖਿਆ ਪ੍ਰਾਪਤ ਕੀਤੀ।

ਸਿਖਿਆ ਪ੍ਰਾਪਤੀ ਉਪਰੰਤ ਇਹ 20 ਸਾਲ ਤਕ ਦੀਵਾਲਪੁਰ (ਸ਼ੇਰਗੜ੍ਹ, ਪੰਜਾਬ) ਦੇ ਜੰਗਲਾਂ ਵਿਚ ਘੁੰਮਦਾ ਰਿਹਾ। ਆਮ ਤੌਰ ਤੇ ਇਹ ਪੱਟਣ ਜਾਂ ਹਜ਼ਰਤ ਬਾਬਾ ਫ਼ਰੀਦ ਦੀ ਮਜ਼ਾਰ ਤੇ ਧਿਆਨ ਮਗਨ ਹੋ ਕੇ ਬੈਠਾ ਰਹਿੰਦਾ ਸੀ। ਆਖ਼ਿਰ ਵਿਚ ਅਬਦੁੱਲ ਕਾਦਿਰ ਸਾਨੀ ਦੇ ਪੁੱਤਰ ਸ਼ੇਖ਼ ਹਾਮਿਦ ਕਾਦਿਰੀ ਤੋਂ 'ਖ਼ਿਲਾਫ਼ਤ ਅਤੇ ਇਜਾਜ਼ਤ' ਲੈ ਕੇ ਇਹ ਜੁਹਨੀ ਨਾਮੀ ਥਾਂ ਤੇ ਰਹਿਣ ਲੱਗਾ।

ਸਾਲ ਵਿਚ ਇਕ ਜਾਂ ਦੋ ਵਾਰ ਇਹ ਆਪਣੀ ਸਾਰੀ ਸੰਪਤੀ ਦਾਨ ਕਰ ਦਿੰਦਾ ਸੀ। ਇਥੋਂ ਤਕ ਕਿ ਜਿਸ ਕੁਟੀਆ ਵਿਚ ਇਹ ਆਪਣੀ ਪਤਨੀ ਨਾਲ ਰਹਿੰਦਾ ਸੀ ਉਸ ਵਿਚ ਇਕ ਮਿੱਟੀ ਦੇ ਪਿਆਲੇ ਅਤੇ ਪੁਰਾਣੇ ਬੋਰੇ ਤੋਂ ਬਿਨਾਂ ਕੋਈ ਚੀਜ਼ ਨਜ਼ਰ ਨਹੀਂ ਆਉਂਦੀ ਸੀ ਪਰ ਹਰ ਸਾਲ ਹਜ਼ਰਤ ਸ਼ੇਖ਼ ਅਬਦੁਲ ਕਾਦਿਰ ਜੀਲਾਨੀ (ਮੌਤ 1166 ਈ.) ਦੇ ਉਰਸ ਤੇ ਇਹ ਇਕ ਲੱਖ ਤੋਂ ਵੱਧ ਸ਼ਰਧਾਲੂਆਂ ਨੂੰ ਭੋਜਨ ਕਰਾਉਂਦਾ ਸੀ।

ਇਸ ਦੀ ਮੌਤ 982 ਹਿਜਰੀ (1574-5 ਈ.) ਵਿਚ ਹੋਈ। ਇਸ ਦੇ ਭਤੀਜੇ ਅਤੇ ਪ੍ਰਤਿਨਿਧੀ ਸ਼ੇਖ਼ ਰਹਿਮਤੁਲਾਹ ਦੇ ਪੁੱਤਰ ਸ਼ੇਖ਼

ਅਬੁਲ ਮਆਲੀ ਨੇ ਇਸ ਦੀ ਉਪਦੇਸ਼ਾਵਲੀ 'ਨਗਮਾਤੇ ਦਾਊਦੀ' ਦੀ ਰਚਨਾ ਕੀਤੀ।

ਹ.ਪੁ.—ਹਿੰ. ਵਿ. ਕੋ. 6 : 23

ਦਾਊਦ ਨਗਰ : ਬਿਹਾਰ ਰਾਜ (ਭਾਰਤ) ਦੇ ਔਰੰਗਾਬਾਦ ਜ਼ਿਲ੍ਹੇ ਵਿਚ ਇਹ ਇਕ ਸ਼ਹਿਰ ਹੈ ਜਿਹੜਾ ਕਿ ਸੋਨ ਦਰਿਆ ਦੇ ਸੱਜੇ ਕੰਢੇ ਅਤੇ ਪਟਨਾ ਨਹਿਰ ਦੇ ਖੱਬੇ ਕੰਢੇ ਉੱਤੇ ਸਥਿਤ ਹੈ। ਇਹ 16.18 ਵ.ਕਿ.ਮੀ. ਵਿਚ ਫੈਲਿਆ ਹੋਇਆ ਹੈ। ਕਿਹਾ ਜਾਂਦਾ ਹੈ ਕਿ ਇਹ ਸ਼ਹਿਰ ਔਰੰਗਜ਼ੇਬ ਦੇ ਇਕ ਰਿਸਾਲਦਾਰ, ਦਾਊਦ ਖ਼ਾਂ ਨੇ 1660 ਈ. ਵਿਚ ਵਸਾਇਆ ਸੀ। ਇਥੋਂ ਦੀ ਪ੍ਰਸਿੱਧ ਇਮਾਰਤ ਇਕ ਸਰਾਂ ਹੈ ਜਿਸ ਨੂੰ ਦਾਊਦ ਨੇ ਹੀ ਬਣਵਾਇਆ ਸੀ। ਇਸ ਸਰਾਂ ਦੇ ਆਲੇ-ਦੁਆਲੇ ਖਾਈਆਂ ਹਨ। ਇਥੇ ਸਿੰਚਾਈ ਵਿਭਾਗ ਦੇ ਦਫ਼ਤਰ ਵੀ ਹਨ।

ਟੱਸਰ ਕੱਪੜਾ, ਪਿੱਤਲ ਦੇ ਭਾਂਡੇ, ਕੰਬਲ, ਗਲੀਚੇ, ਸੀਰੇ, ਅਲਸੀ ਅਤੇ ਤਿਲਾਂ ਦੇ ਵਪਾਰ ਕਾਰਨ ਇਸ ਸ਼ਹਿਰ ਦੀ ਵਪਾਰਕ ਮਹੱਤਤਾ ਹੈ। ਸੰਨ 1885 ਵਿਚ ਇਥੇ ਨਗਰਪਾਲਿਕਾ ਸਥਾਪਿਤ ਕੀਤੀ ਗਈ ਸੀ।

ਆਬਾਦੀ – 30,348 (1991)

25° 3′ ਉ. ਵਿਥ.; 84° 24′ ਪੂ. ਲੰਬ.

ਹ. ਪੁ.—ਇੰਪ. ਗ. ਇੰਡ. 11 : 199 ; ਡਾਇਰੈਕਟਰੀ ਆਫ਼ ਸਿਟੀਜ਼ ਐਂਡ ਟਾਊਨਜ਼ ਇਨ ਇੰਡੀਆ—ਓ. ਪੀ. ਸ਼ਰਮਾ; ਬਿਹਾਰ-ਅਹਿਮਦ

ਦਾਓਸਾ : ਰਾਜਸਥਾਨ ਰਾਜ (ਭਾਰਤ) ਦੇ ਜੈਪੁਰ ਜ਼ਿਲ੍ਹੇ ਦਾ ਇਹ ਸ਼ਹਿਰ ਹੈ ਜੋ ਜੈਪੁਰ ਸ਼ਹਿਰ ਤੋਂ 60.8 ਕਿ.ਮੀ. ਦੀ ਦੂਰੀ ਤੇ ਆਗਰਾ-ਅਜਮੇਰ ਸੜਕ ਤੋਂ ਥੋੜ੍ਹਾ ਜਿਹਾ ਦੱਖਣ ਵੱਲ ਬਾਂਦੀਕੁਈ ਅਤੇ ਭਰਤਪੁਰ ਸੜਕ ਉੱਤੇ ਸਥਿਤ ਹੈ। ਕੱਛਵਾਹਿਆਂ ਵੱਲੋਂ ਮੀਨਿਆ ਕੋਲੋਂ ਅੰਬਰ ਖੋਹਣ ਤੋਂ ਪਹਿਲਾਂ ਇਹ ਕੱਛਵਾਹਿਆਂ ਦੀ ਰਾਜਧਾਨੀ ਹੁੰਦਾ ਸੀ।

ਸ਼ਹਿਰ ਦੇ ਪੂਰਬ ਵੱਲ ਸਮੁੰਦਰੀ ਤਲ ਤੋਂ ਲਗਭਗ 500 ਮੀ. ਉੱਚੀ ਇਕ ਵਰਗ ਜਿਹੀ ਪਹਾੜੀ ਹੈ ਜਿਸ ਦੀ ਸਿਖਰ ਉੱਤੇ ਇਕ ਕਿਲਾ ਹੈ। ਕਿਹਾ ਜਾਂਦਾ ਹੈ ਕਿ ਇਸ ਕਿਲੇ ਨੂੰ ਬਰਗੂਜਰ ਰਾਜਿਆਂ ਨੇ ਬਣਵਾਇਆ ਸੀ।

ਆਬਾਦੀ—38,576 (1991)

26° 54′ ਉ. ਵਿਥ.; 76° 21′ ਪੂ. ਲੰਬ.

ਹ. ਪੁ.—ਇੰਪ. ਗ. ਇੰਡ. 11 : 149

ਦਾਈਪੁਣਾ : ਬੱਚੇ ਦੇ ਜਨਮ ਸਮੇਂ ਔਰਤ ਨੂੰ ਸੰਭਾਲਣ ਅਤੇ ਬੱਚਾ ਪੈਦਾ ਕਰਵਾਉਣ ਦੀ ਜੁਗਤ ਨੂੰ ਦਾਈਪੁਣਾ ਕਿਹਾ ਜਾਂਦਾ ਹੈ। ਇਹ ਚਿਕਿਤਸਾ ਵਿਗਿਆਨ ਦੀ ਉਹ ਸ਼ਾਖ਼ਾ ਹੈ ਜਿਸ ਦਾ ਸਬੰਧ ਔਰਤ ਦੇ ਗਰਭ ਧਾਰਨ ਕਰਨ ਦੀ ਅਵਸਥਾ ਤੋਂ ਲੈ ਕੇ ਪ੍ਰਸੂਤ ਅਵਸਥਾ ਅਤੇ ਇਸ ਤੋਂ ਬਾਅਦ ਜੱਚਾ ਦੀ ਦੇਖਭਾਲ ਅਤੇ ਚਿਕਿ-ਤਸਾ ਨਾਲ ਹੈ। ਇਸ ਦੇ ਸਬੰਧ ਵਿਚ ਦਾਈਆਂ ਨੂੰ ਵਿਦਿਆ ਦਿੱਤੀ ਜਾਂਦੀ ਹੈ। ਦਾਈਪੁਣੇ ਦੇ ਕੰਮ ਬਾਰੇ ਸਭ ਤੋਂ ਪਹਿਲਾਂ ਲਿਖਤ ਐਨਚੇਰਿਸ ਰੱਸਲਿਨ (Encharius Rosslin) ਦੀ ਲਿਖੀ ਮਿਲਦੀ ਹੈ ਜਿਹੜੀ 1513 ਈ. ਵਿਚ ਜਰਮਨੀ ਵਿਚ ਛਪੀ ਸੀ। ਲਗਭਗ ਅਗਲੇ 200 ਸਾਲ ਤੱਕ ਇਹ ਕਿਤਾਬ ਦਾਈਪੁਣੇ ਦੇ ਕੰਮ ਬਾਰੇ ਮਾਰਗ-ਦਰਸ਼ਨ ਕਰਦੀ ਰਹੀ। ਉਸ ਸਮੇਂ ਦਾਈਪੁਣੇ ਅਰਥਾਤ ਬੱਚੇ ਪੈਦਾ ਕਰਵਾਉਣ ਦਾ ਲਗਭਗ ਸਾਰਾ ਕੰਮ ਦਾਈਆਂ ਦੇ ਹੱਥਾਂ ਵਿਚ ਹੀ ਸੀ।

ਇਸ ਕੰਮ ਦਾ ਜ਼ਿਕਰ ਪੁਰਾਣੀਆਂ ਸਭਿਆਤਾਵਾਂ ਵਿਚ ਮਿਲਦਾ ਰਿਹਾ ਹੈ। ਓਲਡ ਟੈਸਟਾਮੈਂਟ ਦੀਆਂ ਸਭ ਤੋਂ ਪਹਿਲੀਆਂ ਕਿਤਾਬਾਂ ਵਿਚ ਵੀ ਇਸ ਦਾ ਜ਼ਿਕਰ ਆਉਂਦਾ ਹੈ ਅਤੇ ਗ੍ਰੀਸ ਅਤੇ ਰੋਮ ਵਿਚ ਪੁਰਾਤਨ ਸਮਿਆਂ ਵਿਚ ਵੀ ਇਸ ਨੂੰ ਸਮਾਜੀ ਤੌਰ ਤੇ ਮਾਨਤਾ ਪ੍ਰਾਪਤ ਸੀ। ਪੁਰਾਤਨ ਦਾਈ ਵਿਦਿਆ ਮੱਧ ਕਾਲੀਨ ਸਮਿਆਂ ਵਿਚ ਲੁਪਤ ਹੋਣ ਲਗੀ ਤੇ ਜਿਹੜੀ ਥੋੜ੍ਹੀ ਬਹੁਤ ਬਚੀ ਉਹ ਵਹਿਮਾਂ-ਭਰਮਾਂ ਦਾ ਸ਼ਿਕਾਰ ਹੋ ਗਈ।

17ਵੀਂ ਸਦੀ ਵਿਚ ਯੂਰਪ ਵਿਚ ਦਾਈਆਂ ਨੂੰ ਸਿਖਲਾਈ ਦੇਣ ਦੀ ਪ੍ਰਥਾ ਹੌਲੀ ਹੌਲੀ ਸ਼ੁਰੂ ਹੋਈ। 18ਵੀਂ ਸਦੀ ਵਿਚ ਇਥੋਂ ਦੇ ਵੱਡੇ ਵੱਡੇ ਸ਼ਹਿਰਾਂ ਵਿਚ ਪ੍ਰਸੂਤ ਹਸਪਤਾਲ ਖੁਲ੍ਹ ਗਏ ਅਤੇ ਦਾਈਆਂ ਲਈ ਸਿਖਲਾਈ ਕੇਂਦਰ (ਟ੍ਰੇਨਿੰਗ ਸੈਂਟਰ) ਵੀ ਬਣ ਗਏ। 19ਵੀਂ ਸਦੀ ਵਿਚ ਇਸ ਕਿੱਤੇ ਦੀ ਸਿਖਲਾਈ ਅਤੇ ਪ੍ਰੈਕਟਿਸ ਕਾਨੂੰਨੀ ਕੰਟਰੋਲ ਹੇਠ ਆ ਗਏ। ਨੀਦਰਲੈਂਡ, ਸਕੈਂਡੇਨੇਵੀਆ, ਜਰਮਨੀ ਅਤੇ ਫ਼ਰਾਂਸ ਸਾਰਿਆਂ ਤੋਂ ਬਰਤਾਨੀਆਂ (ਬ੍ਰਿਟੇਨ) ਇਸ ਕੰਮ ਵਿਚ ਅੱਗੇ ਰਿਹਾ ਹੈ ਕਿਉਂਕਿ ਬ੍ਰਿਟਿਸ਼ ਪਾਰਲੀਮੈਂਟ ਨੇ 1902 ਈ. ਵਿਚ ਪਹਿਲਾ 'ਮਿਡਵਾਈਵਜ਼ ਐਕਟ' ਪਾਸ ਕੀਤਾ। ਇਸ ਤਰ੍ਹਾਂ ਇੰਗਲੈਂਡ ਅਤੇ ਵੇਲਜ਼ ਲਈ ਇਕ ਸੈਂਟਰਲ ਮਿਡਵਾਈਵਜ਼ ਬੋਰਡ ਸਥਾਪਤ ਕੀਤਾ ਗਿਆ ਜਿਸ ਦਾ ਮੰਤਵ ਦਾਈਆਂ ਨੂੰ ਚੰਗੀ ਸਿਖਲਾਈ ਦੇਣ ਦਾ ਪ੍ਰਬੰਧ ਕਰਨ ਅਤੇ ਉਨ੍ਹਾਂ ਦੀ ਪ੍ਰੈਕਟਿਸ ਨੂੰ ਨਿਯਮਿਤ ਕਰਨਾ ਸੀ। ਇਸੇ ਤਰ੍ਹਾਂ ਦੇ ਐਕਟ ਸਕਾਟਲੈਂਡ ਅਤੇ ਆਇਰਲੈਂਡ ਲਈ 1915 ਅਤੇ 1918 ਵਿਚ ਬਣਾਏ ਗਏ। ਇਨ੍ਹਾਂ ਐਕਟਾਂ ਨੇ ਬੋਰਡਾਂ ਦੇ ਹੱਥਾਂ ਵਿਚ ਇਹ ਕੰਮ ਸੌਂਪਿਆ ਕਿ ਉਹ ਦਾਈਪੁਣੇ ਦੀ ਸਿਖਲਾਈ ਲਈ ਨਿਯਮ ਬਣਾਉਣ, ਇਨ੍ਹਾਂ ਦਾ ਕੰਮ ਚੈੱਕ ਕਰਨ ਤੇ ਲਾਇਸੈਂਸ ਜਾਰੀ ਕਰਨ ਅਤੇ ਅਜਿਹੀਆਂ ਲਾਇਸੈਂਸ ਸ਼ੁਦਾ ਦਾਈਆਂ ਦੀ ਪ੍ਰੈਕਟਿਸ ਨਿਯਮਿਤ ਕਰਨ। ਉਸ ਸਮੇਂ ਤਕ ਇੰਗਲੈਂਡ ਅਤੇ ਵੇਲਜ਼ ਵਿਚ ਬਹੁਤੇ ਬੱਚੇ ਘਰਾਂ ਵਿਚ ਹੀ ਪੈਦਾ ਹੁੰਦੇ ਸਨ ਅਤੇ ਦਾਈਆਂ ਹੀ ਇਹ ਕੰਮ ਸੰਭਾਲਦੀਆਂ ਸਨ।

ਮਿਡਵਾਈਵਜ਼ ਐਕਟ ਦੇ ਲਾਗੂ ਹੋਣ ਤੋਂ ਬਾਅਦ ਬ੍ਰਿਟਿਸ਼ ਦੀਆਂ ਦਾਈਆਂ ਦੀ ਪੜ੍ਹਾਈ ਦਾ ਮਿਆਰ, ਉਨ੍ਹਾਂ ਦਾ ਸਮਾਜਿਕ ਰੁਤਬਾ ਅਤੇ ਕੰਮ ਦੀ ਨਿਪੁੰਨਤਾ ਵਿਚ ਵੀ ਵਾਧਾ ਹੋਇਆ। ਇਨ੍ਹਾਂ ਵਿਚੋਂ ਬਹੁਤੀਆਂ ਸਟੇਟ ਸਰਟੀਫ਼ਾਈਡ ਮਿਡਵਾਈਵਜ਼ (ਐਸ.ਸੀ. ਐੱਮ.) ਦੇ ਤੌਰ ਤੇ ਸਿਖ਼ਲਾਈ ਲੈਂਦੀਆਂ ਸਨ। ਫਿਰ ਵੀ ਹੌਲੀ ਹੌਲੀ ਦਾਈਪੁਣੇ ਦਾ ਕੰਮ ਬੰਦ ਕਰਨ ਦੀ ਕੋਸ਼ਿਸ਼ ਕੀਤੀ ਗਈ। ਸੰਨ 1920 ਵਿਚ ਦਾਈਆਂ ਨੂੰ ਲਾਇਸੈਂਸ ਜਾਰੀ ਕਰਨ ਦਾ ਕੰਮ ਬੰਦ ਕਰ ਦਿੱਤਾ ਗਿਆ। ਫਿਰ ਹੌਲੀ ਹੌਲੀ ਲੋਕਾਂ ਦਾ ਝੁਕਾਉ ਹਸਪਤਾਲਾਂ ਅਤੇ ਨਰਸਿੰਗ ਹੋਮਜ਼ ਵਲ ਵਧਦਾ ਗਿਆ ਅਤੇ ਜ਼ਿਆਦਾ ਬੱਚੇ ਘਰਾਂ ਦੀ ਥਾਂ ਹਸਪਤਾਲਾਂ ਅਤੇ ਨਰਸਿੰਗ ਹੋਮਜ਼ ਵਿਚ ਜਨਮ ਲੈਣ ਲਗ ਪਏ।

ਦਾਸ ਕਮਿਸ਼ਨ : ਪਰਤਾਪ ਸਿੰਘ ਕੈਰੋਂ ਪੰਜਾਬ ਦੇ 23 ਜਨਵਰੀ, 1956 ਤੋਂ 5 ਫਰਵਰੀ, 1964 ਤੱਕ ਮੁੱਖ ਮੰਤਰੀ ਸਨ। ਉਹਨਾਂ ਨੇ ਪੰਜਾਬ ਦੇ ਨਿਰਮਾਣ ਵਿਚ ਨੁਮਾਇਆਂ ਹਿੱਸਾ ਪਾਇਆ ਪਰ ਇਸ ਦੌਰਾਨ, ਅਤੇ ਵਿਸ਼ੇਸ਼ ਕਰਕੇ 1963 ਈ. ਵਿਚ ਕਈ ਰਾਜਸੀ ਪਾਰਟੀਆਂ, ਆਗੂਆਂ ਅਤੇ ਆਮ ਲੋਕਾਂ ਵੱਲੋਂ ਉਹਨਾਂ ਵਿਰੁਧ ਰਿਸ਼ਵਤਖੋਰੀ, ਕੁਨਬਾਪਰਵਰੀ ਆਦਿ ਦੇ ਦੋਸ਼ ਲਗਾਏ ਜਾਂਦੇ ਰਹੇ। ਲੋਕਾਂ ਵਿਚ ਇਹ ਚਰਚਾ ਆਮ ਸੀ ਕਿ ਮੁੱਖ ਮੰਤਰੀ ਨੇ ਆਪਣੇ ਕਾਰਜ ਕਾਲ ਵਿਚ ਨਜ਼ਾਇਜ ਤਰੀਕਿਆਂ ਨਾਲ ਧਨ ਦੌਲਤ ਤੇ ਜ਼ਮੀਨ-ਜਾਇਦਾਦ ਇਕੱਠੀ ਕੀਤੀ ਹੈ; ਇਹ ਵੀ ਕਿਹਾ ਜਾਂਦਾ ਹੈ ਕਿ ਇਸ ਦੌਰਾਨ ਉਹਨਾਂ ਨੇ ਆਪਣੇ ਪਰਿਵਾਰ ਦੇ ਮੈਂਬਰਾਂ, ਰਿਸ਼ਤੇਦਾਰਾਂ, ਸਾਥੀਆਂ ਤੇ ਆਪਣੇ ਨਾਲ ਜੁੜੇ ਸਰਕਾਰੀ ਅਫ਼ਸਰਾਂ ਜਾਂ ਮੁਲਾਜ਼ਮਾਂ ਨੂੰ ਲਾਭ ਪਹੁੰਚਾਉਣ ਲਈ ਬੇਜ਼ਾਬਤਗੀਆਂ ਅਤੇ

ਪ੍ਰਬੰਧਕੀ ਕੁਤਾਹੀਆਂ ਕੀਤੀਆਂ ਹਨ। ਉਹਨਾਂ ਦੇ ਪੁੱਤਰ, ਰਿਸ਼ਤੇਦਾਰ, ਸਾਥੀ ਤੇ ਉਹਨਾਂ ਨਾਲ ਜੁੜੇ ਸਰਕਾਰੀ ਅਮਲੇ ਨੇ ਮੁੱਖ ਮੰਤਰੀ ਦੇ ਅਹੁਦੇ ਦੇ ਪ੍ਰਭਾਵ ਅਤੇ ਅਧਿਕਾਰਾਂ ਦੀ ਦੁਰਵਰਤੋਂ ਕੀਤੀ ਹੈ ਅਤੇ ਮੁੱਖ ਮੰਤਰੀ ਨੇ ਆਪਣੇ ਸਕੇ-ਸਬੰਧੀਆਂ, ਸਾਥੀਆਂ ਪ੍ਰਤੀ ਪੱਖਪਾਤ ਪੂਰਨ ਰਵੱਈਆ ਅਤੇ ਵਿਰੋਧੀਆਂ ਪ੍ਰਤੀ ਦੁਰਭਾਵਨਾਵਾਂ ਪੂਰਨ ਰਵੱਈਆ ਅਪਣਾਇਆ।

ਜਨਤਕ ਜੀਵਨ ਵਿਚ ਈਮਾਨਦਾਰੀ, ਪਾਰਦਰਸ਼ਤਾ ਅਤੇ ਜਵਾਬਦੇਹੀ ਦੇ ਸੁਨਹਿਰੀ ਲੋਕਤੰਤਰੀ ਅਸੂਲਾਂ ਨੂੰ ਬਣਾਈ ਰੱਖਣ ਲਈ ਕੇਂਦਰ ਸਰਕਾਰ ਨੇ ਕੈਰੋਂ ਵਿਰੁਧ ਕਥਿਤ ਦੋਸ਼ਾਂ ਦੀ ਪੜਤਾਲ ਕਰਨ ਲਈ ਇਕ ਕਮੀਸ਼ਨ ਦਾ ਗਠਨ ਕੀਤਾ। ਇਸ ਇਕ ਮੈਂਬਰੀ ਕਮਿਸ਼ਨ ਦਾ ਚੇਅਰਮੈਨ ਸ੍ਰੀ ਸੁਧੀਰ ਰੰਜਨ ਦਾਸ ਸੀ। ਇਸੇ ਕਰ ਕੇ ਇਹ ਕਮਿਸ਼ਨ 'ਦਾਸ ਕਮਿਸ਼ਨ' ਦੇ ਨਾਂ ਨਾਲ ਮਸ਼ਹੂਰ ਹੋਇਆ।

ਇਸ ਕਮਿਸ਼ਨ ਦਾ ਗਠਨ ਕੇਂਦਰੀ ਸਰਕਾਰ ਨੇ ਕਮਿਸ਼ਨਜ਼ ਆਫ ਇਨਕੁਆਇਰੀ ਐਕਟ, 1952 (1952 ਦਾ ਐਕਟ ਨੰ. 60) ਦੀ ਧਾਰਾ 3 ਅਧੀਨ ਕੀਤਾ ਸੀ। ਇਸ ਦੇ ਗਠਨ ਸਬੰਧੀ ਗ੍ਰਹਿ ਮੰਤਰਾਲੇ ਵੱਲੋਂ 1 ਨਵੰਬਰ, 1963 ਨੂੰ ਅਧਿਸੂਚਨਾ ਨੰਬਰ 3109 ਜਾਰੀ ਕੀਤੀ ਗਈ ਜਿਹੜੀ ਕਿ ਉਸੇ ਦਿਨ ਭਾਰਤ ਸਰਕਾਰ ਦੇ ਗਜ਼ਟ (ਅਸਾਧਾਰਣ) ਦੇ ਭਾਗ-II, ਸੈਕਸ਼ਨ 3-ਸਬ ਸੈਕਸ਼ਨ (II) ਵਿਚ ਪ੍ਰਕਾਸ਼ਿਤ ਹੋਈ।

ਇਸ ਕਮਿਸ਼ਨ ਨੂੰ ਇਹ ਅਧਿਕਾਰ ਸੀ ਕਿ ਉਹ ਕਿਸੇ ਵੀ ਵਿਅਕਤੀ ਜਿਹੜਾ ਇਸ ਕੇਸ ਸਬੰਧੀ ਲਾਹੇਵੰਦ ਹੋਵੇ, ਨੂੰ ਨੋਟਿਸ ਜਾਰੀ ਕਰ ਸਕਦਾ ਹੈ ਤੇ ਅਜਿਹੇ ਨੋਟਿਸ ਵਿਚ ਦਰਜ ਮਾਮਲਿਆਂ ਸਬੰਧੀ ਉਹਨਾਂ ਤੋਂ ਬਿਆਨ ਲੈ ਸਕਦਾ ਹੈ, ਪੜਤਾਲ ਅਧੀਨ ਮਾਮਲਿਆਂ ਵਿਚ ਵਿਅਕਤੀਆਂ ਨੂੰ ਹਲਫੀਆ ਬਿਆਨ ਦੇਣ ਲਈ ਨੋਟੀਫਿਕੇਸ਼ਨ ਜਾਰੀ ਕਰ ਸਕਦਾ ਹੈ ਤੇ ਇਸ ਤਰ੍ਹਾਂ ਪ੍ਰਾਪਤ ਕੀਤੇ ਬਿਆਨਾਂ ਦੇ ਪਰੀਖਣ ਉਪਰੰਤ ਜੇ ਕਮਿਸ਼ਨ ਜ਼ਰੂਰੀ ਸਮਝੇ, ਤਾਂ ਕਮਿਸ਼ਨ ਗਵਾਹੀ ਰਿਕਾਰਡ ਕਰੇਗਾ ਤੇ ਅਜਿਹੇ ਕਿਸੇ ਵਿਅਕਤੀ ਨੂੰ ਬਿਆਨ ਦੇਣ ਲਈ ਸੱਦਣ ਦਾ ਅਧਿਕਾਰੀ ਹੋਵੇਗਾ।

ਪਰਤਾਪ ਸਿੰਘ ਕੈਰੋਂ ਦੇ ਵਿਰੁੱਧ ਮੁੱਖ ਦੋਸ਼ ਇਹ ਸੀ ਕਿ ਉਹਨਾਂ ਨੇ ਮੁੱਖ ਮੰਤਰੀ ਬਣਨ ਪਿੱਛੋਂ ਬੇਸ਼ੁਮਾਰ ਧਨ-ਦੌਲਤ ਨੂੰ ਇਕੱਠਾ ਕੀਤਾ ਤੇ ਹੇਠ ਲਿਖੀਆਂ ਮਿਲਖਾਂ-ਜਾਇਦਾਦਾਂ ਬਣਾਈਆਂ : ਅੰਮ੍ਰਿਤਸਰ ਕੋਆਪਰੇਟਿਵ ਕੋਲਡ ਸਟੋਰ ਲਿਮਟਿਡ, ਕੈਰੋਂ ਬ੍ਰਿਕ ਕਿਲਨ ਸੁਸਾਇਟੀ, ਪ੍ਰਕਾਸ਼ ਸਿਨੇਮਾ, ਮੁਕਟ ਹਾਊਸ, ਨੈਸ਼ਨਲ ਮੋਟਰਜ਼, ਨੀਲਮ ਸਿਨੇਮਾ, ਚੰਡੀਗੜ੍ਹ; ਕੈਪੀਟਲ ਸਿਨੇਮਾ, ਪਟਿਆਲਾ; ਤੇਗ ਕੋਲਡ ਸਟੋਰੇਜ਼ ਪਟਿਆਲਾ; ਲੁਧਿਆਣਾ ਕੋਆਪਰੇਟਿਵ ਕੋਲਡ ਸਟੋਰੇਜ, ਏਲਿਟ ਸਿਨੇਮਾ, ਹਿਸਾਰ; ਨੰਦਨ ਸਿਨੇਮਾ ਐਂਡ ਪੰਜਾਬ ਕੋਲਡ ਸਟੋਰੇਜ਼, ਨੀਲਮ ਸਿਨੇਮਾ, ਫਰੀਦਾਬਾਦ ਤੇ ਕਈ ਹੋਰ ਜਾਇਦਾਦਾਂ।

ਦਾਸ ਕਮਿਸ਼ਨ ਇਸ ਕਥਿਤ ਦੋਸ਼ ਦੀ ਪੜਤਾਲ ਕਰਨ ਉਪਰੰਤ ਇਸ ਨਿਰਣੇ ਉੱਤੇ ਪੁੱਜਿਆ ਕਿ ਇਹ 'ਦੋਸ਼ ਨਿਰ-ਆਧਾਰ' ਹੈ। ਸਿੱਧੇ ਤੌਰ ਉੱਤੇ ਕੈਰੋਂ ਨੇ ਕਿਸੇ ਤੋਂ ਰਿਸ਼ਵਤ ਨਹੀਂ ਲਈ ਹੈ।

ਕੁਨਬਾਪਰਵਰੀ, ਅਧਿਕਾਰਾਂ ਦੀ ਦੁਰਵਰਤੋਂ ਤੇ ਪੱਖਪਾਤੀ ਰਵੱਈਏ ਦੇ ਕਥਿਤ ਦੋਸ਼ਾਂ ਵਿਚ ਸੰਗਰੂਰ ਦੀਆਂ ਮਿਲਖਾਂ, ਹਰੀਜਨਾਂ ਦੇ ਵਸੇਵੇ ਲਈ ਜ਼ਮੀਨ, ਬੀਜ ਫਾਰਮਾਂ, ਕਣਕ ਦੇ ਬੀਜ਼ਾਂ ਦੀ ਖਰੀਦ, ਸਰਾਇ ਨਾਗਾ ਬ੍ਰਿਕ ਕਿਲਨ ਲਾਇਸੈਂਸ ਆਦਿ ਦੇਣ ਵਿਚ ਤਰਫਦਾਰੀ; ਡਾ. ਹਰਚਰਨ ਸਿੰਘ ਢਿਲੋਂ ਦੀਆਂ ਸੇਵਾਵਾਂ ਤੇ ਕੌਮੀ-ਸੰਕਟਕਾਲੀ ਹਾਲਤਾਂ ਦੀ ਦੁਰਵਰਤੋਂ, ਸਰਦਾਰਨੀ ਪਰਤਾਪ ਸਿੰਘ ਕੈਰੋਂ ਨੂੰ ਦਵਾਈਆਂ ਸਪਲਾਈ ਕਰਨ ਦੀ ਦੁਰਵਰਤੋਂ ਤੇ ਅਫ਼ਸਰਾਂ/ ਕਰਮਚਾਰੀਆਂ ਪ੍ਰਤੀ ਦੁਰਭਾਵਨਾ ਪੂਰਨ ਮੁਕੱਦਮਿਆਂ ਦੇ ਮਾਮਲਿਆਂ ਦੀ ਪੜਤਾਲ ਵੀ ਕਮਿਸ਼ਨ ਨੇ ਕੀਤੀ। ਪੜਤਾਲ ਕਰਨ ਉਪਰੰਤ ਕੁਨਬਾਪਰਵਰੀ, ਪੱਖਪਾਤ ਤੇ ਆਪਣੇ ਅਹੁਦੇ ਦੇ ਪ੍ਰਭਾਵ ਅਤੇ ਅਧਿਕਾਰਾਂ ਦੀ ਦੁਰਵਰਤੋਂ ਦੇ ਦੋਸ਼ਾਂ ਵਿਚ ਦੋਸ਼ੀ ਠਹਿਰਾਇਆ। ਦਾਸ ਕਮਿਸ਼ਨ ਇਸ ਨਤੀਜੇ ਉੱਤੇ ਪੁੱਜਾ ਕਿ ਕੁਝ ਦੋਸ਼ਾਂ ਵਿਚ ਜਿਹੜੇ ਪਰਤਾਪ ਸਿੰਘ ਕੈਰੋਂ ਦੇ ਪਰਿਵਾਰਕ ਮੈਂਬਰਾਂ ਜਾਂ ਉਸ ਨਾਲ ਸਬੰਧਤ ਹੋਰ ਵਿਅਕਤੀਆਂ ਸਬੰਧੀ ਹਨ, ਕੁਝ ਗੈਰ ਜ਼ਾਬਤਗੀਆਂ ਜ਼ਰੂਰ ਕੀਤੀਆਂ ਗਈਆਂ ਹਨ ਅਤੇ ਕਮਿਸ਼ਨ ਨੇ ਮੰਨਿਆ ਕਿ ਇਹਨਾਂ ਬਾਰੇ ਨਿਜੀ ਤੌਰ ਉੱਤੇ ਕੈਰੋਂ ਨੂੰ ਭਾਵੇਂ ਖਬਰ ਨਾ ਹੋਵੇ ਪਰ ਕਮਿਸ਼ਨ ਦਾ ਵਿਚਾਰ ਸੀ ਕਿ ਅਜਿਹੇ ਉਚ-ਅਹੁਦੇ ਉੱਤੇ ਬੈਠੇ ਵਿਅਕਤੀ ਨੂੰ ਅਜਿਹੀਆਂ ਬੇਜ਼ਾਬਤਗੀਆਂ ਲਈ ਜ਼ਿੰਮੇਵਾਰ ਠਹਿਰਾਇਆ ਜਾਵੇਗਾ ਅਤੇ ਇਹ ਵੀ ਸਪਸ਼ਟ ਹੈ ਕਿ ਪ੍ਰਬੰਧਕੀ ਮਾਮਲਿਆਂ ਵਿਚ ਕੁਝ ਬੇਜ਼ਾਬਤਗੀਆਂ ਕੀਤੀਆਂ ਗਈਆਂ।

ਦਾਸ ਕਮਿਸ਼ਨ ਨੇ ਮੰਨਿਆ ਕਿ ਕੋਈ ਵੀ ਪਿਤਾ ਕਾਨੂੰਨੀ ਜਾਂ ਨੈਤਿਕ ਤੌਰ ਉੱਤੇ ਆਪਣੇ ਪੁੱਤਰਾਂ ਨੂੰ ਕੋਈ ਵੀ ਕੰਮ-ਧੰਦਾ ਕਰਨ ਤੋਂ ਨਹੀਂ ਰੋਕ ਸਕਦਾ ਪਰ ਅਜਿਹਾ ਪਿਤਾ ਜੋ ਮੁੱਖ ਮੰਤਰੀ ਦੇ ਉਚ-ਅਹੁਦੇ ਉੱਤੇ ਹੋਵੇ, ਆਪਣੇ ਪੁੱਤਰਾਂ ਜਾਂ ਰਿਸ਼ਤੇਦਾਰਾਂ ਜਾਂ ਕਿਸੇ ਹੋਰ ਨੂੰ ਆਪਣੇ ਪ੍ਰਭਾਵ ਅਤੇ ਅਧਿਕਾਰਾਂ ਦੀ ਖੁਲ੍ਹਮ ਖੁੱਲ੍ਹਾ ਤਜ਼ਾਰਤ ਕਰਨ ਦੀ ਖੁੱਲ੍ਹ ਵੀ ਨਹੀਂ ਦੇ ਸਕਦਾ। ਇਸ ਲਈ ਪਰਤਾਪ ਸਿੰਘ ਕੈਰੋਂ ਦੇ ਪੁੱਤਰਾਂ, ਰਿਸ਼ਤੇਦਾਰਾਂ, ਸਾਥੀਆਂ ਤੇ ਉਹਨਾਂ ਨਾਲ ਜੁੜੇ ਸਰਕਾਰੀ ਅਮਲੇ ਵੱਲੋਂ ਮੁੱਖ ਮੰਤਰੀ ਦੇ ਅਹੁਦੇ, ਪ੍ਰਭਾਵ ਅਤੇ ਅਧਿਕਾਰਾਂ ਦੀ ਦੁਰਵਰਤੋਂ ਕੀਤੇ ਜਾਣਾ ਕੋਈ ਜਾਇਜ ਕੰਮ ਨਹੀਂ ਠਹਿਰਾਇਆ ਜਾ ਸਕਦਾ। ਭਾਵੇਂ ਇਹ ਮੰਨ ਲਿਆ ਜਾਵੇ ਕਿ ਕੈਰੋਂ ਨੇ ਆਪਣੇ ਪੁੱਤਰਾਂ, ਰਿਸ਼ਤੇਦਾਰਾਂ ਆਦਿ ਨੂੰ ਲਾਭ ਪਹੁੰਚਾਉਣ ਲਈ ਕੋਈ ਮਦਦ ਨਾ ਕੀਤੀ ਹੋਵੇ ਪਰ ਮੁੱਖ ਮੰਤਰੀ ਹੋਣ ਦੇ ਨਾਤੇ ਆਪਣੇ ਪੁੱਤਰਾਂ/ ਰਿਸ਼ਤੇਦਾਰਾਂ ਆਦਿ ਦੇ ਕਥਿਤ ਵਿਵਹਾਰ ਬਾਰੇ ਪ੍ਰਾਈਵੇਟ ਜਾਂ ਖੁਲ੍ਹੇ ਆਮ ਚਿਤਾਵਨੀ ਦੇਣੀ ਬਣਦੀ ਸੀ ਜਦ ਕਿ ਇਹ ਪੂਰੀ ਤਰ੍ਹਾਂ ਸਪਸ਼ਟ ਸੀ ਕਿ ਉਹਨਾਂ ਦੇ ਪੁੱਤਰ-ਰਿਸ਼ਤੇਦਾਰ ਆਦਿ ਸਭ ਉਸ ਦੇ ਅਧਿਕਾਰਾਂ ਜਾਂ ਪ੍ਰਭਾਵ ਦੀ ਦੁਰਵਰਤੋਂ ਕਰ ਰਹੇ ਸਨ ਪਰ ਮੁੱਖ ਮੰਤਰੀ ਨੇ ਉਹਨਾਂ ਨੂੰ ਨਾ ਕੋਈ ਚਿਤਾਵਨੀ ਦਿੱਤੀ ਨਾ ਉਹਨਾਂ ਦੇ ਵਿਵਹਾਰ ਦੀ ਪੜਤਾਲ ਕੀਤੀ ਤੇ ਨਾ ਹੀ ਇਸ ਦੁਰਵਰਤੋਂ ਨੂੰ ਰੋਕਣ ਲਈ ਕੋਈ ਹੋਰ ਕਦਮ ਉਠਾਇਆ ਸਗੋਂ ਸਰਦਾਰ ਕੈਰੋਂ ਨੇ ਇਸ ਦੁਰਵਰਤੋਂ ਨੂੰ ਬਦਸਤੂਰ ਜਾਰੀ ਰਹਿਣ ਦਿੱਤਾ। ਇਸ ਦੁਰਵਰਤੋਂ ਬਾਰੇ, ਕਮਿਸ਼ਨ ਦਾ ਵਿਚਾਰ ਸੀ, ਕੈਰੋਂ ਨੂੰ ਪਤਾ ਸੀ ਪਰ ਉਹਨਾਂ ਨੇ ਇਸ ਤਰਫ਼ ਕੋਈ ਧਿਆਨ ਨਹੀਂ ਦਿੱਤਾ।

ਇਸ ਆਸ਼ੇ ਦੀ ਰਿਪੋਟ ਜਦ ਸੁਧੀਰ ਰੰਜਨ ਦਾਸ ਕਮਿਸ਼ਨ ਨੇ ਕੇਂਦਰ ਸਰਕਾਰ ਨੂੰ ਪੇਸ਼ ਕੀਤੀ ਤਾਂ ਇਸ ਦੇ ਨਿਰਣਿਆਂ ਨੂੰ ਮੁੱਖ ਰੱਖਦਿਆਂ ਪਰਤਾਪ ਸਿੰਘ ਕੈਰੋਂ ਨੂੰ 6 ਫਰਵਰੀ, 1964 ਨੂੰ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇਣਾ ਪਿਆ। ਭਾਰਤ ਵਿਚ ਉਹ ਪਹਿਲਾ ਮੁੱਖ ਮੰਤਰੀ ਸੀ ਜਿਸ ਨੂੰ ਭ੍ਰਿਸ਼ਟਾਚਾਰ ਦੇ ਦੋਸ਼ ਵਿਚ ਮੁੱਖ-ਮੰਤਰੀ ਦੇ ਅਹੁਦੇ ਤੋਂ ਹਟਣਾ ਪਿਆ।

ਦਾਸ ਕਮਿਸ਼ਨ ਦਾ ਨਾਂ ਅੱਜ ਵੀ ਪੰਜਾਬ ਦੇ ਜਨਤਕ ਲੀਡਰਾਂ ਦੇ ਦਿਲਾਂ ਵਿਚ ਖ਼ੌਫ ਪੈਦਾ ਕਰਦਾ ਹੈ।

—ਪ੍ਰੇਮ ਭੂਸ਼ਨ ਗੋਇਲ

ਦਾਸ, ਚਿਤਰੰਜਨ : ਹਿੰਦੁਸਤਾਨ ਦਾ ਇਕ ਉੱਘਾ ਸਿਆਸਤਦਾਨ ਅਤੇ ਬੰਗਾਲ ਦੀ ਸਵਰਾਜ ਪਾਰਟੀ ਦਾ ਸਿਰਕੱਢ ਨੇਤਾ ਅਤੇ ਸੁਤੰਤਰਤਾ ਸੰਗਰਾਮੀ ਸੀ। ਇਸ ਦਾ ਜਨਮ 5 ਨਵੰਬਰ, 1870 ਨੂੰ ਕਲਕੱਤਾ (ਅਜੋਕਾ ਕੋਲਕਾਤਾ) ਵਿਖੇ ਇਕ ਵੈਦਯ ਜਾਤੀ

ਦੇ ਧਨਾਢ ਪਰਿਵਾਰ ਵਿਚ ਹੋਇਆ। ਇਸ ਦਾ ਪੂਰਾ ਨਾਂ ਚਿਤ ਰੰਜਨ ਦਾਸ ਸੀ ਪਰ ਲੋਕ ਇਸ ਨੂੰ ਪਿਆਰ ਨਾਲ "ਦੇਸ਼ਬੰਧੂ" ਕਹਿੰਦੇ ਸਨ। ਇਸ ਦੇ ਪਿਤਾ ਦਾ ਨਾਂ ਭੂਬਨ ਮੋਹਨ ਦਾਸ ਸੀ ਜੋ ਕਿ ਕਲਕੱਤਾ ਹਾਈ ਕੋਰਟ ਦੇ ਇਕ ਮਸ਼ਹੂਰ ਸਾਲਿਸਟਰ ਅਤੇ ਬ੍ਰਹਮੋ ਸਮਾਜ ਦੇ ਮਹੱਤਵਪੂਰਨ ਮੈਂਬਰ ਵੀ ਸਨ। ਇਸ ਦੀ ਸ਼ਖ਼ਸੀਅਤ ਉਪਰ ਆਪਣੇ ਪਿਤਾ ਦੇ ਗਿਆਨ ਅਤੇ ਦੇਸ਼ ਭਗਤੀ ਦਾ ਚੋਖਾ ਅਸਰ ਸੀ।

ਇੰਡੀਅਨ ਸਿਵਲ ਸਰਵਿਸ ਵਿਚ ਅਸਫ਼ਲ ਹੋਣ ਮਗਰੋਂ ਇਸ ਨੇ ਆਪਣਾ ਕਾਨੂੰਨੀ ਪੇਸ਼ਾ ਅਪਣਾ ਲਿਆ ਅਤੇ ਆਜ਼ਾਦੀ ਦੀ ਲੜਾਈ ਵਿਚ ਫੜੇ ਗਏ ਸਿਆਸੀ ਦੋਸ਼ੀਆਂ ਦੇ ਪੱਖ ਵਿਚ ਮੁਕੱਦਮੇ ਲੜੇ। ਇਸ ਨੇ ਕੌਮੀ ਪੱਤਰਕਾਰੀ ਵਿਚ ਵੀ ਵੱਧ ਚੜ੍ਹ ਕੇ ਹਿੱਸਾ ਲਿਆ ਅਤੇ ਬਰਤਾਨਵੀ ਸਾਮਰਾਜ ਦੀ ਜ਼ੋਰਦਾਰ ਮੁਖ਼ਾਲਫ਼ਤ ਕੀਤੀ। ਇਹ ਪੁਰਾਤਨ ਖੁਸ਼ਹਾਲ ਹਿੰਦੁਸਤਾਨ ਨੂੰ ਮੁੜ ਦੇਖਣ ਦਾ ਚਾਹਵਾਨ ਸੀ ਅਤੇ ਪੱਛਮੀ ਲੀਹਾਂ ਉੱਤੇ ਕਿਸੇ ਵੀ ਕਿਸਮ ਦੇ ਰਾਜਨੀਤਿਕ ਜਾਂ ਆਰਥਿਕ ਵਿਕਾਸ ਦੇ ਪੱਖ ਵਿਚ ਨਹੀਂ ਸੀ। ਆਪਣੇ ਇਸੇ ਆਸ਼ੇ ਦੀ ਪੂਰਤੀ ਲਈ ਇਸ ਨੇ ਮਹਾਤਮਾ ਗਾਂਧੀ ਵਲੋਂ ਅੰਗਰੇਜ਼ ਸਰਕਾਰ ਵਿਰੁੱਧ ਚਲਾਏ ਗਏ 'ਨਾ ਮਿਲਵਰਤਣ ਅੰਦੋਲਨ' ਵਿਚ ਭਾਗ ਲਿਆ। ਸੰਨ 1921 ਵਿਚ ਇਸ ਨੂੰ ਅੰਗਰੇਜ਼ੀ ਸਾਮਰਾਜ ਵਲੋਂ ਸਿਆਸੀ ਅਪਰਾਧੀ ਕਰਾਰ ਦਿੱਤਾ ਅਤੇ ਛੇ ਮਹੀਨੇ ਦੀ ਕੈਦ ਹੋਈ।

ਸੰਨ 1922 ਵਿਚ ਇਸ ਨੇ ਗਯਾ ਵਿਖੇ ਇੰਡੀਅਨ ਨੈਸ਼ਨਲ ਕਾਂਗਰਸ ਦੀ ਪ੍ਰਧਾਨਗੀ ਕੀਤੀ ਜਿਸ ਵਿਚ ਭਾਗ ਲੈਣ ਵਾਲੇ ਮੈਂਬਰਾਂ ਨੂੰ ਨਾ ਕੇਵਲ ਪ੍ਰਾਂਤਕ ਲੈਜਿਸਲੇਟਿਵ ਕੌਂਸਲ ਦੀਆਂ ਚੋਣਾਂ ਦਾ ਬਾਈਕਾਟ ਕਰਨ ਤੋਂ ਹੀ ਰੋਕਿਆ ਗਿਆ ਸਗੋਂ ਉਨ੍ਹਾਂ ਨੂੰ ਚੋਣਾਂ ਲੜਨ ਲਈ ਪ੍ਰੇਰਿਆ ਗਿਆ ਤਾਂ ਜੋ ਕੌਂਸਲ ਦੇ ਮੈਂਬਰ ਵੱਧ ਤੋਂ ਵੱਧ ਭਾਰਤੀ ਬਣਨ ਅਤੇ ਸਰਕਾਰੀ ਕੰਮਾਂ ਵਿਚ ਆਪਣਾ ਦਖ਼ਲ ਬਣਾਈ ਰੱਖਣ। ਮਗਰੋਂ ਇਸ ਦੀਆਂ ਕੋਸ਼ਿਸ਼ਾਂ ਦੇ ਫਲਸਰੂਪ ਹੀ ਬੰਗਾਲ ਵਿਚ ਸਵਰਾਜ ਪਾਰਟੀ ਜ਼ੋਰ ਫੜ ਗਈ ਅਤੇ ਇਸ ਨੂੰ ਮੁੱਖ ਮੰਤਰੀ ਦੇ ਅਹੁਦੇ ਦੀ ਪੇਸ਼ਕਸ਼ ਕੀਤੀ ਗਈ ਪਰ ਇਸ ਨੇ ਮੁੱਖ ਮੰਤਰੀ ਬਣਨ ਤੋਂ ਇਨਕਾਰ ਕਰ ਦਿੱਤਾ ਕਿਉਂਕਿ ਇਸ ਦਾ ਮੁੱਖ ਨਿਸ਼ਾਨਾ ਦੋ-ਅਮਲੀ ਰਾਜ ਨੂੰ ਖ਼ਤਮ ਕਰਨਾ ਸੀ।

ਸੰਨ 1924 ਵਿਚ ਇਹ ਕਲਕੱਤੇ ਦਾ ਮੇਅਰ ਨਿਯੁਕਤ ਹੋਇਆ। ਇਸ ਅਹੁਦੇ ਤੇ ਹੁੰਦਿਆਂ ਵੀ ਇਸ ਨੇ ਪ੍ਰਬੰਧਕੀ ਕਾਰਜਾਂ ਨਾਲੋਂ ਆਪਣੀ ਪਾਰਟੀ ਦੇ ਪ੍ਰਬੰਧਾਂ ਨੂੰ ਹੀ ਤਰਜ਼ੀਹ ਦਿੱਤੀ। ਸੰਨ 1925 ਵਿਚ ਅਜਿਹੇ ਸੰਕੇਤ ਮਿਲਣੇ ਸ਼ੁਰੂ ਹੋ ਗਏ ਸਨ ਕਿ ਸ਼ਾਇਦ ਇਸ ਦਾ ਭਾਰਤ ਦੇ ਸੈਕਟਰੀ ਆਫ ਸਟੇਟ ਨਾਲ ਕੋਈ ਸਮਝੌਤਾ ਹੋ ਜਾਵੇ ਪਰ ਅਜਿਹੇ ਸਮਝੌਤੇ ਦੇ ਤੈਅ ਹੋਣ ਤੋਂ ਪਹਿਲਾਂ ਹੀ ਇਸ ਦੀ 16 ਜੂਨ, 1925 ਨੂੰ ਦਾਰਜੀਲਿੰਗ ਵਿਖੇ ਮੌਤ ਹੋ ਗਈ।

ਹ.ਪੁ.—ਐਨ. ਬ੍ਰਿ. 7 : 86; ਡਿ. ਨੈ. ਬਾ. 1 : 339

ਦਾਸ ਪ੍ਰਥਾ : ਮਨੁੱਖ ਦੀ ਮਨੁੱਖ ਦੇ ਹੱਥੋਂ ਦੁਰਦਸ਼ਾ ਦਾਸ ਪ੍ਰਥਾ ਵਿਚ ਪ੍ਰਚਲਤ ਹੈ। ਇਹ ਮਨੁੱਖੀ ਸਮਾਜ ਉੱਤੇ ਇਕ ਵੱਡਾ ਕਲੰਕ ਮੰਨਿਆ ਜਾਂਦਾ ਹੈ। ਕਲਾਸਿਕੀ ਰੋਮਨ ਕਾਨੂੰਨ ਵਿਚ ਦਾਸ ਪ੍ਰਥਾ ਦੀ ਪਰਿਭਾਸ਼ਾ ਇਕ ਸੰਸਥਾ ਵਜੋਂ ਕੀਤੀ ਗਈ ਹੈ ਜਿਸ ਰਾਹੀਂ ਕਿਸੇ ਇਕ ਵਿਅਕਤੀ ਨੂੰ ਕੁਦਰਤ ਦੇ ਨਿਯਮਾਂ ਦੇ ਉਲਟ ਕਿਸੇ ਦੂਜੇ ਵਿਅਕ-ਤੀਆਂ ਜਾਂ ਸੰਸਥਾ ਦੇ ਅਧੀਨ ਰਹਿਣਾ ਪੈਂਦਾ ਹੈ। ਅਧੀਨਤਾ ਦਾ ਅਰਥ ਸ਼ਕਤੀ ਦੇ ਰੂਪ ਵਿਚ ਵੀ ਲਿਆ ਜਾ ਸਕਦਾ ਹੈ ਪਰੰਤੂ ਇਸ ਵਿਚ ਸੰਪਤੀ ਦਾ ਭਾਵ ਵੀ ਨਿਹਿਤ ਹੁੰਦਾ ਹੈ। ਇਸ ਪਰਿਭਾਸ਼ਾ ਨੂੰ 'ਪ੍ਰਕ੍ਰਿਤਾ ਦੇ ਵਿਪਰੀਤ' ਦੀ ਵਿਵਾਦਯੁਕਤ ਉਕਤੀ ਤੋਂ ਬਿਨਾਂ ਸਰਬ ਵਿਆਪਕ ਰੂਪ ਵਿਚ ਲਾਗੂ ਹੋਣ ਯੋਗ ਮੰਨਿਆ ਜਾ ਸਕਦਾ ਹੈ। ਫਿਰ ਗੁਲਾਮ ਜਾਂ ਦਾਸ ਦੇ ਕੁਝ ਅਧਿਕਾਰਾਂ (ਜਿਵੇਂ ਕਿ ਦਾਸਤਾ ਤੋਂ ਸੰਭਾਵਿਤ ਮੁਕਤੀ ਲਈ ਦਾਵਾ ਜਾਂ ਕਾਨੂੰਨੀ ਆਜ਼ਾਦੀ) ਦਾ ਅਸਤਿਤਵ ਅਤੇ ਅਸਤਿਤਵਹੀਣਤਾ ਵਿਚ ਭੇਦ ਮਾਲਕ (ਇਕ ਵਿਅਕਤੀ, ਇਕ ਸਮੂਹਕ ਸੰਸਥਾ, ਇਕ ਰਾਜ ਜਾਂ ਦੇਵਤਾ) ਅਨੁਸਾਰ ਅਤੇ ਉਸ ਸਮਾਜਿਕ ਢਾਂਚੇ ਅਨੁਸਾਰ ਕਰਨਾ ਪੈਂਦਾ ਹੈ ਜਿਸ ਵਿਚ ਦਾਸ-ਪ੍ਰਥਾ ਚਲ ਰਹੀ ਹੋਵੇ। ਇਸ ਵਿਚ ਸੰਪਤੀ ਦਾ ਤੱਤ ਅਵੱਸ਼ਕ ਹੁੰਦਾ ਹੈ। ਕਿਸੇ ਦੂਜੇ ਲਈ ਕੀਤੀ ਗਈ ਮਜ਼ਦੂਰੀ ਦੇ ਸਾਰੇ ਰੂਪ ਭਾਵੇਂ ਸੁਤੰਤਰ ਜਾਂ ਪਰਤੰਤਰ ਰੂਪ ਵਿਚ ਕੀਤੀ ਹੋਵੇ, ਮਜ਼ਦੂਰੀ ਕਰਨ ਵਾਲੇ ਵਿਅਕਤੀ ਨੂੰ ਦੂਜੇ ਦੀ ਸ਼ਕਤੀ ਦੇ ਅਧੀਨ ਲਿਆਉਂਦੇ ਹਨ। ਸਿਧਾਂਤਕ ਤੌਰ ਤੇ ਉਸ ਦੀ ਸ਼ਕਤੀਹੀਨਤਾ ਹੀ ਦਾਸ ਨੂੰ, ਭਾਵੇਂ ਉਹ ਕ੍ਰਿਸ਼ੀ ਦਾਸ ਹੋਵੇ, ਭਾਵੇਂ ਕਰਜ਼ਦਾਰ ਗੁਲਾਮ, ਬਾਕੀਆਂ ਤੋਂ ਵੱਖਰਾ ਕਰਦੀ ਹੈ। ਇਸ ਲਈ ਸੰਪਤੀ ਦਾ ਭਾਵ ਕਾਨੂੰਨੀ ਤੌਰ ਤੇ ਨਿਹਿਤ ਹੈ। ਇਸ ਤਰ੍ਹਾਂ ਦਾਸ ਸ਼ਬਦ ਖ਼ਤਮ ਕਰਨ ਤੇ ਜ਼ੋਰ ਦੇਣਾ ਚਾਹੀਦਾ ਹੈ। ਕਾਨੂੰਨ ਭਾਵੇਂ ਸਧਾਰਨ ਰੂਪ ਵਿਚ ਉਸ ਨੂੰ ਸ਼ਕਤੀਹੀਣ ਜਾਂ ਅਧਿਕਾਰਨਹੀਣ ਘੋਸ਼ਿਤ ਕਰ ਦੇਵੇ ਪਰ ਇਹ ਵੀ ਹੋ ਸਕਦਾ ਹੈ ਕਿ ਉਸ ਕੋਲੋਂ ਕਿਸੇ ਧਾਰਮਿਕ ਸੰਸਥਾ ਦਾ, ਸਬੰਧੀਆਂ ਦਾ, ਰਾਸ਼ਟਰ ਜਾਂ ਸਮਾਜ, ਹੋਰ ਦਲਿਤ ਸਮੂਹਾਂ ਜਿਸ ਵਿਚ ਉਹ ਦਾਸ ਬਣਿਆ ਹੈ, ਵਿਚੋਂ ਕੋਈ ਸਹਾਰਾ ਨਹੀਂ ਹੈ। ਭਾਵੇਂ ਕਾਨੂੰਨੀ ਤੌਰ ਤੇ ਉਹ ਇਕ ਵਿਅਕਤੀ ਨਹੀਂ ਮੰਨਿਆ ਜਾਂਦਾ ਪਰ ਫਿਰ ਵੀ ਉਹ ਇਨਸਾਨ ਤਾਂ ਮੰਨਿਆ ਹੀ ਜਾਂਦਾ ਹੈ ਪਰ ਵਿਅਕਤੀ ਨੂੰ ਕੁਝ ਅਧਿਕਾਰ ਪ੍ਰਾਪਤ ਹਨ ਜਿਵੇਂ ਕਿ ਮਜ਼ਦੂਰੀ ਮਿਲਣ ਦਾ ਅਧਿਕਾਰ, ਵਿਆਹ ਕਰਵਾਉਣ ਦਾ ਅਤੇ ਪਰਿਵਾਰ ਬਣਾਉਣ ਦਾ ਅਧਿਕਾਰ, ਆਪਣੀ ਆਤਮਾ ਦੀ ਦੇਖਭਾਲ ਕਰਨ ਦਾ ਅਧਿਕਾਰ। ਭਾਵੇਂ ਕਈ ਵਾਰ ਉਸ ਨੂੰ ਇਨ੍ਹਾਂ ਅਧਿਕਾਰਾਂ ਤੋਂ ਵੰਚਿਤ ਵੀ ਕੀਤਾ ਜਾਂਦਾ ਹੈ। ਇਹ ਵੱਖਰੀ ਗੱਲ ਹੈ ਕਿ ਉਹ ਇਨ੍ਹਾਂ ਸਾਰੀਆਂ ਦਾ ਪ੍ਰਯੋਗ ਕਰਦਾ ਹੈ ਕਿ ਨਹੀਂ। ਸਾਰੇ ਮਾਨਵ ਇਤਿਹਾਸ ਵਿਚ ਪਰਾਧੀਨਤਾ ਦੀ ਅਵਸਥਾ ਵਿਚ ਦੂਜਿਆਂ ਲਈ ਮਜ਼ਦੂਰੀ ਬਹੁ ਮਾਤਰਾ ਵਿਚ ਕੀਤੀ ਜਾਂਦੀ ਸੀ। ਇਸ ਦਾ ਅਰਥ ਇਹ ਹੈ ਕਿ ਕੰਮ ਕਰਨ ਵਾਲੇ ਵਿਅਕਤੀ ਅਤੇ ਉਸ ਦੇ ਮਾਲਕ ਦੇ ਦਰਮਿਆਨ ਸਬੰਧ ਨਾ ਤਾਂ ਕਿਸੇ ਰਿਸ਼ਤੇ ਉੱਤੇ ਅਧਾਰਿਤ ਸਨ ਅਤੇ ਨਾ ਹੀ ਸਵੈ-ਇੱਛਾ ਨਾਲ ਤੋੜੇ ਜਾਣ ਯੋਗ ਸਮਝੌਤੇ ਉੱਤੇ ਸਗੋਂ ਇਹ ਆਸ੍ਰਿਤ ਜਾਂ ਪਰਾਧੀਨ ਵਿਅਕਤੀ ਜਾਂ ਕਰਜ਼ਦਾਰ ਦੇ ਘਰ ਜਨਮ ਲੈਣ ਤੇ ਹੀ ਕਾਇਮ ਹੋ ਜਾਂਦੇ ਹਨ।

ਏਸ਼ੀਆ, ਯੂਰਪ, ਅਫ਼ਰੀਕਾ ਆਦਿ ਸਾਰੇ ਮਹਾਂਦੀਪਾਂ ਦੀਆਂ ਸਭਿਅਤਾਵਾਂ ਦੇ ਇਤਿਹਾਸ ਵਿਚ ਦਾਸ ਪ੍ਰਥਾ ਨੇ ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਵਿਵਸਥਾ ਦੇ ਨਿਰਮਾਣ ਵਿਚ ਆਪਣਾ ਬਹੁਤ ਯੋਗਦਾਨ ਪਾਇਆ। ਜਿਹੜੀ ਵੀ ਸਭਿਅਤਾ ਆਪਣੀ ਤਾਕਤ ਨਾਲ ਹੋਂਦ ਵਿਚ ਆਈ ਉਸੇ ਵਿਚ ਹੀ ਦਾਸਤਾ ਸਪਸ਼ਟ ਰੂਪ ਵਿਚ ਸਾਹਮਣੇ ਆਈ। ਪੱਛਮੀ ਸਭਿਅਤਾ ਦੇ ਸਾਰੇ ਯੁੱਗਾਂ ਵਿਚ ਦਾਸਾਂ ਨੇ ਹੀ ਸਭਿਅਤਾ ਨੂੰ ਉੱਨਤ ਕੀਤਾ ਅਤੇ ਪ੍ਰਫੁੱਲਤ ਕੀਤਾ। ਗੁਲਾਮਾਂ ਦੀ ਖਰੀਦ ਅਤੇ ਵੱਧ ਗਿਣਤੀ ਸਭ ਤੋਂ ਜ਼ਿਆਦਾ ਯੁੱਧਾਂ ਤੇ ਹੀ ਨਿਰਭਰ ਕਰਦੀ ਸੀ। ਉਂਜ ਕਿਸੇ ਵੀ ਸਮਾਜ ਵਿਚ ਇਨ੍ਹਾਂ ਦੀ ਸੰਖਿਆ ਦਾ ਪਤਾ ਨਹੀਂ ਹੁੰਦਾ। ਸੰਨ 1860 ਵਿਚ ਅਮਰੀਕਾ ਵਿਚ ਇਹ ਗਿਣਤੀ ਜਨ ਸੰਖਿਆ ਦੇ ਇਕ ਤਿਹਾਈ ਹਿੱਸੇ ਤੋਂ ਕੁਝ ਘੱਟ ਸੀ। ਐਥਨਜ਼ ਵਿਚ ਇਨ੍ਹਾਂ ਦੀ ਗਿਣਤੀ ਆਜ਼ਾਦ ਨਾਗਰਿਕਾਂ ਨਾਲੋਂ ਵੱਧ ਸੀ। ਯੂਨਾਨੀ ਇਤਿਹਾਸ ਵਿਚ ਦਾਸ ਪ੍ਰਥਾ ਦਾ ਕਾਫ਼ੀ ਜ਼ੋਰ ਸੀ। ਇਥੋਂ ਦੇ ਪ੍ਰਸਿੱਧ ਕਵੀ ਹੋਮਰ ਨੇ 900 ਈ. ਪੂ. ਵਿਚ ਆਪਣੇ ਮਹਾਂਕਾਵਿ 'ਓਡੀਸੀ' ਅਤੇ 'ਇਲੀਅਡ' ਵਿਚ ਦਾਸਤਾ ਦੀ ਹੋਂਦ ਦਾ ਅਤੇ ਇਸ ਤੋਂ ਉਤਪਨ ਹੋਈ ਨੈਤਿਕ ਗਿਰਾਵਟ ਦਾ ਸਪਸ਼ਟ ਵਰਨਣ ਕੀਤਾ ਹੈ। ਇਥੇ ਉਦਯੋਗਾਂ ਦਾ ਵਿਕਾਸ ਹੋਣ ਕਾਰਨ ਵੀ ਦਾਸ ਪ੍ਰਥਾ ਵਧੀ। ਇਥੇ ਯੁੱਧਾਂ ਰਾਹੀਂ ਤਾਂ ਦਾਸ ਬਣਾਏ ਜਾਂਦੇ ਸਨ। ਇਸ ਤੋਂ ਇਲਾਵਾ ਅਪਹਰਣ ਰਾਹੀਂ ਅਤੇ

ਕਰਜ਼ਾ ਨਾ ਚੁਕਾਉਣ ਦੀ ਹਾਲਤ ਵਿਚ ਵੀ ਕਰਜ਼ਦਾਰ ਵਿਅਕਤੀ ਦਾਸ ਬਣ ਜਾਂਦਾ ਸੀ। ਐਥਨਜ਼ ਅਤੇ ਸਾਈਪਰਸ ਦੇ ਦਾਸ ਬਜ਼ਾਰਾਂ ਵਿਚ ਏਸ਼ੀਆਈ, ਅਫ਼ਰੀਕੀ ਅਤੇ ਯੂਰਪੀ ਦਾਸਾਂ ਨੂੰ ਖਰੀਦਿਆ ਅਤੇ ਵੇਚਿਆ ਜਾਂਦਾ ਸੀ।

ਕਿਸੇ ਵੀ ਸਮਾਜ ਵਿਚ ਗੁਲਾਮੀ ਦੇ ਸਥਾਨ ਦਾ ਮੁਲਅੰਕਣ ਕਰਨ ਵਿਚ ਦਾਸਾਂ ਦੀ ਕੁੱਲ ਗਿਣਤੀ ਦਾ ਮਹੱਤਵ ਨਹੀਂ ਸਗੋਂ ਸਥਿਤੀ ਅਤੇ ਕਾਰਜ ਦਾ ਹੁੰਦਾ ਹੈ। ਜੇ ਕਰ ਆਰਥਿਕ ਅਤੇ ਰਾਜਨੀਤਿਕ ਲੋਕ ਆਧਾਰ ਭੂਤ ਉਤਪਾਦਨ ਲਈ ਪ੍ਰਾਥਮਿਕ ਤੌਰ ਤੇ ਮਜ਼ਦੂਰਾਂ ਉੱਤੇ ਨਿਰਭਰ ਕਰਦੇ ਹੋਣ ਤਾਂ ਗੁਲਾਮ ਸਮਾਜ ਬਾਰੇ ਗੱਲ ਕੀਤੀ ਜਾ ਸਕਦੀ ਹੈ। ਅਜਿਹੀਆਂ ਹਾਲਤਾਂ ਵਿਚ ਇਸ ਗੱਲ ਦਾ ਕੋਈ ਫਰਕ ਨਹੀਂ ਪੈਂਦਾ ਕਿ ਤਿੰਨ ਚੌਥਾਈ ਲੋਕਾਂ ਕੋਲ ਗੁਲਾਮ ਨਹੀਂ ਸਨ ਜਾਂ ਦਾਸ ਪ੍ਰਥਾ ਘਰੇਲੂ ਜਾਂ ਗੈਰ ਉਤਪਾਦਨ ਕੰਮਾਂ ਵਿਚ ਵਿਸ਼ਿਸ਼ਟ ਲੋਕਾਂ ਤੋਂ ਦੂਰ-ਦੂਰ ਤੱਕ ਫੈਲੀ ਹੋਈ ਸੀ। ਇਥੇ ਇਹ ਵਿਚਾਰ ਕਰਨਾ ਵੀ ਉਚਿਤ ਹੋਵੇਗਾ ਕਿ ਸਮੂਹਾਂ ਵਿਚਕਾਰ ਗੁਲਾਮ ਬਣਾਉਣ ਦਾ ਵਿਚਾਰ ਭਾਵੇਂ ਕਿਵੇਂ ਆਇਆ ਜਾਂ ਪਨਪਿਆ। ਉਦਾਹਰਣ ਵਜੋਂ ਯੁੱਧਾਂ ਵਿਚ ਹਾਰੇ ਵਿਅਕਤੀਆਂ ਨੂੰ ਦਾਸ ਬਣਾਉਣਾ ਆਦਿ। ਧਰਮ ਪਰਿਵਰਤਨ ਨੇ ਵੀ ਇਸ ਪ੍ਰਥਾ ਨੂੰ ਰੋਕਿਆ ਨਹੀਂ ਭਾਵੇਂ ਇਸਲਾਮ ਧਰਮ ਸੀ ਤੇ ਭਾਵੇਂ ਈਸਾਈ। ਸੰਪਰਦਾਇਕ ਏਕਤਾ ਨੇ ਵੀ ਇਸ ਨੂੰ ਵਧਣ ਤੋਂ ਨਹੀਂ ਰੋਕਿਆ। ਦੱਖਣੀ ਅਮਰੀਕਾ ਵਿਚ ਇਹ ਰੰਗ ਦੇ ਆਧਾਰ ਤੇ ਸੀ। ਉਥੇ ਹਬਸ਼ੀਆਂ ਨੂੰ ਦਾਸ ਬਣਾਇਆ ਜਾਂਦਾ ਸੀ। ਰੋਮ ਵਿਚ ਦਾਸ ਪ੍ਰਥਾ ਦਾ ਸਬੰਧ ਮੁੱਖ ਤੌਰ ਤੇ ਯੁੱਧਾਂ ਨਾਲ ਹੀ ਸੀ। ਯੁੱਧ ਵਿਚ ਜੇਤੂ ਆਪਣੇ ਹਾਰੇ ਹੋਏ ਦੁਸ਼ਮਣਾਂ ਨੂੰ ਗੁਲਾਮਾਂ ਵਾਂਗ ਵਰਤਦੇ ਸਨ। ਇਥੇ ਗੁਲਾਮਾਂ ਦਾ ਵਪਾਰ ਬਹੁ-ਮਾਤਰਾ ਵਿਚ ਪ੍ਰਚੱਲਤ ਸੀ। ਡੇਲੋਸ ਦੀਪ ਵਿਚ ਦਾਸ ਬਾਜ਼ਾਰ ਵਿਚ ਇਕ ਦਿਨ ਵਿਚ 10,000 ਦਾਸਾਂ ਦਾ ਵਪਾਰ ਹੁੰਦਾ ਸੀ। ਦਾਸਾਂ ਤੋਂ ਬਿਨਾਂ ਕਵਚ ਦੇ ਸ਼ਸਤਰ ਯੁੱਧ ਕਰਵਾਉਣਾ ਰੋਮ ਵਿਚ ਮਨੋਰੰਜਨ ਦਾ ਸਾਧਨ ਸਮਝਿਆ ਜਾਂਦਾ ਸੀ। ਇਨ੍ਹਾਂ ਯੁੱਧਾਂ ਵਿਚ ਦਾਸਾਂ ਦੀ ਮੌਤ ਹੋ ਜਾਣੀ ਸਧਾਰਨ ਗੱਲ ਸਮਝੀ ਜਾਂਦੀ ਸੀ। ਜਦੋਂ ਇਥੇ ਦਾਸਾਂ ਉੱਤੇ ਅਤਿਆਚਾਰ ਬਹੁਤ ਹੋਣੇ ਸ਼ੁਰੂ ਹੋਏ ਤਾਂ ਇਟਲੀ ਵਿਚ ਸਿਸਲੀ ਵਿਖੇ ਗੁਲਾਮਾਂ ਵਲੋਂ ਵਿਦਰੋਹ ਹੋਣੇ ਸ਼ੁਰੂ ਹੋ ਗਏ। ਸਿੱਟਾ ਇਹ ਹੋਇਆ ਕਿ ਦਾਸਾਂ ਦੇ ਹਾਲਾਤ ਸੁਧਰਨ ਲਗ ਪਏ। ਰੋਮਨ ਸਾਮਰਾਜ ਦੇ ਪਤਨ ਦਾ ਮੁੱਖ ਕਾਰਨ ਦਾਸ ਪ੍ਰਥਾ ਹੀ ਸੀ।

14ਵੀਂ ਸਦੀ ਵਿਚ ਯੂਰਪ ਵਿਚ ਯੁੱਧ ਵਧੇ ਤਾਂ ਹਾਰੇ ਹੋਏ ਦੁਸ਼ਮਣਾਂ ਵਿਚ ਵੀ ਵਾਧਾ ਹੋਇਆ ਜਿਸ ਕਾਰਨ ਦਾਸ ਪ੍ਰਥਾ ਕਾਫ਼ੀ ਪ੍ਰਫੁੱਲਿਤ ਹੋਈ। ਮੱਧਕਾਲ ਦੇ ਅੰਤ ਵਿਚ ਰਾਸ਼ਟਰਵਾਦ ਅਤੇ ਕੱਟੜ ਧਾਰਮਿਕਤਾ ਦੇ ਮਿਸ਼ਰਣ ਨਾਲ ਯੁੱਧ ਬੰਦੀਆਂ ਪ੍ਰਤੀ ਕਰੂਰਤਾ ਵਰਤੀ ਜਾਣ ਲਗੀ। ਗੈਰ ਈਸਾਈ ਬੰਦਿਆਂ ਨੂੰ 'ਯਸ਼ੂ ਦੇ ਸ਼ਤਰੂ' ਕਰਾਰ ਦੇ ਕੇ ਦਾਸਾਂ ਦੇ ਰੂਪ ਵਿਚ ਵਰਤਿਆ ਗਿਆ। 15ਵੀਂ ਸਦੀ ਵਿਚ ਪੁਰਤਗਾਲੀ ਨਾਟਕਾਂ ਨੇ ਹਬਸ਼ੀ ਦਾਸਾਂ ਦੇ ਵਪਾਰ ਵਿਚ ਅਰਬਾਂ ਦਾ ਏਕਾਧਿਕਾਰ ਖ਼ਤਮ ਕਰ ਦਿੱਤਾ।

ਅਮਰੀਕਾ ਵਿਚ ਹਬਸ਼ੀ ਦਾਸਾਂ ਦੀ ਬੜੀ ਮੰਗ ਸੀ ਕਿਉਂਕਿ ਇਹ ਮੂਲ ਨਿਵਾਸੀ ਦਾਸਾਂ ਦੇ ਮੁਕਾਬਲੇ ਵਧੇਰੇ ਆਗਿਆਕਾਰੀ ਅਤੇ ਮਿਹਨਤੀ ਹੁੰਦੇ ਸਨ। ਹਬਸ਼ੀਆਂ ਨੂੰ ਚੀਜ਼ਾਂ ਦੇ ਬਦਲੇ ਪ੍ਰਾਪਤ ਕਰ ਕੇ ਉਨ੍ਹਾਂ ਨੂੰ ਜਹਾਜ਼ਾਂ ਵਿਚ ਭਰ ਕੇ ਅਮਰੀਕਾ ਵਿਚ ਵੇਚਿਆ ਜਾਂਦਾ ਸੀ। ਇਨ੍ਹਾਂ ਦਾਸਾਂ ਨੂੰ ਆਪਣੇ ਯੂਰਪੀ ਮਾਲਕਾਂ ਦੀ ਭਾਸ਼ਾ ਅਤੇ ਧਰਮ ਮੰਨਣਾ ਪੈਂਦਾ ਸੀ। ਖੇਤਾਂ ਵਿਚ ਕੰਮ ਕਰਵਾਉਣ ਵੇਲੇ ਇਨ੍ਹਾਂ ਨੂੰ ਚਾਬਕਾਂ ਨਾਲ ਮਾਰਿਆ ਜਾਂਦਾ ਸੀ। ਇਥੇ ਤਮਾਕੂ, ਕਪਾਹ ਆਦਿ ਦੀ ਖੇਤੀ ਵਿਚ ਉੱਨਤੀ ਦਾਸ ਪ੍ਰਥਾ ਕਾਰਨ ਹੀ ਹੋਈ। ਭਾਰਤ ਵਿਚ ਦਾਸ ਪ੍ਰਥਾ ਦਾ ਪ੍ਰਚਲਨ ਯੁੱਧਾਂ ਤੋਂ ਹੀ ਸ਼ੁਰੂ ਹੋਇਆ। ਇਸ ਅਨੁਸਾਰ ਹਾਰੇ ਹੋਏ ਦੁਸ਼ਮਣ ਦਾ ਅਪਮਾਨ ਕਰਨ ਲਈ ਉਸ ਨੂੰ ਆਪਣੀ ਸੇਵਾ ਲਈ ਰਖ ਲਿਆ ਜਾਂਦਾ ਸੀ। ਦਾਸ ਪ੍ਰਥਾ ਦੇ ਵਿਕਾਸ ਦੀ ਜਾਣਕਾਰੀ ਜ਼ਿਆਦਾਤਰ ਬੋਧੀ ਸਾਹਿਤ ਤੋਂ ਮਿਲਦੀ ਹੈ। ਉਸ ਸਮੇਂ ਦਾਸਾਂ ਦੀ ਹਾਲਤ ਬੜੀ ਤਰਸਯੋਗ ਸੀ। ਉਨ੍ਹਾਂ ਨੂੰ ਰੱਜ ਕੇ ਰੋਟੀ ਨਹੀਂ ਦਿੱਤੀ ਜਾਂਦੀ ਸੀ ਅਤੇ ਉਨ੍ਹਾਂ ਨੂੰ ਨਫ਼ਰਤ ਦੀ ਦ੍ਰਿਸ਼ਟੀ ਨਾਲ ਵੇਖਿਆ ਜਾਂਦਾ ਸੀ। ਮਾਰ-ਕੁਟਾਈ ਤੋਂ ਇਲਾਵਾ ਉਨ੍ਹਾਂ ਨੂੰ ਹੋਰ ਵੀ ਸਰੀਰਕ ਦੁੱਖ ਤਕਲੀਫ਼ਾਂ ਦਿੱਤੀਆਂ ਜਾਂਦੀਆਂ ਸਨ। ਜੇ ਕਦੀ ਕੋਈ ਦਾਸ ਭੱਜਣ ਵਿਚ ਸਫ਼ਲ ਹੋ ਜਾਂਦਾ ਸੀ ਤਾਂ ਉਹ ਦਾਗਣ ਦੇ ਨਿਸ਼ਾਨ ਤੋਂ ਪਛਾਣਿਆ ਜਾ ਸਕਦਾ ਸੀ। ਇਸ ਤਰ੍ਹਾਂ ਉਨ੍ਹਾਂ ਨੂੰ ਫੜਨਾ ਆਸਾਨ ਸੀ। ਇਨ੍ਹਾਂ ਗੁਲਾਮਾਂ ਨਾਲ ਚੰਗੇ ਸਲੂਕ ਦੇ ਵੀ ਕੁਝ ਉਦਾਹਰਨ ਮਿਲਦੇ ਹਨ। ਮਹਾਤਮਾ ਬੁੱਧ ਨੇ ਇਨ੍ਹਾਂ ਦੀ ਹਾਲਤ ਵਿਚ ਸੁਧਾਰ ਕਰਨ ਦੇ ਕਈ ਯਤਨ ਕੀਤੇ। ਬੱਚਿਆਂ ਨੂੰ ਦਾਸ-ਰੂਪ ਵਿਚ ਖਰੀਦਣਾ ਅਤੇ ਵੇਚਣਾ ਵਰਜਤ ਸੀ। ਜੇ ਕੋਈ ਕਰਜ਼ਦਾਰ ਆਪਣਾ ਕਰਜ਼ਾ ਚੁਕਾ ਦਿੰਦਾ ਤਾਂ ਉਸ ਨੂੰ ਦਾਸਤਾ ਤੋਂ ਮੁਕਤੀ ਮਿਲ ਜਾਂਦੀ ਸੀ। ਦਾਸ ਦੀ ਨਿੱਜੀ ਮਲਕੀਅਤ ਦੇ ਵਾਰਸ ਉਸ ਦੀ ਔਲਾਦ ਹੁੰਦੀ ਸੀ। ਇਸ ਵਿਚ ਉਸ ਦੇ ਮਾਲਕ ਦਾ ਕੋਈ ਦਖ਼ਲ ਨਹੀਂ ਸੀ ਹੁੰਦਾ। ਆਪਣੇ ਤੋਂ ਉੱਚੀ ਜਾਤੀ ਦੇ ਵਿਅਕਤੀ ਨੂੰ ਦਾਸ ਨਹੀਂ ਸੀ ਬਣਾਇਆ ਜਾਂਦਾ। ਹਿੰਦੂ ਸ਼ਾਸ਼ਤਰਾਂ ਅਨੁਸਾਰ ਦਾਸਾਂ ਦੇ ਅਧਿਕਾਰਾਂ ਅਤੇ ਹਿਤਾਂ ਦੀ ਰੱਖਿਆ ਦਾ ਵੀ ਕਾਨੂੰਨ ਸੀ। ਮਨੂੰ ਨੇ ਦਾਸ ਨੂੰ 'ਮਾਲਕ ਦੇ ਪਰਛਾਵੇਂ' ਦਾ ਨਾਂ ਦਿੱਤਾ ਹੈ। ਅਪਰਾਧ ਕਰਨ ਤੇ ਦਾਸ ਨੂੰ ਸਜ਼ਾ ਦੇਣ ਦਾ ਮਾਲਕ ਨੂੰ ਪੂਰਾ ਅਧਿਕਾਰ ਸੀ ਪਰ ਉਹ ਉਸ ਦਾ ਅੰਗ-ਭੰਗ ਨਹੀਂ ਸੀ ਕਰ ਸਕਦਾ। ਪੁਰਾਤਨ ਪਾਲੀ ਸਾਹਿਤ ਵਿਚ ਤਿੰਨ ਜਾਂ ਚਾਰ ਪ੍ਰਕਾਰ ਦੇ ਦਾਸ ਦੱਸੇ ਗਏ ਹਨ, ਮਨੂੰ ਵਿਚ 7 ਅਤੇ ਨਾਰਦ ਵਿਚ 15 ਹੈ। ਕੁਝ ਮਾਰਕਸਵਾਦੀ ਇਤਿਹਾਸਕਾਰ ਸਿਰਫ਼ ਸ਼ੂਦਰਾਂ ਨੂੰ ਹੀ ਦਾਸ ਮੰਨਦੇ ਹਨ ਪਰ ਇਹ ਠੀਕ ਨਹੀਂ ਜਾਪਦਾ।

ਸਮੇਂ ਦੇ ਬਦਲਣ ਨਾਲ ਦਾਸ ਪ੍ਰਥਾ ਦਾ ਵੀ ਅੰਤ ਹੋਣ ਲੱਗ ਪਿਆ। ਪੱਛਮ ਵਿਚ 18ਵੀਂ ਸਦੀ ਵਿਚ ਇਸ ਨੂੰ ਖ਼ਤਮ ਕਰਨ ਦਾ ਸਿਲਸਿਲਾ ਸ਼ੁਰੂ ਹੋ ਗਿਆ। ਸੰਯੁਕਤ ਰਾਜ ਵਿਚ ਵੀ 1804 ਈ. ਤੱਕ ਦਾਸਤਾ ਖ਼ਤਮ ਕਰਨ ਦਾ ਸਿਲਸਿਲਾ ਸ਼ੁਰੂ ਹੋ ਚੁੱਕਾ ਸੀ। ਫ਼ਰਾਂਸ ਦੀ ਕ੍ਰਾਂਤੀ ਵੀ ਇਸੇ ਪਾਸੇ ਵੱਲ ਕੀਤਾ ਗਿਆ ਇਕ ਜਤਨ ਸੀ। ਦਾਸ ਪ੍ਰਥਾ ਨੂੰ ਗੈਰ-ਕਾਨੂੰਨੀ ਕਰਾਰ ਦੇਣ ਲਈ ਕਾਨੂੰਨ ਬਣਾ ਦਿੱਤੇ ਗਏ। ਲੀਗ ਆਫ਼ ਨੇਸ਼ਨਜ਼ ਵਿਚ ਹਰ ਪ੍ਰਕਾਰ ਦੀ ਗੁਲਾਮੀ ਅਤੇ ਦਾਸ ਵਪਾਰ ਨੂੰ ਖ਼ਤਮ ਕਰਨ ਲਈ ਸਾਰੇ ਦੇਸ਼ਾਂ ਤੋਂ ਦਸਤਖ਼ਤ ਕਰਵਾ ਲਏ ਗਏ। ਸੰਨ 1933 ਵਿਚ ਬਰਤਾਨੀਆ ਅਧੀਨ ਦੇਸ਼ਾਂ ਵਿਚ ਦਾਸ ਪ੍ਰਥਾ ਦਾ ਅੰਤ ਹੋ ਗਿਆ। ਦਾਸਾਂ ਨੂੰ ਰੱਖਣ ਦੇ ਬਦਲੇ ਵਿਚ ਮਾਲਕਾਂ ਲਈ ਜੁਰਮਾਨਾ ਰੱਖਿਆ ਗਿਆ। ਇਸ ਤਰ੍ਹਾਂ ਦਾਸ ਪ੍ਰਥਾ ਦਾ ਅੰਤ ਹੋ ਗਿਆ।

ਹ.ਪੁ.—ਇੰ. ਐਨ. ਸੋ. ਸਾ. : 307; ਹਿੰ. ਵਿ. ਕੋ. 6 : 39; ਐਨ. ਬ੍ਰਿ. ਮੈ : 18, ਐਨ. ਅਮੈ. 25:88

ਦਾਸ ਬੋਧ : ਇਹ ਮਰਾਠੀ ਸੰਤ ਸਾਹਿਤ ਦਾ ਇਕ ਪ੍ਰਮੁੱਖ ਗ੍ਰੰਥ ਹੈ ਜਿਸ ਦੀ ਰਚਨਾ ਸਤਾਰ੍ਹਵੀਂ ਸਦੀ ਵਿਚ ਮਹਾਰਾਸ਼ਟਰ ਦੇ ਤੇਜਸਵੀ ਸੰਤ ਸ਼੍ਰੀ ਸਮਰਥ ਰਾਮ ਦਾਸ ਨੇ ਕੀਤੀ। ਇਸ ਸੰਤ ਦਾ ਜਨਮ ਮਹਾਰਾਸ਼ਟਰ ਵਿਚ ਜਾਂਬ ਵਿਖੇ ਸ਼ੱਕ ਸੰਮਤ 1530 (1608 ਈ.) ਵਿਚ ਹੋਇਆ। ਇਸ ਬਾਰੇ ਕਹਾਣੀ ਪ੍ਰਚੱਲਿਤ ਹੈ ਕਿ ਬਾਰਾਂ ਸਾਲ ਦੀ ਉਮਰ ਵਿਚ ਜਦੋਂ ਇਸ ਦਾ ਵਿਆਹ ਹੋਣ ਲਗਾ ਤਾਂ 'ਸ਼ੁਭਮੰਗਲ ਸਾਵਧਾਨ' ਵਿਚ ਸਾਵਧਾਨ ਦਾ ਸ਼ਬਦ ਸੁਣ ਕੇ ਇਹ ਵਿਆਹ ਮੰਡਪ ਵਿਚੋਂ ਨਿਕਲ ਗਿਆ ਅਤੇ ਟਾਕਲੀ ਵਿਖੇ 12 ਸਾਲ ਸ਼੍ਰੀ ਰਾਮਚੰਦਰ ਦੀ ਉਪਾਸਨਾ ਵਿਚ ਲੀਨ ਰਿਹਾ। ਇਸ ਸਮੇਂ ਤੋਂ ਹੀ ਇਸ ਦਾ ਨਾਂ ਰਾਮ ਦਾਸ ਪਿਆ। ਇਸ ਤੋਂ ਪਿਛੋਂ 12 ਸਾਲ ਇਹ

ਭਾਰਤ ਭਰ ਵਿਚ ਘੁੰਮਿਆ। ਆਪਣੀ ਇਸ ਦੇਸ਼ ਫੇਰੀ ਦੌਰਾਨ ਇਸ ਨੇ ਲੋਕਾਂ ਦਾ ਦੁਰਦਸ਼ਾ ਦੇਖੀ ਜਿਸ ਨਾਲ ਇਸ ਦਾ ਮਨ ਬਹੁਤ ਪਸੀਜ ਗਿਆ। ਇਸ ਲਈ ਇਸਨੇ ਮੋਕਸ਼ ਸਾਧਨਾ ਦੇ ਸਥਾਨ ਤੇ ਸਵਰਾਜ ਦੀ ਸਥਾਪਨਾ ਅਤੇ ਜ਼ਾਲਮ ਸ਼ਾਸਕਾਂ ਦੇ ਅਤਿਆਚਾਰਾਂ ਤੋਂ ਜਨਤਾ ਨੂੰ ਮੁਕਤ ਕਰਾਉਣਾ ਆਪਣੇ ਜੀਵਨ ਦਾ ਉਦੇਸ਼ ਬਣਾਇਆ। ਇਸ ਨੇ ਕਸ਼ਮੀਰ ਤੋਂ ਕੰਨਿਆ ਕੁਮਾਰੀ ਤਕ 1100 ਮੱਠ ਅਤੇ ਅਖਾੜੇ ਕਾਇਮ ਕੀਤੇ। ਸ਼ੱਕ ਸੰਮਤ 1603 (1681 ਈ.) ਵਿਚ 73 ਸਾਲ ਦੀ ਉਮਰ ਵਿਚ ਮਹਾਰਾਸ਼ਟਰ ਵਿਚ ਸੱਜਣਗੜ੍ਹ ਦੇ ਸਥਾਨ ਤੇ ਇਸ ਦਾ ਚਲਾਣਾ ਹੋ ਗਿਆ।

ਇਸ 'ਦਾਸ ਬੋਧ' ਗ੍ਰੰਥ ਵਿਚ ਇਸ ਸੰਤ ਦੇ ਉਪਦੇਸ਼ ਹਨ। ਸੰਤ ਰਾਮਦਾਸ ਦਾ ਜੀਵਨ ਦਰਸ਼ਨ ਅਤਿਅੰਤ ਪ੍ਰਪੱਕ ਅਤੇ ਸਰਲ ਭਾਸ਼ਾ ਵਿਚ ਇਸ ਗ੍ਰੰਥ ਵਿਚ ਸਾਕਾਰ ਹੋਇਆ ਹੈ। ਸਾਧਾਰਨ ਲੋਕਾਂ ਤੋਂ ਲੈ ਕੇ ਵਿਦਵਾਨਾਂ ਅਰਥਾਤ ਰਾਜਾ, ਯੋਗੀ, ਸਿੱਧਾਂ ਤੇ ਸਾਧਕ ਲੋਕਾਂ ਲਈ ਵੀ ਇਹ ਗ੍ਰੰਥ ਬਹੁਤ ਉਪਯੋਗੀ ਹੈ ਅਤੇ ਇਹ ਇਸ ਗ੍ਰੰਥ ਤੋਂ ਸਿੱਖਿਆ ਗ੍ਰਹਿਣ ਕਰਦੇ ਹਨ। ਇਹ ਗ੍ਰੰਥ ਗੁਰੂ ਚੇਲਾ ਸੰਵਾਦ ਰੂਪ ਵਿਚ ਲਿਖਿਆ ਗਿਆ ਹੈ। ਇਹ 'ਓਵੀ' ਨਾਮਕ ਮਰਾਠੀ ਛੰਦ ਵਿਚ ਹੈ। ਸਾਰਾ ਗ੍ਰੰਥ 20 ਦਸ਼ਕਾਂ ਵਿਚ ਅਤੇ ਹਰ ਇਕ ਦਸ਼ਕ 10 ਸਮਾਸਾਂ ਵਿਚ ਵੰਡਿਆ ਹੋਇਆ ਹੈ। ਇਕ ਸਮਾਸ ਵਿਚ ਇਕ ਵਿਸ਼ਾ ਵਰਣਿਤ ਹੈ। ਇਸ ਤਰ੍ਹਾਂ ਇਸ ਗ੍ਰੰਥ ਵਿਚ ਕੁੱਲ 200 ਵਿਸ਼ੇ ਹਨ। ਇਨ੍ਹਾਂ ਵਿਸ਼ਿਆਂ ਵਿਚ ਲਗਭਗ ਸਾਰੀਆਂ ਜੀਵਨ ਦੀਆਂ ਘਟਨਾਵਾਂ ਦਾ ਵਰਣਨ ਹੈ। ਇਨ੍ਹਾਂ ਵਿਚ ਸਵਾਰਥ, ਪਰਮਾਰਥ, ਅਧਿਆਤਮ, ਸਮਾਜਕ, ਵਿਅਕਤੀ ਸਬੰਧੀ ਗੁਣ, ਅਵਗੁਣ, ਸ਼ਕਤੀ, ਅਧਿਕਾਰੀ, ਆਹਾਰ, ਵਿਹਾਰ, ਵਿਚਾਰ, ਵਿਵਹਾਰ ਸਭ ਕੁਧ ਹੈ। ਇਸ ਗ੍ਰੰਥ ਵਿਚ ਕੁਝ 7751 ਓਵੀਆ ਹਨ। ਇਸ ਗ੍ਰੰਥ ਦਾ ਮਹਾਰਾਸ਼ਟਰ ਵਿਚ ਬਹੁਤ ਸਤਿਕਾਰ ਹੈ।

ਹ.ਪੁ.—ਹਿ. ਵਿ. ਕੋ. 6 : 43

ਦਾਸ਼ਤ-ਇ-ਲੂਟ : ਇਹ ਪੂਰਬੀ ਈਰਾਨ ਦਾ ਇਕ ਮਾਰੂਥਲ ਹੈ ਜੋ ਮੁੱਖ ਤੌਰ ਤੇ ਰੇਤ, ਨਮਕ ਅਤੇ ਵੱਡੀਆਂ-ਵੱਡੀਆਂ ਚਟਾਨਾਂ ਦਾ ਬਣਿਆ ਹੋਇਆ ਹੈ। ਸਮੁੰਦਰ ਸਤਹ ਤੋਂ 600 ਮੀਂ. (2000 ਫੁੱਟ) ਤੋਂ 1500 ਮੀ. (5,000 ਫੁੱਟ) ਦੀ ਉਚਾਈ ਤੱਕ ਉੱਤਰ-ਪੱਛਮੀ ਅਤੇ ਦੱਖਣ-ਪੂਰਬੀ ਦਿਸ਼ਾਵਾਂ ਵਿਚ ਫੈਲਿਆ ਇਹ ਮਾਰੂਥਲ, 300 ਕਿ.ਮੀ. (200 ਮੀਲ) ਲੰਬਾ ਅਤੇ 150 ਕਿ.ਮੀ. (100 ਮੀਲ) ਚੌੜਾ ਹੈ। ਇਸ ਵਿਚ ਨਮਕ ਦੀਆਂ ਕਈ ਦਲਦਲੀ ਝੀਲਾਂ ਵੀ ਹਨ। ਖੁਸ਼ਫ ਰੂਦ ਨਦੀ ਦੱਖਣੀ ਦਿਸ਼ਾ ਵਲੋਂ ਆ ਕੇ ਮਾਰੂਥਲ ਦੇ ਵਿਚਕਾਰੋਂ ਹੁੰਦੀ ਹੋਈ ਇਸ ਖੇਤਰ ਦੀ ਨਮਕ ਦੀ ਸਭ ਤੋਂ ਵੱਡੀ ਝੀਲ ਵਿਚ ਜਾ ਡਿਗਦੀ ਹੈ। ਇਹ ਖੇਤਰ ਬਹੁਤਾ ਕਰ ਕੇ ਉਜਾੜ ਹੀ ਹੈ। ਕੇਵਲ ਪਹਾੜੀ ਘਾਟੀਆਂ ਜਾਂ ਤਲਾਬਾਂ ਉੱਤੇ ਹੀ ਥੋੜ੍ਹੀ ਬਹੁਤ ਵਸੋਂ ਮਿਲਦੀ ਹੈ।

31°30′ ਉ. ਵਿਥ.; 58°0′ ਪੂ. ਲੰਬ.

ਹ.ਪੁ.—ਹਿ. ਵਿ. ਕੋ. 6 : 43

ਦੱਸਤੋਵਸਕੀ, ਫਿਓਦੋਰ ਮਿਖਾਇਲੋਵਿਚ : ਰੂਸ ਦੇ ਇਸ ਵਿਦਵਾਨ ਅਤੇ ਸੰਸਾਰ ਪ੍ਰਸਿੱਧ ਮਹਾਨ ਨਾਵਲਕਾਰ ਦਾ ਜਨਮ 11 ਨਵੰਬਰ, 1821 ਨੂੰ ਮਾਸਕੋ ਵਿਖੇ ਹੋਇਆ। ਇਸ ਦਾ ਪਿਤਾ ਫ਼ੌਜ ਵਿਚ ਸਰਜਨ ਰਹਿ ਚੁਕਿਆ ਸੀ ਅਤੇ ਘਰੇਲੂ ਮਾਮਲਿਆਂ ਵਿਚ ਸਖ਼ਤ ਅਤੇ ਕੱਟੜ ਸੁਭਾਅ ਦਾ ਸੀ। ਦਾਨੂੰਸਤੋਵਸਕੀ ਦਾ ਪਿਛੋਕੜ ਜਿਸ ਨੇ ਇਸ ਦੀਆਂ ਸਾਹਿਤਕ ਰੁਚੀਆਂ ਤੇ ਪ੍ਰਭਾਵ ਪਾਇਆ ਇਸ ਦੇ ਵਿਰੋਧੀ ਲੇਖਕਾਂ ਇਵਾਨ ਤੁਰਗਨੇਵ ਅਤੇ ਲੀਓ ਟਾਲਸਤਾਏ ਦੇ ਪਿਛੋਕੜਾਂ ਤੋਂ ਬਿਲਕੁਲ ਅੱਡਰਾ ਸੀ; ਉਹ ਇਕ ਸਭਿਅਕ ਤੇ ਅਮੀਰ ਸ਼੍ਰੇਣੀ ਦੇ ਵਿਅਕਤੀ ਸਨ। ਮੁਢਲੀ ਸਿਖਿਆ ਮਾਸਕੋ ਵਿਖੇ ਪ੍ਰਾਪਤ ਕਰ ਕੇ 16 ਸਾਲ ਦੀ ਉਮਰ ਵਿਚ ਦੱਸਤੋਵਸਕੀ ਸੇਂਟ ਪੀਟਰਸਬਰਗ (ਹੁਣ ਲੈਨਿਨਗਰਾਦ) ਦੇ ਮਿਲਿਟਰੀ ਇੰਜੀਨੀਅਰਿੰਗ ਸਕੂਲ ਵਿਚ ਦਾਖ਼ਲ ਹੋਇਆ।

ਆਪਣੇ ਸਕੂਲ ਦੇ ਸਮੇਂ ਵਿਚੋਂ ਜੋ ਸਮਾਂ ਇਹ ਬਚਾ ਸਕਦਾ ਸੀ ਉਸ ਨੂੰ ਰੂਸੀ ਅਤੇ ਹੋਰ ਯੂਰਪੀ ਸਾਹਿਤ ਪੜ੍ਹਨ ਤੇ ਲਗਾਉਂਦਾ। ਇਹ ਵਧੇਰੇ ਕਰ ਕੇ ਉਹ ਨਾਵਲ ਪੜ੍ਹਦਾ ਜਿਥੋਂ ਇਸ ਨੂੰ ਆਪਣੀ ਰੁਚੀ ਅਨੁਸਾਰ ਹਿੰਸਾ ਅਤੇ ਜੁਰਮ ਦੇ ਪਲਾਟ ਪ੍ਰਾਪਤ ਹੁੰਦੇ। ਇਹ ਆਪਾ ਵਾਰੂ ਕੰਮਾਂ ਅਤੇ ਆਦਰਸ਼ਕ ਮਿੱਤਰਤਾ ਤੇ ਸੁਪਨੇ ਦੇਖਣ ਦਾ ਚਾਹਵਾਨ ਸੀ। ਗਰੈਜੂਏਟ ਹੋਣ ਤੋਂ ਬਾਅਦ ਇਸਨੇ ਆਪਣਾ ਸਾਰਾ ਸਮਾਂ ਲਿਖਣ ਤੇ ਲਾਉਣ ਲਈ ਕਮਿਸ਼ਨ ਤੋਂ ਅਸਤੀਫ਼ਾ ਦੇ ਦਿੱਤਾ। ਇਸ ਦੇ ਵਿੱਤੀ ਸਾਧਨ ਨਾ-ਮਾਤਰ ਹੀ ਹਨ। ਇਸ ਦੀ ਮਾਤਾ ਸੁਰਗਵਾਸ ਹੋ ਚੁਕੀ ਸੀ ਅਤੇ ਇਸ ਦੇ ਪਿਤਾ ਨੂੰ ਗੁਲਾਮਾਂ ਨੇ ਮਾਰ ਦਿੱਤਾ ਸੀ ਅਤੇ ਉਸ ਨੇ ਮਗਰ ਕੋਈ ਬਹੁਤਾ ਪੈਸਾ ਨਹੀਂ ਛਡਿਆ ਸੀ। ਸੰਨ 1846 ਵਿਚ ਇਸ ਨੇ ਆਪਣਾ ਪਹਿਲਾ ਸਮਾਜਕ ਨਾਵਲ 'ਪੂਅਰ ਫੋਕ' ਪੂਰਾ ਕੀਤਾ। ਉਸ ਤੋਂ ਪਿਛੋਂ ਇਸ ਨੇ ਦੋ ਨਾਵਲ 'ਦੀ ਡਬਲ' (1846 ਈ.) ਅਤੇ 'ਨੀਤੋਚਕਾ ਨੌਜ਼ਵਾਨੋਵਾ' (1849 ਈ.) ਲਿਖੇ।

ਜ਼ਾਰ ਨਿਕੋਲਸ ਪਹਿਲੇ ਦੇ ਦਮਨਕਾਰੀ ਰਾਜਕਾਲ ਦੌਰਾਨ ਅਪ੍ਰੈਲ, 1849 ਵਿਚ ਰਾਜਨੀਤਕ ਅਤੇ ਸਮਾਜ ਸੁਧਾਰ ਸਬੰਧੀ ਬਹਿਸਾਂ ਵਿਚ ਹਿੱਸਾ ਲੈਣ ਕਾਰਣ ਅਤੇ ਗ਼ੈਰ-ਕਾਨੂੰਨੀ ਪੈਂਫਲਿਟ ਛਾਪਣ ਦੀ ਸਕੀਮ ਅਧੀਨ ਇਹ ਆਪਣੇ ਹੋਰ ਸਾਥੀਆਂ ਸਮੇਤ ਫੜਿਆ ਗਿਆ। ਲੰਮੀ ਪੁੱਛ ਪੜਤਾਲ ਮਗਰੋਂ ਉਨ੍ਹਾਂ ਵਿਚੋਂ 21 ਨੂੰ ਜਿਨ੍ਹਾਂ ਵਿਚ ਦੱਸਤੋਵਸਕੀ ਵੀ ਸੀ, ਗੋਲੀ ਮਾਰ ਦਿਤੇ ਜਾਣ ਦਾ ਹੁਕਮ ਹੋਇਆ। ਇਸ ਦੁਖਾਂਤਕ ਅਨੁਭਵ ਦਾ ਵਰਣਨ ਇਸ ਮਹਾਨ ਨਾਵਲਕਾਰ ਦੀਆਂ ਪਿਛਲੇਰੀਆਂ ਲਿਖਤਾਂ ਵਿਚ ਕੀਤਾ ਗਿਆ ਹੈ। ਇਸ ਦੀ ਸਜ਼ਾ ਨੂੰ ਸਾਇਬੇਰੀਆ ਵਿਖੇ ਕੈਦ ਬਾਮੁਸ਼ੱਕਤ ਦੇ ਰੂਪ ਵਿਚ ਬਦਲ ਦਿੱਤਾ ਗਿਆ ਜੋ ਇਸ ਨੇ ਪੂਰੀ ਕੀਤੀ। ਜੇਲ੍ਹ ਵਿਚ ਕੇਵਲ 'ਨਿਊ ਟੈਸਟਾਮੈਂਟ' ਨੂੰ ਪੜ੍ਹਨ ਦੀ ਹੀ ਆਗਿਆ ਸੀ ਅਤੇ ਇਸ ਨੇ ਇਹ ਗ੍ਰੰਥ ਬਾਰ ਬਾਰ ਪੜ੍ਹਿਆ। ਜੇਲ੍ਹ ਦੇ ਇਸ ਅਨੁਭਵ ਨੇ ਇਸ ਦੀਆਂ ਅਗਲੀਆਂ ਲਿਖਤਾਂ ਤੇ ਬਹੁਤ ਪ੍ਰਭਾਵ ਪਾਇਆ। ਯਸ਼ੂ ਦੇ ਉਪਦੇਸ਼ਾਂ, ਦੁੱਖ ਝੇਲ ਕੇ ਮੁਕਤੀ ਦੀ ਭਾਵਨਾ ਅਤੇ ਰੂਸੀ ਰੂੜ੍ਹੀਵਾਦੀ ਧਰਮ ਦੀ ਅਧਿਆਤਮਕਤਾ ਨੇ ਇਸ ਵਿਚ ਯਸ਼ੂ ਪ੍ਰਤੀ ਨਵੇਂ ਵਿਸ਼ਵਾਸ ਅਤੇ ਸ਼ਰਧਾ ਨੂੰ ਜ਼ਗਾਇਆ। ਇਸੇ ਅਨੁਭਵ ਨੇ ਇਸ ਨੂੰ ਮਜ਼ਲੂਮ ਅਤੇ ਦੁਖੀ ਲੋਕਾਂ ਬਾਰੇ ਡੂੰਘੀ ਜਾਣਕਾਰੀ ਪ੍ਰਾਪਤ ਕਰਨ ਲਈ ਸਮੱਗਰੀ ਪ੍ਰਦਾਨ ਕੀਤੀ।

ਸੰਨ 1875 ਵਿਚ ਇਸ ਮਹਾਨ ਨਾਵਲਕਾਰ ਦਾ ਵਿਆਹ ਇਕ ਵਿਧਵਾ ਨਾਲ ਹੋਇਆ ਜੋ ਇਕ ਬੱਚੇ ਦੀ ਮਾਂ ਸੀ ਪਰ ਇਹ ਮੇਲ ਵੀ ਦੁਖਾਂਤਕ ਸਿੱਧ ਹੋਇਆ। ਇਸ ਸਮੇਂ ਦੌਰਾਨ ਇਸ ਨੇ ਕੁਝ ਨਾਵਲ ਅਤੇ ਕਹਾਣੀਆਂ ਲਿਖੀਆਂ। ਸੰਨ 1961 ਵਿਚ ਇਸ ਨੇ 'vremya' (ਸਮਾਂ) ਰਸਾਲਾ ਜਾਰੀ ਕੀਤਾ। ਇਸ ਨਾਲ ਇਸ ਦੇ ਅਨੁਕੂਲ ਰੁਚੀਆਂ ਵਾਲੇ ਕਈ ਪੁਰਾਣੇ ਅਤੇ ਨਵੇਂ ਮਿੱਤਰ ਇਸ ਦੁਆਲੇ ਇਕੱਠੇ ਹੋਣੇ ਸ਼ੁਰੂ ਹੋ ਗਏ। ਇਸ ਰਸਾਲੇ ਵਿਚ ਲੜੀਵਾਰ ਛਾਪੇ ਗਏ ਇਸ ਦੇ ਨਾਵਲ 'ਦੀ ਹਾਊਸ ਆੱਫ਼ ਦੀ ਡੈੱਡ' (1861-62) ਅਤੇ 'ਦੀ ਇਨਸਲਟਿਡ ਐਂਡ ਇੰਜਰਡ' ਬਹੁਤ ਪ੍ਰਸਿੱਧ ਹੋਏ। 'ਦੀ ਹਾਊਸ ਆੱਫ਼ ਦੀ ਡੈੱਡ' ਦੀ ਤੁਰਗਨੇਵ ਨੇ ਪ੍ਰਸੰਸਾ ਕੀਤੀ ਅਤੇ ਟਾਲਸਟਾਏ ਨੇ ਇਸ ਨੂੰ ਇਸ ਦੀ ਸਭ ਤੋਂ ਵਧੀਆ ਕਿਰਤ ਦੱਸਿਆ। 'ਦੀ ਇਨਸਲਟਿਡ ਐਂਡ ਇੰਜਰਡ' ਬੱਚਿਆਂ ਪ੍ਰਤੀ ਇਸ ਦੇ ਡੂੰਘੇ ਮਨੋਵਿਗਿਆਨਕ ਅਨੁਭਵ ਨੂੰ ਪ੍ਰਗਟ ਕਰਦਾ ਹੈ।

ਸੰਨ 1864-1865 ਸਮੇਂ ਦੌਰਾਨ ਦੱਸਤੋਵਸਕੀ ਤੇ ਕਈ ਬਿਪਤਾਵਾਂ ਆਈਆਂ। ਇਸ ਦੀ ਪਤਨੀ ਅਤੇ ਭਰਾ ਮਰ ਗਏ। ਕਰਜ਼ੇ ਹੇਠ ਦਬਿਆ ਰਸਾਲਾ ਨਿਕਲਣਾ ਬੰਦ ਹੋ ਗਿਆ ਕਰਜ਼ਦਾਰ ਦੀ ਜੇਲ੍ਹ ਦੀ ਧਮਕੀ ਕਾਰਣ ਇਹ ਇਕ ਪ੍ਰਕਾਸ਼ਕ ਤੋਂ ਨਾਵਲ ਦੀ ਪੇਸ਼ਗੀ ਲੈ ਕੇ ਬਦੇਸ਼ ਨੱਸ ਗਿਆ। ਇਕ ਹੋਰ ਨਾਵਲ 'ਕ੍ਰਾਈਮ ਐਂਡ ਪਨਿਸ਼ਮੈਂਟ' ਦੀ ਪੇਸ਼ਗੀ ਦੀ ਰਕਮ ਲੈ ਕੇ ਅਕਤੂਬਰ, 1865 ਈ. ਵਿਚ ਇਹ ਰੂਸ ਪਰਤਿਆ। ਸੰਨ 1866 ਵਿਚ ਪ੍ਰਕਾਸ਼ਤ ਇਹ ਇਕ ਸਮਾਜਕ ਕਿਸਮ ਦੀ ਰਚਨਾ ਹੈ; ਧਨ ਇਸ ਦੀ ਬੁਨਿਆਦੀ ਸਮੱਸਿਆ ਹੈ। ਸੰਨ 1866 ਵਿਚ ਭਾਰੀ ਮਾਲੀ ਸੰਕਟ ਦੌਰਾਨ ਇਸ ਨੇ 'ਕਰਾਈਮ ਐਂਡ ਪਨਿਸ਼ਮੈਂਟ' ਦੇ ਮੁਕੰਮਲ ਹੋਣ ਤੋਂ ਪਹਿਲਾਂ ਆਪਣਾ 'ਗੈਂਬਲਰ' ਨਾਂ ਦਾ ਨਾਵਲ ਲਿਖਿਆ ਅਤੇ ਜਿਸ ਸਟੈਨੋਗ੍ਰਾਫਰ ਦੀ ਮਦਦ ਨਾਲ ਇਸ ਨੇ ਇਹ ਨਾਵਲ ਲਿਖਿਆ ਸੀ ਉਸੇ ਨਾਲ ਇਸ ਨੇ ਵਿਆਹ ਕਰ ਲਿਆ। ਅਤਿ ਗਰੀਬੀ ਦੀ ਹਾਲਤ ਵਿਚ ਇਹ ਇਕ ਦੇਸ਼ ਤੋਂ ਦੂਜੇ ਦੇਸ਼ ਘੁੰਮਦੇ ਰਹੇ। ਇਸ ਨੂੰ ਮਿਰਗੀ ਦੇ ਦੌਰੇ ਪੈਂਦੇ ਸਨ, ਇਹ ਜੂਏ ਦਾ ਬਹੁਤ ਆਦੀ ਹੋ ਗਿਆ ਸੀ ਪਰ ਇਸ ਦੀ ਪਤਨੀ ਨੇ ਹਮੇਸ਼ਾ ਇਸ ਦਾ ਸਾਥ ਦਿੱਤਾ। ਇਹ ਦੂਜਾ ਵਿਆਹ ਇਸ ਲਈ ਸੱਚੇ ਪਿਆਰ ਅਤੇ ਬਹੁਤ ਹੀ ਕਿਸਮਤ ਵਾਲਾ ਸਾਬਤ ਹੋਇਆ। ਸੰਨ 1868-69 ਵਿਚ ਇਸ ਨੇ ਇਕ ਹੋਰ ਮਹਾਨ ਨਾਵਲ 'ਦੀ ਈਡੀਅਟ' ਲਿਖਿਆ। ਇਸ ਵਿਚ ਇਸ ਨੇ ਆਪਣੀ ਯਥਾਰਥਕ ਅਤੇ ਉਚੇਰੀ ਸੂਝ ਦਾ ਪ੍ਰਗਟਾਵਾ ਕੀਤਾ ਹੈ।

ਇਸ ਨੇ ਅਗਲੇ ਨਾਵਲ 'ਦੀ ਇਟਰਨਲ ਹਸਬੈਂਡ' (1870 ਈ.) ਵਿਚ ਇਕ ਧੋਖੇ ਵਿਚ ਆਏ ਪਤੀ ਦਾ ਮਨੋਵਿਗਿਆਨਕ ਅਧਿਐਨ ਪੇਸ਼ ਕੀਤਾ ਹੈ ਜੋ ਆਪਣੀ ਪਤਨੀ ਦੇ ਪ੍ਰੇਮੀ ਤੋਂ ਬਦਲਾ ਲੈਣਾ ਚਾਹੁੰਦਾ ਹੈ। ਇਹ ਨਾਵਲ ਇਸ ਦੀ ਸਿਰਜਣਾਤਮਕ ਕਲਾ ਵਿਚ ਕੋਈ ਵਿਸ਼ੇਸ਼ ਵਾਧਾ ਨਹੀਂ ਦਰਸਾਉਂਦਾ। ਆਪਣਾ ਨਾਵਲ 'ਦੀ ਪੋਜ਼ੈਸਡ' (1869-72 ਈ.) ਪੂਰਾ ਕਰਨ ਤੋਂ ਕਾਫ਼ੀ ਸਮਾਂ ਪਹਿਲਾਂ ਇਹ ਬਿਮਾਰ ਹੋ ਗਿਆ। ਇਸ ਨੂੰ ਧਨ ਦੀ ਸਖ਼ਤ ਲੋੜ ਸੀ ਅਤੇ ਇਹ ਬਦੇਸ਼ ਵਿਚ ਆਪਣਾ ਨਾਵਲ ਪੂਰਾ ਨਾ ਕਰ ਸਕਿਆ। ਇਸ ਨੇ ਸੇਂਟ ਪੀਟਰਸਬਰਗ ਆਉਣ ਲਈ ਪ੍ਰਕਾਸ਼ਕ ਕੋਲੋਂ ਰਕਮ ਲਈ। ਸੰਨ 1873 ਵਿਚ ਇਸ ਦੇ ਪ੍ਰਮੁੱਖ ਦੋਸਤਾਂ ਨੇ ਹਫ਼ਤਾਵਾਲੀ 'Grazhdanin' (ਦੀ ਸਿਟੀਜ਼ਨ) ਦੀ ਐਡੀਟਰੀ ਪ੍ਰਾਪਤ ਕਰਨ ਵਿਚ ਇਸ ਦੀ ਸਹਾਇਤਾ ਕੀਤੀ। ਇਕ ਸਾਲ ਪਿਛੋਂ ਇਸ ਨੇ ਇਸ ਪਦ ਤੋਂ ਅਸਤੀਫ਼ਾ ਦੇ ਦਿੱਤਾ ਅਤੇ ਇਸੇ ਸਮੇਂ ਵਿਚ ਇਸ ਦੀ ਪਤਨੀ ਨੇ ਇਸ ਦੀਆਂ ਲਿਖਤਾਂ ਛਾਪਣੀਆਂ ਸ਼ੁਰੂ ਕਰ ਦਿੱਤੀਆਂ ਜਿਸ ਤੋਂ ਇਸ ਨੂੰ ਕਾਫ਼ੀ ਲਾਭ ਹੋਇਆ। ਇਕ ਸਾਲ ਲਈ ਇਸ ਨੇ 'Graghdanin' 'ਦੀ ਡਾਇਰੀ ਆਫ਼ ਏ ਰਾਈਟਰ' ਕਾਲਮ ਲਿਖਿਆ। ਇਸ ਕਾਲਮ ਦੀ ਕਾਫ਼ੀ ਪਾਠਕ ਬਣੇ ਅਤੇ ਇਹ ਇਸ ਦੇ ਜੀਵਨ ਫਿਲਾਸਫੀ ਅਤੇ ਇਸ ਦੇ ਨਾਵਲ ਨੂੰ ਸਮਝਣ ਲਈ ਮਹੱਤਵਪੂਰਨ ਹੈ।

ਇਸ ਦੇ ਨਾਵ 'ਦੀ ਬਰਦਰਜ਼ ਕਾਰਾਮਾਜ਼ੋਵ' (1870-80 ਈ.) ਲਿਖਣ ਸਮੇਂ ਇਹ ਕੌਮੀ ਪੱਧਰ 'ਤੇ ਸਤਿਕਾਰਿਆ ਜਾਣ ਲੱਗਿਆ। ਇਸ ਨਾਵਲ ਵਿਚ ਪਾਪ, ਦੁੱਖ ਅਤੇ ਰੱਬ ਦੀ ਹੋਂਦ ਨਾਲ ਸਬੰਧਤ ਵਿਸ਼ਿਆਂ ਦਾ ਵਰਣਨ ਕੀਤਾ ਗਿਆ ਹੈ। ਇਸ ਨਾਵਲ ਦੇ ਸਮਾਪਤ ਕਰਨ ਤੋਂ ਕੁਝ ਮਹੀਨੇ ਪਿਛੋਂ ਇਸ ਮਹਾਨ ਨਾਵਲਕਾਰ ਦੀ 9 ਫ਼ਰਵਰੀ, 1881 ਈ. ਨੂੰ ਸੇਂਟ ਪੀਟਰਸਬਰਗ ਵਿਖੇ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮੈ. 5 : 966; ਕੋਲ. ਐਨ. 6 : 363

ਦਾਸ, ਬਸੰਤ ਕੁਮਾਰ : ਇਹ ਇਕ ਉੱਘਾ ਰਾਜਨੀਤੀਵੇਤਾ ਹੋਇਆ ਹੈ ਜਿਸ ਦਾ ਜਨਮ 2 ਨਵੰਬਰ, 1883 ਨੂੰ ਆਸਾਮ ਦੇ ਸਿਲਹਟ ਜ਼ਿਲ੍ਹੇ ਦੇ ਨੈਗਲ ਪਿੰਡ ਜਿਹੜਾ ਕਿ ਹੁਣ ਬੰਗਲਾ ਦੇਸ਼ ਵਿੱਚ ਸ਼ਾਮਲ ਹੈ, ਵਿਖੇ ਸ੍ਰੀ ਸਰਦ ਚੰਦਰ ਦਾਸ ਦੇ ਘਰ ਹੋਇਆ। ਇਸ ਦੀ ਮਾਤਾ ਦਾ ਨਾਂ ਸ੍ਰੀਮਤੀ ਸ਼ਿਆਮਾ ਸੁੰਦਰੀਦਾਸ ਸੀ। ਬਹੁਤ ਹੀ ਸਾਧਾਰਣ ਅਤੇ ਗਰੀਬ ਪਰਿਵਾਰ ਵਿਚ ਪੈਦਾ ਹੋਣ ਕਰ ਕੇ ਇਸ ਨੂੰ ਬਚਪਨ ਵਿਚ ਬਹੁਤ ਹੀ ਜਦੋ-ਜਹਿਦ ਕਰਨੀ ਪਈ। ਕੁਝ ਬਣ ਕੇ ਵਿਖਾਉਣ ਦੀ ਲਗਨ ਕਾਰਨ ਇਸ ਨੇ ਬੀ.ਏ. ਪਾਸ ਕਰਨ ਉਪਰੰਤ 1910 ਈ. ਵਿਚ ਕਾਨੂੰਨ ਦੀ ਡਿਗਰੀ ਪ੍ਰਾਪਤ ਕੀਤੀ ਅਤੇ ਫਿਰ ਇਸ ਨੇ ਆਪਣੇ ਜੀਵਨ-ਨਿਰਬਾਹ ਲਈ ਵਕਾਲਤ ਕਰਨੀ ਆਰੰਭ ਕਰ ਦਿੱਤੀ, ਨਵੀਂ-ਨਵੀਂ 'ਵਕਾਲਤ' ਨਾ ਚਲਣ ਕਰ ਕੇ ਅਤੇ ਵਿੱਤੀ ਔਕੜਾਂ ਨੂੰ ਦੇਖਦਿਆਂ ਇਸ ਨੇ 'ਮੁਨਸਿਫ਼' ਦੇ ਤੌਰ ਤੇ ਸਰਕਾਰੀ ਨੌਕਰੀ ਪਰਵਾਨ ਕਰ ਲਈ। ਆਪਣੇ ਦੇਸ਼ ਪ੍ਰਤਿ ਉੱਠੀ ਕੌਮੀ ਭਾਵਨਾ ਨੇ ਇਸ ਨੂੰ ਬਹੁਤ ਚਿਰ ਨੌਕਰੀ ਵਿਚ ਨਾ ਟਿਕਣ ਦਿੱਤਾ ਅਤੇ ਕੁਝ ਹੀ ਸਾਲਾਂ ਮਗਰੋਂ ਇਸ ਨੇ ਸਿਲਹਟ ਵਿਖੇ ਮੁੜ ਵਕਾਲਤ ਕਰਨੀ ਆਰੰਭ ਕਰ ਦਿੱਤੀ।

ਸੰਨ 1921 ਵਿਚ ਇਹ ਇੰਡੀਅਨ ਨੈਸ਼ਨਲ ਕਾਂਗਰਸ ਦਾ ਮੈਂਬਰ ਬਣ ਗਿਆ ਅਤੇ ਰਾਜਨੀਤੀ ਵਿਚ ਭਾਗ ਲੈਣਾ ਸ਼ੁਰੂ ਕੀਤਾ। ਸੰਨ 1921 ਵਿਚ ਇਹ ਸੀ.ਆਰ.ਦਾਸ ਅਤੇ ਪੰਡਤ ਮੋਤੀ ਲਾਲ ਨਹਿਰੂ ਦੀ ਬਣਾਈ ਸਵਰਾਜ ਪਾਰਟੀ ਵਿਚ ਸ਼ਾਮਲ ਹੋ ਗਿਆ। ਇਸ ਪਾਰਟੀ ਦੇ ਨੁਮਾਇੰਦੇ ਵਜੋਂ ਇਹ ਦੋ ਵਾਰੀ ਆਸਾਮ ਲੈਜਿਸਲੇਟਿਵ ਅਸੈਂਬਲੀ ਦਾ ਮੈਂਬਰ ਚੁਣਿਆ ਗਿਆ। ਸੰਨ 1930 ਵਿਚ ਇਸ ਨੇ ਆਪਣੀ ਇਸ ਮੈਂਬਰਸ਼ਿਪ ਨੂੰ ਤਿਆਗ ਦਿੱਤਾ ਅਤੇ ਕਾਂਗਰਸ ਵਲੋਂ ਚਲਾਏ ਸਿਵਲ ਨਾਫ਼ਰਮਾਨੀ ਅੰਦੋਲਨ ਵਿਚ ਸ਼ਾਮਲ ਹੋ ਗਿਆ। ਸਿਲਹਟ ਵਿਚ ਇਸ ਅੰਦੋਲਨ ਦੇ ਸਿਰਕੱਢ ਮੈਂਬਰਾਂ ਵਿਚੋਂ ਇਕ ਹੋਣ ਕਰ ਕੇ, ਇਸ ਨੂੰ 1932 ਈ. ਵਿਚ ਅੰਗਰੇਜ਼ ਸਰਕਾਰ ਨੇ ਗ੍ਰਿਫ਼ਤਾਰ ਕਰਕੇ ਦੋ ਸਾਲ ਦੀ ਬਾਮੁਸ਼ੱਕਤ ਕੈਦ ਕਰ ਦਿੱਤੀ। ਇਸੇ ਕੈਦ ਦੌਰਾਨ ਇਸ ਨੇ ਗੀਤਾ ਦਾ ਬੰਗਲਾ ਭਾਸ਼ਾ ਵਿਚ ਅਨੁਵਾਦ ਵੀ ਕੀਤਾ। ਸੰਨ 1937 ਵਿਚ ਇਹ ਮੁੜ ਆਸਾਮ ਲੈਜਿਸਲੇਟਿਵ ਅਸੈਂਬਲੀ ਦਾ ਮੈਂਬਰ ਚੁਣਿਆ ਗਿਆ ਅਤੇ ਕਾਂਗਰਸ ਦੇ ਨਾਮਜ਼ਦ ਮੈਂਬਰ ਵਜੋਂ ਇਸ ਨੂੰ ਸਪੀਕਰ ਨਿਯੁਕਤ ਕੀਤਾ ਗਿਆ ਅਤੇ 1946 ਈ. ਤਕ ਇਹ ਇਸ ਅਹੁਦੇ ਤੇ ਰਿਹਾ ਅਤੇ ਰੁਤਬੇ ਤੇ ਦਿਆਨਤਦਾਰੀ ਤੇ ਸਿਆਣਪ ਨਾਲ ਆਪਣੇ ਫ਼ਰਜ਼ਾਂ ਨੂੰ ਨਿਭਾਇਆ। ਇਸ ਉਪਰੰਤ ਇਹ ਆਸਾਮ ਦਾ ਗ੍ਰਹਿ ਮੰਤਰੀ ਬਣਿਆ। ਸਿਲਹਟ ਨੂੰ ਪਾਕਿਸਤਾਨ ਦਾ ਹਿੱਸਾ ਬਣਾਉਣ ਕਾਰਨ ਇਸ ਦੀ ਕਾਫ਼ੀ ਆਲੋਚਨਾ ਹੋਈ। ਦੇਸ਼ ਦੀ ਵੰਡ ਮਗਰੋਂ ਇਸ ਨੇ ਪੂਰਬੀ ਪਾਕਿਸਤਾਨ ਵਿਚ ਰਹਿ ਕੇ ਘੱਟ ਗਿਣਤੀਆਂ ਦੇ ਹਿਤਾਂ ਦੀ ਰਾਖੀ ਕਰਨ ਨੂੰ ਤਰਜੀਹ ਦਿੱਤੀ। ਸੰਨ 1948 ਵਿਚ ਇਹ ਪੂਰਬੀ ਪਾਕਿਸਤਾਨ ਦੇ ਮੰਡਲ ਵਿਚ ਵਿੱਤ ਮੰਤਰੀ ਬਣਿਆ। ਸੰਨ 1958 ਵਿਚ ਫ਼ਿਰੋਜ਼ਖਾਨ ਨੂਨ ਦੀ ਵਜ਼ਾਰਤ ਵਿਚ ਸਿੱਖਿਆ ਅਤੇ ਕਿਰਤ ਮੰਤਰੀ ਬਣਿਆ। ਪਾਕਿਸਤਾਨ ਵਿਚ ਫ਼ੌਜੀ ਤਾਨਾਸ਼ਾਹੀ ਦੇ ਸਥਾਪਿਤ ਹੋਣ ਤੋਂ ਪਹਿਲਾਂ ਇਸ ਨੂੰ ਉਥੇ ਕਾਫ਼ੀ ਮਾਣ ਅਤੇ ਸਤਿਕਾਰ ਪ੍ਰਾਪਤ ਸੀ।

ਇਹ ਬਹੁਤ ਹੀ ਧਾਰਮਿਕ ਵਿਚਾਰਾਂ ਦਾ ਧਾਰਨੀ ਸੀ। ਜੇਲ੍ਹ ਦੌਰਾਨ ਆਪਣੇ ਬਚਪਨ ਦੀ ਗਰੀਬੀ ਅਤੇ ਉਸ ਸਮੇਂ ਦੀਆਂ ਔਕੜਾਂ ਨੂੰ ਯਾਦ ਕਰਕੇ ਇਹ ਦੁਖੀਆਂ ਅਤੇ ਲੋੜਵੰਦਾਂ ਲਈ ਬਹੁਤ ਹੀ ਮਦਦਗਾਰ ਅਤੇ ਕਿਰਪਾਲੂ ਮਨੁੱਖ ਸਾਬਤ ਹੋਇਆ।

ਸੰਨ 1965 ਵਿਚ ਇਸ ਦੀ ਮੌਤ ਹੋ ਗਈ।

ਹ. ਪੁ.—ਡਿ. ਨੈ. ਬਾ.1 : 334

ਦਾਸੂ ਅਤੇ ਦਾਤੂ : ਇਹ ਗੁਰੂ ਅੰਗਦ ਦੇਵ ਜੀ ਜਿਨ੍ਹਾਂ ਦਾ ਪਹਿਲਾ ਨਾਂ ਲਹਿਣਾ ਸੀ, ਦੇ ਪੁੱਤਰ ਸਨ। ਦਾਸੂ ਜੀ ਗੁਰੂ ਸਾਹਿਬ ਦੇ

ਵੱਡੇ ਪੁੱਤਰ ਸਨ। ਇਨ੍ਹਾਂ ਦਾ ਜਨਮ ਸੰਮਤ 1581 ਵਿਚ ਅਤੇ ਦਾਤੂ ਜੀ ਦਾ ਜਨਮ ਸੰਮਤ 1594 ਵਿਚ ਖਡੂਰ ਵਿਖੇ ਮਾਤਾ ਖੀਵੀ ਦੀ ਕੁਖੋਂ ਹੋਇਆ। ਗੁਰੂ ਅੰਗਦ ਦੇਵ ਜੀ ਦੇ ਜੋਤੀ ਜੋਤ ਸਮਾਉਣ ਉਪਰੰਤ ਉਨ੍ਹਾਂ ਦਾ ਛੋਟਾ ਪੁੱਤਰ ਦਾਤੂ ਖਡੂਰ ਵਿਖੇ ਗੁਰੂ ਗੱਦੀ ਤੇ ਬੈਠਿਆ। ਬਾਅਦ ਵਿਚ ਇਸ ਨੇ ਗੋਇੰਦਵਾਲ ਵਿਖੇ ਗੁਰੂ ਅਮਰਦਾਸ ਜੀ ਨੂੰ ਪੈਰ ਮਾਰ ਕੇ ਗੱਦੀ ਤੋਂ ਡੇਗ ਦਿੱਤਾ ਅਤੇ ਉਸ ਤੇ ਆਪ ਕਬਜ਼ਾ ਕਰ ਲਿਆ। ਜਦ ਇਹ ਸਾਰੀ ਦੌਲਤ ਊਠ ਤੇ ਲੱਦੀ ਖਡੂਰ ਸਾਹਿਬ ਵਾਪਿਸ ਆ ਰਿਹਾ ਸੀ ਤਾਂ ਡਾਕੂਆਂ ਨੇ ਊਠ ਨੂੰ ਘੇਰ ਲਿਆ ਅਤੇ ਇਸ ਦੇ ਉਸ ਪੈਰ ਉੱਤੇ ਮਾਰਿਆ ਜਿਸ ਨਾਲ ਇਸ ਨੇ ਗੁਰੂ ਸਾਹਿਬ ਜੀ ਨੂੰ ਠੋਕਰ ਮਾਰੀ ਸੀ। ਗੁਰੂ ਅਰਜਨ ਦੇਵ ਜੀ ਦੇ ਖਡੂਰ ਸਾਹਿਬ ਆਉਣ ਤੇ ਇਸ ਨੇ ਉਨ੍ਹਾਂ ਨੂੰ ਦੱਸਿਆ ਕਿ ਉਸ ਪੈਰ ਤੇ ਹਾਲੇ ਵੀ ਦਰਦ ਹੁੰਦਾ ਹੈ ਜਿਸ ਨਾਲ ਇਸ ਨੇ ਗੁਰੂ ਸਾਹਿਬ ਨੂੰ ਠੋਕਰ ਮਾਰੀ ਸੀ। ਗੁਰੂ ਅਮਰ ਦਾਸ ਜੀ ਦੇ ਅੰਤ ਸਮੇਂ ਇਹ ਉਨ੍ਹਾਂ ਕੋਲੋਂ ਮਾਫ਼ੀ ਮੰਗਣ ਗਿਆ। ਗੁਰੂ ਜੀ ਨੇ ਇਸ ਨੂੰ ਕਿਹਾ ਕਿ ਪੰਜਵੇਂ ਗੁਰੂ ਜੀ ਇਸ ਨੂੰ ਰਾਜ਼ੀ ਕਰ ਸਕਦੇ ਹਨ। ਗੁਰੂ ਜੀ ਨੇ ਇਨ੍ਹਾਂ ਦੇ ਜ਼ਖ਼ਮੀ ਪੈਰ ਤੇ ਹੱਥ ਫੇਰ ਕੇ ਇਸ ਨੂੰ ਠੀਕ ਕਰ ਦਿੱਤਾ।

ਹ.ਪੁ.—ਸੰ.ਕੋ. 173; ਮ.ਕੋ.; ਦੀ ਸਿੱਖ ਰਿਲੀਜਨ-ਮਕਾਲਫ਼

ਦਾਹ : ਇਹ ਇਕ ਕਿਸਮ ਦਾ ਰੋਗ ਹੈ ਜਿਸ ਵਿਚ ਸਰੀਰ ਤਪਦਾ ਹੈ, ਬਹੁਤ ਪਿਆਸ ਲਗਦੀ ਹੈ ਤੇ ਗਲ ਸੁਕਦਾ ਹੈ। ਇਸ ਤੋਂ ਇਲਾਵਾ ਦਿਲ ਘਬਰਾਉਂਦਾ ਹੈ, ਚੱਕਰ ਆਉਂਦੇ ਹਨ ਤੇ ਕੁਝ ਖਾਣ-ਪੀਣ ਨੂੰ ਦਿਲ ਨਹੀਂ ਕਰਦਾ। ਇਹ ਕਈ ਬੀਮਾਰੀਆਂ ਦਾ ਵੀ ਲੱਛਣ ਹੋ ਸਕਦਾ ਹੈ ਪਰ ਇਸ ਦੇ ਆਪਣੇ ਆਪ ਵਿਚ ਵੀ ਕੁਝ ਖ਼ਾਸ ਕਾਰਨ ਹੁੰਦੇ ਹਨ ਜਿਵੇਂ ਕਿ ਸਰੀਰ ਵਿਚ ਗਰਮੀ ਵਧਣਾ, ਜ਼ਿਆਦਾ ਮਿਹਨਤ ਤੇ ਥਕਾਵਟ ਵਾਲਾ ਕੰਮ ਕਰਨਾ, ਭੁੱਖੇ ਪੇਟ ਵਰਤ ਰਖਣਾ, ਪਿਆਸ ਰੋਕ ਕੇ ਰਖਣਾ, ਜ਼ਿਆਦਾ ਸ਼ਰਾਬ ਪੀਣਾ, ਬਹੁਤਾ ਭੋਗ ਕਰਨਾ, ਸਰੀਰ ਦੇ ਨਰਮ ਅੰਗਾਂ ਤੇ ਸੱਟ ਲੱਗਣਾ ਆਦਿ।

ਦਾਹ ਰੋਗ ਤੋਂ ਛੁਟਕਾਰਾ ਪਾਉਣ ਦੇ ਕੁਝ ਤਰੀਕੇ ਇਸ ਤਰ੍ਹਾਂ ਹਨ—ਜ਼ਿਆਦਾ ਚਟਪਟੇ ਤੇ ਭਾਰੇ ਖਾਣੇ ਨਾ ਖਾਣਾ, ਗੁਲਾਬ ਦਾ ਅਰਕ, ਕਿਉੜਾ, ਬੇਦਮੁਸ਼ਕ ਚੰਦਨ ਦੇ ਮੂੰਹ ਤੇ ਛਿੱਟੇ ਮਾਰਨ ਅਤੇ ਪੀਣਾ, ਨਿੰਬੂ, ਸੰਗਤਰਾ, ਅਨਾਰ ਆਦਿ ਦਾ ਸੇਵਨ ਕਰਨਾ, ਅਜਿਹੀਆਂ ਚੀਜਾਂ ਦਾ ਇਸਤੇਮਾਲ ਕਰਨਾ ਜਿਸ ਨਾਲ ਪੇਟ ਸਾਫ਼ ਰਹੇ, ਆਉਲੇ, ਬੇਰ ਦੀ ਛਿੱਲ ਦੇ ਪਾਣੀ ਵਿਚ ਚੰਦਨ ਘਸਾ ਕੇ ਸਰੀਰ ਉੱਤੇ ਲੇਪ ਕਰਨਾ, ਕੌਲ ਫੁੱਲ ਅਤੇ ਕੇਲੇ ਦੇ ਪੱਤਿਆਂ ਤੇ ਲੇਟਣਾ, ਨਹਿਰ, ਨਦੀ ਜਾਂ ਕਿਸੇ ਹੋਰ ਪਾਣੀ ਦੇ ਨੇੜੇ ਬੈਠਣਾ ਆਦਿ।

ਦਾਹ ਸੰਸਕਾਰ : ਹਿੰਦੂ ਮਰਿਆਦਾ ਅਤੇ ਸ਼ਾਸਤਰਾਂ ਅਨੁਸਾਰ ਮਰਨ ਤੋਂ ਬਾਅਦ ਮੁਰਦੇ ਨੂੰ ਮਰਘਟ ਵਿਚ ਅਗਨ-ਭੇਟ ਕੀਤਾ ਜਾਂਦਾ ਹੈ ਇਸੇ ਨੂੰ ਦਾਹ ਸੰਸਕਾਰ ਕਿਹਾ ਜਾਂਦਾ ਹੈ। ਇਹ ਰੀਤੀ ਵਧੇਰੇ ਕਰਕੇ ਭਾਰਤ ਵਿਚ ਪ੍ਰਚਲਿੱਤ ਹੈ। ਜਦੋਂ ਅਰਥੀ ਸ਼ਮਸ਼ਾਨ ਘਾਟ ਵਿਚ ਪਹੁੰਚਦੀ ਹੈ ਤਾਂ ਮੁਰਦੇ ਨੂੰ ਲੱਕੜਾਂ ਉੱਤੇ ਪਾ ਕੇ ਉਪਰ ਹੋਰ ਲੱਕੜਾਂ ਟਿਕਾ ਦਿੱਤੀਆਂ ਜਾਂਦੀਆਂ ਹਨ। ਮੁਰਦੇ ਦੇ ਪੈਰ ਦੱਖਣ ਵੱਲ ਭਾਵ ਜਮ ਦੀ ਨਗਰੀ ਵੱਲ ਕੀਤੇ ਜਾਂਦੇ ਹਨ ਤਾਂ ਜੋ ਮ੍ਰਿਤਕ ਦੀ ਆਤਮਾ ਸਿੱਧੀ ਜਮਪੁਰੀ ਵੱਲ ਪਧਾਰੇ ਤੇ ਭਟਕੇ ਨਾ। ਮੁਰਦੇ ਦੇ ਮੂੰਹ ਨੱਕ ਅਤੇ ਅੱਖ ਵਿਚ ਘਿਉ ਤੇ ਦਹੀਂ ਜਾਂ ਘਿਉ ਅਤੇ ਚੰਦਨ ਆਦਿ ਪਾਏ ਜਾਂਦੇ ਹਨ। ਫਿਰ ਇਕ ਪੂਲੇ ਨੂੰ ਅੱਗ ਲਗਾ ਕੇ ਮ੍ਰਿਤਕ ਦਾ ਵੱਡਾ ਪੁੱਤਰ ਚਿਖਾ ਦੁਆਲੇ ਪੁਠੀ ਪਰਿਕਰਮਾ ਕਰਕੇ ਚਿਖਾ ਨੂੰ ਦਾਹ ਦਿਖਦਾ ਹੈ। ਅੱਗ ਦਾਗਣ ਤੋਂ ਪਹਿਲਾਂ ਸਿੱਖਾਂ ਵਿਚ ਜਪੁਜੀ ਸਾਹਿਬ ਦਾ ਪਾਠ ਕੀਤਾ ਜਾਂਦਾ ਹੈ। ਹਿੰਦੂ ਇਸ ਸਮੇਂ ਹਵਨ ਕਰਦੇ ਹਨ। ਦਾਹ ਸੰਸਕਾਰ ਮਗਰੋਂ ਕਪਾਲ ਕਿਰਿਆ ਕੀਤੀ ਜਾਂਦੀ ਹੈ ਜਿਸ ਮਗਰੋਂ ਅਰਥੀ ਨਾਲ ਆਏ ਲੋਕ ਵਾਪਸ ਚੱਲ ਪੈਂਦੇ ਹਨ। ਕਈ ਭਾਈਚਾਰੇ ਦਾਹ ਸੰਸਕਾਰ ਸਮੇਂ ਹੀ ਤਿਨਕਾ ਤੋੜਨ ਦੀ ਰਸਮ ਕਰਦੇ ਹਨ ਅਤੇ ਘਾਹ ਦਾ ਤੀਲਾ ਤੋੜ ਕੇ ਅੱਗ ਵਿਚ ਪਾਉਂਦੇ ਹਨ। ਕਈ ਭਾਈਚਾਰੇ ਰਾਹ ਵਿਚ ਕਿਸੇ ਨਦੀ ਤੇ ਇਸ਼ਨਾਨ ਕਰਨ ਮਗਰੋਂ ਚਿਖਾ ਵੱਲ ਮੂੰਹ ਕਰਕੇ ਤਿਨਕਾ ਤੋੜ ਕੇ ਸੁਟਦੇ ਹਨ।

ਰਮਾਇਣ ਦੇ ਛੇਵੇਂ ਸਰਗ ਵਿਚ ਦਾਹ ਸੰਸਕਾਰ ਦੀ ਵਿਧੀ ਇਸ ਪ੍ਰਕਾਰ ਲਿਖੀ ਗਈ ਹੈ—ਦੱਖਣ ਪੂਰਬ ਦੀ ਕੋਣ ਵਿਚ ਵੇਦੀ ਰੱਖ ਕੇ ਅਗਨੀ ਸਥਾਪਤ ਕਰਨੀ, ਉਸ ਉਪਰ ਪਿਤਾ ਦਾ ਸਰੀਰ ਰੱਖ ਕੇ ਦਹੀਂ ਪਾਉਣਾ, ਮੁਰਦੇ ਦੇ ਕੰਨ ਉੱਤੇ ਘੀ ਦੀ ਕੜਛੀ ਪਾ ਕੇ ਪੈਰਾਂ ਉਪਰ ਗੱਡਾ, ਜੰਘਾ ਤੇ ਉੱਖਲ ਅਤੇ ਮੂਸਲ ਰਖਣਾ, ਅਤੇ ਪਸ਼ੂ ਦੀ ਬਲੀ ਦੇ ਕੇ ਦਾਹ ਕਿਰਿਆ ਕਰਨੀ, ਦਾਹ ਸੰਸਕਾਰ ਹੈ।

ਸਮੇਂ ਸਮੇਂ ਤੇ ਇਸ ਰਸਮ ਵਿਚ ਕੁਝ ਤਬਦੀਲੀਆਂ ਵੀ ਆਉਂਦੀਆਂ ਰਹੀਆਂ ਹਨ ਅਤੇ ਅੱਜਕੱਲ੍ਹ ਭਾਰਤ ਦੇ ਵੱਡੇ ਵੱਡੇ ਨਗਰਾਂ ਵਿਚ ਆਬਾਦੀ ਦੀ ਬਹੁਤਾਤ ਕਰ ਕੇ ਮੁਰਦੇ ਬਿਜਲੀ ਦੇ ਕਰੰਟ ਨਾਲ ਵੀ ਸਾੜੇ ਜਾਂਦੇ ਹਨ।

ਹ.ਪੁ.—ਪੰ. ਲੋ. ਵਿ.ਕੋ. : 1544; ਮ. ਕੋ.

ਦਾਹਰ (ਦਾਹਿਰ) : ਇਹ ਸੱਤਵੀਂ ਸਦੀ ਦੇ ਅੰਤਲੇ ਦਹਾ-ਕਿਆਂ ਦੇ ਪੱਛਮੀ ਭਾਰਤ ਵਿਚ ਸਿੰਧ ਦਾ ਇਕ ਬਹਾਦਰ ਅਤੇ ਸਾਹਸੀ ਰਾਜਾ ਸੀ ਜਿਹੜਾ 679 ਈ. ਵਿਚ ਸਿੰਧ ਦੀ ਰਾਜ ਗੱਦੀ ਤੇ ਬੈਠਾ। ਰਾਜ ਦੀ ਦੇਬਲ ਬੰਦਰਗਾਹ ਉੱਤੇ ਇਕ ਵਾਰੀ ਸਮੁੰਦਰੀ ਡਾਕੂਆਂ ਨੇ ਅਰਬ ਦਾ ਇਕ ਜਹਾਜ਼ ਲੁੱਟ ਲਿਆ ਜਿਸ ਤੇ ਇਰਾਕ ਦੇ ਬਾਦਸ਼ਾਹ, ਹੱਜਾਜ ਨੇ ਦਾਹਰ ਨੂੰ ਇਸ ਬਾਰੇ ਸ਼ਿਕਾਇਤ ਕੀਤੀ ਅਤੇ ਅੱਗੋਂ ਇਸ ਨੇ ਜਵਾਬ ਵਿਚ ਦੱਸਿਆ ਕਿ ਸਮੁੰਦਰੀ ਡਾਕੂ ਉਸ ਦੇ ਹੁਕਮ ਤੋਂ ਬਾਹਰ ਸਨ। ਇਸ ਦੇ ਇਹ ਜਵਾਬ ਤੋਂ ਗੁੱਸੇ ਹੋ ਕੇ ਖਲੀਫ਼ੇ ਨੇ ਸਿੰਧ ਵਿਰੁੱਧ ਜਹਾਦ ਦਾ ਐਲਾਨ ਕਰ ਦਿੱਤਾ। ਮੁਹੰਮਦ ਬਿਨ ਕਾਸਿਮ ਦੀ ਅਗਵਾਈ ਹੇਠ ਅਰਬੀ ਫ਼ੌਜ ਜਲ ਅਤੇ ਥਲ ਦੋਹਾਂ ਰਸਤਿਆਂ ਤੋਂ ਦੇਬਲ ਪਹੁੰਚੀ ਅਤੇ ਉਥੇ ਕਾਫ਼ੀ ਖ਼ੂਨ ਖਰਾਬੇ ਤੋਂ ਉਪਰੰਤ ਪਹਿਲਾਂ ਬੰਦਰਗਾਹ ਉਪਰ ਅਤੇ ਫਿਰ ਨਿਰੂਨ ਦੇ ਕਿਲੇ ਤੇ ਵੀ ਕਬਜ਼ਾ ਕਰ ਲਿਆ। ਉਥੋਂ ਦੇ ਬੋਧੀ ਅਧਿਕਾਰੀ ਨੇ ਵਿਰੋਧ ਕਰਨ ਦੀ ਜਗ੍ਹਾ ਮੁਸਲਮਾਨਾਂ ਨੂੰ ਕਾਫੀ ਧਨ ਅਤੇ ਖਾਣ ਪੀਣ ਦੀ ਸਮਗਰੀ ਪਹੁੰਚਾਈ। ਬੋਧੀ ਵਸੋਂ ਦੀ ਅਜਿਹੀ ਕਾਇਰਤਾ ਕਾਰਨ ਸ਼ਿਵਸਤਾਨ ਦਾ ਇਲਾਕਾ ਵੀ ਮੁਸਲਮਾਨਾਂ ਦੇ ਕਬਜ਼ੇ ਹੇਠ ਆ ਗਿਆ। ਉੱਪਰ ਸਿੰਧ ਦੇ ਕੇਂਦਰੀ ਦੀਪ ਦਾ ਅਧਿਕਾਰੀ ਵੀ ਮੁਸਲਮਾਨਾਂ ਦੇ ਨਾਲ ਰਲ ਗਿਆ ਅਤੇ ਦੂਜੇ ਜਾਟਾਂ ਅਤੇ ਠਾਕੁਰਾਂ ਦੀ ਸਹਾਇਤਾ ਨਾਲ ਮੁਹੰਮਦ ਬਿਨ ਕਾਸਿਮ ਸਿੰਧ ਪਾਰ ਕਰਨ ਵਿਚ ਸਫਲ ਹੋ ਗਿਆ। 20 ਜੂਨ, 712 ਨੂੰ ਰਾਵਰ ਵਿਖੇ ਇਸ ਦਾ ਅਰਬੀ ਫੌਜ ਨਾਲ ਯੁੱਧ ਹੋਇਆ। 'ਦਾਹਰ' ਬੜੀ ਬਹਾਦਰੀ ਨਾਲ ਲੜਦਿਆਂ ਜ਼ਖ਼ਮੀ ਹੋ ਕੇ ਹਾਥੀ ਉਪਰੋਂ ਡਿਗ ਪਿਆ ਪਰ ਫਿਰ ਵੀ ਇਹ ਲੜਦਾ ਲੜਦਾ ਰਣ-ਭੂਮੀ ਵਿਚ ਆਪਣੇ ਪ੍ਰਾਣ ਤਿਆਗ ਗਿਆ। ਮੌਤ ਦੀ ਖ਼ਬਰ ਸੁਣਦਿਆਂ ਹੀ ਇਸ ਦੀ ਫ਼ੌਜ ਮੈਦਾਨ ਛੱਡ ਕੇ ਭੱਜ ਗਈ ਅਤੇ ਸਿੰਧ ਉਪਰ ਅਰਬਾਂ ਦਾ ਕਬਜ਼ਾ ਹੋ ਗਿਆ। ਦਾਹਰ ਤੋਂ ਪਿੱਛੋਂ ਸਿੰਧ ਦਾ ਇਤਿਹਾਸ ਫੁੱਟ, ਧੋਖੇਬਾਜ਼ੀ ਤੇ ਲੜਾਈ ਝਗੜੇ ਦੀਆਂ ਘਟਨਾਵਾਂ ਨਾਲ ਭਰਪੂਰ ਰਿਹਾ।

ਹ. ਪੁ.-ਹਿੰ. ਵਿ. ਕੋ. 6 : 43

ਦਾਹਰ ਝੀਲ : ਇਹ ਉੱਤਰ ਪ੍ਰਦੇਸ਼ ਰਾਜ ਦੇ ਹਰਦੋਈ ਜ਼ਿਲ੍ਹੇ ਦੀ ਇਕ ਝੀਲ ਹੈ ਜਿਸ ਦੇ ਕੰਢਿਆਂ ਉੱਤੇ ਵਧੀਆ ਕਿਸਮ ਦੇ ਅੰਬਾਂ

ਦੇ ਝੁੰਡ ਹਨ ਅਤੇ ਇਸ ਦੇ ਪਾਣੀ ਵਿਚ ਕਮਲ ਦੇ ਪੱਤੇ ਤੈਰਦੇ ਦਿਖਾਈ ਦਿੰਦੇ ਹਨ। ਇਹ 3 ਕਿ. ਮੀ. ਲੰਬੀ ਅਤੇ ਇਕ ਕਿ. ਮੀ. ਚੌੜੀ ਹੈ। ਇਸ ਝੀਲ ਵਿਚ ਮੱਛੀਆਂ ਬਹੁਤ ਹਨ। ਸਰਦੀਆਂ ਦੇ ਮੌਸਮ ਵਿਚ ਪਰਵਾਸੀ ਜਲ ਪੰਛੀ ਵੀ ਇਥੇ ਆਮ ਦਿਖਾਈ ਦਿੰਦੇ ਹਨ। ਇਹ ਝੀਲ ਜਿਹੜੀ ਕਿ ਇਕ ਨਿਵਾਣ ਵਿਚ ਸਥਿਤ ਹੈ, ਆਮ ਤੌਰ ਤੇ ਰਾਮਗੰਗਾ ਨਦੀ ਦੇ ਪੁਰਾਣੇ ਜ਼ਖੀਰੇ ਦਾ ਇਕ ਹਿੱਸਾ ਸੀ ਪਰ ਹੁਣ ਇਹ ਨਦੀ ਇਸ ਦੇ ਪੱਛਮ ਵਿਚ ਕੁਝ ਦੂਰੀ ਤੋਂ ਲੰਘਦੀ ਹੈ।

27° 19′ ਉ. ਵਿਥ. ; 70° 58′ ਪੂ. ਲੰਬ.

ਹ. ਪੁ.-ਇੰਪ. ਗ. ਇੰ. 11 : 122

ਦਾਹਰਾਨ : ਉੱਤਰ-ਪੂਰਬੀ ਸਾਉਦੀ ਅਰਬ ਦੇ ਅਸ਼-ਸਰਕੀਆਹ ਪ੍ਰਾਂਤ ਵਿਚ ਇਹ ਇਕ ਸ਼ਹਿਰ ਹੈ। ਅਰਬੀ ਭਾਸ਼ਾ ਵਿਚ ਇਸ ਨੂੰ ਆਜ਼ ਜ਼ਰਾਨ ਕਿਹਾ ਜਾਂਦਾ ਹੈ। ਇਹ ਸ਼ਹਿਰ ਦਮਾਮ ਤੇਲ ਖੇਤਰ ਦੇ ਬਿਲਕੁਲ ਦੱਖਣ ਵੱਲ ਸਥਿਤ ਹੈ। ਇਸ ਸ਼ਹਿਰ ਨੇ 1938 ਈ. ਵਿਚ ਜਿਸ ਸਥਾਨ ਤੋਂ ਸਾਉਦੀ ਅਰਬ ਵਿਚ ਤੇਲ ਦੀ ਖੋਜ ਆਰੰਭ ਹੋਈ ਸੀ, ਦੇ ਨੇੜੇ ਹੀ ਅੱਜਕੱਲ੍ਹ ਇਕ ਨਵੇਂ ਸ਼ਹਿਰ ਦਾ ਰੂਪ ਧਾਰਨ ਕਰ ਲਿਆ ਹੈ ਅਤੇ ਅਰਬੀ ਅਮਰੀਕੀ ਤੇਲ ਕੰਪਨੀ ਦੇ ਇਕ ਪ੍ਰਬੰਧਕੀ ਸਦਰ ਮੁਕਾਮ ਵਜੋਂ ਸੇਵਾਵਾਂ ਮੁਹੱਈਆ ਕਰ ਰਿਹਾ ਹੈ। ਸੰਨ 1945 ਵਿਚ ਇਥੇ ਸਯੁੰਕਤ ਰਾਜ ਦਾ ਫ਼ੌਜੀ ਹਵਾਈ ਅੱਡਾ ਬਣਾਇਆ ਗਿਆ ਸੀ ਜੋ ਕਿ ਨਿਰੰਤਰ ਤੌਰ ਤੇ ਵਰਤਿਆ ਜਾ ਰਿਹਾ ਹੈ। ਇਸ ਸ਼ਹਿਰ ਵਿਚ ਪੈਟਰੋਲੀਅਮ ਕੱਢਣ ਤੇ ਉਸ ਦੀ ਜਹਾਜ਼ ਰਾਹੀਂ ਢੋ-ਢੁਆਈ ਕਰਨ ਦੀਆਂ ਸਹੂਲਤਾਂ ਵੀ ਉਪਲਬਧ ਹਨ। ਇਥੇ ਇਕ ਆਧੁਨਿਕ ਅੰਤਰਰਾਸ਼ਟਰੀ ਹਵਾਈ ਅੱਡਾ ਹੈ। ਇਥੋਂ ਰਿਯਾਦ ਅਤੇ ਅਦ ਦਮਾਮ ਨਾਂ ਦੀ ਫ਼ਰਾਂਸ ਦੀ ਖਾੜੀ ਦੀ ਇਕ ਬੰਦਰਗਾਹ ਨੂੰ ਰੇਲਾਂ ਵੀ ਜਾਂਦੀਆਂ ਹਨ। ਸੰਨ 1963 ਵਿਚ ਇਥੇ ਸਰਕਾਰ ਦੀ ਸਰਪ੍ਰਸਤੀ ਹੇਠ ਇਕ 'ਪੈਟਰੋਲੀਅਮ ਅਤੇ ਖਣਿਜ ਪਦਾਰਥ ਕਾਲਜ' ਦੀ ਨੀਂਹ ਰੱਖੀ ਗਈ ਸੀ। ਇਸ ਸ਼ਹਿਰ ਵਿਚ ਆਧੁਨਿਕ ਇਮਾਰਤਾਂ, ਬਾਗ ਅਤੇ ਮਨੋਰੰਜਨ ਲਈ ਕਈ ਥਾਵਾਂ ਵੀ ਬਣੀਆਂ ਹੋਈਆਂ ਹਨ।

26° 31′ ਉ. ਵਿਥ. ; 50° 00′ ਪੂ. ਲੰਬ.

ਹ. ਪੁ.-ਐਨ. ਬ੍ਰਿ. 7 : 348. ; ਐਨ. ਬ੍ਰਿ. ਮਾ. 12 : 886

ਦਾਕਸਟਾਈਨ : ਇਹ ਪੱਛਮ-ਕੇਂਦਰੀ ਆਸਟ੍ਰੀਆ ਵਿਚ ਪੂਰਬ ਤੋਂ ਪੱਛਮ ਤਕ ਫੈਲੇ ਹੋਏ ਐਲਪਸ ਪਰਬਤਾਂ ਦੇ ਉੱਤਰ ਵਿਚ, ਚੂਨੇ ਦੇ ਪੱਥਰਾਂ ਨਾਲ ਬਣੀ ਇਸੇ ਨਾਂ ਦੀ ਪਰਬਤ-ਲੜੀ ਦੀ ਇਕ ਸਭ ਤੋਂ ਉੱਚੀ ਪਠਾਰ ਹੈ। ਇਸ ਦੀ ਉੱਚਾਈ ਲਗਭਗ 3,048 ਮੀ. (10,000 ਫੁੱਟ) ਹੈ। ਇਹ ਉੱਤਰ ਵਿਚ ਹੈਲਸਟਾਟ ਅਤੇ ਦੱਖਣ ਵਿਚ ਸ਼ਲੈਡਮਿੰਗ ਤਕ ਫੈਲੀ ਹੋਈ ਹੈ। ਇਸ ਦੇ ਚਾਰੇ ਪਾਸੇ, ਲੰਬੇ ਚੌੜੇ ਮੈਦਾਨ, ਘਾਟੀਆਂ, ਜੰਗਲਾਂ ਅਤੇ ਬਰਫ਼ ਨਾਲ ਢਕੀਆਂ ਪਰਬਤੀ ਚੋਟੀਆਂ ਹਨ। ਇਥੋਂ ਦੇ ਮਨਮੋਹਕ ਨਜ਼ਾਰਿਆਂ ਕਾਰਨ ਸੈਲਾਨੀ ਦੂਰੋਂ ਦੂਰੋਂ ਆਪਣੇ ਮਨ ਪਰਚਾਵੇ ਲਈ ਇਥੇ ਆਉਂਦੇ ਹਨ। ਇਸੇ ਕਰ ਕੇ ਆਸਟ੍ਰੀਆ ਸਰਕਾਰ ਨੇ ਇਸ ਦੇ ਵਿਕਾਸ ਵੱਲ ਵਿਸ਼ੇਸ਼ ਧਿਆਨ ਦੇਣਾ ਸ਼ੁਰੂ ਕੀਤਾ ਹੋਇਆ ਹੈ। ਸੰਨ 1947 ਵਿਚ ਸੈਲਾਨੀਆਂ ਲਈ ਵਧੇਰੇ ਖਿੱਚ ਕਰਨ ਲਈ ਇਸ ਦੇ ਆਲੇ-ਦੁਆਲੇ ਨੂੰ ਸੁੰਦਰ ਬਣਾਉਣ ਦੇ ਕਾਫ਼ੀ ਯਤਨ ਕੀਤੇ ਗਏ। ਸਵਿਟਜ਼ਰਲੈਂਡ ਵਾਂਗ ਇਥੇ ਵੀ ਸੈਲਾਨੀਆਂ ਦੀ ਦੇਖ-ਭਾਲ ਅਤੇ ਹੋਰ ਕਈ ਤਰ੍ਹਾਂ ਦੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਇਹ ਸਥਾਨ ਸਰਕਾਰ ਲਈ ਬਦੇਸ਼ੀ ਮੁਦਰਾ ਪ੍ਰਾਪਤ ਕਰਨ ਦਾ ਅਤੇ ਆਰਥਿਕਤਾ ਦਾ ਵਧੀਆ ਸਾਧਨ ਹੈ।

ਹ. ਪੁ.- ਹਿੰ. ਵਿ.ਕੋ. 6 : 23; ਜਗ. ਡਿ.

ਦਾਖ : ਇਸ ਨੂੰ ਸੰਸਕ੍ਰਿਤ ਵਿਚ ਦਰਾਕਸ਼ਾ ਆਖਦੇ ਹਨ। ਇਸ ਦਾ ਹਿੰਦੀ ਨਾਂ ਦਾਖ ਜਾਂ ਅੰਗੂਰ ਹੈ। ਇਹ ਸੁੱਕੇ ਅੰਗੂਰ ਦੀ ਇਕ ਕਿਸਮ ਹੈ। ਜਿਸ ਦਾ ਬਨਸਪਤੀ ਵਿਗਿਆਨਕ ਨਾਂ ਵਾਈਟਿਸ ਵਿਨੀਫੈਰਾ ਹੈ। ਇਹ ਵਾਈਟੇਸੀ ਕੁਲ ਨਾਲ ਸਬੰਧ ਰਖਦਾ ਹੈ। ਸਾਰੇ ਸੰਸਾਰ ਵਿਚ ਅੰਗੂਰਾਂ ਦੀ ਮੁੱਖ ਕਿਸਮ ਵਾਈਟਿਸ ਵਿਨੀਫੈਰਾ ਹੈ। ਇਸ ਤੋਂ ਇਲਾਵਾ ਯੂਰਪ ਵਿਚ ਕੁਝ ਹੋਰ ਕਿਸਮਾਂ ਵਾਈਟਿਸ ਲੇਬਰਾਸਕਾ (V. labrusea), ਵਾਈਟਿਸ ਏਸਟੀਵੇਲਿਸ (Vitis aestivalis), ਵਾਈਟਿਸ ਸਿਨੇਰੀਆ (Vitis cinerea) ਆਦਿ ਹਨ। ਅਮਰੀਕਾ ਵਿਚ ਇਸ ਤੋਂ ਇਲਾਵਾ ਵੀ ਹੋਰ ਬਹੁਤ ਸਾਰੀਆਂ ਕਿਸਮਾਂ ਲਗਾਈਆਂ ਜਾਂਦੀਆਂ ਹਨ। ਅਮਰੀਕਾ ਅੰਗੂਰਾਂ ਦੀ ਪੈਦਾਵਾਰ ਵਿਚ ਮੋਹਰੀ ਹੈ। ਵਿਸ਼ੇਸ਼ ਤੌਰ ਤੇ ਕੈਲੀਫ਼ੋਰਨੀਆ ਦਾ ਇਲਾਕਾ ਇਸ ਲਈ ਪ੍ਰਸਿੱਧ ਹੈ। ਕੈਲੀਫ਼ੋਰਨੀਆ ਵਿਚ ਵਾਈਟਿਸ ਵਿਨੀਫੈਰਾ ਦੀ ਕਿਸਮ ਹੀ ਮੁੱਖ ਤੌਰ ਤੇ ਬੀਜੀ ਜਾਂਦੀ ਹੈ। ਭਾਰਤ ਵਿਚ ਵੀ ਮੁੱਖ ਤੌਰ ਤੇ ਵਾਈਟਿਸ ਵਿਨੀਫੈਰਾ ਦੀ ਹੀ ਖੇਤੀ ਕੀਤੀ ਜਾਂਦੀ ਹੈ।

ਇਸ ਦੀ ਵੇਲ ਹੁੰਦੀ ਹੈ। ਇਸ ਦੇ ਪੱਤੇ 6-15 ਸੈਂ.ਮੀ. ਤਕ ਲੰਬੇ ਚੌੜੇ ਆਮ ਤੌਰ ਤੇ ਦਿਲ ਦੇ ਆਕਾਰ ਦੇ ਅਤੇ ਤਿੰਨ ਤੋਂ ਸੱਤ ਕੋਣਾਂ ਵਿਚ ਖੰਡਿਤ ਹੁੰਦੇ ਹਨ। ਇਨ੍ਹਾਂ ਉੱਤੇ ਛੋਟੇ-ਛੋਟੇ ਨਰਮ ਰੋਮ ਹੁੰਦੇ ਹਨ। ਫੁੱਲ ਹਰੇ ਰੰਗ ਦੇ ਅਤੇ ਗੁੱਛਿਆਂ ਵਿਚ ਲਗਦੇ ਹਨ। ਫ਼ਲ ਵਿਚ ਤਿੰਨ ਤੋਂ ਪੰਜ ਬੀਜ ਹੁੰਦੇ ਹਨ।

ਭਾਰਤ ਵਿਚ ਅੰਗੂਰਾਂ ਦੀ ਖੇਤੀ ਵੱਡੇ ਪੱਧਰ ਤੇ ਦੋ ਵੱਖੋ ਵੱਖਰੇ ਮੌਸਮਾਂ ਵਾਲੇ ਪ੍ਰਦੇਸ਼ਾਂ ਵਿਚ ਕੀਤੀ ਜਾਂਦੀ ਹੈ। ਅਨੁਕੂਲ ਹਾਲਤਾਂ ਵਿਚ ਅੰਗੂਰ ਗਰਮ ਮੈਦਾਨੀ ਇਲਾਕਿਆਂ ਤੋਂ ਲੈ ਕੇ 3,000 ਮੀ. ਦੀ ਉਚਾਈ ਤਕ ਦੇ ਇਲਾਕਿਆਂ ਵਿਚ ਬੀਜੇ ਜਾ ਸਕਦੇ ਹਨ। ਸ਼ਰਤ ਇਹ ਹੈ ਇਨ੍ਹਾਂ ਇਲਾਕਿਆਂ ਵਿਚ ਔਸਤਨ ਸਲਾਨਾ ਮੀਂਹ ਸੌ ਸੈਂ. ਮੀ. ਦੇ ਨੇੜੇ ਹੋਣਾ ਚਾਹੀਦਾ ਹੈ। ਦੱਖਣੀ ਭਾਰਤ ਵਿਚ ਮਹਾਰਾਸ਼ਟਰ, ਕਰਨਾਟਕ, ਆਂਧਰਾ ਪ੍ਰਦੇਸ਼ ਅਤੇ ਤਮਿਲਨਾਡੂ ਅਤੇ ਉੱਤਰੀ ਭਾਰਤ ਦੇ ਮੈਦਾਨੀ ਇਲਾਕਿਆਂ ਪੰਜਾਬ, ਹਰਿਆਣਾ ਅਤੇ ਦਿੱਲੀ ਵਿਚ ਇਸ ਦੀ ਖੇਤੀ ਹੁੰਦੀ ਹੈ। ਜੰਮੂ ਤੇ ਕਸ਼ਮੀਰ, ਹਿਮਾਚਲ ਪ੍ਰਦੇਸ਼, ਉੱਤਰ-ਪ੍ਰਦੇਸ਼ , ਮੱਧ-ਪ੍ਰਦੇਸ਼ ਅਤੇ ਰਾਜਸਥਾਨ ਵਿਚ ਵੀ ਇਸ ਦੀ ਖੇਤੀ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਪੰਜਾਬ ਵਿਚ ਬਠਿੰਡਾ ਜ਼ਿਲ੍ਹਾ ਵਿਸ਼ੇਸ਼ ਤੌਰ ਤੇ ਅੰਗੂਰਾਂ ਦੀ ਖੇਤੀ ਲਈ ਪ੍ਰਸਿੱਧ ਹੈ। ਇਥੇ ਅੰਗੂਰਾਂ ਦੇ ਵੱਡੇ ਵੱਡੇ ਬਾਗ਼ ਹਨ।

ਅੰਗੂਰਾਂ ਦੀ ਵਰਤੋਂ ਬਹਤੁ ਪੁਰਾਣੇ ਸਮੇਂ ਤੋਂ ਹੁੰਦੀ ਆ ਰਹੀ ਹੈ। ਇਸ ਦੇ ਬਹੁਤ ਇਤਿਹਾਸਕ ਪ੍ਰਮਾਣ ਮਿਲਦੇ ਹਨ। ਪੱਥਰਾਂ ਵਿਚ ਇਨ੍ਹਾਂ ਦੇ ਪੱਤਿਆਂ ਦੇ ਅਵਸ਼ੇਸ਼ (ਫ਼ਾੱਸਿਲ) ਅਤੇ ਖੁਦਾਈ ਵਿਚ ਬੀਜ ਮਿਲੇ ਹਨ। ਇਹ ਪ੍ਰਮਾਣ ਯੂਰਪ ਵਿਚ ਇੰਗਲੈਂਡ, ਆਈਸਲੈਂਡ ਅਤੇ ਉੱਤਰੀ ਅਮਰੀਕਾ ਵਿਚ ਮਿਲੇ ਹਨ। ਸਵਿਟਜ਼ਰਲੈਂਡ ਵਿਚ ਕਾਂਸੀ ਯੁੱਗ ਦੇ ਅਵਸ਼ੇਸ਼ਾਂ ਵਿਚ ਅੰਗੂਰਾਂ ਦੇ ਬੀਜ ਵੀ ਮਿਲੇ ਹਨ। ਇਸ ਤੋਂ ਇਲਾਵਾ ਮਿਸਰ ਵਿਚ ਮਿਲਣ ਵਾਲੀਆਂ ਮਮੀਆਂ ਦੇ ਨਾਲ ਵੀ ਅੰਗੂਰਾਂ ਦੇ ਬੀਜਾਂ ਨਾਲ ਮਿਲਦੇ ਜੁਲਦੇ ਬੀਜ ਮਿਲੇ ਹਨ। ਮਿਸਰ ਦੀਆਂ 2400 ਈ. ਪੂਰਵ ਦੀਆਂ ਲਿਖਤਾਂ ਵਿਚ ਵੀ ਅੰਗੂਰਾਂ ਤੋਂ ਸ਼ਰਾਬ ਬਣਾਉਣ ਦੇ ਪ੍ਰਮਾਣ ਮਿਲਦੇ ਹਨ। ਪਹਿਲੀ ਸਦੀ ਵਿਚ ਭਾਰਤ ਵਿਚ ਹੋਏ ਰਿਸ਼ੀਆਂ ਚਰਕ ਅਤੇ ਸ਼ੁਸ਼ਰਤ ਦੀਆਂ ਲਿਖਤਾਂ ਵਿਚ ਵੀ ਅੰਗੂਰਾਂ ਦਾ ਵਰਨਣ ਮਿਲਦਾ ਹੈ ਪਰੰਤੂ ਇਨ੍ਹਾਂ ਦੀ ਖੇਤੀ ਦਾ ਵਰਨਣ ਇੰਨਾ ਨਹੀਂ ਮਿਲਦਾ। ਅੱਜ ਅੰਗੂਰਾਂ ਦੀਆਂ 50 ਤੋਂ ਵੱਧ ਕਿਸਮਾਂ ਮਿਲਦੀਆਂ ਹਨ ਪਰੰਤੂ ਵਾਈਟਿਸ ਵਿਨੀਫੈਰਾ ਹੀ ਮੁੱਖ ਕਿਸਮ ਹੈ, ਬਾਕੀ ਸਾਰੀਆਂ ਕਿਸਮਾਂ ਇਸੇ ਤੋਂ ਹੀ ਬਣੀਆਂ ਹਨ। ਸਭ ਤੋਂ ਪਹਿਲਾਂ ਅੰਗੂਰਾਂ ਦੀ ਖੇਤੀ ਏਸ਼ੀਆ ਮਾਈਨਰ ਵਿਚ ਸ਼ੁਰੂ ਹੋਈ।

ਏਸ਼ੀਆ ਮਾਈਨਰ ਤੋਂ ਇਹ ਪੂਰਬ ਤੇ ਪੱਛਮ ਵਲ ਫ਼ੈਲੀ। ਪੂਰਬ ਵਿਚ ਤੁਰਕੀ ਤੋਂ ਈਰਾਨ ਤੇ ਪਾਕਿਸਤਾਨ ਹੁੰਦੀ ਇਹ ਭਾਰਤ ਤਕ ਆਈ। ਤੁਰਕੀ ਵਿਚ ਖਾਸ ਤੌਰ ਤੇ ਦਾਖਾਂ ਵਾਲੇ ਅੰਗੂਰ ਹੁੰਦੇ ਹਨ ਅਤੇ ਇਸ ਵਿਚ ਉਨ੍ਹਾਂ ਨੇ ਮਹਾਰਤ ਹਾਸਲ ਕਰ ਲਈ ਹੈ। ਤੁਰਕੀ ਦੀਆਂ ਦਾਖਾਂ ਦੀ ਯੂਰਪ ਦੇ ਬਾਜਾਰ ਵਿਚ ਚੰਗੀ ਪੁੱਛ ਹੈ। ਈਰਾਨ ਵਿਚ ਜੰਗਲੀ ਤੌਰ ਤੇ ਵੀ ਅੰਗੂਰ ਮਿਲਦੇ ਹਨ ਅਤੇ ਇਨ੍ਹਾਂ ਦੀ ਖੇਤੀ ਵੀ ਕੀਤੀ ਜਾਂਦੀ ਹੈ। ਬਲੋਚਿਸਤਾਨ ਦੇ ਪੱਛਮੀ ਹਿੱਸੇ ਵਿਚ ਬਿਨ੍ਹਾਂ ਬੀਜਾਂ ਵਾਲੇ ਅੰਗੂਰਾਂ ਦੀਆਂ ਕਿਸਮਾਂ ਮਿਲਦੀਆਂ ਹਨ। ਅੰਗਰੇਜ਼ਾਂ ਦੇ ਰਾਜ ਸਮੇਂ ਇਹ ਭਾਰਤ ਵਿਚ ਬਹੁਤ ਪ੍ਰਸਿੱਧ ਸਨ ਪਰੰਤੂ ਵੰਡ ਹੋ ਜਾਣ ਤੋਂ ਬਾਅਦ ਅੰਗੂਰਾਂ ਦੀ ਕਾਸ਼ਤ ਦਾ ਵੱਡਾ ਹਿੱਸਾ ਪਾਕਿਸਤਾਨ ਵਿਚ ਚਲਾ ਗਿਆ ਜਿਸ ਕਾਰਨ ਭਾਰਤ ਵਿਚ ਅੰਗੂਰਾਂ ਅਤੇ ਦਾਖਾਂ ਦੇ ਭਾਅ ਬਹੁਤ ਚੜ੍ਹ ਗਏ। ਇਸੇ ਲਈ ਭਾਰਤ ਵਿਚ ਇਸ ਦੀ ਖੇਤੀ ਵਲ ਵਿਸ਼ੇਸ਼ ਧਿਆਨ ਦਿੱਤਾ ਗਿਆ। ਹੁਣ ਸਪੂੰਰਨ ਭਾਰਤ ਵਿਚ ਅੰਗੂਰ ਮਿਲਦੇ ਹਨ। ਮੈਕਸੀਕੋ ਨੂੰ ਆਪਣੀ ਕਲੋਂਨੀ ਬਣਾਉਣ ਤੋਂ ਬਾਅਦ ਸਪੇਨੀਆਂ ਨੇ ਸੋਲਵੀਂ ਸਦੀ ਵਿਚ ਉਥੇ ਅੰਗੂਰ ਲਿਆਂਦਾ। ਅਮਰੀਕਾ ਵਿਚ ਅੰਗੂਰ 1616 ਈ. ਵਿਚ ਪਹੁੰਚਿਆ। ਕੈਲੀ-ਫ਼ੋਰਨੀਆ ਵਿਚ ਅੰਗੂਰਾਂ ਦੀ ਆਮਦ 1697 ਈ. ਵਿਚ ਹੋਈ ਅਤੇ ਅੱਜ ਇਹ ਅੰਗੂਰਾਂ ਲਈ ਬਹੁਤ ਪ੍ਰਸਿੱਧ ਹੈ।

ਤਾਜੇ ਫ਼ਲ ਦੀ ਰਸਾਇਣਿਕ ਬਣਤਰ ਹੇਠ ਲਿਖੇ ਅਨੁਸਾਰ ਹੈ।

ਸਿੱਲ੍ਹ–72.8 ਤੋਂ 77.2%

ਭਸਮ– 0.36 ਤੋਂ 0.64%

ਅਮਲਤਾ ਜਾਂ ਖਟਾਪਣ– 0.23 ਤੋਂ 0.53%

ਸ਼ੱਕਰ– 18.69 ਤੋਂ 18.60%

ਫ਼ਲਾਂ ਵਿਚ ਗਲੂਕੋਸ, ਗੋਂਦ, ਟਾਰਟਰਿਕ, ਸਿਟ੍ਰਿਕ, ਰੈਸੀਮਿਕ ਅਤੇ ਮੈਲਿਕ ਤੇਜ਼ਾਬ, ਸੋਡੀਅਮ, ਪੋਟਾਸ਼ੀਅਮ, ਕਲੋਰਾਈਡ, ਟਾਰਟ-ਰੇਟ ਆਫ਼ ਲਾਈਮ , ਮੈਗਨੀਸ਼ੀਅਮ, ਐਸਿਡ ਟਾਰਟਰੇਟ ਅਤੇ ਫ਼ਾਸਫ਼ੇਟ ਹੁੰਦਾ ਹੈ। ਕੱਚੇ ਫ਼ਲ ਵਿਚ ਆੱਕਸੈਲਿਕ ਤੇਜ਼ਾਬ ਵੀ ਹੁੰਦਾ ਹੈ। ਮੁਨੱਕੇ ਵਿਚ ਕੈਲਸ਼ੀਅਮ, ਮੈਗਨੀਸ਼ੀਅਮ, ਪੋਟਾਸ਼ੀਅਮ ਅਤੇ ਫ਼ਾਸਫੋਰਸ ਹੁੰਦਾ ਹੈ। ਬੀਜਾਂ ਵਿਚ ਸਥਿਰ ਤੇਲ ਹੁੰਦਾ ਹੈ।

ਇਸ ਦਾ ਸਵਾਦ ਮਿੱਠਾ ਤੇ ਤਾਸੀਰ ਠੰਢੀ ਹੁੰਦੀ ਹੈ। ਇਹ ਗਰਮੀ ਦਾ ਨਾਸ਼ ਕਰਦਾ ਹੈ। ਇਹ ਦਿਮਾਗ਼ ਨੂੰ ਤਾਕਤ ਦੇਣ ਵਾਲਾ ਅਤੇ ਠੰਢਕ ਪਹੁੰਚਾਣ ਵਾਲਾ ਹੁੰਦਾ ਹੈ। ਇਹ ਪਿਆਸ ਨੂੰ ਦੂਰ ਕਰਦਾ ਹੈ ਅਤੇ ਦਿਲ ਨੂੰ ਤਾਕਤ ਦਿੰਦਾ ਹੈ। ਖ਼ੂਨ ਦੀ ਗਰਮੀ ਨੂੰ ਦੂਰ ਕਰਦਾ ਹੈ ਅਤੇ ਫ਼ੇਫੜਿਆਂ ਨੂੰ ਤਾਕਤ ਦਿੰਦਾ ਹੈ। ਇਹ ਗਰਭ-ਸਥਾਪਕ ਹੈ। ਸਾਹ ਤੇ ਖੰਘ ਦੇ ਰੋਗੀਆਂ ਲਈ ਦਾਖ, ਲਾਭਦਾਇਕ ਹੈ। ਆਮ ਬੀਮਾਰੀ ਨਾਲ ਆਈ ਕਮਜ਼ੋਰੀ ਵਿਚ ਇਸ ਦੀ ਟੱਨਿਕ ਦੇ ਤੌਰ ਤੇ ਵਰਤੋਂ ਹੁੰਦੀ ਹੈ। ਮੂਤਰ ਦਾ ਬੰਨ੍ਹ ਪੈਣ ਤੇ ਮੂਤਰ ਦੀ ਜਲਣ ਵਿਚ ਵੀ ਇਹ ਉਪਯੋਗੀ ਹੁੰਦਾ ਹੈ।

—ਡਾ. ਅੰਮ੍ਰਿਤਪਾਲ ਸਿੰਘ

ਦਾਂਗਸ : ਭਾਰਤ ਦੇ ਗੁਜਰਾਤ ਰਾਜ ਦਾ ਇਕ ਪ੍ਰਸਿੱਧ ਜ਼ਿਲ੍ਹਾ ਹੈ। ਇਸ ਦਾ ਖੇਤਰਫਲ 1,586 ਵ. ਕਿ. ਮੀ, (986 ਵ. ਮੀਲ) ਅਤੇ ਇਸ ਦੀ ਜਨਸੰਖਿਆ 1,86,712 (2002) ਹੈ। ਇਹ ਜ਼ਿਲ੍ਹਾ ਪੱਛਮੀ ਘਾਟ ਦੀ ਉੱਤਰੀ ਦਿਸ਼ਾ ਵਿਚ ਹੈ। ਇਸ ਦੇ ਉੱਤਰ ਤੇ ਪੱਛਮ ਵਿਚ ਗੁਜਗਤ ਰਾਜ ਦਾ ਸੂਰਤ ਅਤੇ ਦੱਖਣ ਤੇ ਪੂਰਬ ਵਿਚ ਮਹਾਰਾਸ਼ਟਰ ਰਾਜ ਦਾ ਨਾਸਿਕ ਜ਼ਿਲ੍ਹਾ ਲਗਦਾ ਹੈ। ਇਸ ਦਾ ਸਦਰ ਮੁਕਾਮ ਆਹਵਾ ਹੈ। ਇਥੇ ਬਾਜਰਾ ਅਤੇ ਝੋਨੇ ਦੀਆਂ ਫਸਲਾਂ ਹੁੰਦੀਆਂ ਹਨ। ਪਹਿਲਾਂ ਇਹ ਗੁਜਰਾਤ ਦੀਆਂ ਛੋਟੀਆਂ ਛੋਟੀਆਂ ਰਿਆਸਤਾਂ ਦਾ ਸਮੂਹ ਸੀ। ਸੰਨ 1949 ਵਿਚ ਇਸ ਨੂੰ ਬੰਬਈ ਰਾਜ ਵਿਚ ਮਿਲਾ ਦਿੱਤਾ ਗਿਆ ਅਤੇ ਬਾਅਦ ਵਿਚ ਗੁਜਰਾਤ ਰਾਜ ਦੇ ਬਣਨ ਤੇ ਇਸ ਨੂੰ ਉਸ ਵਿਚ ਸ਼ਾਮਲ ਕਰ ਦਿੱਤਾ ਗਿਆ। ਇਸ ਜ਼ਿਲ੍ਹੇ ਵਿਚ 72% ਆਦਿਵਾਸੀ ਅਤੇ 27% ਹਿੰਦੂ ਹਨ। ਇਥੋਂ ਦੇ ਹੋਰਨਾਂ ਸ਼ਹਿਰਾਂ ਵੱਲ ਨੂੰ ਸ਼ਾਹਰਾਹ ਅਤੇ ਸੜਕਾਂ ਜਾਂਦੀਆਂ ਹਨ।

ਹ. ਪੁ– ਹਿੰ. ਵਿ. ਕੋ. 6 : 22

ਦਾਗ਼ਸਤਾਨ : ਇਹ ਰੂਸ ਦਾ ਇਕ ਗਣਰਾਜ ਹੈ ਜਿਹੜਾ ਕਿ ਗ੍ਰੇਟਰ ਕੋਹਿਕਾਫ ਪਰਬਤ ਲੜੀ (Great Caucasus Range) ਦੇ ਉੱਤਰੀ ਪਾਸੇ ਦੇ ਪੂਰਬੀ ਸਿਰੇ ਉੱਤੇ ਵਾਕਿਆ ਹੈ। ਦੱਖਣ ਅਤੇ ਪੱਛਮ ਵੱਲੋਂ ਕੋਹਿਕਾਫ਼ ਪਰਬਤ ਦੀ ਮੁੱਖ ਸਿਖ਼ਰ-ਰੇਖਾ, ਪੂਰਬ ਵੱਲ ਕੈਸਪੀਅਨ ਸਾਗਰ ਅਤੇ ਉੱਤਰ ਵੱਲੋਂ ਕੁਮਾਂ ਦਰਿਆ ਦੁਆਰਾ ਘਿਰਿਆ ਹੋਇਆ ਹੈ। ਇਸ ਦਾ ਕੁਲ ਰਕਬਾ 50,300 ਵ.ਕਿ.ਮੀ. ਅਤੇ ਆਬਾਦੀ 20,60,000 (1998) ਹੈ। ਮਕਾਚ-ਕਲਾਂ ਇਸ ਦਾ ਰਾਜਧਾਨੀ ਸ਼ਹਿਰ ਹੈ। ਇਸ ਦਾ ਇਹ ਨਾਂ ਤੁਰਕੀ ਮੂਲ ਨਾਲ ਸਬੰਧਤ ਹੈ ਜਿਸ ਦਾ ਸ਼ਾਬਦਿਕ ਅਰਥ ਹੈ 'ਪਹਾੜਾਂ ਦੀ ਧਰਤੀ'

ਭੂ-ਆਕ੍ਰਿਤੀ ਵਿਗਿਆਨ

ਧਰਾਤਲ—ਧਰਾਤਲ ਪੱਖੋਂ ਇਹ ਗਣਰਾਜ ਪੰਜ ਖੰਡਾਂ ਵਿਚ ਵੰਡਿਆ ਹੋਇਆ ਹੈ। ਪਹਿਲੇ ਖੰਡ ਨੇ ਗਣਰਾਜ ਦਾ ਲਗਭਗ ਦੱਖਣੀ ਅੱਧਾ ਹਿੱਸਾ ਮੱਲਿਆ ਹੋਇਆ ਹੈ ਅਤੇ ਇਸ ਵਿਚ ਕੋਹਿਕਾਫ਼ ਪਰਬਤ ਹਨ ਅਤੇ ਇਥੇ ਇਨ੍ਹਾਂ ਦੀ ਚੌੜਾਈ ਵੱਧ ਤੋਂ ਵੱਧ ਹੈ। ਇਸ ਦੀ ਦੱਖਣੀ ਹੱਦ ਮੁੱਖ ਪਰਬਤ ਲੜੀ ਦੀ ਸਿਖ਼ਰ-ਰੇਖਾ ਦੇ ਨਾਲ ਨਾਲ ਜਾਂਦੀ ਹੈ ਜਿਹੜੀ ਕਿ ਗੁਟਾਨਾ ਪਰਬਤ ਲੜੀ ਵਿਚ 3,490 ਮੀ. (11,634 ਫ਼ੁੱਟ) ਅਤੇ ਬਾਜ਼ਰ ਡਿਊਜਾ ਪਰਬਤ ਲੜੀ ਵਿਚ 4,409 ਮੀ. (14,698 ਫ਼ੁੱਟ) ਉੱਚੀ ਨਿਕਲ ਜਾਂਦੀ ਹੈ। ਮੁੱਖ ਪਰਬਤ ਲੜੀ ਦੇ ਉੱਤਰ ਵੱਲ ਐਂਡੀਯਸਕੀ ਸਲਾਤਾਊ ਅਤੇ ਗਿਮਰਿੰਸਕੀ ਪਰਬਤ ਲੜੀਆਂ ਨੇ ਬਹੁਤ ਹੀ ਜ਼ਿਆਦਾ ਉਬੜ-ਖਾਬੜ ਪਰਬਤਾਂ ਦੇ ਇਕ ਵੱਡੇ ਤਿਕੋਨ ਇਲਾਕੇ ਨੂੰ ਘੇਰਿਆ ਹੋਇਆ ਹੈ ਅਤੇ ਇਸ ਖੇਤਰ ਵਿਚ ਪਹੁੰਚਣਾ ਵੀ ਬਹੁਤ ਔਖਾ ਹੈ। ਗਣਰਾਜ ਦੇ ਅੰਦਰੂਨੀ ਪਰਬਤੀ ਖੇਤਰ ਵਿਚ ਬੋਗਾੱਸਕੀ ਅਤੇ ਕੂਕਤਲ ਪ੍ਰਮੁੱਖ ਪਰਬਤ ਲੜੀਆਂ ਹਨ। ਇਨ੍ਹਾਂ ਪਰਬਤਾਂ ਵਿਚੋਂ ਤੇਜ ਰਫ਼ਤਾਰ ਨਾਲ ਵਗਣ ਵਾਲੇ ਕੈਸਪੀਅਨ ਸਾਗਰ ਵਿਚ ਡਿੱਗਣ ਵਾਲੇ ਸੁਲਕ, ਸਮੂਰ ਅਤੇ ਕੁਰਾਖ ਦਰਿਆ ਕਈ ਡੂੰਘੀਆਂ ਘਾਟੀਆਂ ਅਤੇ ਕੈਨੀਅਨ ਬਣਾਉਂਦੇ ਹਨ। ਇਨ੍ਹਾਂ ਪਰਬਤਾਂ ਦੇ ਉੱਤਰ ਵੱਲ 600 ਮੀ. –900 ਮੀ. (2,000–3,000 ਫ਼ੁੱਟ) ਤਕ ਦੀ ਉਚਾਈ ਵਾਲੇ ਅੰਤਰੀਪ ਪਹਾੜਾਂ ਦਾ ਦੂਜਾ ਖੰਡ ਸ਼ਾਮਲ ਹੈ। ਤੀਜੇ ਖੰਡ ਵਿਚ ਪਰਬਤਾਂ ਅਤੇ ਕੈਸਪੀਅਨ ਸਾਗਰ ਦੇ ਵਿਚਕਾਰਲਾ ਤੰਗ ਸਾਹਿਲੀ ਮੈਦਾਨ ਸ਼ਾਮਲ ਹੈ ਜਿਹੜਾ ਕਿ ਲਗਭਗ 3 ਤੋਂ 32 ਕਿ.ਮੀ. (2 ਤੋਂ 20 ਮੀਲ) ਤੱਕ ਚੌੜਾ ਹੈ। ਇਸ ਖੰਡ ਵਿਚ ਪੈਟਰੋਲੀਅਮ ਅਤੇ ਕੁਦਰਤੀ ਗੈਸ ਦੇ ਭੰਡਾਰ ਹਨ। ਚੌਥਾ ਖੰਡ ਇਸ ਗਣਰਾਜ ਦੇ ਵਿਚਕਾਰਲੇ ਤੰਗ ਭਾਗ ਵਿਚ ਪਸਰਿਆ ਹੋਇਆ ਹੈ ਅਤੇ ਮੈਦਾਨ ਦਾ ਹੀ ਉੱਤਰ ਵੱਲ ਨੂੰ ਵਧਿਆ ਹੋਇਆ ਹਿੱਸਾ ਹੈ। ਇਸ ਖੰਡ ਵਿਚ ਟੈਰਕ ਦਰਿਆ ਦੇ ਹੇਠਲੇ ਮਾਰਗ ਅਤੇ ਡੈਲਟਾਈ ਭਾਗ ਵਿਚ ਨੀਵਾਂ ਦਲਦਲੀ ਮੈਦਾਨ ਸ਼ਾਮਲ ਹੈ। ਡੈਲਟੇ ਤੋਂ ਜ਼ਰਾ ਹੱਟ ਕੇ ਆਗਰਾਖ਼ਾਨ ਪ੍ਰਾਈਦੀਪ ਦਾ ਇਕ ਲੰਬਾ ਰੇਤਲਾ ਇਲਾਕਾ ਹੈ। ਪੰਜਵਾਂ ਖੰਡ ਟੈਰਕ ਦਰਿਆ ਦੇ ਉੱਤਰ ਵੱਲ ਪੈਂਦਾ ਹੈ ਜਿਥੇ ਇਸ ਗਣਰਾਜ ਦੀ ਚੌੜਾਈ ਫਿਰ ਵੱਧ ਜਾਂਦੀ ਹੈ ਅਤੇ ਇਸ ਵਿਚ ਨੋਗੇ ਸਟੈਪੀ ਖੇਤਰ ਦਾ ਰੇਤਲਾ ਮੈਦਾਨ ਸ਼ਾਮਲ ਹੈ। ਇਹ ਖੰਡ

ਉੱਤਰ ਵੱਲ ਦੀ ਹੱਦਬੰਦੀ ਕਰਨ ਵਾਲੇ ਕੁਮਾ ਦਰਿਆ ਤਕ ਫੈਲਿਆ ਹੋਇਆ ਹੈ।

ਜਲਵਾਯੂ—ਇਥੋਂ ਦਾ ਪੌਣਪਾਣੀ ਗਰਮ ਅਤੇ ਖ਼ੁਸ਼ਕ ਹੈ। ਇਥੇ ਜਨਵਰੀ ਦੇ ਮਹੀਨੇ ਵਿਚ ਔਸਤਨ ਤਾਪਮਾਨ -3° ਸੈਂ. (28° ਫ਼ਾ) ਅਤੇ ਜੁਲਾਈ ਵਿਚ 23° ਸੈਂ. (73° ਫਾ.) ਹੁੰਦਾ ਹੈ। ਸਾਲਾਨਾ ਵਰਖਾ ਉੱਤਰੀ ਭਾਗ ਦੇ ਖ਼ੁਸ਼ਕ ਸਟੈੱਪੀ ਖੇਤਰ ਵਿਚ 20 ਸੈਂ.ਮੀ. (8 ਇੰਚ) ਅਤੇ ਪਹਾੜੀ ਖੇਤਰ ਵਿਚ 81 ਸੈਂ.ਮੀ. (32 ਇੰਚ) ਹੁੰਦੀ ਹੈ।

ਬਨਸਪਤੀ—ਵਾਦੀ ਅਤੇ ਡੂੰਘੀਆਂ ਘਾਟੀਆਂ ਦੀ ਬਨਸਪਤੀ ਪੱਤਝੜੀ ਜੰਗਲਾਂ ਵਾਲੀ ਅਤੇ ਉੱਚ-ਪਰਬਤ ਲੜੀਆਂ ਦੀ ਬਨਸਪਤੀ ਦਿਓਦਾਰ ਅਤੇ ਭੋਜ ਬਿਰਛ ਦੇ ਜੰਗਲਾਂ ਵਾਲੀ ਹੈ। ਕੰਢੀ ਦੇ ਇਲਾਕੇ ਵਿਚ ਸੰਘਣੇ ਪੱਤਝੜੀ ਜੰਗਲ ਅਤੇ ਸਟੈਪੀ ਕਿਸਮ ਦੀ ਬਨਸਪਤੀ ਮਿਲਦੀ ਹੈ।

ਮਿੱਟੀ—ਨੀਵੀਆਂ ਢਲਾਣਾਂ ਉੱਤੇ ਲਾਖੀ ਮਿੱਟੀ ਮਿਲਦੀ ਹੈ ਪਰ ਕਿਤੇ ਕਿਤੇ ਕਾਲੀ ਮਿੱਟੀ ਵਾਲੇ ਖੇਤਰ ਵੀ ਹਨ। ਤੱਟੀ ਮੈਦਾਨ ਖਾਰੀ ਦਲਦਲੀ ਮਿੱਟੀ ਵਾਲੇ ਹਨ। ਕੁਮਾ ਦਰਿਆ ਦੇ ਦੱਖਣ ਵੱਲ ਪੈਂਦੇ ਖ਼ੁਸ਼ਕ ਇਲਾਕੇ ਅਰਧ-ਮਾਰੂਥਲੀ ਹਨ ਜਿਨ੍ਹਾਂ ਵਿਚ ਸੇਜ-ਬਰੱਸ਼ ਦੇ ਦਰਖ਼ਤ ਮਿਲਦੇ ਹਨ।

ਇਤਿਹਾਸ

ਕੋਹਿਕਾਫ਼ ਪਰਬਤ ਦੇ ਬਾਕੀ ਹਿੱਸਿਆਂ ਵਾਂਗ ਇਹ ਵੀ ਮਨੁੱਖ ਦੁਆਰਾ ਦੁਨੀਆ ਦੇ ਸਭ ਤੋਂ ਪਹਿਲਾਂ ਆਬਾਦ ਕੀਤੇ ਖੇਤਰਾਂ ਵਿਚੋਂ ਇਕ ਹੈ। ਈਸਵੀ ਸੰਨ ਦੇ ਸ਼ੁਰੂ ਵਿਚ ਇਹ ਅਲਬਾਨੀਆ ਰਾਜ ਦਾ ਇਕ ਹਿੱਸਾ ਸੀ। ਚੌਥੀ ਸਦੀ ਵਿਚ ਇਸ ਉੱਤੇ ਹੂਨਾਂ ਨੇ ਹਮਲਾ ਕੀਤਾ ਅਤੇ ਬਾਅਦ ਵਿਚ ਇਸ ਉੱਤੇ ਪ੍ਰਸ਼ੀਆ ਦੇ ਸਾਸਾਨੀ ਵੰਸ਼ ਨੇ ਕਬਜ਼ਾ ਕਰ ਲਿਆ। ਸੱਤਵੀਂ ਸਦੀ ਵਿਚ ਅਰਬਵਾਸੀਆਂ ਦੇ ਆਉਣ ਨਾਲ ਇਥੇ ਇਸਲਾਮ ਦਾ ਬੋਲਬਾਲਾ ਹੋਇਆ। ਗਿਆਰ੍ਹਵੀਂ ਸਦੀ ਵਿਚ ਇਸ ਉਪਰ ਤੁਰਕਾਂ ਦਾ ਅਤੇ ਤੇਰ੍ਹਵੀਂ ਸਦੀ ਵਿਚ ਮੰਗੋਲਾਂ ਦਾ ਕਬਜ਼ਾ ਹੋਇਆ। ਸੰਨ 1813 ਵਿਚ ਰੂਸ ਅਧੀਨ ਜਾਣ ਤੋਂ ਪਹਿਲਾਂ ਸਤਾਰ੍ਹਵੀਂ ਅਤੇ ਅਠਾਰ੍ਹਵੀਂ ਸਦੀਆਂ ਵਿਚ ਰੂਸ, ਪ੍ਰਸ਼ੀਆ ਅਤੇ ਤੁਰਕੀ ਇਸ ਨੂੰ ਹਥਿਆਉਣ ਲਈ ਆਪਸ ਵਿਚ ਲੜਦੇ ਰਹੇ। ਸੰਨ 1921 ਵਿਚ ਰੂਸੀ ਘਰੇਲੂ ਜੰਗ ਤੋਂ ਬਾਅਦ ਇਸ ਨੂੰ ਇਕ ਖ਼ੁਦਮੁਖ਼ਤਾਰ ਖੇਤਰ ਬਣਾ ਦਿੱਤਾ ਗਿਆ ਪਰ ਦੂਜੇ ਵਿਸ਼ਵ ਯੁੱਧ ਤੋਂ ਲੈ ਕੇ 1957 ਈ. ਤਕ ਇਸ ਦਾ ਉੱਤਰੀ ਭਾਗ, ਗਰਾਜ਼ਨੀ ਆਬਲਸਤ (ਅਜੋਕਾ ਚਾਚੈਨੋ ਇਨਗੁਸ਼ ਖ਼ੁਦਮੁਖਤਾਰ ਖੇਤਰ) ਵਿਚ ਸ਼ਾਮਲ ਕਰ ਦਿੱਤਾ ਗਿਆ ਸੀ । ਸੰਨ 1991 ਵਿਚ ਸੁਪਰੀਮ ਸੋਵੀਅਤ ਨੇ ਇਸ ਨੂੰ ਇਕ ਖ਼ੁਦਮੁਖ਼ਤਾਰ ਖੇਤਰ ਦੀ ਥਾਂ ਇਕ ਗਣਰਾਜ ਘੋਸ਼ਿਤ ਕੀਤਾ।

ਆਰਥਿਕਤਾ

ਖੇਤੀਬਾੜੀ—ਲੋਕਾਂ ਦਾ ਮੁੱਖ ਧੰਦਾ ਖੇਤੀਬਾੜੀ ਅਤੇ ਪਸ਼ੂ ਪਾਲਣ ਹੈ। ਕਣਕ, ਮੱਕੀ ਅਤੇ ਝੋਨਾ ਇਥੋਂ ਦੀਆਂ ਮੁੱਖ ਫਸਲਾਂ ਹਨ। ਮੈਦਾਨਾਂ ਵਿਚ ਫਲ ਅਤੇ ਸਬਜ਼ੀਆਂ ਦੀ ਕਾਸ਼ਤ ਵਧੇਰੇ ਹੁੰਦੀ ਹੈ।

ਖਣਿਜ—ਇਥੇ ਤੇਲ ਅਤੇ ਗੈਸ ਦੇ ਕਾਫ਼ੀ ਭੰਡਾਰ ਹਨ। ਇਨ੍ਹਾਂ ਤੋਂ ਇਲਾਵਾ ਕੋਲਾ, ਕੱਚਾ ਲੋਹਾ, ਅਲੋਹੀ ਅਤੇ ਵਧੀਆ ਧਾਤਾਂ ਦੇ ਵੀ ਜ਼ਖੀਰੇ ਮਿਲਦੇ ਹਨ। ਕਾਰਾਕੋਸੂ ਦਰਿਆ ਉੱਤੇ ਜਰਜੀਬੀਲ ਵਿਖੇ, ਟੈਰਕ ਦਰਿਆ ਉੱਤੇ ਕਾਰਗਾਲਿੰਸਕਯਾ ਵਿਖੇ ਅਤੇ ਸੂਲਕ ਦਰਿਆ ਉੱਤੇ ਕਿਜ਼ਲੀਯੁਰਤ ਵਿਖੇ ਪਣ-ਵਿਜਲੀ ਘਰਾਂ ਦੁਆਰਾ ਪਣ-ਬਿਜਲੀ ਸਪਲਾਈ ਕੀਤੀ ਜਾਂਦੀ ਹੈ। ਵੱਡੀ ਗਿਣਤੀ ਵਿਚ ਥਰਮਲ ਪਾਵਰ ਸਟੇਸ਼ਨ ਵੀ ਸਥਾਪਿਤ ਕੀਤੇ ਜਾ ਚੁੱਕੇ ਹਨ।

ਸਨਅਤਾਂ—ਪੈਟਰੋਲੀਅਮ ਅਤੇ ਕੁਦਰਤੀ ਗੈਸ ਦੇ ਸਾਧਨ ਹੀ ਇਥੋਂ ਦੇ ਉਦਯੋਗ ਦਾ ਮੁੱਖ ਆਧਾਰ ਹਨ। ਇਥੇ ਮਸ਼ੀਨ-ਬਣਾਉਣ, ਇਮਾਰਤੀ ਸਾਮਾਨ ਤਿਆਰ ਕਰਨ, ਸ਼ੀਸ਼ਾ, ਸ਼ਰਾਬ ਤਿਆਰ ਕਰਨ ਦੇ ਉਦਯੋਗ ਕਾਫ਼ੀ ਵਿਕਸਿਤ ਹਨ। ਇਥੇ ਖਾਦ ਪਦਾਰਥਾਂ ਦੀ ਪ੍ਰੋਸੈਸਿੰਗ ਵੀ ਕੀਤੀ ਜਾਂਦੀ ਹੈ।

ਆਵਾਜਾਈ ਦੇ ਸਾਧਨ—ਇਸ ਪਰਬਤੀ ਧਰਾਤਲ ਵਾਲੇ ਖੇਤਰ ਵਿਚ ਭਾਵੇਂ ਆਵਾਜਾਈ ਦੇ ਸਾਧਨ ਬਹੁਤੇ ਉਪਲਬਧ ਨਹੀਂ ਹਨ ਪਰ ਫਿਰ ਵੀ ਇਹ ਰੇਲ ਅਤੇ ਸੜਕ ਮਾਰਗਾਂ ਰਾਹੀਂ ਮਾਸਕੋ ਅਤੇ ਬਾਕੂ ਨਾਲ ਜੁੜਿਆ ਹੋਇਆ ਹੈ।

ਲੋਕ

ਇਥੋਂ ਦੇ ਲੋਕਾਂ ਵਿਚ ਨਸਲੀ ਭਿੰਨਤਾ ਕਾਫ਼ੀ ਹੈ। ਸੰਨ 1989 ਦੀ ਜਨਗਣਨਾ ਅਨੁਸਾਰ ਇਥੇ 9·2 ਪ੍ਰਤੀਸ਼ਤ ਰੂਸ਼ੀਆਂ ਦੀ ਵਸੋ ਸੀ। ਇਸ ਤੋਂ ਇਲਾਵਾ ਇਥੇ 30 ਨਸਲੀ-ਗਰੁੱਪ ਹਨ। ਰੂਸੀਆਂ ਤੋਂ ਇਲਾਵਾ ਇਥੇ 25·7 ਪ੍ਰਤੀਸ਼ਤ ਅਵਾਰ, 15·2 ਪ੍ਰਤੀਸ਼ਤ ਦਾਰਗਿਨ, 11·6 ਪ੍ਰਤੀਸ਼ਤ ਲੈਜ਼ਗੀਅਨ, 12·4 ਪ੍ਰਤੀਸ਼ਤ ਕੁਮਿਕੀ, 51 ਪ੍ਰਤੀਸ਼ਤ ਲਾਕੀ, 4.4 ਪ੍ਰਤੀਸ਼ਤ ਤਬਾਸਾਰਨੀ ਅਤੇ 4 ਪ੍ਰਤੀਸ਼ਤ ਆਜ਼ਰਬਾਈਜਾਨੀ ਹਨ। ਸੰਨ 1994-95 ਵਿਚ ਇਥੇ 1609 ਸਕੂਲ, 27 ਤਕਨੀਕੀ ਕਾਲਜ, 6 ਉਚੇਰੀ ਸਿੱਖਿਆ ਦੇ ਵਿਦਿਅਕ ਅਦਾਰੇ ਅਤੇ ਵਿਗਿਆਨ ਅਕਾਦਮੀ ਦੀ ਇਕ ਸ਼ਾਖ਼ਾ ਹੈ।

ਇਸ ਦੇ ਰਾਜਧਾਨੀ ਸ਼ਹਿਰ ਮਕਾਚਕਲਾ ਤੋਂ ਇਲਾਵਾ ਡਰਬੈਂਟ, ਕਾਸਵਯੁਰਤ, ਬੁਈਨਾਕਸਕ ਅਤੇ ਕਿਜ਼ਲੀਆੱਰ ਇਥੋਂ ਦੇ ਹੋਰ ਪ੍ਰਸਿੱਧ ਸ਼ਹਿਰ ਹਨ।

ਹ. ਪੁ.- ਐਨ. ਬ੍ਰਿ. 6 : 992 ; ਐਨ. ਅਮੈ. 8 : 418; ਸਟੇ . ਯੀ. ਬੁ 2002 :1345; ਕੋਲ. ਐਨ. 6 : 32

ਦਾਗ, ਨਵਾਬ ਮਿਰਜ਼ਾ ਖ਼ਾਂ : ਉਰਦੂ ਦੇ ਇਸ ਉੱਘੇ ਕਵੀ ਦਾ ਜਨਮ 1831 ਈ. ਵਿਚ ਦਿੱਲੀ ਵਿਖੇ ਹੋਇਆ। ਇਸ ਦਾ ਪਿਤਾ ਸ਼ਮਸੁੱਦੀਨ ਖ਼ਾਂ ਲੋਹਾਰੂ ਦੇ ਨਵਾਬ ਦਾ ਭਰਾ ਸੀ। ਦਾਗ ਅਜੇ ਪੰਜ ਜਾਂ ਛੇ ਵਰ੍ਹਿਆਂ ਦਾ ਹੀ ਸੀ ਕਿ ਇਸ ਦਾ ਪਿਤਾ ਪਰਲੋਕ ਸਿਧਾਰ ਗਿਆ ਅਤੇ ਇਸ ਦੀ ਮਾਤਾ ਨੇ ਬਹਾਦਰ ਸ਼ਾਹ ਜ਼ਫ਼ਰ ਦੇ ਪੁੱਤਰ ਮਿਰਜ਼ਾ ਫ਼ਖਰੂ ਨਾਲ ਵਿਆਹ ਕਰ ਲਿਆ। ਇਹ ਵੀ ਉਸ ਸਮੇਂ ਦਿੱਲੀ ਦੇ ਲਾਲ ਕਿਲੇ ਵਿਚ ਰਹਿਣ ਲਗ ਪਿਆ। ਇਥੇ ਇਸ ਨੂੰ ਹਰ ਪ੍ਰਕਾਰ ਦੀ ਵਧੀਆ ਸਿੱਖਿਆ ਮਿਲੀ। ਇਹ ਕਵਿਤਾ ਲਿਖਣ ਲੱਗਿਆ ਅਤੇ ਜ਼ੌਕ ਨੂੰ ਇਸਨੇ ਆਪਣਾ ਗੁਰੂ ਧਾਰਿਆ।

ਸੰਨ 1856 ਵਿਚ ਮਿਰਜ਼ਾ ਦੀ ਮੌਤ ਹੋ ਗਈ ਅਤੇ ਦੂਜੇ ਹੀ ਸਾਲ ਬਗਾਵਤ ਆਰੰਭ ਹੋ ਗਈ ਜਿਸ ਕਰ ਕੇ ਇਹ ਰਾਮਪੁਰ ਚਲਾ ਗਿਆ ਅਤੇ ਯੁਵਰਾਜ ਨਵਾਬ ਕਲਬ ਅਲੀ ਖਾਂ ਦੇ ਆਸ਼ਰਮ ਵਿਚ ਰਹਿਣ ਲੱਗਾ। ਸੰਨ 1887 ਵਿਚ ਨਵਾਬ ਦੀ ਮੌਤ ਹੋਣ ਕਾਰਨ ਇਹ ਰਾਮਪੁਰ ਤੋਂ ਦਿੱਲੀ ਚਲਾ ਗਿਆ। ਇਸ ਤਰ੍ਹਾਂ ਘੁੰਮਦਿਆਂ ਫਿਰਦਿਆਂ ਰਾਮਪੁਰ ਤੋਂ ਦਿੱਲੀ ਅਤੇ 1888 ਈ. ਵਿਚ ਇਹ ਹੈਦਰਾਬਾਦ ਪਹੁੰਚ ਗਿਆ। ਸੰਨ 1890 ਵਿਚ ਇਹ ਹੈਦਰਾਬਾਦ ਦੇ ਨਿਜ਼ਾਮ ਦਾ ਕਵਿਤਾ ਗੁਰੂ ਬਣਿਆ। ਉਥੇ ਇਸ ਨੂੰ ਧਨ ਅਤੇ ਸਤਿਕਾਰ ਦੋਵੇਂ ਮਿਲੇ। ਇਹ ਸਾਊ, ਨਿਮਰ, ਖ਼ੁਸ਼ਦਿਲ ਅਤੇ ਸਪੱਸ਼ਟਵਾਦੀ ਸੀ ਅਤੇ ਸਾਰਿਆਂ ਨਾਲ ਪ੍ਰੇਮ ਭਰਿਆ ਵਰਤਾਉ ਕਰਦਾ ਸੀ।

ਨਵਾਬ ਮਿਰਜ਼ਾ ਖ਼ਾਂ ਨੇ ਚਾਰ ਦੀਵਾਨ ਗੁਲਜ਼ਾਰੇ ਦਾਗ, ਆਫ਼ਤਾਬੇ ਦਾਗ, ਮਾਹਤਾਬੇ ਦਾਗ ਅਤੇ ਯਾਦਗਾਰੇ ਦਾਗ ਲਿਖੇ। ਇਹ ਸਾਰੇ ਪ੍ਰਕਾਸ਼ਿਤ ਹੋ ਚੁੱਕੇ ਹਨ। ਫ਼ਰਿਆਦੇ ਦਾਗ ਇਸ ਦੀ ਇਕ ਮਸਨਵੀ ਹੈ। ਇਸ ਦੀ ਸਰਲ ਤੇ ਸੁਚੱਜੀ ਸ਼ੈਲੀ ਬਹੁਤ ਲੋਕ ਪ੍ਰਿਅ

ਹੋਈ। ਭਾਸ਼ਾ ਦੀ ਸੁਚੱਜੀ ਚੋਣ ਅਤੇ ਰੌਚਿਕਤਾ ਕਾਰਣ ਇਸ ਦੀ ਕਵਿਤਾ ਵਧੇਰੇ ਪ੍ਰਚੱਲਿਤ ਹੋਈ। ਦਾਗ ਦੀ ਮੌਤ 1905 ਈ. ਵਿਚ ਅਧਰੰਗ ਕਾਰਨ ਹੋਈ।

ਹ.ਪੁ.—ਹਿੰ.ਵਿ.ਕੋ. 6 : 23

ਦਾਜ : ਇਕ ਪਤਨੀ ਵਲੋਂ ਆਪਣੀ ਸ਼ਾਦੀ ਵਿਚ ਆਪਣੇ ਪਤੀ ਦੇ ਘਰ ਚਲ ਜਾਂ ਅਚਲ ਲਿਆਂਦੀ ਪ੍ਰਾਪਰਟੀ ਨੂੰ ਦਾਜ ਕਿਹਾ ਜਾਂਦਾ ਹੈ। ਅੰਗਰੇਜ਼ੀ ਵਿਚ ਇਸ ਨੂੰ ਡੌਅਰੀ, ਲਾਤੀਨੀ ਵਿਚ ਡੈਸ, ਫ਼ਰਾਂਸੀਸੀ ਵਿਚ ਡੈਟ ਅਤੇ ਸਪੇਨੀ ਵਿਚ ਡੈਟੇ ਕਹਿੰਦੇ ਹਨ। ਮੈਰਿਡ ਵਿਮੈਨਜ਼ ਪ੍ਰਾਪਰਟੀ ਐਕਟ, 1870 ਪਾਸ ਹੋਣ ਤੋਂ ਪਹਿਲਾਂ , ਪਤਨੀ ਦੀ ਜਾਇਦਾਦ ਮੁਕੰਮਲ ਤੌਰ ਤੇ ਪਤੀ ਦੀ ਹੋਇਆ ਕਰਦੀ ਸੀ। ਸੁਨੀਤੀ ਦੇ ਨਿਯਮ ਲਾਗੂ ਹੋਣ ਨਾਲ ਇਸ ਐਕਟ ਨੂੰ ਸੋਧਿਆ ਗਿਆ। ਇਸ ਦੇ ਫਲਸਰੂਪ ਜਿਹੜੀ ਜਾਇਦਾਦ ਵਿਆਹ ਦੇ ਸਮਝੌਤੇ ਵਲੋਂ ਜਾਂ ਦੋਹਾਂ ਵਲੋਂ ਜਾਂ ਦੋਹਾਂ ਦੀ ਭਲਾਈ ਚਾਹੁਣ ਵਾਲੇ ਵਿਅਕਤੀਆਂ ਵਲੋਂ ਦਿੱਤੀ ਗਈ ਹੁੰਦੀ ਸੀ, ਕਾਨੂੰਨੀ ਮਿਲਖ ਸਮਝੌਤੇ ਵਿਚ ਸ਼ਾਮਲ ਟ੍ਰਸਟੀਆਂ ਕੋਲ ਹੁੰਦੀ ਸੀ। ਇਸ ਜਾਇਦਾਦ ਦਾ ਲਾਭ ਵਸੀਲੇ ਵਿਚ ਉਪਲਬਧ ਸ਼ਰਤਾਂ ਅਨੁਸਾਰ ਸਬੰਧਤ ਵਿਅਕਤੀ ਨੂੰ ਹੁੰਦਾ ਸੀ। ਭਾਵੇਂ ਕਾਨੂੰਨ ਅਨੁਸਾਰ ਸ਼ਾਦੀਸ਼ੁਦਾ ਔਰਤ ਜਾਇਦਾਦ ਦੀ ਹੱਕਦਾਰ ਨਹੀਂ ਬਣ ਸਕਦੀ ਸੀ ਪਰ ਸੁਨੀਤੀ ਕਾਨੂੰਨ ਅਨੁਸਾਰ ਸਥਿਤੀ ਬਿਲਕੁਲ ਵੱਖਰੀ ਸੀ। ਸਮਾਂ ਪਾ ਕੇ ਮੈਰਿਡ ਵਿਮਨਜ਼ ਪ੍ਰਾਪਰਟੀ ਐਕਟ ਪਾਸ ਹੋ ਜਾਣ ਨਾਲ ਪਤਨੀ ਲਈ ਆਪਣੀ ਨਿੱਜੀ ਜਾਇਦਾਦ ਦੇ ਹੱਕ ਮਾਲਕੀ ਨੂੰ ਸੁਰਖਿਅਤ ਰੱਖਣ ਲਈ ਵਿਆਹਿਕ ਸਮਝੌਤਾ ਜ਼ਰੂਰੀ ਨਹੀਂ ਰਿਹਾ ਸੀ ਭਾਵੇਂ ਇਹ ਜਾਇਦਾਦ ਪਤੀ-ਪਤਨੀ ਤੇ ਬੱਚਿਆਂ ਦੀ ਭਲਾਈ ਲਈ ਹੁੰਦੀ ਸੀ।

ਫ਼ਰਾਂਸ ਵਰਗੇ ਦੇਸ਼ਾਂ ਵਿਚ ਜਿਥੇ ਕਿ ਦੇਸ਼ ਦੇ ਕਾਨੂੰਨ ਦਾ ਆਧਾਰ ਰੋਮਨ ਕਾਨੂੰਨ ਸੀ ਅਤੇ ਉਂਜ ਹੀ ਪ੍ਰਵਾਨਿਤ ਹੁੰਦਾ ਸੀ, ਦਾਜ ਨਾਲ ਸਬੰਧਤ ਪਤੀ ਦੇ ਹੱਕ ਕਦੀ ਵੀ ਅਸੀਮਿਤ ਨਹੀਂ ਸਨ। ਉਹ ਜਾਇਦਾਦ ਜਿਹੜੀ ਪਤਨੀ ਸਾਂਝੀ ਜਾਇਦਾਦ ਵਜੋਂ ਲੈ ਕੇ ਆਉਂਦੀ ਸੀ, ਨੂੰ ਸੁਰਖਿਅਤ ਰਖਣ ਲਈ ਕਾਨੂੰਨੀ ਕਾਰਵਾਈ ਵਾਸਤੇ ਕੁਝ ਕੁ ਹੱਕ (ਪਤਨੀ) ਨੂੰ ਦਿੱਤੇ ਗਏ।

ਦਾਜ ਦਾ ਸੰਕਲਪ ਬੁਨਿਆਦੀ ਤੌਰ ਤੇ ਵੱਖਰਾ ਹੈ ਯਾਨੀ ਕਿ ਦੁਲਹਨ ਜਾਂ ਉਸ ਦਾ ਪਿਤਾ ਲਾੜੇ ਨੂੰ ਵਿਆਹ ਦੇ ਸਮੇਂ ਹੋਣ ਵਾਲੀਆਂ ਜ਼ਿੰਮੇਵਾਰੀਆਂ ਦੇ ਨਿਭਾਉਣ ਵਿਚ ਮਦਦ ਵਜੋਂ ਅਦਾਇਗੀ ਕਰਦਾ ਹੈ।

ਭਾਰਤ ਵਿਚ ਦਾਜ ਦਾ ਭਾਵ ਉਹ ਧਨ ਜਾਂ ਪਦਾਰਥ ਹੈ ਜੋ ਵਿਆਹ ਸਮੇਂ ਕੰਨਿਆ ਨੂੰ ਉਸ ਦੇ ਮਾਂ ਬਾਪ ਅਤੇ ਸਬੰਧੀਆਂ ਵਲੋਂ ਦਿੱਤਾ ਗਿਆ ਹੈ।

ਇਸਲਾਮੀ ਕਾਨੂੰਨ ਦੇ ਪ੍ਰਤੀਕੂਲ ਹਿੰਦੂ ਕਾਨੂੰਨ ਅਨੁਸਾਰ ਵਿਆਹ ਇਕ ਧਰਮ ਵਿਧੀ ਜਾਂ ਸੰਸਕਾਰ ਹੈ ਅਤੇ ਇਕ ਸੌਦਾ (ਮਿਹਰ) ਨਹੀਂ। ਹਿੰਦੂ ਰਸਮ ਰਿਵਾਜ ਅਨੁਸਾਰ ਇਸਲਾਮੀ ਕਾਨੂੰਨ ਵਾਂਗ ਪਤੀ ਆਪਣੀ ਪਤਨੀ ਨੂੰ ਮਿਹਰ ਨਹੀਂ ਦਿੰਦਾ। ਹਿੰਦੂ ਰੀਤੀ ਰਿਵਾਜ ਅਨੁਸਾਰ ਲੜਕੀ ਦੇ ਮਾਤਾ-ਪਿਤਾ ਆਪਣੀ ਲੜਕੀ ਦੇ ਵਿਆਹ ਤੇ ਆਪਣੀ ਇੱਛਾ ਤੇ ਵਿੱਤ ਅਨੁਸਾਰ ਨਕਦੀ ਤੋਹਫੇ ਤੇ ਗਹਿਣੇ ਆਦਿ ਦਾਜ ਦੇ ਰੂਪ ਵਿਚ ਦਿੰਦੇ ਸਨ ਜਿਸ ਨੂੰ ਇਸਤਰੀ ਧਨ ਕਿਹਾ ਜਾਂਦਾ ਸੀ। ਮਾਤਾ ਪਿਤਾ ਕੰਨਿਆ ਦਾਨ ਸਮੇਂ ਇਸਤਰੀ ਧਨ ਦੇਣਾ ਆਪਣਾ ਫਰਜ਼ ਸਮਝਦੇ ਸਨ ਪਰ ਸਮੇਂ ਦੇ ਪਰਿਵਰਤਨ ਨਾਲ ਕੰਨਿਆ ਦਾਨ ਸਮੇਂ ਦਿੱਤਾ ਜਾਣ ਵਾਲਾ ਇਸਤਰੀ ਧਨ ਸਵੈ-ਇੱਛਾ ਨਾ ਰਹਿ ਕੇ ਮਾਤਾ-ਪਿਤਾ ਲਈ ਇਕ ਸਮਾਜਿਕ ਬੰਧਨ ਬਣ ਗਿਆ। ਲੜਕੇ ਦੇ ਮਾਤਾ ਪਿਤਾ ਇਹ ਅਧਿਕਾਰ ਸਮਝਣ ਲਗ ਪਏ ਕਿ ਲੜਕੀ ਦੇ ਮਾਤਾ ਪਿਤਾ ਤੋਂ ਦਾਜ ਮੰਗਣਾ ਉਨ੍ਹਾਂ ਦਾ ਹੱਕ ਹੈ। ਇਸ ਤਰ੍ਹਾਂ ਲੜਕੇ ਦੇ ਮਾਤਾ ਪਿਤਾ ਆਪਣੇ ਲੜਕੇ ਦੀ ਕੀਮਤ ਪਾਉਣ ਲਗ ਪਏ। ਇਥੋਂ ਤਕ ਹੀ ਨਹੀਂ ਵਿਆਹ ਦੇ ਮਗਰੋਂ ਵੀ ਉਸ ਦੇ ਮਾਪੇ ਦਾਜ ਦੇ ਰੂਪ ਵਿਚ ਹੋਰ ਕਿਸ਼ਤਾਂ ਮਿਲਣ ਦੀ ਆਸ ਕਰਨ ਲੱਗੇ ਅਤੇ ਜਦੋਂ ਉਹ ਇਹ ਆਸ ਪੂਰੀ ਹੁੰਦੀ ਨਾ ਵੇਖਦੇ ਤਾਂ ਉਹ ਲੜਕੀ ਨੂੰ ਤੰਗ ਕਰਨਾ ਸ਼ੁਰੂ ਕਰ ਦਿੰਦੇ। ਬਹੁਤ ਸਾਰੇ ਕੇਸਾਂ ਵਿਚ ਤਾਂ ਲੜਕੀ ਨੂੰ ਦਾਜ ਦੀ ਬਲੀ ਚੜ੍ਹਨਾ ਪਿਆ ਤੇ ਪੈ ਰਿਹਾ ਹੈ। ਇਸ ਸਭ ਕੁਝ ਦਾ ਇਹ ਸਿੱਟਾ ਇਹ ਨਿਕਲਿਆ ਕਿ ਦਾਜ ਦੀ ਰਸਮ ਜਿਸ ਦਾ ਆਰੰਭ ਕੰਨਿਆ ਨੂੰ ਦਿੱਤੇ ਜਾਣ ਵਾਲੇ ਦਾਨ ਦੇ ਰੂਪ ਵਿਚ ਇਸਤਰੀ ਧਨ ਵਜੋਂ ਸ਼ੁਰੂ ਹੋਇਆ ਸੀ। ਹਿੰਦੂ ਜਾਤੀ ਲਈ ਇਕ ਸਮਾਜਿਕ ਰੋਗ ਬਣ ਕੇ ਰਹਿ ਗਿਆ ਹੈ। ਇਸ ਸਮਾਜਿਕ ਰੋਗ ਨੂੰ ਦੂਰ ਕਰਨ ਲਈ ਭਾਰਤ ਸਰਕਾਰ ਨੇ ਦਾਜ ਮਨਾਹੀ ਐਕਟ, 1961 ਪਾਸ ਕੀਤਾ ਅਤੇ ਇਸ ਵਿਚਲੀਆਂ ਖਾਮੀਆਂ ਦੂਰ ਕਰਨ ਲਈ ਦਾਜ ਮਨਾਹੀ (ਸੋਧ) ਕਾਨੂੰਨ 1985 ਪਾਸ ਹੋਇਆ ਅਤੇ 2 ਅਕਤੂਬਰ, 1985 ਤੋਂ ਲਾਗੂ ਹੋ ਗਿਆ। ਸੰਨ 1986 ਵਿਚ ਫਿਰ ਕੁਝ ਮਹੱਤਵਪੂਰਨ ਸੋਧਾਂ ਕੀਤੀਆਂ ਗਈਆਂ। ਇਹ ਕਾਨੂੰਨ ਜੰਮੂ ਕਸ਼ਮੀਰ ਤੋਂ ਬਿਨਾਂ ਸਾਰੇ ਭਾਰਤ ਵਿਚ ਲਾਗੂ ਹੈ।

ਦਾਜ ਦੀ ਸਿਧੀ ਜਾਂ ਅਸਿਧੀ ਮੰਗ ਭਾਵੇਂ ਵਿਆਹ ਵੇਲੇ ਜਾਂ ਮਗਰੋਂ ਕਰਨ ਤੇ ਪੰਜ ਸਾਲ ਤਕ ਦੀ ਸਜ਼ਾ ਤੇ 15,000 ਰੁਪਏ ਤਕ ਦਾ ਜੁਰਮਾਨਾ ਹੋ ਸਕਦਾ ਹੈ। ਦਾਜ ਲੈਣ-ਦੇਣ ਬਾਰੇ ਕੋਈ ਵੀ ਸਮਝੌਤਾ ਗ਼ੈਰ-ਕਾਨੂੰਨੀ ਹੈ ਪਰ ਤੋਹਫੇ ਦੇਣ ਵਾਲੇ ਕਿਸੇ ਵਿਅਕਤੀ ਨੂੰ ਕਿਸੇ ਪ੍ਰਕਾਰ ਦੀ ਸਜ਼ਾ ਨਹੀਂ ਮਿਲੇਗੀ ਜੇ ਇਹ ਤੋਹਫੇ ਬਿਨਾਂ ਮੰਗੇ ਦਿੱਤੇ ਜਾਂਦੇ ਹਨ।

ਹ.ਪੁ.-ਐਨ. ਬ੍ਰਿ. 7:619; ਐਨ. ਅਮੈ. 9:289; 'ਔਰਤ ਇਕ ਦ੍ਰਿਸ਼ਟੀਕੋਣ'- ਅੰਮ੍ਰਿਤਾ ਪ੍ਰੀਤਮ, ਕੌਮੀ ਏਕਤਾ ਸਤੰਬਰ, 1983

ਦਾਤਾਰ ਕੌਰ : ਇਹ ਮਹਾਰਾਜਾ ਰਣਜੀਤ ਸਿੰਘ ਦੀ ਦੂਜੀ ਰਾਣੀ ਸੀ। ਇਸ ਦਾ ਜਨਮ ਨਕੱਈ ਮਿਸਲ ਦੇ ਇਕ ਉੱਘੇ ਸਰਦਾਰ ਰਣ ਸਿੰਘ ਸਿੱਧੂ ਦੇ ਘਰ ਹੋਇਆ। ਇਸ ਦਾ ਅਸਲ ਨਾਮ ਰਾਜ ਕੌਰ ਸੀ। ਸੰਨ 1798 ਵਿਚ ਇਸ ਦਾ ਵਿਆਹ ਮਹਾਰਾਜਾ ਰਣਜੀਤ ਸਿੰਘ ਨਾਲ ਹੋਇਆ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਮਾਤਾ ਦਾ ਨਾਮ ਰਾਜ ਕੌਰ ਹੋਣ ਕਰ ਕੇ ਇਸ ਦਾ ਨਾਮ ਬਦਲ ਕੇ ਦਾਤਾਰ ਕੌਰ ਰੱਖਿਆ ਗਿਆ ਪਰ ਮਹਾਰਾਜਾ ਰਣਜੀਤ ਸਿੰਘ ਇਸ ਨੂੰ "ਮਾਈ ਨਕੈਣ" ਕਹਿ ਕੇ ਬੁਲਾਇਆ ਕਰਦੇ ਸਨ। ਮਹਾਰਾਜਾ ਰਣਜੀਤ ਸਿੰਘ ਦੇ ਵਲੀਅਹਿਦ, ਸ਼ਹਿਜ਼ਾਦਾ ਖੜਕ ਸਿੰਘ ਦਾ ਜਨਮ ਇਸੇ ਰਾਣੀ ਦੀ ਕੁੱਖੋਂ ਹੀ 1801 ਈ. ਨੂੰ ਹੋਇਆ ਸੀ।

ਇਸ ਦਾ ਦੇਹਾਂਤ 1818 ਈ. ਵਿਚ ਹੋਇਆ।

ਹ.ਪੁ.— ਮ. ਕੋ. 628; ਮਹਾਰਾਜਾ ਖੜਕ ਸਿੰਘ—ਫੌਜਾ ਸਿੰਘ: 14 ਰਣਜੀਤ ਸਿੰਘ-ਖੁਸ਼ਵੰਤ ਸਿੰਘ : 26, 155, 185

ਦਾਂਤੇ, ਐਲੀਗਿਐਰੀ : ਸੰਸਾਰ ਸਾਹਿਤ ਦੀ ਸੁਪ੍ਰਸਿੱਧ ਅਤੇ ਕਲਾਸਕੀ ਰਚਨਾ 'ਡੀਵਾਈਨ ਕਾੱਮੇਡੀ' ਲਿਖਣ ਵਾਲੇ ਇਸ ਉੱਘੇ ਇਤਾਲਵੀ ਕਵੀ ਅਤੇ ਮਹਾਨ ਲੇਖਕ ਦਾ ਜਨਮ 1265 ਈ. ਵਿਚ ਫਲੋਰੈਂਸ ਵਿਖੇ ਹੋਇਆ। ਪੱਛਮੀ ਯੂਰਪੀ ਪਰੰਪਰਾ ਦੇ ਮਹਾਨ ਕਵੀ ਵਜੋਂ ਇਸ ਦਾ ਨਾਂ ਸੰਸਾਰ ਪ੍ਰਸਿੱਧ ਲੇਖਕਾਂ ਹੋਮਰ, ਵਰਜਿਲ, ਸ਼ੈਕਸਪੀਅਰ ਅਤੇ ਗੇਟੇ ਆਦਿ ਨਾਲ ਲਿਆ ਜਾਂਦਾ ਹੈ। ਇਸ ਦਾ ਸਾਹਿਤਕ ਪ੍ਰਭਾਵ ਇਟਲੀ ਵਿਚ ਹੀ ਨਹੀਂ ਸਾਰੇ ਸੰਸਾਰ ਵਿਚ ਹੈ।

ਇਸ ਦੇ ਜੀਵਨ ਬਾਰੇ ਵਧੇਰੇ ਜਾਣਕਾਰੀ ਇਸ ਦੀਆਂ ਰਚਨਾਵਾਂ ਤੋਂ ਹੀ ਮਿਲਦੀ ਹੈ। ਇਸ ਦੇ ਮਾਤਾ-ਪਿਤਾ ਦਾ ਦੇਹਾਂਤ

ਇਸ ਦੇ ਬਚਪਨ ਵਿਚ ਹੀ ਹੋ ਗਿਆ। ਬਲੋਨਯਾਂ ਦੀ ਯੂਨੀਵਰਸਿਟੀ ਵਿਚੋਂ ਇਸ ਨੇ ਸਿਖਿਆ ਹਾਸਲ ਕੀਤੀ। ਆਪਣੇ ਗੁਰੂ ਗਵੀਦੋ ਨੂੰ ਸਮਰਪਿਤ ਇਸ ਦੀ ਪਹਿਲੀ ਰਚਨਾ 'La Vita nuova' ਤੋਂ ਬੀਤਰਸ ਪ੍ਰਤੀ ਇਸ ਦੇ ਰੂਹਾਨੀ ਪਿਆਰ ਦਾ ਪਤਾ ਚਲਦਾ ਹੈ ਜਿਸ ਨੂੰ ਇਹ ਪਹਿਲੀ ਵਾਰ ਨੌਂ ਸਾਲ ਦੀ ਉਮਰ ਵਿਚ ਮਿਲਿਆ। ਸੰਨ 1287 ਵਿਚ ਬੀਤਰਸ ਦਾ ਸਾਈਮਨ ਬਾਰਡੀ ਨਾਲ ਅਤੇ ਪਿਛੋਂ ਦਾਂਤੇ ਦਾ ਜੈਮਮਾ (Gemma) ਨਾਲ ਵਿਆਹ ਹੋਣ ਤੇ ਵੀ ਬੀਤਰਸ ਪ੍ਰਤੀ ਇਸ ਦੀ ਸ਼ਰਧਾ ਅਤੇ ਸੱਚਾ ਪਿਆਰ ਇਸ ਲਈ ਪ੍ਰੇਰਨਾ- ਸ੍ਰੋਤ ਬਣਿਆ ਰਿਹਾ। ਇਸ ਦੇ ਜਨਮ ਸਮੇਂ ਹੀ ਦੇਸ਼ ਵਿਚ ਰਾਜਨੀਤਕ ਸਰਗਰਮੀਆਂ ਪੂਰੇ ਜ਼ੋਰ ਤੇ ਸਨ। ਪੋਪ ਅਤੇ ਸ਼ਹਿਨਸ਼ਾਹ ਸੱਤਾ ਹਥਿਆਉਣ ਲਈ ਸੰਘਰਸ਼ ਕਰ ਰਹੇ ਸਨ। ਆਮ ਕਰ ਕੇ ਗਵੈਲਫ ਗੁੱਟ ਪੋਪ ਦਾ ਪੱਖ ਲੈਂਦਾ ਸੀ ਅਤੇ ਗਿਬਲੀਨ ਸਮਰਾਟ ਪੱਖੀ ਜਾਂ ਰਾਜਵਾਦੀ ਸਨ। ਦਾਂਤੇ ਦਾ ਪਿਤਾ ਗਵੈਲਫ਼ ਗੁੱਟ ਦੇ ਪੱਖ ਵਿਚ ਸੀ ਪਰ ਜਦੋਂ ਦਾਂਤੇ ਦੇ ਆਪਣੇ ਰਾਜਨੀਤਕ ਵਿਚਾਰ ਪ੍ਰਪੱਕ ਹੋਏ ਤਾਂ ਇਸ ਨੇ ਦੋਵੇਂ ਗੁੱਟਾਂ ਤੋਂ ਕਿਨਾਰਾ ਕਰ ਲਿਆ। ਸੰਨ 1289 ਵਿਚ ਇਸ ਨੇ ਕੈਂਪਲਦਿਨੋ ਦੀ ਲੜਾਈ ਵਿਚ ਹਿੱਸਾ ਲਿਆ ਅਤੇ 1290 ਈ. ਵਿਚ ਬੀਤਰਸ ਦੀ ਮੌਤ ਤੋਂ ਬਾਅਦ ਇਹ ਰਾਜਨੀਤੀ ਵਿਚ ਵਧੇਰੇ ਸਰਗਰਮ ਹੋ ਗਿਆ। ਸੰਨ 1295 ਵਿਚ ਰਾਜਨੀਤੀ ਵਿਚ ਆਉਣ ਲਈ ਇਹ ਡਾਕਟਰਾਂ ਅਤੇ ਦਵਾ ਫਰੋਸ਼ਾਂ ਦੀ ਸ਼੍ਰੇਣੀ ਵਿਚ ਸ਼ਾਮਲ ਹੋ ਗਿਆ। ਸੰਨ 1295 ਵਿਚ ਇਸ ਦਾ ਨਾਂ ਵੱਖ ਵੱਖ ਸਥਾਨਕ ਕੌਂਸਲਾਂ ਅਤੇ ਕਮਿਸ਼ਨਾਂ ਦੇ ਮੈਂਬਰ ਵਜੋਂ ਆਉਣਾ ਆਰੰਭ ਹੋ ਗਿਆ। ਸੰਨ 1300 ਵਿਚ ਇਸ ਨੂੰ ਸਾਨ ਜਿਮੀਨਿਆਨੋ (Gimignano) ਵਿਖੇ ਫਲੋਰੈਂਸ ਦੇ ਰਾਜਦੂਤ ਵਜੋਂ ਭੇਜਿਆ ਗਿਆ। ਕੁਝ ਸਮੇਂ ਲਈ ਫਲੋਰੈਂਸ ਦੇ 6 ਪ੍ਰਾਇਰਾਂ (ਮਹੰਤਾਂ) ਵਿਚੋਂ ਇਕ ਇਹ ਵੀ ਬਣਿਆ। ਇਸ ਸਮੇਂ ਦੌਰਾਨ ਹੀ ਪੁਰਾਣੇ ਸਮਰਾਟ ਪੱਖੀ (ਰਾਜਵਾਦੀ) ਦਲ ਦੇ ਜਲਾਵਤਨ ਹੋਣ ਤੋਂ ਬਾਅਦ ਫਲੋਰੈਂਸ ਵਿਚ ਗਵੈਲਫ਼ ਦਾ ਰਾਜ ਹੋ ਗਿਆ ਪਰ ਛੇਤੀ ਹੀ ਇਹ ਦਲ ਵੀ ਅਗੋਂ ਗੋਰਿਆਂ ਅਤੇ ਕਾਲਿਆਂ ਵਿਚ ਵੰਡਿਆ ਗਿਆ। ਦਾਂਤੇ ਗਵੈਲਫ਼ ਦਲ ਨਾਲ ਸਬੰਧਤ ਸੀ ਪਰ ਇਸ ਨੇ ਨਿਰਪੱਖ ਰਹਿਣ ਦਾ ਯਤਨ ਕੀਤਾ। ਇਥੋਂ ਤਕ ਕਿ ਇਸ ਨੇ ਦਲ ਦੇ ਬਾਕੀ ਨੇਤਾਵਾਂ ਦੇ ਨਾਲ ਨਾਲ ਆਪਣੇ ਪਰਮ ਮਿੱਤਰ ਗਵੀਦੋ ਕੇਵਲਕਾਂਤੀ ਨੂੰ ਵੀ ਦੇਸ਼ ਨਿਕਾਲਾ ਦੇ ਦਿੱਤਾ। ਫਲੋਰੈਂਸ ਦੀ ਸੁਤੰਤਰਤਾ ਅਤੇ ਏਕਤਾ ਨੂੰ ਮੁੱਖ ਰਖਦੇ ਹੋਏ ਇਸ ਨੇ 'ਗੋਰਿਆਂ' ਦੀ ਹਿਮਾਇਤ ਕੀਤੀ। ਸੰਨ 1301 ਵਿਚ ਇਹ ਰੋਮ ਵਿਖੇ ਰਾਜਦੂਤ ਵਜੋਂ ਗਿਆ ਅਤੇ ਇਸ ਦੀ ਗ਼ੈਰ-ਹਾਜ਼ਰੀ ਵਿਚ ਚਾਰਲਸ ਆਫ਼ ਵੈਲਵਾ ਦੀ ਸਹਾਇਤਾ ਨਾਲ ਕਾਲੇ ਜਿੱਤ ਗਏ। ਹਾਰੇ ਹੋਏ ਧੜੇ ਦੇ ਪ੍ਰਸਿੱਧ ਮੈਂਬਰ ਵਜੋਂ ਇਸ ਦੀ ਗ਼ੈਰ-ਹਾਜ਼ਰੀ ਵਿਚ ਇਸ ਦੀ ਰਾਜਨੀਤਕ ਦੋਸ਼ਾਂ ਕਾਰਣ ਨਿਖੇਧੀ ਕੀਤੀ ਗਈ ਅਤੇ ਇਸ ਨੂੰ ਪਹਿਲਾਂ ਜੁਰਮਾਨਾ, ਫਿਰ 1302 ਈ. ਵਿਚ ਦੇਸ਼ ਨਿਕਾਲਾ ਅਤੇ ਫਿਰ ਮੌਤ ਦੀ ਸਜ਼ਾ ਦਿੱਤੀ ਗਈ। ਇਸ ਮਗਰੋਂ ਇਸ ਦਾ ਰਾਜਨੀਤਕ ਦੇਸ਼ ਨਿਕਾਲੇ ਦਾ ਦੁਖੀ ਜੀਵਨ ਆਰੰਭ ਹੋਇਆ। ਦੇਸ਼ ਨਿਕਾਲੇ ਕਾਰਣ ਇਸ ਦਾ ਫਲੋਰੈਂਸ ਵਿਖੇ ਵਾਪਸ ਜਾਣਾ ਅਸੰਭਵ ਸੀ ਜਿਸ ਕਾਰਨ ਇਸ ਨੂੰ ਬਹੁਤ ਭਟਕਣਾ ਪਿਆ ਅਤੇ ਇਸ ਦੀ ਹਾਲਤ ਭਿਖਾਰੀਆਂ ਜਿਹੀ ਹੋ ਗਈ। ਸੰਨ 1310 ਵਿਚ ਹੈਨਰੀ ਸੱਤਵੇਂ ਦੇ ਬਾਦਸ਼ਾਹ ਬਣਨ ਨਾਲ ਰਾਜਸੀ ਰੱਦੋਬਦਲ ਕਾਰਨ ਇਸ ਨੂੰ ਕਾਫ਼ੀ ਆਸ ਬੱਝੀ ਪਰ ਹੈਨਰੀ ਸੱਤਵੇਂ ਦੀ 1313 ਈ. ਵਿਚ ਮੌਤ ਹੋ ਜਾਣ ਕਾਰਨ ਦਾਂਤੇ ਨੂੰ ਰਵੈਨਾ ਵਿਖੇ ਪਨਾਹ ਲੈਣੀ ਪਈ ਜਿਥੇ ਇਸ ਦਾ ਪਰਿਵਾਰ ਵੀ ਇਸ ਦੇ ਨਾਲ ਰਹਿਣ ਲਗਾ। ਇਥੇ ਇਸ ਨੇ ਆਪਣੇ ਜੀਵਨ ਦੇ ਬਾਕੀ ਸਾਲ ਅਮਨ ਚੈਨ ਵਿਚ ਬਿਤਾਏ ਅਤੇ 'ਡੀਵਾਈਨ ਕਾਮੇਡੀ' ਮੁਕੰਮਲ ਕੀਤੀ।

ਦਾਂਤੇ ਬਹੁਤ ਪ੍ਰਤਿਭਾਸ਼ਾਲੀ ਲੇਖਕ ਸੀ। ਇਸ ਦੇ ਸਮਕਾਲੀਆਂ ਨੇ ਇਸ ਦੀਆਂ ਰਚਨਾਵਾਂ ਨੂੰ ਬਹੁਤ ਸਲਾਹਿਆ। ਇਸ ਦੀਆਂ ਰਚਨਾਵਾਂ ਵਿਸ਼ੇ ਅਤੇ ਕਲਾ ਪੱਖੋਂ ਬਹੁਤ ਵਧੀਆ ਰਚਨਾਵਾਂ ਸਨ। ਇਸ ਦੀ ਸਭ ਤੋਂ ਪਹਿਲੀ ਰਚਨਾ 'La Vita nuova' ਵਿਚ ਇਸ ਨੇ ਬੀਤਰਸ ਪ੍ਰਤੀ ਆਪਣੇ ਪਿਆਰ ਦਾ ਵਰਣਨ ਕੀਤਾ ਹੈ ਜਿਸ ਵਿਚ ਇਨ੍ਹਾਂ ਦੀ ਪਹਿਲੀ ਮੁਲਾਕਾਤ ਤੋਂ ਲੈ ਕੇ ਬੀਤਰਸ ਦੀ ਮੌਤ ਤੱਕ ਅਤੇ ਦਾਂਤੇ ਦੁਆਰਾ ਇਸ ਦੀ ਬਾਅਦ ਵਿਚ ਇਕ ਮਹਾਨ ਰਚਨਾ ਅਰਪਿਤ ਕਰਨ ਦੇ ਫ਼ੈਸਲੇ ਤੱਕ ਦਾ ਬਿਰਤਾਂਤ ਹੈ। ਰੂਪਕ ਪੱਖੋਂ ਇਹ 31 ਕਵਿਤਾਵਾਂ ਦਾ ਸੰਗ੍ਰਹਿ ਹੈ। ਲਗਭਗ ਹਰੇਕ ਕਵਿਤਾ ਦੇ ਅੰਤ ਵਿਚ ਇਸ ਨੇ ਵਿਸ਼ਲੇਸ਼ਣਾਤਮਕ ਟਿੱਪਣੀ ਦਿੱਤੀ ਹੈ। ਇਸ ਦੀ 'Convino' ਨਾਉਂ ਦੀ ਰਚਨਾ ਵੀ ਸ੍ਵੈ-ਜੀਵਨੀ ਕਿਸਮ ਦੀ ਹੈ। ਇਸ ਰਚਨਾ ਵਿਚ ਦੇਸ਼-ਨਿਕਾਲੇ ਦੌਰਾਨ ਕੀਤੇ ਇਸ ਦੇ ਧਰਮ, ਫਿਲਾਸਫ਼ੀ ਅਤੇ ਸਾਹਿਤ ਦੇ ਅਧਿਐਨ ਤੋਂ ਪ੍ਰਾਪਤ ਗਿਆਨ ਦਾ ਪ੍ਰਗਟਾਵਾ ਹੁੰਦਾ ਹੈ। ਸੰਨ 1304 ਦੇ ਲਗਭਗ ਲਿਖਿਆ ਗਿਆ ਇਸ ਦਾ 'De Vulgari eloquentia' (ਓਨ ਦੀ ਵਰਨੈਕੂਲਰ ਲੈਂਗੁਏਜ) ਨਾਉਂ ਦਾ ਖੋਜ ਗ੍ਰੰਥ ਇਸ ਦੀ ਸਥਾਨਕ ਭਾਸ਼ਾ ਨਾਲ ਸਬੰਧਤ ਹੈ ਜਿਸ ਵਿਚ ਇਸ ਨੇ ਲਾਤੀਨੀ ਭਾਸ਼ਾ ਜਾਂ ਵਿਆਕਰਣਕ ਭਾਸ਼ਾ ਦੇ ਮੁਕਾਬਲੇ ਸਥਾਨਕ ਭਾਸ਼ਾ (ਇਤਾਲਵੀ) ਨੂੰ ਉਚੇਚ ਦਿੱਤੀ ਹੈ। ਇਸ ਦਾ ਪਹਿਲਾ ਭਾਗ ਭਾਸ਼ਾ ਨਾਲ ਅਤੇ ਦੂਜਾ ਭਾਗ ਸ਼ੈਲੀ ਅਤੇ ਛੰਦ ਸ਼ਾਸਤਰ ਨਾਲ ਸਬੰਧਤ ਹੈ। ਇਹ ਰਚਨਾ ਵੀ 'Il Canvivo' ਦੀ ਤਰ੍ਹਾਂ ਅਧੂਰੀ ਹੈ ਜਿਸ ਨੂੰ ਚਾਰ ਜਿਲਦਾਂ ਵਿਚ ਲਿਖਣ ਦੀ ਯੋਜਨਾ ਬਣਾਈ ਗਈ ਸੀ ਪਰ ਦੂਜੀ ਜਿਲਦ ਦੇ ਅੱਧ ਤੱਕ ਹੀ ਰਹਿ ਗਈ। ਲਾਤੀਨੀ ਵਿਚ ਲਿਖੀ ਗਈ ਇਸ ਦੀ ਅਗਲੀ ਰਚਨਾ 'ਮੋਨਾਰਕੀਆ' ਵਿਚ ਇਸ ਦੇ ਦਸਿਆ ਹੈ ਕਿ ਸੰਸਾਰ ਵਿਚ ਕਿਸ ਕਿਸਮ ਦਾ ਆਦਰਸ਼ਕ ਰਾਜਨੀਤਿਕ ਢਾਂਚਾ ਹੋਣਾ ਚਾਹੀਦਾ ਹੈ।

ਇਸ ਦੀ ਆਖ਼ਰੀ ਰਚਨਾ ਜਿਸ ਨੇ ਇਸ ਨੂੰ ਸੰਸਾਰ-ਪ੍ਰਸਿੱਧ ਬਣਾ ਦਿੱਤਾ ਮਹਾਂਕਾਵਿ 'ਡੀਵਾਈਨ ਕਾਮੇਡੀ' ਹੈ। ਸੰਨ 1306 ਵਿਚ ਦਾਂਤੇ ਨੇ ਇਸ ਨੂੰ ਲਿਖਣਾ ਆਰੰਭ ਕੀਤਾ ਅਤੇ 1321 ਈ. ਤੋਂ ਪਹਿਲਾਂ ਇਸ ਨੇ ਇਹ ਰਚਨਾ ਮੁਕੰਮਲ ਕੀਤੀ। ਇਹ ਤ੍ਰਿਪਦਾ (tel Ju rima) ਵਿਚ ਲਿਖੀ ਗਈ ਬਿਰਤਾਂਤਕ ਕਵਿਤਾ ਹੈ ਜਿਸ ਵਿਚ 14,233 ਪੰਕਤੀਆਂ ਹਨ। ਇਹ ਸੌ ਸਰਗਾਂ ਵਿਚ ਵੰਡੀ ਹੋਈ ਹੈ। ਇਹ ਰਚਨਾ ਕਵੀ ਦੇ ਮਰ ਚੁੱਕੇ ਪ੍ਰਾਣੀਆਂ ਦੇ ਸੰਸਾਰ ਵਿਚੋਂ ਗੁਜ਼ਰਨ ਦੀ ਦਾਸਤਾਨ ਬਿਆਨਦੀ ਹੈ। ਇਸ ਦੇ ਤਿੰਨ ਭਾਗ (ਹਿੱਸੇ) ਹਨ ਜਿਨ੍ਹਾਂ ਵਿਚ ਪਹਿਲਾਂ 'Inferno' ਦੂਜਾ 'Purgatorio' ਅਤੇ ਤੀਜਾ 'Paradiso' ਹੈ। ਇਸ ਕਵਿਤਾ ਵਿਚ ਇਸ ਨੇ ਨੈਤਿਕ ਦ੍ਰਿਸ਼ਟੀਕੋਣ ਤੋਂ ਆਪਣੇ ਸਮੇਂ ਦੀਆਂ ਰਾਜਨੀਤਿਕ, ਸਭਿਆਚਾਰਕ ਅਤੇ ਸਮਾਜਕ ਲਹਿਰਾਂ ਦਾ ਅਧਿਐਨ ਅਤੇ ਸਮੀਖਿਆ ਵੀ ਕੀਤੀ ਹੈ।

ਇਸ ਮਹਾਨ ਕਵੀ ਦੀ ਮੌਤ 4 ਸਤੰਬਰ, 1321 ਨੂੰ ਰਵੈਂਨਾ ਵਿਖੇ ਹੋਈ।

ਹ.ਪੁ.—ਐਨ. ਅਮੈ. 4:487; ਐਨ.ਕੋਲ. 6:81; ਬਾਇ. ਐਨ.-ਡੇਵਿਡ ਕ੍ਰਿਸਟਲ : 257; ਐਨ. ਬ੍ਰਿ. ਮਾ. 3

ਦਾਦਰ ਅਤੇ ਨਗਰ ਹਵੇਲੀ : ਇਹ ਪੱਛਮੀ ਭਾਰਤ ਦਾ ਇਕ ਕੇਂਦਰ ਸ਼ਾਸ਼ਿਤ ਪ੍ਰਦੇਸ਼ ਹੈ ਜੋ ਕਿ ਮੁੰਬਈ ਤੋਂ 200 ਕਿ.ਮੀ. (125 ਮੀਲ) ਉੱਤਰ ਵੱਲ ਗੁਜਰਾਤ ਅਤੇ ਮਹਾਰਾਸ਼ਟਰ ਰਾਜਾਂ ਵਿਚਕਾਰ ਸਥਿਤ ਹੈ। ਇਸ ਦੇ ਦੋ ਖੰਡ ਦਾਦਰ ਅਤੇ ਨਗਰ ਹਵੇਲੀ ਹਨ। ਇਸ ਵਿਚ ਕੁੱਲ 72 ਪਿੰਡ ਸ਼ਾਮਲ ਹਨ। ਦਾਦਰ ਖੰਡ ਵਿਚ 3 ਪਿੰਡ ਆਉਂਦੇ ਹਨ ਅਤੇ ਨਗਰ ਹਵੇਲੀ ਵਿਚ 69 ਪਿੰਡ ਸ਼ਾਮਲ ਹਨ ਅਤੇ ਇਨ੍ਹਾਂ ਵਿਚੋਂ ਇਕ ਪਿੰਡ ਕੋਠਾਰ ਹੈ ਜਿਹੜਾ ਕਿ ਮੁਕੰਮਲ ਤੌਰ ਤੇ ਧਰਤੀ ਹੇਠ ਗਰਕ ਹੋ ਗਿਆ ਹੈ ਅਤੇ ਦੂਜੇ ਪੰਜ ਪਿੰਡ ਦਮਨਗੰਗਾ ਸਿੰਜਾਈ ਪ੍ਰੋਜੈਕਟ ਦੀ ਉਸਾਰੀ ਕਾਰਨ ਅੰਸ਼ਿਕ ਤੌਰ ਤੇ

ਗਰਕ ਹੋ ਗਏ ਹਨ। 491 ਵ.ਕਿ.ਮੀ. ਵਿਚ ਫੈਲੇ ਇਸ ਪ੍ਰਦੇਸ਼ ਦਾ ਪ੍ਰਬੰਧ ਕੇਂਦਰੀ ਸਰਕਾਰ ਚਲਾਉਂਦੀ ਹੈ। ਸੰਨ 2002 ਵਿਚ ਇਥੋਂ ਦੀ ਕੁੱਲ ਵਸੋਂ 2,20,451 ਸੀ। ਸਿਲਵਾਸਾ ਇਥੋਂ ਦੀ ਰਾਜਧਾਨੀ ਹੈ। ਇਥੇ ਆਬਾਦੀ ਦੀ ਘਣਤਾ 282 ਵਿਅਕਤੀ ਪ੍ਰਤੀ ਵ.ਕਿ.ਮੀ. ਹੈ।

ਪੁਰਤਗਾਲੀਆਂ ਅਤੇ ਮਰਹੱਟਿਆਂ ਵਿਚਕਾਰ ਕਾਫੀ ਲੰਬੇ ਸਮੇਂ ਤਕ ਹੋਈਆਂ ਝੜੱਪਾਂ ਉਪਰੰਤ 17 ਦਸੰਬਰ, 1779 ਨੂੰ ਮਰਹੱਟਾ ਸਰਕਾਰ ਨੇ ਪੁਰਤਗਾਲੀਆਂ ਦੀ ਦੋਸਤੀ ਨੂੰ ਯਕੀਨੀ ਬਣਾਉਣ ਲਈ ਇਸ ਇਲਾਕੇ ਦੇ ਥੋੜ੍ਹੇ ਜਿਹੇ ਪਿੰਡਾਂ ਦਾ 12,000 ਰੁਪਏ ਦਾ ਮਾਲੀਆ ਮੁਆਵਜ਼ੇ ਵਜੋਂ ਉਨ੍ਹਾਂ ਦੇ ਸਪੁਰਦ ਕਰ ਦਿੱਤਾ। ਜੁਲਾਈ, 1954 ਵਿਚ ਰਾਸ਼ਟਰਵਾਦੀਆਂ ਨੇ ਦਾਦਰ ਅਤੇ ਨਗਰ ਹਵੇਲੀ ਦੇ ਖੇਤਰਾਂ ਉੱਤੇ ਕਬਜ਼ਾ ਕਰ ਲਿਆ ਅਤੇ ਇਕ ਭਾਰਤ ਪੱਖੀ ਪ੍ਰਸ਼ਾਸ਼ਕ ਸਥਾਪਿਤ ਕਰ ਦਿੱਤਾ। 2 ਅਗਸਤ, 1954 ਨੂੰ ਇਹ ਇਕ ਆਜ਼ਾਦ ਖੇਤਰ ਬਣ ਗਿਆ। ਇਸ ਉਪਰੰਤ ਇਥੋਂ ਦਾ ਰਾਜ-ਪ੍ਰਬੰਧ ਕੁਝ ਸਮੇਂ ਲਈ ਇਕ ਪ੍ਰਸ਼ਾਸ਼ਕ ਹੀ ਚਲਾਉਂਦਾ ਰਿਹਾ। 11 ਅਗਸਤ, 1961 ਨੂੰ ਇਸ ਖੇਤਰ ਨੂੰ ਭਾਰਤ ਸੰਘ ਵਿਚ ਸ਼ਾਮਲ ਕਰ ਲਿਆ ਗਿਆ ਅਤੇ ਉਦੋਂ ਤੋਂ ਹੀ ਇਹ ਭਾਰਤ ਦਾ ਇਕ ਸੰਘੀ ਸ਼ਾਸ਼ਿਤ ਪ੍ਰਦੇਸ਼ ਬਣ ਗਿਆ। ਇਸ ਦਾ ਪ੍ਰਬੰਧ ਇਕ ਪ੍ਰਸ਼ਾਸ਼ਕ ਦੁਆਰਾ ਚਲਾਇਆ ਜਾਂਦਾ ਹੈ।

ਇਸ ਪ੍ਰਦੇਸ਼ ਦੇ ਲਗਭਗ ਅੱਧੇ ਹਿੱਸੇ ਨੂੰ ਜੰਗਲਾਂ ਨੇ ਮੱਲਿਆ ਹੋਇਆ ਹੈ। ਲਗਭਗ 23,958 ਹੈਕ. ਰਕਬਾ ਕਾਸ਼ਤ ਹੇਠ ਹੈ ਜਿਸ ਵਿਚ ਝੋਨਾ, ਦੂਜੀਆਂ ਅਨਾਜੀ ਫਸਲਾਂ ਅਤੇ ਪਸ਼ੂਆਂ ਦਾ ਚਾਰਾ ਉਗਾਇਆ ਜਾਂਦਾ ਹੈ। ਇਨ੍ਹਾਂ ਤੋਂ ਇਲਾਵਾ ਰਾਈ, ਕਣਕ, ਬਾਜਰਾ ਅਤੇ ਦਾਲਾਂ ਵੀ ਉਗਾਈਆਂ ਜਾਂਦੀਆਂ ਹਨ। ਇਥੇ ਅੰਬ, ਚੀਕੂ ਅਤੇ ਕੇਲਾ ਆਦਿ ਵੀ ਕਾਫ਼ੀ ਪੈਦਾ ਕੀਤਾ ਜਾਂਦਾ ਹੈ।

ਸਿਲਵਾਸਾ, ਪਿਪਾਰੀਆਂ ਮਸਤ ਅਤੇ ਖਡੋਲੀ ਸ਼ਹਿਰਾਂ ਵਿਚ ਕੁਝ ਲਘੂ ਉਦਯੋਗਾਂ ਲਈ ਇੰਡਸਟ੍ਰੀਅਲ ਐਸਟੇਟਸ (ਉਦਯੋਗਿਕ ਮਿਲਖਾਂ) ਸਥਾਪਿਤ ਕੀਤੀਆਂ ਗਈਆਂ ਹਨ। ਮਾਰਚ, 1997 ਤਕ ਇਥੇ 710 ਉਦਯੋਗ ਸਨ ਜਿਨ੍ਹਾਂ ਵਿਚ ਘਰੇਲੂ, ਦਿਹਾਤੀ ਅਤੇ ਛੋਟੇ ਪੈਮਾਨੇ ਦੇ ਉਦਯੋਗ ਅਤੇ ਟੈਕਸਟਾਈਲਜ਼, ਇੰਜੀਨੀਅਰਿੰਗ, ਪਲਾਸਟਿਕ, ਇਲੈਕਟ੍ਰਾਨਿਕਸ, ਰਸਾਇਣਕ ਪਦਾਰਥ ਅਤੇ ਔਸ਼ਧ-ਨਿਰਮਾਣ ਸਬੰਧੀ 252 ਦਰਮਿਆਨੇ ਦਰਜੇ ਦੇ ਉਦਯੋਗ ਸਨ ਜਿਨ੍ਹਾਂ ਵਿਚ 15,780 ਤੋਂ ਵੱਧ ਲੋਕ ਕੰਮ ਕਰਦੇ ਹਨ ਅਤੇ 1700 ਕਰੋੜ ਰੁਪਏ ਤੋਂ ਵੱਧ ਲਾਗਤ ਦੀਆਂ ਵਸਤਾਂ ਤਿਆਰ ਕਰਦੇ ਹਨ। ਇਨ੍ਹਾਂ ਉਦਯੋਗਾਂ ਨੂੰ 15 ਸਾਲਾਂ ਤੱਕ ਵਿਕਰੀ ਕਰ ਦੀ ਛੋਟ, ਪੰਜ ਸਾਲਾਂ ਤਕ ਆਮਦਨ ਕਰ ਦੀ ਛੋਟ, ਬਿਜਲੀ ਉੱਤੇ ਸਬਸਿਡੀ ਅਤੇ ਸਮੇਂ-ਸਮੇਂ ਸਿਰ ਭਾਰਤ ਸਰਕਾਰ ਵੱਲੋਂ ਦਿੱਤੇ ਰਿਆਇਤੀ ਧਨ ਜਿਹੇ ਕਈ ਪ੍ਰੇਰਕ (ਉਤਸ਼ਾਹ) ਦਿੱਤੇ ਜਾਂਦੇ ਹਨ ਅਤੇ ਚੁੰਗੀ ਕਰ ਵਸੂਲ ਨਹੀਂ ਕੀਤਾ ਜਾਂਦਾ ਹੈ।

ਇਸ ਕੇਂਦਰ-ਸ਼ਾਸ਼ਿਤ ਪ੍ਰਦੇਸ਼ ਦਾ ਆਪਣਾ ਸੜਕੀ ਆਵਾਜਾਈ ਪ੍ਰਬੰਧ ਨਹੀਂ ਹੈ। ਇਸ ਨੇ ਗੁਜਰਾਤ ਅਤੇ ਮਹਾਰਾਸ਼ਟਰ ਰਾਜਾਂ ਦੇ ਆਵਾਜਾਈ ਪ੍ਰਬੰਧ ਤੋਂ ਲਾਭ ਉਠਾਇਆ ਹੈ। ਇਸ ਦੀ ਕੁੱਲ ਸੜਕੀ ਲੰਬਾਈ 556 ਕਿ.ਮੀ. (2002) ਹੈ ਜਿਸ ਵਿਚੋਂ 522 ਕਿ.ਮੀ. ਧਰਾਤਲੀ ਹੈ। 68 ਪਿੰਡਾਂ ਨੂੰ ਸਾਰੀਆਂ ਮੌਸਮੀ ਸੜਕਾਂ ਨਾਲ ਜੋੜਿਆ ਗਿਆ ਹੈ। ਮੁੰਬਈ ਤੋਂ ਅਹਿਮਦਾਬਾਦ ਜਾਣ ਵਾਲੀ ਰੇਲਵੇ ਲਾਈਨ ਸਿਲਵਾਸਾ ਸ਼ਹਿਰ ਦੇ ਨੇੜੇ ਹੀ ਸਥਿਤ ਵਾਪੀ ਸ਼ਹਿਰ ਵਿਚੋਂ ਲੰਘਦੀ ਹੈ। ਸਭ ਤੋਂ ਨੇੜਲਾ ਹਵਾਈ ਅੱਡਾ ਮੁੰਬਈ ਹੈ।

ਇਸ ਪ੍ਰਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਇਥੇ ਕੋਈ ਸਿੰਜਾਈ ਸੁਵਿਧਾ ਨਹੀਂ ਸੀ ਅਤੇ ਕਾਸ਼ਤਕਾਰ ਵਰਖਾ ਉੱਤੇ ਨਿਰਭਰ ਕਰਦੇ ਸਨ। ਬਾਅਦ ਵਿਚ ਵੱਖ-ਵੱਖ ਥਾਵਾਂ ਉੱਤੇ 87 ਲਿਫਟ ਸਿੰਜਾਈ ਸਕੀਮਾਂ ਮੁਕੰਮਲ ਕੀਤੀਆਂ ਗਈਆਂ ਹਨ। ਗੁਜਰਾਤ, ਗੋਆ, ਦਮਨ ਅਤੇ ਦੀਉ ਸਰਕਾਰ ਨਾਲ ਸਾਂਝੇ ਪ੍ਰੋਜੈਕਟ ਦੇ ਨਤੀਜੇ ਵਜੋਂ 7,044 ਹੈਕ. ਦੀ ਸਿੰਜਾਈ-ਸਮਰੱਥਾ ਵਾਲਾ ਇਕ ਜਲ ਭੰਡਾਰ ਦਮਨਗੰਗਾ ਵਿਚ ਸਥਾਪਿਤ ਕੀਤਾ ਗਿਆ ਹੈ। ਬਿਜਲੀ ਗੁਜਰਾਤ ਤੋਂ ਖਰੀਦ ਕੇ ਸਮੁੱਚੇ ਪ੍ਰਦੇਸ਼ ਵਿਚ ਪਹੁੰਚਾਈ ਗਈ ਹੈ।

ਸੰਘਣੇ ਜੰਗਲੀ ਇਲਾਕੇ ਅਤੇ ਅਨੁਕੂਲ ਜਲਵਾਯੂ ਨੂੰ ਧਿਆਨ ਵਿਚ ਰੱਖਦੇ ਹੋਏ ਸੈਰ ਸਪਾਟਾ ਖੇਤਰ ਨੂੰ ਵੱਧ ਪਹਿਲ ਦਿੱਤੀ ਜਾ ਰਹੀ ਹੈ। ਸੈਰ ਸਪਾਟੇ ਦੀਆਂ ਪ੍ਰਸਿੱਧ ਥਾਵਾਂ ਤਦਕੇਸ਼ਵਰ ਸ਼ਿਵ ਮੰਦਰ, ਬਿੰਦਰਾਬਨ, ਹਿਰਨ ਪਾਰਕ, ਖਨਵੇਲ, ਵੈਨਗੰਗਾ ਝੀਲ ਅਤੇ ਟਾਪੂ ਬਾਗ, ਦਾਦਰ, ਵਨਵਿਹਾਰ, ਉਦੈਨ (ਛੋਟਾ ਚਿੜੀਆ ਘਰ), ਬਾਲ ਉਦੈਨ, ਕਬਾਇਲੀ ਸਭਿਆਚਾਰਕ ਅਜਾਇਬ ਘਰ ਅਤੇ ਸਿਲਵਾਸਾ ਵਿਖੇ ਹਿਰਵਾਵਨ ਗਾਰਡਨ ਹਨ। ਡੁਢਾਨੀ ਵਿਖੇ ਵਾਟਰ ਸਪੋਰਟਸ ਦਾ ਵਿਕਾਸ ਅਤੇ ਲੁਹਾਰੀ ਵਿਖੇ ਖਾਂਡਵ ਵਨ ਦੀ ਉਸਾਰੀ ਚਲ ਰਹੀ ਹੈ। ਖਨਵੇਲ ਵਿਖੇ ਨਿਵਾਸ-ਸਥਾਨ ਅਤੇ ਡੁਢਾਨੀ ਵਿਖੇ ਚੌਂਡਾ ਗਾਰਨ ਅਤੇ ਰਹਿਣ ਦੀ ਸੁਵਿਧਾ ਸੈਲਾਨੀਆਂ ਲਈ ਉਪਲਬਧ ਹੈ।

ਇਹ ਪ੍ਰਦੇਸ਼ ਮੁੰਬਈ ਹਾਈਕੋਰਟ ਦੇ ਅਧਿਕਾਰ ਖੇਤਰ ਵਿਚ ਆਉਂਦਾ ਹੈ। ਸਿਲਵਾਸਾ ਵਿਖੇ ਜ਼ਿਲ੍ਹਾ ਅਤੇ ਸੈਸ਼ਨਜ ਕੋਰਟ ਅਤੇ ਇਕ ਜੂਨੀਅਰ ਡਵੀਜ਼ਨ ਸਿਵਲ ਕੋਰਟ ਹੈ।

ਆਮ ਤੌਰ ਤੇ ਇਸ ਪ੍ਰਦੇਸ਼ ਵਿਚ ਹਿੰਦੂ, ਮੁਸਲਮਾਨ ਅਤੇ ਈਸਾਈ ਸਾਰੇ ਤਿਉਹਾਰ ਮਨਾਉਂਦੇ ਹਨ ਜਦੋਂ ਕਿ ਕਬਾਇਲੀ ਲੋਕ ਆਪਣੇ ਤਿਉਹਾਰ ਮਨਾਉਂਦੇ ਹਨ। ਢੋਡੀਆਂ ਅਤੇ ਵਰਲੀ ਕਬੀਲਿਆਂ ਵੱਲੋਂ ਦੀਵਾਸੋ ਤਿਉਹਾਰ ਅਤੇ ਢੋਡੀਆਂ ਵੱਲੋਂ ਰਖਸ਼ਾ ਬੰਧਨ (ਰੱਖੜੀ) ਮਨਾਇਆ ਜਾਂਦਾ ਹੈ। ਸਾਰੇ ਕਬੀਲਿਆਂ ਵੱਲੋਂ ਫਸਲਾਂ ਕੱਟਣ ਤੋਂ ਬਾਅਦ ਖਾਲੀ ਪੂਜਾ ਅਤੇ ਫਸਲਾਂ ਕੱਟਣ ਤੋਂ ਪਹਿਲਾਂ ਗਰਾਮ ਦੇਵੀ ਦੇ ਤਿਉਹਾਰ ਮਨਾਏ ਜਾਂਦੇ ਹਨ।

ਸੰਨ 1991 ਦੀ ਜਨ ਗਣਨਾ ਅਨੁਸਾਰ ਕੁੱਲ ਵਸੋਂ ਦਾ 39.46 ਪ੍ਰਤੀਸ਼ਤ ਹਿੱਸਾ ਪੜ੍ਹਿਆ ਲਿਖਿਆਂ ਦਾ ਸੀ। ਸੰਨ 1992 ਵਿਚ ਇਥੇ 150 ਬਾਲਗ ਸਿਖਿਆ ਕੇਂਦਰ, 163 ਪ੍ਰਾਇਮਰੀ ਅਤੇ ਮਿਡਲ ਸਕੂਲ ਅਤੇ 12 ਹਾਈ ਅਤੇ ਹਾਇਰ ਸੈਕੰਡਰੀ ਸਕੂਲ ਸਨ। ਇਨ੍ਹਾਂ ਤੋਂ ਇਲਾਵਾ ਇਥੇ 5 ਪ੍ਰਾਇਮਰੀ ਹੈਲਥ ਸੈਂਟਰ, 4 ਡਿਸਪੈਂਸਰੀਆਂ ਅਤੇ 9 ਪਸ਼ੂਆਂ ਦੇ ਇਲਾਜ ਕੇਂਦਰ, ਪਸ਼ੂ ਹਸਪਤਾਲ, ਇਕ ਖੇਤੀਬਾੜੀ ਖੋਜ ਕੇਂਦਰ ਅਤੇ ਪਸ਼ੂਆਂ ਅਤੇ ਮੁਰਗੀਆਂ ਦੀ ਨਸਲ ਸੁਧਾਰਨ ਲਈ ਨਸਲ ਸੁਧਾਰ ਕੇਂਦਰ ਹਨ।

ਇਥੇ ਜ਼ਿਆਦਾਤਰ ਭਿਲੋਡੀ (91.1 ਪ੍ਰਤੀਸ਼ਤ) ਭਾਸ਼ਾ ਬੋਲੀ ਜਾਂਦੀ ਹੈ। ਇਸ ਤੋਂ ਇਲਾਵਾ ਭਿੱਲੀ, ਗੁਜਰਾਤੀ, ਮਰਾਠੀ ਅਤੇ ਹਿੰਦੀ ਭਾਸ਼ਾਵਾਂ ਵੀ ਬੋਲੀਆਂ ਜਾਂਦੀਆਂ ਹਨ।

ਹ. ਪੁ.-ਐਨ. ਬ੍ਰਿ. ਮਾ. 3 : 844; ਸਟੇ. ਯੀ. ਬੁੱ. 1993-94 : 766; ਇੰਡੀਆ-2003 : 820

ਦਾਦਰਾ : ਦਾਦਰਾ ਇਕ ਤਾਲ ਦਾ ਨਾਮ ਹੈ। ਇਸ ਤੋਂ ਇਲਾਵਾ ਇਕ ਵਿਸ਼ੇਸ਼ ਗਾਇਨ ਸ਼ੈਲੀ ਦਾ ਨਾਮ ਵੀ ਦਾਦਰਾ ਹੈ। ਇਸ ਦੀ ਚਾਲ ਗ਼ਜ਼ਲ ਵਰਗੀ ਹੁੰਦੀ ਹੈ। ਮੱਧ ਜਾਂ ਦਰੁੱਤ ਲੈਅ ਵਿਚ ਦਾਦਰਾ ਅੱਛਾ ਲਗਦਾ ਹੈ। ਇਸ ਵਿਚ ਸ਼ਿੰਗਾਰ ਰਸ ਦੇ ਗੀਤ ਹੁੰਦੇ ਹਨ।

ਬਹੁਤੇ ਵਿਦਵਾਨ 'ਦਾਦਰਾ-ਗੀਤ' ਨੂੰ 'ਠੁਮਰੀ' ਸ਼ੈਲੀ ਦਾ ਗੀਤ ਮੰਨਦੇ ਹਨ। ਭਾਵੇਂ ਕਿ ਦੋਹਾਂ ਦੇ ਤਾਲਾਂ ਵਿਚ ਅੰਤਰ ਹੁੰਦਾ ਹੈ। ਦਾਦਰਾ ਗੀਤ ਸ਼ੈਲੀ ਦਾ ਨਿਕਾਸ ਤੇ ਵਿਕਾਸ ਬਨਾਰਸ ਵਿਚ ਹੋਇਆ ਮੰਨਿਆ ਜਾਂਦਾ ਹੈ।

ਜਿਨਾਂ ਰਾਗਾਂ ਵਿਚ 'ਟੱਪਾ' ਤੇ 'ਠੁਮਰੀ' ਗਾਏ ਜਾਂਦੇ ਹਨ ਲਗਭਗ ਉਨ੍ਹਾਂ ਹੀ ਰਾਗਾਂ ਵਿਚ ਦਾਦਰਾ ਵੀ ਗਾਇਆ ਜਾਂਦਾ ਹੈ। ਇਹ ਗੀਤ ਸਿਰਫ਼ 'ਦਾਦਰਾ' ਤਾਲ ਵਿਚ ਗਾਇਆ ਜਾਂਦਾ ਹੈ। ਇਸੇ ਕਰ ਕੇ ਇਸ ਗਾਇਨ ਸ਼ੈਲੀ ਦਾ ਨਾਮ ਦਾਦਰਾ ਰੱਖਿਆ ਗਿਆ। ਇਹ ਸਰਲ-ਸ਼ਾਸਤਰੀ (ਲਾਈਟ ਕਲਾਸੀਕਲ) ਸੰਗੀਤ ਦੇ ਖੇਤਰ ਵਿਚ ਆਉਂਦਾ ਹੈ। ਆਧੁਨਿਕ ਸੰਗੀਤ ਵਿਚ ਠੁਮਰੀ ਅਤੇ ਦਾਦਰਾ ਕਾਫ਼ੀ ਲੋਕ-ਪ੍ਰਿਅ ਹਨ। ਲੈਅ ਦੇ ਪੱਖ ਤੋਂ ਇਕ 'ਸਾਦਰਾ' ਨਾਮ ਦੀ ਗਾਇਕੀ ਵੀ 'ਦਾਦਰਾ' ਨਾਲ ਮਿਲਦੀ ਜੁਲਦੀ ਹੈ ਪਰ ਸ਼ੈਲੀ ਪੱਖ ਤੋਂ ਨਹੀਂ ਕਿਉਂਕਿ 'ਸਾਦਰਾ' ਨਾਮ ਦਾ ਗੀਤ ਧਰੁਪਦ ਅੰਗ ਨਾਲ ਝਪਤਾਲ, ਕਹਿਰਵਾ ਤੇ ਰੂਪਕ ਤਾਲਾਂ ਵਿਚ ਗਾਇਆ ਜਾਂਦਾ ਹੈ। ਕਈਆਂ ਦੇ ਵਿਚਾਰ ਅਨੁਸਾਰ 'ਸਾਦਰਾ' ਅਤੇ 'ਦਾਦਰਾ' ਦੋਹਾਂ ਗੀਤ ਸ਼ੈਲੀਆਂ ਨੂੰ 'ਕੱਥਕ' ਸੰਗੀਤਕਾਰਾਂ ਨੇ ਪ੍ਰਚੱਲਿਤ ਕੀਤਾ ਪਰ ਅੱਜਕੱਲ੍ਹ 'ਸਾਦਰਾ' ਨਾਲੋਂ 'ਦਾਦਰਾ' ਵਧੇਰੇ ਪ੍ਰਚੱਲਿਤ ਹੈ। ਸਮੁੱਚੇ ਰੂਪ ਵਿਚ 'ਦਾਦਰਾ' ਨੂੰ ਠੁਮਰੀ ਅਤੇ ਗ਼ਜ਼ਲ ਸ਼ੈਲੀ ਦਾ ਗੀਤ ਵੀ ਕਿਹਾ ਜਾਂਦਾ ਹੈ। ਇਸ ਵਿਚ ਸ਼ਿੰਗਾਰ ਰਸ ਦੀ ਪ੍ਰਧਾਨਤਾ ਹੁੰਦੀ ਹੈ।

ਫ਼ਿਲਮੀ ਸੰਗੀਤ ਦਾ ਇਕ ਦਾਦਰਾ—

"ਛਾ ਰਹੀ ਕਾਲੀ ਘਟਾ, ਜੀਆ ਮੋਰਾ ਲਹਿਰਾਏ ਹੈ" - ਰਾਗ ਦੇਸ ਵਿਚ ਹੈਂ ਅਤੇ ਕਾਫ਼ੀ ਪ੍ਰਸਿੱਧ ਹੈ।

ਦੇਸ, ਕਾਫ਼ੀ, ਮਿਸ਼ਰਕਾਫ਼ੀ, ਮਾਂਡ, ਮਿਸ਼ਰ-ਮਾਂਡ, ਮਾਝ, ਭੈਰਵੀ, ਖਮਾਜ, ਬਰਰਵਾ, ਝਿੰਝੋਟੀ, ਬਿਹਾਗ, ਜੈਜੈਵੰਤੀ, ਕੇਦਾਰ, ਪਟਦੀਪ ਆਦਿ ਰਾਗਾਂ ਵਿਚ 'ਦਾਦਰਾ' ਆਮ ਪ੍ਰਚੱਲਿਤ ਹੈ।

—ਦਰਸ਼ਨ ਸਿੰਘ ਨਰੂਲਾ

ਦਾਦਰੀ (ਚਰਖੀ ਦਾਦਰੀ) : ਇਹ ਭਾਰਤ ਦੇ ਹਰਿਆਣਾ ਰਾਜ ਦੇ ਭਵਾਨੀ ਜ਼ਿਲ੍ਹੇ ਦਾ ਇਕ ਸ਼ਹਿਰ ਹੈ ਜਿਹੜਾ ਦਿੱਲੀ ਦੇ ਦੱਖਣ-ਪੱਛਮ ਵੱਲ 140 ਕਿ.ਮੀ. ਅਤੇ ਜੀਂਦ ਸ਼ਹਿਰ ਦੇ ਦੱਖਣ ਵੱਲ 97 ਕਿ.ਮੀ. ਦੂਰ ਰਿਵਾੜੀ-ਬਠਿੰਡਾ ਰੇਲਵੇ ਲਾਈਨ ਤੇ ਵਾਕਿਆ ਹੈ। 'ਡੱਡੂ' ਦੇ ਨਾਂ ਤੋਂ ਹੀ ਇਸ ਸ਼ਹਿਰ ਦਾ ਨਾਂ ਦਾਦਰ ਰੱਖਿਆ ਗਿਆ। ਇਹ ਸ਼ਹਿਰ ਨਿਵਾਣ ਵੱਲ ਨੂੰ ਫੈਲਿਆ ਹੋਇਆ ਹੈ। ਕਿਹਾ ਜਾਂਦਾ ਹੈ ਕਿ ਇਹ ਸ਼ਹਿਰ ਬਹੁਤ ਪੁਰਾਣਾ ਹੈ ਪਰੰਤੂ ਇਸ ਦੇ ਇਤਿਹਾਸ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ। ਸੰਨ 1857 ਵਿਚ ਇਸ ਸ਼ਹਿਰ ਉੱਤੇ ਝੱਜਰ ਦੇ ਨਵਾਬ ਦਾ ਰਿਸ਼ਤੇਦਾਰ ਨਵਾਬ ਬਹਾਦਰ ਜੰਗ ਰਾਜ ਕਰਦਾ ਸੀ ਅਤੇ ਉਸ ਵੱਲੋਂ ਬਗ਼ਾਵਤ ਕਰਨ ਕਰ ਕੇ ਉਸ ਦੀ ਸਾਰੀ ਜਾਇਦਾਦ ਜ਼ਬਤ ਕੀਤੀ ਗਈ। ਬਗ਼ਾਵਤ ਦੇ ਦੌਰਾਨ ਇਸ ਵੱਲੋਂ ਨਿਭਾਈਆਂ ਸੇਵਾਵਾਂ ਬਦਲੇ ਜੀਂਦ ਦੇ ਰਾਜੇ ਨੇ ਇਸ ਨੂੰ ਨਵਾਬ ਦੀ ਪਦਵੀ ਪ੍ਰਦਾਨ ਕੀਤੀ। ਇਥੋਂ ਦੀਆਂ ਪ੍ਰਾਚੀਨ ਇਮਾਰਤਾਂ ਵਿਚ ਇਕ ਟੈਂਕ ਅਤੇ ਹੋਰ ਦੂਜੀਆਂ ਇਮਾਰਤਾਂ ਨੂੰ ਬਾਦਸ਼ਾਹ ਮੁਹੰਮਦ ਸ਼ਾਹ ਦੇ ਖਜ਼ਾਨਚੀ ਸੀਤਾ ਰਾਮ ਨੇ ਬਣਵਾਇਆ ਸੀ। ਇਹ ਸ਼ਹਿਰ ਚਮੜੇ ਦੀਆਂ ਵਸਤਾਂ ਬਣਾਉਣ ਲਈ ਪ੍ਰਸਿੱਧ ਹੈ ਅਤੇ ਇਥੇ ਕਈ ਥਾਵਾਂ ਤੇ ਖਰਾਦ ਦਾ ਕੰਮ ਵੀ ਕੀਤਾ ਜਾਂਦਾ ਹੈ।

ਆਬਾਦੀ — 32,253 (1991)

28°35′ ਉ. ਵਿਥ.; 76°20′ ਪੂ. ਲੰਬ.

ਹ.ਪੂ.—ਇੰਪ. ਗ. ਇੰਡ. 11:120

ਦਾਦਾਜੀ ਕੋਂਡ-ਦੇਵ : ਇਹ ਸ਼ਿਵਾ ਜੀ ਦੇ ਪਿਤਾ ਸ਼ਾਹ ਜੀ ਦਾ ਇਕ ਵਿਸ਼ਵਾਸਯੋਗ ਕਰਤਾ-ਧਰਤਾ ਸੀ ਜਿਸ ਨੂੰ ਸ਼ਾਹ ਜੀ ਨੇ ਆਪਣੀ ਪੂਨੇ ਵਾਲੀ ਜਾਗੀਰ ਦੀ ਦੇਖ-ਰੇਖ ਵਾਸਤੇ 1637 ਈ. ਵਿਚ ਨਿਯੁਕਤ ਕੀਤਾ। ਸ਼ਾਹ ਜੀ ਦਾ ਪਰਿਵਾਰ ਵੀ ਇਥੇ ਹੀ ਰਹਿੰਦਾ ਸੀ। ਚੱਕਬੰਦੀ ਦੇ ਕੰਮ ਵਿਚ ਬਹੁਤ ਮਾਹਿਰ ਹੋਣ ਕਰ ਕੇ ਹੀ ਇਸ ਦੀ ਦੇਖ ਰੇਖ ਹੇਠਾਂ ਪੂਨਾ ਪ੍ਰਾਂਤ ਦੀ ਖੇਤੀ ਵਿਚ ਵੀ ਕਾਫ਼ੀ ਸੁਧਾਰ ਹੋਏ ਜਿਸ ਦੇ ਫਲਸਰੂਪ ਇਥੋਂ ਦੀ ਆਬਾਦੀ ਵਿਚ ਵੀ ਵਾਧਾ ਹੋਇਆ। ਖੇਤੀ ਵਿਚ ਸੁਧਾਰ ਲਿਆਉਣ ਲਈ ਵਾਧੂ ਖਰਚੇ ਦੀ ਲੋੜ ਪੂਰੀ ਕਰਨ ਲਈ ਹਰ ਵਰ੍ਹੇ ਦੀ ਪੈਦਾਵਾਰ ਵਿਚੋਂ ਥੋੜ੍ਹਾ ਜਿਹਾ ਹਿੱਸਾ ਮਾਮਲੇ ਦੇ ਰੂਪ ਵਿਚ ਜ਼ਿਮੀਦਾਰਾਂ ਤੋਂ ਉਗਰਾਹੁਣ ਦੀ ਰੀਤ ਅਸਲ ਵਿਚ ਇਸ ਨੇ ਹੀ ਪੱਕੀ ਕੀਤੀ ਸੀ। ਇਸ ਦੀ ਨਿਯੁਕਤੀ ਦੌਰਾਨ ਹੀ ਮਾਲਵੇ ਦੇ ਲੋਕਾਂ ਦੀ ਆਰਥਿਕ ਹਾਲਤ ਬਹੁਤ ਖ਼ਰਾਬ ਹੋ ਜਾਣ ਤੇ ਇਸ ਨੇ ਉਸ ਵਰ੍ਹੇ ਉਨ੍ਹਾਂ ਦਾ ਸਾਰਾ ਲਗਾਨ ਮੁਆਫ ਕਰ ਦਿੱਤਾ ਅਤੇ ਨਾਲ ਹੀ ਇਥੋਂ ਦੇ ਲੋਕਾਂ ਵਿਚੋਂ ਕੁਝ ਕੁ ਨੂੰ ਹੋਰਨਾਂ ਥਾਵਾਂ ਦਾ ਲਗਾਨ ਇਕੱਠਾ ਕਰਨ ਲਈ ਰੱਖ ਕੇ ਉਨ੍ਹਾਂ ਦੀ ਮਾਲੀ ਤੌਰ ਤੇ ਸਹਾਇਤਾ ਕਰਨ ਦੀ ਭਰਪੂਰ ਕੋਸ਼ਿਸ਼ ਵੀ ਕੀਤੀ। ਇਸ ਨੇ ਸ਼ਿਵਾ ਜੀ ਅਤੇ ਉਨ੍ਹਾਂ ਦੀ ਮਾਤਾ ਜੀਜਾ ਬਾਈ ਲਈ ਪੂਨੇ ਵਿਚ ਰਹਿਣ ਲਈ ਇਕ ਲਾਲ ਮਹਿਲ ਬਣਵਾਇਆ। ਬਾਲ ਸ਼ਿਵਾ ਜੀ ਨੂੰ ਲੋੜੀਂਦੀ ਫ਼ੌਜੀ ਅਤੇ ਧਾਰਮਿਕ ਸਿੱਖਿਆ ਇਥੇ ਹੀ ਦਿੱਤੀ ਗਈ। ਸ਼ਿਵਾ ਜੀ ਦੇ ਮਨ ਵਿਚ ਆਪਣੇ ਧਰਮ ਸਬੰਧੀ ਸਤਿਕਾਰ ਪੈਦਾ ਕਰਨ ਤੋਂ ਖ਼ੁਸ਼ ਹੋ ਕੇ, ਸ਼ਾਹ ਜੀ ਨੇ ਇਸ ਦੀ ਫ਼ੌਜ ਵਧਾ ਦਿੱਤੀ ਅਤੇ ਇਸ ਨੂੰ ਇਕ ਉੱਚ ਅਧਿਕਾਰੀ ਬਣਾ ਦਿੱਤਾ।

ਸ਼ਿਵਾ ਜੀ ਨੇ ਜਵਾਨ ਹੁੰਦਿਆਂ ਹੀ 1646 ਈ. ਵਿਚ ਤੋਰਣਾ ਦਾ ਕਿਲ੍ਹਾ ਜਿੱਤਿਆ ਅਤੇ ਜਦੋਂ ਬੀਜਾਪੁਰ ਦੇ ਦਰਬਾਰ ਵਿਚ ਸ਼ਿਵਾ ਜੀ ਦੀ ਨੁਕਤਾਚੀਨੀ ਹੋਈ ਤਾਂ ਸ਼ਿਵਾ ਜੀ ਨੂੰ ਸਮਝਾਉਣ ਦਾ ਕੰਮ ਇਸ ਨੂੰ ਹੀ ਸੌਂਪਿਆ ਗਿਆ। ਇਸ ਨੇ ਸ਼ਿਵਾ ਜੀ ਨੂੰ ਸਮਝਾਉਣ ਦੀ ਭਾਵੇਂ ਪੂਰੀ ਕੋਸ਼ਿਸ਼ ਕੀਤੀ ਪਰ ਸਭ ਵਿਅਰਥ ਸਿੱਧ ਹੁੰਦੀ ਦੇਖ ਕੇ ਇਸ ਨੂੰ ਬਹੁਤ ਚਿੰਤਾ ਹੋਈ। ਇਤਿਹਾਸਕਾਰਾਂ ਅਨੁਸਾਰ ਸਵਰਾਜ ਦੀ ਸਥਾਪਨਾ ਸਬੰਧੀ ਜੋ ਵੀ ਕੰਮ ਲੁਕ-ਛਿਪ ਕੇ ਕੀਤਾ ਜਾਂਦਾ ਸੀ, ਉਸ ਵਿਚ ਇਸ ਦਾ ਹੱਥ ਵਧੇਰੇ ਹੁੰਦਾ ਸੀ। ਮਾਵਲ ਪ੍ਰਦੇਸ਼ ਦੇ ਦੇਸ਼, ਦੇਸ਼ਪਾਂਡੇ ਆਦਿ ਨੇ ਜਦੋਂ ਵੀ ਕਦੇ ਦੰਗੇ ਕਰਵਾਉਣ ਦੀ ਕੋਸ਼ਿਸ਼ ਕੀਤੀ, ਉਨ੍ਹਾਂ ਨੂੰ ਵੀ ਇਸ ਨੇ ਸਖ਼ਤੀ ਨਾਲ ਦਬਾਇਆ ਅਤੇ ਨਾਲ-ਨਾਲ ਉਨ੍ਹਾਂ ਨੂੰ ਸਵਰਾਜ ਸਥਾਪਨਾ ਲਈ ਪ੍ਰੇਰਿਆ। ਸ਼ਿਵਾਪੁਰ ਨਾਮਕ ਪਿੰਡ ਵਿਚ ਵੀ ਇਸ ਨੇ ਸਰਕਾਰੀ ਦਫ਼ਤਰ ਬਣਵਾਏ। ਨਿਆਂ ਕਰਨ ਵਿਚ ਵੀ ਇਹ ਬਹੁਤ ਪ੍ਰਸਿੱਧ ਸੀ। ਕਿਹਾ ਜਾਂਦਾ ਹੈ ਕਿ ਇਕ ਵਾਰੀ ਸ਼ਿਵਾ ਜੀ ਦੀ ਆਗਿਆ ਤੋਂ ਬਿਨਾਂ ਇਸ ਨੇ ਇਕ ਦਰਖ਼ਤ ਤੋਂ ਅੰਬ ਦਾ ਫਲ ਤੋੜ ਲਿਆ ਜਿਸ ਤੇ ਸ਼ਿਵਾ ਜੀ ਨੇ ਇਸ ਨੂੰ ਖ਼ੁਦ ਹੀ ਦੰਡ ਦੇਣ ਦਾ ਫ਼ੈਸਲਾ ਕਰਨ ਲਈ ਕਿਹਾ ਅਤੇ ਦੰਡ ਵਜੋਂ ਇਸ ਨੇ ਆਪਣਾ ਇਕ ਹੱਥ ਕੱਟ ਦੇਣ ਦਾ ਫ਼ੈਸਲਾ ਕੀਤਾ। ਸ਼ਿਵਾ ਜੀ ਨੇ ਇਸ ਨੂੰ ਭਾਵੇਂ ਆਪਣਾ ਹੱਥ ਕੱਟਣ ਨਾ ਦਿੱਤਾ ਪਰ ਇਸ ਪਿੱਛੋਂ ਇਸ ਨੇ ਜ਼ਿੰਦਗੀ-ਭਰ ਇਕ ਬਾਂਹ ਤੋਂ ਬਗੈਰ ਹੀ ਕੁੜਤਾ ਪਹਿਨਿਆ। ਸ਼ਿਵਾ ਜੀ ਵੱਲੋਂ ਰੱਖੀ ਗਈ ਸਵਰਾਜ ਦੀ ਨੀਂਹ ਨੂੰ ਪੱਕਿਆਂ ਕਰਨ ਵਾਲੇ ਇਸ ਮਹਾਨ ਵਿਅਕਤੀ ਦੀ 1647 ਈ. ਵਿਚ ਮੌਤ ਹੋ ਗਈ।

ਹ. ਪੂ. — ਹਿੰ: ਵਿ. ਕੋ. 6 : 24

ਦਾਦੂ ਭਗਤ : ਮੱਧ-ਕਾਲ ਦੇ ਇਸ ਪ੍ਰਸਿੱਧ ਧਰਮ-ਸਾਧਕ 'ਬ੍ਰਹਮ ਸੰਪ੍ਰਦਾਇ' ਦੇ ਬਾਨੀ ਜਿਸ ਦੇ ਜੀਵਨ ਬਿਰਤਾਂਤ ਬਾਰੇ ਤੱਥ ਆਧਾਰਿਤ ਸਾਮਗਰੀ ਬਹੁਤ ਘੱਟ ਉਪਲਬਧ ਹੈ, ਬਾਰੇ ਵੱਖ-ਵੱਖ ਪ੍ਰਸੰਗਾਂ ਦੇ ਕਥਾ-ਸ੍ਰੋਤਾਂ ਨੂੰ ਜੋੜਨ ਤੋਂ ਬਾਅਦ ਸਪੱਸ਼ਟ ਹੁੰਦਾ ਹੈ ਕਿ ਇਸ ਦਾ ਜਨਮ ਗੁਜਰਾਤ ਵਿਚ ਅਹਿਮਦਾਬਾਦ ਸ਼ਹਿਰ ਵਿਖੇ 1544 (ਫੱਗਣ ਸੁਦੀ 8,1601 ਬਿ.) ਵਿਚ ਹੋਇਆ। ਕਈ ਲੋਕ ਇਸ ਨੂੰ ਬ੍ਰਾਹਮਣ, ਕਈ ਮੋਚੀ ਅਤੇ ਕਈ ਪੇਂਜਾ ਮੰਨਦੇ ਹਨ। ਇਸ ਬਾਰੇ ਇਹ ਵੀ ਪ੍ਰਚੱਲਿਤ ਹੈ ਕਿ ਇਹ ਪੋਹ ਦੇ ਮਹੀਨੇ ਇਕ ਨਾਗਰ ਬ੍ਰਾਹਮਣ ਨੂੰ ਨਦੀ ਕਿਨਾਰੇ ਮਿਲਿਆ ਸੀ ਜਿਹੜਾ ਆਪਣਾ ਬੱਚਾ ਨਾ

ਹੋਣ ਕਰਨ ਇਸ ਨੂੰ ਆਪਣੇ ਘਰ ਲੈ ਗਿਆ। ਇਸ ਦੇ ਜੀਵਨ ਦੇ ਪਹਿਲੇ 12 ਸਾਲਾਂ ਬਾਰੇ ਵਧੇਰੇ ਜਾਣਕਾਰੀ ਨਹੀਂ ਮਿਲਦੀ। ਪਹਿਲੇ 11-12 ਸਾਲ ਦੀ ਉਮਰ ਵਿਚ ਇਕ ਵਾਰ ਖੇਡਦੇ ਹੋਏ ਇਸ ਨੂੰ ਇਕ ਬਜ਼ੁਰਗ ਸਾਧੂ ਦਾ ਆਸ਼ੀਰਵਾਦ ਪ੍ਰਾਪਤ ਹੋਇਆ ਅਤੇ ਫਿਰ ਲਗਭਗ ਛੇ ਸਾਲਾਂ ਤੱਕ ਦੇਸ਼ ਭਰ ਵਿਚ ਘੁੰਮਦਾ ਰਿਹਾ। ਕਹਿੰਦੇ ਹਨ ਇਸ ਦੇ ਦੋ ਪੁੱਤਰ-ਗਰੀਬਦਾਸ ਅਤੇ ਮਿਸਕੀਨਦਾਸ ਅਤੇ ਦੋ ਪੁੱਤਰੀਆਂ-ਨਾਨੀ ਬਾਈ ਅਤੇ ਮਾਨਾ ਬਾਈ ਸਨ। ਕਿਹਾ ਜਾਂਦਾ ਹੈ ਕਿ ਜਦੋਂ ਇਹ 18 ਵਰ੍ਹਿਆਂ ਦਾ ਹੋਇਆ ਤਾਂ ਉਸੇ ਸਾਧੂ ਨੇ ਫਿਰ ਦਰਸ਼ਨ ਦਿੱਤੇ ਅਤੇ ਇਸ ਨੂੰ ਭਗਤੀ ਮਾਰਗ ਵਿਚ ਦੀਖਿਅਤ ਕੀਤਾ।

ਜਦੋਂ ਇਹ 30 ਵਰ੍ਹਿਆਂ ਦਾ ਹੋਇਆ ਤਾਂ ਰਾਜਸਥਾਨ ਦੇ ਸਾਂਭਰ ਨਗਰ ਵਿਚ ਰਹਿਣ ਲੱਗਾ। ਉਥੇ ਛੇ ਵਰ੍ਹੇ ਰਹਿਣ ਉਪਰੰਤ ਆਮੇਰ ਆ ਗਿਆ ਅਤੇ ਉਥੇ ਇਸ ਨੇ 'ਬ੍ਰਹਮ-ਸੰਪ੍ਰਦਾਇ' ਦੀ ਸਥਾਪਨਾ ਕੀਤੀ ਜੋ ਦਾਦੂ-ਪੰਥ ਦੇ ਨਾਂ ਨਾਲ ਪ੍ਰਸਿੱਧ ਹੋਇਆ। ਇਸ ਪੰਥ ਦਾ ਵੱਡਾ ਡੇਰਾ ਜੈਪੁਰ ਦੇ ਪਿੰਡ ਨਰਾਣੇ ਵਿਖੇ ਹੈ। ਇਸ ਨੂੰ ਦਾਦੂ ਦਵਾਰਾ ਵੀ ਆਖਦੇ ਹਨ। ਇਥੇ ਅੱਜ ਵੀ ਇਸ ਦੇ ਕਪੜੇ ਅਤੇ ਖੜਾਵਾਂ ਨੂੰ ਪੂਜਿਆ ਜਾਂਦਾ ਹੈ। ਆਮੇਰ ਵਿਚ 14 ਵਰ੍ਹੇ ਦੇ ਵਾਸ ਦੌਰਾਨ 1586 ਈ. (ਸੰਮਤ 1643) ਵਿਚ ਸੀਕਰੀ ਵਿਖੇ ਇਸ ਦੀ ਭੇਂਟ ਬਾਦਸ਼ਾਹ ਅਕਬਰ ਨਾਲ ਹੋਈ ਦੱਸੀ ਜਾਂਦੀ ਹੈ। ਸਾਂਭਰ ਅਤੇ ਆਮੇਰ ਦੇ ਨਿਵਾਸ ਸਮੇਂ ਇਸ ਨੇ ਬਹੁਤ ਸਾਰੀ ਬਾਣੀ ਦੀ ਰਚਨਾ ਕੀਤੀ ਜਿਹੜੀ ਵੱਖ-ਵੱਖ ਸੰਪਾਦਕਾਂ ਦੁਆਰਾ ਸੰਕਲਿਤ ਕੀਤੀ ਗਈ ਹੈ। ਇਸ ਨੇ ਈਸ਼ਵਰ ਦਾ ਨਾਂ ਜਪਣ ਉੱਤੇ ਵਧੇਰੇ ਜ਼ੋਰ ਦਿਤਾ ਹੈ। ਇਸ ਨੇ ਕਈ ਸਲੋਕ, ਸ਼ਬਦ ਆਦਿ ਰਚੇ ਹਨ ਜਿਨ੍ਹਾਂ ਨੂੰ ਸ਼ਰਧਾ ਨਾਲ ਪੜ੍ਹਿਆ ਜਾਂਦਾ ਹੈ।

ਦਾਦੂ ਸੁਭਾਅ ਦਾ ਬੜਾ ਕੋਮਲ, ਸੱਤਵਾਦੀ ਅਤੇ ਖਿਮਾਸ਼ੀਲ ਸਾਧਕ ਸੀ। ਇਸ ਲਈ ਇਸ ਦੇ ਨਾਂ ਨਾਲ 'ਦਿਆਲ' ਸ਼ਬਦ ਵੀ ਜੋੜ ਦਿੱਤਾ ਗਿਆ ਹੈ।

ਦਾਦੂ ਨੇ ਆਪਣੇ ਜੀਵਨ-ਕਾਲ ਵਿਚ ਰਾਜਸਥਾਨ, ਗੁਜਰਾਤ ਤੋਂ ਇਲਾਵਾ ਕਾਸ਼ੀ, ਬਿਹਾਰ, ਬੰਗਾਲ ਆਦਿ ਖੇਤਰਾਂ ਦੀ ਯਾਤਰਾ ਕੀਤੀ ਅਤੇ ਜਗਿਆਸੂਆਂ ਨੂੰ ਧਰਮ ਉਪਦੇਸ਼ ਦਿੱਤੇ।

ਸਿੱਖ-ਇਤਿਹਾਸ ਵਿਚ ਵੀ ਦਾਦੂ ਨਾਲ ਸਬੰਧਿਤ ਇਕ ਘਟਨਾ ਦਾ ਉਲੇਖ ਮਿਲਦਾ ਹੈ। ਕਹਿੰਦੇ ਹਨ ਕਿ 1707 ਈ. (ਸੰਮਤ 1764 ਬਿ.) ਵਿਚ ਜਦੋਂ ਦੱਖਣ ਨੂੰ ਜਾਂਦਿਆਂ ਗੁਰੂ ਗੋਬਿੰਦ ਸਿੰਘ ਦਾਦੂ ਦਵਾਰੇ ਕੋਲੋਂ ਲੰਘੇ ਤਾਂ ਉਨ੍ਹਾਂ ਨੇ ਉਸ ਵੇਲੇ ਦੇ ਮਹੰਤ ਨੂੰ ਦਾਦੂ ਦੀ ਬਾਣੀ ਦਾ ਕੁਝ ਅੰਸ਼ ਸੁਣਾਉਣ ਲਈ ਕਿਹਾ ਤਾਂ ਉਸ ਨੇ ਇਕ ਸਾਖੀ (ਸਲੋਕ) ਸੁਣਾਈ :—

'ਦਾਦੂ ਦਾਵਾ ਦੂਰਿ ਕਰ ਕਲਿ ਕਾ ਲੀਜੈ ਭਾਇ।
ਜੇ ਕੋ ਮਾਰੇ ਈਂਟ ਢਿਮ ਲੀਜੈ ਸੀਸ ਚਢਾਇ।'

ਪਰ ਗੁਰੂ ਜੀ ਨੇ ਇਸ ਸਲੋਕ ਦੇ ਪਾਠ ਨੂੰ ਬਦਲ ਕੇ ਇਸ ਤਰ੍ਹਾਂ ਪੜ੍ਹਣ ਲਈ ਕਿਹਾ :—

'ਦਾਦੂ ਦਾਵਾ ਰੱਖਕੇ ਕਲਿ ਕਾ ਲੀਜੈ ਭਾਇ।
ਜੇ ਕੋ ਮਾਰੈ ਈਂਟ ਢਿਮ ਪਾਥਰ ਹਨੈ ਰਿਸਾਇ।'

ਇਸ ਤੋਂ ਇਲਾਵਾ ਗੁਰੂ ਜੀ ਦੁਆਰਾ ਕਮਾਨ ਦੇ ਗੋਸ਼ੇ ਨਾਲ ਦਾਦੂ ਦੀ ਸਮਾਧ ਨੂੰ ਪ੍ਰਣਾਮ ਕਰਨ ਦੀ ਮਰਯਾਦਾ ਕਾਰਨ ਉਨ੍ਹਾਂ ਨੂੰ ਸਿੱਖਾਂ ਵਲੋਂ ਤਨਖਾਹੀਆ ਠਹਿਰਾਇਆ ਗਿਆ। ਦਾਦੂ ਦੀ ਵਿਚਾਰਧਾਰਾ ਕਬੀਰ ਪੰਥ, ਸੂਫ਼ੀ ਦਰਸ਼ਨ, ਉਪਨਿਸ਼ਦ ਤੇ ਗੁਰਬਾਣੀ ਦੀ ਵਿਚਾਰਧਾਰਾ ਨਾਲ ਮਿਲਦੀ ਜੁਲਦੀ ਹੈ।

ਦਾਦੂ ਪੰਥੀ ਸਾਹਿਤ ਵਿਚ ਬ੍ਰਹਮ ਨੂੰ ਪਰਮਪਦ, ਨਿਰਵਾਣ, ਸਹਿਜ ਸਤ ਆਦਿ ਨਾਂ ਦਿੱਤੇ ਗਏ ਹਨ। ਬ੍ਰਹਮ ਨੂੰ ਜਗਤ ਦਾ ਕਾਰਨ ਮੰਨਿਆ ਗਿਆ ਹੈ। ਇਹ ਸਾਰੀ ਸ੍ਰਿਸ਼ਟੀ ਉਸ ਤੋਂ ਹੀ ਪੈਦਾ ਹੋਈ, ਉਸ ਦੀ ਖੇਡ ਦੱਸੀ ਗਈ ਹੈ। ਇਸ ਲਈ ਹਰ ਚੀਜ਼ ਵਿਚ ਉਹ ਆਪ ਹੀ ਵਿਦਮਾਨ ਹੈ। ਸਾਧਕ ਨੂੰ ਇੰਦਰ ਲੋਕ, ਸਤਿ ਲੋਕ, ਸ਼ਿਵ ਲੋਕ, ਸਵਰਗ ਜਾਂ ਧਰਮਪਦ ਇਸੇ ਜੀਵਨ ਵਿਚ ਪ੍ਰਾਪਤ ਹੋ ਸਕਦਾ ਹੈ। ਜਿਸ ਦੇ ਡਰ ਨਸ਼ਟ ਹੋ ਗਏ ਹਨ ਉਹੀ ਜੀਵਨ ਮੁਕਤ ਹੈ। ਸ੍ਰਿਸ਼ਟੀ ਦੀ ਲੀਲਾ ਮਾਇਆ ਹੈ। ਹਿੰਦੀ ਤੇ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਦਾਦੂ ਪੰਥ ਦੀ ਦੇਣ ਕਾਫ਼ੀ ਮਹੱਤਵਪੂਰਣ ਹੈ। ਬੀਕਾਨੇਰ ਅਤੇ ਮਾਰਵਾੜ ਤੋਂ ਵਾਪਸ ਸਾਂਭਰ ਆਉਂਦੇ ਹੋਏ ਉਸ ਸਮੇਂ ਦੀ ਜੈਪੁਰ ਰਿਆਸਤ ਦੇ ਪਿੰਡ ਨਰਾਣੇ ਦੀ ਕਿਸੇ ਗੁਫ਼ਾ ਵਿਚ ਭਗਤੀ ਕਰਦਿਆਂ 1603 ਈ. (ਜੇਠ ਵਦੀ 8,1660 ਬਿ.) ਨੂੰ ਇਸ ਨੇ ਸਮਾਧੀ ਲੈ ਲਈ। ਇਸ ਦੇ ਦੇਹਾਂਤ ਤੋਂ ਬਾਅਦ ਇਸਦੇ ਸ਼ਾਗਿਰਦਾਂ ਨੇ ਦਾਦੂ-ਪੰਥ ਦੀ ਸਥਾਪਨਾ ਕੀਤੀ। ਇਸ ਸੰਪ੍ਰਦਾਇ ਦਾ ਪ੍ਰਧਾਨ ਸਥਾਨ (ਦਾਦੂ ਦੁਾਰਾ) ਨਰਾਣੇ ਵਿਚ ਹੈ ਜਿਥੇ ਇਨ੍ਹਾਂ ਨਾਲ ਸਬੰਧਤ ਕੁਝ ਵਸਤੂਆਂ ਅਤੇ ਬਾਣੀ ਸੰਗ੍ਰਹਿ ਸੁਰੱਖਿਅਤ ਹਨ।

ਹ.ਪੁ.- ਪੰ. ਸਾ. ਸੰ. ਕੋ. : 487; ਪੰ.ਸਾ.ਕੋ. ਭਾਗ-II: 401. ਹਿੰ. ਵਿ. ਕੋ. 6:24; ਮ. ਕੋ. : 628

ਦਾਨ : ਦਾਨ ਤੋਂ ਭਾਵ ਹੈ ਉਹ ਵਸਤੂ ਜਿਹੜੀ ਕਿਸੇ ਉਪਰ ਦਇਆ ਕਰ ਕੇ ਪੁੰਨ ਵਜੋਂ ਉਸ ਨੂੰ ਦਿੱਤੀ ਜਾਵੇ। ਇਹ ਸੰਸਕ੍ਰਿਤ ਭਾਸ਼ਾ ਦੇ ਸ਼ਬਦ ਦਾਨਾ (dana) ਦੇ ਧਾਤੂ 'ਦਾ' (da) ਤੋਂ ਉਤਪੰਨ ਹੋਇਆ ਸ਼ਬਦ ਹੈ ਜਿਸ ਦਾ ਭਾਵ ਹੈ ਦੇਣਾ। ਦਾਨ ਲਈ 'ਦਕਸ਼ਿਣਾ' ਸ਼ਬਦ ਦੀ ਵਰਤੋਂ ਵੀ ਕੀਤੀ ਜਾਂਦੀ ਹੈ। ਦਾਨ ਦੀਆਂ ਵਖੋ ਵਖਰੀਆਂ ਕਿਸਮਾਂ ਹਨ। ਧਾਰਮਿਕ ਰਹੁ ਰੀਤਾਂ ਨੂੰ ਨਿਭਾਉਣ ਲਈ ਦਿੱਤੀ ਜਾਂਦੀ ਵਸਤੂ ਵੀ ਦਾਨ ਹੈ; ਗੁਰੂ ਤੋਂ ਅਧਿਆਤਮ ਉਪਦੇਸ਼ ਪ੍ਰਾਪਤ ਕਰਨ ਲਈ ਦਿੱਤੀ ਜਾਂਦੀ ਦਕਸ਼ਿਣਾ ਵੀ ਦਾਨ ਹੈ ਅਤੇ ਇਨਸਾਨੀਅਤ ਦੇ ਨਾਤੇ ਲੋੜਵੰਦਾਂ ਦੀ ਸਹਾਇਤਾ ਕਰਨਾ ਵੀ ਦਾਨ ਹੈ।

ਦਾਨ ਦੇਣ ਦਾ ਢੰਗ ਅਤੇ ਦਾਨ ਦਾ ਪਾਤਰ ਕੌਣ ਹੈ ਇਸ ਬਾਰੇ ਵੱਖੋ ਵੱਖਰੇ ਧਰਮਾਂ ਵਿਚ ਵੱਖੋ ਵੱਖਰੇ ਵਿਚਾਰ ਹਨ। ਹਿੰਦੂ ਧਰਮ ਅਨੁਸਾਰ ਬ੍ਰਾਹਮਣ ਹੀ ਦਾਨ ਲੈਣ ਦਾ ਹੱਕਦਾਰ ਹੈ। ਇਸ ਤੋਂ ਇਲਾਵਾ ਜੋਗੀਆਂ, ਤਪੱਸਵੀਆਂ ਅਤੇ ਮੰਗਤਿਆਂ ਨੂੰ ਦਾਨ ਦਿੱਤਾ ਜਾਂਦਾ ਹੈ। ਯਤੀਮ ਬੱਚੇ, ਵਿਧਵਾਵਾਂ ਅਤੇ ਗਰੀਬ ਲੋਕ ਵੀ ਸਹਾਇਤਾ ਅਤੇ ਦਇਆ ਦੇ ਪਾਤਰ ਹਨ। ਹਿੰਦੂ ਰਹੁ ਰੀਤਾਂ ਅਨੁਸਾਰ ਕਸ਼ੱਤਰੀ ਅਤੇ ਵੈਸ਼ ਜਾਤੀ ਦੇ ਲੋਕ ਦਾਨ ਨਹੀਂ ਲੈ ਸਕਦੇ। ਬ੍ਰਹਮ-ਚਾਰੀਆਂ ਲਈ ਆਪਣੇ ਗੁਰੂ ਲਈ ਦਕਸ਼ਿਣਾ ਮੰਗਣਾ ਜ਼ਰੂਰੀ ਸੀ। ਅੱਜਕੱਲ੍ਹ ਧਾਰਮਿਕ ਅਸਥਾਨਾਂ ਦੇ ਬਾਹਰ ਬੈਠ ਕੇ ਆਮ ਤੌਰ ਨਿਕੰਮੇ ਵਿਅਕਤੀ ਵੀ ਦਾਨ ਮੰਗਦੇ ਹਨ ਜਿਨ੍ਹਾਂ ਵਿਚੋਂ ਬਹੁਤੇ ਨਸ਼ੇ ਕਰਨ ਵਾਲੇ, ਜੂਏਬਾਜ਼, ਅਪਰਾਧੀ ਤੇ ਬੁਰੇ ਕੰਮ ਕਰਨ ਵਾਲੇ ਹੁੰਦੇ ਹਨ।

ਬੁੱਧ ਧਰਮ ਅਤੇ ਜੈਨ ਧਰਮ ਵਿਚ ਦਇਆ ਅਤੇ ਉਦਾਰਤਾ ਉਪਰ ਜ਼ੋਰ ਦਿੱਤਾ ਗਿਆ ਹੈ ਪਰ ਇਨ੍ਹਾਂ ਧਰਮਾਂ ਵਿਚ ਹਿੰਦੂ ਧਰਮ ਅਨੁਸਾਰ ਕਿਸੇ ਇਕ ਵਰਗ ਦੇ ਲੋਕਾਂ ਨੂੰ ਇਸ ਦਇਆ ਤੇ ਉਦਾਰਤਾ ਦਾ ਪਾਤਰ ਨਹੀਂ ਮੰਨਿਆ ਗਿਆ। ਇਨ੍ਹਾਂ ਧਰਮਾਂ ਨਾਲ ਸਬੰਧਿਤ ਲੋਕ ਅਨਾਥ ਆਸ਼ਰਮਾਂ, ਈਸਾਈ ਮੱਠਾਂ ਲਈ ਦਾਨ ਕਰਦੇ ਹਨ।

ਸਿੱਖ ਧਰਮ ਵਿਚ 'ਦਾਨ' ਦੀ ਮਹੱਤਤਾ ਉੱਤੇ ਬਹੁਤ ਜ਼ੋਰ ਦਿੱਤਾ ਗਿਆ ਹੈ। ਇਸ ਧਰਮ ਵਿਚ ਦਾਨ ਲੈਣ ਨਾਲੋਂ ਦਾਨ ਦੇਣ ਤੇ ਜ਼ਿਆਦਾ ਜ਼ੋਰ ਦਿੱਤਾ ਗਿਆ ਹੈ। ਸਿੱਖ ਮੱਤ ਅਨੁਸਾਰ ਨਾ ਤਾਂ ਕਿਸੇ ਇਕ ਸ਼੍ਰੇਣੀ ਦੇ ਲੋਕਾਂ ਨੂੰ ਹੀ ਦਾਨ ਲੈਣ ਦਾ ਹੱਕਦਾਰ ਮੰਨਿਆ ਗਿਆ

ਹੈ ਤੇ ਨਾ ਹੀ ਕੋਈ ਖਾਸ ਵਸਤੂ ਦਾਨ ਕਰਨ ਲਈ ਕਿਹਾ ਗਿਆ ਹੈ। ਬਲਕਿ ਗੁਰਬਾਣੀ ਵਿਚ ਦ੍ਰਿੜ ਕਰਵਾਇਆ ਗਿਆ ਹੈ ਕਿ ਦਾਨੀ ਪੁਰਸ਼ ਵਲੋਂ ਦਾਨ ਕੀਤੇ ਜਾਣ ਵਾਲੀ ਵਸਤੂ ਉਸ ਦੀ ਮਿਹਨਤ ਤੇ ਈਮਾਨਦਾਰੀ ਨਾਲ ਕੀਤੀ ਕਮਾਈ ਵਿਚੋਂ ਹੋਵੇ ਅਤੇ ਉਹ ਦਾਨ ਆਪਣੇ ਹੱਥੀਂ ਦੇਵੇ। ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ :

ਘਾਲਿ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹੁ ਪਛਾਣਹਿ ਸੇਇ॥

ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਪੰ. 1245, ਪੋਥੀ ਚੌਥੀ

ਗੁਰਬਾਣੀ ਵਿਚ ਕਈ ਥਾਵਾਂ ਤੇ ਦਾਨ ਦੀ ਮਹੱਤਤਾ ਦੇ ਗੁਣ ਗਾਏ ਗਏ ਹਨ। ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ :

"ਸਚ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ॥
ਦਇਆ ਜਾਣੈ ਜੀਅ ਕੀ ਕਿਛੁ ਪੁੰਨ ਦਾਨ ਕਰੇਇ॥

—ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਪੰ. 468

ਗੁਰੂ ਵਲੋਂ ਗੁਰਮੁਖ ਜਾਂ ਸੱਚੇ ਭਗਤ ਲਈ ਨਾਮ ਦਾਨ ਅਤੇ ਇਸਨਾਨ ਲਈ ਦ੍ਰਿੜ ਕਰਵਾਇਆ ਗਿਆ ਹੈ। ਗੁਰੂ ਦੀ ਫੁਰਮਾਉਂਦੇ ਹਨ।

"ਗੁਰਮੁਖ ਨਾਮ ਦਾਨ ਇਸਨਾਨ।"

ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ ਵਿਚ ਪਰਮਾਤਮਾ ਦਾ ਨਾਮ ਜਪਣ ਤੇ ਦਾਨ ਕਰਨ ਲਈ ਕਿਹਾ ਹੈ। ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ

"ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨ॥
ਹਰਿ ਕਾ ਨਾਮ ਧਿਆਇ ਸੁਣਿ ਸਭਨਾ ਨੋ ਕਰ ਦਾਨ॥"

ਗੁਰੂ ਨਾਨਕ ਦੇਵ ਜੀ ਇਸ ਸਬੰਧ ਵਿਚ ਫੁਰਮਾਉਂਦੇ ਹਨ :

ਦਾਨ ਮਹਿੰਡਾ ਤਲੀ ਖਾਕੁ ਜੇ ਮਿਲੈ ਤ ਮਸਤਕਿ ਲਾਈਐ॥
ਕੂੜਾ ਲਾਲਚ ਛਡੀਐ ਹੋਇ ਇਕ ਮਨ ਅਲਖੁ ਧਿਆਈਐ॥"

ਸਿੱਖ ਧਰਮ ਨਾ ਤਾਂ ਪਦਾਰਥਕ ਵਸਤੂਆਂ ਨੂੰ ਤਿਆਗਣ ਦੀ ਆਗਿਆ ਦਿੰਦਾ ਹੈ ਅਤੇ ਨਾ ਹੀ ਸੰਸਾਰਕ ਕੰਮਾਂ ਕਾਰਾਂ ਨੂੰ ਨਿੰਦਦਾ ਹੈ। ਇਸ ਧਰਮ ਵਿਚ ਗੁਰੂ ਸਾਹਿਬ ਨੇ ਕਿਰਤ ਕਰਨੀ, ਨਾਮ ਜਪਣਾ ਤੇ ਵੰਡ ਛਕਣਾ ਸਿੱਖਾਂ ਦੇ ਸਦਾਚਾਰਕ ਜੀਵਨ ਦਾ ਜ਼ਰੂਰੀ ਹਿੱਸਾ ਬਣਾਇਆ ਹੈ। ਦਾਨ ਦਿਲੀ ਇੱਛਾ ਨਾਲ ਦੇਣ ਲਈ ਕਿਹਾ ਗਿਆ ਹੈ। ਕਿਸੇ ਦੇ ਕਹਿਣ ਜਾਂ ਕਿਸੇ ਦੇ ਦਬਾਅ ਹੇਠ ਆ ਕੇ ਦਿੱਤਾ ਦਾਨ ਵਿਅਰਥ ਹੈ। ਗੁਰੂ ਜੀ ਫੁਰਮਾਉਂਦੇ ਹਨ :

ਬਧਾ ਚਾਟੀ ਜੋ ਭਰੈ ਨਾ ਗੁਣ ਨਾ ਉਪਕਾਰ॥
"ਸੇਤੀ ਖੁਸੀ ਸਵਾਰੀਐ ਨਾਨਕ ਕਾਰਜ ਸਾਰ॥"

ਨੌਵੇਂ ਪਾਤਿਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਅਨੁਸਾਰ ਮਨ ਵਿਚ ਹਉਮੈ ਰੱਖ ਕੇ ਦਾਨ ਕਰਨਾ ਵਿਅਰਥ ਹੈ। ਤੀਰਥਾਂ ਤੇ ਜਾਣਾ ਤੇ ਵਰਤ ਰੱਖਣ ਦਾ ਵੀ ਕੋਈ ਫਾਇਦਾ ਨਹੀਂ ਜੇ ਮਨ ਵਿਚ ਹਉਮੈ ਹੈ। ਗੁਰੂ ਜੀ ਫੁਰਮਾਉਂਦੇ ਹਨ :—

ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨ॥
ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ॥"

ਹਰ ਧਰਮ ਵਿਚ ਦਸਾਂ ਨਹੁੰਆਂ ਦੀ ਕਿਰਤ ਕਰ ਕੇ ਘਰ ਆਏ ਮਹਿਮਾਨ ਜਾਂ ਜ਼ਰੂਰਤਮੰਦ ਨੂੰ ਬੜੇ ਸਤਿਕਾਰ ਨਾਲ ਸਾਧਾਰਣ ਭੋਜਨ ਕਰਵਾਉਣਾ ਇਕ ਅਮੀਰ ਵੱਲੋਂ ਵੱਖ-ਵੱਖ ਪਕਵਾਨਾਂ ਨਾਲੋਂ ਦਿੱਤੀ ਗਈ ਦਾਅਵਤ ਨਾਲੋਂ ਜ਼ਿਆਦਾ ਬੇਹਤਰ ਮੰਨਿਆ ਗਿਆ ਹੈ। ਸਿੱਖ ਧਰਮ ਵਿਚ ਗੁਰੂ ਦੇ ਨਾਮ ਤੇ ਦਾਨ ਕਰਨ ਲਈ ਕਿਹਾ ਗਿਆ ਹੈ। ਦਾਨ ਗੁਰੂ ਦੀ ਗੋਲਕ ਵਿਚ ਪਾਇਆ ਜਾਂਦਾ ਹੈ। ਸ਼ਰਧਾਲੂਆਂ ਅਰਥਾਤ ਦਾਨੀ ਪੁਰਸ਼ਾਂ ਵੱਲੋਂ ਕੀਤੇ ਗਏ ਦਾਨ ਨੂੰ ਜ਼ਰੂਰਤਮੰਦਾਂ ਦੇ ਭੋਜਨ ਲਈ ਵਰਤਿਆ ਜਾਂਦਾ ਹੈ। ਇਸ ਕਰ ਕੇ ਗੁਰਦੁਆਰਿਆਂ ਵਿਚ ਲੰਗਰ ਦੀ ਪ੍ਰਥਾ ਚਲ ਰਹੀ ਹੈ। ਦਾਨ ਦਾ ਦੂਜਾ ਮਾਧਿਅਮ ਸਿੱਖਾਂ ਵੱਲੋਂ ਗੁਰੂ ਦੀ ਗੋਲਕ ਵਿਚ ਪਾਇਆ ਗਿਆ ਦਸਵੰਧ ਹੈ। ਇਹ ਦਸਵੰਧ ਕੋਈ ਗੁਰਦੁਆਰਾ, ਇਤਿਹਾਸਕ ਸਥਾਨ, ਅਨਾਥ ਆਸ਼ਰਮ, ਸਕੂਲ, ਹਸਪਤਾਲ ਬਣਾਉਣ ਲਈ ਵਰਤਿਆ ਜਾਂਦਾ ਹੈ। ਹਰ ਰੋਜ਼ ਗੁਰੂ ਅਗੇ ਸਿੱਖ ਪੰਥ ਲਈ ਅਰਦਾਸ ਕੀਤੀ ਜਾਂਦੀ ਹੈ। ਇਸ ਵਿਚ ਸਿੱਖਾਂ ਵੱਲੋਂ ਕਈ ਤਰ੍ਹਾਂ ਦਾਨ ਕਰਨ ਲਈ ਗੁਰੂ ਵੱਲੋਂ ਬਖਸ਼ਸ਼ ਲਈ ਸਨਿਮਰ ਬੇਨਤੀ ਕੀਤੀ ਜਾਂਦੀ ਹੈ। ਇਨ੍ਹਾਂ ਵਿਚੋਂ ਸਭ ਤੋਂ ਉਚਿਤ ਦਾਨ ਗੁਰੂ ਦਾ ਪਵਿੱਤਰ ਨਾਮ ਦਾਨ ਦੀ ਬੇਨਤੀ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਸਿੱਖੀ ਲਈ ਕੇਸ ਦਾਨ, ਰਹਿਤ ਦਾਨ, ਵਿਸਾਹ ਦਾਨ, ਵਿਵੇਕ ਦਾਨ, ਸ੍ਰੀ ਅੰਮ੍ਰਿਤਸਰ ਦਰਬਾਰ ਸਾਹਿਬ ਦੇ ਦਰਸ਼ਨ ਇਸ਼ਨਾਨ, ਸਿੱਖੀ ਸਿਦਕ ਭਰੋਸਾ ਦਾਨ ਦੀ ਵੀ ਸਨਿਮਰ ਬੇਨਤੀ ਕੀਤੀ ਜਾਂਦੀ ਹੈ। ਪਰਮਾਤਮਾ ਦੀ ਬਖਸ਼ਿਸ਼ ਨਾ ਕੇਵਲ ਇਕ ਲਈ ਬਲਕਿ ਸਮੂਹ ਸਿੱਖ ਪੰਥ ਲਈ ਕੀਤੀ ਜਾਂਦੀ ਹੈ। ਇਸ ਤਰ੍ਹਾਂ ਜ਼ਰੂਰਤਮੰਦਾਂ ਦੀ ਸਹਾਇਤਾ ਲਈ ਦਾਨ ਦੇਣਾ, ਦਸਵੰਧ ਦੇਣਾ ਸਿੱਖੀ ਜੀਵਨ ਦਾ ਇਕ ਜ਼ਰੂਰੀ ਹਿੱਸਾ ਹੈ।

ਤੁਲਾਦਾਨ — ਦਾਨ ਦੀ ਇਕ ਕਿਸਮ ਤੁਲਾਦਾਨ ਹੈ। ਇਹ ਦਾਨ ਹਿੰਦੂ ਧਰਮ ਵਿਚ ਕੀਤਾ ਜਾਂਦਾ ਹੈ। ਇਸ ਦਾਨ ਦੀ ਵਿਧੀ ਇਹ ਹੈ ਕਿ ਜਿਸ ਵਿਅਕਤੀ ਨੇ ਦਾਨ ਕਰਨਾ ਹੁੰਦਾ ਹੈ ਉਹ ਆਪਣੇ ਭਾਰ ਜਿੰਨੀ ਸਮੱਗਰੀ ਤੋਲ ਕੇ ਗਰੀਬਾਂ ਜਾਂ ਲੋੜਵੰਦਾਂ ਵਿਚ ਵੰਡਦਾ ਹੈ। ਕਿਹਾ ਜਾਂਦਾ ਕਿ ਇਸ ਨਾਲ ਉਸ ਤੋਂ ਗ੍ਰਹਿਆਂ ਦਾ ਪ੍ਰਭਾਵ ਖਤਮ ਹੋ ਜਾਂਦਾ ਹੈ। ਗ੍ਰਹਿਆਂ ਅਨੁਸਾਰ ਦਾਨ ਕੀਤੀ ਜਾਣ ਵਾਲੀ ਸਮੱਗਰੀ ਵੀ ਬਦਲਦੀ ਜਾਂਦੀ ਹੈ। ਕਈ ਵਾਰ ਜਿਨ੍ਹਾਂ ਲੋਕਾਂ ਦੇ ਸੰਤਾਨ ਨਹੀਂ ਹੁੰਦੀ ਉਨ੍ਹਾਂ ਵੱਲੋਂ ਵੀ ਤੁਲਾਦਾਨ ਦੀ ਸੁਖਣਾ ਸੁਖੀ ਜਾਂਦੀ ਹੈ। ਮੁਗਲ ਬਾਦਸ਼ਾਹ ਜਹਾਂਗੀਰ, ਸ਼ਾਹਜਹਾਂ ਅਤੇ ਔਰੰਗਜ਼ੇਬ ਵੀ ਤੁਲਦਾਨ ਵਿਚ ਵਿਸ਼ਵਾਸ ਰਖਦੇ ਸਨ। ਇਹ ਰਸਮ ਪੰਜਾਬ ਵਿਚ ਵੀ ਪ੍ਰਚੱਲਿਤ ਸੀ।

ਹ.ਪੁ. - ਐਨ. ਆਫ਼ ਸਿਖਿ.: 502; ਪੰ. ਸੰਦ ਕੋ. :469; ਮ.ਕੋ.

ਦਾਨ ਉਸਤਤੀ : ਇਹ ਰਿਗਵੇਦ ਵਿਚ ਅੰਕਿਤ ਅਜਿਹੇ ਦੋਹੇ ਅਤੇ ਮੰਤਰ ਹਨ ਜਿਨ੍ਹਾਂ ਦਾ ਸ਼ਾਬਦਿਕ ਅਰਥ ਹੈ ਦਾਨ ਦੀ ਪ੍ਰਸ਼ੰਸਾ ਵਿਚ ਗਾਏ ਗਏ ਮੰਤਰ। ਵੱਡੇ ਅਰਥਾਂ ਵਿਚ ਦਾਨ ਬਾਰੇ ਰਾਜਿਆਂ ਅਤੇ ਯੱਗ ਦੇ ਦਾਨੀਆਂ ਦੀ ਉਸਤਤੀ ਵਿਚ ਰਿਸ਼ੀਆਂ ਦੁਆਰਾ ਗਾਈਆਂ ਗਈਆਂ ਪੰਕਤੀਆਂ ਦਾਨ ਉਸਤਤੀ ਹੈ। ਰਿਗਵੇਦ ਵਿਚ ਦਾਨ ਉਸਤਤੀ ਨਾਲ ਸਬੰਧਤ ਮੰਤਰਾਂ ਦੀ ਸੰਖਿਆ ਲਗਭਗ 49 ਹੈ ਪਰੰਤੂ ਇਹ ਸੰਖਿਆ ਅਸਲ ਵਿਚ ਠੀਕ ਨਹੀਂ। ਇਨ੍ਹਾਂ ਮੰਤਰਾਂ ਵਿਚ ਇਕ ਪੂਰਾ ਕਾਂਡ ਦਾਨ ਉਸਤਤੀ ਦਾ ਹੈ ਪਰ ਬਾਕੀ ਮੰਤਰਾਂ ਵਿਚ ਸਾਧਾਰਣ ਤੌਰ ਤੇ ਕੁਝ ਪੰਕਤੀਆਂ ਹੀ ਦਾਨ ਉਸਤਤੀ ਦੇ ਰੂਪ ਵਿਚ ਮਿਲਦੀਆਂ ਹਨ।

ਜਰਮਨ ਵਿਦਵਾਨ ਵਿੰਟਰਨਿਤਸ ਦੀਆਂ ਦਾਨ ਉਸਤਤੀਆਂ ਜ਼ਿਆਦਾ ਮਹੱਤਵਪੂਰਨ ਹਨ ਕਿਉਂਕਿ ਇਹ ਧਾਰਮਿਕ ਦਾਤਿਆਂ ਦੇ ਪੂਰੇ ਨਾਵਾਂ ਦਾ ਵਰਣਨ ਕਰਦੀਆਂ ਹਨ ਅਤੇ ਇਤਿਹਾਸਕ ਤੱਥਾਂ ਜਾਂ ਸਹੀ ਘਟਨਾਵਾਂ ਦੀਆ ਸੂਚਨਾ ਦਿੰਦੀਆਂ ਹਨ। ਇਕ ਭਾਰਤੀ ਵਿਦਵਾਨ ਦੇ ਵਿਚਾਰ ਅਨੁਸਾਰ ਰਿਗਵੈਦਿਕ ਯੁਗ ਵਿਚ ਕਈ ਰਾਜੇ ਰਲ ਕੇ ਮਹਾਯੱਗ ਕਰਦੇ ਸਨ। ਇਸੇ ਕਰਕੇ ਦਾਨ ਉਸਤਤੀ ਵਿਚ ਅਨੇਕ ਦਾਨੀਆਂ ਦਾ ਵੇਰਵਾ ਇਕੱਠਾ ਮਿਲਦਾ ਹੈ। ਇਸ ਤੋਂ

ਇਲਾਵਾ ਦਾਨ ਉਸਤਤੀ ਵਿਚ ਜਿਸ ਨਦੀ ਦਾ ਨਾਮ ਹੁੰਦਾ ਹੈ ਉਸ ਨਦੀ ਦੇ ਕਿਨਾਰੇ ਯੱਗ ਦੀ ਪੂਜਾ ਆਦਿ ਹੋਣ ਦੀ ਸੂਚਨਾ ਮਿਲਦੀ ਹੈ।

ਰਿਗਵੇਦ ਦੇ ਦਸਵੇਂ ਮੰਡਲ ਦਾ 117 ਵਾਂ ਮੰਤਰ ਉਤਕ੍ਰਿਸ਼ਟ ਅਰਥਾਂ ਵਿਚ ਦਾਨ ਉਸਤਤੀ ਹੈ ਜਿਸ ਵਿਚ ਧਨ ਅਤੇ ਅੰਨ ਦੇ ਦਾਨ ਦੀ ਮਹਿਮਾ ਗਾਈ ਗਈ ਹੈ। ਉਦਾਹਰਣ ਦੇ ਤੌਰ ਤੇ ਇਸ ਮੰਤਰ ਦੀ ਪੰਜਵੀਂ ਪੰਕਤੀ ਜਿਸ ਤੋਂ ਧਨੀ ਪੁਰਸ਼ ਨੂੰ ਦਾਨ ਦੇਣ ਦੇ ਮਹੱਤਵ ਦੀ ਪ੍ਰੇਰਣਾ ਮਿਲਦੀ ਹੈ। ਇਸ ਦਾ ਭਾਵ ਅਰਥ ਹੈ ਕਿ ਅਮੀਰ ਵਿਅਕਤੀ ਨੂੰ ਲੋੜਵੰਦ ਨੂੰ ਧਨ ਦਾ ਦਾਨ ਕਰਨਾ ਚਾਹੀਦਾ ਹੈ ਕਿਉਂਕਿ ਸੰਪਤੀ ਕਦੇ ਇਕ ਥਾਂ ਤੇ ਸਥਿਰ ਨਹੀਂ ਰਹਿੰਦੀ। ਉਹ ਰੱਥ ਦੇ ਪਹੀਏ ਵਾਂਗ ਇਕ ਵਿਅਕਤੀ ਤੋਂ ਦੂਜੇ ਵਿਅਕਤੀ ਕੋਲ ਘੁੰਮਦੀ ਰਹਿੰਦੀ ਹੈ।

ਹ.ਪੁ.-ਹਿ.ਵਿ.ਕੋ. 6:28; ਹਿੰ.ਸ.ਸਾ. 5:2251

ਦਾਨ-ਪੱਤਰ : ਇਕ ਵਿਅਕਤੀ ਰਾਹੀਂ ਬਿਨਾਂ ਕਿਸੇ ਮੁੱਲ ਦੇ ਕਿਸੇ ਦੂਜੇ ਵਿਅਕਤੀ ਨੂੰ ਆਪਣੀ ਸੰਪਤੀ ਦੇਣ ਸਬੰਧੀ ਲਿਖਤ ਨੂੰ ਦਾਨ-ਪੱਤਰ ਕਿਹਾ ਜਾਂਦਾ ਹੈ। ਜਿਹੜਾ ਵਿਅਕਤੀ ਸੰਪਤੀ ਦੀ ਬਦਲੀ ਕਰਦਾ ਹੈ ਉਸ ਨੂੰ ਉਪਹਾਰ ਦੇਣ ਵਾਲਾ ਅਤੇ ਜਿਸ ਨੂੰ ਸੰਪਤੀ ਮਿਲਦੀ ਹੈ ਉਸ ਨੂੰ ਉਪਹਾਰ ਪ੍ਰਾਪਤ ਕਰਨ ਵਾਲਾ ਅਰਥਾਤ ਹੱਥ-ਬਦਲੀ ਪਾਤਰ ਕਿਹਾ ਜਾਂਦਾ ਹੈ। ਜੇ ਕੋਈ ਦਾਨ-ਪੱਤਰ ਉਪਹਾਰ ਦੇਣ ਵਾਲੇ ਦੀ ਮੌਤ ਤੋਂ ਬਾਅਦ ਲਾਗੂ ਹੋਣ ਦੇ ਯੋਗ ਹੋਵੇ ਤਾਂ ਉਸ ਨੂੰ 'ਮ੍ਰਿਤੂਹੇਤਕ' (mortis causa) ਦਾਨ-ਪੱਤਰ ਕਿਹਾ ਜਾਂਦਾ ਹੈ। ਜੀਵਨ ਕਾਲ ਦੌਰਾਨ ਕੀਤੀ ਗਈ ਸੰਪਤੀ ਦੀ ਹੱਥ-ਬਦਲੀ ਹੀ ਕਾਨੂੰਨ ਦੀ ਨਜ਼ਰ ਵਿਚ ਦਾਨ ਅਤੇ ਇਸ ਸੰਬਧੀ ਲਿਖਤ ਦਾਨ-ਪੱਤਰ ਕਹਾਉਂਦੀ ਹੈ ਅਤੇ ਮੌਤ ਉਪਰੰਤ ਪ੍ਰਾਪਤ ਹੋਣ ਵਾਲਾ ਦਾਨ ਜਾਂ ਉਪਹਾਰ ਉੱਤਰਾਧਿਕਾਰੀ ਦਾ ਹੀ ਸਮਝਿਆ ਜਾਂਦਾ ਹੈ। ਦਾਨ ਸਿਰਫ਼ ਮੌਜੂਦਾ ਸੰਪਤੀ ਦਾ ਹੀ ਹੋ ਸਕਦਾ ਹੈ ਨਾ ਕਿ ਭਵਿੱਖ ਵਿਚ ਮਿਲਣ ਵਾਲੀ ਸੰਪਤੀ ਦਾ। ਅਜਿਹੀ ਸੰਪਤੀ ਚੱਲ, ਅਚੱਲ, ਵਾਸਤਵਿਕ ਭੌਤਿਕ, ਅਭੌਤਿਕ ਆਦਿ ਕਿਸੇ ਤਰ੍ਹਾਂ ਦੀ ਵੀ ਹੋ ਸਕਦੀ ਹੈ। ਹਿੰਦੂ ਵਿਧੀ ਅਨੁਸਾਰ ਪੁਰਖਾਂ ਦੀ ਸੰਪਤੀ, ਕੁਟੰਬਾਂ ਦੀ ਸੰਪਤੀ, ਜੀਵਨ ਬੀਮਾ ਪੱਤਰ, ਮੁਕੱਦਮੇ ਦੁਆਰਾ ਮਿਲਣ ਵਾਲੀ ਸੰਪਤੀ ਆਦਿ ਵੀ ਦਾਨ ਪੱਤਰ ਰਾਹੀਂ ਹੱਥ ਬਦਲੀ ਕੀਤੀ ਜਾ ਸਕਦੀ ਹੈ। ਮੁਸਲਿਮ ਵਿਧੀ ਅਨੁਸਾਰ ਵੀ ਉਨ੍ਹਾਂ ਸਾਰੀਆਂ ਸੰਪਤੀਆਂ ਜਿਨ੍ਹਾਂ ਤੇ ਨਿੱਜੀ ਅਧਿਕਾਰ ਪ੍ਰਗਟ ਹੋਏ ਹੋਣ, ਦਾਨ-ਪੱਤਰ ਰਾਹੀਂ ਬਦਲੀਆਂ ਜਾ ਸਕਦੀਆਂ ਹਨ। ਦਾਨ ਪੱਤਰ ਵਿਚ ਨਾ ਤਾਂ ਕਿਸੇ ਵਸਤੂ ਦਾ ਮੁੱਲ ਲਿਆ ਜਾਂਦਾ ਹੈ ਅਤੇ ਨਾ ਹੀ ਇਸ ਦੇ ਬਦਲੇ ਕੋਈ ਦੂਸਰੀ ਵਸਤੂ ਲਈ ਜਾਂਦੀ ਹੈ। ਇਹ ਮੰਨਿਆ ਜਾਂਦਾ ਹੈ ਕਿ ਦਾਨ-ਪੱਤਰ ਇਕ ਪੱਖੀ ਕੰਮ ਹੈ ਜਿਸ ਵਿਚ ਸਿਰਫ਼ ਇਕ ਪੱਖ ਹੀ ਅਰਥਾਤ ਦਾਨ ਕਰਨ ਵਾਲੇ ਵਿਅਕਤੀ ਦੀ ਇੱਛਾ ਤੇ ਹੀ ਸਭ ਨਿਰਭਰ ਹੈ ਪਰ ਵਿਧੀ ਅਨੁਸਾਰ ਇਸ ਵਿਚ ਸਿਰਫ਼ ਦੇਣ ਵਾਲੇ ਦੀ ਇੱਛਾ ਹੀ ਨਹੀਂ ਬਲਕਿ ਪ੍ਰਾਪਤ ਕਰਨ ਵਾਲੇ ਦੀ ਮਨਜ਼ੂਰੀ ਵੀ ਜ਼ਰੂਰੀ ਹੈ।

ਹਿੰਦੂ ਵਿਧੀ ਅਨੁਸਾਰ ਦਾਨ, ਬਿਨਾਂ ਮੁੱਲ ਲਏ ਆਪਣੀ ਸੰਪਤੀ ਤੋਂ ਆਪਣੇ ਅਧਿਕਾਰਾਂ ਦਾ ਤਿਆਗ ਕਰਕੇ ਉਸ ਉਪਰ ਲੈਣ ਵਾਲੇ ਦਾ ਅਧਿਕਾਰ ਸਥਾਪਿਤ ਕਰਨ ਦਾ ਨਾਂ ਹੈ। ਉਪਹਾਰ ਪ੍ਰਾਪਤ ਕਰਨ ਵਾਲੇ ਵਿਅਕਤੀ ਵਲੋਂ ਦਾਨ ਦੀਆਂ ਸ਼ਰਤਾਂ ਮੰਨਣ ਨਾਲ ਇਹ ਕਾਰਵਾਈ ਪੂਰੀ ਹੋ ਜਾਂਦੀ ਹੈ।

ਮੁਸਲਿਮ ਵਿਧੀ ਅਨੁਸਾਰ ਵੀ ਦਾਨ-ਪੱਤਰ ਲਈ ਤਿੰਨ ਚੀਜ਼ਾਂ ਦਾ ਹੋਣਾ ਜ਼ਰੂਰੀ ਹੈ —

1. (ਅਜਬ) ਜਾਂ ਉਪਹਾਰ ਦੇਣ ਵਾਲੇ ਵਿਅਕਤੀ ਵਲੋਂ ਦਾਨ ਕਰਨ ਦੀ ਘੋਸ਼ਣਾ ਕਰਨਾ।
2. (ਕਬੂਲ) ਜਾਂ ਉਪਹਾਰ ਲੈਣ ਵਾਲੇ ਵਿਅਕਤੀ ਵਲੋਂ ਇਸ ਦੇ ਲੈਣ ਦੀ ਮਨਜ਼ੂਰੀ।
3. (ਕਬਜ਼ਾ) ਜਾਂ ਦੇਣ ਵਾਲੇ ਵਿਅਕਤੀ ਵਲੋਂ ਦਾਨ ਲੈਣ ਵਾਲੇ ਨੂੰ ਦਾਨ ਦਿੱਤੀ ਗਈ ਵਸਤੂ ਜਾਂ ਸੰਪਤੀ ਤੇ ਕਬਜ਼ਾ ਦੇਣਾ।

ਹਰ ਉਹ ਆਦਮੀ ਆਪਣੀ ਸੰਪਤੀ ਨੂੰ ਜਿਸ ਤੇ ਉਸ ਦਾ ਪੂਰਾ ਅਧਿਕਾਰ ਹੈ ਦਾਨ ਪੱਤਰ ਰਾਹੀਂ ਉਸਦੀ ਹੱਥ-ਬਦਲੀ ਕਰ ਸਕਦਾ ਹੈ। ਨਾਬਾਲਿਗ਼ ਅਤੇ ਪਾਗਲ ਵਿਅਕਤੀ ਦਾਨ-ਪੱਤਰ ਨਹੀਂ ਕਰ ਸਕਦੇ। ਬਦੇਸ਼ੀ ਵਿਅਕਤੀ ਵੀ ਇਕ ਨਾਗਰਿਕ ਦੀ ਤਰ੍ਹਾਂ ਦਾਨ-ਪੱਤਰ ਕਰ ਸਕਦਾ ਹੈ। ਜਦੋਂ ਕਿਸੇ ਬਜ਼ੁਰਗ, ਬਿਮਾਰ ਜਾਂ ਪਰਦੇ ਵਿਚ ਰਹਿਣ ਵਾਲੀ ਔਰਤ ਵਲੋਂ ਦਾਨ-ਪੱਤਰ ਕੀਤਾ ਜਾਂਦਾ ਹੈ ਤਾਂ ਉਸ ਨੂੰ ਪ੍ਰਮਾਣਿਤ ਕਰਨਾ ਕਿ ਉਸ ਵਿਚ ਲਿਖੀਆਂ ਗਈਆਂ ਗੱਲਾਂ ਦੀ ਪੂਰੀ ਜਾਣਕਾਰੀ ਉਸ ਔਰਤ ਨੂੰ ਹੈ ਅਤੇ ਉਸ ਨੇ ਆਪਣੀ ਇੱਛਾ ਅਤੇ ਬਿਨਾਂ ਕਿਸੇ ਡਰ ਤੋਂ ਦਾਨ-ਪੱਤਰ ਲਿਖਿਆ ਹੈ, ਦੀ ਜ਼ਿੰਮੇਵਾਰੀ ਉਪਹਾਰ ਲੈਣ ਵਾਲੇ ਆਦਮੀ ਤੇ ਪੈਂਦੀ ਹੈ।

ਵਿਧਾਨਿਕ ਤੌਰ ਤੇ ਜਿਹੜਾ ਵਿਅਕਤੀ ਹੱਥ-ਬਦਲੀ ਦੇ ਅਯੋਗ ਹੁੰਦਾ ਹੈ ਉਹ ਦਾਨ-ਪੱਤਰ ਸਵੀਕਾਰ ਨਹੀਂ ਕਰ ਸਕਦਾ। ਦਾਨ ਪੱਤਰ ਵੇਲੇ ਜਿਸ ਲਈ ਦਾਨ-ਪੱਤਰ ਕੀਤਾ ਜਾਂਦਾ ਹੈ ਉਸ ਦਾ ਜੀਵਿਤ ਰਹਿਣਾ ਜ਼ਰੂਰੀ ਹੈ। ਮੋਏ ਹੋਏ ਵਿਅਕਤੀ ਦੇ ਪ੍ਰਤਿਨਿਧੀ ਜਾਂ ਉੱਤਰਾਧਿਕਾਰੀ ਉਸ ਵਲੋਂ ਦਾਨ ਪੱਤਰ ਨਹੀਂ ਲੈ ਸਕਦੇ। ਜਿਹੜਾ ਵਿਅਕਤੀ ਮੌਜੂਦ ਨਹੀਂ ਹੈ ਉਸ ਲਈ ਕੀਤਾ ਗਿਆ ਦਾਨ-ਪੱਤਰ ਗ਼ੈਰ-ਕਾਨੂੰਨੀ ਹੈ। ਸੰਸਥਾਵਾਂ ਜਿਵੇਂ ਸਕੂਲ, ਮੰਦਰ ਆਦਿ ਲਈ ਵੀ ਦਾਨ-ਪੱਤਰ ਕੀਤਾ ਜਾ ਸਕਦਾ ਹੈ। ਨਾਬਾਲਿਗ਼ ਅਤੇ ਪਾਗਲ ਕਾਨੂੰਨੀ ਸਰਪ੍ਰਸਤ ਰਾਹੀਂ ਹੀ ਦਾਨ-ਪੱਤਰ ਲੈ ਸਕਦਾ ਹੈ।

ਭਾਰਤ ਵਿਚ ਅੱਚਲ ਸੰਪਤੀ ਦਾ ਦਾਨ-ਪੱਤਰ ਵਿਧਾਨਿਕ ਅਧਿਕਾਰ ਪੱਤਰ ਰਾਹੀਂ ਹੀ ਦੇਣ ਵਾਲੇ ਵਿਅਕਤੀ ਦੇ ਹਸਤਾਖਰ ਜਾਂ ਉਸ ਵਲੋਂ ਘਟੋ ਘੱਟ ਦੋ ਗਵਾਹਾਂ ਦੇ ਪ੍ਰਮਾਣਿਤ ਕਰਨ ਨਾਲ ਹੀ ਤਸਦੀਕਿਆ ਜਾ ਸਕਦਾ ਹੈ ਪਰ ਕਿਸੇ ਦੀ ਮੁੱਲ ਦੀ ਚਲ-ਸੰਪਤੀ ਦਾ ਦਾਨ-ਪੱਤਰ ਵਿਧਾਨ ਤੋਂ ਬਿਨਾਂ ਅਤੇ ਲਿਖਤ ਤੋਂ ਬਿਨਾਂ ਵੀ ਹੋ ਸਕਦਾ ਹੈ।

ਹ.ਪੁ.—ਹਿੰ. ਵਿ. ਕੋ. 6:26

ਦਾਨਿਆਲ ਸ਼ਹਿਜ਼ਾਦਾ : ਇਹ ਭਾਰਤ ਦੇ ਮਸ਼ਹੂਰ ਇਨਸਾਫ਼ਪਸੰਦ ਮੁਗ਼ਲ ਬਾਦਸ਼ਾਹ ਅਕਬਰ ਦਾ ਸਭ ਤੋਂ ਛੋਟਾ ਅਤੇ ਸਭ ਤੋਂ ਲਾਡਲਾ ਪੁੱਤਰ ਸੀ। ਇਸ ਦਾ ਜਨਮ ਸਤੰਬਰ, 1572 ਵਿਚ ਰਾਜਸਥਾਨ ਰਾਜ ਦੇ ਸ਼ਹਿਰ ਅਜਮੇਰ ਵਿਖੇ ਹੋਇਆ। ਸੰਨ 1599 ਵਿਚ ਇਸ ਨੂੰ ਭਾਰਤ ਦੇ ਦੱਖਣੀ ਖੇਤਰ ਦਾ ਸੈਨਾਪਤੀ ਥਾਪ ਦਿੱਤਾ ਗਿਆ ਅਤੇ 1600 ਈ. ਵਿਚ ਇਸ ਨੇ ਅਹਿਮਦਨਗਰ ਨੂੰ ਜਿੱਤਿਆ। ਸੰਨ 1601 ਵਿਚ ਇਸ ਦੀ ਉਭਰਵੀਂ ਕਾਬਲੀਅਤ ਤੋਂ ਖ਼ੁਸ਼ ਹੋ ਕੇ ਖਾਨਦੇਸ਼ ਨਾਂ ਦਾ ਇਕ ਪ੍ਰਾਂਤ ਇਸ ਨੂੰ ਇਨਾਮ ਵਜੋਂ ਦੇ ਦਿੱਤਾ ਅਤੇ ਇਸੇ ਕਰ ਕੇ ਇਸ ਪ੍ਰਾਂਤ ਦਾ ਨਾਂ ਵੀ ਸੁਲਤਾਨ ਦਾਨਿਆਲ ਦੇ ਨਾਂ ਤੇ 'ਦਾਨਦੇਸ਼' ਪੈ ਗਿਆ। ਅਬੁਲਫ਼ਜ਼ਲ ਨੇ ਆਇਨੇ ਅਕਬਰੀ ਵਿਚ ਵੀ ਇਸ ਦਾ ਜ਼ਿਕਰ ਕੀਤਾ ਹੈ। ਦਾਨਿਆਲ ਇਕ ਨਿਪੁੰਨ ਘੋੜ-ਸਵਾਰ ਸੀ ਅਤੇ 7 ਹਜ਼ਾਰ ਦੀ ਵਿਸ਼ਾਲ ਸੈਨਾ ਦਾ ਅਧਿਪਤੀ (ਸੈਨਾਪਤੀ) ਸੀ। ਕਿਹਾ ਜਾਂਦਾ ਹੈ ਕਿ ਇਸ ਨੂੰ ਕਵਿਤਾ ਲਿਖਣ ਦਾ ਵੀ ਕਾਫ਼ੀ ਸ਼ੌਕ ਸੀ। ਅਪ੍ਰੈਲ, 1605 ਵਿਚ ਬੁਰਹਾਨਪੁਰ ਵਿਚ ਇਸ ਦੀ ਮੌਤ ਹੋ ਗਈ।

ਹ. ਪੁ. —ਹਿੰ. ਵਿ. ਕੋ. 6 : 28

ਦਾਭਾਂਡੇ ਉਮਾਬਾਈ : ਉਮਾਬਾਈ ਅਭੋਨੇ ਦੇ ਠੋਕੇ ਸਰਦਾਰ ਪਰਿਵਾਰ ਨਾਲ ਸਬੰਧ ਰੱਖਦੀ ਸੀ। ਇਨ੍ਹਾਂ ਦੇ ਪਿਤਾ ਦਾ ਨਾਂ ਅੰਭੋਰਕਰ ਠੋਕੇ ਸੀ। ਇਨ੍ਹਾਂ ਦਾ ਵਿਆਹ ਖੰਡੇ ਰਾਓ ਦਾਭਾਂਡੇ ਨਾਲ ਹੋਇਆ। ਖੰਡੇ ਰਾਓ ਦਾਭਾਂਡੇ ਸਾਰ ਦੇ ਪ੍ਰਸਿੱਧ ਸਰਦਾਰਾਂ ਵਿਚੋਂ ਇਕ ਸਨ। ਇਨ੍ਹਾਂ ਦੀ ਨਿਸ਼ਕਾਮ ਸੇਵਾ ਤੋਂ ਖੁਸ਼ ਹੋ ਕੇ ਸ਼ਾਹੂ ਰਾਜੇ ਨੇ ਇਨ੍ਹਾਂ ਨੂੰ ਵਾਜੇ ਅਤੇ ਕੁਰਲਾ ਦੇ ਪਿੰਡ ਇਨਾਮ ਵਜੋਂ ਦਿੱਤੇ। ਉਮਾਬਾਈ ਇਕ ਬਹੁਤ ਸਾਹਸੀ ਇਸਤਰੀ ਸੀ। ਇਹ ਆਪਣੇ ਪਤੀ ਦੇ ਕੰਮਾਂ ਵਿਚ ਹੱਥ ਵਟਾਉਂਦੀ ਸੀ। ਰਾਜਾਰਾਮ ਅਤੇ ਤਾਰਾਬਾਈ ਨੇ ਆਪਣੇ ਰਾਜਾਂ ਨੂੰ ਵੱਖ-ਵੱਖ ਸਰਦਾਰਾਂ ਵਿਚ ਵੰਡ ਦਿੱਤਾ। ਖੰਡੇ ਰਾਓ ਦਾਭਾਂਡੇ ਨੂੰ ਗੁਜਰਾਤ ਦਾ ਪ੍ਰਾਂਤ ਪ੍ਰਾਪਤ ਹੋਇਆ। ਖੰਡੇ ਰਾਓ ਦਾਭਾਂਡੇ ਦੀ ਮੌਤ ਤੋਂ ਬਾਅਦ ਉਮਾਬਾਈ ਨੇ ਆਪਣੇ ਪੁੱਤਰ ਤ੍ਰਿੰਬਕ ਰਾਓ ਨੂੰ 8 ਜਨਵਰੀ, 1730 ਨੂੰ ਸੈਨਾਪਤੀ ਨਿਯੁਕਤ ਕਰ ਦਿੱਤਾ। ਤ੍ਰਿੰਬਕ ਰਾਓ ਯੋਧਾ ਤਾਂ ਜ਼ਰੂਰ ਸੀ ਪਰ ਉਹ ਇਕ ਤਜਰਬੇਕਾਰ ਪ੍ਰਸ਼ਾਸਕ ਨਹੀਂ ਸੀ। ਇਸ ਲਈ ਬਹੁਤਾ ਕੰਮ ਉਮਾਬਾਈ ਨੂੰ ਹੀ ਕਰਨਾ ਪੈਂਦਾ ਸੀ। ਇਸ ਨਾਜ਼ਕ ਸਥਿਤੀ ਦਾ ਫਾਇਦਾ ਉਠਾਉਂਦੇ ਹੋਏ ਚਿਮਾਜੀ ਅੱਪਾ ਨੇ ਆਪਣੀ ਫੌਜ ਨਾਲ ਗੁਜਰਾਤ ਵਿਚ ਪ੍ਰਵੇਸ਼ ਕੀਤਾ। ਇਸ ਸਮੇਂ ਗੁਜਰਾਤ ਦੀ ਭਿੰਨ ਭਿੰਨ ਥਾਵਾਂ ਤੇ ਸਿੰਧੀਆ, ਹੋਲਕਰ ਅਤੇ ਅਨੰਦ ਰਾਓ ਪਵਾਰ ਨੇ ਲੁੱਟ ਮਚਾਈ ਹੋਈ ਸੀ।

ਉਮਾਬਾਈ ਅਤੇ ਤ੍ਰਿੰਬਕ ਰਾਓ ਦਾਭਾਂਡੇ ਨੇ ਸਾਹੂ ਰਾਜੇ ਨੂੰ ਮਰਾਠਿਆਂ ਦੇ ਹਮਲੇ ਬਾਰੇ ਲਿਖਿਆ ਪ੍ਰੰਤੂ ਉਸ ਵੱਲੋਂ ਕੋਈ ਸੰਤੋਸ਼ਜਨਕ ਉੱਤਰ ਨਾ ਮਿਲਿਆ। ਉਮਾਬਾਈ ਨੇ ਆਪਣੀ ਰੱਖਿਆ ਲਈ ਆਪਣੇ ਅਜਿਹੇ ਸਰਦਾਰਾਂ ਨੂੰ ਇਕੱਠਾ ਕੀਤਾ ਜਿਹੜੇ ਕਿ ਬਾਜੀ ਰਾਓ ਤੋਂ ਦੁਖੀ ਸਨ। ਉਸ ਨੇ ਨਿਜ਼ਾਮੁਲਮੁਲਕ ਅਤੇ ਸੰਭਾਲੀ (ਕੋਹਲਾਪੁਰ) ਤੋਂ ਵੀ ਸਹਾਇਤਾ ਦੀ ਮੰਗ ਕੀਤੀ। ਬਾਜੀ ਰਾਓ ਵੀ ਜਾਣਦਾ ਸੀ ਕਿ ਇਕ ਨਾ ਇਕ ਦਿਨ ਉਸ ਨੂੰ ਦਾਭਾਂਡੇ ਨਾਲ ਯੁੱਧ ਕਰਨਾ ਪਵੇਗਾ। ਇਸ ਲਈ ਉਸ ਨੇ ਵੀ ਆਪਣੇ ਸਰਦਾਰਾਂ ਨੂੰ ਇਕੱਠਾ ਕਰਨਾ ਸ਼ੁਰੂ ਕਰ ਦਿੱਤਾ। ਉਮਾਬਾਈ ਬਹੁਤ ਦੁਖੀ ਹੋਈ। ਉਮਾਬਾਈ ਦਾਭਾਂਡੇ ਅਤੇ ਪੇਸ਼ਵਾ ਦੀ ਫੌਜ ਵਿਚਕਾਰ 1 ਅਪ੍ਰੈਲ, 1731 ਨੂੰ ਡਭੋਈ ਦੇ ਮੈਦਾਨ ਵਿਚ ਘਮਸਾਣ ਦਾ ਯੁੱਧ ਹੋਇਆ। ਇਸ ਯੁੱਧ ਵਿਚ ਤ੍ਰਿੰਬਕ ਰਾਓ ਦੀ ਮੌਤ ਹੋ ਗਈ। ਪੇਸ਼ਵਾ ਰਾਓ ਜਿੱਤ ਕੇ ਭੱਜ ਗਿਆ। ਦਾਭਾਂਡੇ ਭਰਾਵਾਂ ਨੇ ਉਸ ਦਾ ਪਿੱਛਾ ਕੀਤਾ। ਬਾਜੀ ਰਾਓ ਸਾਹੂ ਰਾਜੇ ਕੋਲ ਜਾ ਪਹੁੰਚਿਆ ਅਤੇ ਜੀਵਨਦਾਨ ਮੰਗਿਆ। ਸਾਹੂ ਰਾਜੇ ਦੀ ਵਿਚੋਲਗੀ ਕਰ ਕੇ ਦਾਭਾਂਡੇ ਭਰਾ ਪਰਤ ਆਏ ਪਰੰਤੂ ਉਨ੍ਹਾਂ ਨੇ ਪੇਸ਼ਵਾ ਬਾਜੀ ਰਾਓ ਨੂੰ ਚੇਤਾਵਨੀ ਦਿੱਤੀ ਕਿ ਉਹ ਆਪਣੇ ਭਰਾ ਦੀ ਮੌਤ ਦਾ ਬਦਲਾ ਜ਼ਰੂਰ ਲੈਣਗੇ।

ਆਪਣੇ ਪੁੱਤਰ ਤ੍ਰਿੰਬਕ ਰਾਓ ਦੀ ਮੌਤ ਨਾਲ ਉਮਾਬਾਈ ਨੂੰ ਬਹੁਤ ਦੁੱਖ ਹੋਇਆ। ਉਹ ਆਪਣੇ ਪੁੱਤਰ ਨਾਲ ਸਤਾਰਾ ਗਈ ਜਿਥੇ ਸਾਹੂ ਰਾਜੇ ਨੇ ਉਸ ਨੂੰ ਇਕ ਤਲਵਾਰ ਭੇਟ ਕੀਤੀ। ਬਾਜੀ ਰਾਓ ਨੂੰ ਵੀ ਉਥੇ ਬੁਲਾਇਆ ਗਿਆ ਅਤੇ ਆਪਣੇ ਪੁੱਤਰ ਦਾ ਬਦਲਾ ਲੈਣ ਲਈ ਕਿਹਾ। ਬਾਜੀ ਰਾਓ ਨੇ ਹਰ ਕੀਮਤ ਉੱਤੇ ਆਪਣੇ ਜੀਵਨ ਦਾਨ ਲਈ ਮਾਫ਼ੀ ਮੰਗੀ। ਉਮਾਬਾਈ ਨੇ ਬਾਜੀ ਰਾਓ ਨੂੰ ਮਾਫ਼ ਤਾਂ ਕਰ ਦਿੱਤਾ ਪ੍ਰੰਤੂ ਉਸ ਨੂੰ ਟਿਕ ਕੇ ਨਾ ਬੈਠਣ ਦਿੱਤਾ।

ਉਮਾਬਾਈ ਨੇ ਆਪਣੇ ਪੁੱਤਰ ਯਸਵੰਤ ਰਾਓ ਦਾਭਾਂਡੇ ਨੂੰ ਸੈਨਾਪਤੀ ਨਿਯੁਕਤ ਕਰ ਦਿੱਤਾ। ਸਾਹੂ ਨੇ ਗੁਜਰਾਤ ਅਤੇ ਮਾਲਵਾ ਦੀ ਸੀਮਾ ਨਿਰਧਾਰਤ ਕਰ ਦਿੱਤੀ। 'ਕਰ' ਵਸੂਲਣ ਦਾ ਅਧਿਕਾਰ ਦਾਭਾਂਡੇ ਨੂੰ ਦੇ ਦਿੱਤਾ ਅਤੇ ਨਾਲ ਹੀ ਉਸ ਨੂੰ ਕਰ ਸਿੱਧੇ ਹੀ ਰਾਜਕੋਸ਼ ਭੇਜਣ ਦਾ ਹੁਕਮ ਦਿੱਤਾ।

ਕਰ ਵਸੂਲ ਕਰਨ ਦੇ ਮਾਮਲੇ ਵਿਚ ਉਮਾਬਾਈ ਅਤੇ ਪੇਸ਼ਵਾ ਦੇ ਵਿਚਕਾਰ ਕਸ਼ਮਕਸ਼ ਜਾਰੀ ਰਹੀ। ਉਮਾਬਾਈ ਅਤੇ ਉਸ ਦਾ ਪੁੱਤਰ ਸਾਹੂ ਰਾਜੇ ਨੂੰ ਪੈਸਾ ਦੇਣ ਦੇ ਹੱਕ ਵਿਚ ਨਹੀਂ ਸਨ।

ਬਾਲੀ ਰਾਓ ਦੀ ਮੌਤ ਤੋਂ ਪਿੱਛੋਂ ਉਮਾਬਾਈ ਦਾ ਗੁੱਸਾ ਸ਼ਾਂਤ ਹੋ ਗਿਆ। ਇਸ ਤੋਂ ਪਿੱਛੋਂ ਉਮਾਬਾਈ ਦੀ ਤਾਰਾਬਾਈ ਨਾਲ ਦੋਸਤੀ ਹੋ ਗਈ। ਇਨ੍ਹਾਂ ਦੋਨੋਂ ਬਹਾਦਰ ਇਸਤਰੀਆਂ ਨੇ ਇਕੱਠਿਆਂ ਕਈ ਯੁੱਧ ਲੜੇ। ਸੰਨ 1753 ਵਿਚ ਉਮਾਬਾਈ ਦੀ ਮੌਤ ਹੋ ਗਈ।

ਹ. ਪੁ. — ਹਿ. ਵਿ. ਕੋ. 6 : 28

ਦਾਮਨ-ਇ-ਕੋਹ : ਭਾਰਤ ਦੇ ਪੱਛਮੀ ਬੰਗਾਲ ਰਾਜ ਵਿਚ ਇਕ ਪਹਾੜੀ ਇਲਾਕਾ ਹੈ। ਦਾਮਨ-ਇ-ਕੋਹ ਦਾ ਸ਼ਾਬਦਿਕ ਅਰਥ 'ਪਹਾੜੀਆਂ ਦੀ ਸੀਮਾ' ਹੈ। ਸੰਨ 1765 ਵਿਚ ਜਦੋਂ ਈਸਟ ਇੰਡੀਆ ਕੰਪਨੀ ਨੂੰ ਦੀਵਾਨੀ ਦੇ ਹੱਕ ਪ੍ਰਾਪਤ ਹੋਏ ਉਸ ਵੇਲੇ ਇਥੋਂ ਦੇ ਲੋਕਾਂ ਦਾ ਜੀਵਨ ਆਜ਼ਾਦ ਸੀ। ਸਰਕਾਰ ਵੱਲੋਂ ਜ਼ੋਰ ਪੈਣ ਕਾਰਨ ਇਨ੍ਹਾਂ ਨੇ ਮਜ਼ਬੂਰਨ ਲੁੱਟ ਮਾਰ ਦਾ ਰਾਹ ਅਪਣਾ ਲਿਆ ਅਤੇ ਮੈਦਾਨੀ ਖੇਤਰ ਵਿਚ ਆ ਗਏ ਪਰ 1779-84 ਈ. ਦੌਰਾਨ ਭਾਗਲਪੁਰ ਦੇ ਕੁਲੈਕਟਰ, ਆਗਸਟਸ ਕਲੀਵਲੈਂਡ ਛੇਤੀ ਹੀ ਇਨ੍ਹਾਂ ਦਾ ਵਿਸ਼ਵਾਸ਼ ਜਿੱਤਣ ਵਿਚ ਕਾਮਯਾਬ ਹੋ ਗਿਆ। ਇਸ ਨੇ ਕਬਾਇਲੀ ਮੁਖੀਆਂ ਨੂੰ ਵਜੀਫ਼ੇ ਦਿੱਤੇ ਅਤੇ ਪਹਾੜੀਆਂ ਵਿਚੋਂ ਹਿਲ ਰੇਂਜਰਾਂ ਸੈਨਿਕ ਦਲ ਦੀ ਭਰਤੀ ਕੀਤੀ ਅਤੇ ਕਬਾਇਲੀ ਮੁਖੀਆਂ ਦੀ ਨੁਮਾਇੰਦਗੀ ਅਧੀਨ ਵਿਸ਼ੇਸ਼ ਅਦਾਲਤਾਂ ਸਥਾਪਿਤ ਕੀਤੀਆਂ। ਸਰਕਾਰ ਨੇ ਅਮਲ ਸਥਾਪਿਤ ਕਰਨ ਲਈ ਇਥੋਂ ਦਾ ਕਬਜ਼ਾ ਅਸਲੀ ਰੂਪ ਵਿਚ ਆਪਣੇ ਹੱਥਾਂ ਵਿਚ ਲੈ ਲਿਆ ਅਤੇ ਜ਼ਿਮੀਦਾਰਾਂ ਨੂੰ ਇਸ ਸੱਤਾ ਤੋਂ ਵੱਖ ਕਰ ਦਿੱਤਾ ਜਿਹੜੇ ਕਿ ਪਹਿਲੇ ਇਥੋਂ ਦੇ ਨਾਂਮਾਤਰ ਮਾਲਕ ਹੁੰਦੇ ਸਨ। ਇਸ ਨੂੰ ਬੰਗਾਲ ਦੇ ਬੰਦੋਬਸਤ ਤੋਂ ਬਾਹਰ ਹੀ ਰੱਖਿਆ ਸੀ ਅਤੇ ਅਖ਼ੀਰ ਨੂੰ 1823 ਈ. ਵਿਚ ਸਰਕਾਰ ਨੇ ਪਹਾੜੀਆਂ ਅਤੇ ਇਨ੍ਹਾਂ ਦੇ ਪੈਰਾਂ ਵਿਚ ਸਥਿਤ ਗੈਰ-ਆਬਾਦ ਖੇਤਰ ਦੇ ਬਾਹਰਲੇ ਇਲਾਕੇ ਉੱਤੇ ਆਪਣਾ ਹੱਕ-ਮਾਲਕੀ ਸਥਾਪਿਤ ਕਰਨ ਦਾ ਦਾਅਵਾ ਕੀਤਾ ਸੀ। ਮਿਸਟਰ ਵਾਰਡ ਨੂੰ ਸਰਕਾਰੀ ਕਬਜ਼ੇ ਅਧੀਨ ਖੇਤਰ ਦੀ ਹੱਦਬੰਦੀ ਕਰਨ ਦਾ ਕੰਮ ਸੌਂਪਿਆ ਗਿਆ ਅਤੇ 1837 ਈ. ਵਿਚ ਮਾਂਝੂਆਂ ਦੀ ਕੇਂਦਰੀ ਵਾਦੀ ਉੱਤੇ ਜ਼ਿਮੀਦਾਰਾਂ ਦੇ ਹੱਕ ਮੁੜ ਬਹਾਲ ਕਰ ਦਿੱਤੇ ਗਏ। ਸੰਨ 1835 ਵਿਚ ਦਾਮਨ ਵਿਚ ਇਕ ਨਿਰੀਖਕ ਦੀ ਨਿਯੁਕਤੀ ਹੋਈ ਅਤੇ ਉਸ ਦੀ ਹੌਂਸਲਾ ਅਫ਼ਜਾਈ ਨਾਲ ਸੰਤਾਲ ਲੋਕਾਂ ਨੇ ਜੰਗਲਾਂ ਨੂੰ ਸਾਫ ਕਰ ਕੇ ਇਸ ਨੂੰ ਵਾਹੀਯੋਗ ਬਣਾਇਆ। ਪਹਾੜੀ ਲੋਕ ਇਥੋਂ ਦੀਆਂ ਪਹਾੜੀਆਂ ਅਤੇ ਢਲਾਣਾਂ ਤੇ ਵਸ ਗਏ। ਇਨ੍ਹਾਂ ਤੋਂ ਥੋੜ੍ਹੀ ਦੇਰ ਬਾਅਦ ਹੀ ਇਥੇ ਬਿਹਾਰੀ ਅਤੇ ਬੰਗਾਲੀ ਸ਼ਾਹੂਕਾਰ ਵੀ ਆ ਗਏ। ਸੰਤਾਲ ਲੋਕ ਬੜੇ ਭੋਲੇ ਅਤੇ ਸਿੱਧੇ ਸਾਦੇ ਜਿਹੇ ਲੋਕ ਸਨ। ਸੰਨ 1855 ਵਿਚ ਜਦੋਂ ਇਨ੍ਹਾਂ ਨੇ ਆਪਣੀਆਂ ਜ਼ਮੀਨਾਂ ਖੁਸਦੀਆਂ ਦੇਖੀਆਂ ਤਾਂ ਇਹਨਾਂ ਨੇ ਬਗ਼ਾਵਤ ਕਰ ਦਿੱਤੀ। ਇਸ ਦੇ ਬਹੁਤੇ ਖੇਤਰ ਵਿਚ ਅਜੇ ਵੀ ਬਹੁਤੇ ਪਹਾੜੀ ਕਬੀਲੇ ਹੀ ਵਸਦੇ ਹਨ। ਇਥੇ ਬਹੁਤੀ ਗਿਣਤੀ ਅਧਿਆਤਮਵਾਦੀ ਅਤੇ ਹਿੰਦੂ ਲੋਕਾਂ ਦੀ ਸੀ ਅਤੇ ਇਨ੍ਹਾਂ ਤੋਂ ਇਲਾਵਾ ਕੁਝ ਮੁਸਲਮਾਨ, ਈਸਾਈ ਲੋਕ ਵੀ ਹਨ। ਇਨ੍ਹਾਂ ਵਿਚੋਂ ਸਭ ਤੋਂ ਵੱਧ ਗਿਣਤੀ ਸੰਤਾਲ ਲੋਕਾਂ ਦੀ ਸੀ।

ਹ.ਪੁ.-ਇੰਪ. ਗ. ਇੰਡ. 11: 131

ਦਾਮਨ, ਚਰਾਗ ਦੀਨ : ਇਸ ਪੰਜਾਬੀ ਕਵੀ ਦਾ ਨਾਂ ਚਰਾਗ ਦੀਨ ਅਤੇ ਤਖ਼ੱਲਸ 'ਦਾਮਨ' ਹੈ। ਇਸ ਦਾ ਜਨਮ ਲਾਹੌਰ ਨਿਵਾਸੀ ਮੀਆਂ ਮੀਰਾ ਬਖਸ਼ ਦੇ ਘਰ 1906 ਈ. ਵਿਚ ਹੋਇਆ। ਇਹ ਵਧੇਰੇ ਕਰ ਕੇ ਆਜ਼ਾਦੀ ਦੀ ਲਹਿਰ ਅਤੇ ਰਾਜਨੀਤਿਕ ਜਲਸਿਆਂ ਵਿਚ ਭਾਗ ਲੈਂਦਾ ਰਿਹਾ ਹੈ। ਇਸ ਦੀ ਕਵਿਤਾ ਵਿਚੋਂ ਦੇਸ਼ ਪਿਆਰ ਅਤੇ ਮਨੁੱਖੀ ਪ੍ਰੀਤ ਦਾ ਜਜ਼ਬਾ ਝਲਕਾਂ ਮਾਰਦਾ ਹੈ। ਇਸ ਦੀ ਸ਼ਾਇਰੀ ਦੀ ਲੋਚ ਪੂਰਬੀ ਤੇ ਪੱਛਮੀ ਪੰਜਾਬ ਲਈ ਸਾਂਝੀ ਹੈ

ਕਿਉਂਕਿ ਕਵੀ ਦਾ ਧਰਮ ਮੁਹੱਬਤ ਹੈ ਅਤੇ ਉਹ ਵੈਰ-ਵਿਰੋਧ ਤੋਂ ਦੂਰ ਰਹਿੰਦਾ ਹੈ।

ਚਰਾਗ ਦੀਨ ਨੇ ਲਾਹੌਰ ਦੇ ਦੇਵ ਸਮਾਜ ਸਕੂਲ ਤੋਂ ਦਸਵੀਂ ਪਾਸ ਕੀਤੀ। ਇਨ੍ਹਾਂ ਦਿਨਾਂ ਵਿਚ ਹੀ ਇਸ ਦੇ ਵੱਡੇ ਭਰਾ ਦੀ ਮੌਤ ਹੋ ਗਈ। ਇਸ ਸਦਮੇ ਕਾਰਨ ਇਸ ਨੇ ਕਵਿਤਾ ਲਿਖਣੀ ਸ਼ੁਰੂ ਕੀਤੀ। ਇਸ ਨੇ 'ਹਮਦਮ ਨੂੰ ਆਪਣਾ ਉਸਤਾਦ ਬਣਾਇਆ।

'ਦਾਮਨ' ਦੀ ਕਵਿਤਾ ਵਿਚ ਅਸਰ, ਰਸ, ਲੈ ਤੇ ਖਿਆਲ ਉਡਾਰੀ ਬਹੁਤ ਹੈ। ਇਸ ਨੇ ਪੰਜਾਬੀ ਫ਼ਿਲਮਾਂ ਲਈ ਗਾਣੇ ਵੀ ਲਿਖੇ ਹਨ।

ਹ. ਪੁ. —ਪੰ. ਸ਼ਾ. ਤਜ਼.

ਦਾਰ-ਐਸ-ਸਲਾਮ : ਇਹ ਪੂਰਬੀ ਅਫ਼ਰੀਕਾ ਵਿਚ ਤਨਜ਼ਾਨੀਆਂ ਦੇਸ਼ ਦਾ ਸਭ ਤੋਂ ਵੱਡਾ ਸ਼ਹਿਰ, ਉਦਯੋਗਕ ਕੇਂਦਰ ਅਤੇ ਪ੍ਰਮੁੱਖ ਬੰਦਰਗਾਹ ਹੈ। ਇਸ ਦਾ ਮੌਜੂਦਾ ਨਾਂ ਅਰਬੀ ਦੇ ਦਾਰਸਲਾਮ ਸ਼ਬਦ ਤੋਂ ਬਣਿਆ ਹੈ ਜਿਸ ਦਾ ਸ਼ਾਬਦਿਕ ਅਰਥ ਹੈ 'ਸ਼ਾਂਤੀ ਦੀ ਪਨਾਹਗਾਹ'। ਇਸ ਸ਼ਹਿਰ ਦੀ ਸਥਾਪਨਾ 1862 ਈ. ਵਿਚ ਜ਼ੰਜ਼ੀਬਾਰ ਦੇ ਸੁਲਤਾਨ ਨੇ ਮਜ਼ੀਜ਼ੀਮਾ ਨਾਂ ਕੇ ਇਕ ਪਿੰਡ ਦੀ ਥਾਂ ਤੇ ਕੀਤੀ ਸੀ। ਸੰਨ 1885 ਵਿਚ ਜਰਮਨ ਈਸਟ ਅਫ਼ਰੀਕਾ ਕੰਪਨੀ ਦੇ ਇਥੇ ਆਉਣ ਤੱਕ ਇਹ ਇਕ ਛੋਟੀ ਜਿਹੀ ਬੰਦਰਗਾਹ ਹੀ ਹੁੰਦਾ ਸੀ। ਸੰਨ 1891 ਤੋਂ 1916 ਤੱਕ ਇਹ ਸ਼ਹਿਰ ਜਰਮਨ ਈਸਟ ਅਫ਼ਰੀਕਾ ਦੀ ਰਾਜਧਾਨੀ ਰਿਹਾ ਪਰ ਇਸ ਉੱਤੇ ਜਰਮਨ ਅਧਿਕਾਰ ਬਹੁਤੀ ਦੇਰ ਤੱਕ ਨਾ ਰਿਹਾ ਅਤੇ 1961 ਈ. ਵਿਚ ਇਹ ਬਰਤਾਨਵੀ ਅਧਿਕਾਰ ਹੇਠ ਆ ਗਿਆ। ਇਸ ਤੋਂ ਬਾਅਦ 1961-64 ਈ. ਤੱਕ ਇਹ ਟਾਂਗਾਨੀਕਾ ਦੀ ਰਾਜਧਾਨੀ ਅਤੇ ਮਗਰੋਂ ਤਨਜ਼ਾਨੀਆਂ ਦੀ ਰਾਜਧਾਨੀ ਰਿਹਾ। ਤਨਜ਼ਾਨੀਆਂ ਦੀ ਨਵੀਂ ਰਾਜਧਾਨੀ ਡੋਡਾਮਾ ਦੇ ਮੁਕੰਮਲ ਹੋਣ ਤੱਕ ਇਹ ਸ਼ਹਿਰ ਝੀਲ ਟਾਂਗਨੀਕਾ ਉੱਤੇ ਵਸੇ ਕਿਗੋਮਾ ਸ਼ਹਿਰ ਦੇ ਪੱਛਮ ਵੱਲ ਝੀਲ ਵਿਕਟੋਰੀਆ ਉੱਤੇ ਵਸੇ ਮਵਾਨਜ਼ਾ ਦੇ ਉੱਤਰ ਵੱਲ ਦੇ ਸ਼ਹਿਰ ਦਾ ਆਖ਼ਰੀ ਸਟੇਸ਼ਨ ਰਿਹਾ। ਇਸ ਤੋਂ ਇਲਾਵਾ 1975 ਈ. ਵਿਚ ਮੁਕੰਮਲ ਹੋਈ ਤਨਜਮ ਰੇਲਵੇ ਜੈਂਬੀਆ ਨੂੰ ਇਸ ਬੰਦਰਗਾਹ ਨਾਲ ਜੋੜਦੀ ਹੈ। ਦੇਸ਼ ਦੀ ਲਗਭਗ ਸਾਰੀ ਨਾਰੀਅਲ ਦੀ ਗਿਰੀ, ਸੀਸਲ ਅਤੇ ਖਣਿਜ ਪਦਾਰਥ ਇਥੋਂ ਹੀ ਬਾਹਰ ਭੇਜੇ ਜਾਂਦੇ ਹਨ।

ਦੂਜੇ ਸੰਸਾਰ ਯੁੱਧ ਤੋਂ ਬਾਅਦ ਬਣੇ ਆਧੁਨਿਕ ਸ਼ਹਿਰ ਵਿਚ ਆਧੁਨਿਕ ਕਿਸਮ ਦੀਆਂ ਕਈ ਬਹੁ-ਮੰਜ਼ਲੀਆਂ ਇਮਾਰਤਾਂ ਵੀ ਬਣਾਈਆਂ ਗਈਆਂ ਹਨ ਜਿਨ੍ਹਾਂ ਵਿਚ ਹਸਪਤਾਲ ਕੰਪਲੈਕਸ ਤਕਨੀਕੀ ਸੰਸਥਾ ਅਤੇ ਹਾਈ ਕੋਰਟ ਦੀਆਂ ਇਮਾਰਤਾਂ ਸ਼ਾਮਲ ਹਨ। ਸੰਨ 1961 ਵਿਚ ਇਥੇ ਯੂਨੀਵਰਸਿਟੀ ਕਾਲਜ ਦੀ ਨੀਂਹ ਰੱਖੀ ਗਈ ਜਿਸ ਨੂੰ ਮਗਰੋਂ 1970 ਈ. ਵਿਚ ਯੂਨੀਵਰਸਿਟੀ ਆਫ ਦਾਰ-ਐਸ-ਸਲਾਮ ਵਿਚ ਬਦਲ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਇਥੇ ਕਈ ਲਾਇਬ੍ਰੇਰੀਆਂ, ਖੋਜ ਸੰਸਥਾਵਾਂ ਹਨ। ਇਥੋਂ ਦੇ ਰਾਸ਼ਟਰੀ ਅਜਾਇਬ ਘਰ ਵਿਚ 1,700,000 ਸਾਲ ਪੁਰਾਣੀ ਖੋਪੜੀ ਸੁਰੱਖਿਅਤ ਹੈ ਜਿਸ ਨੂੰ 1959 ਈ. ਵਿਚ ਐਲ. ਐਸ. ਬੀ. ਲੀਕੇ ਨੇ ਉਲਡੁਵਾਈ ਗਾੱਰਜ ਦੇ ਸਥਾਨ ਤੋਂ ਲਭਿਆ ਸੀ।

ਉਦਯੋਗਿਕ ਪੱਖੋਂ ਇਥੇ ਸਾਬਣ, ਰੋਗਨ, ਸਿਗਰਟਾਂ, ਖਾਣ ਦੀਆਂ ਚੀਜ਼ਾਂ, ਧਾਤਾਂ ਦੀਆਂ ਚੀਜ਼ਾਂ,. ਸ਼ੀਸ਼ੇ ਦਾ ਸਾਮਾਨ, ਕੱਪੜਾ, ਲੱਕੜ-ਨਕਾਸੀ ਦੀਆਂ ਚੀਜ਼ਾਂ ਅਤੇ ਜੁੱਤੀਆਂ ਆਦਿ ਬਣਾਏ ਜਾਂਦੇ ਹਨ। ਇਥੋਂ ਦਾ ਖਾਦ-ਉਦਯੋਗ ਵੀ ਕਾਫ਼ੀ ਪ੍ਰਸਿੱਧ ਹੈ।

ਆਬਾਦੀ – 17,47,000 (1988)

6°48′ ਦੱ. ਵਿਥ.; 39°17′ ਪੂ. ਲੰਬ

ਹ.ਪੁ.—ਐਨ. ਬ੍ਰਿ. ਮਾ. 3 : 882; ਹਿੰ. ਵਿ. ਕੋ. 6 : 31

ਦਾਰਸ਼ਨਿਕ ਪਰੰਪਰਾ, ਸਮਕਾਲੀਨ (ਪੱਛਮੀ) : ਪੱਛਮੀ ਦਰਸ਼ਨ ਦੀ ਸਮਕਾਲੀਨ ਧਾਰਾ, ਆਧੁਨਿਕ ਫਲਸਫ਼ੇ ਦੀ ਸਮੁੱਚੀ ਪਰੰਪਰਾ ਦੇ ਇਕ ਅੰਗ ਵਜੋਂ ਵੀਹਵੀਂ ਸਦੀ ਵਿਚ ਵਿਕਸਿਤ ਹੋਈ। ਇਸ ਦਰਸ਼ਨ ਧਾਰਾ ਨੂੰ ਦਰਜਨਾਂ ਦੀ ਗਿਣਤੀ ਵਿਚ ਯੂਰਪੀਨ ਤੇ ਅਮਰੀਕਨ ਫਿਲਾਸਫ਼ਰਾਂ ਨੇ ਦੇਣ ਦਿੱਤੀ ਅਤੇ ਇਸ ਵਿਚ ਵੰਨ ਸੁਵੰਨੇ ਸਿਧਾਂਤ ਤੇ ਮਤ ਪ੍ਰਚੱਲਿਤ ਹੋਏ। ਜੇਕਰ ਵਿਚਾਰਾਂ ਦੀ ਨੇੜਤਾ ਤੇ ਸਾਂਝ ਨੂੰ ਆਧਾਰ ਬਣਾ ਕੇ ਸਮਕਾਲੀਨ ਦਾਰਸ਼ਨਿਕ ਮੱਤਾਂ ਦਾ ਵਰਗੀਕਰਣ ਕੀਤਾ ਜਾਵੇ ਤਾਂ ਕੁਝ ਚੋਣਵੇਂ ਸਿਧਾਂਤ ਇਹ ਹੋਣਗੇ- ਯਥਾਰਥਵਾਦ, ਤਾਰਕਿਕ ਪ੍ਰਤੱਖਵਾਦ, ਵਿਸ਼ਲੇਸ਼ ਫ਼ਲਸਫਾ, ਫਲਵਾਦ, ਅਸਤਿੱਤਵਵਾਦ, ਪ੍ਰਕਿਰਿਆ ਦਾ ਫਲਸਫ਼ਾ, ਪ੍ਰਕਿਰਤੀ-ਵਾਦ ਅਤੇ ਭਾਸ਼ਾਈ ਫਲਸ਼ਫਾ।

ਵੀਹਵੀਂ ਸਦੀ ਦੇ ਮੁੱਢਲੇ ਸਾਲਾਂ ਵਿਚ ਕੈਂਬਰਿਜ ਯੂਨੀਵਰਸਿਟੀ ਦੇ ਟ੍ਰਿਨਿਟੀ ਕਾਲਜ ਵਿਚ ਤਿੰਨ ਸਿਰਕੱਢ ਚਿੰਤਕ ਬਰਟ੍ਰੰਡ ਰੱਸਲ, ਜੀ.ਈ. ਮੂਰ ਅਤੇ ਏ.ਐਨ. ਵਾਈਟਹੈੱਡ ਇਕੋ ਸਮੇਂ ਪ੍ਰੋਫੈਸਰਾਂ ਵਜੋਂ ਨਿਯੁਕਤ ਸਨ ਅਤੇ ਨਾਲ ਹੀ ਸਮਕਾਲੀ ਦਰਸ਼ਨ ਦੀਆਂ ਵਿਭਿੰਨ ਧਾਰਾਵਾਂ ਨੂੰ ਜਨਮ ਦੇ ਰਹੇ ਸਨ। ਇਨ੍ਹਾਂ ਵਿਚੋਂ ਰੱਸਲ ਦਾ ਚਿੰਤਨ ਅਤਿਅੰਤ ਪ੍ਰਭਾਵਸ਼ਾਲੀ ਸਿੱਧ ਹੋਇਆ ਜਿਸ ਦੀ ਪ੍ਰੇਰਨਾ ਅਧੀਨ ਕਈ ਸਿਧਾਂਤ ਤੇ ਮਤ ਹੋਂਦ ਵਿਚ ਆਏ। ਰੱਸਲ ਤੇ ਵਾਈਟਹੈੱਡ ਆਧੁਨਿਕ ਤਰਕ-ਗਿਆਨ (ਲੌਜਿਕ) ਦੇ ਮੋਢੀਆਂ ਵਿਚੋਂ ਸਨ ਜਿਨ੍ਹਾਂ ਦੀ ਸਾਂਝੀ ਪੁਸਤਕ 'ਗਣਿਤ ਦੇ ਨਿਯਮ' ਨੂੰ ਵਰਤਮਾਨ ਸਦੀ ਦਾ ਇਕ ਬੌਧਿਕ ਚਮਤਕਾਰ ਮੰਨਿਆ ਗਿਆ ਹੈ। ਇਸੇ ਤਰ੍ਹਾਂ ਪ੍ਰੋਫ਼ੈਸਰ ਮੂਰ ਦੀ 'ਨੈਤਿਕਤਾ ਦੇ ਨਿਯਮ' ਆਪਣੇ ਖੇਤਰ ਦੀ ਸ਼ਾਹਕਾਰ ਪੁਸਤਕ ਹੈ ਜਿਸ ਵਿਚ ਮੂਰ ਨੇ ਪਹਿਲੀ ਵਾਰੀ ਅੰਤ੍ਰੀਵੀ ਅਤੇ ਸਾਧਨੀ-ਕੀਮਤਾਂ ਵਿਚ ਅੰਤਰ ਦਰਸਾਇਆ ਅਤੇ ਨੈਤਿਕ ਆਦਰਸ਼ ਨੂੰ ਅੰਤ੍ਰੀਵੀ ਕੀਮਤਾਂ ਦਾ ਸਜੀਵ ਸਮੁੱਚ ਮੰਨਿਆ।

ਤੱਤ-ਮੀਮਾਂਸਾ (ਮੈਟਾਫ਼ਿਜ਼ਿਕਸ) ਨੂੰ ਮੂਰ ਨੇ 'ਯਥਾਰਥਵਾਦ' ਦੀ ਸੇਧ ਦਿੱਤੀ ਜਿਸ ਅਨੁਸਾਰ ਸਾਡੇ ਨਿਤਾ-ਪ੍ਰਤੀ ਅਨੁਭਵ ਵਿਚ ਆਉਣ ਵਾਲਾ ਸੰਸਾਰ ਆਪਣੇ ਆਪ ਵਿਚ ਸੁਤੰਤਰ ਹਸਤੀ ਹੈ ਜਿਹੜਾ ਸਾਡੇ ਪ੍ਰੇਖਣ ਜਾਂ ਅਨੁਭਵ ਉੱਤੇ ਆਧਾਰਿਤ ਨਹੀਂ। ਮਨੁੱਖ ਦੀ ਸਾਧਾਰਣ ਸੂਝ ਜਿਸ ਜਗਤ-ਪਾਸਾਰੇ ਨੂੰ ਯਥਾਰਥਕ ਮੰਨਦੀ ਹੈ ਉਹੀ ਹਕੀਕਤ ਹੈ, ਨਾ ਕਿ ਕੋਈ ਅਦ੍ਰਿਸ਼ਟ ਤੇ ਅਬੁੱਝ ਸ਼ਕਤੀ ਜਾਂ ਹਸਤੀ। ਦਾਰਸ਼ਨਿਕ ਵਿਸ਼ਲੇਸ਼ਣ ਨੂੰ ਮੂਰ ਨੇ ਸਪੱਸ਼ਟਤਾ ਦੀ ਕੁੰਜੀ ਪਰਵਾਨ ਕੀਤਾ। ਮੂਰ ਦੇ ਪ੍ਰਭਾਵ ਅਧੀਨ ਫਿਲਾਸਫੀ ਵਿਚ ਸਾਧਾਰਣ ਭਾਸ਼ਾ ਨੂੰ ਵਿਸ਼ੇਸ਼ਤਾ ਦਿੱਤੀ ਜਾਣ ਲੱਗੀ ਅਤੇ ਜਲਦੀ ਹੀ ਭਾਸ਼ਾਈ ਫਲਸਫੇ ਦਾ ਮਤ ਸਥਾਪਿਤ ਹੋ ਗਿਆ।

ਰੱਸਲ ਵੀ ਮੂਰ ਵਾਂਗ ਯਥਾਰਥਵਾਦ ਅਤੇ ਵਿਸ਼ਲੇਸ਼ਣ ਦਾ ਹਾਮੀ ਸੀ ਪਰ ਉਸ ਦੀ ਵਧੇਰੇ ਦਿਲਚਸਪੀ ਫਲਸਫੇ ਨੂੰ ਤਰਕ ਅਤੇ ਵਿਗਿਆਨ ਦਾ ਠਿੱਗਰ ਆਧਾਰ ਦੇਣ ਵਿਚ ਸੀ। ਉਸ ਨੇ ਆਪਣੇ ਜੀਵਨ-ਕਾਲ (1872-1970 ਈ.) ਵਿਚ ਵਿਭਿੰਨ ਸਿਧਾਂਤਾਂ ਦਾ ਨਿਰਮਾਣ ਕੀਤਾ। ਉਸ ਦੇ 'ਨਿਰਪੱਖ ਏਕਵਾਦ' ਅਨੁਸਾਰ ਹਕੀਕਤ ਨਾ ਭੌਤਿਕ ਹੈ ਤੇ ਨਾ ਆਦਰਸ਼ਕ ਸਚਾਈ। ਇਹ ਇਨ੍ਹਾਂ ਦੋਹਾਂ ਤੋਂ ਨਿਰਾਲੀ, ਇਕੋ-ਇਕ 'ਨਿਰਪੱਖ' ਹਸਤੀ ਹੈ ਜਿਸ ਨੂੰ ਇਕ ਦ੍ਰਿਸ਼ਟੀਕੋਣ ਤੋਂ ਪਦਾਰਥਕ ਅਤੇ ਦੂਜੇ ਤੋਂ ਮਾਨਸਿਕ ਘਟਨਾਵਾਂ ਦੀ ਲੜੀ ਪ੍ਰਤੀਤ ਕੀਤਾ ਜਾਂਦਾ ਹੈ। ਰੱਸਲ ਦਾ ਇਕ ਹੋਰ ਸਿਧਾਂਤ 'ਤਾਰਕਿਕ ਪਰਮਾਣੂਵਾਦ' ਹੈ ਜਿਸ ਅਨੁਸਾਰ ਭਾਸ਼ਾ ਦਾ ਵਿਸ਼ਲੇਸ਼ਣ ਕਰ ਕੇ ਅਸੀਂ ਅਜਿਹੇ ਸਰਲ ਕਥਨਾਂ ਤਕ ਪੁੱਜਦੇ ਹਾਂ ਜਿਹੜੇ ਵਿਸ਼ਲੇਸ਼ਣ ਰਹਿਤ ਹੋਣ ਅਤੇ ਸਰਲ ਤੇ ਵਿਸ਼ੇਸ਼ ਤੱਥਾਂ ਦੀ ਜਾਣਕਾਰੀ ਦੇਣ। ਇਨ੍ਹਾਂ ਤੱਥਾਂ ਉੱਤੇ ਆਧਾਰਿਤ ਸਮੁੱਚਾ ਹੀ ਅਜ਼ਿਹਾ ਯਥਾਰਥਕ ਜਗਤ ਹੋਵੇਗਾ ਜਿਸ ਨੂੰ ਵਿਗਿਆਨ ਦੀ ਪ੍ਰਵਾਨਗੀ ਮਿਲ ਸਕੇਗੀ। ਸਚਾਈ ਦੀ ਖੋਜ ਲਈ ਰੱਸਲ ਨੇ ਵਿਭਿੰਨ ਤਕਨੀਕਾਂ ਤੇ ਵਿਧੀਆਂ

ਪ੍ਰਸਤੁਤ ਕੀਤੀਆਂ ਜਿਹੜੀਆਂ ਉਸ ਦੀ ਵਿਲੱਖਣ ਪ੍ਰਤਿਭਾ ਦੀਆਂ ਅਚੁੱਕ ਮਿਸਾਲਾਂ ਹਨ।

ਰੱਸਲ ਨੇ 'ਮਨੁੱਖੀ ਗਿਆਨ : ਪਾਸਾਰ ਤੇ ਸੀਮਾਵਾਂ' ਲਿਖ ਕੇ ਦਾਰਸ਼ਨਿਕ ਗਿਆਨ-ਸਿਧਾਂਤ ਨੂੰ ਅਨੂਠੀ ਦੇਣ ਦਿੱਤੀ। ਉਸ ਅਨੁਸਾਰ ਕੁੱਲ ਮਨੁੱਖੀ ਗਿਆਨ ਅਨਿਸ਼ਚਿਤ, ਅਪੂਰਨ ਤੇ ਅਧੂਰਾ ਹੈ। ਇਸ ਵਿਚ ਸਦਾ ਸ਼ੰਕੇ ਤੇ ਦੋਸ਼ ਦੀ ਗੁੰਜਾਇਸ਼ ਰਹਿੰਦੀ ਹੈ। ਇਸ ਨੂੰ ਵੱਧ ਤੋਂ ਵੱਧ ਭਰੋਸੇਯੋਗ ਬਣਾਉਣ ਦਾ ਯਤਨ ਫਿਲਾਸਫੀ ਦਾ ਕਰੱਤਵ ਹੈ। ਰੱਸਲ ਨੇ 'ਅਨੁਭਵਵਾਦ ਦੀ ਪਰੰਪਰਾ ਨੂੰ ਸ਼ਕਤੀਸ਼ਾਲੀ ਬਣਾਇਆ। ਤੱਤ-ਮੀਮਾਂਸਾ ਨੂੰ ਉਸ ਨੇ ਤਿਲਾਂਜਲੀ ਨਹੀਂ ਦਿੱਤੀ, ਸਗੋਂ ਭਾਸ਼ਾਈ ਵਿਸ਼ਲੇਸ਼ਣ ਰਾਹੀਂ ਜਗਤ ਰਚਨਾ ਦੇ ਰਹੱਸ ਨੂੰ ਸਮਝਣ ਦਾ ਉਪਰਾਲਾ ਕੀਤਾ। ਉਸ ਨੇ ਫਲਸਫੇ ਦਾ ਇਤਿਹਾਸ ਵੀ ਲਿਖਿਆ, ਸਮਾਜਕ ਸ਼ਕਤੀਆਂ ਦਾ ਵਿਸ਼ਲੇਸ਼ਣ ਕੀਤਾ ਨੈਤਿਕ ਕਦਰਾਂ ਕੀਮਤਾਂ ਨੂੰ ਮਾਨਵਵਾਦੀ ਸੇਧ ਦਿੱਤੀ ਅਤੇ ਉਮਰ ਦੇ ਅੰਤਲੇ ਸਾਲਾਂ ਵਿਚ ਸੰਸਾਰ ਅਮਨ ਦੇ ਹੱਕ ਵਿਚ ਜਥੇਬੰਦਕ ਸੰਗਰਾਮ ਛੇੜਿਆ। ਤਿੰਨ ਭਾਗਾਂ ਵਿਚ ਪ੍ਰਕਾਸ਼ਿਤ ਰੱਸਲ ਦੀ ਸਵੈ-ਜੀਵਨੀ ਉਸ ਦੀ ਅੰਤਮ ਰਚਨਾ ਸੀ। ਦਾਰਸ਼ਨਿਕ ਲਿਖਤਾਂ ਨੂੰ ਕਲਾਤਮਕ ਸ਼ੈਲੀ ਵਿਚ ਪੇਸ਼ ਕਰਨ ਵਾਲੇ ਰੱਸਲ ਨੂੰ 'ਸਾਹਿਤ' ਦੇ ਨੋਬਲ ਪੁਰਸਕਾਰ ਨਾਲ ਸਨਮਾਨਿਆ ਗਿਆ।

ਵਾਈਟਹੈੱਡ, ਜੋ ਤਰਕ ਅਤੇ ਗਣਿਤ ਦੇ ਖੇਤਰਾਂ ਵਿਚ ਰੱਸਲ ਦਾ ਸਹਿਯੋਗੀ ਰਿਹਾ ਸੀ, ਮਗਰਲੇ ਸਾਲਾਂ ਵਿਚ ਇਕ ਵਿਲੱਖਣ ਦਾਰਸ਼ਨਿਕ ਧਾਰਾ ਦੇ ਸੰਚਾਲਕ ਵਜੋਂ ਸਾਹਮਣੇ ਆਇਆ। ਉਸ ਨੇ ਸੰਕਲਪਾਂ ਤੇ ਵਿਚਾਰਾਂ ਦਾ ਵਿਸ਼ਾਲ ਸਿਲਸਿਲਾ ਰਚਿਆ ਅਤੇ ਫਿਰ ਸਭ ਨੂੰ ਇਕ ਸੰਜੋਗਮਈ ਲੜੀ ਵਿਚ ਪਰੋ ਦਿੱਤਾ। ਉਸ ਅਨੁਸਾਰ ਮਨ ਅਤੇ ਪਦਾਰਥ ਨੂੰ ਪਰਸਪਰ ਵਿਰੋਧ ਵਿਚ ਰੱਖ ਕੇ ਦੇਖਣਾ 'ਕੁਦਰਤ ਦਾ ਦੋਫਾੜ' ਕਰਨਾ ਹੈ। ਕੁਦਰਤ ਇਕ ਸਜੀਵ ਸਮੁੱਚ (ਆਰਗੇਨਿਜ਼ਮ) ਹੈ ਜਿਸ ਦੀ ਹਰ 'ਵਾਸਤਵਿਕ ਘਟਨਾ' ਵਿਚ ਇਕ 'ਸਦੀਵੀ ਅੰਗ' ਸ਼ਾਮਲ ਹੈ। ਸਦੀਵੀ ਅੰਸ਼ਾਂ ਨੂੰ ਕੁਦਰਤ ਦੀਆਂ ਸ਼ੈਆਂ-ਘਟਨਾਵਾਂ ਵਿਚ ਸੰਮਿਲਤ ਕਰਨ ਦਾ ਕਾਰਜ ਈਸ਼ਵਰ ਆਪ ਕਰਦਾ ਹੈ ਜਿਸ ਦਾ ਇਕ 'ਪਰਾ ਪੂਰਬਲਾ ਪੱਖ' ਹੈ ਅਤੇ ਦੂਸਰਾ ਕੁਦਰਤ ਵਿਚ ਵਿਆਪਕ 'ਸਿੱਟਾ-ਪਰਕ ਪੱਖ' ਹੈ। ਦੂਸਰੇ ਪੱਖ ਵਿਚ ਈਸ਼ਵਰ ਕੁਦਰਤੀ ਘਟਨਾਵਾਂ ਦੀ ਪ੍ਰਕਿਰਿਆ ਦੇ ਨਾਲ ਨਾਲ ਆਪ ਵੀ ਵਿਕਾਸ ਕਰ ਰਿਹਾ ਹੈ। ਵਾਈਟਹੈੱਡ ਦੇ ਸਿਧਾਂਤ ਨੂੰ 'ਪ੍ਰਸੈੱਸ (ਪ੍ਰਕਿਰਿਆ) ਫਲਸਫ਼ੇ ਦਾ ਨਾਮ ਦਿੱਤਾ ਗਿਆ ਹੈ। 'ਸੰਭਾਵਨਾਵਾਂ ਦੇ ਮੰਡਲ' ਵਿਚੋਂ 'ਵਾਸਤਵਿਕਤਾ ਦੇ ਮੰਡਲ' ਵਿਚ ਦਾਖ਼ਲ ਹੋ ਕੇ ਸ਼ੁਭ ਸ਼ੈਆਂ ਤੇ ਜੀਵ ਕੁਦਰਤ ਦੀ ਪ੍ਰਕਿਰਿਆ ਵਿਚੋਂ ਗੁਜ਼ਰਦੇ ਹਨ ਅਤੇ ਇੰਜ ਹਰ ਪਲ ਸਾਡਾ ਜਗਤ ਰਚਨਾਤਮਕ ਨਵੀਨਤਾ ਵੱਲ ਵਧਦਾ ਰਹਿੰਦਾ ਹੈ।

ਰੱਸਲ ਦਾ ਇਕ ਹੋਣਹਾਰ ਸ਼ਾਗਿਰਦ ਵਿੱਟਗਨਸਟਾਈਨ ਭਾਸ਼ਾ ਦੀ ਤਰਕਸ਼ੀਲਤਾ ਵੱਲ ਰੁਚਿਤ ਹੋ ਗਿਆ। ਉਸ ਦੀ ਪ੍ਰੇਰਨਾ ਅਧੀਨ ਆਸਟ੍ਰੀਆ ਵਿਚ ਚਿੰਤਕਾਂ ਦਾ 'ਵੀਆਨਾ ਸਰਕਲ' ਕਾਇਮ ਹੋਇਆ ਜਿਸ ਦੇ ਸਿਧਾਂਤਾਂ ਨੂੰ 'ਤਾਰਕਿਕ ਪ੍ਰਤੱਖਵਾਦ' ਕਿਹਾ ਜਾਂਦਾ ਹੈ। ਇਸ ਮੱਤ ਦੇ ਪ੍ਰਵਰਤਕਾਂ ਵਿਚ ਕਾਰਨੈਪ ਦਾ ਨਾਮ ਬਹੁਤ ਉੱਘਾ ਹੈ। ਪ੍ਰਤੱਖਵਾਦੀਆਂ ਅਨੁਸਾਰ ਮੈਟਾਫ਼ਿਜ਼ਿਕਸ ਅਰਥਹੀਣ ਵਿਸ਼ਾ ਹੈ; ਅਰਥ ਭਰਪੂਰ ਸ਼ਬਦ ਤੇ ਵਾਕ ਉਹੀ ਹਨ ਜਿਨ੍ਹਾਂ ਨੂੰ ਅਨੁਭਵੀ ਤੇ ਵਿਗਿਆਨਕ ਕਸਵੱਟੀਆਂ ਰਾਹੀਂ ਵਾਸਤਵਿਕ ਘਟਨਾਵਾਂ ਦੇ ਪ੍ਰਤੀਕਾਂ ਵਜੋਂ ਸਿੱਧ ਕੀਤਾ ਜਾ ਸਕੇ। ਸਮੁੱਚੇ ਰੂਪ ਵਿਚ ਇਸ ਮੱਤ ਦੀ ਸੇਧ ਫਲਸਫੇ ਨੂੰ ਵਿਗਿਆਨ ਦੀ ਸੇਵਾ ਦਾ ਕਾਰਜ ਸੌਂਪਣਾ ਸੀ। ਹੌਲੀ ਹੌਲੀ ਇਹ ਮੱਤ ਕੇਵਲ ਭਾਸ਼ਾਈ ਖੇਡ ਵਿਚ ਉਲਝ ਕੇ ਫਲਸਫ਼ੇ ਤੋਂ ਉਪਰਾਮ ਹੁੰਦਾ ਗਿਆ।

ਉਧਰ ਅਮਰੀਕਾ ਵਿਚ ਸਿਰਕੱਢ ਤੇ ਪ੍ਰਸਿੱਧ ਚਿੰਤਕ ਜਾਹਨ ਡਿਊਈ ਲਾੱਜਿਕ ਨੂੰ ਖੋਜ-ਪੜਤਾਲ ਦੀ ਵਿਧੀ ਵਜੋਂ ਸਥਾਪਿਤ ਕਰ ਰਿਹਾ ਸੀ। ਉਸ ਦਾ ਮਤ ਸੀ ਕਿ ਤੱਥਾਂ ਨੂੰ ਪਹਿਲਾਂ ਜਾਣਨ ਤੇ ਸਮਝਣ ਦੀ ਜ਼ਰੂਰਤ ਹੈ। ਇਨ੍ਹਾਂ ਦੀ 'ਕੀਮਤ' ਦਾ ਨਿਰਣਾ ਦੂਜੀ ਥਾਂ ਉੱਤੇ ਹੈ। ਡਿਊਈ ਨੂੰ 'ਪ੍ਰੈਗਮੇਟਿਜ਼ਮ' (ਫਲਵਾਦ) ਨਾਲ ਵੀ ਜੋੜਿਆ ਜਾਂਦਾ ਹੈ ਜੋ ਕਿ ਪੀਅਰਸ ਤੇ ਵਿਲੀਅਮ ਜੇਮਜ਼ ਦਾ ਸਿਧਾਂਤ ਸੀ। ਇਸ ਸਿਧਾਂਤ ਅਨੁਸਾਰ ਕਿਸੇ ਵੀ ਸੰਕਲਪ, ਵਿਸ਼ਵਾਸ ਜਾਂ ਸਿਧਾਂਤ ਦੀ ਪਰਖ ਉਸ ਦੇ ਵਿਹਾਰਕ ਸਿੱਟਿਆਂ (ਫਲ) ਤੋਂ ਹੁੰਦੀ ਹੈ। ਕਿਸੇ ਵਾਕ ਦੀ 'ਸਚਾਈ' ਦਾ ਨਿਤਾਰਾ ਉਸ ਤੋਂ ਉਪਜਣ ਵਾਲੇ ਨਤੀਜਿਆਂ ਤੋਂ ਹੋਵੇਗਾ। ਡਿਊਈ ਨੇ ਇਸ ਸਿਧਾਂਤ ਨੂੰ ਵਧੇਰੇ ਤਾਰਕਿਕ ਰੂਪ ਦਿੰਦਿਆਂ ਇਸ ਨੂੰ ਪ੍ਰਯੋਗਵਾਦ ਅਤੇ ਸਾਧਨਵਾਦ ਦੇ ਨਾਮ ਦਿੱਤੇ। ਹਰ ਵਿਸ਼ਵਾਸ ਤੇ ਸਿਧਾਂਤ ਕਿਸੇ ਅਗਲੇਰੇ ਉਦੇਸ਼ ਲਈ ਸਾਧਨ ਦਾ ਕੰਮ ਕਰਦਾ ਹੈ। ਡਿਊਈ ਦੇ ਤੱਤ-ਮੀਮਾਂਸਾ ਨੂੰ 'ਪ੍ਰਕਿਰਤੀਵਾਦ' ਕਿਹਾ ਜਾਂਦਾ ਹੈ। ਉਸ ਅਨੁਸਾਰ ਕੁਦਰਤ ਹੀ ਅੰਤਿਮ ਯਥਾਰਥ ਹੈ; ਇਸੇ ਵਿਚ ਪਦਾਰਥਕ, ਜੈਵਿਕ ਤੇ ਮਾਨਸਿਕ ਤੱਥ ਸੰਮਿਲਿਤ ਹਨ। ਕੁਦਰਤ ਤੋਂ ਪਰੇਡੀ ਜਾਂ ਅਗੋਚਰ ਹੋਰ ਕੋਈ ਪਰਾ-ਪ੍ਰਕਿਰਤਿਕ ਹਕੀਕਤ ਮੌਜੂਦ ਨਹੀਂ।

ਵਿਲੀਅਮ ਜੇਮਜ਼ ਨੇ ਮਨੋਵਿਗਿਆਨ ਦੇ ਖੇਤਰ ਨੂੰ 'ਚੇਤਨਾ ਪ੍ਰਵਾਹ' ਦਾ ਸੰਕਲਪ ਮੰਨਿਆ। ਇਸ ਨਾਲ ਮੇਲ ਖਾਂਦਾ ਵਿਚਾਰ ਫਰਾਂਸੀਸੀ ਦਾਰਸ਼ਨਿਕ ਹੈਨਰੀ ਬਰਗਸਾੱਨ ਨੇ ਪ੍ਰਸਤੁਤ ਕੀਤਾ ਜਿਸ ਨੂੰ ਉਸ ਨੇ 'ਜੀਵਨ ਸ਼ਕਤੀ' (elan vital) ਆਖਿਆ। ਇਹ ਜੀਵਨ ਰੌਅ ਹੀ ਆਦਿ ਸ਼ਕਤੀ ਹੈ ਜਿਸ ਤੋਂ ਕੁੱਲ ਰਚਨਾ ਤੇ ਵਿਕਾਸ ਅਮਲ ਵਿਚ ਆਏ ਹਨ। 'ਅਵਧੀ' ਦੇ ਰੂਪ ਵਿਚ ਇਸ ਸ਼ਕਤੀ ਦਾ ਅੰਤਰਬੋਧੀ ਅਨੁਭਵ ਸੰਭਵ ਹੈ। ਜਗਤ ਰਚਨਾ ਕਿਸੇ ਮੂਲ ਧਾਤੂ ਜਾਂ ਦ੍ਰਵ ਦੀ ਉਪਜ ਨਹੀਂ। ਇਹ ਸਾਰਾ 'ਕਾਲ' ਦਾ ਤਮਾਸ਼ਾ ਹੈ। ਹਰ ਪਲ 'ਰਚਨਾਤਮਕ ਵਿਕਾਸ' ਜਾਰੀ ਹੈ ਅਤੇ ਇਹੀ ਸੰਸਾਰ ਲੀਲਾ ਹੈ। ਕੁਝ ਵੀ ਸਥਿਰ ਤੇ ਅਹਿਲ ਨਹੀਂ; ਪਰਿਵਰਤਨ ਤੇ ਬਣਨਸ਼ੀਲਤਾ ਹੀ ਯਥਾਰਥਕ ਹਨ। ਬਰਗਸਾੱਨ ਦੇ ਇਸ ਵਿਕਾਸਵਾਦ ਨੇ ਵਾਈਟਹੈੱਡ ਦੇ ਪ੍ਰਕਿਰਿਆਵਾਦ ਤੇ ਕਾਫ਼ੀ ਪ੍ਰਭਾਵ ਪਾਇਆ।

ਵੀਹਵੀਂ ਸਦੀ ਦੇ ਫ਼ਲਸਫੇ ਦੀ ਨਵੀਨਤਮ ਧਾਰਾ' 'ਅਸਤਿੱਤਵਵਾਦ' ਦੇ ਰੂਪ ਵਿਚ ਉਜਾਗਰ ਹੋਈ। ਇਸ ਦੇ ਸਮਰਥਕਾਂ ਨੇ ਉੱਨੀਵੀਂ ਸਦੀ ਦੇ ਡੈਨਿਸ਼ ਚਿੰਤਕ ਕੀਰਕੇਗਾਰਡ ਨੂੰ ਆਪਣਾ ਸਿਧਾਂਤਕ ਪਿਤਾਮਾ ਮੰਨ ਲਿਆ ਪਰ ਸਮਕਾਲੀਨ ਅਸਤਿੱਤਵਵਾਦ ਦਾ ਮੁੱਖ ਸਰੋਤ ਹਾਇਡੇਗਰ ਦੀਆਂ ਲਿਖਤਾਂ ਹਨ ਜਿਨ੍ਹਾਂ ਵਿਚ ਉਸ ਨੇ 'ਮਨੁੱਖੀ ਹਕੀਕਤ' ਨੂੰ ਸ਼ਿਰੋਮਣੀ ਸਥਾਨ ਦਿੱਤਾ। ਮਨੁੱਖ ਦੀ ਇਸ ਧਰਤੀ ਉੱਤੇ ਸਰਦਾਰੀ ਹੈ; ਹਜ਼ਾਰ ਜੀਵ-ਜਾਤੀਆਂ ਵਿਚੋਂ ਉਸ ਦੀ ਹਸਤੀ ਗੁੱਝੀ ਨਹੀਂ ਰਹਿੰਦੀ। ਫਿਰ ਵੀ ਉਸ ਦੀ ਹੋਂਦ ਕਾਲਗਤ ਤੇ ਆਰਜ਼ੀ ਹੋਣ ਕਰਕੇ ਉਹ ਮੌਤ ਵੱਲ ਵਧਦਾ ਜਾਂਦਾ ਹੈ। ਆਪਣੀ ਅਲਪਕਾਲੀ ਹਸਤੀ ਦੀ ਚੇਤਨਾ ਵਿਅਕਤੀ ਲਈ ਸਹਿਮ ਤੇ ਤੌਖ਼ਲੇ ਦਾ ਕਾਰਨ ਬਣਦੀ ਹੈ। ਤੌਖ਼ਲੇ ਦੀ ਦਸ਼ਾ ਹੀ ਵਿਅਕਤੀ ਨੂੰ 'ਖਰੇ' ਜੀਵਨ ਦੀ ਸੋਝੀ ਕਰਾਉਂਦੀ ਹੈ ਅਤੇ ਉਹ ਆਪਣੇ ਵਿਅਕਤਿੱਤਵ ਨੂੰ ਪਛਾਣਦਾ ਹੈ। ਤੌਖ਼ਲੇ ਦੇ ਵਿਸ਼ੇ ਨੂੰ ਪਾਲ ਟਿਲਿਕ ਨੇ ਆਪਣੀਆਂ ਲਿਖਤਾਂ ਵਿਚ ਅੱਗੇ ਤੋਰਿਆ ਅਤੇ ਇਸ ਦੇ ਨਵੇਂ ਪੱਖ ਉਜਾਗਰ ਕੀਤੇ।

ਅਸਤਿੱਤਵਵਾਦ ਦਾ ਸਰਬ-ਸ੍ਰੇਸ਼ਟ ਪ੍ਰਤਿਨਿਧ ਫ਼ਰਾਂਸ ਦਾ ਪ੍ਰਸਿੱਧ ਲੇਖਕ ਤੇ ਚਿੰਤਕ ਯਾਂ-ਪੋਲ ਸਾਰਤ੍ਰ (1905-1980 ਈ.) ਹੈ ਜਿਸ ਨੂੰ ਹਾਇਡੇਗਰ ਦੇ ਚਿੰਤਨ ਪਾਸੋਂ ਭਰਪੂਰ ਸੇਧ ਮਿਲੀ। ਸਾਰਤ੍ਰ ਅਨੁਸਾਰ ਮਨੁੱਖ ਦਾ ਸੰਕਟ ਇਹ ਹੈ ਕਿ ਉਹ ਸੁਤੰਤਰ ਹਸਤੀ ਹੈ; ਹਰ ਕਦਮ ਉੱਤੇ ਉਸ ਨੂੰ ਚੋਣ ਦੇ ਫ਼ੈਸਲੇ ਆਪ ਕਰਨੇ ਪੈਂਦੇ ਹਨ। ਮਨੁੱਖ

ਦੀ ਦੁਨੀਆ ਬੇਹੂਦਾ ਤੇ ਵਿਵੇਕਹੀਣ ਦੁਨੀਆ ਹੈ ਜਿਸ ਵਿਚ ਵਿਅਕਤੀ ਨੂੰ ਕਿਸੇ ਦੈਵੀ ਆਸਰੇ ਤੋਂ ਬਿਨਾਂ, ਆਪਣੀ ਹੀ ਹਿੰਮਤ ਨਾਲ ਜੀਵਨ ਨੂੰ ਸੇਧ ਦੇਣ ਦੀ ਮਜਬੂਰੀ ਹੈ। ਸੁਤੰਤਰ ਫ਼ੈਸਲਾ ਸਿੱਟਿਆਂ ਦੀ ਜ਼ਿੰਮੇਦਾਰੀ ਵੀ ਵਿਅਕਤੀ ਦੇ ਸਿਰ ਥੋਪਦਾ ਹੈ। ਇਹ ਸਥਿਤੀ ਉਸ ਨੂੰ 'ਸੰਤਾਪ' ਵਿਚ ਧਕੇਲਦੀ ਹੈ। ਆਪਣੀਆਂ ਕਦਰਾਂ-ਕੀਮਤਾਂ ਤੇ ਉਦੇਸ਼ ਸਥਾਪਿਤ ਕਰਨ ਦੀ ਜ਼ਿੰਮੇਦਾਰੀ ਵੀ ਉਸ ਦੀ ਆਪਣੀ ਹੈ। ਇਸ ਲਈ ਉਸ ਦਾ ਸੰਕਟ ਹੋਰ ਗੰਭੀਰ ਹੋ ਜਾਂਦਾ ਹੈ।

ਸਾਰਤ੍ਰ ਨੇ ਜਿਸ ਨੂੰ 'ਹੋਂਦ' ਜਾਂ 'ਅਸਤਿੱਤਵ' ਕਿਹਾ ਹੈ, ਉਹ ਮਨੁੱਖ ਦੀ ਨਿੱਗਰ, ਵਿਅਕਤੀਗਤ ਹੋਂਦ ਹੈ ਪਰ ਇਹ ਉਸ ਦਾ ਅਸਲ 'ਤੱਤ' ਨਹੀਂ। ਤੱਤ ਦੀ ਪ੍ਰਾਪਤੀ ਭਵਿੱਖ ਦਾ ਕਾਰਜ ਹੈ। ਹਾਲੇ ਉਹ ਸੱਖਣਾ ਜੀਵ ਹੈ। ਫਿਰ ਵੀ ਉਹ ਸੁਚੇਤ ਹੋਂਦ ਹੈ; ਜਗਤ ਨਿਰੰਤਰ ਉਸ ਦੀ ਚੇਤਨਾ ਵਿਚ ਉਜਾਗਰ ਹੋ ਰਿਹਾ ਹੈ। ਸਾਰਤ੍ਰ ਅਨੁਸਾਰ ਖਰਾ ਜੀਵਨ ਉਸ ਵਿਅਕਤੀ ਦਾ ਹੈ ਜੋ ਆਪਣੇ ਮੰਤਵਾਂ ਤੇ ਖ਼ਾਹਿਸ਼ਾਂ ਨੂੰ ਸਹੀ ਰੂਪ ਵਿਚ ਦੇਖਦਾ ਹੈ। ਜੋ ਵਿਅਕਤੀ ਆਪਣੀ ਅਪੂਰਨ ਤੇ ਆਰਜ਼ੀ ਹਸਤੀ ਨੂੰ ਪੂਰਨਤਾ ਵਿਚ ਬਦਲਣਾ ਚਾਹੁੰਦਾ ਹੈ, ਭਾਵ 'ਰੱਬ' ਬਣਨਾ ਲੋਚਦਾ ਹੈ, ਉਹ ਆਪਣੇ ਆਪ ਨੂੰ ਧੋਖਾ ਦੇ ਰਿਹਾ ਹੈ; ਉਹ 'ਬਦਨੀਤੀ' ਦਾ ਖੋਟਾ ਜੀਵਨ ਜਿਊ ਰਿਹਾ ਹੈ। ਉਹ ਆਪਣੇ ਤੱਤ ਪਾਸੋਂ ਬੇਗਾਨਾ ਹੈ। ਆਪਣੀ ਹੋਂਦ ਦੀ ਅਰਥਹੀਣਤਾ ਬਾਰੇ ਚਿੰਤਾਤੁਰ ਤੇ ਨਿਰਾਸ਼ ਵਿਅਕਤੀ ਦੇ ਸਨਮੁਖ ਸਾਰਤ੍ਰ ਨੇ ਕ੍ਰਿਆਸ਼ੀਲਤਾ ਤੇ ਸਦਾਚਾਰ ਦੀ ਸੇਧ ਅਪਣਾਉਣ ਦੀ ਸਿਫ਼ਾਰਸ਼ ਕੀਤੀ ਹੈ।

ਸਮਕਾਲੀਨ ਦਰਸ਼ਨ-ਪਰੰਪਰਾ ਵਿਚ ਮਨੁੱਖ ਨੂੰ ਕੇਂਦਰੀ ਸਥਾਨ ਪ੍ਰਾਪਤ ਹੈ। ਇਸ ਦੇ ਵਿਭਿੰਨ ਸਿਧਾਂਤਾਂ ਤੇ ਵਿਸ਼ਵਾਸਾਂ ਵਿਚ ਮਾਨਵਵਾਦ ਦੀ ਸੁਰ ਪ੍ਰਧਾਨ ਹੈ ਜਿਸ ਦੀ ਪ੍ਰਤਿਨਿਧਤਾ ਰੱਸਲ, ਡਿਊਈ ਅਤੇ ਸਾਰਤ੍ਰ ਜਿਹੇ ਉੱਚ ਕੋਟੀ ਦੇ ਚਿੰਤਕਾਂ ਨੇ ਆਪਣੇ ਆਪਣੇ ਢੰਗ ਨਾਲ ਕੀਤੀ ਹੈ।

—(ਡਾ.) ਵਜ਼ੀਰ ਸਿੰਘ

ਦਾਰਜੀਲਿੰਗ : ਜ਼ਿਲ੍ਹਾ—ਇਹ ਉੱਤਰ-ਪੂਰਬੀ ਭਾਰਤ ਦੇ ਪੱਛਮੀ ਬੰਗਾਲ ਰਾਜ ਦੀ ਜਲਪਾਈਗੁੜੀ ਡਿਵੀਜ਼ਨ ਦਾ ਇਕ ਜ਼ਿਲ੍ਹਾ ਹੈ। ਇਸੇ ਹੀ ਨਾਂ ਦਾ ਸ਼ਹਿਰ ਇਸ ਦਾ ਸਦਰ ਮੁਕਾਮ ਹੈ। ਇਹ ਜ਼ਿਲ੍ਹਾ 1866 ਈ. ਵਿਚ ਭੂਟਾਨ ਯੁੱਧ (1864-65 ਈ.) ਤੋਂ ਬਾਅਦ ਕਾਲਿਮਪੌਂਗ ਖੇਤਰ ਨੂੰ ਇਸ ਵਿਚ ਸ਼ਾਮਲ ਕਰਨ ਨਾਲ ਹੋਂਦ ਵਿਚ ਆਇਆ ਸੀ। ਜ਼ਿਲ੍ਹੇ ਦਾ ਕੁੱਲ ਖੇਤਰਫਲ 3,075 ਵ.ਕਿ.ਮੀ. (1,160 ਵ. ਮੀਲ) ਅਤੇ ਆਬਾਦੀ 16,05,900 (2002) ਹੈ। ਇਸ ਦੇ ਉੱਤਰ ਵਿਚ ਸਿੱਕਮ, ਪੱਛਮ ਵਿਚ ਨੇਪਾਲ, ਪੂਰਬ ਵਿਚ ਭੂਟਾਨ ਅਤੇ ਦੱਖਣ-ਪੱਛਮ ਵਿਚ ਬਿਹਾਰ ਰਾਜ ਹੈ। ਧਰਾਤਲ ਪੱਖੋਂ ਇਸ ਜ਼ਿਲ੍ਹੇ ਨੂੰ ਦੋ ਖੇਤਰਾਂ ਵਿਚ ਵੰਡਿਆ ਹੋਇਆ ਹੈ। ਪਹਾੜੀ ਲੜੀਆਂ ਅਤੇ ਲੈਸਰ ਹਿਮਾਲਾ ਦੀਆਂ ਡੂੰਘੀਆਂ ਕਟੀਆਂ ਵਾਦੀਆਂ ਵਾਲਾ ਖੇਤਰ ਜੋ ਮੈਦਾਨਾਂ ਤੋਂ ਇਕ ਦਮ 3,000 ਮੀ. ਤੱਕ ਉੱਚਾ ਉਠਦਾ ਹੈ। ਸਾਂਦਾਕਫੂ (3,630 ਮੀ.) ਇਥੋਂ ਦੀ ਸੱਭ ਤੋਂ ਉੱਚੀ ਚੋਟੀ ਹੈ। ਦੂਜਾ ਖੇਤਰ ਤਰਾਈ ਦਾ ਹੈ ਜਿਸ ਵਿਚ ਪੱਧਰਾ ਮੈਦਾਨੀ ਖੇਤਰ ਸ਼ਾਮਲ ਹੈ। ਇਸ ਖੇਤਰ ਨੂੰ ਕਈ ਨਦੀਆਂ ਕੱਟਦੀਆਂ ਹਨ। ਤਿਸਤਾ, ਮਹਾਂਨੰਦਾ, ਗ੍ਰੇਟ ਰੰਗੀਤ ਮੈਚੀ ਅਤੇ ਬਾਲਾਸੈਨ ਇਸ ਖੇਤਰ ਦੀਆਂ ਮੁੱਖ ਨਦੀਆਂ ਹਨ।

ਜ਼ਿਲ੍ਹੇ ਦੇ ਪਰਬਤੀ ਖੇਤਰਾਂ ਵਿਚ ਸਾਲ, ਸਾਗਵਾਨ ਅਤੇ ਸਿਨਕੋਨਾ ਦੇ ਸੰਘਣੇ ਜੰਗਲ ਹਨ ਜਿਨ੍ਹਾਂ ਤੋਂ ਕੀਮਤੀ ਲੱਕੜੀ ਪ੍ਰਾਪਤ ਕੀਤੀ ਜਾਂਦੀ ਹੈ। ਦਾਰਜੀਲਿੰਗ ਪੱਛਮੀ ਬੰਗਾਲ ਦਾ ਸੱਭ ਤੋਂ ਵੱਧ ਚਾਹ ਪੈਦਾ ਕਰਨ ਵਾਲਾ ਜ਼ਿਲ੍ਹਾ ਹੈ। ਇਸ ਤੋਂ ਇਲਾਵਾ ਝੋਨਾ, ਮੱਕੀ, ਜਵਾਰ, ਇਲਾਇਚੀ (ਇਕ ਮਸਾਲਾ), ਕਣਕ, ਸੰਤਰਾ ਅਤੇ ਪਟਸਨ ਆਦਿ ਇਥੋਂ ਦੀਆਂ ਹੋਰ ਫਸਲਾਂ ਹਨ। ਜ਼ਿਲ੍ਹੇ ਵਿਚ ਕੋਲੇ ਅਤੇ ਤਾਂਬੇ ਦੀਆਂ ਖਾਣਾਂ ਤੋਂ ਇਲਾਵਾ ਡੋਲੋਮਾਈਟ ਅਤੇ ਚੂਨੇ ਦਾ ਪੱਥਰ ਵੀ ਕੱਢਿਆ ਜਾਂਦਾ ਹੈ। ਦਾਰਜੀਲਿੰਗ ਕੁਰਸਿਆਂਗ ਅਤੇ ਕਾਮਿਪੱਗ ਵਿਚ ਚਾਹ ਤਿਆਰ ਕਰਨ ਦੇ ਕਾਰਖ਼ਾਨੇ ਹਨ। ਸਿਲੀਗੁੜੀ ਵਿਚ ਬਸਤਰ ਉਦਯੋਗ, ਲੱਕੜੀ ਚੀਰਨ ਅਤੇ ਝੋਨਾ ਛੜਨ ਦੀਆਂ ਮਿੱਲਾਂ ਹਨ। ਜ਼ਿਲ੍ਹੇ ਵਿਚ ਜੰਗਲੀ ਜਾਨਵਰ ਵੀ ਬਹੁਤ ਪਾਏ ਜਾਂਦੇ ਹਨ। ਹਾਥੀ, ਚੀਤਾ, ਤੇਂਦੂਆ ਅਤੇ ਗੈਂਡੇ ਦੇ ਸ਼ਿਕਾਰ ਲਈ ਇਹ ਜ਼ਿਲ੍ਹਾ ਪ੍ਰਸਿੱਧ ਹੈ।

26°31′ ਉ.ਵਿਥ. ਤੋਂ 27°13′ ਉ.ਵਿਥ; 87°59′, ਪੂ. ਲੰਬ. ਤੋਂ 88°53′ ਪੂ. ਲੰਬ.

ਹ.ਪੁ.—ਐਨ.ਬ੍ਰਿ.ਮਾ. 3 : 888; ਹਿੰ.ਵਿ.ਕੋ. 6 : 33

ਦਾਰਜੀਲਿੰਗ : ਸ਼ਹਿਰ—ਇਹ ਉੱਤਰ-ਪੂਰਬੀ ਭਾਰਤ ਦੇ ਪੱਛਮੀ ਬੰਗਾਲ ਰਾਜ ਦੇ ਇਸੇ ਨਾਂ ਦੇ ਜ਼ਿਲ੍ਹੇ ਦਾ ਸਦਰ ਮੁਕਾਮ ਹੈ ਜਿਹੜਾ ਕਿ ਕੋਲਕਾਤਾ ਤੋਂ 450 ਕਿ.ਮੀ. ਉੱਤਰ ਵੱਲ ਸਿੱਕਮ-ਹਿਮਾਲਾ ਦੀ ਇਕ ਲੰਬੀ ਤੰਗ ਜਿਹੀ ਪਰਬਤਮਾਲਾ ਜਿਸ ਦੀ ਢਾਲ ਗ੍ਰੇਟ ਰੰਗੀਤ ਦਰਿਆ ਦੇ ਤਲ ਤੇ ਇਕ ਦਮ ਖਤਮ ਹੋ ਜਾਂਦੀ ਹੈ ਉੱਤੇ ਵਸਿਆ ਹੋਇਆ ਹੈ। ਇਸ ਦੇ ਉਪਰਲੇ ਪਾਸੇ ਕੰਚਨਜੰਗਾ ਦੀ 8,598 ਮੀਂ. ਉੱਚੀ ਚੋਟੀ ਹੈ। ਇਹ ਸੰਸਾਰ ਭਰ ਵਿਚ ਸਭ ਤੋਂ ਉੱਚੀ ਚੋਟੀ, ਮਾਊਂਟ ਐਵਰੈਸਟ ਤੇ ਚੜ੍ਹਨ ਲਈ ਪਹਿਲਾ ਪੜਾਅ ਹੋਣ ਕਾਰਨ ਬਹੁਤ ਪ੍ਰਸਿੱਧ ਹੈ। ਆਪਣੇ ਆਲੇ-ਦੁਆਲੇ ਦੇ ਚਾਹ ਦੇ ਬਾਗਾਂ ਦੀ ਖ਼ੂਬਸੂਰਤੀ ਕਰ ਕੇ ਵੀ ਇਹ ਚੰਗੀ ਸੈਰਗਾਹ ਬਣਿਆ ਹੋਇਆ ਹੈ। ਇਹ ਇਕ ਪਹਾੜੀ ਸੈਰਗਾਹ-ਕੇਂਦਰ ਹੈ ਜੋ ਹਿਮਾਲਾ ਦੀ ਕੁਦਰਤੀ ਖ਼ੂਬਸੂਰਤੀ ਦੇ ਲਈ ਪ੍ਰਸਿੱਧ ਹੈ। ਸੰਨ 1835 ਵਿਚ ਬਰਤਾਨਵੀ ਸਰਕਾਰ ਨੇ ਇਸ ਸ਼ਹਿਰ ਨੂੰ ਸਿੱਕਮ ਦੇ ਮਹਾਰਾਜੇ ਤੋਂ ਖਰੀਦ ਕੇ ਇਥੇ ਅੰਗਰੇਜ਼ ਫ਼ੌਜੀਆਂ ਲਈ ਇਕ ਸੈਨੀਟੋਰੀਅਮ ਬਣਵਾਇਆ ਸੀ। ਨਿਖਰੇ ਹੋਏ ਦਿਨ ਵਿਚ ਇਥੋਂ ਕੰਚਨਜੰਗਾ ਦੀ ਚੋਟੀ ਸਾਫ ਦਿਖਾਈ ਦਿੰਦੀ ਹੈ ਜਿਹੜੀ ਕਿ ਇਥੋਂ ਕੇਵਲ 70 ਕਿ.ਮੀ. ਉੱਤਰ ਵੱਲ ਹੈ। ਇਸ ਤੋਂ ਕੇਵਲ 160 ਕਿ.ਮੀ. ਦੀ ਦੂਰੀ ਤੇ ਪੱਛਮ ਵੱਲ ਮਾਊਂਟ ਐਵਰੈਸਟ ਦੀ ਚੋਟੀ ਹੈ ਜੋ ਇਥੋਂ ਦੀਆਂ ਟਾਈਗਰ ਹਿਲਜ਼ (ਜਾਲਾ ਪਹਾੜ) ਤੋਂ ਦਿਖਾਈ ਦਿੰਦੀ ਹੈ। ਇਥੋਂ ਦੀ ਆਬਜ਼ਰਵੇਟਰੀ ਪਹਾੜੀ ਸ਼ਹਿਰ ਦਾ ਸਭ ਤੋਂ ਉੱਚਾ ਸਥਾਨ (2150



ਦਾਰਜੀਲਿੰਗ ਦੇ ਬਾਜ਼ਾਰ ਵਿਚ ਸੌਦਾ ਵੇਚਦੀ ਇਕ ਲੈਪਚਾ ਮੁਟਿਆਰ

ਮੀ.) ਹੈ ਜਿਸ ਦੀ ਸਿਖ਼ਰ ਤੇ ਮਹਾਕਾਲ ਦਾ ਮੰਦਰ ਹੈ ਜਿਸ ਨੂੰ ਹਿੰਦੂ ਅਤੇ ਬੋਧੀ ਦੋਵੇਂ ਧਰਮਾਂ ਦੇ ਲੋਕ ਪਵਿੱਤਰ ਮੰਨਦੇ ਹਨ।

ਚੌਰਸਤਾ (ਮਾਲ) ਇਥੋਂ ਦੇ ਖਰੀਦੋ-ਫਰੋਖ਼ਤ ਦੇ ਮੁੱਖ ਬਾਜ਼ਾਰ ਹਨ। ਬਰਚ ਹਿੱਲ ਉੱਤੇ ਇਕ ਕੁਦਰਤੀ ਪਾਰਕ ਅਤੇ ਪਰਬਤ ਆਰੋਹਣ ਸੰਸਥਾ ਹੈ। ਇਥੋਂ ਦਾ 1865 ਈ. ਦਾ ਬਣਿਆ ਲਾਇਡ ਬਨਸਪਤੀ ਵਿਗਿਆਨ ਬਾਗ਼ ਵੀ ਹੈ। ਇਸ ਤੋਂ ਇਲਾਵਾ ਇਥੇ ਇਕ ਚਿੜੀਆ ਘਰ, ਕੁਦਰਤੀ ਇਤਿਹਾਸਕ ਅਜਾਇਬ ਘਰ, ਇਕ ਰੇਸ ਕੋਰਸ ਅਤੇ ਕਈ ਹਸਪਤਾਲ ਵੀ ਹਨ। ਸੰਨ 1962 ਤੋਂ ਇਥੇ ਯੂਨੀਵਰਸਿਟੀ ਆਫ਼ ਨਾਰਥ ਬੰਗਾਲ ਵੀ ਸਥਾਪਿਤ ਹੈ ਜਿਸ ਨਾਲ ਸਬੰਧਤ ਕਈ ਕਾਲਜ ਵੀ ਇਥੇ ਹਨ। ਸ਼ਹਿਰ ਵਿਚ ਇਕ ਡਾਕਟਰੀ ਸਕੂਲ ਵੀ ਹੈ। ਸ਼ਹਿਰ ਤੋਂ 12 ਕਿ.ਮੀ. ਦੱਖਣ ਵੱਲ ਘੂਮ ਵਿਚ ਇਕ ਔਜ਼ਾਰਾਂ ਦਾ ਕਾਰਖ਼ਾਨਾ ਵੀ ਹੈ। ਇਥੇ 1850 ਈ. ਤੋਂ ਮਿਉਂਸਪਲਟੀ ਬਣੀ ਹੋਈ ਹੈ।

ਆਬਾਦੀ—73,062 (1991)

BG°03′ ਉ. ਵਿਥ.; 88°18′ ਪੂ.ਲੰਬ.


ਹ.ਪੁ.—ਐਨ. ਬ੍ਰਿ. ਮਾ. 3 : 888; ਹਿੰ. ਵਿ. ਕੋ. 6 : 33

ਦਾਰਦਿਸਤਾਨ : ਉੱਤਰੀ ਕਸ਼ਮੀਰ ਅਤੇ ਪਾਕਿਸਤਾਨ ਦੇ ਉੱਤਰ ਵਿਚ ਭਾਰਤੀ ਆਰੀਆ ਜਾਤੀ ਦੇ ਦਾਰਦ ਲੋਕਾਂ ਦਾ ਵਸਾਇਆ ਇਕ ਖੇਤਰ ਹੈ। ਇਸ ਵਿਚ ਚਿਤਰਾਲ, ਪੰਜਕੋਰਾ ਦਰਿਆ ਦਾ ਉਪਰਲਾ ਖੇਤਰ, ਸਵਾਤ ਦਾ ਕੋਹਿਸਤਾਨ ਅਤੇ ਗਿਲਗਿਟ ਘਾਟੀ ਦੇ ਖੇਤਰ ਸ਼ਾਮਲ ਹਨ। ਪਲਿਨੀ, ਟਾੱਲਮੀ ਅਤੇ ਹੀਰੋਡੋਟਸ ਇਤਿਹਾਸਕਾਰਾਂ ਦਾ ਕਹਿਣਾ ਹੈ ਕਿ ਦਾਰਦ ਲੋਕ ਆਰੀਆ ਜਾਤੀ ਦੇ ਲੋਕਾਂ ਨਾਲ ਸਬੰਧ ਰੱਖਦੇ ਸਨ ਜਿਹੜੇ ਕਿ ਪੰਜਾਬ ਦੇ ਮੈਦਾਨੀ ਖੇਤਰ ਤੇ ਸਿੰਧ ਘਾਟੀ ਵੱਲ ਵਧਦੇ ਹੋਏ ਚਿਤਰਾਲ ਵਿਚ ਜਾ ਪੁੱਜੇ। 14 ਵੀਂ ਸਦੀ ਵਿਚ ਇਨ੍ਹਾਂ ਨੇ ਇਸਲਾਮ ਧਰਮ ਕਬੂਲ ਲਿਆ।

ਇਹ ਲੋਕ ਗਿਲਗਿਟ, ਖੋਵਾਰੀ ਬੁਰੂਸ਼ਾਸਕੀ ਅਤੇ ਸ਼ੀਨਾ ਤਿੰਨ ਉਪ-ਭਾਸ਼ਾਵਾਂ ਬੋਲਦੇ ਹਨ। ਦਫ਼ਤਰੀ ਕੰਮ ਕਾਜ ਲਈ ਫ਼ਾਰਸੀ ਲਿਪੀ ਪ੍ਰਚਲਤ ਹੈ।

ਹ.ਪੁ.—ਐਨ.ਬ੍ਰਿ. ਮਾ. 3 : 884

ਦਾਰਾ ਸਿੰਘ : ਰੁਸਤਮੇ ਜ਼ਮਾਂ ਦਾਰਾ ਸਿੰਘ ਦਾ ਜਨਮ 19 ਨਵੰਬਰ, 1928 ਨੂੰ ਪਿੰਡ ਧਰਮੂ ਚੱਕ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਸ. ਸੂਰਤ ਸਿੰਘ ਰੰਧਾਵਾ ਦੇ ਘਰ ਹੋਇਆ। ਦਾਰਾ ਸਿੰਘ ਨੇ ਨਾ ਕੇਵਲ ਪਹਿਲਵਾਨੀ ਦੇ ਖੇਤਰ ਵਿਚ ਵਿਸ਼ਵ ਰਿਕਾਰਡ ਕਾਇਮ ਕਰਕੇ ਪੰਜਾਬ ਦਾ ਸਿਰ ਉੱਚਾ ਕੀਤਾ ਸਗੋਂ ਫਿਲਮੀ ਦੁਨੀਆ ਵਿਚ ਵੀ ਆਪਣੀ ਤਾਕਤ ਤੇ ਹੁਨਰ ਦੇ ਜੌਹਰ ਵਿਖਾ ਕੇ ਧਾਕ ਜਮਾਈ ਹੈ।



ਦਾਰਾ ਸਿੰਘ

ਦਾਰਾ ਸਿੰਘ ਇਕ ਸਫਲ ਨਿਰਮਾਤਾ, ਨਿਰਦੇਸ਼ਕ ਅਤੇ ਅਦਾਕਾਰ ਹੈ। ਇਸ ਨੇ ਹੁਣ ਤੱਕ ਜੱਗਾ, ਨਾਨਕ ਦੁਖੀਆ ਸਭ ਸੰਸਾਰ, ਭਗਤ ਧੰਨਾ ਜੱਟ, ਧਿਆਨੂੰ ਭਗਤ, ਸਵਾ ਲਾਖ ਸੇ ਏਕ ਲੜਾਊਂ ਆਦਿ ਪੰਜਾਬੀ ਫਿਲਮਾਂ ਦਾ ਨਿਰਦੇਸ਼ਨ ਅਤੇ ਨਿਰਮਾਣ ਕੀਤਾ। ਇਸ ਤੋਂ ਇਲਾਵਾ ਕਿੰਗ ਕਾਂਗ, ਸੈਮਸਨ, ਏਕ ਥਾ ਅਲੀ ਬਾਬਾ, ਭਗਤੀ ਮੇਂ ਸ਼ਕਤੀ, ਮੇਰਾ ਦੇਸ਼ ਮੇਰਾ ਧਰਮ ਅਤੇ ਰੁਸਤਮ ਆਦਿ ਹਿੰਦੀ ਫਿਲਮਾਂ ਦਾ ਨਿਰਦੇਸ਼ਨ ਅਤੇ ਨਿਰਮਾਣ ਕੀਤਾ ਅਤੇ ਇਨ੍ਹਾਂ ਤੋਂ ਇਲਾਵਾ ਬਹੁਤ ਸਾਰੀਆਂ ਫਿਲਮਾਂ ਵਿਚ ਆਦਾਕਾਰ ਦੇ ਤੌਰ ਤੇ ਵੀ ਕੰਮ ਕੀਤਾ। ਦਾਰਾ ਸਿੰਘ ਨੇ ਫ਼ਿਲਮਕਾਰ ਵਜੋਂ 1965 ਈ. ਵਿਚ ਇਕੋ ਕਲਾਕਾਰ ਦੀਆਂ ਇਕੋ ਸਮੇਂ ਸਿਰਫ਼ ਬੰਬਈ ਸ਼ਹਿਰ ਦੇ ਸਿਨੇਮਾ ਘਰਾਂ ਵਿਚ 25 ਤੋਂ ਵੱਧ ਫਿਲਮਾਂ ਲੱਗਣ ਦਾ ਵਿਸ਼ਵ ਰਿਕਾਰਡ ਕਾਇਮ ਕੀਤਾ। ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਪ੍ਰਤੀ ਇਸ ਦਾ ਅਥਾਹ ਪਿਆਰ ਤੇ ਸ਼ਰਧਾ ਪੂਰੇ ਫਿਲਮ ਜਗਤ ਵਿਚ ਮਸ਼ਹੂਰ ਹੈ। ਦਾਰਾ ਸਿੰਘ ਯਾਰਾਂ ਦਾ ਯਾਰ ਹੀ ਨਹੀਂ ਸਗੋਂ ਬੰਬਈ ਦੇ ਭੁੱਲੇ ਭਟਕੇ ਪੰਜਾਬੀਆਂ ਦਾ ਪਨਾਹਗਾਹ ਵੀ ਹੈ। ਦਾਰਾ ਸਿੰਘ ਨੇ 'ਮੇਰੀ ਆਤਮ ਕਥਾ' ਨਾਂ ਹੇਠ ਆਪਣੀ ਜੀਵਨੀ ਵੀ ਲਿਖੀ ਹੈ। ਪੰਜਾਬ ਦੇ ਇਸ ਕਾਬਿਲ-ਏ-ਤਾਰੀਫ਼ ਪਹਿਲਵਾਨ ਅਤੇ ਫਿਲਮ ਨਿਰਮਾਤਾ-ਨਿਰਦੇਸ਼ਕ ਨੂੰ ਭਾਸ਼ਾ ਵਿਭਾਗ, ਪੰਜਾਬ ਵੱਲੋਂ ਸਾਲ 1994 ਦੇ ਸ਼੍ਰੋਮਣੀ ਪੰਜਾਬੀ ਫਿਲਮਕਾਰ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ।

ਹ.ਪੁ.—ਸ. ਸੁ. (1993-94)-ਭਾ. ਵਿ. ਪੰ. ; ਮੇਰੀ ਆਤਮ ਕਥਾ-ਦਾਰਾ ਸਿੰਘ

ਦਾਰਾ (ਪਹਿਲਾ) : ਪ੍ਰਸ਼ਾ ਦੇ ਐਕਿਮੈਨਾਡੀ ਬੰਸ ਦੇ ਇਸ ਮਹਾਨ ਬਾਦਸ਼ਾਹ ਜਿਸ ਨੇ ਆਪਣੇ ਰਾਜ ਕਾਲ ਦੌਰਾਨ ਇਕ ਬਹੁਤ ਵਧੀਆ ਪ੍ਰਬੰਧਕ ਦੇ ਤੌਰ ਤੇ ਅਤੇ ਭਵਨ ਨਿਰਮਾਣ ਕਲਾ ਦੇ ਖੇਤਰ ਵਿਚ ਨਾਮਣਾ ਖੱਟਿਆ, ਦਾ ਜਨਮ 550 ਈ. ਪੂ. ਹੋਇਆ। ਇਸ ਨੇ 522 ਤੋਂ 486 ਈ. ਪੂ. ਦੌਰਾਨ ਰਾਜ ਕੀਤਾ। ਇਸ ਨੇ ਕਈ ਵਾਰ ਯੂਨਾਨ ਨੂੰ ਜਿੱਤਣ ਦੀਆਂ ਅਸਫ਼ਲ ਕੋਸ਼ਿਸ਼ਾਂ ਕੀਤੀਆਂ। 492 ਈ. ਪੂ. ਵਿਚ ਇਸ ਦਾ ਜਹਾਜ਼ਾਂ ਦਾ ਬੇੜਾ ਤੂਫ਼ਾਨ ਦੀ ਮਾਰ ਹੇਠਾਂ ਆ ਗਿਆ ਅਤੇ ਐਥੀਨੀਅਨਾ ਨੇ 490 ਈ. ਪੂ. ਵਿਚ ਮਾਰਾਥਾੱਨ ਦੇ ਸਥਾਨ ਤੇ ਇਸ ਨੂੰ ਬੁਰੀ ਤਰ੍ਹਾਂ ਹਰਾਇਆ।

ਇਹ ਹਿਸਟੈਸਪੀਜ਼ ਦਾ ਲੜਕਾ ਸੀ ਜਿਹੜਾ ਕਿ ਪਾਰਥੀਆ ਦਾ ਗਵਰਨਰ ਸੀ। ਇਸ ਦੇ ਰਾਜ ਗੱਦੀ ਪ੍ਰਾਪਤ ਕਰਨ ਦੇ ਵੇਰਵੇ ਬਾਰੇ ਬੀਸਾਟੂਨ ਨਾਂ ਦੇ ਇਕ ਪਿੰਡ ਵਿਚ ਉਸੇ ਹੀ ਨਾਂ ਦੀ ਇਕ ਚਟਾਨ ਉੱਤੇ ਇਸ ਦੁਆਰਾ ਤਿੰਨ ਭਾਸ਼ਾਵਾਂ ਵਿਚ ਉਕਰਿਆ ਹੋਇਆ ਇਕ ਵਿਸ਼ਾਲ ਸ਼ਿਲਾਲੇਖ ਮਿਲਦਾ ਹੈ। ਇਸ ਤੋਂ ਇਲਾਵਾ ਯੂਨਾਨੀ ਇਤਿਹਾਸਕਾਰ ਹੀਰੋਡੋਟਸ ਅਤੇ ਕਟੇਸੀਅਸ ਨੇ ਵੀ ਇਸੇ ਹੀ ਸਰਕਾਰੀ ਕਥਨ ਨੂੰ ਆਧਾਰ ਬਣਾ ਕੇ ਇਸ ਦੇ ਰਾਜ ਸਿੰਘਾਸਣ ਉੱਤੇ ਬੈਠਣ ਸਬੰਧੀ ਕਈ ਮਿਥਿਹਾਸਕ ਕਹਾਣੀਆਂ ਪੇਸ਼ ਕੀਤੀਆਂ ਹਨ।

ਹੀਰੋਡੋਟਸ ਅਨੁਸਾਰ ਜਦੋਂ ਇਹ ਅਜੇ ਨੌਜਵਾਨ ਹੀ ਸੀ ਤਾਂ ਬਾਦਸ਼ਾਹ ਸਾਈਰਸ ਦੂਜੇ ਮਹਾਨ ਨੇ ਆਪਣੇ ਸਿੰਘਾਸਣ ਵਿਰੁੱਧ ਸਾਜ਼ਿਸ਼ ਕਰਨ ਸਬੰਧੀ ਇਸ ਉੱਤੇ ਸ਼ੱਕ ਕੀਤਾ ਸੀ। ਮਗਰੋਂ ਇਹ ਬਾਦਸ਼ਾਹ ਸਾਈਰਸ ਦੂਜੇ ਦੇ ਲੜਕੇ ਕੈਮਬਾਈਸ਼ੀਜ ਦੂਜੇ (ਰਾਜ ਦਾ ਵਾਰਸ) ਦਾ ਮਿਸਰ ਵਿਚ ਸ਼ਾਹੀ ਅੰਗ-ਰਖਿਅਕ ਬਣਿਆ। 522 ਈ.

ਪੂ. ਕੈਮਬਾਈਸੀਜ਼ ਦੀ ਮੌਤ ਤੋਂ ਬਾਅਦ ਇਹ ਬੜੀ ਫੁਰਤੀ ਨਾਲ ਮੀਡੀਆ ਪੁਜ ਗਿਆ ਅਤੇ ਸਤੰਬਰ ਵਿਚ ਉਥੋਂ ਦੇ 6 ਪਰਸ਼ੀਆਈ ਸਰਦਾਰਾਂ ਦੀ ਸਹਾਇਤਾ ਨਾਲ ਇਸ ਨੇ ਸਾਈਰਸ ਦੇ ਦੂਜੇ ਲੜਕੇ ਬਾਰਦੀਆ ਨੂੰ ਮਾਰ ਦਿੱਤਾ ਜਿਸ ਨੇ ਕਿ ਪਿਛਲੀ ਮਾਰਚ ਵਿਚ ਸਿੰਘਾਸਣ ਉੱਤੇ ਨਾਜਾਇਜ਼ ਕਬਜ਼ਾ ਕਰ ਲਿਆ ਸੀ। ਇਸ ਨੇ ਬੀਸਾਟੂਨ ਚਟਾਨ ਉੱਤੇ ਉਕਰੇ ਆਪਣੇ ਸ਼ਿਲਾਲੇਖ ਵਿਚ ਆਪਣੀ ਇਸ ਕਾਰਵਾਈ ਨੂੰ ਅਤੇ ਬਾਦਸ਼ਾਹਤ ਸਬੰਧੀ ਆਪਣੀ ਮਨੌਤ ਦੇ ਇਸ ਆਧਾਰ ਤੇ ਪੱਖ ਪੂਰਾ ਕੀਤਾ ਕਿ ਤਖ਼ਤ ਉੱਤੇ ਨਾਜਾਇਜ਼ ਕਬਜ਼ਾ ਕਰਨ ਵਾਲਾ ਅਸਲ ਵਿਚ ਗੋਮਾਤਾ (ਇਕ ਯੂਨਨੀ ਪਾਦਰੀ) ਹੀ ਸੀ ਜਿਹੜਾ ਕਿ ਕੈਮਬਾਈਸੀਜ਼ ਦੁਆਰਾ ਬਾਰਦੀਆ ਨੂੰ ਗੁਪਤ ਤੌਰ ਤੇ ਕਤਲ ਕੀਤੇ ਜਾਣ ਪਿੱਛੋਂ ਬਾਰਦੀਆ ਦਾ ਹੀ ਭੇਸ ਧਾਰ ਕੇ ਆਇਆ ਸੀ। ਇਸ ਨੇ ਦਾਅਵਾ ਕੀਤਾ ਕਿ ਇਸ ਨੇ ਤਾਂ ਅਸਲੀ ਐਕਿਮੈਨਾਡੀ ਖ਼ਾਨਦਾਨ ਵਿਚ ਹੀ ਬਾਦਸ਼ਾਹਤ ਨੂੰ ਪੁਨਰ-ਸਥਾਪਿਤ ਕੀਤਾ ਹੈ। ਅਸਲ ਵਿਚ ਆਪ ਤਾਂ ਇਹ ਸ਼ਾਹੀ ਘਰਾਣੇ ਦੀ ਹੀ ਇਕ ਸਗੋਤਰ ਸ਼ਾਖ਼ਾ ਵਿਚੋਂ ਸੀ ਕਿਉਂਕਿ ਇਸ ਦੇ ਰਾਜਗੱਦੀ ਤੇ ਬੈਠਣ ਸਮੇਂ ਇਸ ਦਾ ਪਿਤਾ ਅਤੇ ਦਾਦਾ ਵੀ ਜੀਉਂਦੇ ਸਨ। ਇਸ ਲਈ ਇਹ ਗੱਲ ਬੜੀ ਅਣਹੋਣੀ ਲਗਦੀ ਹੈ ਕਿ ਇਹੋ ਹੀ ਸਿੰਘਾਸਣ ਦਾ ਅਗਲਾ ਵਾਰਸ ਸੀ। ਕੁਝ ਆਧੁਨਿਕ ਵਿਦਵਾਨਾਂ ਦਾ ਮਤ ਹੈ ਕਿ ਇਸ ਨੇ ਆਪਣੀਆਂ ਕਾਰਵਾਈਆਂ ਨੂੰ ਉਚਿਤ ਠਹਿਰਾਉਣ ਲਈ ਗੋਮਾਤਾ ਵਾਲੀ ਕਹਾਣੀ ਘੜੀ ਸੀ ਅਤੇ ਜਿਸ ਬਾਦਸ਼ਾਹ ਦਾ ਕਤਲ ਕੀਤਾ ਗਿਆ ਸੀ, ਅਸਲ ਵਿਚ ਉਹੀ ਸਾਈਰਸ ਦਾ ਪੁੱਤਰ ਸੀ।

ਇਸ ਨੇ ਆਪਣੀ ਤਾਕਤ ਦੇ ਜ਼ੋਰ ਨਾਲ ਰਾਜ ਸਥਾਪਿਤ ਕੀਤਾ। ਬਾਰਦੀਆ ਦੇ ਕਤਲ ਪਿੱਛੋਂ ਵਿਸ਼ੇਸ਼ ਕਰ ਕੇ ਪੂਰਬੀ ਰਾਜਾਂ ਵਿਚ ਵੱਡੀ ਪੱਧਰ ਤੇ ਬਗ਼ਾਵਤਾਂ ਦਾ ਦੌਰ ਚਲਿਆ ਜਿਨ੍ਹਾਂ ਨੇ ਇਸ ਦੇ ਸਾਮਰਾਜ ਲਈ ਖ਼ਤਰਾ ਪੈਦਾ ਕਰ ਦਿੱਤਾ। ਸੂਜ਼ੀਐਨਾ, ਬਾਬਲ, ਮੀਡੀਆ, ਸਾਗਾਰਸ਼ੀਆ ਅਤੇ ਮਾਰਜੀਆਨਾ ਵਿਚ ਆਜ਼ਾਦ ਸਰਕਾਰਾਂ ਕਾਇਮ ਹੋ ਗਈਆਂ। ਇਨ੍ਹਾਂ ਦੇ ਦਾਅਵੇਦਾਰ ਇਸ ਤੋਂ ਪਹਿਲਾਂ ਰਾਜ ਕਰ ਚੁੱਕੇ ਸ਼ਾਸਕਾਂ ਦੇ ਖ਼ਾਨਦਾਨਾਂ ਨਾਲ ਜੁੜੀਆਂ ਹੋਈਆਂ ਸ਼ਖ਼ਸੀਅਤਾਂ ਹੀ ਸਨ। ਬਾਬਲ ਵਿਚ ਦੋ ਵਾਰ ਅਤੇ ਸੂਜ਼ੀਐਨਾ ਵਿਚ ਤਿੰਨ ਵਾਰ ਬਗ਼ਾਵਤਾਂ ਹੋਈਆਂ। ਭਾਵੇਂ ਇਹ ਬਗ਼ਾਵਤਾਂ ਆਪ ਮੁਹਾਰੀਆਂ ਅਤੇ ਤਾਲਮੇਲ ਰਹਿਤ ਸਨ ਅਤੇ ਆਪਣੀ ਫ਼ੌਜ ਦੀ ਘੱਟ ਗਿਣਤੀ ਦੇ ਬਾਵਜੂਦ ਇਸ ਨੂੰ ਅਤੇ ਇਸ ਦੇ ਜਰਨੈਲਾਂ ਨੇ ਇਨ੍ਹਾਂ ਨੂੰ ਇਕ-ਇਕ ਕਰ ਕੇ ਦਬਾ ਦਿੱਤਾ। ਬੀਸਾਟੂਨ ਦੇ ਸ਼ਿਲਾਲੇਖ ਤੋਂ ਪਤਾ ਲਗਦਾ ਹੈ ਕਿ ਇਸ ਨੇ 19 ਲੜਾਈਆਂ ਵਿਚ 9 ਬਾਗੀ ਆਗੂਆਂ ਨੂੰ ਹਰਾਇਆ। 519 ਈ. ਪੂ. ਤਕ ਸੂਜ਼ੀਐਨਾ ਵਿਚ ਉਠੀ ਤੀਜੀ ਬਗ਼ਾਵਤ ਨੂੰ ਵੀ ਕੁਚਲ ਦਿੱਤਾ ਗਿਆ ਸੀ। ਇਸ ਨੇ ਪੂਰਬ ਵਿਚ ਵੀ ਆਪਣਾ ਰਾਜ ਸਥਾਪਿਤ ਕਰ ਲਿਆ ਸੀ। 518 ਈ. ਪੂ. ਵਿਚ ਇਸ ਨੇ ਮਿਸਰ ਦਾ ਦੌਰਾ ਕੀਤਾ ਜਿਹੜਾ ਕਿ ਉਸ ਸਮੇਂ ਇਕ ਬਾਗੀ ਦੇਸ਼ ਵਜੋਂ ਜਾਣਿਆ ਜਾਂਦਾ ਸੀ ਕਿਉਂਕਿ ਉਥੋਂ ਦਾ ਸੂਬੇਦਾਰ ਆਰਯੈਂਡਜ ਵੀ ਇਸ ਦੀ ਹੁਕਮ-ਅਦੂਲੀ ਕਰਦਾ ਸੀ। ਅੰਤ ਵਿਚ ਇਸ ਨੇ ਉਸ ਨੂੰ ਮੌਤ ਦੇ ਘਾਟ ਉਤਾਰ ਦਿੱਤਾ।

ਸਾਮਰਾਜ ਵਿਚ ਅੰਦਰੂਨੀ ਸ਼ਾਂਤੀ ਬਹਾਲ ਕਰ ਕੇ ਇਸ ਨੇ ਆਪਣੇ ਰਾਜ ਦੀਆਂ ਸਰਹੱਦਾਂ ਨੂੰ ਮਜ਼ਬੂਤ ਕਰਨ ਅਤੇ ਖਾਨਾਬਦੋਸ਼ਾਂ ਦੇ ਹਮਲਿਆਂ ਨੂੰ ਰੋਕਣ ਲਈ ਬਹੁਤ ਸਾਰੀਆਂ ਮੁਹਿੰਮਾਂ ਚਲਾਈਆਂ। 519 ਈ. ਪੂ. ਵਿਚ ਇਸ ਨੇ ਕੈਸਪੀਅਨ ਸਾਗਰ ਦੇ ਪੂਰਬ ਵੱਲ ਸਿਥੀਅਨਾਂ ਉੱਤੇ ਹਮਲਾ ਕੀਤਾ ਅਤੇ ਕੁਝ ਸਾਲਾਂ ਪਿੱਛੋਂ ਸਿੰਧੂ ਘਾਟੀ ਉੱਤੇ ਜਿੱਤ ਹਾਸਲ ਕੀਤੀ। 513 ਈ. ਪੂ ਵਿਚ ਪੂਰਬੀ ਥ੍ਰੇਸ ਅਤੇ ਜੀਟੀ ਲੋਕਾਂ ਨੂੰ ਆਪਣੇ ਅਧੀਨ ਕਰਨ ਪਿੱਛੋਂ ਇਸ ਨੇ ਯੂਰਪੀਆਈ ਸਿਥੀਆਂ ਵਿਚ ਪ੍ਰਵੇਸ਼ ਕਰਨ ਲਈ ਡੈਨਿਊਬ ਦਰਿਆ ਨੂੰ ਪਾਰ ਕੀਤਾ ਪਰੰਤੂ ਖਾਨਾਬਦੋਸ਼ ਪਿੱਛੇ ਮੁੜ ਗਏ ਅਤੇ ਉਨ੍ਹਾਂ ਨੇ ਦੇਸ਼ ਨੂੰ ਬੁਰੀ ਤਰ੍ਹਾਂ ਉਜਾੜ ਦਿੱਤਾ ਅਤੇ ਰਸਦ ਦੀ ਘਾਟ ਆ ਜਾਣ ਕਾਰਨ ਉਨ੍ਹਾਂ ਨੇ ਇਸ ਨੂੰ ਆਪਣੀ ਮੁਹਿੰਮ ਨੂੰ ਛੱਡਣ ਲਈ ਮਜ਼ਬੂਰ ਕਰ ਦਿੱਤਾ।

ਏਸ਼ੀਆ ਮਾਈਨਰ ਦੇ ਸੂਬੇਦਾਰਾਂ ਨੇ ਥ੍ਰੇਸ ਨੂੰ ਪੂਰਨ ਤੌਰ ਤੇ ਆਪਣੇ ਅਧੀਨ ਕਰ ਲਿਆ ਅਤੇ ਮਕਦੂਨੀਆ ਤੋਂ ਆਪਣੀ ਈਨ ਮਨਵਾਈ, ਲੈਮਨਾਸ ਅਤੇ ਇੰਬਰਾਸ ਨਾਂ ਦੇ ਏਜੀਅਨ ਦੀਪਾਂ ਨੂੰ ਆਪਣੇ ਮਾਤਹਿਤ ਕੀਤਾ। ਇਸ ਤਰ੍ਹਾਂ ਯੂਨਾਨ ਵੱਲ ਨੂੰ ਪੈਂਦੇ ਰਸਤੇ ਪ੍ਰਸ਼ਿਆਈ ਹੱਥਾਂ ਵਿਚ ਸਨ ਕਿਉਂਕਿ ਜਲਡਮਰੂਆਂ ਰਾਹੀਂ ਹੋਣ ਵਾਲੇ ਕਾਲਾ ਸਾਗਰ ਦੇ ਅਨਾਜ ਦੇ ਵਪਾਰ ਦਾ ਕੰਟਰੋਲ ਯੂਨਾਨ ਦੀ ਆਰਥਿਕਤਾ ਲਈ ਵੀ ਬਹੁਤ ਮਹੱਤਵ ਰੱਖਦਾ ਸੀ। ਹੀਰੋਡੋਟਸ ਅਨੁਸਾਰ ਸਿਥੀਅਨ ਮੁਹਿੰਮ ਤੋਂ ਪਹਿਲਾਂ ਇਸ ਨੇ ਯੂਨਾਨੀ ਤੱਟਾਂ ਦੀ ਖੋਜ ਲਈ ਸਮੁੰਦਰੀ ਜਹਾਜ਼ ਭੇਜੇ ਪਰ 499 ਈ. ਪੂ. ਤਕ ਇਸ ਨੇ ਕੋਈ ਵੀ ਕਾਰਵਾਈ ਨਹੀਂ ਕੀਤੀ ਜਦੋਂ ਐਥਨਜ਼ ਅਤੇ ਐਰਾਟ੍ਰੀਆ ਨੇ ਪ੍ਰਸ਼ਆਈ ਰਾਜ ਵਿਰੁੱਧ ਆਈਓਨੀਅਨ ਦੁਆਰਾ ਕੀਤੀ ਬਗ਼ਾਵਤ ਦੀ ਹਮਾਇਤ ਕੀਤੀ ਸੀ। ਇਸ ਬਗ਼ਾਵਤ ਨੂੰ ਦਬਾਉਣ ਉਪਰੰਤ ਇਸ ਨੇ ਆਪਣੇ ਜਵਾਈ ਮਾਰਡੋਨੀਅਸ ਨੂੰ ਐਥਨਜ਼ ਅਤੇ ਐਰਾਟ੍ਰੀਆ ਵਿਰੁੱਧ ਕੀਤੀ ਜਾਣ ਵਾਲੀ ਮੁਹਿੰਮ ਦਾ ਚਾਰਜ ਸੌਂਪਿਆ ਪਰੰਤੂ 492 ਈ. ਪੂ. ਵਿਚ ਐਥਾਸ ਪਹਾੜੀ ਤੋਂ ਪਰ੍ਹਾਂ ਤੂਫ਼ਾਨ ਕਾਰਨ ਉਸ ਦੇ ਬੇੜੇ ਦਾ ਬਹੁਤ ਭਾਰੀ ਨੁਕਸਾਨ ਹੋਇਆ ਜਿਸ ਕਾਰਨ ਉਸ ਨੂੰ ਆਪਣੀ ਕਾਰਵਾਈ ਮਜਬੂਰਨ ਹੀ ਛੱਡਣੀ ਪਈ। 490 ਈ. ਪੂ. ਵਿਚ ਡੇਟਸ ਦੀ ਅਗਵਾਈ ਹੇਠ ਇਕ ਹੋਰ ਫ਼ੌਜ ਭੇਜੀ ਗਈ ਜਿਸ ਨੇ ਐਰਾਟ੍ਰੀਆ ਨੂੰ ਤਬਾਹ ਕਰ ਦਿੱਤਾ ਅਤੇ ਉਥੋਂ ਦੇ ਵਸਨੀਕਾਂ ਨੂੰ ਗੁਲਾਮ ਬਣਾ ਲਿਆ ਪਰੰਤੂ ਐਥਨੀਅਨਾਂ ਨੇ ਉਸ ਨੂੰ ਮਾਰਾਥਾੱਨ ਵਿਖੇ ਹਰਾ ਦਿੱਤਾ। ਮਿਸਰ ਵਿਚ ਉਠੀ ਬਗ਼ਾਵਤ ਕਰ ਕੇ ਤੀਜੀ ਮੁਹਿੰਮ ਦੀਆਂ ਤਿਆਰੀਆਂ ਪਿੱਛੇ ਪੈ ਗਈਆਂ ਅਤੇ 486 ਈ. ਪੂ. ਇਸ ਦੀ ਮੌਤ ਹੋ ਗਈ।

ਇਸ ਨੇ ਪ੍ਰਸ਼ਾ ਦੇ ਇਤਿਹਾਸ ਵਿਚ ਇਕ ਸੁਯੋਗ ਪ੍ਰਬੰਧਕ ਦੇ ਤੌਰ ਤੇ ਸਭ ਤੋਂ ਵੱਧ ਯੋਗਦਾਨ ਪਾਇਆ। ਇਸ ਨੇ ਆਪਣੇ ਪੂਰਵਜਾਂ ਤੋਂ ਵੱਧ ਜਿੱਤਾਂ ਪ੍ਰਾਪਤ ਕੀਤੀਆਂ ਅਤੇ ਆਪਣੇ ਸਾਮਰਾਜ ਨੂੰ ਪ੍ਰਾਂਤਾਂ ਵਿਚ ਸੰਗਠਿਤ ਕੀਤਾ। ਹਰੇਕ ਪ੍ਰਾਂਤ ਲਈ ਸਾਲਾਨਾ ਉਚਿਤ ਖਿਰਾਜ ਨਿਸ਼ਚਿਤ ਕੀਤਾ। ਵਪਾਰ ਅਤੇ ਵਣਜ ਨੂੰ ਉੱਨਤ ਕਰਨ ਲਈ ਕਈ ਪ੍ਰਾਜੈਕਟ ਆਰੰਭ ਕੀਤੇ ਗਏ। ਸਿੱਕਾ, ਤੋਲ ਅਤੇ ਮਾਪ ਪ੍ਰਣਾਲੀ ਨੂੰ ਪ੍ਰਮਾਣਕ ਬਣਾਇਆ ਗਿਆ ਅਤੇ ਜਲ ਅਤੇ ਥਲ ਮਾਰਗਾਂ ਨੂੰ ਵਿਕਸਤ ਕੀਤਾ। ਇਸ ਨੇ ਸਿੰਧ ਦਰਿਆ ਦੇ ਮੁਹਾਣੇ ਤੋਂ ਮਿਸਰ ਵੱਲ ਜਾਣ ਲਈ ਇਕ ਸਮੁੰਦਰੀ ਮਾਰਗ ਲੱਭਿਆ ਅਤੇ ਸ਼ਾਇਦ 7ਵੀਂ ਈ. ਪੂ. ਵਿਚ ਸ਼ੁਰੂ ਕੀਤੀ ਗਈ ਨੀਲ ਦਰਿਆ ਤੋਂ ਕਾਲਾ ਸਾਗਰ ਤਕ ਦੀ ਨਹਿਰ ਦੀ ਮੁਰੰਮਤ ਕਰਵਾਈ ਅਤੇ ਉਸ ਨੂੰ ਮੁਕੰਮਲ ਕੀਤਾ। ਆਪਣੀ ਪਰਜਾ ਨੂੰ ਇਕਮੁੱਠ ਕਰਨ ਲਈ ਇਹ ਦੇਸੀ ਧਾਰਮਿਕ ਸੰਸਥਾਵਾਂ ਦੇ ਸਬੰਧ ਵਿਚ ਸਾਈਰਸ ਦੇ ਪਾਏ ਪੂਰਨਿਆਂ ਤੇ ਚਲਿਆ। ਐਮਨ ਦੇਵਤੇ ਨੂੰ ਸਮਰਪਿਤ ਕਾਰਗਾ ਅਤੇ ਨਖ਼ਲਿਸਤਾਨ ਵਿਚ ਇਕ ਮੰਦਰ ਬਣਵਾਇਆ ਅਤੇ ਹੋਰਨਾਂ ਧਰਮ ਸਥਾਨਾਂ ਦੀ ਮੁਰੰਮਤ ਦਾ ਕੰਮ ਪੂਰਾ ਕੀਤਾ। ਇਸ ਨੇ ਆਪਣੇ ਸੂਬੇਦਾਰਾਂ ਨੂੰ ਦੇਸੀ ਪੁਜਾਰੀਆਂ ਨਾਲ ਸਲਾਹ ਮਸ਼ਵਰਾ ਕਰ ਕੇ ਮਿਸਰੀ ਕਾਨੂੰਨਾਂ ਨੂੰ ਸੰਘਤਾਬੱਧ ਕਰਨ ਦੇ ਆਦੇਸ਼ ਦਿੱਤੇ। ਇਸ ਨੇ 519 ਈ. ਪੂ. ਵਿਚ ਯਹੂਦੀਆਂ ਨੂੰ ਯੂਰੋਸ਼ਲਮ ਵਿਖੇ ਮੁੜ ਮੰਦਰ ਉਸਾਰਨ ਦਾ ਅਧਿਕਾਰ ਦਿੱਤਾ। ਇਸ ਨੇ ਯੂਨਾਨੀ ਧਰਮ ਸਥਾਨਾਂ ਨੂੰ ਬਾਦਸ਼ਾਹ ਸਾਈਰਸ ਵੱਲੋਂ ਪਹਿਲਾਂ ਤੋਂ ਦਿੱਤੇ ਵਿਸ਼ੇਸ਼ ਅਧਿਕਾਰਾਂ ਨੂੰ ਜਾਰੀ ਰੱਖਿਆ। ਇਸ ਨੇ ਅਪੋਲੋ ਦੇ ਮੰਦਰ ਦੇ ਪੁਜਾਰੀਆਂ ਤੋਂ ਖਿਰਾਜ ਉਗਰਾਹੁਣ ਅਤੇ ਉਨ੍ਹਾਂ ਤੋਂ ਧੱਕੇ ਨਾਲ ਕੰਮ ਕਰਵਾਉਣ ਲਈ ਇਕ ਮਿਸਰੀ ਅਧਿਕਾਰੀ ਨੂੰ

ਝਾੜ ਪਾਈ। ਇਸ ਉੱਤੇ ਜ਼ੋਰਾਟੈਸਤਰ ਦੀਆਂ ਸਿਖਿਆਵਾਂ ਦਾ ਬਹੁਤ ਪ੍ਰਭਾਵ ਸੀ ਜੋ ਕਿ ਇਸ ਦੇ ਸ਼ਿਲਾਲੇਖਾਂ ਵਿਚੋਂ ਪ੍ਰਤੱਖ ਨਜ਼ਰ ਆਉਂਦਾ ਹੈ ਅਤੇ ਸੰਭਵ ਹੈ ਕਿ ਪ੍ਰਸ਼ਾ ਵਿਚ ਜ਼ੋਰਾਟੈਸਤਰ ਮੱਤ ਨੂੰ ਸਰਕਾਰੀ ਧਰਮ ਵਜੋਂ ਲਾਗੂ ਕਰਨ ਦਾ ਸਿਹਰਾ ਵੀ ਇਸੇ ਨੂੰ ਬੱਝਦਾ ਹੈ।

ਇਹ ਆਪਣੇ ਵੰਸ਼ ਦਾ ਸਭ ਤੋਂ ਵੱਡਾ ਨਿਰਮਾਤਾ ਸੀ। 521 ਈ. ਪੂ. ਵਿਚ ਇਸ ਨੇ ਸੂਸਾ ਨੂੰ ਆਪਣੀ ਪ੍ਰਸ਼ਾਸਕ ਰਾਜਧਾਨੀ ਬਣਾਇਆ ਜਿਥੇ ਕਿ ਇਸ ਨੇ ਇਕ ਦਰਸ਼ਕ ਹਾਲ ਅਤੇ ਰਿਹਾਇਸ਼ੀ ਮਹੱਲ ਬਣਵਾਇਆ। ਇਸ ਤੋਂ ਇਲਾਵਾ ਇਸ ਨੇ ਕਿਲੇ, ਕੌਂਸਲ ਹਾਲ ਅਤੇ ਖ਼ਜ਼ਾਨਾ ਵੀ ਬਣਵਾਇਆ।

36 ਸਾਲ ਰਾਜ ਕਰਨ ਬਾਅਦ 486 ਈ. ਪੂ. ਵਿਚ ਇਸ ਦੀ ਮੌਤ ਹੋ ਗਈ।

ਹ.ਪੁ. — ਐਨ. ਬ੍ਰਿ. ਮਾ. 3 : 886

ਦਾਰਾ (ਦੂਜਾ) : ਇਹ ਪ੍ਰਸ਼ਾ ਦਾ ਐਕਿਮੈਨਾਡੀ ਬਾਦਸ਼ਾਹ ਸੀ। ਇਸ ਦੇ ਪਿਤਾ ਦਾ ਨਾਂ ਬਾਦਸ਼ਾਹ ਆਰਟਾਜ਼ਰਕਸੀਜ਼ ਪਹਿਲਾ ਸੀ ਅਤੇ ਇਹ ਉਸ ਦੀ ਇਕ ਰਖੇਲ ਦੀ ਕੁੱਖੋਂ ਪੈਦਾ ਹੋਇਆ ਸੀ। ਇਸੇ ਕਰ ਕੇ ਇਸ ਨੂੰ ਨੋਥਸ ਅਰਥਾਤ ਹਰਾਮ ਦਾ ਪੁੱਤਰ ਕਹਿੰਦੇ ਸਨ। ਇਸ ਦਾ ਪਹਿਲਾ ਨਾਂ ਓਕਸ ਸੀ। ਇਸ ਦੇ ਦੋ ਹੋਰ ਭਰਾ ਜ਼ਰਕਸੀਜ਼ ਦੂਜਾ ਅਤੇ ਸਾਗਡੀਏਨਸ ਸਨ।

424 ਈ. ਪੂ. ਵਿਚ ਸਾਗਡੀਏਨਸ ਨੇ ਬਾਦਸ਼ਾਹ ਜ਼ਰਕਸੀਜ਼ ਦੂਜੇ ਨੂੰ ਮਾਰ ਦਿੱਤਾ। ਮਗਰੋਂ ਓਕਸ ਨੇ ਸਾਗਡੀਏਨਸ ਨੂੰ ਮਾਰ ਦਿੱਤਾ। ਇਸ ਤਰ੍ਹਾਂ ਓਕਸ ਦਾਰਾ (ਡੇਰੀਅਸ) ਦੂਜੇ ਦੇ ਨਾਂ ਨਾਲ ਤਖ਼ਤ ਉੱਤੇ ਬੈਠਾ। ਇਹ ਇਕ ਅਯੋਗ ਤੇ ਨਿਕੰਮਾ ਸ਼ਾਸਕ ਸੀ ਜਿਸ ਕਰ ਕੇ ਇਸ ਦੇ ਰਾਜ-ਕਾਲ ਵਿਚ ਈਰਾਨ ਦੀ ਸ਼ਕਤੀ ਘੱਟਣੀ ਸ਼ੁਰੂ ਹੋ ਗਈ ਅਤੇ ਪਰਸ਼ੀਆਈ ਦਰਬਾਰ ਦੀ ਪ੍ਰਤਿਭਾ ਅਤੇ ਸ਼ਾਨ ਵੀ ਘਟਦੀ ਚਲੀ ਗਈ।

413 ਈ. ਪੂ. ਵਿਚ ਸਿਰਾਕਿਊਸ ਵਿਖੇ ਐਥੇਨੀਅਨ ਹਾਰ ਤੋਂ ਬਾਅਦ ਇਸ ਨੇ ਯੂਨਾਨ ਦੇ ਏਸ਼ੀਆ ਮਾਈਨਰ ਦੇ ਤਟਵਰਤੀ ਸ਼ਹਿਰਾਂ ਉੱਤੇ ਮੁੜ ਕਬਜ਼ਾ ਕਰਨਾ ਚਾਹਿਆ ਜੋ ਕਿ 448 ਈ. ਪੂ. ਤੋਂ ਐਥੇਨੀਅਨ ਅਧਿਕਾਰ ਹੇਠ ਸਨ। ਇਸ ਕੰਮ ਲਈ ਇਸ ਨੇ ਏਸ਼ੀਆ ਮਾਈਨਰ ਦੇ ਸੂਬੇਦਾਰਾਂ ਨੂੰ ਪਿਛਲਾ ਸਾਰਾ ਬਕਾਇਆ ਰਹਿੰਦਾ ਖਿਰਾਜ ਇਕੱਠਾ ਕਰਨ ਦਾ ਹੁਕਮ ਦਿੱਤਾ ਅਤੇ ਦੂਜੇ ਪਾਸੇ ਸਪਾਰਟਾ ਨਾਲ ਐਥਨਜ਼ ਵਿਰੁੱਧ ਗਠਜੋੜ ਕੀਤਾ ਗਿਆ। ਮਗਰੋਂ ਹੋਏ ਯੁੱਧ ਵਿਚ ਆਇਓਨੀਆ ਦੇ ਕਾਫ਼ੀ ਹਿੱਸੇ ਉੱਤੇ ਕਬਜ਼ਾ ਤਾਂ ਕਰ ਲਿਆ ਗਿਆ ਪਰ ਬਾਕੀ ਥਾਵਾਂ ਤੇ ਇਨ੍ਹਾਂ ਨੂੰ ਘੱਟ-ਵੱਧ ਹੀ ਸਫਲਤਾ ਪ੍ਰਾਪਤ ਹੋਈ ਕਿਉਂਕਿ ਇਸ ਦੇ ਸੂਬੇਦਾਰ ਟਿਸਫ਼ਰਨੀਜ਼ ਨੇ ਸਪਾਰਟਾ ਦੀਆਂ ਫ਼ੌਜਾਂ ਨੂੰ ਬਹੁਤ ਹੀ ਸੀਮਿਤ ਸਹਾਇਤਾ ਪਹੁੰਚਾਈ। 407 ਈ. ਪੂ. ਵਿਚ ਇਸ ਨੇ ਆਪਣੀ ਸਾਰੀ ਤਾਕਤ ਸਪਾਰਟਾ ਦੇ ਪਿੱਛੇ ਲਾਉਣ ਦਾ ਫੈਸਲਾ ਕਰ ਲਿਆ ਅਤੇ ਇਸ ਕੰਮ ਲਈ ਇਸ ਨੇ ਸੂਬੇਦਾਰ ਟਿਸਫ਼ਰਨੀਜ਼ ਦੀ ਥਾਂ ਤੇ ਆਪਣੇ ਲੜਕੇ ਸਾਈਰਸ ਦਾ ਯੰਗਰ ਨੂੰ ਫ਼ੌਜ ਦਾ ਕਮਾਂਡਰ ਇਨ ਚੀਫ਼ ਨਿਯੁਕਤ ਕੀਤਾ ਅਤੇ ਉਸ ਨੂੰ ਸਪਾਰਟਾ ਦੇ ਜੰਗੀ ਬੇੜੇ ਨੂੰ ਮੁੜ ਤਿਆਰ ਕਰਨ ਲਈ ਕਾਫ਼ੀ ਧਨ ਦਿੱਤਾ। ਨਤੀਜੇ ਵਜੋਂ 405 ਈ. ਪੂ. ਦੇ ਈਗਾਸਪਾਟਾਮਾਈ ਸਥਾਨ ਤੇ ਐਥੇਨੀਅਨ ਤਾਕਤ ਖ਼ਤਮ ਹੋ ਗਈ। ਇਸ ਤੋਂ ਥੋੜ੍ਹੀ ਦੇਰ ਬਾਅਦ ਹੀ 404 ਈ. ਪੂ. ਵਿਚ ਇਸ ਦੀ ਮੌਤ ਹੋ ਗਈ।

ਹ. ਪੁ. — ਐਨ ਬ੍ਰਿ. ਮਾ. 3 : 887; ਹਿੰ.ਵਿ.ਕੋ. 3 : 32; ਮ. ਕੋ. : 63

ਦਾਰਾ (ਤੀਜਾ) : ਇਹ ਐਕਿਮੈਨਾਡੀ ਬੰਸ਼ ਦਾ ਆਖ਼ਰੀ ਪ੍ਰਸਿੱਧ ਬਾਦਸ਼ਾਹ ਹੋਇਆ ਹੈ। ਇਸ ਨੂੰ ਕਾਡੋਮੈਨਸ ਵੀ ਕਹਿੰਦੇ ਹਨ। ਇਹ ਸ਼ਾਹੀ ਘਰਾਣੇ ਦੇ ਸਗੋਤਰਾਂ ਵਿਚੋਂ ਸੀ ਅਤੇ ਇਸ ਨੂੰ ਤਖ਼ਤ ਉੱਤੇ ਬਾਗੋਅਸ ਨਾਮੀ ਇਕ ਹੀਜੜੇ ਨੇ ਬਿਠਾਇਆ ਸੀ ਜਿਸ ਨੇ ਕਿ ਇਸ ਬੰਸ ਦੇ ਪਹਿਲੇ ਦੋ ਬਾਦਸ਼ਾਹਾਂ ਨੂੰ ਵੀ ਜ਼ਹਿਰ ਦੇ ਕੇ ਮਾਰਿਆ ਸੀ। ਜਦੋਂ ਦਾਰਾ ਤੀਜੇ ਨੇ ਆਪਣੀ ਸੁਤੰਤਰਤਾ ਦਾ ਦਾਅਵਾ ਕੀਤਾ ਤਾਂ ਬਾਗੋਅਸ ਨੇ ਇਸ ਨੂੰ ਵੀ ਮਾਰਨ ਦਾ ਯਤਨ ਕੀਤਾ ਪਰ ਬਾਦਸ਼ਾਹ ਨੇ ਸਥਿਤੀ ਨੂੰ ਕਾਬੂ ਕਰਦਿਆਂ ਉਹੀ ਜ਼ਹਿਰ ਉਸੇ ਨੂੰ ਹੀ ਪੀਣ ਲਈ ਮਜਬੂਰ ਕਰ ਦਿੱਤਾ। 337 ਈ. ਪੂ. ਮਕਦੂਨੀਆ ਵਿਚ ਫਿਲਿਪ ਦੂਜੇ ਨੇ ਕਾਰਿੰਥ ਲੀਗ ਬਣਾਈ ਤਾਂ ਜੋ ਐਕਿਮੈਨਾਡੀ ਅਧਿਕਾਰ ਹੇਠ ਆਏ ਯੂਨਾਨੀ ਸ਼ਹਿਰਾਂ ਨੂੰ ਆਜ਼ਾਦ ਕਰਵਾਇਆ ਜਾ ਸਕੇ। ਇਸ ਮੰਤਵ ਲਈ 336 ਈ. ਪੂ. ਵਿਚ ਉਸ ਨੇ ਫੌਜਾਂ ਦਾ ਇਕ ਦਸਤਾ ਪਹਿਲਾਂ ਹੀ ਏਸ਼ੀਆ ਮਾਈਨਰ ਵਿਚ ਭੇਜ ਦਿੱਤਾ ਪਰ ਜੁਲਾਈ ਵਿਚ ਸ਼ਾਇਦ ਦਾਰੇ ਦੀ ਸ਼ਹਿ ਤੇ ਉਸ ਨੂੰ ਕਤਲ ਕਰ ਦਿੱਤਾ ਗਿਆ। ਇਸ ਉਪਰੰਤ ਫਿਲਿਪ ਦੂਜੇ ਦਾ ਲੜਕਾ ਸਿਕੰਦਰ ਮਹਾਨ ਗੱਦੀ ਉੱਤੇ ਬੈਠਾ ਅਤੇ ਉਸ ਦੀ ਅਗਵਾਈ ਵਿਚ ਮਕਦੂਨੀਆ ਅਤੇ ਯੂਨਾਨ ਦੀ ਰਾਜਸੀ ਸ਼ਕਤੀ ਬਹੁਤ ਤਾਕਤਵਰ ਹੋ ਗਈ। 334 ਈ. ਪੂ. ਵਿਚ ਸਿਕੰਦਰ ਮਹਾਨ ਨੇ ਹੈਲਸ-ਪਾਂਟਸ ਨਾਂ ਦੇ ਇਕ ਤੰਗ ਜਿਹੇ ਜਲਡਮਰੂ ਨੂੰ ਪਾਰ ਕਰ ਲਿਆ ਅਤੇ ਗਰਾਨਾਈਕਸ ਦਰਿਆ ਉੱਤੇ ਹੋਈ ਲੜਾਈ ਵਿਚ ਐਕਿਮੈਨਾਡੀ ਫੌਜਾਂ ਨੂੰ ਬੁਰੀ ਤਰ੍ਹਾਂ ਹਾਰ ਦਿੱਤੀ ਅਤੇ ਅਗਲੇ ਸਾਲ ਦੇ ਅੰਤ ਤੱਕ ਲਗਭਗ ਸਾਰੇ ਹੀ ਏਸ਼ੀਆ ਮਾਈਨਰ ਨੂੰ ਆਪਣੇ ਕਬਜ਼ੇ ਵਿਚ ਕਰਦਾ ਹੋਇਆ ਸਾਈਲੀਸੀਆ ਵਿਚ ਪੁੱਜ ਗਿਆ। ਅਖ਼ੀਰ ਨੂੰ ਇਸ ਨੇ ਸਿਕੰਦਰ ਵਿਰੁੱਧ ਕੂਚ ਕੀਤਾ ਪਰ 333 ਈ. ਪੂ. ਇਸ ਲੜਾਈ ਵਿਚ ਇਹ ਬੁਰੀ ਤਰ੍ਹਾਂ ਹਾਰ ਗਿਆ ਅਤੇ ਆਪਣੀ ਮਾਂ, ਪਤਨੀ ਅਤੇ ਬੱਚਿਆਂ ਨੂੰ ਪਿੱਛੇ ਛੱਡਦਾ ਹੋਇਆ ਰਣਭੂਮੀ ਵਿਚੋਂ ਹੀ ਭੱਜ ਗਿਆ।

ਇਸ ਤੋਂ ਬਾਅਦ ਇਸ ਨੇ ਸਿਕੰਦਰ ਨਾਲ ਦੋਸਤੀ ਸਥਾਪਿਤ ਕਰਨ ਲਈ ਉਸ ਨੂੰ ਦੋ ਪੱਤਰ ਲਿਖੇ। ਆਪਣੇ ਦੂਜੇ ਪੱਤਰ ਵਿਚ ਇਸ ਨੇ ਆਪਣੇ ਪਰਿਵਾਰ ਦੇ ਮੈਂਬਰਾਂ ਨੂੰ ਆਜ਼ਾਦ ਕਰਵਾਉਣ ਬਦਲੇ ਉਸ ਨੂੰ ਕਾਫ਼ੀ ਸਾਰੀ ਦੌਲਤ, ਫਰਾਤ ਦਰਿਆ ਦੇ ਪੱਛਮ ਵੱਲ ਦਾ ਸਾਰਾ ਐਕਿਮੈਨਾਡੀ ਖੇਤਰ ਦੇਣ ਅਤੇ ਇਸ ਦੇ ਨਾਲ ਹੀ ਸਮਝੌਤਾ ਹੋ ਜਾਣ ਦੀ ਸੂਰਤ ਵਿਚ ਆਪਣੀ ਲੜਕੀ ਦੀ ਵੀ ਸਿਕੰਦਰ ਨਾਲ ਸ਼ਾਦੀ ਕਰਨ ਦੀ ਪੇਸ਼ਕਸ਼ ਵੀ ਕੀਤੀ ਪਰ ਸਿਕੰਦਰ ਨੇ ਇਸ ਦੇ ਦੋਵੇਂ ਪੱਤਰ ਹੀ ਠੁਕਰਾ ਦਿੱਤੇ ਅਤੇ ਆਪ ਮੈਸੋਪੋਟਾਮੀਆ ਦੇ ਅੰਦਰ ਵੱਲ ਵਧਿਆ। ਇਹ ਸਿਕੰਦਰ ਦੇ ਫ਼ਰਾਤ ਅਤੇ ਦਜਲਾ ਦਰਿਆ ਨੂੰ ਪਾਰ ਕਰਨ ਵੇਲੇ ਉਸ ਦਾ ਮੁਕਾਬਲਾ ਨਾ ਕਰ ਸਕਿਆ ਪਰ ਆਪਣੇ ਰਾਜ ਨੂੰ ਬਚਾਉਣ ਲਈ ਇਸ ਨੇ ਆਰਵੇਲਾ ਦੇ ਨਜ਼ਦੀਕ ਆਧੁਨਿਕ ਮੋਸੂਲ ਦੇ ਪੂਰਬ ਵਲ ਗਾੱਗਮੇਲਾ ਦੇ ਸਥਾਨ ਤੇ ਇਕ ਭਾਰੀ ਫੌਜ ਲੈ ਕੇ ਸਿਕੰਦਰ ਨਾਲ ਯੁੱਧ ਕੀਤਾ। ਇਸ ਵਾਰੀ ਵੀ ਇਹ ਬੁਰੀ ਤਰ੍ਹਾਂ ਹਾਰ ਗਿਆ। ਅੰਤ ਨੂੰ ਬੇਸ਼ੱਕ ਇਸ ਦੇ ਮਾਤਹਿਤ ਤਾਂ ਲੜਦੇ ਰਹੇ ਪਰ ਇਹ ਆਪ 1 ਅਕਤੂਬਰ, 331 ਈ. ਪੂ. ਨੂੰ ਪਹਿਲਾਂ ਵਾਂਗ ਹੀ ਮੈਦਾਨ ਛੱਡ ਕੇ ਭੱਜ ਗਿਆ। ਇਥੋਂ ਬਚ ਕੇ ਇਹ ਏਚਾਟਨਾ ਪਹੁੰਚ ਗਿਆ ਪਰ ਸਿਕੰਦਰ ਦੇ ਉਥੇ ਪਹੁੰਚ ਜਾਣ ਤੇ ਇਹ ਉਥੋਂ ਵੀ ਭੱਜ ਨਿਕਲਿਆ ਅਤੇ ਬਾਖ਼ਤਰੀਆ ਪਹੁੰਚ ਗਿਆ ਅਤੇ ਉਥੋਂ ਹੀ 330 ਈ. ਪੂ. ਵਿਚ ਬਾਖ਼ਤਰੀਆ ਦੇ ਸੂਬੇਦਾਰ ਬੈਸਸ ਨੇ ਇਸ ਨੂੰ ਮਾਰ ਦਿੱਤਾ।

ਹ. ਪੁ.–ਐਨ ਬ੍ਰਿ. ਮਾ. 3 : 887; ਹਿੰ.ਵਿ.ਕੋ. 6 : 32; ਮ. ਕੋ : 630

ਦਾਰਾ ਸ਼ਿਕੋਹ : ਇਹ ਹਿੰਦੋਸਤਾਨ ਦੇ ਪੰਜਵੇਂ ਮੁਗ਼ਲ ਸ਼ਹਿਨਸ਼ਾਹ ਸ਼ਾਹ ਜਹਾਨ ਦਾ, ਉਸ ਦੀ ਬੇਗਮ ਮੁਮਤਾਜ਼ ਮਹਲ ਦੀ ਕੁੱਖੋਂ ਜਨਮਿਆ ਸਭ ਤੋਂ ਵੱਡਾ ਪੁੱਤਰ ਸੀ। ਇਸ ਦਾ ਜਨਮ 20

ਮਾਰਚ, 1615 ਨੂੰ ਹੋਇਆ। ਸੰਨ 1633 ਵਿਚ ਇਸ ਨੂੰ ਯੁਵਰਾਜ ਬਣਾ ਕੇ ਇਕ ਉੱਚਾ ਅਹੁਦਾ ਪ੍ਰਦਾਨ ਕੀਤਾ ਗਿਆ। ਸੰਨ 1637 ਵਿਚ ਇਸ ਦਾ ਵਿਆਹ ਨਾਦਿਰਾ ਬੇਗਮ ਨਾਲ ਹੋਇਆ। ਸੰਨ 1645 ਵਿਚ ਇਸ ਨੂੰ ਅਹਿਮਦਾਬਾਦ ਦਾ, 1647 ਈ. ਵਿਚ ਲਾਹੌਰ ਦਾ ਅਤੇ 1648 ਈ. ਵਿਚ ਗੁਜਰਾਤ ਦਾ ਸੂਬੇਦਾਰ ਨਿਯੁਕਤ ਕੀਤਾ ਗਿਆ ਅਤੇ ਇਹ ਇਸ ਅਹੁਦੇ ਉੱਤੇ 1652 ਈ. ਤਕ ਰਿਹਾ। ਸੰਨ 1653 ਵਿਚ ਕੰਧਾਰ ਦੀ ਲੜਾਈ ਵਿਚ ਇਸ ਦੀ ਹਾਰ ਹੋਈ ਜਿਸ ਨਾਲ ਇਸ ਦੀ ਪ੍ਰਤਿਸ਼ਠਾ ਨੂੰ ਕਾਫ਼ੀ ਧੱਕਾ ਲੱਗਾ ਪਰ ਸ਼ਾਹ ਜਹਾਨ ਇਸ ਨੂੰ ਫਿਰ ਵੀ ਆਪਣੇ ਉੱਤਰਾਧਿਕਾਰੀ ਦੇ ਰੂਪ ਵਿਚ ਹੀ ਵੇਖਦਾ ਸੀ। ਸ਼ਾਹ ਜਹਾਨ ਦੇ ਚਾਰ ਪੁੱਤਰ ਦਾਰਾ ਸ਼ਿਕੋਹ, ਸ਼ਾਹ ਸ਼ੁਜਾਅ, ਔਰੰਗਜ਼ੇਬ ਅਤੇ ਮੁਰਾਦ ਬਖ਼ਸ਼ ਸਨ। ਸ਼ਾਹ ਜਹਾਨ ਦਾ ਇਸ ਦੇ ਪ੍ਰਤਿ ਸਨੇਹ-ਭਰਿਆ ਰਵੱਈਆ ਔਰੰਗਜ਼ੇਬ ਨੂੰ ਬਿਲਕੁਲ ਨਹੀਂ ਭਾਉਂਦਾ ਸੀ।

ਸ਼ਾਹ ਜਹਾਨ ਸਤੰਬਰ, 1657 ਵਿਚ ਬੀਮਾਰ ਪੈ ਗਿਆ ਅਤੇ ਉਸ ਨੇ ਆਪਣੇ ਵੱਡੇ ਪੁੱਤਰ ਦਾਰਾ ਨੂੰ ਬੁਲਾਇਆ ਜਿਹੜਾ ਕਿ ਉਸ ਸਮੇਂ ਪੰਜਾਬ ਅਤੇ ਦਿੱਲੀ ਦਾ ਗਵਰਨਰ ਸੀ। ਇਕੋ ਮਾਤਾ ਪਿਤਾ ਦੀ ਸੰਤਾਨ ਹੋਣ ਦੇ ਬਾਵਜੂਦ ਵੀ ਇਸ ਦੇ ਦੂਜੇ ਤਿੰਨੇ ਭਰਾ ਇਸ ਨਾਲ ਈਰਖਾ ਕਰਦੇ ਸਨ ਅਤੇ ਇਸ ਦਾ ਰਾਜ ਗੱਦੀ ਉੱਤੇ ਬੈਠਣਾ ਪਸੰਦ ਨਹੀਂ ਸਨ ਕਰਦੇ। ਸ਼ਾਹ ਜਹਾਨ ਨੇ ਇਸ ਨੂੰ ਆਪਣਾ ਉੱਤਰਾਧਿਕਾਰੀ ਥਾਪ ਦਿੱਤਾ। ਇਸ ਤੋਂ ਤੰਗ ਹੋ ਕੇ ਇਸ ਦੇ ਦੂਜੇ ਤਿੰਨਾਂ ਭਰਾਵਾਂ ਨੇ ਇਸ ਵਿਰੁੱਧ ਜੰਗ ਦਾ ਐਲਾਨ ਕਰ ਦਿੱਤਾ।

ਇਨ੍ਹਾਂ ਤਿੰਨਾਂ ਭਰਾਵਾਂ ਨੇ ਦਾਰਾ ਸ਼ਿਕੋਹ ਵਿਰੁੱਧ ਵੱਖੋ-ਵੱਖਰੀਆਂ ਸਕੀਮਾਂ ਤਹਿਤ ਜੰਗ ਦੀਆਂ ਤਿਆਰੀਆਂ ਕਰ ਲਈਆਂ। ਸ਼ਾਹ ਜਹਾਨ ਉਸ ਸਮੇਂ ਬੀਮਾਰੀ ਦੀ ਹਾਲਤ ਵਿਚ ਆਗਰਾ ਵਿਖੇ ਸੀ ਜਿਥੇ ਕਿ ਦਾਰਾ ਉਸ ਦੀ ਦੇਖਭਾਲ ਕਰ ਰਿਹਾ ਸੀ। ਜਦੋਂ ਔਰੰਗਜ਼ੇਬ ਅਤੇ ਮੁਰਾਦ ਇਸ ਦੇ ਵਿਰੁੱਧ ਅਜੇ ਵਿਉਂਤਾਂ ਬਣਾ ਹੀ ਰਹੇ ਸਨ ਤਾਂ ਸ਼ੁਜਾ ਇਕ ਵੱਡੀ ਫੌਜ ਨਾਲ ਫ਼ਰਵਰੀ, 1658 ਵਿਚ ਬਨਾਰਸ ਪਹੁੰਚ ਗਿਆ। ਇਸ ਨੇ ਅੰਬਰ ਦੇ ਰਾਜਾ ਜੈ ਸਿੰਘ ਦੀ ਸਹਾਇਤਾ ਨਾਲ ਆਪਣੇ ਪੁੱਤਰ ਸੁਲੇਮਾਨ ਸ਼ਿਕੋਹ ਨੂੰ ਸ਼ੁਜਾਅ ਵਿਰੁੱਧ ਨਿਪਟਣ ਲਈ ਭੇਜਿਆ। 24 ਫ਼ਰਵਰੀ, 1658 ਨੂੰ ਇਨ੍ਹਾਂ ਦੋਵਾਂ ਫੌਜਾਂ ਵਿਚਕਾਰ ਬਹਾਦਰਪੁਰ ਦੇ ਸਥਾਨ ਤੇ ਯੁੱਧ ਹੋਇਆ ਜਿਸ ਵਿਚ ਸ਼ੁਜ਼ਾਅ ਨੂੰ ਹਾਰ ਦਾ ਮੂੰਹ ਵੇਖਣਾ ਪਿਆ।

ਦੂਜਾ ਯੁੱਧ 25 ਅਪ੍ਰੈਲ, 1658 ਨੂੰ ਔਰੰਗਜ਼ੇਬ ਅਤੇ ਮੁਰਾਦ ਦੀ ਅਗਵਾਈ ਹੇਠ ਧਰਮਾਟ ਵਿਖੇ ਹੋਇਆ। ਇਸ ਨੇ ਉਨ੍ਹਾਂ ਦੀਆਂ ਫੌਜਾਂ ਦਾ ਟਾਕਰਾ ਕਰਨ ਲਈ ਜੋਧਪੁਰ ਦੇ ਮਹਾਰਾਜਾ ਜਸਵੰਤ ਸਿੰਘ ਅਤੇ ਕਾਸਿਮ ਖ਼ਾਨ ਦੀ ਕਮਾਂਡ ਥੱਲੇ ਆਪਣੀਆਂ ਫੌਜਾਂ ਭੇਜੀਆਂ। ਜਸਵੰਤ ਸਿੰਘ ਨੇ ਬੜੀ ਬਹਾਦਰੀ ਨਾਲ ਹਮਲਾ ਕੀਤਾ ਪਰੰਤੂ ਲੜਾਈ ਜਿੱਤਣ ਵਿਚ ਅਸਫ਼ਲ ਰਿਹਾ। ਕਾਸਿਮ ਖ਼ਾਨ ਦੀ ਕਮਾਨ ਹੇਠਲੀ ਫੌਜ ਵਿਚੋਂ ਇਕ ਬਹੁਤ ਹੀ ਉੱਚਾ ਅਹਿਲਕਾਰ ਲੜਾਈ ਵਿਚ ਮਾਰਿਆ ਗਿਆ। ਇਸ ਜਿੱਤ ਨੇ ਔਰੰਗਜ਼ੇਬ ਦਾ ਹੌਸਲਾ ਵਧਾ ਦਿੱਤਾ। ਉਸ ਨੇ ਜੂਨ, 1658 ਨੂੰ ਸਾਮੂਗੜ੍ਹ (ਆਗਰੇ ਤੋਂ ਅੱਠ ਮੀਲ ਪੂਰਬ ਵੱਲ) ਦੇ ਸਥਾਨ ਤੇ ਹੋਏ ਯੁੱਧ ਵਿਚ ਇਸ ਨੂੰ ਹਾਰ ਦਿੱਤੀ। ਇਸ ਲੜਾਈ ਵਿਚ ਇਸ ਦੀ ਲਗਭਗ 10,000 ਫੌਜ ਮਾਰੀ ਗਈ ਅਤੇ ਆਪ ਵੀ ਘੋੜੇ ਉੱਤੇ ਚੜ੍ਹ ਕੇ ਭੱਜ ਗਿਆ। ਆਗਰਾ ਪਹੁੰਚ ਕੇ ਇਹ ਆਪਣੀ ਹਾਰ ਦੀ ਸ਼ਰਮਿੰਦਗੀ ਕਾਰਨ ਆਪਣੇ ਪਿਤਾ ਨੂੰ ਵੀ ਨਾ ਮਿਲਿਆ ਅਤੇ ਆਪਣੇ ਪਰਿਵਾਰ ਸਮੇਤ ਦਿੱਲੀ ਚਲਾ ਗਿਆ। ਇਸ ਦੀ ਔਰੰਗਜ਼ੇਬ ਨਾਲ ਫਿਰ ਮਾਰਚ, 1659 ਵਿਚ ਅਜਮੇਰ ਦੇ ਨੇੜੇ ਦਿਓਰਈ ਦੱਰੇ ਤੇ ਲੜਾਈ ਹੋਈ ਜਿਸ ਵਿਚ ਇਸ ਨੂੰ ਫਿਰ ਹਾਰ ਦਾ ਮੂੰਹ ਵੇਖਣਾ ਪਿਆ ਅਤੇ ਇਹ ਮੈਦਾਨ ਛੱਡ ਕੇ ਭੱਜ ਗਿਆ। ਇਸ ਦੇ ਭੱਜਦੇ ਹੋਏ ਦਾ ਔਰੰਗਜ਼ੇਬ ਦੀਆਂ ਫੌਜਾਂ ਨੇ ਪਿੱਛਾ ਕੀਤਾ। ਜਦੋਂ ਇਹ ਬਿਆਸ (ਪੰਜਾਬ) ਦੇ ਨਜ਼ਦੀਕ ਪਹੁੰਚਿਆ ਤਾਂ ਸਿੱਖਾਂ ਦੇ ਸਤਵੇਂ ਗੁਰੂ ਹਰਿ ਰਾਇ ਸਾਹਿਬ ਦੇ ਬਾਈ ਸੌ ਸਵਾਰਾਂ ਨੇ ਇਸ ਨੂੰ ਬਚਾਉਣ ਲਈ ਬਿਆਸ ਦਰਿਆ ਦਾ ਕੰਢਾ ਰੋਕੀ ਰੱਖਿਆ ਅਤੇ ਔਰੰਗਜ਼ੇਬ ਦੀ ਫ਼ੌਜ ਨੂੰ ਅੱਗੇ ਨਾ ਵੱਧਣ ਦਿੱਤਾ। ਇੰਨੇ ਵਿਚ ਇਹ ਮੁਲਤਾਨ ਵੱਲ ਨਿਕਲ ਜਾਣ ਵਿਚ ਸਫ਼ਲ ਹੋ ਗਿਆ ਪਰ ਉਥੇ ਥਾਉਂ-ਥਾਈਂ ਭੌਂਦੇ ਫਿਰਦੇ ਨੂੰ ਅੰਤ ਵਿਚ ਦਾਦਰ (ਦੱਰਾ ਬੋਲਾਨ) ਦੇ ਨਜ਼ਦੀਕ ਇਕ ਧੋਖੇਬਾਜ਼ ਬਲੋਚੀ ਸਰਦਾਰ ਮਲਿਕ ਜੀਵਨ ਨੇ ਇਸ ਨੂੰ ਫੜ ਲਿਆ ਅਤੇ ਕੈਦੀ ਦੀ ਹਾਲਤ ਵਿਚ ਇਸ ਦੇ ਦੂਜੇ ਪੁੱਤਰ ਸਮੇਤ ਇਸ ਨੂੰ ਦਿੱਲੀ ਔਰੰਗਜ਼ੇਬ ਪਾਸ ਭਿਜਵਾ ਦਿੱਤਾ।

ਇਹ ਸੂਫ਼ੀ ਖਿਆਲਾਂ ਵਾਲਾ ਮੁਸਲਮਾਨ ਸੀ। ਇਹ ਗੁਰੂ ਹਰਿ ਰਾਇ ਜੀ ਦਾ ਸਾਦਿਕ ਅਤੇ ਵਿਦਵਾਨ ਸੱਜਣ ਸੀ। ਸੂਫ਼ੀ ਅਤੇ ਧਾਰਮਿਕ ਖ਼ਿਆਲਾਂ ਕਰ ਕੇ ਇਹ ਹਿੰਦੂ ਅਤੇ ਮੁਸਲਮਾਨ ਸੰਤਾਂ ਦਾ ਹਮੇਸ਼ਾ ਸਤਿਕਾਰ ਕਰਦਾ ਸੀ। ਇਤਿਹਾਸ ਵਿਚ ਅਜਿਹੇ ਕਈ ਚਿੱਤਰ ਉਪਲਬਧ ਹਨ ਜਿਨ੍ਹਾਂ ਵਿਚ ਇਸ ਨੂੰ ਹਿੰਦੂ ਸਨਿਆਸੀਆਂ ਅਤੇ ਮੁਸਲਮਾਨ ਸੰਤਾਂ ਦੀ ਸੰਗਤ ਕਰਦੇ ਵਿਖਾਇਆ ਗਿਆ ਹੈ। ਹਿੰਦੂ ਫ਼ਲਸਫ਼ੇ ਅਤੇ ਪੌਰਾਣਿਕ ਸ਼ਾਸਤਰਾਂ ਨਾਲ ਉਸ ਦੇ ਸੰਪਰਕ ਦਾ ਪਤਾ ਉਸ ਦੀਆਂ ਅਨੇਕਾਂ ਕਿਰਤਾਂ ਤੋਂ ਮਿਲਦਾ ਹੈ। ਇਸ ਨੇ ਉਪਨਿਸ਼ਦਾਂ ਦਾ ਅਨੁਵਾਦ ਕੀਤਾ ਜੋ ਪਰਮਾਤਮਾ ਵਿਚ ਵਿਸ਼ਵਾਸ਼ ਰੱਖਣ ਵਾਲੇ ਦੋ ਵੱਖ-ਵੱਖ ਧਰਮਾਂ ਇਸਲਾਮ ਅਤੇ ਵੇਦਾਂਤ (ਹਿੰਦੂ) ਦੇ ਏਕੀਕਰਨ ਵਿਚ ਇਕ ਮਹੱਤਵਪੂਰਨ ਯੋਗਦਾਨ ਸੀ।

ਇਹ ਇਕ ਪ੍ਰਤਿਭਾਸ਼ਾਲੀ ਲੇਖਕ ਵੀ ਸੀ। 'ਸਫੀਨਾਤਮਕ ਔਲੀਆ' ਅਤੇ 'ਸਕੀਨਾਤ ਅਲ ਔਂਜੀਆ' ਇਸ ਦੀਆਂ ਸੂਫ਼ੀ ਸੰਤਾਂ ਦੇ ਜੀਵਨ-ਚਰਿਤਰ ਤੇ ਲਿਖੀਆਂ ਹੋਈਆਂ ਪੁਸਤਕਾਂ ਹਨ। ਇਸੇ ਤਰ੍ਹਾਂ 'ਰਿਸ਼ਾਲਾ-ਇ-ਹਕੁਨਮਾ' (1646) ਅਤੇ 'ਤਾਰੀਕਾਤ-ਇ-ਹਕੀਕਤ' ਵਿਚ ਸੂਫ਼ੀਵਾਦ ਦੇ ਫ਼ਲਸਫ਼ੇ ਦਾ ਵਰਨਣ ਹੈ। 'ਅਕਸੀਰ-ਏ-ਆਜ਼ਮ' ਨਾਂ ਦਾ ਇਸ ਦਾ ਇਕ ਕਵਿਤਾ ਸੰਗ੍ਰਹਿ ਹੈ ਜਿਸ ਵਿਚ ਇਸ ਦੀ ਸਰਵ ਈਸ਼ਵਰਵਾਦੀ ਪ੍ਰਵਿਰਤੀ ਦਾ ਪਤਾ ਲਗਦਾ ਹੈ। ਇਸ ਤੋਂ ਇਲਾਵਾ 'ਹਸਨਤ-ਅਲ-ਆਰਿਫੀਨ' ਅਤੇ 'ਮੁਕਾਲਮ ਏ-ਬਾਬਾ ਲਾਲ ਓ ਦਾਰਾ ਸ਼ਿਕੋਹ' ਵਿਚ ਧਰਮ ਅਤੇ ਵੈਰਾਗ ਦਾ ਜ਼ਿਕਰ ਹੈ। 'ਮਜਮਾ ਅਜ ਬਹਰੇਨ' ਵਿਚ ਵੇਦਾਂਤ ਅਤੇ ਸੂਫ਼ੀਵਾਦ ਦੇ ਸ਼ਾਸਤਰੀਆਂ ਦੇ ਸ਼ਬਦਾਂ ਦਾ ਤੁਲਨਾਤਮਕ ਅਧਿਐਨ ਕੀਤਾ ਹੋਇਆ ਹੈ। ਇਸੇ ਤਰ੍ਹਾਂ ਇਸ ਨੇ 'ਸੀਰ-ਏ-ਅਕਬਰ' ਵਿਚ 52 ਉਪਨਿਸ਼ਦਾਂ ਦਾ ਤਰਜਮਾ ਕੀਤਾ ਹੈ।

ਇਸ ਬਾਰੇ ਕਿਹਾ ਜਾਂਦਾ ਹੈ ਕਿ ਅੰਤ ਵਿਚ ਰਾਜਨੀਤਿਕ ਪਰਿਸਥਿਤੀਆਂ ਕਾਰਨ ਇਸ ਦੀ ਰੁਚੀ ਕੁਝ ਵਾਸਤਵਿਕਤਾ ਵੱਲ ਹੋ ਗਈ ਸੀ। ਬਚਪਨ ਤੋਂ ਹੀ ਇਸ ਨੂੰ ਅਧਿਆਤਮਿਕਤਾ ਨਾਲ ਲਗਨ ਸੀ ਪਰ ਫਿਰ ਵੀ ਕੁਝ ਮੁਸਲਮਾਨ ਇਸ ਨੂੰ ਧਰਮ ਧ੍ਰੋਹੀ ਮੰਨਦੇ ਸਨ ਜਦੋਂ ਕਿ ਇਸ ਨੇ ਇਸਲਾਮ ਦੀ ਮੁੱਖ ਧਾਰਾ ਨੂੰ ਕਦੇ ਵੀ ਨਹੀਂ ਛੱਡਿਆ ਸੀ।

ਔਰੰਗਜ਼ੇਬ ਦੇ ਇਸ਼ਾਰੇ ਤੇ 29 ਅਗਸਤ, 1659 ਨੂੰ ਇਸ ਉੱਤੇ ਕਾਫ਼ਰ ਹੋਣ ਦਾ ਦੋਸ਼ ਲਗਾਇਆ ਅਤੇ 30 ਅਗਸਤ, 1659 ਦੀ ਰਾਤ ਨੂੰ ਇਸ ਦਾ ਸਿਰ ਕਲਮ ਕਰ ਕੇ ਇਸ ਨੂੰ ਹੁਮਾਯੂੰ ਦੇ ਮਕਬਰੇ ਵਿਚ ਦਫ਼ਨਾ ਦਿੱਤਾ ਗਿਆ। ਇਸ ਤੋਂ ਬਾਅਦ ਇਸ ਦਾ ਵੱਡਾ ਲੜਕਾ ਵੀ ਔਰੰਗਜ਼ੇਬ ਦੇ ਕ੍ਰੋਧ ਦਾ ਸ਼ਿਕਾਰ ਹੋਇਆ ਅਤੇ ਛੋਟੇ ਲੜਕੇ ਨੂੰ ਗਵਾਲੀਅਰ ਵਿਚ ਕੈਦ ਕਰ ਦਿੱਤਾ ਗਿਆ।

ਹ.ਪੁ.–ਮ.ਕੋ. : 630; ਦੀ ਮੁਗਲ ਇੰਪਾਇਰ (1526 ਏ.ਡੀ.–1803 ਏ.ਡੀ)–ਡਾ.ਏ.ਐਲ. ਸ੍ਰੀਵਾਸਤਵਾ; ਰਾਈਜ ਐਂਡ ਫਾਲ ਆਫ਼ ਦੀ ਮੁਗਲ ਇੰਪਾਇਰ–ਆਰ.ਪੀ. ਤ੍ਰਿਪਾਠੀ; ਦੀ ਕੈਂਬਰਿਜ ਹਿਸਟਰੀ ਆਫ਼ ਇੰਡੀਆ ਜਿਲਦ–ਚੌਥੀ–ਲੈ.ਕ. ਸਰ ਵਲਜਲੇ ਹੇਗ, ਸਰ ਰਿਚਰਡ ਬਰਨ

ਦਾਰੂਹਲਦੀ : ਇਸ ਦਾ ਬਨਸਪਤੀ ਵਿਗਿਆਨਕ ਨਾਮ ਬਰਬੇਰਿਸ ਏਰਿਸਟੇਟਾ ਹੈ। ਇਸ ਨੂੰ ਸੰਸਕ੍ਰਿਤ ਵਿਚ ਦਾਰੂਹਰਿਦਰਾ ਅਤੇ ਹਿੰਦੀ ਵਿਚ ਦਾਰੂਹਲਦੀ ਆਖਦੇ ਹਨ। ਅੰਗਰੇਜ਼ੀ ਵਿਚ ਇਸ ਨੂੰ ਇੰਡੀਅਨ ਬਰਬੇਰੀ ਆਖਦੇ ਹਨ।

ਇਸ ਦਾ ਕੰਡਿਆਂ ਵਾਲਾ ਝਾੜ 1.8–5.5 ਮੀ. ਉੱਚਾ ਹੁੰਦਾ ਹੈ। ਪੱਤੇ ਮਜਬੂਤ ਚਮੜੇ ਵਰਗੇ ਅੱਧਬਟਵਾਕਾਰ ਜਾਂ ਆਇਤਾਕਾਰ, ਅਖੰਡ, ਦੂਰ ਦੂਰ ਸਥਿਤ, ਦੰਦਿਆਂ ਵਾਲੇ 2.5 ਤੋਂ 7.5 ਸੈਂ.ਮੀ. ਲੰਬੇ ਹੁੰਦੇ ਹਨ। ਪੁਸ਼ਪਾਵਲੀ 5 ਤੋਂ 7.4 ਸੈਂ. ਮੀ. ਲੰਬੀ ਹੁੰਦੀ ਹੈ। ਇਸ ਤੇ ਪੀਲੇ ਰੰਗ ਦੇ ਫੁੱਲ ਲਗਦੇ ਹਨ। ਫਲ ਅੰਡਾਕਾਰ, ਨੀਲੇ ਬੈਂਗਣੀ ਰੰਗ ਦੇ ਅਤੇ ਚਮਕੀਲੇ ਹੁੰਦੇ ਹਨ। ਇਨ੍ਹਾਂ ਨੂੰ ਹਕੀਮ ਲੋਕ ਜ਼ਰਿਸ਼ਕ ਕਹਿੰਦੇ ਹਨ। ਫੁੱਲ ਅਪ੍ਰੈਲ ਜੂਨ ਵਿਚ ਲਗਦੇ ਹਨ ਅਤੇ ਫਲ ਬਾਅਦ ਵਿਚ ਲਗਦੇ ਹਨ। ਇਸ ਦੀ ਲੱਕੜੀ ਗੂੜ੍ਹੇ ਪੀਲੇ ਰੰਗ ਦੀ ਅਤੇ ਥੋੜ੍ਹੀ ਖੁਸ਼ਬੂਦਾਰ ਹੁੰਦੀ ਹੈ ਅਤੇ ਉਬਲਣ ਤੋਂ ਬਾਅਦ ਵੀ ਪੀਲੀ ਹੀ ਰਹਿੰਦੀ ਹੈ। ਇਸ ਤੋਂ ਰਸ ਕਿਰਿਆ ਦੁਆਰਾ ਇਕ ਤੱਤ ਪ੍ਰਾਪਤ ਹੁੰਦਾ ਹੈ ਜਿਸ ਨੂੰ ਰਸਾਂਜਨ ਜਾਂ ਰਸੌਂਤ ਕਹਿੰਦੇ ਹਨ।

ਇਹ ਹਿਮਾਲਿਆ ਪਰਬਤ ਦੇ ਖੇਤਰ ਵਿਚ ਛੇ ਤੋਂ ਦਸ ਹਜ਼ਾਰ ਫੁੱਟ ਦੀ ਉਚਾਈ ਉੱਤੇ ਨੀਲਗਿਰੀ ਪਹਾੜ ਅਤੇ ਸ੍ਰੀ ਲੰਕਾ ਵਿਚ ਮਿਲਦੀ ਹੈ।

ਭਾਰਤ ਵਿਚ ਬਰਬੇਰਿਸ ਦੀਆਂ ਲਗਭਗ 13 ਪ੍ਰਜਾਤੀਆਂ ਮਿਲਦੀਆਂ ਹਨ ਜਿਨ੍ਹਾਂ ਵਿਚ ਬਰਬੇਰਿਸ ਏਸ਼ੀਆਟਿਕਾ ਅਤੇ ਬਰਬੇਰਿਸ ਲਾਈਸੀਅਮ ਪ੍ਰਮੁੱਖ ਹਨ।

ਇਸ ਦੀ ਜੜ੍ਹ ਵਿਚੋਂ ਇਕ ਪੀਲੇ ਰੰਗ ਦਾ ਖਾਰ ਬਰਬੇਰਿਨ ਨਿਕਲਦਾ ਹੈ। ਬਰਬੇਰਿਸ ਏਸ਼ੀਆਟਿਕਾ ਪ੍ਰਜਾਤੀ ਵਿਚ ਉਪਰੋਕਤ ਖਾਰ ਤੋਂ ਇਲਾਵਾ ਆਕਸਿਏਕ ਨਥੀਨ ਨਾਮ ਦਾ ਇਕ ਹੋਰ ਖਾਰ ਮਿਲਦਾ ਹੈ। ਇਹ ਐਲਕੇਲਾਇਡ ਜਾਂ ਖਾਰ ਇਸ ਦੀ ਜੜ੍ਹ ਦੀ ਛਿੱਲ ਤੋਂ ਆਸਾਨੀ ਨਾਲ ਪ੍ਰਾਪਤ ਕੀਤਾ ਜਾ ਸਕਦਾ ਹੈ। ਇਸ ਪੌਦੇ ਦੀ ਜੜ੍ਹ, ਜੜ੍ਹ ਦੀ ਛਿੱਲ ਅਤੇ ਉਸ ਤੋਂ ਬਣੇ ਰਸਾਂਜਨ ਦਾ ਹੀ ਦਵਾਈ ਵਿਚ ਜ਼ਿਆਦਾ ਪ੍ਰਯੋਗ ਕੀਤਾ ਜਾਂਦਾ ਹੈ।

ਇਸ ਦੇ ਜੜ੍ਹ ਵਾਲੇ ਭਾਗ ਅਤੇ ਹੇਠਲੇ ਤਣੇ ਵਾਲੇ ਹਿੱਸੇ ਨੂੰ ਸੌਲਾਂ ਗੁਣਾ ਪਾਣੀ ਵਿਚ ਉਬਾਲਿਆ ਜਾਂਦਾ ਹੈ। ਉਬਲਣ ਪਿਛੋਂ ਜਦੋਂ ਚੌਥਾ ਭਾਗ ਰਹਿ ਜਾਵੇ ਤਾਂ ਇਸ ਨੂੰ ਉਤਾਰ ਕੇ ਛਾਣ ਲਿਆ ਜਾਂਦਾ ਹੈ। ਇਸ ਕਾੜ੍ਹੇ ਵਿਚ ਬਰਾਬਰ ਮਿਕਦਾਰ ਦਾ ਗਊ ਜਾਂ ਬਕਰੀ ਦਾ ਦੁੱਧ ਪਾ ਕੇ ਮੱਠੀ ਅੱਗ ਤੇ ਪਕਾਇਆ ਜਾਂਦਾ ਹੈ। ਜਦੋਂ ਗਾੜ੍ਹਾ ਹੋ ਜਾਵੇ ਤਾਂ ਉਤਾਰ ਲਿਆ ਜਾਂਦਾ ਹੈ। ਇਸ ਦੀ ਹੀ ਰਸੌਂਤ ਦੀ ਦਵਾਈ ਦੇ ਤੌਰ ਤੇ ਵਰਤੋਂ ਕੀਤੀ ਜਾਂਦੀ ਹੈ। ਵਪਾਰੀ ਲੋਕ ਆਮ ਤੌਰ ਤੇ ਇਸ ਦੇ ਨਿਰਮਾਣ ਵਿਚ ਦੁੱਧ ਦਾ ਪ੍ਰਯੋਗ ਨਹੀਂ ਕਰਦੇ ਜਿਸ ਕਰਕੇ ਇਹ ਸ਼ੁੱਧ ਨਹੀਂ ਹੁੰਦੀ। ਇਸ ਲਈ ਬਜ਼ਾਰ ਤੋਂ ਲਈ ਰਸੌਂਤ ਨੂੰ ਵਰਤਣ ਤੋਂ ਪਹਿਲਾਂ ਸ਼ੁੱਧ ਕਰ ਲੈਣਾ ਜ਼ਰੂਰੀ ਹੈ।

ਜਦੋਂ ਅੱਖਾਂ ਦੁਖਣੀਆਂ ਆਈਆਂ ਹੋਣ ਤਾਂ ਪੁਰਾਣੇ ਸਮੇਂ ਤੋਂ ਇਕ ਘਰੇਲੂ ਨੁਸਖਾ ਵਰਤਿਆ ਜਾਂਦਾ ਹੈ। ਰਸੌਂਤ ਨੂੰ ਮੱਖਣ, ਅਫ਼ੀਮ ਅਤੇ ਫਟਕੜੀ ਨਾਲ ਮਿਲਾ ਕੇ ਇਸ ਦਾ ਲੇਪ ਅੱਖਾਂ ਦੀਆਂ ਪਲਕਾਂ ਤੇ ਕੀਤਾ ਜਾਂਦਾ ਹੈ। ਰਸੌਂਤ ਨੂੰ ਗੁਲਾਬ ਜਲ ਵਿਚ ਮਿਲਾ ਕੇ ਅੱਖਾਂ ਵਿਚ ਪਾਉਣ ਵਾਲੀ ਦਵਾਈ ਵੀ ਬਣਾਈ ਜਾਂਦੀ ਹੈ। ਮੂੰਹ ਅਤੇ ਗਲੇ ਦੇ ਰੋਗਾਂ ਵਿਚ ਰਸੌਂਤ ਦੇ ਪਾਣੀ ਦੇ ਗਰਾਰੇ ਕਰਾਏ ਜਾਂਦੇ ਹਨ। ਜ਼ਖ਼ਮਾਂ ਤੇ ਰਸੌਂਤ ਦਾ ਲੇਪ ਕੀਤਾ ਜਾਂਦਾ ਹੈ ਜਾਂ ਇਸ ਦੇ ਪਾਣੀ ਨਾਲ ਜ਼ਖ਼ਮਾਂ ਨੂੰ ਧੋਇਆ ਜਾਂਦਾ ਹੈ। ਇਸਤਰੀਆਂ ਵਿਚ ਸਫ਼ੈਦ ਪਾਣੀ ਪੈਣ ਦੀ ਬੀਮਾਰੀ ਵਿਚ ਰਸੌਂਤ ਦੀ ਬੱਤੀ ਯੋਨੀ ਵਿਚ ਰੱਖਦੇ ਹਨ। ਬਹੁਤ ਪੁਰਾਣੇ ਸਮੇਂ ਤੋਂ ਰਸੌਂਤ ਦੇ ਕਾੜ੍ਹੇ ਨਾਲ ਜ਼ਖ਼ਮਾਂ ਨੂੰ ਧੋਤਾ ਜਾਂਦਾ ਰਿਹਾ ਹੈ। ਪ੍ਰਯੋਗਾਂ ਦੁਆਰਾ ਇਹ ਸਿੱਧ ਹੋਇਆ ਹੈ ਕਿ ਬਰਬੇਰਿਨ ਸਲਫ਼ੇਟ ਜ਼ਖ਼ਮਾਂ ਨੂੰ ਠੀਕ ਕਰਦਾ ਹੈ। ਦਾਸ ਗੁਪਤਾ ਤੇ ਦੀਕਸ਼ਿਤ ਨੇ ਕੁਝ ਜੀਵਾਣੂਆਂ ਤੇ ਇਸ ਦੀ ਵਰਤੋਂ ਕਰਕੇ ਇਸ ਦੇ ਜੀਵਾਣੂ ਨਾਸ਼ਕ ਗੁਣਾਂ ਨੂੰ ਸਿੱਧ ਕੀਤਾ। ਇਸ ਦੇ ਐਲਕੇਲਾਇਡ ਤੋਂ ਤਿਆਰ ਕੀਤਾ ਟਿੰਕਚਰ ਪਿਲਾਉਣ ਨਾਲ ਲੁਕੇ ਹੋਏ ਮਲੇਰੀਏ ਦੇ ਜੀਵਾਣੂ ਖ਼ੂਨ ਵਿਚ ਆ ਜਾਂਦੇ ਹਨ। ਇਸ ਦਾ ਪ੍ਰਯੋਗ ਬਵਾਸੀਰ ਵਿਚ ਵੀ ਕੀਤਾ ਜਾਂਦਾ ਹੈ। ਇਸ ਦੀ ਜੜ੍ਹ ਅਤੇ ਤਣੇ ਤੋਂ ਪੀਲਾ ਰੰਗ ਪ੍ਰਾਪਤ ਕੀਤਾ ਜਾਂਦਾ ਹੈ। ਇਹ ਰੰਗ ਖਾਸ ਤੌਰ ਤੇ ਛਿੱਲ ਵਿਚ ਹੁੰਦਾ ਹੈ। ਇਸ ਦੀ ਵਰਤੋਂ ਚਮੜੇ ਨੂੰ ਰੰਗਣ ਲਈ ਕੀਤੀ ਜਾਂਦੀ ਹੈ। ਪਿੰਡਾਂ ਵਿਚ ਅਜੇ ਵੀ ਇਸ ਤਰ੍ਹਾਂ ਦੀ ਡਾਈ ਦੀ ਵਰਤੋਂ ਕੀਤੀ ਜਾਂਦੀ ਹੈ। ਦਾਰੂਹਲਦੀ ਦੀਆਂ ਕੁਝ ਕਿਸਮਾਂ ਸਜਾਵਟੀ ਪੌਦੇ ਦੇ ਤੌਰ ਤੇ ਵੀ ਪ੍ਰਯੋਗ ਕੀਤੀਆਂ ਜਾਂਦੀਆਂ ਹਨ।

—ਡਾ. ਅੰਮ੍ਰਿਤਪਾਲ ਸਿੰਘ

ਦਾਲ : ਭਾਰਤੀ ਖਾਣੇ ਵਿਚ ਦਾਲਾਂ ਨੂੰ ਇਕ ਮਹੱਤਵਪੂਰਨ ਸਥਾਨ ਪ੍ਰਾਪਤ ਹੈ। ਸ਼ਾਕਾਹਾਰੀ ਭੋਜਨ ਵਿਚ ਸਰੀਰ ਲਈ ਲੋੜੀਂਦੇ ਪ੍ਰੋਟੀਨਾਂ ਦਾ ਬਹੁਤਾ ਹਿੱਸਾ ਦਾਲਾਂ ਤੋਂ ਹੀ ਪ੍ਰਾਪਤ ਹੁੰਦਾ ਹੈ। ਪ੍ਰੋਟੀਨ ਸਰੀਰ ਦੇ ਵਾਧੇ ਲਈ ਅਤੇ ਪੁਰਾਣੇ ਟਿਸ਼ੂਆਂ ਦੀ ਮੁਰੰਮਤ ਲਈ ਲਾਹੇਵੰਦ ਹੁੰਦੇ ਹਨ। ਇਕ ਰਿਸ਼ਟ ਪੁਸ਼ਟ ਆਦਮੀ ਦੇ ਰੋਜ਼ ਦੇ ਸੰਤੁਲਤ ਭੋਜਨ ਵਿਚ 100 ਗ੍ਰਾਮ ਦਾਲ ਦਾ ਹੋਣਾ ਜ਼ਰੂਰੀ ਹੈ। ਅਰਹਰ, ਮੂੰਗੀ, ਮਾਂਹ, ਛੋਲੇ, ਮਸਰ, ਮਟਰ ਆਦਿ ਅਨਾਜਾਂ ਨੂੰ ਦਲਣ ਨਾਲ ਦਾਲਾਂ ਪ੍ਰਾਪਤ ਹੁੰਦੀਆਂ ਹਨ। ਇਹ ਸਾਰੀਆਂ ਦਾਲਾਂ ਬਨਸਪਤੀ ਵਿਗਿਆਨ ਦੀ ਲੈਗਿਊਮੀਨੇਸੀ ਕੁਲ ਦੇ ਇਕ–ਵਰਸ਼ੀ ਪੌਦੇ ਹਨ। ਉਪਰ ਦੱਸੀਆਂ ਦਾਲਾਂ ਤੋਂ ਇਲਾਵਾ ਕੁਝ ਹੋਰ ਵੀ ਬੀਜ ਹਨ ਜਿਵੇਂ ਕਿ ਸੋਇਆਬੀਨ, ਸੇਮ ਆਦਿ ਜਿਨ੍ਹਾਂ ਤੋਂ ਦਾਲਾਂ ਬਣਦੀਆਂ ਹਨ।

ਇਨ੍ਹਾਂ ਸਾਰੀਆਂ ਦਾਲਾਂ ਲਈ ਰੋਹੀ ਮਿੱਟੀ (loam soil) ਅਤੇ ਹਲਕੀ ਵਰਖਾ ਚੰਗੀ ਹੁੰਦੀ ਹੈ। ਇਨ੍ਹਾਂ ਪੌਦਿਆਂ ਦੀਆਂ ਜੜ੍ਹਾਂ ਵਿਚ ਗਿਲ੍ਹਟੀਆਂ ਹੁੰਦੀਆਂ ਹਨ ਜਿਨ੍ਹਾਂ ਵਿਚ ਵਾਯੂਮੰਡਲ ਦੀ ਨਾਈਟ੍ਰੋਜਨ ਨੂੰ ਜਮ੍ਹਾਂ ਕਰਨ ਵਾਲੇ ਜੀਵਾਣੂ ਰਹਿੰਦੇ ਹਨ। ਇਹ ਜੀਵਾਣੂ ਮਿੱਟੀ ਵਿਚ ਨਾਈਟ੍ਰੋਜਨ ਇਕੱਠੀ ਕਰ ਕੇ ਇਸ ਦੀ ਉਪਜਾਊ ਸ਼ਕਤੀ ਨੂੰ ਵਧਾਉਂਦੇ ਹਨ। ਇਸੇ ਕਰ ਕੇ ਖੇਤਾਂ ਵਿਚ ਆਮ ਤੌਰ ਤੇ ਬਦਲਵੀਂ ਫ਼ਸਲ ਬੀਜੀ ਜਾਂਦੀ ਹੈ ਜਿਵੇਂ ਕਿ ਪਹਿਲਾਂ ਜੀਰੀ ਦੀ ਫ਼ਸਲ ਲੈਣ ਤੋਂ ਬਾਅਦ ਉਸੀ ਖੇਤ ਵਿਚ ਛੋਲਿਆਂ ਦੀ ਫ਼ਸਲ ਬੀਜੀ ਜਾਂਦੀ ਹੈ। ਇਸ ਤਰ੍ਹਾਂ ਇਕ ਮੁੱਖ ਫ਼ਸਲ ਲੈਣ ਤੋਂ ਬਾਅਦ ਜ਼ਮੀਨ ਵਿਚ ਜਿਹੜੇ ਖਣਿਜ ਪਦਾਰਥਾਂ ਦੀ ਘਾਟ ਹੋ ਜਾਂਦੀ ਹੈ ਉਹ ਦਾਲਾਂ ਬੀਜਣ ਨਾਲ ਮੁੜ ਪੂਰੀ ਹੋ ਜਾਂਦੀ ਹੈ।

ਦਾਲਾਂ ਬਣਾਉਣ ਦਾ ਤਰੀਕਾ — ਦਾਲਾਂ ਨੂੰ ਸਾਬਤ ਜਾਂ ਫਿਰ ਛਿਲਕੇ ਵਾਲੀ ਦਲੀ ਦਾਲ ਦੇ ਰੂਪ ਵਿਚ ਜਾਂ ਬਗੈਰ ਛਿਲਕੇ ਦੇ ਧੋਤੀ ਹੋਈ ਦਾਲ ਦੇ ਰੂਪ ਵਿਚ ਬਣਾਇਆ ਜਾਂਦਾ ਹੈ। ਦਾਲਾਂ ਨੂੰ ਪਕਾਉਣ ਦਾ ਆਮ ਤਰੀਕਾ ਇਕੋ ਜਿਹਾ ਹੀ ਹੁੰਦਾ ਹੈ।

ਸਾਬਤ ਦਾਲ ਨੂੰ ਪਕਾਉਣ ਲਈ ਧੋਤੀ ਹੋਈ ਦਾਲ ਨਾਲੋਂ ਜ਼ਿਆਦਾ ਵਕਤ ਲਗਦਾ ਹੈ। ਹਰ ਇਕ ਦਾਲ ਨੂੰ ਪਕਾਉਣ ਤੋਂ

ਪਹਿਲਾਂ ਚੰਗੀ ਤਰ੍ਹਾਂ ਸਾਫ਼ ਕਰਨਾ ਚਾਹੀਦਾ ਹੈ। ਕੰਕਰ, ਪੱਥਰ ਚੁਣ ਕੇ ਫਿਰ ਦਾਲ ਨੂੰ ਚੰਗੀ ਤਰ੍ਹਾਂ ਧੋ ਲਿਆ ਜਾਂਦਾ ਹੈ। ਧੋਤੀ ਹੋਈ ਜਾਂ ਬਿਨਾਂ ਛਿਲਕੇ ਦੇ ਦਾਲ ਨੂੰ ਕਿਸੇ ਬਰਤਨ ਵਿਚ ਪਾਣੀ ਉਬਾਲ ਕੇ ਉਸ ਵਿਚ ਪਾ ਦਿੱਤਾ ਜਾਂਦਾ ਹੈ ਅਤੇ ਅੰਦਾਜ਼ੇ ਨਾਲ ਨਮਕ, ਹਲਦੀ ਪਾ ਕੇ ਬਰਤਨ ਦੇ ਮੂੰਹ ਨੂੰ ਢੱਕ ਦਿੱਤਾ ਜਾਂਦਾ ਹੈ। ਗਲ ਜਾਣ ਤੋਂ ਬਾਅਦ ਕੜਛੀ ਨਾਲ ਚੰਗੀ ਤਰ੍ਹਾਂ ਹਿਲਾ ਦੇਣ ਨਾਲ ਦਾਲ ਚੰਗੀ ਤਰ੍ਹਾਂ ਰਲ ਜਾਂਦੀ ਹੈ। ਥੋੜ੍ਹਾ ਜਿਹਾ ਘਿਉ ਗਰਮ ਕਰਕੇ ਹਿੰਗ, ਜੀਰਾ, ਰਾਈ ਪਾ ਕੇ ਦਾਲ ਨੂੰ ਤੜਕ ਲਿਆ ਜਾਂਦਾ ਹੈ।

ਸਾਬਤ ਦਾਲਾਂ ਨੂੰ ਬਣਾਉਣ ਲਈ ਪਹਿਲਾਂ ਬਰਤਨ ਵਿਚ ਥੋੜ੍ਹਾ ਜਿਹਾ ਘਿਉ ਗਰਮ ਕਰ ਲਿਆ ਜਾਂਦਾ ਹੈ ਫਿਰ ਸਾਫ਼ ਕੀਤੀ ਤੇ ਧੋਤੀ ਹੋਈ ਸਾਬਤ ਦਾਲ ਪਾ ਕੇ ਭੁੰਨਿਆ ਜਾਂਦਾ ਹੈ। ਭੁੰਨ ਕੇ ਬਣਾਈ ਦਾਲ ਜ਼ਿਆਦਾ ਸੁਆਦ ਬਣਦੀ ਹੈ। ਇਸ ਵਿਚ ਫਿਰ ਗਰਮ ਕੀਤਾ ਹੋਇਆ ਪਾਣੀ ਪਾ ਦਿੱਤਾ ਜਾਂਦਾ ਹੈ। ਸਾਬਤ ਦਾਲਾਂ ਵਿਚ ਪਾਣੀ ਧੋਤੀਆਂ ਹੋਈਆਂ ਦਾਲਾਂ ਤੋਂ ਜ਼ਿਆਦਾ ਪੈਂਦਾ ਹੈ। ਪਹਿਲਾਂ ਇਸ ਨੂੰ ਤੇਜ਼ ਅੱਗ ਤੇ ਪਕਾਇਆ ਜਾਂਦਾ ਹੈ। ਜਦੋਂ ਥੋੜ੍ਹੀ ਜਿਹੀ ਪੱਕ ਜਾਏ ਤਾਂ ਫਿਰ ਨਮਕ ਤੇ ਹਲਦੀ ਪਾ ਦਿੱਤੀ ਜਾਂਦੀ ਹੈ। ਜਦੋਂ ਦਾਲ ਫੁੱਟ ਜਾਏ ਤਾਂ ਸੇਕ ਕੁਝ ਘਟਾ ਦਿੱਤਾ ਜਾਂਦਾ ਹੈ। ਮੱਧਮ ਸੇਕ ਤੇ ਦਾਲ ਸੁਆਦ ਬਣਦੀ ਹੈ। ਪੂਰੀ ਗਲ ਜਾਣ ਤੇ ਕੜਛੀ ਫੇਰਨ ਨਾਲ ਦਾਲ ਚੰਗੀ ਤਰ੍ਹਾਂ ਰਲ ਜਾਂਦੀ ਹੈ। ਫਿਰ ਘਿਉ ਗਰਮ ਕਰਕੇ ਹਿੰਗ, ਜੀਰਾ, ਮਿਰਚ ਆਦਿ ਪਾ ਕੇ ਦਾਲ ਨੂੰ ਤੜਕ ਲਿਆ ਜਾਂਦਾ ਹੈ। ਮਾਂਹ ਦੀ ਸਾਬਤ ਦਾਲ ਵਿਚ ਅਦਰਕ, ਮਿਰਚ ਅਤੇ ਮਸਾਲੇ ਬਾਕੀ ਦਾਲਾਂ ਨਾਲੋਂ ਜ਼ਿਆਦਾ ਮਾਤਰਾ ਵਿਚ ਪਾਏ ਜਾਂਦੇ ਹਨ। ਅੱਜਕੱਲ੍ਹ ਪ੍ਰੈਸ਼ਰ ਕੁੱਕਰ ਵਿਚ ਸਾਬਤ ਦਾਲਾਂ ਬਣਾਉਣ ਦਾ ਰਿਵਾਜ਼ ਵੱਧ ਗਿਆ ਹੈ ਕਿਉਂਕਿ ਇਸ ਤਰ੍ਹਾਂ ਦਾਲਾਂ ਜਲਦੀ ਬਣ ਜਾਂਦੀਆਂ ਹਨ। ਇਸ ਨਾਲ ਸਮੇਂ ਅਤੇਂ ਅੱਗ ਦੀ ਬਚਤ ਤਾਂ ਹੁੰਦੀ ਹੀ ਹੈ ਪੌਸ਼ਟਿਕ ਤੱਤ ਵੀ ਕਾਇਮ ਰਹਿੰਦੇ ਹਨ।

ਭੋਜਨ ਵਿਚ ਵਰਤੀਆਂ ਜਾਣ ਵਾਲੀਆਂ ਪ੍ਰਮੁੱਖ ਦਾਲਾਂ ਨਿਮਨ ਅਨੁਸਾਰ ਹਨ :—

ਅਰਹਰ—ਇਸ ਦਾ ਵਿਗਿਆਨਕ ਨਾਂ ਕੈਜੇਨਸ ਇੰਡੀਕਸ (Cajanus indicus) ਹੈ। ਇਸ ਦੀ ਜ਼ਿਆਦਾ ਵਰਤੋਂ ਪੂਰਬੀ ਉੱਤਰ ਪ੍ਰਦੇਸ਼ ਅਤੇ ਬਿਹਾਰ ਵਿਚ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਹੋਰ ਰਾਜਾਂ ਵਿਚ ਵੀ ਇਹ ਖਾਧੀ ਜਾਂਦੀ ਹੈ। ਇਸ ਦਾਲ ਵਿਚ 27.67% ਪ੍ਰੋਟੀਨ, 2.3% ਚਰਬੀ, 57-27% ਕਾਰਬੋਹਾਈਡ੍ਰੇਟ, 5.5% ਲੂਣ ਅਤੇ 10.08% ਪਾਣੀ ਹੁੰਦਾ ਹੈ। ਇਨ੍ਹਾਂ ਤੋਂ ਇਲਾਵਾ ਕੁਝ ਮਾਤਰਾ ਵਿਟਾਮਿਨਾਂ ਦੀ ਵੀ ਹੁੰਦੀ ਹੈ।

ਇਸ ਨੂੰ ਪਕਾਉਣ ਦੀ ਵਿਧੀ ਬਹੁਤ ਸਰਲ ਹੈ। ਦਾਲ ਵਿਚੋਂ ਕੰਕਰ, ਪੱਥਰ ਆਦਿ ਚੁਗ ਕੇ ਫਿਰ ਦਾਲ ਨੂੰ ਚੰਗੀ ਤਰ੍ਹਾਂ ਧੋ ਲਿਆ ਜਾਂਦਾ ਹੈ। ਕਿਸੇ ਬਰਤਨ ਵਿਚ ਪਾਣੀ ਉਬਾਲ ਕੇ ਵਿਚ ਦਾਲ ਪਾ ਦਿੱਤੀ ਜਾਂਦੀ ਹੈ ਅਤੇ ਉਸ ਵਿਚ ਨਮਕ, ਹਲਦੀ ਪਾ ਕੇ ਬਰਤਨ ਦਾ ਮੂੰਹ ਬੰਦ ਕਰ ਦਿੱਤਾ ਜਾਂਦਾ ਹੈ। ਬਣ ਜਾਣ ਤੋਂ ਬਾਅਦ ਕੜਛੀ ਨਾਲ ਚੰਗੀ ਤਰ੍ਹਾਂ ਹਿਲਾ ਦੇਈਏ ਤਾਂ ਦਾਲ ਚੰਗੀ ਤਰ੍ਹਾਂ ਘੁਲ ਮਿਲ ਜਾਂਦੀ ਹੈ। ਥੋੜ੍ਹਾ ਜਿਹਾ ਘਿਉ ਗਰਮ ਕਰਕੇ ਹਿੰਗ, ਜੀਰਾ, ਰਾਈ ਤੇ ਮਿਰਚ ਦਾ ਤੜਕਾ ਲਗਾਇਆ ਜਾਂਦਾ ਹੈ।

ਮੂੰਗੀ—ਇਸ ਦਾ ਵਿਗਿਆਨਕ ਨਾਂ ਫੇਜ਼ਿਓਲਸ ਮੂੰਗੋ (Phaseolus mungo) ਹੈ। ਇਹ ਦਾਲ ਹਲਕੀ ਹੁੰਦੀ ਹੈ ਤੇ ਜਲਦੀ ਹਜ਼ਮ ਹੋ ਜਾਂਦੀ ਹੈ ਇਸੇ ਕਰਕੇ ਰੋਗੀਆਂ ਨੂੰ ਵੀ ਖਾਣ ਲਈ ਦਿੱਤੀ ਜਾਂਦੀ ਹੈ। ਇਸ ਵਿਚ 23.62% ਪ੍ਰੋਟੀਨ, 2.69% ਚਰਬੀ, 53.45% ਕਾਰਬੋਹਾਈਡ੍ਰੇਟ, 6.57% ਲੂਣ ਅਤੇ 10.87% ਪਾਣੀ ਹੁੰਦਾ ਹੈ। ਕੁਝ ਮਾਤਰਾ ਵਿਚ ਵਿਟਾਮਿਨ ਵੀ ਮਿਲਦੇ ਹਨ।

ਇਸ ਦੀ ਦਲੀ ਹੋਈ ਦਾਲ ਅਤੇ ਧੋਤੀ ਦਾਲ ਨੂੰ ਅਰਹਰ ਦੀ ਦਾਲ ਵਾਂਗ ਹੀ ਪਕਾਇਆ ਜਾਂਦਾ ਹੈ। ਸਾਬਤ ਮੂੰਗੀ ਬਣਾਉਣ ਲਈ ਪਹਿਲਾਂ ਬਰਤਨ ਵਿਚ ਥੋੜ੍ਹਾ ਜਿਹਾ ਘਿਉ ਗਰਮ ਕਰ ਲਿਆ ਜਾਂਦਾ ਹੈ ਫਿਰ ਸਾਫ਼ ਕਰਕੇ ਤੇ ਧੋ ਕੇ ਮੂੰਗੀ ਪਾ ਦਿੱਤੀ ਜਾਂਦੀ ਹੈ ਅਤੇ ਥੋੜ੍ਹੀ ਜਿਹੀ ਭੁੰਨ ਲਈ ਜਾਂਦੀ ਹੈ। ਇਸ ਵਿਚ ਫਿਰ ਗਰਮ ਕੀਤਾ ਹੋਇਆ ਪਾਣੀ ਪਾ ਦਿੱਤਾ ਜਾਂਦਾ ਹੈ। ਭੁੰਨ ਕੇ ਬਣਾਈ ਦਾਲ ਜ਼ਿਆਦਾ ਸੁਆਦੀ ਬਣਦੀ ਹੈ। ਬਗ਼ੈਰ ਭੁੰਨੇ ਸਿੱਧਾ ਪਾਣੀ ਵਿਚ ਪਾ ਕੇ ਵੀ ਦਾਲ ਬਣਾਈ ਜਾ ਸਕਦੀ ਹੈ। ਇਸ ਦਾਲ ਵਿਚ ਪਾਣੀ ਅਰਹਰ ਦੀ ਦਾਲ ਤੋਂ ਜ਼ਿਆਦਾ ਪੈਂਦਾ ਹੈ। ਇਸ ਨੂੰ ਤੇਜ਼ ਅੱਗ ਤੇ ਪਕਾਇਆ ਜਾਂਦਾ ਹੈ। ਜਦੋਂ ਥੋੜ੍ਹੀ ਜਿਹੀ ਪੱਕ ਜਾਏ ਤਾਂ ਇਸ ਵਿਚ ਨਮਕ ਤੇ ਹਲਦੀ ਪਾ ਦਿੱਤੀ ਜਾਂਦੀ ਹੈ। ਜਦੋਂ ਮੂੰਗ ਫੁੱਟ ਜਾਣ ਤਾਂ ਅੱਗ ਦਾ ਸੇਕ ਘਟਾ ਦਿੱਤਾ ਜਾਂਦਾ ਹੈ ਤੇ ਹੌਲੀ ਹੌਲੀ ਇਹ ਬਣਦੀ ਰਹਿੰਦੀ ਹੈ। ਪੂਰੀ ਬਣ ਜਾਏ ਤਾਂ ਇਸ ਵਿਚ ਕੜਛੀ ਫੇਰਨ ਨਾਲ ਚੰਗੀ ਤਰ੍ਹਾਂ ਰਲ ਜਾਂਦੀ ਹੈ। ਫਿਰ ਘਿਉ ਗਰਮ ਕਰਕੇ ਵਿਚ ਹਿੰਗ, ਜੀਰਾ, ਮਿਰਚ ਆਦਿ ਪਾ ਕੇ ਦਾਲ ਨੂੰ ਤੜਕ ਲਿਆ ਜਾਂਦਾ ਹੈ।

ਮਾਂਹ—ਇਸ ਦਾ ਵਿਗਿਆਨਕ ਨਾਂ ਫ਼ੇਜ਼ਿਓਲਸ ਰੇਡੀਏਟਸ (Phaseolus radiatus) ਹੈ। ਇਹ ਪੰਜਾਬ, ਰਾਜਸਥਾਨ, ਪੱਛਮੀ ਉੱਤਰ ਪ੍ਰਦੇਸ਼, ਮਦਰਾਸ ਅਤੇ ਮੱਧ-ਪ੍ਰਦੇਸ਼ ਵਿਚ ਜ਼ਿਆਦਾ ਖਾਧੀ ਜਾਂਦੀ ਹੈ। ਇਸ ਵਿਚ 25.5% ਪ੍ਰੋਟੀਨ, 1.7% ਚਰਬੀ, 53.4% ਕਾਰਬੋਹਾਈਡ੍ਰੇਟਸ, 3.3% ਲੂਣ ਅਤੇ 13.1% ਪਾਣੀ ਹੁੰਦਾ ਹੈ।

ਇਹ ਵੀ ਦਲੀ ਹੋਈ, ਧੋਤੀ ਅਤੇ ਸਾਬਤ ਤਿੰਨੇ ਰੂਪਾਂ ਵਿਚ ਬਣਾਈ ਜਾਂਦੀ ਹੈ। ਇਸ ਨੂੰ ਬਣਾਉਣ ਦਾ ਤਰੀਕਾ ਵੀ ਮੂੰਗੀ ਦੀ ਦਾਲ ਵਾਲਾ ਹੀ ਹੈ। ਸਿਰਫ਼ ਇਸ ਨੂੰ ਅਦਰਕ, ਹਰੀ ਮਿਰਚ, ਮਸਾਲੇ ਆਦਿ ਦਾ ਤੜਕਾ ਲਗਾਇਆ ਜਾਂਦਾ ਹੈ। ਮਾਂਹ ਦੀ ਦਾਲ ਤੋਂ ਵੜੇ, ਭੱਲੇ, ਕਚੌਰੀਆਂ, ਇਮਰਤੀਆਂ, ਇਡਲੀ ਅਤੇ ਡੋਸੇ ਆਦਿ ਵੀ ਬਣਾਏ ਜਾਂਦੇ ਹਨ।

ਮਸਰ—ਇਸ ਦਾ ਵਿਗਿਆਨਕ ਨਾਂ ਲੈਨੱਜ਼ ਕਿਊਲੀਨੇਰਿਸ (Lens culinaris) ਹੈ। ਲੈੱਨਜ਼ ਐਸਕੂਲੈਂਟਾ (Lens esculenta) ਨੂੰ ਵੀ ਮਸਰ ਹੀ ਕਹਿੰਦੇ ਹਨ। ਇਸ ਦਾ ਇਸਤੇਮਾਲ ਉੱਤਰ-ਪ੍ਰਦੇਸ਼, ਮਦਰਾਸ, ਬੰਗਾਲ ਅਤੇ ਮਹਾਰਾਸ਼ਟਰ ਵਿਚ ਜ਼ਿਆਦਾ ਹੁੰਦਾ ਹੈ। ਇਸ ਦਾਲ ਨੂੰ ਪੌਸ਼ਟਿਕ ਆਹਾਰ ਸਮਝਿਆ ਜਾਂਦਾ ਹੈ। ਇਸ ਵਿਚ 25.5% ਪ੍ਰੋਟੀਨ, 1.9% ਤੇਲ, 52.2% ਕਾਰਬੋਹਾਈਡ੍ਰੇਟ ਅਤੇ 2.8% ਲੋਹਾ ਹੁੰਦਾ ਹੈ।

ਇਹ ਦਾਲ ਵੀ ਦਲੀ ਤੇ ਸਾਬਤ ਦੋ ਤਰ੍ਹਾਂ ਦੀ ਹੁੰਦੀ ਹੈ। ਦਲੀ ਹੋਈ ਦਾਲ ਬਹੁਤ ਹੀ ਜਲਦੀ ਗਲ ਜਾਂਦੀ ਹੈ ਜਿਸ ਕਰਕੇ ਬਣਾਉਣ ਲਗਿਆਂ ਇਸ ਵਿਚ ਪਾਣੀ ਵੀ ਘੱਟ ਪਾਇਆ ਜਾਂਦਾ ਹੈ। ਦਾਲ ਫੁੱਟ ਜਾਣ ਤੋਂ ਬਾਅਦ ਇਸ ਨੂੰ ਵੀ ਹਲਕੀ ਅੱਗ ਤੇ ਪਕਾਇਆ ਜਾਂਦਾ ਹੈ। ਇਸ ਨੂੰ ਤੜਕਾ ਹਿੰਗ, ਜੀਰੇ, ਲੌਂਗ ਅਤੇ ਮਿਰਚ ਦਾ ਲਗਾਇਆ ਜਾਂਦਾ ਹੈ। ਸਾਬਤ ਦਾਲ ਬਣਾਉਣ ਲਈ ਪਹਿਲਾਂ ਘਿਉ ਵਿਚ ਜੀਰਾ ਤੇ ਹਿੰਗ ਲਾਲ ਕਰਕੇ, ਦਾਲ ਨੂੰ ਭੁੰਨ ਲਿਆ ਜਾਂਦਾ ਹੈ। ਜਦੋਂ ਖੁਸ਼ਬੂ ਆਉਣ ਲੱਗ ਜਾਵੇ ਤਾਂ ਵਿਚ ਪਾਣੀ ਪਾ ਦਿੱਤਾ ਜਾਂਦਾ ਹੈ। ਉਬਲ ਜਾਣ ਤੋਂ ਬਾਅਦ ਵਿਚ ਹਲਦੀ ਤੇ ਨਮਕ ਪਾਇਆ ਜਾਂਦਾ ਹੈ। ਗਲ ਜਾਣ ਤੇ ਦਾਲ ਹਲਕੇ ਸੇਕ ਤੇ ਪਕਾਈ ਜਾਂਦੀ ਹੈ। ਪੱਕ ਜਾਣ ਤੇ ਵਿਚ ਗਰਮ ਮਸਾਲਾ ਪਾ ਲਿਆ ਜਾਂਦਾ ਹੈ।

ਮਟਰ—ਇਸ ਦਾ ਵਿਗਿਆਨਕ ਨਾਂ ਪਾਈਸਮ ਆਰਵੈਨੇਸੀ (Pisum orvense) ਹੈ। ਇਸ ਨੂੰ ਜੰਗਲੀ ਮਟਰ ਕਹਿੰਦੇ ਹਨ। ਮਟਰ ਦੀ ਹੋਰ ਜਾਤੀ ਦਾ ਨਾਂ ਪਾਈਸਮ ਸੈਟੀਵਮ (P. Sativum) ਹੈ ਜੋ ਆਮ ਵਰਤਿਆ ਜਾਂਦਾ ਹੈ। ਇਸ ਵਿਚ 22.5% ਪ੍ਰੋਟੀਨ, 1.6%

ਤੇਲ, 53.7% ਕਾਰਬੋਹਾਈਡ੍ਰੇਟ ਅਤੇ 2.9% ਸੁਆਹ ਹੁੰਦੀ ਹੈ। ਹਰੇ ਮਟਰਾਂ ਦੀ ਸਬਜੀ ਬਣਾਈ ਜਾਂਦੀ ਹੈ ਅਤੇ ਪੱਕ ਜਾਣ ਤੇ ਇਨ੍ਹਾਂ ਦੀ ਦਾਲ ਬਣਦੀ ਹੈ।

ਇਸ ਦਾਲ ਨੂੰ ਬਣਾਉਣ ਤੋਂ ਪਹਿਲਾਂ ਪਾਣੀ ਵਿਚ ਭਿਉਂ ਦਿੱਤਾ ਜਾਂਦਾ ਹੈ। ਕਾਫ਼ੀ ਦੇਰ ਭਿਉਂਣ ਤੋਂ ਬਾਅਦ ਕਿਸੀ ਬਰਤਨ ਵਿਚ ਪਾਣੀ ਗਰਮ ਕਰਕੇ ਫਿਰ ਵਿਚ ਇਹ ਦਾਲ (ਪਾਣੀ ਨਿਤਾਰ ਕੇ) ਪਾ ਦਿੱਤੀ ਜਾਂਦੀ ਹੈ ਤੇ ਤੇਜ਼ ਅੱਗ ਤੇ ਪਕਾਈ ਜਾਂਦੀ ਹੈ। ਜਦੋਂ ਦਾਲ ਫੁੱਟ ਜਾਏ ਤਾਂ ਅੱਗ ਹਲਕੀ ਕਰ ਦਿੱਤੀ ਜਾਂਦੀ ਹੈ ਇਸ ਦਾਲ ਵਿਚ ਹੋਰ ਦਾਲਾਂ ਨਾਲੋਂ ਪਾਣੀ ਜ਼ਿਆਦਾ ਪਾਉਣਾ ਪੈਂਦਾ ਹੈ ਤੇ ਇਹ ਗਲਦੀ ਵੀ ਦੇਰ ਨਾਲ ਹੈ। ਜਦੋਂ ਬਣ ਜਾਏ ਤਾਂ ਘਿਓ ਗਰਮ ਕਰਕੇ ਵਿਚ ਹਿੰਗ, ਜੀਰਾ, ਮਿਰਚ ਆਦਿ ਪਾ ਕੇ ਤੜਕ ਲਿਆ ਜਾਂਦਾ ਹੈ।

ਛੋਲਿਆਂ ਦੀ ਦਾਲ—ਇਸ ਦਾ ਵਿਗਿਆਨਕ ਨਾਂ ਸਾਈਸਰ ਐਰੀਟਿਨਮ (Cicer orietinum) ਹੈ। ਤਕਰੀਬਨ ਸਾਰੇ ਰਾਜਾਂ ਵਿਚ ਇਹ ਦਾਲ ਖਾਧੀ ਜਾਂਦੀ ਹੈ ਅਤੇ ਇਸ ਨੂੰ ਪੌਸ਼ਟਿਕ ਆਹਾਰ ਮੰਨਿਆ ਜਾਂਦਾ ਹੈ। ਇਸ ਦੀ ਇਕ ਹੋਰ ਕਿਸਮ ਦਾ ਨਾਂ ਡੌਲਿਕਸ ਬਾਈਫਲੋਰਸ (Dolichos biflorus) ਹੈ ਜਿਸ ਨੂੰ ਆਮ ਬੋਲੀ ਵਿਚ ਕੁਲਥੀ ਕਹਿੰਦੇ ਹਨ। ਇਹ ਘੋੜਿਆਂ ਨੂੰ ਜ਼ਿਆਦਾ ਖੁਆਈ ਜਾਂਦੀ ਹੈ ਜਿਸ ਕਰਕੇ ਇਸ ਨੂੰ ਅੰਗ੍ਰੇਜ਼ੀ ਵਿਚ 'ਹੱਰਸ ਗ੍ਰਾਮ' ਨਾਂ ਨਾਲ ਜਾਣਿਆ ਜਾਂਦਾ ਹੈ। ਇਸ ਦਾਲ ਤੋਂ ਵੇਸਣ ਵੀ ਬਣਾਇਆ ਜਾਂਦਾ ਹੈ ਜਿਹੜਾ ਪਕੌੜੀਆਂ, ਕੜੀ, ਮਠਿਆਈਆਂ ਆਦਿ ਬਣਾਉਣ ਦੇ ਕੰਮ ਆਉਂਦਾ ਹੈ। ਇਸ ਦਾਲ ਵਿਚ ਵਿਟਾਮਿਨ ਸੀ ਕਾਫ਼ੀ ਮਾਤਰਾ ਵਿਚ ਹੁੰਦਾ ਹੈ। ਹਰੇ ਛੋਲਿਆਂ ਦੀ ਸਬਜ਼ੀ ਵੀ ਬਣਦੀ ਹੈ ਅਤੇ ਤਲ ਕੇ ਵੀ ਖਾਧੇ ਜਾਂਦੇ ਹਨ।

ਇਸ ਦੀ ਦਾਲ ਨੂੰ ਧੋਣ ਤੋਂ ਬਾਅਦ ਗਰਮ ਕੀਤੇ ਪਾਣੀ ਵਿਚ ਪਾ ਕੇ ਪਕਾਇਆ ਜਾਂਦਾ ਹੈ। ਜੇ ਦਾਲ ਨੂੰ ਘਿਉ ਲਗਾ ਕੇ ਪਕਾਇਆ ਜਾਵੇ ਤਾਂ ਜਲਦੀ ਗਲ ਜਾਂਦੀ ਹੈ। ਇਸ ਨੂੰ ਪਹਿਲਾਂ ਤੇਜ਼ ਸੇਕ ਤੇ ਪਕਾਇਆ ਜਾਂਦਾ ਹੈ ਅਤੇ ਫਿਰ ਜਦੋਂ ਦਾਲ ਫੁੱਟ ਜਾਂਦੀ ਹੈ ਤਾਂ ਅੱਗ ਹਲਕੀ ਕਰ ਦਿੱਤੀ ਜਾਂਦੀ ਹੈ। ਜਦੋਂ ਬਣ ਜਾਏ ਤਾਂ ਕੜਛੀ ਨਾਲ ਚੰਗੀ ਤਰ੍ਹਾਂ ਹਿਲਾਈਏ ਤਾਂ ਚੰਗੀ ਘੁਲ-ਮਿਲ ਜਾਂਦੀ ਹੈ। ਗਰਮ ਘਿਓ ਵਿਚ ਹਿੰਗ, ਜੀਰਾ, ਮਿਰਚ ਆਦਿ ਪਾ ਕੇ ਤੜਕਾ ਲਗਾਇਆ ਜਾਂਦਾ ਹੈ। ਕਈ ਲੋਕ ਇਸ ਦਾਲ ਵਿਚ ਘੀਆ ਜਾਂ ਵੈਂਗਣ ਪਾ ਕੇ ਵੀ ਬਣਾਉਂਦੇ ਹਨ।

ਸੋਇਆਬੀਨ—ਇਸ ਦਾ ਵਿਗਿਆਨਕ ਨਾਂ ਗਲਾਈਸੀਨ ਮੈਕਸ (Glycine max) ਹੈ। ਇਸ ਦੀਆਂ ਫਲੀਆਂ ਸਬਜ਼ੀ ਵਜੋਂ ਵੀ ਖਾਧੀਆਂ ਜਾਂਦੀਆਂ ਹਨ। ਇਸ ਵਿਚ 66-71% ਪਾਣੀ, 14-19% ਚਰਬੀ, 4.5-5.5% ਰਫ਼ੇਜ, 5-6% ਨਾਈਟ੍ਰੋਜਨ, 1.5-3% ਨਸ਼ਾਸਤਾ, 8-9.5% ਹੈਮੀਸੈਲੂਲੋਜ਼, 4-5% ਪੈਂਟੋਸਨ ਅਤੇ ਕੈਲ-ਸ਼ੀਅਮ ਅਤੇ ਮੈਗਨੀਸ਼ੀਅਮ ਦੀ ਵੀ ਕੁਝ ਮਾਤਰਾ ਹੁੰਦੀ ਹੈ।

ਸੇਮ—ਇਨ੍ਹਾਂ ਨੂੰ ਬੀਨ ਵੀ ਕਿਹਾ ਜਾਂਦਾ ਹੈ ਜੋ ਕਈ ਤਰ੍ਹਾਂ ਦੀਆਂ ਫਲੀਆਂ ਦੇ ਵਿਚਲੇ ਬੀਜ ਹੁੰਦੇ ਹਨ। ਇਨ੍ਹਾਂ ਵਿਚੋਂ ਜ਼ਿਆਦਾ ਵਰਤੇ ਜਾਣ ਵਾਲੇ ਲਾਲ ਅਤੇ ਚਿੱਟੇ ਬੀਨ ਹਨ। ਇਨ੍ਹਾਂ ਦੀਆਂ ਫਲੀਆਂ ਨੂੰ ਸਬਜ਼ੀ ਵਜੋਂ ਵੀ ਖਾਧਾ ਜਾਂਦਾ ਹੈ। ਇਨ੍ਹਾਂ ਵਿਚ ਪ੍ਰੋਟੀਨ 15-20%, ਨਸ਼ਾਸਤਾ, ਡੈਕਸਟ੍ਰਿਨ 14-23%, ਹੈਮੀਸੈਲੂਲੋਜ਼ 8.5-11% ਅਤੇ ਪੈਂਟੋਸਨ 7% ਦੇ ਕਰੀਬ ਹੁੰਦੀ ਹੈ।

ਹ.ਪ੍ਰ.—ਹਿੰ.ਵਿ.ਕੋ. 6 : 36

ਦਾਲਚੀਨੀ : ਇਸ ਦਾ ਬਨਸਪਤੀ ਵਿਗਿਆਨਕ ਨਾਂ ਸਿਨਾਮੋਅਮ ਜ਼ੇਲੈਨਿਕਮ ਹੈ। ਇਸ ਦਾ ਸੰਸਕ੍ਰਿਤ ਨਾਂ ਤਵਕ ਹੈ ਅਤੇ ਹਿੰਦੀ ਵਿਚ ਇਸ ਨੂੰ ਦਾਲਚੀਨੀ ਕਿਹਾ ਜਾਂਦਾ ਹੈ। ਇਹ ਲੌਰੇਸੀ (Lauraceae) ਕੁਲ ਨਾਲ ਸਬੰਧਤ ਹੈ। ਇਸ ਦੇ ਦਰਖ਼ਤ ਛੋਟੇ ਅਤੇ ਸਦਾਬਹਾਰ ਹੁੰਦੇ ਹਨ ਜਿਨ੍ਹਾਂ ਦੀ ਉਚਾਈ 6-7.5 ਮੀ. ਤੱਕ ਹੁੰਦੀ ਹੈ ਪਰੰਤੂ ਸਿਲੋਨ (ਸ੍ਰੀ ਲੰਕਾ) ਵਿਚ 18 ਮੀ. ਤਕ ਦੀ ਉਚਾਈ ਦੇ ਦਰਖ਼ਤ ਵੀ ਮਿਲਦੇ ਹਨ। ਇਹ ਪੱਛਮੀ ਭਾਰਤ ਦੇ ਤੱਟੀ ਇਲਾਕਿਆਂ ਦੇ ਜੰਗਲਾਂ ਵਿਚ 6,000 ਫੁੱਟ ਤਕ ਦੀ ਉਚਾਈ ਤੇ ਮਿਲਦਾ ਹੈ। ਸ੍ਰੀ ਲੰਕਾ ਵਿਚ ਸਮੁੰਦਰ ਤਲ ਤੋਂ 100-700 ਫੁੱਟ ਤੱਕ ਕੀ ਉਚਾਈ ਵਾਲੇ ਇਲਾਕੇ ਵਿਚ ਇਹ ਆਮ ਮਿਲਦਾ ਹੈ। ਨਵੇਂ ਦਰਖ਼ਤਾਂ ਦੀ ਛਿੱਲ ਨਰਮ ਅਤੇ ਮੁਲਾਇਮ ਹੁੰਦੀ ਹੈ ਜਦੋਂ ਕਿ ਪੁਰਾਣੇ ਦਰਖ਼ਤਾਂ ਦੀ ਛਿੱਲ ਸਖ਼ਤ ਤੇ ਖੁਰਦਰੀ ਹੁੰਦੀ ਹੈ। ਨਵੇਂ ਦਰਖ਼ਤਾਂ ਦੀ ਛਿੱਲ ਚੀਕਨੀ ਤੇ ਮਿੱਟੀ ਰੰਗੀ ਅਤੇ ਪੁਰਾਣੇ ਦਰਖ਼ਤਾਂ ਦੀ ਛਿੱਲ ਰੁੱਖੀ ਤੇ ਭੂਰੇ ਰੰਗ ਦੀ ਹੁੰਦੀ ਹੈ।

ਸਾਰਾ ਤਣਾ ਹਲਕੇ ਭੂਰੇ ਰੰਗ ਦਾ ਅਤੇ ਸੁਗੰਧਿਤ ਹੁੰਦਾ ਹੈ। ਪੱਤੇ ਮੋਟੇ 10 ਤੋਂ 17 ਸੈਂ. ਮੀ. ਲੰਬੇ ਹੁੰਦੇ ਹਨ ਅਤੇ ਇਨ੍ਹਾਂ ਦਾ ਉਪਰਲਾ ਹਿੱਸਾ ਚਮਕੀਲਾ ਹੁੰਦਾ ਹੈ। ਪੱਤਿਆਂ ਨੂੰ ਮਸਲਣ ਤੇ ਇਨ੍ਹਾਂ ਵਿਚੋਂ ਤੇਜ਼ ਗੰਧ ਆਉਂਦੀ ਹੈ ਅਤੇ ਸਵਾਦ ਵਿਚ ਇਹ ਕੌੜੇ ਹੁੰਦੇ ਹਨ। ਫੁੱਲ ਲੰਬੀਆਂ ਡੰਡੀਆਂ ਤੇ ਗੁੱਛਿਆਂ ਵਿਚ ਲਗਦੇ ਹਨ ਅਤੇ ਦੁਰਗੰਧ ਵਾਲੇ ਹੁੰਦੇ ਹਨ। ਫ਼ਲ 1.2 ਤੋਂ 2.5 ਸੈਂ.ਮੀ. ਲੰਬੇ ਅੰਡੇ ਦੀ ਸ਼ਕਲ ਦੇ ਅਤੇ ਗੂੜ੍ਹੇ ਬੈਂਗਣੀ ਰੰਗ ਦੇ ਹੁੰਦੇ ਹਨ। ਇਨ੍ਹਾਂ ਵਿਚ ਇਕ ਬੀਜ ਹੁੰਦਾ ਹੈ। ਫ਼ਲ ਨੂੰ ਤੋੜਨ ਤੇ ਉਸ ਵਿਚੋਂ ਤਾਰਪੀਨ ਵਰਗੀ ਗੰਧ ਆਉਂਦੀ ਹੈ। ਫੁੱਲ ਜਨਵਰੀ ਵਿਚ ਆਉਂਦੇ ਹਨ ਅਤੇ ਫ਼ਲ ਮਈ ਅਗਸਤ ਵਿਚ ਪੱਕਦੇ ਹਨ।

ਵਪਾਰਕ ਤੌਰ ਤੇ ਵਰਤੋਂ ਲਈ ਦਾਲਚੀਨੀ ਤਿੰਨ ਤਰ੍ਹਾਂ ਦੀ ਹੁੰਦੀ ਹੈ।

1. **ਚੀਨੀ**-ਇਹ ਚੀਨ ਵਿਚੋਂ ਆਉਂਦੀ ਹੈ। ਇਹ ਕੈਸ਼ੀਆ ਸਿਨਾਮਨ (Cassia Cinnamon) ਦੇ ਨਾਂ ਨਾਲ ਪ੍ਰਸਿੱਧ ਹੈ। ਇਸ ਦੀ ਛਿੱਲ ਮੋਟੀ ਹੁੰਦੀ ਹੈ।

2. **ਸਿੰਹਲੀ**—ਇਹ ਸ੍ਰੀ ਲੰਕਾ ਤੋਂ ਆਉਂਦੀ ਹੈ। ਇਹ ਸਭ ਤੋਂ ਉੱਤਮ, ਪਤਲੀ, ਥੋੜ੍ਹੀ ਮਿੱਠੀ ਅਤੇ ਘੱਟ ਤਿੱਖੇਪਣ ਵਾਲੀ ਹੁੰਦੀ ਹੈ।

3. **ਭਾਰਤੀ**—ਇਹ ਹਿਮਾਲਿਆ ਦੇ ਖੇਤਰ ਵਿਚ 3 ਤੋਂ 8 ਹਜ਼ਾਰ ਫੁੱਟ ਦੀ ਉਚਾਈ ਤੇ ਖ਼ਾਸ ਤੌਰ ਤੇ ਸਿਕਮ ਤੇ ਅਸਾਮ ਵਿਚ ਮਿਲਦੀ ਹੈ। ਇਹ ਮੋਟੀ, ਘੱਟ ਤਿੱਖੀ ਅਤੇ ਪਾਣੀ ਵਿਚ ਪੀਸਣ ਨਾਲ ਲੇਸਦਾਰ ਹੋ ਜਾਂਦੀ ਹੈ। ਇਸ ਦੇ ਪੱਤਿਆਂ ਦਾ ਜ਼ਿਆਦਾ ਪ੍ਰਯੋਗ ਹੁੰਦਾ ਹੈ ਜੋ ਕਿ ਤੇਜਪੱਤਰ ਦੇ ਨਾਂ ਨਾਲ ਮਿਲਦੇ ਹਨ ਅਤੇ ਆਮ ਤੌਰ ਤੇ ਵਿਆਹਾਂ ਸ਼ਾਦੀਆਂ ਵਿਚ ਭੋਜਨ ਨੂੰ ਸਵਾਦੀ ਬਣਾਉਣ ਲਈ ਵਰਤੇ ਜਾਂਦੇ ਹਨ।

ਵਪਾਰ ਦੇ ਲਿਹਾਜ ਨਾਲ ਸ੍ਰੀ ਲੰਕਾ ਸਭ ਤੋਂ ਮੋਹਰੀ ਦੇਸ਼ ਹੈ। ਇਥੇ ਉੱਤਮ ਦਰਜੇ ਦੀ ਦਾਲਚੀਨੀ ਮਿਲਦੀ ਹੈ ਅਤੇ ਸ੍ਰੀ ਲੰਕਾ ਵਿਚ ਇਸ ਦੀ ਵੱਡੇ ਪੱਧਰ ਤੇ ਖੇਤੀ ਕੀਤੀ ਜਾਂਦੀ ਹੈ। ਸਿਲੋਨ ਵਿਚ 1948 ਈ. ਵਿਚ ਦਾਲਚੀਨੀ ਦੀ ਖੇਤੀ ਦਾ ਰਕਬਾ 33,077 ਏਕੜ ਸੀ। ਸਿਲੋਨ ਵਿਚ ਪੈਦਾ ਹੋਣ ਵਾਲੀ ਦਾਲਚੀਨੀ ਦੀ ਮੰਗ ਸੰਸਾਰ ਵਿਚ ਸਭ ਤੋਂ ਜ਼ਿਆਦਾ ਹੈ।

ਦਾਲਚੀਨੀ ਦੀ ਛਿੱਲ ਦੇ ਗੁਣ ਉਸ ਨੂੰ ਪੈਦਾ ਕਰਨ ਵਾਲੀ ਧਰਤੀ ਦੀ ਕਿਸਮ ਤੇ ਵਾਤਾਵਰਣ ਤੇ ਬਹੁਤ ਨਿਰਭਰ ਕਰਦੇ ਹਨ। ਸਿਲੋਨ ਦੀ ਉੱਤਮ ਦਰਜੇ ਦੀ ਦਾਲਚੀਨੀ ਉਨ੍ਹਾਂ ਪੌਦਿਆਂ ਤੋਂ ਮਿਲਦੀ ਹੈ ਜਿਹੜੇ ਚਿੱਟੀ ਰੇਤਲੀ ਧਰਤੀ ਤੇ ਬੀਜੇ ਜਾਂਦੇ ਹਨ। ਸਿੱਲ੍ਹ ਵਾਲੇ ਮੌਸਮ ਵਾਲੀ ਰੇਤਲੀ ਭੋਂ ਜਿਹੜੀ ਕਿ 1500 ਫੁੱਟ ਦੀ ਉਚਾਈ

ਤੇ ਹੋਵੇ ਇਸ ਦੀ ਖੇਤੀ ਲਈ ਉੱਤਮ ਹੈ। ਇਸ ਦਾ ਪੌਦਾ ਭਾਰੀ ਵਰਖਾ ਨੂੰ ਅਰਾਮ ਨਾਲ ਬਰਦਾਸ਼ਤ ਕਰ ਲੈਂਦਾ ਹੈ।

ਇਸ ਦੇ ਪੌਦੇ ਆਮ ਤੌਰ ਤੇ ਬੀਜਾਂ ਤੋਂ ਹੀ ਉਗਾਏ ਜਾਂਦੇ ਹਨ ਕਿਉਂਕਿ ਇਸ ਦੇ ਬੀਜਾਂ ਵਾਲੇ ਫ਼ਲ ਕਾਫੀ ਗਿਣਤੀ ਵਿਚ ਲਗਦੇ ਹਨ। ਇਸ ਲਈ ਬੀਜ ਪ੍ਰਾਪਤ ਕਰਨ ਵਿਚ ਕੋਈ ਔਕੜ ਨਹੀਂ ਆਉਂਦੀ। ਇਕੋ ਇਕ ਸਾਵਧਾਨੀ ਫ਼ਲਾਂ ਨੂੰ ਪੰਛੀਆਂ ਤੋਂ ਬਚਾਉਣ ਦੀ ਹੈ। ਇਸ ਲਈ ਫ਼ਲਾਂ ਨੂੰ ਥੈਲੀਆਂ ਨਾਲ ਢੱਕ ਦਿੱਤਾ ਜਾਂਦਾ ਹੈ। ਪੱਕੇ ਹੋਏ ਫ਼ਲਾਂ ਦੇ ਕਿਸੇ ਛਾਂ ਵਾਲੀ ਥਾਂ ਤੇ ਢੇਰ ਲਗਾ ਦਿੱਤੇ ਜਾਂਦੇ ਹਨ। ਇਹ ਉਦੋਂ ਤਕ ਪਏ ਰਹਿੰਦੇ ਹਨ ਜਦੋਂ ਤਕ ਕਿ ਫ਼ਲ ਦਾ ਗੁੱਦਾ ਪੱਕ ਕੇ ਕਾਲਾ ਨਾ ਹੋ ਜਾਵੇ ਅਤੇ ਗਲ ਨਾ ਜਾਏ। ਫਿਰ ਬੀਜਾਂ ਨੂੰ ਝਾੜ ਕੇ ਵਖਰਾ ਕੱਢ ਲਿਆ ਜਾਂਦਾ ਹੈ ਅਤੇ ਇਨ੍ਹਾਂ ਨੂੰ ਧੋ ਕੇ ਸੁਕਾ ਲਿਆ ਜਾਂਦਾ ਹੈ। ਬੀਜਾਂ ਨੂੰ ਜਾਂ ਤਾਂ ਨਰਸਰੀ ਵਿਚ ਉਗਾਇਆ ਜਾਂਦਾ ਹੈ ਜਾਂ ਸਿੱਧਾ ਖੇਤ ਵਿਚ ਬੀਜ ਦਿੱਤਾ ਜਾਂਦਾ ਹੈ।

ਦਾਲਚੀਨੀ ਦੇ ਤੇਲ ਦੀ ਵਰਤੋਂ ਭਿੰਨ-ਭਿੰਨ ਕੰਮਾਂ ਲਈ ਕੀਤੀ ਜਾਂਦੀ ਹੈ। ਇਸ ਦੀ ਛਿੱਲ ਵਿਚ 0.5 ਤੋਂ 1.0% ਤੇਲ ਹੁੰਦਾ ਹੈ। ਇਸ ਤੇਲ ਦਾ ਪ੍ਰਯੋਗ ਦਵਾਈ ਦੇ ਤੌਰ ਤੇ ਇਸਤੇਮਾਲ ਕਰਨ ਲਈ ਕੀਤਾ ਜਾਂਦਾ ਹੈ। ਆਮ ਤੌਰ ਤੇ ਯੂਰਪ ਅਤੇ ਅਮਰੀਕਾ ਵਿਚ ਸ਼੍ਰੀ ਲੰਕਾ ਤੋਂ ਆਈ ਹੋਈ ਦਾਲਚੀਨੀ ਦੇ ਛਿੱਲ ਦਾ ਤੇਲ ਕੱਢਿਆ ਜਾਂਦਾ ਹੈ। ਇਹ ਤੇਲ ਜਦੋਂ ਤਾਜ਼ਾ ਹੁੰਦਾ ਹੈ ਤਾਂ ਇਸ ਦਾ ਰੰਗ ਹਲਕਾ ਪੀਲਾ ਹੁੰਦਾ ਹੈ ਪਰੰਤੂ ਇਕੱਠਾ ਕਰਨ ਤੋਂ ਬਾਅਦ ਇਸ ਦਾ ਰੰਗ ਲਾਲ ਹੋ ਜਾਂਦਾ ਹੈ। ਛਿੱਲ ਤੋਂ ਕੱਢੇ ਹੋਏ ਤੇਲ ਦਾ ਰਸਾਇਣਕ ਵਿਸ਼ਲੇਸ਼ਣ ਕਰਨ ਤੇ ਇਸ ਵਿਚ ਨਿਮਨ ਰਸਾਇਣ ਪਾਏ ਜਾਂਦੇ ਹਨ। ਸਿਨਾਮੈਲਡੀਹਾਈਡ 60-75%, ਯੂਜੀਨਾੱਲ, ਬੈਂਨਜ਼ੈਲਡੀਹਾਈਡ, ਮੈਥਿਲ ਐਮਿਲ ਕੀਟੋਨ, ਫਿਲੈਂਨਡਰੀਨ, ਸਾਈਮੀਨ ਨੋਨਿਲ ਐਲਡੀਹਾਈਡ, ਕੇਰਿਓਫ਼ਾਈਲੀਨ ਅਤੇ ਆਈਸੋਬਿਊਟੈਰਿਕ ਐਸਿਡ ਦੇ ਐਸਟਰ। ਆਮ ਤੌਰ ਤੇ ਛਿੱਲ ਦੇ ਤੇਲ ਵਿਚ ਦਾਲਚੀਨੀ ਦੇ ਪੱਤਿਆਂ ਦਾ ਤੇਲ ਮਿਲਾ ਦਿੱਤਾ ਜਾਂਦਾ ਹੈ ਜਿਸ ਦਾ ਪਤਾ ਯੂਜੀਨਾੱਲ ਦੇ ਵਧਣ ਤੇ ਲਗ ਜਾਂਦਾ ਹੈ ਅਤੇ ਅਜਿਹੇ ਤੇਲ ਵਿਚ ਫ਼ੈਰਿਕ ਕਲੋਰਾਈਡ ਦਾ ਘੋਲ ਪਾਉਣ ਨਾਲ ਗਾੜ੍ਹਾ ਨੀਲਾ ਰੰਗ ਮਿਲਦਾ ਹੈ।

ਪੱਤਿਆਂ ਤੋਂ ਨਿਕਲਣ ਵਾਲਾ ਤੇਲ ਤਿੱਖਾਂ ਅਤੇ ਭੂਰੇ ਰੰਗ ਦਾ ਹੁੰਦਾ ਹੈ। ਇਸ ਵਿਚੋਂ ਲੌਂਗ ਵਰਗੀ ਸੁਗੰਧ ਆਉਂਦੀ ਹੈ। ਇਸ ਦੇ ਵਿਚ ਯੂਜੀਨਾੱਲ 70 ਤੋਂ 95%, ਸਿਨਾਮੈਲਡੀਹਾਈਡ, ਬੈਨਜ਼ੈੱਲਡੀ-ਹਾਈਡ, ਐਲਫ਼ਾ ਫ਼ਿਲੋਨਡਰੀਨ, ਡਾਈਪੈਂਨਟੀਨ, ਸੈਫਰੋਲ, ਮੈਥਿਲ ਯੂਜੀਨਾੱਲ, ਬੋਰਨੀਓਲ, ਜਿਹੈਨੀਓਲ, ਕੇਰੀਓਫ਼ਾ ਈਲੀਨ, ਲਿਨਾਲੂਲ ਅਤੇ ਸਿਨਾਮਿਲ ਅਲਕੋਹਲ ਹੁੰਦਾ ਹੈ। ਪੱਤਿਆਂ ਦਾ ਤੇਲ ਭਾਰਤ ਵਿਚ ਵੀ ਕੱਢਿਆ ਜਾਂਦਾ ਹੈ। ਬੰਗਲੋਰ ਇਸ ਕੰਮ ਦਾ ਮੁੱਖ ਕੇਂਦਰ ਹੈ।

ਇਸ ਦੀ ਜੜ੍ਹ ਦੀ ਛਿੱਲ ਤੋਂ 3% ਤੇਲ ਮਿਲਦਾ ਹੈ। ਇਹ ਛਿੱਲ ਤੇ ਪੱਤਿਆਂ ਤੋਂ ਮਿਲਣ ਵਾਲੇ ਤੇਲ ਤੋਂ ਬਿਲਕੁਲ ਭਿੰਨ ਹੈ। ਇਹ ਰੰਗ ਰਹਿਤ ਅਤੇ ਕਪੂਰ ਦੀ ਗੰਧ ਯੁਕਤ ਹੁੰਦਾ ਹੈ। ਬੀਜਾਂ ਵਿਚੋਂ 33% ਤੇਲ ਨਿਕਲਦਾ ਹੈ ਜਿਸ ਦਾ ਕਿ ਮੋਮਬੱਤੀਆਂ ਬਣਾਉਣ ਵਿਚ ਪ੍ਰਯੋਗ ਹੁੰਦਾ ਹੈ।

ਛਿੱਲ ਦੇ ਤੇਲ ਦਾ ਪ੍ਰਯੋਗ ਸਭ ਤੋਂ ਜ਼ਿਆਦਾ ਹੁੰਦਾ ਹੈ। ਇਸ ਦੀ ਵਰਤੋਂ ਭਿੰਨ-ਭਿੰਨ ਦਵਾਈਆਂ ਨੂੰ ਸੁਗੰਧਿਤ ਬਣਾਉਣ ਲਈ ਅਤੇ ਸਾਬਣਾਂ ਅਤੇ ਮੰਜਨਾਂ ਵਿਚ ਵੀ ਹੁੰਦੀ ਹੈ। ਇਹ ਬਹੁਤ ਉੱਤਮ ਦਰਜੇ ਦਾ ਕੀਟਾਣੂਨਾਸ਼ਕ ਹੁੰਦਾ ਹੈ। ਇਹ ਉੱਲੀ ਨੂੰ ਵੀ ਖ਼ਤਮ ਕਰਦਾ ਹੈ। ਇਹ ਮਿਹਦੇ ਦੇ ਰਸ ਨੂੰ ਵਧਾ ਕੇ ਪਾਚਣ ਠੀਕ ਕਰਦਾ ਹੈ ਅਤੇ ਗੈਸ ਖਤਮ ਕਰਦਾ ਹੈ। ਮਿਹਦੇ ਦੇ ਰੋਗਾਂ ਵਿਚ ਇਸ ਦਾ ਬਹੁਤ ਉਪਯੋਗ ਹੁੰਦਾ ਹੈ। ਮਰੋੜ, ਮਿਹਦੇ ਦੇ ਦਰਦ ਅਤੇ ਉਲਟੀਆਂ ਲਗਣ ਤੇ ਇਸ ਦੇ ਤੇਲ ਨੂੰ ਮਿਸ਼ਰੀ ਵਿਚ ਮਿਲਾ ਕੇ ਖਾਣ ਲਈ ਦਿੱਤਾ ਜਾਂਦਾ ਹੈ। ਮਿਆਦੀ ਬੁਖ਼ਾਰ ਵਿਚ ਹੋਰ ਦਵਾਈਆਂ ਦੇ ਨਾਲ ਇਸ ਦੇ ਤੇਲ ਦਾ ਵੀ ਪ੍ਰਯੋਗ ਕੀਤਾ ਜਾਂਦਾ ਹੈ। ਟੀ.ਬੀ. ਵਿਚ ਵੀ ਇਸ ਦਾ ਤੇਲ ਵਰਤਿਆ ਜਾਂਦਾ ਹੈ। ਸਿਨੈਮਕ ਐਸਿਡ ਨਾਂ ਦਾ ਇਸ ਵਿਚ ਮੌਜੂਦ ਤੱਤ ਟੀ. ਬੀ. ਦੇ ਜੀਵਾਣੂਆਂ ਦਾ ਨਾਸ਼ ਕਰਦਾ ਹੈ। ਇਸ ਦੀ ਵਰਤੋਂ ਔਰਤਾਂ ਵਿਚ ਬੱਚਾ ਜਮਣ ਸਮੇਂ ਬੱਚੇਦਾਨੀ ਵਿਚ ਉਤੇਜਨਾ ਪੈਦਾ ਕਰਨ ਲਈ ਕੀਤੀ ਜਾਂਦੀ ਹੈ। ਜ਼ੁਕਾਮ ਵਿਚ ਵੀ ਇਸ ਦਾ ਤੇਲ ਸੁੰਘਣ ਅਤੇ ਖਾਣ ਦੇ ਕੰਮ ਆਉਂਦਾ ਹੈ। ਇਸ ਦੀ ਵਰਤੋਂ ਕੈਂਸਰ ਰੋਗ ਵਿਚ ਵੀ ਕੀਤੀ ਜਾਂਦੀ ਹੈ। ਚੂਸਣ ਵਾਲੀਆਂ ਗੋਲੀਆਂ ਵਿਚ ਸੁਗੰਧ ਲਈ ਇਸ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਦਾਲਚੀਨੀ ਗਰਮ ਮਸਾਲਿਆਂ ਵਜੋਂ ਵੀ ਬਹੁਤ ਵਰਤੀ ਜਾਂਦੀ ਹੈ।

—ਡਾ. ਅੰਮ੍ਰਿਤਪਾਲ ਸਿੰਘ

ਦਾਵਣਗਰੇ : ਇਹ ਦੱਖਣੀ ਭਾਰਤ ਦੇ ਕਰਨਾਟਕ ਰਾਜ ਦੇ ਚਿਤਰਦੁਰਗ ਜ਼ਿਲ੍ਹੇ ਦਾ ਇਕ ਪ੍ਰਸਿੱਧ ਸ਼ਹਿਰ ਹੈ। ਸੜਕਾਂ ਅਤੇ ਰੇਲਾਂ ਦਾ ਮੁੱਖ ਜੰਕਸ਼ਨ ਹੋਣ ਦੇ ਨਾਲ-ਨਾਲ ਇਹ ਕਪਾਹ ਅਤੇ ਅਨਾਜ ਦਾ ਵਪਾਰਕ ਕੇਂਦਰ ਵੀ ਹੈ। ਇਥੇ ਕੱਪੜਾ ਬਣਾਉਣ ਦੇ ਵੱਡੇ ਉਦਯੋਗ ਸਥਾਪਿਤ ਹਨ। ਸ਼ਹਿਰ ਦੇ ਆਲੇ-ਦੁਆਲੇ ਦੇ ਪਿੰਡਾਂ ਵਿਚ ਹੱਥ ਖੱਡੀ ਦੇ ਸੂਤੀ ਕੱਪੜੇ ਅਤੇ ਉੱਨ ਦਾ ਕਾਫ਼ੀ ਮਾਤਰਾ ਵਿਚ ਉਤਪਾਦਨ ਹੁੰਦਾ ਹੈ। ਇਥੇ ਕਈ ਕਾਲਜ ਹਨ ਜੋ ਮੈਸੂਰ ਯੂਨੀਵਰਸਿਟੀ ਨਾਲ ਸਬੰਧਤ ਹਨ। ਇਥੋਂ ਕਾਲੀ ਮਿਰਚ ਬਾਹਰ ਭੇਜੀ ਜਾਂਦੀ ਹੈ। ਇਥੇ ਕੰਬਲ ਤਿਆਰ ਕੀਤੇ ਜਾਂਦੇ ਹਨ।

ਆਬਾਦੀ—287, 233 (1991)

14°28′ ਉ.ਵਿਥ.; 75° 56′ ਪੂ.ਲੰਬ.

ਹ.ਪੁ. — ਐਨ. ਬ੍ਰਿ. ਮਾ. 3 : 904; ਹਿੰ.ਵਿ.ਕੋ. 6 : 38

ਦਿਓ : ਵੇਖੋ, ਦੈਂਤ

ਦਿਓਗੜ੍ਹ : ਇਹ ਬਿਹਾਰ ਰਾਜ ਦੇ ਇਸੇ ਹੀ ਨਾਂ ਦੇ ਜ਼ਿਲ੍ਹੇ ਦਾ ਸਦਰ ਮੁਕਾਮ ਹੈ ਜਿਹੜਾ ਰੇਲ ਅਤੇ ਸੜਕਾਂ ਦਾ ਜੰਕਸ਼ਨ ਹੋਣ ਕਰ ਕੇ ਖੇਤੀਬਾੜੀ ਦੇ ਵਪਾਰ ਦਾ ਕੇਂਦਰ ਹੈ। ਇਸ ਪ੍ਰਾਚੀਨ ਸ਼ਹਿਰ ਦੀ ਮੁੱਖ ਵਿਸ਼ੇਸ਼ਤਾ ਇਹ ਹੈ ਕਿ ਇਥੇ ਭਗਵਾਨ ਸ਼ਿਵ ਜੀ ਨੂੰ ਸਮਰਪਿਤ 22 ਮੰਦਰਾਂ ਦਾ ਇਕ ਸਮੂਹ ਹੈ ਜਿਸ ਦੇ ਦਰਸ਼ਨਾਂ ਲਈ ਭਾਰਤ ਦੇ ਸਾਰੇ ਭਾਗਾਂ ਵਿਚੋਂ ਹਿੰਦੂ ਤੀਰਥ ਯਾਤਰੀ ਆਉਂਦੇ ਹਨ। ਇਥੋਂ ਦੇ ਸਭ ਤੋਂ ਪੁਰਾਣੇ ਮੰਦਰ ਨੂੰ ਬੈਜਨਾਥ ਕਿਹਾ ਜਾਂਦਾ ਹੈ ਅਤੇ ਕਿਹਾ ਜਾਂਦਾ ਹੈ ਕਿ ਭਗਵਾਨ ਸ਼ਿਵ ਜੀ ਦੇ 12 ਪੁਰਾਣੇ ਲਿੰਗਾਂ ਵਿਚੋਂ ਇਕ ਲਿੰਗ ਇਥੇ ਮੌਜੂਦ ਹੈ। ਇਨ੍ਹਾਂ ਮੰਦਰਾ ਦੀ ਮਿਥਿਹਾਸਕ ਕਹਾਣੀ ਦਾ ਡਬਲਿਊ. ਡਬਲਿਊ. ਹੰਟਰ ਮੌਜੂਦ ਨੇ ਆਪਣੀ ਪੁਸਤਕ 'ਐਨਲਜ਼ ਆਫ਼ ਰੂਰਲ ਬੰਗਾਲ' ਵਿਚ ਵੀ ਜ਼ਿਕਰ ਕੀਤਾ ਹੈ। ਮੰਦਰਾਂ ਤੋਂ ਇਲਾਵਾ ਇਸ ਦੇ ਨੇੜੇ ਹੀ ਕਈ ਬੋਧੀ ਖੰਡਰ ਵੀ ਹਨ। ਇਥੇ ਇਕ ਹਸਤਪਾਲ, ਟੀ.ਬੀ. ਕਲੀਨਿਕ, ਕੋੜ੍ਹੀ ਆਸ਼ਰਮ ਅਤੇ ਭਾਗਲਪੁਰ ਯੂਨੀਵਰਸਿਟੀ ਨਾਲ ਸਬੰਧਤ ਤਿੰਨ ਕਾਲਜ ਹਨ। ਮੁਸਲਮਾਨ ਹਮਲਾਵਰ ਬਖ਼ਤਿਆਰ ਖ਼ਿਲਜੀ ਨੇ ਬਿਹਾਰ ਨੂੰ ਜਿੱਤਣ ਮਗਰੋਂ 1201 ਈ. ਵਿਚ ਇਸੇ ਨੂੰ ਆਪਣੀ ਰਾਜਧਾਨੀ ਬਣਾਇਆ ਸੀ। ਇਥੇ 1869 ਈ. ਵਿਚ ਮਿਉਂਸਪਲਟੀ ਸਥਾਪਿਤ ਕੀਤੀ ਗਈ।

ਆਬਾਦੀ— ਮੈਂ. ਖੇ. –85,902; ਸ਼ਹਿਰ–76,380 (1991)

24°29′ ਉ. ਵਿਥ.; 86°42′ ਪੂ. ਲੰਬ.

ਹ.ਪੁ.— ਐਨ.ਬ੍ਰਿ. ਮਾ. 3 : 452; ਇੰਪ.ਗ.ਇੰਡ. 11 : 244

ਦਿਓਗੜ੍ਹ (ਦਿਓਲੀਆ) : ਇਹ ਰਾਜਸਥਾਨ (ਭਾਰਤ) ਰਾਜ ਦੀ ਉਦੇਪੁਰ ਤਹਿਸੀਲ ਦਾ ਇਕ ਸ਼ਹਿਰ ਹੈ ਜਿਹੜਾ ਕਿ ਪਰਤਾਪਗੜ੍ਹ ਸ਼ਹਿਰ ਤੋਂ 11 ਕਿ.ਮੀ. ਪੱਛਮ ਵੱਲ ਸਥਿਤ ਹੈ। ਪਹਿਲਾਂ ਇਹ ਸ਼ਹਿਰ ਰਾਜਪੂਤਾਨਾ ਦੀ ਪਰਤਾਪਗੜ੍ਹ ਨਾਂ ਦੀ ਇਕ ਸਾਬਕਾ ਰਿਆਸਤ ਦੀ ਰਾਜਧਾਨੀ ਹੁੰਦਾ ਸੀ। ਇਸ ਸ਼ਹਿਰ ਨੂੰ 1561 ਈ. ਵਿਚ ਰਿਆਸਤ ਦੇ ਸੰਸਥਾਪਕ, ਬੀਕਾ ਨੇ ਬਣਵਾਇਆ ਸੀ। ਇਸ ਦਾ ਦਿਓਲੀਆ ਨਾਂ ਭੀਲਾਂ ਦੇ ਕਬੀਲੇ ਦੀ ਮੁੱਖੀ ਦੇਵੀ ਜਾਂ ਦਿਉ ਮਿਨੀ ਨਾਂ ਦੀ ਇਕ ਔਰਤ ਜਿਸ ਨੂੰ ਬੀਕਾ ਨੇ ਹਰਾਇਆ ਸੀ, ਦੇ ਨਾਂ ਤੇ ਪਿਆ। ਇਹ ਸ਼ਹਿਰ ਇਕ ਤਿੱਖੀ ਚੋਟੀ ਉੱਤੇ ਸਮੁੰਦਰ ਤਲ ਤੋਂ 551 ਮੀ. (1,809 ਫੁੱਟ) ਦੀ ਉਚਾਈ ਤੇ ਵਸਿਆ ਹੋਇਆ ਹੈ। ਪੁਰਾਤਨ ਸਮੇਂ ਵਿਚ ਇਹ ਇਕ ਕਿਲ੍ਹੇਬੰਦ ਸ਼ਹਿਰ ਹੁੰਦਾ ਸੀ। ਇਥੇ ਦੇ ਤਲਾਬਾਂ ਵਿਚੋਂ ਤੇਜਾ ਨਾਂ ਦਾ ਤਲਾਅ ਸਭ ਤੋਂ ਵੱਡਾ ਹੈ। ਇਸ ਤਲਾਅ ਦਾ ਨਾਂ ਤੇਜ ਸਿੰਘ ਨਾਂ ਦੇ ਇਥੋਂ ਦੇ ਇਕ ਸ਼ਾਸਕ ਦੇ ਨਾਂ ਤੇ ਪਿਆ ਸੀ ਜਿਸ ਨੇ ਇਥੇ 1579 ਈ. ਵਿਚ ਰਾਜ ਕੀਤਾ ਸੀ। ਸ਼ਹਿਰ ਵਿਚ ਦੋ ਜੈਨ ਅਤੇ ਕਈ ਹਿੰਦੂ ਮੰਦਰ ਵੀ ਹਨ।

ਆਬਾਦੀ—13,933 (1991)

24°02′ ਉ. ਵਿਥ.; 74°40′ ਪੂ.ਲੰਬ.

ਹ. ਪੁ.—ਇੰਪ. ਗ. ਇੰਡ 11 : 247

ਦਿਓਬੰਦ : ਇਹ ਭਾਰਤ ਦੇ ਉੱਤਰ ਪ੍ਰਦੇਸ਼ ਰਾਜ ਦੇ ਸਹਾਰਨਪੁਰ ਜ਼ਿਲ੍ਹੇ ਦਾ ਇਕ ਪ੍ਰਸਿੱਧ ਸ਼ਹਿਰ ਹੈ ਜਿਹੜਾ ਸਹਾਰਨਪੁਰ ਤੋਂ ਦੱਖਣ-ਦੱਖਣ-ਪੂਰਬ ਵੱਲ ਲਗਭਗ 30 ਕਿ. ਮੀ. ਦੀ ਦੂਰੀ ਤੇ ਸਥਿਤ ਹੈ।

ਇਕ ਰਵਾਇਤ ਅਨੁਸਾਰ ਇਸ ਸ਼ਹਿਰ ਦਾ ਨਾਂ ਇਥੇ ਮੌਜੂਦ ਇਕ 'ਦੇਵੀ ਬਣ' ਕਰ ਕੇ ਪਿਆ ਹੈ ਤੇ ਇਸ ਦੇ ਨਜ਼ਦੀਕ ਹੀ ਇਕ ਦੇਵੀ ਦੇ ਮੰਦਰ ਵਿਚ ਹਰ ਸਾਲ ਧਾਰਮਿਕ ਮੇਲਾ ਲਗਦਾ ਹੈ। ਇਸ ਬਾਰੇ ਇਹ ਵੀ ਕਿਹਾ ਜਾਂਦਾ ਹੈ ਕਿ ਮਹਾਭਾਰਤ ਦੇ ਪਾਂਡੂਆਂ ਨੇ ਸਭ ਤੋਂ ਪਹਿਲਾਂ ਆਪਣਾ ਬਨਵਾਸ ਇਥੇ ਕੱਟਿਆ ਸੀ। ਸਾਲਾਰ ਮਸਉਦ ਗਾਜ਼ੀ ਨੇ ਸਭ ਤੋਂ ਪਹਿਲਾਂ ਇਥੋਂ ਦੇ ਕਿਲ੍ਹੇ ਉੱਤੇ ਹੀ ਹਮਲਾ ਕੀਤਾ। ਸੰਨ 1876 ਵਿਚ ਇਥੇ ਇਕ ਅਰਬੀ ਕਾਲਜ ਖੋਲ੍ਹਿਆ ਗਿਆ ਸੀ ਜੋ ਉੱਤਰੀ ਭਾਰਤ ਵਿਚ ਇਸ ਕਿਸਮ ਦਾ ਬਹੁਤ ਮਹੱਤਵਪੂਰਨ ਕਾਲਜ ਸੀ। ਬਹੁਤ ਦੂਰ-ਦੂਰ ਤੋਂ ਇਥੇ ਵਿਦਿਆਰਥੀ ਸਿੱਖਿਆ ਪ੍ਰਾਪਤ ਕਰਨ ਆਉਂਦੇ ਸਨ।

ਸੰਨ 1868 ਵਿਚ ਇਥੇ ਮਿਉਂਸਪਲਟੀ ਬਣਾਈ ਗਈ। ਸ਼ਹਿਰ ਕਣਕ, ਚੌਲ, ਰਾਈ, ਸਰ੍ਹੋਂ, ਛੋਲੇ ਅਤੇ ਸੂਤੀ ਕੱਪੜੇ ਦਾ ਵਪਾਰਕ ਕੇਂਦਰ ਹੋਣ ਦੇ ਨਾਲ-ਨਾਲ ਹਿੰਦੂਆਂ ਦਾ ਪ੍ਰਸਿੱਧ ਤੀਰਥ ਅਸਥਾਨ ਵੀ ਹੈ।

ਆਬਾਦੀ—66, 208 (1991)

29°42′ ਉ. ਵਿਥ.; 77°41′ ਪੂ.ਲੰਬ.

ਹ.ਪੁ.—ਇੰਪ. ਗ. ਇੰਡ. 11 : 243 ; ਹਿੰ. ਵਿ. ਕੋ. 6 : 116

ਦਿਓਲਾਲੀ : ਇਹ ਦੱਖਣੀ ਭਾਰਤ ਦੇ ਮਹਾਰਾਸ਼ਟਰ ਰਾਜ ਦੇ ਨਾਸਿਕ ਜ਼ਿਲ੍ਹੇ ਵਿਚ ਸਥਿਤ ਇਕ ਫੌਜੀ ਛਾਉਣੀ ਹੈ ਜਿਹੜੀ ਕਿ ਨਾਸਿਕ ਸ਼ਹਿਰ ਤੋਂ ਲਗਭਗ 6 ਕਿ.ਮੀ. ਦੱਖਣ-ਪੂਰਬ ਵੱਲ ਸਥਿਤ ਹੈ। ਇਥੋਂ ਦੇ ਵਾਸੀਆਂ ਵਿਚ ਇਥੋਂ ਦੇ ਪਿੰਡਾਂ ਦੇ ਪੁਰਾਤਨ ਮੁਖੀਆਂ ਦੇ ਕੁਝ ਪਰਿਵਾਰ ਹਨ ਜਿਨ੍ਹਾਂ ਨੂੰ ਦੇਸ਼ਮੁੱਖ ਕਿਹਾ ਜਾਂਦਾ ਹੈ। ਇਨ੍ਹਾਂ ਲੋਕਾਂ ਦਾ ਉਸ ਸਮੇਂ ਇਥੋਂ ਦੇ ਮਰਾਠੇ ਪਰਿਵਾਰਾਂ ਤੇ ਕਾਫ਼ੀ ਪ੍ਰਭਾਵ ਹੁੰਦਾ ਸੀ।

ਆਬਾਦੀ—44,331 (1991)

19°54′ ਉ.ਵਿਥ.; 73°50′ ਪੂ.ਲੰਬ.

ਹ.ਪੁ.—ਇੰਪ. ਗ. ਇੰਡ. 11 : 246

ਦਿਓਲੀ : ਇਹ ਭਾਰਤ ਦੇ ਮਹਾਰਾਸ਼ਟਰ ਰਾਜ ਦੇ ਵਾਰਧਾ ਜ਼ਿਲ੍ਹੇ ਦਾ ਇਕ ਸ਼ਹਿਰ ਹੈ ਜਿਹੜਾ ਦੇਗਾਉਂ ਸ਼ਹਿਰ ਤੋਂ 8 ਕਿ.ਮੀ. ਦੂਰ ਸਥਿਤ ਹੈ। ਪਹਿਲਾਂ ਇਹ ਕਪਾਹ ਦਾ ਇਕ ਮਹੱਤਵਪੂਰਨ ਵਪਾਰਕ ਕੇਂਦਰ ਸੀ। ਸ਼ਹਿਰ ਵਿਚ ਹੱਥ ਨਾਲ ਕੱਪੜਾ ਬੁਣਨ ਦੇ ਕਾਰਖ਼ਾਨੇ ਵੀ ਹਨ। ਇਥੇ ਪਸ਼ੂਆਂ ਦੀ ਹਫ਼ਤਾਵਾਰੀ ਵੱਡੀ ਮੰਡੀ ਵੀ ਲੱਗਦੀ ਹੈ। ਸੰਨ 1867 ਵਿਚ ਇਥੇ ਮਿਉਂਸਪਲਟੀ ਦੀ ਸਥਾਪਨਾ ਹੋਈ।

ਆਬਾਦੀ—13,734 (1991)

20°39′ ਉ.ਵਿਥ.; 78°29′ ਪੂ. ਲੰਬ.

ਹ.ਪੁ.-ਇੰਪ.ਗ. ਇੰਡ. 11 : 246

ਦਿਆਨਤ ਖ਼ਾਂ : ਇਹ ਔਰੰਗਜ਼ੇਬ ਦੇ ਰਾਜਕਾਲ ਵੇਲੇ ਇਕ ਦੀਵਾਨ ਹੁੰਦਾ ਸੀ। ਇਸ ਦਾ ਅਸਲ ਨਾਉਂ ਮੀਰ ਅਲੀ ਨਕੀ ਸੀ। ਪਹਿਲਾਂ ਇਹ ਬਿਦਰ ਤੇ ਫਿਰ ਬੁਰਹਾਨਪੁਰ ਦਾ ਦੀਵਾਨ ਬਣਿਆ। ਇਸ ਦੇ ਪਿਤਾ ਦੀ ਮੌਤ ਤੋਂ ਬਾਅਦ ਇਸ ਨੂੰ ਔਰੰਗਾਬਾਦ ਦਾ ਹਾਕਮ ਬਣਾਇਆ ਗਿਆ ਇਹ ਬਹੁਤ ਬੁੱਧੀਮਾਨ ਅਤੇ ਕਲਪਨਾਸ਼ੀਲ ਵਿਅਕਤੀ ਸੀ ਜਿਸ ਕਰ ਕੇ ਇਸ ਨੂੰ ਬਹੁਤ ਸਨਮਾਨ ਅਤੇ ਸ਼ੁਹਰਤ ਹਾਸਲ ਸੀ। ਇਸੇ ਕਰ ਕੇ ਇਸ ਨਾਲ ਕਈ ਹੋਰ ਸਰਦਾਰ ਬਹੁਤ ਈਰਖਾ ਕਰਦੇ ਸਨ ਅਤੇ ਉਨ੍ਹਾਂ ਕਰ ਕੇ ਇਸ ਨੂੰ ਕਈ ਕਸ਼ਟ ਵੀ ਝਲਣੇ ਪਏ। ਔਰੰਗਾਬਾਦ ਬਣਨ ਤੋਂ ਬਾਅਦ ਅਮੀਰ-ਉਲ-ਉਮਰਾ ਹੁਸੈਨ ਅਲੀ ਖ਼ਾਂ ਨਾਂ ਦੇ ਇਕ ਸਰਦਾਰ ਨੇ ਇਸ ਨੂੰ ਦੱਖਣ ਦੀ ਦੀਵਾਨੀ ਦੇ ਲਈ ਚੁਣਿਆ ਪਰ 1726 ਈ. ਵਿਚ ਇਸ ਦੀ ਮੌਤ ਹੋ ਗਈ।

ਹ. ਪੁ.—ਹਿੰ. ਵਿ. ਕੋ. 6 : 52

ਦਿਆਰ : ਇਸ ਦਾ ਯੂਨਾਨੀ ਨਾਂ ਸੀਡ੍ਰਸ ਦੇਓਦਾਰਾ (Cedrus deodara), ਸੰਸਕ੍ਰਿਤ ਨਾਂ ਦੇਵਦਾਰੂ ਅਤੇ ਹਿੰਦੀ ਨਾਂ ਦੇਵਦਾਰ ਹੈ। ਪੰਜਾਬੀ ਵਿਚ ਇਸ ਨੂੰ ਦਿਉਦਾਰ ਵੀ ਕਹਿੰਦੇ ਹਨ। ਇਹ ਪਾਈਨੇਸੀ ਕੁਲ ਨਾਲ ਸਬੰਧ ਰਖਦਾ ਹੈ।

ਇਸ ਦਾ ਇੱਕ ਵੱਡਾ ਫੈਲੀਆਂ ਹੋਈਆਂ ਸ਼ਾਖ਼ਾਵਾਂ ਵਾਲਾ ਸਦਾਬਹਾਰ ਦਰਖ਼ਤ ਹੁੰਦਾ ਹੈ। ਇਸ ਦੇ ਪੱਤੇ ਗੂੜ੍ਹੇ ਹਰੇ ਹੁੰਦੇ ਹਨ। ਇਹ ਉੱਤਰ ਪੱਛਮੀ ਹਿਮਾਲਿਆ ਵਿਚ ਕਸ਼ਮੀਰ ਤੋਂ ਲੈ ਕੇ ਗੜ੍ਹਵਾਲ ਤੱਕ 4,000 ਤੋਂ 10,000 ਫੁੱਟ ਤੱਕ ਦੀ ਉਚਾਈ ਤੇ ਮਿਲਦਾ ਹੈ। ਇਸ ਦੇ ਰੁੱਖ ਇਕੋ ਸਥਾਨ ਤੇ ਵੱਡੀ ਮਾਤਰਾ ਵਿਚ ਹੁੰਦੇ ਹਨ ਅਤੇ ਇਹ ਘਣੇ ਜੰਗਲ ਬਣਾਉਂਦੇ ਹਨ। ਇਹ ਪਹਾੜਾਂ ਦੀਆਂ ਢਲਾਨਾਂ ਅਤੇ ਘਾਟੀਆਂ ਦੋਵੇਂ ਥਾਂਵਾਂ ਤੇ ਹੁੰਦਾ ਹੈ। ਇਹ ਉਪਜਾਊ ਅਤੇ ਠੰਢੇ ਮੌਸਮ ਵਾਲੀ ਧਰਤੀ ਤੇ ਹੁੰਦਾ ਹੈ ਜਿਥੇ ਸਾਲਾਨਾ ਮੀਂਹ ਦੀ ਔਸਤ 100-175 ਸੈਂ.ਮੀ. ਹੋਵੇ ਅਤੇ ਜਿਸ ਦਾ ਵੱਡਾ ਹਿੱਸਾ ਸਰਦੀਆਂ ਵਿਚ ਡਿੱਗਣ ਵਾਲੀ ਬਰਫ਼ ਦੇ ਰੂਪ ਵਿਚ ਹੁੰਦਾ ਹੈ।

ਇਸ ਦਾ ਦਰਖ਼ਤ ਬਹੁਤ ਵੱਡਾ ਲਗਭਗ 76 ਮੀ. ਤੱਕ ਉੱਚਾ ਹੋ ਸਕਦਾ ਹੈ। ਇਸ ਦਾ ਤਣਾ ਸਿੱਧਾ, ਮੋਟਾ ਅਤੇ ਲਗਭਗ 11 ਮੀ. ਵਿਆਸ ਵਾਲਾ ਹੁੰਦਾ ਹੈ। ਇਸ ਦੀਆਂ ਸ਼ਾਖ਼ਾਵਾਂ ਹੇਠਾਂ ਵੱਲ ਨੂੰ

ਝੁਕੀਆਂ ਹੁੰਦੀਆਂ ਹਨ ਅਤੇ ਉਪਰ ਵਲ ਨੂੰ ਛੋਟੀਆਂ ਹੁੰਦੀਆਂ ਚਲੀਆਂ ਜਾਂਦੀਆਂ ਹਨ। ਇਸ ਦੇ ਦਰਖ਼ਤ ਦੂਰੋਂ ਦੇਖਣ ਤੇ ਕੋਣ ਦੀ ਸ਼ਕਲ ਦੇ ਲਗਦੇ ਹਨ। ਇਸ ਦੀ ਛਿੱਲ ਮੋਟੀ ਅਤੇ ਦਰਾਰਾਂ ਵਾਲੀ ਹੁੰਦੀ ਹੈ। ਪੱਤੇ ਹਰੇ ਰੰਗ ਦੇ ਲੰਬੇ ਅਤੇ ਨੋਕੀਲੇ ਹੁੰਦੇ ਹਨ। ਇਹ ਤਿੰਨ ਤੋਂ ਪੰਜ ਸਾਲ ਤਕ ਸਥਾਈ ਰਹਿ ਸਕਦੇ ਹਨ। ਫੁੱਲ ਆਮ ਤੌਰ ਤੇ ਦੋ ਲਿੰਗੀ ਹੁੰਦੇ ਹਨ। ਫ਼ਲ 10 ਤੋਂ 12 ਸੈਂ ਮੀ. ਲੰਬੇ ਅਤੇ 7.5 ਤੋਂ 10 ਸੈਂ.ਮੀ. ਚੌੜੇ ਹੁੰਦੇ ਹਨ। ਇਨ੍ਹਾਂ ਦਾ ਸਿਰੇ ਵਾਲਾ ਉਤਲਾ ਭਾਗ ਗੋਲ ਹੁੰਦਾ ਹੈ। ਬੀਜ 6 ਸੈਂ.ਮੀ. ਲੰਬੇ ਹਲਕੇ ਅਤੇ ਭੂਰੇ ਹੁੰਦੇ ਹਨ। ਅਕਤੂਬਰ ਦੇ ਮਹੀਨੇ ਵਿਚ ਫੁੱਲ ਨਿਕਲਦੇ ਹਨ ਅਤੇ ਇਕ ਸਾਲ ਬਾਅਦ ਫਲ ਪੱਕ ਜਾਂਦੇ ਹਨ। ਦਿਆਰ ਦਾ ਦਰਖ਼ਤ ਲਗਭਗ ਛੇ ਸੌ ਸਾਲ ਤੱਕ ਜਿਉਂਦਾ ਰਹਿ ਸਕਦਾ ਹੈ।

ਦਿਆਰ ਦਾ ਪੌਦਾ ਆਮ ਤੌਰ ਤੇ ਗਰੁੱਪਾਂ ਦੇ ਰੂਪ ਵਿਚ ਹੀ ਪੈਦਾ ਹੁੰਦਾ ਹੈ। ਬੀਜਾਂ ਵਾਲੇ ਪੌਦੇ ਦੇ ਆਸ ਪਾਸ ਬੀਜ ਗਿਰਨ ਨਾਲ ਹੋਰ ਪੌਦੇ ਪੈਦਾ ਹੁੰਦੇ ਰਹਿੰਦੇ ਹਨ ਪਰੰਤੂ ਇਸ ਤਰ੍ਹਾਂ ਪੈਦਾ ਹੋਈ ਪੌਦ ਜ਼ਿਆਦਾ ਲਾਹੇਵੰਦ ਨਹੀਂ ਹੁੰਦੀ। ਇਸ ਦੀ ਥਾਂ ਇਕੋ ਸਮੇਂ ਤੇ ਵਿਉਂਤਬੱਧ ਤਰੀਕੇ ਨਾਲ ਬੀਜੇ ਗਏ ਬੀਜਾਂ ਤੋਂ ਬਹੁਤ ਹੀ ਸੁੰਦਰ ਅਤੇ ਵਧੀਆ ਦਰਖ਼ਤ ਬਣਦੇ ਹਨ। ਇਸ ਤਰ੍ਹਾਂ ਪੈਦਾ ਹੋਏ ਦਰਖ਼ਤ ਸਿੱਧੇ ਅਤੇ ਸਾਫ਼ ਹੁੰਦੇ ਹਨ। ਦਿਆਰ ਦੀ ਪੈਦਾਵਾਰ ਬੀਜਾਂ ਨੂੰ ਸਿੱਧੇ ਧਰਤੀ ਵਿਚ ਬੀਜ ਕੇ ਜਾਂ ਨਰਸਰੀ ਤੋਂ ਪੌਦੇ ਲੈ ਕੇ ਕੀਤੀ ਜਾਂਦੀ ਹੈ।

ਦਿਆਰ ਹਿੰਦੁਸਤਾਨ ਵਿਚ ਪੈਦਾ ਹੋਣ ਵਾਲਾ ਇਕ ਬਹੁਤ ਮਜਬੂਤ ਦਰਖ਼ਤ ਹੈ। ਇਸ ਵਿਚ ਤੇਲ ਹੋਣ ਕਾਰਨ ਇਸ ਦੀ ਲਕੜੀ ਬਹੁਤ ਹੰਢਣਸਾਰ ਹੁੰਦੀ ਹੈ ਅਤੇ ਇਸ ਨੂੰ ਸਿਉਂਕ ਅਤੇ ਉੱਲੀ ਵੀ ਨਹੀਂ ਲਗਦੀ। ਇਸ ਨੂੰ ਆਰੇ ਨਾਲ ਵੱਢਣਾ ਅਤੇ ਇਸ ਉੱਤੇ ਹੱਥ ਨਾਲ ਕੰਮ ਕਰਨਾ ਅਸਾਨ ਹੁੰਦਾ ਹੈ।

ਇਹ ਇਕ ਬਹੁਤ ਕੀਮਤੀ ਦਰਖ਼ਤ ਹੈ। ਇਸ ਦੀ ਬਾਜ਼ਾਰ ਵਿਚ ਬਹੁਤ ਮੰਗ ਹੈ। ਦਿਆਰ ਦੇ ਦਰਖ਼ਤ ਭਾਰੀ ਗਿਣਤੀ ਵਿਚ ਪਹਾੜਾਂ ਤੋਂ ਕੱਟ ਕੇ ਨਦੀਆਂ ਦੁਆਰਾ ਮੈਦਾਨਾਂ ਵਿਚ ਭੇਜੇ ਜਾਂਦੇ ਹਨ। ਇਸ ਦੇ ਵੱਡੇ ਵੱਡੇ ਲੱਠੇ ਮਿਲਦੇ ਹਨ ਜੋ ਆਮ ਤੌਰ ਤੇ 3 ਮੀ. × 24 ਸੈਂ.ਮੀ. × 12.5 ਸੈਂ ਮੀ. ਆਕਾਰ ਦੇ ਹੁੰਦੇ ਹਨ।

ਦਿਆਰ ਦੀ ਮੁੱਖ ਤੌਰ ਤੇ ਵਰਤੋਂ ਰੇਲਵੇ ਦੇ ਸਲੀਪਰ ਬਣਾਉਣ ਲਈ ਕੀਤੀ ਜਾਂਦੀ ਹੈ। ਇਸ ਤਰ੍ਹਾਂ ਬਣੇ ਇਕ ਸਲੀਪਰ ਦੀ ਔਸਤ ਉਮਰ 15 ਸਾਲ ਹੁੰਦੀ ਹੈ। ਇਸ ਦਾ ਪ੍ਰਯੋਗ ਇਮਾਰਤੀ ਲੱਕੜੀ ਦੇ ਤੌਰ ਤੇ ਵੀ ਬਹੁਤ ਹੁੰਦਾ ਹੈ। ਫ਼ਰਸ਼ ਦੇ ਤਖ਼ਤੇ, ਬੀਮ, ਦਰਵਾਜ਼ੇ ਅਤੇ ਖਿੜਕੀਆਂ ਦੀਆਂ ਚੁਗਾਠਾਂ ਬਣਾਉਣ ਵਿਚ ਇਸ ਦਾ ਪ੍ਰਯੋਗ ਹੁੰਦਾ ਹੈ। ਪੁਲ ਅਤੇ ਵੈਗਨ ਬਣਾਉਣ ਵਿਚ ਵੀ ਇਸ ਦਾ ਪ੍ਰਯੋਗ ਹੁੰਦਾ ਹੈ। ਦੂਜੇ ਦਰਜੇ ਦੀਆਂ ਪੈਂਸਲਾਂ ਬਣਾਉਣ ਵਿਚ ਵੀ ਇਸ ਦੀ ਲੱਕੜੀ ਵਰਤੀ ਜਾਂਦੀ ਹੈ।

ਇਸ ਦੀ ਛਿੱਲ ਅਤੇ ਤੇਲ ਦਾ ਪ੍ਰਯੋਗ ਦੇਸੀ ਦਵਾਈਆਂ ਦੇ ਤੌਰ ਤੇ ਹੁੰਦਾ ਹੈ। ਇਸ ਦੀ ਤਾਸੀਰ ਗਰਮ ਹੁੰਦੀ ਹੈ। ਇਸ ਦਾ ਬਾਹਰੀ ਲੇਪ ਸੋਜਸ਼ ਖਤਮ ਕਰਨ, ਦਰਦਨਾਸ਼ਕ ਜ਼ਖ਼ਮਾਂ ਨੂੰ ਠੀਕ ਕਰਨ ਲਈ ਵਰਤਿਆ ਜਾਂਦਾ ਹੈ। ਦਿਆਰ ਦੀ ਛਿੱਲ ਮੂਤਰਜਨਕ, ਪਸੀਨਾ ਲਿਆਉਣ ਵਾਲੀ ਅਤੇ ਜੀਵਾਣੂ ਨਾਸ਼ਕ ਹੁੰਦੀ ਹੈ। ਬੁਖ਼ਾਰ ਵਿਚ ਇਸ ਦਾ ਕਾੜ੍ਹਾ ਦੇਣ ਨਾਲ ਕਾਫ਼ੀ ਪਸੀਨਾ ਆਉਂਦਾ ਹੈ ਅਤੇ ਕਾਫ਼ੀ ਪਿਸ਼ਾਬ ਆ ਕੇ ਬੁਖ਼ਾਰ ਉਤਰ ਜਾਂਦਾ ਹੈ। ਇਸੇ ਤਰ੍ਹਾਂ ਜਲੋਧਰ ਵਿਚ ਦੇਣ ਨਾਲ ਵੀ ਕਾਫ਼ੀ ਮਾਤਰਾ ਵਿਚ ਪਿਸ਼ਾਬ ਆ ਕੇ ਅਰਾਮ ਆਉਂਦਾ ਹੈ। ਇਸ ਦੀ ਵਰਤੋਂ ਸੁਜਾਕ, ਫਿਰੰਗ ਅਤੇ ਜੋੜਾਂ ਦੇ ਦਰਦ ਵਿਚ ਵੀ ਕੀਤੀ ਜਾਂਦੀ ਹੈ। ਹਿਚਕੀ ਅਤੇ ਸਾਹ ਦੀਆਂ ਬੀਮਾਰੀਆਂ ਵਿਚ ਵੀ ਇਸ ਦਾ ਕਾੜ੍ਹਾ ਪੀਣ ਨਾਲ ਅਰਾਮ ਆਉਂਦਾ ਹੈ।

ਇਸ ਦਾ ਤੇਲ ਚਮੜੀ ਦੀਆਂ ਬੀਮਾਰੀਆਂ ਵਿਚ ਬਹੁਤ ਲਾਹੇਵੰਦ ਮੰਨਿਆ ਜਾਂਦਾ ਹੈ। ਇਸ ਤੇਲ ਨੂੰ ਲਗਾਉਣ ਨਾਲ ਪੁਰਾਣੇ ਅਤੇ ਦੁਰਗੰਧ ਵਾਲੇ ਜ਼ਖ਼ਮ ਠੀਕ ਹੋ ਜਾਂਦੇ ਹਨ। ਇਸ ਦਾ ਤੇਲ ਪਸ਼ੂਆਂ ਦੀ ਖੁਰ ਦੀ ਬੀਮਾਰੀ ਵਿਚ ਬਹੁਤ ਫ਼ਾਇਦਾ ਕਰਦਾ ਹੈ।

ਇਸ ਦਾ ਤੇਲ ਕੱਢਣ ਲਈ ਇਸ ਦੀ ਪੀਲੇ ਬਦਾਮੀ ਰੰਗ ਦੀ ਸੁਗੰਧ ਵਾਲੀ ਲੱਕੜੀ ਨੂੰ ਜੋ ਕਿ ਤੇਲ ਨਾਲ ਭਰੀ ਹੁੰਦੀ ਹੈ, ਜਲਾਇਆ ਜਾਂਦਾ ਹੈ। ਇਹ ਤੇਲ ਬਹੁਤ ਪਤਲਾ ਹੁੰਦਾ ਹੈ। ਇਹ ਤੇਲ ਲਾਲੀ ਦੀ ਭਾਹ ਮਾਰਦੇ ਭੂਰੇ ਰੰਗ ਦਾ ਹੁੰਦਾ ਹੈ। ਇਸ ਵਿਚ ਪਾਇਆ ਜਾਣ ਵਾਲਾ ਮੁੱਖ ਰਸਾਇਣਕ ਪਦਾਰਥ ਸੇਸਕਵੀਟਰਪੀਨ ਹੁੰਦਾ ਹੈ। ਦਵਾਈ ਦੇ ਤੌਰ ਤੇ ਇਸ ਦੇ ਚੂਰਨ ਦੀ ਮਾਤਰਾ 3 ਤੋਂ 6 ਗਰਾਮ ਅਤੇ ਤੇਲ ਦੀਆਂ 20 ਤੋਂ 40 ਬੂੰਦਾਂ ਖਾਣ ਲਈ ਦਿੱਤੀਆਂ ਜਾਂਦੀਆਂ ਹਨ। —ਡਾ. ਅੰਮ੍ਰਿਤਪਾਲ ਸਿੰਘ

ਦਿਆਰਬਕਿਰ : ਪ੍ਰਾਂਤ — ਇਹ ਏਸ਼ੀਆ ਮਹਾਂਦੀਪ ਦੇ ਤੁਰਕੀ ਦੇਸ਼ ਦਾ ਇਕ ਪ੍ਰਾਂਤ ਹੈ ਜਿਹੜਾ ਤੁਰਕੀ ਦੇ ਦੱਖਣ-ਪੂਰਬ ਵਿਚ ਤਾਰਸ ਪਹਾੜਾਂ ਦੇ ਵਿਸ਼ਾਲ ਵਕਰ ਉੱਤੇ ਵਾਕਿਆ ਹੈ। ਇਸ ਦਾ ਖੇਤਰਫਲ 14,908 ਵ. ਕਿ. ਮੀ. ਅਤੇ ਆਬਾਦੀ 12,82,678 (1997) ਹੈ। ਇਸ ਨੇ ਅਪਰ ਮੈਸੋਪੋਟਾਮੀਆ ਦਾ ਕਾਫ਼ੀ ਹਿੱਸਾ ਮੱਲਿਆ ਹੋਇਆ ਹੈ। ਉੱਤਰ ਵਿਚ ਇਸ ਨੂੰ ਪੂਰਬੀ ਅਨਾਤੋਲੀਆ ਨਾਲੋਂ ਵੱਖਰਾ ਕਰਨ ਵਾਲੇ ਤਾਰਸ ਪਹਾੜ ਹਨ ਜਦੋਂ ਕਿ ਦੱਖਣ ਵਿਚ ਮਾਰਡਿਨ ਦੀਆਂ ਪਹਾੜੀਆਂ ਇਸ ਨੂੰ ਮੈਸੋਪੋਟਾਮੀਆ ਮੈਦਾਨਾਂ ਨਾਲੋਂ ਵੱਖ ਕਰਦੀਆਂ ਹਨ। ਪੱਛਮ ਵੱਲੋਂ ਕੈਰਾਕਾ ਪਹਾੜ ਇਸ ਦੀ ਸਰਹੱਦ ਬਣਾਉਂਦਾ ਹੈ। ਇਥੇ ਕਪਾਹ, ਤੰਬਾਕੂ ਅਤੇ ਫਲਾਂ ਦੀ ਪੈਦਾਵਾਰ ਹੁੰਦੀ ਹੈ। ਖਰਬੂਜਾ ਵੀ ਕਾਫ਼ੀ ਬੀਜਿਆ ਜਾਂਦਾ ਹੈ। ਇਥੇ ਤਾਂਬੇ, ਕੋਲੇ ਅਤੇ ਪੈਟਰੋਲੀਅਮ ਦੇ ਭੰਡਾਰ ਵੀ ਮੌਜੂਦ ਹਨ।

ਹ. ਪੁ.—ਐਨ.ਬ੍ਰਿ.ਮਾ. 3 : 588; ਐਨ. ਬ੍ਰਿ. 7 : 523

ਦਿਆਰਬਕਿਰ : ਸ਼ਹਿਰ — ਇਹ ਤੁਰਕੀ ਦੇ ਦੱਖਣ-ਪੂਰਬੀ ਹਿੱਸੇ ਵਿਚ ਇਸੇ ਹੀ ਨਾਂ ਦੇ ਪ੍ਰਾਂਤ ਦਾ ਰਾਜਧਾਨੀ ਸ਼ਹਿਰ ਹੈ ਜਿਹੜਾ ਦਜਲਾ ਦਰਿਆ (Tigris River) ਦੇ ਸੱਜੇ ਕੰਢੇ ਉੱਤੇ ਸਥਿਤ ਹੈ। ਇਹ ਮੁਸਾਮਦਾਰ ਕਾਲੇ ਪੱਥਰਾਂ ਨਾਲ ਬਣਾਈ ਗਈ ਵਿਸ਼ਾਲ ਦੀਵਾਰ ਨਾਲ ਘਿਰਿਆ ਹੋਇਆ ਹੈ। ਪੁਰਾਤਨ ਸਮੇਂ ਵਿਚ ਇਹ ਸ਼ਹਿਰ ਅਮੀਦਾ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਸੀ। ਰੋਮਨਾਂ ਅਤੇ ਪ੍ਰਸ਼ੀਅਨਾਂ ਦੇ ਪਿਛਲੇ ਯੁੱਧਾਂ ਸਮੇਂ ਇਹ ਸ਼ਹਿਰ ਇਕ-ਦੂਜੇ ਦੇ ਅਧੀਨ ਹੁੰਦਾ ਰਿਹਾ ਅਤੇ ਲਗਭਗ 639 ਈ. ਵਿਚ ਅਰਬਾਂ ਦੇ ਅਧਿਕਾਰ ਵਿਚ ਆਉਣ ਤੋਂ ਪਹਿਲਾਂ ਇਹ ਬਿਜ਼ਨਤੀਨ ਦੇ ਕਬਜ਼ੇ ਵਿਚ ਸੀ। ਇਸ ਖੇਤਰ ਉੱਤੋਂ ਅੱਬਾਸੀ ਬੰਸ ਦੇ ਕੰਟਰੋਲ ਦੇ ਕਮਜ਼ੋਰ ਪੈ ਜਾਣ ਵੇਲੇ ਅਤੇ 10ਵੀਂ ਸਦੀ ਵਿਚ ਮੌਸੂਲ (ਇਰਾਕ) ਦੇ ਹੋਮਦਾਨੀ ਬੰਸ ਦੇ ਉਭਰਨ ਸਮੇਂ ਉਸਮਾਨ ਬੰਸ ਦੇ ਸੁਲਤਾਨ ਦੇ ਕਬਜ਼ੇ ਵਿਚ ਆਉਣ ਤਕ (1516 ਈ.) ਇਸ ਸ਼ਹਿਰ ਉੱਤੇ ਵੱਖ-ਵੱਖ ਅਰਬ, ਤੁਰਕੀ, ਮੰਗੋਲ ਅਤੇ ਪ੍ਰਸ਼ੀਆਈ ਬੰਸਾਂ ਨੇ ਰਾਜ ਕੀਤਾ। ਉਸਮਾਨ ਸੁਲਤਾਨਾਂ ਅਧੀਨ ਸ਼ਹਿਰ ਅਤੇ ਇਹ ਪ੍ਰਾਂਤ ਇਕ ਵੱਡੇ ਅਤੇ ਮਹੱਤਵਪੂਰਨ ਪ੍ਰਾਂਤ ਦੀ ਰਾਜਧਾਨੀ ਬਣਿਆ ਅਤੇ ਬਾਹਰਲੇ ਹਮਲਿਆਂ ਤੋਂ ਇਸ ਦੀ ਪੂਰੀ ਰਾਖੀ ਰੱਖੀ ਗਈ ਅਤੇ ਪਹਿਲਾਂ ਵਾਂਗ ਫਿਰ ਖ਼ੁਸ਼ਹਾਲ ਹੋ ਗਿਆ। ਪ੍ਰਸ਼ੀਅਨਾਂ ਦੀ ਸਰਹੱਦ ਦੇ ਨੇੜੇ ਹੋਣ ਕਰ ਕੇ ਇਹ ਸ਼ਹਿਰ ਯੁੱਧ ਨੀਤੀ ਦੇ ਪੱਖ ਤੋਂ ਕਾਫ਼ੀ ਮਹੱਤਵਪੂਰਨ ਸੀ ਅਤੇ ਪ੍ਰਸ਼ਾ ਦੀਆਂ ਫ਼ੌਜਾਂ ਦਾ ਮੁਕਾਬਲਾ ਕਰਨ ਲਈ ਇਸ ਸ਼ਹਿਰ ਨੂੰ ਇਕ ਫ਼ੌਜੀ ਅੱਡੇ ਵਜੋਂ ਵਰਤਿਆ ਜਾਂਦਾ ਸੀ।

ਪੁਰਾਣੇ ਸ਼ਹਿਰ ਦੇ ਆਲੇ-ਦੁਆਲੇ ਅਜੇ ਵੀ ਕਾਲੇ ਪੱਥਰ ਦੀਆਂ ਕੰਧਾਂ ਮਿਲਦੀਆਂ ਹਨ ਜਿਸ ਤੋਂ ਇਸ ਸ਼ਹਿਰ ਦਾ ਨਾਂ ਕਾਰਾ

ਅਮੀਦ ਰੱਖਿਆ ਗਿਆ ਹੈ। ਮੱਧਕਾਲੀ ਯੁੱਗ ਦੀਆਂ ਤਿੰਨ ਕੰਧਾਂ ਅਜੇ ਵੀ ਮੌਜੂਦ ਹਨ ਜਿਹੜੀਆਂ ਕਾਫ਼ੀ ਦੂਰ ਤਕ ਫੈਲੀਆਂ ਹੋਈਆਂ ਹਨ। ਇਨ੍ਹਾਂ ਤੋਂ ਇਲਾਵਾ ਅਰਬਾਂ ਅਤੇ ਤੁਰਕਾਂ ਦੇ ਸਮੇਂ ਦੇ ਲਗਭਗ 5 ਕਿ. ਮੀ. ਲੰਬੇ ਅਤੇ 150 ਮੀ. ਉੱਚੇ ਮੀਨਾਰ ਵੀ ਬਣੇ ਹੋਏ ਹਨ। ਸ਼ਹਿਰ ਵਿਚ ਚੌਥੀ ਸਦੀ ਈ. ਪੂ. ਦਾ ਬਣਿਆ ਹੋਇਆ ਕਿਲਾ ਵੀ ਹੈ। ਇਥੇ ਉੱਨ ਅਤੇ ਕੱਪੜੇ ਦੇ ਕਾਰਖ਼ਾਨੇ ਵੀ ਹਨ ਅਤੇ ਤਾਂਬਾ ਵੀ ਕੱਢਿਆ ਜਾਂਦਾ ਹੈ। ਇਹ ਸ਼ਹਿਰ ਕਾਫ਼ੀ ਲੰਮੇ ਸਮੇਂ ਤੋਂ ਸੋਨੇ ਅਤੇ ਚਾਂਦੀ ਦੇ ਤਿੱਲਾਕਾਰੀ ਦੇ ਕੰਮ ਲਈ ਵੀ ਪ੍ਰਸਿੱਧ ਹੈ। ਇਹ ਸ਼ਹਿਰ ਹਵਾਈ ਸੇਵਾ ਅਤੇ ਸੜਕਾਂ ਰਾਹੀਂ ਅੰਕਾਰਾ ਸ਼ਹਿਰ ਨਾਲ ਜੁੜਿਆ ਹੋਇਆ ਹੈ। ਇਸ ਤੋਂ ਇਲਾਵਾ ਇਹ ਤੁਰਕੀ ਦੇ ਮੁੱਖ ਸ਼ਹਿਰਾਂ, ਅਲੈਪੋ (ਸੀਰੀਆ) ਅਤੇ ਮੌਸੂਲ (ਇਰਾਕ) ਸ਼ਹਿਰਾਂ ਨਾਲ ਵੀ ਸੜਕਾਂ ਰਾਹੀਂ ਜੁੜਿਆ ਹੋਇਆ ਹੈ।

ਆਬਾਦੀ—5,11,600 (1997)

37°59′ ਉ. ਵਿਥ.; 40°15′ ਪੂ.ਲੰਬ.

ਹ.ਪੁ. — ਐਨ. ਬ੍ਰਿ. ਮਾ. 3 : 589; ਐਨ. ਅਮੈ. 9 : 212

ਦਿਆਲ ਦਾਸ : ਇਹ ਹਿੰਦੂ ਸਿੱਖ ਸਮੁਦਾਇ ਨਾਲ ਸਬੰਧਤ ਪੇਸ਼ਾਵਰ ਦਾ ਇਕ ਸਰਾਫ਼ਾ ਵਪਾਰੀ ਸੀ ਜਿਹੜਾ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਪੱਛਮੀ ਪੰਜਾਬ ਦੇ ਉਨ੍ਹਾਂ ਹਿੰਦੂ ਲੋਕਾਂ ਵਿਚੋਂ ਸੀ ਜਿਹੜੇ ਸਿੱਖਾਂ ਦੇ ਪ੍ਰਭਾਵ ਹੇਠ ਆਏ ਅਤੇ ਜਿਨ੍ਹਾਂ ਨੇ ਦੇਵੀ ਦੇਵਤਿਆਂ ਦੀ ਪੂਜਾ ਦੀ ਥਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨਾ ਸ਼ੁਰੂ ਕਰ ਦਿੱਤਾ ਅਤੇ ਆਪਣਾ ਵੱਡਾ ਪੁੱਤਰ ਸਿੱਖ ਬਣਾਉਣਾ ਸ਼ੁਰੂ ਕਰ ਦਿੱਤਾ। ਇਸੇ ਪ੍ਰਭਾਵ ਹੇਠ ਦਿਆਲ ਦਾਸ ਨੇ ਵੀ ਬੁੱਤ ਪੂਜਾ ਅਤੇ ਦੇਵੀ ਦੀ ਬੰਦਨਾ ਕਰਨ ਦੀ ਵਿਰੋਧਤਾ ਕੀਤੀ। ਇਸ ਨੇ ਤੀਰਥ ਯਾਤਰਾ ਕਰਨ ਅਤੇ ਬ੍ਰਾਹਮਣਵਾਦੀ ਰਸਮਾਂ ਨੂੰ ਮੰਨਣ ਦੀ ਵੀ ਨਿਖੇਧੀ ਕੀਤੀ। ਇਸ ਦੀਆਂ ਸਿੱਖਿਆਵਾਂ ਦਾ ਮੁੱਖ ਪਹਿਲੂ ਇਹ ਸੀ ਕਿ ਪਰਮਾਤਮਾ ਨਿਰਾਕਾਰ ਹੈ। ਇਸ ਲਈ ਕਿਸੇ ਬੁੱਤ ਜਾਂ ਵਿਅਕਤੀ ਦੀ ਪੂਜਾ ਅਰਥਹੀਣ ਹੈ। ਇਹ ਆਪਣੇ ਆਪ ਨੂੰ ਅਕਸਰ ਹੀ ਨਿਰੰਕਾਰੀ ਕਹਿੰਦਾ ਸੀ। ਇਹ ਕਿਹਾ ਕਰਦਾ ਸੀ :

ਧੰਨ ਨਿਰੰਕਾਰ ਦੇਹ ਧਾਰੀ ਸਭ ਖਵਾਰ।

ਜਿਸ ਦਾ ਭਾਵ ਹੈ ਕਿ ਨਿਰੰਕਾਰੀ ਨੂੰ ਪ੍ਰਭ ਪ੍ਰਮਾਤਮਾ ਦੀ ਉਸਤਤੀ ਕਰਨੀ ਚਾਹੀਦੀ ਅਤੇ ਦੇਹ ਧਾਰੀ ਦੀ ਪੂਜਾ ਦਾ ਕੋਈ ਲਾਭ ਨਹੀਂ।

ਦਿਆਲ ਦਾਸ ਨੇ ਛੇਤੀ ਹੀ ਗੁਰੂ ਦੀ ਪਦਵੀ ਪ੍ਰਾਪਤ ਕਰ ਲਈ ਅਤੇ ਆਪਣੇ ਨਾਲ ਕੁਝ ਚੇਲੇ ਇਕੱਠੇ ਕਰ ਲਏ ਜਿਹੜੇ ਇਸ ਦੇ ਸ਼ਰਧਾਲੂ ਸਨ। ਉਹ ਆਪਣੇ ਆਪ ਨੂੰ ਨਿਰੰਕਾਰੀ ਕਹਿੰਦੇ ਸਨ। ਸਭ ਤੋਂ ਪਹਿਲਾਂ ਇਨ੍ਹਾਂ ਨੇ ਹਿੰਦੂ ਬ੍ਰਾਹਮਣਵਾਦ ਦਾ ਵਿਰੋਧ ਕੀਤਾ। ਕੁਝ ਸਮੇਂ ਬਾਅਦ ਦਿਆਲ ਦਾਸ ਪੇਸ਼ਾਵਰ ਤੋਂ ਪਿੰਡੀ ਚਲਾ ਗਿਆ ਇਸ ਜ਼ਿਲ੍ਹੇ ਵਿਚ ਗੁਰੂ ਨਾਨਕ ਦੇਵ ਜੀ ਦੀ ਕੁਲ ਦੇ ਬੇਦੀ ਪਰਿਵਾਰਾਂ ਦੇ ਬਹੁਤ ਸਾਰੇ ਉਪਾਸ਼ਕ ਰਹਿੰਦੇ ਸਨ। ਹਿੰਦੂ ਅਤੇ ਸਿੱਖਾਂ ਨੇ ਨਿਰੰਕਾਰੀਆਂ ਨੂੰ ਆਪਣੇ ਸਮਾਜ ਵਿਚੋਂ ਛੇਕ ਦਿੱਤਾ ਅਤੇ ਇਨ੍ਹਾਂ ਨੇ ਆਪਣੀਆਂ ਪੂਜਣਯੋਗ ਥਾਵਾਂ ਵੱਖਰੀਆਂ ਬਣਾ ਲਈਆਂ। ਇਨ੍ਹਾਂ ਵਿਚੋਂ ਇਕ ਬਹੁਤ ਵੱਡਾ ਸਥਾਨ ਰਾਵਲਪਿੰਡੀ ਦੇ ਬਾਹਰ 6 ਕਿਲੋਮੀਟਰ ਦੂਰ ਲਾਈ ਨਦੀ (Stream layee) ਦੇ ਕੰਢੇ ਤੇ ਬਣਾਇਆ ਗਿਆ। ਜਦੋਂ ਦਿਆਲ ਦਾਸ ਮਰ ਗਿਆ ਤਾਂ ਇਸ ਦੇ ਚੇਲੇ ਇਸ ਦੀਆਂ ਜੁੱਤੀਆਂ ਦੀ ਪੂਜਾ ਕਰਨ ਲੱਗ ਪਏ। ਇਹ ਮੰਦਰ ਹੀ ਨਿਰੰਕਾਰੀ ਫ਼ਿਰਕੇ ਦਾ ਸਦਰ-ਮੁਕਾਮ ਬਣ ਗਿਆ।

ਸੰਨ 1855 ਵਿਚ ਇਸ ਦੀ ਮੌਤ ਹੋ ਗਈ ਅਤੇ ਇਸ ਦੇ ਤਿੰਨ ਪੁੱਤਰਾਂ ਵਿਚ ਸਭ ਤੋਂ ਵੱਡਾ ਦਰਬਾਰਾ ਸਿੰਘ ਇਸ ਦਾ ਉੱਤਰਾਧਿਕਾਰੀ ਬਣਿਆ।

ਹ.ਪ.—ਹਿ. ਸਿ.-2 ਖ਼ੁਸ਼ਵੰਤ ਸਿੰਘ : 123-24

ਦਿਆਲਪੁਰਾ : ਇਹ ਪੰਜਾਬ ਦੇ ਬਠਿੰਡਾ ਜ਼ਿਲ੍ਹੇ ਦੀ ਰਾਮਪੁਰਾ ਫੂਲ ਤਹਿਸੀਲ ਦਾ ਇਕ ਇਤਿਹਾਸਕ ਪਿੰਡ ਹੈ ਜਿਹੜਾ ਕਿ ਰਾਮਪੂਰਾ ਫੂਲ ਰੇਲਵੇ ਸਟੇਸ਼ਨ ਤੋਂ 25 ਕਿ.ਮੀ. ਉੱਤਰ ਵੱਲ ਸਥਿਤ ਹੈ।

ਇਹ ਪਿੰਡ ਭਾਈ ਰੂਪ ਚੰਦ ਦੇ ਬੰਸ ਦੇ ਬਾਬਾ ਦਿਆਲ ਸਿੰਘ ਨੇ ਵਸਾਇਆ ਸੀ। ਇਸ ਤੋਂ ਪਹਿਲਾਂ ਇਹ ਕਾਂਗੜ ਦਾ ਹਿੱਸਾ ਹੁੰਦਾ ਸੀ ਪਰ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਇਥੇ ਚਰਨ ਪਾਉਣ ਤੋਂ ਬਾਅਦ ਇਹ ਦਿਆਲਪੁਰਾ ਦੇ ਨਾਂ ਨਾਲ ਆਬਾਦ ਹੋਇਆ। ਇਥੋਂ ਦੀ ਜ਼ਮੀਨ ਰਾਏ ਜੋਧ ਅਤੇ ਉਸ ਦੀ ਔਲਾਦ ਦੇ ਕਬਜ਼ੇ ਵਿਚ ਰਹੀ। ਇਨ੍ਹਾਂ ਨੇ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਅਤੇ ਦਸਵੇਂ ਪਾਤਸ਼ਾਹ ਦੀ ਤਨੋ-ਮਨੋ ਸੇਵਾ ਕੀਤੀ ਸੀ।

ਇਥੇ ਦੋ ਇਤਿਹਾਸਕ ਗੁਰਦੁਆਰੇ ਬਣੇ ਹੋਏ ਹਨ। ਇਕ ਗੁਰਦੁਆਰਾ ਉਸ ਪਵਿੱਤਰ ਅਸਥਾਨ ਤੇ ਬਣਿਆ ਹੋਇਆ ਹੈ ਜਿਥੇ ਬੈਠ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜ਼ੇਬ ਨੂੰ ਜ਼ਫਰਨਾਮਾ ਲਿਖਿਆ ਸੀ। ਸੰਤ ਮਨੀ ਸਿੰਘ ਜੀ ਨੇ ਇਸ ਅਸਥਾਨ ਦੀ ਸੇਵਾ ਕਰ ਕੇ ਇਥੇ ਇਕ ਬਹੁਤ ਸੁੰਦਰ ਗੁਰਦਆਰਾ ਬਣਾਇਆ ਹੈ ਜੋ ਕਿ ਗੁਰਦੁਆਰਾ 'ਜ਼ਫ਼ਰਨਾਮਾ ਸਾਹਿਬ' ਦੇ ਨਾਂ ਨਾਲ ਮਸ਼ਹੂਰ ਹੈ। ਪੰਜਾਬ ਦੀ ਸਾਬਕਾ ਰਿਆਸਤ ਨਾਭਾ ਵੱਲੋਂ ਇਸ ਗੁਰਦੁਆਰੇ ਦੇ ਨਾਂ 70 ਘੁਮਾਂ ਜ਼ਮੀਨ ਲਗਾਈ ਗਈ ਸੀ। ਦੂਜਾ ਗੁਰਦੁਆਰਾ ਛੇਵੇਂ ਪਾਤਸ਼ਾਹ ਦੀ ਯਾਦ ਵਿਚ ਹੈ ਜੋ ਰਾਏ ਜੋਧ ਦਾ ਪ੍ਰੇਮ ਦੇਖ ਕੇ ਕਾਂਗੜ ਪਿੰਡ ਤੋਂ ਇਥੇ ਆਏ ਸਨ। ਉਹ ਜੰਡ ਦਾ ਦਰਖ਼ਤ ਜਿਸ ਨਾਲ ਗੁਰੂ ਸਾਹਿਬ ਦਾ ਘੋੜਾ ਬੰਨ੍ਹਿਆ ਸੀ, ਹਾਲੇ ਵੀ ਇਥੇ ਮੌਜੂਦ ਹੈ। ਪਿੰਡ ਦਾ ਕੁਲ ਖੇਤਰਫਲ 20,33 ਹੈਕ. ਹੈ।

ਹ.ਪੁ.—ਮ. ਕੋ.; ਡਿ. ਸੈਂ. ਹੈਂ. ਬੁੱ.—ਬਠਿੰਡਾ (1981)

ਦਿਆਲਪੁਰਾ ਸੋਢੀਆਂ : ਇਹ ਪੰਜਾਬ (ਭਾਰਤ) ਦੇ ਜ਼ਿਲ੍ਹਾ ਪਟਿਆਲਾ ਦੀ ਰਾਜਪੁਰਾ ਤਹਿਸੀਲ ਦਾ ਇਕ ਪਿੰਡ ਹੈ ਜੋ ਡੇਰਾ ਬਸੀ ਤੋਂ 8 ਕਿ.ਮੀ. ਦੀ ਦੂਰੀ ਤੇ ਸਥਿਤ ਹੈ। ਇਸ ਤੋਂ ਪਹਿਲਾਂ ਇਹ ਪੰਜਾਬ ਦੀ ਸਾਬਕਾ ਰਿਆਸਤ ਪਟਿਆਲਾ ਦੀ ਰਾਜਪੁਰਾ ਤਹਿਸੀਲ ਦੇ ਲਾਲੜੂ ਥਾਣੇ ਵਿਚ ਪੈਂਦਾ ਸੀ। ਛੱਤ ਬਨੂੜ ਦੇ ਨਜ਼ਦੀਕ ਵਸਿਆ ਇਹ ਪਿੰਡ ਅਸਲ ਵਿਚ ਪਟਿਆਲੇ ਦੇ ਮਹਾਰਾਜਾ, ਸਾਹਿਬ ਸਿੰਘ ਨੇ ਕੀਰਤਪੁਰ ਸਾਹਿਬ ਦੇ ਸੋਢੀਆਂ ਨੂੰ 1801 ਈ. (ਸੰਮਤ 1858) ਵਿਚ ਅਰਦਾਸ ਕਰਵਾਇਆ ਸੀ। ਇਹ ਸੋਢੀ, ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਧਰਮ ਦੀ ਪੁੱਤਰੀ ਬੀਬੀ ਰੂਪ ਕੌਰ ਦੇ ਬੰਸ ਵਿਚੋਂ ਸਨ। ਇਨ੍ਹਾਂ ਦੇ ਵੱਡੇ-ਵਡੇਰੇ ਮਨੀਮਾਜਰੇ ਵਿਚ ਮਾਤਾ ਰਾਜ ਕੌਰ ਦੇ ਅਸਥਾਨ ਦੇ ਪੁਜਾਰੀ ਸਨ। ਇਥੇ ਇਨ੍ਹਾਂ ਦਾ ਚੰਗਾ ਨਿਰਬਾਹ ਨਾ ਹੁੰਦਾ ਦੇਖ ਕੇ ਪਟਿਆਲਾ ਰਿਆਸਤ ਵੱਲੋਂ ਇਹ ਪਿੰਡ ਉਨ੍ਹਾਂ ਨੂੰ ਦੇ ਦਿੱਤਾ ਗਿਆ ਸੀ।

ਮੌਜੂਦਾ ਪਿੰਡ ਦਾ ਕੁੱਲ ਰਕਬਾ 293 ਹੈਕ. ਹੈ।

ਹ.ਪੁ.—ਮ.ਕੋ.; ਡਿ. ਸੈਂ.ਹੈ.ਬੁੱ.-ਪਟਿਆਲਾ (1981)

ਦਿਆਲਾ ਭਾਈ : ਇਹ ਸਿੱਖ ਧਰਮ ਲਈ ਕੁਰਬਾਨੀ ਦੇਣ ਵਾਲਾ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਗੁਰੂ ਤੇਗ ਬਹਾਦਰ ਜੀ ਦਾ ਸ਼ਰਧਾਲੂ ਸੇਵਕ ਸੀ। ਜਿਹੜਾ ਭਾਈ ਮਾਈ ਦਾਸ ਦਾ ਪੁੱਤਰ ਅਤੇ ਭਾਈ ਮਨੀ ਸਿੰਘ ਜੀ ਦਾ ਵੱਡਾ ਭਰਾ ਸੀ। ਸੰਨ 1665 ਤੋਂ 1670 ਦੌਰਾਨ ਸ੍ਰੀ

ਗੁਰੂ ਤੇਗ ਬਹਾਦਰ ਜੀ ਦੁਆਰਾ ਦੇਸ਼ ਦੇ ਪੂਰਬੀ ਭਾਗਾਂ ਦੀ ਯਾਤਰਾ ਦੌਰਾਨ ਇਹ ਉਨ੍ਹਾਂ ਨਾਲ ਉਨ੍ਹਾਂ ਦੀ ਸੇਵਾ ਵਿਚ ਰਿਹਾ ਸੀ। ਇਸ ਨੂੰ ਇਕ ਵਾਰ ਨਜ਼ਰਬੰਦ ਵੀ ਕੀਤਾ ਗਿਆ ਪਰ 1665 ਈ. ਵਿਚ ਮੁਗ਼ਲ ਸ਼ਾਸਕਾਂ ਵਲੋਂ ਇਸ ਨੂੰ ਰਿਹਾਅ ਕਰ ਦਿੱਤਾ ਗਿਆ। ਗੁਰੂ ਤੇਗ ਬਹਾਦਰ ਜੀ ਜਦੋਂ ਪਟਨਾ ਤੋਂ ਰਵਾਨਾ ਹੋਏ ਤਾਂ ਭਾਈ ਦਿਆਲਾ ਨੂੰ ਪਿਛੇ ਪਰਿਵਾਰ ਦੀ ਦੇਖ ਭਾਲ ਲਈ ਛੱਡ ਦਿੱਤਾ ਗਿਆ। ਮਗਰੋਂ ਭਾਈ ਦਿਆਲਾ ਜੀ ਨੂੰ ਗੁਰੂ ਜੀ ਦੇ ਨਾਲ ਹੀ ਦਿੱਲੀ ਵਿਚ ਨਜ਼ਰਬੰਦ ਕਰ ਲਿਆ ਗਿਆ। ਜਦ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰਿਆ ਗਿਆ ਤਾਂ ਉਸ ਵੇਲੇ ਭਾਈ ਦਿਆਲਾ ਜੀ ਨੂੰ ਉਬਲਦੀ ਦੇਗ ਵਿਚ ਬਿਠਾ ਕੇ ਸ਼ਹੀਦ ਕੀਤਾ ਗਿਆ। 11 ਨਵੰਬਰ, 1675 ਈ. ਨੂੰ ਭਾਈ ਦਿਆਲਾ ਜੀ ਨੇ ਸਿੱਖ ਧਰਮ ਲਈ ਕੁਰਬਾਨੀ ਦਿੱਤੀ।

ਹ.ਪੁ.—ਐਨ. ਆਫ. ਸਿਖਿ-ਹਰਬੰਸ ਸਿੰਘ; 582; ਮ.ਕੋ

ਦਿਸ਼ਾਸੂਚਕ (ਕੰਪਾਸ) : ਇਹ ਦਿਸ਼ਾ ਦਰਸਾਉਣ ਵਾਲਾ ਇਕ ਚੁੰਬਕੀ ਯੰਤਰ ਹੈ ਜੋ ਇਕ ਨਿਰਦੇਸ਼ਿਤ ਰੇਖਾ ਵਲ ਸੰਕੇਤ ਕਰਦਾ ਹੈ। ਇਸ ਨਿਰਦੇਸ਼ ਰੇਖਾ ਤੋਂ ਲੋੜੀਂਦਾ ਰਸਤਾ ਲੱਭਿਆ ਜਾ ਸਕਦਾ ਹੈ। ਚਾਨਣ ਮੁਨਾਰਿਆਂ ਲਈ ਇਹ ਨਿਰਦੇਸ਼ ਦਿਸ਼ਾ ਦੱਖਣ ਵਲ ਅਤੇ ਹੋਰ ਵਿਅਕਤੀਆਂ ਲਈ ਉੱਤਰ ਵਲ ਹੁੰਦੀ ਹੈ। ਜੇਕਰ ਭੂ-ਵਿਗਿਆਨੀਆਂ ਦੀ ਦਿਸ਼ਾ ਮਾਰਗ ਕਰਨ ਲਈ ਦਿਸ਼ਾਸੂਚਕ ਨਾ ਹੁੰਦਾ ਤਾਂ ਸਮੁੰਦਰੀ ਅਤੇ ਥਲੀ ਯਾਤਰਾਵਾਂ ਕਦੇ ਵੀ ਸੰਭਵ ਨਾ ਹੋ ਸਕਦੀਆਂ। ਜਹਾਜ਼ ਚਾਲਕਾਂ, ਮਾਰਗ ਦਰਸ਼ਕਾਂ, ਜਹਾਜ਼ਰਾਨਾਂ ਅਤੇ ਹੋਰ ਅਨੇਕਾਂ ਪ੍ਰਕਾਰ ਦੇ ਵਿਅਕਤੀਆਂ ਨੂੰ ਦਿਸ਼ਾ ਸੂਚਕਾਂ ਦੀ ਜ਼ਰੂਰਤ ਪੈਂਦੀ ਹੈ। ਇਸ ਦਾ ਪ੍ਰਯੋਗ ਜਲੀ ਜਾਂ ਥਲੀ ਦੋਵੇਂ ਤਰ੍ਹਾਂ ਦੀ ਯਾਤਰਾ ਦੌਰਾਨ, ਕਿਸੇ ਵਸਤੂ ਦੀ ਦਿਸ਼ਾ ਅਤੇ ਸਥਿਤੀ ਦਾ ਪਤਾ ਲਗਾਉਣ ਅਤੇ ਹੋਰ ਅਨੇਕਾਂ ਤਰ੍ਹਾਂ ਦੇ ਕੰਮ ਲਈ ਕੀਤਾ ਜਾਂਦਾ ਹੈ।

ਇਹ ਪੱਕੀ ਤਰ੍ਹਾਂ ਨਾਲ ਨਹੀਂ ਕਿਹਾ ਜਾ ਸਕਦਾ ਕਿ ਸਭ ਤੋਂ ਪਹਿਲਾਂ ਇਸ ਦਾ ਪ੍ਰਯੋਗ ਕਿਸ ਨੇ ਕੀਤਾ ਸੀ। ਪੁਰਾਣੇ ਸਮਿਆਂ ਵਿਚ ਚੀਨੀਆਂ ਦੁਆਰਾ ਅਜਿਹੇ ਦਿਸ਼ਾਸੂਚਕਾਂ ਦੀ ਵਰਤੋਂ ਸਬੰਧੀ ਪ੍ਰਚਲਿਤ ਕਹਾਣੀ ਮਨਘੜਤ ਜਾਪਦੀ ਹੈ। ਇਹ ਕਿਹਾ ਜਾਂਦਾ ਹੈ ਕਿ 2634 ਈ. ਪੂ. ਵਿਚ ਚੀਨ ਦੇਸ਼ ਦੇ ਰਾਜਾ 'ਹਵਾਂਗ ਟੀ' ਦੇ ਰੱਥ ਉੱਤੇ ਦੱਖਣੀ ਦਿਸ਼ਾ ਬਾਰੇ ਦੱਸਣ ਵਾਲਾ ਇਕ ਦਿਸ਼ਾਸੂਚਕ ਲੱਗਾ ਹੋਇਆ ਸੀ। ਇਹ ਵੀ ਸੰਭਾਵਨਾ ਹੈ ਕਿ ਅਰਬ ਲੋਕਾਂ ਨੇ ਦਿਸ਼ਾ ਸੂਚਕਾਂ ਦੀ ਵਰਤੋਂ ਚੀਨੀਆਂ ਤੋਂ ਸਿੱਖੀ ਹੋਵੇ ਅਤੇ ਯੂਰਪ ਵਿਚ ਪ੍ਰਚਲਿਤ ਕੀਤੀ ਹੋਵੇ। ਯੂਰਪ ਦੇ ਸਾਹਿਤ ਵਿਚ ਸੰਨ 120 ਜਾਂ ਇਸ ਤੋਂ ਮਗਰੋਂ ਦਿਸ਼ਾਸੂਚਕ ਅਤੇ ਇਸ ਦੀ ਵਰਤੋਂ ਸਬੰਧੀ ਜਾਣਕਾਰੀ ਮਿਲਦੀ ਹੈ। ਸੰਨ 1400 ਤੋਂ ਮਗਰੋਂ ਇਸ ਯੰਤਰ ਦਾ ਉਪਯੋਗ ਕਿਸ਼ਤੀ ਚਾਲਨ ਤੇ ਜਹਾਜ਼ ਚਾਲਨ ਲਈ ਆਮ ਤੇ ਵਡੇ ਪੱਧਰ ਉੱਤੇ ਹੋਣ ਲਗ ਪਿਆ ਸੀ। ਕਿਸ਼ਤੀਆਂ ਉੱਤੇ ਲਗੇ ਹੋਏ ਦਿਸ਼ਾਸੂਚਕ ਬਹੁਤ ਹੀ ਬੇਢੱਬੇ ਜਿਹੇ ਹੁੰਦੇ ਸਨ। ਬਾਲਰੋ ਨੇ 1820 ਈ. ਵਿਚ ਚਾਰ ਪੰਜ ਸਮਾਂਤਰ ਚੁੰਬਕ ਵਾਲੇ ਇਕ ਕਾਰਡ ਦਾ ਨਿਯਮ ਬਣਾਇਆ। ਸਰ ਵਿਲਿਅਮ ਟਾਮਸਨ (ਲਾਰਡ ਕੈਲਵਿਨ) ਨੇ 1876 ਈ. ਵਿਚ ਖੁਸ਼ਕ ਕਾਰਡ ਦਿਸ਼ਾਸੂਚਕ ਦਾ ਨਿਰਮਾਣ ਕੀਤਾ। ਦ੍ਰਵ ਦਿਸ਼ਾਸੂਚਕ 1882 ਈ. ਵਿਚ ਬਣਾਇਆ ਗਿਆ। ਮੁੱਖ ਤੌਰ ਤੇ ਦਿਸ਼ਾਸੂਚਕ ਚਾਰ ਤਰ੍ਹਾਂ ਦੇ ਹੁੰਦੇ ਹਨ।

1. **ਚੁੰਬਕੀ ਦਿਸ਼ਾਸੂਚਕ**—ਦਿਸ਼ਾ ਦਰਸਾਉਣ ਲਈ ਇਸ ਦਾ ਨਿਰਦੇਸ਼ ਬਲ ਧਰਤੀ ਦੇ ਚੁੰਬਕੀ ਖੇਤਰ ਉੱਤੇ ਨਿਰਭਰ ਕਰਦਾ ਹੈ। ਇਸ ਦੇ ਸਾਧਾਰਨ ਰੂਪ ਵਿਚ ਇਕ ਚੁੰਬਕੀ ਸੂਈ ਲਗੀ ਹੁੰਦੀ ਹੈ ਜਿਹੜੀ ਇਕ ਟੇਕ ਦੁਆਲੇ ਸੰਤੁਲਿਤ ਤੇ ਸੁਤੰਤਰਤਾ ਪੂਰਵਕ ਘੁੰਮ ਸਕਦੀ ਹੈ। ਇਸ ਲਈ ਇਹ ਚੁੰਬਕੀ ਦਿਸ਼ਾ ਦਰਸਾਉਣ ਵਾਲਾ ਯੰਤਰ ਹੈ। ਇਸ ਵਿਚ ਦੋ ਤਰ੍ਹਾਂ ਦੀਆਂ ਤਰੁੱਟੀਆਂ ਪਾਈਆਂ ਜਾਂਦੀਆਂ ਹਨ : ਪਰਿਵਰਤਨ ਅਤੇ ਵਿਚਲਨ (ਵਿਸਥਾਰ ਲਈ ਵੇਖੋ ਚੁੰਬਕਤਾ; ਚੁੰਬਕੀ ਖੇਤਰ)।

ਚੁੰਬਕੀ ਦਿਸ਼ਾਸੂਚਕ ਕਈ ਤਰ੍ਹਾਂ ਦੇ ਹੁੰਦੇ ਹਨ : ਸਮੁੰਦਰੀ ਦਿਸ਼ਾਸੂਚਕ, ਦ੍ਰਵ-ਦਿਸ਼ਾਸੂਚਕ, ਟਾਮਸਨ ਦਿਸ਼ਾਸੂਚਕ, ਘੁੰਮਣ ਚੁੰਬਕੀ ਦਿਸ਼ਾ ਸੂਚਕ, ਭੂ-ਪ੍ਰੇਰਣ ਦਿਸ਼ਾਸੂਚਕ ਆਦਿ।

ਸਮੁੰਦਰੀ ਦਿਸ਼ਾਸੂਚਕ ਦੀ ਵਰਤੋਂ ਜਹਾਜ਼ਰਾਨੀ ਲਈ ਕੀਤੀ ਜਾਂਦੀ ਹੈ (ਵਿਸਥਾਰ ਲਈ ਵੇਖੋ ਜਹਾਜ਼ਰਾਨੀ)।

ਦ੍ਰਵ ਦਿਸ਼ਾਸੂਚਕ ਸੰਸਾਰ ਵਿਚ ਵਰਤਿਆ ਜਾਣ ਵਾਲਾ ਯੰਤਰ ਹੈ। ਇਸ ਵਿਚ ਚੁੰਬਕ ਨੂੰ ਨੀਲਮ ਦੀ ਟੋਪੀ ਉੱਤੇ ਆਸਾਨੀ ਨਾਲ ਘੁੰਮ ਸਕਣ ਦੀ ਅਵਸਥਾ ਵਿਚ ਜੜਿਆ ਹੋਇਆ ਹੁੰਦਾ ਹੈ। ਕਟੋਰਾ ਤੇਜ਼ਾਬੀ ਪਾਣੀ ਅਤੇ 35 ਪ੍ਰਤਿਸ਼ਤ ਅਲਕੋਹਲ ਦੇ ਮਿਸ਼ਰਣ ਨਾਲ ਭਰਿਆ ਹੁੰਦਾ ਹੈ। ਇਹ ਉਪਕਰਣ ਦ੍ਰਵ ਵਿਚ ਪੂਰਾ ਡੁੱਬ ਜਾਂਦਾ ਹੈ। ਨੀਲਮ ਉੱਤੇ ਰਗੜ ਘੱਟ ਤੋਂ ਘੱਟ ਹੁੰਦੀ ਹੈ ਤੇ ਚੁੰਬਕੀ ਸੂਈ ਅਵਮੰਦਿਤ ਡੋਲਨ ਕਰਨ ਲਗ ਜਾਂਦੀ ਹੈ ਜਿਸ ਦੇ ਫ਼ਲਸਰੂਪ ਦਿਸ਼ਾਸੂਚਕ ਸੁਤੰਤਰਤਾ ਪੂਰਵਕ ਤੇ ਸੰਤੁਲਿਤ ਰੂਪ ਵਿਚ ਘੁੰਮ ਸਕਦਾ ਹੈ।

ਟਾਮਸਨ ਦਿਸ਼ਾਸੂਚਕ ਅੰਗਰੇਜ਼ੀ ਵਪਾਰੀ ਬੇੜੇ ਵਿਚ ਲਗਿਆ ਹੁੰਦਾ ਹੈ। ਅਜਿਹੇ ਦਿਸ਼ਾਸੂਚਕ ਕੰਪਨ ਅਤੇ ਝਟਕਿਆਂ ਨਾਲ ਬਹੁਤ ਜ਼ਿਆਦਾ ਡੋਲਨ ਲਗ ਜਾਂਦੇ ਹਨ ਅਤੇ ਇਕ ਵਾਰੀ ਅਜਿਹਾ ਹੋਣ ਉਪਰੰਤ ਬਹੁਤ ਦੇਰ ਤਕ ਸੰਤੁਲਿਤ ਅਵਸਥਾ ਵਿਚ ਨਹੀਂ ਆਉਂਦੇ। ਇਸ ਲਈ ਦ੍ਰਵ ਦਿਸ਼ਾਸੂਚਕ ਇਨ੍ਹਾਂ ਦੇ ਨਿਸਬਤ ਵਧੇਰੇ ਉਪਯੋਗੀ ਹੁੰਦੇ ਹਨ।

ਘੁੰਮਣ ਚੁੰਬਕੀ ਦਿਸ਼ਾਸੂਚਕ ਇਕ ਵਿਸ਼ੇਸ਼ ਪ੍ਰਕਾਰ ਦਾ ਚੁੰਬਕੀ ਦਿਸ਼ਾਸੂਚਕ ਹੈ। ਇਸ ਵਿਚ ਅਵਰਤਨ ਤਰੁੱਟੀਆਂ ਨਹੀਂ ਹੁੰਦੀਆਂ। ਇਸੇ ਕਾਰਨ ਇਹ ਅਚਾਨਕ ਮੋੜਾਂ ਨੂੰ ਅਸਾਨੀ ਨਾਲ ਠੀਕ ਠੀਕ ਦਰਸਾ ਸਕਦਾ ਹੈ। ਇਸ ਵਿਚ ਇਕ ਸਵੈ-ਚਾਲਿਤ ਘੁੰਮਣ ਚੁੰਬਕੀ ਦਿਸ਼ਾਸੂਚਕ ਇਸ ਦੀ ਸੇਧ ਵਿਚ ਰੱਖਿਆ ਹੋਇਆ ਹੁੰਦਾ ਹੈ। ਇਸ ਤਰ੍ਹਾਂ ਘੁੰਮਣਸ਼ੀਲ ਦਿਸ਼ਾਸੂਚਕ ਅਤੇ ਚੁੰਬਕੀ ਦਿਸ਼ਾਸੂਚਕ ਇਕੋ ਹੀ ਯੰਤਰ ਵਿਚ ਫਿੱਟ ਕੀਤੇ ਹੋਏ ਹੁੰਦੇ ਹਨ।

ਭੂ-ਪ੍ਰੇਰਣ ਦਿਸ਼ਾਸੂਚਕ ਵੀ ਚੁੰਬਕੀ ਦਿਸ਼ਾਸੂਚਕ ਹੀ ਹੈ, ਜਿਸ ਦੀ ਕਾਰਜ ਵਿਧੀ ਧਰਤੀ ਦੇ ਚੁੰਬਕੀ ਖੇਤਰ ਦੁਆਰਾ ਪ੍ਰੇਰਿਤ ਬਿਜਲ ਵਾਹਕ ਬਲ ਦੇ ਮਾਪ ਉੱਤੇ ਅਧਾਰਿਤ ਹੈ। ਇਸ ਵਿਚ ਇਕ ਕੁੰਡਲੀ ਹੁੰਦੀ ਹੈ ਜਿਹੜੀ ਧੁਰੇ ਦੁਆਲੇ ਘੁੰਮਦੀ ਹੈ। ਇਸ ਦੀ ਮੁੱਖ ਤੌਰ ਤੇ ਵਰਤੋਂ ਹਵਾਈ ਜਹਾਜ਼ਾਂ ਵਿਚ ਕੀਤੀ ਜਾਂਦੀ ਹੈ (ਵਿਸਥਾਰ ਲਈ ਵੇਖੋ ਘੁੰਮਣਧੁਰਾਸਥਾਪੀ)। ਇਨ੍ਹਾਂ ਤੋਂ ਇਲਾਵਾ ਹੱਥ ਦਿਸ਼ਾਸੂਚਕ, ਪ੍ਰਿਜ਼ਮੀ ਕੰਪਾਸ, ਹਵਾਈ ਜਹਾਜ਼ ਦਿਸ਼ਾਸੂਚਕ, ਸਰਵੇ-ਕੰਪਾਸ, ਟੈਂਕ ਦਿਸ਼ਾ-ਸੂਚਕ ਆਦਿ ਸਾਰੇ ਚੁੰਬਕੀ ਦਿਸ਼ਾਸੂਚਕ ਦੇ ਹੀ ਰੂਪ ਹਨ।

2. **ਅਚੁੰਬਕੀ ਦਿਸ਼ਾਸੂਚਕ**—ਇਹ ਟਿੱਕੀ ਜਾਂ ਡਿਸਕ ਦੇ ਸਿੱਧਾਂਤ ਉੱਤੇ ਕੰਮ ਕਰਨ ਵਾਲਾ ਯੰਤਰ ਹੈ। ਇਸ ਦੀ ਵਰਤੋਂ ਸਮੁੰਦਰੀ ਬੇੜੇ ਦੇ ਜਹਾਜ਼ਾਂ ਵਿਚ ਕੀਤੀ ਜਾਂਦੀ ਹੈ। ਇਸ ਵਿਚ ਘੁੰਮਣਸ਼ੀਲ ਡਿਸਕ ਹੁੰਦੀ ਹੈ ਜਿਹੜੀ ਇਕ ਮਿੰਟ ਵਿਚ 8600 ਚੱਕਰ ਕਟਦੀ ਹੈ। ਇਸ ਦਾ ਕਾਰਜ ਸਿੱਧਾਂਤ ਧਰਤੀ ਦੀ ਘੁੰਮਣਗਤੀ ਉੱਤੇ ਆਧਾਰਿਤ ਹੈ। ਇਸ ਵਿਚ ਵਿਚਲਨ ਅਤੇ ਪਰਿਵਰਤਨ ਦੀਆਂ ਤਰੁੱਟੀਆਂ ਨਹੀਂ ਹੁੰਦੀਆਂ। ਇਹ ਹਮੇਸ਼ਾ ਉੱਤਰ ਦਿਸ਼ਾ ਨੂੰ ਦਰਸਾਉਂਦਾ ਹੈ। ਸਮੁੰਦਰੀ ਜਹਾਜ਼ਾਂ ਵਿਚ ਚੁੰਬਕੀ ਦਿਸ਼ਾਸੂਚਕਾਂ ਦੀ ਥਾਂ ਇਸ ਦਾ ਪ੍ਰਯੋਗ ਵਧੇਰੇ ਕੀਤਾ ਜਾਂਦਾ ਹੈ।

3. **ਰੇਡੀਉ ਦਿਸ਼ਾਸੂਚਕ**—ਇਹ ਵੀ ਅਚੁੰਬਕੀ ਦਿਸ਼ਾਸੂਚਕ ਹੀ ਹੈ। ਇਸ ਨੂੰ ਜਿਸ ਰੇਡੀਉ ਸਟੇਸ਼ਨ ਨਾਲ ਜੋੜਿਆ ਹੁੰਦਾ ਹੈ ਉਸ ਦੇ ਲਿਹਾਜ਼ ਨਾਲ ਇਹ ਦਿਸ਼ਾ ਦੱਸਦਾ ਹੈ। ਇਸ ਦੀ ਬਣਤਰ ਲੂਪ ਏਰੀਆ ਵਰਗੀ ਹੁੰਦੀ ਹੈ ਜਿਹੋ-ਜਿਹੇ ਘਰਾਂ ਵਿਚ ਰੇਡੀਉ ਸੈੱਟਾਂ ਨਾਲ ਲੱਗੇ ਹੋਏ ਹੁੰਦੇ ਹਨ। ਇਨ੍ਹਾਂ ਦੀ ਸਹਾਇਤਾ ਨਾਲ ਅਨੇਕਾਂ ਮਨੁੱਖੀ ਜਾਨਾਂ ਬਚਾਈਆਂ ਗਈਆਂ ਹਨ।

4. **ਸੂਰਜੀ ਜਾਂ ਤਾਰਾ ਦਿਸ਼ਾਸੂਚਕ**—ਇਹ ਸੂਰਜ ਦੀ ਸਹਾਇਤਾ ਨਾਲ ਸਹੀ ਦਿਸ਼ਾ ਦਾ ਪਤਾ ਲਗਾਉਣ ਵਾਲਾ ਯੰਤਰ ਹੈ। ਇਨ੍ਹਾਂ ਦਾ ਉਪਯੋਗ ਵਧੇਰੇ ਕਰਕੇ ਧ੍ਰੁਵੀ ਉਡਾਨਾਂ ਦੌਰਾਨ ਕੀਤਾ ਜਾਂਦਾ ਹੈ। ਇਸ ਹਾਲਤ ਵਿਚ ਪਰਿਵਰਤਨ ਅਤੇ ਵਿਚਲਨ ਤਰੁੱਟੀਆਂ ਕਾਰਨ ਚੁੰਬਕੀ ਦਿਸ਼ਾਸੂਚਕਾਂ ਦਾ ਇਸਤੇਮਾਲ ਬਹੁਤ ਹੀ ਕਠਿਨ ਹੈ।

ਹ.ਪੁ.—ਹਿੰ. ਵਿ. ਕੋ. 6:47

ਦਿਸਾਂਗ : ਭਾਰਤ ਦੇ ਆਸਾਮ ਰਾਜ ਵਿਚ ਵਗਣ ਵਾਲਾ ਇਹ ਇਕ ਦਰਿਆ ਹੈ ਜਿਹੜਾ ਕਿ ਨਾਗਾ ਕਬੀਲਿਆਂ ਦੁਆਰਾ ਆਬਾਦ ਪਹਾੜੀਆਂ ਵਿਚੋਂ ਨਿਕਲਦਾ ਹੈ ਅਤੇ ਸਿਬਸਾਗਰ ਜ਼ਿਲ੍ਹੇ ਵਿਚੋਂ ਦੀ ਪੂਰਬ ਤੋਂ ਪੱਛਮ ਵੱਲ ਨੂੰ ਵਗਦਾ ਹੋਇਆ ਸਿਬਸਾਗਰ ਸ਼ਹਿਰ ਤੋਂ 13 ਕਿ.ਮੀ. (8 ਮੀਲ) ਉੱਤਰ-ਪੱਛਮ ਵੱਲ ਬ੍ਰਹਮਪੁਤਰ ਦਰਿਆ ਵਿਚ ਜਾ ਡਿਗਦਾ ਹੈ। ਇਹ ਲਗਭਗ 225 ਕਿ.ਮੀ. (140 ਮੀਲ) ਲੰਬਾ ਦਰਿਆ ਹੈ। ਇਸ ਦੇ ਸੱਜੇ ਕੰਢੇ ਵੱਲ ਦਿਮਾਓ ਅਤੇ ਦਿਰੋਈ ਅਤੇ ਖੱਬੇ ਕੰਢੇ ਵੱਲ ਟਾਓਕਾੱਕ ਅਤੇ ਸਫਰਾਈ ਮੁੱਖ ਸਹਾਇਕ ਨਦੀਆਂ ਹਨ। ਬਰਸਾਤ ਦੇ ਮੌਸਮ ਵਿਚ ਮੋਹਮਾਰਾਘਾਟ ਤਕ ਕਿਸ਼ਤੀਆਂ ਚਲਦੀਆਂ ਹਨ ਅਤੇ ਮੋਹਮਾਰਾਘਾਟ ਵਿਖੇ ਹੀ ਚਾਹ ਦੀ ਢੋਆ ਢੁਆਈ ਦਾ ਕੰਮ ਫੀਡਰ ਸਟੀਮਰਾਂ ਤੋਂ ਲਿਆ ਜਾਂਦਾ ਹੈ। ਆਪਣੇ ਅੰਤਿਮ ਪੜਾਅ ਵਿਚ ਇਹ ਦਰਿਆ ਵਾਹੀਯੋਗ ਭੂਮੀ ਵਿਚੋਂ ਦੀ ਲੰਘਦਾ ਹੈ ਜਿਥੇ ਇਸ ਦਾ ਹੜ੍ਹਾਂ ਕਾਰਨ ਕਾਫ਼ੀ ਨੁਕਸਾਨ ਹੋ ਜਾਂਦਾ ਹੈ। ਇਸ ਦੇ ਖੱਬੇ ਕੰਢੇ ਤੇ ਪਾਣੀ ਰੋਕਣ ਲਈ ਇਕ ਬੰਨ੍ਹ ਬਣਾਇਆ ਗਿਆ ਸੀ। ਇਸ ਉਪਰ ਨਾਮਰੂਪ ਰੇਲਵੇ ਸਟੇਸ਼ਨ ਦੇ ਨੇੜੇ ਆਸਾਮ-ਬੰਗਾਲ ਰੇਲਵੇ ਲਾਈਨ ਲਈ ਇਕ ਪੁਲ ਬਣਾਇਆ ਗਿਆ ਹੈ।

ਹ.ਪੁ.—ਇੰਪ. ਗ. ਇੰਡ. 11 : 361

ਦਿਹਿੰਗ, ਨੋਆ : ਭਾਰਤ ਵਿਚ ਆਸਾਮ ਰਾਜ ਵਿਚ ਵਹਿਣ ਵਾਲਾ ਇਹ ਇਕ ਦਰਿਆ ਹੈ ਜਿਹੜਾ ਕਿ ਸਿੰਘਫੋ ਪਹਾੜਾਂ ਵਿਚੋਂ ਨਿਕਲਦਾ ਹੈ। ਪਹਿਲਾਂ ਇਹ ਪੱਛਮ ਵੱਲ ਨੂੰ ਅਤੇ ਮਗਰੋਂ ਉੱਤਰ ਵੱਲ ਨੂੰ ਵਹਿੰਦਾ ਹੋਇਆ ਲਖਮਪੁਰ ਜ਼ਿਲ੍ਹੇ ਦੇ ਸੱਦਿਆ ਦੇ ਪੂਰਬ ਦਰਿਆ ਵੱਲ ਬ੍ਰਹਮਪੁਤਰ ਵਿਚ ਜਾ ਡਿਗਦਾ ਹੈ। ਬਹੁਤਾ ਕਰ ਕੇ ਇਹ ਦਰਿਆ ਜੰਗਲਾਂ ਵਿਚੋਂ ਦੀ ਹੀ ਲੰਘਦਾ ਹੈ ਅਤੇ ਇਸ ਦੇ ਕੰਢਿਆਂ ਉੱਤੇ ਕਈ ਪਿੰਡ ਵੀ ਵਸੇ ਹੋਏ ਹੈ। ਇਹ ਦਰਿਆ ਕਿਸ਼ਤੀਆਂ ਰਾਹੀਂ ਆਵਾਜਾਈ ਲਈ ਵਰਤਿਆ ਜਾਂਦਾ ਹੈ।

ਹ.ਪੁ.—ਇੰਪ. ਗ. ਇੰਡ. 11 : 346

ਦਿਹਿੰਗ ਬੂੜ੍ਹੀ : ਇਹ ਭਾਰਤ ਦੇ ਆਸਾਮ ਰਾਜ ਦਾ ਇਕ ਦਰਿਆ ਹੈ ਜਿਹੜਾ ਕਿ ਪਾਟਕੀ ਲੜੀ ਵਿਚੋਂ ਨਿਕਲ ਕੇ ਲਖਮਪੁਰ ਜ਼ਿਲ੍ਹੇ ਵਿਚੋਂ ਦੀ ਪੱਛਮ ਵੱਲ ਨੂੰ ਵਹਿੰਦਾ ਹੋਇਆ ਲਗਭਗ 250 ਕਿ.ਮੀ. (150 ਮੀਲ) ਦਾ ਰਸਤਾ ਤੈਅ ਕਰਨ ਉਪਰੰਤ ਬ੍ਰਹਮਪੁੱਤਰ ਦਰਿਆ ਵਿਚ ਜਾ ਡਿਗਦਾ ਹੈ। ਸੱਜੇ ਕੰਢੇ ਵੱਲ ਡਿਗਬੋਈ, ਟਿਪਲਿੰਗ, ਟਿੰਗਰਾਇ ਤੇ ਸੇਸਾ ਅਤੇ ਖੱਬੇ ਕੰਢੇ ਤੇ ਤਿਰਾਪ ਅਤੇ ਨਾਮਸੰਗ ਇਸ ਦਰਿਆ ਦੀਆਂ ਮੁੱਖ ਸਹਾਇਕ ਨਦੀਆਂ ਹਨ।

ਪਹਾੜਾਂ ਨੂੰ ਛਡਣ ਉਪਰੰਤ ਇਹ ਦਰਿਆ ਜ਼ਿਲ੍ਹੇ ਦੀ ਦੱਖਣੀ ਸਰਹੱਦ ਦੇ ਨਾਲ-ਨਾਲ ਵਗਦਾ ਹੈ। ਮਗਰੋਂ ਇਹ ਦਰਿਆ ਆਸਾਮ ਪਰਬਤ ਲੜੀਆਂ ਦੇ ਬਾਹਰਲੇ ਪਹਾੜਾਂ ਵਿਚੋਂ ਵਿੰਗ-ਵਲੇਂਵੇਂ ਖਾਂਦਾ ਹੋਇਆ ਵਗਦਾ ਹੈ ਅਤੇ ਆਪਣੇ ਵਹਿਣ ਦੇ ਅੰਤਮ ਪੜਾਅ ਵਿਚ ਲਖਮਪੁਰ ਅਤੇ ਸਿਬਸਾਗਰ ਜ਼ਿਲ੍ਹਿਆਂ ਦਰਮਿਆਨ ਹੱਦਬੰਦੀ ਕਰਦਾ ਹੈ।

ਖੁਸ਼ਕ ਮੌਸਮ ਵਿਚ ਇਸ ਦਰਿਆ ਵਿਚ ਜੈਪੁਰ ਤਕ ਕਿਸ਼ਤੀਆਂ ਜਾਂਦੀਆਂ ਹਨ ਪਰ ਬਰਸਾਤ ਦੇ ਮੌਸਮ ਵਿਚ ਪਾਣੀ ਵਧੇਰੇ ਹੋਣ ਕਰ ਕੇ ਕਿਸ਼ਤੀਆਂ ਮਾਰਘਰੇਟਾ ਤਕ ਹੀ ਜਾਂਦੀਆਂ ਹਨ। ਸਾਲ ਦੇ ਇਸ ਮੌਸਮ ਵਿਚ ਕਦੇ-ਕਦਾਈਂ ਛੋਟੇ ਫੀਡਰ-ਸਟੀਮਰ ਵੀ ਆਲੇ-ਦੁਆਲੇ ਦੇ ਇਲਾਕਿਆਂ ਤੋਂ ਚਾਹ ਦੀ ਪੱਤੀ ਲੈ ਕੇ ਜੈਪੁਰ ਤਕ ਜਾਂਦੇ ਹਨ। ਜੈਪੁਰ ਤੋਂ ਹੇਠਲੇ ਇਲਾਕਿਆਂ ਵਿਚ ਇਸ ਦਰਿਆ ਵਿਚ ਆਏ ਹੜ੍ਹਾਂ ਨਾਲ ਨੁਕਸਾਨ ਵੀ ਹੁੰਦਾ ਹੈ। ਜਿਥੇ ਹੜ੍ਹਾਂ ਦੀ ਮਾਰ ਵਧੇਰੇ ਨਹੀਂ ਹੈ, ਉਥੇ ਇਸ ਦਾ ਪਾਣੀ ਜ਼ਮੀਨ ਨੂੰ ਜ਼ਰਖੇਜ਼ ਬਣਾਉਣ ਲਈ ਕਾਫ਼ੀ ਯੋਗਦਾਨ ਪਾਉਂਦਾ ਹੈ।

ਹ. ਪੁ.—ਇੰਪ. ਗ. ਇੰਡ. 11 : 345

ਦਿਖੋ : ਭਾਰਤ ਦੇ ਆਸਾਮ ਰਾਜ ਦਾ ਇਕ ਦਰਿਆ ਹੈ ਜਿਹੜਾ ਕਿ ਨਾਗਾ ਕਬੀਲਿਆਂ ਦੁਆਰਾ ਵੱਸੇ ਹੋਏ ਪਹਾੜਾਂ ਵਿਚੋਂ ਨਿਕਲਦਾ ਹੈ ਅਤੇ ਸਿਬਸਾਗਰ ਜ਼ਿਲ੍ਹੇ ਦੇ ਵਿਚੋਂ ਦੀ ਉੱਤਰ ਅਤੇ ਪੱਛਮ ਰੁੱਖ ਵਹਿੰਦਾ ਹੋਇਆ ਬ੍ਰਹਮਪੁੱਤਰ ਦਰਿਆ ਵਿਚ ਜਾ ਡਿਗਦਾ ਹੈ। ਦਰਿਆ ਦੀ ਲੰਬਾਈ ਲਗਭਗ 200 ਕਿ.ਮੀ. (120 ਮੀਲ) ਹੈ। ਸਿਬਸਾਗਰ ਅਤੇ ਨਜ਼ੀਰਾ ਇਸ ਦੇ ਕੰਢੇ ਉੱਤੇ ਆਬਾਦ ਦੋ ਉੱਘੇ ਨਗਰ ਹਨ। ਬਰਸਾਤ ਦੇ ਮੌਸਮ ਵਿਚ ਕਿਸ਼ਤੀਆਂ ਬਿਹੁਬਰ ਤਕ ਅਤੇ ਸਰਦੀਆਂ ਦੇ ਮੌਸਮ ਵਿਚ ਨਜ਼ੀਰਾ ਤਕ ਜਾਂਦੀਆਂ ਹਨ। ਆਸਾਮ-ਬੰਗਾਲ ਰੇਲਵੇ ਦੇ ਨਿਰਮਾਣ ਤੋਂ ਪਹਿਲਾਂ ਇਸ ਦਰਿਆ ਦੀ ਆਸਾਮ ਲਈ ਵਪਾਰਕ ਪੱਖੋਂ ਬੜੀ ਮਹੱਤਤਾ ਸੀ।

ਹ.ਪੁ.—ਇੰਪ. ਗ. ਇੰਡ. 11 : 346

ਦਿਗਪਾਲ : ਪੁਰਾਣਾਂ ਅਨੁਸਾਰ ਦਸ ਦਿਸ਼ਾਵਾਂ ਦਾ ਪਾਲਣ ਕਰਨ ਵਾਲੇ ਦੇਵਤਿਆਂ ਜਿਨ੍ਹਾਂ ਦੀ ਗਿਣਤੀ ਦਸ ਮੰਨੀ ਗਈ ਹੈ, ਨੂੰ ਦਿਗਪਾਲ ਕਿਹਾ ਜਾਂਦਾ ਹੈ। ਵਾਰਾਹ ਪੁਰਾਣ ਵਿਚ ਇਨ੍ਹਾਂ ਦੀ ਉਤਪਤੀ ਦੀ ਕਥਾ ਬਾਰੇ ਲਿਖਿਆ ਹੈ ਕਿ ਜਿਸ ਸਮੇਂ ਬ੍ਰਹਮਾ ਜੀ ਸ੍ਰਿਸ਼ਟੀ ਰਚਣ ਦੇ ਵਿਚਾਰ ਕਾਰਨ ਚਿੰਤਨ ਵਿਚ ਮਗਨ ਸਨ ਉਸ ਸਮੇਂ ਉਨ੍ਹਾਂ ਦੇ ਕੰਨ ਤੋਂ ਦਸ ਲੜਕੀਆਂ ਪੂਰਵਾ, ਅਗਨੀ, ਦੱਖਣੀ, ਨੈਰਤੀ, ਪੱਛਮੀ, ਵਾਇਵੀ, ਉੱਤਰੀ, ਏਸ਼ਾਨੀ, ਉਦਧਵ ਅਤੇ ਅਧਸ ਪੈਦਾ ਹੋਈਆਂ ਜਿਨ੍ਹਾਂ ਵਿਚੋਂ 6 ਮੁੱਖ ਅਤੇ 4 ਗੌਣ ਸਨ। ਇਨ੍ਹਾਂ ਨੇ ਬ੍ਰਹਮਾ ਜੀ ਨੂੰ ਨਮਸਕਾਰ ਕਰ ਕੇ ਆਪਣੇ ਰਹਿਣ ਲਈ ਥਾਂ ਅਤੇ ਯੋਗ ਪਤੀ ਪ੍ਰਾਪਤ ਕਰਨ ਲਈ ਬੇਨਤੀ ਕੀਤੀ। ਬ੍ਰਹਮਾ ਜੀ ਨੇ ਕਿਹਾ ਕਿ ਉਨ੍ਹਾਂ ਨੂੰ ਜਿਸ ਪਾਸੇ ਜਾਣ ਦੀ ਇੱਛਾ ਹੋਵੇ, ਜਾ ਸਕਦੀਆਂ ਹਨ ਅਤੇ ਉਨ੍ਹਾਂ ਨੂੰ ਉਹ ਸਥਾਨ ਪ੍ਰਾਪਤ ਹੋ ਜਾਵੇਗਾ ਅਤੇ ਜਲਦੀ ਹੀ ਉਨ੍ਹਾਂ ਨੂੰ ਉਨ੍ਹਾਂ ਦੀ ਪਸੰਦ ਦਾ ਪਤੀ ਵੀ ਪ੍ਰਾਪਤ ਹੋ ਜਾਵੇਗਾ। ਇਸ ਅਨੁਸਾਰ ਲੜਕੀਆਂ ਇਕ ਇਕ ਦਿਸ਼ਾ ਵੱਲ ਚਲ ਪਈਆਂ ਇਸ ਤੋਂ ਬਾਅਦ ਬ੍ਰਹਮਾ ਜੀ ਨੇ ਅੱਠ ਦਿਗਪਾਲਾਂ ਦੀ ਸਿਰਜਣਾ ਕੀਤੀ ਅਤੇ ਆਪਣੀਆਂ ਲੜਕੀਆਂ ਨੂੰ ਬੁਲਾ ਕੇ ਹਰ ਇਕ ਲੋਕਪਾਲ ਨੂੰ ਇਕ ਇਕ ਲੜਕੀ ਦੇ ਦਿੱਤੀ ਅਤੇ ਉਹ ਇਨ੍ਹਾਂ ਨੂੰ ਲੈ ਕੇ ਆਪਣੀ ਆਪਣੀ ਦਿਸ਼ਾ ਵੱਲ ਚਲੇ ਗਏ।

ਪੁਰਾਣਾਂ ਅਨੁਸਾਰ ਦਸ ਦਿਸ਼ਾਵਾਂ ਦੇ ਪਾਲਕ ਦਸ ਦੇਵਤਿਆਂ ਵਿਚ ਇੰਦਰ ਪੂਰਬ ਦਿਸ਼ਾ ਦਾ ਪਾਲਕ, ਅਗਨੀ ਅਗਨੀਕੋਟਿ ਦਾ; ਯਮ ਦੱਖਣ ਦਾ; ਨੇਰਿਤ ਨੈਰਿਤ ਕੋਣ ਦਾ; ਵਰੁਣ ਪੱਛਮ ਦਾ; ਵਾਯੂ

ਵਾਯਵੀ ਕੋਣ ਦਾ; ਕੁਬੇਰ ਉੱਤਰ ਦਾ; ਸ਼ਿਵ ਈਸ਼ਾਨ ਦਾ; ਬ੍ਰਹਮਾ ਉਪਰ ਆਕਾਸ਼ ਵੱਲ ਦੀ ਦਿਸ਼ਾ ਦਾ ਅਤੇ ਸ਼ੇਸ਼ਨਾਗ ਹੇਠ ਪਾਤਾਲ ਦੀ ਦਿਸ਼ਾ ਦਾ ਦੇਵਤਾ ਹੈ। ਇਹ ਦੇਵਤੇ ਆਪੋ ਆਪਣੀ ਦਿਸ਼ਾ ਦੀ ਰਾਖੀ ਕਰਦੇ ਹਨ।

ਹ.ਪੁ.-ਹਿੰ.ਸ਼.ਸਾ. 5 : 2270; ਹਿੰ. ਵਿ. ਕੋ. 6 : 47; ਮ. ਕੋ. : 473; ਪੰ. ਲੋ. ਵਿ. ਕੋ. 6 : 1550

ਦਿਗੰਬਰ : ਇਹ ਜੈਨ ਮੱਤ ਦੀ ਇਕ ਸ਼ਾਖਾ ਹੈ ਜਿਸ ਦੇ ਸਾਧਕ ਦਿਸ਼ਾਵਾਂ ਨੂੰ ਹੀ ਆਪਣੇ ਬਸਤਰ ਸਮਝਦੇ ਹਨ। ਇਸ ਲਈ ਇਹ ਨੰਗੇ ਹੀ ਰਹਿੰਦੇ ਹਨ ਪਰ ਇਹ ਨਾਂਗੇ ਸਾਧਾਂ ਤੋਂ ਵੱਖਰੇ ਹਨ। ਪਹਿਲੀ ਸਦੀ ਦੇ ਲਾਗੇ ਜੈਨ ਮਤ ਦੋ ਸ਼ਾਖਾਵਾਂ ਵਿਚ ਵੰਡਿਆ ਗਿਆ ਇਕ ਦਿਗੰਬਰ ਅਤੇ ਦੂਜਾ ਸ੍ਵੇਤਾਂਬਰ। ਸਿਧਾਂਤਕ ਪੱਖ ਤੋ ਇਹ ਦੋਵੇਂ ਸ਼ਾਖਾਵਾਂ ਇਕੋ ਜਿਹੀਆਂ ਹੀ ਸਨ ਅਤੇ ਬੁਨਿਆਦੀ ਤੌਰ ਤੇ ਇਨ੍ਹਾਂ ਵਿਚ ਕੋਈ ਫ਼ਰਕ ਨਹੀਂ ਸੀ ਪਰ ਵਿਵਹਾਰਿਕ ਦ੍ਰਿਸ਼ਟੀ ਤੋਂ ਤਿਆਗ ਅਤੇ ਵੈਰਾਗ ਦੀ ਪਾਲਣਾ ਕਰਨ ਹਿਤ ਦਿਗੰਬਰ ਬਹੁਤ ਕਠੋਰ ਸਨ ਜਦੋਂ ਕਿ ਦੂਜੇ ਪਾਸੇ ਸ੍ਵੇਤਾਂਬਰ ਉਦਾਰ ਅਤੇ ਸਹਿਜ-ਭਾਵੀ ਸਨ। ਸ੍ਵੇਤਾਂਬਰ ਸਾਧਕ ਬਸਤਰ ਧਾਰਨ ਕਰਨ ਦੇ ਪੱਖ ਵਿਚ ਹਨ ਅਤੇ ਭਿਖਿਆ ਦੁਆਰਾ ਆਪਣਾ ਜੀਵਨ ਨਿਰਬਾਹ ਕਰਦੇ ਹਨ। ਇਹ ਇਸਤਰੀਆਂ ਦੀ ਮੁਕਤੀ ਵਿਚ ਵੀ ਵਿਸ਼ਵਾਸ ਰੱਖਦੇ ਹਨ ਪਰ ਦਿਗੰਬਰ ਸਾਧਕ ਨੂੰ ਕਿਸੇ ਵੀ ਦੁਨਿਆਵੀ ਵਸਤੂ ਪ੍ਰਤੀ ਮੋਹ ਨਾ ਰਖਣ ਦੀ ਸਖ਼ਤ ਚੇਤਾਵਨੀ ਦਿੰਦੇ ਹਨ ਅਤੇ ਬਸਤਰ ਤਕ ਧਾਰਣ ਕਰਨ ਦੀ ਆਗਿਆ ਨਹੀਂ ਦਿੰਦੇ ਕਿਉਂਕਿ ਦੁਨਿਆਵੀ ਵਸਤੂਆਂ ਦਾ ਮੋਹ ਅਤੇ ਪਿਆਰ ਮੁਕਤੀ ਦੇ ਰਾਹ ਵਿਚ ਰੁਕਾਵਟਾਂ ਖੜੀਆਂ ਕਰਦੇ ਹਨ। ਇਸੇ ਲਈ ਇਹ ਲੋਕ ਇਸਤਰੀਆਂ ਦੀ ਮੁਕਤੀ ਵਿਚ ਵਿਸ਼ਵਾਸ ਨਹੀਂ ਰੱਖਦੇ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਦਿਗੰਬਰ ਸਾਧਕ ਦਾ ਹਵਾਲਾ ਦਿੱਤਾ ਹੈ-

"ਬਸਤ੍ਰ ਉਤਾਰਿ ਦਿਗੰਬਰ ਹੋਗੁ॥
ਜਟਾਧਾਰਿ ਕਿਆ ਕਮਾਵੈ ਜੋਗੁ॥"

ਆਦਿ ਗ੍ਰੰਥ ਪੰ. 1169

ਹ.ਪੁ.—ਮ.ਕੋ.; ਪੰ.ਸੰਦ.ਕੋ.

ਦਿਗਾਸ, ਈਲਰ ਜ਼ੁਰਮਾਂ ਐਡਗਰ : ਇਸ ਫ਼ਰਾਂਸੀਸੀ ਚਿੱਤਰਕਾਰ, ਨੱਕਾਸ਼ ਤੇ ਮੂਰਤੀਕਾਰ ਦਾ ਜਨਮ 19 ਜੁਲਾਈ, 1834 ਈ. ਨੂੰ ਪੈਰਿਸ ਵਿਖੇ ਹੋਇਆ। ਇਹ 19ਵੀਂ ਸਦੀ ਦੇ ਫ਼ਰਾਂਸੀਸੀ ਕਲਾਕਾਰਾਂ ਵਿਚੋਂ ਇਕ ਉੱਘਾ ਕਲਾਕਾਰ ਸੀ।



ਈਲਰ ਜ਼ੁਰਮਾਂ ਐਡਗਰ ਦਿਗਾਸ

ਇਸ ਨੇ ਲਾਅ ਸਕੂਲ ਵਿਚ ਪ੍ਰਵੇਸ਼ ਕੀਤਾ ਪਰ ਲੂਈ ਲਾਮੋਛ (Louis Lamotha) ਤੋਂ ਚਿੱਤਰਕਾਰੀ ਸਿਖਣ ਲਈ ਛੇਤੀ ਹੀ ਉਥੋਂ ਹਟ ਗਿਆ। ਬਾਅਦ ਵਿਚ ਇਹ ਇਟਲੀ ਚਲਾ ਗਿਆ ਅਤੇ ਉਥੇ ਇਸ ਨੇ ਪੁਰਾਣੇ ਕਲਾਕਾਰਾਂ ਦੇ ਚਿੱਤਰਾਂ ਦੇ ਆਧਾਰ ਤੇ ਕਈ ਚਿੱਤਰ ਬਣਾਏ। ਸ਼ੁਰੂ ਵਿਚ ਇਸ ਦੇ ਵਿਸ਼ੇ ਇਤਿਹਾਸਕ ਹੁੰਦੇ ਸਨ ਅਤੇ ਉਨ੍ਹਾਂ ਵਿਸ਼ਿਆਂ ਲਈ ਇਹ ਇਟਲੀ ਅਤੇ ਸਪੇਨ ਆਦਿ ਗਿਆ। ਸੰਨ 1872 ਵਿਚ ਇਹ ਨਿਊ ਔਰਲੀਆ ਗਿਆ। ਕਈ ਮਿੱਤਰਾਂ ਦੇ ਪ੍ਰਭਾਵ ਅਧੀਨ ਇਹ ਪੋਰਟ੍ਰੇਟ ਬਣਾਉਂਦਾ ਰਿਹਾ। ਫਿਰ ਇਹ ਪ੍ਰਭਾਵਵਾਦੀਆਂ ਦੇ ਅਸਰ ਅਧੀਨ ਆ ਗਿਆ ਅਤੇ 1874 ਤੋਂ 1886 ਤਕ ਇਹ ਉਨ੍ਹਾਂ ਨਾਲ ਮਿਲ ਕੇ ਪ੍ਰਦਰਸ਼ਨੀਆਂ ਲਾਉਂਦਾ ਰਿਹਾ।

ਹੌਲੀ ਹੌਲੀ ਇਸ ਦੀ ਨਜ਼ਰ ਘਟਣ ਲੱਗੀ ਪਰ ਤਾਂ ਵੀ ਇਹ ਨਵੀਆਂ ਨਵੀਆਂ ਤਕਨੀਕਾਂ ਕੱਢ ਕੇ ਮੂਰਤੀਆਂ ਬਣਾਉਂਦਾ।

ਸੰਨ 1880 ਤੋਂ ਬਾਅਦ ਇਸ ਨੇ ਕਾਂਸ਼ੀ ਦੀਆਂ ਮੂਰਤੀਆਂ ਵੀ ਬਣਾਉਣੀਆਂ ਸ਼ੁਰੂ ਕੀਤੀਆਂ ਜਿਵੇਂ ਨਰਤਕੀਆਂ, ਨਹਾਉਂਦੀਆਂ ਹੋਈਆਂ ਔਰਤਾਂ, ਘੋੜੇ ਆਦਿ। ਇਸ ਨੂੰ ਫੋਟੋਗ੍ਰਾਫ਼ੀ ਵਿਚ ਵੀ ਰੁਚੀ ਸੀ। ਆਪਣੀ ਉਮਰ ਦੇ ਆਖ਼ਰੀ 30 ਸਾਲ ਇਸ ਨੇ ਇਕਾਂਤ ਵਿਚ ਬਿਤਾਏ। ਇਸਦੇ ਲਿਖੇ ਰੇਖਾ-ਚਿੱਤਰਾਂ ਅਤੇ ਚਿੱਤਰਾਂ ਦਾ ਪ੍ਰਸਿੱਧ ਭੰਡਾਰ ਅਤੇ ਕਵਿਤਾਵਾਂ ਦੀ ਇਕ ਕਾਪੀ ਜਿਨ੍ਹਾਂ ਵਿਚੋਂ ਜ਼ਿਆਦਾ ਸਰੋਦੀ ਕਵਿਤਾਵਾਂ ਦੇ ਰੂਪ ਵਿਚ ਸਨ, ਛਡ ਗਿਆ। ਲਗਭਗ ਸੰਸਾਰ ਦੇ ਹਰ ਪ੍ਰਮੁੱਖ ਅਜਾਇਬ ਘਰ ਵਿਚ ਇਸ ਦੇ ਚਿੱਤਰ ਮੌਜੂਦ ਹਨ। ਦਿਗਾਸ ਦੇ ਪ੍ਰਮੁੱਖ ਚਿੱਤਰਾਂ ਵਿਚ 'ਸੈਲਫ਼ ਪੋਰਟ੍ਰੇਟ (ਲ. 1862), 'ਪੋਰਟ੍ਰੇਟ ਆੱਫ ਏ ਯੰਗ ਵੁਮਨ' (1867), 'ਦੀ ਫਾਲਸ ਸਟਾਰਟ' (1869-72), 'ਕੈਰਿਜ ਐਟ ਦੀ ਰੇਸਿਜ਼ (1870-73) 'ਦੀ ਡਾਂਸਿੰਗ ਕਲਾਸ '(1872), 'ਵੁਮਨ ਕੋਮਿੰਗ ਦੇਅਰ ਹੇਅਰ (1875-76), 'ਬੈਲੇ ਸੀਨ (1907), 'ਵੁਮਨ ਡ੍ਰਾਈਇੰਗ ਹਰ ਫ਼ੁੱਟ' (ਲ. 1866), 'ਦੀ ਰੀਹਰਸਲ ਔਨ ਦੀ ਸਟੇਜ '(1878-79), 'ਬੈਲੇ ਐਟ ਦੀ ਓਪੇਰਾ,' (1878-80), 'ਬਲੂ ਡਾਂਸਰ (ਲ. 1883), 'ਦੀ ਡਾਂਸਰਜ਼' (1899) ਆਦਿ ਸ਼ਾਮਲ ਹਨ। ਇਸ ਦੇ ਬਣਾਏ ਹੋਏ ਦੋ ਪ੍ਰਸਿੱਧ ਬੁੱਤ 'ਏ ਡਾਂਸਰ ਐਟ ਏਜ ਆਫ਼ ਫ਼ੋਰਟੀਨ' (1880) ਅਤੇ 'ਡਾਂਸਰ ਲੁਕਿੰਗ ਐਟ ਦੀ ਸੋਲ ਆਫ਼ ਹਰ ਫ਼ੁੱਟ' (ਲ. 1900) ਨਿਊਯਾਰਕ ਦੇ ਮੈਟਰੋਪਾਲਿਟਨ ਅਜਾਇਬ ਘਰ ਵਿਚ ਪਏ ਹਨ।

27 ਸਤੰਬਰ, 1917 ਈ. ਨੂੰ ਪੈਰਿਸ ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ.—ਕੋਲ. ਐਨ.6:149; ਐਨ.ਅਮੈ. 8:633; ਐਨ.ਬ੍ਰਿ.ਮੈ. 5:558

ਡਿੰਡੀਗੁਲ : ਇਹ ਦੱਖਣੀ ਭਾਰਤ ਦੇ ਤਾਮਿਲਨਾਡੂ ਰਾਜ ਦੇ ਡਿੰਡੀਗੁਲ ਅੰਨਾ ਜ਼ਿਲ੍ਹੇ ਦਾ ਇਕ ਸ਼ਹਿਰ ਹੈ ਜੋ ਸਮੁੰਦਰ ਸਤਹ ਤੋਂ ਲਗਭਗ 265 ਮੀ. ਦੀ ਉਚਾਈ ਤੇ ਪਾਲਨੀ ਅਤੇ ਸਿਰੁਮਲਾਈ ਪਹਾੜੀਆਂ ਵਿਚਕਾਰ ਸਥਿਤ ਹੈ। ਇਥੋਂ ਦਾ ਜਲਵਾਯੂ ਗਰਮ ਖੁਸ਼ਕ ਪਰ ਸਿਹਤ ਅਫਜ਼ਾ ਹੈ। ਇਹ ਸੜਕੀ ਢੋ-ਢੁਆਈ ਦਾ ਵੀ ਕੇਂਦਰ ਹੈ। ਇਸ ਸ਼ਹਿਰ ਵਿਚ ਸਮੁੰਦਰ ਸਤਹ ਤੋਂ ਲਗਭਗ 310 ਮੀ. ਦੀ ਉਚਾਈ ਤੇ ਵਿਜੈਨਗਰ ਰਾਜ-ਕਾਲ ਸਮੇਂ (1336-1565 ਈ.) ਇਕ ਕਿਲਾ ਬਣਾਇਆ ਜਿਸ ਨੂੰ ਸਤਾਰ੍ਹਵੀਂ ਸਦੀ ਤੋਂ ਲੈ ਕੇ ਉਨ੍ਹੀਵੀਂ ਸਦੀ ਵਿਚਕਾਰ ਹਿੰਦੂਆਂ, ਮੁਸਲਮਾਨਾਂ ਅਤੇ ਅੰਗਰੇਜ਼ਾਂ ਦੀਆਂ ਜੰਗਾਂ ਸਮੇਂ ਵਰਤਿਆ ਗਿਆ ਸੀ। ਇਥੇ ਰੂੰ ਕੱਤਣ ਅਤੇ ਕੱਪੜਾ ਬੁਨਣ ਦੇ ਵੱਡੇ ਉਦਯੋਗ ਸਥਾਪਿਤ ਹਨ। ਇਸ ਤੋਂ ਇਲਾਵਾ ਇਥੇ ਰੇਸ਼ਮ ਦੀ


ਬੁਣਾਈ, ਗਹਿਣੇ ਅਤੇ ਸ਼ਿਗਾਰ ਦੀਆਂ ਚੀਜਾਂ ਬਣਾਉਣ ਦੇ ਛੋਟੇ-ਛੋਟੇ ਉਦਯੋਗ ਵੀ ਹਨ। ਸ਼ਹਿਰ ਤੋਂ 11 ਕਿ.ਮੀ. (7 ਮੀਲ) ਦੱਖਣ ਵੱਲ ਗਾਂਧੀ ਗਰਾਮ ਵਿਖੇ ਇਕ ਆਸ਼ਰਮ ਅਤੇ ਇਕ ਦੇਹਾਤੀ ਸਿਹਤ ਅਤੇ ਟੀਚਰਜ਼ ਕਾਲਜ ਹੈ। ਮਦੁਰਾਈ ਯੂਨੀਵਰਸਿਟੀ ਨਾਲ ਸਬੰਧਤ ਇਥੇ ਦੋ ਲਿਬਰਲ ਆਰਟਸ ਕਾਲਜ ਵੀ ਹਨ।

ਆਬਾਦੀ—1,82,477 (1991)

10°21′ ਉ. ਵਿਥ.; 77°58′ ਪੂ. ਲੰਬ.

ਹ. ਪੁ.—ਹਿੰ. ਵਿ.ਕੋ. 6 : 44; ਐਨ. ਬ੍ਰਿ. ਮਾ. 3 : 552

ਦਿੱਤ ਸਿੰਘ, ਗਿਆਨੀ : ਪੰਜਾਬ ਦੇ ਇਸ ਸੁਪ੍ਰਸਿੱਧ ਸਿੱਖ ਵਿਦਵਾਨ, ਕਵੀ ਅਤੇ ਪੱਤਰਕਾਰ ਦਾ ਜਨਮ 21 ਅਪ੍ਰੈਲ, 1853 ਵਿਚ ਪੰਜਾਬ ਰਾਜ ਦੇ ਪਟਿਆਲਾ ਜ਼ਿਲ੍ਹੇ ਦੇ ਪਿੰਡ ਕਲੌੜ ਵਿਖੇ ਹੋਇਆ। ਚਮਕੌਰ ਸਾਹਿਬ ਦੇ ਨੇੜੇ ਝੱਲੀਆਂ ਇਸ ਦਾ ਜੱਦੀ ਪਿੰਡ ਸੀ ਪਰ ਇਸ ਦੇ ਪਿਤਾ ਸ੍ਰ. ਦੀਵਾਨ ਸਿੰਘ ਆਪਣੀ ਪਤਨੀ ਦੇ ਪਿੰਡ ਕਲੌੜ ਵਿਖੇ ਰਹਿਣ ਲਗ ਪਏ। ਦੀਵਾਨ ਸਿੰਘ ਰਵਿਦਾਸੀਆ ਸਿੱਖ ਅਤੇ ਜੁਲਾਹੇ ਦਾ ਕੰਮ ਕਰਦਾ ਸੀ। ਇਸਦੇ ਪਿਤਾ ਧਾਰਮਿਕ ਬਿਰਤੀ ਵਾਲੇ ਵਿਅਕਤੀ ਸਨ। ਇਸ ਦਾ ਪਿਤਾ ਗੁਲਾਬਦਾਸੀ ਸੰਪ੍ਰਦਾਇ ਦਾ ਪ੍ਰਸ਼ੰਸਕ ਸੀ। ਇਸ ਨੇ ਆਪਣੇ ਬੇਟੇ ਦਿੱਤ ਸਿੰਘ ਨੂੰ ਨੌ ਸਾਲ ਦੀ



ਗਿਆਨੀ ਦਿੱਤ ਸਿੰਘ

ਉਮਰ ਵਿਚ ਗੁਲਾਬਦਾਸੀਆ ਦੇ ਡੇਰੇ ਸੰਤ ਗੁਰਬਖਸ਼ ਸਿੰਘ ਤੋਂ ਸਿਖਿਆ ਹਾਸਲ ਕਰਨ ਲਈ ਭੇਜਿਆ। ਡੇਰੇ ਵਿਚ ਇਸ ਨੇ ਗੁਰਮੁਖੀ, ਪਿੰਗਲ (ਛੰਦ ਸ਼ਾਸਤਰੀ) ਵੇਦਾਂਤ ਅਤੇ ਨੀਤੀ ਸ਼ਾਸਤਰ ਦੀ ਸਿਖਿਆ ਹਾਸਲ ਕੀਤੀ। ਸੰਤ ਦੇਸਾ ਸਿੰਘ ਤੋਂ ਸਿਖਿਆ ਪ੍ਰਾਪਤ ਕਰਕੇ ਇਹ ਗੁਲਾਬਦਾਸੀ ਸੰਪ੍ਰਦਾਇ ਦਾ ਪ੍ਰਚਾਰਕ ਬਣ ਗਿਆ। ਇਸ ਤੋਂ ਕੁਝ ਸਮੇਂ ਬਾਅਦ ਹੀ ਇਹ ਭਾਈ ਜਵਾਹਰ ਸਿੰਘ ਜੋ ਪਹਿਲਾਂ ਗੁਲਾਬਦਾਸੀ ਸੰਪ੍ਰਦਾਇ ਦਾ ਪੈਰੋਕਾਰ ਸੀ ਅਤੇ ਫਿਰ ਆਰੀਆ ਸਮਾਜ ਦਾ ਮੈਂਬਰ ਬਣ ਗਿਆ ਸੀ, ਦੇ ਸੰਪਰਕ ਵਿਚ ਆ ਕੇ ਆਰੀਆ ਸਮਾਜੀ ਬਣ ਗਿਆ। ਸੰਨ 1877 ਵਿਚ ਲਾਹੌਰ ਵਿਖੇ ਇਨਾਂ ਦੋਹਾਂ ਦੀ ਮੁਲਾਕਾਤ ਆਰੀਆ ਸਮਾਜੀ ਦੇ ਮੋਢੀ ਸੁਆਮੀ ਦਯਾਨੰਦ ਨਾਲ ਹੋਈ ਅਤੇ ਵਕਤੀ ਤੌਰ ਤੇ ਆਰੀਆ ਸਮਾਜ ਦਾ ਪ੍ਰਚਾਰਕ ਬਣ ਗਿਆ ਪਰ ਆਪਣੀ ਤੀਖਣ ਬੁੱਧੀ ਅਤੇ ਡੂੰਘੇ ਅਨੁਭਵ ਕਰਕੇ ਇਸ ਨੂੰ ਆਰੀਆ ਸਮਾਜ਼ ਨੂੰ ਸਮਝਣ ਵਿਚ ਦੇਰ ਨਾ ਲਗੀ ਅਤੇ ਇਸਨੇ ਆਰੀਆ ਸਮਾਜ ਨੂੰ ਉਨੇ ਹੀ ਜ਼ੋਰ ਨਾਲ ਵਿਦਾ ਆਖੀ। ਇਸ ਤੋਂ ਬਾਅਦ ਜਲਦੀ ਹੀ ਭਾਈ ਗੁਰਮੁਖ ਦੇ ਸੰਪਰਕ ਵਿਚ ਆਇਆ ਤੇ ਸਿੰਘ ਸਭਾ ਲਹਿਰ ਦਾ ਸਰਗਰਮ ਮੈਂਬਰ ਬਣ ਗਿਆ। ਸੰਨ 1886 ਵਿਚ ਭਾਈ ਗੁਰਮੁਖ ਸਿੰਘ ਵੱਲੋ ਚਲਾਏ ਜਾ ਰਹੇ ਅਖ਼ਬਾਰ 'ਲਾਹੌਰ ਖਾਲਸਾ ਦੀਵਾਨ' ਦੇ ਬਰਾਬਰ ਅੰਮ੍ਰਿਤਸਰ ਵਿਚ ਸਪਤਾਹਿਕ ਅਖ਼ਬਾਰ 'ਖਾਲਸਾ ਅਖਬਾਰ' ਕੱਢਣਾ ਸ਼ੁਰੂ ਕਰ ਦਿੱਤਾ। ਇਸ ਅਖਬਾਰ ਦੇ ਪਹਿਲੇ ਸੰਪਾਦਕ ਭਾਵ ਗਿਆਨੀ ਝੰਡਾ ਸਿੰਘ ਫਰੀਦਕੋਟ ਸਨ ਪਰ ਗਿਆਨੀ ਦਿੱਤ ਸਿੰਘ ਇਸ ਅਖਬਾਰ ਦੇ ਮੁਖ ਸਹਿਯੋਗੀ ਸਨ ਜਿਸ ਕਰਕੇ ਇਸ ਨੂੰ ਜਲਦੀ ਹੀ ਇਸ ਦੀ ਸੰਪਾਦਕੀ ਵੀ ਮਿਲ ਗਈ। ਸੰਨ 1886 ਵਿਚ ਇਸ ਨੇ ਗਿਆਨੀ ਦੀ ਪ੍ਰੀਖਿਆ ਪਾਸ ਕੀਤੀ ਅਤੇ ਓਰੀਐਂਟਲ ਕਾਲਜ ਵਿਚ ਅਧਿਆਪਕ ਲਗ ਗਿਆ। ਗਿਆਨੀ ਦਿੱਤ ਸਿੰਘ ਵੱਲੋਂ ਚਲਾਇਆ ਜਾ ਰਿਹਾ ਸਪਤਾਹਿਕ 'ਖਾਲਸਾ ਅਖਬਾਰ' ਸਿੰਘ ਸਭਾ ਦੀ ਵਿਚਾਰ ਧਾਰਾ / ਸਿਧਾਤਾਂ ਨੂੰ ਉਸ ਸਮੇਂ ਲੋਕਾਂ ਵਿਚ ਫੈਲਾਉਣ ਦਾ ਇਕ ਵੱਡਾ ਸਾਧਨ ਬਣ ਗਿਆ। 16 ਅਪ੍ਰੈਲ, 1887 ਈ. ਵਿਚ ਗਿਆਨੀ ਦਿੱਤ ਸਿੰਘ ਨੇ ਖਾਲਸਾ ਅਖਬਾਰ ਦਾ ਸਪੈਸ਼ਲ ਸਪਲੀਮੈਂਟ ਕੱਢਿਆ ਜਿਸ ਵਿਚ ਅੰਮ੍ਰਿਤਸਰ ਦੇ ਲੀਡਰਾਂ ਤੇ ਉਨ੍ਹਾਂ ਦੇ ਸਮਰਥਕਾਂ ਦੀ ਹਲਕੀ ਜਿਹੀ ਖਿਲੀ ਵੀ ਉਡਾਈ ਅਰਥਾਤ ਵਿਅੰਗ ਕਸੇ ਸਨ। ਇਨ੍ਹਾਂ ਵਿਅੰਗ ਦੇ ਸ਼ਿਕਾਰ ਹੋਏ ਵਿਅਕਤੀਆਂ ਵਿਚ ਬਾਵਾ ਉਦੇ ਸਿੰਘ ਨੇ ਗਿਆਨੀ ਦਿੱਤ ਸਿੰਘ ਵਿਰੁੱਧ ਲਾਹੌਰ ਦੀ ਅਦਾਲਤ ਵਿਚ ਮਾਨ ਹਾਨੀ ਦਾ ਮੁਕੱਦਮਾ ਦਾਇਰ ਕੀਤਾ। 30 ਅਪ੍ਰੈਲ, 1858 ਈ. ਵਿਚ ਇਸ ਨੂੰ ਪੰਜ ਰੁਪਏ ਜੁਰਮਾਨਾ ਕੀਤਾ ਗਿਆ ਅਤੇ ਸ਼ੈਸਨ ਕੋਰਟ ਵੱਲੋਂ ਇਸ ਨੂੰ ਬਰੀ ਕਰ ਦਿੱਤਾ ਗਿਆ।

ਗਿਆਨੀ ਦਿੱਤ ਸਿੰਘ ਨੇ 5 ਜਨਵਰੀ, 1889 ਈ. ਵਿਚ ਲਾਹੌਰ ਤੋਂ ਭਗਤ ਲਛਮਣ ਸਿੰਘ ਦੁਆਰਾ ਸ਼ੁਰੂ ਕੀਤੇ ਅੰਗਰੇਜ਼ੀ ਭਾਸ਼ਾ ਵਿਚ ਸਪਤਾਹਿਕ ਅਖਬਾਰ 'ਖਾਲਸਾ' ਦੀ ਸਹਾਇਤਾ ਕੀਤੀ। 25 ਨਵੰਬਰ, 1888 ਈ. ਨੂੰ ਲਾਹੌਰ ਵਿਖੇ ਆਰੀਆ ਸਮਾਜ ਦੀ ਗਿਆਰਵੀਂ ਜਯੰਤੀ ਤੇ ਜਦੋਂ ਸਰਕਾਰੀ ਕਾਲਜ ਲਾਹੌਰ ਦੇ ਪੰਡਿਤ ਗੁਰੂ ਦੱਤ ਅਤੇ ਲਾਲਾ ਮੁਰਲੀਧਰ ਨੇ ਸਿੱਖ ਗੁਰੂਆਂ ਬਾਰੇ ਅਪਮਾਨਜਨਕ ਸ਼ਬਦ ਬੋਲੇ ਤਾਂ ਇਸ ਦੀਆਂ ਭਾਵਨਾਵਾਂ ਨੂੰ ਬਹੁਤ ਠੇਸ ਪਹੁੰਚੀ। ਇਸ ਤੋਂ ਬਾਅਦ ਇਸ ਨੇ ਆਪਣੇ ਸਾਥੀਆਂ ਸਮੇਤ ਸਿੰਘ ਸਭਾ ਲਈ ਤਨੋ ਮਨੋ ਕੰਮ ਕਰਨਾ ਸ਼ੁਰੂ ਕੀਤਾ।

ਗਿਆਨੀ ਦਿਤ ਸਿੰਘ ਇਕ ਵਧੀਆ ਪੱਤਰਕਾਰ ਦੇ ਨਾਲ ਨਾਲ ਇਸ ਨੇ ਵਾਰਤਕ ਅਤੇ ਕਵਿਤਾ ਵਿਚ ਬਹੁਤ ਸਾਰੀਆਂ ਰਚਨਾਵਾਂ ਵੀ ਲਿਖੀਆਂ। ਇਸ ਨੇ ਸਿੱਖ ਇਤਿਹਾਸ ਵਿਚਾਰਧਾਰਾ ਅਤੇ ਉਸ ਸਮੇਂ ਚਲ ਰਹੇ ਵਾਦ ਵਿਵਾਦ ਤੇ 40 ਤੋਂ ਵੀ ਵੱਧ ਪੁਸਤਕਾਂ ਅਤੇ ਪੈਂਫਲਿਟ ਲਿਖੇ। ਜਿਨ੍ਹਾਂ ਵਿਚੋਂ ਗੁਰੂ ਨਾਨਕ ਪ੍ਰਬੋਧ, ਗੁਰੂ ਅਰਜਨ ਚਰਿਤਰ, ਦੰਭਵਿਦਾਰਨ, ਦੁਰਗਾ ਪ੍ਰਬੋਧ, ਪੰਥ ਪ੍ਰਬੋਧ, ਰਾਜ ਪ੍ਰਬੋਧ, ਮੇਰਾ ਅਤੇ ਸਾਧੂ ਦਯਾਨੰਦ ਦਾ ਸਬੰਧ, ਨਕਲੀ ਸਿੱਖ ਪ੍ਰਬੋਧ ਅਤੇ ਪੰਥ ਸੁਧਾਰ ਬਿਨੈ ਪੱਤਰ ਮਹੱਤਵਪੂਰਨ ਰਚਨਾਵਾਂ ਹਨ। ਇਸ ਨੇ ਤਾਰਾ ਸਿੰਘ, ਸੁਬੇਗ ਸਿੰਘ, ਮਾਤਾਬ ਸਿੰਘ, ਤਾਰੂ ਸਿੰਘ ਅਤੇ ਬੋਤਾ ਸਿੰਘ ਦੀਆਂ ਸ਼ਹੀਦੀਆਂ ਬਾਰੇ ਵੀ ਲਿਖਿਆ।

ਇਹ ਗਿਆਨੀ ਦਿੱਤ ਸਿੰਘ ਹੀ ਸੀ ਜਿਸ ਨੇ ਸਿੱਖ ਧਰਮ ਦੇ ਥੱਕੇ ਟੁੱਟੇ ਤੇ ਗੁੰਮਰਾਹ ਹੋ ਰਹੇ ਲੋਕਾਂ ਨੂੰ ਹਲੂਣਿਆ ਅਤੇ ਸਿਦਕ ਅਤੇ ਦ੍ਰਿੜਤਾ ਨਾਲ ਸਿੱਖ ਧਰਮ ਤੇ ਪਹਿਰਾ ਦੇਣ ਲਈ ਮੁੜ ਖੜਾ ਕੀਤਾ। ਇਹ ਕਹਿਣ ਵਿਚ ਕੋਈ ਅਤਿ ਕਥਨੀ ਨਹੀਂ ਹੋਵੇਗੀ ਕਿ ਸਿੱਖ ਧਰਮ ਦੀ ਸੁਤੰਤਰ ਹਸਤੀ ਦੀ ਪਹਿਚਾਣ ਸਥਾਪਤ ਕਰਨ ਵਾਲਾ ਗਿਆਨੀ

ਦਿੱਤ ਸਿੰਘ ਸੀ। ਇਸ ਤਰ੍ਹਾਂ ਉਹ ਸਿੱਖ ਧਰਮ ਦੀ ਸੁਤੰਤਰ ਹੋਂਦ ਦਾ ਮਸੀਹਾ ਸੀ।

ਸਿੱਖ ਇਤਿਹਾਸ ਅਤੇ ਵਿਚਾਰਧਾਰਾ ਦਾ ਡੂੰਘਾ ਗਿਆਨ ਰੱਖਣ ਵਾਲੇ ਇਸ ਵਿਦਵਾਨ ਦਾ 6 ਸਤੰਬਰ, 1901 ਨੂੰ ਲਾਹੌਰ ਵਿਖੇ ਦੇਹਾਂਤ ਹੋ ਗਿਆ। ਗਿਆਨੀ ਦਿੱਤ ਸਿੰਘ ਦੀ ਯਾਦ ਵਿਚ ਭਾਈ ਸਾਹਿਬ ਅਰਜਨ ਸਿੰਘ ਬਾਗੜੀਆਂ ਦੀ ਨਿਰਦੇਸ਼ਨਾਂ ਹੇਠ ਇਕ 15 ਮੈਂਬਰੀ ਯਾਦਗਾਰੀ ਕਮੇਟੀ ਬਣਾਈ ਗਈ। ਗਿਆਨੀ ਦਿੱਤ ਸਿੰਘ ਜੀ ਦੀ ਯਾਦ ਵਿਚ ਲਾਹੌਰ ਵਿਖੇ ਗਿਆਨੀ ਦਿੱਤ ਸਿੰਘ ਖਾਲਸਾ ਬੋਰਡਿੰਗ ਹਾਊਸ ਅਤੇ ਭਾਈ ਤਖਤ ਸਿੰਘ ਨੇ ਸਿੱਖ ਕੰਨਿਆ ਮਹਾਂਵਿਦਿਆਲਯ ਫਿਰੋਜ਼ਪੁਰ ਵਿਚ ਭਾਈ ਦਿੱਤ ਸਿੰਘ ਲਾਇਬ੍ਰੇਰੀ ਖੋਲ੍ਹੀ।

ਗਿਆਨ ਦਿੱਤ ਸਿੰਘ ਦੀ ਮਹਾਨਤਾ ਦਾ ਇਥੋਂ ਪਤਾ ਚਲਦਾ ਹੈ ਜਦੋਂ ਭਾਈ ਵੀਰ ਸਿੰਘ ਵਰਗੇ ਮਹਾਨ ਸਿੱਖ ਵਿਦਵਾਨ ਨੇ ਉਸ ਦੀ ਮੌਤ ਉਤੇ 'ਕੌਮ ਲੁੱਟੀ ਗਈ' ਸਿਰਲੇਖ ਹੇਠ ਇਕ ਵੱਡਾ ਲੇਖ ਲਿਖ ਕੇ 'ਖਾਲਸਾ ਸਮਾਚਾਰ' ਵਿਚ ਛਪਵਾਇਆ ਅਤੇ ਹੇਠ ਲਿਖੀ ਕਵਿਤਾ ਵੀ ਲਿਖੀ।

ਜਾਗੋ ਜਾਗੋ ਜੀ ਦਿੱਤ ਸਿੰਘ ਪਿਆਰੇ
ਕੌਮ ਬੈਠੀ ਸਿਰਾਣੇ ਜਗਾਵੇ।
ਕਿਉਂ ਕੀਤੀ ਨੀਂਦ ਪਿਆਰੀ
ਕਿਉਂ ਜਾਗ ਤੁਹਾਨੂੰ ਨਾ ਆਵੇ।
ਹਾਂ ਜਗਾਇਕੇ ਕੌਮ ਭੁਲੱਕੜ।
ਆਪ ਸੌਂ ਗਏ ਹੋਇ ਬੇਦਾਵੇ।

ਹ. ਪੁ.-ਐਨ. ਆਫ. ਸਿਖੀ. 589; 'ਗਿਆਨੀ ਦਿੱਤ ਸਿੰਘ ਦੀਆਂ ਰਚਨਾਵਾਂ ਦੀ ਸਾਰਥਿਕਤਾ' ਖੋਜ ਪੱਤਰ-ਹਰਿੰਦਰ ਸਿੰਘ ਮਹਿਬੂਬ

ਦਿਤੀ : ਪੁਰਾਣ ਸਾਹਿਤ ਅਨੁਸਾਰ ਇਹ ਦਕਸ਼ ਦੀ ਪੁੱਤਰੀ ਕਸ਼ਯਪ ਦੀ ਪਤਨੀ ਅਤੇ ਦੈਂਤਾਂ ਦੀ ਮਾਂ ਸੀ ਜਿਸ ਦੀ ਕਲਪਨਾ ਵੇਦ ਵਿਚ ਹੋਈ ਮੰਨੀ ਜਾਂਦੀ ਹੈ। ਅਦਿਤੀ ਵਾਂਗ ਹੀ ਇਹ ਕਿਸੇ ਦੇਵੀ ਸ਼ਕਤੀ ਦਾ ਮਾਨਵੀ ਕ੍ਰਿਤ ਰੂਪ ਹੈ। ਅਦਿਤੀ ਇਸ ਦੀ ਭੈਣ ਵੀ ਸੀ ਅਤੇ ਸੌਂਕਣ ਵੀ। ਅਦਿਤੀ ਦੇ ਪੁੱਤਰਾਂ ਨੇ ਇੰਦਰ ਦੀ ਅਗਵਾਈ ਹੇਠ ਦਿਤੀ ਦੇ ਪੁੱਤਰਾਂ ਦੀ ਹੱਤਿਆ ਕੀਤੀ।

'ਬਾਲਮੀਕੀ ਰਾਮਾਇਣ' (ਬਾਲ ਕਾਂਡ 46-47) ਅਨੁਸਾਰ ਆਦਿਤੀ ਦੇ ਪੁੱਤਰਾਂ ਰਾਹੀਂ ਆਪਣੇ ਪੁੱਤਰਾਂ ਦੀ ਹੱਤਿਆ ਤੋਂ ਦੁਖੀ ਹੋ ਕੇ ਇਹ ਆਪਣੇ ਪਤੀ ਅਤੇ ਮਰੀਚ ਦੇ ਪੁੱਤਰ ਕਸ਼ਯਪ ਕੋਲ ਗਈ ਅਤੇ ਅਜਿਹੇ ਪੁੱਤਰ ਦੀ ਕਾਮਨਾ ਕੀਤੀ ਜੋ ਇੰਦਰ ਦੀ ਹੱਤਿਆ ਕਰ ਸਕੇ। ਕਸ਼ਯਪ ਨੇ ਦਿਤੀ ਦੀ ਪ੍ਰਾਰਥਨਾ ਮੰਨ ਲਈ। ਪੁੱਤਰ ਦਾ ਜਨਮ ਇਕ ਹਜ਼ਾਰ ਸਾਲ ਬਾਅਦ ਹੋਣਾ ਸੀ। ਇਸ ਲਈ ਕਸ਼ਯਪ ਦੇ ਦੱਸੇ ਅਨੁਸਾਰ ਇਸੇ ਨੇ ਪਵਿੱਤਰਤਾ ਦੀ ਪਾਲਣਾ ਲਈ ਕੁਸ਼ਪਲਵ ਨਾਂ ਦੇ ਬਨ ਵਿਚ ਤਪੱਸਿਆ ਸ਼ੁਰੂ ਕਰ ਦਿੱਤੀ। ਇਕ ਹਜ਼ਾਰ ਵਰ੍ਹੇ ਦੀ ਮਿਆਦ ਮੁਕਣ ਤੋਂ ਪਹਿਲਾਂ ਹੀ ਇੰਦਰ ਨੇ ਦਿਤੀ ਦੇ ਗਰਭ ਵਿਚ ਪ੍ਰਵੇਸ਼ ਕਰਕੇ ਵਜਰ ਨਾਲ ਬਾਲ ਦੇ ਸੱਤ ਟੋਟੇ ਕਰ ਦਿੱਤੇ। ਇਹੀ ਟੁੱਕੜੇ ਸੱਤ ਦੈਵੀ ਬਾਲਕਾਂ ਦੇ ਰੂਪ ਵਿਚ ਪੈਦਾ ਹੋਏ, ਇਨ੍ਹਾਂ ਦਾ ਨਾਂ 'ਮਰੁਤਾ' ਪ੍ਰਸਿੱਧ ਹੋਇਆ।

'ਭਾਗਵਤ ਪੁਰਾਣ' (3/14-18) ਅਨੁਸਾਰ ਇਸ ਨੇ ਯੱਗ ਵਿਚ ਰੁਝੇ ਹੋਏ ਕਸ਼ਯਪ ਮੁਨੀ ਤੋਂ ਇਹ ਅਥਾਹ ਸ਼ਕਤੀਆਂ ਵਾਲੇ ਪੁੱਤਰ ਲਈ ਬੇਨਤੀ ਕੀਤੀ। ਮੁਨੀ ਨੇ ਭਾਵੇਂ ਆਪਣੀ ਪਤਨੀ ਦੀ ਗੱਲ ਮੰਨ ਲਈ ਪਰ ਇਹ ਵੀ ਕਹਿ ਦਿੱਤਾ ਕਿ ਅਨੁਚਿਤ ਸਮੇਂ ਸਮਾਗਮ ਕਰਨ ਕਰਕੇ ਪੁੱਤਰ ਦੈਂਤ ਹੋਣਗੇ ਅਤੇ ਭਗਵਾਨ ਹੱਥੋਂ ਮਾਰੇ ਜਾਣਗੇ। ਦਿਤੀ ਨੇ ਇਸ ਸ਼ੰਕਾ ਤੋਂ ਡਰ ਕੇ ਕਿ ਇਸ ਦੇ ਪੁੱਤਰ ਦੇਵਤਿਆਂ ਲਈ ਕਸ਼ਟ ਦਾ ਕਾਰਨ ਬਣਨਗੇ ਉਨ੍ਹਾਂ ਨੂੰ ਇਕ ਸੌ ਵਰ੍ਹਿਆਂ ਤੱਕ ਆਪਣੀ ਕੁੱਖ ਵਿਚ ਹੀ ਸੰਭਾਲੀ ਰੱਖਿਆ। ਸਮਾਂ ਬੀਤਣ ਤੇ ਸ੍ਰਿਸ਼ਟੀ ਵਿਚ ਬਹੁਤ ਉਤਪਾਤ ਹੋਇਆ, ਮਗਰੋਂ ਦਿਤੀ ਨੇ ਹਰਣਾਯਕਸ਼ਪ ਅਤੇ ਹਰਣਾਯਰਸ਼ਪ ਨੂੰ ਜਨਮ ਦਿੱਤਾ ਜੋ ਪੈਦਾ ਹੁੰਦਿਆਂ ਹੀ ਪਰਬਤ ਵਰਗੇ ਵਿਸ਼ਾਲ ਅਤੇ ਦ੍ਰਿੜ੍ਹ ਬਣ ਗਏ। ਇਨ੍ਹਾਂ ਦੀ ਮ੍ਰਿਤੂ ਵਿਸ਼ਵ ਦੇ ਅਵਤਾਰਾਂ ਰਾਹੀਂ ਹੋਈ। ਬਚਿਤ੍ਰ ਨਾਟਕ ਵਿਚ ਇਸ ਦਾ ਉਲੇਖ ਹੋਇਆ ਹੈ।

"ਬਿਨਤਾ ਕਦ੍ਰ ਦਿਤਿ ਅਦਿਤੀ ਏ ਰਿਖਿ ਬਰੀ ਬਨਾਇ।"

ਹ. ਪੁ.-ਪੰ. ਸੰਦ. ਕੋ. : 490; ਹਿੰ. ਮਿ. ਕੋ. : 290; ਪ੍ਰਾ. ਚ. ਕੋ. ; ਹਿੰ. ਵਿ. ਕੋ 6: 51

ਦਿਨਸ਼ਾ ਵਾਚਾ : ਇਸ ਦਾ ਪੂਰਾ ਨਾਂ ਸਰ ਦਿਨਸ਼ਾ ਇਡਲਜੀ ਵਾਚਾ ਸੀ। ਇਹ ਭਾਰਤੀ ਰਾਸ਼ਟਰੀ ਕਾਂਗਰਸ ਦੀ ਸਥਾਪਨਾ ਵਿਚ ਯੋਗਦਾਨ ਪਾਉਣ ਵਾਲੇ ਬੰਬਈ ਦੇ ਤਿੰਨ ਮੁੱਖ ਪਾਰਸੀ ਨੇਤਾਵਾਂ ਵਿਚੋਂ ਇਕ ਸੀ। ਇਸ ਨੇ ਆਪਣੇ ਦੂਜੇ ਦੋਵੇਂ ਸਾਥੀਆਂ, ਸਰ ਫ਼ੀਰੋਜ਼ ਮਹਿਤਾ ਅਤੇ ਦਾਦਾ ਭਾਈ ਨਾਰੋਜੀ ਦੀ ਸਹਾਇਤਾ ਨਾਲ ਭਾਰਤ ਦੀ ਗਰੀਬੀ ਅਤੇ ਭਾਰਤ ਦੀ ਗਰੀਬ ਜਨਤਾ ਤੋਂ ਸਰਕਾਰੀ ਕਰਾਂ ਦੇ ਰੂਪ ਵਿਚ ਵਸੂਲ ਕੀਤੇ ਜਾਂਦੇ ਧਨ ਦੇ ਦੁਰਉਪਯੋਗ ਦੇ ਵਿਰੁੱਧ ਭਾਰਤ ਅਤੇ ਬਰਤਾਨੀਆਂ ਵਿਚ ਲੋਕਾਂ ਨੂੰ ਜਾਗਰਿਤ ਕਰਨ ਲਈ ਅਣਥੱਕ ਕੰਮ ਕੀਤਾ। ਇਹ ਆਰਥਿਕ ਅਤੇ ਵਿੱਤੀ ਮਾਮਲਿਆਂ ਦਾ ਮਾਹਰ ਸੀ ਅਤੇ ਇਹ ਭਾਰਤ ਵਿਚ ਬਰਤਾਨਵੀ ਰਾਜ ਦੇ ਅਤੇ ਖਾਸ ਤੌਰ ਤੇ ਬਰਤਾਨੀਆ ਦੁਆਰਾ ਭਾਰਤ ਦੀ ਆਰਥਿਕ ਲੁੱਟ-ਖਸੁੱਟ ਦਾ ਕੱਟੜ ਵਿਰੋਧੀ ਸੀ। ਇਸ ਲਈ ਇਹ ਇਸ ਵਿਸ਼ੇ ਤੇ ਆਪਣੇ ਭਾਸ਼ਣਾਂ ਅਤੇ ਲੇਖਾਂ ਦੁਆਰਾ ਲੋਕਾਂ ਨੂੰ ਚੇਤੰਨ ਰੱਖਦਾ ਸੀ।

ਕਾਂਗਰਸ ਦੇ ਪਹਿਲੇ ਸੈਸ਼ਨ ਵਿਚ ਹੀ ਦਾਦਾ ਭਾਈ ਨਾਰੋਜੀ ਨੇ ਦੇਸ਼ ਦੀ ਵਿੱਤੀ ਸਥਿਤੀ ਅਤੇ ਪ੍ਰਸ਼ਾਸਕੀ ਖਰਚ ਦੇ ਸਬੰਧ ਵਿਚ ਇਹ ਪ੍ਰਸਤਾਵ ਪੇਸ਼ ਕਰ ਕੇ ਇਸ ਵਿਸ਼ੇ ਦੀ ਜਾਂਚ ਕਰਵਾਏ ਜਾਣ ਦੀ ਮੰਗ ਕੀਤੀ ਕਿ ਭਾਰਤ ਦੇ ਪ੍ਰਸ਼ਾਸਨ ਅਤੇ ਫੌਜ ਵਿਚ ਹੋਣ ਵਾਲੇ ਖਰਚ ਦਾ ਕਿੰਨਾ ਭਾਗ ਭਾਰਤੀ ਜਨਤਾ ਸਹਿਣ ਕਰੇ ਅਤੇ ਕਿੰਨਾ ਸ਼ਾਸਕ-ਦੇਸ਼ ਬਰਤਾਨੀਆ ਦੇ ਜ਼ਿੰਮੇ ਹੋਣਾ ਚਾਹੀਦਾ ਹੈ। ਇਸ ਵਿਸ਼ੇ ਤੇ ਇਹ ਅੰਦੋਲਨ ਦਸ ਸਾਲ ਤੋਂ ਵੀ ਵਧ ਸਮੇਂ ਤਕ ਲਗਾਤਾਰ ਚਲਦਾ ਰਿਹਾ ਅਤੇ ਦਾਦਾ ਭਾਈ ਨਾਰੋਜੀ ਨੇ ਬਰਤਾਨਵੀ ਪਾਰਲੀਮੈਂਟ ਵਿਚ ਵੀ ਇਸ ਨੂੰ ਬਹਿਸ ਲਈ ਪੇਸ਼ ਕੀਤਾ। ਨਤੀਜੇ ਵਜੋਂ 24 ਮਈ, 1895 ਨੂੰ ਸਰਕਾਰੀ ਐਲਾਨ ਦੁਆਰਾ ਇਕ ਜਾਂਚ ਕਮਿਸ਼ਨ ਨਿਯੁਕਤ ਹੋਇਆ ਜਿਸ ਨੇ ਭਾਰਤ ਵਿਚ ਹੋਣ ਵਾਲੇ ਫੌਜੀ ਅਤੇ ਪ੍ਰਸ਼ਾਸਕੀ ਖਰਚ ਦੀ ਜਾਂਚ ਕਰਕੇ ਇਹ ਨਿਰਣਾ ਕਰਨਾ ਸੀ ਕਿ ਉਪਰੋਕਤ ਖਰਚੇ ਦਾ ਕਿੰਨਾ ਹਿੱਸਾ ਭਾਰਤ ਅਤੇ ਕਿੰਨਾ ਹਿੱਸਾ ਬਰਤਾਨੀਆ ਸਹਿਣ ਕਰੇ। ਇਸੇ ਜਾਂਚ ਕਮਿਸ਼ਨ ਦੇ ਸਾਹਮਣੇ ਭਾਰਤ ਵਲੋਂ ਸਬੂਤ ਪੇਸ਼ ਕਰਨ ਲਈ ਭਾਰਤੀ ਨੇਤਾ ਅਪ੍ਰੈਲ, 1897 ਨੂੰ ਲੰਡਨ ਭੇਜੇ ਗਏ। ਇਨ੍ਹਾਂ ਵਿਚੋਂ ਹੀ ਇਕ ਦਿਨਸ਼ਾ ਵਾਚਾ ਸੀ ਅਤੇ ਦੂਸਰਾ ਗੋਪਾਲ ਕ੍ਰਿਸ਼ਨ ਗੋਖਲੇ ਸੀ। ਇਨ੍ਹਾਂ ਦੋਹਾਂ ਤੋ ਇਲਾਵਾ ਦੋ ਹੋਰ ਭਾਰਤੀ ਨੇਤਾਵਾਂ ਸੁਰੇਂਦਰ ਨਾਥ ਬੈਨਰਜੀ ਅਤੇ ਦਾਦਾ ਭਾਈ ਨਾਰੋਜੀ ਨੇ ਭਾਰਤੀ ਜਨਤਾ ਦੀ ਗਰੀਬੀ ਅਤੇ ਆਰਥਿਕ ਤਬਾਹੀ ਦੀ ਸਹੀ ਤਸਵੀਰ ਬਰਤਾਨਵੀ ਜਨਤਾ ਦੇ ਸਾਹਮਣੇ ਪੇਸ਼ ਕਰਨ ਲਈ ਬਹੁਤ ਜ਼ੋਰਦਾਰ ਪ੍ਰਚਾਰ ਸ਼ੁਰੂ ਕੀਤਾ। ਦਿਨਸ਼ਾ ਵਾਚਾ ਦੀ ਆਰਥਿਕ ਅਤੇ ਵਿੱਤੀ ਮਾਹਰ ਦੇ ਤੌਰ ਤੇ ਧਾਕ ਜੰਮ ਗਈ ਅਤੇ ਭਾਰਤੀ ਨੇਤਾਵਾਂ ਵਿਚ ਇਸ ਨੂੰ ਪ੍ਰਮੁੱਖ ਸਥਾਨ ਮਿਲਿਆ। ਸੰਨ 1901 ਵਿਚ ਇਹ

ਬੰਬਈ ਮਿਊਂਸਪਲ ਕਾਰਪੋਰੇਸ਼ਨ ਦਾ ਮੁੱਖੀ ਚੁਣਿਆ ਗਿਆ ਅਤੇ ਇਸੇ ਸਾਲ ਹੀ ਭਾਰਤੀ ਰਾਸ਼ਟਰੀ ਕਾਂਗਰਸ ਦੇ ਸਾਲਾਨਾ ਸੈਸ਼ਨ ਵਿਚ ਹੀ ਇਸ ਨੂੰ ਪ੍ਰਧਾਨ ਬਣਾਇਆ ਗਿਆ। ਇਸ ਨੇ ਕਾਂਗਰਸ ਦੇ ਪ੍ਰਧਾਨ ਦੇ ਤੌਰ ਤੇ ਦਿੱਤੇ ਆਪਣੇ ਭਾਸ਼ਣ ਵਿਚ ਭਾਰਤ ਵਿਚ ਕਾਲ ਪੈਣ ਦੇ ਕਾਰਨਾਂ ਦਾ ਬਹੁਤ ਪ੍ਰਭਾਵਸ਼ਾਲੀ ਜ਼ਿਕਰ ਕੀਤਾ। ਬੰਬਈ ਕਾਰਪੋਰੇਸ਼ਨ ਦੇ ਪ੍ਰਤੀਨਿਧ ਰੂਪ ਵਿਚ ਇਹ ਬੰਬਈ ਪ੍ਰਦੇਸ਼ਕੀ ਰਾਜਕੀ ਕੌਂਸਲ ਦਾ ਮੈਂਬਰ ਚੁਣਿਆ ਗਿਆ। ਕੁਝ ਸਮੇਂ ਬਾਅਦ ਹੀ ਇਹ ਦੇਸ਼ ਦੀ ਸਮਕਾਲੀ ਪ੍ਰਬੰਧਕੀ ਸਭਾ ਇੰਪੀਰੀਅਲ ਲੈਜੇਸਲੇਟਿਵ ਕੌਂਸਲ ਦਾ ਮੈਂਬਰ ਚੁਣਿਆ ਗਿਆ। ਇਥੇ ਵੀ ਇਸ ਨੇ ਦੇਸ਼ ਦੀ ਮਾਲੀ ਹਾਲਤ ਸੁਧਾਰੇ ਜਾਣ ਦੇ ਪੱਖ ਵਿਚ ਆਪਣਾ ਅੰਦੋਲਨ ਜਾਰੀ ਰੱਖਿਆ।

ਭਾਰਤੀ ਰਾਸ਼ਟਰੀ ਕਾਂਗਰਸ ਦਾ ਪ੍ਰਮੁੱਖ ਮੈਂਬਰ ਤਾਂ ਇਹ ਇਸ ਦੀ ਸਥਾਪਨਾ ਤੋਂ ਹੀ ਰਿਹਾ ਸੀ ਅਤੇ 13 ਸਾਲ ਤਕ ਇਸ ਦਾ ਮਹਾਮੰਤਰੀ ਵੀ ਰਿਹਾ। ਸੰਨ 1920 ਵਿਚ ਇਹ ਕਾਂਗਰਸ ਛੱਡ ਕੇ ਦਲ ਦੇ ਸੰਸਥਾਪਕਾਂ ਨਾਲ ਮਿਲ ਗਿਆ। ਇਸ ਨੇ 86 ਸਾਲ ਤੋਂ ਵੀ ਵੱਧ ਉਮਰ ਭੋਗੀ।

ਹ. ਪੁ.–ਹਿ. ਵਿ. ਕੋ. 6 : 51

ਦਿਨੇਸ਼, ਦੇਵਰਾਜ : ਭਾਰਤ ਦੇ ਇਸ ਉੱਘੇ ਹਿੰਦੀ ਕਵੀ ਅਤੇ ਲੇਖਕ ਦਾ ਜਨਮ 22 ਜਨਵਰੀ, 1922 ਨੂੰ ਗੁਜਰਾਤ ਜ਼ਿਲ੍ਹੇ (ਹੁਣ ਪਾਕਿਸਤਾਨ) ਦੇ ਪਿੰਡ ਜਲਾਲਪੁਰ ਜੱਟਾਂ ਵਿਖੇ ਸ਼੍ਰੀ ਗਿਆਨ ਚੰਦ ਸੱਭਰਵਾਲ ਦੇ ਘਰ ਹੋਇਆ। ਬਚਪਨ ਵਿਚ ਹੀ ਇਸ ਦੇ ਮਾਤਾ ਪਿਤਾ ਦੀ ਮੌਤ ਹੋ ਗਈ। ਇਹ ਲਾਹੌਰ ਵਿਖੇ ਆਪਣੇ ਚਾਚੇ ਕੋਲ ਰਹਿਣ ਲੱਗਾ। ਇਸ ਦੀ ਮੁਢਲੀ ਸਿੱਖਿਆ ਵਿਚ ਕਈ ਰੁਕਾਵਟਾਂ ਆਈਆਂ। ਇਸ ਨੇ ਪ੍ਰਭਾਕਰ ਅਤੇ ਸਾਹਿਤ ਰਚਨਾ ਕੀਤੀ। ਇਸ ਦਾ ਮੁੱਖ ਕਿੱਤਾ ਸਾਹਿਤ ਰਚਨਾ ਹੈ। ਦੇਸ਼ ਦੀ ਵੰਡ ਮਗਰੋਂ ਇਹ ਬਹੁਤਾ ਸਮਾਂ ਦਿੱਲੀ ਵਿਚ ਰਿਹਾ।

ਦਿਨੇਸ਼ ਦੀ ਕਵਿਤਾ ਵਿਚ ਜੀਵਨ ਦਾ ਯਥਾਰਥਕ ਚਿੱਤਰ ਪੇਸ਼ ਹੁੰਦਾ ਹੈ। ਜੀਵਨ ਵਿਚ ਆਈਆਂ ਮੁਸ਼ਕਲਾਂ ਦੇ ਬਾਵਜੂਦ ਵੀ ਇਸ ਦੀਆਂ ਲਿਖਤਾਂ ਵਿਚ ਔਕੜਾਂ ਦਾ ਟਾਕਰਾ ਕਰਨ ਲਈ ਉਤਸ਼ਾਹ ਤੇ ਦਲੇਰੀ ਮਿਲਦੀ ਹੈ। ਇਸ ਦੀਆਂ ਕਵਿਤਾਵਾਂ ਦਾ ਮੁੱਖ ਵਿਸ਼ਾ ਰਾਸ਼ਟਰੀ ਅਤੇ ਦੇਸ਼ ਭਗਤੀ ਹੈ। ਆਪਣੀਆਂ ਕਵਿਤਾਵਾਂ ਰਾਹੀਂ ਇਸ ਨੇ ਭਾਵਨਾਤਮਕ ਏਕਤਾ ਦਾ ਸੰਦੇਸ਼ ਘਰ ਘਰ ਪਹੁੰਚਾਇਆ ਹੈ। ਭਾਰਤ–ਚੀਨ ਅਤੇ ਭਾਰਤ–ਪਾਕਿਸਤਾਨ ਯੁੱਧ ਸਮੇਂ ਇਸ ਨੇ ਦੇਸ਼ ਦੀਆਂ ਸੀਮਾਵਾਂ ਤੇ ਜਾ ਕੇ ਆਪਣੀਆਂ ਪ੍ਰੇਰਣਾਦਾਇਕ ਰਚਨਾਵਾਂ ਰਾਹੀਂ ਸਰਹੱਦ ਦੇ ਰਖਵਾਲਿਆਂ ਦਾ ਮਨੋਬਲ ਵਧਾਇਆ ਸੀ। ਸੁਤੰਤਰਤਾ ਸੰਗਰਾਮ ਅਤੇ ਆਜ਼ਾਦੀ ਉਪਰੰਤ ਇਸ ਨੇ ਦੇਸ਼ ਦੀ ਅਖੰਡਤਾ ਨੂੰ ਬਰਕਰਾਰ ਰੱਖਣ ਲਈ ਆਪਣੀ ਕਲਮ ਰਾਹੀਂ ਉੱਘਾ ਯੋਗਦਾਨ ਪਾਇਆ।

ਦਿਨੇਸ਼ ਨੇ ਕਵਿਤਾ ਤੋਂ ਇਲਾਵਾ ਗੀਤ, ਰੂਪਕ ਤੇ ਇਕਾਂਗੀ ਨਾਟਕ ਵੀ ਲਿਖੇ। 'ਅੰਤਰ ਗੀਤ', 'ਪੂਰਵਈਆ ਕੇ ਨੂਪੁਰ', 'ਭਾਰਤ ਮਾਂ ਕੀ ਲੋਰੀ', 'ਗੰਧ ਔਰ ਪਰਾਗ' ਅਤੇ 'ਜੀਵਨ ਔਰ ਜਵਾਨੀ', 'ਇਸ ਦੀਆਂ ਕਵਿਤਾਵਾਂ', 'ਮਾਨਵ ਪ੍ਰਤਾਪ', 'ਰਾਵਣ,' 'ਯਸ਼ਮਈ ਭੋਜ', ਅਤੇ 'ਜੀਵਨ ਔਰ ਜਾਗ੍ਰਤੀ ', 'ਨਾਟਕ', 'ਬਿਨਾਂ ਬੁਲਾਏ ਪੰਚ' , 'ਸਮੱਸਯਾ ਸੁਲਝ ਗਈ ' ਅਤੇ 'ਬਰਗਦ ਦੀ ਛਾਯਾ' ਇਕਾਂਗੀ', 'ਰਿਸ਼ਵਤ ਕੇ ਅਨੇਕ ਢੰਗ', 'ਦੁਨੀਆ ਰੰਗ ਬਿਰੰਗੀ', 'ਕਾਠ ਕੀ ਹੰਡੀਆ', ਅਤੇ 'ਫਾਇਦੇ ਮੇਂ ਹੈ ਤਲਾਕ ਦੇ ਕਰ' ਨਿਬੰਧ ਦੀਆਂ ਪੁਸਤਕਾਂ ਹਨ। ਇਨ੍ਹਾਂ ਤੋਂ ਇਲਾਵਾ ਇਸ ਨੇ ਬਾਲ ਸਾਹਿਤ ਦੀਆਂ ਵੀ ਕਈ ਪੁਸਤਕਾਂ ਲਿਖੀਆਂ ਹਨ ਜਿਨ੍ਹਾਂ ਵਿਚ 'ਝੂਠ ਦਾ ਦਾਨ', 'ਆਓ ਕਹਾਣੀ ਬਨਾਏ', 'ਕਿਰਨ ਜਾਦੂ ਕੇ ਦੇਸ਼ ਮੇਂ' 'ਬੱਚੋਂ ਕੇ ਕਵੀ ਸੰਮੇਲਨ', 'ਭਾਮਾ ਸ਼ਾਹ', ਅਤੇ 'ਗੋਰਾ ਬਾਦਲ' ਆਦਿ ਸ਼ਾਮਲ ਹਨ।

ਇਸ ਦੀਆਂ ਸਾਹਿਤ ਸੇਵਾਵਾਂ ਨੂੰ ਮੁੱਖ ਰੱਖਦੇ ਹੋਏ ਭਾਸ਼ਾ ਵਿਭਾਗ ਨੇ ਇਸ ਨੂੰ 'ਰਾਜ ਕਵੀ' ਦੀ ਉਪਾਧੀ ਪ੍ਰਦਾਨ ਕੀਤੀ ਅਤੇ ਸੰਨ 1985 ਵਿਚ 'ਸ਼੍ਰੋਮਣੀ ਹਿੰਦੀ ਸਾਹਿਤਕਾਰ' ਵਜੋਂ ਸਨਮਾਨਿਤ ਕੀਤਾ।

ਇਸ ਦੀ ਮੌਤ 12 ਸਤੰਬਰ, 1987 ਨੂੰ ਦਿੱਲੀ ਵਿਚ ਹੋਈ।

ਹ.ਪੁ.– ਸੂਚੀ. ਸਮਾ. ਸੰਨ.1985–ਭਾ.ਵਿ.ਪੰ. ; ਪੰਜਾਬ ਦੇ ਸਨਮਾਨਤ ਸਾਹਿਤਕਾਰ; ਪੰਜਾਬੀ ਦੁਨਿਆ–ਮਾਰਚ–ਅਪ੍ਰੈਲ, 1975–ਭਾ. ਵਿ. ਪੰ।

ਦਿਬਾਂਗ : ਹਿਮਾਲਾ ਪਰਬਤਾਂ ਵਿਚੋਂ ਨਿਕਲਣ ਵਾਲਾ ਇਹ ਇਕ ਵਿਸ਼ਾਲ ਦਰਿਆ ਹੈ ਜਿਹੜਾ ਕਿ ਮਿਸ਼ਮੀਆਂ ਲੋਕਾਂ ਦੁਆਰਾ ਆਬਾਦ ਹੋਈਆਂ ਪਹਾੜੀਆਂ ਵਿਚੋਂ ਦੀ ਵਹਿੰਦਾ ਹੋਇਆ ਆਸਾਮ ਰਾਜ ਵਿਚ ਪੈਂਦੇ ਸੱਦਿਆ ਦੇ ਸਥਾਨ ਤੋਂ ਬ੍ਰਹਮਪੁੱਤਰ ਦਰਿਆ ਵਿਚ ਜਾ ਡਿਗਦਾ ਹੈ। ਬਰਤਾਨਵੀ ਰਾਜ–ਕਾਲ ਦੌਰਾਨ ਉੱਤਰ–ਪੂਰਬੀ ਸਰਹੱਦ ਦੀ ਨਿਗਰਾਨੀ ਲਈ ਇਸ ਦਰਿਆ ਦੇ ਖੱਬੇ ਕੰਢੇ ਉੱਤੇ ਸਭ ਤੋਂ ਮੁਹਰਲੀ, ਬੋਮਜੂਰ ਚੌਂਕੀ ਇਥੇ ਸਥਾਪਿਤ ਕੀਤੀ ਗਈ ਸੀ।

ਹ. ਪੁ. –ਇੰਪ. ਗ. ਇੰਡ. 11 : 341

ਦਿਮਾਸਥਨੀਜ਼ : ਏਥਨਜ਼ ਦੇ ਇਸ ਸਭ ਤੋਂ ਮਹਾਨ ਬੁਲਾਰੇ ਅਤੇ ਸਿਆਸਤਦਾਨ ਦਾ ਜਨਮ 384 ਈ. ਪੂ. ਏਥਨਜ਼ ਵਿਚ ਹੋਇਆ। ਇਸ ਦਾ ਪਿਤਾ ਜਿਸ ਦਾ ਨਾਂ ਵੀ ਇਹੋ ਸੀ, ਪੀਏਨੀਆ



ਦਿਮਾਸਥਨੀਜ਼

ਦੀ ਪ੍ਰਬੰਧਕੀ ਇਕਾਈ ਨਾਲ ਸਬੰਧਤ ਇਕ ਏਥਨੀਆਈ ਨਾਗਰਿਕ ਸੀ। ਇਸ ਦੀ ਮਾਤਾ ਦਾ ਨਾਂ ਕਲਿਓਬੂਲ ਸੀ ਜਿਹੜੀ ਕਿ ਗਿਲੋਨ ਦੀ ਪੁੱਤਰੀ ਸੀ। ਗਿਲੋਨ ਕ੍ਰੀਮੀਆ ਵਿਚ ਨਿਫਿਅਮ ਦੀ ਏਥਨੀਆਈ ਕਲੋਨੀ ਲਈ ਬਾਸਪਰਸ ਦੇ ਬਾਦਸ਼ਾਹਾਂ ਦੀ ਸੁਰੱਖਿਆ ਪ੍ਰਾਪਤ ਕਰਨ ਲਈ ਸਰਗਰਮ ਸੀ। ਮਗਰੋਂ ਇਨ੍ਹਾਂ ਕਾਰਨਾਂ ਕਰ ਕੇ ਹੀ ਇਸ ਦੇ ਵਿਰੋਧੀ ਇਸ ਨੂੰ ਗੱਦਾਰਾਨਾ ਅਤੇ 'ਪਰੇ' ਖ਼ਾਨਦਾਨ ਦਾ ਵਿਅਕਤੀ ਹੋਣ ਦਾ ਤਾਅਨਾ ਮਾਰਦੇ ਸਨ। ਇਸ ਦੀ ਉਮਰ ਅਜੇ ਸੱਤ ਸਾਲ ਦੀ ਹੀ ਸੀ ਜਦੋਂ ਇਸ ਦੇ ਪਿਤਾ ਦੀ ਮੌਤ ਹੋ ਗਈ ਅਤੇ ਉਹ ਆਪਣੇ ਪਿੱਛੇ ਕਾਫ਼ੀ ਵੱਡੀ ਜਾਇਦਾਦ ਛੱਡ ਗਿਆ ਪਰੰਤੂ ਇਸ ਦੇ ਸਰਪਰਸਤਾਂ–ਇਸ ਦੇ ਪਿਤਾ ਦੇ ਦੋ ਭਤੀਜਿਆਂ–ਐਫੋਬਸ ਅਤੇ ਡੈਮੋਫਨ ਅਤੇ ਥੈਰੀ–ਪਿਡੀਜ਼ ਨਾਂ ਦੇ ਇਕ ਵਿਅਕਤੀ ਨੇ ਇਸ ਦੀ ਸਾਰੀ ਜਾਇਦਾਦ ਨੂੰ ਹੜੱਪ ਲਿਆ ਅਤੇ ਜਦੋਂ ਇਹ ਜਵਾਨ ਹੋਇਆ ਤਾਂ ਇਸ ਨੂੰ ਬਹੁਤ ਹੀ ਘੱਟ ਜਾਇਦਾਦ ਹਾਸਲ ਹੋਈ। ਇਸ ਨੇ ਪ੍ਰਸਿੱਧ ਵਕਤਾ, ਆਈਸ਼ੀਅਸ ਪਾਸੋਂ ਭਾਸ਼ਣ–ਕਲਾ ਅਤੇ ਕਾਨੂੰਨ ਦੀ ਸਿੱਖਿਆ ਪ੍ਰਾਪਤ ਕਰ ਕੇ ਆਪਣੇ ਸਰਪ੍ਰਸਤਾਂ ਤੋਂ ਆਪਣੇ ਵਿਰਸੇ ਦੀ

ਜਾਇਦਾਦ ਹਾਸਲ ਕੀਤੀ। ਹੁਣ ਇਹ ਭਾਸ਼ਣਾਂ ਦਾ ਪੇਸ਼ਾਵਰਾਨਾ ਲੇਖਕ ਬਣ ਗਿਆ। ਜਵਾਨੀ ਵੇਲੇ ਇਹ ਭਾਸ਼ਣ-ਵਿਦਿਆ ਦਾ ਅਧਿਆਪਕ ਅਤੇ ਦੂਜਿਆਂ ਲਈ ਭਾਸ਼ਣ-ਲੇਖਕ ਬਣ ਗਿਆ ਅਤੇ ਫਿਰ ਹੌਲੀ-ਹੌਲੀ ਰਾਜਨੀਤੀ ਵਿਚ ਪ੍ਰਵੇਸ਼ ਕਰ ਗਿਆ।

ਜਨਤਕ ਮਾਮਲਿਆਂ ਨਾਲ ਸਬੰਧਤ ਆਪਣੇ ਸਭ ਤੋਂ ਪਹਿਲੇ ਭਾਸ਼ਣ (354 ਈ.ਪੂ.) ਵਿਚ ਇਸ ਨੇ ਨੌਸੈਨਿਕ ਸੁਧਾਰ ਦਾ ਸਮਰਥਨ ਕੀਤਾ ਅਤੇ ਏਥਨੀਆਈ ਫ਼ੌਜੀ ਤਾਕਤ ਪ੍ਰਤੀ ਆਪਣੀ ਚਿੰਤਾ ਅਤੇ ਏਥਨਜ਼ ਦੀ ਆਜ਼ਾਦੀ ਦੇ ਖ਼ਤਰੇ ਬਾਰੇ ਸੰਕੇਤ ਕੀਤਾ। ਅਗਲੇ ਕੁਝ ਸਾਲਾਂ ਦੌਰਾਨ ਇਹ ਅਸੈਂਬਲੀ ਅਤੇ ਅਦਾਲਤਾਂ ਵਿਚ ਦੇਸ਼ ਦੀ ਵਿਦੇਸ਼ੀ ਨੀਤੀ ਉੱਤੇ ਖੁੱਲ ਕੇ ਬੋਲਿਆ ਜਿਥੇ ਕਿ ਏਥਨਜ਼ ਦੀ ਅੰਦਰੂਨੀ ਰਾਜਨੀਤੀ ਸਬੰਧੀ ਕਾਫ਼ੀ ਭੱਖਵੀਂ ਬਹਿਸ ਹੋਇਆ ਕਰਦੀ ਸੀ। ਇਸੇ ਹੀ ਸਮੇਂ ਇਸ ਨੇ ਆਪਣਾ ਧਿਆਨ ਮੈਸਡਨ ਦੇ ਉਥਾਨ ਦੇ ਵਿਸ਼ੇ ਵਲ ਮੋੜਿਆ ਜਿਹੜਾ ਕਿ ਇਸ ਦੇ ਬਾਕੀ ਦੇ ਜੀਵਨ ਵਿਚ ਵੀ ਪ੍ਰਬਲ ਰਿਹਾ ਅਤੇ ਇਸ ਦੀ ਭਾਸ਼ਣ-ਕਲਾ ਦਾ ਵਿਸ਼ਾ ਬਣਿਆ ਰਿਹਾ।

ਯੂਨਾਨ ਦੀ ਉੱਤਰੀ ਸੀਮਾ ਉੱਤੇ ਮੈਸਡਨ ਰਾਜ ਦੇ ਨਵੇਂ ਸ਼ਾਸਕ, ਫਿਲਿਪ ਦੂਜੇ ਨੇ ਯੂਨਾਨ ਵਿਚ ਇਕ ਬਹੁਤ ਹੀ ਸ਼ਕਤੀ-ਸ਼ਾਲੀ ਰਾਜ ਸਥਾਪਿਤ ਕਰ ਲਿਆ। ਫਿਲਿਪ ਦੀ ਏਥਨੀਆਈਆਂ ਨਾਲ ਸਭ ਤੋਂ ਪਹਿਲੀ ਝੜਪ ਸੋਨੇ ਦੀ ਖਾਣ ਦੇ ਉੱਤਰੀ ਕੇਂਦਰ ਐਂਫਿਪਾਲਸ ਸਬੰਧੀ ਹੋਈ ਜਿਸ ਵਿਚ ਏਥਨੀਆਈਆਂ ਨੂੰ ਕਾਫ਼ੀ ਲੰਮੇ ਸਮੇਂ ਤੋਂ ਦਿਲਚਸਪੀ ਸੀ। ਬਰਮਾ ਦੀ ਖਾੜੀ ਵਿਚੋਂ ਏਥਨੀ-ਆਈਆਂ ਨੂੰ ਕੱਢਣ ਉਪਰੰਤ, ਫਿਲਿਪ ਨੇ ਪੂਰਬੀ ਦਿਸ਼ਾ ਵੱਲ ਆਪਣੀ ਸੈਨਾ ਭੇਜੀ ਅਤੇ ਏਥਨੀਆਈਆਂ ਦੇ ਅਨਾਜ ਦੀ ਢੋ-ਢੁਆਈ ਵਾਲੇ ਰਸਤੇ ਲਈ ਖਤਰਾ ਪੈਦਾ ਕਰ ਦਿੱਤਾ। ਇਹ ਸੁਚੇਤ ਹੋ ਗਿਆ ਅਤੇ ਇਸ ਸਬੰਧੀ ਇਸ ਨੇ ਬਹੁਤ ਸਾਰੇ ਭਾਸ਼ਣ ਦਿੱਤੇ। ਇਨ੍ਹਾਂ ਵਿਚੋਂ ਇਸ ਨੇ ਆਪਣਾ ਪਹਿਲਾ ਭਾਸ਼ਣ ਸ਼ਾਇਦ 351 ਈ. ਪੂ. ਦਿੱਤਾ ਜਿਸ ਵਿਚ ਫਿਲਿਪ ਵਲੋਂ ਏਥਨੀਆਈਆਂ ਲਈ ਪੈਦਾ ਕੀਤੇ ਖਤਰੇ ਬਾਰੇ ਦੱਸਿਆ ਗਿਆ। ਇਸ ਨੇ ਬੀਤੇ ਸਮੇਂ ਦੀ ਏਥਨੀਆਈ ਵਿਦੇਸ਼ੀ ਨੀਤੀ ਦੀ ਆਲੋਚਨਾ ਕੀਤੀ ਅਤੇ ਫ਼ੌਜੀ ਤਿਆਰੀ ਲਈ ਕਿਹਾ। ਇਨ੍ਹਾਂ ਲੜੀਆਂ ਦੇ ਹੋਰ ਭਾਸ਼ਣਾਂ ਵਿਚ ਅਤੇ ਦੂਜੀ ਲੜੀ ਜਿਸ ਨੂੰ ਉਲਿੰਥੀਐਕਸ ਕਿਹਾ ਜਾਂਦਾ ਸੀ, ਵਿਚ ਇਸੇ ਉਦੇਸ਼ ਨੂੰ ਉਭਾਰਿਆ ਗਿਆ ਅਤੇ ਫਿਲਿਪ ਉੱਤੇ ਹੋਰ ਵੀ ਜ਼ੋਰਦਾਰ ਭਾਸ਼ਣੀ ਹਮਲੇ ਕੀਤੇ ।

340 ਈ. ਪੂ. ਦੇ ਦੌਰਾਨ ਇਸ ਨੇ ਮੈਸਡਨ ਵਿਰੁੱਧ ਏਥਨੀਆਈਆਂ ਨੂੰ ਕਰੜੀ ਵਿਰੋਧਤਾ ਲਈ ਪ੍ਰੇਰਿਤ ਕਰਨ ਲਈ ਆਪਣੇ ਯਤਨ ਲਗਾਤਾਰ ਜਾਰੀ ਰੱਖੇ। ਭਾਵੇਂ 346 ਈ. ਪੂ. ਵਿਚ ਇਹ ਦੁਸ਼ਮਣੀਆਂ ਨੂੰ ਖ਼ਤਮ ਕਰਨ ਸਬੰਧੀ ਤੀਖਣ ਬੁੱਧ ਹੋ ਗਿਆ ਸੀ। ਜਿਨ੍ਹਾਂ ਕਰਕੇ ਏਥਨਜ਼ ਅਤੇ ਫਿਲਿਪ ਵਿਚਕਾਰ ਲੜਾਈਆਂ ਛਿੜੀਆਂ ਸਨ। ਫਿਰ ਵੀ ਇਸ ਨੇ ਮਕਦੂਨੀਆਂ ਵਲੋਂ ਯੂਨਾਨ ਦੀ ਭੰਗ ਹੋਈ ਸੁਤੰਤਰਤਾ ਸਬੰਧੀ ਆਪਣੀ ਵਿਰੋਧਤਾ ਨਿਰੰਤਰ ਤੌਰ ਤੇ ਜਾਰੀ ਰੱਖੀ।

ਇਸ ਨੇ ਅਸੈਂਬਲੀ ਵਿਚ ਫਿਲਿਪ ਵਿਰੁੱਧ ਅਤੇ ਅਦਾਲਤਾਂ ਵਿਚ ਉਸ ਦੇ ਸਮਰਥਕਾਂ ਵਿਰੁੱਧ ਕਾਫ਼ੀ ਭਾਸ਼ਣ ਦਿੱਤੇ। ਇਸ ਨੇ ਐਸਕਿਨੀਜ਼ ਜਿਹੜਾ ਕਿ ਇਕ ਪ੍ਰਸਿੱਧ ਰਾਜਨੀਤੀਵੇਤਾ ਅਤੇ ਬੁਲਾਰਾ ਸੀ ਅਤੇ ਫਿਲਿਪ ਦਾ ਸਮਰੱਥਕ ਸੀ, ਉੱਤੇ ਦੋ ਸਾਲ ਪਹਿਲਾਂ (344 ਈ. ਪੂ.) ਫਿਲਿਪ ਦੇ ਸ਼ਫਾਰਤਖਾਨੇ ਨੂੰ ਗਲਤ ਢੰਗ ਨਾਲ ਚਲਾਉਣ ਦਾ ਦੋਸ਼ ਲਾਇਆ ਸੀ। ਐਸਕਿਨੀਜ਼ ਦੋਸ਼-ਸਿੱਧੀ ਤੋਂ ਮਸਾਂ ਹੀ ਬਚਿਆ ਸੀ। ਇਹ ਕੇਸ ਦੋ ਵਿਰੋਧੀਆਂ ਦੀ ਆਪਣੀ ਬਹੁਤ ਹੀ ਪ੍ਰਭਾਵਸ਼ਾਲੀ ਭਾਸ਼ਣ-ਕਲਾ ਦਾ ਅਵਸਰ ਪ੍ਰਦਾਨ ਕਰਦਾ ਹੈ। ਇਨ੍ਹਾਂ ਦੋਹਾਂ ਦੇ ਭਾਸ਼ਣਾਂ ਦੇ ਉਲੱਥਿਆਂ ਨੂੰ ਸੰਭਾਲ ਕੇ ਰੱਖਿਆ ਹੋਇਆ ਹੈ। ਦਿਮਾਸਥਨੀਜ਼ ਦੇ ਭਾਸ਼ਣ ਦਾ ਲਾਤੀਨੀ ਸਿਰਲੇਖ 'De falsa legatione' ਅਧੀਨ ਹਵਾਲਾ ਦਿੱਤਾ ਗਿਆ ਹੈ। ਇਸ ਦਾ ਇਹ ਭਾਸ਼ਣ ਇਸ ਦੇ ਸਭ ਤੋਂ ਵਧੀਆ ਭਾਸ਼ਣਾਂ ਵਿਚੋਂ ਇਕ ਗਿਣਿਆ ਜਾਂਦਾ ਹੈ। ਇਨ੍ਹਾਂ ਦੋਹਾਂ ਬੁਲਾਰਿਆਂ ਵਿਚਕਾਰ ਵੈਰ-ਵਿਰੋਧਤਾ ਕਈ ਸਾਲਾਂ ਤੱਕ ਚਲਦੀ ਰਹੀ। 330 ਈ. ਪੂ. ਵਿਚ ਜਦੋਂ ਏਥਨਜ਼ ਦੇ ਟੇਸਾਫਾਨ ਨਾਂ ਦੇ ਇਕ ਨਾਗਰਿਕ ਨੇ ਇਹ ਤਜਵੀਜ਼ ਰੱਖੀ ਕਿ ਏਥਨੀਆਈਆਂ ਪ੍ਰਤੀ ਕੀਤੀਆਂ ਇਸ ਦੀਆਂ ਸੇਵਾਵਾਂ ਦੀ ਮਾਨਤਾ ਵਜੋਂ ਇਸ ਦਾ ਸੁਨਹਿਰੀ ਤਾਜ ਨਾਲ ਸਨਮਾਨ ਕੀਤਾ ਜਾਣਾ ਬਣਦਾ ਹੈ ਤਾਂ ਐਸਕਿਨੀਜ਼ ਨੇ ਟੈਸਾਫਾਨ ਉੱਤੇ ਇਕ ਗ਼ੈਰ-ਕਾਨੂੰਨੀ ਮਤਾ ਪੇਸ਼ ਕਰਨ ਦਾ ਇਲਜ਼ਾਮ ਲਾਇਆ ਅਤੇ ਮੁਕੱਦਮੇ ਦੇ ਦੌਰਾਨ ਹੀ ਟੈਸਾਫਾਨ ਵਿਰੁੱਧ ਆਪਣਾ ਭਾਸ਼ਣ ਦਿੱਤਾ। ਜ਼ਾਬਤਾ ਦੇ ਯੂਨਾਨੀ ਨਿਯਮ ਕਿਉਂਕਿ ਕਾਨੂੰਨੀ ਉਚਿਤਤਾ ਦੀ ਬਹੁਤ ਹੀ ਵਿਸਤ੍ਰਿਤ ਪਰਿਭਾਸ਼ਾ ਦਿੰਦੇ ਹਨ ਇਸੇ ਕਰ ਕੇ ਇਹ ਮੁਕੱਦਮਾ ਇਸ ਦੇ ਜੀਵਨ ਪੰਧ ਦੇ ਆਪ ਵਿਚਾਰ-ਵਟਾਂਦਰੇ ਦਾ ਰੂਪ ਧਾਰਨ ਕਰ ਗਿਆ। ਇਸ ਨੇ ਆਨ ਦਾ ਕ੍ਰਾਊਨ ਉੱਤੇ ਦਿੱਤੇ ਆਪਣੇ ਜੋਸ਼-ਭਰਪੂਰ ਅਤੇ ਸਫਲ ਭਾਸ਼ਣ ਵਿਚ ਟੈਸਾਫਾਨ ਦਾ ਪੱਖ ਪੂਰਿਆ ਅਤੇ ਇਸ ਦੇ ਇਸ ਸਫਲ ਭਾਸ਼ਣ ਦਾ ਬਹੁਤਾ ਹਿੱਸਾ ਤਾਂ ਇਸ ਦੀਆਂ ਆਪਣੀਆਂ ਹੀ ਨੀਤੀਆਂ ਦੇ ਪੱਖ ਵਿਚ ਦਿੱਤਾ ਹੋਇਆ ਭਾਸ਼ਣ ਸੀ।

ਭਾਵੇਂ ਐਸਕਿਨੀਜ਼ ਅਤੇ ਦਿਮਾਸਥਨੀਜ਼ ਦਾ ਜਾਤੀ ਵੈਰ ਇਕ ਲੜਾਈ ਦੇ ਰੂਪ ਵਿਚ ਬਦਲ ਗਿਆ ਸੀ ਪਰ ਮਸਲੇ ਕਾਫ਼ੀ ਮਹੱਤਵ-ਪੂਰਨ ਸਨ। ਐਸਕਿਨੀਜ਼ ਨੇ ਏਥਨਜ਼ ਅਤੇ ਮੈਸਡਨ ਦਰਮਿਆਨ ਇਕ ਸਮਝੌਤਾ ਕਰਵਾਉਣਾ ਚਾਹਿਆ ਪਰ ਦਿਮਾਸਥਨੀਜ਼ ਦਾ ਤਾਂ ਇਹ ਵਿਸ਼ਵਾਸ ਸੀ ਕਿ ਕੋਈ ਵੀ ਸਮਝੌਤਾ ਹੋਣਾ ਸੰਭਵ ਹੀ ਨਹੀਂ ਅਤੇ ਇਸ ਦਾ ਉਦੇਸ਼ ਤਾਂ ਯੂਨਾਨ ਦੇ ਨਗਰ-ਰਾਜਾਂ ਵਿਚ ਏਥਨੀਆਈ ਸ੍ਰੇਸ਼ਟਤਾ ਸਥਾਪਤ ਕਰਨਾ ਸੀ। ਫਿਲਿਪ ਦੀ ਹਰ ਇਕ ਕਾਰਵਾਈ ਨੂੰ ਇਸ ਨੇ ਬੁਰੀ ਤਰ੍ਹਾਂ ਨਕਾਮ ਕਰ ਦਿੱਤਾ ਅਤੇ ਜੇ ਕੋਈ ਵੀ ਯੂਨਾਨੀ ਇਸ ਨਾਲ ਸਮਝੌਤਾ ਕਰਨ ਦੀ ਵਕਾਲਤ ਕਰਦਾ ਸੀ ਤਾਂ ਇਸ ਨੂੰ ਕੁਦਰਤੀ ਹੀ ਉਸ ਉੱਤੇ ਸ਼ੱਕ ਹੋ ਜਾਂਦਾ ਸੀ ਜਿਹੜਾ ਕਿ ਅਕਸਰ ਸਹੀ ਹੀ ਹੁੰਦਾ ਸੀ। ਕੀ ਏਥਨਜ਼ ਅਤੇ ਮੈਸਡਨ ਆਪਣੇ ਬਾਕੀ ਰਹਿੰਦੇ ਮਾਮਲੇ ਸੁਲ੍ਹਾ-ਸਫਾਈ ਨਾਲ ਹੱਲ ਕਰ ਸਕਦੇ ਸਨ? ਇਹ ਤਾਂ ਇਕ ਕਿਆਸ ਹੀ ਰਹਿ ਜਾਂਦਾ ਹੈ ਅਤੇ ਇਸ ਤਰ੍ਹਾਂ ਇਸ ਦੀਆਂ ਨੀਤੀਆਂ ਦਾ ਸਿਧਾਂਤਕ ਮੁਲਾਂਕਣ ਕਰਨਾ ਅਸਭੰਵ ਹੈ । ਮੈਸਡਨ ਕੋਲ ਉੱਤਰੀ ਯੂਨਾਨ ਉੱਤੇ ਆਪਣੀ ਇੱਛਾ ਨੂੰ ਠੋਸਣ ਲਈ ਸ਼ਕਤੀ ਸੀ ਅਤੇ ਇਹ ਬਹੁਤ ਹੀ ਸਪਸ਼ਟ ਹੋ ਗਿਆ ਸੀ ਕਿ ਨਗਰ-ਰਾਜਾਂ ਕੋਲ ਆਪਣੇ ਮਾਮਲਿਆਂ ਵਿਚ ਮੈਕਾਡੋਨੀਆਈ ਦਖ਼ਲ-ਅੰਦਾਜੀ ਦੀ ਵਿਰੋਧਤਾ ਕਰਨ ਲਈ ਲੋੜੀਂਦੀ ਏਕਤਾ ਦੀ ਘਾਟ ਸੀ।

ਇਸ ਦੀ ਸਭ ਤੋਂ ਵੱਡੀ ਰਾਜਦੂਤਕ ਪ੍ਰਾਪਤੀ ਇਹ ਸੀ ਕਿ ਇਹ ਰਵਾਇਤੀ ਦੁਸ਼ਮਣਾਂ, ਏਥਨਜ਼ ਅਤੇ ਥੀਬਜ਼ ਵਿਚਕਾਰ ਸਾਂਝਾ ਮੁਹਾਜ਼ ਸਥਾਪਿਤ ਕਰਨ ਵਿਚ ਤਾ ਸਫ਼ਲ ਹੋ ਗਿਆ ਸੀ ਪੰਰਤੂ ਕੈਰਾਨੀਆ (338 ਈ. ਪੂ.) ਦੀ ਲੜਾਈ ਵਿਚ ਮੈਸਡਨ ਦਾ ਮੁਕਾਬਲਾ ਕਰਨ ਲਈ ਉਨ੍ਹਾਂ ਦੀ ਸਾਂਝੀ ਤਾਕਤ ਬਹੁਤ ਹੀ ਘੱਟ ਸੀ। ਇਸ ਲੜਾਈ ਨੇ ਇਹ ਵੀ ਸਪਸ਼ਟ ਕਰ ਦਿੱਤਾ ਕਿ ਮੈਸਡਨ ਯੂਨਾਨ ਵਿਚ ਇਕ ਪ੍ਰਭਾਵੀ ਤਾਕਤ ਬਣ ਗਿਆ ਸੀ।

ਭਾਵੇਂ ਫਿਲਿਪ ਕੈਰਾਨੀਆ ਦੀ ਲੜਾਈ ਪਿੱਛੋਂ ਏਥਨਜ਼ ਨਾਲ ਫਰਾਖ-ਦਿਲੀ ਨਾਲ ਪੇਸ਼ ਆਇਆ ਪਰ ਉਹ ਏਥਨਜ਼ ਦੇ ਲੋਕਾਂ ਦੀਆਂ ਸ਼ੁਭ ਕਾਮਨਾਵਾਂ ਅਤੇ ਇਸ ਦਾ ਸਮਰਥਨ ਪ੍ਰਾਪਤ ਕਰਨ 'ਚ

ਅਸਫਲ ਰਿਹਾ। ਫਿਲਿਪ ਦੀ ਮੌਤ (336 ਈ. ਪੂ.) ਪਿੱਛੋਂ ਜਦੋਂ ਇਹ ਅਫਵਾਹ ਫੈਲੀ ਕਿ ਉਸ ਦਾ ਪੁਤੱਰ ਅਤੇ ਉੱਤਰਾਧਿਕਾਰੀ, ਸਿਕੰਦਰ ਮਹਾਨ ਮਰ ਗਿਆ ਹੈ ਤਾਂ ਇਸ ਨੇ ਏਥਨਜ਼ ਨੂੰ ਫਿਰ ਤੋਂ ਥੀਬਜ਼ ਨਾਲ ਮਿਲ ਕੇ ਮੈਸਡਨ ਦੀ ਵਿਰੋਧਤਾ ਕਰਨ ਲਈ ਉਤਸਾਹਿਤ ਕੀਤਾ। ਇਸ ਲਈ ਨੀਤੀ ਦੇ ਦਾਅ ਉਦੋਂ ਹੀ ਸਪਸ਼ਟ ਹੋ ਗਏ ਜਦੋਂ ਸਿਕੰਦਰ ਨੇ ਥੀਬਜ਼ੀਆਂ ਨੂੰ ਹਰਾ ਦਿੱਤਾ ਅਤੇ ਉਨ੍ਹਾਂ ਦੇ ਸ਼ਹਿਰ ਨੂੰ ਤਬਾਹ ਕਰ ਦਿੱਤਾ। ਉਸ ਨੇ ਆਪਣੇ ਪਿਤਾ ਦੀ ਤਰ੍ਹਾਂ ਏਥਨਜ਼ ਨੂੰ ਮੁਆਫ਼ ਕਰ ਦਿੱਤਾ ਪਰੰਤੂ ਉਹ ਏਥਨਜ਼ ਨੂੰ ਦਿਮਾਸਥਨੀਜ ਅਤੇ ਹੋਰ ਮੈਸਡਨ ਵਿਰੋਧੀ ਸਿਆਸਤਦਾਨਾਂ ਨੂੰ ਆਪਣੇ ਹਵਾਲੇ ਕਰਨ ਦੀ ਮੰਗ ਕਰਦਾ ਰਿਹਾ। ਏਥਨਜ਼ ਦੇ ਪ੍ਰਸਿੱਧ ਸਿਆਸਤਦਾਨ ਡਿਮੇਂਡੀਜ਼ ਦੇ ਵਿਚ ਪੈਣ ਤੇ ਹੀ ਇਹ ਸ਼ਾਂਤ ਹੋਇਆ। 324 ਈ. ਪੂ. ਵਿਚ ਇਹ ਸਿਕੰਦਰ ਦੇ ਬਾਬਲ ਵਿਖੇ ਤੈਨਾਤ ਹਾਰਪਾਲਸ ਦਾ ਖਜ਼ਾਨਾ ਲੁੱਟ ਕੇ ਭੱਜ ਗਿਆ ਸੀ ਅਤੇ ਉਸ ਨੇ ਬਾਦਸ਼ਾਹ ਪਾਸੋਂ 20 ਟੈਲੰਟ ਰਿਸ਼ਵਤ ਲੈਣ ਦਾ ਦੋਸ਼ ਲਾਇਆ। ਇਸ ਵੱਲੋਂ ਹਾਰਪਾਲਸ ਨੂੰ ਏਥਨਜ਼ ਵਿਚ ਦਾਖ਼ਲ ਕਰਨ ਸਬੰਧੀ ਪੇਸ਼ ਕੀਤੇ ਪ੍ਰਸਤਾਵ ਨਾਲ ਮੈਸਡਨ ਨਾਲ ਸਬੰਧ ਹੋਰ ਵੀ ਵਿਗੜ ਗਏ। ਇਸ ਨੂੰ ਦੋਸ਼ੀ ਠਹਿਰਾਇਆ ਗਿਆ ਅਤੇ ਮਗਰੋਂ ਜਲਾਵਤਨੀ ਕਾਰਨ ਇਸ ਦਾ ਕੁਝ ਸਮੇਂ ਲਈ ਏਥਨਜ਼ ਵਿਚੋਂ ਪ੍ਰਭਾਵ ਵੀ ਖ਼ਤਮ ਹੋ ਗਿਆ ਪਰ ਸਿਕੰਦਰ ਦੀ ਮੌਤ (323 ਈ. ਪੂ.) ਨੇ ਇਸ ਨੂੰ ਯੂਨਾਨੀ ਸ਼ਹਿਰਾਂ ਨੂੰ ਮੈਸਡਨ ਵਿਰੁੱਧ ਇਕੱਠੇ ਕਰਨ ਦਾ ਇਕ ਅੰਤਿਮ ਅਵਸਰ ਪ੍ਰਦਾਨ ਕਰ ਦਿੱਤਾ। ਮੈਸਡਨ ਦੇ ਰੀਜੈਂਟ, ਐਂਟੀ-ਪੇਟਰ ਨੇ ਦੁਬਾਰਾ ਮੈਸਡਨ ਦੀ ਫ਼ੌਜੀ ਸਰਵਸ੍ਰੇਸ਼ਟਤਾ ਸਾਬਤ ਕਰ ਦਿੱਤੀ ਅਤੇ ਮੰਗ ਕੀਤੀ ਕਿ ਇਸ ਨੂੰ ਉਸ ਦੇ ਹਵਾਲੇ ਕਰ ਦਿੱਤਾ ਜਾਵੇ। ਇਹ ਕਾਲੌਰੀਆ ਦੇ ਟਾਪੂ ਵੱਲ ਨੂੰ ਬਚ ਨਿਕਲਿਆ ਪਰ ਐਂਟੀਪੇਟਰ ਦੇ ਏਲਚੀਆਂ ਦੇ ਇਸ ਦੇ ਨੇੜੇ ਪਹੁੰਚਦਿਆਂ ਹੀ ਇਸ ਨੇ ਆਤਮ-ਹੱਤਿਆ ਕਰ ਲਈ।

ਇਸ ਦੀਆਂ ਨੀਤੀਆਂ ਵਿਚ ਲੁਕੀ ਸਿਆਣਪ ਨੂੰ ਸਹਿਜੇ ਹੀ ਵੰਗਾਰਿਆ ਗਿਆ ਹੈ ਪਰ ਇਸ ਦੀ ਏਥਨਜ਼ ਪ੍ਰਤੀ ਸ਼ਰਧਾ ਹੋਰ ਵੀ ਬਰਕਰਾਰ ਹੈ। ਇਸ ਦੀ ਭਾਸ਼ਣ-ਕਲਾ ਤੇ ਤਾਂ ਕੋਈ ਕਿੰਤੂ ਵੀ ਨਹੀਂ ਕੀਤਾ ਜਾ ਸਕਦਾ। ਪ੍ਰਾਚੀਨ ਕਾਲ ਲਈ ਇਹ ਇਕ ਅਜਿਹਾ ਵਕਤਾ ਸੀ ਜਿਸ ਦੀ ਤਾਕਤ, ਸ਼ੀਘਰਤਾ, ਪ੍ਰਬਲਤਾ ਅਤੇ ਚਤੁਰਾਈ ਤਾਂ ਅਸਲ ਵਿਚ ਸਾਰਿਆਂ ਹੀ ਲੋਕਾਂ ਨੂੰ ਤੂਫ਼ਾਨ ਅਤੇ ਅਸਮਾਨੀ ਬਿਜਲੀ ਵਾਂਗ ਖਿੰਡਾ-ਪੁੰਡਾ ਦਿੰਦੀ ਸੀ।

ਇਸ ਦੀ ਮੌਤ 12 ਅਕਤੂਬਰ, 332 ਈ. ਪੂ. ਨੂੰ ਹੋਈ।

ਹ. ਪੁ.—ਐਨ.ਐਮ. 8 : 701; ਐਨ. ਬ੍ਰਿ. ਮਾ. 4 : 8 ; ਐਨ. ਬ੍ਰਿ. 7 : 192

ਦਿਮਾਕਰਤਸ : ਇਹ ਇਕ ਪ੍ਰਾਚੀਨ ਮਹਾਨ ਦਾਰਸ਼ਨਿਕ ਸੀ ਜਿਸ ਨੇ ਸਭ ਤੋਂ ਪਹਿਲਾਂ ਪ੍ਰਮਾਣੂਵਾਦ ਦਾ ਸਿੱਧਾਂਤ ਪੇਸ਼ ਕੀਤਾ। ਇਸ ਦੇ ਜੀਵਨ ਬਾਰੇ ਬਹੁਤੀ ਜਾਣਕਾਰੀ ਨਹੀਂ ਮਿਲਦੀ। ਇਹ ਥਰੇਸ ਵਿਚ ਅਬਦੇਰਾਂ ਨਿਵਾਸੀ ਸੀ ਜਿਥੇ ਇਸ ਦਾ ਜਨਮ ਲਗਭਗ 460 ਈ. ਪੂ. ਇਕ ਬੜੇ ਅਮੀਰ ਘਰਾਣੇ ਵਿਚ ਹੋਇਆ। ਇਸ ਨੇ ਆਪਣੇ ਜੀਵਨ ਦਾ ਆਰੰਭ ਦੁਨੀਆ ਦੇ ਦੌਰੇ ਨਾਲ ਕੀਤਾ। ਇਹ ਯੂਨਾਨ, ਮਿਸਰ, ਈਰਾਨ ਬੇਬੀਲੋਨੀਆ ਤੋਂ ਹੁੰਦਾ ਹੋਇਆ ਸ਼ਾਇਦ ਭਾਰਤ ਵੀ ਆਇਆ। ਇਨ੍ਹਾਂ ਦੇਸ਼ਾਂ ਵਿਚ ਇਸ ਨੇ ਦਰਸ਼ਨ ਤੇ ਗਿਆਨ ਮੀਮਾਂਸਾ ਦਾ ਡੂੰਘਾ ਅਧਿਐਨ ਕੀਤਾ। ਯਾਤਰਾ ਅਤੇ ਆਪਣੇ ਅਧਿਐਨ ਉੱਤੇ ਬੇਸ਼ੁਮਾਰ ਪੈਸਾ ਖਰਚ ਕਰਨ ਬਾਰੇ ਲੱਗੇ ਦੋਸ਼ ਨੂੰ ਦੂਰ ਕਰਨ ਲਈ ਇਸ ਨੇ ਲੋਕਾਂ ਨੂੰ ਆਪਣੀ ਪੁਸਤਕ 'ਦੀ ਸਿਸਟਮ ਆਫ਼ ਦੀ ਵਰਲਡ' ਪੜ੍ਹ ਕੇ ਸੁਣਾਈ। ਇਸ ਨਾਲ ਆਪਣੇ ਦੇਸ਼ ਵਿਚ ਇਸ ਦਾ ਵਕਾਰ ਮੁੜ ਕਾਇਮ ਹੋ ਗਿਆ। ਇਸ ਨੇ ਆਪਣਾ 90 ਸਾਲਾਂ ਦਾ ਜੀਵਨ ਖੋਜ ਤੇ ਅਧਿਐਨ ਨੂੰ ਸਮਰਪਿਤ ਕਰ ਦਿੱਤਾ ਅਤੇ ਹਰ ਪ੍ਰਕਾਰ ਦੀ ਵਪਾਰਕ ਤੇ ਰਾਜਨੀਤਕ ਲਾਲਸਾ ਦਾ ਤਿਆਗ ਕਰ ਦਿੱਤਾ।

ਦਿਮਾਕਰਤਸ ਪੂਰੀ ਤਰ੍ਹਾਂ ਨਾਲ ਪਦਾਰਥਵਾਦੀ ਚਿੰਤਕ ਸੀ। ਇਸ ਦਾ ਪੱਕਾ ਵਿਚਾਰ ਸੀ ਕਿ ਬ੍ਰਹਿਮੰਡ ਦੀ ਅਸਲੀਅਤ ਪ੍ਰਮਾਣੂ ਅਤੇ ਇਹੋ ਹੀ ਅਸਲੀ ਸ਼ਕਤੀ ਹੈ। ਵਿਚਾਰ ਅਤੇ ਸੰਵੇਦਨਾ ਕੇਵਲ ਆਭਾਗ ਹੈ। ਗਤੀਸ਼ੀਲ ਪ੍ਰਮਾਣੂਆਂ ਦੇ ਕੋਈ ਗੁਣ ਨਹੀਂ ਹਨ। ਸਗੋਂ ਸਥਿਤੀ ਆਕਾਰ, ਸ਼ਕਲ ਅਤੇ ਅਪਾਰਗਮਨਤਾ ਹੈ; ਸਾਡੀਆਂ ਸ਼ਕਲਾਂ ਸੂਰਤਾਂ ਅਤੇ ਸਾਰੀਆਂ ਇੰਦਰੀਆਂ ਦੇ ਗੁਣ ਅਸਲ ਵਿਚ ਪ੍ਰਮਾਣੂਆਂ ਦੀ ਵੱਖ ਵੱਖ ਸ਼ਕਲਾਂ ਅਤੇ ਸੰਯੋਜਨ ਦਾ ਸਿੱਟਾ ਹਨ। ਇਸ ਤਰ੍ਹਾਂ ਸਫੈਦ ਚੀਜ਼ਾਂ ਦੀ ਸਤ੍ਹਾ ਇਕਸਾਰ ਪ੍ਰਮਾਣੂਆਂ ਦੀ ਬਣੀ ਹੋਈ ਹੁੰਦੀ ਹੈ; ਸੂਈ ਵਰਗੇ ਤਿਖੇ ਪ੍ਰਮਾਣੂਆਂ ਦੇ ਸਪੰਰਕ ਨਾਲ ਖੱਟਾ ਸੁਆਦ ਉਤਪੰਨ ਹੁੰਦਾ ਹੈ ਅਤੇ ਦ੍ਰਿਸ਼ਟੀ ਉਦੋਂ ਪੈਦਾ ਹੁੰਦੀ ਹੈ ਜਦੋਂ ਖਲਾਅ ਦੀ ਹਰ ਸ਼ੈਅ ਵਿਚੋਂ ਲਗਾਤਾਰ ਉੱਠਦੇ ਸੂਖਮ ਪ੍ਰਮਾਣੂ ਫਿਲਮ ਦੀ ਤਰ੍ਹਾਂ ਅੱਖ ਵਿਚ ਦਾਖ਼ਲ ਹੁੰਦੇ ਰਹਿੰਦੇ ਹਨ। ਅਸਲ ਵਿਚ ਤਾਂ ਵਿਚਾਰ ਵੀ ਮਨੁੱਖੀ ਸਰੀਰ ਵਿਚ ਪ੍ਰਮਾਣੂਆਂ ਦੀ ਹਰਕਤ ਦਾ ਹੀ ਨਤੀਜਾ ਹਨ। ਅਜਿਹੇ ਬੇਸ਼ੁਮਾਰ ਵਿਚਾਰ ਇਸ ਦੀਆਂ ਪੁਸਤਕਾਂ ਵਿਚ ਉਪਲੱਬਧ ਹਨ ਜੋ ਪ੍ਰਚੀਨ ਗਿਆਨ ਦੇ ਹਰ ਖੇਤਰ ਦੇ ਨਾਲ ਸਬੰਧਿਤ ਸਨ। ਦਿਮਾਕਰਸਤ ਦੀਆਂ 70 ਤੋਂ ਵੱਧ ਕਿਰਤਾਂ ਦਾ ਪਤਾ ਲੱਗਦਾ ਹੈ ਜਿਨ੍ਹਾਂ ਵਿਚੋਂ 'Flavours and Colours', of Celestical Phenomena, Logic, Problems in Geometry, Medical regimen,The Beauty of verses ਆਦਿ ਪ੍ਰਸਿੱਧ ਹਨ। ਇਹ ਰਚਨਾਵਾਂ ਬਹੁਤ ਸੁੰਦਰ ਸ਼ੈਲੀ ਵਿਚ ਲਿਖੀਆਂ ਗਈਆਂ ਪਰ ਹੁਣ ਇਨ੍ਹਾਂ ਦੇ ਸਾਰ ਜਾਂ ਕੁਝ ਹਿੱਸੇ ਹੀ ਉਪਲੱਬਧ ਹਨ। ਐਪੀਕਿਊਰਿਸ ਪ੍ਰਣਾਲੀ ਨੇ ਦਿਮਾਕਰਸਤ ਦੇ ਭੌਤਿਕ ਅਤੇ ਨੈਤਿਕ ਵਿਚਾਰਾਂ ਨੂੰ ਵਿਰਸੇ ਵਿਚ ਗ੍ਰਹਿਣ ਕੀਤਾ। ਇਸ ਦੇ ਨੈਤਿਕ ਵਿਚਾਰ 'Wise Sayings of Democritus' ਵਿਚ ਸਾਂਭੇ ਪਏ ਹਨ; ਹੋਰ ਸਿਆਣਪ ਭਰੀਆਂ ਗੱਲਾਂ ਤੋਂ ਇਲਾਵਾ ਇਹ ਇੰਦਰੀਆਂ ਦੇ ਆਨੰਦ ਦਾ ਜ਼ਿਕਰ ਕਰਦੇ ਹਨ। ਇਸ ਦੀਆਂ ਕਿਰਤਾਂ On Laughter ਅਤੇ On Cheerfulness ਕਾਰਨ ਦਿਮਾਕਰਸਤ ਨੂੰ ਖ਼ੁਸ਼ਦਿਲ ਫਿਲਾਫਸਰ ਆਖਿਆ ਜਾਂਦਾ ਸੀ।

ਹ.ਪੁ.—ਕੋਲ.ਐਨ. 6:190; ਐਨ.ਬ੍ਰਿ.ਮਾ. 3:460; ਚੈਂਬ.ਐਨ. 4:438

ਦਿਮਾਗ : ਮਨੁੱਖੀ ਦਿਮਾਗ, ਖੋਪਰੀ ਵਿਚ ਬੰਦ ਨਾੜੀ-ਟਿਸ਼ੂਆਂ ਦਾ ਇਕ ਪੁੰਜ ਹੈ ਜਿਹੜਾ ਹੇਠਲੇ ਪਾਸੋਂ ਸੁਖਮਨਾ ਨਾੜੀ (ਰੀੜ੍ਹ ਕਾੱਰਡ) ਨਾਲ ਜੁੜਿਆ ਹੁੰਦਾ ਹੈ। ਦਿਮਾਗ ਦੇ ਸੈੱਲ ਅਤੇ ਸੁਖਮਨਾ ਮਿਲਕੇ ਇਕ ਗੁੰਝਲਦਾਰ ਸਿਸਟਮ ਬਣਦਾ ਹੈ ਜਿਸ ਰਾਹੀਂ ਸੰਵੇਦਨਾ ਅਤੇ ਸੂਚਨਾਵਾਂ ਇਕੱਤਰ ਹੋ ਕੇ ਅਗਾਂਹ ਭੇਜੀਆਂ ਜਾਂਦੀਆਂ ਹਨ।


ਅਜੋਕੇ ਮਨੁੱਖ ਦੇ ਦਿਮਾਗ ਨੇ ਲੱਖਾਂ ਸਾਲਾਂ ਤੋਂ ਹੋ ਰਹੇ ਵਿਕਾਸ ਮਗਰੋਂ ਇਕ ਖ਼ਾਸ ਆਕਾਰ ਅਤੇ ਗੁੰਝਲਤਾ ਅਖ਼ਤਿਆਰ ਕਰ ਲਈ। ਇਸ ਦਾ ਹਰ ਇਕ ਖੇਤਰ ਸਰੀਰ ਦੇ ਕਿਸੇ ਖ਼ਾਸ ਹਿੱਸੇ ਨੂੰ ਜਾਂ ਕਿਸੇ ਖ਼ਾਸ ਕਿਸਮ ਦੀਆਂ ਸੰਵੇਦਨਾਵਾਂ ਨੂੰ ਕੰਟਰੋਲ ਕਰਨ ਦਾ ਕੰਮ ਕਰਦਾ ਹੈ। ਦਿਮਾਗ ਦਾ ਔਸਤਨ ਭਾਰ ਲਗਭਗ 1. 3 ਕਿ. ਗ੍ਰਾ. ਹੁੰਦਾ ਹੈ। ਜਨਮ ਸਮੇਂ ਦਿਮਾਗ ਦਾ ਭਾਰ ਲਗਭਗ 380 ਗ੍ਰਾ. ਹੁੰਦਾ ਹੈ ਜਿਹੜਾ ਸਰੀਰ ਦੇ ਕੁਲ ਭਾਰ ਦਾ ਲਗਭਗ 12.4% ਹੁੰਦਾ ਹੈ।

ਔਰਤ ਅਤੇ ਮਰਦ ਦੇ ਦਿਮਾਗ ਦੇ ਆਕਾਰ ਅਤੇ ਭਾਰ ਵਿਚ ਬਹੁਤਾ ਫ਼ਰਕ ਨਹੀਂ ਹੁੰਦਾ। ਦਿਮਾਗ ਦੀ ਵ੍ਰਿਧੀ ਉਮਰ ਦੇ ਪਹਿਲੇ

ਤਿੰਨ ਸਾਲਾਂ ਵਿਚ ਬਹੁਤ ਤੇਜ਼ ਹੁੰਦੀ ਹੈ ਫਿਰ ਸੱਤਵੇਂ ਸਾਲ ਤਕ ਰਫ਼ਤਾਰ ਘਟਣੀ ਸ਼ੁਰੂ ਹੁੰਦੀ ਹੈ ਤੇ ਫਿਰ ਉਸ ਤੋਂ ਬਾਅਦ ਬਹੁਤ ਹੀ ਘਟ ਜਾਂਦੀ ਹੈ। ਆਮ ਤੌਰ ਤੇ 20 ਸਾਲ ਦੀ ਉਮਰ ਤਕ ਇਹ ਵਿਕਾਸ ਪੂਰਾ ਹੋ ਜਾਂਦਾ ਹੈ, ਔਰਤ ਵਿਚ ਮਰਦ ਨਾਲੋਂ ਕੁਝ ਘੱਟ ਉਮਰ ਵਿਚ ਦਿਮਾਗ਼ ਪੂਰਾ ਵਿਕਸਤ ਹੋ ਜਾਂਦਾ ਹੈ। ਇਸ ਤੋਂ ਬਾਅਦ ਦੋਨਾਂ ਲਿੰਗਾਂ ਵਿਚ ਦਿਮਾਗ਼ ਦਾ ਔਸਤਨ ਭਾਰ ਹਰੇਕ ਸਾਲ ਤਕਰੀਬਨ ਇਕ ਗ੍ਰਾਮ ਦੇ ਹਿਸਾਬ ਨਾਲ ਘਟਦਾ ਜਾਂਦਾ ਹੈ।

ਦਿਮਾਗ਼ ਝਿੱਲੀਮਈ ਪਰਦਿਆਂ ਰਾਹੀਂ ਦੋ ਹਿੱਸਿਆਂ ਵਿਚ ਵੰਡਿਆ ਹੁੰਦਾ ਹੈ। ਦਿਮਾਗ਼ ਨੂੰ ਸੱਟ ਫੇਟ ਤੋਂ ਬਚਾਉਣ ਲਈ ਇਸ ਉੱਤੇ ਤਿੰਨ ਝਿੱਲੀਆਂ ਚੜ੍ਹੀਆਂ ਹੁੰਦੀਆਂ ਹਨ। ਝਿੱਲੀਆਂ ਉਤਾਰਨ ਤੇ ਦਿਮਾਗ ਦੀ ਸਤ੍ਹਾ ਸਿੱਲ੍ਹੀ ਅਤੇ ਸਲੇਟੀ ਰੰਗ ਦੀ ਦਿੱਸਦੀ ਹੈ। ਇਸ ਦੀ ਬਾਹਰਲੀ ਕਾਰਟੈੱਕਸ ਵਿਚ ਖੋਖਲੇ ਉਭਾਰ ਹੁੰਦੇ ਹਨ ਜਿਨ੍ਹਾਂ ਨੂੰ ਜਾਇਰਾਈ ਕਹਿੰਦੇ ਹਨ ਅਤੇ ਇਨ੍ਹਾਂ ਦੇ ਵਿਚਕਾਰ ਝਿਰੀਆਂ ਜਾਂ ਸਲਕਾਈ ਹੁੰਦੀਆਂ ਹਨ। ਦਿਮਾਗ਼ ਦਾ ਮੁੱਖ ਹਿੱਸਾ ਇਕ ਡੂੰਘੀ ਲੰਬੀ ਝਿਰੀ ਰਾਹੀਂ ਦੋ ਹਿੱਸਿਆਂ ਵਿਚ ਵੰਡਿਆ ਹੁੰਦਾ ਹੈ। ਸੱਜਾ ਤੇ ਖੱਬਾ ਅਰਧ ਗੋਲਾ। ਇਹ ਦੋਨੋਂ ਅੱਰਧ ਗ਼ੋਲੇ ਨਾੜੀ ਰੇਸ਼ਿਆਂ ਦੇ ਆਡੇ ਬੰਧਨਾਂ ਰਾਹੀ ਆਪਸ ਵਿਚ ਜੁੜੇ ਹੁੰਦੇ ਹਨ ਜਿਨ੍ਹਾਂ ਨੂੰ ਕਾੱਮਿਸ਼ਿਉਰ ਕਹਿੰਦੇ ਹਨ। ਇਨ੍ਹਾਂ ਵਿਚੋਂ ਸਭ ਤੋਂ ਵੱਡਾ ਕਾੱਮਿਸ਼ਿਉਰ ਲੰਬੀ ਝਿਰੀ ਦੇ ਮੱਧ ਵਿਚੋਂ ਲੰਘਦਾ ਹੈ, ਇਸ ਨੂੰ ਕਾੱਰਪਸ ਕੈਲੋਸਮ ਕਹਿੰਦੇ ਹਨ।

ਦਿਮਾਗ਼ ਦੀਆਂ ਝਿੱਲੀਆਂ—ਦਿਮਾਗ਼ ਦੇ ਬਾਹਰ ਵਲ ਤਿੰਨ ਝਿੱਲੀਆਂ ਹੁੰਦੀਆਂ ਹਨ (1) ਇਕ ਬਾਹਰਲੀ ਸਖ਼ਤ ਤੇ ਰੇਸ਼ੇਦਾਰ ਤਹਿ ਡਿਊਰਾਮੇਟਰ ਹੈ (2) ਦੂਜੀ ਵਿਚਕਾਰਲੀ ਤਹਿ ਹੈ ਜਿਹੜੀ ਜਾਲੇ ਵਰਗੇ ਟਿਸ਼ੂ ਦੀ ਬਣੀ ਹੁੰਦੀ ਹੈ ਤੇ ਐਰੈਕਨਾੱਇਡ ਮੈਟਰ ਕਹਾਂਉਦੀ ਹੈ (3) ਤੀਜੀ ਅੰਦਰਲੀ ਨਰਮ ਵੈਸਕੁਲਰ ਤਹਿ ਪਾਇਰਾਮੇਟਰ ਹੈ।



ਚਿੱਤਰ. 1- ਇਕ ਬਾਲਗ਼ ਮਨੁੱਖ ਦਾ ਦਿਮਾਗ਼

ਡਿਊਰਾਮੇਟਰ ਕਪਾਲ ਖੋੜ ਦੀ ਅੰਦਰਲੀ ਤਹਿ ਹੈ। ਇਸ ਦੇ ਬਾਹਰਲੇ ਪਾਸੇ ਮੈਨਿਨਜੀਅਲ ਧਮਣੀਆਂ ਤੇ ਸ਼ਿਰਾਵਾਂ ਹੁੰਦੀਆਂ ਹਨ। ਜੇ ਕੋਈ ਸੱਟ ਲਗਣ ਕਾਰਨ ਇਹ ਝਿੱਲੀ ਫਟ ਜਾਵੇ ਤਾਂ ਖੋਪਰੀ ਤੇ ਇਸ ਝਿੱਲੀ ਦੇ ਵਿਚਕਾਰ ਲਹੂ ਖਿਲਰ ਜਾਂਦਾ ਹੈ ਜਿਸ ਕਾਰਨ ਦਿਮਾਗ਼ ਉੱਤੇ ਦਬਾਉ ਵੱਧ ਜਾਂਦਾ ਹੈ, ਦਿਮਾਗ਼ ਦੇ ਜਿਸ ਪਾਸੇ ਦਬਾਉ ਵੱਧ ਹੋਵੇ ਸਰੀਰ ਦੇ ਉਸ ਤੋਂ ਉਲਟ ਪਾਸੇ ਦਾ ਅਧਰੰਗ ਹੋ ਸਕਦਾ ਹੈ। ਇਹੀ ਝਿੱਲੀ ਦਿਮਾਗ਼ ਤੇ ਅਰਧ ਗੋਲਿਆਂ ਤੇ ਸੈਰੀਬੈਲਮ ਵਿਚਕਾਰ ਪਰਦੇ ਬਣਾਉਂਦੀ ਹੈ। ਐਰੈਕਨਾੱਇਡ ਝਿੱਲੀ ਵਿਚੋਂ ਤਰਲ ਨਹੀਂ ਲੰਘ ਸਕਦੇ। ਇਸ ਵਿਚ ਨਾਜ਼ੁਕ ਜਿਹੇ ਰੇਸ਼ੇਦਾਰ ਬੰਧਨਾਂ ਦਾ ਜਾਲ ਵਿਛਿਆ ਹੁੰਦਾ ਹੈ ਜਿਨ੍ਹਾਂ ਵਿਚ ਸਬਐਰੇਕਨਾੱਇਡ ਸੈਰੀਬ੍ਰੋਸ-ਪਾਈਨਲ ਤਰਲ ਭਰਿਆ ਹੁੰਦਾ ਹੈ। ਸਭ ਤੋਂ ਅੰਦਰਲੀ ਤਹਿ ਪਾਇ-ਰਾਮੇਟਰ ਜਿਹੜੀ ਦਿਮਾਗ਼ ਨੂੰ ਛੂੰਹਦੀ ਦਿਮਾਗ਼ ਦੇ ਉਭਾਰਾਂ ਦੇ ਵਿਚਕਾਰਲੀਆਂ ਝਿਰੀਆਂ ਤਕ ਡੂੰਘੀ ਪੁੱਜ ਜਾਂਦੀ ਹੈ। ਇਸ ਵਿਚ ਛੋਟੀਆਂ-ਛੋਟੀਆਂ ਧਮਣੀਆਂ (Arterioles) ਤੇ ਸ਼ਿਰਾਵਾਂ (venules) ਹੁੰਦੀਆਂ ਹਨ।

ਵੈਂਟ੍ਰੀਕਲ—ਇਹ ਦਿਮਾਗ਼ ਦੇ ਮਾਦੇ ਦੇ ਵਿਚਕਾਰ ਸਥਿਤ ਖੋੜਾਂ ਹਨ ਜਿਨ੍ਹਾਂ ਵਿਚ ਸੈਰੀਬ੍ਰੋਸਪਾਈਨਲ ਤਰਲ ਭਰਿਆ ਹੁੰਦਾ ਹੈ। ਇਨ੍ਹਾਂ ਦੇ ਅੰਦਰ ਵਲ ਇਕ ਪਤਲੀ ਝਿੱਲੀ ਐਪੈਨਡਾਈਮਾ ਦੀ ਤਹਿ ਹੁੰਦੀ ਹੈ। ਕੁਲ ਚਾਰ ਵੈਂਟ੍ਰੀਕਲ ਹੁੰਦੇ ਹਨ-ਸੱਜਾ ਤੇ ਖੱਬਾ, ਲੇਟਰਲ ਵੈਂਟ੍ਰੀਕਲ ਜੋ ਸੈਰੀਬ੍ਰਲ ਅਰਧ ਗੋਲਿਆਂ ਦੇ ਅੰਦਰ ਹੁੰਦੇ ਹਨ। ਤੀਜਾ ਵੈਂਟ੍ਰੀਕਲ ਥੈਲੇਮੈਨਸੈਫੇਲਾੱਨ ਦੇ ਵਿਚ ਅਤੇ ਚੌਥਾ ਵੈਂਟ੍ਰੀਕਲ ਪਿਛਲੇ ਮਗ਼ਜ਼ ਵਿਚ ਹੁੰਦਾ ਹੈ। ਹਰੇਕ ਲੇਟਰਲ ਵੈਂਟ੍ਰੀਕਲ ਤੀਜੇ ਵੈਂਟ੍ਰੀਕਲ ਨਾਲ ਇਕ ਛੋਟੇ ਜਿਹੇ ਸੁਰਾਖ਼ (ਫੋਰੇਮਨ-ਮਾਨਰੋ) ਰਾਹੀਂ ਅਤੇ ਤੀਜਾ ਵੈਂਟ੍ਰੀਕਲ ਚੌਥੇ ਵੈਂਟ੍ਰੀਕਲ ਨਾਲ ਇਕ ਤੰਗ ਰਸਤੇ ਐਕਵਡਕਟ ਆਫ਼ ਸਿਲਵੀਅਸ ਰਾਹੀਂ ਜੁੜਿਆ ਹੁੰਦਾ ਹੈ। ਚੌਥਾ ਵੈਂਟ੍ਰੀਕਲ ਹੇਠਾਂ ਸੁਖਮਨਾ-ਨਾਲੀ ਨਾਲ ਫੋਰਾਮੈਨ ਆਫ਼ ਮੈਜੈਨਡੀਜ਼ ਅਤੇ ਸਬਐਰੈਕ-ਨਾੱਇਡ ਸਪੇਸ ਨਾਲ ਫੋਰਾਮੈਨ ਆਫ਼ ਲਸ਼ਕਾ ਰਾਹੀਂ ਜੁੜਿਆ ਹੁੰਦਾ ਹੈ।

ਮੈਡੂਲਾ ਆੱਬਲਾਂਗੇਟਾ—ਇਹ ਕਪਾਲ ਖੋੜ ਦੇ ਹੇਠਲੇ ਤੇ ਪਿਛਲੇ ਸਿਰੇ ਤੇ ਸਥਿਤ ਤਕਰੀਬਨ 2.5 ਸੈਂ. ਮੀ. ਲੰਮਾ ਹਿੱਸਾ ਹੈ ਜਿਹੜਾ ਪੇਸ਼ੀਆਂ ਨੂੰ ਅਤੇ ਸਿਰ ਦੇ ਸੰਵੇਦੀ ਅੰਗਾ ਨੂੰ ਨਿਯੰਤ੍ਰਣ ਵਿਚ ਰਖਦਾ ਹੈ। ਇਸ ਤਰ੍ਹਾਂ ਇਹ ਮੁੱਖ ਅਣਇੱਛਤ ਕਿਰਿਆਵਾਂ ਜਿਹਾ ਕਿ ਸਾਹ ਲੈਣਾ, ਦਿਲ ਦੀ ਧੜਕਣ, ਆਂਤੜੀਆਂ ਦੀ ਪੈਰੀਸਟਾਲਸਿਸ (Peristalsis) ਕਿਰਿਆ ਨੂੰ ਨਿਯੰਤ੍ਰਣ ਵਿਚ ਰਖਦਾ ਹੈ।

ਪੌਂਜ਼-ਵੈਰੋਲਾਈ—ਇਹ ਮੈਡੂਲਾ ਆੱਬਲਾਂਗੇਟਾ ਅਤੇ ਮੱਧ ਮਗ਼ਜ਼ ਦੇ ਵਿਚਕਾਰ ਹੇਠਲੇ ਪਾਸੇ ਸਥਿਤ ਹੁੰਦਾ ਹੈ। ਇਸ ਵਿਚ ਪੰਜਵੀਂ, ਛੇਵੀਂ, ਸੱਤਵੀਂ, ਅਤੇ ਅੱਠਵੀਂ ਕਪਾਲ ਨਾੜੀ ਦੇ ਨਿਕਾਸ ਦੇ ਨਿਊਕਲੀਆਈ ਹੁੰਦੇ ਹਨ।

ਸੈਰੀਬੈਲਮ—ਇਹ ਮੱਧ ਮਗ਼ਜ਼ ਦੇ ਪਿੱਛੇ ਸਥਿਤ ਇਕ ਵੱਡਾ ਸਾਰਾ ਹਿੱਸਾ ਹੈ। ਦਿਮਾਗ਼ ਦੇ ਵਡੇ ਹਿੱਸਿਆਂ ਵਿਚੋਂ ਇਸ ਦਾ ਨੰਬਰ ਦੂਜਾ ਹੈ। ਪਹਿਲੇ ਨੰਬਰ ਤੇ ਸੈਰੀਬ੍ਰਮ ਆਉਂਦਾ ਹੈ। ਸੈਰੀਬੈਲਮ ਦਾ ਮੁੱਖ ਕੰਮ ਸਰੀਰ ਦਾ ਸੰਤੁਲਨ ਬਣਾਈ ਰਖਣਾ ਤੇ ਪੇਸ਼ੀਆਂ ਦਾ ਆਪਸੀ ਤਾਲਮੇਲ ਰਖਣਾ ਹੈ। ਇਹ ਸਾਰੇ ਨਸ ਪ੍ਰਣਾਲੀ ਦੇ ਕੰਮ ਦੇ ਤਰੀਕੇ ਨੂੰ ਇਕਸੁਰਤਾ ਵਿਚ ਰਖਦਾ ਹੈ ਅਤੇ ਕੰਮਾਂ ਦਾ ਠੀਕ ਠਾਕ ਹੁੰਦੇ ਰਹਿਣਾ ਇਸ ਦੀ ਜ਼ਿੰਮੇਵਾਰੀ ਹੈ। ਇਸ ਹਿੱਸੇ ਦੀ ਖ਼ਰਾਬੀ ਨਾਲ ਸਰੀਰ ਦੀਆਂ ਗਤੀਆਂ ਵਿਚ ਫ਼ਰਕ ਪੈਂਦਾ ਹੈ ਤੇ ਪੇਸ਼ੀਆਂ ਵਿਚ ਤਾਲ ਮੇਲ ਨਹੀਂ ਰਹਿੰਦਾ।

ਸੈਰੀਬੈਲਮ ਦਾ ਇਕ ਮੱਧਵਰਤੀ ਹਿੱਸਾ ਜਿਸ ਨੂੰ ਵਰਮੀਜ਼ ਕਹਿੰਦੇ ਹਨ ਅਤੇ ਦੋ ਲੇਟਰਲ ਅਰਧ ਗੋਲੇ ਹੁੰਦੇ ਹਨ। ਹਰੇਕ ਅਰਧ ਗੋਲਾ ਦਿਮਾਗ਼ ਸਟੈਮ ਨਾਲ ਤਿੰਨ ਪੀਡੰਕਲਾਂ ਰਾਹੀਂ ਜੁੜਿਆ ਹੁੰਦਾ ਹੈ। ਸੈਰੀਬ੍ਰਲ ਕਾਰਟੈੱਕਸ ਤੋਂ ਸੰਵੇਦਨਾਵਾਂ ਸੈਰੀਬੈਲਮ ਵਿਚ ਆਉਂ-ਦੀਆਂ ਹਨ। ਵਰਮੀਜ਼ ਅਤੇ ਅਰਧ ਗੋਲਿਆਂ ਵਿਚ ਵਲਾਂ (Convo-lutions) ਦੀ ਥਾਂ ਅਨੇਕਾਂ ਆਡੇ ਚੀਰ ਹੁੰਦੇ ਹਨ ਜਿਨ੍ਹਾਂ ਨੂੰ ਆਰਬਰ ਵਿਟੀ (arbor vitae) ਕਹਿੰਦੇ ਹਨ। ਸੈਰੀਬੈਲਰ ਅਰਧ ਗੋਲਿਆਂ ਅਤੇ ਮੱਧ ਖੰਨ ਦੀ ਸਤ੍ਹਾ ਡੂੰਘੀਆਂ ਦਰਜਾਂ ਰਾਹੀਂ ਖੰਨਾ ਅਤੇ ਛੋਟੇ ਖੰਨਾ (lobules) ਵਿਚ ਵੰਡੀ ਹੁੰਦੀ ਹੈ।


ਸੈਰੀਬੈਲਮ ਦੇ ਕਾਰਟੈੱਕਸ ਵਿਚ ਤਿੰਨ ਤਹਿਆਂ ਹੁੰਦੀਆਂ ਹਨ ਇਕ ਸਤ੍ਹਈ ਸਟ੍ਰੇਟਮ ਜਾਂ ਅਣਵੀਂ ਤਹਿ, ਦੂਜੀ ਮੱਧ ਤਹਿ ਜਿਸ ਵਿਚ

ਸ਼ਾਖ਼ਾਵਾਂ ਵਾਲੀਆਂ ਪਰਕਿੰਨਜੇ (purkinje) ਸੈੱਲ ਬਾਡੀਜ਼ ਹੁੰਦੀਆਂ ਹਨ ਅਤੇ ਤੀਜੀ ਅੰਦਰਲੀ ਡੂੰਘੀ ਸਟ੍ਰੇਟਮ ਦਾਣੇਦਾਰ ਤਹਿ ਹੈ, ਜਿਹੜੀ ਕੇਂਦਰੀ ਵ੍ਹਾਈਟ ਮੈਟਰ ਦੇ ਉੱਤੇ ਹੁੰਦੀ ਹੈ।

ਮੱਧ ਮਗ਼ਜ਼—ਇਹ ਟੈਂਨਟੋਰੀਅਮ ਸੈਰੀਬੈਲਾਈ ਦੇ ਹੇਠਲੇ ਹਿੱਸਿਆਂ ਨੂੰ ਸੈਰੀਬ੍ਰਲ ਅਰਧ ਗੋਲਿਆਂ ਨਾਲ ਜੋੜਦਾ ਹੈ। ਇਹ ਅੱਖਾਂ ਦੀਆਂ ਹਰਕਤਾਂ ਅਤੇ ਕਈ ਅਣਇੱਛਤ ਪੇਸ਼ੀਦਾਰ ਪ੍ਰਤਿਵਰਤੀ ਕਿਰਿਆਵਾਂ ਨੂੰ ਕਾਬੂ ਵਿਚ ਰਖੱਦਾ ਹੈ।

ਰੇਸ਼ਿਆਂ ਦਾ ਪੁੰਜ ਹੁੰਦਾ ਹੈ।

ਸੈਰੀਬ੍ਰਮ ਪੰਜ ਖੰਨਾਂ ਵਿਚ ਵੰਡਿਆ ਹੁੰਦਾ ਹੈ ਅਤੇ ਇਹ ਪੰਜੇ ਖੰਨ ਵੱਖ-ਵੱਖ ਕੰਮ ਕਰਦੇ ਹਨ। ਇਨ੍ਹਾਂ ਦੇ ਕੰਮਾਂ ਬਾਰੇ ਹਾਲੀ ਤਕ ਪੂਰੀ ਤਰ੍ਹਾਂ ਪੱਕਾ ਨਹੀਂ ਪਤਾ ਲਗ ਸਕਿਆ। ਕਈ ਦਰਜਾਂ (fissures) ਇਨ੍ਹਾਂ ਸਾਰੇ ਖੰਨਾਂ ਨੂੰ ਅੱਡ ਕਰਦੀਆਂ ਹਨ। ਸੈਂਟਰਲ ਫ਼ਿਸ਼ਰ ਜਾਂ ਫ਼ਿਸ਼ਰ ਆਫ਼ ਰੋਲੈਂਡੋ ਲੇਟਰਲ ਸਤ੍ਹਾ ਤੇ ਸਥਿਤ ਹੁੰਦੀ ਹੈ ਅਤੇ ਇਹ ਫ੍ਰੰਟਲ ਲੋਬ ਨੂੰ ਪੈਰਾਈਟਲ ਲੋਬ ਤੋਂ ਅੱਡ ਕਰਦੀ ਹੈ। ਲੇਟਰਲ ਫ਼ਿਸ਼ਰ



ਰੀੜ੍ਹਧਾਰੀ ਪ੍ਰਾਣੀ ਦੇ ਦਿਮਾਗ਼ ਦਾ ਪਾਸੇ ਦਾ ਹਿੱਸਾ

ਮੱਧ ਮਗ਼ਜ਼, ਪੌਂਜ਼ ਅਤੇ ਸੈਰੀਬੈਲਮ ਨੂੰ ਅਗਲੇ ਮਗ਼ਜ਼ ਨਾਲ ਜੋੜਦਾ ਹੈ। ਇਸ ਵਿਚੋਂ ਐਕਵੀਡਕਟ ਆਫ਼ ਸਿਲਵੀਅਸ ਲੰਘਦੀ ਹੈ। ਇਸ ਤੋਂ ਉਪਰ ਦੇ ਹਿੱਸੇ ਨੂੰ ਛੱਤ ਪਲੇਟ ਜਾਂ ਟੇਕਟਮ ਕਹਿੰਦੇ ਹਨ। ਇਹ ਹਿੱਸਾ ਇਕ ਕ੍ਰਾਸਨੁਮਾ ਸਲਕਸ ਰਾਹੀਂ ਚਾਰ ਗੋਲਾਕਾਰ ਉਠਾਵਾਂ ਵਿਚ ਵੰਡਿਆ ਹੁੰਦਾ ਹੈ। ਇਨ੍ਹਾਂ ਨੂੰ ਕਾਲੀਕੁਲੀ ਜਾਂ ਕਾਰਪੋਰਾ ਕੁਆਡ੍ਰੀਜੈਮਿਨਾ ਕਹਿੰਦੇ ਹਨ। ਇਨ੍ਹਾਂ ਉਠਾਵਾਂ ਦੇ ਉਪਰਲੇ ਜੋੜੇ ਵਿਚ ਰੇਟਿਨਾ ਤੋਂ ਨਾੜੀ-ਰੇਸ਼ੇ ਆਉਂਦੇ ਹਨ ਅਤੇ ਇਹ ਅੱਖਾਂ ਦੀਆਂ ਹਰਕਤਾਂ ਅਤੇ ਪੁਤਲੀਆਂ ਦੀਆਂ ਪ੍ਰਤਿਵਰਤੀ ਕਿਰਿਆਵਾਂ ਨੂੰ ਨਿਯੰਤਰਿਤ ਕਰਦੇ ਹਨ। ਹੇਠਲਾ ਜੋੜਾ ਉਨ੍ਹਾਂ ਸੁਣਨ-ਸੰਵੇਦਨਾਵਾਂ ਦੇ ਰਸਤੇ ਵਿਚ ਸੈੱਲ ਸਟੇਸ਼ਨ ਦੇ ਤੌਰ ਤੇ ਕੰਮ ਕਰਦਾ ਹੈ ਜਿਹੜੀਆਂ ਕੋਕਲਾ (ਕੱਕਲੀਆਂ) ਤੋਂ ਪੁੜਪੁੜੀ ਖੰਨ ਦੇ ਕਾੱਰਟੈੱਕਸ ਨੂੰ ਜਾਂਦੀਆਂ ਹਨ। ਐਕਵੀਡਕਟ ਵੀ ਛੱਤ ਦੇ ਗ੍ਰੇ-ਮੈਟਰ ਵਿਚ ਸੁਖਮਨਾ ਤੋਂ ਨਾੜੀ-ਰੇਸ਼ਿਆਂ ਦਾ ਇਕ ਮਹੱਤਵਪੂਰਨ ਟਰੈਕਟਰ ਆਉਂਦਾ ਹੈ ਜਿਸ ਨੂੰ ਸਪਾਈਨੋਟੈਕਟਲ ਕਹਿੰਦੇ ਹਨ। ਮੱਧ ਮਗ਼ਜ਼ ਦੇ ਸਭ ਤੋਂ ਹੇਠਲੇ ਹਿੱਸੇ ਤੋਂ ਕਰੂਰਾ ਸੈਰੀਬ੍ਰਾਈ ਬਣਦਾ ਹੈ। ਇਹ ਦੋ ਅਪਸਾਰੀ (divergent) ਸ਼ਾਖ਼ਾਵਾਂ ਹਨ।

ਹਾਈਪੋਥੈਲੇਮਸ—ਮੱਧ ਮਗ਼ਜ਼ ਦੇ ਬਿਲਕੁਲ ਉਪਰ ਅੱਗੇ ਵਲ ਹਾਈਪੋਥੈਲੇਮਸ ਹੁੰਦਾ ਹੈ। ਇਹ ਸੈੱਲਾਂ ਦਾ ਇਕ ਸਮੂਹ ਹੈ ਜਿਹੜਾ ਲਿੰਗੀ-ਕਿਰਿਆਵਾਂ, ਸਰੀਰ ਦਾ ਤਾਪਮਾਨ, ਨੀਂਦ, ਜੋਸ਼ ਆਦਿ ਕਿਰਿਆਵਾਂ ਨੂੰ ਨਿਯੰਤਰਨ ਵਿਚ ਰੱਖਦਾ ਹੈ। ਇਹ ਹਿੱਸਾ ਪਿਚੂਟਰੀ ਗ੍ਰੰਥੀ ਅਤੇ ਹੋਰ ਅੰਦਰ-ਰਿਸਾਵੀ ਗ੍ਰੰਥੀਆਂ ਨਾਲ ਜੁੜਿਆ ਹੁੰਦਾ ਹੈ। ਪਿਚੂਟਰੀ ਗ੍ਰੰਥੀ ਦਿਮਾਗ਼ ਨਾਲ ਇਕ ਡੰਡੀ ਰਾਹੀਂ ਜੁੜੀ ਹੁੰਦੀ ਹੈ। ਇਸ ਦਾ ਆਕਾਰ ਤਕਰੀਬਨ ਮਟਰ ਦੇ ਇਕ ਦਾਣੇ ਜਿੰਨਾ ਹੁੰਦਾ ਹੈ।


ਸੈਰੀਬ੍ਰਮ—ਇਸ ਨੂੰ ਨੀਓਕਾੱਰਟੈੱਕਸ ਵੀ ਕਹਿੰਦੇ ਹਨ। ਇਹ ਦਿਮਾਗ਼ ਦਾ ਸਭ ਤੋਂ ਵੱਡਾ ਤੇ ਗੁੰਝਲਦਾਰ ਭਾਗ ਹੈ। ਨਾੜੀ-ਪ੍ਰਣਾਲੀ ਦਾ ਤਕਰੀਬਨ 70% ਹਿੱਸਾ ਇਸੇ ਦਾ ਬਣਦਾ ਹੈ। ਇਹ ਦੋ ਅਰਧ ਗੋਲਿਆਂ ਵਿਚ ਵੰਡਿਆ ਹੁੰਦਾ ਹੈ। ਹਰੇਕ ਅਰਧ ਗੋਲੇ ਦੀ ਸਤ੍ਹਾ ਅਗੋਂ ਖੰਨਾਂ ਵਿਚ ਵੰਡੀ ਹੁੰਦੀ ਹੈ। ਇਹ ਹਿੱਸਾ ਸੈੱਲਾਂ ਦੀ ਇਕ ਪਤਲੀ ਤਹਿ ਦਾ ਬਣਿਆ ਹੁੰਦਾ ਹੈ ਜਿਸ ਦੇ ਹੇਠਾਂ ਇਕ ਦੂਜੇ ਵਿਚ ਗੁੰਦੇ ਹੋਏ

ਜਾਂ ਫ਼ਿਸ਼ਰ ਆਫ਼ ਸਿਲਵੀਅਸ ਟੈਂਪੋਰਲ ਲੋਬ ਨੂੰ ਪੈਰਾਈਟਲ ਤੇ ਫ੍ਰੰਟਲ ਲੋਬਾਂ ਤੋਂ ਅੱਡ ਕਰਦੀ ਹੈ। ਮੀਡੀਅਨ ਸਤ੍ਹਾ ਉੱਤੇ ਕੈਨੋਸਮਾਰਚੀਨਲ, ਪੈਰਾਈਟੋ-ਆੱਕਸੀਪਿਟਲ ਅਤੇ ਕੈਲਕੇਰਿਨ ਫ਼ਿਸ਼ਰ ਹਨ ਜਿਹੜੀਆਂ ਫ੍ਰੰਟਲ, ਪੈਰਾਈਟਲ ਲਿੰਮਬਿਕ ਅਤੇ ਆੱਕਸੀਪਿਟਲ ਖੰਨਾਂ ਦੀ ਹਦਬੰਦੀ ਕਰਦੀਆਂ ਹਨ।

ਆੱਕਸੀਪਿਟਲ ਲੋਬ ਕਾਰਨ ਰੰਗ, ਕੱਦ, ਆਕਾਰ, ਹਰਕਤ ਅਤੇ ਦੂਰੀ ਵਿਚ ਫ਼ਰਕ ਦੀ ਪਛਾਣ ਹੁੰਦੀ ਹੈ ਅਤੇ ਇਸ ਤਰ੍ਹਾਂ ਕਿਸੇ ਚੀਜ਼ ਦੀ ਪੂਰੀ ਪਛਾਣ ਕਰਨਾ ਇਨ੍ਹਾਂ ਦੇ ਜ਼ਿੰਮੇ ਹੈ। ਇਨ੍ਹਾਂ ਖੰਨਾਂ ਨੂੰ ਚੋਟ ਲਗਣ ਤੇ ਮਨੁੱਖ ਅੰਨ੍ਹਾ ਹੋ ਜਾਂਦਾ ਹੈ। ਟੈਂਪੋਰਲ ਲੋਬ (ਪੁੜਪੜੀ ਖੰਨ) ਸੁਣਨ, ਸੁੰਘਣ, ਬੋਲਣ ਅਤੇ ਸੰਤੁਲਨ ਨੂੰ ਕੰਟਰੋਲ ਕਰਦਾ ਹੈ ਅਤੇ ਪੈਰਾਈਟਲ ਲੋਬ (ਭਿੱਤੀ ਖੰਨ) ਸਵਾਦ, ਭਾਰ, ਅਕਾਰ ਅਤੇ ਬਣਤਰ ਬਾਰੇ ਸੰਵੇਦੀ ਹੁੰਦੇ ਹਨ। ਫ੍ਰੰਟਲ ਲੋਬ (ਮੱਥਾ ਖੰਨ) ਦੇ ਜ਼ਿੰਮੇ ਕਈ ਬਹੁਤ ਗੁੰਝਲਦਾਰ ਤੇ ਸਮਝਦਾਰੀ ਵਾਲੀਆਂ ਕਿਰਿਆਵਾਂ ਹੁੰਦੀਆਂ ਹਨ ਜਿਵੇਂ ਚੇਤਨਤਾ, ਜਜ਼ਬਾ ਅਤੇ ਵਿਚਾਰ ਜਾਂ ਸੰਕਲਪ। ਮੱਥਾ ਖੰਨਾਂ ਦੇ ਪਿਛੇ ਮੋਟਰ ਕਾੱਰਟੈਕੱਸ ਹੁੰਦਾ ਹੈ। ਇਸ ਦਾ ਸਬੰਧ ਗੁੰਝਲਦਾਰ ਸਵੈ-ਇੱਛਤ ਪੇਸ਼ੀਦਾਰ ਹਰਕਤਾਂ ਨਾਲ ਹੈ ਜਿਸ ਵਿਚ ਬੋਲਣ ਦੀ ਕਿਰਿਆ ਵੀ ਸ਼ਾਮਲ ਹੈ।

ਮੱਥਾ ਖੰਨ ਦੇ ਦੂਜੇ ਖੰਨਾਂ ਅਤੇ ਥੈਲੇਮਸ ਨਾਲ ਅਨੇਕਾਂ ਥਾਂਵਾਂ ਤੇ ਜੋੜ ਹੁੰਦੇ ਹਨ ਅਤੇ ਭਾਵ ਤੇ ਜਜ਼ਬੇ ਦੂਜੀਆਂ ਕਿਰਿਆਵਾਂ ਨਾਲ ਮਿਲ ਜਾਂਦੇ ਹਨ। ਇਸ ਤਰ੍ਹਾਂ ਇੱਛਾ ਅਤੇ ਜਾਣਕਾਰੀ ਦੇ ਸੁਮੇਲ ਤੋਂ ਬਹੁਤ ਸਾਰੀਆਂ ਸਵੈ-ਇੱਛਤ ਕਿਰਿਆਵਾਂ ਜਨਮ ਲੈਂਦੀਆਂ ਹਨ। ਸੋਚਣਾ, ਅੰਦਾਜ਼ਾ ਲਗਾਉਣਾ ਅਤੇ ਵਿਚਾਰ, ਸਭ ਸੰਵੇਦੀ ਅਤੇ ਜਜ਼ਬਾਤੀ ਸੁਮੇਲਾਂ ਰਾਹੀਂ ਪੈਦਾ ਹੋ ਕੇ ਹੋਰ ਗੁੰਝਲਦਾਰ ਬਣ ਜਾਂਦੇ ਹਨ। ਇਨ੍ਹਾਂ ਸਾਰਿਆਂ ਦੀ ਕਿਵੇਂ ਕੋਈ ਮਨੁੱਖ ਵਰਤੋਂ ਕਰਦਾ ਹੈ, ਇਸ ਤੋਂ ਉਸ ਮਨੁੱਖ ਦੀ ਸ਼ਖ਼ਸੀਅਤ ਉੱਘੜਦੀ ਹੈ।

ਤੁਲਨਾਤਮਕ ਅਧਿਐਨ—ਸਭ ਤੋਂ ਨਿਮਨ-ਪੱਧਰ ਦੇ ਰੀੜ੍ਹ-ਧਾਰੀ ਪ੍ਰਾਣੀਆਂ ਵਿਚ ਦਿਮਾਗ਼ ਇਕ ਸਾਧਾਰਨ ਨਲੀ ਦੀ ਤਰ੍ਹਾਂ ਹੁੰਦਾ ਹੈ। ਇਸ ਦੀ ਤੁਲਨਾ ਉੱਚ ਪੱਧਰੀ ਰੀੜ੍ਹਧਾਰੀ ਪ੍ਰਾਣੀਆਂ ਦੇ



ਅਲੱਗ ਅਲੱਗ ਰੀੜ੍ਹਧਾਰੀ ਪ੍ਰਾਣੀਆਂ ਦੇ ਦਿਮਾਗ਼
(ੳ) ਲੈਂਪਰੀ (ਅ) ਸ਼ਾਰਕ (ੲ) ਡੱਡੂ (ਸ) ਐਲੀਗੇਟਰ (ਹ) ਪੰਛੀ (ਕ) ਥਣਧਾਰੀ ਪ੍ਰਾਣੀ

ਦਿਮਾਗ ਦੇ ਵਿਕਾਸ ਦੀ ਸ਼ੁਰੂ ਦੀ ਅਵਸਥਾ ਨਾਲ ਕੀਤੀ ਜਾ ਸਕਦੀ ਹੈ। ਐਂਫੀਆੱਕਸਸ ਵਿਚ ਦਿਮਾਗ਼ ਇਕ ਮੱਧ ਸੈਰੀਬ੍ਰਲ ਵੈਸੀਕਲ ਦੇ ਰੂਪ ਵਿਚ ਹੁੰਦਾ ਹੈ।

ਸਾਈਕਲੋਸਟੋਮ ਪ੍ਰਾਣੀਆਂ ਜਿਵੇਂ ਕਿ ਲੈਂਪਰੀ ਵਿਚ ਦਿਮਾਗ਼ ਕਾਫ਼ੀ ਵਿਕਸਿਤ ਹੁੰਦਾ ਹੈ। ਦਿਮਾਗ਼ ਤਿੰਨ ਹਿੱਸਿਆਂ ਵਿਚ ਵੰਡਿਆ ਹੁੰਦਾ ਹੈ-ਅਗਲਾ, ਮੱਧ ਅਤੇ ਪਿਛਲਾ ਮਗ਼ਜ਼। ਇਨ੍ਹਾਂ ਵਿਚ ਚੰਗੀਆਂ ਵਿਕਸਿਤ ਅੱਖਾਂ ਅਤੇ ਨੇਤਰ-ਨਾੜੀਆਂ ਹੁੰਦੀਆਂ ਹਨ ਜਿਹੜੀਆਂ ਨੇਤਰ-ਖੰਨਾਂ ਵਿਚ ਖ਼ਤਮ ਹੁੰਦੀਆਂ ਹਨ।

ਮੱਛੀਆਂ ਵਿਚੋਂ ਕੌਂਡ੍ਰਿਕਥੀਜ਼ ਗਰੁੱਪ ਦੀਆਂ ਮੱਛੀਆਂ ਜਿਵੇਂ ਸ਼ਾਰਕ ਆਦਿ, ਸਭ ਤੋਂ ਨਿਮਨ ਪੱਧਰ ਤੇ ਆਉਂਦੀਆਂ ਹਨ। ਇਨ੍ਹਾਂ ਵਿਚ ਭਾਵੇਂ ਅੱਖਾਂ ਪੂਰੀਆਂ ਵਿਕਸਿਤ ਹੁੰਦੀਆਂ ਹਨ ਪਰ ਸੁੰਘਣ-ਸ਼ਕਤੀ ਜ਼ਿਆਦਾ ਤੇਜ਼ ਹੁੰਦੀ ਹੈ। ਦਿਮਾਗ਼ ਦੇ ਅਗਲੇ ਹਿੱਸੇ ਦੇ ਦੋਨੋਂ ਪਾਸਿਆਂ ਤੋਂ ਬਾਹਰ ਵਲ ਵਧੇ, ਖੋਖਲੇ ਆੱਲਫੈਕਟਰੀ (ਸੁੰਘਣ) ਬਲਬ ਤੇ ਟਰੈਕਟ ਹੁੰਦੇ ਹਨ। ਸੈਰੀਬੈਲਮ ਵੀ ਚੰਗਾ ਵਿਕਸਿਤ ਹੁੰਦਾ ਹੈ। ਇਨ੍ਹਾਂ ਵਿਚ ਕਾੱਰਟੀਕਲ ਤਹਿਆਂ ਅੱਡ ਨਹੀਂ ਹੁੰਦੀਆਂ। ਟੀਲੀਓਸਟਾਈ ਜਾਂ ਹੱਡਲ ਮੱਛੀਆਂ ਦਾ ਦਿਮਾਗ਼ ਉਪ ਅਸਥੀ-ਯੁਕਤ (ਕਾਰਟੀਲੇਜੀਨਸ) ਮੱਛੀਆਂ ਨਾਲੋਂ ਘੱਟ ਵਿਕਸਿਤ ਹੁੰਦਾ ਹੈ। ਸੈਰੀਬ੍ਰਲ ਅਰਧ ਗੋਲੇ ਤੇ ਸੁੰਘਣ ਖੰਨ ਛੋਟੇ ਪਰ ਨੇਤਰ ਖੰਨ ਚੰਗੇ ਵਿਕਸਿਤ ਹੁੰਦੇ ਹਨ। ਡਿਪਨੋਈ ਜਾਂ ਗਾਰੇ ਵਿਚ ਰਹਿਣ ਵਾਲੀਆਂ ਮੱਛੀਆਂ ਦਾ ਦਿਮਾਗ਼ ਲੰਬੂਤਰਾ ਤੇ ਨਲਕੀਨੁਮਾ ਹੁੰਦਾ ਹੈ, ਸੁੰਘਣ ਖੰਨ ਵੱਡੇ ਅਤੇ ਸੈਰੀਬੈਲਮ ਛੋਟਾ ਹੁੰਦਾ ਹੈ। ਇਨ੍ਹਾਂ ਦਾ ਦਿਮਾਗ਼ ਕੁਝ ਕੁਝ ਜਲ-ਥਲੀ ਪ੍ਰਾਣੀਆਂ ਦੇ ਦਿਮਾਗ਼ ਨਾਲ ਮਿਲਦਾ-ਜੁਲਦਾ ਹੈ।

ਜਲ-ਥਲੀ ਜੀਵਾਂ ਵਿਚ ਦਿਮਾਗ਼ ਮੱਛੀਆਂ ਨਾਲੋਂ ਬਹੁਤ ਜ਼ਿਆਦਾ ਵਿਕਸਿਤ ਨਹੀਂ ਹੁੰਦਾ। ਸੁੰਘਣ-ਖੰਨ ਵੱਡੇ ਹੁੰਦੇ ਹਨ ਤੇ ਡੱਡੂ ਦੇ ਦਿਮਾਗ਼ ਵਿਚ ਇਹ ਮੱਧ ਵਿਚ ਜੁੜੇ ਹੋਏ ਹੁੰਦੇ ਹਨ। ਨੇਤਰ ਟਰੈਕਟ ਅਤੇ ਖੰਨ ਵੱਡੇ ਹੁੰਦੇ ਹਨ।

ਰੀਂਗਣ ਵਾਲੇ ਪ੍ਰਾਣੀਆਂ ਵਿਚ ਸੈਰੀਬ੍ਰਲ ਅਰਧ ਗੋਲੇ ਜ਼ਿਆਦਾ ਚੰਗੀ ਤਰ੍ਹਾਂ ਅੱਡ ਹੋਏ ਹੁੰਦੇ ਹਨ। ਇਨ੍ਹਾਂ ਦੇ ਬਾਹਰਲੇ ਜਾਂ ਲੇਟਰਲ ਪਾਸੇ ਤੇ ਇਕ ਖੇਤਰ ਅੱਡ ਹੋਇਆ ਹੁੰਦਾ ਹੈ ਜਿਸ ਨੂੰ ਜੀ.ਈਲੀਅਟ ਸਮਿੱਥ ਨੇ ਨੀਓਪੇਲੀਅਮ ਦਾ ਨਾਂ ਦਿੱਤਾ ਸੀ। ਇਹ ਕਾੱਰਟੈੱਕਸ ਦਾ ਪੂਰਵਗਾਮੀ ਮੰਨਿਆ ਜਾਂਦਾ ਹੈ ਜਿਹੜਾ ਕਿ ਥਣਧਾਰੀ ਪ੍ਰਾਣੀਆਂ ਵਿਚ ਸੈਰੀਬ੍ਰਲ ਅਰਧ ਗੋਲਿਆਂ ਦਾ ਮੁੱਖ ਹਿੱਸਾ ਹੁੰਦਾ ਹੈ। ਨੀਓਪੇਲੀਅਮ ਦੇ ਹੇਠਾਂ ਇਕ ਖੰਨ ਹੁੰਦਾ ਹੈ ਜਿਹੜਾ ਸੁੰਘਣ ਦਾ ਕੰਮ ਕਰਦਾ ਹੈ। ਇਹ ਮਨੁੱਖੀ ਦਿਮਾਗ਼ ਦੇ ਅਨਕਸ (uncus) ਵਾਂਗ ਹੁੰਦਾ ਹੈ। ਲੈਸਰਟੀਲੀਆ ਗਰੁੱਪ ਵਿਚ ਪਿਨੀਅਲ ਅੰਗ ਸਾਰੇ ਰੀੜ੍ਹਧਾਰੀ ਪ੍ਰਾਣੀਆਂ ਨਾਲੋਂ ਜ਼ਿਆਦਾ ਵਿਕਸਿਤ ਹੁੰਦਾ ਹੈ।

ਪੰਛੀਆਂ ਵਿਚ ਸੈਰੀਬ੍ਰਲ ਅਰਧ ਗੋਲੇ, ਨੇਤਰ ਖੰਨ ਅਤੇ ਸੈਰੀਬੈਲਮ ਵੱਡੇ ਵੱਡੇ ਹੁੰਦੇ ਹਨ। ਸੈਰੀਬ੍ਰਲ ਅਰਧ ਗੋਲਿਆਂ ਦੀ ਸਤ੍ਹਾ

ਪੱਧਰੀ ਹੁੰਦੀ ਹੈ। ਸੁੰਘਣ ਖੰਨ ਬਹੁਤ ਛੋਟੇ ਹੁੰਦੇ ਹਨ ਤੇ ਦੇਖਣ ਸ਼ਕਤੀ ਚੰਗੀ ਵ੍ਰਿਕਸਿਤ ਹੁੰਦੀ ਹੈ।

ਸਭ ਤੋਂ ਨਿਮਨ-ਪੱਧਰੀ ਥਣਧਾਰੀ ਪ੍ਰਾਣੀਆਂ ਮਾਨੋਟਰੀਮਜ਼, ਡੱਕ-ਬਿਲ ਪਲੈਟੀਪਸ ਤੇ ਸਪਾਈਨੀ ਐਂਟਈਟਰ ਵਿਚ ਸੈਰੀਬ੍ਰਲ ਅਰਧ ਗੋਲੇ ਚੰਗੇ ਵਿਕਸਿਤ ਹੁੰਦੇ ਹਨ। ਅਗਲੇ ਪਾਸੇ ਇਹ ਸੁੰਘਣ ਖੰਨਾਂ ਦੇ ਉਪਰ ਅਤੇ ਪਿਛਲੇ ਪਾਸੇ ਥੈਲੇਮੈਨ-ਸੈਫ਼ੇਲਾਨ, ਮੱਧ ਮਗਜ਼ ਅਤੇ ਸੈਰੀਬੈਲਮ ਦੇ ਉਪਰ ਤਕ ਵਧੇ ਹੁੰਦੇ ਹਨ।

ਸ਼ਿਸ਼ੂਦਾਨੀ ਪ੍ਰਾਣੀਆਂ (ਮਾਰਸੁਪੀਅਲ) ਵਿਚ ਵੱਖ-ਵੱਖ ਜਾ-ਤੀਆਂ ਦੇ ਸੁਭਾਅ ਦੇ ਮੁਤਾਬਕ ਉਨ੍ਹਾਂ ਦੇ ਦਿਮਾਗ਼ ਦੇ ਵਿਕਾਸ ਵਿਚ ਵੀ ਵਖਰੇਵੇਂ ਮਿਲਦੇ ਹਨ ਜਿਵੇਂ ਸਾਰਕੋਫਿਲਸ ਪ੍ਰਾਣੀ ਵਿਚ ਸੁੰਘਣ ਬਲਬ ਅਤੇ ਦਿਮਾਗ਼ ਦਾ ਇਕ ਹਿੱਸਾ, ਰ੍ਹਾਈਨੈਨਸੈਫ਼ੈਲਾਨ ਬਹੁਤ ਵੱਡੇ ਹੋਏ ਹੁੰਦੇ ਹਨ। ਇਸੇ ਤਰ੍ਹਾਂ ਕੰਗਾਰੂ ਵਿਚ ਨੀਓਪੈਲੀਅਮ ਅਤੇ ਸੈਰੀਬੈਲਮ ਜ਼ਿਆਦਾ ਵੱਡੇ ਹੁੰਦੇ ਹਨ।

ਕੀਟਆਹਾਰੀ ਪ੍ਰਾਣੀਆਂ ਵਿਚ ਸੁੰਘਣ ਅੰਗ ਬਹੁਤ ਵੱਡੇ ਹੁੰਦੇ ਹਨ ਅਤੇ ਇਨ੍ਹਾਂ ਵਿਚ ਕਾਰਪਸ ਕੈਲੋਸਮ ਵੀ ਹੁੰਦਾ ਹੈ।

ਉੱਚ-ਪੱਧਰੀ ਥਣਧਾਰੀ ਪ੍ਰਾਣੀਆਂ ਵਿਚ ਦਿਮਾਗ਼ ਦੀ ਸਤ੍ਹਾ ਦੇ ਉਭਾਰਾਂ ਦੇ ਨਮੂਨਿਆਂ ਵਿਚ ਵਖਰੇਵੇਂ ਮਿਲਦੇ ਹਨ। ਮੈਨਾਟੀ, ਲੈਸਰ ਐਂਟਈਟਰ ਵਰਗੇ ਪ੍ਰਾਣੀਆਂ ਦੇ ਸੈਰੀਬ੍ਰਲ ਅਰਧ ਗੋਲੇ ਪੱਧਰੇ ਹੁੰਦੇ ਹਨ ਤੇ ਦੂਜੇ ਪਾਸੇ ਵ੍ਹੇਲ, ਡਾੱਲਫ਼ਿਨ ਅਤੇ ਹਾਥੀ ਵਰਗੇ ਖ਼ੁਰਦਾਰ ਜਾਨਵਰਾਂ ਵਿਚ ਇਹ ਬਹੁਤ ਹੀ ਜ਼ਿਆਦਾ ਕੁੰਡਲਦਾਰ ਜਾਂ ਉਭਾਰਾਂ ਵਾਲੇ ਹੁੰਦੇ ਹਨ। ਇਨ੍ਹਾਂ ਕੁੰਡਲਾਂ ਦਾ ਕੁਝ ਸਬੰਧ ਸਰੀਰ ਦੇ ਆਕਾਰ ਨਾਲ ਵੀ ਹੈ। ਆਮ ਤੌਰ ਤੇ ਵੱਡੇ ਜਾਨਵਰਾਂ ਵਿਚ ਜ਼ਿਆਦਾ ਕੁੰਡਲਦਾਰ ਤੇ ਛੋਟਿਆਂ ਵਿਚ ਪੱਧਰੀ ਅਵਸਥਾ ਮਿਲਦੀ ਹੈ।


ਮਨੁੱਖ ਦਾ ਦਿਮਾਗ਼ ਏਪ ਦੇ ਦਿਮਾਗ਼ ਨਾਲੋਂ ਆਕਾਰ ਵਿਚ ਵੱਡਾ ਹੋਣ ਕਰਕੇ ਅਤੇ ਪੈਰਾਇਟਲ ਖੇਤਰਾਂ ਦੇ ਜ਼ਿਆਦਾ ਵਿਕਸਿਤ ਹੋਣ ਕਰਕੇ ਪਛਾਣਿਆ ਜਾਂਦਾ ਹੈ। ਇਸ ਤੋਂ ਇਲਾਵਾ ਬੋਲਣ ਦੀ ਸਮਰਥਾ ਤੇ ਸੋਚਣ ਸਮਝਣ ਦੀ ਸ਼ਕਤੀ ਵੀ ਮਨੁੱਖ ਵਿਚ ਜ਼ਿਆਦਾ ਵਿਕਸਿਤ ਹੋ ਗਈ ਹੈ।

ਹ.ਪੁ-ਐਨ. ਬ੍ਰਿ. ਖ. 69 ; ਮੈ.-ਹੈ. ਐਨ. 1 : 254

ਦਿਲ : ਦਿਲ ਪੱਠਿਆਂ ਦਾ ਇਕ ਇਹੋ ਜਿਹਾ ਸਿਸਟਮ ਹੈ ਜਿਹੜਾ ਲਹੂ ਨੂੰ ਪੰਪ ਕਰਕੇ ਸਰੀਰ ਦੇ ਵੱਖ-ਵੱਖ ਹਿੱਸਿਆਂ ਵਿਚ ਪਹੁੰਚਾਉਂਦਾ ਹੈ। ਜੀਵਨ ਦੇ ਆਰੰਭ ਤੋਂ ਅਰਥਾਤ ਬੱਚੇ ਦੇ ਜਨਮ ਤੋਂ ਵੀ ਕੁਝ ਮਹੀਨੇ ਪਹਿਲਾਂ ਇਹ ਆਪਣਾ ਕੰਮ ਸ਼ੁਰੂ ਕਰਕੇ ਵਿਕਸਿਤ ਹੋ ਰਹੇ ਟਿਸ਼ੂਆਂ ਵਿਚ ਲਹੂ ਭੇਜਦਾ ਹੈ ਅਤੇ ਜੀਵਨ ਦੇ ਅੰਤ ਅਰਥਾਤ ਮੌਤ ਤਕ ਬਿਨਾਂ ਰੁਕੇ ਇਹ ਆਪਣੀ ਕਿਰਿਆ ਜਾਰੀ ਰਖਦਾ ਹੈ। ਨਵਜੰਮੇ ਬੱਚੇ ਵਿਚ ਇਸ ਦਾ ਭਾਰ ਲਗਭਗ 28 ਗ੍ਰਾ. ਹੁੰਦਾ ਹੈ ਤੇ ਵਿਆਸ ਕੋਈ 3.75 ਸੈਂ. ਮੀ. ਤੋਂ ਵੀ ਘੱਟ ਹੁੰਦਾ ਹੈ ਪਰ ਜਿਉਂ ਜਿਉਂ ਬੱਚਾ ਵੱਡਾ ਹੁੰਦਾ ਜਾਂਦਾ ਹੈ ਦਿਲ ਵੀ ਆਕਾਰ ਅਤੇ ਭਾਰ ਵਿਚ ਵਧਦਾ ਜਾਂਦਾ ਹੈ ਅਤੇ ਇਕ ਬਾਲਗ਼ ਮਨੁੱਖ ਵਿਚ ਇਹ ਇਕ ਬੰਦ ਮੁੱਠੀ ਤੋਂ ਕੁਝ ਵੱਡਾ ਹੁੰਦਾ ਹੈ ਤੇ ਇਸ ਦਾ ਭਾਰ ਅੱਧਾ ਕਿਲੋ ਤੋਂ ਕੁਝ ਘੱਟ ਹੁੰਦਾ ਹੈ।

ਭਰੂਣ ਅਵਸਥਾ ਵਿਚ ਦਿਲ ਇਕ ਸਾਧਾਰਨ ਨਲੀ ਦੀ ਤਰ੍ਹਾਂ ਬਣਨਾ ਸ਼ੁਰੂ ਹੁੰਦਾ ਹੈ ਜਿਸ ਦੇ ਦੋ ਵਾਧਰੇ ਪੂਰਵਜ ਗ੍ਰਾਹਕ ਕੋਸ਼ (ਏਟ੍ਰੀਅਮ) ਅਤੇ ਪੂਰਵਜ ਖੇਪਕ ਕੋਸ਼ (ਵੈਂਟ੍ਰੀਕਲ) ਹੁੰਦੇ ਹਨ। ਜਿਉਂ ਜਿਉਂ ਭਰੂਣ ਦਾ ਵਿਕਾਸ ਹੁੰਦਾ ਹੈ ਇਹ ਸਾਧਾਰਨ ਨਲੀ ਆਪਣੇ ਆਪ ਦੂਹਰੀ ਹੋ ਜਾਂਦੀ ਹੈ ਅਤੇ ਇਹ ਦੋ ਵਾਧਰੇ ਚਾਰ ਹਿੱਸਿਆਂ ਵਿਚ ਵੰਡੇ ਜਾਂਦੇ ਹਨ। ਇਨ੍ਹਾਂ ਦੇ ਵਿਚਕਾਰ ਬਣੀਆਂ ਦੀਵਾਰਾਂ ਨੂੰ ਇੰਟਰ-ਏਟ੍ਰੀਅਲ ਸੈਪਟਮ ਅਤੇ ਇੰਟਰਵੈਂਟ੍ਰੀਕੁਲਰ ਸੈਪਟਮ ਕਿਹਾ ਜਾਂਦਾ ਹੈ। ਇਸ ਤੋਂ ਬਾਅਦ ਹੋਰ ਵਿਕਾਸ ਦੌਰਾਨ, ਪੂਰਵਜ ਵੈਂਟ੍ਰੀਕਲ ਦਾ ਬਾਹਰ ਖੁਲ੍ਹਣ ਦਾ ਰਸਤਾ (ਟਰੰਕਸ ਆਰਟੀਰੀਓਸਸ) ਇਕ ਕੁੰਡਲਦਾਰ ਦੀਵਾਰ (ਜਾਂ ਸੈਪਟਮ) ਰਾਹੀਂ ਦੋ ਹਿੱਸਿਆਂ ਵਿਚ ਵੰਡਿਆ ਜਾਂਦਾ ਹੈ ਜਿਨ੍ਹਾਂ ਨੂੰ ਮਹਾਧਮਣੀ (ਏਆੱਰਟਾ) ਅਤੇ ਫ਼ੇਫੜਾ-ਧਮਣੀ (ਪਲਮੋਨਰੀ ਆਰਟਰੀ) ਕਿਹਾ ਜਾਂਦਾ ਹੈ।

ਇਨ੍ਹਾਂ ਉਕਤ ਧਮਣੀਆਂ ਦੀ ਅਗੋਂ ਉਪ ਵੰਡ ਸਮੇਂ ਅਨੇਕਾਂ ਵਖਰੇਵੇਂ ਵੱਖ-ਵੱਖ ਪ੍ਰਾਣੀਆਂ ਵਿਚ ਮਿਲਦੇ ਹਨ।



ਇਕ ਬਾਲਗ਼ ਮਨੁੱਖ ਦਾ ਦਿਲ


ਬਾਹਰਲੀ ਰਚਨਾ—ਬਾਲਗ਼ ਮਨੁੱਖ ਦਾ ਦਿਲ ਇਕ ਗੁੱਥਵਾਂ, ਚਾਰ ਖ਼ਾਨਿਆਂ ਵਾਲਾ ਅੰਗ ਹੁੰਦਾ ਹੈ ਜਿਹੜਾ ਕਿਸੇ ਵੀ ਪਾਸਿਉਂ ਭਰੂਣ ਦੇ ਨਲਕੀ-ਆਕਾਰ ਦਿਲ ਨਾਲ ਨਹੀਂ ਮਿਲਦਾ। ਇਹ ਇਕ ਸਖ਼ਤ ਝਿੱਲੀਦਾਰ ਥੈਲੀ ਨਾਲ ਢੱਕਿਆ ਹੁੰਦਾ ਹੈ ਜਿਸ ਨੂੰ ਹਿਰਦਾ ਝਿੱਲੀ (ਪੈਰੀਕਾਰਡੀਅਮ) ਕਹਿੰਦੇ ਹਨ। ਇਹ ਪੇਟ ਪਰਦੇ (ਡਾਇਆਫ਼੍ਰਾਮ) ਨਾਲ ਜੁੜੀ ਹੁੰਦੀ ਹੈ ਅਤੇ ਦਿਲ ਨੂੰ ਫ਼ੇਫੜਿਆਂ ਤੋਂ ਵੱਖ ਕਰਦੀ ਹੈ।

ਦਿਲ ਦੇ ਉਪਰਲੇ ਦੋ ਖਾਨਿਆਂ ਨੂੰ ਗ੍ਰਾਹਕ ਕੋਸ਼ ਕਿਹਾ ਜਾਂਦਾ ਹੈ—ਸੱਜਾ ਗ੍ਰਾਹਕ ਕੋਸ਼ ਅਤੇ ਖੱਬਾ ਗ੍ਰਾਹਕ ਕੋਸ਼; ਹੇਠਲੇ ਦੋਵੇਂ ਖ਼ਾਨੇ ਖੇਪਕ ਕੋਸ਼ ਕਹਾਉਂਦੇ ਹਨ—ਸੱਜਾ ਖੇਪਕ ਕੋਸ਼ ਅਤੇ ਖੱਬਾ ਖੇਪਕ ਕੋਸ਼। ਛਾਤੀ ਦੇ ਅੱਧ ਵਿਚ ਖੱਬੇ ਪਾਸੇ ਪੰਜਵੀਂ ਅਤੇ ਛੇਵੀਂ ਪਸਲੀ ਦੇ ਵਿਚਕਾਰ, ਦਿਲ ਦਾ ਸਿਰੇ ਵਾਲਾ ਹਿੱਸਾ ਸਥਿਤ ਹੁੰਦਾ ਹੈ। ਇਹ ਹੇਠਾਂ ਵਲ ਤੇ ਖੱਬੇ ਵਾਲੇ ਪਾਸੇ ਹੁੰਦਾ ਹੈ। ਦਿਲ ਦੀ ਅਗਲੀ ਸਤ੍ਹਾ, ਛਾਤੀ

ਦੀ ਹੱਡੀ ਜਾਂ ਸੀਨਾਅਸਥੀ (ਸਟੱਰਨਮ) ਦੇ ਪਿੱਛੇ ਹੁੰਦੀ ਹੈ ਅਤੇ ਇਹ ਸੱਜੇ ਗ੍ਰਾਹਕ ਕੋਸ਼ ਅਤੇ ਸੱਜੇ ਖੇਪਕ ਕੋਸ਼ ਦੀ ਭਿੱਤੀ ਤੋਂ ਬਣੀ ਹੁੰਦੀ ਹੈ।

ਗ੍ਰਾਹਕ ਕੋਸ਼ ਅਤੇ ਖੇਪਕ ਕੋਸ਼ ਇਕ ਦੂਜੇ ਤੋਂ ਇਕ ਡੂੰਘੀ ਝਿਰੀ ਰਾਹੀਂ ਵੱਖ ਹੋਏ ਹੁੰਦੇ ਹਨ ਜਿਸ ਨੂੰ ਏਟ੍ਰੀਓਵੈਂਟ੍ਰੀਕੁਲਰ ਸਲਕਸ ਜਾਂ ਕੋਰੋਨਰੀ ਸਲਕਸ ਕਹਿੰਦੇ ਹਨ। ਇਸ ਵਿਚ ਫੈਟੀ ਟਿਸ਼ੂ, ਰੇਸ਼ੇਦਾਰ ਜੋੜਕ ਟਿਸ਼ੂ, ਦਿਲ-ਧਮਣੀਆਂ ਅਤੇ ਨਾੜੀਆਂ ਹੁੰਦੀਆਂ ਹਨ। ਸੱਜੇ ਗ੍ਰਾਹਕ ਕੋਸ਼ ਵਿਚ ਦਾਖ਼ਲ ਹੋਣ ਵਾਲੀ ਵਹਿਣੀ ਜਿਸ ਨੂੰ (ਕੋਰੋਨਰੀ ਸਾਈਨਸ) ਕਹਿੰਦੇ ਹਨ ਅਤੇ ਜਿਹੜੀ ਗੰਦਾ-ਖ਼ੂਨ ਲੈਕੇ ਆਉਂਦੀ ਹੈ, ਉਹ ਦਿਲ ਦੇ ਪਿਛਲੇ ਪਾਸੇ ਕੋਰੋਨਰੀ ਸਲਕਸ ਦੇ ਵਿਚ ਹੁੰਦੀ ਹੈ। ਦਿਲ ਦੀ ਅਗਲੀ ਅਤੇ ਪਿਛਲੀ ਸਤ੍ਹਾ ਉੱਤੇ ਖੇਪਕ ਕੋਸ਼ਾਂ ਨੂੰ ਅੱਡ ਕਰਦੀਆਂ ਕੁਝ ਘੱਟ ਡੂੰਘੀਆਂ ਝਿਰੀਆਂ ਹੁੰਦੀਆਂ ਹਨ ਜਿਨ੍ਹਾਂ ਨੂੰ ਇੰਟਰਵੈਂਟ੍ਰੀਕੁਲਰ ਸਲਕਾਈ ਕਹਿੰਦੇ ਹਨ; ਇਨ੍ਹਾਂ ਵਿਚ ਲਹੂ-ਵਹਿਣੀਆਂ ਹੁੰਦੀਆਂ ਹਨ।

ਲਹੂ ਨੂੰ ਪੰਪ ਕਰਨ ਦੀ ਕਿਰਿਆ—ਦਿਲ ਦੀ ਲਹੂ ਪੰਪ ਕਰਨ ਦੀ ਕਿਰਿਆ ਨੂੰ ਦੋ ਵੱਖ ਵੱਖ ਦੌਰਾਂ (Circuits) ਵਿਚ ਵੰਡਿਆ ਜਾ ਸਕਦਾ ਹੈ। ਦਿਲ ਇਕੋ ਅੰਗ ਹੁੰਦੇ ਹੋਏ ਵੀ ਦੋ ਪੰਪਾਂ ਦਾ ਕੰਮ ਕਰਦਾ ਹੈ। ਇਕ ਸਰਕਟ ਵਿਚ ਲਹੂ ਦਾ ਦਬਾਉ ਘੱਟ ਹੁੰਦਾ ਹੈ ਅਤੇ ਦੂਜੇ ਵਿਚ ਵੱਧ। ਸਾਰੇ ਸਰੀਰ ਦਾ ਗੰਦਾ ਖ਼ੂਨ ਦੋ ਸ਼ਿਰਾਵਾਂ ਰਾਹੀਂ ਸੱਜੇ ਗ੍ਰਾਹਕ ਕੋਸ਼ ਵਿਚ ਦਾਖ਼ਲ ਹੁੰਦਾ ਹੈ। ਸਿਰ, ਛਾਤੀ ਅਤੇ ਬਾਹਾਂ ਵਿਚੋਂ ਗੰਦਾ ਖ਼ੂਨ ਉਪਰਵਰਤੀ ਮਹਾਂਸ਼ਿਰਾ ਰਾਹੀਂ ਅਤੇ ਪੇਟ, ਪੈਲਵਿਕ ਹਿੱਸੇ ਅਤੇ ਲੱਤਾਂ ਵਿਚੋਂ ਹੇਠਵਰਤੀ ਮਹਾਂਸ਼ਿਰਾ ਰਾਹੀਂ ਆਉਂਦਾ ਹੈ। ਸੱਜੇ ਗ੍ਰਾਹਕ ਕੋਸ਼ ਵਿਚੋਂ ਫ਼ਿਰ ਇਹ ਖ਼ੂਨ ਸੱਜੇ ਖੇਪਕ ਕੋਸ਼ ਵਿਚ ਆਉਂਦਾ ਹੈ। ਸੱਜੇ ਗ੍ਰਾਹਕ ਕੋਸ਼ ਅਤੇ ਖੇਪਕ ਕੋਸ਼ ਦੇ ਵਿਚਕਾਰ ਇਕ ਤਿੰਨ ਨੋਕਾ ਵਾਲਵ (ਟ੍ਰਾਈਕਸਪਿਡ ਵਾਲਵ) ਹੁੰਦਾ ਹੈ ਜਿਸ ਦੇ ਵਿਚੋਂ ਦੀ ਖ਼ੂਨ ਲੰਘਦਾ ਹੈ। ਇਸੇ ਤਰ੍ਹਾਂ ਦਾ ਦੋ-ਨੋਕਾ ਵਾਲਵ (ਬਾਈਕਸਪਿਡ ਵਾਲਵ) ਖੱਬੇ ਗ੍ਰਾਹਕ ਕੋਸ਼ ਤੇ ਖੱਬੇ ਖੇਪਕ ਕੋਸ਼ ਦੇ ਵਿਚਕਾਰ ਹੁੰਦਾ ਹੈ।



ਦਿਲ ਫ਼ੇਫੜਿਆਂ ਅਤੇ ਸਰੀਰ ਦੇ ਟਿਸ਼ੂਆਂ ਵਿਚੋਂ ਲਹੂ ਦਾ ਦੌਰਾ

ਸੱਜਾ ਖੇਪਕ ਕੋਸ਼ ਫਿਰ ਖ਼ੂਨ ਨੂੰ ਫ਼ੇਫੜਾ-ਧਮਣੀ ਰਾਹੀਂ ਫ਼ੇਫ-ੜਿਆਂ ਵਿਚ ਦਿੰਦਾ ਹੈ। ਫ਼ੇਫੜਿਆਂ ਵਿਚ ਖ਼ੂਨ ਸਾਹ ਰਾਹੀਂ ਅੰਦਰ ਖਿੱਚੀ ਹਵਾ ਵਿਚੋਂ ਆੱਕਸੀਜਨ ਲੈ ਲੈਂਦਾ ਹੈ ਅਤੇ ਕਾਰਬਨ ਡਾਈਆੱਕਸਾਈਡ ਉਸ ਵਿਚ ਛੱਡ ਦਿੰਦਾ ਹੈ। ਇਸ ਤਰ੍ਹਾਂ ਫ਼ੇਫੜਿਆਂ ਵਿਚ ਖ਼ੂਨ ਸਾਫ਼ ਹੋ ਜਾਂਦਾ ਹੈ। ਫਿਰ ਇਹ ਸਾਫ਼ ਖ਼ੂਨ ਫ਼ੇਫੜਾ ਸ਼ਿਰਾਵਾਂ ਰਾਹੀਂ ਖੱਬੇ ਗ੍ਰਾਹਕ ਕੋਸ਼ ਵਿਚ ਆਉਂਦਾ ਹੈ। ਇਥੋਂ ਤਕ ਦੇ ਸਰਕਟ ਵਿਚ ਲਹੂ ਦਾ ਦਬਾਉ ਘੱਟ ਹੁੰਦਾ ਹੈ ਅਤੇ ਇਸ ਨੂੰ ਫ਼ੇਫੜਾ ਲਹੂ-ਗੇੜ (ਪਲਮੋਨਰੀ ਸਰਕੁਲੇਸ਼ਨ) ਕਹਿੰਦੇ ਹਨ। ਫਿਰ ਖੱਬੇ ਗ੍ਰਾਹਕ ਕੋਸ਼ ਵਿਚੋਂ ਲਹੂ ਦੋ ਨੋਕੇ ਵਾਲਵ ਰਾਹੀਂ ਖੱਬੇ ਖੇਪਕ ਕੋਸ਼ ਵਿਚ ਆਉਂਦਾ ਹੈ। ਖੱਬੇ ਗ੍ਰਾਹਕ ਕੋਸ਼ ਵਿਚੋਂ ਦੋ ਨੋਕੇ ਵਾਲਵ, ਖੱਬੇ ਖੇਪਕ ਕੋਸ਼, ਮਹਾਂਧਮਣੀ, ਸਰੀਰ ਦੇ ਟਿਸ਼ੂ ਅਤੇ ਫਿਰ ਵਾਪਸ ਸੱਜੇ ਗ੍ਰਾਹਕ ਕੋਸ਼ ਤਕ ਪਹੁੰਚਣ ਦੇ ਲਹੂ ਦੇ ਗੇੜ ਨੂੰ ਦੇਹ-ਲਹੂ-ਗੇੜ (ਸਿਸਟੈਮਿਕ ਸਰਕੁਲੇਸ਼ਨ) ਕਹਿੰਦੇ ਹਨ। ਲਹੂ ਦਾ ਦਬਾਉ ਸਭ ਤੋਂ ਵੱਧ ਖੱਬੇ ਖੇਪਕ ਕੋਸ਼, ਮਹਾਂਧਮਣੀ ਅਤੇ ਇਸ ਦੀਆਂ ਧਮਣੀ-ਸ਼ਾਖ਼ਾਵਾਂ ਵਿਚ ਹੁੰਦਾ ਹੈ। ਕੋਸ਼ਿਕਾਵਾਂ ਵਿਚ ਲਹੂ ਦਾ ਦਬਾਉ ਘੱਟ ਜਾਂਦਾ ਹੈ ਅਤੇ ਸੱਜੇ ਗ੍ਰਾਹਕ ਕੋਸ਼ ਵਿਚ ਗੰਦਾ ਖ਼ੂਨ ਲਿਆਉਣ ਵਾਲੀਆਂ ਸ਼ਿਰਾਵਾਂ ਵਿਚ ਹੋਰ ਵੀ ਘੱਟ ਹੋ ਜਾਂਦਾ ਹੈ।


ਤਹਿਆਂ—ਦਿਲ ਦੀ ਹਰੇਕ ਖ਼ਾਨੇ ਦੀ ਭਿੱਤੀ ਜਾਂ ਦੀਵਾਰ ਤਿੰਨ ਤਹਿਆਂ ਦੀ ਬਣੀ ਹੁੰਦੀ ਹੈ-ਅੰਦਰਲੀ ਦਿਲ-ਤਹਿ (ਐਂਡੋ-ਕਾਰਡੀਅਮ), ਮਧ ਦਿਲ-ਤਹਿ (ਮਾਇਓ-ਕਾਰਡੀਅਮ) ਅਤੇ ਉਪ-ਰਲੀ ਦਿਲ-ਤਹਿ (ਐਪੀ-ਕਾਰਡੀਅਮ)। ਅੰਦਰਲੀ ਦਿਲ-ਤਹਿ ਗ੍ਰਾਹਕ ਕੋਸ਼ਾਂ ਵਿਚ ਮੋਟੀ ਤੇ ਖੇਪਕ ਕੋਸ਼ਾਂ ਵਿਚ ਪਤਲੀ ਹੁੰਦੀ ਹੈ।

ਪੇਸ਼ੀਆਂ (Muscles) — ਗ੍ਰਾਹਕ ਕੋਸ਼ਾਂ ਅਤੇ ਖੇਪਕ ਕੋਸ਼ਾਂ ਦੀਆਂ ਭਿੱਤੀਆਂ, ਪੇਸ਼ੀਆਂ ਦੀਆਂ ਦੋ ਤਹਿਆਂ ਦੀਆਂ ਬਣੀਆਂ ਹੁੰਦੀਆਂ ਹਨ ਜਿਨ੍ਹਾਂ ਨੂੰ ਮੱਧ-ਦਿਲ-ਤਹਿ (ਮਾਇਓ-ਕਾਰਡੀਅਮ) ਕਹਿੰਦੇ ਹਨ। ਇਨ੍ਹਾਂ ਤਹਿਆਂ ਨੂੰ ਰੇਸ਼ੇਦਾਰ ਪਿੰਜਰ ਰਾਹੀਂ ਸਹਾਰਾ ਮਿਲਦਾ ਹੈ। ਪੇਸ਼ੀਆਂ ਦੀ ਤਹਿ ਗ੍ਰਾਹਕ ਕੋਸ਼ਾਂ ਵਿਚ ਸਭ ਤੋਂ ਪਤਲੀ ਤੇ ਖੱਬੇ ਖੇਪਕ ਕੋਸ਼ ਵਿਚ ਸਭ ਤੋਂ ਮੋਟੀ ਹੁੰਦੀ ਹੈ। ਖੇਪਕ ਕੋਸ਼ਾਂ ਦੀ ਮਾਇਓ-ਕਾਰਡੀਅਮ ਗ੍ਰਾਹਕ ਕੋਸ਼ਾਂ ਨਾਲੋਂ ਵੱਧ ਗੁੰਝਲਦਾਰ ਹੁੰਦੀ ਹੈ।


ਵਾਲਵ—ਇਹ ਲਚਕਦਾਰ ਬਣਤਰਾਂ ਹਨ ਜਿਹੜੀਆਂ ਦਿਲ ਦੇ ਸਭ ਤੋਂ ਅੰਦਰਲੇ ਟਿਸ਼ੂਆਂ ਤੋਂ ਬਣਦੀਆਂ ਹਨ। ਦਿਲ ਦੇ ਸਭ ਤੋਂ ਵੱਡੇ ਵਾਲਵ ਤਿੰਨ-ਨੋਕਾ ਵਾਲਵ ਤੇ ਦੋ-ਨੋਕਾ ਵਾਲਵ ਹਨ ਜਿਹੜੇ ਇਕ ਵਾਰ ਖੇਪਕ ਕੋਸ਼ਾਂ ਵਿਚ ਗਿਆ ਲਹੂ ਮੁੜ ਗ੍ਰਾਹਕ ਕੋਸ਼ਾਂ ਵਿਚ ਨਹੀਂ ਆਉਣ ਦਿੰਦੇ। ਸੱਜੇ ਗ੍ਰਾਹਕ ਅਤੇ ਖੇਪਕ ਕੋਸ਼ ਦੇ ਵਿਚਕਾਰ ਤਿੰਨ ਪੱਤੀਆਂ ਵਾਲਾ ਤਿੰਨ ਨੋਕਾ ਵਾਲਵ ਹੁੰਦਾ ਹੈ ਅਤੇ ਖੱਬੇ ਗ੍ਰਾਹਕ ਅਤੇ ਖੇਪਕ ਕੋਸ਼ ਦੇ ਵਿਚਕਾਰ ਦੋ ਪੱਤੀਆਂ ਵਾਲਾ ਦੋ ਨੋਕਾ ਵਾਲਵ ਹੁੰਦਾ ਹੈ। ਦੋ ਨੋਕਾ ਵਾਲਵ ਲਹੂ ਨੂੰ ਖੱਬੇ ਖੇਪਕ ਕੋਸ਼ ਵਿਚੋਂ ਮਹਾਧਮਣੀ ਵਿਚ ਭੇਜਣ ਵਿਚ ਵੀ ਸਹਾਇਤਾ ਕਰਦਾ ਹੈ। ਮਹਾਧਮਣੀ ਅਤੇ ਫ਼ੇਫੜਾ-ਧਮਣੀ ਦੇ ਵਾਲਵਾਂ ਵਿਚ ਤਿੰਨ ਅਰਧ-ਚੰਦ ਆਕਾਰ ਨੋਕਾਂ ਹੁੰਦੀਆਂ ਹਨ। ਮਹਾਧਮਣੀ ਦੀਆਂ ਵਾਲਵ ਨੋਕਾਂ ਦੇ ਬਿਲਕੁਲ ਉਪਰ ਛੋਟੇ ਛੋਟੇ ਕੋਟਰ (ਸਾਈਨਸ) ਹੁੰਦੇ ਹਨ ਜਿਨ੍ਹਾਂ ਤੋਂ ਖੱਬੀਆਂ ਅਤੇ ਸੱਜੀਆਂ ਦਿਲ-ਧਮਣੀਆਂ ਬਣਦੀਆਂ ਹਨ। ਉਪਰਵਰਤੀ ਮਹਾਧਮਣੀ ਦੇ ਵਾਲਵ ਨੂੰ ਕੰਨ-ਸੰਘ ਵਾਲਵ (ਯੂਸਟੇ-ਕੀਅਨ ਵਾਲਵ) ਅਤੇ ਦਿਲ-ਕੋਟਰ ਦੇ ਚੰਦ-ਆਕਾਰ ਵਾਲਵ ਨੂੰ ਥੀਬੀਸੀਅਨ ਵਾਲਵ ਕਹਿੰਦੇ ਹਨ।

ਨਾੜੀਆਂ—ਦਿਲ ਨੂੰ ਵੇਗਸ ਨਾੜੀ ਅਤੇ ਸਿੰਪੈਥੈਟਿਕ ਟਰੰਕ ਰਾਹੀਂ ਸਪਲਾਈ ਹੁੰਦੀ ਹੈ। ਦਿਲ ਦੇ ਆਧਾਰ ਅਤੇ ਦਿਲ ਧਮਣੀਆਂ ਦੇ ਨਾਲ ਨਾੜੀਆਂ ਦਾ ਜਾਲ ਵਿਛਿਆ ਹੁੰਦਾ ਹੈ।

ਲਹੂ ਗੇੜ (Blood Circulation)—ਦਿਲ ਨੂੰ ਲਹੂ ਦੀ ਸਪਲਾਈ ਦੋ ਦਿਲ-ਧਮਣੀਆਂ (ਕੋਰੋਨਰੀ-ਧਮਣੀਆਂ) ਰਾਹੀਂ ਹੁੰਦੀ



ਦਿਲ ਦੇ ਚਾਰ ਖ਼ਾਨਿਆਂ ਵਿਚੋਂ ਕਾਟ ਜਿਸ ਵਿਚ
ਵਾਲਵਾਂ ਦੀ ਬਣਤਰ ਦਿੱਸ ਰਹੀ ਹੈ



ਰੀੜ੍ਹ ਦੀ ਹੱਡੀ ਵਾਲੇ ਪ੍ਰਾਣੀਆਂ ਦੇ ਦਿਲਾਂ ਦਾ ਚਿੱਤਰ
ਦਿਲ ਦੇ ਖ਼ਾਨੇ ਦਰਸਾਉਂਦੇ ਹੋਏ।
(ੳ) ਡਾੱਗ ਫਿਸ਼ (ਅ) ਕਰੋਸੋਪਟੇਰੇਜਿਨ (ੲ) ਜਲ-ਥਲੀ ਪ੍ਰਾਣੀ
(ਸ) ਰੀਂਗਣ ਵਾਲੇ ਪ੍ਰਾਣੀ (ਹ) ਥਣਧਾਰੀ ਪ੍ਰਾਣੀ

ਹੈ। ਇਹ ਧਮਣੀਆਂ ਮਹਾਧਮਣੀ ਤੋਂ ਸ਼ੁਰੂ ਹੋ ਕੇ, ਕੋਰੋਨਰੀ ਸਲਕਸ ਵਿਚੋਂ ਲੰਘਦੀਆਂ ਹਨ ਤੇ ਇਨ੍ਹਾਂ ਦੀਆਂ ਮੁੱਖ ਸ਼ਾਖ਼ਾਵਾਂ ਇੰਟਰਵੈਂਟ੍ਰੀਕੁਲਰ ਸਲਕਾਈ ਵਿਚ ਜਾਂਦੀਆਂ ਹਨ। ਸੱਜੀ ਦਿਲ-ਧਮਣੀ ਛੋਟੀ ਹੁੰਦੀ ਹੈ ਅਤੇ ਇਸ ਦੀਆਂ ਸ਼ਾਖ਼ਾਵਾਂ ਐਪੀ-ਕਾਰਡੀਅਮ ਵਿਚ ਜਾ ਕੇ ਸੱਜੇ ਗ੍ਰਾਹਕ ਕੋਸ਼ ਅਤੇ ਖੇਪਕ ਕੋਸ਼ ਨੂੰ ਲਹੂ ਪਹੁੰਚਾਉਂਦੀਆਂ ਹਨ। ਖੱਬੀ ਦਿਲ-ਧਮਣੀ ਵੱਡੀ ਹੁੰਦੀ ਹੈ ਅਤੇ ਇਸ ਦੀਆਂ ਦੋ ਵੱਡੀਆਂ ਸ਼ਾਖਾਵਾਂ ਹੁੰਦੀਆਂ ਹਨ। ਇਹ ਖੱਬੇ ਗ੍ਰਾਹਕ ਕੋਸ਼, ਖੱਬੇ ਖੇਪਕ ਕੋਸ਼ ਤੇ ਇੰਟਰਵੈਂਟ੍ਰੀਕੁਲਰ ਸੈਪਟਮ ਨੂੰ ਲਹੂ ਪਹੁੰਚਾਉਂਦੀ ਹੈ। ਐਪੀ-ਕਾਰਡੀਅਮ ਵਿਚ ਸ਼ਿਰਾ ਵਹਿਣੀਆਂ ਵੀ ਹੁੰਦੀਆਂ ਹਨ ਜਿਹੜੀਆਂ ਦਿਲ-ਕੋਟਰ ਬਣਾਉਂਦੀਆਂ ਹਨ। ਇਹ ਕੋਟਰ ਸੱਜੇ ਗ੍ਰਾਹਕ ਕੋਸ਼ ਵਿਚ ਖ਼ਤਮ ਹੁੰਦਾ ਹੈ। ਕੁਝ ਛੋਟੀਆਂ ਛੋਟੀਆਂ ਅਗਲੀਆਂ ਦਿਲ ਸ਼ਿਰਾਵਾਂ ਸੱਜੇ ਖੇਪਕ ਕੋਸ਼ ਤੋਂ ਸਿੱਧਾ ਹੀ ਸੱਜੇ ਗ੍ਰਾਹਕ ਕੋਸ਼ ਵਿਚ ਆਉਂਦੀਆਂ ਹਨ।

ਤੁਲਨਾਤਮਕ ਐਨਾਟਮੀ—ਉੱਚ ਪੱਧਰੀ ਰੀੜ੍ਹਰਹਿਤ ਪ੍ਰਾਣੀਆਂ (ਜਿਵੇਂ ਕਿ ਕਲੈਮ, ਕ੍ਰੇ ਫ਼ਿਸ਼, ਕਾੱਕਰੋਚ ਆਦਿ) ਵਿਚ ਦਿਲ ਬਿਲਕੁਲ ਪ੍ਰਤੱਖ ਹੁੰਦਾ ਹੈ ਪਰ ਇਹ ਸਾਧਾਰਨ ਹੁੰਦਾ ਹੈ ਤੇ ਰੀੜ੍ਹਧਾਰੀਆਂ ਵਿਚ ਇਹ ਗੁੰਝਲਦਾਰ ਹੁੰਦਾ ਹੈ।

ਮੱਛੀਆਂ ਵਿਚ ਦਿਲ ਮੂਲ ਤੌਰ ਤੇ ਇਕ ਨਲੀ ਵਰਗਾ ਹੁੰਦਾ ਹੈ ਜਿਹੜਾ ਬਾਅਦ ਵਿਚ ਚਾਰ ਕੋਸ਼ਾਂ ਸਾਈਨਸ ਵੀਨੋਸਸ, ਗ੍ਰਾਹਕ ਕੋਸ਼ (ਐਟਰੀਅਮ), ਖੇਪਕ ਕੋਸ਼ (ਵੈਂਟ੍ਰੀਕਲ) ਅਤੇ ਕੋਨਸ ਆਟਰੀਓਸਿਸ ਵਿਚ ਵੰਡਿਆ ਜਾਂਦਾ ਹੈ।

ਫ਼ੇਫੜਿਆਂ ਰਾਹੀਂ ਸਾਹ ਲੈਣ ਵਾਲੇ ਪ੍ਰਾਣੀ ਜਿਵੇਂ ਕਿ (ਜਲ-ਥਲੀ ਜੀਵਾਂ ਅਤੇ ਰੀਂਗਣ ਵਾਲੇ) ਪ੍ਰਾਣੀਆਂ ਵਿਚ ਸਾਈਨਸ ਵੀਨੋਸਸ ਤੇ ਕੋਨਸ ਆਟਰੀਓਸਿਸ ਖ਼ਤਮ ਹੋ ਜਾਂਦੇ ਹਨ। ਗ੍ਰਾਹਕ ਕੋਸ਼ (ਐਟਰੀਅਮ) ਅਤੇ ਖੇਪਕ ਕੋਸ਼ (ਵੈਂਟ੍ਰੀਕਲ) ਦੋ ਦੋ ਕੋਸ਼ਾਂ (ਸੱਜਾ ਤੇ ਖੱਬਾ) ਵਿਚ ਵੰਡੇ ਜਾਂਦੇ ਹਨ।

ਪੰਛੀਆਂ ਅਤੇ ਥਣਧਾਰੀ ਪ੍ਰਾਣੀਆਂ ਵਿਚ ਦਿਲ ਦੇ ਪੂਰੇ ਚਾਰ ਖ਼ਾਨੇ ਦੋ ਗ੍ਰਾਹਕ ਕੋਸ਼ ਤੇ ਦੋ ਖੇਪਕ ਕੋਸ਼ ਹੁੰਦੇ ਹਨ।

ਹ.ਪੁ.—ਐਨ. ਬ੍ਰਿ. 11: 220; ਐਨ. ਸ.ਟ. 6: 406

ਦਿਲਗ਼ੀਰ ਫ਼ਿਰੋਜ਼ੁੱਦੀਨ : ਪੰਜਾਬੀ ਦੇ ਇਸ ਪ੍ਰਸਿੱਧ ਕਵੀ ਦਾ ਜਨਮ ਲਾਹੌਰ (ਪਾਕਿਸਤਾਨ) ਵਿਖੇ 1872 ਈ. ਵਿਚ ਹੋਇਆ। ਇਹ ਪੁਰਾਣੀ ਕੋਤਵਾਲੀ ਦੇ ਲਾਗੇ ਛਾਪਾਗਰੀ (ਕੱਪੜੇ ਠੇਕਣਾ) ਦਾ ਕੰਮ ਕਰਦਾ ਸੀ ਇਹ ਬੜੇ ਰੰਗੀਨ ਤੇ ਸੁਹਣੇ ਸ਼ਿਅਰ ਕਹਿੰਦਾ ਸੀ। ਇਸ ਨੂੰ ਅਰਬੀ ਫ਼ਾਰਸੀ ਦੀ ਵੀ ਭਰਪੂਰ ਜਾਣਕਾਰੀ ਸੀ ਅਤੇ ਆਪਣੀ ਕਵਿਤਾ ਵਿਚ ਇਨ੍ਹਾਂ ਭਾਸ਼ਾਵਾਂ ਦੇ ਸ਼ਬਦਾਂ ਦੀ ਰੱਜਵੀਂ ਵਰਤੋਂ ਕਰਦਾ ਸੀ। ਇਸ ਦੇ ਸ਼ਿਅਰਾਂ ਵਿਚ ਗ਼ਾਲਿਬ ਦੀ ਉੱਚ-ਖ਼ਿਆਲੀ ਅਤੇ ਦਾਗ਼ ਵਾਲੀ ਰੰਗੀਨੀ ਸੀ। ਇਸ ਦੀ ਕਵਿਤਾ ਵਿਚ ਪਕਿਆਈ, ਰਵਾਨੀ ਅਤੇ ਰਸ ਸੀ। ਇਸ ਦੀ ਕਾਬਲੀਅਤ ਦੇਖ ਕੇ ਇਸ ਦੇ ਉਸਤਾਦ ਹਕੀਮ ਆਗ਼ਾ ਅਲੀ ਖ਼ਾਂ ਨੇ ਇਸ ਨੂੰ ਆਪਣੇ ਅੱਧੇ ਅਖਾੜੇ ਦਾ ਖ਼ਲੀਫ਼ਾ ਬਣਾ ਦਿੱਤਾ ਸੀ। ਆਪਣੀ ਕਵਿਤਾ ਵਿਚ ਪ੍ਰਤੀਕ ਅਤੇ ਮੁਹਾਵਰੇ ਵਰਤਣ ਵਿਚ ਇਸ ਨੂੰ ਕਮਾਲ ਹਾਸਲ ਸੀ। ਬੈਂਤਬਾਜ਼ੀ ਵਿਚ ਹਕੀਮ ਗਾਮੂ ਖ਼ਾਂ ਨਾਲ ਇਸ ਦਾ ਆਮ ਟਾਕਰਾ ਰਹਿੰਦਾ ਸੀ। ਉਸ ਦੇ 'ਪੰਚਕੋਨਾ' (ਖ਼ਮਸਾ) ਦੇ ਉੱਤਰ ਵਿਚ ਇਸ ਨੇ ਇਕ ਬਹੁਤ ਹੀ ਸੁੰਦਰ ਪੰਚਕੋਨਾ ਲਿਖਿਆ। ਇਸ ਦੀ ਮੌਤ ਲਾਹੌਰ ਵਿਖੇ 1897 ਈ. ਵਿਚ ਹੋਈ।

ਹ. ਪੁ.- ਪੰ.ਸ਼ਾ.ਤਜ਼.

ਦਿਲਬਰ ਦਿਆ ਸਿੰਘ : ਪੰਜਾਬ ਦੇ ਇਸ ਢਾਡੀ ਦਾ ਜਨਮ 9 ਨਵੰਬਰ, 1930 ਨੂੰ ਪਿੰਡ ਸਗਰੀ ਜ਼ਿਲ੍ਹਾ ਲਾਹੌਰ (ਪਾਕਿਸਤਾਨ) ਵਿਚ ਈਸ਼ਰ ਸਿੰਘ ਦੇ ਘਰ ਹੋਇਆ । ਇਹ ਪੰਜਾਬ ਦੇ ਉੱਘੇ ਢਾਡੀਆਂ ਵਿਚੋਂ ਹੈ। ਇਸ ਨੇ ਇਕ ਪਾਸੇ ਪੰਜਾਬ ਦੇ ਸੁਨਿਹਰੀ ਇਤਿਹਾਸ ਅਤੇ ਇਸ ਦੇ ਗੌਰਵ ਨੂੰ ਉਜਾਗਰ ਕੀਤਾ ਅਤੇ ਦੂਜੇ ਪਾਸੇ ਪੰਜਾਬੀ ਵੀਰਕਾਲ ਦੀ ਪਰੰਪਰਾ ਨੂੰ ਆਧੁਨਿਕ ਕਾਵਿ ਦੇ



ਦਿਆ ਸਿੰਘ ਦਿਲਬਰ

ਸਰੋਤਿਆਂ ਨਾਲ ਜੋੜਿਆ ਹੈ। 'ਦਿਲਬਰ ਉਡਾਰੀਆਂ', 'ਦਿਲਬਰ ਰੀਝਾਂ', 'ਦਿਲਬਰ ਦੁਨੀਆ', 'ਦਿਲਬਰ ਦੇ ਗੀਤ', 'ਦਿਲਬਰ ਤਰਾਨੇ', 'ਦਿਲਬਰ ਸੰਗੀਤ' ਗਾਉਂਦਾ ਦਿਲਬਰ' ਤੋਂ ਇਲਾਵਾ ਇਸ ਦੀਆਂ ਹੋਰ ਕਿਤਾਬਾਂ ਵੀ ਛਪ ਚੁੱਕੀਆਂ ਹਨ। ਇਸ ਦੀਆਂ ਇਨ੍ਹਾਂ ਪੁਸਤਕਾਂ ਵਿਚ ਪੰਜਾਬ ਅਤੇ ਪੰਜਾਬੀਅਤ ਦੇ ਵੱਖ ਵੱਖ ਪਹਿਲੂਆਂ ਨੂੰ ਪੇਸ਼ ਕੀਤਾ ਗਿਆ ਹੈ। ਇਸ ਦੀਆਂ ਵਾਰਾਂ ਸੰਗੀਤ ਤੇ ਸੂਰਮਗਤੀ ਦਾ ਸੁਨੇਹਾ ਕਹੀਆਂ ਜਾ ਸਕਦੀਆਂ ਹਨ। ਇਸ ਦੀਆਂ ਗੁਰੂ ਮਾਨਿਓ ਗ੍ਰੰਥ, ਖੂਨੀ ਸਾਕਾ, ਜੰਗ ਚਮਕੌਰ, ਤਿਲਕ ਜੰਞੂ ਦੇ ਰਾਖੇ, ਜੁਝਾਰੂ ਖਾਲਸਾ ਪੰਜ ਕੈਸਟਾਂ ਰੀਲੀਜ਼ ਹੋ ਚੁੱਕੀਆਂ ਹਨ।

ਦਿਆ ਸਿੰਘ ਦਿਲਬਰ ਦੀ ਪ੍ਰਤਿਭਾ ਨੂੰ ਮੁੱਖ ਰੱਖਦੇ ਹੋਏ ਇਸ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪ੍ਰੋ. ਮੋਹਨ ਸਿੰਘ ਫਾਊਂਡੇਸ਼ਨ , ਲੁਧਿਆਣਾ ਵੱਲੋਂ ਸਨਮਾਨਿਤ ਕੀਤਾ ਜਾ ਚੁੱਕਾ ਹੈ। ਪੰਜਾਬੀ ਵਿਚ ਸੂਰਬੀਰਤਾ ਦਾ ਸੰਚਾਰ ਸੰਗੀਤ ਦੀਆਂ ਲਹਿਰਾਂ ਰਾਹੀਂ ਕੀਤਾ । ਭਾਸ਼ਾ ਵਿਭਾਗ ਪੰਜਾਬ ਵੱਲੋਂ ਇਸ ਨੂੰ ਸਾਲ 1993 ਦੇ ਸ਼੍ਰੋਮਣੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ।

ਹ. ਪੁ.—ਸ. ਸੂ. (1993-94)-ਭਾ. ਵਿ. ਪੰ.

ਦਿੱਲੀ : **ਡਵੀਜ਼ਨ**—ਇਹ ਪੰਜਾਬ ਦਾ ਇਕ ਦੱਖਣੀ-ਪੂਰਬੀ ਮੰਡਲ ਹੁੰਦਾ ਸੀ ਜਿਹੜਾ ਜਮਨਾ ਦੇ ਪੱਛਮੀ ਕੰਢੇ ਉੱਤੇ 27° 39′ ਤੋਂ 31° 18′ ਉ. ਵਿਥ. ਅਤੇ 74° 29′ ਤੋਂ 77° 40′ ਪੂ. ਲੰਬ. ਵਿਚਕਾਰ ਫੈਲਿਆ ਹੋਇਆ ਸੀ। ਇਸ ਦੇ ਕਮਿਸ਼ਨਰ ਦਾ ਸਦਰ ਮੁਕਾਮ ਦਿੱਲੀ ਸ਼ਹਿਰ ਹੁੰਦਾ ਸੀ ਅਤੇ ਗਰਮੀਆਂ ਦੇ ਮੌਸਮ ਵਿਚ ਸ਼ਿਮਲੇ ਹੁੰਦਾ ਸੀ। ਇਸ ਦਾ ਕੁੱਲ ਰਕਬਾ 15, 395 ਵ. ਮੀ. ਸੀ ਅਤੇ ਆਬਾਦੀ ਲਗਭਗ 6 ਲੱਖ (1901) ਸੀ ਜਿਸ ਵਿਚ ਹਿੰਦੂ, ਸਿੱਖ, ਮੁਸਲਮਾਨ, ਜੈਨੀ, ਪਾਰਸੀ ਅਤੇ ਈਸਾਈ ਸ਼ਾਮਲ ਹਨ।

ਦਿੱਲੀ ਡਵੀਜਨ ਵਿਚ 7 ਜ਼ਿਲ੍ਹੇ-ਹਿਸਾਰ, ਰੋਹਤਕ, ਗੁੜਗਾਓਂ ਦਿੱਲੀ, ਕਰਨਾਲ, ਅੰਬਾਲਾ, ਸ਼ਿਮਲਾ ਸ਼ਾਮਲ ਸਨ। ਇਨ੍ਹਾਂ ਵਿਚ ਹਿਸਾਰ ਸਭ ਤੋਂ ਵੱਡਾ (5,219 ਵ. ਮੀ.) ਅਤੇ ਸ਼ਿਮਲਾ ਸਭ ਤੋਂ ਛੋਟਾ ਸੀ ਜਿਸ ਦਾ ਰਕਬਾ ਕੇਵਲ 101 ਵ. ਮੀ. ਹੀ ਸੀ। ਸ਼ਿਮਲੇ ਦੇ ਛੋਟੇ ਜ਼ਿਲ੍ਹੇ ਨੂੰ ਅਤੇ ਅੰਬਾਲੇ ਵਿਚ ਪੈਂਦੇ ਪਹਾੜੀ ਸਥਾਨ ਕਸੌਲੀ ਨੂੰ ਛੱਡ ਕੇ ਇਹ ਡਵੀਜ਼ਨ ਸਮੁੱਚੇ ਤੌਰ ਤੇ ਮੈਦਾਨੀ ਇਲਾਕੇ ਵਿਚ ਪੈਂਦਾ ਸੀ। ਇਸ ਵਿਚ 6, 486 ਪਿੰਡ ਅਤੇ 51 ਕਸਬੇ ਸਨ ਜਿਨ੍ਹਾਂ ਵਿਚੋਂ ਸਭ ਤੋਂ ਵੱਡਾ ਦਿੱਲੀ ਸੀ। ਇਸ ਤੋਂ ਇਲਾਵਾ ਅੰਬਾਲਾ, ਭਵਾਨੀ, ਰਿਵਾੜੀ ਪਾਣੀਪਤ ਅਤੇ ਰੋਹਤਕ ਵੱਡੇ ਸ਼ਹਿਰ ਸਨ। ਦਿੱਲੀ ਦੇ ਨਾਲ ਰਿਵਾੜੀ ਅਤੇ ਅੰਬਾਲਾ ਵੀ ਵਪਾਰਕ ਸ਼ਹਿਰ ਸਨ। ਪਾਣੀਪਤ ਕਈ ਪ੍ਰਸਿੱਧ ਲੜਾਈਆਂ ਦਾ ਮੈਦਾਨ-ਇ-ਜੰਗ ਬਣਨ ਕਰ ਕੇ ਕਾਫ਼ੀ ਮਸ਼ਹੂਰ ਸੀ।

ਹ. ਪੁ.-ਇੰਪ. ਗ. ਇੰਡ. 11 : 223

ਦਿੱਲੀ : ਜ਼ਿਲ੍ਹਾ—ਇਹ ਅਣਵੰਡੇ ਪੰਜਾਬ ਦੀ ਦਿੱਲੀ ਡਵੀਜ਼ਨ ਦਾ ਇਕ ਜ਼ਿਲ੍ਹਾ ਹੁੰਦਾ ਸੀ। ਇਸ ਦੇ ਉੱਤਰ ਵੱਲ ਕਰਨਾਲ, ਪੂਰਬ ਵੱਲ ਜਮਨਾ ਦਰਿਆ, ਦੱਖਣ ਵੱਲ ਗੁੜਗਾਓਂ ਅਤੇ ਪੱਛਮ ਵੱਲ ਰੋਹਤਕ ਜ਼ਿਲ੍ਹੇ ਲਗਦੇ ਸਨ। ਜਮਨਾ ਦਰਿਆ ਇਸ ਜ਼ਿਲ੍ਹੇ ਨੂੰ ਉ.ਪ੍ਰ. ਪ੍ਰਾਂਤ ਦੇ ਮੇਰਠ ਅਤੇ ਬੁਲੰਦ ਸ਼ਹਿਰ ਜ਼ਿਲ੍ਹਿਆਂ ਨਾਲੋਂ ਵੱਖ ਕਰਦਾ ਸੀ। ਇਸ ਜ਼ਿਲ੍ਹੇ ਦਾ ਖੇਤਰਫਲ 3,350 ਵ.ਕਿ.ਮੀ. (1,290 ਵ.ਮੀਲ) ਹੁੰਦਾ ਸੀ।

ਇਸ ਜ਼ਿਲ੍ਹੇ ਦਾ ਚਾਰਜ ਇਕ ਡਿਪਟੀ ਕਮਿਸ਼ਨਰ ਕੋਲ ਹੁੰਦਾ ਸੀ ਜਿਸ ਦੀ ਸਹਾਇਤਾ ਲਈ ਪੰਜ ਸਹਾਇਕ ਜਾਂ ਐਕਸਟਰਾ ਅਸਿਸਟੈਂਟ ਕਮਿਸ਼ਨਰ ਹੁੰਦੇ ਸਨ ਜਿਨ੍ਹਾਂ ਵਿਚੋਂ ਇਕ ਕੋਲ ਜ਼ਿਲ੍ਹੇ ਦੇ ਖਜ਼ਾਨੇ ਦਾ ਚਾਰਜ ਹੁੰਦਾ ਸੀ। ਬੈਂਕ ਆਫ਼ ਬੰਗਾਲ ਹੀ ਇਸ ਜ਼ਿਲ੍ਹੇ ਦਾ ਖਜ਼ਾਨਾ ਸੀ ਅਤੇ ਅਦਾਲਤ ਦੇ ਕਮਰੇ ਵਿਚ ਹੀ ਇਸ ਦਾ ਇਕ ਕਰੰਸੀ ਡਿਪੂ ਹੁੰਦਾ ਸੀ। ਇਸ ਜ਼ਿਲ੍ਹੇ ਨੂੰ ਤਿੰਨ ਤਹਿਸੀਲਾਂ ਵਿਚ ਵੰਡਿਆ ਹੋਇਆ ਸੀ। ਹਰੇਕ ਤਹਿਸੀਲ ਇਕ ਤਹਿਸੀਲਦਾਰ ਅਤੇ ਨਾਇਬ ਤਹਿਸੀਲਦਾਰ ਦੇ ਅਧੀਨ ਹੁੰਦੀ ਸੀ। ਦਿੱਲੀ ਸ਼ਹਿਰ ਨਿਗਰਾਨ ਇੰਜੀਨੀਅਰ ਵੈਸਟਰਨ ਜਮਨਾ ਕਨਾਲ ਸਰਕਲ ਅਤੇ ਕਾਰਜਕਾਰੀ ਇੰਜੀਨੀਅਰ ਦਿੱਲੀ ਪ੍ਰਾਂਤਕ ਡਵੀਜ਼ਨ ਦਾ ਵੀ ਸਦਰ ਮੁਕਾਮ ਹੁੰਦਾ ਸੀ।

ਸਿਵਲ ਅਤੇ ਜੁਡੀਸ਼ਲ ਦਾ ਸਾਰਾ ਕੰਮ ਇਕ ਜ਼ਿਲ੍ਹਾ ਜੱਜ ਦੇ ਅਧੀਨ ਹੁੰਦਾ ਸੀ ਜਿਸ ਕੋਲ ਦਿੱਲੀ ਸਿਵਲ ਡਵੀਜ਼ਨ ਦੇ ਡਵੀਜ਼ਨ ਜੱਜ ਕੋਲੋਂ ਅਪੀਲਾਂ ਆਉਂਦੀਆਂ ਸਨ। ਇਸ ਦੀ ਸਹਾਇਤਾ ਕਰਨ ਲਈ ਇਕ ਐਕਸਟਰਾ-ਅਸਿਸਟੈਂਟ ਕਮਿਸ਼ਨਰ, ਇਕ ਛੋਟੇ ਮੁਕੱਦਮੇ ਅਦਾਲਤ ਜੱਜ ਅਤੇ ਇਕ ਮੁਨਸਿਫ਼ ਹੁੰਦਾ ਸੀ। ਇਸ ਤੋਂ ਇਲਾਵਾ ਇਕ ਅਸਿਸਟੈਂਟ ਅਤੇ ਐਕਸਟਰਾ ਅਸਿਸਟੈਂਟ ਕਮਿਸ਼ਨਰ ਅਤੇ ਤਹਿਸੀਲਦਾਰ ਸਿਵਲ-ਜੁਡੀਸ਼ਲ ਕੰਮ ਵਿਚ ਸਹਾਇਤਾ ਕਰਦੇ ਸਨ। ਸਦਰ ਮੁਕਾਮ ਵਿਖੇ ਇਕ ਆਨਰੇਰੀ-ਐਕਸਟਰਾ-ਅਸਿਸਟੈਂਟ-ਕਮਿਸ਼ਨਰ ਦਾ ਅਹੁਦਾ ਵੀ ਹੁੰਦਾ ਸੀ। ਇਥੇ ਜ਼ਿਆਦਾ ਵਪਾਰਕ ਕੰਮ ਹੋਣ ਕਾਰਨ ਸਭ ਤੋਂ ਵੱਧ ਸਿਵਲ ਕੰਮ ਹੁੰਦੇ ਸਨ। ਡਵੀਜਨ ਜੱਜ ਹੀ ਦਿੱਲੀ ਸਿਵਲ ਡਵੀਜਨ ਦਾ ਸੈਸ਼ਨ ਜੱਜ ਹੁੰਦਾ ਸੀ। ਜ਼ਿਲ੍ਹੇ ਵਿਚ 16 ਆਨਰੇਰੀ ਮੈਜਿਸਟਰੇਟ ਹੁੰਦੇ ਸਨ ਜਿਨ੍ਹਾਂ ਵਿਚ ਸ਼ਹਿਰ ਦੇ ਕੰਮ ਕਰਨ ਲਈ 12 ਜੱਜਾਂ ਦਾ ਇਕ ਬੈਂਚ ਵੀ ਬਣਾਇਆ ਹੋਇਆ ਸੀ। ਸਦਰ ਮੁਕਾਮ ਵਿਖੇ ਦੋ ਜੱਜ ਬੈਠਦੇ ਸਨ ਅਤੇ ਹਰੇਕ ਤਹਿਸੀਲ ਵਿਚ ਇਕ-ਇਕ ਜੱਜ ਨਿਯੁਕਤ ਕੀਤਾ ਗਿਆ ਸੀ। ਚੋਰੀ ਕਰਨ ਜਾਂ ਸੰਨ੍ਹ ਲਾਉਣ ਵਰਗੇ ਜੁਰਮਾਂ ਲਈ ਮੁੱਖ ਫੋਰਮ ਬਣਾਏ ਗਏ ਸਨ।

ਸੰਨ 1842 ਅਤੇ 1844 ਈ. ਵਿਚ ਸੋਨੀਪਤ ਅਤੇ ਦਿੱਲੀ ਦੀਆਂ ਤਹਿਸੀਲਾਂ ਨੂੰ ਸਥਾਪਿਤ ਕੀਤਾ ਅਤੇ 1857 ਈ. ਦੇ ਗਦਰ ਤੋਂ ਬਾਅਦ ਬੱਲਬਗੜ੍ਹ ਦੀ ਤਹਿਸੀਲ ਬਣਾਈ ਗਈ। ਸਾਰੀਆਂ ਤਹਿਸੀਲਾਂ ਦੇ ਖੇਤਰਾਂ ਨੂੰ ਘਟਾ ਕੇ ਨਿਯਮਬੱਧ ਢੰਗ ਨਾਲ ਸਥਾਪਿਤ ਕੀਤਾ ਗਿਆ। ਸੰਨ 1872 ਅਤੇ 1880 ਈ. ਵਿਚ ਸਾਰਿਆਂ ਦੀ ਸਥਾਪਨਾ ਸੰਬੰਧੀ ਨਜ਼ਰਸਾਨੀ ਕੀਤੀ।

ਇਸ ਜ਼ਿਲ੍ਹੇ ਵਿਚ ਦਿੱਲੀ, ਸੋਨੀਪਤ, ਬੱਲਬਗੜ੍ਹ ਅਤੇ ਫਰੀ-ਦਾਬਾਦ ਨਾਂ ਦੀਆਂ ਚਾਰ ਮਿਉਂਸਪਲਟੀਆਂ ਅਤੇ ਮਹਿਰੌਲੀ ਅਤੇ ਨਾਫਜ਼ਗੜ੍ਹ ਦੇ ਦੋ ਨੋਟੀਫਾਈਡ ਖੇਤਰਾਂ ਨੂੰ ਸ਼ਾਮਲ ਕੀਤਾ ਗਿਆ। ਇਨ੍ਹਾਂ ਵਿਚ ਬਾਹਰਲੇ ਖੇਤਰਾਂ ਅਤੇ ਸਥਾਨਕ ਮਾਮਲਿਆਂ ਦਾ ਕੰਮ ਜ਼ਿਲ੍ਹਾ ਬੋਰਡ ਕਰਦਾ ਸੀ।

ਇਸ ਜ਼ਿਲ੍ਹੇ ਦਾ ਇਤਿਹਾਸ ਦਿੱਲੀ ਸ਼ਹਿਰ ਦਾ ਇਤਿਹਾਸ ਹੀ ਹੈ ਜਿਹੜਾ ਕਿ ਪ੍ਰਾਚੀਨ ਸਮੇਂ ਤੋਂ ਇਕ ਅਧੀਨ ਖੇਤਰ ਬਣਿਆ ਹੋਇਆ ਸੀ। ਸੋਨੀਪਤ, ਬੱਲਬਗੜ੍ਹ ਅਤੇ ਫਰੀਦਾਬਾਦ ਦਾ ਦਿੱਲੀ ਸ਼ਹਿਰ ਨਾਲੋਂ ਆਪਣਾ ਵੱਖਰਾ ਇਤਿਹਾਸ ਹੈ। ਜਦੋਂ 1803 ਈ. ਵਿਚ ਈਸਟ ਇੰਡੀਆ ਕੰਪਨੀ ਨੇ ਇਸ ਖੇਤਰ ਨੂੰ ਆਪਣੇ ਕਬਜ਼ੇ ਵਿਚ ਕਰ ਲਿਆ ਤਾਂ ਉਨ੍ਹਾਂ ਨੇ ਇਸ ਵਿਚ ਮੁਗ਼ਲ ਰਾਜਧਾਨੀ ਦੇ ਉੱਤਰੀ ਅਤੇ ਦੱਖਣੀ ਦੋਵੇਂ ਭਾਗ ਅਤੇ ਜਮਨਾ ਦਰਿਆ ਦੇ ਪੱਛਮ ਵਾਲੀ ਪ੍ਰਸਿੱਧ ਪੱਟੀ ਨੂੰ ਸ਼ਾਮਲ ਕਰ ਲਿਆ। ਦੇਸੀ ਸਹਿਜ਼ਾਦਿਆਂ ਜਿਨ੍ਹਾਂ ਵਿਚੋਂ ਬੱਲਬਗੜ੍ਹ ਦਾ ਰਾਜਾ ਪ੍ਰਮੁੱਖ ਸੀ, ਨੇ ਆਪਣੀਆਂ ਆਜ਼ਾਦ ਮਿਲਖਾਂ ਰੱਖੀਆਂ ਹੋਈਆਂ ਸਨ।

ਸੰਨ 1819 ਤੱਕ ਦਿੱਲੀ ਨੂੰ ਬਕਾਇਦਾ ਤੌਰ ਤੇ ਇਕ ਜ਼ਿਲ੍ਹੇ ਵਜੋਂ ਸਥਾਪਿਤ ਕੀਤਾ ਗਿਆ। ਇਸ ਵਿਚ ਮੌਜੂਦਾ ਰੋਹਤਕ ਜ਼ਿਲ੍ਹੇ ਦਾ ਥੋੜ੍ਹਾ ਜਿਹਾ ਹਿੱਸਾ ਸ਼ਾਮਲ ਹੁੰਦਾ ਸੀ। ਸੰਨ 1832 ਵਿਚ ਦਿੱਲੀ ਦੇ ਇਲਾਕੇ ਦਾ ਪ੍ਰਬੰਧ ਅਸਲ ਰੂਪ ਵਿਚ ਈਸਟ ਇੰਡੀਆ ਕੰਪਨੀ ਦੇ ਹਵਾਲੇ ਕਰ ਦਿੱਤਾ ਗਿਆ। ਸੰਨ 1857 ਵਿਚ ਗਦਰ ਦੇ ਆਰੰਭ ਹੋਣ ਤੱਕ ਇਹ ਇਲਾਕਾ ਉੱਤਰ ਪ੍ਰਦੇਸ਼ ਦਾ ਹਿੱਸਾ ਬਣਿਆ ਰਿਹਾ।

ਗਦਰ ਸ਼ੁਰੂ ਹੋਣ ਨਾਲ ਇਹ ਜ਼ਿਲ੍ਹਾ ਬਾਗੀਆਂ ਦੇ ਕਬਜ਼ੇ ਵਿਚ ਚਲਾ ਗਿਆ। ਭਾਵੇਂ ਪੰਜਾਬ ਨਾਲ ਸੰਚਾਰ ਸਾਧਨ ਛੇਤੀ ਹੀ ਪੁਨਰ ਸਥਾਪਿਤ ਹੋ ਗਏ ਅਤੇ ਉੱਤਰੀ ਪਰਗਨਿਆਂ ਨੂੰ ਵੀ ਮੁੜ ਕਬਜ਼ੇ ਵਿਚ ਲੈ ਲਿਆ ਗਿਆ ਸੀ ਪ੍ਰੰਤੂ ਦਿੱਲੀ ਸ਼ਹਿਰ ਦਾ ਅਜੇ ਪਤਨ ਨਹੀਂ ਸੀ ਹੋਇਆ ਜਿਸ ਕਰਕੇ ਉਤੱਰੀ ਭਾਗ ਉੱਤੇ ਅੰਗਰੇਜ਼ ਅਧਿਕਾਰੀ ਆਪਣਾ ਸ਼ਾਸਨ ਕਾਇਮ ਕਰ ਸਕਣ। ਜਦੋਂ ਅੰਤ ਨੂੰ ਗਦਰ ਨੂੰ ਦਬਾ ਦਿੱਤਾ ਗਿਆ ਤਾਂ ਇਸ ਜ਼ਿਲ੍ਹੇ ਦੇ ਪੁਨਰ ਨਿਰਮਾਣ ਦੇ ਕੰਮ ਦਾ ਅਮਲ ਸ਼ੁਰੂ ਹੋਇਆ ਅਤੇ ਇਹ ਜ਼ਿਲ੍ਹਾ ਪੰਜਾਬ ਵਿਚ ਤਬਦੀਲ ਕਰ ਦਿੱਤਾ ਗਿਆ। ਇਸ ਸਮੇਂ ਇਨ੍ਹਾਂ ਇਲਾਕਿਆਂ ਦੇ ਬਾਗੀ ਬੱਲਬਗੜ੍ਹ ਦੇ ਰਾਜੇ ਨੂੰ ਫਾਂਸੀ ਦੇ ਦਿੱਤੀ ਗਈ ਅਤੇ ਉਸ ਦੇ ਖੋਹੇ ਹੋਏ ਇਲਾ-ਕਿਆਂ ਨੂੰ ਜ਼ਿਲ੍ਹੇ ਦੀ ਨਵੀਂ ਬਣਾਈ ਤਹਿਸੀਲ ਨਾਲ ਜੋੜ ਦਿੱਤਾ ਗਿਆ ਜਦੋਂ ਕਿ ਦੁਆਬ ਦੇ ਬਾਹਰਲੇ ਪਿੰਡ ਜੋ ਕਿ ਹੁਣ ਤੱਕ ਦਿੱਲੀ ਵਿਚ ਪੈਂਦੇ ਸਨ ਅਤੇ ਜਿਨ੍ਹਾਂ ਨੂੰ ਪੂਰਬੀ ਪਰਗਨਿਆਂ ਦੇ ਨਾਂ ਨਾਲ ਜਾਣਿਆ ਜਾਂਦਾ ਸੀ, ਨੂੰ ਉੱਤਰ-ਪੱਛਮੀ ਪ੍ਰਾਂਤਾਂ ਦੇ ਹਵਾਲੇ ਕਰ ਦਿੱਤਾ। ਇਸ ਜ਼ਿਲ੍ਹੇ ਵਿਚ ਚਾਰ ਸ਼ਹਿਰ ਅਤੇ 714 ਪਿੰਡ ਸ਼ਾਮਲ ਕੀਤੇ ਗਏ। ਇਸ ਜ਼ਿਲ੍ਹੇ ਨੂੰ ਦਿੱਲੀ, ਸੋਨੀਪਤ ਅਤੇ ਬੱਲਬਗੜ੍ਹ ਨਾਂ ਦੀਆਂ ਤਿੰਨ ਤਹਿਸੀਲਾਂ ਵਿਚ ਵੰਡਿਆ ਗਿਆ ਅਤੇ ਇਹੋ ਨਾਂ ਦੇ ਸ਼ਹਿਰ ਇਨ੍ਹਾਂ ਤਹਿਸੀਲਾਂ ਦੇ ਸਦਰ ਮੁਕਾਮ ਬਣਾਏ ਗਏ। ਦਿੱਲੀ ਦੇ ਮੁੱਖ ਸ਼ਹਿਰ ਇਸ ਦੀਆਂ ਮਿਉਂਸਪਲਟੀਆਂ ਸਨ ਅਤੇ ਸੋਨੀਪਤ, ਬੱਲਬਗੜ੍ਹ ਅਤੇ ਫਰੀਦਾਬਾਦ ਇਸ ਜ਼ਿਲ੍ਹੇ ਦੇ ਸਦਰ ਮੁਕਾਮ ਸਨ।

ਸੰਨ 1912 ਵਿਚ ਕਲਕੱਤਾ (ਕੋਲਕਾਤਾ) ਤੋਂ ਦਿੱਲੀ ਹਿੰਦੁ-ਸਤਾਨ ਦੇ ਸਰਕਾਰ ਦੀ ਬਦਲੀ ਹੋਣ ਉਪਰੰਤ ਦਿੱਲੀ ਦੇ ਆਲੇ-ਦੁਆਲੇ ਦਾ ਜ਼ਿਲ੍ਹਾ ਜਿਹੜਾ ਕਿ ਪ੍ਰਮੁੱਖ ਤੌਰ ਤੇ ਪੰਜਾਬ ਦਾ ਹਿੱਸਾ ਹੁੰਦਾ ਸੀ ਪਰ ਜਿਸ ਵਿਚ ਉੱਤਰ ਪ੍ਰਦੇਸ਼ ਦੀ ਮੇਰਠ ਡਵੀਜ਼ਨ ਦੇ 65 ਪਿੰਡ ਸ਼ਾਮਲ ਹੁੰਦੇ ਸਨ, ਨੂੰ ਪ੍ਰਸ਼ਾਸਕੀ ਮਨੋਰਥ ਲਈ ਇਕ ਛੋਟੇ ਜਿਹੇ ਪ੍ਰਾਂਤ ਵਜੋਂ ਸਥਾਪਿਤ ਕਰ ਦਿੱਤਾ ਅਤੇ ਚੀਫ਼ ਕਮਿਸ਼ਨਰ ਇਸ ਦਾ ਮੁੱਖੀ ਨਿਯਤ ਕੀਤਾ ਗਿਆ। ਚੀਫ਼ ਕਮਿਸ਼ਨਰ ਕੇਂਦਰ ਸਰਕਾਰ ਨੂੰ ਜਵਾਬ ਦੇਹ ਹੁੰਦਾ ਸੀ। ਸੰਨ 1947 ਵਿਚ ਤਾਕਤ ਦੀ ਵਾਗਡੋਰ ਦੀ ਬਦਲੀ ਹੋਣ ਉਪਰੰਤ ਵੀ ਇਹ ਪ੍ਰਬੰਧ ਜਾਰੀ ਰਿਹਾ।

ਹ. ਪੁ.—ਇੰਪ. ਗ. ਇੰਡ 11 : 223

ਦਿੱਲੀ : **ਸ਼ਹਿਰ**—ਇਹ ਭਾਰਤ ਦੀ ਰਾਜਧਾਨੀ ਅਤੇ ਦੇਸ਼ ਦਾ ਪ੍ਰਮੁੱਖ ਸ਼ਹਿਰ ਹੈ ਜਿਹੜਾ ਜਮਨਾ ਦਰਿਆ ਉੱਤੇ ਵਾਕਿਆ ਹੈ। ਸੰਨ 1991 ਵਿਚ ਸਥਾਪਿਤ ਹੋਏ ਦਿੱਲੀ ਰਾਜ ਦਾ ਵੀ ਇਹ ਰਾਜਧਾਨੀ ਸ਼ਹਿਰ ਹੈ।

ਇਤਿਹਾਸਕ ਪਿਛੋਕੜ

ਇਹ ਨਾਂ ਪਹਿਲੇ ਪਹਿਲ ਕਦੋਂ ਵਰਤੋਂ ਵਿਚ ਆਇਆ ਇਸ ਬਾਰੇ ਪੱਕੇ ਤੌਰ ਤੇ ਕੁਝ ਕਹਿਣਾ ਅਸੰਭਵ ਹੈ। ਇਸ ਸਬੰਧੀ ਅਨੇਕਾਂ ਪਰੰਪਰਾਵਾਂ ਪ੍ਰਚਲਿਤ ਹਨ। ਇਕ ਪਰੰਪਰਾ ਅਨੁਸਾਰ ਇਹ ਸ਼ਹਿਰ ਦਲੀਪ ਨਾਂ ਦੇ ਇਕ ਰਾਜੇ ਜਿਸ ਦਾ ਜ਼ਿਕਰ ਵਿਸ਼ਣੂ ਪੁਰਾਣ ਵਿਚ ਆਉਂਦਾ ਹੈ, ਨੇ ਵਸਾਇਆ ਸੀ। ਇਕ ਹੋਰ ਪਰੰਪਰਾ ਅਨੁਸਾਰ ਇਹ ਸ਼ਹਿਰ ਲਗਭਗ ਦੋ ਹਜ਼ਾਰ ਸਾਲ ਪਹਿਲਾਂ ਦਿਲ ਜਾਂ ਧਿੱਲੂ ਨਾਂ ਦੇ ਕਿਸੇ ਰਾਜੇ ਨੇ ਵਸਾਇਆ ਸੀ। ਉਸ ਸਮੇਂ ਇਸ ਦਾ ਨਾਂ ਦਿੱਲੀ, ਧਿੱਲੀ ਜਾਂ ਧੀਨਿਕਾ ਸੀ। ਇਸ ਤੋਂ ਬਾਅਦ ਵੀ ਇਹ ਸ਼ਹਿਰ ਅਨੇਕਾਂ ਵਾਰ ਉਜੜਿਆਂ ਅਤੇ ਮੁੜ ਵਸਿਆ। ਇਹ ਵਾਰ-ਵਾਰ ਵੱਸੇ ਸਾਰੇ ਸ਼ਹਿਰ ਉਸ ਤਿਕੋਣੇ ਖੇਤਰ ਵਿਚ ਹੀ ਪੈਂਦੇ ਸਨ ਜੋ ਉੱਤਰ ਅਤੇ ਦੱਖਣ ਵੱਲੋਂ ਅਰਾਵਲੀ ਪਹਾੜੀਆਂ ਨਾਲ ਘਿਰਿਆ ਹੈ ਅਤੇ ਪੂਰਬ ਵੱਲੋਂ ਜਮਨਾ ਨਦੀ ਨਾਲ।

ਦਿੱਲੀ ਦੇ ਪੁਰਾਣੇ ਕਿਲ੍ਹੇ ਵਿਚ ਭਾਰਤੀ ਪੁਰਾਤੱਤਵੀ ਵਿਭਾਗ ਵੱਲੋਂ ਕਰਵਾਈਆਂ ਗਈਆਂ ਖੁਦਾਈਆਂ ਤੋਂ ਪਤਾ ਲੱਗਦਾ ਹੈ ਕਿ 1000 ਈ. ਪੂ. ਦੇ ਆਸਪਾਸ ਇਥੇ ਮਨੁੱਖੀ ਵਸੋਂ ਰਹੀ ਹੈ। ਆਮ ਵਿਸ਼ਵਾਸ ਅਨੁਸਾਰ ਵੀ ਪੁਰਾਣੇ ਕਿਲ੍ਹੇ ਦੇ ਆਸਪਾਸ ਵਾਲਾ ਇ-ਲਾਕਾ ਮਹਾਭਾਰਤ ਦੇ ਨਾਇਕਾਂ, ਪਾਂਡਵਾਂ ਦੀ ਰਾਜਧਾਨੀ ਇੰਦ੍ਰਪ੍ਰਸਥ ਹੁੰਦਾ ਸੀ। ਇਨ੍ਹਾਂ ਖੁਦਾਈਆਂ ਦੀਆਂ ਉਪਰਲੀਆਂ ਤਹਿਆਂ ਵਿਚੋਂ ਮਿਲੇ ਮਿੱਟੀ ਦੇ ਭਾਂਡਿਆਂ, ਸਿੱਕਿਆਂ ਅਤੇ ਪਕਾਈ ਮਿੱਟੀ ਦੀਆਂ ਮੂਰਤੀਆਂ ਅਤੇ ਮੋਹਰਾਂ ਤੋਂ ਇਸ ਗੱਲ ਦਾ ਸਬੂਤ ਮਿਲਦਾ ਹੈ ਕਿ ਮੌਰੀਆ (322-185 ਈ. ਪੂ.), ਸੁੰਗ (185 ਤੋਂ 173 ਈ. ਪੂ.), ਕੁਸ਼ਾਣ (348-220 ਈ. ਪੂ.), ਗੁਪਤ (320-510 ਈ.), ਉੱਤਰ ਗੁਪਤ (510-700 ਈ.), ਰਾਜਪੂਤ (700-1200 ਈ.) ਅਤੇ ਸਲਤਨਤ (1207-1526 ਈ.) ਕਾਲ ਵਿਚ ਵੀ ਇਹ ਥਾਂ ਆਬਾਦ ਰਹੀ ਹੈ।

ਇਸ ਖੇਤਰ ਵਿਚ ਸਭ ਤੋਂ ਪਹਿਲਾ ਮਹੱਤਵਪੂਰਨ ਸ਼ਹਿਰ ਤੋਮਰ ਰਾਜਪੂਤ ਰਾਜੇ, ਅਨੰਗਪਾਲ ਨੇ ਵਸਾਇਆ ਸੀ ਪਰ ਨਾ ਤਾਂ ਰਾਜਾ ਅਨੰਗਪਾਲ ਬਾਰੇ ਅਤੇ ਨਾ ਹੀ ਉਸ ਦੇ ਵਸਾਏ ਸ਼ਹਿਰ ਬਾਰੇ ਕੁਝ ਪੱਕੇ ਤੌਰ ਤੇ ਕਿਹਾ ਜਾ ਸਕਦਾ ਹੈ। ਭਾਰਤੀ ਪੁਰਾਤੱਤਵ ਵਿਭਾਗ ਦੇ ਪਹਿਲੇ ਸਰਵੇਅਰ, ਅਲੈਗਜ਼ੈਂਡਰ ਕਨਿੰਘਮ ਅਨੁਸਾਰ ਇਸ ਸ਼ਹਿਰ ਦੇ ਵਸਾਉਣ ਦਾ ਸਮਾਂ 1052 ਈ. ਪੂ. ਦੇ ਲਗਭਗ ਹੈ ਜੋ ਕਿ ਠੀਕ ਹੀ ਜਾਪਦਾ ਹੈ। ਮਹਿਰੌਲੀ ਨੇੜੇ ਕੁਝ ਖੰਡਰ ਮਿਲਦੇ ਹਨ ਜਿਨ੍ਹਾਂ ਨੂੰ ਲਾਲਕੋਟ ਦੇ ਖੰਡਰ ਕਿਹਾ ਜਾਂਦਾ ਹੈ, ਸ਼ਾਇਦ ਇਹੋ ਰਾਜਾ ਅਨੰਗਪਾਲ ਦੇ ਵਸਾਏ ਸ਼ਹਿਰ ਦੇ ਖੰਡਰ ਹਨ। 100 ਕੁ ਸਾਲ ਬਾਅਦ ਚੌਹਾਨ ਰਾਜਪੂਤਾਂ ਨੇ ਤੋਮਰ ਰਾਜਪੂਤਾਂ ਨੂੰ ਹਰਾ ਕੇ ਇਸ ਇਲਾਕੇ ਤੇ ਕਬਜ਼ਾ ਕਰ ਲਿਆ। ਚੌਹਾਨ ਰਾਜਾ, ਪ੍ਰਿਥਵੀ ਰਾਜ ਨੇ ਲਾਲ ਕੋਟ ਨੂੰ ਹੋਰ ਵੱਡਾ ਕੀਤਾ ਅਤੇ ਸ਼ਹਿਰ ਦੀ ਇਕ ਵਿਸ਼ਾਲ ਫ਼ਸੀਲ ਦੀ ਉਸਾਰੀ ਕਰਵਾਈ ਜਿਸ ਨੂੰ ਕਿਲ੍ਹਾ ਰਾਏ ਪਿਥੋਰਾ ਕਿਹਾ ਜਾਂਦਾ ਹੈ। ਇਸ ਫ਼ਸੀਲ ਉਸਾਰੀ ਦਾ ਸਮਾਂ 1180 ਈ. ਪੂ. ਦੇ ਆਸਪਾਸ ਦਾ ਹੋਵੇਗਾ

ਜਦੋਂ ਉੱਤਰ-ਪੱਛਮ ਵੱਲੋਂ ਸੁਲਤਾਨ ਮੁਹੰਮਦ ਗੌਰੀ ਦੇ ਹਮਲਿਆਂ ਦਾ ਡਰ ਪੈਦਾ ਹੋ ਗਿਆ ਸੀ।

ਸੰਨ 1192 ਵਿਚ ਮੁਹੰਮਦ ਗੌਰੀ ਨੇ ਪ੍ਰਿਥਵੀ ਰਾਜ ਚੌਹਾਨ ਨੂੰ ਤਰਾਈਂ (ਤਰਾਵੜੀ) ਦੀ ਲੜਾਈ ਵਿਚ ਹਰਾ ਦਿੱਤਾ। ਸੁਲਤਾਨ ਆਪਣੇ ਜਰਨੈਲ ਕੁਤੁੱਬਦੀਨ ਐਬਕ ਨੂੰ ਹਿੰਦੁਸਤਾਨ ਵਿਚ ਛੱਡ ਕੇ ਆਪ ਗਜ਼ਨੀ ਵਾਪਸ ਚਲਾ ਗਿਆ। ਸੰਨ 1206 ਵਿਚ ਸੁਲਤਾਨ ਗੌਰੀ ਦੀ ਮੌਤ ਤੋਂ ਬਾਅਦ ਕੁਤੁੱਬਦੀਨ ਖ਼ੁਦ ਹਾਕਮ ਬਣ ਗਿਆ। ਇਨ੍ਹਾਂ ਆਰੰਭਕ ਮੁਸਲਿਮ ਜੇਤੂਆਂ ਨੇ ਕਿਸੇ ਨਵੇਂ ਸ਼ਹਿਰ ਦੀ ਉਸਾਰੀ ਨਹੀਂ ਕੀਤੀ ਸਗੋਂ ਕਿਲ੍ਹਾ ਰਾਏ ਪਿਥੌਰਾ ਵਿਚ ਹੀ ਰਹੇ। ਐਬਕ ਨੇ ਹਿੰਦੁਸਤਾਨ ਵਿਚ ਇਸਲਾਮ ਦੇ ਆਗਮਨ ਦੇ ਚਿੰਨ੍ਹ ਦੇ ਤੌਰ ਤੇ ਇਕ ਵਿਸ਼ਾਲ ਮਸਜਿਦ ਦੀ ਉਸਾਰੀ ਕਰਵਾਈ ਜਿਸ ਵਿਚ ਉਸ ਨੇ 27 ਮੰਦਰਾਂ ਨੂੰ ਢਾਹ ਕੇ ਉਨ੍ਹਾਂ ਦੀ ਸਾਮੱਗਰੀ ਦੀ ਵਰਤੋਂ ਕੀਤੀ। ਇਹ ਮਸਜਿਦ ਹੁਣ ਕੁਵੱਤੁਲ-ਇਸਲਾਮ ਮਸਜਿਦ ਦੇ ਨਾਂ ਨਾਲ ਜਾਣੀ ਜਾਂਦੀ ਹੈ। ਇਸੇ ਮਸਜਿਦ ਦੇ ਨਜ਼ਦੀਕ ਸੁਲਤਾਨ ਨੇ ਕੁਤਬ ਮੀਨਾਰ ਦੀ ਨੀਂਹ ਵੀ ਰੱਖੀ ਜਿਸ ਨੂੰ ਬਾਅਦ ਵਿਚ ਉਸ ਦੇ ਜਵਾਈ ਅਤੇ ਜਾਨਸ਼ੀਨ ਸੁਲਤਾਨ ਅਲਤਮਸ਼ (ਇਲਤੁਤਮਸ਼) (1210-35 ਈ.) ਨੇ ਪੂਰਾ ਕੀਤਾ।

ਸੁਲਤਾਨ ਬਲਬਨ (1266-86 ਈ.) ਦੇ ਰਾਜ ਦੇ ਅੰਤ ਤੀਕ ਮੁਸਲਿਮ ਸੁਲਤਾਨਾਂ ਨੇ ਆਪਣੀ ਵਸੋਂ ਕਿਲ੍ਹਾ ਰਾਏ ਪਿਥੌਰਾ ਵਿਖੇ ਹੀ ਕੀਤੀ। ਗੁਲਾਮ ਵੰਸ਼ ਦੇ ਅੰਤਮ ਸੁਲਤਾਨ ਮੁਇਜ਼ੁਦੀਨ ਕੈਕੁਬਾਦ (1286-90 ਈ.) ਨੇ ਗੱਦੀ ਤੇ ਬੈਠਣ ਤੋਂ ਬਾਅਦ ਜਮਨਾ ਨਦੀ ਦੇ ਕੰਢੇ ਤੇ ਕਿਲੋਖੇੜੀ ਨਾਂ ਦੀ ਥਾਂ ਤੇ ਇਕ ਛੋਟੇ ਕਿਲ੍ਹਾਨੁਮਾ ਮਹਿਲ ਦੀ ਉਸਾਰੀ ਕਰਵਾਈ। ਇਸ ਦੇ ਆਕਾਰ ਤੋਂ ਲੱਗਦਾ ਹੈ ਕਿ ਇਹ ਮਹਿਲ ਕਿਲ੍ਹਾ ਸੁਲਤਾਨ ਅਤੇ ਉਸ ਦੇ ਪਰਿਵਾਰ ਅਤੇ ਕੁਝ ਮੁੱਖ ਸਰਦਾਰਾਂ ਲਈ ਹੀ ਸੀ। ਪਹਿਲੇ ਖ਼ਿਲਜੀ ਸੁਲਤਾਨ ਜਲਾਲੁਦੀਨ ਫੀਰੋਜ਼ (1290-96 ਈ.) ਦੀ ਤਾਜਪੋਸ਼ੀ ਦੀ ਰਸਮ ਤਾਂ ਭਾਵੇਂ ਕਿਲੋਖੇੜੀ ਦੇ ਮਹਿਲ ਵਿਚ ਹੋਈ ਸੀ ਪਰ ਉਹ ਛੇਤੀ ਹੀ ਬਾਅਦ ਵਿਚ ਕਿਲ੍ਹਾ ਰਾਏ ਪਿਥੌਰਾ ਵਿਚ ਚਲਾ ਗਿਆ ।

ਸੁਲਤਾਨ ਅਲਾਉਦੀਨ ਖਿਲਜੀ (1296-1316 ਈ.) ਨੇ ਕਿਲ੍ਹਾ ਰਾਏ ਪਿਥੌਰਾ ਵਿਖੇ ਕੁਝ ਨਵੀਆਂ ਇਮਾਰਤਾਂ ਦੀ ਉਸਾਰੀ ਕਰਵਾਈ ਅਤੇ ਪੁਰਾਣੀਆਂ ਦੀ ਮੁਰੰਮਤ ਕਰਵਾਈ। ਇਸ ਸਮੇਂ ਤੀਕ ਮੰਗੋਲਾਂ ਦੇ ਹਮਲਿਆਂ ਦਾ ਡਰ ਵੱਧ ਗਿਆ ਸੀ। ਸੁਲਤਾਨ ਨੇ ਇਨ੍ਹਾਂ ਹਮਲਿਆਂ ਦਾ ਮੁਕਾਬਲਾ ਕਰਨ ਲਈ ਕਿਲ੍ਹੇ ਦੇ ਉੱਤਰ ਵਿਚ ਸਿਰੀ ਨਾਂ ਦੀ ਇਕ ਫੌਜੀ ਛਾਉਣੀ ਬਣਵਾਈ ਅਤੇ ਬਾਅਦ ਵਿਚ ਸੁਲਤਾਨ ਨੇ ਇਸ ਛਾਉਣੀ ਦੁਆਲੇ ਇਕ ਉੱਚੀ ਫ਼ਸੀਲ ਬਣਵਾ ਦਿੱਤੀ।

ਖ਼ਿਲਜੀਆਂ ਤੋਂ ਬਾਅਦ ਆਏ ਤੁਗਲਕ ਵੰਸ਼ ਦੇ ਸੰਸਥਾਪਕ, ਸੁਲਤਾਨ ਗਿਆਸੁੱਦੀਨ (1320-25 ਈ.) ਨੇ ਗੱਦੀ ਉੱਤੇ ਬੈਠਣ ਤੋਂ ਬਾਅਦ 1321 ਈ. ਵਿਚ ਕਿਲ੍ਹਾ ਰਾਏ ਪਿਥੌਰਾ ਦੇ 8 ਕਿਲੋਮੀਟਰ ਪੂਰਬ ਵਿਚ ਤੁਗ਼ਲਕਾਬਾਦ ਨਾਂ ਦੇ ਇਕ ਨਵੇਂ ਰਾਜਧਾਨੀ ਸ਼ਹਿਰ ਦੀ ਨੀਂਹ ਰੱਖੀ। ਸੁਲਤਾਨ ਮੁਹੰਮਦ ਬਿਨ ਤੁਗ਼ਲਕ (1325-51 ਈ.) ਨੇ ਤੁਗਲਕਾਬਾਦ ਦੇ ਇਕ ਕੋਠੇ ਵਿਚ ਇਕ ਮਹਿਲ-ਕਿਲ੍ਹੇ ਦੀ ਉਸਾਰੀ ਕਰਵਾਈ ਜਿਸ ਦਾ ਨਾਂ ਉਸ ਨੇ ਆਦਿਲਾਬਾਦ ਰੱਖਿਆ। ਕਿਲ੍ਹਾ ਰਾਏ ਪਿਥੌਰਾ ਅਤੇ ਸਿਰੀ ਦੇ ਵਿਚਕਾਰ ਵਾਲਾ ਇਲਾਕਾ ਅਨੇਕਾਂ ਵਾਰ ਮੰਗੋਲਾਂ ਦੀ ਲੁੱਟ ਦਾ ਸ਼ਿਕਾਰ ਹੋਇਆ ਸੀ। ਇਸ ਸੁਲਤਾਨ ਨੇ ਇਸ ਇਲਾਕੇ ਦੁਆਲੇ ਵੀ ਇਕ ਫ਼ਸੀਲ ਬਣਵਾਈ ਅਤੇ ਇਸ ਦਾ ਨਾਂ ਜਹਾਂਪਨਾਹ ਰੱਖਿਆ। ਸੰਨ 1326-27 ਵਿਚ ਜਦੋਂ ਸੁਲਤਾਨ ਨੇ ਆਪਣੀ ਰਾਜਧਾਨੀ ਦਿੱਲੀ ਤੋਂ ਬਦਲ ਦੱਖਣੀ ਭਾਰਤ ਵਿਚ ਦੇਵਗਿਰੀ ਨਾਮਕ ਥਾਂ ਤੇ ਲਿਜਾਣ ਦਾ ਫੈਸਲਾ ਕੀਤਾ ਤਾਂ ਸ਼ਹਿਰ ਦੀ ਬਹੁਤੀ ਮੁਸਲਿਮ ਵਸੋਂ ਵੀ ਇਥੋਂ ਚਲੀ ਗਈ ਪਰ ਦੋ ਸਾਲ ਬਾਅਦ ਹੀ ਸੁਲਤਾਨ ਆਪਣੀ ਰਾਜਧਾਨੀ ਫਿਰ ਦਿੱਲੀ ਲੈ ਆਇਆ।

ਅੰਤਮ ਪ੍ਰਭਾਵਸ਼ਾਲੀ ਤੁਗ਼ਲਕ ਸੁਲਤਾਨ ਫ਼ਿਰੋਜ਼ਸ਼ਾਹ (1351-88 ਈ.) ਨੇ 1354 ਈ. ਦੇ ਆਸਪਾਸ ਤੁਗ਼ਲਕਾਬਾਦ ਤੋਂ ਦੂਰ ਆਪਣੀ ਨਵੀਂ ਰਾਜਧਾਨੀ ਫਿਰੋਜ਼ਾਬਾਦ ਦੀ ਨੀਂਹ ਰੱਖੀ। ਲਗਦਾ ਹੈ ਕਿ ਜਮਨਾ ਨਦੀ ਦੇ ਕੰਢੇ ਤੇ ਵਸਾਇਆ ਗਿਆ ਇਹ ਸ਼ਹਿਰ ਕਾਫ਼ੀ ਵੱਡਾ ਸੀ। ਭਾਵੇਂ ਇਸ ਸ਼ਹਿਰ ਦੀ ਕੋਈ ਕੰਧ ਤਾਂ ਬਾਕੀ ਨਹੀਂ ਬਚੀ ਪਰ ਸਮਕਾਲੀ ਸੋਮਿਆਂ ਤੋਂ ਪਤਾ ਲੱਗਦਾ ਹੈ ਕਿ ਇਹ 19 ਕਿ. ਮੀ. (12 ਮੀਲ) ਦੇ ਘੇਰੇ ਵਿਚ ਫੈਲਿਆ ਹੋਇਆ ਸੀ। ਇਸ ਸ਼ਹਿਰ ਦਾ ਹੁਣ ਬਚਦਾ ਹਿੱਸਾ ਫਿਰੋਜ਼ਪੁਰ ਕੋਟਲਾ ਸੁਲਤਾਨ ਲਈ ਸੁਰੱ-ਖਿਅਤ ਸੀ। ਸੰਨ 1388 ਵਿਚ ਸੁਲਤਾਨ ਫ਼ਿਰੋਜ਼ ਦੀ ਮੌਤ ਤੋਂ ਬਾਅਦ ਵੰਸ਼ ਦੇ ਕੁਝ ਕਮਜ਼ੋਰ ਸੁਲਤਾਨ ਦਿੱਲੀ ਦੀ ਗੱਦੀ ਤੇ ਬੈਠੇ। ਇਸੇ ਸਮੇਂ ਮੱਧ ਏਸ਼ੀਆ ਦੇ ਅਮੀਰ ਤੈਮੂਰ ਨੇ ਉੱਤਰੀ ਭਾਰਤ ਤੇ ਹਮਲਾ ਕਰ ਦਿੱਤਾ। ਉਸ ਨੇ ਸਿਰੀ ਜਹਾਂਪਨਾਹ ਅਤੇ ਫ਼ਿਰੋਜ਼ਾਬਾਦ ਨੂੰ ਲੁੱਟ ਮਾਰ ਕਰ ਕੇ ਤਬਾਹ ਕਰ ਦਿੱਤਾ।

ਤੁਗ਼ਲਕਾਂ ਤੋਂ ਬਾਅਦ ਦਿੱਲੀ ਦੀ ਗੱਦੀ ਤੇ ਦੋ ਅਫ਼ਗਾਨ ਵੰਸ਼ਾਂ-ਸੱਯਦ (1414-15 ਈ.) ਅਤੇ ਲੋਧੀ (1451-1526 ਈ.) ਦੇ ਸੁਲਤਾਨ ਬੈਠੇ। ਖ਼ਿਲਜੀਆਂ ਅਤੇ ਤੁਗ਼ਲਕਾਂ ਦਾ ਉੱਤਰ ਭਾਰਤੀ ਸਾਮਰਾਜ ਹੁਣ ਦਿੱਲੀ ਦੇ ਆਸਪਾਸ ਦੇ 520 ਵ. ਕਿ. ਮੀ. (200 ਕੁ ਵ.ਮੀਲ) ਤੀਕ ਹੀ ਸੀਮਿਤ ਹੋ ਗਿਆ ਸੀ। ਪਹਿਲੇ ਸੱਯਦ ਸੁਲਤਾਨ ਖ਼ਿਜਰਖ਼ਾਨ (1414-21 ਈ.) ਦਾ ਰਾਜਕਾਲ ਆਪਣੇ ਰਾਜ ਦੀ ਰੱਖਿਆ, ਇਸ ਨੂੰ ਵਧਾਉਣ ਦੇ ਯਤਨਾਂ ਅਤੇ ਗੁਆਂਢੀ ਰਾਜਾਂ ਨਾਲ ਲੜਨ ਵਿਚ ਹੀ ਬੀਤਿਆ। ਉਸ ਤੋਂ ਬਾਅਦ ਉਸ ਦਾ ਬੇਟਾ ਮੁਬਾਰਕ ਸ਼ਾਹ (1421-34 ਈ.) ਗੱਦੀ ਤੇ ਬੈਠਾ। ਉਸ ਨੇ 1 ਨਵੰਬਰ, 1433 ਨੂੰ ਦਿੱਲੀ ਦੇ ਇਲਾਕੇ ਵਿਚ ਮੁਬਾਰਕਾਬਾਦ ਸ਼ਹਿਰ ਦੀ ਨੀਂਹ ਰੱਖੀ ਪਰ ਕੁਝ ਹੀ ਮਹੀਨਿਆਂ ਬਾਅਦ ਉਸ ਦਾ ਕਤਲ ਹੋ ਗਿਆ। ਲਗਦਾ ਹੈ ਇੰਨੇ ਥੋੜ੍ਹੇ ਸਮੇਂ ਵਿਚ ਉਸਾਰੀ ਦਾ ਬਹੁਤਾ ਕੰਮ ਨਹੀਂ ਹੋਇਆ ਹੋਵੇਗਾ ਕਿਉਂਕਿ ਮੁਬਾਰਕਾਬਾਦ ਸ਼ਹਿਰ ਦੇ ਕੋਈ ਖੰਡਰਾਤ ਨਹੀਂ ਮਿਲਦੇ।

ਪਹਿਲੇ ਲੋਧੀ ਸੁਲਤਾਨ ਬਹਿਲੋਲ ਖ਼ਾਂ (1451-89) ਨੇ ਤਾਂ ਆਪਣੇ ਛੋਟੇ ਜਿਹੇ ਰਾਜ ਨੂੰ ਦਿੱਲੀ ਤੋਂ ਹੀ ਚਲਾਇਆ ਪਰ ਉਸ ਦੇ ਉੱਤਰਾਧਿਕਾਰੀ ਸੁਲਤਾਨ ਸਿਕੰਦਰ ਸ਼ਾਹ ਲੋਧੀ (1489-1517) ਨੇ ਰਾਜਧਾਨੀ ਦਿੱਲੀ ਤੋਂ ਆਗਰੇ ਤਬਦੀਲ ਕਰ ਲਈ ਜਿਥੋਂ ਇਹ ਮੇਵਾਤੀਆਂ, ਵਿਦਰੋਹੀ ਜਿਮੀਦਾਰਾਂ ਅਤੇ ਵਿਰੋਧੀ ਰਾਜਿਆਂ ਉੱਤੇ ਬੇਹਤਰ ਕੰਟਰੋਲ ਕਰ ਸਕਦਾ ਸੀ।

ਲੋਧੀਆਂ ਤੋਂ ਬਾਅਦ ਮੁਗ਼ਲ ਰਾਜਵੰਸ਼ ਦਾ ਸਮਾਂ ਆਇਆ। ਪਹਿਲੇ ਮੁਗ਼ਲ ਬਾਦਸ਼ਾਹ ਜ਼ਹੀਰੁਦੀਨ ਮੁਹੰਮਦ ਬਾਬਰ (1526-30) ਨੇ ਤਾਂ ਦਿੱਲੀ ਵਿਚ ਕਿਸੇ ਸ਼ਹਿਰ ਜਾਂ ਸਮਾਰਕ ਦੇ ਰੂਪ ਵਿਚ ਆਪਣੀ ਕੋਈ ਨਿਸ਼ਾਨੀ ਨਹੀਂ ਛੱਡੀ ਪਰ ਉਸ ਦੇ ਬੇਟੇ ਅਤੇ ਉੱਤਰਾਧਿਕਾਰੀ ਬਾਦਸ਼ਾਹ ਹੁਮਾਯੂੰ (1530-40; 1555-56) ਨੇ 1533 ਈ. ਵਿਚ ਜਮਨਾ ਨਦੀ ਦੇ ਕੰਢੇ ਤੇ ਇਕ ਸ਼ਹਿਰ ਦੀਨ ਪਨਾਹ ਦੀ ਨੀਂਹ ਰੱਖੀ। ਇਸ ਦੀ ਉਸਾਰੀ ਲਈ ਇੱਟਾਂ ਅਤੇ ਪੱਥਰ ਅਲਾਉੱਦੀਨ ਖ਼ਿਲਜੀ ਦੇ ਵਸਾਏ ਸ਼ਹਿਰ, ਸਿਰੀ ਦੇ ਖੰਡਰਾਂ ਤੋਂ ਲਿਆਂਦਾ ਗਿਆ। ਥੋੜ੍ਹੇ ਜਿਹੇ ਅਰਸੇ ਵਿਚ ਹੀ ਇਸ ਸ਼ਹਿਰ ਦੀਆਂ ਫ਼ਸੀਲਾਂ ਅਤੇ ਦਰਵਾਜ਼ੇ ਉਸਾਰ ਦਿੱਤੇ ਗਏ ਪਰ 1540 ਈ. ਵਿਚ ਹੁਮਾਯੂੰ ਨੂੰ ਸ਼ੇਰ ਸ਼ਾਹ ਸੂਰੀ (1540-45) ਨੇ ਹਰਾ ਕੇ ਹਿੰਦੁਸਤਾਨ ਛੱਡਣ ਲਈ ਮਜਬੂਰ ਕਰ ਦਿੱਤਾ। ਕੁਝ ਵਿਦਵਾਨਾਂ ਦਾ ਖ਼ਿਆਲ ਹੈ ਕਿ ਸ਼ੇਰ ਸ਼ਾਹ ਨੇ ਹੁਮਾਯੂੰ ਦਾ ਸ਼ਹਿਰ ਦੀਨ-ਪਨਾਹ ਵੀ ਉਜਾੜ ਦਿੱਤਾ ਸੀ।

ਸ਼ੇਰ ਸ਼ਾਹ ਸੂਰੀ ਨੇ ਦੀਨ-ਪਨਾਹ-ਦੇ ਨੇੜੇ ਹੀ ਇਕ ਸ਼ਹਿਰ ਸ਼ੇਰਗੜ੍ਹ ਦੀ ਉਸਾਰੀ ਕਰਵਾਈ। ਸ਼ੇਰ ਸ਼ਾਹ ਦੇ ਬੇਟੇ ਅਤੇ ਉੱਤਰਾਧਿਕਾਰੀ, ਇਸਲਾਮ ਸ਼ਾਹ ਸੂਰੀ (1545-54) ਜਿਸ ਨੂੰ ਸਲੀਮ ਸ਼ਾਹ ਵੀ ਕਿਹਾ ਜਾਂਦਾ ਹੈ, ਨੇ ਜਮਨਾ ਦੇ ਕੰਢੇ ਤੇ ਹੀ ਸਲੀਮਗੜ੍ਹ ਨਾਂ ਦਾ ਇਕ ਛੋਟਾ ਜਿਹਾ ਕਿਲ੍ਹਾ ਬਣਵਾਇਆ।

ਸੰਨ 1555 ਵਿਚ ਹੁਮਾਯੂੰ ਮੁੜ ਦਿੱਲੀ ਦੀ ਗੱਦੀ ਉੱਤੇ ਬੈਠ ਗਿਆ ਪਰ ਕੁਝ ਹੀ ਮਹੀਨਿਆਂ ਬਾਅਦ ਉਸ ਦੀ ਇਕ ਹਾਦਸੇ ਵਿਚ ਮੌਤ ਹੋ ਗਈ। ਕੁਝ ਸਾਲਾਂ ਬਾਅਦ ਬਾਦਸ਼ਾਹ ਅਕਬਰ (1556-1606) ਆਪਣੀ ਰਾਜਧਾਨੀ ਦਿੱਲੀ ਤੋਂ ਆਗਰੇ ਲੈ ਆਇਆ। ਜਹਾਂਗੀਰ (1605-27) ਦੇ ਸਾਰੇ ਰਾਜਕਾਲ ਦੌਰਾਨ ਅਤੇ ਸ਼ਾਹ ਜਹਾਨ (1627-58) ਦੇ ਰਾਜਕਾਲ ਦੇ ਪਹਿਲੇ ਦਹਾਕੇ ਦੌਰਾਨ ਆਗਰਾ ਹੀ ਮੁਗ਼ਲ ਸਾਮਰਾਜ ਦੀ ਰਾਜਧਾਨੀ ਰਿਹਾ। ਸੰਨ 1739 ਵਿਚ ਸ਼ਾਹਜਹਾਨ ਨੇ ਇਕ ਵਾਰ ਫੇਰ ਰਾਜਧਾਨੀ ਨੂੰ ਦਿੱਲੀ ਤਬਦੀਲ ਕਰਨ ਦਾ ਫੈਸਲਾ ਕੀਤਾ। ਜਮਨਾ ਨਦੀ ਦੇ ਕੰਢੇ ਤੇ ਉਸ ਨੇ ਨਵੇਂ ਸ਼ਹਿਰ ਸ਼ਾਹਜਹਾਨਾਬਾਦ ਦੀ ਨੀਂਹ ਰੱਖੀ। ਸੰਨ 1648 ਵਿਚ ਸ਼ਹਿਰ ਦੀ ਉਸਾਰੀ ਪੂਰੀ ਹੋ ਗਈ। ਇਸ ਤੋਂ ਬਾਅਦ 1857 ਈ. ਵਿਚ ਮੁਗ਼ਲ ਸਾਮਰਾਜ ਦੇ ਪੂਰਨ ਅੰਤ ਤੀਕ ਦਿੱਲੀ ਹੀ ਰਾਜਧਾਨੀ ਰਹੀ ਪਰ ਮੱਧ ਅਠਾਰ੍ਹਵੀਂ ਸਦੀ ਤੋਂ ਬਾਅਦ ਦੇ ਮੁਗ਼ਲ ਬਾਦਸ਼ਾਹ ਬੇਹੱਦ ਕਮਜ਼ੋਰ ਸਨ। ਇਸ ਕਮਜ਼ੋਰੀ ਦਾ ਲਾਭ ਉਠਾਉਂਦੇ ਹੋਏ ਇਸ ਸਮੇਂ ਦੌਰਾਨ ਦਿੱਲੀ ਨੂੰ ਮਰਾਠਿਆਂ, ਅਫ਼ਗਾਨਾਂ ਅਤੇ ਈਰਾਨੀਆਂ ਨੇ ਖ਼ੂਬ ਲੁੱਟਿਆ।

ਨਵੀਂ ਦਿੱਲੀ—ਇਹ ਆਜ਼ਾਦ ਭਾਰਤ ਦੀ ਰਾਜਧਾਨੀ ਅਤੇ ਪ੍ਰਸ਼ਾਸ਼ਕੀ ਸ਼ਹਿਰ ਹੈ। ਇਸ ਵਿਚ ਪੁਰਾਣੀ ਦਿੱਲੀ ਜਿਸ ਵਿਚ ਸ਼ਾਹਜਹਾਨਾਬਾਦ ਅਤੇ ਕੁਝ ਹੋਰ ਥੋੜ੍ਹਾ ਜਿਹਾ ਹਿੱਸਾ ਸ਼ਾਮਲ ਹੈ, ਨੂੰ ਛੱਡ ਕੇ ਸਾਰਾ ਇਲਾਕਾ ਹੀ ਸ਼ਾਮਲ ਹੈ।

ਅੰਗਰੇਜ਼ਾਂ ਨੇ ਹਿੰਦੁਸਤਾਨ ਉੱਤੇ ਕਬਜ਼ਾ ਕਰਨ ਉਪਰੰਤ ਆਪਣੀ ਰਾਜਧਾਨੀ ਦਿੱਲੀ ਦੀ ਥਾਂ ਕਲੱਕਤਾ (ਹੁਣ ਕੋਲਕਤਾ) ਵਿਖੇ ਕਾਇਮ ਕੀਤੀ ਅਤੇ ਉਥੇ ਇਹ ਰਾਜਧਾਨੀ 1833 ਤੋਂ 1912 ਤੱਕ ਮੌਜੂਦ ਰਹੀ। 12 ਦਸੰਬਰ, 1911 ਨੂੰ ਬਾਦਸ਼ਾਹ ਜਾਰਜ ਪੰਜਵੇਂ ਅਤੇ ਮਹਾਰਾਣੀ ਦੀ ਮੌਜੂਦਗੀ ਵਿਚ ਤੀਜਾ ਦਿੱਲੀ ਦਰਬਾਰ ਆਯੋਜਿਤ ਕੀਤਾ ਗਿਆ। ਇਸ ਵਿਸ਼ਾਲ ਦਰਬਾਰ ਵਿਚ ਬਾਦਸ਼ਾਹ ਜਾਰਜ ਪੰਜਵੇਂ ਨੇ ਹਿੰਦੁਸਤਾਨ ਦੀ ਰਾਜਧਾਨੀ ਨੂੰ ਕਲਕੱਤਾ (ਹੁਣ ਕੋਲ-ਕਤਾ) ਦੀ ਥਾਂ ਤੇ ਦਿੱਲੀ ਵਿਖੇ ਤਬਦੀਲ ਕਰਨ ਦਾ ਇਤਿਹਾਸਕ ਐਲਾਨ ਕੀਤਾ ਅਤੇ 15 ਦਸੰਬਰ, 1911 ਨੂੰ ਪੁਰਾਣੇ ਸਰਕਟ ਹਾਊਸ ਦੇ ਨੇੜੇ ਹੀ ਉਨ੍ਹਾਂ ਨੇ ਨਵੀਂ ਰਾਜਧਾਨੀ ਦਾ ਨੀਂਹ ਪੱਥਰ ਰੱਖਿਆ ਪਰ ਡਾਕਟਰੀ ਰਿਪੋਟਾਂ ਅਨੁਸਾਰ ਇਹ ਸਥਾਨ ਮਲੇਰੀਆ-ਪ੍ਰਭਾਵਿਤ ਸੀ। ਮਗਰੋਂ ਹਿੰਦੁਸਤਾਨ ਦੇ ਸੈਕਟਰੀ ਆਫ਼ ਸਟੇਟ ਨੇ ਭਾਰਤ ਸਰਕਾਰ ਦੀ ਨਵੀਂ ਰਾਜਧਾਨੀ ਦੇ ਉੱਚਿਤ ਟਿਕਾਣੇ ਅਤੇ ਵਿਉਂਤ ਬਾਰੇ ਮਸ਼ਵਰਾ ਦੇਣ ਲਈ ਇਕ ਨਗਰ ਯੋਜਨਾਬੰਦੀ ਕਮੇਟੀ ਗਠਿਤ ਕੀਤੀ। ਕੈਪਟਨ ਜੀ. ਐਸ. ਸੀ. ਸਵਿੰਟਨ ਇਸ ਕਮੇਟੀ ਦੇ ਚੇਅਰਮੈਨ ਅਤੇ ਮਿਸਟਰ ਜੇ. ਏ. ਬਰੋਡੀ ਅਤੇ ਸਰ ਐਡਵਿਨ ਲੁਟਯੈਨਜ਼ ਮੈਂਬਰ ਨਿਯੁਕਤ ਕੀਤੇ ਗਏ। ਕਮੇਟੀ ਨੇ ਆਪਣੀ ਅੰਤਿਮ ਰਿਪੋਟ ਮਿਤੀ 20 ਮਾਰਚ, 1913 ਵਿਚ ਸ਼ਾਹਜਹਾਨ ਦੇ ਕਿਲੇ ਤੋਂ 8 ਕਿ. ਮੀ. (5 ਮੀਲ) ਦੱਖਣ ਵੱਲ ਪੈਂਦੀ ਰਾਇਸੀਨੀ ਪਹਾੜੀ ਵਾਲੀ ਥਾਂ ਤੇ ਹੀ ਨਵੀਂ ਰਾਜਧਾਨੀ ਉਸਾਰਣ ਦੀ ਪਰਵਾਨਗੀ ਦਿੱਤੀ। ਨਤੀਜੇ ਵਜੋਂ ਪਹਿਲੀ ਥਾਂ ਤੇ ਰੱਖੇ ਗਏ ਨੀਂਹ ਪੱਥਰ ਨੂੰ ਨਵੀਂ ਥਾਂ ਤੇ ਲਿਆ ਕੇ ਸਥਾਪਿਤ ਕਰ ਦਿੱਤਾ ਗਿਆ। ਇਸ ਸਮੇਂ ਲਾਰਡ ਹਾਰਡਿੰਗ ਦੀ ਵਾਇਸਰਾਈ ਦਾ ਦੂਜਾ ਸਾਲ ਸੀ। ਸੰਨ 1912 ਵਿਚ ਉਸ ਨੇ ਇਹ ਐਲਾਨ ਕੀਤਾ ਕਿ ਇਮਾਰਤਾਂ ਦੀ ਉਸਾਰੀ 4 ਸਾਲਾਂ ਦੇ ਅੰਦਰ-ਅੰਦਰ ਹਰ ਹਾਲਤ 'ਚ ਮੁਕੰਮਲ ਕੀਤੀ ਜਾਵੇ। ਇਸ ਵਿਸ਼ਾਲ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਸਰ ਐਡਵਿਨ ਲੁਟਯੈਨਜ ਨੇ ਸਰ ਹਰਬਰਟ ਬੇਕਰ ਨੂੰ ਆਪਣਾ ਸਹਾਇਕ ਚੁਣਿਆ। ਸਰ ਐਡਵਿਨ ਲੁਟਯੈਨਜ਼ ਨੂੰ ਵਾਇਸਰਾਇ ਹਾਊਸ (ਹੁਣ ਰਾਸ਼ਟਰਪਤੀ ਭਵਨ), ਗ੍ਰੇਟ ਪਲੇਸ (ਹੁਣ ਵਿਜੇ ਚੌਂਕ) ਕਿੰਗਜ਼ਵੇ (ਹੁਣ ਰਾਜ ਪਥ), ਰਿਕਾਰਡ ਆਫ਼ਿਸ ਦੀ ਉਸਾਰੀ ਅਤੇ ਸ਼ਹਿਰ ਦੀਆਂ ਗਲੀਆਂ ਦੀ ਆਮ ਵਿਉਂਤ ਦਾ ਕਾਰਜ ਜਦੋਂ ਕਿ ਸਰ ਹਰਬਰਟ ਬੇਕਰ ਨੂੰ ਸਕੱਤਰੇਤ ਦੀਆਂ ਇਮਾਰਤਾਂ ਅਤੇ ਕੌਂਸਲ ਚੈਂਬਰ ਦੀ ਯੋਜਨਾਬੰਦੀ ਅਤੇ ਉਸਾਰੀ ਦਾ ਕਾਰਜ ਸੌਂਪਿਆ ਗਿਆ। ਮਗਰੋਂ ਸਰ ਐਡਵਿਨ ਲੁਟਯੈਨਜ਼ ਨੂੰ ਸਕੱਤਰੇਤ ਇਮਾਰਤਾਂ, ਕੌਂਸਲ ਚੈਂਬਰ ਅਤੇ ਕਿੰਗਜ਼ਵੇ ਦੇ ਪੈਰਾਂ ਥੱਲੇ ਆਲ ਇੰਡੀਆ ਵਾਰ ਮੈਮੋਰੀਅਲ ਦੇ ਡਿਜ਼ਾਈਨ ਤਿਆਰ ਕਰਨ ਅਤੇ ਉਸਾਰੀ ਕਰਨ ਦਾ ਹੋਰ ਵਾਧੂ ਕਾਰਜ ਵੀ ਸੌਂਪ ਦਿੱਤਾ ਗਿਆ। ਭਾਵੇਂ ਪਹਿਲੇ ਵਿਸ਼ਵ ਯੁੱਧ ਕਾਰਨ ਇਸ ਦੇ ਉਸਾਰੀ ਕਾਰਜ ਵਿਚ ਕੁਝ ਦੇਰੀ ਹੋ ਗਈ ਸੀ ਫਿਰ ਵੀ 1929 ਈ. ਵਿਚ ਲਾਰਡ ਇਰੱਵਨ ਨੇ ਵਾਇਸਰਾਇ ਹਾਊਸ ਨੂੰ ਆਪਣਾ ਹੈਡ ਕੁਆਟਰ ਬਣਾ ਕੇ ਦੇਸ ਦੀ ਇਸ ਨਵੀਂ ਰਾਜਧਾਨੀ ਦਾ ਰਸਮੀ ਤੌਰ ਤੇ ਉਦਘਾਟਨ ਕਰ ਦਿੱਤਾ। ਸਰਕਾਰੀ ਤੌਰ ਤੇ ਇਹ 1931 ਈ. ਵਿਚ ਬਰਤਾਨਵੀ ਹਿੰਦੋਸਤਾਨ ਦੀ ਰਾਜਧਾਨੀ ਬਣੀ ਅਤੇ 1947 ਈ. ਤੱਕ ਕਾਇਮ ਰਹੀ। ਸੰਨ 1947 ਤੋਂ ਇਹ ਆਜ਼ਾਦ ਭਾਰਤ ਦੀ ਰਾਜਧਾਨੀ ਹੈ।

ਇਤਿਹਾਸਕ ਸਮਾਰਕ

ਦਿੱਲੀ ਵਿਚ ਇਤਿਹਾਸਕ ਸਮਾਰਕਾਂ ਦੀ ਗਿਣਤੀ ਭਾਰਤ ਦੇ ਹੋਰ ਸਭ ਸ਼ਹਿਰਾਂ ਨਾਲੋਂ ਜ਼ਿਆਦਾ ਹੈ। ਸ਼ਾਇਦ ਹੀ ਸ਼ਹਿਰ ਦਾ ਕੋਈ ਹਿੱਸਾ ਹੋਵੇ ਜਿਥੇ ਖੜੇ ਹੋ ਕੇ ਇਕ ਵੀ ਇਤਿਹਾਸਕ ਸਮਾਰਕ ਨਜ਼ਰੀ ਨਾ ਪਵੇ। ਸ਼ਹਿਰ ਦੇ ਪ੍ਰਮੁੱਖ ਸਮਾਰਕ ਹੇਠ ਲਿਖੇ ਹਨ :-

ਪ੍ਰਾਚੀਨ ਕਾਲ ਦੇ ਸਮਾਰਕ

ਅਸ਼ੋਕ ਦਾ ਥੰਮ੍ਹ (ਪਹਿਲਾ)—ਸਮਰਾਟ ਅਸ਼ੋਕ (273-32 ਈ. ਪੂ.) ਦਾ ਇਹ ਥੰਮ੍ਹ ਹੁਣ ਫ਼ਿਰੋਜ਼ਸ਼ਾਹ ਕੋਟਲਾ ਵਿਖੇ ਇਕ ਤਿੰਨ ਮੰਜ਼ਲੀ ਇਮਾਰਤ ਦੇ ਸਿਖ਼ਰ ਤੇ ਸਥਿਤ ਹੈ। ਇਸ ਥੰਮ੍ਹ ਦੀ ਅਸਲ ਜਗ੍ਹਾ ਹਰਿਆਣੇ ਵਿਚ ਅੰਬਾਲੇ ਦੇ ਨੇੜੇ ਪਿੰਡ ਤੋਪਰਾ ਵਿਚ ਸੀ ਜਿਥੋਂ ਕਿ ਤੁਗ਼ਲਕ ਸੁਲਤਾਨ ਫ਼ਿਰੋਜ਼ਸ਼ਾਹ ਨੇ ਇਸ ਨੂੰ ਦਿੱਲੀ ਲਿਆਂਦਾ ਅਤੇ ਵਰਤਮਾਨ ਸਥਿਤੀ ਵਿਚ ਖੜ੍ਹਾ ਕਰਵਾਇਆ। ਸੁਲਤਾਨ ਇੰਨ੍ਹੇ ਭਾਰੀ ਪੱਥਰ ਨੂੰ ਇੰਨੀ ਦੂਰੀ ਤੋਂ ਸੁਰੱਖਿਅਤ ਤੌਰ ਤੇ ਕਿਵੇਂ ਲਿਆਇਆ, ਇਸ ਦਾ ਵੇਰਵਾ ਸਾਨੂੰ ਸਮਕਾਲੀ ਇਤਿਹਾਸ ਵਿਚੋਂ ਮਿਲਦਾ ਹੈ। ਪੱਥਰ ਦੇ ਇਕੋ ਟੁੱਕੜੇ ਨਾਲ ਬਣੇ ਅਤੇ ਧਾਤ ਵਰਗੀ ਪਾਲਿਸ਼ ਵਾਲੇ ਇਸ ਥੰਮ੍ਹ ਉਪਰ ਅਸ਼ੋਕ ਦੀ ਉੱਕਰੀ ਲਿਖਤ ਹਾਲੇ ਵੀ ਸੁਰੱਖਿਅਤ ਹੈ। ਬ੍ਰਹਮੀ ਲਿਪੀ ਵਿਚ ਲਿਖੀ ਇਸ ਲਿਖਤ ਨੂੰ ਸਭ ਤੋਂ ਪਹਿਲਾਂ 1837 ਈ. ਵਿਚ ਅੰਗਰੇਜ਼ ਪੁਰਾਤੱਤਵ ਵਿਗਿਆਨੀ ਜੇਮਜ਼ ਪ੍ਰਿੰਸਪ ਨੇ ਪੜ੍ਹਿਆ ਸੀ। ਇਸ ਲਿਖਤ ਵਿਚ ਰਾਜਾ ਅਸ਼ੋਕ ਵੱਲੋਂ ਜਾਰੀ ਕੀਤੇ ਧਾਰਮਿਕ ਫਰਮਾਨ ਦਰਜ ਹਨ।


ਅਸ਼ੋਕ ਦਾ ਥੰਮ੍ਹ (ਦੂਸਰਾ)—ਇਹ ਥੰਮ੍ਹ ਰਿੱਜ ਉੱਤੇ ਹਿੰਦੂ ਰਾਓ ਹਸਪਤਾਲ ਦੇ ਨੇੜੇ ਸਥਿਤ ਹੈ। ਇਸ ਥੰਮ੍ਹ ਨੂੰ 1856 ਈ. ਵਿਚ ਸੁਲਤਾਨ ਫ਼ਿਰੋਜ਼ਸ਼ਾਹ ਮੇਰਠ ਦੇ ਨੇੜਿਓਂ ਲੈ ਕੇ ਆਇਆ ਸੀ। ਕਿਹਾ ਜਾਂਦਾ ਹੈ ਕਿ ਇਹ ਥੰਮ੍ਹ ਮੁਗ਼ਲ ਬਾਦਸ਼ਾਹ ਫ਼ਰੱਰੁਖਸਿਯਰ (1713-19 ਈ.) ਦੇ ਰਾਜ-ਕਾਲ ਦੌਰਾਨ ਬਾਰੂਦੀ ਧਮਾਕੇ ਕਾਰਨ ਪੰਜ ਟੁੱਕੜਿਆਂ ਵਿਚ ਟੁੱਟ ਗਿਆ ਸੀ। ਵਰਤਮਾਨ ਰੂਪ ਵਿਚ ਇਸ ਨੂੰ 1867 ਈ. ਵਿਚ ਖੜ੍ਹਾ ਕੀਤਾ ਗਿਆ। ਜੇਮਜ਼ ਪ੍ਰਿੰਸਪ ਅਨੁਸਾਰ ਇਸ ਥੰਮ੍ਹ ਉਪਰਲੀ ਲਿਖਤ ਫ਼ਿਰੋਜ਼ਸ਼ਾਹ ਕੋਟਲਾ ਵਾਲੇ ਥੰਮ੍ਹ ਉਪਰਲੀ ਲਿਖਤ ਦੀ ਹੀ ਪ੍ਰਤਿਲਿਪੀ ਹੈ।




ਭਵਨ ਨਿਰਮਾਣਕਾਰ ਸਰ ਹਰਬਰਟ ਬੇਕਰ ਦੁਆਰਾ ਨਿਰਮਾਣਿਤ ਨਵੀਂ ਦਿੱਲੀ ਦਾ ਗੋਲਾਕਾਰ ਸੰਸਦ ਭਵਨ




ਜੰਤਰ ਮੰਤਰ ਦੇ ਨਾਂ ਨਾਲ ਜਾਣੀ ਜਾਂਦੀ, ਜੈਪੁਰ ਦੇ ਵਿਦਵਾਨ ਮਹਾਰਾਜਾ ਜੈ ਸਿੰਘ ਦੂਜੇ ਦੁਆਰਾ ਸੂਰਜ ਦੀਆਂ ਗਤੀਵਿਧੀਆਂ ਦਾ ਨਿਰੀਖਣ ਕਰਨ ਹਿੱਤ ਬਣਵਾਈ ਪ੍ਰਯੋਗਸ਼ਾਲਾ




ਪੁਰਾਣੀ ਦਿੱਲੀ ਵਿਖੇ ਕਵਾਤ-ਉਲ-ਇਸਲਾਮ ਮਸਜਿਦ ਦੀ ਵਲਗਣ ਵਿਚ ਬਣੀ 23 ਫੁੱਟ (7 ਮੀਟਰ) ਉੱਚੀ ਲੋਹੇ ਦੀ ਲਾਟ




ਪੁਰਾਣੀ ਦਿੱਲੀ ਵਿਖੇ ਸੁਲਤਾਨਾਂ ਦੀ ਦੁਆ ਸਲਾਮ ਅਤੇ ਜਿੱਤ ਦੀ ਪ੍ਰਤੀਕ 238 ਫੁੱਟ 1 ਇੰਚ (72.56 ਮੀ.) ਉੱਚੀ ਕੁਤਬ ਮੀਨਾਰ



ਦਿੱਲੀ ਦਾ ਪੁਰਾਣਾ ਕਿਲ੍ਹਾ



ਸੰਨ 1572 ਵਿਚ ਹੁਮਾਯੂੰ ਦੀ ਵਿਧਵਾ ਹਮੀਦਾ ਬੇਗ਼ਮ ਦੁਆਰਾ ਭਵਨ-ਨਿਰਮਾਣਕਾਰ ਮਿਰਜ਼ਾ ਗਿਆਸ ਤੋਂ ਲਾਲ ਪੱਥਰ ਅਤੇ ਸਫ਼ੈਦ ਸੰਗਮਰਮਰ ਦਾ ਬਣਵਾਇਆ ਬਾਦਸ਼ਾਹ ਹੁਮਾਯੂੰ ਦਾ ਮਕਬਰਾ



ਪੁਰਾਣੀ ਦਿੱਲੀ ਵਿਖੇ ਸੰਗਮਰਮਰ ਜੜ੍ਹੇ ਲਾਲ ਪੱਥਰਾਂ ਅਤੇ ਚਿੱਟੇ ਸੰਗਮਰਮਰ ਦੇ ਗੁੰਬਦ ਵਾਲਾ ਗਿਆਸੁਦੀਨ ਤੁਗ਼ਲਕ (1320-25) ਦਾ ਮਕਬਰਾ



ਪੁਰਾਣੀ ਦਿੱਲੀ ਵਿਖੇ 16ਵੀਂ ਸਦੀ ਦੇ ਸ਼ੁਰੂ ਵਿਚ ਸਿਕੰਦਰ ਲੋਧੀ ਦੁਆਰਾ ਪੁਨਰ ਨਿਰਮਾਣਿਤ ਫ਼ਿਰੋਜ਼ਸ਼ਾਹ ਤੁਗਲਕ (1351-89) ਦਾ ਹੌਜ਼-ਇ-ਖ਼ਾਸ ਦਾ ਮਕਬਰਾ

ਅਸ਼ੋਕ ਦਾ ਚਟਾਨ ਫਰਮਾਨ—ਅਸ਼ੋਕ ਦਾ ਇਹ ਫਰਮਾਨ ਦਿੱਲੀ ਵਿਚ ਸ਼੍ਰੀਨਿਵਾਸਪੁਰੀ ਦੇ ਨੇੜੇ ਇਕ ਚਟਾਨ ਦੇ ਸਾਹਮਣੇ ਉੱਕਰਿਆ ਹੋਇਆ ਹੈ। ਇਸ ਆਲੇਖ ਦੀ ਖੋਜ 1966 ਈ. ਵਿਚ ਹੀ ਹੋਈ ਹੈ। ਪ੍ਰਾਕ੍ਰਿਤ ਭਾਸ਼ਾ ਅਤੇ ਬ੍ਰਹਮੀ ਲਿਪੀ ਵਿਚ 10 ਲਾਈਨਾਂ ਵਿਚ ਉਕਰੀ ਇਹ ਲਿਖਤ ਦੱਸਦੀ ਹੈ ਕਿ ਧੱਮ (ਧਰਮ) ਲਈ ਕੀਤੀਆਂ ਆਪ-ਣੀਆਂ ਸਾਰੀਆਂ ਕੋਸ਼ਿਸ਼ਾਂ ਸਦਕਾ ਅਸ਼ੋਕ ਜੰਬੂ ਦੀਪ (ਭਾਰਤ) ਦੇ ਲੋਕਾਂ ਨੂੰ ਪਰਮਾਤਮਾ ਦੇ ਨੇੜੇ ਲਿਆਉਣ ਵਿਚ ਸਫਲ ਹੋਇਆ ਸੀ। ਉਹ ਆਪਣੀ ਪਰਜਾ ਦੇ ਹਰ ਛੋਟੇ-ਵੱਡੇ ਨੂੰ ਅਪੀਲ ਕਰਦਾ ਹੈ ਕਿ ਉਹ ਇਸ ਵੱਲ ਜਤਨ ਕਰਨ ਤਾਂ ਜੋ ਉਨ੍ਹਾਂ ਨੂੰ ਸਵਰਗ ਆਦਿ ਦੀ ਪ੍ਰਾਪਤੀ ਹੋਵੇ। ਇਸ ਲਿਖਤ ਤੋਂ ਇਹ ਪਤਾ ਲੱਗਦਾ ਹੈ ਕਿ ਮੌਰੀਆ ਕਾਲ ਵਿਚ ਵੀ ਦਿੱਲੀ ਇਕ ਮਹੱਤਵਪੂਰਨ ਥਾਂ ਸੀ ਅਤੇ ਇਹ ਮੁੱਖ ਵਪਾਰਕ-ਕੇਂਦਰਾਂ ਅਤੇ ਸੂਬਾਈ ਰਾਜਧਾਨੀਆਂ ਨੂੰ ਮਿਲਾਉਣ ਵਾਲੇ ਮੁੱਖ ਰਾਹ ਉਪਰ ਸਥਿਤ ਸੀ।

ਲੋਹ ਥੰਮ੍ਹ—ਇਹ ਥੰਮ੍ਹ ਮਹਿਰੌਲੀ ਵਿਖੇ ਕੁਤਬ ਮੀਨਾਰ ਦੇ ਨੇੜੇ ਕੁਵਤੁੱਲ-ਇਸਲਾਮ ਮਸਜਿਦ ਦੇ ਵਿਹੜੇ ਵਿਚ ਸਥਿਤ ਹੈ। ਥੰਮ੍ਹ ਉਪਰ ਸੰਸਕ੍ਰਿਤ ਭਾਸ਼ਾ ਵਿਚ ਇਕ ਲਿਖਤ ਦਰਜ ਹੈ ਜੋ ਕਿ

ਵਿਦਵਾਨਾਂ ਦੇ ਖ਼ਿਆਲ ਅਨੁਸਾਰ ਚੌਥੀ ਸਦੀ ਦਾ ਹੈ। ਇਸ ਲਿਖਤ ਵਿਚ ਦਰਜ ਹੈ ਕਿ ਇਹ ਥੰਮ੍ਹ ਭਗਵਾਨ ਵਿਸ਼ਨੂੰ ਦੇ ਥੰਮ੍ਹ ਦੇ ਤੌਰ ਤੇ ਵਿਸ਼ਨੂੰਪਦ ਨਾਮੀ ਪਹਾੜੀ ਉਪਰ ਚੰਦਰ ਨਾਮਕ ਸ਼ਕਤੀਸ਼ਾਲੀ ਰਾਜਾ ਦੀ ਯਾਦ ਵਿਚ ਸਥਾਪਿਤ ਕੀਤਾ ਗਿਆ। ਵਿਦਵਾਨਾਂ ਮੁਤਾਬਿਕ ਇਹ ਰਾਜਾ ਚੰਦਰ ਕੋਈ ਹੋਰ ਨਹੀਂ ਸਗੋਂ ਗੁਪਤ ਰਾਜਾ ਚੰਦਰ ਗੁਪਤ ਦੂਜਾ (375-413 ਈ.) ਹੈ।

ਪੱਥਰ ਦੇ ਦੋਵੇਂ ਅਸ਼ੋਕ-ਥੰਮ੍ਹਾਂ ਵਾਂਗ ਇਹ ਲੋਹ-ਥੰਮ੍ਹ ਵੀ ਕਿਤੋਂ ਬਾਹਰੋਂ ਲਿਆ ਕੇ ਇਥੇ ਸਥਾਪਿਤ ਕੀਤਾ ਗਿਆ ਜਾਪਦਾ ਹੈ। ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਸ ਨੂੰ ਲਿਆਉਣ ਵਾਲਾ ਤੋਮਰ ਰਾਜਾ, ਅਨੰਗਪਾਲ ਸੀ। ਥੰਮ੍ਹ ਦੀ ਕੁਲ ਉਚਾਈ 7.20 ਮੀ. ਹੈ ਜਿਸ ਵਿਚੋਂ 93 ਸੈਂਟੀਮੀਟਰ ਭਾਗ ਜ਼ਮੀਨ ਵਿਚ ਹੈ। ਲਗਭਗ ਸੋਲਾਂ ਸਦੀਆਂ ਬੀਤ ਜਾਣ ਬਾਅਦ ਵੀ ਖੁੱਲ੍ਹੇ ਮੈਦਾਨ ਵਿਚ ਖੜ੍ਹੇ ਇਸ ਥੰਮ੍ਹ ਦੇ ਲੋਹੇ ਨੂੰ ਹੁਣ ਤੀਕ ਜੰਗਾਲ ਨਹੀਂ ਲੱਗਾ ਹੈ ਜੋ ਕਿ ਪ੍ਰਾਚੀਨ ਭਾਰਤ ਦੀ ਧਾਤੂ ਕਲਾ ਦੀ ਸ੍ਰੇਸ਼ਟਤਾ ਦਾ ਸਬੂਤ ਹੈ।

ਮੱਧਕਾਲ ਦੇ ਸਮਾਰਕ

ਕੁਤਬ ਮੀਨਾਰ—ਪੁਰਾਣੀ ਦਿੱਲੀ ਵਿਚ ਮਹਿਰੌਲੀ ਵਿਚ ਸਥਿਤ ਕੁਤਬ ਮੀਨਾਰ ਦੀ ਨੀਂਹ ਹਿੰਦੁਸਤਾਨ ਦੇ ਪਹਿਲੇ ਮੁਸਲਿਮ ਸੁਲਤਾਨ ਕੁਤਬਦੀਨ ਐਬਕ ਨੇ ਰੱਖੀ ਸੀ ਪਰ ਉਹ ਆਪਣੇ ਜੀਵਨ ਕਾਲ ਵਿਚ ਇਸ ਦੀ ਇਕੋ ਮੰਜ਼ਲ ਦੀ ਹੀ ਉਸਾਰੀ ਕਰਵਾ ਸਕਿਆ। ਬਾਕੀ ਦੀਆਂ ਮੰਜ਼ਲਾਂ ਉਸ ਦੇ ਜਾਨਸ਼ੀਨ, ਸੁਲਤਾਨ ਅਲਤਮਸ਼ ਨੇ ਬਣਵਾਈਆਂ (ਹੈਰਾਨੀ ਦੀ ਗੱਲ ਹੈ ਕਿ ਇਸ ਮੀਨਾਰ ਉੱਤੇ ਉਕਰੀ ਇਕ ਨਾਗਰੀ ਲਿਖਤ ਵਿਚ ਇਸ ਨੂੰ ਅਲਾਉਦੀਨ ਦਾ ਵਿਜੇ-ਸਤੰਭ ਕਿਹਾ ਗਿਆ ਹੈ।) ਮੀਨਾਰ ਉੱਤੇ ਉਕਰੀਆਂ ਨਾਗਰੀ ਅਤੇ ਫਾਰਸੀ ਦੀਆਂ ਕੁਝ ਹੋਰ ਲਿਖਤਾਂ ਤੋਂ ਇਹ ਵੀ ਪਤਾ ਲਗਦਾ ਹੈ ਕਿ ਦੋ ਵਾਰ ਅਸਮਾਨੀ ਬਿਜਲੀ ਡਿੱਗਣ ਕਾਰਨ ਇਸ ਮੀਨਾਰ ਨੂੰ ਨੁਕਸਾਨ ਪੁੱਜਿਆ। ਪਹਿਲੀ ਵਾਰ ਇਸ ਤੇ ਬਿਜਲੀ ਸੁਲਤਾਨ ਮੁਹੰਮਦ ਬਿਨ ਤੁਗ਼ਲਕ ਦੇ ਰਾਜਕਾਲ ਦੌਰਾਨ 1326 ਈ. ਵਿਚ ਡਿੱਗੀ। ਸੁਲਤਾਨ ਨੇ 1332 ਈ. ਵਿਚ ਇਸ ਦੀ ਮੁਰੰਮਤ ਕਰਵਾ ਦਿੱਤੀ। ਦੂਜੀ ਵਾਰ ਇਸ ਉੱਤੇ ਬਿਜਲੀ ਸੁਲਤਾਨ ਫ਼ਿਰੋਜ਼ਸ਼ਾਹ ਦੇ ਰਾਜ ਦੌਰਾਨ 1368 ਈ. ਵਿਚ ਡਿੱਗੀ। ਅਸਲ ਵਿਚ ਮੀਨਾਰ ਦੀਆਂ ਚਾਰ ਮੰਜ਼ਲਾਂ ਸਨ ਪਰ ਸੁਲਤਾਨ ਨੇ ਸਿਰਫ਼ ਚੌਥੀ ਮੰਜ਼ਲ ਦੀ ਮੁਰੰਮਤ ਹੀ ਨਹੀਂ ਕਰਵਾਈ ਸਗੋਂ ਇਕ ਪੰਜਵੀਂ ਮੰਜ਼ਲ ਹੋਰ ਵੀ ਬਣਵਾ ਦਿੱਤੀ ਸੀ। ਇਨ੍ਹਾਂ ਮੰਜ਼ਲਾਂ ਵਿਚ ਉਸ ਨੇ ਸੰਗਮਰਮਰ ਦੀ ਵਰਤੋਂ ਵੀ ਕੀਤੀ ਹੈ ਜਦੋਂ ਕਿ ਹੇਠਲੀਆਂ ਮੰਜ਼ਲਾਂ ਸਿਰਫ਼ ਲਾਲ ਪੱਥਰ ਦੀਆਂ ਹਨ। ਸੰਨ 1503 ਵਿਚ ਸੁਲਤਾਨ ਸਿਕੰਦਰ ਲੋਧੀ ਨੇ ਵੀ ਮੀਨਾਰ ਦੀਆਂ ਉਪਰਲੀਆਂ ਮੰਜ਼ਲਾਂ ਦੀ ਮੁਰੰਮਤ ਕਰਵਾਈ।

72.56 ਮੀ. ਉੱਚੀ ਇਸ ਮੀਨਾਰ ਵਿਚ ਸਿਖਰ ਤੇ ਪਹੁੰਚਣ ਲਈ 379 ਪੌੜੀਆਂ ਹਨ। ਆਧਾਰ ਤੇ ਮੀਨਾਰ ਦਾ ਵਿਆਸ 14.32 ਮੀ. ਹੈ ਜੋ ਸਭ ਤੋਂ ਉਪਰਲੀ ਮੰਜ਼ਲ ਵਿਚ ਸਿਰਫ 2.75 ਮੀ. ਰਹਿ ਜਾਂਦਾ ਹੈ। ਹੇਠਲੀਆਂ ਚਾਰ ਮੰਜ਼ਲਾਂ ਵਿਚੋਂ ਹਰੇਕ ਵੱਖਰੇ ਡਿਜ਼ਾਈਨ ਦੀ ਹੈ। ਸਭ ਤੋਂ ਪਹਿਲੀ ਮੰਜ਼ਲ ਦੀਆਂ ਧਾਰੀਆਂ ਗੋਲ ਅਤੇ ਨੁੱਕਰ ਵਾਲੀਆਂ ਹਨ। ਦੂਜੀ ਮੰਜ਼ਲ ਦੀਆਂ ਧਾਰੀਆਂ ਸਿਰਫ਼ ਗੋਲ ਹਨ। ਤੀਜੀ ਮੰਜ਼ਲ ਦੀਆਂ ਧਾਰੀਆਂ ਸਿਰਫ਼ ਨੁੱਕਰ ਵਾਲੀਆਂ ਹਨ। ਚੌਥੀ ਅਤੇ ਪੰਜਵੀਂ ਮੰਜ਼ਲ ਉੱਤੇ ਕੋਈ ਧਾਰੀਆਂ ਨਹੀਂ ਹਨ। ਹਰ ਮੰਜ਼ਲ ਉੱਤੇ ਇਕ ਬਾਲਕੋਨੀ ਹੈ। ਆਪਣੇ ਅਸਲ ਰੂਪ ਵਿਚ ਇਸ ਮੀਨਾਰ ਦੇ ਸਿਖਰ ਉੱਤੇ ਇਕ ਛਤਰੀ ਸੀ ਜੋ ਕਿ ਇਕ ਵਾਰ ਭੁਚਾਲ ਆਉਣ ਨਾਲ ਡਿੱਗ ਪਈ। ਉਨ੍ਹੀਵੀਂ ਸਦੀ ਦੇ ਸ਼ੁਰੂ ਵਿਚ ਮੇਜਰ ਸਮਿੱਥ ਨਾਂ ਦੇ ਇਕ ਅੰਗਰੇਜ਼ ਅਫ਼ਸਰ ਨੇ ਮੀਨਾਰ ਉਪਰ ਇਕ ਹੋਰ ਛਤਰੀ ਦੀ ਉਸਾਰੀ ਕਰਵਾ ਦਿੱਤੀ ਸੀ ਪਰ ਇਹ ਢੁੱਕਵੀਂ ਨਹੀਂ ਸੀ। ਇਸ ਲਈ 1848 ਈ. ਵਿਚ ਇਸ ਛਤਰੀ ਨੂੰ ਹਟਾ ਦਿੱਤਾ ਗਿਆ।

ਕੁਝ ਲੋਕਾਂ ਦਾ ਖ਼ਿਆਲ ਹੈ ਕਿ ਕੁਤਬ ਮੀਨਾਰ ਦੀ ਉਸਾਰੀ ਦਿੱਲੀ ਦੇ ਅੰਤਮ ਚੋਹਾਨ ਰਾਜਾ ਪ੍ਰਿਥਵੀ ਰਾਜ ਨੇ ਕਰਵਾਈ ਸੀ ਤਾਂ ਜੋ ਇਸ ਮੀਨਾਰ ਦੀ ਸਿਖਰ ਤੋਂ ਉਸ ਦੀ ਧੀ ਆਪਣੀ ਰੋਜ਼ਾਨਾ ਦੀ ਪਾਠ ਪੂਜਾ ਦੇ ਇਕ ਹਿੱਸੇ ਵਜੋਂ ਪਵਿੱਤਰ ਜਮਨਾ ਨਦੀ ਦੇ ਦਰਸ਼ਨ ਕਰ ਸਕੇ ਪਰ ਇਹ ਵਿਚਾਰ ਪ੍ਰਮਾਣਕ ਨਹੀਂ ਹੈ। ਇਹ ਸੱਚ ਹੈ ਕਿ ਇਸ ਮੀਨਾਰ ਦੀ ਉਸਾਰੀ ਵਿਚ ਹਿੰਦੂ ਸ਼ਿਲਪਕਾਰਾਂ ਦਾ ਵੀ ਯੋਗਦਾਨ ਰਿਹਾ ਜਿਵੇਂ ਕਿ ਇਸ ਉਪਰ ਦੇਵਨਾਗਰੀ ਵਿਚ ਉਕਰੀਆ ਕੁਝ ਲਿਖਤਾਂ ਤੋਂ ਪਤਾ ਲੱਗਦਾ ਹੈ। ਕਈ ਥਾਵਾਂ ਉੱਤੇ ਪ੍ਰਾਚੀਨ ਮੰਦਰਾਂ ਦੇ ਪੱਥਰਾਂ ਦੀ ਵਰਤੋਂ ਵੀ ਕੀਤੀ ਗਈ ਹੈ ਪਰ ਆਪਣੇ ਸੰਪੂਰਣ ਰੂਪ ਵਿਚ ਇਹ ਮੀਨਾਰ ਇਕ ਮੁਸਲਿਮ ਕ੍ਰਿਤ ਹੀ ਹੈ। ਇਸ ਨਾਲ ਮਿਲਦੀਆਂ ਜੁਲਦੀਆਂ ਦੋ ਮੀਨਾਰਾਂ ਹਾਲੇ ਵੀ ਅਫ਼ਗਾਨਿਸਤਾਨ ਵਿਚ ਗਜ਼ਨੀ ਦੇ ਨੇੜੇ ਦੇਖੀਆਂ ਜਾ ਸਕਦੀਆਂ ਹਨ। ਭਾਰਤ ਵਿਚ ਪੱਥਰ ਦੀ ਬਣੀ ਇਹ ਸਭ ਤੋਂ ਉੱਚੀ ਮੀਨਾਰ ਹੈ ਅਤੇ ਦੁਨੀਆ-ਭਰ ਵਿਚ ਮੀਨਾਰ ਦੀ ਇਕ ਉਦਾਹਰਣ ਹੈ। ਇਹ ਮੀਨਾਰ ਯੂਨੈਸਕੋ ਰਾਹੀਂ ਪ੍ਰਵਾਨਿਤ ਦੁਨੀਆ-ਭਰ ਦੇ 378 ਅੰਤਰ-ਰਾਸ਼ਟਰੀ ਮਹੱਤਵ ਵਾਲੇ ਟਿਕਾਣਿਆਂ ਵਿਚੋਂ ਇਕ ਹੈ।

ਤੁਗ਼ਲਕਾਬਾਦ—ਤੁਗ਼ਲਕਾਬਾਦ ਦਾ ਕਿਲ੍ਹਾ ਦਿੱਲੀ ਵਿਚ ਕੁਤਬ ਮੀਨਾਰ ਤੋਂ ਅੱਠ ਕਿਲੋਮੀਟਰ ਦੀ ਦੂਰੀ ਤੇ ਇਕ ਚਟਾਨ ਉੱਤੇ ਸਥਿਤ ਹੈ। ਲਾਲ ਕੋਟ ਅਤੇ ਸਿਰੀ ਤੋਂ ਬਾਅਦ ਵਸਾਇਆ ਦਿੱਲੀ ਦਾ ਇਹ ਤੀਜਾ ਸ਼ਹਿਰ ਸੁਲਤਾਨ ਗਿਆਸੁਦੀਨ ਤੁਗ਼ਲਕ ਨੇ ਬਣਵਾਇਆ ਸੀ। ਸਾਢੇ ਛੇ ਕਿਲੋਮੀਟਰ ਦੇ ਘੇਰੇ ਵਿਚ ਬਣਿਆ ਇਹ ਕਿਲ੍ਹਾ ਮੋਟੇ ਤੌਰ ਤੇ ਅੱਠਭੁਜਾਕਾਰ ਹੈ। ਇਸ ਦੀਆਂ ਕੰਧਾਂ 10 ਤੋਂ 15 ਮੀ. ਤੱਕ ਉੱਚੀਆਂ ਹਨ। ਦੱਖਣ ਵੱਲ ਇਕ ਵੱਡਾ ਤਲਾਅ ਹੈ ਜਿਸ ਵਿਚ ਬਣੀ ਇਕ ਛੋਟੇ ਕਿਲ੍ਹੇ ਵਰਗੀ ਚਾਰਦੀਵਾਰੀ ਵਿਚ ਸੁਲਤਾਨ ਦਾ ਵਿਸ਼ਾਲ ਮਕਬਰਾ ਹੈ। ਮਕਬਰੇ ਤੀਕ ਪਹੁੰਚ ਇਕ ਪੁਲ ਰਾਹੀਂ ਹੈ।

ਤੁਗ਼ਲਕਾਬਾਦ ਤਿੰਨ ਹਿੱਸਿਆਂ ਵਿਚ ਵੰਡਿਆ ਹੋਇਆ ਸੀ। ਕੁਤਬ ਬਦਰਪੁਰ ਸੜਕ ਤੋਂ ਵਰਤਮਾਨ ਦਰਵਾਜ਼ੇ ਦੇ ਪੂਰਬ ਵੱਲ ਉੱਚੀਆਂ ਕੰਧਾਂ ਨਾਲ ਘਿਰਿਆ ਆਇਤਾਕਾਰ ਖੇਤਰ ਕੋਟ ਜਾਂ ਗੜ੍ਹੀ ਸੀ। ਪੱਛਮ ਵੱਲ ਦੋ ਖੁੱਲ੍ਹੇ ਖੇਤਰ ਵਿਚ ਮਹਿਲ ਆਦਿ ਸਨ। ਸ਼ਹਿਰ ਦੀਆਂ ਗਲੀਆਂ ਇਕ ਦਰਵਾਜ਼ੇ ਤੋਂ ਦੂਜੇ ਦਰਵਾਜ਼ੇ ਤੀਕ ਸਮਾਨਾਂਤਰ ਅਤੇ ਸਮਕੋਣ ਤੇ ਸਨ। ਗੜ੍ਹੀ ਵਾਲੀ ਵਲਗਣ ਵਿਚ ਵਿਜੇ-ਮੰਡਲ ਨਾਂ ਦੀ ਇਕ ਮੀਨਾਰ ਅਤੇ ਅਨੇਕਾਂ ਹਾਲਾਂ ਦੇ ਖੰਡਰਾਤ ਬਾਕੀ ਹਨ। ਤੁਗ਼ਲਕਾਬਾਦ ਦੇ ਦੱਖਣ-ਪੂਰਬੀ ਕੋਨੇ ਕੋਲ ਸੁਲਤਾਨ ਮੁਹੰਮਦ ਬਿਨ ਤੁਗ਼ਲਕ ਦਾ ਬਣਾਇਆ ਇਕ ਛੋਟਾ ਜਿਹਾ ਕਿਲ੍ਹਾ ਆਦਿਲਾਬਾਦ ਹੈ। ਤੁਗ਼ਲਕਾਬਾਦ ਅਤੇ ਆਦਿਲਾਬਾਦ ਨੂੰ ਜੋੜਨ ਵਾਲੇ ਧੁਸੀ ਬੰਨ੍ਹ ਵਿਚ ਕਈ ਮੋਘੇ ਹਨ ਜਿਨ੍ਹਾਂ ਰਾਹੀਂ ਖੇਤਾਂ ਨੂੰ ਸਿੰਜਾਈ ਲਈ ਦਿੱਤੇ ਜਾਣ ਵਾਲੇ ਪਾਣੀ ਨੂੰ ਕੰਟਰੋਲ ਕੀਤਾ ਜਾਂਦਾ ਸੀ।

ਹਜ਼ਰਤ ਨਿਜ਼ਾਮੁੱਦੀਨ ਦੀ ਦਰਗਾਹ—ਦਿੱਲੀ ਦੀ ਇਹ ਸਭ ਤੋਂ ਪ੍ਰਸਿੱਧ ਦਰਗਾਹ ਮਥੁਰਾ ਰੋਡ ਉੱਤੇ ਸਥਿਤ ਹੈ। ਚਿਸਤੀ ਸਿਲਸਿਲੇ ਦੇ ਸੂਫ਼ੀ ਸ਼ੇਖ਼ ਨਿਜ਼ਾਮੁੱਦੀਨ ਦਾ ਜਨਮ ਬਦਾਓਂ (ਉੱਤਰ ਪ੍ਰਦੇਸ਼) ਵਿਖੇ 1236 ਈ. ਵਿਚ ਹੋਇਆ। ਜਦੋਂ ਉਹ ਪੰਜ ਸਾਲ ਦੇ ਹੀ ਸਨ ਤਾਂ ਉਨ੍ਹਾਂ ਦੇ ਪਿਤਾ ਜੀ ਦਾ ਦੇਹਾਂਤ ਹੋ ਗਿਆ। ਉਹ ਆਪਣੀ ਮਾਤਾ ਨਾਲ ਦਿੱਲੀ ਆ ਗਏ। ਫੇਰ ਉੱਥੇ ਪ੍ਰਸਿੱਧ ਸੂਫ਼ੀ ਫਕੀਰ ਸ਼ੇਖ਼ ਫ਼ਰੀਦ ਗੰਜ ਸ਼ਕਰ (1173-1205 ਈ.) ਦੇ ਸ਼ਗਿਰਦ ਬਣ ਗਏ। ਸ਼ੇਖ਼ ਫ਼ਰੀਦ ਨੇ ਉਨ੍ਹਾਂ ਨੂੰ ਆਪਣਾ ਜਾਨਸ਼ੀਨ ਬਣਾ ਦਿੱਤਾ। ਸ਼ੇਖ਼ ਨਿਜ਼ਾਮੁੱਦੀਨ ਦੀ ਮੌਤ 1325 ਈ. ਵਿਚ ਹੋਈ।

ਸ਼ੇਖ ਸਾਹਿਬ ਦਾ ਅਸਲ ਮਕਬਰਾਂ ਹੁਣ ਬਾਕੀ ਨਹੀਂ ਹੈ। ਵਰਤਮਾਨ ਮਕਬਰੇ ਦੀ ਉਸਾਰੀ ਅਕਬਰ ਦੇ ਰਾਜਕਾਲ ਦੌਰਾਨ 1562-63 ਈ. ਵਿਚ ਫਰੀਦੂਨ ਖ਼ਾਨ ਨਾਂ ਦੇ ਇਕ ਅਮੀਰ ਨੇ ਕਰਵਾਈ ਸੀ। ਮਕਬਰੇ ਦੇ ਨਜ਼ਦੀਕ ਹੀ ਇਕ ਵਿਸ਼ਾਲ ਮਸਜਿਦ ਹੈ ਅਤੇ ਪਿਛਲੇ ਪਾਸੇ ਇਕ ਬਾਉਲੀ ਹੈ। ਦਰਗਾਹ ਵਿਚ ਇਕ ਹੋਰ ਮੁੱਖ, ਮਕਬਰਾ ਤੇਰ੍ਹਵੀਂ ਸਦੀ ਦੇ ਪ੍ਰਸਿੱਧ ਵਿਦਵਾਨ, ਕਵੀ, ਸੰਗੀਤਕਾਰ ਅਤੇ ਹਜ਼ਰਤ ਨਿਜ਼ਾਮੁੱਦੀਨ ਦੇ ਮੁੱਖ ਮੁਰੀਦ ਅਮੀਰ ਖ਼ੁਸਰੋ ਦਾ ਹੈ।

ਮਕਬਰੇ ਦੇ ਆਸਪਾਸ ਦੀ ਥਾਂ ਨੂੰ ਵੀ ਪਵਿੱਤਰ ਸਮਝਿਆ ਜਾਂਦਾ ਹੈ। ਇਸੇ ਲਈ ਮੁਗ਼ਲਸ਼ਾਹੀ ਘਰਾਣੇ ਦੀਆਂ ਅਨੇਕ ਹਸਤੀਆਂ ਨੇ ਆਪਣੀ ਮੌਤ ਤੋਂ ਬਾਅਦ ਦਫ਼ਨ ਕੀਤੇ ਜਾਣ ਲਈ ਇਸ ਦਰਗਾਹ ਨੂੰ ਹੀ ਚੁਣਿਆ ਸੀ। ਅਜਿਹੀਆਂ ਸ਼ਖਸੀਅਤਾਂ ਵਿਚੋਂ ਸ਼ਾਹਜਹਾਨ ਦੀ ਵੱਡੀ ਬੇਟੀ ਜਹਾਂਆਰਾ, ਮੁਗ਼ਲ ਬਾਦਸ਼ਾਹ ਮੁਹੰਮਦ ਸ਼ਾਹ (1719-48 ਈ.), ਅਕਬਰ ਦੂਜੇ (1806-37 ਈ.) ਦਾ ਵੱਡਾ ਲੜਕਾ, ਮਿਰਜਾ ਜਹਾਂਗੀਰ ਆਦਿ ਪ੍ਰਮੁੱਖ ਹਨ।

ਦਰਗਾਹ ਵਿਚ ਹਰ ਵਰ੍ਹੇ ਦੋ ਵਾਰ ਮੇਲਾ ਲਗਦਾ ਹੈ । ਇਕ ਵਾਰ ਹਜ਼ਰਤ ਨਿਜ਼ਾਮੁੱਦੀਨ ਦੇ ਉਰਸ ਦੇ ਮੌਕੇ ਉੱਤੇ ਅਤੇ ਦੂਜੀ ਵਾਰ ਹਜ਼ਰਤ ਅਮੀਰ ਖ਼ੁਸਰੋ ਦੇ ਉਰਸ ਦੇ ਮੌਕੇ ਤੇ।

ਫਿਰੋਜ਼ਸ਼ਾਹ ਕੋਟਲਾ—ਦਿੱਲੀ ਗੇਟ ਦੇ ਨਜ਼ਦੀਕ ਫਿਰੋਜ਼ਸ਼ਾਹ ਕੋਟਲਾ, ਤੁਗ਼ਲਕ ਸੁਲਤਾਨ ਫ਼ਿਰੋਜ਼ਸ਼ਾਹ ਦੇ ਵਸਾਏ ਸ਼ਹਿਰ ਫਿਰੋ-ਜ਼ਾਬਾਦ ਦਾ ਉਹ ਹਿੱਸਾ ਹੈ ਜਿਸ ਵਿਚ ਸੁਲਤਾਨ ਦੇ ਮਹਿਲ ਆਦਿ ਸਨ। ਚਾਰਦੀਵਾਰੀ ਨਾਲ ਘਿਰੀ ਸਾਰੀ ਵਲਗਣ ਤਿੰਨ ਆਇਤਾ-ਕਾਰ ਹਿੱਸਿਆਂ ਵਿਚ ਵੰਡੀ ਹੋਈ ਹੈ। ਉੱਤਰੀ ਵਲਗਣ ਦੇ ਤਾਂ ਹੁਣ ਕੁਝ ਨਿਸ਼ਾਨ ਹੀ ਬਚੇ ਹਨ ਕਿਉਂਕਿ ਇਥੇ ਆਧੁਨਿਕ ਇਮਾਰਤਾਂ ਦੀ ਉਸਾਰੀ ਹੋ ਚੁੱਕੀ ਹੈ। ਦੱਖਣੀ ਵਲਗਣ ਵਿਚ ਵੀ ਵਿਕਰਮ ਨਗਰ ਨਾਂ ਦੀ ਕਲੋਨੀ ਵਸੀ ਹੋਈ ਹੈ।

ਵਿਚਲੀ ਵਲਗਣ ਜੋ ਕਿ ਬਾਕੀ ਦੋਹਾਂ ਨਾਲੋਂ ਵੱਡੀ ਹੈ, ਅੰਦਰ ਜਾਣ ਦਾ ਰਾਹ ਪੱਛਮ ਵੱਲੋਂ ਹੈ। ਵਲਗਣ ਦੇ ਅੰਦਰ ਬਚਦੀਆਂ ਇਮਾਰਤਾਂ ਵਿਚੋਂ ਪ੍ਰਮੁੱਖ ਇਕ ਤਿੰਨ-ਮੰਜ਼ਲੀ ਇਮਾਰਤ ਹੈ ਜਿਸ ਉਪਰ ਅਸ਼ੋਕ ਥੰਮ੍ਹ (ਪਹਿਲਾ) ਸਥਿਤ ਹੈ। ਇਸ ਤੋਂ ਇਲਾਵਾ ਜਾਮਾ ਮਸਜਿਦ ਅਤੇ ਬਾਉਲੀ ਖੰਡਰ ਰੂਪ ਵਿਚ ਬਚੇ ਹਨ।

ਹੌਜ਼ ਖ਼ਾਸ—ਹੌਜ਼ ਖ਼ਾਸ ਅਸਲ ਵਿਚ ਇਕ ਵੱਡਾ ਤਲਾਅ ਸੀ ਜੋ ਸੁਲਤਾਨ ਅਲਾਉੱਦੀਨ ਖ਼ਿਲਜੀ ਨੇ ਆਪਣੇ ਵਸਾਏ ਸ਼ਹਿਰ, ਸਿਰੀ ਦੇ ਵਸਨੀਕਾਂ ਦੀ ਵਰਤੋਂ ਲਈ ਖੁਦਵਾਇਆ ਸੀ। ਬਾਅਦ ਵਿਚ ਸੁਲਤਾਨ ਫਿਰੋਜ਼ਸ਼ਾਹ ਨੇ ਇਸ ਦੀ ਮੁਰੰਮਤ ਕਰਵਾਈ ਅਤੇ ਇਸ ਦੇ ਕੰਢਿਆਂ ਉੱਤੇ ਅਨੇਕਾਂ ਇਮਾਰਤਾਂ ਦੀ ਉਸਾਰੀ ਕਰਵਾਈ। ਇਨ੍ਹਾਂ ਇਮਾਰਤਾਂ ਵਿਚੋਂ ਦੋ-ਮੰਜ਼ਲੇ ਹਾਲਾਂ ਅਤੇ ਕਮਰਿਆਂ ਦੀ ਲੜੀ ਇਕ ਮਦਰੱਸਾ ਸੀ ਜਿਥੇ ਧਾਰਮਿਕ ਸਿੱਖਿਆ ਦਾ ਪ੍ਰਬੰਧ ਸੀ। ਇਸ ਦੀ ਉਸਾਰੀ ਸੁਲਤਾਨ ਨੇ 1352 ਈ. ਦੇ ਆਸਪਾਸ ਕਰਵਾਈ ਸੀ।

ਮਦਰੱਸੇ ਦੇ ਆਲੇ ਦੁਆਲੇ ਅਨੇਕਾਂ ਮਕਬਰੇ ਹਨ ਪਰ ਇਨ੍ਹਾਂ ਵਿਚੋਂ ਪ੍ਰਮੁੱਖ ਖ਼ੁਦ ਸੁਲਤਾਨ ਫਿਰੋਜ਼ਸ਼ਾਹ ਦਾ ਮਕਬਰਾ ਹੈ। ਇਸ ਸਾਦੀ ਜਿਹੀ ਪਰ ਪ੍ਰਭਾਵਸ਼ਾਲੀ ਇਮਾਰਤ ਵਿਚ ਲਾਲ ਪੱਥਰ ਅਤੇ ਸੰਗਮਰਮਰ ਦੀ ਵਰਤੋਂ ਕੀਤੀ ਗਈ ਹੈ। ਚੂਨੇ ਨਾਲ ਕੀਤਾ ਕੁਝ ਸਜਾਵਟੀ ਕੰਮ ਵੀ ਹੈ। ਦੱਖਣੀ ਦਰਵਾਜ਼ੇ ਉਪਰਲੀ ਲਿਖਤ 913 ਹਿਜਰੀ ਅਰਥਾਤ 1507 ਈ. ਦੀ ਹੈ ਜਦੋਂ ਸੁਲਤਾਨ ਸਿਕੰਦਰ ਲੋਧੀ ਨੇ ਇਸ ਮਕਬਰੇ ਦੀ ਮੁਰੰਮਤ ਕਰਵਾਈ ਸੀ। ਮਕਬਰੇ ਅੰਦਰਲੀਆਂ ਚਾਰ ਕਬਰਾਂ ਵਿਚੋਂ ਸਭ ਤੋਂ ਵੱਡੀ ਕਬਰ ਸੁਲਤਾਨ ਦੀ ਮੰਨੀ ਜਾਂਦੀ ਹੈ ਅਤੇ ਬਾਕੀ ਉਸ ਦੇ ਪਰਿਵਾਰ ਦੇ ਹੋਰਨਾਂ ਜੀਆਂ ਦੀਆਂ।

ਲੋਧੀ ਗਾਰਡਨ—ਇਹ ਪਾਰਕ ਜਿਹੜਾ ਕਿ ਆਮ ਕਰ ਕੇ ਲੋਧੀ ਗਾਰਡਨ ਵਜੋਂ ਪ੍ਰਸਿੱਧ ਹੈ, ਅਸਲ ਵਿਚ ਲੇਡੀ ਵਿਲਿੰਗਡਨ ਪਾਰਕ ਹੈ। ਇਸ ਪਾਰਕ ਦੀ ਨੀਂਹ 9 ਅਪ੍ਰੈਲ, 1936 ਵਿਚ ਲੇਡੀ ਵਿਲਿੰਗਟਨ ਨੇ ਰੱਖੀ ਸੀ। ਇਸ ਪਾਰਕ ਵਿਚ ਬਣੇ ਮਕਬਰੇ ਸੈਯਦ ਅਤੇ ਲੋਧੀ ਕਾਲ ਦੇ ਹਨ। ਸੈਯਦ ਸੁਲਤਾਨ ਮੁਹੰਮਦ ਸ਼ਾਹ (1434-44 ਈ.) ਦਾ ਮਕਬਰਾ ਅੱਠਭੁਜਾਕਾਰ ਹੈ। ਇਸ ਮਕਬਰੇ ਦੇ 300 ਮੀ. ਉੱਤਰ-ਪੂਰਬ ਵਿਚ ਇਕ ਵਰਗਾਕਾਰ ਇਮਾਰਤ ਹੈ ਜਿਸ ਨੂੰ 'ਬੜਾ ਗੁੰਬਦ' ਕਹਿੰਦੇ ਹਨ। ਇਸ ਦੇ ਨਜ਼ਦੀਕ ਹੀ ਇਕ ਮਸਜਿਦ ਹੈ ਅਤੇ 50 ਕੁ ਮੀ. ਦੇ ਫਾਸਲੇ ਉੱਤੇ ਇਕ ਹੋਰ ਵਰਗਾਕਾਰ ਇਮਾਰਤ ਹੈ ਜਿਸ ਨੂੰ 'ਸ਼ੀਸ਼ ਗੁੰਬਦ' ਕਹਿੰਦੇ ਹਨ। ਹੁਣੇ-ਹੁਣੇ ਹੋਈਆਂ ਖੋਜਾਂ ਤੋਂ ਪਤਾ ਲਗਦਾ ਹੈ ਕਿ ਸ਼ੀਸ਼ ਗੁੰਬਦ ਅਸਲ ਵਿਚ ਸੁਲਤਾਨ ਬਹਿਲੋਲ ਲੋਧੀ ਦਾ ਮਕਬਰਾ ਹੈ ਅਤੇ ਬੜਾ ਗੁੰਬਦ ਇਸ ਮਕਬਰੇ ਦੇ ਚਾਰੇ ਪਾਸੇ ਵਾਲੇ ਵਲਗਣ (ਜੋ ਹੁਣ ਬਾਕੀ ਨਹੀਂ ਹੈ) ਦਾ ਮੁੱਖ ਦਰਵਾਜ਼ਾ ਹੁੰਦਾ ਸੀ। ਸ਼ੀਸ਼ ਗੁੰਬਦ ਦੇ 250 ਮੀ. ਉੱਤਰ ਵਿਚ ਸੁਲਤਾਨ ਸਿਕੰਦਰ ਸ਼ਾਹ ਲੋਧੀ ਦਾ ਮਕਬਰਾ ਹੈ। ਇਹ ਅੱਠਭੁਜਾ ਮਕਬਰਾ ਸੁਲਤਾਨ ਮੁਬਾਰਕ ਸ਼ਾਹ ਸੱਯਦ ਦੇ ਮਕਬਰੇ ਵਰਗਾ ਹੀ ਹੈ।

ਪੁਰਾਣਾ ਕਿਲ੍ਹਾ—ਇਹ ਕਿਲ੍ਹਾ ਦਿੱਲੀ-ਮਥੁਰਾ ਰੋਡ ਤੇ ਪੈਂਦੇ ਇਕ ਪ੍ਰਾਚੀਨ ਥੇਹ ਉਪਰ ਸਥਿਤ ਹੈ। ਵਿਸ਼ਵਾਸ਼ ਕੀਤਾ ਜਾਂਦਾ ਹੈ ਕਿ ਇਸ ਥੇਹ ਅੰਦਰ ਮਹਾਭਾਰਤ ਦੀ ਕਥਾ ਵਿਚ ਵਰਣਿਤ ਸ਼ਹਿਰ ਇੰਦ੍ਰਪ੍ਰਸਥ ਦਬਿਆ ਪਿਆ ਹੈ। ਇਸੇ ਕਾਰਨ ਕੁਝ ਲੋਕ ਇਸ ਨੂੰ 'ਪਾਂਡਵਾਂ ਦਾ ਕਿਲ੍ਹਾ' ਵੀ ਕਹਿੰਦੇ ਹਨ। ਕਿਲ੍ਹੇ ਅੰਦਰ ਹੋਈਆਂ ਖੁਦਾ-ਈਆਂ ਤੋਂ ਪਤਾ ਚਲਦਾ ਹੈ ਕਿ ਇਹ ਥਾਂ ਪਿਛਲੇ 3,000 ਸਾਲ ਤੋਂ ਲਗਾਤਾਰ ਵਰਤੋਂ ਵਿਚ ਰਿਹਾ ਹੈ। ਵਰਤਮਾਨ ਕਿਲ੍ਹੇ ਦੀ ਉਸਾਰੀ ਬਾਰੇ ਕੁਝ ਪੱਕੇ ਤੌਰ ਤੇ ਨਹੀਂ ਕਿਹਾ ਜਾ ਸਕਦਾ ਕਿ ਇਸ ਦੇ ਕਿਹੜੇ ਹਿੱਸੇ ਦੀ ਉਸਾਰੀ ਹੁਮਾਯੂੰ ਬਾਦਸ਼ਾਹ ਨੇ ਕਰਵਾਈ ਸੀ ਅਤੇ ਕਿਹੜੇ ਦੀ ਸ਼ੇਰਸ਼ਾਹ ਸੂਰੀ ਨੇ। ਲਗਭਗ ਦੋ ਕਿਲੋਮੀਟਰ ਲੰਮੀਆਂ ਕੰਧਾਂ ਨਾਲ ਘਿਰੇ ਇਸ ਕਿਲ੍ਹੇ ਦੇ ਤਿੰਨ ਦਰਵਾਜ਼ੇ ਹਨ ਪਰ ਹੁਣ ਪ੍ਰਵੇਸ਼ ਸਿਰਫ ਪੱਛਮੀ ਦਰਵਾਜ਼ੇ ਰਾਹੀਂ ਹੀ ਹੈ। ਕਿਲ੍ਹੇ ਅੰਦਰ ਬਚਦੀਆਂ ਇਮਾਰਤਾਂ ਵਿਚੋਂ ਪ੍ਰਮੁੱਖ ਇਕ ਮਸਜਿਦ, ਇਕ ਦੋ ਮੰਜ਼ਲੀ ਇਮਾਰਤ ਸ਼ੇਰ ਮੰਡਲ ਅਤੇ ਇਕ ਬਾਉਲੀ ਹੈ। ਸ਼ੇਰ ਮੰਡਲ ਉਹ ਇਮਾਰਤ ਹੈ ਜਿਸ ਦੀਆਂ ਪੌੜੀਆਂ ਤੋਂ ਡਿੱਗ ਕੇ ਹੁਮਾਯੂੰ ਬਾਦਸ਼ਾਹ ਦੀ ਮੌਤ ਹੋਈ ਸੀ।

ਹੁਮਾਯੂੰ ਦਾ ਮਕਬਰਾ—ਦਿੱਲੀ-ਮਥੁਰਾ ਰੋਡ ਉੱਤੇ ਹਜ਼ਰਤ ਨਿ-ਜ਼ਾਮੁੱਦੀਨ ਦੀ ਦਰਗਾਹ ਦੇ ਨੇੜੇ ਸਥਿਤ ਇਹ ਮਕਬਰਾ ਦਿੱਲੀ ਦੀਆਂ ਸਭ ਤੋਂ ਖ਼ੂਬਸੂਰਤ ਇਮਾਰਤਾਂ ਵਿਚੋਂ ਇਕ ਹੈ। ਇਸ ਦੀ ਉਸਾਰੀ, ਹੁਮਾਯੂੰ ਬਾਦਸ਼ਾਹ ਦੀ 1556 ਈ. ਵਿਚ ਹੋਈ ਮੌਤ ਤੋਂ 9 ਸਾਲ ਬਾਅਦ ਉਸ ਦੀ ਪਤਨੀ ਹਾਜੀ ਬੇਗ਼ਮ ਨੇ 1565 ਈ. ਵਿਚ ਸ਼ੁਰੂ ਕਰਵਾਈ ਸੀ ਜੋ 1571 ਈ. ਵਿਚ ਪੂਰੀ ਹੋਈ। ਇਸ ਸ਼ਾਹੀ ਮਕਬਰੇ ਦੇ ਆਰਕੀਟੈਕਟ ਦਾ ਨਾਂ ਮੀਰਕ ਸੱਯਦ ਗਿਆਸ ਜਾਂ ਮੀਰਕ ਮਿਰਜ਼ਾ ਗਿਆਸ ਸੀ।

99 ਮੀ. ਵਰਗਾਕਾਰ ਚਬੂਤਰੇ ਤੇ ਖੜੀ ਮਕਬਰੇ ਦੀ ਇਮਾਰਤ 45 ਮੀ. ਵਰਗਾਕਾਰ ਹੈ। ਇਮਾਰਤ ਦੇ ਕੋਨੇ ਕੱਟੇ ਹੋਏ ਹਨ। ਚਾਰੇ ਪਾਸਿਆਂ ਤੋਂ ਇਮਾਰਤ ਲਾਲ ਪੱਥਰ ਨਾਲ ਢੱਕੀ ਹੋਈ ਹੈ ਪਰ ਗੁੰਬਦ ਸਫ਼ੈਦ ਸੰਗਮਰਮਰ ਦਾ ਹੈ। ਸੰਗਮਰਮਰ ਦੀ ਵਰਤੋਂ ਬਾਕੀ ਹਿੱਸਿਆਂ ਉਪਰ ਸਜ਼ਾਵਟ ਲਈ ਵੀ ਕੀਤੀ ਗਈ ਹੈ। ਇਮਾਰਤ ਦੇ ਹਰ ਪਾਸੇ ਵਿਚ ਇਕ ਉੱਚੀ ਮਹਿਰਾਬ ਹੈ ਪਰ ਅੰਦਰ ਪ੍ਰਵੇਸ਼ ਸਿਰਫ ਦੱਖਣੀ ਪਾਸੇ ਵਾਲੀ ਮਹਿਰਾਬ ਵਿਚੋਂ ਦੀ ਹੈ। ਇਮਾਰਤ ਦੇ ਅੰਦਰਲੇ ਭਾਗ ਵਿਚ ਇਕ ਵੱਡਾ ਕੇਂਦਰੀ ਕਮਰਾ ਹੈ ਅਤੇ ਆਸਪਾਸ ਅੱਠ ਹੋਰ ਕਮਰੇ ਹਨ। ਮਕਬਰਾ ਇਕ ਵਿਸ਼ਾਲ ਬਾਗ ਵਿਚ ਸਥਿਤ ਹੈ ਜਿਸ ਵਿਚ ਹੁਣ ਪ੍ਰਵੇਸ਼ ਮਥੁਰਾ ਰੋਡ ਉੱਤੇ ਪੈਂਦੇ ਪੱਛਮੀ ਦਰਵਾਜ਼ੇ ਦੇ ਵਿਚੋਂ ਦੀ ਹੈ।

ਭਾਵੇਂ ਮੂਲ ਰੂਪ ਵਿਚ ਇਹ ਮਕਬਰਾ ਬਣਵਾਇਆ ਤਾਂ ਹੁਮਾਯੂੰ ਬਾਦਸ਼ਾਹ ਨੂੰ ਦਫ਼ਨ ਕਰਨ ਲਈ ਸੀ ਪਰ ਬਾਅਦ ਵਿਚ ਮੁਗ਼ਲ ਖ਼ਾਨਦਾਨ ਦੀਆਂ ਅਨੇਕਾਂ ਹੋਰ ਨਾਮਵਰ ਸ਼ਖ਼ਸੀਅਤਾਂ ਵੀ ਇਸੇ ਮਕਬਰੇ ਵਿਚ ਦਫ਼ਨ ਕੀਤੀਆਂ ਗਈਆਂ। ਇਨ੍ਹਾਂ ਵਿਚੋਂ ਪ੍ਰਮੁੱਖ ਸਨ-ਖੁਦ ਹਾਜੀ ਬੇਗ਼ਮ, ਹੁਮਾਯੂੰ ਦੀ ਦੂਜੀ ਪਤਨੀ ਹਮੀਦਾ ਬਾਨੋ ਬੇਗ਼ਮ, ਸ਼ਾਹ ਜਹਾਨ ਦਾ ਸਭ ਤੋਂ ਵੱਡਾ ਪੁੱਤਰ ਦਾਰਾ ਸ਼ਿਕੋਹ (1615-59 ਈ.), ਬਾਅਦ ਦੇ ਮੁਗ਼ਲ ਬਾਦਸ਼ਾਹ ਜਹਾਂਦਾਰ ਸ਼ਾਹ (1712-13 ਈ.), ਫ਼ਰੁਖਸਿਯਰ (1713-19 ਈ.), ਰਫੀਉੱਦ ਦਾਰਾਜ਼ਾਤ (1719 ਈ.), ਰਫੀਉੱਦ-ਦੌਲਾ (1719 ਈ.), ਆਲਮਗੀਰ ਦੂਜਾ (1754-59 ਈ.) ਆਦਿ।

ਮੁਗ਼ਲ ਭਵਨ ਦੀ ਉਸਾਰੀ ਕਲਾ ਵਿਚ ਇਸ ਮਕਬਰੇ ਦਾ ਮਹੱਤਵਪੂਰਣ ਥਾਂ ਹੈ ਕਿਉਂਕਿ ਬਾਅਦ ਵਿਚ ਤਾਜ ਮਹਿਲ ਦੀ ਇਮਾਰਤ ਵੀ ਇਸੇ ਦੇ ਨਮੂਨੇ ਦੇ ਆਧਾਰ ਉੱਤੇ ਹੀ ਤਿਆਰ ਕੀਤੀ ਗਈ ਸੀ।

ਬਾਰਾਂ-ਪੁਲਾ—ਇਹ ਦਿੱਲੀ ਵਿਚ ਇਕ ਮੁਗ਼ਲਕਾਲੀਨ ਪੁਲ ਹੈ ਜਿਹੜਾ ਕਿ ਹੁਮਾਯੂੰ ਦੇ ਮਕਬਰੇ ਤੋਂ ਡੇਢ ਕਿਲੋਮੀਟਰ ਦੂਰ ਪੁਰਾਣੀ ਮਥੁਰਾ ਰੋਡ ਉਪਰ ਸਥਿਤ ਹੈ। ਗਿਆਰਾਂ ਡਾਟਾਂ ਉੱਤੇ ਖੜ੍ਹਾ ਇਹ ਪੁਲ 195 ਮੀ. ਲੰਬਾ ਅਤੇ 14 ਮੀ. ਚੌੜਾ ਹੈ। ਇਸ ਪੁਲ ਦੀ ਉਸਾਰੀ 1030 ਹਿਜਰੀ ਅਥਵਾ 1621-22 ਈ. ਵਿਚ ਜਹਾਂਗੀਰ ਦੇ ਦਰਬਾਰ ਦੇ ਮੁੱਖ ਹੀਜੜੇ, ਮਿਹਰਬਾਨੋ ਆਗਾ ਨੇ ਕਰਵਾਈ ਸੀ।

ਲਾਲ ਕਿਲ੍ਹਾ—ਇਹ ਪੁਰਾਣੀ ਦਿੱਲੀ ਵਿਚ ਸ਼ਾਹਜਹਾਨ ਦੇ ਵਸਾਏ ਸ਼ਹਿਰ ਸ਼ਾਹਜਹਾਨਾਬਾਦ ਦੀ ਸਭ ਤੋਂ ਪ੍ਰਸਿੱਧ ਇਮਾਰਤ ਹੈ। ਇਸ ਦੀ ਨੀਂਹ 1639 ਈ. ਵਿਚ ਰੱਖੀ ਗਈ ਸੀ ਅਤੇ ਨੌਂ ਸਾਲ ਬਾਅਦ ਇਸ ਦੀ ਉਸਾਰੀ 1648 ਈ. ਵਿਚ ਮੁਕੰਮਲ ਹੋਈ ਸੀ।

ਡੂੰਘੀ ਖਾਈ ਨਾਲ ਘਿਰੀਆਂ ਕਿਲ੍ਹੇ ਦੀਆਂ 2.4 ਕਿ. ਮੀ. ਲੰਮੀਆਂ ਕੰਧਾਂ ਇਕ ਅੱਠਭੁਜਾਕਾਰ ਵਲਗਣ ਬਣਾਉਂਦੀਆਂ ਹਨ। ਕਿਲ੍ਹੇ ਵਿਚ ਪ੍ਰਵੇਸ਼ ਕਰਨ ਲਈ ਇਸ ਦੀਆਂ ਪੱਛਮੀ ਅਤੇ ਦੱਖਣੀ ਕੰਧਾਂ ਵਿਚ ਇਕ-ਇਕ ਵਿਸ਼ਾਲ ਦਰਵਾਜ਼ਾ ਹੈ ਜਿਨ੍ਹਾਂ ਨੂੰ 'ਲਾਹੌਰੀ ਗੇਟ' ਅਤੇ 'ਦਿੱਲੀ ਗੇਟ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਦੋਹਾਂ ਦਰਵਾਜ਼ਿਆਂ ਦੇ ਸਾਹਮਣੇ ਫ਼ਸੀਲ ਹੈ ਜਿਸ ਦੀ ਉਸਾਰੀ ਬਾਅਦ ਵਿਚ ਔਰੰਗਜ਼ੇਬ (1658-1707 ਈ.) ਨੇ ਕਰਵਾਈ ਸੀ। ਹੁਣ ਕਿਲ੍ਹੇ ਵਿਚ ਆਮ ਪ੍ਰਵੇਸ਼ ਲਾਹੌਰੀ ਦਰਵਾਜ਼ੇ ਵਿਚੋਂ ਦੀ ਹੈ। ਇਥੋਂ ਲੰਘ ਕੇ ਅੱਗੇ ਇਕ ਲੰਮਾ ਛੱਤਿਆ ਹੋਇਆ ਬਾਜ਼ਾਰ ਆਉਂਦਾ ਹੈ ਜਿਸ ਵਿਚ ਦੋਹੀਂ ਪਾਸੀਂ ਦੁਕਾਨਾਂ ਹਨ। ਇਸ ਬਾਜ਼ਾਰ ਦੇ ਅੱਗੇ ਇਕ ਨੌਬਤਖ਼ਾਨਾ ਜਾਂ ਨੱਕਾਰਖ਼ਾਨਾ ਹੈ ਜਿਥੇ ਵਿਸ਼ੇਸ਼ ਮੌਕਿਆਂ ਤੇ ਸੰਗੀਤ ਪੇਸ਼ ਕੀਤਾ ਜਾਂਦਾ ਸੀ। ਇਸ ਇਮਾਰਤ ਦੇ ਬਿਲਕੁਲ ਸਾਹਮਣੇ ਦੀਵਾਨੇ-ਆਮ ਦੀ ਵਿਸ਼ਾਲ ਥੰਮਾਂ ਵਾਲੀ ਇਮਾਰਤ ਹੈ ਜਿਸ ਦੀ ਪੂਰਬੀ ਦੀਵਾਰ ਵਿਚ ਬਾਦਸ਼ਾਹ ਲਈ ਸੰਗਮਰਮਰ ਦਾ ਤਖ਼ਤ ਹੈ। ਦੀਵਾਨੇ ਆਮ ਵਿਚ ਬਾਦਸ਼ਾਹ ਆਮ ਦਰਬਾਰ ਲਾਉਂਦਾ ਸੀ।

ਦੀਵਾਨੇ-ਆਮ ਦੇ ਪਿੱਛੇ ਇਕ ਵਿਸ਼ਾਲ ਬਾਗ ਹੈ ਜਿਸ ਦੀ ਪੂਰਬੀ ਕੰਧ ਦੇ ਨਾਲ-ਨਾਲ ਅਨੇਕਾਂ ਮਹਿਲ ਹਨ। ਮੁਮਤਾਜ਼ ਮਹਿਲ ਨਾਂ ਦੀ ਖ਼ੂਬਸੂਰਤ ਇਮਾਰਤ ਵਿਚ ਹੁਣ ਇਕ ਅਜਾਇਬ ਘਰ ਹੈ। ਇਸ ਤੋਂ ਇਲਾਵਾ ਰੰਗ-ਮਹਿਲ, ਦੀਵਾਨੇ-ਖ਼ਾਸ ਅਤੇ ਹਮਾਮ ਆਦਿ ਇਮਾਰਤਾਂ ਹਨ। ਸੰਗਮਰਮਰ ਦੀ ਬਣੀ ਹੋਈ ਇਥੇ ਇਕ ਮੋਤੀ ਮਸਜਿਦ ਹੈ ਜਿਸ ਦੀ ਉਸਾਰੀ ਬਾਅਦ ਵਿਚ ਔਰੰਗਜ਼ੇਬ ਨੇ ਕਰਵਾਈ ਸੀ।

ਲਾਲ ਕਿਲ੍ਹਾ ਵੀ ਹੁਣ ਯੂਨੈਸਕੋ ਦੀ ਵਿਸ਼ਵ ਵਿਰਸੇ ਪੱਖੋਂ ਸੰਭਾਲੀਆਂ ਜਾਣ ਵਾਲੀਆਂ ਥਾਵਾਂ ਦੀ ਸੂਚੀ ਵਿਚ ਦਰਜ ਹੈ।

ਜਾਮਾ ਮਸ਼ਜਿਦ—ਇਹ ਪੁਰਾਣੀ ਦਿੱਲੀ ਦੇ ਨੇੜੇ ਹੀ ਸਥਿਤ ਭਾਰਤ ਦੀ ਸਭ ਤੋਂ ਵੱਡੀ ਮਸਜਿਦ ਹੈ। ਇਸ ਦੀ ਉਸਾਰੀ ਵੀ ਸ਼ਾਹਜਹਾਨ ਨੇ ਕਰਵਾਈ ਸੀ। ਇਕ ਚਟਾਨ ਉੱਤੇ ਸਥਿਤ ਹੋਣ ਕਾਰਨ ਮਸਜਿਦ ਦਾ ਪਲੇਟ ਫਾਰਮ ਬਹੁਤ ਉੱਚਾ ਹੈ ਜਿਸ ਤੀਕ ਕਾਫ਼ੀ ਪੌੜੀਆਂ ਚੜ੍ਹ ਕੇ ਪਹੁੰਚਿਆ ਜਾਂਦਾ ਹੈ। ਮਸਜਿਦ ਦੇ ਵਿਹੜੇ ਵਿਚ ਪਹੁੰਚਣ ਲਈ ਉੱਤਰੀ, ਪੂਰਬੀ ਅਤੇ ਦੱਖਣੀ ਪਾਸਿਆਂ ਵਿਚ ਇਕ-ਇਕ ਵਿਸ਼ਾਲ ਦਰਵਾਜ਼ਾ ਹੈ। 100 ਮੀ. ਲੰਮੇ ਚੌੜੇ ਵਿਹੜੇ ਦੇ ਪੱਛਮ ਵੱਲ ਮਸਜਿਦ ਦੀ ਇਬਾਦਤਗਾਹ ਹੈ। ਲਾਲ ਪੱਥਰ ਦੀ ਇਸ ਇਮਾਰਤ ਉਪਰਲੇ ਗੁੰਬਦ ਸਫੈਦ ਸੰਗਮਰਮਰ ਦੇ ਹਨ। ਇਮਾਰਤ ਦੇ ਹਰ ਸਿਰੇ ਉੱਤੇ ਇਕ ਖ਼ੂਬਸੂਰਤ ਮੀਨਾਰ ਹੈ।

ਜੰਤਰ-ਮੰਤਰ—ਜੰਤਰ-ਮੰਤਰ ਕਨਾਟ ਪਲੇਸ ਦੇ ਨੇੜੇ ਪਾਰਲੀਮੈਂਟ ਸਟ੍ਰੀਟ ਵਿਚ ਸਥਿਤ ਹੈ। ਇਸ ਖਗੋਲ ਵਿਗਿਆਨ ਪ੍ਰੇਖਣਸ਼ਾਲਾ ਦੀ ਉਸਾਰੀ ਬਾਦਸ਼ਾਹ ਮੁਹੰਮਦ ਸ਼ਾਹ ਦੇ ਰਾਜਕਾਲ ਦੌਰਾਨ 1725 ਈ. ਦੇ ਆਸਪਾਸ ਜੈਪੁਰ ਦੇ ਮਹਾਰਾਜਾ ਸਵਾਈ ਜੈ ਸਿੰਘ ਦੂਜੇ ਨੇ ਕਰਵਾਈ ਸੀ। ਮਹਾਰਾਜਾ ਸਵਾਈ ਜੈ ਸਿੰਘ ਦੂਜੇ ਨੇ ਅਜਿਹੀਆਂ ਹੀ ਕਈ ਹੋਰ ਪ੍ਰੇਖਣਸ਼ਾਲਾਵਾਂ ਦੀ ਉਸਾਰੀ ਮਥੁਰਾ, ਉਜੈਨ, ਜੈਪੁਰ ਅਤੇ ਵਾਰਾਨਸੀ ਵਿਖੇ ਵੀ ਕਰਵਾਈ ਸੀ।

ਜੰਤਰ-ਮੰਤਰ ਵਿਚ ਇੱਟ-ਪੱਥਰ ਅਤੇ ਚੂਨੇ ਦੇ ਬਣੇ ਵਿਸ਼ਾਲ ਇਮਾਰਤਾਂ ਵਰਗੇ ਯੰਤਰ ਹਨ ਜਿਨ੍ਹਾਂ ਰਾਹੀਂ ਖਗੋਲ ਵਿਗਿਆਨ ਸਬੰਧੀ ਅਨੇਕਾਂ ਜਾਣਕਾਰੀਆਂ ਪ੍ਰਾਪਤ ਕੀਤੀਆਂ ਜਾਂਦੀਆਂ ਸਨ ਪਰ ਇਹ ਜਾਣਕਾਰੀ ਬਹੁਤੀ ਠੀਕ ਨਹੀਂ ਸੀ ਹੋ ਸਕਦੀ ਕਿਉਂਕਿ ਮਹਾਰਾਜੇ ਨੇ ਇਨ੍ਹਾਂ ਦੀ ਉਸਾਰੀ ਸੌਰ-ਮੰਡਲ ਨੂੰ ਸੂਰਜ ਕੇਂਦ੍ਰਿਤ ਹੋਣ ਦੀ ਬਜਾਏ ਧਰਤੀ-ਕੇਂਦ੍ਰਿਤ ਮੰਨ ਕੇ ਕੀਤੀ ਸੀ।

ਸਫ਼ਦਰਜੰਗ ਦਾ ਮਕਬਰਾ—ਲੋਧੀ ਗਾਰਡਨ ਦੇ ਨਜ਼ਦੀਕ ਹੀ ਸਥਿਤ ਇਹ ਮਕਬਰਾ ਮੁਗ਼ਲ ਕਾਲ ਵਿਚ ਵਿਸ਼ਾਲ ਮਕਬਰੇ ਬਣਾਉਣ ਦੀ ਪਰੰਪਰਾ ਦੀ ਅੰਤਿਮ ਮਿਸਾਲ ਹੈ। ਸਫ਼ਦਰਜੰਗ ਦਾ ਅਸਲੀ ਨਾਂ ਮਿਰਜ਼ਾ ਮੁਕੀਮ ਅਬੁਲ ਮੰਸੂਰ ਖ਼ਾਨ ਸੀ। ਉਹ ਬਾਦਸ਼ਾਹ ਮੁਹੰਮਦ ਸ਼ਾਹ ਦੇ ਰਾਜਕਾਲ ਦੌਰਾਨ ਅੱਵਧ ਦਾ ਵਾਇਸਰਾਏ ਹੁੰਦਾ ਸੀ। ਮਕਬਰੇ ਦੀ ਉਸਾਰੀ 1753-54 ਈ. ਵਿਚ ਸਫ਼ਦਰਜੰਗ ਦੇ ਪੁੱਤਰ ਸ਼ੁਜ਼ਾਉੱਦੌਲਾ ਨੇ ਕਰਵਾਈ ਸੀ। ਹੁਮਾਯੂੰ ਦੇ ਮਕਬਰੇ ਵਾਂਗ ਇਹ ਮਕਬਰਾ ਵੀ ਇਕ ਵੱਡੇ ਅਤੇ ਖ਼ੂਬਸੂਰਤ ਬਾਗ ਵਿਚ ਸਥਿਤ ਹੈ। ਇਸ ਦੀ ਇਮਾਰਤ ਲਈ ਲੋੜੀਂਦਾ ਲਾਲ ਪੱਥਰ ਅਤੇ ਸੰਗਮਰਮਰ ਅਬਦੁਲ ਰਹੀਮ ਖਾਨ ਖਾਨਾਨ ਦੇ ਮਕਬਰੇ ਨੂੰ ਉਧੇੜ ਕੇ ਪ੍ਰਾਪਤ ਕੀਤਾ ਗਿਆ ਸੀ।

ਮਿਰਜ਼ਾ ਗਾਲਿਬ ਦਾ ਮਕਬਰਾ—ਉਰਦੂ ਦੇ ਮਹਾਨ ਸ਼ਾਇਰ ਮਿਰਜ਼ਾ ਗਾਲਿਬ (1769-1869 ਈ.) ਦਾ ਸੰਗਮਰਮਰ ਦਾ ਛੋਟਾ ਜਿਹਾ ਮਕਬਰਾ ਨਿਜ਼ਾਮੁੱਦੀਨ ਦੀ ਦਰਗਾਹ ਦੇ ਨਜ਼ਦੀਕ ਹੀ ਸਥਿਤ ਹੈ।

ਆਧੁਨਿਕ ਕਾਲ ਦੇ ਸਮਾਰਕ

ਰਾਸ਼ਟਰਪਤੀ ਭਵਨ—ਰਾਸ਼ਟਰਪਤੀ ਭਵਨ, ਨਵੀਂ ਦਿੱਲੀ ਵਿਚ ਰਾਜਪਥ ਦੇ ਅਖ਼ੀਰ ਵਿਚ ਸਥਿਤ ਹੈ। ਮੁਗ਼ਲ ਬਾਗਾਂ ਦੇ ਨਮੂਨੇ ਉੱਤੇ ਬਣਾਏ ਗਏ ਵਿਸ਼ਾਲ ਬਾਗ ਵਿਚ ਸਥਿਤ ਇਹ ਇਮਾਰਤ ਅਸਲ ਵਿਚ ਬ੍ਰਿਟਿਸ਼ ਕਾਲ ਦੌਰਾਨ ਵਾਇਸਰਾਏ ਦੀ ਰਿਹਾਇਸ਼ ਲਈ ਬਣਾਈ ਗਈ ਸੀ। ਇਸ ਭਵਨ ਦਾ ਡਿਜ਼ਾਈਨ ਆਰਕੀਟੈਕਟ, ਐਡਵਿਨ ਲੁਟਯੈਨਜ਼ ਨੇ ਤਿਆਰ ਕੀਤਾ ਸੀ।

ਕੇਂਦਰੀ ਸਕੱਤਰੇਤ—ਇਹ ਇਮਾਰਤ ਰਾਸ਼ਟਰਪਤੀ ਭਵਨ ਦੇ ਵਿਚ ਹੀ ਸਥਿਤ ਹੈ। ਇਹ ਦੋ ਭਾਗਾਂ-ਉੱਤਰੀ ਅਤੇ ਦੱਖਣੀ ਬਲਾਕਾਂ ਵਿਚ ਵੰਡੀ ਹੋਈ ਹੈ। ਦੱਖਣੀ ਬਲਾਕ ਵਿਚ ਦੇਸ਼ ਦੇ ਪ੍ਰਧਾਨ ਮੰਤਰੀ

ਦਾ ਦਫ਼ਤਰ ਹੈ। ਇਸ ਇਮਾਰਤ ਦਾ ਨਮੂਨਾ ਹਰਬਰਟ ਬੇਕਰ ਨੇ ਬਣਾਇਆ ਸੀ।

ਪਾਰਲੀਮੈਂਟ ਹਾਊਸ—ਬਰਤਾਨਵੀ ਰਾਜ ਕਾਲ ਦੌਰਾਨ 1919-20 ਈ. ਵਿਚ ਤਿਆਰ ਕੀਤਾ ਗਿਆ ਇਹ ਭਵਨ ਅਸਲ ਵਿਚ ਕੌਂਸਲ ਚੈਂਬਰ ਹੁੰਦਾ ਸੀ। ਹੁਣ ਇਸ ਵਿਚ ਪਾਰਲੀਮੈਂਟ ਦੇ ਉਪਰਲੇ ਅਤੇ ਹੇਠਲੇ ਸਦਨ ਬੈਠਦੇ ਹਨ। ਇਸ ਇਮਾਰਤ ਲਈ ਗੋਲਾਕਾਰ ਨਕਸ਼ਾ ਸਰ ਐਡਵਿਨ ਲੁਟਯੈਨਜ਼ ਨੇ ਸੁਝਾਇਆ ਸੀ ਪਰ ਬਾਕੀ ਡਿਜ਼ਾਈਨ ਸਰ ਹਰਬਰਟ ਬੇਕਰ ਨੇ ਤਿਆਰ ਕੀਤਾ।

ਇੰਡੀਆ ਗੇਟ—ਕੇਂਦਰੀ ਸਕੱਤਰੇਤ ਦੇ ਬਿਲਕੁਲ ਸਾਹਮਣੇ ਖੁੱਲ੍ਹੇ ਮੈਦਾਨ ਵਿਚ ਸਥਿਤ ਇੰਡੀਆ ਗੇਟ ਅਸਲ ਵਿਚ ਇਕ ਆਲ ਇੰਡੀਆ ਵਾਰ ਮੈਮੋਰੀਅਲ ਸਮਾਰਕ ਹੈ। ਇਹ ਉਨ੍ਹਾਂ 60,000 ਭਾਰਤੀ ਸਿਪਾਹੀਆਂ ਦੀ ਯਾਦਗਾਰ ਹੈ ਜੋ ਪਹਿਲੇ ਵਿਸ਼ਵ ਯੁੱਧ ਵਿਚ ਸ਼ਹੀਦ ਹੋਏ ਸਨ। ਇਸ ਦਾ ਡਿਜ਼ਾਈਨ ਐਡਵਿਨ ਲੁਟਯੈਨਜ਼ ਨੇ ਬਣਵਾਇਆ ਅਤੇ ਇਸ ਦੀ ਉਸਾਰੀ 1931 ਈ. ਵਿਚ ਪੂਰੀ ਹੋਈ।

ਕਨਾਟ ਪਲੇਸ—ਇਹ ਨਵੀਂ ਦਿੱਲੀ ਦੀ ਕੇਂਦਰੀ ਮਾਰਕੀਟ ਹੈ। ਇਸ ਦਾ ਡਿਜ਼ਾਈਨ ਆਰਕੀਟੈਕਟ ਆਰ.ਟੀ. ਰਸੱਲ (1888-1972 ਈ.) ਨੇ ਤਿਆਰ ਕੀਤਾ ਅਤੇ ਇਸ ਦਾ ਨਾਂ ਇੰਗਲੈਂਡ ਦੇ ਬਾਦਸ਼ਾਹ ਜਾਰਜ ਪੰਜਵੇਂ ਦੇ ਅੰਕਲ ਡਿਊਕ ਆਫ਼ ਕਨਾਟ ਦੇ ਨਾਂ ਉੱਤੇ ਰੱਖਿਆ ਗਿਆ।

ਲੋਟਸ ਟੈਂਪਲ—ਨਵੀਂ ਦਿੱਲੀ ਵਿਚ ਕਾਲਕਾ ਜੀ ਵਿਖੇ ਸਥਿਤ ਇਹ ਮੰਦਰ ਬਹਾਈ ਧਰਮ ਦਾ ਕੇਂਦਰੀ ਪੂਜਾ ਸਥਾਨ ਹੈ। ਬਹਾਈ ਧਰਮ ਦੁਨੀਆ ਦੇ ਨਵੀਨਤਮ ਧਰਮਾਂ ਵਿਚੋਂ ਇਕ ਹੈ। ਇਸ ਦੇ ਸੰਸਥਾਪਕ ਈਰਾਨ ਦੇ ਬਹਾਉੱਲਾ ਨਾਮੀ ਇਕ ਮਹਾਪੁਰਸ਼ ਸਨ। ਉਨ੍ਹਾਂ ਨੇ 1844 ਈ. ਵਿਚ ਆਪਣੇ ਧਰਮ ਦਾ ਐਲਾਨ ਕੀਤਾ। 75 ਸਾਲ ਦੀ ਉਮਰ ਵਿਚ 1892 ਈ. ਵਿਚ ਉਨ੍ਹਾਂ ਦਾ ਦੇਹਾਂਤ ਹੋ ਗਿਆ।

ਕਮਲ ਦੇ ਫੁੱਲ ਦੇ ਆਕਾਰ ਵਿਚ ਬਣਿਆ ਇਹ ਮੰਦਰ ਸੰਗ-ਮਰਮਰ ਦਾ ਹੈ। ਇਸ ਦਾ ਡਿਜ਼ਾਈਨ ਕੈਨੇਡਾ ਵਿਚ ਵੱਸੇ ਇਕ ਈਰਾਨੀ ਆਰਕੀਟੈਕਟ ਫਰੀਬਰਜ਼ ਸਹਬਾ ਨੇ ਤਿਆਰ ਕੀਤਾ। ਇਸ ਨੂੰ 1986 ਈ. ਵਿਚ ਕ੍ਰਿਸਮਿਸ ਦੇ ਦਿਨ ਲੋਕਾਂ ਲਈ ਖੋਲ੍ਹਿਆ ਗਿਆ।

ਬੈਲਜੀਅਨ ਦੂਤਾਵਾਸ—ਚਾਣਕਿਆਪੁਰੀ ਵਿਚ ਸਥਿਤ ਬੈਲ-ਜੀਅਨ ਦੂਤਾਵਾਸ ਦੀ ਖ਼ੂਬਸੂਰਤ ਇਮਾਰਤ ਨੂੰ ਵੀਹਵੀਂ ਸਦੀ ਦੀਆਂ ਬੇਹਤਰੀਨ ਇਮਾਰਤਾਂ ਵਿਚ ਗਿਣਿਆਂ ਜਾਂਦਾ ਹੈ। ਇਸ ਇਮਾਰਤ ਦਾ ਡਿਜ਼ਾਈਨ ਭਾਰਤ ਦੇ ਉੱਘੇ ਚਿੱਤਰਕਾਰ, ਮੂਰਤੀਕਾਰ ਅਤੇ ਆਰਕੀਟੈਕਟ ਸਤੀਸ਼ ਗੁਜਰਾਲ ਨੇ ਤਿਆਰ ਕੀਤਾ।

ਗੁਰਦੁਆਰੇ

ਗੁਰਦੁਆਰਾ ਮਜਨੂੰ ਦਾ ਟਿੱਲਾ—ਇਹ ਗੁਰਦੁਆਰਾ ਦਿੱਲੀ ਵਿਚ ਨੈਸ਼ਨਲ ਹਾਈਵੇ ਨੰਬਰ 1 ਉੱਤੇ ਸਥਿਤ ਅਹੁਣਾ ਨਗਰ ਦੇ ਨਜ਼ਦੀਕ ਹੈ। ਕਿਹਾ ਜਾਂਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਹਰਿਗੋਬਿੰਦ ਜੀ ਆਪਣੀ ਦਿੱਲੀ ਫੇਰੀ ਦੌਰਾਨ ਇਸ ਸਥਾਨ ਉੱਤੇ ਠਹਿਰੇ ਸਨ। ਬਾਦਸ਼ਾਹ ਔਰੰਗਜ਼ੇਬ ਦੇ ਦਰਬਾਰ ਵਿਚ ਰਹਿਣ ਸਮੇਂ ਬਾਬਾ ਰਾਮ ਰਾਏ ਦਾ ਨਿਵਾਸ ਵੀ ਇਥੇ ਹੀ ਰਿਹਾ ਸੀ।

ਗੁਰਦੁਆਰਾ ਬੰਗਲਾ ਸਾਹਿਬ—ਇਹ ਗੁਰਦੁਆਰਾ ਨਵੀਂ ਦਿੱਲੀ ਵਿਚ ਗੋਲ ਡਾਕਖਾਨੇ ਦੇ ਨਜ਼ਦੀਕ ਅਸ਼ੋਕ ਰੋਡ ਤੇ ਸਥਿਤ ਹੈ। ਬਾਦਸ਼ਾਹ ਔਰੰਗਜ਼ੇਬ ਦੇ ਸੱਦੇ ਤੇ ਜਦੋਂ ਅੱਠਵੇਂ ਗੁਰੂ ਹਰਿ ਕ੍ਰਿਸ਼ਨ ਜੀ ਦਿੱਲੀ ਆਏ ਤਾਂ ਉਹ ਇਸ ਸਥਾਨ ਉੱਤੇ ਸਥਿਤ ਮਿਰਜ਼ਾ ਰਾਜਾ ਜੈ ਸਿੰਘ ਦੀ ਹਵੇਲੀ ਵਿਚ ਠਹਿਰੇ ਸਨ। ਇਸ ਹਵੇਲੀ ਦੀ ਥਾਂ ਹੁਣ ਇਹ ਗੁਰਦੁਆਰਾ ਹੈ।

ਗੁਰਦੁਆਰਾ ਬਾਲਾ ਸਾਹਿਬ—ਇਹ ਗੁਰਦੁਆਰਾ ਦਿੱਲੀ ਦੇ ਨਿਜ਼ਾਮੁੱਦੀਨ ਸਟੇਸ਼ਨ ਨੇੜੇ ਸਿਧਾਰਥਨਗਰ ਐਕਸਟੈਨਸ਼ਨ ਵਿਚ ਸਥਿਤ ਹੈ। ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੀ 30 ਮਾਰਚ, 1664 ਨੂੰ ਚੇਚਕ ਨਾਲ ਮ੍ਰਿਤੂ ਹੋ ਜਾਣ ਬਾਅਦ ਉਹਨਾਂ ਦੇ ਸਰੀਰ ਦਾ ਅੰਤਮ ਸੰਸਕਾਰ ਇਸ ਥਾਂ ਤੇ ਕੀਤਾ ਗਿਆ ਸੀ। ਬਾਅਦ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਸੁਪਤਨੀਆਂ ਮਾਤਾ ਸਾਹਿਬ ਕੌਰ ਅਤੇ ਮਾਤਾ ਸੁੰਦਰੀ ਜੀ ਦਾ ਅੰਤਿਮ ਸੰਸਕਾਰ ਵੀ ਇਸੇ ਜਗ੍ਹਾ ਕੀਤਾ ਗਿਆ ਸੀ।

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੀ ਛੋਟੀ ਉਮਰ ਕਾਰਨ ਆਪ ਨੂੰ ਬਾਲਾ ਗੁਰੂ ਜਾਂ ਬਾਲਾ ਪੀਰ ਵੀ ਕਿਹਾ ਜਾਂਦਾ ਸੀ, ਇਸੇ ਲਈ ਇਸ ਗੁਰਦੁਆਰੇ ਦਾ ਨਾਂ ਗੁਰਦੁਆਰਾ ਬਾਲਾ ਸਾਹਿਬ ਪੈ ਗਿਆ।

ਗੁਰਦੁਆਰਾ ਸੀਸ ਗੰਜ—ਦਿੱਲੀ ਦਾ ਇਹ ਸਭ ਤੋਂ ਪ੍ਰਸਿੱਧ ਗੁਰਦੁਆਰਾ ਲਾਲ ਕਿਲੇ ਦੇ ਨਜ਼ਦੀਕ ਚਾਂਦਨੀ ਚੌਕ ਵਿਚ ਸਥਿਤ ਹੈ। ਇਸ ਥਾਂ ਉੱਤੇ 1675 ਈ. ਵਿਚ ਬਾਦਸ਼ਾਹ ਔਰੰਗਜ਼ੇਬ ਦੇ ਹੁਕਮ ਤੇ ਨੌਵੇਂ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕੀਤਾ ਗਿਆ ਸੀ। ਇਸ ਥਾਂ ਤੇ ਪਹਿਲੇ ਗੁਰਦੁਆਰੇ ਦੀ ਉਸਾਰੀ ਕਰੋੜਸਿੰਘੀਆ ਮਿਸਲ ਵਿਚੋਂ ਝਬਾਲ (ਜ਼ਿਲ੍ਹਾ ਅੰਮ੍ਰਿਤਸਰ) ਦੇ ਸਰਦਾਰ ਬਘੇਲ ਸਿੰਘ ਨੇ ਕਰਵਾਈ ਸੀ ਫਿਰ 1857 ਈ. ਦੇ ਗਦਰ ਦੇ ਅੰਤ ਵਿਚ ਜੀਂਦ ਦੇ ਰਾਜਾ ਸਰੂਪ ਸਿੰਘ ਨੇ ਗੁਰਦੁਆਰੇ ਦੀ ਇਮਾਰਤ ਬਣਵਾਈ।

ਗੁਰਦੁਆਰਾ ਰਕਾਬ ਗੰਜ—ਇਹ-ਗੁਰਦੁਆਰਾ ਨਵੀਂ ਦਿੱਲੀ ਵਿਚ ਪਾਰਲੀਮੈਂਟ ਹਾਊਸ ਦੇ ਨਜ਼ਦੀਕ ਸਥਿਤ ਹੈ। ਜਦੋਂ ਚਾਂਦਨੀ ਚੌਕ ਵਿਚ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ ਤਾਂ ਉਸ ਪਾਸਿਓਂ ਗੁਰੂ ਜੀ ਦੇ ਇਕ ਸ਼ਰਧਾਲੂ ਵਪਾਰੀ, ਲੱਖੀ ਸ਼ਾਹ ਦਾ ਕਾਫਲਾ ਲੰਘ ਰਿਹਾ ਸੀ ਉਹ ਗੁਰੂ ਜੀ ਦੇ ਧੜ ਨੂੰ ਰਕਾਬ ਗੰਜ ਵਿਖੇ ਆਪਣੀ ਹਵੇਲੀ ਵਿਚ ਲੈ ਗਏ ਅਤੇ ਉਥੇ ਹੀ ਉਸ ਦਾ ਸਸਕਾਰ ਕਰ ਦਿੱਤਾ। ਇਸੈ ਥਾਂ ਦੀ ਯਾਦਗਾਰ ਗੁਰਦੁਆਰਾ ਰਕਾਬ ਗੰਜ ਹੈ।

ਗੁਰਦੁਆਰਾ ਮੋਤੀ ਬਾਗ਼—ਜਦੋਂ ਔਰੰਗਜ਼ੇਬ ਦੀ ਮੌਤ ਤੋਂ ਬਾਅਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਾਦਸ਼ਾਹ ਦੇ ਬੇਟੇ ਮੁਅੱਜ਼ਮ ਨੂੰ ਮਿਲਣ ਦਿੱਲੀ ਆਏ ਤਾਂ ਉਹ ਇਸ ਥਾਂ ਉੱਤੇ ਠਹਿਰੇ ਸਨ ਜਿਥੇ ਹੁਣ ਗੁਰਦੁਆਰਾ ਮੋਤੀ ਬਾਗ਼ ਹੈ।

ਗੁਰਦੁਆਰਾ ਦਮਦਮਾ ਸਾਹਿਬ—ਇਹ ਗੁਰਦੁਆਰਾ ਦਿੱਲੀ ਵਿਚ ਹੁਮਾਯੂੰ ਦੇ ਮਕਬਰੇ ਕੋਲ ਸਥਿਤ ਹੈ। ਇਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਪਹਿਲੇ ਦੀ ਮੁਲਾਕਾਤ ਹੋਈ ਦੱਸੀ ਜਾਂਦੀ ਹੈ।

ਗੁਰਦੁਆਰਾ ਮਾਤਾ ਸੁੰਦਰੀ—ਇਹ ਗੁਰਦੁਆਰਾ ਦਿੱਲੀ ਵਿਚ ਤੁਰਕਮਾਨ ਗੇਟ ਦੇ ਬਾਹਰ ਉਸ ਥਾਂ ਤੇ ਸਥਿਤ ਹੈ ਜਿਥੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਸੁਪਤਨੀਆਂ-ਮਾਤਾ ਸੁੰਦਰੀ ਅਤੇ ਮਾਤਾ ਸਾਹਿਬ ਕੌਰ ਜੀ ਆਪਣੇ ਦੇਹਾਂਤ ਤੀਕ ਨਿਵਾਸ ਕਰਦੇ ਰਹੇ ਸਨ।

—ਡਾ. ਸੁਭਾਸ਼ ਪਰਿਹਾਰ

ਦਿੱਲੀ ਦੇ ਸੁਲਤਾਨ : ਉੱਤਰੀ ਭਾਰਤ ਉੱਤੇ ਮੱਧ ਕਾਲ ਵਿਚ ਤੇਰ੍ਹਵੀਂ ਤੋਂ ਸੋਲਵੀਂ ਸਦੀ ਦੌਰਾਨ ਰਾਜ ਕਰਨ ਵਾਲੇ ਮੁਸਲਮਾਨ ਹੁਕਮਰਾਨਾਂ ਨੂੰ ਸੁਲਤਾਨਾਂ ਦੇ ਨਾਉਂ ਨਾਲ ਜਾਣਿਆ ਜਾਂਦਾ ਹੈ। ਇਸ ਕਾਲ ਵਿਚ ਵੱਖ ਵੱਖ ਬੰਸਾਂ ਨੇ ਸ਼ਾਸਨ ਕੀਤਾ। ਇਨ੍ਹਾਂ ਦੀ ਇਤਿ-ਹਾਸਕ ਚਰਚਾ ਨਿਮਨ ਅਨੁਸਾਰ ਹੈ :—

ਗ਼ੁਲਾਮ ਬੰਸ—ਦਿੱਲੀ ਸਲਤਨਤ ਦੀ ਨੀਂਹ 1175 ਤੋਂ 1205 ਈ. ਦਰਮਿਆਨ ਗ਼ੌਰ ਦੇ ਸੁਲਤਾਨ, ਗਿਆਸੁੱਦੀਨ ਦੇ ਭਰਾ ਮੁਹੰਮਦ ਗ਼ੌਰੀ ਅਤੇ ਉਸ ਦੇ ਨਾਇਬ ਕੁਤਬੁੱਦੀਨ ਐਬਕ ਦੇ

ਹਮਲਿਆਂ ਨਾਲ ਰੱਖੀ ਗਈ। ਸੰਨ 1192 ਵਿਚ ਤਰਾਵੜੀ ਅਤੇ 1194 ਈ. ਵਿਚ ਚੰਦਾਵਰ ਦੀਆਂ ਲੜਾਈਆਂ ਵਿਚ ਇਨ੍ਹਾਂ ਨੂੰ ਭਾਰਤੀ ਰਾਜਿਆਂ ਉਪਰ ਪ੍ਰਾਪਤ ਹੋਈਆਂ ਜਿੱਤਾਂ ਨਾਲ ਆਪਣਾ ਰਾਜ ਸਥਾਪਿਤ ਕਰਨ ਦਾ ਅਵਸਰ ਪ੍ਰਾਪਤ ਹੋਇਆ। ਮੁਹੰਮਦ ਗ਼ੌਰੀ ਦਿੱਲੀ ਨੂੰ ਆਪਣੇ ਨਾਇਬ ਕੁਤਬੁੱਦੀਨ ਦੇ ਹਵਾਲੇ ਕਰਕੇ ਆਪ ਆਪਣੇ ਦੇਸ਼ ਪਰਤ ਗਿਆ। ਮੁਹੰਮਦ ਗ਼ੌਰੀ ਦੀ ਮੌਤ ਹੋਣ ਤੇ ਕੁਤਬੁੱਦੀਨ ਨੇ ਆਪਣੇ ਆਪ ਨੂੰ ਦਿੱਲੀ ਦਾ ਬਾਦਸ਼ਾਹ ਐਲਾਨ ਕਰ ਦਿੱਤਾ। ਤੁਰਕੀ ਅਮੀਰਾਂ ਅਤੇ ਜਰਨੈਲਾਂ ਨੇ ਇਸ ਦੀ ਪੂਰੀ ਹਿਮਾਇਤ ਕੀਤੀ ਅਤੇ ਗ਼ੌਰ ਦੇ ਸਰਦਾਰ ਵੱਲੋਂ ਵੀ ਇਸ ਨੂੰ ਮਨਜ਼ੂਰੀ ਪ੍ਰਾਪਤ ਹੋ ਗਈ। ਕੁਤਬੁੱਦੀਨ ਨੂੰ ਗ਼ਜ਼ਨੀ ਦੇ ਸੁਲਤਾਨ ਮੁਇੱਜ਼ੁਦੀਨ ਨੇ ਬਤੌਰ ਇਕ ਗ਼ੁਲਾਮ ਖਰੀਦਿਆ ਸੀ ਇਸ ਕਾਰਨ ਇਸ ਦੇ ਰਾਜ ਨੂੰ ਗ਼ੁਲਾਮ ਬੰਸ ਦੇ ਨਾਉਂ ਨਾਲ ਜਾਣਿਆ ਜਾਣ ਲੱਗਾ। ਸੰਨ 1210 ਵਿਚ ਇਸ ਦੀ ਮੌਤ ਹੋਈ ਅਤੇ ਇਸ ਦਾ ਹੀ ਇਕ ਗ਼ੁਲਾਮ, ਅਲਤਮਸ਼ ਆਪਣੀ ਯੋਗਤਾ ਸਦਕਾ ਬਾਦਸ਼ਾਹ ਬਣਿਆ। ਇਸ ਨੂੰ ਗੱਦੀ ਹਾਸਿਲ ਕਰਨ ਉਪਰੰਤ ਯਲਦੋਜ਼ ਅਤੇ ਕੁਬਾਇਚਾ ਵਰਗੇ ਤਾਕਤਵਰ ਦੁਸ਼ਮਣਾਂ ਦਾ ਮੁਕਾਬਲਾ ਕਰਨਾ ਪਿਆ ਜਿਹੜੇ ਕਿ ਦਿੱਲੀ ਦੇ ਤਖ਼ਤ ਉਪਰ ਆਪਣਾ ਹੱਕ ਸਮਝਦੇ ਸਨ। ਦੂਜੇ ਪਾਸੇ ਹਿੰਦੂ ਰਜਵਾੜੇ ਵੀ ਆਪਣਾ ਰਾਜ ਮੁੜ ਪ੍ਰਾਪਤ ਕਰਨ ਲਈ ਯਤਨ ਕਰ ਰਹੇ ਸਨ। ਹੌਲੀ ਹੌਲੀ ਅਲਤਮਸ਼ ਨੇ ਇਨ੍ਹਾਂ ਸਾਰੀਆਂ ਔਕੜਾਂ ਦਾ ਮੁਕਾਬਲਾ ਕਰ ਕੇ ਆਪਣਾ ਰਾਜ ਸਥਾਪਿਤ ਕਰ ਲਿਆ। ਇਸ ਨੇ ਕੁਤਬੁੱਦੀਨ ਐਬਕ ਦੁਆਰਾ ਰਾਜ ਦੀ ਨੀਂਹ ਨੂੰ ਇਕ ਮਜ਼ਬੂਤ ਸਲਤਨਤ ਵਿਚ ਤਬਦੀਲ ਕਰ ਦਿੱਤਾ। ਇਸ ਸ਼ਾਸਕ ਦੀ 1235 ਈ. ਵਿਚ ਮੌਤ ਹੋ ਗਈ।

ਅਲਤਮਸ਼ ਦੇ ਵਾਰਸਾਂ ਵਿਚੋਂ ਉਸ ਦੀ ਧੀ ਰਜ਼ੀਆ ਹੀ ਤਖ਼ਤ ਦੇ ਯੋਗ ਸੀ। ਇਸ ਲਈ ਸੁਲਤਾਨ ਅਲਤਮਸ਼ ਨੇ ਰਜ਼ੀਆ ਨੂੰ ਰਾਜਕੁਮਾਰਾਂ ਵਾਲੀ ਹਰ ਤਾਲੀਮ ਮੁਹੱਈਆ ਕੀਤੀ ਅਤੇ ਮਰਨ ਤੋਂ ਪਹਿਲਾਂ ਇਸ ਨੂੰ ਤਖ਼ਤ ਦਾ ਵਾਰਸ ਐਲਾਨ ਕੀਤਾ। ਤੁਰਕੀ ਸਰਦਾਰਾਂ ਨੂੰ ਔਰਤ ਦੀ ਮਾਤਹਿਤੀ ਕਰਨ ਵਿਚ ਆਪਣਾ ਵੱਡਾ ਅਪਮਾਨ ਲੱਗਦਾ ਸੀ। ਇਸ ਲਈ ਰਜ਼ੀਆ ਵਿਰੁੱਧ ਸਾਜ਼ਸ਼ਾਂ ਹੋਣ ਲੱਗੀਆਂ ਅਤੇ ਅਲਤਮਸ਼ ਦੇ ਸਭ ਤੋਂ ਵੱਡੇ ਲੜਕੇ ਰੁਕਨੁਦੀਨ ਜਿਹੜਾ ਕਿ ਅੱਵਲ ਦਰਜੇ ਦਾ ਅਯਾਸ਼ ਸੀ, ਨੂੰ ਤਖ਼ਤ ਤੇ ਬਿਠਾ ਦਿੱਤਾ ਪਰ ਰਾਜ ਦੀ ਅਸਲੀ ਵਾਗਡੋਰ ਉਸ ਦੀ ਮਾਂ ਸ਼ਾਹ ਤੁਰਕਾਨ ਦੇ ਹੱਥਾਂ ਵਿਚ ਰਹੀ। ਸ਼ਾਹ ਤੁਰਕਾਨ ਨੇ ਆਪਣੇ ਸੁਲਤਾਨ ਪੁੱਤਰ ਦੀ ਮਦਦ ਨਾਲ ਅਲਤਮਸ਼ ਦੇ ਛੋਟੇ ਸ਼ਹਿਜ਼ਾਦੇ ਕੁਤਬੁੱਦੀਨ ਦਾ ਕਤਲ ਕਰਵਾ ਕੇ ਤੁਰਕੀ ਸਰਦਾਰਾਂ ਤੇ ਅਮੀਰਾਂ ਦੀ ਹਮਾਇਤ ਗੁਆ ਲਈ। ਜਗ੍ਹਾ ਜਗ੍ਹਾ ਤੇ ਬਗਾਵਤਾਂ ਹੋਣ ਲਗੀਆਂ। ਅਜਿਹੇ ਸਮੇਂ ਨੂੰ ਰਜ਼ੀਆ ਨੇ ਆਪਣੇ ਹਮਾਇਤੀਆਂ ਦੀ ਮਦਦ ਨਾਲ ਸੰਭਾਲਿਆ ਅਤੇ 1236 ਈ. ਨੂੰ ਦਿੱਲੀ ਦਾ ਤਖ਼ਤ ਹਾਸਲ ਕਰ ਲਿਆ। ਸੰਨ 1240 ਵਿਚ ਇਸ ਨੂੰ ਕਤਲ ਕਰ ਦਿੱਤਾ ਗਿਆ। ਬਾਅਦ ਵਿਚ 1246 ਈ. ਵਿਚ ਅਲਤਮਸ਼ ਦੇ ਛੋਟੇ ਸ਼ਹਿਜ਼ਾਦੇ ਨਾਸਿਰੁੱਦੀਨ ਮਹਿਮੂਦ ਸ਼ਾਹ ਨੂੰ ਦਿੱਲੀ ਦੇ ਤਖ਼ਤ ਤੇ ਬਿਠਾ ਦਿੱਤਾ ਗਿਆ। ਇਹ ਬਹੁਤ ਹੀ ਰਹਿਮ ਦਿਲ ਨੇਕ ਅਤੇ ਦਰਵੇਸ਼ ਵਿਅਕਤੀ ਸੀ। ਰਾਜਸੀ ਕੰਮਾਂ ਵਿਚ ਉਸ ਨੂੰ ਕੋਈ ਦਿਲਚਸਪੀ ਨਹੀਂ ਸੀ। ਮੰਗੋਲਾਂ ਨੇ ਸਮੇਂ ਦਾ ਲਾਭ ਉਠਾ ਕੇ ਦਿੱਲੀ ਵੱਲ ਦੁਬਾਰਾ ਰੁਖ ਕਰ ਲਿਆ। ਇਸ ਵੇਲੇ ਸੁਲਤਾਨ ਦੇ ਇਕ ਦਰਬਾਰੀ ਬਲਬਨ ਨੇ ਫ਼ੌਜ ਲੈ ਕੇ ਮੰਗੋਲਾਂ ਦਾ ਮੁਕਾਬਲਾ ਕੀਤਾ ਅਤੇ ਸ਼ਾਨਦਾਰ ਜਿੱਤ ਹਾਸਲ ਕੀਤੀ। ਸੁਲਤਾਨ ਨਾਸਿਰੁੱਦੀਨ ਦੇ ਕਾਲ ਵਿਚ ਇਸ ਨੇ ਹੋਰ ਵੀ ਕਈ ਸ਼ਾਨਦਾਰ ਜਿੱਤਾਂ ਹਾਸਲ ਕੀਤੀਆਂ ਅਤੇ ਦਿੱਲੀ ਦੇ ਡਾਂਵਾਡੋਲ ਹੋਏ ਤਖ਼ਤ ਨੂੰ ਸੰਭਾਲਿਆ। ਸੰਨ 1266 ਵਿਚ ਸੁਲਤਾਨ ਨਾਸਿਰੁੱਦੀਨ ਦੀ ਮੌਤ ਉਪਰੰਤ ਗਿਆਸੁੱਦੀਨ ਬਲਬਨ ਦਿੱਲੀ ਦੇ ਤਖ਼ਤ ਤੇ ਬੈਠਾ। ਇਸ ਦੇ ਰਾਜਕਾਲ ਵਿਚ ਨਾ ਕੇਵਲ ਰਾਜ ਦਾ ਵਾਧਾ ਹੀ ਹੋਇਆ ਸਗੋਂ ਲੋਕਾਂ ਵਿਚ ਅਮਨ ਵੀ ਬਹਾਲ ਹੋਇਆ। ਇਸ ਨੇ ਫ਼ੌਜ ਨੂੰ ਵਧੇਰੇ ਯੋਗ ਬਣਾਉਣ ਦੇ ਕਈ ਯਤਨ ਕੀਤੇ। 20 ਸਾਲ ਰਾਜ ਕਰਨ ਮਗਰੋਂ 1286 ਈ. ਵਿਚ ਇਸ ਦੀ ਮੌਤ ਹੋ ਗਈ।

ਇਸ ਦੇ ਵਾਰਸਾਂ ਵਿਚੋਂ ਕੋਈ ਵੀ ਅਜਿਹਾ ਨਹੀਂ ਸੀ ਜਿਹੜਾ ਇਸ ਦੁਆਰਾ ਸਥਾਪਿਤ ਕੀਤੇ ਵਿਸ਼ਾਲ ਰਾਜ ਨੂੰ ਸੰਭਾਲ ਸਕਦਾ। ਇਸ ਉਪਰੰਤ ਗੁਲਾਮ ਬੰਸ ਦਾ ਵੀ ਅੰਤ ਹੋ ਗਿਆ।

ਖਿਲਜੀ ਬੰਸ—ਸੰਨ 1290 ਵਿਚ ਦਿੱਲੀ ਦਾ ਤਖ਼ਤ 'ਖ਼ਿਲਜੀ ਤੁਰਕਾਂ' ਦੇ ਹੱਥਾਂ ਵਿਚ ਆਇਆ। ਸੁਲਤਾਨ ਜਲਾਲੁੱਦੀਨ ਇਕ ਨੇਕ ਦਿਲ ਇਨਸਾਨ ਸੀ ਪਰ 13ਵੀਂ ਸਦੀ ਦੇ ਸੁਲਤਾਨਾਂ ਵਾਲੀਆਂ ਯੋਗਤਾਵਾਂ ਤੋਂ ਇਹ ਵਾਂਝਾ ਸੀ। ਇਸ ਵਕਤ ਉਸ ਦੀ ਉਮਰ ਸੱਤਰਾਂ ਵਰ੍ਹਿਆਂ ਦੀ ਹੋਣ ਕਾਰਨ ਇਹ ਖ਼ੂਨ-ਖਰਾਬੇ ਅਤੇ ਜੰਗਾਂ ਦੇ ਹੱਕ ਵਿਚ ਵੀ ਨਹੀਂ ਸੀ। ਇਸ ਨੇ ਗ਼ੁਲਾਮ ਸਲਤਨਤ ਦੇ ਬਚੇ ਹੋਏ ਵਾਰਸਾਂ ਨਾਲ ਵੀ ਚੰਗਾ ਵਰਤਾਓ ਕੀਤਾ ਅਤੇ ਉਨ੍ਹਾਂ ਦੇ ਦਰਬਾਰੀਆਂ ਨੂੰ ਵੀ ਚੰਗੇ ਅਹੁਦਿਆਂ ਤੇ ਕਾਇਮ ਰੱਖਿਆ। ਇਸ ਨਾਲ ਇਹ ਲੋਕਾਂ ਦਾ ਦਿਲ ਜਿੱਤਣ ਵਿਚ ਕਾਫ਼ੀ ਕਾਮਯਾਬ ਹੋਇਆ।

ਇਸ ਦੀ ਨੇਕ ਦਿਲੀ ਦਾ ਫ਼ਾਇਦਾ ਉਠਾਉਂਦਿਆਂ ਹੋਇਆਂ ਕੜਾ ਦੇ ਗਵਰਨਰ, ਮਲਿਕ ਚੱਜੂ ਨੇ ਸੁਲਤਾਨ ਵਿਰੁੱਧ ਬਗਾਵਤ ਕਰਕੇ ਆਪਣੇ ਨਾਂ ਖੁਤਬਾ ਪੜ੍ਹਵਾਇਆ। ਇਸ ਨਾਲ ਬਲਬਨ ਦਾ ਪੁੱਤਰ ਜਿਸ ਕੋਲ ਅੱਵਧ ਦੀ ਜਾਗੀਰ ਸੀ, ਵੀ ਰਲ ਗਿਆ। ਗਵਰਨਰ ਨੇ ਮੁਗੀਜ਼-ਉ-ਦੀਨ ਦੀ ਉਪਾਧੀ ਧਾਰਨ ਕੀਤੀ ਅਤੇ ਫ਼ੌਜਾਂ ਲੈ ਕੇ ਦਿੱਲੀ ਵੱਲ ਵਧਿਆ। ਸੁਲਤਾਨ ਵੀ ਮੁਕਾਬਲੇ ਲਈ ਫ਼ੌਜਾਂ ਲੈ ਕੇ ਅੱਗੇ ਵਧਿਆ। ਅੰਤ ਵਿਚ ਮਲਿਕ ਚੱਜੂ ਨੂੰ ਹਾਰ ਹੋਈ। ਉਹ ਪਕੜਿਆ ਗਿਆ ਪਰ ਸੁਲਤਾਨ ਨੇ ਨਾ ਕੇਵਲ ਉਸ ਨੂੰ ਮੁਆਫ਼ ਹੀ ਕੀਤਾ ਸਗੋਂ ਉਸ ਨੂੰ ਮੁਲਤਾਨ ਭੇਜ ਦਿੱਤਾ ਜਿਥੇ ਉਸ ਦਾ ਪੂਰਾ ਸੁਆਗਤ ਕੀਤਾ ਗਿਆ। ਮੁਲਤਾਨ ਦੇ ਵਜ਼ੀਰ ਅਹਿਮਦਚੈਪ ਨੇ ਸੁਲਤਾਨ ਨੂੰ ਅਜਿਹੀ ਨਰਮ ਨੀਤੀ ਅਪਣਾਉਣ ਤੋਂ ਵਰਜਿਆ ਪਰ ਇਹ ਸਫ਼ਲ ਨਾ ਹੋਇਆ।

ਸੁਲਤਾਨ ਦਾ ਭਤੀਜਾ ਅਲਾਉੱਦੀਨ ਕੜਾ ਦਾ ਗਵਰਨਰ ਨਿਯੁਕਤ ਹੋਇਆ। ਸੰਨ 1296 ਵਿਚ ਇਸ ਨੇ ਦੇਵਗਿਰੀ ਦੇ ਰਾਜਾ ਰਾਮ ਚੰਦਰ ਨੂੰ ਚਲਾਕੀ ਨਾਲ ਫ਼ਤਹਿ ਕੀਤਾ ਅਤੇ ਉਥੋਂ ਬੇਸ਼ੁਮਾਰ ਧਨ ਹਾਸਲ ਕੀਤਾ। ਰਾਮ ਚੰਦਰ ਨੇ ਅਲਾਉੱਦੀਨ ਨਾਲ ਸੰਧੀ ਕਰ ਲਈ ਅਤੇ ਅਲਾਉੱਦੀਨ ਕੜਾ ਵਾਪਸ ਆ ਗਿਆ। ਸੁਲਤਾਨ ਜਲਾਲੁੱਦੀਨ ਆਪਣੇ ਭਤੀਜੇ ਦੀ ਸ਼ਾਨਦਾਰ ਜਿੱਤ ਤੇ ਬਹੁਤ ਖ਼ੁਸ਼ ਹੋਇਆ ਅਤੇ ਅਲਾਉੱਦੀਨ ਨੂੰ ਮਿਲਣ ਦੀ ਇੱਛਾ ਪ੍ਰਗਟ ਕੀਤੀ ਪਰ ਅਲਾਉੱਦੀਨ ਦੀ ਨੀਅਤ ਠੀਕ ਨਹੀਂ ਸੀ। ਉਹ ਸਾਰੇ ਤਖ਼ਤ ਨੂੰ ਹੜੱਪਣਾ ਚਾਹੁੰਦਾ ਸੀ। ਅਲਾਉੱਦੀਨ ਦੀਆਂ ਤਖ਼ਤ ਹੜੱਪਣ ਦੀਆਂ ਗੱਲਾਂ ਤੇ ਸੁਲਤਾਨ ਨੂੰ ਯਕੀਨ ਨਾ ਆਇਆ ਅਤੇ ਉਹ ਕੁਝ ਸਿਪਾਹੀਆਂ ਨਾਲ ਆਪ ਕੜਾ ਪਹੁੰਚਿਆ। ਸੁਲਤਾਨ ਜਦੋਂ ਆਪਣੇ ਭਤੀਜੇ ਨੂੰ ਮਿਲ ਰਿਹਾ ਸੀ ਤਾਂ ਅਲਾਉੱਦੀਨ ਦਾ ਇਸ਼ਾਰਾ ਵੇਖ ਕੇ ਉਸ ਦੇ ਇਕ ਵਫ਼ਾਦਾਰ ਅਫ਼ਸਰ ਨੇ ਸੁਲਤਾਨ ਉਪਰ ਹਮਲਾ ਕਰ ਕੇ ਉਸ ਦਾ ਸਿਰ ਲਾਹ ਦਿੱਤਾ। ਸ਼ਾਹੀ ਫ਼ੌਜ ਤੇ ਵੀ ਅਚਾਨਕ ਹਮਲਾ ਹੋ ਗਿਆ। ਸੁਲਤਾਨ ਦਾ ਸਿਰ ਸਾਰੇ ਸਿਪਾਹੀਆਂ ਵਿਚ ਘੁਮਾ ਕੇ ਉਨ੍ਹਾਂ ਵਿਚ ਦਹਿਸ਼ਤ ਪੈਦਾ ਕੀਤੀ ਗਈ। ਸੰਨ 1296 ਵਿਚ ਅਲਾਉੱਦੀਨ ਨੇ ਆਪਣੇ ਆਪ ਨੂੰ ਦਿੱਲੀ ਦਾ ਸੁਲਤਾਨ ਐਲਾਨ ਕਰ ਦਿੱਤਾ।

ਇਸ ਸਮੇਂ ਅਲਾਉੱਦੀਨ ਨੂੰ ਚਾਰੇ ਪਾਸਿਓਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਜਲਾਲੁੱਦੀਨ ਦੇ ਅਮੀਰ ਅਤੇ ਸ਼ਹਿਜ਼ਾਦੇ

ਅਲਾਉੱਦੀਨ ਨੂੰ ਸੁਲਤਾਨ ਮੰਨਣ ਤੋਂ ਇਨਕਾਰੀ ਕਰਦੇ ਸਨ ਪਰ ਅਲਾਉੱਦੀਨ ਹਾਲਤ ਤੇ ਕਾਬੂ ਪਾਉਣ ਵਿਚ ਸਫ਼ਲ ਰਿਹਾ। ਉਸ ਨੇ ਹਰ ਤਰ੍ਹਾਂ ਦੇ ਵਿਰੋਧ ਨੂੰ ਦਬਾ ਦਿੱਤਾ। ਸੁਲਤਾਨ ਬਣਨ ਉਪਰੰਤ ਅਲਾਉੱਦੀਨ ਨੇ ਸਭ ਤੋਂ ਪਹਿਲਾਂ ਮੰਗੋਲਾਂ ਦੇ ਹਮਲੇ ਰੋਕਣ ਦਾ ਯਤਨ ਕੀਤਾ ਅਤੇ ਇਸ ਕੰਮ ਵਿਚ ਸਫ਼ਲਤਾ ਹਾਸਲ ਕੀਤੀ। ਸੁਲਤਾਨ ਨੇ ਸਰਹੱਦੀ ਇਲਾਕਿਆਂ ਵਿਚ ਨਵੇਂ ਕਿਲੇ ਬਣਵਾਏ ਅਤੇ ਪੁਰਾਣਿਆਂ ਦੀ ਮੁਰੰਮਤ ਕਰਵਾਈ। ਇਨ੍ਹਾਂ ਵਿਚ ਵੱਖ ਵੱਖ ਕਿਸਮ ਦੇ ਵਧੀਆਂ ਹਥਿਆਰਾਂ ਨਾਲ ਲੈਸ ਫ਼ੌਜ ਤੈਨਾਤ ਕੀਤੀ ਗਈ।

ਇਸ ਤੋਂ ਬਾਅਦ ਅਲਾਉੱਦੀਨ ਸੁਲਤਾਨ ਨੇ ਜਲਾਲੁੱਦੀਨ ਸੁਲਤਾਨ ਦੇ ਅਮੀਰਾਂ ਵੱਲ ਧਿਆਨ ਦਿੱਤਾ ਅਤੇ ਉਨ੍ਹਾਂ ਕੋਲੋਂ ਪੂਰੀ ਤਰ੍ਹਾਂ ਤਾਕਤ ਖੋਹ ਲਈ ਗਈ।

ਇਸ ਮਗਰੋਂ ਸੁਲਤਾਨ ਨੇ ਗੁਜਰਾਤ, ਰਣਥੰਭੋਰ ਆਦਿ ਨੂੰ ਜਿਤਿਆ ਅਤੇ ਫੇਰ ਦੱਖਣੀ ਭਾਰਤ ਵੱਲ ਧਿਆਨ ਮੋੜਿਆ। ਦੇਵਗਿਰੀ, ਵਾਰੰਗਲ, ਦਵਾਰਸਮੁਦਰ, ਮਦੁਰਾ ਆਦਿ ਦੀਆਂ ਜਿੱਤਾਂ ਨਾਲ ਸੁਲਤਾਨ ਨੇ ਆਪਣੇ ਰਾਜ ਨੂੰ ਕਾਫ਼ੀ ਵਿਸ਼ਾਲ ਕਰ ਲਿਆ। ਆਪਣੇ ਰਾਜ ਵਿਚ ਹੋਣ ਵਾਲੀਆਂ ਸਾਜਸ਼ਾਂ ਅਤੇ ਬਗ਼ਾਵਤਾਂ ਨੂੰ ਦਬਾਉਣ ਲਈ ਇਸ ਨੇ ਸ਼ਰਾਬ ਪੀਣ, ਅਮੀਰਾਂ ਦੇ ਆਪਸੀ ਮੇਲਜੋਲ ਆਦਿ ਉੱਤੇ ਰੋਕ ਲਾਈ ਅਤੇ ਉਨ੍ਹਾਂ ਦੀਆਂ ਜਾਗੀਰਾਂ ਆਦਿ ਨੂੰ ਵੀ ਰਾਜ ਵਿਚ ਹੀ ਵਾਪਸ ਸ਼ਾਮਲ ਕਰ ਲਿਆ। ਵੱਡੇ ਪੈਮਾਨੇ ਤੇ ਇਕ ਜਾਸੂਸ ਵਿਭਾਗ ਸਥਾਪਿਤ ਕੀਤਾ ਜਿਹੜਾ ਹਰ ਤਰ੍ਹਾਂ ਦੀਆਂ ਖਬਰਾਂ ਸੁਲਤਾਨ ਨੂੰ ਦਿੰਦਾ ਸੀ। ਵਸਤੂਆਂ ਦੀਆਂ ਕੀਮਤਾਂ ਨੂੰ ਪੂਰੀ ਤਰ੍ਹਾਂ ਕੰਟਰੋਲ ਕੀਤਾ। ਫ਼ੌਜੀ ਪ੍ਰਬੰਧ ਦੀ ਮਜ਼ਬੂਤੀ ਨਾਲ ਆਪਣੇ ਰਾਜ ਨੂੰ ਸੁਰੱਖਿਅਤ ਬਣਾਇਆ। ਉਸ ਨੇ ਗ਼ੈਰ ਮੁਸਲਮਾਨਾਂ ਪ੍ਰਤੀ ਬੜਾ ਕਠੋਰ ਰਵੱਈਆ ਅਪਣਾਇਆ ਜਿਸ ਦੇ ਸਿੱਟੇ ਵਜੋਂ ਹਿੰਦੂ ਰਾਜੇ ਮਨ ਹੀ ਮਨ ਵਿਚ ਉਚਿਤ ਮੌਕੇ ਦੀ ਤਲਾਸ਼ ਵਿਚ ਰਹਿਣ ਲੱਗੇ ਕਿ ਉਹ ਮੁੜ ਆਜ਼ਾਦੀ ਪ੍ਰਾਪਤ ਕਰ ਸਕਣ। ਅਮੀਰਾਂ ਕੋਲੋਂ ਸਾਰੀਆਂ ਸਹੂਲਤਾਂ ਖੁਸ ਜਾਣ ਕਾਰਨ ਉਨ੍ਹਾਂ ਦੇ ਮਨਾਂ ਵਿਚ ਵੀ ਸੁਲਤਾਨ ਪ੍ਰਤੀ ਕਾਫ਼ੀ ਰੋਸ ਸੀ ਪਰ ਇਸ ਸਭ ਦੇ ਬਾਵਜੂਦ ਵੀ ਸੁਲਤਾਨ ਦੇ ਜੀਵਨ ਕਾਲ ਵਿਚ ਉਸ ਵਿੱਰੁਧ ਸਿਰ ਚੁੱਕਣ ਦੀ ਹਿੰਮਤ ਇਨ੍ਹਾਂ ਵਿਚੋਂ ਕਿਸੇ ਕੋਲ ਨਹੀਂ ਸੀ। 2 ਜਨਵਰੀ, 1316 ਵਿਚ ਅਲਾਉੱਦੀਨ ਦੀ ਮੌਤ ਹੋ ਗਈ। ਇਸ ਦੇ ਅਯੋਗ ਵਾਰਸਾਂ ਦੀ ਖਾਨਾਜੰਗੀ ਸਦਕਾ ਕੁੱਝ ਹੀ ਸਾਲਾਂ ਵਿਚ ਖਿਲਜੀ ਸਲਤਨਤ ਦਾ ਵੀ ਅੰਤ ਹੋ ਗਿਆ।

ਤੁਗ਼ਲਕ ਬੰਸ—ਸੰਨ 1320 ਵਿਚ ਪਿਛਲੇ ਬੰਸ ਦੇ ਸਰਹੱਦੀ ਇਲਾਕਿਆਂ ਦਾ ਰੱਖਿਅਕ ਗਾਜ਼ੀ ਮਲਿਕ ਗਿਆਸੁੱਦੀਨ ਤੁਗਲਕ ਦੀ ਉਪਾਧੀ ਨਾਲ ਦਿੱਲੀ ਦੇ ਤਖ਼ਤ ਉੱਤੇ ਬੈਠਾ। ਇਸ ਦਾ ਸਬੰਧ ਇਕ ਮਾਮੂਲੀ ਪਰਿਵਾਰ ਨਾਲ ਸੀ ਪਰ ਆਪਣੀ ਨਿੱਜੀ ਯੋਗਤਾ ਸਦਕਾ ਇਹ ਸ਼ਾਹੀ ਦਰਬਾਰ ਵਿਚ ਉੱਚ ਅਹੁੱਦੇ ਤੇ ਪਹੁੰਚਿਆ। ਸੁਲਤਾਨ ਅਲਾਉੱਦੀਨ ਦੇ ਰਾਜ ਕਾਲ ਵਿਚ ਇਸ ਨੇ ਮੰਗੋਲਾਂ ਵਿਰੁੱਧ ਹੋਣ ਵਾਲੀਆਂ ਜੰਗਾਂ ਵਿਚ ਅਹਿਮ ਹਿੱਸਾ ਲਿਆ। ਇਸ ਦੇ ਤਖ਼ਤ ਤੇ ਬੈਠਣ ਸਮੇਂ ਸਲਤਨਤ ਵਿਚ ਪੂਰੀ ਤਰ੍ਹਾਂ ਬਦਅਮਨੀ ਫੈਲੀ ਹੋਈ ਸੀ ਪਰ ਇਸ ਨੇ ਹਿੰਮਤ, ਦ੍ਰਿੜਤਾ ਅਤੇ ਯੋਗ ਨੀਤੀਆਂ ਨਾਲ ਹਾਲਾਤ ਨੂੰ ਕਾਬੂ ਕੀਤਾ ਅਤੇ ਸ਼ਾਹੀ ਦਰਬਾਰ ਦੇ ਗੁਆਚੇ ਹੋਏ ਮਾਣ ਨੂੰ ਮੁੜ ਸਥਾਪਿਤ ਕਰਨ ਵਿਚ ਕਾਮਯਾਬੀ ਹਾਸਲ ਕੀਤੀ। ਖ਼ਿਲਜੀ ਸਲਤਨਤ ਦੇ ਯੋਗ ਅਧਿਕਾਰੀਆਂ ਨੂੰ ਰਾਜ ਵਿਚ ਉੱਚੇ ਅਹੁਦੇ ਪ੍ਰਦਾਨ ਕੀਤੇ ਗਏ। ਬਦਅਮਨੀ ਦੇ ਪਿਛਲੇ ਕੁਝ ਸਾਲਾਂ ਵਿਚ ਜਿਹੜੇ ਖ਼ਾਨਦਾਨੀ ਪਰਿਵਾਰ ਬਰਬਾਦ ਹੋਏ ਸਨ ਉਨ੍ਹਾਂ ਨੂੰ ਰਾਜ ਵਿਚ ਮੁੜ ਪੂਰਨ ਸਨਮਾਨ ਅਤੇ ਖ਼ੁਸ਼ਹਾਲੀ ਪ੍ਰਦਾਨ ਕੀਤੀ ਗਈ।

ਦੱਖਣੀ ਭਾਰਤ ਵਿਚ ਵਾਰੰਗਲ ਨੂੰ ਫ਼ਤਹਿ ਕਰਕੇ ਇਸ ਨੇ ਆਪਣੇ ਰਾਜ ਦੀਆਂ ਹੱਦਾਂ ਨੂੰ ਵਿਸ਼ਾਲ ਕੀਤਾ ਅਤੇ ਅਤੇ ਉੱਥੋਂ ਇਸ ਨੂੰ ਕਾਫ਼ੀ ਧਨ ਦੌਲਤ ਵੀ ਹਾਸਲ ਹੋਇਆ। ਗ਼ੈਰ ਮੁਸਲਮਾਨਾਂ ਨਾਲ ਇਸ ਦਾ ਰਵੱਈਆ ਵਿਤਕਰਾ ਪੂਰਬਕ ਸੀ। ਇਹ ਉਨ੍ਹਾਂ ਕੋਲ ਸਿਰਫ ਇੰਨਾ ਹੀ ਧਨ ਰਹਿਣ ਦੇਣਾ ਚਾਹੁੰਦਾ ਸੀ ਜਿਸ ਨਾਲ ਨਾ ਤਾਂ ਉਹ ਸਲਤਨਤ ਲਈ ਖਤਰਾ ਬਣ ਸਕਣ ਅਤੇ ਨਾ ਹੀ ਸਲਤਨਤ ਛੱਡਣ ਲਈ ਮਜਬੂਰ ਹੋਣ।

ਇਸ ਨੇ ਮਾਲੀਆ ਪ੍ਰਬੰਧ ਮੁੜ ਤੋਂ ਸੰਗਠਤ ਕੀਤਾ ਅਤੇ ਅਜਿਹੇ ਨਿਯਮ ਬਣਾਏ ਜਿਸ ਨਾਲ ਅਮੀਰ ਆਪਣੀ ਬਣਦੀ ਉਜਰਤ ਤੋਂ ਇਲਾਵਾ ਕਿਸਾਨਾਂ ਦੀ ਕੋਈ ਲੁਟ-ਖਸੁੱਟ ਨਾ ਕਰ ਸਕਣ। ਦੀਵਾਨ-ਏ-ਵਜ਼ਾਰਤ ਨੂੰ ਵਿਸ਼ੇਸ਼ ਆਦੇਸ਼ ਦਿੱਤੇ ਗਏ ਕਿ ਮਾਲੀਆ ਕਿਸੇ ਵੀ ਹਾਲਤ ਵਿਚ 1/10 ਜਾਂ 1/11 ਤੋਂ ਵੱਧ ਨਾ ਕੀਤਾ ਜਾਵੇ। ਨਿਆਂ ਅਤੇ ਪੁਲਿਸ ਵਿਭਾਗ ਗਠਿਤ ਕੀਤੇ ਗਏ। ਸੁਲਤਾਨ ਦੇ ਨਿਆਂ ਦੇ ਡਰ ਕਾਰਨ ਰਾਜ ਦੇ ਦੂਰ-ਦੁਰਾਡੇ ਦੇ ਇਲਾਕਿਆਂ ਵਿਚ ਵੀ ਸੁਰੱਖਿਆ ਅਤੇ ਅਮਨ ਦਾ ਮਾਹੌਲ ਕਾਇਮ ਰਿਹਾ। ਸੁਲਤਾਨ ਨੇ ਫ਼ੌਜੀ ਪ੍ਰਬੰਧ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ। ਉਨ੍ਹਾਂ ਨੂੰ ਖੁੱਲ੍ਹ ਦਿਲੀ ਨਾਲ ਭੱਤੇ ਦਿੱਤੇ ਪਰ ਨਾਲ ਹੀ ਉਨ੍ਹਾਂ ਵਿਚ ਸਖ਼ਤੀ ਨਾਲ ਅਨੁਸ਼ਾਸਨ ਵੀ ਲਾਗੂ ਕੀਤਾ। ਸੁਲਤਾਨ ਅਲਾਉੱਦੀਨ ਖ਼ਿਲਜੀ ਦੁਆਰਾ ਸ਼ੁਰੂ ਕੀਤੀ ਫ਼ੌਜੀਆਂ ਦੀ ਗਿਣਤੀ ਅਤੇ ਘੋੜਾ ਦਾਗ਼ਣ ਦੀ ਪ੍ਰਣਾਲੀ ਨੂੰ ਜਾਰੀ ਰੱਖਿਆ ਅਤੇ ਸਮੇਂ ਸਮੇਂ ਤੇ ਆਪ ਇਨ੍ਹਾਂ ਸਾਰੀਆਂ ਗੱਲਾਂ ਦੀ ਪੜਤਾਲ ਕੀਤੀ।

ਸੰਨ 1325 ਵਿਚ ਜਦੋਂ ਸੁਲਤਾਨ ਲਖਨੌਤੀ ਦਾ ਮਸਲਾ ਹੱਲ ਕਰ ਕੇ ਅਤੇ ਗੁਵਾਂਢੀ ਰਿਆਸਤ ਮਿਥਿਲਾ ਨੂੰ ਆਪਣੇ ਰਾਜ ਵਿਚ ਸ਼ਾਮਲ ਕਰ ਕੇ ਦਿੱਲੀ ਨੂੰ ਵਾਪਸ ਆ ਰਿਹਾ ਸੀ ਤਾਂ ਇਸ ਦੇ ਵਲੀ ਅਹਿਦ ਸ਼ਹਿਜ਼ਾਦਾ ਜੂਨਾ ਦੁਆਰਾ ਅਫ਼ਗਾਨਪੁਰ ਦੇ ਨੇੜੇ ਬਣਵਾਏ ਇਕ ਪੈਵਿਲੀਅਨ ਦੇ ਇਸ ਉੱਤੇ ਡਿੱਗਣ ਨਾਲ ਇਸ ਦੀ ਮੌਤ ਹੋ ਗਈ। ਇਤਿਹਾਸਕਾਰਾਂ ਦਾ ਮਤ ਹੈ ਕਿ ਇਸ ਤਰ੍ਹਾਂ ਮੌਤ ਮਹਿਜ਼ ਇਕ ਇਤਫਾਕ ਨਹੀਂ ਸੀ ਸਗੋਂ ਇਕ ਸੋਚੀ ਸਮਝੀ ਸਾਜ਼ਸ਼ ਦਾ ਨਤੀਜਾ ਸੀ।

ਇਸ ਦੀ ਮੌਤ ਉਪਰੰਤ ਇਸ ਦਾ ਲੜਕਾ ਸ਼ਹਿਜ਼ਾਦਾ ਜੂਨਾ, ਮੁਹੰਮਦ ਤੁਗਲਕ ਦੀ ਉਪਾਧੀ ਨਾਲ 1325 ਈ. ਵਿਚ ਦਿੱਲੀ ਦੇ ਤਖ਼ਤ ਤੇ ਬੈਠਾ। ਗੱਦੀ ਹਾਸਲ ਕਰਨ ਲਈ ਇਸ ਨੂੰ ਕਿਸੇ ਵੀ ਤਰ੍ਹਾਂ ਦੀ ਮੁਖ਼ਾਲਫਤ ਦਾ ਸਾਹਮਣਾ ਨਹੀਂ ਕਰਨਾ ਪਿਆ। ਤਖ਼ਤ ਤੇ ਬੈਠਣ ਦੀ ਖ਼ੁਸ਼ੀ ਵਿਚ ਸੁਲਤਾਨ ਨੇ ਆਪਣੇ ਵਫ਼ਾਦਾਰਾਂ ਨੂੰ ਚੰਗੇ ਤੋਹਫੇ ਅਤੇ ਆਮ ਜਨਤਾ ਵਿਚ ਧਨ ਵੰਡਿਆ। ਇਸ ਦੀ ਉਦਾਰਦਿਲੀ ਦੀਆਂ ਖਬਰਾਂ ਸੁਣ ਕੇ ਬਹੁਤ ਸਾਰੇ ਫ਼ਕੀਰ, ਦਰਵੇਸ਼ ਅਤੇ ਵਿਦਵਾਨ ਵੀ ਦਿੱਲੀ ਆ ਗਏ ਅਤੇ ਸੁਲਤਾਨ ਨੇ ਉਨ੍ਹਾਂ ਨੂੰ ਵੀ ਚੰਗਾ ਆਦਰ ਦਿੱਤਾ। ਇਸ ਦੇ ਪਿਤਾ ਦੀ ਮੌਤ ਸਬੰਧੀ ਘੜੀ ਗਈ ਸਾਜ਼ਸ਼ ਵਿਚ ਇਸ ਉਪਰ ਲੱਗਿਆ ਦਾਗ਼ ਵੀ ਸਾਫ਼ ਹੋ ਗਿਆ।

ਮੱਧ ਕਾਲ ਵਿਚ ਦਿੱਲੀ ਦੇ ਤਖ਼ਤ ਉੱਤੇ ਬੈਠੇ ਸੁਲਤਾਨਾਂ ਵਿਚੋਂ ਮੁਹੰਮਦ ਤੁਗਲਕ ਨਿਰਸੰਦੇਹ ਸਭ ਤੋਂ ਵੱਧ ਯੋਗ ਅਤੇ ਵਿਦਵਾਨ ਸੀ। ਤਰਕ, ਤਾਰਾ ਵਿਗਿਆਨ, ਦਰਸ਼ਨ, ਗਣਿਤ ਅਤੇ ਭੌਤਿਕ-ਵਿਗਿਆਨਾਂ ਵਿਚ ਇਸ ਨੂੰ ਨਿਪੁੰਨਤਾ ਹਾਸਲ ਸੀ। ਫ਼ਾਰਸੀ ਦੀ ਸ਼ਾਇਰੀ ਕਰਨ ਵਿਚ ਵੀ ਇਹ ਮਾਹਿਰ ਸੀ। ਪੱਕਾ ਮੁਸਲਮਾਨ ਹੋਣ ਦੇ ਬਾਵਜੂਦ ਵੀ ਇਸ ਵਿਚ ਧਾਰਮਿਕ ਸਹਿਣਸ਼ੀਲਤਾ ਸੀ। ਇਸੇ ਕਾਰਨ ਇਸ ਨੇ ਸਤੀ ਵਰਗੀ ਪ੍ਰਥਾ ਨੂੰ ਖ਼ਤਮ ਕਰਨ ਲਈ ਯਤਨ ਕੀਤਾ।

ਇਸ ਨੇ ਕੁਝ ਅਜਿਹੀਆਂ ਨੀਤੀਆਂ ਅਪਣਾਈਆਂ ਜਿਸ ਨਾਲ ਅਨੇਕ ਗੁਣਾਂ ਦੇ ਬਾਵਜੂਦ ਇਹ ਆਲੋਚਨਾ ਦਾ ਪਾਤਰ ਬਣ

ਗਿਆ। ਦੁਆਬੇ ਦੇ ਇਲਾਕੇ ਵਿਚ ਕਰ ਵਧਾਉਣ ਨਾਲ ਉਥੋਂ ਦੇ ਲੋਕ ਇਸ ਦੇ ਵਿਰੁੱਧ ਹੋ ਗਏ ਪਰ ਕੁਝ ਸਮੇਂ ਤੋਂ ਬਾਅਦ ਇਸ ਨੇ ਉਥੇ ਖੂਹ ਖੁਦਵਾਏ ਅਤੇ ਲੋਕਾਂ ਨੂੰ ਆਪਣੀ ਖੇਤੀਬਾੜੀ ਵਿਚ ਸੁਧਾਰ ਲਿਆਉਣ ਲਈ ਕਰਜ਼ੇ ਮੁਹੱਈਆ ਕੀਤੇ ਪਰ ਇਨ੍ਹਾਂ ਸੁਧਾਰਾਂ ਨਾਲ ਵੀ ਇਕ ਵਾਰੀ ਬਰਬਾਦ ਹੋਏ ਲੋਕਾਂ ਨੂੰ ਇਹ ਖੁਸ਼ ਕਰਨ ਵਿਚ ਅਸਮਰੱਥ ਰਿਹਾ।

ਸੰਨ 1326-27 ਵਿਚ ਇਸ ਨੇ ਆਪਣੇ ਵਿਸ਼ਾਲ ਰਾਜ ਨੂੰ ਚੰਗੀ ਤਰ੍ਹਾਂ ਨਿਗਰਾਨੀ ਵਿਚ ਰੱਖਣ ਲਈ ਆਪਣੀ ਰਾਜਧਾਨੀ ਦੱਖਣ ਵਿਚ ਦੇਵਗਿਰੀ ਵਿਖੇ ਤਬਦੀਲ ਕਰ ਦਿੱਤੀ ਜਿਸ ਦਾ ਇਸ ਨੇ ਨਵਾਂ ਨਾਂ 'ਦੌਲਤਾਬਾਦ' ਰੱਖਿਆ। ਸੁਲਤਾਨ ਨੂੰ ਇਹ ਸਥਾਨ ਦਿੱਲੀ ਨਾਲੋਂ ਵਧੇਰੇ ਵਾਜਬ ਲੱਗਿਆ ਕਿਉਂਕਿ ਇਥੇ ਮੰਗੋਲਾਂ ਦੇ ਹਮਲਿਆਂ ਦਾ ਵੀ ਵਧੇਰੇ ਡਰ ਨਹੀਂ ਸੀ। ਦਿੱਲੀ ਦੇ ਸਰਕਾਰੀ ਅਦਾਰਿਆਂ ਨੂੰ ਦੌਲਤਾਬਾਦ ਲਿਜਾਣ ਦੇ ਨਾਲ ਨਾਲ ਸੁਲਤਾਨ ਨੇ ਹਰ ਦਿੱਲੀ ਵਾਸੀ ਨੂੰ ਦਿੱਲੀ ਛੱਡ ਦੌਲਤਾਬਾਦ ਜਾਣ ਦਾ ਆਦੇਸ਼ ਦਿੱਤਾ ਅਤੇ ਆਦੇਸ਼ ਦੀ ਉਲੰਘਣਾ ਕਰਨ ਵਾਲੇ ਨੂੰ ਸਖ਼ਤ ਸਜ਼ਾ ਦਾ ਹੁਕਮ ਹੋਇਆ। ਬੇਸ਼ਕ ਲੋਕਾਂ ਦੇ ਜਾਣ ਲਈ ਇਕ ਨਵੀਂ ਸੜਕ ਬਣਵਾਈ ਗਈ ਅਤੇ ਰਸਤੇ ਵਿਚ ਮੁਫ਼ਤ ਰਿਹਾਇਸ਼ ਅਤੇ ਖਾਣ-ਪੀਣ ਦੇ ਪ੍ਰਬੰਧ ਵੀ ਕੀਤੇ ਪਰ ਇਹ ਸਹੂਲਤਾਂ ਪੁਸ਼ਤਾਂ ਤੋਂ ਦਿੱਲੀ ਰਹਿੰਦੇ ਲੋਕਾਂ ਨੂੰ ਦਿੱਲੀ ਛੱਡਣ ਲਈ ਮਜਬੂਰ ਕਰਨ ਵਿਚ ਸਹਾਈ ਨਾ ਹੋਈਆਂ ਅਤੇ ਲੋਕਾਂ ਦੇ ਮਨਾਂ ਵਿਚ ਸੁਲਤਾਨ ਲਈ ਨਫ਼ਰਤ ਅਤੇ ਬਗ਼ਾਵਤ ਦੀ ਭਾਵਨਾ ਪੈਦਾ ਹੋ ਗਈ। ਲੋਕਾਂ ਨੂੰ ਜਬਰਨ ਦੌਲਤਾਬਾਦ ਲਿਜਾਇਆ ਗਿਆ। ਉਥੇ ਪਹੁੰਚ ਕੇ ਸੁਲਤਾਨ ਨੂੰ ਦੌਲਤਾਬਾਦ ਵਿਚ ਰਹਿ ਕੇ ਉੱਤਰੀ ਸਰਹੱਦਾਂ ਨੂੰ ਨਿਗਰਾਨੀ ਵਿਚ ਰੱਖਣ ਆਦਿ ਦੀਆਂ ਸਹੂਲਤਾਂ ਤੋਂ ਵਾਂਝਿਆਂ ਰਹਿਣ ਦੀਆਂ ਖਾਮੀਆਂ ਦਾ ਗਿਆਨ ਹੋਇਆ। ਇਸ ਲਈ ਰਾਜਧਾਨੀ ਮੁੜ ਦਿੱਲੀ ਲਿਜਾਣ ਦੇ ਹੁਕਮ ਕਰ ਕੇ ਸੁਲਤਾਨ ਨੇ ਨਾ ਸਿਰਫ ਸਰਕਾਰੀ ਖਜ਼ਾਨੇ ਤੇ ਹੀ ਬੋਝ ਪਾਇਆ ਸਗੋਂ ਲੋਕਾਂ ਵੱਲੋਂ ਆਲੋਚਨਾ ਵੀ ਕਰਵਾਈ।

ਸੰਨ 1330 ਵਿਚ ਇਸ ਨੇ ਰਾਜ ਦੀ ਸਿੱਕਾ-ਪ੍ਰਣਾਲੀ ਵਿਚ ਸੁਧਾਰ ਲਿਆਉਣ ਹਿਤ ਸੋਨੇ ਚਾਂਦੀ ਦੇ ਸਿੱਕਿਆਂ ਦੀ ਥਾਂ ਤਾਂਬੇ ਦੀ ਟੋਕਨ ਮੁਦਰਾ ਚਲਾਈ ਪਰ ਲੋਕਾਂ ਨੇ ਆਪਣੇ ਘਰਾਂ ਵਿਚ ਹੀ ਟਕਸਾਲਾਂ ਬਣਾ ਕੇ ਭਾਰੀ ਪੈਮਾਨੇ ਤੇ ਤਾਂਬੇ ਦੇ ਸਿੱਕੇ ਬਣਾ ਲਏ ਅਤੇ ਨਵੇਂ ਸਿੱਕਿਆਂ ਵਿਚ ਕਰ ਆਦਿ ਅਦਾ ਕੀਤੇ। ਪਿੰਡਾਂ ਦੇ ਮੁਖੀਆਂ, ਵਪਾਰੀਆਂ ਅਤੇ ਜ਼ਿਮੀਦਾਰਾਂ ਨੇ ਸੋਨਾ ਅਤੇ ਚਾਂਦੀ ਦਬਾ ਦਿੱਤਾ ਅਤੇ ਉਸ ਦੀ ਥਾਂ ਕਾਫੀ ਮਾਤਰਾ ਵਿਚ ਤਾਂਬੇ ਦੇ ਸਿੱਕੇ ਘੜ ਲਏ। ਸਿੱਟੇ ਵਜੋਂ ਸਰਕਾਰੀ ਖਜ਼ਾਨੇ ਨੂੰ ਭਾਰੀ ਹਾਨੀ ਪਹੁੰਚੀ, ਵਪਾਰ ਨੂੰ ਭਾਰੀ ਧੱਕਾ ਲੱਗਾ ਅਤੇ ਸਾਰੇ ਕਾਰੋਬਾਰ ਵਿਚ ਮੰਦਾ ਆ ਗਿਆ। ਇਹ ਸਾਰੇ ਸਿੱਟੇ ਵੇਖਦੇ ਹੋਇਆਂ ਸੁਲਤਾਨ ਨੇ ਮੁੜ ਸੋਨੇ ਅਤੇ ਚਾਂਦੀ ਦੇ ਸਿੱਕੇ ਜਾਰੀ ਕਰਨ ਦਾ ਹੁਕਮ ਦਿੱਤਾ। ਇਸ ਨਾਲ ਮੁੜ ਲੋਕਾਂ ਨੇ ਸਰਕਾਰੀ ਖਜ਼ਾਨੇ ਵਿਚ ਤਾਂਬੇ ਦੇ ਸਿੱਕੇ ਜਮ੍ਹਾ ਕਰਵਾ ਦਿੱਤੇ ਅਤੇ ਉਨ੍ਹਾਂ ਦੀ ਥਾਂ ਸੋਨੇ ਅਤੇ ਚਾਂਦੀ ਦੇ ਸਿੱਕੇ ਲਏ।

ਇਨ੍ਹਾਂ ਸਾਰੀਆਂ ਗੱਲਾਂ ਦੇ ਬਾਵਜੂਦ ਸੁਲਤਾਨ ਦੀ ਨੇਕ ਦਿਲੀ ਨੂੰ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ। ਸਤੀ ਦੀ ਰਸਮ ਨੂੰ ਰੋਕਣਾ, ਗ਼ੈਰ ਮੁਸਲਮਾਨਾਂ ਨੂੰ ਉੱਚੇ ਅਹੁੱਦੇ ਦੇਣਾ ਆਦਿ ਉਸ ਦੀਆਂ ਨੇਕੀਆਂ ਦੇ ਪ੍ਰਤੀਕ ਹਨ।

20 ਮਾਰਚ, 1351 ਨੂੰ ਸੁਲਤਾਨ ਦੀ ਠੱਟਾ ਦੇ ਨਜ਼ਦੀਕ ਮੌਤ ਹੋ ਗਈ। ਇਸ ਦੀ ਮੌਤ ਉਪਰੰਤ ਰਾਜ ਵਿਚ ਮੁੜ ਅਰਾਜਕਤਾ ਫੈਲ ਗਈ। ਮੰਗੋਲ ਲੁਟੇਰਿਆਂ ਨੇ ਸ਼ਾਹੀ ਫੌਜਾਂ ਵਿਚ ਲੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ। ਸੁਲਤਾਨ ਦਾ ਆਪਣਾ ਕੋਈ ਪੁੱਤਰ ਨਹੀਂ ਸੀ ਇਸ ਲਈ ਉਸ ਦੀ ਖਾਹਿਸ਼ ਅਨੁਸਾਰ ਉਸ ਦੇ ਚਚੇਰੇ ਭਰਾ ਫ਼ਿਰੋਜ਼ ਤੁਗਲਕ ਨੂੰ ਗੱਦੀ ਤੇ ਬਿਠਾਇਆ ਗਿਆ। ਗ਼ੈਰ ਮੁਸਲਮਾਨਾਂ ਪ੍ਰਤੀ ਇਸ ਦਾ ਰਵੱਈਆ ਵਧੇਰੇ ਚੰਗਾ ਨਹੀਂ ਸੀ।

ਮੁਹੰਮਦ ਤੁਗਲਕ ਦੀ ਮੌਤ ਮਗਰੋਂ ਬੰਗਾਲ ਦਾ ਇਲਾਕਾ ਦਿੱਲੀ ਨਾਲੋਂ ਬਿਲਕੁਲ ਵੱਖ ਜਿਹਾ ਹੋ ਗਿਆ ਸੀ ਅਤੇ ਹਾਜੀ ਇਲਿਆਸ, ਸ਼ਮਸੁਦੀਨ ਦੀ ਉਪਾਧੀ ਨਾਲ ਬੰਗਾਲ ਦਾ ਆਜ਼ਾਦ ਹਾਕਮ ਬਣ ਬੈਠਾ ਸੀ। ਸੰਨ 1353-54 ਵਿਚ ਸੁਲਤਾਨ ਫ਼ਿਰੋਜ਼ਤੁਗਲਕ ਇਕ ਵਿਸ਼ਾਲ ਸੈਨਾ ਲੈ ਕੇ ਉਸ ਵੱਲ ਵਧਿਆ। ਸੁਲਤਾਨ ਦੀ ਜਿੱਤ ਹੋਈ ਪਰ ਸ਼ਮਸੁੱਦੀਨ ਕਿਲੇ ਵਿਚ ਬੰਦ ਹੋ ਗਿਆ। ਫ਼ਿਰੋਜ਼ ਨੇ ਵਧੇਰੇ ਖੂਨ ਖਰਾਬਾ ਕਰਨਾ ਮੁਨਾਸਬ ਨਾ ਸਮਝਿਆ ਅਤੇ ਆਪਣੇ ਜਰਨੈਲਾਂ ਦੇ ਕਹਿਣ ਦੇ ਬਾਵਜੂਦ ਇਲਾਕੇ ਨੂੰ ਬਿਨਾਂ ਆਪਣੇ ਰਾਜ ਵਿਚ ਸ਼ਾਮਲ ਕੀਤਿਆਂ ਵਾਪਸ ਆ ਗਿਆ। ਸੰਨ 1359-60 ਵਿਚ ਇਕ ਵਾਰੀ ਮੁੜ ਬੰਗਾਲ ਵੱਲ ਫ਼ੌਜਾਂ ਭੇਜੀਆਂ ਪਰ ਇਸ ਵਾਰੀ ਵੀ ਜਿੱਤਿਆ ਹੋਇਆ ਇਲਾਕਾ ਉਂਜ ਹੀ ਵਾਪਸ ਕਰ ਦਿੱਤਾ।

ਸੰਨ 1360 ਵਿਚ ਨਗਰ ਕੋਟ ਅਤੇ 1362 ਈ. ਵਿਚ ਠੱਟਾ ਨੂੰ ਫ਼ਤਹਿ ਕੀਤਾ। ਫ਼ਿਰੋਜ਼ ਇਕ ਅਮਨ-ਪਸੰਦ ਸੁਲਤਾਨ ਸੀ। ਇਸ ਲਈ ਉਹ ਰਾਜ ਵਧਾਉਣ ਲਈ ਜੰਗਾਂ ਨਾਲੋਂ ਜ਼ਿਆਦਾ ਆਪਣੇ ਇਲਾਕੇ ਵਿਚ ਹੋਰ ਸੁਧਾਰ ਕਰਕੇ ਖੁਸ਼ਹਾਲੀ ਲਿਆਉਣ ਵਿਚ ਯਕੀਨ ਰੱਖਦਾ ਸੀ। ਮੱਧ ਕਾਲ ਵਿਚ ਫ਼ਿਰੋਜ਼ ਪਹਿਲਾ ਮੁਸਲਮਾਨ ਬਾਦਸ਼ਾਹ ਸੀ ਜਿਸ ਦੇ ਸਮੇਂ ਵਿਚ ਘੱਟ ਜੰਗਾਂ ਹੋਈਆਂ ਅਤੇ ਅਮਨ ਦਾ ਮਾਹੌਲ ਵਧੇਰੇ ਰਿਹਾ। ਇਸ ਨੇ ਫ਼ਿਰੋਜ਼ਾਬਾਦ, ਫ਼ਤਿਹਾਬਾਦ ਅਤੇ ਜੌਨਪੁਰ ਵਰਗੇ ਕਈ ਨਗਰ ਵਸਾਏ; ਮਹਿਲ ਅਤੇ ਮਸਜਿਦਾਂ ਤੋਂ ਇਲਾਵਾ ਯਾਤਰੀਆਂ ਦੀ ਸਹੂਲਤ ਲਈ ਸਰਾਵਾਂ ਬਣਵਾਈਆਂ। ਇਸ ਨੇ 30 ਪੁਰਾਣੇ ਬਾਗ਼ਾਂ ਨੂੰ ਮੁੜ ਹਰਿਆ-ਭਰਿਆ ਕਰਵਾਇਆ ਅਤੇ ਦਿੱਲੀ ਦੀਆਂ ਹੱਦਾਂ ਅੰਦਰ ਹੀ 1200 ਨਵੇਂ ਬਾਗ਼ ਬਣੇਵਾਏ।

ਸੁਲਤਾਨ ਵਿਦਵਾਨਾਂ ਦੀ ਬਹੁਤ ਕਦਰ ਕਰਦਾ ਸੀ। ਉਨ੍ਹਾਂ ਨੂੰ ਸਰਕਾਰੀ ਖਜ਼ਾਨੇ ਵਿਚੋਂ ਵਜ਼ੀਫ਼ੇ ਅਤੇ ਪੈਨਸ਼ਨਾਂ ਆਦਿ ਦਿੱਤੀਆਂ ਜਾਂਦੀਆਂ ਸਨ। ਸੁਲਤਾਨ ਨੂੰ ਇਤਿਹਾਸ ਪ੍ਰਤੀ ਵੀ ਵਿਸ਼ੇਸ਼ ਦਿਲਚਸਪੀ ਸੀ। ਇਤਿਹਾਸਕਾਰ ਜੀਆ ਬਰਨੀ ਅਤੇ ਸ਼ਮਸ-ਇ-ਸਿਰਾਜ ਅਫ਼ੀਫ਼ ਦੁਆਰਾ ਇਸੇ ਦੇ ਰਾਜ-ਕਾਲ ਵਿਚ ਇਤਿਹਾਸ ਦੀ ਰਚਨਾ ਹੋਈ।

ਸੁਲਤਾਨ ਦੇ ਅੰਤਮ ਦਿਨ ਕਾਫ਼ੀ ਨਿਰਾਸ਼ਾਜਨਕ ਬੀਤੇ। ਅਕਤੂਬਰ, 1388 ਨੂੰ ਇਸ ਦੀ ਮੌਤ ਹੋ ਗਈ। ਇਸ ਦੀ ਮੌਤ ਉਪਰੰਤ ਦਿੱਲੀ ਸਾਮਰਾਜ ਛੋਟੀਆਂ ਛੋਟੀਆਂ ਰਿਆਸਤਾਂ ਵਿਚ ਵੰਡਿਆ ਗਿਆ। ਸਰਦਾਰਾਂ ਅਤੇ ਗਵਰਨਰਾਂ ਨੇ ਬਗ਼ਾਵਤ ਕਰ ਦਿੱਤੀ। ਫ਼ਿਰੋਜ਼ ਤੁਗ਼ਲਕ ਦੇ ਦਰਬਾਰ ਵਿਚ ਰਹਿੰਦੇ ਕਾਫ਼ੀ ਸਾਰੇ ਗ਼ੁਲਾਮਾਂ ਨੇ ਸਭ ਤੋਂ ਵੱਧ ਅਰਾਜਕਤਾ ਫੈਲਾਈ। ਸੁਲਤਾਨ ਦੇ ਕਈ ਵਾਰਸ ਇਕ ਦੂਜੇ ਤੋਂ ਬਾਅਦ ਥੋੜ੍ਹੇ-ਥੋੜ੍ਹੇ ਸਮੇਂ ਲਈ ਗੱਦੀ ਉੱਤੇ ਬੈਠਦੇ ਰਹੇ। ਸੰਨ 1398 ਵਿਚ ਤੈਮੂਰ ਨੇ ਦਿੱਲੀ ਉਪਰ ਹਮਲਾ ਕੀਤਾ। ਬੇਸ਼ੁਮਾਰ ਖ਼ੂਨ ਖ਼ਰਾਬਾ ਅਤੇ ਲੁੱਟਮਾਰ ਹੋਈ। ਲਗਭਗ 15 ਦਿਨ ਦਿੱਲੀ ਵਿਚ ਰਹਿਣ ਉਪਰੰਤ ਤੈਮੂਰ ਆਪਣੇ ਦੇਸ਼ ਨੂੰ ਪਰਤ ਗਿਆ। ਇਸ ਪ੍ਰਕਾਰ ਦਿੱਲੀ ਉਪਰ ਤੁਗ਼ਲਕ ਬੰਸ ਦੀ ਹਕੂਮਤ ਲਗਭਗ ਖ਼ਤਮ ਹੋ ਗਈ।

ਸੱਯਦ ਵੰਸ਼—ਤੁਗਲਕ ਵੰਸ਼ ਤੋਂ ਬਾਅਦ ਦਿੱਲੀ ਉੱਤੇ ਸੱਯਦ ਵੰਸ਼ ਦੇ ਸੁਲਤਾਨਾਂ ਦਾ ਰਾਜ ਸ਼ੁਰੂ ਹੋਇਆ। ਇਸ ਵੰਸ਼ ਦਾ ਸਭ ਤੋਂ

ਪਹਿਲਾ ਸੁਲਤਾਨ ਖ਼ਿਜ਼ਰ ਖਾਂ ਸੀ ਜੋ 1414 ਈ. ਵਿਚ ਤਖ਼ਤ ਤੇ ਬੈਠਾ। ਇਸ ਦੇ ਸਨਮੁਖ ਸਭ ਤੋਂ ਵੱਡਾ ਮਨੋਰਥ ਦੁਆਬ ਵਿਚ ਅਤੇ ਨਾਲ ਹੀ ਸਲਤਨਤ ਦੇ ਉਨ੍ਹਾਂ ਸਾਰਿਆਂ ਇਲਾਕਿਆਂ ਵਿਚ ਅਮਨ ਸਥਾਪਿਤ ਕਰਨਾ ਸੀ ਜੋ ਦਿੱਲੀ ਤਖ਼ਤ ਵਿਰੁੱਧ ਬਗ਼ਾਵਤ ਖੜੀ ਕਰੀ ਬੈਠੇ ਸਨ। ਸੰਨ 1414 ਵਿਚ ਸੁਲਤਾਨ ਦੇ ਬੇਖ਼ੌਫ਼ ਵਜ਼ੀਰ ਤਾਜ-ਉੱਲ-ਮੁਲਕ ਨੇ ਕਟਹਿਰ ਦੇ ਜ਼ਿਲ੍ਹੇ ਵੱਲ ਕੂਚ ਕੀਤਾ ਅਤੇ ਉਥੋਂ ਦੇ ਇਲਾਕੇ ਨੂੰ ਤਬਾਹ ਕਰ ਦਿੱਤਾ। ਰਾਜਾ ਹਰੀ ਸਿੰਘ ਬਿਨਾਂ ਮੁਕਾਬਲਾ ਕੀਤੇ ਹੀ ਮੈਦਾਨ ਛੱਡ ਕੇ ਭੱਜ ਗਿਆ ਪਰ ਸੁਲਤਾਨ ਦੀਆਂ ਫ਼ੌਜਾਂ ਦੇ ਪਿੱਛਾ ਕਰਨ ਤੇ ਉਸ ਨੇ ਆਤਮ ਸਮਰਪਣ ਕਰ ਦਿੱਤਾ।

ਖੋਰ, ਕੰਪਿਲਾ, ਸਾਕਿਤ ਪਰਖਮ, ਗਵਾਲੀਅਰ, ਸਿਓਰੀ ਚੰਦਵੜ ਦੇ ਹਿੰਦੂ ਜ਼ਿਮੀਦਾਰਾਂ ਨੇ ਈਨ ਮੰਨ ਲਈ ਅਤੇ ਖਿਰਾਜ ਅਦਾ ਕੀਤਾ। ਚੰਦਵੜ ਦੇ ਹਿੰਦੂ ਚੀਫ਼ ਤੋਂ ਜਲੇਸਰ ਖੋਹ ਲਿਆ ਗਿਆ ਅਤੇ ਇਸ ਨੂੰ ਮੁਸਲਮਾਨਾਂ ਜਿਨ੍ਹਾਂ ਦੇ ਕਬਜ਼ੇ ਵਿਚ ਇਹ ਪਹਿਲਾਂ ਹੁੰਦਾ ਸੀ, ਦੇ ਹਵਾਲੇ ਕਰ ਦਿੱਤਾ। ਦੁਆਬ, ਬਿਆਨਾ ਅਤੇ ਗਵਾਲੀਅਰ ਦੇ ਇਲਾਕੇ ਜੋ ਵਾਰ ਵਾਰ ਬਗ਼ਾਵਤ ਕਰਦੇ ਸਨ, ਵਿਚ ਸ਼ਾਤੀ ਸਥਾਪਿਤ ਕਰ ਦਿੱਤੀ ਅਤੇ ਸਰਦਾਰਾਂ ਨੇ ਦਿੱਲੀ ਦੇ ਸੁਲਤਾਨ ਦੀ ਅਧੀਨਗੀ ਮੰਨ ਲਈ।

ਥੋੜ੍ਹਾ ਚਿਰ ਪਿੱਛੋਂ ਸੁਲਤਾਨ ਨੇ ਉੱਤਰੀ ਸਰਹੱਦ ਵੱਲ ਧਿਆਨ ਮੋੜਿਆ। ਇਥੇ ਤੁਰਕ ਬੱਚਿਆਂ ਨੇ ਮਲਿਕ ਸਾਧੂ ਨੂੰ ਕਤਲ ਕਰ ਦਿੱਤਾ ਜਿਹੜਾ ਕਿ ਸ਼ਹਿਜ਼ਾਦਾ ਮੁਬਾਰਕ ਦੀ ਥਾਂ ਤੇ ਭੇਜਿਆ ਗਿਆ ਸੀ। ਉਨ੍ਹਾਂ ਨੇ ਸਰਹਿੰਦ ਉੱਤੇ ਕਬਜ਼ਾ ਕਰ ਲਿਆ ਪਰ ਜਦੋਂ ਸੁਲਤਾਨ ਦੀਆਂ ਫੌਜਾਂ ਨੇ ਉਨ੍ਹਾਂ ਵਿਰੁੱਧ ਕੂਚ ਕੀਤਾ ਤਾਂ ਉਹ ਪਹਾੜਾਂ ਵਿਚ ਜਾ ਲੁਕੇ।

ਇਸੇ ਹੀ ਸਮੇਂ ਏਟਾਵਾ ਦੇ ਰਾਇ ਸਰਵਰ ਨੇ ਵਿਦਰੋਹ ਕਰ ਦਿੱਤਾ ਜਿਸ ਨੂੰ ਬਦਾਯੂੰ ਦੇ ਅਮੀਰ ਮੁਹੱਬਤ ਖ਼ਾਂ ਨੇ ਦਬਾ ਦਿੱਤਾ। ਸੰਨ 1419 ਵਿਚ ਖਿਜ਼ਰ ਖ਼ਾਂ ਨੇ ਖ਼ੁਦ ਕਟਹਿਰ ਵੱਲ ਕੂਚ ਕੀਤਾ ਅਤੇ ਕੋਲ, ਸੰਭਾਲ ਅਤੇ ਬਦਾਓਂ ਦੇ ਜ਼ਿਲ੍ਹਿਆਂ ਵਿਚ ਅਮਨ ਸਥਾਪਿਤ ਕੀਤਾ ਜਿਥੇ ਕਿ ਸਥਾਨਕ ਸੂਬੇਦਾਰ ਮੁਹੱਬਤ ਖ਼ਾਂ ਨੇ ਵਿਦਰੋਹ ਖੜਾ ਕਰ ਦਿੱਤਾ ਸੀ। ਜਦੋਂ ਇਸ ਨੂੰ ਆਪਣੇ ਵਿਰੁੱਧ ਹੋ ਰਹੀਆਂ ਸਾਜ਼ਸ਼ਾਂ ਦੀਆਂ ਖ਼ਬਰਾਂ ਮਿਲੀਆਂ ਤਾਂ ਇਹ ਘੇਰਾਬੰਦੀ ਵਿਚੇ ਹੀ ਛੱਡ ਕੇ ਰਾਜਧਾਨੀ ਨੂੰ ਵਾਪਸ ਆ ਗਿਆ ਜਿਥੇ ਕਿ ਇਸ ਨੇ ਸਾਜ਼ਸ਼ਕਾਰਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ।

ਗਵਾਲੀਅਰ ਅਤੇ ਏਟਾਵਾ ਦੇ ਮੁਖੀ ਵੱਲੋਂ ਫਿਰ ਤੋਂ ਕੀਤੀ ਬਗ਼ਾਵਤ ਨੂੰ ਦਬਾਉਣ ਮਗਰੋਂ ਇਹ ਦਿੱਲੀ ਮੁੜ ਆਇਆ ਜਿਥੇ ਇਹ ਬੀਮਾਰ ਹੋ ਗਿਆ ਅਤੇ 20 ਮਈ, 1421 ਵਿਚ ਇਸ ਦੀ ਮੌਤ ਹੋ ਗਈ।

ਖਿਜ਼ਰ ਖ਼ਾਂ ਨੇ ਆਪਣੇ ਅੰਤਲੇ ਦਿਨਾਂ ਵਿਚ ਆਪਣੇ ਪੁੱਤਰ ਮੁਬਾਰਕ ਨੂੰ ਆਪਣਾ ਵਾਰਸ ਨਾਮਜ਼ਦ ਕਰ ਦਿੱਤਾ ਅਤੇ ਸਲਤਨਤ ਦੇ ਮਲਿਕਾਂ ਅਤੇ ਅਮੀਰਾਂ ਦੀ ਸਹਿਮਤੀ ਨਾਲ ਇਸ ਨੇ ਸ਼ਾਹੀ ਪਦਵੀ ਧਾਰਨ ਕਰ ਲਈ। ਇਹ 1421 ਈ. ਵਿਚ ਤਖ਼ਤ ਉੱਤੇ ਬੈਠਾ।

ਇਸ ਦੇ ਸ਼ਾਸਨ ਵਿਚ ਸਭ ਤੋਂ ਪਹਿਲਾ ਵਿਦਰੋਹ ਉੱਤਰੀ ਸਰਹੱਦ ਉੱਤੇ ਜਸਰਥ ਖੋਖਰ ਅਤੇ ਤੁਗ਼ਾਂਨ ਰਈਸ ਨੇ ਕੀਤਾ ਫਿਰ ਇਸ ਨੇ ਸਰਹਿੰਦ ਦੇ ਕਿਲ੍ਹੇ ਨੂੰ ਘੇਰਾ ਪਾ ਲਿਆ ਪਰੰਤੂ ਇਸ ਉੱਤੇ ਕਬਜ਼ਾ ਕਰਨ ਵਿਚ ਸਫਲ ਨਾ ਹੋਇਆ। ਜਦੋਂ ਇਸ ਨੂੰ ਉੱਤਰੀ ਸਰਹੱਦ ਉੱਤੇ ਉਠੇ ਵਿਦਰੋਹ ਦੀਆਂ ਖ਼ਬਰਾਂ ਮਿਲੀਆਂ ਤਾਂ ਇਸ ਨੇ ਸਮਾਣੇ ਵੱਲ ਨੂੰ ਕੂਚ ਕੀਤਾ ਪਰ ਅੱਗੋਂ ਖੋਖਰ ਨੇ ਸਰਹਿੰਦ ਦਾ ਘੇਰਾ ਉਠਾ ਦਿੱਤਾ ਅਤੇ ਲੁਧਿਆਣੇ ਵੱਲ ਪਿਛਾਂਹ ਮੁੜ ਗਏ। ਸ਼ਾਹੀ ਫ਼ੌਜ ਨੇ ਬਾਗ਼ੀ ਦਾ ਪਿੱਛਾ ਕੀਤਾ ਪਰੰਤੂ ਉਹ ਪਹਾੜਾਂ ਵਿਚ ਜਾ ਲੁਕਿਆ।

ਜਦੋਂ ਦੁਆਬ ਦੇ ਇਲਾਕਿਆਂ ਵਿਚ ਦੁਬਾਰਾ ਵਿਦਰੋਹ ਭੜਕ ਉਠਿਆ ਤਾਂ ਸੁਲਤਾਨ ਨੇ 1423 ਈ. ਵਿਚ ਕਟਹਿਰ ਵੱਲ ਕੂਚ ਕੀਤਾ ਅਤੇ ਸਥਾਨਕ ਮੁਖੀਆਂ ਤੋਂ ਈਨ ਮਨਵਾਈ ਅਤੇ ਟੈਕਸ ਵਸੂਲ ਕੀਤਾ। ਕੰਪਿਲਾ ਅਤੇ ਏਟਾਵਾ ਦੇ ਰਠੌੜਾਂ ਨੂੰ ਆਪਣੇ ਅਧੀਨ ਕਰ ਲਿਆ ਅਤੇ ਰਾਇ ਸਰਵਰ ਦੇ ਪੁੱਤਰ ਨੇ ਵਫ਼ਾਦਾਰ ਰਹਿਣ ਦੀ ਪੇਸ਼ਕਸ਼ ਕੀਤੀ ਅਤੇ ਨਾਲ ਹੀ ਖਿਰਾਜ ਦੇ ਬਕਾਏ ਵੀ ਅਦਾ ਕੀਤੇ।

ਮੁਬਾਰਿਜ਼ ਖ਼ਾਂ ਨੇ ਬਿਆਨਾ ਦੇ ਗਵਰਨਰ ਮੁਹੰਮਦ ਖ਼ਾਂ ਵੱਲੋਂ ਕੀਤੇ ਵਿਦਰੋਹ ਨੂੰ ਬੁਰੀ ਤਰ੍ਹਾਂ ਦਬਾ ਦਿੱਤਾ ਅਤੇ ਸੁਲਤਾਨ ਨੇ ਮੁਬਾਰਿਕ ਖ਼ਾਂ ਨੂੰ ਬਿਆਨਾ ਦਾ ਨਵਾਂ ਗਵਰਨਰ ਨਿਯੁਕਤ ਕਰ ਦਿੱਤਾ। ਇਸ ਸਮੇਂ ਹੀ ਇਬਰਾਹੀਮ ਸ਼ਰਕੀ ਨੇ ਇਕ ਭਾਰੀ ਫ਼ੌਜ ਦੀ ਅਗਵਾਈ ਕਰਦਿਆਂ ਕਲਪੀ ਵਿਰੁੱਧ ਕੂਚ ਕਰ ਦਿੱਤਾ। ਚੰਦਵੜ ਦੇ ਸਥਾਨ ਤੋਂ ਮੁਬਾਰਕ ਸ਼ਾਹ ਦੀਆਂ ਫ਼ੌਜਾਂ ਨੇ ਜਮੁਨਾ ਦਰਿਆ ਪਾਰ ਕਰ ਕੇ ਦੁਸ਼ਮਣਾਂ ਦੀਆਂ ਫ਼ੌਜਾਂ ਦੇ ਨੇੜੇ ਹੀ ਲਗਭਗ 13 ਕਿ. ਮੀ. ਦੇ ਫ਼ਾਸਲੇ ਉੱਤੇ ਡੇਰਾ ਲਾ ਲਿਆ। 22 ਦਿਨਾਂ ਤੋਂ ਬਾਅਦ ਦੋਵਾਂ ਫ਼ੌਜਾਂ ਵਿਚਕਾਰ ਘਮਸਾਣ ਦੀ ਲੜਾਈ ਹੋਈ ਪਰ ਸੁਲਤਾਨ ਦੀਆਂ ਭਾਰੀ ਫ਼ੌਜਾਂ ਨੂੰ ਵੇਖਦਿਆਂ ਹੀ ਸ਼ਰਕੀ ਆਪਣੀਆਂ ਫ਼ੌਜਾਂ ਸਮੇਤ ਪਿਛਾਂਹ ਪਰਤ ਗਿਆ। ਇਸ ਤਰ੍ਹਾਂ ਸੁਲਤਾਨ ਦੀ ਸ਼ਾਨਦਾਰ ਜਿੱਤ ਹੋਈ ਅਤੇ ਇਹ ਦਿੱਲੀ ਪਰਤ ਆਇਆ।

ਜਦੋਂ ਸੁਲਤਾਨ 20 ਫ਼ਰਵਰੀ, 1434 ਨੂੰ ਆਪਣੇ ਨਵੇਂ ਵਸਾਏ ਸ਼ਹਿਰ ਮੁਬਾਰਕਬਾਦ ਦੀ ਉਸਾਰੀ ਦੇ ਵਿਕਾਸ ਕੰਮਾਂ ਨੂੰ ਦੇਖਣ ਗਏ ਤਾਂ ਕਾਜੂ ਦੇ ਪੋਤਰੇ, ਸਿੱਧੂ ਪਾਲ ਨੇ ਤਲਵਾਰ ਨਾਲ ਇਸ ਨੂੰ ਕਤਲ ਕਰ ਦਿੱਤਾ।

ਇਸ ਤੋਂ ਪਿੱਛੋਂ ਇਸ ਬੰਧ ਦੇ ਕਮਜ਼ੋਰ ਵਾਰਸਾਂ ਕਰਕੇ ਇਸ ਬੰਧ ਦਾ ਛੇਤੀ ਹੀ ਪਤਨ ਹੋ ਗਿਆ।

ਲੋਧੀ ਬੰਸ—ਪੰਜਾਬ ਦੇ ਲਾਹੌਰ, ਦੀਪਾਲਪੁਰ ਅਤੇ ਸਰਹਿੰਦ ਦੇ ਉੱਤਰੀ ਜ਼ਿਲ੍ਹਿਆਂ ਤੋਂ ਲੈ ਕੇ ਦੱਖਣ ਵਿਚ ਹਾਂਸੀ, ਹਿਸਾਰ ਅਤੇ ਪਾਣੀਪਤ ਦੇ ਜ਼ਿਲ੍ਹਿਆਂ ਉਪਰ ਬਹਿਲੋਲ ਲੋਧੀ ਨਾਂ ਦੇ ਇਕ ਅਫ਼ਗਾਨ ਦੀ ਹਕੂਮਤ ਸੀ। ਇਸ ਨੇ ਬਜ਼ੀਰ ਹਮੀਦ ਖ਼ਾਂ ਦੀ ਮਦਦ ਨਾਲ ਦਿੱਲੀ ਦਾ ਤਖ਼ਤ ਹਾਸਲ ਕਰ ਲਿਆ ਅਤੇ ਇੰਜ ਦਿੱਲੀ ਉਪਰ ਅਫ਼ਗ਼ਾਨ ਹਕੂਮਤ ਕਾਇਮ ਕੀਤੀ।

ਬਹਿਲੋਲ ਨੂੰ ਦਿੱਲੀ ਦੇ ਵਜ਼ੀਰਾਂ ਅਤੇ ਪੁਰਾਣੀ ਸਲਤਨਤ ਦੇ ਵਾਰਸਾਂ ਨੇ ਸਵੀਕਾਰ ਨਾ ਕੀਤਾ ਅਤੇ ਮਹਿਮੂਦ ਸ਼ਾਹ ਸ਼ਰਕੀ ਆਪਣੀ ਵਿਸ਼ਾਲ ਸੈਨਾ ਨਾਲ ਇਸ ਦੇ ਵਿਰੁੱਧ ਆਇਆ। ਦੋਹਾਂ ਦੀਆਂ ਫ਼ੌਜਾਂ ਵਿਚਕਾਰ ਜੰਗ ਹੋਈ ਪਰ ਅੰਤ ਨੂੰ ਮਹਿਮੂਦ ਸ਼ਾਹ ਨੂੰ ਪਿੱਛੇ ਹਟਣਾ ਪਿਆ। ਇਸ ਜਿੱਤ ਨਾਲ ਨਾ ਸਿਰਫ਼ ਬਹਿਲੋਲ ਲੋਧੀ ਦਾ ਹੌਸਲਾ ਹੀ ਬੁਲੰਦ ਹੋਇਆ ਸਗੋਂ ਹਰ ਥਾਈਂ ਇਸ ਦੀ ਬੀਰਤਾ ਦੀ ਚਰਚਾ ਹੋਣ ਲੱਗੀ ਅਤੇ ਦੁਸ਼ਮਣਾਂ ਵਿਚ ਭੈਅ ਅਤੇ ਦਬਦਬਾ ਕਾਇਮ ਹੋਇਆ। ਇਸ ਤੋਂ ਬਾਅਦ ਸੁਲਤਾਨ ਨੇ ਮੇਵਾਤ, ਸੰਬਲ, ਰਿਵਾੜੀ ਅਤੇ ਦੁਆਬੇ ਦੇ ਇਲਾਕੇ ਫ਼ਤਹਿ ਕੀਤੇ ਅਤੇ ਬਾਅਦ ਵਿਚ ਜੌਨਪੁਰ ਉੱਤੇ ਕਬਜ਼ਾ ਕੀਤਾ। ਕਾਲਪੀ, ਧੌਲਪੁਰ, ਬਾਰੀ ਅਤੇ ਅਲਾਪੁਰ ਨੂੰ ਜਿੱਤ ਕੇ ਇਸ ਨੇ ਆਪਣੇ ਰਾਜ ਦੀਆਂ ਸਰਹੱਦਾਂ ਕਾਫ਼ੀ ਵਧਾ ਲਈਆਂ। ਸੰਨ 1488 ਵਿਚ ਇਸ ਦੀ ਮੌਤ ਹੋ ਗਈ। 17 ਜੁਲਾਈ, 1489 ਨੂੰ ਇਸ ਦੀ ਮੌਤ ਮਗ਼ਰੋਂ ਇਸ ਦਾ ਲੜਕਾ ਨਿਜ਼ਾਮ ਖ਼ਾਂ ਸਿੰਕਦਰ ਸ਼ਾਹ ਦੇ ਨਾਉਂ ਨਾਲ ਤਖ਼ਤ ਤੇ ਬੈਠਾ। ਆਪਣੇ ਪਿਤਾ ਦੀ ਤਰ੍ਹਾਂ ਇਸ ਨੇ ਆਪਣੇ ਰਾਜ ਨੂੰ ਵਧਾਉਣ ਅਤੇ ਸੰਗਠਤ ਕਰਨ ਵੱਲ ਕਾਫ਼ੀ ਧਿਆਨ ਦਿੱਤਾ।

ਰੇਬਾਰੀ ਦੇ ਗਵਰਨਰ ਆਲਮ ਖ਼ਾਂ ਨੂੰ ਹਰਾਇਆ। ਮਗਰੋਂ ਉਸ ਦੇ ਭਰਾ ਬਰਬਕ ਸ਼ਾਹ ਜਿਹੜਾ ਜੌਨਪੁਰ ਦਾ ਹਾਕਮ ਸੀ, ਨੂੰ ਦਿੱਲੀ

ਸਲਤਨਤ ਅਧੀਨ ਰਹਿਣ ਲਈ ਕਿਹਾ ਗਿਆ। ਉਸ ਦੇ ਇਨਕਾਰ ਤੇ ਸ਼ਾਹੀ ਫ਼ੌਜਾਂ ਨੇ ਜੌਨਪੁਰ ਤੇ ਹਮਲਾ ਕੀਤਾ ਅਤੇ ਬਰਬਕ ਸ਼ਾਹ ਨੂੰ ਹਾਰ ਦਿੱਤੀ। ਇਸ ਤੋਂ ਬਾਅਦ ਕਲਪੀ ਅਤੇ ਗਵਾਲੀਅਰ ਦੇ ਮਸਲਿਆਂ ਨੂੰ ਹੱਲ ਕਰਦਾ ਹੋਇਆ 1492 ਈ. ਵਿਚ ਸੁਲਤਾਨ ਵਾਪਸ ਦਿੱਲੀ ਆਇਆ। ਇਸ ਤੋਂ ਬਾਅਦ ਇਸ ਨੇ ਆਪਣਾ ਧਿਆਨ ਵੱਡੇ-ਵੱਡੇ ਅਫ਼ਗਾਨ ਜਾਗੀਰਦਾਰਾਂ ਵੱਲ ਮੋੜਿਆ। ਸਿੱਟੇ ਵਜੋਂ ਹੈਬਤ ਖ਼ਾਨ ਨੇ ਕੁਝ ਹੋਰ ਜਾਗੀਰਦਾਰਾਂ ਨਾਲ ਮਿਲ ਕੇ ਸੁਲਤਾਨ ਵਿਰੁਧ ਬਗ਼ਾਵਤ ਦੀ ਸਾਜ਼ਿਸ ਕੀਤੀ ਅਤੇ ਇਸ ਵਿਚ ਸੁਲਤਾਨ ਦੇ ਭਰਾ ਸ਼ਹਿਜ਼ਾਦਾ ਫ਼ਤਹਿ ਖ਼ਾਂ ਨੂੰ ਵੀ ਸ਼ਾਮਲ ਕਰ ਲਿਆ ਪਰ ਮਗਰੋਂ ਆਪਣੀ ਮਾਂ ਅਤੇ ਸ਼ੇਖ ਕਾਬਲੀ ਦੇ ਸਮਝਾਉਣ ਤੇ ਇਸ ਸਾਜ਼ਸ਼ ਵਿਚ ਸ਼ਾਮਲ ਨਾ ਹੋਇਆ। ਬਾਕੀ ਸ਼ਾਜਸ਼ੀਆਂ ਨੂੰ ਕਾਫ਼ੀ ਜੁਰਮਾਨਾ ਅਤੇ ਹੋਰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ।

ਇਟਾਵਾ, ਬਿਆਨਾ, ਕੋਲ, ਗਵਾਲੀਅਰ ਅਤੇ ਧੌਲਪੁਰ ਦੀਆਂ ਜਾਗੀਰਾਂ ਉਪਰ ਨਜ਼ਰ ਰੱਖਣ ਹਿੱਤ ਸੁਲਤਾਨ ਨੇ 1504 ਈ. ਵਿਚ ਇਕ ਨਵੇਂ ਸ਼ਹਿਰ ਆਗਰਾ ਦੀ ਨੀਂਹ ਰੱਖੀ। ਸੁਲਤਾਨ ਦੇ ਅੰਤਮ ਸਾਲ ਰਾਜਪੂਤਾਂ ਅਤੇ ਆਪਣੇ ਗਵਰਨਰਾਂ ਦੀਆਂ ਬਗ਼ਾਵਤਾਂ ਨੂੰ ਦਬਾਉਣ ਵਿਚ ਬੀਤੇ। 1 ਦਸੰਬਰ, 1517 ਵਿਚ ਇਸ ਦੀ ਮੌਤ ਹੋ ਗਈ।

ਸਿਕੰਦਰ ਲੋਧੀ ਦੀ ਮੌਤ ਉਪਰੰਤ ਇਸ ਦਾ ਲੜਕਾ ਇਬਰਾਹੀਮ ਗੱਦੀ ਤੇ ਬੈਠਾ। ਇਸ ਨੇ ਅਮੀਰਾਂ ਤੇ ਸਖ਼ਤੀ ਕਰ ਕੇ ਉਨ੍ਹਾਂ ਨੂੰ ਆਪਣੇ ਵਿਰੁੱਧ ਕਰ ਲਿਆ। ਸਿੱਟੇ ਵਜੋ ਉਨ੍ਹਾਂ ਨੇ ਇਸ ਦੇ ਭਰਾ ਜਲਾਲ ਨੂੰ ਗੱਦੀ ਤੇ ਬਿਠਾਉਣ ਦੀ ਸਾਜਸ਼ ਕੀਤੀ। ਸੁਲਤਾਨ ਨੇ ਅਮੀਰਾਂ ਨੂੰ ਜਲਾਲ ਨੂੰ ਵਰਜਣ ਦਾ ਫੁਰਮਾਨ ਜਾਰੀ ਕੀਤਾ। ਜਲਾਲ ਨੇ ਗਵਾਲੀਅਰ ਦੇ ਰਾਜ ਕੋਲ ਸ਼ਰਣ ਲਈ। ਸੁਲਤਾਨ ਨੇ ਆਪਣੇ ਪਿਤਾ ਦੇ ਨਾਲ ਦੇ ਵਜ਼ੀਰਾਂ ਨੂੰ ਉਨ੍ਹਾਂ ਦੇ ਅਹੁਦਿਆਂ ਤੋਂ ਹਟਾ ਦਿੱਤਾ।

ਮੇਵਾੜ ਨੂੰ ਫ਼ਤਹਿ ਕਰਨ ਲਈ ਰਾਣਾ ਸਾਂਗਾ ਤੇ ਹਮਲਾ ਕੀਤਾ ਅਤੇ ਜਿੱਤ ਹਾਸਲ ਕੀਤੀ। ਇਸ ਨੇ ਆਪਣੇ ਸਰਦਾਰਾਂ ਦੀ ਹਮਦਰਦੀ ਹਾਸਲ ਕਰਨ ਦਾ ਕਦੇ ਯਤਨ ਨਾ ਕੀਤਾ। ਉਸ ਵੇਲੇ ਇਨ੍ਹਾਂ ਵਿਚੋਂ ਦੌਲਤ ਖ਼ਾਂ ਲੋਧੀ ਜਿਹੜਾ ਪੰਜਾਬ ਦਾ ਗਵਰਨਰ ਸੀ, ਨੇ ਬਾਬਰ ਨੂੰ ਭਾਰਤ ਉੱਤੇ ਹਮਲਾ ਕਰਨ ਦਾ ਸੱਦਾ ਦਿੱਤਾ। 21 ਅਪ੍ਰੈਲ, 1529 ਵਿਚ ਪਾਣੀਪਤ ਦੇ ਮੈਦਾਨ ਵਿਚ ਬਾਬਰ ਅਤੇ ਇਬਰਾਹੀਮ ਲੋਧੀ ਵਿਚਕਾਰ ਟਾਕਰਾ ਹੋਇਆ ਜਿਸ ਵਿਚ ਸੁਲਤਾਨ ਇਬਰਾਹੀਮ ਨੂੰ ਹਾਰ ਹੋਈ ਅਤੇ ਇਹ ਮਾਰਿਆ ਗਿਆ। ਇਸ ਦੀ ਮੌਤ ਦੇ ਨਾਲ ਦਿੱਲੀ ਉਪਰ ਸੁਲਤਾਨਾਂ ਦਾ ਰਾਜ ਖ਼ਤਮ ਹੋਇਆ ਅਤੇ ਮੁਗਲਾਂ ਦਾ ਰਾਜ ਸ਼ੁਰੂ ਹੋਇਆ।

ਹ. ਪੁ.-ਹਿ. ਆ. ਮੈਂ. ਇੰ-ਈਸ਼ਵਰੀ ਪਰਸ਼ਾਦ

ਦਿਲੀਪ : ਇਹ ਅਯੋਧਿਆ ਦੇ ਰਾਜੇ ਅੰਸ਼ੁਮਾਨ ਦਾ ਪੁੱਤਰ ਅਤੇ ਭਗੀਰਥ ਦਾ ਪਿਤਾ ਸੀ। ਇਹ ਸੂਰਜ ਵੰਸ਼ੀ ਰਾਜਾ ਰਾਮ ਦਾ ਵੱਡਾ ਵਡੇਰਾ ਸੀ। ਇਕ ਵਾਰ ਇਹ ਸੁਰਭੀ (ਕਿਸਮਤ ਦੀ ਗਾਉ) ਦਾ ਲੋੜੀਂਦਾ ਸਤਿਕਾਰ ਨਾ ਕਰ ਸਕਿਆ ਜਿਸ ਕਾਰਨ ਸੁਰਭੀ ਨੇ ਇਸ ਨੂੰ ਇਹ ਸਰਾਪ ਦਿੱਤਾ ਕਿ ਜਦ ਤੱਕ ਇਹ ਅਤੇ ਇਸ ਦੀ ਪਤਨੀ ਸੁਦਕਸ਼ਿਣਾ ਉਸ ਦੀ ਧੀ ਨੰਦਿਨੀ ਦੀ ਸੇਵਾ ਨਹੀਂ ਕਰਨਗੇ ਉਦੋਂ ਤਕ ਉਨ੍ਹਾਂ ਦੇ ਕੋਈ ਸੰਤਾਨ ਨਹੀਂ ਹੋਵੇਗੀ। ਇਨ੍ਹਾਂ ਨੇ ਨੰਦਿਨੀ ਦੀ ਸ਼ਰਧਾ ਨਾਲ ਸੇਵਾ ਕੀਤੀ ਅਤੇ ਇਕ ਵਾਰ ਇਸ ਨੇ ਉਸ ਨੂੰ ਸ਼ੇਰ ਤੋਂ ਬਚਾਉਣ ਲਈ ਜਾਨ ਦੀ ਬਾਜ਼ੀ ਵੀ ਲਗਾ ਦਿੱਤੀ। ਸਰਾਪ ਦਾ ਸਮਾਂ ਖ਼ਤਮ ਹੋਣ ਤੇ ਇਨ੍ਹਾਂ ਦੇ ਘਰ ਰਘੂ ਨਾਂ ਦਾ ਪੁੱਤਰ ਹੋਇਆ ਜੋ ਬਹੁਤ ਪ੍ਰਤਾਪੀ ਸੀ।

ਆਪਣੇ ਦਾਦੇ ਸਗਰ ਦੀ ਮੁਕਤੀ ਲਈ ਇਸ ਨੇ ਗੰਗਾ ਨੂੰ ਪ੍ਰਿਥਵੀ ਤੇ ਲਿਆਉਣਾ ਚਾਹਿਆ ਅਤੇ ਇਸ ਲਈ ਇਸ ਨੇ ਤੀਹ ਹਜ਼ਾਰ ਸਾਲ ਤੱਕ ਤਪੱਸਿਆ ਕੀਤੀ ਪਰ ਗੰਗਾ ਆਉਣ ਤੋਂ ਪਹਿਲਾਂ ਹੀ ਇਸ ਦੀ ਮੌਤ ਹੋ ਗਈ।

ਇਸ ਨਾਂ ਦਾ ਇਕ ਹੋਰ ਰਾਜਕੁਮਾਰ ਵੀ ਸੀ।

ਹ. ਪੁ. - ਹਿੰ. ਵਿ. ਕੋ. 6 : 54 ; ਹਿੰ. ਮਿ. ਕੋ 301; ਮ. ਕੋ. 634 ; ਪ੍ਰਾ. ਚ. ਕੋ. 291.

ਦਿਲੇਰ ਖ਼ਾਂ, ਦਾਊਂਦ ਜ਼ਾਈ : ਇਹ ਭਾਰਤ ਦੇ ਮੁਗਲ ਬਾਦਸ਼ਾਹ ਸ਼ਾਹਜਹਾਂ ਦੇ ਦਰਬਾਰ ਦਾ ਇਕ ਬਹੁਤ ਬਹਾਦਰ ਸਰਦਾਰ ਸੀ। ਇਸ ਦੀ ਬਹਾਦਰੀ ਕਰ ਕੇ ਹੀ ਇਸ ਨੂੰ ਦਿਲੇਰ ਖ਼ਾਂ ਦਾ ਰੁਤਬਾ ਮਿਲਿਆ ਸੀ। ਇਸ ਦਾ ਅਸਲੀ ਨਾਂ ਜਲਾਲ ਖ਼ਾਂ ਸੀ। ਬਾਦਸ਼ਾਹ ਨੇ ਇਸ ਨੂੰ ਕਾਲਪੀ ਅਤੇ ਕਨੌਜ ਦੀਆਂ ਸਰਕਾਰਾਂ ਦਾ ਫ਼ੌਜਦਾਰ ਬਣਾਇਆ ਸੀ। ਇਸ ਤੋਂ ਪਹਿਲਾਂ ਇਹ ਸਥਾਨ ਇਸ ਦੇ ਵੱਡੇ ਭਰਾ ਬਹਾਦੁਰ ਖ਼ਾਂ ਦੇ ਕੋਲ ਜਾਗੀਰ ਵਜੋਂ ਸਨ। ਮੁਅੱਜ਼ਮ ਖ਼ਾਂ ਮੀਰ ਜੁਮਲਾ ਦੇ ਸਹਾਇਕ ਦੇ ਰੂਪ ਵਿਚ ਇਸ ਨੂੰ ਦੱਖਣ ਵੱਲ ਵੀ ਭੇਜਿਆ ਗਿਆ। ਕਲਿਆਣ ਦੇ ਕਿਲੇ ਨੂੰ ਫ਼ਤਹਿ ਕਰਨ ਸਮੇਂ ਇਸ ਨੇ ਵਿਸ਼ੇਸ਼ ਵੀਰਤਾ ਦਿਖਾਈ ਜਿਸ ਤੋਂ ਬਾਦਸ਼ਾਹ ਬਹੁਤ ਖ਼ੁਸ਼ ਹੋਇਆ ਅਤੇ ਇਹ ਉਸ ਦੀ ਵਿਸ਼ੇਸ਼ ਕ੍ਰਿਪਾ ਦ੍ਰਿਸ਼ਟੀ ਦਾ ਪਾਤਰ ਬਣਿਆ। ਇਸ ਤੋਂ ਇਲਾਵਾ ਇਹ ਮੁਹੰਮਦ ਸ਼ੁਜਾਅ ਦੇ ਵਿਦਰੋਹ ਨੂੰ ਦਬਾਉਣ ਵਿਚ ਵੀ ਸਫ਼ਲ ਹੋਇਆ। ਰਾਜਾ ਜੈ ਸਿੰਘ ਦੀ ਸਹਿਮਤੀ ਨਾਲ ਇਹ ਔਰੰਗਜ਼ੇਬ ਦੀ ਸੇਵਾ ਵਿਚ ਹਾਜ਼ਰ ਹੋ ਗਿਆ। ਔਰੰਗਜ਼ੇਬ ਨੇ ਇਸ ਨੂੰ ਸ਼ੇਖਮੀਰ ਦੇ ਨਾਲ ਦਾਰਾ ਸ਼ਿਕੋਹ ਦਾ ਪਿੱਛਾ ਕਰਨ ਲਈ ਭੇਜਿਆ। ਅਜਮੇਰ ਵਿਚ ਦੋਹਾਂ ਦਾ ਟਾਕਰਾ ਹੋਇਆ ਅਤੇ ਦਾਰਾ ਨੂੰ ਉਥੋਂ ਭੱਜਣਾ ਪਿਆ। ਸੰਨ 1659 ਵਿਚ ਇਸ ਨੇ ਬਹੁਤ ਉੱਚ ਕੋਟੀ ਦੀ ਬਹਾਦਰੀ ਨਾਲ ਸ਼ੁਜਾਅ ਨੂੰ ਬੰਗਾਲ ਵਿਚੋਂ ਕੱਢ ਦਿੱਤਾ। ਇਸ ਤਰ੍ਹਾਂ ਆਸਾਮ ਵਿਚ ਸ਼ਾਮਲਗੜ੍ਹ ਦੇ ਕਿਲੇ ਨੂੰ ਫ਼ਤਹਿ ਕਰਨ ਵਿਚ ਵੀ ਦਲੇਰ ਖ਼ਾਂ ਸਫ਼ਲ ਹੋਇਆ।

ਦਲੇਰ ਖ਼ਾਂ ਨੂੰ ਮਿਰਜ਼ਾ ਰਾਜਾ ਜੈ ਸਿੰਘ ਦੇ ਨਾਲ ਸ਼ਿਵਾ ਜੀ ਨੂੰ ਦਬਾਉਣ ਲਈ ਵੀ ਭੇਜਿਆ ਗਿਆ। ਸ਼ਿਵਾ ਜੀ ਨੇ ਇਸ ਨਾਲ ਸੰਧੀ ਕਰ ਲਈ। ਇਸ ਤੋਂ ਬਾਅਦ ਇਸ ਨੇ ਬੀਜਾਪੁਰ ਵਿਚ ਲੁੱਟਮਾਰ ਮਚਾਈ। ਬਗਲਾਨਾ ਦੇ ਸਾਲਹੇਰ ਕਿਲੇ ਨੂੰ ਦੁਸ਼ਮਣਾਂ ਤੋਂ ਜਿੱਤਣ ਵਿਚ ਇਹ ਸਫ਼ਲ ਨਾ ਹੋ ਸਕਿਆ। ਇਸ ਤੋਂ ਬਾਅਦ ਇਹ ਕੁਝ ਦਿਨਾਂ ਲਈ ਮੁਲਤਾਨ ਦਾ ਸੂਬੇਦਾਰ ਰਿਹਾ ਤੇ ਫਿਰ ਇਸ ਨੂੰ ਦੱਖਣ ਭੇਜ ਦਿੱਤਾ ਗਿਆ। ਦੱਖਣ ਵਿਚ ਰਹਿੰਦੇ ਸਮੇਂ ਇਸ ਨੇ ਮੰਗਲਸਰਫ਼ ਨਾਂ ਦਾ ਕਿਲਾ ਸ਼ਿਵਾ ਜੀ ਤੋਂ ਲੈ ਲਿਆ। ਔਰੰਗਜ਼ੇਬ ਨੇ ਇਸ ਨੂੰ ਬੀਜਾਪੁਰ ਤੇ ਹਮਲਾ ਕਰਨ ਲਈ ਚੁਣਿਆ ਸੀ ਪਰ ਇਸ ਤੋਂ ਪਹਿਲਾਂ ਹੀ 1683 ਈ. ਵਿਚ ਇਸ ਦੀ ਮੌਤ ਹੋ ਗਈ।

ਹ. ਪੁ.-ਹਿੰ. ਵਿ. ਕੋ. 6 : 54

ਦਿਵੋ ਦਾਸ਼ : ਪੁਰਾਤਨ ਭਾਰਤ ਵਿਚ ਇਸ ਨਾਂ ਦੇ ਤਿੰਨ ਰਾਜੇ ਹੋਏ ਹਨ। ਇਨ੍ਹਾਂ ਵਿਚੋਂ ਪਹਿਲਾ ਦਿਵੋਦਾਸ ਰਾਜਾ ਕਾਸ਼ੀ ਦਾ ਚੰਦਰਵੰਸ਼ੀ ਰਾਜਾ ਸੀ। ਪੁਰਾਣਾਂ ਵਿਚ ਵੀ ਇਸ ਦਾ ਜ਼ਿਕਰ ਮਿਲਦਾ ਹੈ। ਕਿਧਰੇ-ਕਿਧਰੇ ਉਸ ਦੇ ਵੰਸ਼ ਦੂਜੇ ਦਿਵੋਦਾਸ ਨਾਲ ਉਲਝੇ ਹੋਏ ਰੂਪ ਵਿਚ ਮਿਲਦੇ ਹਨ ਪਰ ਪਾਰਲਿਟਰ ਦਾ ਇਹ ਕ੍ਰਮ-ਨਿਰਧਾਰਣ ਠੀਕ ਲਗਦਾ ਹੈ (ਏਨਸ਼ੈਂਟ ਇੰਡੀਅਨ ਹਿਸਟਾਰੀਕਲ ਟ੍ਰੈਡੀਸ਼ਨਜ਼ 1962 : 153-55) ਕਿ ਪਹਿਲਾ ਦਿਵੋਦਾਸ ਦੱਖਣੀ ਪੱਖ ਦੇ ਹੈਹਯਵੰਸ਼ੀ ਦੋ ਰਾਜਿਆਂ-ਭਦਰ ਸ਼੍ਰੇਣਯ ਅਤੇ ਦੁਰਦਭ ਦਾ ਸਮਕਾਲੀ ਸੀ। ਇਹ ਭੀਮਰਥ ਦਾ ਪੁਤੱਰ ਸੀ ਅਤੇ ਹੈਹਯਾਂ ਦੇ ਹਮਲੇ ਦੇ ਕਾਰਣ ਸ਼ਾਇਦ ਇਸ ਨੂੰ ਆਪਣੀ ਰਾਜਧਾਨੀ ਵਾਰਾਨਸੀ ਛੱਡ ਕੇ ਗੰਗਾ-

ਗੋਮਤੀ ਸੰਗਮ ਵੱਲ ਨੂੰ ਭੱਜਣਾ ਪਿਆ। ਇਸ ਦੀਆਂ ਤਿੰਨ-ਚਾਰ ਪੁਸ਼ਤਾਂ ਤੋਂ ਬਾਅਦ ਇਸੇ ਨਾਂ ਦਾ ਇਕ ਹੋਰ ਰਾਜਾ ਹੋਇਆ। ਇਸ ਦੂਜੇ ਦਿਵੋਦਾਸ ਦੇ ਸਮੇਂ ਹੈਹਯ ਤਾਲਜੰਘ ਵੰਸ਼ੀ, ਵੀਤੀਹੋਤਰ ਦੇ ਪੁੱਤਰਾਂ ਨੇ ਫ਼ਿਰ ਤੋਂ ਕਾਸ਼ੀ ਤੇ ਹਮਲਾ ਕੀਤਾ ਅਤੇ ਉਸ ਨੂੰ ਯੁੱਧ ਵਿਚ ਹਰਾ ਦਿੱਤਾ ਪਰ ਛੇਤੀ ਹੀ ਉਸ ਦੇ ਪੁਤੱਰ ਪ੍ਰਤਰਦਨ ਨੇ ਉਸ ਨੂੰ ਉਥੋਂ ਮਾਰ ਭਜਾਇਆ। ਤੀਸਰਾ ਦਿਵੋਦਾਸ ਉੱਤਰੀ ਪੰਚਾਲਾਂ ਦੀ ਇਕ ਸ਼ਾਖਾ, ਤਟਤਸੁ ਦਾ ਰਾਜਾ ਸੀ ਅਤੇ ਅਤਿਥੀਗਣ ਉਸ ਦੀ ਉਪਾਧੀ ਸੀ। ਇਸ ਦੇ ਪਿਤਾ ਦਾ ਨਾਂ ਭਦ੍ਰਸ਼ਵ ਸੀ। ਇਹ ਇਕ ਮਹਾਨ ਯੋਧਾ ਅਤੇ ਵਿਜੇਤਾ ਸੀ ਜਿਸ ਨੇ ਪੌਰਵਾਂ, ਯਾਦਵਾਂ ਅਤੇ ਤੁਰਵਸ਼ਾਂ ਨਾਲ ਲੜਾਈਆਂ ਕੀਤੀਆਂ। ਇਸ ਤੋਂ ਇਲਾਵਾ ਇਸ ਨੇ ਪਣੀ ਲੋਕਾਂ ਅਤੇ ਦਾਸਾਂ ਨਾਲ ਵੀ ਯੁੱਧ ਕੀਤੇ। ਦਾਸਾਂ ਵਿਚੋਂ ਰਾਜਾ ਸ਼ੰਵਰ ਉਸ ਦਾ ਮੁੱਖ ਦੁਸ਼ਮਣ ਸੀ ਜਿਸ ਨੂੰ ਇਸ ਨੇ ਕਈ ਵਾਰੀ ਹਰਾਇਆ। ਯੋਧਾ ਹੋਣ ਦੇ ਨਾਲ-ਨਾਲ ਇਹ ਮਹਾਨ ਵਿਦਵਾਨ ਅਤੇ ਵੈਦਿਕ ਮੰਤਰਾਂ ਦਾ ਰਚੇਤਾ ਵੀ ਸੀ।

ਹ. ਪੁ. — ਹਿੰ. ਵਿ. ਕੋ. 6 : 61

ਦੀਆਸਲਾਈ : ਇਹ ਅੱਗ ਪੈਦਾ ਕਰਨ ਵਾਲੀ ਇਕ ਛੋਟੀ ਜਿਹੀ ਲੱਕੜ ਦੀ ਸੀਖ਼ ਹੁੰਦੀ ਹੈ ਜਿਸ ਦੇ ਇਕ ਸਿਰੇ ਤੇ ਮਸਾਲਾ ਲੱਗਿਆ ਹੁੰਦਾ ਹੈ। ਰਗੜਣ ਨਾਲ ਜਾਂ ਕੁਝ ਪਦਾਰਥਾਂ ਦੇ ਸੰਪਰਕ ਵਿਚ ਆਉਣ ਨਾਲ ਇਹ ਸੀਖ਼ ਬਲ ਪੈਂਦੀ ਹੈ। ਮਨੁੱਖ ਦੀ ਸਭ ਤੋਂ ਪਹਿਲੀ ਸਮੱਸਿਆ ਅੱਗ ਪੈਦਾ ਕਰਨ ਦੀ ਸੀ। ਪਹਿਲਾਂ ਪੱਥਰ ਅਤੇ ਲੋਹੇ ਨੂੰ ਆਪਸ ਵਿਚ ਰਗੜ ਕੇ ਅੱਗ ਪੈਦਾ ਕੀਤੀ ਜਾਂਦੀ ਸੀ। ਸ਼ੁਰੂ ਵਿਚ ਦੀਆਸਲਾਈ ਵਿਚ ਗੰਧਕ ਦੀ ਵਰਤੋਂ ਕੀਤੀ ਜਾਂਦੀ ਸੀ ਪਰ ਆਧੁਨਿਕ ਦੀਆ ਸਲਾਈ ਵਿਚ ਫ਼ਾਸਫ਼ੋਰਸ ਦੀ ਵਰਤੀ ਜਾਂਦੀ ਹੈ।

ਬਰਥੋਲੇ ਨੇ ਸਭ ਤੋਂ ਪਹਿਲਾਂ ਅੱਗ ਪੈਦਾ ਕਰਨ ਲਈ ਪੋਟਾਸ਼ੀਅਮ ਕਲੋਰੇਟ ਅਤੇ ਗੰਧਕ ਦੇ ਤੇਜ਼ਾਬ ਦਾ ਪ੍ਰਯੋਗ ਕੀਤਾ। ਪੋਟਾਸ਼ੀਅਮ ਕਲੋਰੇਟ ਖੰਡ ਅਤੇ ਗੂੰਦ ਵਿਚ ਮਿਲਾ ਕੇ ਲੱਕੜੀ ਦੀ ਸੀਖ਼ ਦੇ ਇਕ ਸਿਰੇ ਤੇ ਲਗਾ ਦਿੱਤਾ ਜਾਂਦਾ ਸੀ। ਇਸ ਸੀਖ਼ ਨੂੰ ਗੰਧਕ ਦੇ ਤੇਜ਼ਾਬ ਵਿਚ ਡੁਬੋਣ ਨਾਲ ਸੀਖ਼ ਬਲ ਪੈਂਦੀ ਸੀ। ਫ਼ਾਸਫ਼ੋਰਸ ਦੀ ਖੋਜ ਤੋਂ ਬਾਅਦ 1826 ਈ. ਵਿਚ ਇੰਗਲੈਂਡ ਦੇ ਜਾਨ ਵਾਕਰ ਨੇ ਰਗੜ ਨਾਲ ਅੱਗ ਪੈਦਾ ਕਰਨ ਵਾਲੀ ਦੀਆਸਲਾਈ ਦੀ ਖੋਜ ਕੀਤੀ। ਸੀਖ ਉਪਰ ਐਂਟੀਮਨੀ ਸਲਫ਼ਾਈਡ, ਪੋਟਾਸ਼ੀਅਮ ਕਲੋਰੇਟ, ਗੂੰਦ ਜਾਂ ਸਟਾਰਚ ਲੱਗੇ ਹੁੰਦੇ ਸਨ। ਇਸ ਨੂੰ ਰੇਗਮਾਰ ਉਪਰ ਰਗੜਨ ਨਾਲ ਮਸਾਲਾ ਬਲ ਪੈਦਾ ਸੀ। ਇਸ ਨਾਲ ਚਿੰਗਾਰੀਆਂ ਨਿਕਲਦੀਆਂ ਅਤੇ ਛੋਟੇ ਛੋਟੇ ਵਿਸਫ਼ੋਟ ਵੀ ਹੁੰਦੇ ਸਨ। ਸੰਨ 1832 ਵਿਚ ਫਰਾਂਸ ਵਿਚ ਐਂਟੀਮਨੀ ਸਲਫ਼ਾਈਡ ਦੀ ਥਾਂ ਤੇ ਫ਼ਾਸਫ਼ੋਰਸ ਦਾ ਪ੍ਰਯੋਗ ਸ਼ੁਰੂ ਹੋਇਆ ਇਸ ਨਾਲ ਗੰਧਕ ਦੀ ਦੁਰਗੰਧ ਤੋਂ ਬਚਾਅ ਹੋ ਗਿਆ ਪਰ ਫ਼ਾਸਫ਼ੋਰਸ ਦੇ ਬਲਣ ਨਾਲ ਬਣਿਆ ਧੂੰਆਂ ਬਹੁਤ ਹੀ ਹਾਨੀਕਾਰਕ ਸਿੱਧ ਹੋਇਆ। ਇਸ ਨਾਲ ਦੀਆਸਲਾਈ ਬਣਾਉਣ ਦੇ ਕਾਰਖ਼ਾਨਿਆਂ ਵਿਚ ਕੰਮ ਕਰਨ ਵਾਲੇ ਮਜ਼ਦੂਰਾਂ ਵਿਚ ਫ਼ਾਸਫ਼ੋਰਸ ਨੈਕਰੋਸਿਸ ਰੋਗ ਫੈਲ ਗਿਆ ਜਿਸ ਨਾਲ ਮਜ਼ਦੂਰਾਂ ਦੇ ਜਬਾੜ੍ਹੇ ਦੀਆਂ ਹੱਡੀਆਂ ਗਲਣ ਲਗ ਪਈਆਂ ਅਤੇ ਬਹੁਤ ਲੋਕ ਮਰਨ ਲੱਗੇ। ਇਸ ਤੋਂ ਬਾਅਦ ਆਧੁਨਿਕ ਦੀਆਸਲਾਈ ਦੀ ਖੋਜ ਹੋਈ। ਇਸ ਵਿਚ ਕੁਝ ਮਸਾਲੇ ਸੀਖ਼ ਦੇ ਸਿਰੇ ਉੱਤੇ ਲਗਾਏ ਜਾਂਦੇ ਹਨ ਅਤੇ ਕੁਝ ਦੀਆਸਲਾਈ ਵਾਲੀਆਂ ਡੱਬੀਆਂ ਉੱਤੇ ਲਾਏ ਜਾਂਦੇ ਹਨ। ਇਸ ਨਾਲ ਦੀਆਸਲਾਈ ਕੇਵਲ ਡੱਬੀ ਦੇ ਤਲ ਉਪਰ ਰਗੜਨ ਨਾਲ ਹੀ ਬਲਦੀ ਹੈ।

ਪਹਿਲਾਂ ਦੀਆਸਲਾਈ ਦਾ ਨਿਰਮਾਣ ਹੱਥਾਂ ਨਾਲ ਹੁੰਦਾ ਸੀ। ਲੱਕੜ ਦੀਆਂ ਸੀਖ਼ਾਂ ਹੱਥ ਨਾਲ ਬਣਾਕੇ ਉਸ ਉਪਰ ਮਸਾਲੇ ਲਾਏ ਜਾਂਦੇ ਸਨ। ਇਹ ਸਥਿਤੀ 18 ਵੀਂ ਸਦੀ ਦੇ ਅੱਧ ਤਕ ਰਹੀ। ਇਸ ਤੋਂ ਬਾਅਦ ਮਸ਼ੀਨਾਂ ਦਾ ਪ੍ਰਯੋਗ ਸ਼ੁਰੂ ਹੋਇਆ। ਲੱਕੜ ਨੂੰ ਚੀਰ ਕੇ ਉਸ ਦੇ ਛੋਟੇ-ਛੋਟੇ ਟੁਕੜੇ ਬਣਾਉਣਾ, ਡੱਬੇ ਬਣਾਉਣਾ, ਮਸਾਲਾ ਲਗਾਉਣਾ, ਡੱਬੀਆਂ ਉਪਰ ਲੇਬਲ ਲਗਾਉਣਾ ਅਤੇ ਸੀਖ਼ਾਂ ਨੂੰ ਡੱਬੀਆਂ ਵਿਚ ਭਰਨਾ ਆਦਿ ਕੰਮ ਮਸ਼ੀਨਾਂ ਨਾਲ ਹੀ ਹੁੰਦੇ ਹਨ। ਇਕ ਘੰਟੇ ਵਿਚ ਲਗਭਗ 3000 ਦੀਆਸਲਾਈ ਦੀਆਂ ਡੱਬੀਆਂ ਮਸ਼ੀਨ ਵਿਚੋਂ ਬਾਹਰ ਆ ਜਾਂਦੀਆਂ ਹਨ।

ਪਹਿਲਾਂ ਸੀਖ਼ਾਂ ਬਣਾਉਣ ਲਈ ਚੀਲ ਦੀ ਲੱਕੜੀ ਵਰਤੀ ਜਾਂਦੀ ਸੀ ਪਰ ਹੁਣ ਅਜਿਹੀ ਕੋਈ ਵੀ ਲੱਕੜੀ ਵਰਤੀ ਜਾਂਦੀ ਹੈ ਜਿਸ ਦੀ ਸੀਖ਼ ਟੁੱਟ ਨਾ ਸਕੇ। ਸੀਖ਼ਾਂ ਨੂੰ ਅਮੋਨੀਅਮ ਫ਼ਾਸਫ਼ੇਟ ਜਾਂ ਬੋਰਿਕ ਐਸਿਡ ਦੇ ਘੋਲਾਂ ਵਿਚ ਡਬੋ ਕੇ ਸੁਕਾਇਆ ਜਾਂਦਾ ਹੈ, ਫਿਰ ਉਸ ਦੇ ਸਿਰਿਆਂ ਨੂੰ ਪਿਘਲੇ ਹੋਏ ਪੈਰਾਫਿਨ ਮੋਮ ਵਿਚ ਡੋਬ ਦਿੱਤਾ ਜਾਂਦਾ ਹੈ। ਇਸ ਮੋਮ ਲੱਗੇ ਸਿਰੇ ਉਪਰ ਫ਼ਾਸਫ਼ੋਰਸ ਸਲਫ਼ਾਈਡ ਜਾਂ ਟੈਟ੍ਰਾਫ਼ਾਸਫ਼ੋਰਸ ਟ੍ਰਾਈਸਲਫ਼ਾਈਡ, ਪੋਟਾਸ਼ੀਅਮ ਕਲੋਰੇਟ, ਗੂੰਦ ਅਤੇ ਕੱਚ ਦਾ ਬੂਰਾ ਲਗਾ ਦਿੱਤੇ ਜਾਂਦੇ ਹਨ। ਇਸ ਤੋਂ ਬਾਅਦ ਇਹ ਡੱਬਿਆਂ ਵਿਚ ਭਰ ਦਿੱਤੀ ਜਾਂਦੀ ਹੈ। ਡੱਬੀ ਦੇ ਤਲ ਉਪਰ ਵੀ ਇਹ ਮਸਾਲਾ ਲਗਾ ਦਿੱਤਾ ਜਾਂਦਾ ਹੈ।

ਦੀਆਸਲਾਈ ਦਾ ਨਿਰਮਾਣ ਭਾਰਤ ਵਿਚ 1895 ਈ. ਵਿਚ ਸ਼ੁਰੂ ਹੋਇਆ। ਪਹਿਲਾ ਕਾਰਖ਼ਾਨਾ ਅਹਿਮਦਾਬਾਦ ਵਿਚ ਸ਼ੁਰੂ ਹੋਇਆ। 1909 ਈ. ਵਿਚ ਕਲਕੱਤੇ ਵਿਚ ਇਕ ਕਾਰਖ਼ਾਨਾ ਚਾਲੂ ਹੋਇਆ। ਅੱਜਕਲ੍ਹ ਲਗਭਗ 300 ਛੋਟੇ ਵੱਡੇ ਕਾਰਖ਼ਾਨੇ ਚਲ ਰਹੇ ਹਨ। 1921 ਈ. ਤਕ ਸੀਖ਼ਾਂ ਅਤੇ ਡੱਬੀਆਂ ਦੀ ਲੱਕੜ ਬਾਹਰ ਤੋਂ ਆਉਂਦੀ ਸੀ। ਸੰਨ 1924 ਤੋਂ ਦੇਸੀ ਲੱਕੜੀ ਵਰਤੋਂ ਵਿਚ ਆਉਣ ਲਗ ਪਈ। ਸਵੀਡਨ ਦੀ ਇਕ ਦੀਆਸਲਾਈ ਬਣਾਉਣ ਵਾਲੀ ਕੰਪਨੀ ਨੇ ਭਾਰਤ ਵਿਚ ਇਸ ਦਾ ਨਿਰਮਾਣ ਸ਼ੁਰੂ ਕੀਤਾ। ਇਹ ਕੰਪਨੀ ਅੱਜਕਲ੍ਹ 'ਵੈਸਟਰਨ ਇੰਡੀਆ ਮੈਚ ਕੰਪਨੀ' ਦੇ ਨਾਮ ਨਾਲ ਕੰਮ ਕਰ ਰਹੀ ਹੈ। ਭਾਰਤ ਵਿਚ ਸਿਰਫ਼ 5 ਹੀ ਅਜਿਹੇ ਕਾਰਖ਼ਾਨੇ ਹਨ ਜਿਨ੍ਹਾਂ ਵਿਚ ਕੰਮ ਪੂਰੀ ਤਰ੍ਹਾਂ ਮਸ਼ੀਨਾਂ ਨਾਲ ਹੁੰਦਾ ਹੈ। ਬਾਕੀ ਕਾਰਖ਼ਾਨਿਆਂ ਵਿਚ ਕੁਝ ਮਸ਼ੀਨਾਂ ਦੀ ਵਰਤੋਂ ਹੁੰਦੀ ਹੈ ਤੇ ਕੁਝ ਕੰਮ ਹੱਥ ਨਾਲ ਹੁੰਦਾ ਹੈ ਜਾਂ ਕੁਝ ਕਾਰਖ਼ਾਨਿਆਂ ਵਿਚ ਕੇਵਲ ਹੱਥਾਂ ਨਾਲ ਹੀ ਕੰਮ ਕੀਤਾ ਜਾਂਦਾ ਹੈ।

ਹ. ਪੁ.—ਐਨ. ਬ੍ਰਿ. ਮਾ. 6 : 684; ਹਿੰ. ਵਿ. ਕੋ. 6

ਦੀਸਾ : ਗੁਜਰਾਤ ਰਾਜ ਵਿਚ ਬਾਨਸਕੰਥਾ ਜ਼ਿਲ੍ਹੇ ਦਾ ਇਕ ਸ਼ਹਿਰ ਹੈ ਜਿਹੜਾ ਇਸੇ ਹੀ ਨਾਂ ਦੇ ਸ਼ਹਿਰ ਤੋਂ ਲ. 5 ਕਿ. ਮੀ. (ਤਿੰਨ ਮੀਲ) ਦੂਰ ਬਸਨਾ ਪਿਆਦਾ ਦਰਿਆ ਦੇ ਖੱਬੇ ਕੰਢੇ ਉੱਤੇ ਸਥਿਤ ਹੈ। ਸੰਨ 1905 ਵਿਚ ਇਥੇ ਸਥਾਨਕ ਫ਼ੌਜ ਦੀ ਇਕ ਰੈਜੀਮੈਂਟ ਤੈਨਾਤ ਹੁੰਦੀ ਸੀ। ਇਸ ਸ਼ਹਿਰ ਦੇ ਦੁਆਲੇ ਇਕ ਕੰਧ ਅਤੇ ਬੁਰਜੀਆਂ ਹੁੰਦੀਆਂ ਸਨ ਜਿਹੜੀਆਂ ਕਿ ਹੁਣ ਖੰਡਰ ਬਣ ਚੁਕੀਆਂ ਹਨ। ਪੁਰਾਤਨ ਸਮੇਂ ਵਿਚ ਇਸ ਸ਼ਹਿਰ ਨੇ ਬੜੌਦੇ ਦੇ ਗਾਇਕਵਾੜ ਅਤੇ ਰੁਧਨਪੁਰ ਦੀਆਂ ਫ਼ੌਜਾਂ ਦੇ ਹਮਲੇ ਦਾ ਡਟ ਕੇ ਮੁਕਾਬਲਾ ਕੀਤਾ ਸੀ। ਇਥੇ ਦੋ ਜੈਨ ਮੰਦਰ ਅਤੇ ਇਕ ਮਸਜਿਦ ਵੀ ਹੈ।

ਆਬਾਦੀ– 62,435 (1991)

24° 14′ ਉ. ਵਿਥ. ; 72° 12′ ਪੂ. ਲੰਬ.

ਹ. ਪੁ.—ਇੰਪ. ਗ. ਇੰਡ. 11 : 209

ਦੀਕਸ਼ਿਤ ਕਾਸ਼ੀਨਾਥ ਨਾਰਾਇਣ : ਭਾਰਤ ਦੇ ਇਸ ਉੱਘੇ ਪੁਰਾਤੱਤਵ ਵਿਗਿਆਨੀ ਦਾ ਜਨਮ 21 ਅਕਤੂਬਰ, 1889 ਨੂੰ ਪੰਡਰਪੁਰ ਵਿਖੇ ਹੋਇਆ। ਮੁੱਢਲੀ ਸਿੱਖਿਆ ਇਸ ਨੇ ਇਥੋਂ ਹੀ ਪ੍ਰਾਪਤ ਕੀਤੀ। ਐਮ. ਏ. ਸੰਸਕ੍ਰਿਤ ਵਿਚ ਵਿਸ਼ੇਸ਼ ਯੋਗਤਾ ਪ੍ਰਾਪਤ ਕਰਨ ਕਾਰਨ ਇਸ ਨੂੰ ਬੰਬਈ ਵਿਸ਼ਵ ਵਿਦਿਆਲਾ ਤੋਂ ਕਈ ਇਨਾਮ ਪ੍ਰਾਪਤ ਹੋਏ। ਸੰਨ 1912 ਵਿਚ ਪੁਰਾਤੱਤਵ ਵਿਭਾਗ ਦੇ ਵਿਦਿਆਰਥੀ ਵਜੋਂ ਆਪਣਾ ਜੀਵਨ ਸ਼ੁਰੂ ਕਰਕੇ 1930 ਈ. ਵਿਚ ਇਹ ਡਿਪਟੀ ਡਾਇਰੈਕਟਰ ਅਤੇ ਸੰਨ 1937 ਵਿਚ ਡਾਇਰੈਕਟਰ ਬਣਿਆ।

ਆਰਕਿਆਲੋਜੀ ਆਫ਼ ਇੰਡੀਆ ਦੀ ਰਿਪੋਟ ਅਤੇ ਪਹਾੜਪੁਰ ਦੀ ਖੁਦਾਈ ਸਬੰਧੀ ਸੋਧ ਕੰਮ ਅਤੇ ਮਹੋਬਾ ਦੀਆਂ ਛੇ ਸ਼ਿਲਪ ਕ੍ਰਿਤਾਂ ਤੋਂ ਇਲਾਵਾ ਇਸ ਨੇ ਐਪੀਗ੍ਰਾਫੀਆ ਇੰਡੀਕਾ ਦੇ ਕਈ ਸ਼ਿਲਾਲੇਖਾਂ ਦਾ ਸੰਪਾਦਨ ਕੀਤਾ। ਪੱਛਮੀ ਦੇਸ਼ਾਂ ਦੇ ਅਜਾਇਬ ਘਰਾਂ ਅਤੇ ਖੁਦਾਈ ਦੇ ਕੰਮਾਂ ਦੀ ਜਾਣਕਾਰੀ ਪ੍ਰਾਪਤ ਕਰਨ ਲਈ ਇਹ ਇੰਗਲੈਂਡ, ਯੂਰਪ, ਮੈਸੋਪੋਟਾਮੀਆ ਆਦਿ ਦੇਸ਼ਾਂ ਵਿਚ ਗਿਆ। ਮੁਦਰਾ-ਸ਼ਾਸਤਰ ਨਾਲ ਸਬੰਧਤ ਕਈ ਸਮੱਸਿਆਵਾਂ ਬਾਰੇ ਵੀ ਇਸ ਨੇ ਕਈ ਲੇਖ ਲਿਖੇ। ਇਸ ਨੇ ਅਜਾਇਬ ਘਰਾਂ ਦਾ ਇਕ ਸਰਵ ਭਾਰਤੀ ਸੰਘ ਕਾਇਮ ਕੀਤਾ ਅਤੇ ਇਸ ਦਾ ਪ੍ਰਬੰਧਕ ਵੀ ਰਿਹਾ। ਕਈ ਸਾਲ ਤੱਕ ਇਹ ਨਿਊਮਿਸਮੈਟਿਕ ਸੋਸਾਇਟੀ ਆਫ਼ ਇੰਡੀਆ ਦਾ ਪ੍ਰਬੰਧਕ ਵੀ ਰਿਹਾ।

ਦੀਕਸ਼ਿਤ ਦੀਆਂ ਇਤਿਹਾਸ ਸਬੰਧੀ ਸੇਵਾਵਾਂ ਕਾਰਨ 1943 ਵਿਚ ਇਸ ਨੂੰ ਅਲੀਗੜ੍ਹ ਹਿਸਟਰੀ ਕਾਂਗਰਸ ਦਾ ਮੈਂਬਰ ਬਣਾਇਆ ਗਿਆ। ਸੰਨ 1935 ਵਿਚ ਮਦਰਾਸ ਵਿਸ਼ਵ ਵਿਦਿਆਲਾ ਵਿਖੇ ਦਿੱਤੇ ਮੇਅਰ ਲੈਕਚਰਜ਼ ਕਾਰਨ ਇਹ ਬਹੁਤ ਪ੍ਰਸਿੱਧ ਹੋਇਆ।

13 ਅਗਸਤ, 1946 ਨੂੰ ਇਸ ਦੀ ਮੌਤ ਹੋ ਗਈ।

ਹ. ਪ. – ਹਿੰ ਵਿ. ਕੋ. 6 : 62

ਦੀਘ ਨਿਕਾਇ : ਇਹ ਬੋਧੀਆਂ ਦੇ ਗ੍ਰੰਥ ਸੁੱਤਪਿਟਕ ਦੇ ਪੰਜਾਂ ਭਾਗਾਂ ਵਿਚੋਂ ਪਹਿਲਾ ਭਾਗ ਹੈ। ਇਹ ਵੱਡੇ ਸੂਤਰਾਂ ਦਾ ਸੰਗ੍ਰਹਿ ਹੈ। ਇਸ ਲਈ ਇਸ ਗ੍ਰੰਥ ਦਾ ਨਾਂ ਦੀਘ ਨਿਕਾਇ ਰੱਖਿਆ ਗਿਆ ਹੈ।

ਦੀਘ ਨਿਕਾਇ ਤਿੰਨ ਵਰਗਾਂ ਵਿਚ ਵੰਡਿਆ ਹੋਇਆ ਹੈ–ਸ਼ੀਲਵਧ ਵਰਗ, ਮਹਾਂ ਵਰਗ ਅਤੇ ਪਾਥਿਕਵਰਗ। ਪਹਿਲੇ ਵਰਗ ਵਿਚ 13 ਪਦ ਹਨ ਦੂਜੇ ਵਿਚ 10 ਅਤੇ ਤੀਜੇ ਵਿਚ 11 ਪਦ ਹਨ। ਇਸ ਤਰਾਂ ਇਸ ਨਿਕਾਏ ਵਿਚ ਕੁੱਲ 34 ਪਦ ਹਨ। ਪਹਿਲੇ ਵਰਗ ਦਾ ਮੁੱਖ ਵਿਸ਼ਾ ਸ਼ੀਲ ਹੈ ਇਸੇ ਲਈ ਇਸ ਦਾ ਨਾਂ ਸੀਲਵਖੰਧਵਰਗ ਰੱਖਿਆ ਗਿਆ ਹੈ। ਦੂਜੇ ਵਰਗ ਵਿਚ ਮਹਾਂਪਰਿਨਿਬਾਨ, ਮਹਾਂ ਸਤਿਪਠਾਨ ਵਰਗੇ ਵੱਡੇ-ਵੱਡੇ ਸੂਤਰ ਸੰਗ੍ਰਹਿ ਕੀਤੇ ਗਏ ਸਨ। ਇਸ ਲਈ ਇਸ ਦਾ ਨਾਂ ਮਹਾਂ ਵਰਗ ਰੱਖਿਆ ਗਿਆ ਹੈ। ਤੀਜੇ ਵਰਗ ਦਾ ਨਾਂ ਇਸ ਦੇ ਪਹਿਲੇ ਸੂਤਰ ਅਨੁਸਾਰ ਹੀ ਦੇਖਿਆ ਗਿਆ ਹੈ।

ਮਹਾਤਮਾ ਬੁੱਧ ਨੇ ਨਿਰਵਾਣ ਪ੍ਰਾਪਤੀ ਲਈ ਅਸ਼ਟਾਂਗ ਮਾਰਗ ਦਾ ਉਪਦੇਸ਼ ਦਿੱਤਾ ਹੈ, ਸ਼ੀਲ, ਸਮਾਧੀ ਆਦਿ ਕਈ ਗੱਲਾਂ ਆਰੀਆ ਮਾਰਗ ਨਾਲ ਮੇਲ ਖਾਂਦੀਆਂ ਹਨ। ਦੀਘ ਨਿਕਾਇ ਦੇ ਕਈ ਸੂਤਰਾਂ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ।

ਬ੍ਰਹਮਜਾਲ ਪਦ ਵਿਚ ਉਸ ਸਮੇਂ ਪ੍ਰਚੱਲਤ 62 ਦ੍ਰਿਸ਼ਟੀਆਂ ਜਾਂ ਦਾਰਸ਼ਨਿਕ ਮਤਵਾਦਾਂ ਦਾ ਵਿਸਥਾਰਪੂਰਬਕ ਵਰਨਣ ਮਿਲਦਾ ਹੈ। ਕੱਸਪਸੀਹਨਾਦ ਅਤੇ ਉਦੁੰਬਾਰੀਕਸੀਹਨਾਦ ਆਦਿ ਪਦਾਂ ਵਿਚ ਇਨ੍ਹਾਂ ਤਪੱਸਿਆਵਾਂ ਅਤੇ ਤੱਤ ਸਬੰਧੀ ਭਗਵਾਨ ਦੇ ਵਿਚਾਰਾਂ ਬਾਰੇ ਜਾਣਕਾਰੀ ਮਿਲਦੀ ਹੈ।

ਕੂਟਦੰਤ ਸੂਤਰ ਵਿਚ ਪਸ਼ੂਆਂ ਦੀ ਬਲੀ ਦੇ ਕੇ ਯੱਗ ਕਰਨ ਦਾ ਵਿਰੋਧ ਕਰਕੇ ਅਹਿੰਸਾ ਦਾ ਉਪਦੇਸ਼ ਦਿੱਤਾ ਗਿਆ ਹੈ। ਇਕ ਹੋਰ ਥਾਂ ਭਾਰਤੀ ਸਮਾਜ ਦੇ ਚਾਰ ਵਰਣਾਂ ਵਿਚ ਵੰਡੇ ਹੋਣ ਦਾ ਵਿਰੋਧ ਕਰਨ ਸਬੰਧੀ ਵਿਚਾਰ ਪ੍ਰਗਟ ਕੀਤੇ ਗਏ ਹਨ ਅਤੇ ਜਾਤੀਵਾਦ ਦੀ ਥਾਂ ਆਚਰਣ ਨੂੰ ਹੀ ਇਸ ਦੀ ਕਸੌਟੀ ਮੰਨਿਆ ਗਿਆ ਹੈ।

ਪਹਾਲੀ ਅਤੇ ਕੇਵਟ ਪਦਾਂ ਵਿਚ ਧਾਰਮਿਕ ਸਾਧਨਾਂ ਦੁਆਰਾ ਰਿੱਧੀਆਂ ਸਿੱਧੀਆਂ ਪ੍ਰਾਪਤ ਕਰਨ ਦੀ ਥਾਂ ਤੇ ਸ਼ਾਂਤੀ ਪ੍ਰਾਪਤ ਕਰਨ ਤੇ ਜ਼ੋਰ ਦਿੱਤਾ ਗਿਆ ਹੈ।

ਕਈਆਂ ਸੂਤਰਾਂ ਵਿਚ ਚੱਕਰਵਰਤੀ ਰਾਜਿਆਂ ਦੇ ਜੀਵਨ ਬਾਰੇ ਦੱਸਿਆ ਗਿਆ ਹੈ। ਇਵੇਂ ਹੀ ਕਈ ਹੋਰ ਸੂਤਰਾਂ ਵਿਚ ਦੇਵਤਿਆਂ ਦਾ ਵਰਨਨ ਕੀਤਾ ਗਿਆ ਹੈ। ਉਂਜ ਤਾਂ ਹਰ ਇਕ ਪਦ ਦੀ ਆਪਣੀ ਮਹੱਤਤਾ ਹੈ ਪਰ ਬ੍ਰਹਮ ਜਾਲ, ਸਾਮੰਞਫਲ ਮਹਾਂ ਪਰਿਨਿਬਾਨ, ਮਹਾਂ ਨਿਦਾਨ ਅਤੇ ਸਿੰਗਾਲੋਵਾਦ ਪਦ ਵਿਸ਼ੇਸ਼ ਤੌਰ ਤੇ ਮਹੱਤਵਪੂਰਣ ਹਨ।

ਹ. ਪੁ. – ਹਿੰ. ਵਿ. ਕੋ. 6 : 63

ਦੀਨ ਦਿਆਲੂ ਗਿਰੀ : ਦੀਨ ਦਿਆਲੂ ਗਿਰੀ ਹਿੰਦੀ ਦੇ ਕਵਿਤਾਰੂਪੀ ਆਕਾਸ਼ ਦਾ ਇਕ ਅਜਿਹਾ ਸਿਤਾਰਾ ਹੈ ਜੋ ਆਪਣੀ ਪੁਸਤਕ ਆਯੋਕਤੀਪ੍ਰਕਾਸ਼ ਲਈ ਵਿਸ਼ੇਸ਼ ਕਰਕੇ ਪ੍ਰਸਿੱਧ ਹੈ। ਜਿਸ ਦਾ ਆਰੰਭ ਰੀਤੀਕਾਲ ਦੇ ਪਹਿਲੇ ਹਿੱਸੇ ਅਤੇ ਆਧੁਨਿਕ ਕਾਲ ਦੇ ਵਿਚਕਾਰਲੇ ਹਿੱਸੇ ਵਿਚ ਹੋਇਆ। ਇਸ ਕਾਰਨ ਇਸ ਦੀ ਕਵਿਤਾ ਵਿਚ ਦੋਵੇਂ ਯੁੱਗਾਂ ਦੀਆਂ ਵਿਸ਼ੇਸ਼ਤਾਵਾਂ ਮੌਜੂਦ ਹਨ।

ਹਿੰਦੀ ਦੇ ਇਸ ਉੱਘੇ ਕਵੀ ਦਾ ਜਨਮ 1802 ਈ. ਸੰਮਤ 1859 ਬਿਕਰਮੀ ਕਾਸ਼ੀ ਵਿਖੇ ਹੋਇਆ। ਛੇ ਸਾਲ ਦੀ ਉਮਰ ਵਿਚ ਹੀ ਇਸ ਦੀ ਮਾਤਾ ਦੀ ਮੌਤ ਹੋ ਜਾਣ ਕਾਰਨ ਇਸ ਦੇ ਪਿਤਾ ਨੇ ਇਸ ਨੂੰ ਆਪਣੇ ਗੁਰੂ ਗੋਸਵਾਮੀ ਕੁਸ਼ਾਗਿਰੀ ਕੋਲ ਭੇਜ ਦਿੱਤਾ। ਇਸ ਤੋਂ ਕੁਝ ਸਮਾਂ ਬਾਅਦ ਹੀ ਇਸ ਦੇ ਪਿਤਾ ਦੀ ਵੀ ਮੌਤ ਹੋ ਗਈ। ਗੋਸਵਾਮੀ ਕੁਸ਼ਾਗਿਰੀ ਦਿੱਲੀ ਵਿਚ ਵਿਨਾਇਕਮਠ (ਗਣੇਸ਼ ਤੀਰਥ) ਦਾ ਮਹੰਤ ਸੀ। ਇਸ ਮਠ ਦੇ ਨਾਂ ਕਾਫ਼ੀ ਜ਼ਮੀਨ ਜਾਇਦਾਦ ਸੀ। ਗੋਸਵਾਮੀ ਕੁਸ਼ਾਗਿਰੀ ਜੀ ਦੀ ਦੇਖ ਰੇਖ ਵਿਚ ਇਸ ਦੀ ਸਿੱਖਿਆ ਦੀਖਿਆ ਚੱਲਣ ਲੱਗੀ। ਇਸ ਸਥਾਨ ਤੇ ਕਿਉਂਕਿ ਕਿਸੇ ਚੀਜ਼ ਦੀ ਕਮੀ ਨਹੀਂ ਸੀ ਇਸ ਲਈ ਦੀਨ ਦਿਆਲੂ ਦਾ ਸਮਾਂ ਬੜੇ ਸੁਖ ਅਤੇ ਆਨੰਦ ਨਾਲ ਬੀਤਣ ਲੱਗਿਆ। ਤੀਬਰ ਬੁੱਧੀ ਕਾਰਨ ਕੁਝ ਹੀ ਸਾਲਾਂ ਵਿਚ ਇਸ ਨੇ ਹਿੰਦੀ ਅਤੇ ਸੰਸਕ੍ਰਿਤ ਦਾ ਲੋੜੀਂਦਾ ਗਿਆਨ ਪ੍ਰਾਪਤ ਕਰ ਲਿਆ। ਗੋਸਵਾਮੀ ਕੁਸ਼ਾਗਿਰੀ ਜੀ ਦੇ ਚਰਿਤਰ ਸਦਗੁਣ ਤੇ ਸੰਸਕਾਰਾਂ ਦਾ ਪ੍ਰਭਾਵ ਦੀਨ ਦਿਆਲੂ ਉੱਤੇ ਵੀ ਕਾਫ਼ੀ ਪਿਆ ਜਿਸ ਨਾਲ ਇਸ ਦਾ ਮਨ ਰੱਬ ਦੀ ਭਗਤੀ ਅਤੇ ਵੈਰਾਗ ਵੱਲ ਵੱਧ ਤੋਂ ਵੱਧ ਲਗਦਾ ਗਿਆ ਅਤੇ 20 ਸਾਲ ਦੀ ਉਮਰ ਵਿਚ ਹੀ ਇਸ ਨੇ ਸੰਨਿਆਸ ਲੈ ਲਿਆ। ਸੰਨ 1833 (ਬਿਕ੍ਰਮੀ ਸੰਮਤ 1890) ਵਿਚ ਗੋਸਵਾਮੀ ਕੁਸ਼ਾਗਿਰੀ ਜੀ ਦੀ ਮੌਤ ਤੋਂ ਬਾਅਦ ਜਦੋਂ ਮਠ ਦੀ ਸੰਪਤੀ ਪ੍ਰਾਪਤੀ ਲਈ ਉਨ੍ਹਾਂ ਦੇ ਚੇਲਿਆਂ ਵਿਚ ਝਗੜਾ ਹੋਣ ਲੱਗਿਆ ਤਾਂ ਸਭ ਤੋਂ ਪਹਿਲਾਂ ਦੀਨ ਦਿਆਲੂ ਨੇ ਹੀ ਇਸ ਨੂੰ ਸੁਲਝਾਉਣ ਦਾ ਯਤਨ ਕੀਤਾ ਪਰੰਤੂ ਅਸਫ਼ਲ ਹੋ ਜਾਣ ਤੇ ਇਹ ਇਸ ਨੂੰ ਛੱਡ ਕੇ ਰਾਮੇਸ਼ਵਰ (ਇਕ ਤੀਰਥ ਦਾ ਨਾਂ) ਚਲਾ ਗਿਆ। ਉਥੋਂ ਵਾਪਸ ਆ ਕੇ ਇਹ ਮਟੌਲੀ ਰਹਿਣ ਲੱਗ ਪਿਆ ਪਰ ਕਦੇ-ਕਦੇ ਕਾਸ਼ੀ ਵੀ ਆਉਂਦਾ ਰਿਹਾ।

ਦੀਨ ਦਿਆਲੂ ਇਕ ਪ੍ਰਤਿਭਾਵਾਨ ਕਵੀ ਸੀ। 20 ਸਾਲ ਦੀ ਉਮਰ ਵਿਚ ਹੀ ਇਸ ਨੇ ਕਾਵਿ ਰਚਨਾ ਸ਼ੁਰੂ ਕਰ ਦਿੱਤੀ ਸੀ। ਇਸ ਦੀਆਂ ਮੁਢਲੀਆਂ ਰਚਨਾਵਾਂ ਵਿਚ ਵੀ ਕਾਫ਼ੀ ਪ੍ਰੋੜ੍ਹਤਾ ਹੈ। ਇਸ ਦੀ

ਪਹਿਲੀ ਰਚਨਾ 'ਦ੍ਰਿਸ਼ਟਾਂਤ ਤਰੰਗਣੀ' ਹੈ। ਦੂਜੀ ਰਚਨਾ 'ਵਿਸ਼ਵਨਾਥਨਵਰਤਨ' ਹੈ। 'ਅਨੁਰਾਗਬਾਗ' ਰਚਨਾ ਦੇ ਸੁੰਦਰ ਕਬਿੱਤਾਂ ਵਿਚ ਸ੍ਰੀ ਕ੍ਰਿਸ਼ਨ ਜੀ ਪ੍ਰਤਿ ਭਗਤੀ ਭਾਵ ਦਾ ਚਿਤ੍ਰਣ ਹੈ। ਵੈਰਾਗਣਦੇਸ਼ ਵਿਚ ਮਨਮੋਹਕ ਰੁੱਤਾਂ ਦੇ ਵਰਣਨ ਦੇ ਨਾਲ-ਨਾਲ ਗਿਆਨ ਅਤੇ ਵੈਰਾਗ ਨਾਲ ਸਬੰਧਿਤ ਕਈ ਪ੍ਰਕਾਰ ਦੇ ਧਾਰਮਿਕ ਚਿੱਤਰ ਅੰਕਿਤ ਕੀਤੇ ਗਏ ਹਨ। ਇਨ੍ਹਾਂ ਰਚਨਾਵਾਂ ਤੋਂ ਇਲਾਵਾ 'ਅਨਯੋਕਤੀ ਕਲਪਦਰੁਮ' ਇਸ ਦੀ ਪ੍ਰੌੜ੍ਹ ਰਚਨਾ ਹੈ।

ਇਹ ਸਾਫ਼ ਸਵੱਛ ਚਰਿਤਰ ਦਾ ਮਾਲਕ, ਪਰਮ ਤਪੱਸਵੀ ਅਤੇ ਵਿਦਵਾਨ ਵਿਅਕਤੀ ਸੀ। ਪੁੱਤਰ, ਧਨ, ਪ੍ਰਸਿੱਧੀ ਦੀਆਂ ਇੱਛਾਵਾਂ ਤੋਂ ਉਪਰ ਉੱਠ ਚੁੱਕੇ ਦੀਨ ਦਿਆਲੂ ਨੂੰ ਜ਼ਿੰਦਗੀ ਵਿਚ ਆਡੰਬਰ ਪਸੰਦ ਨਹੀਂ ਸੀ। ਇਸ ਕਰਕੇ ਰਾਜਿਆਂ ਅਤੇ ਅਮੀਰਾਂ ਦੇ ਸੱਦੇ ਨੂੰ ਇਹ ਅਕਸਰ ਹੀ ਠੁਕਰਾ ਦੇਂਦਾ ਸੀ। ਜ਼ਿੰਦਗੀ ਦਾ ਅਖ਼ੀਰਲਾ ਸਮਾਂ ਇਸ ਨੇ ਕਾਸ਼ੀ ਦੇ 'ਮਣੀ-ਕਰਣਿਕਾ ਘਾਟ' ਵਿਖੇ ਬਤੀਤ ਕੀਤਾ। ਨਿਰਜਲਾ ਇਕਾਦਸ਼ੀ ਵਾਲੇ ਦਿਨ 56 ਸਾਲ ਦੀ ਉਮਰ ਵਿਚ 1858 ਈ. (ਬਿ. ਸੰ. 1915) ਨੂੰ ਇਸ ਨੇ ਆਪਣਾ ਭੌਤਿਕ ਸਰੀਰ ਤਿਆਗ ਦਿੱਤਾ।

ਹ.ਪੁ.-ਹਿ. ਵਿ.ਕੋ. 6 : 64 ; ਚ . ਕੋ : 211

ਦੀਨ ਮੁਹੰਮਦ ਸੌਦਾਈ : ਪੰਜਾਬੀ ਕਿੱਸਾ-ਕਾਵਿ ਖੇਤਰ ਵਿਚ ਲਗਭਗ 50 ਕਿੱਸੇ ਲਿਖਣ ਵਾਲੇ ਇਸ ਕਵੀ ਦਾ ਜਨਮ ਰਾਜਪੂਤ ਘਰਾਣੇ ਵਿਚ ਚੌਧਰੀ ਮੁਹੰਮਦ ਦੀਨ ਦੇ ਘਰ 1906 ਈ. ਵਿਚ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਵੈਰੋਵਾਲ ਵਿਖੇ ਹੋਇਆ। ਇਸ ਨੂੰ ਸ਼ਿਅਰ ਕਹਿਣ ਸੁਣਨ ਦਾ ਸ਼ੌਕ ਬਚਪਨ ਤੋਂ ਹੀ ਸੀ। ਸੰਨ 1919 ਦੀ ਖਿਲਾਫ਼ਤ ਤੇ ਸਿਵਲ ਨਾ ਫੁਰਮਾਨੀ ਲਹਿਰ ਵਿਚ ਇਸ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਮਾਰਸ਼ਲ ਲਾਅ ਸਮੇਂ ਇਹ 18 ਮਹੀਨੇ ਜੇਲ੍ਹ ਵਿਚ ਰਿਹਾ। ਜੇਲ੍ਹ ਦੇ ਇਕਾਂਤ ਵਿਚ ਇਸ ਨੂੰ ਸ਼ਾਇਰੀ ਕਰਨ ਦਾ ਚੰਗਾ ਮੌਕਾ ਮਿਲਿਆ।


ਇਸ ਦੇ ਪ੍ਰਸਿੱਧ ਕਿੱਸੇ 'ਸਦਾਕਤ ਸੌਦਾਈ', 'ਫ਼ਗਾਨ ਸੌਦਾ-ਈ', 'ਤੁਹਫਾ ਸੌਦਾਈ', 'ਪੱਕੀ ਰੋਟੀ ਸੌਦਾਈ', 'ਨੂਹਾ ਸੌਦਾਈ', 'ਹਾਤਮਤਾਈ' ਤੇ ਗੁਲ ਬਕਾਉਲੀ ਆਦਿ ਹਨ ਜੋ ਲੋਕਾਂ ਵਿਚ ਬਹੁਤ ਪ੍ਰਚੱਲਿਤ ਹੋਏ। ਇਸ ਦੇ ਗੀਤਾਂ ਵਿਚ ਦਰਦ ਤੇ ਰਸ ਸੀ। ਲੇਖਕ ਦੀ ਬੋਲੀ ਪ੍ਰਭਾਵਸ਼ਾਲੀ ਤੇ ਲੌਕਿਕ ਹੈ। ਇਸ ਦੇ ਗੀਤਾਂ ਵਿਚ ਸਰੋਦੀ ਪੱਖ ਉੱਘੜ ਕੇ ਸਾਹਮਣੇ ਪ੍ਰਗਟ ਹੁੰਦਾ ਹੈ। ਲੇਖਕ ਦੀ ਰਚਨਾ ਉਪਰ ਇਸਲਾਮ ਤੇ ਮੁਸਲਮਾਨੀ ਸਭਿਆਚਾਰ ਦਾ ਪ੍ਰਭਾਵ ਪ੍ਰਤੱਖ ਵਿਖਾਈ ਦਿੰਦਾ ਹੈ।

ਇਸ ਦਾ ਦਿਹਾਂਤ 1934 ਈ. ਵਿਚ ਹੋਇਆ।

ਹ.ਪੁ. - ਪੰ. ਲਿ. ਕੋ. 181 ; ਪੰ. ਸ਼ਾ. ਤਜ਼ : 479; ਪੰ. ਸਾ. ਕੋ. 405

ਦੀਨਾ ਕਾਂਗੜ : ਇਹ ਪੰਜਾਬ ਰਾਜ (ਭਾਰਤ) ਦੇ ਦੋ ਜੁੜਵੇਂ ਇਤਿਹਾਸਕ ਪਿੰਡ ਹਨ। ਭਾਵੇਂ ਇਤਿਹਾਸ ਦੇ ਤਾਣੇ ਬਾਣੇ ਵਿਚ ਇਕੋ ਕਰਕੇ ਜਾਣੇ ਜਾਂਦੇ ਹਨ ਅਤੇ ਇਕ ਦਾ ਨਾਂ ਦੂਜੇ ਬਿਨਾਂ ਅਧੂਰਾ ਹੈ। ਅਜੋਕੇ ਪੰਜਾਬ ਦੀ ਭੂਗੋਲਿਕ ਵੰਡ ਦੇ ਅਨੁਸਾਰ ਦੀਨਾ ਮੋਗਾ ਜ਼ਿਲ੍ਹੇ ਦੀ ਬਾਘਾ ਪੁਰਾਣਾ ਤਹਿਸੀਲ ਵਿਚ ਭਦੌੜ ਤੋਂ ਲ. 10 ਕਿ. ਮੀ. ਅਤੇ ਰਾਮਪੁਰਾ ਫੂਲ ਤੋਂ 30 ਕਿ. ਮੀ. ਦੂਰ ਸਥਿਤ ਹੈ ਜਦੋਂ ਕਿ ਕਾਂਗੜ ਬਠਿੰਡਾ ਜ਼ਿਲ੍ਹੇ ਦੀ ਰਾਮਪੁਰਾ ਤਹਿਸੀਲ ਵਿਚ ਭਦੌੜ ਤੋਂ 11 ਕਿ. ਮੀ. ਦੂਰ ਸਥਿਤ ਹੈ। ਇਨ੍ਹਾਂ ਵਿਚੋਂ ਦੀਨਾ ਪਿੰਡ ਨੇ 1,212 ਹੈਕ. ਦਾ ਰਕਬਾ ਮੱਲਿਆ ਹੋਇਆ ਹੈ ਜਦੋਂ ਕਿ ਕਾਂਗੜ ਪਿੰਡ 685 ਹੈਕ. ਦੇ ਖੇਤਰ ਵਿਚ ਫੈਲਿਆ ਹੋਇਆ ਹੈ।

ਪਿੰਡ ਦੀਨਾ, ਕਾਂਗੜ ਵਿਚੋਂ ਨਿਕਲ ਕੇ ਲ. 1675 ਈ. ਦੇ ਨੇੜੇ ਤੇੜੇ ਆਬਾਦ ਹੋਇਆ ਸੀ। ਇਹ ਵੀ ਕਿਹਾ ਜਾਂਦਾ ਹੈ ਕਿ ਇਹ ਪਿੰਡ ਪਟਿਆਲਾ ਰਿਆਸਤ ਤੋਂ ਆਏ ਇਕ ਸਿੱਧੂ ਗੋਤ ਦੇ ਜੱਟ ਨੇ ਵਸਾਇਆ ਸੀ। ਉਸ ਨਾਲ ਮਾਹਲੀ ਗੋਤ ਧਾਲੀਵਾਲ ਪੱਤੋਂ ਤੋਂ ਸਿੱਧੂ, ਗਿੱਲ, ਜ਼ਿਲ੍ਹਾ ਲਾਹੌਰ ਤੋਂ ਪੂੰਨੂੰ ਪਿੰਡ ਮਲ੍ਹਕਾ ਤੋਂ ਸੇਖੋਂ ਅਤੇ



ਦੀਨਾ ਵਿਖੇ ਗੁਰਦੁਆਰਾ ਲੋਹਗੜ੍ਹ ਸਾਹਿਬ

ਪਿੰਡ ਪੱਖੋਂ ਤੋਂ ਖੈਰਾ ਸਿੱਧੂ ਗੋਤ ਦੇ ਲੋਕ ਆ ਸ਼ਾਮਲ ਹੋਏ। ਇਨ੍ਹਾਂ ਸਾਰਿਆਂ ਨੇ ਰਲ ਕੇ ਖਾਲੀ ਗੈਰ ਆਬਾਦ ਜ਼ਮੀਨ ਉੱਤੇ ਕਬਜ਼ਾ ਕਰ ਲਿਆ। ਮਾਰੂਥਲ ਅਤੇ ਜੰਗਲ ਵਾਲੀ ਜ਼ਮੀਨ ਤੇ ਮੋੜ੍ਹੀ ਗੱਡ ਦਿੱਤੀ ਅਤੇ ਦੀਨੇ ਨੇ ਆਪਣੇ ਨਾਂ ਉੱਤੇ ਇਸ ਪਿੰਡ ਦਾ ਨਾਂ ਦੀਨਾ ਰੱਖ ਦਿੱਤਾ। ਦੀਨੇ ਦੀ ਇਕ ਧੀ ਚੌਧਰੀ ਰਾਇ ਬਖ਼ਤਿਆਰ ਨਾਲ ਵਿਆਹੀ ਹੋਈ ਸੀ। ਪਿੰਡ ਆਬਾਦ ਹੋਣ ਮਗਰੋਂ ਕਾਂਗੜ ਦੇ ਰਾਇ ਬਖ਼ਤਿਆਰ ਦੇ ਪੁੱਤਰ ਲਖਮੀਰ ਨੇ ਇਸ ਉੱਤੇ ਕਬਜ਼ਾ ਕਰ ਲਿਆ ਅਤੇ ਇਸ ਉਪਰੰਤ ਮੁਗਲ ਸਰਦਾਰ ਦੀ ਪ੍ਰਵਾਨਗੀ ਵੀ ਪ੍ਰਾਪਤ ਕਰ ਲਈ। ਮੀਆਂ ਲਖਮੀਰ ਦਾ 1770-80 ਈ. ਤੱਕ ਦੀਨਾ ਪਿੰਡ ਉੱਤੇ ਕਬਜ਼ਾ ਰਿਹਾ। ਫਿਰ ਉਸ ਦੇ ਪੁੱਤਰਾਂ ਨੇ ਇਸ ਨੂੰ ਤਿੰਨ ਬਰਾਬਰ ਬਰਾਬਰ ਪੱਤੀਆਂ ਵਿਚ ਵੰਡ ਲਿਆ। ਸੰਨ 1898 ਵਿਚ ਇਥੇ ਭਿਆਨਕ ਕਾਲ ਪਿਆ। ਉਸ ਸਮੇਂ ਇਥੇ ਭਾਰੀ ਜਾਨੀ ਤੇ ਮਾਲੀ ਨੁਕਸਾਨ ਹੋਇਆ।

ਦੀਨੇ ਵਿਚ ਕਈ ਇਤਿਹਾਸਕ ਗੁਰਦੁਆਰੇ ਹਨ। ਦਸ਼ਮੇਸ਼ ਜੀ ਤਿੰਨਾਂ ਸਿੰਘਾਂ ਨਾਲ ਜਦੋਂ ਦੀਨੇ ਪੁੱਜੇ ਤਾਂ ਉਸ ਸਮੇਂ ਉਹ ਉੱਚ ਦੇ ਪੀਰ ਦੇ ਲਿਬਾਸ ਵਿਚ ਸਨ। ਬਹੁਤ ਹੀ ਵਿਰਲਿਆਂ ਨੂੰ ਅਸਲੀਅਤ ਦਾ ਪਤਾ ਸੀ। ਦੀਨੇ ਅਪੜਨ ਤੋਂ ਹੀ ਅਸਲ ਗੱਲ ਉੱਘੜਣੀ ਸ਼ੁਰੂ ਹੋਈ। ਸਾਰੇ ਪਾਸੇ ਖ਼ਬਰ ਫੈਲਦੀ ਗਈ ਤੇ ਸੰਗਤਾਂ ਆਉਣੀਆਂ ਸ਼ੁਰੂ ਹੋ ਗਈਆਂ।

ਪੁੱਜਦੀ ਪੁੱਜਦੀ ਖ਼ਬਰ ਸਰਹਿੰਦ ਦੇ ਨਵਾਬ ਵਜ਼ੀਰ ਖਾਂ ਨੂੰ ਪੁੱਜ ਗਈ। ਉਸ ਨੇ ਚੌਧਰੀ ਸ਼ਮੀਰ ਦੇ ਨਾਉਂ ਹੁਕਮ ਭੇਜਿਆ ਕਿ ਸਤਿਗੁਰੂ ਜੀ ਨੂੰ ਬੰਨ੍ਹ ਕੇ ਉਸ ਦੇ ਕੋਲ ਭੇਜ ਦਿੱਤਾ ਜਾਵੇ ਪਰ ਸ਼ਮੀਰ ਦਾ ਭਰੋਸਾ ਅਹਿਲ ਸੀ। ਉਸ ਨੇ ਭਰਾਵਾਂ ਨਾਲ ਰਲ ਕੇ ਸਲਾਹ ਕੀਤੀ ਤੇ ਉੱਤਰ ਭੇਜਿਆ ਕਿ ਜਿਵੇਂ ਤੁਸੀਂ ਆਪਣੇ ਪੀਰ ਮੁਰਸ਼ਿਦ ਦੀ ਬੜੇ ਅਦਬ ਨਾਲ ਖ਼ਿਦਮਤ ਕਰਦੇ ਹੋ ਤਿਵੇਂ ਅਸੀਂ ਵੀ ਆਪਣੇ ਸਤਿਗੁਰੂ ਦੀ ਸੇਵਾ ਕਰ ਰਹੇ ਹਾਂ। ਉਹ ਸਭ ਨੂੰ ਪਿਆਰ ਕਰਦੇ ਹਨ ਇਸ ਕਰ ਕੇ ਆਪਦੇ ਹੁਕਮ ਦੀ ਪਾਲਣਾ ਕਰਨੋਂ ਅਸਮਰੱਥ ਹਾਂ ਖਿਮਾ ਕਰਨਾ।

ਦੀਨੇ ਵਿਚ ਗੁਰੂ ਸਾਹਿਬ ਦੀ ਯਾਦ ਵਿਚ ਇਕ ਗੁਰਦੁਆਰਾ ਹੈ ਜਿਸ ਦਾ ਨਾਂ ਲੋਹਗੜ੍ਹ ਸਾਹਿਬ ਹੈ। ਦੀਨੇ ਤੋਂ ਗੁਰੂ ਜੀ ਆਲੇ ਦੁਆਲੇ ਦੇ ਕਈ ਪਿੰਡਾਂ ਵਿਚ ਗਏ ਜਿਨ੍ਹਾਂ ਵਿਚੋਂ ਕਾਂਗੜ, ਭਦੌੜ, ਬੁਰਜ ਸਾਨਾ ਤੇ ਪੱਤੋਂ ਹੀਰਾ ਸਿੰਘ ਵਰਣਨਯੋਗ ਹਨ।

ਦੀਨੇ ਤੋਂ 4 ਕਿਲੋ-ਮੀਟਰ ਦੱਖਣ ਵੱਲ ਪਿੰਡ ਕਾਂਗੜ ਹੈ। ਇਹ ਕਿਸੇ ਸਮੇਂ ਰਾਇਜੋਧ ਦੀ ਰਾਜਧਾਨੀ ਹੁੰਦਾ ਸੀ। ਇਥੇ ਗੁਰੂ ਸਾਹਿਬ ਉਸ ਦਾ ਪ੍ਰੇਮ ਦੇਖ ਕੇ ਪਧਾਰੇ ਸਨ। ਸਤਿਗੁਰਾਂ ਦੀ ਬਖਸ਼ੀ ਕਟਾਰ ਉਨ੍ਹਾਂ ਦੀ ਸੰਤਾਨ ਪਾਸ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਦੀ ਚਰਨ ਛੋਹ ਦੀ ਯਾਦ ਵਿਚ ਇਥੇ ਗੁਰਦੁਆਰਾ ਜ਼ਫ਼ਰਨਾਮਾ ਸਾਹਿਬ ਹੈ ਜੋ ਕਿ ਹੁਣ ਕਾਂਗੜ ਦੀ ਜੂਹ ਵਿਚ ਵਸੇ ਪਿੰਡ ਦਿਆਲਪੁਰੇ ਵਿਚ ਆ ਗਿਆ ਹੈ। ਇਹ ਪਿੰਡ ਸਤਿਗੁਰਾਂ ਜੀ ਦੇ ਵੇਲੇ ਨਹੀਂ ਹੁੰਦਾ ਸੀ।

ਇਥੇ ਹੀ ਦਸ਼ਮੇਸ਼ ਜੀ ਨੇ ਸਮਰਾਟ ਔਰੰਗਜ਼ੇਬ ਦੇ ਲਿਖਤੀ ਅਤੇ ਜ਼ੁਬਾਨੀ ਸੱਦਾ ਪੁੱਜਣ ਤੇ ਕਿ ਤੁਸੀਂ ਮੈਨੂੰ ਦੱਖਣ ਵਿਚ ਆ ਕੇ ਮਿਲੋ, ਉਸ ਨੂੰ ਜ਼ਫ਼ਰਨਾਮਾ ਨਾਂ ਦੀ ਪ੍ਰਸਿੱਧ ਫ਼ਾਰਸੀ ਚਿੱਠੀ ਲਿਖੀ ਤੇ ਉਹ ਦੀਨੇ ਤੋਂ ਭਾਈ ਦਇਆ ਸਿੰਘ ਦੇ ਹੱਥ ਦੱਖਣ ਵਿਚ ਭੇਜੀ।

ਇਤਿਹਾਸ ਦਸਦਾ ਹੈ ਕਿ ਇਸ ਪੱਤਰ ਨੇ ਔਰੰਗਜ਼ੇਬ ਦੇ ਦਿਲ ਤੇ ਕਰਾਰੀ ਸੱਟ ਮਾਰੀ। ਜ਼ਫ਼ਰਨਾਮੇ ਵਿਚ ਲਿਖਿਆ ਹੈ ਕਿ "ਤਸ਼ਰੀਫ ਦਰ ਕਸਬਹ ਕਾਂਗੜ ਕੁਨਦ"। ਇਸ ਤੋਂ ਜਾਪਦਾ ਹੈ ਕਿ ਸਤਿਗੁਰੂ ਜੀ ਦਾ ਵਿਚਾਰ ਕਾਂਗੜ ਠਹਿਰਨ ਦਾ ਸੀ ਪਰ ਸਰਹਿੰਦ ਦੇ ਵਜ਼ੀਰ ਖਾਨ ਦੇ ਮੁੜ ਟੱਕਰ ਲੈਣ ਦੇ ਵਿਚਾਰ ਨੇ ਆਪ ਨੂੰ ਮਜਬੂਰ ਕਰ ਦਿੱਤਾ ਕਿ ਯੁੱਧ ਦੇ ਦ੍ਰਿਸ਼ਟੀਕੋਣ ਤੋਂ ਕੋਈ ਯੋਗ ਥਾਂ ਲੱਭੀ ਜਾਏ। ਉਨ੍ਹਾਂ ਦਿਨਾਂ ਵਿਚ ਇਸ ਇਲਾਕੇ ਵਿਚ ਜੰਗਲ ਤੇ ਰੇਤਲੇ ਟਿੱਬੇ ਹੁੰਦੇ ਸਨ। ਇਸ ਲਈ ਇਹ ਸਥਾਨ ਸੈਨਾ ਦੇ ਪੱਖ ਤੋਂ ਕਾਫ਼ੀ ਸੁਰੱਖਿਅਤ ਸੀ। ਇਸ ਲਈ ਗੁਰੂ ਸਾਹਿਬ ਨੇ ਆਪਣੀਆਂ ਸਾਰੀਆਂ ਸਰਗਰਮੀਆਂ ਇਸੇ ਸਥਾਨ ਤੇ ਕੇਂਦਰਿਤ ਕੀਤੀਆਂ ਸਨ।

ਗੁਰੂ ਗੋਬਿੰਦ ਸਿੰਘ ਮਾਰਗ ਦਾ ਦਸਵਾਂ ਵਿਸ਼ੇਸ਼ ਸਥਾਨ ਦੀਨਾ ਕਾਂਗੜ ਹੈ। ਗੁਰੂ ਗੋਬਿੰਦ ਸਿੰਘ ਮਾਰਗ ਦੀ ਇਸ ਦਸਵੀਂ ਲਾਠ ਉੱਤੇ ਇਹ ਬੈਂਤ ਅੰਕਿਤ ਹੈ —

"ਚੂ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ੱਸ਼ਤ

ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ।"

ਮੁਗਲ ਬਾਦਸ਼ਾਹ ਔਰੰਗਜ਼ੇਬ ਉਸ ਸਮੇਂ ਦਮੇ ਦੀ ਬੀਮਾਰੀ ਕਾਰਨ ਸਖ਼ਤ ਬੀਮਾਰ ਸੀ। ਜ਼ਫ਼ਰਨਾਮਾ ਨਾਂ ਦੇ ਇਸ ਖ਼ਤ ਜੋ ਕਿ ਕਾਵਿ ਤੇ ਸੰਗੀਤ ਦੇ ਨਾਲ-ਨਾਲ ਇਕ ਅਣਿਆਲਾ ਤੀਰ ਬਣਾਇਆ ਗਿਆ ਸੀ, ਨੇ ਔਰੰਗਜ਼ੇਬ ਨੂੰ ਵਿੰਨ੍ਹ ਕੇ ਰੱਖ ਦਿੱਤਾ। ਇਹ ਖ਼ਤ ਸੁਣ ਕੇ ਔਰੰਗਜ਼ੇਬ ਦੀ ਜ਼ਮੀਰ ਬੋਲ ਉਠੀ। ਉਸ ਦੇ ਕੀਤੇ ਕੁਕਰਮ ਉਸ ਦੇ ਸਾਹਮਣੇ ਖੜੋਤੇ ਅਤੇ ਇਸ ਤੋਂ ਛੇਤੀ ਹੀ ਮਗਰੋਂ ਉਹ ਮਰ ਗਿਆ।

ਪਿੰਡ ਵਿਚ ਇਕ ਪ੍ਰਾਚੀਨ ਮੰਦਰ ਹੈ ਜਿਥੇ ਮਹੰਤਾਂ ਦਾ ਕੁਰਸੀਨਾਮਾ ਕੋਈ ਦੋ ਸੌ ਸਾਲ ਤੋਂ ਵੱਧ ਸਮੇਂ ਤੋਂ ਚਲਿਆ ਆ ਰਿਹਾ ਹੈ। ਇਥੇ ਇਕ ਸਰਕਾਰੀ ਹਾਈ ਸਕੂਲ ਅਤੇ ਦੋ ਲਾਇਬਰੇਰੀਆਂ ਹਨ। ਵਿਸਾਖੀ ਅਤੇ ਮਾਘੀ ਦੇ ਮੇਲੇ ਇਥੇ ਬੜੀ ਧੂਮ ਧਾਮ ਨਾਲ ਮਨਾਏ ਜਾਂਦੇ ਹਨ।

ਆਬਾਦੀ – ਦੀਨਾ –2,762 (1981) , ਕਾਂਗੜ –1,360 (1981)

ਹ. ਪੁ. – ਦੀਨਾ-ਕਾਂਗੜ ਸ. ਪੁ. – ਭਾ. ਵਿ.ਪੰ. ; ਮ. ਕੋ.; ਹੈਂਡ ਬੁ. ਫਰੀਦਕੋਟ 1981; ਗੁਰੂ ਗੋਬਿੰਦ ਸਿੰਘ ਮਾਰਗ-ਭਾ. ਵਿ. ਪੰ. : 54, 103

ਦੀਨਾਜਪੁਰ : ਜ਼ਿਲ੍ਹਾ—ਬੰਗਲਾ ਦੇਸ਼ ਦੇ ਰਾਜਾਸ਼ਾਹੀ ਮੰਡਲ ਦਾ ਇਹ ਇਕ ਜ਼ਿਲ੍ਹਾ ਹੈ ਜਿਹੜਾ ਕਿ ਬਰਤਾਨਵੀ ਭਾਰਤ ਦਾ ਹਿੱਸਾ ਹੁੰਦਾ ਸੀ ਪਰੰਤੂ 1947 ਈ. ਵਿਚ ਭਾਰਤ ਦੀ ਵੰਡ ਸਮੇਂ ਇਹ ਪੂਰਬੀ ਪਾਕਿਸਤਾਨ ਵਿਚ ਚਲਾ ਗਿਆ ਅਤੇ 1971 ਈ. ਵਿਚ ਨਵੇਂ ਬਣੇ ਦੇਸ਼ ਬੰਗਲਾ ਦੇਸ਼ ਵਿਚ ਸ਼ਾਮਲ ਹੋ ਗਿਆ। ਇਸ ਦਾ ਕੁੱਲ ਰਕਬਾ 6,757 ਵ. ਕਿ. ਮੀ. (2,609 ਵ. ਮੀਲ) ਅਤੇ ਆਬਾਦੀ 31,98,325 (1981) ਹੈ। ਇਸ ਦੇ ਉੱਤਰ-ਪੂਰਬ ਵੱਲ ਜਲਪਾਈ ਗੁਰੀ, ਪੂਰਬ ਵੱਲ ਰੰਗਪੁਰ, ਦੱਖਣ-ਪੂਰਬ ਵੱਲ ਬੋਗਰਾ ਆਦਿ ਸ਼ਾਮਲ ਹਨ। ਧਰਾਤਲ ਪਖੋਂ ਇਹ ਵਧੇਰੇ ਕਰਕੇ ਪੱਧਰਾ ਹੀ ਹੈ ਪਰ ਜ਼ਿਲ੍ਹੇ ਦਾ ਦੱਖਣ ਵੱਲ ਦਾ ਖੇਤਰ ਜਿਸ ਨੂੰ ਬਰਿੰਡ ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਕਿਤੇ-ਕਿਤੇ ਉੱਚਾ ਨੀਵਾਂ ਵੀ ਹੈ। ਕੁਲੀਕ ਦਰਿਆ ਦੇ ਨਾਲ-ਨਾਲ ਛੋਟੀਆਂ-ਛੋਟੀਆਂ ਪਹਾੜੀਆਂ ਹਨ। ਬਰਿੰਡ ਦੇ ਪਹਾੜੀ ਖੇਤਰ ਜਲ-ਨਿਖੇੜ ਦਾ ਕੰਮ ਕਰਦੇ ਹਨ ਜਿਸ ਤੋਂ ਦਰਿਆਵਾਂ ਦਾ ਪਾਣੀ ਪੱਛਮ ਵੱਲ ਮਹਾਨੰਦਾ ਨਦੀ ਅਤੇ ਪੂਰਬ ਵੱਲ ਪੁਰਾਣੇ ਤਿਸਤਾ ਦਰਿਆ ਵਿਚ ਜਾ ਪੈਂਦਾ ਹੈ। ਕਈ ਨਦੀਆਂ ਨਾਲੇ ਵਗਦੇ ਹਨ ਜੋ ਬਰਸਾਤਾਂ ਵਿਚ ਕਾਫ਼ੀ ਚੜ੍ਹ ਜਾਂਦੇ ਹਨ। ਨਾਗਰ, ਮਹਾਨੰਦਾ ਦੀ ਸਹਾਇਕ ਨਦੀ ਹੈ ਜੋ ਦੀਨਾਜਪੁਰ ਅਤੇ ਪੂਰਨੀਆਂ ਵਿਚਕਾਰ ਹੱਦਬੰਦੀ ਕਰਦੀ ਹੈ। ਟਾਂਗਨ ਅਤੇ ਪੂਰਨਾਭਾਓਆ ਮਹਾਨੰਦਾ ਦੀਆਂ ਦੋ ਹੋਰ ਪ੍ਰਮੁੱਖ ਸਹਾਇਕ ਨਦੀਆਂ ਹਨ ਜੋ ਅੱਗੇ ਜਾ ਕੇ ਮਾਲਦਾ ਜ਼ਿਲ੍ਹੇ ਵਿਖੇ ਇਸ ਵਿਚ ਆ ਮਿਲਦੀਆਂ ਹਨ। ਤਿਸਤਾ ਦਰਿਆ ਦੇ ਕਈ ਨਾਲੇ ਦੀਨਾਜਪੁਰ ਵਿਚੋਂ ਦੀ ਲੰਘਦੇ ਹਨ ਜੋ ਕਿ ਅੱਜਕੱਲ੍ਹ ਅਤਰਾਈ, ਜਮਨਾ ਅਤੇ ਕਰਤੋਇਆ ਨਾਂ ਨਾਲ ਜਾਣੇ ਜਾਂਦੇ ਹਨ। ਜ਼ਿਲ੍ਹੇ ਦਾ ਬਹੁਤਾ ਹਿੱਸਾ ਨਵੀਂ ਹੋਂਦ ਵਿਚ ਆਈ ਜਲੋਢੀ ਮਿੱਟੀ ਵਾਲਾ ਹੈ ਅਤੇ ਦਰਿਆ ਦੇ ਨਾਲ-ਨਾਲ ਰੇਤਲੀ ਚੀਕਣੀ ਮਿੱਟੀ ਹੈ।

ਇਥੇ ਚੀਤੇ ਆਮ ਵੇਖਣ ਨੂੰ ਮਿਲਦੇ ਹਨ। ਇਨ੍ਹਾਂ ਤੋਂ ਇਲਾਵਾ ਜੰਗਲੀ ਸੂਰ ਵੀ ਕਾਫ਼ੀ ਹੁੰਦੇ ਹਨ ਜੋ ਕਿ ਫ਼ਸਲਾਂ ਨੂੰ ਕਾਫ਼ੀ ਨੁਕਸਾਨ ਪਹੁੰਚਾਉਂਦੇ ਹਨ। ਸੰਨ 1847 ਵਿਚ ਆਏ ਭੁਚਾਲ ਨੇ ਇਸ ਜ਼ਿਲ੍ਹੇ ਦੀ ਸੰਪਤੀ ਨੂੰ ਕਾਫ਼ੀ ਨੁਕਸਾਨ ਪਹੁੰਚਾਇਆ ਸੀ।

ਇਹ ਜ਼ਿਲ੍ਹਾ ਆਪਣੀ ਪੁਰਾਤਨਤਾ ਲਈ ਕਾਫ਼ੀ ਮਸ਼ਹੂਰ ਹੈ। ਅਠਾਰ੍ਹਵੀਂ ਸਦੀ ਦੇ ਬਣੇ ਕਾਂਤਾਨਗਰ ਅਤੇ ਸੋਪਾਲਗੰਜ ਦੇ ਮੰਦਰ, ਪੁਰਾਣੇ ਤਲਾਬ, ਇਮਾਰਤਾਂ ਦੇ ਖੰਡਰ ਇਸ ਦੇ ਸ਼ਾਨਦਾਰ ਇਤਿਹਾਸ ਦੀ ਗਵਾਹੀ ਭਰਦੇ ਹਨ। ਰਮਾਇਣ ਦੇ ਲੇਖਕ ਵਾਲਮੀਕਿ ਦੀ ਯਾਦ ਵਿਚ ਨਵਾਬਗੰਜ ਖਾਨਾ ਵਿਚ ਅਜੇ ਵੀ ਤਰਪਨ ਘਾਟ ਮੌਜੂਦ ਹੈ ਜਿਥੇ ਕਿ ਉਹ ਬੈਠ ਕੇ ਇਸ਼ਨਾਨ ਕਰਦੇ ਸਨ ਅਤੇ ਆਪਣੀ ਪਾਠ-ਪੂਜਾ ਕਰਿਆ ਕਰਦੇ ਸਨ। ਇਸ ਨੂੰ ਪਾਂਡਵਾਂ ਦਾ ਮਾਤਸਾਇਆ ਦੇਸ਼ ਵੀ ਕਿਹਾ ਜਾਂਦਾ ਹੈ ਜਿਥੇ ਕਿ ਉਨ੍ਹਾਂ ਨੇ ਬਨਵਾਸ ਦੌਰਾਨ ਵਿਰਾਟ ਰਾਜੇ ਕੋਲ ਜਾ ਸ਼ਰਨ ਲਈ ਸੀ। ਘੋੜਾਘਾਟ ਦੇ ਨੇੜੇ ਪਏ ਖੰਡਰਾਤ ਅੱਜ ਵੀ ਵਿਰਾਟ ਰਾਜੇ ਦੀ ਗਊਸ਼ਾਲਾ ਦੀ ਯਾਦ ਦਿਵਾਉਂਦੇ ਹਨ।

ਨੌਵੀਂ ਸਦੀ ਵਿਚ ਇਸ ਉੱਤੇ ਪਾਲ ਰਾਜੇ ਰਾਜ ਕਰਦੇ ਸਨ। ਪਾਲ ਬਾਦਸ਼ਾਹਾਂ ਵਿਚੋਂ ਮਹਾਂਪਾਲ ਜੋ ਕਿ ਸਭ ਤੋਂ ਵੱਧ ਸ਼ਕਤੀਸ਼ਾਲੀ ਬਾਦਸ਼ਾਹ ਮੰਨਿਆ ਜਾਂਦਾ ਸੀ, ਨੂੰ ਅੱਜ ਵੀ ਇਥੇ ਦੇ ਲੋਕ ਬਹੁਤ ਯਾਦ ਕਰਦੇ ਹਨ। ਪਾਲ ਬਾਦਸ਼ਾਹਾਂ ਦੇ ਰਾਜ ਕਾਲ ਵੇਲੇ ਦੇ ਖੰਡਰ ਅੱਜ ਵੀ ਸਾਰੇ ਜ਼ਿਲ੍ਹੇ ਵਿਚ ਮਿਲਦੇ ਹਨ।

ਪੰਦਰਵੀਂ ਸਦੀ ਦੇ ਆਰੰਭ ਵਿਚ ਰਾਜਾ ਗਣੇਸ਼ ਇਥੋਂ ਦਾ ਰਾਜਾ ਬਣਿਆ। ਬਾਅਦ ਵਿਚ ਉਹ ਵੀ ਮੁਸਲਮਾਨ ਬਣ ਗਿਆ। ਉਸ ਦੇ ਦਸ ਸਾਲ ਰਾਜ ਕਰਨ ਤੋਂ ਬਾਅਦ ਉਸ ਦਾ ਪੁੱਤਰ ਜਲਾਲ-ਉੱਦ-ਦੀਨ ਮੁਹੰਮਦ ਸ਼ਾਹ ਦੀਨਾਜਪੁਰ ਤੇ ਰਾਜ ਕਰਦਾ ਰਿਹਾ। ਮੁਗਲ ਰਾਜ ਸਮੇਂ ਦੇਵੀਕੋਟ ਅਤੇ ਘੋੜਾਘਾਟ ਦੋ ਮਹੱਤਵਪੂਰਨ ਫ਼ੌਜੀ ਅੱਡੇ ਹੋਇਆ ਕਰਦੇ ਸਨ।

ਬਰਤਾਨਵੀ ਰਾਜ ਵਿਚ ਸ਼ਾਮਲ ਹੋਣ ਸਮੇਂ ਇਸ ਜ਼ਿਲ੍ਹੇ ਵਿਚ ਕਾਫ਼ੀ ਅਰਾਜਕਤਾ ਫੈਲੀ ਹੋਈ ਸੀ। ਹੌਲੀ-ਹੌਲੀ ਇਸ ਦੀਆਂ ਹੱਦਾਂ ਨਿਰਧਾਰਿਤ ਕਰ ਦਿੱਤੀਆਂ ਗਈਆਂ ਅਤੇ ਇਸ ਵਿਚੋਂ ਮਾਲਦਾ ਅਤੇ ਬੋਗਰ ਨਾਂ ਦੇ ਦੋ ਨਵੇਂ ਜ਼ਿਲ੍ਹੇ ਸਥਾਪਿਤ ਕਰ ਦਿੱਤੇ ਗਏ। ਸੰਨ 1896 ਵਿਚ ਮਹਾਦੇਬਪੁਰ ਥਾਣੇ ਦੇ ਰਾਜਸ਼ਾਹੀ ਵਿਚ ਚਲੇ ਜਾਣ ਨਾਲ ਇਸ ਦਾ ਰਕਬਾ ਹੋਰ ਵੀ ਘੱਟ ਗਿਆ।

ਇਥੇ ਜ਼ਿਆਦਾ ਕਰਕੇ ਝੋਨੇ ਅਤੇ ਗੰਨੇ ਦੀ ਫਸਲ ਹੁੰਦੀ ਹੈ। ਵਪਾਰ ਕਲਕੱਤੇ ਅਤੇ ਆਸ ਪਾਸ ਦੇ ਜ਼ਿਲ੍ਹਿਆਂ ਨਾਲ ਹੁੰਦਾ ਹੈ। ਰੇਲ ਮਾਰਗ ਅਤੇ ਜਲ ਮਾਰਗ ਆਵਾਜਾਈ ਦੇ ਪ੍ਰਮੁੱਖ ਸਾਧਨ ਹਨ।

ਹ.ਪੁ.- ਇੰਪ.ਗ. ਇੰਡ. 11 : 347; ਐਨ. ਬ੍ਰਿ. ਮਾ. 3 : 550 ਵੈਬ. ਜੁ. ਡਿਕ

ਦੀਨਾਜਪੁਰ : ਸ਼ਹਿਰ—ਬੰਗਲਾ ਦੇਸ਼ ਦੇ ਇਸੇ ਹੀ ਜ਼ਿਲ੍ਹੇ ਦਾ ਸਦਰ ਮੁਕਾਮ ਹੈ ਜਿਹੜਾ ਪੁਰਨਾਭਾਬਾ ਦਰਿਆ ਦੇ ਬਿਲਕੁਲ ਪੂਰਬ ਵੱਲ ਸਥਿਤ ਹੈ। ਸੰਨ 1869 ਵਿਚ ਇਥੇ ਨਗਰਪਾਲਿਕਾ ਸਥਾਪਿਤ ਕੀਤੀ ਗਈ। ਸ਼ਹਿਰ ਦੇ ਉੱਤਰ-ਪੂਰਬੀ ਹਿੱਸੇ ਵੱਲ ਪੁਰਾਣਾ ਦੀਨਾਜਪੁਰ ਫੈਲਿਆ ਹੋਇਆ ਹੈ ਅਤੇ ਦੀਨਾਜਪੁਰ ਦੇ ਮਹਾਰਾਜਾ ਦਾ ਪੁਰਾਣਾ ਰਿਹਾਇਸ਼ ਸਥਾਨ ਵੀ ਇਸੇ ਪਾਸੇ ਹੈ। ਇਥੇ ਪਟਸਨ ਅਤੇ ਚੌਲ ਦੀਆਂ ਮਿੱਲਾਂ, ਪਟਸਨ ਦੇ ਬੀਜਾਂ ਦੇ ਫਾਰਮ ਅਤੇ ਥਰਮਲ ਪਾਵਰ ਸਟੇਸ਼ਨ ਸਥਾਪਿਤ ਹਨ। ਇਥੇ ਰਾਜਸ਼ਾਹੀ ਯੂਨੀਵਰਸਿਟੀ ਨਾਲ ਸਬੰਧਤ ਦੋ ਸਰਕਾਰੀ ਕਾਲਜ ਵੀ ਹਨ।

ਆਬਾਦੀ – 96, 343 (1991)

25°38′ ਉ. ਵਿਥ.; 88° ਪੂ. ਲੰਬ.

ਹ. ਪੁ.- ਇੰਪ. ਗ. ਇੰਡ 11 : 354 ; ਐਨ. ਬ੍ਰਿ. ਮਾ. 3 : 550

ਦੀਨਾ ਨਗਰ : ਇਹ ਭਾਰਤ ਦੇ ਪੰਜਾਬ ਰਾਜ ਦੇ ਸਰਹੱਦੀ ਇਲਾਕੇ ਗੁਰਦਾਸਪੁਰ ਜ਼ਿਲ੍ਹੇ ਦਾ ਇਕ ਸ਼ਹਿਰ ਹੈ ਜਿਹੜਾ ਕਿ ਅੰਮ੍ਰਿਤਸਰ-ਗੁਰਦਾਸਪੁਰ ਜਾਂਦੀ ਸੜਕ ਉੱਤੇ ਵਾਕਿਆ ਹੈ। ਇਸ ਨੂੰ ਅਦੀਨਾਬੇਗ ਨੇ 1750 ਈ. ਵਿਚ ਵਸਾਇਆ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਇਹ ਉਨ੍ਹਾਂ ਦਾ ਗਰਮੀਆਂ ਦਾ ਸਦਰ ਮੁਕਾਮ ਹੋਇਆ ਕਰਦਾ ਸੀ। ਇਥੋਂ ਦੀ ਨਗਰਪਾਲਿਕਾ 1867 ਈ. ਵਿਚ ਹੋਂਦ ਵਿਚ ਆਈ। ਇਥੇ ਕੰਬਲ ਅਤੇ ਸ਼ਾਲ ਤਿਆਰ ਕਰਨ ਦੇ ਉਦਯੋਗ ਸਥਾਪਿਤ ਹਨ। ਇਸ ਤੋਂ ਇਲਾਵਾ ਕਸ਼ੀਦਾਕਾਰੀ ਦਾ ਕੰਮ ਵੀ ਹੁੰਦਾ ਹੈ।

ਆਬਾਦੀ– 16,968 (1991)

32°8′ ਉ. ਵਿਥ.; 75°28′ ਪੂ. ਲੰਬ.

ਹ. ਪੁ.-ਇੰਪ. ਗ. ਇੰਡ 11 : 355

ਦੀਨਾਨਾਥ : ਇਹ ਇਕ ਕਸ਼ਮੀਰੀ ਬ੍ਰਾਹਮਣ ਸੀ ਜਿਹੜਾ ਬਖਤਮੱਲ ਦਾ ਪੁੱਤਰ ਸੀ। ਇਹ ਮਹਾਰਾਜਾ ਰਣਜੀਤ ਸਿੰਘ ਦਾ ਵਿੱਤ ਮੰਤਰੀ ਅਤੇ ਅਹਿਲਕਾਰ ਸੀ। ਇਸ ਕੋਲ 12 ਦਫ਼ਤਰ ਅਤੇ ਸਿਵਲ ਮਿਲਟਰੀ ਦਾ ਸਾਰਾ ਹਿਸਾਬ ਕਿਤਾਬ ਸੀ। ਮਹਾਰਾਜਾ ਰਣਜੀਤ ਸਿੰਘ ਨੇ 1838 ਈ. ਵਿਚ ਪਹਿਲਾਂ ਇਸ ਨੂੰ ਦੀਵਾਨ ਦਾ ਖ਼ਿਤਾਬ ਦਿੱਤਾ ਸੀ ਫਿਰ ਬਾਅਦ ਵਿਚ (1847) ਰਾਜਾ ਦੀ ਪਦਵੀ ਦਿੱਤੀ। ਇਹ ਬਹੁਤ ਹੀ ਸਿਆਣਾ ਅਤੇ ਜ਼ਮਾਨੇ ਦੀ ਚਾਲ ਨੂੰ ਸਮਝਣ ਵਾਲਾ ਵਿਅਕਤੀ ਸੀ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਪਿਛੋਂ ਲਾਹੌਰ ਵਿਚ ਕਈ ਉਤਰਾ-ਚੜ੍ਹਾ ਆਏ ਪਰ ਦੀਨਾ ਨਾਥ ਨੂੰ ਕੋਈ ਆਂਚ ਨਾ ਆਈ। ਸੰਨ 1844 ਵਿਚ ਇਹ ਮਹਾਰਾਣੀ ਜਿੰਦਾਂ ਦਾ ਮੁੱਖ ਸਲਾਹਕਾਰ ਬਣਿਆ। ਇਹ 46,000 ਰੁਪਏ ਮਾਸਿਕ ਆਮਦਨ ਦੀ ਜਾਗੀਰ ਦਾ ਮਾਲਕ ਸੀ ਜੋ ਕਿ ਮਰਨ ਤੱਕ ਇਸ ਦੇ ਕੋਲ ਰਹੀ। ਸੰਨ 1857 ਵਿਚ ਇਸ ਦੀ ਮੌਤ ਹੋਈ।

ਹ. ਪੁ. – ਹਿੰ. ਆ. ਪਾ. : 101

ਦੀਨਾਪੁਰ (ਦਾਨਾਪੁਰ) : ਇਹ ਭਾਰਤ ਦੇ ਬਿਹਾਰ ਰਾਜ ਦੇ ਪਟਨਾ ਜ਼ਿਲ੍ਹੇ ਵਿਚ ਗੰਗਾ ਨਦੀ ਦੇ ਕਿਨਾਰੇ ਸਥਿਤ ਇਕ ਪ੍ਰਸਿੱਧ ਨਗਰ ਹੈ ਜਿਹੜਾ ਕਿ ਸੜਕਾਂ ਅਤੇ ਰੇਲਾਂ ਦਾ ਜੰਕਸ਼ਨ ਅਤੇ ਮੁੱਖ ਵਪਾਰਕ ਕੇਂਦਰ ਹੈ। ਇਹ ਝੋਨੇ, ਛੋਲੇ, ਜੌਂ, ਜਵਾਰ ਅਤੇ ਕਣਕ ਆਦਿ ਫ਼ਸਲਾਂ ਦੀ ਪ੍ਰਸਿੱਧ ਮੰਡੀ ਹੈ। ਤਿਲਾਂ ਵਿਚੋਂ ਤੇਲ ਕੱਢਣ, ਫ਼ਰਨੀਚਰ ਬਣਾਉਣ, ਧਾਤੂਆਂ ਦੇ ਬਰਤਨ ਬਣਾਉਣ ਆਦਿ ਦੇ ਉਦਯੋਗ ਵੀ ਇਥੇ ਵਿਕਸਤ ਹਨ। ਮਗਧ ਯੂਨੀਵਰਸਿਟੀ ਨਾਲ ਸਬੰਧਤ ਇਥੇ ਇਕ ਕਾਲਜ ਅਤੇ ਇਕ ਫ਼ੌਜੀ ਛਾਉਣੀ ਵੀ ਹੈ। ਸੰਨ 1887 ਵਿਚ ਇਥੇ ਨਗਰਪਾਲਿਕਾ ਦੀ ਸਥਾਪਨਾ ਹੋਈ।

ਆਬਾਦੀ– 84, 661 (1991)

25°38′ ਉ. ਵਿਥ. ; 85°03′ ਪੂ. ਲੰਬ.

ਹ. ਪੁ. -ਇੰਪ.ਗ. ਇੰਡ. 11 : 355 ; ਐਨ. ਬ੍ਰਿ. ਮਾ. 8 : 366

ਦੀਪ ਸਤੰਭ : ਇਨ੍ਹਾਂ ਨੂੰ ਦੀਪ-ਘਰ ਜਾਂ ਪ੍ਰਕਾਸ਼ ਸਤੰਭ ਵੀ ਕਿਹਾ ਜਾਂਦਾ ਹੈ। ਇਹ ਆਮ ਤੌਰ ਤੇ ਸਮੁੰਦਰ ਦੇ ਤੱਟ ਤੇ, ਦੀਪਾਂ ਤੇ, ਚਟਾਨਾਂ ਤੇ ਜਾਂ ਨਦੀਆਂ ਅਤੇ ਝੀਲਾਂ ਦੇ ਕਿਨਾਰੇ ਪ੍ਰਮੁੱਖ ਸਥਾਨਾਂ ਤੇ ਜਹਾਜ਼ਾਂ ਦੇ ਮਾਰਗ ਦਰਸ਼ਨ ਲਈ ਬਣਾਏ ਜਾਂਦੇ ਹਨ। ਜਹਾਜ਼ਰਾਨੀ ਵਿਚ ਇਨ੍ਹਾਂ ਦੀ ਬਹੁਤ ਮਹੱਤਤਾ ਹੈ। ਦੀਪ ਸਤੰਭਾਂ ਵਿਚੋਂ ਰਾਤ ਵੇਲੇ ਪ੍ਰਕਾਸ਼ ਨਿਕਲਦਾ ਹੈ। ਦਿਨ ਸਮੇਂ ਇਨ੍ਹਾਂ ਦੀ ਪਛਾਣ ਇਨ੍ਹਾਂ ਤੇ ਹੋਈ ਵਿਲੱਖਣ ਪੇਂਟਿੰਗ ਤੋਂ ਹੋ ਜਾਂਦੀ ਹੈ।

ਸਿਕੰਦਰੀਆ ਦੇ ਨੇੜੇ ਫਾਰੋਸ ਦੀਪ ਵਿਚ ਲਗਭਗ 280 ਈ. ਪੂ. ਵਿਚ ਸੰਗਮਰਮਰ ਦਾ ਇਕ ਦੀਪ ਸਤੰਭ ਬਣਾਇਆ ਗਿਆ ਸੀ ਜਿਹੜਾ 180 ਮੀ. ਉੱਚਾ ਸੀ। ਇਹ ਦੁਨੀਆ ਦੇ ਸੱਤ ਅਜੂਬਿਆਂ ਵਿਚੋਂ ਇਕ ਸੀ ਅਤੇ ਇੰਨਾ ਪ੍ਰਸਿੱਧ ਸੀ ਕਿ ਦੀਪ ਸਤੰਭਾਂ ਲਈ ਪੱਛਮ ਵਿਚ ਫਾਰੋਸ ਬਹੁਤ ਜ਼ਿਆਦਾ ਮਸ਼ਹੂਰ ਹੋ ਗਿਆ ਸੀ। 13ਵੀਂ ਸਦੀ ਵਿਚ ਇਹ ਦੀਪ ਸਤੰਭ ਭੁਚਾਲ ਦੇ ਕਾਰਨ ਨਸ਼ਟ ਹੋ ਗਿਆ। ਭਾਵੇਂ ਦੀਪ ਸਤੰਭ ਦਾ ਇਤਿਹਾਸ ਦੋ ਹਜ਼ਾਰ ਸਾਲ ਤੋਂ ਵੀ ਜ਼ਿਆਦਾ ਪੁਰਾਣਾ ਹੈ ਪਰ ਜੀਵਨ ਸੁਰੱਖਿਆ ਦੇ ਸਾਧਨ ਵਜੋਂ ਦੀਪ ਸਤੰਭਾਂ ਦੀ ਨਿਯਮਿਤ ਵਿਵਸਥਾ 19 ਵੀਂ ਸਦੀ ਵਿਚ ਸ਼ੁਰੂ ਹੋਈ।

ਵੱਖੋ ਵੱਖ ਸਥਾਨਾਂ ਦੇ ਹਾਲਾਤ ਅਤੇ ਜ਼ਰੂਰਤਾਂ ਅਨੁਸਾਰ ਦੀਪ ਸਤੰਭਾਂ ਦੀ ਸੰਰਚਨਾ ਵੱਖ-ਵੱਖ ਹੁੰਦੀ ਹੈ। ਧਰਤੀ ਤੇ ਜਾਂ ਵੱਡੇ ਟਾਪੂਆਂ ਤੇ ਬਣਨ ਵਾਲੇ ਸਥਲ ਦੀਪ ਸਤੰਭਾਂ ਦੀ ਰਚਨਾ ਲਗਭਗ ਇਕੋ ਜਿਹੀ ਹੀ ਹੁੰਦੀ ਹੈ। ਅੰਤਰ ਕੇਵਲ ਇੰਨਾ ਹੈ ਕਿ ਹਰੇਕ ਦੀਪ ਸਤੰਭ ਤੋਂ ਜਿੰਨੀ ਦੂਰ ਤੱਕ ਪ੍ਰਕਾਸ਼ ਦਿਖਾਈ ਦੇਣਾ ਜ਼ਰੂਰੀ ਹੁੰਦਾ ਹੈ

ਉਸ ਅਨੁਸਾਰ ਹੀ ਉਸ ਦੀ ਉੱਚਾਈ ਅਤੇ ਪ੍ਰਕਾਸ਼ ਉਪਕਰਣ ਰੱਖੇ ਜਾਂਦੇ ਹਨ। ਸਮੁੰਦਰੀ ਦੀਪ ਸਤੰਭ ਜੋ ਖੁੱਲ੍ਹੇ ਸਮੁੰਦਰ ਵਿਚ ਕਿਸੇ ਸੁੰਨਸਾਨ ਚਟਾਨ ਤੇ ਬਣਦੇ ਹਨ, ਜਿਥੇ ਦਿਨ ਰਾਤ ਭਿਅੰਕਰ ਲਹਿਰਾਂ ਟਕਰਾਉਂਦੀਆਂ ਹਨ, ਅਸਲ ਵਿਚ ਇੰਜਨੀਅਰੀ ਕਲਾ ਕੌਸ਼ਲ ਦੇ ਹੀ ਨਮੂਨੇ ਹਨ। ਬੈੱਲ ਰੱਕ ਬਿਸ਼ਪ ਰੱਕ ਲਾਈਟ ਹਾਊਸ, ਬਜ਼ਰਡ ਬੇ-ਲਾਈਨ ਹਾਊਸ ਐਡੀਸਟੋਨ ਲਾਈਟ ਹਾਊਸ ਪ੍ਰਸਿੱਧ ਦੀਪ ਘਰ ਹਨ। ਸਮੁੰਦਰੀ ਦੀਪ ਸਤੰਭਾਂ ਦੀ ਰਚਨਾ ਚਾਰ ਪ੍ਰਕਾਰ ਦੀ ਹੁੰਦੀ ਹੈ।

1. ਕੰਕਰੀਟ ਦੀ ਸੰਰਚਨਾ ਚਟਾਨਾਂ ਤੇ ਖੜੀ ਕਰਨ ਲਈ ਚੰਗੀ ਸਮਝੀ ਜਾਂਦੀ ਹੈ। ਦੂਜੀ ਥਾਂ ਜਿਥੇ ਪੱਕੀ ਨੀਂਹ ਰੱਖੀ ਜਾ ਸਕੇ। ਇਸ ਤਰ੍ਹਾਂ ਦੀ ਰਚਨਾ ਵਿਚ ਇਹ ਵਿਸ਼ੇਸ਼ ਧਿਆਨ ਰੱਖਣਾ ਪੈਂਦਾ ਹੈ ਕਿ :

   (ੳ) ਸੰਰਚਨਾ ਦਾ ਗੁਰੂਤਵ ਕੇਂਦਰ ਜਿਥੇ ਤੱਕ ਸੰਭਵ ਹੋਵੇ ਨੀਂਵੇ ਤੋਂ ਨੀਂਵਾ ਰਹੇ।

   (ਅ) ਕਿਸੇ ਵੀ ਖਿਤਿਜ ਤਲ ਦੇ ਉਪਰ ਸੰਰਚਨਾ ਦਾ ਆਕਾਰ ਇੰਨਾ ਹੋਣਾ ਚਾਹੀਦਾ ਹੈ ਕਿ ਉਹ ਹਵਾ ਦਾ ਦਬਾਅ ਅਤੇ ਤਰੰਗਾਂ ਦੀ ਟੱਕਰ ਨਾਲ-ਨਾਲ ਸਹਿ ਸਕੇ।

   (ੲ) ਥੱਲੇ ਤੋਂ ਉੱਪਰ ਤੱਕ ਤਲ ਬਿਲਕੁਲ ਗੋਲ ਰਹੇ ਤਾਂ ਕਿ ਹਵਾ ਜਾਂ ਤਰੰਗਾਂ ਲਈ ਨਵੀਂ ਤੋਂ ਨਵੀਂ ਅੜਚਨ ਬਣੀ ਰਹੇ।

   (ਸ) ਥੱਲੇ ਵਾਲੇ ਹਿੱਸੇ ਦੀ ਸਤ੍ਹਾ ਜਿਸ ਤੋਂ ਤਰੰਗਾਂ ਦੀ ਸਿੱਧੀ ਟੱਕਰ ਲੱਗਦੀ ਹੈ, ਬਿਲਕੁਲ ਸਿੱਧੀ ਹੋਵੇ ਤਾਂ ਚੰਗਾ ਹੈ। ਉਪਰ ਦੇ ਭਾਗ ਦੀ ਸਤ੍ਹਾ ਵਿਚ ਜਾਂ ਤਾਂ ਸਿੱਧੀ ਸਲਾਮੀ ਜਾਂ ਵਕ੍ਰਤਾ ਹੋ ਸਕਦੀ ਹੈ। ਲਾਲਟੈਨ ਦੇ ਥੱਲੇ ਦੀ ਬੁਰਜੀ ਤੋਂ ਇਲਾਵਾ ਹੋਰ ਕੋਈ ਵਾਧਰਾ ਬਾਹਰ ਵੱਲ ਨਾ ਹੋਵੇ, ਉਪਰ ਤੋਂ ਨੀਚੇ ਤੱਕ ਸਤ੍ਹਾ ਸਮਤਲ ਹੋਵੇ।

   (ਹ) ਸਮੁੰਦਰ ਤਲ ਤੋਂ ਉੱਚਾਈ ਇੰਨੀ ਹੋਵੇ ਕਿ ਛਿੱਟਿਆਂ ਤੋਂ ਉਪਰ ਉੱਚੇ ਹੋਏ ਜਲਕਣ ਲਾਲਟੈਨ ਦੇ ਉਪਰ ਛਾ ਕੇ ਪ੍ਰਕਾਸ਼ ਨੂੰ ਨਾ ਰੋਕ ਸਕਣ।

   (ਕ) ਨੀਂਹ ਠੋਸ ਚਟਾਨ ਦੇ ਅੰਦਰ ਹੋਵੇ ਅਤੇ ਉਸ ਵਿਚ ਦ੍ਰਿੜਤਾਪੂਰਬਕ ਜਕੜੀ ਹੋਵੇ।

   (ਖ) ਨਿਰਮਾਣ ਸਮੱਗਰੀ ਪ੍ਰਤਿਰੋਧੀ ਗੁਣਾਂ ਵਾਲੀ ਅਤੇ ਜ਼ਿਆਦਾ ਘਣਤਾ ਵਾਲੀ ਹੋਵੇ।

   (ਗ) ਇਸ ਵਿਚ ਜਿੰਨੇ ਵੀ ਪੱਥਰ ਲਗਣ ਉਹ ਸਾਰੇ ਘੱਟ ਤੋਂ ਘੱਟ ਬਾਹਰ ਵੱਲ ਲਗਣ। ਲਗਣ ਵਾਲੇ ਪੱਥਰ ਜ਼ਰੂਰ ਐਸੇ ਹੋਣ ਜਿਨ੍ਹਾਂ ਨੂੰ ਨਿਰਮਾਣ ਕਾਲ ਵਿਚ ਪਾਣੀ ਹਿਲਾ ਨਾ ਸਕੇ ਅਤੇ ਬਾਅਦ ਵਿਚ ਵੀ ਉਨ੍ਹਾਂ ਵਿਚ ਦ੍ਰਿੜਤਾ ਜ਼ਿਆਦਾ ਹੋਵੇ।

2. ਖੁੱਲੀ ਹੋਈ ਇਸਪਾਤ ਜਾਂ ਲੋਹੇ ਦੀ ਢਾਂਚੇਦਾਰ ਰਚਨਾ ਉਸ ਜਗ੍ਹਾ ਲਈ ਠੀਕ ਹੁੰਦੀ ਹੈ ਜਿਥੇ ਕੱਚੀ ਜਗ੍ਹਾ ਤੇ ਨੀਂਹ ਦੀ ਜ਼ਰੂਰਤ ਹੋਵੇ। ਮੂੰਗੇ ਦੀ ਚਟਾਨ ਉੱਤੇ ਅਤੇ ਅਜਿਹੇ ਸਥਾਨਾਂ ਤੇ ਵੀ ਇਹ ਠੀਕ ਹੁੰਦੀ ਹੈ ਜਿਥੇ ਹੋਰ ਸਮੱਗਰੀ ਮਹਿੰਗੀ ਹੋਵੇ। ਧਰਤੀ ਵਿਚ ਲੋਹੇ ਜਾਂ ਇਸਪਾਤ ਦੇ ਥੰਮ ਗੱਡ ਦਿੱਤੇ ਜਾਂਦੇ ਹਨ ਜਾਂ ਪੇਚ ਦੀ ਤਰ੍ਹਾਂ ਕਸ ਦਿੱਤੇ ਜਾਂਦੇ ਹਨ ਅਤੇ ਉਨ੍ਹਾਂ ਦੇ ਉਪਰ ਢਾਂਚਾ ਖੜ੍ਹਾ ਕੀਤਾ ਜਾਂਦਾ ਹੈ।

3. ਢਲਵੇਂ ਲੋਹੇ ਦੀ ਕਲਈਦਾਰ ਮੀਨਾਰ ਉਥੇ ਠੀਕ ਹੁੰਦੀ ਹੈ ਜਿਥੇ ਪੱਥਰ ਦੀ ਵਧੀਆ ਲਾਗਤ ਅਤੇ ਵਿਆਪਕ ਮਜ਼ਦੂਰੀ ਨਾ ਮਿਲਣ ਕਾਰਨ ਚਿਣਾਈ ਦਾ ਸਤੰਭ ਬਹੁਤ ਮਹਿੰਗਾ ਪਵੇ।

4. ਪੀਪਿਆਂ ਦੀ ਨੀਂਹ ਤੇ ਖੜ੍ਹੀ ਕੀਤੀ ਗਈ ਸੰਰਚਨਾ ਰੇਤਲੀ ਮਿੱਟੀ ਵਿਚ ਹੀ ਸਫ਼ਲ ਹੋ ਸਕਦੀ ਹੈ।

ਗ੍ਰੇਨਾਈਟ ਦੇ ਬਣੇ ਹੋਏ 140 ਫੁੱਟ ਉੱਚੇ ਸਾਧਾਰਣ ਦੀਪ ਸਤੰਭ ਵਿਚ ਜਿਸ ਦੇ ਆਧਾਰ ਦਾ ਵਿਆਸ 42 ਫੁੱਟ ਅਤੇ ਉਪਰ ਦਾ ਵਿਆਸ 16 ਫੁੱਟ ਹੋਵੇ ਦੀ ਲਗਭਗ 58, 580 ਘਣ ਫੁੱਟ ਚਿਣਾਈ ਹੁੰਦੀ ਹੈ। ਹਰੇਕ ਸਮੁੰਦਰੀ ਦੀਪ ਘਰ ਵਿਚ ਲਗਭਗ ਚਾਰ ਦੀਪ ਪਾਲ ਰਹਿੰਦੇ ਹਨ ਜਿਨ੍ਹਾਂ ਵਿਚੋਂ ਤਿੰਨ ਦੀਪ ਘਰ ਵਿਚ ਹੀ ਰਹਿੰਦੇ ਹਨ ਅਤੇ ਚੌਥਾ ਤੱਟ ਤੇ। ਸਥਲ ਦੀਪ ਘਰਾਂ ਵਿਚ ਦੀਪਪਾਲ ਆਪਣਾ ਪਰਿਵਾਰ ਵੀ ਰੱਖ ਸਕਦੇ ਹਨ।

ਗ੍ਰੇਟ ਬ੍ਰਿਟੇਨ, ਫਰਾਂਸ ਅਤੇ ਸੰਯੁਕਤ ਰਾਸ਼ਟਰ ਅਮਰੀਕਾ ਜਿਹੇ ਦੇਸ਼ਾਂ ਵਿਚ ਸਮੁੰਦਰ ਤੱਟ ਤੇ ਬਹੁਤ ਗਿਣਤੀ ਵਿਚ ਦੀਪ ਸਤੰਭ ਹਨ। ਭਾਰਤ ਦੇ ਕੇਵਲ ਦੋ ਦੀਪ ਸਤੰਭ ਵਰਣਨਯੋਗ ਹਨ। ਇਕ ਬੰਗਾਲ ਦੀ ਖਾੜੀ ਵਿਚ ਅਲਗਵਾੜਾ ਚਟਾਨ ਤੇ ਜਿਹੜਾ 1865 ਈ. ਵਿਚ ਬਣਿਆ ਸੀ ਅਤੇ ਦੂਸਰਾ ਮੁੰਬਈ ਕੋਲ ਜੋ 1874 ਈ. ਵਿਚ ਬਣਿਆ।

ਪ੍ਰਦੀਪਕ—ਪ੍ਰਾਚੀਨ ਦੀਪ ਸਤੰਭਾਂ ਦੀ ਚੋਟੀ ਵਿਚ ਅਕਸਰ ਇਕ ਜਾਲੀ ਦੇ ਉਪਰ ਕੋਲਾ ਜਾਂ ਲੱਕੜੀ ਜਲਾ ਕੇ ਪ੍ਰਕਾਸ਼ ਕੀਤਾ ਜਾਂਦਾ ਸੀ ਜੋ ਬਹੁਤ ਮਹਿੰਗਾ ਪੈਂਦਾ ਸੀ। ਕਈ ਜਗ੍ਹਾ ਤੇ ਸਾਲ ਵਿਚ 400 ਟਨ ਕੋਲਾ ਲਗ ਜਾਂਦਾ ਸੀ ਫਿਰ ਵੀ ਹਮੇਸ਼ਾ ਹੋਈ ਜਲਵਾਯੂ ਅਤੇ ਵਾਤਾਵਰਣ ਵਿਚ ਪ੍ਰਕਾਸ਼ ਦਾ ਦਿਖਾਈ ਦੇਣਾ ਅਨਿਸਚਿਤ ਹੀ ਰਹਿੰਦਾ ਸੀ। ਅਜਿਹੀ ਪ੍ਰਕਾਸ਼ ਵਿਵਸਥਾ ਲਗਭਗ 19 ਵੀਂ ਸਦੀ ਦੇ ਮੱਧ ਤੱਕ ਸੀ। ਇਥੋਂ ਤੱਕ ਕਿ 18ਵੀਂ ਸਦੀ ਵਿਚ ਤੇਲ ਦਾ ਪ੍ਰਯੋਗ ਵੀ ਹੋਣ ਲੱਗ ਪਿਆ ਸੀ। 19 ਵੀਂ ਸਦੀ ਵਿਚ ਕੋਲਗੈਸ ਦਾ ਪ੍ਰਯੋਗ ਹੋਇਆ।

ਜਵਾਲਕਾਂ ਵਿਚ ਅਜਿਹੀ ਹੀ ਰੌਸ਼ਨੀ ਨਿਕਲਦੀ ਹੈ ਜਿਹੋ ਜਿਹੀ ਖਣਿਜ-ਤੇਲ ਵਾਸ਼ਪ ਜਵਾਲਕਾਂ ਤੋਂ ਨਿਕਲਦੀ ਹੈ। ਕੁਝ ਪ੍ਰਕਾਸ਼ ਸਤੰਭ ਅਧਿਕਾਰੀ ਕਾਰਬਾਈਡ ਅਤੇ ਪਾਣੀ ਤੋਂ ਮੌਕੇ ਤੇ ਹੀ ਗੈਸ ਬਣਾਉਣ ਵਾਲੇ ਯੰਤਰ ਹੀ ਇਸਤੇਮਾਲ ਕਰਦੇ ਹਨ।

ਪ੍ਰਕਾਸ਼ ਲਈ ਕਿਤੇ-ਕਿਤੇ ਬਿਜਲੀ ਦਾ ਪ੍ਰਯੋਗ ਵੀ ਕੀਤਾ ਗਿਆ ਹੈ।

ਲਾਲਟੈਨਾਂ—ਬਹੁਤ ਛੋਟੇ-ਛੋਟੇ ਸਤੰਭਾਂ ਨੂੰ ਛੱਡ ਕੇ ਬਾਕੀ ਲਗਭਗ ਸਾਰੇ ਪ੍ਰਕਾਸ਼ ਸਤੰਭਾਂ ਵਿਚ ਚੋਟੀ ਤੇ ਬਣੀ ਇਕ ਲਾਲਟੈਨ ਦੇ ਅੰਦਰ ਪ੍ਰਕਾਸ਼ ਉਪਰਕਣ ਰੱਖੇ ਜਾਂਦੇ ਹਨ।

ਲਾਲਟੈਣ ਦਾ ਨਾਪ ਉਸ ਵਿਚ ਰੱਖੇ ਜਾਣ ਵਾਲੇ ਪ੍ਰਕਾਸ਼ ਉਪਕਰਣ ਦੇ ਅਨੁਸਾਰ ਵੱਖ-ਵੱਖ ਹੁੰਦਾ ਹੈ। ਛੋਟੇ ਸਤੰਭਾਂ ਵਿਚ ਇਸ ਦਾ ਵਿਆਸ ਪੰਜ ਫੁੱਟ ਤੱਕ ਹੋ ਸਕਦਾ ਹੈ ਜਦੋਂ ਕਿ ਪਹਿਲੀ ਸ਼੍ਰੇਣੀ ਦੇ ਸਤੰਭਾਂ ਵਿਚ ਲਗਭਗ 14 ਫੁੱਟ ਅਤੇ ਦੂਜੀ ਸ਼੍ਰੇਣੀ ਦੇ ਸਤੰਭਾਂ ਵਿਚ 12 ਫੁੱਟ ਹੁੰਦਾ ਹੈ। ਵੱਡੀਆਂ ਲਾਲਟੈਨਾਂ ਦਾ ਸ਼ੀਸੇ ਵਾਲਾ ਭਾਗ ਲਗਭਗ 10 ਫੁੱਟ ਉੱਚਾ ਹੁੰਦਾ ਹੈ। ਸ਼ੀਸ਼ਾ ਅਕਸਰ 1/4 ਇੰਚ ਮੋਟਾ ਅਤੇ ਲਾਲਟੈਨ ਦੀ ਗੋਲਾਈ ਦੇ ਅਨੁਸਾਰ ਹੀ ਮੁੜਿਆ ਹੋਇਆ ਹੁੰਦਾ ਹੈ। ਜਿਥੇ ਟੁੱਟਣ ਦਾ ਡਰ ਜ਼ਿਆਦਾ ਹੁੰਦਾ ਹੈ ਉਥੇ 12 ਇੰਚ ਤੱਕ ਮੋਟਾ ਸ਼ੀਸ਼ਾ ਲਗਾਇਆ ਜਾਂਦਾ ਹੈ। ਲਾਲਟੈਣ ਦੀ ਛੱਤ ਅਕਸਰ ਲੋਹੇ ਦੀ ਜਾਂ ਤਾਂਬੇ ਦੀ ਹੁੰਦੀ ਹੈ।

ਪ੍ਰਕਾਸ਼ ਉਪਕਰਣ — 19ਵੀਂ ਸਦੀ ਦੇ ਅੰਤਿਮ ਭਾਗ ਵਿਚ ਸਥਿਰ ਦੀਪ ਦੇ ਔਗਣ ਵਿਸ਼ੇਸ਼ ਰੂਪ ਵਿਚ ਅਨੁਭਵ ਕੀਤੇ ਗਏ । ਇਨ੍ਹਾਂ ਦਾ ਪ੍ਰਯੋਗ ਹੌਲੀ ਹੌਲੀ ਘੱਟ ਗਿਆ ਹੈ ਅਤੇ ਪ੍ਰਕਾਸ਼ਿਤ ਆਧੁਨਿਕ ਉਪਕਰਣਾਂ ਵਿਚ ਗੈਸ ਦੇ ਦਬਾਉ ਨਾਲ ਹੀ ਲੈਂਸ ਨੂੰ ਘੁੰਮਾਉਣ ਦਾ ਕੰਮ ਲਿਆ ਜਾਂਦਾ ਹੈ। ਜੇ ਕਿਸੇ ਤਰ੍ਹਾਂ ਦੇ ਗੈਸ ਜਵਾਲਕ ਲੱਗੇ ਹਨ ਤਾਂ ਕਦੇ ਕਦੇ ਉਨ੍ਹਾਂ ਨੂੰ ਵੀ ਵਾਰੀ-ਵਾਰੀ ਨਾਲ ਜਗਾ ਬੁਝਾ ਕੇ ਪ੍ਰਕਾਸ਼ ਦਾ ਪ੍ਰਭਾਵ ਉਤਪੰਨ ਕੀਤਾ ਜਾਂਦਾ ਹੈ। ਆਧੁਨਿਕ ਚਮਕ ਜੋਤੀ ਪ੍ਰਛਾਦਨ ਪ੍ਰਕਾਸ਼ ਤੋਂ ਚੰਗੀ ਹੁੰਦੀ ਹੈ। ਵੱਖ-ਵੱਖ ਤਰ੍ਹਾਂ ਦੇ ਪ੍ਰਕਾਸ਼ ਜਿਹੜੇ ਅੱਜਕੱਲ੍ਹ ਘੱਟ ਆਉਂਦੇ ਹਨ ਨਿਮਨ ਅਨੁਸਾਰ ਹਨ :—

ਰੰਗੀਨ ਪ੍ਰਕਾਸ਼ ਦਾ ਪ੍ਰਯੋਗ ਕਿਤੇ ਕਿਤੇ ਖ਼ਤਰਨਾਕ ਸਥਾਨਾਂ ਦੀ ਪਹਿਚਾਣ ਲਈ ਜਾਂ ਅਨੇਕ ਪ੍ਰਕਾਰ ਦੇ ਸੰਕੇਤਾਂ ਵਿਚ ਭਿੰਨਤਾ ਲਿਆਉਣ ਲਈ ਜ਼ਰੂਰੀ ਹੋ ਜਾਂਦਾ ਹੈ, ਹੋਰ ਰੰਗਾਂ ਦਾ ਪ੍ਰਯੋਗ ਜਿਥੋਂ ਤੱਕ ਹੋ ਸਕੇ ਘੱਟ ਤੋਂ ਘੱਟ ਕੀਤਾ ਜਾਂਦਾ ਹੈ ਕਿਉਂਕਿ ਇਸ ਨਾਲ ਪ੍ਰਕਾਸ਼ ਦੀ ਤੀਬਰਤਾ ਘੱਟ ਜਾਂਦੀ ਹੈ।

ਕਿੰਨੀ ਦੂਰ ਤੋਂ ਪ੍ਰਕਾਸ਼ ਸਤੰਭ ਦਿਖਾਈ ਦੇ ਸਕਦਾ ਹੈ ਇਹ ਦੋ ਗੱਲਾਂ ਤੇ ਨਿਰਭਰ ਕਰਦਾ ਹੈ- ਇਕ ਸਮੁੰਦਰ ਤਲ ਤੋਂ ਉਚਾਈ ਅਤੇ ਦੂਜਾ ਪ੍ਰਕਾਸ਼ ਦੀ ਤੀਬਰਤਾ। ਬਹੁਤ ਜ਼ਿਆਦਾ ਮਹੱਤਵਪੂਰਨ ਦੀਪ ਸਤੰਭਾਂ ਦਾ ਪ੍ਰਕਾਸ਼ ਇੰਨਾ ਤੀਬਰ ਹੁੰਦਾ ਹੈ ਕਿ ਉਹ ਸਾਫ਼ ਮੌਸਮ ਵਿਚ ਪੂਰਵ ਭੂਗੋਲਿਕ ਪਰਾਸ ਨਾਲ ਦਿਖਾਈ ਦੇਵੇ। ਪਰਾਸ ਸਮੁੰਦਰੀ ਮੀਲਾਂ ਤੋਂ ਕੱਢਿਆ ਜਾਂਦਾ ਹੈ ਅਤੇ ਦਰਸ਼ਕ ਦੀ ਸਥਿਤੀ ਸਮੁੰਦਰ ਤਲ ਤੋਂ ਲਗਭਗ 15 ਫੁੱਟ ਉੱਚੀ ਮੰਨ ਲਈ ਜਾਂਦੀ ਹੈ।


ਦੀਪਨੌਕਾ ਜਾਂ ਪ੍ਰਕਾਸ਼ਨੌਕਾ :—ਜਦੋਂ ਚਟਾਨਾਂ ਤੇ ਨੀਂਹ ਲਈ ਲੋੜੀਂਦਾ ਸਥਾਨ ਨਾ ਹੋਵੇ ਜਾਂ ਰੇਤਲਾ ਤੱਟ ਹੋਵੇ ਅਤੇ ਉਸ ਦੇ (ਰੇਤ) ਖਿਸਕ ਜਾਣ ਦੀ ਸੰਭਾਵਨਾ ਹੋਵੇ ਜਾਂ ਅਜਿਹੀਆਂ ਹੋਰ ਸੰਭਾਵਨਾਵਾਂ ਹੋਣ ਜਿਸ ਕਰ ਕੇ ਦੀਪ ਸਤੰਭ ਖੜਾ ਕਰਨਾ ਅਸੰਭਵ ਹੋਵੇ ਜਾਂ ਜ਼ਿਆਦਾ ਮਹਿੰਗਾ ਹੋਵੇ ਤਾਂ ਉਥੇ ਰਾਹ ਦਰਸਾਉਣ ਲਈ ਇਕ ਜਹਾਜ਼ ਰੱਖਿਆ ਜਾਂਦਾ ਹੈ ਜਿਹੜਾ ਆਪਣੇ ਮਸਤੂਲ ਉੱਤੇ ਦੀਪ ਲੈ ਕੇ ਆਸਪਾਸ ਘੁੰਮਦਾ ਰਹਿੰਦਾ ਹੈ। ਇਹੀ ਦੀਪਨੌਕਾ ਹੈ। ਕਦੇ ਕਦੇ ਇਸ ਵਿਚ ਦੂਹਰਾ ਸੰਕੇਤ ਅਤੇ ਰੇਡੀਓ ਸੰਕੇਤ ਵੀ ਹੁੰਦੇ ਹਨ।

ਜਿਥੇ ਦੀਪਨੌਕਾਵਾਂ ਦੀ ਪ੍ਰਾਰੰਭਿਕ ਲਾਗਤ ਅਤੇ ਉਨ੍ਹਾਂ ਤੇ ਹੋਣ ਵਾਲੇ ਖਰਚੇ ਜ਼ਿਆਦਾ ਹੁੰਦੇ ਹਨ ਉਥੇ ਪ੍ਰਕਾਸ਼ ਬੋਆ ਕੰਮ ਆਉਂਦੇ ਹਨ। ਇੰਨ੍ਹਾਂ ਵਿਚ ਨਾਵਕ ਨਹੀਂ ਰਹਿੰਦੇ ਬਲਕਿ ਉਹ ਖ਼ੁਦ ਹੀ ਨਿਰਧਾਰਿਤ ਸਥਾਨ ਦੇ ਆਸ-ਪਾਸ ਤੈਰਦੇ ਰਹਿੰਦੇ ਹਨ। ਇਨ੍ਹਾਂ ਦਾ ਪ੍ਰਯੋਗ ਸਲਪਥ ਚਿੰਨ੍ਹਿਤ ਕਰਨ ਲਈ ਖ਼ਤਰਨਾਕ ਸਥਾਨ ਆਦਿ ਦੀ ਸਥਿਤੀ ਦੱਸਣ ਲਈ ਹੁੰਦਾ ਹੈ। ਸਥਾਨਿਕ ਜ਼ਰੂਰਤਾਂ ਦੇ ਅਨੁਸਾਰ ਇਹ ਅਨੇਕ ਤਰ੍ਹਾਂ ਦੇ ਹੁੰਦੇ ਹਨ। ਬਹੁਤਿਆਂ ਵਿਚ ਸੀਟੀ, ਘੰਟੀ ਆਦਿ ਸੰਕੇਤਕ ਲੱਗੇ ਹੁੰਦੇ ਹਨ ਜਿਹੜੇ ਜਾਂ ਤਾਂ ਸੁਮੰਦਰ ਵਿਚ ਬੋਆ ਦੀ ਹਰਕਤ ਤੋਂ ਹੀ ਚਲਦੇ ਹਨ ਜਾਂ ਫਿਰ ਉਸ ਦੇ ਅੰਦਰ ਬਣੇ ਬਿਜਲੀ ਜਾਂ ਸੰਪੀੜਿਤ ਗੈਸ ਦੇ ਯੰਤਰ ਤੋਂ।

ਹ. ਪੁ. - ਐਨ. ਬ੍ਰਿ. ਮਾ. 6 : 216; ਹਿੰ. ਵਿ. ਕੋ. 6 : 65

ਦੀਪਕ ਜੈਤੋਈ : ਪੰਜਾਬੀ ਸਾਹਿਤ ਵਿਚ 'ਬਾਬਾ-ਏ-ਗ਼ਜ਼ਲ' ਦੇ ਤੌਰ ਤੇ ਜਾਣੇ ਜਾਂਦੇ ਗੁਰਚਰਨ ਸਿੰਘ ਦੀਪਕ ਜੈਤੋਈ ਦਾ ਜਨਮ 13 ਅਪ੍ਰੈਲ, 1925 ਨੂੰ ਜੈਤੋ ਵਿਖੇ ਹੋਇਆ।

ਇਸ ਨੇ ਕਿਸੇ ਸੰਸਥਾ ਵਿਚ ਬਾਕਾਇਦਾ ਵਿੱਦਿਆ ਭਾਵੇਂ ਘੱਟ ਹੀ ਪ੍ਰਾਪਤ ਕੀਤੀ ਪਰ ਚੰਗੀਆਂ ਪੁਸਤਕਾਂ ਪੜ੍ਹ ਕੇ ਅਤੇ ਵਿਦਵਾਨਾਂ ਨਾਲ ਗੁਫ਼ਤਗੂ ਕਰਕੇ ਇਸ ਨੇ ਆਪਣੀ ਵਿਦਵਤਾ ਨੂੰ ਵਧਾਇਆ।



ਦੀਪਕ ਜੈਤੋਈ

ਰੋਜ਼ੀ ਰੋਟੀ ਦੇ ਸਾਧਨ ਵਜੋਂ ਇਸ ਨੇ ਆਪਣੇ ਖ਼ਾਨਦਾਨੀ ਕਿੱਤੇ ਸੁਨਿਆਰਗਿਰੀ (ਗਹਿਣੇ ਘੜਣਾ) ਨੂੰ ਅਪਣਾਇਆ। ਥੋੜ੍ਹੀ ਬਹੁਤੀ ਆਮਦਨ ਕਵਿਤਾ ਵਾਲੇ ਪਾਸਿਉਂ ਵੀ ਹੁੰਦੀ ਰਹੀ। ਅੱਜ ਕੱਲ੍ਹ ਇਸ ਦੇ ਗੁਜ਼ਾਰੇ ਦਾ ਮੁੱਖ ਸਾਧਨ ਕਵੀ-ਦਰਬਾਰਾਂ ਤੋਂ ਮਿਲਦੇ ਕੁਝ ਪੈਸੇ ਤੇ ਭਾਸ਼ਾ ਵਿਭਾਗ, ਪੰਜਾਬ ਵੱਲੋਂ ਮਿਲਦੀ ਮਹੀਨਾਵਾਰ ਪੈਨਸ਼ਨ ਹੀ ਹੈ।

ਇਸ ਨੇ ਦੀਪਕ ਗ਼ਜ਼ਲ ਸਕੂਲ ਰਾਹੀਂ ਨਵੇਂ ਕਵੀਆਂ ਨੂੰ ਗ਼ਜ਼ਲ ਦੀ ਤਕਨੀਕੀ ਸੂਝ ਦੇਣ ਦਾ ਮੁੱਲਵਾਨ ਕਾਰਜ ਵੀ ਕੀਤਾ ਜੋ ਕਿ ਨਿਰੰਤਰ ਜਾਰੀ ਹੈ।

'ਆਹ ਲੈ ਮਾਏ ਸਾਂਭ ਕੁੰਜੀਆਂ' ਤੇ 'ਕਾਲੀਆਂ ਲਿਆਦੇ ਐਨਕਾਂ' ਵਰਗੇ ਇਹਦੇ ਕਈ ਗੀਤ ਪੰਜਾਬੀ ਗਾਇਕ-ਗਾਇਕਾਵਾਂ ਦੀਆਂ ਅਵਾਜ਼ਾਂ 'ਚ ਰਿਕਾਰਡ ਹੋ ਕੇ ਲੋਕ ਬੁੱਲ੍ਹਾਂ ਤੇ ਚੜ੍ਹ ਚੁੱਕੇ ਹਨ।

ਇਸ ਦੀਆਂ ਰਚਨਾਵਾਂ ਵਿਚ ਸਮਾਜਕ ਸਮੱਸਿਆਵਾਂ ਤੇ ਮਨੁੱਖੀ ਸਬੰਧਾਂ ਦੇ ਵਰਨਨ ਦੇ ਨਾਲ ਸਮਾਜਕ ਤੇ ਰਾਜਨੀਤਕ ਭ੍ਰਿਸ਼ਟਾਚਾਰ ਉਪਰ ਵਿਅੰਗ ਦੀ ਮਿਲਦੀ ਹੈ। ਇਸ ਦੀਆਂ ਰਚਨਾਵਾਂ ਖ਼ਿਆਲ ਅਤੇ ਤਕਨੀਕ ਦੀ ਪ੍ਰਪੱਕਤਾ ਦਾ ਸੁਮੇਲ ਹਨ।

ਰਚਨਾਵਾਂ ਮਾਲਾ ਕਿਉਂ ਤਲਵਾਰ ਬਣੀ (ਮਹਾ-ਕਾਵਿ), ਸ਼ਿਵਾ ਜੀ (ਕਾਵਿ-ਨਾਟ), ਭਰਥਰੀ ਹਰੀ, ਮਾਂ, ਗਜ਼ਲ ਸੰਗ੍ਰਹਿ, ਮਾਡਰਨ ਗਜ਼ਲ ਸੰਗ੍ਰਹਿ, ਜਬਲੀਆਂ ਕੋਲਾਂ (ਨਾਟਕ), ਸਮਾਂ ਜ਼ਰੂਰ ਆਂਵਰਧ (ਨਾਟਕ) ਸਕੰਦ-ਗੁਪਤ (ਨਾਟਕ ਸੰਗ੍ਰਹਿ) ਭੁਲੇਖਾ ਪੈ ਗਿਆ (ਕਹਾਣੀਆਂ) ਤਬਸਰਾ (ਇਸਲਾਮੀ ਕਹਾਣੀਆਂ), ਸ਼ੀਸ਼ਾ (ਆਲੋਚਨਾ) ਆਦਿ।

ਪੁਰਸਕਾਰ-ਪੰਜਾਬੀ ਗ਼ਜ਼ਲ ਦੇ ਵਿਕਾਸ ਵਿਚ ਪਾਏ ਇਸ ਦੇ ਯੋਗਦਾਨ ਦੇ ਫਲਸਰੂਪ ਇਸ ਨੂੰ ਅਨੇਕਾਂ ਸਾਹਿਤਕ ਤੇ ਸਭਿਆਚਾਰਕ ਸੰਸਥਾਵਾਂ ਵੱਲੋਂ ਮਾਣ ਸਨਮਾਨ ਦਿੱਤਾ ਗਿਆ। ਸੰਨ 1992 ਵਿਚ ਭਾਸ਼ਾ ਵਿਭਾਗ, ਪੰਜਾਬ ਨੇ ਦੀਪਕ ਜੈਤੋਈ ਨੂੰ ਸ਼੍ਰੋਮਣੀ ਪੰਜਾਬੀ ਕਵੀ ਦੇ ਪੁਰਸਕਾਰ ਨਾਲ ਨਿਵਾਜ਼ਿਆ।

ਇਹ ਅੱਜਕੱਲ੍ਹ ਆਪਣੀ ਜਨਮ ਭੂਮੀ ਜੈਤੋ ਵਿਖੇ ਹੀ ਰਹਿ ਰਿਹਾ ਹੈ।

ਹ. ਪੁ. - ਸ. ਸੋ. 1991-92 (ਭਾ. ਵਿ. ਪੰ.)

ਦੀਪ ਵੰਸ਼ : ਇਹ ਇਕ ਪ੍ਰਸਿੱਧ ਇਤਿਹਾਸਕ ਮਹਾਂਕਾਵਿ ਹੈ ਜੋ ਸਿੰਹਲ ਦੇ ਮਹਾਂਕਾਵਿ ਮਹਾਂਵੰਸ ਤੋਂ ਵਧੇਰੇ ਪੁਰਾਤਨ ਰਚਨਾ ਹੈ। ਪਾਲੀ ਵਿਚ ਲਿਖੇ ਇਸ ਮਹਾਂ ਕਾਵਿ ਵਿਚ ਅਨੁਰਾਧਪੁਰ ਦੇ ਮਹਾਂ ਵਿਹਾਰ ਦੇ ਅੱਠ ਕਥਾ ਮਹਾਂਕਾਵਿ ਵਿਚੋਂ ਨਾ ਕੇਵਲ ਲੋੜ ਅਨੁਸਾਰ ਸਮੱਗਰੀ ਹੀ ਲਈ ਗਈ ਹੈ ਸਗੋਂ ਆਪਣੇ ਵਿਚਾਰ ਪ੍ਰਗਟ ਕਰਨ ਲਈ ਸ਼ੈਲੀ ਅਤੇ ਵਾਕਾਂ ਦੇ ਵਾਕ ਜਿਉਂ ਦੇ ਤਿਉਂ ਅਪਨਾਏ ਗਏ ਹਨ। ਇਹ ਇਕ ਸੁਤੰਤਰ ਅਤੇ ਮੌਲਿਕ ਰਚਨਾ ਦੀ ਥਾਂ ਉਦਾਹਰਣਾਂ ਦਾ ਸੰਗ੍ਰਹਿ ਹੀ ਪ੍ਰਤੀਤ ਹੁੰਦੀ ਹੈ।

"ਦੀਪ ਵੰਸ਼" ਵਿਚ ਮਹਾਵੰਸ ਦੇ ਸਮਾਨਤਰ ਕਾਲ ਦਾ ਇਤਿਹਾਸ ਲੇਖਾ ਜੋਖਾ ਦਿੱਤਾ ਗਿਆ ਹੈ। ਦੋਵੇ ਗ੍ਰੰਥ ਮਹਾਂਸੈਨ ਰਾਜੇ ਦੀ ਮੌਤ ਤਕ ਦਾ ਵਰਨਣ ਕਰਦੇ ਹਨ। ਦੋਵੇ ਗ੍ਰੰਥ ਮਹਾਂ ਵਿਹਾਰ ਦੇ 'ਅੱਠ ਕਥਾ ਮਹਾਂਵੰਸ਼' ਨੂੰ ਹੀ ਆਪਣੀ ਰਚਨਾ ਦਾ ਆਧਾਰ ਬਣਾਉਂਦੇ ਹਨ।

'ਦੀਪ ਵੰਸ਼' ਵਿਚ 302 ਈ. ਤੱਕ ਦੀਆਂ ਘਟਨਾਵਾਂ ਦਾ ਵਰਣਨ ਕੀਤਾ ਗਿਆ ਹੈ। ਇਸ ਲਈ ਇਸ ਨੂੰ ਇਸ ਤੋਂ ਪਹਿਲਾਂ ਦੀ ਰਚਨਾ ਨਹੀਂ ਮੰਨਿਆ ਜਾ ਸਕਦਾ। ਦੂਜੀ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਮਹਾਨ ਅੱਠਕਥਾ ਆਚਾਰੀਆ ਬੁੱਧ ਘੋਸ਼ ਨੂੰ ਦੀਪ ਵੰਸ' ਬਾਰੇ ਜਾਂ ਇਸ ਦੇ ਕਿਸੇ ਹਿੱਸੇ ਬਾਰੇ ਜ਼ਰੂਰ ਜਾਣਕਾਰੀ ਸੀ। ਇਸ ਤੋਂ ਇਲਾਵਾ ਧਾਤੂ ਸੈਨ ਨਰੇਸ਼ (459– 477 ਈ.) ਨੇ ਆਸਥਵਿਰ ਮਹਿੰਦਰ ਦੀ ਮੂਰਤੀ ਦਾ ਸਤਿਕਾਰ ਕਰਨ ਲਈ ਕੀਤੇ ਮਹਾਨ ਉਤਸਵ ਵਿਚ 'ਦੀਪ ਵੰਸ਼' ਦਾ ਪਾਠ ਕਰਨ ਦੀ ਆਗਿਆ ਦਿਤੀ ਸੀ। ਇਸ ਸਭ ਕੁਝ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਦੀਪ ਵੰਸ ਦੀ ਰਚਨਾ ਚੌਥੀ ਸਦੀ ਦੇ ਆਰੰਭ ਵਿਚ ਜਾਂ ਪੰਜਵੀਂ ਸਦੀ ਦੇ ਤੀਜੇ ਭਾਗ ਵਿਚ ਹੋਈ ਹੋਵੇਗੀ। ਇਹ ਗੱਦ ਅਤੇ ਪਦ ਦੀ ਰਲੀ ਮਿਲੀ ਰਚਨਾ ਹੈ।

ਹ. ਪੁ.—ਹਿੰ. ਵਿ. ਕੋ 6 : 65

ਦੀਪਾ ਭਾਈ : ਇਹ ਗੁਰੂ ਅਰਜਨ ਦੇਵ ਜੀ ਦਾ ਬੜਾ ਲਗਨ ਨਾਲ ਲੰਗਰ ਦੀ ਸੇਵਾ ਕਰਨ ਵਾਲਾ ਸੇਵਕ ਸਿੱਖ ਸੀ ਜਿਸ ਦਾ ਜ਼ਿਕਰ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਵੀ ਆਉਂਦਾ ਹੈ। ਇਹ ਲੰਗਰ ਤਿਆਰ ਕਰਕੇ ਗੁਰੂ ਜੀ ਦੇ ਦਰਸ਼ਨ ਕਰਨ ਆਈ ਸੰਗਤ ਨੂੰ ਲੰਗਰ ਛਕਾਉਂਦਾ ਅਤੇ ਸਭ ਸੰਗਤ ਨੂੰ ਲੰਗਰ ਛਕਾ ਕੇ ਬਾਅਦ ਵਿਚ ਆਪ ਭੋਜਨ ਛਕਦਾ। ਸੇਵਾ ਦੀ ਭਾਵਨਾ ਇਸ ਦੇ ਵਿਚ ਬਹੁਤ ਜ਼ਿਆਦਾ ਸੀ। ਇਹ ਦੂਰੋਂ ਆਈ ਸੰਗਤ ਦੇ ਖੁਦ ਕੋਸੇ ਪਾਣੀ ਨਾਲ ਪੈਰ ਧੋਂਦਾ ਅਤੇ ਗੋਡਿਆਂ ਲੱਤਾਂ ਦੀ ਮਾਲਸ਼ ਕਰਦਾ ਜਿਸ ਨਾਲ ਉਨ੍ਹਾਂ ਦੇ ਸ਼ਰੀਰ ਦੀ ਥਕਾਵਟ ਦੂਰ ਹੋ ਜਾਂਦੀ। ਸਰਦੀਆਂ ਵਿਚ ਇਹ ਸੰਗਤ ਦੇ ਸੋਣ ਲਈ ਕੰਬਲਾਂ ਦਾ ਪ੍ਰਬੰਧ ਕਰਦਾ। ਹਰ ਵੇਲੇ ਸੇਵਾ ਕਰਦਿਆਂ ਇਸ ਦੇ ਮੂੰਹ ਤੇ ਗੁਰੂ ਦਾ ਨਾਮ ਰਹਿੰਦਾ। ਸਿੱਖਾਂ ਦੀ ਭਗਤ ਮਾਲਾ ਦੇ ਕਰਤਾ ਭਾਈ ਮਨੀ ਸਿੰਘ ਅਨੁਸਾਰ ਗੁਰੂ ਅਰਜਨ ਦੇਵ ਜੀ ਇਸ ਦੀ ਭਗਤੀ ਤੋਂ ਬਹੁਤ ਖੁਸ਼ ਸਨ। ਇਕ ਵਾਰ ਗੁਰੂ ਸਾਹਿਬ ਨੇ ਭਾਈ ਦੀਪਾ ਲਈ ਦੀਪਕ ਸ਼ਬਦ ਦੀ ਵਰਤਿਆ ਸੀ ਕਿਉਂਕਿ ਜਿਹੜਾ ਵੀ ਵਿਅਕਤੀ ਭਾਈ ਦੀਪਾ ਜੀ ਦੀ ਸੰਗਤ ਵਿਚ ਆਉਂਦਾ ਸੀ ਇਹ ਉਸ ਨੂੰ ਗਿਆਨ ਪ੍ਰਦਾਨ ਕਰਦੇ।

ਭਾਈ ਦੀਪਾ

ਹ. ਪੁ.— ਐਨ. ਆਫ. ਸਿਖੀ : 587

ਦੀਮਾਪੁਰ : ਇਹ ਭਾਰਤ ਦੇ ਨਾਗਾਲੈਂਡ ਰਾਜ ਦੇ ਕੋਹਿਮਾ ਜ਼ਿਲ੍ਹੇ ਦਾ ਇਕ ਸ਼ਹਿਰ ਹੈ ਜਿਹੜਾ ਕਿ ਧਾਨਸਿਰੀ ਦਰਿਆ ਦੇ ਸੱਜੇ ਕੰਢੇ ਉੱਤੇ ਵਾਕਿਆ ਹੈ। ਪਹਿਲਾਂ ਇਹ ਕਚਾਰੀ ਰਾਜਿਆਂ ਦੀ ਰਾਜਧਾਨੀ ਹੁੰਦਾ ਸੀ ਜਿਸ ਨੂੰ 1536 ਈ. ਵਿਚ ਅਹੋਮ ਨੇ ਖ਼ੂਬ ਲੁੱਟਿਆ ਫਿਰ ਇਹ ਰਾਜਧਾਨੀ ਵੀਰਾਨ ਹੋ ਗਈ ਪਰ ਨਾਂਬਰ ਦੇ ਸੰਘਣੇ ਜੰਗਲਾਂ ਵਿਚ ਅਜੇ ਵੀ ਇਸ ਦੇ ਖੰਡਰ ਅਤੇ ਤਲਾਬ ਦਿੰਨ੍ਹ ਵੇਖੇ ਜਾ ਸਕਦੇ ਹਨ। ਆਸਾਮ ਐਂਡ ਮਨਿਸਟ੍ਰੇਅ ਰਿਪੋਟ (1880 – 81 ਈ.) ਵਿਚ ਇਨ੍ਹਾਂ ਖੰਡਰਾਂ ਉਪਰ ਇਹ ਜਿਕਰ ਕੀਤਾ ਗਿਆ ਹੈ। ਇਥੇ ਸ਼ਹਿਰ ਵਿਚ ਸਾਫ਼ ਪਾਣੀ ਦੇ ਕਈ ਸ਼ਾਨਦਾਰ ਤਲਾਅ ਹਨ ਜਿਨ੍ਹਾਂ ਦੇ ਆਲੇ ਦੁਆਲੇ ਕੰਧਾਂ ਬਣੀਆਂ ਹੋਈਆਂ ਹਨ ਅਤੇ ਇਹ ਵੇਖਣ ਨੂੰ ਇਕ ਕਿਲੇ ਵਾਂਗ ਦਿਖਾਈ ਦਿੰਦੇ ਹਨ। ਇਹ ਕੰਧਾਂ 3.6 ਮੀ. (12 ਫੁੱਟ) ਉੱਚੀਆਂ ਅਤੇ 1.8 ਮੀ. (6 ਫੁੱਟ) ਚੌੜੀਆਂ ਹਨ। ਇਹ ਕੰਧਾਂ ਵਧੀਆ (ਕਿਸਮ ਦੀਆਂ ਇੱਟਾਂ ਦੀਆਂ ਬਣਾਈਆਂ ਗਈਆਂ ਹਨ। ਸ਼ਹਿਰ ਵਿਚ ਪ੍ਰਵੇਸ਼ ਕਰਨ ਲਈ ਇਕ ਮੂਰੀ ਸ਼ੈਲੀ ਵਿਚ ਬਣੇ ਡਾਟਦਾਰ ਸੁੰਦਰ ਦਰਵਾਜ਼ੇ ਵਿਚੋਂ ਦੀ ਲੰਘਣਾ ਪੈਂਦਾ ਹੈ। ਇਹ ਦਰਵਾਜ਼ਾ ਇਕ ਵਰਗਾਕਾਰ ਦੀ ਸ਼ਕਲ ਵਰਗਾ ਹੈ ਜਿਹੜਾ ਕਿ ਹਰ ਇਕ ਪਾਸੇ ਤੋਂ 731 ਮੀ. ਲੰਬਾ ਹੈ ਅਤੇ ਇਸ ਦੇ ਦੋਵਾਂ ਪਾਸਿਆਂ ਵੱਲ ਦਰਿਆ ਤੋਂ ਕਾਫ਼ੀ ਫ਼ਾਸਲੇ ਤੇ ਦੋ ਖਾਈਆਂ ਬਣੀਆਂ ਹੋਈਆਂ ਹਨ। ਕਿਲ੍ਹੇ ਦੇ ਅੰਦਰ ਤਿੰਨ ਢਹੇ ਹੋਏ ਤਲਾਅ ਹਨ। ਇਥੋਂ ਦੀਆਂ ਸਭ ਤੋਂ ਮਹੱਤਵਪੂਰਨ ਨਿਸ਼ਾਨੀਆਂ ਵਿੱਚੋਂ ਇਕੋ ਪੱਧਰੀ ਪਵਿੱਤਰ ਸਤੰਭ ਹਨ। ਜਿਹੜੇ ਚਾਰ ਕਤਾਰਾਂ ਵਿਚ ਹੈ ਅਤੇ ਹਰੇਕ ਕਤਾਰ ਵਿਚ 15 ਸਤੰਭ ਹਨ। ਇਹ ਸਤੰਭ ਪ੍ਰਵੇਸ਼ ਦੁਆਰ ਦੇ ਨੇੜੇ ਹੀ ਹਨ।

ਅੱਜਕੱਲ੍ਹ ਜਦੋਂ ਨਾਮਾ ਲੋਕਾਂ ਨੇ ਪਿੰਡ ਵਾਲਿਆਂ ਦੀ ਜੰਗਲੀ ਸਾਨ੍ਹ ਨਾਲ ਦਾਅਵਤ ਕਰਨੀ ਹੁੰਦੀ ਹੈ ਤਾਂ ਉਹ ਗੋਲ-ਸਿਰੇ ਵਾਲਾ ਥੰਮ੍ਹ ਖੜ੍ਹਾ ਕਰ ਲੈਂਦੇ ਹਨ ਅਤੇ ਜੇਕਰ ਉਨ੍ਹਾਂ ਨੂੰ ਗਊ ਨੂੰ ਮਾਰਨਾ ਹੋਵੇ ਤਾਂ ਉਹ ਵੀ-ਨੁਮਾ (ਥੰਮ੍ਹ) ਖੜ੍ਹਾ ਕਰ ਲੈਂਦੇ ਹਨ। ਅੱਜ ਤੱਕ ਨਾ ਤਾ ਕੋਈ ਸ਼ਿਲਾਲੇਖ ਅਤੇ ਨਾ ਹੀ ਕਿਸੇ ਕਿਸਮ ਦੀ ਲਿਖਤ ਹੀ ਮਿਲੀ ਹੈ।

ਲੋਕ ਜਦੋਂ ਇਥੇ ਮਿਥਨ ਤਿਉਹਾਰ ਮਨਾਉਂਦੇ ਹਨ ਤਾਂ ਅੰਗਰੇਜ਼ੀ ਦੇ W ਅੱਖਰ ਦੀ ਸ਼ਕਲ ਦੇ ਚਬੂਤਰੇ ਤੇ ਖੜ੍ਹੇ ਹੋ ਕੇ ਗਾਂ ਦੀ ਬਲੀ ਦਿੰਦੇ ਹਨ।

ਆਬਾਦੀ— 57, 182 (1991)

25° 54' ਉ. ਵਿਥ. ; 93° 44' ਪੂ. ਲੰਬ.

ਹ. ਪੁ.—ਇੰਪ. ਗ. ਇੰਡ 11 : 346

ਦੀਰ : **ਜ਼ਿਲ੍ਹਾ**—ਇਹ ਪਾਕਿਸਤਾਨ ਦੇ ਉੱਤਰ-ਪਛੱਮੀ ਸਰਹੱਦੀ ਸੂਬੇ ਦੇ ਮਾਲਕੰਦ ਮੰਡਲ ਦਾ ਇਕ ਜ਼ਿਲ੍ਹਾ ਹੈ। ਮੁੱਖ ਤੌਰ ਤੇ ਇਹ ਜ਼ਿਲ੍ਹਾ ਅਖੰਡ ਖੇਲ ਸ਼ਾਹੀ ਘਰਾਣੇ ਦੀ ਇਕ ਸਾਬਕਾ ਸ਼ਾਹੀ ਰਿਆਸਤ ਤੋਂ ਬਣਿਆ ਹੋਇਆ ਹੈ। ਇਸ ਦਾ ਕੁੱਲ ਖੇਤਰਫਲ 10,500 ਕਿ. ਮੀ. (4000 ਵ. ਮੀਲ) ਅਤੇ ਆਬਾਦੀ 7,69,000 (1981) ਹੈ। ਪੰਜਕੋਰਾ ਅਤੇ ਇਸ ਦੀਆਂ ਸਹਾਇਕ ਨਦੀਆਂ ਇਸ ਜ਼ਿਲ੍ਹੇ ਦੀ ਜਲ-ਨਿਕਾਸੀ ਕਰਦੀਆਂ ਹਨ। ਪੰਜਕੋਰਾ ਵਾਦੀ ਦੇ ਉਪਰਲੇ ਹਿੱਸੇ ਨੂੰ ਅਤੇ ਦੀਰ ਦਰਿਆ ਦੇ ਸੰਗਮ ਤੱਕ ਦੇ ਖੇਤਰ ਨੂੰ ਪੰਜ ਕੋਰਾ ਕੋਹਿਸਤਾਨ ਕਹਿੰਦੇ ਹਨ। ਦੀਰ ਵਾਦੀ ਨੂੰ ਕਸ਼ਕਾਰ ਵੀ ਕਹਿੰਦੇ ਹਨ। ਜ਼ਿਲ੍ਹੇ ਦੀ ਵਸੋਂ ਮੁੱਖ ਤੌਰ ਤੇ ਪੰਜਕੋਰਾ ਅਤੇ ਇਸ ਦੀਆਂ ਹੋਰ ਪੱਧਰੀਆਂ ਵਾਦੀਆਂ ਜਿੱਥੇ ਫ਼ਲਾਂ ਦੀ ਬਹੁਤ ਭਰਮਾਰ ਹੈ ਵਿਚ ਹੀ ਸੀਮਤ ਹੈ। ਇਥੋਂ ਦੀਆਂ ਪਹਾੜੀ ਢਲਾਣਾਂ ਉਪਰਲੇ ਜੰਗਲਾਂ ਤੋਂ ਇਮਾਰਤੀ ਲੱਕੜੀ ਵੀ ਕਾਫ਼ੀ ਮਾਤਰਾ ਵਿਚ ਮਿਲਦੀ ਹੈ ਜੋ ਇਥੋਂ ਦੀ ਆਮਦਨ ਦਾ ਮੁੱਖ ਸਾਧਨ ਹੈ। ਇਥੋਂ ਦੀ ਆਬਾਦੀ ਜ਼ਿਆਦਾ ਯੂਸੁਫਜ਼ਈ ਪਠਾਣਾਂ ਦੀ ਹੈ।

ਹ. ਪੁ. -ਐਨ. ਬ੍ਰਿ. ਮਾ. 4 : 117

ਦੀਰਘਤਮਾ : ਇਹ ਮਹਾਂਰਿਸ਼ੀ ਉਤਥਯ ਜੋ ਦੇਵ ਗੁਰੂ ਬ੍ਰਿਹਸਪਤੀ ਦਾ ਵੱਡਾ ਭਰਾ ਦਾ ਪੁੱਤਰ ਸੀ। ਇਸ ਦਾ ਨਾਂ ਜਨਮ ਤੋਂ ਅੰਨ੍ਹਾ ਹੋਣ ਕਾਰਣ ਦੀਰਘਤਮਾ ਪਿਆ ਸੀ। ਇਸ ਨੂੰ ਦੀਰਘਤਪਾ ਵੀ ਕਿਹਾ ਜਾਂਦਾ ਹੈ। ਅਗਨੀ ਦੀ ਉਪਾਸਨਾ ਕਰਨ ਨਾਲ ਇਸ ਨੂੰ ਨੇਤਰ ਜੋਤੀ ਪ੍ਰਾਪਤ ਹੋਈ ਸੀ ਭਾਵੇਂ ਕਿ ਇਸ ਦੇ ਦੋ ਪੁੱਤਰ ਕਸ਼ੀਵਟ ਅਤੇ ਧਨਵੰਤਰੀ ਸਨ ਪਰ ਬਲੀ ਦੀ ਪਤਨੀ ਸੁਦੇਸ਼ਨਾ ਦੇ ਗਰਭ ਤੋਂ ਵੀ ਇਸ ਦੀਆਂ ਪੰਜ ਸੰਤਾਨਾਂ ਹੋਈਆਂ ਸਨ।

ਮਹਾਭਾਰਤ ਵਿਚ ਇਸ ਦੀ ਕਥਾ ਇਸ ਤਰ੍ਹਾਂ ਲਿਖੀ ਗਈ ਹੈ ਕਿ ਉਤਥਯ ਨਾਂ ਦਾ ਇਕ ਤੇਜੱਸਵੀ ਮੁਨੀ ਸੀ ਜਿਸ ਦੀ ਪਤਨੀ ਦਾ ਨਾਂ ਮਮਤਾ ਸੀ। ਮਮਤਾ ਦੇ ਗਰਭਵਤੀ ਹੋਣ ਦੇ ਸਮੇਂ ਉਤਥਯ ਦੇ ਛੋਟੇ ਭਰਾ ਦੇਵ ਗੁਰੂ ਬ੍ਰਿਹਸਪਤੀ ਨੇ ਮਮਤਾ ਕੋਲ ਆ ਕੇ ਹਮਬਿਸਤਰ ਹੋਣ ਦੀ ਇੱਛਾ ਜ਼ਾਹਿਰ ਕੀਤੀ ਪਰ ਮਮਤਾ ਨੇ ਕਿਹਾ ਕਿ ਉਸ ਨੇ ਉਸ ਦੇ ਵੱਡੇ ਭਰਾ ਤੋਂ ਗਰਭ ਧਾਰਣ ਕੀਤਾ ਹੋਇਆ ਹੈ ਇਸ ਲਈ ਉਹ ਹੁਣ ਚਲਾ ਜਾਵੇ। ਬ੍ਰਿਹਸਪਤੀ ਨੇ ਕਹਿਣਾ ਨਾ ਮੰਨਿਆ ਅਤੇ ਸੰਭੋਗ ਕੀਤਾ। ਇਸ ਕਾਰਨ ਗਰਭ ਵਿਚਲੇ ਤੇਜੱਸਵੀ ਬੱਚੇ ਦੇ ਵਿਰੋਧ ਕਰਨ ਕਾਰਨ ਬ੍ਰਿਹਸਪਤੀ ਨੇ ਗੁੱਸੇ ਵਿਚ ਆ ਕੇ ਉਸ ਨੂੰ ਸਰਾਪ ਦੇ ਦਿੱਤਾ ਕਿ ਉਹ ਅੰਨ੍ਹਾ ਹੋ ਜਾਵੇ। ਬ੍ਰਿਹਸਪਤੀ ਦੇ ਸਰਾਪ ਕਾਰਨ ਬਾਲਕ ਅੰਨ੍ਹਾ ਹੋ ਕੇ ਜੰਮਿਆ ਅਤੇ ਦੀਰਘਤਮਾ ਦੇ ਨਾਂ ਨਾਲ ਪ੍ਰਸਿੱਧ ਹੋਇਆ।

ਹ. ਪੁ.— ਚ. ਕੋ : 211; ਹਿੰ. ਵਿ. ਕੋ. 6 : 71; ਹਿੰ. ਸ਼. ਸਾ. 5 : 2299

ਦੀਵਾਨ : ਦੀਵਾਨ ਸ਼ਬਦ ਫ਼ਾਰਸੀ ਭਾਸ਼ਾ ਦਾ ਸ਼ਬਦ ਹੈ ਜਿਸ ਦੇ ਸ਼ਾਬਦਿਕ ਅਰਥ ਸ਼ਾਹੀ ਦਰਬਾਰ, ਕਾਨਫਰੰਸ ਅਤੇ ਸੰਗਤ ਆਦਿ ਹਨ। ਰਾਜੇ ਦਾ ਵਜ਼ੀਰ ਅਤੇ ਵਜ਼ੀਰ ਦੇ ਅਹੁਦੇ ਨੂੰ ਵੀ ਦੀਵਾਨ ਕਿਹਾ ਜਾਂਦਾ ਹੈ। ਉਹ ਪੁਸਤਕ ਜਿਸ ਵਿਚ ਕਵਿਤਾਵਾਂ ਅਤੇ ਖਾਸ ਕਰ ਕੇ ਗ਼ਜ਼ਲਾਂ ਸ਼ਾਮਲ ਕੀਤੀਆਂ ਜਾਣ, ਨੂੰ ਵੀ ਦੀਵਾਨ ਕਿਹਾ ਜਾਂਦਾ ਹੈ। ਤਖਤਪੋਸ਼ ਜਿਨ੍ਹਾਂ ਨੂੰ ਅੱਜਕੱਲ੍ਹ ਬੈਠਕ ਵਿਚ ਰਖਿਆ ਜਾਂਦਾ ਹੈ, ਨੂੰ ਵੀ ਦੀਵਾਨ ਕਿਹਾ ਜਾਂਦਾ ਹੈ। ਦੀਵਾਨ-ਇ-ਆਮ ਅਤੇ ਦੀਵਾਨ-ਇ-ਖਾਸ ਦੋ ਤਰ੍ਹਾਂ ਦੇ ਦੀਵਾਨ ਮੰਨੇ ਗਏ ਹਨ। ਦੀਵਾਨ-ਇ-ਆਮ ਤੋਂ ਭਾਵ ਉਸ ਸ਼ਾਹੀ ਦਰਬਾਰ ਤੋਂ ਹੈ ਜਿਸ ਵਿਚ ਆਮ ਲੋਕਾਂ ਨੂੰ ਆਉਣ ਦੀ ਇਜਾਜ਼ਤ ਹੁੰਦੀ ਹੈ। ਇਹ ਦੀਵਾਨ ਦਿੱਲੀ, ਆਗਰਾ ਅਤੇ ਲਾਹੌਰ ਦੇ ਕ਼ਿਲਿਆਂ ਵਿਚ ਲੱਗਿਆ ਕਰਦੇ ਸਨ। ਦੀਵਾਨ-ਇ-ਖਾਸ ਤੋਂ ਭਾਵ ਉਸ ਸ਼ਾਹੀ ਦਰਬਾਰ ਤੋਂ ਸੀ ਜਿਥੇ ਖਾਸ ਲੋਕ ਹੀ ਜਾ ਸਕਦੇ ਹਨ। ਰਾਜੇ ਮਹਾਰਾਜੇ ਦੇ ਬੈਠਣ ਦੀ ਥਾਂ ਨੂੰ ਦੀਵਾਨਖਾਨਾ ਕਿਹਾ ਜਾਂਦਾ ਸੀ।

ਸਿੱਖਾਂ ਦੇ ਧਾਰਮਿਕ ਜੋੜ ਮੇਲੇ ਨੂੰ ਵੀ ਦੀਵਾਨ ਕਿਹਾ ਜਾਂਦਾ ਹੈ। ਸਿੱਖ ਧਰਮ ਵਿਚ ਦੀਵਾਨ ਸ਼ਬਦ ਦਾ ਪਿਛੋਕੜ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਮਿਲਦਾ ਹੈ। ਗੁਰੂ ਜੀ ਦੀ ਬਾਣੀ ਵਿਚ 'ਦੀਬਾਣ' ਜਾਂ 'ਦੀਬਾਣੁ' ਸ਼ਬਦ ਨਿਆਂ ਦੀ ਅਲਾਹੀ ਅਦਾਲਤ ਅਤੇ ਰਾਜ ਦੀਆਂ ਕਾਨੂੰਨੀ ਕਚਹਿਰੀਆਂ ਦੋਹਾਂ ਲਈ ਵਰਤਿਆ ਗਿਆ ਹੈ। ਗੁਰਬਾਣੀ ਵਿਚ ਲਿਖਿਆ ਹੈ :

ਜੋ ਮਿਲਿਆ ਹਰਿ ਦੀਬਾਣ ਸਿਉ
ਸੋ ਸਭਨੀ ਦੀਬਾਣੀ ਮਿਲਿਆ॥

(ਸਿਰੀ ਰਾਗ ਕੀ ਵਾਰ ਮਹਲਾ ੪)

ਸਿੱਖ ਪਰੰਪਰਾ ਵਿਚ ਦੀਵਾਨ ਦਾ ਭਾਵ ਗੁਰੂ ਦਾ ਦਰਬਾਰ ਜਾਂ ਗੁਰੂ ਦਾ ਨਾਮ ਲੈਣ ਲਈ ਇਕੱਠੀ ਹੋਈ ਸੰਗਤ ਤੋਂ ਹੈ। ਗੁਰੂ ਦੇ ਦੀਵਾਨ ਵਿਚ ਇਕੱਠੀ ਹੋਈ ਸੰਗਤ ਵੱਲੋਂ ਗੁਰੂ ਨੂੰ ਸੱਚਾ ਪਾਤਸ਼ਾਹ ਸੰਬੋਧਤ ਕੀਤਾ ਜਾਂਦਾ ਸੀ। ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਬਖਸ਼ਣ ਤੋਂ ਬਾਅਦ ਅੱਜਕੱਲ੍ਹ ਜਿਥੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਸੁਸ਼ੋਭਿਤ ਹੁੰਦੀ ਹੈ ਉਸ ਦੀ ਹਜ਼ੂਰੀ ਵਿਚ ਜੁੜੀ ਹੋਈ ਸੰਗਤ ਨੂੰ ਵੀ ਦੀਵਾਨ ਕਿਹਾ ਜਾਂਦਾ ਹੈ। ਦੀਵਾਨ ਵਿਚ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਸੰਗਤ ਵੱਲੋਂ ਸ਼ਬਦ ਗਾਇਨ ਕੀਤਾ ਜਾਂਦਾ ਹੈ ਤੇ ਗੁਰੂ ਦਾ ਨਾਮ ਜਪਿਆ ਜਾਂਦਾ ਹੈ। ਅੱਜਕੱਲ੍ਹ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਕੀਤੀਆਂ ਗਈਆਂ ਸਮਾਜਿਕ ਅਤੇ ਰਾਜਨੀਤਿਕ ਕਾਨਫਰੰਸਾਂ ਨੂੰ ਵੀ ਦੀਵਾਨ ਕਿਹਾ ਜਾਂਦਾ ਹੈ। ਪਹਿਲਾਂ ਇਹ ਸ਼ਬਦ ਗੁਰਦੁਆਰਿਆਂ ਜਾਂ ਹੋਰ ਕਿਤੇ ਕੀਤੇ ਸਿੱਖ ਧਾਰਮਿਕ ਇਕੱਠਾਂ ਲਈ ਵੀ ਵਰਤਿਆ ਜਾਂਦਾ ਸੀ।

ਸਿੱਖਾਂ ਦੇ ਦੀਵਾਨ ਵਿਚ ਗੁਰੂ ਗ੍ਰੰਥ ਸਾਹਿਬ ਉੱਚੀ ਥਾਂ ਅਰਥਾਤ ਥੜ੍ਹੇ ਜਾਂ ਲੱਕੜ ਦੇ ਦੀਵਾਨ ਤੇ ਰੱਖੇ ਜਾਂਦੇ ਹਨ। ਇਸ ਦੀਵਾਨ ਵਿਚ ਸ਼ਰਧਾਲੂ ਸਤਿਕਾਰ ਨਾਲ ਦੋਵੇਂ ਹੱਥ ਜੋੜ ਕੇ ਗੋਡੇ ਟੇਕ ਕੇ ਸ਼ਰਧਾ ਵਜੋਂ ਤਿਲ ਫੁੱਲ ਭੇਟਾ ਕਰ ਕੇ ਮੱਥਾ ਟੇਕਦਾ ਹੈ। ਦੀਵਾਨ ਵਿਚ ਜੁੜੀ ਹੋਈ ਸੰਗਤ ਨੂੰ ਪ੍ਰਣਾਮ ਕਰਦਾ ਹੈ ਤੇ ਆਪਣੀ ਸੀਟ ਗ੍ਰਹਿਣ ਕਰਨ ਤੋਂ ਪਹਿਲਾਂ ਗੁਰੂ ਗ੍ਰੰਥ ਸਾਹਿਬ ਦੀ ਪਰਿਕਰਮਾ ਕਰਦਾ ਹੋਇਆ ਸੰਗਤ ਵਿਚ ਆ ਕੇ ਬੈਠਦਾ ਹੈ। ਦੀਵਾਨ ਦੀ ਸਮਾਪਤੀ ਵੇਲੇ ਉਸੇ ਤਰ੍ਹਾਂ ਸਤਿਕਾਰ ਨਾਲ ਗੁਰੂ ਗ੍ਰੰਥ ਸਾਹਿਬ ਅੱਗੇ ਦੋਨੋਂ ਹੱਥ ਜੋੜ ਕੇ ਮੱਥਾ ਟੇਕਿਆ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਵੱਲ ਪਿੱਠ ਕੀਤੇ ਬਿਨਾਂ ਦੀਵਾਨ ਵਿਚੋਂ ਬਾਹਰ ਨਿਕਲਿਆ ਜਾਂਦਾ ਹੈ।

ਸਿੱਖ ਗੁਰਦੁਆਰਿਆਂ ਵਿਚ ਆਮ ਤੌਰ ਤੇ ਦੋ ਦੀਵਾਨ ਲਗਦੇ ਹਨ। ਇਕ ਸਵੇਰੇ ਅੰਮ੍ਰਿਤ ਵੇਲੇ ਤੇ ਦੂਜਾ ਸ਼ਾਮ ਵੇਲੇ। ਸਵੇਰ ਵੇਲੇ ਸਭ ਤੋਂ ਪਹਿਲਾਂ ਥਾਂ ਧੋ ਕੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਜਾਂਦਾ ਹੈ। ਅਰਦਾਸ ਕਰਨ ਉਪਰੰਤ ਗੁਰੂ ਗ੍ਰੰਥ ਸਾਹਿਬ ਵਿਚੋਂ ਹੁਕਮਨਾਮਾ ਲਿਆ ਜਾਂਦਾ ਹੈ ਜਿਹੜਾ ਕਿ ਸ਼ਰਧਾਲੂਆਂ ਲਈ ਗੁਰੂ ਜੀ ਦਾ ਫ਼ੁਰਮਾਨ ਹੁੰਦਾ ਹੈ। ਇਸ ਉਪਰੰਤ ਰਾਗੀਆਂ ਵੱਲੋਂ ਗੁਰਬਾਣੀ ਦਾ ਕੀਰਤਨ ਕੀਤਾ ਜਾਂਦਾ ਹੈ। ਆਸਾ ਦੀ ਵਾਰ ਗਾਈ ਜਾਂਦੀ ਹੈ। ਵੱਡੇ ਗੁਰਦੁਆਰਿਆਂ ਵਿਚ ਕੀਰਤਨ ਤੋਂ ਪਹਿਲਾਂ ਸੁਖਮਨੀ ਸਾਹਿਬ ਦਾ ਪਾਠ ਜਾਂ ਸਵੇਰੇ ਪੰਜ ਬਾਣੀਆਂ ਦਾ ਪਾਠ ਕੀਤਾ ਜਾਂਦਾ ਹੈ। ਇਸ ਤੋਂ ਬਾਅਦ ਕਥਾ ਕੀਤੀ ਜਾਂਦੀ ਹੈ। ਇਹ ਕਥਾ ਜਾਂ ਤਾਂ ਉਸ ਦਿਨ ਦੇ ਗੁਰੂ ਵਾਕ ਅਰਥਾਤ ਹੁਕਮ ਦੀ ਵਿਆਖਿਆ ਜਾਂ ਸਿੱਖ ਵਿਚਾਰਧਾਰਾ ਜਾਂ ਸਿੱਖ ਇਤਿਹਾਸ ਨਾਲ ਸਬੰਧਤ ਕੀਤੀ ਜਾਂਦੀ ਹੈ। ਗੁਰੂ ਅਮਰਦਾਸ ਜੀ ਦੀ ਬਾਣੀ ਅਨੰਦੁ ਸਾਹਿਬ ਪੜ੍ਹਿਆ ਜਾਂਦਾ ਹੈ ਤੇ ਅਰਦਾਸ ਕੀਤੀ ਜਾਂਦੀ ਹੈ। ਗੁਰੂ ਦਾ ਵਾਕ ਲੈਣ ਤੋਂ ਬਾਅਦ ਕੜਾਹ ਪ੍ਰਸ਼ਾਦ ਸੰਗਤ ਵਿਚ ਵਰਤਾਇਆ ਜਾਂਦਾ ਹੈ। ਇਸ ਤਰ੍ਹਾਂ ਸਵੇਰ ਦੇ ਦੀਵਾਨ ਦੀ ਸਮਾਪਤੀ ਹੋ ਜਾਂਦੀ ਹੈ। ਸ਼ਾਮ ਦੇ ਦੀਵਾਨ ਵਿਚ ਕੀਰਤਨ ਤੋਂ ਇਲਾਵਾ ਰਹਰਾਸਿ ਅਤੇ ਕੀਰਤਨ ਸੋਹਿਲਾ ਬਾਣੀ ਦਾ ਪਾਠ ਕੀਤਾ ਜਾਂਦਾ ਹੈ। ਅੰਮ੍ਰਿਤਸਰ ਹਰਿਮੰਦਰ ਸਾਹਿਬ ਵਿਖੇ ਸਵੇਰੇ ਅੰਮ੍ਰਿਤ ਵੇਲੇ ਤੋਂ ਲੈ ਕੇ ਰਾਤ ਦੇਰ ਤਕ ਦੀਵਾਨ ਲੱਗਿਆ ਰਹਿੰਦਾ ਹੈ। ਸਿੱਖ ਧਰਮ ਵਿਚ ਖਾਸ ਮੌਕਿਆਂ ਤੇ ਖਾਸ ਦੀਵਾਨ ਲੱਗਦੇ ਹਨ।

ਸਿੱਖਾਂ ਦੀ ਇਕ ਸੰਸਥਾ ਦਾ ਨਾਂ ਚੀਫ਼ ਖਾਲਸਾ ਦੀਵਾਨ ਹੈ। ਇਸ ਸੰਸਥਾ ਨੇ ਸਿੱਖਾਂ ਵਿਚ ਧਾਰਮਿਕ ਲਹਿਰ ਚਲਾਈ ਅਤੇ ਸਿੱਖਾਂ ਨੂੰ ਵਿਦਿਅਕ ਤੇ ਰਾਜਨੀਤੀਕ ਤੌਰ ਤੇ ਜਾਗ੍ਰਿਤ ਕੀਤਾ। ਇਹ ਸੰਸਥਾ 1901 ਈ. ਵਿਚ ਸਥਾਪਤ ਹੋਈ ਸੀ ਤੇ ਇਸ ਦਾ ਵੱਡਾ ਦਫ਼ਤਰ ਅੰਮ੍ਰਿਤਸਰ ਵਿਚ ਹੈ।

ਹ. ਪੁ. — ਐਨ. ਆਫ਼. ਸਿਖੀ-ਹਰਬੰਸ ਸਿੰਘ ; ਪੰ. ਪੰ. ਕੋ. ; ਮ. ਕੋ.

ਦੀਵਾਨ ਸਿੰਘ ਕਾਲੇਪਾਣੀ : ਪੰਜਾਬੀ ਸਾਹਿਤ, ਭਾਸ਼ਾ ਅਤੇ ਸਭਿਆਚਾਰ ਦੇ ਵਿਕਾਸ ਨੂੰ ਸਮਰਪਿਤ, ਇਸ ਯੁਗਪੁਰਸ਼ ਦਾ

ਜਨਮ ਅਜੋਕੇ ਪਾਕਿਸਤਾਨ ਦੇ ਜ਼ਿਲ੍ਹਾ ਸਿਆਲਕੋਟ ਦੇ ਇਕ ਛੋਟੇ ਜਿਹੇ ਪਿੰਡ ਗਲੋਟੀਆਂ ਖੁਰਦ ਵਿਖੇ ਸ. ਸੁੰਦਰ ਸਿੰਘ ਢਿੱਲੋਂ ਅਤੇ ਮਾਤਾ ਇੰਦਰ ਕੌਰ ਦੇ ਘਰ 22 ਮਈ, 1897 ਨੂੰ ਹੋਇਆ। ਇਸ ਪਰਿਵਾਰ ਦੇ ਵਡੇਰੇ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਸੁਰਸਿੰਘ ਤੋਂ ਇਥੇ ਆ ਕੇ ਵਸੇ ਸਨ। ਬਚਪਨ ਵਿਚ ਹੀ ਮਾਤਾ ਪਿਤਾ ਦੇ ਅਕਾਲ ਚਲਾਣਾ ਕਰ ਜਾਣ ਕਾਰਨ ਇਸ ਦੀ ਪਾਲਣਾ ਇਸ ਦੇ ਚਾਚਾ ਸ. ਸੋਹਨ ਸਿੰਘ ਨੇ ਕੀਤੀ। ਇਹ ਪ੍ਰਾਇਮਰੀ ਤਕ ਗਲੋਟੀਆਂ ਕਲਾਂ ਪੜ੍ਹਿਆ ਅਤੇ ਮਿਡਲ ਡਸਕੇ ਦੇ ਸਕਾਚ ਮਿਡਲ ਸਕੂਲ ਤੋਂ ਕੀਤੀ। ਇਸ ਉਪਰੰਤ ਸਿਆਲਕੋਟ ਦੇ ਖ਼ਾਲਸਾ ਹਾਈ ਸਕੂਲ ਤੋਂ ਦਸਵੀਂ ਕੀਤੀ। 13 ਅਪ੍ਰੈਲ, 1919 ਨੂੰ ਇਸ ਨੇ ਆਗਰਾ ਦੇ ਮੈਡੀਕਲ ਕਾਲਜ ਤੋਂ ਡਾਕਟਰੀ ਪਾਸ ਕੀਤੀ।

ਇਹ ਕਿੱਤੇ ਵਜੋਂ ਡਾਕਟਰ, ਚਿੰਤਕ ਤੇ ਰਚਨਾਤਮਕ ਪੱਖੋਂ ਕਵੀ ਤੇ ਗੱਦਕਾਰ, ਬਾਅਮਲ ਸੇਵਾ ਭਾਵੀ ਮਹਾਂਪੁਰਖ ਸੀ। ਇਸ ਨੂੰ ਇਕ ਸੌ ਤੋਂ ਵੱਧ ਪੰਜਾਬੀ, ਹਿੰਦੀ, ਅੰਗਰੇਜ਼ੀ ਤੇ ਉਰਦੂ ਸਾਹਿਤਕਾਰਾਂ ਨੇ ਅਤਿਅੰਤ ਸ਼ਰਧਾ ਭਰਪੂਰ ਅਭਿਨੰਦਨ ਵਿਅਕਤ ਕੀਤੇ ਸਨ। ਇਹ ਉਨ੍ਹਾਂ ਖ਼ੁਸ਼ਕਿਸਮਤ ਪੰਜਾਬੀਆਂ ਵਿਚੋਂ ਇਕ ਸੀ ਜਿਨ੍ਹਾਂ ਨੇ ਵਿਗਿਆਨ ਦਾ ਮੂੰਹ ਮੁਹਾਂਦਰਾ ਵੀ ਦੇਖਿਆ ਤੇ ਤਰਕ ਸ਼ਾਸਤਰ, ਦਰਸ਼ਨ ਸ਼ਾਸਤਰ ਦੇ ਅਧਿਐਨਵੇਤਾ ਵੀ ਬਣੇ।

ਡਾਕਟਰੀ ਦੀ ਪੜ੍ਹਾਈ ਕਰਨ ਉਪਰੰਤ ਤੁਰੰਤ ਹੀ ਇਸ ਨੂੰ ਭਾਰਤੀ ਫ਼ੌਜ ਵਿਚ ਨੌਕਰੀ ਮਿਲ ਗਈ। ਪਹਿਲੇ ਤਿੰਨ ਸਾਲ ਪੰਜਾਬ ਦੀਆਂ ਵੱਖ-ਵੱਖ ਛਾਉਣੀਆਂ ਵਿਚ ਮੈਡੀਕਲ ਅਫ਼ਸਰ ਵਜੋਂ ਤਾਇਨਾਤ ਰਿਹਾ। ਸੰਨ 1922 ਵਿਚ ਡਗਸ਼ਈ, 1923 ਵਿਚ ਰੰਗੂਨ ਅਤੇ 1925 ਵਿਚ ਇਸ ਦੀ ਪੋਸਟਿੰਗ ਪੋਰਟ ਬਲੇਅਰ ਵਿਖੇ ਹੋ ਗਈ। ਇਸ ਤੋਂ ਬਾਅਦ ਦੇ 18-19 ਵਰ੍ਹੇ ਇਸ ਨੇ ਕਾਲੇਪਾਣੀ ਦੇ ਨਾਂ ਨਾਲ ਜਾਣੇ ਜਾਂਦੇ ਅੰਡੇਮਾਨ ਨਿਕੋਬਾਰ ਟਾਪੂਆਂ ਵਿਚ ਗੁਜ਼ਾਰੇ। ਇਸ ਦੀ ਕਾਵਿ-ਯਾਤਰਾ ਦਾ ਆਰੰਭ 1925 ਈ. ਤੋਂ ਬਾਅਦ ਕਾਲੇਪਾਣੀ ਪਹੁੰਚਣ ਤੋਂ ਬਾਅਦ ਹੋਇਆ।

ਇਸ ਦਾ ਜੀਵਨ ਕਾਲ ਰਾਜਸੀ ਤੇ ਸਮਾਜਿਕ ਉਥਲ ਪੁਥਲ ਦਾ ਸਮਾਂ ਸੀ। ਇਸ ਸਮੇਂ ਦੌਰਾਨ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ ਤੇ ਮਹੱਤਵਪੂਰਨ ਤਬਦੀਲੀਆਂ ਹੋਈਆਂ ਜਿਸ ਵਿਚ ਪਹਿਲਾ ਸੰਸਾਰ ਯੁੱਧ (1914-18) ਲੜਿਆ ਗਿਆ। ਅਕਤੂਬਰ, 1917 ਵਿਚ ਰੂਸ ਵਿਚ ਇਨਕਲਾਬ ਆਇਆ। 23 ਅਕਤੂਬਰ, 1943 ਨੂੰ ਇਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ 14 ਜਨਵਰੀ, 1944 ਤਕ ਸੈਲਿਯੂਲਰ ਜੇਲ੍ਹ ਵਿਚ ਇਸ ਨੂੰ ਬੜੇ ਤਸੀਹੇ ਦਿੱਤੇ ਗਏ। ਬੇਸ਼ਕ ਇਹ ਕੇਵਲ 47 ਵਰ੍ਹੇ ਦੀ ਛੋਟੀ ਉਮਰ ਵਿਚ ਹੀ ਜਾਪਾਨੀ ਫਾਸਿਸਟਾਂ ਦੇ ਤਸੀਹੇ ਸਹਿੰਦਾ ਸ਼ਹੀਦ ਹੋ ਗਿਆ ਪਰੰਤੂ ਆਪਣੇ ਪ੍ਰੇਰਨਾ ਭਰਪੂਰ ਜੀਵਨ ਅਤੇ ਆਪਣੀਆਂ ਵਿਲੱਖਣ ਰਚਨਾਵਾਂ ਦੁਆਰਾ ਇਸ ਨੇ ਪੰਜਾਬੀ ਸਾਹਿਤ ਅਤੇ ਸਭਿਆਚਾਰ ਨੂੰ ਬਹੁਪਸਾਰੀ ਯੋਗਦਾਨ ਦਿੱਤਾ।

ਇਸ ਨੇ ਪ੍ਰੋ. ਪੂਰਨ ਸਿੰਘ ਵਾਂਗ ਮੁਕਤ ਛੰਦ ਨੂੰ ਵਧੇਰੇ ਅਪਨਾਇਆ। ਇਸ ਦੀ ਮਾਨਤਾ ਭਾਵੇਂ ਬਤੌਰ ਕਵੀ ਬਹੁਤੀ ਹੈ ਪਰ ਇਸ ਨੇ ਵਾਰਤਕ ਵੀ ਗੁਣ ਗਿਣਤੀ ਦੇ ਪੱਖ ਤੋਂ ਕਾਫੀ ਲਿਖੀ ਹੈ ਜੋ ਵਾਰਤਕ ਦੀ ਕਸਵੱਟੀ ਉੱਤੇ ਖ਼ਰੀ ਉਤਰਦੀ ਹੈ। ਇਸ ਦੀ ਵਾਰਤਕ ਨੂੰ ਕਾਵਿਮਈ ਗੱਦ ਕਿਹਾ ਜਾ ਸਕਦਾ ਹੈ।

ਇਸ ਨੇ ਹੇਠ ਲਿਖੀਆਂ ਰਚਨਾਵਾਂ ਦੀ ਸਿਰਜਣਾ ਕੀਤੀ ਜਿਨ੍ਹਾਂ ਵਿਚ 'ਵਗਦੇ ਪਾਣੀ', 'ਅੰਤਿਮ ਲਹਿਰਾਂ', 'ਮਲ੍ਹਿਆਂ ਦੇ ਬੇਰ', 'ਰੱਬ ਪੂਰਣਤਾ', 'ਰਾਹੀ', 'ਈਸਾ ਨੂੰ', 'ਕਲੰਦਰ ਦਾ ਬਾਂਦਰ', 'ਜਣੇ ਨੂੰ', 'ਹਨੇਰੀ ਕੋਹਲੂ', 'ਇਸਤਰੀ ਨੂੰ', 'ਲੱਦੂ ਘੋਤਾ', 'ਪਟੇ ਵਾਲਾ ਕੁੱਤਾ', 'ਬੱਚਤ' ਤੇ 'ਕੁਲੀ' ਕਵਿਤਾਵਾਂ ਪੰਜਾਬੀ ਸਾਹਿਤ ਨੂੰ ਦਿੱਤੀਆਂ। ਲੇਖ ਸੰਗ੍ਰਹਿ- 'ਮੇਰਾ ਜੀਵਨ ਮੇਰਾ ਗੀਤ', 'ਸਹਿ-ਸੰਚਾਰ' ਅਤੇ ਲਲਿਤ ਨਿਬੰਧ- 'ਧਨ ਤੇ ਅਕਲ' 'ਬੇਨਤੀ ਸ਼ੁਕਰ', 'ਸੇਵਾ ਸੁਧਾਰ', 'ਜੀਵਨ ਮੰਜ਼ਿਲ', 'ਧੁੱਪ ਛਾਂ', 'ਨਰਕ', 'ਖੁਸ਼ੀ', 'ਜੁੱਤੀ, ਇਹ ਕਹਾਣੀ ਨਹੀਂ', 'ਮੌਤ', 'ਕਰਮ', ਸਾਧਨਾ, 'ਤਿਆਗ', 'ਸ਼ੀਸ਼ਾ', 'ਕਵਿਤਾ'। ਕੁਝ ਚਾਪਲੂਸ ਲੋਕਾਂ ਨੇ ਆਪਣੇ ਨਿੱਜੀ ਹਿਤਾਂ ਦੀ ਪੂਰਤੀ ਲਈ ਜਾਪਾਨੀਆਂ ਨਾਲ ਰਲ਼ ਕੇ ਸੈਂਕੜੇ ਲੋਕਾਂ ਨੂੰ ਝੂਠੇ ਸ਼ੱਕ ਵਿਚ ਤਸੀਹੇ ਦਿੱਤੇ। ਇਸੇ ਦੋਸ਼ ਵਿਚ ਡਾ. ਦੀਵਾਨ ਸਿੰਘ ਨੂੰ ਸਾਜ਼ਿਸ਼ ਰਚ ਕੇ ਗ੍ਰਿਫ਼ਤਾਰ ਕਰ ਕੇ 82 ਦਿਨ ਅਣਕਿਆਸੇ ਤਸੀਹੇ ਦੇ ਕੇ 14 ਜਨਵਰੀ 1943 ਨੂੰ ਸ਼ਹੀਦ ਕਰ ਦਿੱਤਾ ਗਿਆ।

ਹ. ਪੁ.— ਡਾ. ਦੀਵਾਨ ਸਿੰਘ ਕਾਲੇਪਾਣੀ ਰਚਨਾਵਲੀ : 29; ਸਿਮ੍ਰਿਤੀ ਗ੍ਰੰਥ : 50; ਸੁਬਾ ਸਿੰਘ, ਦੀਵਾਨ ਸਿੰਘ ਕਾਲੇਪਾਣੀ-ਪੰ. ਯੂ. ਪਇ. : 17

ਦੀਵਾਨ ਚੰਦ ਮਿਸਰ : ਇਹ ਮਹਾਰਾਜਾ ਰਣਜੀਤ ਸਿੰਘ ਦੇ ਸਭ ਤੋਂ ਵੱਧ ਚਤੁਰ ਅਤੇ ਨਿਪੁੰਨ ਜਰਨੈਲਾਂ ਵਿੱਚੋਂ ਇਕ ਸੀ। ਇਹ ਗੁਜਰਾਂਵਾਲਾ (ਹੁਣ ਪਾਕਿਸਤਾਨ) ਜ਼ਿਲ੍ਹੇ ਦੇ ਗੋਂਡਲਾ ਪਿੰਡ ਦੇ ਇਕ ਛੋਟੇ ਜਿਹੇ ਦੁਕਾਨਦਾਰ ਪਰਿਵਾਰ ਵਿੱਚੋਂ ਸੀ। ਆਪਣੇ ਕਿੱਤੇ ਵਿਚ ਮਾਹਰ ਅਤੇ ਸਖ਼ਤ ਮਿਹਨਤੀ ਹੋਣ ਕਰਕੇ ਇਹ ਬਹੁਤ ਪ੍ਰਸਿੱਧ ਹੋ ਗਿਆ। ਇਸਨੇ ਮੀਆਂ ਗ਼ੌਸ ਖਾਨ ਦੀ ਅਗਵਾਈ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਤੋਪਖਾਨੇ ਵਿਚ ਇਕ ਕਲਰਕ ਵਜੋਂ ਨੌਕਰੀ ਸ਼ੁਰੂ ਕੀਤੀ। ਸੰਨ 1814 ਵਿਚ ਇਸ ਨੂੰ ਜੰਮੂ ਉੱਤੇ ਜਿੱਤ ਪ੍ਰਾਪਤ ਕਰਨ ਲਈ ਇਕ ਕਮਾਂਡਰ ਦੇ ਤੌਰ ਤੇ ਭੇਜਿਆ ਗਿਆ। ਇਸੇ ਹੀ ਸਾਲ ਮੀਆਂ ਗ਼ੌਸ ਖਾਨ ਦੀ ਮੌਤ ਹੋ ਜਾਣ ਕਰਕੇ ਇਸ ਨੂੰ ਉਸਦੀ ਥਾਂ ਉੱਤੇ ਤਰੱਕੀ ਦੇ ਕੇ ਤੋਪਖਾਨੇ ਦਾ ਮੁੱਖੀ ਥਾਪ ਦਿੱਤਾ ਗਿਆ।

ਇਸ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਦਾ ਧਿਆਨ ਰਿਆਸਤ ਬਹਾਵਲਪੁਰ ਤੇ ਸੂਬਾ ਮੁਲਤਾਨ ਵੱਲ ਗਿਆ। ਨਵਾਬ ਬਹਾਵਲਪੁਰ ਆਪਣਾ ਸਲਾਨਾ ਖਿਰਾਜ ਦੇਣ ਵਿਚ ਹਮੇਸ਼ਾ ਬਹਾਨੇ ਲਾਉਂਦਾ ਰਹਿੰਦਾ ਸੀ। ਮਹਾਰਾਜਾ ਸਾਹਿਬ ਨੇ ਉਸ ਦੀ ਹੋਸ਼ ਟਿਕਾਣੇ ਕਰਨ ਲਈ ਸਰਦਾਰ ਹਰੀ ਸਿੰਘ ਨਲਵਾ, ਅਕਾਲੀ ਫੂਲਾ ਸਿੰਘ, ਸਰਦਾਰ ਨਿਹਾਲ ਸਿੰਘ ਅਟਾਰੀ, ਮਿਸਰ ਦੀਵਾਨ ਚੰਦ ਆਦਿ ਦੀ ਅਗਵਾਈ ਹੇਠ ਬੜੀ ਭਾਰੀ ਫ਼ੌਜ ਭੇਜੀ। ਇਹ ਦੇਖਕੇ ਨਵਾਬ ਬਹਾਵਲਪੁਰ ਦੇ ਹੋਸ਼ ਉੱਡ ਗਏ ਤੇ ਉਸਨੇ 80,000 ਹਜ਼ਾਰ ਰੁਪਏ ਨਕਦ ਦੇ ਕੇ ਤੇ 70,000 ਹਜ਼ਾਰ ਰੁਪਏ ਸਲਾਨਾ ਦੇਣ ਦਾ ਵਾਅਦਾ ਕਰਕੇ ਸੁਲ੍ਹਾ ਕਰ ਲਈ ਅਤੇ ਸਿੱਖ ਫ਼ੌਜਾਂ ਨੇ ਬਹਾਵਲਪੁਰ ਨੂੰ ਆਪਣੇ ਕਬਜ਼ੇ ਵਿਚ ਕਰ ਲਿਆ।

ਇਸ ਤੋਂ ਮਗਰੋਂ ਖਾਲਸਾ ਫ਼ੌਜ ਨੇ ਮੁਲਤਾਨ ਵੱਲ ਰੁੱਖ ਕੀਤਾ। ਇਥੋਂ ਦੇ ਨਵਾਬ ਮੁਜ਼ੱਫ਼ਰ ਖ਼ਾਨ ਨੇ ਭਾਵੇ ਪਹਿਲਾਂ ਹੀ ਅਧੀਨਗੀ ਮੰਨ ਲਈ ਸੀ ਪਰ ਸਾਲਾਨਾ ਖਿਰਾਜ ਦੀ ਅਦਾਇਗੀ ਸਮੇਂ ਉਸ ਨੇ ਕੁਝ ਟਾਲਮਟੋਲ ਕਰਨੀ ਸ਼ੁਰੂ ਕੀਤੀ। ਖਾਲਸਾ ਫ਼ੌਜ ਜਦੋਂ ਤੁਲੰਬੇ ਦੇ ਸਥਾਨ ਤੇ ਪਹੁੰਚੀ ਤਾਂ ਮਹਾਰਾਜਾ ਰਣਜੀਤ ਸਿੰਘ ਵੀ ਉਸ ਦੇ ਨਾਲ ਮਿਲ ਗਏ। ਮਿਸਰ ਦੀਵਾਨ ਚੰਦ ਨੇ ਅਹਿਮਦਾਬਾਦ ਦੇ ਕਿਲੇ ਨੂੰ ਜਾ ਘੇਰਿਆ। ਇਧਰ ਮਹਾਰਾਜਾ ਵੀ ਦਰਿਆ ਝਨ੍ਹਾਂ, ਤ੍ਰਿਮਾਘਾਟ ਤੋਂ ਲੰਘ ਕੇ ਮੁਲਤਾਨ ਦੇ ਸਥਾਨ ਤੇ ਪਹੁੰਚ ਗਿਆ। ਖਾਲਸਾ ਫ਼ੌਜ ਅਜੇ ਹਮਲਾ ਕਰਨ ਬਾਰੇ ਸੋਚ ਹੀ ਰਹੀ ਸੀ ਕਿ ਅਕਾਲੀ ਫੂਲਾ ਸਿੰਘ ਦੇ ਨਿਹੰਗ ਦਸਤਿਆਂ ਨੇ ਜੈਕਾਰਿਆਂ ਦੀ ਗੂੰਜ ਵਿਚ ਧਾਵਾ ਬੋਲ ਦਿੱਤਾ ਅਤੇ ਕਿਲੇ ਦੀ ਫਸੀਲ ਉੱਤੇ ਜਾ ਚੜ੍ਹੇ। ਕੁਝ ਚਿਰ ਲੜਾਈ ਹੋਣ ਮਗਰੋਂ ਮੁਜ਼ਫਰ ਖਾਨ ਨੇ ਸੁਲ੍ਹਾ ਕਰ ਲਈ।

ਸੰਨ 1817 ਵਿਚ ਇਸ ਨੇ ਮਿੱਠਾ ਟਿਵਾਣਾ ਵੱਲ ਕੂਚ ਕੀਤਾ ਉਥੋਂ ਦੇ ਨਵਾਬ ਨੇ ਆਪਣੇ ਆਪ ਨੂੰ ਨੂਰਪੁਰ ਦੇ ਕਿਲੇ ਵਿਚ ਬੰਦ

ਕਰ ਲਿਆ ਅਤੇ ਮਗਰੋਂ ਉਹ ਉਥੋਂ ਭੱਜ ਗਿਆ। ਇਸ ਨੇ ਕਿਲਾ ਆਪਣੇ ਕਬਜ਼ੇ ਵਿਚ ਕਰ ਲਿਆ।

ਮੁਲਤਾਨ ਦਾ ਹਾਕਮ ਮੁਜ਼ਫਰਖ਼ਾਨ ਭਾਵੇਂ ਇਸ ਸਮੇਂ ਮਹਾਰਾਜੇ ਦੇ ਅਧੀਨ ਸੀ ਪਰ ਉਹ ਅੰਦਰੂਨੀ ਤੌਰ ਤੇ ਆਪਣੇ ਆਪ ਨੂੰ ਇਕ ਅਫ਼ਗ਼ਾਨ ਸੂਬੇਦਾਰ ਮੰਨਣ ਕਰਕੇ ਬਹੁਤਾ ਅਫ਼ਗਾਨਿਸਤਾਨ ਦੀ ਹਕੂਮਤ ਦਾ ਹੀ ਸ਼ੁਭਚਿੰਤਕ ਸੀ। ਇਸ ਤਰ੍ਹਾਂ ਦੀ ਹਾਲਤ ਨੂੰ ਦੇਖਦੇ ਹੋਏ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੋ ਪਹਿਲਾਂ ਹੀ ਅਜਿਹੀਆਂ ਸਿਆਸੀ ਚਾਲਾਂ ਤੋਂ ਜਾਣੂ ਸੀ, ਨੇ ਮੁਲਤਾਨ ਦੇ ਸੂਬੇਦਾਰ ਨੂੰ ਦਰੁਸਤ ਕਰਨਾ ਜ਼ਰੂਰੀ ਸਮਝਿਆ। ਇਸ ਲਈ ਉਸ ਨੇ ਆਪਣੇ ਪ੍ਰਮੁੱਖ ਸਰਦਾਰਾਂ ਦੀ ਮੀਟਿੰਗ ਬੁਲਾਈ ਜਿਸ ਵਿਚ ਹੋਰਨਾਂ ਤੋਂ ਇਲਾਵਾ ਮਿਸਰ ਦੀਵਾਨ ਚੰਦ ਵੀ ਸ਼ਾਮਲ ਸੀ। ਇਸ ਉਪਰੰਤ 1818 ਈ. ਦੇ ਆਰੰਭ ਵਿਚ ਇਸ ਨੂੰ 20,000 ਸਿਪਾਹੀਆਂ ਦੀ ਫ਼ੌਜ ਦੇ ਕੇ ਮੁਲਤਾਨ ਵੱਲ ਕੂਚ ਕਰਨ ਦਾ ਹੁਕਮ ਹੋਇਆ। ਸਿੱਖ ਸਰਦਾਰ ਤਾਂ ਇਸ ਨੂੰ ਘੁਮੰਡੀ ਹੀ ਸਮਝਦੇ ਹਨ ਅਤੇ ਇਨ੍ਹਾਂ ਵਿਚਕਾਰ ਕਿਸੇ ਸੰਭਾਵੀ ਝਗੜੇ ਨੂੰ ਟਾਲਣ ਲਈ ਮਹਾਰਾਜਾ ਸਾਹਿਬ ਵਲੋਂ ਸ਼ਹਿਜ਼ਾਦਾ ਖੜਕ ਸਿੰਘ ਨੂੰ ਫੌਜ ਦਾ ਨਾਮਨਿਹਾਦ ਕਮਾਂਡਰ ਬਣਾਇਆ ਗਿਆ। ਮੁਲਤਾਨ ਜਾਂਦੇ ਸਮੇਂ ਇਸ ਨੇ ਸ਼ੁਜਾਆਬਾਦ, ਖਾਨਗੜ੍ਹ ਅਤੇ ਮੁਜ਼ੱਫਰਗੜ੍ਹ ਦੇ ਕਿਲ੍ਹੇ ਵੀ ਆਪਣੇ ਕਬਜ਼ੇ ਵਿਚ ਕਰ ਲਏ ਫੇਰ ਵਾਰੀ ਆਈ ਸ਼ਹਿਰ ਮੁਲਤਾਨ ਦੀ। ਮੁਲਤਾਨ ਦੇ ਨਵਾਬ ਨੂੰ ਸੁਲ੍ਹਾ-ਸਫ਼ਾਈ ਨਾਲ ਕਿਲਾ ਸਿੱਖ ਫ਼ੌਜਾ ਦੇ ਹਵਾਲੇ ਕਰਨ ਲਈ ਕਿਹਾ ਗਿਆ ਪਰੰਤੂ ਨਵਾਬ ਟੱਸ ਤੋਂ ਮੱਸ ਨਾ ਹੋਇਆ। ਅਖੀਰ ਨੂੰ ਯੁੱਧ ਸ਼ੁਰੂ ਹੋਇਆ। ਘਮਸਾਣ ਦੀ ਲੜਾਈ ਹੋਈ। ਅਖ਼ੀਰ 2 ਜੂਨ, 1818 ਨੂੰ ਸਿੱਖ ਫ਼ੌਜਾਂ ਨੇ ਮੁਲਤਾਨ ਉੱਤੇ ਜਿੱਤ ਪ੍ਰਾਪਤ ਕੀਤੀ। ਇਨ੍ਹਾਂ ਜਿੱਤਾਂ ਤੋਂ ਮਗਰੋਂ ਇਸ ਨੂੰ 'ਜ਼ਫ਼ਰਜੰਗ ਬਹਾਦਰਾਂ, ਦੇ ਖ਼ਿਤਾਬ ਨਾਲ ਸਨਮਾਨਿਆ ਗਿਆ ਅਤੇ ਇਕ ਜਾਗੀਰ ਅਤੇ ਕੀਮਤੀ ਸਿਰੋਪਾ ਭੇਟ ਕੀਤਾ।

ਪਿਸ਼ਾਵਰ ਤੇ ਜਿੱਤ (20 ਨਵੰਬਰ, 1818) ਪ੍ਰਾਪਤ ਕਰਨ ਮਗਰੋਂ ਜਦੋਂ ਮਹਾਰਾਜਾ ਰਣਜੀਤ ਸਿੰਘ ਵਾਪਸ ਆਏ ਤਾਂ ਦੋਸਤ ਮੁਹੰਮਦ ਖ਼ਾਨ ਨੇ ਯੂਸਫ਼ਜ਼ਈਆ ਦੀ ਮਦਦ ਨਾਲ ਹੱਲਾ ਬੋਲ ਦਿੱਤਾ ਅਤੇ ਪਿਸ਼ਾਵਰ ਉੱਤੇ ਕਬਜ਼ਾ ਕਰ ਲਿਆ। ਮਹਾਰਾਜੇ ਨੂੰ ਇਸ ਹਮਲੇ ਬਾਰੇ ਰਸਤੇ ਵਿਚ ਹੀ ਪਤਾ ਲੱਗ ਗਿਆ ਤਾਂ ਉਸ ਨੇ ਸ਼ਹਿਜ਼ਾਦਾ ਖੜਕ ਸਿੰਘ ਦੇ ਅਧੀਨ ਸਰਦਾਰ ਹਰੀ ਸਿੰਘ ਨਲੂਆ,ਸਰਦਾਰ ਦਲਸਿੰਘ ਤੇ ਮਿਸਰ ਦੀਵਾਨ ਚੰਦ ਨੂੰ ਕਾਫ਼ੀ ਲਾਓ ਲਸ਼ਕਰ ਦੇ ਕੇ ਭੇਜਿਆ ਪਰ ਸਰਦਾਰ ਦੋਸਤ ਮੁਹੰਮਦ ਖਾਨ ਨੇ ਆਪਣੇ ਵਕੀਲਾਂ ਰਾਹੀਂ 50,000 ਰੁਪਏ ਨਜ਼ਰਾਨਾ ਤੇ ਹੋਰ ਤੋਹਫੇ ਦੇ ਕੇ ਜੰਗ ਦੀ ਨੌਬਤ ਹੀ ਨਾ ਆਉਣ ਦਿੱਤੀ ਅਤੇ ਸਿੱਖ ਫ਼ੌਜਾਂ ਦੀ ਅਧੀਨਗੀ ਮੰਨ ਲਈ।

ਸੰਨ 1919 ਵਿਚ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਤਮਾਮ ਨਾਮੀ ਗਰਾਮੀ ਜੰਗੀ ਜਰਨੈਲ ਬੁਲਾਏ ਜਿਨ੍ਹਾਂ ਵਿਚ ਸਰਦਾਰ ਹਰੀ ਸਿੰਘ ਨਲੂਆ,ਫਤਿਹ ਸਿੰਘ ਆਹਲੂਵਾਲੀਆ, ਮਿਸਰ ਦੀਵਾਨ ਚੰਦ ਆਦਿ ਸ਼ਾਮਲ ਸਨ ਉਨ੍ਹਾਂ ਨਾਲ ਕਸ਼ਮੀਰ ਦੇ ਹਮਲੇ ਬਾਰੇ ਮਸ਼ਵਰਾ ਕੀਤਾ। ਸਾਰੀ ਫ਼ੌਜ ਨੂੰ ਤਿੰਨ ਹਿੱਸਿਆ ਵਿਚ ਵੰਡਿਆ ਗਿਆ ਇਕ ਫ਼ੌਜੀ ਦਸਤੇ ਦੀ ਕਮਾਂਡ ਮਹਾਰਾਜਾ ਰਣਜੀਤ ਸਿੰਘ ਕੋਲ ਸੀ ਜਿਹੜਾ ਅੱਗੇ ਲੰਘ ਚੁੱਕੇ ਫ਼ੌਜੀ ਦਸਤਿਆਂ ਨੂੰ ਰਾਸ਼ਨ ਅਤੇ ਜੰਗੀ ਸਮਾਨ ਪਹੁੰਚਾਉਣ ਵਿਚ ਮਦਦ ਕਰਦਾ ਸੀ। ਇਕ-ਇਕ ਦਸਤਾ ਮਿਸਰ ਦੀਵਾਨ ਚੰਦ ਅਤੇ ਮਹਾਰਾਜਾ ਖੜਕ ਸਿੰਘ ਕੋਲ ਸੀ। ਇਨ੍ਹਾਂ ਦੋਵਾਂ ਫ਼ੌਜੀ ਦਸਤਿਆਂ ਨੇ ਇਕੱਠਿਆਂ ਹੀ ਰਜੌਰੀ ਵੱਲ ਕੂਚ ਕੀਤਾ। ਇਸ ਤੋਂ ਮਗਰੋਂ ਇਹ ਦੋਵੇਂ ਫ਼ੌਜੀ ਦਸਤੇ ਅੱਡ ਹੋ ਗਏ ਅਤੇ ਇਨ੍ਹਾਂ ਫ਼ੌਜਾਂ ਨੇ 3 ਜੁਲਾਈ, 1819 ਨੂੰ ਸਪੇਨ ਨੂੰ ਘੇਰ ਲਿਆ ਜਿੱਥੇ ਇਨ੍ਹਾਂ ਦਾ ਅਫ਼ਗਾਨ ਫ਼ੌਜਾਂ ਨਾਲ ਮੁਕਾਬਲਾ ਹੋਇਆ। ਅਗਲੇ ਦਿਨ ਮਹਾਰਾਜਾ ਖੜਕ ਸਿੰਘ ਅਤੇ ਦੀਵਾਨ ਚੰਦ ਮਿਸਰ ਸ੍ਰੀ ਨਗਰ ਅੰਦਰ ਦਾਖਲ ਹੋਏ ਤਾਂ ਇਨ੍ਹਾਂ ਜੇਤੂਆਂ ਦੀ ਬਹੁਤ ਸ਼ਲਾਘਾ ਹੋਈ। ਮਹਾਰਾਜਾ ਖੜਕ ਸਿੰਘ ਨੇ ਲੁੱਟਮਾਰ ਕਰਨ ਅਤੇ ਲੋਕਾਂ ਨੂੰ ਤੰਗ ਕਰਨ ਵਿਰੁੱਧ ਸਖ਼ਤ ਫ਼ਰਮਾਨ ਜਾਰੀ ਕਰ ਦਿੱਤਾ। ਇਸ ਜਿੱਤ ਤੋਂ ਮਗਰੋਂ ਇਸ ਨੂੰ 'ਫਤਿਹ-ਓ-ਨੁਸਰਤ ਨਸੀਬ' ਦਾ ਖਿਤਾਬ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ 50,000 ਰੁਪਏ ਦੀ ਜਾਗੀਰ ਅਤੇ ਖਿਲਅੱਤ (ਸਿਰੋਪਾ) ਭੇਟ ਕੀਤਾ। ਇਸ ਤੋਂ ਮਗਰੋਂ ਇਸ ਨੂੰ ਕਸ਼ਮੀਰ ਦਾ ਸੂਬੇਦਾਰ ਨਿਯੁਕਤ ਕਰ ਦਿੱਤਾ। ਕਸ਼ਮੀਰ ਦੀ ਮੁਹਿੰਮ ਤੋਂ ਫ਼ਾਰਿਗ ਹੋ ਕੇ ਮਹਾਰਾਜਾ ਸਾਹਿਬ ਥੋੜ੍ਹਾ ਜਿਹਾ ਲਾਓ ਲਸ਼ਕਰ ਲੈ ਕੇ ਜਿਸ ਵਿਚ ਸ਼ਾਮ ਸਿੰਘ ਅਟਾਰੀ ਤੇ ਮਿਸਰ ਦੀਵਾਨ ਚੰਦ ਸ਼ਾਮਲ ਸਨ, ਮੁਲਤਾਨ ਵੱਲ ਚਲੇ ਗਏ।

ਅਕਤੂਬਰ, 1821 ਨੂੰ ਜਦੋਂ ਜਿਹਲਮ ਦਰਿਆ ਪਾਰ ਮਹਾਰਾਜਾ ਸਾਹਿਬ ਖ਼ੁਸ਼ਹਾਬ 'ਚ ਦਾਖ਼ਲ ਹੋਏ ਤਾਂ ਟਿਵਾਣਾ ਸਰਦਾਰ ਅਹਿਮਦਯਾਰ ਵੀ ਉਨ੍ਹਾਂ ਦੇ ਨਾਲ ਆ ਰਲਿਆ। ਭੱਕਰ ਦਾ ਕਿਲਾ ਬਿਨਾਂ ਕਿਸੇ ਮੁਕਾਬਲੇ ਦੇ ਮਹਾਰਾਜਾ ਰਣਜੀਤ ਸਿੰਘ ਦੇ ਅਧੀਨ ਹੋ ਗਿਆ। ਮਹਾਰਾਜਾ ਸਾਹਿਬ ਭੱਕਰ ਦੇ ਕਿਲੇ ਵਿਚ ਹੀ ਠਹਿਰ ਗਏ ਅਤੇ ਉਥੋਂ ਹੀ ਉਨ੍ਹਾਂ ਨੇ ਦੋ ਪਾਸਿਆਂ ਵੱਲ ਆਪਣੀਆਂ ਫ਼ੌਜਾਂ ਭੇਜ ਦਿਤੀਆਂ। ਇਕ ਫ਼ੌਜ ਜਿਸ ਵਿਚ ਦਲ ਸਿੰਘ ਭਰਾਨੀਆਂ ਅਤੇ ਜਮਾਂਦਾਰ ਖ਼ੁਸ਼ਹਾਲ ਸਿੰਘ ਦੀ ਕਮਾਂਡ ਹੇਠ 15,000 ਸਿਪਾਹੀ ਸ਼ਾਮਲ ਸਨ, ਨੇ ਡੇਰਾ ਇਸਮਾਈਲ ਖ਼ਾਂ ਉੱਤੇ ਕਬਜ਼ਾ ਕਰ ਲਿਆ। ਮਿਸਰ ਦੀਵਾਨ ਚੰਦ ਦੀ ਅਗਵਾਈ ਵਾਲੀ ਦੂਜੀ ਫ਼ੌਜ ਨੇ ਲਿਆਹ ਅਤੇ ਖਾਨਗੜ੍ਹ ਉੱਤੇ ਕਬਜ਼ਾ ਕਰ ਲਿਆ ਅਤੇ ਫਿਰ ਤਿੰਨੋ ਫੌਜਾਂ ਨੇ ਇੱਕਠੇ ਹੋ ਕੇ ਮਨਕੇਰਾ ਵੱਲ ਕੂਚ ਕਰ ਦਿੱਤਾ। ਪੰਦਰਾਂ ਦਿਨਾਂ ਦੀ ਘੇਰਾਬੰਦੀ ਤੋਂ ਬਾਅਦ ਨਵਾਬ ਨੇ ਇਕ ਜਾਗੀਰ ਅਤੇ ਡੇਰਾ ਇਸਰਾਈਲ ਖ਼ਾਂ ਵਿਚ ਰਹਿਣ ਲਈ ਥਾਂ ਦੀ ਪੇਸ਼ਕਸ਼ ਪ੍ਰਵਾਨ ਕਰ ਲਈ ਅਤੇ ਸੁਰੱਖਿਅਤ ਅਸਲੇਖਾਨੇ ਸਮੇਤ ਕਿਲਾ ਮਹਾਰਾਜੇ ਦੇ ਹਵਾਲੇ ਕਰ ਦਿੱਤਾ। ਇਸ ਤਰ੍ਹਾਂ ਮਨਕੇਰਾ ਦੇ ਪਤਨ ਦੇ ਨਾਲ ਦਰਿਆ ਜਿਹਲਮ ਅਤੇ ਦਰਿਆ ਸਿੰਧ ਅਤੇ ਸਿੰਧ ਸਾਗਰ ਵਿਚਕਾਰ ਪੈਂਦਾ ਵਿਸ਼ਾਲ ਇਲਾਕਾ ਪੰਜਾਬ ਵਿਚ ਸ਼ਾਮਲ ਕਰ ਲਿਆ।

ਪੱਖਲੀ ਅਤੇ ਧਮਤੋੜ ਵਿਚ ਸਿੱਖ ਰਾਜ ਦੇ ਵਿਰੁੱਧ ਫੇਰ ਬਗਾਵਤ ਉਠ ਖੜੀ ਹੋਈ। ਇਸ ਬਗਾਵਤ ਦਾ ਮੋਢੀ ਸਰਦਾਰ ਪਾਇੰਦਾ ਖਾਂ ਅਫ਼ਗਾਨ ਸੀ। ਮਹਾਰਾਜਾ ਰਣਜੀਤ ਸਿੰਘ ਨੇ ਇਸ ਬਗਾਵਤ ਨੂੰ ਦਬਾਉਣ ਲਈ ਮਿਸਰ ਦੀਵਾਨ ਚੰਦ ਨੂੰ 7,000 ਸਿਪਾਹੀ ਦੇ ਕੇ ਬੜੇ ਉਤਸ਼ਾਹ ਨਾਲ ਭੇਜਿਆ। ਭਾਵੇਂ ਇਹ ਬਾ-ਰਸੂਖ ਤੇ ਜੋਧਾ ਜਰਨੈਲ ਸੀ ਪਰ ਉਸ ਦੇ ਸੁਭਾਅ ਵਿਚ ਸਰਦਾਰ ਹਰੀ ਸਿੰਘ ਨਲਵੇ ਵਰਗੀ ਵੀਰਤਾ ਤੇ ਜੰਗੀ ਕੁਸ਼ਲਤਾ ਨਹੀਂ ਸੀ ਜਿਸ ਕਰਕੇ ਇਹ ਪੱਖਲੀ ਤੇ ਧਮਤੋੜ ਦੇ ਇਲਾਕੇ ਵਿਚੋਂ ਨਿਰਾਸ਼ ਹੋ ਕੇ ਮੁੜ ਆਇਆ। ਇਹ ਪਤਾ ਲੱਗਣ ਤੇ ਮਹਾਰਾਜਾ ਰਣਜੀਤ ਸਿੰਘ ਇਸ ਉੱਤੇ ਬਹੁਤ ਨਾਰਾਜ਼ ਹੋਏ।

ਸੰਨ 1824 ਵਿਚ ਸਰਦਾਰ ਅਜ਼ੀਮ ਖਾਨ ਬਾਰਕਜ਼ਈ ਨੇ ਪਿਸ਼ਾਵਰ ਉੱਤੇ ਚੜ੍ਹਾਈ ਕੀਤੀ ਜਦੋਂ ਉਸ ਦੀਆਂ ਫ਼ੌਜਾਂ ਪਿਸ਼ਾਵਰ ਦੇ ਨੇੜੇ ਢੁੱਕੀਆਂ ਤਾਂ ਸਰਦਾਰ ਯਾਰ ਮੁਹੰਮਦ ਖ਼ਾਨ ਪਿਸ਼ਾਵਰ ਛੱਡ ਕੇ ਯੂਸਫਜ਼ਈ ਦੀਆਂ ਪਹਾੜੀਆਂ ਵਿਚ ਜਾ ਲੁਕਿਆ। ਅਜ਼ੀਮ ਖਾਨ ਦੀ ਚੜ੍ਹਾਈ ਦਾ ਪਤਾ ਲੱਗਣ ਤੇ ਮਹਾਰਾਜੇ ਨੇ ਇਕ ਫ਼ੌਜੀ ਦਸਤਾ ਕੰਵਰ ਸ਼ੇਰ ਸਿੰਘ ਦੀ ਅਗਵਾਈ ਵਿਚ ਤੇ ਦੂਜਾ ਫ਼ੌਜੀ ਦਸਤਾ ਸਰਦਾਰ ਹਰੀ ਸਿੰਘ ਨਲੂਆ, ਸਰਦਾਰ ਅਤਰ ਸਿੰਘ ਤੇ ਬੁੱਧ ਸਿੰਘ ਸੰਧਾਵਾਲੀਆ ਆਦਿ ਦੀ ਅਗਵਾਈ ਵਿਚ ਭੇਜਿਆ। ਤੀਜਾ ਫ਼ੌਜੀ ਦਸਤਾ ਜਿਸ ਵਿਚ ਮਿਸਰ ਦੀਵਾਨ ਚੰਦ ਸ਼ਾਮਲ ਸੀ, ਮਹਾਰਾਜਾ ਸਾਹਿਬ ਦੀ ਨਿੱਜੀ ਅਗਵਾਈ ਵਿਚ ਬੜੀ ਤੇਜ਼ੀ ਨਾਲ ਅੱਗੇ

ਵਧਿਆ। ਕੰਵਰ ਸ਼ੇਰ ਸਿੰਘ ਦੀ ਅਗਵਾਈ ਹੇਠਲੀਆਂ ਫ਼ੌਜਾਂ ਨੇ ਅਟਕ ਦਰਿਆ ਪਾਰ ਕਰਕੇ ਕਿਲਾ ਜਹਾਂਗੀਰਾਂ ਉੱਤੇ ਕਬਜ਼ਾ ਕਰ ਲਿਆ।

ਸਰਦਾਰ ਮੁਹੰਮਦ ਅਜ਼ੀਮ ਖਾਨ ਜੋ ਇਸ ਸਮੇਂ ਪਿਸ਼ਾਵਰ ਵਿਚ ਹੀ ਸੀ ਆਪਣੇ ਭਰਾ ਦੋਸਤ ਮੁਹੰਮਦ ਖਾਨ, ਜੱਬਰ ਖਾਨ ਆਦਿ ਬਰਕਜ਼ਈ ਸਰਦਾਰਾਂ ਸਮੇਤ ਅੱਗੇ ਵਧਿਆ ਤੇ ਸਿੱਖਾਂ ਦਾ ਅੱਗਾ ਰੋਕਣ ਲਈ ਨੁਸ਼ਹਿਰੇ ਜਾ ਪੁੱਜਾ। ਇਧਰੋਂ ਮਹਾਰਾਜਾ ਰਣਜੀਤ ਸਿੰਘ ਵੀ 15,000 ਸਵਾਰ ਤੇ ਫਰਾਂਸੀਸੀ ਜਰਨੈਲ ਅਲਾਰਡ, ਵੈਨਤੂਰਾ ਆਦਿ ਦੀਆਂ ਪਲਟਨਾਂ ਲੈ ਕੇ ਦਰਿਆ ਅਟਕ ਲੰਘਿਆ। ਦੋਵਾਂ ਫ਼ੌਜਾਂ ਵਿਚ ਘਮਸਾਨ ਦਾ ਯੁੱਧ ਹੋਇਆ ਪਰੰਤੂ ਇਸ ਮੈਦਾਨੇ ਜੰਗ ਵਿੱਚੋਂ ਸਿੱਖ ਫ਼ੌਜਾਂ ਜੇਤੂ ਤਾਂ ਹੋ ਨਿਕਲੀਆਂ ਪਰ ਅਕਾਲੀ ਫੂਲਾ ਸਿੰਘ, ਸਰਦਾਰ ਗਰਭਾ ਸਿੰਘ ਮਿਨਹਾਸ, ਸਰਦਾਰ ਕਰਮ ਸਿੰਘ ਚਾਹਲ ਅਤੇ ਬਲਭਕ ਗੋਰਖਾ ਨਾਮੀ ਜਰਨੈਲ ਮਾਰੇ ਗਏ।

ਮੁਲਤਾਨ, ਕਸ਼ਮੀਰ ਅਤੇ ਪਿਸ਼ਵਾਰ ਦੀਆਂ ਮੁਹਿੰਮਾਂ ਕਾਰਨ ਇਸ ਦੀ ਸਿਹਤ ਵੀ ਕਮਜ਼ੋਰ ਹੋ ਗਈ। 18 ਜੁਲਾਈ, 1825 ਨੂੰ ਇਸ ਨੇ ਜ਼ਹਿਰ ਖਾ ਕੇ ਆਤਮਹੱਤਿਆ ਕਰ ਲਈ।

ਹ. ਪੁ.—ਹੁ. ਜ. ਹੁ.; ਹਿ.ਪੰ. — ਖੁਸ਼ਵੰਤ ਸਿੰਘ; ਹਿ.ਸਿ-ਖੁਸ਼ਵੰਤ ਸਿੰਘ; ਰ.ਸਿੰ.—ਸਰ ਲੈਪਲ ਗ੍ਰਿਫਨ; ਤਵਾ. ਗੁ. ਖਾ. -ਭਾਗ ਦੂਜਾ-ਰ. ਸਿੰ.

ਦੀਵਾਨਾ, ਮੋਹਨ ਸਿੰਘ ਡਾ. : ਪੰਜਾਬੀ ਦੇ ਇਸ ਲੇਖਕ ਤੇ ਆਲੋਚਕ ਦਾ ਜਨਮ 1899 ਈ. ਵਿਚ ਪਿੰਡ ਦੇਵੀ, ਜ਼ਿਲ੍ਹਾ ਰਾਵਲਪਿੰਡੀ (ਪਾਕਿਸਤਾਨ) ਵਿਚ ਮੁਨਸ਼ੀ ਸ਼ੇਰ ਸਿੰਘ ਦੇ ਘਰ ਹੋਇਆ। ਇਸ ਨੇ ਹਾਈ ਸਕੂਲ, ਸਿਆਲਕੋਟ ਤੋਂ ਮੈਟ੍ਰਿਕ ਦੀ ਪ੍ਰੀਖਿਆ ਪਾਸ ਕੀਤੀ। ਸੰਨ 1918 ਵਿਚ ਬੀ. ਏ. ਕਰਨ ਉਪਰੰਤ ਇਹ ਲਾਹੌਰ ਦੇ ਅਰਧ-ਮਾਸਕ ਪੱਤਰ 'ਦੀ ਮੈਸੇਜ ਆਫ਼ ਹਿੰਦੂਇਜ਼ਮ' ਦਾ ਸੰਪਾਦਕ ਬਣ ਗਿਆ ਅਤੇ ਇਸ ਦੇ ਨਾਲ ਹੀ ਖ਼ਾਲਸਾ ਐਡਵੋਕੇਟ' ਅਤੇ 'ਡੇਲੀ ਗਜ਼ਟ' ਕਰਾਚੀ ਦਾ ਵੀ ਸੰਪਾਦਨ ਕਰਦਾ ਰਿਹਾ। ਸੰਨ 1924 ਵਿਚ ਇਸ ਨੇ ਕਲਕੱਤਾ ਯੂਨੀਵਰਸਿਟੀ ਤੋਂ ਐਮ. ਏ. ਅੰਗਰੇਜ਼ੀ ਦੀ ਪ੍ਰੀਖਿਆ ਵੀ ਪਾਸ ਕੀਤੀ।

ਸੰਨ 1928 ਵਿਚ ਇਹ ਪੰਜਾਬ ਯੂਨੀਵਰਸਿਟੀ ਦੇ ਓਰੀ-ਐਂਟਲ ਕਾਲਜ ਵਿਚ ਅੰਗਰੇਜ਼ੀ ਤੇ ਪੰਜਾਬੀ ਦਾ ਪ੍ਰੋਫ਼ੈਸਰ ਲੱਗ ਗਿਆ ਅਤੇ 1931 ਈ. ਵਿਚ ਇਸ ਨੇ ਆਧੁਨਿਕ ਉਰਦੂ ਕਵਿਤਾ ਦੇ ਵਿਸ਼ੇ ਉੱਤੇ ਥੀਸਿਜ਼ ਲਿਖ ਕੇ ਕਲਕੱਤਾ ਯੂਨੀਵਰਸਿਟੀ ਤੋਂ ਪੀ. ਐਚ. ਡੀ. ਦੀ ਡਿਗਰੀ ਪ੍ਰਾਪਤ ਕੀਤੀ। ਸੰਨ 1933 ਵਿਚ 'ਪੰਜਾਬੀ ਸਾਹਿਤ ਦਾ ਇਤਿਹਾਸ' ਲਿਖਣ ਤੇ ਪੰਜਾਬ ਯੂਨੀਵਰਸਿਟੀ ਨੇ ਇਸ ਨੂੰ ਡੀ. ਲਿਟ. ਦੀ ਡਿਗਰੀ ਦਿੱਤੀ। ਸੰਨ 1959 ਵਿਚ ਡਾ. ਦੀਵਾਨਾ ਪੰਜਾਬ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਤੋਂ ਮੁਖੀ ਦੇ ਰੂਪ ਵਿਚ ਰੀਟਾਇਰ ਹੋਏ।

ਡਾ. ਦੀਵਾਨ ਦੀਆਂ ਰਚਨਾਵਾਂ ਇਸ ਪ੍ਰਕਾਰ ਹਨ-

ਕਵਿਤਾ : 'ਧੁੱਪ ਛਾਂ', 'ਨੀਲ ਧਾਰਾ', 'ਜਗਤ ਤਮਾਸ਼ਾ', 'ਪਤਝੜ', 'ਮਸਤੀ', 'ਸੋਮ ਰਸ', 'ਨਿਰੰਕਾਰੀ ਸਾਖੀਆਂ'।

ਕਹਾਣੀਆਂ : ਦੇਵਿੰਦਰ ਬਤੀਸੀ, ਰੰਗ ਤਮਾਸ਼ੇ, ਪਰਾਂਦੀ

ਇਕਾਂਗੀ : ਪੰਖੜੀਆਂ

ਖੋਜ ਤੇ ਆਲੋਚਨਾ : 'ਏ ਹਿਸਟਰੀ ਆੱਫ਼ ਪੰਜਾਬੀ ਲਿਟਰੇਚਰ ਐਨ ਇੰਨਟਰੋਡਕਸ਼ਨ ਟੂ ਪੰਜਾਬੀ ਲਿਟਰੇਚਰ', 'ਗੋਰਖ ਨਾਥ ਐਂਡ ਮੈਡੀਕਲ ਮਿਸਟਿਸਿਜ਼ਮ', 'ਕਬੀਰ ਐਂਡ ਭਗਤੀ ਮੂਵਮੈਂਟ', 'ਪੰਜਾਬੀ ਅਦਬ ਦੀ ਮੁਖ਼ਤਸਰ ਤਾਰੀਖ', 'ਜਪ ਭਾਖਾ ਤੇ ਛੰਦਾ ਬੰਦੀ', 'ਗੁਰਮਤਿ ਗਿਆਨ ਤੇ ਭਾਸ਼ਾ ਵਿਗਿਆਨ', 'ਸੂਫ਼ੀਆਂ ਦਾ ਕਲਾਮ', 'ਹੀਰ ਵਾਰਸ਼ ਸ਼ਾਹ' (ਉਰਦੂ), 'ਕਾਫ਼ੀਆਂ ਸ਼ਾਹ ਹੁਸੈਨ'; 'ਕਾਫ਼ੀਆਂ ਬੁਲ੍ਹੇ ਸ਼ਾਹ', 'ਆਧੁਨਿਕ ਪੰਜਾਬੀ ਕਵਿਤਾ', ਜਤਿੰਦਰ ਸਾਹਿਤ ਸਰੋਵਰ 'ਗੋਬਿੰਦ ਗੀਤਾ' ਆਦਿ।

ਡਾ. ਮੋਹਨ ਸਿੰਘ ਦੀਵਾਨਾ ਦੀ ਸਾਹਿਤ ਪ੍ਰਤੀ ਸੇਵਾ ਨੂੰ ਮੁੱਖ ਰੱਖਦਿਆਂ ਮਹਿਕਮਾ ਪੰਜਾਬੀ ਵੱਲੋਂ ਡਾ. ਦੀਵਾਨਾ ਨੂੰ ਸਨਮਾਨਿਤ ਕੀਤਾ ਗਿਆ।

3 ਮਈ, 1980 ਨੂੰ ਡਾ. ਦੀਵਾਨਾ ਦੀ ਮੌਤ ਹੋ ਗਈ।

ਹ.ਪੁ. — ਜਨ. ਸਾ.-ਭਾ. ਵਿ. ਪੰ. ; ਪੰ. ਦੁ.-ਮਾਰਚ-ਅਪ੍ਰੈਲ-ਮਈ 1975; ਪੰ. ਸਾ. ਇ.— ਭਾ. ਵਿ. ਪੰ.

ਦੀਵਾਨੇ-ਆਮ : ਦੀਵਾਨੇ ਆਮ ਉਸ ਹਾਲ ਕਮਰੇ ਨੂੰ ਕਹਿੰਦੇ ਹਨ ਜਿਸ ਵਿਚ ਮੁਗਲ ਬਾਦਸ਼ਾਹ ਆਪਣਾ ਰੋਜ਼ਾਨਾ ਦਰਬਾਰ ਲਗਾਉਂਦੇ ਸਨ ਅਤੇ ਜਿਸ ਵਿਚ ਆਮ ਅਫ਼ਸਰਾਂ ਨੂੰ ਆਉਣ ਦੀ ਆਗਿਆ ਹੁੰਦੀ ਸੀ। ਇਸ ਨੂੰ ਅਜਕੱਲ੍ਹ ਦੀ ਸ਼ਬਦਾਵਲੀ ਵਿਚ ਦੀਵਾਨੇ ਆਮ ਅਤੇ ਮੁਗਲਾਂ ਦੀ ਸ਼ਬਦਾਵਲੀ ਵਿਚ 'ਦੀਵਾਨੇ-ਆਮੋ- ਖ਼ਾਸਾਂ' ਕਿਹਾ ਜਾਂਦਾ ਸੀ। ਅਜਿਹੇ ਹਾਲ ਮੁਗਲ ਬਾਦਸ਼ਾਹਾਂ ਨੇ ਆਪਣੇ ਕਿਲਿਆਂ ਵਿਚ ਬਣਵਾਏ ਹੋਏ ਸਨ ਅਤੇ ਇਨਾਂ ਦਾ ਰਿਵਾਜ ਬਹੁਤਾ ਕਰਕੇ ਬਾਦਸ਼ਾਹ ਅਕਬਰ ਦੇ ਸਮੇਂ ਤੋਂ ਜ਼ਿਆਦਾ ਮਿਲਦਾ ਹੈ। ਅਕਬਰ ਨੇ ਅਜਿਹੇ ਹਾਲ ਆਗਰਾ ਅਤੇ ਲਾਹੌਰ ਵਿਚ ਬਣਵਾਏ ਸਨ। ਇਸ ਤੋਂ ਬਾਅਦ ਮੁਗਲ ਸਮਰਾਟ ਸ਼ਾਹਜਹਾਨ ਨੇ ਆਗਰੇ ਤੇ ਲਾਹੌਰ ਦੀਆਂ ਦੀਵਾਨੇ ਆਮ ਦੀਆਂ ਇਮਾਰਤਾਂ ਨੂੰ ਤੋੜ ਕੇ ਨਵੀਆਂ ਇਮਾਰਤਾਂ ਬਣਵਾਈਆਂ ਅਤੇ ਜਦੋਂ ਦਿੱਲੀ ਨੂੰ ਰਾਜਧਾਨੀ ਬਣਾਇਆ ਗਿਆ ਤਾਂ ਇਸੇ ਕੰਮ ਲਈ ਲਾਲ ਪੱਥਰ ਦਾ ਇਕ ਨਵਾਂ ਹਾਲ ਤਿਆਰ ਕਰਵਾਇਆ ਜੋ ਅੱਜ ਵੀ ਵਰਤੋਂ ਵਿਚ ਹੈ। ਮੁਗਲ ਬਾਦਸ਼ਾਹ ਰਾਜਧਾਨੀਆਂ ਵਿਚ ਦੀਵਾਨੇ-ਆਮ ਵਿਚ ਅਜਿਹੇ ਦਰਬਾਰ ਲਗਾਉਂਦੇ ਸਨ ਅਤੇ ਲੜਾਈ ਦੇ ਮੈਦਾਨ ਵਿਚ ਅਜਿਹੇ ਦਰਬਾਰ ਬਾਰਗਾਹ (ਵੱਡਾ ਤੰਬੂ) ਵਿਚ ਲਗਾਉਂਦੇ ਸਨ।

ਦੀਵਾਨੇ-ਆਮ ਦੇ ਕਾਇਦੇ ਕਾਨੂੰਨ ਦੀ ਨਿਗਰਾਨੀ ਬਖਸ਼ੀ ਦੇ ਸਪੁਰਦ ਹੁੰਦੀ ਸੀ। ਅਦਬ ਦਾ ਖਾਸ ਧਿਆਨ ਰੱਖਿਆ ਜਾਂਦਾ ਸੀ। ਦਰਬਾਰ ਵਿਚ ਹਰ ਇਕ ਵਿਅਕਤੀ ਨੂੰ ਉਸ ਦੇ ਅਹੁੱਦੇ ਅਤੇ ਮਨਸਬ ਮੁਤਾਬਕ ਬਿਠਾਇਆ ਜਾਂਦਾ ਸੀ। ਬਾਦਸ਼ਾਹ ਦੇ ਤਖ਼ਤ ਤੋਂ ਚਾਰ ਗਜ਼ ਦੀ ਦੂਜੀ ਤੇ ਸ਼ਹਿਜ਼ਾਦੇ ਖੜ੍ਹੇ ਹੁੰਦੇ ਸਨ। ਚਾਰ ਗਜ਼ ਤੋਂ 15 ਗਜ਼ ਵਿਚਕਾਰ ਬਜ਼ੁਰਗ ਅਮੀਰ ਅਤੇ 18 ਗਜ਼ ਤੋਂ ਲੈ ਕੇ ਅਖ਼ੀਰ ਤਕ ਦੂਸਰੇ ਅਹੁੱਦੇਦਾਰਾਂ ਅਤੇ ਅਮੀਰਾਂ ਦੀ ਥਾਂ ਹੁੰਦੀ ਸੀ । ਇਹ ਲੋਕ ਸਭ ਬਾਦਸ਼ਾਹ ਦੇ ਸੱਜੇ ਪਾਸੇ ਖੜ੍ਹੇ ਹੁੰਦੇ। ਇਨ੍ਹਾਂ ਵਿਚ ਹੀ ਹੋਰ ਦੇਸ਼ਾਂ ਤੋਂ ਆਏ ਹੋਏ ਰਾਜਦੂਤਾਂ ਦੀ ਵੀ ਜਗ੍ਹਾ ਮੁਕਰਰ ਹੁੰਦੀ ਸੀ। ਬਾਦਸ਼ਾਹ ਦੇ ਖੱਬੇ ਪਾਸੇ ਹੋਰ ਵਿਦਵਾਨ ਅਤੇ ਕੋਰਚੀ (ਸਰਦਾਰ ਡਿਉਢੀ) ਖੜ੍ਹੇ ਹੁੰਦੇ ਸਨ।

ਬਾਦਸ਼ਾਹ ਹਮਾਯੂੰ ਦੇ ਰਾਜ-ਕਾਲ ਵਿਚ ਚੁਣੇ ਹੋਏ ਹਥਿ-ਆਰਬੰਦ ਰੱਖਿਅਕ ਬਾਦਸ਼ਾਹ ਦੀ ਰੱਖਿਆ ਲਈ ਨਿਰੰਤਰ ਖੜ੍ਹੇ ਰਹਿੰਦੇ ਸਨ। ਸ਼ਾਹਜਹਾਨ ਦੇ ਸਮੇਂ ਇਹ ਕੰਮ ਹੱਟੇ-ਕੱਟੇ ਉਜ਼ਬੇਕ ਜਾਤੀ ਵਾਲਿਆਂ ਦੇ ਸਪੁਰੱਦ ਹੁੰਦਾ ਸੀ।

ਦੀਵਾਨੇ-ਆਮ ਵਿਚ ਜਾਣ ਲਈ ਆਗਿਆ ਪੱਤਰ ਦੀ ਲੋੜ ਪੈਂਦੀ ਸੀ। ਦਰਬਾਰ ਵਿਚ ਬੈਠਣ ਵਾਲੇ ਲੋਕ ਦਰਬਾਰ ਸ਼ੁਰੂ ਹੋਣ ਤੋ ਬਹੁਤ ਪਹਿਲਾਂ ਹੀ ਆ ਜਾਂਦੇ ਅਤੇ ਆਪਣੀ-ਆਪਣੀ ਜਗ੍ਹਾ ਤੇ ਖੜ੍ਹੇ ਹੋ ਜਾਂਦੇ ਸਨ। ਬਾਦਸ਼ਾਹ ਜਦੋਂ ਹੀ ਦਾਖ਼ਲ ਹੁੰਦਾ ਸੀ ਤਾਂ ਸਾਰੇ ਲੋਕ ਉਸ ਨੂੰ ਝੁੱਕ ਕੇ ਅਦਬ ਨਾਲ ਸਲਾਮ ਕਰਦੇ ਸਨ ਅਤੇ ਫਿਰ ਸਾਹਮਣੇ ਹੱਥ ਬੰਨ੍ਹ ਕੇ ਅੱਖਾਂ ਨੀਵੀਆਂ ਕਰਕੇ ਬੁੱਤ ਵਾਂਗ ਚੁੱਪ ਚਾਪ ਖੜ੍ਹੇ ਹੋ

ਜਾਂਦੇ ਸਨ। ਦਰਬਾਰ ਵਿਚ ਬੈਠਣ ਅਤੇ ਗੱਲ ਕਰਨ ਦੀ ਆਗਿਆ ਨਹੀਂ ਸੀ।

ਬਾਦਸ਼ਾਹ ਦੇ ਸਾਹਮਣੇ ਪੇਸ਼ ਹੋਣ ਵਾਲੇ ਨੂੰ ਦਰਬਾਰੀ ਸ਼ਿਸਟਾਚਾਰ ਦਾ ਪਾਲਣ ਕਰਨਾ ਪੈਂਦਾ ਸੀ। ਹਮਾਯੂੰ ਦੇ ਸਮੇਂ ਵਿਚ ਤਸਲੀਮ (ਸਲਾਮਤ) ਕੀਤੀ ਜਾਂਦੀ ਸੀ। ਜਦੋਂ ਕਿ ਅਕਬਰ ਦੇ ਸਮੇਂ ਵਿਚ ਕੋਰਨਿਸ਼ ਤਸਲੀਮਾਂ ਅਤੇ ਸਿਜ਼ਦਾ ਕਰਨਾ ਪੈਂਦਾ ਸੀ। ਸ਼ਾਹਜਹਾਨ ਦੇ ਸਮੇਂ ਵਿਚ ਕੇਵਲ ਚਾਰ-ਤਸਲੀਆਂ (ਚਾਰ ਵਾਰ ਤਸਲੀਮ) ਕਰਨਾ ਪੈਂਦਾ ਸੀ। ਬਦੇਸ਼ੀ ਰਾਜਪੂਤਾਂ ਨੂੰ ਕਦੇ ਕਦੇ ਉਨ੍ਹਾਂ ਦੇ ਆਪਣੇ ਦੇਸ਼ ਵਿਚ ਪ੍ਰਚਲਤ ਸ਼ਿਸ਼ਟਾਚਾਰ ਦਾ ਪਾਲਣ ਕਰਨ ਦੀ ਆਗਿਆ ਹੁੰਦੀ ਸੀ। ਬਾਦਸ਼ਾਹ ਦੇ ਦਰਬਾਰੇ-ਆਮ ਵਿਚ ਦਾਖਲ ਹੋਣ ਦੇ ਸਮੇਂ ਨਗਾਰਾ ਵਜਾਇਆ ਜਾਂਦਾ ਸੀ ਤਾਂ ਕਿ ਸਭ ਨੂੰ ਬਾਦਸ਼ਾਹ ਦੀ ਮੌਜੂਦਗੀ ਦਾ ਪਤਾ ਲੱਗ ਜਾਵੇ। ਬਾਦਸ਼ਾਹ ਦੀ ਮੌਜੂਦਗੀ ਵਿਚ ਕਿਸੇ ਨੂੰ ਵੀ ਦਰਬਾਰ ਤੋਂ ਬਾਹਰ ਜਾਣ ਦੀ ਆਗਿਆ ਨਹੀਂ ਸੀ ਮਿਲਦੀ। ਬਾਦਸ਼ਾਹ ਦੇ ਦਰਬਾਰ ਵਿਚੋਂ ਉਠ ਜਾਣ ਤੋਂ ਬਾਅਦ ਹੀ ਲੋਕ ਆਪਣੇ-ਆਪਣੇ ਪਦ ਅਤੇ ਮਨਸਬ ਅਨੁਸਾਰ ਬਾਹਰ ਨਿਕਲਦੇ ਸਨ।

ਦਰਬਾਰੇ-ਆਮ ਹਰ ਰੋਜ਼ ਲਗਦਾ ਸੀ। ਬੀਮਾਰੀ ਨੂੰ ਛੱਡ ਕੇ ਬਾਦਸ਼ਾਹ ਇਸ ਦਰਬਾਰ ਵਿਚ ਤਖ਼ਤ ਤੇ ਜਰੂਰ ਬੈਠਦਾ ਸੀ। ਮੁਗਲ ਇਤਿਹਾਸ ਵਿਚ ਬਹੁਤ ਘੱਟ ਅਜਿਹੀਆਂ ਮਿਸਾਲਾਂ ਮਿਲਦੀਆਂ ਹਨ। ਜਦੋਂ ਕਿ ਬਾਦਸ਼ਾਹ ਤਖ਼ਤ ਤੇ ਨਾ ਬੈਠਿਆ ਹੋਵੇ। ਸਿਰਫ਼ ਬਾਦਸ਼ਾਹ ਸ਼ਾਹਜਹਾਨ ਨੇ ਜਹਾਂਆਰਾ ਦੇ ਸੜ ਜਾਣ ਤੇ ਕੁਝ ਦਿਨਾਂ ਲਈ ਦਰਬਾਰੇ-ਆਮ ਮੁਲਤਵੀ ਕਰ ਦਿੱਤਾ ਸੀ।

ਹ. ਪੁ.-ਹਿੰ. ਵਿ. ਕੋ. 6 : 74

ਦੀਵਾਨੇ-ਖਾਸ : ਮੁਗਲ ਬਾਦਸ਼ਾਹ ਆਪਣੇ ਖਾਸ ਅਮੀਰਾਂ ਨਾਲ ਗੱਲਬਾਤ ਕਰਨ ਲਈ ਜਿਹੜਾ ਹਾਲ ਬਣਵਾਉਂਦੇ ਸਨ ਉਸ ਨੂੰ ਦੀਵਾਨੇ-ਖਾਸ ਕਿਹਾ ਜਾਂਦਾ ਸੀ। ਉਸ ਸਮੇਂ ਇਸ ਦਾ ਨਾਉਂ 'ਗੁਸਲਖਾਨਾ' ਜਾਂ 'ਖਿਲਵਤਖਾਨਾ' ਵੀ ਹੁੰਦਾ ਸੀ। ਦੀਵਾਨੇ-ਖਾਸ ਵਿਚ ਕੇਵਲ ਚੁਣੇ ਹੋਏ ਕੁਝ ਲੋਕਾਂ ਨੂੰ ਹੀ ਜਾਣ ਦੀ ਆਗਿਆ ਹੁੰਦੀ ਸੀ ਜਦੋਂ ਕਿ ਦੀਵਾਨੇ-ਆਮ ਵਿਚ ਹਰ ਤਰ੍ਹਾਂ ਦੇ ਸਰਕਾਰੀ ਨੌਕਰ ਜਾ ਸਕਦੇ ਸਨ। ਇਹ ਫ਼ਰਕ ਬਾਦਸ਼ਾਹ ਅਕਬਰ ਦੇ ਸਮੇਂ ਤੋਂ ਪਹਿਲਾਂ ਨਹੀਂ ਸੀ। ਅਕਬਰ ਨੇ ਦੀਵਾਨੇ-ਖਾਸ ਦੇ ਲਈ ਅਲਗ ਇਮਾਰਤ ਬਣਵਾਈ। ਇਸੇ ਮੰਤਵ ਲਈ ਇਕ ਇਮਾਰਤ ਫਤਹਿਪੁਰ ਸੀਕਰੀ ਵਿਚ ਵੀ ਬਣਵਾਈ ਜੋ ਚੌਰਸ ਅਤੇ ਬਾਹਰੋਂ ਦੇਖਣ ਤੋਂ ਇਸ ਦੀਆਂ ਦੋ ਮੰਜ਼ਲਾਂ ਵਿਖਾਈ ਦਿੰਦੀਆਂ ਸਨ ਪਰ ਅੰਦਰੋਂ ਇਕ ਹੀ ਮੰਜ਼ਲ ਸੀ। ਇਸ ਵਿਚ ਹੀ ਉਹ ਪ੍ਰਸਿੱਧ ਸਤੂਪ ਹੈ ਜਿਸ ਉੱਤੇ ਬਣੇ ਤਖ਼ਤ ਉੱਤੇ ਬਾਦਸ਼ਾਹ ਆ ਕੇ ਬੈਠਦਾ ਸੀ। ਇਹ ਸਤੂਪ ਆਪਣੀ ਬਣਾਵਟ ਵਿਚ ਬਹੁਤ ਅਦਭੁੱਤ ਹੈ ਅਤੇ ਇਸ ਦੀ ਨਿਰਮਾਣ ਕਲਾ ਦੀ ਮਿਸਾਲ ਭਾਰਤ ਵਿਚ ਹੋਰ ਕਿਧਰੇ ਨਹੀਂ ਮਿਲਦੀ। ਜਹਾਂਗੀਰ ਦੀਆਂ ਅਜਿਹੀਆਂ ਇਮਾਰਤਾਂ ਦਾ ਕੋਈ ਨਿਸ਼ਾਨ ਨਹੀਂ ਮਿਲਦਾ ਕਿਉਂਕਿ ਸ਼ਾਹਜਹਾਨ ਨੇ ਅਜਿਹੀਆਂ ਸਾਰੀਆਂ ਇਮਾਰਤਾਂ ਨੂੰ ਢੁਹਾ ਕੇ ਉਨ੍ਹਾਂ ਉੱਤੇ ਨਵੀਆਂ ਇਮਾਰਤਾਂ ਬਣਵਾ ਦਿੱਤੀਆਂ ਸਨ। ਸ਼ਾਹਜਹਾਨ ਦੇ ਬਣਵਾਏ ਹੋਏ ਅਜਿਹੇ ਹਾਲ (ਦੀਵਾਨੇ-ਖਾਸ) ਹੁਣ ਵੀ ਦਿੱਲੀ, ਆਗਰਾ ਅਤੇ ਲਾਹੌਰ (ਪਾਕਿਸਤਾਨ) ਦੇ ਕਿਲਿਆਂ ਵਿਚ ਵੇਖੇ ਜਾ ਸਕਦੇ ਹਨ। ਦਿੱਲੀ ਦੇ ਦੀਵਾਨੇ-ਖਾਸ ਦੀ ਇਮਾਰਤ ਇਨ੍ਹਾਂ ਵਿਚੋਂ ਸਭ ਤੋਂ ਬਾਅਦ ਦੀ ਬਣੀ ਹੋਈ ਹੈ। ਇਸ ਦੀਆਂ ਦੀਵਾਰਾਂ ਤੇ ਪਚੀਕਾਰੀ ਦੇ ਨਮੂਨੇ ਹੁਣ ਵੀ ਨਜ਼ਰ ਆਉਂਦੇ ਹਨ। ਇਨ੍ਹਾਂ ਵਿਚ ਜਿਹੜੇ ਸੋਨੇ ਦੇ ਪਤੱਰੇ ਲੱਗੇ ਹੋਏ ਸਨ ਉਨ੍ਹਾਂ ਨੂੰ ਹਮਲਾਵਰਾਂ ਨੇ ਪਿੰਘਲਾ ਕੇ ਕੱਢ ਲਿਆ ਹੈ।

ਦੀਵਾਨੇ-ਖਾਸ ਵਿਚ ਵੀ ਦੀਵਾਨੇ-ਆਮ ਵਾਂਗ ਖਾਸ ਆਦਾਬ ਵਰਤੇ ਜਾਂਦੇ ਸਨ। ਇਸ ਲਈ ਇਥੇ ਵੀ ਸ਼ਹਿਜ਼ਾਦੇ ਬਾਦਸ਼ਾਹ ਦੇ ਤਖ਼ਤ ਤੋਂ ਤਿੰਨ ਗਜ਼ ਦੀ ਦੂਰੀ ਤੇ ਹੀ ਖੜ੍ਹੇ ਹੁੰਦੇ ਸਨ ਅਤੇ ਹੋਰ ਅਮੀਰ ਸ਼ਾਹੀ ਤਖ਼ਤ ਤੋਂ 15 ਜਾਂ 20 ਗਜ਼ ਦੀ ਦੂਰੀ ਤੇ ਰਹਿੰਦੇ ਸਨ। ਆਮ ਤੌਰ ਤੇ ਦੀਵਾਨੇ- ਖਾਸ ਦੇ ਦਰਬਾਰ ਵਿਚ ਬੈਠਣ ਦੀ ਆਗਿਆ ਮਿਲ ਜਾਂਦੀ ਸੀ। ਦੀਵਾਨੇ-ਖਾਸ ਵਿਚ ਮਹਤੱਵਪੂਰਨ ਸਰਕਾਰੀ ਕੰਮ ਕੀਤੇ ਜਾਂਦੇ ਸਨ ਜਿਹੜੇ ਕਿ ਦੀਵਾਨੇ-ਆਮ ਵਿਚ ਨਹੀਂ ਹੋ ਸਕਦੇ ਸਨ। ਬਾਦਸ਼ਾਹ ਦਿਨ ਵਿਚ ਇਕ ਜਾਂ ਦੋ ਵਾਰ ਇਸ ਦਰਬਾਰ ਵਿਚ ਜ਼ਰੂਰ ਆਉਂਦਾ ਸੀ। ਕਦੇ-ਕਦੇ ਬਾਹਰ ਤੋਂ ਆਉਣ ਵਾਲੇ ਅਫ਼ਸਰਾਂ ਅਤੇ ਦੂਸਰੇ ਖਾਸ ਲੋਕਾਂ ਨੂੰ ਵੀ ਬਾਦਸ਼ਾਹ ਦੀਵਾਨੇ-ਖਾਸ ਵਿਚ ਹੀ ਬੁਲਾ ਲਿਆ ਕਰਦਾ ਸੀ।

ਹ. ਪੁ.-ਹਿੰ. ਵਿ. ਕੋ. 6 : 75

ਦੀਵਾਲੀ : ਇਹ ਹਿੰਦੂਆਂ ਅਤੇ ਸਿੱਖਾਂ ਦਾ ਬਹੁਤ ਹੀ ਪ੍ਰਸਿੱਧ ਤਿਉਹਾਰ ਹੈ ਜਿਹੜਾ ਕੱਤਕ ਦੇ ਮਹੀਨੇ ਦੀ ਮੱਸਿਆ ਦੀ ਰਾਤ ਨੂੰ ਮਨਾਇਆ ਜਾਂਦਾ ਹੈ ਅਤੇ ਅਕਸਰ ਹਰ ਸਾਲ ਅਕਤੂਬਰ-ਨਵੰਬਰ ਦੇ ਮਹੀਨੇ ਆਉਂਦਾ ਹੈ। ਜਗਦੇ ਦੀਵਿਆਂ ਦਾ ਪ੍ਰਕਾਸ਼ ਜਿਥੇ ਵਾਤਾਵਰਣ ਨੂੰ ਜਗਮਗਾ ਦਿੰਦਾ ਹੈ ਉਥੇ ਹੀ ਦਿਲਾਂ ਦੇ ਹਨੇਰਿਆਂ ਨੂੰ ਵੀ ਪ੍ਰਕਾਸ਼ਮਾਨ ਕਰਦਾ ਹੈ। ਧਾਰਮਿਕ ਪੱਖ ਤੋਂ ਵੀ ਇਸ ਤਿਉਹਾਰ ਦੀ ਮਹੱਤਤਾ ਮੰਨੀ ਜਾਂਦੀ ਹੈ। ਲੋਕਾਂ ਦਾ ਵਿਸ਼ਵਾਸ ਹੈ ਕਿ ਦੀਵਾਲੀ ਵਾਲੇ ਦਿਨ ਸ੍ਰੀ ਰਾਮਚੰਦਰ ਜੀ 14 ਸਾਲਾਂ ਦਾ ਬਨਵਾਸ ਕੱਟਣ ਉਪਰੰਤ ਅਯੁੱਧਿਆ ਵਾਪਸ ਆਏ ਸਨ। ਸਾਰੇ ਅਯੁੱਧਿਆ ਵਾਸੀਆਂ ਨੇ ਉਸ ਦਿਨ ਖੁਸ਼ੀ ਵਿਚ ਦੀਪਮਾਲਾ ਕੀਤੀ। ਇਸੇ ਦਿਨ ਹੀ ਸਿੱਖਾਂ ਦੇ ਛੇਵੇਂ ਗੁਰੂ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਗਵਾਲੀਅਰ ਦੇ ਕਿਲੇ ਵਿਚੋਂ ਬਵੰਜਾ ਰਾਜਿਆਂ ਨੂੰ ਛੁਡਵਾ ਕੇ ਅੰਮ੍ਰਿਤਸਰ ਪੁੱਜੇ ਸਨ। ਉਸ ਦਿਨ ਤੋਂ ਸ੍ਰੀ ਹਰਿਮੰਦਰ ਸਾਹਿਬ ਵਿਚ ਦੀਵਾਲੀ ਮਨਾਉਣੀ ਸ਼ੁਰੂ ਹੋਈ ਅਤੇ ਆਤਿਸ਼ਬਾਜ਼ੀ ਦੀ ਰਸਮ ਬਾਬਾ ਬੁੱਢਾ ਜੀ ਨੇ ਇਸ ਖੁਸ਼ੀ ਵਿਚ ਚਲਾਈ।

ਦੀਵਾਲੀ ਆਉਣ ਤੋਂ ਪਹਿਲਾਂ ਹੀ ਲੋਕ ਘਰਾਂ ਦੀਆਂ ਸਫ਼ਾਈਆਂ ਪੂਰੇ ਜ਼ੋਰ ਸ਼ੋਰ ਨਾਲ ਕਰਨ ਲਗ ਪੈਂਦੇ ਹਨ। ਘਰਾਂ ਅਤੇ ਦੁਕਾਨਾਂ ਦੀ ਸਫ਼ੈਦੀ ਅਤੇ ਰੰਗ ਰੋਗਨ ਆਦਿ ਕਰਵਾਏ ਜਾਂਦੇ ਹਨ। ਪਿੰਡਾਂ ਵਿਚ ਕੱਚੇ ਘਰ ਵੀ ਚੰਗੀ ਤਰ੍ਹਾਂ ਲਿਪੇ-ਪੋਚੇ ਜਾਂਦੇ ਹਨ ਅਤੇ ਘਰਾਂ ਦੇ ਵੇਹੜੇ ਰੰਗੋਲੀ ਨਾਲ ਸਜਾਏ ਜਾਂਦੇ ਹਨ। ਵਿਸ਼ਵਾਸ ਕੀਤਾ ਜਾਂਦਾ ਹੈ ਕਿ ਅਜਿਹਾ ਕਰਨ ਨਾਲ ਲਕਸ਼ਮੀ ਦੇਵੀ ਖੁਸ਼ ਹੁੰਦੀ ਹੈ। ਦੀਵਾਲੀ ਵਾਲੇ ਦਿਨ ਰਾਤ ਨੂੰ ਲਕਸ਼ਮੀ ਪੂਜਾ ਵੀ ਕੀਤੀ ਜਾਂਦੀ ਹੈ।

ਇਸ ਦਿਨ ਬਾਜ਼ਾਰਾਂ ਦੀ ਰੌਣਕ ਵੇਖਣ ਵਾਲੀ ਹੁੰਦੀ ਹੈ। ਬਾਜ਼ਾਰ ਤਰ੍ਹਾਂ ਤਰ੍ਹਾਂ ਦੀਆਂ ਮਠਿਆਈਆਂ, ਪਟਾਕਿਆਂ ਅਤੇ ਸਜਾਵਟੀ ਵਸਤਾਂ ਨਾਲ ਸਜਾਏ ਜਾਂਦੇ ਹਨ। ਅਮੀਰ ਤੇ ਗਰੀਬ ਸਾਰੇ ਹੀ ਇਸ ਦਿਨ ਆਪਣੇ ਘਰਾਂ ਵਿਚ ਮਠਿਆਈ ਲਿਜਾਂਦੇ ਹਨ ਅਤੇ ਰਿਸ਼ਤੇਦਾਰਾਂ ਦੇ ਘਰਾਂ ਵਿਚ ਵੀ ਭੇਜਦੇ ਹਨ। ਛੋਟੇ ਤੇ ਵੱਡੇ ਦੋਵੇਂ ਰਲ ਕੇ ਖੁਸ਼ੀ ਖੁਸ਼ੀ ਪਟਾਕੇ ਚਲਾਉਂਦੇ ਹਨ। ਚਾਰੋਂ ਪਾਸੇ ਪਟਾਕਿਆਂ ਦੀ ਗੂੰਜ ਸੁਣਾਈ ਦਿੰਦੀ ਹੈ। ਇਸ ਦਿਨ ਛੋਟੀਆਂ ਛੋਟੀਆਂ ਹਟੜੀਆਂ ਵਿਚ ਮਠਿਆਈਆਂ ਤੇ ਹੋਰ ਖਾਣ ਪੀਣ ਵਾਲੀਆਂ ਵਸਤਾਂ ਰੱਖ ਕੇ ਇਸ ਦੁਆਲੇ ਦੀਵੇ ਅਤੇ ਮੋਮਬੱਤੀਆਂ ਜਗਾਈਆਂ ਜਾਂਦੀਆਂ ਹਨ ਅਤੇ ਸਾਰੇ ਪਰਿਵਾਰ ਦੇ ਜੀਅ ਕੋਈ ਚੀਜ਼ ਖਾਣ ਤੋਂ ਪਹਿਲਾਂ ਇਕੱਠੇ ਬੈਠ ਕੇ ਹੱਟੜੀ ਦੁਆਲੇ ਲਕਸ਼ਮੀ ਦੀ ਪੂਜਾ ਕਰਦੇ ਹਨ ਅਤੇ ਮਗਰੋਂ ਮਠਿਆਈਆਂ ਆਦਿ ਵੰਡ ਕੇ ਖਾਂਦੇ ਹਨ। ਰਿਸ਼ਤੇਦਾਰ ਅਤੇ ਦੋਸਤ ਮਿੱਤਰ ਇਕ ਦੂਜੇ ਨੂੰ ਮਠਿਆਈਆਂ ਜਾਂ ਹੋਰ ਵਸਤਾਂ ਭੇਜਦੇ ਹਨ ਅਤੇ ਪਿਆਰ ਅਤੇ ਭਾਈਚਾਰੇ ਦਾ ਪ੍ਰਗਟਾਵਾ ਕਰਦੇ ਹਨ। ਦੀਵਾਲੀ ਵਾਲੀ ਰਾਤ ਕਈ ਲੋਕ ਜੂਆ ਵੀ ਖੇਡਦੇ ਹਨ।

ਸਾਰੇ ਭਾਰਤ ਵਿਚ ਦੀਵਾਲੀ ਪੂਰੇ ਜ਼ੋਰ ਸ਼ੋਰ ਨਾਲ ਦੀਵੇ ਜਗਾ ਕੇ, ਖੁਸ਼ੀਆਂ ਮਨਾ ਕੇ ਅਤੇ ਪਟਾਕੇ ਚਲਾ ਕੇ ਬੜੀਆਂ ਰੌਣਕਾਂ ਨਾਲ ਮਨਾਈ ਜਾਂਦੀ ਹੈ। ਦੀਵਾਲੀ ਭਾਰਤ ਦੇ ਸਾਰੇ ਤਿਉਹਾਰਾਂ ਵਿਚੋਂ ਇਕ ਪ੍ਰਸਿੱਧ ਤਿਉਹਾਰ ਹੈ।

ਹ.ਪੁ.—ਪੰ. ਰੰਧਾਵਾ ; ਹਿੰ. ਵਿ.ਕੋ. 6 : 61; ਮ.ਕੋ. : 636

ਦੁਆਦਸ-ਸਿਲਾ : ਦੁਆਦਸ ਸ਼ਬਦ ਦਾ ਅਰਥ ਹੈ ਬਾਰ੍ਹਾਂ ਅਤੇ ਸਿਲਾ ਤੋਂ ਭਾਵ ਹੈ ਪਾਖਾਣ। ਇਸ ਕਰ ਕੇ ਦੁਆਦਸ ਸਿਲਾ ਤੋਂ ਭਾਵ ਹੈ ਪੱਥਰ ਤੋਂ ਦੇਵਤਿਆਂ ਦੀਆਂ ਬਣੀਆਂ ਬਾਰ੍ਹਾਂ ਮੂਰਤੀਆਂ। ਇਹ ਮੂਰਤੀਆਂ ਕਿਸ ਕਿਸ ਦੇਵੀ-ਦੇਵਤੀਆਂ ਦੀਆਂ ਹਨ ਇਸ ਬਾਰੇ ਦੋ ਮਤ ਪ੍ਰਚਲਿਤ ਹਨ। ਹਿੰਦੂ ਮਤ ਵਾਲੇ ਬਾਰ੍ਹਾਂ ਪ੍ਰਮੁੱਖ ਦੇਵੀ-ਦੇਵਤਿਆਂ-ਵਿਸ਼ਨੂੰ, ਲਕਸ਼ਮੀ, ਸ਼ਿਵ, ਪਾਰਬਤੀ, ਬ੍ਰਹਮਾ, ਸਰਸਵਤੀ, ਗਣੇਸ਼, ਕਾਲੀ ਭੈਰਵ, ਸੂਰਜ, ਇੰਦਰ ਅਤੇ ਯਮ ਨੂੰ ਇਸ ਸੂਚੀ ਵਿਚ ਸ਼ਾਮਲ ਕਰਦੇ ਹਨ।

ਸ਼ੈਵ ਮਤ ਵਾਲੇ ਸ਼ਿਵ ਦੇ ਬਾਰ੍ਹਾਂ ਜੋਤਿਰ-ਲਿੰਗਾਂ ਨੂੰ ਦੁਆਦਸ ਸਿਲਾ ਮੰਨਦੇ ਹਨ :—

1. ਦਵਾਰਕਾ ਤੋਂ ਸੱਠ ਕੋਹ ਪੂਰਵ ਪਰਿਭਾਸ ਖੇਤਰ ਵਿਚ 'ਸੋਮਨਾਥ'।
2. ਕਿਸ਼ਕਿੰਧਾ ਕੋਲ ਸ੍ਰੀਸ਼ੈਲ ਨਾਮਕ ਪਹਾੜ "ਮਲਿਕਾ-ਜੁੰਨ" ਜੋ ਕ੍ਰਿਸ਼ਨਾ ਨਦੀ ਦੇ ਕਿਨਾਰੇ ਹਨ।
3. ਉਜੈਨ ਪੁਰੀ ਵਿਚ 'ਮਹਾਕਾਲ'। ਸੰਨ 1231 ਵਿਚ ਅਲਤਮਸ਼ ਇਸ ਲਿੰਗ ਨੂੰ ਪੁੱਟ ਕੇ ਦਿੱਲੀ ਲੈ ਗਿਆ ਅਤੇ ਉਸ ਥਾਂ ਚੂਰਣ ਕੀਤਾ ਗਿਆ।
4. ਨਰਮਦਾ ਦੇ ਕਿਨਾਰੇ ਅਮਰੇਸ਼੍ਵਰ ਵਿਚ 'ਓਅੰਕਾਰ'।
5. ਗਯਾ ਨਜ਼ਦੀਕ ਦੇਵਗੜ੍ਹ ਵਿਚ 'ਵੈਦਯਨਾਥ'।
6. ਪੂਨੇ ਨਜ਼ਦੀਕ ਸਾਕਿਨੀ ਨਦੀ ਦੇ ਕਿਨਾਰੇ 'ਭੀਮਸ਼ੰਕਰ'।
7. ਲੰਕਾ ਦੇ ਪੁਲ (ਸੇਤੁਬੰਧ) ਨੇੜੇ 'ਰਾਮੇਸ਼੍ਵਰ'।
8. ਦ੍ਵਾਰਿਕਾ ਤੋਂ ਤਿੰਨ ਕੋਹ ਦੀ ਦੂਰੀ ਤੇ ਨਾਗੇਸ਼੍ਵਰ।
9. ਕਾਸ਼ੀ ਵਿਚ 'ਵਿਸ਼ੇਸ਼੍ਵਰ'।
10. ਗੋਦਾਵਰੀ ਦੇ ਕਿਨਾਰੇ ਪੰਜਵਟੀ "ਤ੍ਰਯੰਵਕ"।
11. ਹਿਮਾਲਿਆ ਵਿਚ ਬਦਰੀਨਾਰਾਯਣ ਨੇੜੇ 'ਕੇਦਾਰ-ਨਾਥ'।
12. ਦੱਖਣ ਵਿਚ ਔਰੰਗਾਬਾਦ ਨੇੜੇ ਘ੍ਰਿਸਣੇਸ਼੍ਵਰ

ਭਗਤ ਰਵਿਦਾਸ ਜੀ ਨੇ ਕਿਹਾ ਹੈ ਕਿ ਨਿੰਦਕ ਲਈ ਅਠਸੱਠ ਤੀਰਥਾਂ ਵਿਚ ਇਸ਼ਨਾਨ ਕਰਨਾ, ਬਾਰ੍ਹਾਂ ਮੂਰਤੀਆਂ ਨੂੰ ਪੂਜਣਾ ਅਤੇ ਲੋਕ ਹਿਤ ਲਈ ਖੂਹ ਜਾਂ ਸਰੋਵਰ ਬਣਵਾਉਣਾ ਸਭ ਕੁਝ ਬੇਅਰਥ ਹੈ।

ਜੇ ਓਹੁ ਅਠਸਠਿ ਤੀਰਥ ਨ੍ਹਾਵੈ॥
ਜੇ ਓਹੁ ਦੁਆਦਸ ਸਿਲਾ ਪੂਜਾਵੈ॥
ਜੇ ਓਹੁ ਕੂਪ ਤਟਾ ਦੇਵਾਵੈ॥
ਕਰੈ ਨਿੰਦ ਸਭ ਬਿਰਥਾ ਜਾਵੈ॥

(ਆਦਿ ਗ੍ਰੰਥ ਪੰ. 875)

ਹ.ਪੁ.—ਮ.ਕੋ.; ਪੰ. ਸਾ. ਸੰ. ਕੋ.

ਦੁਆਰਜ਼ : ਇਹ ਭਾਰਤ ਦੇ ਉੱਤਰ-ਪੂਰਬ ਵੱਲ ਇਕ ਖੇਤਰ ਹੈ ਜਿਹੜਾ ਆਸਾਮ ਦੇ ਪੱਛਮ ਵੱਲ ਹਿਮਾਲਿਆ ਦੇ ਪੈਰਾਂ ਵਿਚ ਸਥਿਤ ਹੈ। ਇਸ ਖੇਤਰ ਦਾ ਕੁੱਲ ਖੇਤਰਫਲ 8,889 ਵ.ਕਿ.ਮੀ. (3,432 ਵ.ਮੀ.) ਹੈ। ਸੰਕੋਸ਼ ਦਰਿਆ ਇਸ ਨੂੰ ਦੋ ਹਿੱਸਿਆ-ਪੱਛਮੀ ਅਤੇ ਪੂਰਬੀ ਦੁਆਰਜ਼ ਵਿਚ ਵੰਡਦਾ ਹੈ। ਇਹ ਦੋਵੇਂ ਖੇਤਰ ਭੂਟਾਨ ਯੁੱਧ (1864-65) ਦੇ ਅਖ਼ੀਰ ਵਿਚ ਭੂਟਾਨ ਵਲੋਂ ਅੰਗਰੇਜ਼ਾਂ ਦੇ ਹਵਾਲੇ ਕਰ ਦਿੱਤੇ ਗਏ ਸਨ। ਪੂਰਬੀ ਦੁਆਰਜ ਆਸਾਮ ਰਾਜ ਦੇ ਗੋਲਪਾਰਾ ਜ਼ਿਲ੍ਹੇ ਦੇ ਇਕ ਮੈਦਾਨੀ ਖੇਤਰ ਵਿਚ ਫੈਲੇ ਹੋਏ ਹਨ। ਜਦੋਂ ਕਿ ਪੱਛਮੀ ਦੁਆਰਜ਼ ਪੱਛਮੀ ਬੰਗਾਲ ਰਾਜ ਦੇ ਜਲਪਾਈਗੁੜੀ ਜ਼ਿਲ੍ਹੇ ਵਿਚ ਫੈਲੇ ਹੋਏ ਹਨ ਇਹ ਤਰਾਈ ਦਾ ਇਕ ਹਿੱਸਾ ਹੈ। ਇਹ ਨੀਵਾਂ ਇਲਾਕਾ ਹੈ ਜਿਹੜਾ ਹਿਮਾਲਿਆ ਪਰਬਤ ਅਤੇ ਮੈਦਾਨੀ ਖੇਤਰ ਨੂੰ ਆਪਸ ਵਿਚ ਜੋੜਦਾ ਹੈ ਅਤੇ ਚਾਹ ਦੇ ਉਦਯੋਗ ਲਈ ਇਕ ਮਹੱਤਵਪੂਰਨ ਕੇਂਦਰ ਹੈ। ਲੈਸਰ-ਹਿਮਾਲਿਆ ਵੱਲ ਜਾਂਦੇ ਕੁਝ ਦੱਰਿਆ ਕਰਕੇ ਹੀ ਇਸ ਦਾ ਨਾਂ ਦੁਆਰਜ਼ ਪੈ ਗਿਆ ਹੈ।

ਹ.ਪੁ.—ਐਨ. ਬ੍ਰਿ. ਮਾ. 3 : 682; ਐਨ. ਬ੍ਰਿ. 7 : 719

ਦੁਸਹਿਰਾ : ਇਹ ਹਿੰਦੂਆਂ ਦਾ ਇਕ ਪ੍ਰਸਿੱਧ ਤਿਉਹਾਰ ਹੈ ਜਿਹੜਾ ਅੱਸੂ ਦੇ ਚਾਨਣ ਪੱਖ ਦੀ ਦਸਵੀਂ ਨੂੰ ਮਨਾਇਆ ਜਾਂਦਾ ਹੈ। ਇਹ ਤਿਉਹਾਰ ਬਦੀ ਉੱਤੇ ਨੇਕੀ ਦੀ ਜਿੱਤ ਦਾ ਚਿੰਨ੍ਹ ਹੈ। ਇਸ ਤਿਉਹਾਰ ਨੂੰ 'ਵਿਜੈ ਦਸ਼ਮੀ' ਵੀ ਕਿਹਾ ਜਾਂਦਾ ਹੈ।

ਦੁਸਹਿਰੇ ਤੋਂ ਪਹਿਲਾਂ 'ਨੌ ਨੌਰਾਤੇ' ਆਉਂਦੇ ਹਨ। ਇਨ੍ਹਾਂ ਨੌ ਦਿਨਾਂ ਵਿਚ 'ਸਾਂਝੀ ਦੇਵੀ' ਦੀ ਪੂਜਾ ਕੀਤੀ ਜਾਂਦੀ ਹੈ। ਪਹਿਲੇ ਨੌਰਾਤੇ ਵਾਲੇ ਦਿਨ ਕੁੜੀਆਂ ਕੋਰੇ ਕੁੱਜੇ, ਠੂਠੀ ਜਾਂ ਬੱਠਲਾਂ ਵਿਚ ਰੇਤਾ ਪਾ ਕੇ ਜੌਂ ਬੀਜ ਦਿੰਦੀਆਂ ਹਨ। ਨੌਰਾਤਿਆਂ ਵਿਚ ਰਾਮ ਲੀਲਾ ਵੀ ਖੇਡੀ ਜਾਂਦੀ ਹੈ ਜਿਸ ਵਿਚ ਰਾਮਾਇਣ ਦੀ ਕਥਾ ਨੂੰ ਦਸ ਭਾਗਾਂ ਵਿਚ ਵੰਡ ਕੇ ਪਹਿਲੇ ਨੌਰਾਤੇ ਤੋਂ ਦੁਸਹਿਰੇ ਵਾਲੇ ਦਿਨ ਤਕ ਖੇਡਿਆ ਜਾਂਦਾ ਹੈ। ਦੁਸਹਿਰੇ ਵਾਲੇ ਦਿਨ ਰਾਵਣ ਉੱਤੇ ਰਾਮਚੰਦਰ ਦੀ ਜਿੱਤ ਦੀ ਝਾਕੀ ਪੇਸ਼ ਕੀਤੀ ਜਾਂਦੀ ਹੈ। ਦੁਸਹਿਰੇ ਵਾਲੇ ਦਿਨ ਰਾਵਣ, ਮੇਘਨਾਦ ਤੇ ਕੁੰਭਕਰਣ ਦੇ ਕਾਗਜ਼, ਬਾਂਸ ਤੇ ਕੱਪੜੇ ਦੇ ਕੱਦ ਪੁਤਲੇ ਜਲਾਏ ਜਾਂਦੇ ਹਨ ਜਿਨ੍ਹਾਂ ਵਿਚ ਪਟਾਕੇ— ਗੋਲੇ, ਬਾਰੂਦ ਅਤੇ ਕਈ ਤਰ੍ਹਾਂ ਦੀ ਆਤਿਸ਼ਬਾਜ਼ੀ ਭਰੀ ਹੁੰਦੀ ਹੈ।

ਕੁੱਲੂ ਵਿਚ ਦੁਸਹਿਰਾ ਬੜੀ ਧਾਰਮਿਕ ਭਾਵਨਾ ਨਾਲ ਮਨਾ-ਇਆ ਜਾਂਦਾ ਹੈ। ਇਸ ਦਿਨ ਦੇਵਾਂ ਦੇ ਮੁਖੀ ਰਘੂਨਾਥ ਜੀ ਦੀ ਲੱਕੜ ਦੇ ਰੱਥ ਉੱਤੇ ਸਵਾਰੀ ਕੱਢੀ ਜਾਂਦੀ ਹੈ। ਸ਼ਰਧਾਲੂ ਰਘੂਨਾਥ ਜੀ ਦੇ ਦਰਸ਼ਨ ਕਰਦੇ ਅਤੇ ਵਰ ਮੰਗਦੇ ਹਨ। ਕਈ ਥਾਵਾਂ ਤੇ ਦੁਸਹਿਰੇ ਵਾਲੇ ਦਿਨ ਜੌਂ ਅਤੇ ਹੋਰ ਫਸਲਾਂ ਦੀ ਬੀਜਾਈ ਸ਼ੁਰੂ ਕੀਤੀ ਜਾਂਦੀ ਹੈ। ਕਈ ਥਾਈਂ ਦੁਸਹਿਰੇ ਤੋਂ ਪਹਿਲਾਂ ਗੰਨਾ ਨਹੀਂ ਵੱਢਿਆ ਜਾਂਦਾ। ਇਸ ਦਿਨ ਹਿੰਦੂ ਪੰਜ ਗੰਨੇ ਵੱਢ ਕੇ ਬ੍ਰਾਹਮਣ ਜਾਂ ਗਊ ਨੂੰ ਭੇਟ ਕਰਦੇ ਹਨ।

ਦੁਸਹਿਰੇ ਵਾਲੇ ਦਿਨ ਨੀਲ ਕੰਠ ਪੰਛੀ ਵੇਖਣਾ ਸ਼ੁਭ ਮੰਨਿਆ ਜਾਂਦਾ ਹੈ। ਜੋਤਿਸ਼ ਅਨੁਸਾਰ ਵੀ ਇਹ ਦਿਨ ਸ਼ੁਭ ਮੰਨਿਆ ਜਾਂਦਾ ਹੈ।

ਹ.ਪੁ.—ਮ.ਕੋ.; ਪੰ. ਰੰਧਾਵਾ; ਪੰ. ਲੋ. ਵਿ. ਕੋ.-ਵਣਜਾਰਾ ਬੇਦੀ

ਦੁਸ਼ਾਸਨ : ਇਸ ਦਾ ਸ਼ਾਬਦਿਕ ਅਰਥ ਹੈ ਜਿਸ ਉੱਤੇ ਸ਼ਾਸਨ ਕਰਨਾ ਔਖਾ ਹੋਵੇ ਅਰਥਾਤ ਜੋ ਕਿਸੇ ਦੀ ਅਧੀਨਗੀ ਸਵੀਕਾਰ ਨਾ ਕਰੇ। ਦੁਸ਼ਾਸਨ ਕੁਰੂਵੰਸ਼ੀ ਰਾਜਾ ਧ੍ਰਿਤਰਾਸ਼ਟਰ ਦਾ ਪੁੱਤਰ ਅਤੇ ਦੁਰਯੋਧਨ ਦਾ ਭਰਾ ਸੀ। ਇਹ ਬੜਾ ਬਲਵਾਨ ਅਤੇ ਨਿਡਰ ਯੋਧਾ ਸੀ। ਜਦੋਂ ਪਾਂਡਵ ਜੂਏ ਦੀ ਖੇਡ ਵਿਚ ਸਭ ਕੁਝ ਹਾਰ

ਗਏ, ਇਥੋਂ ਤਕ ਕਿ ਦ੍ਰੋਪਦੀ ਨੂੰ ਵੀ ਹਾਰ ਬੈਠੇ ਤਾਂ ਦੁਸ਼ਾਸਨ ਨੇ ਦ੍ਰੋਪਦੀ ਨੂੰ ਰਣਵਾਸ ਵਿਚੋਂ ਕੇਸਾਂ ਤੋਂ ਪਕੜ ਕੇ ਦਰਬਾਰ ਵਿਚ ਲਿਆਂਦਾ ਸੀ ਅਤੇ ਉਸ ਦੇ ਬਸਤ੍ਰ ਉਤਾਰਨ ਦੀ ਕੁਚੇਸ਼ਟਾ ਕੀਤੀ ਸੀ। ਭਾਈ ਗੁਰਦਾਸ ਅਨੁਸਾਰ—

ਅੰਦਰਿ ਸਭਾ ਦੁਸਾਸਣੈ ਮਥੈ ਵਾਲ ਦ੍ਰੋਪਤੀ ਆਂਦੀ।

ਦੂਤਾਂ ਨੋ ਫੁਰਮਾਇਆ ਨੰਗੀ ਕਰਹੁ ਪੰਚਾਲੀ ਬਾਂਦੀ।

ਨਾਮਦੇਵ ਜੀ ਨੇ ਵੀ ਦੁਸ਼ਾਸਨ ਦੁਆਰਾ ਚੀਰਹਰਣ ਦੀ ਘਟਨਾ ਵੱਲ ਸੰਕੇਤ ਕੀਤਾ ਹੈ—

ਦੁਹਸਾਸਨ ਕੀ ਸਭਾ ਦ੍ਰੋਪਤੀ ਅੰਬਰ ਲੇਤ ਉਬਾਰੀਅਲੇ॥

(ਆਦਿ ਗ੍ਰੰਥ ਪੰ. 988)

ਮਰਿਯਾਦਾ ਵਸ ਮਜਬੂਰ ਭੀਮਸੈਨ ਭਾਵੇਂ ਉਸ ਵੇਲੇ ਹੋਰ ਕੁਝ ਨਾ ਕਰ ਸਕਿਆ ਪਰ ਉਸ ਨੇ ਭਰੇ ਦਰਬਾਰ ਵਿਚ ਪ੍ਰਤਿੱਗਿਆ ਕੀਤੀ ਕਿ ਉਹ ਇਸ ਅਪਮਾਨ ਦਾ ਬਦਲਾ ਦੁਸ਼ਾਸਨ ਦਾ ਲਹੂ ਪੀ ਕੇ ਲਵੇਗਾ। ਸਮਾਂ ਪੈਣ ਤੇ ਮਹਾਭਾਰਤ ਦੀ ਲੜਾਈ ਦੇ ਸੋਲ੍ਹਵੇਂ ਦਿਨ ਭੀਮ ਨੇ ਯੁੱਧ ਭੂਮੀ ਵਿਚ ਘੋਰ ਯੁੱਧ ਕਰ ਕੇ ਦੁਸ਼ਾਸਨ ਨੂੰ ਮਾਰਿਆ ਅਤੇ ਉਸ ਦਾ ਪੇਟ ਚੀਰ ਕੇ ਲਹੂ ਦੀਆਂ ਚੂਲੀਆਂ ਪੀਤੀਆਂ। ਇਸ ਤਰ੍ਹਾਂ ਭੀਮ ਨੇ ਆਪਣੀ ਪ੍ਰਤਿੱਗਿਆ ਪੂਰੀ ਕੀਤੀ। ਦ੍ਰੋਪਦੀ ਨੇ ਵੀ ਤਦ ਹੀ ਆਪਣਾ ਜੂੜਾ ਬੰਨ੍ਹ ਕੇ ਪ੍ਰਤਿਗਿਆ ਪੂਰੀ ਕੀਤੀ।

ਹ.ਪੁ.—ਪੰ. ਸਾ. ਸੰ. ਕੋ. 495, ਪੰ. ਲੋ. ਵਿ. ਕੋ.; 1556; ਹਿੰ. ਮਿ. ਕੋ. 292

ਦੁਸਾਂਝ (ਦੁਸਾਂਝ ਖੁਰਦ) : ਇਹ ਨਵਾਂ ਸ਼ਹਿਰ ਜ਼ਿਲ੍ਹੇ ਦਾ ਇਕ ਪਿੰਡ ਹੈ ਜਿਹੜਾ ਬੰਗਾ ਰੇਲਵੇ ਸਟੇਸ਼ਨ ਤੋਂ ਲਗਭਗ 3 ਕਿ.ਮੀ. ਦੱਖਣ ਵੱਲ ਵਾਕਿਆ ਹੈ ਅਤੇ 165 ਹੈਕ. ਵਿਚ ਫੈਲਿਆ ਹੋਇਆ ਹੈ। ਇਥੇ ਸ੍ਰੀ ਗੁਰੂ ਹਰਿਰਾਏ ਸਾਹਿਬ ਜੀ ਦਾ ਗੁਰਦੁਆਰਾ ਵੀ ਹੈ।

ਪੁਰਾਤਨ ਸਮੇਂ ਵਿਚ ਇਸ ਪਿੰਡ ਦੀ ਆਮਦਨ ਦਿੱਲੀ ਦੇ ਗੁਰਦੁਆਰਿਆਂ ਦੇ ਨਾਂ ਲੱਗੀ ਹੋਈ ਸੀ। ਇਸ ਬਾਬਤ 1920 ਈ. ਦੇ ਬੰਦੋਬਸਤ ਸਬੰਧੀ ਮਾਲ ਦੇ ਕਾਗਜ਼ਾਂ ਵਿਚ ਹਵਾਲਾ ਇਉਂ ਹੈ :—

"ਬਮੂਜਬ ਚਿੱਠੀ ਨੰਬਰ 12, ਤਾਰੀਖ 2 ਨਵੰਬਰ, 1847 ਗਵਰਨਮੈਂਟ ਹਿੰਦ, ਯਹ ਦੇਹ (ਪਿੰਡ) ਅਹਿਦਸਿੱਖਾਨ ਸੇ ਜਾਗੀਰ ਤਾਂ ਕਿਆਮ ਗੁਰਦ੍ਵਾਰਾਹਾਇ ਜੈਲ-ਸੀਸ ਗੰਜ, ਰਕਾਬਗੰਜ, ਬੰਗਲਾ ਸਾਹਿਬ, ਬਾਲਾ ਸਾਹਿਬ, ਡੇਰਾ ਮਾਤਾ ਸੁੰਦਰੀ ਸਾਹਿਬ, ਔਰ ਮਾਤਾ ਸਾਹਿਬ ਦੇਵਾ ਸਾਹਿਬ, ਗੁਰਦੁਆਰਾ ਸ਼ਾਸ਼ਤਰਹਾਇ, ਵਾਕਿਆ ਦਿੱਲੀ, ਮੁਆਫ਼ ਹੈ।"

ਆਬਾਦੀ—1,008 (1981)

ਹ.ਪੁ.—ਮ.ਕੋ. : 641

ਦੁਸਾਂਝ ਕਲਾਂ : ਇਹ ਜਲੰਧਰ ਜ਼ਿਲ੍ਹੇ ਦੀ ਫਿਲੌਰ ਤਹਿਸੀਲ ਦਾ ਇਕ ਪਿੰਡ ਹੈ ਜਿਹੜਾ ਫਗਵਾੜੇ ਤੋਂ 8 ਕਿ. ਮੀ. ਦੂਰ ਸਥਿਤ ਹੈ। ਇਹ 503 ਹੈਕ. ਖੇਤਰ ਵਿਚ ਫੈਲਿਆ ਹੋਇਆ ਹੈ। ਉੱਤਰ-ਪੂਰਬ ਵੱਲ ਸ੍ਰੀ ਗੁਰੂ ਹਰਿਰਾਇ ਜੀ ਦਾ ਗੁਰਦੁਆਰਾ ਹੈ। ਗੁਰੂ ਜੀ ਕਰਤਾਰ-ਪੁਰੋਂ ਕੀਰਤਪੁਰ ਨੂੰ ਜਾਂਦੇ ਹੋਏ ਇੱਥੇ ਠਹਿਰੇ ਸਨ। ਇਸੇ ਸਥਾਨ ਤੇ ਗੁਰਦੁਆਰਾ ਬਣਿਆ ਹੋਇਆ ਹੈ। ਗੁਰਦੁਆਰੇ ਨੂੰ ਮਹਾਰਾਜਾ ਰਣਜੀਤ ਸਿੰਘ ਵੱਲੋਂ 18 ਘੁਮਾਂ ਜ਼ਮੀਨ ਜਿਸ ਵਿਚ ਦੋ ਖੂਹ ਹਨ, ਦਿਤੀ ਗਈ ਸੀ। ਇੱਥੇ ਵੈਸਾਖੀ ਵਾਲੇ ਦਿਨ ਭਾਰੀ ਮੇਲਾ ਲਗਦਾ ਹੈ।

ਆਬਾਦੀ—3,464 (1981)

ਹ.ਪੁ.—ਮ.ਕੋ. : 641

ਦੁਸ਼ਿਅੰਤ : ਇਹ ਪੁਰੂ ਬੰਸ ਦਾ ਇਕ ਪ੍ਰਾਕਰਮੀ ਅਤੇ ਬਲਵਾਨ ਰਾਜਾ ਸੀ ਜਿਸ ਬਾਰੇ ਮਹਾਭਾਰਤ ਆਦਿ ਪਰਵ ਅਨੁਸਾਰ ਕਿਹਾ ਜਾਂਦਾ ਹੈ ਕਿ ਇਸ ਨੂੰ ਸ਼ਿਕਾਰ ਖੇਡਣ ਦਾ ਬਹੁਤ ਸ਼ੌਕ ਸੀ। ਇਕ ਵਾਰ ਇਹ ਸ਼ਿਕਾਰ ਖੇਡਦਾ ਖੇਡਦਾ ਕਣਵ ਰਿਸ਼ੀ ਦੇ ਆਸ਼ਰਮ ਵਿਚ ਜਾ ਪੁੱਜਾ ਉਥੇ ਕਣਵ ਰਿਸ਼ੀ ਦੀ ਪਾਲਿਤ ਪੁੱਤਰੀ ਸ਼ਕੁੰਤਲਾ ਨਾਲ ਇਸ ਦਾ ਮਿਲਾਪ ਹੋਇਆ। ਦੁਸ਼ਿਅੰਤ ਨਾਲ ਸ਼ਕੁੰਤਲਾ ਦਾ ਪਹਿਲੀ ਨਜ਼ਰੇ ਪਿਆਰ ਹੋ ਗਿਆ ਅਤੇ ਦੁਸ਼ਿਅੰਤ ਨੇ ਸ਼ਕੁੰਤਲਾ ਨਾਲ ਗੰਧਰਵ ਵਿਆਹ ਕਰ ਲਿਆ। ਸ਼ਕੁੰਤਲਾ ਨੂੰ ਜਲਦੀ ਹੀ ਮਹਿਲਾਂ ਵਿਚ ਬੁਲਾ ਲੈਣ ਦਾ ਵਿਸ਼ਵਾਸ ਦੇ ਕੇ ਦੁਸ਼ਿਅੰਤ ਚਲਾ ਗਿਆ। ਕੁਝ ਸਮੇਂ ਬਾਅਦ ਸ਼ਕੁੰਤਲਾ ਨੇ ਇਕ ਬਾਲਕ ਨੂੰ ਜਨਮ ਦਿੱਤਾ ਜਿਸ ਦਾ ਨਾਂ 'ਸਰਵ ਦਮਨ' ਰਖਿਆ। ਬਾਰਾਂ ਵਰ੍ਹਿਆਂ ਦਾ ਹੋਣ ਤੇ ਉਸ ਨੂੰ ਨਾਲ ਲੈ ਕੇ ਸ਼ਕੁੰਤਲਾ ਦੁਸ਼ਿਅੰਤ ਕੋਲ ਗਈ ਪਰ ਇਸ ਨੇ ਉਸ ਨੂੰ ਪਛਾਣਨੋਂ ਨਾਂਹ ਕਰ ਦਿੱਤੀ। ਉਦੋਂ ਹੀ ਆਕਾਸ਼-ਵਾਣੀ ਹੋਈ ਅਤੇ ਰਾਜੇ ਨੇ ਦੋਹਾਂ ਨੂੰ ਸਵੀਕਾਰ ਕਰ ਲਿਆ। ਇਸ ਉਪਰੰਤ ਦੁਸ਼ਿਅੰਤ ਨੇ ਆਪਣੀ ਸਭਾ ਦੇ ਮੈਂਬਰਾਂ ਨੂੰ ਸਪਸ਼ਟ ਕੀਤਾ ਕਿ ਸ਼ਕੁੰਤਲਾ ਦੀ ਪਵਿੱਤਰਤਾ ਨੂੰ ਪ੍ਰਮਾਣਿਤ ਕਰਨ ਲਈ ਹੀ ਨਾਂਹ ਕੀਤੀ ਸੀ। ਸਭ ਨੇ ਮਿਲ ਕੇ ਸਰਵ ਦਮਨ ਦਾ ਨਾਂ ਭਰਤ ਰਖਿਆ ਜਿਸ ਦੇ ਨਾਂ ਤੇ ਸਾਡਾ ਦੇਸ਼ ਭਾਰਤ ਵਰਸ਼ ਪ੍ਰਸਿੱਧ ਹੋਇਆ।

ਦੁਸ਼ਿਅੰਤ—ਸ਼ਕੁੰਤਲਾ ਪ੍ਰੇਮ ਕਹਾਣੀ ਦੇ ਆਧਾਰ ਤੇ ਮਹਾਂਕਵੀ ਕਾਲੀਦਾਸ ਨੇ 'ਅਭਿਗਿਆਨ ਸ਼ਕੁੰਤਲਮ' ਨਾਂ ਦੇ ਨਾਟਕ ਦੀ ਰਚਨਾ ਕੀਤੀ ਅਤੇ ਕਹਾਣੀ ਵਿਚ ਕੁਝ ਨਵੀਆਂ ਕਲਪਨਾਵਾਂ ਵੀ ਕੀਤੀਆਂ ਖਾਸ ਤੌਰ ਤੇ ਕਣਵ ਆਸ਼ਰਮ ਵਿਚ ਗੰਧਰਵ ਵਿਆਹ ਕਰਨ ਉਪਰੰਤ ਰਾਜੇ ਨੇ ਸ਼ਕੁੰਤਲਾ ਨੂੰ ਪਛਾਣ ਚਿੰਨ੍ਹ ਵਜੋਂ ਅੰਗੂਠੀ ਦਿੱਤੀ ਸੀ। ਦੁਸ਼ਿਅੰਤ ਦੇ ਪਿਆਰ ਵਿਚ ਲੀਨ ਸ਼ਕੁੰਤਲਾ ਨੇ ਦੁਰਵਾਸਾ ਰਿਸ਼ੀ ਨੂੰ ਭਿਖਿਆ ਨਹੀਂ ਪਾਈ ਸੀ। ਦੁਰਵਾਸਾ ਰਿਸ਼ੀ ਨੇ ਸਰਾਪ ਦਿੱਤਾ ਕਿ ਜਿਸ ਦੇ ਧਿਆਨ ਵਿਚ ਉਹ ਖੋਈ ਹੈ ਉਹ ਹੀ ਉਸ ਨੂੰ ਭੁੱਲ ਜਾਵੇਗਾ। ਬਾਅਦ ਵਿਚ ਉਸ ਦੀਆਂ ਸਹੇਲੀਆਂ ਦੇ ਕਹਿਣ ਤੇ ਦੁਰਵਾਸਾ ਰਿਸ਼ੀ ਨੇ ਕਿਹਾ ਕਿ ਪਛਾਣ ਚਿੰਨ੍ਹ ਦਿਖਾਉਣ ਤੇ ਉਹ ਉਸ ਨੂੰ ਪਛਾਣ ਲਵੇਗਾ। ਦੁਸ਼ਿਅੰਤ ਨੇ ਸ਼ਕੁੰਤਲਾ ਨੂੰ ਗੰਧਰਵ ਵਿਆਹ ਕਰਨ ਉਪਰੰਤ ਅੰਗੂਠੀ ਦਿੱਤੀ ਸੀ। ਗਰਭਵਤੀ ਸ਼ਕੁੰਤਲਾ ਜਦੋਂ ਰਾਜੇ ਪਾਸ ਜਾਣ ਲੱਗੀ ਤਾਂ ਰਸਤੇ ਵਿਚ ਇਕ ਤੀਰਥ ਵਿਖੇ ਇਸ਼ਨਾਨ ਕਰਦਿਆਂ ਅੰਗੂਠੀ ਨਦੀ ਵਿਚ ਡਿੱਗ ਪਈ ਸੀ। ਅੰਗੂਠੀ ਦੇ ਅਭਾਵ ਵਿਚ ਰਾਜੇ ਨੇ ਸ਼ਕੁੰਤਲਾ ਨੂੰ ਨਾ ਪਛਾਣਿਆ। ਉਹ ਜੰਗਲ ਵੱਲ ਪਰਤ ਆਈ ਅਤੇ ਇਥੇ ਹੀ ਉਸ ਨੇ ਇਕ ਬਾਲਕ ਨੂੰ ਜਨਮ ਦਿੱਤਾਂ ਸੀ। ਕੁਝ ਸਮੇਂ ਮਗਰੋਂ ਇਕ ਮਛੇਰੇ ਨੇ ਇਕ ਵੱਡੀ ਮੱਛੀ ਪਕੜੀ ਜਿਸ ਦੇ ਪੇਟ ਵਿਚੋਂ ਦੁਸ਼ਿਅੰਤ ਨਾਂ ਵਾਲੀ ਅੰਗੂਠੀ ਨਿਕਲੀ ਉਹ ਅੰਗੂਠੀ ਰਾਜੇ ਕੋਲ ਲੈ ਗਿਆ। ਰਾਜੇ ਨੇ ਅੰਗੂਠੀ ਪਛਾਣ ਲਈ ਅਤੇ ਸ਼ਕੁੰਤਲਾ ਅਤੇ ਬਾਲਕ ਨੂੰ ਆਪਣੇ ਪਾਸ ਬੁਲਾ ਕੇ ਉਨ੍ਹਾਂ ਢੁਕਵਾਂ ਸਨਮਾਨ ਦਿੱਤਾ।

ਹ.ਪੁ.—ਪੰ. ਸਾ. ਸੰ. ਕੋ.; ਹਿੰ. ਵਿ. ਕੋ. 6 : 82 ; ਚ.ਕੋ. : 216

ਦੁੱਖ : ਇਹ ਚੇਤਨਾ ਨਾਲ ਸਬੰਧਤ ਇਕ ਪ੍ਰਤੀਤੀ ਹੈ ਜਿਸ ਅਵਸਥਾ ਤੋਂ ਮਨੁੱਖ ਛੁਟਕਾਰਾ ਪਾਉਣਾ ਚਾਹੁੰਦਾ ਹੈ ਅਤੇ ਇਹ ਮਨੁੱਖ ਦੀ ਇਕ ਸੁਭਾਵਿਕ ਇੱਛਾ ਹੈ। ਕੁਝ ਲੋਕ ਦੁੱਖ ਨੂੰ ਸੁੱਖ ਦਾ ਅਭਾਵ ਦੱਸਦੇ ਹਨ। ਜੋ ਵਿਅਕਤੀ ਖੁਦ ਕਦੇ ਦੁਖੀ ਨਹੀਂ ਹੋਇਆ ਉਹ ਦੁੱਖ ਦੇ ਸਰੂਪ ਬਾਰੇ ਨਹੀਂ ਦੱਸ ਸਕਦਾ।

ਸਾਂਖ ਸ਼ਾਸਤਰ ਅਨੁਸਾਰ ਦੁੱਖ ਤਿੰਨ ਪ੍ਰਕਾਰ ਦੇ ਮੰਨੇ ਗਏ ਹਨ—ਅਧਿਆਤਮਿਕ, ਅਧਿਭੌਤਿਕ ਤੇ ਅਧਿਦੈਵਿਕ। ਅਧਿਆਤ-ਮਿਕ ਦੁੱਖ ਅਧੀਨ ਰੋਗ, ਮੁਸੀਬਤ ਆਦਿ ਸਰੀਰਕ ਦੁੱਖ ਅਤੇ ਕ੍ਰੋਧ, ਲੋਭ ਆਦਿ ਮਾਨਸਿਕ ਦੁੱਖ ਆਉਂਦੇ ਹਨ। ਅਧਿਭੌਤਿਕ ਦੁੱਖ ਉਹ

ਹਨ ਜਿਹੜੇ ਪਸ਼ੂ, ਪੰਛੀ, ਸੱਪ, ਮੱਛਰ ਆਦਿ ਦੁਆਰਾ ਪ੍ਰਾਪਤ ਹੁੰਦੇ ਹਨ। ਅਧਿਦੈਵਿਕ ਦੁੱਖ ਉਹ ਹੁੰਦੇ ਹਨ ਜਿਹੜੇ ਦੇਵਤਿਆਂ ਭਾਵ ਕੁਦਰਤੀ ਸ਼ਕਤੀਆਂ ਦੁਆਰਾ ਹੁੰਦੇ ਹਨ ਜਿਵੇਂ ਹਨੇਰੀ, ਬਰਸਾਤ, ਭੂਚਾਲ, ਗਰਮੀ, ਸਰਦੀ ਆਦਿ। ਸਾਂਖ-ਦਰਸ਼ਨ ਦੁੱਖ ਨੂੰ ਰਜੋਗੁਣ ਦਾ ਕਾਰਜ ਅਤੇ ਚਿੱਤ ਦਾ ਇਕ ਧਰਮ ਮੰਨਦਾ ਹੈ ਅਤੇ ਆਤਮਾ ਨੂੰ ਉਸ ਤੋਂ ਅਲਗ ਰੱਖਦਾ ਹੈ ਪਰ ਨਿਆਇ ਤੇ ਵੈਸ਼ੇਸ਼ਿਕ ਦੁੱਖ ਨੂੰ ਆਤਮਾ ਦਾ ਧਰਮ ਮੰਨਦੇ ਹਨ। ਤ੍ਰਿਵਿਧ (ਤਿੰਨ ਪ੍ਰਕਾਰ) ਦੁੱਖਾਂ ਤੋਂ ਛੁਟਕਾਰਾ ਪਾਉਣਾ ਸਾਂਖ ਸ਼ਾਸਤਰ ਨੇ ਅਤਿਅੰਤ ਪੁਰਸ਼ਾਰਥ ਕੰਮ ਮੰਨਿਆ ਹੈ ਅਤੇ ਜਗਿਆਸਾ ਦਾ ਉਦੇਸ਼ ਦੱਸਿਆ ਹੈ। ਪ੍ਰਧਾਨ ਦੁਖ ਜਰਾ ਤੇ ਮਰਾ ਹੈ ਜਿਨ੍ਹਾਂ ਤੋਂ ਲਿੰਗ-ਸਰੀਰ ਦੇ ਛੁਟਕਾਰੇ ਤੋਂ ਬਿਨਾਂ ਚੇਤਨ ਜਾਂ ਪੁਰਸ਼ ਛੁਟਕਾਰਾ ਨਹੀਂ ਪਾ ਸਕਦਾ। ਇਸ ਤਰ੍ਹਾਂ ਦੀ ਮੁਕਤੀ ਜਾਂ ਦੁੱਖਾਂ ਤੋਂ ਛੁਟਕਾਰਾ ਤੱਤ ਗਿਆਨ ਦੁਆਰਾ ਕੁਦਰਤ ਜਾਂ ਪੁਰਸ਼ ਦੇ ਭੇਦ ਗਿਆਨ ਦੁਆਰਾ ਹੀ ਸੰਭਵ ਹੈ। ਵੇਦਾਂਤ ਨੇ ਸੁੱਖ-ਦੁੱਖ ਦੇ ਗਿਆਨ ਨੂੰ ਅਵਿਦਿਆ ਕਿਹਾ ਹੈ। ਇਸ ਦੀ ਨਿਵਿਰਤੀ ਬ੍ਰਹਮ-ਗਿਆਨ ਦੁਆਰਾ ਹੁੰਦੀ ਹੈ।

ਯੋਗ ਦੀ ਪਰਿਭਾਸ਼ਾ ਅਨੁਸਾਰ ਦੁੱਖ ਇਕ ਚਿਤਵਿਖੇਪ ਜਾਂ ਅੰਤਰ ਰਾਇ ਹੈ ਜਿਸ ਨਾਲ ਸਮਾਧੀ ਵਿਚ ਵਿਘਨ ਪੈਂਦਾ ਹੈ। ਕਿਸੇ ਵੀ ਕਾਰਨ ਚਿਤ ਵਿਚ ਜਿਹੜਾ ਕਸ਼ਟ ਹੁੰਦਾ ਹੈ ਉਸੇ ਨੂੰ ਦੁੱਖ ਕਹਿੰਦੇ ਹਨ। ਇਸ ਦੁੱਖ ਨਾਲ ਈਰਖਾ ਪੈਦਾ ਹੁੰਦੀ ਹੈ। ਯੋਗ ਪਰਿਣਾਮ, ਤਾਪ ਤੇ ਸੰਸਕਾਰ ਤਿੰਨ ਪ੍ਰਕਾਰ ਦੇ ਦੁੱਖ ਮੰਨ ਕੇ ਸਾਰੀਆਂ ਚੀਜ਼ਾਂ ਨੂੰ ਦੁੱਖਮਈ ਦਸਦਾ ਹੈ। ਪਰਿਣਾਮ ਉਹ ਦੁੱਖ ਹੈ ਜਿਹੜਾ ਭਵਿੱਖ ਵਿਚ ਜ਼ਰੂਰ ਪੁੱਜੇ, ਤਾਪ ਉਹ ਦੁੱਖ ਹੈ ਜਿਹੜਾ ਕੋਈ ਵਰਤਮਾਨ ਕਾਲ ਵਿਚ ਭੋਗ ਰਿਹਾ ਹੋਵੇ ਅਤੇ ਉਸ ਦਾ ਪ੍ਰਭਾਵ ਜਾਂ ਯਾਦ ਬਣੀ ਰਹੇ।

ਦੁੱਖ ਬਾਰੇ ਨਿਮਨ ਦ੍ਰਿਸ਼ਟੀਕੋਣਾਂ ਤੋਂ ਵੀ ਵਿਚਾਰ ਕੀਤਾ ਜਾ ਸਕਦਾ ਹੈ (1) ਮਨੋਵਿਗਿਆਨਕ; ਦੁੱਖ ਦਾ ਸਰੂਪ ਤੇ ਕਾਰਨ (2) ਜੈਵਿਕ : ਜੀਵਨ ਵਿਚ ਦੁੱਖ ਦੀ ਸਥਿਤੀ (3) ਨੈਤਿਕ : ਜੀਵਨ ਵਿਚ ਦੁੱਖ ਦਾ ਮੁੱਲ, ਅਤੇ (4) ਦਾਰਸ਼ਨਿਕ : ਸੱਤਾ ਤੇ ਦੁੱਖ।

ਦੁੱਖ ਦਾ ਗਿਆਨ ਤੇ ਕ੍ਰਿਆ ਨਾਲ ਗੂੜ੍ਹਾ ਸਬੰਧ ਹੈ। ਕੁਝ ਸੰਵੇਦਨਾਵਾਂ ਸੁਖਦਾਈ ਹੁੰਦੀਆਂ ਹਨ ਤੇ ਕੁਝ ਦੁਖਦਾਈ। ਕ੍ਰਿਆ ਸਬੰਧੀ ਨਿਆਂ ਦਰਸ਼ਨ ਵਿਚ ਕਿਹਾ ਗਿਆ ਹੈ ਕਿ ਦੁੱਖ ਦਾ ਲੱਛਣ ਰੁਕਾਵਟ ਹੈ। ਇਹੋ ਅਰਸਤੂ ਦਾ ਮੱਤ ਸੀ। ਖੇਡਦੇ ਬੱਚੇ ਨੂੰ ਫੜ ਕੇ ਖੜਾ ਕਰ ਦਿਓ ਤਾਂ ਉਹ ਰੋਣ ਲੱਗਦਾ ਹੈ। ਮਾਨਸਿਕ ਕ੍ਰਿਆ ਵਿਚ ਰੁਕਾਵਟ ਪੈਣ ਨਾਲ ਵੀ ਮਨੁੱਖ ਦੁਖੀ ਹੁੰਦਾ ਹੈ।


ਜੀਵਨ ਵਿਅਕਤੀ ਅਤੇ ਉਸ ਦੇ ਵਾਤਾਵਰਣ ਵਿਚਾਲੇ ਇਕਸਾਰਤਾ ਹੈ ਅਤੇ ਇਸੇ ਇਕਸਾਰਤਾ ਦੀ ਕਮੀ ਦੁੱਖ ਦਾ ਕਾਰਨ ਹੁੰਦੀ ਹੈ। ਦੁੱਖ ਇਕ ਕਿਸਮ ਦੀ ਚਿਤਾਵਨੀ ਹੈ ਜਿਹੜੀ ਇਹ ਦਸਦੀ ਹੈ ਕਿ ਮੌਜੂਦਾ ਸਥਿਤੀ ਵਿਚ ਕੁਝ ਗੜਬੜ ਹੈ ਅਤੇ ਇਸ ਵਿਚ ਯੋਗ ਤਬਦੀਲੀ ਲੋੜੀਂਦੀ ਹੈ। ਮਾਰਸ਼ਲ ਅਨੁਸਾਰ ਜਦੋਂ ਕਿਸੇ ਕ੍ਰਿਆ ਵਿਚ ਇੰਨੀ ਸ਼ਕਤੀ ਖ਼ਰਚ ਹੁੰਦੀ ਹੈ ਜਿੰਨੀ ਸਰੀਰ ਵਿਚਲਾ ਸੰਚਿਤ ਭੰਡਾਰ ਨਹੀਂ ਦੇ ਸਕਦਾ ਤਾਂ ਕ੍ਰਿਆ ਦੁਖਦਾਈ ਹੋ ਜਾਂਦੀ ਹੈ।

ਨੀਤੀ ਦਾ ਕੰਮ ਸ਼ੁਭ ਅਤੇ ਅਸ਼ੁਭ ਵਿਚ ਭੇਦ ਕਰਨਾ ਹੈ। ਭੋਗਵਾਦ ਅਨੁਸਾਰ ਸੁੱਖ ਇਕਮਾਤਰ ਸ਼ੁਭ ਅਤੇ ਦੁੱਖ ਇਕਮਾਤਰ ਅਸ਼ੁਭ ਹੈ। ਇਸ ਸਬੰਧ ਵਿਚ ਡਾ. ਮੂਰ ਦਾ ਕਥਨ ਹੈ ਕਿ ਦੁੱਖ ਬੁਰਾ ਹੋਵੇ ਤਾਂ ਵੀ ਇਹ ਜ਼ਰੂਰੀ ਨਹੀਂ ਕਿ ਹੋਰਨਾਂ ਅੰਸ਼ਾਂ ਦੇ ਮਿਲਣ ਤੇ ਇਹ ਉਨ੍ਹਾਂ ਦੇ ਮੁੱਲ ਨੂੰ ਘਟਾ ਦੇਵੇ। ਜਦੋਂ ਅਸੀਂ ਕਿਸੇ ਦੂਜ੍ਹੇ ਦੇ ਦੁੱਖ ਵਿਚ ਸ਼ਾਮਲ ਹੁੰਦੇ ਹਾਂ ਤਾਂ ਸੰਸਾਰ ਵਿਚ ਦੁੱਖ ਦੀ ਮਾਤਰਾ ਵੱਧ ਜਾਣ ਉੱਤੇ ਵੀ ਸਥਿਤੀ ਪਹਿਲਾਂ ਨਾਲੋਂ ਚੰਗੀ ਹੋ ਜਾਂਦੀ ਹੈ।

ਅਭਦ੍ਰਵਾਦ ਅਨੁਸਾਰ ਜੀਵਨ ਦੁਖਮਈ ਹੈ। ਇਹ ਗੌਤਮ ਬੁਧ ਅਤੇ ਸ਼ਾਪੇਨਹਾਵਰ ਦਾ ਮੱਤ ਹੈ। ਇਸ ਤੋਂ ਉਲਟ ਭਦ੍ਰਵਾਦ ਅਨੁਸਾਰ ਦੁੱਖ ਭਰਮ ਮਾਤਰ ਹੈ। ਅਨੁਭਵ ਇਨ੍ਹਾਂ ਦੋਨਾਂ ਧਾਰਨਾਵਾਂ ਨੂੰ ਨਾ ਮੰਨਣ ਯੋਗ ਮੰਨਦਾ ਹੈ। ਸ਼ੋਧਨਵਾਦ ਦੁੱਖ ਦੀ ਹੋਂਦ ਤੋਂ ਇਨਕਾਰ ਨਹੀਂ ਕਰਦਾ ਪਰ ਇਸ ਦੀ ਨਿਵਰਤੀ ਨੂੰ ਵੀ ਸੰਭਵ ਮੰਨਦਾ ਹੈ। ਇਹੋ ਨਹੀਂ, ਅਸੀਂ ਦੁੱਖ ਨੂੰ ਉੱਨਤੀ ਦਾ ਸਾਧਕ ਵੀ ਬਣਾ ਸਕਦੇ ਹਾਂ। ਰਾਜਨੀਤੀ ਅਕਸਰ ਦੰਡਨੀਤੀ ਹੀ ਹੈ। ਮਨੁੱਖ ਜਾਤੀ ਦੇ ਵਿਲਾਸ ਵਿਚ ਦੁੱਖ ਦਾ ਭਾਗ ਬਹੁਤ ਮਹੱਤਵਪੂਰਨ ਹੈ। ਹੇਗੇਲ ਨੇ ਇਸੇ ਗੱਲ ਉੱਤੇ ਵਿਸ਼ੇਸ਼ ਜ਼ੋਰ ਦਿੱਤਾ ਹੈ ਕਿ ਦੁੱਖ ਉੱਨਤੀ ਦਾ ਮੂਲ ਹੈ।

ਹ.ਪੁ.—ਹਿੰ. ਵਿ. ਕੋ. 6 : 75 , ਹਿ. ਸ਼. ਸਾ. 5.2.304 ; ਮ. ਕੋ.

ਦੁੱਖ ਨਿਵਾਰਨ ਸਾਹਿਬ (ਗੁਰਦੁਆਰਾ) : ਸਿੱਖਾਂ ਦੇ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਪਵਿੱਤਰ ਯਾਦ ਵਿਚ ਬਣਿਆ। ਇਹ ਗੁਰਦੁਆਰਾ ਪਟਿਆਲਾ ਸਰਹਿੰਦ ਸੜਕ ਉੱਤੇ ਰੇਲਵੇ ਸਟੇਸ਼ਨ ਤੋਂ ਲਗਭਗ ਅੱਧੇ ਕਿਲੋਮੀਟਰ ਦੀ ਦੂਰੀ ਤੇ ਸਥਿਤ ਹੈ। ਸਥਾਨਕ ਰਵਾਇਤ ਅਨੁਸਾਰ ਗੁਰੂ ਸਾਹਿਬ ਪਹਿਲਾਂ 1665 ਈ. ਅਤੇ ਫਿਰ 1675 ਈ. ਵਿਚ ਦੋ ਵਾਰੀ ਇਥੇ ਆਏ। ਉਹ ਥਾਂ ਜਿਥੇ ਅੱਜਕੱਲ੍ਹ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਬਣਿਆ ਹੋਇਆ ਹੈ ਪਹਿਲਾਂ ਇਕ ਸ਼ਾਂਤਮਈ ਸਥਾਨ ਸੀ ਜਿਥੇ ਇਕ ਟੋਭਾ ਅਤੇ ਬੋਹੜ ਦਾ ਦਰਖ਼ਤ ਸੀ। ਕਿਹਾ ਜਾਂਦਾ ਹੈ ਕਿ ਇਸ ਸਥਾਨ ਤੇ ਗੁਰੂ ਸਾਹਿਬ ਨੇ ਕਰਮੋ ਨਾਮੀ ਇਕ ਬੀਬੀ ਨੂੰ ਅਸੀਸ ਦਿੱਤੀ ਸੀ ਜਿਸ ਦਾ ਬੱਚਾ ਅਠਮਾਏ ਦੀ ਬੀਮਾਰੀ ਨਾਲ ਗ੍ਰਸਿਆ ਹੋਇਆ ਸੀ। ਇਸ ਸਬੰਧ ਵਿਚ ਗੁਰੂ ਸਾਹਿਬ ਨੇ ਇਕ ਪਵਿੱਤਰ ਹੁਕਮਨਾਮਾ ਬਖ਼ਸ਼ਿਆ ਜੋ ਇਸ ਪ੍ਰਕਾਰ ਹੈ :—



ਗੁਰਦੁਆਰਾ ਦੁੱਖ ਨਿਵਾਰਨ ਸਾਹਿਬ

ੴ ਸਤਿਗੁਰ ਪ੍ਰਸਾਦਿ

੧ ਓਅੰਕਾਰ ਸ੍ਰੀ ਅਕਾਲ ਜੀ ਸਹਾਏ

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਭਾਗ ਰਾਮ ਝਿਊਰ ਬੇਨਤੀ ਕਰਤ ਭਇ ਜੀ ਲਾਹਲ ਗਾਂਵੇ ਵਿਚ ਬਿਮਾਰੀ ਜਾਂਦੀ ਨਹੀਂ ਸਚੇ ਸਾਹਿਬ ਸੈਫਾਬਾਦ ਤੇ ਉਠ ਕੇ ਲਾਹਲ ਗਾਂਵੇ ਦੇ ਪਹਾੜ ਓਰ ਕਰੀਬਣ ਸਾਤ ਆਠ ਸੌ ਤੌਰ ਬੋਹੜ ਦੇ ਤਲੇ ਆਣ ਬਰਾਜਤ ਭਏ, ਯੀਹਾਂ ਟੋਬੜ ਮੈਂ ਚਰਨ ਧੋਬਤ ਭਏ, ਹੁਕਮ ਹੋਇਆ ਏਥੇ ਜੇ ਕੋਈ ਰੋਗੀ ਸ਼ਰਧਾ ਸਹਿਤ ਇਸ਼ਨਾਨ ਕਰੇਗਾ ਉਸ ਦੇ ਸਭ ਰੋਗ ਖੰਡੀਏਗੇ। ਇਥੇ ਥੜਾ ਬਣਾਓ ਲੰਗਰ ਚਲਾਓ ਹੁਕਮ ਹੋਇਆ ਜੋ ਇਥੇ ਬਸੰਤ ਪੰਚਮੀ ਨੂੰ ਇਸ਼ਨਾਨ ਕਰੇਗਾ, ਉਸ ਨੂੰ ਸਭ ਤੀਰਥਾਂ ਦਾ ਫਲ ਪਰਾਪਤ ਹੋਏਗਾ। ਸੰਗਤ ਬੇਨਤੀ ਕਰਤ ਭਈ ਜੀ ਇਥੇ ਆਬਾਦੀ ਹੁੰਦੀ ਨਹੀਂ ਆਬਾਦੀ ਹੋਵੇ ਜੀ। ਹੁਕਮ ਹੋਇਆ ਇਥੇ ਰੌਣਕ ਬਹੁਤ ਹੋਵੇਗੀ। ਇਥੇ ਗੁਰੂ ਸਿੰਘ ਹੋਸੀ ਰਾਜਧਾਨ ਸੇਵਾ ਕਰਸੀ ਗੁਰਧਾਮ ਉਗਾ ਹੋਈ ਸਭ ਜਹਾਨ, ਜੋ ਕੋਈ ਸਵੈ ਕਮਾਵੈ ਮਨ ਬਾਂਛਤ ਫਲ ਪਾਵੈ ਕਰਮਾਂ ਦੇਵੀ ਖਤਰਾਣੀ ਚਰਨੀ ਡਿਗੀ ਜੀ ਅਠਮਾਏ ਨਾਲ ਬਾਲ ਸ਼ਾਂਤ ਹੋ ਜਾਂਦੇ ਹੈਂ ਜੀ ਹੁਕਮ ਹੋਇਆ ਇਥੇ ਇਸ਼ਨਾਨ ਕਰਸੋ ਦੂਰ ਹੋਸੀ, ਕੋਈ ਰੋਗ ਨਾ ਰਹਿਸੀ। ਇਥੇ ਦਿਨ ਖੋੜਸ ਮਾਘ ਸ਼ੁਕਲ ਪੰਚਮੀ ਸਤਾਰਾਂ ਸੌ ਅਠਾਈਸ ਸਭ ਸੰਗਤ ਕੋ ਖੁਸ਼ੀ ਕਰਤ ਭਏ। ਜੋ ਹੁਕਮਨਾਮੇ ਦੇ ਦਰਸ਼ਨ ਪਾਵੇਗਾ ਸੋ ਮੇਰੇ ਦਰਸ਼ਨ ਪਾਵੇਗਾ ਗੁਰਧਾਮ ਕੋ ਜਾਵੇਗਾ ਸਭ ਸੁਖ ਪਾਵੇਗਾ ਜਮ ਧਾਮ ਨਾ ਜਾਵੇਗਾ।

ਇਸ ਪਵਿੱਤਰ ਸਥਾਨ ਉੱਤੇ ਗੁਰੂ ਸਾਹਿਬ ਇਕ ਬੋਹੜ ਦੇ ਦਰਖ਼ਤ ਦੀ ਛਾਂ ਵਿਚ ਬਿਰਾਜੇ ਸਨ। ਗੁਰਦੁਆਰੇ ਵਿਚ ਘੀ ਦੀ ਜੋਤ ਦਿਨ ਰਾਤ ਸਦੀਵੀ ਰੂਪ ਵਿਚ ਜਗਦੀ ਹੈ। ਗੁਰਦੁਆਰਾ ਸ੍ਰੀ ਦੁੱਖ ਨਿਵਾਰਨ ਸਾਹਿਬ ਨਾਲ ਦੋ ਪੁਰਬ-ਬਸੰਤ ਪੰਚਮੀ ਦਾ ਮੇਲਾ ਅਤੇ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ ਵਿਸ਼ੇਸ਼ ਤੌਰ ਤੇ ਜੁੜੇ ਹੋਏ ਹਨ। ਗੁਰੂ ਸਾਹਿਬ ਦੇ ਪਵਿੱਤਰ ਬਚਨਾਂ ਸਦਕਾ ਅਰਥਾਤ ਜੇ ਕੋਈ ਰੋਗੀ ਸ਼ਰਧਾ ਸਹਿਤ ਇਸ਼ਨਾਨ ਕਰੇਗਾ ਉਸ ਦੇ ਸਭ ਰੋਗ ਕਟੇ ਜਾਣਗੇ ਕਰ ਕੇ ਹੀ ਇਸ ਗੁਰੂਦੁਆਰੇ ਦਾ ਨਾਂ ਗੁਰਦੁਆਰਾ ਸ੍ਰੀ ਦੁੱਖ ਨਿਵਾਰਨ ਸਾਹਿਬ ਪਿਆ।

ਦੁਖਾਂਤ ਨਾਟਕ : ਦੁਖਾਂਤ ਨਾਟਕ ਤੋਂ ਭਾਵ ਉਹ ਨਾਟਕ ਹੈ ਜਿਸ ਦਾ ਅੰਤ ਦੁਖਦਾਈ ਹੋਵੇ ਜਾਂ ਨਾਇਕ ਦੀ ਸਮਾਜ਼ ਜਾਂ ਪਰਸਥਿਤੀਆਂ ਨਾਲ ਜੂਝਦੇ ਹੋਇਆਂ ਨਾਟਕ ਦੇ ਅੰਤ ਵਿਚ ਮੌਤ ਹੋ ਜਾਵੇ। ਇਸ ਦੀ ਪਰਪੰਰਾ ਬਹੁਤ ਪੁਰਾਣੀ ਹੈ। ਸਭ ਤੋਂ ਪਹਿਲਾਂ ਇਸ ਦਾ ਆਰੰਭ ਯੂਨਾਨ ਵਿਚ ਪੰਜਵੀਂ ਸਦੀ ਈ. ਪੂ. ਹੋਇਆ। ਸਾਹਿਤਕ ਤੌਰ ਤੇ ਵਧੀਆ ਦੁਖਾਂਤ ਨਾਟਕ ਕੇਵਲ ਚਾਰ ਕਾਲਾਂ ਵਿਚ ਅਤੇ ਸਥਾਨਾਂ ਵਿਚ ਰਚੇ ਗਏ ਹਨ। ਪੰਜਵੀਂ ਸਦੀ ਈ. ਪੂ. ਯੂਨਾਨ ਐਟਿਕਾ; ਇੰਗਲੈਂਡ ਵਿਚ ਇਲਿਜ਼ਾਬੱਥ ਪਹਿਲੀ ਅਤੇ ਜੇਮਜ਼ ਪਹਿਲੇ ਦੇ ਸਮੇਂ 1558 ਤੋਂ 1625 ਤਕ; ਸਤਾਰ੍ਹਵੀਂ ਸਦੀ ਦੇ ਫ਼ਰਾਂਸ ਵਿਚ ਅਤੇ ਉੱਨੀਵੀਂ ਸਦੀ ਅਤੇ ਵੀਂਹਵੀ ਸਦੀ ਦੇ ਪਹਿਲੇ ਅੱਧ ਵਿਚ ਯੂਰਪ ਅਤੇ ਅਮਰੀਕਾ ਵਿਚ ਰਚੇ ਗਏ।

ਦੁਖਾਂਤ ਜਾਂ ਟ੍ਰੈਜਿਡੀ ਦੀ ਵਿਉਤਪਤੀ 'ਟ੍ਰੈਗੋਇਡੀਆ' ਤੋਂ ਹੋਈ ਇਸ ਦਾ ਭਾਵ ਹੈ 'ਗੋਟ ਸਾਂਗ' ਅਰਥਾਤ 'ਬੱਕਰੀ ਦਾ ਗੀਤ'। ਪਹਿਲਾਂ ਪਹਿਲ ਇਸ ਦਾ ਆਰੰਭ ਕੋਰਸ ਨ੍ਰਿਤ ਅਤੇ ਗਾਇਣ ਦੇ ਰੂਪ ਵਿਚ ਹੋਇਆ। ਉਸ ਸਮੇਂ ਯੂਨਾਨ ਦੇ ਪ੍ਰਸਿੱਧ ਲੇਖਕਾਂ ਐਸਕਾਈਲਸ (525-456 ਈ.ਪੂ.) ਸਾਂਫੋਕਲੀਜ਼ (486-406 ਈ.ਪੂ.) ਅਤੇ ਯੂਰੀਪੀਡੀਜ਼ (480-406 ਈ.ਪੂ.) ਨੇ ਅਜਿਹੇ ਦੁਖਾਂਤ ਨਾਟਕ ਲਿਖੇ ਜੋ ਸੰਸਾਰ ਭਰ ਵਿਚ ਪ੍ਰਸਿੱਧ ਹੋਏ। ਦੱਸਿਆ ਜਾਂਦਾ ਹੈ ਐਸਕਾਈਲਸ ਨੇ 90 ਦੁਖਾਂਤ ਨਾਟਕ ਲਿਖੇ ਜਿਨ੍ਹਾਂ ਵਿਚੋਂ ਕੇਵਲ 7 ਹੀ ਉਪਲੱਬਧ ਹਨ।

ਚੌਥੀ ਸਦੀ ਈ. ਪੂ. ਪ੍ਰਸਿੱਧ ਯੂਨਾਨੀ ਦਾਰਸ਼ਨਿਕ ਅਰਸਤੂ ਨੇ ਉਪਲੱਬਧ ਦੁਖਾਂਤ ਨਾਟਕਾਂ ਦਾ ਅਧਿਐਨ ਕਰ ਕੇ ਦੁਖਾਂਤ ਦੀ ਵਿਆਖਿਆ ਕੀਤੀ। ਅਰਸਤੂ ਦੇ ਵਿਚਾਰ ਅਨੁਸਾਰ ਟ੍ਰੈਜਿਡੀ ਅਜਿਹੀ ਮਾਨਵੀ ਕਿਰਿਆ ਦੀ ਨਕਲ ਹੈ ਜਿਹੜੀ ਗੰਭੀਰ, ਸੰਪੂਰਨ ਅਤੇ ਮਹਾਨ ਹੋਵੇ। ਅਰਸਤੂ ਨੇ ਚਰਿਤਰ, ਵਿਚਾਰ, ਸ਼ੈਲੀ, ਸੰਗੀਤ ਅਤੇ ਦ੍ਰਿਸ਼-ਵਿਧਾਨ ਨੂੰ ਟ੍ਰੈਜਿਡੀ ਦੇ ਜ਼ਰੂਰੀ ਅੰਗ ਮੰਨਿਆ ਹੈ। ਐਸਕਾਈਲਸ ਪਹਿਲਾ ਮਹਾਨ ਦੁਖਾਂਤ ਨਾਟਕਕਾਰ ਸੀ ਜਿਸ ਨੇ ਆਪਣੀਆਂ ਦੋ ਪ੍ਰਸਿੱਧ ਰਚਨਾਵਾਂ 'ਔਰੈਸਟੀਆ' ਅਤੇ 'ਪ੍ਰੋਮੀਥੀਅਸ ਬਾਊਂਡ' ਵਿਚ ਮਨੁੱਖ ਦੀ ਹੋਂਦ ਅਤੇ ਆਪਣੀ ਬਦਨਸੀਬੀ ਲਈ ਦੇਵੀ ਦੇਵਤਿਆਂ ਦੀ ਕਰੋਪੀ ਦੇ ਸ਼ਿਕਾਰ ਸਬੰਧੀ ਪ੍ਰਸ਼ਨ ਕੀਤਾ। ਇਨ੍ਹਾਂ ਪ੍ਰਸ਼ਨਾਂ ਦਾ ਉੱਤਰ ਹੋਮਰ ਦੀਆਂ ਕਹਾਣੀਆਂ ਵਿਚੋਂ ਮਿਲ ਜਾਂਦਾ ਹੈ। ਮਨੁੱਖ ਦੀ ਹੋਂਦ ਸਬੰਧੀ ਵਿਚਾਰ ਦੇ ਨਾਲ ਨਾਲ ਇਨ੍ਹਾਂ ਨਾਟਕਾਂ ਵਿਚ ਇਸ ਦਾ ਅਧਿਐਨ ਮਨੋਵਿਗਿਆਨਕ ਢੰਗ ਨਾਲ ਵੀ ਕੀਤਾ ਗਿਆ ਹੈ। ਛੇਵੀਂ ਸਦੀ ਵਿਚ ਹੀ ਆਪਣੇ ਇਤਿਹਾਸ ਅਤੇ ਮਹਾਂਕਾਵਾਂ ਤੋਂ ਏਥਨਜ਼ ਦੇ ਲੋਕਾਂ ਨੇ ਜਾਣ ਲਿਆ ਸੀ ਕਿ ਉਹ ਇਕ ਸਾਮਰਾਜ ਅਤੇ ਇਕ ਮਹਾਨ ਸਭਿਆਚਾਰ ਦੀ ਨੀਂਹ ਰੱਖਣਗੇ।

ਐਸਕਾਈਲਸ ਨੂੰ ਯੂਨਾਨੀ ਨਾਟਕਕਾਰਾਂ ਵਿਚੋਂ ਸਭ ਤੋਂ ਵੱਧ ਸ਼ਾਸਤ੍ਰਿਕ ਕਿਹਾ ਜਾਂਦਾ ਹੈ। ਉਸ ਦੇ ਦੁਖਾਂਤ ਨਾਟਕਾਂ ਵਿਚ ਬਦੀ ਜ਼ਰੂਰ ਹੁੰਦੀ ਹੈ ਅਤੇ ਇਸ ਤੋਂ ਹੋਇਆ ਨੁਕਸਾਨ ਨਾ ਪੂਰਾ ਹੋਣ ਵਾਲਾ ਹੁੰਦਾ ਹੈ। ਉਸ ਦੇ ਨਾਟਕ ਇਹ ਹੀ ਦਸਦੇ ਹਨ ਕਿ ਮਨੁੱਖ ਦੁੱਖ ਝੱਲ ਕੇ ਹੀ ਕੁਝ ਸਿੱਖਦਾ ਹੈ। ਇਹੋ ਗੱਲ 'ਔਰੈਸਟੀਆ ਨਾਟਕ' ਦੇ ਪਹਿਲੇ ਭਾਗ 'ਐਗਾਮਨਾਨ' ਦੇ ਸਮੂਹ ਗਾਨ ਵਿਚ ਦੋ ਵਾਰ ਕਹੀ ਗਈ ਹੈ। ਦੁੱਖਾਂ ਰਾਹੀਂ ਸਿੱਖਣ ਦੀ ਸਮਰੱਥਾ ਯੂਨਾਨੀ ਦੁਖਾਂਤ ਨਾਟਕ ਦੇ ਨਾਇਕ ਦਾ ਮੁੱਖ ਲੱਛਣ ਹੈ। ਐਸਕਾਈਲਸ ਅਨੁਸਾਰ ਦੁੱਖ ਝੱਲਣਾ ਦੁਖਦਾਈ ਨਹੀਂ ਸਗੋਂ ਗਿਆਨ ਦਾ ਸੋਮਾ ਹੈ। ਇਸ ਤਰ੍ਹਾਂ ਜੇ ਐਸਕਾਈਲਸ ਨੂੰ ਦੁਖਾਂਤ ਨਾਟਕ ਦਾ ਜਨਮਦਾਤਾ ਸਿੱਧ ਨਹੀਂ ਕੀਤਾ ਜਾ ਸਕਦਾ ਤਾਂ ਘੱਟੋ ਘੱਟ ਇਹ ਜ਼ਰੂਰ ਆਖਿਆ ਜਾ ਸਕਦਾ ਹੈ ਕਿ ਉਸ ਨੇ ਇਸ ਦੀ ਰੂਪ-ਰੇਖਾ ਅਤੇ ਸਰੂਪ ਜ਼ਰੂਰ ਨਿਸ਼ਚਿਤ ਕੀਤਾ ਜੋ ਹੁਣ ਤਕ ਪ੍ਰਚਲਿਤ ਹੈ। ਵੀਂਹਵੀ ਸਦੀ ਵਿਚ ਵੀ 'ਔਰੈਸਟੀਆ' ਨੂੰ ਮਨੁੱਖ ਦੀ ਮਹਾਨ ਅਧਿਆਤਮਕ ਕਿਰਤ ਮੰਨਿਆ ਗਿਆ ਹੈ ਅਤੇ ਟੀ.ਐਸ. ਈਲੀਅਟ ਨੇ ਆਪਣੇ ਨਾਟਕ 'ਦੀ ਫ਼ੈਮਿਲੀ ਰੀਯੂਨੀਅਨ' (1939) ਅਤੇ ਯ਼ਾਂ ਪਾਲ ਸਾਰਤਰ ਨੇ ਆਪਣੇ ਨਾਟਕ 'ਦੀ ਫਲਾਈਜ਼' (1943) ਵਿਚ ਇਸ ਦੇ ਮੂਲ ਪਾਤਰਾਂ ਪਰਿਸਥਿਤੀਆਂ ਅਤੇ ਵਿਸ਼ਿਆਂ ਦੀ ਆਧੁਨਿਕ ਨਾਟਕ ਸਾਹਿਤ ਵਿਚ ਮਹੱਤਤਾ ਨੂੰ ਮੰਨਿਆ ਹੈ। ਸੌਫੋਕਲੀਜ਼ ਦਾ ਜੀਵਨ ਕਾਲ ਲਗਭਗ ਸਾਰੀ ਪੰਜਵੀਂ ਸਦੀ ਈ. ਪੂ. ਹੈ। ਕਿਹਾ ਜਾਂਦਾ ਹੈ ਕਿ ਉਸ ਨੇ ਆਪਣਾ ਆਖ਼ਰੀ ਨਾਟਕ ਇਡੀਪਸ ਐਟਕੋਲੋਨਸ 90 ਸਾਲ ਦੀ ਉਮਰ ਵਿਚ ਲਿਖਿਆ ਸੀ। ਉਸ ਦੇ ਨਾਂ ਨਾਲ 125 ਕਿਰਤਾਂ ਸਬੰਧਤ ਹਨ ਜਿਨ੍ਹਾਂ ਵਿਚੋਂ ਕੇਵਲ 7 ਨਾਟਕ ਹੀ ਬਚੇ ਹਨ। ਉਸ ਨੂੰ ਦੁਖਾਂਤਕ ਮੁਕਾਬਲਿਆਂ ਵਿਚ ਕਦੇ ਵੀ ਦੂਜੇ ਦਰਜੇ ਤੋਂ ਘੱਟ ਦਾ ਇਨਾਮ ਨਹੀਂ ਮਿਲਿਆ ਸੀ।

ਸੌਫੋਕਲੀਜ਼ ਦੀ ਵਿਸ਼ੇਸਤਾ ਇਹ ਹੈ ਕਿ ਉਹ ਹੋਰਨਾਂ ਵਾਂਗ ਆਪਣੇ ਨਾਟਕਾਂ ਦੇ ਪਾਤਰਾਂ ਅਤੇ ਪਰਿਸਥਿਤੀਆਂ ਵਿਚ ਆਪ ਨਹੀਂ ਬੋਲਦਾ ਅਤੇ ਨਾ ਹੀ ਉਨ੍ਹਾਂ ਦੀ ਪਹਿਲਾਂ ਕਿਸੇ ਪ੍ਰਵਾਨਿਤ ਪੈਟਰਨ ਅਨੁਸਾਰ ਸਿਰਜਣਾ ਕਰਦਾ ਹੈ। ਉਨ੍ਹਾਂ ਨੂੰ ਆਪਣੀ ਮਰਜ਼ੀ ਅਨੁਸਾਰ ਸੁਤੰਤਰ ਵਿਚਰਣ ਦਿੰਦਾ ਹੈ। ਜੇ ਜੀਵਨ ਮੁਸ਼ਕਲਾਂ ਭਰਪੂਰ ਹੈ ਅਤੇ ਇਸ ਵਿਚ ਅਕਸਰ ਤਬਾਹੀ ਹੀ ਹੁੰਦੀ ਹੈ ਅਤੇ ਜੇ ਮੁਸੀਬਤ ਨੇ ਆਉਣਾ ਹੀ ਹੈ ਤਾਂ ਮਨੁੱਖ ਨੂੰ ਜ਼ਰੂਰ ਪਤਾ ਹੋਣਾ ਚਾਹੀਦਾ ਹੈ ਕਿ ਇਹੋ ਜਿਹੀ ਸਥਿਤੀ ਵਿਚ ਉਹ ਕਿਸ ਤਰ੍ਹਾਂ ਦਾ ਵਿਵਹਾਰ ਕਰੇ। ਇਸ ਸਬੰਧ ਵਿਚ ਉਸ ਦਾ ਸ਼ਾਹਕਾਰ 'ਇਡੀਪਸ ਦ ਕਿੰਗ' ਨਾਟਕ ਖੇਤਰ

ਵਿਚ ਉਸ ਦੀ ਸਮੁੱਚੀ ਪ੍ਰਾਪਤੀ ਦਾ ਨਮੂਨਾ ਕਿਹਾ ਜਾ ਸਕਦਾ ਹੈ। ਇਸ ਤੋਂ ਇਕ ਸਦੀ ਪਿੱਛੋਂ ਅਰਥਾਤ ਚੌਥੀ ਸਦੀ ਈ. ਪੂ. ਅਰਸਤੂ ਨੇ ਆਪਣੇ ਕਾਵਿ-ਸ਼ਾਸਤਰ 'Poetic' ਵਿਚ ਦੁਖਾਂਤ ਨਾਟਕ ਦੀ ਪਰਿਭਾਸ਼ਾ ਦਿੱਤੀ। ਸੌਫੋਕਲੀਜ਼ ਦੇ ਹੋਰ ਨਾਟਕਾਂ ਵਾਂਗ 'ਇਡੀਪਸ' ਵਿਚ ਵੀ ਸਮੂਹਗਾਨ ਨਾਲੋਂ ਕਾਰਜ ਦੀ ਪ੍ਰਧਾਨਤਾ ਅਤੇ ਵਾਰਤਾਲਾਪ ਵਿਚ ਚੁਸਤੀ ਹੈ।

ਦੁਖਾਂਤ ਨਾਟਕ ਨੂੰ ਧਰਮ ਜਾਂ ਦਰਸ਼ਨ ਦੇ ਉਚੇਰੇ ਆਸ਼ਾਵਾਦ ਜਾਂ ਹੋਰ ਵਿਸ਼ਵਾਸਾਂ ਵਿਚ ਸੰਤੁਲਨ ਕਾਇਮ ਰੱਖਣਾ ਚਾਹੀਦਾ ਹੈ।

ਯੂਰੀਪੀਡੀਜ਼ ਦੇ ਸਮੇਂ ਸੁਤੰਤਰਤਾ ਦੀ ਸੀਮਾ ਘਟ ਗਈ ਅਤੇ ਨਿਆਂ ਦਾ ਮਸਲਾ ਜੋ ਐਸਕਾਈਲਸ ਲਈ ਇੰਨਾ ਕੇਂਦਰੀ ਅਤੇ ਆਦਰਸ਼ਕ ਸੀ, ਵਿਅੰਗ ਦਾ ਵਿਸ਼ਾ ਬਣ ਗਿਆ। ਇਹ ਉਸ ਦੇ ਦੁਖਾਂਤ ਨਾਟਕਾਂ 'ਹਿਪੋਲਾਈਟਸ', 'ਮੀਡੀਆ' ਅਤੇ 'ਬੇਚੀ' (Bacchae) ਵਿਚ ਵੇਖਿਆ ਜਾ ਸਕਦਾ ਹੈ। ਇਸੇ ਲਈ ਅਰਸਤੂ ਨੇ ਇਨ੍ਹਾਂ ਤਿੰਨਾਂ ਨਾਟਕਕਾਰਾਂ ਵਿਚੋਂ ਯੂਰੀਪੀਡੀਜ਼ ਨੂੰ ਸਭ ਤੋਂ ਵੱਧ ਦੁਖਾਂਤ ਨਾਟਕ ਕਾਰ ਕਿਹਾ ਹੈ ਜਿਸ ਦੀਆਂ ਰਚਨਾਵਾਂ ਨਾਲ ਮਨੁੱਖੀ ਜੀਵਨ ਵਿਚ ਸਭ ਤੋਂ ਵੱਧ ਉਦਾਸੀ ਉਪਜਦੀ ਹੈ। ਯੂਰੋਪੀਡੀਜ਼ ਨੇ ਇਨ੍ਹਾਂ ਸਿਧਾਂਤਾਂ ਉੱਤੇ ਆਪਣੇ ਦੁਖਾਂਤ ਨਾਟਕਾਂ ਦਾ ਵਿਕਾਸ ਕਰ ਕੇ ਦੁਖਾਂਤ ਨਾਟਕ ਖੇਤਰ ਵਿਚ ਯਥਾਰਥਵਾਦ, ਰੋਮਾਂਸਵਾਦ, ਮੈਲੋਡਰਾਮਾ, ਕੁਰਣਾਰਸ, ਬੌਧਿਕਵਾਦ, ਮਾਨਵਤਾਵਾਦ, ਪ੍ਰਭਾਵਵਾਦ ਆਦਿ ਨਵੇਂ ਝੁਕਾਵਾਂ ਦੀ ਸਿਰਜਣਾ ਕੀਤੀ।

ਯੂਰੀਪੀਡੀਜ਼ ਤੋਂ ਪਿਛਲੇਰੇ ਯੂਨਾਨੀ ਨਾਟਕ ਸਾਹਿਤ ਵਿਚ ਥੋੜ੍ਹਾ ਜਿਹਾ ਹੀ ਵਰਣਨ ਆਉਂਦਾ ਹੈ ਜੋ ਦੁਖਾਂਤ ਨਾਟਕ ਦੇ ਇਤਿਹਾਸ ਵਿਚ ਮਹੱਤਵਪੂਰਨ ਹੈ। ਈਸਾ ਪੂਰਵ ਕਾਲ ਵਿਚ ਦੁਖਾਂਤ ਨਾਟਕ ਦੇ ਸੰਤੁਲਨ ਵਿਚ ਵਿਘਨ ਪੈ ਗਿਆ ਅਤੇ ਐਸਕਾਈਲਸ, ਸੌਫੋਕਲੀਜ ਅਤੇ ਯੂਰੀਪੀਡੀਜ਼ ਦਾ ਥੀਏਟਰ ਗਾਲੀ ਗਲੋਚ, ਤਮਾਸ਼ੇ ਅਤੇ ਮਨੋਰੰਜਨ ਵਾਲਾ ਥੀਏਟਰ ਬਣ ਗਿਆ।

ਰੋਮਨ ਕਾਲ ਵਿਚ ਦੁਖਾਂਤ ਨਾਟਕ ਦੀ ਪਰੰਪਰਾ ਸੁਰਜੀਤ ਨਹੀਂ ਹੋ ਸਕੀ। ਸੈਨੇਕਾ (ਚੌਥੀ ਸਦੀ ਈ. ਪੂ. ਤੋਂ 65 ਈ.) ਨੇ 9 ਦੁਖਾਂਤ ਨਾਟਕ ਲਿਖੇ ਜਿਨ੍ਹਾਂ ਦਾ ਆਧਾਰ ਆਮ ਤੌਰ ਤੇ ਯੂਨਾਨੀ ਸਾਮੱਗਰੀ ਹੀ ਸੀ ਜਿਵੇਂ ਕਿ ਇਡੀਪਸ, ਹਿਪੋਡਾਈਟਸ, ਮੀਡੀਆ ਅਤੇ ਐਗਾਮੈਨਾਨ ਆਦਿ ਪਰ ਇਨ੍ਹਾਂ ਦੇ ਪਾਤਰਾਂ ਅਤੇ ਵਿਸ਼ੇ ਵਿਚ ਯੂਨਾਨੀ ਦੁਖਾਂਤਕ ਅਨੁਭਵ ਬਹੁਤ ਘੱਟ ਹੈ। ਇਸ ਕਾਲ ਵਿਚ ਅਨੁਭਵ ਵਾਲੀਆਂ ਅਤੇ ਪ੍ਰਭਾਵਸ਼ਾਲੀ ਲਿਖਤਾਂ ਉੱਤੇ ਜ਼ਿਆਦਾ ਜ਼ੋਰ ਦਿੱਤਾ ਗਿਆ।

ਦੁਖਾਂਤ ਨਾਟਕ ਦੇ ਇਤਿਹਾਸ ਵਿਚ ਯੂਨਾਨੀ ਅਤੇ ਇਲਿਜ਼ਾਬੱਥ ਕਾਲ ਦੀ ਇਸ ਲੰਬੀ ਵਿੱਥ ਦਾ ਵੱਖ ਵੱਖ ਢੰਗ ਨਾਲ ਵਰਣਨ ਕੀਤਾ ਗਿਆ ਹੈ। ਭਾਵੇਂ ਰੋਮਨ ਕਾਲ ਵਿਚ ਕੁਝ ਨਾਟਕ ਲਿਖੇ ਗਏ ਪਰ ਇਨ੍ਹਾਂ ਵਿਚ ਦੁਖਾਂਤ ਨਾਟਕ ਦੇ ਬੁਨਿਆਦੀ ਤੱਤਾਂ ਦੀ ਘਾਟ ਸੀ।

ਰੋਮਨ ਕਾਲ ਦੇ ਪਤਨ ਅਤੇ ਬਾਰਬਰੀ ਹਮਲਿਆਂ ਨਾਲ ਈਸਾਈ ਚਰਚ ਦਾ ਹੌਲੀ ਹੌਲੀ ਵਿਕਾਸ ਹੋਣ ਲਗਾ। ਚਰਚ ਦੇ ਲੋਕਾਂ ਅਤੇ ਦਾਰਸ਼ਨਿਕਾਂ ਨੇ ਹੌਲੀ ਹੌਲੀ ਈਸਾਈ ਸਿਧਾਂਤਾਂ ਤੇ ਮਨੁੱਖਾਂ ਦੀ ਹੋਣੀ ਅਤੇ ਸੁਭਾਅ ਸਬੰਧੀ ਇਕ ਸਿਸਟਮ ਬਣਾ ਲਿਆ। ਲੋਕਾਂ ਦੇ ਰੋਜ਼ਾਨਾ ਚਰਚ ਵਿਚ ਇਕੱਠੇ ਹੋਣ, ਯਸੂ ਮਸੀਹ ਦੀ ਕੁਰਬਾਨੀ ਦੇ ਪ੍ਰਭਾਵਸ਼ਾਲੀ ਵਰਣਨ, ਇਸ ਦੇ ਸੰਗੀਤ ਅਤੇ ਇਸ ਦੀ ਨਾਟਕੀ ਬਣਤਰ ਨੇ ਜਨ-ਜੀਵਨ ਵਿਚ ਦੁਖਾਂਤ ਨਾਟਕ ਵਰਗਾ ਅਨੁਭਵ ਲਿਆਂਦਾ।

ਇਲਿਜ਼ਾਬੱਥ ਕਾਲ ਦੇ ਰੰਗਮੰਚ ਦੀ ਪ੍ਰਸਿੱਧੀ ਵੀ ਯੂਨਾਨੀ ਰੰਗ ਮੰਚ ਵਾਂਗ ਧਾਰਮਿਕ ਰਸਮਾਂ, ਰੀਤਾਂ ਅਤੇ ਸਾਲਾਨਾ ਦੋ ਮੌਕਿਆਂ— ਕ੍ਰਿਸਮਸ ਅਤੇ ਈਸਟਰ ਦੇ ਮੌਕਿਆਂ ਤੇ ਹੋਈ। ਆਰੰਭ ਵਿਚ ਦੁਖਾਂਤ ਵਾਂਗ ਹੀ ਸਮੂਹਗਾਨ ਅਤੇ ਵਾਰਤਾਲਾਪ ਸ਼ੁਰੂ ਹੋਏ। ਨਾਟਕੀ ਅਦਾਵਾਂ ਅਤੇ ਕਾਰਜ ਦਾ ਵੀ ਸੁਭਾਵਕ ਤੌਰ ਤੇ ਵਿਕਾਸ ਹੋਇਆ। ਯੂਨਾਨੀ ਦੁਖਾਂਤ ਨਾਟਕਾਂ ਵਿਚ ਹੋਮਰ ਦੀ ਵਰਤੀ ਜਾਂਦੀ ਸਾਮੱਗਰੀ ਵਾਂਗ ਬਾਈਬਲ ਦੀਆਂ ਵੱਧ ਤੋਂ ਵੱਧ ਕਥਾਵਾਂ ਨੂੰ ਨਾਟਕੀ ਰੂਪ ਦਿੱਤਾ ਗਿਆ ਹੈ।

ਸੋਲ੍ਹਵੀਂ ਸਦੀ ਦੇ ਅੱਧ ਵਿਚਲੀ ਉਚੇਰੀ ਕਾਵਿ ਭਾਵਨਾ ਮੱਧਕਾਲੀਨ ਦੇ ਕਰਾਮਾਤਾਂ ਅਤੇ ਰਹੱਸਾਂ ਵਾਲੇ ਰੂਪਾਂ ਨੂੰ ਨਵੀਂ ਵਰਤੋਂ ਵਿਚ ਬਦਲਣ ਲੱਗੀ। ਟੱਮਸ ਸੈਕਵਿਲ ਗਾੱਰਬੋਡਕ ਜੋ 1561 ਈ. ਵਿਚ ਪਹਿਲੀ ਵਾਰੀ ਪੇਸ਼ ਕੀਤਾ ਗਿਆ, ਅੰਗਰੇਜ਼ੀ ਦਾ ਪਹਿਲਾ ਦੁਖਾਂਤ ਮੰਨਿਆ ਜਾਂਦਾ ਹੈ। ਸਪੈਨਿਸ਼ ਟਰੈਜਿਡੀ ਵਿਚ ਸੈਂਨਿਕੈ ਦੀ ਟਰੈਜਿਡੀ ਅੱਫ਼ ਬਲੱਡ' ਦੀ ਪਰੰਪਰਾ ਜਾਰੀ ਰਹੀ। ਇਸ ਤਰ੍ਹਾਂ ਇਲਿਜ਼ਾਬੱਥ ਕਾਲ ਦੇ ਦੁਖਾਂਤ ਨਾਟਕ ਕਦੇ ਵੀ ਸੈਂਨਿਕੈ ਦੇ ਪ੍ਰਭਾਵ ਤੋਂ ਮੁਕਤ ਨਹੀਂ ਹੋ ਸਕੇ।

ਯੂਨਾਨੀ ਦੁਖਾਂਤ ਨਾਟਕਾਂ ਦੀ ਪਰੰਪਰਾ ਅਨੁਸਾਰ ਅੰਗਰੇਜ਼ੀ ਦਾ ਪਹਿਲਾ ਦੁਖਾਂਤ ਨਾਟਕਕਾਰ ਕਰਿਸਟੋਫ਼ਰ ਮਾਰਲੋ (1564-93) ਸੀ ਜਿਸ ਦੇ ਚਾਰ ਦੁਖਾਂਤ ਨਾਟਕਾਂ ਟੱਬਰਲੇਨ (1587 ਈ.), 'ਡਾਕਟਰ ਫੱਸਟਸ' (ਲ. 1588 ਈ.) ; 'ਦੀ ਜਿਊ ਆਫ਼ ਮਾਲਟਾ' (1589 ਈ.) ਅਤੇ 'ਐਡਵਰਡ ਦੂਜਾ' (1593 ਈ.) ਵਿਚੋਂ ਪਹਿਲੇ ਦੋ ਬਹੁਤ ਪ੍ਰਸਿੱਧ ਅਤੇ ਮਹੱਤਵਪੂਰਨ ਹਨ। ਅਰਸਤੂ ਵੱਲੋਂ ਵਰਣਨ ਕੀਤੇ ਯੂਨਾਨੀ ਦੁਖਾਂਤ ਦੇ ਤੱਤਾਂ ਸਹਿਮ, ਤਰਸ ਅਤੇ ਡਰ ਦਾ ਸੁਮੇਲ ਉਸ ਦੀਆਂ ਰਚਨਾਵਾਂ ਵਿਚ ਹੈ।

ਸ਼ੈਕਸਪੀਅਰ ਦੇ ਦੁਖਾਂਤ ਨਾਟਕਾਂ ਵਿਚੋਂ ਹੈਮਲਿਟ (ਲ. 1601 ਈ.), ਓਥੈਲੋ (ਲ. 1602 ਈ.) ਕਿੰਗ ਲੀਅਰ (ਲ. 1605 ਈ.) ਮੈਕਬਥ (ਲ. 1605 ਈ.) ਅਤੇ ਐਨਟਨੀ ਐਂਡ ਕਲਿਓਪੈਟਰਾ (ਲ. 1606 ਈ.) ਪ੍ਰਸਿੱਧ ਹਨ। ਸ਼ੈਕਸਪੀਅਰ ਦੇ ਵਧੀਆ ਦੁਖਾਂਤਾਂ ਨੂੰ ਜੇ ਮਿਆਰ ਮੰਨ ਲਿਆ ਜਾਵੇ ਤਾਂ ਸਮਝੋ ਸ਼ੈਕਸਪੀਅਰ ਦੇ ਦੁਖਾਂਤ ਨਾਟਕਾਂ ਤੋਂ ਇੰਗਲੈਂਡ ਵਿਚ ਪਿਊਰੀਟਨਾਂ ਦੁਆਰਾ 1642 ਈ. ਵਿਚ ਰੰਗਮੰਚ ਨੂੰ ਸਮਾਪਤ ਕਰਨ ਤਕ ਦੁਖਾਂਤ ਨਾਟਕ ਦਾ ਪੱਧਰ ਹੌਲੀ ਹੌਲੀ ਘਟਦਾ ਗਿਆ।

ਇਸ ਤਰ੍ਹਾਂ ਵਧੀਆ ਦੁਖਾਂਤ ਨਾਟਕ ਦੀ ਸਿਰਜਣਾ ਦਾ ਬਹੁਤ ਥੋੜ੍ਹਾ ਸਮਾਂ ਹੈ। ਕਲਾਕਾਰ ਅਤੇ ਦਰਸ਼ਕਾਂ ਦੀਆਂ ਮੰਗਾਂ ਬਹੁਤ ਜ਼ਿਆਦਾ ਹਨ। ਦੁਖਾਂਤ ਨਾਟਕ ਦਾ ਸਰੂਪ ਬਦਲਦਾ ਗਿਆ ਅਤੇ ਲੋਕਾਂ ਦਾ ਸੁਹਜ ਸੁਆਦ ਵੀ ਬੀਮਾਰੀ ਅਤੇ ਸਿਹਤ ਦੇ ਚੱਕਰ ਨਾਲ ਜੁੜਿਆ ਰਿਹਾ। ਜੋ ਕੁਝ ਇਕ ਪੁਸ਼ਤ ਲਈ ਬਲਵਾਨ, ਪ੍ਰੇਰਨਾ ਦੇਣ ਵਾਲਾ ਅਤੇ ਪ੍ਰਭਾਵਸ਼ਾਲੀ ਹੈ ਉਹ ਦੂਜੀ ਪੁਸ਼ਤ ਲਈ ਸ਼ਬਦੀ ਅਡੰਬਰ ਅਤੇ ਹੋਛਾ ਬਣ ਜਾਂਦਾ ਹੈ। ਇਸ ਤਰ੍ਹਾਂ ਦੁਖਾਂਤ ਨਾਟਕ ਦੇ ਸਦੀਵੀ ਤੱਤ ਹਿੰਸਾ, ਸਨਕੀਪੁਣਾ, ਨਫ਼ਰਤ ਛੇਤੀ ਹੀ ਆਪਣਾ ਸੰਕੇਤਮਈ ਮਹੱਤਵ ਗੁਆ ਬੈਠੇ ਅਤੇ ਮੈਲੋਡਰਾਮਾ ਅਤੇ ਭੜਕਾਹਟ ਦੀ ਵਰਤੋਂ ਨਾਲ ਰਲ ਕੇ ਵੱਡੇ ਸੁਖਾਂਤ ਜਾਂ ਸਵਾਂਗ ਵਿਚ ਰਚਮਿਚ ਗਏ।


ਦੁਖਾਂਤ ਰੰਗ ਮੰਚ ਦੇ ਸਮਾਪਤ ਹੋਣ ਤੋਂ 29 ਸਾਲ ਪਿੱਛੋਂ ਦੁਖਾਂਤ ਨਾਟਕ ਦੀ ਪਰੰਪਰਾ ਦਾ ਪੁਨਰ ਨਿਰਮਾਣ ਕਰਨ ਲਈ ਜਾੱਨ ਮਿਲਟਨ ਨੇ ਆਪਣੀ ਕਾਵਿਕ ਰਚਨਾ 'ਸੈਮਸ਼ਨ ਐਗੋਨਿਸਟੀਜ਼' (1671) ਰਾਹੀਂ ਯਤਨ ਕੀਤਾ ਹੈ। ਇਸੇ ਤਰ੍ਹਾਂ ਜਾਨ ਡ੍ਰਾਈਡਨ ਦੀ ਰਚਨਾ 'ਆਲ ਫਾਰ ਲਵ' (1678 ਈ. ਵਿਚ ਪ੍ਰਕਾਸ਼ਿਤ) ਵੀ ਇਕ ਮਹੱਤਵਪੂਰਨ ਦੁਖਾਂਤ ਨਾਟਕ ਹੈ।

ਭਾਵੇਂ ਜਾਨ ਡ੍ਰਾਈਡਨ ਤੋਂ ਮਗਰੋਂ ਹੋਏ ਕੁਝ ਨਾਟਕਕਾਰਾਂ ਨੇ ਆਪਣੇ ਨਾਟਕਾਂ ਨੂੰ ਦੁਖਾਂਤ ਆਖਿਆ ਹੈ ਪਰ ਇਸ ਦੇ ਸਰੂਪ ਨੂੰ ਪਿਛਲੇਰੀ ਸਤ੍ਹਾਰਵੀ, ਅਠਾਰ੍ਹਵੀਂ ਅਤੇ ਉੱਨੀਵੀਂ ਸਦੀ ਦੇ ਆਰੰਭ ਵਿਚ ਗ੍ਰਹਿਣ ਲਗਿਆ ਰਿਹਾ ਹੈ।

ਫ਼ਰਾਂਸ ਵਿਚ ਦੁਖਾਂਤ ਨਾਟਕ ਦੇ ਪੁਰਾਤਨ ਸਰੂਪ ਨੂੰ ਪਿਛਲੇ ਕੁਝ ਸਮੇਂ ਤੋਂ ਪੁਨਰ ਨਿਰਮਾਣ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਫ਼ਰਾਂਸੀਸੀ ਕਲਾਸੀਕਲ ਦੁਖਾਂਤ ਨਾਟਕ ਜਿਨ੍ਹਾਂ ਵਿਚੋਂ ਪੀਅਰੀ ਕਾੱਰਨੇਯੀ ਦਾ (Lecid) 'ਲੀਸਿਡ' (1637 ਈ.) ਅਤੇ ਜਾਂ ਰਾਸੀਨ ਦਾ 'ਬੇਰੇਨਾਈਸ' (1670 ਈ.) ਅਤੇ 'ਫੀਦਰੇ'(1677 ਈ.) ਬਹੁਤ ਪ੍ਰਸਿੱਧ ਹਨ। ਇਨ੍ਹਾਂ ਫ਼ਰਾਂਸੀਸੀ ਨਾਟਕਕਾਰਾਂ ਨੇ ਅਰਸਤੂ ਦੁਆਰਾ ਦੁਖਾਂਤ ਨਾਟਕ ਦੇ ਨਿਰਧਾਰਤ ਕੀਤੇ ਨਿਯਮਾਂ ਦੀ ਪਾਲਣਾ ਕੀਤੀ। ਉਸ ਦੇ ਨਾਟਕਾਂ ਵਿਚ ਸਮੇਂ, ਸਥਾਨ ਅਤੇ ਕਾਰਜ ਦੀ ਏਕਤਾ ਦੀ ਸਖ਼ਤੀ ਨਾਲ ਪਾਲਣਾ ਕੀਤੀ ਗਈ ਹੈ।

ਹ.ਪੁ.—ਐਨ. ਬ੍ਰਿ. ਮੈ. 18 : 580; ਕੋਲ. ਐਨ. 18 : 441

ਦੁੱਗਲ, ਕਰਤਾਰ ਸਿੰਘ : ਕਰਤਾਰ ਸਿੰਘ ਦੁੱਗਲ ਪੰਜਾਬੀ ਭਾਸ਼ਾ ਦਾ ਸਿਰਮੌਰ ਕਥਾ-ਸ਼ਿਲਪੀ ਹੈ। ਇਹ ਕਹਾਣੀ ਘੜਨ ਵਿਚ ਪੂਰਾ ਮਾਹਰ ਹੈ। ਇਸ ਨੇ ਪੰਜਾਬੀ ਦੇ ਹੋਰ ਕਿਸੇ ਵੀ ਲੇਖਕ



ਕਰਤਾਰ ਸਿੰਘ ਦੁੱਗਲ

ਨਾਲੋਂ ਗਿਣਤੀ ਵਿਚ ਵੱਧ ਕਹਾਣੀਆਂ ਲਿਖੀਆਂ ਹਨ ਜਿਨ੍ਹਾਂ ਦੀ ਗਿਣਤੀ ਪੰਜ ਸੌ ਤੋਂ ਉੱਤੇ ਹੈ। ਹੁਣ ਤਕ 22 ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ। ਪਹਿਲਾ ਕਹਾਣੀ ਸੰਗ੍ਰਹਿ 'ਸਵੇਰ ਸਾਰ' 1940 ਵਿਚ ਛਪਿਆ ਸੀ ਅਤੇ ਨਵਾਂ ਕਹਾਣੀ-ਸੰਗ੍ਰਹਿ 'ਪੈਣਗੇ ਵੈਣ ਡੂੰਘੇ' 1993 ਵਿਚ।

1 ਮਾਰਚ, 1917 ਨੂੰ ਜਨਮੇ ਦੁੱਗਲ ਦੀ ਵਿਦਿਅਕ ਯੋਗਤਾ ਐਮ. ਏ. (ਅੰਗਰੇਜ਼ੀ) ਤੇ ਗਿਆਨੀ ਹੈ। ਸੰਨ 1942 ਤੋਂ 1966 ਤਕ ਇਹ ਆਲ ਇੰਡੀਆ ਰੇਡੀਓ ਦਾ ਸਟੇਸ਼ਨ ਡਾਇਰੈਕਟਰ ਰਿਹਾ। 1966 ਤੋਂ 1973 ਤਕ ਨੈਸ਼ਨਲ ਬੁੱਕ ਟਰਸਟ, ਇੰਡੀਆ ਦਾ ਪਹਿਲਾਂ ਸੈਕਟਰੀ ਅਤੇ ਫਿਰ ਡਾਇਰੈਕਟਰ ਰਿਹਾ। ਸੰਨ 1973 ਤੋਂ 1976 ਤਕ ਇਸ ਨੇ ਯੋਜਨਾ ਕਮਿਸ਼ਨ ਵਿਚ ਸੂਚਨਾ ਸਲਾਹਕਾਰ ਵਜੋਂ ਕੰਮ ਕੀਤਾ।

ਕਰਤਾਰ ਸਿੰਘ ਦੁੱਗਲ ਦੀ ਸਾਹਿਤਕ ਵਡਿੱਤਣ ਦਾ ਮੁੱਲ ਪਾਉਂਦੇ ਹੋਏ ਇਸ ਨੂੰ ਵੱਡੇ-ਵੱਡੇ ਇਨਾਮਾਂ-ਸਨਮਾਨਾਂ ਨਾਲ ਸੁਸ਼ੋਭਿਤ ਕੀਤਾ ਗਿਆ ਹੈ। ਕੁਝ ਇਕ ਦਾ ਵਰਣਨ ਇਸ ਪ੍ਰਕਾਰ ਹੈ—

1. ਸ਼੍ਰੋਮਣੀ ਸਾਹਿਤਕਾਰ (ਭਾਸ਼ਾ ਵਿਭਾਗ, ਪੰਜਾਬ) (1962)
2. ਸਾਹਿਤ ਅਕਾਦਮੀ ਪੁਰਸਕਾਰ (1965)
3. ਸੋਵੀਅਤ ਲੈਂਡ ਨਹਿਰੂ ਐਵਾਰਡ (1981)
4. ਪੰਜਾਬੀ ਸਾਹਿਤ ਅਕਾਦਮੀ ਫੈਲੋਸ਼ਿਪ (1983)
5. ਪੰਜਾਬੀ ਯੂਨੀਵਰਸਟੀ ਫੈਲੋਸ਼ਿਪ (1984)
6. ਭਾਰਤੀ ਭਾਸ਼ਾ ਪ੍ਰੀਸ਼ਦ ਐਵਾਰਡ (1985)
7. ਪਦਮ ਭੂਸ਼ਨ (ਰਾਸ਼ਟਰਪਤੀ ਵੱਲੋਂ) 1988
8. ਧਾਲੀਵਾਲ ਇਨਾਮ (ਪੰਜਾਬੀ ਸਾਹਿਤ ਅਕਾਦਮੀ (1993)
9. ਡੀ. ਲਿੱਟ (ਪੰਜਾਬੀ ਯੂਨੀਵਰਸਟੀ) (1994)

ਦੁੱਗਲ ਪੰਜਾਬੀ ਤੋਂ ਇਲਾਵਾ ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿਚ ਵੀ ਉੱਨੀ ਹੀ ਮੁਹਾਰਤ ਨਾਲ ਲਿਖਦਾ ਹੈ। ਹਿੰਦੀ ਵਿਚ ਇਸ ਦੇ ਦਸ ਕਹਾਣੀ-ਸੰਗ੍ਰਹਿ ਅਤੇ ਅੱਠ ਨਾਵਲ ਪ੍ਰਕਾਸ਼ਿਤ ਹੋਏ ਹਨ। ਕੁਝ ਨਾਟਕ ਹਿੰਦੀ ਵਿਚ ਵੀ ਛਪੇ ਹਨ। ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿਚ ਕਹਾਣੀਆਂ ਛਪਦੀਆਂ ਹੀ ਰਹਿੰਦੀਆਂ ਹਨ ਅਤੇ ਉਨ੍ਹਾਂ ਦੇ ਅਨੁਵਾਦ ਗੁਜਰਾਤੀ, ਮਰਾਠੀ, ਤਾਮਿਲ, ਕੰਨੜ 'ਉੜੀਆ', ਬੰਗਾਲੀ ਅਤੇ ਆਸਾਮੀ ਵਿਚ ਵੀ ਛਪੇ ਹਨ। ਦੁੱਗਲ ਦੀ ਇਕ ਕਹਾਣੀ ਅੰਗਰੇਜ਼ੀ ਵਿਚ 'Come back my Master' ਬਹੁਤ ਪ੍ਰਸਿੱਧ ਹੋਈ। ਅੰਗਰੇਜ਼ੀ ਵਿਚ ਕਰਤਾਰ ਸਿੰਘ ਦੁੱਗਲ ਦੀਆਂ 25 ਪੁਸਤਕਾਂ ਪ੍ਰਕਾਸ਼ਿਤ ਹਨ।

ਦੁੱਗਲ ਦੇ ਪੰਜਾਬੀ ਵਿਚ ਅੱਠ ਨਾਵਲ ਛਪੇ ਹਨ। ਪਹਿਲਾ ਨਾਵਲ 'ਆਂਦਰਾਂ' 1949 ਵਿਚ ਅਤੇ ਨਵਾਂ ਨਾਵਲ 'ਸਰਬਤ ਦਾ ਭਲਾ' 1992 ਵਿਚ ਛਪਿਆ। ਇਕਾਂਗੀ ਅਤੇ ਪੂਰੇ ਨਾਟਕਾਂ ਦੀਆਂ 13 ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। 'ਚੋਲੀ ਦਾਮਨ' 13 ਕਿਸ਼ਤਾਂ ਵਿਚ ਦੂਰਦਰਸ਼ਨ ਤੋਂ ਸੀਰੀਅਲ ਦਿਖਾਇਆ ਗਿਆ। ਦੁੱਗਲ ਕਿਉਂਕਿ ਆਪ ਸਾਰੀ ਉਮਰ ਰੇਡੀਓ ਨਾਲ ਜੁੜਿਆ ਰਿਹਾ ਇਸ ਲਈ ਇਸ ਦੇ ਬਹੁਤੇ ਨਾਟਕ ਰੇਡੀਓ ਤੋਂ ਹੀ ਪੇਸ਼ ਹੋਏ।

'ਕੰਢੇ ਕੰਢੇ' (1941) ਅਤੇ 'ਬੰਦ ਦਰਵਾਜ਼ੇ' (1959) ਦੋ ਕਾਵਿ-ਸੰਗ੍ਰਹਿ ਵੀ ਛਪੇ ਅਤੇ ਆਲੋਚਨਾ ਦੀਆਂ ਤਿੰਨ ਪੁਸਤਕਾਂ ਵੀ ਛਪ ਚੁੱਕੀਆਂ ਹਨ। ਵਾਰਤਕ ਵਿਚ ਲਿਖੀਆਂ ਦਸ ਪੁਸਤਕਾਂ ਹੋਰ ਵੀ ਪ੍ਰਕਾਸ਼ਿਤ ਹੋਈਆਂ ਹਨ ਜਿਨ੍ਹਾਂ ਵਿਚੋਂ ਇਸ ਦੀ ਸਵੈ-ਜੀਵਨੀ 'ਕਿਸ ਪਹਿ ਖੋਲਹੁ ਗੰਠੜੀ' (1985), 'ਕਹਾਣੀ ਕਲਾ ਤੇ ਮੇਰਾ ਅਨੁਭਵ' (1987) 'ਮੈਂ ਤੇ ਮੇਰੇ ਸਮਕਾਲੀ' ਬਹੁਤ ਪ੍ਰਸਿੱਧ ਹਨ।

ਦੁੱਗਲ ਉਨ੍ਹਾਂ ਲੇਖਕਾਂ ਵਿਚੋਂ ਇਕ ਹੈ ਜਿਹੜੇ ਲਗਾਤਾਰ ਲਿਖਣ ਵਿਚ ਯਕੀਨ ਰਖਦੇ ਹਨ। ਇਹ ਸਤਾਸੀ ਸਾਲ ਦੀ ਉਮਰ ਦਾ ਹੋ ਕੇ ਵੀ ਇਕ ਤਕੜੇ ਇਨਸਾਨ ਵਾਂਗ ਕਲਮ ਦੀ ਕਮਾਈ ਕਰਦਾ ਜਾ ਰਿਹਾ ਹੈ, ਅਜਿਹੀ ਅਣਥੱਕ ਕਲਮ ਹੀ ਸਾਹਿਤ ਦੇ ਇਤਿਹਾਸ ਵਿਚ ਪੱਕੀਆਂ ਪੈੜਾਂ ਛੱਡਦੀ ਹੈ। ਪੰਜਾਬੀ ਵਿਚ ਹੀ ਇਸ ਦੀਆਂ ਪੁਸਤਕਾਂ ਦੀ ਗਿਣਤੀ ਸੱਠ ਤੋਂ ਉੱਤੇ ਚਲੀ ਜਾਂਦੀ ਹੈ।

ਦੁੱਗਲ ਨੇ ਲਗਭਗ ਹਰ ਵਿਸ਼ੇ ਉੱਤੇ ਕਲਮ-ਅਜ਼ਮਾਈ ਹੈ। ਇਸ ਦਾ ਮਨ-ਭਾਉਂਦਾ ਵਿਸ਼ਾ ਚਾਹੇ ਮਨੁੱਖੀ ਮੁਹੱਬਤ, ਔਰਤ-ਮਰਦ ਸਬੰਧ, ਰਿਸ਼ਤਿਆਂ ਦੀ ਟੁੱਟ-ਭੱਜ ਅਤੇ ਹੋਣੀ-ਅਣਹੋਣੀ ਦਾ ਮਨੁੱਖ

ਦੀ ਜ਼ਿੰਦਗੀ ਵਿਚ ਅਟਲ ਦਖਲ ਹੈ ਪਰ ਵੇਲੇ ਦੀਆਂ ਸਮਾਜਕ ਅਤੇ ਰਾਜਨੀਤਕ ਸਰਗਰਮੀਆਂ ਵੀ ਇਸ ਦੀਆਂ ਗਲਪ-ਰਚਨਾਵਾਂ ਨੂੰ ਡੂੰਘਾ ਪ੍ਰਭਾਵਿਤ ਕਰਦੀਆਂ ਹਨ। ਕਰਤਾਰ ਸਿੰਘ ਦੁੱਗਲ ਪੰਜਾਬੀ ਦੇ ਉਨ੍ਹਾਂ ਪੰਜ-ਸੱਤ ਨਾਮਵਰ ਲੇਖਕਾਂ ਵਿਚੋਂ ਹੈ ਜਿਨ੍ਹਾਂ ਦਾ ਜ਼ਿਕਰ ਭਾਰਤੀ ਪ੍ਰਤਿਭਾ-ਪੱਧਰ ਉੱਤੇ ਕੀਤਾ ਜਾ ਸਕਦਾ ਹੈ।

ਇਹ ਪੰਜਾਬੀ ਦੀਆਂ ਕੁਝ ਇਕ ਵੱਡੀਆਂ ਸੰਸਥਾਵਾਂ ਨਾਲ ਜਥੇਬੰਧਕ ਤੌਰ ਉੱਤੇ ਜੁੜਿਆ ਰਿਹਾ ਹੈ, ਜਿਵੇਂ :—

1. ਪ੍ਰਧਾਨ, ਪੰਜਾਬ ਸਾਹਿਤ ਅਕਾਦਮੀ, ਚੰਡੀਗੜ੍ਹ
2. ਪ੍ਰਧਾਨ, ਪੰਜਾਬੀ ਸਾਹਿਤ ਸਭਾ, ਦਿੱਲੀ
3. ਮੋਢੀ ਮੈਂਬਰ, ਰਾਜਾ ਰਾਮ ਮੋਹਨ ਰਾਏ ਲਾਇਬ੍ਰੇਰੀ ਫਾਊਂਡੇਸ਼ਨ
4. ਮੈਂਬਰ ਐਗਜ਼ੈਕਟਿਵ ਕੌਂਸਲ, ਸਾਹਿਤ ਅਕਾਦਮੀ

—ਰਾਮ ਸਰੂਪ ਅਣਖੀ

ਦੁੱਧ : ਇਹ ਥਣਧਾਰੀ ਪ੍ਰਾਣੀਆਂ ਦੇ ਮੈਮਰੀ ਗਲੈਂਡਜ਼ ਦਾ ਇਕ ਸਾਧਾਰਨ ਰਿਸਾਉ ਹੈ। ਇਹ ਕਈ ਜਾਤੀਆਂ ਦੇ ਨਵਜੰਮੇ ਬੱਚਿਆਂ ਲਈ ਆਹਾਰ ਦਾ ਕੰਮ ਕਰਦਾ ਹੈ। ਮਨੁੱਖ ਵੀ ਦੁੱਧ ਅਤੇ ਇਸ ਤੋਂ ਪ੍ਰਾਪਤ ਹੋਣ ਵਾਲੇ ਪਦਾਰਥਾਂ ਦੀ ਵਰਤੋਂ ਭੋਜਨ ਦੇ ਤੌਰ ਤੇ ਕਰਦੇ ਹਨ। ਇਸ ਮੰਤਵ ਲਈ ਕਈ ਪ੍ਰਕਾਰ ਦੇ ਪਸ਼ੂਆਂ ਜਿਵੇਂ ਗਾਵਾਂ, ਮੱਝਾਂ, ਬੱਕਰੀਆਂ ਆਦਿ ਤੋਂ ਦੁੱਧ ਪ੍ਰਾਪਤ ਕੀਤਾ ਜਾਂਦਾ ਹੈ। ਸੰਯੁਕਤ ਰਾਜ ਅਮਰੀਕਾ ਅਤੇ ਯੂਰਪ ਭਰ ਵਿਚ ਗਾਂ ਦੇ ਦੁੱਧ ਦੀ ਹੀ ਵਰਤੋਂ ਕੀਤੀ ਜਾਂਦੀ ਹੈ। ਭਾਰਤ ਵਿਚ ਦੁੱਧ ਦੀ ਖਪਤ ਦਾ 50% ਮੱਝ ਦਾ ਦੁੱਧ ਹੈ। ਉੱਤਰੀ ਯੂਰਪ ਵਿਚ ਰੇਂਡੀਅਰ ਦੇ ਦੁੱਧ ਦੀ ਵਰਤੋਂ ਕੀਤੀ ਜਾਂਦੀ ਹੈ।

ਦੁੱਧ ਦੀ ਔਸਤਨ ਰਚਨਾ ਇਸ ਪ੍ਰਕਾਰ ਹੈ 87.2% ਪਾਣੀ, 3.7% ਚਿਕਨਾਈ ਜਾਂ ਫੈਟ, 3.5% ਪ੍ਰੋਟੀਨ, 4.9% ਲੈਕਟੋਸ (ਇਕ ਪ੍ਰਕਾਰ ਦੀ ਖੰਡ)। ਇਸ ਤੋਂ ਇਲਾਵਾ ਦੁੱਧ ਵਿਚ ਵਿਟਾਮਿਨ ਏ, ਸੀ, ਡੀ, ਈ ਤੋਂ ਬਿਨ੍ਹਾਂ ਰਿਬੋਫਲੇਵਿਨ, ਥਾਇਆਮੀਨ ਅਤੇ ਕਈ ਪ੍ਰਕਾਰ ਦੇ ਐਨੱਜ਼ਾਈਮ ਵੀ ਹੁੰਦੇ ਹਨ। ਦੁੱਧ ਵਿਚ ਜ਼ਰੂਰੀ ਐਮੀਨੋ ਐਸਿਡ ਹੁੰਦੇ ਹਨ, ਜਿਸ ਕਰਕੇ ਦੁੱਧ ਪ੍ਰੋਟੀਨ ਦੀ ਖ਼ੁਰਾਕੀ ਮਹੱਤਤਾ ਬਹੁਤ ਹੈ।

ਚਿਕਨਾਹਟ ਦਾ ਪਤਾ ਲਗਾਉਣਾ—ਚਿਕਨਾਹਟ ਦਾ ਪਤਾ ਲਗਾਉਣ ਲਈ ਕਈ ਤਰੀਕੇ ਅਪਣਾਏ ਜਾਂਦੇ ਹਨ ਜਿਨ੍ਹਾਂ ਵਿਚ ਮੋਜਨੀਅਰ ਵਿਧੀ ਵੀ ਸ਼ਾਮਿਲ ਹੈ। ਦੁੱਧ ਉਦਯੋਗ ਵਿਚ ਫੈਟ ਅਤੇ ਕਰੀਮ ਟੈੱਸਟ ਕਰਨ ਲਈ ਬਾਬਕਾਕ ਟੈੱਸਟ ਦੀ ਹੀ ਜ਼ਿਆਦਾਤਰ ਵਰਤੋਂ ਕੀਤੀ ਜਾਂਦੀ ਹੈ। ਇਸੇ ਹੀ ਟੈਸੱਟ ਨੂੰ ਸੋਧੇ ਰੂਪ ਵਿਚ ਜਾਂ ਇਸ ਵਿਚ ਤਬਦੀਲੀ ਲਿਆ ਕੇ ਇਸ ਦੀ ਵਰਤੋਂ ਦੁੱਧ ਦੀਆਂ ਅਜਿਹੀਆਂ ਉਪਜਾਂ ਜਿਵੇਂ ਲੱਸੀ, ਸਪਰੇਟਾ ਦੁੱਧ, ਆਈਸਕ੍ਰੀਮ ਅਤੇ ਸੰਘਣਿਤ ਦੁੱਧ ਵਿਚਲੀ ਫੈਟ ਦਾ ਪਤਾ ਲਗਾਉਣ ਲਈ ਕੀਤੀ ਜਾਂਦੀ ਹੈ।

ਦੁੱਧ ਇਕੱਠਾ ਕਰਨਾ—ਡੇਅਰੀ ਫਾਰਮਾਂ ਤੇ ਇਕੱਠਾ ਕੀਤਾ ਹੋਇਆ ਦੁੱਧ, ਨਿਸ਼ਾਨ ਲਗੇ ਹੋਏ ਰੈਫ੍ਰਿਜਰੇਟਿਡ ਸਟੇਨਲੈੱਸ ਸਟੀਲ ਦੇ ਟੈਂਕਾਂ ਤੋਂ ਟਰੱਕਾਂ ਰਾਹੀਂ ਪ੍ਰੱਸੈਸਿੰਗ ਪਲਾਂਟਾਂ ਤੱਕ ਪਹੁੰਚਾਇਆ ਜਾਂਦਾ ਹੈ। ਵਿਕਾਸ ਕਰ ਰਹੇ ਜਾਂ ਅਵਿਕਸਤ ਦੇਸ਼ਾਂ ਵਿਚ ਦੁੱਧ ਇੱਕਤਰ ਕਰਨ ਲਈ 10 ਗੈਲਨ ਵਾਲੀਆਂ ਕੈਨੀਆਂ ਦੀ ਵਰਤੋਂ ਕੀਤੀ ਜਾਂਦੀ ਹੈ।

ਵੱਡੇ ਟਰੱਕਾਂ ਰਾਹੀਂ ਦੁੱਧ ਇਕੱਠਾ ਕਰਨ ਵਾਲੇ ਟਰੱਕ ਡਰਾਈਵਰਾਂ ਨੂੰ ਫਾਰਮਾਂ ਤੋਂ ਦੁੱਧ ਚੁੱਕਣ ਤੋਂ ਪਹਿਲਾਂ ਇਸਦੀ ਖੁਸ਼ਬੂ, ਤਾਪਮਾਨ ਅਤੇ ਫਾਰਮ ਟੈਂਕ ਵਿਚਲੇ ਦੁੱਧ ਦੀ ਫੈਟ ਮਾਤਰਾ ਚੈੱਕ ਕਰਨ ਅਤੇ ਕੱਚੇ ਦੁੱਧ ਦਾ ਇਕ ਸੈਂਪਲ ਜੋ ਕਿ ਦੁੱਧ ਨੂੰ ਟਰੱਕਾਂ ਵਿਚ ਪਾਏ ਜਾਣ ਤੋਂ ਪਹਿਲਾਂ ਹੀ ਲਿਆ ਜਾਂਦਾ ਹੈ, ਆਦਿ ਲੈਣ ਦੀਆਂ ਹਦਾਇਤਾਂ ਦਿੱਤੀਆਂ ਜਾਂਦੀਆਂ ਹਨ। ਪ੍ਰੱਸੈਸਿੰਗ ਪਲਾਂਟਾਂ ਜਾਂ ਵੱਡੇ ਪਲਾਂਟਾਂ ਵਿਚ ਫਾਰਮ ਟਰੱਕਾਂ ਵਿਚਲੇ ਦੁੱਧ ਦਾ ਭਾਰ ਤੋਲਿਆ ਜਾਂਦਾ ਹੈ ਅਤੇ ਲਚਕਦਾਰ ਪਲਾਸਟਿਕ ਜਾਂ ਸਟੇਨਲੈੱਸ ਸਟੀਲ ਦੀਆਂ ਟਿਊਬਾਂ ਰਾਹੀਂ ਪਲਾਂਟ ਤਕ ਪਹੁੰਚਾਇਆ ਜਾਂਦਾ ਹੈ।

ਸਫ਼ਾਈ ਅਤੇ ਕ੍ਰੀਮ ਅਲਗ ਕਰਨੀ—ਕੱਚੇ ਦੁੱਧ ਦਾ ਅਗਲਾ ਕੰਮ ਇਸਨੂੰ ਕ੍ਰੀਮ ਤੋਂ ਅਲੱਗ ਕਰਨ ਅਤੇ ਨਿਰਮਲੀਕਰਨ ਜਾਂ ਸਫ਼ਾਈ ਨਾਲ ਸ਼ੁਰੂ ਹੁੰਦਾ ਹੈ। ਇਨ੍ਹਾਂ ਦੋਹਾਂ ਵਿਧੀਆਂ ਵਿਚ ਫ਼ਰਕ ਕੇਵਲ ਇੰਨਾ ਕੁ ਹੁੰਦਾ ਹੈ ਕਿ ਸਾਫ਼ ਕਰਨ ਵਾਲੀਆਂ ਮਸ਼ੀਨਾਂ ਵਿਚ ਸਪਰੇਟਾ ਦੁੱਧ ਅਤੇ ਕ੍ਰੀਮ ਅਲੱਗ ਕਰਨ ਜਿਹੇ ਕੰਮ ਨਹੀਂ ਹੁੰਦੇ। ਇਨਾਂ ਮਸ਼ੀਨਾਂ ਵਿਚ ਤੇਜ਼ ਗਤੀ ਨਾਲ ਘੁੰਮਣ ਵਾਲੇ ਸੀਲ ਬੰਦ ਬਾਊਲ ਹੁੰਦੇ ਹਨ ਜਿਨਾਂ ਵਿਚ ਪੂਰਨ ਦੁੱਧ ਇਨ੍ਹਾਂ ਮਸ਼ੀਨਾਂ ਦੇ ਥਲਵੇਂ ਹਿੱਸੇ ਤੋਂ ਬਣੇ ਖੋਲਾਂ ਰਾਹੀਂ ਦਾਖ਼ਲ ਕੀਤਾ ਜਾਂਦਾ ਹੈ। ਕ੍ਰੀਮ ਅਲੱਗ ਕਰਨ ਵਾਲੀਆਂ ਮਸ਼ੀਨਾਂ ਵਿਚ ਦੁੱਧ ਕੋਨਧਾਰੀ ਡਿਸਕਾਂ ਵਿਚ ਦੀ ਹੁੰਦਾ ਹੋਇਆ ਉੱਪਰ ਵੱਲ ਨੂੰ ਜਾਂਦਾ ਹੈ। ਇਸ ਅਵਸੱਥਾ ਤੇ ਦੁੱਧ ਵਿਚਲੀ ਚਿਕਨਾਹਟ ਜਿਸਦੀ ਘਣਤਾ 1.0 ਹੁੰਦੀ ਹੈ (20° ਸੈਂ. ਉੱਤੇ ਵਿਸ਼ਿਸ਼ਟ ਘਣਤਾ 0.93 ਹੁੰਦੀ ਹੈ) ਅੰਦਰ ਵਲ ਨੂੰ ਆ ਜਾਂਦੀ ਹੈ ਜਦ ਕਿ ਸਪਰੇਟਾ ਦੁੱਧ ਜਿਸਦੀ ਵਿਸ਼ਿਸਟ ਘਣਤਾ 20° ਸੈਂ. ਤੋਂ 1.037 ਹੁੰਦੀ ਹੈ ਬਾਹਰਵਲ ਨੂੰ ਨਿਕਲਦਾ ਹੈ। ਦੁੱਧ ਵਿਚਲੀਆਂ ਮਿਲਾਵਟਾਂ ਜਿਵੇਂ ਲਿਊਕੋਸਾਈਟ, ਜੀਵਾਣੂ ਆਦਿ ਅਤੇ ਸਪਰੇਟਾ ਦੁੱਧ ਨਾਲ ਆਇਆ ਤਲਛੱਟ ਬਾਊਲ ਦੀ ਬਾਹਰੀ ਸਤ੍ਹਾ ਤੇ ਟਿਕ ਜਾਂਦਾ ਹੈ। ਕ੍ਰੀਮ ਸੈਪਰੇਟਰਾਂ ਵਿਚ ਆਮ ਕਰਕੇ ਦੋ ਤਰ੍ਹਾਂ ਦੀਆਂ ਡਿਸਚਾਰਜ਼ ਪਾਈਪਾਂ ਹੁੰਦੀਆਂ ਹਨ, ਜਿਨ੍ਹਾਂ ਵਿਚੋਂ ਇਕ ਕਰੀਮ ਲਈ ਅਤੇ ਦੂਸਰੀ ਸਪਰੇਟਾ ਦੁੱਧ ਇਕੱਠਾ ਕਰਨ ਲਈ ਵਰਤੀ ਜਾਂਦੀ ਹੈ। ਦੁੱਧ ਸ਼ੁੱਧ ਕਰਨ ਵਾਲੀਆਂ ਮਸ਼ੀਨਾਂ ਵਿਚ ਇਕ ਹੀ ਪਾਈਪ ਸਾਰੇ ਦੁੱਧ ਲਈ ਵਰਤੀ ਜਾਂਦੀ ਹੈ। ਸੈਪਰੇਟਰਾਂ ਵਿਚ ਇਕ ਅਜਿਹਾ ਵਾਲਵ ਜਾਂ ਕ੍ਰੀਮ ਸਕਰੂ ਹੁੰਦਾ ਹੈ ਜਿਸ ਨਾਲ ਫੈਟ (ਚਿਕਨਾਹਟ) ਦੀ ਮਾਤਰਾ ਵਧਾਈ ਜਾਂ ਘਟਾਈ ਜਾ ਸਕਦੀ ਹੈ।

ਦੁੱਧ ਜੀਵਾਣੂ-ਰਹਿਤ ਕਰਨ ਵਿਧੀ (ਪਾਸਚੁਰੀਕਰਣ)—ਇਸ ਵਿਧੀ ਰਾਹੀਂ ਦੁੱਧ ਵਿਚੋਂ ਬੀਮਾਰੀਆਂ ਵਾਲੇ ਜੀਵਾਣੂ ਨਸ਼ਟ ਕਰ ਦਿੱਤੇ ਜਾਂਦੇ ਹਨ। ਇਸ ਤਰ੍ਹਾਂ ਕਰਨ ਲਈ ਦੁੱਧ ਦੇ ਹਰੇਕ ਅੰਸ਼ ਨੂੰ ਇਕ ਨਿਯਮਿਤ ਤਾਪਮਾਨ ਤਕ ਗਰਮ ਕੀਤਾ ਜਾਂਦਾ ਹੈ ਅਤੇ ਇਸੇ ਹੀ ਤਾਪਮਾਨ ਤੇ ਦੁੱਧ ਨੂੰ ਕੁਝ ਸਮਾਂ ਰੱਖਿਆ ਜਾਂਦਾ ਹੈ। ਸੰਯੁਕਤ ਰਾਜ ਅਮਰੀਕਾ ਦੀ ਜਨ ਸਿਹਤ ਸੇਵਾ ਵਲੋਂ ਦੁੱਧ ਨੂੰ 62° ਸੈਂ. (145 ਫਾ.) ਤੇ 30 ਮਿੰਟ ਗਰਮ ਕਰਨ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ (ਜਦੋਂ ਦੁੱਧ ਨੂੰ ਕਿਸੇ ਵੱਡੇ ਭਾਂਡੇ ਵਿਚ ਉਬਾਲਿਆ ਜਾਵੇ) ਤਾਂ 72° ਸੈਂ. ਤੇ 15 ਸੈਕਿੰਡਾਂ ਲਈ ਲਗਾਤਾਰ ਉਬਾਲਣ ਦੀ ਹਦਾਇਤ ਕੀਤੀ ਜਾਂਦੀ ਹੈ।

ਦੁੱਧ ਸੁਰਖਿਅਣ ਦੀਆਂ ਇਨ੍ਹਾਂ ਲੋੜਾਂ ਨੂੰ ਸਥਾਪਤ ਕਰਨ ਦੀ ਤਦ ਲੋੜ ਪਈ ਜਦ ਕਿ ਮਹਿਸੂਸ ਕੀਤਾ ਜਾਣ ਲਗਾ ਕਿ ਇਕ ਜੀਵਾਣੂ ਜਿਸਦਾ ਵਿਗਿਆਨਕ ਨਾਂ ਮਾਈਕੋਬੈਕਟੀਰੀਅਮ ਟਿਊ-ਬਰਕੁਲੋਸਿਸ ਹੈ, ਨੂੰ ਪੂਰੀ ਤਰ੍ਹਾਂ ਨਸ਼ਟ ਕਰਕੇ ਹੀ ਦੁੱਧ ਨੂੰ ਸੁਰੱਖਿਆ ਪੂਰਵਕ ਢੰਗ ਨਾਲ ਵਰਤਿਆ ਜਾ ਸਕਦਾ ਹੈ। 6 ਮਿੰਟਾਂ ਤਕ ਦੁੱਧ ਨੂੰ 62° ਸੈਂ. (145° ਫਾ.) ਜਾਂ 69° ਤੇ 30 ਸੈਕਿੰਡਾਂ ਲਈ ਦਿੱਤੀ ਗਈ ਗਰਮਾਇਸ਼ ਤੇ ਇਹ ਜੀਵਾਣੂ ਜ਼ਿੰਦਾ ਨਹੀਂ ਰਹਿੰਦਾ। ਕੁਝ ਸਪੋਰ ਪੈਦਾ ਕਰਨ ਵਾਲੇ ਰੋਗਾਣੂ (Pathogeus) ਫਿਰ ਵੀ ਸੁਰਖਿਅਣ ਵਿਧੀ ਰਾਹੀਂ ਬਚ ਨਿਕਲਦੇ ਹਨ ਪਰ ਛੇਤੀ ਮਗਰੋਂ ਹੋਣ ਵਾਲੀ ਸੀਤਨ ਕਿਰਿਆ ਇਨ੍ਹਾਂ ਦਾ ਵਾਧਾ ਰੋਕ ਦਿੰਦੀ ਹੈ। ਇਹ ਆਰਗੈਨਿਜ਼ਮ

ਜਿਵੇਂ ਕਲਾਸਟ੍ਰੀਡੀਅਮ ਬਾਟੂਲਿਨਮ ਕੇਵਲ ਉਸ ਸਮੇਂ ਹੀ ਘਾਤਕ ਸਿੱਧ ਹੁੰਦੇ ਹਨ ਜਦ ਇਨ੍ਹਾਂ ਤੋਂ ਟਾਕਸਿਨ ਬਣਨ ਲਗ ਜਾਣ ਅਤੇ ਇਨ੍ਹਾਂ ਦਾ ਵਾਧਾ ਸ਼ੁਰੂ ਹੋ ਜਾਵੇ। ਦੁੱਧ, ਮਨੁੱਖ ਵਿਚ ਪੈਦਾ ਹੋਣ ਵਾਲੀਆਂ ਬਹੁਤ ਸਾਰੀਆਂ ਬੀਮਾਰੀਆਂ ਜਿਵੇਂ ਰਿਕਟੈਸੀਆ ਜਿਸ ਕਾਰਨ ਕਿਊ ਬੁਖ਼ਾਰ (Q. fever) ਹੋ ਜਾਂਦਾ ਹੈ ਦਾ ਵਾਹਕ ਹੈ।

ਦੁੱਧ ਵਿਚਲੇ ਵਿਟਾਮਿਨ—ਕੁਝ ਵਿਕਸਿਤ ਦੇਸ਼ਾਂ ਵਿਚ ਦੁੱਧ ਵਿਚਲੇ ਵਿਟਾਮਿਨਾਂ ਦੀ ਮਿਕਦਾਰ ਵਿਚ ਵਾਧਾ ਕੀਤਾ ਜਾਂਦਾ ਹੈ। ਘੱਟ ਵਿਕਸਿਤ ਅਤੇ ਵਿਕਾਸ ਕਰ ਰਹੇ ਦੇਸ਼ਾਂ ਵਿਚ ਇਹ ਪ੍ਰਥਾ ਅਜੇ ਸ਼ੁਰੂ ਹੋਣੀ ਹੈ। ਸੰਯੁਕਤ ਰਾਜ ਅਮਰੀਕਾ ਵਿਚ ਜ਼ਿਆਦਾਤਰ ਦੁੱਧ ਵਿਚ ਵਿਟਾਮਿਨ 'ਡੀ' ਦੀਆਂ 400 ਅੰਤਰਰਾਸ਼ਟਰੀ ਇਕਾਈਆਂ (IV) ਪ੍ਰਤਿ ਕੁਆਰਟ (quart) ਮਿਲਾਈਆਂ ਜਾਂਦੀਆਂ ਹਨ ਜਦ ਕਿ ਕੁਝ ਕੁ ਸਪਰੇਟਾ ਦੁੱਧ ਵਿਚ ਵਿਟਾਮਿਨ 'ਏ' ਦੀਆਂ 2000 ਅੰਤਰ ਰਾਸ਼ਟਰੀ ਇਕਾਈਆਂ (14) ਪ੍ਰਤਿ ਕੁਆਰਟ ਮਿਲਾਈਆਂ ਜਾਂਦੀਆਂ ਹਨ। ਇਹ ਵਿਟਾਮਿਨ ਸੰਘਣੀ ਹਾਲਤ ਵਿਚ ਜਾਂ ਤਾਂ ਸਵੈਚਾਲਿਤ ਪੰਪ ਰਾਹੀਂ ਪਾਸਚੁਰੀਕਰਣ ਤੋਂ ਪਹਿਲਾਂ ਦੁੱਧ ਦੇ ਨਿਰੰਤਰ ਵਹਾਉ ਵਿਚ ਪਾਏ ਜਾਂਦੇ ਹਨ ਜਾਂ ਫਿਰ ਗੁਟ (ਬੈਚ) ਵਿਧੀ ਵਿਚ ਇਹ ਇਕਹਿਰੀ ਮਾਤਰਾ ਵਿਚ ਵੀ ਪਾਏ ਜਾ ਸਕਦੇ ਹਨ। ਦੁੱਧ ਵਿਚ ਮਿਲਾਏ ਗਏ ਇਨ੍ਹਾਂ ਵਿਟਾਮਿਨਾਂ ਦੀ ਪ੍ਰਭਾਵਕਤਾ (Potency) 3000-2,000,000 ਅੰਤਰ ਰਾਸ਼ਟਰੀ ਇਕਾਈਆਂ (14) ਮਿਲੀ. ਤਕ ਹੁੰਦੀ ਹੈ।

ਫੈਟ ਰਹਿਤ ਸੁੱਕੇ ਦੁੱਧ ਵਿਚ ਵਿਟਾਮਿਨ-ਏ ਅਤੇ ਡੀ ਦੇ ਵਿਟਾਮਿਨ ਕਨਸੰਟ੍ਰੇਟ ਮਿਲਾਉਣ ਲਈ ਇਸਦੀ ਸ਼ਕਤੀ ਵਧਾਈ ਜਾ ਸਕਦੀ ਹੈ। ਇਸ ਕਨਸੰਟ੍ਰੇਟ ਦੁੱਧ ਨੂੰ ਖ਼ੁਸ਼ਕ ਕਰਨ ਤੋਂ ਪਹਿਲਾਂ ਜਾਂ ਖ਼ੁਸ਼ਕ ਦੁੱਧ ਵਿਚ ਵੀ ਮਿਲਾਇਆ ਜਾ ਸਕਦਾ ਹੈ।

ਦੁੱਧ ਵਿਚਲੇ ਨੁਕਸ—ਜਦੋਂ ਦੁੱਧ ਅਤੇ ਇਸ ਤੋਂ ਬਣਨ ਵਾਲੇ ਪਦਾਰਥਾਂ ਨੂੰ ਚੰਗੀ ਤਰ੍ਹਾਂ ਨਾ ਸੰਭਾਲਿਆ ਗਿਆ ਹੋਵੇ ਜਾਂ ਫਾਰਮ ਵਿਚ ਗਾਂਵਾਂ ਅਤੇ ਮੱਝਾਂ ਦੀ ਦੇਖਭਾਲ ਸਹੀ ਤਰੀਕੇ ਨਾਲ ਨਾ ਕੀਤੀ ਗਈ ਹੋਵੇ ਤਾਂ ਦੁੱਧ ਵਿਚਲੀ ਗੰਧ ਅਤੇ ਦਿਖ ਵਿਚ ਕਈ ਨੁਕਸ ਪੈਣ ਦੀ ਸੰਭਾਵਨਾ ਬਣੀ ਰਹਿੰਦੀ ਹੈ।

ਗੰਧ ਨੁਕਸ—ਦੁੱਧ ਦਾ ਹਲਕਾ ਲੂਣਾ ਸੁਆਦ ਅਤੇ ਮਿੱਠੀ ਸੁਗੰਧ ਹੁੰਦੀ ਹੈ ਪਰ ਸੁਗੰਧ ਵਿਚ ਵਿਭਿੰਨਤਾ ਹੁੰਦੀ ਹੈ। ਸਟਰਲਾਈਜ਼ਡ ਦੁੱਧ ਅਤੇ ਛੋਟੇ ਬੱਚਿਆਂ ਦੇ ਦੁੱਧ ਵਾਲੇ ਪਦਾਰਥਾਂ ਵਿਚੋਂ ਪੱਕੇ ਦੁੱਧ ਜਾਂ ਗਰਮ ਕੀਤੇ ਦੁੱਧ ਦੀ ਗੰਧ ਆਉਂਦੀ ਹੈ। ਦੁੱਧ ਉਪਰ ਕੀਤੇ ਗਏ ਤਜ਼ਰਬਿਆਂ ਤੋਂ ਪਤਾ ਲਗਦਾ ਹੈ ਕਿ ਦੁੱਧ ਵਰਤਣ ਵਾਲੇ ਵੀ ਹੁਣ ਅਜਿਹੀ ਗ਼ਰਮ ਕੀਤੇ ਦੁੱਧ ਦੀ ਗੰਧ ਨੂੰ ਪਸੰਦ ਕਰਨ ਲਗ ਪਏ ਹਨ। ਜ਼ਿਆਦਾ ਦੇਰ ਵੱਧ ਤਾਪਮਾਨ ਤੇ ਰੱਖਣ ਵਾਲੇ ਦੁੱਧ ਦੇ ਰੰਗ ਵਿਚ ਅੰਤਰ ਆ ਜਾਂਦਾ ਹੈ। ਇਸਦਾ ਰੰਗ ਭੂਰਾ ਜਿਹਾ ਦਿਸਣ ਲਗ ਜਾਂਦਾ ਹੈ। ਰੰਗ ਵਿਚ ਇਸ ਤਰ੍ਹਾਂ ਦੀ ਤਬਦੀਲੀ ਐਮੀਨੋ ਐਸਿਡ ਕਿਰਿਆਵਾਂ ਦੁਆਰਾ ਹੁੰਦੀ ਹੈ।

ਖ਼ੁਰਾਕ ਵਾਲੀ ਗੰਧ—ਗੰਧਾਂ ਨੂੰ ਦੁੱਧ ਆਸਾਨੀ ਨਾਲ ਸੋਖ ਲੈਂਦਾ ਹੈ ਬੇਸ਼ਕ ਇਹ ਗੰਧ ਪਸ਼ੂ ਨੂੰ ਦਿੱਤੀ ਜਾਣ ਵਾਲੀ ਖ਼ੁਰਾਕ (feed) ਵਿਚ ਹੋਵੇ ਜਾਂ ਤਬੇਲੇ ਦੀ ਹਵਾ ਵਿਚ ਜਿਥੇ ਪਸ਼ੂ ਬੰਨੇ ਜਾਂਦੇ ਹਨ। ਸੰਯੁਕਤ ਰਾਜ ਵਿਚ ਤੇਜ਼ ਗੰਧ ਵਾਲੇ ਪਦਾਰਥਾਂ ਨੂੰ ਦੁਧਾਰੂ ਪਸ਼ੂਆਂ ਦੀ ਖ਼ੁਰਾਕ ਵਿਚ ਸ਼ਾਮਲ ਕਰਨ ਤੇ ਮਨਾਹੀ ਕੀਤੀ ਹੋਈ ਹੈ। ਦੁੱਧ ਨੂੰ ਗੰਧ ਰਹਿਤ ਕਰਨ ਲਈ ਹੀ ਖਾਸ ਕਿਸਮ ਦੀ ਕਿਰਿਆ ਕੀਤੀ ਜਾਂਦੀ ਹੈ।

ਆਕਸੀਕ੍ਰਿਤ ਦੁੱਧ ਵਿਚੋਂ ਧੁੱਪ ਦੇ ਅਸਰ ਹੋਣ ਤੇ ਵਿਚੋਂ ਇਕ ਵਿਸ਼ੇਸ਼ ਪ੍ਰਕਾਰ ਦੀ ਗੰਧ ਆਉਂਦੀ ਹੈ। ਇਹ ਗੰਧ ਚਰਬੀ, ਧਾਤਵੀ ਅਤੇ ਸੜੇ ਵਰਗੀ ਹੁੰਦੀ ਹੈ। ਇਸ ਗੰਧ ਦਾ ਕਾਰਨ ਦੁੱਧ ਵਿਚਲੇ ਮੌਜੂਦ ਲਿਪਿਡ ਪਦਾਰਥਾਂ ਦੀ ਹੋਂਦ ਹੈ, ਦੁੱਧ ਦੀ ਚੰਗੀ ਸਾਂਭ ਸੰਭਾਲ ਕਰਕੇ ਹੀ ਇਸ ਦੇ ਪੌਸ਼ਟਿਕ ਤੱਤ ਸੰਭਾਲੇ ਜਾ ਸਕਦੇ ਹਨ।

ਦੁੱਧਰੇਜ ਪੰਛੀ : ਇਹ ਪੈਸੇਰੀਫ਼ਾੱਰਮੀਜ਼ ਵਰਗ ਦੀ ਮੱਸੀਕੈਪਿਡੀ ਕੁਲ ਦਾ ਪੰਛੀ ਹੈ ਜਿਸ ਨੂੰ ਸ਼ਾਹ ਬੁਲਬੁਲਰ ਵੀ ਕਹਿੰਦੇ ਹਨ। ਇਸ ਦਾ ਪ੍ਰਾਣੀ-ਵਿਗਿਆਨਕ ਨਾਂ ਟੈਰਪਸੀਫੋਨ ਪੈਰਾਡਿਸੀ (Terpsiphone paradisi) ਹੈ। ਇਸ ਦੇ ਕੁਝ ਹੋਰ ਸਥਾਨਕ ਨਾਂ ਵੀ ਹਨ ਜਿਵੇਂ ਰਾੱਕਿਟ ਬਰਡ, ਵਿੱਡੋ ਬਰਡ, ਰਿਬਨ ਬਰਡ ਆਦਿ। ਇਹ ਪਰੀਨੁਮਾ ਪੰਛੀ ਦੇਖਣ ਵਿਚ ਬੇਹੱਦ ਖ਼ੂਬਸੂਰਤ ਤੇ ਮਨਮੋਹਣੇ ਹੁੰਦੇ ਹਨ। ਪੂਛ ਤੋਂ ਬਿਨ੍ਹਾਂ ਬਾਕੀ ਸਰੀਰ ਦਾ ਆਕਾਰ ਬੁਲਬਲ ਜਿੰਨਾਂ ਹੁੰਦਾ ਹੈ। ਇਸ ਦੀ ਖ਼ੂਬਸੂਰਤੀ ਅਸਲ ਵਿਚ ਇਸ ਦੀ ਪੂਛ ਹੈ ਜਿਸ ਵਿਚ ਤਕਰੀਬਨ 25-30 ਸੈਂ. ਮੀ. ਲੰਬੇ, ਰਿਬਨ ਵਰਗੇ ਖੰਭ ਹੁੰਦੇ ਹਨ। ਜਦੋਂ ਇਹ ਪੰਛੀ ਹਵਾ ਵਿਚ ਉਡਾਣ ਭਰਦਾ ਹੈ ਤਾਂ ਪਿੱਛੇ ਲਹਿਰਾਂਦੇ ਜਾਂਦੇ ਇਹ ਖੰਭ ਦਿਲ ਖਿੱਚਵਾਂ ਨਜ਼ਾਰਾ ਪੇਸ਼ ਕਰਦੇ ਹਨ।

ਬਾਲਗ਼ ਨਰ ਪੰਛੀ ਚਾਂਦੀ ਰੰਗਾ ਚਿੱਟਾ ਹੁੰਦਾ ਹੈ ਤੇ ਇਸ ਦੀ ਪੂਛ ਵਿਚ ਦੋ ਲੰਬੇ, ਚਿੱਟੇ ਰਿਬਨ ਵਰਗੇ ਖੰਭ ਹੁੰਦੇ ਹਨ। ਇਸ ਦਾ ਸਿਰ ਧਾਤਵੀ ਚਮਕਵੇਂ ਕਾਲੇ ਰੰਗ ਦਾ ਹੁੰਦਾ ਹੈ ਜਿਸ ਉੱਤੇ ਕਲਗ਼ੀ ਵੀ ਹੁੰਦੀ ਹੈ। ਮਾਦਾ ਅਤੇ ਛੋਟੇ ਨਰ ਪੰਛੀਆਂ ਦਾ ਰੰਗ ਉਪਰੋਂ ਅਖ਼ਰੋਟ ਦੇ ਰੰਗ ਵਰਗਾ (ਲਾਖੀ ਜਿਹਾ) ਅਤੇ ਹੇਠਲੇ ਪਾਸੇ ਤੋਂ ਸਲੇਟੀ-ਚਿੱਟਾ ਹੁੰਦਾ ਹੈ। ਮਾਦਾ ਦੇ ਸਿਰ ਤੇ ਵੀ ਕਲਗ਼ੀ ਹੁੰਦੀ ਹੈ ਅਤੇ ਸਿਰ ਦਾ ਰੰਗ ਵੀ ਕਾਲਾ ਹੀ ਹੁੰਦਾ ਹੈ। ਛੋਟੇ ਨਰ ਪੰਛੀਆਂ ਦੀ ਪੂਛ ਵਿਚ ਰਿਬਨ-ਖੰਭ ਵੀ ਲਾਖੀ ਰੰਗ ਦੇ ਹੁੰਦੇ ਹਨ। ਮਾਦਾ ਵਿਚ ਇਹ ਖੰਭ ਨਹੀਂ ਹੁੰਦੇ ਤੇ ਇਹ ਦੇਖਣ ਵਿਚ ਬਿਲਕੁਲ ਬੁਲਬੁਲ ਵਰਗੀ ਹੀ ਲਗਦੀ ਹੈ।

ਇਹ ਪੰਛੀ ਆਮ ਤੌਰ ਤੇ ਛਾਂਦਾਰ ਝਿਰੀਆਂ ਵਾਲੇ ਬਾਗ਼ਾਂ ਅਤੇ ਬਾਂਸ ਵਾਲੇ ਪੱਤਝੜੀ ਜੰਗਲਾਂ ਆਦਿ ਵਿਚ ਰਹਿੰਦੇ ਹਨ। ਆਮ ਤੌਰ ਤੇ ਇਹ ਜੋੜਿਆਂ ਵਿਚ ਜਾਂ ਹੋਰ ਛੋਟੇ ਛੋਟੇ ਕੀਟ-ਆਹਾਰੀ ਪੰਛੀਆਂ ਦੇ ਨਾਲ ਇੱਕਠੇ ਰਹਿੰਦੇ ਹਨ। ਨਰ ਪੰਛੀ ਬੜੀਆਂ ਫੁਰਤੀਲੀਆਂ ਤੇ ਦਿਲ ਖਿਚਵੀਆਂ ਉਡਾਰੀਆਂ ਮਾਰਦੇ ਰਹਿੰਦੇ ਹਨ। ਕੁਦਰਤ ਦੀ ਇਸ ਆਲੌਕਿਕ ਰਚਨਾ ਵਿਚ ਇਕ ਘਾਟ ਰਹਿ ਗਈ ਹੈ ਕਿ ਇਹ ਗਾ ਨਹੀਂ ਸਕਦੇ। ਇਹ ਪੰਛੀ ਆਪਣੀ ਖਰਵੀਂ ਜਿਹੀ ਆਵਾਜ਼ ਵਿਚ ਸਿਰਫ਼ ਚੀ-ਚੀ ਹੀ ਕਰਦੇ ਹਨ ਜਾਂ ਫਿਰ ਪ੍ਰਜਣਨ ਰੁੱਤ ਵਿਚ ਨਰ ਅਤੇ ਮਾਦਾ ਦੋਨੋਂ ਇਕ ਸੁਰੀਲੀ ਜਿਹੀ ਆਵਾਜ਼ ਕੱਢਦੇ ਹਨ ਜਿਸ ਨੂੰ ਗਾਣਾ ਨਹੀਂ ਕਿਹਾ ਜਾ ਸਕਦਾ।

ਇਨ੍ਹਾਂ ਦਾ ਮੁੱਖ ਆਹਾਰ ਮੱਖੀਆਂ, ਕੀਟ-ਪਤੰਗੇ ਆਦਿ ਹਨ ਜਿਨ੍ਹਾਂ ਨੂੰ ਇਹ ਆਪਣੇ ਪਰਾਂ ਦੀ ਸਹਾਇਤਾ ਨਾਲ ਪਕੜਦੇ ਹਨ। ਇਹ ਆਪਣੇ ਆਲ੍ਹਣੇ ਦਰਖ਼ਤਾਂ ਦੀਆਂ ਟਾਹਣੀਆਂ ਵਿਚ ਜ਼ਮੀਨ ਤੋਂ 2-5 ਮੀ. ਉੱਚੇ ਬਣਾਉਂਦੇ ਹਨ। ਆਲ੍ਹਣਾ ਬਰੀਕ ਘਾਹ ਅਤੇ ਰੇਸ਼ਿਆਂ ਦਾ ਗਰਵਾਂ ਬੁਣਿਆ ਹੋਇਆ ਕੱਪ ਜਿਹਾ ਹੁੰਦਾ ਹੈ ਜਿਸ ਦੇ ਬਾਹਰ ਵਲ ਮੱਕੜੀਆਂ ਦੇ ਜਾਲੇ ਤੇ ਇਨ੍ਹਾਂ ਦੇ ਅੰਡਿਆਂ ਦੇ ਖੋਲ ਚਿਪਕੇ ਹੁੰਦੇ ਹਨ। ਆਲ੍ਹਣੇ ਵਿਚ ਇਹ 3-5 ਕਰੀਮ ਪਿਆਜ਼ੀ ਜਿਹੇ ਰੰਗ ਦੇ ਅੰਡੇ ਦਿੰਦੇ ਹਨ ਜਿਨ੍ਹਾਂ ਉੱਤੇ ਲਾਲ-ਭੂਰੇ ਰੰਗ ਦੇ ਚਟਾਖ਼ ਹੁੰਦੇ ਹਨ।

ਹ.ਪੁ.—ਕਾ. ਬ. : 96

ਦੁਪੂਈ ਆਰਸੇਨ ਜੂਲਸ ਈਟਾਨੀ ਜੂਵਨਲ

(Dupuit, Arsene Jules-Etienne-Juvenal) : ਫਰਾਂਸ ਦੇ ਇਸ ਪ੍ਰਸਿੱਧ ਇੰਜੀਨੀਅਰ ਅਤੇ ਅਰਥ ਵਿਗਿਆਨੀ ਦਾ ਜਨਮ 18 ਮਈ, 1804 ਨੂੰ ਫਸਾਨੋ (Fossano) ਵਿਖੇ ਹੋਇਆ। ਇਹ ਆਪਣੇ ਕਿੱਤੇ ਵਲੋਂ ਇਕ ਇੰਜੀਨੀਅਰ ਸੀ ਅਤੇ ਬਾਅਦ ਵਿਚ ਤਰੱਕੀ ਕਰਕੇ ਪੁਲਾੜ ਅਤੇ ਸ਼ਾਹਰਹਾਂ ਦਾ ਇੰਨਸਪੈਕਟਰ ਜਰਨਲ ਬਣਿਆ।

ਆਪਣੇ ਕਿੱਤੇ ਦੇ ਦੌਰਾਨ ਹੀ ਇਹ ਲੋਕ ਨਿਰਮਾਣ ਕਾਰਜਾਂ ਦੀ ਉਸਾਰੀ ਅਤੇ ਉਨ੍ਹਾਂ ਦੀ ਵਰਤੋਂ ਤੋਂ ਪ੍ਰਾਪਤ ਹੋਣ ਵਾਲੀ ਆਮਦਨ ਨਾਲ ਸਬੰਧਤ ਆਰਥਿਕ ਸਮੱਸਿਆਵਾਂ ਵਿਚ ਦਿਲਚਸਪੀ ਲੈਣ ਲੱਗ ਪਿਆ। ਲੋਕ ਨਿਰਮਾਣ ਕਾਰਜਾਂ ਦੇ ਦੂਜੀ ਤਰ੍ਹਾਂ ਦੇ ਪ੍ਰਭਾਵਾਂ ਵਲੋਂ ਬਿਲਕੁਲ ਹੀ ਧਿਆਨ ਨਾ ਦਿੰਦੇ ਹੋਏ, ਇਸ ਨੇ ਇਨ੍ਹਾਂ ਕਾਰਜਾਂ ਤੋਂ ਲਾਭ ਲੈਣ ਵਾਲੇ ਲੋਕਾਂ, ਜੋ ਇਨ੍ਹਾਂ ਦੀ ਵਰਤੋਂ ਦੇ ਬਦਲੇ ਕੁਝ ਅਦਾ ਕਰਨ ਨੂੰ ਵੀ ਤਿਆਰ ਸਨ ਉਤੇ ਆਪਣਾ ਧਿਆਨ ਕੇਂਦ੍ਰਿਤ ਕੀਤਾ। ਇਸ ਦੇ ਫਲਸਰੂਪ ਹੀ ਇਸ ਨੇ ਕਈ ਅਜਿਹੇ ਕਦਮ ਉਠਾਏ ਜਿਹੜੇ ਕਿ ਅਰਥ ਵਿਗਿਆਨ ਵਿਚ ਮਗਰੋਂ ਹੋਏ ਵਿਕਾਸ ਵਿਚ ਬਹੁਤ ਹੀ ਅਹਿਮੀਅਤ ਰੱਖਦੇ ਹਨ। ਇਨ੍ਹਾਂ ਤੋਂ ਪੈਦਾ ਹੋਣ ਵਾਲਾ ਲਾਭ ਉਨ੍ਹਾਂ ਦੀਆਂ ਕੀਮਤਾਂ ਨਾਲੋਂ ਵੱਧ ਹੁੰਦਾ ਹੈ। ਉਪਭੋਗੀ ਦੇ ਪੱਧਰ ਤੇ ਇਸ ਧਾਰਨਾ ਦਾ ਵਿਕਾਸ ਬਾਅਦ ਵਿਚ ਅਰਥ ਵਿਗਿਆਨੀ ਮਾਰਸ਼ਲ ਨੇ ਉਪਭੋਗੀ ਦੀ ਬੱਚਤ (Consumer Surplus) ਦੇ ਰੂਪ ਵਿਚ ਕੀਤਾ। ਇਸ ਵਿਅਕਤੀ ਨੇ ਇਸ ਗੱਲ ਨੂੰ ਦੱਸਣ ਦੀ ਕੋਸ਼ਿਸ਼ ਕੀਤੀ ਕਿ ਕੁਝ ਸਮਾਜਕ ਵਸਤੂਆਂ ਅਜਿਹੀਆਂ ਹੁੰਦੀਆਂ ਹਨ ਜਿਨ੍ਹਾਂ ਨੂੰ ਖਰੀਦਣ ਲਈ ਉਪਭੋਗੀ ਜਿੰਨੀ ਕੀਮਤ ਦੇਣ ਲਈ ਤਿਆਰ ਹੁੰਦਾ ਹੈ, ਬਾਜ਼ਾਰ ਵਿਚ ਉਹ ਵਸਤੂਆਂ ਉਸ ਤੋਂ ਵੀ ਘੱਟ ਕੀਮਤ ਤੇ ਮਿਲ ਜਾਂਦੀਆਂ ਹਨ। ਇਸ ਤਰ੍ਹਾਂ ਉਪਭੋਗੀ ਨੂੰ ਕੀਮਤ ਦੇ ਮੁਕਾਬਲੇ ਵਸਤੂ ਦੇ ਪ੍ਰਯੋਗ ਤੋਂ ਜ਼ਿਆਦਾ ਲਾਭ ਪ੍ਰਾਪਤ ਹੁੰਦਾ ਹੈ। ਐਲਫ੍ਰੈਡ ਮਾਰਸ਼ਲ (Alfred Marshall's) ਨੇ ਇਸ ਧਾਰਨਾ ਨੂੰ ਉਪਭੋਗੀ ਦੀ ਬੱਚਤ ਦਾ ਆਧਾਰ ਬਣਾਇਆ। ਇਸ ਸਿਧਾਂਤ ਅਨੁਸਾਰ ਕਿਸੇ ਵਸਤੂ ਦੇ ਉਪਭੋਗ ਤੋਂ ਵਾਂਝੇ ਰਹਿਣ ਦੀ ਥਾਂ ਉਪਭੋਗੀ ਉਸ ਵਸਤੂ ਲਈ ਜਿੰਨੀ ਕੀਮਤ ਦੇਣ ਲਈ ਤਿਆਰ ਹੁੰਦਾ ਹੈ ਅਤੇ ਅਸਲ ਵਿਚ ਉਹ ਉਸ ਲਈ ਜੋ ਕੀਮਤ ਅਦਾ ਕਰਦਾ ਹੈ, ਤੇ ਅੰਤਰ ਨੂੰ ਉਪਭੋਗੀ ਦੀ ਬੱਚਤ ਆਖਿਆ ਜਾਂਦਾ ਹੈ। ਇਸ ਤਰ੍ਹਾਂ ਉਪਭੋਗੀ ਦੀ ਬੱਚਤ ਦੇ ਸਿਧਾਂਤ ਦਾ ਸਿਹਰਾ ਦੁਪੁਈ ਦੇ ਹੀ ਸਿਰ ਹੈ। ਇਹ ਉਨ੍ਹਾਂ ਪ੍ਰਮੁੱਖ ਅਰਥ ਵਿਗਿਆਨੀਆਂ ਵਿਚੋਂ ਇਕ ਸੀ ਜਿਨ੍ਹਾਂ ਨੇ ਮੰਗ ਵਕਰ (Demand Curve) ਦਾ ਵਿਕਾਸ ਕੀਤਾ ਅਤੇ ਘੱਟਦੇ ਸੀਮਾਂਤ ਉਪਯੋਗਤਾ (Deminishing marginal Utility) ਦੇ ਸਿਧਾਂਤ ਨੂੰ ਪਹਿਲੀ ਵਾਰ ਪੇਸ਼ ਕੀਤਾ।

ਨਿਰਸੰਦੇਹ ਇਹ ਲੋਕ ਨਿਰਮਾਣ ਕਾਰਜਾਂ ਦੇ ਲਾਗਤ-ਲਾਭ ਵਿਸ਼ਲੇਸ਼ਣ (cost-benefit analysis) ਦਾ ਮੋਢੀ ਸੀ। ਇਸ ਨੇ ਕੀਮਤ ਲਚਕ (Price elasticity) ਦੇ ਸਿਧਾਂਤ ਨੂੰ ਵਿਕਸਿਤ ਕੀਤਾ। ਇਸ ਧਾਰਨਾ ਤੇ ਅਧਾਰਿਤ ਹੀ ਇਕ ਅਜਿਹੀ ਵਕਰ ਈਜਾਦ ਹੋਈ ਜਿਸ ਨੂੰ ਕਰ ਦੀਆਂ ਵੱਖ ਵੱਖ ਦਰਾਂ ਤੇ ਪੈਦਾ ਕਰਨ ਲਈ (tax yield) ਲੈਫਰ ਵਕਰ (Laffer curve) ਆਖਿਆ ਗਿਆ ਹੈ। ਇਸ ਵਕਰ ਦਾ ਪ੍ਰਯੋਗ ਇਕਤਰਮੂਲਕ ਏਕਾਧਿਕਾਰ (monopoly discrimination) ਵਿਚ ਕੀਤਾ ਗਿਆ ਹੈ।

ਇਸ ਦੀ ਮੌਤ ਪੈਰਿਸ ਵਿਖੇ 5 ਸਤੰਬਰ, 1866 ਨੂੰ ਹੋਈ।

ਹ.ਪੁ.—ਐਨ. ਬ੍ਰਿ. ਮਾ. 4 : 283; ਐਨ. ਬ੍ਰਿ. ਮਾ. 3 : 718

ਦੁੱਬਲੀ : ਇਹ ਪੰਜਾਬ ਰਾਜ (ਭਾਰਤ) ਦੇ ਅੰਮ੍ਰਿਤਸਰ ਜ਼ਿਲ੍ਹੇ ਦੀ ਪੱਟੀ ਤਹਿਸੀਲ ਦਾ ਇਕ ਪਿੰਡ ਹੈ ਜੋ ਪੱਟੀ ਤੋਂ ਕੋਟ ਬੁੱਢਾ ਜਾਣ ਵਾਲੀ ਸੜਕ ਤੇ ਪੱਟੀ ਤੋਂ 11 ਕਿ.ਮੀ. ਦੀ ਦੂਰੀ ਤੇ ਹਿਠਾੜ ਇਲਾਕੇ ਵਿਖੇ ਸਥਿਤ ਹੈ। ਪਿੰਡ ਦਾ ਕੁੱਲ ਖੇਤਰਫਲ 1024 ਹੈਕ. ਹੈ। ਤਿੰਨ ਸੌ ਸਾਲ ਪਹਿਲਾਂ ਇਸ ਥਾਂ ਤੇ ਬਹੁਤ ਵੱਡੇ ਵੱਡੇ ਥੇਹ ਹੁੰਦੇ ਸਨ। ਇਸ ਦੇ ਨਜ਼ਦੀਕ ਹੀ ਦਰਿਆ ਵਗਦਾ ਸੀ ਤੇ ਚਾਰ ਚੁਫੇਰੇ ਝੱਲ ਹੁੰਦੀ ਸੀ। ਪਹਿਲਾਂ-ਪਹਿਲ ਜ਼ਿਲ੍ਹਾ ਬਠਿੰਡਾ ਦੇ ਪਿੰਡ ਮਲਾ ਦੇ ਲੋਕ ਇਥੇ ਆ ਕੇ ਆਬਾਦ ਹੋਏ ਸਨ। ਇਨ੍ਹਾਂ ਨੇ ਪਹਿਲਾਂ ਦਰਿਆ ਸਤਲੁਜ ਅਤੇ ਬਿਆਸ ਦੇ ਸੱਜੇ ਕੰਢੇ ਵੱਲ ਦੋ ਬਸਤੀਆਂ ਜਿਹੀਆਂ ਵਸਾਈਆਂ ਸਨ ਜਿਨ੍ਹਾਂ ਦੇ ਨਾਂ ਉਨ੍ਹਾਂ ਬੱਲੜ ਕੇ ਤੇ ਭੋਜੋ ਕੇ ਰੱਖਿਆ ਪਰ ਉਨ੍ਹੀਂ ਦਿਨੀਂ ਦਰਿਆਵਾਂ ਦਾ ਵਹਿਣ ਤੇਜ਼ ਹੋਣ ਕਰਕੇ ਇਹ ਲੋਕ ਇਥੋਂ ਹਟ ਕੇ ਨੇੜੇ ਦੇ ਇਕ ਹੋਰ ਵੱਡੇ ਥੇਹ ਉੱਤੇ ਇਕੱਠੇ ਰਹਿਣ ਲੱਗ ਪਏ ਜਿਸ ਦਾ ਨਾਂ ਦੋਬਲ ਥੇਹ ਰਖਿਆ ਗਿਆ। ਇਸ ਤਰ੍ਹਾਂ ਮੌਜੂਦਾ ਪਿੰਡ ਦਾ ਮੁੱਢ ਬੱਝਿਆ ਅਤੇ ਹੌਲੀ ਹੌਲੀ ਇਹ ਨਾਂ ਵਿਗੜ ਕੇ ਦੁੱਬਲੀ ਬਣ ਗਿਆ। ਪਿੰਡ ਵਿਚ ਹੁਣ ਵੀ ਉਹੀ ਪੁਰਾਣੀਆਂ ਬਸਤੀਆਂ ਦੇ ਨਾਂ ਵਾਲੀਆਂ ਦੋ ਪੱਤੀਆਂ ਬੱਲੜ ਕੇ ਅਤੇ ਭੋਜੋ ਕੇ ਹਨ। ਇਥੇ ਸੰਤ ਬਾਬਾ ਖਾਲਸਾ ਜੀ ਦੀ ਯਾਦ ਵਿਚ ਇਕ ਬਹੁਤ ਵੱਡਾ ਗੁਰਦੁਆਰਾ ਬਣਿਆ ਹੋਇਆ ਹੈ ਜਿਸ ਦੀ ਇਮਾਰਤ ਸ੍ਰੀ ਦਰਬਾਰ ਸਾਹਿਬ ਤਰਨਤਾਰਨ ਦੀ ਇਮਾਰਤ ਨਾਲ ਮਿਲਦੀ ਹੈ। ਇਸ ਉੱਤੇ ਲਗਭਗ 40 ਲੱਖ ਰੁਪਏ ਖਰਚ ਆਏ ਜੋ ਪਿੰਡ ਵਾਲਿਆਂ ਨੇ ਬਿਨਾਂ ਕਿਸੇ ਉਗਰਾਹੀ ਤੋਂ ਆਪਣੀ ਕਮਾਈ ਵਿਚੋਂ ਹੀ ਸੇਵਾ ਵਜੋਂ ਲਗਾਏ। ਗੁਰਦੁਆਰਾ ਸਾਹਿਬ ਦੀ ਨੀਂਹ 1906 ਈ. ਵਿਚ ਸੋਹਨ ਸਿੰਘ ਬਿਧੀਚੰਦੀਏ ਨੇ ਰੱਖੀ ਸੀ ਤੇ ਸੰਤ ਬਾਬਾ ਖਾਲਸਾ ਜੀ ਦੀ ਯਾਦ ਵਿਚ ਹਰ ਸਾਲ ਭਾਰੀ ਮੇਲਾ ਲਗਦਾ ਹੈ। ਗੁਰਦੁਆਰਾ ਸਾਹਿਬ ਦੇ ਪਵਿੱਤਰ ਸਰੋਵਰ ਵਿਚ ਇਸ਼ਨਾਨ ਕਰਨ ਨਾਲ ਬੱਚਿਆਂ ਦਾ ਸੋਕੇ ਦਾ ਰੋਗ ਦੂਰ ਹੋ ਜਾਂਦਾ ਹੈ। ਇਸ ਲਈ ਇਲਾਕੇ ਦੇ ਲੋਕ ਆਪਣੇ ਬੱਚਿਆਂ ਨੂੰ ਇਥੇ ਇਸ਼ਨਾਨ ਜ਼ਰੂਰ ਕਰਵਾਉਂਦੇ ਹਨ। ਪਿੰਡ ਦਾ ਹਰ ਨੌਜਵਾਨ ਜੋ ਸਰਕਾਰੀ ਨੌਕਰੀ ਤੇ ਲਗਦਾ ਹੈ ਉਹ ਆਪਣੀ ਪਹਿਲੀ ਤਨਖਾਹ ਗੁਰਦੁਆਰੇ ਨੂੰ ਭੇਟਾ ਕਰਦਾ ਹੈ। ਇਥੇ ਲਗਦੇ ਸਾਲਾਨਾ ਮੇਲੇ ਤੇ ਖੇਡ ਮੁਕਾਬਲੇ ਵੀ ਕਰਵਾਏ ਜਾਂਦੇ ਹਨ।

ਇਸ ਤੋਂ ਇਲਾਵਾ ਪਿੰਡ ਦੇ ਦੱਖਣ ਵਾਲੇ ਪਾਸੇ ਪੀਰ ਬਾਬਾ ਸ਼ਾਹ ਕਮਾਲ ਦੀ ਕਬਰ ਤੇ ਵੀ ਹਰ ਵੀਰਵਾਰ ਨੂੰ ਪਿੰਡ ਦੇ ਲੋਕ ਤੇਲ ਚੜ੍ਹਾਉਂਦੇ ਹਨ ਅਤੇ ਇਥੇ ਵੀ ਸਾਲ ਵਿਚ ਇਕ ਵਾਰ ਭਾਰੀ ਮੇਲਾ ਲਗਦਾ ਹੈ। ਇਥੇ ਬਾਬਾ ਭੂਰੀ ਵਾਲੇ ਦੀ ਸਮਾਧ ਤੇ ਵੀ 7 ਪੋਹ ਨੂੰ ਮੇਲਾ ਲਗਦਾ ਹੈ ਤੇ ਇਕ ਮੜ੍ਹੀ ਦਾ ਥੇਹ ਵੀ ਹੈ।

ਇਹ ਪਿੰਡ ਅਕਾਲੀਆਂ ਦਾ ਗੜ੍ਹ ਹੈ। ਲੋਕਾਂ ਦਾ ਮੁੱਖ ਕਿੱਤਾ ਖੇਤੀਬਾੜੀ ਹੈ ਜੋ ਆਧੁਨਿਕ ਵਿਗਿਆਨਕ ਲੀਹਾਂ ਤੇ ਕੀਤੀ ਜਾਂਦੀ ਹੈ ਇਸ ਤੋਂ ਇਲਾਵਾ ਇਥੇ ਬਹੁਤ ਚੰਗੀ ਨਸਲ ਦੀਆਂ ਮੱਝਾਂ ਵੀ ਮਿਲਦੀਆਂ ਹਨ ਜੋ ਵਧੇਰੇ ਦੁੱਧ ਦਿੰਦੀਆਂ ਹਨ। ਇਥੋਂ ਦੇ ਲੋਕਾਂ ਦੀ ਇਕ ਖ਼ੂਬੀ ਇਹ ਵੀ ਹੈ ਕਿ ਪਿੰਡ ਵਿਚ 6 ਫੁੱਟ ਤੋਂ ਪੌਣੇ ਸੱਤ ਫੁੱਟ ਲੰਬੇ ਗੱਭਰੂ ਆਮ ਹਨ। ਇਥੋਂ ਦੇ ਮਕਾਨ ਬਹੁਤੇ ਕੱਚੇ ਹੀ ਹਨ ਅਤੇ ਕੇਵਲ ਟਾਵਾਂ-ਟਾਵਾਂ ਘਰ ਹੀ ਪੱਕਾ ਹੈ। ਪਿੰਡ ਵਿਚ ਹਸਪਤਾਲ, ਡਾਕਘਰ, ਹਾਈ ਸਕੂਲ ਦੀਆਂ ਸਹੂਲਤਾਂ ਦੇ ਨਾਲ ਨਾਲ ਦੋ ਜੰਞ ਘਰ ਵੀ ਹਨ।

ਆਬਾਦੀ—2,410 (1981)

ਹ.ਪੁ.—ਪੰ. ਡਿ. ਸੈਂ.ਹੈ.ਬੁ.— ਅੰਮ੍ਰਿਤਸਰ ਜ਼ਿਲ੍ਹਾ-1981

ਦੁਬਿਧਾ : ਪਰੰਪਰਾਵਾਦੀ ਤਰਕ ਵਿਚ ਦੁਬਿਧਾ ਅਨੁਮਾਨ ਦੇ ਬਹੁਤ ਸਾਰੇ ਰੂਪਾਂ ਵਿਚੋਂ ਇਕ ਰੂਪ ਹੈ ਜਿਸ ਵਿਚ ਮੂਲ ਤੱਤਾਂ ਸਬੰਧੀ ਦੋ ਮੁੱਖ ਆਧਾਰ ਤੱਤ ਅਤੇ ਇਕ ਵਿਕਲਪ ਗੌਣ ਤੱਤ ਹੁੰਦਾ ਹੈ। ਇਹ ਵੀ ਜ਼ਰੂਰੀ ਨਹੀਂ ਕਿ ਦੁਬਿਧਾ ਦਾ ਕੋਈ ਅਣਚਾਹਿਆ ਸਿੱਟਾ ਨਿਕਲਦਾ ਹੋਵੇ। ਆਮ ਵਰਤੋਂ ਵਿਚ ਇਸ ਦਾ ਭਾਵ ਅਜਿਹੀ ਸਥਿਤੀ ਤੋਂ ਹੈ ਜਿਸ ਵਿਚ ਕਾਰਜ ਦੇ ਵਿਕਲਪ ਢੰਗਾਂ ਨੂੰ ਦਰਸਾਇਆ ਗਿਆ ਹੋਵੇ। ਗਣਿਤ ਵਿਦਿਆ ਵਿਚ ਇਸ ਕਿਸਮ ਦੇ ਅਨੁਮਾਨ ਅਥਵਾ ਸਿੱਟਿਆਂ ਨੂੰ ਅਕਸਰ ਕਾਰਨਾਂ ਜਾਂ ਆਧਾਰਾਂ ਦੁਆਰਾ ਸਬੂਤ ਕਰਕੇ ਜਾਣਿਆ ਜਾਂਦਾ ਹੈ।

ਵਿਵਸਥਤ ਤਰਕ ਵਿਚ ਦੁਬਿਧਾ ਦਲੀਲ ਦੀ ਇਕ ਕਿਸਮ ਮੰਨੀ ਜਾਂਦੀ ਹੈ। ਦੁਬਿਧਾ ਦੇ ਖੰਡਨ ਲਈ ਇਕ ਪ੍ਰਸਿੱਧ ਮਿਸਾਲ ਇਕ ਸ਼ਾਗਿਰਦ ਦੀ ਦਿੱਤੀ ਜਾਂਦੀ ਹੈ ਜਿਸ ਨੂੰ ਭਾਸ਼ਣ ਕਲਾ ਸਬੰਧੀ ਇਸ ਸ਼ਰਤ ਤੇ ਪੜ੍ਹਾਇਆ ਜਾਂਦਾ ਹੈ ਕਿ ਉਹ ਆਪਣਾ ਪਹਿਲਾ ਕੇਸ ਜਿੱਤ ਜਾਣ ਦੀ ਸੂਰਤ ਵਿਚ ਹੀ ਆਪਣੀ ਫ਼ੀਸ ਦੀ ਅਦਾਇਗੀ ਕਰੇਗਾ ਪਰ ਸ਼ਾਗਿਰਦ ਕੋਈ ਕੇਸ ਹੀ ਨਹੀਂ ਲੈਂਦਾ। ਫ਼ਲਸਰੂਪ ਉਹ ਕਿਸੇ ਫ਼ੀਸ ਦੀ ਅਦਾਇਗੀ ਨਹੀਂ ਕਰਦਾ। ਇਸ ਕਾਰਨ ਕਰਕੇ ਅਧਿਆਪਕ ਉਸ ਵਿਰੁਧ ਕੇਸ ਦਾਇਰ ਕਰਦਿਆਂ ਮਾਨਯੋਗ ਜੱਜ ਸਾਹਿਬ ਨੂੰ ਕਹਿੰਦਾ ਹੈ, "ਜੇ ਮੈਂ ਇਹ ਕੇਸ ਜਿੱਤਦਾ ਹਾਂ ਤਾਂ ਉਹ ਤੁਹਾਡੇ ਫ਼ੈਸਲੇ ਅਨੁਸਾਰ ਫ਼ੀਸ ਦੀ ਅਦਾਇਗੀ ਕਰੇਗਾ ਅਤੇ ਜੇ ਉਹ ਖ਼ੁਦ ਕੇਸ ਜਿੱਤ ਜਾਂਦਾ ਹੈ ਤਾਂ ਉਹ ਆਪਣੇ ਕੀਤੇ ਮੁਆਇਨੇ ਅਨੁਸਾਰ ਫੀਸ ਦੀ ਅਦਾਇਗੀ ਕਰੇਗਾ। ਇਸ ਲਈ ਭਾਵੇਂ ਮੈਂ ਜਿੱਤਦਾ ਹਾਂ ਜਾਂ ਉਹ ਜਿੱਤਦਾ ਹੈ, ਉਹ ਜ਼ਰੂਰ ਫ਼ੀਸ ਦੀ ਅਦਾਇਗੀ ਕਰੇਗਾ।" ਸ਼ਾਗਿਰਦ ਆਪਣੇ ਅਧਿਆਪਕ ਦੇ ਇਸ ਤਰਕ ਦਾ ਖੰਡਨ ਕਰਦਿਆਂ, ਆਪਣਾ ਤਰਕ ਇਉਂ ਪੇਸ਼ ਕਰਦਾ ਹੈ, "ਜੇ ਮੈਂ ਇਹ ਕੇਸ ਜਿੱਤਦਾ ਹਾਂ ਤਾਂ ਮੈਨੂੰ ਤੁਹਾਡੇ ਫ਼ੈਸਲੇ ਅਨੁਸਾਰ ਫ਼ੀਸ ਦੀ ਅਦਾਇਗੀ ਕਰਨ ਦੀ ਜ਼ਰੂਰਤ ਨਹੀਂ ਅਤੇ ਜੇ ਮੈਂ ਇਹ ਕੇਸ ਹਾਰ ਜਾਂਦਾ ਹਾਂ ਤਾਂ ਫਿਰ ਸਾਡੇ ਇਕਰਾਰਨਾਮੇ ਅਨੁਸਾਰ ਮੈਨੂੰ ਫ਼ੀਸ ਦੀ ਅਦਾਇਗੀ ਕਰਨ ਦੀ ਜ਼ਰੂਰਤ ਨਹੀਂ। ਇਸ ਤਰ੍ਹਾਂ ਭਾਵੇਂ ਮੈਂ ਹਾਰਾਂ ਜਾਂ ਜਿੱਤਾਂ, ਮੈਨੂੰ ਫ਼ੀਸ ਦੀ ਅਦਾਇਗੀ ਕਰਨ ਦੀ ਜ਼ਰੂਰਤ ਨਹੀਂ।"

ਸਾਧਾਰਣ ਰੂਪ ਵਿਚ ਦੁਬਿਧਾ ਦਾ ਭਾਵ ਹੈ ਦੋ ਪ੍ਰਕਾਰ ਦੀ ਜਾਂ ਦੋ ਭਾਂਤੀ ਜਿਵੇਂ 'ਦੁਬਿਧਾ ਦੂਰ ਕਰੋ ਲਿਵ ਲਾਇ' (ਬਸੰ. ਮ. 5), "ਗੁਰਿ ਦੁਬਿਧਾ ਜਾਕੀ ਹੈ ਮਾਰੀ" (ਗਉ. ਮਾ. ਮ. 5)। ਇਸ ਵਿਚ ਅਨਿਸ਼ਚਿਤਤਾ ਜਾਂ ਦੋ ਵਿਚੋਂ ਕਿਸੇ ਇਕ ਗੱਲ ਤੇ ਚਿੱਤ ਨਾ ਲੱਗਣ ਦੀ ਕ੍ਰਿਆ ਜਾਂ ਭਾਵ ਨਿਹਿਤ ਹੁੰਦਾ ਹੈ ਅਤੇ ਇਹ ਚਿੱਤ ਦੀ ਅਸਥਿਰਤਾ ਨੂੰ ਪ੍ਰਗਟਾਉਂਦੀ ਹੈ ਜਿਵੇਂ 'ਦੁਬਿਧਾ ਮੇਂ ਦੋਨੋਂ ਗਏ ਮਾਇਆ ਮਿਲੇ ਨਾ ਰਾਮ।'

ਦੁਬਿਧਾ ਨਾਲ ਸਬੰਧਤ ਕਈ ਮੁਹਾਵਰੇ ਵੀ ਪ੍ਰਚਲਿਤ ਹਨ ਜਿਵੇਂ 'ਦੁਬਿਧਾ ਵਿਚ ਪਾਉਣਾ' ਅਰਥਾਤ ਅਨਿਸ਼ਚਿਤ ਦਸ਼ਾ ਵਿਚ ਕਰਨਾ ਜਾਂ ਪਾਉਣਾ ਅਤੇ 'ਦੁਬਿਧਾ ਵਿਚ ਪੈਣਾ' ਅਰਥਾਤ ਅਨਿਸ਼-ਚਿਤ ਅਵਸਥਾ ਵਿਚ ਪੈਣਾ।

ਦੁਬਿਧਾ ਤੋਂ ਭਾਵ 'ਸ਼ੱਕ' ਜਾਂ 'ਸੰਦੇਹ' ਤੋਂ ਵੀ ਲਿਆ ਜਾਂਦਾ ਹੈ ਜਿਵੇਂ 'ਦੁਬਿਧਾ ਦੀ ਗੱਲ ਨਾ ਕਹੋ, ਠੀਕ ਠੀਕ ਦੱਸੋ ਕਿ ਤੁਸੀਂ ਆਵੋਗੇ ਜਾਂ ਨਹੀਂ। ਦੁਬਿਧਾ ਤੋਂ ਹੈਰਾਨੀ ਦਾ ਭਾਵ ਵੀ ਲਿਆ ਜਾਂਦਾ ਹੈ ਜਿਵੇਂ 'ਕੋ ਜਾਨੇ ਦੁਬਿਧਾ ਸੰਕੋਚ ਮੇਂ ਤੁਮ ਡਰ ਨਿਕਟ ਨਾ ਆਵੈ' (ਸੂਰ ਸਾਗਰ)।

ਹ.ਪੁ.—ਐਨ. ਬ੍ਰਿ. 7 : 437; ਐਨ. ਬ੍ਰਿ. ਮਾ. 3. 547; ਐਨ. ਚੈਂਬ. 4.526; ਹਿ. ਸੰ. ਸ਼ੀ. 2316; ਮ.ਕੋ.

ਦੁਭਾਸ਼ਾਵਾਦ : ਦੁਭਾਸ਼ਾਵਾਦ ਤੋਂ ਭਾਵ ਹੈ ਦੋ ਭਾਸ਼ਾਵਾਂ ਦੀ ਵਰਤੋਂ ਕਰਨ ਵਿਚ ਨਿਪੁੰਨਤਾ ਪ੍ਰਾਪਤ ਕਰਨੀ। ਜਿਹੜਾ ਵਿਅਕਤੀ ਆਪਣੀ ਮਾਂ-ਬੋਲੀ ਬੋਲਣ ਤੋਂ ਇਲਾਵਾ ਹੋਰ ਬੋਲੀ ਬੋਲਣ ਵਾਲੇ ਲੋਕਾਂ ਦੇ ਸੰਪਰਕ ਵਿਚ ਬਾਕਾਇਦਾ ਰਹਿੰਦਾ ਹੈ ਉਹ ਆਮ ਤੌਰ ਤੇ ਦੁਭਾਸ਼ੀਆ ਬਣ ਜਾਂਦਾ ਹੈ। ਭਾਵੇਂ ਬਦੇਸ਼ੀ ਭਾਸ਼ਾ ਦੇ ਅਧਿਐਨ ਨਾਲ ਵੀ ਦੁਭਾਸ਼ਾਵਾਦ ਹੋਂਦ ਵਿਚ ਆਉਂਦਾ ਹੈ। ਦੋ ਭਾਸ਼ਾਵਾਂ ਬੋਲਣ ਵਾਲੇ ਵਿਅਕਤੀ ਇਕ ਭਾਸ਼ਾ ਦੇ ਵਿਚਾਰਾਂ ਨੂੰ ਦੂਜੀ ਭਾਸ਼ਾ ਵਿਚ ਬਦਲ ਸਕਣ ਦੀ ਮੁਹਾਰਤ ਕਾਰਣ ਵਿਲੱਖਣ ਹੁੰਦੇ ਹਨ ਕਿਉਂਕਿ ਹਰ ਇਕ ਭਾਸ਼ਾ ਦੀ ਵਰਤੋਂ ਇਕ ਵੱਖਰੇ ਵਾਤਾਵਰਣ ਵਿਚ ਅਤੇ ਵਖਰੇ ਉਦੇਸ਼ ਲਈ ਹੁੰਦੀ ਹੈ।

ਜਦੋਂ ਦੋ ਵੱਖਰੀਆਂ ਵੱਖਰੀਆਂ ਭਾਸ਼ਾਵਾਂ ਬੋਲਣ ਵਾਲਿਆਂ ਫਿਰਕਿਆਂ ਵਿਚ ਬਹੁਤ ਜ਼ਿਆਦਾ ਨੇੜਤਾ ਹੁੰਦੀ ਹੈ ਤਾਂ ਇਕ ਜਾਂ ਦੋਹਾਂ ਫ਼ਿਰਕਿਆਂ ਦੇ (ਕੁਝ ਲੋਕ) ਅਕਸਰ ਦੁਭਾਸ਼ੀਏ ਬਣ ਜਾਂਦੇ ਹਨ। ਕੁਝ ਦੇਸ਼ ਸਰਕਾਰੀ ਤੌਰ ਤੇ ਦੁਭਾਸ਼ੀਏ ਹਨ ਕਿਉਂਕਿ ਉਨ੍ਹਾਂ ਵਿਚ ਦੋ ਵੱਖਰੀਆਂ ਵੱਖਰੀਆਂ ਭਾਸ਼ਾਵਾਂ ਬੋਲਣ ਵਾਲੀਆਂ ਸਮੁਦਾਵਾਂ ਹੁੰਦੀਆਂ ਹਨ ਅਤੇ ਦੋਹਾਂ ਭਾਸ਼ਾਵਾਂ ਨੂੰ ਰਾਜ ਪੱਧਰ ਦੀ ਭਾਸ਼ਾ ਦਾ ਦਰਜਾ ਦਿੱਤਾ ਗਿਆ ਹੁੰਦਾ ਹੈ।

ਦੁਭਾਸ਼ਾਵਾਦ ਨੂੰ ਦਰਸਾਉਣ ਲਈ ਸ਼ਬਦ ਬਹੁ-ਭਾਸ਼ਾਵਾਦ ਦੀ ਵਰਤੋਂ ਵੀ ਕੀਤੀ ਜਾਂਦੀ ਹੈ ਅਤੇ ਇਸ ਦਾ ਭਾਵ ਦੋ ਭਾਸ਼ਾਵਾਂ ਤੋਂ ਵੱਧ ਭਾਸ਼ਾਵਾਂ ਵਿਚ ਨਿਪੁੰਨਤਾ ਪ੍ਰਾਪਤ ਕਰਨਾ ਵੀ ਹੈ।

ਹ.ਪੁ.—ਐਨ.ਬ੍ਰਿ. ਮਾ. 2 : 17

ਦੁਮਕਾ : ਬਿਹਾਰ ਰਾਜ (ਭਾਰਤ) ਦੇ ਇਸੇ ਹੀ ਨਾਂ ਦੇ ਜ਼ਿਲ੍ਹੇ ਦਾ ਸਦਰ-ਮੁਕਾਮ ਹੈ ਜਿਹੜਾ ਮੋਰ ਨਦੀ ਦੇ ਕੰਢੇ ਤੇ ਸਥਿਤ ਹੈ। ਇਸ ਨੂੰ ਨਯਾ ਡੁਮਕਾ ਜਾਂ ਨਾਗਾ ਡੁਮਕਾ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਹ ਸ਼ਹਿਰ ਪਹਿਲਾਂ ਬੰਗਾਲ ਦੇ ਸਭ ਤੋਂ ਪੁਰਾਣੇ ਬਰਤਾਨਵੀ ਸਟੇਸ਼ਨਾਂ ਵਿਚੋਂ ਇਕ ਸੀ। ਸੰਨ 1903 ਵਿਚ ਇਥੇ ਕਾਰਜਪਾਲਕਾ ਦੀ ਸਥਾਪਨਾ ਹੋਈ। ਇਹ ਜ਼ਰਾਇਤੀ ਵਪਾਰ ਦਾ ਮੁੱਖ ਕੇਂਦਰ ਹੈ। ਇਥੇ ਨਦੀ ਦੇ ਕੰਢੇ ਉੱਤੇ ਹੀ ਬਾਜ਼ਾਰ ਲਗਦਾ ਹੈ। ਇਥੇ ਪਸ਼ੂਆਂ ਦੀ ਹਫ਼ਤਾਵਾਰੀ ਮੰਡੀ ਵੀ ਲਗਦੀ ਹੈ। ਭਾਗਲਪੁਰ ਯੂਨੀਵਰਸਿਟੀ ਨਾਲ ਸਬੰਧਤ ਇਥੇ ਇਕ ਕਾਲਜ ਹੈ।

ਆਬਾਦੀ–38,096 (1991)

24°16′ ਉ. ਵਿਥ.; 87°15′ ਪੂ. ਲੰਬ.

ਹ.ਪੁ.—ਇੰਪ.ਗ.ਇੰਡ. 11 : 377; ਹਿੰ. ਵ. ਕੋ. 6 : 77; ਡਾਇ-ਰੈਕਟਰੀ ਆਫ਼ ਸਿਟੀਜ਼ ਐਂਡ ਟਾਊਨਜ਼ ਇਨ ਇੰਡੀਆ—ਓ.ਪੀ. ਸ਼ਰਮਾ; ਐਨ. ਬ੍ਰਿ. ਮਾ. 3 : 703

ਦੁਰਗ : ਜ਼ਿਲ੍ਹਾ—ਇਹ ਛੱਤੀਸਗੜ੍ਹ (ਭਾਰਤ) ਦਾ ਇਕ ਜ਼ਿਲ੍ਹਾ ਹੈ ਜਿਸ ਦੇ ਦੱਖਣ ਵੱਲ ਬਸਤਰ, ਪੂਰਬ ਵੱਲ ਰਾਏਪੁਰ, ਉੱਤਰ ਵੱਲ ਰਾਜ ਨੰਦਗਾਓਂ ਜ਼ਿਲ੍ਹਿਆਂ ਦੀਆਂ ਹੱਦਾਂ ਲਗਦੀਆਂ ਹਨ। ਇਸ ਜ਼ਿਲ੍ਹੇ ਨੇ 19,670 ਵ. ਕਿ.ਮੀ. (7,595 ਵ.ਮੀਲ) ਦਾ ਰਕਬਾ ਮੱਲਿਆ ਹੋਇਆ ਹੈ ਅਤੇ ਇਥੋਂ ਦੀ ਆਬਾਦੀ 23,97,134 (1991) ਹੈ। ਇਸੇ ਹੀ ਨਾਂ ਦਾ ਸ਼ਹਿਰ ਇਸ ਦਾ ਸਦਰ-ਮੁਕਾਮ ਹੈ। ਇਹ ਜ਼ਿਲ੍ਹਾ 1906 ਈ. ਵਿਚ ਹੋਂਦ ਵਿਚ ਆਇਆ ਸੀ ਅਤੇ 1948 ਈ. ਵਿਚ ਛੱਤੀਸਗੜ੍ਹ ਦੀਆਂ ਕੁਝ ਸ਼ਾਹੀ ਰਿਆਸਤਾਂ ਨੂੰ ਇਸ ਵਿਚ ਸ਼ਾਮਲ ਕਰ ਦੇਣ ਨਾਲ ਇਸ ਜ਼ਿਲ੍ਹੇ ਦਾ ਰਕਬਾ ਹੋਰ ਵਧ ਗਿਆ। ਇਸ ਮੈਦਾਨੀ ਖੇਤਰ ਵਾਲੇ ਜ਼ਿਲ੍ਹੇ ਨੂੰ ਸਤਪੁੜਾ ਲੜੀ ਦੀਆਂ ਸਭ ਤੋਂ ਹੇਠਲੀਆਂ ਪਹਾੜੀਆਂ ਨੇ ਘੇਰਿਆ ਹੋਇਆ ਹੈ। ਕਣਕ, ਕਪਾਹ, ਝੋਨਾ ਅਤੇ ਤੇਲਾਂ ਦੇ ਬੀਜ ਇਥੋਂ ਦੀਆਂ ਮੁੱਖ ਫ਼ਸਲਾਂ ਹਨ। ਇਥੇ ਕੱਚਾ ਲੋਹਾ, ਚੂਨੇ ਦਾ ਪੱਥਰ, ਹੈਮੇਟਾਈਟ ਆਦਿ ਮਿਲਦਾ ਹੈ। ਭਿਲਾਈ ਇਸ ਜ਼ਿਲ੍ਹੇ ਦਾ ਇਕ ਯੋਜਨਾਬੱਧ ਉਦਯੋਗਿਕ ਸ਼ਹਿਰ ਹੈ ਜਿਥੇ 1957 ਈ. ਵਿਚ ਲੋਹੇ ਅਤੇ ਇਸਪਾਤ ਦਾ ਇਕ ਵੱਡਾ ਉਦਯੋਗ ਸਥਾਪਿਤ ਕੀਤਾ ਗਿਆ। ਰਾਜ ਨੰਦਗਾਓਂ ਅਤੇ ਖੈਰਾਗੜ੍ਹ ਇਸੇ ਜ਼ਿਲ੍ਹੇ ਦੇ ਤਜਾਰਤੀ ਕੇਂਦਰ ਹਨ।

ਹ.ਪੁ.—ਐਨ. ਬ੍ਰਿ. ਮਾ. 3 : 722

ਦੁਰਗ : ਸ਼ਹਿਰ—ਛੱਤੀਸਗੜ੍ਹ (ਭਾਰਤ) ਦੇ ਇਸੇ ਹੀ ਨਾਂ ਦੇ ਜ਼ਿਲ੍ਹੇ ਦਾ ਸਦਰ-ਮੁਕਾਮ ਹੈ ਜਿਹੜਾ ਸੇਓਨਾਥ ਦਰਿਆ ਦੇ ਪੂਰਬ ਵੱਲ ਸਥਿਤ ਹੈ। ਇਸ ਦਾ ਨਾਂ ਹਿੰਦੀ ਦੇ 'ਦੁਰਗ' ਸ਼ਬਦ ਤੋਂ ਲਿਆ

ਗਿਆ ਹੈ ਜਿਸ ਤੋਂ ਭਾਵ ਹੈ ਕਿਲਾ। ਇਥੇ ਇਕ ਪੁਰਾਣਾ ਛੋਟਾ ਕਿਲਾ ਹੈ ਜਿਸ ਨੂੰ ਮਰਹੱਟਿਆਂ ਨੇ ਛੱਤੀਸਗੜ੍ਹ ਨੂੰ ਆਪਣੇ ਕਬਜ਼ੇ ਵਿਚ ਲੈਣ ਸਮੇਂ ਯੁੱਧ ਲਈ ਵਰਤਿਆ। ਸ਼ਹਿਰ ਵਿਚ ਰਵੀ ਸ਼ੰਕਰ ਯੂਨੀਵਰਸਿਟੀ ਨਾਲ ਸਬੰਧਤ ਤਿੰਨ ਕਾਲਜ ਹਨ।

ਇਹ ਇਕ ਜ਼ਰਾਇਤੀ ਮੰਡੀ ਹੈ। ਇਥੇ ਸੈਲਰਾਂ ਦੀ ਭਰਮਾਰ ਹੈ।

ਆਬਾਦੀ—1,66,932 (1991)

21°11′ ਉ. ਵਿਥ.; 81°21′ ਪੂ. ਲੰਬ.

ਹ.ਪੁ.—ਐਨ. ਬ੍ਰਿ. ਮਾ. 4 : 291; ਐਨ. ਬ੍ਰਿ. 7 : 779; ਇੰਡੀਆ 1990 : 785

ਦੁਰਗਾ : ਇਹ ਸ਼ਿਵ ਜੀ ਦੀ ਪਤਨੀ, ਹਿਮਵਤ (ਹਿਮਾਲਿਆ) ਦੀ ਧੀ ਅਤੇ ਇਕ ਪੌਰਾਣਿਕ ਦੇਵੀ ਹੈ ਜਿਸ ਨੇ ਅਸੁਰਾਂ ਦਾ ਨਾਸ਼ ਕੀਤਾ ਸੀ। ਸ਼ਿਵ ਦੀ ਪਤਨੀ, ਉਮਾ, ਪਾਰਬਤੀ, ਸ਼ਕਤੀ, ਕਾਲੀ, ਚੰਡੀ ਤੇ ਭੈਰਵੀ ਆਦਿ ਸਭ ਇਸੇ ਦੇ ਨਾਂ ਹਨ। ਇਸ ਨਾਂ ਦੀ ਉਤਪਤੀ ਦੋ ਕਿਸਮ ਦੇ ਕੰਮਾਂ ਕਰ ਕੇ ਮੰਨੀ ਜਾਂਦੀ ਹੈ (ੳ) ਦੁਰਗਾ ਨਾਂ ਦੇ ਦੈਂਤ ਨੂੰ ਮਾਰਨ ਕਰ ਕੇ ਇਸ ਦਾ ਨਾਂ ਦੁਰਗਾ ਪਿਆ। (ਅ) ਦੇਵੀ ਦੇ ਨਾਮ ਸਿਮਰਨ ਨਾਲ ਇੰਦਰ ਲੋਕ ਦੇ ਦੇਵਤਿਆਂ ਨੇ ਦੁਸ਼ਮਣ ਦੇ ਸੰਕਟ ਤੋਂ ਮੁਕਤੀ ਦਿਵਾਈ ਸੀ।

ਮਹਾਭਾਰਤ ਵਿਚ ਇਸ ਦੇ ਕਈ ਨਾਵਾਂ ਅਤੇ ਅਨੇਕ ਵਿਲੱਖਣ ਲੱਛਣਾਂ ਸਮੇਤ ਵਰਣਨ ਕੀਤਾ ਗਿਆ ਹੈ ਪਰ ਪੁਰਾਣਾਂ ਅਤੇ ਪਿਛਲੇਰੀਆਂ ਰਚਨਾਵਾਂ ਵਿਚ ਇਸ ਦੀ ਵਿਸ਼ੇਸ਼ਤਾ ਵਧੇਰੇ ਰੂਪਮਾਨ ਹੋਈ ਹੈ। ਸ਼ਕਤੀ ਅਰਥਾਤ ਸ਼ਿਵ ਜੀ ਦੀ ਇਸਤਰੀ ਸ਼ਕਤੀ ਦੇ ਰੂਪ ਵਿਚ ਇਸ ਦੇ ਸਨਿਮਰ ਅਤੇ ਭਿਅੰਕਰ ਦੋ ਰੂਪ ਹਨ। ਆਪਣੇ ਨਿਮਰ ਰੂਪ ਵਿਚ ਸ਼ਿਵ ਦੀ ਪਤਨੀ ਉਮਾ (ਪ੍ਰਕਾਸ਼), ਗੌਰੀ (ਸੁੰਦਰਤਾ ਦੀ ਮੂਰਤੀ), ਪੀਲੇ ਰੰਗ ਵਾਲੀ ਜਾਂ ਪ੍ਰਤਿਭਾ ਵਾਲੀ ਤੇ ਕੁਲ ਦੇ ਨਾਂ ਵਜੋਂ ਹੈਮਵਤੀ ਜਗਨਮਾਤਾ; ਸੰਸਾਰ ਦੀ ਮਾਂ ਪਾਰਬਤੀ (ਪਹਾੜਾਂ ਤੇ ਰਹਿਣ ਵਾਲੀ) ਅਤੇ ਭਵਾਨੀ ਆਦਿ ਨਾਵਾਂ ਨਾਲ ਪ੍ਰਸਿੱਧ ਹੈ। ਇਸ ਦੇ ਦੂਸਰੇ ਸਰੂਪ ਦੀ ਵਿਸ਼ੇਸ਼ ਕਰ ਕੇ ਆਰਾਧਨਾ ਕੀਤੀ ਜਾਂਦੀ ਹੈ। ਇਸ ਦੇ ਅਨੇਕਾਂ ਨਾਂ ਹਨ ਜਿਹੜੇ ਇਸ ਦੇ ਭਿੰਨ-ਭਿੰਨ ਰੂਪਾਂ, ਗੁਣਾਂ ਅਤੇ ਕਰਮਾਂ ਨਾਲ ਸਬੰਧ ਰੱਖਦੇ ਹਨ ਪਰ ਇਹ ਨਾਂ ਹਮੇਸ਼ਾ ਠੀਕ ਅਤੇ ਨਿਖੜਵੇਂ ਰੂਪ ਵਿਚ ਪ੍ਰਯੋਗ ਨਹੀਂ ਕੀਤੇ ਜਾਂਦੇ। ਭਿਅੰਕਰ ਸਰੂਪ ਵਿਚ ਇਹ ਦੁਰਗਾ, 'ਅਪਹੁੰਚ : ਕਾਲੀ ਤੇ ਸ਼ਯਾਮਾ', 'ਕਾਲੇ ਰੰਗ ਦੀ' : ਚੰਡੀ ਤੇ ਚੰਡਿਕਾ, 'ਭਿਅੰਕਰ' ਅਤੇ 'ਭੈਰਵੀ' 'ਵਿਕਰਾਲ' ਹੈ। ਇਸ ਦੇ ਇਸ ਰੂਪ ਲਈ ਹੀ ਖ਼ੂਨੀ ਬਲੀਦਾਨ ਦਿੱਤੇ ਜਾਂਦੇ ਹਨ ਅਤੇ ਇਸ ਦੇ ਸਨਮਾਨ ਵਿਚ ਦੁਰਗਾ ਪੂਜਾ ਅਤੇ ਚਰਕ ਪੂਜਾ ਵਰਗੇ ਕਰੂਰ ਸੰਸਕਾਰ ਵੀ ਕੀਤੇ ਜਾਂਦੇ ਹਨ। ਇਸ ਦੀਆਂ ਦਸ ਬਾਹਵਾਂ ਹਨ ਅਤੇ ਇਸ ਦੇ ਬਹੁਤ ਹੱਥਾਂ ਵਿਚ ਜ਼ਿਆਦਾਤਰ ਸ਼ਸਤਰ ਹੀ ਫੜੇ ਹੋਏ ਹਨ। ਦੁਰਗਾ ਦੇ ਰੂਪ ਵਿਚ ਇਹ ਸੁੰਦਰ ਅਤੇ ਪੀਲੇ ਰੰਗ ਵਾਲੀ ਦੇਵੀ ਹੈ ਜਿਹੜੀ ਸ਼ੇਰ ਉੱਤੇ ਸਵਾਰ ਹੈ ਅਤੇ ਜਿਸ ਦਾ ਪ੍ਰਭਾਵ ਭਿਅੰਕਰ ਅਤੇ ਵਿਨਾਸ਼ਕਾਰੀ ਹੈ। ਕਾਲੀ ਜਾਂ ਕਾਲਿਕਾ 'ਕਾਲੇ ਰੰਗ ਵਾਲੀ' ਦੇ ਰੂਪ ਵਿਚ ਇਹ ਕਾਲੇ ਚੰਮਵਾਲੀ ਅਤੇ ਵੀਭਤਸ ਚਿਹਰੇ ਵਾਲੀ ਹੈ। ਇਸ ਦੇ ਮੂੰਹ ਵਿਚੋਂ ਖ਼ੂਨ ਨੁਚੜ ਰਿਹਾ ਹੁੰਦਾ ਹੈ ਅਤੇ ਇਸ ਦੇ ਗਲੇ ਵਿਚ ਸੱਪ ਅਤੇ ਆਦਮੀਆਂ ਦੀਆਂ ਖੋਪਰੀਆਂ ਹੁੰਦੀਆਂ ਹਨ ਅਤੇ ਹਰ ਪੱਖ ਤੋਂ ਇਹ ਦੇਵੀ ਦੀ ਥਾਂ ਚੰਡੀ ਨਾਲ ਮਿਲਦੀ ਹੋਈ ਪ੍ਰਤੀਤ ਹੁੰਦੀ ਹੈ। ਵਿੰਧਯ-ਵਾਸਿਨੀ : ਵਿੰਧਿਆਚਲ ਵਿਚ ਵਸਣ ਵਾਲੀ ਦੇ ਰੂਪ ਵਿਚ ਮਿਰਜ਼ਾਪੁਰ ਦੇ ਨੇੜੇ ਜਿਥੇ ਗੰਗਾ ਵਿੰਧਯ ਨਾਲ ਮਿਲਦੀ ਹੈ, ਇਸ ਦੀ ਪੂਜਾ ਵੀ ਕੀਤੀ ਜਾਂਦੀ ਹੈ ਕਿਹਾ ਜਾਂਦਾ ਹੈ ਕਿ ਇਸ ਦੀ ਮੂਰਤੀ ਦੇ ਸਾਹਮਣੇ ਖ਼ੂਨ ਨੂੰ ਕਦੇ ਵੀ ਸੁੱਕਣ ਨਹੀਂ ਦਿੱਤਾ ਜਾਂਦਾ। ਮਹਾਮਾਯਾ ਦੇ ਰੂਪ ਵਿਚ ਇਹ ਇਕ ਬਹੁਤ ਵੱਡੀ ਛਲਾਵੀ ਹੈ।

ਦੁਰਗਾ ਦੀ ਉਤਪਤੀ ਬਾਰੇ ਕਈ ਪੌਰਾਣਿਕ ਕਥਾਵਾਂ ਪ੍ਰਚਲਿਤ ਹਨ — ਪੁਰਾਣਾਂ ਅਨੁਸਾਰ ਇਕ ਵਾਰ ਬ੍ਰਹਮਾ ਵਿਸ਼ਨੂੰ ਨਾਲ ਕਿਸੇ ਮਸਲੇ ਉੱਤੇ ਵਿਚਾਰ ਕਰਨ ਲਈ ਬੈਕੁੰਠ ਗਏ। ਉਥੇ ਉਨ੍ਹਾਂ ਨੇ ਸ਼ਿਵ ਜੀ ਨੂੰ ਵੀ ਆਪਣੀ ਦੈਵੀ ਸ਼ਕਤੀ ਦੁਆਰਾ ਬੁਲਾ ਲਿਆ। ਜਦੋਂ ਤਿੰਨੇ ਵਿਚਾਰ ਕਰ ਰਹੇ ਸਨ ਤਾਂ ਉਨ੍ਹਾਂ ਦੀ ਸਾਂਝੀ ਸ਼ਕਤੀ ਵਿਚੋਂ ਇਕ ਤੇਜਸਵੀ ਇਸਤਰੀ ਪ੍ਰਕਾਸ਼ਮਾਨ ਹੋਈ। ਤਿੰਨੇ ਦੇਵਤਾ ਇਸ ਨੂੰ ਅਪਨਾਉਣਾ ਚਾਹੁੰਦੇ ਸਨ। ਸੋ ਤੇਜਸਵੀ ਇਸਤਰੀ ਨੇ ਆਪਣੇ ਆਪ ਨੂੰ ਤਿੰਨ ਰੂਪਾਂ ਸਰਸਵਤੀ, ਲਖਸ਼ਮੀ ਤੇ ਦੁਰਗਾ ਵਿਚ ਵੰਡ ਲਿਆ।

ਇਕ ਹੋਰ ਕਥਾ ਅਨੁਸਾਰ ਦੁਰਗਾ ਦੀ ਉਤਪਤੀ ਉਸ ਪ੍ਰਕਾਸ਼ਮਈ ਸ਼ੋਅਲੇ ਤੋਂ ਹੋਈ ਜੋ ਮਹਿਖੇ ਦੈਂਤ ਆਦਿ ਅਸੁਰਾਂ ਨੂੰ ਮਾਰਨ ਲਈ ਬ੍ਰਹਮਾ, ਵਿਸ਼ਨੂੰ, ਸ਼ਿਵ ਤੇ ਕਈ ਹੋਰ ਦੇਵਤਿਆਂ ਦੇ ਮੂੰਹ ਵਿਚੋਂ ਕ੍ਰੋਧ ਵਿਚ ਨਿਕਲਿਆ ਸੀ। ਅਸੁਰਾਂ ਨੇ ਅਮਰਾਵਤੀ ਨੂੰ ਆਪਣੇ ਅਧਿਕਾਰ ਵਿਚ ਲੈ ਲਿਆ ਸੀ ਅਤੇ ਦੇਵਤਿਆਂ ਨੂੰ ਉਥੋਂ ਕੱਢ ਦਿਤਾ ਸੀ। ਅਸੁਰਾਂ ਨੂੰ ਅਮਰਾਵਤੀ ਵਿਚੋਂ ਕੱਢਣ ਲਈ ਦੁਰਗਾ ਨੂੰ ਸਭ ਦੇਵਤਿਆਂ ਨੇ ਸ਼ਸਤਰ ਦਿੱਤੇ। ਵਿਸ਼ਨੂੰ ਨੇ ਚੱਕਰ, ਸ਼ਿਵ ਨੇ ਤ੍ਰਿਸ਼ੂਲ, ਬ੍ਰਹਮਾ ਨੇ ਮਣਕੇ, ਵਰੁਣ ਨੇ ਸ਼ੰਖ, ਅਗਨੀ ਨੇ ਅਗਨ ਬਾਣ, ਵਾਯੂ ਨੇ ਕਮਾਣ, ਸੂਰਜ ਨੇ ਭੱਥਾ ਤੇ ਤੀਰ, ਯਮ ਨੇ ਲੋਹੇ ਦੀ ਲੱਠ, ਇੰਦਰ ਨੇ ਗੁਰਜ, ਕੁਬੇਰ ਨੇ ਡੰਡਾ, ਵਿਸ਼ਵਕਰਮਾ ਨੇ ਕੁਹਾੜੀ, ਸਮੁੰਦਰ ਨੇ ਪੱਥਰ, ਹਿਮਾਲਾ ਨੇ ਸ਼ੇਰ ਅਤੇ ਅਨੰਤ ਨੇ ਸਰਪਾਂ ਦੀ ਮਾਲਾ ਦਿਤੀ। ਇਨ੍ਹਾਂ ਹਥਿਆਰਾਂ ਨਾਲ ਲੈਸ ਹੋ ਕੇ ਦੁਰਗਾ ਵਿੰਧਿਆ ਪਰਬਤ ਵੱਲ ਗਈ ਤੇ ਮਹਿਖੇ ਦੈਂਤ ਨਾਲ ਘੋਰ ਯੁੱਧ ਕੀਤਾ ਮਹਿਖੇ ਦੈਂਤ ਨੇ ਕਈ ਰੂਪ ਧਾਰਨ ਕੀਤੇ ਪਰ ਦੁਰਗਾ ਨੇ ਉਸ ਨੂੰ ਅਖ਼ੀਰ ਮਾਰ ਦਿੱਤਾ।

'ਚੰਡੀ ਮਹਾਤ੍ਰਮਯ' ਜਿਸ ਵਿਚ ਦੇਵੀ ਦੀ ਰਾਖਸ਼ਾਂ ਉੱਤੇ ਹੋਈਆਂ ਜਿੱਤਾਂ ਦਾ ਵਰਣਨ ਕੀਤਾ ਗਿਆ ਹੈ, ਉਸ ਵਿਚ ਇਸ ਦੇ ਵਰਣਨ ਨਿਮਨ ਲਿਖਤ ਨਾਵਾਂ ਅਧੀਨ ਕੀਤਾ ਗਿਆ ਹੈ : 1. ਦੁਰਗਾ—ਜਦੋਂ ਇਸ ਨੂੰ ਰਾਖਸ਼ਾਂ ਦਾ ਦੂਤ ਮਿਲਿਆ। 2. ਦਸ-ਭੁਜਾ 'ਦਸ ਬਾਹਾਂ ਵਾਲੀ' ਜਦੋਂ ਇਸ ਨੇ ਦੁਸ਼ਮਣਾਂ ਦੀ ਕੁਝ ਸੈਨਾ ਦਾ ਨਾਸ਼ ਕੀਤਾ। 3. ਸਿੰਘ-ਵਾਹਿਨੀ, 'ਸ਼ੇਰ ਦੀ ਸਵਾਰੀ ਕਰਨ ਵਾਲੀ' ਜਦੋਂ ਇਹ ਰਾਖਸ਼ਾਂ ਦੇ ਸੈਨਾਪਤੀ ਰਕਤਬੀਜ ਨਾਲ ਲੜੀ। 4. ਮਹਿਸ਼ਮਰਦਿਨੀ, 'ਮੱਝ ਦੇ ਰੂਪ ਵਿਚ' ਮਹਿਸ਼ ਨੂੰ ਮਾਰਨ ਵਾਲੀ। 5. ਜਗਦ੍ ਧਾਤ੍ਰੀ 'ਜਗਧਾਤ੍ਰੀ' 'ਜਗਤ ਪਾਲਕ' ਜਦੋਂ ਇਸ ਨੇ ਰਾਖਸ਼-ਸੈਨਾ ਨੂੰ ਫਿਰ ਹਰਾਇਆ। 6. ਕਾਲੀ 'ਕਾਲੇ ਰੰਗ ਵਾਲੀ' ਜਦੋਂ ਇਸ ਨੇ ਰਕਤਬੀਜ ਨੂੰ ਮਾਰਿਆ। 7. ਮੁਕਤ੍ ਕੇਸ਼ੀ 'ਖੁਲ੍ਹੇ ਵਾਲਾਂ ਵਾਲੀ', ਫਿਰ ਰਾਖਸ਼ ਸੈਨਾ ਨੂੰ ਹਾਰ ਦੇਣ ਵਾਲੀ। 8. ਤਾਰਾ ਸਿਤਾਰਾਂ ਸੁੰਭ ਨੂੰ ਮਾਰਨ ਵਾਲੀ। 9. ਛਿੰਨ-ਮਸਤਕਾ 'ਕੱਟੇ ਹੋਏ ਸਿਰ ਵਾਲੀ' ਜਦੋਂ ਇਸ ਨੇ ਨਿਸੁੰਭ ਨੂੰ ਮਾਰਿਆ। 10. ਜਗਦ੍ ਗੌਰੀ, 'ਵਿਸ਼ਵ ਸੁੰਦਰੀ' ਜਦੋਂ ਦੇਵਤਿਆਂ ਨੇ ਇਸ ਦੀਆਂ ਜਿੱਤਾਂ ਇਸੇ ਨਾਂ ਨਾਲ ਵਰਣਨ ਕੀਤੀਆਂ।

ਉੱਤਰੀ ਭਾਰਤ ਵਿਚ ਸਤੰਬਰ-ਅਕਤੂਬਰ ਦੇ ਮਹੀਨੇ ਦੁਰਗਾ ਪੂਜਾ ਕੀਤੀ ਜਾਂਦੀ ਹੈ। ਇਸ ਦੇਵੀ ਦਾ ਇਕ ਵਿਸ਼ੇਸ਼ ਬੁੱਤ ਬਣਾਇਆ ਜਾਂਦਾ ਹੈ ਜਿਸ ਦੀ ਨੌਂ ਦਿਨ ਪੂਜਾ ਕੀਤੀ ਜਾਂਦੀ ਹੈ। ਇਸ ਤੋਂ ਪਿੱਛੋਂ ਇਸ ਨੂੰ ਪਾਣੀ ਵਿਚ ਡੋਬ ਦਿਤਾ ਜਾਂਦਾ ਹੈ। ਸਰਕਾਰੀ ਅਤੇ ਪ੍ਰਾਈਵੇਟ ਜਸ਼ਨਾਂ ਅਤੇ ਜਲੂਸਾਂ ਨਾਲ ਇਸ ਨੂੰ ਨੇਪਰੇ ਚਾੜ੍ਹਿਆ ਜਾਂਦਾ ਹੈ। ਦੁਰਗਾ ਦਾ ਇਕ ਨਾਂ ਚੰਡੀ ਵੀ ਹੈ। ਇਸ ਚੰਡੀ ਦੇ ਸਰੂਪ ਅਤੇ ਮਹਾਤਮ ਦਾ ਚਿਤਰਣ 'ਚੰਡੀ' ਪੁਸਤਕ ਵਿਚ ਕੀਤਾ ਗਿਆ ਹੈ। ਇਸ ਪੁਸਤਕ ਦੇ ਦੂਸਰੇ ਅਧਿਆਇ ਵਿਚ ਚੰਡੀ ਦੀ ਕਥਾ ਦਿੱਤੀ ਗਈ ਹੈ ਜਿਸ ਤੋਂ ਇਸ ਦੇ ਸਰੂਪ ਬਾਰੇ ਬਹੁਤ ਜਾਣਕਾਰੀ ਮਿਲਦੀ ਹੈ।

ਚੰਡੀ ਦਾ ਪ੍ਰਚਾਰ ਗਿਆਨ ਮਾਰਗ ਸਾਧਨਾ ਲਈ ਵੀ ਮਿਲਦਾ ਹੈ। ਵਿਸ਼ਵਾਸ ਕੀਤਾ ਜਾਂਦਾ ਹੈ ਕਿ ਚੰਡੀ ਦਾ ਪਾਠ ਆਪੇ ਕਰਨ ਜਾਂ ਅਸਮਰਥ ਹੋਣ ਕਰ ਕੇ ਸੁਣਨ ਨਾਲ ਧਰਮ, ਅਰਥ, ਕਾਮ ਅਤੇ ਮੋਕਸ਼ ਚਾਰਾਂ ਦੀ ਪ੍ਰਾਪਤੀ ਹੋ ਜਾਂਦੀ ਹੈ।

ਚੰਡੀ ਨੂੰ 'ਦੁਰਗਾ' ਜਾਂ 'ਸਪਤਸ਼ਤੀ' ਜਾਂ 'ਦੁਰਗਾ ਸਪਤਸ਼ਤੀ' ਨਾਵਾਂ ਨਾਲ ਵੀ ਜਾਣਿਆ ਜਾਂਦਾ ਹੈ। ਇਹ ਮਾਰਕੰਡਾ ਪੁਰਾਣ ਦਾ ਵਿਸ਼ੇਸ਼ ਹਿੱਸਾ ਹੈ। ਇਸ ਦਾ ਨਾਮ ਦੇਵੀ ਮਹਾਤਮ ਵੀ ਹੈ।

ਹ.ਪੁ.—ਪੰ.ਲੋ. ਵਿ. ਕੋ :1559; ਪੰ. ਸਾ. ਸੰ. ਕੋ. 495 ; ਹਿੰ. ਮਿ. ਕੋ. :292; ਐਨ. ਬ੍ਰਿ. ਮਾ. 111.723; ਹਿੰ. ਵਿ. ਕੋ. 6:79

ਦੁਰਗਾ ਸਿਸੋਦੀਆ ਰਾਵ/ਰਾਓ : ਬਾਦਸ਼ਾਹ ਅਕਬਰ ਦੇ ਇਸ ਦਰਬਾਰੀ ਦਾ ਜਨਮ ਚਿਤੌੜਗੜ੍ਹ ਦੇ ਨੇੜੇ ਰਾਮਪੁਰ ਪਰਗਨੇ ਵਿਚ ਹੋਇਆ। ਇਹ ਚੰਦਰਾਵਤ ਬੰਸ ਨਾਲ ਸਬੰਧ ਰੱਖਦਾ ਸੀ। ਇਸ ਨੇ ਹੀ ਰਾਮਪੁਰ ਨੂੰ ਆਪਣੀ ਰਾਜਧਾਨੀ ਬਣਾਇਆ ਸੀ। ਜਦੋਂ 1567 ਈ. ਵਿਚ ਆਸਫ਼ ਖ਼ਾਂ ਨੇ ਇਸ ਉੱਤੇ ਚੜ੍ਹਾਈ ਕੀਤੀ ਤਾਂ ਇਹ ਰਾਮਪੁਰ ਨੂੰ ਛੱਡ ਕੇ ਅਕਬਰ ਦੇ ਅਧੀਨ ਚਲਾ ਗਿਆ। ਸੰਨ 1581 ਵਿਚ ਇਸ ਨੂੰ ਮਿਰਜ਼ਾ ਹਕੀਮ ਨੂੰ ਹਰਾਉਣ ਲਈ ਸੁਲਤਾਨ ਮੁਰਾਦ ਦਾ ਸਹਾਇਕ ਬਣਾ ਕੇ ਭੇਜਿਆ ਗਿਆ। ਸੰਨ 1583 ਵਿਚ ਇਸ ਨੂੰ ਮਿਰਜ਼ਾ ਖ਼ਾਂ ਦੇ ਸਹਾਇਕ ਦੇ ਰੂਪ ਵਿਚ ਗੁਜਰਾਤ ਦੇ ਵਿਦਰੋਹ ਨੂੰ ਦਬਾਉਣ ਲਈ ਨਿਯੁਕਤ ਕੀਤਾ ਗਿਆ। ਇਸ ਨੇ ਇਥੇ ਆਪਣੀ ਬਹਾਦਰੀ ਦਾ ਸਬੂਤ ਦਿੱਤਾ। ਦੋ ਸਾਲਾਂ ਬਾਅਦ ਇਸ ਨੂੰ ਖ਼ਾਨੇ ਆਜ਼ਮ ਕੋਕਾ ਦੇ ਨਾਲ ਦੱਖਣ ਦੇ ਪ੍ਰਬੰਧ ਲਈ ਭੇਜਿਆ ਗਿਆ। ਸੰਨ 1591 ਵਿਚ ਇਸ ਨੂੰ ਸ਼ਹਿਜ਼ਾਦਾ ਸੁਲਤਾਨ ਮੁਰਾਦ ਦੇ ਨਾਲ ਮਾਲਵਾ ਵਿਚ ਇਕ ਚੰਗੇ ਅਹੁਦੇ ਤੇ ਨਿਯੁਕਤ ਕੀਤਾ ਗਿਆ ਸੀ।

ਸੰਨ 1600 ਵਿਚ ਬਾਦਸ਼ਾਹ ਅਕਬਰ ਦੇ ਆਦੇਸ਼ ਅਨੁਸਾਰ ਇਸ ਨੇ ਮੁਜ਼ੱਫਰ ਹੁਸੈਨ ਮਿਰਜ਼ਾ ਨੂੰ ਫੜ ਕੇ ਬਾਦਸ਼ਾਹ ਕੋਲ ਲਿਆਂਦਾ ਸੀ। ਇਸੇ ਸਾਲ ਹੀ ਇਸ ਨੂੰ ਅਬੁਲ ਫ਼ਜ਼ਲ ਦੇ ਨਾਲ ਨਾਸਿਕ ਭੇਜਿਆ ਗਿਆ।

ਸੰਨ 1608 ਵਿਚ ਇਸ ਦੀ ਮੌਤ ਹੋ ਗਈ।

ਹ.ਪੁ.—ਹਿੰ.ਵਿ.ਕੋ. 6 : 81

ਦੁਰਗਾਚਾਰੀਆ : ਇਹ ਯਾਸਕ (ਲਗਭਗ ਸਤਵੀਂ ਸਦੀ ਈ.ਪੂ.) ਦੁਆਰਾ ਰਚਿਤ ਵੇਦਾਂਤ ਗ੍ਰੰਥ ਨਿਰੁਕਤ ਦਾ ਵਿਆਖਿਆਕਾਰ ਸੀ। ਇਸ ਦਾ ਸਮਾਂ ਲਗਭਗ ਤੇਰ੍ਹਵੀਂ ਸਦੀ ਈ. ਮੰਨਿਆ ਜਾਂਦਾ ਹੈ। ਵਿਆਖਿਆ ਦੀ ਇਕ ਹੱਥਲਿਖਤ ਵਿਚ ਇਸ ਦਾ ਨਾਂ ਦੁਰਗ ਸਿੰਘ ਆਇਆ ਹੈ।

ਵੇਦਾਂ ਅਤੇ ਵੇਦਾਂ ਦੇ ਭਾਗਾਂ ਦੇ ਵਿਆਖਿਆਕਾਰਾਂ ਵਿਚ ਦੁਰਗਾਚਾਰੀਆ ਦਾ ਪ੍ਰਮੁੱਖ ਸਥਾਨ ਹੈ। ਇਸ ਨੇ ਨਿਰੁਕਤ ਦੀ ਵਿਸਥਾਰ ਪੂਰਬਕ ਵਿਆਖਿਆ ਕੀਤੀ ਅਤੇ ਆਪਣੀ ਵਿਆਖਿਆ ਵਿਚ ਪ੍ਰਾਚੀਨ ਵਿਆਖਿਆਕਾਰਾਂ ਦੀ ਵਿਆਖਿਆ ਵੱਲ ਵੀ ਸੰਕੇਤ ਕੀਤਾ ਹੈ ਜਿਸ ਤੋਂ ਇਸ ਦੇ ਵਿਸ਼ਲੇਸ਼ਣਾਤਮਕ ਸੁਭਾਅ ਦੀ ਜਾਣਕਾਰੀ ਮਿਲਦੀ ਹੈ।

ਦੁਰਗਾਚਾਰੀਆ ਵੇਦਾਂ ਦਾ ਮਹਾਨ ਗਿਆਤਾ ਸੀ। ਮੰਤਰਾਂ ਵਿਚ ਆਏ ਇਕ ਇਕ ਸ਼ਬਦ ਦਾ ਇਸ ਨੇ ਵਿਸਥਾਰ ਪੂਰਬਕ ਵਿਸ਼ਲੇਸ਼ਣ ਕੀਤਾ ਹੈ।

ਹ.ਪੁ.—ਹਿੰ. ਵਿ. ਕੋ. 6 : 80

ਦੁਰਗਾਪੁਰ : ਇਹ ਉੱਤਰ-ਪੂਰਬੀ ਭਾਰਤ ਦੇ ਪੱਛਮੀ ਬੰਗਾਲ ਰਾਜ ਦੇ ਬਰਦਵਾਨ ਜ਼ਿਲ੍ਹੇ ਦਾ ਇਕ ਸ਼ਹਿਰ ਹੈ ਜੋ ਦਮੋਦਰ ਦਰਿਆ ਦੇ ਉੱਤਰ ਵੱਲ ਸਥਿਤ ਹੈ। ਰੇਲਾਂ ਅਤੇ ਸੜਕਾਂ ਰਾਹੀਂ ਕਲਕੱਤਾ ਬਰਦਵਾਨ ਅਤੇ ਆਸਨਸੋਲ ਸ਼ਹਿਰਾਂ ਨਾਲ ਜੁੜਿਆ ਇਹ ਸ਼ਹਿਰ ਭਾਰਤ ਦਾ ਇਸਪਾਤ ਪੈਦਾ ਕਰਨ ਵਾਲਾ ਮੁੱਖ ਕੇਂਦਰ ਹੈ। ਇਥੋਂ ਦੇ ਇਸਪਾਤ ਦਾ ਵੱਡਾ ਕਾਰਖ਼ਾਨਾ 1962 ਈ. ਵਿਚ ਬਰਤਾਨੀਆ ਦੀ ਮਦਦ ਨਾਲ ਚਾਲੂ ਹੋਇਆ ਅਤੇ ਇਸੇ ਦਹਾਕੇ ਵਿਚ ਹੀ ਇੱਥੋਂ ਦੀ ਆਬਾਦੀ ਪੰਜ ਗੁਣਾ ਵੱਧ ਗਈ। ਇਸਪਾਤ ਤੋਂ ਇਲਾਵਾ ਇਥੇ ਕੋਲਾ ਸਾਫ਼ ਕਰਨ, ਮਿਸ਼ਰਿਤ ਧਾਤ ਅਤੇ ਇਕ ਵਿਸ਼ੇਸ਼ ਇਸਪਾਤ ਤਿਆਰ ਕਰਨ ਸਬੰਧੀ ਕਾਰਖ਼ਾਨੇ ਹਨ। ਇਥੇ ਕੋਲੇ ਦੀ ਖਾਣ-ਖੁਦਾਈ ਸਬੰਧੀ ਪਲਾਂਟ ਵੀ ਸਥਾਪਿਤ ਹੈ। ਇਥੇ ਇੱਟਾਂ ਅਤੇ ਟਾਇਲਾਂ ਵੀ ਬਣਾਈਆਂ ਜਾਂਦੀਆਂ ਹਨ। ਸ਼ਹਿਰ ਵਿਚ ਦੋ ਵੱਡੇ ਥਰਮਲ ਪਾਵਰ ਯੂਨਿਟ ਵੀ ਹਨ। ਇਥੋਂ ਪੈਦਾ ਹੋਈ ਕੋਕ ਗੈਸ ਨੂੰ ਪਾਈਪਾਂ ਦੁਆਰਾ ਕੋਲਕਤੇ ਪਹੁੰਚਾਇਆ ਜਾਂਦਾ ਹੈ। ਦਮੋਦਰ ਦਰਿਆ ਵਿਚੋਂ ਕੱਢੀਆਂ ਨਹਿਰਾਂ ਰਾਹੀਂ ਸਿੰਜਾਈ ਕੀਤੀ ਜਾਂਦੀ ਹੈ ਅਤੇ ਇਸੇ ਦਰਿਆ ਤੋਂ ਉਦਯੋਗਾਂ ਲਈ ਪਣ-ਬਿਜਲੀ ਪ੍ਰਾਪਤ ਕੀਤੀ ਜਾਂਦੀ ਹੈ। ਸ਼ਹਿਰ ਵਿਚ ਇਕ ਸਰਕਾਰੀ ਡਿਗਰੀ ਕਾਲਜ ਅਤੇ ਬਰਦਵਾਨ ਯੂਨੀਵਰਸਿਟੀ ਨਾਲ ਸਬੰਧਤ ਇਕ ਇੰਜਨੀਅਰਿੰਗ ਕਾਲਜ ਹੈ। ਇਥੋਂ ਦੀ ਸੰਗੀਤ ਸੰਸਥਾ ਕੋਲਕਤੇ ਦੀ ਰਾਬਿੰਦਰਾ ਭਾਰਤੀ ਯੂਨੀਵਰਸਿਟੀ ਨਾਲ ਸਬੰਧਤ ਹੈ।

ਆਬਾਦੀ—4,25,836 (1991)

23°29′ ਉ. ਵਿਥ.; 87°20′ ਪੂ. ਲੰਬ.

ਹ.ਪੁ.—ਐਨ. ਬ੍ਰਿ. ਮਾ. 4 : 291.

ਦੁਰਗਾਵਤੀ ਰਾਣੀ : ਇਹ ਮਹੋਬਾ ਦੇ ਚੰਦੇਲ ਰਾਜੇ ਸਾਲਿਵਾਹਨ ਦੀ ਲੜਕੀ ਸੀ। ਇਸ ਦਾ ਵਿਆਹ ਗੜ੍ਹਕੰਟਕ (ਗੜ੍ਹਾ ਮੰਡਲਾ) ਦੇ ਰਾਜੇ, ਦਲਪਤ ਸ਼ਾਹ ਨਾਲ ਹੋਇਆ ਸੀ ਪਰ ਵਿਆਹ ਤੋਂ ਚਾਰ ਸਾਲ ਬਾਅਦ ਹੀ ਇਸ ਦੇ ਪਤੀ ਦਾ ਦਿਹਾਂਤ ਹੋ ਗਿਆ। ਇਸ ਨੇ ਆਪਣੇ ਪੁੱਤਰ ਵੀਰਨਾਰਾਇਣ ਨੂੰ ਸਿੰਘਾਸਣ ਤੇ ਬਿਠਾ ਕੇ ਉਸ ਦੇ ਸਰਪ੍ਰਸਤ ਦੇ ਰੂਪ ਵਿਚ ਖ਼ੁਦ ਰਾਜ ਭਾਗ ਦਾ ਕਾਰਜ ਸੰਭਾਲਿਆ। ਇਸ ਦੇ ਸ਼ਾਸਨ ਕਾਲ ਵਿਚ ਬਹੁਤ ਤਰੱਕੀ ਹੋਈ। ਇਹ ਖ਼ੁਦ ਤੀਰ ਅਤੇ ਬੰਦੂਕ ਚਲਾਉਣ ਵਿਚ ਬਹੁਤ ਮਾਹਿਰ ਸੀ।

ਗੜ੍ਹਕੰਟਕ ਦੀ ਉੱਨਤੀ ਅਤੇ ਧਨ-ਦੌਲਤ ਨੂੰ ਦੇਖ ਕੇ ਮੁਗ਼ਲ ਸ਼ਾਸਕ ਆਸਫ ਖ਼ਾਂ ਨੇ ਇਸ ਦੇ ਸਰਹੱਦੀ ਸਥਾਨਾਂ ਦੀ ਲੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ। ਇਸ ਤੋਂ ਰਾਣੀ ਦੁਰਗਾਵਤੀ ਨੇ ਆਪਣੇ ਮੰਤਰੀ ਨੂੰ ਅਕਬਰ ਬਾਦਸ਼ਾਹ ਦੇ ਦਰਬਾਰ ਵਿਚ ਭੇਜ ਕੇ ਆਸਫ਼ ਖ਼ਾਂ ਦੀਆਂ ਹਰਕਤਾਂ ਨੂੰ ਰੋਕਣ ਦਾ ਯਤਨ ਕੀਤਾ ਪਰ ਅਸਫਲ ਰਹੀ। ਅਖ਼ੀਰ ਬੇਬਸ ਹੋ ਕੇ ਇਸ ਨੇ 1564 ਈ. ਵਿਚ ਯੁੱਧ ਦੀ ਤਿਆਰੀ ਕਰ ਲਈ। ਆਸਫ਼ ਖ਼ਾਂ ਆਪਣੀ ਫ਼ੌਜ ਸਮੇਤ ਦਮੋਹ ਪਹੁੰਚ ਗਿਆ ਅਤੇ ਇਸ ਨੇ ਆਪਣੀ ਛੋਟੀ ਜਿਹੀ ਫ਼ੌਜ ਨਾਲ ਉਸ ਦੀ ਭਾਰੀ ਫ਼ੌਜ ਦਾ ਸਾਹਮਣਾ ਕਰਨ ਲਈ ਨਰਹੀ ਜਾ ਡੇਰਾ ਲਾਇਆ। ਇਹ ਇੰਨੀ ਬਹਾਦਰੀ ਨਾਲ ਲੜੀ ਕਿ ਮੁਗ਼ਲ ਫ਼ੌਜ ਨੂੰ ਤਿੰਨ ਵਾਰ ਪਿੱਛੇ ਹਟਣਾ ਪਿਆ। ਇਸ ਦਾ ਲੜਕਾ ਵੀਰ ਨਾਰਾਇਣ ਜ਼ਖ਼ਮੀ ਹੋ ਗਿਆ ਤੇ ਉਸ ਨੂੰ ਲੜਾਈ ਦੇ ਮੈਦਾਨ ਵਿਚੋਂ ਕਿਸੇ ਸੁਰੱਖਿਅਤ ਥਾਂ ਤੇ ਪਹੁੰਚਾ ਦਿੱਤਾ ਗਿਆ। ਇਸ ਦੇ ਸਿੱਟੇ ਵਜੋਂ ਇਸ ਦੀ ਫ਼ੌਜ ਵਿਚ ਭਾਜੜਾਂ ਪੈ ਗਈਆਂ ਅਤੇ ਇਸ ਦੇ ਨਾਲ ਕੇਵਲ 300 ਫ਼ੌਜੀ ਹੀ ਰਹਿ ਗਏ। ਅਜਿਹੀ ਹਾਲਤ ਵਿਚ ਵੀ ਇਹ ਹੌਂਸਲੇ ਨਾਲ ਲੜਦੀ ਰਹੀ। ਅਖ਼ੀਰ ਇਕ ਤੀਰ ਇਸ ਦੀ ਸੱਜੀ ਪੁੜਪੁੜੀ ਵਿਚ ਅਤੇ ਦੂਸਰਾ ਧੌਣ ਤੇ ਲੱਗਾ। ਇਸ ਨੇ ਇਹ ਦੋਵੇਂ ਤੀਰ ਕੱਢ ਕੇ ਸੁੱਟ ਤਾਂ ਦਿੱਤੇ ਪਰ ਖ਼ੂਨ ਜ਼ਿਆਦਾ ਨਿਕਲ ਜਾਣ ਕਰਕੇ ਇਹ ਬੇਹੋਸ਼ ਹੋ ਗਈ ਤੇ ਜਦੋਂ ਇਸ ਨੂੰ ਹੋਸ਼ ਆਈ ਤਾਂ ਇਹ ਹਾਰ ਚੁੱਕੀ ਸੀ ਤੇ ਇਸ ਦੇ ਲੜਕੇ ਦੀ ਵੀ ਮੌਤ ਹੋ ਚੁੱਕੀ ਸੀ। ਦੁਸ਼ਮਣ ਦੇ ਹੱਥੋਂ ਆਪਣੀ ਇੱਜ਼ਤ ਨੂੰ ਬਚਾਉਣ ਲਈ ਇਸ ਨੇ ਆਪਣੇ ਬਰਛੇ ਨਾਲ ਹੀ ਆਤਮ ਹੱਤਿਆ ਕਰ ਲਈ।

ਹ.ਪੁ.—ਹਿੰ. ਵਿ. ਕੋ. 6 : 81

ਦੁਰਜਨਸ਼ਾਲ : ਇਹ ਕੋਟਾ (ਰਾਜਸਥਾਨ, ਭਾਰਤ) ਦੇ ਰਾਜਾ ਭੀਮ ਸਿੰਘ ਦਾ ਤੀਜਾ ਪੁੱਤਰ ਸੀ। ਇਸ ਦੇ ਵੱਡੇ ਭਰਾ ਦੇ ਬੇਔਲਾਦ ਮਰ ਜਾਣ ਕਰਕੇ ਇਸ ਦੀ ਆਪਣੇ ਵਿਚਕਾਰਲੇ ਭਰਾ, ਸ਼ਿਆਮ ਸਿੰਘ ਨਾਲ ਰਾਜਗੱਦੀ ਲਈ ਝਗੜਾ ਸ਼ੁਰੂ ਹੋ ਗਿਆ। ਸ਼ਿਆਮ ਸਿੰਘ ਦੀ ਲੜਾਈ ਵਿਚ ਮੌਤ ਹੋ ਜਾਣ ਉਪਰੰਤ ਲਗਭਗ 1780 ਈ. ਵਿਚ ਇਹ ਗੱਦੀ ਉੱਤੇ ਬੈਠਾ। ਇਹ ਕਿਆਸ ਕੀਤੀ ਜਾਂਦਾ ਹੈ ਕਿ 1810 ਈ. ਵਿਚ ਜਦੋਂ ਅੰਬਰ ਦੇ ਰਾਜੇ ਈਸ਼ਵਰੀ ਸਿੰਘ ਨੇ ਜਾਟਾਂ ਅਤੇ ਮਰਾਠਿਆਂ ਦੀ ਸਹਾਇਤਾ ਨਾਲ ਕੋਟਾ ਤੇ ਹਮਲਾ ਕੀਤਾ ਸੀ ਤਾਂ ਇਸ ਨੇ ਉਸ ਦਾ ਡੱਟ ਕੇ ਮੁਕਾਬਲਾ ਕੀਤਾ। ਈਸ਼ਵਰੀ ਸਿੰਘ ਵਾਪਸ ਚਲਾ ਗਿਆ ਪਰ ਦੁਰਜਨਸ਼ਾਲ ਨੇ ਪੁਰਾਣੀ ਦੁਸ਼ਮਣੀ ਭੁਲਾ ਕੇ ਉਮੇਦ ਸਿੰਘ ਨੂੰ ਬੂੰਦੀ ਦੇ ਰਾਜ ਸਿੰਘਾਸਣ ਉੱਤੇ ਬਿਠਾਉਣ ਦੀ ਕੋਸ਼ਿਸ਼ ਕੀਤੀ। ਬਾਅਦ ਵਿਚ ਜਦੋਂ ਹਰ ਅਤੇ ਖਿਚੀ ਜਾਤੀਆਂ ਵਿਚਕਾਰ ਲੜਾਈ ਹੋਈ ਤਾਂ ਰਾਜਾ ਉਮੇਦ ਸਿੰਘ ਨੇ ਦੁਰਜਨਸ਼ਾਲ ਦੀ ਸਹਾਇਤਾ ਕੀਤੀ। ਇਸ ਤੋਂ ਤਿੰਨ ਸਾਲ ਬਾਅਦ ਦੁਰਜਨਸ਼ਾਲ ਦੀ ਮੌਤ ਹੋ ਗਈ।

ਹ.ਪੁ.–ਹਿ. ਵਿ. ਕੋ. 6 : 81

ਦੁਰਯੋਧਨ : ਇਹ ਧ੍ਰਿਤਰਾਸ਼ਟਰ ਦੇ ਸੌ ਪੁੱਤਰਾਂ ਵਿਚੋਂ ਉਸ ਦਾ ਸਭ ਤੋਂ ਵੱਡਾ ਪੁੱਤਰ ਅਤੇ ਮਹਾਭਾਰਤ ਦੇ ਯੁੱਧ ਵਿਚ ਕੌਰਵ ਰਾਜਕੁਮਾਰਾਂ ਦਾ ਮੁਖੀ ਸੀ। ਇਸ ਦਾ ਸ਼ਾਬਦਿਕ ਅਰਥ ਹੈ ਜਿਸ ਨੂੰ ਜਿੱਤਣਾ ਮੁਸ਼ਕਿਲ ਹੋਵੇ। ਆਪਣੇ ਭਰਾ ਪਾਂਡੂ ਦੇ ਮਰ ਜਾਣ ਤੇ ਧ੍ਰਿਤਰਾਸ਼ਟਰ ਉਸ ਦੇ ਪੰਜੇ ਪੁੱਤਰਾਂ ਭਾਵ ਪਾਂਡਵ ਰਾਜਕੁਮਾਰਾਂ ਨੂੰ ਆਪਣੇ ਦਰਬਾਰ ਵਿਚ ਲੈ ਗਿਆ ਅਤੇ ਆਪਣੇ ਸੌ ਪੁੱਤਰਾਂ ਨਾਲ ਹੀ ਉਨ੍ਹਾਂ ਨੂੰ ਪੜ੍ਹਾਉਣਾ ਸ਼ੁਰੂ ਕਰ ਦਿੱਤਾ। ਇਸ ਕਾਰਨ ਕੌਰਵਾਂ ਤੇ ਪਾਂਡਵਾਂ ਵਿਚਕਾਰ ਈਰਖਾ ਤੇ ਸਾੜਾ ਸ਼ੁਰੂ ਹੋ ਗਿਆ। ਦੁਰਯੋਧਨ ਭੀਮ ਨਾਲ ਜੋ ਕਿ ਗਦਾ ਚਲਾਉਣ ਵਿਚ ਮਾਹਿਰ ਸੀ, ਖ਼ਾਸ ਦੁਸ਼ਮਣੀ ਰਖਦਾ ਸੀ। ਦੁਰਯੋਧਨ ਨੇ ਇਸ ਸ਼ਸਤਰ ਦੀ ਵਰਤੋਂ ਬਲਰਾਮ ਕੋਲੋਂ ਸਿੱਖੀ ਸੀ ਅਤੇ ਇਸ ਵਿਚ ਕਿਸੇ ਵੀ ਰਕੀਬ ਤੋਂ ਖਾਰ ਖਾਂਦਾ ਸੀ। ਇਸ ਨੇ ਇਕ ਵਾਰੀ ਬਾਲ ਉਮਰੇ ਹੀ ਭੀਮ ਨੂੰ ਜ਼ਹਿਰ ਦੇ ਕੇ ਉਸ ਦੇ ਸ਼ਰੀਰ ਨੂੰ ਗੰਗਾ ਵਿਚ ਸੁੱਟ ਦਿੱਤਾ। ਭੀਮ ਡੁੱਬ ਕੇ ਨਾਗ ਲੋਕ ਵਿਚ ਚਲਾ ਗਿਆ ਜਿਥੇ ਉਸ ਨੂੰ ਸਿਹਤ ਅਤੇ ਤਾਕਤ ਫਿਰ ਪ੍ਰਾਪਤ ਹੋਈ। ਧ੍ਰਿਤਰਾਸ਼ਟਰ ਨੇ ਜਦੋਂ ਯੁਧਿਸ਼ਠਿਰ ਨੂੰ ਤਖ਼ਤ ਦਾ ਯੁਵਰਾਜ ਬਣਾਉਣ ਦੀ ਸਲਾਹ ਕੀਤੀ ਤਾਂ ਦੁਰਯੋਧਨ ਨੇ ਇਸ ਦਾ ਬੜਾ ਵਿਰੋਧ ਕੀਤਾ ਜਿਸ ਕਾਰਨ ਪਾਂਡਵਾਂ ਨੂੰ ਬਨਵਾਸ ਵਿਚ ਜਾਣਾ ਪਿਆ। ਫਿਰ ਵੀ ਇਸ ਦਾ ਵੈਰ ਜਾਰੀ ਰਿਹਾ ਅਤੇ ਇਸ ਨੇ ਉਨ੍ਹਾਂ ਨੂੰ ਉਨ੍ਹਾਂ ਦੇ ਘਰ ਵਿਚ ਹੀ ਸਾੜ ਦੇਣ ਦੀ ਸਾਜ਼ਿਸ਼ ਰਚੀ ਜਿਸ ਤੋਂ ਉਹ ਵਾਲ ਵਾਲ ਬਚ ਗਏ। ਪਾਂਡਵਾਂ ਦੇ ਬਨਵਾਸ ਤੋਂ ਵਾਪਸ ਆਉਣ ਪਿੱਛੋਂ ਅਤੇ ਇੰਦਰਪ੍ਰਸਥ ਵਿਚ ਮੁੜ ਰਾਜ ਸਥਾਪਤ ਕਰਨ ਮਗਰੋਂ ਯੁਧਿਸ਼ਠਿਰ ਦੇ ਰਾਜਸੂਯ ਯੱਗ ਕਰਨ ਨਾਲ ਇਸ ਦਾ ਕ੍ਰੋਧ ਹੋਰ ਵੀ ਭੜਕ ਪਿਆ। ਇਸ ਨੇ ਆਪਣੇ ਪਿਤਾ ਨੂੰ ਪਾਂਡਵਾਂ ਨੂੰ ਜੂਆ ਖੇਡਣ ਲਈ ਹਸਤਨਾਪੁਰ ਸੱਦਾ ਦੇਣ ਤੇ ਮਨਾ ਲਿਆ ਜਿਸ ਵਿਚ ਇਸ ਨੇ ਮਾਮੇ ਸ਼ਕੁਨੀ ਦੀ ਸਹਾਇਤਾ ਨਾਲ ਯੁਧਿਸ਼ਠਿਰ ਤੋਂ ਸਭ ਕੁਝ ਜੋ ਕੁਝ ਵੀ ਉਸ ਪਾਸ ਸੀ, ਜਿੱਤ ਲਿਆ। ਇਥੋਂ ਤਕ ਕਿ ਉਸ ਦੀ ਆਪਣੀ ਸੁਤੰਤਰਤਾ, ਭਰਾ ਅਤੇ ਉਸ ਦੀ ਪਤਨੀ ਵੀ ਜਿੱਤ ਲਈ। ਮਗਰੋਂ ਇਸ ਨੇ ਇਸ ਦੀ ਪਤਨੀ ਦ੍ਰੋਪਦੀ ਦਾ ਭਰੀ ਸਭਾ ਵਿਚ ਵਾਲਾਂ ਤੋਂ ਧੂਹ ਕੇ ਲਿਆਉਣ ਦਾ ਆਦੇਸ਼ ਦੇ ਕੇ ਅਪਮਾਨ ਕੀਤਾ ਅਤੇ ਉਸ ਨੂੰ ਆਪਣੇ ਪੱਟ ਤੇ ਬੈਠਣ ਲਈ ਕਿਹਾ। ਇਸ ਘਟਨਾ ਨੂੰ ਦੇਖ ਕੇ ਭੀਮ ਨੇ ਇਹ ਪ੍ਰਣ ਕੀਤਾ ਕਿ ਉਹ ਇਕ ਦਿਨ ਦੁਰਯੋਧਨ ਦਾ ਪੱਟ ਚੂਰ ਚੂਰ ਕਰ ਦੇਵੇਗਾ। ਜੂਏ ਦੀ ਖੇਡ ਦੇ ਨਤੀਜੇ ਵਜੋਂ ਪਾਂਡਵਾਂ ਨੂੰ 13 ਸਾਲ ਦਾ ਬਨਵਾਸ ਫਿਰ ਮਿਲ ਗਿਆ। ਜਦੋਂ ਪਾਂਡਵ ਬਨ ਵਿਚ ਸਨ ਤਾਂ ਦੁਰਯੋਧਨ ਉਨ੍ਹਾਂ ਦੀ ਨਿਰਧਨਤਾ ਦੇਖਣ ਲਈ ਅਤੇ ਆਪਣੀ ਪੁਰਾਣੀ ਨਫ਼ਰਤ ਨੂੰ ਹੋਰ ਵਧਾਉਣ ਲਈ ਉਨ੍ਹਾਂ ਕੋਲ ਗਿਆ। ਇਸ ਤੇ ਗੰਧਰਵਾਂ ਨੇ ਜੋ ਸ਼ਾਇਦ ਪਹਾੜੀ ਸਨ, ਨੇ ਹਮਲਾ ਕਰ ਕੇ ਇਸ ਨੂੰ ਕੈਦੀ ਬਣਾ ਲਿਆ ਪਰੰਤੂ ਪਾਂਡਵਾਂ ਨੇ ਆ ਕੇ ਇਸ ਨੂੰ ਛੁਡਾ ਲਿਆ। ਇਸ ਘਟਨਾ ਨਾਲ ਇਸ ਨੂੰ ਬੜੀ ਸ਼ਰਮ ਆਈ। ਹੁਣ ਪਾਂਡਵਾਂ ਦਾ ਬਨਵਾਸ ਸਮਾਪਤ ਹੋਣ ਵਾਲਾ ਸੀ। ਯੁੱਧ ਦਾ ਹੋਣਾ ਅਟਲ ਸੀ ਕਿਉਂਕਿ ਦੋਵੇਂ ਧਿਰਾਂ ਹੀ ਜਦੋਜਹਿਦ ਕਰ ਰਹੀਆਂ ਸਨ। ਦੁਰਯੋਧਨ ਨੇ ਕ੍ਰਿਸ਼ਨ ਜੀ ਦੀ ਸਹਾਇਤਾ ਮੰਗੀ ਪਰ ਇਸ ਤੋਂ ਬਹੁਤ ਵੱਡੀ ਗ਼ਲਤੀ ਹੋ ਗਈ। ਇਸ ਨੇ ਕ੍ਰਿਸ਼ਨ ਜੀ ਦੀ ਸੈਨਾ ਨੂੰ ਕ੍ਰਿਸ਼ਨ ਜੀ ਨਾਲੋਂ ਨਿੱਜੀ ਸੇਵਾ ਵਿਚ ਰੱਖਣਾ ਵਧੇਰੇ ਪਸੰਦ ਕੀਤਾ। ਇਹ ਆਪਣੀ ਸੈਨਾ ਦੇ ਨਾਲ ਰਣਖੇਤਰ ਵਿਚ ਬੁਰੀ ਤਰ੍ਹਾਂ ਹਾਰ ਗਿਆ। ਇਹ ਉਥੋਂ ਨੱਸ ਗਿਆ ਅਤੇ ਇਕ ਝੀਲ ਵਿਚ ਜਾ ਕੇ ਲੁਕ ਗਿਆ। ਕਹਿੰਦੇ ਹਨ ਕਿ ਇਸ ਵਿਚ ਪਾਣੀ ਵਿਚ ਲੁਕੇ ਰਹਿਣ ਦੀ ਬੜੀ ਭਾਰੀ ਸ਼ਕਤੀ ਸੀ। ਫਿਰ ਵੀ ਇਸ ਨੂੰ ਲੱਭ ਲਿਆ ਗਿਆ। ਇਹ ਫ਼ੈਸਲਾ ਹੋਣ ਤੇ ਕਿ ਭੀਮ ਤੇ ਦੁਰਯੋਧਨ ਦੋਵੇਂ ਗਦਾਵਾਂ ਨਾਲ ਲੜਨਗੇ ਇਹ ਪਾਣੀ ਵਿਚੋਂ ਬਾਹਰ ਨਿਕਲ ਆਇਆ। ਇਨ੍ਹਾਂ ਦੀ ਲੜਾਈ ਬਹੁਤ ਲੰਬੀ ਤੇ ਜੋਸ਼ੀਲੀ ਸੀ। ਇਸ ਵਿਚ ਦੁਰਯੋਧਨ ਦਾ ਪਲੜਾ ਭਾਰੀ ਸੀ। ਇਸ ਸਮੇਂ ਭੀਮ ਨੂੰ ਆਪਣਾ ਪ੍ਰਣ ਯਾਦ ਆ ਗਿਆ ਅਤੇ ਭਾਵੇਂ ਲੱਕ ਤੋਂ ਥੱਲੇ ਵਾਰ ਕਰਨਾ ਅਯੋਗ ਸੀ ਫਿਰ ਉਸ ਨੇ ਆਪਣੇ ਵੈਰੀ ਦੇ ਪੱਟ ਉੱਤੇ ਇੰਨੇ ਜ਼ੋਰ ਨਾਲ ਵਾਰ ਕੀਤਾ ਕਿ ਪੱਟ ਦੀ ਹੱਡੀ ਚੂਰ ਚੂਰ ਹੋ ਗਈ। ਦੁਰਯੋਧਨ ਡਿੱਗ ਪਿਆ। ਥੱਲੇ ਪਏ ਦੁਰਯੋਧਨ ਦੇ ਸਿਰ ਵਿਚ ਭੀਮ ਨੇ ਠੁੱਡੇ ਮਾਰੇ ਅਤੇ ਜਿੱਤ ਪ੍ਰਾਪਤ ਕੀਤੀ। ਰਣਖੇਤਰ ਵਿਚ ਇਕੱਲੇ ਜ਼ਖ਼ਮੀ ਪਏ ਦੁਰਯੋਧਨ ਕੋਲ ਦ੍ਰੋਣ ਦਾ ਪੁੱਤਰ ਅਸ਼ਵਥਾਮਾ ਅਤੇ ਦੋ ਹੋਰ ਸਾਥੀ ਸਨ ਜਿਹੜੇ ਬਾਕੀ ਬਚ ਗਏ ਸਨ। ਇਸ ਨੇ ਉਨ੍ਹਾਂ ਨੂੰ ਕਿਹਾ ਕਿ ਉਹ ਸਾਰੇ ਪਾਂਡਵਾਂ ਨੂੰ ਖ਼ਤਮ ਕਰ ਦੇਣ ਅਤੇ ਵਿਸ਼ੇਸ਼ ਕਰ ਕੇ ਭੀਮ ਦਾ ਸਿਰ ਕੱਟ ਕੇ ਇਸ ਕੋਲ ਲਿਆਉਣ। ਉਹ ਤਿੰਨੋ ਪਾਂਡਵਾਂ ਦੇ ਕੈਂਪ ਵਿਚ ਵੜ ਗਏ ਅਤੇ ਪਾਂਡਵਾਂ ਦੇ ਪੰਜ ਜਵਾਨ ਪੁੱਤਰਾਂ ਨੂੰ ਮਾਰ ਦਿੱਤਾ ਅਤੇ ਉਨ੍ਹਾਂ ਦਾ ਸਿਰ ਲੈ ਕੇ ਵਾਪਸ ਪਰਤੇ। ਦੁਰਯੋਧਨ ਨੇ ਭੀਮ ਦਾ ਸਿਰ ਮੰਗਿਆ। ਘੁਸਮੁਸਾ ਹੋਣ ਕਰ ਕੇ ਇਹ ਉਸ ਦੀ ਸ਼ਕਲ ਚੰਗੀ ਤਰ੍ਹਾਂ ਪਛਾਣ ਨਹੀਂ ਸਕਿਆ ਪਰ ਜਦੋਂ ਇਸ ਨੇ ਸਿਰ ਨੂੰ ਹੱਥ ਨਾਲ ਦਬਾਇਆ ਤਾਂ ਉਹ ਫੁੱਟਣ ਲੱਗਿਆ ਤਾਂ ਇਸ ਨੂੰ ਪਤਾ ਲੱਗ ਗਿਆ ਕਿ ਇਸ ਦੇ ਨਾਲ ਧੋਖਾ ਹੋਇਆ ਹੈ। ਇਹ ਸਮਝ ਕੇ ਇਸ ਯੋਧੇ ਨੇ ਬਹੁਤ ਦੁੱਖ ਨਾਲ ਅਸ਼ਵਥਾਮਾ ਨੂੰ ਕਿਹਾ ਕਿ ਇਸ ਦੀ ਦੁਸ਼ਮਣੀ ਤਾਂ ਪਾਂਡਵਾਂ ਨਾਲ ਸੀ ਨਾ ਕਿ ਉਨ੍ਹਾਂ ਦੇ ਅਲ੍ਹੜ ਬੱਚਿਆਂ ਨਾਲ। ਇਸ ਤੋਂ ਮਗਰੋਂ ਇਸ ਦੀ ਮੌਤ ਹੋ ਗਈ। ਦੁਰਯੋਧਨ ਨੂੰ ਸੁਯੋਧਨ (ਚੰਗੀ ਤਰ੍ਹਾਂ ਲੜਨ ਵਾਲਾ) ਵੀ ਕਹਿੰਦੇ ਹਨ।

ਹ.ਪੁ.–ਹਿ. ਮਿ.ਕੋ. 303; ਪੰ. ਸਾ. ਕੋ. ਭਾਗ ਦੂਜਾ : 409-10; ਹਿੰ. ਵਿੰ. ਕੋ. 6 : 81

ਦੁਰਵਾਸਾ : ਇਹ ਇਕ ਪ੍ਰਸਿੱਧ ਰਿਸ਼ੀ ਸੀ। 'ਦੁਰਵਾਸਾ' ਸ਼ਬਦ ਦਾ ਭਾਵ ਭੈੜੇ ਪਹਿਰਾਵੇ ਵਾਲਾ ਹੈ। ਇਹ ਰਿਸ਼ੀ ਅਤ੍ਰੇਯ ਅਤੇ ਅਨੁਸੁਈਆ ਦਾ ਪੁੱਤਰ ਸੀ। ਵਿਸ਼ਣੂ ਪੁਰਾਣ ਅਨੁਸਾਰ ਇਸ ਨੂੰ ਸ਼ਿਵ ਜੀ ਦਾ ਅਵਤਾਰ ਮੰਨਿਆ ਜਾਂਦਾ ਹੈ। ਮਹਾਭਾਰਤ ਅਨੁਸਾਰ ਤ੍ਰਿਪੁਰ ਦਾ ਨਾਸ਼ ਕਰਨ ਵਾਲਾ ਸ਼ੰਕਰ ਦਾ ਬਾਣ ਇਕ ਬੱਚੇ ਦੇ ਰੂਪ ਵਿਚ ਉਸ ਦੀ ਗੋਦੀ ਵਿਚ ਆ ਕੇ ਬੈਠ ਗਿਆ ਜਿਸ ਨੂੰ ਦੁਰਵਾਸਾ ਕਿਹਾ ਜਾਣ ਲਗਾ। ਅਗਨੀ ਪੁਰਾਣ ਵਿਚ ਇਸ ਨੂੰ ਅਤ੍ਰੇਯ ਦਾ ਪੁੱਤਰ ਅਤੇ ਦਤਾਤ੍ਰੇਯ ਦਾ ਭਰਾ ਦੱਸਿਆ ਗਿਆ।

ਇਹ ਆਪਣੇ ਕ੍ਰੋਧੀ ਸੁਭਾਅ ਕਾਰਨ ਬਹੁਤ ਪ੍ਰਸਿੱਧ ਹੋਇਆ। ਉਡੀਕ ਕਰਾਉਣ ਕਾਰਨ ਇਸ ਨੇ ਸ਼ਕੁੰਤਲਾ ਨੂੰ ਸਰਾਪ ਦਿੱਤਾ ਜਿਸ ਕਾਰਨ ਉਸ ਨੂੰ ਕਾਫ਼ੀ ਸਮਾਂ ਦੁਸ਼ਯੰਤ ਤੋਂ ਅਲੱਗ ਰਹਿਣਾ ਪਿਆ।

ਵਿਸ਼ਣੂ ਪੁਰਾਣ ਅਨੁਸਾਰ ਇਸ ਨੇ ਇੰਦਰ ਨੂੰ ਇਕ ਮਾਲਾ ਦਿੱਤੀ ਜੋ ਕਿ ਉਸ ਦੇ ਹਾਥੀ ਐਰਾਵਤ ਦੇ ਪੈਰਾਂ ਹੇਠ ਆ ਗਈ। ਮਾਲਾ ਦੀ ਇਸ ਨਿਰਾਦਰੀ ਤੇ ਇਸ ਨੇ ਇੰਦਰ ਨੂੰ ਤਿੰਨਾਂ ਲੋਕਾਂ ਦੀ ਪਾਤਸ਼ਾਹੀ ਨਸ਼ਟ ਹੋਣ ਦਾ ਸਰਾਪ ਦਿੱਤਾ।

ਮਹਾਭਾਰਤ ਅਨੁਸਾਰ ਇਕ ਵਾਰ ਕ੍ਰਿਸ਼ਨ ਜੀ ਨੇ ਦੁਰਵਾਸਾ ਦੀ ਬਹੁਤ ਮਹਿਮਾਨ-ਨਿਵਾਜ਼ੀ ਕੀਤੀ ਪਰ ਉਹ ਰਿਸ਼ੀ ਦੇ ਪੈਰਾਂ ਤੋਂ ਅੰਨ ਦੀ ਜੂਠ ਪੂੰਝਣਾ ਭੁੱਲ ਗਏ। ਇਸ ਤੇ ਕ੍ਰੋਧਿਤ ਹੋ ਕੇ ਇਸ ਨੇ ਕ੍ਰਿਸ਼ਨ ਜੀ ਦੀ ਮੌਤ ਦੀ ਭਵਿੱਖ ਬਾਣੀ ਕੀਤੀ। ਵਿਸ਼ਣੂ ਪੁਰਾਣ ਅਨੁਸਾਰ ਇਸ ਦੀ ਭਵਿੱਖ ਬਾਣੀ ਅਨੁਸਾਰ ਹੀ ਕ੍ਰਿਸ਼ਨ ਜੀ ਦੀ ਮੌਤ ਹੋਈ। ਇਕ ਵਾਰ ਇਸ ਨੇ ਆਪਣੀ ਪਤਨੀ ਕੰਦਲਾ ਨੂੰ ਸਰਾਪ ਨਾਲ ਭਸਮ ਕਰ ਦਿੱਤਾ। ਇਸੇ ਤਰ੍ਹਾਂ ਇਸ ਨੇ ਵਪੂ ਨਾਮੀ ਅਪਸਰਾ ਨੂੰ ਜੋ ਦੇਵਤਿਆਂ ਨੇ ਇਸ ਦੀ ਤਪੱਸਿਆ ਭੰਗ ਕਰਨ ਲਈ ਭੇਜੀ ਸੀ, ਗਰੁੜ ਪੰਛੀ ਬਣਨ ਦਾ ਸਰਾਪ ਦਿੱਤਾ।

ਇਸ ਨੇ ਕੁੰਤੀ ਨੂੰ ਵਰ ਦਿੱਤਾ ਜਿਸ ਕਾਰਨ ਉਸ ਨੂੰ ਸੂਰਜ ਦੇਵ ਤੋਂ ਕਰਣ ਵਰਗੇ ਦਾਨਵੀਰ ਪੁੱਤਰ ਦੀ ਪ੍ਰਾਪਤੀ ਹੋਈ।

18-ਉਪ-ਪੁਰਾਣਾਂ ਵਿਚੋਂ ਇਕ ਦਾ ਨਾਂ ਦੁਰਵਾਸਾ ਪੁਰਾਣ ਵੀ ਹੈ।

ਹ.ਪੁ.—ਹਿੰ. ਵਿ. ਕੋ. 6 : 81; ਪ੍ਰਾ. ਚ. ਕੋ. 285; ਮ.ਕੋ. 645; ਹਿੰ. ਮਿ. ਕੋ. 305


ਦੁੱਲਾ ਭੱਟੀ : ਪੰਜਾਬ ਦਾ ਇਕ ਪ੍ਰਸਿੱਧ ਵੀਰ ਲੋਕ ਨਾਇਕ ਹੈ ਜਿਸ ਨੇ ਆਪਣੀ ਆਨ ਤੇ ਅਣਖ ਬਦਲੇ ਮੁਗ਼ਲ ਸ਼ਹਿਨਸ਼ਾਹ ਅਕਬਰ ਨਾਲ ਟੱਕਰ ਲਈ ਅਤੇ ਸ਼ਹੀਦ ਹੋਇਆ। ਇਹ ਜਾਤ ਦਾ ਰਾਜਪੂਤ, ਬਾਦਸ਼ਾਹ ਅਕਬਰ ਦਾ ਸਮਕਾਲੀ ਅਤੇ ਸਾਂਦਲ ਬਾਰ (ਰਾਵੀ ਅਤੇ ਚਨਾਬ ਨਦੀਆਂ ਦੇ ਵਿਚਾਲੇ ਦਾ ਖੇਤਰ) ਦਾ ਵਸਨੀਕ ਸੀ। ਇਹ ਆਪਣੇ ਖੇਤਰ ਵਿਚ ਡਾਕੇ ਮਾਰਦਾ ਸੀ ਪਰ ਇਸ ਦੇ ਡਾਕਿਆਂ ਦਾ ਮਕਸਦ ਅਮੀਰਾਂ ਨੂੰ ਲੁੱਟ ਕੇ ਉਨ੍ਹਾਂ ਤੋਂ ਪ੍ਰਾਪਤ ਹੋਏ ਧਨ-ਮਾਲ ਨਾਲ ਗਰੀਬਾਂ ਦੀ ਮਦਦ ਕਰਨਾ ਸੀ। ਇਸ ਦੀ ਇਸ ਸਖ਼ਾਵਤ ਬਾਰੇ ਅਨੇਕ ਦੰਦ ਕਥਾਵਾਂ ਪ੍ਰਚਲਿਤ ਹਨ। ਇਕ ਲੋਕ ਕਥਾ ਅਨੁਸਾਰ ਦੋ ਬ੍ਰਾਹਮਣ ਕੰਨਿਆਵਾਂ-ਸੁੰਦਰੀ ਅਤੇ ਮੁੰਦਰੀ ਨੂੰ ਮੁਸਲਮਾਨ ਹਾਕਮ ਤੋਂ ਛੁਡਾ ਕੇ ਅਤੇ ਫਿਰ ਉਨ੍ਹਾਂ ਨੂੰ ਵਿਆਹ ਕਰਨ ਬਾਰੇ ਹੋਏ ਸਾਕੇ ਦੇ ਆਧਾਰ ਤੇ ਬਣੇ ਲੋਕ-ਗੀਤ ਨੂੰ ਲੋਹੜੀ ਮੰਗਣ ਵੇਲੇ ਬੱਚੇ ਬੜੇ ਜੋਸ਼ ਨਾਲ ਗਾਉਂਦੇ ਹਨ।

ਰਵਾਇਤ ਅਨੁਸਾਰ ਦੁੱਲਾ ਫ਼ਰੀਦ ਖ਼ਾਨ ਭੱਟੀ ਦਾ ਪੁੱਤਰ ਸੀ ਪਰ ਇਸ ਦਾ ਚਾਚਾ ਜਲਾਲੁੱਦੀਨ ਇਸ ਨਾਲ ਈਰਖਾ ਕਰਦਾ ਸੀ। ਇਕ ਵਾਰ ਦੁੱਲਾ ਨੈਨਾਬਾਸ ਵਿਚ ਹੋਲੀ ਖੇਡਣ ਗਿਆ ਤਾਂ ਇਸ ਦੇ ਚਾਚੇ ਨੇ ਆਪਣੀ ਕਿੜ ਕੱਢਣ ਲਈ ਅਕਬਰ ਬਾਦਸ਼ਾਹ ਅਗੇ ਸ਼ਿਕਾਇਤ ਕੀਤੀ ਕਿ ਦੁੱਲੇ ਨੇ ਇਲਾਕੇ ਵਿਚ ਬਹੁਤ ਲੁਟਮਾਰ ਮਚਾਈ ਹੋਈ ਹੈ ਜਿਸ ਕਾਰਨ ਅਕਬਰ ਨੇ ਦੁੱਲੇ ਨੂੰ ਫੜਨ ਲਈ ਮਿਰਜ਼ਾ ਅਲਾਉਦੀਨ ਅਤੇ ਜ਼ਿਆਉਦੀਨ ਨੂੰ ਬਾਰਾਂ ਹਜ਼ਾਰ ਸੈਨਿਕ ਦੇ ਕੇ ਦੁੱਲੇ ਨੂੰ ਫੜਨ ਲਈ ਭੇਜਿਆ। ਅਲਾਉਦੀਨ ਨੇ ਆਪਣੀ ਸੈਨਾ ਨੂੰ ਦੋ ਹਿੱਸਿਆਂ ਵਿਚ ਵੰਡ ਦਿੱਤਾ। ਇਕ ਸੈਨਿਕ ਟੁਕੜੀ ਆਪਣੇ ਅਧੀਨ ਰੱਖੀ ਅਤੇ ਨੈਨਾਬਾਸ ਨਾਂ ਦੇ ਪਿੰਡ ਵਿਚ ਪਹੁੰਚਿਆ ਜਿਥੇ ਦੁੱਲਾ ਹੋਲੀ ਮਨਾ ਰਿਹਾ ਸੀ ਅਤੇ ਦੂਜੀ ਟੁਕੜੀ ਜ਼ਿਆਉਦੀਨ ਦੀ ਕਮਾਨ ਹੇਠਾਂ ਦੁੱਲੇ ਭੱਟੀ ਦੇ ਪਿੰਡ ਨੂੰ ਭੇਜੀ। ਨੈਨਾਬਾਸ ਵਿਚ ਦੁੱਲੇ ਦੇ ਉਪਕਾਰ ਤੋਂ ਵਰੋਸਾਈ ਇਕ ਗਵਾਲਣ ਨੇ ਦੁੱਲੇ ਨੂੰ ਬਚਾਉਣ ਲਈ ਪਹਿਲਾਂ ਅਲਾਉਦੀਨ ਨੂੰ ਆਪਣੇ ਹੁਸਨ ਅਤੇ ਮਨਮੋਹਕ ਅਦਾਵਾਂ ਨਾਲ ਮੋਹਿਆ ਅਤੇ ਫਿਰ ਉਸ ਨਾਲ ਯੁੱਧ ਕਰ ਕੇ ਉਸ ਨੂੰ ਮਾਰ ਦਿੱਤਾ। ਉਧਰ ਜ਼ਿਆਉਦੀਨ ਨੇ ਦੁੱਲੇ ਦੇ ਪਿੰਡ ਉੱਤੇ ਹਮਲਾ ਕਰ ਕੇ ਉਸ ਦੇ ਸਾਰੇ ਪਰਿਵਾਰ ਨੂੰ ਕੈਦੀ ਬਣਾ ਲਿਆ। ਦੁੱਲੇ ਦਾ ਬੇਟਾ ਨੂਰਾ ਜ਼ਿਆਉਦੀਨ ਨਾਲ ਬੜੀ ਬਹਾਦਰੀ ਨਾਲ ਲੜਿਆ ਪਰ ਉਸ ਦੀ ਕੋਈ ਪੇਸ਼ ਨਾ ਗਈ। ਜਦੋਂ ਦੁੱਲੇ ਨੂੰ ਪਤਾ ਲੱਗਾ ਤਾਂ ਇਹ ਆਪਣੇ ਸਾਥੀਆਂ ਸਮੇਤ ਉਥੇ ਪੁੱਜਿਆ ਤੇ ਜ਼ਿਆਉਦੀਨ ਨਾਲ ਯੁੱਧ ਕੀਤਾ ਅਤੇ ਆਪਣੇ ਪਰਿਵਾਰ ਨੂੰ ਮੁਕਤ ਕਰਵਾਇਆ। ਦੁੱਲਾ ਜ਼ਿਆਉਦੀਨ ਨੂੰ ਜਾਨੋਂ ਮਾਰਨ ਲੱਗਾ ਸੀ ਕਿ ਉਸ ਦੀ ਮਾਂ ਨੇ ਰੋਕ ਦਿੱਤਾ। ਦੁੱਲਾ ਭੱਟੀ ਦੀ ਬਹਾਦਰੀ ਦੇ ਕਈ ਹੋਰ ਕਿੱਸੇ ਵੀ ਲੋਕਾਂ ਵਿਚ ਪ੍ਰਚਲਿਤ ਹਨ। ਇਸ ਦੀ ਬਹਾਦਰੀ ਪੰਜਾਬੀ ਲੋਕ-ਸਭਿਆਚਾਰ ਦਾ ਅੰਗ ਬਣ ਚੁੱਕੀ ਹੈ। ਪ੍ਰਸਿੱਧ ਕਵੀ 'ਸ਼ਾਹ ਮੁਹੰਮਦ' ਨੇ ਵੀ ਆਪਣੇ ਜੰਗਨਾਮੇ ਵਿਚ ਇਉਂ ਲਿਖਿਆ ਹੈ—"ਦੁੱਲੇ ਭੱਟੀ ਨੂੰ ਗਾਂਵਦਾ ਜੱਗ ਸਾਰਾ, ਜੈਮਲ ਫਤੇ ਦੀਆਂ ਵਾਰਾਂ ਸਾਰੀਆਂ ਨੀਂ।"

ਹ.ਪੁ.—ਪੰ. ਮਾ. ਸੰ. ਕੋ. : 498; ਪੰ. ਲੋ. ਵਿ. ਕੋ. : 560; ਪੰ. ਸਾ. ਕੋ. ਭਾਗ II— ਪੰ. ਯੂਨੀ. ਚੰਡੀ. 410

ਡੂਟਚੋ ਦੀ ਬਵੋਨੀਨਸੇਨਯਾ (Duccio di Buoninsegna) : ਮੱਧ-ਯੁੱਗ ਦੀ ਸਿਐਨਾ ਪੱਧਤੀ ਦੇ ਬਾਨੀ ਅਤੇ ਉੱਘੇ ਇਤਾਲਵੀ ਚਿੱਤਰਕਾਰ ਦਾ ਜਨਮ 1255 ਈ. ਵਿਚ ਹੋਇਆ।

ਇਸ ਦੇ ਜੀਵਨ ਅਤੇ ਕਿੱਤੇ ਬਾਰੇ ਬਹੁਤ ਘੱਟ ਜਾਣਕਾਰੀ ਮਿਲਦੀ ਹੈ। ਸੰਨ 1276 ਤੋਂ ਇਹ ਇਕ ਚਿੱਤਰਕਾਰ ਵਜੋਂ ਸਥਾਪਤ ਹੋਇਆ। ਸੰਨ 1278 ਵਿਚ ਸਿਐਨਾ ਵਿਖੇ ਇਸ ਨੂੰ ਸਰਕਾਰੀ ਦਸਤਾਵੇਜ਼ ਰੱਖਣ ਵਾਲੀਆਂ 12 ਪੇਟੀਆਂ ਦੀ ਸਜਾਵਟ ਕਰਨ ਦਾ ਕੰਮ ਮਿਲਿਆ। ਇਸ ਦੀ ਸਜਾਵਟੀ ਸ਼ੈਲੀ ਦੇਖ ਕੇ ਇਹ ਜਾਪਦਾ ਹੈ ਕਿ ਇਸ ਨੇ ਕਿਸੇ ਬਾਜ਼ਨਤੀਨੀ ਸਿੱਖਿਅਕ ਕੋਲੋਂ ਇਹ ਕਮਾਲ ਹਾਸਲ ਕੀਤਾ ਹੋਵੇਗਾ।



ਡੂਟਚੋ ਦੀ ਬਵੋਨੀਨਸੇਨਯਾ ਦਾ ਬਣਾਇਆ ਚਿੱਤਰ

ਸੰਨ 1298 ਵਿਚ ਇਹ ਸਿਐਨਾ ਦੀ ਕੌਂਸਲ ਦਾ ਮੈਂਬਰ ਬਣਿਆ। ਇਸ ਦਾ ਵੱਡਾ ਕੰਮ ਸਿਐਨਾ ਦੇ ਚਰਚ ਦੀ ਵੇਦੀ ਨੂੰ ਸਜਾਉਣਾ ਸੀ।

ਅਲੱਗ-ਅਲੱਗ ਗਿਰਜਾਘਰਾਂ ਨੂੰ ਇਸ ਨੇ ਪੌਰਾਨਿਕ ਅਤੇ ਧਾਰਮਿਕ ਵਿਸ਼ੇ ਲੈ ਕੇ ਸਜਾਇਆ। ਇਸ ਦੇ ਰੰਗ ਗੂੜ੍ਹੇ ਅਤੇ ਇਕਸਾਰ ਹੁੰਦੇ ਸਨ। ਇਸ ਨੇ ਹਲਕੇ ਰੰਗ ਦੇ ਅਤੇ ਧੁੰਦਲੇ ਰੂਪ ਦੇ ਚਿੱਤਰ ਵੀ ਬਣਾਏ। ਇਸ ਦੀ ਸ਼ੈਲੀ ਫ਼ਰਾਂਸੀਸੀ ਗਾੱਥਿਕ ਬੁੱਤ ਕਲਾ ਵਰਗੀ ਹੈ। ਇਸ਼ ਦੀਆਂ ਕ੍ਰਿਤਾਂ ਤੇ ਜੋਵਾਨੀ ਪਿਸਾਨੋ ਅਤੇ ਚੀਮਾਬੂਆ ਦਾ ਅਪ੍ਰਤੱਖ ਰੂਪ ਵਿਚ ਪ੍ਰਭਾਵ ਸੀ ਪਰ ਬਾਅਦ ਦੀਆਂ ਕਿਰਤਾਂ ਵਿਚ ਇਹ ਪ੍ਰਭਾਵ ਹੌਲੀ ਹੌਲੀ ਖ਼ਤਮ ਹੁੰਦਾ ਗਿਆ ਅਤੇ ਬਾਜ਼ਨਤੀਨੀ ਅਤੇ ਗਾੱਥਿਕ ਸ਼ੈਲੀ ਦਾ ਪ੍ਰਭਾਵ ਨਜ਼ਰ ਆਉਣ ਲਗਾ।

ਬਰਲਿਨ ਲੰਡਨ ਆਦਿ ਦੇ ਮਿਊਜ਼ੀਅਮਾਂ ਵਿਚ ਇਸ ਦੀਆਂ ਬਣਾਈਆਂ ਹੋਈਆਂ ਵੱਡੀਆਂ ਵੱਡੀਆਂ ਤਸਵੀਰਾਂ ਲੱਗੀਆਂ ਹੋਈਆਂ ਹਨ ਜਿਨਾਂ ਵਿਚ 'ਮੈਡੋਨਾ ਵਿਦ ਏਂਜਲਜ਼ ਪ੍ਰੋਫੈੱਟਸ ਐਂਡ ਸੇਂਟਸ', 'ਮੈਡੋਨਾ ਐਂਡ ਚਾਈਲਡ', 'ਸੇਂਟ ਪਾਲ', 'ਦੀ ਟੈਂਪਟੇਸ਼ਨ ਆਫ਼ ਕ੍ਰਾਈਸਟ', 'ਦੀ ਪ੍ਰੈਜ਼ੈਂਟੇਸ਼ਨ ਇਨ ਦੀ ਟੈਂਪਲ' ਆਦਿ ਸ਼ਾਮਲ ਹਨ।

3 ਅਗਸਤ, 1319 ਨੂੰ ਸਿਐਨਾ ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ.—ਐਨ. ਬ੍ਰਿ. ਮੈ. 5 : 1076; ਕੋਲ. ਐਨ. 6 : 402; ਚੈਂਬ. ਐਨ. 4 : 652; ਐਨ. ਅਮੇ . 9 : 376; ਹਿੰ. ਵਿ. ਕੋ. 6 : 77.

ਦੂਤ-ਕਾਵਿ : ਇਹ ਸੰਸਕ੍ਰਿਤ ਕਾਵਿ ਦੀ ਇਕ ਵਿਸ਼ੇਸ਼ ਪਰੰਪਰਾ ਹੈ। ਇਸ ਦਾ ਆਰੰਭ ਭਾਸ ਅਤੇ ਘਟਕਰਪਰ ਦੇ ਕਾਵਿ ਅਤੇ ਮਹਾਂਕਵੀ ਕਾਲੀਦਾਸ ਦੇ ਮੇਘਦੂਤ ਨਾਲ ਹੋਇਆ ਫਿਰ ਵੀ ਇਹ ਇਸ ਤੋਂ ਵੀ ਪੁਰਾਣਾ ਪ੍ਰਤੀਤ ਹੁੰਦਾ ਹੈ। ਪ੍ਰਸਿੱਧ ਕਾਵਿ ਵਿਚ ਬਾਲਮੀਕ ਦੁਆਰਾ ਵਰਨਣ ਕੀਤੇ ਗਏ ਉਸ ਪ੍ਰਸੰਗ ਨੂੰ ਜਿਸ ਵਿਚ ਰਾਮਚੰਦਰ ਜੀ ਨੇ ਸੀਤਾ ਕੋਲ ਆਪਣਾ ਬਿਰਹੋਂ ਸੰਦੇਸ਼ ਭੇਜਿਆ ਸੀ, ਇਸ ਨੂੰ ਪਰੰਪਰਾ ਦੀ ਮੁਢੱਲੀ ਕੜੀ ਮੰਨਿਆ ਜਾਂਦਾ ਹੈ। ਕਾਲੀਦਾਸ ਨੇ ਵੀ ਇਹ ਗੱਲ ਮੰਨੀ ਹੈ ਉਸ ਨੂੰ ਮੇਘ ਨੂੰ ਦੂਤ ਬਣਾਉਣ ਦੀ ਪ੍ਰੇਰਨਾ ਬਾਲਮੀਕ ਦੇ ਹਨੂਮਾਨ ਵਾਲੇ ਪ੍ਰਸੰਗ ਤੋਂ ਮਿਲੀ ਹੈ। ਦੂਜੇ ਪਾਸੇ ਇਸ ਪਰੰਪਰਾ ਦਾ ਮੂਲ ਲੋਕ-ਕਾਵਿ ਵਿਚ ਵੀ ਲੱਭਦਾ ਹੈ ਜਿਥੇ ਬਿਰਹਾ ਕੁੱਠੀਆਂ ਜਿੰਦਾਂ ਆਪਣੇ ਪ੍ਰੇਮੀਆਂ ਨੂੰ ਵੱਖ ਵੱਖ ਪੰਛੀਆਂ ਰਾਹੀਂ ਸੰਦੇਸ਼ ਭੇਜਦੀਆਂ ਹਨ।

ਘਟਕਰਪਰ ਕਾਵਿ ਵਿਚ ਕੇਵਲ 22 ਪਦ ਹੀ ਅਜਿਹੇ ਮਿਲਦੇ ਹਨ ਜਿਥੇ ਆਕਾਸ਼ ਵਿਚ ਘਿਰੇ ਮੇਘ ਨੂੰ ਵੇਖ ਕੇ ਇਕ ਬ੍ਰਿਹਣੀ ਆਪਣੀ ਬਿਰਹਾ ਪ੍ਰਗਟ ਕਰਦੀ ਹੈ। ਇਸ ਕਾਵਿ ਵਿਚ ਯਮਕ ਅਲੰਕਾਰ ਦੀ ਵਰਤੋਂ ਕੀਤੀ ਗਈ ਹੈ। ਸ਼ੈਲੀ ਦੇ ਪੱਖ ਤੋਂ ਇਹ ਇਕ ਅਤਿ ਛੋਟੇ ਕਾਵਿ ਦੇ ਰੂਪ ਵਿਚ ਵੀ ਸੰਸਕ੍ਰਿਤ ਸਾਹਿਤ ਵਿਚ ਆਪਣਾ ਸਥਾਨ ਬਣਾ ਚੁੱਕਿਆ ਹੈ। ਇਹ ਕਿਹਾ ਜਾਂਦਾ ਹੈ ਕਿ ਇਸ ਕ੍ਰਿਤ ਦੀ ਸੁੰਦਰਤਾ ਕਾਰਨ ਹੀ ਕਵੀ ਨੇ ਹੋਰ ਕਵੀਆਂ ਨੂੰ ਇਹ ਚੁਣੌਤੀ ਦਿੱਤੀ ਸੀ ਕਿ ਜਿਹੜਾ ਵੀ ਕਵੀ ਇਸ ਤੋਂ ਵਧੀਆ ਰਚਨਾ ਕਰੇਗਾ, ਕਵੀ ਘਟਕਰਪਰ ਉਸ ਦੇ ਘਰ ਟੁੱਟੇ ਹੋਏ ਘੜੇ ਨਾਲ ਵੀ ਪਾਣੀ ਭਰਨ ਨੂੰ ਤਿਆਰ ਹੈ। ਇਸੇ ਪ੍ਰਤਿੱਗਿਆ ਕਰ ਕੇ ਇਹ ਉਪਾਧੀ ਘਟਕਰਪਰ ਦੇ ਨਾਂ ਨਾਲ ਹੀ ਮਸ਼ਹੂਰ ਹੋ ਗਈ ਅਤੇ ਇਸ ਦੇ ਅਸਲੀ ਨਾਂ ਦਾ ਪਤਾ ਨਹੀਂ ਲਗਦਾ। ਕੁਝ ਵਿਦਵਾਨ ਇਸ ਰਚਨਾ ਨੂੰ ਕਾਲੀ ਦਾਸ ਦੀ ਕ੍ਰਿਤ ਮੰਨਦੇ ਹਨ ਪਰ ਇਹ ਸਿੱਧ ਹੋ ਚੁਕਿਆ ਹੈ ਕਿ ਇਹ ਕਾਲੀਦਾਸ ਦੀ ਰਚਨਾ ਨਹੀਂ ਹੈ। ਸੁਣਨ ਵਿਚ ਆਉਂਦਾ ਹੈ ਕਿ ਘਟਕਰਪਰ ਵੀ ਬਿਕਰਮਾਦਿੱਤ ਦੇ ਨੌਂ ਰਤਨਾਂ ਵਿਚੋਂ ਇਕ ਸੀ। ਇਹ ਕਿਹਾ ਜਾ ਸਕਦਾ ਹੈ ਕਿ ਇਸ ਕਾਵਿ ਦੀ ਰਚਨਾ ਕਾਲੀਦਾਸ ਦੇ ਸਮੇਂ ਤੋਂ ਪੁਰਾਣੀ ਹੈ।

ਇਸ ਪਰੰਪਰਾ ਦੀ ਸ਼ਕਤੀਸ਼ਾਲੀ ਕ੍ਰਿਤ ਮਹਾਂ ਕਵੀ ਕਾਲੀਦਾਸ ਦਾ 'ਮੇਘਦੂਤ' ਹੈ। ਮਹਾਭਾਰਤ ਵਿਚ 'ਨਲੋਪਾਖਿਆਨ' ਨਾਂ ਦੀ ਕਥਾ ਵਿਚ ਨਲ ਅਤੇ ਦਮਯੰਤੀ ਦੁਆਰਾ ਮੇਘ ਨੂੰ ਦੂਤ ਬਣਾ ਕੇ ਆਪਸ ਵਿਚ ਸੰਦੇਸ਼ ਭੇਜਣ ਦੀ ਜਿਹੜੀ ਕਥਾ ਆਈ ਹੈ ਉਹ ਵੀ ਦੂਤ ਕਾਵਿ ਦੀ ਪਰੰਪਰਾ ਅਨੁਸਾਰ ਹੀ ਹੈ। ਇਸ ਤੋਂ ਇਲਾਵਾ ਨੌਂਵੀਂ ਸਦੀ ਈਸਵੀ ਵਿਚ ਜਿਨਸੈਨ ਨੇ ਮੇਘਦੂਤ ਵਾਂਗ ਹੀ ਮੰਦਾਕ੍ਰਾਂਤਾ ਛੰਦ ਵਿਚ ਤੀਰਥੰਕਰ ਪਾਰਸ਼ਵਨਾਥ ਦੇ ਜੀਵਨ ਬਾਰੇ ਚਾਰ ਹਿੱਸਿਆਂ ਵਿਚ ਇਕ ਕਾਵਿ 'ਪਾਰਸਾਅਭਯੁੱਦਯ' ਲਿਖਿਆ ਹੈ। ਪੰਦਰਵੀਂ ਸਦੀ ਵਿਚ ਵਿਕਰਮ ਕਵੀ ਨੇ ਨੇਮੀ ਨਾਥ ਅਤੇ ਰਾਜਮਤੀ ਵਾਲੇ ਪ੍ਰਸੰਗ ਨੂੰ ਲੈ ਕੇ 'ਨੇਮੀਦੂਤ' ਕਾਵਿ ਲਿਖਿਆ। ਇਨ੍ਹਾਂ ਦਿਨਾਂ ਵਿਚ ਜੈਨ ਕਵੀ ਚਰਿਤ ਸੁੰਦਰ ਗਣਿ ਨੇ 'ਸ਼ੈਲਦੂਤ' ਜੈਨ-ਕਾਵਿ ਲਿਖਿਆ।

ਦੂਤ ਕਾਵਿ ਜਾਂ ਸੰਦੇਸ਼ ਕਾਵਿ ਨੂੰ ਅੱਗੇ ਵਧਾਉਣ ਵਿਚ ਸੰਸਕ੍ਰਿਤ ਦੇ ਕਈ ਕਵੀਆਂ ਨੇ ਬਹੁਤ ਹੀ ਮਹੱਤਵਪੂਰਨ ਹਿੱਸਾ ਪਾਇਆ ਹੈ। ਇਸ ਸਬੰਧ ਵਿਚ ਸਭ ਤੋਂ ਪਹਿਲਾਂ ਬੰਗਾਲ ਦੇ ਰਾਜੇ ਲਕਸ਼ਮਣ ਸੈਨ ਦੇ ਦਰਬਾਰੀ ਕਵੀ ਕਸ਼ਮਾਪਤੀ ਧੋਈ ਦਾ ਨਾਂ ਵਿਸ਼ੇਸ਼ ਕਰ ਕੇ ਆਉਂਦਾ ਹੈ। ਇਸ ਤੋਂ ਪਿਛਲੇ ਸੰਸਕ੍ਰਿਤ ਦੂਤ ਕਾਵਿ ਨੂੰ ਚਾਰ ਪਰੰਪਰਾਵਾਂ ਵਿਚ ਵੰਡਿਆ ਜਾ ਸਕਦਾ ਹੈ।

ਸ਼ੁਧ ਸਾਹਿਤਕ ਪਰੰਪਰਾ—ਇਸ ਪਰੰਪਰਾ ਵਿਚ ਉਹ ਕਾਵਿ ਆਉਂਦੇ ਹਨ ਜਿਨ੍ਹਾਂ ਵਿਚ ਕਵੀ ਨੇ ਕਿਸੇ ਮਾਧਿਅਮ ਦੁਆਰਾ ਬਿਰਹੋਂ ਕੁਠੀ ਜਿੰਦ ਦੇ ਸੰਦੇਸ਼ ਨੂੰ ਆਪਣੇ ਇਸ਼ਟ ਵਿਅਕਤੀ ਤਕ ਸ਼ੁੱਧ ਸ਼ਿੰਗਾਰ ਰਸ ਅਤੇ ਕਲਾਤਮਕ ਢੰਗ ਰਾਹੀਂ ਪਹੁੰਚਾਇਆ ਹੈ। ਇਸ ਪਰੰਪਰਾ ਵਿਚ ਸ਼੍ਰੀ ਰੁਦਰਨਿਆਏ ਵਾਚਸਪਤੀ ਦਾ 'ਪਿਕਦੂਤ', ਵਾਦਿਰਾਜ ਦਾ 'ਪਵਨਦੂਤ', ਹਰੀ ਦਾਸ ਦਾ 'ਕੋਕਿਲਦੂਤ', ਸਿਧਨਾਥ ਵਿਦਿਆਵਾਰੀਸ ਦਾ 'ਪਵਨਦੂਤ', ਕਿਸ਼ਨ ਨਾਥ ਨਿਆਇ ਪੰਚਾਨਨ ਦਾ 'ਵਾਤਦੂਤ' ਆਦਿ ਰਚਨਾਵਾਂ ਆਉਂਦੀਆਂ ਹਨ। ਇਸ ਵਿਚ ਵਧੇਰੇ ਰਚਨਾਵਾਂ ਅਠਾਰ੍ਹਵੀਂ ਤੇ ਉਨ੍ਹੀਵੀਂ ਸਦੀ ਦੀਆਂ ਹਨ।

ਦੂਜੀ ਪਰੰਪਰਾ ਵਿਚ ਉਹ ਦੂਤ ਕਾਵਿ ਆਉਂਦੇ ਹਨ ਜਿਹੜੇ ਰਾਮ ਕਥਾ ਨੂੰ ਲੈ ਕੇ ਲਿਖੇ ਗਏ ਹਨ। ਇਨ੍ਹਾਂ ਵਿਚ ਹਨੂਮਾਨ ਜਾਂ ਕਿਸੇ ਹੋਰ ਦੂਤ ਦੁਆਰਾ ਰਾਮਚੰਦਰ ਜੀ ਦਾ ਸੀਤਾ ਵੱਲ ਵਿਯੋਗ ਸੰਦੇਸ਼ ਕਾਵਿ ਰੂਪ ਵਿਚ ਮਿਲਦਾ ਹੈ। ਇਸ ਪਰੰਪਰਾ ਦਾ ਪਹਿਲਾ ਦੂਤ-ਕਾਵਿ ਵੇਦਾਂਤ ਦੇਸ਼ਿਕ (ਚੌਦ੍ਹਵੀਂ ਸਦੀ) ਦਾ ਹੰਸ ਸੰਦੇਸ਼ ਹੈ ਜਿਸ ਵਿਚ ਰਾਮਚੰਦਰ ਜੀ ਨੇ ਹੰਸ ਦੁਆਰਾ ਸੀਤਾ ਕੋਲ ਆਪਣਾ ਸੰਦੇਸ਼ ਭੇਜਿਆ ਹੈ। ਇਸੇ ਪਰੰਪਰਾ ਵਿਚ ਰੁਦਰ ਵਾਚਸਪਤੀ ਦਾ 'ਭ੍ਰਮਰਦੂਤ', ਵਾਸੁਦੇਵ ਦਾ 'ਭ੍ਰਮਰ ਸੰਦੇਸ਼', ਕ੍ਰਿਸ਼ਨ ਚੰਦਰ ਤਰਕਾ-ਲੰਕਾਰ ਦਾ 'ਚੰਦਰਦੂਤ' ਪ੍ਰਸਿੱਧ ਹੈ।

ਤੀਜੀ ਪਰੰਪਰਾ ਵਿਚ ਉਹ ਦੂਤ ਕਾਵਿ ਆਉਂਦੇ ਹਨ ਜਿਨ੍ਹਾਂ ਵਿਚ ਗੋਪੀਆਂ ਦਾ ਸੰਦੇਸ਼ ਊਧੋ, ਭ੍ਰਮਰ ਅਤੇ ਹੋਰ ਮਾਧਿਅਮਾਂ ਦੁਆਰਾ ਕ੍ਰਿਸ਼ਨ ਜੀ ਤਕ ਪਹੁੰਚਾਇਆ ਜਾਂਦਾ ਹੈ। ਇਸ ਪਰੰਪਰਾ ਵਿਚ ਬੰਗਾਲ ਦੇ ਗੌੜ ਵੈਸ਼ਨਵ ਕਵੀਆਂ ਨੇ ਵਿਸ਼ੇਸ਼ ਹਿੱਸਾ ਪਾਇਆ ਹੈ। ਮਾਧਵ ਕਵੀਂਦਰ ਭਟਾਚਾਰੀਆ ਨੇ 'ਊਧੋ' ਅਤੇ ਰੂਪ ਗੋਸਵਾਮੀ ਨੇ 'ਊਧੋ ਸੰਦੇਸ਼' ਅਤੇ 'ਹੰਸਦੂਤ' ਰਚਨਾਵਾਂ ਲਿਖੀਆਂ ਹਨ।

ਚੌਥੀ ਪਰੰਪਰਾ ਵਿਚ ਉਹ ਦੂਤ ਕਾਵਿ ਆਉਂਦੇ ਹਨ ਜਿਨ੍ਹਾਂ ਦਾ ਉਦੇਸ਼ ਅਧਿਆਤਮਕ ਅਤੇ ਨੈਤਿਕ ਸੰਦੇਸ਼ ਦੇਣਾ ਹੈ। ਇਸ ਪਰੰਪਰਾ ਦੀ ਪਹਿਲੀ ਕੜੀ ਅਵਧੂਤ ਰਾਮਯੋਗੀ (ਤੇਰ੍ਹਵੀਂ ਸਦੀ) ਦਾ 'ਸਿੱਧਦੂਤ' ਹੈ। ਇਸੇ ਲੜੀ ਵਿਚ ਹੀ ਵਿਸ਼ਨੂੰ ਦਾਸ ਦਾ 'ਮਨੋਦੂਤ' ਅਤੇ ਕਾਲੀਦਾਸ ਦਾ 'ਭਗਤੀ ਦੂਤ' ਆਉਂਦੇ ਹਨ।

ਅਪਭ੍ਰੰਸ਼ ਕਵੀ ਅਦੱਹਮਾਣ ਦਾ 'ਸੰਦੇਸ਼ਰਾਸਕ' ਵੀ ਮੇਘਦੂਤ ਦੀ ਪਰੰਪਰਾ ਵਿਚ ਆਉਂਦਾ ਹੈ। ਮਲਿਆਲਮ ਵਿਚ ਦੂਤ-ਕਾਵਿ ਜਾਂ

ਸੰਦੇਸ਼ ਕਾਵਿ ਦੀ ਸ਼ੈਲੀ ਕੇਰਲ ਵਰਮਾ ਦੇ 'ਨੀਲ ਕੰਠ-ਸੰਦੇਸ਼ ਵਿਚ ਮਿਲਦੀ ਹੈ।

ਹ.ਪੁ.—ਹਿੰ. ਵਿ. ਕੋ. 6 : 82

ਦੂ. ਬੈਲੇ, ਜੋਆਕਿਮ : ਫ਼ਰਾਂਸ ਦੇ ਇਸ ਪ੍ਰਸਿੱਧ ਕਵੀ ਅਤੇ ਆਲੋਚਕ ਦਾ ਜਨਮ ਆਂਜੂ ਦੇ ਨੇੜੇ ਲਿਰੇ ਵਿਖੇ 1525 ਈ. ਵਿਚ ਹੋਇਆ। ਛੋਟੀ ਉਮਰ ਵਿਚ ਹੀ ਇਸ ਦੇ ਮਾਤਾ-ਪਿਤਾ ਦੀ ਮੌਤ ਹੋ ਗਈ। ਵੱਡੇ ਭਾਈ ਨੇ ਇਸ ਦੀ ਸਿੱਖਿਆ ਉੱਤੇ ਪੂਰਾ ਧਿਆਨ ਨਾ ਦਿੱਤਾ। 23 ਸਾਲ ਦੀ ਉਮਰ ਵਿਚ ਇਸ ਨੇ ਪਾ ਤਿਏਰ ਵਿਚ ਕਾਨੂੰਨ ਦਾ ਅਤੇ ਉਸ ਤੋਂ ਪਿੱਛੋਂ ਪੈਰਿਸ ਵਿਚ ਸਾਹਿਤ ਦਾ ਅਧਿਐਨ ਕੀਤਾ। ਸੰਨ 1547 ਵਿਚ ਪਾ ਤਿਏਰ ਜਾਣ ਸਮੇਂ ਰਸਤੇ ਵਿਚ ਇਕ ਸਰਾਂ ਵਿਚ ਅਚਾਨਕ ਰਾਯਾਰ ਨਾਲ ਇਸ ਦੀ ਮੁਲਾਕਾਤ ਹੋਈ ਜਿਸ ਦੇ ਫ਼ਲਸਰੂਪ 'ਪਲੇਯਾਦ' (ਸਪਤ ਕਵੀ-ਮੰਡਲ) ਦੀ ਸਥਾਪਨਾ ਹੋਈ। ਪਲੇਯਾਦ ਦਾ ਨਾਂ ਟਾਲੇਮੀ ਨਾਂ ਦੇ ਰਾਜੇ ਦੇ ਸਮੇਂ ਦੇ ਅਲੈਗਜ਼ੈਂਡਰੀ ਕਵੀਆਂ ਦੇ ਅਧਾਰ ਤੇ ਹੋਇਆ। ਦੂ ਬੈਲੇ ਦੀ 'ਆਲਿਵ' ਫ਼ਰਾਂਸੀਸੀ ਸਾਹਿਤ ਵਿਚ ਆਪਣੇ ਢੰਗ ਦੀ ਗੀਤਾਂ ਦੀ ਪਹਿਲੀ ਪੁਸਤਕ ਹੈ।

ਸੰਨ 1553 ਵਿਚ ਜੋਆਕਿਮ ਆਪਣੇ ਚਾਚੇ ਦੇ ਪੁੱਤਰ ਕਾਰਡੀਨਲ ਦੂ ਬੈਲੇ ਜੋ ਰੋਮ ਦਾ ਰਾਜਦੂਤ ਸੀ, ਦੇ ਨਾਲ ਸੈਕਟਰੀ ਬਣ ਕੇ ਗਿਆ। ਉਥੇ ਚਾਰ ਸਾਲ ਦੇ ਸਮੇਂ ਵਿਚ ਇਸ ਨੇ ਯੂਨਾਨੀ ਲਾਤੀਨੀ ਅਤੇ ਇਤਾਲਵੀ ਸਾਹਿਤ ਦਾ ਵਿਸਤ੍ਰਿਤ ਅਧਿਐਨ ਕੀਤਾ ਅਤੇ ਸਿੱਟੇ ਵਜੋਂ 'ਲੇ ਆਂਤਿਕਿਤੇ ਦ ਰੋਮ' ਅਤੇ 'ਲੇ ਰਗੇਰ' ਦੀ ਰਚਨਾ ਹੋਈ। ਉਥੋਂ ਫ਼ਰਾਂਸ ਵਾਪਸ ਆਉਣ ਤੇ ਇਸ ਨੇ 'ਲੇਵਹੈਰ ਰੂਸਤਿਕ', 'ਲੇ ਪੋਏਤ ਕੁਰਤਿਜ਼ਾਂ' ਅਤੇ ਲਾਤੀਨੀ ਦੇ ਦੋ ਕਾਵਿ ਸੰਗ੍ਰਹਿ ਪ੍ਰਕਾਸ਼ਤ ਕੀਤੇ। ਗਰੀਬੀ ਅਤੇ ਰੋਗ ਦੇ ਕਾਰਨ ਛੋਟੀ ਉਮਰ ਵਿਚ ਹੀ 18 ਜਨਵਰੀ, 1560 ਨੂੰ ਇਸ ਦੀ ਮੌਤ ਹੋ ਗਈ।

ਦੂ ਬੈਲੇ ਖੁਲ੍ਹ-ਖਿਆਲੀਆ ਸੀ। ਇਸ ਦੀਆਂ ਕਵਿਤਾਵਾਂ ਵਿਚ ਮਿੱਤਰਤਾ, ਦੇਸ਼ਭਗਤੀ ਅਤੇ ਪ੍ਰੇਮ ਭਾਵ ਮੁੱਖ ਹਨ। ਇਨ੍ਹਾਂ ਵਿਚ ਰੂਪ ਦੀ ਸੁੰਦਰਤਾ ਦੇ ਨਾਲ ਨਾਲ ਭਾਵਾਂ ਦੀ ਕੋਮਲਤਾ ਵੀ ਹੈ। ਫ਼ਰਾਂਸ ਵਿਚ ਸਾੱਨੈਟ 'ਸੌਂ ਜੈਲੇ' ਰਾਹੀਂ ਅਰੰਭ ਕੀਤਾ ਗਿਆ ਪਰ ਉਸ ਦਾ ਪ੍ਰਚਾਲਣ ਇਸ ਨੇ ਹੀ ਕੀਤਾ। ਕੁਰਤਿਜਾ ਕਵਿਤਾ ਦਰਬਾਰੀ ਕਵੀਆਂ ਦਾ ਵਿਅੰਗ ਚਿੱਤਰ ਹੈ। ਇਸ ਸਰਬ ਉੱਚ ਵਿਅੰਗ ਕਾਵਿ ਨੇ ਫ਼ਰਾਂਸੀਸੀ ਭਾਸ਼ਾ ਵਿਚ ਵਿਅੰਗ ਅਤੇ ਹਾਸਰਸ ਸ਼ੁਰੂ ਕੀਤਾ। ਲੇਵਹੇਰ ਰੂਸਤਿਕ ਵਿਚ ਸੁੰਦਰ ਕੁਦਰਤੀ ਚਿੱਤਰ ਹਨ। ਲੇ ਰੇਗਰੇ ਵਿਚ ਲਾਇਰ ਨਦੀ ਦੇ ਕਿਨਾਰੇ ਪ੍ਰਤੀ ਕਵੀ ਦਾ ਪ੍ਰਗਟਾਇਆ ਪਿਆਰ ਅਤੇ ਉਸ ਦੀ ਰੋਮਨ ਪ੍ਰੇਮਿਕਾ ਫਾਸਤਿਨਾ ਦੇ ਵਿਯੋਗ ਵਿਚ ਲਿਖੇ ਗਏ ਸਾੱਨੈਟ ਹਨ। ਜੇ ਇਸ ਦੀਆਂ ਕਵਿਤਾਵਾਂ ਦੀ ਤੁਲਨਾ ਇਸ ਤੋਂ ਪਹਿਲਾਂ ਦੇ ਮਹਾਨ ਕਵੀਆਂ ਦੀਆਂ ਰਚਨਾਵਾਂ ਨਾਲ ਕੀਤੀ ਜਾਵੇ ਤਾਂ ਇਸ ਵਿਚ ਸਜੀਵ ਸਰੂਪ, ਗੀਤ ਦੀ ਲਟਕ, ਭਾਸ਼ਾ ਦੀ ਸਪਸ਼ਟਤਾ ਅਤੇ ਅਨੁਭਵ ਦਾ ਬੇਹੱਦ ਵਿਸਥਾਰ ਦਿਖਾਈ ਦਿੰਦਾ ਹੈ।

ਇਸ ਦਾ ਵਿਚਾਰ ਫ਼ਰਾਂਸੀਸੀ ਭਾਸ਼ਾ ਨੂੰ ਪ੍ਰਸਿੱਧ ਕਰਨ ਅਤੇ ਉਸ ਨੂੰ ਸਾਰੇ ਪ੍ਰਕਾਰ ਦੇ ਵਿਸ਼ਿਆਂ ਵਿਚਾਰਾਂ ਦੇ ਪ੍ਰਗਟਾਵੇ ਦਾ ਸਾਧਨ ਬਣਾਉਣਾ ਸੀ।

ਹ.ਪੁ.—ਹਿੰ. ਵਿ. ਕੋ. 5 : 57; ਐਨ. ਬ੍ਰਿ. 7 : 721

ਦੂਰਬੀਨ : ਖ਼ਗੋਲ-ਵਿਗਿਆਨੀਆਂ ਦੁਆਰਾ ਦੂਰ ਦੀਆਂ ਵਸਤਾਂ ਨੂੰ ਸਪਸ਼ਟ ਅਤੇ ਵੱਡੇ ਅਕਾਰ ਵਿਚ ਦੇਖਣ ਲਈ ਵਰਤੇ ਜਾਣ ਵਾਲੇ ਯੰਤਰ ਨੂੰ ਦੂਰਬੀਨ ਕਿਹਾ ਜਾਂਦਾ ਹੈ। ਇਹ ਇਕ ਪ੍ਰਕਾਸ਼ ਯੰਤਰ ਹੈ ਜਿਸ ਵਿਚ ਇਕ ਲੈਂਨਜ਼ ਰਾਹੀਂ ਪ੍ਰਕਾਸ਼ ਦੀਆਂ ਕਿਰਣਾਂ ਦੂਰ ਦੀ ਵਸਤੂ ਦਾ ਪ੍ਰਤਿਬਿੰਬ ਬਣਾਉਂਦੀਆਂ ਹਨ। ਅਜੋਕੇ ਕਾਲ ਵਿਚ ਪ੍ਰਕਾਸ਼ ਦੀ ਥਾਂ ਅਜਕੱਲ੍ਹ ਰੇਡੀਓ ਤਰੰਗਾਂ ਦੀ ਵੀ ਵਰਤੋਂ ਕੀਤੀ ਜਾਂਦੀ ਹੈ ਤਾਂ ਜੋ ਦੂਰਬੀਨ ਨੂੰ ਰਾਤ ਵੇਲੇ ਜਾਂ ਬੱਦਲਵਾਈ ਵੇਲੇ ਵੀ ਵਰਤਿਆ ਜਾ ਸਕੇ। ਅਜਿਹੀ ਦੂਰਬੀਨ ਰੇਡੀਓ ਦੂਰਬੀਨ ਅਖਵਾ-ਉਂਦੀ ਹੈ।

ਸਭ ਤੋਂ ਪਹਿਲੀ ਦੂਰਬੀਨ ਜਰਮਨ ਲੈਂਨਜ਼ ਤਿਆਰ ਕਰਨ ਵਾਲੇ ਵਿਗਿਆਨੀ ਹਾਂਸ ਲਿਪਰਸ਼ੇ ਨੇ ਬਣਾਈ ਸੀ। ਇਸ ਨੂੰ ਉਸ ਨੇ 1608 ਵਿਚ ਪੈਟੈਂਟ ਕਰਵਾਉਣ ਦੀ ਕੋਸ਼ਿਸ਼ ਕੀਤੀ ਸੀ, ਪਰ ਗੈਲਿਲੀਓ ਨੇ ਖ਼ਗੋਲ-ਵਿਗਿਆਨ ਸਬੰਧੀ ਅਧਿਐਨ ਕਰਨ ਲਈ ਸਭ ਤੋਂ ਪਹਿਲਾਂ ਅਜਿਹੇ ਯੰਤਰ ਦਾ 1609 ਵਿਚ ਉਪਯੋਗ ਕਰ ਲਿਆ। ਸ਼ੁਰੂ ਦੇ ਇਕ ਨਲੀ ਵਾਲੇ ਸਾਧਾਰਨ ਯੰਤਰਾਂ ਦੀ ਥਾਂ ਬਹੁਤ ਹੀ ਸੂਖ਼ਮ ਅਤੇ ਸੁਯੋਗਤਾਪੂਰਨ ਕਈ ਸੌ ਟਨ ਭਾਰ ਵਾਲੇ ਯੰਤਰਾਂ ਦਾ ਵਿਕਾਸ ਹੋਇਆ। ਸ਼ਕਲ ਅਤੇ ਆਕਾਰ ਭਿੰਨ-ਭਿੰਨ ਹੋਣ ਦੇ ਬਾਵਜੂਦ ਸਾਰੀਆਂ ਪ੍ਰਕਾਸ਼ੀ ਦੂਰਬੀਨਾਂ ਦੇ ਦੋ ਮੂਲ ਹਿੱਸੇ ਹੁੰਦੇ ਹਨ। ਇਨ੍ਹਾਂ ਵਿਚ ਇਕ ਆੱਬਜੈਕਟਿਵ ਲੈਂਨਜ਼ ਹੁੰਦਾ ਹੈ, ਜਿਹੜਾ ਆ ਰਹੀਆਂ ਵਿਕਿਰਣਾਂ ਨੂੰ ਫੋਕਸ ਕਰਦਾ ਹੈ ਅਤੇ ਦੂਜਾ ਵੇਖਣ ਦਾ ਕੰਮ ਕਰਦਾ ਹੈ, ਜਿਸ ਨੂੰ ਨੇਤਰਿਕਾ (ਨੇਤਰ ਲੈਂਨਜ਼) ਕਿਹਾ ਜਾਂਦਾ ਹੈ। ਵਸਤੂ ਅਭਿਮੁਖ (ਆੱਬਜੈਕਟਿਵ) ਲੈਂਨਜ਼ ਇਕ ਤੋਂ ਜ਼ਿਆਦਾ ਵੀ ਹੋ ਸਕਦੇ ਹਨ ਜਿਵੇਂ ਕਿ ਅਪਵਰਤਨ ਦੂਰਬੀਨ ਵਿਚ ਹੁੰਦਾ ਹੈ। ਦਰਪਣ ਪਰਾਵਰਤਿਤ ਦੂਰਬੀਨ ਵਿਚ ਵੀ ਅਜਿਹਾ ਹੀ ਹੁੰਦਾ ਹੈ।

ਮੁੱਢਲੀਆਂ ਦੂਰਬੀਨਾਂ ਬਹੁਤ ਸਾਧਾਰਨ ਅਤੇ ਛੋਟੇ ਛੋਟੇ ਅਪਵਰਤਨ ਲੈਨੱਜ਼ਾਂ ਵਾਲੀਆਂ ਹੁੰਦੀਆਂ ਸਨ ਜਿਨ੍ਹਾਂ ਵਿਚ ਇਕ ਟਿਊਬ ਦੇ ਅੰਦਰ ਇਕ ਆੱਬਜੈਕਟਿਵ ਲੈਂਨਜ਼ ਅਤੇ ਨੇਤਰਿਕਾ ਲੈਨਜ਼ ਫਿਟ ਕੀਤੀ ਹੁੰਦੀ ਸੀ। ਪ੍ਰਕਾਸ਼ ਇਕੱਤਰ ਕਰਨ ਦੀ ਸਮਰੱਥਾ ਵਧਾਉਣਾ ਜ਼ਰੂਰੀ ਸੀ ਤਾਂ ਜੋ ਮੱਧਮ ਅਤੇ ਵਧੇਰੇ ਦੂਰ ਦੀਆਂ ਵਸਤਾਂ ਸਪਸ਼ਟ ਅਤੇ ਵੱਡੇ ਆਕਾਰ ਦੀਆਂ ਦਿਖਾਈ ਦੇ ਸਕਣ। ਆਈਜ਼ਕ ਨਿਊਟਨ ਨੇ 1668 ਵਿਚ ਪਰਾਵਰਤਿਤ ਦੂਰਬੀਨ ਦਾ ਪਹਿਲਾ ਮਾਡਲ ਤਿਆਰ ਕੀਤਾ ਅਤੇ 17ਵੀਂ ਸਦੀ ਦੇ ਅੰਤ ਤਕ ਅਨੇਕਾਂ ਵੱਡੀਆਂ ਵੱਡੀਆਂ ਪਰਾਵਰਤਿਤ ਦੂਰਬੀਨਾਂ ਬਣ ਚੁਕੀਆਂ ਸਨ। ਇਹ ਦੂਰਬੀਨਾਂ ਕੇਵਲ ਨਿਰਮਾਣ ਪਖੋਂ ਹੀ ਇਕ ਸਫ਼ਲਤਾ ਸੀ ਪਰ ਇਨ੍ਹਾਂ ਨੂੰ ਇਕ ਥਾਂ ਤੋਂ ਦੂਜੀ ਥਾਂ ਲਿਆਉਣ ਲਈ ਅਤੇ ਸ਼ਿਸਤ ਬੰਨ੍ਹਣ ਲਈ ਬਹੁਤ ਹੀ ਵੱਡੇ ਵੱਡੇ ਕੱਲ-ਪੁਰਜਿਆਂ ਦੀ ਵਰਤੋਂ ਕਰਨੀ ਪੈਂਦੀ ਸੀ। ਆੱਬਜੈਕਟਿਵ ਵਿਚ ਵਰਤੀ ਜਾਣ ਵਾਲੀ ਉੱਚ ਪਾਏ ਦੀ ਰੰਗ ਕੀਤੀ ਧਾਤ ਛੇਤੀ ਹੀ ਖ਼ਰਾਬ ਹੋ ਜਾਂਦੀ ਸੀ। ਗ੍ਰਹਿਆਂ ਅਤੇ ਹੋਰ ਦੂਜੀਆਂ ਵਸਤਾਂ ਦੀ ਪੂਰੀ ਜਾਣਕਾਰੀ ਲਈ ਟਿਊਬਾਂ ਨੂੰ ਲੰਬਾ ਬਣਾਉਣਾ ਜ਼ਰੂਰੀ ਸੀ ਤਾਂ ਜੋ ਵੱਡੇ ਵੱਡੇ ਪ੍ਰਤਿਬਿੰਬ ਪ੍ਰਾਪਤ ਹੋ ਸਕਣ। ਲਗਭਗ 60 ਮੀ. ਜਾਂ ਇਸ ਤੋਂ ਵੀ ਵੱਧ ਫ਼ੋਕਸ-ਦੂਰੀ ਵਾਲੇ ਲੈਂਨਜ਼ ਤਿਆਰ ਕੀਤੇ ਗਏ ਪਰ ਇਨ੍ਹਾਂ ਦੀ ਵਰਤੋਂ ਸੰਭਵ ਨਾ ਹੋ ਸਕੀ।

ਵਧੀਆ ਕਿਸਮ ਦੇ ਵੱਡੇ ਡਿਸਕ ਲੈਂਨਜ਼ਾਂ ਲਈ ਪ੍ਰਕਾਸ਼ੀ ਸ਼ੀਸ਼ੇ ਦਾ ਨਿਰਮਾਣ 18ਵੀਂ ਅਤੇ 19ਵੀਂ ਸਦੀ ਦੇ ਅੰਤ ਵਿਚ ਹੋਇਆ। ਮਾਊਂਟ ਕਰਨ ਅਤੇ ਆਵਾਜਾਈ ਪਖੋਂ ਦੂਰਬੀਨ ਵਿਚ ਵੀਹਵੀਂ ਸਦੀ ਦੇ ਅੱਧ ਤਕ ਇਹ ਵਿਕਾਸ ਲਗਾਤਾਰ ਹੁੰਦਾ ਰਿਹਾ ਅਤੇ ਹੁਣ ਕਾਫ਼ੀ ਉੱਚ ਪਾਏ ਦੀਆਂ ਵੱਡੀਆਂ ਵੱਡੀਆਂ ਦੂਰਬੀਨਾਂ ਉਪਲਬੱਧ ਹਨ।


ਦੂਰਬੀਨਾਂ ਬਹੁਤ ਕੀਮਤੀ ਯੰਤਰ ਹੁੰਦੇ ਹਨ ਇਸ ਲਈ ਇਨ੍ਹਾਂ ਦੇ ਡਿਜ਼ਾਇਨ ਵਿਚ ਸੁਧਾਰ ਵੀ ਆਮ ਕਰਕੇ ਬਹੁ ਮੰਤਵੀ ਪਖੋਂ ਹੁੰਦਾ ਰਿਹਾ ਹੈ ਤਾਂ ਜੋ ਇਨ੍ਹਾਂ ਦੀ ਵਰਤੋਂ ਗ੍ਰਹਿਆਂ, ਤਾਰਿਆਂ, ਨੀਹਾਰਿਕਾ ਅਤੇ ਅਕਾਸ਼ਗੰਗਾ ਸਭ ਦੇ ਪ੍ਰੇਖਣ ਲਈ ਹੋ ਸਕੇ ਅਤੇ ਨਾਲ ਹੀ ਵੱਡੇ ਪੱਧਰ ਉੱਤੇ ਬਿਜਲਈ ਚੁੰਬਕ ਸਪੈਕੱਟ੍ਰਮ ਇਕੱਤਰ ਕੀਤਾ ਜਾ ਸਕਦਾ ਹੋਵੇ। ਪਰ ਅਜਕੱਲ੍ਹ ਹਰ ਵਖਰੇ ਕਾਰਜ ਲਈ ਵਖਰੀ ਕਿਸਮ ਦੀ

ਦੂਰਬੀਨ ਵਰਤੀ ਜਾਂਦੀ ਹੈ। ਖ਼ਗੋਲ-ਵਿਗਿਆਨੀਆਂ ਨੇ 30 ਸੈਂ. ਮੀ. ਤੋਂ ਵੀ ਵੱਡੇ ਦੁਆਰਕ ਵਾਲੀਆਂ ਦੂਰਬੀਨਾਂ ਬਣਾਈਆਂ ਸਨ। ਅਜਿਹੇ ਸਥਾਨਾਂ ਦੀ ਭਾਲ ਕੀਤੀ ਗਈ ਜਿਥੋਂ ਹਰ ਸੂਚਨਾ ਪ੍ਰਾਪਤ ਕਰਨੀ ਸੰਭਵ ਹੋਵੇ। ਅਜਿਹੇ ਸਥਾਨ ਉੱਚੀਆਂ ਪਹਾੜੀਆਂ ਦੀਆਂ ਚੋਟੀਆਂ ਜਿਥੇ ਸਿੱਲ੍ਹ ਘੱਟ ਹੋਵੇ, ਲੱਭੇ ਗਏ। ਅਖ਼ੀਰ ਵਿਚ 1920 ਦੇ ਲਗਭਗ ਇਹ ਮਹਿਸੂਸ ਕੀਤਾ ਗਿਆ ਕਿ ਅਜਿਹੇ ਹਾਲਾਤ ਚੰਦ ਉਤੇ ਜਾਂ ਧਰਤੀ ਦੇ ਦੁਆਲੇ ਕਿਸੇ ਥਾਂ ਆੱਰਬਿਟ ਵਿਚ ਵੀ ਹੋ ਸਕਦੇ ਹਨ। ਇਸ ਤਰ੍ਹਾਂ 1960 ਦੇ ਨੇੜੇ ਤੇੜੇ ਸੰਯੁਕਤ ਰਾਜ ਅਮਰੀਕਾ ਅਤੇ ਰੂਸ ਨੇ ਆੱਰਬਿਟ ਵਿਚ ਆਪਣੀਆਂ ਦੂਰਬੀਨਾਂ ਫਿੱਟ ਕਰ ਦਿੱਤੀਆਂ ਹਨ।

ਦੂਰਬੀਨ ਦੇ ਕੰਮ—ਆਮ ਤੌਰ ਤੇ ਦੂਰਬੀਨ ਚਾਰ ਮੁੱਖ ਮੰਤਵਾਂ ਲਈ ਵਰਤੀ ਜਾਂਦੀ ਹੈ :—

1. ਪੇਸ਼ਾਵਰ ਖ਼ਗੋਲ ਵਿਗਿਆਨੀਆਂ ਲਈ ਪ੍ਰਕਾਸ਼ ਇਕੱਤਰ ਕਰਨਾ ਦੂਰਬੀਨ ਦਾ ਸਭ ਤੋਂ ਮੁਢਲਾ ਕੰਮ ਹੈ। ਕੈਲੀਫੋਰਨੀਆ ਵਿਚ ਮਾਊਂਟ ਪਾਲੋਮਰ ਵਿਖੇ 500 ਸੈਂ. ਮੀ. ਲੰਬੀ ਹੇਲ ਦੂਰਬੀਨ ਸਾਧਾਰਨ ਅੱਖਾਂ ਨਾਲੋਂ 10 ਲੱਖ ਗੁਣਾਂ ਵਧੇਰੇ ਪ੍ਰਕਾਸ਼ ਇਕੱਤਰ ਕਰ ਸਕਦੀ ਹੈ। ਦੂਰਬੀਨ ਦੀ ਪ੍ਰਕਾਸ਼ ਇਕੱਤਰ ਕਰਨ ਦੀ ਸਮੱਰਥਾ ਨੂੰ ਪ੍ਰਤਿਬਿੰਬ ਪ੍ਰਦੀਪਨ-ਤੀਬਰਤਾ ਟਿਊਬ ਜਾਂ ਅਜਿਹੇ ਹੋਰ ਯੰਤਰ ਲਗਾ ਕੇ ਵਧਾਇਆ ਜਾ ਸਕਦਾ ਹੈ।
2. ਦੂਰਬੀਨ ਦਾ ਦੂਜਾ ਪ੍ਰਮੁੱਖ ਕੰਮ ਵਸਤਾਂ ਦੇ ਪ੍ਰਤਿਬਿੰਬਾਂ ਦਾ ਵਿਭੇਦਨ ਭਾਵ ਵਖਰੇ-ਵਖਰੇ ਕਰਨਾ ਹੈ ਜਿਹੜੇ ਅਸਮਾਨ ਵਿਚ ਇਕ ਦੂਜੇ ਦੇ ਬਿਲਕੁਲ ਨਜ਼ਦੀਕ ਹੁੰਦੇ ਹਨ।
3. ਦੂਰਬੀਨ ਦੇ ਨੇਤਰਿਕਾ ਲੈੱਨਜ਼ ਰਾਹੀਂ ਪ੍ਰਤਿਬਿੰਬ ਨੂੰ ਵੱਡਾ ਕੀਤਾ ਜਾ ਸਕਦਾ ਹੈ।
4. ਫ਼ੋਟੋਗ੍ਰਾਫ਼ਿਕ ਪਲੇਟ ਉੱਤੇ ਵਧੀਆ ਤੇ ਸਪਸ਼ਟ ਪ੍ਰਤਿਬਿੰਬ ਪ੍ਰਾਪਤ ਕਰਨ ਲਈ ਦੂਰਬੀਨ ਖ਼ਗੋਲੀ ਵਸਤਾਂ ਨੂੰ ਲੱਭਣ ਦੇ ਸਮਰੱਥ ਹੋਣੀ ਚਾਹੀਦੀ ਹੈ ਭਾਵ ਜਿਵੇਂ ਧਰਤੀ ਆਪਣੇ ਧੁਰੇ ਦੁਆਲੇ ਘੁੰਮਦੀ ਹੈ। ਅਜਿਹੀ ਟੇਕ ਜਿਹੜੀ ਦੋ ਦਿਸ਼ਾਵਾਂ ਵਿਚ ਦੂਰਬੀਨ ਨੂੰ ਘੁੰਮਣਗਤੀ ਪ੍ਰਦਾਨ ਕਰਦੀ ਹੋਵੇ ਦੁਆਰਾ ਹੀ ਇਸ ਨੂੰ ਲੋੜੀਂਦੀ ਦਿਸ਼ਾ ਵਿਚ ਘੁੰਮਾਇਆ ਜਾ ਸਕਦਾ ਹੈ। ਜੇਕਰ ਇਸ ਦਾ ਇਕ ਧੁਰਾ ਧਰਤੀ ਦੇ ਧੁਰੇ ਦੇ ਸਮਾਂਤਰ ਰੱਖਿਆ ਜਾਵੇ ਤਾਂ ਕੇਵਲ ਇਕ ਹੀ ਦਿਸ਼ਾ ਵਿਚ ਗਤੀ ਪ੍ਰਦਾਨ ਕਰਨਾ ਜ਼ਰੂਰੀ ਰਹਿ ਜਾਂਦਾ ਹੈ ਅਤੇ ਦੂਰਬੀਨ ਨਾਲ ਖ਼ਗੋਲੀ ਪਿੰਡਾਂ ਦਾ ਅਧਿਐਨ ਕੀਤਾ ਜਾ ਸਕਦਾ ਹੈ।


ਅਪਵਰਤਨ ਦੂਰਬੀਨ—ਅਪਵਰਤਨ ਦੂਰਬੀਨਾਂ ਦੋ ਤਰ੍ਹਾਂ ਦੀਆਂ ਹੁੰਦੀਆਂ ਹਨ : ਗੈਲਿਲਿਓ ਤੇ ਕੈਪਲਰ। ਨੇਤਰਿਕਾ, ਟਿਊਬ ਦੇ ਸਿਰੇ ਉੱਤੇ ਲਗੀ ਹੁੰਦੀ ਹੈ। ਗੈਲਿਲਿਓ ਦੂਰਬੀਨ ਵਿਚ ਵਸਤੂ



ਗੈਲਿਲਿਓ ਦੂਰਬੀਨ

ਅਭਿਮੁੱਖ ਲੈੱਨਜ਼, ਅਭਿਸਾਰੀ ਲੈੱਨਜ਼ ਅਤੇ ਨੇਤਰਿਕਾ ਦਾ ਲੈੱਨਜ਼ ਅਪਸਾਰੀ ਹੁੰਦੇ ਹਨ। ਗੈਲਿਲਿਓ ਦੂਰਬੀਨ ਨਾਲ ਪ੍ਰਤਿਬਿੰਬ ਸਿੱਧਾ ਅਤੇ ਵਧੇਰੇ ਸਪਸ਼ਟ ਦਿਖਾਈ ਦਿੰਦਾ ਹੈ। ਇਸ ਦੀ ਟਿਊਬ ਘੱਟ ਲੰਬੀ ਹੁੰਦੀ ਹੈ। ਉੱਤਲ ਤੇ ਅਵਤਲ ਦੋਵੇਂ ਲੈੱਨਜ਼ ਲਗੇ ਹੋਣ ਕਾਰਨ ਵਿਪੱਥਨ ਦੀ ਸੰਭਾਵਨਾ ਨਾ ਮਾਤਰ ਹੀ ਹੁੰਦੀ ਹੈ ਪਰ ਇਨ੍ਹਾਂ ਨਾਲ ਦਿਸ਼ਾ ਖੇਤਰ ਸੀਮਿਤ ਰਹਿੰਦਾ ਹੈ ਅਤੇ ਕ੍ਰਾੱਸ-ਤਾਰਾਂ ਦਾ ਪ੍ਰਬੰਧ ਨਾ ਹੋਣ ਕਾਰਨ ਮਿਣਤੀਆਂ ਆਦਿ ਨਹੀਂ ਕੀਤੀਆਂ ਜਾ ਸਕਦੀਆਂ।

ਕੈਪਲਰ ਦੂਰਬੀਨ ਵਿਚ ਵਸਤੂ ਅਭਿਮੁੱਖ ਲੈੱਨਜ਼ ਅਤੇ ਨੇਤਰਿਕਾ ਲੈੱਨਜ਼ ਦੋਵੇਂ ਹੀ ਅਭਿਸਾਰੀ ਹੁੰਦੇ ਹਨ। ਇਸ ਵਿਚ ਪ੍ਰਤਿਬਿੰਬ ਉਲਟਾ ਬਣਦਾ ਹੈ ਅਤੇ ਟਿਊਬ ਦੀ ਲੰਬਾਈ ਵੀ ਵਧ ਹੋਣ ਕਾਰਨ ਦਿਸ਼ਾ ਖੇਤਰ ਵੀ ਵੱਡਾ ਹੁੰਦਾ ਹੈ। ਇਸ ਵਿਚ ਕ੍ਰਾੱਸ-ਤਾਰਾਂ ਵੀ ਲਗਾਈਆਂ ਜਾ ਸਕਦੀਆਂ ਹਨ ਅਤੇ ਮਿਣਤੀਆਂ ਵੀ ਕੀਤੀਆਂ ਜਾ ਸਕਦੀਆਂ ਹਨ। ਇਨ੍ਹਾਂ ਦਾ ਉਪਯੋਗ ਵਧੇਰੇ ਕਰਕੇ ਖ਼ਗੋਲੀ ਵਸਤਾਂ ਦੇ ਅਧਿਐਨ ਲਈ ਕੀਤਾ ਜਾਂਦਾ ਹੈ। ਪ੍ਰਤਿਬਿੰਬ ਉਲਟਾ ਬਣੇ ਜਾ ਸਿੱਧਾ ਇਸ ਦਾ ਜੋਤਿਸ਼ ਉੱਤੇ ਕੋਈ ਪ੍ਰਭਾਵ ਨਹੀਂ ਪੈਂਦਾ ਪਰ ਖ਼ਗੋਲ-ਵਿਗਿਆਨੀਆਂ ਲਈ ਪ੍ਰਤਿਬਿੰਬ ਸਿੱਧਾ ਹੋਣਾ ਜ਼ਰੂਰੀ ਹੈ। ਪ੍ਰਤਿਬਿੰਬ




ਕੈਪਲਰ ਦੂਰਬੀਨ

ਸਿੱਧਾ ਪ੍ਰਾਪਤ ਕਰਨ ਲਈ ਇਕ ਹੋਰ ਲੈੱਨਜ਼ ਲਗਾਉਣਾ ਪੈਂਦਾ ਹੈ। ਇਕ ਵਧੀਆ ਅਪਵਰਤਨ ਦੂਰਬੀਨ ਲਈ ਉਸ ਦਾ ਵਸਤੂ ਅਭਿਮੁੱਖ ਲੈੱਨਜ਼ ਵਰਣ-ਵਿਪਥੱਨਰਹਿਤ ਹੋਣਾ ਜ਼ਰੂਰੀ ਹੈ। ਵਰਣ-ਵਿਪੱਥਨ ਕਾਰਨ ਪ੍ਰਤਿਬਿੰਬ ਥੋੜ੍ਹਾ-ਥੋੜ੍ਹਾ ਰੰਗੀਨ ਦਿਖਾਈ ਦਿੰਦਾ ਹੈ। ਵਰਣ-ਵਿਪੱਥਨ ਦੂਰ ਕਰਨ ਲਈ ਲੈੱਨਜ਼ਾਂ ਦੇ ਵਰਣ ਸਿਸਟਮ ਦਾ ਪ੍ਰਯੋਗ ਕੀਤਾ ਜਾਂਦਾ ਹੈ। ਅਵਰਣਤਾ ਪ੍ਰਾਪਤ ਕਰਨ ਲਈ ਉੱਚ ਵਰਣ ਵਿਖੇਪਣ ਵਾਲੇ ਅਵਤਲ ਲੈੱਨਜ਼ ਨੂੰ ਘੱਟ ਵਰਣ-ਵਿਖੇਪਣ ਵਾਲੇ ਉੱਤਲ ਲੈੱਨਜ਼ ਨਾਲ ਜੋੜਿਆ ਜਾਂਦਾ ਹੈ। ਅਧਿਐਨ ਕਰਨ ਉਪਰੰਤ ਪਤਾ ਲਗਾ ਹੈ ਕਿ ਵਿਪੱਥਨਰਹਿਤ ਲੈੱਨਜ਼ ਦਾ ਜੋੜਾ ਕਿਸੇ ਸੀਮਾਂ ਤਕ ਗੋਲ ਵਿਪੱਥਨ ਤੋਂ ਮੁਕਤ ਹੁੰਦਾ ਹੈ।

ਫ਼ੋਟੋਗ੍ਰਾਫ਼ੀ ਲਈ ਤਿੰਨ ਅਭਿਮੁੱਖ ਲੈੱਨਜ਼ਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਅਭਿਮੁੱਖ ਲੈੱਨਜ਼ ਤਿਆਰ ਕਰਦੇ ਸਮੇਂ ਸਹੀ ਡਿਸਕ ਦੀ ਚੋਣ, ਧੱਬੇ ਰਹਿਤ ਕੱਚ, ਸਮਾਨਅੰਗਤਾ ਵਾਲਾ ਕੱਚ ਅਤੇ ਕੱਚ ਦੇ ਅੰਦਰਲੇ ਵਿਕਾਰ ਦਾ ਪੂਰਾ ਧਿਆਨ ਰੱਖਣਾ ਚਾਹੀਦਾ ਹੈ।

ਪਰਾਵਰਤਕ ਦੂਰਬੀਨ—ਇਨ੍ਹਾਂ ਵਿਚ ਲੈੱਨਜ਼ ਦੀ ਥਾਂ ਦਰਪਣ ਨੂੰ ਵਸਤੂ ਅਭਿਮੁੱਖ ਦੀ ਥਾਂ ਲਗਾਇਆ ਜਾਂਦਾ ਹੈ। ਗ੍ਰੇਗਰੀ ਨੇ ਦਰਪਣਾਂ ਅਤੇ ਲੈੱਨਜ਼ਾਂ ਤੋਂ ਪ੍ਰਾਪਤ ਹੋਏ ਪ੍ਰਤਿਬਿੰਬਾਂ ਦਾ ਵਿਸਥਾਰ ਪੂਰਵਕ ਅਧਿਐਨ ਕੀਤਾ। ਉਸ ਨੇ ਦੱਸਿਆ ਕਿ ਜੇਕਰ ਦਰਪਣ ਅਤੇ ਲੈੱਨਜ਼ਾਂ ਦਾ ਤਲ ਕੋਨ-ਵਕ੍ਰਤਾ ਵਾਲਾ ਬਣਾਇਆ ਜਾਵੇ ਤਾਂ ਵਿਪੱਥਨ ਦਾ ਨੁਕਸ ਨਹੀਂ ਰਹਿੰਦਾ। ਕੋਨ ਵਕ੍ਰਤਾ ਵਾਲਾ ਲੈੱਨਜ਼ ਬਣਾਉਣਾ ਬਹੁਤ ਕਠਿਨ ਹੈ। ਇਸ ਲਈ ਵਸਤੂ ਅਭਿਮੁੱਖ ਲੈੱਨਜ਼ ਦੀ ਥਾਂ ਕੋਨ ਵਕ੍ਰਤਾ ਦਰਪਣ ਦਾ ਇਸਤੇਮਾਲ ਕੀਤਾ ਜਾਵੇ। ਇਸ ਦਰਪਣ ਨੂੰ ਪਰਾਵਰਤਕ ਕਿਹਾ ਜਾਂਦਾ ਹੈ। ਪਹਿਲਾਂ ਇਸ ਨੂੰ ਸਪੈਕੁਲਮ ਵੀ ਕਿਹਾ ਜਾਂਦਾ ਸੀ। ਸਭ ਤੋਂ ਪਹਿਲਾਂ ਨਿਊਟਨ ਨੇ ਪਰਾਵਰਤੀ ਦੂਰਬੀਨ ਬਣਾਈ ਸੀ ਜਿਸ ਦੀ ਸਹਾਇਤਾ ਨਾਲ ਉਸ ਨੇ ਸ਼ੁਕਰ ਤੇ ਬ੍ਰਹਸਪਤੀ ਗ੍ਰਹਿਆਂ ਦਾ ਅਧਿਐਨ ਕੀਤਾ। ਪਰਾਵਰਤਕ ਦਰਪਣ ਦੀ ਪਾਲਿਸ਼ ਧੁੰਧਲੀ ਨਹੀਂ ਹੋਣੀ ਚਾਹੀਦੀ। ਚਾਰ ਹਿੱਸੇ ਤਾਂਬਾ ਅਤੇ ਇਕ ਹਿੱਸਾ ਟਿਨ ਨਾਲ ਬਣੀ ਪਰਾਵਰਤਕ ਧਾਤ ਮਜ਼ਬੂਤ ਹੁੰਦੀ ਹੈ ਅਤੇ ਸਫ਼ੈਦ ਪਾਲਿਸ਼ ਨੂੰ ਆਸਾਨੀ ਨਾਲ ਅਤੇ ਠੀਕ ਪਕੜ ਲੈਂਦੀ ਹੈ। ਲੀਬਿਕ ਦੁਆਰਾ ਚਾਂਦੀ ਦੀ ਤਹਿ ਚੜ੍ਹਾਉਣ ਦੀ ਵਿਧੀ ਦੀ ਖੋਜ ਉਪਰੰਤ 1857 ਵਿਚ ਫੂਕੋ ਨੇ ਸੁਝਾਅ ਦਿੱਤਾ ਕਿ



ਪਰਾਵਰਤਕ ਅਤੇ ਅਪਵਰਤਨ ਦੂਰਬੀਨਾਂ

ਪਰਾਵਰਤਕ ਧਾਤ ਦੀ ਥਾਂ ਦਰਪਣ ਕੱਚ ਦੇ ਬਣਾਏ ਜਾਣ। ਧਾਤ ਦੇ ਦਰਪਣਾਂ ਦੀ ਪਾਲਿਸ਼ ਠੀਕ ਨਾ ਹੋਣ ਕਾਰਨ ਅਤੇ ਤਾਪਮਾਨ ਦੀਆਂ ਤਬਦੀਲੀਆਂ ਕਾਰਨ ਇਨ੍ਹਾਂ ਦੀ ਫ਼ੋਕਸ ਦੂਰੀ ਬਦਲਦੀ ਰਹਿੰਦੀ ਹੈ। ਇਸ ਦੇ ਉਲਟ ਕੱਚ ਦੇ ਦਰਪਣ ਦੀ ਪਾਲਿਸ਼ ਜੇਕਰ ਖ਼ਰਾਬ ਹੋ ਜਾਵੇ ਤਾਂ ਨਵੇਂ ਸਿਰੇ ਤੋਂ ਚੜ੍ਹ ਜਾਂਦੀ ਹੈ ਤੇ ਤਾਪਮਾਨ ਦਾ ਅਸਰ ਨਾ ਮਾਤਰ ਹੀ ਹੁੰਦਾ ਹੈ। ਪਰਾਵਰਤਕ ਦੂਰਬੀਨਾਂ ਪੰਜ ਤਰ੍ਹਾਂ ਦੀਆਂ ਹਨ : ਪਰਾ-ਈਮ ਫ਼ੋਕਸ ਦੂਰਬੀਨ, ਨਿਊਟਨ ਦੂਰਬੀਨ, ਕੈਸੇਗ੍ਰੇਨ ਦੂਰਬੀਨ, ਮ੍ਰਿਗੋਰੀਆ ਦੂਰਬੀਨ ਅਤੇ ਕਗਾਉਡ ਦੂਰਬੀਨ। ਇਨ੍ਹਾਂ ਦੂਰਬੀਨਾਂ ਵਿਚ ਪਰਾਵਰਤਕ ਦੇ ਧਰਾਤਲ ਦਾ ਹੀ ਅੰਤਰ ਹੁੰਦਾ ਹੈ। ਹਰ ਇਕ ਦੂਰਬੀਨ ਵਿਚ ਵਰਧਕ ਸਮਰੱਥਾ, ਵਿਭੇਦਨਤਾ, ਪ੍ਰਕਾਸ਼ ਇਕਤਰਣ ਸਮਰੱਥਾ, ਮਿਣਤੀ ਪ੍ਰਬੰਧ ਅਤੇ ਵੱਡੇ ਤੇ ਸਪਸ਼ਟ ਦ੍ਰਿਸ਼ ਖੇਤਰ ਆਦਿ ਗੁਣਾਂ ਦਾ ਹੋਣਾ ਜ਼ਰੂਰੀ ਹੈ।

ਵਰਧਨ ਸਮਰੱਥਾ ਅਤੇ ਵਿਭੇਦਨਤਾ ਦੋਵੇਂ ਇਕ ਦੂਜੇ ਉੱਤੇ ਨਿਰਭਰ ਕਰਦੀਆਂ ਹਨ। ਵਿਭੇਦਨਤਾ ਵਧਾਉਣ ਲਈ ਵਰਧਨ ਵਧਾਉਣਾ ਜ਼ਰੂਰੀ ਹੈ। ਦੂਰਬੀਨ ਦੀ ਵਰਧਨ ਸਮਰੱਥਾ M ਹੇਠ ਲਿਖੇ ਸਮੀਕਰਨ ਅਨੁਸਾਰ ਪ੍ਰਾਪਤ ਹੁੰਦੀ ਹੈ।

$$M=F/f$$

ਜਿਥੇ F = ਵਸਤੂ ਅਭਿਮੁੱਖ ਲੈਂਨਜ਼ ਜਾਂ ਪਰਾਵਰਤਕ ਦੀ ਫ਼ੋਕਸ-ਦੂਰੀ ਅਤੇ f = ਨੇਤਰਿਕਾ ਦੀ ਫ਼ੋਕਸ ਦੂਰੀ ਹੈ।

ਦੂਰਬੀਨ ਦੀ ਵਿਭੇਦਕਤਾ P ਦਾ ਸਮੀਕਰਨ ਹੈ :

$$P = \frac{1 \cdot 22\lambda}{D}$$

ਜਿਥੇ λ = ਦੂਰਬੀਨ ਦੁਆਰਾ ਇਕੱਤਰ ਕੀਤੇ ਪ੍ਰਕਾਸ਼ ਦੀ ਔਸਤ ਤਰੰਗ ਲੰਬਾਈ ਅਤੇ D = ਦੂਰਬੀਨ ਦੇ ਆੱਬਜੈਕਟਿਵ ਦਾ ਵਿਆਸ।

ਵਰਤੋਂ ਦੇ ਲਿਹਾਜ਼ ਨਾਲ ਪਰਾਵਰਤੀ ਤੇ ਅਪਵਰਤੀ ਦੋਵੇਂ ਦੂਰਬੀਨਾਂ ਇਕ ਦੂਜੇ ਦੇ ਪੂਰਕ ਹਨ।


ਸੰਸਾਰ ਪ੍ਰਸਿੱਧ ਦੂਰਬੀਨਾਂ ਵਿਚੋਂ ਕੁਝ-ਕੁ ਦਾ ਵਿਵਰਨ ਨਿਮਨ ਅਨੁਸਾਰ ਹੈ :

ਯਰਕਿਜ਼ ਦੂਰਬੀਨ—ਇਹ ਸੰਸਾਰ ਦੀ ਸਭ ਤੋਂ ਵੱਡੀ ਅਪਵਰਤਨ ਦੂਰਬੀਨ ਹੈ। ਇਸ ਦੇ ਵਸਤੂ ਅਭਿਮੁੱਖ ਲੈਂਨਜ਼ ਦਾ ਵਿਆਸ 101.6 ਸੈਂ. ਮੀ. (40 ਇੰਚ) ਹੈ ਅਤੇ ਇਸ ਨੂੰ ਅਮਰੀਕਾ ਦੀ ਯਰਕਿਜ਼ ਪ੍ਰੇਖਣਸ਼ਾਲਾ ਵਿਚ 1897 ਵਿਚ ਸਥਾਪਿਤ ਕੀਤਾ ਗਿਆ ਸੀ।

ਮਾਉਂਟ ਵਿਲਸਨ ਦੂਰਬੀਨ—ਇਸ ਦੂਰਬੀਨ ਨੂੰ 1919 ਵਿਚ ਅਮਰੀਕਾ ਦੀ ਮਾਉਂਟ ਵਿਲਸਨ ਪ੍ਰੇਖਣਸ਼ਾਲਾ ਵਿਚ ਸਥਾਪਤ ਕੀਤਾ ਗਿਆ। ਇਸ ਦੂਰਬੀਨ ਦੇ ਪਰਾਵਰਤਕ ਦਰ ਵਿਆਸ 254 ਸੈਂ. ਮੀ. (100 ਇੰਚ) ਹੈ। ਇਸ ਦੀ ਸਹਾਇਤਾ ਨਾਲ ਅਕਾਸ਼ ਗੰਗਾ ਤੋਂ ਅਗਲੇ ਅਕਾਸ਼ੀ ਪਿੰਡਾਂ ਦਾ ਅਧਿਐਨ ਸੰਭਵ ਹੋ ਸਕਿਆ ਹੈ। ਇਸ ਦੇ ਪਰਾਵਰਤਕ ਦਾ ਭਾਰ 4½ ਟਨ ਦੇ ਲਗਭਗ ਹੈ ਅਤੇ ਇਸ ਦੀ ਗਤੀ ਸਬੰਧੀ 100 ਟਨ ਭਾਰ ਦੀ ਵਿਵਸਥਾ ਹੈ। ਜਿਸ ਗੁੰਬਦ ਵਿਚ ਇਸ ਨੂੰ ਸਥਾਪਤ ਕੀਤਾ ਗਿਆ ਹੈ ਉਸ ਦਾ ਵਿਆਸ 30.480 ਮੀ. (100 ਫੁੱਟ) ਅਤੇ ਉਚਾਈ 32.004 ਮੀ. (105 ਫੁੱਟ) ਹੈ।

ਤਲ ਪਰਾਵਰਤਕ ਦੂਰਬੀਨ—ਡਾ. ਐਲਰੀ ਹੇਲ ਦੇ ਯਤਨਾਂ ਸਦਕਾ ਅਮਰੀਕਾ ਵਿਚ ਪੈਲੋਮਾਰ ਪ੍ਰੇਖਣਸ਼ਾਲਾ ਦੀ ਸਥਾਪਨਾ ਹੋਈ। ਇਸ ਪ੍ਰੇਖਣਸ਼ਾਲਾ ਵਿਚ 1947 ਵਿਚ 508 ਸੈਂ. ਮੀ. (200 ਇੰਚ) ਵਿਆਸ ਵਾਲੀ ਪਰਾਵਰਤਕ ਦੂਰਬੀਨ ਦੀ ਸਥਾਪਨਾ ਕੀਤੀ ਗਈ। ਇਸ ਦੂਰਬੀਨ ਦਾ ਕੁੱਲ ਭਾਰ 530 ਟਨ ਹੈ। ਇਸ ਦਾ ਸੰਤੁਲਨ ਇੰਨੇ ਸੁਚੱਜੇ ਢੰਗ ਨਾਲ ਕੀਤਾ ਹੋਇਆ ਹੈ ਕਿ ਕੇਵਲ $\frac{1}{12}$ ਹਾਰਸਪਾਵਰ ਦੀ ਮੋਟਰ ਨਾਲ ਹੀ ਇਸ ਨੂੰ ਘੁਮਾਇਆ ਜਾ ਸਕਦਾ ਹੈ। ਇਸਦੀ ਰੇਂਜ ਦੋ ਅਰਬ ਲੱਖ ਪ੍ਰਕਾਸ਼ਸਾਲ ਹੈ।

ਰੇਡੀਓ ਦੂਰਬੀਨ—ਪ੍ਰਕਾਸ਼ੀ ਦੂਰਬੀਨ ਵਿਚ ਪ੍ਰਕਾਸ਼ ਰਾਹੀਂ ਆਕਾਸ਼ੀ ਪਿੰਡਾਂ ਬਾਰੇ ਜਾਣਕਾਰੀ ਪ੍ਰਾਪਤ ਹੁੰਦੀ ਹੈ। ਅਕਾਸ਼ੀ ਪਿੰਡਾਂ ਦੁਆਰਾ ਉਤਸਰਜਿਤ ਰੇਡੀਓ ਤਰੰਗਾਂ ਦੁਆਰਾ ਰੇਡੀਓ ਦੂਰਬੀਨ ਰਾਹੀਂ ਉਨ੍ਹਾਂ ਦੀ ਰਚਨਾ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਜਾਂਦੀ ਹੈ।



ਰੇਡੀਓ ਦੂਰਬੀਨ


ਜਾਨਸਕੀ ਨੇ 1931 ਵਿੱਚ ਘੋਸ਼ਣਾ ਕੀਤੀ ਕਿ ਆਕਾਸ਼ ਗੰਗਾ ਜਾਂ ਉਸਦੇ ਇਰਦ ਗਿਰਦ ਦੇ ਪਿੰਡਾਂ ਤੋਂ ਰੇਡੀਓ ਤਰੰਗਾਂ ਧਰਤੀ ਉੱਤੇ ਆਉਂਦੀਆਂ ਹਨ ਅਤੇ ਇਨ੍ਹਾਂ ਤਰੰਗਾਂ ਨਾਲ ਉਨ੍ਹਾਂ ਪਿੰਡਾਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ। ਰੇਡੀਓ ਦੂਰਬੀਨ ਦੇ ਮੁੱਖ ਭਾਗ, (ੳ) ਏਰੀਅਲ (ਏ.), (ਅ) ਰੀਸੀਵਰ (ਰੀ.) ਅਤੇ (ੲ) ਰੀਕਾਰਡਰ (ਰੀਕ.) ਹਨ। ਰੀਕਾਰਡਰ, ਪ੍ਰਾਪਤ ਹੋਈਆਂ ਰੇਡੀਓ ਤਰੰਗਾਂ ਦਾ ਰੇਖਾ ਚਿੱਤਰ ਵਕਰ ਦੇ ਰੂਪ ਵਿਚ ਬਣਾਉਂਦਾ ਹੈ। ਇਸ ਰੇਖਾ ਚਿਤਰ ਤੋਂ ਰੇਡੀਓ ਤਰੰਗਾਂ ਦੇ ਸ੍ਰੋਤ ਦੇ ਤਾਪ ਆਦਿ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਜਾਂਦੀ ਹੈ। ਸੰਸਾਰ ਦੀ ਸਭ ਤੋਂ ਵੱਡੀ ਰੇਡੀਓ ਦੂਰਬੀਨ ਅਮਰੀਕਾ ਵਿਚ ਜੋਡ੍ਰੇਲ ਬੈਂਕ ਵਿਖੇ ਹੈ।

ਹ.ਪੁ.–ਐਨ. ਅਮੈ. 26 : 412; ਹਿੰ. ਵਿ. ਕੋ. 6 : 86

ਦੂਰੀਮਾਪਕ, ਪ੍ਰਕਾਸ਼ੀ : ਦੂਰੀ ਦੀ ਮਿਣਤੀ ਕਰਨ ਵਾਲਾ ਇਕ ਯੰਤਰ ਹੈ ਜਿਹੜਾ ਆਮ ਕਰਕੇ ਆਪਣੇ ਤੇ ਨਿਸ਼ਾਨਾ ਬਿੰਦੂ ਵਿਚਲੀ ਦੂਰੀ ਦੀ ਮਿਣਤੀ ਕਰਨ ਲਈ ਵਰਤਿਆ ਜਾਂਦਾ ਹੈ। ਨਿਸ਼ਾਨੇ ਤੋਂ ਆ ਰਿਹਾ ਪ੍ਰਕਾਸ਼ ਦੋ ਦੁਆਰ (ਛੇਕਾਂ) ਰਾਹੀਂ ਪ੍ਰਕਾਸ਼ੀ ਸਿਸਟਮ ਵਿਚ ਦਾਖ਼ਲ ਹੁੰਦਾ ਹੈ। ਇਨ੍ਹਾਂ ਦੋਵੇਂ ਦੁਆਰਾਂ ਵਿਚਲੀ ਦੂਰੀ ਨੂੰ ਦੂਰੀਮਾਪਕ ਦੀ ਆਧਾਰ ਦੂਰੀ ਜਾਂ ਵਿਥ ਕਿਹਾ ਜਾਂਦਾ ਹੈ ਦੂਰੀ ਮਾਪਕ ਨਾਲ ਕੋਣ ਦੀ ਗਿਣਤੀ ਕੀਤੀ ਜਾਂਦੀ ਹੈ ਜਿਸ ਦੀ ਸਹਾਇਤਾ ਨਾਲ ਤਿਕੋਣ ਦੀ ਇਸ ਬਾਹੀ ਦੀ ਲੰਬਾਈ ਦਾ ਪਤਾ ਲਗ ਜਾਂਦਾ ਹੈ ਜਿਹੜੀ ਨਿਸ਼ਾਨੇ ਦੇ ਬਿੰਦੂ ਤੇ ਦੂਰੀ ਮਾਪਕ ਵਿਚਕਾਰ ਹੁੰਦੀ ਹੈ ਕਿਉਂਕਿ ਤਿਕੋਣ ਦੀ ਦੂਜੀ ਭੁਜਾ ਦੂਰੀ ਮਾਪਕ ਦੀ ਆਧਾਰ ਦੂਰੀ ਬਰਾਬਰ ਹੁੰਦੀ ਹੈ। ਮਿਣਿਆ ਗਿਆ ਕੋਣ ਇਨ੍ਹਾਂ ਦੋਵੇਂ ਭੁਜਾਵਾਂ ਨਾਲ ਬਣਨ ਵਾਲਾ ਕੋਣ ਹੁੰਦਾ ਹੈ। ਦੂਰੀ ਮਾਪਕਾਂ ਨੂੰ ਵਿਸ਼ੇਸ਼ ਤੌਰ ਤੇ ਦੋ ਕਿਸਮਾਂ ਵਿਚ ਵੰਡਿਆ ਜਾਂਦਾ ਹੈ : ਸੰਪਾਤ ਦੂਰੀਮਾਪਕ ਅਤੇ ਤ੍ਰੈਵਿਮੀ ਦੂਰੀਮਾਪਕ।


ਸੰਪਾਤ ਦੂਰੀਮਾਪਕ—ਇਸ ਕਿਸਮ ਦੇ ਦੂਰੀਮਾਪਕਾਂ ਵਿਚ ਇਕੋ ਹੀ ਨੇਤਰਿਕਾ ਵਿਚੋਂ ਇਕ ਅੱਖ ਨਾਲ ਦੇਖਿਆ ਜਾਂਦਾ ਹੈ। ਇਸੇ ਕਰਕੇ ਸਹੀ ਦੂਰੀ ਉਹ ਮੰਨੀ ਜਾਂਦੀ ਹੈ ਜਦੋਂ ਦੋਵੇਂ ਪ੍ਰਤਿਬਿੰਬ ਇਕ ਦੂਜੇ ਨਾਲ ਸੰਪਾਤ ਹੋ ਜਾਣ। ਫ਼ੋਟੋਗ੍ਰਾਫ਼ਿਕ ਕੈਮਰਿਆਂ ਵਿਚ ਇਸ ਕਿਸਮ ਦੇ ਦੂਰੀ ਮਾਪਕਾਂ ਦੀ ਸਾਧਾਰਨ ਜਿਹੀ ਵਿਧੀ ਦਾ ਹੀ ਉਪਯੋਗ ਕੀਤਾ ਗਿਆ ਹੈ। ਅਜਿਹੇ ਦੂਰੀ ਮਾਪਕਾਂ ਵਿਚ ਵਰਤੀ ਜਾਂਦੀ ਦੂਰੀ ਨਿਸ਼ਾਨਾ ਤਿਕੋਣ ਚਿੱਤਰ 1 ਵਿਚ ਦਰਸਾਈ ਗਈ ਹੈ। ਜਿਥੇ B ਆਧਾਰ ਦੂਰੀ, ਕੋਣ A ਇਕ ਸਮਕੋਣ, D ਨਿਸ਼ਾਨਾ ਦੂਰੀ ਅਤੇ L ਨਿਸ਼ਾਨੇ T ਉਤਲਾ ਅਭਿਸਰਣ ਕੋਣ ਹੈ। ਇਨ੍ਹਾਂ ਦਾ ਆਪਸੀ ਸਬੰਧ ਸਮੀਕਰਨ (1) ਰਾਹੀਂ ਦਰਸਾਇਆ ਜਾਂਦਾ ਹੈ।

$$D = B \cot L \qquad (1)$$




ਚਿਤਰ 1 : ਨਿਸ਼ਾਨਾ ਤਿਕੋਣ

ਮੂਲ ਪ੍ਰਕਾਸ਼ੀ ਵਿਧੀ ਚਿੱਤਰ 2 ਅਨੁਸਾਰ ਹੁੰਦੀ ਹੈ ਜਿਸ ਅਨੁਸਾਰ ਸਾਧਾਰਨ ਸੰਪਾਤ ਦੂਰੀਮਾਪਕ ਕੰਮ ਕਰਦਾ ਹੈ। ਇਸ ਵਿਚ




ਚਿੱਤਰ 2 : ਸਾਧਾਰਣ ਸੰਪਾਤ ਦੂਰੀਮਾਪਕ

M_1 ਅਤੇ M_2 ਕ੍ਰਮਵਾਰ ਅਰਧ ਪਾਰਦਰਸ਼ੀ ਦਰਪਣ ਅਤੇ ਪਰਾਵਰਤੀ ਦਰਪਣ ਹਨ। ਜਦੋਂ ਸੰਪਾਤ ਸਥਿਤੀ ਪ੍ਰਾਪਤ ਹੋ ਜਾਂਦੀ ਹੈ ਤਾਂ ਨਿਸ਼ਾਨਾ T ਦੋਵੇਂ ਪ੍ਰਕਾਸ਼ੀ ਰੇਖਾਵਾਂ ਰਾਹੀਂ ਇਕੋ ਜਿਹਾ ਹੀ ਦਿਖਾਈ ਦਿੰਦਾ ਹੈ ਅਤੇ ਦੂਰੀ ਮਾਪਕ ਤੇ ਸਮੀਕਰਨ ਦੀ ਪੁਸ਼ਟੀ ਹੋ ਜਾਂਦੀ ਹੈ। ਕਈ ਦੂਰੀ ਮਾਪਕਾਂ ਵਿਚ ਸੰਪਾਤ ਸਥਿਤੀ, ਜਦੋਂ ਦਰਪਣ M_1 ਵਿਚ ਪ੍ਰਤਿਬਿੰਬ ਦੇਖਦੇ ਹੋਈਏ ਤਾਂ ਇਕ ਛੋਟੇ ਕੋਣ ਉੱਤੇ ਦਰਪਣ M_2 ਨੂੰ ਘੁੰਮਾਉਣ ਨਾਲ ਪ੍ਰਾਪਤ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਹੋਰ ਵੀ ਕਈ ਵਿਚਲਣ ਢੰਗਾਂ ਰਾਹੀਂ ਅਜਿਹਾ ਕੀਤਾ ਜਾਂਦਾ ਹੈ ਪ੍ਰੰਤੂ ਦਰਪਣ M_2 ਨੂੰ ਉਦੋਂ ਘੁੰਮਾਉਣ ਦੀ ਜ਼ਰੂਰਤ ਨਹੀਂ ਪੈਂਦੀ। ਚਿੱਤਰ 3 (ੳ) ਅਤੇ (ਅ) ਵਿਚ ਉੱਪਰ ਆਰੋਪਿਤ ਦੂਰੀਮਾਪਕ ਰਾਹੀਂ ਪ੍ਰਾਪਤ ਪ੍ਰਤਿਬਿੰਬ



ਚਿਤਰ 3 : ਉਪਰ ਆਰੋਪਿਤ ਦੂਰੀਮਾਪਕ ਰਾਹੀਂ ਦ੍ਰਿਸ਼ (ੳ) ਉਪਰ ਆਰੋਪਿਤ ਸਥਿਤੀ ਵਿਚ ਪ੍ਰਤਿਬਿੰਬ (ਅ) ਬੇਜੋੜ ਪ੍ਰਤਿਬਿੰਬ।

ਦਰਸਾਇਆ ਗਿਆ ਹੈ। ਜੇਕਰ ਦਰਪਣ M_1 ਨੂੰ ਪੂਰਨ ਰੂਪ ਵਿਚ ਪਰਾਵਰਤਿਤ ਬਣਾ ਲਿਆ ਜਾਵੇ ਅਤੇ ਕੇਵਲ ਦ੍ਰਿਸ਼ਟੀ ਖੇਤਰ ਦਾ ਅੱਧਾ ਭਾਗ ਹੀ ਦਿਖਾਈ ਦਿੰਦਾ ਹੋਵੇ ਤਾਂ ਅਜਿਹੀ ਸਥਿਤੀ ਵਿਚ ਜਦੋਂ ਨਿਸ਼ਾਨੇ T ਨੂੰ ਉਪਰਲੇ ਅੱਧ ਵਿਚੋਂ ਸਿੱਧਾ ਹੀ ਦੇਖਾਂਗੇ ਉਦੋਂ ਇਹ ਵਿਭੇਦਿਤ-ਖੇਤਰ ਕਿਸਮ ਦਾ ਦੂਰੀ ਮਾਪਕ ਬਣ ਜਾਵੇਗਾ ਅਤੇ ਇਸ ਵਿਚੋਂ ਚਿੱਤਰ 4 (ੳ) ਅਤੇ (ਅ) ਵਿਚ ਦਰਸਾਏ ਅਨੁਸਾਰ ਪ੍ਰਤਿਬਿੰਬ ਪ੍ਰਾਪਤ ਹੋਵੇਗਾ।




ਚਿਤਰ 4 : ਵਿਭੇਦਿਤ ਖੇਤਰ ਦੂਰੀਮਾਪਕ ਰਾਹੀ ਦ੍ਰਿਸ਼ (ੳ) ਉਪਰ ਆਰੋਪਿਤ ਪ੍ਰਤਿਬਿੰਬ (ਅ) ਬੇਜੋੜ ਪ੍ਰਤਿਬਿੰਬ।

ਕੈਮਰਾ ਦੂਰੀਮਾਪਕ—ਇਨ੍ਹਾਂ ਕੈਮਰਿਆਂ ਵਿਚ ਆਧਾਰ ਲੰਬਾਈ 2.5 ਸੈਂ. ਮੀ. ਤੋਂ ਵੀ ਘੱਟ ਤੋਂ ਲੈਕੇ 75 ਸੈਂ. ਮੀ. ਤੋਂ ਵੀ ਵੱਧ ਤਕ ਹੁੰਦੀ ਹੈ ਅਤੇ ਇਨ੍ਹਾਂ ਦੀ ਵਰਧਨਾ 0.5 ਤੇ 2.5 ਦੇ ਵਿਚਕਾਰ ਕੋਈ ਵੀ ਹੋ ਸਕਦੀ ਹੈ। ਕੇਵਲ ਅਜਿਹੇ ਸਿਸਟਮਾਂ ਵਿਚ ਹੀ ਘੱਟ ਸ਼ਕਤੀ ਦੀ ਵਰਤੋਂ ਹੁੰਦੀ ਹੈ ਜਿਥੇ ਦੂਰੀਮਾਪਕ ਦੇ ਦ੍ਰਿਸ਼ ਖੋਜ ਯੰਤਰ ਦੋਵੇਂ ਇਕੱਠੇ ਲਗਾਕੇ ਇਕੋ ਹੀ ਨੇਤਰਿਕਾ ਵਿਚ ਦੀ ਵੇਖਿਆ ਜਾਵੇ। ਅਜਿਹੀ ਸਥਿਤੀ ਵਿਚ ਵਰਧਨਾ 1 ਜਾਂ ਇਕ ਤੋਂ ਘੱਟ ਰੱਖਣੀ ਜ਼ਰੂਰੀ ਹੁੰਦੀ ਹੈ ਤਾਂ ਜੋ ਦ੍ਰਿਸ਼ਟੀ ਕੋਣ 42° ਤੋਂ 52° ਦੇ ਵਿਚਕਾਰ ਹੀ ਰਹੇ।


ਫ਼ੌਜ ਦੁਆਰਾ ਵਰਤੇ ਜਾਣ ਵਾਲੇ ਦੂਰੀਮਾਪਕ—ਫ਼ੌਜ ਵਿਚ ਸੰਪਾਤ ਦੂਰੀਮਾਪਕ ਕਿਸਮ ਦੇ ਦੂਰੀਮਾਪਕ ਵਰਤੇ ਜਾਂਦੇ ਹਨ ਜਿਨ੍ਹਾਂ ਵਿਚ ਪੰਜਭੁਜਾ ਪ੍ਰਿਜ਼ਮ ਜਾਂ ਇਸ ਦੇ ਬਰਾਬਰ ਦਾ ਦੋ ਦਰਪਣਾਂ ਦਾ ਸੈੱਟ ਹਰ ਇਕ ਦੁਆਰ ਉੱਤੇ ਲਗਾਇਆ ਹੁੰਦਾ ਹੈ। ਇਹ ਪ੍ਰਿਜ਼ਮ ਪੱਕੇ ਤੌਰ ਤੇ ਆਪਣੀ ਥਾਂ ਉੱਤੇ ਫਿਟ ਕੀਤੇ ਹੁੰਦੇ ਹਨ ਜਿਹੜੇ ਪ੍ਰਕਾਸ਼ ਨੂੰ ਅੰਦਰ ਵੱਲ ਆਪਾਤ ਕੋਣ ਨਾਲ ਠੀਕ 90° ਉੱਤੇ ਪਰਾਵਰਤਿਤ ਕਰਦੇ ਹਨ। ਪ੍ਰਕਾਸ਼ ਹਰ ਇਕ ਪ੍ਰਿਜ਼ਮ ਵਿਚੋਂ ਲੰਘਕੇ ਦੂਰਬੀਨ ਦੇ ਦੂਰਬੀਨ ਅਭਿਮੁਖ ਲੈਨੱਜ਼ ਵਿਚੋਂ ਲੰਘਦਾ ਹੈ ਅਤੇ ਹਰ ਇਕ ਤੋਂ ਪ੍ਰਾਪਤ ਹੋਏ ਪ੍ਰਤਿਬਿੰਬ ਸੰਯੁਕਤ ਹੋਣ ਉਪਰੰਤ ਪ੍ਰਿਜ਼ਮ ਦੁਆਰਾ ਇਕੋ ਹੀ ਨੇਤਰਿਕਾ ਵੱਲ ਇਕੱਠੇ ਜਾਂਦੇ ਹਨ ਤਾਂ ਜੋ ਇਹ ਪ੍ਰਤਿਬਿੰਬ ਇਕੋ ਹੀ ਵੇਲੇ ਦਿਖਾਈ ਦੇਣ। ਚਿੱਤਰ 5 ਵਿਚ ਇਕ ਅਜਿਹੇ ਹੀ ਦੂਰੀਮਾਪਕ ਦੀ ਜੁਮੈਟਰੀ (ਰੇਖਾ ਗਣਿਤ) ਦਰਸਾਈ ਗਈ ਹੈ। ਇਸ ਵਿਚ b ਦੂਰੀਮਾਪਕ ਦੀ ਆਧਾਰ ਦੂਰੀ ਅਤੇ f ਇਸ ਦੇ ਵਸਤੂ ਲੈੱਨਜ਼ਾਂ ਦੀ ਫ਼ੋਕਸ ਦੂਰੀ ਹੈ। ਅਨੰਤ ਦੂਰੀ ਉੱਤੇ ਪਏ ਨਿਸ਼ਾਨੇ ਤੋਂ ਪ੍ਰਕਾਸ਼ TG ਅਤੇ T'H ਰੇਖਾਵਾਂ ਦੇ ਨਾਲ ਆਵੇਗਾ ਜਦੋਂ ਕਿ ਨਿਸ਼ਾਨੇ ਦੀ ਦੂਰੀ R ਤੋਂ ਆ ਰਿਹਾ ਪ੍ਰਕਾਸ਼ ਰੇਖਾ TG ਅਤੇ TK ਦੇ ਨਾਲ ਨਾਲ ਆਵੇਗਾ। ਨਿਸ਼ਾਨੇ ਜਿਹੜੇ G ਅਤੇ H ਉੱਤੇ ਪ੍ਰਾਪਤ ਹੋਣਗੇ ਉਨ੍ਹਾਂ ਦੇ ਧੁਰੇ ਕ੍ਰਮਵਾਰ ਰੇਖਾਵਾਂ TG ਅਤੇ TH ਉੱਤੇ ਹੋਣਗੇ ਅਤੇ ਨਿਸ਼ਾਨੇ T ਦੇ ਪ੍ਰਤਿਬਿੰਬ ਕ੍ਰਮਵਾਰ J ਤੇ K ਉੱਤੇ ਬਣਨਗੇ। ਅਨੰਤ ਦੂਰੀ ਵਾਲਾ ਨਿਸ਼ਾਨਾ ਵਸਤੂ H ਦਾ ਪ੍ਰਤਿਬਿੰਬ L ਉਤੇ ਬਣਾਏਗਾ ਨਾ ਕੇ K ਉੱਤੇ। ਇਹ ਵਿਸਥਾਪਨ d, LK ਦੇ ਬਰਾਬਰ ਹੋਵੇਗੀ ਜਿਸ ਨੂੰ ਲੰਬਨਿਕ ਵਿਸਥਾਪਨ ਕਿਹਾ ਜਾਂਦਾ ਹੈ। ਕਿਉਂਕਿ ਤਿਕੋਨ TGK ਅਤੇ HLK ਸਮਰੂਪ ਹਨ ਇਸ ਲਈ ਦੂਰੀ ਮਾਪੀ ਜਾ ਸਕਦੀ ਹੈ ਅਤੇ ਇਸ ਸਮੀਕਰਨ ਨੂੰ ਨਿਮਨ ਅਨੁਸਾਰ ਲਿਖਿਆ ਜਾ ਸਕਦਾ ਹੈ।

$$R = b\,f/d \qquad (2)$$



ਚਿਤਰ 5 : ਫੌਜੀ ਸੰਪਾਤ ਦੂਰੀ ਮਾਪਕਾਂ ਦੀ ਦੂਰੀ ਤਿਕੋਨ।

ਫ਼ੌਜ ਵਿਚ ਵਰਤੇ ਜਾਣ ਵਾਲੇ ਇਕ ਵਿਸ਼ੇਸ਼ ਪ੍ਰਕਾਰ ਦੇ ਦੂਰੀਮਾਪਕ ਦੀ ਪ੍ਰਕਾਸ਼ੀ ਵਿਧੀ ਚਿੱਤਰ 6 ਵਿਚ ਦਰਸਾਈ ਗਈ ਹੈ। ਦੂਰੀਮਾਪਕ ਨੂੰ ਸੈੱਟ ਕਰ ਲਿਆ ਜਾਂਦਾ ਹੈ ਤਾਂ ਜੋ ਅਨੰਤ ਦੂਰੀ ਤੇ ਪਈ ਵਸਤੂ ਦੇਖੀ ਜਾ ਸਕੇ (ਵਸਤੂ H ਵਿਚੋਂ ਦੀ ਦਾਣੇਦਾਰ ਰੇਖਾ ਵਾਲਾ ਕਿਰਨ ਮਾਰਗ) ਅਤੇ ਦੋਵੇਂ ਪ੍ਰਤਿਬਿੰਬ ਇਕ ਦੂਜੇ ਉੱਤੇ ਪੂਰੀ ਤਰ੍ਹਾਂ ਨਾਲ ਉਪਰ ਆਰੋਪਿਤ ਹੋਣ। ਜੇਕਰ ਵਸਤੂ ਅਨੰਤ ਦੂਰੀ ਤੋਂ ਨੇੜੇ ਪਈ ਹੈ ਵਸਤੂ H ਦੁਆਰਾ ਬਣ ਰਹੇ ਪ੍ਰਤਿਬਿੰਬ ਦਾ ਧੁਰਾ ਵਿਸਥਾਪਨ ਕਾਰਨ ਵਿਸਥਾਪਿਤ ਹੋ ਜਾਵੇਗਾ ਜਿਵੇਂ ਕਿ ਪ੍ਰਿਜ਼ਮ D, ਇਹ ਬਿਲਕੁਲ ਸਮੀਕਰਨ (2) ਅਨੁਸਾਰ ਹੁੰਦਾ ਹੈ ਤਾਂ ਜੋ ਉਪਰ ਆਰੋਪਿਤ ਸਥਿਤੀ ਪ੍ਰਾਪਤ ਕੀਤੀ ਜਾ ਸਕੇ। ਇਸ ਤਰ੍ਹਾਂ ਦੇ ਵਿਸਥਾਪਨ ਨੂੰ ਸਕੇਲ ਉੱਤੇ ਦਰਸਾਇਆ ਜਾ ਸਕਦਾ ਹੈ ਅਤੇ ਇਸ ਨੂੰ ਦੂਰੀ ਪੜ੍ਹਤ ਕਿਹਾ ਜਾਂਦਾ ਹੈ। ਵਿਸਥਾਪਨ ਪ੍ਰਾਪਤ ਕਰਨ ਦੇ ਹੋਰ ਵੀ ਢੰਗ ਹਨ ਜਿਨ੍ਹਾਂ ਵਿਚ ਉਲਟ ਦਿਸ਼ਾ ਵਿਚ ਘੁੰਮ ਰਹੇ ਫਾਨੇ (ਡਾਇਸਪੋਰੋਮੀਟਰ), ਪਰਵਰਤਨਸ਼ੀਲ ਵਿੱਥ ਵਾਲੇ ਦੋ ਇਕਸਮਾਨ ਸਮਧਰੁੱਈ ਉਲਟਕ੍ਰਮੀ ਪ੍ਰਿਜ਼ਮ ਅਤੇ ਸਰਕਨਸ਼ੀਲ ਧਨਾਤਮਕ ਤੇ ਰਿਣਾਤਮਕ ਲੈੱਨਜ਼ (ਸਵਿੰਗ ਵੈੱਜ) ਆਦਿ ਆਉਂਦੇ ਹਨ।



ਚਿੱਤਰ 6 : ਫੌਜੀ ਸੰਪਾਤ ਦੂਰੀਮਾਪਕ

ਤ੍ਰੈਵਿਮੀ ਦੂਰੀਮਾਪਕ—ਭਾਵੇਂ ਵੇਖਣ ਨੂੰ ਇਹ ਸੰਪਾਤ ਦੂਰੀ ਮਾਪਕਾਂ ਨਾਲ ਮਿਲਦੇ ਜੁਲਦੇ ਹੀ ਹੁੰਦੇ ਹਨ ਪ੍ਰੰਤੂ ਅੰਦਰੋਂ ਬਿਲਕੁਲ ਵਖਰੇ ਹੁੰਦੇ ਹਨ। ਉਂਝ ਵੀ ਇਨ੍ਹਾਂ ਵਿਚ ਦੋ ਨੇਤਰਿਕਾ ਲਗੀਆਂ ਹੁੰਦੀਆਂ ਹਨ। ਦੋਵੇਂ ਨੇਤਰਿਕਾਵਾਂ ਨੂੰ ਇਨ੍ਹਾਂ ਯੰਤਰਾਂ ਨਾਲ ਵਰਤਿਆ ਜਾਂਦਾ ਹੈ, ਦੂਰੀ ਲੱਭਣ ਦਾ ਕੰਮ ਤ੍ਰੈਵਿਮੀ ਦ੍ਰਿਸ਼ਟੀ ਰਾਹੀਂ ਪੂਰਾ ਕੀਤਾ ਜਾਂਦਾ ਹੈ। ਇਸ ਵਿਚ ਵੱਡੇ ਵੱਡੇ ਤ੍ਰੈਵਿਮੀ ਦੁਨੇਤਰ ਵਿਸ਼ੇਸ਼ ਬਾਰੀਕ ਜ਼ਾਲੀਆਂ ਨਾਲ ਫਿਟ ਹੋਏ ਹੁੰਦੇ ਹਨ ਜਿਨ੍ਹਾਂ ਦੀ ਸਹਾਇਤਾ ਨਾਲ ਇਕ ਮਾਹਿਰ ਚਾਲਕ ਹੀ ਜਾਲੀਆਂ ਦੇ ਇਕ ਜੋੜੇ ਨੇਤਰਿਕਾ ਵਿਚੋਂ ਦਿਖਾਈ ਦੇ ਰਹੇ ਨਿਸ਼ਾਨ ਦੇ ਪ੍ਰਤਿਬਿੰਬਾਂ ਅਤੇ ਤ੍ਰੈਵਿਮੀ ਪ੍ਰਤਿਬਿੰਬ ਨੂੰ ਉਪਰ ਆਰੋਪਿਤ ਕਰ ਸਕਦਾ ਹੈ ਤਾਂ ਜੋ ਨਿਸ਼ਾਨੇ ਉਤੇ ਦਿਖਾਈ ਦੇ ਰਹੇ ਜ਼ਾਲੀ ਦੇ ਚਿੰਨ੍ਹ ਵੀ ਉਸੇ ਦੂਰੀ ਉੱਤੇ ਨਜ਼ਰ ਆ ਰਹੇ ਹੋਣ। ਇਕ ਵਿਸ਼ੇਸ਼ ਪ੍ਰਕਾਰ ਦੇ ਤ੍ਰੈਵਿਮੀ ਦੂਰੀਮਾਪਕ (ਚਿੱਤਰ 7) ਵਿਚ ਵਸਤੂਆਂ ਆਪਣੀਆਂ ਆਪਣੀਆਂ ਜ਼ਾਲੀਆਂ ਦੇ ਤਲਾਂ ਉੱਤੇ ਹੀ ਪ੍ਰਤਿਬਿੰਬ ਬਣਾਉਂਦੀਆਂ ਹਨ।



ਚਿਤਰ 7 : ਤ੍ਰੈਵਿਮੀ ਦੂਰੀਮਾਪਕ

ਯੰਤਰ ਦੇ ਅੱਧੇ ਹਿੱਸੇ ਵਿਚ ਡਾਇਸਪੋਰੋਮੀਟਰ ਦੀ ਵਰਤੋ ਨਿਸ਼ਾਨੇ ਤੋਂ ਆ ਰਹੀਆਂ ਪ੍ਰਕਾਸ਼ੀ ਕਿਰਨਾਂ ਵਿਚਲੇ ਕੋਣ ਦੀ ਅਦਲਾ ਬਦਲੀ ਲਈ ਕੀਤੀ ਜਾਂਦੀ ਹੈ ਤਾਂ ਜੋ ਦੋਵੇਂ ਜ਼ਾਲੀਆਂ ਤੋਂ ਅੱਖਾਂ ਤਕ

ਆ ਰਹੀਆਂ ਪ੍ਰਕਾਸ਼ੀ ਕਿਰਨਾਂ ਵਿਚਕਾਰਲਾ ਕੋਣ ਵੀ ਉਸ ਦੇ ਬਰਾਬਰ ਦਾ ਹੀ ਹੋ ਜਾਵੇ। ਜ਼ਾਲੀਆਂ ਵਿਚੋਂ ਬਣ ਰਹਿਆ ਪ੍ਰਤਿਬਿੰਬ ਅਤੇ ਨਿਸ਼ਾਨੇ ਦਾ ਪ੍ਰਤਿਬਿੰਬ ਦੋਵੇਂ ਹੀ ਇਕੋ ਦੂਰੀ ਉੱਤੇ ਬਣਨਗੇ।

ਦੂਰੀਮਾਪਕ ਤਰੁੱਟੀਆਂ—ਦੂਰੀਮਾਪਕਾਂ ਦੀਆਂ ਤਰੁੱਟੀਆਂ ਦੇਖਣ ਵਾਲੇ ਦੀਆਂ ਅੱਖਾਂ ਦੀ ਦ੍ਰਿਸ਼ਟੀ ਉੱਤੇ ਨਿਰਭਰ ਕਰਦੀਆਂ ਹਨ ਕਿ ਉਹ ਕਿਸ ਪੱਧਰ ਤਕ ਦੋਵੇਂ ਰੇਖਾਵਾਂ ਦੇ ਸੰਪਾਤ ਨੂੰ ਪਛਾਣ ਸਕਦਾ ਹੈ ਅਤੇ ਨਾਲ ਨਾਲ ਹੀ ਯੰਤਰ ਦੀ ਕਾਰਜ ਕੁਸ਼ਲਤਾ ਤੇ ਨਿਸ਼ਾਨੇ ਦੀ ਦੂਰੀ ਉੱਤੇ ਵੀ ਨਿਰਭਰ ਕਰਦੀਆਂ ਹਨ। ਦੂਰੀਮਾਪਕ ਦੀਆਂ ਤਰੁੱਟੀਆਂ ਨਿਸ਼ਾਨੇ ਦੀ ਦੂਰੀ ਦੇ ਵਰਗ ਦੇ ਸਮਾਨ ਅਨੁਪਾਤੀ ਅਤੇ ਆਧਾਰ ਦੂਰੀ ਤੇ ਵਰਧਨਾਂ ਦੇ ਉਲਟ ਅਨੁਪਾਤੀ ਹੁੰਦੀਆਂ ਹਨ।

ਉਚਾਈ ਮਾਪਕ—ਹਵਾਈ ਜਹਾਜ਼ ਵਿਚ ਬੰਬਾਰੀ ਦੀ ਦਿਸ਼ਾ ਪਤਾ ਕਰਨ ਲਈ ਵਰਤੇ ਜਾਣ ਵਾਲੇ ਯੰਤਰ ਦੂਰੀਮਾਪਕਾਂ ਦੀ ਹੀ ਸੁਧਰੀ ਹੋਈ ਕਿਸਮ ਹੈ। ਇਕ ਉਚਾਈ ਮਾਪਕ ਦੀ ਕਾਰਜ ਕੁਸ਼ਲਤਾ ਹਵਾਈ ਜਹਾਜ਼ ਦੇ ਲਿਹਾਜ ਨਾਲ ਨਿਸ਼ਾਨੇ R ਦੀ ਸਥਿਤੀ ਅਤੇ ਉਚਾਣ ਕੋਣ Q ਉੱਤੇ ਨਿਰਭਰ ਕਰਦੀ ਹੈ। ਦੂਰੀ ਦਾ ਸਮੀਕਰਨ ਨਿਮਨ ਅਨੁਸਾਰ ਹੈ

$$H = R \sin \theta \text{ —— } \quad (3)$$

ਆਮ ਕਰਕੇ ਉਚਾਈ ਦੀ ਮਿਣਤੀ ਦੇ ਪ੍ਰਚੱਲਿਤ ਢੰਗ ਅਨੁਸਾਰ ਇਹ, ਗਰਾਰੀ ਸੈੱਟ ਕੰਪਿਊਟਰ ਵਿਚ ਨਿਸ਼ਾਨੇ ਦੀ ਦੂਰੀ ਅਤੇ ਉਚਾਣ ਕੋਣ ਦੇ ਗੁਣਨਫਲ ਤੋਂ ਪਤਾ ਕੀਤੀ ਜਾਂਦੀ ਹੈ। ਇਕ ਹੋਰ ਢੰਗ ਅਨੁਸਾਰ ਦੂਰੀਮਾਪਕ ਦੇ ਅੰਦਰ ਇਕ ਜੋੜਾ ਵਿਚਲਨ ਪ੍ਰਿਜ਼ਮ ਦਾ ਲਗਾ ਕੇ ਗਰਾਰੀ ਸੈੱਟ ਦੀ ਸਹਾਇਤਾ ਨਾਲ ਉਹ ਵਿਚਲਨ ਪੈਦਾ ਕੀਤੀ ਜਾਂਦੀ ਹੈ ਜਿਹੜੀ $\sin \theta$ ਨੂੰ ਬਦਲਦੀ ਹੈ।

ਅਵਨਮਨ ਦੂਰੀ ਮਾਪਕ—ਇਸਦੀ ਵਰਤੋਂ ਬੰਦਰਗਾਹਾਂ ਦੀ ਸੁਰੱਖਿਆ ਲਈ ਬਣਾਈਆਂ ਗਈਆਂ ਚੌਕੀਆਂ ਉੱਤੇ ਕੀਤੀ ਜਾਂਦੀ ਹੈ। ਇਨ੍ਹਾਂ ਥਾਵਾਂ ਉਤੇ ਇਹ ਯੰਤਰ ਕਿਸੇ ਉੱਚੀ ਥਾਂ ਉੱਤੇ ਫਿਟ ਕੀਤੇ ਹੁੰਦੇ ਹਨ ਅਤੇ ਇਸ ਦੇ ਉਚਾਣ ਕੋਣ ਨੂੰ ਦੂਰੀਮਾਪਕ ਦਾ ਆਧਾਰ ਮੰਨਿਆ ਜਾਂਦਾ ਹੈ। ਇਸ ਨਾਲ ਨਿਸ਼ਾਨੇ ਦਾ ਅਵਨਮਨ ਕੋਣ ਮਿਣਿਆ ਜਾਂਦਾ ਹੈ ਜਿਸ ਨੂੰ ਇਹ ਤੁਰੰਤ ਜਵਾਰਭਾਟਾ, ਧਰਤੀ ਦੀ ਗੋਲਾਈ ਤੇ ਵਾਤਾਵਰਨ ਤੋਂ ਅਪਵਰਤਨ ਕਾਰਨ ਤਰੁੱਟੀਆਂ ਦੂਰੀ ਕਰਨ ਉਪਰੰਤ ਨਿਸ਼ਾਨੇ ਦੀ ਦੂਰੀ ਵਿਚ ਬਦਲ ਦਿੰਦਾ ਹੈ।

ਦੂਰੀਮਾਪਣ ਦੀ ਸੰਤੁਲਨ ਵਿਧੀ—ਇਹ ਕੁਝ ਕੁ ਸਥਿਤੀਆਂ ਵਿਚ ਵਰਤੇ ਜਾਂਦੇ ਹਨ। ਜੇਕਰ ਵਸਤੂ ਦੇ ਆਕਾਰ ਦਾ ਪਤਾ ਹੋਵੇ ਜਾਂ ਸਹੀ ਸਹੀ ਪਤਾ ਲਗ ਸਕਦਾ ਹੋਵੇ ਤਾਂ ਇਸਦੀ ਦੂਰੀ, ਦੂਰਬੀਨੀ ਸਿਸਟਮ ਦੀ ਨੇਤਰਿਕਾ ਜਾਲੀ ਵਿਚੋਂ ਮਿਣੀ ਜਾ ਸਕਦੀ ਹੈ।

ਹ.ਪੁ.—ਮੈਕ. ਐਨ. ਸ.ਟ. 11 : 364

ਦੂਲਹ : ਇਹ ਅਲੰਕਾਰ ਸ਼ਾਸਤਰੀ, ਛੰਦਾਂ ਅਤੇ ਦੋਹਰਿਆਂ ਦਾ ਰਚਣਹਾਰਾ ਹਿੰਦੀ ਸਾਹਿਤ ਦਾ ਇਕ ਪ੍ਰਮੁੱਖ ਕਵੀ ਸੀ ਜਿਹੜਾ ਕਵੀ ਕਾਲੀਦਾਸ ਤ੍ਰਿਵੇਦੀ ਦਾ ਪੋਤਰਾ ਅਤੇ ਕਵੀ ਉਦੈਨਾਥ ਤ੍ਰਿਵੇਦੀ ਦਾ ਪੁੱਤਰ ਸੀ। ਇਸ ਦੇ ਜਨਮ ਬਾਰੇ ਕੁਝ ਪਤਾ ਨਹੀਂ। ਇਸ ਦੇ ਕਵਿਤਾ ਕਾਲ ਸਬੰਧੀ ਵੱਖ ਵੱਖ ਵਿਦਵਾਨਾਂ ਵਿਚ ਕਾਫ਼ੀ ਮਤ-ਭੇਦ ਹੈ। ਇਸ ਦਾ ਕਵਿਤਾ ਕਾਲ (ਸੰਮਤ 1804) 1747 ਈ. ਤੋਂ (ਸੰਮਤ 1825) 1768 ਈ. ਮੰਨਿਆ ਜਾਂਦਾ ਹੈ।

'ਕਵੀਕੁਲ ਕੰਠਾਭਰਣ' ਤੋਂ ਬਿਨਾਂ ਇਸ ਦਾ ਕੋਈ ਹੋਰ ਕਾਵਿ ਗ੍ਰੰਥ ਨਹੀਂ ਮਿਲਦਾ। ਕੁਝ ਫੁਟਕਲ ਰਚਨਾਵਾਂ ਮਿਲਦੀਆਂ ਹਨ ਜੋ ਇਸ ਦੀ ਕਿਸੇ ਕਵਿਤਾ ਪੁਸਤਕ ਦੀਆਂ ਹੀ ਬਚੀਆਂ ਹੋਈਆਂ ਹੋਣਗੀਆਂ। ਦੂਲਹ ਨੇ ਅਲੰਕਾਰ ਦਾ ਲੱਛਣ ਅਤੇ ਉਦਾਹਰਣ ਇਕ ਹੀ ਛੰਦ ਵਿਚ ਦਿੱਤਾ ਹੈ ਪਰ ਇਸ ਵਾਸਤੇ ਕਬਿੱਤ ਵਰਗੇ ਵੱਡੇ ਛੰਦਾਂ ਦੀ ਵਰਤੋਂ ਕੀਤੀ ਹੈ। ਇਸ ਦਾ ਸਿੱਟਾ ਇਹ ਨਿਕਲਿਆ ਕਿ ਵਧੇਰੇ ਵਿਹਲ ਮਿਲ ਜਾਣ ਕਰ ਕੇ ਲੱਛਣ ਅਤੇ ਉਦਾਹਰਨ ਨੂੰ ਸਮਝਾਉਣ ਲਈ ਦੋਹੇ ਨਾਲੋਂ ਵਧੇਰੇ ਸੌਖ ਹੋ ਗਈ ਅਤੇ ਵੱਡੇ ਛੰਦਾਂ ਦੀ ਨਾਦ ਸੁੰਦਰਤਾ ਕਰ ਕੇ ਇਨ੍ਹਾਂ ਨੂੰ ਸਮਝਣ ਦੀ ਔਖ ਵੀ ਜਾਂਦੀ ਰਹੀ।

ਹਿੰਦੀ ਆਚਾਰੀਆ ਕੇਸ਼ਵਦਾਸ ਅਤੇ ਕੁਵਲਿਆਨੰਦ ਦਾ ਇਸ ਤੇ ਪ੍ਰਭਾਵ ਪਿਆ। ਕਵੀਕੁਲ ਕੰਠਾਭਰਣ ਵਿਚ 115 ਛੰਦਾਂ ਦਾ ਵਰਣਨ ਕੀਤਾ ਗਿਆ ਹੈ। ਅਲੰਕਾਰਾਂ ਦਾ ਅੰਤਰ ਸਪਸ਼ਟ ਕਰਨ ਲਈ ਇਸ ਨੇ ਵਿਸ਼ੇਸ਼ ਸਾਵਧਾਨੀ ਵਰਤੀ ਹੈ। ਇਸ ਗ੍ਰੰਥ ਦੇ ਆਰੰਭ ਵਿਚ ਦੂਲਹ ਨੇ ਇਸ ਦੀ ਰਚਨਾ ਦਾ ਉਦੇਸ਼ ਸਪਸ਼ਟ ਕੀਤਾ ਹੈ।

ਇਸ ਪੁਸਤਕ ਵਿਚ ਭਾਵੇਂ 15-20 ਫੁਟਕਲ ਛੰਦ ਹੀ ਮਿਲਦੇ ਹਨ ਫ਼ਿਰ ਵੀ ਭਾਵਾਂ ਦੀ ਗੰਭੀਰਤਾ, ਕਲਪਨਾ ਦੀ ਰਮਣੀਕਤਾ ਅਤੇ ਭਾਸ਼ਾ ਦੇ ਪਕੇਰੇਪਨ ਕਾਰਣ ਕੁਝ ਲੋਕ ਇਸ ਨੂੰ ਦੇਵ, ਪਦਮਾਕਰ ਅਤੇ ਮਤੀਰਾਮ ਦੀ ਸ਼੍ਰੇਣੀ ਵਿਚ ਸ਼ਾਮਲ ਕਰਦੇ ਹਨ।

ਹ.ਪੁ.—ਹਿੰ. ਵਿ. ਕੋ. 6 : 693

ਦੇਸ਼ ਨਿਕਾਲਾ : ਸਰਬਸੱਤਾਵਾਨ ਅਧਿਕਾਰੀ ਵੱਲੋਂ ਕਿਸੇ ਵਿਅਕਤੀ ਨੂੰ ਉਸ ਦੀ ਜਨਮ ਭੂਮੀ ਤੋਂ ਜਲਾਵਤਨ ਕਰ ਦੇਣ ਨੂੰ 'ਦੇਸ਼ ਨਿਕਾਲਾ' ਕਹਿੰਦੇ ਹਨ। ਆਮ ਤੌਰ ਤੇ ਦੇਸ਼ ਨਿਕਾਲਾ ਤੋਂ ਭਾਵ ਕਿਸੇ ਵਿਅਕਤੀ ਦਾ ਉਸ ਦੇ ਆਪਣੇ ਦੇਸ਼ ਤੋਂ ਲੰਬੇ ਸਮੇਂ ਲਈ, ਉਸ ਦੇਸ਼ ਦੀ ਸਰਕਾਰ ਵਲੋਂ ਦਿੱਤੇ ਗਏ ਹੁਕਮ ਵਜੋਂ, ਬਾਹਰ ਰਹਿਣ ਤੋਂ ਹੈ। ਇਹ ਜਲਾਵਤਨੀ ਦੇਸ਼ ਦੀ ਸਰਕਾਰ ਵਲੋਂ ਜਾਂ ਉਸ ਵਿਅਕਤੀ ਦੀ ਸਵੈ-ਇੱਛਾ ਨਾਲ ਦੋਹਾਂ ਤਰ੍ਹਾਂ ਦੀ ਹੋ ਸਕਦੀ ਹੈ। ਸੰਭਵ ਹੈ ਕਿ 'ਦੇਸ਼ ਨਿਕਾਲਾ' ਦਾ ਆਰੰਭ ਆਦਿ ਕਾਲ ਦੇ ਲੋਕਾਂ ਵਿਚ, ਸਜ਼ਾ ਦੇਣ ਦੇ ਇਕ ਸਾਧਨ ਵਜੋਂ ਹੋਇਆ। ਅਪਰਾਧੀ ਨੂੰ ਬਿਰਾਦਰੀ ਵਿਚੋਂ ਕੱਢ ਦਿੱਤਾ ਜਾਂਦਾ ਸੀ ਅਤੇ ਉਸ ਨੂੰ ਆਪਣੇ ਸਮਾਜ ਦੀਆਂ ਸਹੂਲਤਾਂ ਤੇ ਸੁਰੱਖਿਆ ਤੋਂ ਵਾਂਝਾ ਰੱਖਿਆ ਜਾਂਦਾ ਸੀ। ਯੂਨਾਨੀਆਂ ਦੁਆਰਾ 'ਦੇਸ਼ ਨਿਕਾਲਾ' ਅਜਿਹੇ ਅਪਰਾਧਾਂ ਵਾਸਤੇ ਦਿੱਤਾ ਜਾਂਦਾ ਸੀ ਜੋ ਆਮ ਲੋਕਾਂ ਦੇ ਹਿੱਤਾਂ ਨੂੰ ਪ੍ਰਭਾਵਿਤ ਕਰਦੇ ਸਨ ਪਰ ਖਾਸ ਤੌਰ ਤੇ ਇਹ ਕਤਲ ਦੇ ਮਾਮਲੇ ਵਿਚ ਦਿੱਤਾ ਜਾਂਦਾ ਸੀ। ਕਾਤਿਲ ਨੂੰ ਸਜ਼ਾ ਦੇਣ ਦਾ ਵਿਸ਼ੇਸ਼ ਅਧਿਕਾਰ, ਕਤਲ ਹੋਏ ਵਿਅਕਤੀ ਦੇ ਨਜ਼ਦੀਕੀ ਰਿਸਤੇਦਾਰ ਨੂੰ ਦਿੱਤਾ ਗਿਆ ਸੀ ਅਤੇ ਇਸ ਵਿਚ ਰਾਜ ਦਾ ਕੋਈ ਦਖ਼ਲ ਨਹੀਂ ਹੁੰਦਾ ਸੀ। ਕਤਲ ਹੋਏ ਵਿਅਕਤੀ ਦੇ ਰਿਸ਼ਤੇਦਾਰ ਜੇ ਮੁਆਵਜ਼ੇ ਦੇ ਤੌਰ ਤੇ ਰਕਮ ਲੈਣ ਨੂੰ ਰਾਜ਼ੀ ਹੋ ਜਾਂਦੇ ਸਨ ਤਾਂ ਇਸ ਮਾਮਲੇ ਵਿਚ ਕਾਤਿਲ ਨੂੰ ਆਪਣੇ ਦੇਸ਼ ਵਿਚ ਰਹਿਣ ਦੀ ਇਜਾਜ਼ਤ ਹੁੰਦੀ ਸੀ। ਸਜ਼ਾ ਤੋਂ ਬਚਣ ਦਾ ਇਕੋ ਹੀ ਤਰੀਕਾ ਹੁੰਦਾ ਸੀ ਕਿ ਕਾਤਿਲ ਕਿਸੇ ਵਿਦੇਸ਼ ਵਿਚ ਫ਼ਰਾਰ ਹੋ ਜਾਵੇ। ਉਸ ਦੇ ਸਵੈ-ਇੱਛਿਤ ਦੇਸ਼ ਨਿਕਾਲੇ ਦੌਰਾਨ ਜੇਕਰ ਰਿਸ਼ਤੇਦਾਰ ਹਰਜਾਨੇ ਦੀ ਰਕਮ ਨੂੰ ਸਵੀਕਾਰ ਕਰਨ ਦੀ ਖਾਹਿਸ਼ ਜ਼ਾਹਿਰ ਕਰਦੇ ਸਨ ਤਾਂ ਕਾਤਿਲ ਨੂੰ ਆਪਣੇ ਦੇਸ਼ ਵਾਪਸ ਆਉਣ ਤੇ ਸਮਾਜ ਵਿਚ ਆਪਣਾ ਪਹਿਲੇ ਵਾਲਾ ਸਥਾਨ ਕਾਇਮ ਰੱਖਣ ਦੀ ਆਜ਼ਾਦੀ ਸੀ।

ਬਾਅਦ ਦੇ ਸਮੇਂ ਵਿਚ 'ਦੇਸ਼ ਨਿਕਾਲਾ' ਤੋਂ ਭਾਵ ਕੁਝ ਖਾਸ ਅਪਰਾਧ ਲਈ ਇਕ ਕਾਨੂੰਨੀ ਸਜ਼ਾ ਤੇ ਸਵੈ-ਇੱਛਿਤ ਦੋਹਾਂ ਤਰ੍ਹਾਂ ਤੋਂ ਲਿਆ ਜਾਂਦਾ ਸੀ।

1. ਜਿਨ੍ਹਾਂ ਲੋਕਾਂ ਨੇ ਐਥਨਜ਼ ਦੇ ਪਵਿੱਤਰ ਜੈਤੂਨ ਦੇ ਬ੍ਰਿਛਾਂ ਨੂੰ ਤਬਾਹ ਕਰ ਦਿੱਤਾ ਸੀ ਜਾਂ ਜੜ੍ਹੋਂ ਉਖਾੜ ਦਿੱਤੇ ਸਨ; ਜਿਹੜੇ ਰਾਜਧਰੋਹ (ਬਗਾਵਤ) ਵਿਚ ਨਿਰਪੱਖ ਰਹੇ ਸਨ (ਸੈਲਨ ਦੇ ਇਕ ਕਾਨੂੰਨ ਦੁਆਰਾ ਜਿਸ ਤੇ ਬਾਅਦ ਵਿਚ ਰੋਕ ਲਗਾ ਦਿੱਤੀ ਗਈ ਸੀ); ਜਿਨ੍ਹਾਂ ਨੇ ਕਿਸੀ ਅਪਰਾਧੀ ਜਾਂ ਭਗੌੜੇ ਦਾ

ਜਹਾਜ਼ ਤੋਂ ਆਏ ਦਾ ਸੁਆਗਤ ਕੀਤਾ ਹੋਵੇ ਜਾਂ ਜਿਨ੍ਹਾਂ ਨੇ ਉਸ ਨੂੰ ਪਨਾਹ ਦਿੱਤੀ ਹੋਵੇ; ਜਿਸ ਨੇ ਕਿਸੇ ਨੂੰ ਜਾਣ ਬੁਝ ਕੇ ਮਾਰਨ ਵਜੋਂ ਜ਼ਖ਼ਮੀ ਕੀਤਾ ਹੋਵੇ ਤੇ ਜਿਨ੍ਹਾਂ ਨੇ ਉਸ ਨੂੰ ਅਜਿਹਾ ਕਰਨ ਲਈ ਉਕਸਾਇਆ ਹੋਵੇ। ਇਹ ਅਨਿਸ਼ਚਿਤ ਹੈ ਕਿ ਇਸ ਮਾਮਲੇ ਵਿਚ ਦੇਸ਼ ਨਿਕਾਲਾ ਉਮਰ ਭਰ ਲਈ ਸੀ ਜਾਂ ਥੋੜ੍ਹੇ ਸਮੇਂ ਲਈ ਸੀ। ਜਿਸ ਨੇ ਜਾਣ ਬੁਝ ਕੇ ਕਿਸੀ ਵਿਦੇਸ਼ੀ ਨੂੰ ਕਤਲ ਕੀਤਾ ਹੋਵੇ ਅਤੇ ਦੁਸ਼ਟਤਾ ਜਾਂ ਅਧਾਰਮਿਕਤਾ ਲਈ ਵੀ ਦਿੱਤਾ ਜਾਂਦਾ ਸੀ। ਕੁਝ ਕੁ ਸਿਆਸੀ ਅਪਰਾਧਾਂ ਜਿਵੇਂ ਕਿ ਰਾਜਧਰੋਹ, ਬੋਲਣ ਵਿਚ ਬੇਹੱਦ ਸੰਖੇਪਤਾ, ਚਮਚਾਗਿਰੀ, ਮੌਜੂਦਾ ਫ਼ਰਮਾਨਾਂ ਨੂੰ ਬਦਲਣ ਦੇ ਯਤਨਾਂ ਲਈ ਵੀ ਇਹ ਸਜ਼ਾ ਦਿੱਤੀ ਜਾਂਦੀ ਸੀ।

2. ਕਈ ਵਾਰੀ ਕੁਝ ਹੋਰ ਕਾਰਨਾਂ ਕਰਕੇ ਵੀ ਜਿਵੇਂ ਕਰਜ਼ਾ, ਜੁਰਮਾਨਾ ਨਾ ਅਦਾ ਕਰਨ ਦੀ ਹਾਲਤ ਵਿਚ ਨਾਗਰਿਕ ਆਪਣੀ ਮਨ ਮਰਜ਼ੀ ਨਾਲ 'ਦੇਸ ਨਿਕਾਲਾ' ਲੈ ਲੈਂਦੇ ਸਨ। ਭਗੌੜੇ ਵਿਅਕਤੀ ਨਾਲ ਰਾਜ ਦਾ ਕੋਈ ਸਬੰਧ ਨਹੀਂ ਹੁੰਦਾ ਸੀ। ਪ੍ਰਤਿਅਰਪਣ ਕੇਵਲ ਘੋਰ ਗਦਾਰੀ ਜਾਂ ਰਾਜ ਦੇ ਖ਼ਿਲਾਫ਼ ਮਹੱਤਵਪੂਰਨ ਅਪਰਾਧਾਂ ਲਈ ਹੀ ਮੰਗਿਆ ਜਾਂਦਾ ਸੀ। ਇਕ ਨਿਸ਼ਚਿਤ ਸਮੇਂ ਦੇ ਬੀਤਣ ਮਗਰੋਂ ਉਹ ਵਾਪਿਸ ਆਉਣ ਲਈ ਆਜ਼ਾਦ ਹੁੰਦਾ ਸੀ। ਸਪਾਰਟਾ ਅਤੇ ਹੋਰ ਯੂਨਾਨੀ ਸ਼ਹਿਰਾਂ ਵਿਚ 'ਦੇਸ਼ ਨਿਕਾਲਾ' ਬਾਰੇ ਮਾਮੂਲੀ ਜਾਣਕਾਰੀ ਮਿਲਦੀ ਹੈ ਪਰ ਮੰਨਿਆ ਜਾਂਦਾ ਹੈ ਕਿ ਐਥਨਜ਼ ਵਾਂਗ ਇਥੇ ਵੀ ਉਹੀ ਸ਼ਰਤਾਂ ਪ੍ਰਚਲਿਤ ਸਨ।

ਆਰੰਭਕ ਕਾਲ ਵਿਚ ਰੋਮ ਵਿਚ ਦੇਸ਼ ਨਿਕਾਲਾ ਇਕ ਸਜ਼ਾ ਨਾ ਹੋ ਕੇ ਸਜ਼ਾ ਤੋਂ ਬਚਣ ਦਾ ਇਕ ਸਾਧਨ ਸੀ। ਅੰਤਿਮ ਫੈਸਲਾ ਘੋਸ਼ਿਤ ਹੋਣ ਤੋਂ ਪਹਿਲਾਂ ਕਿਸੇ ਵੀ ਰੋਮਨ ਨਾਗਰਿਕ ਵਿਚ ਸਵੈ-ਇੱਛਿਕ ਦੇਸ਼ ਨਿਕਾਲੇ ਦੀ ਖੁੱਲ੍ਹ ਸੀ। ਉਸ ਦੀ ਵਾਪਸੀ ਨੂੰ ਰੋਕਣ ਲਈ ਉਸ ਨੂੰ ਅੱਗ ਤੇ ਪਾਣੀ ਦੀ ਵਰਤੋਂ ਕਰਨ ਦੀ ਮਨਾਹੀ ਸੀ ਅਤੇ ਜੇ ਉਹ ਇਸ ਮਨਾਹੀ ਨੂੰ ਤੋੜਦਾ ਸੀ ਅਤੇ ਵਾਪਸ ਆਉਂਦਾ ਸੀ ਤਾਂ ਕਿਸੀ ਵੀ ਵਿਅਕਤੀ ਨੂੰ ਉਸ ਨੂੰ ਮਾਰ ਦੇਣ ਦੀ ਖੁੱਲ੍ਹ ਸੀ। ਬਾਅਦ ਵਿਚ ਅਮਲੀ ਤੌਰ ਤੇ ਮੌਤ-ਦੰਡ, ਦੇਸ਼ ਨਿਕਾਲਾ ਦੇ ਬਰਾਬਰ ਪ੍ਰਮਾਣਿਤ ਕਾਨੂੰਨੀ ਸਜ਼ਾ ਬਣ ਗਈ। ਸਜ਼ਾ ਘੋਸ਼ਿਤ ਹੋਣ ਤੋਂ ਬਾਅਦ ਮੁਜ਼ਰਿਮ ਨੂੰ ਸ਼ਹਿਰ ਛੱਡਣ ਦਾ ਹੁਕਮ ਦਿੱਤਾ ਜਾਂਦਾ ਸੀ।

ਇੰਟਰਡਿਕਸ਼ੀਓ, ਡਿਪਾਰਟੇਸ਼ੀਓ ਅਤੇ ਰੇਲੀਗੇਸ਼ੀਓ ਦੇਸ਼ ਨਿਕਾਲਾ ਦੀਆਂ ਹੀ ਵੱਖ-ਵੱਖ ਕਿਸਮਾਂ ਸਨ। ਇੰਟਰਡਿਕਸ਼ੀਓ ਵਿਚ ਅਪਰਾਧੀ ਜੀਵਨ ਦੀਆਂ ਮੁੱਢਲੀਆਂ ਜ਼ਰੂਰਤਾਂ, ਆਪਸੀ ਮੇਲ-ਜੋਲ ਅਤੇ ਚੰਗੇ ਸਮਾਜ ਦੇ ਨਿਸ਼ਾਨੇ ਤੋਂ ਅਲਹਿਦਗੀ ਦਿੱਤੀ ਜਾਂਦੀ ਸੀ ਅਤੇ ਇਨ੍ਹਾਂ ਚੀਜ਼ਾਂ ਦਾ ਅਪਰਾਧੀ ਵੱਲੋਂ ਪ੍ਰਯੋਗ ਅਪਵਿੱਤਰ ਮੰਨਿਆ ਜਾਂਦਾ ਸੀ। ਇਹ ਸਜ਼ਾ (ਇੰਟਰਡਿਕਸ਼ੀਓ) ਰਾਜਧ੍ਰੋਹ, ਕਤਲ, ਸਾੜ-ਫੂਕ ਅਤੇ ਹੋਰ ਖਤਰਨਾਕ ਅਪਰਾਧਾਂ ਲਈ ਦਿੱਤੀ ਜਾਂਦੀ ਸੀ। ਕੇਵਲ ਗੰਭੀਰ ਮਾਮਲਿਆਂ ਵਿਚ ਹੀ ਸੰਪਤੀ ਜ਼ਬਤ ਕੀਤੀ ਜਾਂਦੀ ਸੀ।

ਸਾਮਰਾਜ ਦੌਰਾਨ, ਇੰਟਰਡਿਕਸ਼ੀਓ ਦਾ ਰਿਵਾਜ਼ ਕਾਫ਼ੀ ਘੱਟ ਗਿਆ ਅਤੇ ਆਗਸਟਸ ਵੱਲੋਂ ਪ੍ਰਚਲਿਤ ਇਕ ਨਵੀਂ ਕਿਸਮ ਡਿਪਾਰਟੇਸ਼ੀਓ ਹੋਂਦ ਵਿਚ ਆਈ। ਡਿਪਾਰਟੇਸ਼ੀਓ ਵਿਚ ਅਪਰਾਧੀ ਨੂੰ ਕਿਸੇ ਜਜ਼ੀਰੇ ਤੇ ਉਮਰ ਭਰ ਲਈ ਕਾਲੇਪਾਣੀ ਦੀ ਸਜ਼ਾ, ਨਾਗਰਿਕਾ ਖੋਹ ਲੈਣੀ, ਮਲਕੀਅਤ (ਸੰਪਤੀ) ਜ਼ਬਤ ਕਰਨੀ ਅਤੇ ਹੋਰ ਸ਼ਹਿਰੀ ਅਧਿਕਾਰ ਵਾਪਸ ਲੈਣੇ ਸ਼ਾਮਿਲ ਸਨ। ਇਹ ਸਜ਼ਾ ਕਈ ਹੋਰ ਅਪਰਾਧਾਂ ਜਿਵੇਂ ਕਿ ਦੁਰਾਚਾਰ, ਕਤਲ, ਜ਼ਹਿਰ ਦੇਣਾ, ਜਾਅਲ-ਸਾਜ਼ੀ, ਗਬਨ, ਧਾਰਮਿਕ ਬੇਅਦਬੀ ਅਤੇ ਭ੍ਰਿਸ਼ਟਾਚਾਰ ਦੇ ਕਈ ਹੋਰ ਮਾਮਲਿਆਂ ਵਿਚ ਹੀ ਦਿੱਤੀ ਜਾਂਦੀ ਸੀ।

ਰੇਲੀਗੇਸ਼ੀਓ, ਡਿਪਾਰਟੇਸ਼ੀਓ ਦੀ ਹੀ ਇਕ ਨਰਮ ਕਿਸਮ ਸੀ। ਇਸ ਵਿਚ ਅਪਰਾਧੀ ਦੀ ਜਲਾਵਤਨੀ ਦੀ ਥਾਂ ਨਿਸ਼ਚਿਤ ਹੁੰਦੀ ਸੀ। ਇਹ ਆਰਜ਼ੀ ਜਾਂ ਉਮਰ ਭਰ, ਦੋਹਾਂ ਤਰ੍ਹਾਂ ਦੀ ਹੋ ਸਕਦੀ ਸੀ ਪਰ ਦੋਹਾਂ ਕੇਸਾਂ ਵਿਚ ਨਾਗਰਿਕਤਾ ਨਹੀਂ ਖੋਹੀ ਜਾਂਦੀ ਸੀ ਨਾ ਹੀ ਡਿਪਾਰਟੇਸ਼ੀਓ ਦੀ ਤਰ੍ਹਾਂ ਸੰਪਤੀ ਹੀ ਜ਼ਬਤ ਕੀਤੀ ਜਾਂਦੀ ਸੀ ਅਤੇ ਨਾ ਹੀ ਜਲਾਵਤਨੀ ਫ਼ੌਜੀ ਸੁਰੱਖਿਆ ਅਧੀਨ ਹੁੰਦੀ ਸੀ।

ਬਾਅਦ ਵਿਚ ਲੇਖਕਾਂ ਨੇ 'ਦੇਸ਼ ਨਿਕਾਲਾ' ਸ਼ਬਦ ਇਸ ਦੀਆਂ ਤਿੰਨੇ ਕਿਸਮਾਂ ਇੰਟਰਡਿਕਸ਼ੀਓ, ਡਿਪਾਰਟੇਸ਼ੀਓ ਅਤੇ ਰੇਲੀਗੇਸ਼ੀਓ ਲਈ ਪ੍ਰਯੋਗ ਕੀਤਾ। ਵੀਹਵੀਂ ਸਦੀ ਵਿਚ ਆਮ ਕਰਕੇ ਦੇਸ ਨਿਕਾਲਾ' ਦਾ ਆਧਾਰ ਰਾਜਨੀਤਿਕ ਕਾਰਨ ਹੋ ਗਏ ਸਨ।

ਹ.ਪੁ.—ਐਨ. ਬ੍ਰਿ. ਮਾ. 5 : 5,; ਐਨ. ਬ੍ਰਿ. ਮੈ. 8 : 964; ਐਨ. ਅਮੈ. 10 : 638

ਦੇਸ਼ਬੰਧੂ-ਚਿਤਰੰਜਨਦਾਸ : ਇਹ ਭਾਰਤ ਦਾ ਇਕ ਪ੍ਰਸਿੱਧ ਸਿਆਸਤਦਾਨ, ਨੇਤਾ, ਵਕੀਲ, ਕਵੀ ਅਤੇ ਪੱਤਰਕਾਰ ਸੀ। ਇਸ ਦਾ ਜਨਮ 1870 ਈ. ਵਿਚ ਭੁਵਨਮੋਹਨ ਦਾਸ ਦੇ ਘਰ ਹੋਇਆ। ਇਸ ਦਾ ਪਿਤਾ ਇਕ ਸਾਲਿਸਟਰ ਸੀ। ਸੰਨ 1892 ਵਿਚ ਇਹ ਵੀ ਬੈਰਿਸਟਰ ਬਣ ਕੇ ਭਾਰਤ ਵਾਪਸ ਆਇਆ ਅਤੇ ਵਕਾਲਤ ਕਰਨ ਲਗ ਪਿਆ। ਵਕਾਲਤ ਵਿਚ ਇਸ ਨੇ ਸਭ ਤੋਂ ਪਹਿਲਾਂ 'ਬੰਦੇ ਮਾਤਰਮ' ਦੇ ਸੰਪਾਦਕ ਸ੍ਰੀ ਅਰਵਿੰਦ ਘੋਸ਼ ਤੇ ਚਲਾਇਆ ਗਿਆ ਰਾਜਧ੍ਰੋਹ ਦਾ ਮੁਕੱਦਮਾ ਲੜਿਆ। ਇਸ ਤੋਂ ਬਾਅਦ ਮਾਨਿਕਤਲਾ ਬਾਗ ਸਾਜ਼ਸ਼ ਦਾ ਮੁਕੱਦਮਾ ਲੜਿਆ। ਇਨ੍ਹਾਂ ਦੋਹਾਂ ਮੁਕੱਦਮਿਆਂ ਨਾਲ ਕਲਕੱਤਾ ਹਾਈ ਕੋਰਟ ਵਿਚ ਇਸ ਦੀ ਬਹੁਤ ਧਾਕ ਜੰਮ ਗਈ। ਇਸ ਕਿਸਮ ਦੇ ਰਾਜਨੀਤਕ ਮੁਕੱਦਮਿਆਂ ਲਈ ਇਹ ਪੈਸੇ ਨਹੀਂ ਲੈਂਦਾ ਸੀ ਜਿਸ ਕਰਕੇ ਸਾਰੇ ਭਾਰਤ ਵਿਚ ਰਾਸ਼ਟਰੀ ਵਕੀਲ ਦੇ ਤੌਰ ਤੇ ਇਸ ਦਾ ਜਸ ਫੈਲ ਗਿਆ।

ਸੰਨ 1906 ਵਿਚ ਇਹ ਕਾਂਗਰਸ ਪਾਰਟੀ ਵਿਚ ਦਾਖ਼ਲ ਹੋਇਆ। ਸੰਨ 1917 ਵਿਚ ਇਹ ਬੰਗਾਲ ਦੀ ਪ੍ਰਾਂਤਕੀ ਰਾਜਕੀ ਪਰੀਸ਼ਦ ਦਾ ਪ੍ਰਧਾਨ ਬਣਿਆ ਅਤੇ. ਇਸ ਸਮੇਂ ਤੋਂ ਹੀ ਇਹ ਰਾਜਨੀਤੀ ਵਿਚ ਪੂਰੇ ਜ਼ੋਰ-ਸ਼ੋਰ ਨਾਲ ਹਿੱਸਾ ਲੈਣ ਲੱਗਾ। ਸੰਨ 1917 ਵਿਚ ਸ੍ਰੀਮਤੀ ਐਨੀ ਬੇਸੰਟ ਨੂੰ ਕਲਕੱਤੇ ਦੀ ਕਾਂਗਰਸ ਦੀ ਪ੍ਰਧਾਨ ਬਣਾਉਣ ਵਿਚ ਇਸ ਦਾ ਹੀ ਪ੍ਰਮੁੱਖ ਹੱਥ ਸੀ। ਇਸ ਦੀ ਉਦਾਰ ਨੀਤੀ ਕਰਕੇ ਬੇਸ਼ੱਕ ਸ੍ਰੀ ਸੁਰੇਂਦਰ ਨਾਥ ਬੈਨਰਜੀ ਅਤੇ ਉਸ ਦੇ ਦਲ ਦੇ ਕੁਝ ਹੋਰ ਸਾਥੀਆਂ ਨੇ ਕਾਂਗਰਸ ਪਾਰਟੀ ਛੱਡ ਕੇ ਹੋਰ ਪ੍ਰਗਤੀਵਾਦੀ ਪਰੀਸ਼ਦ ਦੀ ਸਥਾਪਨਾ ਕਰ ਲਈ। ਸੰਨ 1918 ਵਿਚ ਕਾਂਗਰਸ ਵਿਚ ਸ੍ਰੀਮਤੀ ਐਨੀ ਬੇਸੰਟ ਦੇ ਵਿਰੋਧ ਦੇ ਬਾਵਜੂਦ ਵੀ ਇਸ ਨੇ ਪ੍ਰਾਂਤਕੀ ਸਥਾਨਕ ਸ਼ਾਸਨ ਦਾ ਪ੍ਰਸਤਾਵ ਮਨਜ਼ੂਰ ਕਰਵਾ ਲਿਆ ਅਤੇ ਰੋਲਟ ਐਕਟ ਦਾ ਡੱਟ ਕੇ ਵਿਰੋਧ ਕੀਤਾ।

ਪੰਜਾਬ ਕਾਂਡ ਦੀ ਜਾਂਚ-ਕਮੇਟੀ ਵਿਚ ਵੀ ਇਸ ਨੇ ਮਹੱਤਵ-ਪੂਰਨ ਕੰਮ ਕੀਤਾ। ਇਸ ਨੇ ਗਾਂਧੀ ਜੀ ਦੇ ਸਤਿਆਗ੍ਰਹਿ ਦਾ ਸਮਰਥਨ ਕੀਤਾ ਪਰ ਕਲਕੱਤੇ ਵਿਚ ਹੋਈ ਕਾਂਗਰਸ ਦੀ ਵਿਸ਼ੇਸ਼ ਬੈਠਕ ਵਿਚ ਇਸ ਨੇ ਗਾਂਧੀ ਦੇ ਨਾ-ਮਿਲਵਰਤਨ ਦੇ ਪ੍ਰਸਤਾਵ ਦਾ ਵਿਰੋਧ ਕੀਤਾ ਅਤੇ ਨਾਗਪੁਰ ਦੀ ਬੈਠਕ ਵਿਚ ਇਸ ਪ੍ਰਸਤਾਵ ਦਾ ਵਿਰੋਧ ਕਰਨ ਲਈ ਇਹ 250 ਪ੍ਰਤੀਨਿਧੀਆਂ ਦੇ ਇਕ ਦਲ ਨੂੰ ਤਿਆਰ ਕਰ ਕੇ ਉੱਥੇ ਲੈ ਕੇ ਗਿਆ ਪਰ ਅਖ਼ੀਰ ਇਹ ਇਸ ਪ੍ਰਸਤਾਵ ਨਾਲ ਸਹਿਮਤ ਹੋ ਗਿਆ। ਕਾਂਗਰਸ ਦੇ ਨਿਰਣੇ ਅਨੁਸਾਰ ਇਸ ਨੇ ਵਕਾਲਤ ਛੱਡ ਦਿੱਤੀ ਅਤੇ ਆਪਣੀ ਸਾਰੀ ਸੰਪਤੀ ਮੈਡੀਕਲ ਕਾਲਜ ਅਤੇ ਔਰਤਾਂ ਦੇ ਹਸਪਤਾਲ ਨੂੰ ਦੇ ਦਿੱਤੀ। ਇਸੇ ਕਰਕੇ ਹੀ ਜਨਤਾ ਇਸ ਨੂੰ 'ਦੇਸ਼ਬੰਧੂ' ਕਹਿਣ ਲੱਗ ਪਈ।

ਨਾ-ਮਿਲਵਰਤਨ ਅੰਦੋਲਨ ਵਿਚ ਜਿਹੜੇ ਵਿਦਿਆਰਥੀਆਂ ਨੇ ਸਕੂਲ, ਕਾਲਜ ਛੱਡ ਦਿੱਤੇ ਸਨ, ਉਨ੍ਹਾਂ ਲਈ ਇਸ ਨੇ ਢਾਕੇ ਵਿਚ ਇਕ ਰਾਸ਼ਟਰੀ ਵਿਦਿਆਲੇ ਦੀ ਸਥਾਪਨਾ ਕੀਤੀ। ਇਸ ਤਰ੍ਹਾਂ ਆਸਾਮ ਦੇ ਚਾਹ ਦੇ ਬਾਗਾਂ ਦੇ ਮਜ਼ਦੂਰਾਂ ਦੀ ਮਾੜੀ ਹਾਲਤ ਵੱਲ ਵੀ ਇਸ ਨੇ ਧਿਆਨ ਕੇਂਦ੍ਰਿਤ ਕੀਤਾ।

ਸੰਨ 1921 ਵਿਚ ਕਾਂਗਰਸ ਨੇ ਨਾ-ਮਿਲਵਰਤਨ ਅੰਦੋਲਨ ਲਈ ਦਸ ਲੱਖ ਸਵੈ-ਸੇਵਕ ਮੰਗੇ ਸਨ। ਇਸ ਨੇ ਉਨ੍ਹਾਂ ਦੀ ਪੂਰਤੀ ਲਈ ਅਤੇ ਖੱਦਰ ਆਦਿ ਵੇਚਣ ਜਿਹੇ ਹੋਰ ਕੰਮਾਂ ਨੂੰ ਪੂਰਾ ਕਰਨ ਲਈ ਭਰਪੂਰ ਯਤਨ ਕੀਤੇ। ਅੰਦੋਲਨ ਨੂੰ ਮਜ਼ਬੂਤ ਹੁੰਦੇ ਦੇਖ ਕੇ ਬਰਤਾਨਵੀ ਸਰਕਾਰ ਨੇ ਇਸ ਨੂੰ ਗ਼ੈਰ-ਕਾਨੂੰਨੀ ਕਰਾਰ ਦੇ ਦਿੱਤਾ। ਇਹ ਆਪਣੀ ਪਤਨੀ ਸਮੇਤ ਪਕੜਿਆ ਗਿਆ ਅਤੇ ਦੋਹਾਂ ਨੂੰ ਛੇ-ਛੇ ਮਹੀਨੇ ਦੀ ਸਜ਼ਾ ਹੋਈ। ਸੰਨ 1921 ਵਿਚ ਕਾਂਗਰਸ ਦੀ ਅਹਿਮਦਾਬਾਦ ਬੈਠਕ ਵਿਚ ਇਹ ਕਾਂਗਰਸ ਦਾ ਪ੍ਰਧਾਨ ਚੁਣਿਆ ਗਿਆ ਪਰ ਉਸ ਸਮੇਂ ਇਹ ਜੇਲ੍ਹ ਵਿਚ ਸੀ। ਕਾਂਗਰਸ ਦੀ ਗਯਾ ਵਿਚ ਹੋਈ ਬੈਠਕ ਦਾ ਵੀ ਇਹ ਪ੍ਰਧਾਨ ਸੀ ਤੇ ਇਸ ਨੇ ਬਾਹਰ ਤੋਂ ਅੰਦੋਲਨ ਕਰਨ ਦੀ ਬਜਾਏ ਕਾਉਂਸਲਾਂ ਦੇ ਵਿਚ ਜ਼ਬਰਦਸਤੀ ਵੜ ਕੇ ਅੰਦਰੋਂ ਅੜੰਗਾ ਲਗਾਉਣ ਦੀ ਨੀਤੀ ਦਾ ਐਲਾਨ ਕੀਤਾ ਪਰ ਇਹ ਪ੍ਰਸਤਾਵ ਬੈਠਕ ਵਿਚ ਸਵੀਕਾਰ ਨਾ ਹੋ ਸਕਿਆ। ਨਤੀਜੇ ਵਜੋਂ ਇਸ ਨੇ ਕਾਂਗਰਸ ਦੇ ਪ੍ਰਧਾਨ ਪਦ ਤੋਂ ਅਸਤੀਫਾ ਦੇ ਦਿੱਤਾ ਅਤੇ ਸਵਰਾਜ ਦਲ ਦੀ ਸਥਾਪਨਾ ਕੀਤੀ। ਇਸ ਤੋਂ ਕਾਂਗਰਸ ਨੂੰ ਇਸ ਦੀ ਨੀਤੀ ਮੰਨਣੀ ਪਈ ਅਤੇ 1923 ਈ. ਵਿਚ ਦਿੱਲੀ ਵਿਚ ਹੋਈ ਕਾਂਗਰਸ ਦੀ ਬੈਠਕ ਵਿਚ ਇਸ ਦਾ ਪ੍ਰਸਤਾਵ ਪਾਸ ਹੋ ਗਿਆ।

ਪ੍ਰਸਤਾਵ ਅਨੁਸਾਰ ਇਹ ਕਾਉਂਸਲ ਵਿਚ ਦਾਖ਼ਲ ਹੋਇਆ। ਇਸ ਦਾ ਦਲ ਬੰਗਾਲ ਕਾਉਂਸਲ ਵਿਚ ਸਰਵ ਸੰਮਤੀ ਨਾਲ ਚੁਣਿਆ ਗਿਆ। ਇਸ ਨੇ ਮੰਤਰੀ ਮੰਡਲ ਬਣਾਉਣਾ ਅਤੇ ਮੰਤਰੀਆਂ ਦੀਆਂ ਤਨਖਾਹਾਂ ਨੂੰ ਮਾਨਤਾ ਦੇਣਾ ਨਾ ਮਨਜ਼ੂਰ ਕਰਕੇ ਮਾਂਟਫੋਰਡ ਸੁਧਾਰਾਂ ਦੀ ਦੁਰਗਤੀ ਕਰ ਦਿੱਤੀ। ਸੰਨ 1924-25 ਵਿਚ ਇਸ ਨੇ ਕਲਕੱਤਾ ਨਗਰ ਮਹਾਂਪਾਲਕਾ ਵਿਚ ਆਪਣੇ ਪੱਖ ਦੇ ਕਾਫ਼ੀ ਲੋਕਾਂ ਨੂੰ ਸ਼ਾਮਲ ਕਰ ਲਿਆ ਅਤੇ ਖੁਦ ਮੇਅਰ ਬਣਿਆ।

ਇਨ੍ਹਾਂ ਦਿਨਾਂ ਵਿਚ ਕਾਂਗਰਸ ਤੇ ਇਸ ਦੇ ਸਵਰਾਜ ਦਲ ਦਾ ਪੂਰਾ ਜ਼ੋਰ ਸੀ ਅਤੇ ਇਹ ਖ਼ੁਦ ਉਸ ਦਾ ਕਰਤਾ-ਧਰਤਾ ਸੀ। ਇਨ੍ਹਾਂ ਦਿਨਾਂ ਵਿਚ ਹੀ ਗੋਪੀ ਨਾਥ ਸਾਹਾ ਨਾਂ ਦੇ ਇਕ ਬੰਗਾਲੀ ਨੇ ਇਕ ਅੰਗਰੇਜ਼ ਦੀ ਹੱਤਿਆ ਕਰ ਦਿੱਤੀ ਅਤੇ ਸਰਕਾਰ ਅਤੇ ਇਸ ਦੇ ਦਲ ਵਿਚ ਝਗੜਾ ਸ਼ੁਰੂ ਹੋ ਗਿਆ। ਸਰਕਾਰ ਨੇ ਇਕ ਇਸ਼ਤਿਹਾਰ ਛਾਪਿਆ ਅਤੇ ਸ਼ੱਕੇ ਵਿਚ 80 ਵਿਅਕਤੀਆਂ ਨੂੰ ਫੜ ਲਿਆ। ਕਲਕੱਤਾ ਕਾਰਪੋਰੇਸ਼ਨ ਨੇ ਵੀ ਸਰਕਾਰ ਦੀ ਇਸ ਨੀਤੀ ਦਾ ਵਿਰੋਧ ਕੀਤਾ। ਸੰਨ 1925 ਵਿਚ ਉਕਤ ਸਰਕਾਰੀ ਇਸ਼ਤਿਹਾਰ ਦੀਆਂ ਮੁੱਖ ਧਾਰਾਵਾਂ ਨੂੰ ਬੰਗਾਲ ਕਰਿਮੀਨਲ ਲਾਅ ਅਮੈਂਡਮੈਂਟ ਬਿਲ ਵਿਚ ਸ਼ਾਮਲ ਕਰ ਦਿੱਤਾ। ਸਵਰਾਜ ਦਲ ਨੇ ਬਿਲ ਨਾਮਨਜ਼ੂਰ ਕਰ ਦਿੱਤਾ ਪਰ ਸਰਕਾਰ ਨੇ ਆਪਣੇ ਵਿਸ਼ੇਸ਼ ਅਧਿਕਾਰ ਨਾਲ ਬਿਲ ਪਾਸ ਕਰ ਦਿੱਤਾ। ਦੇਸ਼ਬੰਧੂ ਨੇ ਇਸ ਦੀ ਡਟ ਕੇ ਆਲੋਚਨਾ ਕੀਤੀ ਅਤੇ ਇਸ ਸਬੰਧ ਵਿਚ ਦੋ ਪੱਤਰ ਪ੍ਰਕਾਸ਼ਿਤ ਕੀਤੇ ਅਤੇ ਇਸੇ ਤਰ੍ਹਾਂ ਦਾ ਇਕ ਪੱਤਰ ਇਸ ਨੇ ਸਰਕਾਰ ਨੂੰ ਵੀ ਭੇਜਿਆ। ਇਸ ਦੇ ਫਲਸਰੂਪ ਦੋਹਾਂ ਪਾਸਿਆਂ ਤੋਂ ਕੁਝ ਸਮਝੌਤੇ ਹੋਣ ਦੀਆਂ ਸ਼ਰਤਾਂ ਸ਼ੁਰੂ ਹੋਈਆਂ ਹੀ ਸਨ ਕਿ 6 ਜੂਨ, 1925 ਨੂੰ ਇਸ ਦੀ ਮੌਤ ਹੋ ਗਈ। ਇਸ ਦੀ ਸ਼ਖ਼ਸੀਅਤ ਦੇ ਕਈ ਪਹਿਲੂ ਸਨ। ਇਹ ਨਾ ਕੇਵਲ ਇਕ ਉੱਚ ਕੋਟੀ ਦਾ ਰਾਜਨੀਤਕ ਨੇਤਾ ਹੀ ਸੀ ਸਗੋਂ ਬੰਗਲਾ ਭਾਸ਼ਾ ਦਾ ਇਕ ਚੰਗਾ ਕਵੀ ਅਤੇ ਪੱਤਰਕਾਰ ਵੀ ਸੀ। 'ਸਾਗਰ ਸੰਗੀਤ', 'ਕਿਸ਼ੋਰ ਕਿਸ਼ੋਰੀ' ਅਤੇ 'ਅੰਤਰਯਾਮੀ' ਇਸ ਦੇ ਕਾਵਿ-ਗ੍ਰੰਥ ਹਨ। ਸਾਗਰ ਸੰਗੀਤ ਦਾ ਇਸ ਨੇ ਅਰਵਿੰਦ ਘੋਸ਼ ਨਾਲ ਮਿਲ ਕੇ 'ਸਾਂਗਜ਼ ਆਫ ਦੀ ਸੀ' ਨਾਂ ਹੇਠ ਅੰਗਰੇਜ਼ੀ ਅਨੁਵਾਦ ਵੀ ਕੀਤਾ। ਇਸ ਤੋਂ ਇਲਾਵਾ 'ਨਾਰਾਇਣ' ਨਾਂ ਦਾ ਇਕ ਮਾਸਕ ਪੱਤਰ ਵੀ ਇਸ ਨੇ ਕਾਫੀ ਚਿਰ ਤਕ ਕੱਢਿਆ। ਇਸ ਦੇ ਨਾਲ ਹੀ ਇਹ 'ਬੰਦੇ ਮਾਤਰਮ' ਨਾਂ ਦੇ ਅੰਗਰੇਜ਼ੀ ਪੱਤਰ ਦੇ ਸੰਸਥਾਪਕ ਮੰਡਲ ਅਤੇ ਸੰਪਾਦਨ ਮੰਡਲ ਦੋਹਾਂ ਦਾ ਮੁੱਖ ਮੈਂਬਰ ਸੀ। ਬੰਗਾਲ ਸਵਰਾਜ ਦਲ ਦਾ ਮੁੱਖ ਪੱਤਰ 'ਫਾਰਵਰਡ' ਤਾਂ ਇਸ ਦੀ ਪ੍ਰੇਰਨਾ ਅਤੇ ਜ਼ਿੰਮੇਵਾਰੀ ਤੇ ਹੀ ਨਿਕਲਦਾ ਸੀ।

ਹ.ਪੁ.—ਹਿੰ. ਵਿ. ਕੋ. 6 : 121

ਦੇਸ ਰਾਜ : ਇਹ ਅੰਮ੍ਰਿਤਸਰ ਦਾ ਰਹਿਣ ਵਾਲਾ ਅਤੇ ਗੁਰੂ ਘਰ ਦਾ ਪੱਕਾ ਸ਼ਰਧਾਲੂ ਸੀ। ਸੰਨ 1768 ਸੰਮਤ 1825 ਵਿਚ ਖ਼ਾਲਸੇ ਨੇ ਚਾਰ ਲੱਖ ਰੁਪਿਆ ਇਸ ਦੇ ਸਪੁਰਦ ਕਰ ਕੇ ਇਸ ਨੂੰ ਅਹਿਮਦ ਸ਼ਾਹ ਅਬਦਾਲੀ ਦੇ ਢਾਹੇ ਹੋਏ ਸ੍ਰੀ ਹਰਿਮੰਦਰ ਸਾਹਿਬ ਨੂੰ ਮੁੜ ਤੋਂ ਉਸਾਰਨ ਦੀ ਸੇਵਾ ਸੌਂਪੀ ਸੀ। ਇਸ ਕਾਰਜ ਨੂੰ ਇਸ ਨੇ ਬਹੁਤ ਹੀ ਉੱਤਮ ਰੀਤ ਨਾਲ ਨਿਭਾਇਆ।

ਹ.ਪੁ.—ਮ.ਕੋ.

ਦੇਸ਼ਿਕ : ਤਾਮਿਲ ਅਤੇ ਸੰਸਕ੍ਰਿਤ ਦੇ ਇਸ ਉੱਘੇ ਲੇਖਕ ਨੂੰ ਰਾਮਾਨੁਜ ਦੇ ਵਾਰਸਾਂ ਵਿਚੋਂ ਸਭ ਤੋਂ ਵੱਡਾ ਮੰਨਿਆ ਜਾਂਦਾ ਹੈ ਅਤੇ ਵੈਸ਼ਨਵ ਮੱਤ ਦੇ ਇਤਿਹਾਸ ਵਿਚ ਇਸ ਦੀ ਵਿਸ਼ੇਸ਼ ਥਾਂ ਹੈ। ਇਸ ਨੂੰ ਵੇਦਾਂਤ ਦੇਸ਼ਿਕ ਜਾਂ ਵੈਂਕਟ ਨਾਥ ਦੇ ਨਾਵਾਂ ਨਾਲ ਵੀ ਜਾਣਿਆ ਜਾਂਦਾ ਹੈ। ਇਹ ਕਾਂਚੀਪੁਰਮ ਦਾ ਜੰਮਪਲ ਸੀ ਪਰ ਇਸ ਨੇ ਆਪਣੇ ਜੀਵਨ ਦਾ ਬਹੁਤ ਸਮਾਂ ਦੱਖਣੀ ਭਾਰਤ ਵਿਚ ਸ੍ਰੀਰੰਗਮ ਵਿਖੇ ਗੁਜ਼ਾਰਿਆ। ਇਸ ਦੀ ਮੌਤ ਉਪਰੰਤ ਲੋਕਾਂ ਵੱਲੋਂ ਇਸ ਨੂੰ ਦੇਵਤੇ ਦੀ ਪਦਵੀ ਦਿੱਤੀ ਗਈ ਅਤੇ ਇਸ ਨੂੰ ਵਿਸ਼ਨੂੰ ਭਗਵਾਨ ਦੇ ਟੱਲ ਦਾ ਅਵਤਾਰ ਮੰਨਿਆ ਜਾਣ ਲੱਗਾ। ਇਸ ਦਾ ਕਾਲ 1230 ਈ. ਦੇ ਕਰੀਬ ਮੰਨਿਆ ਜਾਂਦਾ ਹੈ।

ਇਹ ਵੈਸ਼ਨਵ ਮੱਤ ਦੇ ਵਦਗਲਾਈ ਜਾਂ ਵਦਕਲਾਈ ਸੰਪ੍ਰਦਾਇ ਦਾ ਬਾਨੀ ਸੀ। ਇਹ ਸੰਪ੍ਰਦਾਇ ਤਮਿਲ ਪ੍ਰਬੰਧਮ ਅਤੇ ਸੰਸਕ੍ਰਿਤ ਲਿਖਤਾਂ ਦੋਹਾਂ ਨੂੰ ਹੀ ਪ੍ਰਮਾਣਿਕ ਮੰਨਦੀ ਹੈ।

ਦੇਸ਼ਿਕ ਦੇ ਦਰਸ਼ਨ ਦਾ ਕੇਂਦਰਬਿੰਦੂ ਇਹ ਹੈ ਕਿ ਵਿਸ਼ਨੂੰ ਭਗਵਾਨ ਹੀ ਅਨਾਦਿ, ਸਰਬਸ਼ਕਤੀਮਾਨ ਅਤੇ ਸਦੀਵੀ ਰੱਬ ਹੈ। ਇਸ ਦੀ ਵਿਆਖਿਆ ਇਸ ਦੇ ਪੈਰੋਕਾਰਾਂ ਨੇ ਵੀ ਕੀਤੀ ਹੈ। ਇਸ ਨੇ ਵਿਸ਼ਨੂੰ ਜੀ ਅਤੇ ਉਨ੍ਹਾਂ ਦੀ ਪਤਨੀ ਲੱਛਮੀ ਦੋਹਾਂ ਦੀ ਪੂਜਾ ਉੱਤੇ ਜ਼ੋਰ ਦਿੱਤਾ। ਰੱਬੀ ਮਿਹਰ ਮਾਨਵ ਜਾਤੀ ਦਾ ਮੁੱਖ ਆਸਰਾ ਹੈ ਪਰ ਇਸ ਮਿਹਰ ਨੂੰ ਪ੍ਰਾਪਤ ਕਰਨ ਲਈ ਮਨੁੱਖ ਨੂੰ ਆਪ ਯਤਨ ਕਰਨਾ ਚਾਹੀਦਾ ਹੈ। ਆਪਣੇ ਯਤਨ ਦੁਆਰਾ ਮਨੁੱਖ ਨੂੰ ਰੱਬ ਨਾਲ ਬੱਝੇ ਰਹਿਣਾ ਚਾਹੀਦਾ ਹੈ ਤਾਂ ਹੀ ਰੱਬੀ ਮਿਹਰ ਪ੍ਰਾਪਤ ਕੀਤੀ ਜਾ ਸਕਦੀ ਹੈ।

ਹ.ਪੁ.—ਹਿੰ. ਵਿ. ਕੋ. 1 : 274

ਦੇਸੀ ਭਾਸ਼ਾ : ਸ਼ਬਦ 'ਦੇਸੀ' ਦੀ ਉਤਪਤੀ ਸੰਸਕ੍ਰਿਤ ਸ਼ਬਦ 'ਦੇਸ਼' ਤੋਂ ਹੋਈ ਹੈ। ਇਸ ਦੀ ਵਰਤੋਂ ਨ੍ਰਿਤ ਅਤੇ ਸੰਗੀਤ ਆਦਿ ਲਈ ਵੀ ਹੁੰਦੀ ਹੈ। 'ਦੇਸ਼' ਸ਼ਬਦ ਅੰਗਰੇਜ਼ੀ ਸ਼ਬਦ 'ਫੋਕ' ਦਾ ਸਮਾਨ-ਅਰਥਕ ਹੈ। ਇਸ ਦੀ ਵਰਤੋਂ ਸ਼ਬਦਾਵਲੀ ਲਈ ਵੀ ਹੁੰਦੀ ਹੈ। ਪੰਜਾਬੀ ਵਿਚ 'ਦੇਸ਼ੀ' ਸ਼ਬਦ ਲਈ 'ਦੇਸੀ' ਵਰਤਿਆ ਜਾਂਦਾ ਹੈ।

ਭਾਸ਼ਾ ਅਤੇ ਸ਼ਬਦ ਸਬੰਧੀ 'ਦੇਸ਼ੀ, 'ਦੇਸ਼ਯ', 'ਦੇਸ਼ੀਮਤ', 'ਦੇਸ਼ੀ ਪ੍ਰਸਿੱਧ' ਇਨ੍ਹਾਂ ਚਾਰ ਸ਼ਬਦਾਂ ਦੀ ਵਰਤੋਂ ਸੰਸਕ੍ਰਿਤ ਅਤੇ ਪ੍ਰਾਕ੍ਰਿਤ ਦੇ ਵਿਆਕਰਣਾਂ ਵਿਚ ਵੀ ਕੀਤੀ ਗਈ ਹੈ। ਭਰਤ ਮੁਨੀ ਨੇ ਨਾਟ ਸ਼ਾਸਤਰ ਵਿਚ ਸ਼ਬਦਾਂ ਦੀਆਂ ਤਿੰਨ ਸ਼੍ਰੇਣੀਆਂ-ਤਤਸਮ, ਤਦਭਵ

ਅਤੇ ਦੇਸ਼ੀਮਤ (ਨਾਟ ਸ਼ਾਸਤਰ 17/3) ਦਾ ਵਰਣਨ ਕੀਤਾ ਹੈ। ਇਸ ਤੋਂ ਇਲਾਵਾ ਭਰਤਮੁਨੀ ਨੇ 'ਦੇਸ਼ ਭਾਸ਼ਾ' ਸ਼ਬਦ ਦੀ ਵਰਤੋਂ ਵੀ ਕੀਤੀ ਹੈ। (ਨਾਟ-ਸ਼ਾਸਤਰ 17/46-48)। ਇਥੇ 'ਦੇਸ਼ ਭਾਸ਼ਾ' ਤੋਂ ਭਾਵ ਸੰਸਕ੍ਰਿਤ ਤੋਂ ਇਲਾਵਾ ਸਾਰੀਆਂ ਪ੍ਰਾਕ੍ਰਿਤ ਭਾਸ਼ਾਵਾਂ ਤੋਂ ਹੈ। ਇਸ ਤੋਂ ਪਿੱਛੋਂ ਮਹਾਰਾਸ਼ਟਰ ਦੇ ਜੈਨ ਕਵੀ ਪਾਦਲਿਪਤ ਨੇ ਆਪਣੀ 'ਤਰੰਗਵਰੀ ਕਥਾ' ਦੀ ਭਾਸ਼ਾ ਨੂੰ ਜਿਹੜੀ ਅਸਲ ਵਿਚ ਮਰਾਠੀ ਹੈ, ਨੂੰ ਵੀ ਦੇਸੀ ਭਾਸ਼ਾ ਕਿਹਾ ਹੈ।

ਨੌਵੀਂ ਸਦੀ ਵਿਚ 'ਦੇਸੀ' ਸ਼ਬਦ 'ਅਪ੍ਰਭੰਸ਼' ਭਾਸ਼ਾ ਲਈ ਵਰਤਿਆ ਜਾਣ ਲੱਗਿਆ। ਭਾਸ਼ ਪੁਸ਼ਪਵੰਤ ਨੇ ਆਪਣੇ 'ਮਹਾਂ-ਪੁਰਾਣ' ਵਿਚ ਭਾਸ਼ਾ ਦੇ ਅਰਥਾਂ ਵਿਚ ਦੇਸ਼ੀ ਸ਼ਬਦ ਦੀ ਵਰਤੋਂ ਕੀਤੀ ਹੈ। ਪਦਮਦੇਵ ਦੇ 'ਪਾਸਾਣਾਹ ਚਰਿਉ' ਵਿਚ ਅਤੇ ਲਕਸ਼ਮਣ ਦੇਵ ਦੇ 'ਣੇਮਿਣਾਹ ਚਰਿਉ' ਵਿਚ ਵੀ ਦੇਸੀ ਸ਼ਬਦ ਦੀ ਵਰਤੋਂ ਮਿਲਦੀ ਹੈ। ਇਸ ਤਰ੍ਹਾਂ ਲਗਦਾ ਹੈ ਜਿਵੇਂ ਸੰਸਕ੍ਰਿਤ ਅਤੇ ਪ੍ਰਾਕ੍ਰਿਤ ਦੇ ਵਿਆਕਰਣ, ਪ੍ਰਾਕ੍ਰਿਤ ਤੋਂ ਪਿੱਛੋਂ ਵਿਕਸਿਤ ਹੋਈ ਭਾਸ਼ਾ ਸਥਿਤੀ ਨੂੰ ਭ੍ਰਿਸ਼ਟ ਅਰਥਾਤ ਭਿੱਟੀ ਹੋਈ ਦਾ ਹੀਣ ਨਾਂ ਦਿੰਦੇ ਸਨ ਜਦੋਂ ਕਿ ਅਪ੍ਰਭੰਸ਼ ਦੇ ਕਵੀ ਇਸ ਹੀਣ ਭਾਵਨਾ ਨੂੰ ਕੱਢਣ ਲਈ ਆਪਣੇ ਆਪ ਨੂੰ ਫ਼ਖ਼ਰ ਨਾਲ ਦੇਸੀ ਭਾਸ਼ਾ ਦਾ ਕਵੀ ਦਸਦੇ ਹਨ।

ਦੇਸੀ ਸ਼ਬਦ ਦੀ ਵਰਤੋਂ ਸੰਸਕ੍ਰਿਤ ਅਲੰਕਾਰਾਂ ਅਤੇ ਸੰਸਕ੍ਰਿਤ ਪ੍ਰਾਕ੍ਰਿਤ ਵਿਆਕਰਣਾਂ ਵਿਚ ਵੀ ਮਿਲਦੀ ਹੈ। ਰੁਦਰਟ ਨੇ ਆਪਣੇ 'ਕਾਵਿ ਅਲੰਕਾਰ' ਵਿਚ ਦੇਸੀ ਸ਼ਬਦ ਉਨ੍ਹਾਂ ਨੂੰ ਮੰਨਿਆ ਹੈ ਜਿਨ੍ਹਾਂ ਦੇ ਸੁਭਾਅ ਅਤੇ ਉਤਪਤੀ ਦਾ ਪਤਾ ਨਾ ਹੋਵੇ। (ਕਾਵਿ ਅਲੰਕਾਰ 6/27)। ਇਸ ਤੋਂ ਪਿੱਛੋਂ ਹੇਮ ਚੰਦਰ ਨੇ ਇਸ ਤਰ੍ਹਾਂ ਦਾ ਇਕ ਕੋਸ਼ 'ਦੇਸੀ ਨਾਮ ਮਾਲਾ' ਦੇ ਨਾਂ ਹੇਠ ਤਿਆਰ ਕੀਤਾ।

ਹੁਣ ਦੀਆਂ ਖੋਜਾਂ ਤੋਂ ਇਹ ਸਿੱਧ ਹੁੰਦਾ ਹੈ ਕਿ ਹੇਮ ਚੰਦਰ ਨੇ 'ਦੇਸੀ ਨਾਮਮਾਲਾ' ਵਿਚ ਜਿੰਨੇ ਸ਼ਬਦਾਂ ਦਾ ਸੰਕਲਨ ਕੀਤਾ ਹੈ, ਉਨ੍ਹਾਂ ਵਿਚੋਂ ਕਈਆਂ ਦਾ ਮੂਲ ਸੋਮਾ ਸੰਸਕ੍ਰਿਤ ਪ੍ਰਤੀਤ ਹੁੰਦਾ ਹੈ ਅਤੇ ਬਾਕੀ ਦੇ ਸ਼ਬਦ ਦ੍ਰਾਵਿੜ ਭਾਸ਼ਾਵਾਂ ਤੋਂ ਆਏ ਮੰਨੇ ਜਾਣ ਲਗ ਪਏ ਹਨ। ਮਰਾਠੀ ਦੇ ਪ੍ਰਸਿੱਧ ਸੰਤ ਕਵੀ ਗਿਆਨੇਸ਼ਵਰ ਨੇ ਆਪਣੀ ਪੁਸਤਕ 'ਗਿਆਨੇਸ਼ਵਰੀ' ਦੀ ਭਾਸ਼ਾ ਨੂੰ 'ਦੇਸੀ ਬੰਧ' ਕਿਹਾ ਹੈ। ਇਸੇ ਸਮੇਂ ਦੇ ਹਿੰਦੀ ਕਵੀ ਵਿਦਿਆਪਤੀ ਨੇ ਆਪਣੀ ਰਚਨਾ 'ਕਿਰਤੀਲਤਾ' ਦੀ ਭਾਸ਼ਾ ਨੂੰ 'ਦੇਸਿਲ ਵਯਨ' ਦਾ ਨਾਂ ਦਿੱਤਾ ਹੈ।

ਆਧੁਨਿਕ ਅਰਥਾਂ ਵਿਚ ਦੇਸੀ ਭਾਸ਼ਾ ਤੋਂ ਭਾਵ ਦੇਸ਼ ਵਿਚ ਪ੍ਰਚਲਿਤ ਉਨ੍ਹਾਂ ਭਾਸ਼ਾਵਾਂ ਵਿਚੋਂ ਕਿਸੇ ਇਕ ਤੋਂ ਹੈ ਜਿਨ੍ਹਾਂ ਦੀ ਉਤਪਤੀ ਅਤੇ ਵਿਕਾਸ ਪ੍ਰਾਕ੍ਰਿਤ ਅਤੇ ਅਪਭ੍ਰੰਸ਼ ਭਾਸ਼ਾਵਾਂ ਤੋਂ ਹੋਇਆ ਹੋਵੇ ਅਰਥਾਤ ਜਿਨ੍ਹਾਂ ਦੀ ਬੋਲੀ ਸਥਾਨਕ ਬੋਲੀਆਂ ਦੇ ਆਧਾਰ ਤੇ ਸੁਤੰਤਰ ਰੂਪ ਵਿਚ ਹੋਈ ਹੋਵੇ। ਭਾਰਤੀ ਸੰਵਿਧਾਨ ਦੇ ਅਨੁਸਾਰ ਇਸ ਦੀਆਂ 14 ਦੇਸੀ ਬੋਲੀਆਂ ਨੂੰ ਮਾਨਤਾ ਦਿੱਤੀ ਗਈ ਹੈ।

ਹ.ਪ੍ਰ.—ਹਿੰ. ਵਿ. ਕੋ. 6 : 122

ਦੇਸੀ ਰਿਆਸਤਾਂ : ਭਾਰਤ ਵਿਚ ਮੁੱਢ ਕਦੀਮ ਤੋਂ ਹੀ ਛੋਟੀਆਂ-ਛੋਟੀਆਂ ਅਨੇਕਾਂ ਰਿਆਸਤਾਂ ਰਹੀਆਂ ਹਨ। ਉਹਨਾਂ ਦੀ ਗਿਣਤੀ ਸਮੇਂ-ਸਮੇਂ ਘੱਟਦੀ-ਵੱਧਦੀ ਰਹੀ ਹੈ। ਇਹਨਾਂ ਰਿਆਸਤਾਂ ਵਿਚੋਂ ਜਿਵੇਂ ਹੈਦਰਾਬਾਦ ਦਾ ਇਲਾਕਾ ਫ਼ਰਾਂਸ ਦੇ ਇਕ ਤਿਹਾਈ ਦੇ ਬਰਾਬਰ ਸੀ ਜਦੋਂ ਕਿ ਅਜਿਹੀਆਂ ਰਿਆਸਤਾਂ ਵੀ ਸਨ ਜਿਨ੍ਹਾਂ ਦਾ ਇਲਾਕਾ ਇਕ ਪਾਰਕ ਜਿੱਡੇ ਆਕਾਰ ਦਾ ਵੀ ਨਹੀਂ ਸੀ।

ਈਸਟ ਇੰਡੀਆ ਕੰਪਨੀ 1660 ਈ. ਤਕ ਨਿਰੋਲ ਵਪਾਰਕ ਕੰਪਨੀ ਰਹੀ ਪਰ 1661 ਈ. ਦੇ ਚਾਰਟਰ ਅਨੁਸਾਰ ਇਸ ਨੂੰ ਦੂਜੀਆਂ ਰਿਆਸਤਾਂ ਨਾਲ ਸੰਧੀ ਕਰਨ ਜਾਂ ਆਪਣੇ ਇਲਾਕਿਆਂ ਦੀਆਂ ਹੱਦਾਂ ਵਧਾਉਣ ਲਈ ਪਰਵਾਨਗੀ ਮਿਲ ਗਈ। ਸੰਨ 1757 ਵਿਚ ਪਲਾਸੀ ਦੇ ਯੁੱਧ ਵਿਚ ਸਿਰਾਜੁਦੌਲਾ ਨੂੰ ਹਰਾ ਕੇ ਤੇ ਉਥੋਂ ਦੇ ਰਾਜ-ਪ੍ਰਬੰਧ ਵਿਚ ਬਰਾਬਰ ਦਖ਼ਲ ਦੇਣ ਅਤੇ ਬਕਸਰ ਦੀ ਲੜਾਈ ਜਿੱਤ ਕੇ ਈਸਟ ਇੰਡੀਆ ਕੰਪਨੀ ਵਪਾਰਕ ਕੰਪਨੀ ਤੋਂ ਸ਼ਾਸਕ ਕੰਪਨੀ ਬਣ ਗਈ ਪਰ ਇਸ ਸਮੇਂ ਤਕ ਕੰਪਨੀ ਦਾ ਰਿਆਸਤਾਂ ਦੇ ਅੰਦਰੂਨੀ ਮਾਮਲਿਆਂ ਵਿਚ ਨਾ ਦਖ਼ਲ ਦੇਣ ਦਾ ਇਰਾਦਾ ਸੀ ਤੇ ਨਾ ਹੀ ਸਮਰੱਥਾ। ਉਸ ਸਮੇਂ ਮਰਹੱਟੇ, ਫ਼ਰਾਂਸੀਸੀ ਤੇ ਮੈਸੂਰ ਦਾ ਸੁਲਤਾਨ ਉਹਨਾਂ ਦੇ ਮੁਕਾਬਲੇ ਦੀਆਂ ਤਾਕਤਾਂ ਸਨ। ਇਸ ਕਰਕੇ ਕੰਪਨੀ ਨੇ 1757 ਤੋਂ 1813 ਈ. ਤਕ ਆਪਣਾ ਅਜਿਹਾ ਘੇਰਾ ਖਿਚਿਆ ਜਿਸ ਦੇ ਘੇਰੇ ਅੰਦਰ ਉਹ ਸੁਰੱਖਿਅਤ ਰਹਿ ਸਕਣ। ਉਹਨਾਂ ਨੇ ਮਹਿਸੂਸ ਕਰ ਲਿਆ ਸੀ ਕਿ ਆਪਣੇ ਜਿੱਤੇ ਹੋਏ ਇਲਾਕੇ ਦੇ ਘੇਰੇ ਵਿਚੋਂ ਨਿਕਲਣਾ ਘਾਤਕ ਹੋਵੇਗਾ ਕਿਉਂਕਿ ਅਜਿਹਾ ਕਰਨ ਨਾਲ ਉਹਨਾਂ ਤੋਂ ਉਹ ਇਲਾਕੇ ਖੁੱਸ ਵੀ ਸਕਦੇ ਸਨ। ਪਿੱਟਸ ਇੰਡੀਆ ਬਿਲ 1784 ਨੇ ਵੀ ਇਸ ਘੇਰਾ ਵਲਗਣ ਨੀਤੀ ਨੂੰ ਸਪਸ਼ਟ ਕਰ ਦਿੱਤਾ ਕਿ ਬ੍ਰਿਟਿਸ਼ ਸਰਕਾਰ ਕੰਪਨੀ ਦੇ ਅਹਿਲਕਾਰਾਂ ਵੱਲੋਂ ਭਾਰਤੀ ਰਿਆਸਤਾਂ ਦੇ ਅੰਦਰੂਨੀ ਮਾਮਲਿਆਂ ਵਿਚ ਦਖ਼ਲ ਦੇਣ ਨੂੰ ਪਰਵਾਨਗੀ ਨਹੀਂ ਦਿੰਦੀ।

ਇਸ ਸਮੇਂ ਦੌਰਾਨ ਕੰਪਨੀ ਨੇ ਦਖ਼ਲ ਅੰਦਾਜ਼ੀ ਨਾ ਕਰਨ ਦੀ ਨੀਤੀ ਉੱਤੇ ਚਲਦਿਆਂ ਬਹਾਦਰੀ ਦੇ ਆਧਾਰ ਉੱਤੇ, ਕੰਪਨੀ ਨੇ ਅਵੱਧ ਦੇ ਨਵਾਬ ਦੀ ਮਦਦ ਕੀਤੀ। ਇਸ ਨਾਲ ਕੰਪਨੀ ਦਾ ਬੰਗਾਲ ਵਿਚ ਇਲਾਕਾ, ਅਵੱਧ ਦੇ ਬਫ਼ਰ ਸਟੇਟ ਬਣਨ ਨਾਲ ਸੁਰੱਖਿਅਤ ਹੋ ਗਿਆ। ਇਸੇ ਤਰ੍ਹਾਂ ਕਰਨਾਟਕ ਦੀ ਰਿਆਸਤ ਨੂੰ ਕੰਪਨੀ ਨੇ ਆਪਣੇ ਅਤੇ ਮੈਸੂਰ ਦੇ ਸੁਲਤਾਨ ਵਿਚਕਾਰ ਇਕ ਵਾੜ ਵਜੋਂ ਵਰਤਿਆ। ਇਹ ਸਾਰੀਆਂ ਸੰਧੀਆਂ ਪਾਣੀਕਰ ਅਨੁਸਾਰ ਬਰਾਬਰੀ ਦੇ ਆਧਾਰ ਉੱਤੇ (ਮੈਸੂਰ ਨਾਲ ਕੀਤੀ ਸੰਧੀ ਨੂੰ ਛੱਡ ਕੇ) ਕੀਤੀਆਂ ਗਈਆਂ ਜਿਸ ਅਨੁਸਾਰ ਸੰਧੀਕਾਰਾਂ ਨੇ ਇਕ ਦੂਜੇ ਦੀ ਲੋੜ ਪੈਣ ਉੱਤੇ ਮਦਦ ਕਰਨੀ ਸੀ। ਦੋਹਾਂ ਨੂੰ ਆਪਣੇ-ਆਪਣੇ ਇਲਾਕੇ ਵਿਚ ਪੂਰਣ ਅਧਿਕਾਰ ਪ੍ਰਾਪਤ ਸਨ।

ਇਸ ਘੇਰਾ ਵਲਗਣ ਨੀਤੀ ਉੱਤੇ ਭਾਵੇਂ ਆਮ ਤੌਰ ਉੱਤੇ ਅਮਲ ਕੀਤਾ ਗਿਆ ਪਰ ਵਾਰਨ ਹੇਸਟਿੰਗਜ਼ ਦਾ ਮਰਹੱਟਿਆਂ ਵਿਰੁੱਧ ਪਹਿਲੀ ਲੜਾਈ ਲੜਣਾ ਤੇ ਮੈਸੂਰ ਦੀ ਦੂਜੀ ਲੜਾਈ ਲੜਣਾ, ਟੀਪੂ ਸੁਲਤਾਨ ਨੂੰ ਹਰਾਉਣਾ ਅਤੇ ਉਸ ਦੇ ਅੱਧੇ ਇਲਾਕੇ ਨੂੰ ਹੜੱਪ ਕਰ ਜਾਣਾ, ਵੈਲਜ਼ਲੀ ਵਲੋਂ ਸਹਾਇਕ ਸੰਧੀਆਂ ਕਰਕੇ ਕੰਪਨੀ ਦੇ ਇਲਾਕੇ ਵਿਚ ਵਿਸਤਾਰ ਕਰਨਾ ਤੇ ਲਾਰਡ ਮਿੰਟੋ ਵਲੋਂ ਸਤਲੁਜ ਪਾਰ ਦੀਆਂ ਰਿਆਸਤਾਂ ਨੂੰ ਸੁਰੱਖਿਆ ਦੇਣਾ ਕੁਝ ਅਜਿਹੇ ਉਦਾਹਰਣ ਹਨ ਜਿੰਨ੍ਹਾ ਵਿਚ ਪ੍ਰਤੱਖ ਤੌਰ ਤੇ ਰਿਆਸਤਾਂ ਦੇ ਅੰਦਰੂਨੀ ਮਾਮਲਿਆਂ ਵਿਚ ਦਖ਼ਲ ਦਿੱਤਾ ਗਿਆ ਜਾਂ ਉਹਨਾਂ ਦੇ ਇਲਾਕਿਆਂ ਉੱਤੇ ਕਬਜ਼ਾ ਕੀਤਾ ਗਿਆ।

ਸੰਨ 1813 ਵਿਚ ਹੇਸਟਿੰਗਜ਼ ਦੇ ਗਵਰਨਰ ਜਨਰਲ ਬਣਨ ਨਾਲ ਘੇਰਾ ਵਲਗਣ ਨੀਤੀ ਨੂੰ ਛੱਡ ਦਿੱਤਾ ਗਿਆ ਤੇ ਕੰਪਨੀ ਦੀ ਸਰਵਉੱਚ ਤਾਕਤ ਬਣਾਉਣ ਲਈ ਸਾਮਰਾਜਵਾਦੀ ਨੀਤੀ ਨੂੰ ਅਪਣਾਇਆ ਗਿਆ ਜਿਸ ਦਾ ਮੁੱਖ ਮੰਤਵ ਰਿਆਸਤਾਂ ਨੂੰ ਕੰਪਨੀ ਦੇ ਅਧੀਨ ਲਿਆਉਣਾ ਤੇ ਉਹਨਾਂ ਨੂੰ ਗੁਆਂਢੀ ਰਿਆਸਤਾਂ ਨਾਲ ਸਬੰਧ ਰੱਖਣ ਦੀ ਇਜਾਜ਼ਤ ਨਾ ਦੇ ਕੇ 'ਇੱਕਲਿਆਂ' ਕਰਨਾ ਸੀ। ਇਸੇ ਕਰਕੇ ਇਸ ਨੀਤੀ ਨੂੰ ਅਧੀਨ ਨਿਵੇਕਲਤਾ ਦੀ ਨੀਤੀ ਕਿਹਾ ਜਾਂਦਾ ਹੈ। ਅਧੀਨ ਰਿਆਸਤਾਂ ਵਿਚ ਝਗੜਾ ਹੋਣ ਦੀ ਸੂਰਤ ਵਿਚ ਕੰਪਨੀ ਦਾ ਫ਼ੈਸਲਾ ਅੰਤਿਮ ਮੰਨਿਆ ਜਾਂਦਾ ਸੀ। ਕੰਪਨੀ ਨੇ ਇਸ ਨੀਤੀ ਅਨੁਸਾਰ ਰਾਜਿਆਂ ਨੂੰ ਅੰਦਰੂਨੀ ਮਾਮਲਿਆਂ ਵਿਚ ਪੂਰੇ ਅਧਿਕਾਰ ਦਿੱਤੇ।

ਇਸ ਨੀਤੀ ਦਾ ਮੰਤਵ ਸੰਪੂਰਣ ਭਾਰਤ ਨੂੰ ਬ੍ਰਿਟਿਸ਼ ਰਾਜ ਦੇ ਅਧੀਨ ਲਿਆਉਣਾ ਸੀ। ਸੰਨ 1818 ਵਿਚ ਮਰਹੱਟਿਆਂ ਦੀ ਹਾਰ ਪਿਛੋਂ ਕੰਪਨੀ ਦੇ ਮੁਕਾਬਲੇ ਦੀ ਕੋਈ ਰਿਆਸਤ ਨਾ ਰਹਿਣ ਉੱਤੇ ਵਾਰਨ ਹੇਸਟਿੰਗਜ਼ ਨੇ ਇਸ ਮੰਤਵ ਦੀ ਪ੍ਰਾਪਤੀ ਲਈ ਮਹੱਤਵਪੂਰਣ ਯੋਗਦਾਨ ਪਾਇਆ। ਇਸ ਦੌਰਾਨ ਕੰਪਨੀ ਨੇ ਸੰਧੀਕਾਰਾਂ ਨਾਲ ਸੰਧੀਆਂ ਨੂੰ ਤੋੜਿਆ ਅਤੇ ਉਹਨਾਂ ਦੇ ਇਲਾਕਿਆਂ ਨੂੰ ਆਪਣੇ ਇਲਾਕੇ ਵਿਚ ਮਿਲਾਇਆ। ਇਸ ਤਰ੍ਹਾਂ ਮੱਧ ਭਾਰਤ ਦੀਆਂ 145 ਰਿਆਸਤਾਂ ਨੇ ਹੇਸਟਿੰਗਜ਼ ਦੇ ਸਮੇਂ ਵਿਚ ਕੰਪਨੀ ਦੀ ਸਰਵਉੱਚਤਾ ਨੂੰ ਮੰਨਿਆ ਤੇ ਰਾਜਸਥਾਨ ਦੀਆਂ 20 ਰਿਆਸਤਾਂ ਸੰਪੂਰਣ ਅਧੀਨਗੀ ਕਬੂਲ ਕਰ ਗਈਆਂ।

ਸੰਨ 1813 ਵਿਚ ਜਿਹੜੀਆਂ ਦੇਸੀ ਰਿਆਸਤਾਂ ਨੇ ਇਹ ਸੋਚਿਆ ਸੀ ਕਿ ਉਹ ਭਾਰਤ ਵਿਚੋਂ ਅੰਗਰੇਜ਼ਾਂ ਨੂੰ ਕੱਢ ਕੇ ਬਾਹਰ ਸੁੱਟ ਦੇਣਗੀਆਂ, 1823 ਈ. ਵਿਚ ਇਹ ਬਿਲਕੁਲ ਠੰਡੀਆਂ ਪੈ ਗਈਆਂ ਅਤੇ ਸਤਲੁਜ ਪਾਰ ਦੀਆਂ ਸਾਰੀਆਂ ਰਿਆਸਤਾਂ ਨੇ ਕਲਕੱਤਾ ਦੀ ਬ੍ਰਿਟਿਸ਼ ਸਰਕਾਰ ਦੀ ਪੂਰੀ ਅਧੀਨਗੀ ਸਵੀਕਾਰ ਕਰ ਲਈ। ਲਾਰਡ ਐਮਰਸਟ ਨੇ ਲੋਅਰ ਬਰਮਾ ਨੂੰ ਜਿੱਤਿਆ ਤੇ ਲਾਰਡ ਵਿਲੀਅਮ ਬੈਂਟਿਕ ਨੇ ਮੈਸੂਰ ਉੱਤੇ ਕਬਜ਼ਾ ਕਰ ਲਿਆ। ਲਾਰਡ ਆਕਲੈਂਡ ਤੇ ਲਾਰਡ ਐਲਨਬਰਾ ਨੇ ਕ੍ਰਮਵਾਰ ਅਫ਼ਗਾਨਿਸਤਾਨ ਅਤੇ ਸਿੰਧ ਨੂੰ ਹਰਾਇਆ। ਲਾਰਡ ਡਲਹੌਜ਼ੀ ਨੇ ਲੈਪਸ ਦੀ ਨੀਤੀ ਜਾਂ ਹੋਰ ਛੋਟੇ-ਛੋਟੇ ਬਣਾਉਟੀ ਕਾਰਨਾਂ ਕਰਕੇ ਕਈ ਰਿਆਸਤਾਂ ਉੱਤੇ ਕਬਜ਼ਾ ਕਰ ਲਿਆ। ਸੰਨ 1857 ਦੇ ਵਿਦਰੋਹ ਲਈ ਵੀ ਮੁੱਖ ਤੌਰ ਉੱਤੇ ਉਹ ਜ਼ਿੰਮੇਵਾਰ ਸੀ।

ਭਾਰਤ ਵਿਚ 1857 ਈ. ਦੇ ਵਿਦਰੋਹ ਉਪਰੰਤ ਬਰਤਾਨੀਆ ਦੀ ਮਹਾਰਾਣੀ ਨੇ ਆਪਣੇ ਆਦੇਸ਼ ਅਨੁਸਾਰ ਭਾਰਤ ਦੇ ਅੰਗਰੇਜ਼ੀ ਇਲਾਕਿਆਂ ਨੂੰ ਸਿੱਧੇ ਤੌਰ ਉੱਤੇ ਆਪਣੇ ਅਧੀਨ ਕਰ ਲਿਆ। ਇਹ ਭਾਰਤੀ ਇਤਿਹਾਸ ਵਿਚ ਇਕ ਮੀਲ-ਪੱਥਰ ਹੈ ਜਿਸ ਨੇ ਬ੍ਰਿਟਿਸ਼ ਸਰਕਾਰ ਅਤੇ ਦੇਸੀ ਰਿਆਸਤਾਂ ਵਿਚਕਾਰ ਨਵੇਂ ਸਬੰਧਾਂ ਨੂੰ ਜਨਮ ਦਿੱਤਾ। ਨਵੀਂ ਅਪਣਾਈ ਗਈ ਨੀਤੀ ਅਨੁਸਾਰ ਰਿਆਸਤਾਂ ਨੂੰ ਵਿਸ਼ਵਾਸ ਦਿਵਾਇਆ ਗਿਆ ਕਿ --

(1) ਅੰਗਰੇਜ਼ੀ ਸਰਕਾਰ ਰਿਆਸਤਾਂ ਨਾਲ ਕੀਤੀਆਂ ਸੰਧੀਆਂ ਤੇ ਸਨਦਾਂ ਦਾ ਪੂਰਾ ਸਨਮਾਨ ਕਰੇਗੀ ਅਤੇ ਦਖ਼ਲਅੰਦਾਜ਼ੀ ਦੀ ਨੀਤੀ ਨੂੰ ਨਹੀਂ ਅਪਣਾਏਗੀ।

(2) ਅੱਗੇ ਤੋਂ ਕਿਸੇ ਰਿਆਸਤ ਨੂੰ ਅੰਗਰੇਜ਼ੀ ਇਲਾਕੇ ਵਿਚ ਸ਼ਾਮਲ ਨਹੀਂ ਕਰੇਗੀ।

(3) ਰਾਜਿਆਂ ਦੇ ਅਧਿਕਾਰਾਂ ਤੇ ਰੁੱਤਬਿਆਂ ਦਾ ਪੂਰਾ ਸਨਮਾਨ ਕਰੇਗੀ ਅਤੇ

(4) ਕੌਮ, ਰੰਗ, ਧਰਮ ਜਾਂ ਆਕਾਰ ਦੇ ਆਧਾਰ ਉੱਤੇ ਰਿਆਸਤਾਂ ਨਾਲ ਕੋਈ ਵਿਤਕਰਾ ਨਹੀਂ ਕੀਤਾ ਜਾਵੇਗਾ।

ਇਸ ਨੀਤੀ ਕਾਰਨ ਰਿਆਸਤਾਂ ਅੰਗਰੇਜ਼ੀ ਸਰਕਾਰ ਦੀ ਪ੍ਰਬੰਧਕੀ ਪ੍ਰਣਾਲੀ ਦਾ ਅਨਿੱਖੜਵਾਂ ਅੰਗ ਬਣ ਗਈਆਂ ਤੇ ਅੰਗਰੇਜ਼ਾਂ ਨੇ ਰਾਜ-ਵਿਸਤਾਰ ਦੀ ਨੀਤੀ ਨੂੰ ਤਿਆਗ ਦਿੱਤਾ। ਦੇਸੀ ਰਾਜਿਆਂ ਨੂੰ ਭਰੋਸਾ ਦਿਵਾਇਆ ਗਿਆ ਕਿ ਉਹਨਾਂ ਦੇ ਇਲਾਕਿਆਂ ਉੱਤੇ ਕਬਜ਼ਾ ਨਹੀਂ ਕੀਤਾ ਜਾਵੇਗਾ ਪਰ ਸ਼ਰਤ ਇਹ ਹੈ ਕਿ ਉਹ ਰਾਜੇ

(1) ਅੰਗਰੇਜ਼ਾਂ ਦੇ ਵਫ਼ਾਦਾਰ ਰਹਿਣਗੇ।

(2) ਰਿਆਸਤ ਵਿਚ ਅਰਾਜਕਤਾ ਨਹੀਂ ਹੋਵੇਗੀ, ਤੇ

(3) ਦੇਸ਼ ਵਿਚ ਗੜਬੜੀ ਨਹੀਂ ਹੋਵੇਗੀ।

ਇਸ ਨੀਤੀ ਨਾਲ ਦੇਸੀ ਰਿਆਸਤਾਂ ਅੰਗਰੇਜ਼ੀ ਸਾਮਰਾਜ ਦੇ ਅਧੀਨ ਹੋ ਗਈਆਂ ਅਤੇ ਅੰਗਰੇਜ਼ੀ ਸਰਕਾਰ ਰਿਆਸਤਾਂ ਤੋਂ ਮਦਦ ਦੀ ਆਸ ਕਰਨ ਲੱਗੀ। ਸਰਕਾਰ ਨੇ ਰਿਆਸਤਾਂ ਵਿਰੁੱਧ ਸ਼ੱਕ ਤੇ ਇਕ ਦੂਜੇ ਨੂੰ ਨਿਖੇੜ ਕੇ ਰੱਖਣ ਦੀ ਨੀਤੀ ਨੂੰ ਤਿਆਗ ਦਿੱਤਾ। ਨਵੀਂ ਨੀਤੀ ਨੂੰ ਅਧੀਨ ਸੰਘ ਦੀ ਨੀਤੀ ਕਿਹਾ ਜਾਂਦਾ ਹੈ। ਸੰਨ 1926 ਵਿਚ ਲਾਰਡ ਰੀਡਿੰਗ ਨੇ ਲਿਖਿਆ "ਬ੍ਰਿਟਿਸ਼ ਸਾਮਰਾਜ ਦੀ ਪ੍ਰਭੂਸੱਤਾ ਭਾਰਤ ਵਿਚ ਸੁਪਰੀਮ ਹੈ।" ਇਸ ਪ੍ਰਭੂਤਾ ਨੂੰ ਕਾਇਮ ਕਰਨ ਲਈ ਅੰਗਰੇਜ਼ਾਂ ਵੱਲੋਂ ਰਿਆਸਤਾਂ ਵਿਚ ਰੈਜ਼ੀਡੈਂਟ ਨਿਯੁਕਤ ਕੀਤੇ ਜਾਂਦੇ ਸਨ ਜਿਹੜੇ ਰਾਜਿਆਂ ਨੂੰ ਸੁਤੰਤਰ ਤੌਰ ਉੱਤੇ ਕੰਮ ਨਹੀਂ ਸਨ ਕਰਨ ਦਿੰਦੇ, ਅੰਗਰੇਜ਼ ਸਰਕਾਰ ਅਸਲੇ ਆਦਿ ਦੇ ਲਾਇਸੈਂਸ ਜਾਰੀ ਕਰਨ ਦੇ ਕਾਰਜ ਨੂੰ ਸਿੱਧੇ ਆਪਣੇ ਕੰਟਰੋਲ ਵਿਚ ਰੱਖਦੀ ਸੀ। ਰਾਜਿਆਂ ਨੂੰ ਉੱਚ-ਅਹੁੱਦਿਆਂ ਉੱਤੇ ਨਿਯੁਕਤੀਆਂ ਕਰਨ ਸਮੇਂ ਅੰਗਰੇਜ਼ਾਂ ਤੋਂ ਪਰਵਾਨਗੀ ਲੈਣੀ ਪੈਂਦੀ ਸੀ, ਰਿਆਸਤਾਂ ਨੂੰ ਕਾਨੂੰਨ ਬਣਾਉਣ ਜਾਂ ਲਾਗੂ ਕਰਨ ਤੋਂ ਪਹਿਲਾਂ ਪਰਵਾਨਗੀ ਲੈਣਾ ਜ਼ਰੂਰੀ ਸੀ, ਬ੍ਰਿਟਿਸ਼ ਸਰਕਾਰ ਜਾਂ ਉਸਦਾ ਕੋਈ ਨੁਮਾਇੰਦਾ ਰਿਆਸਤਾਂ ਦੇ ਕਿਸੇ ਸ਼ਹਿਰੀ ਤੋਂ ਉਨ੍ਹਾਂ ਦੇ ਖ਼ਿਲਾਫ਼ ਅਰਜ਼ੀ ਲੈ ਸਕਦਾ ਸੀ ਅਤੇ ਰਿਆਸਤਾਂ ਨੂੰ ਸਿੱਧੇ ਤੌਰ ਉੱਤੇ ਕਿਸੇ ਦੂਸਰੇ ਬਦੇਸ਼ੀ ਮੁਲਕ ਨਾਲ ਗੱਲਬਾਤ ਕਰਨ ਦਾ ਕੋਈ ਅਧਿਕਾਰ ਨਹੀਂ ਸੀ। ਇਸ ਤੋਂ ਇਲਾਵਾ ਅੰਗਰੇਜ਼ੀ ਸਰਕਾਰ ਕਿਸੇ ਰਿਆਸਤ ਦੇ ਵਫ਼ਾਦਾਰ ਨਾ ਰਹਿਣ, ਰਿਆਸਤ ਵਿਚ ਬਗਾਵਤ ਹੋਣ ਜਾਂ ਰਾਜ-ਪ੍ਰਬੰਧ ਭੈੜਾ ਹੋਣ ਦੀ ਸੂਰਤ ਵਿਚ ਦਖ਼ਲ ਦੇ ਸਕਦੀ ਸੀ। ਪੰਜਾਬ ਦੀਆਂ ਦੋ ਰਿਆਸਤਾਂ ਪਟਿਆਲਾ ਅਤੇ ਨਾਭਾ ਦੇ ਆਪਸੀ ਝਗੜਿਆਂ ਨੂੰ ਲੈ ਕੇ ਨਾਭੇ ਵਿਚ ਮਾੜੇ ਰਾਜ-ਪ੍ਰਬੰਧ ਨੂੰ ਬਹਾਨਾ ਬਣਾ ਕੇ ਅੰਗਰੇਜ਼ਾਂ ਨੇ ਨਾਭਾ ਦੇ ਦੇਸ਼ ਭਗਤ ਰਾਜੇ ਰਾਜਾ ਰਿਪੁਦਮਣ ਸਿੰਘ ਨੂੰ ਗੱਦੀ ਤੋਂ ਲਾਹ ਕੇ ਊਟਾਕਮੰਡ ਜੇਲ੍ਹ ਵਿਚ ਭੇਜ ਦਿੱਤਾ ਜਿਸ ਵਿਰੁੱਧ ਪੰਜਾਬੀਆਂ ਨੇ ਜਦੋਂ ਜਹਿਦ ਸ਼ੁਰੂ ਕੀਤੀ ਤੇ ਬਾਅਦ ਵਿਚ ਜੈਤੋ ਦਾ ਮੋਰਚਾ ਲੱਗਿਆ ਪਰ ਆਖ਼ਿਰ ਮਹਾਰਾਜਾ ਰਿਪੁਦਮਣ ਸਿੰਘ ਦੇ ਸਪੁੱਤਰ ਰਾਜਾ ਪਰਤਾਪ ਸਿੰਘ ਨੂੰ ਗੱਦੀ ਉੱਤੇ ਬੈਠਾ ਦਿੱਤਾ ਗਿਆ। ਇਸ ਤਰ੍ਹਾਂ ਮਨੀਪੁਰ ਤੋਂ ਬੜੌਦਾ ਰਿਆਸਤਾਂ ਦੇ ਰਾਜਿਆਂ ਨੂੰ ਵੀ ਗੱਦੀ ਤੋਂ ਬਰਤਰਫ਼ ਕਰ ਦਿੱਤਾ ਗਿਆ ਸੀ।

ਭਾਵੇਂ ਇਸ ਸਮੇਂ ਦੌਰਾਨ ਅੰਗਰੇਜ਼ੀ ਸਰਕਾਰ ਦੀਆਂ ਰਿਆ-ਸਤਾਂ ਵਿਚ ਦਖ਼ਲ-ਅੰਦਾਜ਼ੀ ਵਧੀ ਪਰ ਅੰਗ੍ਰੇਜ਼ਾਂ ਨੇ ਕਿਸੇ ਰਿਆਸਤ ਨੂੰ ਆਪਣੇ ਰਾਜ ਵਿਚ ਨਹੀਂ ਮਿਲਾਇਆ। ਦੂਜੇ, ਨਰਿੰਦਰ ਮੰਡਲ ਦੀ ਸਥਾਪਨਾ ਵੀ ਹੋਈ। ਇਸ ਵਿਚ 124 ਰਾਜੇ ਸਨ ਇਸ ਦਾ ਚੇਅਰਮੈਨ ਚੁਣਿਆ ਜਾਂਦਾ ਸੀ। ਪਟਿਆਲਾ ਦੇ ਮਹਾਰਾਜਾ ਭੁਪਿੰਦਰ ਸਿੰਘ ਇਸ ਦੇ ਚੇਅਰਮੈਨ ਰਹੇ ਸਨ। ਇਸ ਸਲਾਹ ਮਸ਼ਵਰਾ ਦੇਣ ਵਾਲੀ ਸੰਸਥਾ ਨੇ ਰਾਜਿਆਂ ਦੀਆਂ ਸਾਂਝੀਆਂ ਸਮੱਸਿਆਵਾਂ ਉੱਤੇ ਵਿਚਾਰ-ਵਟਾਂਦਰਾ ਕਰਨ ਲਈ ਇਕ ਮੰਚ ਦਾ ਕੰਮ ਜ਼ਰੂਰ ਕੀਤਾ।

ਅੰਗਰੇਜ਼ੀ ਇਲਾਕੇ ਦੇ ਲੋਕਾਂ ਤੇ ਰਿਆਸਤੀ ਪਰਜਾ ਵਿਚ ਵਧ ਰਹੇ ਕੌਮ ਪ੍ਰਸਤੀ ਦੇ ਜਜ਼ਬੇ ਨੇ ਅੰਗਰੇਜ਼ਾਂ ਤੇ ਰਾਜਿਆਂ ਨੂੰ ਸਾਂਝੇ ਹਿੱਤ ਦੀ ਰਾਖੀ ਲਈ ਇਕ ਦੂਜੇ ਦੇ ਹੋਰ ਨੇੜੇ ਲੈ ਆਂਦਾ।

ਅੰਗਰੇਜ਼ੀ ਰਾਜ ਅਤੇ ਰਿਆਸਤਾਂ ਦੇ ਆਪਸੀ ਸਬੰਧਾਂ ਬਾਰੇ 1927 ਈ. ਵਿਚ ਸਰ ਹਰਕੋਰਟ ਬਟਲਰ ਦੀ ਚੇਅਰਮੈਨਸ਼ਿਪ ਅਧੀਨ ਇਕ ਕਮਿਸ਼ਨ ਬੈਠਿਆ ਜਿਸ ਦੀਆਂ ਸਿਫ਼ਾਰਸ਼ਾਂ ਨੂੰ ਭਾਰਤੀਆਂ ਨੇ ਪਰਵਾਨ ਨਹੀਂ ਕੀਤਾ। ਸਾਈਮਨ ਕਮਿਸ਼ਨ ਨੇ 1928 ਈ. ਇਸ ਸਮੱਸਿਆ ਦਾ ਅੰਤ ਕਰਨ ਲਈ ਅੰਗਰੇਜ਼ੀ ਇਲਾਕਿਆਂ ਅਤੇ ਰਿਆਸਤਾਂ ਨੂੰ ਮਿਲਾ ਕੇ ਫੈਡਰੇਸ਼ਨ ਬਣਾਉਣ ਦਾ ਸੁਝਾਅ ਦਿੱਤਾ। 1935 ਈ. ਦੇ ਐਕਟ ਵਿਚ ਵੀ ਇਸੇ ਗੱਲ ਨੂੰ ਦੁਹਰਾਇਆ ਗਿਆ ਪਰ ਕਾਂਗਰਸ ਅਤੇ ਮੁਸਲਿਮ ਲੀਗ ਨੇ ਇਸ ਦਾ ਵਿਰੋਧ ਕੀਤਾ।

ਸੰਨ 1947 ਵਿਚ ਭਾਰਤ ਆਜ਼ਾਦ ਹੋ ਗਿਆ। ਭਾਰਤੀ ਸੁਤੰਤਰਤਾ ਐਕਟ 1947 ਅਧੀਨ ਦੇਸੀ ਰਿਆਸਤਾਂ ਉੱਤੇ ਅੰਗਰੇਜ਼ਾਂ ਦੀ ਪ੍ਰਭੁਸੱਤਾ ਬੇਅਸਰ ਹੋ ਗਈ ਤੇ ਉਹਨਾਂ ਨੂੰ ਆਜ਼ਾਦ ਰਹਿਣ ਜਾਂ ਭਾਰਤ ਜਾਂ ਪਾਕਿਸਤਾਨ ਵਿਚ ਸ਼ਾਮਲ ਹੋਣ ਦੀ ਖੁੱਲ੍ਹ ਹੋ ਗਈ ਪਰ ਕਾਂਗਰਸ ਇਸ ਬਾਰੇ ਸੁਚੇਤ ਸੀ ਤੇ ਨਹਿਰੂ ਨੇ ਸਪਸ਼ਟ ਕਿਹਾ ਸੀ : ਮੈਂ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਭਾਰਤ ਵਿਚ ਕਿਸੇ ਰਿਆਸਤ ਨੂੰ ਮਾਣਤਾ ਨਹੀਂ ਦਿਆਂਗੇ ਤੇ ਬਦੇਸ਼ੀ ਮੁਲਕ ਵੱਲੋਂ ਕਿਸੇ ਰਿਆਸਤ ਨੂੰ ਮਾਣਤਾ ਦਿੱਤੇ ਜਾਣਾ ਗ਼ੈਰ-ਦੋਸਤਾਨਾ ਕਾਰਜ ਸਮਝਿਆ ਜਾਵੇਗਾ। ਸਰਦਾਰ ਪਟੇਲ ਨੇ ਹੁਸ਼ਿਆਰੀ ਤੇ ਦਲੇਰੀ ਨਾਲ ਲਗਭਗ 600 ਦੇਸੀ ਰਿਆਸਤਾਂ ਨੂੰ ਭਾਰਤ ਵਿਚ ਮਿਲਾਉਣ ਦੇ ਮਹਾਨ ਕਾਰਜ ਨੂੰ ਸਿਰੇ ਚੜ੍ਹਾਇਆ।

15 ਅਗਸਤ, 1947 ਤਕ 136 ਰਿਆਸਤਾਂ ਅਤੇ ਬਾਅਦ ਵਿਚ ਜੂਨਾਗੜ੍ਹ, ਹੈਦਰਾਬਾਦ ਤੇ ਜੰਮੂ ਕਸ਼ਮੀਰ ਦੀਆਂ ਰਿਆਸਤਾਂ ਵੀ ਭਾਰਤ ਵਿਚ ਸ਼ਾਮਲ ਹੋ ਗਈਆਂ।

ਬਹੁਤ ਹੀ ਛੋਟੀਆਂ-ਛੋਟੀਆਂ ਰਿਆਸਤਾਂ ਨੂੰ ਨਾਲ ਲਗਦੇ ਪ੍ਰਾਂਤਾਂ ਵਿਚ ਮਿਲਾ ਦਿੱਤਾ ਗਿਆ ਜਿਵੇਂ ਕਿ 30 ਰਿਆਸਤਾਂ ਨੂੰ ਉੜੀਸਾ ਵਿਚ ਮਿਲਾ ਦਿੱਤਾ ਗਿਆ ਤੇ 300 ਤੋਂ ਵੱਧ ਰਿਆਸਤਾਂ ਨੂੰ ਬੰਬਈ ਵਿਚ, ਈਸਟ ਪੰਜਾਬ ਦੀਆਂ 21 ਪਹਾੜੀ ਰਿਆਸਤਾਂ ਨੂੰ ਮਿਲਾ ਕੇ ਹਿਮਾਚਲ ਪ੍ਰਦੇਸ਼ ਤੇ 35 ਰਿਆਸਤਾਂ ਨੂੰ ਵਿੰਧਿਆ ਪ੍ਰਦੇਸ਼ ਵਿਚ ਮਿਲਾ ਦਿੱਤਾ ਗਿਆ। ਵੱਡੀਆਂ ਰਿਆਸਤਾਂ ਜਿਵੇਂ ਤ੍ਰਿਪੁਰਾ, ਭੁਪਾਲ ਆਦਿ ਨੂੰ ਕੇਂਦਰ ਸ਼ਾਸ਼ਿਤ ਪ੍ਰਦੇਸ਼ ਬਣਾ ਦਿੱਤਾ ਗਿਆ। ਕੁਝ ਰਿਆਸਤਾਂ ਨੂੰ ਮਿਲਾ ਕੇ ਯੂਨੀਅਨ ਬਣਾ ਦਿੱਤੀ ਗਈ ਜਿਵੇਂ ਕਿ ਪਟਿਆਲਾ, ਨਾਭਾ, ਫਰੀਦਕੋਟ, ਮਲੇਰਕੋਟਲਾ, ਜੀਂਦ, ਕਪੂਰਥਲਾ ਨਾਲਾਗੜ੍ਹ ਤੇ ਕਲਸੀਆ ਦੀਆਂ 7 ਰਿਆਸਤਾਂ ਨੂੰ ਮਿਲਾ ਕੇ ਪਟਿਆਲਾ ਐਂਡ ਈਸਟ ਪੰਜਾਬ ਸਟੇਟਸ ਯੂਨੀਅਨ ਜਾਂ ਪੈਪਸੂ ਬਣਾ ਦਿੱਤਾ ਗਿਆ ਜਿਸ ਦੇ ਰਾਜ ਪ੍ਰਮੁੱਖ ਮਹਾਰਾਜਾ ਯਾਦਵਿੰਦਰ ਸਿੰਘ, ਪਟਿਆਲਾ ਸਨ ਤੇ ਇਸ ਦੀ ਰਾਜਧਾਨੀ ਵੀ ਪਟਿਆਲਾ ਸੀ। ਕਾਠੀਆਵਾੜ ਦੀ ਯੂਨੀਅਨ ਵਿਚ 222 ਰਿਆਸਤਾਂ ਨੂੰ ਮਿਲਾਇਆ ਗਿਆ। ਇਹਨਾਂ ਇਲਾਕਿਆਂ ਵਿਚ ਪ੍ਰਜਾਤੰਤਰ ਲਾਗੂ ਕੀਤਾ ਗਿਆ।

ਸੰਨ 1956 ਦੇ ਰਾਜ-ਪੁਨਰਗਠਨ ਐਕਟ ਅਧੀਨ ਪੁਰਾਤਨ ਪ੍ਰਾਂਤਾਂ ਅਤੇ ਰਿਆਸਤਾਂ ਵਿਚਕਾਰਲੇ ਸਾਰੇ ਫ਼ਰਕ ਮਿਟਾ ਦਿੱਤੇ ਗਏ। ਪੈਪਸੂ ਦਾ ਇਲਾਕਾ ਪੰਜਾਬ ਵਿਚ ਮਿਲਾ ਦਿੱਤਾ ਗਿਆ ਤੇ ਰਾਜ ਪ੍ਰਮੁੱਖ ਦਾ ਅਹੁੱਦਾ ਖ਼ਤਮ ਕਰ ਦਿੱਤਾ ਗਿਆ। ਇੰਦਰਾ ਗਾਂਧੀ ਨੇ ਰਾਜਿਆਂ ਨੂੰ ਮਿਲਣ ਵਾਲੇ ਭੱਤੇ ਵੀ ਖ਼ਤਮ ਕਰ ਦਿੱਤੇ। ਇਸ ਨਾਲ ਭਾਰਤ ਵਿਚ ਦੇਸੀ ਰਿਆਸਤਾਂ ਤੇ ਰਾਜਿਆਂ ਦੀ ਹੋਂਦ ਮੁਕੰਮਲ ਤੌਰ ਉੱਤੇ ਖ਼ਤਮ ਹੋ ਗਈ।

—ਪ੍ਰੇਮਭੂਸ਼ਨ ਗੋਇਲ

ਦੇਹਰਾਦੂਨ : ਜ਼ਿਲ੍ਹਾ—ਵੇਖੋ, ਡੇਹਰਾਦੂਨ : ਜ਼ਿਲ੍ਹਾ

ਦੇਹਰਾਦੂਨ : ਸ਼ਹਿਰ—ਵੇਖੋ, ਡੇਹਰਾਦੂਨ : ਸ਼ਹਿਰ

ਦੇਹਰਾ : ਦੇਹਰਾ ਦੇ ਕੋਸ਼ਗਤ ਅਰਥ ਹਨ ਉਹ ਸਥਾਨ ਜਿਥੇ ਕਿਸੇ ਦੇਹ (ਸਰੀਰ) ਦਾ ਅੰਤਮ ਸੰਸਕਾਰ ਕੀਤਾ ਜਾਂਦਾ ਹੈ ਭਾਵ ਸਮਾਧੀ। ਆਮ ਤੌਰ ਤੇ ਜਿਥੇ ਕਿਸੇ ਸੰਤ, ਗੁਰੂ ਜਾਂ ਮਹਾਂਪੁਰਖ ਦਾ ਅੰਤਮ ਸੰਸਕਾਰ ਕੀਤਾ ਜਾਂਦਾ ਸੀ ਉਥੇ ਉਸ ਦੀ ਸਮਾਧ ਬਣਾ ਦਿੱਤੀ ਜਾਂਦੀ ਸੀ। ਆਪਣੀ ਆਪਣੀ ਧਾਰਮਕ ਪਰੰਪਰਾ ਅਨੁਸਾਰ ਸਿੱਖ ਇਸ ਸਮਾਧ ਤੇ ਗੁਰਦੁਆਰਾ ਬਣਾ ਲੈਂਦੇ ਸਨ ਅਤੇ ਹਿੰਦੂ ਮੰਦਰ। ਗੁਰੂ ਸਾਹਿਬਾਨ ਨਾਲ ਸਬੰਧਿਤ ਦੋ ਦੇਹਰੇ ਪੰਜਾਬ ਵਿਚ ਮਿਲਦੇ ਹਨ ਜਿਵੇਂ ਗੁਰਦਾਸਪੁਰ ਜ਼ਿਲ੍ਹੇ ਵਿਚ ਦੇਹਰਾ ਬਾਬਾ ਨਾਨਕ। ਇਥੇ ਗੁਰੂ ਨਾਨਕ ਦੇਵ ਜੀ ਨੇ ਦੇਹ ਤਿਆਗੀ ਸੀ। ਇਸ ਨਗਰ ਦਾ ਨਾਂ ਪਹਿਲਾਂ ਕਰਤਾਰਪੁਰ ਸੀ ਮਗਰੋਂ ਦੇਹਰਾ ਬਾਬਾ ਨਾਨਕ ਪੈ ਗਿਆ। ਲਾਹੌਰ ਵਿਚ ਕਿਲੇ ਦੇ ਲਾਗੇ ਗੁਰੂ ਅਰਜਨ ਦੇਵ ਜੀ ਦਾ ਦੇਹਰਾ ਹੈ। ਇਥੇ ਗੁਰੂ ਅਰਜਨ ਦੇਵ ਜੀ ਜੋਤੀ ਜੋਤਿ ਸਮਾਏ ਸਨ। ਇਥੇ ਮਗਰੋਂ ਗੁਰੂ ਹਰਿਗੋਬਿੰਦ ਜੀ ਨੇ 1612 ਈ. ਵਿਚ ਪੱਕੀ ਸਮਾਧ ਬਣਵਾਈ ਸੀ। ਇਹ ਅਸਥਾਨ ਦੇਹਰਾ ਗੁਰੂ ਅਰਜਨ ਜਾਂ ਦੇਹਰਾ ਸਾਹਿਬ ਦੇ ਨਾਂ ਨਾਲ ਪ੍ਰਸਿੱਧ ਹੈ। ਅਨੰਦਪੁਰ ਸਾਹਿਬ ਵਿਚ ਗੁਰੂ ਤੇਗ ਬਹਾਦਰ ਜੀ ਦੇ ਸੀਸ ਦਾ ਸਸਕਾਰ ਕੀਤਾ ਗਿਆ ਸੀ, ਉਥੇ ਮਗਰੋਂ ਇਕ ਦੇਹਰਾ ਬਣਾਇਆ ਗਿਆ ਜੋ ਦੇਹਰਾ ਗੁਰੂ ਤੇਗ ਬਹਾਦੁਰ ਜੀ ਦੇ ਨਾਂ ਨਾਲ ਪ੍ਰਸਿੱਧ ਹੈ। ਇਸ ਤੋਂ ਇਲਾਵਾ ਦੇਹਰਾ ਬਾਬਾ ਗੁਰਦਿਤਾ ਜੀ ਅਤੇ ਦੇਹਰਾ ਰਾਮਰਾਇ ਜੀ ਵੀ ਹਨ ਜਿਥੇ ਹੁਣ ਗੁਰਦੁਆਰੇ ਬਣੇ ਹੋਏ ਹਨ।

ਸਿੱਖ ਧਾਰਮਿਕ ਪਰੰਪਰਾ ਅਨੁਸਾਰ ਦੇਹਰੇ ਦੀ ਪੂਜਾ ਨਹੀਂ ਕੀਤੀ ਜਾਂਦੀ। ਪ੍ਰਚਲਿਤ ਸਾਖੀ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨੇ ਦੱਖਣ ਨੂੰ ਜਾਂਦੇ ਹੋਏ ਸਿੱਖਾਂ ਦੀ ਪ੍ਰੀਖਿਆ ਲੈਣ ਲਈ ਕਮਾਨ ਦੇ ਗੋਸ਼ੇ ਨਾਲ ਦਾਦੂ ਦੇ ਦੇਹਰੇ (ਸਮਾਧ) ਨੂੰ ਪ੍ਰਣਾਮ ਕੀਤਾ ਸੀ ਜਿਸ ਤੇ ਖ਼ਾਲਸੇ ਨੇ ਮੜ੍ਹੀ ਨੂੰ ਨਮਸਕਾਰ ਕਰਨ ਦੇ ਦੋਸ਼ ਵਿਚ ਗੁਰੂ ਗੋਬਿੰਦ ਸਿੰਘ ਜੀ ਨੂੰ ਤਨਖਾਹੀਆ ਕਰਾਰ ਦਿੱਤਾ ਸੀ। ਗੁਰੂ ਸਾਹਿਬ ਨੇ ਦੱਸਿਆ ਕਿ ਉਨ੍ਹਾਂ ਇਹ ਕੌਤਕ ਕੇਵਲ ਸਿੱਖਾਂ ਦੀ ਪ੍ਰੀਖਿਆ ਲੈਣ ਲਈ ਕੀਤਾ ਸੀ।

ਗੁਰੂ ਸਾਹਿਬਾਨ ਤੋਂ ਇਲਾਵਾ ਗੁਰੂ ਘਰ ਨਾਲ ਸਬੰਧਤ ਵਿਅਕਤੀਆਂ ਦੇ ਦੇਹਰੇ ਵੀ ਹਨ। ਅਨੰਦਪੁਰ ਤੋਂ ਡੇਢ ਮੀਲ ਦੂਰ ਅਗੰਮਪੁਰ ਪਿੰਡ ਵਿਚ ਦੇਹਰਾ ਮਾਤਾ ਜੀਤੋ ਜੀ ਹੈ। ਇਥੇ (1700 ਈ.) ਸੰਮਤ 1757 ਵਿਚ ਮਾਤਾ ਜੀਤੋ ਜੀ ਦਾ ਸਸਕਾਰ ਹੋਇਆ ਸੀ। ਇਸ ਕਟਹਿਰੇ ਵਿਚ ਇਕ ਪਿੱਪਲ ਦਾ ਦਰਖ਼ਤ ਹੈ ਜੋ ਬੜਾ ਪੁਰਾਣਾ ਦੱਸਿਆ ਜਾਂਦਾ ਹੈ। ਕੀਰਤਪੁਰ ਵਿਚ ਬਾਬਾ ਗੁਰਦਿਤਾ ਜੀ ਦਾ ਦੇਹਰਾ ਹੈ। ਇਥੇ ਹੋਲੇ ਵਾਲੇ ਦਿਨ ਮੇਲਾ ਲਗਦਾ ਹੈ। ਦੇਹਰਾਦੂਨ ਵਿਚ ਬਾਬਾ ਰਾਮਰਾਇ ਦਾ ਦੇਹਰਾ ਹੈ ਜੋ 1699 ਈ. ਵਿਚ ਬਣਿਆ। ਇਸੇ ਦੇਹਰੇ ਤੋਂ ਨਗਰ ਦਾ ਨਾਂ ਵੀ ਦੇਹਰਾਦੂਨ ਪੈ ਗਿਆ।

ਹ.ਪ੍ਰ.—ਮ.ਕੋ.; ਪੰ. ਕੋ. ; ਪੰ. ਲੋ. ਵਿ. ਕੋ. : 1562

ਦੇਕਾਰਤ, ਰੈਨੇ : ਰੈਨੇ ਦੇਕਾਰਤ ਸਤਾਰ੍ਹਵੀਂ ਸਦੀ ਦਾ ਫ਼ਰਾਂਸ ਦਾ ਉੱਘਾ ਦਰਸ਼ਨਦੇਵਤਾ ਹੋਇਆ ਹੈ ਜਿਸ ਦਾ ਨਾਂ ਪੱਛਮੀ ਫ਼ਲਸਫ਼ੇ ਦੇ ਅਜਿਹੇ ਗਿਣੇ ਚੁਣੇ ਦਾਰਸ਼ਨਿਕਾਂ ਵਿਚੋਂ ਹੈ ਜਿਨ੍ਹਾਂ ਨੇ ਦਰਸ਼ਨਧਾਰਾ ਨੂੰ ਕੋਈ ਨਵੀਂ ਸੇਧ ਦਿੱਤੀ। ਦੇਕਾਰਤ ਦਾ ਵੱਡਾ ਕਾਰਜ ਫ਼ਲਸਫ਼ੇ ਦੇ ਗਿਆਨ-ਮੀਮਾਂਸਕ ਖੇਤਰ ਵਿਚ ਹੈ ਭਾਵੇਂ ਇਸ ਨੇ ਤੱਤ ਮੀਮਾਂਸਾ ਨੂੰ ਵੀ ਮਹੱਤਵਪੂਰਨ ਦੇਣ ਦਿੱਤੀ ਅਤੇ ਹਿਸਾਬ (ਗਣਿਤ) ਅਤੇ ਫ਼ਿਜ਼ਿਕਸ ਦੇ ਵਿਸ਼ਿਆਂ ਉੱਤੇ ਭਰਵਾਂ ਕੰਮ ਕੀਤਾ। ਇਸ ਨੂੰ ਵਿਵੇਕਵਾਦੀ ਚਿੰਤਕਾਂ ਵਿਚ ਸ਼ੁਮਾਰ ਕੀਤਾ ਜਾਂਦਾ ਹੈ ਅਤੇ ਪੱਛਮੀ ਫ਼ਲਸਫ਼ੇ ਦੇ ਆਧੁਨਿਕ ਦੌਰ ਵਿਚ ਇਸ ਦਾ ਨਾਂ ਨਵੀਨ ਗਿਆਨ-ਸਿਧਾਂਤ ਦੇ ਪਿਤਾ ਵਜੋਂ ਲਿਆ ਜਾਂਦਾ ਹੈ। ਇਸ ਦੀਆਂ ਦਾਰਸ਼ਨਿਕ ਕਿਰਤਾਂ ਵਿਚ ਤਿੰਨ ਪੁਸਤਕਾਂ ਬਹੁਤ ਪ੍ਰਸਿੱਧ ਹਨ :

(1) ਡਿਸਕੋਰਸ ਔਨ ਮੈਥਡ (1637)

(2) ਮੈਡੀਟੇਸ਼ਨਜ਼ ਅਤੇ

(3) ਪ੍ਰਿੰਸੀਪਲਜ਼ ਆਫ਼ ਫ਼ਿਲਾਸਫੀ (1644)।

ਇਸ ਦੀ 'ਕੋਜੀਟੋ' ਧਾਰਨਾ ਫ਼ਲਸਫ਼ੇ ਦੇ ਵਿਦਿਆਰਥੀਆਂ ਵਿਚ ਹਰਮਨ ਪਿਆਰੀ ਹੈ।

ਜੀਵਨ-ਝਲਕ—ਦੇਕਾਰਤ ਦਾ ਜਨਮ 31 ਮਾਰਚ, 1596

ਈ. ਨੂੰ ਤੁਰੇਨ ਸੂਬੇ ਵਿਚ ਲਾ ਹੇ (L. Hiye) ਪਿੰਡ ਵਿਖੇ ਹੋਇਆ। ਇਸ ਦੇ ਜਨਮ ਸਮੇਂ ਹੀ ਇਸ ਦੀ ਮਾਤਾ ਦੀ ਮੌਤ ਹੋ ਗਈ। ਨਾਜ਼ੁਕ ਸਿਹਤ ਵਾਲਾ ਇਹ ਬਾਲਕ ਕੁਝ ਸਾਲ ਲਾ ਫਲੈਸ਼ ਦੇ ਈਸਾਈ ਸਕੂਲ ਵਿਚ ਪੜ੍ਹਿਆ ਤੇ ਪਿੱਛੋਂ ਪੈਰਿਸ ਵਿਖੇ ਜਾ ਰਿਹਾ। ਸੰਨ 1616 ਵਿਚ ਇਸ ਨੇ ਕਾਰਠਨ ਵਿਚ ਡਿਗਰੀ ਪ੍ਰਾਪਤ ਕੀਤੀ। ਇਸ ਨੂੰ ਇਕੱਲਤਾ ਪਸੰਦ ਸੀ ਪਰ ਦੁਨੀਆ ਨੂੰ ਦੇਖਣ ਦਾ ਸ਼ੌਕ ਵੀ ਸੀ। ਸੰਨ 1618 ਵਿਚ ਇਹ ਹਾਲੈਂਡ ਅਤੇ ਫਿਰ 1619 ਵਿਚ ਬਾਵੇਰੀਆ ਦੀ ਫ਼ੌਜ ਵਿਚ ਭਰਤੀ ਹੋ ਗਿਆ। ਫ਼ੌਜ ਦੀ ਨੌਕਰੀ ਕਰ ਕੇ ਘੁੰਮਣ-ਫਿਰਨ ਦਾ ਸ਼ੌਕ ਪੂਰਾ ਕੀਤਾ। ਬੋਹੇਮੀਆ ਦੇ ਸ਼ਹਿਰ ਪਰਾਗ ਵਿਚ ਤੇ ਹਾਲੈਂਡ ਵਿਚ ਇਸ ਨੇ ਕਈ ਸਾਲ ਬਿਤਾਏ ਅਤੇ ਹਿਸਾਬ ਆਦਿਕ ਵਿਸ਼ਿਆਂ ਵਿਚ ਪ੍ਰਬੀਨਤਾ ਪ੍ਰਾਪਤ ਕੀਤੀ। ਇਨ੍ਹਾਂ ਦਿਨਾਂ ਵਿਚ ਹੀ ਇਸ ਦਾ ਮਿਲਾਪ ਇਸ਼ ਦੀ ਪ੍ਰੇਮਿਕਾ ਨਾਲ ਹੋਇਆ ਜਿਸ ਤੋਂ 1635 ਵਿਚ ਇਸ ਦੇ ਘਰ ਬੇਟੀ ਨੇ ਜਨਮ ਲਿਆ ਪਰ ਬਦਕਿਸਮਤੀ ਨਾਲ 1640 ਵਿਚ ਉਹ ਚੱਲ ਬਸੀ। ਸੰਨ 1643 ਵਿਚ ਬੋਹੀਮੀਆ ਦੀ ਰਾਜਕੁਮਾਰੀ ਇਲਿਜ਼ਾਬੱਥ ਨਾਲ ਦੇਕਾਰਤ ਦੀ ਮਿਤੱਰਤਾ ਹੋ ਗਈ। ਇਸ ਨੇ ਆਪਣੀ ਪੁਸਤਕ 'ਪ੍ਰਿੰਸੀਪਲਜ਼' ਜੋ 1644 ਵਿਚ ਪ੍ਰਕਾਸ਼ਿਤ ਹੋਈ, ਰਾਜਕੁਮਾਰੀ ਨੂੰ ਸਮਰਪਿਤ ਕੀਤੀ।

ਹਾਲੈਂਡ ਦੀ ਰਾਜਧਾਨੀ ਹੇਗ ਉਸ ਸਮੇਂ ਬੌਧਿਕ ਤੇ ਕਲਾਤਮਕ ਕੇਂਦਰ ਬਣੀ ਹੋਈ ਸੀ। ਦੇਕਾਰਤ ਦੇ ਹੇਗ ਵਿਖੇ ਨਿਵਾਸ ਦੌਰਾਨ ਇਸ ਦੀ ਜਾਣ ਪਛਾਣ ਕਈ ਨਾਮਵਰ ਚਿੰਤਕਾਂ ਨਾਲ ਹੋਈ। ਇਸ ਦੀਆਂ ਲਿਖਤਾਂ ਵਿਚ ਬੁੱਧੀਜੀਵੀ ਵਰਗ ਦੀ ਦਿਲਚਸਪੀ ਵੀ ਵਧਦੀ ਗਈ। ਸਵੀਡਨ ਦੀ 23 ਸਾਲਾ ਮਲਕਾ ਕ੍ਰਿਸਟੀਨਾ ਜੋ ਮਰਦਾਵੇਂ ਸ਼ੌਕ ਰੱਖਣ ਵਾਲੀ ਇਸਤ੍ਰੀ ਸੀ, ਦੇਕਾਰਤ ਦੇ ਨਾਮਣੇ ਤੋਂ ਬਹੁਤ ਪ੍ਰਭਾਵਿਤ ਹੋਈ। ਵਾਰ ਵਾਰ ਜ਼ੋਰ ਪਾ ਕੇ 1649 ਵਿਚ ਉਸ ਨੇ ਦੇਕਾਰਤ ਨੂੰ ਸਟਾਕਹੋਮ ਬੁਲਾਇਆ। ਮਲਕਾ ਨੇ ਇਸ ਦਾ ਬਹੁਤ ਆਦਰ ਮਾਣ ਕੀਤਾ ਅਤੇ ਇਸੇ ਪਾਸੋਂ ਫ਼ਲਸਫ਼ੇ ਦੀ ਸਿੱਖਿਆ ਲੈਣੀ ਸ਼ੁਰੂ ਕੀਤੀ। ਹਰ ਰੋਜ਼ ਸਵੇਰੇ 5 ਵਜੇ ਇਹ ਮਲਕਾ ਨੂੰ ਫ਼ਿਲਾਸਫ਼ੀ ਸਬੰਧੀ ਲੈਕਚਰ ਦਿੰਦਾ ਪਰ ਸਵੀਡਨ ਦੀ ਠੰਢ ਫ਼ਿਲਾਸਫ਼ਰ ਨੂੰ ਰਾਸ ਨਾ ਆਈ। ਕੁਝ ਮਹੀਨਿਆਂ ਮਗਰੋਂ ਹੀ ਇਕ ਫ਼ਰਵਰੀ, 1650 ਨੂੰ ਇਹ ਨਮੂਨੀਏ ਦਾ ਸ਼ਿਕਾਰ ਹੋ ਗਿਆ ਅਤੇ ਦਸ ਦਿਨਾਂ ਮਗਰੋਂ ਹੀ ਚੱਲ ਵਸਿਆ। ਸਵੀਡਨ ਵਿਚ ਪ੍ਰੋਟੈਸਟੈਂਟ ਧਰਮ ਪ੍ਰਚਲਿਤ ਸੀ। ਇਸ ਲਈ ਕੈਥੋਲਿਕ ਦੇਕਾਰਤ ਨੂੰ ਬਪਤਿਸਮਾ-ਰਹਿਤ ਬੱਚਿਆਂ ਦੇ ਕਬਰਿਸਤਾਨ ਵਿਚ ਦਫ਼ਨਾਇਆ ਗਿਆ। ਸੰਨ 1667 ਵਿਖੇ ਇਸ ਦੀ ਦੇਹ ਨੂੰ ਸਵੀਡਨ ਤੋਂ ਮੰਗਵਾਇਆ ਗਿਆ ਅਤੇ ਪੈਰਿਸ ਵਿਖੇ ਉੱਘੇ ਫ਼ਰਾਂਸੀਸੀ ਚਿੰਤਕਾਂ ਦੀਆਂ ਕਬਰਾਂ ਨਾਲ ਇਸ ਦੀ ਕਬਰ ਬਣਵਾਈ ਗਈ। ਦੇਕਾਰਤ ਸੁਲਝਿਆ ਹੋਇਆ, ਸੰਜਮੀ ਤੇ ਸੰਤੁਲਿਤ ਜੀਵਨ ਵਾਲਾ ਵਿਅਕਤੀ ਸੀ ਜਿਹੜਾ ਆਰਾਮ ਦੀ ਜ਼ਿੰਦਗੀ ਬਸਰ ਕਰਦਾ ਸੀ, ਸੁਥਰਾ ਤੇ ਚੁਸਤ ਲਿਬਾਸ ਪਹਿਨਦਾ ਸੀ ਅਤੇ ਗੰਜਾ ਹੋਣ ਕਰ ਕੇ ਸਿਰ ਉੱਤੇ ਵਿਗ ਪਾਉਂਦਾ ਸੀ।

ਦੇਕਾਰੀਅਨ ਸਿਧਾਂਤ—ਦੇਕਾਰਤ ਦੇ ਫ਼ਲਸਫ਼ੇ ਨੂੰ 'ਕਾਰਟੀਜ਼ੀਅਨਵਾਦ' ਵੀ ਕਿਹਾ ਜਾਂਦਾ ਹੈ। ਇਸ ਦੀ ਚਿੰਤਨ-ਵਿਧੀ ਦੇਕਾਰਤੀਅਨ ਵਿਧੀ ਦੇ ਨਾਂ ਨਾਲ ਪ੍ਰਚਲਿਤ ਹੈ। ਵਿਵੇਕਸ਼ੀਲਤਾ ਵਿਚ ਇਸ ਦਾ ਡੂੰਘਾ ਵਿਸ਼ਵਾਸ ਸੀ; ਉਮਰ ਭਰ ਇਸ ਨੇ ਬੁੱਧ-ਵਿਵੇਕ ਦਾ ਲੜ ਫੜੀ ਰਖਿਆ। ਇਸ ਦਾ ਉਦੇਸ਼ ਫ਼ਲਸਫ਼ੇ ਨੂੰ ਹਿਸਾਬ ਦੇ ਰਾਹ ਉੱਤੇ ਤੋਰਨਾ ਸੀ। ਹਿਸਾਬ ਵਿਚ ਹੋਈ ਉੱਨਤੀ ਇਸ ਦੀ 'ਵਿਧੀ' ਦੇ ਕਾਰਨ ਹੈ ਜਿਸ ਅਨੁਸਾਰ ਹਰ ਸੰਕਲਪ ਤੇ ਸੰਬੋਧ ਨਿਸ਼ਚਿਤ ਤੇ ਨਿਰ-ਵਿਵਾਦ ਹੈ, ਚਿੰਨ੍ਹ ਸ਼ੁੱਧ ਅਤੇ ਸਪਸ਼ਟ ਹੈ, ਕਿਸੇ ਭੁਲੇਖੇ ਦੀ ਗੁੰਜਾਇਸ਼ ਨਹੀਂ। ਦੇਕਾਰਤ ਦੀ ਕੋਸ਼ਿਸ਼ ਸੀ ਕਿ ਇਸ ਕਿਸਮ ਦਾ ਨਿਸ਼ਚਿਤ ਆਧਾਰ ਫ਼ਲਸਫ਼ੇ ਨੂੰ ਦਿੱਤਾ ਜਾਵੇ। ਇਸ ਦਿਸ਼ਾ ਵਿਚ ਇਸ ਨੇ ਜੋ ਉੱਦਮ ਤੇ ਯਤਨ ਕੀਤੇ, ਉਨ੍ਹਾਂ ਵਿਚ ਹੀ ਦੇਕਾਰਤੀਅਨ ਚਿੰਤਨ ਦਾ ਮਹੱਤਵ ਹੈ, ਚਾਹੇ ਹਿਸਾਬ ਵਰਗੀ ਸਪਸ਼ਟਤਾ ਫ਼ਲਸਫ਼ੇ ਨੂੰ ਦੇ ਸਕਣੀ ਸੌਖਾ ਕੰਮ ਨਹੀਂ ਸੀ ਤੇ ਨਾ ਹੀ ਇਹ ਪੂਰਨ ਸਫ਼ਲਤਾ ਦਾ ਭਾਗੀ ਬਣ ਸਕਿਆ। ਇਹ ਠੀਕ ਹੈ ਕਿ ਦੇਕਾਰਤ ਨੇ ਫ਼ਲਸਫ਼ੇ ਨੂੰ ਧਰਮ-ਸ਼ਾਸ਼ਤਰ ਦੇ ਅਧਿਕਾਰ ਤੋਂ ਮੁਕਤ ਕਰ ਦਿੱਤਾ। ਇਸ ਦੀ ਆਪਣੀ ਮੁੱਢਲੀ ਸਿੱਖਿਆ ਈਸਾਈ ਧਰਮ ਵਿਚ ਹੋਈ ਸੀ ਪਰ ਇਸ ਨੇ ਹਿਸਾਬ ਦੀ ਤਰਕਸ਼ੀਲਤਾ ਨੂੰ ਵਧੇਰੇ ਪੀਡੀ ਗੰਢ ਪਾ ਕੇ ਰੱਖੀ।

ਵਿਵੇਕ ਤੋਂ ਦੇਕਾਰਤ ਦਾ ਭਾਵ ਵਿਵੇਕੀਕਰਨ ਨਹੀਂ ਸੀ, ਵਿਵੇਕ ਦੀ ਵਰਤੋਂ ਰਾਹੀਂ ਇਹ ਕਿਸੇ ਮਨ-ਪਸੰਦ ਸਿਧਾਂਤ ਨੂੰ ਤਰਕਸ਼ੀਲਤਾ ਦੇ ਲਿਬਾਸ ਵਿਚ ਪੇਸ਼ ਕਰਨ ਦਾ ਹਾਮੀ ਵੀ ਨਹੀਂ ਸੀ। ਵਿਵੇਕਸ਼ੀਲਤਾ ਦੀ ਮੰਗ ਇਹ ਸੀ ਕਿ ਹਰ ਸੰਕਲਪ ਨੂੰ ਸਪਸ਼ਟ ਕੀਤਾ ਜਾਵੇ, ਇਸ ਦਾ ਸ਼ੁੱਧ ਰੂਪ ਨਿਰਧਾਰਿਤ ਹੋਵੇ ਅਤੇ ਇਸ ਦੀ ਸਾਫ਼ ਪਰਿਭਾਸ਼ਾ ਦਿੱਤੀ ਜਾਵੇ। ਇਸ ਅਨੁਸਾਰ ਮਨੁੱਖੀ ਮਨ ਚਿੰਤਨ ਦੇ ਸਮਰੱਥ ਹੈ, ਇਸ ਵਿਚ 'ਵਿਚਾਰ' ਉਤਪੰਨ ਹੁੰਦੇ ਹਨ। ਮਾਨਸਿਕ ਕ੍ਰਿਆ ਵਿਚਾਰਾਂ ਦੀ ਕ੍ਰਿਆ ਹੈ ਪਰ ਦੇਕਾਰਤ ਅਨੁਸਾਰ ਹਰ ਵਿਚਾਰ, 'ਸਪਸ਼ਟ ਤੇ ਭਿੰਨ' ਹੋਣਾ ਚਾਹੀਦਾ ਹੈ। ਧੁੰਦਲੇ ਤੇ ਅਸਪਸ਼ਟ ਵਿਚਾਰਾਂ ਰਾਹੀਂ ਸਚਾਈ ਨੂੰ ਗ੍ਰਹਿਣ ਨਹੀਂ ਕੀਤਾ ਜਾ ਸਕਦਾ। ਇਸ ਨੇ 'ਵਿਚਾਰ' ਦੀਆਂ ਕਈ ਕਿਸਮਾਂ ਨਿਰਧਾਰਿਤ ਕੀਤੀਆਂ। ਕੁਝ ਵਿਚਾਰ ਅਜਿਹੇ ਹਨ ਜੋ ਜਮਾਂਦਰੂ ਹਨ ਅਤੇ ਬਿਨਾਂ ਸਿਖਿਆਂ ਸਾਡੇ ਅੰਦਰ ਮੌਜੂਦ ਹਨ, ਕੁਝ ਹੋਰ ਬਾਹਰੋਂ ਪ੍ਰਾਪਤ ਕੀਤੇ ਵਿਚਾਰ ਹਨ ਜਿਵੇਂ ਵਸਤਾਂ ਦੇ ਆਕਾਰ ਤੇ ਫੈਲਾਵਟ, ਤੀਜੀ ਕਿਸਮ ਦੇ ਵਿਚਾਰ ਅਜਿਹੇ ਹਨ ਜੋ ਮਨੁੱਖੀ ਮਨ ਦੀ ਉਪਜ ਹਨ। ਦੇਕਾਰਤ ਦੀ ਜਮਾਂਦਰੂ ਵਿਚਾਰਾਂ ਵਾਲੀ ਗੱਲ ਅਨੁਭਵਵਾਦੀ ਚਿੰਤਕਾਂ ਨੂੰ ਪਰਵਾਨ ਨਹੀਂ ਸੀ ਜਿਨ੍ਹਾਂ ਅਨੁਸਾਰ ਮਨੁੱਖ ਹਰ ਗੱਲ ਜਨਮ ਤੋਂ ਉਪਰੰਤ ਆਪਣੇ ਅਨੁਭਵ ਰਾਹੀਂ ਸਿਖਦਾ ਹੈ। ਦੇਕਾਰਤ ਵਿਵੇਕਵਾਦੀ ਸੀ ਜਿਸ ਦਾ ਸਿਧਾਂਤ ਕਹਿੰਦਾ ਸੀ ਵਿਵੇਕ ਵਿਚ ਆਪਣੇ ਆਪ ਸੋਚਣ ਤੇ ਚਿੰਤਨਸ਼ੀਲ ਕ੍ਰਿਆ ਕਰਨ ਦੀ ਸਮਰੱਥਾ ਹੈ।

ਦੇਕਾਰਤ ਦੀ ਪ੍ਰਸਿੱਧ ਧਾਰਨਾ 'ਕੋਜੀਟੋ' ਉਸ ਦੀ ਦਾਰਸ਼ਨਿਕ ਪ੍ਰਣਾਲੀ ਦਾ ਮੁੱਢ ਸੀ। ਕੋਜੀਟੋ ਲਾਤੀਨੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ ਹੈ 'ਮੈਂ ਸੋਚਦਾ ਹਾਂ' ਭਾਵ ਕਿ ਵਿਅਕਤੀ ਦੀ ਮਾਨਸਿਕ ਕ੍ਰਿਆ ਚਲ ਰਹੀ ਹੈ ਜੋ ਵਿਚਾਰਾਂ ਨੂੰ ਉਪਜਾਉਂਦੀ ਹੈ। ਇਸ ਧਾਰਨਾ ਦੇ ਆਧਾਰ ਉੱਤੇ ਦੇਕਾਰਤ ਨੇ ਆਪਣੇ ਆਪ ਦੀ ਹੋਂਦ ਸਿੱਧ ਕੀਤੀ, ਫਿਰ ਈਸ਼ਵਰ ਅਤੇ ਜਗਤ ਦੀਆਂ ਹੋਂਦਾਂ ਸਥਾਪਤ ਕੀਤੀਆਂ ਅਤੇ ਇੰਜ ਵਿਵੇਕਵਾਦੀ ਵਿਧੀ ਨੂੰ ਆਪਣੇ ਦਾਰਸ਼ਨਿਕ ਗਿਆਨ-ਸਿਧਾਂਤ ਦੀ ਚੂਲ ਬਣਾਇਆ।

ਵਿਅਕਤੀ ਦੇ ਆਪੇ ਦਾ ਸਬੂਤ—ਦੇਕਾਰਤੀਅਨ ਵਿਧੀ ਅਨੁਸਾਰ, ਮਨੁੱਖ ਨੂੰ ਹਰ ਵਸਤੂ ਸਮੇਤ ਆਪਣੇ ਸਰੀਰਕ ਢਾਂਚੇ ਸਬੰਧੀ ਸ਼ੰਕਾ ਕਰਦੇ ਜਾਣਾ ਚਾਹੀਦਾ ਹੈ ਕਿਉਂਕਿ ਇਹ ਪਤਾ ਹੀ ਨਹੀਂ ਕਿ ਦ੍ਰਿਸ਼ਟਮਾਨ ਜਗਤ ਅਸਲ ਵਿਚ ਹੈ ਵੀ ਜਾਂ ਨਹੀਂ। ਜਿਸ ਚੀਜ਼ ਨੂੰ ਅਸੀਂ ਨਿਸ਼ਚਿਤ ਰੂਪ ਵਿਚ ਸਿੱਧ ਨਹੀਂ ਕਰ ਸਕਦੇ ਉਸ ਨੂੰ ਰੱਦ ਕਰਦੇ ਜਾਈਏ। ਨਾ ਬਾਹਰਲਾ ਜਗਤ ਨਿਸ਼ਚਿਤ ਤੌਰ ਤੇ ਹੋਂਦ ਵਿਚ ਹੈ, ਨਾ ਸਾਡੇ ਸਰੀਰਕ ਅੰਗ। ਜਿਸ ਤੱਥ ਉਤੇ ਸ਼ੰਕਾ ਸੰਭਵ ਨਹੀਂ; ਉਹ ਇਨਸਾਨ ਦਾ ਨਿਜੀ ਮਾਨਸਿਕ ਤੱਥ ਹੈ, ਉਸ ਦੀ ਸੋਚਣ-ਕ੍ਰਿਆ ਹੈ, ਸ਼ੰਕਾ ਕਰਨ ਦੀ ਕ੍ਰਿਆ ਹੈ। ਹੋਰ ਕੁਝ ਵੀ ਹੋਂਦ ਵਿਚ ਨਾ ਹੋਵੇ। ਘੱਟ ਤੋਂ ਘੱਟ ਉਸ ਦੀ 'ਸ਼ੰਕਾਕਾਰੀ' ਤਾਂ ਹੈ ਜੋ ਮਾਨਸਿਕ ਕ੍ਰਿਆ ਦੇ ਰੂਪ ਵਿਚ ਕਾਰਜ ਕਰ ਰਹੀ ਹੈ। ਵਿਅਕਤੀ ਵਿਚ ਚੇਤਨਾ ਅਵੱਸ਼ ਮੌਜੂਦ ਹੈ ਜਿਸ ਦਾ ਅਨੁਭਵ ਉਸ ਦੀ ਚਿੰਤਨ ਪ੍ਰਕ੍ਰਿਆ ਰਾਹੀਂ ਹੋ ਰਿਹਾ ਹੈ। ਇਸੇ ਨੂੰ ਦੇਕਾਰਤ ਨੇ ਕੋਜੀਟੋ ਕਿਹਾ ਭਾਵ "ਮੈਂ ਚਿੰਤਨ ਕਰ

ਰਿਹਾ ਹਾਂ। ਇਹ ਕਿਹਾ ਹੈ ਕਿ ਇਹ ਗੱਲ ਉਹ ਕਿਸੇ ਬਾਹਰਲੇ ਤੱਥ ਦੇ ਆਧਾਰ ਉੱਤੇ ਨਹੀਂ ਕਹਿ ਰਿਹਾ ਸਗੋਂ ਉਸ ਦਾ ਅੰਤਰਬੋਧ (intution) ਹੈ ਜੋ ਵਿਅਕਤੀ ਦਾ ਉੱਚਤਮ ਬੋਧ ਹੈ, ਸਰਬੋਤਮ ਗਿਆਨ ਜਾਂ ਅਨੁਭਵ ਹੈ। ਨਿਜੀ ਚਿੰਤਨ ਦੇ ਇਸ ਅਨੁਭਵ ਤੋਂ ਸਪਸ਼ਟ ਨਿਰਣਾ ਹੁੰਦਾ ਹੈ ਕਿ 'ਮੈਂ ਹਾਂ', ਜਾਂ ਮੇਰੀ ਹੋਂਦ ਹੈ। ਦੇਕਾਰਤ ਨੇ ਜੋ ਪੂਰਾ ਤਰਕਵਾਦ ਘੜਿਆ, ਉਹ ਸੀ : "ਮੈਂ ਸੋਚਦਾ ਹਾਂ, ਇਸ ਲਈ, ਮੇਰੀ ਹੋਂਦ ਹੈ।" ਇਹ 'ਕੋਜੀਟੋ' ਧਾਰਨਾ ਦਾ ਮੁਕੰਮਲ ਰੂਪ ਹੈ। ਲਾਤੀਨੀ ਭਾਸ਼ਾ ਵਿਚ ਇਸ ਨੂੰ 'Cagito, ergo sum' ਕਿਹਾ ਗਿਆ। ਸੰਖੇਪ ਤੌਰ ਤੇ ਇਸ ਵਾਕ ਨੂੰ "ਸੋਚਾਂ ਸੋ ਹੋਵਾਂ" ਦੇ ਤਿੰਨ ਸ਼ਬਦਾਂ ਵਿਚ ਪ੍ਰਗਟਾਇਆ ਜਾ ਸਕਦਾ ਹੈ।

"ਕੋਜੀਟੋ" ਤਰਕਵਾਦ ਦੇ ਦੋ ਭਾਗ ਹਨ : ਪਹਿਲਾ "ਮੈਂ ਸੋਚ ਰਿਹਾ ਹਾਂ" ਅੰਤਰਬੋਧੀ ਅਨੁਭਵ ਹੈ ਜੋ ਨਿਜਤਵ ਦਾ ਸੰਕੇਤਕ ਹੈ, ਆਤਮਪਰਕ ਤੱਥ ਦੀ ਸ਼ੰਕਾ ਮੁਕਤ ਦਸ਼ਾ ਹੈ; ਦੂਜਾ ਭਾਗ "ਮੇਰੀ ਹੋਂਦ ਹੈ" ਪਹਿਲੇ ਭਾਗ ਉੱਤੇ ਆਧਾਰਿਤ ਅਨੁਮਾਨ ਹੈ। 'ਮੈਂ ਜੇਕਰ ਸੋਚ ਰਿਹਾ ਹਾਂ ਤਾਂ ਮੇਰੀ ਹੋਂਦ ਯਕੀਨੀ ਹੈ। ਇਸ ਤੱਥ ਬਾਰੇ ਮੇਰੀ ਬੁੱਧੀ, ਮੇਰਾ ਵਿਵੇਕ ਇਨਕਾਰੀ ਨਹੀਂ ਹੋ ਸਕਦੇ।' ਸੋ ਦੇਕਾਰਤ ਅਨੁਸਾਰ, 'ਮੇਰੀ ਨਿਜਪਰਕ ਹੋਂਦ ਸਥਾਪਤ ਹੋ ਗਈ; ਇਸ ਦਾ ਅਕੱਟ ਪ੍ਰਮਾਣ ਮੇਰੇ ਅੰਤਰੀਵੀ, ਅੰਤਰਬੋਧੀ, ਵਿਵੇਕਸ਼ੀਲ ਅਨੁਭਵ ਨੇ ਦੇ ਦਿੱਤਾ ਹੈ। ਘੱਟ ਤੋਂ ਘੱਟ ਇਕ ਤੱਥ ਅਜਿਹਾ ਮੌਜੂਦ ਹੈ ਜਿਸ ਦੀ ਹੋਂਦ ਨਿਸ਼ਚਿਤ ਤੇ ਭਿੰਨ ਹੈ।' ਦੇਕਾਰਤ ਦਾ ਕੋਜੀਟੋ-ਵਾਦ ਅਨੁਮਾਨ ਹੋਣ ਦਾ ਪ੍ਰਭਾਵ ਦੇਂਦਾ ਹੈ। ਕਈ ਦਾਰਸ਼ਨਿਕਾਂ ਨੇ ਕਿੰਤੂ ਕੀਤਾ ਹੈ ਕਿ ਵਾਦ ਦਾ ਪਹਿਲਾ ਭਾਗ ਨਿਜੀ ਅਨੁਭਵ ਹੈ ਪਰ ਦੂਸਰਾ ਭਾਗ ਇਸ ਤੋਂ ਨਿਕਲਿਆ 'ਸਿੱਟਾ' ਜਾਂ ਅਨੁਮਾਨ ਹੈ। ਇੰਜ ਇਹ ਤਰਕਵਾਦ ਬਣ ਗਿਆ ਹੈ ਪਰ ਦੇਕਾਰਤ ਨੇ ਕੋਜੀਟੋ-ਵਾਦ ਨੂੰ ਤਾਰਕਿਕ ਦਲੀਲ ਦੇ ਰੂਪ ਵਿਚ ਪੇਸ਼ ਨਹੀਂ ਕੀਤਾ। ਇਸ ਦਾ ਕਹਿਣਾ ਹੈ ਕਿ ਇਹ ਸਮੁੱਚਾ ਵਾਦ ਹੀ ਮੇਰਾ ਨਿਜੀ ਅਨੁਭਵ ਹੈ, ਮੇਰਾ ਸੋਚਣਾ ਤੇ ਮੇਰਾ ਹੋਣਾ ਦੋ ਵੱਖ ਵੱਖ ਤੱਥ ਨਹੀਂ ਹਨ। ਇਹ ਦੋਵੇਂ ਭਾਗ ਇਕੋ ਅਨੁਭਵ ਦੇ ਦੋ ਭਾਸ਼ਾਈ ਅੰਗ ਹਨ। ਸੋ ਮੇਰੀ ਹੋਂਦ ਸਿੱਧ ਹੋ ਗਈ।

ਈਸ਼ਵਰ ਦੀ ਹੋਂਦ ਦਾ ਸਬੂਤ—ਦੇਕਾਰਤ ਨੇ ਆਪਣੀ ਵਿਵੇਕਸ਼ੀਲ ਵਿਧੀ ਰਾਹੀਂ ਸਭ ਤੋਂ ਪਹਿਲਾਂ ਆਪਣੇ 'ਆਪ' ਦੀ ਹੋਂਦ ਨੂੰ ਸਿੱਧ ਕੀਤਾ। ਮੇਰਾ ਹਉਂ, ਮੇਰਾ ਨਿਜਤਵ, ਮੇਰਾ ਵਿਅਕਤੀਗਤ ਆਪਾ, ਜਾਂ ਮੇਰੀ ਆਤਮਪਰਕਤਾ ਨਿਸ਼ਚਿਤ ਹੈ ਪਰ ਇਸ ਹਉਂ ਵਿਚੋਂ ਬਾਹਰ ਕਿਵੇਂ ਨਿਕਲੀਏ ? ਕੀ ਕੇਵਲ ਆਪ ਹੀ ਮੌਜੂਦ ਹੈ, ਹੋਰ ਕੁਝ ਵੀ ਨਹੀਂ? ਬਾਹਰਲਾ ਜਗਤ, ਦੂਸਰੇ ਲੋਕ, ਰੱਬ, ਕਿਸੇ ਦੀ ਹੋਂਦ ਨਿਸ਼ਚਿਤ ਨਹੀਂ। ਆਧੁਨਿਕ ਜਗਤ ਹਉਂ ਦੇ ਚੱਕਰ ਵਿਚ ਗ੍ਰਸਿਆ ਹੋਇਆ ਹੈ। ਦੇਕਾਰਤ ਦਾ ਪਿਛੋਕੜ ਈਸਾਈ ਧਰਮ ਭਾਵਨਾ ਦਾ ਹੋਣ ਕਰ ਕੇ ਇਸ ਨੂੰ ਇਹ ਗੱਲ ਪਰਵਾਨ ਨਹੀਂ ਸੀ ਕਿ ਈਸ਼ਵਰ ਦੀ ਹੋਂਦ ਸਬੰਧੀ ਸ਼ੰਕਾ ਕੀਤਾ ਜਾਏ ਜਾਂ ਰੱਬ ਨੂੰ ਰੱਦ ਕਰ ਦਿੱਤਾ ਜਾਵੇ। ਬਾਹਰਲੇ ਜਗਤ ਤਕ ਪੁੱਜਣ ਲਈ ਵੀ ਇਸ ਨੂੰ ਰੱਬ ਦੀ ਲੋੜ ਸੀ। ਇਸ ਦਾ ਰੱਬ ਈਸਾਈ ਧਰਮ ਦਾ ਪੁਰਖੀ ਗੁਣਾਂ ਵਾਲਾ, ਬੈਕੁੰਠ ਦਾ ਨਿਵਾਸੀ ਈਸ਼ਵਰ ਸੀ, ਨਾ ਕਿ ਕੋਈ ਨਿਰ-ਆਕਾਰ, ਅਚੇਤ, ਨਿਰਗੁਣ ਹਸਤੀ। ਇਸ ਦੇ ਈਸ਼ਵਰ ਵਿਚ ਅਮੁੱਕ ਸ਼ਕਤੀਆਂ ਸਨ। ਅਨੇਕ ਸਿਫ਼ਤਾਂ ਤੇ ਗੁਣ ਸਨ ਪਰ ਫ਼ਿਲਾਸਫ਼ਰ ਦੇ ਰੂਪ ਵਿਚ ਇਹ ਇਸ ਪੁਰਖੀ ਈਸ਼ਵਰ ਨੂੰ ਸਿੱਧ ਕਰਨਾ ਜ਼ਰੂਰੀ ਸਮਝਦਾ ਹੈ। ਇਸ ਯੋਜਨਾ ਦੇ ਅੰਤਰਗਤ ਇਸ ਨੇ ਪਹਿਲਾਂ ਤੋਂ ਪ੍ਰਾਪਤ ਸਬੂਤਾਂ ਤੇ ਦਲੀਲਾਂ ਦਾ ਆਲੋਚਨਾਤਮਕ ਅਧਿਐਨ ਕੀਤਾ।

ਇਸ ਦੇ ਮਨ ਵਿਚ ਰੱਬ ਦਾ 'ਵਿਚਾਰ' ਮੌਜੂਦ ਹੈ। ਉਹ ਇਕ ਸੀਮਿਤ, ਅੰਤਸ਼ੀਲ ਵਿਅਕਤੀ ਹੈ, ਜਦ ਕਿ ਰੱਬ ਅਸੀਮ ਤੇ ਅਨੰਤ ਹੈ। ਕੀ ਰੱਬ ਨੇ ਆਪ ਹੀ ਇਸ ਦੇ ਮਨ ਵਿਚ ਆਪਣੀ ਹੋਂਦ ਦਾ ਵਿਚਾਰ ਉਪਜਾਇਆ ਹੈ ? ਜੇਕਰ ਰੱਬ ਇਸ ਵਿਚਾਰ ਦਾ ਕਰਤਾ ਹੈ ਤਾਂ ਪ੍ਰਸ਼ਨ ਪੈਦਾ ਹੁੰਦਾ ਹੈ—ਅਸੀਮ ਤੇ ਅਨੰਤ ਹਸਤੀ ਦਾ ਵਿਚਾਰ ਸੀਮਿਤ ਮਨ ਵਿਚ ਕਿਵੇਂ ਸਮਾ ਗਿਆ ? ਸਿੱਟਾ ਆਪਣੇ ਕਾਰਨ ਤੋਂ ਵਡੇਰਾ ਕਿਵੇਂ ਹੋ ਸਕਦਾ ਹੈ ? ਇਸ ਦੇ ਮਨ ਵਿਚ ਜੋ ਵਿਚਾਰ ਹੈ ਉਹ ਵਾਸਤਵਿਕ ਹਸਤੀ ਦਾ ਵਿਚਾਰ ਹੈ ਨਾ ਕਿ ਕਿਸੇ ਸੰਭਾਵੀ ਹਸਤੀ ਦਾ। ਜਾਪਦਾ ਹੈ ਈਸ਼ਵਰ ਆਪ ਹੀ ਇਸ ਵਿਚਾਰ ਦਾ ਕਰਤਾ ਹੈ ਪਰ ਦੇਕਾਰਤ ਨੂੰ ਇਹ ਸਬੂਤ ਪੂਰੀ ਤਰ੍ਹਾਂ ਪ੍ਰਭਾਵਿਤ ਨਹੀਂ ਕਰਦਾ। ਇਸ ਦਾ ਆਧਾਰ ਮਾਨਵਰੂਪਵਾਦ ਹੈ; ਇਸ ਸਬੂਤ ਲਈ ਮਨੁੱਖੀ ਜੀਵ ਦੀ ਹੋਂਦ ਜ਼ਰੂਰੀ ਹੈ।

ਇਕ ਹੋਰ ਦਲੀਲ ਜੋ ਪ੍ਰਚਲਿਤ ਸੀ, ਉਸ ਅਨੁਸਾਰ ਸਾਡਾ ਜੀਵਨ ਇਕ ਕਰਾਮਾਤ ਹੈ, ਇਸ ਦਾ ਹਰ ਪਲ ਇਕ ਕ੍ਰਿਸ਼ਮਾ ਹੈ। ਕੌਣ ਇਸ ਕ੍ਰਿਸ਼ਮੇ ਨੂੰ ਚਲਾ ਰਿਹਾ ਹੈ ? ਵਿਅਕਤੀ ਇਕ ਜੀਵ ਦੇ ਤੌਰ ਤੇ ਜੀਵਨ-ਕ੍ਰਿਆ ਦਾ ਸੰਚਾਲਕ ਨਹੀਂ ਹੋ ਸਕਦਾ, ਈਸ਼ਵਰ ਹੀ ਹੋ ਸਕਦਾ ਹੈ। ਇਸ ਦਲੀਲ ਵਿਚ ਇਹ ਤਰੁਟੀ ਨਜ਼ਰ ਆਈ ਕਿ ਜੀਵਨ ਵਿਚ ਵਿਸ਼ਵਾਸ ਸਾਡੀ ਪਸ਼ੂ ਬਿਰਤੀ ਕਰ ਕੇ ਹੈ। ਅਸੀਂ ਮੰਨ ਲਿਆ ਹੈ ਕਿ ਜੀਵਨ ਮੌਜੂਦ ਹੈ ਅਤੇ ਇਹ ਕਰਾਮਾਤ ਵਾਪਰ ਰਹੀ ਹੈ। ਜਾਨਵਰ ਨੂੰ ਵੀ ਇਹ ਵਿਸ਼ਵਾਸ ਹੁੰਦਾ ਹੈ ਕਿ ਪਦਾਰਥਕ ਜਗਤ ਤੇ ਜੀਵ ਸਚਮੁਚ ਵਿਚਰ ਰਹੇ ਹਨ। ਮਨੁੱਖ ਨੂੰ ਰੱਬ ਦੀ ਹੋਂਦ ਸਿੱਧ ਕਰਨ ਲਈ ਕੋਈ ਉਚੇਰੀ, ਵਿਵੇਕਸ਼ੀਲ ਦਲੀਲ ਲੱਭਣੀ ਪਵੇਗੀ।

ਦੇਕਾਰਤ ਨੇ ਈਸ਼ਵਰ ਦੀ ਹੋਂਦ ਸਿੱਧ ਕਰਨ ਲਈ ਹੋਂਦਪਰਕ ਦਲੀਲ ਦਾ ਆਸਰਾ ਲਿਆ ਹੈ। ਰੱਬ ਦੇ 'ਤੱਤ' ਦਾ ਉਸ ਦੀ 'ਹੋਂਦ' ਨਾਲ ਜ਼ਰੂਰੀ ਸਬੰਧ ਹੈ। ਰੱਬ ਦਾ ਤੱਤ, ਉਸ ਦੀ ਹੋਂਦ ਦਾ ਅਰਥ ਸਾਂਭੀ ਬੈਠਾ ਹੈ। ਇਹ ਸਬੰਧ ਵਿਅਕਤੀ ਦੀ ਮਰਜ਼ੀ ਜਾਂ ਚੋਣ ਉੱਤੇ ਨਿਰਭਰ ਨਹੀਂ; "ਲਾਲ" ਤੇ "ਰੰਗ' ਵਿਚ ਜਿਵੇਂ ਜ਼ਰੂਰੀ ਸਬੰਧ ਹੈ, ਉਸੇ ਤਰ੍ਹਾਂ ਰੱਬ ਦਾ ਵਿਚਾਰ ਰੱਬ ਦੀ ਹੋਂਦ ਨਾਲ ਜ਼ਰੂਰੀ ਰੂਪ ਵਿਚ ਜੁੜਿਆ ਹੋਇਆ ਹੈ। ਜੇ ਮੇਰੇ ਮਨ ਵਿਚ ਈਸ਼ਵਰ ਦਾ ਵਿਚਾਰ ਹੈ ਤਾਂ ਈਸ਼ਵਰ ਦੀ ਹੋਂਦ ਯਕੀਨੀ ਹੈ। ਰੱਬ ਦੇ 'ਵਿਚਾਰ' ਵਿਚ ਸੰਪੂਰਨਤਾ ਵੀ ਸ਼ਾਮਲ ਹੈ; ਜੇਕਰ ਇਹ ਕਹੀਏ ਕਿ ਰੱਬ 'ਸੰਪੂਰਨ ਹਸਤੀ' ਦਾ ਵਿਚਾਰ ਹੈ ਪਰ ਉਸ ਦੀ ਹੋਂਦ ਸੰਦੇਹ-ਮੁਕਤ ਨਹੀਂ ਤਾਂ ਇਹ ਸਵੈ-ਵਿਰੋਧੀ ਗੱਲ ਹੋਵੇਗੀ। ਇਸ ਦਾ ਭਾਵ ਹੋਵੇਗਾ, ਸੰਪੂਰਨ ਹਸਤੀ ਵਿਚ ਹੋਂਦ ਦੀ ਘਾਟ ਹੈ; ਫਿਰ ਇਹ ਪੂਰਨਤਾ ਕਿਵੇਂ ਹੋਈ ? ਦੂਸਰੇ ਸ਼ਬਦਾਂ ਵਿਚ ਕੋਈ ਪੂਰਨ ਹਸਤੀ ਹੀ ਆਪਣੇ ਵਿਚਾਰ ਅਪੂਰਨ ਮਨੁੱਖ ਦੇ ਮਨ ਵਿਚ ਉਪਜਾ ਸਕਦੀ ਹੈ ਅਤੇ ਪੂਰਨਤਾ ਵਿਚੋਂ ਹੋਂਦਸ਼ੀਲਤਾ ਨੂੰ ਖਾਰਜ ਨਹੀਂ ਕੀਤਾ ਜਾ ਸਕਦਾ। ਇਹ ਦੇਕਾਰਤ ਦੀ ਰੱਬ ਦੀ ਹੋਂਦ ਦੇ ਹੱਕ ਵਿਚ ਦਿੱਤੀ ਦਲੀਲ ਸੀ।

ਦੇਕਾਰਤ ਇਸ ਗੱਲੋਂ ਸੁਚੇਤ ਸੀ ਕਿ ਦਲੀਲਾਂ ਰਾਹੀਂ ਤੱਤ ਤੋਂ ਹੋਂਦ ਸਿੱਧ ਕਰਨੀ ਸੌਖਾ ਕੰਮ ਨਹੀਂ। ਅਸੀਂ ਤਿਕੋਨ ਤੇ 'ਤੱਤ' ਬਾਰੇ ਨਿਸ਼ਚਿਤ ਹਾਂ, ਇਸ ਦੀ ਪਰਿਭਾਸ਼ਾ ਜਾਣਦੇ ਹਾਂ ਪਰ ਇਹ ਦਾਅਵਾ ਨਹੀਂ ਕਰ ਸਕਦੇ ਕਿ ਤਿਕੋਨ ਦੀ ਹੋਂਦ ਵੀ ਹੈ। ਦੇਕਾਰਤ ਦਾ ਖ਼ਿਆਲ ਸੀ ਕਿ ਰੱਬ ਉੱਤੇ ਇਹ ਸ਼ੰਕਾ ਨਹੀਂ ਢੁੱਕਦਾ। ਰੱਬ ਹੀ ਇਕੋ ਇਕ ਅਜਿਹੀ ਹਸਤੀ ਹੈ ਜਿਸ ਦੀ ਹੋਂਦ ਉਸ ਦੇ ਤੱਤ ਨਾਲ ਇਕਰੂਪ ਹੈ। ਪਿਛਲੇਰੇ ਦਾਰਸ਼ਨਿਕਾਂ ਨੇ ਇਸ ਹੋਂਦਪਰਕ ਦਲੀਲ ਵਿਚ ਕਈ ਤਰੁਟੀਆਂ ਦਰਸਾਈਆਂ, ਉਨ੍ਹਾਂ ਨੇ 'ਹੋਂਦ' ਨੂੰ ਗੁਣ ਜਾਂ ਸਿਫ਼ਤ ਮੰਨਣ ਤੋਂ ਹੀ ਇਨਕਾਰ ਕੀਤਾ ਅਤੇ ਦੇਕਾਰਤ ਦੇ ਸਬੂਤ ਦਾ ਖੰਡਨ ਕਰ ਦਿੱਤਾ ਪਰ ਜਿਥੋਂ ਤਕ ਦੇਕਾਰਤ ਦਾ ਸਬੰਧ ਹੈ ਉਸ ਨੇ ਆਪਣੀ ਵਿਧੀ ਦੀ ਵਰਤੋਂ ਦੁਆਰਾ 'ਆਪੇ' ਤੋਂ ਉਪਰੰਤ 'ਈਸ਼ਵਰ' ਦੀ ਹੋਂਦ ਸਿੱਧ ਕਰ ਦਿਖਾਈ।

ਪਦਾਰਥਕ ਜਗਤ ਦਾ ਸਬੂਤ—ਆਪਣੀ ਵਿਵੇਕਸ਼ੀਲ ਵਿਧੀ ਦੀ ਅਗਲੇਰੀ ਵਰਤੋਂ ਦੇਕਾਰਤ ਨੇ ਦ੍ਰਿਸ਼ਟਮਾਨ ਜਗਤ (ਪਰਪੰਚ) ਦੀ

ਹੋਂਦ ਨੂੰ ਸਿੱਧ ਕਰਨ ਹਿਤ ਕੀਤੀ। ਮੈਂ ਵੀ ਹਾਂ, ਰੱਬ ਵੀ ਹੈ ਪਰ ਨਾਲ ਹੀ ਮਾਦਾ (ਮੈਟਰ) ਵੀ ਹੈ। ਪਦਾਰਥ ਦਾ ਸਭ ਤੋਂ ਵੱਡਾ ਤੇ ਕੇਂਦਰੀ ਗੁਣ ਉਸ ਦੀ ਫੈਲਾਵਟ ਹੈ। ਪਦਾਰਥਕ ਵਸਤਾਂ ਪੁਲਾੜ ਵਿਚ ਫੈਲੀਆਂ ਹੋਈਆਂ ਮੇਰੇ ਮਨ ਵਿਚ ਸੰਕਲਪ ਤੇ ਵਿਚਾਰ ਉਤਪੰਨ ਕਰ ਰਹੀਆਂ ਹਨ। ਜੇਕਰ ਪਦਾਰਥ ਜਾਂ ਮੈਟਰ ਦੀ ਅਸਲ ਵਿਚ ਹੋਂਦ ਨਾ ਹੋਵੇ ਪਰ ਵਿਅਕਤੀ ਦੇ ਮਨ ਵਿਚ ਪਦਾਰਥਕ ਵਸਤਾਂ ਦਾ ਵਿਚਾਰ ਮੌਜੂਦ ਹੋਵੇ ਤਾਂ ਇਸ ਦਾ ਭਾਵ ਰੱਬ ਵਿਅਕਤੀ ਨੂੰ ਧੋਖਾ ਦੇ ਰਿਹਾ ਹੈ। ਦੇਕਾਰਤ ਅਨੁਸਾਰ ਇਹ ਗੱਲ ਸੰਭਵ ਨਹੀਂ। ਉਸ ਨੇ ਬਾਹਰਲੇ ਜਗਤ ਦੀ ਹੋਂਦ ਸਿੱਧ ਕਰਨ ਲਈ ਰੱਬ ਨੂੰ ਵਿਚ ਲੈ ਆਂਦਾ ਹੈ। ਦੈਵੀ ਹਸਤੀ ਦੇ ਦਖ਼ਲ ਬਿਨਾਂ ਕਈ ਵਾਰੀ ਦਲੀਲ ਕੰਮ ਨਹੀਂ ਸਾਰਦੀ। ਦੇਕਾਰਤ ਨੇ ਵੀ ਰੱਬ ਦਾ ਆਸਰਾ ਲੈ ਕੇ ਇਹ ਸਿੱਧ ਕਰਨ ਦਾ ਯਤਨ ਕੀਤਾ ਕਿ ਪਦਾਰਥ ਬਾਰੇ ਜੋ ਸਪਸ਼ਟ ਵਿਚਾਰ ਮਨੁੱਖੀ ਮਨ ਵਿਚ ਹੈ, ਉਸ ਦਾ ਆਧਾਰ ਵਾਸਤਵਿਕ ਪਦਾਰਥ ਹੈ, ਮੈਟਰ ਹੈ।

ਦੇਕਾਰਤੀਅਨ ਫ਼ਲਸਫ਼ਾ ਤਿੰਨ ਮੂਲ ਸਚਾਈਆਂ ਨੂੰ ਪਰਵਾਨ ਕਰਦਾ ਹੈ : ਆਪਾ, ਈਸ਼ਵਰ ਤੇ ਭੌਤਿਕ ਜਗਤ। ਇਨ੍ਹਾਂ ਤਿੰਨਾਂ ਦਾ ਪਰਸਪਰ ਸਬੰਧ ਕੀ ਹੈ? ਕੀ ਇਹ ਤਿੰਨੇ ਇਕ ਦੂਜੇ ਤੋਂ ਸੁਤੰਤਰ ਦ੍ਰਵ ਹਨ? ਆਪਾ ਤੇ ਈਸ਼ਵਰ ਗ਼ੈਰ-ਪਦਾਰਥਕ ਹੋਂਦਾਂ ਹਨ ਜਦ ਕਿ ਮਾਦਾ ਭੌਤਿਕ ਹੋਣ ਕਰ ਕੇ ਇਨ੍ਹਾਂ ਤੋਂ ਭਿੰਨ ਲੱਛਣਾਂ ਵਾਲਾ ਹੈ। ਦੇਕਾਰਤ ਨੇ ਮਾਨਸਿਕ , ਆਤਮਿਕ, ਪਦਾਰਥਕ ਸਭ ਦਾ ਸੰਗ੍ਰਹਿ ਕਰ ਦਿੱਤਾ। ਇਸ ਦੇ ਵਿਵੇਕਵਾਦੀ ਮਤ ਨੂੰ ਅਗੇ ਤੋਰਨ ਵਾਲੇ ਚਿੰਤਕ ਸਪਿਨੋਜ਼ਾ ਨੇ ਇਕੋ ਮੂਲ-ਦ੍ਰਵ ਦੀ ਚਿਤਵਨਾ ਕੀਤੀ। ਦੇਕਾਰਤ ਦੇ ਫ਼ਲਸਫ਼ੇ ਦੀ ਇਕ ਹੋਰ ਤਰੁਟੀ ਇਹ ਸੀ ਕਿ ਇਸ ਦੇ ਚਿੰਤਨ ਵਿਚ ਮਨ ਤੇ ਸ਼ਰੀਰ (ਮਾਦਾ) ਇਕ ਦੂਜੇ ਤੋਂ ਸੁਤੰਤਰ ਹੋਣ ਦੇ ਬਾਵਜੂਦ ਇਕੋ ਦਿਸ਼ਾ ਵਿਚ ਕਾਰਜ ਕਰਦੇ ਹਨ। ਜੋ ਗੱਲ ਇਕ ਵਿਚ ਵਾਪਰਦੀ ਹੈ, ਉਸ ਦੇ ਸਮਾਨਾਂਤਰ ਦੂਜੇ ਵਿਚ ਵੀ ਵਾਪਰ ਜਾਂਦੀ ਹੈ। ਇਸ ਨੂੰ ਦੇਕਾਰਤ ਦੇ ਸ਼ਾਗਿਰਦਾਂ ਨੇ ਅਵਸਰਵਾਦ ਜਾਂ ਸਮਾਨਾਂਤਰ-ਵਾਦ ਦਾ ਨਾਂ ਦਿੱਤਾ ਜਿਸ ਵਿਚ ਪਿਛਲੇਰੇ ਚਿੰਤਕਾਂ ਨੇ ਕਈ ਮਹੱਤਵਪੂਰਨ ਸੋਧਾਂ ਕੀਤੀਆਂ। ਨਿਸ਼ਚੇ ਹੀ ਦੇਕਾਰਤ ਵਿਵੇਕ-ਵਾਦੀ ਲਹਿਰ ਦਾ ਮੋਢੀ ਸੀ।

ਹ.ਪੁ.—ਏ ਹਿਸਟਰੀ ਆੱਫ਼ ਵੈਸਟਰਨ ਫਿਲਾਸਫ਼ੀ-ਬਰਟ੍ਰੰਡ ਰਸੱਲ; ਹਿਸਟਰੀ ਆਫ ਫ਼ਿਲਾਸਫ਼ੀ—ਫ੍ਰੁੱਲਰ; ਸਟੋਰੀ ਆੱਫ ਫ਼ਿਲਾਸਫ਼ੀ—ਵਿਲ ਡੂਰੈਂਟ

ਦੇਲਵਾੜਾ : ਇਹ ਭਾਰਤ ਦੇ ਗੁਜਰਾਤ ਰਾਜ ਦੇ ਜੂਨਾਗੜ੍ਹ ਜ਼ਿਲ੍ਹੇ ਦਾ ਇਕ ਸ਼ਹਿਰ ਹੈ ਜਿਹੜਾ ਕਿ ਉਦੈਪੁਰ ਸ਼ਹਿਰ ਤੋਂ 23 ਕਿ. ਮੀ. (14 ਮੀਲ) ਉੱਤਰ ਵੱਲ ਅਰਾਵਲੀ ਦੀਆਂ ਪੂਰਬੀ ਢਲਾਨਾਂ ਉੱਤੇ ਸਥਿਤ ਹੈ। ਪਹਿਲਾਂ ਇਹ ਇਸੇ ਹੀ ਨਾਂ ਦੀ ਇਕ ਸਾਬਕਾ ਜਾਗੀਰ ਦਾ ਸਦਰ-ਮੁਕਾਮ ਹੁੰਦਾ ਸੀ। ਇਸ ਵਿਚ 86 ਪਿੰਡ ਸ਼ਾਮਲ ਹੁੰਦੇ ਸਨ। ਇਸ ਉੱਤੇ ਮੇਵਾੜ ਦੇ ਹੀ ਰਾਜ ਰਾਣੇ ਵਜੋਂ ਅਖਵਾਉਣ ਵਾਲੇ ਇਕ ਉੱਚ-ਘਰਾਣੇ ਦਾ ਅਧਿਕਾਰ ਹੁੰਦਾ ਸੀ। ਸ਼ਹਿਰ ਦੇ ਦੱਖਣ ਵੱਲ ਪਹਾੜੀ ਉੱਤੇ ਬਣਿਆ ਰਾਜ ਰਾਣੇ ਦਾ ਮਹੱਲ ਵਿਸ਼ੇਸ਼ ਤੌਰ ਤੇ ਖਿੱਚ ਦਾ ਕੇਂਦਰ ਹੈ ਅਤੇ ਦੱਖਣ ਵੱਲ ਇਕ ਨੋਕੀਲੀ ਚੋਟੀ ਉੱਤੇ ਰਾਥਸੇਨ ਦੇਵੀ ਦਾ ਮੰਦਿਰ ਹੈ। ਇਥੋਂ ਦੇ ਰਾਜ ਰਾਣੇ ਝਾਲ ਰਾਜਪੂਤਾਂ ਵਿਚੋਂ ਸਨ।

ਆਬਾਦੀ–9, 120 (1991)

24°47′ ਉ. ਵਿਥ.; 73°44′ ਪੂ. ਲੰਬ.

ਹ.ਪੁ.—ਇੰਪ.ਗ.ਇੰਡ. 11:241

ਦੇਵ : ਸਵਿਟਜ਼ਰਲੈਂਡ ਦੀ ਧਰਤੀ ਤੇ ਵਿਚਰਦੇ ਇਸ ਪੰਜਾਬੀ ਸ਼ਾਇਰ ਦਾ ਜਨਮ ਫ਼ਰਵਰੀ, 1947 ਵਿਚ ਜਗਰਾਉਂ (ਲੁਧਿਆਣਾ) ਵਿਖੇ ਹੋਇਆ। ਇਹ ਸ਼ਾਇਰ ਭਾਵੁਕ ਕਵੀ ਹੋਣ ਦੇ ਨਾਲ ਨਾਲ ਸੂਖ਼ਮ ਭਾਵੀ ਚਿੱਤਰਕਾਰ ਵੀ ਹੈ। 'ਵਿਦਰੋਹ' 'ਦੂਸਰੇ ਕਿਨਾਰੇ ਦੀ ਤਲਾਸ਼', 'ਮਤਾਬੀ', 'ਮਿੱਟੀ', 'ਪ੍ਰਸ਼ਨ ਤੇ ਪ੍ਰਵਾਜ਼' ਇਸ ਦੇ ਪ੍ਰਕਾਸ਼ਿਤ ਕਾਵਿ-ਸੰਗ੍ਰਹਿ ਹਨ। ਕਾਵਿ ਅਤੇ ਚਿੱਤਰਕਾਰੀ ਦਾ ਕੋਲਾਜ ਇਸ ਦੀ ਕਵਿਤਾ ਵਿਚ ਵਿਲੱਖਣ ਰੰਗ ਪੈਦਾ ਕਰਦਾ ਹੈ। ਸ਼ਾਇਰੀ ਅਤੇ ਚਿੱਤਰਕਾਰੀ ਦੇ ਸੁਮੇਲ ਵਿਚ ਕਈ ਵਾਰ ਇੰਜ ਲਗਦਾ ਹੈ ਕਿ ਇਸ ਦੇ ਬਣਾਏ ਚਿੱਤਰਾਂ ਵਿਚ ਕਵਿਤਾ ਵਾਂਗ ਗੂੜ੍ਹੇ ਅਰਥ ਤੇ ਕਵਿਤਾਵਾਂ ਵਿਚ ਚਿੱਤਰਾਂ ਵਰਗੇ ਗੂੜ੍ਹੇ ਰੰਗ ਹੁੰਦੇ ਹਨ। ਦੇਵ ਦਾ ਕਾਵਿ ਸੰਗ੍ਰਹਿ ਵਿਦਰੋਹ ਸ਼ਬਦ ਚਿੱਤਰਾਂ ਸੂਖ਼ਮ ਅਨੁਭਵੀ ਕਾਵਿ ਵਿਅੰਜਨਾਂ ਦੀ ਵਿਲੱਖਣ ਮਿਸਾਲ ਹੈ। ਦੇਵ ਦੀ ਸ਼ਾਇਰੀ ਦੇ ਸਰੋਵਰ ਵਿਚ ਜਿੰਨਾ ਡੂੰਘੇ ਉਤਰਦੇ ਜਾਈਏ ਅਰਥ ਉੱਨੇ ਹੀ ਫੈਲਦੇ ਜਾਂਦੇ ਹਨ। ਇਸ ਦੇ ਕਵਿਤਾ ਵਿਚਲੇ ਕਈ ਕਾਵਿ ਸ਼ਬਦ ਪਾਠਕਾਂ ਦੇ ਜ਼ਿਹਨ ਵਿਚ ਪ੍ਰਸ਼ਨ ਵੀ ਲਟਕਾਉਂਦੇ ਹਨ ਅਤੇ ਪ੍ਰਵਾਜ਼ ਵੀ ਭਰਦੇ ਹਨ। ਦੇਵ ਦੀ ਸ਼ਾਇਰੀ ਛੰਦਾਬੰਦੀ ਤੋਂ ਮੁਕਤ ਹੋਣ ਦੇ ਬਾਵਜੂਦ ਇਕ ਲੈਅ ਵਿਚ ਬਝੀ ਹੋਈ ਹੈ। ਪੰਜਾਬੀ ਸ਼ਾਇਰੀ ਦੇ ਖੇਤਰ ਵਿਚ ਇਸ ਦੇ ਵਧੀਆ ਯੋਗਦਾਨ ਕਰ ਕੇ ਪੰਜਾਬ ਸਰਕਾਰ ਦੇ ਅਦਾਰੇ ਭਾਸ਼ਾ ਵਿਭਾਗ ਵੱਲੋਂ ਸਾਲ 1992 ਵਿਚ ਇਸ ਨੂੰ ਸ਼੍ਰੋਮਣੀ ਬਦੇਸ਼ੀ ਪੰਜਾਬੀ ਸਾਹਿਤਕਾਰ ਪੁਰਸਕਾਰ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਤੋਂ ਪਹਿਲਾਂ 1991 ਈ. ਵਿਚ ਇਸ ਨੂੰ ਪੰਜਾਬੀ ਅਕਾਦਮੀ ਦਿੱਲੀ ਵੱਲੋਂ ਸ਼੍ਰੋਮਣੀ ਸਰਵੋਤਮ ਕਵੀ ਵਜੋਂ ਸਨਮਾਨਿਆ ਗਿਆ।

ਹ.ਪੁ.—ਪੰ. ਸਾ. ਦਾ. ਆ. ਇ.-ਡਾ. ਸੀਤਲ : 244; ਪੰ. ਸਾ. ਕੋ. ; ਸ.ਸੂ. (1992) - ਭਾ. ਵਿ. ਪੰ.

ਦੇਵ (ਦੇਵ ਦੱਤ) : ਇਹ ਹਿੰਦੀ ਦੇ ਬ੍ਰਜ ਭਾਖਾ ਕਾਵਿ ਖੇਤਰ ਵਿਚ ਮਹਾਂ ਕਵੀ ਵਜੋਂ ਪ੍ਰਸਿੱਧ ਹੈ। ਪ੍ਰਤਿਭਾ ਦੇ ਪੱਖ ਤੋਂ ਇਹ ਬਿਹਾਰੀ, ਭੂਸ਼ਣ, ਮਤੀ ਰਾਮ ਆਦਿ ਦੇ ਬਰਾਬਰ ਹੈ। ਮਿਸ਼ਰ ਬੰਧੂ ਅਨੁਸਾਰ ਦੇਵ ਦਾ ਸਥਾਨ ਹਿੰਦੀ ਸਾਹਿਤ ਵਿਚ ਤੁਲਸੀ ਤੋਂ ਪਿੱਛੋਂ ਆਉਂਦਾ ਹੈ। ਇਸ ਦਾ ਜਨਮ 1673 ਈ. ਵਿਚ ਹੋਇਆ। ਇਹ ਦੇਵਸਰੀਆ ਕਾਨਯਕੁਬਜ ਬ੍ਰਾਹਮਣ ਸੀ। 'ਭਾਵ ਵਿਲਾਸ' ਪੁਸਤਕ ਅਨੁਸਾਰ ਇਹ ਇਟਾਵਾ ਦਾ ਰਹਿਣ ਵਾਲਾ ਸੀ।

ਇਸ ਨੇ ਆਪਣੇ ਕਈ ਸਰਪਰਸਤਾਂ ਕੋਲ ਰਹਿ ਕੇ ਆਪਣੀ ਸਾਹਿਤਕ ਰਚਨਾ ਕੀਤੀ। ਔਰੰਗਜ਼ੇਬ ਦੇ ਪੁੱਤਰ ਆਜ਼ਮ ਸ਼ਾਹ ਨੇ ਇਸ ਦੀ ਰਚਨਾ 'ਅਸਟਯਾਮ' ਲਈ ਇਸ ਨੂੰ ਪੁਰਸਕਾਰ ਵੀ ਦਿੱਤਾ। ਹੋ ਸਕਦਾ ਹੈ 'ਭਾਵ-ਵਿਲਾਸ' ਵੀ ਆਜ਼ਮ ਸ਼ਾਹ ਦੇ ਕੋਲ ਨਿਵਾਸ ਰੱਖਦੇ ਸਮੇਂ ਹੀ ਲਿਖੀ ਗਈ ਹੋਵੇ। ਆਪਣੇ ਦੂਜੇ ਸਰਪਰਸਤ ਚਰਖੀ ਦਾਦਰੀ ਦੇ ਭਵਾਨੀ ਦੱਤ ਲਈ ਇਸ ਨੇ 'ਭਵਾਨੀ ਵਿਲਾਸ' ਪੁਸਤਕ ਲਿਖੀ। ਆਪਣੇ ਤੀਜੇ ਸਰਪਰਸਤ ਕੁਸ਼ਲ ਸਿੰਘ ਲਈ ਇਸ ਨੇ 'ਕੁਸ਼ਲ ਵਿਲਾਸ' ਪੁਸਤਕ ਲਿਖੀ। ਆਪਣੇ ਅਸਲੀ ਸਰਪਰਸਤ ਰਾਜਾ ਭੋਗੀ ਲਾਲ ਲਈ ਇਸ ਨੇ 'ਰਸ ਵਿਲਾਸ' ਪੁਸਤਕ ਲਿਖੀ।

ਕੁਝ ਵਿਦਵਾਨਾਂ ਅਨੁਸਾਰ ਦੇਵ ਦੱਤ ਦੀਆਂ 72 ਪੁਸਤਕਾਂ ਹਨ ਅਤੇ ਕੁਝ ਵਿਦਵਾਨ ਇਨ੍ਹਾਂ ਦੀ ਗਿਣਤੀ 52 ਮੰਨਦੇ ਹਨ ਪਰ ਇਨ੍ਹਾਂ ਵਿਚੋਂ ਕੇਵਲ 18 ਪ੍ਰਮਾਣਿਕ ਪੁਸਤਕਾਂ ਹੀ ਪ੍ਰਾਪਤ ਹਨ। ਉਪਰੋਕਤ ਵਰਣਨ ਕੀਤੀਆਂ ਪੁਸਤਕਾਂ ਤੋਂ ਇਲਾਵਾ 'ਪ੍ਰੇਮ ਚੰਦ੍ਰਿਕਾ', 'ਸੁਜਾਨ ਵਿਨੋਦ', 'ਸੁਖ ਸਾਗਰ ਤਰੰਗ', 'ਰਾਗ ਰਤਨਾਕਰ', 'ਜਗਦ ਦਰਸ਼ਨ ਪਚੀਸੀ', 'ਆਤਮ ਦਰਸ਼ਨ ਪਚੀਸੀ', 'ਤਤਵ ਦਰਸ਼ਨ ਪਚੀਸੀ', 'ਪ੍ਰੇਮ ਪਚੀਸੀ', 'ਸ਼ਬਦ ਰਸਾਇਣ', 'ਜਾਤੀ ਵਿਲਾਸ', 'ਦੇਵ ਚਰਿਤ੍ਰ', 'ਦੇਵ ਮਾਇਆ ਪ੍ਰਪੰਚ' ਆਦਿ ਇਸ ਦੀਆਂ ਪ੍ਰਸਿੱਧ ਪੁਸਤਕਾਂ ਹਨ।

ਇਨ੍ਹਾਂ ਵਿਚੋਂ ਇਕ ਪੁਸਤਕ ਦੇ ਕਈ ਛੰਦ ਦੂਜੀਆਂ ਪੁਸਤਕਾਂ ਵਿਚ ਮਿਲਦੇ ਹਨ। ਇਨ੍ਹਾਂ ਪੁਸਤਕਾਂ ਦਾ ਵਿਸ਼ਾ ਪ੍ਰੇਮ ਅਤੇ ਸ਼ਿੰਗਾਰ

ਹੈ। ਦੇਵ ਦੇ ਸਵੈਯਾ ਅਤੇ ਘਣਾਛਰੀ (ਕਬਿੱਤ) ਛੰਦਾਂ ਦੀ ਪ੍ਰਸਿੱਧੀ ਕਾਰਨ ਇਸ ਦੀਆਂ ਰਚਨਾਵਾਂ ਨੂੰ ਕਿਸੇ ਹੋਰ ਕਵੀ ਦੀਆਂ ਰਚਨਾਵਾਂ ਵਿਚ ਮਿਲਾਉਣਾ ਅਸੰਭਵ ਹੈ। ਇਸ ਦੀਆਂ ਰਚਨਾਵਾਂ ਵਿਚ ਵਿਆਪਕ ਅਨੁਭਵ ਅਤੇ ਤੀਬਰ ਭਾਵੁਕਤਾ ਹੈ। ਇਸ ਦੀ ਸ਼ਬਦਾਵਲੀ ਸੰਗੀਤਮਈ ਤੇ ਪ੍ਰਵਾਹਸ਼ੀਲ ਹੈ ਅਤੇ ਸੁਚੱਜੀ ਸ਼ਬਦ ਚੋਣ ਛੰਦ ਨੂੰ ਸਹਿਜੇ ਹੀ ਮਨ ਵਿਚ ਵਸਾ ਦਿੰਦੀ ਹੈ। ਰੂਪ, ਸੁੰਦਰਤਾ ਤੇ ਵਸਤੂ ਚਰਿਤ੍ਰ ਦੇ ਚਿਤ੍ਰਨ ਵਿਚ ਦੇਵ ਬੇਹੱਦ ਸਫ਼ਲ ਹੈ। ਆਪਣੇ ਇਨ੍ਹਾਂ ਗੁਣਾਂ ਕਾਰਣ ਦੇਵ ਦਾ ਹਿੰਦੀ ਸਾਹਿਤ ਵਿਚ ਪ੍ਰਮੁੱਖ ਸਥਾਨ ਹੈ।

ਹ.ਪੁ.—ਹਿੰ. ਵਿ. ਕੋ. 6 : 105

ਦੇਵ ਸਮਾਜ : ਇਸ ਧਾਰਮਿਕ ਅਤੇ ਸਮਾਜਿਕ ਸੰਸਥਾ ਦੀ ਸਥਾਪਨਾ 16 ਫ਼ਰਵਰੀ, 1887 ਨੂੰ ਪੰਡਿਤ ਸ਼ਿਵ ਨਾਰਾਇਣ ਅਗਨੀਹੋਤਰੀ ਨੇ ਲਾਹੌਰ ਵਿਚ ਕੀਤੀ। ਪੰਡਿਤ ਅਗਨੀਹੋਤਰੀ ਨੂੰ ਇਸ ਸੰਸਥਾ ਦਾ ਗੁਰੂ ਬਣਾਇਆ ਗਿਆ। ਇਹ ਸੰਸਥਾ ਆਰੀਆ, ਬ੍ਰਹਮੋ, ਈਸਾਈ ਅਤੇ ਇਸਲਾਮੀ ਧਰਮਾਂ ਵਾਂਗ ਕਿਤਾਬੀ ਗਿਆਨ ਤੇ ਆਧਾਰਿਤ ਨਹੀਂ ਹੈ। ਗੁਰੂ ਦੇ ਆਦੇਸ਼ਾਂ ਦਾ ਪਾਲਣ ਕਰਨਾ ਇਸ ਸੰਸਥਾ ਦਾ ਪ੍ਰਮੁੱਖ ਉਦੇਸ਼ ਸੀ। ਦੇਵ ਸਮਾਜ ਨੇ ਸਮਕਾਲੀਨ ਹਿੰਦੂ ਧਰਮ ਅਤੇ ਇਸ ਦੀਆਂ ਧਾਰਮਿਕ ਰਹੁ ਰੀਤਾਂ ਅਤੇ ਦੇਵੀ ਦੇਵਤਿਆਂ ਦੀ ਪੂਜਾ ਦੇ ਬਦਲੇ ਸੱਚੇ ਗੁਰੂ ਦੀ ਪੂਜਾ ਅਰਥਾਤ ਦੇਵ ਭਗਵਾਨ ਆਤਮਾ ਦਾ ਉਪਦੇਸ਼ ਦਿੱਤਾ। ਦੇਵ ਸਮਾਜ ਨੇ ਸਮਕਾਲੀਨ ਹਿੰਦੂ ਧਰਮ ਵਿਚ ਪ੍ਰਚਲਿਤ ਜਾਤ-ਪਾਤ ਦੀ ਪ੍ਰਥਾ ਨੂੰ ਨਿੰਦਿਆ ਅਤੇ ਇਸ ਦੇ ਮੈਂਬਰਾਂ ਵੱਲੋਂ ਅੰਤਰਜਾਤੀ ਵਿਆਹ ਅਤੇ ਰਲ ਕੇ ਭੋਜਨ ਖਾਣ ਅਰਥਾਤ ਲੰਗਰ ਦੀ ਪ੍ਰਥਾ ਨੂੰ ਅਮਲੀ ਰੂਪ ਦਿੱਤਾ। ਪੰਡਿਤ ਅਗਨੀ-ਹੋਤਰੀ ਨੇ ਸਮਾਜ ਵਿਚ ਔਰਤ ਨੂੰ ਯੋਗ ਥਾਂ ਦਿਵਾਉਣ ਲਈ ਬਾਲ-ਵਿਆਹ ਪ੍ਰਥਾ ਨੂੰ ਹਟਾਉਣ ਹਿਤ ਯਤਨ ਕੀਤੇ। ਇਸ ਲਈ ਇਸ ਸੰਸਥਾ ਵੱਲੋਂ ਵਿਆਹ ਲਈ ਲੜਕੇ ਦੀ ਉਮਰ 20 ਸਾਲ ਅਤੇ ਲੜਕੀ ਦੀ ਉਮਰ 16 ਸਾਲ ਨਿਸ਼ਚਿਤ ਕੀਤੀ ਗਈ। ਇਸ ਸੰਸਥਾ ਵੱਲੋਂ ਦਾਜਪ੍ਰਥਾ, ਪਰਦਾ ਤੇ ਸਮਕਾਲੀਨ ਪੰਜਾਬੀ ਔਰਤਾਂ ਵੱਲੋਂ ਕੀਤੀਆਂ ਜਾਂਦੀਆਂ ਪਰੰਪਰਾਗਤ ਮਾਤਮੀ ਰੀਤਾਂ-ਰਸਮਾਂ ਦਾ ਖੰਡਨ ਕੀਤਾ ਗਿਆ। ਪੰਡਿਤ ਅਗਨੀਹੋਤਰੀ ਨੇ ਵਿਧਵਾ-ਵਿਆਹ ਦੇ ਪੱਖ ਵਿਚ ਆਵਾਜ਼ ਉਠਾਈ ਅਤੇ ਮਰਦ ਦੀ ਤਰ੍ਹਾਂ ਔਰਤ ਦੇ ਪੜ੍ਹਨ ਲਿਖਣ ਲਈ ਇਸ ਵੱਲੋਂ ਵਿਸ਼ੇਸ਼ ਉਪਰਾਲੇ ਕੀਤੇ ਗਏ। 20 ਅਕਤੂਬਰ, 1899 ਨੂੰ ਇਸ ਸੰਸਥਾ ਨੇ ਮੋਗਾ ਵਿਖੇ ਕੁੜੀਆਂ ਮੁੰਡਿਆਂ ਦਾ ਸਾਂਝਾ ਸਕੂਲ ਖੋਲ੍ਹਿਆ ਜਿਹੜਾ ਬਾਅਦ ਵਿਚ ਦੇਵ ਸਮਾਜ ਹਾਈ ਸਕੂਲ ਬਣ ਗਿਆ। ਬਾਅਦ ਵਿਚ ਇਸ ਸੰਸਥਾ ਵੱਲੋਂ ਲੜਕੀਆਂ ਲਈ ਅਲੱਗ ਦੇਵ ਸਮਾਜ ਬਾਲਿਕਾ ਵਿਦਿਆਲਾ ਖੋਲ੍ਹਿਆ ਗਿਆ। ਕੁਝ ਸਾਲਾਂ ਬਾਅਦ ਦੇਵ ਸਮਾਜ ਸੰਸਥਾ ਵੱਲੋਂ ਪੰਜਾਬ ਦੇ ਬਹੁਤ ਸਾਰੇ ਭਾਗਾਂ ਵਿਚ ਸਕੂਲ, ਕਾਲਜ ਖੋਲ੍ਹੇ ਗਏ।

ਉਪਰੋਕਤ ਸਭ ਕੁਝ ਦੇ ਨਾਲ ਦੇਵ ਸਮਾਜ ਸੰਸਥਾ ਵੱਲੋਂ ਨੈਤਿਕ ਸਿਧਾਂਤਾਂ ਦਾ ਪਾਠ ਵੀ ਪੜ੍ਹਾਇਆ ਜਾਂਦਾ ਹੈ। ਇਸ ਦੇ ਮੈਂਬਰਾਂ ਲਈ ਪੂਰੀ ਤਰ੍ਹਾਂ ਈਮਾਨਦਾਰ ਹੋਣਾ ਜ਼ਰੂਰੀ ਹੁੰਦਾ ਹੈ। ਦੇਵ ਸਮਾਜ ਸੰਸਥਾ ਦੇ ਮੈਂਬਰਾਂ ਨੂੰ ਝੂਠ ਨਾ ਬੋਲਣ, ਚੋਰੀ ਨਾ ਕਰਨ, ਕਿਸੇ ਨੂੰ ਧੋਖਾ ਨਾ ਦੇਣ, ਵੱਢੀ ਨਾ ਲੈਣ ਅਤੇ ਜੂਆ ਨਾ ਖੇਡਣ ਦਾ ਉਪਦੇਸ਼ ਦਿੱਤਾ ਜਾਂਦਾ ਹੈ। ਇਸ ਸੰਸਥਾ ਨਾਲ ਜੁੜੇ ਲੋਕਾਂ ਨੂੰ ਸ਼ਰਾਬ ਨਾ ਪੀਣ ਅਤੇ ਨਸ਼ੇ ਨਾ ਖਾਣ ਦੀ ਹਦਾਇਤ ਵੀ ਕੀਤੀ ਜਾਂਦੀ ਹੈ ਅਤੇ ਸ਼ੁਧ ਸ਼ਾਕਾਹਾਰੀ ਭੋਜਨ ਖਾਣ ਲਈ ਪ੍ਰੇਰਿਤ ਕੀਤਾ ਜਾਂਦਾ ਹੈ। ਦੇਵ ਸਮਾਜ ਦੇ ਮੈਂਬਰਾਂ ਨੂੰ ਤਿੰਨ ਪ੍ਰਮੁੱਖ ਸ਼੍ਰੇਣੀਆਂ ਸ਼ਹਾਇਕਜ਼, ਨਵਜੀਵਨ ਅਤੇ ਯਾਫ਼ਤਾਜ਼ ਵਿਚ ਵੰਡਿਆ ਗਿਆ ਹੈ। ਦੇਵ ਸਮਾਜ ਵਿਚ ਦਾਖ਼ਲ ਹੋਣ ਲਈ ਪਹਿਲਾਂ ਮੈਂਬਰਾਂ ਨੂੰ 10 ਰੁਪਏ ਜਮ੍ਹਾਂ ਕਰਵਾਉਣ ਅਤੇ ਪੰਡਿਤ ਅਗਨੀਹੋਤਰੀ ਦੀ ਲੀਡਰਸ਼ਿਪ ਨੂੰ ਮੰਨਣਾ ਪੈਂਦਾ ਸੀ ਅਤੇ ਬਾਅਦ ਵਿਚ ਇਸ ਦੀ ਮੈਂਬਰੀ ਲਈ ਆਮਦਨ ਦਾ ਦਸਵਾਂ ਹਿੱਸਾ ਦੇਣਾ ਜ਼ਰੂਰੀ ਕੀਤਾ ਗਿਆ। ਦੇਵ ਸਮਾਜ ਦੇ ਸਮਾਜ ਸੁਧਾਰਵਾਦੀ ਨੈਤਿਕ ਮੁੱਲਾਂ ਨੇ ਆਮ ਲੋਕਾਂ ਨੂੰ ਬਹੁਤ ਪ੍ਰਭਾਵਿਤ ਕੀਤਾ। ਸੰਨ 1920 ਤਕ ਇਹ ਸੰਸਥਾ ਪੂਰੇ ਜਲੌਅ ਤੇ ਸੀ। ਸੰਨ 1929 ਵਿਚ ਪੰਡਿਤ ਅਗਨੀਹੋਤਰੀ ਦੀ ਮੌਤ ਤੋਂ ਬਾਅਦ ਇਸ ਲਹਿਰ ਵਿਚ ਨਿਘਾਰ ਆ ਗਿਆ ਪਰ ਇਹ ਸੰਸਥਾ ਬਿਲਕੁਲ ਖ਼ਤਮ ਨਹੀਂ ਹੋਈ। ਭਾਰਤ-ਪਾਕਿਸਤਾਨ ਦੇ ਬਟਵਾਰੇ ਤੋਂ ਬਾਅਦ ਇਸ ਸੰਸਥਾ ਦਾ ਕੇਂਦਰ ਮੋਗੇ ਵਿਚ ਸਥਾਪਤ ਕੀਤਾ ਗਿਆ ਜਿਥੇ ਇਹ 'ਵਿਗਿਆਨ ਮੂਲਕ ਧਰਮ' ਸੰਸਥਾ ਪੰਡਿਤ ਸ਼ਿਵ ਨਾਰਾਇਣ ਅਗਨੀਹੋਤਰੀ ਦੇ 'ਸਾਇੰਸ ਗਰਾਉਂਡਿਡ ਰਿਲੀਜਨ' ਦੇ ਨਾਂ ਹੇਠ ਚਲਾਈ ਜਾ ਰਹੀ ਹੈ।

ਹ.ਪੁ.—ਐਨ. ਸਿਖਿ.-ਡਾ. ਹਰਬੰਸ ਸਿੰਘ

ਦੇਵਕੀ : ਇਹ ਸ੍ਰੀ ਕ੍ਰਿਸ਼ਨ ਜੀ ਦੀ ਮਾਤਾ, ਵਾਸੁਦੇਵ ਦੀ ਪਤਨੀ, ਯਦੁਬੰਸੀ ਰਾਜਾ ਦੇਵਕ ਦੀ ਧੀ ਅਤੇ ਕੰਸ ਦੇ ਚਾਚੇ ਦੀ ਪੁੱਤਰੀ ਸੀ। ਇਸ ਨੂੰ ਉਗ੍ਰਸੈਨ ਨੇ ਆਪਣੀ ਧੀ ਬਣਾ ਕੇ ਪਾਲਿਆ ਸੀ। ਇਸ ਨੂੰ ਅਦਿਤੀ ਦਾ ਅਵਤਾਰ ਵੀ ਮੰਨਿਆ ਜਾਂਦਾ ਹੈ। ਕੰਸ ਇਸ ਨੂੰ ਬਹੁਤ ਪਿਆਰ ਕਰਦਾ ਸੀ। ਜਦੋਂ ਵਿਆਹ ਤੋਂ ਬਾਅਦ ਵਾਸੁਦੇਵ ਇਸ ਨੂੰ ਆਪਣੇ ਘਰ ਲੈ ਜਾ ਰਿਹਾ ਸੀ ਤਾਂ ਕੰਸ ਨੇ ਉਨ੍ਹਾਂ ਦਾ ਰਥ ਆਪ ਚਲਾਇਆ। ਰਸਤੇ ਵਿਚ ਕੰਸ ਨੂੰ ਆਕਾਸ਼ਬਾਣੀ ਹੋਈ ਕਿ ਦੇਵਕੀ ਦੀ ਸੰਤਾਨ ਹੱਥੋਂ ਉਸ ਦਾ ਅੰਤ ਹੋਵੇਗਾ। ਇਹ ਸੁਣਦਿਆਂ ਹੀ ਉਸ ਨੇ ਤਲਵਾਰ ਖਿਚ ਕੇ ਦੇਵਕੀ ਨੂੰ ਕਤਲ ਕਰਨਾ ਚਾਹਿਆ ਪਰ ਵਾਸੁਦੇਵ ਦੇ ਯਕੀਨ ਦਿਵਾਉਣ ਤੇ ਕਿ ਇਸ ਤੋਂ ਜੋ ਸੰਤਾਨ ਵੀ ਪੈਦਾ ਹੋਵੇਗੀ ਉਹ ਕੰਸ ਦੇ ਹਵਾਲੇ ਕਰ ਦਿੱਤੀ ਜਾਵੇਗੀ ਕੰਸ ਨੇ ਉਨ੍ਹਾਂ ਦੋਹਾਂ ਨੂੰ ਤੁਰਤ ਕੈਦਖਾਨੇ ਵਿਚ ਬੰਦ ਕਰ ਦਿੱਤਾ ਅਤੇ ਉਨ੍ਹਾਂ ਦੇ ਪਹਿਲੇ ਛੇ ਬੱਚੇ ਮਰਵਾ ਦਿੱਤੇ। ਸਤਵਾਂ ਬੱਚਾ ਬਲਰਾਮ ਵਾਸੁਦੇਵ ਦੀ ਦੂਜੀ ਪਤਨੀ ਰੋਹਿਣੀ ਦੀ ਕੁੱਖ ਵਿਚ ਸਥਾਨਾਂਤਰਿਤ ਹੋ ਗਿਆ। ਅਠਵਾਂ ਬੱਚਾ ਸ੍ਰੀ ਕ੍ਰਿਸ਼ਨ ਸੀ ਜਿਸ ਨੂੰ ਨੰਦ ਦੀ ਪਤਨੀ ਯਸ਼ੋਦਾ ਕੋਲ ਭੇਜ ਕੇ ਬਚਾਇਆ ਗਿਆ। ਬਾਲਕ ਕ੍ਰਿਸ਼ਨ ਵਿਸ਼ਨੂੰ ਭਗਵਾਨ ਦਾ ਅਵਤਾਰ ਸੀ। ਉਸ ਨੇ ਕੰਸ ਨੂੰ ਮਾਰ ਕੇ ਆਪਣੇ ਮਾਤਾ-ਪਿਤਾ ਨੂੰ ਉਸ ਦੀ ਕੈਦ ਤੋਂ ਮੁਕਤ ਕਰਾਇਆ ਅਤੇ ਰਾਜ ਗੱਦੀ ਉੱਤੇ ਆਪਣੇ ਨਾਨੇ ਉਗ੍ਰਸੈਨ ਨੂੰ ਬਿਠਾਇਆ। ਇਸ ਘਟਨਾ ਵੱਲ ਭਗਤ ਨਾਮਦੇਵ ਜੀ ਨੇ ਸੰਕੇਤ ਕੀਤਾ ਹੈ :

ਧਨਿ ਧਨਿ ਤੂ ਮਾਤਾ ਦੇਵਕੀ॥
ਜਿਹ ਗ੍ਰਿਹ ਰਮਈਆ ਕਵਲਾਪਤੀ॥

(ਆ. ਗ੍ਰੰ. 988)

ਸ੍ਰੀ ਕ੍ਰਿਸ਼ਨ ਦੀ ਮੌਤ ਤੋਂ ਬਾਅਦ ਵਾਸੁਦੇਵ ਨੇ ਵੀ ਦੁਆਰਕਾ ਵਿਚ ਹੀ ਪ੍ਰਾਣ ਤਿਆਗ ਦਿੱਤੇ। ਵਿਸ਼ਨੂੰ ਪੁਰਾਣ ਅਨੁਸਾਰ ਦੇਵਕੀ ਅਤੇ ਰੋਹਿਣੀ ਵੀ ਵਾਸੁਦੇਵ ਨਾਲ ਜਲ ਕੇ ਸਤੀ ਹੋ ਗਈਆਂ ਸਨ। ਹਿੰਦੂ ਧਰਮ ਵਿਚ ਦੇਵਕੀ ਦਾ ਆਦਰਯੋਗ ਸਥਾਨ ਹੈ।

ਹ.ਪੁ.—ਪੰ. ਸਾ. ਸੰ. ਕੋ. 6:500; ਹਿੰ. ਵਿ. ਕੋ. 105; ਚ.ਕੋ. :219

ਦੇਵਕੀ ਨੰਦਨ ਸ਼ੁਕਲ : ਇਹ ਇਕ ਹਿੰਦੀ ਕਵੀ ਸੀ ਜੋ ਸ਼ਿੰਗਾਰ ਰਸ ਦੀਆਂ ਰਚਨਾਵਾਂ ਦਾ ਲੇਖਕ ਅਤੇ ਅਲੰਕਾਰ ਸ਼ਾਸਤਰੀ ਸੀ। ਇਸ ਦਾ ਜਨਮ ਕਨੌਜ ਸ਼ਹਿਰ ਤੋਂ ਲਗਭਗ ਦੋ ਕਿਲੋਮੀਟਰ ਦੂਰ ਮਾਕਰੰਦ ਨਗਰ ਨਾਂ ਦੇ ਪਿੰਡ ਵਿਚ ਹੋਇਆ। ਇਹ ਕਾਨਯਕੁਬਜ ਬ੍ਰਾਹਮਣ ਸੀ। ਇਸ ਦਾ ਰਚਨਾਕਾਲ 1783 ਈ. ਤੋਂ 1803 ਈ. ਤਕ ਮੰਨਿਆ ਜਾਂਦਾ ਹੈ। ਸੰਨ 1784 ਵਿਚ ਇਸ ਨੇ ਵਿਦਵਤਾ

ਭਰਪੂਰ ਗ੍ਰੰਥ ਸ਼ਿੰਗਾਰਚਰਿਤ ਦੀ ਰਚਨਾ ਕੀਤੀ ਅਤੇ ਇਸ ਸਮੇਂ ਤਕ ਇਹ ਬਿਨਾਂ ਕਿਸੇ ਆਸਰੇ ਤੋਂ ਰਿਹਾ। ਇਹ ਇਸ ਦੇ ਦੋਹਿਆਂ ਵਿਚ ਲਿਖਿਆ ਹੈ। ਇਸ ਪਿੱਛੋਂ ਇਹ ਕੁੰਵਲ ਸਰਫਰਾਜ਼ ਗਿਰੀ ਨਾਂ ਦੇ ਮਹੰਤ ਕੋਲ ਰਹਿਣ ਲੱਗਿਆ। ਉਥੇ ਇਸ ਨੇ 1786 ਈ. ਵਿਚ 'ਸਰਫ਼ਰਾਜ਼ ਚੰਦ੍ਰਕਾ' ਨਾਂ ਦੇ ਅਲੰਕਾਰ ਗ੍ਰੰਥ ਦੀ ਰਚਨਾ ਕੀਤੀ।

ਇਸ ਤੋਂ ਪਿੱਛੋਂ ਦੇਵਕੀ ਨੰਦਨ ਹਰਦੋਈ ਜ਼ਿਲ੍ਹੇ ਦੇ ਰੱਦਾਮਊ ਨਾਂ ਦੇ ਪਿੰਡ ਵਿਚ ਚਲਾ ਗਿਆ ਜਿਥੇ ਇਹ ਮਹਾਰਾਜ ਅਵਧੂਤ ਸਿੰਘ ਦੇ ਆਸ਼ਰਮ ਵਿਚ ਰਹਿਣ ਲੱਗਾ। ਇਥੇ ਇਸ ਨੇ 'ਅਵਧੂਤ ਪ੍ਰਕਾਸ਼ ਗ੍ਰੰਥ' ਦੀ ਰਚਨਾ ਕੀਤੀ।

ਹ.ਪੁ.—ਹਿੰ. ਵਿ. ਕੋ. 6 : 106

ਦੇਵਕੀ ਨੰਦਨ ਖੱਤਰੀ : ਹਿੰਦੀ ਸਾਹਿਤ ਵਿਚ ਤਲਿਸਮੀ ਨਾਵਲਾਂ ਦੇ ਇਸ ਲੋਕਪ੍ਰਿਯ ਲੇਖਕ ਦਾ ਜਨਮ 1861 ਈ. ਵਿਚ ਮੁਜ਼ੱਫਰਪੁਰ ਵਿਚ ਆਪਣੇ ਨਾਨਕੇ ਹੋਇਆ ਸੀ। ਇਥੇ ਹੀ ਇਸ ਨੇ ਉਰਦੂ-ਫ਼ਾਰਸੀ ਦੀ ਸਿੱਖਿਆ ਪ੍ਰਾਪਤ ਕੀਤੀ। ਵੱਡਾ ਹੋ ਕੇ ਇਹ ਆਪਣੇ ਪਿਤਾ ਕੋਲ ਕਾਸ਼ੀ ਆ ਗਿਆ।

ਇਥੇ ਆ ਕੇ ਇਸ ਨੇ ਸੰਸਕ੍ਰਿਤ ਅਤੇ ਹਿੰਦੀ ਦਾ ਗਿਆਨ ਪ੍ਰਾਪਤ ਕੀਤਾ। ਗਯਾ ਜ਼ਿਲ੍ਹੇ ਦੇ ਟਿਕਾਰੀ ਰਾਜ ਵਿਚ ਇਸ ਦੇ ਪਿਤਾ ਨੂੰ ਰਾਜੇ ਦੀ ਮਿਹਰਬਾਨੀ ਸਦਕਾ ਚਕੀਆ ਅਤੇ ਨੌਗੜ੍ਹ ਦੇ ਜੰਗਲਾਂ ਦਾ ਠੇਕਾ ਮਿਲ ਗਿਆ। ਇਸ ਤਰ੍ਹਾਂ ਜਵਾਨੀ ਦੀ ਉਮਰ ਵਿਚ ਅਤੇ ਆਪਣੇ ਖੁਲ੍ਹੇ ਡੁੱਲ੍ਹੇ ਅਤੇ ਮਨਮੌਜੀ ਸੁਭਾਅ ਕਾਰਨ ਦੇਵਕੀ ਨੰਦਨ ਨੂੰ ਜੰਗਲਾਂ ਦੇ ਖੁਲ੍ਹੇ ਵਾਤਾਵਰਣ ਵਿਚ ਘੁੰਮਣ ਫਿਰਨ ਦਾ ਮੌਕਾ ਮਿਲਿਆ। ਇਸ ਰਮਣੀਕ ਵਾਤਾਵਰਣ ਨੇ ਇਸ ਦੀ ਸਾਹਿਤਕ ਰੁਚੀ ਨੂੰ ਜਗਾ ਦਿੱਤਾ ਅਤੇ ਆਪਣੇ ਬਹੁਤ ਸਾਰੇ ਨਾਵਲ ਇਸੇ ਪ੍ਰਭਾਵ ਅਧੀਨ ਲਿਖੇ। ਸੰਨ 1898 ਵਿਚ ਇਸ ਨੇ ਆਪਣਾ ਨਿਜੀ ਪ੍ਰੈਸ 'ਲਹਿਰੀ ਪ੍ਰੈਸ' ਖੋਲ੍ਹਿਆ।

ਇਸ ਦੇ ਚੰਦਰ ਕਾਂਤਾ, ਚਾਰ ਭਾਗ 1888 ਈ. ਵਿਚ ਅਤੇ ਇਸ ਤੋਂ ਲਗਭਗ ਥੋੜ੍ਹਾ ਸਮਾਂ ਪਿਛੋਂ ਚੰਦਰਕਾਂਤਾ ਸੰਤਤੀ (24 ਭਾਗ) ਅਤੇ ਨਰੇਂਦਰ ਮੋਹਨੀ (1893 ਈ.), ਵੀਰੇਂਦਰ ਵੀਰ (1896 ਈ.), ਕੁਸਮ ਕੁਮਾਰੀ (1899 ਈ.), ਕਾਜਰ ਕੀ ਕੋਠਰੀ (1902 ਈ.), ਭੂਤਨਾਥ ਪਹਿਲੇ 9 ਭਾਗ (1906 ਈ.), ਗੁਪਤ ਗੋਦਨਾ (1906 ਈ.), ਅਨੂਠੀ ਬੇਗਮ (1905 ਈ.) ਅਤੇ ਨੌਂ ਲੱਖਾ ਹਾਰ (1899 ਈ.) ਨਾਵਲ ਪ੍ਰਕਾਸ਼ਿਤ ਹੋਏ।

ਇਸ ਦੇ ਨਾਵਲ ਉਰਦੂ ਦੇ ਲੇਖਕ ਅਮੀਰ ਹਮਜ਼ਾ ਅਤੇ ਤਲਿਸਮ ਹੋਸ਼ਰੁਆ ਸਰੀਖੇ ਦੇ ਕਿੱਸੇ ਕਹਾਣੀਆਂ ਨਾਲ ਮਿਲਦੇ ਜੁਲਦੇ ਹਨ। ਇਸ ਦੇ ਸਾਰੇ ਨਾਵਲ ਮਨੋਰੰਜਨ, ਉਤਸੁਕਤਾ ਅਤੇ ਰੌਚਕਤਾ ਭਰਪੂਰ ਹਨ। ਹਿੰਦੀ ਸਾਹਿਤ ਵਿਚ ਭਾਰਤੇਂਦੂ ਤੋਂ ਪਿੱਛੋਂ ਦੇਵਕੀ ਨੰਦਨ ਖੱਤਰੀ ਦਾ ਨਾਂ ਪ੍ਰਸਿੱਧ ਹੋਇਆ। 52 ਸਾਲ ਦੀ ਉਮਰ ਵਿਚ ਪਹਿਲੀ ਅਗਸਤ, 1913 ਨੂੰ ਇਸ ਦੀ ਮੌਤ ਹੋ ਗਈ।

ਹ.ਪੁ.—ਹਿੰ. ਵਿ. ਕੋ. 6 : 106; ਹਿੰ. ਸਾ. ਕੋ. 1 : 244

ਦੇਵ ਗੰਧਾਰੀ ਰਾਗ : ਇਹ ਬਿਲਾਵਲ ਥਾਟ ਦੀ ਸੰਪੂਰਨ ਰਾਗਨੀ ਹੈ ਜਿਸ ਦੇ ਸਾਰੇ ਸੁਰ ਸ਼ੁੱਧ ਹਨ, ਸ਼ੜਜ ਵਾਦੀ ਅਤੇ ਪੰਚਮ ਸੰਵਾਦੀ ਹੈ ਅਤੇ ਗਾਂਧਾਰ ਦੁਰਬਲ ਹੋ ਕੇ ਲਗਦਾ ਹੈ।

ਇਹ ਰਾਗ ਟੋਡੀ, ਆਸਾਵਰੀ ਅਤੇ ਦੇਸੀ ਤਿੰਨੇ ਮਿਲ ਕੇ ਬਣਦਾ ਹੈ। 'ਨਾਦ ਬਿਨੋਦ' ਵਿਚ ਇਸ ਨੂੰ ਭੈਰੋਂ ਦਾ ਪੁੱਤਰ ਲਿਖਿਆ ਹੈ ਅਤੇ ਇਸ ਨੂੰ ਸਵੇਰ ਵੇਲੇ ਗਾਉਣਾ ਦੱਸਿਆ ਹੈ। 'ਨ੍ਰਿਤ ਨਿਰਣੈ' ਗ੍ਰੰਥ ਵਿਚ ਇਸ ਨੂੰ ਸਿਰੀ ਰਾਗ ਦਾ ਪੁੱਤਰ ਲਿਖਿਆ ਹੈ ਅਤੇ ਇਸ ਨੂੰ ਗਾਉਣ ਦਾ ਵੇਲਾ ਦੁਪਹਿਰ ਦਾ ਦਸਿਆ ਹੈ।

ਕਈਆਂ ਨੇ ਇਸ ਰਾਗ ਵਿਚ ਸ਼ੜਜ, ਪੰਚਮ, ਮੱਧਮ ਸ਼ੁੱਧ, ਰਿਸ਼ਭ ਗਾਂਧਾਰ ਧੈਵਤ ਅਤੇ ਨਿਸ਼ਾਦ ਕੋਮਲ ਮੰਨੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਦਾ ਛੇਵਾਂ ਨੰਬਰ ਹੈ।

ਆਰੋਹੀ — ਸ ਰੇ ਮ ਪ ਧ ਸਂ

ਅਵਰੋਹੀ — ਸਂ ਨੀ ਧ ਮ ਗ ਰੇ ਸ

ਹ.ਪੁ.—ਮ. ਕੋ. 650; ਸੰ. ਕੋ. 218

ਦੇਵਤਾ ਅਤੇ ਦੇਵ : ਵੇਦਾਂ ਵਿਚ ਦੇਵਤਾ ਸ਼ਬਦ ਦੇ ਕਈ ਪ੍ਰਕਾਰ ਦੇ ਅਰਥ ਲਏ ਗਏ ਹਨ। ਆਮ ਤੌਰ ਤੇ ਵੇਦ ਮੰਤਰਾਂ ਦੇ ਜਿੰਨੇ ਵਿਸ਼ੇ ਹਨ ਉਹ ਸਾਰੇ ਹੀ ਦੇਵਤਾ ਅਖਵਾਉਂਦੇ ਹਨ, ਜਿਵੇਂ ਨਦੀ, ਪਹਾੜ, ਮਨੁੱਖ, ਡੱਡੂ, ਘੋੜਾ, ਇੰਦਰ, ਵਰੁਣ ਆਦਿ ਵੇਦ ਮੰਤਰਾਂ ਦੇ ਦੇਵਤਾ ਹਨ। ਦੇਵ ਦੇ ਅਰਥ ਹਨ ਸਵਰਗ ਵਿਚ ਰਹਿਣ ਵਾਲਾ ਅਮਰ ਪ੍ਰਾਣੀ, ਦਿਵਯ ਸਰੀਰਧਾਰੀ, ਦੇਵਤਾ ਜਾਂ ਸੁਰ।

ਰਿਗਵੇਦ ਵਿਚ ਮੁੱਖ ਤੌਰ ਤੇ ਤੇਤੀ ਦੇਵਤਾ ਮੰਨੇ ਗਏ ਹਨ। 8 ਵਸੂ, 11 ਰੁਦਰ, 12 ਅਦਿਤਯ ਅਤੇ ਇੰਦਰ ਤੇ ਪ੍ਰਜਾਪਤੀ। ਦੇਵਤਾ ਮਨੁੱਖਾਂ ਨਾਲੋਂ ਅਲਗ ਅਮਰ ਜੀਵ ਮੰਨੇ ਜਾਂਦੇ ਹਨ। ਇਸ ਦਾ ਵਰਣਨ ਰਿਗਵੇਦ ਵਿਚ ਸਪਸ਼ਟ ਲਿਖਿਆ ਹੈ : 'ਹੇ ਅਸੁਰ ਵਰੁਣ! ਦੇਵਤਾ ਹੋ ਯਾ ਮਰਤਯ (ਮਨੁੱਖ) ਹੋ; ਤੁਮ ਸਭ ਕੇ ਰਾਜਾ ਹੋ।'

ਪੌਰਾਣਿਕ ਕਾਲ ਵਿਚ ਵੇਦਾਂ ਦੇ ਤੇਤੀ ਦੇਵਤਿਆਂ ਦੀ ਥਾਂ ਤੇਤੀ ਕਰੋੜ ਦੇਵਤਿਆਂ ਦੀ ਕਲਪਨਾ ਕੀਤੀ ਗਈ ਹੈ। ਦੇਵਤਿਆਂ ਦੀ ਭਾਵਨਾ ਅਤੇ ਉਪਾਸ਼ਨਾ ਸਬੰਧੀ ਮਤਭੇਦ, ਮਹਾਂਭਾਰਤ ਦੇ ਸਮੇਂ ਤੋਂ ਹੀ ਕੁਝ ਕੁਝ ਪੈਣੇ ਸ਼ੁਰੂ ਹੋ ਗਏ ਸਨ। ਕ੍ਰਿਸ਼ਨ ਜੀ ਦੇ ਸਮੇਂ ਤਕ ਵੈਦਿਕ ਇੰਦਰ ਦੀ ਪੂਜਾ ਹੁੰਦੀ ਸੀ.ਜੋ ਬਾਅਦ ਵਿਚ ਬੰਦ ਹੋ ਗਈ ਭਾਵੇਂ ਇੰਦਰ ਦੇਵਤਿਆਂ ਦਾ ਰਾਜਾ ਅਤੇ ਸਵਰਗ ਦਾ ਸੁਆਮੀ ਬਣਿਆ ਰਿਹਾ। ਅਜੋਕੇ ਯੁੱਗ ਅੰਦਰ ਹਿੰਦੂਆਂ ਵਿਚ ਉਪਾਸਨਾ ਦੇ ਲਈ ਪੰਜ ਦੇਵਤੇ ਮੁੱਖ ਮੰਨੇ ਜਾਂਦੇ ਹਨ- ਵਿਸ਼ਨੂੰ, ਸ਼ਿਵ, ਸੂਰਜ, ਗਣੇਸ਼ ਅਤੇ ਦੁਰਗਾ। ਇਹ ਪੰਚਦੇਵ ਕਹੇ ਜਾਂਦੇ ਹਨ।

ਯਜੁਰਵੇਦ, ਸਾਮਵੇਦ, ਅਥਰਵਵੇਦ ਅਤੇ ਪੁਰਾਣਾਂ ਦੇ ਅਨੁਸਾਰ ਇੰਦਰ, ਚੰਦਰ ਆਦਿ ਦੇਵਤੇ ਕਸ਼ਿਅਪ ਤੋਂ ਉਤਪੰਨ ਹੋਏ ਸਨ। ਪੁਰਾਣਾਂ ਵਿਚ ਇਹ ਵੀ ਲਿਖਿਆ ਹੈ ਕਿ ਕਸ਼ਿਅਪ ਦੀ 'ਦਿੱਤੀ' ਨਾਂ ਦੀ ਪਤਨੀ ਤੋਂ ਦੈਂਤ ਅਤੇ 'ਅਦਿੱਤੀ' ਨਾਂ ਦੀ ਪਤਨੀ ਤੋਂ ਦੇਵਤਾ ਪੈਦਾ ਹੋਏ ਸਨ।

ਬੋਧੀ ਅਤੇ ਜੈਨੀ ਲੋਕ ਦੇਵਤਿਆਂ ਨੂੰ ਸਾਧਾਰਣ ਆਦਮੀ ਮੰਨਦੇ ਹਨ ਅਤੇ ਇਸੇ ਪੌਰਾਣਿਕ ਰੂਪ ਵਿਚ ਭੇਦ ਕੇਵਲ ਇੰਨਾ ਹੀ ਹੈ ਕਿ ਉਹ ਦੇਵਤਿਆਂ ਨੂੰ ਬੁੱਧ, ਬੋਧੀਸਤਵ ਅਤੇ ਤੀਰਥੰਕਰਾਂ ਤੋਂ ਹੇਠਲੀ ਸ਼੍ਰੇਣੀ ਤੇ ਰਖਦੇ ਹਨ।

ਦੇਵਤਿਆਂ ਸਬੰਧੀ ਪ੍ਰਾਚੀਨ ਕਾਲ ਵਿਚ ਚਾਰ ਮਤ ਪਾਏ ਜਾਂਦੇ ਸਨ-ਇਤਿਹਾਸਕ, ਯਾਗਿਕ, ਨਰੁਕਤਿਕ ਅਤੇ ਅਧਿਆਤ-ਮਿਕ। ਇਤਿਹਾਸਕਾਰਾਂ ਦੇ ਮਤ ਅਨੁਸਾਰ ਹਰੇਕ ਮੰਤਰ ਵੱਖ-ਵੱਖ ਘਟਨਾਵਾਂ ਜਾਂ ਪਦਾਰਥਾਂ ਨੂੰ ਲੈ ਕੇ ਬਣਿਆ ਹੈ। ਯਾਗਿਕ ਲੋਕ ਮੰਤਰ ਨੂੰ ਹੀ ਦੇਵਤਾ ਮੰਨਦੇ ਹਨ ਜਿਵੇਂ ਕਿ ਜੈਮਿਨੀ ਨੇ ਮੀਮਾਂਸਾ ਵਿਚ ਸਪਸ਼ਟ ਕੀਤਾ ਹੈ। ਮੀਮਾਂਸਾ ਦਰਸ਼ਨ ਅਨੁਸਾਰ ਦੇਵਤਿਆਂ ਦਾ ਕੋਈ ਰੂਪ ਆਦਿ ਨਹੀਂ ਹੁੰਦਾ ਕਿ ਉਹ ਮੰਤਰਾਤਮਕ ਹੁੰਦੇ ਹਨ। ਯਾਗਿਕਾਂ ਨੇ ਦੇਵਤਿਆਂ ਨੂੰ ਦੋ ਸ਼੍ਰੇਣੀਆਂ ਵਿਚ ਵੰਡਿਆ ਹੈ—ਸੋਮਪ ਅਤੇ ਅਸੋਮਪ। ਅਸ਼ਟਵਸੂ, ਏਕਾਦਸ ਰੁਦਰ, ਦਵਾਦਸ਼, ਅਦਿਤਯ, ਪ੍ਰਜਾਪਤੀ ਅਤੇ ਵਸ਼ਟਕਾਰ। ਇਹ ਤੇਤੀ ਸੋਮਪ ਦੇਵਤਾ ਅਖਵਾਉਂਦੇ ਹਨ।

ਕੁਦਰਤ ਦੀਆਂ ਜਿਹੜੀਆਂ ਵਸਤਾਂ ਪ੍ਰਕਾਸ਼ਮਾਨ, ਧਿਆਨ ਦੇਣ ਯੋਗ ਅਤੇ ਉਪਕਾਰੀ ਲਗਦੀਆਂ ਸਨ ਉਨ੍ਹਾਂ ਦੀ ਉਪਮਾ ਜਾਂ ਵਰਣਨ ਰਿਸ਼ੀਆਂ ਨੇ ਮੰਤਰਾਂ ਦੁਆਰਾ ਕੀਤੀ। ਜਿਨ੍ਹਾਂ ਦੇਵਤਿਆਂ ਨੂੰ ਪ੍ਰਸੰਨ ਕਰਨ ਲਈ ਯੱਗ ਆਦਿ ਹੁੰਦੇ ਸਨ ਉਨ੍ਹਾਂ ਦੀ ਕੁਝ ਵਿਸ਼ੇਸ਼ ਸਥਿਤੀ ਬਣੀ। ਉਨ੍ਹਾਂ ਤੋਂ ਲੋਕ ਯੁੱਧ ਵਿਚ ਜਿੱਤ ਦੁਸ਼ਮਣਾਂ ਦਾ ਨਾਸ਼ ਆਦਿ ਚਾਹੁੰਦੇ ਸਨ।

ਹ.ਪੁ.—ਹਿੰ. ਸ਼. ਸਾ. 2358

ਦੇਵ ਦੱਤ : ਸੁਪ੍ਰਬੁੱਧ ਦਾ ਇਹ ਪੁੱਤਰ ਬੁੱਧ ਦਾ ਸਮਕਾਲੀ ਸੀ। ਬੁੱਧ ਤੋਂ ਦੀਖਿਆ ਲੈ ਕੇ ਇਹ ਬੁੱਧ ਸੰਘ ਵਿਚ ਸ਼ਾਮਲ ਹੋਇਆ। ਸ਼ੁਰੂ ਵਿਚ ਇਸ ਨੂੰ ਬੁੱਧ ਧਰਮ ਵਿਚ ਬਹੁਤ ਵਿਸ਼ਵਾਸ ਸੀ ਅਤੇ ਇਹ ਥੋੜ੍ਹੇ ਸਮੇਂ ਵਿਚ ਹੀ ਬੁੱਧ ਦੇ ਪ੍ਰਮੁੱਖ ਚੇਲਿਆਂ ਵਿਚ ਗਿਣਿਆ ਜਾਣ ਲਗਾ ਪਰ ਬਾਅਦ ਵਿਚ ਇਹ ਬੁੱਧ ਦਾ ਵਿਰੋਧੀ ਹੋ ਗਿਆ ਅਤੇ ਇਸ ਨੇ ਅਜਾਤਸ਼ਤਰੂ ਨਾਲ ਮਿਲ ਕੇ ਬੁੱਧ ਨੂੰ ਮਾਰਨ ਲਈ ਕਈ ਚਾਲਾਂ ਚੱਲੀਆਂ। ਬੁੱਧ ਦੇ ਵਿਰੋਧ ਵਿਚ ਇਸ ਨੇ ਗਯਾ ਵਿਖੇ ਆਪਣੇ 500 ਭਿਖਸ਼ੂਆਂ ਨੂੰ ਇਕੱਠਾ ਕਰ ਕੇ ਇਕ ਨਵੇਂ ਬੁੱਧ ਸੰਘ ਦੀ ਸਥਾਪਨਾ ਕੀਤੀ ਪਰ ਬੁੱਧ ਦੇ ਚੇਲੇ ਮੋਗੱਲਾਨ ਨੇ ਇਸ ਨੂੰ ਤੋੜ ਦਿੱਤਾ।

ਹ.ਪੁ.—ਹਿੰ. ਵਿ. ਕੋ. 6 : 113; ਮ.ਕੋ. : 650; ਪ੍ਰਾ. ਚ. ਕੋ. 293

ਦੇਵ ਦਾਸੀ : ਪੁਰਾਣੇ ਸਮੇਂ ਵਿਚ ਰਿਵਾਜ ਸੀ ਕਿ ਭਗਤ ਲੋਕ ਆਪਣੀਆਂ ਧੀਆਂ ਨੂੰ ਕਿਸੇ ਦੇਵਤੇ ਦੇ ਮੰਦਰ ਨੂੰ ਅਰਪ ਦਿੰਦੇ ਸਨ। ਇਹ ਅਰਪਿਤ ਕੁੜੀਆਂ ਹੀ ਦੇਵ ਦਾਸੀਆਂ ਕਹਾਉਂਦੀਆਂ ਸਨ। ਇਨ੍ਹਾਂ ਨੂੰ ਮੰਦਰ ਦੀ ਸਫ਼ਾਈ ਕਰਨੀ, ਦੀਵੇ ਜਗਾਉਣੇ, ਦੇਵ ਮੂਰਤੀਆਂ ਅੱਗੇ ਭਜਨ ਗਾਉਣੇ ਅਤੇ ਨੱਚਣਾ ਆਦਿ ਕੰਮ ਕਰਨੇ ਪੈਂਦੇ ਸਨ। ਕਿਸੇ ਸਮੇਂ ਇਹ ਪ੍ਰਥਾ ਸਾਰੇ ਭਾਰਤ ਵਿਚ ਅਤੇ ਸੰਸਾਰ ਦੇ ਕਈ ਹੋਰ ਭਾਗਾਂ ਵਿਚ ਜਿਵੇਂ ਯੂਨਾਨ, ਸਾਈਪ੍ਰਸ, ਫੀਨੀਸ਼ੀਆ ਦੱਖਣ-ਪੂਰਬੀ ਏਸ਼ੀਆਈ ਦੇਸ਼ਾਂ ਆਦਿ ਵਿਚ ਵੀ ਪ੍ਰਚਲਿਤ ਸੀ। ਉੱਤਰੀ ਭਾਰਤ ਵਿਚ ਇਸ ਦੇ ਪ੍ਰਚਲਣ ਦਾ ਵੇਰਵਾ ਇਤਿਹਾਸ ਵਿਚ ਘੱਟ ਹੀ ਮਿਲਦਾ ਹੈ। ਦੱਖਣੀ ਭਾਰਤ ਵਿਚ ਖਾਸ ਤੌਰ ਤੇ ਕਰਨਾਟਕ ਅਤੇ ਤਮਿਲਨਾਡੂ ਵਿਚ ਇਹ ਪ੍ਰਥਾ ਅਜੇ ਵੀ ਪ੍ਰਚਲਿਤ ਹੈ ਜਦ ਕਿ 1930 ਈ. ਤੋਂ ਬਾਅਦ ਇਸ ਦਾ ਜ਼ੋਰ ਘੱਟ ਗਿਆ ਹੈ। ਤੇਲੰਗ ਦੇਸ਼ ਵਿਚ ਇਨ੍ਹਾਂ ਦੇਵਦਾਸੀਆਂ ਨੂੰ 'ਬਸਵਾ' ਅਤੇ ਮਹਾਰਾਸ਼ਟਰ ਵਿਚ 'ਮੁਰਲੀ' ਕਿਹਾ ਜਾਂਦਾ ਹੈ।

ਪ੍ਰਾਚੀਨ ਹਿੰਦੂ ਗ੍ਰੰਥਾਂ ਵਿਚ ਸੱਤ ਤਰ੍ਹਾਂ ਦੀਆਂ ਦੇਵ ਦਾਸੀਆਂ ਦਾ ਉਲੇਖ ਮਿਲਦਾ ਹੈ। (1) ਦੱਤਾ—ਜਿਹੜੀ ਖ਼ੁਦ ਹੀ ਆਪਣੇ ਆਪ ਨੂੰ ਕਿਸੇ ਮੰਦਰ ਨੂੰ ਅਰਪਿਤ ਕਰ ਦਿੰਦੀ ਹੈ; (2) ਵਿਕ੍ਰੀਤਾ—ਜਿਹੜੀ ਮੰਦਰ ਦੀਆਂ ਸੇਵਾਵਾਂ ਲਈ ਆਪਣੇ ਆਪ ਨੂੰ ਵੇਚ ਦੇਂਦੀ ਹੈ; (3) ਨੌਕਰ—ਜਿਹੜੀ ਆਪਣੇ ਪਰਿਵਾਰ ਦੇ ਪਾਲਣ ਪੋਸ਼ਣ ਲਈ ਦਾਸੀ ਦਾ ਕੰਮ ਕਰਦੀ ਹੈ; (4) ਭਗਤਾ-ਜਿਹੜੀ ਸਿਰਫ਼ ਭਗਤੀ ਭਾਵ ਨਾਲ ਮੰਦਰ ਵਿਚ ਪ੍ਰਵੇਸ਼ ਕਰਦੀ ਹੈ; (5) ਹ੍ਰਿਤਾ—ਜਿਸ ਨੂੰ ਅਪਹਰਣ ਕਰ ਕੇ ਮੰਦਰ ਵਿਚ ਭੇਟ ਕਰ ਦਿੱਤਾ ਜਾਂਦਾ ਹੈ; (6) ਅਲੰਕਾਰਾ—ਰਾਜਾ ਅਤੇ ਸਾਮੰਤ ਜਿਸ ਲੜਕੀ ਨੂੰ ਯੋਗ ਸਮਝਦੇ ਸਨ ਉਸ ਨੂੰ ਅਲੰਕ੍ਰਿਤ ਕਰ ਕੇ ਮੰਦਰ ਦੀ ਭੇਟ ਕਰ ਦਿੰਦੇ ਸਨ ਅਤੇ (7) ਰੁਦਰ ਗਣਿਕਾ ਜਾਂ ਗੋਪਿਕਾ—ਜਿਹੜੀ ਨਿਯਮਿਤ ਤਨਖ਼ਾਹ ਤੇ ਨੱਚਣ-ਗਾਉਣ ਦਾ ਕੰਮ ਕਰਦੀ ਸੀ।

ਮੰਦਰ ਦੇ ਹੋਰ ਸੇਵਕਾਂ ਵਾਂਗ ਦੇਵ ਦਾਸੀਆਂ ਨੂੰ ਵੀ ਆਪਣਾ ਜੀਵਨ ਨਿਰਬਾਹ ਕਰਨ ਲਈ ਜ਼ਮੀਨ ਦਿਤੀ ਜਾਂਦੀ ਸੀ। ਇਨ੍ਹਾਂ ਅਤੇ ਇਨ੍ਹਾਂ ਦੇ ਬੱਚਿਆਂ ਦੀ ਨਿਸ਼ਚਿਤ ਜਾਤੀ ਹੁੰਦੀ ਸੀ ਅਤੇ ਇਨ੍ਹਾਂ ਦੇ ਉੱਤਰਾਧਿਕਾਰ, ਰੀਤੀ-ਰਿਵਾਜ ਅਤੇ ਲੋਕਾਚਾਰ ਦੇ ਅਲੱਗ ਨਿਯਮ ਹੁੰਦੇ ਹਨ। ਸੰਨ 1930 ਵਿਚ ਕਈ ਰਾਜਾਂ ਨੇ ਦੇਵ ਦਾਸੀ ਪ੍ਰਥਾ ਨੂੰ ਖਤਮ ਕਰਨ ਦੇ ਕਾਨੂੰਨੀ ਤਰੀਕੇ ਅਪਣਾਏ। ਬਹੁਤ ਸਾਰੀਆਂ ਦੇਵ ਦਾਸੀਆਂ ਮੰਦਰਾਂ ਵਿਚੋਂ ਕਢੇ ਜਾਣ ਤੇ ਬੰਬਈ ਵਰਗੇ ਸ਼ਹਿਰਾਂ ਵਿਚ ਵੇਸ਼ਵਾਵਾਂ ਵਿਚ ਸ਼ਾਮਲ ਹੋ ਗਈਆਂ।

ਹ.ਪੁ.—ਮ.ਕੋ.; ਹਿੰ. ਵਿ. ਕੋ. 6 : 114

ਦੇਵਨਾਗਰੀ ਲਿਪੀ : ਇਹ ਲਿਪੀ ਭਾਰਤ ਵਿਚ ਹੀ ਨਹੀਂ ਸਗੋਂ ਸਾਰੇ ਸੰਸਾਰ ਵਿਚ ਸੰਸਕ੍ਰਿਤ, ਪਾਲੀ, ਪ੍ਰਾਕਿਤ, ਅਪਭ੍ਰੰਸ਼ ਅਤੇ ਹਿੰਦੀ ਭਾਸ਼ਾਵਾਂ ਦੁਆਰਾ ਫੈਲੀ ਹੋਈ ਹੈ। ਮੈਕਸਮੂਲਰ ਵਰਗੇ ਅਨੇਕ ਬਦੇਸ਼ੀ ਵਿਦਵਾਨਾਂ ਦੇ ਯਤਨਾਂ ਸਦਕਾ ਭਾਰਤ ਤੋਂ ਬਾਹਰ ਸੰਸਾਰ ਦੇ ਸਾਰੇ ਵਿਕਸਿਤ ਅਤੇ ਅਧਿਐਨਸ਼ੀਲ ਦੇਸ਼ਾਂ ਵਿਚ ਇਸ ਦਾ ਪ੍ਰਚਾਰ ਹੋ ਗਿਆ ਹੈ। ਦੇਵਨਾਗਰੀ ਦੇ ਮੁਢਲੇ ਰੂਪ ਤੋਂ ਭਾਰਤ ਦੀਆਂ ਅਨੇਕ ਲਿਪੀਆਂ ਜਿਵੇਂ ਬੰਗਲਾ, ਰਾਜਸਥਾਨੀ, ਕੈਥੀ, ਮਹਾਜਨੀ, ਉੜੀਆ ਅਤੇ ਮੈਥਿਲੀ ਦਾ ਵਿਕਾਸ ਹੋਇਆ ਹੈ। ਅਜੋਕੇ ਸੁਤੰਤਰ ਭਾਰਤ ਦੀ ਰਾਸ਼ਟਰ ਭਾਸ਼ਾ ਹਿੰਦੀ ਵੀ ਇਸੇ ਲਿਪੀ ਵਿਚ ਲਿਖੀ ਜਾਂਦੀ ਹੈ। ਇਹ ਹੀ ਭਾਰਤ ਦੀ ਰਾਸ਼ਟਰੀ ਲਿਪੀ ਹੈ।

ਭਾਸ਼ਾ ਵਿਗਿਆਨ ਦੇ ਪੱਖ ਤੋਂ ਇਸ ਲਿਪੀ ਨੂੰ ਅੱਖਰਾਤਮਕ (Syllabic) ਲਿਪੀ ਕਹਿੰਦੇ ਹਨ। ਪੱਛਮੀ ਅਤੇ ਭਾਰਤੀ ਭਾਸ਼ਾ-ਵਿਗਿਆਨੀਆਂ ਦੇ ਵਿਚਾਰ ਅਨੁਸਾਰ ਅੱਖਰਾਤਮਕ ਅਵਸਥਾ ਦੇ ਪਿੱਛੋਂ ਵਰਣਾਤਮਕ (Alphabetic) ਅਵਸਥਾ ਦਾ ਵਿਕਾਸ ਹੋਇਆ। ਧੁਨੀਆਤਮਕ (Phonetic) ਲਿਪੀ ਨੂੰ ਸਭ ਤੋਂ ਵਿਕਸਿਤ ਅਵਸਥਾ ਮੰਨਿਆ ਜਾਂਦਾ ਹੈ। ਦੇਵਨਾਗਰੀ ਨੂੰ ਅੱਖਰਾਤਮਕ ਲਿਪੀ ਇਸ ਲਈ ਕਿਹਾ ਜਾਂਦਾ ਹੈ ਕਿ ਇਸ ਵਿਚ ਵਰਣ ਅੱਖਰ (Syllable) ਹਨ, ਸੁਰ ਵੀ ਹਨ ਅਤੇ ਵਿਅੰਜਨ ਵੀ। ਗ੍ਰੀਕ, ਰੋਮਨ ਆਦਿ ਵਰਣਮਾਲਾਵਾਂ ਦੇਵਨਾਗਰੀ ਨਾਲੋਂ ਵਧੇਰੇ ਵਿਕਸਿਤ ਵਰਣਾਤਮਕ ਵਰਣਮਾਲਾਵਾਂ ਹਨ। ਵਿਆਕਰਣ ਸ਼ਾਸਤਰੀਆਂ ਅਨੁਸਾਰ ਇਸ ਲਿਪੀ ਦੀ ਵਰਣਮਾਲਾ ਧੁਨੀਆਤਮਕ ਹੈ, ਅੱਖਰਾਤਮਕ ਨਹੀਂ।

ਭਾਸ਼ਾ ਵਿਗਿਆਨਕ ਪੱਖ ਤੋਂ ਦੇਵਨਾਗਰੀ ਲਿਪੀ ਵਰਣ-ਮਾਲਾ ਸੰਸਾਰ ਦੀਆਂ ਸਾਰੀਆਂ ਪਰੰਪਰਾਗਤ ਵਰਣਮਾਲਾ ਲਿਪੀਆਂ ਤੋਂ ਸੰਪੂਰਨ ਹੈ। ਵਿਗਿਆਨਕ ਲਿਪੀ ਦੇ ਪੱਖ ਤੋਂ ਕਿਸੇ ਵੀ ਭਾਸ਼ਾ ਦੀ ਲਿਪੀ ਲਈ ਮੁੱਖ ਤੌਰ ਤੇ ਦੋ ਗੱਲਾਂ ਜ਼ਰੂਰੀ ਹਨ :— 1. ਭਾਸ਼ਾ ਦੀਆਂ ਸਾਰੀਆਂ ਉਚਾਰਣ ਧੁਨੀਆਂ ਲਈ ਲਿਪੀ ਚਿੰਨ੍ਹ ਹੋਣ, 2. ਹਰ ਇਕ ਉਚਾਰਣ ਧੁਨੀ ਲਈ ਇਕ ਲਿਪੀ ਚਿੰਨ੍ਹ ਹੋਵੇ। ਇਸ ਕਸੌਟੀ ਅਨੁਸਾਰ ਦੇਵਨਾਗਰੀ ਦੀ ਵਰਤਮਾਨ ਵਰਣਮਾਲਾ ਵਿਚ ਕੁਝ ਤਰੁਟੀਆਂ ਹਨ। ਕੁਝ ਸੁਰਾਂ ਲਈ ਲਿਪੀ ਚਿੰਨ੍ਹ ਨਾ ਹੋਣ ਕਾਰਨ ਇਕ ਲਿਪੀ ਚਿੰਨ੍ਹ ਦੁਆਰਾ ਅਨੇਕ ਉਚਾਰਣ ਧੁਨੀਆਂ ਦੀ ਸੂਝ ਦਿੱਤੀ ਜਾਂਦੀ ਹੈ।

'ਦੇਵਨਾਗਰੀ' ਜਾਂ 'ਨਾਗਰੀ' ਨਾਂ ਦੀ ਵਰਤੋਂ ਸ਼ੁਰੂ ਹੋਣ ਬਾਰੇ ਅਜੇ ਤਕ ਨਿਸ਼ਚਿਤ ਰੂਪ ਵਿਚ ਕੁਝ ਨਹੀਂ ਆਖਿਆ ਜਾ ਸਕਦਾ। ਕਦੇ ਇਸ ਦਾ ਸਬੰਧ ਗੁਜਰਾਤੀ 'ਨਾਗਰ' ਬ੍ਰਾਹਮਣਾਂ ਨਾਲ ਜੋੜਿਆ ਗਿਆ ਅਤੇ ਕਦੇ ਦੱਖਣ ਵਿਚ ਇਸ ਦੇ ਪ੍ਰਾਚੀਨ ਨਾਂ 'ਨੰਦੀਨਾਗਰੀ' ਨਾਲ ਜੋੜਿਆ ਗਿਆ। ਪ੍ਰਾਚੀਨ ਭਾਰਤ ਦੀਆਂ ਦੋ ਲਿਪੀਆਂ ਵਿਚੋਂ 'ਖਰੋਸ਼ਠੀ' ਸੱਜੇ ਤੋਂ ਖੱਬੇ ਵੱਲ ਲਿਖੀ ਜਾਂਦੀ ਹੈ ਅਤੇ 'ਬ੍ਰਹਮੀ' ਖੱਬੇ ਤੋਂ ਸੱਜੇ ਵੱਲ ਲਿਖੀ ਜਾਂਦੀ ਹੈ। ਬ੍ਰਹਮੀ ਦੀ ਉੱਤਰੀ ਸ਼ਾਖਾ ਤੋਂ ਚੌਥੀ ਸਦੀ ਵਿਚ ਗੁਪਤ ਲਿਪੀ ਤੇ ਗੁਪਤ ਲਿਪੀ ਤੋਂ ਛੇਵੀਂ ਸਦੀ ਦੇ ਨੇੜੇ ਕੁਟਿਲ ਲਿਪੀ ਦਾ ਵਿਕਾਸ ਹੋਇਆ। ਅੱਖਰ ਜ਼ਿਆਦਾ ਟੇਢੇ-ਮੇਢੇ ਹੋ ਜਾਣ ਕਰ ਕੇ ਇਸ ਦਾ ਇਹ ਨਾਂ ਪਿਆ। ਸੱਤਵੀਂ ਅੱਠਵੀਂ ਸਦੀ ਤਕ ਅੱਖਰਾਂ ਦੀ ਬਨਾਵਟ ਦੇ ਥੋੜ੍ਹੇ ਹੇਰ ਫੇਰ ਕਰ ਕੇ ਕੁਟਿਲ ਲਿਪੀ ਦੀਆਂ ਸ਼ਾਖਾਵਾਂ ਹੋ ਗਈਆਂ। ਪੱਛਮ ਦੀ ਅਰਧ ਨਾਗਰੀ, ਪੂਰਬ ਦੀ ਪੂਰਬੀ ਨਾਗਰੀ, ਦੱਖਣ ਦੀ ਨੰਦੀ ਨਾਗਰੀ ਅਤੇ ਮੱਧ ਦੇਸ਼ ਦੀ ਸਮਾਨ ਨਾਗਰੀ। ਸਮਾਨ ਨਾਗਰੀ ਦੀ ਸਭ ਤੋਂ ਪਹਿਲਾਂ ਵਰਤੋਂ ਸੱਤਵੀਂ-

ਅੱਠਵੀਂ ਸਦੀ ਵਿਚ ਰਾਜਾ ਜੈ ਭੱਟ ਦੇ ਇਕ ਪੱਥਰ ਲੇਖ ਵਿਚ ਮਿਲਦੀ ਹੈ। ਗੁਜਰਾਤ ਦੇ ਨਾਗਰ ਬ੍ਰਾਹਮਣਾਂ ਦਾ ਪ੍ਰਭਾਵ ਦੂਰ-ਦੂਰ ਤਕ ਰਿਹਾ ਹੈ। ਉਨ੍ਹਾਂ ਨੇ ਵੀ ਇਸ ਦਾ ਵਿਕਾਸ ਕੀਤਾ। ਨਾਗਰਾਂ ਦੇ ਨਾਂ ਤੇ ਨਾਗਰੀ ਨਾਂ ਪ੍ਰਸਿੱਧ ਹੋਇਆ। ਕੁਝ ਵਿਦਵਾਨਾਂ ਨੇ ਇਸ ਦਾ ਪੁਰਾਣਾ ਸਬੰਧ ਬੋਧ ਗ੍ਰੰਥਾਂ ਲਲਿਤ ਵਿਸਤਾਰ' ਵਿਚ ਗਿਣੀਆਂ ਗਈਆਂ 64 ਲਿਪੀਆਂ ਦੇ ਅੰਦਰ ਆਈ ਨਾਗ ਲਿਪੀ ਨਾਲ ਜੋੜਿਆ ਹੈ ਪਰ ਇਤਿਹਾਸ ਇਸ ਗੱਲ ਦੀ ਗਵਾਹੀ ਨਹੀਂ ਦਿੰਦਾ। ਪੰਡਤ ਆਰ. ਸ਼ਿਆਮ ਸ਼ਾਸਤਰੀ ਦਾ ਕਹਿਣਾ ਹੈ ਕਿ ਪਹਿਲਾਂ ਜਦੋਂ ਦੇਵਤਿਆਂ ਦੀਆਂ ਮੂਰਤੀਆਂ ਨਹੀਂ ਸਨ ਉਨ੍ਹਾਂ ਲਈ ਕੁਝ ਸੰਕੇਤ ਬਣਾ ਲਏ ਗਏ ਸਨ ਜਿਹੜੇ ਤਿਕੋਣਾਂ ਦੇ ਚੱਕਰਾਂ ਵਿਚ ਲਿਖੇ ਜਾਂਦੇ ਸਨ ਜਿਨ੍ਹਾਂ ਨੂੰ 'ਦੇਵਨਾਗਰ' ਕਹਿੰਦੇ ਸਨ। ਇਹੋ ਅੱਖਰ ਦੇਵਨਾਗਰੀ ਕਹਾਉਂਦੇ ਸਨ। ਦੇਵਨਗਰ ਕਾਸ਼ੀ ਦਾ ਵੀ ਨਾਂ ਹੈ ਅਤੇ ਕਾਸ਼ੀ ਜੁਗ-ਜੁਗ ਤਾਂਈ ਵਿਦਿਆ ਦਾ ਕੇਂਦਰ ਰਿਹਾ ਹੈ। ਸ਼ਾਇਦ ਉਥੋਂ ਦੇਵਨਾਗਰੀ ਨਾਂ ਚਲਿਆ ਹੋਵੇ ਪਰ ਦੇਵਨਾਗਰੀ ਨਾਲੋਂ ਨਾਗਰੀ ਨਾਂ ਪੁਰਾਣਾ ਹੈ। ਦੇਵ ਉਸ ਤੋਂ ਪਹਿਲਾਂ ਇਸ ਲਈ ਜੋੜਿਆ ਗਿਆ ਹੈ ਕਿਉਂਕਿ ਇਸ ਦਾ ਪ੍ਰਯੋਗ ਦੇਵਭਾਸ਼ਾ, ਸੰਸਕ੍ਰਿਤ ਵਿਚ ਹੁੰਦਾ ਰਿਹਾ ਹੈ। ਹੋ ਸਕਦਾ ਹੈ ਕਿ ਜ਼ਿਆਦਾਤਰ ਨਗਰਾਂ ਵਿਚ ਪ੍ਰਚਲਿਤ ਹੋਣ ਕਰ ਕੇ ਇਹ ਲਿਪੀ ਨਾਗਰੀ ਅਖਵਾਂਦੀ ਰਹੀ ਹੋਵੇ।

ਅੱਠਵੀਂ ਸਦੀ ਵਿਚ ਰਾਸ਼ਟਰਕੂਟ ਰਾਜੇ, ਨੌਵੀਂ ਸਦੀ ਦੇ ਆਲੇ ਦੁਆਲੇ ਬੜੌਦਾ ਦੇ ਰਾਜਾ ਧਰੁਵਰਾਜ ਪੱਥਰ-ਲੇਖਾਂ ਵਿਚ ਅਤੇ ਬਾਅਦ ਵਿਚ ਵਿਜੈਨਗਰ ਅਤੇ ਕੋਂਕਣ ਦੇ ਰਾਜ-ਕਾਜ ਲਈ ਵੀ ਦੇਵ-ਨਾਗਰੀ ਦਾ ਵਿਹਾਰ ਹੁੰਦਾ ਰਿਹਾ ਹੈ। ਲਗਭਗ ਦਸਵੀਂ ਸਦੀ ਵਿਚ ਪ੍ਰਾਚੀਨ ਨਾਗਰੀ ਤੋਂ ਬੰਗਲਾ ਦੀ ਉਤਪਤੀ ਹੋਈ। ਇਸੇ ਤੋਂ ਹੀ ਵਰਤਮਾਨ ਬੰਗਲਾ, ਮੈਥਿਲੀ ਅਤੇ ਉੜੀਆ ਲਿਪੀਆਂ ਦਾ ਵਿਕਾਸ ਹੋਇਆ। ਭਾਰਤ ਦੇ ਉੱਤਰ-ਪੱਛਮੀ ਹਿੱਸੇ ਜਿਨ੍ਹਾਂ ਨੂੰ ਅੱਜਕੱਲ੍ਹ ਕਸ਼ਮੀਰ ਅਤੇ ਪੰਜਾਬ ਆਖਿਆ ਜਾਂਦਾ ਹੈ, ਵਿਚ ਅੱਠਵੀਂ ਸਦੀ ਤਕ ਕੁਟਿਲ ਲਿਪੀ ਅਤੇ ਫਿਰ ਦਸਵੀਂ ਸਦੀ ਦੇ ਲਗਭਗ ਇਸ ਤੋਂ ਸ਼ਾਰਦਾ ਲਿਪੀ ਦਾ ਵਿਕਾਸ ਹੋਇਆ। ਵਰਤਮਾਨ ਕਸ਼ਮੀਰੀ ਟਾਕਰੀ (ਅਤੇ ਗੁਰਮੁਖੀ ਦੇ ਕਈ ਅੱਖਰ) ਇਸੇ ਲਿਪੀ ਤੋਂ ਵਿਕਸਿਤ ਹੋਈਆਂ। ਗਿਆਰ੍ਹਵੀਂ ਸਦੀ ਤਕ ਦੇਵਨਾਗਰੀ ਲਿਪੀ ਦਾ ਇਹ ਰੂਪ ਪੱਕਾ ਹੋ ਗਿਆ ਸੀ ਜਿਹੜਾ ਅੱਜਕੱਲ੍ਹ ਪ੍ਰਚਲਿਤ ਹੈ। ਨਵੇਂ ਰੂਪ ਕਿਧਰੇ ਪੰਦਰ੍ਹਵੀਂ ਸੋਲ੍ਹਵੀਂ ਸਦੀ ਤਕ ਹੋਂਦ ਵਿਚ ਆਏ। ਮੇਵਾੜ, ਮਾਰਵਾੜ, ਦਿੱਲੀ, ਕਨੌਜ ਅਤੇ ਗੁਜਰਾਤ ਦੇ ਪੁਰਾਲੇਖ ਇਸ ਵਿਕਾਸ ਦੀ ਗਵਾਹੀ ਦਿੰਦੇ ਸਨ। ਸਤਾਰ੍ਹਵੀਂ ਸਦੀ ਤਕ ਲਿਪੀ ਹੋਰ ਸੁੰਦਰ ਤੇ ਸਾਫ਼ ਹੋ ਗਈ।

ਪਹਿਲੇ ਅੱਖਰਾਂ ਦੇ ਉੱਪਰ ਆਮ ਤੌਰ ਤੇ ਦੋ-ਦੋ ਰੇਖਾ ਹੁੰਦੀਆਂ ਸਨ। ਹੁਣ ਇਕ ਰੇਖਾ ਦੇਣ ਦਾ ਰਿਵਾਜ ਚਲ ਪਿਆ ਹੈ। ਅਠਾਰ੍ਹਵੀਂ ਸਦੀ ਵਿਚ ਸ਼ਬਦ ਦੀ ਹੱਦ ਬੰਦੀ ਵੀ ਸਿਰ-ਰੇਖਾ ਪਾ ਕੇ ਦਿਖਾਉਣ ਦਾ ਰਿਵਾਜ ਚਲ ਪਿਆ। ਇਸ ਤੋਂ ਪਹਿਲਾਂ ਪੂਰੇ ਵਾਕ ਉੱਤੇ ਇਕੋ ਰੇਖਾ ਦਿੱਤੀ ਜਾਂਦੀ ਸੀ ਤੇ ਅਖ਼ੀਰ ਵਿਚ ਇਕ ਡੰਡੀ (ਪੂਰਨ ਬਿਸਰਾਮ ਚਿੰਨ੍ਹ) ਲਾਈ ਜਾਂਦੀ ਸੀ। ਕਵਿਤਾ ਦੀ ਦੂਜੀ ਲਾਈਨ ਦੇ ਅਖ਼ੀਰ ਵਿਚ ਦੋ ਡੰਡੀਆਂ ਲਾਂਦੇ ਸਨ। ਇਹ ਹੁਣ ਵੀ ਹੁੰਦਾ ਹੈ।

ਉੱਨੀਵੀਂ ਸਦੀ ਵਿਚ ਅੰਗਰੇਜ਼ੀ ਦੇ ਪ੍ਰਭਾਵ ਨਾਲ, ?, ;, : –, –, : ਆਦਿ ਚਿੰਨ੍ਹਾਂ ਦੀ ਵਰਤੋਂ ਹੋਣ ਲਗ ਪਈ। ਹੁਣ ਤਾਂ ਅੰਗਰੇਜ਼ੀ ਦਾ %, / ਵੀ ਚਲ ਪਿਆ ਹੈ। ਫ਼ਾਰਸੀ-ਅਰਬੀ ਤੇ ਅੰਗਰੇਜ਼ੀ ਦੇ ਸ਼ਬਦਾਂ ਲਈ ਜ਼, ਫ਼, ਖ਼ (ਹੇਠਾਂ ਬਿੰਦੀ ਲਾ ਕੇ) ੜ ੜ੍ਹ ਦੀਆਂ ਆਵਾਜ਼ਾਂ ਲਈ ਡ. ਫ਼ ਘੜੇ ਗਏ ਹਨ। ਅੰਗਰੇਜ਼ੀ ਦੇ ਡਾਕਟਰ, ਆਫ਼ਿਸ ਆਦਿ ਦੇ ਗੋਲ ਆ ਲਈ (ॅ) ਚਲ ਪਿਆ ਹੈ। ਕੁਝ ਅੱਖਰ ਦੋ-ਦੋ ਤਰ੍ਹਾਂ ਦੇ ਚਲ ਰਹੇ ਹਨ।

ਸਰਕਾਰ ਨੇ ਕ੍ਰਮ ਵਿਚ ਦੂਜੇ ਅੱਖਰ ਪਰਵਾਨ ਕੀਤੇ ਹਨ ਜੋ ਦੱਖਣ ਦੀਆਂ ਧੁਨੀਆਂ ਦੇ ਇਲਾਵਾ ਹਿੰਦੀ ਬੋਲੀਆਂ ਲਈ ਵੀ ਚਲਾਏ ਗਏ ਹਨ। ਜੁੜਵੇਂ ਅੱਖਰਾਂ ਦਾ ਨਿਯਮ ਹੁਣ ਇਹ ਹੈ ਕਿ ਪਹਿਲੇ (ਅੱਧੇ) ਅੱਖਰ ਦੀ ਡੰਡੀ ਹਟਾ ਦਿੱਤੀ ਜਾਵੇ ਤੇ ਜੇ ਉਹ ਅੱਖਰ ਡੰਡੀ ਵਾਲਾ ਨਾ ਹੋਵੇ ਤਾਂ ਹਲੰਤ (੍) ਕੀਤਾ ਜਾਵੇ। ਪੈਰਾਂ ਵਿਚ ਲਿਖਣ ਦਾ ਰਿਵਾਜ ਛੱਡ ਦਿਤਾ ਜਾਵੇ।

ਦੇਵਨਾਗਰੀ ਭਾਰਤ ਦੀਆਂ ਲਿਪੀਆਂ ਵਿਚੋਂ ਸਭ ਤੋਂ ਵੱਡੀ ਹੈ। ਰਾਜਸਥਾਨੀ ਹਿੰਦੀ, ਪਹਾੜੀ ਹਿੰਦੀ, ਬਿਹਾਰੀ ਹਿੰਦੀ, ਪੱਛਮੀ ਹਿੰਦੀ, ਪੂਰਬੀ ਹਿੰਦੀ ਤੇ ਇਨ੍ਹਾਂ ਦੀਆਂ ਸਾਰੀਆਂ ਬੋਲੀਆਂ, ਆਦਿ ਵਾਸੀਆਂ ਦੀਆਂ ਮੁੰਡਾ ਮੁੰਡਾਰੀ ਤੇ ਹੱਥਨਲੀ ਲਿਖਣ ਲਈ ਅੱਜ ਦੇਵਨਾਗਰੀ ਹੀ ਵਰਤੀ ਜਾਂਦੀ ਹੈ। ਮੱਧ ਦੇਸ਼ ਤੋਂ ਬਾਹਰ ਮਰਾਠੀ, ਨੇਪਾਲੀ ਤੇ ਭਾਰਤੀ ਸਿੰਧੀ ਵੀ ਇਸੇ ਲਿਪੀ ਵਿਚ ਲਿਖੀਆਂ ਜਾਂਦੀਆਂ ਸਨ। 17ਵੀਂ ਸਦੀ ਤਕ ਗੁਜਰਾਤ ਦੀ ਲਿਪੀ ਵੀ ਇਹੋ ਸੀ। ਹੁਣ ਫਿਰ ਇਸ ਦੀ ਵਰਤੋਂ ਆਮ ਹੋ ਰਹੀ ਹੈ। ਉਰਦੂ ਤੇ ਪੰਜਾਬੀ ਦਾ ਬਹੁਤ ਸਾਰਾ ਸਾਹਿਤ ਦੇਵਨਾਗਰੀ ਵਿਚ ਮਿਲਦਾ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਸੰਸਕ੍ਰਿਤ, ਪਾਲੀ, ਪ੍ਰਾਕਿਤ ਤੇ ਅਪਭ੍ਰੰਸ਼ ਦਾ ਸਾਰੇ ਦਾ ਸਾਰਾ ਸਾਹਿਤ ਦੇਵਨਾਗਰੀ ਅੱਖਰਾਂ ਵਿਚ ਮਿਲਦਾ ਹੈ। ਇਸ ਕਾਰਨ, ਇਸ ਲਿਪੀ ਦਾ ਪ੍ਰਚਾਰ-ਪ੍ਰਸਾਰ ਸਾਰੇ ਭਾਰਤ ਵਿਚ ਹੈ। ਹੁਣ ਕੋਸ਼ਿਸ਼ ਹੋ ਰਹੀ ਹੈ ਕਿ ਦੇਸ਼ ਦੀਆਂ ਹੋਰ ਭਾਸ਼ਾਵਾਂ ਵੀ ਦੇਵਨਾਗਰੀ ਵਿਚ ਲਿਖੀਆਂ ਜਾਣ। ਇਸ ਲਈ ਪੰਜ ਛੇ ਨਵੇਂ ਅੱਖਰ ਜੋੜਨ ਦੀ ਲੋੜ ਹੋਵੇਗੀ। ਹੁਣ ਵੀ ਇਸ ਵਿਚ 19 ਸੁਰ ਤੇ 44 ਵਿਅੰਜਨ ਚਿੰਨ੍ਹ ਹਨ। ਪਹਿਲਾਂ 52 ਅੱਖਰ ਹੁੰਦੇ ਸਨ। ਦੇਵਨਾਗਰੀ ਅੰਕਾਂ ਦਾ ਅੱਜ ਦਾ ਰੂਪ १, २, ३, ४, ५, ६, ७, ८, ९, १० ਦਸਵੀਂ ਸਦੀ ਤਕ ਸਾਫ਼ ਹੋ ਗਿਆ ਸੀ।

ਇਸ ਤਰ੍ਹਾਂ ਉਪਰੋਕਤ ਵਿਚਾਰਾਂ ਮਗਰੋਂ ਹੇਠ ਲਿਖੀਆਂ ਗੱਲਾਂ ਸਾਹਮਣੇ ਆਉਂਦੀਆਂ ਹਨ :— (1) ਮੂਲ ਰੂਪ ਵਿਚ ਦੇਵਨਾਗਰੀ ਦਾ ਮੁਢਲਾ ਸੋਮਾ ਬ੍ਰਹਮੀ ਲਿਪੀ ਹੈ। (2) ਇਹ ਬ੍ਰਹਮੀ ਦੀ ਉੱਤਰੀ ਸ਼ੈਲੀ ਵਾਲੀ ਧਾਰਾ ਦੀ ਇਕ ਸ਼ਾਖ ਹੈ। (3) ਗੁਪਤ ਲਿਪੀ ਦੇ ਜਨਮ ਤੋਂ ਪਹਿਲਾਂ ਅਸ਼ੋਕ ਬ੍ਰਹਮੀ ਵਿਚ ਥੋੜ੍ਹੀਆਂ ਬਹੁਤ ਛੋਟੀਆਂ ਛੋਟੀਆਂ ਵਖਰਤਾਵਾਂ, ਕਲਿੰਗ ਸ਼ੈਲੀ, ਹਾਜੀਗੁਫ਼ਾ ਸ਼ੈਲੀ, ਸੁੰਗ ਸ਼ੈਲੀ ਆਦਿ ਦੇ ਰੂਪ ਵਿਚ ਮਿਲਦੀਆਂ ਹਨ (4) ਗੁਪਤ ਲਿਪੀ ਦੀ ਪੱਛਮੀ ਤੇ ਪੂਰਬੀ ਸ਼ੈਲੀ ਦੇ ਸਰੂਪ ਵਿਚ ਫਰਕ ਹੈ। ਪੂਰਬੀ ਸ਼ੈਲੀ ਦੇ ਅੱਖਰਾਂ ਦੇ ਕੋਣ ਤੇ ਸਿਰੇ ਤੇ ਲਕੀਰ ਦਿਖਾਈ ਦੇਣ ਲਗਦੀ ਹੈ। ਇਸ ਨੂੰ ਸਿੱਧ ਮਲਿਕਾ ਆਖਿਆ ਗਿਆ ਹੈ। (5) ਉੱਤਰੀ ਸ਼ਾਖ ਵਿਚ ਗੁਪਤ ਲਿਪੀ ਤੋਂ ਬਿਨਾਂ ਕੁਟਿਲ ਲਿਪੀ ਵੀ ਆਉਂਦੀ ਹੈ। (6) ਕੁਟਿਲ ਲਿਪੀ ਤੋਂ ਹੀ ਦੇਵਨਾਗਰੀ ਅਤੇ ਸ਼ਾਰਦਾ ਦਾ ਵਿਕਾਸ ਮੰਨਿਆ ਗਿਆ ਹੈ। (7) ਦੇਵਨਾਗਰੀ ਦੇ ਮੁਢਲੇ ਅੱਖਰਾਂ ਦੇ ਰੂਪਾਂ ਵਿਚ ਲਗਾਤਾਰ ਥੋੜ੍ਹਾ ਬਹੁਤ ਰੂਪਾਂਤਰ ਹੁੰਦਾ ਗਿਆ ਜਿਸ ਦੇ ਸਿੱਟੇ ਵਜੋਂ ਅੱਜ ਦਾ ਸਰੂਪ ਸਾਹਮਣੇ ਆਇਆ। (8) ਕੁਝ ਸੁਰ ਧੁਨੀਆਂ ਲਈ ਅਤੇ ਕੁਝ ਬਦੇਸ਼ੀ ਵਿਅੰਜਨ ਧੁਨੀਆਂ ਲਈ ਦੇਵਨਾਗਰੀ ਲਿਪੀ ਵਿਚ ਸੁਧਾਰ ਜ਼ਰੂਰੀ ਹੈ।

ਦੁਨੀਆ ਦੀਆਂ ਪ੍ਰਮੁੱਖ ਲਿਪੀਆਂ ਵਿਚ ਧੁਨੀਆਂ ਦੇ ਵੱਖ-ਵੱਖ ਨਾਂ ਹਨ ਅਤੇ ਉਨ੍ਹਾਂ ਦੇ ਉਚਾਰਣਾਕਤਮਕ ਧੁਨੀ ਮੂਲ ਵੀ ਵੱਖ-ਵੱਖ ਹਨ। ਨਾਗਰੀ ਵਿਚ ਇਨ੍ਹਾਂ ਦੋਹਾਂ ਵਿਚ ਕੋਈ ਅੰਤਰ ਨਹੀਂ ਹੈ। ਇਸ ਦੀ ਵਰਣਮਾਲਾ ਦਾ ਅੱਖਰ ਕ੍ਰਮ ਬੜਾ ਵਿਗਿਆਨਕ ਅਤੇ ਭਾਸ਼ਾ-ਵਿਗਿਆਨਕ ਹੈ। ਧੁਨੀਆਂ ਦਾ ਵਰਗੀਕਰਨ ਕ੍ਰਮ ਵੀ ਬੜਾ ਵਿਗਿਆਨਕ ਹੈ।

ਹ.ਪੁ.—ਹਿੰ.ਵਿ.ਕੋ. 6:114; ਪੰ. ਸਾ. ਕੋ. ਭਾਗ- II : 412

ਦੇਵਯਾਨੀ : ਇਹ ਰਾਜਾ ਯਯਾਤੀ ਦੀ ਪਤਨੀ ਅਤੇ ਦੈਂਤਾਂ ਦੇ ਪੁਰੋਹਿਤ ਸ਼ੁਕਰ ਦੀ ਪੁੱਤਰੀ ਸੀ ਜਿਸ ਨੂੰ ਆਪਣੇ ਪਿਤਾ ਦੇ

ਸ਼ਾਗਿਰਦ, ਬ੍ਰਹਸਪਤੀ ਦੇ ਪੁੱਤਰ ਕੱਚ ਨਾਲ ਪ੍ਰੇਮ ਹੋ ਗਿਆ ਸੀ ਪਰ ਕੱਚ ਨੇ ਇਸ ਦੇ ਪ੍ਰੇਮ ਪ੍ਰਸਤਾਵ ਨੂੰ ਠੁਕਰਾ ਦਿੱਤਾ ਜਿਸ ਤੇ ਦੇਵਯਾਨੀ ਨੇ ਗੁੱਸੇ ਵਿਚ ਆ ਕੇ ਕੱਚ ਨੂੰ ਸਰਾਪ ਦੇ ਦਿੱਤਾ ਕਿ ਉਸ ਦੀ ਵਿਦਿਆ ਉਸ ਨੂੰ ਨਹੀਂ ਫਲੇਗੀ। ਅਗੋਂ ਕੱਚ ਨੇ ਵੀ ਦੇਵਯਾਨੀ ਨੂੰ ਸਰਾਪ ਦਿੱਤਾ ਕਿ ਕੋਈ ਰਿਸ਼ੀ ਪੁੱਤਰ ਉਸ ਨਾਲ ਵਿਆਹ ਨਹੀਂ ਕਰੇਗਾ ਅਤੇ ਬ੍ਰਾਹਮਣ ਦੀ ਧੀ ਹੋ ਕੇ ਦੇਵਯਾਨੀ ਦਾ ਵਿਆਹ ਸੂਰਜ-ਬੰਸ ਦੇ ਪੰਜਵੇਂ ਰਾਜੇ ਨਹੁਸ਼ ਦੇ ਪੁੱਤਰ ਯਯਾਤੀ ਨਾਲ ਹੋਇਆ।

ਸ਼ੁਕ੍ਰਾਚਾਰਯ ਦੀ ਧੀ ਦੇਵਯਾਨੀ ਅਤੇ ਰਾਜਾ ਵ੍ਰਿਸ਼ਪਰਵਨ ਦੀ ਧੀ ਆਪਸ ਵਿਚ ਸਹੇਲੀਆਂ ਸਨ। ਇਕ ਵਾਰ ਦਰਿਆ ਵਿਚ ਇਹ ਦੋਵੇਂ ਆਪਣੀਆਂ ਸਹੇਲੀਆਂ ਨਾਲ ਇਸ਼ਨਾਨ ਅਤੇ ਜਲ ਕ੍ਰੀੜਾ ਕਰ ਰਹੀਆਂ ਸਨ। ਉਦੋਂ ਹੀ ਸ਼ਿਵ ਅਤੇ ਪਾਰਬਤੀ ਉਥੋਂ ਲੰਘੇ ਤਾਂ ਉਹ ਸਾਰੀਆਂ ਜਲ ਤੋਂ ਬਾਹਰ ਨਿਕਲ ਕੇ ਜਲਦੀ ਜਲਦੀ ਬਸਤਰ ਧਾਰਨ ਕਰਨ ਲਗੀਆਂ। ਇਸ ਕਾਹਲ ਵਿਚ ਦੇਵਯਾਨੀ ਨੇ ਸਰਮਿਸ਼ਠਾ ਦੇ ਬਸਤਰ ਪਾ ਲਏ। ਸਰਮਿਸ਼ਠਾ ਦੇਵਯਾਨੀ ਉੱਤੇ ਬਹੁਤ ਗੁੱਸੇ ਹੋਈ ਅਤੇ ਉਸ ਨੂੰ ਨੰਗਾ ਕਰ ਕੇ ਇਕ ਖੂਹ ਵਿਚ ਧੱਕਾ ਦੇ ਦਿੱਤਾ। ਸੰਜੋਗਵਸ ਰਾਜਾ ਯਯਾਤੀ ਸ਼ਿਕਾਰ ਖੇਡਦਾ ਖੇਡਦਾ ਉਥੋਂ ਦੀ ਗੁਜ਼ਰਿਆ। ਉਸ ਨੇ ਪਿਆਸ ਬੁਝਾਣ ਲਈ ਖੂਹ ਵਿਚੋਂ ਪਾਣੀ ਕੱਢਣ ਦਾ ਉੱਦਮ ਕੀਤਾ। ਖੂਹ ਵਿਚ ਝਾਕਣ ਤੇ ਉਸ ਨੂੰ ਬਸਤਰਹੀਨ ਇਸਤਰੀ ਦਿਸ ਪਈ। ਉਸ ਨੇ ਦੇਵਯਾਨੀ ਨੂੰ ਆਪਣਾ ਬਸਤਰ ਦੇ ਕੇ ਬਾਹਰ ਕੱਢਿਆ। ਦੇਵਯਾਨੀ ਨੇ ਉਸ ਨਾਲ ਵਿਆਹ ਦਾ ਪ੍ਰਸਤਾਵ ਰੱਖਿਆ। ਉਦੋਂ ਦੇਵਯਾਨੀ ਨੇ ਪ੍ਰਣ ਕਰ ਲਿਆ ਕਿ ਉਹ ਸਰਮਿਸ਼ਠਾ ਨੂੰ ਆਪਣੀ ਦਾਸੀ ਬਣਾ ਕੇ ਰਖੇਗੀ।

ਉਧਰ ਪਿਤਾ ਸ਼ੁਕ੍ਰਾਚਾਰਯ ਦੇ ਮਿਲਣ ਤੇ ਦੇਵਯਾਨੀ ਨੇ ਸਰਮਿਸ਼ਠਾ ਵੱਲੋਂ ਕੀਤੇ ਗਏ ਦੁਰਵਿਵਹਾਰ ਦਾ ਜ਼ਿਕਰ ਕੀਤਾ। ਸ਼ੁਕ੍ਰਾਚਾਰਯ ਨੇ ਸੁਣਦਿਆਂ ਹੀ ਨਗਰ ਛੱਡਣ ਦੀ ਗੱਲ ਕਹੀ। ਦੈਂਤਰਾਜ ਵ੍ਰਿਸ਼ਪਰਵਨ ਡਰ ਗਿਆ। ਸਰਮਿਸ਼ਠਾ ਦੇ ਪਿਉ ਨੇ ਆਪਣੀ ਧੀ ਸਰਮਿਸ਼ਠਾ ਦਾ ਕਸੂਰ ਮੰਨ ਕੇ ਉਸ ਨੂੰ ਪ੍ਰਾਸਚਿਤ ਵਜੋਂ ਸਜ਼ਾ ਦੇਣੀ ਪ੍ਰਵਾਨ ਕਰ ਲਈ ਅਤੇ ਸ਼ੁਕ ਦੇ ਰੁਕਣ ਲਈ ਤਰਲੇ ਕੀਤੇ। ਆਖ਼ਰ ਉਹ ਇਸ ਸ਼ਰਤ ਤੇ ਰੁਕਣ ਲਈ ਮੰਨਿਆ ਕਿ ਦੇਵਯਾਨੀ ਦੇ ਨਾਲ ਉਸ ਦੇ ਸਹੁਰੇ ਘਰ ਸਰਮਿਸ਼ਠਾ ਦਾਸੀ ਵਜੋਂ ਜਾਏਗੀ। ਦੇਵਯਾਨੀ ਦਾ ਵਿਆਹ ਸੂਰਜਬੰਸੀ ਰਾਜੇ ਯਯਾਤੀ ਨਾਲ ਹੋਇਆ ਤੇ ਸਰਮਿਸ਼ਠਾ ਦਾਸੀ ਬਣ ਕੇ ਨਾਲ ਗਈ। ਸਰਮਿਸ਼ਠਾ ਨੇ ਦੇਵਯਾਨੀ ਤੋਂ ਇਸ ਗੱਲ ਦਾ ਬਦਲਾ ਲੈਣ ਲਈ ਯਯਾਤੀ ਨੂੰ ਆਪਣੇ ਰੂਪ ਨਾਲ ਮੋਹ ਲਿਆ ਅਤੇ ਉਸ ਦੀ ਪਤਨੀ ਬਣ ਕੇ ਰਹਿਣ ਲੱਗੀ। ਦੇਵਯਾਨੀ ਨੂੰ ਜਦੋਂ ਇਸ ਗੱਲ ਦਾ ਪਤਾ ਲਗਿਆ ਤਾਂ ਉਹ ਆਪਣੇ ਪਿਤਾ ਕੋਲ ਚਲੀ ਗਈ ਤੇ ਆਪਣੇ ਪਿਤਾ ਨੂੰ ਸਾਰੀ ਗੱਲ ਦੱਸੀ। ਇਸ ਤੇ ਸ਼ੁਕ੍ਰਾਚਾਰਯ ਨੇ ਕਰੋਧ ਵਿਚ ਆ ਕੇ ਯਯਾਤੀ ਨੂੰ ਉਸੀ ਵੇਲੇ ਬਿਰਧ ਹੋਣ ਦਾ ਸਰਾਪ ਦਿੱਤਾ ਪਰ ਇਹ ਛੋਟ ਵੀ ਦਿੱਤੀ ਕਿ ਜੇ ਕੋਈ ਪੁੱਤਰ ਯਯਾਤੀ ਨੂੰ ਬਿਰਧ ਅਵਸਥਾ ਦੀ ਥਾਂ ਤੇ ਜਵਾਨੀ ਦੇਣਾ ਚਾਹੇ ਤਾਂ ਸੰਭਵ ਹੋ ਸਕੇਗਾ। ਯਯਾਤੀ ਨੇ ਸਾਰੇ ਪੁੱਤਰਾਂ ਨੂੰ ਪੁੱਛਿਆ ਪਰ ਪੁਰੂ ਤੋਂ ਬਿਨਾਂ ਹੋਰ ਕੋਈ ਨਾ ਮੰਨਿਆ। ਸੋ ਪੁਰੂ ਨੇ ਆਪਣੇ ਪਿਤਾ ਦਾ ਬੁਢਾਪਾ ਆਪਣੀ ਜਵਾਨੀ ਨਾਲ ਵਟਾ ਲਿਆ। ਇਸੇ ਪੁਰੂ ਤੋਂ ਕੌਰਵਾਂ ਤੇ ਪਾਂਡਵਾਂ ਦਾ ਬੰਸ ਚਲਿਆ। ਮਗਰੋਂ ਯਯਾਤੀ ਨੇ ਪੁਰੂ ਦੀ ਜਵਾਨੀ ਉਸ ਨੂੰ ਵਾਪਸ ਕਰ ਦਿੱਤੀ ਤੇ ਆਪਣਾ ਬੁਢਾਪਾ ਵਾਪਸ ਲੈ ਕੇ ਉਸ ਨੂੰ ਆਪਣਾ ਉੱਤਰ-ਅਧਿਕਾਰੀ ਬਣਾਇਆ ਅਤੇ ਆਪ ਵੈਰਾਗੀ ਹੋ ਕੇ ਬਨ ਵਿਚ ਚਲਾ ਗਿਆ।

ਹ.ਪੁ.—ਹਿੰ.ਵਿ.ਕੋ. 6:117; ਹਿੰ. ਮਿ. ਕੋ. 307; ਪ੍ਰਾ.ਚ.ਕੋ. 295; ਮ.ਕੋ.; 651 ; ਪੰ.ਲੋ. ਵਿ.ਕੋ. 1564; ਪੰ. ਸਾ. ਸੰ.ਕੋ. : 503

ਦੇਵਰਯਾਦੁਰਗ : ਇਹ ਕਰਨਾਟਕ ਰਾਜ (ਭਾਰਤ) ਦੇ ਟਮਕੁਰ ਜ਼ਿਲ੍ਹੇ ਵਿਚ ਇਕ ਕਿਲੇਬੰਦ ਪਹਾੜੀ ਅਤੇ ਗਰਮੀਆਂ ਦੀ ਸੈਰਗਾਹ ਹੈ ਜਿਸ ਦੇ ਚਾਰੋਂ ਪਾਸੇ ਪਹਾੜ ਅਤੇ ਜੰਗਲ ਹਨ। ਇਸ ਦੀ ਉਚਾਈ ਲਗਭਗ 1200 ਮੀ. ਹੈ। ਇਸ ਪਹਾੜ ਉੱਤੇ ਐਨੀ-ਬਿੱਦਸਰੀ ਨਾਂ ਦਾ ਇਕ ਸ਼ਹਿਰ ਹੁੰਦਾ ਸੀ ਜਿਹੜਾ ਹੋਸੈਲਿਆਂ ਅਧੀਨ ਸੀ। ਇਸ ਪਹਾੜ ਉੱਤੇ ਇਕ ਸਥਾਨਕ ਮੁੱਖੀਏ ਦਾ ਅਧਿਕਾਰ ਸੀ। ਸੰਨ 1696 ਵਿਚ ਮੈਸੂਰ ਦੇ ਰਾਜੇ ਚਿੱਕਾ ਦੇਵ ਨੇ ਇਸ ਉੱਤੇ ਅਧਿਕਾਰ ਕੀਤਾ ਅਤੇ ਆਪਣੇ ਨਾਂ ਤੇ ਇਸ ਦਾ ਨਾਂ 'ਦੇਵਰਯਾਦੁਰਗ' ਰੱਖਿਆ। ਪਹਾੜ ਦੇ ਸਭ ਤੋਂ ਉੱਚੇ ਹਿੱਸੇ ਦੇ ਚਬੂਤਰੇ ਉੱਤੇ ਬਣੇ, ਦੁਰਗਾ ਨਰਸਿੰਹਾ ਦੇ ਮੰਦਰ ਨੂੰ ਮੈਸੂਰ ਦੇ ਰਾਜਾ ਕਾਂਥੀਰਵ ਨੇ ਬਣਵਾਇਆ ਸੀ।

13° 23' ਉ.ਵਿਥ.; 77° 12' ਪੂ. ਲੰਬ.

ਹ.ਪੁ.—ਇੰਪ.ਗ.ਇੰਡ. 11: 274

ਦੇਵਰਾਜ ਯਜਵਾ : ਇਹ ਵੇਦਾਂ ਦੇ ਔਖੇ ਸ਼ਬਦਾਂ ਦੇ ਵਿਆਖਿਆਕਾਰ ਦੇ ਤੌਰ ਤੇ ਪ੍ਰਸਿੱਧ ਹੈ। ਵੇਦਾਂ ਦੇ ਔਖੇ ਸ਼ਬਦਾਂ ਦੇ ਸੰਕਲਨ ਨੂੰ 'ਨਿਘੰਟੂ' ਆਖਿਆ ਜਾਂਦਾ ਹੈ। ਨਿਘੰਟੂ ਗ੍ਰੰਥਾਂ ਦੀ ਪਰੰਪਰਾ ਕਾਫ਼ੀ ਪੁਰਾਤਨ ਹੈ। ਵਰਤਮਾਨ ਉਪਲਬਧ ਨਿਘੰਟੂ ਗ੍ਰੰਥ ਯਾਸਕ ਦੇ ਨਿਰੁਕਤ ਉੱਤੇ ਹੀ ਆਧਾਰਤ ਹੈ। ਯਾਸਕ ਨਿਘੰਟੂ ਦਾ ਰਚਣਹਾਰਾ ਨਹੀਂ, ਵਿਆਖਿਆਕਾਰ ਸੀ। ਦੇਵਰਾਜ ਯਜਵਾ ਯਜੇਸ਼ਵਰ ਦਾ ਪੁੱਤਰ ਸੀ। ਇਹ ਦੱਖਣੀ ਭਾਰਤ ਦਾ ਰਹਿਣ ਵਾਲਾ ਸੀ। ਇਸ ਦਾ ਨਿਸਚਿਤ ਸਮਾਂ ਦੱਸਣਾ ਔਖਾ ਹੈ।

ਇਸ ਦੇ ਟੀਕੇ ਦਾ ਅਸਲ ਨਾਂ 'ਨਿਘੰਟੂ ਨਿਰਵਚਨ' ਹੈ। ਇਸ ਵਿਚ ਇਸ ਨੇ ਨਿਘੰਟੂ ਦੇ ਹੋਰ ਕਾਂਡਾਂ ਦੇ ਮੁਕਾਬਲੇ ਤੇ ਨਘੰਟੁਕ ਕਾਂਡ ਸਬੰਧੀ ਹੀ ਵਿਸਥਾਰਪੂਰਬਕ ਵਿਆਖਿਆ ਕੀਤੀ ਹੈ। ਇਸ ਨੇ ਆਪਣੀ ਭਾਸ਼ਾ ਦੀ ਭੂਮਿਕਾ ਵਿਚ ਤੱਤਕਾਲੀਨ ਨਿਘੰਟੂ ਦੀਆਂ ਉਪਲਬਧ ਵੱਖ ਵੱਖ ਪਾਂਡੂ ਲਿਪੀਆਂ ਸਬੰਧੀ ਵੇਰਵਾ ਦਿੱਤਾ ਹੈ ਜੋ ਕਾਫ਼ੀ ਮਹੱਤਪੂਰਨ ਹੈ।

ਦੇਵਰਾਜ ਯਜਵਾ ਨੇ ਨਿਘੰਟੂ ਦਾ ਸ਼ੁੱਧ ਸੰਸਕਰਣ ਪੇਸ਼ ਕਰਨ ਦਾ ਵੀ ਯਤਨ ਕੀਤਾ ਹੈ। ਇਸ ਨੇ ਆਪਣੀ ਵਿਆਖਿਆ ਵਿਚ ਨਿਘੰਟੂ ਦੇ ਹਰ ਇਕ ਸ਼ਬਦ ਦੀ ਵਿਆਖਿਆ ਕੀਤੀ ਹੈ। ਇਸ ਨੇ ਆਪਣੇ ਤੋਂ ਪਹਿਲਾਂ ਹੋਏ ਟੀਕਾਕਾਰਾਂ ਸਕੰਧ ਸੁਆਮੀ ਅਤੇ ਮਾਧਵ ਪ੍ਰਿਤੀ ਦੇ ਪਾਠਾਂ ਨੂੰ ਵੀ ਆਪਣੇ ਮਤਭੇਦਾਂ ਨੂੰ ਦਰਸਾਉਣ ਲਈ ਸ਼ਾਮਲ ਕੀਤਾ ਹੈ। ਇਸ ਦਾ ਟੀਕਾ ਤੱਤਕਾਲੀਨ ਨਿਘੰਟੂ ਗ੍ਰੰਥ ਦੇ ਸਰੂਪ ਦੀ ਜਾਣਕਾਰੀ ਦੇਣ ਦੇ ਪੱਖੋਂ ਮਹੱਤਵਪੂਰਨ ਹੈ। ਪ੍ਰਾਚੀਨ ਉਪਲਬਧ ਨਿਘੰਟੂ ਦਾ ਵਿਆਖਿਆਕਾਰ ਹੋਣ ਕਾਰਨ ਵੀ ਦੇਵਰਾਜ ਯਜਵਾ ਦਾ ਨਾਂ ਵਰਣਨਯੋਗ ਹੈ।

ਹ.ਪੁ.—ਹਿੰ.ਵਿ.ਕੋ. 6. 117

ਦੇਵਲ : ਇਸ ਨਾਂ ਦੇ ਦੋ ਰਿਸ਼ੀ ਪ੍ਰਸਿੱਧ ਹਨ। ਹਰਿਵੰਸ਼ ਪੁਰਾਣ ਅਨੁਸਾਰ ਇਕ ਦੇਵਤਾ ਪ੍ਰਤਿਊਸ਼ਵਸੂ ਦਾ ਪੁੱਤਰ ਅਤੇ ਦੂਜਾ ਅਸਿਤ ਦਾ ਪੁੱਤਰ ਸੀ। ਦੂਸਰਾ ਕਸ਼ਿਯਪ ਗੋਤ ਦਾ ਇਕ ਮੰਤਰਕਾਰ ਸੀ। ਇਸ ਦੇ ਅੰਗ ਵਿੰਗੇ ਸਨ। ਇਸ ਦਾ ਜ਼ਿਕਰ ਮਹਾਭਾਰਤ ਵਿਚ ਮਿਲਦਾ ਹੈ। ਇਹ ਕਹੋਡ ਨਾਂ ਦੇ ਇਕ ਬ੍ਰਾਹਮਣ ਦਾ ਪੁੱਤਰ ਸੀ ਜਿਸ ਨੇ ਆਪਣੇ ਗੁਰੂ ਉਦਾਲਕ ਦੀ ਪੁੱਤਰੀ ਸੁਜਾਤਾ ਨਾਲ ਵਿਆਹ ਕੀਤਾ ਸੀ। ਜਦੋਂ ਇਹ ਗਰਭ ਵਿਚ ਸੀ ਤਾਂ ਕਹੋਡ ਯੱਗ ਆਦਿ ਵਿਚ ਵਧੇਰੇ ਰੁਝੇ ਰਹਿਣ ਕਾਰਨ ਆਪਣੀ ਪਤਨੀ ਵੱਲ ਬਹੁਤ ਧਿਆਨ ਨਾ ਦੇ ਸਕਿਆ। ਸਿੱਟੇ ਵਜੋਂ ਗਰਭ ਅਵਸਥਾ ਵਿਚ ਹੀ ਅਸ਼ਟਾਵਕ੍ਰ ਆਪਣੇ ਪਿਤਾ ਨਾਲ ਬਹੁਤ ਨਾਰਾਜ਼ ਹੋਇਆ। ਇਸ ਤੇ ਕਹੋਡ ਨੇ ਸ਼ਰਾਪ ਦਿੱਤਾ ਅਤੇ ਉਹ ਅਸ਼ਟਾਂਗ ਦੀ ਥਾਂ ਅਸ਼ਟਾਵਕ੍ਰ ਹੋ ਗਿਆ। ਇਕ ਹੋਰ ਪ੍ਰਸੰਗ ਅਨੁਸਾਰ ਇਕ ਵਾਰ ਰਾਜਾ ਜਨਕ ਦੇ ਦਰਬਾਰ

ਵਿਚ ਬੰਦੀ ਨਾਂ ਦੇ ਇਕ ਬੋਧੀ ਰਿਸ਼ੀ ਕੋਲੋਂ ਕਹੋਡ ਸ਼ਾਸਤ੍ਰਾਰਥ ਵਿਚ ਹਾਰ ਗਿਆ ਅਤੇ ਉਸ ਨੂੰ ਨਦੀ ਵਿਚ ਡਬੋ ਦਿੱਤਾ ਗਿਆ। ਜਦ ਅਸ਼ਟਾਵਕ੍ਰ 12 ਵਰ੍ਹਿਆਂ ਦਾ ਹੋਇਆ ਤਾਂ ਉਸ ਨੂੰ ਆਪਣੇ ਪਿਤਾ ਦੇ ਡਬੋਏ ਜਾਣ ਦੀ ਘਟਨਾ ਦਾ ਪਤਾ ਲੱਗਾ ਤਾਂ ਬਦਲਾ ਲੈਣ ਲਈ ਆਪਣੇ ਮਾਮੇ ਸ੍ਵੇਤਕੇਤੂ ਨੂੰ ਨਾਲ ਲੈ ਕੇ ਜਨਕ ਦੇ ਦਰਬਾਰ ਵਿਚ ਪਹੁੰਚਿਆ। ਸ਼ਾਸ਼ਤ੍ਰਾਰਥ ਵਿਚ ਉਸ ਨੇ ਬੋਧੀ ਰਿਸ਼ੀ ਨੂੰ ਜਦੋਂ ਹਰਾਇਆ ਤਾਂ ਉਸ ਨੂੰ ਕਹੋਡ ਵਾਂਗ ਡਬੋਣ ਲਈ ਰਾਜੇ ਨੂੰ ਕਿਹਾ। ਬੋਧੀ ਰਿਸ਼ੀ ਨੂੰ ਜਦੋਂ ਬਚਣ ਦੀ ਕੋਈ ਆਸ ਨਾ ਰਹੀ ਤਾਂ ਉਸ ਨੇ ਆਪਣੇ ਆਪ ਨੂੰ ਵਰੁਣ ਦਾ ਪੁੱਤਰ ਜ਼ਾਹਿਰ ਕਰ ਕੇ ਦਸਿਆ ਕਿ ਉਸ ਨੇ 12 ਵਰ੍ਹਿਆ ਤੋਂ ਵਰੁਣ ਰਾਜੇ ਵੱਲੋਂ ਕਰਵਾਏ ਜਾ ਰਹੇ ਯੱਗ ਲਈ ਸ੍ਰੇਸ਼ਠ ਬ੍ਰਾਹਮਣਾਂ ਨੂੰ ਸ਼ਾਸ਼ਤ੍ਰਾਰਥ ਵਿਚ ਹਰਾ ਕੇ ਯੱਗ ਲਈ ਵਰੁਣ ਲੋਕ ਪਹੁੰਚਾਇਆ ਸੀ। ਹੁਣ ਯੱਗ ਦੇ ਖਤਮ ਹੋਣ ਕਾਰਨ ਕਹੋਡ ਵਾਪਸ ਆ ਰਿਹਾ ਹੈ। ਘਰ ਪਹੁੰਚ ਕੇ ਉਸ ਨੇ ਆਪਣੇ ਪੁੱਤਰ ਅਸ਼ਟਾਵਕ੍ਰ ਨੂੰ ਸਮੰਗਾ ਨਦੀ ਵਿਚ ਇਸ਼ਨਾਨ ਕਰਨ ਲਈ ਕਿਹਾ। ਇਸ਼ਨਾਨ ਕਰਨ ਤੋਂ ਬਾਦ ਉਸ ਦੇ ਸਾਰੇ ਅੰਗ ਸਹੀ ਹੋ ਗਏ।

'ਮਹਾਭਾਰਤ' ਵਿਚ ਲਿਖੇ ਇਕ ਹੋਰ ਆਖਿਆਨ ਅਨੁਸਾਰ ਅਸ਼ਟਾਵਕ੍ਰ ਵਦਾਨਯ ਰਿਸ਼ੀ ਦੀ ਪੁੱਤਰੀ ਸੁਪ੍ਰਭਾ ਨਾਲ ਵਿਆਹ ਕਰਨਾ ਚਾਹੁੰਦਾ ਸੀ। ਰਿਸ਼ੀ ਤੋਂ ਪੁੱਤਰੀ ਦਾ ਹੱਥ ਮੰਗਣ ਦੀ ਬੇਨਤੀ ਨੂੰ ਰਿਸ਼ੀ ਨੇ ਇਸ ਨੂੰ ਇਕ ਚਰਿਤ੍ਰਿਕ ਪਰੀਖਿਆ ਵਿਚ ਪਾਇਆ। ਪਰੀਖਿਆ ਵਿਚ ਸਫ਼ਲ ਹੋਣ ਤੇ ਰਿਸ਼ੀ ਨੇ ਆਪਣੀ ਪੁੱਤਰੀ ਦਾ ਵਿਆਹ ਅਸ਼ਟਾਵਕ੍ਰ ਨਾਲ ਕਰ ਦਿੱਤਾ।

ਵਿਸ਼ਵ ਪੁਰਾਣਾਂ ਵਿਚ ਆਏ ਇਕ ਉਪਾਖਿਆਨ ਅਨੁਸਾਰ ਇਕ ਵਾਰ ਸਨਾਤਨ ਬ੍ਰਹਮ ਦੀ ਉਸਤਤ ਲਈ ਅਸ਼ਟਾਵਕ੍ਰ ਕਈ ਵਰ੍ਹਿਆਂ ਤਕ ਜਲ ਵਿਚ ਤਪੱਸਿਆ ਕਰਦਾ ਰਿਹਾ। ਉਦੋਂ ਹੀ ਦੈਂਤਾਂ ਨੂੰ ਜਿੱਤਣ ਕਰ ਕੇ ਦੇਵਤਿਆਂ ਨੇ ਸੁਮੇਰ ਪਰਬਤ ਉੱਤੇ ਇਕ ਜਸ਼ਨ ਮਨਾਇਆ। ਉਸ ਜਸ਼ਨ ਵਿਚ ਸ਼ਾਮਲ ਹੋਣ ਲਈ ਜਾ ਰਹੀਆਂ ਰੰਭਾ, ਤਿਲੋਤਮਾ ਆਦਿ ਹਜ਼ਾਰਾਂ ਅਪਸਰਾਵਾਂ ਨੇ ਮੁਨੀ ਨੂੰ ਜਲ-ਮਗਨ ਵੇਖਿਆ ਅਤੇ ਉਸ ਦੀ ਉਸਤਤ ਕੀਤੀ। ਮੁਨੀ ਨੇ ਉਨ੍ਹਾਂ ਦੀ ਕਾਮਨਾ ਪੂਰਨ ਹੋਣ ਲਈ ਵਰਦਾਨ ਦਿੱਤਾ ਪਰ ਜਦੋਂ ਮੁਨੀ ਪਾਣੀ ਤੋਂ ਬਾਹਰ ਨਿਕਲਿਆ ਤਾਂ ਉਸ ਦੇ ਵਿੰਗੇ ਟੇਢੇ ਸਰੀਰ ਨੂੰ ਵੇਖ ਕੇ ਉਹ ਹੱਸ ਪਈਆਂ। ਮੁਨੀ ਨੇ ਉਨ੍ਹਾਂ ਨੂੰ ਲੁਟੇਰਿਆਂ ਦੁਆਰਾ ਹਥਿਆਏ ਜਾਣ ਦਾ ਸਰਾਪ ਦਿੱਤਾ। ਉਨ੍ਹਾਂ ਦੀ ਬੇਨਤੀ ਕਰਨ ਤੇ ਮੁਨੀ ਨੇ ਫਿਰ ਕਿਹਾ ਕਿ ਡਾਕੂਆਂ ਦੇ ਹੱਥੋਂ ਨਿਕਲ ਕੇ ਉਹ ਫਿਰ ਸਵਰਗ ਲੋਕ ਜਾਣਗੀਆਂ।

'ਬ੍ਰਹਮ ਵੈਵਰਤ ਪੁਰਾਣ ' ਵਿਚ ਅਸਤਿ ਰਿਸ਼ੀ ਦੇ ਪੁੱਤਰ ਦੇਵਲ ਨੂੰ ਗੰਧਮਾਦਨ ਪਰਬਤ ਉੱਤੇ ਤਪ ਕਰਦਿਆਂ ਵੇਖ ਕੇ ਰੰਭਾ ਅਪਸਰਾ ਨੇ ਉਸ ਤੋਂ ਆਪਣੀ ਕਾਮ-ਤ੍ਰਿਪਤੀ ਚਾਹੀ। ਦੇਵਲ ਵੱਲੋਂ ਨਾਂਹ ਕਰਨ ਤੇ ਅਪਸਰਾ ਦੇ ਸਰਾਪ ਨਾਲ ਦੇਵਲ ਦਾ ਸਰੀਰ ਵਿੰਗਾ ਟੇਢਾ ਹੋ ਗਿਆ ਜੋ ਕਾਲਾਂਤਰ ਵਿਚ ਅਸ਼ਟਾਵਕ੍ਰ ਅਖਵਾਇਆ। ਇਹ ਵੇਦ ਵਿਆਸ ਦਾ ਸ਼ਾਗਿਰਦ ਇਕ ਧਰਮ ਸ਼ਾਸਤਰੀ ਵਜੋਂ ਬਹੁਤ ਪ੍ਰਸਿੱਧ ਹੋਇਆ ਸੀ। ਇਸ ਦੀ 'ਦੇਵਲ-ਸਮ੍ਰਿਤੀ' ਹੁਣ ਵੀ ਉਪਲਭਧ ਹੈ ਪਰ ਇਸ ਦਾ ਨਿਰਮਾਣ ਕਾਲ ਬਹੁਤ ਬਾਅਦ ਦਾ ਹੈ। 90 ਸਲੋਕਾਂ ਦਾ ਇਹ ਗ੍ਰੰਥ ਆਨੰਦ ਆਸ਼ਰਮ ਵਿਖੇ ਛਪਿਆ ਹੈ।

ਵਿਆਕਰਣ ਦੇ ਪ੍ਰਸਿੱਧ ਆਚਾਰੀਆ ਪਾਨਿਨੀ ਦੇ ਦਾਦੇ ਦਾ ਨਾਂ ਵੀ ਦੇਵਲ ਸੀ। ਇਸ ਨਾਂ ਦਾ ਇਕ ਵੈਦਿਕ ਰਿਸ਼ੀ ਵੀ ਸੀ ਜਿਸ ਦੀਆਂ ਕੁਝ ਰਚਨਾਂਵਾਂ ਲਿਖੀਆਂ ਹੋਈਆਂ ਮੰਨੀਆਂ ਜਾਂਦੀਆਂ ਹਨ।

ਹ. ਪੁ.– ਪੰ. ਸਾ. ਕੋ. 27 ; ਹਿੰ. ਮਿ. ਕੋ. 297 ; ਹਿੰ. ਵਿ. ਕੋ. 6 : 117; ਮ. ਕੋ. 651; ਪ੍ਰਾ. ਚ.ਕੋ. 297

ਦੇਵਾਸ : ਰਿਆਸਤਾਂ – ਇਹ ਕੇਂਦਰੀ ਭਾਰਤੀ ਏਜੰਸੀ ਦੇ ਮਾਲਵਾ ਰਾਜਨੀਤਿਕ ਪ੍ਰਬੰਧ ਅਧੀਨ ਦੋ ਸਾਬਕਾ ਸੰਧੀ ਰਿਆਸਤਾਂ ਸਨ ਜੋ ਵੱਡੀ ਸ਼ਾਖਾ ਅਤੇ ਛੋਟੀ ਸ਼ਾਖਾ ਵਿਚਕਾਰ ਵੰਡੀਆਂ ਹੋਈਆਂ ਸਨ। ਇਨ੍ਹਾਂ ਰਿਆਸਤਾਂ ਦਾ ਸਭ ਤੋਂ ਅਨੋਖਾਪਣ ਇਹ ਸੀ ਕਿ ਭਾਵੇਂ ਇਥੋਂ ਦੇ ਸਰਦਾਰ ਕਾਫ਼ੀ ਮਾਮਲਿਆਂ ਵਿਚ ਆਪਣਾ ਰਾਜ ਪ੍ਰਬੰਧ ਸੁਤੰਤਰ ਤੌਰ ਤੇ ਚਲਾਉਂਦੇ ਸਨ ਪਰ ਇਨ੍ਹਾਂ ਦੋਹਾਂ ਦਾ ਰਾਜਧਾਨੀ ਸ਼ਹਿਰ ਇਕੋ ਹੀ ਸੀ। ਵੱਡੀ ਸਾਖ਼ਾ ਦਾ ਖੇਤਰਫਲ 446 ਵ. ਮੀ. ਸੀ। ਇਹ ਰਿਆਸਤਾਂ ਗਵਾਲੀਅਰ, ਇੰਦੌਰ, ਭੂਪਾਲ, ਜਾਓੜਾ ਅਤੇ ਨਰਸਿੰਘ ਗੜ੍ਹ ਦੁਆਰਾ ਘਿਰੀਆਂ ਹੋਈਆਂ ਸਨ। ਕੁਝ ਹਿੱਸੇ ਨੂੰ ਛੱਡ ਕੇ ਇਨ੍ਹਾਂ ਦਾ ਸਾਰਾ ਖੇਤਰ ਮਾਲਵਾ ਪਠਾਰ ਵਿਚ ਪੈਂਦਾ ਸੀ। ਚੰਬਲ, ਸਿਪਰਾ ਅਤੇ ਕਾਲੀ ਸਿੰਧ ਇਥੋਂ ਦੇ ਮੁੱਖ ਦਰਿਆ ਸਨ।

ਇਤਿਹਾਸਕ ਪੱਖ ਤੋਂ ਦੇਵਾਸ ਦੇ ਸਰਦਾਰ ਮਰਾਠੇ ਪੋਨਵਾਰ ਸਨ ਅਤੇ ਧਾਰ ਖਾਨਦਾਨ ਨਾਲ ਸਬੰਧਤ ਸਨ। ਇਸੇ ਹੀ ਖਾਨਦਾਨ ਦੇ ਉਦਾ ਜੀ ਰਾਓ ਸਭ ਤੋਂ ਵੱਡੇ ਸਨ ਅਤੇ ਉਹ ਤੁਕਾ ਜੀ ਰਾਓ ਅਤੇ ਜੀਵਾ ਜੀ ਰਾਓ ਦੇ ਸਭ ਤੋਂ ਵੱਡੇ ਚਚੇਰੇ ਭਰਾ ਸਨ। ਤੁਕਾ ਜੀ ਰਾਓ ਅਤੇ ਜੀਵਾ ਜੀ ਰਾਓ ਹੀ ਇਨ੍ਹਾਂ ਰਿਆਸਤਾਂ ਦੇ ਬਾਨੀ ਸਨ। ਇਹ ਦੋਵੇਂ ਭਰਾ ਪੇਸ਼ਵਾ ਬਾਜੀ ਰਾਓ ਪਹਿਲੇ ਨਾਲ 1728 ਈ. ਦੇ ਲਗਭਗ ਕੇਂਦਰੀ ਭਾਰਤ ਵਿਚ ਆਏ ਸਨ। ਪੇਸ਼ਵਾ ਨੇ ਇਨ੍ਹਾਂ ਦੀ ਸੇਵਾ ਤੋਂ ਖੁਸ਼ ਹੋ ਕੇ ਇਥੋਂ ਦੇ ਕੁਝ ਪਰਗਨੇ ਇਨ੍ਹਾਂ ਭਰਾਵਾਂ ਨੂੰ ਇਨਾਮ ਵਜੋਂ ਦੇ ਦਿੱਤੇ। ਸੰਨ 1818 ਵਿਚ ਬਰਤਾਨਵੀ ਸਰਕਾਰ ਅਤੇ ਵੱਡੀ ਸ਼ਾਖਾ ਦੇ ਤੁਕਾ ਜੀ ਰਾਓ ਦੂਜੇ ਅਤੇ ਛੋਟੀ ਸ਼ਾਖਾ ਦੇ ਅਨੰਦ ਰਾਓ ਦੂਜੇ ਵਿਚਕਾਰ ਇਕ ਸਾਂਝੀ ਸੰਧੀ ਤੈਅ ਕੀਤੀ ਗਈ। ਇਸ ਸੰਧੀ ਰਾਹੀਂ ਸਰਦਾਰਾਂ ਨੂੰ ਅਧਿਕਾਰਾਂ ਦੇ ਏਕੇ ਤਹਿਤ ਕੰਮ ਕਰਨ ਅਤੇ ਇਕ ਸਾਂਝੇ ਮੰਤਰੀ ਰਾਹੀਂ ਰਾਜ ਪ੍ਰਬੰਧ ਨੂੰ ਚਲਾਉਣ ਲਈ ਪਾਬੰਦ ਕੀਤਾ ਗਿਆ। ਇਸ ਪ੍ਰਬੰਧ ਨੇ ਨਾ ਮੁੱਕਣ ਵਾਲੇ ਤਣਾਅ ਨੂੰ ਹੋਰ ਵਧਾ ਦਿੱਤਾ ਅਤੇ ਅੰਤ ਵਿਚ ਇਹ ਸੰਧੀ ਤੋੜ ਦਿੱਤੀ ਗਈ। ਇਨ੍ਹਾਂ ਦੋਹਾਂ ਰਿਆਸਤਾਂ ਦੇ ਆਪਣੇ-ਆਪਣੇ ਮੁਖੀ ਸਨ ਅਤੇ ਇਨ੍ਹਾਂ ਦੋਹਾਂ ਦੇ ਪ੍ਰਬੰਧਕੀ ਢਾਂਚੇ ਬਿਲਕੁਲ ਵੱਖ-ਵੱਖ ਸਨ ਪਰ ਇਹ ਸਿੱਖਿਅਕ ਸੰਸਥਾਵਾਂ, ਚਿਕਿਤਸਾ ਸੰਸਥਾਵਾਂ, ਚੁੰਗੀ ਅਤੇ ਕਰ ਆਦਿ ਦੇ ਮਾਮਲਿਆਂ ਵਿਚ ਇਕੱਠੇ ਸਨ। ਦੋਹਾਂ ਵਿਚੋਂ ਕਿਸੇ ਦੀ ਵੀ ਆਪਣੀ ਮੁਦਰਾ ਪ੍ਰਣਾਲੀ ਨਹੀਂ ਸੀ। ਸੰਨ 1895 ਤੋਂ ਬਰਤਾਨਵੀ ਮੁਦਰਾ ਰੁਪਿਆ ਹੀ ਚਲਦਾ ਸੀ। ਸੰਨ 1818 ਦੀ ਸੰਧੀ ਅਨੁਸਾਰ ਦੋਹਾਂ ਸ਼ਾਖ਼ਾਵਾਂ ਦੇ ਸ਼ਾਸਕਾਂ ਨੂੰ ਆਮ ਤੌਰ ਤੇ ਅਦਾਲਤੀ/ਫ਼ੌਜਦਾਰੀ ਅਤੇ ਆਮ ਪ੍ਰਬੰਧਕੀ ਇਖ਼ਤਿਆਰ ਪ੍ਰਾਪਤ ਸਨ।

ਅਨਾਜ, ਤੇਲੀ-ਬੀਜ, ਕਪਾਹ ਅਤੇ ਅਫ਼ੀਮ ਇਥੋਂ ਦੀਆਂ ਮੁੱਖ ਵਸਤਾਂ ਸਨ ਜੋ ਇੰਦੌਰ ਤੋਂ ਬਾਹਰ ਭੇਜੀਆਂ ਜਾਂਦੀਆਂ ਸਨ।

ਵੱਡੀ ਸ਼ਾਖਾ ਦਾ ਬਾਨੀ ਤੁਕਾ ਜੀ ਰਾਓ ਪਹਿਲਾ ਸੀ। ਉਸ ਦੀ ਮੌਤ 1753 ਈ. ਵਿਚ ਹੋਈ ਅਤੇ ਇਸ ਦਾ ਗੋਦ ਲਿਆ ਪੁੱਤਰ ਕ੍ਰਿਸ਼ਨਾ ਜੀ ਰਾਓ ਇਸ ਦਾ ਉੱਤਰਾਧਿਕਾਰੀ ਬਣਿਆ ਜਿਹੜਾ 1761 ਈ. ਵਿਚ ਪਾਨੀਪਤ ਦੀ ਫੈਸਲਾਕੁੰਨ ਲੜਾਈ ਵਿਚ ਲੜਿਆ ਸੀ ਅਤੇ 1789 ਈ. ਵਿਚ ਇਸ ਦਾ ਗੋਦ ਲਿਆ ਪੁੱਤਰ ਤੁਕਾ ਜੀ ਰਾਓ ਦੂਜਾ ਇਸ ਦਾ ਉੱਤਰਾਧਿਕਾਰੀ ਬਣਿਆ ਸੀ। ਪਿੰਡਾਰਿਆ, ਸਿੰਧੀਆਂ ਅਤੇ ਹੋਲਕਰ ਦੀਆਂ ਤਬਾਹੀਆਂ ਕਾਰਨ ਇਸ ਸਮੇਂ ਦੋਹਾਂ ਸ਼ਾਖ਼ਾਵਾਂ ਦੀ ਖੁਸ਼ਹਾਲੀ ਬਹੁਤ ਹੀ ਘੱਟ ਗਈ ਸੀ। ਕ੍ਰਿਸ਼ਨਾ ਜੀ ਰਾਓ ਦੂਜਾ ਭੈੜਾ ਪ੍ਰਸ਼ਾਸਕ ਸੀ ਜਿਸ ਨੇ ਰਿਆਸਤ ਨੂੰ ਕਰਜ਼ੇ ਵਿਚ ਫਸਾ ਦਿੱਤਾ ਸੀ। ਇਸ ਨੂੰ 1899 ਈ. ਵਿਚ ਵਰਤਮਾਨ ਸਰਦਾਰ ਤੁਕਾ ਜੀ ਰਾਓ ਤੀਜੇ ਵੱਲੋਂ ਉੱਤਰਾਧਿਕਾਰੀ ਬਣਾਇਆ ਗਿਆ ਸੀ।

ਛੋਟੀ ਸ਼ਾਖ਼ਾ ਦਾ ਬਾਨੀ ਜੀਵਾ ਜੀ ਰਾਓ ਸੀ ਜਿਸ ਦੀ 1775 ਈ. ਵਿਚ ਮੌਤ ਹੋ ਗਈ ਸੀ। ਰਿਆਸਤ ਦਾ ਪਿਛੋਂ ਦੇ ਇਤਿਹਾਸ ਦਾ ਕੋਈ ਵਿਸ਼ੇਸ਼ ਮਹੱਤਵ ਨਹੀਂ ਹੈ। ਵਰਤਮਾਨ ਸਰਦਾਰ ਮਲਹਾਰ ਰਾਓ ਪੋਨਵਾਰ 1892 ਈ. ਵਿਚ ਸ਼ਾਸਕ ਬਣਿਆ। ਰਿਆਸਤ ਦਾ ਸ਼ਾਸਕ

ਮਹਾਰਾਜ ਅਤੇ ਰਾਜਾ ਦੀ ਪਦਵੀ ਗ੍ਰਹਿਣ ਕਰਦਾ ਸੀ। ਇਸ ਰਿਆਸਤ ਦਾ ਖੇਤਰਫਲ 440 ਵ. ਮੀ. ਸੀ। ਰਿਆਸਤ ਨੂੰ ਪਰਗਨਿਆਂ ਵਿਚ ਵੰਡਿਆ ਹੋਇਆ ਸੀ।

ਪੁਰਾਤੱਤਵੀ ਮਹੱਤਤਾ ਦਾ ਇਨ੍ਹਾਂ ਰਿਆਸਤਾਂ ਵਿਚ ਇਕੋ ਇਕ ਸਥਾਨ ਸਾਰੰਗਪੁਰ ਹੈ ਜੋ ਮੁੱਖ ਤੌਰ ਤੇ ਮਾਲਵਾ ਦੇ ਬਾਜ਼ ਬਹਾਦਰ ਦੀ ਰਾਜਧਾਨੀ ਰਹਿਣ ਕਰਕੇ ਮਸ਼ਹੂਰ ਹੈ। ਇਥੇ ਜੈਨੀਆਂ ਦੇ ਚਿੱਤਰਾਂ ਅਤੇ ਹਿੰਦੂਆਂ ਦੇ ਮੰਦਰਾਂ ਦੇ ਕਾਫੀ ਸਾਰੇ ਖੰਡਰਾਤ ਵੀ ਮਿਲਦੇ ਹਨ।

22° 16′ ਉ. ਵਿਥ. ਤੋਂ; 23°53′ ਉ. ਵਿਥ;

75°34′ ਪੂ. ਲੰਬ. ਤੋਂ 76°46′ ਪੂ. ਲੰਬ.

ਹ. ਪੁ— ਇੰਪ. ਗ. ਇੰਡ. 11 : 277

ਦੇਵਾਸ : ਜ਼ਿਲ੍ਹਾ—ਭਾਰਤ ਦੇ ਮੱਧ ਪ੍ਰਦੇਸ਼ ਰਾਜ ਦਾ ਇਹ ਜ਼ਿਲ੍ਹਾ ਹੈ ਜਿਹੜਾ ਵਿੰਧਿਆਚਲ ਪਰਬਤ ਦੀਆਂ ਪੱਛਮੀ ਢਲਾਣਾਂ ਤੇ ਸਥਿਤ ਹੈ। ਪਹਿਲਾਂ ਇਹ ਭਾਰਤ ਦਾ ਇਕ ਰਜਵਾੜਾ ਹੁੰਦਾ ਸੀ। ਇਹ ਪੱਛਮ ਵੱਲ ਇੰਦੌਰ, ਉਜੈਨ; ਉੱਤਰ ਵੱਲ ਸ਼ਾਜ਼ਾਪੁਰ, ਪੂਰਬ ਵੱਲ ਸਿਹੋਰ, ਹੋਸ਼ੰਗਾਬਾਦ ਅਤੇ ਦੱਖਣ ਵੱਲ ਪੂਰਬੀ ਤੇ ਪੱਛਮੀ ਨਿਮਾੜ ਜ਼ਿਲ੍ਹਿਆਂ ਨਾਲ ਘਿਰਿਆ ਹੋਇਆ ਹੈ। ਕੁਝ ਹਿੱਸੇ ਨੂੰ ਛੱਡ ਕੇ ਇਸ ਦਾ ਤਕਰੀਬਨ ਸਾਰਾ ਖੇਤਰ ਮਾਲਵਾ ਪਠਾਰ ਵਿਚ ਆਉਂਦਾ ਹੈ। ਇਸ ਦਾ ਕੁੱਲ ਖੇਤਰਫਲ 7,007 ਵ. ਕਿ. ਮੀ. (270 ਵ. ਮੀਲ) ਅਤੇ ਆਬਾਦੀ 10,33,807 (1991) ਹੈ। ਚੰਬਲ, ਸ਼ਿਪਰਾ ਅਤੇ ਕਾਲੀ ਸਿੰਧ ਇਥੋਂ ਦੀਆਂ ਪ੍ਰਮੁੱਖ ਨਦੀਆਂ ਹਨ। ਸੰਨ 1728 ਵਿਚ ਦੋ ਪਨਵਾਰ ਮਰਾਠਾ ਭਰਾਵਾਂ ਨੇ ਮਾਲਵਾ ਵਿਚ ਆ ਕੇ ਇਸ ਦੀ ਸਥਾਪਨਾ ਕੀਤੀ।

10ਵੀਂ. ਸਦੀ ਵਿਚ ਇਹ ਖੇਤਰ ਬੁੰਦੇਲ ਰਾਜਪੂਤਾਂ ਅਧੀਨ ਸੀ ਪਰ 14 ਵੀ ਸਦੀ ਤੋਂ 18ਵੀਂ ਸਦੀ ਵਿਚਕਾਰ ਇਹ ਮਾਲਵਾ ਦੇ ਮੁਸਲਮਾਨ ਸ਼ਾਸ਼ਕਾਂ ਦੀ ਇਕ ਬਾਜ਼ਗੁਜਾਰ ਰਿਆਸਤ ਰਿਹਾ। ਦੇਵਾਸ ਜਿਹੜਾ ਕਿ ਖ਼ਾਨਦਾਨ ਦੀਆਂ ਦੋ ਸੀਨੀਅਰ ਅਤੇ ਜੂਨੀਅਰ, (ਸ਼ਾਖ਼ਾਵਾਂ) ਵਿਚ ਵੰਡਿਆ ਹੋਇਆ ਸੀ, ਨੇ ਬਰਤਾਨਵੀ ਕੇਂਦਰੀ ਭਾਰਤੀ ਏਜੰਸੀ ਦੇ ਹਿੱਸੇ ਵੱਲੋਂ ਆਪਣੇ ਇਲਾਕਿਆਂ ਉੱਤੇ ਸੁਤੰਤਰ ਤੌਰ ਤੇ ਰਾਜ ਕੀਤਾ ਅਤੇ 1948 ਈ. ਵਿਚ ਇਹ ਸੁਤੰਤਰ ਭਾਰਤ ਦਾ ਅਤੇ 1956 ਈ. ਵਿਚ ਮੱਧ ਪ੍ਰਦੇਸ਼ ਰਾਜ ਦਾ ਮੌਜੂਦਾ ਜ਼ਿਲ੍ਹਾ ਬਣਿਆ।

ਇਸੇ ਹੀ ਨਾਂ ਦਾ ਸ਼ਹਿਰ ਜ਼ਿਲ੍ਹੇ ਦਾ ਸਦਰ ਮੁਕਾਮ ਹੈ। ਕਪਾਹ ਸਾਬਣ ਅਤੇ ਕਤਾਈ-ਬੁਣਾਈ ਇਥੋਂ ਦੇ ਮੁੱਖ ਉਦਯੋਗ ਹਨ। ਕਣਕ ਝੋਨਾ, ਕਪਾਹ, ਤੇਲ ਵਾਲੇ ਬੀਜ ਇਥੋਂ ਦੀਆਂ ਮੁੱਖ ਫ਼ਸਲਾਂ ਹਨ।

ਇਥੇ ਦੇ ਲੋਕਾਂ ਦੀ ਬੋਲੀ ਰਾਜਸਥਾਨੀ ਹੈ।

ਹ. ਪੁ.— ਐਨ. ਬ੍ਰਿ. ਮਾ. 3 : 507 ; ਐਨ. ਅਮੈ 9 : 43; ਹਿੰ. ਵਿ. ਕੋ. 6 : 117 ; ਇੰਪ. ਗ. ਇੰਡ. 11 : 280 :

ਦੇਵਾਸ : **ਸਹਿਰ**—ਇਹ ਕੇਂਦਰੀ ਭਾਰਤ ਦੇ ਮੱਧ ਪ੍ਰਦੇਸ਼ ਰਾਜ ਦੇ ਇਸੇ ਨਾਂ ਦੇ ਜ਼ਿਲ੍ਹੇ ਦਾ ਸਦਰ-ਮੁਕਾਮ ਹੈ ਜਿਹੜਾ ਕਿ ਬੰਬਈ ਤੋਂ ਆਗਰੇ ਜਾਣ ਵਾਲੇ ਰਾਹ ਤੇ ਇੰਦੌਰ ਸ਼ਹਿਰ ਤੋਂ ਲਗਭਗ 35 ਕਿ. ਮੀ. ਦੀ ਦੂਰੀ ਤੇ ਮਾਲਵਾ ਪਠਾਰ ਉੱਤੇ ਚਾਮੁੰਡਾ ਪਹਾੜ ਦੇ ਪੈਰਾਂ ਵਿਚ ਸਮੁੰਦਰ ਤਲ ਤੋਂ 535 ਮੀ. ਦੀ ਉਚਾਈ ਤੇ ਸਥਿਤ ਹੈ। ਇਸ ਦਾ ਇਹ ਨਾਂ ਜਾਂ ਤਾਂ ਇਸ ਪਹਾੜੀ ਨਾਂ ਦੇ ਪਿੱਛੋ ਪਿਆ ਹੈ ਜਿਹੜੀ ਕਿ ਇਸ ਉੱਤੇ ਬਣੇ ਮੰਦਰ ਕਾਰਨ ਦੇਵੀ ਵਸਿਨੀ (ਦੇਵੀ ਦਾ ਘਰ) ਵਜੋਂ ਜਾਣੀ ਜਾਂਦੀ ਹੈ ਜਾਂ ਇਸ ਸ਼ਹਿਰ ਦੇ ਬਾਨੀ ਦੇ ਨਾਂ ਤੇ ਪਿਆ ਹੈ ਜਿਥੇ ਕਿ ਇਸ ਦਾ ਵਿਕਾਸ ਹੋਇਆ ਹੈ। ਇਸ ਤੋਂ ਇਲਾਵਾ ਸ਼ਹਿਰ ਦੇ ਦੱਖਣ ਵੱਲ ਹਿੰਦੂ ਅਤੇ ਜੈਨ ਮੰਦਰਾਂ ਦੇ ਖੰਡਰਾਤ ਹਨ।

ਸ਼ਹਿਰ ਰੇਲਾਂ ਅਤੇ ਸੜਕਾਂ ਦਾ ਮੁੱਖ ਜੰਕਸ਼ਨ ਹੋਣ ਦੇ ਨਾਲ-ਨਾਲ ਜ਼ਰਾਇਤੀ ਉਪਜਾਂ ਦਾ ਵਪਾਰਕ ਕੇਂਦਰ ਵੀ ਹੈ। ਹੱਥ ਖੱਡੀ ਦਾ ਸੂਤੀ ਕੱਪੜਾ ਬਣਾਉਣਾ ਅਤੇ ਕਪਾਹ ਦੀਆਂ ਮਿੱਲਾਂ ਅਤੇ ਸਾਬਣ ਬਣਾਉਣਾ ਆਦਿ ਇਥੋਂ ਦੇ ਮੁੱਖ ਉਦਯੋਗ ਹਨ। ਪਹਿਲਾਂ ਇਹ ਸ਼ਹਿਰ ਦੇਵਾਸ ਵੱਡੀ ਅਤੇ ਦੇਵਾਸ ਛੋਟੀ ਨਾਂ ਦੀਆਂ ਦੋ ਜੁੜਵੀਆਂ ਸਾਬਕਾ ਸ਼ਾਹੀ ਰਿਆਸਤਾਂ ਦਾ ਸਦਰ-ਮੁਕਾਮ ਹੁੰਦਾ ਸੀ। ਸ਼ਹਿਰ ਵਿਚ ਇਕ ਸੰਗੀਤ ਅਕੈਡਮੀ ਅਤੇ ਵਿਕਰਮ ਯੂਨੀਵਰਸਿਟੀ ਨਾਲ ਸਬੰਧਤ ਇਕ ਕਾਲਜ ਆਫ਼ ਐਜੂਕੇਸ਼ਨ ਵੀ ਹੈ।

ਆਬਾਦੀ–13,06,617 (2001)

22°58′ ਉ. ਵਿਥ.; 76° 4′ ਪੂ. ਲੰਬ.

ਹ. ਪੁ.-ਐਨ. ਬ੍ਰਿ. ਮਾ. 4 : 51 ; ਹਿੰ. ਵਿ. ਕੋ. 6 : 117; ਇੰਪ. ਗ. ਇੰਡ. 11 : 281, ਇੰਡ.- 2003

ਦੇਵਾਪੀ : ਇਹ ਪੁਰੂਬੰਸੀ ਪ੍ਰਤੀਪ ਦਾ ਵੱਡਾ ਪੁੱਤਰ ਸੀ ਜਿਸ ਨੂੰ ਤਪੱਸਿਆ ਕਰਨ ਕਾਰਨ ਬ੍ਰਾਹਮਣਤਵ ਪ੍ਰਾਪਤ ਹੋਇਆ। ਕਿਹਾ ਜਾਂਦਾ ਹੈ ਕਿ ਇਹ ਅਜੇ ਵੀ ਯੋਗੀ ਭੇਸ ਵਿਚ ਸੁਮੇਰ ਪਰਬਤ ਦੇ ਨੇੜੇ ਰਹਿੰਦਾ ਹੈ ਅਤੇ ਕਲਯੁਗ ਦੇ ਖ਼ਤਮ ਹੋਣ ਤੇ ਇਹ ਮੁੜ ਤੋਂ ਸਤਯੁਗ ਵਿਚ ਚੰਦਰ ਬੰਸ ਦੀ ਸਥਾਪਨਾ ਕਰੇਗਾ। ਕੋੜ੍ਹ ਹੋਣ ਕਾਰਨ ਲੋਕਾਂ ਨੇ ਇਸ ਨੂੰ ਰਾਜਾ ਬਣਨ ਦੇ ਅਯੋਗ ਠਹਿਰਾਇਆ ਜਿਸ ਕਾਰਨ ਇਸ ਦੇ ਛੋਟੇ ਭਰਾ ਸ਼ਾਂਤਨੂੰ ਨੂੰ ਗੱਦੀ ਮਿਲੀ। ਛੋਟੇ ਭਰਾ ਦੇ ਗੱਦੀ ਤੇ ਬੈਠਣ ਦੇ ਕਾਰਨ ਰਾਜ ਵਿਚ 12 ਸਾਲ ਤਕ ਮੀਂਹ ਨਾ ਪਿਆ। ਉਸ ਸਮੇਂ ਦੇਵਾਪੀ ਤਪੱਸਿਆ ਵਿਚ ਲੱਗਿਆ ਹੋਇਆ ਸੀ ਅਤੇ ਬ੍ਰਾਹਮਣਾਂ ਦੇ ਕਹਿਣ ਤੇ ਜਦੋਂ ਇਸ ਨੂੰ ਰਾਜ ਸੌਂਪਿਆ ਗਿਆ ਤਾਂ ਇਸ ਨੇ ਆਪਣੇ ਛੋਟੇ ਭਰਾ ਸ਼ਾਂਤਨੂੰ ਨੂੰ ਕਹਿ ਕੇ ਯੱਗ ਕਰਵਾਇਆ ਅਤੇ ਆਪ ਉਸ ਦਾ ਪੁਰੋਹਿਤ ਬਣਿਆ। ਅਜਿਹਾ ਕਰਨ ਤੇ ਖ਼ੂਬ ਮੀਂਹ ਪਿਆ।

ਮਹਾਭਾਰਤ ਕਾਲ ਵਿਚ ਇਸ ਨਾਂ ਦਾ ਇਕ ਹੋਰ ਰਾਜਾ ਵੀ ਹੋਇਆ ਹੈ ਜਿਹੜਾ ਪਾਂਡਵਾਂ ਦੇ ਪੱਖ ਵਿਚ ਲੜਿਆ ਸੀ। ਚੇਦੀ ਦੇਸ਼ ਦਾ ਇਹ ਰਾਜਾ ਕਰਨ ਦੇ ਹੱਥੋਂ ਮਾਰਿਆ ਗਿਆ ਸੀ।

ਹ. ਪੁ.-ਹਿੰ. ਵਿ. ਕੋ. 6 : 117 ; ਪ੍ਰਾ. ਚ.ਕੋ. 299

ਦੇਵੀ ਸਿੰਘ, ਮਹਾਜਨ : ਇਹ ਬੰਗਾਲ (ਭਾਰਤ) ਦਾ ਇਕ ਦੇਸ਼ ਧ੍ਰੋਹੀ ਮਹਾਜਨ ਬਾਣੀਆ ਸੀ ਜਿਸ ਨੇ ਅੰਗਰੇਜ਼ਾਂ ਦੀ ਸਹਾਇਤਾ ਨਾਲ ਕਿਸਾਨਾਂ ਅਤੇ ਜ਼ਿਮੀਦਾਰਾਂ ਤੇ ਬਹੁਤ ਅਤਿਆਚਾਰ ਕੀਤਾ ਸੀ। ਸੰਨ 1765 ਵਿਚ ਬੰਗਾਲ ਅਤੇ ਬਿਹਾਰ ਦੀ ਦੀਵਾਨੀ ਮਿਲਣ ਤੇ ਈਸਟ ਇੰਡੀਆ ਕੰਪਨੀ ਨੇ ਲਗਾਨ ਵਸੂਲ ਕਰਨ ਦਾ ਕੰਮ ਮੁਹੰਮਦ ਰਜ਼ਾ ਖਾਂ ਨੂੰ ਸੌਂਪਿਆ ਉਸ ਨੇ ਅੱਗੇ ਇਸ ਨੂੰ ਪੂਰਨੀਆ ਦਾ ਮਾਲੀਆ ਵਸੂਲ ਕਰਨ ਲਈ ਭੇਜਿਆ। ਸੰਨ 1768 ਵਿਚ ਇਸ ਨੇ ਜ਼ਿਲ੍ਹੇ ਦੇ ਸਾਰੇ ਪਰਗਨਿਆਂ ਦਾ ਲਗਾਨ ਇਕੱਠਾ ਕਰਨ ਦਾ ਏਕਾਧਿਕਾਰ ਪ੍ਰਾਪਤ ਕਰ ਲਿਆ। ਲਗਾਨ ਵਸੂਲ ਕਰਨ ਲਈ ਇਸ ਨੇ ਇੰਨੀ ਸਖ਼ਤੀ ਵਰਤੀ ਕਿ ਲੋਕ ਘਰ ਬਾਰ ਛੱਡ ਕੇ ਉਥੋਂ ਦੌੜਨ ਲੱਗੇ ਅਤੇ ਪੂਰਨੀਆ ਬੇਆਬਾਦ ਹੋ ਗਿਆ ਅਤੇ ਇਸ ਨੇ ਇਥੇ ਹੀ ਬੱਸ ਨਹੀਂ ਕੀਤੀ ਸਗੋਂ ਜ਼ਿਮੀਦਾਰਾਂ ਨੂੰ ਫੜਵਾ ਕੇ ਕੈਦ ਕਰ ਲਿਆ ਅਤੇ ਉਨ੍ਹਾਂ ਦੀਆਂ ਔਰਤਾਂ ਨੂੰ ਕਚਹਿਰੀਆਂ ਵਿਚ ਬੁਲਾ ਕੇ ਉਨ੍ਹਾਂ ਦੇ ਜ਼ੇਵਰ ਆਦਿ ਉਤਰਵਾ ਲਏ ਅਤੇ ਹੋਰ ਕਈ ਢੰਗਾਂ ਨਾਲ ਉਨ੍ਹਾਂ ਨੂੰ ਅਪਮਾਨਤ ਕੀਤਾ। ਬਾਅਦ ਵਿਚ ਇਸ ਦੀਆਂ ਕਰਤੂਤਾਂ ਦਾ ਪਤਾ ਲੱਗਣ ਤੇ ਇਸ ਨੂੰ ਇਸ ਅਹੁੱਦੇ ਤੋਂ ਹਟਾ ਤਾਂ ਦਿੱਤਾ ਪਰ ਗਵਰਨਰ ਹੇਸਟਿੰਗਜ਼ ਅਜਿਹੇ ਵਿਅਕਤੀ ਨੂੰ ਹੱਥੋਂ ਗੁਆਉਣਾ ਨਹੀਂ ਸੀ ਚਾਹੁੰਦਾ। ਸੋ ਉਸ ਨੇ ਮੌਕਾ ਮਿਲਦੇ ਹੀ 1773 ਈ. ਵਿਚ ਇਸ ਨੂੰ

ਮੁਰਸ਼ਿਦਾਬਾਦ ਦੀ ਪ੍ਰਦੇਸ਼ਿਕ ਸੰਮਤੀ ਦਾ ਦੀਵਾਨ ਨਿਯੁਕਤ ਕਰ ਦਿੱਤਾ ਜਿਸ ਨਾਲ ਇਸ ਨੂੰ ਇਕ ਵਾਰੀ ਫੇਰ ਪਹਿਲਾਂ ਵਾਲੇ ਢੰਗ ਨਾਲ ਹੀ ਲੋਕਾਂ ਉੱਤੇ ਅਤਿਆਚਾਰ ਕਰਕੇ ਦੌਲਤ ਇਕੱਠੀ ਕਰਨ ਦਾ ਮੌਕਾ ਮਿਲ ਗਿਆ। ਆਪਣੇ ਆਪ ਨੂੰ ਇਸ ਅਹੁਦੇ ਤੇ ਟਿਕਾਈ ਰੱਖਣ ਲਈ ਇਸ ਨੇ ਸੰਮਤੀ ਦੇ ਮੈਂਬਰਾਂ ਨੂੰ ਵਲਾਇਤੀ ਸ਼ਰਾਬ, ਬਹੁਤ ਕੀਮਤੀ ਤੋਹਫ਼ੇ ਅਤੇ ਹੋਰ ਐਸ਼ੋ-ਇਸ਼ਰਤ ਦੀਆਂ ਚੀਜ਼ਾਂ ਰਿਸ਼ਵਤ ਦੇ ਤੌਰ ਤੇ ਦੇ ਕੇ ਖ਼ੁਸ਼ ਰੱਖੀ ਰਖਿਆ ਪਰ ਇਨ੍ਹਾਂ ਚੀਜ਼ਾਂ ਦੀ ਵੰਡ-ਵੰਡਾਈ ਲਈ ਸੰਮਤੀ ਦੇ ਮੈਂਬਰਾਂ ਵਿਚ ਝਗੜਾ ਹੋ ਗਿਆ। ਨਤੀਜੇ ਵਜੋਂ 1778 ਈ. ਵਿਚ ਉਨ੍ਹਾਂ ਲੋਕਾਂ ਨੇ ਇਸ ਨੂੰ ਇਸ ਅਹੁਦੇ ਤੋਂ ਹਟਾ ਦਿੱਤਾ।

ਸੰਨ 1780 ਵਿਚ ਦੀਨਾਜਪੁਰ ਦੇ ਰਾਜੇ ਦੀ ਮੌਤ ਤੋਂ ਬਾਅਦ ਉਸ ਦੇ ਭਰਾ ਅਤੇ ਗੋਦ ਲਏ ਪੁੱਤਰ ਵਿਚ ਝਗੜਾ ਸ਼ੁਰੂ ਹੋ ਗਿਆ। ਲਾਰਡ ਹੇਸਟਿੰਗਜ਼ ਨੇ ਚਾਰ ਲੱਖ ਰੁਪਏ ਮਿਹਨਤਾਨਾ ਲੈ ਕੇ ਉਸ ਦੇ ਨਾਬਾਲਿਗ ਗੋਦ ਲਏ ਪੁੱਤਰ ਦਾ ਗੱਦੀ ਪ੍ਰਤਿ ਹੱਕ ਸਵੀਕਾਰ ਕਰ ਲਿਆ ਅਤੇ ਰਾਜਕਾਜ ਦਾ ਕੰਮ ਗੁਡਲਾਡ ਨਾਂ ਦੇ ਇਕ ਅੰਗਰੇਜ਼ ਨੂੰ ਸੌਂਪ ਦਿੱਤਾ ਅਤੇ ਇਸ ਨੂੰ (ਦੇਵੀ ਸਿੰਘ) ਗੁਡਲਾਡ ਸਾਹਿਬ ਦਾ ਦੀਵਾਨ ਬਣਾ ਦਿੱਤਾ। ਇਥੇ ਫਿਰ ਇਸ ਨੇ ਆਪਣੇ ਉਹੀ ਹੱਥ ਕੰਡੇ ਵਰਤੇ ਅਤੇ ਲੋਕਾਂ ਨਾਲ ਜ਼ਿਆਦਤੀਆਂ ਕੀਤੀਆਂ ਜਿਸ ਨਾਲ ਦੀਨਾਜਪੁਰ ਵਿਚ ਦਹਿਸ਼ਤ ਅਤੇ ਅਸੰਤੋਸ਼ ਫੈਲ ਗਿਆ।

ਇਸੇ ਤਰ੍ਹਾਂ ਇਸ ਨੇ ਰੰਗਪੁਰ ਤੋਂ ਮਾਲੀਆ ਵਸੂਲ ਕਰਨ ਲਈ ਲੋਕਾਂ ਤੇ ਅਤਿਆਚਾਰ ਕਰਵਾਏ। ਅੰਤ ਨੂੰ ਅਤਿਆਚਾਰਾਂ ਤੋਂ ਤੰਗ ਆ ਕੇ ਲੋਕਾਂ ਨੇ ਇਸ ਦਾ ਡੱਟ ਕੇ ਵਿਰੋਧ ਕੀਤਾ ਅਤੇ ਕੰਪਨੀ ਦੇ ਕਰਮਚਾਰੀਆਂ ਨੂੰ ਦੇਸ਼ ਤੋਂ ਬਾਹਰ ਕੱਢ ਦੇਣ ਦਾ ਸੰਕਲਪ ਕੀਤਾ। ਅੰਗਰੇਜ਼ਾਂ ਨੇ ਇਸ ਵਿਦਰੋਹ ਨੂੰ ਦਬਾਉਣ ਲਈ ਯਤਨ ਕੀਤੇ ਅਤੇ ਕੁਝ ਸ਼ਾਂਤੀ ਹੋ ਜਾਣ ਤੇ ਕੋਲਕਾਤਾ ਕੌਂਸਲ ਨੇ ਵਿਦਰੋਹ ਦੇ ਕਾਰਨਾਂ ਦੀ ਜਾਂਚ ਕਰਵਾਉਣ ਲਈ ਦੋ ਵਾਰ ਕਮਿਸ਼ਨ ਬਿਠਾਏ। ਇਸੇ ਦੌਰਾਨ ਲਾਰਡ ਹੇਸਟਿੰਗਜ਼ ਦੀ ਥਾਂ ਲਾਰਡ ਕਾਰਨਵਾਲਿਸ ਨੂੰ ਭਾਰਤ ਦਾ ਗਵਰਨਰ ਜਨਰਲ ਬਣਾ ਕੇ ਭਾਰਤ ਭੇਜਿਆ ਗਿਆ। ਉਸ ਨੂੰ ਬਹੁਤ ਸਾਰੀਆਂ ਗੱਲਾਂ ਦਾ ਪਤਾ ਲਗ ਗਿਆ ਪਰ ਫਿਰ ਵੀ ਕੁਝ ਲੋਕਾਂ ਨੇ ਸਾਜ਼ਿਸ਼ਾਂ ਰਚ ਕੇ ਦੇਵੀ ਸਿੰਘ ਦੇ ਖਿਲਾਫ਼ ਅਪਰਾਧ ਸਾਬਤ ਨਾ ਹੋਣ ਦਿੱਤੇ ਜਿਸ ਕਰ ਕੇ ਇਸ ਨੂੰ ਕੋਈ ਸਜ਼ਾ ਤਾਂ ਨਾ ਹੋਈ ਪਰ ਸਰਕਾਰੀ ਨੌਕਰੀ ਵਿਚੋਂ ਕੱਢ ਦਿੱਤਾ ਗਿਆ। ਇਸ ਤੋਂ ਬਾਅਦ ਇਸ ਨੇ ਆਪਣੇ ਬਾਕੀ ਦਿਨ ਮੁਰਸ਼ਿਦਾਬਾਦ ਵਿਚ ਹੀ ਨਸੀਪੁਰ ਵਿਖੇ ਬਤਾਏ।

ਹ.ਪੁ. – ਹਿ.ਵਿ.ਕੋ. 6 : 119

ਦੇਵੀ ਸਿੰਘ, ਰਾਜਾ : ਇਹ ਭਾਰਤ ਦੇ ਮੁਗ਼ਲ ਬਾਦਸ਼ਾਹ ਸ਼ਾਹਜਹਾਂ ਦਾ ਮਨਸਬਦਾਰ ਸੀ। ਇਸ ਦੇ ਜੀਵਨ ਬਾਰੇ ਬਹੁਤੀ ਜਾਣਕਾਰੀ ਨਹੀਂ ਮਿਲਦੀ ਪਰ ਇਹ ਪਤਾ ਲਗਦਾ ਹੈ ਕਿ ਸ਼ਾਹਜਹਾਂ ਨੇ ਇਸ ਨੂੰ ਦੋ ਹਜ਼ਾਰੀ ਮਨਸਬਦਾਰ ਬਣਾਇਆ ਸੀ ਤੇ ਰਾਜੇ ਦੀ ਉਪਾਧੀ ਦਿੱਤੀ ਸੀ। ਜੁਝਾਰ ਸਿੰਘ ਤੋਂ ਓਰਛਾ ਰਾਜ ਖੋਹ ਕੇ ਇਸ ਨੂੰ ਦਿੱਤਾ ਗਿਆ। ਇਹ ਕੁਝ ਸਮੇਂ ਵਿਚ ਹੀ ਉਥੋਂ ਦਾ ਰਾਜ ਪ੍ਰਬੰਧ ਪੱਕਾ ਕਰ ਕੇ ਫਿਰ ਬਾਦਸ਼ਾਹ ਕੋਲ ਵਾਪਸ ਆ ਗਿਆ। ਸ਼ਾਹਜਹਾਂ ਨੇ ਇਸ ਨੂੰ ਬੀਜਾਪੁਰ ਉੱਤੇ ਕਬਜ਼ਾ ਕਰਨ ਲਈ ਭੇਜਿਆ। ਲੜਾਈ ਵਿਚ ਨਿਪੁੰਨਤਾ ਦਿਖਾਉਣ ਕਰਕੇ ਰਾਜ ਦਰਬਾਰ ਵਿਚ ਇਸ ਦਾ ਸਨਮਾਨ ਹੋਰ ਵੀ ਵਧ ਗਿਆ। ਇਸ ਤੋਂ ਬਾਅਦ ਰਾਜਕੁਮਾਰ ਮੁਰਾਦ ਬਖ਼ਸ਼ ਦੇ ਨਾਲ ਬਲਖ਼ ਅਤੇ ਬਦਖ਼ਸ਼ਾਂ ਵਿਚ ਇਸ ਨੇ ਪਹਿਲਾਂ ਔਰੰਗਜ਼ੇਬ ਨਾਲ ਅਤੇ ਫਿਰ ਦਾਰਾ ਸ਼ਿਕੋਹ ਦੇ ਨਾਲ ਕੰਧਾਰ ਵਿਚ ਬਹੁਤ ਬਹਾਦਰੀ ਦਿਖਾਈ। ਇਸ ਤੋਂ ਬਾਅਦ ਲਗਭਗ ਦੋ ਸਾਲ ਤਕ ਇਹ ਮਾਲਵਾ ਦੇ ਕੋਲ ਭਿਲਸਾ ਦਾ ਫ਼ੌਜਦਾਰ ਰਿਹਾ। ਮਾਲਵਾ ਵਿਚ ਰਾਜ ਕੁਮਾਰ ਔਰੰਗਜ਼ੇਬ ਦਾ ਰਸਤਾ ਰੋਕਣ ਲਈ ਇਸ ਨੇ ਮਾਲਵਾ ਦੇ ਮਹਾਰਾਜ ਜਸਵੰਤ ਸਿੰਘ ਦੀ ਸਹਾਇਤਾ ਕਰਨ ਦਾ ਜ਼ਿੰਮਾ ਲਿਆ ਪਰ ਬਾਅਦ ਵਿਚ ਇਹ ਚੁਪ ਚੁਪੀ ਔਰੰਗਜ਼ੇਬ ਨਾਲ ਮਿਲ ਗਿਆ ਜਿਸ ਨੇ ਇਸ ਦਾ ਮਨਸਬ ਵਧਾ ਕੇ ਢਾਈ ਹਜ਼ਾਰੀ ਕਰ ਦਿੱਤਾ। ਇਸ ਤੋਂ ਬਾਅਦ ਵੀ ਇਹ ਕੁਝ ਦੇਰ ਤਕ ਭਿਲਸਾ ਦਾ ਫ਼ੌਜਦਾਰ ਰਿਹਾ। ਇਸ ਤੋਂ ਬਾਅਦ ਇਸ ਨੂੰ ਮਾਲਵਾ ਦੇ ਨਜ਼ਦੀਕ ਹੀ ਉਥੋਂ ਦੇ ਇਕ ਵਿਦਰੋਹੀ ਚੰਪਤ ਬੁੰਦੇਲਾ ਨੂੰ ਦਬਾਉਣ ਲਈ ਭੇਜਿਆ ਗਿਆ। ਇਸ ਤੋਂ ਇਲਾਵਾ ਇਸ ਨੂੰ ਯੂਸਫ਼ਜ਼ਈ ਜਾਤੀਆਂ ਦੇ ਵਿਰੁੱਧ ਲੜਨ ਲਈ ਵੀ ਭੇਜਿਆ ਗਿਆ। ਇਸ ਤੋਂ ਬਾਅਦ ਇਸ ਦੇ ਜੀਵਨ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ।

ਹ.ਪੁ. -ਹਿ. ਵਿ. ਕੋ. 6 : 120

ਦੇਵੀਕੋਟ : ਬੰਗਲਾ ਦੇਸ਼ ਦੇ ਦੀਨਾਜਪੁਰ ਜ਼ਿਲ੍ਹੇ ਦੇ ਬਲੂਰਘਾਟ ਉਪ-ਮੰਡਲ ਵਿਚ ਪੂਰਨਭਾਬਾ ਦਰਿਆ ਦੇ ਖੱਬੇ ਕੰਢੇ ਤੇ ਸਥਿਤ ਥੇਹ ਹਨ। ਇਹ ਥੇਹ ਪੁਰਾਤੱਤਵ ਪੱਖੋਂ ਕਾਫ਼ੀ ਮਹੱਤਵਪੂਰਨ ਹਨ। ਇਕ ਪੌਰਾਣਿਕ ਕਥਾ ਅਨੁਸਾਰ ਬਾਨ ਨਗਰ ਦੇ ਇਸ ਕਿਲੇ ਵਿਚ ਬਾਨ ਰਾਜਾ ਨਾਂ ਦਾ ਇਕ ਦੈਂਤ ਰਹਿੰਦਾ ਸੀ। ਹਿੰਦੂ ਸਭਿਆਚਾਰ ਦੇ ਕਈ ਥੇਹ ਪੱਥਰ ਦੇ ਥੰਮਾਂ ਤੇ ਮੂਰਤੀਆਂ ਦੀ ਸ਼ਕਲ ਵਿਚ ਇਥੇ ਮੌਜੂਦ ਹਨ। ਇਹ 1800 ਫੁੱਟ ਤੋਂ 1500 ਫੁੱਟ (548.64 ਮੀ. ਤੋਂ 457.20 ਮੀ.) ਤਕ ਵਰਗਾਕਾਰ ਇਕ ਕਿਲਾ ਹੈ। ਇਸ ਦੇ ਚਾਰੋਂ ਪਾਸੇ ਇੱਟਾਂ ਦੀ ਉੱਚੀ ਫ਼ਸੀਲ ਹੈ। ਕਿਲੇ ਦੇ ਦੱਖਣ ਅਤੇ ਪੂਰਬ ਵੱਲ ਖਾਈ ਹੈ ਅਤੇ ਪੱਛਮੀ ਹਿੱਸਾ ਬਾਹਰ ਵੱਲ ਨੂੰ ਵਧਿਆ ਹੋਇਆ ਹੈ। ਬਾਨ ਨਗਰ ਦੇ ਨੇੜੇ ਦੋ ਵੱਡੇ ਤਲਾਅ ਹਨ ਜਿਨ੍ਹਾਂ ਨੂੰ ਧਾਲ ਅਤੇ ਕਾਲਾ ਡਿੱਗੀ ਕਿਹਾ ਜਾਂਦਾ ਹੈ। ਕਾਲੇ ਤਲਾਅ ਦੇ ਤੱਟ ਦੇ ਆਲੇ ਦੁਆਲੇ ਕਈ ਮੰਦਰ ਹਨ।

ਇਤਿਹਾਸਕ ਸਮਿਆਂ ਵਿਚ ਇਹ ਬੰਗਾਲ ਦੇ ਮੁਸਲਿਮ ਗਵਰਨਰਾਂ ਦੀ ਉੱਤਰੀ ਰਾਜਧਾਨੀ ਸੀ ਅਤੇ ਤਿਬਤ ਦੀ ਮੁਹਿੰਮ ਉਪਰੰਤ ਮੁਹੰਮਦ -ਇ-ਬਖ਼ਤਿਆਰ ਖਿਲਜੀ ਦੀ ਇਥੇ ਹੀ ਮੌਤ ਹੋਈ ਸੀ। ਇਥੇ ਇਕ ਮਸੀਤ ਅਤੇ ਪੀਰ ਅਤਾ-ਉਦ-ਦੀਨ ਦੀ ਮਜ਼ਾਰ ਦੇ ਥੇਹ ਵੀ ਹਨ। ਮਸੀਤ ਵਿਚੋਂ ਮਿਲੇ 1203 ਈ. ਦੇ ਸ਼ਿਲਾਲੇਖ ਤੋਂ ਇਹ ਪਤਾ ਲਗਦਾ ਹੈ ਕਿ ਇਹ ਮਸੀਤ ਬੰਗਾਲ ਉੱਤੇ ਮੁਸਲਮਾਨਾਂ ਦੀ ਜਿੱਤ ਤੋਂ ਤੁਰੰਤ ਬਾਅਦ ਹੀ ਬਣੀ ਸੀ। 15ਵੀਂ ਸਦੀ ਦੇ ਅਖ਼ੀਰ ਵਿਚ ਇਥੇ ਅਲਾਉਦੀਨ ਹੁਸੈਨ ਅਧੀਨ ਇਕ ਸ਼ਕਤੀਸ਼ਾਲੀ ਸੈਨਿਕ ਅਤੇ ਪ੍ਰਬੰਧਕੀ ਸਰਹੱਦੀ ਚੌਕੀ ਹੁੰਦੀ ਸੀ।

25°11′ ਉ. ਵਿਥ. ; 89° ਪੂ. ਲੰਬ.

ਹ. ਪੁ.-ਇੰਪ. ਗ. ਇੰਡ. 11 : 275

ਦੇਵੀ ਦਾਸ, ਡਾ. : ਪੰਜਾਬੀ ਦੇ ਇਸ ਵਾਰਤਕਕਾਰ ਅਤੇ ਮੰਨੇ-ਪ੍ਰਮੰਨੇ ਸਟੇਜੀ ਕਵੀ ਦਾ ਜਨਮ ਹਕੀਮ ਪੰਡਤ ਮਾਧੋਦਾਸ ਦੇ ਘਰ 1894 ਈ. ਵਿਚ ਪਿੰਡ ਨੌਸ਼ਹਿਰਾ ਨੰਗਲ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਦੱਸਿਆ ਜਾਂਦਾ ਹੈ ਕਿ ਇਸ ਦਾ ਦਾਦਾ ਰੁਲਦੂ ਰਾਮ ਮਹਾਂਕਵੀ ਹਾਸ਼ਮ ਦਾ ਦੋਸਤ ਸੀ। ਇਸ ਤਰ੍ਹਾਂ ਦੀ ਅਚੇਤ ਪ੍ਰੇਰਣਾ ਸਦਕਾ ਬਚਪਨ ਵਿਚ ਹੀ ਇਸ ਨੂੰ ਕਵਿਤਾ ਦਾ ਸ਼ੌਕ ਜਾਗਿਆ। ਇਸ ਨੇ ਸਰਕਾਰੀ ਸਕੂਲ ਤੋਂ ਦਸਵੀਂ ਕਰਨ ਉਪਰੰਤ ਮੈਡੀਕਲ ਕਾਲਜ ਤੋਂ ਡਾਕਟਰੀ ਦੀ ਡਿਗਰੀ ਹਾਸਲ ਕੀਤੀ ਅਤੇ ਪ੍ਰਾਈਵੇਟ ਪ੍ਰੈਕਟਿਸ ਸ਼ੁਰੂ ਕਰ ਦਿੱਤੀ। ਇਸ ਦੇ ਤਿੰਨ ਵਿਆਹ ਹੋਏ।

ਚੜ੍ਹਦੀ ਜਵਾਨੀ ਸਮੇਂ ਡਾ. ਦੇਵੀ ਦਾਸ ਨੇ ਕਵੀ ਦਰਬਾਰਾਂ ਵਿਚ ਜਾਣਾ ਅਰੰਭ ਕੀਤਾ। ਮੁਨਸ਼ੀ ਮੁਹੰਮਦ ਇਸਮਾਈਲ 'ਮੁਸ਼ਤਾਕ' ਸ਼ਾਇਰੀ ਵਿਚ ਇਸ ਦਾ ਉਸਤਾਦ ਸੀ। ਇਹ ਉਰਦੂ ਰਾਹੀਂ ਪੰਜਾਬੀ ਵਿਚ ਆਇਆ। ਇਹ ਸੈਂਟਰਲ ਪੰਜਾਬੀ ਸਭਾ' ਅਤੇ 'ਹਿੰਦੂ ਪੰਜਾਬੀ

ਸਭਾ' ਦਾ ਪ੍ਰਧਾਨ ਵੀ ਰਿਹਾ। ਇਸ ਦੀਆਂ ਦੋ ਪੁਸਤਕਾਂ 'ਅਖਾਣਾਂ ਦੀ ਖਾਣ' (ਵਾਰਤਕ) ਅਤੇ 'ਕਿੱਸਾ ਹਕੀਕਤ ਰਾਏ' ਛਪੀਆਂ ਹੋਈਆਂ ਹਨ। ਬਾਕੀ ਰਚਨਾਵਾਂ ਅਪ੍ਰਕਾਸ਼ਿਤ ਹਨ। ਇਸ ਦੀ ਕਵਿਤਾ ਵਿਚ ਰਸ, ਰਵਾਨੀ ਤੇ ਉੱਚ-ਖਿਆਲੀ ਅਤੇ ਬੋਲੀ ਬੜੀ ਠੇਠ ਤੇ ਦਿਲ-ਖਿਚਵੀਂ ਹੈ। ਆਪਣੇ ਉਸਤਾਦ ਦੀ ਮੌਤ ਤੋਂ ਪਿਛੋਂ ਇਹ ਲਾਲਾ ਧਨੀ ਰਾਮ ਚਾਤ੍ਰਿਕ ਕੋਲੋਂ ਕਵਿਤਾ ਸਬੰਧੀ ਸਲਾਹ ਮਸ਼ਵਰਾ ਲੈਂਦਾ ਰਿਹਾ। ਇਸ ਦੇ ਸ਼ਾਗਿਰਦਾਂ ਵਿਚੋਂ ਇੰਦਰ ਸਿੰਘ ਨੀਲਮ, ਬਲਦੇਵ ਚੰਦਰ ਬੇਕਲ, ਕਰਤਾਰ ਸਿੰਘ ਨਾਰਾ ਅਤੇ ਹਰਨਾਮ ਸਿੰਘ ਹਸਰਤ ਪ੍ਰਸਿੱਧ ਹਨ।

ਸੰਨ 1937 ਵਿਚ ਇਸ ਦੇ ਕਾਰੋਬਾਰ ਵਿਚ ਮੰਦਾ ਆ ਗਿਆ ਜਿਸ ਕਰਕੇ ਇਸ ਨੂੰ ਆਪਣਾ ਪਿਤਾ-ਪੁਰਖੀ ਮਕਾਨ ਵੀ ਵੇਚਣਾ ਪਿਆ। ਅਗਲੇ ਸਾਲ ਇਹ ਆਪਣੇ ਸ਼ਾਗਿਰਦ ਹਰਨਾਮ ਸਿੰਘ ਕੋਲ ਮਕਲੋਡ ਗੰਜ, ਰਿਆਸਤ ਬਹਾਵਲਪੁਰ ਵਿਖੇ ਚਲਿਆ ਗਿਆ ਅਤੇ ਸਫ਼ਲਤਾ ਨਾਲ ਡਾਕਟਰੀ ਕਰਨ ਲੱਗ ਪਿਆ।

ਸੰਨ 1945 ਵਿਚ ਬਿਮਾਰੀ ਕਾਰਨ ਇਸ ਦੀ ਮੌਤ ਹੋ ਗਈ।

ਹ. ਪੁ. — ਪੰ. ਲ. ਕੋ. 185; ਪੰ. ਸ਼ਾ. ਤਜ਼ : 398

ਦੇਵੀ ਪਰਸਾਦ 'ਪੂਰਣ; ਰਾਏ : ਬ੍ਰਜ ਭਾਸ਼ਾ ਦਾ ਇਹ ਕਵੀ ਸੰਸਕ੍ਰਿਤ, ਹਿੰਦੀ, ਉਰਦੂ ਅਤੇ ਫ਼ਾਰਸੀ ਆਦਿ ਦਾ ਵੀ ਜਾਣੂ ਸੀ। ਇਹ ਸੰਗੀਤ, ਕਵਿਤਾ ਅਤੇ ਅਦਾਕਾਰੀ ਦੀ ਰੁਚੀ ਵੀ ਰੱਖਦਾ ਸੀ। ਇਸ ਦਾ ਜਨਮ 1868 ਈ. ਵਿਚ ਜਬਲਪੁਰ (ਮੱਧ ਪ੍ਰਦੇਸ਼) ਵਿਚ ਹੋਇਆ। ਇਸ ਦੇ ਪਿਤਾ ਦਾ ਨਾਂ ਰਾਏ ਵੰਸ਼ੀਧਰ ਸੀ।' 'ਰਾਏ' ਉਪਾਧੀ ਇਸ ਦੇ ਵਡੇਰਿਆਂ ਨੂੰ ਬਾਦਸ਼ਾਹੀ ਰਾਜ ਸਮੇਂ ਮਿਲੀ ਸੀ। ਇਸ ਨੇ ਕਲਕੱਤਾ ਯੂਨੀਵਰਸਿਟੀ ਤੋਂ ਬੀ. ਏ. ਅਤੇ ਐਲ. ਐਲ. ਬੀ. ਪ੍ਰੀਖਿਆਵਾਂ ਪਾਸ ਕੀਤੀਆਂ। ਇਹ ਕਾਨਪੁਰ ਵਿਚ ਵਕਾਲਤ ਕਰਦਾ ਸੀ ਅਤੇ ਆਪਣੇ ਸਮੇਂ ਦਾ ਪ੍ਰਸਿੱਧ ਵਕੀਲ ਸੀ।

ਹਿੰਦੀ ਸਾਹਿਤ ਵਿਚ ਪੂਰਣ ਜੀ ਦੀ ਪ੍ਰਸਿੱਧੀ ਬ੍ਰਜ-ਭਾਸ਼ਾ ਕਾਵਿ ਪਰੰਪਰਾ ਦੇ ਅਤਿ ਪ੍ਰੋਢ ਅਤੇ ਸੁਚੱਜੇ ਕਵੀ ਦੇ ਤੌਰ ਤੇ ਹੋਈ। ਕਾਨਪੁਰ ਵਿਚ ਇਹ 'ਰਸਿਕ ਸਮਾਜ' ਸੰਸਥਾ ਦੇ ਮੋਹਰੀ ਮੈਂਬਰਾਂ ਵਿਚੋਂ ਸੀ। ਇਸ ਦੀਆਂ ਰਚਨਾਵਾਂ ਇਸ ਸੰਸਥਾ ਦੀ ਪਤ੍ਰਿਕਾ 'ਰਸ ਵਾਟਿਕਾ' ਵਿਚ ਛਪਦੀਆਂ ਰਹੀਆਂ।

ਦੇਵੀ ਪਰਸਾਦ ਦੀਆਂ ਕਵਿਤਾਵਾਂ ਦੇ ਮੁੱਖ ਵਿਸ਼ੇ ਦੇਸ਼ ਪ੍ਰੇਮ,ਰਾਜ ਭਗਤੀ, ਸਮਾਜ ਸੁਧਾਰ ਆਦਿ ਸਨ। ਉਰਦੂ, ਫ਼ਾਰਸੀ ਦੇ ਮੁਹਾਵਰਿਆਂ ਦੀ ਵਰਤੋਂ ਇਸ ਦੇ ਕਾਵਿ ਵਿਚ ਬੜੇ ਦਿਲ-ਖਿਚਵੇਂ ਰੂਪ ਵਿਚ ਮਿਲਦੀ ਹੈ।

'ਪੂਰਣ' ਨੇ ਸਵਦੇਸ਼ੀ ਕੁੰਡਲ (ਖੜੀ ਬੋਲੀ ਵਿਚ ਕੁੰਡਲੀਆਂ) ਧਾਰਾਧਰ ਧਾਵਨ (ਮੇਘਦੂਤ ਦਾ ਬ੍ਰਜਭਾਸ਼ਾ ਕਵਿਤਾ ਵਿਚ ਅਨੁਵਾਦ) ਚੰਦਰ ਕਲਾ ਭਾਨੁਕੁਮਾਰ; ਰਾਮ ਰਾਵਣ ਵਿਰੋਧ, ਰਾਜ ਦਰਸ਼ਨ ਆਦਿ ਪੁਸਤਕਾਂ ਲਿਖੀਆਂ। ਇਸ ਦੀਆਂ ਫੁਟਕਲ ਕਵਿਤਾਵਾਂ ਦਾ ਸੰਗ੍ਰਹਿ 'ਪੂਰਣ ਸੰਗ੍ਰਹਿ' 1925 ਵਿਚ ਪ੍ਰਕਾਸ਼ਤ ਹੋਇਆ। ਪੂਰਣ ਦਾ ਦਿਹਾਂਤ 47 ਸਾਲ ਦੀ ਉਮਰ ਵਿਚ ਕਾਨਪੁਰ ਵਿਖੇ 1915 ਈ. ਵਿਚ ਹੋਇਆ।

ਹ. ਪੁ. — ਹਿੰ. ਵਿ.ਕੋ 6. 118

ਦੇਵੀ ਭਾਗਵਤ : ਅਠਾਰਾਂ ਪੁਰਾਣਾਂ ਵਿਚ 'ਭਾਗਵਤ' ਨਾਂ ਦੇ ਮਹਾਂ ਪੁਰਾਣ ਨੂੰ ਕਈ ਲੋਕ 'ਸ਼੍ਰੀਮਦ ਭਾਗਵਤ' ਅਤੇ ਕਈ 'ਦੇਵੀ ਭਾਗਵਤ' ਕਹਿੰਦੇ ਹਨ। ਵੈਸ਼ਣਵ ਲੋਕ ਸ਼੍ਰੀ ਕ੍ਰਿਸ਼ਣ ਨੂੰ ਵਿਸ਼ਨੂੰ ਦਾ ਅਵਤਾਰ ਮੰਨ ਕੇ ਜਾਂ ਭਗਵਤੀ ਦੁਰਗਾ ਦਾ ਵਰਣਨ ਕਰਨ ਵਾਲੇ ਦੇਵੀ ਭਾਗਵਤ ਨੂੰ ਮਹਾਂਪੁਰਾਣ ਮੰਨਦੇ ਹਨ। ਇਨ੍ਹਾਂ ਦੋਹਾਂ ਭਾਗਵਤ ਪੁਰਾਣਾਂ ਦੀ ਰਚਨਾ, ਪ੍ਰਕ੍ਰਿਆ ਅਤੇ ਸ਼ੈਲੀ ਵਿਚ ਬਹੁਤ ਸਮਾਨਤਾ ਹੈ। ਇਨ੍ਹਾਂ ਦੋਹਾਂ ਪੁਰਾਣਾਂ ਵਿਚ 12-12 ਸਕੰਧ ਅਤੇ 18,000 ਸ਼ਲੋਕ ਹਨ। ਮਤੱਸਯ, ਨਾਰਦੀਯ ਅਤੇ ਪਦਮ ਪੁਰਾਣ ਵਿਚ ਭਾਗਵਤ ਪੁਰਾਣ ਦੀ ਜੋ ਵਿਸ਼ਾ ਸੂਚੀ ਦਿਤੀ ਗਈ ਹੈ ਅਤੇ ਜਿਹੜੇ ਲੱਛਣ ਦਰਸਾਏ ਗਏ ਹਨ, ਉਹ ਸਾਰੇ ਦੇ ਸਾਰੇ ਸ਼੍ਰੀਮਦ ਭਾਗਵਤ ਨਾਲ ਮਿਲਦੇ ਹਨ।

ਭਾਗਵਤ ਨਾਂ ਦਾ ਇਕ ਉਪ ਪੁਰਾਣ ਵੀ ਹੈ ਪਰ ਭਾਸ਼ਾ, ਸ਼ੈਲੀ ਆਦਿ ਦੀ ਉੱਤਮਤਾ ਕਾਰਨ ਸ਼੍ਰੀਮਦ ਭਾਗਵਤ ਦਾ ਮਹੱਤਵਪੂਰਣ ਸਥਾਨ ਹੈ। ਇਸ ਕਾਰਨ ਵਧੇਰੇ ਲੋਕ ਇਸ ਨੂੰ ਹੀ ਭਾਗਵਤ ਮਹਾਂ ਪੁਰਾਣ ਮੰਨਦੇ ਹਨ।

ਦੇਵੀ ਭਾਗਵਤ ਅਥਵਾ ਭਾਗਵਤ ਦਾ ਮਹਾਂਪੁਰਾਣ ਵਿਚ ਪੰਜਵਾਂ ਸਥਾਨ ਹੈ। ਪੂਰੀ ਸੰਘਤਾ ਵਿਚ ਕਈ ਵੱਖ ਵੱਖ ਕਥਾਵਾਂ ਹਨ ਪਰ ਇਸ ਦਾ ਮੁੱਖ ਵਿਸ਼ਾ ਦੁਰਗਾ ਦੀ ਮਹਿਮਾ, ਉਸ ਦੀ ਅਰਾਧਨਾ ਅਤੇ ਪੂਜਾ ਦੇ ਅਲੱਗ-ਅਲੱਗ ਵਿਧਾਨਾਂ ਦੀ ਸੰਪੂਰਣ ਜਾਣਕਾਰੀ ਦੇਣਾ ਹੈ। ਇਸ ਅਨੁਸਾਰ ਭਗਵਤੀ ਦੁਰਗਾ ਹੀ ਪਰਮ ਤੱਤ ਹੈ। ਇਹ ਸਰਵ-ਵਿਆਪੀ, ਨਿਰਵਿਕਾਰ ਅਤੇ ਕਲਿਆਣੀ ਹੈ। ਭਗਵਤੀ ਦੀਆਂ ਸਾਤਵਿਕ, ਰਾਜਸੀ ਅਤੇ ਤਾਮਸੀ ਸ਼ਕਤੀਆਂ ਹੀ ਕ੍ਰਮ ਅਨੁਸਾਰ ਮਹਾਲਕਸ਼ਮੀ, ਮਹਾਸਰਸਵਤੀ ਅਤੇ ਮਹਾਕਾਲੀ ਦੇ ਰੂਪ ਵਿਚ ਪ੍ਰਗਟ ਹੁੰਦੀਆਂ ਹਨ ਜੋ ਨਿਰਗੁਣ ਅਤੇ ਵਿਆਪਕ ਸ਼ਕਤੀਮਾਨ ਪਰਮਾਤਮਾ ਵੀ ਹੈ ਅਤੇ ਜੋ ਪਰਮਾਤਮਾ ਹੈ ਉਹੀ ਸ਼ਕਤੀ ਵੀ ਹੈ। ਦੋਵੇਂ ਇਕ ਹੀ ਤੱਤ ਹਨ।

ਇਸ ਤਰ੍ਹਾਂ ਪੂਰੀ ਦੇਵੀ ਭਾਗਵਤ ਵਿਚ ਭਗਵਤੀ ਦੁਰਗਾ ਦੇ ਵੱਖ-ਵੱਖ ਢੰਗ ਦੱਸੇ ਗਏ ਹਨ। ਮੂਲ ਪ੍ਰਕ੍ਰਿਤੀ ਤੋਂ ਸ਼ੁਰੂ ਹੋ ਕੇ ਇਹ ਵਰਣਨ ਮਣੀ ਦੀਪ ਦੀ ਦੇਵੀ ਭੁਵਨੇਸ਼ਵਰੀ ਤਕ ਪਹੁੰਚਦਾ ਹੈ। ਨੌਵੇਂ ਸਕੰਧ ਤੋਂ ਲੈ ਕੇ ਅਖ਼ੀਰ ਦੇ ਚਾਰ ਸਕੰਧਾਂ ਵਿਚ ਦੇਵੀ ਦੇ ਪ੍ਰਮੁੱਖ ਪੰਜ ਰੂਪਾਂ-ਦੁਰਗਾ, ਰਾਧਾ, ਲਕਸ਼ਮੀ, ਸਰਸਵਤੀ ਅਤੇ ਸਵਿਤਰੀ ਦਾ ਉਲੇਖ ਮਿਲਦਾ ਹੈ। ਇਸੇ ਤਰ੍ਹਾਂ ਗੰਗਾ, ਤੁਲਸੀ, ਮੰਗਲ-ਚੰਡਿਕਾ, ਕਾਲੀ, ਪੁਸ਼ਟੀ, ਸੰਪਤੀ ਆਦਿ ਵੀ ਦੇਵੀ ਦੇ ਹੀ ਰੂਪ ਹਨ। ਇਸ ਤੋਂ ਇਲਾਵਾ ਇਸ ਸੰਸਾਰ ਵਿਚ ਜਿੰਨੀਆਂ ਵੀ ਦਿਖਾਈ ਦੇਣ ਵਾਲੀਆਂ ਸ਼ਕਤੀਆਂ ਹਨ ਉਹ ਸਾਰੀਆਂ ਭਗਵਤੀ ਦੇ ਹੀ ਪ੍ਰਤਿਰੂਪ ਹਨ। ਦੇਵੀ ਭਾਗਵਤ ਵਿਚ ਸ਼ਕਤੀ ਦੇ ਅਲੱਗ-ਅਲੱਗ ਰੂਪਾਂ ਦੀ ਉਪਾਸਨਾ ਦੀ ਵਿਸਥਾਰ ਨਾਲ ਰਚਨਾ ਕੀਤੀ ਗਈ ਹੈ ਅਤੇ ਇਸ ਤੇ ਪਰਵਰਤੀ ਉੱਤਰ ਸ਼ਾਸਤਰਾਂ ਦਾ ਪ੍ਰਭਾਵ ਵੀ ਸਪਸ਼ਟ ਨਜ਼ਰ ਆਉਂਦਾ ਹੈ।

ਹ. ਪੁ.-ਹਿੰ. ਵਿ. ਕੋ. 6 : 118; ਹਿੰ. ਮਿ. ਕੋ. : 34; ਮ. ਕੋ.

ਦੇਵੇਂਦਰ ਸਿੰਘ : ਫੂਲਕੀਆ ਰਿਆਸਤ ਦਾ ਇਹ ਰਾਜਾ ਨਾਭੇ ਦੇ ਰਾਜਾ ਜਸਵੰਤ ਸਿੰਘ ਦਾ ਛੋਟਾ ਪੁੱਤਰ ਸੀ। ਆਪਣੇ ਪਿਤਾ ਦੀ ਮੌਤ ਤੋਂ ਬਾਅਦ 18 ਸਾਲ ਦੀ ਉਮਰ ਵਿਚ ਹੀ ਇਸ ਨੂੰ 5 ਅਕਤੂਬਰ, 1840 ਨੂੰ ਗਵਰਨਰ ਜਰਨਲ ਦੇ ਏਜੰਟ ਦੀ ਮੌਜੂਦਗੀ ਵਿਚ ਗੱਦੀ ਤੇ ਬੈਠਾਇਆ ਗਿਆ। ਇਹ ਡਰਪੋਕ ਅਤੇ ਦੁਚਿੱਤੀ ਵਾਲਾ ਵਿਅਕਤੀ ਸੀ। ਸੰਨ 1845 ਵਿਚ ਪਹਿਲੀ ਸਿੱਖ ਜੰਗ ਸਮੇਂ ਇਸ ਨੇ ਅੰਗਰੇਜ਼ਾਂ ਦੀ ਮਦਦ ਨਾ ਕੀਤੀ ਜਿਸ ਕਾਰਨ ਉਨ੍ਹਾਂ ਨੂੰ ਇਸ ਦਾ ਵਤੀਰਾ ਆਪਣੇ ਖਿਲਾਫ਼ ਲੱਗਾ। ਇਸ ਤੋਂ ਨਾਰਾਜ਼ ਹੋ ਕੇ ਅੰਗਰੇਜ਼ਾਂ ਨੇ ਸਮੇਂ ਦੀ ਨੀਤੀ ਅਨੁਸਾਰ 1846 ਈ. ਵਿਚ ਇਸ ਦੀ ਰਿਆਸਤ ਦਾ ਇਕ ਚੌਥਾਈ ਹਿੱਸਾ ਜ਼ਬਤ ਕਰ ਲਿਆ ਅਤੇ 50,000 ਰੁਪਏ ਸਾਲਾਨਾ ਪੈਨਸ਼ਨ ਦੇ ਕੇ ਗੱਦੀਉਂ ਲਾਹ ਦਿੱਤਾ। ਇਸ ਤੋਂ ਬਾਅਦ 1847 ਈ. ਵਿਚ ਇਸ ਦੇ ਵੱਡੇ ਲੜਕੇ ਭਰਪੂਰ ਸਿੰਘ ਨੂੰ ਜੋ ਉਸ ਸਮੇਂ 7 ਸਾਲ ਦਾ ਸੀ, ਉਸ ਦੀ ਮਤਰੇਈ ਦਾਦੀ ਰਾਣੀ ਚੰਦ ਕੌਰ ਦੀ ਸਰਪ੍ਰਸਤੀ ਹੇਠ ਨਾਭੇ ਦੀ ਗੱਦੀ ਤੇ ਬੈਠਾਇਆ।

ਇਸ ਨੂੰ ਪਹਿਲਾਂ ਮਥੁਰਾ ਅਤੇ ਫਿਰ 8 ਦਸੰਬਰ, 1855 ਨੂੰ ਲਾਹੌਰ ਲਿਆ ਕੇ ਮਹਾਰਾਜਾ ਖੜਗ ਸਿੰਘ ਦੀ ਹਵੇਲੀ ਵਿਚ ਰਖਿਆ ਗਿਆ। ਨਵੰਬਰ, 1865 ਈ. ਵਿਚ ਉਥੇ ਹੀ ਇਸ ਦੀ ਮੌਤ ਹੋ ਗਈ। ਇਸ ਦਾ ਸਸਕਾਰ ਨਾਭੇ ਵਿਖੇ ਕੀਤਾ ਗਿਆ।

ਹ. ਪੁ. -ਮ. ਕੋ.; ਇੰਪ. ਗ. ਇੰਡ. 18 : 264; ਗਜ਼. ਇੰਡ. ਪੰਜਾ. ਪਟਿ. 66

ਦੇਵੋਦਯਾਨ : ਇਸ ਤੋਂ ਭਾਵ ਦੇਵਤਿਆਂ ਦਾ ਬਾਗ਼ ਜਾਂ ਦੇਵਬਨ ਹੈ। ਸੰਸਕ੍ਰਿਤ ਦੇ ਵਿਦਵਾਨਾਂ ਅਨੁਸਾਰ ਦੇਵਤਿਆਂ ਦੇ ਚਾਰ ਬਾਗ਼ ਹਨ-ਨੰਦਨ, ਚੈਤ੍ਰਰਥਯ, ਵੈਭ੍ਰਾਜ ਅਤੇ ਸਰਵਤੋਭਦ੍। ਸਵਰਗ ਵਿਚ ਇੰਦਰ ਦਾ ਬਾਗ਼ ਨੰਦਨ ਹੈ। ਇਲਾਵਤ ਖੰਡ ਦੇ ਪੂਰਬ ਵਿਚ ਚਿਤ੍ਰਥ ਦਾ ਲਾਇਆ ਹੋਇਆ ਕੁਬੇਰ ਦਾ ਬਾਗ਼ ਚੈਥ੍ਰਥਯ ਹੈ। ਸੁਮੇਰੁ ਦੇ ਪੱਛਮ ਵੱਲ ਵਿਪੁਲ ਪਹਾੜ ਦੇ ਵੈਭ੍ਰਾਜ ਹੈ ਅਤੇ ਸੁਮੇਰੁ ਦੇ ਦੱਖਣ ਵਲ ਗੰਧਮਾਦਨ ਉੱਤੇ ਨਿੰਮਾਂ ਦਾ ਬਾਗ਼ ਸਵਰਤੋਭਦ੍ ਹੈ।

ਹ. ਪੁ.- ਮ. ਕੋ.

ਦੈਂਤ : ਇਸ ਦੇ ਕੋਸ਼ਗਤ ਅਰਥ ਦਿਓ ਅਤੇ ਰਾਖਸ਼ ਹਨ। ਮਿਥਿਹਾਸ ਅਨੁਸਾਰ ਦੈਂਤ, ਦਾਨਵ ਅਤੇ ਦਿਉ ਨੂੰ ਇਕੋ ਹੀ ਨਸਲ ਦਾ ਮੰਨਿਆ ਜਾਂਦਾ ਹੈ। ਇਹ ਰਿਸ਼ੀ ਕਸ਼ਯਪ ਦੀ ਪਤਨੀ ਦਿਤੀ ਦੀ ਕੁੱਖ ਤੋਂ ਪੈਦਾ ਹੋਈ ਸੰਤਾਨ ਹੈ। ਮਾਰਕੰਡੇਯ ਪੁਰਾਣ (104/3) ਅਨੁਸਾਰ ਰਿਸ਼ੀ ਕਸ਼ਯਪ ਨੇ ਦਕਸ਼ ਪ੍ਰਜਾਪਤੀ ਦੀਆਂ ਤੇਰ੍ਹਾਂ ਧੀਆਂ ਨਾਲ ਵਿਆਹ ਕੀਤਾ ਅਤੇ ਉਸ ਦੇ ਹਰ ਪਤਨੀ ਤੋਂ ਵੱਖਰੀ ਵੱਖਰੀ ਰੁਚੀ, ਬਿਰਤੀ ਅਤੇ ਸਰੂਪ ਵਾਲੇ ਬੱਚੇ ਪੈਦਾ ਹੋਏ। ਅਦਿਤੀ ਦੀ ਕੁੱਖ ਤੋਂ ਦੇਵਤੇ, ਦਿਤੀ ਦੀ ਕੁੱਖ ਤੋਂ ਦੈਂਤ ਅਤੇ ਦਨੁ ਦੀ ਕੁੱਖ ਤੋਂ ਦਾਨਵ ਪੈਦਾ ਹੋਏ। ਦੇਵਤੇ ਸਦ ਬਿਰਤੀਆਂ ਦੇ ਧਾਰਨੀ ਸਨ ਜਦੋਂ ਕਿ ਦੈਂਤ ਅਤੇ ਦਾਨਵ ਕੁਰੁਚੀਆਂ ਦੇ ਮੁਜਸਮੇ ਸਨ। ਪਿਤਾ ਵਲੋਂ ਦੇਵਤੇ ਅਤੇ ਦੈਂਤ ਸਕੇ ਭਰਾ ਸਨ ਅਤੇ ਮਾਵਾਂ ਵਲੋਂ ਮੌਸੇਰੇ ਭਰਾ ਸਨ। ਇਨ੍ਹਾਂ ਦੀ ਆਪਸ ਵਿਚ ਹਮੇਸ਼ਾਂ ਲੜਾਈ ਰਹਿੰਦੀ ਸੀ। ਦੈਂਤ ਅਕਸਰ ਦੇਵਤਿਆਂ ਦੇ ਯੱਗਾਂ ਵਿਚ ਵਿਘਨ ਪਾਉਂਦੇ ਸਨ ਅਤੇ ਇਨ੍ਹਾਂ ਨੇ ਦੇਵਤਿਆਂ ਨੂੰ ਕਈ ਵਾਰ ਹਰਾਇਆ ਵੀ ਪਰ ਦੈਵੀ ਸ਼ਕਤੀ ਰਾਹੀਂ ਉਹ ਫਿਰ ਜਿੱਤ ਜਾਂਦੇ ਸਨ।

ਸਾਹਿਤ ਵਿਚ ਵੀ ਦੇਵਤੇ ਅਤੇ ਦੈਂਤ ਦੋਵੇਂ ਵਿਰੋਧੀ ਰੁਚੀਆਂ ਦੇ ਪ੍ਰਤੀਕ ਵਜੋਂ ਚਿਤਰੇ ਗਏ ਹਨ। ਚੰਡੀ ਦੀ ਵਾਰ ਵਿਚ ਦੈਂਤ ਅਤੇ ਦਾਨਵ ਸਮਾਨਾਰਥਕ ਸ਼ਬਦਾਂ ਵਜੋਂ ਵਰਤੇ ਗਏ ਹਨ। ਗੁਰਬਾਣੀ ਵਿਚ ਇਨ੍ਹਾਂ ਦੋਹਾਂ ਸ਼ਬਦਾਂ ਦੀ ਵਰਤੋਂ ਹੋਈ ਹੈ। ਗੁਰੂ ਨਾਨਕ ਦੇਵ ਜੀ ਅਨੁਸਾਰ ਪਰਮਾਤਮਾ ਨੇ ਦੈਂਤਾਂ ਦਾ ਸੰਘਾਰ ਕਰਕੇ ਸੰਤਾਂ ਦਾ ਉਧਾਰ ਕੀਤਾ ਸੀ। ਗੁਰਬਾਣੀ ਵਿਚ ਲਿਖਿਆ ਹੈ।

"ਦੈਤ ਸੰਘਾਰਿ ਸੰਤ ਨਿਸਤਾਰੇ"

(ਆਦਿ ਗ੍ਰੰਥ ਪੰ. 224)

ਗੁਰੂ ਨਾਨਕ ਦੇਵ ਜੀ ਦੀ ਸ਼ਾਹਕਾਰ ਰਚਨਾ 'ਜਪੁਜੀ' ਵਿਚ ਦੇਵ ਦੇ ਨਾਲ ਦਾਨਵ ਸ਼ਬਦ ਦੀ ਵੀ ਵਰਤੋਂ ਕੀਤੀ ਗਈ ਹੈ।

'ਆਖਹਿ ਦਾਨਵ ਆਖਹਿ ਦੇਵ'

ਦੈਂਤਾਂ ਅਤੇ ਦਾਨਵਾਂ ਨੂੰ ਇਕ ਦੂਜੇ ਨਾਲ ਸਬੰਧਤ ਸਮਝਿਆ ਜਾਂਦਾ ਹੈ ਅਤੇ ਇਨ੍ਹਾਂ ਦਾ ਅੰਤਰ ਕਰਨਾ ਬਹੁਤ ਹੀ ਮੁਸ਼ਕਿਲ ਹੈ। ਯੱਗਾਂ ਦੇ ਵੈਰੀ ਹੋਣ ਕਰਕੇ ਇਨ੍ਹਾਂ ਨੂੰ 'ਕ੍ਰਤੂ ਦ੍ਰਿਸ' ਵੀ ਕਿਹਾ ਜਾਂਦਾ ਹੈ।

ਹ. ਪੁ. -ਪੰ. ਸੰਦ.ਕੋ.-ਡਾ. ਜੱਗੀ; ਹਿੰ ਮਿ ਕੋ. 311; ਮ. ਕੋ.

ਦੈਵੀ ਅਧਿਕਾਰ : ਰਾਜਿਆਂ ਦੇ ਦੈਵੀ ਅਧਿਕਾਰ ਦਾ ਸਿਧਾਂਤ ਇਕ ਆਧੁਨਿਕ ਵਿਚਾਰਧਾਰਾ ਹੈ। ਰਾਜਾ ਆਪਣੀ ਸੱਤਾ ਸਿੱਧੀ ਪ੍ਰਮਾਤਮਾ ਤੋਂ ਪ੍ਰਾਪਤ ਕਰਦਾ ਹੈ। ਇਸ ਸੰਸਦ ਅੱਗੇ ਕਿਸੇ ਕਾਰਜ ਲਈ ਉਹ ਜਵਾਬ ਦੇਹ ਨਹੀਂ ਹੈ।

ਦੈਵੀ ਅਧਿਕਾਰਾਂ ਦਾ ਸਿਧਾਂਤ ਇੰਗਲੈਂਡ ਦੇ ਪ੍ਰਸਿੱਧ ਰਾਜਨੀਤਿਕ ਵਿਗਿਆਨੀ ਮਿਸਟਰ ਲਾਕ ਨੇ ਦਿੱਤਾ ਹੈ। ਉਨ੍ਹਾਂ ਦੇ ਵਿਚਾਰ ਅਨੁਸਾਰ ਰਾਜ ਦੀ ਹੋਂਦ ਤੋਂ ਪਹਿਲਾਂ ਲੋਕ ਕੁਦਰਤੀ ਅਵਸਥਾ ਵਿਚ ਰਹਿੰਦੇ ਸਨ। ਕੁਦਰਤੀ ਅਵਸਥਾ ਵਿਚ ਕਾਨੂੰਨ ਪ੍ਰਚਲਤ ਸੀ ਅਤੇ ਲੋਕਾਂ ਨੂੰ ਕੁਝ ਕੁਦਰਤੀ ਅਧਿਕਾਰ ਪ੍ਰਾਪਤ ਸਨ ਜਿਵੇਂ ਕਿ ਜੀਵਨ, ਜਾਇਦਾਦ ਅਤੇ ਸੁਤੰਤਰਤਾ ਦਾ ਅਧਿਕਾਰ। ਕੁਦਰਤੀ ਅਧਿਕਾਰਾਂ ਦੇ ਸਿਧਾਂਤ ਤੋਂ ਆਮ ਕਰਕੇ ਇਹ ਅਰਥ ਲਿਆ ਜਾਂਦਾ ਹੈ ਕਿ ਇਹ ਦੈਵੀ ਅਧਿਕਾਰ ਮਨੁੱਖ ਨੂੰ ਕੁਦਰਤ ਵੱਲੋਂ ਮਿਲਦੇ ਹਨ। ਰਾਜ ਇਨ੍ਹਾਂ ਅਧਿਕਾਰਾਂ ਨੂੰ ਨਾ ਤਾਂ ਦੇਣ ਵਾਲਾ ਹੈ ਅਤੇ ਨਾ ਹੀ ਰਾਜ ਇਨ੍ਹਾਂ ਅਧਿਕਾਰਾਂ ਨੂੰ ਖ਼ਤਮ ਕਰ ਸਕਦਾ ਹੈ। ਰਾਜ ਦੀ ਹੋਂਦ ਤੋਂ ਪਹਿਲਾਂ ਲੋਕ ਰਾਜੇ ਨੂੰ ਹੀ ਪ੍ਰਮਾਤਮਾ ਮੰਨਦੇ ਸਨ। ਲੋਕਾਂ ਦਾ ਵਿਸ਼ਵਾਸ ਸੀ ਕਿ ਪ੍ਰਮਾਤਮਾ ਨੇ ਹੀ ਰਾਜੇ ਨੂੰ ਰਾਜ ਕਰਨ ਲਈ ਭੇਜਿਆ ਹੈ। ਉਸ ਦੇ ਹਰ ਹੁਕਮ ਦੀ ਪਾਲਣਾ ਕੀਤੀ ਜਾਂਦੀ ਸੀ। ਉਸ ਦੇ ਹੁਕਮ ਨੂੰ ਨਾ ਮੰਨਣਾ ਪ੍ਰਮਾਤਮਾ ਦੇ ਹੁਕਮ ਨੂੰ ਨਾ ਮੰਨਣ ਦੇ ਬਰਾਬਰ ਸੀ। ਰਾਜਾ ਆਪਣੇ ਕੀਤੇ ਕੰਮਾਂ ਲਈ ਕੇਵਲ ਪ੍ਰਮਾਤਮਾ ਕੋਲ ਹੀ ਜਵਾਬਦੇਹ ਹੁੰਦਾ ਸੀ।

ਅੱਜਕੱਲ੍ਹ ਦੇ ਵਿਚਾਰਕਾਂ ਦਾ ਇਹ ਮੱਤ ਹੈ ਕਿ ਇਹ ਅਧਿਕਾਰ ਵਿਅਕਤੀ ਨੂੰ ਰਾਜ ਵੱਲੋਂ ਮਿਲਦੇ ਹਨ। ਰਾਜ ਦੀ ਹੋਂਦ ਤੋਂ ਪਹਿਲਾਂ ਅਧਿਕਾਰਾਂ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਇਸ ਕਾਰਨ ਲਾਕ ਦੇ ਇਸ ਸਿਧਾਂਤ ਨੂੰ ਅੱਜ ਦਾ ਵਿਚਾਰਕ ਪ੍ਰਵਾਨ ਨਹੀਂ ਕਰਦਾ।

ਦੈਵੀ ਅਧਿਕਾਰਾਂ ਦੇ ਸਿਧਾਂਤ ਦਾ ਇਕ ਹੋਰ ਅਰਥ ਵੀ ਲਿਆ ਜਾਂਦਾ ਹੈ। ਪ੍ਰਸਿੱਧ ਮਨੋਵਿਗਿਆਨੀ "ਗਰਾਹਮ ਵਾਲਮ" ਦੇ ਕਥਨ ਅਨੁਸਾਰ ਦੈਵੀ ਅਧਿਕਾਰ ਮਨੋਵਿਗਿਆਨ ਦੀਆਂ ਵਾਸਤਵਿਕ ਅਤੇ ਅਟੱਲ ਸਚਾਈਆਂ ਹਨ। ਪ੍ਰੋ. ਲਾਸਕੀ ਅਨੁਸਾਰ ਮਨੁੱਖੀ ਸ਼ਖ਼ਸੀਅਤ ਦੇ ਮਹੱਤਵ ਉਸ ਲਈ ਸੁਭਾਵਿਕ ਹਨ। ਮਿਸਟਰ ਟੀ. ਐਚ. ਗਰੀਨ ਅਨੁਸਾਰ ਅੱਜ ਕੁਦਰਤੀ ਅਧਿਕਾਰਾਂ ਦਾ ਸਿਧਾਂਤ ਕੇਵਲ ਇਕ ਰੂਪ ਹੀ ਮੰਨਿਆ ਜਾ ਸਕਦਾ ਹੈ। ਉਹ ਇਹ ਹੈ ਕਿ ਇਨ੍ਹਾਂ ਅਧਿਕਾਰਾਂ ਨੂੰ ਕੁਦਰਤੀ ਇਸ ਲਈ ਕਿਹਾ ਜਾਂਦਾ ਹੈ ਕਿਉਂਕਿ ਸਮਾਜ ਦੀ ਵਰਤਮਾਨ ਸਥਿਤੀ ਵਿਚ ਵਿਅਕਤੀ ਦੀ ਸਦਾਚਾਰਕ ਜਾਂ ਨੈਤਿਕ ਉੱਨਤੀ ਉਸ ਦੇ ਪੂਰਨ ਵਿਕਾਸ ਲਈ ਅਤਿ ਜ਼ਰੂਰੀ ਹੈ।

ਬਰਤਾਨਵੀ ਸੰਵਿਧਾਨ ਵਿਚ ਸ਼ਾਹੀ ਰਾਜਾਂ ਵਿਚ ਅਜੇ ਵੀ ਰਾਜਤੰਤਰ ਲਈ ਪਰਿਵਾਰ ਦਾ ਜੱਦੀ ਸਿਧਾਂਤ ਮੰਨਿਆ ਜਾਂਦਾ ਹੈ। ਬਾਦਸ਼ਾਹ ਵੱਲੋਂ ਕੀਤੇ ਜਾਂਦੇ ਸ਼ਾਸਨ ਲਈ ਉਸ ਨੂੰ ਕੇਵਲ ਪ੍ਰਮਾਤਮਾ ਕੋਲ ਹੀ ਜਵਾਬਦੇਹ ਹੋਣਾ ਪੈਂਦਾ ਹੈ। ਉਤਰਾਧਿਕਾਰੀ ਸਬੰਧੀ ਸ਼ਕਤੀ ਦੀ ਵਰਤੋਂ ਜੱਦੀਪੁਣੇ ਰਾਹੀਂ ਕੀਤੀ ਜਾਂਦੀ ਹੈ।

17 ਵੀਂ ਸਦੀ ਵਿਚ ਰਾਜਤੰਤਰ ਦਾ ਸੰਕਲਪ ਧਾਰਮਿਕ ਕਾਰਜ ਕਰਨਾ ਸੀ। ਇਹ ਧਾਰਮਿਕ ਸੰਕਲਪ ਈਸਾਈ ਮਤ ਦੇ ਪ੍ਰਭਾਵ ਅਧੀਨ ਹੀ ਆਇਆ। ਪਾਦਰੀ ਵੱਲੋਂ ਬਾਦਸ਼ਾਹ ਦੀ ਕੀਤੀ ਗਈ ਨਿਯੁਕਤੀ ਹੀ ਬਾਦਸ਼ਾਹ ਨੂੰ ਪਵਿੱਤਰ ਹੋਣ ਦਾ ਪ੍ਰਮਾਣ ਦਿੰਦੀ ਸੀ। ਇਸ ਤਰ੍ਹਾਂ ਈਸਾਈ ਬਾਦਸ਼ਾਹ ਰੋਮਨ ਰਾਜੇ ਵਾਂਗ ਬਾਦਸ਼ਾਹ ਅਤੇ ਪਾਦਰੀ ਬਣ ਗਿਆ। ਇਸ ਤਰ੍ਹਾਂ ਰਾਜਤੰਤਰ ਦਾ ਇਹ ਸੰਕਲਪ ਪੋਪ ਅਤੇ ਆਮ ਕਰਕੇ ਪਾਦਰੀ ਮੰਡਲ ਦੀ ਪ੍ਰਤਿਸ਼ਠਾ ਦੇ ਕਮਜ਼ੋਰ ਹੋ ਜਾਣ ਨਾਲ ਸ਼ਕਤੀਸ਼ਾਲੀ ਹੋ ਗਿਆ। ਇੰਗਲੈਂਡ ਵਿਚ ਪਾਦਰੀਆਂ ਨੇ ਚਿੱਟੇ

ਰੰਗ ਦਾ ਆਪਣਾ ਰੇਸ਼ਮੀ ਚੋਲਾ ਤਾਂ ਪਹਿਨਣਾ ਬੰਦ ਕਰ ਦਿੱਤਾ ਪਰੰਤੂ ਬਾਦਸ਼ਾਹ ਦੇ ਹੋਰਨਾਂ ਵਿਸ਼ੇਸ਼ ਚਿੰਨ੍ਹਾਂ ਦੇ ਨਾਲ-ਨਾਲ ਇਹ ਚਿੰਨ੍ਹ ਵੀ ਨਿਰੰਤਰ ਤੌਰ ਤੇ ਜਾਰੀ ਰਿਹਾ। ਉਸ ਨੇ ਇਹ ਪਵਿੱਤਰ ਰੁਤਬਾ ਆਪਣੇ ਬਾਦਸ਼ਾਹ ਵੱਲੋਂ ਨਿਯੁਕਤ ਹੋਣ ਦੀ ਬਜਾਇ ਆਪਣੇ ਜੱਦੀ ਅਧਿਕਾਰ ਕਾਰਨ ਪ੍ਰਾਪਤ ਕੀਤਾ ਸੀ। ਤਾਜਪੋਸ਼ੀ ਦੀ ਰਸਮ, ਤੇਲ ਮਲ ਕੇ ਬਪਤਿਸਮਾ ਦੇਣ ਦੀ ਰਸਮ ਅਤੇ ਬਾਦਸ਼ਾਹ ਦੀ ਸ਼ਾਹੀ ਪੋਸ਼ਾਕ, ਉਸ ਦੀ ਪਦਵੀ ਕਾਰਨ ਉਸ ਨਾਲ ਜੁੜੇ ਹੋਏ ਦੈਵੀ ਸ਼ਾਨ ਦੇ ਬਾਹਰੀ ਚਿੰਨ੍ਹ ਬਾਹਰੀ ਤੌਰ ਤੇ ਦਿਸਣਯੋਗ ਸਨ। ਰੋਮਨ ਕੈਥੋਲਿਕ ਰਾਜਿਆਂ ਨੇ ਇਹ ਗੱਲ ਕਦੇ ਵੀ ਸਵੀਕਾਰ ਨਾ ਕੀਤੀ ਕਿ ਆਰਕ-ਬਿਸ਼ਪ ਦੁਆਰਾ ਕੀਤੀ ਗਈ ਉਨ੍ਹਾਂ ਦੀ ਤਾਜਪੋਸ਼ੀ ਵਿਚ ਸ਼ਾਸਨ ਕਰਨ ਸਬੰਧੀ ਉਨ੍ਹਾਂ ਦੀ ਪਦਵੀ ਦਾ ਕੋਈ ਅੰਸ਼ ਸ਼ਾਮਲ ਹੋਵੇ।

17ਵੀਂ ਸਦੀ ਵਿਚ ਇੰਗਲੈਂਡ ਦੇ ਰਾਜਨੀਤਿਕ ਝਗੜਿਆਂ ਦੌਰਾਨ ਇਹ ਸਿਧਾਂਤ ਇਸ ਦੇ ਤਰਕਸ਼ੀਲ ਨਤੀਜਿਆਂ ਤੇ ਵਿਚਾਰ ਕਰਨ ਲੱਗਾ। ਇਸ ਦੇ ਵਿਆਖਿਆਕਾਰਾਂ ਵਿਚ ਸਭ ਤੋਂ ਨਾਮਵਰ ਹਾਬਜ਼ ਅਤੇ ਸਭ ਤੋਂ ਅਤਿਕਥਨੀਆ ਸਰ ਰਾਬਰਟ ਫਿਲਮਰ ਸੀ।

ਰਾਜਤੰਤਰ ਵਾਦੀਆਂ ਦਾ ਵਿਚਾਰ ਸੀ ਕਿ ਸਾਰੇ ਈਸਾਈ ਰਾਜੇ, ਸ਼ਹਿਜ਼ਾਦੇ ਅਤੇ ਗਵਰਨਰ ਆਪਣੀ ਸ਼ਕਤੀ ਸਿਧੇ ਹੀ ਪ੍ਰਮਾਤਮਾ ਤੋਂ ਪ੍ਰਾਪਤ ਕਰਦੇ ਹਨ। ਪਾਰਲੀਮੈਂਟੇਰੀਅਨਾਂ ਦਾ ਵਿਚਾਰ ਸੀ ਕਿ ਇਹ ਸ਼ਕਤੀ ਰਾਜੇ ਅਤੇ ਲੋਕਾਂ ਦੇ ਵਿਚਕਾਰ ਹੋਏ ਇਕ ਅਸਲੀ ਜਾਂ ਅਰਥਾਵੇ ਮੁਆਇਦੇ ਦਾ ਹੀ ਸਿੱਟਾ ਹੈ। ਲੂਈ 14ਵੇਂ ਦੇ ਕਥਨ ਅਨੁਸਾਰ ਇਕ ਸੂਰਤ ਵਿਚ ਰਾਜੇ ਦੀ ਸ਼ਕਤੀ ਦਾ ਅਸੀਮਤ ਜਾਂ ਸੀਮਤ ਹੋਣਾ ਉਸ ਦੁਆਰਾ ਆਜ਼ਾਦ ਰੂਪ ਵਿਚ ਕੀਤੇ ਕਾਰਜ ਉੱਤੇ ਨਿਰਭਰ ਕਰਦਾ ਹੈ। ਦੂਜੀ ਸ਼ਰਤ ਵਿਚ ਰਾਜੇ ਦੇ ਦੂਜੇ ਕੰਮਾਂ ਦਾ ਸੰਚਾਲਨ ਲੋਕਾਂ ਦੀ ਰਾਏ ਅਤੇ ਸਹਿਮਤੀ ਅਨੁਸਾਰ ਹੀ ਹੋਵੇਗਾ ਅਤੇ ਅਖ਼ੀਰ ਨੂੰ ਉਹ ਉਨ੍ਹਾਂ ਨੂੰ ਹੀ ਜਵਾਬਦੇਹ ਹੋਵੇਗਾ। ਇਸ ਮਗਰਲੇ ਸਿਧਾਂਤ ਦੀ ਜਿੱਤ ਦਾ, ਚਾਰਲਸ ਪਹਿਲੇ ਨੂੰ ਫਾਂਸੀ ਲਾਉਣ ਤੇ ਹੀ ਸਾਰੇ ਸੰਸਾਰ ਵਿਚ ਐਲਾਨ ਕੀਤਾ ਗਿਆ।

ਅਸਲ ਵਿਚ ਦੈਵੀ ਅਧਿਕਾਰਾਂ ਦਾ ਸਿਧਾਂਤ ਕੁਝ ਅਰਸੇ ਲਈ ਸ਼ਾਹੀ ਸ਼ਹੀਦਾਂ ਦੇ ਖ਼ੂਨ ਤੋਂ ਹੀ ਵਿਕਸਿਤ ਹੋਇਆ। ਰੈਸਟੋਰੇਸ਼ਨ ਸਮੇਂ ਐਂਗਲੀਕਨ ਚਰਚ ਦਾ ਮਾਰਗ-ਦਰਸ਼ਨ ਦੈਵੀ ਅਧਿਕਾਰਾਂ ਦਾ ਸਿਧਾਂਤ ਹੁੰਦਾ ਸੀ। ਇਸ ਸਿਧਾਂਤ ਨੂੰ ਉਸ ਸਮੇਂ ਕਾਫ਼ੀ ਧੱਕਾ ਲੱਗਾ ਜਦੋਂ ਜੇਮਜ਼ ਦੂਜੇ ਨੇ ਪਾਦਰੀ ਮੰਡਲ ਨੂੰ ਉਨ੍ਹਾਂ ਦੀ ਜ਼ਮੀਰ ਅਤੇ ਉਨ੍ਹਾਂ ਦੇ ਬਾਦਸ਼ਾਹ ਦੋਹਾਂ ਨੂੰ ਮੰਨਣ ਲਈ ਅਸੰਭਵ ਬਣਾ ਦਿੱਤਾ। ਸੰਨ 1688 ਵਿਚ ਹੋਏ ਇਨਕਲਾਬ ਨੇ ਇਸ ਨੂੰ ਇਕ ਵੱਡੀ ਰਾਜਨੀਤਿਕ ਸ਼ਕਤੀ ਵਜੋਂ ਖ਼ਤਮ ਕਰ ਦਿੱਤਾ।

ਹ. ਪੁ. -ਐਨ. ਬ੍ਰਿ. 13 : 394; ਐਨ. ਅਮੈ. 9 : 201; ਪੋਲਿਟੀਕਲ ਥਿਉਰੀ, : 91 -ਡਾ. ਐਸ. ਐਸ. ਨੰਦਾ

ਦੋਆਬ : ਦੋਆਬ ਦਾ ਸ਼ਾਬਦਿਕ ਅਰਥ ਹੈ ਦੋ + ਆਬ (ਪਾਣੀ) ਅਰਥਾਤ ਦੋ ਪਾਣੀਆਂ ਦੇ ਵਿਚਕਾਰ। ਇਹ ਸ਼ਬਦ ਭਾਰਤ ਅਤੇ ਪਾਕਿਸਤਾਨ ਵਿਚ ਜ਼ਿਆਦਾ ਪ੍ਰਚੱਲਤ ਹੈ ਅਤੇ ਇਥੇ ਇਸ ਸ਼ਬਦ ਦੀ ਵਰਤੋਂ ਬਾਰੇ ਸੀਮਾ-ਬੱਧਤਾ ਦਾ ਬਹੁਤਾ ਖਿਆਲ ਨਹੀਂ ਰਖਿਆ ਜਾਂਦਾ। ਆਮ ਤੌਰ ਤੇ ਦੋ ਦਰਿਆਵਾਂ ਦੇ ਵਿਚਕਾਰ ਫੈਲੇ ਖੇਤਰ ਨੂੰ ਦੋਆਬ ਕਿਹਾ ਜਾਂਦਾ ਹੈ ਜਿਵੇਂ ਸਤਲੁਜ ਅਤੇ ਰਾਵੀ ਦਰਿਆ ਦੇ ਵਿਚਕਾਰ ਪੈਂਦੇ ਭੂਮੀ ਖੇਤਰ ਨੂੰ ਬਾਰੀ ਦੋਆਬ,ਰਾਵੀ ਅਤੇ ਚਨਾਬ ਦੇ ਵਿਚਕਾਰਲੇ ਖੇਤਰ ਨੂੰ ਰਚਨਾ ਦੋਆਬ, ਜਿਹਲਮ ਅਤੇ ਸਿੰਧ ਦਰਿਆ ਦੇ ਵਿਚਕਾਰਲੇ ਖੇਤਰ ਨੂੰ ਸਿੰਧ ਸਾਗਰ ਦੋਆਬ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਅਸਲ ਵਿਚ ਦੋਆਬ ਦੋ ਸਮਾਨਾਂਤਰ ਵਗਦੇ ਦਰਿਆਵਾਂ ਦੇ ਵਿਚਕਾਰ ਪੈਂਦੇ ਖੇਤਰ ਨੂੰ ਆਖਦੇ ਹਨ। ਖ਼ਾਸ ਤੌਰ ਤੇ ਉੱਤਰ ਪ੍ਰਦੇਸ਼ ਵਿਚ ਪੈਂਦੇ ਗੰਗਾ ਅਤੇ ਜਮਨਾ ਦਰਿਆਵਾਂ ਵਿਚਕਾਰਲੇ ਸ਼ਿਵਾਲਿਕ ਪਹਾੜੀਆਂ ਤੋਂ ਉਨ੍ਹਾਂ ਦੇ ਸੰਗਮ ਤਕ ਦੇ ਖੇਤਰ ਨੂੰ ਦੋਆਬ ਕਿਹਾ ਜਾਂਦਾ ਹੈ।

ਹ. ਪੁ. -ਐਨ. ਬ੍ਰਿ. 7 : 526

ਦੋਸਤ ਮੁਹੰਮਦ ਖ਼ਾਨ : ਅਫ਼ਗਾਨਿਸਤਾਨ ਦੇ ਮੁਹੰਮਦ-ਜ਼ਈ (ਬਰਕਜ਼ਈ) ਘਰਾਣੇ ਦੇ ਇਸ ਬਾਨੀ ਦਾ ਜਨਮ 1789 ਈ. ਵਿਚ ਹੋਇਆ। ਇਹ ਬਰਕਜ਼ਈ ਕਬੀਲੇ ਦੇ ਸਰਦਾਰ ਪੈਂਦੇ ਖ਼ਾਨ ਦੇ 21 ਪੁੱਤਰਾਂ ਵਿਚੋਂ 20ਵਾਂ ਪੁੱਤਰ ਸੀ। ਪਿਤਾ ਦੀ ਮੌਤ ਤੋਂ ਬਾਅਦ ਇਹ ਕੁਝ ਸਮਾਂ ਆਪਣੇ ਨਾਨਕਿਆਂ ਕੋਲ ਤੇ ਬਾਅਦ ਵਿਚ ਆਪਣੇ ਵੱਡੇ ਭਰਾ ਫ਼ਤਹਿ ਖ਼ਾਨ ਕੋਲ ਰਿਹਾ। ਸੰਨ 1809 ਵਿਚ ਫ਼ਤਹਿ ਖ਼ਾਨ ਮਹਿਮੂਦ ਸ਼ਾਹ ਦਾ ਵਜ਼ੀਰ ਬਣ ਗਿਆ ਅਤੇ ਉਸ ਸਮੇਂ ਤੋਂ ਹੀ ਦੋਸਤ ਮੁਹੰਮਦ ਵੀ ਕਾਫ਼ੀ ਮਸ਼ਹੂਰ ਹੋਣ ਲੱਗਾ। ਸੰਨ 1816 ਵਿਚ ਇਨ੍ਹਾਂ ਦੋਹਾਂ ਭਰਾਵਾਂ ਨੂੰ ਯੂਨਾਨੀ ਫ਼ੌਜਾਂ ਦੇ ਹਮਲੇ ਤੋਂ ਹੈਰਾਤ ਦੀ ਰੱਖਿਆ ਕਰਨ ਲਈ ਭੇਜਿਆ ਗਿਆ। ਇਥੇ ਦੋਸਤ ਮੁਹੰਮਦ ਨੇ ਇਕ ਸ਼ਹਿਜ਼ਾਦੀ ਦੇ ਜ਼ੇਵਰਾਤ ਉਤਾਰ ਕੇ ਉਸ ਦਾ ਅਪਮਾਨ ਕੀਤਾ ਜਿਸ ਕਰਕੇ ਮਹਿਮੂਦ ਦੇ ਵੱਡੇ ਭਰਾ ਕਾਮਰਾਨ ਨੇ ਹੈਰਾਤ ਪਹੁੰਚ ਕੇ ਇਸ ਦੇ ਵੱਡੇ ਭਰਾ ਫ਼ਤਹਿ ਖ਼ਾਨ ਨੂੰ ਪਕੜ ਕੇ ਅੰਨ੍ਹਾ ਕਰ ਦਿੱਤਾ ਪਰ ਦੋਸਤ ਮੁਹੰਮਦ ਇਥੋਂ ਬਚ ਕੇ ਕਸ਼ਮੀਰ ਚਲਾ ਗਿਆ।

ਇਹ ਖ਼ਬਰ ਸੁਣਦੇ ਸਾਰ ਹੀ ਬਾਕੀ ਸਾਰੇ ਬਰਕਜ਼ਈ ਭਰਾਵਾਂ ਨੇ ਸ਼ਾਹ ਦੇ ਵਿਰੁੱਧ ਹਥਿਆਰ ਚੁੱਕ ਲਏ ਅਤੇ ਜਿਸ ਸਮੇਂ ਫਤਹਿ ਖ਼ਾਨ ਨੂੰ ਤਸੀਹੇ ਦੇ ਕੇ ਮੌਤ ਦੇ ਘਾਟ ਉਤਾਰਿਆ ਜਾ ਰਿਹਾ ਸੀ, ਦੋਸਤ ਮੁਹੰਮਦ ਖ਼ਾਨ ਨੇ 1818 ਈ. ਵਿਚ ਕਸ਼ਮੀਰ ਤੋਂ ਅਫ਼ਗਾਨਿਸਤਾਨ ਉੱਤੇ ਹਮਲਾ ਕਰ ਕੇ ਪਿਸ਼ਾਵਰ ਅਤੇ ਕਾਬਲ ਉੱਤੇ ਕਬਜ਼ਾ ਕਰ ਲਿਆ। ਮਹਿਮੂਦ ਅਤੇ ਕਾਮਰਾਨ ਨੂੰ ਹੈਰਾਤ ਵੱਲ ਧਕੇਲ ਦਿੱਤਾ ਗਿਆ। ਇਸ ਤੋਂ ਬਾਅਦ ਇਨ੍ਹਾਂ ਸਾਰੇ ਭਰਾਵਾਂ ਨੇ ਅਫ਼ਗਾਨਿਸਤਾਨ ਦੇ ਬਹੁਤੇ ਹਿੱਸੇ ਨੂੰ ਆਪਸ ਵਿਚ ਵੰਡ ਲਿਆ। ਸੰਨ 1826 ਵਿਚ ਹੋਈ ਇਸ ਵੰਡ ਵਿਚ ਕਾਬਲ, ਗਜ਼ਨੀ ਅਤੇ ਜਲਾਲਾਬਾਦ ਦੋਸਤ ਮੁਹੰਮਦ ਦੇ ਹਿੱਸੇ ਆਏ। ਇਸ ਤਰ੍ਹਾਂ ਇਹ ਆਪਣੇ ਭਰਾਵਾਂ ਵਿਚੋਂ ਸਭ ਤੋਂ ਵੱਧ ਸ਼ਕਤੀਸ਼ਾਲੀ ਬਣ ਗਿਆ।

ਇਸੇ ਸਮੇਂ ਵਿਚ ਹੀ ਇਨ੍ਹਾਂ ਦੇ ਘਰੇਲੂ ਯੁੱਧ ਦੇ ਰੌਲੇ-ਰੱਪੇ ਵਿਚੋਂ ਬੁਖਾਰਾ ਦੇ ਸ਼ਾਹ (ਅਮੀਰ) ਨੇ ਉੱਤਰੀ ਅਫ਼ਗਾਨਿਸਤਾਨ ਦੇ ਸੂਬਿਆਂ ਤੇ ਅਤੇ ਸਿੱਖਾਂ ਨੇ ਪਿਸ਼ਾਵਰ ਸਮੇਤ ਸਿੰਧ ਦੇ ਆਰ-ਪਾਰ ਦੇ ਜ਼ਿਲ੍ਹਿਆਂ ਉੱਤੇ ਕਬਜ਼ਾ ਕਰ ਲਿਆ। ਦੋਸਤ ਮੁਹੰਮਦ ਨੇ ਕਾਬਲ ਵਿਚ ਆਪਣੀ ਸਥਿਤੀ ਮਜ਼ਬੂਤ ਕਰਨ ਤੋਂ ਬਾਅਦ ਸਿੱਖਾਂ ਤੋਂ ਆਪਣਾ ਇਲਾਕਾ ਵਾਪਸ ਲੈਣ ਦਾ ਪੱਕਾ ਫ਼ੈਸਲਾ ਕਰ ਲਿਆ। ਇਸ ਲਈ ਇਸ ਨੇ 1836 ਈ. ਵਿਚ ਸਿੱਖਾਂ ਵਿਰੁੱਧ ਜਹਾਦ ਦਾ ਐਲਾਨ ਕਰ ਦਿੱਤਾ ਅਤੇ ਆਪਣੇ ਆਪ ਨੂੰ ਅਮੀਰੁਦ ਮੋਮਿਨੀ (ਵਫ਼ਾਦਾਰਾਂ ਦਾ ਮੁੱਖੀ) ਦਾ ਮੁੱਖੀ ਐਲਾਨ ਕਰ ਦਿਤਾ। ਇਸ ਤਰ੍ਹਾਂ ਧਰਮ ਦੇ ਨਾਂ ਤੇ ਇਕੱਠੇ ਕੀਤੇ ਲੋਕਾਂ ਨਾਲ ਇਸ ਨੇ ਪਿਸ਼ਾਵਰ ਤੇ ਹਮਲਾ ਕਰ ਦਿੱਤਾ ਪਰ ਮਹਾਰਾਜਾ ਰਣਜੀਤ ਸਿੰਘ ਦੀਆਂ ਫ਼ੌਜਾਂ ਦਾ ਸਾਹਮਣਾ ਨਾ ਕਰ ਸਕਿਆ। ਸਰਦਾਰ ਹਰੀ ਸਿੰਘ ਨਲਵੇ ਨੇ ਜਮਰੌਦ ਦਾ ਕਿਲਾ ਫ਼ਤਹਿ ਕਰਕੇ ਇਸ ਨੂੰ ਬੁਰੀ ਤਰ੍ਹਾਂ ਭਾਜ ਦਿੱਤੀ।

ਪਿਸ਼ਾਵਰ ਤੋਂ ਵਾਪਸ ਆ ਕੇ ਦੋਸਤ ਮੁਹੰਮਦ ਨੇ ਰਸਮੀ ਤੌਰ ਤੇ ਸ਼ਾਹ (ਅਮੀਰ) ਦਾ ਖ਼ਿਤਾਬ ਧਾਰਨ ਕਰ ਲਿਆ ਅਤੇ 1837 ਈ. ਵਿਚ ਕਪਤਾਨ ਬਰਨਸ ਦੋਸਤ ਮੁਹੰਮਦ ਖ਼ਾਨ ਦੇ ਕੋਲ ਅੰਗਰੇਜ਼ੀ ਸਰਕਾਰ ਦਾ ਸਫ਼ੀਰ ਬਣ ਕੇ ਗਿਆ ਤਾਂ ਜੋ ਵਪਾਰਕ ਮਾਮਲਿਆਂ ਤੇ ਪਿਛਲੇ ਇਕਰਾਰਨਾਮਿਆਂ ਨੂੰ ਪੱਕਾ ਕਰੇ ਪਰ ਦੋਸਤ ਮੁਹੰਮਦ ਬਰਨਸ ਨਾਲ ਬਹੁਤ ਬੇਰੁਖੀ ਨਾਲ ਪੇਸ਼ ਆਇਆ। ਇਥੋਂ ਤਕ ਕੇ ਅੰਗਰੇਜ਼ਾਂ ਨੂੰ ਚਿੜਾਨ ਲਈ ਇਸ ਨੇ ਰੂਸ ਦੇ ਸਫ਼ੀਰ ਵਨਕੋਚ ਨੂੰ ਕਾਬਲ ਬੁਲਾ

ਕੇ ਉਸ ਦਾ ਸ਼ਾਨਦਾਰ ਸਵਾਗਤ ਕੀਤਾ ਕਿਉਂਕਿ ਇਹ ਚਾਹੁੰਦਾ ਸੀ ਕਿ ਅੰਗਰੇਜ਼ ਮਹਾਰਾਜਾ ਰਣਜੀਤ ਸਿੰਘ ਨਾਲ ਲੜਾਈ ਕਰਕੇ ਪਿਸ਼ਾਵਰ ਇਸ ਨੂੰ ਵਾਪਸ ਲੈ ਦੇਣ। ਅੰਗਰੇਜ਼ਾਂ ਦੁਆਰਾ ਅਜਿਹਾ ਨਾ ਕੀਤੇ ਜਾ ਸਕਣ ਤੇ ਇਕ ਦਿਨ ਕਪਤਾਨ ਬਰਨਸ 1838 ਈ. ਵਿਚ ਵਾਪਸ ਆ ਗਿਆ। ਅੰਗਰੇਜ਼ਾਂ ਨੇ ਇਸ ਨੂੰ ਇਸ ਦੀ ਗੁਸਤਾਖ਼ੀ ਦੀ ਸਜ਼ਾ ਦੇਣ ਲਈ ਲਾਹੌਰ ਦਰਬਾਰ ਦੀ ਸਹਾਇਤਾ ਨਾਲ ਇਸ ਨੂੰ ਗੱਦੀ ਤੋਂ ਲਾਹ ਕੇ ਸ਼ਾਹ ਸ਼ੁਜਾ-ਉਲ ਮੁਲਕ ਨੂੰ ਗੱਦੀ ਤੇ ਬਿਠਾਉਣ ਦੀ ਵਿਉਂਤ ਬਣਾਈ। ਇਸ ਤਰ੍ਹਾਂ ਅੰਤ ਨੂੰ ਅੰਗਰੇਜ਼ਾਂ ਅਤੇ ਅਫ਼ਗਾਨਾਂ ਦੀ ਪਹਿਲੀ ਲੜਾਈ ਦਾ ਆਰੰਭ ਹੋਇਆ। ਦੋਸਤ ਮੁਹੰਮਦ ਦੌੜ ਕੇ ਪਹਿਲਾਂ ਬਲਖ਼ ਤੇ ਫਿਰ ਬੁਖ਼ਾਰਾ ਚਲਿਆ ਗਿਆ। ਇਥੇ ਇਸ ਨੂੰ ਕੁਝ ਚਿਰ ਲਈ ਕੈਦੀ ਬਣਾ ਲਿਆ ਗਿਆ। ਇਸ ਤੋਂ ਬਾਅਦ 1840 ਈ. ਵਿਚ ਇਥੋਂ ਬਚ ਨਿਕਲਿਆ ਅਤੇ ਫ਼ੌਜ ਇਕੱਠੀ ਕਰਕੇ ਪਰਵੰਦਰਾ ਦੇ ਸਥਾਨ ਤੇ ਅੰਗਰੇਜ਼ਾਂ ਉੱਤੇ ਹਮਲਾ ਕੀਤਾ। ਇਸ ਲੜਾਈ ਵਿਚ ਬੇਸ਼ਕ ਇਹ ਅੰਗਰਜ਼ਾਂ ਤੇ ਭਾਰੂ ਸੀ ਪਰ ਫਿਰ ਵੀ ਅਗਲੇ ਦਿਨ ਕਾਬਲ ਵਿਚ ਇਸ ਨੇ ਅੰਗਰੇਜ਼ਾਂ ਅੱਗੇ ਹਥਿਆਰ ਸੁੱਟ ਦਿੱਤੇ ਜਿਸ ਕਰਕੇ ਅਫ਼ਗਾਨ ਬਹੁਤ ਹੈਰਾਨ ਹੋਏ। ਲੜਾਈ ਦੇ ਬਾਕੀ ਸਮੇਂ ਦੌਰਾਨ ਇਸ ਨੂੰ ਕੋਲਕਾਤਾ ਦੀ ਜੇਲ੍ਹ ਵਿਚ ਕੈਦ ਕਰੀ ਰੱਖਿਆ।

ਸੰਨ 1843 ਵਿਚ ਇਸ ਨੂੰ ਮੁੜ ਤਖ਼ਤ ਤੇ ਬਿਠਾ ਦਿੱਤਾ ਗਿਆ। ਇਸ ਤੋਂ ਬਾਅਦ 1848-49 ਈ. ਵਿਚ ਹੋਏ ਸਿੱਖ ਯੁੱਧ ਵਿਚ ਇਸ ਨੇ ਸਿੱਖਾਂ ਦੀ ਸਹਾਇਤਾ ਕੀਤੀ ਪਰ ਗੁਜਰਾਤ ਦੀ ਲੜਾਈ ਤੋਂ ਬਾਅਦ ਇਸ ਨੇ ਆਪਣੇ ਰਾਜ ਨੂੰ ਮਜ਼ਬੂਤ ਕਰਨ ਵੱਲ ਧਿਆਨ ਦਿੱਤਾ। ਇਸ ਲਈ ਇਸ ਨੇ 1855 ਈ. ਅਤੇ 1857 ਈ. ਵਿਚ ਅੰਗਰੇਜ਼ਾਂ ਨਾਲ ਸੰਧੀ ਉੱਤੇ ਹਸਤਾਖ਼ਰ ਕੀਤੇ ਪਰ ਭਾਰਤ ਦੇ 1857 ਈ. ਦੇ ਗ਼ਦਰ ਸਮੇਂ ਇਹ ਨਿਰਪੱਖ ਹੀ ਰਿਹਾ। ਇਸ ਸਮੇਂ ਦੌਰਾਨ ਇਸ ਨੇ ਕੰਧਾਰ ਨੂੰ ਆਪਣੇ ਰਾਜ ਵਿਚ ਮਿਲਾ ਲਿਆ, ਉੱਤਰ ਵੱਲੋਂ ਆਪਣੇ ਖੁੱਸੇ ਹੋਏ ਇਲਾਕੇ ਨੂੰ ਵਾਪਸ ਲੈ ਲਿਆ। ਸੰਨ 1863 ਵਿਚ ਹੈਰਾਤ ਉੱਤੇ ਵੀ ਮੁੜ ਕਬਜ਼ਾ ਕਰ ਲਿਆ ਪਰ ਇਸ ਘਟਨਾ ਤੋਂ ਥੋੜ੍ਹੀ ਦੇਰ ਬਾਅਦ ਹੀ ਜੂਨ, 1863 ਵਿਚ ਹੈਰਾਤ ਵਿਖੇ ਇਸ ਦੀ ਮੌਤ ਹੋ ਗਈ।

ਇਹ ਇਕ ਤਕੜਾ ਸ਼ਾਸਕ ਸੀ ਜੋ ਆਪਣੇ ਲੋਕਾਂ ਵਿਚ ਬਹੁਤ ਹਰਮਨ ਪਿਆਰਾ ਸੀ। ਅਫ਼ਗਾਨ ਇਤਿਹਾਸ ਵਿਚ ਭਾਵੇਂ ਇਹ ਬਹੁਤ ਸਮੇਂ ਬਾਅਦ ਤਾਕਤ ਵਿਚ ਆਇਆ ਫਿਰ ਵੀ ਇਹ ਇਸ ਦੀ ਸਿਆਣਪ ਅਤੇ ਸੂਝ ਹੀ ਸੀ ਕਿ ਅਫ਼ਗਾਨਿਸਤਾਨ ਅਜਿਹੇ ਔਖੇ ਸਮੇਂ ਵੀ ਮਜ਼ਬੂਤ ਅਤੇ ਇਕਮੁੱਠ ਰਹਿ ਸਕਿਆ।

ਹ. ਪੁ. -ਐਨ. ਬ੍ਰਿ. 7 : 601; ਤਵਾ. ਗੁ. ਖਾ. 2 : 393 ; ਸਿ. ਇ. : 228 : 230 -ਕਨਿੰਘਮ

ਦੋ ਸਦਨੀ ਪ੍ਰਣਾਲੀ : ਦੋ ਸਦਨੀ ਪ੍ਰਣਾਲੀ ਸਰਕਾਰ ਤੋਂ ਭਾਵ ਦੋ ਸਦਨੀ ਵਿਧਾਨ ਮੰਡਲ ਤੋਂ ਹੈ। ਇਤਿਹਾਸਕ ਤੌਰ ਦੇ ਦੋ ਸਦਨੀ ਪ੍ਰਣਾਲੀ ਦੀ ਸ਼ੁਰੂਆਤ ਇੰਗਲੈਂਡ ਵਿਚ 17ਵੀਂ ਸਦੀ ਤੋਂ ਸੰਵਿਧਾਨਕ ਸਰਕਾਰ ਬਣਨ ਨਾਲ ਅਤੇ 18ਵੀਂ ਸਦੀ ਦੇ ਅਖ਼ੀਰ ਵਿਚ ਯੂਰਪ ਤੇ ਸੰਯੁਕਤ ਰਾਜ ਤੋਂ ਹੁੰਦੀ ਹੈ। ਬਰਤਾਨੀਆ ਦੀ ਸੰਸਦ ਨੇ ਆਮ ਲੋਕਾਂ ਅਤੇ ਕੁਲੀਨ ਵਰਗ ਤੇ ਪਾਦਰੀਆਂ ਵਿਚਾਲੇ ਵਖਰੇਂਵੇ ਨੂੰ ਦਰਸਾਉਣ ਲਈ ਦੋ ਸਦਨੀ ਪ੍ਰਣਾਲੀ ਸ਼ੁਰੂ ਕੀਤੀ ਜਦੋਂ ਕਿ ਅਮਰੀਕਾ ਵਿਚ ਜਦੋਂ ਬਰਤਾਨਵੀ ਉਪਨਿਵੇਸ਼ਕਾਰ ਆਬਾਦ ਹੋਏ ਤਾਂ ਇਨ੍ਹਾਂ ਨੇ ਦੋ ਸਦਨਾਂ ਵਾਂਗ ਸਭਾਵਾਂ ਕੀਤੀਆਂ ਕਿਉਂਕਿ ਦੋਨਾਂ ਦੇ ਹਿਤਾਂ ਦੀ ਪ੍ਰਤਿਨਿਧਤਾ ਵਖਰੇ ਵਰਗਾਂ ਵੱਲੋਂ ਸਥਾਨਕ ਲੋਕਾਂ ਦੀ ਗਵਰਨਰ ਇਨ ਕੌਂਸਲ ਵੱਲੋਂ ਅਤੇ ਉਪਨਿਵੇਸ਼ਕਾਰਾਂ ਦੇ ਚੁਣੇ ਹੋਏ ਪ੍ਰਤਿਨਿਧਾਂ ਵੱਲੋਂ ਕੀਤੀ ਜਾਂਦੀ ਸੀ। ਸਮੁੱਚੇ ਵਿਸ਼ਵ ਵਿਚ ਸੰਵਿਧਾਨਿਕ ਸਰਕਾਰ ਦੇ ਵਿਸਤਾਰ ਨਾਲ ਬਹੁਤ ਸਾਰੇ ਦੇਸ਼ਾਂ ਨੇ ਇੰਗਲੈਂਡ ਤੇ ਸੰਯੁਕਤ ਰਾਜ ਦੇ ਨਮੂਨੇ ਤੇ ਦੋ ਸਦਨੀ ਪ੍ਰਣਾਲੀ ਸਥਾਪਿਤ ਕੀਤੀ।

ਇਨ੍ਹਾਂ ਵਿਚੋਂ ਇਕ ਸਦਨ ਵੱਡਾ ਹੁੰਦਾ ਹੈ ਅਤੇ ਇਸ ਦੇ ਮੈਂਬਰ ਜਨਤਾ ਵੱਲੋਂ ਚੋਣਾਂ ਰਾਹੀਂ ਚੁਣੇ ਹੁੰਦੇ ਹਨ। ਜਦੋਂ ਕਿ ਦੂਸਰਾ ਛੋਟਾ ਅਤੇ ਇਸ ਦੇ ਮੈਂਬਰ ਚੋਣਾਂ, ਨਿਯੁਕਤੀ ਜਾਂ ਉਤਰਾਧਿਕਾਰੀਆਂ ਰਾਹੀਂ ਲਏ ਜਾਂਦੇ ਹਨ। ਦੋ ਸਦਨੀ ਪ੍ਰਣਾਲੀ ਮੁੱਖ ਤੌਰ ਤੇ ਸੰਘੀ ਸਰਕਾਰਾਂ ਜਿਵੇਂ ਕਿ ਆਸਟ੍ਰੇਲੀਆ, ਬ੍ਰਾਜ਼ੀਲ, ਕੈਨੇਡਾ ਅਤੇ ਸੰਯੁਕਤ ਰਾਜਾਂ ਵਿਚ ਮਿਲਦੀ ਹੈ।

ਸਿਧਾਂਤਕ ਤੌਰ ਤੇ ਇਹ ਦੋ ਸਦਨੀ ਪ੍ਰਣਾਲੀ ਪੜਤਾਲ ਤੇ ਸੰਤੁਲਨ ਦੇ ਸਿਧਾਂਤ ਨੂੰ ਲਾਗੂ ਕਰਨ ਲਈ ਨਿਆਂਪੂਰਬਕ ਹੈ। ਦੋ ਸਦਨੀ ਪ੍ਰਣਾਲੀ ਇਕ ਉਚਿਤ ਸੰਗਤ ਪ੍ਰਣਾਲੀ ਹੈ ਕਿਉਂਕਿ ਇਹ ਜਲਦਬਾਜ਼ੀ ਤੇ ਨਾਗਵਾਰ ਕਾਨੂੰਨਸਾਜ਼ੀ ਤੋਂ ਬਚਾਉਂਦੀ ਹੈ ਅਤੇ ਸੋਚ ਵਿਚਾਰ ਕੇ ਕਾਨੂੰਨਸਾਜ਼ੀ ਕਰਨ ਲਈ ਪ੍ਰੇਰਿਤ ਕਰਦੀ ਹੈ। ਭਾਵੇਂ ਦੋ ਸਦਨੀ ਪ੍ਰਣਾਲੀ ਪ੍ਰਚੱਲਤ ਚਲੀ ਆ ਰਹੀ ਹੈ ਪਰ 20ਵੀਂ ਸਦੀ ਵਿਚ ਇਸ ਪ੍ਰਣਾਲੀ ਵਿਰੁੱਧ ਪ੍ਰਤਿਕ੍ਰਿਆ ਸ਼ੁਰੂ ਹੋ ਗਈ। ਦੂਜੇ ਸੰਸਾਰ ਯੁੱਧ ਮਗਰੋਂ ਪੂਰੀ ਦੁਨੀਆ ਵਿਚ ਖਾਸ ਕਰਕੇ ਗੈਰ-ਸੰਘੀ ਰਾਜਾਂ ਵਿਚ ਇਕ ਸਦਨੀ ਪ੍ਰਣਾਲੀ ਵੱਲ ਰੁਝਾਨ ਵਧਿਆ ਹੈ। ਬਹੁਤ ਸਾਰੇ ਯੂਰਪੀ ਦੇਸ਼ਾਂ ਚੀਨ ਅਤੇ ਅਨੇਕਾਂ ਲੈਟਿਨ ਅਮਰੀਕੀ ਦੇਸ਼ਾਂ ਵਿਚ ਇਕ ਸਦਨੀ ਰਾਸ਼ਟਰੀ ਵਿਧਾਨਕ ਸੰਸਥਾਵਾਂ ਕਾਇਮ ਕੀਤੀਆਂ ਗਈਆਂ ਹਨ। ਬਰਤਾਨੀਆਂ ਵਿਚ ਜਿਥੇ ਹਾਊਸ ਆਫ਼ ਲਾਰਡਜ਼ ਕਮਜ਼ੋਰ ਸੀ ਅਤੇ ਫਰਾਂਸ ਵਿਚ ਜਿੱਥੇ ਕੌਂਸਲ ਆਫ਼ ਰੀਪਬਲਕ ਜਿਸ ਨੂੰ 1958 ਈ. ਵਿਚ ਪੰਜਵੇਂ ਫਰੈਂਚ ਰੀਪਬਲਿਕ ਦੀ ਸਥਾਪਨਾ ਨਾਲ ਸੈਨਟ ਦਾ ਨਾਂ ਦਿੱਤਾ ਗਿਆ ਸੀ, ਅਸਲ ਵਿਚ ਇਕ ਸਦਨੀ ਸੰਸਦੀ ਪ੍ਰਣਾਲੀ ਹੈ। ਬਰਾਬਰ ਦੇ ਦੋ ਸਦਨ ਮੰਤਰੀ-ਮੰਡਲ ਪ੍ਰਣਾਲੀ ਦੀ ਸਰਕਾਰ ਲਈ ਅਸੰਗਤ ਤੇ ਅਢੁਕਵੇਂ ਹਨ ਕਿਉਂਕਿ ਇਹ ਇਸ ਦੀਆਂ ਦੋ ਸ਼ਾਖ਼ਾਵਾਂ ਵਿਚਲੀ ਗਤੀ ਰੋਕ ਨੂੰ ਆਸਾਨੀ ਨਾਲ ਸਹਿਣ ਨਹੀ ਕਰ ਸਕਦੇ ।

ਹ. ਪੁ. -ਐਨ. ਬ੍ਰਿ. 17 : 591; ਐਨ. ਬ੍ਰਿ. ਮਾ. 2 : 3

ਦੋਹਰਾ : ਇਹ ਇਕ ਮਾਤ੍ਰਿਕ ਛੰਦ ਹੈ। ਅੰਗਰੇਜ਼ੀ ਵਿਚ ਇਸ ਨੂੰ ਕਪਲੈਟ ਅਤੇ ਹਿੰਦੀ ਵਿਚ ਦੋਹਾ ਆਖਿਆ ਜਾਂਦਾ ਹੈ। ਇਸ ਵਿਚ ਦੋ ਤੁਕਾਂ ਹੁੰਦੀਆਂ ਹਨ । ਇਕ ਤੁਕ ਵਿਚ 24 ਮਾਤਰਾਂ ਹੁੰਦੀਆਂ ਹਨ ਪਹਿਲਾ ਵਿਸ਼ਰਾਮ 13 ਤੇ, ਦੂਜਾ ਵਿਸ਼ਰਾਮ 11 ਤੇ ਅਤੇ ਅੰਤ ਤੇ ਗੁਰੂ ਲਘੂ ਹੁੰਦਾ ਹੈ। ਇਸ ਤੋਂ ਇਲਾਵਾ ਵਿਦਵਾਨਾਂ ਵਲੋਂ ਇਹ ਵੀ ਨਿਯਮ ਬਣਾਇਆ ਗਿਆ ਹੈ ਕਿ ਦੋਹੇ ਦੇ ਆਰੰਭ ਵਿਚ ਦੋ ਡਗਣ ਅਰਥਾਤ ਢਗਣ ਰੱਖੀਏ, ਭਾਵ ਚੌਕਲ ਨਾਲ ਚੌਕਲ ਅਤੇ ਤਿਕਲ ਨਾਲ ਤਿਕਲ ਦਾ ਸੰਜੋਗ ਕਰੀਏ। ਦੋ ਮਾਤ੍ਰਕ ਗਣਾਂ ਦੇ ਸੰਜੋਗ ਕਰਕੇ ਹੀ ਇਸ ਦਾ ਨਾਂ ਦੋਹਾ ਜਾਂ ਦੋਹਰਾ ਪਿਆ ਹੈ। ਮਾਤ੍ਰਿਕ ਗਣਾਂ ਦੀ ਤਰਤੀਬ ਇਸ ਪ੍ਰਕਾਰ ਹੁੰਦੀ ਹੈ-6+4+3, 6+4+1। ਗੁਰਮਤਿ ਸਾਹਿਤ ਵਿਚ 18 ਪ੍ਰਕਾਰ ਦੇ ਦੋਹਰਿਆਂ ਦੀ ਵਰਤੋਂ ਕੀਤੀ ਗਈ ਹੈ।

ਪ੍ਰਾਕ੍ਰਿਤ ਸਾਹਿਤ ਵਿਚ ਜਿਹੜਾ ਸਥਾਨ ਗਾਥਾ ਨੂੰ ਪ੍ਰਾਪਤ ਹੈ, ਵਰਤੋਂ ਦੇ ਪੱਖ ਤੋਂ ਉਹ ਹੀ ਸਥਾਨ ਦੋਹੇ ਜਾਂ ਦੋਹਰੇ ਛੰਦ ਦਾ ਹੈ। ਇਹ ਛੰਦ ਹਿੰਦੀ ਨੂੰ ਅਪਭ੍ਰੰਸ਼ ਤੋਂ ਮਿਲਿਆ ਹੈ। ਅਪਭ੍ਰੰਸ਼ ਛੰਦ ਸ਼ਾਸ਼ਤਰ ਵਾਲੀਆਂ ਸਾਰੀਆਂ ਕ੍ਰਿਤਾਂ ਵਿਚ ਦੋਹੇ ਦਾ ਵਿਵੇਚਨ ਮਿਲਦਾ ਹੈ। ਅਪਭ੍ਰੰਸ਼ ਅਤੇ ਹਿੰਦੀ ਸਾਹਿਤ ਵਿਚ ਦੋਹੇ ਦੇ ਸੰਗ੍ਰਹਿ ਮਿਲਦੇ ਹਨ। ਉਪਦੇਸ਼, ਮੁਕਤਕ ਪਦਾਂ ਦੇ ਰੂਪ ਵਿਚ ਦੋਹੇ ਦੀ ਵਰਤੋਂ ਮੁਨੀ ਯੋਗੀਂਦਰ, ਰਾਮ ਸਿੰਘ, ਦੇਵ ਸੇਨ ਅਤੇ ਬੋਧੀ ਸਿੱਧਾ ਨੇ ਕੀਤੀ।

'ਪ੍ਰਾਕ੍ਰਿਤ ਪੈਂਗਲਮ' ਆਦਿ ਗ੍ਰੰਥਾਂ ਵਿਚ ਦੋਹਰੇ ਦੇ 23 ਭੇਦਾਂ ਦੀ ਚਰਚਾ ਕੀਤੀ ਗਈ। ਹਿੰਦੀ ਵਿਚ ਪਦ ਸ਼ੈਲੀ ਦੇ ਪੱਖ ਤੋਂ ਇਸ ਦੀ ਵਰਤੋਂ ਸੂਰਦਾਸ, ਮੀਰਾਬਾਈ ਆਦਿ ਨੇ ਆਪਣੇ ਪਦਿਆਂ ਵਿਚ ਕੀਤੀ ਹੈ।

ਦੋਹਾ ਮੁਕਤਕ ਕਾਵਿ ਦਾ ਪ੍ਰਧਾਨ ਛੰਦ ਹੈ। ਇਸ ਵਿਚ ਸੰਖੇਪ ਅਤੇ ਭਾਵਾਂ ਦੀ ਤੀਬਰਤਾ ਅਤੇ ਪ੍ਰਭਾਵਸ਼ਾਲੀ ਲਘੂ-ਚਿਤਰ ਪੇਸ਼ ਕਰਨ ਦੀ ਸਮਰੱਥਾ ਹੈ। ਇਸ ਦੀ ਵਰਤੋਂ ਭਗਤੀ ਕਾਲ ਦੀ ਪ੍ਰਬੰਧ-ਕਾਵਿ ਸ਼ੈਲੀ ਵਿਚ ਤੁਲਸੀ ਦਾਸ ਅਤੇ ਜਾਇਸੀ ਨੇ ਕੀਤੀ। ਦੋਹੇ ਦਾ ਇਕ ਹੋਰ ਰੂਪ ਰੀਤੀ ਗ੍ਰੰਥਾਂ ਵਿਚ ਲੱਛਣ ਦਰਸਾਉਣ ਅਤੇ ਉਦਾਹਰਣ ਪੇਸ਼ ਕਰਨ ਲਈ ਕੀਤਾ ਗਿਆ ਹੈ।

ਅੰਗਰੇਜ਼ੀ ਵਿਚ ਦੋਹੇ ਜਾਂ ਕਪਲੈਟ ਤੋਂ ਭਾਵ ਤੁਕਾਂਤ ਮਿਲਣ ਵਾਲੀਆਂ ਦੋ ਕਾਵਿ ਤੁੱਕਾਂ ਤੋਂ ਹੈ ਜਾਂ ਦੂਜੀ ਤੁਕ ਪਹਿਲੀ ਤੁਕ ਦੇ ਭਾਵ ਨੂੰ ਸਪੱਸ਼ਟ ਕਰਨ ਲਈ ਅੱਗੇ ਵੱਧ ਸਕਦੀ ਹੈ। ਕਪਲੈਟ ਦੀ ਵਰਤੋਂ ਆਮ ਤੌਰ ਤੇ ਲੰਬੀਆਂ ਕਵਿਤਾਵਾਂ ਵਿਚ ਹੁੰਦੀ ਹੈ। ਇਸ ਦੀ ਵਰਤੋਂ ਸ਼ੈਕਸਪੀਅਰ ਦੇ ਸਾਨੈੱਟਸ ਵਿਚ ਹੋਈ ਹੈ। ਫਰਾਂਸੀਸੀ ਸਾਹਿਤ ਵਿਚ ਵਰਣਾਤਮਕ ਕਾਵਿ ਅਤੇ ਕਾਵਿ- ਨਾਟ ਵਿਚ 12 ਅੱਖਰੀ ਤੁਕ ਦੀ ਵਰਤੋਂ ਹੁੰਦੀ ਰਹੀ ਹੈ। ਸਤਾਰ੍ਹਵੀਂ ਅਤੇ ਅਠਾਰ੍ਹਵੀਂ ਸਦੀ ਦੇ ਜਰਮਨ ਅਤੇ ਡੱਚ ਕਾਵਿ ਉਪਰ ਅਲੈਗਜ਼ੈਂਡਰ ਪੋਪ ਦੇ ਦੋਹੇ ਦਾ ਪ੍ਰਭਾਵ ਹੈ। ਅੰਗਰੇਜ਼ੀ ਵਿਚ ਚੌਦ੍ਹਵੀਂ ਸਦੀ ਵਿਚ ਚਾੱਸਰ ਨੇ ਅਤੇ ਸਤ੍ਹਾਰ੍ਹਵੀਂ ਸਦੀ ਦੇ ਅੰਤ ਵਿਚ ਅਤੇ ਅਠਾਰ੍ਹਵੀਂ ਸਦੀ ਦੇ ਅਰੰਭ ਵਿਚ ਡ੍ਰਾਈਡਨ ਅਤੇ ਪੋਪ ਨੇ ਦੋਹੇ ਦੀ ਵਰਤੋਂ ਵਿਚ ਨਿਪੁੰਨਤਾ ਪ੍ਰਾਪਤ ਕੀਤੀ। ਇਲਿਜ਼ਾਬੱਥ ਅਤੇ ਜੇਮਜ਼ ਪਹਿਲੇ ਦੇ ਕਾਲ ਦੇ ਨਾਟਕਾਂ ਵਿਚ ਵੀ ਦੋਹੇ ਦੀ ਖੁਲ੍ਹ ਕੇ ਵਰਤੋਂ ਕੀਤੀ ਗਈ।

ਹ. ਪੁ.- ਮ. ਕੋ. 652 ; ਹਿੰ. ਸਾ. ਕੋ. 1 : 375 ; ਐਨ. ਬ੍ਰਿ. ਮਾ. 3 : 193

ਦੋਹਰਾ ਵਿਆਹ : ਜੇ ਕੋਈ ਆਦਮੀ/ਔਰਤ ਇਕ ਪਤਨੀ/ਪਤੀ ਦੇ ਜਿਉਂਦਾ ਹੁੰਦੇ ਹੋਏ ਕਿਸੇ ਦੂਜੀ ਔਰਤ/ਆਦਮੀ ਨਾਲ ਵਿਆਹ ਕਰਵਾ ਲਏ ਤਾਂ ਉਸ ਨੂੰ ਦੂਹਰਾ ਜਾਂ ਦੂਜਾ ਵਿਆਹ ਕਿਹਾ ਜਾਂਦਾ ਹੈ। ਇੰਗਲੈਂਡ ਵਿਚ ਪਾਰਲੀਮੈਂਟ ਦੁਆਰਾ 1861 ਈ. ਵਿਚ ਇਕ ਕਾਨੂੰਨ ਪਾਸ ਕੀਤਾ ਗਿਆ ਸੀ ਜਿਸ ਵਿਚ ਦੋਹਰੇ ਵਿਆਹ ਨੂੰ ਜੁਰਮ ਮੰਨਿਆ ਗਿਆ ਹੈ ਅਤੇ ਜੇਕਰ ਕੋਈ ਆਦਮੀ ਜਾਂ ਇਸਤਰੀ ਇਹ ਜੁਰਮ ਕਰਦਾ ਹੈ ਤਾਂ ਉਸ ਨੂੰ ਕਾਨੂੰਨ ਅਨੁਸਾਰ ਸੱਤ ਸਾਲ ਜਾਂ ਬਾਮੁਸ਼ਕਤ 2 ਸਾਲ ਦੀ ਸਜਾ ਦਿੱਤੀ ਜਾਂਦੀ ਹੈ। ਇਹ ਜੁਰਮ ਇੰਗਲੈਂਡ ਜਾ ਆਇਰਲੈਂਡ ਦਾ ਨਾਗਰਿਕ ਭਾਵੇਂ ਕਿਸੇ ਵੀ ਦੇਸ਼ ਜਾਂ ਜਗ੍ਹਾ ਤੇ ਜਾ ਕੇ ਕਰੇ ਦੋਸ਼ੀ ਨੂੰ ਸਜਾ ਪਾਰਲੀਮੈਂਟ ਦੇ ਇਸੇ ਕਾਨੂੰਨ ਅਨੁਸਾਰ ਦਿੱਤੀ ਜਾਂਦੀ ਹੈ। ਇਸ ਕਾਨੂੰਨ ਦੀ ਵਿਆਖਿਆ ਆਮ ਭਾਸ਼ਾ ਵਿਚ ਇਸ ਤਰ੍ਹਾਂ ਕੀਤੀ ਜਾਂਦੀ ਹੈ ਕਿ : ਇੰਗਲੈਂਡ ਜਾਂ ਆਇਰਲੈਂਡ ਦਾ ਨਾਗਰਿਕ ਭਾਵੇਂ ਕਿਸੇ ਵੀ ਜਗ੍ਹਾ ਤੇ ਰਹਿੰਦਾ ਹੋਵੇ ਇਸ ਐਕਟ ਅਧੀਨ ਉਸ ਨੂੰ ਦੂਜਾ ਵਿਆਹ ਕਰਨ ਦੀ ਇਜਾਜ਼ਤ ਨਹੀਂ ਹੈ। ਸਿਵਾਏ ਉਸ ਵਿਅਕਤੀ ਦੇ ਜੋ ਆਪਣੀ ਪਤਨੀ/ਪਤੀ ਨਾਲੋਂ 7 ਸਾਲ ਤੋਂ ਵੱਖਰਾ ਰਹਿ ਰਿਹਾ ਹੋਵੇ ਜਾਂ ਉਹ ਵਿਅਕਤੀ ਦੂਜਾ ਵਿਆਹ ਕਰਵਾ ਸਕਦਾ ਹੈ ਜਿਸ ਦੀ ਪਹਿਲੀ ਪਤਨੀ ਜਾਂ ਪਤੀ ਨਾਲ ਤਲਾਕ ਹੋ ਚੁੱਕਾ ਹੋਵੇ ਜਾਂ ਉਹ ਵਿਅਕਤੀ ਜਿਸ ਦਾ ਪਹਿਲਾ ਵਿਆਹ ਕਿਸੇ ਅਦਾਲਤ ਦੁਆਰਾ ਨਾਜਾਇਜ਼ ਕਰਾਰ ਦਿੱਤਾ ਗਿਆ ਹੋਵੇ ਜਾਂ ਜਿਸ ਦਾ ਪਹਿਲਾ ਪਤੀ/ਪਤਨੀ ਮਰ ਗਿਆ/ਗਈ ਹੋਵੇ। ਦੋਹਰੇ ਵਿਆਹ ਲਈ ਪਹਿਲੇ ਵਿਆਹ ਨੂੰ ਨਾਜ਼ਾਇਜ਼ ਸਿੱਧ ਕਰਨਾ ਜ਼ਰੂਰੀ ਹੈ। ਨਿਪੁੰਸਕਤਾ ਦਾ ਕਾਰਨ ਨਾਜ਼ਾਇਜ ਵਿਆਹ ਕਰਾਰ ਦੇਣ ਲਈ ਕਾਫ਼ੀ ਹੈ ਪਰ ਜੇ ਕੋਈ ਵਿਆਹ ਜਾਇਜ਼ ਹੈ ਤਾਂ ਉਹ ਦੋਹਰੇ ਵਿਆਹ ਲਈ ਦੋਸ਼ੀ ਕਰਾਰ ਦਿੱਤਾ ਜਾਵੇਗਾ। ਉਦਾਹਰਣ ਲਈ ਜੇ ਕੋਈ ਇਸਤਰੀ 'ੳ' ਪਤੀ ਦੇ ਜਿਉਂਦੇ ਹੋਏ ਕਿਸੇ 'ਅ' ਵਿਅਕਤੀ ਨਾਲ ਵਿਆਹ ਕਰਵਾਉਦੀ ਹੈ ਤਾਂ 'ੲ' ਨਾਲ ਉਸ ਦਾ ਵਿਆਹ ਦੋਹਰਾ ਵਿਆਹ (ਦੁਖਸਮੀ) ਨਹੀਂ ਕਹਿਲਾਏਗਾ ਕਿਉਂਕਿ 'ਅ' ਨਾਲ ਕੀਤਾ ਉਸ ਦਾ ਵਿਆਹ ਮਨਮੁਖ ਕੀਤਾ ਜਾ ਚੁੱਕਾ ਸੀ।

ਅੰਗਰੇਜ਼ੀ ਅਦਾਲਤਾਂ ਵਿਚ ਦੂਜੇ ਵਿਆਹ ਨੂੰ ਮਾਮੂਲੀ ਸਮਝਿਆ ਜਾਂ ਮੰਨਿਆ ਜਾਂਦਾ ਹੈ ਭਾਵੇਂ ਇਹ ਵਿਆਹ ਜਾਇਜ਼ ਹੋਵੇ ਜਾਂ ਨਾ ਹੋਵੇ ਪਰ ਇਹ ਦੋਹਰਾ ਵਿਆਹ ਨਹੀਂ ਹੋਣਾ ਚਾਹੀਦਾ। ਆਇਰਲੈਂਡ ਦੇ ਦੇਸ਼ ਵਿਚ ਇਸ ਜੁਰਮ ਨੂੰ ਕਾਨੂੰਨੀ ਰੂਪ ਦੇਣ ਲਈ ਕਿਹਾ ਗਿਆ ਹੈ ਕਿ ਜੇ ਦੂਜਾ ਵਿਆਹ ਜੋ ਪਹਿਲੇ ਵਿਆਹ ਦੀ ਗੈਰ-ਮੌਜੂਦਗੀ ਕਾਰਨ ਕੀਤਾ ਗਿਆ ਹੈ ਤਾਂ ਜਾਇਜ਼ ਹੈ ਪਰ ਕਰਾਉਨ ਕੇਸਾਂ ਲਈ ਕੋਰਟ ਵਲੋਂ ਇਹ ਫ਼ੈਸਲਾ ਅਪ੍ਰਵਾਨਿਤ ਕੀਤਾ ਜਾ ਚੁੱਕਾ ਹੈ। ਇਸ ਤੋਂ ਇਲਾਵਾ ਇੰਗਲੈਂਡ ਵਿਚ ਜੇ ਕਿਸੇ ਵਿਅਕਤੀ ਉੱਤੇ ਦੋਹਰੇ ਵਿਆਹ ਦਾ ਦੋਸ਼ ਲਾਇਆ ਗਿਆ ਹੋਵੇ ਤਾਂ ਉਹ ਇਹ ਸਿੱਧ ਕਰ ਸਕਦਾ ਹੈ ਕਿ ਉਸ ਨੇ ਦੇਸ਼ ਦੇ ਕਾਨੂੰਨ ਅਨੁਸਾਰ ਕਾਨੂੰਨੀ ਤਲਾਕ ਲੈ ਲਿਆ ਹੈ ਅਤੇ ਇਸ ਸਮੇਂ ਤਲਾਕ ਲੈਣ ਵਾਲੀਆਂ ਪਾਰਟੀਆਂ ਦੇਸ਼ ਵਿਚ ਹੀ ਰਹਿੰਦੀਆਂ ਹਨ (ਭਾਵੇਂ ਕਿ ਤਲਾਕ ਲੈਣ ਲਈ ਦੋਵਾਂ ਦਾ ਇੰਗਲੈਂਡ ਵਿਚ ਮੌਜੂਦ ਹੋਣਾ ਜ਼ਰੂਰੀ ਨਹੀਂ ਹੈ) ਜੇ ਕੋਈ ਬ੍ਰਿਟਿਸ਼ ਨਿਵਾਸੀ ਕਿਸੇ ਦੂਜੇ ਦੇਸ਼ ਵਿਚ ਦੋਹਰਾ ਵਿਆਹ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ ਤੇ ਮੁਕੱਦਮਾ ਯੂਨਾਇਟਿਡ ਕਿੰਗਡਮ ਵਿਚ ਚਲਾਇਆ ਜਾਂਦਾ ਹੈ। ਦੋਹਰੇ ਵਿਆਹ ਸਬੰਧੀ ਅਮਰੀਕਾ ਦਾ ਕਾਨੂੰਨ ਵੀ ਇੰਗਲੈਂਡ ਵਾਂਗ ਹੀ ਹੈ।

ਭਾਰਤ ਵਿਚ ਵੀ ਦੋਹਰੇ ਵਿਆਹ ਦੀ ਕਾਨੂੰਨੀ ਤੌਰ ਤੇ ਸਖ਼ਤ ਮਨਾਹੀ ਹੈ। ਜੇ ਕੋਈ ਵਿਅਕਤੀ ਭਾਰਤ ਵਿਚ ਜਾਂ ਬਾਹਰ ਕਿਸੇ ਥਾਂ ਤੇ ਰਹਿੰਦੇ ਹੋਏ ਅਜਿਹਾ ਜੁਰਮ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ ਤੇ "ਹਿੰਦੂ ਮੈਰਿਜ਼ ਐਕਟ" ਅਧੀਨ ਮੁਕੱਦਮਾ ਚਲਾਇਆ ਜਾਂਦਾ ਹੈ ਅਤੇ ਦੋਸ਼ੀ ਸਿੱਧ ਹੋਣ ਤੇ ਸਖ਼ਤ ਸਜ਼ਾ ਦਿੱਤੀ ਜਾਂਦੀ ਹੈ।

ਹ.ਪੁ. -ਐਨ. ਬ੍ਰਿ. 3 : 552

ਦੋਹਰੀ ਸ਼ਖ਼ਸੀਅਤ : ਸ਼ਖ਼ਸੀਅਤ ਮਨੁੱਖ ਦੇ ਉਨ੍ਹਾਂ ਵਿਸ਼ੇਸ਼ ਲੱਛਣਾਂ ਨੂੰ ਕਹਿੰਦੇ ਹਨ ਜੋ ਉਸ ਦੇ ਅੰਦਰੂਨੀ ਤੇ ਬਾਹਰਲੇ ਵਾਤਾਵਰਣ ਨਾਲ ਉਸ ਦੇ ਵਿਲੱਖਣ ਸਮਾਯੋਜਨ ਨੂੰ ਨਿਸ਼ਚਿਤ ਕਰਦੇ ਹਨ ਪਰ ਕਈ ਵਾਰ ਕਈ ਕਿਸਮ ਦੇ ਮਨੋਵੇਗਾਂ, ਵਲਵਲਿਆਂ ਤੇ ਲੋੜਾਂ ਦੀ ਅਪੂਰਤੀ ਕਾਰਨ ਸ਼ਖ਼ਸੀਅਤ ਸਾਵੀਂ ਨਹੀਂ ਰਹਿੰਦੀ ਤੇ ਇਸ ਦੇ ਕਈ ਕਾਰਨ ਹੋਣ ਤੇ ਇਹ ਸਾਵੀਂ ਨਾ ਰਹੀ ਸਖ਼ਸ਼ੀਅਤ ਕਈ ਆਸਾਧਰਣ ਲੱਛਣ ਦਰਸਾਉਂਦੀ ਹੈ। ਦੋਹਰੀ ਸ਼ਖ਼ਸੀਅਤ ਵੀ ਮਨੁੱਖੀ ਸ਼ਖ਼ਸੀਅਤ ਦਾ ਇਕ ਵਿਗਾੜ ਹੈ। ਇਸ ਵਿਚ ਦੋ ਆਪਸ ਵਿਰੋਧੀ ਜਾਂ ਬਿਲਕੁਲ ਵੱਖ-ਵੱਖ ਸ਼ੈਲੀਆਂ ਦਾ ਉਸ ਦੀ ਇਕ ਇਕਾਈ ਵਿਚ ਆਪਣੇ ਅਲਗ ਸਤ੍ਹਾ ਸੁਰੱਖਿਅਤ ਰਖਦੇ ਹੋਏ ਇਕੱਠੇ ਰਹਿਣ ਦਾ ਗਿਆਨ ਹੈ। ਇਕ ਹੀ ਵਿਅਕਤੀ ਦੇ ਘੇਰੇ ਵਿਚ ਰਹਿ ਕੇ ਵੀ ਇਹ ਆਪਸ ਵਿਚ ਚੰਗੇ ਸਬੰਧ ਰਖਦੇ ਹਨ ਅਤੇ ਇਕ ਦੂਜੇ ਪ੍ਰਤੀ ਉਦਾਸੀਨ ਰਹਿੰਦੇ ਹਨ। ਜਦੋਂ ਇਕ ਵਿਅਕਤੀਤਵ ਚੇਤਨਾ ਵਿਚ ਕਾਰਜਸ਼ੀਲ ਹੁੰਦਾ ਹੈ ਤਾਂ ਦੂਜੇ ਦੀ ਯਾਦ ਨਹੀਂ ਰਹਿੰਦੀ। ਇਸ ਤਰ੍ਹਾਂ ਉਨ੍ਹਾਂ ਦੇ ਵੱਖ-ਵੱਖ ਸਰੂਪ ਸਾਹਮਣੇ ਆਉਣ ਨਾਲ ਲੋਕ ਹੈਰਾਨ ਰਹਿ ਜਾਂਦੇ ਹਨ। ਇਸ ਤਰ੍ਹਾਂ ਪੂਰੀ ਤਰ੍ਹਾਂ ਵਿਰੋਧੀ ਆਚਰਣਾਂ ਨਾਲ ਉਸ ਦੇ ਸਮਾਜਿਕ ਸਬੰਧ ਲਗਾਤਾਰ ਸੀਮਤ ਹੁੰਦੇ ਜਾਂਦੇ ਹਨ ਜਾਂ ਟੁਟਦੇ ਜਾਂਦੇ ਹਨ। ਦੋਹਰੀ ਸ਼ਖ਼ਸੀਅਤ ਵਾਲਾ ਵਿਅਕਤੀ ਮਾਨਸਿਕ ਰੋਗ ਦਾ ਇਕ ਵੱਡਾ ਪੈਥਾਲੋਜੀਕਲ ਕੇਸ ਬਣ ਜਾਂਦਾ ਹੈ।

ਇਹ ਕੇਵਲ ਦੋਹਰੀ ਸ਼ਖ਼ਸੀਅਤ ਹੀ ਨਹੀਂ ਸਗੋਂ ਕਈ ਵਾਰੀ ਦੋ ਤੋਂ ਵੱਧ ਸ਼ਖ਼ਸੀਅਤਾਂ ਵੀ ਹੁੰਦੀਆਂ ਹਨ ਜਿਨ੍ਹਾਂ ਦੇ ਕਈ ਨਾਂ ਵੀ ਚਲਦੇ ਹਨ ਜਿਵੇਂ ਬਹੁਪੱਖੀ ਵਿਖੰਡਿਤ, ਵਿਕਲਪਿਤ ਅਤੇ ਵਿਸ-ਥਾਪਿਤ ਸ਼ਖ਼ਸੀਅਤ ਆਦਿ। ਲੋਕ-ਕਹਾਣੀਆਂ ਅਤੇ ਸਾਹਿਤ ਵਿਚ ਸ਼ਖ਼ਸੀਅਤ ਦੇ ਅਜਿਹੇ ਪਰਿਵਰਤਨਾਂ ਦੇ ਦ੍ਰਿਸ਼ਟਾਂਤ ਮਿਲਦੇ ਹਨ। ਪਰਸਪਰ ਵਿਰੋਧੀ ਆਦਤਾਂ ਅਤੇ ਉਨ੍ਹਾਂ ਦਾ ਇਕੋ ਹੀ ਵਿਅਕਤੀ

ਵਿਚ ਮਿਲਣਾ, ਮਨੋਵਿਗਿਆਨ ਲਈ ਹੀ ਨਹੀਂ ਸਗੋਂ ਸਾਧਾਰਣ ਵਿਗਿਆਨ ਲਈ ਵੀ ਕੋਈ ਨਵੀਂ ਚੀਜ਼ ਨਹੀਂ। ਯੁੱਧ ਦਾ ਅੰਤਰਮੁਖੀ ਅਤੇ ਬਾਹਰਮੁਖੀ ਵਿਅਕਤੀਤਵ ਅਤੇ ਬਲਯੁਲਰ ਦੁਆਰਾ ਦੱਸਿਆ ਅੰਤਰਬਾਹਰ ਮੁੱਖੀ ਵਿਅਕਤੀ ਦੀ ਆਦਤ-ਦਵੈਤਵਾਦ ਆਦਿ ਕਿਸਮਾਂ ਪ੍ਰਸਿੱਧ ਹਨ। ਮਨੋਰੋਗ ਵਿਚ ਵੀ ਕਰੇਸ਼ਚਮਰ ਸੰਮਤ ਅਤੇ ਕਰੈਪਲਿਨ ਦੁਆਰਾ ਦਸਿਆ ਉਤਸ਼ਾਹ-ਵਿਸ਼ਾਦ ਮਨੋਚਰਕ ਅਤੇ ਮਨੋਬਿਦਲਤਾ ਜਾਂ ਮਨੋਹਰਾਸ ਆਦਿ ਦੇ ਨਿਰੂਪਣ ਵਿਚ ਇਸੇ ਇਕ ਤੱਥ ਦੀ ਪੁਸ਼ਟੀ ਕਰਦੇ ਹਨ ਕਿ ਵਿਅਕਤੀ ਵਿਚ ਮਨੋਸ਼ਕਤੀ ਨੂੰ ਬਾਹਰੀ ਜਗਤ ਦੇ ਨਾਲ ਜੋੜਨ ਦੀ ਵਿਧਾਇਕ ਵ੍ਰਿਤੀ (ਕਾਨੂੰਨੀ-ਆਦਤ) ਅਤੇ ਜਗਤ ਨੂੰ ਖਿਚ ਕੇ ਕੱਛੂ ਵਾਂਗ ਅੰਤਰ-ਜਗਤ ਵਿਚ ਸਿਕੋੜ ਲੈਣ ਦੀ ਨਿਖੇਧਾਤਮਕ ਆਦਤ ਦੋਵੇਂ ਹੀ ਕੰਮ ਕਰਦੀਆਂ ਹਨ ਪਰ ਇਨ੍ਹਾਂ ਦੋਹਾਂ ਵਿਚੋਂ ਇਕ ਪ੍ਰਧਾਨ ਹੁੰਦੀ ਹੈ। ਦਵੈਤਭਾਵ ਵਿਚ ਇਨ੍ਹਾਂ ਦੋਹਾਂ ਦਾ ਸੰਤੁਲਨ ਰਹਿੰਦਾ ਹੈ ਜੋ ਕਿ ਇਕ ਆਦਰਸ਼ ਸਥਿਤੀ ਹੁੰਦੀ ਹੈ।

ਡਾ. ਮੋਰਦਨ ਪ੍ਰਿੰਸ ਨੇ ਇਕ ਅਜਿਹਾ ਵਿਗਿਆਨਕ ਉਦਾਹਰਣ ਪੇਸ਼ ਕੀਤਾ ਜੋ 1905 ਵਿਚ ਬਖੂਸ਼ੈਂਪਕੇਸ ਦੇ ਨਾਂ ਨਾਲ ਪ੍ਰਸਿੱਧ ਹੋਇਆ। ਵਿਅਕਤੀ ਦੇ ਆਪਣੇ ਸੁਭਾਵਕ ਵਿਅਕਤੀਤਵ ਵਿਚ ਸਮੋਹਨ ਦੁਆਰਾ ਉਤਪੰਨ ਕੀਤੇ ਵਿਅਕਤੀਤਵ ਦੇ ਇਲਾਵਾ ਰੋਗੀ ਦੇ ਅੰਦਰ ਤਿੰਨ ਹੋਰ ਤਰ੍ਹਾਂ ਦੇ ਸਵਾਤਮਭਾਵ (Selves) ਦੇਖੇ। ਇਹ ਸਾਰੇ ਪਰਸਪਰ ਵਿਰੋਧੀ ਅਤੇ ਵੱਖ-ਵੱਖ ਸਨ ਪਰ ਇਸ ਦੇ ਇਸ ਸਿਧਾਂਤ ਦੇ ਵਿਗਿਆਨਕ ਢੰਗ ਤੇ ਪੂਰੇ ਉਤਰਣ ਦੇ ਬਾਵਜੂਦ ਵੀ ਇਸ ਦੀ ਵਿਰੋਧਤਾ ਹੋਈ। ਮੈਕਡੂਗਲ ਨੇ ਦੋਹਰੀ ਸ਼ਖ਼ਸੀਅਤ ਦੀ ਆਲੋਚਨਾ ਕਰਦੇ ਹੋਏ ਕਿਹਾ ਕਿ ਇਨ੍ਹਾਂ ਨੂੰ ਕਦੇ ਵੀ ਸਾਧਾਰਣ ਲੋਕਾਂ ਨਾਲ ਨਹੀਂ ਰਲਾਇਆ ਜਾ ਸਕਦਾ ਕਿਉਂਕਿ ਵਿਸ਼ੇਸ਼ ਹਾਲਾਤ ਵਿਚ ਇਹ ਸਭ ਸਾਡੇ ਸਾਰਿਆਂ ਵਿਚ ਛੁਪੀ ਸੰਭਾਵਨਾ ਦੇ ਰੂਪ ਵਿਚ ਸਥਿਤ ਹਨ। ਇਸ ਦੇ ਉਲਟ ਇਹ ਕਿਹਾ ਜਾ ਸਕਦਾ ਹੈ ਕਿ ਹਰ ਮਨੁੱਖੀ ਮਨ ਇਕੱਲਾ ਅਤੇ ਸੰਗਠਤ ਪੂਰਨਤਾ ਹੈ। (ਐਨਰਜੀਜ਼ ਆਫ਼ ਮੈਨ : ਮੈਕਡੂਗਲ) ਡਾ. ਪ੍ਰਿੰਸ ਤੋਂ ਵੀ ਪਹਿਲਾਂ ਐਲੀਕਾੱਟ ਨੇ (1815) ਇਕ ਅਜਿਹੇ ਰੋਗੀ ਦਾ ਵਿਗਿਆਨਕ ਵੇਰਵਾ ਦਿੱਤਾ ਅਤੇ ਡਾ. ਪੋ ਨੇ ਸਭ ਤੋਂ ਪਹਿਲਾਂ 76 ਰੋਗੀਆਂ ਦਾ ਉਦਾਹਰਣ ਪੇਸ਼ ਕੀਤਾ।

ਪੂਰਬਵਰਤੀ ਮਨੋਵਿਗਿਆਨੀਆਂ ਨੇ ਵੱਖ-ਵੱਖ ਸ਼ਖ਼ਸੀਅਤਾਂ ਦੀਆਂ ਕਿਸਮਾਂ ਤੇ ਘੱਟ ਅਤੇ ਮਾਨਸਿਕ ਏਕਤਾ ਉੱਤੇ ਜ਼ਿਆਦਾ ਜ਼ੋਰ ਦਿੱਤਾ ਹੈ। ਉਪਚੇਤਨ ਦੀ ਵੱਖ ਮਨੋਭੂਮੀ ਦੀ ਵਕਾਲਤ ਕਰਨ ਕਰਕੇ ਫਰਾਇਡ ਦੀ ਸਖ਼ਤ ਆਲੋਚਨਾ ਕੀਤੀ ਗਈ ਹੈ ਪਰ ਇਸ ਦਾ ਇਕ ਹਮਾਇਤੀ ਆਰਨਸਟ ਜੋਨਜ਼, ਇਸੇ ਵੱਖਵਾਦ/ਅਲਗਾਵ ਨੂੰ ਕੁਝ ਹੋਰ ਨਜ਼ਦੀਕ ਲਿਆਉਂਦਾ ਹੋਇਆ ਕਹਿੰਦਾ ਹੈ ਕਿ ਸਾਡੀਆਂ ਦਬੀਆਂ ਹੋਈਆਂ ਵਾਸਨਾਵਾਂ/ਇੱਛਾਵਾਂ ਜੋ ਮੁੱਖ ਤੌਰ ਤੇ ਕਾਮ-ਪ੍ਰਵਿਰਤੀ ਦੀਆਂ ਹੁੰਦੀਆਂ ਹਨ, ਆਪਣਾ ਇਕ ਸੁਤੰਤਰ ਵਿਕਾਸ ਕਰਨ ਲਗ ਜਾਂਦੀਆਂ ਹਨ ਅਤੇ ਕਦੇ-ਕਦੇ ਇੰਨੀਆਂ ਤੀਬਰ ਹੋ ਜਾਂਦੀਆਂ ਹਨ ਕਿ ਕੁਝ ਸਮੇਂ ਲਈ ਸਾਡੀ ਚੇਤਨ ਸਤ੍ਹਾ ਤੇ ਵੀ ਆਪਣੀ ਪ੍ਰਭੁਤਾ ਜਮਾ ਲੈਂਦੀਆਂ ਹਨ। ਅਜਿਹੀਆਂ ਮਾਨਸਿਕ ਹਾਲਤਾਂ ਇਸੇ ਛਿਪੇ ਜਾਂ ਦਮਨ ਹੋਏ ਵਿਅਕਤੀਤਵ ਦਾ ਅਉੂਂ .... ਹੈ। ਯੁੰਗ ਦੁਆਰਾ ਦੱਸੀ ਸ਼ੈਲੀ ਵਿਚ ਅਚੇਤਨ ਤੋਂ ਨਿਕਲੇ ਹੋਏ ਪ੍ਰਭੂਸਤਾਵਾਂ ਦੇ ਸਾਹਮਣੇ ਚੇਤਨ ਸਤਾ ਨਪੁੰਸਕ ਹੋ ਜਾਂਦੀ ਹੈ।

ਯੁਗ ਨੇ ਦੱਸਿਆ ਹੈ ਕਿ ਬਹੁਤ ਸਾਰੀਆਂ ਯਾਦਾਂ/ਸਿਮਰਤੀਆਂ ਦੀ ਗੁੰਥੀ ਬਣ ਜਾਂਦੀ ਹੈ ਜੋ ਚੇਤਨ ਮਨ ਦੀ ਸਤਹ ਤੋਂ ਨੀਚੇ ਰਹਿ ਕੇ ਵਿਹਲ ਅਤੇ ਮੌਕੇ ਅਨੁਸਾਰ ਦਖ਼ਲ-ਅੰਦਾਜ਼ੀ ਕਰਦੀ ਰਹਿੰਦੀ ਹੈ। ਇਸ ਤੋਂ ਵੀ ਵਿਅਕਤੀ ਜੀਵਨ ਵਿਚ ....ਉਦੇ/ (ਉਪਜਦਾ ਹੈ) ਹੋ ਜਾਂਦਾ ਹੈ।

ਪੈਰਾ-ਮਨੋਵਿਗਿਆਨੀ ਇਕ ਸੂਖਮ ਆਤਮਾ ਦੀ (ਭੂਤਾਂ ਆਦਿ) ਦੀ ਕਲਪਨਾ ਕਰਦੇ ਹਨ ਜਿਹੜੀ ਇਸ ਕਿਸਮ ਦੀ ਵਿਅਕਤੀਤਵ-ਦਵੈਧਤਾ ਉਤਪੰਨ ਕਰਦੀ ਹੈ ਪਰ ਇਹ ਵਿਚਾਰਧਾਰਾ ਅਜੇ ਤਕ ਵਿਗਿਆਨ ਦੀ ਕਸੌਟੀ ਤੇ ਪੂਰੀ ਨਹੀਂ ਉਤਰੀ ਹੈ। ਵਿਲੀਅਮ ਜੇਮਜ਼ ਨੇ ਦੋਹਰੀ ਸ਼ਖ਼ਸੀਅਤ ਦਾ ਕਾਰਨ ਯਾਦਾਸ਼ਤ ਦਾ ਘਟ ਜਾਣਾ ਦੱਸਿਆ ਹੈ। ਯਾਦਸ਼ਕਤੀ ਦੇ ਬਹੁਤ ਜ਼ਿਆਦਾ ਹੱਦ ਤਕ ਘਟ ਜਾਣ ਤੇ ਵਿਅਕਤੀ ਨੂੰ ਆਪਣਾ ਨਿੱਜੀ ਅਰਥਾਤ ਮੂਲ ਮਨੋ-ਜਗਤ ਪਹਿਚਾਨਣਾ ਮੁਸ਼ਕਿਲ ਹੋ ਜਾਂਦਾ ਹੈ ਅਤੇ ਵਿਅਕਤੀ ਬਿਲਕੁਲ ਅਜਨਬੀ ਤਰੀਕੇ ਨਾਲ ਵਿਚਰਣ ਲੱਗ ਜਾਂਦਾ ਹੈ। ਜੇਮਜ਼ ਅਨੁਸਾਰ ਆਮ ਜੀਵਨ ਵਿਚ ਵੀ ਮਨੁੱਖ ਕਈ ਵਾਰੀ ਆਪਣੇ ਕੀਤੇ ਹੋਏ ਇਕਰਾਰ ਅਤੇ ਆਪਣੇ ਸਿਰ ਲਈਆਂ ਹੋਈਆਂ ਜ਼ਿੰਮੇਵਾਰੀਆਂ ਆਦਿ ਨੂੰ ਭੁੱਲ ਜਾਣ ਦੀ ਸੂਰਤ ਵਿਚ ਆਪਣੇ ਕੰਮ ਕਾਜ ਵਿਚ ਦੂਸਰਿਆਂ ਨੂੰ ਹੈਰਾਨ ਕਰ ਦੇਣ ਵਾਲਾ ਪਰਿਵਰਤਨ ਲੈ ਆਉਂਦੇ ਹਨ। ਇਸ ਤਰ੍ਹਾਂ ਉਪਰੋਕਤ ਕਿਸਮ ਦੀ ਤਬਦੀਲੀ ਵਿਚ ਅਤੇ ਸ਼ਖ਼ਸੀਅਤ ਦੇ ਪੂਰੇ ਪਰਿਵਰਤਨ ਵਿਚ ਕੇਵਲ ਮਾਤਰਾ ਦਾ ਹੀ ਫਰਕ ਹੈ। ਮਨੋਰੋਗ ਦੀ ਹਾਲਤ ਵਿਚ ਇਹ ਤਬਦੀਲੀ ਆਪਣੇ ਆਪ ਹੁੰਦੀ ਹੈ। ਫਿਲਾਸਫਰ ਲਾੱਕ ਨੇ ਬਹੁਤ ਪਹਿਲਾਂ ਕਿਹਾ ਸੀ ਕਿ ਸਿਮਰਤੀਆਂ ਯਾਦਾਸ਼ਤ ਬਦਲ ਜਾਣ ਨਾਲ ਸ਼ਖ਼ਸੀਅਤ ਵੀ ਬਦਲ ਜਾਂਦੀ ਹੈ। ਫਰਾਇਡ ਦੇ ਆਲੋਚਕ ਸ਼ਿਸ਼ ਐਡਲਰ ਦਾ ਕਹਿਣਾ ਹੈ ਕਿ ਵਿਅਕਤੀ ਦੀ 'ਜੀਵਨ-ਸ਼ੈਲੀ' ਵਿਚ ਜਦੋਂ ਨਿਰਮੂਲ ਪਰਿਵਰਤਨ ਆ ਜਾਂਦਾ ਹੈ ਤਾਂ ਉਸ ਦੀਆਂ ਪੁਰਾਣੀਆਂ ਯਾਦਾਂ ਦੀ ਇਕੱਠੀ ਰਾਸਿ/ਸੰਕਲਿਤ ਪੂੰਜੀ ਵੀ ਉਸ ਅਨੁਸਾਰ ਬਿਲਕੁਲ ਬਦਲ ਜਾਂਦੀ ਹੈ।

ਦੋਹਰੀ ਸ਼ਖ਼ਸੀਅਤ ਦੇ ਕੁਝ ਆਮ ਲੱਛਣ ਜੋ ਸਾਹਮਣੇ ਆਏ ਹਨ ਉਹ ਇਸ ਪ੍ਰਕਾਰ ਹਨ :—

1. ਇਸ ਵਿਚ ਇਕ ਮੂਲ ਸ਼ਖ਼ਸੀਅਤ ਹੁੰਦੀ ਹੈ ਤੇ ਦੂਸਰੀ ਬਦਲੀ ਹੋਈ ਸ਼ਖ਼ਸੀਅਤ ਹੁੰਦੀ ਹੈ।
2. ਦੂਸਰੀ ਸ਼ਖ਼ਸੀਅਤ ਪ੍ਰਭਾਵਸ਼ਾਲੀ, ਅਸਾਧਾਰਣ ਅਤੇ ਮੂਲ ਸ਼ਖ਼ਸੀਅਤ ਦੀ ਵਿਰੋਧੀ ਹੁੰਦੀ ਹੈ।
3. ਲੰਬੀ ਨੀਂਦ, ਸਮੋਹਣ ਜਾਂ ਕਿਸੇ ਅਸਾਧਾਰਣ ਘਟਨਾ ਦੁਆਰਾ ਸ਼ਖ਼ਸੀਅਤ ਸੰਕ੍ਰਮਣ ਹੁੰਦੀ ਹੈ।
4. ਦੋਹਰੀ ਸ਼ਖ਼ਸੀਅਤ ਵਿਚ ਪਹਿਲੀ ਦੀ ਯਾਦ ਰਹਿੰਦੀ ਹੈ ਪਰ ਉਲਟ ਦਸ਼ਾ ਵਿਚ ਨਹੀਂ।
5. ਦੋਹਰੀ ਸ਼ਖ਼ਸੀਅਤ ਵਾਲੇ ਵਿਅਕਤੀ ਦੀ ਮੂਲ ਸਾਧਾਰਣ ਮਨੋਭੂਮੀ ਉਸ ਨੂੰ ਚੰਗੀ ਨਹੀਂ ਲਗਦੀ। ਇਸ ਤੋਂ ਇਸ ਮਤ ਦੀ ਪੁਸ਼ਟੀ ਹੁੰਦੀ ਹੈ ਕਿ ਦੋਹਰੀ ਸ਼ਖ਼ਸੀਅਤ ਦੀ ਹਾਲਤ ਵਾਤਾਵਰਣ ਨਾਲ ਅਸਾਧਾਰਣ ਮਾਨਸਿਕ ਹੈ।

ਹ. ਪੁ. — ਹਿੰ. ਵਿ. ਕੋ. 6 : 151

ਦੋਗਲਾਕਰਣ (Hybridisation) : ਦੋਗਲਾਕਰਣ ਵਿਧੀ ਦੀ ਬਾਇਓਲੋਜੀਕਲ ਮਹੱਤਤਾ ਹੈ। ਇਸ ਨਾਲ ਕਿਸੇ ਜਾਤੀ ਅੰਦਰਲੀ ਜਣਨਿਕ ਵਿਭਿੰਨਤਾ ਵਧ ਜਾਂਦੀ ਹੈ ਜੋ ਕਿ ਵਿਕਾਸ (evolution) ਲਈ ਜ਼ਰੂਰੀ ਹੈ। ਜੇਕਰ ਜਲਵਾਯੂ ਅਤੇ ਵਾਸ (Habitat) ਸਥਿਤੀਆਂ ਵਿਚ ਤਬਦੀਲੀ ਹੁੰਦੀ ਹੈ ਤਾਂ ਇਕ ਖ਼ਾਸ ਤਰ੍ਹਾਂ ਦੇ ਸੁਮੇਲ (Combination) ਵਾਲੇ ਕੁਝ ਵਿਅਕਤੀ ਜ਼ਿੰਦਾ ਨਹੀਂ ਰਹਿ ਸਕਣਗੇ ਪਰ ਦੂਜੀ ਤਰ੍ਹਾਂ ਦੇ ਸੁਮੇਲ ਵਾਲੇ ਜ਼ਿੰਦਾ ਰਹਿ ਸਕਣਗੇ। ਇਸ ਤਰ੍ਹਾਂ ਕਿਸੇ ਜਾਤੀ ਦੇ ਬਾਹਰਲੇ ਰੂਪ ਅਤੇ ਵਤੀਰੇ ਵਿਚ ਹੌਲੀ-ਹੌਲੀ ਤਬਦੀਲੀ ਆਉਂਦੀ ਰਹਿੰਦੀ ਹੈ। ਇਹੋ ਜਿਹਾ ਕੁਦਰਤੀ

ਦੋਗਲਾਕਰਣ ਕਈ ਜਾਤੀਆਂ ਵਿਚ ਦੇਖਣ ਨੂੰ ਮਿਲਦਾ ਹੈ। ਜੀਵਾਂ ਵਿਚ ਕੁਦਰਤੀ ਦੋਗਲਾਕਰਣ ਬਤਖਾਂ, ਟੋਡਜ਼,ਤਿੱਤਲੀਆਂ, ਸਨੇਲਜ਼ ਆਦਿ ਵਿਚ ਆਮ ਹੁੰਦਾ ਹੈ। ਪੌਦਾ-ਜਗਤ ਵਿਚ ਅਜਿਹਾ ਦੋਗਲਾਕਰਣ ਫਰਨਜ਼, ਮੱਸ, ਓਕ, ਲਾਈਕਨ ਅਤੇ ਕਈ ਫੁੱਲਦਾਰ ਪੌਦਿਆਂ ਵਿਚ ਹੁੰਦਾ ਹੈ।

ਦੋਗਲਾ (Hybrid)—ਵੱਖ-ਵੱਖ ਜਾਤੀਆਂ ਦੇ ਪਿਤਰਾਂ (Parents) ਦੇ ਕ੍ਰੱਸ ਨਿਸ਼ੇਚਨ (ਫਰਟੀਲਾਈਜੇਸ਼ਨ) ਤੋਂ ਪੈਦਾ ਹੋਈ ਸੰਤਾਨ ਨੂੰ ਦੋਗਲਾ ਕਿਹਾ ਜਾਂਦਾ ਹੈ। ਕ੍ਰੱਸ ਕਰਨ ਵਾਲੇ ਦੋ ਪ੍ਰਾਣੀਆਂ ਵਿਚ ਵੰਸ਼ਾਗਤ ਵਿਭਿੰਨਤਾ ਹੁੰਦੀ ਹੈ। ਜੀਵਾਂ ਵਿਚ ਅਤੇ ਪੌਦਿਆਂ ਵਿਚ ਦੋਗਲੇ ਜੀਵ ਕੁਦਰਤੀ ਰੂਪ ਵਿਚ ਅਤੇ ਬਣਾਉਟੀ ਢੰਗਾਂ ਰਾਹੀਂ ਵੀ ਪੈਦਾ ਹੁੰਦੇ ਹਨ। ਕੁਦਰਤੀ ਅਤੇ ਬਣਾਉਟੀ ਢੰਗਾਂ ਰਾਹੀਂ ਦੋਗਲਾਕਰਣ ਵਿਚ ਫਰਕ ਜ਼ਰੂਰ ਹੁੰਦਾ ਹੈ ਪਰ ਦੋਗਲੇ ਜੀਵਾਂ ਦੇ ਲੱਛਣ ਉਹੀ ਹੁੰਦੇ ਹਨ ਭਾਵੇਂ ਉਹ ਕੁਦਰਤੀ ਜਾਂ ਬਣਾਉਟੀ ਢੰਗਾਂ ਰਾਹੀਂ ਹੋਂਦ ਵਿਚ ਆਏ ਹੋਣ। ਪ੍ਰਜਣਨ ਵਿਗਿਆਨ ਅਨੁਸਾਰ ਭਿੰਨ-ਯੁਗਮਜੀ (Heterozygous) ਪ੍ਰਾਣੀ ਨੂੰ ਦੋਗਲਾ ਕਿਹਾ ਜਾ ਸਕਦਾ ਹੈ। ਇਸ ਤਰ੍ਹਾਂ ਲਿੰਗੀ ਜਣਨ ਵਾਲੇ ਸਾਰੇ ਜੀਵ ਜਿਨ੍ਹਾਂ ਵਿਚ ਮਨੁੱਖ ਵੀ ਸ਼ਾਮਲ ਹੈ, ਦੋਗਲੇ ਜੀਵ ਹਨ। ਇਨ੍ਹਾਂ ਦੇ ਪਿਤਰ (Parents) ਆਮ ਤੌਰ ਤੇ ਵੱਖ-ਵੱਖ ਜੀਨਜ਼ ਵਾਲੇ ਹੁੰਦੇ ਹਨ। ਵਿਕਾਸ ਦੇ ਹੇਠਲੇ ਸਤਰ ਲਈ ਦੋਗਲੀ ਅਵਸਥਾ ਹਾਈਬ੍ਰਿਡਿਜ਼ਮ ਅਨੁਕੂਲ ਹੈ ਪਰੰਤੂ ਉੱਚੇ ਲੈਵਲ ਲਈ ਇਹ ਪ੍ਰਤਿਕੂਲ ਹੁੰਦੀ ਹੈ।

ਗ਼ੈਰ ਕੁਦਰਤੀ ਦੋਗਲੇ (Artificial Hybrids)—ਦੋਗਲੇ ਫਿਜ਼ਿਆਲੋਜੀਕਲ ਅਤੇ ਮਾਰਫੋਲੋਜੀਕਲ ਤੌਰ ਤੇ ਆਪਣੇ ਪਿਤਰਾਂ ਦੇ ਗੁਣਾਂ ਤੋਂ ਹਟ ਕੇ ਵਿਚਕਾਰਲੀ ਸਥਿਤੀ ਵਿਚ ਹੁੰਦੇ ਹਨ। ਲਾਲ ਫੁੱਲਾਂ ਵਾਲੇ ਪੌਦੇ ਦਾ ਦੋਗਲਾਕਰਣ ਜੇਕਰ ਲੈਮਨ-ਰੰਗੇ ਫੁੱਲਾਂ ਵਾਲੀ ਜਾਤੀ ਨਾਲ ਹੋਵੇ ਤਾਂ ਦੋਗਲੇ ਪੌਦੇ ਉੱਤੇ ਸੰਤਰੀ ਰੰਗ ਦੇ ਫੁੱਲ ਲਗਣਗੇ। ਜਾਨਵਰਾਂ ਵਿਚ ਜੇਕਰ ਵੱਡੇ ਆਕਾਰ ਦੇ ਸਰੀਰ ਵਾਲੀ ਜਾਤੀ ਦਾ ਦੋਗਲਾਕਰਣ ਛੋਟੇ ਆਕਾਰ ਦੇ ਸਰੀਰ ਵਾਲੀ ਜਾਤੀ ਨਾਲ ਹੋਵੇ ਤਾਂ ਦੋਗਲਾ ਪਸ਼ੂ ਮਧਿਅਮ ਆਕਾਰ ਦੇ ਸਰੀਰ ਵਾਲਾ ਹੋਵੇਗਾ।

ਕਈ ਵਾਰ ਇਹ ਨਿਯਮ ਲਾਗੂ ਨਹੀਂ ਹੁੰਦਾ। ਕਈ ਵਾਰ ਦੋਗਲਾ ਆਪਣੇ ਪਿਤਰਾਂ ਵਿਚੋਂ ਇਕ ਮੈਂਬਰ ਦੇ ਅਧਿਕ ਗੁਣ ਗ੍ਰਹਿਣ ਕਰ ਲੈਂਦਾ ਹੈ ਕਿਉਂਕਿ ਕਈ ਜੀਨਜ਼ ਜ਼ਿਆਦਾ ਪ੍ਰਬਲ ਹੁੰਦੇ ਹਨ। ਕਈ ਵਾਰੀ ਦੋਗਲਾ ਆਪਣੇ ਪਿਤਰਾਂ ਵਾਲਾ ਕੋਈ ਵੀ ਗੁਣ ਗ੍ਰਹਿਣ ਨਹੀਂ ਕਰਦਾ ਜਿਵੇਂ ਕਿ ਕਈ ਵਾਰੀ ਸਵੀਟ-ਪੀ ਦੀਆਂ ਦੋ ਚਿੱਟੇ ਫੁੱਲਾਂ ਦੀਆਂ ਵੱਖ-ਵੱਖ ਕਿਸਮਾਂ ਦੇ ਦੋਗਲਾਕਣ ਨਾਲ ਜਾਮਨੀ ਰੰਗੇ ਫੁੱਲਾਂ ਵਾਲੀ ਕਿਸਮ ਬਣ ਜਾਂਦੀ ਹੈ। ਘੋੜੇ ਦੇ ਮਾਦਾ ਅਤੇ ਗੱਧੇ ਦੇ ਨਰ ਜੀਵ ਦੇ ਦੋਗਲਾਕਰਣ ਤੋਂ ਖੱਚਰ ਪੈਦਾ ਹੁੰਦਾ ਹੈ ਉਹ ਗੱਧੇ ਦੇ ਮਾਦਾ ਅਤੇ ਘੋੜੇ ਦੇ ਨਰ ਜੀਵ ਦੋਗਲਾਕਰਣ ਤੋਂ ਪੈਦਾ ਹੋਏ ਹਿਨੀ ਨਾਲੋਂ ਫ਼ਰਕ ਹੁੰਦਾ ਹੈ। ਅਜਿਹੀ ਕਿਰਿਆ ਪੌਦਿਆਂ ਵਿਚ ਵੀ ਹੁੰਦੀ ਹੈ। ਵਿਲੋ ਝਾੜੀ ਵਿਚ ਜੇਕਰ ਦੋ ਝਾੜੀਆਂ ਵਿਚੋਂ ਇਕ ਜਾਤੀ ਨੂੰ ਮਾਦਾ ਪਿਤਰ ਵਜੋਂ ਲਿਆ ਜਾਵੇ ਤਾਂ ਦੋਗਲਾ ਪੌਦਾ ਚੌੜੇ ਪੱਤਿਆਂ ਵਾਲਾ ਅਤੇ ਵੱਡੇ ਫੁੱਲਾਂ ਵਾਲਾ ਹੋਵੇਗਾ। ਜੇਕਰ ਉਸੀ ਜਾਤੀ ਨੂੰ ਨਰ ਪਿਤਰ ਵਜੋਂ ਲਿਆ ਜਾਵੇ ਤਾਂ ਦੋਗਲਾ ਪੌਦਾ ਘੱਟ ਚੌੜੇ ਪੱਤਿਆਂ ਵਾਲਾ ਅਤੇ ਛੋਟੇ ਫੁੱਲਾਂ ਵਾਲਾ ਹੋਵੇਗਾ।

ਦੋਗਲਾ ਬਲ (Hybridvigor)—ਦੋਗਲੇ ਆਮ ਤੌਰ ਤੇ ਆਪਣੇ ਪਿਤਰਾਂ ਤੋ ਵਧੇਰੇ ਬਲ ਵਾਲੇ ਹੁੰਦੇ ਹਨ। ਖੱਚਰ ਦੀ ਤਾਕਤ ਵਧੇਰੇ ਮੰਨੀ ਗਈ ਹੈ। ਦੋਗਲਾ ਮੱਕੀ, ਹੋਰ ਕਿਸਮਾਂ ਨਾਲੋਂ ਵਧੇਰੇ ਚੰਗੀ ਕਿਸਮ ਦੀ ਹੋਣ ਕਾਰਨ ਇਸ ਦੀ ਖੇਤੀ ਜ਼ਿਆਦਾ ਕੀਤੀ ਜਾਂਦੀ ਹੈ। ਦੋਗਲਾਕਰਣ ਵਿਧੀ ਨਾਲ ਪੋਲਟਰੀ ਦੀਆਂ ਕਈ ਜ਼ਿਆਦਾ ਚੰਗੀਆਂ ਕਿਸਮਾਂ ਪ੍ਰਾਪਤ ਹੋ ਸਕੀਆਂ ਹਨ। ਇਸੇ ਤਰ੍ਹਾਂ ਕਈ ਪੌਦਿਆਂ ਅਤੇ ਜਾਨਵਰਾਂ ਵਿਚ ਵਿਸ਼ੇਸ਼ ਕਿਸਮਾਂ ਪੈਦਾ ਕੀਤੀਆਂ ਜਾ ਸਕੀਆਂ ਹਨ।

ਦੋਗਲਾ ਸਮ੍ਰਿਦੀ (Hybrid luxuriance)—ਅਜਿਹੇ ਕਈ ਉਦਾਹਰਣ ਮਿਲਦੇ ਹਨ ਜਦੋਂ ਕਿ ਦੋਗਲਾ ਜੀਵ ਆਪਣੇ ਪਿਤਰਾਂ ਤੋਂ ਆਕਾਰ ਵਿਚ ਵੱਡਾ, ਤੇਜ਼ੀ ਨਾਲ ਵਧਣ ਵਾਲਾ ਅਤੇ ਗੁਣਾਂ ਵਿਚ ਵਿਸ਼ਿਸ਼ਟ ਹੁੰਦਾ ਹੈ ਪਰ ਕਈ ਵਾਰੀ ਉਹ ਜ਼ਿਆਦਾ ਕਾਮਯਾਬ ਨਹੀਂ ਹੁੰਦਾ। ਖੱਚਰ, ਘੋੜੇ ਅਤੇ ਗਧੇ ਦੋਹਾਂ ਨਾਲੋਂ ਜ਼ਿਆਦਾ ਸ਼ਕਤੀਸ਼ਾਲੀ ਹੁੰਦਾ ਹੈ ਪਰ ਇਹ ਬਾਂਝ ਹੁੰਦਾ ਹੈ ਜਦੋਂ ਕਿ ਪਿਤਰ ਜਾਤੀਆਂ ਪੂਰੀ ਤਰ੍ਹਾਂ ਸੰਤਾਨ ਪੈਦਾ ਕਰਨ ਦੇ ਯੋਗ ਹੁੰਦੀਆਂ ਹਨ।

ਵਿਭਿੰਨਤਾ (Variability)—ਪਹਿਲੀ ਦੋਗਲਾ ਪੀੜ੍ਹੀ (F_1) ਵਿਚ ਪਿਤਰੀ ਇਕਸਾਰਤਾ ਕਾਇਮ ਰਹਿੰਦੀ ਹੈ ਜਦੋਂ F_1 ਦੋਗਲਾ ਦਾ ਪ੍ਰਜਣਨ ਹੁੰਦਾ ਹੈ ਤਾਂ ਇਸ ਦੀ ਸੰਤਾਨ F_2 ਪੀੜ੍ਹੀ ਵਿਚ ਵਿਅਕਤੀ-ਗਤ ਵਿਭਿੰਨਤਾ ਉੱਚ ਦਰ ਦੀ ਹੁੰਦੀ ਹੈ। ਹਰ ਇਕ F_2 ਵਿਅਕਤੀ ਵਿਚ ਵੱਖਰੀ-ਵੱਖਰੀ ਤਰ੍ਹਾਂ ਦੇ ਗੁਣਾਂ ਦਾ ਸੁਮੇਲ ਹੁੰਦਾ ਹੈ ਜੋ ਕਿ ਪਿਤਰੀ ਜਾਤੀਆਂ ਤੋਂ ਭਿੰਨ ਹੁੰਦਾ ਹੈ।

ਦੋਗਲਾ ਬਾਂਝਪਨ—ਦੋਗਲਾ ਬਾਂਝਪਨ ਸਾਪੇਖ ਵਿਸ਼ਾ ਹੈ। ਕੁਝ ਦੋਗਲੇ ਪੂਰੀ ਤਰ੍ਹਾਂ ਬਾਂਝ ਹੁੰਦੇ ਹਨ, ਕੁਝ ਪੂਰੀ ਤਰ੍ਹਾਂ ਸੰਤਾਨ ਪੈਦਾ ਕਰਨ ਦੇ ਯੋਗ ਹੁੰਦੇ ਹਨ। ਬਾਂਝਪਨ ਦਾ ਸਬੰਧ ਪਿਤਰਾਂ ਦੇ ਆਪਸੀ ਨੇੜਤਾ ਦੇ ਸਬੰਧਾਂ ਉੱਤੇ ਵੀ ਨਿਰਭਰ ਕਰਦਾ ਹੈ। ਕਈ ਵਾਰੀ ਸੰਤਾਨ ਪੈਦਾ ਕਰਨ ਯੋਗ ਦੋਵੇ ਪਿਤਰਾਂ ਦਾ ਦੋਗਲਾਕਰਣ ਹੋਇਆ ਹੋਵੇ ਤਾਂ ਦੋਗਲਾ ਬਾਂਝ ਪੈਦਾ ਹੁੰਦਾ ਹੈ ਜਿਵੇਂ ਕਿ ਖੱਚਰ ਬਾਂਝ ਹੁੰਦਾ ਹੈ ਜਦੋਂ ਕਿ ਗਧਾ ਅਤੇ ਘੋੜਾ ਦੋਵੇ ਜਾਤੀਆਂ ਪੂਰੀ ਤਰ੍ਹਾਂ ਸੰਤਾਨ ਪੈਦਾ ਕਰਨ ਯੋਗ ਹੁੰਦੀਆਂ ਹਨ। ਨੇੜਤਾ ਵਾਲੀਆਂ ਜਾਤੀਆਂ ਵਿਚ ਅਰਧ ਬਾਂਝਪਨ ਹੁੰਦਾ ਹੈ ਅਤੇ ਦੁਰੇਡੇ ਸਬੰਧਤ ਜਾਤੀਆਂ ਵਿਚ ਪੂਰਾ ਬਾਂਝਪਨ ਹੁੰਦਾ ਹੈ। ਅਸਬੰਧਤ ਜਾਤੀਆਂ ਜੈ ਵੱਖ-ਵੱਖ ਪ੍ਰਜਾਤੀਆਂ ਨਾਲ ਸਬੰਧ ਰਖਦੀਆਂ ਹੋਣ ਦਾ ਦੋਗਲਾਕਰਣ ਨਹੀਂ ਹੋਣਾ ਚਾਹੀਦਾ।

ਬਾਂਝਪਨ ਤੋਂ ਬਚਾਉ—ਦੋਗਲਾ ਦੀਆਂ ਬਹੁਤੀਆਂ ਜਾਤੀਆਂ ਬਾਂਝ ਹੁੰਦੀਆਂ ਹਨ। ਪੂਰੀ ਤਰ੍ਹਾਂ ਬਾਂਝ ਦੋਗਲਾ ਆਮ ਤੌਰ ਤੇ ਸੰਤਾਨ ਪੈਦਾ ਕਰਨ ਦੇ ਯੋਗ ਨਹੀਂ ਹੁੰਦਾ ਪਰੰਤੂ ਇਨ੍ਹਾਂ ਦੇ ਕ੍ਰੋਮੋਸੋਮ ਜੇਕਰ ਦੁਗਣੇ ਹੋ ਜਾਣ (ਬਹੁ-ਸੂਤਰ ਗੁਣਿਤ) ਤਾਂ ਇਹ ਦੋਗਲੇ ਸੰਤਾਨ ਪੈਦਾ ਕਰ ਸਕਦੇ ਹਨ। ਬਾਂਝ ਤੋਂ ਇਸ ਤਰੀਕੇ ਨਾਲ ਪੈਦਾ ਹੋਇਆ ਪਾੱਲੀਪਲਾਇਡ ਅਗੋਂ ਸੰਤਾਨ ਪੈਦਾ ਕਰਨ ਯੋਗ ਹੁੰਦਾ ਹੈ। ਇਸ ਤਰ੍ਹਾਂ ਇਕ ਨਵੀ ਜਾਤੀ ਦਾ ਆਰੰਭ ਹੁੰਦਾ ਹੈ। ਫੁੱਲਦਾਰ ਪੌਦਿਆਂ ਦੀਆਂ ਕਈ ਜਾਤੀਆਂ ਦੋਗਲਾਕਰਣ ਉਪਰੰਤ ਪਾੱਲੀਪਲਾਇਡੀ ਵਿਧੀ ਰਾਹੀਂ ਹੋਂਦ ਵਿਚ ਆਈਆਂ ਹਨ। ਪ੍ਰਾਣੀ ਜਗਤ ਵਿਚ ਇਹ ਵਿਧੀ ਆਮ ਨਹੀ ਹੈ। ਪਾੱਲੀਪਲਾਇਡੀ ਦੀਆਂ ਕੁਝ ਉਦਾਹਰਣਾਂ ਹੀ ਮਿਲਦੀਆਂ ਹਨ। ਗੰਡੋਏ, ਮੱਥ, ਸ਼ਰਿੰਪਸ ਅਤੇ ਵੀਵਿਲ ਦੀਆਂ ਕੁਝ ਜਾਤੀਆਂ ਪਾੱਲੀਪਲਾਇਡ ਆਰੰਭ (origin) ਵਾਲੀਆਂ ਹਨ। ਪੌਦਿਆਂ ਦੇ ਦੋਗਲਿਆਂ ਵਿਚ ਅਲਿੰਗੀ ਪ੍ਰਵਰਧਨ ਆਮ ਹੁੰਦਾ ਹੈ।

ਦੋਗਲੀ ਸੰਤਾਨ ਸਮੁਦਾਈ (ਹਾਈਬ੍ਰਿਡ ਸਵਾਰਮ)—ਇਕ ਦੋਗਲੇ ਦਾ ਕ੍ਰਾਸ ਜੇਕਰ ਦੂਜੇ ਦੋਗਲੇ ਨਾਲ ਹੋਵੇ ਜਾਂ ਦੋਲਿੰਗੀ ਪੌਦੇ ਸ੍ਵੈ-ਪਰਾਗਿਤ (Self pollinated) ਹੋ ਜਾਣ ਤਾਂ F_2 ਪੀੜ੍ਹੀ ਦੀ ਸੰਤਾਨ ਪੈਦਾ ਹੁੰਦੀ ਹੈ। ਇਸ ਤਰ੍ਹਾਂ ਨਵੀਂ ਤਰ੍ਹਾਂ ਦੇ ਸੁਮੇਲ ਵਾਲੇ ਲਛਣਾਂ ਵਾਲੀ ਸੰਤਾਨ ਪੈਦਾ ਹੁੰਦੀ ਹੈ। F_2 ਪੀੜ੍ਹੀ ਦੀ ਸੰਤਾਨ ਦੇ ਆਪਸੀ ਕ੍ਰਾਸ ਨਾਲ ਜਾਂ F_2 ਦੇ ਮੁੱਢਲੇ ਦੋਗਲੇ ਦੇ ਕ੍ਰਾਸ ਨਾਲ ਲੱਛਣਾਂ ਵਿਚ ਹੋਰ ਵਿਭਿੰਨਤਾ ਆ ਜਾਂਦੀ ਹੈ। ਇਸ ਤਰ੍ਹਾਂ ਇਕ ਸਮੂਹ ਬਣ ਜਾਂਦਾ ਹੈ ਜਿਸ ਵਿਚ ਜਾਤੀਆਂ, ਦੋਗਲੇ, F_2 ਪੀੜ੍ਹੀ ਦੀ

ਸੰਤਾਨ, ਪੂਰਵਜ ਸੰਕਰ (ਬੈਕ ਕ੍ਰਾੱਸ) ਸ਼ਾਮਲ ਹੁੰਦੇ ਹਨ। ਇਸ ਨੂੰ ਦੋਗਲੀ ਸੰਤਾਨ ਸਮੁਦਾਇ (ਹਾਈਬ੍ਰਿਡ ਸਵਾਰਮ) ਕਿਹਾ ਜਾਂਦਾ ਹੈ।

ਪੂਰਵਜ ਦੋਗਲਾਕਰਣ ਅਤੇ ਅੰਤਰ-ਗਮਨ (Back crossing and introgression)-ਕੁਦਰਤੀ ਦੋਗਲਾਕਰਣ ਵਿਧੀ ਉੱਤੇ ਪ੍ਰਭਾਵ ਪਾਉਣ ਲਈ, ਪ੍ਰਜਣਨ ਵਿਧੀ ਵਿਚ ਤਬਦੀਲੀ ਲਿਆਉਣ ਲਈ ਕਈ ਫੈਕਟਰ/ਕਾਰਕ ਜ਼ਿੰਮੇਵਾਰ ਹੁੰਦੇ ਹਨ। ਕੇਵਲ ਇਕ ਜਾਂ ਕੁਝ ਦੋਗਲੇ ਇਕ ਸਮੇਂ ਉਤਪੰਨ ਹੁੰਦੇ ਹਨ ਅਤੇ ਬਾਕੀ ਦੇ ਵਿਅਕਤੀਆਂ ਵਿਚ ਪਿਤਰ ਜਾਤੀਆਂ ਵਾਲੇ ਗੁਣ ਹੁੰਦੇ ਹਨ। ਇਨ੍ਹਾਂ ਹਾਲਤਾਂ ਵਿਚ ਦੋਗਲਿਆਂ ਦੀ ਸੰਤਾਨ ਦੋਗਲੇ ਅਤੇ ਪਿਤਰੀ ਜਾਤੀਆਂ ਦੇ ਸੁਮੇਲ ਤੋਂ ਬਣਦੀ ਹੈ। ਇਸ ਪ੍ਰਕ੍ਰਿਆ ਨੂੰ ਪੂਰਵਜ ਦੋਗਲਾਕਰਣ ਜਾਂ ਬੈਕ-ਕ੍ਰਾਸਿੰਗ ਕਿਹਾ ਜਾਂਦਾ ਹੈ।

ਦੋਗਲੇ ਆਮ ਤੌਰ ਤੇ ਅਰਧ ਬਾਂਝ ਹੁੰਦੇ ਹਨ ਜਦੋਂ ਕਿ ਪਿਤਰੀ ਜਾਤੀਆਂ ਪੂਰੀ ਤਰ੍ਹਾਂ ਸੰਤਾਨ ਪੈਦਾ ਕਰਨ ਦੇ ਯੋਗ ਹੁੰਦੀਆਂ ਹਨ। ਬਹੁਤੀਆਂ ਨਸਲਾਂ ਜਾਤੀ ਅਤੇ ਦੋਗਲੇ ਦੇ ਕ੍ਰਾਸ ਕਰਨ ਤੋਂ ਬਣਦੀਆਂ ਹਨ ਅਤੇ ਦੋਗਲੇ ਨਾਲ ਦੋਗਲੇ ਦੇ ਕ੍ਰਾਸ ਤੋਂ ਘੱਟ ਨਸਲਾਂ ਬਣਦੀਆਂ ਹਨ। ਇਕ ਹੋਰ ਫੈਕਟਰ/ਕਾਰਕ ਜੋ ਦੋਗਲਾ ਪ੍ਰਜਣਨ ਦੇ ਬੈਕ ਕ੍ਰਾਸਿੰਗ ਉੱਤੇ ਪ੍ਰਭਾਵ ਪਾਉਂਦਾ ਹੈ ਉਹ ਇਹ ਹੈ ਕਿ ਇਕ ਜਾਤੀ ਦੇ ਜੀਨਜ਼ ਬਾਰਬਾਰ ਹੋ ਰਹੇ ਬੈਕ ਕ੍ਰਾਸਿੰਗ ਕਾਰਨ ਦੂਜੀ ਜਾਤੀ ਵਿਚ ਆ ਜਾਂਦੇ ਹਨ। ਇਹ ਪ੍ਰਕ੍ਰਿਆ ਪੌਦਾ-ਜਗਤ ਵਿਚ ਆਮ ਅਤੇ ਮਹੱਤਤਾ ਵਾਲੀ ਹੈ ਇਸ ਨੂੰ ਖ਼ਾਸ ਨਾਂ ਅੰਤਰਗਮਨ ਦੋਗਲਾਕਰਣ ਜਾਂ ਕੇਵਲ ਅੰਤਰ ਗਮਨ ਦਿੱਤਾ ਜਾਂਦਾ ਹੈ। ਪ੍ਰਾਣੀ ਜਗਤ ਵਿਚ ਅੰਤਰ-ਗਮਨ ਸਬੰਧੀ ਕੋਈ ਸਪੱਸ਼ਟ ਜਾਣਕਾਰੀ ਨਹੀਂ ਮਿਲਦੀ।

ਦੋਗਲਾਕਰਣ ਲਈ ਵਾਤਾਵਰਣੀ ਨਿਯੰਤਰਣ—ਦੋਗਲਾ ਜਾਂ ਉਨ੍ਹਾਂ ਦੇ ਵਿਉਤਪੰਨ (ਪਾੱਲੀਪਲਾਇਡ ਆਦਿ) ਦਾ ਜਿਉਂਦੇ ਰਹਿਣਾ ਅਤੇ ਪ੍ਰਜਣਨ ਇਸ ਗਲ ਤੇ ਨਿਰਭਰ ਕਰਦਾ ਹੈ ਕਿ ਉਨ੍ਹਾਂ ਲਈ ਖੁਲ੍ਹੇ ਵਾਸ (Habitats) ਉਪਲਬਧ ਹੋਣ ਜਿਥੇ ਉਹ ਵਿਕਾਸ ਕਰ ਸਕਣ। ਜਦੋਂ ਦੋ ਜਾਂ ਇਸ ਤੋਂ ਵੱਧ ਜਾਤੀਆਂ ਕਿਸੇ ਥਾਂ ਤੇ ਇੱਕਠੀਆਂ ਹੋਣ ਤਾਂ ਹਰ ਜਾਤੀ ਲਈ ਖ਼ਾਸ ਤਰ੍ਹਾਂ ਦੀ ਪਰਸਿਥਿਤੀ ਵਾਲੀ ਢੁੱਕਵੀਂ ਜਗ੍ਹਾ ਦੀ ਲੋੜ ਹੁੰਦੀ ਹੈ। ਜੇਕਰ ਵਾਤਾਵਰਣ ਵਿਚ ਕੋਈ ਖਲਬਲੀ ਹੋਵੇ ਜਿਵੇਂ ਕਿ ਹੜ੍ਹ ਆਉਣ ਨਾਲ, ਅੱਗ ਲਗਣ ਨਾਲ ਤਾਂ ਦੋਗਲੇ ਜੀਵ ਜਾਂ ਪੌਦੇ ਨਵੇਂ ਵਾਸ ਸਥਾਨ ਲਭ ਲੈਂਦੇ ਹਨ। ਅਜਿਹੀ ਸਥਿਤੀ ਵਿਚ ਦੋਗਲਾਕਰਣ ਕੁਦਰਤੀ ਚੋਣ (Natural selection) ਰਾਹੀਂ ਠੀਕ ਤਰ੍ਹਾਂ ਹੋ ਸਕਦਾ ਹੈ।

ਪੱਛਮੀ ਉੱਤਰੀ ਅਮਰੀਕਾ ਵਿਚ ਜਿਥੇ ਜਲਵਾਯੂ ਸਬੰਧੀ ਤਬਦੀਲੀ ਹੁੰਦੀ ਰਹੀ ਹੈ। ਪੌਦਿਆਂ ਦੀਆਂ ਕਈ ਜਾਤੀਆਂ ਵਿਚ ਦੋਗਲਾਕਰਣ ਰਾਹੀਂ ਵਿਭਿੰਨਤਾ ਆਉਂਦੀ ਰਹੀ ਹੈ।

ਦੋਗਲਾਕਰਣ ਅਤੇ ਵਿਕਾਸ—ਵਿਕਾਸ ਜਣਨਿਕ ਭਿੰਨਤਾ ਉੱਤੇ ਨਿਰਭਰ ਕਰਦਾ ਹੈ। ਇਸ ਭਿੰਨਤਾ ਕਾਰਨ ਕੁਦਰਤੀ ਚੋਣ ਹੁੰਦੀ ਹੈ ਜਿਸ ਕਾਰਨ ਨਵੀਂ ਅਤੇ ਚੰਗੇਰੀ ਜਾਤੀ ਹੋਂਦ ਵਿਚ ਆਉਂਦੀ ਹੈ। ਉਤਪਰਿਵਰਤਨ (Mutation) ਪ੍ਰਕ੍ਰਿਆ ਰਾਹੀਂ ਵਿਭਿੰਨਤਾ ਹੁੰਦੀ ਹੈ। ਉਤਪਰਿਵਰਤਿਤ ਜੀਨਜ਼ ਦੇ ਨਵੇਂ ਢੰਗ ਨਾਲ ਮੁੜ ਸੰਯੋਜਨ ਕਰਕੇ ਹੋਰ ਵਿਭਿੰਨਤਾ ਹੋ ਜਾਂਦੀ ਹੈ। ਕੁਦਰਤ ਵਿਚ ਪੌਦਿਆਂ ਦੀ ਵਿਭਿੰਨਤਾ ਦਾ ਮੁੱਖ ਸ੍ਰੋਤ ਦੋਗਲਾਕਰਣ ਹੀ ਹੈ।

ਹ. ਪੁ. – ਐਨ. ਬ੍ਰਿ. ਮਾ. 5 : 233; ਐਨ. ਅਮੈ. 14 : 533 ; ਐਨ. ਬ੍ਰਿ. 11 : 953

ਦੋਤਾਰਾ : ਦੋਤਾਰਾ ਇਕਤਾਰੇ ਦਾ ਹੀ ਇਕ ਰੂਪ ਹੈ। ਇਕ -ਤਾਰੇ ਨੂੰ ਥੋੜ੍ਹਾ ਵੱਡਾ ਕਰਨ ਨਾਲ ਅਰਥਾਤ ਇਕ ਤਾਰ ਹੋਰ ਲਗਾਉਣ ਨਾਲ ਦੋਤਾਰਾ ਬਣ ਜਾਂਦਾ ਹੈ। ਪੰਜਾਬ ਦੇ ਲੋਕ-ਗੀਤਾਂ ਵਿਚ ਜੋ ਸਥਾਨ ਇਕ-ਤਾਰੇ ਨੂੰ ਮਿਲਿਆ ਹੈ ਭਾਵੇਂ ਉਹ ਸਥਾਨ ਦੋਤਾਰਾ ਨਹੀਂ ਲੈ ਸਕਿਆ ਪਰ ਫਿਰ ਵੀ ਪੰਜਾਬੀ ਲੋਕ-ਗੀਤਾਂ ਵਿਚ ਇਸ ਦੀ ਕਾਫ਼ੀ ਮਹੱਤਤਾ ਹੈ। ਸ਼ਾਸਤਰੀ ਸੰਗੀਤ ਦੇ ਪੱਖ ਤੋਂ ਦੋਤਾਰਾ ਇਕਤਾਰੇ ਨਾਲੋਂ ਜ਼ਿਆਦਾ ਉਚਿਤ ਹੈ ਕਿਉਂਕਿ ਇਸ ਵਿਚ ਦੋ ਤਾਰਾਂ ਲਗੀਆਂ ਹੁਦੀਆਂ ਹਨ। ਜਿਹੜੀਆਂ 'ਸ' ਅਤੇ 'ਪ' ਸੁਰਾਂ ਉਤੇ ਪੂਰੀ ਤਰਾਂ ਮਿਲੀਆਂ ਹੁੰਦੀਆਂ ਹਨ। ਇਨ੍ਹਾਂ ਦੋਹਾਂ ਤਾਰਾਂ ਉਤੇ ਅਸੀਂ ਪੂਰੀ 'ਸਰਗਮ'

ਆਰੋਹ : ਸ ਰੇ ਗ ਮ ਪ ਧ ਨੀ ਸ

ਅਵਰੋਹ : ਸ ਨੀ ਧ ਪ ਮ ਗ ਰੇ ਸ

ਕੱਢ ਸਕਦੇ ਹਾਂ। ਇਕ-ਤਾਰੇ ਤੋਂ ਸਾਨੂੰ ਸਿਰਫ਼ ਤਿੰਨ ਚਾਰ ਸੁਰ ਹੀ ਆਸਾਨੀ ਨਾਲ ਮਿਲਦੇ ਹਨ ਪਰ ਫਿਰ ਵੀ ਪੰਜਾਬੀ ਲੋਕ-ਗੀਤਾਂ ਵਿਚ ਇਕਤਾਰੇ ਨੂੰ ਦੋਤਾਰੇ ਨਾਲੋਂ ਵਧੇਰੇ ਉਚਿਤ ਸਥਾਨ ਮਿਲਦਾ ਹੈ।

ਦੋਤਾਰੇ ਦੀ ਬਣਾਵਟ ਇਕ ਤਾਰੇ ਦੀ ਬਣਾਵਟ ਵਾਂਗ ਹੁੰਦੀ ਹੈ। ਇਸ ਦੀ ਲੰਬਾਈ 70 ਸੈਂਟੀਮੀਟਰ ਤੇ ਖੋਲ ਦੀ ਚੌੜਾਈ 15 ਸੈਂਟੀਮੀਟਰ ਹੁੰਦੀ ਹੈ। ਕੱਦੂ ਜਾਂ ਲੱਕੜੀ ਨੂੰ ਖੋਖਲਾ ਕਰਕੇ ਇਕ ਖੋਲ ਬਣਾ ਲਿਆ ਜਾਂਦਾ ਹੈ। ਇਸ ਦੇ ਵਿਚ ਇਕ ਲੱਕੜੀ ਦਾ ਡੰਡਾ ਤਰਾਸ਼ ਕੇ (ਜਿਹੜਾ ਗੋਲਾਈ ਵਿਚ ਹੋਵੇ ਹੇਠਲੇ ਪਾਸਿਓਂ ਪਤਲਾ ਉਪਰੋਂ ਮੋਟਾ ਹੁੰਦਾ ਹੈ) ਤੂੰਬੀ ਜਾਂ ਲਕੜੀ ਵਿਚ ਆਰਪਾਰ ਲਗਾ ਦਿਤਾ ਜਾਂਦਾ ਹੈ। ਤੂੰਬੇ ਦੇ ਪਿਛਲੇ ਪਾਸੇ ਲੱਕੜੀ ਦੇ ਡੰਡੇ ਦਾ ਪਤਲਾ ਪਾਸਾ ਹੇਠਲੇ ਪਾਸਿਓਂ ਥੋੜ੍ਹਾ ਬਾਹਰ ਨਿਕਲਿਆ ਹੁੰਦਾ ਹੈ ਤਾਂ ਜੋ ਇਸ ਦੇ ਵਿਚ ਮਰੋੜ ਕੇ ਤਾਰਾਂ ਲਗਾਈਆਂ ਜਾ ਸਕਣ। ਦੋਤਾਰੇ ਦੇ ਕੱਦੂ ਜਾਂ ਲੱਕੜੀ ਦੇ ਖੋਲ ਉਤੇ ਪਤਲੀ ਖੱਲ ਮੜ੍ਹ ਦਿੱਤੀ ਜਾਂਦੀ ਹੈ ਅਤੇ ਖੱਲ ਉਤੇ ਇਕ ਬਾਂਸ ਦੀ ਘੋੜੀ ਰਖੀ ਜਾਂਦੀ ਹੈ। ਡੰਡੇ ਦੇ ਉਪਰਲੇ ਪਾਸੇ ਦੋਤਾਰਾਂ ਲਈ ਖੂੰਟੀਆਂ ਹੁੰਦੀਆਂ ਹਨ। ਇਨ੍ਹਾਂ ਦੋਹਾਂ ਤਾਰਾਂ ਨੂੰ 'ਸਾ' ਅਤੇ 'ਪਾ' ਦੇ ਸੁਰਾਂ ਤੇ ਮਿਲਾਇਆ ਜਾਂਦਾ ਹੈ।

ਪਹਿਲਾਂ ਕਈ ਲੋਕ ਇਸ ਨੂੰ ਵਜਾਉਣ ਲਈ ਸੱਜੇ ਹੱਥ ਦੀ ਖਾਲੀ ਪਹਿਲੀ ਉਂਗਲੀ ਦੀ ਵਰਤੋਂ ਕਰਦੇ ਸਨ ਪਰ ਅੱਜਕੱਲ੍ਹ ਸੱਜੇ ਹੱਥ ਦੀ ਪਹਿਲੀ ਉਂਗਲੀ ਵਿਚ ਸਿਤਾਰ ਦੀ ਮਿਜ਼ਰਾਬ ਪਾਕੇ ਇਸ ਨੂੰ ਵਜਾਇਆ ਜਾਂਦਾ ਹੈ ਅਤੇ ਖੱਬੇ ਹੱਥ ਦੀਆਂ ਉਂਗਲਾਂ ਨਾਲ ਉਪਰਲੇ ਪਾਸੇ ਦੋਹਾਂ ਤਾਰਾਂ ਨੂੰ ਦਬਾ ਕੇ ਸੁਰ ਕੱਢੇ ਜਾਂਦੇ ਹਨ।

ਹ. ਪੁ.– ਪੰਜਾਬ ਦੇ ਲੋਕ ਸਾਜ਼ : 28

ਦੌਦਾ ਬੇਟਾ : ਦੱਖਣੀ ਭਾਰਤ ਵਿਚ ਤਾਮਿਲਨਾਡੂ ਰਾਜ ਵਿਚ ਓਟਾਕਾਮੰਡ ਸ਼ਹਿਰ ਨੇੜੇ ਨੀਲਗਿਰੀ ਪਰਬਤਾਂ ਦੀ ਸਭ ਤੋਂ ਉੱਚੀ ਚੋਟੀ (2,637 ਮੀ.) ਹੈ। ਇਹ ਅਨਾਮਲਾਈ ਉੱਚੀਆਂ ਪਹਾੜੀਆਂ ਦੀ ਅਨਾਇਮਡੀ ਚੋਟੀ (2695 ਮੀ.) ਤੋਂ ਬਾਅਦ ਪੱਛਮੀ ਘਾਟਾਂ ਦੀ ਦੂਜੀ ਉੱਚੀ ਚੋਟੀ ਹੈ। ਇਹ ਚੋਟੀ ਹਮੇਸ਼ਾ ਹੀ ਹਰਿਆਵਲ ਨਾਲ ਢੱਕੀ ਹੋਣ ਕਰਕੇ ਗਰਮੀ ਵਿਚ ਸੈਲਾਨੀਆਂ ਦੀ ਖਿੱਚ ਦਾ ਕੇਂਦਰ ਬਣੀ ਰਹਿੰਦੀ ਹੈ। ਇਸ ਦੀਆਂ ਢਲਾਨਾਂ ਉੱਤੇ ਵਾਦੀਆਂ ਵਿੱਚ ਰਬੜ ਦੀ ਪੈਦਾਵਾਰ ਹੁੰਦੀ ਹੈ।

11°26′ ਉ. ਵਿਥ.; 76° 44′ ਪੂ. ਲੰਬ.

ਹ. ਪੁ. – ਇੰਪ.ਗ. ਇੰਡ. 11 : 365; ਐਨ. ਬ੍ਰਿ. ਮਾ. 3 : 597

ਦੋਦੇ, ਆਲਫ਼ਾਂਸੇ : ਇਸ ਉੱਘੇ ਫ਼ਰਾਂਸੀਸੀ ਨਾਵਲਕਾਰ, ਨਾਟਕਕਾਰ, ਅਤੇ ਨਿੱਕੀ ਕਹਾਣੀ ਲੇਖਕ ਦਾ ਜਨਮ 13 ਮਈ, 1840 ਨੂੰ ਨੀਮ ਵਿਖੇ ਹੋਇਆ। ਇਸ ਨੇ ਦੱਖਣੀ ਫ਼ਰਾਂਸ ਦੇ ਲੋਕਾਂ ਦੇ ਜੀਵਨ ਅਤੇ ਸੁਭਾਅ ਨੂੰ ਬੜੀ ਸੁਘੜਤਾ ਨਾਲ ਚਿਤਰਿਆ ਹੈ।



ਆਲਫਾਂਸੇ ਦੋਦੇ

14 ਸਾਲ ਦੀ ਉਮਰ ਵਿਚ ਇਸ ਨੇ ਆਪਣਾ ਪਹਿਲਾ ਨਾਵਲ ਅਤੇ ਕਵਿਤਾਵਾਂ ਲਿਖੀਆਂ। ਇਕ ਸਕੂਲ ਵਿਚ ਛੇ ਮਹੀਨੇ ਦਰਬਾਨ ਵਜੋਂ ਕੰਮ ਕਰਨਾ ਪਿਆ। ਮਗਰੋਂ ਇਸ ਤਜਰਬੇ ਨੂੰ ਇਸ ਨੇ ਆਪਣੇ ਅਰਧ ਸਵੈ-ਜੀਵਨੀ ਨਾਵਲ 'Le Petit chose' (1868) ਦਾ ਵਿਸ਼ਾ ਬਣਾਇਆ। 17 ਸਾਲ ਦੀ ਉਮਰ ਵਿਚ ਇਹ ਪੈਰਿਸ ਚਲਾ ਗਿਆ। ਚੰਗੇ ਮਿੱਤਰ ਅਤੇ ਸਰਪ੍ਰਸਤ ਮਿਲਣ ਕਾਰਨ ਅਗਲੇ 30 ਸਾਲ ਇਹ ਬੜੀ ਕਾਮਯਾਬੀ ਨਾਲ ਲਿਖਦਾ ਰਿਹਾ। ਇਸ ਨੂੰ ਇਕ ਮਾਡਲ ਮੈਰੀ ਰਿਉ ਨਾਲ ਪਿਆਰ ਹੋ ਗਿਆ ਅਤੇ ਇਸ ਨੇ ਆਪਣੀਆਂ ਕਵਿਤਾਵਾਂ ਦੀ ਇਕੋ ਇਕ ਪੁਸਤਕ Les Amoure-uses (1858) ਉਸ ਨੂੰ ਸਮਰਪਿਤ ਕੀਤੀ। ਇਹ 'Figaro' ਵਰਗੇ ਅਖਬਾਰਾਂ ਵਿਚ ਲੇਖ ਵੀ ਛਪਵਾਉਂਦਾ ਰਿਹਾ।

ਸੰਨ 1869 ਵਿਚ ਇਹ ਨੈਪੋਲੀਅਨ ਤੀਜੇ ਦੇ ਮਤ੍ਰੇਏ ਭਰਾ ਡਿਊਕ ਆਫ਼ ਮੋਰਨੀ ਦਾ ਸਕੱਤਰ ਬਣਿਆ ਅਤੇ ਉਸ ਦੀ ਮੌਤ ਤਕ ਇਸ ਅਹੁਦੇ ਤੇ ਰਿਹਾ।

ਸੰਨ 1862 ਵਿਚ ਪੈਰਿਸ ਵਿਖੇ ਖੇਡਿਆ ਗਿਆ ਇਸ ਦਾ ਪਹਿਲਾ ਨਾਟਕ 'La Dernier Idole' ਬਹੁਤ ਸਫ਼ਲ ਰਿਹਾ। ਫ਼ਰਾਂਸ-ਜਰਮਨੀ ਯੁੱਧ ਸਮੇ ਇਹ ਫ਼ੌਜ ਵਿਚ ਭਰਤੀ ਹੋਇਆ ਪਰ ਫ਼ਰਾਂਸ ਦੀ ਇਨਕਲਾਬੀ ਸਰਕਾਰ ਦੀ ਦਹਿਸ਼ਤ ਕਾਰਨ 1871 ਈ. ਵਿਚ ਇਹ ਪੈਰਿਸ ਤੋਂ ਚਲਾ ਗਿਆ। ਇਸ ਯੁੱਧ ਦਾ ਪ੍ਰਭਾਵ ਇਸ ਦੀਆਂ ਲਿਖਤਾਂ ਤੇ ਵੀ ਪਿਆ ਜੋ 1873 ਵਿਚ ਲਿਖੀ ਗਈ ਇਸ ਦੀ ਨਿੱਕੀਆਂ ਕਹਾਣੀਆਂ ਦੀ ਪੁਸਤਕ 'Les Contes Du lunds' ਤੋਂ ਸਪੱਸ਼ਟ ਹੈ।

ਇਸ ਦੇ ਨਾਵਲ 'Fromont Jeune' (1874) ਨੇ ਫ਼ਰਾਂਸੀਸੀ ਅਕਾਦਮੀ ਤੋਂ ਇਨਾਮ ਪ੍ਰਾਪਤ ਕੀਤਾ । ਆਪਣੇ ਅੰਤਲੇ ਸਮੇਂ ਦੌਰਾਨ ਇਸ ਨੂੰ ਰੀੜ ਦੀ ਹੱਡੀ ਦੇ ਦਰਦ ਕਾਰਨ ਬਹੁਤ ਕਸ਼ਟ ਝਲਣਾ ਪਿਆ। ਇਸ ਨੇ ਹਰ ਤਰ੍ਹਾਂ ਦੀਆਂ ਪੁਸਤਕਾਂ ਲਿਖੀਆਂ। ਸੰਨ 1895 ਵਿਚ ਇਹ ਲੰਡਨ ਅਤੇ ਵੈਨਿਸ ਗਿਆ।

Lex Amoureuses' (1858), 'La Derniere Idole' (1862), 'Le Sacrifice' (1869), 'L' Obstacle (1891), 'Le Petit Chose' (1868), 'Letters a Un absent' (1871), 'Contes due eundi' (1873), ' Le Nabob (1877), 'Tartarin sur les Alpes' (1855), 'Rose er Ninette' (1892), 'Trente aus de Paris (1888), 'Notex surea vie' (1899), 'La Doulou' (1931), Pagex ineditex de critique dramatique' 1874-1880 (1923) ਆਦਿ ਇਸ ਦੀਆਂ ਕਵਿਤਾ, ਨਾਟਕ, ਨਾਵਲ , ਨਿੱਕੀਆਂ ਕਹਾਣੀਆਂ, ਸਵੈ-ਜੀਵਨੀਆਂ ਅਤੇ ਸਾਹਿਤਕ ਆਲੋਚਨਾ ਦੀਆਂ ਪੁਸਤਕਾਂ ਹਨ।

16 ਦਸੰਬਰ, 1897 ਨੂੰ ਅਚਾਨਕ ਹੀ ਇਸ ਦੀ ਮੌਤ ਹੋ ਗਈ।

ਹ. ਪੁ. - ਐਨ. ਬ੍ਰਿ. ਮੈ. 5 : 513 ; ਐਵ. ਐਨ. 4 : 275 ; ਐਨ. ਅਮੈ. 8 : 521.

ਦੋਧਕ ਛੰਦ : ਇਹ ਵਰਣਕ ਛੰਦਾਂ ਵਿਚੋਂ ਛੰਦ ਦਾ ਇਕ ਭੇਦ ਹੈ। ਭਰਤ ਦੇ 'ਨਾਟਯ ਸ਼ਾਸਤਰ' (16 : 26) ਅਨੁਸਾਰ ਤਿੰਨ ਭਗਣ ਅਤੇ ਦੋ ਗੁਰੂਆਂ ਨਾਲ ਮਿਲ ਕੇ ਇਹ ਬਣਦਾ ਹੈ (511, 511, 511 55)। ਕੇਸ਼ਵ ਨੇ ਇਸ ਛੰਦ ਦਾ ਨਾਂ ਮਧੁ ਅਤੇ ਬੰਧੁ ਵੀ ਦਿਤਾ ਹੈ। ਇਹ ਚਾਰ ਤੁਕਾਂ ਦਾ ਹੁੰਦਾ ਹੈ।

ਹ. ਪੁ.- ਮ. ਕੋ. 653; ਹਿੰ. ਸਾ. ਕੋ. 1 : 375

ਦੋ-ਧਾਤੀ ਮੁਦਰਾ ਪ੍ਰਣਾਲੀ : ਇਹ ਉਹ ਮੁਦਰਾ ਪ੍ਰਣਾਲੀ ਹੈ ਜਿਸ ਵਿਚ ਮੁੱਲ ਦਾ ਨਿਰਧਾਰਨ ਕਰਨ ਲਈ ਦੋ-ਧਾਤਾਂ ਦੀ ਵਰਤੋਂ ਕੀਤੀ ਜਾਂਦੀ ਹੋਵੇ। ਇਸ ਪ੍ਰਣਾਲੀ ਵਿਚ ਸਰਕਾਰ ਮੁਦਰਾ ਦੇ ਮੁੱਲ ਨੂੰ ਇਕੋ ਹੀ ਸਮੇਂ ਦੋ ਧਾਤਾਂ ਵਿਚ ਦਰਸਾਉਂਦੀ ਹੈ। ਭਾਵੇਂ ਸਿੱਕੇ ਕਿਸੇ ਵੀ ਦੋ ਕਿਸਮ ਦੀਆਂ ਧਾਤਾਂ ਤੋਂ ਬਣਾਏ ਜਾ ਸਕਦੇ ਹਨ ਪਰੰਤੂ ਪਰੰਪਰਾਗਤ ਤੌਰ ਤੇ ਇਹ ਸਿੱਕੇ ਸੋਨੇ ਅਤੇ ਚਾਂਦੀ ਦੀਆਂ ਧਾਤਾਂ ਤੋਂ ਹੀ ਸਹੀ ਤੌਰ ਤੇ ਬਣਾਏ ਜਾਂਦੇ ਰਹੇ ਹਨ। ਸਿਧਾਂਤਕ ਤੌਰ ਤੇ ਦੋ ਧਾਤੀ ਮੁਦਰਾ ਦੇ ਕਈ ਰੂਪ ਹੋ ਸਕਦੇ ਹਨ ਜਿਵੇਂ ਸੋਨੇ ਅਤੇ ਚਾਂਦੀ ਦੇ ਕਾਨੂੰਨੀ ਮੁਦਰਾ ਸਿੱਕੇ : ਸੋਨੇ ਅਤੇ ਚਾਂਦੀ ਦੇ ਸਿੱਕਿਆਂ ਦੀ ਥਾਂ ਤੇ ਇਨ੍ਹਾਂ ਹੀ ਧਾਤਾਂ ਦੀਆਂ ਬਣੀਆਂ ਸਲਾਖਾਂ ਜਾਂ ਅੰਤਰਰਾਸ਼ਟਰੀ ਪੱਧਰ ਤੇ ਲੈਣ-ਦੇਣ ਦੇ ਦਾਅਵਿਆ ਦਾ ਭੁਗਤਾਨ ਕਰਨ ਲਈ ਵਟਾਂਦਰਾ ਮੁੱਲ ਨਿਰਧਾਰਿਤ ਕਰਨਾ ਜਿਸ ਨਾਲ ਇਕ ਦੇਸ਼ ਦੀ ਮੁਦਰਾ ਪ੍ਰਣਾਲੀ ਨੂੰ ਦੂਜੇ ਦੇਸ਼ ਦੀ ਮੁਦਰਾ ਪ੍ਰਣਾਲੀ ਨਾਲ ਜੋੜਿਆ ਜਾਂਦਾ ਹੈ ਪਰੰਤੂ ਅਮਲੀ ਰੂਪ ਵਿਚ ਪਹਿਲੀ ਕਿਸਮ ਦੇ ਢੰਗ ਨੂੰ ਹੀ ਵਰਤਿਆ ਗਿਆ ਹੈ। 19ਵੀਂ ਸਦੀ ਵਿਚ ਅਪਣਾਈ ਗਈ ਪ੍ਰਣਾਲੀ ਦੀਆਂ ਮੁੱਖ ਵਿਸ਼ੇਸ਼ਤਾਵਾਂ ਇਸ ਤਰ੍ਹਾਂ ਸਨ, ਇਕ ਦੇਸ਼ ਮੁਦਰਾ ਦੀ ਇਕਾਈ (ਡਾਲਰ, ਪੌਂਡ, ਰੁਪਿਆ ਆਦਿ) ਸੋਨੇ ਅਤੇ ਚਾਂਦੀ ਦੇ ਪ੍ਰਮਾਣਿਕ ਸਿੱਕਿਆ ਦੇ ਰੂਪ ਵਿਚ ਕਰਦਾ ਹੈ। ਦੋਵੇ ਤਰ੍ਹਾਂ ਦੇ ਸਿੱਕੇ ਵਟਾਂਦਰੇ ਦੇ ਮਾਧਿਅਮ ਦੇ ਰੂਪ ਵਿੱਚ ਨਾਲ-ਨਾਲ ਚਲਦੇ ਹਨ। ਪ੍ਰਮਾਣਿਕ ਸਿੱਕਾ ਉਹੀ ਸਿੱਕਾ ਹੁੰਦਾ ਹੈ ਜਿਸ ਦਾ ਵਸਤੂ ਅਤੇ ਮੁਦਰਾ ਦੇ ਰੂਪ ਵਿੱਚ ਮੁੱਲ ਬਰਾਬਰ ਹੁੰਦਾ ਹੈ। ਪ੍ਰਮਾਣਿਕ ਮੁਦਰਾ ਦੀ ਢਲਾਈ ਮੁਫ਼ਤ ਹੁੰਦੀ ਹੈ ਅਤੇ ਇਹ ਸਿੱਕੇ ਅਸੀਮਤ ਕਾਨੂੰਨੀ ਮੁਦਰਾ ਦੇ ਹੁੰਦੇ ਹਨ। ਆਮ ਲੋਕ ਸੋਨੇ ਜਾਂ ਚਾਂਦੀ ਨੂੰ ਟਕਸਾਲ ਵਿਚ ਲਿਜਾ ਕੇ ਸਿੱਕਿਆ ਦੇ ਰੂਪ ਵਿਚ ਚਲਵਾ ਸਕਦੇ ਹਨ। ਦੋਵੇਂ ਤਰ੍ਹਾਂ ਦੀਆਂ ਧਾਤਾਂ ਤੋਂ ਸਿੱਕੇ ਬਣਾਉਣ ਉੱਤੇ ਕੋਈ ਪਾਬੰਦੀ ਨਹੀਂ ਹੁੰਦੀ; ਦੋਵੇਂ ਤਰ੍ਹਾਂ ਦੀਆਂ ਧਾਤਾਂ ਦੀ ਵਰਤੋਂ ਅਸੀਮਤ ਅਤੇ ਖੁੱਲ੍ਹੇ ਰੂਪ ਵਿਚ ਕੀਤੀ ਜਾਂਦੀ ਹੈ। ਹੋਰ ਤਰ੍ਹਾਂ ਦੀ ਪ੍ਰਚਲਿਤ ਮੁਦਰਾ ਨੂੰ ਸੋਨੇ ਅਤੇ ਚਾਂਦੀ ਵਿਚ ਬਦਲਿਆ ਜਾ ਸਕਦਾ ਹੈ ਅਤੇ ਇਨ੍ਹਾਂ ਧਾਤਾਂ ਦੀ ਬਰਾਮਦ ਅਤੇ ਦਰਾਮਦ ਉੱਤੇ ਵੀ ਕੋਈ ਪਾਬੰਦੀ ਨਹੀਂ ਹੁੰਦੀ।

ਦੋ-ਧਾਤੀ ਮੁਦਰਾ ਪ੍ਰਣਾਲੀ ਵਿਚ ਸਰਕਾਰ ਨੂੰ ਦੋਵਾਂ ਧਾਤਾਂ ਤੋਂ ਬਣੇ ਸਿੱਕਿਆਂ ਵਿਚਕਾਰ ਵਟਾਂਦਰੇ-ਦਰ ਨੂੰ ਪਹਿਲਾਂ ਤੋਂ ਹੀ

ਨਿਸ਼ਚਿਤ ਕਰਨਾ ਪੈਂਦਾ ਹੈ। ਉਦਾਹਰਣ ਲਈ ਜਦੋਂ ਸੰਯੁਕਤ ਰਾਜ ਨੇ 1721 ਈ. ਵਿਚ ਇਕ ਡਾਲਰ ਦਾ ਸੋਨੇ ਵਿਚ ਮੁੱਲ 24. 75 ਗ੍ਰੇਨ ਨਿਸ਼ਚਿਤ ਕੀਤਾ ਤਾਂ ਚਾਂਦੀ ਵਿੱਚ ਇਸ ਦਾ ਮੁੱਲ 371.25 ਗ੍ਰੇਨ ਦੇ ਬਰਾਬਰ ਰੱਖਿਆ ਗਿਆ ਸੀ। ਉਸ ਸਮੇਂ ਵਟਾਂਦਰੇ ਦੀ ਅਨੁਪਾਤ 1 : 15 ਸੀ। ਸੰਨ 1834 ਵਿਚ ਡਾਲਰ ਵਿਚੋਂ ਸੋਨੇ ਦਾ ਵਜ਼ਨ ਘਟਾ ਕੇ 23.2 ਗ੍ਰੇਨ ਕਰ ਦਿੱਤਾ ਗਿਆ ਜਦੋ ਕਿ ਚਾਂਦੀ ਦਾ ਵਜ਼ਨ ਪਹਿਲਾ ਜਿੰਨਾ ਹੀ ਰਹਿਣ ਦਿੱਤਾ ਗਿਆ। ਇਸ ਨਾਲ ਦੋਵੇ ਤਰ੍ਹਾਂ ਦੀਆਂ ਧਾਤਾਂ ਤੋਂ ਬਣੇ ਸਿੱਕਿਆਂ ਦਾ ਅਨੁਪਾਤ 1 : 16 ਦਾ ਹੋ ਗਿਆ। 18ਵੀਂ ਸਦੀ ਦੇ ਅੰਤਲੇ ਦਹਾਕੇ ਅਤੇ 19ਵੀਂ ਸਦੀ ਵਿਚ ਪੱਛਮੀ ਯੂਰਪ ਦੇ ਬਹੁਤੇ ਸਾਰੇ ਦੇਸ਼ਾਂ ਅਤੇ ਸੰਯੁਕਤ ਰਾਜ ਅਮਰੀਕਾ ਵਿਚ ਦੋ-ਧਾਤੀ ਮੁਦਰਾ ਪ੍ਰਣਾਲੀ ਪ੍ਰਚਲਿਤ ਸੀ। ਭਾਵੇਂ ਸੰਯੁਕਤ ਰਾਜ ਅਮਰੀਕਾ ਅਤੇ ਫ਼ਰਾਂਸ ਵਿਚ ਇਹ ਪ੍ਰਣਾਲੀ ਲਗਭਗ ਸੌ ਸਾਲ ਤੱਕ ਚਲਦੀ ਰਹੀ ਸੀ ਜਦੋ ਕਿ ਬਰਤਾਨੀਆ ਨੇ 1816 ਈ. ਵਿਚ ਸੋਨੇ ਤੋਂ ਬਣੇ ਸਿੱਕਿਆਂ ਨੂੰ ਪ੍ਰਮਾਣਿਕ ਮੁਦਰਾ ਪ੍ਰਣਾਲੀ ਦੇ ਰੂਪ ਵਿਚ ਅਪਣਾ ਲਿਆ। ਕੈਲਿਫੋਰਨੀਆ (1848) ਅਤੇ ਆਸਟ੍ਰੇਲੀਆ (1851) ਵਿਚ ਸੋਨੇ ਦੀਆਂ ਖਾਣਾਂ ਲੱਭਣ ਕਾਰਨ ਇਨ੍ਹਾਂ ਦੇਸ਼ਾਂ ਵਿਚ ਚਾਂਦੀ ਦੀ ਥਾਂ ਤੋਂ ਸੋਨੇ ਦੇ ਸਿੱਕਿਆ ਦੀ ਵਰਤੋਂ ਹੋਣ ਲਗ ਪਈ। 1870 ਵਿਆਂ ਅਤੇ 1880 ਵਿਆਂ ਦੇ ਦਰਮਿਆਨ ਬਹੁਤ ਸਾਰੇ ਦੇਸ਼ਾਂ ਨੇ ਦੋ-ਧਾਤੀ ਮੁਦਰਾ ਪ੍ਰਣਾਲੀ ਨੂੰ ਲਗਭਗ ਖ਼ਤਮ ਹੀ ਕਰ ਦਿੱਤਾ ਸੀ। ਸੰਨ 1867 ਵਿਚ ਪੈਰਿਸ ਵਿਖੇ ਅੰਤਰਰਾਸ਼ਟਰੀ ਮੁਦਰਾ ਕਾਨਫਰੰਸ ਹੋਈ ਜਿਸ ਵਿਚ ਵੱਖ-ਵੱਖ ਦੇਸ਼ਾਂ ਤੋਂ ਭਾਗ ਲੈਣ ਆਏ ਮੈਂਬਰਾਂ ਨੇ ਸੋਨੇ ਦੇ ਮਿਆਰ ਨੂੰ ਅਪਣਾਉਣ ਦਾ ਸਮਰਥਨ ਕੀਤਾ। ਉਸ ਸਮੇਂ ਬਰਤਾਨੀਆਂ ਹੀ ਦੁਨੀਆ ਦਾ ਇਕੱਲਾ ਦੇਸ਼ ਸੀ ਜਿਹੜਾ ਕਿ ਸੋਨੇ ਦੇ ਮਿਆਰ ਦੀ ਵਰਤੋਂ ਮੁਦਰਾ ਪ੍ਰਣਾਲੀ ਲਈ ਕਰ ਰਿਹਾ ਸੀ ਪੰਜ-ਛੇ ਸਾਲਾਂ ਵਿਚ ਹੀ ਸਵੀਡਨ, ਨਾਰਵੇ, ਡੈਨਮਾਰਕ ਅਤੇ ਜਰਮਨੀ ਨੇ ਸੋਨੇ ਦੇ ਮਿਆਰ ਨੂੰ ਅਪਣਾ ਲਿਆ ਸੀ। ਸੰਯੁਕਤ ਰਾਜ ਅਮਰੀਕਾ ਨੇ 1873 ਈ. ਵਿਚ ਚਾਂਦੀ ਦੇ ਮਿਆਰੀ ਸਿੱਕੇ ਬਣਾਉਣੇ ਬੰਦ ਕਰ ਦਿੱਤੇ।

19 ਵੀਂ ਸਦੀ ਦੇ ਅੰਤ ਵਿਚ ਦੋ-ਧਾਤੀ ਮੁਦਰਾ ਪ੍ਰਣਾਲੀ ਦੇ ਖ਼ਤਮ ਹੋਣ ਦਾ ਇਕ ਮੁੱਖ ਕਾਰਨ ਵੱਖ-ਵੱਖ ਦੇਸ਼ਾਂ ਵਿਚ ਦੋਵਾਂ ਧਾਤਾਂ ਤੋਂ ਬਣੇ ਸਿੱਕਿਆਂ ਦੇ ਵਟਾਂਦਰਾ ਅਨੁਪਾਤ ਵਿਚ ਅੰਤਰ ਸੀ। ਉਦਾਹਰਣ ਲਈ 1803-08 ਦੇ ਸਮੇਂ ਵਿਚ ਫ਼ਰਾਂਸ ਅੰਦਰ ਸੋਨੇ ਅਤੇ ਚਾਂਦੀ ਦੇ ਸਿੱਕਿਆਂ ਦੀ ਵਟਾਂਦਰਾਂ ਦਰ 1 : 15 - 1/ 2 ; ਜਰਮਨ ਵਿਚ 1 : 16 . 06, ਪੁਰਤਗਾਲ ਵਿਚ 1 : 15. 8, ਸਪੇਨ ਵਿੱਚ 1 : 16 ਅਤੇ ਸੰਯੁਕਤ ਰਾਜ ਅਮਰੀਕਾ ਵਿੱਚ 1 : 15 ਸੀ। ਦੋ-ਧਾਤੀ ਮੁਦਰਾ ਪ੍ਰਣਾਲੀ ਵਿਚ ਮੁਫ਼ਤ ਢਲਾਈ ਦੇ ਕਾਰਨ ਲੋਕ ਬਿਨਾਂ ਕਿਸੇ ਰੋਕ ਤੋਂ ਸਿੱਕਿਆਂ ਨੂੰ ਧਾਤ ਵਿਚ ਅਤੇ ਧਾਤ ਨੂੰ ਸਿੱਕੇ ਦੇ ਰੂਪ ਵਿਚ ਢਲਵਾ ਸਕਦੇ ਸਨ। ਸਿੱਕਾ ਭਾਵੇਂ ਸੋਨੇ ਤੋਂ ਬਣਿਆ ਹੋਵੇ ਜਾਂ ਚਾਂਦੀ ਤੋਂ ਉਸ ਦਾ ਮੁੱਖ ਕੰਮ ਵਸਤ-ਵਟਾਂਦਰੇ ਦਾ ਹੀ ਹੁੰਦਾ ਹੈ। ਵੱਖ-ਵੱਖ ਦੇਸ਼ਾਂ ਵਿਚ ਇਨ੍ਹਾਂ ਦੋਹਾਂ ਧਾਤਾਂ ਤੋਂ ਬਣੇ ਸਿੱਕਿਆ ਦੀਆਂ ਵੱਖ-ਵੱਖ ਵਟਾਂਦਰਾ ਦਰਾਂ ਦੇ ਕਾਰਨ ਲੋਕ ਸੋਨੇ ਦੇ ਸਿੱਕਿਆ ਨੂੰ ਧਾਤ ਵਿੱਚ ਢਾਲ ਕੇ ਉਨ੍ਹਾਂ ਦੇਸ਼ਾਂ ਵਿਚ ਵੇਚਣ ਲਗ ਪਏ ਜਿਥੇ ਉਨ੍ਹਾਂ ਨੂੰ ਇਕ ਇਕਾਈ ਸੋਨੇ ਦੇ ਬਦਲੇ ਵੱਧ ਚਾਂਦੀ ਪ੍ਰਾਪਤ ਹੁੰਦੀ ਸੀ। ਇਸ ਤਰ੍ਹਾਂ ਕੁਝ ਦੇਸ਼ਾਂ ਤੋਂ ਸੋਨਾ ਦੂਜੇ ਦੇਸ਼ਾਂ ਵਿਚ ਜਾਣ ਲਗ ਪਿਆ। ਇਸ ਤੋਂ ਇਲਾਵਾ ਇਕ ਦੇਸ਼ ਵਿਚ ਵੀ ਜਦੋਂ ਇਨ੍ਹਾਂ ਦੋਹਾਂ ਧਾਤਾਂ ਦੇ ਸਿੱਕਿਆ ਵਿਚ ਵਟਾਂਦਰੇ ਦਾ ਅਨੁਪਾਤ ਬਦਲਣ ਲਗਾ ਤਾਂ ਲੋਕ ਸੋਨੇ ਨੂੰ ਆਪਣੇ ਕੋਲ ਜਮ੍ਹਾਂ ਕਰਨ ਲਗ ਪਏ ਅਤੇ ਮੁਦਰਾ ਦੇ ਮਾਧਿਅਮ ਦੇ ਰੂਪ ਵਿੱਚ ਕੇਵਲ ਚਾਂਦੀ ਦੇ ਸਿੱਕਿਆਂ ਨੂੰ ਹੀ ਵਰਤਿਆ ਜਾਣ ਲੱਗਾ। ਸੰਨ 1792 ਤੋਂ 1834 ਦੇ ਵਿਚਕਾਰ ਸੰਯੁਕਤ ਰਾਜ ਅਮਰੀਕਾ ਵਿਚ ਸੋਨੇ ਅਤੇ ਚਾਂਦੀ ਦੇ ਸਿੱਕਿਆਂ ਦਾ ਵਟਾਂਦਰਾ ਅਨੁਪਾਤ 1 : 15 ਦਾ ਰਿਹਾ ਜਦੋਂ ਕਿ ਯੂਰਪੀ ਦੇਸ਼ਾਂ ਵਿੱਚ ਇਹ ਅਨੁਪਾਤ 1 : 15-1/2 ਤੋਂ 1 : 16.06 ਵਿਚਕਾਰ ਸੀ। ਇਸ ਤਰ੍ਹਾਂ ਸੋਨੇ ਨੂੰ ਯੂਰਪ ਦੀਆਂ ਮੰਡੀਆ ਵਿਚ ਵੇਚਣਾ ਲਾਭ-ਦਾਇਕ ਹੋ ਗਿਆ ਅਤੇ ਇਹ ਸਯੁੰਕਤ ਰਾਜ ਅਮਰੀਕਾ ਤੋਂ ਬਾਹਰ ਜਾਣ ਲਗ ਪਿਆ। ਸੰਨ 1834 ਅਤੇ 1837 ਵਿੱਚ ਨਵੇਂ ਕਾਨੂੰਨ ਬਣਨ ਨਾਲ ਸੰਯੁਕਤ ਰਾਜ ਅਮਰੀਕਾ ਵਿੱਚ ਇਹ ਵਟਾਂਦਰਾ ਦਰ 1 : 16 ਦੀ ਹੋ ਗਈ ਜਦੋਂ ਕਿ ਯੂਰਪ ਦੇ ਬਹੁਤੇ ਦੇਸ਼ਾਂ ਵਿਚ ਇਹ ਦਰ 1 : 15-1/ 2 ਦੀ ਹੀ ਸੀ। ਇਸ ਨਾਲ ਸੋਨੇ ਦਾ ਵਹਿਣ ਸੰਯੁਕਤ ਰਾਜ ਅਮਰੀਕਾ ਵੱਲ ਹੋ ਗਿਆ ਅਤੇ ਚਾਂਦੀ ਖੁਲ੍ਹੇ ਤੌਰ ਤੇ ਦੂਜੇ ਦੇਸ਼ਾਂ ਵਿਚ ਵਿਕਣ ਲੱਗੀ। ਸੰਯੁਕਤ ਰਾਜ ਅਮਰੀਕਾ ਵਿਚ ਦੋਵਾਂ ਧਾਤਾਂ ਦੇ ਸਿੱਕਿਆ ਵਿਚ ਵਟਾਂਦਰਾ ਦਰ ਚਾਂਦੀ ਦੇ ਹੱਕ ਵਿਚ ਹੋਣ ਦੇ ਕਾਰਨ ਲੋਕ ਚਾਂਦੀ ਤੋ ਹੀ ਸਿੱਕੇ ਬਣਾਉਣ ਲਗ ਪਏ ਅਤੇ ਸੋਨੇ ਨੂੰ ਆਪਣੇ ਕੋਲ ਜਮ੍ਹਾਂ ਕਰਨ ਲੱਗੇ ਜਾਂ ਵਿਦੇਸ਼ਾਂ ਵਿਚ ਵੇਚਣ ਲਗ ਪਏ। ਇਸ ਤਰ੍ਹਾਂ ਦੀ ਪ੍ਰਕ੍ਰਿਆ ਨੂੰ ਗ੍ਰੇਸ਼ਮ ਦਾ ਨਿਯਮ ਆਖਿਆ ਗਿਆ। ਗ੍ਰੇਸ਼ਮ ਦੇ ਨਿਯਮ ਅਨੁਸਾਰ ਮਾੜੀ ਮੁਦਰਾ ਚੰਗੀ ਮੁਦਰਾ ਨੂੰ ਸਰ-ਕੁਲੇਸ਼ਨ ਤੋਂ ਬਾਹਰ ਕੱਢ ਦਿੰਦੀ ਹੈ। ਇਸ ਦਾ ਅਰਥ ਹੈ ਕਿ ਜ਼ਿਆਦਾ ਮੁੱਲ ਵਾਲੀ ਧਾਤ ਦੀ ਟਕਸਾਲੀ ਮੁਦਰਾ ਘੱਟ ਮੁੱਲ ਵਾਲੀ ਧਾਤ ਦੀ ਟਕਸਾਲੀ ਮੁਦਰਾ ਨੂੰ ਸਰਕੁਲੇਸ਼ਨ ਤੋ ਬਾਹਰ ਕੱਢ ਦਿੰਦੀ ਹੈ। ਦੋ-ਧਾਤੀ ਮੁਦਰਾ ਪ੍ਰਣਾਲੀ ਦੇ ਹੱਕ ਵਿਚ ਮੁੱਖ ਦਲੀਲਾਂ ਨਿਮਨ ਅਨੁਸਾਰ ਦਿੱਤੀਆਂ ਗਈਆਂ ਹਨ :—

1. ਅਜਿਹੀ ਪ੍ਰਣਾਲੀ ਵਿਚ ਮੁਦਰਾ ਦੇ ਭੰਡਾਰ ਲਈ ਜ਼ਿਆਦਾ ਧਾਤ ਉਪਲੱਬਧ ਹੋ ਜਾਂਦਾ ਹੈ। ਇਸ ਲਈ ਇਹ ਸਮਝਿਆ ਜਾਂਦਾ ਹੈ ਕਿ ਸਿੱਕਿਆ ਦੇ ਬਣਾਉਣ ਲਈ ਧਾਤਾਂ ਦੀ ਕੋਈ ਘਾਟ ਨਹੀਂ ਹੋ ਸਕਦੀ। ਇਕ ਧਾਤ ਦੀ ਘਾਟ ਹੋ ਜਾਣ ਕਾਰਨ ਦੂਜੀ ਧਾਤ ਦੀ ਜ਼ਿਆਦਾ ਵਰਤੋਂ ਕੀਤੀ ਜਾ ਸਕਦੀ ਹੈ।
2. ਵਿਸ਼ਾਲ ਮੁਦਰਾ ਆਧਾਰ ਹੋਣ ਕਾਰਨ ਕੀਮਤਾਂ ਵਿਚ ਵਧੇਰੇ ਸਥਿਰਤਾ ਰਹਿੰਦੀ ਹੈ।
3. ਸੋਨਾ,ਚਾਂਦੀ ਜਾਂ ਦੋ-ਧਾਤੀ ਮਿਆਰ ਅਪਣਾਉਣ ਵਾਲੇ ਦੇਸ਼ਾਂ ਵਿਚਕਾਰ ਮੁਦਰਾ ਦੀਆਂ ਵਟਾਂਦਰਾ ਦਰਾਂ ਦੇ ਨਿਰਧਾਰਣ ਅਤੇ ਸਥਿਰੀਕਰਣ ਵਿਚ ਵਧੇਰੇ ਸੌਖ ਰਹਿੰਦੀ ਹੈ।

ਇਸ ਪ੍ਰਣਾਲੀ ਦੇ ਵਿਰੁੱਧ ਹੇਠ ਲਿਖੀਆਂ ਦਲੀਲਾਂ ਦਿੱਤੀਆਂ ਗਈਆਂ ਹਨ :—

1. ਦੋ-ਧਾਤੀ ਪ੍ਰਣਾਲੀ ਤਾਂ ਹੀ ਅਸਲੀ ਤੌਰ ਤੇ ਕਾਮਯਾਬ ਹੋ ਸਕਦੀ ਹੈ ਜੇਕਰ ਸਾਰੇ ਹੀ ਦੇਸ਼ ਇਸ ਨੂੰ ਅਪ-ਣਾਉਣ। ਕਿਸੇ.ਵੀ ਇੱਕਲੇ ਦੇਸ਼ ਵਿਚ ਇਹ ਪ੍ਰਣਾਲੀ ਕਾਮਯਾਬ ਨਹੀਂ ਹੋ ਸਕਦੀ। ਗ੍ਰੇਸ਼ਮ ਦਾ ਨਿਯਮ ਇਸ ਗੱਲ ਦਾ ਪ੍ਰਮਾਣ ਹੈ ਕਿ ਇਹ ਪ੍ਰਣਾਲੀ ਮੁਦਰਾ ਕਿਸੇ ਇਕੱਲੇ ਦੇਸ਼ ਵਿਚ ਕਾਮਯਾਬ ਨਹੀਂ ਹੋ ਸਕਦੀ।
2. ਇਹ ਪ੍ਰਣਾਲੀ ਫਜ਼ੂਲ ਖਰਚੀ ਵਾਲੀ ਹੈ, ਕਿਉਂਕਿ ਧਾਤ ਨੂੰ ਖਾਣਾਂ ਵਿਚੋਂ ਕੱਢਣ ਅਤੇ ਉਸ ਨੂੰ ਸਿੱਕਿਆ ਵਿਚ ਢਾਲਣ ਉੱਤੇ ਖਰਚ ਵੀ ਕਾਫ਼ੀ ਆਉਂਦਾ ਹੈ।

3. ਇਸ ਪ੍ਰਣਾਲੀ ਦੁਆਰਾ ਕੀਮਤਾਂ ਵਿੱਚ ਕੋਈ ਵਧੇਰੇ ਸਥਿਤਰਾ ਵੀ ਨਹੀਂ ਆਉਂਦੀ ਕਿਉਂਕਿ ਇਹ ਸਥਿਰਤਾ ਮੁਦਰਾ-ਆਧਾਰ ਦੀ ਕਿਸਮ ਨਾਲੋਂ ਹੋਰਨਾਂ ਗੱਲਾਂ ਤੇ ਵਧੇਰੇ ਆਸ਼ਰਿਤ ਹੁੰਦੀ ਹੈ।

ਹ. ਪੁ.—ਐਨ. ਬ੍ਰਿ. 3 : 620; ਐਨ. ਬ੍ਰਿ. ਮਾ. 2 : 21; ਐਨ ਆਊਟਲਾਈਨ ਆਫ ਮਨੀ – ਜੀ. ਕਰਾਊਥਰ; ਆਊਟਲਾਈਨ ਆਫ਼ ਮਨਿਟਰੀ ਆਫ਼ ਇਕਨਾਮਿਕਸ- ਏ. ਸੀ. ਐਲ. ਡੇਅ: 35, 38

ਦੋਪਦੀ (ਬਾਈਨਾੱਮੀਅਲ) ਥਿਊਰਮ : ਇਹ ਗਣਿਤ ਵਿਗਿਆਨ ਦੀ ਇਕ ਮਹੱਤਵਪੂਰਨ ਥਿਊਰਮ ਹੈ। ਬਾਈਨਾੱਮੀਅਲ ਇਕ ਦੋ ਪਦੀ (ਦੋ ਟਰਮੀ) ਵਿਅੰਜਕ ਹੈ। ਜੇਕਰ x ਅਤੇ y ਦੋ ਵੱਖਰੀਆਂ ਵੱਖਰੀਆਂ ਟਰਮਾਂ ਹੋਣ ਅਤੇ n ਕੋਈ ਧਨਾਤਮਕ ਪੂਰਣ-ਸੰਖਿਆ ਹੋਵੇ ਤਾਂ ਬਾਈਨਾੱਮੀਅਲ ਥਿਊਰਮ ਅਨੁਸਾਰ :

$$(x+y)^n = \sum_{j=0}^{n} (n_j)\, x^{n-j}\, y^j$$

ਜਿਥੇ $(n_j) = \dfrac{n!}{j!(n-j)!}$ ਅਤੇ

$$n! = n\,(n-1)\,(n-2).....3.2.1)$$

ਜਦੋਂ ਕਿ $n \geqq 1$ ਅਤੇ ਪਰਿਭਾਸ਼ਾ ਅਨੁਸਾਰ $0\,! = 1$

ਬਾਈਨਾੱਮੀਅਲ ਗੁਣਾਂਕਾਂ (n_j) ਨੂੰ ਅਕਸਰ ^nc_j ਕਰਕੇ ਲਿਖਿਆ ਜਾਂਦਾ ਹੈ ਕਿਉਂਕਿ n ਅਤੇ j ਦੇ ਵਿਸ਼ੇਸ਼ ਮੁੱਲ ਰੱਖਣ ਨਾਲ n ਚੀਜ਼ਾਂ ਦੇ ਸੰਯੋਜਨਾਂ ਦੀ ਗਿਣਤੀ ਦਾ ਪਤਾ ਲਗਦਾ ਹੈ ਜੇਕਰ j ਚੀਜ਼ਾਂ ਇਕ ਵਾਰੀ ਲਈਆਂ ਜਾਣ। ਇਨ੍ਹਾਂ ਦੀ ਵਰਤੋਂ ਗਣਿਤ ਵਿਚ ਸੰਭਾਵਿਕਤਾ, ਅੰਕੜੇ ਅਤੇ ਸੰਯੋਜਨ ਵਿਸ਼ਲੇਸ਼ਣ ਵਿਸ਼ਿਆਂ ਦੇ ਅਧਿਐਨ ਦੌਰਾਨ ਆਮ ਹੁੰਦੀ ਹੈ।

n ਦੇ ਭਿੰਨਾਤਮਕ ਅਤੇ ਰਿਣਾਤਮਕ ਮੁੱਲਾਂ ਲਈ ਸਰ ਆਈਜ਼ਕ ਨਿਊਟਨ ਨੇ ਇਸ ਥਿਊਰਮ ਦਾ ਅੰਨਤ ਲੜੀਆਂ ਵਾਲਾ ਵਿਆਪਕ ਸੂਤਰ ਲੱਭਿਆ। ਐਨ. ਐਚ. ਅਬੈੱਲ ਨੇ ਅਭਿਸਾਰੀ ਗੁਣਾਂ ਪਖੋਂ ਇਸ ਦੀ ਪਰਖ ਕਰਨ ਮਗਰੋਂ $x < 1$ ਲਈ ਇਹ ਲੜੀ

$$(1+x)^n = 1 + \frac{n}{1}x + \frac{n(n-1)x^2}{1.2} + ... + \frac{n(n-1)..............(n-j+1)x^j}{j!} + ...$$

ਸਿੱਧ ਕੀਤੀ। ਇਸ ਥਿਊਰਮ ਦੀ ਸਹਾਇਤਾ ਨਾਲ ਗੁੰਝਲਦਾਰ ਅਲਜੱਬਰੱਈ ਸੂਤਰਾਂ ਦਾ ਆਸਾਨ ਸੂਤਰਾਂ ਵਿਚ ਰੂਪਾਂਤਰਣ ਕੀਤਾ ਜਾਂਦਾ ਹੈ। ਇਸ ਦੀ ਸਹਾਇਤਾ ਨਾਲ ਧਨਾਤਮਕ ਤੇ ਰਿਣਾਤਮਕ ਅੰਕਾਂ ਤੋਂ ਇਲਾਵਾ ਸੰਯੁਕਤ ਅੰਕਾਂ ਦਾ ਅਨੰਤ ਸ਼ਕਤੀਆਂ ਤਕ ਜੋੜ ਕੀਤਾ ਜਾ ਸਕਦਾ ਹੈ। ਜਿਨ੍ਹਾਂ ਦਾ ਸਾਧਾਰਨ ਢੰਗਾਂ ਨਾਲ ਜੋੜ ਕਰਨਾ ਅਸੰਭਵ ਹੋਣ ਦੇ ਨਾਲ-ਨਾਲ ਬਹੁਤ ਸਮਾਂ ਲੈਣ ਵਾਲਾ ਹੁੰਦਾ ਹੈ।

ਦੋਮਿਨਿਕ, ਸੰਤ : ਇਸ ਸਪੇਨੀ ਪਾਦਰੀ ਦਾ ਜਨਮ 24 ਜੂਨ, 1170 ਈ. ਨੂੰ ਕੈਸਟੀਲ ਵਿਚ ਕੈਲੇਰੂਏਗਾ ਵਿਖੇ ਹੋਇਆ। ਇਹ ਫ਼੍ਰਾਇਰ ਪ੍ਰਚਾਰਕ ਸੰਪ੍ਰਦਾਇ ਜਿਸ ਨੂੰ ਦੋਮਿਨਿਕਨ ਵੀ ਕਹਿੰਦੇ ਹਨ, ਦਾ ਬਾਨੀ ਸੀ।

ਇਸ ਨੇ ਪਲੈਨਸ਼ੀਆ (Palencia) ਵਿਖੇ ਸਿੱਖਿਆ ਪ੍ਰਾਪਤ ਕੀਤੀ। ਸੰਨ 1196 ਦੇ ਲਗਭਗ ਓਸਮਾ ਦੇ ਬਿਸ਼ਪ ਨੇ ਇਸ ਨੂੰ



ਇਟਲੀ ਦੇ ਮਿਊਜ਼ੇ ਆਰਕਿਓਲੋਜੀਕੋ ਨਾਜ਼ੀਓਨੇਲ ਵਿਚ ਪਿਆ ਸੰਤ ਦੋਮਿਨਿਕ ਦਾ ਚਿੱਤਰ

ਗਿਰਜੇ ਦਾ ਕੈਨਨ ਨਿਯੁਕਤ ਕੀਤਾ। ਸੰਨ 1203 ਵਿਚ ਓਸਮਾ ਦਾ ਬਿਸ਼ਪ ਜਦੋਂ ਸ਼ਾਹੀ ਫ਼ੁਰਮਾਨ ਤੇ ਬਦੇਸ਼ ਵਿਚ ਪ੍ਰਚਾਰ ਲਈ ਗਿਆ ਤਾਂ ਇਸ ਨੂੰ ਵੀ ਨਾਲ ਲੈ ਗਿਆ। ਉਦੋਂ ਇਸ ਨੂੰ ਮਹਿਸੂਸ ਹੋਇਆ ਕਿ ਧਰਮ ਵਿਰੋਧੀਆਂ ਅਤੇ ਮੁਨਕਰਾਂ ਤੋਂ ਈਸਾਈ ਮੱਤ ਨੂੰ ਕਿੰਨਾ ਖ਼ਤਰਾ ਹੈ।

ਸੰਨ 1215 ਤੋਂ ਇਸ ਨੇ ਆਪਣੇ ਨਾਂ ਤੇ ਧਰਮ ਪ੍ਰਚਾਰ ਕਰਨਾ ਅਤੇ ਧਰਮ ਸੰਘ ਦੀ ਸਥਾਪਨਾ ਕਰਨੀ ਸ਼ੁਰੂ ਕੀਤੀ। ਇਹੀ ਧਰਮ ਸੰਘ ਬਾਅਦ ਵਿਚ ਦੋਮਿਨਿਕ ਧਰਮ ਸੰਘ ਦੇ ਨਾਂ ਨਾਲ ਪ੍ਰਸਿੱਧ ਹੋਇਆ। ਇਸ ਸੰਘ ਦਾ ਮੁੱਖ ਕੰਮ ਉਪਦੇਸ਼ ਦੇਣਾ ਅਤੇ ਜਨਤਾ ਵਿਚ ਧਾਰਮਕ ਸਿਖਿਆ ਦਾ ਪ੍ਰਚਾਰ ਕਰਨਾ ਸੀ। ਇਸ ਕੰਮ ਨੂੰ ਸਫਲ ਬਣਾਉਣ ਲਈ ਸੰਘ ਵਿਚ ਧਿਆਨ, ਪ੍ਰਾਰਥਨਾ ਉਤੇ ਅਧਿਐਨ ਅਤੇ ਵਿਸ਼ੇਸ਼ ਮਹੱਤਵ ਦਿੱਤਾ ਜਾਂਦਾ ਹੈ। ਜਲਦੀ ਹੀ ਇਹ ਸੰਘ ਸਾਰੇ ਯੂਰਪ ਵਿਚ ਫੈਲ ਗਿਆ। 13ਵੀਂ ਸਦੀ ਵਿਚ ਹੀ ਪੈਰਿਸ, ਆੱਕਸਫੋਰਡ ਆਦਿ ਸਿਖਿਆ ਕੇਂਦਰਾਂ ਵਿਚ ਇਸ ਦੇ ਮੱਠਾਂ ਦੀ ਸਥਾਪਨਾ ਹੋਈ ਅਤੇ ਇਥੋਂ ਦੀਆਂ ਯੂਨੀਵਰਸਿਟੀਆਂ ਦੇ ਕਈ ਅਧਿਆਪਕ ਅਤੇ ਵਿਦਿਆਰਥੀ ਇਸ ਸੰਘ ਦੇ ਮੈਂਬਰ ਬਣੇ।

ਇਸ ਨੇ ਆਪਣਾ ਬਾਕੀ ਸਮਾਂ ਇਟਲੀ, ਫ਼ਰਾਂਸ, ਸਪੇਨ ਵਿਖੇ ਘੁੰਮਦੇ ਹੋਏ ਅਤੇ ਧਰਮ ਪ੍ਰਚਾਰ ਕਰਦੇ ਅਤੇ ਫ਼੍ਰਾਇਰਾਂ ਦੀ ਸਥਾਪਨਾ ਕਰਦੇ ਹੋਏ ਬਿਤਾਇਆ। ਇਸ ਸੰਘ ਦੇ ਮੈਂਬਰ ਰਸਾਲਿਆਂ ਦੇ ਸੰਪਾਦਨ ਰਾਹੀਂ ਪੱਛਮੀ ਦੇਸ਼ਾਂ ਦੇ ਲੋਕਾਂ ਦੀਆਂ ਧਾਰਮਿਕ ਸਮੱਸਿ-ਆਵਾਂ ਦਾ ਹੱਲ ਦਸਦੇ ਹਨ। 6 ਅਗਸਤ, 1221 ਨੂੰ ਇਟਲੀ ਵਿਚ ਬੋਲੋਨਯਾ (Bologna) ਵਿਖੇ ਇਸ ਦੀ ਮੌਤ ਹੋ ਗਈ। ਸੰਨ 1234 ਵਿਚ ਪੋਪ ਗ੍ਰੈਗਰੀ ਨੌਵੇਂ ਨੇ ਇਸ ਨੂੰ ਸੰਤ ਦੇ ਤੌਰ ਦੇ ਮਾਨਤਾ ਪ੍ਰਦਾਨ ਕੀਤੀ।

ਹ. ਪੁ. -ਐਨ. ਬ੍ਰਿ. ਮੈ. 5 : 942; ਐਨ. ਅਮੈ. 9 :242; ਕੋਲ. ਐਨ. 6 : 346; ਹਿੰ. ਵਿ. ਕੋ. 6 : 124

ਦੋਰਾਹਾ : ਪੰਜਾਬ ਰਾਜ ਦੇ ਲੁਧਿਆਣਾ ਜ਼ਿਲ੍ਹੇ ਦੀ ਖੰਨਾ ਤਹਿਸੀਲ ਦਾ ਇਕ ਕਸਬਾ ਹੈ ਜਿਹੜਾ ਲੁਧਿਆਣਾ- ਅੰਬਾਲਾ ਸ਼ਾਹਰਾਹ ਉੱਤੇ ਲੁਧਿਆਣੇ ਤੋਂ ਲਗਭਗ 21 ਕਿ. ਮੀ. ਦੀ ਦੂਰੀ ਤੇ ਸਥਿਤ ਹੈ। ਇਹ ਅੰਮ੍ਰਿਤਸਰ-ਦਿੱਲੀ ਰੇਲਵੇ ਲਾਈਨ ਉੱਤੇ ਇੱਕ ਰੇਲਵੇ ਸਟੇਸ਼ਨ ਵੀ ਹੈ।

ਇਸ ਕਸਬੇ ਨੂੰ 1945 ਈ. ਵਿਚ ਇਕ ਛੋਟੇ ਜਿਹੇ ਕਸਬੇ ਦੇ ਤੌਰ ਤੇ ਵਸਾਇਆ ਗਿਆ ਸੀ। ਸੰਨ 1956 ਵਿਚ ਇਸ ਨੂੰ ਤੀਜੇ ਦਰਜੇ ਦੀ ਮਿਉਂਸਪੈਲਟੀ ਬਣਾ ਦਿੱਤਾ ਗਿਆ।

ਇਥੋਂ ਲਗਭਗ ਇਕ ਕਿ. ਮੀ. ਦੀ ਦੂਰੀ ਤੇ ਬਾਦਸ਼ਾਹ ਔਰੰਗਜ਼ੇਬ ਦੇ ਰਾਜ-ਕਾਲ ਦੌਰਾਨ ਬਣੀ ਹੋਈ ਇਕ ਪੁਰਾਣੀ ਸਰਾਂ ਦੇ ਖੰਡਰਾਤ ਮੌਜੂਦ ਹਨ। ਕਿਹਾ ਜਾਂਦਾ ਹੈ ਕਿ ਉਸ ਸਮੇਂ ਇਹ ਸਰਾਂ ਬੇਹਤਰੀਨ ਉਸਾਰੀ ਕਲਾ ਦਾ ਨਮੂਨਾ ਸੀ। ਇਸ ਦੇ ਪ੍ਰਵੇਸ਼ ਦੁਆਰਾਂ ਨੂੰ ਟਾਇਲਾਂ ਉੱਤੇ ਮੀਨਾ ਲਗਾ ਕੇ ਉਨ੍ਹਾਂ ਨੂੰ ਜ਼ਿਆਮਿਤੀ ਨਕਾਸ਼ੀ ਨਾਲ ਸ਼ਿੰਗਾਰਿਆ ਗਿਆ ਸੀ। ਇਥੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਯਾਦ ਵਿਚ ਬਣਿਆ ਹੋਇਆ ਇਕ ਗੁਰੂਦੁਆਰਾ ਸਾਹਿਬ ਵੀ ਹੈ।

ਇਹ ਕਸਬਾ ਪਹਿਲਾਂ ਇਮਾਰਤੀ ਲੱਕੜ ਦਾ ਕੇਂਦਰ ਸੀ। ਇਥੇ ਉਦਯੋਗਿਕ ਵਿਕਾਸ ਵੀ ਕਾਫੀ ਹੋਇਆ ਹੈ। ਇੱਥੇ ਤੇਲ ਅਤੇ ਸਰੀਆ ਬਣਾਉਣ ਵਾਲੀਆਂ ਮਿੱਲਾਂ ਨੇ ਕਾਫ਼ੀ ਵਿਕਾਸ ਕੀਤਾ ਹੈ। ਇਸ ਤੋਂ ਇਲਾਵਾ ਇਥੇ ਮੋਟਰਾਂ ਅਤੇ ਟਰੱਕਾਂ ਦੇ ਐਕਸਿਲ ਬਣਾਏ ਜਾਂਦੇ ਹਨ।

ਆਬਾਦੀ- 9, 5 89 (1991)

ਹ. ਪੁ.- ਮ. ਕੋ. 654

ਦੋਲ-ਉਤਸਵ : ਇਹ ਵੈਸ਼ਨਵ ਸੰਪ੍ਰਦਾਇ ਦੇ ਮੰਦਰਾਂ ਵਿਚ ਮਨਾਇਆ ਜਾਣ ਵਾਲਾ ਇਕ ਪ੍ਰਮੁੱਖ ਤਿਉਹਾਰ ਹੈ। ਇਸ ਤਿਉਹਾਰ ਨੂੰ ਸਾਰੇ ਭਾਰਤ ਵਿਚ ਮਨਾਇਆ ਜਾਂਦਾ ਹੈ ਪਰ ਬਿੰਦਰਾਬਨ (ਬ੍ਰਿੰਦਾਵਨ) ਅਤੇ ਬੰਗਾਲ ਵਿਚ ਇਸ ਨੂੰ ਬਹੁਤ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ। ਬੰਗਾਲ ਵਿਚ ਇਸ ਨੂੰ ਦੋਲਯਾਤਰਾ ਕਿਹਾ ਜਾਂਦਾ ਹੈ। ਅੱਜਕੱਲ੍ਹ ਇਸ ਤਿਉਹਾਰ ਨੂੰ ਫੱਗਣ ਮਹੀਨੇ ਦੀ ਪੂਰਨਮਾਸ਼ੀ ਅਤੇ ਚੇਤ ਮਹੀਨੇ ਦੀ ਦੁਆਦਸੀ ਨੂੰ ਮਨਾਇਆ ਜਾਂਦਾ ਹੈ। ਇਸ ਤਿਉਹਾਰ ਵਿਚ ਝੂਲੇ ਦੀ ਪ੍ਰਮੁੱਖਤਾ ਹੈ। ਵੈਸ਼ਨਵਾਂ ਦਾ ਇੱਕਠੇ ਹੋ ਕੇ ਗੀਤ-ਕੀਰਤਨ ਆਦਿ ਨਾਲ ਭਗਵਾਨ ਸ੍ਰੀ ਕ੍ਰਿਸ਼ਨ ਜਾਂ ਵਿਸ਼ਨੂੰ ਦੀ ਪੂਜਾ ਕਰਕੇ ਉਸ ਨੂੰ ਝੂਲੇ ਵਿਚ ਝੁਲਾਉਣ ਦਾ ਵਿਧਾਨ ਹੈ।

ਪ੍ਰਾਚੀਨ ਸਮੇਂ ਵਿਚ ਇਹ ਉਤਸਵ ਸਾਰੇ ਭਾਰਤ ਵਿਚ ਪ੍ਰਚੱਲਿਤ ਸੀ। ਪਹਿਲਾਂ ਇਹ ਉਤਸਵ ਫੱਗਣ ਅਤੇ ਚੇਤ ਮਹੀਨਿਆਂ ਵਿਚ ਕਈ ਦਿਨਾਂ ਤਕ ਚਲਦਾ ਰਹਿੰਦਾ ਸੀ ਪਰ ਹੁਣ ਇਸ ਨੂੰ ਸਿਰਫ਼ ਦੋ ਦਿਨ-ਫਗਣ ਦੀ ਸ਼ੁਕਲ ਪੂਰਨਮਾਸ਼ੀ ਅਤੇ ਚੇਤ ਦੀ ਸ਼ੁਕਲ ਦੁਆਦਸੀ ਨੂੰ ਹੀ ਮਨਾਇਆ ਜਾਂਦਾ ਹੈ। ਇਸ ਉਤਸਵ ਨੂੰ ਬਸੰਤ ਉਤਸਵ ਦਾ ਇਕ ਹਿੱਸਾ ਮੰਨਿਆ ਗਿਆ ਹੈ।

ਹ. ਪੁ. -ਹਿੰ. ਵਿ.ਕੋ. 6 : 128

ਦੌਰ : ਉੱਤਰ-ਪੱਛਮੀ ਸਰਹੱਦੀ ਪ੍ਰਾਂਤ (ਪਾਕਿਸਤਾਨ) ਵਿੱਚ ਇਹ ਇਕ ਵਾਦੀ ਹੈ ਜਿਹੜੀ ਕਿ ਤੋਚੀ ਦਰਿਆ ਦੇ ਕੰਢਿਆਂ ਉੱਤੇ ਪੈਂਦੀ ਹੈ। ਇਹ ਵਾਦੀ ਜਿਸ ਸਥਾਨ ਤੇ ਤੋਚੀ ਦਰਿਆ ਵਜ਼ੀਰ ਪਹਾੜੀਆਂ ਨੂੰ ਪਿੱਛੇ ਛੱਡ ਦਾ ਹੈ, ਤੋਂ ਲੈਕੇ ਬਨੂੰ ਜਿਲ੍ਹੇ ਦੀ ਪੱਛਮੀ ਸਰਹੱਦ ਤੋਂ ਲਗਭਗ 24 ਕਿ. ਮੀ. (15 ਮੀਲ) ਦੀ ਦੂਰੀ ਤੇ ਖਾਜੂਰੀ ਦੇ ਨੇੜ੍ਹਿਓ ਜਿਥੇ ਦਰਿਆ ਮੁੜ ਉਨ੍ਹਾਂ ਪਹਾੜੀਆਂ ਵਿਚ ਜਾ ਦਾਖਲ ਹੁੰਦਾ ਹੈ, ਤੱਕ ਫੈਲੀ ਹੋਈ ਹੈ। ਇਹ ਵਾਦੀ ਪੂਰੀ ਤਰ੍ਹਾਂ ਵਜ਼ੀਰ ਪਹਾੜੀਆਂ ਨਾਲ ਘਿਰੀ ਹੋਈ ਹੈ। ਇਸ ਦੀ ਸਭ ਤੇ ਉੱਚੀ ਚੋਟੀ ਵੈਜ਼ਦਾ ਹੈ ਜਿਸ ਦੀ ਉਚਾਈ 2347 ਮੀ. (7, 700 ਫੁੱਟ ਹੈ। ਇਸ ਦੀ ਲੰਬਾਈ 56 ਕਿ. ਮੀ. (35 ਮੀਲ) ਅਤੇ ਚੌੜਾਈ ਔਸਤਨ 2 ਕਿ. ਮੀ. (1½ ਮੀਲ) ਹੈ ਪਰ ਇਸ ਦੇ ਸਭ ਤੋਂ ਚੌੜੇ ਹਿੱਸੇ ਦੀ ਵਧ ਤੋ ਵਧ ਚੌੜਾਈ 8 ਤੋਂ 9 ਕਿ. ਮੀ.) 5 ਤੋਂ 6 ਮੀਲ ਹੈ। ਇਸ ਦਾ ਸੁਰੱਖਿਅਤ ਖੇਤਰ ਜਿਹੜਾ ਪਹਾੜੀਆਂ ਦੀਆਂ ਚੋਟੀਆਂ ਤੋਂ ਲੈ ਕੇ ਦਰਿਆ ਦੇ ਦੋਹਾਂ ਕੰਢਿਆਂ ਤੱਕ ਫੈਲਿਆ ਹੋਇਆ ਹੈ, ਦਾ ਖੇਤਰਫਲ ਲਗਭਗ 700 ਵ. ਕਿ. ਮੀ. ਹੈ। ਦੂਜੀਆਂ ਸਰਹੱਦੀ ਵਾਦੀਆਂ ਦੀ ਤਰ੍ਹਾਂ ਇਹ ਵਾਦੀ ਵੀ ਦੋ ਹਿਸਿਆਂ ਉਪਰਲੇ ਅਤੇ ਹੇਠਲੇ ਦੌਰ ਵਿਚਕਾਰ ਵੰਡੀ ਹੋਈ ਹੈ। ਉਪਰਲੇ ਦੌਰ ਨੇ ਜ਼ਿਆਦਾ ਹਿੱਸਾ ਮੱਲਿਆ ਹੋਇਆ ਹੈ। ਇਥੇ ਸਰਦੀ ਦੇ ਮੌਸਮ ਵਿਚ ਜਲਵਾਯੂ ਸੁਹਾਵਣਾ ਹੁੰਦਾ ਹੈ ਜਦ ਕਿ ਗਰਮੀ ਦੇ ਮਹੀਨਿਆਂ ਵਿਚ ਮੌਸਮ ਬਹੁਤ ਵਧੀਆ ਨਹੀਂ ਹੁੰਦਾ।

ਇਸ ਵਾਦੀ ਦੇ ਮੁਢਲੇ ਇਤਿਹਾਸ ਬਾਰੇ ਕੋਈ ਵਰਣਨ ਨਹੀਂ ਮਿਲਦਾ। ਕਿਹਾ ਜਾਂਦਾ ਹੈ ਕਿ ਇਡਾਕ ਦੇ ਨਜ਼ਦੀਕ ਪੈਂਦਾ ਇਕ ਟਿੱਲਾ ਇਸ ਦੀ ਪ੍ਰਾਚੀਨ ਰਾਜਧਾਨੀ ਹੁੰਦਾ ਸੀ। ਸੰਨ 1700 ਵਿੱਚ, ਬਹਾਦਰ ਸ਼ਾਹ ਜਿਹੜਾ ਉਦੋਂ ਕਾਬਲ ਦਾ ਸੂਬੇਦਾਰ ਹੁੰਦਾ ਸੀ, ਆਪਣੇ ਕਬੀਲਿਆਂ ਵਿਚ ਸਮਝੌਤਾ ਕਰਵਾਉਣ ਉਪਰੰਤ ਖੋਸਟ ਤੋਂ ਬੰਨੂ ਜਾਂਦਾ ਹੋਇਆ ਇਸ ਵਾਦੀ ਦੇ ਵਿਚੋਂ ਦੀ ਲੰਘਿਆ ਸੀ ਪਰ ਅਗਲੇ ਹੀ ਸਾਲ ਵਾਪਸੀ ਤੇ ਉਸ ਦੀਆਂ ਫ਼ੌਜਾਂ ਹਾਰ ਗਈਆਂ ਅਤੇ ਉਸ ਨੂੰ ਬਿਨਾਂ ਮੁਕਾਬਲੇ ਇਸ ਵਾਦੀ ਦੇ ਵਿਚੋਂ ਦੀ ਲੰਘਣ ਲਈ ਭਾਰੀ ਰਕਮ ਦੇਣੀ ਪਈ। ਆਖ਼ਰਕਾਰ ਇਹ ਵਾਦੀ ਕਹਿਣ ਨੂੰ ਤਾਂ ਦੁੱਰਾਨੀ ਰਾਜ ਦੇ ਅਧੀਨ ਆ ਗਈ ਪਰ ਅਸਲ ਵਿਚ 1893 ਈ. ਤੱਕ ਇਹ ਆਜ਼ਾਦ ਹੀ ਸੀ। ਸੰਨ 1893 ਵਿਚ ਅਫ਼ਗਾਨਿਸਤਾਨ ਦੇ ਅਮੀਰ ਨਾਲ ਸੰਧੀ ਹੋ ਜਾਣ ਨਾਲ ਇਹ ਵਾਦੀ ਅੰਗਰੇਜ਼ਾਂ ਦੇ ਪ੍ਰਭਾਵ-ਖੇਤਰ ਵਿਚ ਆ ਗਈ ਅਤੇ ਇਸ ਦੀ ਅਸਲ ਹੱਦਬੰਦੀ 1895 ਈ. ਵਿਚ ਕੀਤੀ ਗਈ ਜਦੋਂ ਹੱਦਬੰਦੀ ਕਮਿਸ਼ਨਰ ਦੌਰੇ ਉੱਤੇ ਸੀ ਤਾਂ ਲੋਕਾ ਨੇ ਉਸ ਕੋਲ਼ ਬੇਨਤੀ ਕੀਤੀ ਕਿ ਇਹ ਵਾਦੀ ਅੰਗਰੇਜ਼ ਸਰਕਾਰ ਅਧੀਨ ਜਾਣੀ ਚਾਹੀਦੀ ਹੈ ਤਾਂ ਜੋ ਉਹ ਗੁਆਢੀ ਵਜ਼ੀਰਾਂ ਅਤੇ ਮਹਮੂਦਾਂ ਦੇ ਹਮਲਿਆਂ ਤੋਂ ਉਨ੍ਹਾਂ ਦੀ ਰੱਖਿਆ ਕਰ ਸਕੇ।

ਇਥੋਂ ਦੇ ਰਹਿਣ ਵਾਲੇ ਲੋਕ ਲਗਭਗ ਦੌਰੀ ਨਸਲ ਦੇ ਲੋਕ ਹਨ ਜੋ ਕਿ ਸ਼ੈਟਰ ਵਰਗੀ ਨਸਲ ਦੇ ਲੋਕ ਹਨ ਜਿਹੜੇ ਆਮ ਤੌਰ ਤੇ ਆਪਣੇ ਹੱਥੀਂ ਧੰਦਾ ਕਰਦੇ ਹਨ ਅਤੇ ਸਦਾਚਾਰਕ ਤੌਰ ਤੇ ਇਹ ਅਫ਼ਗਾਨ ਨਸਲ ਦੇ ਲੋਕਾਂ ਨਾਲੋਂ ਨੀਵੇਂ ਹੁੰਦੇ ਹਨ। ਦੌਰੀ ਨਸਲ ਦੇ ਲੋਕਾਂ ਤੋਂ ਇਲਾਵਾ ਦੂਜੇ ਅਫ਼ਗਾਨ ਕਬੀਲਿਆਂ ਦੇ ਲੋਕ ਬਨੂੰਚੀ ਪਿਤਾ ਅਤੇ ਡੂਮ ਮਾਂ ਦੀ ਸੰਤਾਨ ਹਨ। ਦੌਰੀ ਲੋਕ ਉਦੱਮੀ, ਸਖਤ ਮਿਹਨਤ ਕਰਨ ਵਾਲੇ ਅਤੇ ਸ਼ਹਿਣਸ਼ੀਲਤਾ ਵਾਲੇ ਕਿਸਾਨ ਹਨ। ਵਾਦੀ ਵਿਚ ਸਖਤ ਜਲੌਢ ਮਿੱਟੀ ਕਾਰਨ ਇਹ ਲੋਕ ਹਲ ਨਾਲ ਖੇਤੀ ਕਰਨ ਵਿੱਚ ਬਹੁਤਾ ਸਫਲ ਨਹੀਂ ਹੋਏ। ਇਹ ਲੋਕ ਕੱਟੜ ਹੋਣ ਦੇ ਬਾਵਜੂਦ ਵੀ ਬਹੁਤੇ ਲੜਾਕੇ ਨਹੀਂ ਹਨ। ਇਨ੍ਹਾਂ ਦੇ ਗੁਆਂਢੀ ਵਾਰ-ਵਾਰ ਯਤਨ ਕਰਨ ਦੇ ਬਾਵਜੂਦ ਹੀ ਇਨ੍ਹਾਂ ਨੂੰ ਵਾਦੀ ਵਿਚੋਂ ਕੱਢਣ ਵਿਚ ਸਫਲ ਨਹੀਂ ਹੋ ਸਕੇ ਹਾਲਾਂ ਕਿ ਵਜ਼ੀਰਾਂ ਨੇ ਜਿਥੇ ਕਿਤੇ ਉਨ੍ਹਾਂ ਨੂੰ ਜਗਾ ਮਿਲੀ ਸੀ, ਛੋਟੀਆਂ-ਛੋਟੀਆਂ ਬਸਤੀਆਂ ਸਥਾਪਿਤ ਕਰ ਲਈਆਂ ਅਤੇ ਆਪਣੀ ਗਿਣਤੀ ਨਾਲੋਂ ਜਿਆਦਾ ਖੇਤਰ ਤੇ

ਆਪਣਾ ਕਬਜਾ ਕਰ ਲਿਆ, ਇਸ ਦੇ ਰਹਿਣ ਵਾਲਿਆ ਦੀ ਬਹੁਤ ਵਸੋ ਖੇਤੀਬਾੜੀ ਤੇ ਆਧਾਰਤ ਹੈ।

ਇਸ ਵਾਦੀ ਦੀ ਭੂਮੀ ਕਾਫੀ ਉਪਜਾਊ ਹੈ ਅਤੇ ਇੱਥੇ ਮੱਕੀ, ਚੌਲ, ਬਾਜਰਾ, ਗੰਨਾ, ਕਣਕ ਅਤੇ ਜੌਂ ਵਰਗੀਆਂ ਫਸਲਾਂ ਦੀ ਕਾਸ਼ਤ ਕੀਤੀ ਜਾਂਦੀ ਹੈ। ਸ਼ਹਿਤੂਤ, ਚਿਨਾਰ ਅਤੇ ਫਲਾਂ ਦੇ ਦਰਖਤ ਵੀ ਕਾਫੀ ਹਨ। ਕੱਪੜਾ ਬੁਣਨ ਦਾ ਉਦਯੋਗ ਵੀ ਪ੍ਰਫੁਲਤ ਹੋਏ ਅਤੇ ਇਥੋਂ ਕਪਾਹ ਬਾਹਰ ਭੇਜੀ ਜਾਂਦੀ ਹੈ। ਦੌਰ ਵਾਦੀ ਘੋੜਿਆਂ ਦੀ ਚੰਗੀ ਨਸਲ ਲਈ ਕਾਫ਼ੀ ਮਸ਼ਹੂਰ ਰਹੀ ਹੈ ਪਰ ਚੰਗੀ ਨਸਲ ਦੇ ਘੋੜੇ ਖਤਮ ਹੋ ਚੁੱਕੇ ਹਨ।

ਸਿੰਚਾਈ ਦਾ ਪ੍ਰਬੰਧ ਅਫ਼ਗਾਨ ਪਹਾੜੀਆਂ ਦੀ ਤਰ੍ਹਾਂ ਹੈ। ਤੋਚੀ ਦਰਿਆ ਤੋਂ ਨਹਿਰਾਂ ਰਾਹੀਂ ਅਤੇ ਇਸ ਦੇ ਸਹਾਇਕ ਬਰਸਾਤੀ ਨਾਲਿਆਂ ਰਾਹੀ ਪਾਣੀ ਮੁਹੱਈਆ ਕੀਤਾ ਜਾਂਦਾ ਹੈ। ਇਥੋਂ ਦੀ ਉਪਜ ਦਾ ਵਾਧੂ ਹਿੱਸਾ ਦੌਰ ਵਾਦੀ ਦੇ ਦੁਆਲੇ ਵਸੇ ਵਜੀਰ ਕਬੀਲਿਆਂ ਦੁਆਰਾ ਖ਼ਰੀਦ ਲਿਆ ਜਾਂਦਾ ਹੈ। ਇਸ ਤੋ ਇਲਾਵਾ ਇਥੇ ਦੇ ਲੋਕਾਂ ਦਾ ਕੋਈ ਹੋਰ ਵਪਾਰਕ ਧੰਦਾ ਨਹੀਂ।

32° 50′ ਉ. ਵਿਥ; ਤੋਂ 33° 00′ ਉ. ਵਿਥ.; 69° 55′ ਪੂ. ਲੰਬ. ਤੋਂ 70° 25′ ਪੂ. ਲੰਬ.

ਹ. ਪੁ. -ਇੰਪ. ਗ. ਇੰਡ. 11 : 201-203

ਦੌਲਤ ਖਾਂ ਮਈ : ਕੰਧਾਰ ਦਾ ਇਕ ਗਵਰਨਰ ਸੀ ਜਿਹੜਾ ਜ਼ਿਮੀਂਦਾਰ ਪਰਿਵਾਰ ਨਾਲ ਸਬੰਧਤ ਸੀ। ਮੁਗ਼ਲ ਸਮਰਾਟ ਜਹਾਂਗੀਰ ਦੇ ਦਰਬਾਰ ਵਿਚ ਇਹ ਇਕ ਮਨਸਬਦਾਰ ਵਜੋਂ ਨਿਯੁਕਤ ਹੋਇਆ ਸੀ ਅਤੇ ਇਥੇ ਹੀ ਇਸ ਨੂੰ ਖਵਾਸ ਖਾਂ ਦੀ ਉਪਾਧੀ ਪ੍ਰਾਪਤ ਹੋਈ। ਇਸ ਦੀਆਂ ਸੇਵਾਵਾਂ ਤੋਂ ਖ਼ੁਸ਼ ਹੋ ਕੇ ਸ਼ਾਹਜਹਾਂ ਨੇ ਇਸ ਨੂੰ ਢਾਈ ਹਜ਼ਾਰ ਦਾ ਮਨਸਬ ਅਤੇ ਵੀਰਤਾ ਤੋਂ ਪ੍ਰਭਾਵਿਤ ਹੋ ਕੇ ਦੌਲਤ ਖ਼ਾਂ ਦੀ ਉਪਾਧੀ ਪ੍ਰਦਾਨ ਕੀਤੀ।

ਸੰਨ 1635 ਵਿਚ ਠੱਟਾ ਦੇ ਸੂਬੇਦਾਰ ਵਜੋਂ ਇਹ ਇਕ ਸਫ਼ਲ ਪ੍ਰਸ਼ਾਸਕ ਸਿੱਧ ਹੋਇਆ ਜਿਸ ਕਾਰਨ ਬਾਦਸ਼ਾਹ ਨੇ ਇਸ ਦੇ ਮਨਸਬ ਵਿਚ ਵਾਧਾ ਕਰਕੇ ਇਸ ਨੂੰ ਕੰਧਾਰ ਵਿਖੇ ਨਿਯੁਕਤ ਕੀਤਾ। ਈਰਾਨ ਦੇ ਸ਼ਾਹ ਅੱਬਾਸ ਦੂਜੇ ਵਲੋਂ ਕੰਧਾਰ ਦੇ ਕਿਲੇ ਨੂੰ ਘੇਰਾ ਪਾਉਣ ਤੇ ਇਸ ਨੂੰ ਸ਼ਾਹਜਹਾਂ ਵਲੋਂ ਸਮੇਂ ਸਿਰ ਸੈਨਿਕ ਮਦਦ ਨਾ ਮਿਲ ਸਕਣ ਕਾਰਨ ਇਸ ਨੇ ਸ਼ਾਹ ਅੱਬਾਸ ਨਾਲ ਸੰਧੀ ਕਰਕੇ ਕਿਲੇ ਦਾ ਅਧਿਕਾਰ ਉਸ ਨੂੰ ਦੇ ਕੇ ਆਪ ਭਾਰਤ ਵਾਪਸ ਆ ਗਿਆ ਅਤੇ ਸ਼ਰਮਿੰਦਗੀ ਕਾਰਨ ਇਸ ਨੇ ਬਾਕੀ ਦਾ ਜੀਵਨ ਇਕਾਂਤਵਾਸ ਵਿੱਚ ਹੀ ਬਤੀਤ ਕੀਤਾ।

ਹ. ਪੁ. -ਹਿੰ. ਵਿ. ਕੋ. 6 : 130

ਦੌਲਤ ਰਾਵ ਸ਼ਿੰਦੇ : ਮਹਾਰਾਸ਼ਟਰ ਦੇ ਸਾਸ਼ਕ ਮਹਾਦਜੀ ਸ਼ਿੰਦੇ ਦਾ ਗੋਦ ਲਿਆ ਪੁੱਤਰ ਸੀ। ਇਸ ਦਾ ਜਨਮ ਸੰਨ 1780 ਵਿਚ ਹੋਇਆ। ਸੰਨ 1794 ਵਿਚ ਮਹਾਦਜੀ ਦੀ ਮੌਤ ਤੋਂ ਬਾਅਦ ਇਹ 14 ਸਾਲ ਦੀ ਉਮਰ ਵਿਚ ਗੱਦੀ ਉੱਤੇ ਬੈਠਾ। ਇਕ ਤਾਂ ਇਹ ਸੁਭਾਵਕ ਹੀ ਹੈਂਕੜਬਾਜ਼ ਸੀ ਅਤੇ ਦੂਰਦਰਸ਼ੀ ਵੀ ਨਹੀਂ ਸੀ ਦੂਜਾ ਇਸ ਨੂੰ ਬਾਜੀਰਾਓ ਜਿਹੇ ਚਲਾਕ ਅਤੇ ਸ਼ਰਜਾ ਰਾਓ ਜਿਹੇ ਜ਼ਾਲਮ ਵਿਅਕਤੀਆਂ ਦੀ ਸੰਗਤ ਮਿਲ ਗਈ ਨਤੀਜੇ ਵਜੋਂ ਆਪਸੀ ਝਗੜਿਆਂ ਨਾਲ ਲਿਤਾੜੇ ਹੋਏ ਮਹਾਰਾਸ਼ਟਰ ਦਾ ਹੋਰ ਵੀ ਦੁਰਗਤੀ ਨਾਲ ਪਤਨ ਹੋਣ ਲੱਗਾ।

ਪੇਸ਼ਵਾ ਮਾਧੋਰਾਓ ਦੀ ਮੌਤ ਤੇ ਉੱਤਰਾਧਿਕਾਰ ਦੇ ਸਵਾਲ ਤੇ ਨਾਨਾ ਫਰਨਵੀਸ, ਬਾਜੀਰਾਓ ਸ਼ਿੰਦੇ ਅਤੇ ਹੋਲਕਰ ਵਿਚ ਪਰਸਪਰ ਦਾਅ ਪੇਚ ਚਲਣ ਲੱਗੇ। ਇਸੇ ਸਮੇਂ ਇਹ, ਸ਼ਰਜਾ ਰਾਓ (ਜੋ ਬਾਅਦ ਵਿਚ ਇਸ ਦਾ ਸਹੁਰਾ ਬਣਿਆ) ਦੇ ਸੰਪਰਕ ਵਿਚ ਆਇਆ। ਇਸ ਤਰ੍ਹਾਂ ਇਸ ਦਾ, ਬਾਜੀ ਰਾਓ ਅਤੇ ਸ਼ਰਜਾ ਰਾਓ ਦਾ ਗੁੱਟ ਬਣ ਗਿਆ। ਇਨ੍ਹਾਂ ਨੇ ਨਾਨਾ ਫਰਨਵੀਸ ਨੂੰ ਕੈਦ ਕਰ ਲਿਆ ਅਤੇ ਹੋਲਕਰ ਦੀ ਉੱਤਰਾਧਿਕਾਰ ਸਮੱਸਿਆ ਵਿੱਚ ਦਖ਼ਲਅੰਦਾਜ਼ੀ ਕੀਤੀ ਪਰ ਇਨ੍ਹਾਂ ਦੀ ਸਾਂਝੀ ਫ਼ੌਜ ਨੇ ਯਸ਼ਵੰਤ ਰਾਓ ਹੋਲਕਰ ਤੋਂ ਬੁਰੀ ਤਰ੍ਹਾਂ ਹਾਰ ਖਾਧੀ। ਨਾਨਾ ਫਰਨਵੀਸ ਦੀ ਮੌਤ ਨਾਲ ਮਹਾਰਾਸ਼ਟਰ ਦੇ ਹਾਲਾਤ ਕਾਫ਼ੀ ਖਰਾਬ ਹੋ ਗਏ ਜਿਸ ਕਰਕੇ ਇਸ ਦਾ ਪਤਨ ਹੁਣ ਜ਼ਰੂਰੀ ਦਿਸਣ ਲਗ ਪਿਆ। ਦੂਸਰੇ ਐਂਗਲੋ-ਮਰਾਠਾ ਯੁੱਧ ਵਿਚ ਅੰਗਰੇਜ਼ਾਂ ਤੋਂ ਹਾਰ ਜਾਣ ਤੇ ਦੌਲਤ ਰਾਓ ਸੁਰਜੀਅਰਜਨ ਪਿੰਡ ਦੀ ਸੰਧੀ ਕਰਨ ਤੇ ਮਜਬੂਰ ਹੋ ਗਿਆ ਜਿਸ ਨਾਲ ਇਸ ਨੂੰ ਆਪਣੇ ਰਾਜ ਦਾ ਕਾਫ਼ੀ ਸਾਰਾ ਹਿੱਸਾ ਅੰਗਰੇਜ਼ਾਂ ਨੂੰ ਦੇਣਾ ਪਿਆ। ਆਖ਼ਰੀ ਐਂਗਲੋ-ਮਰਾਠਾ ਯੁੱਧ ਤੋਂ ਪਹਿਲਾਂ ਲਾਰਡ ਹੇਸਟਿੰਗਜ਼ ਨੇ ਕੂਟ-ਨੀਤੀ ਵਰਤਦੇ ਹੋਏ ਇਸ ਨੂੰ ਪਿੰਡਾਰਿਆਂ ਤੋਂ ਅੱਲਗ ਕਰਕੇ ਉਸ ਦੇ ਵਿੱਰੁਧ ਸਹਾਇਤਾ ਦੇਣ ਲਈ ਮਜ਼ਬੂਰ ਕੀਤਾ ਜਿਸ ਨਾਲ ਇਸ ਦੀ ਸ਼ਕਤੀ ਬਹੁਤ ਘੱਟ ਗਈ। ਲੜਾਈ ਵਿਚ ਮਹਾਰਾਸ਼ਟਰ ਸਾਮਰਾਜ ਦੇ ਹੀ ਖਤਮ ਹੋ ਜਾਣ ਨਾਲ ਇਹ ਆਪ ਵੀ ਬੇਸਹਾਰਾ ਹੋ ਗਿਆ। ਸੰਨ 1820 ਵਿਚ ਇਸ ਦੀ ਮੌਤ ਹੋ ਗਈ।

ਹ. ਪੁ. -ਹਿੰ. ਵਿ. ਕੋ. 6 : 130

ਦੌਲਤ ਰਾਮ, ਪੰਡਿਤ : ਇਸ ਪੰਜਾਬੀ ਕਵੀ ਦਾ ਜਨਮ ਪੰਡਿਤ ਸਾਹਬ ਦੱਤਾ ਦੇ ਘਰ ਪਿੰਡ ਰਾਮਗੜ੍ਹ ਸਰਦਾਰਾਂ, ਜ਼ਿਲ੍ਹਾ ਲੁਧਿਆਣਾ ਵਿਚ 1880 ਈ. ਵਿਚ ਹੋਇਆ। ਇਸ ਦੇ ਗੁਰੂ ਦਾ ਨਾਂ ਸ੍ਰੀ ਮੂੰਗਾਨਾਥ ਸੀ ਜਿਸ ਨੇ ਇਸ ਨੂੰ ਰੱਬ ਦਾ ਨਾਮ ਦਿੱਤਾ। ਇਸ ਨੇ ਮੁੱਢਲੀ ਵਿਦਿਆ ਉਰਦੂ ਅਤੇ ਹਿੰਦੀ ਵਿਚ ਪ੍ਰਾਪਤ ਕੀਤੀ ਅਤੇ ਫਿਰ ਬੱਚਿਆਂ ਨੂੰ ਹਿੰਦੀ ਤੇ ਲੰਡੇ ਪੜ੍ਹਾਉਣ ਦਾ ਕਾਰਜ ਕੀਤਾ।

ਇਹ ਬਹੁਤ ਸਮਾਂ ਆਪਣੇ ਗੁਰੂ ਦੇ ਡੇਰੇ ਵਿਚ ਜਿਹੜਾ ਮਿੰਟਗੁਮਰੀ ਜ਼ਿਲ੍ਹੇ ਦੇ ਇਕ ਪਿੰਡ ਸੁਤ ਬਲੋਲਪੁਰ ਵਿਚ ਸੀ, ਰਿਹਾ ਜਿਥੇ ਬੈਠ ਕੇ ਇਸ ਨੇ ਕਈ ਗ੍ਰੰਥ ਰਚੇ। ਇਸ ਨੇ ਕਿੱਸਾ ਰੂਪ ਬਸੰਤ (1904), ਕਿੱਸਾ ਪੂਰਨ ਭਗਤ (1908), ਕਿੱਸਾ ਰਾਜਾ ਸਰਬਾਲ (1911), ਕਿੱਸਾ ਰਾਜਾ ਰਸਾਲੂ (1915) ਅਤੇ ਰਾਜਾ ਹਰੀ ਚੰਦ (1923) ਲਿਖਿਆ। ਇਸ ਨੇ ਕਿੱਸਿਆਂ ਤੋਂ ਇਲਾਵਾ ਗਿਆਨ ਗੁਲਜ਼ਾਰ ਲਛਮਣ ਦੀ ਮੂਰਛਾ, ਸੀਤਾ ਬਨਵਾਸ (1925), ਗਿਆਨ ਚਰਚਾ, ਬਬੇਕ ਬਹਾਰ, ਆਤਮਕ ਪ੍ਰਕਾਸ਼, ਬਬੇਕ ਨਗ਼ਰ, ਮਾਤਾ ਸੁਲਖਣੀ ਦਾ ਪ੍ਰਸੰਗ, ਸਲੋਚਨਾ ਦੀ ਕਥਾ ਅਤੇ ਸਮੂਹ ਪਾਪ ਖੰਡਨ ਧਾਰਮਿਕ ਪੁਸਤਕਾਂ ਵੀ ਲਿਖੀਆਂ।

ਇਸ ਦੇ ਕਿੱਸੇ ਲਿਖਣ ਦਾ ਮਨੋਰਥ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਨੂੰ ਮਾਰਨਾ ਹੈ ਨਾ ਕਿ ਭਖਾਉਣਾ ਅਤੇ ਅਸਲੀ ਮਨੋਰਥ ਹੋਰ ਵੀ ਉੱਚਾ ਹੈ। ਇਹ ਹੈ ਮਨੁੱਖ ਨੂੰ ਆਪਣੇ ਆਪ ਦਾ ਸਖਿਆਤਕਾਰ ਕਰਾਉਣਾ। ਇਸੇ ਕਰਕੇ ਭਗਤ, ਜੋਗੀ, ਵੇਦਾਂਤੀ, ਮਹੰਤ, ਭਮਨਸ਼ਾਹ ਦਾ ਚੇਲਾ ਭਗਤ ਦੌਲਤ ਰਾਮ ਗੂੜ੍ਹ ਗਿਆਨ ਦੀਆਂ ਗੱਲਾਂ ਕਰਦਾ ਸੀ। ਕਵੀ ਦੀ ਵਡਿਆਈ ਇਸ ਦੇ ਕਾਵਿ ਰੂਪਾਂ, ਨਵੇਂ ਕਾਵਿ ਚਮਤਕਾਰਾਂ ਅਤੇ ਹੋਰਨਾਂ ਕਾਵਿ ਗੁਣਾਂ ਨੂੰ ਦੇਖ ਕੇ ਹੋਰ ਵੀ ਵਧ ਜਾਂਦੀ ਹੈ। ਵੰਨ ਸੁਵੰਨੇ ਕਾਵਿ ਰੂਪ ਤੇ ਛੰਦ ਜਿਵੇਂ ਕਿ ਛੰਦ, ਦੋਹਿੜਾ, ਕੁੰਡਲੀਆਂ, ਸੋਰਠਾ, ਦੱਵਯਾ, ਓਰਗ ਛੰਦ, ਕਥਿਤ ਸੀਹਰਫੀ ਕਾਫੀਆਂ, ਚੌਪਈਆਂ ਤੇ ਮੁਕਤ ਛੰਦ ਖ਼ੂਬ ਵਰਤੇ ਹਨ। ਇਨ੍ਹਾਂ ਤੋਂ ਬਿਨਾਂ ਦਰਦ ਭਰੇ ਗੀਤ ਵੀ ਲਿਖੇ ਹਨ। ਭਾਰਤੀ ਤੇ ਪੰਜਾਬੀ ਸਭਿਆਚਾਰ ਨੂੰ ਵਿਸ਼ੇਸ਼ ਤੌਰ ਤੇ ਪ੍ਰਕਾਸ਼ਿਤ ਕੀਤਾ ਹੈ। ਇਹ ਧਰਮ ਤੇ ਰਾਜਨੀਤੀ ਦੀਆਂ ਗੱਲਾਂ ਜਾਣਨ ਵਾਲਾ ਇਸ਼ਕ ਮਿਜਾਜ਼ੀ ਤੇ ਹਕੀਕੀ ਦੇ ਕਿੱਸੇ ਰਚਣ ਵਾਲਾ ਇਕ ਸਿੱਧਾ ਸਾਦਾ ਮਲਵਈ ਕਵੀਸ਼ਰ ਸੀ। ਇਸ ਦੀ ਸਭ ਤੋਂ ਉੱਘੀ ਦੇਣ ਢੇਰ ਸਾਰੀ ਸ਼ੁਧ, ਠੇਠ ਤੇ

ਮੁਹਾਵਰੇਦਾਰ ਅਰਥ ਪੂਰਣ ਸ਼ਬਦਾਵਲੀ ਹੈ ਜਿਸ ਵਿਚ ਮਲਵਈ ਦੀ ਦਿਖ ਵਿਸ਼ੇਸ਼ ਤੌਰ ਤੇ ਉਘੜਦੀ ਹੈ।

ਪੰਡਿਤ ਦੌਲਤ ਰਾਮ ਆਪਣੀ ਵਿਦਵਤਾ ਦੇ ਆਧਾਰ ਤੇ ਆਪਣੇ ਆਪ ਨੂੰ 'ਮਸ਼ਹੂਰ ਆਲਮ' ਲਿਖਦਾ ਸੀ। ਇਸ ਦੇ ਸਾਰੇ ਕਿੱਸਿਆਂ ਦਾ ਆਧਾਰ ਹਿੰਦੂ ਮਿਥਿਹਾਸ ਹੈ। ਵਿਸ਼ਾਲ ਗਿਆਨ ਅਤੇ ਆਤਮਕ ਬਲ ਕਾਰਨ ਇਹ ਆਪਣੇ ਪਾਠਕਾਂ ਵਿਚ ਬਹੁਤ ਮਕਬੂਲ ਹੋਇਆ। ਇਸ ਨੇ ਸੰਸਾਰ ਦਾ ਤਿਆਗ ਕਰਨ ਦੀ ਥਾਂ ਤੇ ਆਤਮਾ ਦੇ ਵਿਕਾਸ ਕਰਨ ਉਤੇ ਜ਼ੋਰ ਦਿੱਤਾ। ਸੰਨ 1935 ਵਿਚ ਲਾਹੌਰ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.–ਪੰ. ਸ਼ਾ. ਤਜ਼.; ਪੰ: ਸਾ: ਇ– ਭਾ. ਵਿ. ਪੰ.; ਪੰ. ਸਾ. ਕੋ. ਭਾਗ–2–ਪੰ. ਯੂਨੀ. ਚੰਡੀ. : 419

ਦੌਲਤਾਬਾਦ : ਪੱਛਮੀ ਭਾਰਤ ਦੇ ਮਹਾਰਾਸ਼ਟਰ ਰਾਜ ਦੇ ਔਰੰਗਾਬਾਦ ਜ਼ਿਲ੍ਹੇ ਦਾ ਇਕ ਪ੍ਰਸਿੱਧ ਇਤਿਹਾਸਕ ਸ਼ਹਿਰ ਹੈ ਜਿਹੜਾ ਔਰੰਗਾਬਾਦ ਤੋਂ ਅਲੋਰਾ ਗੁਫਾਵਾਂ ਦੇ ਰਾਹ ਉੱਤੇ ਤਕਰੀਬਨ 10 ਕਿ. ਮੀ. ਦੀ ਦੂਰੀ ਤੇ ਸਥਿਤ ਹੈ। ਇਸ ਸ਼ਹਿਰ ਦਾ ਪੁਰਾਣਾ ਨਾਂ ਦੇਵਗਿਰੀ ਸੀ ਇਸ ਨੂੰ ਦਿਓਗਿਰੀ ਵੀ ਕਿਹਾ ਜਾਂਦਾ ਸੀ। ਇਸ ਸ਼ਹਿਰ ਦੀ ਸਥਾਪਨਾ 12 ਵੀਂ ਸਦੀ ਦੇ ਅਖ਼ੀਰ ਵਿਚ ਯਾਦਵ ਬੰਸ ਦੇ ਰਾਜੇ ਭੀਲਮ ਪਹਿਲੇ ਨੇ ਕੀਤੀ ਸੀ। ਮੱਧ ਕਾਲ ਵਿਚ ਇਹ ਇਕ ਪ੍ਰਮੁੱਖ ਅਤੇ ਪ੍ਰਸ਼ਾਸਕੀ ਕੇਂਦਰ ਹੁੰਦਾ ਸੀ। ਸੰਨ 1294 ਵਿਚ ਇਸ ਕਿਲੇ ਉੱਤੇ ਅਲਾ–ਉੱਦ–ਦੀਨ ਖ਼ਿਲਜੀ ਨੇ ਕਬਜ਼ਾ ਕਰ ਲਿਆ। ਇਹ ਘਟਨਾ ਦੱਖਣ ਵਿਚ ਮੁਸਲਮਾਨਾਂ ਦੇ ਪਹਿਲੇ ਹਮਲੇ ਦੀ ਯਾਦ ਦਿਵਾਉਂਦੀ ਹੈ ਬਾਅਦ ਵਿਚ ਇਥੋਂ ਦੇ ਹਿੰਦੂ ਰਾਜੇ ਵਲੋਂ ਖ਼ਿਰਾਜ ਦੇਣਾਂ ਮੰਨ ਲੈਣ ਤੇ ਇਹ ਕਿਲਾ ਉਸ ਨੂੰ ਫਿਰ ਤੋਂ ਵਾਪਸ ਦੇ ਦਿੱਤਾ। ਸੰਨ 1307 ਅਤੇ 1310 ਵਿਚ ਮਲਿਕ ਕਾਫ਼ੂਰ ਨੇ ਇਸ ਉੱਤੇ ਕਬਜ਼ਾ ਕੀਤਾ। ਸੰਨ 1318 ਵਿਚ ਇਥੋਂ ਦੇ ਆਖ਼ਰੀ ਹਿੰਦੂ ਰਾਜੇ ਹਰੀਪਾਲ ਦੀ ਜਿਉਂਦਿਆਂ ਹੀ ਚਮੜੀ ਉਧੇੜ ਦਿੱਤੀ ਗਈ ਸੀ। ਇਸ ਤੋਂ ਬਾਅਦ ਇਹ ਸ਼ਹਿਰ ਦੱਖਣ ਵਿਚ ਮੁਸਲਮਾਨਾਂ ਦੇ ਹਮਲਿਆਂ ਦਾ ਇਕ ਮਹੱਤਵਪੂਰਨ ਫ਼ੌਜੀ ਅੱਡਾ ਬਣ ਗਿਆ ਅਤੇ ਮੁਹੰਮਦ ਬਿਨ ਤੁਗ਼ਲਕ ਨੇ ਆਪਣੀ ਰਾਜਧਾਨੀ ਦਿੱਲੀ ਨੂੰ ਛੱਡ ਕੇ ਦੌਲਤਾਬਾਦ ਬਣਾਉਣ ਦਾ ਵਿਚਾਰ ਬਣਾਇਆ। ਸੰਨ 1339 ਵਿਚ ਉਸ ਨੇ ਆਪਣੀ ਸਾਰੀ ਪਰਜਾ ਨੂੰ ਦਿੱਲੀ ਤੋਂ ਇਥੇ ਲੈ ਆਂਦਾ ਅਤੇ ਰਾਜਧਾਨੀ ਦਾ ਨਾਂ ਬਦਲ ਕੇ ਦੌਲਤਾਬਾਦ ਰਖ ਦਿੱਤਾ। ਇਸ ਨੇ ਇਥੋ ਦੇ ਵਾਰੰਗਲ ਦੇ ਰਾਜਿਆਂ ਵਿਰੁੱਧ ਚੜ੍ਹਾਈਆ ਕਰਨੀਆਂ ਸ਼ੁਰੂ ਕੀਤੀਆਂ। ਉਤੱਰੀ ਭਾਰਤ ਵਿਚ ਉੱਠੀਆਂ ਬਗਾਵਤਾਂ ਦਬਾਉਣ ਲਈ ਬਾਦਸ਼ਾਹ ਨੂੰ ਆਪਣੀ ਨਵੀਂ ਰਾਜਧਾਨੀ ਛਡਣੀ ਪਈ। ਇਸ ਦੀ ਗ਼ੈਰਹਾਜ਼ਰੀ ਵਿੱਚ ਨਵੇਂ ਜਿੱਤੇ ਸੂਬਿਆਂ ਦੇ ਮੁਸਲਮਾਨ ਗਵਰ–ਨਰਾਂ ਨੇ ਵਿਦਰੋਹ ਕਰ ਦਿੱਤੇ ਅਤੇ ਇਸ ਉਪਰੰਤ ਪੈਦਾ ਹੋਈ ਹਫੜਾ–ਦਫੜੀ ਵਿਚ ਗੁਲਬਰਗਾ ਦੇ ਗਵਰਨਰ ਜ਼ਫ਼ਰ ਖ਼ਾਨ ਨੇ ਦੌਲਤਾਬਾਦ ਉੱਤੇ ਕਬਜ਼ਾ ਕਰ ਲਿਆ। ਇਸ ਤਰ੍ਹਾਂ 1526 ਈ. ਤੱਕ ਇਹ ਬਹਿਮਨੀਆਂ ਦੇ ਕਬਜ਼ੇ ਹੇਠ ਰਿਹਾ। ਇਸ ਤੋਂ ਬਾਅਦ ਨਿਜ਼ਾਮ–ਸ਼ਾਹੀਆਂ ਦੇ ਕਬਜ਼ੇ ਵਿਚ ਰਹਿਣ ਤੋਂ ਬਾਅਦ ਅਖ਼ੀਰ ਵਿਚ ਬਾਦਸ਼ਾਹ ਅਕਬਰ ਦੇ ਅਧੀਨ ਹੋ ਗਿਆ। ਅਹਿਮਦਨਗਰ ਦੇ ਪਤਨ ਤੋਂ ਬਾਅਦ ਨਿਜਾਮ ਸ਼ਾਹੀ ਰਾਜਧਾਨੀ ਖਰਕੀ ਅੱਜ–ਕੱਲ੍ਹ ਔਰੰਗਾਬਾਦ ਵਿਖੇ ਤਬਦੀਲ ਕਰ ਦਿਤੀ ਗਈ ਜਿਸ ਦੀ ਸਥਾਪਨਾ ਨਿਜ਼ਾਮ ਸ਼ਾਹੀ ਮੰਤਰੀ, ਮਲਿਕ ਅੰਬਰ ਨੇ ਕੀਤੀ ਸੀ। ਸੰਨ 1633 ਵਿਚ ਸ਼ਾਹਜਹਾਨ ਦੇ ਇਕ ਜਰਨੈਲ ਅਧੀਨ ਜਾਣ ਤੇ ਪਹਿਲਾ ਦੌਲਤਾਬਾਦ ਉਨ੍ਹਾਂ ਦੇ ਕਬਜ਼ੇ ਵਿਚ ਹੀ ਰਿਹਾ। ਔਰੰਗਜ਼ੇਬ ਦੀ ਮੌਤ ਤੱਕ ਇਹ ਮੁਗਲਾਂ ਦੇ ਅਧੀਨ ਹੀ ਰਿਹਾ ਅਤੇ ਉਸ ਦੀ ਮੌਤ ਤੋਂ ਬਾਅਦ ਇਸ ਉੱਤੇ ਹੈਦਰਾ–ਬਾਦ ਦੇ ਪਹਿਲੇ ਨਿਜ਼ਾਮ ਆਸਫ਼ ਜਾਹ ਨੇ ਕਬਜ਼ਾ ਕਰ ਲਿਆ।

ਸ਼ਹਿਰ ਦਾ ਕਿਲਾ ਇਕ ਨੋਕੀਲੀ ਚਟਾਨ ਉੱਤੇ 45 ਮੀ. 150 ਫੁੱਟ ਦੀ ਉਚਾਈ ਤੇ ਸਥਿਤ ਹੈ। ਇਸ ਦਾ ਪੁਰਾਣਾ ਸ਼ਹਿਰ ਜਿਸ ਨੂੰ ਦੇਵਗਿਰੀ ਕਹਿੰਦੇ ਹਨ, ਸਾਰੇ ਦਾ ਸਾਰਾ ਇਸ ਦੀ ਚਾਰ ਦੀਵਾਰੀ ਵਿਚ ਹੈ।

ਕਿਲੇ ਤੋਂ ਇਲਾਵਾ ਇਥੇ ਹੋਰ ਵੀ ਕਈ ਇਤਿਹਾਸਕ ਇਮਾਰਤਾਂ ਹਨ ਜਿਨ੍ਹਾਂ ਵਿਚੋਂ ਚਾਂਦ ਮੀਨਾਰ ਅਤੇ ਚੀਨੀ ਮਹਿਲ ਮੁੱਖ ਹਨ। ਚਾਂਦ ਮੀਨਾਰ ਦੀ ਉਚਾਈ 63 ਮੀ. (210 ਫੁੱਟ) ਅਤੇ ਆਧਾਰ ਤੇ ਘੇਰਾ 21 ਮੀ. (70 ਫੁੱਟ) ਹੈ। ਇਸ ਨੂੰ ਅਲਾਉਦੀਨ ਬਹਿਮਨੀ ਨੇ ਕਿਲਾ ਜਿੱਤਣ ਦੀ ਖੁਸ਼ੀ ਵਿਚ ਬਣਵਾਇਆ ਸੀ। ਇਸ ਦੀ ਬੇਸਮੈਂਟ 4.57 ਮੀ. (15 ਫੁੱਟ) ਉੱਚੀ ਹੈ। ਇਸ ਦੇ ਅੰਦਰ 24 ਕਮਰੇ ਹਨ ਅਤੇ ਸਾਰਾ ਥੰਮ, ਮੂਲ ਰੂਪ ਵਿਚ ਖ਼ੂਬਸੂਰਤ ਚਮਕਦਾਰ ਈਰਾਨੀ ਟਾਈਲਾਂ ਦੇ ਬਣਿਆਂ ਹੋਇਆ ਹੈ। ਇਹ ਦੱਖਣੀ ਭਾਰਤ ਵਿਚ ਮੁਸਲਮਾਨ ਭਵਨ–ਨਿਰਮਾਣ ਕਲਾ ਦਾ ਇਕ ਉੱਤਮ ਨਮੂਨਾ ਮੰਨਿਆ ਗਿਆ। 'ਚੀਨੀ ਮਹਿਲ' ਜਿਹੜਾ ਕਿ ਆਪਣੇ ਸਮੇਂ ਵਿੱਚ ਬਹੁਤ ਖ਼ੂਬਸੂਰਤ ਇਮਾਰਤ ਸੀ, ਕਿਲੇ ਦੇ ਅੱਠਵੇਂ ਦਰਵਾਜੇ ਦੇ ਸੱਜੇ ਪਾਸੇ 12 ਮੀ. (40 ਫੁੱਟ) ਦੀ ਦੂਰੀ ਤੇ ਸਥਿਤ ਹੈ। ਇਸ ਮਹਿਲ ਵਿਚ ਅਬੁਲ ਹਸਨ (ਤਾਨਾਸ਼ਾਹ) ਜਿਹੜਾ ਕਿ ਅਖ਼ੀਰਲਾ ਕੁਤਬਸ਼ਾਹੀ ਬਾਦਸ਼ਾਹ ਸੀ, ਨੂੰ ਔਰੰਗਜੇਬ ਨੇ 1687 ਈ. ਵਿਚ ਕੈਦ ਰੱਖਿਆ ਸੀ। ਔਰੰਗਜ਼ੇਬ ਦੀ ਮੌਤ ਤੋ ਬਾਅਦ ਇਹ ਕਿਲਾ ਹੈਦਰਾਬਾਦ ਦੇ ਨਿਜ਼ਾਮ ਦੇ ਅਧੀਨ ਆ ਗਿਆ।



ਦੌਲਤਾਬਾਦ ਦਾ ਕਿਲਾ

ਇਹ ਇਥੋਂ ਦੇ ਕਾਲੇ ਅਤੇ ਸਫ਼ੈਦ ਅੰਗੂਰਾਂ ਲਈ ਬਹੁਤ ਮਸ਼ਹੂਰ ਸੀ ਪਰ ਸਮੇਂ ਦੇ ਨਾਲ–ਨਾਲ ਇਨ੍ਹਾਂ ਦੀ

ਪੈਦਾਵਾਰ ਹੁਣ ਘੱਟ ਗਈ ਹੈ। ਇਹ ਪੁਰਾਤਨ ਸਮਿਆਂ ਤੋਂ ਯਾਦਵਾਂ ਦੀ ਦੇਵਗਿਰੀ ਦੇ ਤੌਰ ਤੇ ਪ੍ਰਸਿੱਧ ਰਿਹਾ ਹੈ। ਇਥੋਂ ਦੇ ਉੱਤਮ ਕਿਲੇ ਦਾ ਸਾਰੇ ਭਾਰਤ ਵਿਚ ਕੋਈ ਸਾਨੀ ਨਹੀਂ। ਕਿਲੇ ਦੀ ਵਿਸ਼ਾਲਤਾ ਅਤੇ ਕਿਲੇਬੰਦੀ ਸਦਾ ਤੋਂ ਹੀ ਯੁੱਧ-ਕਲਾ ਦੇ ਅਧਿਐਨ ਦਾ ਵਿਸ਼ਾ ਰਹੀ ਹੈ।

17ਵੀਂ ਸਦੀ ਵਿਚ ਮੁਗ਼ਲ ਬਾਦਸ਼ਾਹਾਂ ਦੁਆਰਾ ਇਸ ਦੇ ਨਜ਼ਦੀਕ ਆਪਣਾ ਪ੍ਰਬੰਧਕੀ ਸ਼ਹਿਰ, ਔਰੰਗਾਬਾਦ ਬਣਾਉਣ ਦੇ ਨਾਲ ਇਸ ਦਾ ਮਹੱਤਵ ਕਾਫ਼ੀ ਘੱਟ ਗਿਆ।


19° 57′ ਉ. ਵਿਥ. ; 75° 13′ ਪੂ. ਲੰਬ.

ਹ.ਪੁ.- ਐਨ. ਬ੍ਰਿ ਮਾ. 3 : 901; ਇੰਪ. ਗ. ਇੰਡ. 11 : 200; ਮਹਾਰਾਸ਼ਟਰ-ਭਾਸ਼ਾ ਵਿਭਾਗ, ਪੰਜਾਬ : 85

ਦੌਲਾ ਸ਼ਾਹ : ਇਹ ਮਹਾਤਮਾ ਦਰਵੇਸ਼ ਗੁਜਰਾਤ (ਪਾਕਿਸਤਾਨ) ਦਾ ਵਸਨੀਕ ਸੀ। ਛੇਵੇਂ ਸਤਿਗੁਰੂ ਸ੍ਰੀ ਹਰਿਗੋਬਿੰਦ ਸਾਹਿਬ ਦੇ ਸਮੇਂ ਭਾਈ ਗੜ੍ਹੀਏ ਦਾ ਇਸ ਨਾਲ ਮਿਲਾਪ ਹੋਇਆ। ਪ੍ਰਚਾਰ ਲਈ ਕਸ਼ਮੀਰ ਨੂੰ ਜਾਂਦੇ ਹੋਏ ਭਾਈ ਗੜ੍ਹੀਏ ਪਾਸੋਂ ਇਸ ਨੇ ਸੁਖਮਨੀ ਸਾਹਿਬ ਦਾ ਪਾਠ ਸੁਣਿਆ ਜਿਸ ਨੂੰ ਸੁਣ ਕੇ ਇਹ ਸਤਿਗੁਰੂ ਦਾ ਸ਼ਰਧਾਲੂ ਬਣ ਗਿਆ। ਮਗਰੋਂ ਛੇਵੇਂ ਸਤਿਗੁਰੂ ਦੇ ਦਰਸ਼ਨ ਕਰਕੇ ਇਹ ਬਹੁਤ ਖੁਸ਼ ਹੋਇਆ। ਇਸ ਦਾ ਦੇਹਾਂਤ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਵਿਚ ਹੋਇਆ। ਇਸ ਨੇ ਕਲਗੀਧਰ ਨੂੰ ਸੌ ਤੋਲੇ ਸੋਨਾ ਭੇਟ ਕੀਤਾ ਸੀ।

ਇਸ ਮਹਾਤਮਾ ਦੇ ਨਾਂ ਤੇ ਗੁਜਰਾਤ ਦਾ ਨਾਂ ਦੌਲਾ ਕੀ ਗੁਜਰਾਤ ਪਿਆ।

ਹ. ਪੁ.- ਮ. ਕੋ.



ਧ ਸੰਸਕ੍ਰਿਤ ਵਿਚ 'ਧ' ਸੰਗਿਆ ਤੋਂ ਭਾਵ ਹੈ ਧਨ, ਧਰਮ, ਕੁਬੇਰ, ਬ੍ਰਹਮਾ। ਗੁਰਮੁਖੀ ਲਿਪੀ ਦੇ ਇਸ 24 ਵੇਂ ਅੱਖਰ ਅਤੇ 21 ਵੇਂ ਵਿਅੰਜਨ ਦਾ ਉਚਾਰਣ ਗੁਰੂ ਨਾਨਕ ਦੇਵ ਜੀ ਦੁਆਰਾ ਰਚੀ ਬਾਣੀ ਰਾਗ ਆਸਾ 'ਪਟੀ' ਅਨੁਸਾਰ 'ਧਧਾ' ਹੈ-

ਧਧੈ ਧਾਰਿ ਕਲਾ ਜਿਨਿ ਛੋਡੀ ਹਰਿ ਚੀਜੀ ਜਿਨਿ ਰੰਗ ਕੀਆ॥

ਤਿਸ ਦਾ ਦੀਆ ਸਭਨੀ ਲੀਆ ਕਰਮੀ ਕਰਮੀ ਹੁਕਮੁ ਪਇਆ।

(ਪੰਨਾ 433)

ਧਧਾ ਧਾਵਤ ਤਉ ਮਿਟੈ (ਗੁਰੂ ਅਰਜਨ ਦੇਵ) ਧਧਾ ਅਰਧਹਿ ਉਰਧ ਨਿਬੇਰਾ (ਕਬੀਰ) 'ਧ' ਦਾ ਵਿਕਾਸ ਸ਼ਾਰਦਾ/ਟਾਕਰੀ ਲਿਪੀਆਂ ਵਿਚ ਹੋ ਚੁਕਿਆ ਸੀ। ਇਸ ਦੇ ਵਿਕਾਸ ਨੂੰ ਹੇਠ ਲਿਖੇ ਕ੍ਰਮ ਅਨੁਸਾਰ ਸਮਝਿਆ ਜਾ ਸਕਦਾ ਹੈ;—

ਬ੍ਰਹਮੀ	ਪਾਲੀ	ਕੁਟਿਲ	ਨਾਗਰੀ
ਸ਼ਾਰਦਾ	ਟਾਕਰੀ	ਲੰਡੇ	ਗੁਰਮੁਖੀ
			ਧ

'ਧ' ਦਾ ਰੂਪ ਦ + ਹ = ਧ ਹੈ। ਆਮ ਪ੍ਰਚੱਲਿਤ ਧਾਰਣਾ ਅਨੁਸਾਰ ਇਹ ਦੰਤੀ ਵਿਅੰਜਨ ਮੰਨਿਆ ਜਾਂਦਾ ਹੈ ਪਰ ਪੰਜਾਬੀ ਭਾਸ਼ਾ ਦੇ ਵਿਆਕਰਣ ਭਾਗ 1 ਅਨੁਸਾਰ 'ਧ' ਬਾਰੇ ਇਕ ਹੋਰ ਧਾਰਨਾ ਪੇਸ਼ ਕੀਤੀ ਗਈ ਹੈ ਜਿਸ ਬਾਰੇ ਕਿੰਤੂ-ਪ੍ਰੰਤੂ ਸੰਭਵ ਹੈ। ਇਸ ਅਨੁਸਾਰ ਪੰਜਾਬੀ ਵਰਣਮਾਲਾ ਵਿਚ ਦੰਤੀ ਉਚਾਰਣ ਸਥਾਨ ਤੋਂ ਕੇਵਲ ਤਿੰਨ ਹੀ ਡੱਕਵੇਂ ਮੁੱਖ ਰਾਹੀਂ ਉਚਾਰੇ ਜਾਣ ਵਾਲੇ ਵਿਅੰਜਨ ਹਨ ਜਿਵੇਂ ਦੰਤੀ ਧੁਨੀਆਂ ਵਿਚ ਤ, ਥ, ਦ ਹਨ ਪਰੰਤੂ ਇਸ ਦੇ ਨਾਲ ਲਗਦਾ ਚੌਥਾ ਅੱਖਰ (ਜਿਵੇਂ ਦੰਤੀ ਵਰਗ ਅੰਦਰ 'ਧ' ਹੈ) ਜਦੋਂ ਸ਼ਬਦ ਦੇ ਆਰੰਭ ਵਿਚ ਆਉਂਦਾ ਹੈ ਤਾਂ ਉਸ ਦਾ ਉਚਾਰਣ 'ਤ' ਹੋ ਜਾਂਦਾ ਹੈ ਅਤੇ ਇਹ 'ਨੀਵੀਂ ਸੁਰ' ਵਿਚ ਉਚਾਰਿਆ ਜਾਂਦਾ ਹੈ। ਜਦੋਂ ਇਹ 'ਧ' ਸ਼ਬਦ ਦੇ ਅਖ਼ੀਰ ਵਿਚ ਆਉਂਦਾ ਹੈ ਤਾਂ ਇਸ ਦਾ ਉਚਾਰਣ 'ਦ' ਬਣ ਜਾਂਦਾ ਹੈ ਅਤੇ ਉੱਚੀ ਸੁਰ ਬਣ ਜਾਂਦਾ ਹੈ ਅਤੇ ਜਦੋਂ 'ਧ' ਵਿਚਕਾਰ ਆਉਂਦਾ ਹੈ ਤਾਂ ਵੀ 'ਦ' ਵਿਚ ਬਦਲ ਕੇ ਰਹਿ ਜਾਂਦਾ ਹੈ ਅਤੇ ਲੋੜ ਅਨੁਸਾਰ ਉੱਚੀ ਜਾਂ ਨੀਵੀਂ ਸੁਰ ਵਿਚ ਮੁਖਰਿਤ ਹੁੰਦਾ ਹੈ। ਇਹੀ ਕਾਰਣ ਹੈ ਕਿ 'ਧ' ਨੂੰ ਦੰਤੀ ਧੁਨੀਆ ਦੇ ਸਘੋਸ਼ ਮਹਾਂਪ੍ਰਾਣ ਵਰਗ ਵਿਚੋਂ ਖਾਰਜ ਕਰ ਦਿੱਤਾ ਗਿਆ ਹੈ। 'ਧ' ਨੂੰ ਡਾ. ਪ੍ਰੇਮ ਪ੍ਰਕਾਸ਼ ਸਿੰਘ ਸੁਹਾਤਮਕ ਨਾਦੀ (tonal Voiced) ਦੰਤੀ ਵਿਅੰਜਨ ਦਾ ਦਰਜਾ ਦੇਂਦਾ ਹੈ ਜਿਹੜਾ ਡੱਕਵਾਂ ਤੇ ਸਪਰਸ਼ੀ ਹੈ।

	ਅੱਜ ਦੀ ਗੁਰਮੁਖੀ		ਧ
ਗੁਪਤ ਲਿਪੀ	**ਅਲਾਹਾਬਾਦ**	(375 ਈ.)	
	ਬਾਵਰ	(400-500 ਈ.)	
ਕੁਟਿਲ ਲਿਪੀ	**ਮੰਦਸੋਰ**	(532 ਈ.)	
	ਹੋਰਯੂਜੀ	(500-550 ਈ.)	
	ਹਰਸ਼ ਸਮੇਂ ਦੀ ਲਿਖਤ	(606-647 ਈ.)	
ਸ਼ਾਰਦਾ ਲਿਪੀ	**ਮੇਰੂ ਵਰਮਾ ਚੰਬਾ**	(800 ਈ.)	
	ਬਖਸ਼ਾਲੀ	(800 ਈ.)	
	ਸਰਾਹਾਂ	(10 ਵੀਂ ਸਦੀ)	
	ਸੁੰਗਲ	(11 ਵੀਂ ਸਦੀ)	
	ਕਲੈਤ (11 ਵੀਂ ਸਦੀ) **ਬੈਜਨਾਥ**	(1204 ਈ.)	
	ਕੁੱਲੂ	(1559 ਈ.)	
	ਸ਼ਕੁੰਤਲਾ	ਖਰੜਾ (16 ਵੀਂ ਸਦੀ)	
	ਸ਼ਾਰਦਾ	(ਮੌਜੂਦਾ)	
	ਟਾਕਰੀ		
	ਲੰਡੇ		
	ਡੋਗਰੀ		
ਗੁਰਮੁਖੀ ਲਿਪੀ	**ਪੋਥੀਆਂ ਬਾਬਾ ਮੋਹਨ ਜੀ**	(1559-1574 ਈ.)	
	ਬੀੜ ਧਰਮਸ਼ਾਲਾ ਹਕੀਮ ਬੂਟਾ ਸਿੰਘ	(16 ਵੀਂ ਸਦੀ)	
	ਸਾਖੀ ਵਲਾਇਤ ਵਾਲੀ	(17 ਵੀਂ ਸਦੀ)	
	ਦਸ਼ਮੇਸ਼ ਦਾ ਸ਼ਿਕਸਤਾ	(ਲਗਭਗ 18 ਵੀਂ ਸਦੀ)	
	ਪਾਦਰੀਆਂ ਵਾਲਾ ਟਾਈਪ	(1850 ਈ.)	ਧ

ਸਰਗਮ ਸੰਗੀਤ ਸ਼ਾਸਤਰ ਵਿਚ 'ਧ' ਧੁਨੀ ਵਿਸ਼ੇਸ਼ ਮਹੱਤਵ ਰਖਦੀ ਹੈ।

ਸਾ ਰੇ ਗਾ ਮਾ ਪਾ ਧ ਨੀ ਸਾ

ਲਗਾਂ- ਮਾਤਰਾਂ ਲਗ ਕੇ ਇਸ ਦੇ ਇਹ ਰੂਪ ਬਣ ਜਾਂਦੇ ਹਨ

ਧ, ਧਾ, ਧਿ, ਧੀ, ਧੁ, ਧੂ, ਧੇ, ਧੈ, ਧੋ ਧੌ, ਧੰ, ਧੱ

ਹ. ਪੁ. -ਸ਼ਬਦਾਰਥ ਗੁਰੂ ਗ੍ਰੰਥ ਸਾਹਿਬ ਜੀ - ਸ਼੍ਰੋ. ਗੁ. ਪ੍ਰ. ਕ. ਅੰਮ੍ਰਿਤਸਰ ਪੰਜਾਬੀ ਭਾਸ਼ਾ ਦਾ ਵਿਆਕਰਣ -ਭਾਗ-1- ਜੋਗਿੰਦਰ ਸਿੰਘ ਪਵਾਰ; ਪੰਜਾਬੀ ਲਿਪੀ ਦਾ ਇਤਿਹਾਸ -ਪਿਆਰਾ ਸਿੰਘ ਪਦਮ; ਸਵਾਲ ਲਿਪੀ ਦਾ ਇਕ ਪ੍ਰਤੀਉਤੱਰ - ਡਾ.ਪ੍ਰੇਮ ਪ੍ਰਕਾਸ਼ ਸਿੰਘ

ਧਸਾਨ : ਇਹ ਉੱਤਰੀ ਭਾਰਤ ਵਿਚ ਵਹਿਣ ਵਾਲਾ ਇਕ ਦਰਿਆ ਹੈ ਜਿਹੜਾ ਮੱਧ ਪ੍ਰਦੇਸ਼ ਰਾਜ ਵਿਚ ਵਿੰਧੀਆਚਲ ਪਰਬਤ ਲੜੀਆਂ ਵਿਚੋਂ ਨਿਕਲ ਕੇ ਲਗਭਗ 97 ਕਿ. ਮੀ. ਤਕ ਸਾਗਰ ਜ਼ਿਲ੍ਹੇ (ਮੱਧ ਪ੍ਰਦੇਸ਼) ਨੂੰ ਪਾਰ ਕਰਦਾ ਹੋਇਆ ਇਹ ਲਲਿਤਪੁੱਰ ਜ਼ਿਲ੍ਹੇ ਦੇ ਧੁਰ ਦੱਖਣ ਵਲੋਂ ਉੱਤਰ ਪ੍ਰਦੇਸ਼ ਵਿਚ ਦਾਖਲ ਹੁੰਦਾ ਹੈ। ਇਸ ਉਪਰੰਤ ਇਹ ਦਰਿਆ ਮੱਧ ਪ੍ਰਦੇਸ਼ ਨੂੰ ਪਾਰ ਕਰਦਾ ਹੋਇਆ ਉੱਤਰ ਪ੍ਰਦੇਸ਼ ਰਾਜ ਵਿਚ ਝਾਂਸੀ ਤੇ ਹਾਮੀਰਪੁਰ ਵਿਚਕਾਰ ਲਗਭਗ 113 ਕਿ. ਮੀ. ਲੰਬੀ ਸਰਹੱਦ ਬਣਾਉਂਦਾ ਹੋਇਆ, ਜਾਲੌਨ ਜ਼ਿਲ੍ਹੇ (ਉੱਤਰ ਪ੍ਰਦੇਸ਼) ਦੀ ਸਰਹੱਦ ਉੱਤੇ ਪੈਂਦੇ ਚਾਂਦਵਾੜੀ ਦੇ ਸਥਾਨ ਤੋਂ ਬੇਟਵਾ ਦਰਿਆ ਵਿਚ ਜਾ ਮਿਲਦਾ ਹੈ। ਸਾਗਰ ਤੋਂ ਲਲਿਤਪੁਰ ਸ਼ਹਿਰ ਤਕ ਇਸ ਦਾ ਤਲ ਭਾਵੇਂ ਪਥਰੀਲਾ ਹੈ ਪਰ ਪਹਾੜੀ ਖੱਡਾਂ ਵਿਚੋਂ ਵਹਿੰਦਿਆਂ ਇਹ ਆਪਣੇ ਨਾਲ ਰੇਤ ਵੀ ਕਾਫ਼ੀ ਲੈ ਆਉਂਦਾ ਹੈ।

ਹ. ਪੁ. – ਇੰਪ. ਗ. ਇੰਡ. 11 : 317

ਧਜਾਧਾਰੀ ਸਿੰਘ : ਭਾਰਤ ਦੇ ਇਸ ਆਜ਼ਾਦੀ ਘੁਲਾਟੀਏ ਦਾ ਜਨਮ ਭਾਰਤ ਦੇ ਬਿਹਾਰ ਰਾਜ ਵਿਚ ਜ਼ਿਲ੍ਹਾ ਭਾਗਲਪੁਰ ਦੇ ਬਹਾਨੀ ਬਗੀਚਾ ਪਿੰਡ ਵਿਖੇ ਹੋਇਆ। ਇਸ ਦੇ ਪਿਤਾ ਦਾ ਨਾਂ ਬੁਧਨ ਸਿੰਘ ਸੀ।

ਧਜਾਧਾਰੀ ਸਿੰਘ ਨੇ ਸੰਨ 1942 ਦੀ ਭਾਰਤ ਛੱਡੋ, ਲਹਿਰ ਵਿਚ ਵੱਧ ਚੜ੍ਹ ਕੇ ਹਿੱਸਾ ਲਿਆ। ਸਿੱਟੇ ਵਜੋਂ ਪੁਲਿਸ ਨੇ ਇਸ ਨੂੰ ਗ੍ਰਿਫ਼ਤਾਰ ਕਰਕੇ ਭਾਗਲਪੁਰ ਦੀ ਜੇਲ੍ਹ ਵਿਚ ਕੈਦ ਕਰ ਲਿਆ। ਸੰਨ 1943 ਵਿਚ ਜੇਲ੍ਹ ਦੇ ਅੰਦਰ ਹੀ ਇਕ ਫੌਜੀ ਯੂਨਿਟ ਦੁਆਰਾ ਗੋਲੀ ਚਲਾਏ ਜਾਣ ਸਮੇਂ ਇਹ ਜ਼ਖਮੀ ਹੋ ਗਿਆ ਅਤੇ ਕੁੱਝ ਘੰਟਿਆਂ ਪਿਛੋਂ ਪ੍ਰਾਣ ਤਿਆਗ ਗਿਆ।

ਹ.ਪੁ. -ਹੂ. ਜ਼. ਹੂ. ਇੰਡ : 91

ਧਤੂਰਾ : ਇਹ ਸੋਲੇਨੇਸੀ (Solanaceae) ਕੁਲ ਅਤੇ ਸਕਰੋਫੁਲੇਰੀਏਲਸ (Scrophulariales) ਆੱਰਡਰ ਦਾ ਜ਼ਹਿਰੀਲਾ ਪੌਦਾ ਹੈ। ਜਿਸ ਦੇ ਫਲ ਵਿਸ਼ੈਲੇ, ਗੋਲ ਅਤੇ ਕੰਡੇਦਾਰ ਹੁੰਦੇ ਹਨ। ਇਸ ਪ੍ਰਜਾਤੀ ਵਿਚ 15 ਜਾਤੀਆਂ ਦੀਆਂ ਝਾੜੀਆਂ, ਇਕ ਰੁੱਤੀ ਪੌਦੇ ਅਤੇ ਛੋਟੇ-ਛੋਟੇ ਦਰਖ਼ਤ ਹੁੰਦੇ ਹਨ। ਇਹ ਪੌਦੇ ਅਫ਼ਰੀਕਾ ਅਤੇ ਏਸ਼ੀਆ ਦੇ ਗਰਮ ਖੰਡ ਅਤੇ ਉੱਤਰੀ ਊਸ਼ਣ ਅਰਧ ਗੋਲੇ ਵਿਚ ਨਦੀਨ ਵਾਂਗ ਉੱਗਦੇ ਹਨ। ਬਹੁਤ ਸਾਰੀਆਂ ਜਾਤੀਆਂ ਦੇ ਪੌਦੇ ਦਵਾਈਆਂ ਵਿਚ ਵਰਤੇ ਜਾਣ ਕਰਕੇ ਅਤੇ ਕੁਝ ਉਨ੍ਹਾਂ ਦੇ ਕੀਪ ਵਰਗੇ ਵੱਡੇ ਸੁਗੰਧਿਤ ਫੁੱਲਾਂ ਕਰਕੇ ਉਗਾਏ ਜਾਂਦੇ ਹਨ। ਵੈਦ ਇਸ ਨੂੰ ਦਮੇ ਆਦਿ ਕਈ ਰੋਗਾਂ ਦੀਆਂ ਦਵਾਈਆਂ ਵਿਚ ਵਰਤਦੇ ਹਨ। ਠਗ ਲੋਕ ਧਤੂਰੇ ਦੇ ਬੀਜ ਕਿਸੇ ਪਦਾਰਥ ਵਿਚ ਮਿਲਾਕੇ ਧਨ ਠੱਗਣ ਲਈ ਲੋਕਾਂ ਨੂੰ ਖੁਆਂਦੇ ਹਨ। ਸ਼ੈਵ ਲੋਕ ਧਤੂਰੇ ਦੇ ਫੁੱਲ ਸ਼ਿਵ ਉਪਰ ਚੜ੍ਹਾ ਕੇ ਮਨੋ ਕਾਮਨਾ ਦੀ ਪੂਰਤੀ ਲਈ ਸਿਧੀ ਕਰਦੇ ਹਨ। ਧਤੂਰਾ ਗਰਮ, ਖ਼ੁਸ਼ਕ ਅਤੇ ਦਿਲ ਦਿਮਾਗ਼ ਨੂੰ ਨੁਕਸਾਨ ਪਹੁੰਚਾਣ ਵਾਲਾ ਹੈ। ਸਭ ਤੋਂ ਪੁਰਾਣੀ ਜਾਤੀ ਧ੍ਰਤੂਰਾ ਮੀਟਲ (Datura metel) ਹੈ। ਧਤੂਰਾ ਸਟਰਾਮੋਨੀਅਮ (Datura stramonium) ਯੂਰਪ ਵਿਚ ਕੋਲੰਬਸ ਤੋਂ ਪਿਛੋਂ ਪ੍ਰਚਲਤ ਹੋਇਆ। ਇਸ ਧਤੂਰਾ ਪ੍ਰਜਾਤੀ ਦਾ ਨਾਂ ਈਸਟ ਇੰਡੀਆ ਕੰਪਨੀ ਦੇ ਨਾਂ `dhatura' ਤੋਂ ਲਿਆ ਗਿਆ ਹੈ। ਇਸ ਦਾ ਆਮ ਨਾਂ ਜਿਮਸਨ ਨਦੀਨ (Jimson Weed) ਇਸ ਦੇ ਜੇਮਜ਼ਟਾਊਨ ਵਿਚ ਉੱਗੇ ਹੋਣ ਕਰਕੇ ਪਿਆ ਹੈ। ਜਿਮਸਨ ਨਦੀਨ (Datura Shramonium) ਇਕ ਰੁੱਤੀ ਪੌਦਾ ਹੈ ਜਿਹੜਾ ਕਿ 1.20 ਮੀ. (4 ਫੁੱਟ) ਲੰਬਾ ਹੁੰਦਾ ਹੈ। ਇਸ ਦੇ ਪੱਤੇ ਅੰਡਾਕਾਰ, ਲੂੰ ਰਹਿਤ, ਜ਼ਿਆਢਾ ਸੁਗੰਧ ਵਾਲੇ ਅਤੇ ਚਿੱਟੇ ਜਾਂ ਜਾਮਨੀ ਰੰਗ ਦੇ ਹੁੰਦੇ ਹਨ। ਇਸ ਦਾ ਸਖ਼ਤ ਕੰਡੇਦਾਰ ਜ਼ਿਆਦਾ ਬੀਜਾਂ ਵਾਲਾ ਸੰਪੁਟ ਚਾਰ ਭਾਗਾਂ ਵਿਚ ਵੰਡਿਆ ਹੁੰਦਾ ਹੈ। ਜਿਮਸਨ ਨਦੀਨ ਤੋਂ ਸਟਰਾਮੋਨੀਅਮ ਦਵਾਈ ਬਣਦੀ ਹੈ।

ਧਤੂਰਾ ਇਨੋਕਸੀਆ (D. innoxia) ਇਕ ਰੁੱਤੀ ਸੰਘਣੇ ਬੂਟੇ ਹਨ ਜਿਹੜੇ ਕਿ 90 ਸੈਂ. ਮੀ. (3 ਫੁੱਟ) ਲੰਬੇ ਹੁੰਦੇ ਹਨ। ਇਸ ਦੇ ਪੱਤੇ ਲੂੰਦਾਰ ਅਤੇ ਫੁੱਲ ਕੀਪ ਵਰਗੇ ਉੱਤੋਂ ਚਿੱਟੇ ਰੰਗ ਦੇ ਹੁੰਦੇ ਹਨ। ਧਤੂਰਾ ਇਨੋਕਸੀਆ ਅਤੇ ਧਤੂਰਾਮੀਟਲ ਵਿਚ ਜ਼ਹਰੀਲਾਪਣ ਸਕੋ-ਪੋਲਾਮੀਨ (Scopolamine) ਐੱਲਕੇਲਾਇਡ ਕਰਕੇ ਅਤੇ ਜਿਮਸਨ ਨਦੀਨ ਵਿਚ ਹਾਇਉਸ਼ਾਈਆ (Hyosciamine) ਐੱਲਕੇਲਾਇਡ ਕਰਕੇ ਹੁੰਦਾ ਹੈ। ਜੜ੍ਹਾਂ ਵਿਚ ਇਸ ਦੀ ਮਾਤਰਾ ਘੱਟ ਹੁੰਦੀ ਹੈ ਪਰ ਪੱਤਿਆਂ ਅਤੇ ਬੀਜਾਂ ਵਿਚ ਜ਼ਿਆਦਾ ਹੁੰਦੀ ਹੈ। ਇਹ ਦੋਵੇਂ ਐੱਲ-ਕੇਲਾਇਡ ਘਬਰਾਹਟ ਦੇ ਇਲਾਜ ਲਈ ਵਰਤੇ ਜਾਂਦੇ ਹਨ।

ਸਕੋਪੋਲਾਮੀਨ ਐੱਲਕੇਲਾਇਡ ਹੁਣ ਚੀਰ ਫਾੜ ਤੋਂ ਪਹਿਲਾਂ ਬੇਹੋਸ਼ ਕਰਨ ਲਈ ਵਰਤਿਆ ਜਾਂਦਾ ਹੈ। ਇਸ ਦੀ ਵਰਤੋਂ ਬੱਚੇ ਦੇ ਜਨਮ ਸਮੇਂ, ਅੱਖਾਂ ਦੇ ਕਈ ਰੋਗਾਂ ਅਤੇ ਅੰਤੜੀਆਂ ਦੇ ਰੋਗਾਂ ਵਿਚ ਵੀ ਕੀਤੀ ਜਾਂਦੀ ਹੈ। ਧਤੂਰਾ ਇਨੋਕਸੀਆ ਦੀ ਵਰਤੋਂ ਮੈਕਸੀਕਨ ਅਤੇ ਭਾਰਤੀ ਧਾਰਮਕ ਰਸਮਾਂ ਵਿਚ ਵੀ ਕੀਤੀ ਜਾਂਦੀ ਹੈ।

ਜਿਮਸਨ ਨਦੀਨ ਦੇ ਜਣਨਿਕ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਇਸ ਦੇ ਗੁਣਸੂਤਰ ਵਿਚ ਕੁਝ ਤਰੁੱਟੀਆਂ ਹਨ। ਆਮ ਕਰਕੇ ਧਤੂਰੇ ਵਿਚ 12 ਜੋੜੇ ਗੁਣਸੂਤਰਾਂ ਦੇ ਹੁੰਦੇ ਹਨ ਪਰ ਕੁਝ ਸ਼੍ਰੇਣੀਆਂ ਵਿਚ ਨਿਯਤ ਸੰਖਿਆ ਤੋਂ ਇਕ ਜਾਂ ਜ਼ਿਆਦਾ ਗੁਣਸੂਤਰ ਹੁੰਦੇ ਹਨ ਜਾਂ ਫਿਰ ਇਕ ਜੋੜਾ ਘੱਟ ਹੁੰਦਾ ਹੈ। ਇਨ੍ਹਾਂ ਗੁਣਸੂਤਰੀ ਤਰੁੱਟੀਆਂ ਕਰਕੇ ਸਾਰੇ ਪੌਦੇ ਦੀ ਪ੍ਰਕ੍ਰਿਤੀ ਤੇ ਅਸਰ ਪੈਂਦਾ ਹੈ।

ਹ. ਪੁ.–ਐਨ. ਬ੍ਰਿ. ਮੈ. 3 :390; ਐਨ. ਐਮ. 8 : 491; ਐਨ. ਬ੍ਰਿ. 7 : 89; ਮ. ਕੋ.

ਧਨਸਿਰੀ : ਭਾਰਤ ਦੇ ਆਸਾਮ ਰਾਜ ਦੀ ਇਹ ਇਕ ਨਦੀ ਹੈ ਜੋ ਨਾਗਾ ਪਹਾੜੀਆਂ ਵਿਚੋਂ ਨਿਕਲਦੀ ਹੈ। ਦੀਮਾਪੁਰ ਦੇ ਸਥਾਨ ਤੋਂ ਇਹ ਨਦੀ ਸਿਬਸਾਗਰ ਜ਼ਿਲ੍ਹੇ ਵਿਚ ਦਾਖ਼ਲ ਹੁੰਦੀ ਹੈ ਅਤੇ ਉੱਤਰ -ਉੱਤਰ-ਪੂਰਬ ਵੱਲ ਗੋਲਾਘਾਟ ਨੂੰ ਵਹਿੰਦੀ ਹੈ ਅਤੇ ਉਥੋਂ ਪੱਛਮ ਵਲ ਨੂੰ ਮੋੜ ਖਾਂਦੀ ਹੋਈ 288 ਕਿ. ਮੀ. (180 ਮੀਲ) ਦਾ ਰਸਤਾ ਤੈਅ ਕਰਦੀ ਹੋਈ ਬ੍ਰਹਮਪੁੱਤਰ ਦਰਿਆ ਵਿਚ ਜਾ ਡਿਗਦੀ ਹੈ। ਧਨਸਿਰੀ ਵਾਦੀ ਦਾ ਉਪਰਲਾ ਹਿੱਸਾ ਇਕ ਕਾਫ਼ੀ ਖੁੱਲ੍ਹਾ ਮੈਦਾਨ ਹੈ ਅਤੇ ਸੰਘਣੇ ਜੰਗਲਾਂ ਨਾਲ ਢੱਕਿਆ ਪਿਆ ਹੈ। ਬਰਸਾਤ ਦੇ ਦਿਨਾਂ ਵਿਚ ਧਨਸਿਰੀ ਮੁੱਖ ਤੋਂ ਗੋਲਾਘਾਟ ਤਕ ਹਰ ਹਫ਼ਤੇ ਇਕ ਛੋਟਾ ਸਟੀਮਰ ਚਲਦਾ ਹੈ ਜੋ ਨੇੜੇ ਦੇ ਬਾਗਾਂ ਵਿਚੋਂ ਚਾਹ ਇਕੱਠੀ ਕਰਕੇ ਲਿਆਉਂਦਾ ਹੈ। ਆਸਾਮ-ਬੰਗਾਲ ਰੇਲਵੇ ਲਾਈਨ ਧਨਸਿਰੀ ਵਾਦੀ

ਨੂੰ ਬੋਕਾਜਾਨ ਦੇ ਸਥਾਨ ਤੋਂ ਪਾਰ ਕਰਦੀ ਹੈ। ਇਸ ਨਦੀ ਦੇ ਮਾਰਗ ਦੇ ਵੱਖ ਵੱਖ ਹਿੱਸਿਆਂ ਉਪਰ 5 ਪੱਤਣ ਵੀ ਹਨ।

ਹ.ਪੁ. -ਇੰਪ. ਗ. ਇੰਡ. 11 : 286

ਧਨਸਿਰੀ : ਭਾਰਤ ਦੇ ਆਸਾਮ ਰਾਜ ਦੀ ਇਹ ਇਕ ਹੋਰ ਨਦੀ ਹੈ ਜੋ ਤਿੱਬਤ ਵਿਚੋਂ ਨਿਕਲਦੀ ਅਤੇ ਉਦੇਗਿਰੀ ਤੋਂ ਥੋੜ੍ਹਾ ਜਿਹਾ ਉੱਤਰ ਵੱਲੋਂ ਦਰੰਗ ਜ਼ਿਲ੍ਹੇ ਵਿਚ ਦਾਖ਼ਲ ਹੁੰਦੀ ਹੈ। ਇਥੋਂ ਇਹ ਦੱਖਣ-ਦੱਖਣ-ਪੂਰਬ ਵੱਲ ਵਹਿੰਦੀ ਹੋਈ ਬ੍ਰਹਮਪੁੱਤਰ ਵਿਚ ਜਾ ਡਿਗਦੀ ਹੈ। ਜਿਸ ਸਥਾਨ ਤੇ ਇਹ ਨਦੀ ਪਹਾੜੀਆਂ ਨੂੰ ਛਡਦੀ ਹੈ, ਉਥੇ ਭੈਰਬ ਕੁੰਡ ਨਾਂ ਦਾ ਇਕ ਡੂੰਘਾ ਸਰੋਵਰ ਬਣਿਆ ਹੋਇਆ ਹੈ ਜਿਸ ਪ੍ਰਤੀ ਆਲੇ ਦੁਆਲੇ ਦੇ ਲੋਕ ਬਹੁਤ ਸ਼ਰਧਾ ਰੱਖਦੇ ਹਨ। ਆਪਣੇ ਮਾਰਗ ਦੇ ਬਹੁਤੇ ਹਿੱਸੇ ਵਿਚ ਇਹ ਨਦੀ ਜੰਗਲਾਂ ਵਿਚੋਂ ਹੀ ਵਹਿੰਦੀ ਹੈ ਅਤੇ ਬਹੁਤ ਘੱਟ ਇਲਾਕੇ ਨੂੰ ਸਿੰਜਾਈ ਸਹੂਲਤਾਂ ਪ੍ਰਦਾਨ ਕਰਦੀ ਹੈ। ਇਸ ਨਦੀ ਦੀ ਸਿੰਜਾਈ ਜਾਂ ਵਪਾਰਕ ਤੌਰ ਤੇ ਵਰਤੋਂ ਨਹੀਂ ਕੀਤੀ ਜਾਂਦੀ।

ਹ.ਪੁ. -ਇੰਪ. ਗ. ਇੰਡ. 11 : 286

ਧਨਕੁਟਾ : ਨੇਪਾਲ ਦੇਸ਼ ਦੇ ਦੱਖਣ-ਪੂਰਬੀ ਖੇਤਰ ਵਿਚ ਸਥਿਤ ਇਹ ਇਕ ਪ੍ਰਸਿੱਧ ਸ਼ਹਿਰ ਹੈ ਜਿਹੜਾ ਵਿਰਾਟ ਨਗਰ ਦੇ ਉੱਤਰ ਵਿਚ 56 ਕਿ. ਮੀ. (35 ਮੀਲ) ਦੀ ਦੂਰੀ ਤੇ ਵਸਿਆ ਹੋਇਆ ਹੈ। ਇਥੇ ਨੇਪਾਲ ਸਰਕਾਰ ਦਾ ਇਕ ਉੱਘਾ ਸੈਨਿਕ ਕੇਂਦਰ ਵੀ ਹੈ। ਇਥੇ ਕਾਗਜ਼ ਬਣਾਉਣ ਦੇ ਘਰੇਲੂ ਉਦਯੋਗ ਹਨ। ਧਨਕੁਟਾ ਤੋਂ ਨੇਪਾਲ ਦੇ ਪਹਾੜੀ ਖੇਤਰਾਂ ਵਿਚ ਜਾਣ ਲਈ ਬਹੁਤ ਹੀ ਔਖੇ ਰਸਤਿਆਂ ਵਿਚੋਂ ਦੀ ਲੰਘਣਾ ਪੈਂਦਾ ਹੈ।

26° 56′ ਉ. ਵਿਥ. ; 87° 28′ ਪੂ. ਲੰਬ.

ਹ.ਪੁ. – ਹਿੰ. ਵਿ. ਕੋ. 6 : 158

ਧਨੰਜਯ : 1. ਸੰਸਕ੍ਰਿਤ ਦੇ ਇਸ ਪ੍ਰਸਿੱਧ ਕਵੀ ਦਾ ਸਮਾਂ 10ਵੀਂ ਸਦੀ ਦੇ ਲਾਗੇ ਚਾਗੇ ਦਾ ਮੰਨਿਆ ਜਾਂਦਾ ਹੈ। ਇਹ ਮੁੰਜ ਦੂਜੇ ਦੀ ਸਭਾ ਵਿਚ ਪੰਡਿਤ ਸੀ। ਇਸ ਨੇ ਦਸ਼ ਰੂਪ ਨਾਮੀ ਪ੍ਰਸਿੱਧ ਸਾਹਿਤਕ ਗ੍ਰੰਥ ਦੀ ਰਚਨਾ ਕੀਤੀ।

2. ਯੁਧਿਸ਼ਟਰ ਦੇ ਛੋਟੇ ਭਰਾ ਅਰਜੁਨ ਨੂੰ ਵੀ ਇਸੇ ਨਾਂ ਨਾਲ ਬੁਲਾਇਆ ਜਾਂਦਾ ਸੀ। ਉੱਤਰ-ਕੁਰੂ ਨੂੰ ਜਿੱਤਣ ਕਾਰਨ ਇਸ ਦਾ ਨਾਂ ਧਨੰਜਯ ਪਿਆ।

3. ਪਾਤਾਲ ਵਾਸੀ ਕਸ਼ਯਪ ਅਤੇ ਕਦੂ ਦੇ ਨਾਗ ਪੁੱਤਰ ਦਾ ਨਾਂ ਵੀ ਧਨੰਜਯ ਸੀ ਜਿਹੜਾ ਵਰੁਣ ਦੀ ਸਭਾ ਵਿਚ ਹਾਜ਼ਰ ਹੋ ਕੇ ਭਗਵਾਨ ਵਰੁਣ ਦੀ ਉਪਾਸਨਾ ਕਰਦਾ ਸੀ ਅਤੇ ਇਸ ਨੂੰ ਤ੍ਰਿਪੁਰਦਾਹ ਦੇ ਸਮੇਂ ਭਗਵਾਨ ਸ਼ਿਵ ਦੇ ਰੱਥ ਵਿਚ ਘੋੜਿਆਂ ਦੇ ਕੇਸਰ ਬੰਨ੍ਹਣ ਲਈ ਰੱਸੀ ਵਜੋਂ ਵੀ ਵਰਤਿਆ ਗਿਆ ਸੀ। ਇਸ ਨੇ ਨਾਰਦ ਤੋਂ ਵਿਸ਼ਨੂੰ ਪੁਰਾਣ ਸੁਣ ਕੇ ਬਾਸ਼ੁਕੀ ਨੂੰ ਸੁਣਾਇਆ। ਇਸ ਨੂੰ ਧ੍ਰਿਤਰਾਸ਼ਟਰ ਨਾਂ ਨਾਲ ਵੀ ਜਾਣਿਆ ਜਾਂਦਾ ਹੈ।

ਹ.ਪੁ.- ਹਿੰ. ਵਿ.ਕੋ. 6 : 153 ; ਚ.ਕੋ. 224; ਪ੍ਰਾ. ਚ. ਕੋ. 313; ਪ੍ਰਾ. ਸ. ਕੋ. 2 : 254.

ਧਨਪਾਲ : ਇਹ ਇਕ ਪ੍ਰਾਕ੍ਰਿਤ ਕੋਸ਼ਕਾਰ ਸੀ ਜਿਸ ਨੇ 'ਪ੍ਰਾਇਯ-ਲੱਛੀ ਨਾਮ ਮਾਲਾ' ਨਾਮੀ ਪ੍ਰਾਚੀਨ ਗ੍ਰੰਥ ਰਚਿਆ। ਇਸ ਗ੍ਰੰਥ ਦੇ ਸ਼ੁਰੂ ਵਿਚ ਹੀ ਇਸ ਨੇ ਦੱਸਿਆ ਹੈ ਕਿ ਇਹ ਗ੍ਰੰਥ ਇਸ ਨੇ ਆਪਣੀ ਛੋਟੀ ਭੈਣ ਸੁੰਦਰੀ ਲਈ 972 ਈ. ਵਿਚ (ਸੰਮਤ 1029) ਧਾਰਾਨਗਰੀ ਵਿਖੇ ਰਚਿਆ।

ਧਨਪਾਲ : ਧਨਪਾਲ ਨਾਂ ਦਾ ਇਕ ਕਵੀ ਹੋਇਆ ਹੈ ਜਿਸ ਨੇ 'ਭਵਿਸਯਤ ਕਹਾ' (ਭਵਿਸ਼ ਯਦਤ ਕਥਾ) ਨਾਮੀ ਗ੍ਰੰਥ ਕਾਵਿ 22 ਖੰਡਾਂ ਵਿਚ ਰਚਿਆ। ਇਸ ਦੇ ਰਚਨਾ ਕਾਲ ਬਾਰੇ ਨਿਸ਼ਚਿਤ ਨਹੀਂ ਹੈ ਪਰ ਫਿਰ ਵੀ ਇਸ ਦਾ ਸਮਾਂ 10 ਵੀਂ ਸਦੀ ਕਿਹਾ ਜਾਂਦਾ ਹੈ। ਇਸ ਦੀ ਕਾਵਿ-ਰਚਨਾ ਚੌਪਾਈਆਂ ਦੋਹੇ ਦੇ ਪੁਰਾਤਨ ਰੂਪ ਅਰਥਾਤ ਪਧੜੀਆਂ ਛੰਦ ਵਿਚ ਕੀਤੀ ਗਈ ਹੈ। ਇਸ ਤੋਂ ਇਲਾਵਾ ਹੋਰ ਛੰਦਾਂ ਦੀ ਵਰਤੋਂ ਵੀ ਕੀਤੀ ਗਈ ਹੈ। ਇਸ ਦਾ ਚਰਿੱਤਰ ਨਾਇਕ ਭਵਿਸ਼ਯ ਦਤ ਵਣਿਕ ਪੁੱਤਰ ਹੈ ਜਿਸ ਵਿਚ ਇਸ ਨੇ ਬੱਚਿਆਂ ਦੇ ਖੇਲ, ਸਮੁੰਦਰ ਯਾਤਰਾ, ਨੌਕਾ ਭੰਗ, ਉਜਾੜਨਗਰ, ਵਿਮਾਨ ਯਾਤਰਾ ਆਦਿ ਦਾ ਬਹੁਤ ਸੁੰਦਰ ਵਰਣਨ ਕੀਤਾ ਹੈ।

ਧਨਪਾਲ : ਅਯੋਧਿਆ ਨਗਰ ਦੇ ਇਕ ਵੈਸ਼ਣਵ ਦਾ ਨਾਂ ਵੀ ਧਨਪਾਲ ਸੀ ਜਿਸ ਨੇ ਸੂਰਜ ਦੇਵ ਦਾ ਇਕ ਮੰਦਰ ਬਣਵਾਇਆ ਅਤੇ ਪੰਡਿਤ ਨੂੰ ਇਕ ਸਾਲ ਦੀ ਤਨਖ਼ਾਹ ਦੇ ਕੇ ਉਥੇ ਪੁਰਾਣ ਦਾ ਪਾਠ ਕਰਨ ਲਈ ਕਿਹਾ। ਛੇ ਮਹੀਨੇ ਬਾਅਦ ਹੀ ਇਸ ਦੀ ਮੌਤ ਹੋ ਗਈ। ਇਸ ਦੇ ਪੁੰਨਾਂ ਕਾਰਨ ਸੂਰਜ ਦੇਵ ਨੇ ਇਸ ਨੂੰ ਵਿਮਾਨ ਤੇ ਲੈ ਜਾ ਕੇ ਇਸ ਨੂੰ ਆਪਣੇ ਆਸਨ ਤੇ ਬਿਠਾਇਆ ਅਤੇ ਇਸ ਦੀ ਪੂਜਾ ਕਰਵਾਈ। ਇਸ ਉਪਰੰਤ ਇਸ ਨੂੰ ਬ੍ਰਹਮਾ ਲੋਕ ਪਹੁੰਚਾਇਆ ਗਿਆ।

ਹ. ਪੁ. -ਹਿੰ. ਵਿ. ਕੋ 6 : 158; ਪ੍ਰਾ. ਚ. ਕੋ : 314.

ਧਨਬਾਦ : **ਜ਼ਿਲ੍ਹਾ**—ਇਹ ਭਾਰਤ ਦੇ ਬਿਹਾਰ ਰਾਜ ਦਾ ਇਕ ਜ਼ਿਲ੍ਹਾ ਹੈ ਜਿਹੜਾ 2, 994 ਵ. ਕਿ. ਮੀ. (1114 ਵ. ਮੀ.) ਰਕਬੇ ਵਿਚ ਫੈਲਿਆ ਹੋਇਆ ਹੈ ਅਤੇ ਇਸ ਦੀ ਆਬਾਦੀ 2,115010 (1981) ਸੀ। ਪਹਿਲਾਂ ਇਹ ਇਕ ਪ੍ਰਸ਼ਾਸਕੀ ਉਪ-ਮੰਡਲ ਹੁੰਦਾ ਸੀ ਪਰ 1956 ਈ. ਵਿਚ ਮਨਭੂਗ ਜ਼ਿਲ੍ਹੇ ਵਿਚੋਂ ਕੁਝ ਇਲਾਕਾ ਕੱਢ ਕੇ ਇਹ ਜ਼ਿਲ੍ਹਾ ਬਣਾ ਦਿਤਾ ਗਿਆ। ਇਸੇ ਹੀ ਨਾਂ ਦਾ ਸ਼ਹਿਰ ਇਸੇ ਜ਼ਿਲ੍ਹੇ ਦਾ ਸਦਰ ਮੁਕਾਮ ਹੈ। ਦਮੋਦਰ ਦਰਿਆ ਜ਼ਿਲ੍ਹੇ ਦੇ ਵਿਚੋਂ ਦੀ ਪੂਰਬ ਤੋਂ ਪੱਛਮ ਵੱਲ ਨੂੰ ਵਹਿੰਦਾ ਹੈ। ਇਸ ਦਰਿਆ ਦੇ ਕੰਢਿਆਂ ਉੱਤੇ ਪਾਣੀ ਦੇ ਵੱਡੇ ਵੱਡੇ ਤਲਾਬ ਬਣੇ ਹੋਏ ਹਨ ਜਿਨ੍ਹਾਂ ਨੂੰ ਇਥੋਂ ਦੀ ਸਿੰਜਾਈ ਲਈ ਵਰਤਿਆ ਜਾਂਦਾ ਹੈ।

ਮੱਕੀ, ਚਾਵਲ ਅਤੇ ਤੇਲਾਂ ਵਾਲੇ ਬੀਜ ਇਥੋਂ ਦੀਆਂ ਮੁੱਖ ਫਸਲਾਂ ਹਨ। ਝਰੀਆ ਅਤੇ ਰਾਣੀਗੰਜ ਵਿਖੇ ਕੋਲੇ ਦੀਆਂ ਮਸ਼ਹੂਰ ਖਾਣਾਂ ਨੇ ਇਸ ਜ਼ਿਲ੍ਹੇ ਨੂੰ ਭਾਰਤ ਦੇ ਕੋਲਾ ਪੈਦਾ ਕਰਨ ਵਾਲੇ ਪ੍ਰਸਿੱਧ ਜ਼ਿਲ੍ਹਿਆਂ ਦੀ ਕਤਾਰ ਵਿਚ ਖੜ੍ਹਾ ਕਰ ਦਿਤਾ ਹੈ।

ਹ. ਪੁ. -ਐਨ. ਬ੍ਰਿ. ਮਾ. 4: 56; ਹਿੰ. ਵਿ. ਕੋ. 6 : 158;

ਧਨਬਾਦ : **ਸ਼ਹਿਰ**—ਭਾਰਤ ਦੇ ਬਿਹਾਰ ਰਾਜ ਵਿਚ ਇਸੇ ਹੀ ਨਾਂ ਦੇ ਜ਼ਿਲ੍ਹੇ ਦਾ ਸਦਰ ਮੁਕਾਮ ਅਤੇ ਪ੍ਰਸਿੱਧ ਸ਼ਹਿਰ ਹੈ ਜਿਹੜਾ ਕਿ ਦਮੋਦਰ ਦਰਿਆ ਦੀ ਵਾਦੀ ਵਿਚ ਝਰੀਆ ਦੀਆਂ ਕੋਲੇ ਦੀਆਂ ਖਾਣਾਂ ਦੇ ਨਜ਼ਦੀਕ ਵਸਿਆ ਹੋਇਆ ਹੈ। ਝਰੀਆ ਦੀਆਂ ਖਾਣਾਂ ਵਿਚੋਂ ਨਿਕਲਣ ਵਾਲਾ ਸਾਰਾ ਕੋਲਾ ਇਸੇ ਹੀ ਸ਼ਹਿਰ ਤੋਂ ਬਾਹਰਲੇ ਸਥਾਨਾਂ ਨੂੰ ਭੇਜਿਆ ਜਾਂਦਾ ਹੈ।

ਸ਼ਹਿਰ ਦੇ ਨਜ਼ਦੀਕ ਹੀ ਸਿੰਦਰੀ ਦੇ ਸਥਾਨ ਤੇ ਖਾਦ ਤਿਆਰ ਕਰਨ ਦੇ ਦੋ ਵੱਡੇ ਕਾਰਖ਼ਾਨੇ ਸਥਾਪਿਤ ਹਨ। ਇਨ੍ਹਾਂ ਵਿਚੋਂ ਇਕ ਕਾਰਖ਼ਾਨਾ ਨਾਈਟ੍ਰੋਜਨੀ ਖਾਦ ਤੇ ਦੂਜਾ ਫਾਸਫੇਟ ਖਾਦ ਤਿਆਰ ਕਰਦਾ ਹੈ। ਸ਼ਹਿਰ ਦੇ ਨੇੜੇ ਹੀ ਜਿਆਲਗੋੜਾ ਦੇ ਸਥਾਨ ਤੇ ਰਾਸ਼ਟਰੀ ਈਂਧਨ ਪ੍ਰਯੋਗਸ਼ਾਲਾ ਸਥਾਪਿਤ ਹੈ ਜਿਥੇ ਹਜ਼ਾਰਾਂ ਹੀ ਵਿਅਕਤੀ ਰੁਜ਼ਗਾਰ ਤੇ ਲੱਗੇ ਹੋਏ ਹਨ ਅਤੇ ਈਂਧਨ ਬਾਰੇ ਨਵੀਆਂ ਨਵੀਆਂ ਖੋਜਾਂ ਹੋ ਰਹੀਆਂ ਹਨ। ਕੋਲੇ ਤੋਂ ਪੈਟ੍ਰੋਲੀਅਮ ਬਣਾਉਣ ਦਾ ਤਜਰਬਾ ਵੀ ਇਥੇ ਹੀ ਕੀਤਾ ਗਿਆ ਹੈ।

ਇਸ ਤੋਂ ਇਲਾਵਾ ਇਥੇ ਇਕ 'ਧਨਬਾਦ ਸਕੂਲ ਆਫ਼ ਸਾਇੰਸ' ਖੋਲ੍ਹਿਆ ਗਿਆ ਹੈ ਜਿਥੇ ਖਣਿਜੀ ਇੰਜੀਨੀਅਰਾਂ ਅਤੇ ਭੂਮੀ ਵਿਗਿਆਨੀਆਂ ਨੂੰ ਸਿਖਲਾਈ ਦਿਤੀ ਜਾਂਦੀ ਹੈ। ਆਰੰਭ ਵਿਚ ਇਥੇ ਸਿਖਲਾਈ ਲੈਣ ਵਾਲਿਆਂ ਨੂੰ ਸਿਰਫ਼ ਡਿਪਲੋਮੇ ਹੀ ਦਿਤੇ ਜਾਂਦੇ ਸਨ ਪਰ ਹੁਣ ਇਹ ਬਿਹਾਰ ਯੂਨੀਵਰਸਿਟੀ ਨਾਲ ਸਬੰਧਤ ਹੈ ਅਤੇ ਹੁਣ ਸਿਖਲਾਈ ਹਾਸਲ ਕਰਨ ਵਾਲਿਆਂ ਨੂੰ ਡਿਗਰੀਆਂ ਦਿਤੀਆਂ ਜਾਂਦੀਆਂ ਹਨ। ਭਾਰਤ ਦੀਆਂ ਖਾਣਾਂ ਵਿਚ ਕੰਮ ਕਰਨ ਵਾਲੇ ਇੰਜੀਨੀਅਰ ਤੇ ਪ੍ਰਬੰਧਕ ਜ਼ਿਆਦਾਤਰ ਇਥੋਂ ਹੀ ਸਿਖਲਾਈ ਲੈ ਕੇ ਗਏ ਹਨ।

ਇਹ ਸ਼ਹਿਰ ਜ਼ਰਾਇਤੀ ਫਸਲਾਂ ਦੀ ਮੰਡੀ ਵਜੋਂ ਵੀ ਕਾਫ਼ੀ ਪ੍ਰਸਿੱਧ ਹੈ।

ਆਬਾਦੀ : ਸ਼ਹਿਰ – 120 , 221 ; ਮੈ. ਖੇ. 678, 069 (1981)

23° 48′ 86° 27′ ਪੂ. ਲੰਬ.

ਹ. ਪੁ. -ਐਨ. ਬ੍ਰਿ. ਮਾ. 4 : 56 ; ਹਿੰ.ਵਿ. ਕੋ., 6 : 158; ਐਨ. ਬ੍ਰਿ. ਮਾ. 3 : 570

ਧਨਵੰਤਰੀ : ਇਹ ਦੀਰਘਾਤਮਾ ਰਿਸ਼ੀ ਦਾ ਪੁੱਤਰ ਅਤੇ ਦੇਵਤਿਆਂ ਦਾ ਵੈਦ ਸੀ ਜਿਹੜਾ ਸਮੁੰਦਰ ਰਿੜਕਣ ਸਮੇਂ ਅੰਮ੍ਰਿਤ-ਕਲਸ਼ ਲੈ ਕੇ ਨਿਕਲਿਆ ਸੀ। ਇਹ ਆਯੁਰਵੇਦ ਦਾ ਜਨਮਦਾਤਾ ਸੀ ਅਤੇ ਆਯੁਰਵੇਦ ਇਸ ਦੀ ਹੀ ਰਚਨਾ ਮੰਨੀ ਜਾਂਦੀ ਹੈ। ਇਸ ਨੂੰ ਸੁਧਾਪਾਣਿ 'ਹੱਥ ਵਿਚ ਅੰਮ੍ਰਿਤ ਰੱਖਣ ਵਾਲਾ' ਅਤੇ 'ਅੰਮ੍ਰਿਤ' ਵੀ ਕਿਹਾ ਜਾਂਦਾ ਹੈ। ਹਰਿਵੰਸ਼ ਪੁਰਾਣ ਅਨੁਸਾਰ ਇਹ ਕਾਸ਼ੀ ਦਾ ਰਾਜਾ ਧਨੁ ਦਾ ਪੁੱਤਰ ਸੀ ਅਤੇ ਭਾਰਦਵਾਜ ਤੋਂ ਆਯੁਰਵੇਦ ਪੜ੍ਹਕੇ ਜਗਤ ਪ੍ਰਸਿੱਧ ਵੈਦ ਬਣਿਆ। ਭਾਵ ਪ੍ਰਕਾਸ਼ ਅਨੁਸਾਰ ਇੰਦਰ ਨੇ ਇਸ ਨੂੰ ਆਯੁਰਵੇਦ ਪੜ੍ਹਾ ਕੇ ਜਗਤ ਦੇ ਹਿਤ ਲਈ ਪ੍ਰਿਥਵੀ ਉੱਤੇ ਭੇਜਿਆ। ਸੁਸ਼ਤ ਸੰਹਿਤਾ ਅਨੁਸਾਰ ਧਨਵੰਤਰੀ ਦੇਵਤਿਆਂ ਦਾ ਵੈਦ ਸੀ।

2. ਮਹਾਰਾਜਾ ਵਿਕ੍ਰਮਾਦਿਤ ਦੇ ਦਰਬਾਰ ਦੇ ਨੌਂ ਰਤਨਾਂ ਵਿਚੋਂ ਪ੍ਰਸਿੱਧ ਇਕ ਵੈਦ ਦਾ ਨਾਂ ਵੀ 'ਧਨਵੰਤਰੀ' ਸੀ। ਪੁਰਾਣਾਂ ਵਿਚ ਇਹ ਕਾਸ਼ੀਰਾਜ ਦੇ ਨਾਂ ਨਾਲ ਪ੍ਰਸਿੱਧ ਹੈ।

3. ਇਕ ਵੈਦਕ ਦੇਵਤੇ ਦਾ ਨਾਂ ਵੀ ਧਨਵੰਤਰੀ ਹੈ। ਦੱਖਣ-ਪੂਰਬੀ ਭਾਗ ਵਿਚ ਇਸ ਨੂੰ ਤਕਾਲਾਂ ਵੇਲੇ ਭੇਟਾਂ ਚੜ੍ਹਾਈਆਂ ਜਾਂਦੀਆਂ ਹਨ। ਕਸ਼ਯਪ ਸੰਹਿਤਾ ਵਿਚ 'ਧਨਵੰਤਰਯੇ ਸਵਾਹਾ' ਕਹਿ ਕੇ ਆਹੂਤੀ ਦੇਣ ਦਾ ਉਲੇਖ ਮਿਲਦਾ ਹੈ।

ਅਸਲ ਵਿਚ ਧਨਵੰਤਰੀ ਸ਼ਬਦ ਤੋਂ ਭਾਵ ਉਸ ਵਿਅਕਤੀ ਤੋਂ ਹੈ ਜੋ ਚੀਰ-ਫਾੜ ਵਿਚ ਨਿਪੁੰਨ ਹੋਵੇ। ਸੁਸ਼ਤ ਸੰਹਿਤਾ ਅਨੁਸਾਰ ਆਯੁਰਵੇਦ ਦੇ ਅੱਠਾਂ ਭਾਗਾਂ ਵਿਚ ਜੱਰਾਹੀ ਅੰਗ ਪ੍ਰਧਾਨ ਹੈ। ਇਸ ਕਾਰਨ ਇਸ ਚਿਕਿਤਸਾ ਵਿਚ ਨਿਪੁੰਨ ਵਿਅਕਤੀ ਨੂੰ ਸ਼ੁਰੂ ਤੋਂ ਹੀ ਧਨਵੰਤਰੀ ਕਿਹਾ ਜਾਂਦਾ ਹੈ।

ਹ. ਪੁ.-ਹਿੰ. ਵਿ.ਕੋ. 6 : 164; ਚ. ਕੋ. 225; ਹਿੰ. ਮਿ. ਕੋ. 319; ਪ੍ਰਾ. ਚ. ਕੋ. 315; ਮ. ਕੋ. 661; ਹਿੰ. ਸਾ. ਕੋ. 2 : 254

ਧੰਨਾ (ਭਗਤ) : ਇਹ ਉਨ੍ਹਾਂ ਭਗਤਾਂ ਵਿਚੋਂ ਇਕ ਹੈ ਜਿਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਧੰਨਾ ਜੱਟ ਦਾ ਜਨਮ 1415 ਈ. ਵਿਚ ਰਾਜਸਥਾਨ ਦੇ ਪਿੰਡ ਧੁਆਨ ਵਿਖੇ ਇਕ ਕਿਸਾਨ ਪਰਿਵਾਰ ਵਿਚ ਹੋਇਆ। ਬਚਪਨ ਵਿਚ ਜਦੋਂ ਇਕ ਵਾਰੀ ਇਸ ਨੇ ਇਕ ਬ੍ਰਾਹਮਣ ਨੂੰ ਠਾਕਰ ਦੀ ਪੂਜਾ ਕਰਦੇ ਵੇਖਿਆ ਤਾਂ ਇਸ ਦੇ ਮਨ ਵਿਚ ਵੀ ਭਗਤੀ ਕਰਨ ਦਾ ਸ਼ੌਕ ਜਾਗਿਆ। ਇਸ ਨੇ ਬ੍ਰਾਹਮਣ ਪਾਸੋਂ ਠਾਕਰ ਲੈ ਲਿਆ ਤੇ ਇੰਨੀ ਸ਼ਰਧਾ ਤੇ ਵਿਸ਼ਵਾਸ ਨਾਲ ਪੂਜਾ ਕੀਤੀ ਕਿ ਉਸ ਨੂੰ ਭੋਗ ਲੁਆ ਕੇ ਛੱਡਿਆ। ਇਹ ਪਹਿਲਾਂ ਮੂਰਤੀ ਪੂਜਕ ਜੀ ਤੇ ਬਾਅਦ ਵਿਚ ਨਿਰਾਕਾਰ ਨਿਰਗੁਣ ਬ੍ਰਹਮ ਦਾ ਉਪਾਸ਼ਕ ਤੇ ਭਗਤ ਬਣ ਗਿਆ। ਇਸ ਨੇ ਆਪਣੇ ਸਮੇਂ ਦੇ ਪ੍ਰਸਿੱਧ ਭਗਤ ਸੁਆਮੀ ਰਾਮਾਨੰਦ ਤੋਂ ਗੁਰੂ ਦੀਖਿਆ ਪ੍ਰਾਪਤ ਕੀਤੀ ਤੇ ਭਗਤੀ ਕਰਕੇ ਪਰਮਾਪਦ ਪ੍ਰਾਪਤ ਕੀਤਾ।

ਇਸ ਵੇਲੇ ਧੁਆਨ ਪਿੰਡ ਵਿਚ ਜੱਟਾਂ ਦੇ ਤਿੰਨ ਘਰ ਹਨ ਪਰ ਉਨ੍ਹਾਂ ਵਿਚੋਂ ਧੰਨੇ ਭਗਤ ਦੇ ਵੰਸ਼ ਦਾ ਕੋਈ ਘਰ ਨਹੀਂ ਹੈ। ਇਥੇ ਧੰਨੇ ਦੀ ਜ਼ਮੀਨ ਬੇ ਆਬਾਦ ਪਈ ਹੈ ਜਿਸ ਵਿਚ ਇਕ ਥੜ੍ਹਾ ਬਣਿਆ ਹੋਇਆ ਹੈ। ਉਸ ਬਾਰੇ ਉਥੋਂ ਦੇ ਲੋਕਾਂ ਵਿਚ ਇਹ ਵਿਚਾਰ ਪ੍ਰਚੱਲਿਤ ਹੈ ਕਿ ਭਗਤ ਜੀ ਇਸ ਥੜ੍ਹੇ ਉੱਪਰ ਬੈਠ ਕੇ ਆਪਣੇ ਪਸ਼ੂ ਚਾਰਿਆ ਕਰਦੇ ਸਨ। ਇਥੇ ਦਰਸ਼ਨਾਂ ਲਈ ਦੂਰੋਂ-ਦੂਰੋਂ ਯਾਤਰੀ ਆਉਂਦੇ ਹਨ ਤੇ ਧੰਨੇ ਭਗਤ ਦੇ ਖੇਤਾਂ ਵਿਚੋਂ ਮਿੱਟੀ ਲੈ ਜਾਂਦੇ ਹਨ। ਲੋਕ ਵਿਸ਼ਵਾਸ ਹੈ ਕਿ ਜਿਸ ਖੇਤ ਵਿਚ ਉਹ ਮਿੱਟੀ ਛਾਣ ਦਿਤੀ ਜਾਵੇ ਉਥੇ ਫ਼ਸਲ ਬੜੀ ਵਧੀਆ ਹੁੰਦੀ ਹੈ। ਇਸੇ ਤਰ੍ਹਾਂ ਇਸ ਬਾਰੇ ਕਈ ਕਰਾਮਾਤੀ ਕਥਾਵਾਂ ਪ੍ਰਚੱਲਿਤ ਹਨ – ਜਿਵੇਂ ਧੰਨੇ ਦੇ ਪਿਤਾ ਨੇ ਇਸ ਨੂੰ ਖੇਤਾਂ ਵਿਚ ਬੀਜਣ ਲਈ ਬੀਜ ਦਿਤਾ ਪਰ ਇਸ ਨੇ ਉਹ ਅਨਾਜ ਸਾਧੂ ਸੰਤਾਂ ਦੀ ਸੇਵਾ ਕਰਨ ਲਈ ਉਨ੍ਹਾਂ ਨੂੰ ਖੁਆ ਦਿਤਾ ਜਦੋਂ ਫ਼ਸਲ ਦੀ ਰੁੱਤ ਆਈ ਤਾਂ ਉਨ੍ਹਾਂ ਦੇ ਖੇਤ ਵਿਚ ਕਾਫ਼ੀ ਕਣਕ ਪੈਦਾ ਹੋਈ।

ਧੰਨੇ ਭਗਤ ਦੇ ਤਿੰਨ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ ਜਿਨ੍ਹਾਂ ਦਾ ਮੁੱਖ ਵਿਸ਼ਾ ਪ੍ਰਭੂ-ਭਗਤੀ ਤੇ ਪਰਮਾਤਮਾ ਪਾਸੋਂ ਨਿਤ ਵਰਤੋਂ ਦੀਆਂ ਵਸਤਾਂ ਦੀ ਮੰਗ ਹੈ। ਇਕ ਸ਼ਬਦ ਦਾ ਸਿਰਲੇਖ ਮਹਲਾ ਪੰਜਵਾਂ ਹੈ-ਗੋਬਿੰਦ-ਗੋਬਿੰਦ ਗੋਬਿੰਦ ਸੰਗ ਨਾਮ ਦੇਉ ਮਨੁ ਲੀਣਾ-ਪਰ ਅਖ਼ੀਰ ਵਿਚ ਨਾਮ ਧੰਨਾ ਹੀ ਆਇਆ ਸੀ। ਇਸ ਬਾਰੇ ਵਿਦਵਾਨਾਂ ਦਾ ਵਿਚਾਰ ਹੈ ਕਿ ਇਹ ਵਿਚਾਰ ਧੰਨੇ ਦੇ ਹਨ ਪਰ ਗੁਰੂ ਅਰਜਨ ਦੇਵ ਜੀ ਨੇ ਸੋਧ ਸੁਧਾਈ ਕਰਕੇ ਉਨ੍ਹਾਂ ਨੂੰ ਸੁੰਦਰ ਬਣਾ ਕੇ ਅੰਕਿਤ ਕਰਨ ਦਾ ਉਦਮ ਕੀਤਾ ਹੈ। ਇਨ੍ਹਾਂ ਤੋਂ ਇਲਾਵਾ ਧੰਨੇ ਭਗਤ ਦੇ ਕੁਝ ਹੋਰ ਸ਼ਬਦ ਵੀ ਉਪਲੱਬਧ ਹਨ ਜਿਹੜੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਨਹੀਂ ਹਨ। ਇਨ੍ਹਾਂ ਸਾਰਿਆਂ ਸ਼ਬਦਾਂ ਵਿਚ ਪਰਮਾਤਮਾ ਦੀ ਉਪਮਾ ਹੀ ਕੀਤੀ ਹੋਈ ਹੈ।

ਹ. ਪੁ.- ਮ. ਕੋ; ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ – ਡਾ. ਤਾਰਨ ਸਿੰਘ; ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ-ਗਿਆਨੀ ਗੁਰਦਿਤ ਸਿੰਘ ; ਸ੍ਰੀ ਗੁਰੂ ਗਰੰਥ ਸਾਹਿਬ ਦੇ ਯੋਗਦਾਨੀ-ਪਿਆਰਾ ਸਿੰਘ ਪਦਮ

ਧਨਾਸਰੀ ਰਾਗ : ਇਹ ਕਾਫੀ ਥਾਟ ਦੀ ਸੰਪੂਰਣ ਜਾਤੀ ਦੀ ਇਕ ਰਾਗਣੀ ਹੈ ਜਿਹੜੀ ਆਰੋਹੀ ਵਿਚ ਭੀਮ ਪਲਾਸੀ ਦਾ ਅੰਗ ਅਤੇ ਅਵਰੋਹੀ ਵਿਚ ਪੂਰਬੀ ਅਤੇ ਮੁਲਤਾਨੀ ਦੀ ਰੰਗਤ ਹੈ। ਅਵਰੋਹੀ ਵਿਚ ਧੈਵਤ ਦੁਰਬਲ ਹੋ ਕੇ ਲਗਦਾ ਹੈ ਅਤੇ ਪੰਚਮ ਅਤੇ ਗਾਂਧਾਰ ਦੀ ਸੰਗਤ ਹੈ। ਪੰਚਮ ਵਾਂਦੀ ਸੁਰ ਹੈ। ਇਸ ਵਿਚ ਸ਼ੜਜ ਗਾਂਧਾਰ, ਪੰਚਮ ਅਤੇ ਨਿਸ਼ਾਦ ਸ਼ੁਧ ਲਗਾਉਂਦੇ ਹਨ ਜਦੋਂ ਕਿ ਗਾਂਧਾਰ, ਮਧਮ ਅਤੇ ਨਿਸ਼ਾਦ ਕੋਮਲ ਲਗਾਉਂਦੇ ਹਨ। ਇਸ ਦੇ ਗਾਉਣ ਦਾ ਵੇਲਾ ਦਿਨ ਦਾ ਤੀਜਾ ਪਹਿਰ ਹੈ।

ਆਰੋਹੀ- ਸ ਰਾ ਗ ਮੀ ਪ ਧਾ ਨੀ

ਅਵਰੋਹੀ- ਨ ਧਾ ਪ ਮੀ ਗ ਰਾ ਸ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਧਨਾਸਰੀ ਦਾ ਦਸਵਾਂ ਨੰਬਰ ਹੈ।

ਹ.ਪੁ.-ਸੰ. ਕੋ. ; ਮ. ਕੋ.

ਧੰਨਾ ਸਿੰਘ : ਹਿੰਦੀ ਦੇ ਇਸ ਵਿਦਵਾਨ ਕਵੀ ਦਾ ਜਨਮ 1791 ਈ. ਵਿਚ ਮੈਰਾਵਾਂ ਜ਼ਿਲ੍ਹੇ ਵਿਚ ਓਨਾਂਵ ਵਿਖੇ ਹੋਇਆ। ਇਹ ਜਾਤ ਦਾ ਭੱਟ ਸੀ। ਇਹ ਦਸ਼ਮੇਸ਼ ਜੀ ਦੇ ਘੋੜੇ ਦਾ ਸੇਵਕ ਸੀ। ਇਕ ਵਾਰ ਜਦੋਂ ਕਵੀ ਚੰਦਨ ਸਤਿਗੁਰੂ ਦੇ ਦਰਬਾਰ ਵਿਚ ਇਕ ਸਵੈਯਾ ਬਣਾ ਕੇ ਹਾਜ਼ਰ ਹੋਇਆ ਅਤੇ ਦਰਬਾਰ ਦੇ ਕਿਸੇ ਕਵੀ ਵਲੋਂ ਇਸ ਦਾ ਅਰਥ ਕਰਨ ਲਈ ਕਿਹਾ ਤਾਂ ਇਸ ਨੇ ਗੁਰੂ ਸਾਹਿਬ ਦੀ ਆਗਿਆ ਨਾਲ ਉਸ ਦੇ ਨਾ ਸਿਰਫ ਅਰਥ ਹੀ ਕੀਤੇ ਸਗੋਂ ਉਸ ਤੋਂ ਆਪਣੇ ਸਵੈਯਾ ਦੇ ਅਰਥ ਪੁੱਛੇ ਜਿਸ ਦਾ ਉਹ ਅਰਥ ਕਰਨ ਤੋਂ ਅਸਮਰਥ ਰਿਹਾ ਅਤੇ ਇੰਜ ਇਸ ਨੇ ਚੰਦਨ ਕਵੀ ਨੂੰ ਸ਼ਰਮਿੰਦਿਆਂ ਕੀਤਾ । ਭਗਤਮਾਲਾ ਅਨੁਸਾਰ ਇਹ ਰਾਮਾਨੰਦ ਜੀ ਦਾ ਸ਼ਾਗਿਰਦ ਸੀ

ਹ. ਪੁ.- ਮ. ਕੋ. ; ਚ ਕੋ. ; ਹਿੰ ਸਾ. ਇ.

ਧੰਨਾ ਸਿੰਘ (ਬੱਬਰ ਅਕਾਲੀ) : ਬੱਬਰ ਅਕਾਲੀ ਦਲ ਦਾ ਇਹ ਆਗੂ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਬਹਿਲਪੁਰ ਦਾ ਵਸਨੀਕ ਸੀ। ਇਸ ਦਲ ਨੂੰ ਸੰਨ 1922 ਵਿਚ ਕੁਝ ਗਰਮ-ਖਿਆਲੀ ਨੌਜਵਾਨਾਂ ਨੇ ਚੱਕਰਵਰਤੀ ਦਲ ਦੇ ਨਾਂ ਹੇਠ ਕਾਇਮ ਕੀਤਾ। ਇਕ ਕਮੇਟੀ ਬਣਾਈ ਗਈ ਜਿਸ ਵਿਚ ਵੱਖਰੇ ਵੱਖਰੇ ਕੰਮ ਵੱਖਰੇ ਵੱਖਰੇ ਨੌਜਵਾਨਾਂ ਨੂੰ ਸੌਂਪੇ ਗਏ। ਇਸ ਨੂੰ ਅਸਲਾ ਇੱਕਠਾ ਕਰਨ ਤੇ ਹਥਿਆਰ ਚਲਾਉਣ ਦਾ ਕੰਮ ਸੌਂਪਿਆ ਗਿਆ।

ਧੰਨਾ ਸਿੰਘ ਬਹਿਲਪੁਰੀ ਨੂੰ ਕਿਸ਼ਨ ਸਿੰਘ ਗੜਗਜ ਦਾ ਸੱਜਾ ਹੱਥ ਸਮਝਿਆ ਜਾਂਦਾ ਸੀ। ਮਾਰਚ 1922 ਵਿਚ ਇਸ ਨੇ ਅਤੇ ਕੁਝ ਗਰਮ-ਖਿਆਲੀਏ ਨੌਜਵਾਨਾਂ ਨੇ ਹੁਸ਼ਿਆਰਪੁਰ ਵਿਚ ਇਕ ਖੁਫ਼ੀਆ ਇਕੱਠ ਕਰਕੇ ਉਨ੍ਹਾਂ ਲੋਕਾਂ ਨੂੰ ਸੋਧਣ ਦਾ ਫ਼ੈਸਲਾ ਕੀਤਾ ਜਿਹੜੇ ਅੰਗਰੇਜ਼ਾਂ ਨੂੰ ਦੇਸ਼ ਭਗਤਾਂ ਬਾਰੇ ਸੂਹ ਦੇ ਕੇ ਫੜਵਾਇਆ ਅਤੇ ਮਰਵਾਇਆ ਕਰਦੇ ਸਨ। ਵੱਖਰੇ ਵੱਖਰੇ ਅਪਰਾਧੀਆਂ ਨੂੰ ਵੱਖਰਾ-ਵੱਖਰਾ ਡੰਡ ਦੇਣ ਦਾ ਫੈਸਲਾ ਹੋਇਆ। ਇਸ ਅਨੁਸਾਰ ਕਿਸੇ ਨੂੰ ਮੌਤ ਦੀ ਸਜ਼ਾ, ਕਿਸੇ ਦਾ ਕੋਈ ਅੰਗ ਭੰਗ ਕਰ ਦੇਣਾ ਅਤੇ ਕਈਆਂ ਨੂੰ ਜੁਰਮਾਨਾ ਕਰਕੇ ਜ਼ਬਰਦਸਤੀ ਵਸੂਲ ਕਰਨ ਦੀ ਵਿਉਂਤ ਬਣਾਈ ਗਈ। ਇਹ ਦੇਖ ਕੇ ਅੰਗਰੇਜ਼ ਸਰਕਾਰ ਘਬਰਾ ਗਈ ਅਤੇ ਉਸ ਨੇ ਆਮ ਜਨਤਾ ਨੂੰ ਤੰਗ ਕਰਨਾ ਸ਼ੁਰੂ ਕੀਤਾ। ਇਸ ਤੇ ਬੱਬਰਾਂ ਨੇ ਫੈਸਲਾ ਕੀਤਾ ਕਿ ਸਾਰੇ ਕਤਲ ਸਿਰਫ਼ ਤਿੰਨ ਆਦਮੀ ਆਪਣੇ ਜਿੰਮੇ ਲੈਣ ਤਾਂ ਜੋ ਆਮ ਜਨਤਾ ਨੂੰ ਤੰਗ ਨਾ ਕੀਤਾ ਜਾਵੇ। ਇਸ ਲਈ ਧੰਨਾ ਸਿੰਘ ਨੇ ਆਪਣਾ ਨਾਂ ਸੱਭ ਤੋਂ ਪਹਿਲਾਂ ਦਿੱਤਾ। ਹੋਰਾਂ ਵਲੋਂ ਕੀਤਾ ਕਤਲ ਵੀ ਇਸ ਦੇ ਨਾਂ ਥੋਪ ਦਿੱਤਾ ਜਾਂਦਾ ਸੀ। ਅੰਗਰੇਜ਼ ਸਰਕਾਰ ਨੇ ਇਸ ਦੇ ਨਾਂ ਦੇ ਵਾਰੰਟ ਕੱਢ ਦਿੱਤੇ ਪਰ ਇਸ ਨੇ ਅਖ਼ਬਾਰ ਵਿਚ ਇਹ ਕਢਵਾ ਦਿੱਤਾ ਕਿ ਜਿਸ ਨੇ ਵੀ ਇਸ ਨੂੰ ਫੜਨ ਦੀ ਕੋਸ਼ਿਸ਼ ਕੀਤੀ ਉਹ ਆਪ ਹੀ ਮਾਰਿਆ ਜਾਵੇਗਾ। ਥੋੜੇ ਸਮੇਂ ਵਿਚ ਹੀ ਇਸ ਦਾ ਬਹੁਤ ਦਬਦਬਾ ਬਣ ਗਿਆ। ਇਸ ਨੇ ਕਈ ਜ਼ੈਲਦਾਰਾਂ ਤੇ ਨੰਬਰਦਾਰਾਂ ਨੂੰ ਜਿਹੜੇ ਦੇਸ਼ ਭਗਤਾਂ ਬਾਰੇ ਅੰਗਰੇਜ਼ਾਂ ਨੂੰ ਸੂਹ ਦਿੰਦੇ ਸਨ, ਮੌਤ ਦੇ ਘਾਟ ਉਤਾਰਿਆ।

25 ਅਕਤੂਬਰ, 1923 ਨੂੰ ਜਵਾਲਾ ਸਿੰਘ ਜਿਹੜਾ ਉਤੋਂ ਉਤੋਂ ਤਾਂ ਬੱਬਰਾਂ ਦੀ ਮਦਦ ਕਰਦਾ ਸੀ ਪਰ ਅੰਦਰੋਂ ਅੰਗਰੇਜ਼ਾਂ ਨਾਲ ਮਿਲਿਆ ਹੋਇਆ ਸੀ, ਧੋਖੇ ਨਾਲ ਸੁਤੇ ਹੋਏ ਧੰਨਾ ਸਿੰਘ ਨੂੰ ਗ੍ਰਿਫ਼ਤਾਰ ਕਰਵਾ ਦਿੱਤਾ। ਇਸ ਦੇ ਹੱਥ ਨੂੰ ਦੋਹਰੀਆ ਹੱਥਕੜੀਆਂ ਜੜ ਕੇ ਬਾਹਾਂ ਮੋੜ ਕੇ ਉਪਰ ਨੂੰ ਪਿਛਾਂਹ ਵਲ ਕਰ ਦਿਤੀਆਂ ਤੇ ਇੱਕ ਇਕ ਕੜੀ ਨੂੰ ਤਿੰਨ ਤਿੰਨ ਸਿਪਾਹੀਆਂ ਨੇ ਫੜਿਆ। ਲੱਤਾਂ ਨੂੰ ਬੇੜੀਆਂ ਨਾਲ ਨੂੜ ਦਿੱਤਾ ਗਿਆ। ਇਸ ਹਾਲਤ ਵਿਚ ਦੇਖ ਕੇ ਪੁਲਿਸ ਕਪਤਾਨ ਨੇ ਵਿਅੰਗ ਨਾਲ ਇਸ ਨੂੰ ਪੁਛਿਆ ਕਿ ਤੂੰ ਤਾਂ ਜਿਉਂਦੇ ਜੀਅ ਨਾ ਫੜੇ ਜਾਣ ਤਾ ਐਲਾਨ ਕੀਤਾ ਸੀ, ਹੁਣ ਤੇਰਾ ਐਲਾਨ ਕਿਥੇ ਹੈ।

ਇਹ ਸੁਣ ਕੇ ਇਸ ਦੀਆਂ ਅੱਖਾਂ ਗੁਸੇ ਨਾਲ ਲਾਲ ਹੋ ਗਈਆਂ ਅਤੇ ਇਸ ਨੇ ਉਸ ਅੰਗਰੇਜ਼ ਅਫ਼ਸਰ ਨੂੰ ਬੁਰੀ ਤਰ੍ਹਾਂ ਘੂਰਿਆ ਜਿਸ ਨਾਲ ਉਸ ਨੂੰ ਕੰਬਣੀ ਛਿੜ ਗਈ। ਉਸ ਨੇ ਸਿਪਾਹੀਆਂ ਨੂੰ ਇਸ ਦੀਆਂ ਅੱਖਾਂ ਤੇ ਪੱਟੀ ਬੰਨ੍ਹਣ ਲਈ ਕਿਹਾ। ਇਹ ਸੁਣ ਇਸ ਨੇ ਕਪਤਾਨ ਨੂੰ ਆਪ ਆ ਕੇ ਪੱਟੀ ਬੰਨ੍ਹਣ ਲਈ ਉਕਸਾਇਆ, ਕਪਤਾਨ ਦੇ ਨੇੜੇ ਆਉਣ ਤੇ ਇਸ ਨੇ ਆਪਣੇ ਸਰੀਰ ਨੂੰ ਛਿਣਕਿਆ, ਮੂੰਹ ਵਿਚ ਪਹਿਲੀ ਪਉੜੀ ਦਾ ਜਾਪ ਕਰਕੇ ਆਪਣੀ ਕੂਹਣੀ ਪੂਰੇ ਜ਼ੋਰ ਨਾਲ ਆਪਣੀ ਹੀ ਵੱਖੀ ਨਾਲ ਮਾਰੀ ਜਿਸ ਨਾਲ ਇਕ ਬਹੁਤ ਹੀ ਖਤਰਨਾਕ ਬੰਬ ਬੰਨ੍ਹਿਆ ਹੋਇਆ ਸੀ। ਮਰਦੇ ਮਰਦੇ ਹੀ ਇਸ ਨੇ ਅੱਠ-ਨੌਂ ਦੁਸ਼ਮਣਾਂ ਦਾ ਖਾਤਮਾ ਕਰ ਦਿੱਤਾ।

ਹ. ਪੁ.- ਬੱਬਰ ਅਕਾਲੀ ਲਹਿਰ-ਸੁੰਦਰ ਸਿੰਘ-ਬੱਬਰ; ਵੀਹਵੀਂ ਸਦੀ ਦੇ ਸ਼ਹੀਦ-ਗੁਰਮੁਖ ਸਿੰਘ ਮੁਸਾਫ਼ਿਰ।

ਧੰਨਾ ਸਿੰਘ : ਆਜ਼ਾਦੀ ਦਾ ਇਹ ਘੁਲਾਟੀਆ ਪੰਜਾਬ ਦੇ ਸੰਗਰੂਰ ਜ਼ਿਲ੍ਹੇ ਦੇ ਪਿੰਡ ਸ਼ਹਿਣਾ ਦਾ ਜੰਮਪਲ ਸੀ। ਇਸ ਦੇ ਪਿਤਾ ਦਾ ਨਾਂ ਸ. ਜਗਤ ਸਿੰਘ ਸੀ। ਵੱਡਾ ਹੋ ਕੇ ਇਸ ਨੇ ਇੰਡੀਅਨ ਆਰਮੀ ਵਿਚ ਨੌਕਰੀ ਕੀਤੀ ਪਰ ਦੇਸ਼ ਭਗਤੀ ਦੇ ਜਜ਼ਬੇ ਅਧੀਨ ਇਸ ਨੇ ਇੰਡੀਅਨ ਆਰਮੀ ਦੀ ਨੌਕਰੀ ਛੱਡ ਦਿੱਤੀ ਅਤੇ ਸਿੰਗਾਪੁਰ ਜਾ ਕੇ ਇੰਡੀਅਨ ਨੈਸ਼ਨਲ ਆਰਮੀ ਵਿਚ ਭਰਤੀ ਹੋ ਗਿਆ। ਇਹ ਬਰਮਾ ਦੀ ਲੜਾਈ ਦੌਰਾਨ ਬਰਤਾਨਵੀ ਫੌਜਾਂ ਨਾਲ ਲੜਦਿਆ ਹੋਇਆ ਸ਼ਹੀਦ ਹੋ ਗਿਆ।

ਹ. ਪੁ. -ਹੂ. ਜ਼. ਹੂ. ਇੰਡ. ਮਾ. : 91

ਧਨਿਕ : ਸੰਸਕ੍ਰਿਤ ਦਾ ਇਹ ਪ੍ਰਸਿੱਧ ਕਵੀ 'ਦਸ਼ਰੂਪ' ਨਾਮੀ ਗ੍ਰੰਥ ਜਿਸ ਵਿਚ ਨਾਚ, ਗੀਤ ਅਦਾਕਾਰੀ ਆਦਿ ਵਿਦਿਆ ਦਾ ਵਰਣਨ ਹੈ, ਦਾ ਟੀਕਾਕਾਰ ਸੀ। ਇਹ ਵਿਸ਼ਨੂੰ ਦਾ ਪੁੱਤਰ ਅਤੇ ਧੰਨਜਯ ਦਾ ਭਰਾ ਸੀ। ਇਹ ਮੁੰਜ ਦੂਜੇ ਦੀ ਸਭਾ ਵਿਚ ਪੰਡਿਤ ਸੀ। ਇਸ ਗ੍ਰੰਥ ਦਾ 'ਅਵਲੋਕ' ਨਾਮੀ ਟੀਕਾ ਇਸ ਨੇ ਮੁੰਜ ਦੇ ਉੱਤਰਾਧਿਕਾਰੀ ਦੇ ਸ਼ਾਸਨ ਕਾਲ ਦੌਰਾਨ ਲਿਖਿਆ। ਇਹ ਗ੍ਰੰਥ ਰਤਨ ਨਾਟਯ ਸ਼ਾਸਤਰ ਤੋਂ ਪਹਿਲਾਂ ਲਿਖਿਆ ਗਿਆ ਅਤੇ ਇਸ ਤਰ੍ਹਾਂ ਨਾਲ ਉਸ ਦਾ ਸੰਖੇਪ ਰੂਪ ਹੈ। ਇਹ ਚਾਰ ਭਾਗਾਂ ਵਿਚ ਵੰਡਿਆ ਹੋਇਆ ਹੈ। ਪਹਿਲੇ ਤਿੰਨ ਭਾਗਾਂ ਵਿਚ ਅਦਾਕਾਰੀ ਦੇ ਭੇਦ, ਉਪਭੇਦ, ਨਾਇਕ ਆਦਿ ਦਾ ਵਰਣਨ ਅਤੇ ਚੌਥੇ ਭਾਗ ਵਿਚ ਰਸਾਂ ਦਾ ਵਰਣਨ ਹੈ। ਇਸ ਦੀ ਸਾਰੀ ਵਿਆਖਿਆ ਗੱਦ ਵਿਚ ਅਤੇ ਮੂਲ ਗ੍ਰੰਥ ਅਨੁਸਾਰ ਹੈ।

ਧਨਿਕ ਨੇ ਸੰਸਕ੍ਰਿਤ ਪ੍ਰਾਕ੍ਰਿਤ ਕਾਵਿ ਵੀ ਲਿਖਿਆ ਹੈ। 'ਅਵਲੋਕ' ਵਿਚ ਇਸ ਨੇ ਹਲਕੀ-ਫੁਲਕੀ ਕਵਿਤਾ ਨੂੰ ਉਦਾਹਰਣ ਦੇ ਰੂਪ ਵਿਚ ਪੇਸ਼ ਕੀਤਾ ਹੈ।

'ਅਵਲੋਕ' ਤੋਂ ਹੀ ਪਤਾ ਲਗਦਾ ਹੈ ਕਿ ਇਸ ਨੇ 'ਕਾਵਿ-ਨਿਰਣੇ' ਨਾਮੀ ਇਕ ਹੋਰ ਸਾਹਿਤਕ ਗ੍ਰੰਥ ਦੀ ਰਚਨਾ ਕੀਤੀ।

ਮੁੰਜ ਦੂਜੇ ਅਤੇ ਉਸ ਦੇ ਉਤਰਾਧਿਕਾਰੀ ਦੇ ਸ਼ਾਸਨਕਾਲ ਅਨੁਸਾਰ ਇਸ ਦਾ ਸਮਾਂ ਈਸਾ ਦੀ ਦਸਵੀਂ ਸਦੀ ਦਾ ਅੰਤ ਅਤੇ 11ਵੀ ਸਦੀ ਦਾ ਸ਼ੁਰੂ ਮੰਨਿਆ ਜਾਂਦਾ ਹੈ ।

ਹ. ਪੁ. -ਹਿੰ. ਵਿ. ਕੋ. 6 : 158.

ਧਨੀਆ : ਇਸ ਦਾ ਬਨਸਪਤੀ-ਵਿਗਿਆਨਕ ਨਾਂ (Coriandrum sativum) ਹੈ। ਇਹ ਇਕ ਛੋਟਾ ਪੌਦਾ ਹੈ ਜੋ

ਸਰਦੀਆਂ ਵਿਚ ਹੁੰਦਾ ਹੈ। ਧਨੀਆ ਛਤਰੀਦਾਰ ਬੂਟਿਆਂ ਵਿਚੋਂ ਇਕ ਹੈ। ਇਸ ਦਾ ਤਣਾ 30 ਸੈਂ. ਮੀ. ਤੋਂ 60 ਸੈਂ. ਮੀ. ਉੱਚਾ, ਪਤਲਾ ਸਿੱਧਾ ਅਤੇ ਖੋਖਲਾ ਹੁੰਦਾ ਹੈ। ਇਸ ਦੇ ਪੱਤੇ ਦੋ-ਪਤੱਰੀ ਹੁੰਦੇ ਹਨ। ਇਸ ਦੇ ਫੁੱਲ ਛੋਟੇ ਅਤੇ ਚਿੱਟੇ ਜਾਂ ਗੁਲਾਬੀ ਰੰਗ ਦੇ ਹੁੰਦੇ ਹਨ। ਇਸ ਨੂੰ ਸੁਗੰਧ ਵਾਲੇ ਫ਼ਲ ਲੱਗਦੇ ਹਨ ਜੋ ਮਸਾਲੇ ਆਦਿ ਵਿਚ ਵਰਤੇ ਜਾਂਦੇ ਹਨ। ਇਸ ਦੇ ਹਰੇ ਪੱਤੇ ਅਤੇ ਟਾਹਣੀਆਂ ਨੂੰ ਚਟਨੀ ਬਣਾਉਣ ਅਤੇ ਸਬਜ਼ੀਆਂ ਨੂੰ ਸੁੰਗਧਿਤ ਕਰਨ ਲਈ ਵਰਤਿਆ ਜਾਂਦਾ ਹੈ। ਵੈਦਾਂ ਅਨੁਸਾਰ ਇਸ ਦੀ ਤਾਸੀਰ ਸਰਦ ਤਰ (ਠੰਡੀ) ਹੁੰਦੀ ਹੈ। ਆਧੁਨਿਕ ਸਮੇਂ ਵਿਚ ਇਸ ਦਾ ਪ੍ਰਯੋਗ ਦਵਾਈਆਂ ਦੇ ਕੌੜੇ ਸਵਾਦ ਨੂੰ ਰੋਕਣ ਲਈ ਕੀਤਾ ਜਾਂਦਾ ਹੈ। ਇਸ ਨੂੰ ਸ਼ੋਰਬੇ ਅਤੇ ਸ਼ਰਾਬ ਬਣਾਉਣ ਵਿਚ ਵੀ ਵਰਤਿਆ ਜਾਂਦਾ ਹੈ। ਧਨੀਏ ਦਾ ਤੇਲ ਖੁਸ਼ਬੂਦਾਰ ਅਤੇ ਬਹੁਤ ਹੀ ਗੁਣਕਾਰੀ ਹੁੰਦਾ ਹੈ।

ਹ. ਪੁ. - ਐਨ. ਬ੍ਰਿ. 6 : 495; ਐਨ. ਅਮੇ. 7 : 691

ਧਨੁਰਵੇਦ : ਇਹ ਯਜੁਰਵੇਦ ਦਾ ਉਪ-ਵੇਦ ਹੈ। ਇਸ ਵਿਚ ਧਨੁਸ਼ ਆਦਿ ਸ਼ਸਤਰਾਂ ਬਾਰੇ ਦੱਸਿਆ ਗਿਆ ਹੈ। ਧਨੁਰਵੇਦ ਦੇ ਨਿਮਨ ਪੰਜ ਪਾਦ ਹਨ—

1. **ਯੰਤਰਮੁਕਤ ਸ਼ਸਤਰਾਂ ਦਾ ਵਰਣਨ**—ਉਹ ਸ਼ਸਤਰ ਜਿਹੜੇ ਕਲ (ਮਸ਼ੀਨ) ਨਾਲ ਚਲਾਏ ਜਾਂਦੇ ਹਨ, ਜਿਵੇਂ- ਤੀਰ, ਬੰਦੂਕ ਆਦਿ।
2. **ਅਮੁਕਤ ਸ਼ਸਤਰ**—ਉਹ ਸ਼ਸਤਰ ਜਿਹੜੇ ਚਲਾਉਣ ਵੇਲੇ ਹਥੋਂ ਨਹੀਂ ਛੱਡੇ ਜਾਂਦੇ, ਜਿਵੇਂ-ਖੜਗ, ਕਟਾਰ ਆਦਿ।
3. **ਪਾਨਿਮੁਕਤ**—ਉਹ ਸ਼ਸਤਰ ਜਿਹੜੇ ਹਥ ਦੇ ਜ਼ੋਰ ਨਾਲ ਸੁੱਟੇ ਜਾਂਦੇ ਹਨ, ਜਿਵੇਂ-ਚੱਕ੍ਰ ਆਦਿ।
4. **ਸੰਧਾਰਿਤਮੁਕਤ**—ਉਹ ਸ਼ਸਤਰ ਜਿਨ੍ਹਾਂ ਦਾ ਇਕ ਸਿਰਾ ਹੱਥ਼ ਵਿਚ ਰਹਿੰਦਾ ਹੈ ਅਤੇ ਦੂਜਾ ਸੁੱਟਿਆ ਜਾਂਦਾ ਹੈ, ਜਿਵੇਂ- ਪਾਸ਼
5. **ਬਾਰਯੁੱਧ**—ਇਸ ਵਿਚ ਬਾਹਾਂ ਦੀ ਲੜਾਈ ਦੇ ਦਾਉ-ਪੇਚ ਸ਼ਾਮਲ ਹੁੰਦੇ ਹਨ।

ਹ. ਪੁ.- ਮ. ਕੋ.

ਧਨੌਰੀ : ਇਹ ਭਾਰਤ ਦੇ ਪੰਜਾਬ ਰਾਜ ਵਿਚ ਰੋਪੜ ਜ਼ਿਲ੍ਹੇ ਦਾ ਇਕ ਪਿੰਡ ਹੈ ਜਿਹੜਾ ਰੋਪੜ ਸ਼ਹਿਰ ਤੋ 8 ਕਿ. ਮੀ. ਦੇ ਫ਼ਾਸਲੇ ਤੇ ਕੁਰਾਲੀ ਦੇ ਪੱਛਮ ਵਿਚ 3.5 ਕਿ. ਮੀ ਦੂਰ ਕੁਰਾਲੀ-ਚਮਕੌਰ ਸਾਹਿਬ ਅਤੇ ਮੋਰਿੰਡਾ ਦੇ ਵਿਚਕਾਰ ਸਥਿਤ ਹੈ। ਇਸ ਦਾ ਰਕਬਾ 1000 ਏਕੜ ਹੈ। ਇਹ ਪਿੰਡ ਕਦੋਂ ਬਣਿਆ ਅਤੇ ਇਸ ਦਾ ਨਾਉਂ ਕਿਵੇਂ ਰਖਿਆ ਗਿਆ ਇਸ ਬਾਰੇ ਕੋਈ ਵੇਰਵਾ ਪ੍ਰਾਪਤ ਨਹੀਂ ਹੈ।

ਅਜੋਕਾ ਧਨੌਰੀ ਪਿੰਡ ਚੰਗੇ ਖਾਂਦੇ ਪੀਂਦੇ ਪਰਿਵਾਰਾਂ ਵਾਲਾ ਪਿੰਡ ਕਿਹਾ ਜਾ ਸਕਦਾ ਹੈ। ਇਥੋਂ ਦੇ ਵਸਨੀਕਾਂ ਦਾ ਮੁੱਖ ਕਿੱਤਾ ਹੋਰਨਾਂ ਪਿੰਡਾਂ ਵਾਂਗ ਖੇਤੀ ਹੀ ਹੈ। ਗੰਨਾ, ਕਣਕ ਅਤੇ ਝੋਨਾ ਇਥੋਂ ਦੀਆਂ ਮੁੱਖ ਫਸਲਾਂ ਹਨ। ਗੰਨੇ ਦੀ ਫ਼ਸਲ ਨਜ਼ਦੀਕ ਹੀ ਮੋਰਿੰਡੇ ਦੀ ਖੰਡ ਮਿੱਲ ਵਿਚ ਜਾਂਦੀ ਹੈ। ਬੱਚਿਆਂ ਦੀ ਸਿੱਖਿਆ ਲਈ ਹਾਈ ਸਕੂਲ ਹੈ। ਸਿੱਟੇ ਵਜੋਂ ਇਥੋਂ ਦੇ ਆਮ ਵਿਅਕਤੀ ਪੜ੍ਹੇ ਲਿਖੇ ਹਨ।

ਧਨੌਰੀ ਵਿਖੇ ਢੀਂਡਸਾ, ਸੋਹੀ ਅਤੇ ਪੰਨੂੰ ਗੋਤ ਦੇ ਜੱਟ ਜ਼ਿਮੀਦਾਰ ਅਤੇ ਕੁਝ ਨੀਵੀਆਂ ਜਾਤਾਂ ਦੇ ਲੋਕ ਵੀ ਵਸਦੇ ਹਨ। ਜੱਟਾਂ ਦੀਆਂ ਤਿੰਨਾਂ ਪੱਤੀਆਂ ਦੇ ਆਪੋ ਆਪਣੇ ਗੁਰਦੁਆਰੇ ਹਨ। ਪਿੰਡ ਦੇ ਲਗਭਗ ਹਰ ਪਰਿਵਾਰ ਦਾ ਕੋਈ ਨਾ ਕੋਈ ਮੈਂਬਰ ਵਿਦੇਸ਼ ਗਿਆ ਹੋਇਆ ਹੈ। ਇਨ੍ਹਾਂ ਵਿਚੋਂ ਜ਼ਿਆਦਾ ਲੋਕ ਅਰਬ ਦੇਸਾਂ ਵਿਚ ਗਏ ਹਨ।

ਹ. ਪੁ.- ਪੰ. ਟ੍ਰਿ. 19-10-83

ਧਨੌਲਾ : ਭਾਰਤ ਦੇ ਪੰਜਾਬ ਰਾਜ ਵਿਚ ਸੰਗਰੂਰ ਜ਼ਿਲ੍ਹੇ ਦਾ ਇਹ ਇਕ ਕਸਬਾ ਹੈ ਜਿਹੜਾ ਸੰਗਰੂਰ ਸ਼ਹਿਰ ਤੋਂ 18 ਕਿ. ਮੀ. (ਲ. 11 ਮੀਲ) ਅਤੇ ਬਰਨਾਲਾ ਤੋਂ 8 ਕਿ. ਮੀ. (5 ਮੀਲ) ਦੀ ਦੂਰੀ ਤੇ ਸੰਗਰੂਰ-ਬਰਨਾਲਾ ਸੜਕ ਉੱਤੇ ਵਾਕਿਆ ਹੈ।

ਇਸ ਕਸਬੇ ਦੀ ਬੁਨਿਆਦ 1718 ਈ. ਵਿਚ ਭਾਈ ਤਿਲੋਕੇ ਦੇ ਵੱਡੇ ਪੁੱਤਰ ਗੁਰਦਿੱਤਾ ਨੇ ਰੱਖੀ ਸੀ। ਸੰਨ 1755 ਵਿਚ ਨਾਭਾ ਰਿਆਸਤ ਦੇ ਰਾਜਾ ਹਮੀਰ ਸਿੰਘ ਨੇ ਨਾਭਾ ਸ਼ਹਿਰ ਦੀ ਨੀਂਹ ਰਖੀ ਅਤੇ ਉਸੇ ਸ਼ਹਿਰ ਨੂੰ ਆਪਣੀ ਰਿਆਸਤ ਦਾ ਸਦਰ ਮੁਕਾਮ ਬਣਾਇਆ। ਇਸ ਤੋਂ ਪਹਿਲਾਂ ਧਨੌਲਾ ਹੀ ਨਾਭਾ ਰਿਆਸਤ ਦਾ ਸਦਰ ਮੁਕਾਮ ਹੁੰਦਾ ਸੀ। ਰਾਜਾ ਹਮੀਰ ਸਿੰਘ ਨੇ ਇਥੇ ਇਕ ਕਿਲਾ ਵੀ ਉਸਾਰਿਆ ਸੀ ਜਿਥੇ ਅੱਜ ਕੱਲ੍ਹ ਇਥੋਂ ਦਾ ਪੁਲਿਸ ਸਟੇਸ਼ਨ ਹੈ।

ਇਥੇ ਹਨੂੰਮਾਨ ਦਾ ਇਕ ਪ੍ਰਸਿੱਧ ਮੰਦਰ ਹੈ। ਕਿਹਾ ਜਾਂਦਾ ਹੈ ਕਿ ਇਕ ਵਾਰੀ ਇਕ ਆਦਮੀ ਨੂੰ ਜ਼ਮੀਨ ਦੀ ਖੁਦਾਈ ਕਰਦਿਆਂ ਇਥੋਂ ਹਨੂੰਮਾਨ ਦੀ ਇਕ ਮੂਰਤੀ ਲੱਭੀ ਸੀ ਅਤੇ ਉਸੇ ਸਥਾਨ ਤੇ ਹੀ ਮੰਦਰ ਦੀ ਉਸਾਰੀ ਕਰਕੇ ਮੂਰਤੀ ਸਥਾਪਿਤ ਕਰ ਦਿਤੀ ਸੀ। ਇਸ ਮੰਦਰ ਵਿਚ ਹਰ ਮੰਗਲਵਾਰ ਨੂੰ ਮੇਲਾ ਲਗਦਾ ਹੈ।

ਇਥੇ ਮਾਰਚ-ਅਪ੍ਰੈਲ ਅਤੇ ਸਤੰਬਰ-ਅਕਤੂਬਰ ਦੇ ਮਹੀਨਿਆਂ ਵਿਚ ਦੁਰਗਾ ਦੇਵੀ ਦਾ ਇਕ ਰੋਜ਼ਾ ਮੇਲਾ ਲਗਦਾ ਹੈ। ਲੋਕ ਆਪਣੇ ਬੱਚਿਆਂ ਦਾ ਮੁੰਡਣ ਸੰਸਕਾਰ ਵੀ ਕਰਦੇ ਹਨ। ਇਸ ਤੋਂ ਇਲਾਵਾ ਭਾਦੋਂ-ਮੱਘਰ ਅਤੇ ਫੱਗਣ ਦੇ ਪਹਿਲੇ ਵੀਰਵਾਰ ਨੂੰ ਪੀਰ ਦੀ ਯਾਦ ਵਿਚ ਪੀਰ ਖਾਂ ਦੇ ਡੇਰੇ ਤੇ ਵੀ ਮੇਲਾ ਲਗਦਾ ਹੈ।

ਇਥੇ ਦੋ ਸਰਕਾਰੀ ਹਾਈ ਸਕੂਲ, 130 ਬਿਸਤਰਿਆਂ ਵਾਲਾ ਹਸਪਤਾਲ ਅਤੇ ਇਕ ਪੁਲਿਸ ਸਟੇਸ਼ਨ ਹੈ।

ਇਥੇ ਪਸ਼ੂਆਂ ਦੀ ਵੀ ਭਾਰੀ ਮੰਡੀ ਲਗਦੀ ਹੈ।

ਆਬਾਦੀ - 15, 967 (1991)


31° 30′ ਉ. ਵਿਥ. ; 73° 05′ ਪੂ. ਲੰਬ.

ਹ. ਪੁ. -ਡਿਸ. ਗਜ਼. ਸੰਗਰੂਰ : 443

ਧਮਣੀ ਵਿਸਤਾਰ (**Aneurysm**) : ਇਹ ਧਮਣੀ ਜਾਂ ਸ਼ਿਰਾ ਦਾ ਅਸਾਧਾਰਣ ਵਿਸਤਾਰ ਹੈ। ਧਮਣੀ ਫੈਲਾਉ ਕਿਸੇ ਵੀ ਤਰ੍ਹਾਂ ਦੀ ਚੋਟ ਜਾਂ ਬੀਮਾਰੀਆਂ ਕਾਰਨ ਹੋ ਸਕਦਾ ਹੈ। ਇਸ ਨਾਲ ਧਮਣੀ ਸ਼ਿਰਾ ਇਕ ਪਾਸੇ ਤੋਂ ਬਾਹਰ ਵੱਲ ਨੂੰ ਫੈਲ ਜਾਂਦੀ ਹੈ।

ਲਹੂ ਵਹਿਣੀਆਂ ਦੀ ਭਿੱਤੀ ਦੇ ਲਚਕੀਲੇ ਤੰਤੂ ਇਨ੍ਹਾਂ ਨੂੰ ਸੁੰਗੇੜ ਜਾਂ ਫੈਲਾ ਸਕਦੇ ਹਨ। ਅੰਦਰੂਨੀ ਕਮਜ਼ੋਰੀ ਜਾਂ ਹੋਰ ਕਿਸੇ ਕਾਰਨ ਕਰਕੇ ਜਦੋਂ ਇਹ ਤੰਤੂ ਖਿੱਚੇ ਜਾਂਦੇ ਹਨ ਤਾਂ ਕਮਜ਼ੋਰ ਹਿੱਸਾ ਬਾਹਰ ਵੱਲ ਨੂੰ ਉੱਭਰ ਆਉਂਦਾ ਹੈ ਅਤੇ ਸੁੱਜ ਕੇ ਫੈਲ ਜਾਂਦਾ ਹੈ। ਇਸ ਨਾਲ ਲਚਕੀਲੇ ਤੰਤੂ ਦਾ ਕੋਈ ਵੀ ਹਿੱਸਾ ਖ਼ਤਮ ਹੋ ਸਕਦਾ ਹੈ। ਅਜਿਹਾ ਸਟ੍ਰੈਪਟੋਕੋਕਸ ਜਾਂ ਸਟੇਫਾਈਲੋਕੋਕਸ ਜੀਵਾਣੂਆਂ ਦੀ ਲਾਗ ਨਾਲ ਹੋਏ ਨਮੂਨੀਏ ਕਾਰਨ ਵੀ ਹੋ ਸਕਦਾ ਹੈ। ਚੋਟ ਕਾਰਨ ਲਹੂ ਵਹਿਣੀਆਂ ਬਹੁਤ ਕਮਜ਼ੋਰ ਹੋ ਜਾਂਦੀਆਂ ਹਨ ਜਿਸ ਨਾਲ ਧਮਣੀ ਫੈਲਾਉ ਇਕ-ਦਮ ਹੋ ਸਕਦਾ ਹੈ। ਜੇਕਰ ਲਹੂ ਨਾਲ ਭਰੀ ਕੋਈ ਝਿੱਲੀ (Sac) ਫਟ ਜਾਵੇ ਤਾਂ ਇਹ ਬਹੁਤ ਹੀ ਗੰਭੀਰ ਜਾਂ ਮਾਰੂ ਵੀ ਹੋ ਸਕਦੀ ਹੈ।

ਧਮਣੀ ਫੈਲਾਉ ਕਈ ਕਿਸਮ ਦਾ ਹੁੰਦਾ ਹੈ। ਅਸਲੀ ਧਮਣੀ ਵਿਸਤਾਰ ਵਿਚ ਲਹੂ ਵਹਿਣੀਆਂ ਦੀ ਭਿੱਤੀ ਦੇ ਟਿਸ਼ੂਆਂ ਦੀ ਇਕ ਤਹਿ ਝਿੱਲੀ (Sac) ਬਣ ਜਾਂਦੀ ਹੈ।



ਧਮਣੀ ਵਿਸਤਾਰ

ਦੂਜੀ ਕਿਸਮ ਦਾ ਵਿਸਤਾਰ ਨਕਲੀ ਕਿਸਮ ਦਾ ਹੈ। ਇਸ ਵਿਚ ਧਮਣੀ ਦੇ ਫਟਣ ਨਾਲ ਸਾਰਾ ਲਹੂ ਆਸ-ਪਾਸ ਵਾਲੇ ਤੰਤੂਆਂ ਵਿਚ ਆ ਜਾਂਦਾ ਹੈ। ਜਦੋਂ ਧਮਣੀ ਫੈਲਾਉ ਬਹੁਤ ਜ਼ਿਆਦਾ ਹੁੰਦਾ ਹੈ ਤਾਂ ਦਬਾਅ ਕਾਰਨ ਇਹ ਪੇਟ ਜਾਂ ਛਾਤੀ ਤਕ ਪਹੁੰਚ ਜਾਂਦਾ ਹੈ। ਇਸ ਨਾਲ ਸਾਹ ਆਉਣ ਵਿਚ ਮੁਸ਼ਕਲ ਆਉਂਦੀ ਹੈ ਅਤੇ ਬਹੁਤ ਹੀ ਦਰਦ ਹੁੰਦਾ ਹੈ। ਸਾਰੀਆਂ ਧਮਣੀਆਂ ਵਿਚ ਫੈਲਾਉ ਜਾਂ ਸੋਜਸ਼ ਹੋ ਸਕਦੀ ਹੈ ਪਰ ਸਭ ਤੋਂ ਜ਼ਿਆਦਾ ਇਹ ਮਹਾਂ-ਧਮਣੀ (aorta) ਵਿਚ ਹੁੰਦੀ ਹੈ ਜਿਹੜੀ ਕਿ ਦਿਲ ਵਲੋਂ ਨਿਕਲਦੀ ਹੈ। ਚੋਟ ਲਗਣਾ ਵੀ ਇਕ ਕਾਰਨ ਹੋ ਸਕਦਾ ਹੈ। ਦਿਲ, ਦਿਮਾਗ਼ ਜਾਂ ਹੋਰ ਨਾਜ਼ੁਕ ਅੰਗਾਂ ਵਿਚ ਇਹ ਫੈਲਾਉ ਬਹੁਤ ਹੀ ਗੰਭੀਰ ਜਾਂ ਮਾਰੂ ਵੀ ਹੋ ਸਕਦੇ ਹਨ।

ਇਸ ਦੀ ਤਸ਼ਖ਼ੀਸ ਸਰੀਰਕ ਜਾਂਚ ਅਤੇ ਐਕਸ ਕਿਰਨਾਂ ਦੇ ਪ੍ਰਯੋਗ ਨਾਲ ਹੋ ਸਕਦੀ ਹੈ। ਇਸ ਦਾ ਇਲਾਜ ਫੈਲਾਉ ਦੀ ਕਿਸਮ ਅਤੇ ਸਥਿਤੀ ਅਨੁਸਾਰ ਵੱਖੋ ਵੱਖਰਾ ਹੈ। ਸਰਜਰੀ ਦੇ ਨਵੇਂ ਤਰੀਕੇ ਖੋਜੇ ਗਏ ਹਨ ਜਿਨ੍ਹਾਂ ਨਾਲ ਖਰਾਬ ਹੋਈਆਂ ਧਮਣੀ ਭਿੱਤੀਆਂ ਨੂੰ ਠੀਕ ਕਰਨ ਲਈ ਛੋਟੀਆਂ ਲਹੂ ਵਹਿਣੀਆਂ ਨੂੰ ਬੰਨ੍ਹ ਦਿੱਤਾ ਜਾਂਦਾ ਹੈ ਅਤੇ ਹੋਰ ਧਮਣੀਆਂ ਉਨ੍ਹਾਂ ਦਾ ਕਾਰਜ ਕਰਦੀਆਂ ਹਨ। ਲਹੂ ਦੇ ਜੰਮਣ ਨਾਲ ਇਹ ਧਮਣੀਆਂ ਮਜ਼ਬੂਤ ਹੋ ਜਾਂਦੀਆਂ ਹਨ। ਫੈਲੀ ਹੋਈ ਧਮਣੀ ਦੁਆਲੇ ਪਲਾਸਟਿਕ ਦੀ ਵਰਤੋਂ ਵੀ ਕੀਤੀ ਜਾਂਦੀ ਹੈ ਤਾਂ ਜੋ ਇਸ ਦਾ ਵਾਧਾ ਰੋਕਿਆ ਜਾ ਸਕੇ ਅਤੇ ਕਮਜ਼ੋਰ ਹੋਈ ਧਮਣੀ ਭਿੱਤੀ ਦੁਬਾਰਾ ਠੀਕ ਹੋ ਸਕੇ।

ਹ. ਪੁ.-ਐਨ. ਮੈਡ. ਹੈਲਥ 1 : 90 ; ਐਨ. ਬ੍ਰਿ. 1 : 919

ਧਮਤਰੀ : ਭਾਰਤ ਦੇ ਮੱਧ ਪ੍ਰਦੇਸ਼ ਰਾਜ ਦੇ ਪੂਰਬ ਵਿਚ ਰਾਇਪੁਰ ਜ਼ਿਲ੍ਹੇ ਦਾ ਇਕ ਪ੍ਰਸਿੱਧ ਨਗਰ ਹੈ ਜਿਹੜਾ ਮਹਾਨਦੀ ਦਰਿਆ ਦੇ ਨੇੜੇ ਰਾਇਪੁਰ ਦੇ ਦੱਖਣ ਵੱਲ ਲ. 80 ਕਿ. ਮੀ. (37 ਮੀਲ) ਦੇ ਫਾਸਲੇ ਤੇ ਵਾਕਿਆ ਹੈ। ਸੰਨ 1901 ਵਿਚ ਰੇਲ ਮਾਰਗ ਬਣਨ ਨਾਲ ਇਸ ਸ਼ਹਿਰ ਦੀ ਮਹੱਤਤਾ ਹੋਰ ਵੀ ਵਧ ਗਈ। ਸੰਨ 1881 ਵਿਚ ਇਥੇ ਮਿਉਂਸਪਲ ਕਮੇਟੀ ਦੀ ਸਥਾਪਨਾ ਕੀਤੀ ਗਈ। ਇਹ ਆਲੇ-ਦੁਆਲੇ ਦੇ ਖੇਤਰ ਦੀ ਅਨਾਜ-ਮੰਡੀ ਹੈ। ਇਹ ਨੇੜੇ ਦੇ ਹੀ ਜੰਗਲਾਂ ਵਿਚੋਂ ਮਿਲਣ ਵਾਲੀ ਇਮਾਰਤੀ ਲੱਕੜੀ, ਲਾਖ ਤੇ ਹਰੜ ਦੇ ਵਪਾਰ ਦਾ ਵੀ ਕੇਂਦਰ ਹੈ। ਇਥੇ ਚੌਲ ਛੜਨ, ਆਟਾ ਪੀਹਣ ਤੇ ਲਾਖ ਬਣਾਉਣ ਦੇ ਅਨੇਕਾਂ ਹੀ ਕਾਰਖ਼ਾਨੇ ਸਥਾਪਿਤ ਹਨ। ਸ਼ਹਿਰ ਦੇ ਨਜ਼ਦੀਕ ਹੀ ਦੱਖਣ-ਪੱਛਮ ਵੱਲ ਸ਼ੀਸ਼ੇ ਦੀਆਂ ਖਾਣਾਂ ਹਨ।

ਇਥੇ ਇਕ ਉਦਯੋਗਿਕ ਸਕੂਲ ਤੇ ਰਵੀ ਸ਼ੰਕਰ ਯੂਨੀਵਰਸਿਟੀ ਨਾਲ ਸਬੰਧਤ ਦੋ ਕਾਲਜ ਹਨ।

ਆਬਾਦੀ — 69, 357 (1991)

20°42′ ਉ. ਵਿਥ.; 81°35′ ਪੂ. ਲੰਬ.

ਹ. ਪੁ. -ਇੰਪ. ਗ. ਇੰਡ. 11 : 285; ਹਿੰ. ਵਿ. ਕੋ. 6 : 165; ਐਨ. ਬ੍ਰਿ. ਮਾ. 5 : 56

ਧਮਸਾਣ (ਧਮਤਾਨ) : ਇਹ ਹਰਿਆਣਾ ਰਾਜ ਦੇ ਜੀਂਦ ਜ਼ਿਲ੍ਹੇ ਦੀ ਨਰਵਾਣਾ ਤਹਿਸੀਲ 'ਚ ਇਕ ਇਤਿਹਾਸਕ ਪਿੰਡ ਹੈ ਜੋ ਰੇਲਵੇ ਸਟੇਸ਼ਨ ਧਮਤਾਲ ਤੋਂ ਇਕ ਮੀਲ ਦੱਖਣ-ਪੱਛਮ ਵੱਲ ਸਥਿਤ ਹੈ। ਇਸ ਪਿੰਡ ਤੋਂ ਉੱਤਰ ਵੱਲ ਗੁਰੂ ਤੇਗ ਬਹਾਦਰ ਸਾਹਿਬ ਦਾ ਗੁਰਦਵਾਰਾ ਹੈ। ਗੁਰੂ ਸਾਹਿਬ ਬਾਂਗਰ ਤੋਂ ਆਗਰੇ ਨੂੰ ਜਾਂਦੇ ਹੋਏ ਇਥੇ ਕਈ ਦਿਨ ਬਿਰਾਜੇ ਸਨ। ਇਥੋਂ ਦੇ ਵਸਨੀਕ ਦੱਗੋ ਜ਼ਿੰਮੀਦਾਰ ਨੇ ਦੁੱਧ ਆਦਿ ਨਾਲ ਗੁਰੂ ਸਾਹਿਬ ਦੀ ਸੇਵਾ ਕੀਤੀ। ਗੁਰੂ ਜੀ ਨੇ ਉਸ ਨੂੰ ਧੰਨ ਦੇ ਕੇ ਹੁਕਮ ਦਿੱਤਾ ਕਿ ਇਥੇ ਲੋਕਾਂ ਦੇ ਲਈ ਖੂਹ ਲਗਵਾ ਦਈ। ਦੱਗੋ ਨੇ ਸਵਾਰਥਵੱਸ ਹੋ ਕੇ ਖੂਹ ਆਪਣੀ ਜ਼ਮੀਨ ਵਿਚ ਲਗਵਾ ਲਿਆ ਜੋ ਕਿ ਮਗਰੋਂ ਗਰਕ ਹੋ ਗਿਆ। ਇਹ ਖੂਹ ਹੁਣ ਗੁਰਦਵਾਰੇ ਪਾਸ ਦੇਖਿਆ ਜਾ ਸਕਦਾ ਹੈ। ਇਸ ਗੁਰਦਵਾਰੇ ਦੀ ਸੇਵਾ ਮਹਾਰਾਜਾ ਕਰਮ ਸਿੰਘ ਨੇ ਕਰਵਾਈ ਸੀ ਅਤੇ ਉਸ ਨੇ ਗੁਰਦੁਆਰੇ ਦੇ ਨਾਂ ਪਟਿਆਲਾ ਰਿਆਸਤ ਵਲੋਂ 3200 ਰੁਪਏ ਦੀ ਸਾਲਾਨਾ ਜਾਗੀਰ ਲਗਵਾਈ ਸੀ। ਇਸ ਤੋਂ ਇਲਾਵਾ ਗੁਰਦੁਵਾਰੇ ਨਾਲ 2200 ਵਿੱਘੇ ਜ਼ਮੀਨ ਹੈ। ਸਾਬਕਾ ਰਿਆਸਤ ਨਾਭੇ ਤੋਂ 114 ਰੁਪਏ ਸਾਲਾਨਾ ਮਿਲਦੇ ਰਹੇ ਹਨ। ਇਥੇ ਦੁਸ਼ਹਿਰੇ ਅਤੇ ਹੋਲੇ ਨੂੰ ਭਾਰੀ ਮੇਲਾ ਲੱਗਦਾ ਹੈ। ਕਥਾ-ਕੀਰਤਨ, ਲੰਗਰ ਆਦਿ ਦਾ ਇਥੇ ਉੱਤਮ ਪ੍ਰਬੰਧ ਹੈ। ਭਾਈ ਮੀਹੇ ਨੂੰ ਇਸੇ ਥਾਂ ਤੇ ਹੀ ਬਖ਼ਸ਼ਿਸ਼ ਹੋਈ ਹੈ। ਭਾਈ ਮੀਹੇ ਦਾ ਪਹਿਲਾਂ ਨਾਂ ਰਾਮਦੇਵ ਸੀ। ਉਹ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਰਧਾਵਾਨ ਸਿੱਖ ਸੀ ਅਤੇ ਲੰਗਰ ਦਾ ਜਲ ਭਰਨ ਅਤੇ ਛੜਕਾਉ ਦੀ ਸੇਵਾ ਕਰਦਾ ਸੀ। ਧਮਧਾਨ ਦੇ ਮੁਕਾਮ ਤੋਂ ਖੁਸ਼ ਹੋ ਕੇ ਸਤਿਗੁਰੂ ਨੇ ਇਸ ਦਾ ਨਾਂ ਮੀਹਾਂ ਰੱਖਿਆ ਅਤੇ ਨਗਾਰਾ ਨਿਸ਼ਾਨ ਅਤੇ ਲੰਗਰ ਚਲਾਉਣ ਲਈ ਲੋਹ ਬਖਸ਼ ਕੇ ਇਥੋਂ ਦਾ ਮਹੰਤ ਥਾਪਿਆ ਗਿਆ। ਇਸ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਵੀ ਸੇਵਾ ਕੀਤੀ ਸੀ ਜਿਸ ਕਰਕੇ ਗੁਰੂ ਜੀ ਨੇ ਖੁਸ਼ ਹੋ ਕੇ ਇਸ ਨੂੰ ਦਸਤਾਰ ਅਤੇ ਸ਼ਸਤਰ ਬਖ਼ਸ਼ਿਆ ਸੀ। ਇਸ ਦੀ ਸੰਪ੍ਰਦਾਇ ਦੇ ਉਦਾਸੀ ਸਾਧੂ ਮੀਹਾਂਸ਼ਾਹੀ ਅਤੇ ਮੀਹਾਂ ਦਾਸੀਏ ਕਰਾਉਂਦੇ ਹਨ। ਇਹ ਵਸਤਾਂ ਅਜੇ ਵੀ ਧਮਤਾਨ ਦੇ ਗੁਰਦੁਆਰੇ ਵਿਚ ਸੁਸ਼ੋਭਿਤ ਹਨ।

ਹ. ਪੁ. -ਮ. ਕੋ : 661, 973

ਧਮਨਾਰ : ਇਹ ਭਾਰਤ ਦੇ ਮੱਧ ਪ੍ਰਦੇਸ਼ ਰਾਜ ਵਿਚ ਇਕ ਅਹਿਮ ਪਿੰਡ ਹੈ ਜਿਹੜਾ ਕਿ ਕਈ ਬੋਧੀ ਅਤੇ ਬ੍ਰਾਹਮਣੀ ਪ੍ਰਾਚੀਨ ਖੁਦਾਈਆਂ ਕਾਰਨ ਬਹੁਤ ਪ੍ਰਸਿੱਧ ਰਿਹਾ ਹੈ। ਇਹ ਪਿੰਡ ਇਕ ਨੀਵੀਂ ਅਤੇ ਭੁਰਭੁਰੀ ਜਿਹੀ ਪਹਾੜੀ ਉਪਰ ਵਾਕਿਆ ਹੈ। ਇਥੋਂ ਦੀਆਂ ਖੁਦਾਈਆਂ ਬੁੱਧ ਅਤੇ ਬ੍ਰਾਹਮਣ ਧਰਮਾ ਨਾਲ ਸਬੰਧਤ ਹਨ। ਬੋਧੀ ਖੁਦਾਈਆਂ ਪਹਾੜੀ ਦੀ ਤਿੱਖੀ ਢਲਾਣ ਉੱਤੇ ਪੈਂਦੇ ਤਿੰਨ ਪੁਆਇੰਟਾਂ

ਤੇ ਸਥਿਤ ਹਨ ਪਰ ਇਨ੍ਹਾਂ ਵਿਚੋਂ ਸਿਰਫ਼ ਦੱਖਣੀ ਪਾਸੇ ਵੱਲ ਦੀਆਂ ਖੁਦਾਈਆਂ ਹੀ ਕੁੱਝ ਮਹੱਤਤਾ ਰਖਦੀਆਂ ਹਨ। ਇਨ੍ਹਾਂ ਵਿਚ ਹੀ ਚਟਾਨਾਂ ਨੂੰ ਕੱਟ ਕੱਟ ਕੇ ਬਣਾਈਆਂ ਕਈ ਗੁਫ਼ਾਵਾਂ ਹਨ ਜਿਨ੍ਹਾਂ ਵਿਚੋਂ ਕਈ ਤਾਂ ਰਿਹਾਇਸ਼ੀ ਕੁਲ ਕਮਰਿਆਂ ਦੀਂ ਸ਼ਕਲ ਵਿਚ ਤੇ ਕਈ ਵਿਹਾਰਾਂ (ਮੱਠਾਂ) ਤੇ ਚੈਤਯਾਂ (Chartya) ਹਾਲ (ਗਿਰਜਿਆਂ) ਦੀ ਸ਼ਕਲ ਵਿਚ ਹਨ। ਇਨ੍ਹਾਂ ਗੁਫਾਵਾਂ ਵਿਚੋਂ 14 ਗੁਫ਼ਾਵਾਂ ਹੀ ਵਰਣਨ ਯੋਗ ਹਨ। ਬੜੀ ਕਚਹਿਰੀ ਅਤੇ ਭੀਮ ਦਾ ਬਾਜ਼ਾਰ ਵੇਖਣ ਯੋਗ ਥਾਵਾਂ ਹਨ। ਬੜੀ ਕਚਹਿਰੀ ਵਿਚ ਇਕ 6 ਕਿ. ਮੀ. (20 ਫੁੱਟ) ਵਰਗਾਕਾਰ ਦੀ ਸ਼ਕਲ ਵਿਚ ਬਣਿਆ ਹੋਇਆ ਚੈਤਯਾ ਹਾਲ ਹੈ ਜਿਸ ਵਿਚ ਇਕ ਸਤੂਪ ਹੈ। ਇਸ ਉਪਰ ਇਕ ਰਸਤੇ ਤੇ ਬਰਸਾਤੀ ਬਣੀ ਹੋਈ ਹੈ ਜਿਸ ਦੇ ਚਾਰੇ ਪਾਸੇ ਪੱਥਰਾਂ ਦਾ ਜੰਗਲਾ ਹੈ। ਪੱਥਰਾਂ ਨੂੰ ਇੰਜ ਕੱਟਿਆ ਹੋਇਆ ਹੈ ਕਿ ਜੰਗਲਾ ਪੱਥਰਾਂ ਦੀ ਬਜਾਏ ਲੱਕੜ ਦਾ ਬਣਿਆ ਜਾਪਦਾ ਹੈ।

ਭੀਮ ਦੇ ਬਾਜ਼ਾਰ ਦੀ ਗੁਫ਼ਾ ਸਾਰੀਆਂ ਗੁਫ਼ਾਵਾਂ ਵਿਚੋਂ ਵੱਡੀ ਹੈ। ਇਹ 626 ਮੀ. ਲੰਬੀ ਅਤੇ 237 ਮੀ. ਚੌੜੀ ਹੈ। ਇਸ ਦੀ ਛੱਤ ਢਹਿ ਚੁੱਕੀ ਹੈ। ਇਸ ਵਿਚ ਵਿਹਾਰ ਤੇ ਚੈਤਯਾ ਹਾਲ ਦੋਵੇਂ ਇੱਕਠੇ ਹੀ ਬਣੇ ਹੋਏ ਹਨ। ਇਕ ਗੁਫ਼ਾ ਅੰਦਰ ਮਹਾਤਮਾ ਬੁੱਧ ਦਾ ਅੰਤਲੇ ਸਮੇਂ ਢਾਸਣਾ ਲਾਏ ਹੋਏ ਦਾ ਚਿੱਤਰ ਹੈ ਅਤੇ ਬਾਕੀ ਦੀਆਂ ਗੁਫ਼ਾਵਾਂ ਵਿਚ ਬੁੱਧ ਦੇ ਕਈ ਹੋਰ ਚਿੱਤਰ ਹਨ। ਇਹ ਸਾਰੀਆਂ ਗੁਫ਼ਾਵਾਂ ਪੰਜਵੀਂ ਤੇ ਸੱਤਵੀਂ ਸਦੀ ਦੇ ਸਮੇਂ ਦੀਆਂ ਹਨ।

ਇਨ੍ਹਾਂ ਗੁਫ਼ਾਵਾਂ ਦੇ ਉੱਤਰ ਵੱਲ ਬ੍ਰਾਹਮਣੀ ਖੁਦਾਈ ਹੈ। ਇਥੇ ਇਕ ਸਖਤ ਚਟਾਨ ਵਿਚ 31 ਮੀ. × 20 ਮੀ. ਅਤੇ 9 ਮੀ. (30 ਫੁੱਟ) ਦੇ ਆਕਾਰ ਦਾ ਇਕ ਡੂੰਘਾ ਟੋਆ ਖੋਦਿਆ ਗਿਆ ਹੈ। ਇਸ ਦੇ ਕੇਂਦਰ ਵਿਚ ਇਕ ਮੰਦਰ ਹੈ ਜਿਸ ਦੇ ਆਲੇ ਦੁਆਲੇ ਛੋਟੇ ਛੋਟੇ ਹੋਰ ਸੱਤ ਮੰਦਰ ਹਨ। ਇਹ ਮੰਦਰ ਮੂਲ ਰੂਪ ਵਿਚ ਵਿਸ਼ਨੂੰ ਨੂੰ ਸਮਰਪਿਤ ਸੀ ਅਤੇ ਇਸ ਵਿਚ ਉਸ ਦੇਵਤੇ ਦੀ ਚਾਰ ਭੁਜਾਵਾਂ ਵਾਲੀ ਇਕ ਮੂਰਤੀ ਵੀ ਸਥਾਪਿਤ ਸੀ। ਬਾਅਦ ਵਿਚ ਇਸ ਮੂਰਤੀ ਦੇ ਅਗਲੇ ਹਿੱਸੇ ਵਿਚ ਇਕ ਨਿੰਗਮ ਵੀ ਸਥਾਪਿਤ ਕਰ ਦਿੱਤਾ ਗਿਆ। ਇਹ ਮੰਦਰ ਵੀ ਬੜੌਲੀ (Borally) ਦੇ ਮੰਦਰ ਨਾਲ ਕਾਫ਼ੀ ਮਿਲਦਾ ਜੁਲਦਾ ਹੈ। ਇਸ ਲਈ ਫਰਗੂਸਨ ਨੇ ਇਸ ਨੂੰ ਅੱਠਵੀ ਨੌਵੀਂ ਸਦੀ ਦੀ ਰਚਨਾ ਮੰਨਿਆ ਹੈ।

24° 12′ ਉ. ਵਿਥ.; 75° 30′ ਪੂ. ਲੰਬ.

ਹ. ਪੁ. -ਇੰਪ. ਗ. ਇੰਡ. 11 : 283

ਧੱਮਪਦ : ਧੱਮਪਦ ਮਹਾਤਮਾ ਬੁੱਧ ਦੁਆਰਾ ਰਚਿਤ ਬੁੱਧ ਧਰਮ ਦਾ ਸਰਵੋਤਮ ਕਾਵਿ ਗ੍ਰੰਥ ਹੈ। ਇਸ ਵਿਚ ਕਾਵਿ ਅਤੇ ਨੈਤਿਕ, ਸਦਾਚਾਰਕ ਅਨੁਸ਼ਾਸਨ ਦਾ ਸੁੰਦਰ ਸੁਮੇਲ ਹੈ। ਇਹ ਉਸ ਸਮੇਂ ਦੀ ਪ੍ਰਚਲਿੱਤ ਜਨ-ਭਾਸ਼ਾ ਪਾਲੀ ਵਿਚ ਲਿਖਿਆ ਗਿਆ ਹੈ ਜੋ ਇਸ ਤੱਥ ਨੂੰ ਪ੍ਰਮਾਣਿਤ ਕਰਦਾ ਹੈ ਕਿ ਭਗਵਾਨ ਬੁੱਧ ਸਾਧਾਰਣ ਜਨਤਾ ਦੀ ਉਨ੍ਹਾਂ ਦੀ ਭਾਸ਼ਾ ਵਿਚ ਰਹਿਨੁਮਾਈ ਕਰਕੇ ਉਨ੍ਹਾਂ ਨੂੰ ਜਾਗ੍ਰਿਤ ਤੇ ਸੁਚੇਤ ਕਰਨਾ ਚਾਹੁੰਦੇ ਹਨ। ਧੱਮ ਸ਼ਬਦ ਸੰਸਕ੍ਰਿਤ ਸ਼ਬਦ 'ਧਰਮ' ਦਾ ਪਾਲੀ ਰੂਪਾਂਤਰ ਹੈ ਤੇ ਪਦ (ਪੱਥ) ਦੇ ਅਰਥ ਹਨ- 'ਸੱਚਾ ਮਾਰਗ'; 'ਧੱਮਪਦ' ਦਾ ਅਰਥ ਧਰਮ ਸ਼ਾਸਤਰ ਵੀ ਹੈ ਅਤੇ ਪਦ ਦੇ ਅਰਥ ਬਚਨ ਵੀ ਹੁੰਦੇ ਹਨ। ਧੱਮਪਦ ਵਿਚ ਉਹ ਅੰਮ੍ਰਿਤ ਬਚਨ ਮੌਜੂਦ ਹਨ ਜਿਹੜੇ ਭਗਵਾਨ ਬੁੱਧ ਧਰਮ ਸਬੰਧੀ ਰੱਖਦੇ ਸਨ।

ਸਦਾਚਾਰਕ ਤੇ ਅਧਿਆਤਮਿਕ ਲਿਹਾਜ਼ ਨਾਲ਼ ਗੀਤਾ, ਧੱਮਪਦ ਤੇ ਜਪੁਜੀ ਦੀ ਸਿਖਿਆ ਆਪਸ ਵਿਚ ਮਿਲਦੀ-ਜੁਲਦੀ ਹੈ। ਇਨ੍ਹਾਂ ਤਿੰਨਾਂ ਦਾ ਉਦੇਸ਼ ਹੈ ਵਿਅਕਤੀਗਤ ਤੇ ਸਮਾਜਿਕ ਤੌਰ ਤੇ ਜਗਤ ਵਿਚ ਸੰਪੂਰਨ ਜਾਂ ਯੋਗਮਈ ਆਚਰਣ ਵਾਲਾ ਨਾਮ ਸ਼ਬਦ ਜਾਂ ਸੱਚ ਵਾਲਾ ਸਵਰਗੀ ਜੀਵਨ ਤਿਆਰ ਕਰਨਾ। ਇਨ੍ਹਾਂ ਤਿੰਨਾਂ ਰਚਨਾਵਾਂ ਵਿਚ ਕਰਮ, ਗਿਆਨ ਤੇ ਭਗਤੀ ਦਾ ਸੁਮੇਲ ਹੈ। ਇਨ੍ਹਾਂ ਵਿਚ ਬ੍ਰਹਮ ਗਿਆਨ ਦਾ ਨਿਚੋੜ ਮੌਜੂਦ ਹੈ ਤੇ ਇਹ ਬ੍ਰਹਮ ਗਿਆਨ ਸੰਪੂਰਨ ਮਾਨਵਤਾ ਦਾ ਕਲਿਆਣ ਤੇ ਮਾਰਗ ਦਰਸ਼ਨ ਕਰ ਸਕਦਾ ਹੈ।

ਧੱਮਪਦ ਵਿਚ 423 ਸਲੋਕ ਹਨ ਤੇ ਉਨ੍ਹਾਂ ਨੂੰ 26 ਅਧਿਆਵਾਂ ਵਿਚ ਵੰਡਿਆ ਗਿਆ ਹੈ। ਸਭ ਤੋਂ ਪਹਿਲਾਂ ਯਮਕ ਵਰਗ (ਯਮਕ ਵਜੋਂ) ਆਉਂਦਾ ਹੈ ਜਿਸ ਵਿਚ ਮਿਸ਼ਰਤ ਪਦ ਹਨ। ਭਗਵਾਨ ਬੁੱਧ ਕਰਮਫਲ ਨੂੰ ਮੰਨਦੇ ਹਨ, ਕਰਮਾਂ ਦਾ ਨਤੀਜਾ ਭੁਗਤਣਾ ਪੈਂਦਾ ਹੈ, ਕਰਨੀ ਦਾ ਫ਼ਲ ਜ਼ਰੂਰ ਮਿਲਦਾ ਹੈ। ਉਹ ਕਹਿੰਦੇ ਹਨ ਕਰਮ ਵਿਅਕਤੀ ਦੀ ਸੰਪਤੀ ਹਨ। ਆਪਣੇ ਕਰਮਾਂ ਦੇ ਸਾਂਚੇ ਵਿਚ ਮਨੁੱਖ ਢਲਿਆ ਹੈ ਅਤੇ ਸਾਡੇ ਵਿਚਾਰ, ਸਾਡੇ ਭਾਵ ਜੋ ਸਾਡੇ ਮਨ ਤੋਂ ਪੈਦਾ ਹੁੰਦੇ ਹਨ ਇਨ੍ਹਾਂ ਨੂੰ ਸਾਂਚੇ ਵਿਚ ਢਾਲਦੇ ਹਨ। ਧੱਮਪਦ ਦਾ ਪਹਿਲਾ ਸ਼ਲੋਕ ਹੈ :—

"ਜੀਵਨ ਦੇ ਭਾਵਾਂ ਦਾ ਮੁੱਢ ਤਾਂ ਸਚਮੁਚ ਮਨ ਤੋਂ ਹੁੰਦੈ।
ਮਨ ਹੀ ਹੈ ਪਰਧਾਨ ਉਨ੍ਹਾਂ ਦਾ, ਉਹ ਨੇ ਸਾਰੇ ਮਨ-ਮਯਾ"

ਮਨ ਸਾਡੇ ਕੰਮਾਂ ਨੂੰ ਰੂਪ ਤੇ ਆਕਾਰ ਦਿੰਦਾ ਹੈ। ਮਨੁੱਖ ਦੀ ਜ਼ਿੰਦਗੀ ਵਿਚ ਮਨ ਬਹੁਤ ਵੱਡਾ ਰੋਲ ਅਦਾ ਕਰਦਾ ਹੈ। ਸਾਡੇ ਕੰਮ ਸਾਡੇ ਮਨ ਦੇ ਅਨੁਸਾਰ ਹੁੰਦੇ ਹਨ। ਚੰਗੇ ਵਿਚਾਰਾਂ ਰਾਹੀਂ ਸਾਡਾ ਜੀਵਨ ਬਦਲ ਜਾਂਦਾ ਹੈ। ਚੰਗੇ ਵਿਚਾਰ ਚੰਗੇ ਕੰਮਾਂ ਦੇ ਜਨਮ ਦਾਤਾ ਹਨ ਜੋ ਮਾਨਸਿਕ ਸ਼ਾਂਤੀ ਪ੍ਰਦਾਨ ਕਰਦੇ ਹਨ। ਪ੍ਰਸੰਨ ਰਹਿਣ ਲਈ ਚੰਗੇ ਮਨ ਤੇ ਦਿਲ ਦੀ ਜ਼ਰੂਰਤ ਹੈ ਜੋ ਚੰਗੇ ਕੰਮਾਂ ਵਿਚ ਪ੍ਰਗਟ ਹੁੰਦਾ ਹੈ।

"ਜਨ ਪਿੱਛੇ ਜਿਉਂ ਜਾਵੇ ਛਾਇਆ ਤੇ ਨਾ ਉਸ ਨੂੰ ਛੱਡੇ।
ਈਕਣ ਚੰਗੇ ਮਨ ਦੇ ਪਿੱਛੇ ਸੁਖ ਹਮੇਸ਼ਾ ਲੱਗੇ"

ਕਾਬੂ ਮਨ ਪ੍ਰਸੰਨਤਾ ਦਾ ਕਾਰਣ ਹੈ। ਚੰਚਲ ਤੇ ਬੇਸੰਜਮ ਮਨ ਸੁੱਖ ਦਿੰਦਾ ਹੈ। ਬੁੱਧ ਯੋਗ, ਰਿਸ਼ੀ, ਮੁਨੀ ਅਤੇ ਗਿਆਨੀ ਸੀ। ਉਸ ਨੇ ਦੁੱਖ ਵਰਗੇ ਵੱਡੇ ਰੋਗ ਤੋਂ ਮੁਕਤ ਹੋਣ ਦੀ ਦਵਾਈ ਦੱਸੀ। ਬੁੱਧ ਧਰਮ ਕੇਵਲ ਸਦਾਚਾਰਕ ਨਿਯਮਾਂ ਦਾ ਸੰਗ੍ਰਹਿ ਨਹੀਂ, ਇਕ ਦਰਸ਼ਨ ਅਤੇ ਜੀਵਨ ਜਾਚ ਵੀ ਹੈ। ਧਰਮ ਮੁਕਤੀ ਪ੍ਰਾਪਤੀ ਦਾ ਮਾਰਗ ਹੈ। ਧੱਮਪਦ ਦੁਨੀਆ ਦੀ ਸਦੀਵੀ ਪੁਸਤਕ ਹੈ। ਇਹ ਇਕ ਰਾਸ਼ਟਰ ਜਾਂ ਸਮੇਂ ਲਈ ਨਹੀਂ। ਇਹ ਸਾਧਾਰਣ ਵਿਅਕਤੀ ਅਤੇ ਵਿਦਵਾਨ ਦੋਹਾਂ ਨੂੰ ਆਕਰਸ਼ਿਤ ਕਰਦੀ ਹੈ। ਇਹ ਗਿਆਨ ਦੇ ਮੋਤੀਆਂ ਨਾਲ ਭਰਪੂਰ ਪੁਸਤਕ ਹੈ। ਇਹ ਨਾਵਲ ਦੀ ਤਰ੍ਹਾਂ ਇਕ ਵਾਰੀ ਪੜ੍ਹਕੇ ਛੱਡ ਦੇਣ ਵਾਲੀ ਪੁਸਤਕ ਨਹੀਂ ਇਸ ਵਿਚ ਸਚਾਈ ਤੇ ਗਿਆਨ ਦੇ ਮੋਤੀ ਪਰੋਏ ਹੋਏ ਹਨ ਜਿਨ੍ਹਾਂ ਨੂੰ ਵਾਰੀ-ਵਾਰੀ ਪੜ੍ਹਨ ਦਾ ਮਨ ਕਰਦਾ ਹੈ ਤੇ ਅਦੁੱਤੀ ਸ਼ਾਂਤੀ ਦਾ ਅਨੁਭਵ ਹੁੰਦਾ ਹੈ।

ਭਗਵਾਨ ਬੁੱਧ ਨੇ ਇਸ ਗ੍ਰੰਥ ਵਿਚ ਪਿਆਰ, ਅਹਿੰਸਾ ਸਹਿਨਸ਼ੀਲਤਾ,ਮਿੱਤਰਤਾ, ਕਰੁਣਾ, ਸ੍ਵੈ ਸੰਜਮ ਤੇ ਸ਼ੁੱਧ ਆਚਰਣ ਤੇ ਬਲ ਦਿੱਤਾ ਹੈ। ਇਨ੍ਹਾਂ ਦੀ ਸਿਖ਼ਿਆ ਜਾਤੀ ਭੇਦ ਤੇ ਵਰਗ ਭੇਦ ਤੇ ਵਗ ਭੇਦ ਤੋਂ ਉੱਪਰ ਉੱਠ ਕੇ ਮਾਨਵਤਾਵਾਦ, ਵਿਸ਼ਵ-ਭਾਈਚਾਰਾ ਤੇ ਵਿਸ਼ਵ ਸ਼ਾਂਤੀ ਦਾ ਉਪਦੇਸ਼ ਦਿੱਤਾ ਹੈ ਤੇ ਮਨੁੱਖ -ਮਨੁੱਖ ਵਿਚਕਾਰ ਪਿਆਰ ਦੀ ਸਾਂਝ ਪੈਦਾ ਕਰਦੀ ਹੈ। ਬੁੱਧ ਤਾਤਵਿਕ ਤੇ ਸਿਧਾਂਤਕ ਵਾਦ ਵਿਵਾਦ ਵਿਚ ਨਹੀਂ ਪਏ ਬਲਕਿ ਉਹ ਨੈਤਿਕ ਤੇ ਸਦਾਚਾਰਕ ਉਨੱਤੀ ਲਈ ਕੁਝ ਸਰਲ ਤੇ ਸਾਦੇ ਨਿਯਮ ਦਸਦੇ ਹਨ। ਇਸ ਸੰਸਾਰ ਵਿਚ ਬੁੱਧ ਧਰਮ ਦੇ ਅਧਿਐਨ ਦੀ ਰੁਚੀ ਵਧਦੀ ਜਾ ਰਹੀ ਹੈ। ਭਾਰਤ ਵਿਚ ਭਾਵੇਂ ਬੁੱਧ ਧਰਮ ਦਾ ਪ੍ਰਚਾਰ ਲੱਗਭਗ ਖ਼ਤਮ ਹੋ ਚੁੱਕਾ ਹੈ ਪਰ ਬੁੱਧ ਦੇ ਪ੍ਰੇਮ, ਦਿਆ ਅਤੇ ਅਹਿੰਸਾ ਦੇ ਸਿਧਾਂਤ ਭਾਰਤੀ ਸਭਿਅਤਾ ਅਤੇ ਸੰਸਕ੍ਰਿਤੀ

ਦਾ ਆਧਾਰ ਹਨ। ਆਧੁਨਿਕ ਯੁਗ ਵਿਚ ਮਹਾਤਮਾ ਗਾਂਧੀ ਦਾ ਪ੍ਰੇਮ ਤੇ ਅਹਿੰਸਾ ਉਤੇ ਬਲ ਭਗਵਾਨ ਬੁੱਧ ਤੋਂ ਹੀ ਪ੍ਰੇਰਿਤ ਸੀ।

'ਪਾਲੀ' ਭਾਸ਼ਾ ਵਿਚ ਲਿਖੇ ਗ੍ਰੰਥ ਧੱਮਪਦ ਦਾ ਅਨੁਵਾਦ ਸੰਸਾਰ ਦੀਆਂ ਤਕਰੀਬਨ ਸਾਰੀਆਂ ਭਾਸ਼ਾਵਾਂ ਵਿਚ ਹੋ ਚੁੱਕਾ ਹੈ। ਤਿੱਬਤੀ, ਚੀਨੀ, ਮੱਧ ਏਸ਼ੀਆਈ, ਸਿੰਘਾਲੀ, ਬਰ੍ਹਮੀ ਆਦਿ ਭਾਸ਼ਾ ਵਿਚ ਇਸ ਦੇ ਅਨੁਵਾਦ ਸੈਂਕੜੇ ਵਰ੍ਹੇ ਪਹਿਲਾਂ ਪ੍ਰਕਾਸ਼ਿਤ ਹੋ ਚੁੱਕੇ ਹਨ। ਆਧੁਨਿਕ ਯੁਗ ਵਿਚ ਅੰਗਰੇਜ਼ੀ, ਜਰਮਨ, ਫ਼ਰਾਂਸੀਸੀ, ਇਤਾਲਵੀ, ਸਪੇਨੀ, ਡੱਚ, ਰੂਸੀ, ਜਾਪਾਨੀ, ਹਿੰਦੀ, ਬੰਗਲਾ, ਗੁਜਰਾਤੀ, ਮਰਾਠੀ, ਉਰਦੂ, ਸੰਸਕ੍ਰਿਤ ਆਦਿ ਭਾਸ਼ਾਵਾਂ ਵਿਚ ਵੀ ਅਨੁਵਾਦ ਬਹੁਤ ਪਹਿਲਾਂ ਹੋ ਚੁੱਕੇ ਹਨ।

ਹ. ਪੁ. –ਹਿੰ. ਵਿ. ਕੋ 6 : 165-66; ਦੀ ਬੁੱਧਇਸਟ ਕਲਚਰ ਆਫ ਇੰਡੀਆ- ਐਲ. ਐਮ. ਜੋਸ਼ੀ.

ਧਮਾਰ : ਪ੍ਰਾਂਤ—ਦੱਖਣ ਕੇਂਦਰੀ ਯਮਨ ਗਣਰਾਜ ਦਾ ਇਹ ਇਕ ਪ੍ਰਾਂਤ ਹੈ ਜਿਸ ਨੇ 8.870 ਵ. ਕਿ. ਮੀ. (3420 ਵ. ਮੀਲ) ਦਾ ਰਕਬਾ ਮੱਲਿਆ ਹੋਇਆ ਹੈ। ਇਸ ਦੀ ਕੁੱਲ ਵਸੋਂ 506,196 (1980) ਹੈ। ਇਸ ਦੇ ਉੱਤਰ ਵਿਚ ਸਾਨੇ ਪ੍ਰਾਂਤ, ਪੂਰਬ ਵਿਚ ਮੈਰਿਬ ਅਤੇ ਅਲ-ਬੇਦਾ ਪ੍ਰਾਂਤ; ਦੱਖਣ ਵਿਚ ਇਬ ਅਤੇ ਪੱਛਮ ਵੱਲ ਅਲ-ਹੁਦੇਦਾਹ ਪ੍ਰਾਂਤ ਲਗਦੇ ਹਨ।

ਸੰਨ 1944 ਤੀਕ ਇਸ ਪ੍ਰਾਂਤ ਉੱਤੇ ਇਕ ਅਮੀਰ ਦੀ ਹਕੂਮਤ ਹੁੰਦੀ ਸੀ। ਇਸ ਮਗਰੋਂ ਦੇਸ਼ ਦੇ ਰਾਜ ਪ੍ਰਬੰਧ ਦੇ ਪੁਨਰ ਗਠਨ ਸਮੇਂ ਇਸ ਨੂੰ ਗਣਰਾਜ ਦੇ ਇਕ ਪ੍ਰਾਂਤ ਵਜੋਂ ਮਾਨਤਾ ਪ੍ਰਾਪਤ ਹੋਈ। ਇਸੇ ਹੀ ਨਾਂ ਦਾ ਸ਼ਹਿਰ ਇਸ ਪ੍ਰਾਂਤ ਦੀ ਰਾਜਧਾਨੀ ਬਣਾਇਆ ਗਿਆ। ਸੰਨ 1949 ਵਿਚ ਧਮਾਰ ਸ਼ਹਿਰ ਨੂੰ ਸਾਨੇ ਪ੍ਰਾਂਤ ਵਿਚ ਸ਼ਾਮਲ ਕੀਤਾ ਗਿਆ ਪਰ 1976 ਵਿਚ ਮੁੜ ਧਮਾਰ ਪ੍ਰਾਂਤ ਵਿਚ ਸ਼ਾਮਲ ਕਰ ਦਿੱਤਾ ਗਿਆ।

ਇਸ ਪ੍ਰਾਂਤ ਦੀ ਧਰਾਤਲ ਉੱਘੜ-ਦੁਗੜੀ ਹੈ ਪਰ ਫੇਰ ਵੀ ਵਾਹੀ ਯੋਗ ਹੈ। ਰੀਮਾ ਅਤੇ ਜੈਬਿਡ ਨਦੀਆਂ ਇਸ ਖੇਤਰ ਨੂੰ ਸਿੰਜਾਈ ਪ੍ਰਦਾਨ ਕਰਦੀਆਂ ਹਨ। ਇਹ ਨਦੀਆਂ ਪੂਰਬ ਵੱਲ ਨੂੰ ਵਗਦੀਆਂ ਹਨ। ਜੌਂ, ਜਵੀ, ਕਣਕ ਆਦਿ ਦੀ ਖੇਤੀ ਤੋਂ ਬਿਨਾਂ ਕਾਫ਼ੀ ਖੁਸ਼ਬੂਦਾਰ ਧੂਫ਼ ਅਤੇ ਅਖਰੋਟ ਦੇ ਦਰਖਤ ਉਗਾਏ ਜਾਂਦੇ ਹਨ। ਘੋੜੇ ਪਾਲਣ ਦਾ ਕਿੱਤਾ ਵੀ ਆਮ ਹੈ। ਇਸ ਤੋਂ ਬਗੈਰ ਇਥੇ ਗਲੀਚੇ ਬਣਵਾਉਣ ਅਤੇ ਚੰਮੜਾ ਤਿਆਰ ਕਰਨ ਉਦਯੋਗ ਵੀ ਕਾਫ਼ੀ ਉਨੱਤ ਹੈ।

ਹ. ਪੁ. –ਐਨ. ਬ੍ਰਿ. ਮਾ. 4 : 55

ਧਮਾਰ : ਸ਼ਹਿਰ—ਦੱਖਣ-ਕੇਂਦਰ ਯਮਨ ਵਿਚ ਇਸੇ ਹੀ ਨਾਂ ਦੇ ਪ੍ਰਾਂਤ ਦਾ ਰਾਜਧਾਨੀ ਸ਼ਹਿਰ ਹੈ ਜਿਹੜਾ ਸਮੁੰਦਰੀ ਤਲ ਤੋਂ 2400 ਮੀ. (8000 ਫੁੱਟ) ਦੀ ਉਚਾਈ ਤੇ ਦੋ ਜਵਾਲਾਮੁੱਖੀ ਚੋਟੀਆਂ ਵਿਚਕਾਰ ਇਕ 19 ਕਿ. ਮੀ. ਚੌੜੀ ਵਾਦੀ ਵਿਚ ਵਾਕਿਆ ਹੈ। ਸਥਾਨਕ ਰਵਾਇਤ ਅਨੁਸਾਰ ਇਥੋਂ ਦੀਆਂ ਕਈ ਥਾਵਾਂ ਅੰਜੀਲੀ ਕਾਲ ਵਿਚ ਬਣੀਆਂ ਸਨ। ਇਤਿਹਾਸ ਵਿਚ ਇਸ ਸ਼ਹਿਰ ਬਾਰੇ ਸਭ ਤੋਂ ਪਹਿਲਾਂ ਜ਼ਿਕਰ 1179-1229 ਈ. ਦੇ ਦੌਰਾਨ, ਅਰਬ ਦੇ ਭੂਗੋਲਵੇਤਾ ਅਤੇ ਭਾਸ਼ਾ-ਵਿਗਿਆਨੀ ਯਾਕੂਤ (Yakut) ਦੀ ਲਿਖਤ ਵਿਚ ਮਿਲਦਾ ਹੈ ਜਿਸ ਨੇ ਇਥੋਂ ਦੀਆਂ ਖੂਬਸੂਰਤ ਸਰਕਾਰੀ ਇਮਾਰਤਾਂ ਅਤੇ ਆਲੇ-ਦੁਆਲੇ ਦੇ ਦਿਹਾਤੀ ਜ਼ਰਖੇਜ਼ ਇਲਾਕੇ ਦਾ ਵਰਣਨ ਕੀਤਾ ਹੈ।

ਇਹ ਇਸਲਾਮ ਦੇ ਜ਼ਯਦੀ ਨਾਂ ਦੇ ਇਕ ਫ਼ਿਰਕੇ ਦਾ ਪ੍ਰਮੁੱਖ ਧਾਰਮਕ ਕੇਂਦਰ ਸੀ। ਇਹ ਫਿਰਕਾ ਕਈ ਸਦੀਆਂ ਤਕ ਯਮਨ ਵਿਚ ਹਾਵੀ ਰਿਹਾ, ਇਹ ਇਸਲਾਮੀ ਅਧਿਆਤਮਕ ਵਿਚਾਰਧਾਰਾ ਦਾ ਵੀ ਪ੍ਰਸਿੱਧ ਗੜ੍ਹ ਰਿਹਾ ਹੈ। ਸੰਨ 1944 ਤਕ ਇਥੋਂ ਦੇ ਸ਼ਸਕੀ ਪ੍ਰਬੰਧ ਦੇ ਪੁਨਰਗਠਤ ਹੋਣ ਤੀਕ ਇਸ ਉਪਰ ਅਲ ਵਜ਼ੀਰ ਨਾਂ ਦੇ ਇਕ ਸ਼ਾਹੀ ਘਰਾਣੇ ਦੇ ਅਮੀਰਾਂ ਦਾ ਹੀ ਅਧਿਕਾਰ ਰਿਹਾ। ਸੰਨ 1949 ਵਿਚ ਇਹ ਸਾਨ ਪ੍ਰਾਂਤ ਦੇ ਅਧੀਨ ਚਲਾ ਗਿਆ ਪਰ 1976 ਈ. ਵਿਚ ਇਸ ਨੂੰ ਮੁੜ ਧਮਾਰ ਪ੍ਰਾਂਤ ਦੇ ਅਧੀਨ ਕਰ ਦਿੱਤਾ ਗਿਆ।

ਬਾਗਾਂ ਦੀ ਇਕ ਪੱਟੀ ਇਸ ਸ਼ਹਿਰ ਨੂੰ ਦੋ ਹਿੱਸਿਆਂ ਵਿਚ ਵੰਡਦੀ ਹੈ। ਇਥੇ ਵਿਸ਼ੇਸ਼ ਕਿਸਮ ਦੀਆਂ ਕਈ ਯਮਨੀ ਬਹੁ ਮੰਜ਼ਲੀਆਂ ਇਮਾਰਤਾਂ ਵੀ ਹਨ ਪਰ ਵਧੇਰੇ ਕਰਕੇ ਇਮਾਰਤਾਂ ਇਕ-ਮੰਜ਼ਲੀਆਂ ਹਨ ਜਿਹੜੀਆਂ ਕਿ ਗਾਰੇ ਅਤੇ ਕੱਚੀਆਂ ਇੱਟਾਂ ਦੀਆਂ ਬਣੀਆਂ ਹੋਈਆਂ ਹਨ। ਸ਼ਹਿਰ ਵਿਚ ਕਈ ਆਲੀਸ਼ਾਨ ਮਸਜਿਦਾਂ ਹਨ। ਇਹ ਆਲੇ-ਦੁਆਲੇ ਦੇ ਅਨਾਜ ਪੈਦਾ ਕਰਨ ਵਾਲੇ ਜ਼ਰਾਇਤੀ ਖੇਤਰਾਂ ਦਾ ਪ੍ਰਮੁੱਖ ਕੇਂਦਰ ਹੈ। ਇਥੇ ਕਈ ਪੁਰਾਣੇ ਦਸਤਕਾਰੀ ਉਦਯੋਗ ਵੀ ਸਥਾਪਿਤ ਹਨ। ਇਹ ਵਧੀਆ ਘੋੜਿਆਂ ਦੀ ਨਸਲਕਸ਼ੀ ਲਈ ਮਸ਼ਹੂਰ ਹੈ।

ਆਬਾਦੀ –39, 195 (1980)

14° 96′ ਉ. ਵਿਥ.; 44° 23′ ਪੂ. ਲੰਬ.

ਹ. ਪੁ. –ਐਨ. ਬ੍ਰਿ. ਮਾ. 4 : 55

ਧਮਿਆਲ : ਪਾਕਿਸਤਾਨ ਦੇ ਪੰਜਾਬ ਪ੍ਰਾਂਤ ਦੇ ਰਾਵਲਪਿੰਡੀ ਜ਼ਿਲ੍ਹੇ ਅਤੇ ਤਹਿਸੀਲ ਦਾ ਇਹ ਇਕ ਇਤਿਹਾਸਕ ਪਿੰਡ ਹੈ ਜੋ ਰਾਵਲਪਿੰਡੀ ਸ਼ਟੇਸ਼ਨ ਤੋਂ 5 ਕਿ. ਮੀ. (ਲ. 3 ਮੀਲ) ਦੱਖਣ-ਪੱਛਮ ਵੱਲ ਵਾਕਿਆ ਹੈ। ਅੱਜਕੱਲ੍ਹ ਇਹ ਰਾਵਲਪਿੰਡੀ ਸ਼ਹਿਰ ਦਾ ਹੀ ਉਪ-ਨਗਰ ਬਣ ਗਿਆ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਮਾਤਾ ਸਾਹਿਬ ਕੌਰ ਜੀ ਨੇ ਇਥੋਂ ਦੇ ਹੀ ਵਸਨੀਕਾਂ ਰੋਚਾਰਾਮ ਅਤੇ ਅਨਾਰ ਸਿੰਘ ਨੂੰ ਆਨੰਦਪੁਰ ਸਾਹਿਬ ਵਿਖੇ ਸੇਵਾ ਕਰਦਿਆਂ ਵੇਖਿਆ ਸੀ ਅਤੇ ਪ੍ਰਸੰਨ ਹੋ ਕੇ ਉਨ੍ਹਾਂ ਨੂੰ ਆਪਣੇ ਤਿੱਲੇਦਾਰ ਜੋੜੇ ਬਖ਼ਸ਼ੇ ਸਨ। ਇਨ੍ਹਾਂ ਜੋੜਿਆਂ ਦਾ ਇਕ-ਇਕ ਪੈਰ ਉਨ੍ਹਾਂ ਦੀ ਹੀ ਸੰਤਾਨ ਕੋਲ ਰਿਹਾ ਹੈ। ਗੁਰੂ ਸਾਹਿਬ ਦਾ ਜੋੜਾ 11 ਇੰਚ ਲੰਬਾ ਅਤੇ ਮਾਤਾ ਜੀ ਦਾ ਜੋੜਾ 9 ਇੰਚ ਲੰਬਾ ਸੀ। ਇਸ ਤੋਂ ਇਲਾਵਾ ਭਾਈ ਸੁੱਖਣ ਵੀ ਇਸੇ ਪਿੰਡ ਦਾ ਇਕ ਖੱਤਰੀ ਸੀ ਜਿਹੜਾ ਕਿ ਪਹਿਲਾਂ ਦੁਰਗਾ ਦੇਵੀ ਦਾ ਭਗਤ ਹੁੰਦਾ ਸੀ ਪਰ ਤੀਜੇ ਗੁਰੂ ਅਮਰਦਾਸ ਜੀ ਦੀ ਸੇਵਾ ਵਿਚ ਆਉਂਦਿਆਂ ਸਾਰ ਹੀ ਇਕ ਗੁਰਮੁੱਖ ਸਿੱਖ ਬਣਿਆ। ਗੁਰੂ ਸਾਹਿਬ ਨੇ ਉਸ ਨੂੰ ਪ੍ਰਚਾਰਕ ਦੇ ਰੂਪ ਵਿਚ ਮੰਜੀ ਦੀ ਬਖਸ਼ਿਸ਼ ਕੀਤੀ। ਉਸ ਨੇ ਪੋਠੋਹਾਰ ਦੇ ਇਲਾਕੇ ਵਿਚ ਸਿੱਖੀ ਦਾ ਕਾਫ਼ੀ ਪ੍ਰਚਾਰ ਕੀਤਾ।

ਹ. ਪੁ. –ਮ. ਕੋ. 601

ਧਮੋਟ : ਇਹ ਭਾਰਤ ਦੇ ਪੰਜਾਬ ਰਾਜ ਦੇ ਜ਼ਿਲ੍ਹਾ ਲੁਧਿਆਣਾ ਦੀ ਪਾਇਲ ਤਹਿਸੀਲ ਦਾ ਇਕ ਪਿੰਡ ਹੈ ਜਿਹੜਾ ਚਾਵਾ ਪਾਇਲ ਰੇਲਵੇ ਲਾਈਨ ਦੇ ਦੱਖਣ-ਪੱਛਮ ਵੱਲ 13 ਕਿ. ਮੀ. ਦੀ ਦੂਰੀ ਦੇ ਵਾਕਿਆ ਹੈ। ਪਿੰਡ ਦੇ ਨਜ਼ਦੀਕ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਗੁਰਦੁਆਰਾ ਹੈ। ਗੁਰੂ ਸਾਹਿਬ ਪਿੰਡ ਘੁਢਾਣੀ ਤੋਂ ਸੈਰ ਕਰਨ ਲਈ ਆਏ ਇਥੇ ਠਹਿਰੇ ਹੋਏ ਸਨ। ਪਿੰਡ ਦੀ ਬਹੁਤ ਵਸੋਂ ਗਿੱਲ ਗੋਤ ਦੇ ਜੱਟਾਂ ਦੀ ਹੈ।

ਹ.ਪੁ. –ਮ. ਕੋ. 661

ਧਰਨਗਾਉਂ : ਭਾਰਤ ਦੇ ਮਹਾਰਾਸ਼ਟਰ ਰਾਜ ਵਿਚ ਜਲਗਾਉਂ ਜ਼ਿਲ੍ਹੇ ਦਾ ਇਕ ਸ਼ਹਿਰ ਹੈ ਜਿਹੜਾ ਜਲਗਾਉਂ-ਅਮਲਨੇਰ

ਰੇਲ ਮਾਰਗ ਤੇ ਵਾਕਿਆ ਹੈ। ਪਹਿਲਾਂ ਇਹ ਸ਼ਹਿਰ ਭੀਲ ਕੌਰ ਦਾ ਸਦਰ ਮੁਕਾਮ ਹੁੰਦਾ ਸੀ। ਮਰਾਠਾ ਹਕੂਮਤ ਅਧੀਨ ਇਥੇ ਭੀਲਾਂ ਦਾ ਕਾਫੀ ਖ਼ੂਨ-ਖ਼ਰਾਬਾ ਕੀਤਾ ਗਿਆ ਸੀ ਜਿਨ੍ਹਾ ਨੇ ਪਹਿਲਾਂ ਕਈ ਮੌਕਿਆਂ ਉਤੇ ਇਸ ਸ਼ਹਿਰ ਦੀ ਕਾਫੀ ਲੁਟ-ਖਸੁਟ ਕੀਤੀ ਸੀ। ਸੰਨ 1674 ਵਿਚ ਇਥੇ ਅੰਗਰੇਜ਼ਾਂ ਨੇ ਇਕ ਫੈਕਟਰੀ ਲਗਾਈ। ਇਸ ਤੋਂ ਅਗਲੇ ਸਾਲ ਅਤੇ ਫਿਰ 1679 ਈ. ਵਿਚ ਸ਼ਿਵਾ ਜੀ ਨੇ ਇਸ ਸ਼ਹਿਰ ਦੀ ਲੁਟਮਾਰ ਕੀਤੀ। ਇਸ ਸਮੇਂ ਇਹ ਸ਼ਹਿਰ ਆਪਣੇ ਆਲੇ - ਦੁਆਲੇ ਦੀ ਸਭ ਤੋਂ ਵੱਧ ਪ੍ਰਫੁਲਤ ਮੰਡੀ ਹੁੰਦਾ ਸੀ। ਛੇ ਸਾਲਾਂ ਬਾਅਦ 1685 ਈ. ਵਿਚ ਇਸ ਸ਼ਹਿਰ ਨੂੰ ਸੰਭਾ ਜੀ ਨੇ ਲੁਟਿਆ ਅਤੇ ਸ਼ਹਿਰ ਨੂੰ ਅੱਗ ਲਗਾ ਦਿੱਤੀ। ਸੰਨ 1818 ਵਿਚ ਇਸ ਉੱਤੇ ਅੰਗਰੇਜ਼ਾਂ ਦਾ ਕਬਜ਼ਾ ਹੋ ਗਿਆ। ਇਥੇ ਹੀ ਲੈਫ਼ਟੀਨੈਂਟ ਔਟਰਮ ਨੂੰ 1825 ਈ. ਤੋਂ 1830 ਈ. ਤਕ ਭੀਲਾਂ ਦੀ ਫ਼ੌਜੀ ਸਿਖਲਾਈ ਲਈ ਨਿਯੁਕਤ ਕੀਤਾ ਗਿਆ। ਸੰਨ 1866 ਵਿਚ ਇਥੇ ਮਿਉਂਸਪਲਟੀ ਦੀ ਸਥਾਪਨਾ ਹੋਈ।

ਸ਼ੁਰੂ ਵਿਚ ਇਥੇ ਕਪਾਹ ਅਤੇ ਤੇਲ ਦੇ ਬੀਜਾਂ ਦਾ ਵਪਾਰ ਕੀਤਾ ਜਾਂਦਾ ਸੀ। ਕੁਝ ਸਮੇਂ ਤਕ ਇਹ ਕਾਗਜ਼ ਅਤੇ ਕੱਪੜੇ ਦਾ ਵੱਡਾ ਉਦਯੋਗਿਕ ਕੇਂਦਰ ਵੀ ਰਿਹਾ ਸੀ ਪਰ ਬਾਅਦ ਵਿਚ ਕਾਗਜ਼ ਦੇ ਕਾਰਖ਼ਾਨੇ ਬੰਦ ਹੋ ਗਏ ਅਤੇ ਮੋਟੇ ਖਰਵੇ ਕੱਪੜੇ ਬੁਣਨ ਦਾ ਕੰਮ ਚਾਲੂ ਰਿਹਾ। ਸੰਨ 1885 ਵਿਚ ਇਥੇ ਸਰਕਾਰੀ ਤੌਰ ਤੇ ਕਪਾਹ ਵੇਲਣ ਵਾਲੀਆਂ ਫੈਕਟਰੀਆਂ ਲਗਾਈਆਂ ਗਈਆਂ। ਇਥੇ ਵਿਦਿਆ ਅਤੇ ਸਿਹਤ ਸੇਵਾਵਾਂ ਵੀ ਮੁਹਈਆ ਕੀਤੀਆਂ ਗਈਆ ਹਨ।

ਆਬਾਦੀ-32, 972 (1991)

21° 1′ ਉ. ਵਿਥ.;75°16′ ਪੂ. ਲੰਬ.

ਹ. ਪੁ.-ਇੰਪ. ਗ. ਇੰਡ. 11 : 297

ਧਰਨੀਦਾਸ : ਸਤਾਰਵੀਂ ਸਦੀ ਦੇ ਇਸ ਪ੍ਰਸਿੱਧ ਸੰਤ ਕਵੀ ਦਾ ਜਨਮ ਬਿਹਾਰ ਰਾਜ ਦੇ ਛਪਰਾ ਜ਼ਿਲ੍ਹੇ ਦੇ ਪਿੰਡ ਮਾਂਝੀ ਵਿਖੇ ਹੋਇਆ। ਇਸ ਦੇ ਜਨਮ ਕਾਲ ਬਾਰੇ ਵੱਖੋ ਵੱਖਰੇ ਵਿਦਵਾਨਾਂ ਦੇ ਵੱਖੋ ਵੱਖਰੇ ਮੱਤ ਹਨ। ਕੁਝ ਵਿਦਵਾਨਾਂ ਅਨੁਸਾਰ ਇਸ ਦਾ ਜਨਮ 1616 ਈ. ਵਿਚ ਹੋਇਆ। ਸੰਤ ਰਾਮਾਨੰਦ ਦੀ ਗੁਰੂ ਪਰੰਪਰਾ ਦੀ ਅੱਠਵੀਂ ਪੀੜ੍ਹੀ ਦੇ ਸੰਤ ਸਵਾਮੀ ਵਿਨੋਦਾਨੰਦ ਇਸ ਦੇ ਗੁਰੂ ਸਨ। ਇਸ ਕਵੀ ਦੀਆਂ 'ਸ਼ਬਦ ਪ੍ਰਕਾਸ਼', 'ਰਤਨਾਵਲੀ' ਅਤੇ 'ਪ੍ਰੇਮਪ੍ਰਗਾਸ' ਤਿੰਨ ਰਚਨਾਵਾਂ ਮਿਲਦੀਆਂ ਹਨ। ਇਨ੍ਹਾਂ ਰਚਨਾਵਾਂ ਵਿਚ ਅਵਧੀ ਅਤੇ ਭੋਜਪੁਰੀ ਭਾਸ਼ਾ ਦਾ ਪ੍ਰਯੋਗ ਕੀਤਾ ਗਿਆ ਹੈ। ਇਸ ਦੀ ਰਚਨਾ ਪ੍ਰੇਮਪ੍ਰਗਾਸ ਵਿਚ ਸੂਫ਼ੀਆਂ ਦੀ ਪ੍ਰੇਮਾਖਿਆਨਕ ਸ਼ੈਲੀ ਵਿਚ ਲਿਖੀ ਇਕ ਪ੍ਰੇਮ ਕਥਾ ਅਰਥਾਤ ਪ੍ਰਾਨਪਤਿ ਅਤੇ ਪ੍ਰਾਨਪਤੀ ਦੀ ਪ੍ਰੇਮ ਕਥਾ ਦਾ ਵਰਣਨ ਹੈ। 'ਰਤਨਾਵਲੀ' ਪੁਸਤਕ ਵਿਚ ਗੁਰੂ ਪਰੰਪਰਾ ਦਾ ਵਰਣਨ ਹੈ ਅਤੇ ਕੁਝ ਸੰਤਾਂ ਦਾ ਬ੍ਰਿਤਾਂਤ ਵੀ ਦਿੱਤਾ ਗਿਆ ਹੈ। ਇਸ ਦੀਆਂ ਰਚਨਾਵਾਂ ਵਿਚ ਲੋਕ ਜੀਵਨ ਦੀ ਰੌਚਕਤਾ ਮਿਲਦੀ ਹੈ। ਇਸੇ ਕਰਕੇ ਮੱਧਕਾਲ ਦੇ ਸੰਤ ਕਵੀਆਂ ਵਿਚੋਂ ਇਸ ਦਾ ਵਿਸ਼ੇਸ਼ ਥਾਂ ਹੈ। 40 ਸਾਲ ਦੀ ਉਮਰ ਵਿਚ ਅਰਥਾਤ 1656 ਵਿਚ ਇਸ ਸੰਤ ਕਵੀ ਦੀ ਮੌਤ ਹੋ ਗਈ।

ਹ. ਪੁ. -ਹਿ. ਵਿ. ਕੋ. 6 : 167; ਚ. ਕੋ. 226; ਹਿੰ. ਸਾ. ਕੋ. 2 : 254

ਧਰਮ ਉਪਦੇਸ਼ ਮੰਚ : ਪੱਛਮੀ ਚਰਚ ਉਸਾਰੀ ਕਲਾ ਵਿਚ ਇਹ ਗਿਰਜੇ ਦਾ ਇਕ ਉੱਚਾ ਘਿਰਿਆ ਹੋਇਆ ਮੰਚ ਹੁੰਦਾ ਹੈ ਜਿਸ ਉਤੇ ਖੜ੍ਹੇ ਹੋ ਕੇ ਪਾਦਰੀ ਧਰਮ ਉਪਦੇਸ਼ ਦਿੰਦੇ ਹਨ। ਇਸ ਦਾ ਆਰੰਭ ਸ਼ਾਇਦ 9ਵੀਂ ਸਦੀ ਵਿਚ ਹੋਇਆ ਜਦੋਂ ਈਸਾਈ ਗਿਰਜਿਆਂ ਵਿਚ ਐਂਬੋ ਨਾਂ ਦੇ ਦੋ ਡੈਸਕ ਲਗਾਏ ਜਾਣੇ ਸ਼ੁਰੂ ਕੀਤੇ ਗਏ। ਇਕ ਡੈਸਕ ਬਾਈਬਲ ਪੜ੍ਹੇ ਜਾਣ ਲਈ ਅਤੇ ਦੂਜਾ ਧਾਰਮਕ ਚਿੱਠੀਆਂ ਪੜ੍ਹੇ ਜਾਣ ਲਈ ਵਰਤਿਆ ਜਾਂਦਾ ਸੀ। ਪਹਿਲੇ ਡੈਸਕ ਨੂੰ ਖ਼ੂਬ ਸਜਾਇਆ ਜਾਂਦਾ ਸੀ। ਅੱਗੇ ਚਲ ਕੇ 13ਵੀਂ ਸਦੀ ਵਿਚ ਪਹਿਲਾਂ ਇਟਲੀ ਦੇ ਗਿਰਜਿਆਂ ਵਿਚ ਆਧੁਨਿਕ ਧਰਮ ਉਪਦੇਸ਼ ਮੰਚਾਂ ਦੀ ਸਥਾਪਨਾ ਹੋਈ। ਸੂਲੀਨੁਮਾ ਬਣੇ ਚਰਚ ਵਿਚ ਵੇਦੀ ਪੂਰਬੀ ਸਿਰੇ ਤੇ ਅਤੇ ਮੰਚ ਉੱਤਰੀ ਬਾਹੀ ਵਾਲੇ ਪਾਸੇ ਹੁੰਦੀ ਹੈ। ਮੱਧ ਯੁਗ ਤੋਂ ਇਹ ਮੰਚ ਆਮ ਤੌਰ ਤੇ ਗੋਲ ਜਾਂ ਬਹੁਕੋਣੀ ਆਕਾਰ ਵਿਚ ਥਮਲਿਆਂ ਤੇ ਬਣੇ ਹੁੰਦੇ ਸਨ। ਥੋੜ੍ਹੀਆਂ ਜਿਹੀਆਂ ਪੌੜੀਆਂ ਚੜ੍ਹਕੇ ਇਹ ਅਕਸਰ ਛੇ ਕੋਣੀ ਜਾਂ ਅੱਠ ਕੋਣੀ ਆਕਾਰ ਵਿਚ ਹੁੰਦੇ ਹਨ। ਮੰਚ ਦੇ ਸਿਰ ਤੇ ਛੱਤ ਜਾਂ ਛਤਰ ਜਿਹਾ ਹੁੰਦਾ ਹੈ ਜਿਸ ਨੂੰ ਬੜਾ ਸਜਾਇਆ ਗਿਆ ਹੁੰਦਾ ਹੈ।

ਬਰਤਾਨਵੀ ਮੰਚ ਆਮ ਤੌਰ ਤੇ ਦੋ ਜਾਂ ਤਿੰਨ ਮੰਜ਼ਲੇ ਹੁੰਦੇ ਹਨ। ਇਸ ਵਿਚ ਸਭ ਤੋਂ ਹੇਠਲੀ ਮੰਜ਼ਲ ਨੂੰ ਉਪ-ਪਾਦਰੀ ਲਈ, ਵਿਚਕਾਰਲੀ ਮੰਜ਼ਲ ਨੂੰ ਰੀਡਿੰਗ- ਡੈਸਕ ਲਈ ਅਤੇ ਤੀਜੀ ਨੂੰ ਪ੍ਰਵਚਨਾਂ ਲਈ ਵਰਤਿਆ ਜਾਂਦਾ ਹੈ। 17ਵੀਂ ਸਦੀ ਦੇ ਸ਼ੁਰੂ ਵਿਚ ਇੰਗਲੈਂਡ ਦੇ ਹਰ ਪਾਦਰੀ ਖੇਤਰ ਦੇ ਚਰਚਾਂ ਵਿਚ ਧਰਮ ਉਪਦੇਸ਼ ਮੰਚ ਦਾ ਹੋਣਾ ਲਾਜ਼ਮੀ ਕਰਾਰ ਦਿੱਤਾ ਗਿਆ। ਮੰਚ ਵੱਖਰੇ ਵੱਖਰੇ ਆਕਾਰ ਦੇ ਅਤੇ ਵੱਖੋ ਵੱਖ ਸਮਗਰੀ-ਅਰਥਾਤ ਲੱਕੜ-ਲੋਹਾ ਜਾਂ ਪੱਥਰ ਦੇ ਬਣਾਏ ਹੁੰਦੇ ਹਨ।

ਹ. ਪੁ. -ਐਨ. ਅਮੈ. 22 : 808; ਐਨ. ਬ੍ਰਿ. ਮਾ. 8 : 299.

ਧਰਮ ਸੰਸਦ : ਚਰਚ ਆਫ਼ ਇੰਗਲੈਂਡ ਦੇ ਕੈਂਟਰਬਰੀ ਅਤੇ ਯਾਰਕ ਨਾਮੀ ਦੋ ਪ੍ਰਾਂਤ ਹਨ। ਇਨ੍ਹਾਂ ਦੋਹਾਂ ਪ੍ਰਾਂਤਾਂ ਦੇ ਪੁਰੋਹਿਤਾਂ ਦੀ ਆਪਣੀ-ਆਪਣੀ ਸਭਾ ਹੁੰਦੀ ਹੈ ਜਿਸ ਨੂੰ ਧਰਮ ਸੰਸਦ ਕਿਹਾ ਜਾਂਦਾ ਹੈ। ਹਰ ਧਰਮ ਸੰਸਦ ਵਿਚ ਉੱਚ ਸਦਨ (ਅਪਰ ਹਾਊਸ) ਅਤੇ ਹੇਠਲਾ ਸਦਨ (ਲੋਅਰ ਹਾਊਸ) ਹੁੰਦਾ ਹੈ। ਉੱਚ ਸਦਨ ਦੇ ਮੈਂਬਰ ਬਿਸ਼ਪ ਹੁੰਦੇ ਹਨ ਜਦੋਂ ਕਿ ਹੇਠਲੇ ਸਦਨ ਵਿਚ ਸਾਧਾਰਣ ਪੁਰੋਹਿਤਾਂ ਦੇ ਪ੍ਰਤਿਨਿਧੀ ਸ਼ਾਮਲ ਹੁੰਦੇ ਹਨ। ਕੈਂਟਰਬਰੀ ਅਤੇ ਯਾਰਕ ਦੇ ਆਰਚਬਿਸ਼ਪ ਰਾਜੇ ਦੀ ਆਗਿਆ ਨਾਲ ਧਰਮ ਸੰਸਦ ਦਾ ਸੰਮੇਲਨ ਬੁਲਾਉਂਦੇ ਹਨ ਅਤੇ ਇਸ ਵਿਚ ਉਨ੍ਹਾਂ ਵਿਸ਼ਿਆਂ ਬਾਰੇ ਹੀ ਚਰਚਾ ਕੀਤੀ ਜਾਂਦੀ ਹੈ ਜਿਨ੍ਹਾਂ ਬਾਰੇ ਰਾਜੇ ਤੋਂ ਆਗਿਆ ਮਿਲ ਚੁੱਕੀ ਹੋਵੇ।

16ਵੀਂ ਅਤੇ 17ਵੀਂ ਸਦੀ ਵਿਚ ਇਨ੍ਹਾਂ ਧਰਮ ਸੰਸਦਾਂ ਨੇ ਚਰਚ ਆਫ ਇੰਗਲੈਂਡ ਦੇ ਸੰਗਠਨ ਵਿਚ ਮਹੱਤਵਪੂਰਨ ਯੋਗਦਾਨ ਪਾਇਆ। ਸੰਨ 1661 ਵਿਚ ਧਰਮ ਸੰਸਦ ਰਾਹੀਂ 'ਬੁੱਕ ਆੱਫ ਕਾਮਨ ਪ੍ਰੇਅਰ' ਦਾ ਸੰਸ਼ੋਧਨ ਕੀਤਾ ਗਿਆ। ਅੱਜਕੱਲ੍ਹ ਧਰਮ ਸੰਸਦ ਸਮੇਂ-ਸਮੇਂ ਤੇ ਮਿਲ ਕੇ ਧਰਮ ਸਬੰਧੀ ਵਿਸ਼ਿਆਂ ਤੇ ਚਰਚਾ ਕਰਦੇ ਹਨ।

ਸੰਨ 1620 ਵਿਚ ਇੰਗਲੈਂਡ ਦੀ ਲੋਕ ਸਭਾ ਨੇ 'ਚਰਚ ਆਫ਼ ਇੰਗਲੈਂਡ (ਅਸੈਂਬਲੀ) ਪਾਵਰਜ਼ ਐਕਟ', ਨਾਮੀ ਬਿੱਲ ਪਾਸ ਕੀਤਾ ਜਿਸ ਰਾਹੀਂ ਚਰਚ ਆਫ਼ ਇੰਗਲੈਂਡ ਦੀ ਅਸੈਂਬਲੀ ਹੋਂਦ ਵਿਚ ਆਈ। ਇਸ ਅਸੈਂਬਲੀ ਦੇ ਤਿੰਨ ਸਦਨ ਹਨ- (1) ਹਾਊਸ ਆਫ਼ ਬਿਸ਼ਪਸ (ਇਸ ਵਿਚ ਕੈਂਟਰਬਰੀ ਅਤੇ ਯਾਰਕ ਦੇ ਉੱਚ ਸਦਨ ਸ਼ਾਮਲ ਹਨ)। (2) ਹਾਊਸ ਆਫ਼ ਕਲੈਰਜੀ (ਕੈਂਟਰਬਰੀ ਅਤੇ ਯਾਰਕ ਦੇ ਹੇਠਲੇ ਸਦਨ)। (3) ਹਾਊਸ ਆਫ਼ ਲੇਰੀ (ਕੈਂਟਰਬਰੀ ਅਤੇ ਯਾਰਕ ਦੇ ਧਰਮ ਪ੍ਰਾਂਤਾਂ ਦੀ ਜਨਤਾ ਦੇ ਪ੍ਰਤਿਨਿਧੀ ਇਸ ਦੇ ਮੈਂਬਰ ਹੁੰਦੇ ਹਨ)।

ਹ. ਪੁ. -ਹਿੰ. ਵਿ. ਕੋ. 6 : 173

ਧਰਮ ਸੰਘ : ਇਹ ਉਹ ਸੰਸਥਾ ਹੈ ਜਿਸ ਦੇ ਮੈਂਬਰ ਜੀਵਨ ਭਰ ਲਈ ਗ਼ਰੀਬੀ ਅਤੇ ਚਰਚ ਰਾਹੀਂ ਬਣਾਏ ਗਏ ਨਿਯਮਾਂ ਅਨੁਸਾਰ ਆਗਿਆ ਪਾਲਣ ਦਾ ਵਰਤ ਲੈਂਦੇ ਹਨ। ਇਸ ਵਿਚ ਆਮ ਤੌਰ ਤੇ 18-20 ਸਾਲ ਦੀ ਉਮਰ ਦੇ ਵਿਅਕਤੀ ਸ਼ਾਮਲ ਹੁੰਦੇ ਹਨ। ਇਕ ਜਾਂ ਦੋ ਸਾਲ ਤਕ ਨਵਾਂ ਚੇਲਾ ਬਣਿਆ ਰਹਿਣ ਉਪਰੰਤ ਇਹ ਤਿੰਨ

ਸਾਲ ਤਕ ਵਰਤ ਲੈਂਦਾ ਹੈ ਅਤੇ ਇਸ ਮੁਹਲਤ ਦੇ ਅੰਤ ਤਕ ਜੇਕਰ ਸੰਘ ਅਤੇ ਮੈਂਬਰ ਦੋਹਾਂ ਵੱਲੋਂ ਹੀ ਸਤੁੰਸ਼ਟੀ ਹੋਵੇ ਤਾਂ ਧਰਮ ਸੰਘੀ ਜੀਵਨ ਭਰ ਲਈ ਤਿੰਨ ਵਰਤ ਲੈਂਦੇ ਹਨ। ਇਨ੍ਹਾਂ ਸੰਘਾਂ ਦਾ ਚਾਹੇ ਧਾਰਮਿਕ ਵਿਸ਼ਵਾਸ ਇਕ ਹੁੰਦਾ ਹੈ ਪਰ ਇਨ੍ਹਾਂ ਸਭ ਦੀ ਉਪਾਸਨਾ ਦਾ ਢੰਗ ਅਲੱਗ ਅਲੱਗ ਹੁੰਦਾ ਹੈ। ਵੈਨੇਦਿਕਤੀ ਸੰਘ ਵਿਚ ਈਸ਼ਵਰ ਦੀ ਪੂਜਾ ਕਰਨ ਦਾ, ਫ਼ਰਾਂਸਿਸਕੀ ਸੰਘ ਵਿਚ ਗਰੀਬੀ ਦਾ, ਦੋਮਿਨਿਕੀ ਸੰਘ ਵਿਚ ਪ੍ਰਾਰਥਨਾ ਅਤੇ ਵਿਦਿਆ ਦਾ ਅਤੇ ਜੈਸੁਇਟ ਸੰਘ ਵਿਚ ਆਗਿਆ ਪਾਲਨ ਤੇ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ।

ਰੋਮਨ ਕੈਥੋਲਿਕ ਚਰਚ, ਪੂਰਬੀ ਚਰਚ ਅਤੇ ਐਂਗਲੀਕਨ ਸੰਪ੍ਰਦਾਵਾਂ ਵਿਚ ਇਸ ਤਰ੍ਹਾਂ ਦੇ ਧਰਮ ਸੰਘ ਹਨ। ਰੋਮਨ ਕੈਥੋਲਿਕ ਧਰਮ ਵਿਚ ਸਭ ਤੋਂ ਵੱਧ ਧਰਮ ਸੰਘ ਹੁੰਦੇ ਹਨ। ਦੂਜੇ ਮਹਾਂਯੁੱਧ ਉਪਰੰਤ ਕੁਝ ਪ੍ਰੋਟੈਸਟੈਂਟ ਸੰਪ੍ਰਦਾਵਾਂ ਵਿਚ ਧਰਮ ਸੰਘ-ਵਰਗੀਆਂ ਸੰਸਥਾਵਾਂ ਹੋਂਦ ਵਿਚ ਆਈਆਂ। ਇਨ੍ਹਾਂ ਸੰਸਥਾਵਾਂ ਦੇ ਮੈਂਬਰ ਆਪਣੀਆਂ ਆਪਣੀਆਂ ਸੰਪ੍ਰਦਾਵਾਂ ਵਲੋਂ ਚਲਾਏ ਗਏ ਸਿੱਖਿਆ ਕੇਂਦਰਾਂ, ਮਿਸ਼ਨਾਂ ਅਤੇ ਹਸਪਤਾਲਾਂ ਆਦਿ ਵਿਚ ਸੇਵਾ ਕਰਦੇ ਹਨ।

ਹ. ਪੁ. - ਹਿੰ. ਵਿ. ਕੋ. 6 : 172

ਧਰਮ ਸ਼ਾਸਤਰ : ਇਹ ਕਾਨੂੰਨਾਂ ਦੀ ਪੁਸਤਕ ਜਾਂ ਕਾਨੂੰਨਾਂ ਦੀ ਸੰਘਤਾ ਜਾਂ ਸਮਾਜ ਦੇ ਸ਼ਾਸ਼ਨ ਬਾਰੇ ਨੀਤੀ ਅਤੇ ਸਦਾਚਾਰ ਸਬੰਧੀ ਨਿਯਮਾਂ ਦਾ ਗ੍ਰੰਥ ਹੈ। ਕਿਸੇ ਜਨ ਸਮੂਹ ਦੇ ਉਚਿਤ ਆਚਾਰ (ਵਿਵਹਾਰ ਅਤੇ ਵਰਤੋਂ ਦੇ ਨਿਯਮ) ਵਿਵਹਾਰ (ਰਾਜ ਪ੍ਰਬੰਧ) ਦਾ ਅਜਿਹਾ ਪ੍ਰਬੰਧ ਜੋ ਕਿਸੇ ਮਹਾਤਮਾ ਜਾਂ ਆਚਾਰੀਆ (ਗਿਆਨਵਾਨ ਵਿਅਕਤੀ) ਵਲੋਂ ਹੋਣ ਕਾਰਨ ਮੰਨਿਆ ਜਾਂਦਾ ਹੈ। ਇਸ ਸ਼ਬਦ ਵਿਚ ਸਮੁੱਚੇ ਹਿੰਦੂ ਵਿਧਾਨ ਸ਼ਾਸ਼ਤਰਾਂ ਨੂੰ ਲਿਆ ਜਾਂਦਾ ਹੈ ਪਰ ਇਹ ਪਦ ਵਿਸ਼ੇਸ਼ ਕਰਕੇ ਮਨੂੰ, ਯਾਗਵਲਕ ਤੇ ਹੋਰ ਇਲਹਾਮ (ਰੱਬੀ ਵਰਤਾਰੇ ਦੇ ਸਬੰਧ ਵਿਚ ਅਗਾਊਂ ਜਾਣਕਾਰੀ) ਪ੍ਰਾਪਤ ਮੁਨੀਆਂ (ਸੰਤਾਂ ਫਕੀਰਾਂ) ਦੇ ਵਿਧਾਨਾਂ ਨਾਲ ਵਧੇਰੇ ਸਬੰਧਤ ਹੈ ਜਿਨ੍ਹਾਂ ਨੇ ਪਹਿਲਾਂ ਸਿਮ੍ਰਤੀਆਂ ਨੂੰ ਦੈਵੀ ਸੋਮੇਂ ਤੋਂ ਪ੍ਰਾਪਤ ਕੀਤਾ। ਆਮ ਤੌਰ ਤੇ ਇਨ੍ਹਾਂ ਗ੍ਰੰਥਾਂ ਦੇ ਤਿੰਨ ਭਾਗ ਹਨ :—

1. ਆਚਾਰ (ਵਰਤੋਂ ਵਿਹਾਰ ਦੇ ਨਿਯਮ)
2. ਵਯਵਹਾਰ (ਰਾਜ ਪ੍ਰਬੰਧ)
3. ਪ੍ਰਾਯਸ਼ਚਿੱਤ (ਦੰਡ, ਪਛਤਾਵਾ)

ਇਲਹਾਮੀ ਸ਼ਾਸ਼ਤਰਕਾਰਾਂ ਦੀ ਗਿਣਤੀ ਅਠਾਰਾਂ ਮੰਨੀ ਜਾਂਦੀ ਹੈ ਪਰ ਪੁਰਾਤਨ ਸ਼ਾਸ਼ਤਰਕਾਰਾਂ ਦੀ ਗਿਣਤੀ 42 ਤਕ ਵੀ ਮਿਲਦੀ ਹੈ। ਮਨੂੰ ਅਤੇ ਯਾਗਵਲਕ ਇਨ੍ਹਾਂ ਸਾਰੇ ਲੇਖਕਾਂ ਦੇ ਸਿਰਮੌਰ ਹਨ। ਇਨ੍ਹਾਂ ਤੋਂ ਪਿਛੋਂ ਅਠਾਰਾਂ ਹੋਰ ਇਲਹਾਮੀ ਮੁਨੀ ਵੀ ਮੰਨੇ ਜਾਂਦੇ ਹਨ ਜਿਹੜੇ ਬੜੇ ਵੱਡੇ ਸ਼ਾਸ਼ਤਰਕਾਰ ਹਨ ਅਤੇ ਉਨ੍ਹਾਂ ਦੀਆਂ ਰਚਨਾਵਾਂ ਸੰਪੂਰਣ ਰੂਪ ਵਿਚ ਜਾਂ ਅੱਧ ਪਚੱਧ ਜਾਂ ਸੰਖਿਪਤ ਰੂਪ ਵਿਚ ਅਜੇ ਵੀ ਮਿਲਦੀਆਂ ਹਨ। ਇਨ੍ਹਾਂ ਮੁਨੀਆਂ ਦੇ ਨਾਂ ਇਹ ਹਨ- ਅਤ੍ਰੀ, ਵਿਸ਼ਨੂੰ, ਹਾਰੀਤ, ਉਸ਼ਨਸ ਅੰਗਿਰਸ, ਯਮ, ਅਪਸਤੰਬ, ਸਮਵਰਤ, ਕਾਤਯਾਯਨ, ਬ੍ਰਿਹਸਪਤੀ, ਪਰਾਸ਼ਰ, ਵਿਆਸ, ਸ਼ੰਖ। ਲਿਖਤੀ ਰੂਪ ਵਿਚ ਜਿਨ੍ਹਾਂ ਦੇ ਸਾਂਝੇ ਗ੍ਰੰਥ ਦਾ ਜ਼ਿਕਰ ਆਮ ਕੀਤਾ ਜਾਂਦਾ ਹੈ ਉਹ ਹਨ-ਦਕਸ਼, ਗੌਤਮ, ਸਾਤਾਤਪ ਅਤੇ ਵਸ਼ਿਸ਼ਠ ਪਰ ਇਨ੍ਹਾਂ ਤੋਂ ਇਲਾਵਾ ਕੁਝ ਹੋਰ ਵੀ ਲੇਖਕ ਹਨ ਜਿਨ੍ਹਾਂ ਦਾ ਇਨ੍ਹਾਂ ਵਿਚ ਕਈਆਂ ਨਾਲੋਂ ਵਧੇਰੇ ਵਰਨਣ ਕੀਤਾ ਜਾਂਦਾ ਹੈ ਜਿਵੇਂ ਨਾਰਦ ਭ੍ਰਿਗੁ, ਮਰੀਚੀ, ਕਸ਼ਯਪ, ਵਿਸ਼ਵਾਮਿੱਤਰ ਅਤੇ ਧੋਮਯ। ਇਨ੍ਹਾਂ ਵਿਚੋਂ ਕੁਝ ਸ਼ਾਸ਼ਤਰਕਾਰਾਂ ਦੀਆਂ ਰਚਨਾਵਾਂ ਵੱਖੋ ਵੱਖਰੇ ਰੂਪਾਂ ਵਿਚ ਪ੍ਰਕਾਸ਼ਿਤ ਹੋ ਚੁੱਕੀਆਂ ਹਨ ਅਤੇ ਵਰਣਨਾਤਮਕ ਉਪਾਧੀਆਂ ਜਿਵੇਂ ਵ੍ਰਿੱਧ, 'ਪ੍ਰਾਚੀਨ, ਬ੍ਰਿਹਤ 'ਮਹਾਨ' ਅਤੇ ਲਘੂ 'ਛੋਟੀ' ਨਾਲ ਇਨ੍ਹਾਂ ਦਾ ਸੰਕੇਤ ਵੀ ਦਿੱਤਾ ਜਾਂਦਾ ਹੈ।

ਹ. ਪੁ. -ਫ਼ਿ. ਮਿ. ਕੋ. 302-303; ਹਿੰ. ਸ਼. ਸਾ. 5 : 2442; ਹਿੰ. ਵਿ.ਕੋ. 6 : 172

ਧਰਮਸ਼ਾਲਾ : ਇਹ ਉਹ ਪਾਵਨ ਅਸਥਾਨ ਹੈ ਜਿਥੇ ਕਿਸੇ ਵੀ ਧਰਮ ਨੂੰ ਮੰਨਣ ਵਾਲੇ ਲੋਕ ਰਲ ਕੇ ਆਪਣੇ ਇਸ਼ਟ ਦੀ ਉਪਾਸਨਾ ਕਰਦੇ ਹਨ। ਹਰ ਪਿੰਡ ਨਗਰ ਵਿਚ ਪੂਜਾ ਪਾਠ ਲਈ ਕੋਈ ਭਵਨ ਬਣਾਇਆ ਹੁੰਦਾ ਹੈ। ਧਰਮਸ਼ਾਲਾ ਸਾਂਝਾ ਜਿਹਾ ਨਾਂ ਹੈ ਜਿਹੜਾ ਹਿੰਦੂਆਂ ਤੇ ਸਿੱਖਾਂ ਦੋਹਾਂ ਦੇ ਪੂਜਾ ਅਸਥਾਨਾਂ ਲਈ ਵਰਤਿਆ ਜਾਂਦਾ ਹੈ। ਵੈਸੇ ਹਿੰਦੂ ਆਪਣੇ ਪੂਜਾ ਅਸਥਾਨ ਨੂੰ ਮੰਦਰ ਤੇ ਸਿੱਖ ਗੁਰਦੁਆਰਾ ਕਹਿੰਦੇ ਹਨ। ਲੋਕ ਧਾਰਨਾ ਅਨੁਸਾਰ ਜਿਥੇ ਕਿਸੇ ਦੈਵੀ ਵਿਅਕਤੀ ਦੇ ਚਰਨ ਪੈ ਜਾਣ ਜਾਂ ਜਿਥੇ ਕੋਈ ਧਰਮ ਗ੍ਰੰਥ, ਦੇਵ ਮੂਰਤੀ ਆਦਿ ਰੱਖੀ ਜਾਵੇ ਉਹ ਸਥਾਨ ਪਵਿੱਤਰ ਹੋ ਜਾਂਦਾ ਹੈ। ਗੁਰਬਾਣੀ ਵਿਚ ਲਿਖਿਆ ਹੈ : 'ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ, ਇਸ ਲਈ ਜਿਥੇ ਕਿਧਰੇ ਗੁਰੂ ਵਿਅਕਤੀਆਂ ਜਾਂ ਭਗਤਾਂ ਨੇ ਚਰਨ ਪਾਏ ਉਥੇ ਮਗਰੋਂ ਧਰਮਸ਼ਾਲਾ ਉਸਾਰ ਲਈਆਂ ਗਈਆਂ।

ਇਸ ਤੋਂ ਇਲਾਵਾ ਧਾਰਮਕ ਜਾਂ ਦਾਨ ਅਰਥ ਉਦੇਸ਼ ਲਈ ਬਣਾਏ ਗਏ ਭਵਨ ਨੂੰ ਵੀ ਧਰਮਸ਼ਾਲਾ ਕਿਹਾ ਜਾਂਦਾ ਹੈ। ਇਸ ਵਿਚ ਬਿਨਾਂ ਕਿਰਾਏ ਤੋਂ ਹੀ ਮੁਸਾਫਿਰਾਂ ਨੂੰ ਠਹਿਰਾਇਆ ਜਾਂਦਾ ਹੈ। ਭਾਰਤ ਵਿਚ ਧਰਮਸ਼ਾਲਾ ਕਈ ਤਰ੍ਹਾਂ ਦੇ ਹਨ ਜਿਵੇਂ ਕਈ ਵਾਰ ਇਨ੍ਹਾਂ ਵਿਚ ਚੌਰਸ ਇਹਾਤਾ, ਚਾਰੋਂ ਪਾਸੇ ਖੁਲ੍ਹਾ ਅਤੇ ਇਕ ਦਰਵਾਜ਼ਾ ਹੁੰਦਾ ਹੈ ਅਤੇ ਕਈ ਵਾਰ ਆਲੇ ਦੁਆਲੇ ਦੀਆਂ ਕੰਧਾਂ ਦੇ ਅੰਦਰ ਅਤੇ ਬਾਹਰ ਛੋਟੇ ਕਮਰੇ ਹੁੰਦੇ ਹਨ। ਧਰਮ ਕਮਾਉਣ ਦੀ ਥਾਂ ਨੂੰ ਵੀ ਧਰਮਸ਼ਾਲਾ ਕਿਹਾ ਜਾਂਦਾ ਹੈ।

ਹ. ਪੁ. -ਮ. ਕੋ.; ਪੰ. ਲੋ. ਵਿ. ਕੋ. 1577

ਧਰਮਸ਼ਾਲਾ : ਉੱਤਰ-ਪੱਛਮੀ ਭਾਰਤ ਦੇ ਹਿਮਾਚਲ ਪ੍ਰਦੇਸ਼ ਰਾਜ ਵਿਚ, ਜ਼ਿਲ੍ਹਾ ਕਾਂਗੜਾ ਦਾ ਪ੍ਰਸ਼ਾਸਕੀ ਸਦਰ ਮੁਕਾਮ ਅਤੇ ਇਕ ਸਿਹਤ ਆਫ਼ਜ਼ਾ ਸਥਾਨ ਹੈ। ਇਹ ਸ਼ਹਿਰ ਹਿਮਾਲਾ ਪਰਬਤ ਦੀਆਂ ਹੇਠਲੀਆਂ ਧੌਲਾਧਾਰ ਪਹਾੜੀਆਂ ਦੀਆਂ ਢਲਾਣਾਂ ਉੱਤੇ ਬਹੁਤ ਹੀ ਰਮਣੀਕ ਨਜ਼ਾਰੇ ਵਿਚਕਾਰ ਵਸਿਆ ਹੋਇਆ ਹੈ। ਇਹ ਕਾਂਗੜਾ ਸ਼ਹਿਰ ਦੇ ਉੱਤਰ-ਪੂਰਬ ਵਿਚ 25 ਕਿ. ਮੀ. (16 ਮੀਲ) ਦੇ ਫ਼ਾਸਲੇ ਤੇ ਹੈ।

ਆਰੰਭ ਵਿਚ ਇਹ ਸ਼ਹਿਰ ਕਾਂਗੜਾ ਵਿਖੇ ਤਾਇਨਾਤ ਫ਼ੌਜਾਂ ਦੀ ਇਕ ਸਹਾਇਕ ਛਾਉਣੀ ਹੁੰਦੀ ਸੀ। ਇਸ ਥਾਂ ਨੂੰ 1849 ਈ. ਵਿਚ ਜਦੋਂ ਕਾਂਗੜੇ ਜ਼ਿਲ੍ਹੇ ਵਿਚ ਖੜੀ ਕੀਤੀ ਜਾ ਰਹੀ ਇਕ ਦੇਸੀ ਰੈਜਮੈਂਟ ਨੂੰ ਠਹਿਰਾਉਣ ਲਈ ਇਕ ਛਾਉਣੀ ਦੀ ਲੋੜ ਪਈ ਤਾਂ ਪਹਿਲੀ ਵਾਰ ਇਸ ਨੂੰ ਇਕ ਫ਼ੌਜੀ ਅੱਡੇ ਵਜੋਂ ਮੱਲਿਆ ਗਿਆ ਇਸ ਮੰਤਵ ਲਈ ਧੌਲਾਧਾਰ ਦੀਆਂ ਢਲਾਣਾਂ ਉੱਤੇ ਪੈਂਦੀ ਇਕ ਬੰਜਰ ਜਿਹੀ ਜ਼ਮੀਨ ਦਾ ਪਤਾ ਲਗਾਇਆ ਗਿਆ। ਉਸ ਸਮੇਂ ਇਸ ਸਥਾਨ ਉੱਤੇ ਹਿੰਦੂ ਯਾਤਰੀਆਂ ਦੇ ਠਹਿਰਨ ਲਈ ਇਕ ਪੁਰਾਣੀ ਧਰਮਸ਼ਾਲਾ ਬਣੀ ਹੋਈ ਹੁੰਦੀ ਸੀ ਜਿਸ ਤੋਂ ਨਵੀਂ ਛਾਉਣੀ ਦਾ ਨਾਂ ਵੀ ਧਰਮਸ਼ਾਲਾ ਪੈ ਗਿਆ।

ਛਾਉਣੀ ਵਿਚ ਰਹਿਣ ਵਾਲੇ ਸੈਨਿਕਾਂ ਨੂੰ ਵੇਖ ਕੇ ਅਤੇ ਸੁਹਣੇ ਵਾਤਾਵਰਣ ਦੀ ਖਿੱਚ ਕਾਰਨ ਕਈ ਹੋਰ ਸਰਕਾਰੀ ਅਫ਼ਸਰਾਂ ਨੇ ਵੀ ਇਥੇ ਆਪਣੇ ਘਰ ਬਣਾ ਲਏ। ਇਸ ਤਰ੍ਹਾਂ ਥੋੜ੍ਹੇ ਹੀ ਸਾਲਾਂ ਵਿਚ ਧਰਮਸ਼ਾਲਾ ਛਾਉਣੀ ਤੇ ਨਾਲ ਪੂਰਾ ਸ਼ਹਿਰ ਵੱਸ ਗਿਆ। ਸੰਨ

1855 ਵਿਚ ਇਸ ਨਵੇਂ ਸਥਾਨ ਨੂੰ ਰਸਮੀ ਤੌਰ ਤੇ ਜ਼ਿਲ੍ਹੇ ਦਾ ਸਦਰ-ਮੁਕਾਮ ਬਣਾ ਦਿੱਤਾ ਗਿਆ। ਸੰਨ 1867 ਵਿਚ ਇਥੇ ਮਿਉਂਸਪਲਟੀ ਸਥਾਪਿਤ ਕੀਤੀ ਗਈ।

ਇਹ ਸ਼ਹਿਰ ਦੋ ਹਿੱਸਿਆਂ ਵਿਚ ਵਸਿਆ ਹੋਇਆ ਹੈ। ਇਕ ਉਪਰਲਾ ਧਰਮਸ਼ਾਲਾ ਜਿਹੜਾ 2100 ਮੀ. (7112 ਫੁੱਟ) ਦੀ ਉਚਾਈ ਤੇ ਅਤੇ ਦੂਜਾ ਹੇਠਲਾ ਧਰਮਸ਼ਾਲਾ ਜਿਹੜਾ 1332 ਮੀ. (4500 ਫੁੱਟ) ਦੀ ਉਚਾਈ ਤੇ ਸਥਿਤ ਹੈ। ਉਪਰਲੇ ਧਰਮਸ਼ਾਲਾ ਸ਼ਹਿਰ ਵਿਚ ਯੂਰਪੀ ਅਧਿਕਾਰੀਆਂ ਦੇ ਮਕਾਨ, ਗਿਰਜੇ, ਅਧਿਕਾਰੀਆਂ ਦਾ ਮੈੱਸ, ਬਾਗ਼, ਡਾਕਘਰ ਅਤੇ ਦੋ ਬਾਜ਼ਾਰ ਹੁੰਦੇ ਸਨ। ਸੰਨ 1905 ਵਿਚ ਆਏ ਭੂਚਾਲ ਨਾਲ ਇਨ੍ਹਾਂ ਵਿਚੋਂ ਕਾਫ਼ੀ ਇਮਾਰਤਾਂ ਤਬਾਹ ਹੋ ਗਈਆਂ ਸਨ ਜਿਨ੍ਹਾਂ ਵਿਚੋਂ ਕੁਝ ਮੁਰੰਮਤ ਯੋਗ ਨੂੰ ਫਿਰ ਉਸਾਰਿਆ ਗਿਆ ਅਤੇ ਨਵੇਂ ਸਿਰਿਉਂ ਸ਼ਹਿਰ ਦੀ ਉਸਾਰੀ ਹੋਈ।

ਧਰਮਸ਼ਾਲਾ ਸ਼ਹਿਰ ਦੇ ਹੇਠਲੇ ਹਿੱਸੇ ਵਿਚ ਪਹਿਲੀ ਗੋਰਖਾ ਰੈਜਮੈਂਟ ਦੇ ਰਿਹਾਇਸ਼ੀ ਬੰਗਲੇ ਅਤੇ ਕੁਝ ਹੋਰ ਘਰ ਸਨ। ਸ਼ਹਿਰ ਦੇ ਦੋਵੇ ਹਿੱਸੇ ਕਈ ਸੜਕਾਂ ਤੇ ਰਸਤਿਆਂ ਰਾਹੀਂ ਜੁੜੇ ਹੋਏ ਹਨ। ਉਪਰਲੇ ਧਰਮਸ਼ਾਲਾ ਵਾਲੇ ਖੇਤਰ ਵਿਚ ਪਹਾੜੀ ਦੇ ਨਾਲ-ਨਾਲ ਸਮਾਂਤਰ ਲਾਈਨਾਂ 'ਚ ਤਿੰਨ ਸੜਕਾਂ ਬਣੀਆਂ ਹੋਈਆਂ ਹਨ। ਇਨ੍ਹਾਂ ਵਿਚੋਂ ਸਭ ਤੋਂ ਹੇਠਲੀ ਪੱਧਰੀ ਸੜਕ 'ਮਾਲ ਰੋਡ' ਅਖਵਾਉਂਦੀ ਹੈ ਜਿਹੜੀ ਕਿ ਸਰਕਾਰੀ ਬਾਗ਼ਾਂ ਤੇ ਗੋਰਖਿਆਂ ਦੇ ਮੈੱਸ ਤੋਂ ਸ਼ੁਰੂ ਹੋ ਕੇ ਮੈਕਲਿਓਡਗੰਜ ਬਾਜ਼ਾਰ ਤਕ ਕਰੀਬ 3.2 ਕਿ. ਮੀ. (2 ਮੀਲ) ਲੰਬੀ ਹੈ।

ਸ਼ਹਿਰ ਦੇ ਆਲੇ-ਦੁਆਲੇ ਬਲੂਤ ਦੇ ਜੰਗਲ ਹਨ ਜਿਨ੍ਹਾਂ ਦੇ ਉਪਰਲੇ ਪਾਸੇ ਚੀਲ ਨਾਲ ਢੱਕੇ ਪਹਾੜ ਬਹੁਤ ਹੀ ਖ਼ੂਬਸੂਰਤ ਨਜ਼ਾਰਾ ਪੇਸ਼ ਕਰਦੇ ਹਨ। ਇਥੇ ਬਾਰਸ਼ ਬਹੁਤ ਹੁੰਦੀ ਹੈ ਅਤੇ ਵਾਤਾਵਰਣ ਖਾਸ ਤੌਰ ਤੇ ਤਿੰਨ ਮਹੀਨੇ ਸਿੱਲ੍ਹਾ ਰਹਿੰਦਾ ਹੈ। ਇਥੇ ਗੈਸੀ ਪਾਣੀ ਬੋਤਲਾਂ ਵਿਚ ਭਰਿਆ ਜਾਂਦਾ ਹੈ ਅਤੇ ਇਸ ਦੇ ਨੇੜੇ ਹੀ ਖਾਣਾਂ ਵਿਚੋਂ ਪੱਥਰ ਕੱਢਿਆ ਜਾਂਦਾ ਹੈ। ਸੰਨ 1959 ਵਿਚ ਦਲਾਈਲਾਮਾ ਨੂੰ ਤਿੱਬਤ ਵਿਚੋਂ ਜਲਾਵਤਨ ਕਰ ਦਿੱਤਾ ਗਿਆ ਅਤੇ ਉਸ ਵੇਲੇ ਤੋਂ ਹੀ ਉਹ ਇਸੇ ਸ਼ਹਿਰ ਵਿਚ ਹੀ ਰਹਿ ਰਿਹਾ ਹੈ।

ਆਬਾਦੀ-17, 493 (1991)

32°15′ ਉ. ਵਿਥ.; 76°11′ ਪੂ. ਲੰਬ.

ਹ. ਪੁ. -ਐਨ. ਬ੍ਰਿ. ਮਾ. 4 : 57 ; ਇੰਪ. ਗ. ਇੰਡ. 11 : 301

ਧਰਮ ਸਿੰਘ (ਭਾਈ) : ਇਹ ਗੁਰੂ ਗੋਬਿੰਦ ਸਿੰਘ ਜੀ ਦੇ ਪੰਜ ਪਿਆਰਿਆਂ ਵਿਚੋਂ ਇਕ ਅਤੇ ਖਾਲਸਾ ਪੰਥ ਦੇ ਮੋਢੀਆਂ ਵਿਚੋਂ ਸੀ। ਇਸ ਦਾ ਜਨਮ 1666 ਈ. ਵਿਚ ਹਸਤਨਾਪੁਰ ਵਿਖੇ ਮਾਈ ਸਾਬੋ ਦੀ ਕੁਖੋਂ ਭਾਈ ਸੰਤ ਰਾਮ ਦੇ ਘਰ ਹੋਇਆ। ਇਸ ਦਾ ਪਹਿਲਾਂ ਨਾਂ ਧਰਮ ਦਾਸ ਸੀ। ਛੋਟੇ ਹੁੰਦਿਆਂ ਹੀ ਇਹ ਇਕ ਸਿੱਖ ਦੀ ਸੰਗਤ ਕਰਨ ਲਗ ਪਿਆ ਜਿਸ ਨੇ ਇਸ ਨੂੰ ਸਿੱਖ ਗੁਰੂਆਂ ਦੀਆਂ ਸਿਖਿਆਵਾਂ ਸਿਧਾਤਾਂ ਤੋਂ ਜਾਣੂ ਕਰਵਾਇਆਂ। ਤੀਹ ਸਾਲਾਂ ਦੀ ਉਮਰ ਵਿਚ ਇਸ ਨੇ ਸਿੱਖੀ ਲਈ ਘਰ ਛੱਡ ਦਿਤਾ। ਇਹ ਗੁਰੂ ਨਾਨਕ ਦੇਵ ਜੀ ਦੀ ਯਾਦ ਵਿਚ ਬਣੇ ਗੁਰਦੁਆਰਾ 'ਨਾਨਕ ਪਿਆਓ' ਵਿਖੇ ਗਿਆ ਜਿਥੇ ਇਸ ਨੂੰ ਗੁਰੂ ਗੋਬਿੰਦ ਸਿੰਘ ਜੀ ਕੋਲ ਅਨੰਦਪੁਰ ਜਾਣ ਲਈ ਪ੍ਰੇਰਣਾ ਮਿਲੀ ਅਤੇ ਇਹ 1698 ਈ. ਵਿਚ ਅਨੰਦਪੁਰ ਆ ਪਹੁੰਚਿਆ। ਕੁਝ ਮਹੀਨਿਆਂ ਬਾਅਦ ਵੈਸਾਖੀ ਦੇ ਮੌਕੇ ਤੇ ਗੁਰੂ ਸਾਹਿਬ ਨੇ ਖਾਲਸਾ ਪੰਥ ਦੀ ਸਾਜਨਾ ਲਈ ਇਕੱਠ ਵਿਚੋਂ ਸੀਸ ਭੇਟ ਲਈ ਵੰਗਾਰਿਆ। ਇਹ ਉਨ੍ਹਾਂ ਪੰਜਾਂ ਸਿੱਖਾਂ ਵਿਚੋਂ ਸੀ ਜਿਹੜੇ ਗੁਰੂ ਜੀ ਅੱਗੇ ਸੀਸ ਭੇਟ ਲਈ ਖੜ੍ਹੇ ਹੋਏ। ਗੁਰੂ ਜੀ ਨੇ ਇਨ੍ਹਾਂ ਪੰਜਾਂ ਨੂੰ ਥਾਪੜਾ ਦਿੱਤਾ ਤੇ ਅੰਮ੍ਰਿਤ ਛਕਾ ਕੇ 'ਖਾਲਸਾ ਪੰਥ' ਦੀ ਸਾਜਨਾ ਕੀਤੀ। ਇਸ ਨੇ ਅਨੰਦਪੁਰ ਦੀ ਲੜਾਈ ਵਿਚ ਹਿੱਸਾ ਲਿਆ। ਜਦੋਂ ਗੁਰੂ ਜੀ ਨੇ ਅਨੰਦਪੁਰ ਤੇ ਬਾਅਦ ਵਿਚ ਚਮਕੌਰ ਨੂੰ ਛੱਡਿਆ ਉਸ ਵੇਲੇ ਵੀ ਇਹ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਸੀ। ਇਹ ਗੁਰੂ ਜੀ ਦੀ ਚਿੱਠੀ (ਜ਼ਫਰਨਾਮਾ) ਔਰੰਗਜ਼ੇਬ ਨੂੰ ਪਹੁੰਚਾਉਣ ਲਈ ਭਾਈ ਦਿਆ ਸਿੰਘ ਦੇ ਨਾਲ ਗਏ। ਨੰਦੇੜ ਵਿਖੇ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਵੇਲੇ 7 ਅਕਤੂਬਰ, 1708 ਈ. ਵਿਚ ਇਹ ਗੁਰੂ ਜੀ ਕੋਲ ਸੀ। ਭਾਈ ਧਰਮ ਸਿੰਘ ਜੀ ਦੀ ਵੀ 1708 ਈ. ਨੂੰ ਨੰਦੇੜ ਵਿਖੇ ਹੀ ਮੌਤ ਹੋ ਗਈ। ਇਥੇ ਹੀ ਭਾਈ ਧਰਮ ਸਿੰਘ ਅਤੇ ਭਾਈ ਦਇਆ ਸਿੰਘ ਜੀ ਦੀ ਯਾਦ ਵਿਚ ਗੁਰਦੁਆਰਾ ਬਣਿਆ ਹੋਇਆ ਹੈ।

ਹ. ਪੁ.- ਐਨ. ਆਫ ਸਿੱਖੀ-ਡਾ. ਹਰਬੰਸ ਸਿੰਘ ; ਪੰ. : 572 ; ਪੰ. ਸੰਦ ਕੋ.-ਡਾ. ਜੱਗੀ; ਮ. ਕੋ

ਧਰਮ ਸਿੰਘ : ਭਾਰਤ ਦੇ ਇਸ ਸੁਤੰਤਰਤਾ ਸੰਗਰਾਮੀ ਦਾ ਜਨਮ ਪੰਜਾਬ ਦੇ ਜਿਲ੍ਹਾ ਜਲੰਧਰ ਦੇ ਪਿੰਡ ਸਰਨਪੁਰ ਵਿਖੇ ਹੋਇਆ। ਇਸ ਦੇ ਪਿਤਾ ਦਾ ਨਾਂ ਸ. ਵਰਿਆਮ ਸਿੰਘ ਸੀ। ਇਹ ਇੰਡੀਅਨ ਆਰਮੀ ਦੀ ਪੰਜਾਬ ਰੈਜਮੈਂਟ ਵਿਚ ਸਿਪਾਹੀ ਭਰਤੀ ਹੋਇਆ ਪਰ ਦੇਸ਼ ਪਿਆਰ ਦੇ ਜਜ਼ਬੇ ਹੇਠ ਇਹ ਨੌਕਰੀ ਛੱਡ ਕੇ ਸਿੰਗਾਪੁਰ ਜਾ ਕੇ ਇੰਡੀਅਨ ਨੈਸ਼ਨਲ ਆਰਮੀ ਵਿਚ ਭਰਤੀ ਹੋ ਗਿਆ। ਇਸ ਨੇ ਬਰਮਾ ਵਿਖੇ ਬਰਤਾਨਵੀ ਫੌਜ਼ਾਂ ਨਾਲ ਲੜਦਿਆਂ ਸ਼ਹੀਦੀ ਪਾਈ।

ਹ. ਪੁ. -ਹੂ. ਜ਼. ਹੂ. ਇੰਡ. ਮਾ . : 92

ਧਰਮ ਸਿੰਘ : ਬੱਬਰ ਅਕਾਲੀ ਲਹਿਰ ਦਾ ਇਹ ਸਰਗਰਮ ਘੁਲਾਟੀਆ ਪੰਜਾਬ (ਭਾਰਤ) ਦੇ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਪਿੰਡ ਹਿਆਤਪੁਰ ਰੁੜਕੀ ਦਾ ਜੰਮਪਲ ਸੀ। ਇਸ ਦਾ ਪਿਤਾ ਸ੍ਰ. ਸੁੰਦਰ ਸਿੰਘ ਇਕ ਸਾਧਾਰਣ ਕਿਸਾਨ ਸੀ। ਉਸ ਸਮੇਂ ਦੇ ਗੜਬੜ ਵਾਲੇ ਹਾਲਾਤ ਦਾ ਅਸਰ ਧਰਮ ਸਿੰਘ ਉਪਰ ਵੀ ਹੋਣੋ ਨਾ ਰਹਿ ਸਕਿਆ ਜਿਸ ਦੇ ਫਲਸਰੂਪ ਇਹ ਬੱਬਰ ਅਕਾਲੀ ਲਹਿਰ ਵਿਚ ਸ਼ਾਮਲ ਹੋ ਗਿਆ ਅਤੇ ਪੂਰੀ ਸਰਗਰਮੀ ਨਾਲ ਪਾਰਟੀ ਦੇ ਕੰਮ ਕਰਨ ਲੱਗਾ। ਜੁਲਾਈ, 1923 ਵਿਚ ਇਹ ਪੁਲਿਸ ਦੇ ਹੱਥ ਆ ਗਿਆ ਤੇ ਇਸ ਉਪਰ ਕਤਲ ਅਤੇ ਵੱਢਾ ਕੱਟੀ ਦੇ ਦੋਸ਼ ਲਗਾ ਕੇ ਮੌਤ ਦੀ ਸਜ਼ਾ ਦਿੱਤੀ ਗਈ। 27 ਫ਼ਰਵਰੀ, 1926 ਨੂੰ ਲਾਹੌਰ ਵਿਖੇ ਸੈਂਟਰਲ ਜੇਲ੍ਹ ਅੰਦਰ ਇਸ ਨੂੰ ਸ਼ਹੀਦ ਕਰ ਦਿੱਤਾ ਗਿਆ।

ਹ. ਪੁ. -ਹੂ. ਜ਼. ਹੂ. ਇੰਡ. ਮਾ. : 93

ਧਰਮਕੋਟ : ਭਾਰਤ ਦੇ ਪੰਜਾਬ ਰਾਜ ਵਿਚ ਜ਼ਿਲ੍ਹਾ ਫਿਰੋਜ਼ਪੁਰ ਦੀ ਤਹਿਸੀਲ ਜ਼ੀਰਾ ਦਾ ਇਹ ਇਕ ਕਸਬਾ ਹੈ ਜਿਹੜਾ ਫਿਰੋਜ਼ਪੁਰ ਸ਼ਹਿਰ ਦੇ ਪੂਰਬ ਵਿਚ 65 ਕਿ. ਮੀ. (ਲ. 40 ਮੀਲ) ਅਤੇ ਜ਼ੀਰੇ ਤੋਂ 22 ਕਿ. ਮੀ. ਦੇ ਫ਼ਾਸਲੇ ਤੇ ਵਾਕਿਆ ਹੈ। ਆਰੰਭ ਵਿਚ ਇਸ ਕਸਬੇ ਦਾ ਨਾਉਂ ਕੋਤਲਪੁਰ ਹੁੰਦਾ ਸੀ ਪਰ 1760 ਈ. ਵਿਚ ਸਿੱਖਾਂ ਦੀ ਡੱਲੇਵਾਲੀਆ ਮਿਸਲ ਦੇ ਸਰਦਾਰ ਤਾਰਾ ਸਿੰਘ ਦੇ ਕਬਜ਼ੇ ਹੇਠ ਆ ਜਾਣ ਪਿਛੋਂ ਇਸ ਦਾ ਨਾਂ ਧਰਮਕੋਟ ਰਖ ਦਿੱਤਾ ਗਿਆ। ਇਸ ਸਮੇਂ ਇਥੇ ਇਕ ਕਿਲਾ ਵੀ ਬਣਵਾਇਆ ਗਿਆ ਜੋ ਹੁਣ ਬਿਲਕੁਲ ਢਹਿ ਚੁੱਕਾ ਹੈ। ਸੰਨ 1867 ਵਿਚ ਇਥੇ ਮਿਉਂਸਪਲਟੀ ਦੀ ਸਥਾਪਨਾ ਹੋਈ। ਇਥੇ ਕਣਕ ਅਤੇ ਝੋਨੇ ਦੀ ਕਾਫ਼ੀ ਚੰਗੀ ਮੰਡੀ ਵੀ ਹੈ। ਇਥੇ ਚਾਵਲ ਕੱਢਣ ਲਈ ਸ਼ੈਲਰ ਵੀ ਲੱਗੇ ਹੋਏ ਹਨ। ਇਥੇ ਇਕ ਹਾਈ ਸਕੂਲ, ਇਕ ਕੋ-ਐਜੂਕੇਸ਼ਨਲ ਪ੍ਰਾਈਵੇਟ ਕਾਲਜ, ਪਸ਼ੂਆਂ ਦਾ ਹਸਪਤਾਲ, ਸਬਸੀਡਿਰੀ ਹੈਲਥ ਸੈਂਟਰ ਅਤੇ ਪੋਸਟ ਆਫ਼ਿਸ,

ਗੌਰਮਿੰਟ ਇਡੰਸਟਰੀਅਲ ਸਕੂਲ ਫ਼ਾਰ ਗਰਲਜ਼ ਵੀ ਸਥਾਪਤ ਹਨ। ਇਥੇ ਪਸ਼ੂਆਂ ਦੀ ਮੰਡੀ ਵੀ ਲਗਦੀ ਹੈ। ਇਥੇ ਇਕ ਸਹਿਕਾਰੀ ਮਾਰਕਿਟਿੰਗ ਸੁਸਾਇਟੀ ਵੀ ਹੈ। ਇਥੇ ਪੰਚਾਇਤ ਸੰਮਤੀ ਦਾ ਇਕ ਰੈਸਟ ਹਾਊਸ ਵੀ ਹੈ।

ਆਬਾਦੀ – 11, 975 (1991)

30°57′ ਉ. ਵਿਥ. ; 75°14′ ਪੂ. ਲੰਬ.

ਹ. ਪੁ. –ਇੰਪ. ਗ. ਇੰਡ. 11 : 300

ਧਰਮ ਜੈਗੜ੍ਹ : ਇਹ ਭਾਰਤ ਦੇ ਛੱਤੀਸਗੜ੍ਹ ਰਾਜ ਵਿਚ ਰਾਏਗੜ੍ਹ ਜ਼ਿਲ੍ਹੇ ਦਾ ਇਕ ਕਸਬਾ ਹੈ ਜੋ ਮੰਡ ਦਰਿਆ ਉੱਤੇ ਵਾਕਿਆ ਹੈ। ਪਹਿਲਾਂ ਇਹ ਉਦੈਪੁਰ ਨਾਂ ਦੀ ਇਕ ਸਾਬਕਾ ਦੇਸੀ ਰਿਆਸਤ ਦਾ ਸਦਰ-ਮੁਕਾਮ ਹੁੰਦਾ ਸੀ। ਪਹਿਲਾਂ ਇਹ ਰਾਬਕੋਬ ਦੇ ਨਾਂ ਨਾਲ ਜਾਣਿਆ ਜਾਂਦਾ ਸੀ।

ਇਸ ਸਥਾਨ ਦੇ ਦੱਖਣ ਵੱਲ ਲਗਭਗ 1.5 ਕਿ. ਮੀ. ਦੀ ਦੂਰੀ ਤੇ ਉਦੈਪੁਰ ਦੇ ਪਹਿਲੇ ਰਾਜਿਆਂ ਦੀ ਰੈਜ਼ੀਡੈਂਸੀ ਦੇ ਖੰਡਰਾਤ ਮੌਜੂਦ ਹਨ। ਇਥੇ ਹੁਣ ਥੋੜ੍ਹੀਆਂ ਜਿਹੀਆਂ ਕੰਧਾਂ ਅਤੇ ਨੀਹਾਂ ਹੀ ਦਿਸਦੀਆਂ ਹਨ। ਇਸ ਤੋਂ ਇਲਾਵਾ ਇਕ ਸਖ਼ਤ ਚਟਾਨ ਵਿਚ ਬਣੀ ਇਥੇ ਇਕ ਬਾਉਲੀ ਵੀ ਮੌਜੂਦ ਹੈ ਜਿਹੜੀ ਕਿ ਲਗਭਗ 30 ਫੁੱਟ ਵਰਗਾਕਾਰ ਘੇਰੇ ਵਿਚ ਬਣੀ ਹੋਈ ਹੈ। ਇਸ ਦੇ ਕੇਂਦਰ ਵਿਚ ਇਕ ਖੂਹ ਹੈ ਜਿਸ ਦੇ ਅੰਦਰ ਹੇਠਾਂ ਤਕ ਪੌੜੀਆਂ ਬਣੀਆਂ ਹੋਈਆਂ ਹਨ। ਇਥੇ ਇਕ ਪੁਲਿਸ ਸਟੇਸ਼ਨ, ਹਸਪਤਾਲ ਅਤੇ ਡਿਸਪੈਂਸਰੀ ਹੈ।

ਆਬਾਦੀ – 11, 000 (1991)

20°29′ ਉ. ਵਿਥ.; 83°14′ ਪੂ. ਲੰਬ.

ਹ. ਪੁ. – ਇੰਪ. ਗ. ਇੰਡ. 11 : 300

ਧਰਮਦਾਸ : ਇਹ ਭਗਤ ਕਬੀਰ ਜੀ ਦਾ ਪ੍ਰਮੁੱਖ ਚੇਲਾ ਸੀ। ਇਸ ਦੇ ਜਨਮ ਬਾਰੇ ਨਿਸ਼ਚਿਤ ਤੌਰ ਤੇ ਕੁਝ ਨਹੀਂ ਕਿਹਾ ਜਾ ਸਕਦਾ। ਸੰਤ ਸੰਪ੍ਰਦਾਇ ਅਨੁਸਾਰ ਇਹ ਉਮਰ ਵਿਚ ਕਬੀਰ ਜੀ ਤੋਂ ਬਹੁਤ ਛੋਟਾ ਸੀ ਅਤੇ ਇਸ ਦੀ ਮੌਤ ਕਬੀਰ ਜੀ ਦੀ ਮੌਤ ਤੋਂ 25 ਸਾਲ ਬਾਅਦ ਹੋਈ। ਇਸ ਤਰ੍ਹਾਂ ਇਸ ਦਾ ਜੀਵਨ ਕਾਲ 1418 ਈ. ਤੋਂ 1528 ਈ. ਦੇ ਵਿਚਕਾਰ ਮੰਨਿਆ ਜਾਣਾ ਉਚਿਤ ਹੈ। ਇਸ ਨੂੰ ਧਨੀ ਧਰਮਦਾਸ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ।

ਇਸ ਨੇ ਕਬੀਰ ਦੇ ਉਪਦੇਸ਼ਾਂ ਨੂੰ ਸੰਵਾਦ ਜਾਂ ਪ੍ਰਸ਼ਨ ਉੱਤਰ ਰੂਪ ਵਿਚ ਲਿਖ ਕੇ ਬਹੁਤ ਸਾਰੇ ਗ੍ਰੰਥਾਂ ਦੀ ਰਚਨਾ ਕੀਤੀ। ਸ਼ੁਰੂ ਵਿਚ ਇਹ ਮੂਰਤੀ ਪੂਜਾ ਵਿਚ ਵਿਸ਼ਵਾਸ ਰੱਖਦਾ ਸੀ। ਇਸ ਨੇ ਆਪਣੇ ਗ੍ਰੰਥ 'ਅਮਰ ਸੁੱਖ ਨਿਧਾਨ' ਵਿਚ ਆਪਣੀ ਜਾਣ ਪਛਾਣ ਆਪ ਦਿੱਤੀ ਹੈ। ਮਥੁਰਾ ਅਤੇ ਕਾਸ਼ੀ ਵਿਖੇ ਇਸ ਦੀ ਸੰਤ ਕਬੀਰ ਜੀ ਨਾਲ ਮੁਲਾਕਾਤ ਹੋਈ। ਇਹ ਉਨ੍ਹਾਂ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਕਬੀਰ ਪੰਥ ਵਿਚ ਸ਼ਾਮਲ ਹੋ ਗਿਆ। 'ਧਨੀ ਧਰਮਦਾਸ ਦੀ ਬਾਣੀ' ਨਾਮੀ ਪੁਸਤਕ ਇਸ ਦੀਆਂ ਫੁਟਕਲ ਬਾਣੀਆਂ ਦਾ ਸੰਗ੍ਰਹਿ ਹੈ। ਇਸ ਦੀ ਕਾਵਿ ਭਾਸ਼ਾ ਸੁਭਾਵਿਕ ਅਤੇ ਸਰਲ ਹੈ। ਇਸ ਦੀ ਰਚਨਾ ਵਿਚ ਪ੍ਰਤੀਕ ਸ਼ੈਲੀ ਦੇ ਆਉਣ ਨਾਲ ਬਾਰਾਂਮਾਹਾ, ਹੋਲੀ ਅਤੇ ਬਸੰਤ ਵਿਚ ਵੀ ਬਿਰਹ ਅਤੇ ਮਿਲਣ ਦੇ ਕਈ ਪ੍ਰਸੰਗ ਪੇਸ਼ ਕੀਤੇ ਗਏ ਹਨ।

ਕਿਹਾ ਜਾਂਦਾ ਹੈ ਕਿ ਇਸ ਦੀ ਮੌਤ ਪੁਰੀ ਵਿਖੇ ਹੋਈ ਅਤੇ ਉਥੇ ਹੀ ਇਸ ਦੀ ਸਮਾਧ ਬਣਾਈ ਗਈ।

ਹ. ਪੁ. –ਹਿੰ. ਵਿ. ਕੋ. 6 : 167 ; ਹਿੰ. ਸਾ. ਕੋ. 2 : 555.

ਧਰਮ ਨਿਰਪੱਖ ਰਾਜ : ਇਹ ਅੰਗਰੇਜ਼ੀ ਭਾਸ਼ਾ ਦੇ ਸ਼ਬਦ 'ਸੈਕੂਲਰ ਸਟੇਟ' ਦਾ ਪੰਜਾਬੀ ਅਨੁਵਾਦ ਹੈ। ਪਰੰਤੂ ਇਹ ਸ਼ਬਦ ਸੈਕੂਲਰ ਸ਼ਬਦ ਦੇ ਭਾਵ ਨੂੰ ਚੰਗੀ ਤਰ੍ਹਾਂ ਪ੍ਰਗਟ ਨਹੀਂ ਕਰਦਾ। ਰਿਲੀਜਨ ਲਈ ਸਾਡੀ ਭਾਸ਼ਾ 'ਚ ਕੋਈ ਪਰਿਆਇਵਾਚੀ ਸ਼ਬਦ ਨਹੀਂ ਹੈ। ਸੰਪ੍ਰਦਾਇ ਸ਼ਬਦ ਨਾਲ ਰਿਲੀਜਨ ਅਤੇ ਮਜ਼ਬ ਦਾ ਕੰਮ ਨਹੀਂ ਚਲਦਾ ਪਰੰਤੂ ਸੰਪ੍ਰਦਾਇ ਰਿਲੀਜਨ ਸ਼ਬਦ ਦੇ ਜ਼ਿਆਦਾ ਨੇੜੇ ਪ੍ਰਤੀਤ ਹੁੰਦਾ ਹੈ। ਭਾਰਤੀ ਸਾਹਿਤ ਵਿਚ ਧਰਮ ਸ਼ਬਦ ਦਾ ਅਰਥ ਵਿਸਥਾਰ ਨਾਲ ਦਿੱਤਾ ਗਿਆ ਹੈ। ਕਰਤੱਵ, ਆਚਾਰ ਸੰਹਿਤਾ, ਨਿਯਮ, ਰੀਤੀ, ਰਸਮ, ਸੰਪ੍ਰਦਾਇਕ ਆਚਾਰ ਵਿਚਾਰ, ਨੈਤਿਕ ਆਚਰਣ, ਸ਼ਿਸ਼ਟਾਚਾਰ ਆਦਿ 'ਧਰਮ' ਸ਼ਬਦ ਵਿਚ ਹੀ ਸਮਾ ਜਾਂਦੇ ਹਨ। ਧਰਮ ਦਾ ਅਰਥ ਜੀਵਨ-ਪ੍ਰਣਾਲੀ ਵੀ ਮੰਨਿਆ ਗਿਆ ਹੈ।

ਧਰਮ ਨਿਰਪੱਖ ਰਾਜ ਵਿਚ ਇਹੋ ਜਿਹੇ ਰਾਜ ਦੀ ਕਲਪਨਾ ਕੀਤੀ ਗਈ ਹੈ ਜਿਹੜਾ ਸਾਰੇ ਧਰਮਾਂ ਅਤੇ ਸੰਪ੍ਰਦਾਵਾਂ ਦਾ ਬਰਾਬਰ ਆਦਰ ਕਰਦਾ ਹੈ। ਸਾਰਿਆਂ ਨੂੰ ਬਰਾਬਰ ਵਧਣ ਫੁੱਲਣ ਦੇ ਮੌਕੇ ਪ੍ਰਦਾਨ ਕਰਦਾ ਹੈ। ਰਾਜ ਕਿਸੇ ਧਰਮ ਜਾਂ ਵਿਸ਼ੇਸ਼ ਸੰਪ੍ਰਦਾਇ ਦਾ ਪੱਖਪਾਤ ਨਹੀਂ ਕਰਦਾ ਅਤੇ ਨਾ ਹੀ ਕਿਸੇ ਧਰਮ ਨੂੰ ਰਾਜ ਦਾ ਵਿਸ਼ੇਸ਼ ਧਰਮ ਹੋਣ ਦਾ ਐਲਾਨ ਕਰਦਾ ਹੈ। ਦੁਨੀਆਂ ਦੇ ਸਾਰੇ ਮੁਸਲਮਾਨ ਦੇਸ਼ਾਂ ਨੇ ਆਪਣੇ ਆਪ ਨੂੰ ਇਸਲਾਮਕ ਰਾਜ ਹੋਣ ਦਾ ਐਲਾਨ ਕੀਤਾ ਹੈ। ਮਿਆਂਮਾਰ (ਬਰਮਾ) ਨੇ ਆਪਣਾ ਰਾਜ ਧਰਮ 'ਬੁੱਧ ਧਰਮ' ਰੱਖਿਆ ਹੈ।

ਅਕਸਰ ਹੀ ਕਿਸੇ ਦੇਸ਼ ਵਿਚ ਕਿਸੇ ਧਰਮ ਨੂੰ ਬਹੁ ਗਿਣਤੀ ਵਿਚ ਮੰਨਿਆ ਜਾਂਦਾ ਹੈ। ਹਿੰਦੁਸਤਾਨ ਵਿਚ ਹਿੰਦੂ, ਪਾਕਿਸਤਾਨ ਵਿਚ ਮੁਸਲਮਾਨ, ਇਜ਼ਰਾਈਲ ਵਿਚ ਯਹੂਦੀ, ਮਿਆਂਮਾਰ (ਬਰਮਾ), ਥਾਈਲੈਂਡ ਅਤੇ ਸ੍ਰੀ ਲੰਕਾ ਵਿਚ ਬੁੱਧ ਧਰਮ ਨੂੰ ਮੰਨਣੇ ਵਾਲੇ ਲੋਕ ਬਹੁ ਗਿਣਤੀ ਵਿਚ ਰਹਿੰਦੇ ਹਨ। ਇਸੇ ਤਰ੍ਹਾਂ ਯੂਰਪ, ਬਰਤਾਨੀਆ, ਉੱਤਰੀ ਅਤੇ ਦੱਖਣੀ ਅਮਰੀਕਾ, ਆਸਟ੍ਰੇਲੀਆ ਵਿਚ ਈਸਾਈ ਧਰਮ ਨੂੰ ਮੰਨਣ ਵਾਲਿਆਂ ਦੀ ਗਿਣਤੀ ਵੱਧ ਹੈ। ਬਹੁ-ਗਿਣਤੀ ਕਰਕੇ ਹੀ ਇਥੋਂ ਦੇ ਸਾਂਸਕ੍ਰਿਤਕ ਵਾਤਾਵਰਣ ਵਿਚ ਇਥੋਂ ਦੇ ਧਰਮ ਦੀ ਛਾਪ ਲਗਣਾ ਕੁਦਰਤੀ ਹੈ ਪਰੰਤੂ ਕੋਈ ਵੀ ਰਾਜ, ਰਾਜ ਦੇ ਰੂਪ ਵਿਚ ਕਿਸੇ ਵਿਸ਼ੇਸ਼ ਧਰਮ ਤੋਂ ਵੱਖ ਰਹਿ ਸਕਦਾ ਹੈ। ਭਾਰਤ ਦਾ ਵਰਤਮਾਨ ਸੰਵਿਧਾਨ ਅਤੇ ਲੋਕਤੰਤਰੀ ਪ੍ਰਣਾਲੀ ਇਸ ਦੀ ਪ੍ਰਤੱਖ ਉਦਾਹਰਣ ਹੈ।

ਸਹਿਣਸ਼ੀਲਤਾ ਧਰਮ ਨਿਰਪੱਖ ਰਾਜ ਦੀ ਆਧਾਰਸ਼ਿਲਾ ਹੈ। ਭਾਰਤ ਸਨਾਤਨੀ ਸਮੇਂ ਤੋਂ ਧਾਰਮਿਕ ਵਿਸ਼ਿਆਂ ਵਿਚ ਸਹਿਣ-ਸ਼ੀਲਤਾ, ਉਦਾਰਤਾ, ਉਦਾਰ ਵਿਚਾਰਾਂ ਅਤੇ ਨੀਤੀ ਦਾ ਸਹਾਰਾ ਲੈਂਦਾ ਰਿਹਾ ਹੈ। ਇਹ ਧਰਮ ਨਿਰਪੱਖ ਰਾਜ ਦਾ ਇਕ ਪਹਿਲੂ ਕਿਹਾ ਜਾ ਸਕਦਾ ਹੈ। ਇਸ ਨੂੰ ਉਸ ਦਾ ਸੰਪੂਰਨ ਰੂਪ ਨਹੀਂ ਕਿਹਾ ਜਾ ਸਕਦਾ। ਇਸ ਦੇ ਉਲਟ ਸੋਚਣ ਲਈ ਦੇਸ਼ ਦੀ ਰਾਸ਼ਟਰੀਅਤਾ ਦੀ ਥਾਂ ਤੇ ਕਿਸੇ ਵਿਸ਼ੇਸ਼ ਧਰਮ ਦੀ ਰਾਸ਼ਟਰੀਅਤਾ, ਜਿਵੇਂ ਹਿੰਦੂ ਰਾਸ਼ਟਰੀਅਤਾ, ਇਸਾਈ ਰਾਸ਼ਟਰੀਅਤਾ, ਮੁਸਲਮਾਨ ਰਾਸ਼ਟਰੀਅਤਾ, ਸਿੱਖ ਰਾਸ਼ਟਰੀਅਤਾ ਜਾਂ ਬੁੱਧ ਰਾਸ਼ਟਰੀਅਤਾ ਦਾ ਵਿਚਾਰ ਕਰਨਾ ਪਵੇਗਾ। ਇਸ ਤਰ੍ਹਾਂ ਦੀ ਸਥਿਤੀ ਵਿਚ ਭਾਰਤੀ ਰਾਸ਼ਟਰੀਅਤਾ, ਜਰਮਨ ਰਾਸ਼ਟਰੀਅਤਾ, ਅਮਰੀਕਨ ਰਾਸ਼ਟਰੀਅਤਾ ਤਾਂ ਕੇਵਲ ਨਾਮ ਮਾਤਰ ਦੀਆਂ ਚੀਜ਼ਾਂ ਹੀ ਰਹਿ ਜਾਣਗੀਆਂ। ਭਾਰਤ ਵਿਚ ਧਰਮ ਨਿਰਪੱਖ ਰਾਜ ਦਾ ਰੂਪ ਮਹਾਤਮਾ ਗਾਂਧੀ ਦੇ ਲੇਖਾਂ ਅਤੇ ਪ੍ਰਵਚਨਾਂ ਤੋਂ ਮਿਲਦਾ ਹੈ। ਉਹੀ ਵਿਚਾਰ ਵਿਵਹਾਰਕ ਰੂਪ ਵਿਚ ਪੰਡਤ ਜਵਾਹਰ ਲਾਲ ਨਹਿਰੂ ਨੇ ਦਿੱਤੇ।

ਭਾਰਤ ਵਿਚ ਸਾਨੂੰ ਅਜਿਹੀ ਸੱਚੀ ਰਾਸ਼ਟਰੀਅਤਾ ਦਾ ਰੂਪ ਪੈਦਾ ਕਰਨਾ ਚਾਹੀਦਾ ਹੈ ਜਿਸ ਨਾਲ ਸਾਡੇ ਦੇਸ਼ ਦੇ ਵੱਖਰੇ-ਵੱਖਰੇ ਅੰਗਾਂ, ਸੰਪ੍ਰਦਾਵਾਂ ਅਤੇ ਧਰਮਾਂ ਆਦਿ ਨੂੰ ਮਿਲਾ ਕੇ ਇਕ ਕੀਤਾ ਜਾ ਸਕੇ। ਅਸਲੀ ਅੰਤਰ-ਰਾਸ਼ਟਰੀਅਤਾ ਲਿਆਉਣ ਤੋਂ ਪਹਿਲਾਂ ਸਾਨੂੰ

ਰਾਸ਼ਟਰੀਅਤਾ ਦੀ ਜੜ੍ਹ ਮਜ਼ਬੂਤ ਕਰਨੀ ਪਵੇਗੀ। ਅਸੀਂ ਭਾਰਤੀ ਰਾਸ਼ਟਰੀਅਤਾ ਸਥਾਪਿਤ ਕਰ ਰਹੇ ਹਾਂ ਉਸ ਦੇ ਦਰਵਾਜ਼ੇ ਅੰਤਰ ਰਾਸ਼ਟਰੀਅਤਾ ਲਈ ਹਮੇਸ਼ਾਂ ਖੁੱਲ੍ਹੇ ਰਹਿਣੇ ਚਾਹੀਦੇ ਹਨ।

ਸੋਲ੍ਹਵੀਂ ਸਦੀ ਵਿਚ ਹੋਲੀ ਓਕ ਨੇ ਇਸ ਪ੍ਰਸੰਗ ਵਿਚ ਬਹੁਤ ਕੁਝ ਲਿਖਿਆ ਹੈ। ਲੌਕਿਕ ਅੰਦੋਲਨ ਨੂੰ ਸ਼ੁਰੂ ਹੀ ਹੋਲੀ ਓਕ ਨੇ ਕੀਤਾ ਸੀ। ਉਸ ਦੀ ਪੁਸਤਕ 'ਓਰਿਜਿਨ ਐਂਡ ਨੇਚਰ ਆਫ ਸੈਕੂਲਰਿਜ਼ਮ' ਸੰਸਾਰ ਦੀ ਕਿਸੇ ਵੀ ਲਾਇਬ੍ਰੇਰੀ ਵਿਚ ਉਪਲਬੱਧ ਨਹੀਂ ਹੈ। ਈਸਾਈ ਸਮਾਜ ਦੇ ਇਕ ਵਰਗ ਨੇ ਉਸ ਦੇ ਸਿਧਾਂਤਾਂ ਨੂੰ ਧਰਮ-ਵਿਰੋਧੀ ਮੰਨਿਆ ਸੀ। ਉਸ ਦੀਆਂ ਬਹੁਤ ਸਾਰੀਆਂ ਪੁਸਤਕਾਂ ਨੂੰ ਕੱਟੜ ਈਸਾਈਆਂ ਨੇ ਫੂਕ ਦਿੱਤਾ ਸੀ।

ਹੋਲੀ ਓਕ ਨੇ 1848 ਈ. ਵਿਚ ਲੌਕਿਕ ਵਿਚਾਰਧਾਰਾਂ ਨੂੰ ਦੁਨੀਆ ਦੇ ਸਨਮੁੱਖ ਰੱਖਿਆ। ਇਸੇ ਸਮੇਂ ਵਿਚ ਕਾਰਲ ਮਾਰਕਸ ਨੇ 1848 ਈ. ਵਿਚ ਕਮਿਊਨਿਸਟ ਘੋਸ਼ਣਾ ਪੱਤਰ ਪ੍ਰਕਾਸ਼ਿਤ ਕਰਕੇ ਸਮਾਜਵਾਦੀ ਵਿਚਾਰ ਵਿਸ਼ਵ ਦੇ ਸਾਹਮਣੇ ਰੱਖੇ। ਇਕ ਹੀ ਕਾਲ ਵਿਚ ਅਤੇ ਇਕ ਹੀ ਦੇਸ਼ ਵਿਚੋਂ ਦੋ ਵਿਚਾਰਧਾਰਾਵਾਂ ਵਿਸ਼ਵ ਦੇ ਸਾਹਮਣੇ ਆਈਆਂ। ਜੇਕਰ ਰੂਸ ਨੇ ਸਮਾਜਵਾਦੀ ਵਿਚਾਰਧਾਰਾ ਦਾ ਸਫ਼ਲ ਪ੍ਰਯੋਗ ਕਰਨ ਦਾ ਯਤਨ ਕੀਤਾ ਤਾਂ ਇਧਰ ਭਾਰਤ ਵਿਚ ਸੈਕੂਲਰ ਸਿਧਾਂਤ ਦਾ ਨਵਾਂ ਪ੍ਰਯੋਗ ਕੀਤਾ ਜਾ ਰਿਹਾ ਹੈ।

ਅਮਰੀਕਾ ਵਿਚ ਲੌਕਿਕ ਵਿਚਾਰਧਾਰਾ ਦਾ ਹੌਲੀ ਹੌਲੀ ਵਿਕਾਸ ਹੁੰਦਾ ਰਿਹਾ ਹੈ। ਧਰਮ ਅਤੇ ਵਿਚਾਰਾਂ ਦੀ ਸੁਤੰਤਰਤਾ ਨੂੰ ਲੈ ਕੇ ਬਹੁਤ ਕੁਝ ਵਾਦ-ਵਿਵਾਦ ਵੀ ਹੁੰਦਾ ਆਇਆ ਹੈ। ਸੰਨ 1776 ਦੇ ਅਧਿਕਾਰ ਘੋਸ਼ਣਾ ਪੱਤਰ ਵਿਚ ਕਿਹਾ ਗਿਆ ਹੈ- "ਵਿਚਾਰਾਂ ਦੀ ਸੁਤੰਤਰਤਾ ਅਤੇ ਧਰਮ ਦੀ ਨਕਲ ਦੇ ਕਾਰਨ ਹਰ ਵਿਅਕਤੀ ਆਜ਼ਾਦ ਹੈ।" ਸੰਨ 1868 ਵਿਚ ਅਮਰੀਕਾ ਦੀ ਸੁਪਰੀਮ ਕੋਰਟ ਨੇ ਰੇਨਾਲਡ ਬਨਾਮ ਅਮਰੀਕਾ ਦੇ ਸੰਯੁਕਤ ਰਾਸ਼ਟਰ ਦੇ ਮੁਕੱਦਮੇ ਵਿਚ ਇਹ ਸਪਸ਼ਟ ਕੀਤਾ ਗਿਆ ਹੈ- ਨਾ ਤਾਂ ਸੰਘ ਅਤੇ ਨਾ ਹੀ ਰਾਜ ਚਰਚ ਦੀ ਸਥਾਪਨਾ ਕਰ ਸਕਦੇ ਹਨ। ਨਾ ਹੀ ਉਹ ਇਹ ਕਾਨੂੰਨ ਬਣਾ ਸਕਦੇ ਹਨ ਕਿ ਇਕ ਧਰਮ ਦੀ ਸਹਾਇਤਾ ਜਾਂ ਅਨੇਕਾਂ ਧਰਮਾਂ ਦੀ ਸਹਾਇਤਾ ਜਾਂ ਉਸ ਦੀ ਥਾਂ ਉੱਤੇ ਕਿਸੇ ਹੋਰ ਧਰਮ ਨੂੰ ਪਹਿਲ ਦਿੱਤੀ ਜਾਵੇ। ਕੋਈ ਮਨੁੱਖ ਕਿਸੇ ਦੂਜੇ ਮਨੁੱਖ ਨੂੰ ਚਰਚ ਜਾਣ ਜਾਂ ਨਾ ਜਾਣ ਤੋਂ ਰੋਕ ਨਹੀਂ ਸਕਦਾ। ਕਿਸੇ ਸੰਪ੍ਰਦਾਇ ਜਾਂ ਧਰਮ ਉੱਤੇ ਕਿਸੇ ਪ੍ਰਕਾਰ ਦਾ ਟੈਕਸ ਨਹੀਂ ਲਗਾਇਆ ਜਾ ਸਕਦਾ।

ਸੰਯੁਕਤ ਰਾਸ਼ਟਰ ਅਮਰੀਕਾ ਦੇ ਜਸਟਿਸ ਸ੍ਰੀ ਸਟੂਲੇਜ ਨੇ ਇਮਸਰਨ ਬਨਾਮ ਬੋਰਡ ਆਫ਼ ਐਜੂਕੇਸ਼ਨ ਦੇ ਮੁਕੱਦਮੇ ਵਿਚ ਫ਼ੈਸਲਾ ਦਿੰਦੇ ਹੋਏ ਕਿਹਾ ਹੈ- ਧਾਰਮਿਕ ਆਜ਼ਾਦੀ ਦੀ ਸਭ ਤੋਂ ਵੱਡੀ ਸ਼ਰਤ ਇਹ ਹੈ ਕਿ ਉਹ ਆਪਣੀ ਹੋਂਦ ਬਿਨਾਂ ਕਿਸੇ ਪ੍ਰਕਾਰ ਦੇ ਗੁਜ਼ਾਰੇ ਦੇ ਕਾਇਮ ਰੱਖੇ ਅਤੇ ਨਾਲ ਹੀ ਉਹ ਰਾਜ ਦੀ ਦਖਲਅੰਦਾਜ਼ੀ ਤੋਂ ਮੁਕਤ ਰਹੇ। ਰਾਜ ਜਾਂ ਚਰਚ ਦਾ ਵੱਖਰੇ-ਵੱਖਰੇ ਕੰਮ ਕਰਨਾ ਰਾਜ ਅਤੇ ਚਰਚ ਦੋਵਾਂ ਲਈ ਚੰਗਾ ਹੈ।

ਸੰਯੁਕਤ ਰਾਸ਼ਟਰ ਵਾਂਗ ਹੀ ਸਮਾਜਵਾਦੀ ਸੋਵੀਅਤ ਸੰਘ ਵਿਚ ਵੀ ਕੁਝ ਅਜਿਹੀਆਂ ਘਟਨਾਵਾਂ ਵਾਪਰੀਆਂ ਸਨ। ਸੰਨ 1919 ਵਿਚ ਸੋਵੀਅਤ ਦੇ ਸੰਵਿਧਾਨ ਦਾ ਅਨੁਛੇਦ 13 ਜੋ ਪਿਛੋਂ 1927 ਵਿਚ ਅੰਗੀਕਾਰ ਕੀਤਾ ਗਿਆ ਸੀ, ਸਪਸ਼ਟ ਤੌਰ ਤੇ ਧਰਮ ਨਿਰਪੱਖ ਲੌਕਿਕ ਰਾਜ ਦੇ ਸਿਧਾਂਤ ਦਾ ਐਲਾਨ ਕਰਦਾ ਹੈ- ਉਦਮਸ਼ੀਲ ਜਨਤਾ ਦੀ ਵਿਵੇਕਪੂਰਣ ਵਾਸਤਵਿਕ ਆਜ਼ਾਦੀ ਦੀ ਪ੍ਰਾਪਤੀ ਲਈ ਚਰਚ ਨੂੰ ਰਾਜ ਅਤੇ ਸਕੂਲਾਂ ਤੋਂ ਵੱਖ ਕੀਤਾ ਜਾਂਦਾ ਹੈ। ਧਾਰਮਿਕ ਜਾਂ ਧਰਮ ਵਿਰੋਧੀ ਪ੍ਰਚਾਰ ਦੀ ਆਜ਼ਾਦੀ ਸਾਰੇ ਨਾਗਰਿਕਾਂ ਲਈ ਸਵੀ-ਕਾਰ ਕੀਤੀ ਜਾਂਦੀ ਹੈ।

ਸੰਨ 1923 ਦੇ ਚੀਨ ਦੇ ਗਣਤੰਤਰ ਸੰਵਿਧਾਂਨ ਵਿਚ ਲੌਕਿਕ ਸਿਧਾਂਤਾਂ ਨੂੰ ਸ਼ਾਮਲ ਕੀਤਾ ਗਿਆ ਹੈ- 'ਚੀਨੀ ਗਣਤੰਤਰ ਦੇ ਨਾਗਰਿਕ ਕਾਨੂੰਨ ਦੇ ਸਾਹਮਣੇ ਬਿਨਾਂ ਕਿਸੇ ਜਾਤ ਜਾਂ ਧਰਮ ਜਾਂ ਵਰਗ ਭੇਦ ਦੇ ਇਕ ਸਮਾਨ ਸਮਝੇ ਜਾਣਗੇ।' ਸਤੰਬਰ, 1954 ਵਿਚ ਕਮਿਊਨਿਸਟ ਚੀਨ ਸਰਕਾਰ ਨੇ ਸੰਵਿਧਾਨ ਦਾ ਜੋ ਰੂਪ ਸਵੀਕਾਰ ਕੀਤਾ ਉਸ ਦੇ ਅਨੁਛੇਦ 88 ਵਿਚ ਇਹ ਸਪਸ਼ਟ ਉਲੇਖ ਕੀਤਾ ਗਿਆ ਹੈ- 'ਗਣਤੰਤਰ ਦੀ ਜਨਤਾ ਨੂੰ ਧਾਰਮਿਕ ਵਿਸ਼ਵਾਸ ਦੀ ਆਜ਼ਾਦੀ ਪ੍ਰਾਪਤ ਹੈ।'

ਭਾਰਤ ਵਿਚ ਮਹਾਤਮਾ ਗਾਂਧੀ ਨੇ ਰਾਜ ਅਤੇ ਧਰਮ ਨੂੰ ਇਕ ਦੂਜੇ ਵਿਚ ਮਿਲਾ ਦੇਣ ਦੀ ਕਲਪਨਾ ਨਹੀਂ ਸੀ ਕੀਤੀ ਜਿਵੇਂ ਕਿ ਮੁਸਲਿਮ ਲੀਗ ਦੇ ਨੇਤਾਵਾਂ ਨੇ ਕੀਤੀ ਸੀ। ਲੀਗ ਨੇ ਜਾਤ, ਧਰਮ ਸੰਸਕ੍ਰਿਤੀ ਅਤੇ ਰਾਜਨੀਤੀ ਨੂੰ ਮਿਲਾ ਕੇ ਉਲਝਣ ਪੈਦਾ ਕੀਤੀ ਜਿਸ ਦੇ ਕਾਰਨ ਭਾਰਤ ਦੀ ਵੰਡ ਹੋਈ ਸੀ। ਪਾਕਿਸਤਾਨ ਨੂੰ ਧਾਰਮਿਕ ਰਾਜ ਐਲਾਨਿਆ ਗਿਆ। ਮਹਾਤਮਾ ਗਾਂਧੀ ਨੇ ਇਸ ਪਾਸੇ ਵੱਲ ਸੰਕੇਤ ਕੀਤਾ ਸੀ- 'ਧਰਮ ਅਤੇ ਰਾਜਨੀਤੀ ਦੋ ਚੀਜ਼ਾਂ ਹਨ, ਇਕ ਦੂਜੇ ਨੂੰ ਅਣਜਾਣੇ ਮਿਲਾਉਣ ਵਿਚ ਉਲਝਣ ਪੈਦਾ ਹੁੰਦੀ ਹੈ ਅਤੇ ਵੱਖ ਰੱਖਣ ਨਾਲ ਜੀਵਨ ਸਰਲ ਅਤੇ ਸੁੰਦਰ ਹੁੰਦਾ ਹੈ ।

13 ਅਕਤੂਬਰ, 1945 ਨੂੰ ਪੰਡਿਤ ਜਵਾਹਰ ਲਾਲ ਨਹਿਰੂ ਨੇ ਆਜ਼ਾਦੀ ਤੋਂ ਬਾਅਦ ਭਾਰਤੀ ਰਾਜ ਦਾ ਕੀ ਸਰੂਪ ਹੋਵੇਗਾ, ਇਸ ਸਬੰਧੀ ਕਿਹਾ ਸੀ, "ਮੈਂ ਇਸ ਸਬੰਧ ਵਿਚ ਯਕੀਨ ਨਾਲ ਕਹਿੰਦਾ ਹਾਂ ਕਿ ਆਜ਼ਾਦ ਹਿੰਦੁਸਤਾਨ ਦੀ ਭਵਿੱਖਤ ਸਰਕਾਰ ਧਰਮ-ਨਿਰਪੱਖ ਹੋਣੀ ਚਾਹੀਦੀ ਹੈ।" ਇਸ ਦਾ ਮਤਲਬ ਇਹ ਹੋਇਆ ਕਿ ਉਹ ਸਰਕਾਰ ਆਪਣੇ ਆਪ ਨੂੰ ਸਿੱਧੇ ਤੌਰ ਤੇ ਕਿਸੇ ਵੀ ਖਾਸ ਧਰਮ ਨਾਲ ਸਬੰਧਤ ਨਹੀਂ ਰੱਖੇਗੀ ਸਗੋਂ ਸਾਰਿਆਂ ਧਰਮਾਂ ਨੂੰ ਵਧਣ ਫੁਲਣ ਦੀ ਪੂਰਨ ਆਜ਼ਾਦੀ ਦੇਵੇਗੀ।

ਸੰਵਿਧਾਨ ਦੇ ਅਨੁਛੇਦ 29 ਬਾਰੇ ਬੋਲਦੇ ਹੋਏ ਲੋਕ ਸਭਾ ਦੇ ਸਾਬਕਾ ਸਪੀਕਰ ਸ੍ਰੀ ਅਨੰਤ ਸਾਇਨਸ ਅਇੰਗਰ ਨੇ ਕਿਹਾ ਸੀ- ਅਸੀਂ ਵਚਨਬੱਧ ਹਾਂ ਕਿ ਸਾਡਾ ਰਾਜ ਧਰਮ ਨਿਰਪੱਖ ਹੋਵੇਗਾ। ਸ਼ਬਦ ਧਰਮ ਨਿਰਪੱਖ ਤੋਂ ਸਾਡਾ ਇਹ ਮਤਲਬ ਨਹੀਂ ਕਿ ਅਸੀਂ ਕਿਸੇ ਧਰਮ ਵਿਚ ਵਿਸ਼ਵਾਸ ਨਹੀਂ ਰੱਖਦੇ ਜਾਂ ਸਾਡੇ ਦੈਨਿਕ ਜੀਵਨ ਵਿਚ ਇਸ ਨਾਲ ਕੋਈ ਸਬੰਧ ਨਹੀਂ ਹੈ। ਇਸ ਦਾ ਕੇਵਲ ਅਰਥ ਇਹ ਹੈ ਕਿ ਰਾਜ ਸਰਕਾਰ ਕਿਸੇ ਮਜ਼ਬ ਨੂੰ ਦੂਜੇ ਦੀ ਤੁਲਨਾ ਵਿਚ ਨਾ ਤਾਂ ਸਹਾਇਤਾ ਦੇ ਸਕਦੀ ਹੈ ਅਤੇ ਨਾ ਹੀ ਪਹਿਲ। ਇਸ ਲਈ ਰਾਜ ਆਪਣੀ ਪੂਰਨ ਨਿਰਪੱਖ ਸਥਿਤੀ ਰੱਖਣ ਲਈ ਮਜ਼ਬੂਤ ਹੈ।

ਪਰੰਤੂ ਜਵਾਹਰ ਨਾਲ ਨਹਿਰੂ ਨੇ 5 ਅਗਸਤ, 1954 ਦੇ ਭਾਸ਼ਣ ਵਿਚ ਇਸ ਦਾ ਹੋਰ ਵੀ ਸਪਸ਼ਟੀਕਰਣ ਕਰਦੇ ਸਮੇਂ ਕਿਹਾ ਸੀ ਅਸੀਂ ਆਪਣੇ ਰਾਜ ਨੂੰ ਸ਼ਾਇਦ ਧਰਮ-ਨਿਰਪੱਖ ਕਹਿੰਦੇ ਹਾਂ। ਸ਼ਾਇਦ ਸੈਕੂਲਰ ਸ਼ਬਦ ਦੇ ਲਈ ਧਰਮ-ਨਿਰਪੱਖ ਸ਼ਬਦ ਬਹੁਤਾ ਚੰਗਾ ਨਹੀਂ ਹੈ। ਫਿਰ ਵੀ ਇਸ ਤੋਂ ਵਧੀਆ ਸ਼ਬਦ ਨਾ ਮਿਲਣ ਕਰਕੇ ਇਸ ਦੀ ਵਰਤੋਂ ਕੀਤੀ ਗਈ ਹੈ। ਇਸ ਦਾ ਭਾਵ ਹੈ ਕਿ 'ਧਾਰਮਿਕ ਆਜ਼ਾਦੀ, ਆਪਣੀ ਅੰਤਰ ਆਤਮਾ ਦੀ ਪ੍ਰੇਰਣਾ ਦੇ ਅਨੁਸਾਰ ਕੰਮ ਕਰਨ ਦੀ ਆਜ਼ਾਦੀ'। ਇਸ ਵਿਚ ਉਨ੍ਹਾਂ ਲੋਕਾਂ ਦੀ ਆਜ਼ਾਦੀ ਵੀ ਸ਼ਾਮਲ ਹੈ ਜੋ ਕਿਸੇ ਧਰਮ ਨੂੰ ਨਹੀਂ ਮੰਨਦੇ। ਸਪਸ਼ਟ ਹੈ ਕਿ ਇਸ ਦਾ ਇਹ ਮਤਲਬ ਨਹੀਂ ਹੈ ਕਿ ਇਹ ਇਕ ਅਜਿਹਾ ਰਾਜ ਹੈ ਜਿਥੇ ਧਰਮ ਪਾਲਣ ਨੂੰ ਉਤਸ਼ਾਹਹੀਣ ਕੀਤਾ ਜਾਂਦਾ ਹੈ। ਇਸ ਦਾ ਮਤਲਬ ਹੈ ਕਿ ਹਰ ਇਕ ਧਰਮ ਦੇ ਮੰਨਣ ਵਾਲਿਆਂ ਨੂੰ ਧਰਮ ਪਾਲਣ ਦੀ ਪੂਰੀ ਆਜ਼ਾਦੀ ਹੈ। ਬਸ਼ਰਤੇ ਕਿ ਉਹ ਕਿਸੇ ਦੂਜੇ ਧਰਮ ਜਾਂ ਰਾਜ ਦੇ ਮੂਲ ਸਿਧਾਂਤਾਂ ਵਿਚ ਕੋਈ ਦਖਲਅੰਦਾਜ਼ੀ ਨਾ ਕਰਨ। ਇਸ ਦਾ ਮਤਲਬ ਹੈ ਕਿ ਧਰਮ ਦੇ

ਪੱਖ ਤੋਂ ਜੋ ਘੱਟ-ਗਿਣਤੀਆਂ ਦੇ ਲੋਕ ਹਨ। ਉਹ ਇਸ ਸਥਿਤੀ ਨੂੰ ਸਵੀਕਾਰ ਕਰਨ। ਇਸ ਦਾ ਮਤਲਬ ਹੈ ਕਿ ਬਹੁ ਗਿਣਤੀ ਲੋਕ ਇਸ ਦ੍ਰਿਸ਼ਟੀ ਨਾਲ ਇਸ ਦਾ ਪੂਰੀ ਤਰ੍ਹਾਂ ਨਾਲ ਮਹੱਤਵ ਸਮਝਣ ਕਿਉਂਕਿ ਬਹੁ ਗਿਣਤੀ ਹੋਣ ਦੇ ਨਾਤੇ ਅਤੇ ਦੂਜੇ ਕਾਰਨਾਂ ਕਰਕੇ ਵੀ ਉਨ੍ਹਾਂ ਦਾ ਜ਼ਿਆਦਾ ਪ੍ਰਭਾਵ ਹੈ। ਇਨ੍ਹਾਂ ਦੀ ਇਹ ਜ਼ਿੰਮੇਵਾਰੀ ਵੀ ਬਣਦੀ ਹੈ ਕਿ ਉਹ ਕਿਸੇ ਵੀ ਰੂਪ ਵਿਚ ਆਪਣੀ ਸਥਿਤੀ ਦਾ ਅਜਿਹਾ ਪ੍ਰਯੋਗ ਨਾ ਕਰਨ ਜਿਸ ਨਾਲ ਸਾਡੇ ਧਰਮ ਨਿਰਪੱਖ ਸਿਧਾਂਤਾਂ ਵਿਚ ਕੋਈ ਅੜਿੱਕਾ ਪੈਦਾ ਹੋਵੇ।

ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਅਤੇ ਉਸ ਦੇ ਦੂਜੇ ਭਾਗ ਦੇ ਅਨੁਛੇਦ 5, ਤੀਜੇ ਭਾਗ ਦੇ ਅਨੁਛੇਦ 15, 16, 21, 25, 28, 30 ਵਿਚ ਧਰਮ-ਨਿਰਪੱਖ ਸਿਧਾਂਤਾਂ ਦਾ ਸਿਧਾਂਤ ਸ਼ਾਮਲ ਕੀਤਾ ਗਿਆ ਹੈ।

ਹ. ਪੁ. -ਹਿ. ਵਿ. ਕੋ. 6 : 169

ਧਰਮਪੁਰ : ਰਿਆਸਤ—ਇਹ ਅਣਵੰਡੇ ਭਾਰਤ ਦੇ ਬੰਬਈ ਖੇਤਰ ਵਿਚ ਸੂਰਤ ਪੁਲਿਟੀਕਲ ਏਜੰਸੀ ਵਿਚ ਇਕ ਦੇਸੀ ਰਿਆਸਤ ਹੁੰਦੀ ਸੀ ਜਿਸਦਾ ਰਕਬਾ 704 ਵ. ਮੀ. ਸੀ। ਇਸ ਵਿਚ ਇਕ ਸ਼ਹਿਰ ਧਰਮਪੁਰ ਅਤੇ 272 ਪਿੰਡ ਸ਼ਾਮਲ ਸਨ। ਇਸ ਦੇ ਉੱਤਰ ਵਿਚ ਜ਼ਿਲ੍ਹਾ ਸੂਰਤ ਦਾ ਚਿੱਖਲੀ ਤਾਅਲੁਕਾ ਅਤੇ ਬਾਂਸਦਾ ਰਿਆਸਤ; ਪੂਰਬ ਵੱਲ ਸੁਰਗਾਨਾ ਅਤੇ ਡਾਂਗਜ਼; ਦੱਖਣ ਵਿਚ ਨਾਸਿਕ ਜ਼ਿਲ੍ਹਾ ਅਤੇ ਪੱਛਮ ਵਿਚ ਸੂਰਤ ਜ਼ਿਲ੍ਹੇ ਦੇ ਬਲਸਾਰ ਅਤੇ ਪਾਰਟੀ ਤਾਅਲੁਕੇ ਲਗਦੇ ਸਨ। ਇਸ ਦਾ ਇਲਾਕਾ ਉੱਤਰ ਤੋਂ ਦੱਖਣ ਵੱਲ 64. ਕਿ. ਮੀ. (40 ਮੀਲ) ਲੰਬਾ ਅਤੇ ਪੂਰਬ ਤੋਂ ਪੱਛਮ ਵੱਲ 32 ਕਿ. ਮੀ. (20 ਮੀਲ) ਚੌੜਾ ਸੀ।

ਸ਼ੁਰੂ ਸ਼ੁਰੂ ਵਿਚ ਇਹ ਰਿਆਸਤ ਰਾਮਨਗਰ ਦੇ ਨਾਂ ਨਾਲ ਜਾਣੀ ਜਾਂਦੀ ਸੀ ਇਸ ਦਾ ਰਕਬਾ ਵੀ ਕਾਫ਼ੀ ਜ਼ਿਆਦਾ ਹੁੰਦਾ ਸੀ ਜਿਹੜਾ ਕਿ ਪੱਛਮ ਵੱਲ ਨੂੰ ਸਮੁੰਦਰੀ ਤੱਟ ਤਕ ਫੈਲਿਆ ਹੋਇਆ ਹੁੰਦਾ ਸੀ। ਸੰਨ 1576 ਵਿਚ ਇਥੋਂ ਦਾ ਮੁੱਖੀ ਸ਼ਹਿਨਸ਼ਾਹ ਅਕਬਰ ਦੇ ਵਜ਼ੀਰ ਟੋਡਰ ਮੱਲ ਨੂੰ ਬੜੋਚ ਵਿਖੇ ਮਿਲਿਆ ਅਤੇ ਉਸ ਪਾਸੋਂ ਫ਼ੌਜੀ ਰੁਤਬਾ ਪ੍ਰਾਪਤ ਕੀਤਾ। 18 ਵੀਂ ਸਦੀ ਦੇ ਸ਼ੁਰੂ ਵਿਚ ਇਸ ਰਿਆਸਤ ਦੇ 72 ਪਿੰਡਾਂ ਨੂੰ ਮਰੱਹਟਿਆਂ ਨੇ ਖੋਹ ਕੇ ਆਪਣੇ ਅਧੀਨ ਕਰ ਲਿਆ। ਸੰਨ 1802 ਦੀ ਬਸੀਨ ਦੀ ਸੰਧੀ ਦੀਆਂ ਸ਼ਰਤਾਂ ਅਧੀਨ ਇਸ ਰਿਆਸਤ ਦੇ ਮਾਲੀਏ ਸਬੰਧੀ ਪੇਸ਼ਵੇ ਦੇ ਦਾਅਵੇ ਵੀ ਬਰਤਾਨਵੀ ਸਰਕਾਰ ਦੇ ਹੱਥਾਂ ਵਿਚ ਚਲੇ ਗਏ ਅਤੇ ਰਿਆਸਤ ਅੰਗਰੇਜ਼ੀ ਸਰਕਾਰ ਨੂੰ 9,000 ਰੁਪਏ ਖਿਰਾਜ ਵਜੋਂ ਦਿੰਦੀ ਰਹੀ।

ਸੀਸੋਦੀਆ ਰਾਜਪੂਤ ਇਸ ਰਿਆਸਤ ਦਾ ਸ਼ਾਸਕ ਖ਼ਾਨਦਾਨ ਹੁੰਦਾ ਸੀ ਅਤੇ ਉੱਤਰਾਧਿਕਾਰ ਦੀ ਸੂਰਤ ਉਨਾਂ ਵਿਚ ਜੇਠਾ ਅਧਿਕਾਰ ਦਾ ਨਿਯਮ ਪ੍ਰਚੱਲਤ ਸੀ। ਰਿਆਸਤ ਦੇ ਮੁਖੀ ਨੂੰ 9 ਤੋਪਾਂ ਦੀ ਸਲਾਮੀ ਦਿੱਤੀ ਜਾਂਦੀ ਸੀ।

ਰਿਆਸਤ ਦੇ ਪੱਛਮ ਵੱਲ ਕਾਲੀ ਮਿੱਟੀ ਵਾਲੀ ਜ਼ਮੀਨ ਸੀ ਜਿਹੜੀ ਉਪਜਾਊ ਨਹੀਂ ਸੀ। ਪੂਰਬੀ ਪਾਸੇ ਵੱਲ ਤਾਂ ਇਹ ਹੋਰ ਵੀ ਬਰਾਨੀ ਸੀ। ਇਥੋਂ ਦੇ ਜੰਗਲਾਂ ਵਿਚ ਮਹੁਏ ਦੇ ਫੁੱਲ ਸਾਗਵਾਨ ਦੀ ਲੱਕੜ ਅਤੇ ਬਾਂਸ ਦਾ ਉਤਪਾਦਨ ਹੁੰਦਾ ਸੀ। ਦਾਲਾਂ, ਛੋਲੇ ਅਤੇ ਗੰਨਾ ਇਥੋਂ ਦੀਆਂ ਮੁੱਖ ਫ਼ਸਲਾਂ ਸਨ।

ਇਥੇ ਸਫ਼ਾਂ ਬਣਾਉਣ, ਟੋਕਰੀ ਸਾਜ਼ੀ, ਕੁੰਭਕਾਰੀ, ਪੱਖੇ ਬਣਾਉਣ, ਸੀਰਾ ਅਤੇ ਕੱਥਾ ਬਣਾਉਣ ਦੇ ਉਦਯੋਗ ਵਿਕਸਿਤ ਸਨ। ਇਹ ਰਿਆਸਤ, ਇਕ ਕੱਚੀ ਸੜਕ ਦੁਆਰਾ ਦੱਖਣ ਵੱਲ ਨਾਸਿਕ ਸ਼ਹਿਰ ਨਾਲ ਅਤੇ ਪੱਛਮ ਵੱਲ ਬਲਸਾਰ ਸ਼ਹਿਰ ਨਾਲ ਜੁੜੀ ਹੋਈ ਹੁੰਦੀ ਸੀ।

ਰਿਆਸਤ ਦੇ ਮੁਖੀ ਨੂੰ ਆਪਣੀ ਹੀ ਰਿਆਸਤ ਦੇ ਲੋਕਾਂ ਦੁਆਰਾ ਕੀਤੇ ਗਏ ਘੋਰ ਅਪਰਾਧਾਂ ਲਈ ਉਨ੍ਹਾਂ ਤੇ ਮੁਕੱਦਮਾ ਚਲਾਉਣ ਦਾ ਪੂਰਨ ਅਖ਼ਤਿਆਰ ਸੀ। ਦੀਵਾਨੀ ਮੁੱਕਦਮਿਆਂ ਦੀ ਸੁਣਵਾਈ ਲਈ ਚਾਰ ਅਦਾਲਤਾਂ ਸਨ। ਕਤਲ ਦੇ ਜੁਰਮ ਲਈ ਦੋਸ਼ੀ ਠਹਿਰਾਏ ਗਏ ਵਿਅਕਤੀਆਂ ਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਜਾਂਦੀ ਸੀ। ਮੁਖੀ ਰਿਆਸਤ ਦਾ ਪ੍ਰਬੰਧ ਖੁਦ ਆਪ ਕਰਦਾ ਸੀ ਅਤੇ ਉਹ ਪੱਕੀ ਫ਼ੌਜ ਨਹੀਂ ਸੀ ਰੱਖਦਾ ਪਰ ਉਸ ਕੋਲ 131 ਬੰਦਿਆਂ ਦੀ ਇਕ ਪੁਲਿਸ ਟੁਕੜੀ ਜਿਸ ਵਿਚ 26 ਆਬਕਾਰੀ ਪੁਲਿਸ ਨਾਲ ਸਬੰਧਤ ਬੰਦੇ ਸ਼ਾਮਲ ਹੁੰਦੇ ਸਨ, ਤੋਂ ਇਲਾਵਾ 199 ਆਰਜ਼ੀ ਫ਼ੌਜੀ ਵੀ ਹੁੰਦੇ ਸਨ। ਲਗਾਨ ਅਤੇ ਸ਼ਰਾਬ ਦੇ ਠੇਕੇ ਦੇ ਪੈਸਿਆਂ ਦੀ ਵਸੂਲੀ ਅੱਧੀ ਨਕਦ ਅਤੇ ਅੱਧੀ ਅਨਾਜ ਦੇ ਰੂਪ ਵਿਚ ਕੀਤੀ ਜਾਂਦੀ ਸੀ।

ਹ. ਪੁ.-ਇੰਪ. ਗ. ਇੰਡ. 11 : 296-297

ਧਰਮਪੁਰੀ : ਜ਼ਿਲ੍ਹਾ—ਭਾਰਤ ਦੇ ਤਾਮਿਲਨਾਡੂ ਰਾਜ ਦਾ ਇਹ ਇਕ ਜ਼ਿਲ੍ਹਾ ਹੈ। ਇਸ ਦਾ ਕੁੱਲ ਰਕਬਾ 9622 ਵ. ਕਿ. ਮੀ ਅਤੇ ਆਬਾਦੀ 24, 28, 596 (1991) ਹੈ। ਇਸੇ ਨਾਂ ਦਾ ਸ਼ਹਿਰ ਇਸ ਦਾ ਸਦਰ-ਮੁਕਾਮ ਹੈ। ਇਹ ਜ਼ਿਲ੍ਹਾ 1967 ਈ. ਵਿਚ ਸੇਲਮ ਜ਼ਿਲ੍ਹੇ ਦੇ ਉੱਤਰੀ ਭਾਗ ਵਿਚੋਂ ਬਣਾਇਆ ਗਿਆ। ਧਰਾਤਲ ਪੱਖੋਂ ਇਸ ਜ਼ਿਲ੍ਹੇ ਨੂੰ ਉੱਤਰੀ ਅਤੇ ਦੱਖਣੀ ਖੇਤਰਾਂ ਵਿਚ ਵੰਡਿਆ ਗਿਆ ਹੈ। ਉੱਤਰੀ ਖੇਤਰ ਵਿਚ ਮੈਸੂਰ ਪਠਾਰ ਦਾ ਹਿੱਸਾ ਸ਼ਾਮਲ ਹੈ। ਇਹ ਪਠਾਰ ਦੱਖਣ-ਪੱਛਮੀ ਦਿਸ਼ਾ ਵੱਲ ਹੌਲੀ-ਹੌਲੀ ਢਾਲਵੀਂ ਹੁੰਦੀ ਹੋਈ ਕਾਵੇਰੀ ਦਰਿਆ ਤਕ ਜਾ ਪਹੁੰਚਦੀ ਹੈ। ਇਸ ਖੇਤਰ ਨੂੰ ਬਾਲਾ ਘਾਟ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਜ਼ਿਲ੍ਹੇ ਦੇ ਦੱਖਣੀ ਹਿੱਸੇ ਨੂੰ ਬਾਰਾਮਹਲ ਕਿਹਾ ਜਾਂਦਾ ਹੈ। ਇਹ ਇਕ ਨੀਵਾਂ ਅਤੇ ਮੱਧਵਰਤੀ ਵਿਸ਼ਾਲ ਬੇਸਿਨ ਹੈ। ਇਸ ਭਾਗ ਦੀ ਰੇਤਲੀ ਲਾਲ ਮਿੱਟੀ ਵਾਲੀ ਜ਼ਮੀਨ ਵਾਹੀਯੋਗ ਨਹੀਂ ਹੈ। ਇਸ ਵਿਚ ਸ਼ੋਰਾ ਕਾਫ਼ੀ ਮਾਤਰਾ ਵਿਚ ਹੈ। ਇਸ ਖੇਤਰ ਵਿਚ ਕਈ ਪ੍ਰਕਾਰ ਦੇ ਸੋਡਾ-ਲੂਣ ਕੱਢੇ ਜਾਂਦੇ ਹਨ।

ਇਸ ਜ਼ਿਲ੍ਹੇ ਵਿਚ ਬਰਗੂਰ ਦੇ ਸਥਾਨ ਤੋਂ ਪੱਥਰ ਯੁੱਗ ਦੇ ਅਣਘੜੇ ਸੰਦ ਮਿਲੇ ਹਨ ਜੋ ਇਸ ਖੇਤਰ ਦੇ ਪ੍ਰਾਚੀਨ ਸਮੇਂ ਤੋਂ ਹੀ ਆਬਾਦ ਹੋਣ ਬਾਰੇ ਸਾਖੀ ਭਰਦੇ ਹਨ। 18 ਵੀਂ ਸਦੀ ਦੇ ਮੈਸੂਰ ਜੰਗਾਂ ਦੌਰਾਨ, ਮੁਸਲਮਾਨਾਂ ਅਤੇ ਅੰਗਰੇਜ਼ਾਂ ਵਿਚਕਾਰ ਇਸ ਜ਼ਿਲ੍ਹੇ ਵਿਚ ਹੀ ਕ੍ਰਿਸ਼ਨਾ ਗਿਰੀ ਵਿਖੇ ਜੰਗ ਹੋਈ ਸੀ।

ਬਾਜਰਾ, ਜਵਾਰ ਇਥੋਂ ਦੀਆਂ ਪ੍ਰਮੁੱਖ ਫ਼ਸਲਾਂ ਹਨ ਪਰ ਝੋਨੇ ਦੀ ਕਾਸ਼ਤ ਵੀ ਕਾਫ਼ੀ ਮਾਤਰਾ ਵਿਚ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਮੂੰਗਫਲੀ, ਕਪਾਹ ਅਤੇ ਤਿਲਾਂ ਦੀਆਂ ਫ਼ਸਲਾਂ ਵੀ ਉਗਾਈਆਂ ਜਾਂਦੀਆਂ ਹਨ। ਇਸੇ ਹੀ ਜ਼ਿਲ੍ਹੇ ਦਾ ਹੋਸੂਰ ਸ਼ਹਿਰ ਚੰਗੀ ਨਸਲ ਦੇ ਪਸ਼ੂਆਂ ਲਈ ਪ੍ਰਸਿੱਧ ਹੈ।

ਹ. ਪੁ. -ਐਨ. ਬ੍ਰਿ. ਮਾ. 3 : 511

ਧਰਮਪੁਰੀ : ਸ਼ਹਿਰ—ਦੱਖਣੀ ਭਾਰਤ ਦੇ ਤਾਮਿਲਨਾਡੂ ਰਾਜ ਵਿਚ ਇਹ ਇਸੇ ਹੀ ਨਾਂ ਦੇ ਜ਼ਿਲ੍ਹੇ ਦਾ ਸਦਰ-ਮੁਕਾਮ ਅਤੇ ਇਕ ਪੁਰਾਣਾ ਸ਼ਹਿਰ ਹੈ। ਤਾਮਿਲ ਦੇ ਪ੍ਰਾਚੀਨ ਕਨਕਮ ਸਾਹਿਤ ਵਿਚ ਇਸ ਸ਼ਹਿਰ ਨੂੰ, ਦੂਜੀ ਸਦੀ ਦੇ ਹੋਏ ਅਵਾਈਯਾਰ ਨਾਂ ਦੇ ਇਕ ਉੱਘੇ ਕਵੀ ਦਾ ਜਨਮ ਸਥਾਨ ਕਿਹਾ ਜਾਂਦਾ ਸੀ। ਹੁਣ ਇਹ ਸ਼ਹਿਰ ਜ਼ਰਾਇਤੀ ਉਪਜਾਂ ਦੇ ਵਪਾਰਕ ਕੇਂਦਰ ਵਜੋਂ ਪ੍ਰਸਿੱਧ ਹੈ। ਇਸ ਤੋਂ ਇਲਾਵਾ ਇਥੇ ਕਈ ਹਲਕੇ ਉਦਯੋਗ ਵੀ ਸਥਾਪਿਤ ਹਨ।

ਕੁਝ ਸਮੇਂ ਲਈ ਇਹ ਸ਼ਹਿਰ ਮੇਜਰ ਮੁਨਰੋ (ਬਾਅਦ ਵਿਚ ਸਰ ਟਾਮਸ ਮੁਨਰੋ) ਦਾ ਨਿਵਾਸ ਸਥਾਨ ਵੀ ਰਿਹਾ। ਉਸ ਨੇ ਇਥੇ ਇਕ ਫ਼ੁਲਾਂ ਦਾ ਬਾਗ ਅਤੇ ਇਕ ਚੌਰਸ ਪੱਥਰਾਂ ਦਾ ਤਲਾਅ ਬਣਵਾਇਆ ਸੀ। ਉਹ ਆਪਣੀਆਂ ਚਿੱਠੀਆਂ ਵਿਚ ਵੀ ਇਸ ਸ਼ਹਿਰ ਦਾ ਜ਼ਿਕਰ ਬੜੇ ਸਨੇਹ ਸਹਿਤ ਕਰਦਾ ਹੁੰਦਾ ਸੀ। ਉਸ ਸਮੇਂ ਇਥੇ ਖੱਲਾਂ ਦਾ ਵਪਾਰ ਹੁੰਦਾ ਸੀ। ਇਸ ਸ਼ਹਿਰ ਦਾ ਕਿਲਾ ਜਿਹੜਾ ਕਿ ਹੁਣ ਖੰਡਰ ਬਣ ਚੁੱਕਾ ਹੈ ਪੁਰਾਣੇ ਸਮੇਂ ਦੌਰਾਨ ਇਸ ਇਲਾਕੇ ਵਿਚ ਹੋਣ ਵਾਲੀਆਂ ਲੜਾਈਆਂ ਲਈ ਕਾਫ਼ੀ ਮਹੱਤਵਪੂਰਨ ਸੀ।

ਸ਼ਹਿਰ ਤੋਂ ਲਗਭਗ 48 ਕਿ. ਮੀ. (30 ਮੀ.) ਪੱਛਮ ਵੱਲ ਕਾਵੇਰੀ ਦਰਿਆ ਦੀਆਂ ਆਬਸ਼ਾਰਾ ਹਨ।

ਆਬਾਦੀ- 59, 318 (1991)

12° 8′ ਉ. ਵਿਥ. ; 78° 10′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 3 : 511 ; ਇੰਪ. ਗ. ਇੰਡ. 11 : 299

ਧਰਮਵਾਮਸਾ : ਪੂਰਬੀ ਜਾਵਾ ਦਾ ਇਕ ਬਾਦਸ਼ਾਹ ਸੀ ਜਿਸ ਨੇ 991 ਤੋਂ 1007 ਤਕ ਰਾਜ ਕੀਤਾ। ਇਹ ਜਾਵਾ ਦਾ ਪਹਿਲਾ ਸ਼ਾਸਕ ਹੈ ਜਿਸ ਦੇ ਜੀਵਨ ਬਾਰੇ ਵੇਰਵਾ ਮਿਲਦਾ ਹੈ।

ਇਹ ਇਕ ਹਿੰਦੂ ਰਾਜਾ ਸੀ। ਇਸ ਦਾ ਰਾਜ-ਕਾਲ ਇਸ ਦੀਆਂ ਸਾਹਿਤਕ ਪ੍ਰਾਪਤੀਆਂ ਕਾਰਨ ਪ੍ਰਸਿੱਧ ਹੈ। ਇਸ ਦੇ ਸਮੇਂ ਵਿਚ ਹਿੰਦੂ ਮਹਾ-ਕਾਵਿ 'ਮਹਾਭਾਰਤ' ਦਾ ਜਾਵੀ ਭਾਸ਼ਾ ਵਿਚ ਅਨੁਵਾਦ ਹੋਇਆ। ਬਾਦਸ਼ਾਹ ਵਲੋਂ ਬਣਾਇਆ ਕਾਨੂੰਨੀ ਜ਼ਾਬਤਾ ਅੱਜ ਵੀ ਬਾਲੀ ਵਿਚ ਵਰਤਿਆ ਜਾਂਦਾ ਹੈ। ਇਸ ਨੇ ਬਾਲੀ ਅਤੇ ਬੋਹਨੀਓ ਨਾਲ ਮਿਤਰਤਾ ਵਾਲੇ ਸਬੰਧ ਕਾਇਮ ਕੀਤੇ ਅਤੇ ਉਨ੍ਹਾਂ ਤੋਂ, ਕਰ ਵਸੂਲ ਕਰਕੇ ਸੁਮਾਟਰਾ ਦੇ ਸ਼ਕਤੀਸ਼ਾਲੀ ਰਾਜੇ ਸ੍ਰੀ ਵਿਜਯ ਉਪਰ ਹਮਲਾ ਕਰ ਦਿੱਤਾ ਜਿਸ ਨੇ ਇਸ ਦਾ ਡੱਟਕੇ ਮੁਕਾਬਲਾ ਕੀਤਾ ਅਤੇ ਪੂਰਬੀ ਜਾਵਾ ਨੂੰ ਲਗਭਗ ਤਬਾਹ ਹੀ ਕਰ ਦਿੱਤਾ। ਇਸ ਲੜਾਈ ਵਿਚ (1007 ਈ.) ਧਰਮਵਾਮਸਾ ਆਪ ਵੀ ਮਾਰਿਆ ਗਿਆ ਅਤੇ ਇਸ ਦਾ ਰਾਜ ਇਸ ਦੇ ਜਵਾਈ, ਏਰਲੰਗਾ ਦੇ ਹਵਾਲੇ ਕਰ ਦਿੱਤਾ ਗਿਆ।

ਹ. ਪੁ.-ਐਨ. ਬ੍ਰਿ. ਮਾ. 3 : 512

ਧਰਮਾਟ ਦੀ ਲੜਾਈ : ਇਹ ਲੜਾਈ 15 ਅਪ੍ਰੈਲ, 1658 ਨੂੰ ਮੁਗ਼ਲ ਸ਼ਹਿਜ਼ਾਦਿਆਂ, ਔਰੰਗਜ਼ੇਬ ਅਤੇ ਮੁਰਾਦਬਖ਼ਸ਼ ਅਤੇ ਸ਼ਹਿਨਸ਼ਾਹ ਸ਼ਾਹ ਜਹਾਨ ਦੀਆਂ ਫ਼ੌਜਾਂ ਦਰਮਿਆਨ ਉਜੈਨ ਤੋਂ 24 ਕਿ. ਮੀ. ਦੂਰੀ ਤੇ ਧਰਮਾਟ ਵਿਖੇ ਲੜੀ ਗਈ। ਇਸ ਵਿਚ ਸ਼ਹਿਜਾਦਿਆਂ ਦੀਆਂ ਫ਼ੌਜਾਂ ਸ਼ਹਿਜ਼ਾਦਾ ਔਰੰਗਜ਼ੇਬ ਅਤੇ ਮੁਰਾਦ ਬਖ਼ਸ਼ ਦੀ ਕਮਾਨ ਹੇਠ ਅਤੇ ਸ਼ਾਹ ਜਹਾਨ ਦੀਆਂ ਫ਼ੌਜਾਂ ਰਾਜਪੂਤ ਰਾਜਾ ਜਸਵੰਤ ਸਿੰਘ ਦੀ ਕਮਾਨ ਹੇਠ ਲੜੀਆਂ। ਇਹ ਸ਼ਾਹ ਜਹਾਨ ਦੇ ਉਤਰਾਧਿਕਾਰ ਲਈ ਹੋਈ ਖਾਨਾਜੰਗੀ ਦੀ ਪਹਿਲੀ ਲੜਾਈ ਦੇ ਨਾਲ-ਨਾਲ ਔਰੰਗਜ਼ੇਬ ਦੀ ਆਖ਼ਰ ਨੂੰ ਹੋਣ ਵਾਲੀ ਜਿੱਤ ਦਾ ਪਹਿਲਾ ਪੜਾਅ ਸੀ। ਜਸਵੰਤ ਸਿੰਘ ਨੂੰ ਸ਼ਹਿਨਸ਼ਾਹ ਵਲੋਂ ਹੁਕਮ ਸੀ ਕਿ ਸ਼ਹਿਜ਼ਾਦਿਆਂ ਨੂੰ ਕਿਸੇ ਕਿਸਮ ਦਾ ਜਾਨੀ ਨੁਕਸਾਨ ਨਾ ਪਹੁੰਚਾਇਆ ਜਾਵੇ। ਜਸਵੰਤ ਸਿੰਘ ਦੋਹਾਂ ਸ਼ਹਿਜ਼ਾਦਿਆਂ ਦੇ ਗਠਜੋੜ ਨੂੰ ਤੋੜ ਨਾ ਸਕਿਆ ਅਤੇ ਉਸ ਨੂੰ ਬੁਰੀ ਤਰ੍ਹਾਂ ਹਾਰ ਹੋਈ।

ਹ.ਪੁ. -ਐਨ. ਬ੍ਰਿ. ਮਾ. 3 : 512

ਧਰਮਾਵਰਮ : ਆਂਧਰਾ ਪ੍ਰਦੇਸ਼ ਦੇ ਅਨੰਤਪੁਰ ਜ਼ਿਲ੍ਹੇ ਦਾ ਇਕ ਸ਼ਹਿਰ ਜੋ ਅਨੰਤਪੁਰ ਤੋਂ 32 ਕਿ. ਮੀ. ਦੱਖਣ-ਦੱਖਣ-ਪੂਰਬ ਵੱਲ ਚਿੱਤਰਾਵਤੀ ਨਦੀ ਦੇ ਕੰਢੇ ਉੱਤੇ ਸਥਿਤ ਹੈ। ਕਿਹਾ ਜਾਂਦਾ ਹੈ ਕਿ ਇਸ ਸ਼ਹਿਰ ਦੀ ਨੀਂਹ ਕ੍ਰਿਆਸ਼ਕਤੀ ਉਦੇਯਾਰ ਨਾਂ ਦੇ ਇਕ ਵਿਅਕਤੀ ਨੇ ਰੱਖੀ ਸੀ ਅਤੇ ਪਹਿਲਾਂ ਇਸ ਨੂੰ ਕਿਲੇ ਬੰਦ ਕੀਤਾ ਗਿਆ ਸੀ। ਇਥੇ ਇਕ ਪ੍ਰਾਚੀਨ ਵੈਸ਼ਨਵ ਮੰਦਰ ਹੈ ਜਿਸ ਵਿਚ ਇਕ ਪਵਿੱਤਰ ਚਸ਼ਮਾ ਵੀ ਹੈ। ਇਹ ਸੜਕਾਂ ਅਤੇ ਰੇਲਾਂ ਦਾ ਕੇਂਦਰ ਹੈ। ਵਪਾਰਕ ਪਖੋਂ ਇਸ ਸ਼ਹਿਰ ਦਾ ਬਹੁਤ ਮੱਹਤਵ ਹੈ। ਇਥੇ ਤੇਲ ਕੱਢਣ ਦੇ ਕਾਰਖ਼ਾਨੇ ਹਨ।

ਆਬਾਦੀ—78, 961 (1991)

14°25′ ਉ. ਵਿਥ.; 77° 43′ ਪੂ. ਲੰਬ.

ਹ. ਪੁ.-ਇੰਪ. ਗ. ਇੰਡ. 11 : 300 ; ਹਿੰ. ਵਿ. ਕੋ. 6 : 175

ਧਰਾਂਗਧਰਾ : ਰਿਆਸਤ—ਇਹ ਅਣਵੰਡੇ ਪੰਜਾਬ ਵਿਚ ਕਾਠੀਆਵਾੜ ਪੋਲਿਟੀਕਲ ਏਜੰਸੀ ਵਿਚ ਇਕ ਦੇਸੀ ਰਿਆਸਤ ਹੁੰਦੀ ਸੀ। ਇਸ ਦਾ ਕੁੱਲ ਰਕਬਾ 2,959 ਵ. ਕਿ. ਮੀ. (1156 ਵ. ਮੀਲ) ਸੀ ਅਤੇ ਇਸੇ ਹੀ ਨਾਉਂ ਦਾ ਸ਼ਹਿਰ ਇਸ ਦਾ ਰਾਜਧਾਨੀ ਸ਼ਹਿਰ ਸੀ। ਇਸ ਵਿਚ ਦੋ ਕਸਬੇ, 132 ਪਿੰਡ ਅਤੇ ਤਿੰਨ ਮਿਉਂਸਪਲਟੀਆਂ ਸ਼ਾਮਲ ਸਨ। ਭਾਰਤ ਦੇ ਰਾਜਾਂ ਦੇ ਪੁਨਰਗਠਨ ਵੇਲੇ ਇਹ ਰਿਆਸਤ ਗੁਜਰਾਤ ਵਿਚ ਸ਼ਾਮਲ ਕਰ ਦਿੱਤੀ ਗਈ।

ਇਸ ਰਿਆਸਤ ਦਾ ਮੁੱਖੀ ਝਾਲ ਕਬੀਲੇ ਨਾਲ ਸਬੰਧਤ ਸੀ। ਇਹ ਕਬੀਲਾ ਮੂਲ ਰੂਪ ਵਿਚ ਮਕਵਾਨਾ ਬੰਸ ਵਿਚੋਂ ਸੀ। ਕਿਹਾ ਜਾਂਦਾ ਹੈ ਕਿ ਇਹ ਇਕ ਪ੍ਰਾਚੀਨ ਕਬੀਲਾ ਸੀ ਅਤੇ ਕਾਠੀਆਵਾੜ ਦੇ ਇਲਾਕੇ ਵਿਚ ਉੱਤਰ ਵਾਲੇ ਪਾਸਿਓਂ ਦਾਖ਼ਲ ਹੋਇਆ ਸੀ। ਸਭ ਤੋਂ ਪਹਿਲਾਂ ਇਨ੍ਹਾਂ ਲੋਕਾਂ ਨੇ ਅਹਿਮਦਾਬਾਦ ਜ਼ਿਲ੍ਹੇ ਅੰਦਰ ਵੀਰਮਗਾਉਂ ਤਾਅਲੁੱਕੇ ਦੇ ਪਾਤਰੀ ਸਥਾਨ ਉੱਤੇ ਆ ਕੇ ਡੇਰੇ ਲਾਏ ਸਨ ਅਤੇ ਫਿਰ ਕੁਝ ਸਮਾਂ ਹਾਲਵਾਣ ਵਿਖੇ ਮੁਕਾਮ ਕੀਤਾ ਅਤੇ ਅੰਤ ਨੂੰ ਇਹ ਧਰਾਂਗਧਰਾ ਦੇ ਸਥਾਨ ਤੇ ਆ ਕੇ ਪੱਕੇ ਤੌਰ ਤੇ ਵੱਸ ਗਏ। ਕਿਸੇ ਸਮੇਂ ਇਸ ਖੇਤਰ ਦਾ ਬਹੁਤ ਸਾਰਾ ਹਿੱਸਾ ਗੁਜਰਾਤ ਦੇ ਮੁਸਲਮਾਨ ਹਾਕਮਾਂ ਦੇ ਅਧੀਨ ਵੀ ਰਿਹਾ। ਮਗਰੋਂ ਔਰੰਗਜ਼ੇਬ ਦੇ ਰਾਜਕਾਲ (1658-1707) ਦੌਰਾਨ ਹਲਵਾੜ ਸਬ-ਡਵੀਜ਼ਨ ਜਿਸ ਨੂੰ ਉਸ ਸਮੇਂ ਮੁਹੰਮਦਨਗਰ ਕਿਹਾ ਜਾਂਦਾ ਸੀ, ਦੇ ਸਪੁਰਦ ਕਰ ਦਿੱਤਾ ਗਿਆ। ਕਾਠੀਆਵਾੜ ਵਿਚ ਪੈਂਦੀਆਂ ਲਿੱਬੜੀ, ਵਧਵਾਂ, ਚੂੜਾ, ਸਾਯਲ ਅਤੇ ਖਾਨ ਲਖ਼ਤਰ ਨਾਮੀ ਛੋਟੀਆਂ ਛੋਟੀਆਂ ਰਿਆਸਤਾਂ ਅਸਲ ਵਿਚ ਧਰਾਂਗਧਰਾ ਰਿਆਸਤ ਦੀਆਂ ਹੀ ਸ਼ਾਖਾਵਾਂ ਸਨ।

ਸੰਨ 1807 ਵਿਚ ਇਥੋਂ ਦੇ ਮੁੱਖੀ ਨੇ ਅੰਗਰੇਜ਼ ਸਰਕਾਰ ਨਾਲ ਸੰਧੀ ਕਰ ਲਈ ਅਤੇ ਉਸ ਨੂੰ ਅੰਗਰੇਜ਼ ਸਰਕਾਰ ਵੱਲੋਂ 11 ਤੋਪਾਂ ਦੀ ਸਲਾਮੀ ਲੈਣ ਦਾ ਅਧਿਕਾਰ ਦਿੱਤਾ ਗਿਆ ਅਤੇ ਨਾਲ ਹੀ ਉਸ ਨੂੰ ਰਾਜਾ ਸਾਹਿਬ ਦਾ ਖਿਤਾਬ ਪ੍ਰਦਾਨ ਕੀਤਾ ਗਿਆ ਸੀ। ਇਥੇ ਰਾਜੇ ਨੂੰ ਆਪਣਾ ਮੁਤਬੰਨਾ ਬਣਾਉਣ ਸਬੰਧੀ ਸਨਦ ਵੀ ਦਿੱਤੀ ਗਈ ਅਤੇ ਜਾਨਸ਼ੀਨੀ ਲਈ ਇਥੇ ਜੇਠੇ ਅਧਿਕਾਰ ਦਾ ਨਿਯਮ ਪ੍ਰਚਲਿਤ ਸੀ। ਕਾਠੀਆਵਾੜ ਦੀ ਪੁਲਿਟੀਕਿਲ ਏਜੰਸੀ ਦੀ ਅਵਲ ਦਰਜੇ ਦੀ ਰਿਆਸਤ ਸੀ। ਇਥੋਂ ਦੇ ਮੁੱਖੀ ਨੂੰ ਦੋਸ਼ੀਆਂ ਨੂੰ ਮੌਤ ਦੀ ਸਜ਼ਾ ਦੇਣ ਅਤੇ ਮੁਆਫ਼ ਕਰਨ ਦਾ ਪੂਰਾ ਹੱਕ ਸੀ। ਬਰਤਾਨਵੀ ਅਧਿਕਾਰ ਖੇਤਰ ਨਾਲ ਸਬੰਧਤ ਕਤਲ ਦੇ ਦੋਸ਼ੀਆਂ ਦੀ ਸੁਣਵਾਈ ਲਈ ਸਰਕਾਰ ਦੇ ਏਜੰਟ ਤੋਂ ਪਹਿਲਾਂ ਮਨਜ਼ੂਰੀ ਲੈਣੀ ਜ਼ਰੂਰੀ ਸੀ। ਜ਼ਮੀਨ ਦਾ ਮਾਲੀਆ ਉਪਜ ਦੀ ਵੰਡ ਅਨੁਸਾਰ ਵਸੂਲ ਕੀਤਾ ਜਾਂਦਾ ਸੀ। ਇਥੋਂ ਦੇ ਮੁੱਖੀ ਵਲੋਂ ਅੰਗਰੇਜ਼ ਸਰਕਾਰ ਅਤੇ ਜੂਨਾਗੜ੍ਹ ਦੇ ਨਵਾਬ ਨੂੰ ਕੁੱਲ 44, 677 ਰੁ. ਸਾਲਾਨਾ ਖਿਰਾਜ ਦਿੱਤਾ ਜਾਂਦਾ ਸੀ।

ਇਸ ਰਿਆਸਤ ਵੱਲੋਂ 335 ਸਿਪਾਹੀਆਂ ਦੀ ਇਕ ਫੌਜ਼ ਕਾਇਮ ਕੀਤੀ ਹੋਈ ਸੀ ਜਿਸ ਵਿਚ 75 ਘੋੜ ਸਵਾਰ ਸਨ। ਰਿਆਸਤ ਦੇ ਅੰਦਰ ਅਮਨ ਕਾਨੂੰਨ ਕਾਇਮ ਰੱਖਣ ਲਈ 229 ਆਦਮੀਆਂ ਦੀ ਪੁਲਿਸ ਬਲ ਵੀ ਸੀ। ਇਨ੍ਹਾਂ ਵਿਚੋਂ 29 ਘੋੜ ਸਵਾਰ ਸਨ। ਰਿਆਸਤ ਵਿਚ ਚਾਰ ਜੇਲਾਂ, ਬੱਚਿਆਂ ਦੀ ਸਿੱਖਿਆ ਲਈ 39 ਸਕੂਲ ਅਤੇ ਪਰਜਾ ਦੀ ਭਲਾਈ ਲਈ ਇਕ ਹਸਪਤਾਲ ਅਤੇ ਦੋ ਡਿਸਪੈਂਸਰੀਆਂ ਸਨ।

ਹ. ਪੁ.–ਇੰਪ. ਗ. ਇੰਡ. 11: 333 ; ਹਿੰ. ਵਿ. ਕੋ. 6 : 201

ਧਰਾਂਗਧਰਾ : ਸ਼ਹਿਰ—ਭਾਰਤ ਦੇ ਗੁਜਰਾਤ ਰਾਜ ਦੇ ਸੁਰਿੰਦਰ ਨਗਰ ਜ਼ਿਲ੍ਹੇ ਦਾ ਇਹ ਇਕ ਪ੍ਰਸਿੱਧ ਸ਼ਹਿਰ ਹੈ ਜਿਹੜਾ ਅਹਿਮਦਨਗਰ ਸ਼ਹਿਰ ਦੇ ਪੱਛਮ ਵਿਚ 120 ਕਿ.ਮੀ. (75 ਮੀਲ) ਦੇ ਫ਼ਾਸਲੇ ਤੇ ਵੱਸਿਆ ਹੋਇਆ ਹੈ। ਇਸ ਸ਼ਹਿਰ ਦੀ 1730 ਈ. ਵਿਚ ਸਥਾਪਨਾ ਹੋਈ ਅਤੇ ਇਹ ਇਸੇ ਹੀ ਨਾਉਂ ਦੀ ਰਿਆਸਤ ਦਾ ਸਦਰ-ਮੁਕਾਮ ਹੁੰਦਾ ਸੀ। ਸ਼ਹਿਰ ਦਾ ਨਾਂ ਸੰਸਕ੍ਰਿਤ ਦੇ ਸ਼ਬਦ 'ਧਰਾਂਗ' ਭਾਵ 'ਪੱਥਰ' ਅਤੇ 'ਧਰਾ' ਭਾਵ 'ਰੱਖਣ ਵਾਲਾ' ਤੋਂ ਪਿਆ ਹੈ। ਇਹ ਸਥਾਨ ਕਾਫ਼ੀ ਸਖ਼ਤ ਹੈ ਅਤੇ ਇਥੇ ਪਥੱਰ ਦੀਆਂ ਖਾਨਾਂ ਵੀ ਕਾਫ਼ੀ ਹਨ। ਸਾਰਾ ਸ਼ਹਿਰ ਖਾਸ ਕਰਕੇ ਪੁਰਾਣਾ ਹਿੱਸਾ ਸਥਾਨਕ ਪੱਥਰ ਦਾ ਬਣਿਆ ਹੋਇਆ ਹੈ ਜਿਹੜਾ ਕਿ ਸਾਰੇ ਹੀ ਗੁਜਰਾਤ ਰਾਜ ਵਿਚ ਮਸ਼ਹੂਰ ਹੈ।

ਅਜੋਕਾ ਧਰਾਂਗਧਰਾ ਕਪਾਹ, ਜਵਾਰ, ਬਾਜਰਾ, ਲੂਣ, ਇਮਾਰਤੀ ਪੱਥਰ ਦਾ ਵਪਾਰਕ ਕੇਂਦਰ ਹੈ ਅਤੇ ਇਥੇ ਕਾਸਟਿਕ ਸੋਡਾ, ਸੋਡਾ ਐਸ਼, ਸੋਡੀਅਮ ਬਾਈਕਾਰੋਬੋਨੇਟ ਵਰਗੇ ਰਸਾਇਣਕ ਪਦਾਰਥ ਤਿਆਰ ਕਰਨ ਦੇ ਉਦਯੋਗ ਸਥਾਪਤ ਹਨ। ਇਥੇ ਸੂਤੀ ਕੱਪੜਾ ਬੁਣਨ ਤੇ ਵੜੇਵੇਂ ਕੱਢਣ ਦੇ ਕਾਰਖਾਨੇ ਵੀ ਕਾਫ਼ੀ ਉੱਨਤ ਹਨ। ਇਥੇ ਦੀ ਕਸ਼ੀਦਾਕਾਰੀ ਦੂਰ-ਦੂਰ ਤਕ ਮਸ਼ਹੂਰ ਹੈ। ਇਥੇ ਰੇਲਵੇ ਦਾ ਵੀ ਵੱਡਾ ਜੰਕਸ਼ਨ ਹੈ।

ਆਬਾਦੀ– 57,961 (1991)

22°59′ ਉ. ਵਿਥ. ; 71°31′ ਪੂ. ਲੰਬ.

ਹ.ਪੁ. –ਇੰਪ. ਗ. ਇੰਡ. 11 : 334 ; ਹਿੰ. ਵਿ. ਕੋ. 6 : 201

ਧ੍ਰਿਸ਼ੁਟਦਯੂਮਨ : ਇਹ ਰਾਜਾ ਦ੍ਰੋਪਦ ਦਾ ਪੁੱਤਰ ਅਤੇ ਦ੍ਰੋਪਦੀ ਦਾ ਭਰਾ ਸੀ ਜਿਹੜਾ ਯੱਗ-ਕੁੰਡ ਤੋਂ ਉਤਪੰਨ ਹੋਇਆ। ਇਸ ਨੂੰ ਧ੍ਰਿਸ਼ਟਦਯੂਮਨ, ਧ੍ਰਿਸਦੋਨ, ਯੱਗਸੇਨਸੁਤ ਆਦਿ ਨਾਵਾਂ ਨਾਲ ਵੀ ਜਾਣਿਆ ਜਾਂਦਾ ਹੈ। ਇਸ ਨੇ ਦ੍ਰੋਣਾਚਾਰੀਆ ਤੋਂ ਯੁੱਧ ਵਿਦਿਆ ਸਿੱਖੀ। ਪਾਂਡਵਾਂ ਨੇ ਇਸ ਨੂੰ ਆਪਣਾ ਸੈਨਾਪਤੀ ਬਣਾਇਆ। ਮਹਾਂਭਾਰਤ ਵਿਚ ਇਸ ਨੇ ਦ੍ਰੋਣਾਚਾਰੀਆ ਦੀ ਹੱਤਿਆ ਕਰ ਦਿੱਤੀ ਕਿਉਂਕਿ ਦ੍ਰੋਣ ਨੇ ਇਸ ਦੇ ਪਿਤਾ ਦਾ ਸਿਰ ਕੱਟ ਲਿਆ ਸੀ। ਦ੍ਰੋਣ ਦੇ ਪੁੱਤਰ ਅਸ਼ਵਥਾਮਾ ਨੇ ਇਸ ਨੂੰ ਸੁੱਤੇ ਪਏ ਨੂੰ ਮਾਰ ਦਿੱਤਾ ਸੀ।

ਹ. ਪੁ. –ਹਿੰ. ਵਿ. ਕੋ. 6 : 197; ਮ. ਕੋ. 674; ਪ੍ਰਾ. ਚ. ਕੋ. 331; ਹਿੰ. ਮਿ. ਕੋ. 316; ਹਿੰ. ਸਾ. ਕੋ. 2 : 257.

ਧ੍ਰਿਤਰਾਸ਼ਟਰ : ਧ੍ਰਿਤਰਾਸ਼ਟਰ ਇਕ ਕੌਰਵ ਰਾਜਾ, ਦੁਰਯੋਧਨ ਦਾ ਪਿਤਾ, ਵਿਚਿਤ੍ਰਵੀਰਯ ਜਾਂ ਵਿਆਸ ਦਾ ਵੱਡਾ ਪੁੱਤਰ ਅਤੇ ਪਾਂਡੂ ਦਾ ਭਰਾ ਸੀ। ਇਸ ਦੀ ਮਾਤਾ ਦਾ ਨਾਂ ਅੰਬਿਕਾ ਸੀ ਜੋ ਕਾਸ਼ੀਰਾਜ ਦੀ ਧੀ ਸੀ। ਧ੍ਰਿਤਰਾਸ਼ਟਰ ਜਨਮ ਤੋਂ ਹੀ ਅੰਨ੍ਹਾ ਸੀ, ਇਸ ਦਾ ਵਿਆਹ ਗੰਧਾਰੀ ਨਾਲ ਹੋਇਆ। ਆਪਣੇ ਪਤੀ ਦੇ ਅੰਨ੍ਹਾ ਹੋਣ ਕਾਰਨ ਗੰਧਾਰੀ ਦਿਨ ਰਾਤ ਆਪਣੀਆਂ ਅੱਖਾਂ ਤੇ ਪੱਟੀ ਬੰਨ੍ਹੀ ਰਖਦੀ ਸੀ। ਗੰਧਾਰੀ ਦੇ ਗਰਭ ਤੋਂ ਇਸ ਦੇ ਸੌ ਪੁੱਤਰ ਪੈਦਾ ਹੋਏ ਜਿਨ੍ਹਾਂ ਵਿਚ ਦੁਰਯੋਧਨ ਸਭ ਤੋਂ ਵੱਡਾ ਸੀ। ਕੁਰੂ ਇਨ੍ਹਾਂ ਦੇ ਪੂਰਵਜ (ਵਡੇਰੇ) ਸਨ ਜਿਸ ਕਰਕੇ ਧ੍ਰਿਤਰਾਸ਼ਟਰ ਦੇ ਪੁੱਤਰਾਂ ਨੂੰ ਕੌਰਵ ਕਿਹਾ ਜਾਂਦਾ ਹੈ। ਧ੍ਰਿਤਰਾਸ਼ਟਰ ਅਤੇ ਇਸ ਦੇ ਭਰਾ ਪਾਂਡੂ ਨੇ ਵਾਰੋ ਵਾਰੀ ਇਕ-ਇਕ ਕਰਕੇ ਤਖਤਾਂ ਨੂੰ ਛੱਡ ਦਿੱਤਾ ਤਾਂ ਦੋਵਾਂ ਦੇ ਪੁੱਤਰਾਂ ਵਿਚ ਰਾਜ ਗੱਦੀ ਲਈ ਯੁੱਧ ਛਿੜਿਆ ਜਿਸ ਨੂੰ ਮਹਾਭਾਰਤ ਕਿਹਾ ਜਾਂਦਾ ਹੈ। ਅੰਨ੍ਹੇ ਅਤੇ ਰੋਗੀ ਹੋਣ ਕਾਰਨ ਦੋਵਾਂ ਭਰਾਵਾਂ ਨੇ ਆਪਣਾ ਰਾਜ ਭਾਗ ਆਪਣੇ ਬੱਚਿਆਂ ਨੂੰ ਦੇਣਾ ਚਾਹਿਆ ਸੀ। ਮਹਾਭਾਰਤ ਦੀ ਕਥਾ ਅਨੁਸਾਰ ਪੁਰੂ ਵੰਸ਼ ਵਿਚ ਇਕ ਰਾਜਾ ਸ਼ਾਂਤਨੂੰ ਹੋਏ ਹਨ ਜਿਨ੍ਹਾਂ ਨੇ ਗੰਗਾ ਨਾਲ ਵਿਆਹ ਕੀਤਾ ਸੀ। ਗੰਗਾ ਦੇ ਗਰਭ ਤੋਂ ਪੈਦਾ ਹੋਏ ਦੇਵਵ੍ਰਤ ਨਾਂ ਦੇ ਲੜਕੇ ਨੂੰ ਭੀਸ਼ਮ ਦੇ ਨਾਂ ਨਾਲ ਪ੍ਰਸਿੱਧੀ ਪ੍ਰਾਪਤ ਹੋਈ। ਭੀਸ਼ਮ ਨੇ ਵਿਆਹ ਨਾ ਕਰਵਾਉਣ ਦੀ ਕਸਮ ਖਾ ਲਈ ਸੀ ਅਤੇ ਇਸ ਲਈ ਇਸ ਨੇ ਆਪਣੇ ਪਿਤਾ ਦਾ ਵਿਆਹ ਸਤਯਵਤੀ (ਮਤਸਯਗੰਧਾ) ਨਾਲ ਹੋਣ ਦੀ ਰਜ਼ਾਮੰਦੀ ਦੇ ਦਿੱਤੀ। ਜਦੋਂ ਸਤਯਵਤੀ ਅਜੇ ਕੰਵਾਰੀ ਸੀ ਉਦੋਂ ਉਸੇ ਦੇ ਗਰਭ ਤੋਂ ਪਰਾਸ਼ਰ ਦੇ ਸੰਯੋਗ ਨਾਲ ਇਕ ਪੁੱਤਰ ਪੈਦਾ ਹੋਇਆ ਜਿਸ ਦਾ ਨਾਂ ਦੈਪਾਯਨ ਪਿਆ ਫਿਰ ਇਹ ਦੈਪਾਬਨ ਮਹਾਭਾਰਤ ਦੇ ਕਰਤਾ ਪ੍ਰਸਿੱਧ ਮਹਾਰਿਸ਼ੀ ਵੇਦ ਵਿਆਸ ਹੋਏ ਮਗਰੋਂ ਸਤਾਯਵਤੀ ਦੇ ਗਰਭ ਤੋਂ ਸ਼ਾਂਤਨੂੰ ਦੇ ਦੋ ਪੁੱਤਰ ਹੋਏ ਜਿਨ੍ਹਾਂ ਦਾ ਨਾਂ ਵਿਚਿਤ੍ਰਵੀਰਯ ਅਤੇ ਚਿਤਰਾਂਗਦ ਸੀ। ਚਿਤਰਾਂਗਦ ਭਰ ਜਵਾਨੀ ਵਿਚ ਹੀ ਇਕ ਗੰਧਰਵ ਹੱਥੋਂ ਮਾਰਿਆ ਗਿਆ। ਵਿਚਿਤ੍ਰਵੀਰਯ ਰਾਜਾ ਬਣਿਆ ਅਤੇ ਉਸ ਨੇ ਅੰਬਿਕਾ ਅਤੇ ਅੰਬਾਲਿਕਾ ਨਾਂ ਦੀਆਂ ਦੋ ਲੜਕੀਆਂ ਨਾਲ ਸ਼ਾਦੀ ਕੀਤੀ ਪਰ ਇਸ ਤੋਂ ਕੁਝ ਦਿਨ ਪਿਛੋਂ ਵਿਚਿਤ੍ਰਵੀਰਯ ਬਿਨਾਂ ਕੋਈ ਸੰਤਾਨ ਪੈਦਾ ਕੀਤੇ ਮਰ ਗਿਆ। ਆਪਣਾ ਵੰਸ਼ ਚਲਾਉਣ ਲਈ ਸਤਯਵਤੀ ਨੇ ਆਪਣੇ ਪੁੱਤਰ ਮਹਾਂਰਿਸ਼ੀ ਵੇਦ ਵਿਆਸ ਨੂੰ ਬੁਲਾ ਕੇ ਆਪਣੀਆਂ ਦੋਹਾਂ ਨੂੰਹਾਂ ਨਾਲ ਸਹਿਵਾਸ (ਸੰਭੋਗ) ਕਰਨ ਨੂੰ ਕਿਹਾ ਅੰਬਿਕਾ ਨੇ ਵੇਦ ਵਿਆਸ ਦੀਆਂ ਜਟਾਵਾਂ ਅਤੇ ਕਾਲਾ ਰੰਗ ਦੇਖ ਕੇ ਸੰਭੋਗ ਸਮੇਂ ਅੱਖਾਂ ਬੰਦ ਕਰ ਲਈਆਂ। ਅਜਿਹਾ ਹੋਣ ਪਿਛੋਂ ਵੇਦ ਵਿਆਸ ਨੇ ਵਚਨ ਕੀਤਾ ਕਿ ਇਸ ਦੇ ਗਰਭ ਤੋਂ ਧਰਮ ਪ੍ਰਤਾਪੀ ਤੇਜਸਵੀ ਪੁੱਤਰ ਪੈਦਾ ਹੋਏਗਾ ਪਰ ਉਹ ਆਪਣੀ ਮਾਤਾ ਦੇ ਇਸ ਦੋਸ਼ ਕਾਰਨ ਅੰਨ੍ਹਾ ਹੋਵੇਗਾ। ਪਾਂਡੂ ਨੂੰ ਪੀਲੀਏ ਦੀ ਬੀਮਾਰੀ ਸੀ-ਮਹਾਭਾਰਤ ਵਿਚ ਵਰਣਿਤ ਯੁੱਧ ਇਨ੍ਹਾਂ ਦੋਹਾਂ ਦੇ ਲੜਕਿਆਂ ਵਿਚਕਾਰ ਹੋਇਆ ਸੀ। ਜਿਨ੍ਹਾਂ ਵਿਚੋਂ ਇਕ ਧਿਰ ਕੌਰਵਾਂ ਦੀ ਅਤੇ ਦੂਜੀ ਪਾਂਡਵਾਂ ਦੀ ਸੀ। ਇਕ ਵਾਰ ਜੰਗਲ 'ਚ ਅੱਗ ਲੱਗ ਜਾਣ ਕਾਰਨ ਧ੍ਰਿਤਰਾਸ਼ਟਰ ਅਤੇ ਗੰਧਾਰੀ ਦੀ ਇੱਕਠਿਆਂ ਹੀ ਸੜ ਕੇ ਮੌਤ ਹੋ ਗਈ।

ਜਨਮੇਜਯ ਦੇ ਇਕ ਪੁੱਤਰ ਦਾ ਨਾਂ ਵੀ ਧ੍ਰਿਤਰਾਸ਼ਟਰ ਸੀ। ਪੁਰਾਣਾਂ ਵਿਚ ਵਰਣਿਤ ਇਸੇ ਨਾਂ ਦੇ ਇਕ ਬਹੁਤ ਬਲੀ ਅਤੇ ਭਾਰੀ ਸੱਪ ਜਿਸ ਦੇ ਕਈ ਸਿਰ ਸਨ, ਦਾ ਵੀ ਵਰਣਨ ਮਿਲਦਾ ਹੈ।

ਹ. ਪੁ. –ਹਿੰ. ਵਿ. ਕੋ. 6 : 197; ਹਿੰ. ਸ਼. ਸਾ. 5 : 2480; ਪੰ. ਲੋ. ਵਿ. ਕੋ. ; 6 : 1580 ; ਹਿੰ. ਮਿ. ਕੋ. 316.

ਧ੍ਰੁਵਪਦ : ਇਹ ਚਾਰ ਤਾਲ ਦਾ ਗੀਤ ਹੈ ਜਿਸ ਵਿਚ ਅਸਥਾਈ, ਅੰਤਰਾ, ਸੰਚਾਰੀ ਅਤੇ ਆਭੋਗ ਦੇ ਪਦ ਹੁੰਦੇ ਹਨ। ਧ੍ਰੁਵਪਦ ਸ਼ਬਦ ਧਰੁਪਦ ਦਾ ਸੰਸਕ੍ਰਿਤ ਉਚਾਰਣ ਹੈ। 15 ਈ. ਸਦੀ ਵਿਚ ਧ੍ਰੁਵਪਦ ਨੇ ਪ੍ਰਬੰਧ ਦੀ ਥਾਂ ਲਈ। ਇਸ ਸ਼ੈਲੀ ਨੂੰ ਗਵਾਲੀਅਰ ਦੇ ਰਾਜਾ ਮਾਨ ਸਿੰਘ ਨੇ ਉੱਨਤ ਕੀਤਾ। ਇਹ ਵੀ ਮੰਨਿਆ ਜਾਂਦਾ ਹੈ ਕਿ ਕਲਾਸਿਕੀ ਧ੍ਰੁਵਪਦ ਦਾ ਵਿਕਾਸ ਸੰਗੀਤ ਦੇ ਸਰਪ੍ਰਸਤ ਅਲਾਉਦੀਨ ਖਿਲਜੀ ਦੇ ਦਰਬਾਰ ਦੇ ਸੰਗੀਤਕਾਰਾਂ, ਖ਼ਾਸ ਤੌਰ ਤੇ

ਅਮੀਰ ਖੁਸਰੋ ਰਾਹੀਂ ਹੋਇਆ। ਅਕਬਰ ਦੇ ਦਰਬਾਰੀ ਤਾਨਸੇਨ ਨੇ ਧਰੁਪਦ ਨੂੰ ਗਾਉਣ ਦੀ ਅਨੋਖੀ ਸ਼ੈਲੀ ਦਾ ਵਿਕਾਸ ਕੀਤਾ ਅਤੇ ਇਸ ਸ਼ੈਲੀ ਵਿਚ ਕਈ ਗੀਤ ਰਚੇ।

ਕਈ ਵਾਰ ਧ੍ਰੁਵਪਦ ਵਿਚ ਚਾਰ ਦੀ ਥਾਂ ਪਹਿਲੇ ਦੋ ਜਾਂ ਤਿੰਨ ਪਦ ਹੀ ਸ਼ਾਮਲ ਹੁੰਦੇ ਹਨ ਅਤੇ ਇਨ੍ਹਾਂ ਨੂੰ ਚੌਤਾਲ, ਬ੍ਰਹਮਤਾਲ, ਲਕਸ਼ਮੀ ਤਾਲ ਆਦਿ ਤਾਲਾਂ ਵਿਚ ਗਾਇਆ ਜਾਂਦਾ ਹੈ। ਇਸ ਵਿਚ ਪਦਾਂ ਦੀ ਗਿਣਤੀ ਚਾਰ ਤੋਂ ਲੈ ਕੇ ਛੇ ਤਕ ਅਤੇ ਅੱਖਰਾਂ ਦੀ ਗਿਣਤੀ ਪ੍ਰਤੀ ਚਰਣ 11 ਤੋਂ ਲੈ ਕੇ 26 ਤਕ ਹੁੰਦੀ ਹੈ।

ਸੰਗੀਤ ਦਾਮੋਦਰ ਦੇ ਮਤ ਅਨੁਸਾਰ ਧ੍ਰੁਵਪਦ ਦੇ 16 ਭੇਦ ਹਨ-ਜਯੰਤ, ਸ਼ੇਖਰ, ਉਤਸ਼ਾਹ, ਮਧੁਰ, ਨਿਰਮਲ,ਕੁੰਤਲ,ਕਮਲ, ਸਾਨੰਦ, ਚੰਦਰਸ਼ੇਖਰ, ਸੁਖਦ, ਕੁਮਦ, ਜਾਯੀ, ਕੰਦਰਪ, ਜਯਮੰਗਲ, ਤਿਲਕ ਅਤੇ ਲਲਿਤ। ਜਯੰਤ ਦੇ ਪ੍ਰਤੀ ਚਰਨ 11 ਅੱਖਰ ਹੁੰਦੇ ਹਨ ਜਦ ਕਿ ਸ਼ੇਖਰ ਦੇ 12 ਅਤੇ ਲਲਿਤ ਦੇ 26 ਅੱਖਰ ਹੁੰਦੇ ਹਨ।

ਸ੍ਵਰ ਜਾਂ ਬੇਅਰਥੇ ਸ਼ਬਦਾਂ ਦੀ ਧੀਮੀ ਗਤੀ ਦੇ ਅਲਾਪ ਨਾਲ ਧ੍ਰੁਵਪਦ ਦੀ ਸ਼ੁਰੂਆਤ ਹੁੰਦੀ ਹੈ। ਇਸ ਤੋਂ ਬਾਅਦ ਵਿਸ਼ੇ ਨੂੰ ਤੇਜ਼ ਅਤੇ ਬਹੁਤ ਤੇਜ਼ੀ ਨਾਲ ਗਾਇਆ ਜਾਂਦਾ ਹੈ। ਰਾਗ ਵਿਚ ਅਲਾਪ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਲਿਆਉਣ ਉਪਰੰਤ ਹੀ ਗਾਇਕ ਧ੍ਰੁਵਪਦ ਨੂੰ ਗਾਉਣਾ ਸ਼ੁਰੂ ਕਰਦਾ ਹੈ। ਇਸ ਵਿਚ ਵਰਤੀਆਂ ਜਾਣ ਵਾਲੀਆਂ ਕੁਝ ਤਾਲਾਂ ਖ਼ਿਆਲ ਨਾਲ ਮਿਲਦੀਆਂ ਹਨ। ਇਸ ਪ੍ਰਬੰਧ ਨਾਲ ਵੀ ਕਈ ਤਰ੍ਹਾਂ ਨਾਲ ਮਿਲਦਾ ਜੁਲਦਾ ਹੈ। ਛੇ ਪਦਾਂ ਵਾਲੇ ਧ੍ਰੁਵਪਦ ਨੂੰ ਉੱਤਮ, ਪੰਜ ਵਾਲੇ ਨੂੰ ਮੱਧਮ ਅਤੇ ਚਾਰ ਵਾਲੇ ਨੂੰ ਅਧਮੋ ਮੰਨਿਆ ਜਾਂਦਾ ਹੈ। ਇਸ ਨਾਲ ਪਖਾਵਜ ਦੀ ਗਤੀ ਨਹੀਂ ਵਜਾਈ ਜਾਂਦੀ ਸਗੋਂ ਸਾਥ ਵਜਾਇਆ ਜਾਂਦਾ ਹੈ।

ਹਿੰਦੁਸਤਾਨੀ ਸੰਗੀਤ ਧ੍ਰੁਵਪਦ ਰਾਹੀਂ ਹੀ ਉੱਨਤ ਹੋਇਆ। ਉਦੈਪੁਰ, ਬਨਾਰਸ, ਗਵਾਲੀਅਰ, ਵਿਸ਼ਨੂਪੁਰ ਆਦਿ ਇਸ ਦੇ ਪ੍ਰਸਿੱਧ ਘਰਾਣੇ ਹਨ। ਢਾਡੀ ਔਰਤਾਂ ਮੁੱਖ ਤੌਰ ਤੇ ਡਫ ਅਤੇ ਢੋਲਕ ਵਜਾਉਂਦੀਆਂ ਅਤੇ ਧ੍ਰੁਵਪਦ ਗਾਉਂਦੀਆਂ ਹਨ।

ਹ.ਪੁ.—ਮ. ਕੋ. 675; ਇੰਡੀਅਨ ਮਿਊਜ਼ਿਕ ਏ ਪਰਸਪੈਕਟਿਵ-ਗੌਰੀ ਕੁਪਾਸਵਾਮੀ

ਧਰੂ (ਧ੍ਰੁਵ) : ਧਰੂ ਇਕ ਮਹਾਨ ਭਗਤ ਹੋਇਆ ਹੈ। ਭਗਵਤ ਅਤੇ ਵਿਸ਼ਨੂ ਪੁਰਾਣ ਵਿਚ ਇਸ ਬਾਰੇ ਲਿਖਿਆ ਗਿਆ ਹੈ ਕਿ ਇਹ ਰਾਜਾ ਉਤਾਨਪਾਦ ਦਾ ਪੁੱਤਰ ਸੀ। ਰਾਜੇ ਦੀਆਂ ਦੋ ਪਤਨੀਆਂ ਸਨ। ਇਕ ਦਾ ਨਾਂ ਸੁਨੀਤੀ ਸੀ ਅਤੇ ਦੂਜੀ ਦਾ ਨਾਂ ਸੁਰੁਚੀ। ਸੁਨੀਤੀ ਦੀ ਕੁੱਖੋਂ ਧਰੂ ਪੈਦਾ ਹੋਇਆ ਅਤੇ ਸੁਰੁਚੀ ਦੀ ਕੁੱਖੋਂ ਉੱਤਮ ਪੈਦਾ ਹੋਇਆ। ਰਾਜਾ ਉਤਾਨਪਾਦ ਸੁਰੁਚੀ ਨੂੰ ਬਹੁਤ ਪਿਆਰ ਕਰਦਾ ਸੀ। ਇਕ ਦਿਨ ਰਾਜਾ ਆਪਣੇ ਬੇਟੇ ਉੱਤਮ ਨੂੰ ਗੋਦ ਵਿਚ ਲੈ ਕੇ ਬੈਠਾ ਸੀ, ਉਸ ਸਮੇਂ ਨੂੰ ਧਰੂ ਹੱਸਦਾ-ਖੇਡਦਾ ਘਰ ਆਇਆ ਤੇ ਉਸਨੂੰ ਵੀ ਪਿਤਾ ਨੇ ਪਿਆਰ ਨਾਲ ਗੋਦ ਵਿਚ ਬਿਠਾ ਲਿਆ। ਇਹ ਦੇਖ ਕੇ ਉਸਦੀ ਮਤਰੇਈ ਮਾਂ ਸੁਰੁਚੀ ਗੁੱਸੇ ਵਿਚ ਆ ਗਈ ਤੇ ਉਸਨੇ ਖਿੱਝ ਕੇ ਉਸ ਬਾਲ ਨੂੰ ਪਿਤਾ ਦੀ ਗੋਦੀ ਵਿਚੋਂ ਉਠਾ ਦਿੱਤਾ। ਧਰੂ ਦੇ ਮਨ ਤੇ ਇਸ ਗੱਲ ਨੇ ਗਹਿਰਾ ਸਦਮਾ ਪਹੁੰਚਾਇਆ ਤੇ ਉਹ ਘਰ ਛੱਡ ਕੇ ਤਪ ਕਰਨ ਲਈ ਨਿਕਲ ਗਿਆ। ਇਸ ਬਾਰੇ ਭਾਈ ਗੁਰਦਾਸ ਜੀ ਨੇ ਵੀ ਆਪਣੀ ਬਾਣੀ ਵਿਚ ਇੰਜ ਵਿਅਕਤ ਕੀਤਾ ਹੈ :—

ਧਰੂ ਹਸਦਾ ਘਰ ਆਇਆ
ਕਰ ਪਿਆਰ ਪਿਉ ਕੁੱਛੜ ਲੀਤਾ
ਬਾਹੋਂ ਪਕੜ ਉਠਾਲਿਆ
ਮਨ ਵਿਚ ਰੋਸ ਮਤਰਈ ਕੀਤਾ॥

ਧਰੂ ਦੀ ਮਤਰੇਈ ਮਾਂ ਸੁਰੁਚੀ ਨੇ ਉਸ ਨੂੰ ਇਹ ਵੀ ਕਿਹਾ ਕਿ ਇਸ ਗੋਦ ਵਿਚ ਉਹ ਤਦ ਹੀ ਬੈਠ ਸਕੇਗਾ ਜਦੋਂ ਤਪੱਸਿਆ ਦੁਆਰਾ ਸੁਰੁਚੀ ਦੀ ਕੁੱਖੋਂ ਜਨਮ ਲੈਣ ਦਾ ਵਰ ਪ੍ਰਾਪਤ ਕਰੇਗਾ। ਧਰੂ ਆਪਣੀ ਮਾਤਾ ਸੁਨੀਤੀ ਕੋਲ ਆਇਆ ਅਤੇ ਉਸ ਨੂੰ ਸਾਰਾ ਹਾਲ ਕਹਿ ਸੁਣਾਇਆ। ਮਾਂ ਕੋਲੋਂ ਇਜਾਜ਼ਤ ਲੈ ਕੇ ਜੰਗਲ ਵਿਚ ਤਪੱਸਿਆ ਕਰਨ ਲਈ ਚਲਾ ਗਿਆ। ਧਰੂ ਨੇ ਜੰਗਲਾਂ ਵਿਚ ਘੋਰ ਤਪੱਸਿਆ ਕੀਤੀ। ਕਿਹਾ ਜਾਂਦਾ ਹੈ ਕਿ ਪੰਜ ਸਾਲ ਦੀ ਕਠਿਨ ਤਪੱਸਿਆ ਕਰਨ ਉਪਰੰਤ ਇਸ ਨੂੰ ਵਿਸ਼ਨੂ ਭਗਵਾਨ ਨੇ ਪ੍ਰਤਖ ਦਰਸ਼ਨ ਦਿੱਤੇ ਅਤੇ ਰਾਜ-ਅਧਿਕਾਰ ਪ੍ਰਾਪਤ ਹੋਣ ਦਾ ਵਰ ਦਿੱਤਾ। ਧਰੂ ਘਰ ਪਰਤ ਆਇਆ। ਰਾਜਾ ਬਹੁਤ ਖ਼ੁਸ਼ ਹੋਇਆ ਅਤੇ ਉਸ ਨੇ ਧਰੂ ਦਾ ਵਿਆਹ ਸ਼ਿਸ਼ੁਮਾਰ ਦੀ ਲੜਕੀ ਬਰਮਿ ਨਾਲ ਕਰ ਦਿੱਤਾ। ਧਰੂ ਦੀ ਦੂਜੀ ਪਤਨੀ ਦਾ ਨਾਮ ਇਲਾ ਸੀ। ਭਰਮਿ ਦੀ ਕੁੱਖੋਂ ਕਲਪ ਅਤੇ ਵਾਸਰ ਅਤੇ ਇਲਾ ਦੇ ਗਰਭ ਚੋਂ ਉਤਕਲ ਨਾਮੀ ਪੁੱਤਰ ਪੈਦਾ ਹੋਏ।

ਕਿਹਾ ਜਾਂਦਾ ਹੈ ਕਿ ਧਰੂ ਦਾ ਮਤਰੇਆ ਭਰਾ ਉਤਮ ਇਕ ਵਾਰ ਸ਼ਿਕਾਰ ਖੇਡਣ ਗਿਆ ਹੋਇਆ ਸੀ ਤਾਂ ਉਥੇ ਉਸ ਨੂੰ ਯਕਸ਼ਾਂ ਨੇ ਮਾਰ ਦਿੱਤਾ। ਇਸ ਨੇ ਆਪਣੇ ਭਰਾ ਨੂੰ ਮਾਰਨ ਵਾਲੇ ਯਕਸ਼ਾਂ ਨਾਲ ਯੁੱਧ ਕੀਤਾ ਜਿਸ ਨੂੰ ਪਿਤਾਮਾ ਮਨੂੰ ਨੇ ਸ਼ਾਂਤ ਕੀਤਾ। ਅੰਤ ਵਿਚ ਧਰੂ ਨੇ ਛੱਤੀ ਹਜ਼ਾਰ ਸਾਲ ਰਾਜ ਕਰਨ ਉਪਰੰਤ ਵਿਸ਼ਨੂ ਦੇ ਦਿੱਤੇ ਹੋਏ ਧਰੂ ਲੋਕ ਵਿਚ ਚਲਾ ਗਿਆ।

ਧਰੂ ਦੀ ਅਦੁੱਤੀ ਤੇ ਘੋਰ ਭਗਤੀ ਦੇ ਹਵਾਲੇ ਭਗਤੀ-ਕਾਵਿ ਵਿਚ ਵੀ ਥਾਂ-ਥਾਂ ਤੇ ਮਿਲਦੇ ਹਨ।

ਹ.ਪੁ. -ਪੰ: ਸੰਦ.ਕੋ.-ਡਾ. ਜੱਗੀ; ਹਿੰ. ਸ਼. ਸਾ. 5 : 2493

ਧਾਈਕਾਰ : ਉੱਤਰ-ਪੂਰਬੀ ਇਰਾਕ ਦਾ ਇਹ ਇਕ ਮੁਹਾਫ਼ਜਾ ਹੈ ਜਿਹੜਾ ਪਹਿਲਾਂ ਐਨ ਨਾਸਾਰੀਆ ਨਾਉਂ ਨਾਲ ਜਾਣਿਆ ਜਾਂਦਾ ਸੀ। 13, 626 ਵ. ਕਿ. ਮੀ. ਰਕਬੇ ਵਿਚ ਫੈਲਿਆ ਇਹ ਖੇਤਰ ਫਰਾਤ ਦਰਿਆ ਦੇ ਦੋਹਾਂ ਕੰਢਿਆ ਉੱਤੇ ਵਾਕਿਆ ਹੈ। ਇਥੋਂ ਦੀ ਆਬਾਦੀ 1,030,900 (1991) ਹੈ। ਖੇਤੀ ਪਖੋਂ ਇਹ ਇਕ ਬਹੁਤ ਹੀ ਜਰਖੇਜ਼ ਖੇਤਰ ਹੈ। ਇਸੇ ਕਾਰਨ ਇਥੇ ਵਸੋਂ ਵੀ ਸੰਘਣੀ ਹੈ। ਇਸ ਖੇਤਰ ਵਿਚ ਬਹੁਤੀ ਗਿਣਤੀ ਖ਼ਾਨਾਬ ਦੋਸ਼ਾਂ ਦੀ ਹੈ।

ਮੁਹਾਫਜ਼ੇ ਦੇ ਦੱਖਣਾ-ਪੂਰਬੀ ਹਿੱਸੇ ਵਿਚ ਹਾਰ-ਅਲ-ਹਮਰ ਨਾਉਂ ਦੀ ਇਕ ਵਿਸ਼ਾਲ ਝੀਲ ਹੈ ਅਤੇ ਇਸ ਦੇ ਨਾਲ ਲਗਦੇ ਇਲਾਕੇ ਵਿਚ ਝੋਨੇ ਦੀ ਭਰਪੂਰ ਫ਼ਸਲ ਹੁੰਦੀ ਹੈ। ਇਸ ਤੋਂ ਇਲਾਵਾ ਖਜੂਰਾਂ, ਜੌਂ ਅਤੇ ਕਣਕ ਇਥੋਂ ਦੀਆਂ ਹੋਰ ਦੂਜੀਆਂ ਮੁੱਖ ਫ਼ਸਲਾਂ ਹਨ। ਬਗ਼ਦਾਦ ਤੋਂ ਬਸਰੇ ਨੂੰ ਜਾਣ ਵਾਲੀ ਸੜਕ ਅਤੇ ਰੇਲਵੇ ਲਾਈਨ ਇਸੇ ਵਿਚੋਂ ਦੀ ਲੰਘਦੀ ਹੈ। ਐਨ-ਨਾਸਾਰੀਆ ਇਥੋਂ ਦੀ ਰਾਜਧਾਨੀ ਹੈ। ਇਸ ਵਿਚ ਯੁਰ ਅਤੇ ਲੈਰਸਾ ਵਰਗੇ ਕਈ ਸੁਮੇਰੀਆਈ ਸ਼ਹਿਰਾਂ ਦੇ ਖੰਡਰਾਤ ਮੌਜੂਦ ਹਨ।

ਹ. ਪੁ. -ਐਨ. ਬ੍ਰਿ. ਮਾ. 4 : 58

ਧਾਤ੍ਰੀ : ਇਹ ਇਕ ਦੇਵਤਾ ਸੀ। ਰਿਗਵੇਦ ਦੀਆਂ ਪਿਛਲੇਰੀਆਂ ਰਿਚਾਵਾਂ (ਵੇਦਾਂ ਤੇ ਸਲੋਕਾਂ) ਵਿਚ ਧਾਤ੍ਰੀ ਨਾਂ ਦੇ ਦੇਵਤੇ ਦੀਆਂ ਸ਼ਕਤੀਆਂ ਕਰਮਾਂ ਬਾਰੇ ਕੋਈ ਨਿਸ਼ਚਿਤ ਰੂਪ ਰੇਖਾ ਨਹੀਂ ਮਿਲਦੀ ਪਰ ਇਸ ਦਾ ਜ਼ਿਕਰ ਜੀਵਨ ਉਤਪਤੀ ਦੇ ਸੰਚਾਲਕ ਅਤੇ ਸਿਹਤ ਦੇ ਰੱਖਿਅਕ ਦੇ ਰੂਪ ਵਿਚ ਜ਼ਰੂਰ ਮਿਲਦਾ ਹੈ। ਇਹ ਸੰਤਾਨ ਦਾ ਵਾਧਾ ਕਰਦਾ ਹੈ, ਵਿਆਹ ਸ਼ਾਦੀਆਂ ਕਰਦਾ ਹੈ। ਘਰੇਲੂ ਜੀਵਨ ਦੀ ਨਿਗਰਾਨੀ ਰੱਖਦਾ ਹੈ, ਰੋਗਾਂ ਦਾ ਨਾਸ਼ ਕਰਦਾ ਹੈ ਅਤੇ ਟੁੱਟੀਆਂ ਹੱਡੀਆਂ ਆਦਿ ਨੂੰ ਠੀਕ ਕਰਦਾ ਹੈ। ਕਿਹਾ ਜਾਂਦਾ ਹੈ ਕਿ

ਇਸ ਨੇ ਸੂਰਜ ਚੰਦਰਮਾ, ਆਕਾਸ਼, ਪ੍ਰਿਥਵੀ, ਹਵਾ ਅਤੇ ਸਵਰਗ ਨੂੰ ਇਸ ਤੋਂ ਪਹਿਲਾਂ ਸਿਰਜਿਆ। ਇਹ ਆਦਿਤਯਾਂ ਵਿਚੋਂ ਇਕ ਪ੍ਰਤੀਤ ਹੁੰਦਾ ਹੈ ਅਤੇ ਇਸ ਦਾ ਇਹ ਲੱਛਣ ਅਜੇ ਵੀ ਵਰਤਮਾਨ ਹੈ। ਪਿਛਲੇਰੇ ਮਿਥਿਹਾਸ ਵਿਚ ਇਸ ਦਾ ਪ੍ਰਜਾਪਤੀ ਜਾਂ ਬ੍ਰਹਮਾ (ਸਿਰਜਣਹਾਰ) ਨਾਲ ਏਕੀਕਰਨ ਵੀ ਕੀਤਾ ਗਿਆ ਹੈ। ਨਿਰਮਾਤਾ ਸ਼ਬਦ ਦੇ ਅਰਥ ਵਿਚ ਇਹ ਸ਼ਬਦ ਵਿਸ਼ਨੂੰ ਅਤੇ ਕ੍ਰਿਸ਼ਨ ਦੀ ਉਪਾਧੀ ਦੇ ਤੌਰ ਤੇ ਵਰਤਿਆ ਜਾਂਦਾ ਹੈ। ਇਸ ਨੂੰ ਬ੍ਰਹਮਾ ਦਾ ਪੁੱਤਰ ਵੀ ਕਿਹਾ ਜਾਂਦਾ ਹੈ।

ਜੋ ਇਸਤ੍ਰੀ ਕਿਸੇ ਬਾਲਕ ਨੂੰ ਦੁੱਧ ਪਿਲਾਉਣ ਅਤੇ ਉਸ ਦਾ ਪਾਲਣ ਪੋਸ਼ਣ ਕਰਨ ਲਈ ਨਿਯੁਕਤ ਕੀਤੀ ਜਾਵੇ ਉਸ ਨੂੰ ਵੀ ਧਾਤ੍ਰੀ ਕਿਹਾ ਜਾਂਦਾ ਹੈ। ਆਰੀਆ ਛੰਦ ਦਾ ਇਕ ਭੇਦ ਜਿਸ ਵਿਚ 19 ਗੁਰੂ ਅਤੇ 19 ਲਘੂ ਮਾਤਰਾਵਾਂ ਹੁੰਦੀਆਂ ਹਨ, ਧਾਤ੍ਰੀ ਕਹਾਉਂਦਾ ਹੈ।

ਹ.ਪੁ. – ਹਿੰ. ਸਾ. ਸਾ. 5 : 2451 ; ਹਿੰ. ਮਿ. ਕੋ. 304

ਧਾਤਾਂ : ਰਸਾਇਣਿਕ ਤੱਤਾਂ ਨੂੰ ਪਹਿਲੇ ਨੰਬਰ ਤੇ ਧਾਤਾਂ ਅਤੇ ਅਧਾਤਾਂ ਵਿਚ ਵੰਡਿਆ ਗਿਆ ਹੈ, ਭਾਵੇਂ ਦੋਹਾਂ ਸਮੂਹਾਂ ਨੂੰ ਵੱਖਰਾ ਨਹੀਂ ਸੀ ਕੀਤਾ ਜਾ ਸਕਦਾ। ਧਾਤ ਦੀ ਪਰਿਭਾਸ਼ਾ ਕਰਨਾ ਔਖਾ ਹੈ। ਮੋਟੇ ਤੌਰ ਤੇ ਇਹ ਕਿਹਾ ਜਾ ਸਕਦਾ ਹੈ ਕਿ ਜੇ ਕਿਸੇ ਤੱਤ ਵਿਚ ਹੇਠ ਲਿਖੇ ਸੰਪੂਰਨ ਜਾਂ ਕੁਝ ਗੁਣ ਹੋਣ ਤਾਂ ਉਸ ਨੂੰ ਧਾਤ ਕਹਾਂਗੇ :—

1. ਚਮਕ 2. ਲਚਕੀਲਾਪਣ 3. ਸਾਧਾਰਨ ਤਾਪ ਉੱਤੇ ਠੋਸ 4. ਸਾਫ਼ ਸਤ੍ਹਾ ਦੁਆਰਾ ਪ੍ਰਕਾਸ਼ ਦੇ ਪਰਾਵਰਤਨ ਦਾ ਗੁਣ 5. ਤਾਪ ਤੇ ਬਿਜਲੀ ਦੀ ਉੱਤਮ ਚਾਲਕਤਾ ਅਤੇ 6. ਤਰਲ ਅਵਸਥਾ ਵਿਚ ਠੰਢਾ ਕਰਨ ਤੇ ਕ੍ਰਿਸਟਲ ਰੂਪ ਵਿਚ ਠੋਸ ਪਦਾਰਥ ਦਾ ਬਣਨਾ।

ਇਸ ਤਰ੍ਹਾਂ ਕੋਈ ਤੱਤ ਸ਼ੁੱਧ ਹਾਲਤ ਵਿਚ ਚਮਕਦਾਰ ਅਤੇ ਬਿਜਲੱਈ ਚਾਲਕ ਨਹੀਂ ਹੈ ਤਾਂ ਉਹ ਅਧਾਤ ਹੈ। ਕੁਦਰਤ ਵਿਚ ਅਸੰਯੁਕਤ ਅਵਸਥਾ ਵਿਚ ਕੋਈ ਧਾਤ ਹੀ ਮਿਲਦੀ ਹੈ। ਸੋਨਾ, ਪਲੈਟੀਨਮ,ਚਾਂਦੀ ਅਤੇ ਕਦੇ-ਕਦੇ ਤਾਂਬੇ ਦੀਆਂ ਧਾਤਾਂ ਵੀ ਮਿਲ ਜਾਂਦੀਆਂ ਹਨ। ਜ਼ਿਆਦਾਤਰ ਧਾਤਾਂ ਦੀਆਂ ਕੱਚੀਆਂ-ਧਾਤਾਂ ਮਿਲਦੀਆਂ ਹਨ ਜੋ ਅਧਾਤਾਂ (ਜਿਵੇਂ ਆੱਕਸੀਜਨ, ਕਾਰਬਨ, ਗੰਧਕ ਆਦਿ) ਦੇ ਨਾਲ ਧਾਤਾਂ ਦੇ ਯੋਗਿਕ ਹੁੰਦੇ ਹਨ। ਇਹ ਯੋਗਿਕ ਵੀ ਸ਼ੁੱਧ ਹਾਲਤ ਵਿਚ ਨਹੀਂ ਹੁੰਦੇ ਅਤੇ ਹੋਰ ਖਣਿਜਾਂ ਨਾਲ ਮਿਲੇ ਹੁੰਦੇ ਹਨ। ਇਨ੍ਹਾਂ ਕੱਚੀਆਂ-ਧਾਤਾਂ ਤੋਂ ਵੱਖ-ਵੱਖ ਢੰਗਾਂ ਨਾਲ ਧਾਤਾਂ ਕੱਢੀਆਂ ਜਾਂਦੀਆਂ ਹਨ।

ਜ਼ਿਆਦਾਤਰ ਧਾਤਾਂ ਭੂਰੇ ਚਿੱਟੇ ਤੋਂ ਚਮਕਦਾਰ ਚਿੱਟੇ ਰੰਗ ਦੀਆਂ ਹੁੰਦੀਆਂ ਹਨ। ਸੋਨਾ ਅਤੇ ਤਾਂਬਾ ਇਸ ਦੇ ਉਲਟ ਹਨ। ਪਾਰੇ (ਪਿਘਲਾਉ ਦਰਜਾ-38.87° ਸੈਂ.) ਨੂੰ ਛੱਡ ਕੇ ਹੋਰ ਸਾਰੀਆਂ ਧਾਤਾਂ ਸਾਧਾਰਣ ਤਾਪਮਾਨ ਉੱਤੇ ਠੋਸ ਹਨ। ਸੀਜ਼ੀਅਮ ਅਤੇ ਗੈਲੀਅਮ ਧਾਤਾਂ ਦੇ ਪਿਘਲਾਉ ਦਰਜੇ ਕ੍ਰਮਵਾਰ 28° ਸੈਂ. ਅਤੇ 29.78° ਸੈਂ. ਹਨ। ਦੂਸਰੇ ਪਾਸੇ ਟੰਗਸਟਨ ਧਾਤ 3380° ਸੈਂ. ਉੱਤੇ ਤਰਲ ਬਣਦੀ ਹੈ। ਉੱਚ ਤਾਪ ਉੱਤੇ ਧਾਤਾਂ ਵਾਸ਼ਪਾਂ ਵਿਚ ਬਦਲ ਜਾਂਦੀਆਂ ਹਨ, ਪਰ ਇਸ ਨਾਲ ਵੀ ਇਨ੍ਹਾਂ ਵਿਚ ਕੋਈ ਸਮਾਨਤਾ ਵਿਖਾਈ ਨਹੀਂ ਦਿੰਦੀ। ਪਾਰੇ ਦਾ ਉਬਾਲ ਦਰਜਾ 356° ਸੈਂ. ਹੈ, ਪਰ ਟੰਗਸਟਨ ਦਾ 5930° ਸੈਂ. ਹੈ। ਅਨੁਮਾਨ ਹੈ ਕਿ ਟੈਂਟੇਲਮ 6100° ਸੈਂ. ਉੱਤੇ ਵਾਸ਼ਪਾਂ ਵਿਚ ਬਦਲਦਾ ਹੈ।

ਜੇਕਰ ਬਿਜਲੱਈ ਚਾਲਕਤਾ ਵਲ ਧਿਆਨ ਦਿੱਤਾ ਜਾਵੇ ਤਾਂ ਪਤਾ ਲਗਦਾ ਹੈ ਕਿ ਅਧਾਤਾਂ ਦੇ ਉਲਟ ਧਾਤਾਂ ਉੱਤਮ ਚਾਲਕ ਹਨ। ਧਾਤਾਂ ਵਿਚ ਸਭ ਤੋਂ ਜ਼ਿਆਦਾ ਬਿਜਲੱਈ ਚਾਲਕ ਚਾਂਦੀ ਹੈ। ਜੇ ਤੁਲਨਾ ਲਈ ਚਾਂਦੀ ਦੀ ਚਾਲਕਤਾ 100 ਮੰਨ ਲਈ ਜਾਵੇ ਤਾਂ ਕੁਝ ਹੋਰ ਧਾਤਾਂ ਦੀ ਚਾਲਕਤਾ ਹੇਠਾਂ ਸਾਰਣੀ ਅਨੁਸਾਰ ਹੋਵੇਗੀ।

ਸਾਰਣੀ

ਧਾਤ ਦਾ ਨਾਂ	ਚਾਲਕਤਾ
ਚਾਂਦੀ	100
ਤਾਂਬਾ	95
ਸੋਨਾ	73
ਐਲੂਮੀਨੀਅਮ	60
ਜਿਸਤ	27
ਨਿਕਲ	23
ਲੋਹਾ	16
ਪਿੱਤਲ	14
ਸ਼ੀਸ਼ਾ	8
ਪਾਰਾ	1.7

ਇਸ ਮਾਪ ਉੱਤੇ ਬੋਰਾੱਨ (ਅਧਾਤ) ਦੀ ਚਾਲਕਤਾ 10^{-10} ਆਵੇਗੀ। ਇਸੇ ਤਰ੍ਹਾਂ ਧਾਤਾਂ ਉੱਤਮ ਤਾਪ-ਚਾਲਕ ਵੀ ਹੁੰਦੀਆਂ ਹਨ। ਖ਼ਾਸ ਕਰਕੇ ਵਧੇਰੇ ਸ਼ੁੱਧ ਧਾਤਾਂ ਦੀਆਂ ਦੋਵੇਂ ਚਾਲਕਤਾਵਾਂ ਲਗਭਗ ਇਕ ਕ੍ਰਮ ਵਿਚ ਰਹਿੰਦੀਆਂ ਹਨ। ਤਾਪ ਘਟਾਉਣ ਨਾਲ ਧਾਤਾਂ ਦਾ ਬਿਜਲੱਈ ਪ੍ਰਤਿਰੋਧ ਘਟਦਾ ਹੈ ਅਤੇ ਚਾਲਕਤਾ ਵਧਦੀ ਹੈ।

ਧਾਤਾਂ ਦਾ ਤਾਪ ਵਧਣ ਨਾਲ ਉਨ੍ਹਾਂ ਦਾ ਆਕਾਰ ਵੱਧ ਜਾਂਦਾ ਹੈ। ਇਸ ਗੁਣ ਨੂੰ ਤਾਪ-ਪਸਾਰ ਕਿਹਾ ਜਾਂਦਾ ਹੈ। ਥਰਮਾਮੀਟਰ ਵਿਚ ਪਾਰੇ ਦੇ ਇਸੇ ਗੁਣ ਦਾ ਲਾਭ ਲਿਆ ਜਾਂਦਾ ਹੈ। ਕੁਝ ਅਜਿਹੀਆਂ ਮਿਸ਼ਰਿਤ-ਧਾਤਾਂ ਵੀ ਬਣੀਆਂ ਹਨ, ਜਿਨ੍ਹਾਂ ਦਾ ਤਾਪ ਨਾਲ ਤਾਪ-ਪਸਾਰ ਅਤਿ ਸੂਖਮ ਹੁੰਦਾ ਹੈ। ਲੋਹਾ, ਨਿਕਲ ਅਤੇ ਕੋਬਾਲਟ ਨੂੰ ਛੱਡ ਕੇ ਬਾਕੀ ਧਾਤਾਂ ਵਿਚ ਚੁੰਬਕੀ ਗੁਣ ਨਹੀਂ ਹੁੰਦਾ।

ਧਾਤ ਵਿਚ ਆਪਣਾ ਆਕਾਰ ਰੱਖਣ ਦੀ ਬੜੀ ਸਮਰੱਥਾ ਹੁੰਦੀ ਹੈ। ਮੈਂਗਨੀਜ਼ ਸਭ ਤੋਂ ਕਠੋਰ ਅਤੇ ਲਿਥੀਅਮ ਸਭ ਤੋਂ ਨਰਮ ਧਾਤ ਹੈ। ਤਣਾਉ-ਸਮਰੱਥਾ ਵਿਚ ਟੰਗਸਟਨ ਸਭ ਤੋਂ ਉੱਤਮ ਅਤੇ ਸ਼ੀਸ਼ਾ ਬਹੁਤ ਘੱਟ ਹੈ।

ਅਨੇਕ ਧਾਤਾਂ ਵਿਚ ਕੁਟੀਣਯੋਗਤਾ ਅਤੇ ਖਿਚੀਣਯੋਗਤਾ ਗੁਣ ਹੁੰਦੇ ਹਨ। ਇਨ੍ਹਾਂ ਨੂੰ ਚੰਗੀ ਤਰ੍ਹਾਂ ਕੁੱਟ ਕੇ ਪਤਲੀ ਪਰਤ ਬਣਾਈ ਜਾ ਸਕਦੀ ਹੈ (ਖ਼ਾਸ ਕਰਕੇ ਸੋਨੇ, ਚਾਂਦੀ ਅਤੇ ਤਾਂਬੇ ਦੀ)। ਖਿਚੀਣਯੋਗਤਾ ਦੇ ਸਿੱਟੇ ਵਜੋਂ ਜੇ ਕਿਸੇ ਪਤਲੇ ਸੁਰਾਖ਼ ਦੇ ਵਿਚਕਾਰੋਂ ਉਨ੍ਹਾਂ ਨੂੰ ਖਿੱਚਿਆ ਜਾਵੇ ਤਾਂ ਉਨ੍ਹਾਂ ਦੀਆਂ ਪਤਲੀਆਂ ਤਾਰਾਂ ਖਿੱਚੀਆਂ ਜਾਣਗੀਆਂ।

ਧਾਤਾਂ ਰਵੇਦਾਰ ਹੁੰਦੀਆਂ ਹਨ ਜੋ ਵਧੇਰੇ ਕਰਕੇ ਘਣ-ਪ੍ਰਣਾਲੀ ਦੇ ਹੁੰਦੇ ਹਨ। ਧਾਤ ਦੇ ਪਰਮਾਣੂ ਘਣ ਦੇ ਆਕਾਰ ਵਿਚ ਹੋਣ ਕਾਰਨ ਇਸੇ ਸ਼੍ਰੇਣੀ ਦੇ ਰਵੇ ਬਣਾਉਂਦੇ ਹਨ। ਕੁਝ ਧਾਤਾਂ ਛੇਕੋਣੀ ਪ੍ਰਣਾਲੀ ਦੇ ਰਵੇ ਬਣਾਉਂਦੀਆਂ ਹਨ। ਕਈ ਵਾਰੀ ਇਕ ਹੀ ਧਾਤ ਦੇ ਪਰਮਾਣੂ ਇਕ ਤੋਂ ਵੱਧ ਪ੍ਰਣਾਲੀ ਵਿਚ ਵਿਵਸਥਿਤ ਹੋ ਕੇ ਭਿੰਨ-ਭਿੰਨ ਰੂਪ ਦੇ ਰਵੇ ਬਣਾਉਂਦੇ ਹਨ। ਇਸ ਨੂੰ ਭਿੰਨ ਰੂਪਤਾ ਜਾਂ ਐਲੋਟਰੋਪੀ ਕਿਹਾ ਜਾਂਦਾ ਹੈ।

ਧਾਤ ਦੇ ਪਰਮਾਣੂ ਇਲੈੱਕਟ੍ਰਾੱਨ ਦਾਤਾ ਹੁੰਦੇ ਹਨ। ਕ੍ਰਿਸਟਲ ਵਿਚ ਇਨ੍ਹਾਂ ਦੇ ਪਾਜ਼ੇਟਿਵ ਆਇਨ ਨਿਸ਼ਚਿਤ ਸਥਾਨ ਤੇ ਰਹਿੰਦੇ ਹਨ ਅਤੇ ਮੁਕਤ ਇਲੈੱਕਟ੍ਰਾੱਨ ਉਸ ਦੇ ਖ਼ਾਲੀ ਸਥਾਨਾਂ ਵਿਚ। ਇਸ ਤਰ੍ਹਾਂ ਇਹ ਇਲੈੱਕਟ੍ਰਾੱਨ ਸੁਤੰਤਰ ਅਤੇ ਗਤੀਸ਼ੀਲ ਹੁੰਦੇ ਹਨ ਜਿਸ ਕਾਰਨ ਧਾਤ ਵਿਚ ਉੱਚ ਚਾਲਕਤਾ, ਪਰਾਵਰਤਕਤਾ ਆਦਿ ਗੁਣ ਆ ਜਾਂਦੇ ਹਨ।

ਧਾਤਾਂ ਦੇ ਲਗਭਗ ਸਾਰੇ ਗੁਣ ਉਨ੍ਹਾਂ ਦੇ ਪਰਮਾਣੂ ਗਿਣਤੀ ਦੇ ਆਵਰਤ ਫ਼ਲਨ ਹੁੰਦੇ ਹਨ। ਇਹ ਆਵਰਤਿਤਾ ਪਰਮਾਣੂ ਆਇਤਨ, ਬਿਜਲਈ ਅਤੇ ਤਾਪ ਚਾਲਕਤਾ, ਖਿਚੀਣਯੋਗਤਾ, ਗਲਣ ਦੇ ਗੁਪਤ ਤਾਪ ਆਦਿ ਵਿਚ ਮਹੱਤਵਪੂਰਨ ਹੈ। ਲਾਦੇਰ ਮਾਇਰ ਨੇ ਇਸੇ ਆਵਰਤਤਾ ਵੱਲ ਵਿਗਿਆਨੀਆਂ ਦਾ ਧਿਆਨ ਸ਼ੁਰੂ ਵਿਚ ਤੱਤਾਂ ਦੀ ਆਵਰਤੀ-ਸਾਰਣੀ ਦੁਆਰਾ ਦਿਵਾਇਆ ਸੀ।

ਹ.ਪੁ. -ਹਿੰ. ਵਿ. ਕੋ. 6 : 175

ਧਾਤ ਕਰਮ (ਲੋਹ ਅਤੇ ਅਲੋਹ) : ਅਜੋਕੇ ਯੁਗ ਵਿਚ ਧਾਤਾਂ ਦਾ ਬਹੁਤ ਮਹੱਤਵਪੂਰਨ ਸਥਾਨ ਹੈ। ਸੂਈ ਤੋਂ ਲੈ ਕੇ ਰੇਲ-ਗੱਡੀ ਦੇ ਵੱਡੇ-ਵੱਡੇ ਇੰਜਨ, ਜਹਾਜ਼, ਭੋਜਨ ਦੇ ਬਰਤਨ, ਭਿੰਨ-ਭਿੰਨ ਕਿਸਮ ਦੇ ਸੰਦ, ਸਾਈਕਲ ਆਦਿ ਸਭ ਕਿਸੇ ਨਾ ਕਿਸੇ ਧਾਤ ਜਾਂ ਮਿਸ਼ਰਿਤ ਧਾਤ ਦੇ ਬਣੇ ਹੋਏ ਹਨ। ਇੰਨਾ ਹੀ ਨਹੀਂ, ਜਿਨ੍ਹਾਂ ਕਾਰਖ਼ਾਨਿਆਂ ਵਿਚ ਇਹ ਵਸਤਾਂ ਬਣਾਈਆਂ ਜਾਂਦੀਆਂ ਹਨ ਉਨ੍ਹਾਂ ਦੀਆਂ ਮਸ਼ੀਨਾਂ ਅਤੇ ਯੰਤਰ ਵੀ ਕਿਸੇ ਨਾ ਕਿਸੇ ਧਾਤ ਦੇ ਹੀ ਬਣੇ ਹੁੰਦੇ ਹਨ। ਕੁਦਰਤੀ ਤੌਰ ਤੇ ਇਹ ਆਪਣੇ ਅਸਲੀ ਰੂਪ ਵਿਚ ਨਹੀਂ ਮਿਲਦੀਆਂ। ਜ਼ਿਆਦਾਤਰ ਧਾਤਾਂ ਆੱਕਸਾਈਡ, ਸਲਫ਼ਾਈਡ ਜਾਂ ਕਾਰਬੋਨੇਟ ਦੇ ਰੂਪ ਵਿਚ ਮਿਲਦੀਆਂ ਹਨ। ਕੁਦਰਤੀ ਤੌਰ ਤੇ ਮਿਲਣ ਵਾਲੀਆਂ ਧਾਤਾਂ ਦੇ ਇਸ ਰੂਪ ਨੂੰ ਕੱਚੀ-ਧਾਤ ਕਿਹਾ ਜਾਂਦਾ ਹੈ। ਭਿੰਨ-ਭਿੰਨ ਕੱਚੀਆਂ ਧਾਤਾਂ ਤੋਂ ਧਾਤਾਂ ਨੂੰ ਉਨ੍ਹਾਂ ਦੇ ਅਸਲ ਰੂਪ ਵਿਚ ਪ੍ਰਾਪਤ ਕਰਨ ਅਤੇ ਉਨ੍ਹਾਂ ਦੀ ਸਫ਼ਾਈ ਕਰਨ ਜਾਂ ਉਨ੍ਹਾਂ ਨੂੰ ਆਕਾਰ ਦੇਣ ਦੀਆਂ ਵਿਧੀਆਂ ਨੂੰ ਧਾਤਕਰਮ ਜਾਂ ਧਾਤ-ਵਿਗਿਆਨ ਕਿਹਾ ਜਾਂਦਾ ਹੈ। ਅੱਜ ਦੀ ਦੁਨੀਆਂ ਵਿਚ ਧਾਤਕਰਮ ਦਾ ਖੇਤਰ ਬਹੁਤ ਵਿਸ਼ਾਲ ਹੋ ਗਿਆ ਹੈ ਅਤੇ ਇਸ ਨੂੰ ਦੋ ਵੱਡੇ ਭਾਗਾਂ ਵਿਚ ਵੰਡਿਆ ਗਿਆ ਹੈ :—

1. ਉਤਪਾਦਨ ਧਾਤਕਰਮ ਅਤੇ
2. ਭੌਤਿਕ ਧਾਤਕਰਮ

ਉਤਪਾਦਨ ਧਾਤਕਰਮ ਨੂੰ ਵੀ ਦੋ ਮੁੱਖ ਭਾਗਾਂ ਵਿਚ ਵੰਡ ਦਿੱਤਾ ਗਿਆ ਹੈ।

1. ਲੋਹ (ਫ਼ੈਰਸ) ਅਤੇ
2. ਅਲੋਹ (ਨਾਨ-ਫ਼ੈਰਸ)।


ਲੋਹ ਧਾਤਕਰਮ ਵਿਚ ਲੋਹਾ ਅਤੇ ਇਸਪਾਤ ਦੇ ਉਤਪਾਦਨ ਅਤੇ ਉਨ੍ਹਾਂ ਨੂੰ ਆਕਾਰ ਦੇਣ ਦੀਆਂ ਭਿੰਨ-ਭਿੰਨ ਵਿਧੀਆਂ ਸ਼ਾਮਲ ਹਨ। ਪ੍ਰਮੁੱਖ ਧਾਤਾਂ ਵਿਚ ਲੋਹੇ ਅਤੇ ਇਸਪਾਤ ਦਾ ਵਿਸ਼ੇਸ਼ ਸਥਾਨ ਹੈ। ਦੁਨੀਆਂ ਦਾ ਇਸਪਾਤ ਉਤਪਾਦਨ ਲਗਭਗ ਹਰ ਸਾਲ 30 ਕਰੋੜ ਮੀ. ਟਨ ਤੋਂ ਵੀ ਵੱਧ ਹੈ। ਇਸਪਾਤ ਵਿਚ ਜਿੰਨੇ ਭੌਤਿਕ ਅਤੇ ਮਕੈਨਿਕੀ ਗੁਣ ਹਨ ਉਂਨੇ ਕਿਸੇ ਵੀ ਧਾਤ ਜਾਂ ਉਸ ਦੀ ਮਿਸ਼ਰਿਤ ਧਾਤ ਵਿਚ ਨਹੀਂ। ਇਸ ਤੋਂ ਇਲਾਵਾ ਇਹ ਕਈ ਧਾਤਾਂ ਤੋਂ ਸਸਤਾ ਵੀ ਪੈਂਦਾ ਹੈ। ਅਲੋਹ ਧਾਤਕਰਮ ਵਿਚ ਉਨ੍ਹਾਂ ਸਾਰੀਆਂ ਧਾਤਾਂ ਦੀ ਸਫ਼ਾਈ ਕਰਨਾ ਅਤੇ ਆਕਾਰ ਦੇਣਾ ਸ਼ਾਮਲ ਹੈ ਜੋ ਲੋਹ ਧਾਤਕਰਮ ਵਿਚ ਨਹੀਂ ਆਉਂਦੀਆਂ। ਉਦਾਹਰਣ ਵਜੋਂ ਤਾਂਬਾ, ਜਿਸਤ, ਸ਼ੀਸ਼ਾ, ਸੋਨਾ, ਐਲੂਮੀਨੀਅਮ, ਚਾਂਦੀ, ਮੈਂਗਨੀਜ਼, ਪਿੱਤਲ ਆਦਿ।

ਲੋਹ ਧਾਤਕਰਮ—ਲੋਹ ਧਾਤਕਰਮ ਵਿਚ ਪਹਿਲਾ ਸਥਾਨ ਲੋਹੇ ਦੇ ਉਤਪਾਦਨ ਦਾ ਹੈ। ਭਾਰਤ ਬਹੁਤ ਪੁਰਾਣੇ ਕਾਲ ਵਿਚ ਲੋਹ ਉਤਪਾਦਨ ਵਿਚ ਅੱਗੇ ਰਿਹਾ ਹੈ। ਦਿੱਲੀ ਲੋਹ-ਸਤੰਭ ਇਸ ਗੱਲ ਦਾ ਸਪਸ਼ਟ ਪ੍ਰਮਾਣ ਹੈ। ਭਾਰਤ ਦੀਆਂ ਲੋਹ ਕੱਚੀਆਂ-ਧਾਤਾਂ ਦੀਆਂ ਖਾਣਾਂ ਦੁਨੀਆਂ ਦੀਆਂ ਉੱਚ ਪਾਏ ਦੀਆਂ ਅਤੇ ਵੱਡੀਆਂ ਖਾਣਾਂ ਵਿਚੋਂ ਹਨ। ਅੰਦਾਜ਼ਾ ਲਗਾਇਆ ਗਿਆ ਹੈ ਕਿ ਭਾਰਤ ਦੇ ਜ਼ਮੀਨ-ਦੋਜ਼ ਵਿਚ ਲਗਭਗ 10 ਅਰਬ ਮੀ. ਟਨ ਲੋਹੇ ਦੀ ਕੱਚੀ ਧਾਤ ਹੈ। ਫਿਰ ਵੀ ਭਾਰਤ ਇਸ ਖੇਤਰ ਵਿਚ ਕਾਫ਼ੀ ਪਛੜਿਆ ਹੋਇਆ ਹੈ। ਉਦਯੋਗਾਂ ਦੇ ਪ੍ਰਸਾਰ ਲਈ ਕਾਫ਼ੀ ਧਿਆਨ ਦਿੱਤਾ ਗਿਆ ਹੈ ਅਤੇ ਅਜਿਹੀਆਂ ਯੋਜਨਾਵਾਂ ਬਣਾਈਆਂ ਗਈਆਂ ਹਨ ਜਿਨ੍ਹਾਂ ਨਾਲ ਭਾਰਤ ਦੇ ਸਾਲਾਨਾ ਇਸਪਾਤ-ਉਤਪਾਦਨ ਵਿਚ ਕਾਫ਼ੀ ਵਾਧਾ ਹੋ ਜਾਵੇਗਾ।

ਲੋਹ ਉਤਪਾਦਨ—ਲੋਹੇ ਦੇ ਉਤਪਾਦਨ ਲਈ ਮੁੱਖ ਚਾਰ ਕੱਚੇ-ਪਦਾਰਥਾਂ ਦੀ ਜ਼ਰੂਰਤ ਪੈਂਦੀ ਹੈ : (1) ਲੋਹ ਕੱਚੀ ਧਾਤ (2) ਬਾਲਣ (3) ਗਾਲਕ ਫਲੱਕਸ ਅਤੇ (4) ਤਾਪ-ਸਹਿ ਪਦਾਰਥ। ਲੋਹ ਕੱਚੀਆਂ ਧਾਤਾਂ ਦਾ ਵਰਗੀਕਰਣ ਉਨ੍ਹਾਂ ਦੇ ਸੰਗਠਨ ਦੇ ਆਧਾਰ ਉੱਤੇ ਕੀਤਾ ਗਿਆ ਹੈ। ਹੈਮਾਟਾਈਟ, ਮੈਗਨੇਟਾਈਟ, ਲਿਮੋਨਾਈਟ ਅਤੇ ਸਿਡੇਰਾਈਟ ਲੋਹੇ ਦੀਆਂ ਮੁੱਖ ਕੱਚੀਆਂ ਧਾਤਾਂ ਹਨ। ਪਹਿਲੀਆਂ ਤਿੰਨ ਕੱਚੀਆਂ ਧਾਤਾਂ ਵਿਚ ਲੋਹਾ ਆਪਣੇ ਆੱਕਸਾਈਡ ਦੇ ਰੂਪ ਵਿਚ ਅਤੇ ਚੌਥੇ ਵਿਚ ਕਾਰਬੋਨੇਟ ਦੇ ਰੂਪ ਵਿਚ ਸ਼ਾਮਲ ਰਹਿੰਦਾ ਹੈ। ਦੁਨੀਆ ਦਾ ਜ਼ਿਆਦਾਤਰ ਲੋਹ ਉਤਪਾਦਨ ਹੈਮਾਟਾਈਟ ਲੋਹ ਕੱਚੀ ਧਾਤ ਦੁਆਰਾ ਹੀ ਹੁੰਦਾ ਹੈ।

ਆਧੁਨਿਕ ਲੋਹ-ਉਤਪਾਦਨ ਵਿਧੀ ਵਿਚ ਬਾਲਣ ਦੇ ਰੂਪ ਵਿਚ ਕੋਲੇ ਦੀ ਹੀ ਵਧੇਰੇ ਵਰਤੋਂ ਹੁੰਦੀ ਹੈ। ਇਕ ਵਿਸ਼ੇਸ਼ ਕਿਸਮ ਦੇ ਕੋਲੇ ਨੂੰ ਲਗਭਗ 1000° ਸੈਂ. ਤਾਪਮਾਨ ਉੱਤੇ ਕਾਰਬਨੀਕ੍ਰਿਤ ਕਰਕੇ ਕੋਕ ਤਿਆਰ ਕੀਤਾ ਜਾਂਦਾ ਹੈ। ਕਈ ਖ਼ਾਸ ਵਿਧੀਆਂ ਵਿਚ ਲੱਕੜ ਦੇ ਕੋਲੇ ਦੀ ਵਰਤੋਂ ਕੀਤੀ ਜਾਂਦੀ ਹੈ। ਗਾਲਕਾਂ ਦੀ ਵਰਤੋਂ ਲੋਹ ਕੱਚੀ-ਧਾਤ ਦੇ ਬਾਲਣ ਵਿਚ ਮਿਲਦੇ ਮਹੱਤਵਹੀਣ ਪਦਾਰਥਾਂ ਨੂੰ ਦੂਰ ਕਰਨ ਵਿਚ ਕੀਤੀ ਜਾਂਦੀ ਹੈ। ਲੋਹ ਉਤਪਾਦਨ ਵਿਚ ਜਿਹੜੇ ਗਾਲਕਾਂ ਦੀ ਵਰਤੋਂ ਕੀਤੀ ਜਾਂਦੀ ਹੈ ਉਨ੍ਹਾਂ ਵਿਚ ਚੂਨਾ ਪੱਥਰ ਅਤੇ ਡੋਲਾਮਾਈਟ ਪ੍ਰਮੁੱਖ ਹਨ। ਤਾਪ-ਸਹਿ ਪਦਾਰਥ ਲੋਹ ਕੱਚੀ-ਧਾਤ ਨੂੰ ਤਰਲ ਬਣਾਉਣ ਵਾਲੀਆਂ ਭੱਠੀਆਂ ਵਿਚ ਅਸਤਰ ਦੇਣ ਲਈ ਵਰਤੇ ਜਾਂਦੇ ਹਨ, ਜਿਸ ਨਾਲ ਬਹੁਤ ਜ਼ਿਆਦਾ ਤਾਪ ਕਾਰਨ ਭੱਠੀਆਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਦਾ। ਲੋਹ ਉਤਪਾਦਨ ਵਿਚ ਜ਼ਿਆਦਾਤਰ ਅੱਗ-ਸਹਿ ਇੱਟਾਂ ਦੀ ਹੀ ਵਰਤੋਂ ਕੀਤੀ ਜਾਂਦੀ ਹੈ ਪਰ ਅੱਜਕੱਲ੍ਹ ਕਿਤੇ ਕਿਤੇ ਕਾਰਬਨ ਦੀਆਂ ਇੱਟਾਂ ਵੀ ਵਰਤੀਆਂ ਲਗ ਜਾਣ ਪਈਆਂ ਹਨ।

ਲੋਹ ਕੱਚੀ ਧਾਤ ਵਿਚ ਆਮ ਕਰਕੇ ਲੋਹੇ ਦੀ ਮਾਤਰਾ 30 ਤੋਂ 65% ਹੁੰਦੀ ਹੈ। ਇਸ ਵਿਚ ਜ਼ਿਆਦਾਤਰ ਸਿਲਿਕਾ ਅਤੇ ਐਲੂਮਿਨਾ ਫਾਲਤੂ ਪਦਾਰਥ ਦੇ ਰੂਪ ਵਿਚ ਮਿਲੇ ਹੁੰਦੇ ਹਨ। ਕਦੇ-ਕਦੇ ਇਸ ਦੇ ਨਾਲ ਹੀ ਚੂਨਾ ਵੀ ਕਾਫ਼ੀ ਮਾਤਰਾ ਵਿਚ ਮਿਲਿਆ ਹੁੰਦਾ ਹੈ। ਕੱਚੀ ਧਾਤ ਵਿਚ ਮਹੱਤਵਹੀਣ ਪਦਾਰਥਾਂ ਦੀ ਹੋਂਦ ਨਾਲ ਨਾ ਕੇਵਲ ਲੋਹੇ ਦੀ ਮਾਤਰਾ ਘਟਦੀ ਹੈ ਸਗੋਂ ਉਨ੍ਹਾਂ ਪਦਾਰਥਾਂ ਨੂੰ ਬਾਹਰ ਕੱਢਣ ਲਈ ਬਾਲਣ ਅਤੇ ਗਾਲਕ ਵਧੇਰੇ ਲਗਦਾ ਹੈ। ਇਸ ਨਾਲ ਲੋਹ ਤਰਲ ਕਰਨ ਵਾਲੀਆਂ ਭੱਠੀਆਂ ਦੀ ਉਤਪਾਦਨ-ਸਮਰੱਥਾ ਵਿਚ ਕਮੀ ਤਾਂ ਹੋ ਹੀ ਜਾਂਦੀ ਹੈ, ਨਾਲ-ਨਾਲ ਉਤਪਾਦਨ ਖ਼ਰਚਾ ਵੀ ਵੱਧ ਜਾਂਦਾ ਹੈ। ਕਦੇ-ਕਦੇ ਮਹੱਤਵਹੀਣ ਪਦਾਰਥਾਂ ਵਿਚ ਸਿਲਿਕਾ, ਐਲੂਮਿਨਾ ਅਤੇ ਚੂਨੇ ਦਾ ਅਨੁਪਾਤ ਇਸ ਤਰ੍ਹਾਂ ਹੁੰਦਾ ਹੈ ਕਿ ਕੱਚੀ ਧਾਤ ਸਵੈਗਾਲਕ ਬਣ ਜਾਂਦੀ ਹੈ ਅਤੇ ਫਿਰ ਬਾਹਰੀ ਗਾਲਕ ਦੀ ਜ਼ਰੂਰਤ ਬਹੁਤ ਘੱਟ ਹੋ ਜਾਂਦੀ ਹੈ।



ਚਿੱਤਰ 1-ਝੌਂਕਾ ਭੱਠੀ

ਲੋਹ ਕੱਚੀ-ਧਾਤ ਨੂੰ ਤਰਲ ਬਣਾ ਕੇ ਲੋਹ-ਧਾਤ ਬਣਾਉਣ ਦਾ ਕੰਮ ਜਿਸ ਭੱਠੀ ਵਿਚ ਕੀਤਾ ਜਾਂਦਾ ਹੈ ਉਨ੍ਹਾਂ ਨੂੰ ਝੌਂਕਾ ਭੱਠੀ ਕਿਹਾ ਜਾਂਦਾ ਹੈ। ਆਧੁਨਿਕ ਝੌਂਕਾ ਭੱਠੀ ਲਗਭਗ 30.5 ਮੀ. ਜਾਂ ਇਸ ਤੋਂ ਵੀ ਉੱਚੀ ਹੁੰਦੀ ਹੈ ਅਤੇ ਇਸ ਦਾ ਆਕਾਰ ਗੋਲਾਕਾਰ ਹੁੰਦਾ ਹੈ। ਵੱਡੀਆਂ ਝੌਂਕਾ ਭੱਠੀਆਂ ਦੇ ਹੇਠਲੇ ਖੇਤਰ ਦਾ ਵਿਆਸ ਲਗਭਗ 9.0 ਮੀ. ਤੱਕ ਹੁੰਦਾ ਹੈ। ਚਿੱਤਰ (1) ਵਿਚ ਇਕ ਆਧੁਨਿਕ ਝੌਂਕਾ ਭੱਠੀ ਵਿਖਾਈ ਗਈ ਹੈ। ਇਸ ਭੱਠੀ ਨੂੰ ਚਾਰ ਮੁੱਖ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ। ਭੱਠੀ ਦੇ ਸਿਖ਼ਰ ਵਾਲੇ ਭਾਗ ਨੂੰ ਚਾਰਜਕਾਰੀ ਵਿਨਿਆਸ ਕਹਿੰਦੇ ਹਨ। ਇਸ ਦੁਆਰਾ ਭੱਠੀ ਵਿਚ ਲੋਹ ਕੱਚੀ ਧਾਤ, ਬਾਲਣ ਅਤੇ ਚਾਲਕ ਉਚਿਤ ਢੰਗ ਨਾਲ ਭਰੇ ਜਾਂਦੇ ਹਨ। ਇਸ ਵਿੱਚ ਦੂਹਰੇ ਕੱਪ ਅਤੇ ਕੋਨ ਦੀ ਵਿਵਸਥਾ ਹੁੰਦੀ ਹੈ, ਜਿਸ ਨਾਲ ਤਰਲ ਗੈਸਾਂ ਭੱਠੀ ਤੋਂ ਬਾਹਰ ਨਹੀਂ ਨਿਕਲਦੀਆਂ। ਚਾਰਜਕਾਰੀ ਵਿਨਿਆਸ ਦੀ ਕੁੱਲ ਉਚਾਈ ਪੂਰੀ ਭੱਠੀ ਦਾ ਲਗਭਗ 20% ਹੁੰਦੀ ਹੈ।

ਚਾਰਜਕਾਰੀ ਵਿਨਿਆਸ ਦੇ ਹੇਠਲੇ ਹਿੱਸੇ ਨੂੰ ਸਟੈਕ ਕਿਹਾ ਜਾਂਦਾ ਹੈ। ਇਹ ਭਾਗ ਉਪਰ ਤੋਂ ਹੇਠਾਂ ਵਲ ਥੋੜ੍ਹਾ ਥੋੜ੍ਹਾ ਚੌੜਾ ਹੁੰਦਾ ਜਾਂਦਾ ਹੈ ਅਤੇ ਇਸ ਦੀ ਕੁੱਲ ਉਚਾਈ ਪੂਰੀ ਭੱਠੀ ਦਾ ਲਗਭਗ 60% ਹੁੰਦੀ ਹੈ। ਇਸ ਦਾ ਹੇਠਲਾ ਭਾਗ ਢਾਲਵੇਂ ਲੋਹੇ ਦੇ ਬਣੇ 12 ਜਾਂ 16 ਸਖ਼ਤ ਸਤੰਭਾਂ ਉੱਤੇ ਆਧਾਰਿਤ ਹੁੰਦਾ ਹੈ ਜਿਸ ਨਾਲ ਭੱਠੀ ਦੇ ਹੇਠਲੇ ਭਾਗ ਦੀ ਲੋੜ ਪੈਣ ਤੇ ਖੋਲ੍ਹ ਕੇ ਮੁਰੰਮਤ ਕੀਤੀ ਜਾ ਸਕਦੀ ਹੈ। ਆਧੁਨਿਕ ਭੱਠੀ ਵਿਚ ਸਟੈਕ ਦੇ ਹੇਠਲੇ ਪੰਜ ਫੁੱਟ (ਲਗਭਗ 1.5 ਮੀ.) ਅਤੇ ਸਿਖ਼ਰ ਦੇ 10 ਫੁੱਟ (ਲਗਭਗ 3 ਮੀ.) ਪੂਰੀ ਤਰ੍ਹਾਂ ਖੜ੍ਹੇ-ਦਾਅ ਹੁੰਦੇ ਹਨ। ਸਟੈਕ ਦੇ ਹੇਠਾਂ ਭੱਠੀ ਦੇ ਹਿੱਸੇ ਨੂੰ ਜਲਣ ਖੇਤਰ ਕਿਹਾ ਜਾਂਦਾ ਹੈ। ਜਲਣ ਖੇਤਰ ਉਪਰ ਤੋਂ ਹੇਠਾਂ ਵਲ ਤੰਗ ਹੁੰਦਾ ਜਾਂਦਾ ਹੈ, ਇਸ ਤਰ੍ਹਾਂ ਇਹ ਵੇਖਿਆ ਜਾ ਸਕਦਾ ਹੈ ਕਿ ਭੱਠੀ ਦਾ ਸਭ ਤੋਂ ਜ਼ਿਆਦਾ ਵਿਆਸ ਉਸ ਥਾਂ ਤੇ ਹੁੰਦਾ ਹੈ ਜਿਥੇ ਸਟੈਕ ਅਤੇ ਜਲਣ ਖੇਤਰ ਆਪਸ ਵਿਚ ਮਿਲਦੇ ਹਨ। ਜਲਣ ਖੇਤਰ ਦੀ ਉਚਾਈ ਭੱਠੀ ਦੀ ਕੁੱਲ ਉਚਾਈ ਦਾ ਲਗਭਗ 10% ਹੁੰਦੀ ਹੈ। ਭੱਠੀ ਦੇ ਸਭ ਤੋਂ ਹੇਠਲੇ ਭਾਗ ਨੂੰ ਚੁੱਲ੍ਹਾ ਕਿਹਾ ਜਾਂਦਾ ਹੈ। ਇਹ ਭਾਗ ਜਲਣ ਖੇਤਰ ਦੇ ਹੇਠਾਂ ਹੁੰਦਾ ਹੈ ਅਤੇ ਤਰਲ ਧਾਤ ਜਾਂ ਧਾਤ ਮੈਲ (slag) ਲਈ ਪੀਪੇ ਜਾਂ ਡੱਬੇ ਦਾ ਕੰਮ ਦਿੰਦਾ ਹੈ। ਇਸ ਦੀ ਉਚਾਈ ਵੀ ਭੱਠੀ ਦੀ ਉਚਾਈ ਦਾ ਲਗਭਗ 10% ਹੁੰਦੀ ਹੈ।

ਚੁੱਲ੍ਹੇ ਦਾ ਉਪਰਲਾ ਭਾਗ ਜਿੱਥੇ ਜਲਣ ਖੇਤਰ ਨਾਲ ਮਿਲਦਾ ਹੈ, ਉਥੇ ਭੱਠੀ ਦੇ ਚਾਰੇ ਪਾਸੇ ਛੇਕ ਹੁੰਦੇ ਹਨ, ਜਿਨ੍ਹਾਂ ਵਿਚ ਫੂਕਣੀਆਂ (Tuyeres) ਲਾਈਆਂ ਜਾਂਦੀਆਂ ਹਨ। ਇਨ੍ਹਾਂ ਦੁਆਰਾ ਭੱਠੀ ਦੇ ਅੰਦਰ ਉੱਚ ਦਬਾਉ ਉੱਤੇ ਹਵਾ ਦਾ ਝੌਂਕਾ (Blast) ਭੇਜਿਆ ਜਾਂਦਾ ਹੈ। ਭੱਠੀ ਦਾ ਬਾਹਰਲਾ ਹਿੱਸਾ ਇਸਪਾਤ ਦੀ ਮੋਟੀ ਚਾਦਰ ਦਾ ਬਣਿਆ ਹੁੰਦਾ ਹੈ, ਜਿਸ ਅੰਦਰ ਭਿੰਨ-ਭਿੰਨ ਕਿਸਮ ਦੀਆਂ ਅੱਗ-ਸਹਿ-ਇੱਟਾਂ ਦਾ ਅਸਤਰ ਲਗਿਆ ਹੁੰਦਾ ਹੈ ਤਾਂ ਕਿ ਉੱਚ-ਤਾਪ ਕਾਰਨ ਭੱਠੀ ਦੇ ਢਾਂਚੇ ਨੂੰ ਕੋਈ ਨੁਕਸਾਨ ਨਾ ਪਹੁੰਚੇ। ਭੱਠੀ ਦੇ ਹੇਠਲੇ ਭਾਗ ਵਿਚ ਜਿਥੇ ਤਾਪ ਬਹੁਤ ਜ਼ਿਆਦਾ ਹੁੰਦਾ ਹੈ ਦੀਵਾਰਾਂ ਨੂੰ ਠੰਢਾ ਕਰਨ ਲਈ ਅੱਗ-ਸਹਿ ਇੱਟਾਂ ਦੀ ਸਤ੍ਹਾ ਵਿਚ ਸੀਤਕ ਪਲੇਟਾਂ (Cooling plates) ਲੱਗਾ ਦਿੱਤੀਆਂ ਜਾਂਦੀਆਂ ਹਨ ਜਿਨ੍ਹਾਂ ਵਿਚ ਲਗਾਤਾਰ ਠੰਢਾ ਪਾਣੀ ਵਹਿੰਦਾ ਰਹਿੰਦਾ ਹੈ। ਤਰਲ ਧਾਤ ਅਤੇ ਮੈਲ ਨੂੰ ਕੱਢਣ ਲਈ ਚੁੱਲ੍ਹੇ ਵਿਚ ਨਲ-ਛਿਦਰ (tap-hole) ਅਤੇ ਮੈਲ ਛਿਦਰ (Slag-hole) ਬਣੇ ਹੁੰਦੇ ਹਨ।

ਝੌਂਕਾਂ ਭੱਠੀ ਦੇ ਚਾਰਜ ਵਿਚ ਜ਼ਿਆਦਾਤਰ ਲੋਹ ਕੱਚੀ-ਧਾਤ, ਬਾਲਣ ਅਤੇ ਗਾਲਕ (ਚੂਨਾ ਪੱਥਰ) ਹੀ ਹੁੰਦੇ ਹਨ। ਇਨ੍ਹਾਂ ਤਿੰਨਾਂ ਪਦਾਰਥਾਂ ਦੀ ਮਾਤਰਾ ਉਨ੍ਹਾਂ ਦੇ ਰਸਾਇਣਿਕ ਅਤੇ ਭੌਤਿਕ ਗੁਣਾਂ ਦੇ ਆਧਾਰ ਤੇ ਨਿਰਧਾਰਤ ਕੀਤੀ ਜਾਂਦੀ ਹੈ। ਪੂਰਨ ਭੱਠੀ ਨੂੰ ਚਾਰਜਕਾਰੀ ਵਿਨਿਆਸ (Charging Arrangement) ਦੁਆਰਾ ਚਾਰਜ ਨਾਲ ਭਰ ਦਿੱਤਾ ਜਾਂਦਾ ਹੈ। ਚੁੱਲ੍ਹੇ ਦੇ ਚਾਰੇ ਪਾਸੇ ਲਗੀਆਂ ਫੂਕਣੀਆਂ ਨਾਲ ਉੱਚ ਦਬਾਉ (175-2 ਕਿਲੋ/ਸੈਂ. ਮੀ.^{2}) ਉੱਤੇ ਹਵਾ ਦਾ ਝੌਂਕਾ ਭੱਠੀ ਦੇ ਅੰਦਰ ਭੇਜਿਆ ਜਾਂਦਾ ਹੈ। ਆਧੁਨਿਕ ਭੱਠੀਆਂ ਵਿਚ ਹਵਾ ਦਾ ਝੌਂਕਾ ਅੰਦਰ ਭੇਜਣ ਤੋਂ ਪਹਿਲਾਂ 700°-800° ਸੈਂ. ਤੱਕ ਗਰਮ ਕਰ ਲਿਆ ਜਾਂਦਾ ਹੈ। ਜਿਉਂ ਹੀ ਇਹ ਝੌਂਕਾ ਚਾਰਜ ਦੇ ਕੋਲੇ ਦੇ ਸੰਪਰਕ ਵਿਚ ਆਉਂਦਾ ਹੈ ਇਹ ਜਲਣ ਲੱਗ ਪੈਂਦਾ ਹੈ ਅਤੇ ਭੱਠੀ ਵਿਚ ਗਰਮੀ ਪੈਦਾ ਹੋ ਜਾਂਦੀ ਹੈ। ਇਸ ਤਰ੍ਹਾਂ ਭੱਠੀ ਦਾ ਕਾਰਜ ਸ਼ੁਰੂ ਹੋ ਜਾਂਦਾ ਹੈ। ਜਿਉਂ ਜਿਉਂ ਠੋਸ ਚਾਰਜ ਹੇਠਾਂ ਵਲ ਜਾਂਦਾ ਹੈ ਉਵੇਂ ਹੀ ਤਾਪ ਵਿਚ ਵਾਧਾ ਹੁੰਦਾ ਜਾਂਦਾ ਹੈ। ਭੱਠੀ ਦੇ ਸਿਖ਼ਰ ਦਾ ਤਾਪਮਾਨ 200°-250° ਸੈਂ. ਹੁੰਦਾ ਹੈ ਅਤੇ ਹੇਠਾਂ ਵਲ ਵਧਦਾ ਹੋਇਆ, ਹਵਾ ਟੂਟੀ ਦੇ ਧਰਾਤਲ ਨੇੜੇ 1850° ਸੈਂ. ਤੱਕ ਹੋ ਜਾਂਦਾ ਹੈ। ਚਾਰਜ ਨੂੰ ਸਿਖ਼ਰ ਤੋਂ ਹੇਠਾਂ ਤੱਕ ਪਹੁੰਚਣ ਲਈ ਲਗਭਗ 12-14 ਘੰਟੇ ਅਤੇ ਹੇਠਾਂ ਤੋਂ ਗੈਸ ਨੂੰ ਸਿਖ਼ਰ ਤੱਕ ਪਹੁੰਚਾਣ ਲਈ ਇਕ ਸੈਕੰਡ ਤੋਂ ਵੀ ਘੱਟ ਸਮਾਂ ਲਗਦਾ ਹੈ।

ਜਿਵੇਂ ਜਿਵੇਂ ਚਾਰਜ ਹੇਠਾਂ ਉੱਚਤਮ ਤਾਪ ਖੇਤਰ ਵਲ ਸਰਕਦਾ ਹੈ ਇਸ ਦੀ ਨਮੀ ਖ਼ਤਮ ਹੋ ਜਾਂਦੀ ਹੈ। ਇਹ ਕਿਰਿਆ ਸਟੈਕ ਦੇ ਸਿਖ਼ਰ ਤੋਂ ਲਗਭਗ 3 ਮੀ. ਹੇਠਾਂ ਤਕ ਹੁੰਦੀ ਹੈ ਜਿਥੇ ਦਾ ਤਾਪਮਾਨ ਲਗਭਗ 400° ਸੈਂ. ਹੁੰਦਾ ਹੈ। ਇਸ ਤੋਂ ਹੋਰ ਹੇਠਾਂ ਉੱਚ ਤਾਪਮਾਨ ਉੱਤੇ ਕਾਰਬਨ ਮਾਨੋਆੱਕਸਾਈਡ ਦੁਆਰਾ ਲੋਹ-ਆੱਕਸਾਈਡ ਦੇ ਟੁੱਟਣ ਦੀ ਤੀਬਰਤਾ ਵਧ ਜਾਂਦੀ ਹੈ। ਲਗਭਗ 15 ਮੀ. ਹੇਠਾਂ ਪਹੁੰਚਦੇ-ਪਹੁੰਚਦੇ ਸਾਰਾ ਲੋਹ-ਆੱਕਸਾਈਡ ਟੁਕੜੇ-ਟੁਕੜੇ ਹੋ ਜਾਂਦਾ ਹੈ ਅਤੇ ਸਪੰਜ ਦੀ ਸ਼ਕਲ ਧਾਰ ਲੈਂਦਾ ਹੈ। ਇਸ ਤੋਂ ਪਿਛੋਂ ਚੂਨਾ ਪੱਥਰ ਦਾ ਵਿਘਟਨ ਹੋ ਕੇ ਚੂਨਾ ਅਤੇ ਕਾਰਬਨ ਡਾਈ-ਆੱਕਸਾਈਡ ਪ੍ਰਾਪਤ ਹੁੰਦੇ ਹਨ। ਇਹ ਚੂਨਾ ਫ਼ਾਲਤੂ ਪਦਾਰਥਾਂ ਨਾਲ ਮਿਲਕੇ ਧਾਤ-ਮੈਲ ਬਣਾਉਂਦਾ ਹੈ। ਫ਼ਿਰ ਚਾਰਜ ਹੇਠਾਂ

ਗਲਣ-ਖੇਤਰ ਵਿਚ ਆ ਜਾਂਦਾ ਹੈ। ਇਥੇ ਸਪੰਜ ਲੋਹਾ ਤੇਜ਼ ਬਲਦੇ ਹੋਏ ਕੋਲੇ ਦੇ ਸੰਪਰਕ ਵਿਚ ਆਉਂਦਾ ਹੈ, ਅਰਥਾਤ ਉਸ ਵਿਚ ਕਾਰਬਨ ਮਿਲ ਜਾਂਦੀ ਹੈ। ਲਗਭਗ 1350° ਸੈਂ. ਉੱਤੇ ਲੋਹਾ ਤਰਲ ਹੋਣ ਲਗਦਾ ਹੈ। ਇਸ ਤਾਪਮਾਨ ਉੱਤੇ ਚੂਨਾ-ਪੱਥਰ ਦੀ ਗਲਣ ਕਿਰਿਆ ਵੀ ਬੜੀ ਤੇਜ਼ੀ ਨਾਲ ਹੋਣ ਲਗਦੀ ਹੈ। ਭੱਠੀ ਦੇ ਜਲਣ-ਖੇਤਰ ਵਿਚ ਅਤਿਅਧਿਕ ਤਾਪ ਹੋਣ ਨਾਲ ਕੁਝ ਮੈਂਗਨੀਜ਼, ਫ਼ੌਸਫ਼ੋਰਸ ਅਤੇ ਸਿਲਿਕਾੱਨ ਦੇ ਆੱਕਸਾਈਡ ਵੀ ਖੰਡਿਤ ਹੋ ਕੇ ਧਾਤ ਵਿਚ ਮਿਲ ਜਾਂਦੇ ਹਨ। ਇਹ ਖੇਤਰ ਲੋਹਾ, ਕਾਰਬਨ ਨਾਲ ਸੰਤ੍ਰਿਪਤ ਹੋ ਜਾਂਦਾ ਹੈ ਅਤੇ ਇਸ ਦਾ ਤਾਪਮਾਨ ਪਿਘਲਾਉ ਦਰਜੇ ਤੋਂ ਕਾਫ਼ੀ ਉੱਚਾ ਪਹੁੰਚ ਜਾਂਦਾ ਹੈ। ਇਸ ਤਰ੍ਹਾਂ ਤਰਲ ਧਾਤ ਅਤੇ ਮੈਲ ਭੱਠੀ ਦੇ ਤਲ ਵਿਚ ਇੱਕਠੇ ਹੁੰਦੇ ਰਹਿੰਦੇ ਹਨ। ਇਨ੍ਹਾਂ ਨੂੰ ਸਮੇਂ ਸਮੇਂ ਤੇ ਟੂਟੀਆਂ ਜਾਂ ਮੈਲ ਦੁਆਰ ਰਾਹੀਂ ਬਾਹਰ ਕੱਢਿਆ ਜਾਂਦਾ ਹੈ।

ਲੱਕੜੀ ਦੇ ਕੋਲੇ ਦੀ ਵਰਤੋਂ— ਕਈ ਆਧੁਨਿਕ ਝੋਂਕਾ ਭੱਠੀਆਂ ਵਿਚ ਧਾਤਕਰਮੀ ਕੋਲੇ ਦੀ ਥਾਂ ਲੱਕੜੀ ਦਾ ਕੋਲਾ ਵੀ ਵਰਤਿਆ ਜਾਂਦਾ ਹੈ। ਇਸ ਦੀ ਪੀਸਣ ਸਮਰੱਥਾ ਧਾਤਕਰਮੀ ਕੋਲੇ ਦੇ ਮੁਕਾਬਲੇ ਕਾਫ਼ੀ ਘੱਟ ਹੁੰਦੀ ਹੈ। ਇਸ ਨਾਲ ਚੱਲਣ ਵਾਲੀਆਂ ਭੱਠੀਆਂ ਤੋਂ ਕੱਚੇ ਲੋਹੇ ਦੇ ਉਤਪਾਦਨ ਦੀਆਂ ਵਿਧੀਆਂ ਅਤੇ ਉਨ੍ਹਾਂ ਦਾ ਸਿੱਧਾਂਤ ਝੋਂਕਾ ਭੱਠੀਆਂ ਵਾਲਾ ਹੀ ਹੈ। ਫ਼ਰਕ ਕੇਵਲ ਇੰਨਾ ਹੀ ਹੈ ਕਿ ਇਨ੍ਹਾਂ ਨਾਲ ਜੋ ਲੋਹਾ ਨਿਕਲਦਾ ਹੈ ਉਸ ਵਿਚ ਅਸ਼ੁੱਧੀਆਂ ਘੱਟ ਅਤੇ ਲੋਹੇ ਦੀ ਕਿਸਮ ਚੰਗੀ ਹੁੰਦੀ ਹੈ। ਇਨ੍ਹਾਂ ਭੱਠੀਆਂ ਦੀ ਉਤਪਾਦਨ ਸਮਰੱਥਾ ਘੱਟ ਹੋਣ ਕਰਕੇ ਅੱਜਕੱਲ੍ਹ ਇਨ੍ਹਾਂ ਦੀ ਵਰਤੋਂ ਘਟ ਗਈ ਹੈ।


ਬਿਜਲ-ਲੋਹ-ਭੱਠੀ—ਅਜੋਕੇ ਸਮੇਂ ਵਿਚ ਇਨ੍ਹਾਂ ਭੱਠੀਆਂ ਦੀ ਵਰਤੋਂ ਵਧ ਗਈ ਹੈ। ਇਹ ਭੱਠੀਆਂ ਉਨ੍ਹਾਂ ਥਾਵਾਂ ਉੱਤੇ ਵਧੇਰੇ ਪ੍ਰਚੱਲਤ ਹਨ ਜਿੱਥੇ ਧਾਤਕਰਮੀ ਕੋਲੇ ਦੀ ਘਾਟ ਹੈ। ਝੋਂਕਾ ਭੱਠੀਆਂ ਵਿਚ ਬਾਲਣ ਦੀ ਵਰਤੋਂ, ਲੋਹ ਕੱਚੀ-ਧਾਤ ਨੂੰ ਗਰਮ ਅਤੇ ਖੰਡਿਤ ਕਰਨ ਲਈ ਕੀਤੀ ਜਾਂਦੀ ਹੈ। ਇਸ ਬਿਜਲੱਈ ਵਿਧੀ ਵਿਚ ਮਾਦੇ ਨੂੰ ਬਿਜਲੀ ਨਾਲ ਗਰਮ ਕੀਤਾ ਜਾਂਦਾ ਹੈ ਅਤੇ ਸਿਰਫ਼ ਤੋੜਨ ਲਈ ਕਾਰਬਨੀ ਪਦਾਰਥ ਵਰਤੇ ਜਾਂਦੇ ਹਨ। ਇਸ ਦਾ ਸਿੱਟਾ ਇਹ ਹੁੰਦਾ ਹੈ ਕਿ ਪ੍ਰਾਪਤ ਹੋਏ ਲੋਹੇ ਵਿਚ ਅਸ਼ੁੱਧੀਆਂ ਘੱਟ ਹੁੰਦੀਆਂ ਹਨ ਅਤੇ ਇਨ੍ਹਾਂ ਨੂੰ ਦੂਰ ਕਰਨ ਲਈ ਘੱਟ ਗਾਲਕ ਦੀ ਲੋੜ ਪੈਂਦੀ ਹੈ।

ਨਿਮਨ ਸ਼ਾਫ਼ਟ ਭੱਠੀ—ਇਸ ਨੂੰ ਝੋਂਕਾ ਭੱਠੀ ਦਾ ਛੋਟਾ ਰੂਪ ਮੰਨਿਆ ਜਾਂਦਾ ਹੈ। ਇਸ ਭੱਠੀ ਦੀ ਬਨਾਵਟ ਅਤੇ ਕਾਰਜ ਵਿਧੀ ਝੋਂਕਾਂ ਭੱਠੀ ਵਰਗੀ ਹੀ ਹੁੰਦੀ ਹੈ। ਇਨ੍ਹਾਂ ਭੱਠੀਆਂ ਦਾ ਲਾਭ ਇਹ ਹੈ ਕਿ ਇਨ੍ਹਾਂ ਵਿਚ ਬਹੁਤ ਹੀ ਘਟੀਆ ਕਿਸਮ ਦੇ ਅਜਿਹੇ ਕੱਚੇ ਪਦਾਰਥ ਵਰਤੇ ਜਾ ਸਕਦੇ ਹਨ, ਜਿਨ੍ਹਾਂ ਦੀ ਵਰਤੋਂ ਅਸਲ ਝੋਂਕਾ ਭੱਠੀਆਂ ਵਿਚ ਨਹੀਂ ਕੀਤੀ ਜਾ ਸਕਦੀ। ਇਨ੍ਹਾਂ ਭੱਠੀਆਂ ਵਿਚ ਧਾਤਕਰਮੀ ਕੋਲੇ ਦੀ ਹੀ ਵਰਤੋਂ ਜ਼ਰੂਰੀ ਹੈ ਅਤੇ ਇਨ੍ਹਾਂ ਦਾ ਨਿਰਮਾਣ ਵੀ ਸਸਤਾ ਪੈਂਦਾ ਹੈ, ਇਸ ਲਈ ਜਿੱਥੇ ਲੋਹ ਕੱਚੀ-ਧਾਤ ਆਦਿ ਥੋੜ੍ਹੀ ਮਾਤਰਾ ਵਿਚ ਮਿਲਦੇ ਹੋਣ, ਉਥੇ ਇਨ੍ਹਾਂ ਰਾਹੀਂ ਲੋਹੇ ਦਾ ਉਤਪਾਦਨ ਸੰਭਵ ਹੈ।

ਇਸਪਾਤ ਉਤਪਾਦਨ—ਅੱਜਕੱਲ੍ਹ ਇੰਜੀਨੀਅਰੀ ਕੰਮਾਂ ਲਈ ਜਿੰਨੇ ਕਿਸਮ ਦੇ ਸਾਮਾਨ ਦੀ ਲੋੜ ਪੈਂਦੀ ਹੈ ਉਸ ਨੂੰ ਕੱਚੇ ਲੋਹੇ ਨਾਲ ਪੂਰਾ ਨਹੀਂ ਕੀਤਾ ਜਾ ਸਕਦਾ। ਇਸ ਲਈ ਕੱਚੇ ਲੋਹੇ ਦਾ ਉਪਚਾਰ ਕਰਕੇ ਇਸ ਨੂੰ 'ਇਸਪਾਤ' ਜਾ 'ਸਟੀਲ' ਦਾ ਰੂਪ ਦਿੱਤਾ ਜਾਂਦਾ ਹੈ। ਇਸਪਾਤ ਨੂੰ ਮੂਲ ਰੂਪ ਵਿਚ ਲੋਹੇ ਅਤੇ ਕਾਰਬਨ ਦੀ ਮਿਸ਼ਰਿਤ ਧਾਤ ਕਹਿਣਾ ਚਾਹੀਦਾ ਹੈ। ਇਸ ਵਿਚ ਗੰਧਕ ਅਤੇ ਫ਼ਾਸਫ਼ੋਰਸ ਆਦਿ ਮਿਲਾਵਟਾਂ ਵੀ ਹੁੰਦੀਆਂ ਹਨ। ਸਿਲਿਕਾੱਨ ਅਤੇ ਮੈਂਗਨੀਜ਼ ਵਰਗੀਆਂ ਅਸ਼ੁੱਧੀਆਂ, ਇਸਪਾਤ ਨੂੰ ਕੁਝ ਵਿਸ਼ੇਸ਼ ਗੁਣ ਪ੍ਰਦਾਨ ਕਰਦੀਆਂ ਹਨ। ਇਸ ਲਈ ਲੋੜ ਅਨੁਸਾਰ ਇਨ੍ਹਾਂ ਦੀ ਮਾਤਰਾ ਘਟਾਈ ਵਧਾਈ ਜਾ ਸਕਦੀ ਹੈ। ਸ਼ੁੱਧ ਲੋਹੇ ਦਾ ਅਸਲ ਰੂਪ ਪਿਟਵਾਂ ਲੋਹਾ ਹੈ। ਇਸ ਵਿਚ ਅਸ਼ੁੱਧੀਆਂ ਦੇ ਰੂਪ ਵਿਚ ਧਾਤ-ਮੈਲਾਂ ਹੀ ਮਿਲੀਆਂ ਹੁੰਦੀਆਂ ਹਨ। ਇਹ ਲੋਹਾ ਬਹੁਤ ਨਰਮ ਹੁੰਦਾ ਹੈ, ਇਸ ਲਈ ਇਸ ਤੋਂ ਔਜ਼ਾਰ ਅਤੇ ਹੋਰ ਵਧੇਰੇ ਵਸਤਾਂ ਨਹੀਂ ਬਣਾਈਆਂ ਜਾ ਸਕਦੀਆਂ। ਸ਼ੁੱਧ ਲੋਹੇ ਨੂੰ ਪੱਕਾ ਅਤੇ ਕਠੋਰ ਬਣਾਉਣ ਲਈ ਇਸ ਵਿਚ ਇਕ ਨਿਸ਼ਚਿਤ ਮਾਤਰਾ ਵਿਚ ਕਾਰਬਨ ਮਿਲਾਈ ਜਾਂਦੀ ਹੈ। ਲੋਹੇ ਅਤੇ ਕਾਰਬਨ ਨਾਲ ਬਣੇ ਪਦਾਰਥ ਨੂੰ ਇਸਪਾਤ ਕਿਹਾ ਜਾਂਦਾ ਹੈ।

ਪੁਰਾਣੇ ਸਮੇਂ ਵਿਚ ਇਸਪਾਤ ਉਤਪਾਦਨ ਦੀਆਂ ਦੋ ਵਿਧੀਆਂ ਪ੍ਰਚੱਲਤ ਸਨ। (1) ਸੀਮਿੰਟੀਕਰਨ ਵਿਧੀ (2) ਕੁਠਾਲੀ ਵਿਧੀ

ਸੀਮਿੰਟੀਕਰਨ ਵਿਧੀ ਵਿਚ ਪਿਟਵੇਂ ਲੋਹੇ ਨੂੰ ਝੋਂਕ ਕੇ ਸੰਪਰਕ ਵਿਚ ਰੱਖ ਕੇ ਕਾਫ਼ੀ ਸਮੇਂ ਤੱਕ ਉੱਚ ਤਾਪਮਾਨ ਤਕ ਗਰਮ ਕੀਤਾ ਜਾਂਦਾ ਹੈ। ਜਿਨ੍ਹਾਂ ਬਰਤਨਾਂ ਵਿਚ ਇਹ ਕਿਰਿਆ ਕੀਤੀ ਜਾਂਦੀ ਹੈ ਉਨ੍ਹਾਂ ਨੂੰ "ਪਰਿਵਰਤਨ ਬਰਤਨ" ਕਿਹਾ ਜਾਂਦਾ ਹੈ। ਇਹ ਪੱਥਰ ਦੀਆਂ ਸਿਲਾਂ ਦੇ ਬਣੇ ਹੁੰਦੇ ਹਨ। ਇਨ੍ਹਾਂ ਬਰਤਨਾਂ ਨੂੰ ਸੀਮਿੰਟੀਕਰਨ ਭੱਠੀਆਂ ਵਿਚ ਗਰਮ ਕੀਤਾ ਜਾਂਦਾ ਹੈ। ਬਰਤਨ ਦੇ ਅੰਦਰ ਹਵਾ ਨੂੰ ਦਾਖ਼ਲ ਹੋਣ ਤੋਂ ਰੋਕਣ ਲਈ ਇਨ੍ਹਾਂ ਨੂੰ ਚੰਗੀ ਤਰ੍ਹਾਂ ਅੱਗ-ਸਹਿ ਪਦਾਰਥਾਂ ਨਾਲ ਬੰਦ ਕਰ ਦਿੱਤਾ ਜਾਂਦਾ ਹੈ। ਇਸ ਦਾ ਕਾਰਨ ਇਹ ਹੈ ਕਿ ਹਵਾ ਦੇ ਅਸਰ ਨਾਲ ਲੋਹੇ ਦਾ ਆੱਕਸੀਕਰਨ ਹੋ ਜਾਂਦਾ ਹੈ ਅਤੇ ਕੋਲੇ ਦੀ ਸੁਆਹ ਬਣ ਜਾਂਦੀ ਹੈ। ਬਰਤਨ ਨੂੰ ਲਗਭਗ 48 ਘੰਟੇ ਲਈ 1000° ਤਾਪਮਾਨ ਤੇ ਰੱਖਿਆ ਜਾਂਦਾ ਹੈ। ਇਸ ਤਾਪਮਾਨ ਨੂੰ ਸੱਤ ਤੋਂ ਨੌ ਦਿਨ ਤੱਕ ਸਥਿਰ ਰਖਿਆ ਜਾਂਦਾ ਹੈ। ਇਸ ਕਿਰਿਆ ਦੇ




ਸੀਮਿੰਟੀਕਰਨ ਭੱਠੀ

ਸਿੱਟੇ ਵਜੋਂ ਕੋਲੇ ਦੀ ਕਾਰਬਨ ਲੋਹੇ ਵਿਚ ਦਾਖ਼ਲ ਹੋ ਜਾਂਦੀ ਹੈ। ਇਸ ਤੋਂ ਬਾਅਦ ਬਰਤਨਾਂ ਨੂੰ ਇਕ ਹਫ਼ਤੇ ਲਈ ਹੌਲੀ-ਹੌਲੀ ਠੰਡਾ ਕੀਤਾ ਜਾਂਦਾ ਹੈ। ਇਸ ਤਰ੍ਹਾਂ ਜੋ ਛੜਾਂ ਨਿਕਲਦੀਆਂ ਹਨ, ਉਨ੍ਹਾਂ ਦੀ ਸਤ੍ਹਾ ਉੱਤੇ ਫਫੋਲੇ (ਉਭਾਰ) ਦਿਖਾਈ ਦਿੰਦੇ ਹਨ। ਇਸ ਲਈ ਉਨ੍ਹਾਂ ਨੂੰ

"ਫਫੋਲੇਦਾਰ ਇਸਪਾਤ" ਕਿਹਾ ਜਾਂਦਾ ਹੈ। ਇਸ ਇਸਪਾਤ ਨੂੰ ਗਰਮ ਕਰਕੇ ਕੁੱਟਿਆਂ ਜਾਂਦਾ ਹੈ ਜਿਸ ਨਾਲ ਇਹ ਪੱਥਰ ਹੋ ਜਾਂਦਾ ਹੈ। ਸੀਮਿੰਟੀਕਰਨ ਇਸਪਾਤ ਦੀ ਕੁਟਾਈ ਕਰਨ ਤੋਂ ਬਾਅਦ ਹੀ ਇਸ ਵਿਚ ਥੋੜ੍ਹੀ ਬਹੁਤ ਅਸਮਤਾ ਹੁੰਦੀ ਹੈ। ਇਸ ਇਸਪਾਤ ਨੂੰ ਕੁਠਾਲੀ ਵਿਚ ਦ੍ਰਵਿਤ ਕਰਕੇ ਉਸਦਾ ਰਸਾਇਣਿਕ ਸੰਘਟਨ ਇੱਕੋ ਜਿਹਾ ਕਰ ਲਿਆ ਜਾਂਦਾ ਹੈ। ਇਸ ਕਿਰਿਆ ਦੁਆਰਾ ਸੀਮਿੰਟੀਕਰਨ ਇਸਪਾਤ ਵਿਚਲੀ ਧਾਤ-ਮੈਲ ਦੇ ਕਣਾਂ ਦੀ ਵੀ ਮੁਕਤੀ ਹੋ ਜਾਂਦੀ ਹੈ। ਇਸ ਕੰਮ ਲਈ ਜ਼ਿਆਦਾਤਰ ਲਗਭਗ 22.5 ਕਿ. ਗ੍ਰਾ. ਸਮਰੱਥਾ ਵਾਲੀਆਂ ਗ੍ਰੈਫ਼ਾਈਟ ਦੀਆਂ ਕੁਠਾਲੀਆਂ ਵਰਤੀਆਂ ਜਾਂਦੀਆਂ ਹਨ। ਇਨ੍ਹਾਂ ਕੁਠਾਲੀਆਂ ਵਿਚ ਸੀਮਿੰਟੀਕਰਨ ਇਸਪਾਤ ਨੂੰ ਰਖਕੇ ਕੋਕ ਭੱਠੀਆਂ ਵਿਚ ਗਰਮ ਕੀਤਾ ਜਾਂਦਾ ਹੈ (ਚਿੱਤਰ 2) ਕੁਠਾਲੀ ਵਿਧੀ ਵਿਚ ਧਾਤ ਦੀ ਸ਼ੁੱਧਤਾ ਨਹੀਂ ਹੁੰਦੀ। ਇਸ ਲਈ ਇਸ ਵਿਧੀ ਵਾਸਤੇ ਲੋੜੀਂਦਾ ਚਾਰਜ ਸ਼ੁੱਧ ਹੋਣਾ ਚਾਹੀਦਾ ਹੈ। ਪਹਿਲਾਂ ਇਸ ਢੰਗ ਨਾਲ ਉੱਚ ਕੋਟੀ ਦਾ ਔਜ਼ਾਰੀ ਇਸਪਾਤ ਤਿਆਰ ਹੁੰਦਾ ਸੀ।

ਬੈਸੇਮਰ ਵਿਧੀ—ਸੰਨ 1856 ਵਿਚ ਹੈਨਰੀ ਬੈਸੇਮਰ ਨੇ ਇਸਪਾਤ ਉਤਪਾਦਨ ਦੀਆਂ ਵਿਧੀਆਂ ਵਿਚ ਵਿਸ਼ੇਸ਼ ਤਬਦੀਲੀ ਲਿਆਂਦੀ। ਇਸ ਵਿਧੀ ਵਿਚ ਨਾਸ਼ਪਾਤੀ ਦੇ ਆਕਾਰ ਦੇ ਇਕ ਬਰਤਨ ਵਿਚ ਜਿਸਨੂੰ "ਬੈਸੇਮਰ ਪਰਿਵਰਤਨ-ਯੰਤਰ" ਕਿਹਾ ਜਾਂਦਾ ਹੈ, ਤਰਲ ਕੱਚੇ ਲੋਹੇ ਵਿਚ ਧੌਂਕਣੀ ਨਾਲ ਹਵਾ ਭੇਜੀ ਜਾਂਦੀ ਹੈ। ਤਰਲ ਲੋਹੇ ਵਿਚਲੀਆਂ ਅਸ਼ੁੱਧੀਆਂ ਦਾ ਹਵਾ ਵਿਚਲੀ ਆੱਕਸੀਜਨ ਰਾਹੀਂ ਆੱਕਸੀਕਰਨ ਹੁੰਦਾ ਹੈ। ਇਹ ਕਿਰਿਆਵਾਂ ਤਾਪ-ਨਿਕਾਸੀ ਹੋਣ ਕਰਕੇ ਬਾਹਰਲੇ ਬਾਲਣ ਦੀ ਲੋੜ ਨਹੀਂ ਪੈਂਦੀ। ਲੋਹੇ ਵਿਚਲੀਆਂ ਅਸ਼ੁੱਧੀਆਂ ਆੱਕਸੀਕ੍ਰਿਤ ਹੋਕੇ ਧਾਤ-ਮੈਲ ਬਣਾਉਂਦੇ ਹਨ ਅਤੇ ਬਚਿਆ ਹੋਇਆ ਲੋਹਾ ਇਸਪਾਤ ਦਾ ਰੂਪ ਧਾਰ ਲੈਂਦਾ ਹੈ।

ਬੈਸੇਮਰ ਪਰਿਵਰਤਨ—ਯੰਤਰ ਦੀ ਰੂਪ-ਰੇਖਾ ਚਿੱਤਰ (3) ਵਿਚ ਵਿਖਾਈ ਗਈ ਹੈ। ਇਸ ਦਾ ਬਾਹਰਲਾ ਭਾਗ ਇਸਪਾਤ ਦੀ




ਚਿੱਤਰ 3 – ਬੈਸੇਮਰ ਪਰਿਵਰਤਕ

ਪਲੇਟ (ਪੱਟੀ) ਦਾ ਬਣਿਆ ਹੁੰਦਾ ਹੈ ਅਤੇ ਅੰਦਰਲੇ ਪਾਸੇ ਤਾਪ-ਸਹਿ ਪਦਾਰਥਾਂ ਦੇ ਅਸਤਰ ਲਗਾਏ ਹੁੰਦੇ ਹਨ। ਇਸ ਵਿਧੀ ਵਿਚ ਦੋ ਪ੍ਰਣਾਲੀਆਂ ਪ੍ਰਚੱਲਿਤ ਹਨ। 1. ਤੇਜ਼ਾਬੀ ਅਤੇ 2. ਖਾਰੀ। ਇਨ੍ਹਾਂ ਪ੍ਰਣਾਲੀਆਂ ਦੀ ਵਰਤੋਂ ਕੱਚੇ ਲੋਹੇ ਦੇ ਗੁਣਾਂ ਉੱਤੇ ਨਿਰਭਰ ਕਰਦੀ ਹੈ। ਜੇਕਰ ਕੱਚੇ ਲੋਹੇ ਵਿਚ ਫ਼ਾਸਫ਼ੋਰਸ ਦੀ ਮਾਤਰਾ ਜ਼ਿਆਦਾ ਹੁੰਦੀ ਹੈ ਤਾਂ ਖਾਰੀ ਵਿਧੀ ਦਾ ਉਪਯੋਗ ਕਰਨਾ ਉਚਿਤ ਹੈ, ਜਿੱਥੇ ਫ਼ਾਸਫ਼ੋਰਸ ਨੂੰ ਕੱਢਣ ਦੀ ਲੋੜ ਨਹੀਂ ਹੁੰਦੀ ਉਥੇ ਤੇਜ਼ਾਬੀ ਵਿਧੀ ਵਰਤੀ ਜਾਂਦੀ ਹੈ। ਬੈਸੇਮਰ ਪਰਿਵਰਤਨ ਯੰਤਰ ਦੇ ਅੰਦਰ ਲਾਏ ਜਾਣ ਵਾਲੇ ਤਾਪ-ਸਹਿ ਪਦਾਰਥਾਂ ਦੇ ਅਸਤਰ ਤੇਜ਼ਾਬੀ ਪ੍ਰਣਾਲੀ ਵਿਚ ਜ਼ਿਆਦਾਤਰ ਸਿਲਿਕਾਮਈ ਪਦਾਰਥ ਅਤੇ ਖਾਰੀ ਪ੍ਰਣਾਲੀ ਵਿਚ ਖਾਰੇ ਪਦਾਰਥ ਜਿਵੇਂ ਕਿ ਡੋਲਮਾਈਟ ਹੀ ਵਰਤੇ ਜਾਂਦੇ ਹਨ।

ਬੈਸੇਮਰ ਪਰਿਵਰਤਨ ਯੰਤਰ ਦੇ ਆਧਾਰ ਵਿਚ ਫੂਕਣੀਆਂ ਲਗੀਆਂ ਹੁੰਦੀਆਂ ਹਨ ਜਿਨ੍ਹਾਂ ਰਾਹੀਂ ਤਰਲ ਲੋਹੇ ਵਿਚ, ਉੱਚ ਦਬਾਉ ਉੱਤੇ, ਹਵਾ ਭੇਜੀ ਜਾਂਦੀ ਹੈ। ਤੇਜ਼ਾਬੀ ਪ੍ਰਣਾਲੀ ਵਿਚ ਮੁੱਖ ਅਸ਼ੁੱਧੀਆਂ ਸਿਲਿਕਾੱਨ, ਮੈਂਗਨੀਜ਼ ਅਤੇ ਕਾਰਬਨ ਹੁੰਦੀਆਂ ਹਨ। ਇਨ੍ਹਾਂ ਦੇ ਆੱਕਸੀਕਰਨ ਵਿਚ ਲਗਭਗ 12 ਮਿੰਟ ਲਗਦੇ ਹਨ। ਪਹਿਲਾਂ ਸਿਲਿਕਾੱਨ ਅਤੇ ਮੈਂਗਨੀਜ਼ ਦਾ ਆੱਕਸੀਕਰਨ ਹੁੰਦਾ ਹੈ ਅਤੇ ਇਹ ਧਾਤ-ਮੈਲ ਬਣਾਉਂਦੇ ਹਨ ਫਿਰ ਕਾਰਬਨ ਆਕਸੀਕ੍ਰਿਤ ਹੋ ਕੇ ਕਾਰਬਨ ਮਾਨੋਆੱਕਸਾਈਡ ਬਣਾਉਂਦੀ ਹੈ। ਇਸ ਕਿਰਿਆ ਤੋਂ ਬਾਅਦ ਪਰਿਵਰਤਨ-ਯੰਤਰ ਬਰਤਨ ਨੂੰ ਝੁਕਾਅ ਕੇ ਤਿਆਰ ਇਸਪਾਤ ਨੂੰ ਪਲੇ ਵਿਚ ਕੱਢ ਲਿਆ ਜਾਂਦਾ ਹੈ। ਫਿਰ ਲੋੜ ਅਨੁਸਾਰ ਇਸ ਵਿਚ ਪੁਨਰ ਕਾਰਬੁਰਿਕਾਰਕ (recarburizer) ਅਤੇ ਵਿਆੱਕ-ਸੀਕਾਰਕ (deoxidizer) ਪਾ ਕੇ ਇਸਪਾਤ ਨੂੰ ਇੱਛਕ ਰਸਾਇਣਿਕ ਸੰਘਟਨ ਦਾ ਬਣਾਇਆ ਜਾਂਦਾ ਹੈ।


ਖਾਰ ਪ੍ਰਣਾਲੀ ਵਿਚ ਸਾਰੀਆਂ ਕਿਰਿਆਵਾਂ ਤੇਜ਼ਾਬ ਪ੍ਰਣਾਲੀ ਵਾਂਗ ਹੀ ਹੁੰਦੀਆਂ ਹਨ ਪਰ ਉਸ ਵਿਚ ਫ਼ਾਸਫ਼ੋਰਸ ਦੇ ਆੱਕਸੀਕਰਨ ਲਈ 5-6 ਮਿੰਟ ਵਧੇਰੇ ਸਮਾਂ ਲਗਦਾ ਹੈ। ਸਿਲਿਕਾੱਨ, ਮੈਂਗਨੀਜ਼ ਅਤੇ ਕਾਰਬੰਨ ਦੇ ਕ੍ਰਮਵਾਰ ਆੱਕਸੀਕਰਨ ਮਗਰੋਂ ਹੀ ਫ਼ਾਸਫ਼ੋਰਸ ਆਕਸੀਕ੍ਰਿਤ ਹੁੰਦਾ ਹੈ ਅਤੇ ਬਰਤਨ ਵਿਚਲੇ ਚੂਨੇ ਨਾਲ ਮਿਲ ਕੇ ਖਾਰੀ ਧਾਤ-ਮੈਲ ਬਣਾਉਂਦਾ ਹੈ। ਇਸ ਧਾਤ-ਮੈਲ ਨੂੰ ਵੱਖਰਾ ਕਰਨ ਮਗਰੋਂ ਹੀ ਧਾਤ ਵਿਚ ਪੁਨਰ ਕਾਰਬੁਰਿਕਾਰਕ ਅਤੇ ਵਿਆੱਕ-ਸੀਕਾਰਕ ਪਾਏ ਜਾਂਦੇ ਹਨ।

ਐੱਲ. ਡੀ. ਵਿਧੀ—ਸੰਨ 1851 ਵਿਚ ਆਸਟ-ਰੀਆ ਦੇ ਲਿੰਜ ਅਤੇ ਡੋਨਾਵਿਟਜ਼ ਧਾਤ-ਵਿਗਿਆਨੀਆਂ ਨੇ ਬੈਸੇਮਰ ਵਿਧੀ ਦੇ ਚੰਗੇ ਰੂਪ ਦੀ ਖੋਜ ਕੀਤੀ, ਜਿਸ ਨੂੰ ਇਨ੍ਹਾਂ ਦੇ ਨਾਂ ਉੱਤੇ ਐਲ. ਡੀ. ਵਿਧੀ ਕਿਹਾ ਗਿਆ। ਇਸ ਵਿਚ ਬੈਸੇਮਰ ਪਰਿਵਰਤਨ ਯੰਤਰ ਬਰਤਨ ਵਿਚ ਤਰਲ ਲੋਹੇ ਦੀ ਸਤ੍ਹਾ ਉੱਤੋਂ ਸ਼ੁੱਧ ਆੱਕਸੀਜਨ ਲੰਘਾਈ ਜਾਂਦੀ ਹੈ। (ਚਿੱਤਰ. 4) ਇਸ ਵਿਧੀ ਵਿਚ ਅਸ਼ੁੱਧੀਆਂ ਦਾ ਆੱਕਸੀਕਰਨ ਜਲਦੀ ਹੋਕੇ ਨਾਈਟਰੋਜਨ ਰਹਿਤ ਇਸਪਾਤ ਪ੍ਰਾਪਤ ਹੁੰਦਾ ਹੈ।



ਚਿੱਤਰ 4 – ਐੱਲ. ਡੀ. ਵਿਧੀ

ਖੁੱਲ੍ਹੀ ਚੁੱਲ੍ਹਾ-ਭੱਠੀ ਵਿਧੀ—ਅੱਜ ਦੁਨੀਆਂ ਦੇ ਲਗਭਗ 75% ਇਸਪਾਤ ਦਾ ਉਤਪਾਦਨ ਇਸ ਢੰਗ ਨਾਲ ਕੀਤਾ ਜਾਂਦਾ ਹੈ। ਇਸ ਕੰਮ ਲਈ ਖੁੱਲ੍ਹੀ ਭੱਠੀ ਵਰਤੀ ਜਾਂਦੀ ਹੈ (ਚਿੱਤਰ 5)। ਬੈਸੇਮਰ ਵਿਧੀ ਵਾਂਗ ਇਸ ਵਿਚ ਵੀ ਤੇਜ਼ਾਬੀ ਅਤੇ ਖਾਰੇ ਰੂਪਾਂਤਰ ਹੁੰਦੇ ਹਨ। ਇਨ੍ਹਾਂ ਪ੍ਰਣਾਲੀਆਂ ਦਾ ਉਪਯੋਗ ਕੱਚੇ ਮਾਲ ਦੇ ਰਸਾਇਣਿਕ ਸੰਘਟਨ ਉੱਤੇ ਨਿਰਭਰ ਕਰਦਾ ਹੈ। ਇਥੇ ਇਹ ਗੱਲ ਯਾਦ ਰੱਖਣੀ ਵੀ ਜ਼ਰੂਰੀ ਹੈ ਕਿ ਇਸ ਭੱਠੀ ਦੀ ਇਸਪਾਤ ਉਤਪਾਦਨ ਵਿਧੀ ਵਿਚ ਧਾਤ-ਮੈਲ ਦੀ ਬਣਾਵਟ ਉੱਤੇ ਹੀ ਇਸਪਾਤ ਦਾ ਗੁਣ ਨਿਰਭਰ ਕਰਦਾ ਹੈ। ਇਸ ਲਈ ਇਸ ਵਿਧੀ ਵਿਚ ਧਾਤ-ਮੈਲ ਦੀ ਤਿਆਰੀ ਉੱਤੇ ਹੀ ਖ਼ਾਸ ਧਿਆਨ ਦਿੱਤਾ ਜਾਂਦਾ ਹੈ। ਜੇ ਖਾਰੀ ਧਾਤ-ਮੈਲ ਤਿਆਰ ਕਰਨ ਦੀ ਲੋੜ ਹੁੰਦੀ ਹੈ ਤਾਂ 'ਖਾਰੀ ਖੁੱਲ੍ਹੀ ਚੁੱਲ੍ਹਾ-ਭੱਠੀ' ਪ੍ਰਣਾਲੀ ਵਰਤੀ ਜਾਂਦੀ ਹੈ ਅਤੇ ਤੇਜ਼ਾਬੀ ਮੈਲ ਦੀ ਲੋੜ ਹੋਵੇ ਤਾਂ 'ਤੇਜ਼ਾਬੀ ਵਿਧੀ' ਵਰਤੀ ਜਾਂਦੀ ਹੈ।




ਚਿੱਤਰ 5 - ਖੁੱਲ੍ਹੀ ਚੁਲ੍ਹਾ-ਭੱਠੀ

ਖੁੱਲ੍ਹੀ ਚੁੱਲ੍ਹਾ-ਭੱਠੀ ਲਗਭਗ 25 ਤੋਂ 300 ਮੀਟ੍ਰਿਕ ਟਨ ਸਮਰੱਥਾ ਵਾਲੀ ਹੁੰਦੀ ਹੈ। ਵੱਡੀਆਂ ਭੱਠੀਆਂ ਦੇ ਚੁੱਲ੍ਹੇ ਦਾ ਤਲ ਲਗਭਗ 5 ਮੀ. ਚੌੜਾ 13 ਮੀ. ਲੰਬਾ ਅਤੇ 20 ਸੈਂ. ਮੀ. ਡੂੰਘਾ ਹੁੰਦਾ ਹੈ। ਚੁੱਲ੍ਹੇ ਦੇ ਤਲ ਦਾ ਨਿਰਮਾਣ ਭਿੰਨ-ਭਿੰਨ ਤਾਪ-ਸਹਿ ਪਦਾਰਥਾਂ ਨਾਲ ਕੀਤਾ ਜਾਂਦਾ ਹੈ। ਤੇਜ਼ਾਬੀ ਪ੍ਰਣਾਲੀ ਵਿਚ ਤੇਜ਼ਾਬੀ ਅਤੇ ਖਾਰੀ ਵਿਚ ਖਾਰੇ ਤਾਪ-ਸਹਿ ਪਦਾਰਥ ਵਰਤੇ ਜਾਂਦੇ ਹਨ। ਭੱਠੀ ਦੀ ਦੀਵਾਰ ਅਤੇ ਛੱਤ ਆਮ ਕਰਕੇ ਸਿਲਿਕਾ ਇੱਟਾਂ ਦੀ ਬਣੀ ਹੁੰਦੀ ਹੈ। ਅੱਜ ਕੱਲ੍ਹ ਮੈਗਨੇਸਾਈਟ ਇੱਟਾਂ ਦੀ ਵਰਤੋਂ ਵੀ ਹੋਣ ਲਗ ਪਈ ਹੈ। ਚੁੱਲ੍ਹੇ ਦੇ ਤਲ ਹੇਠਾਂ ਦੋਹਾਂ ਪਾਸੇ ਤਾਪ-ਸਹਿ ਇੱਟਾਂ ਦੇ ਰੋਧਕਾਂ ਨਾਲ ਬਣੇ ਦੋ ਦੋ ਖਾਨੇ ਹੁੰਦੇ ਹਨ ਜਿਨ੍ਹਾਂ ਨੂੰ ਪੁਨਰ ਉਤਪਾਦਕ ਕਿਹਾ ਜਾਂਦਾ ਹੈ। ਭੱਠੀ ਤੋਂ ਬਾਹਰ ਨਿਕਲਣ ਵਾਲਾ ਦਹਿਨ ਉਤਪਾਦ ਇਕ ਪਾਸੇ ਦੇ ਦੋਵੇਂ ਪੁਨਰ ਉਤਪਾਦਕਾਂ ਵਿਚੋਂ ਹੋ ਕੇ ਲੰਘਦੇ ਹਨ ਅਤੇ ਇਸ ਤਰ੍ਹਾਂ ਆਪਣਾ ਸੰਵੇਦਨਸ਼ੀਲ ਤਾਪ, ਰੋਧਕਾਂ ਨੂੰ ਪ੍ਰਦਾਨ ਕਰਦੇ ਹਨ। ਕੁਝ ਸਮੇਂ ਬਾਅਦ ਭੱਠੀ ਵਿਚ ਦਹਿਨ ਯੋਗ ਗੈਸ ਅਤੇ ਹਵਾ ਇਨ੍ਹਾਂ ਗਰਮ ਰੋਧਕਾਂ ਦੁਆਰਾ ਭੇਜੀ ਜਾਂਦੀ ਹੈ, ਜਿਸ ਨਾਲ ਇਹ ਰੋਧਕਾਂ ਤੋਂ ਤਾਪ ਪ੍ਰਾਪਤ ਕਰਦੀਆਂ ਹਨ ਅਤੇ ਫਿਰ ਦਹਿਨ-ਉਤਪਾਦ ਦੂਸਰੇ ਪਾਸੇ ਦੇ ਪੁਨਰ ਉਤਪਾਦਕ ਵਿਚੋਂ ਹੋ ਕੇ ਲੰਘਦਾ ਹੈ। ਇਹ ਕਿਰਿਆ 15-20 ਮਿੰਟ ਦੇ ਫ਼ਰਕ ਨਾਲ ਦੁਹਰਾਈ ਜਾਂਦੀ ਹੈ। ਇਸ ਪ੍ਰਣਾਲੀ ਦੁਆਰਾ ਭੱਠੀ ਵਿਚ ਬਾਲਣ ਅਤੇ ਦਹਿਨ ਲਈ ਲੋੜੀਂਦੀ ਹਵਾ ਚੁੱਲ੍ਹੇ ਦੇ ਤਲ ਦੇ ਦੋਵੇਂ ਪਾਸੇ ਬਣੇ ਦੋ ਵੱਖਰੇ ਵੱਖਰੇ ਰਸਤਿਆਂ ਦੁਆਰਾ ਭੇਜੀ ਜਾਂਦੀ ਹੈ। ਇਨ੍ਹਾਂ ਮਾਰਗਾਂ ਨੂੰ ਪੋਸਟ ਕਿਹਾ ਜਾਂਦਾ ਹੈ। ਵੱਡੀਆਂ ਭੱਠੀਆਂ ਵਿਚ ਚਾਰਜ ਭਰਨ ਲਈ ਪੰਜ ਚਾਰਜ ਦੁਆਰ ਹੁੰਦੇ ਹਨ। ਤਰਲ ਹੋਈ ਧਾਤ ਅਤੇ ਮੈਲ ਦੇ ਨਿਕਲਣ ਲਈ ਭੱਠੀਆਂ ਦੀਆਂ ਪਿਛਲੀਆਂ ਦੀਵਾਰਾਂ ਵਿਚ 'ਟੂਟੀ ਛਿਦਰ' ਹੁੰਦੇ ਹਨ। ਇਨ੍ਹਾਂ ਭੱਠੀਆਂ ਨੂੰ ਗਰਮ ਕਰਨ ਲਈ ਗੈਸੀ ਜਾਂ ਤਰਲ ਬਾਲਣ ਵਰਤਿਆ ਜਾਂਦਾ ਹੈ।

ਇਸ ਭੱਠੀ ਵਿਚ ਇਸਪਾਤ ਉਤਪਾਦਨ ਲਈ ਕੱਚੇ ਮਾਲ ਦੇ ਰੂਪ ਵਿਚ ਲੋਹਾ (ਠੋਸ ਅਤੇ ਤਰਲ), ਰੱਦੀ ਮਾਲ ਜਾਂ ਦੋਹਾਂ ਦਾ ਮਿਸ਼ਰਣ ਵਰਤਿਆ ਜਾਂਦਾ ਹੈ। ਭੱਠੀ ਵਿਚ ਚਾਰਜ ਨੂੰ ਭਰ ਕੇ ਇਸ ਨੂੰ ਤਰਲ ਹੋਣ ਦਿੱਤਾ ਜਾਂਦਾ ਹੈ। ਧਾਤ ਦੀ ਸਫ਼ਾਈ ਲਈ ਗਾਲਕ ਵਰਤੇ ਜਾਂਦੇ ਹਨ, ਜਿਨ੍ਹਾਂ ਵਿਚ ਪੱਥਰ ਅਤੇ ਲੋਹ ਕੱਚੀ-ਧਾਤ ਮੁੱਖ ਹਨ। ਲੋਹ ਕੱਚੀ-ਧਾਤ ਦੇ ਆੱਕਸੀਜਨ ਨਾਲ ਸੰਪਰਕ ਦੁਆਰਾ ਕ੍ਰਮਵਾਰ ਸਿਲਿਕਾੱਨ, ਮੈਂਗਨੀਜ਼ ਅਤੇ ਫ਼ਾਸਫ਼ੋਰਸ ਵਰਗੀਆਂ ਅਸ਼ੁੱਧੀਆਂ ਦਾ ਆੱਕਸੀਕਰਨ ਹੁੰਦਾ ਹੈ ਅਤੇ ਇਹ ਧਾਤ-ਮੈਲ ਬਣਾਉਂਦੇ ਹਨ। ਇਸ ਤੋਂ ਮਗਰੋਂ ਲੋਹੇ ਦੇ ਕਾਰਬਨ ਦਾ ਆੱਕਸੀਕਰਨ ਹੁੰਦਾ ਹੈ। ਜਦੋਂ ਧਾਤ ਦਾ ਰਸਾਇਣਿਕ ਸੰਘਟਨ ਇੱਛਕ ਬਿੰਦੂ ਤੇ ਪਹੁੰਚ ਜਾਂਦਾ ਹੈ ਤਾਂ ਉਸ ਨੂੰ ਪਲੇ (ladle) ਵਿਚ ਕੱਢ ਲਿਆ ਜਾਂਦਾ ਹੈ। ਇਥੇ ਪੁਨਰ ਕਾਰਬੁਨੀਕਾਰਕ ਅਤੇ ਵਿਆਕਸੀਕਾਰਕ ਪਾਇਆ ਜਾ ਸਕਦਾ ਹੈ। ਇਸ ਇਸਪਾਤ ਨੂੰ ਸੰਚਿਤ ਕਰ ਲਿਆ ਜਾਂਦਾ ਹੈ।

ਜ਼ਿਆਦਾਤਰ ਤੇਜ਼ਾਬੀ ਬੈਸੇਮਰ ਵਿਧੀ ਨਾਲ ਖਾਰੀ ਖੁੱਲ੍ਹੀ ਚੁੱਲ੍ਹਾ-ਭੱਠੀ ਵਿਧੀ ਵਰਤੀ ਜਾਂਦੀ ਹੈ। ਇਸ ਨੂੰ ਡੁਪਲੇ ਵਿਧੀ ਕਹਿੰਦੇ ਹਨ। ਜਦੋਂ ਤੇਜ਼ਾਬੀ ਬੈਸੇਮਰ ਅਤੇ ਖਾਰੀ ਵਿਧੀ ਅਰਥਾਤ ਤੇਜ਼ਾਬੀ ਖੁੱਲ੍ਹੀ ਚੁੱਲ੍ਹਾ-ਭੱਠੀ ਵਿਧੀਆਂ ਦਾ ਉਪਯੋਗ ਹੁੰਦਾ ਹੈ ਤਾਂ ਉਸ ਨੂੰ ਟਰਿਪਲੈਕਸ ਵਿਧੀ ਕਿਹਾ ਜਾਂਦਾ ਹੈ।

ਬਿਜਲੱਈ ਭੱਠੀਆਂ — ਇਸਪਾਤ ਉਦਪਾਦਨ ਵਿਚ ਮੁੱਖ ਤੌਰ ਤੇ ਦੋ ਤਰ੍ਹਾਂ ਦੀਆਂ ਬਿਜਲੱਈ ਭੱਠੀਆਂ ਵਰਤੀਆਂ ਜਾਂਦੀਆਂ ਹਨ। 1. ਚਾਪ ਭੱਠੀ ਅਤੇ 2. ਪ੍ਰੇਰਣ ਭੱਠੀ। ਚਾਪ ਭੱਠੀ ਵਿਚ ਬਿਜਲੱਈ ਚਾਪ ਬਣਦਾ ਹੈ ਜਿਸ ਨਾਲ ਤੇਜ਼ ਤਾਪ ਨਿਕਲਦਾ ਹੈ ਅਤੇ ਧਾਤ ਦਾ ਗਲਣ ਹੁੰਦਾ ਹੈ। ਪ੍ਰੇਰਣ ਭੱਠੀ ਵਿਚ ਧਾਤ ਪ੍ਰੇਰਿਤ ਬਿਜਲੱਈ ਧਾਰਾ ਦੇ ਪ੍ਰਵਾਹ ਨੂੰ ਵਧਾਉਂਦੀ ਹੈ ਜਿਸ ਨਾਲ ਤਾਪ ਉਤਪੰਨ ਹੁੰਦਾ ਹੈ। ਵਧੇਰੇ




ਚਿੱਤਰ 6 - ਚਾਪ ਭੱਠੀ

ਕਰਕੇ ਇਸਪਾਤ ਉਤਪਾਦਨ ਵਿਚ ਚਾਪ ਭੱਠੀ ਹੀ ਉਧਯੋਗੀ ਹੈ। ਇਸ ਦੀ ਸਮਰੱਥਾ ਲਗਭਗ ਇਕ ਮੀਟ੍ਰਿਕ ਟਨ ਤੋਂ 100 ਮੀਟ੍ਰਿਕ ਟਨ ਹੁੰਦੀ ਹੈ। ਪ੍ਰੇਰਣ ਭੱਠੀ ਮੁੱਖ ਤੌਰ ਤੇ ਔਜ਼ਾਰੀ ਅਰਥਾਤ ਖ਼ਾਸ ਕਿਸਮ ਦੇ ਇਸਪਾਤਾਂ ਦੇ ਉਤਪਾਦਨ ਵਿਚ ਕੰਮ ਆਉਂਦੀ ਹੈ। ਚਿਤਰ (6) ਵਿਚ ਚਾਪ ਭੱਠੀ ਅਤੇ ਚਿੱਤਰ (7) ਵਿਚ ਪ੍ਰੇਰਣ ਭੱਠੀ ਦੀ ਰੂਪ ਰੇਖਾ ਵਿਖਾਈ ਗਈ ਹੈ।

ਚਾਪ ਭੱਠੀ ਵਿਚ ਧਾਤ ਦਾ ਗਲਣ ਹੁੰਦਾ ਹੈ। ਗਲਣ ਤੋਂ ਪਿਛੋਂ ਸਫ਼ਾਈ ਕਿਰਿਆ ਸ਼ੁਰੂ ਹੁੰਦੀ ਹੈ ਜਿਹੜੀ ਕਾਫ਼ੀ ਜ਼ਿਆਦਾ ਚਾਰਜ ਉੱਤੇ ਨਿਰਭਰ ਕਰਦੀ ਹੈ। ਜੇ ਚਾਰਜ ਵਿਚ ਵਧੇਰੇ ਰੱਦੀ ਮਾਲ ਹੈ ਤਾਂ ਸਿਰਫ਼ ਵਿਆੱਕਸੀਕਰਨ ਦੀ ਲੋੜ ਪੈਂਦੀ ਹੈ ਅਤੇ ਫਿਰ ਕਾਰਬਨੀਕਰਨ ਆਦਿ ਪਲੇ (ladle) ਵਿਚ ਕੀਤਾ ਜਾ ਸਕਦਾ ਹੈ। ਪ੍ਰੇਰਣ ਭੱਠੀ ਵਿਚ ਮੁੱਖ ਤੌਰ ਦੇ ਗਲਣ ਕਿਰਿਆ ਹੀ ਕੀਤੀ ਜਾਂਦੀ ਹੈ ਅਤੇ ਉਥੇ ਕਿਸੇ ਪ੍ਰਕਾਰ ਦੀ ਸਫ਼ਾਈ ਸੰਭਵ ਨਹੀਂ ਹੈ।

ਅਲੋਹ ਧਾਤਕਰਮ—ਇਹ ਠੀਕ ਹੈ ਕਿ ਦੁਨੀਆਂ ਵਿਚ ਲੋਹ ਪਦਾਰਥਾਂ ਦਾ ਉਤਪਾਦਨ ਹੀ ਵਧੇਰੇ ਹੈ ਅਤੇ ਇਹ ਦੂਸਰੀਆਂ ਧਾਤਾਂ ਤੋਂ ਸਸਤੇ ਪੈਂਦੇ ਹਨ। ਪਰ ਅੱਜ ਦੇ ਵਿਗਿਆਨਕ ਯੁਗ ਵਿਚ ਕਾਫ਼ੀ ਸਾਰੇ ਅਜਿਹੇ ਉਦਯੋਗ ਹਨ ਜਿਥੇ ਲੋਹ ਪਦਾਰਥਾਂ ਦੀ ਵਰਤੋਂ ਨਹੀਂ ਕੀਤੀ ਜਾ ਸਕਦੀ। ਅਜਿਹੇ ਸਥਾਨਾਂ ਤੇ ਆਲੋਹ ਧਾਤ ਜਾਂ ਇਸ ਦੀਆਂ ਮਿਸ਼ਰਿਤ ਧਾਤਾਂ ਦੀ ਵਰਤੋਂ ਕੀਤੀ ਜਾਂਦੀ ਹੈ। ਅਲੋਹ ਧਾਤਾਂ ਵਿਚ ਬਹੁਤ ਸਾਰੀਆਂ ਧਾਤਾਂ ਦੀ ਵਰਤੋਂ ਕੀਤੀ ਜਾਂਦੀ ਹੈ। ਅਲੋਹ ਧਾਤਾਂ ਵਿਚ ਬਹੁਤ ਸਾਰੀਆਂ ਧਾਤਾਂ ਸ਼ਾਮਲ ਹਨ ਜਿੰਨ੍ਹਾਂ ਵਿਚੋਂ ਤਾਂਬਾ, ਐਲੂਮਿਨੀਅਮ, ਸੋਨਾ, ਚਾਂਦੀ, ਪਿੱਤਲ, ਸ਼ੀਸ਼ਾ, ਮੈਂਗਨੀਜ਼ ਅਤੇ ਜਿਸਤ ਮੁੱਖ ਹਨ। ਇਨ੍ਹਾਂ ਵਿਚੋਂ ਕੁਝ ਕੁ ਮਹਤੱਵ-ਪੂਰਨ ਹੇਠਾਂ ਦਿੱਤੀਆਂ ਗਈਆਂ ਹਨ।




ਚਿੱਤਰ 7 - ਪ੍ਰੇਰਣ ਭੱਠੀ

ਐਲੂਮਿਨੀਅਮ—ਅਜੋਕੇ ਯੁਗ ਵਿਚ ਐਲੂਮਿਨੀਅਮ ਦਾ ਅਲੋਹ ਧਾਤਾਂ ਵਿਚ ਵਿਸ਼ੇਸ਼ ਸਥਾਨ ਹੈ। ਜਹਾਜ਼ ਇਸੇ ਧਾਤ ਦੇ ਬਣਦੇ ਹਨ। ਹੁਣ ਤਾਂ ਇਸ ਧਾਤ ਦੀ ਵਰਤੋਂ ਆਟੋਮੋਬੀਲ ਦੇ ਬਿਜਲੀ ਉਪਯੋਗਾਂ ਵਿਚ ਵੀ ਵਧੇਰੇ ਹੋਣ ਲਗ ਪਈ ਹੈ। ਭਾਵੇਂ ਜ਼ਮੀਨ ਦੇ ਧਰਾਤਲ ਵਿਚ ਐਲੂਮਿਨੀਅਮ ਦੀ ਬਹੁਤਾਤ ਹੈ ਫਿਰ ਵੀ ਇਸ ਦੀ ਕੱਚੀ ਧਾਤ ਬਾੱਕਸਾਈਟ ਹੈ ਜਿਸ ਤੋਂ ਐਲੂਮਿਨੀਅਮ ਦਾ ਵਪਾਰਕ ਉਤਪਾਦਨ ਹੁੰਦਾ ਹੈ। ਇਹ ਜਲ ਯੋਜਿਤ ਐਲੂਮਿਨੀਅਮ ਆੱਕਸਾਈਡ ਹੁੰਦਾ ਹੈ ਜਿਸ ਵਿਚ ਸਿਲਿਕਾ, ਲੋਹ-ਆੱਕਸਾਈਡ, ਟਾਇਟੇਨੀਅਮ-ਆੱਕਸਾਈਡ ਆਦਿ ਅਸ਼ੁੱਧੀਆਂ ਦੇ ਰੂਪ ਵਿਚ ਸ਼ਾਮਲ ਹੁੰਦੇ ਹਨ।

ਸੋਨਾ—ਪੁਰਾਣੇ ਸਮੇਂ ਤੋਂ ਹੀ ਭਾਰਤ ਵਿਚ ਸੋਨਾ ਪ੍ਰਚੱਲਿਤ ਰਿਹਾ ਹੈ। ਇਸ ਲਈ ਇਹ ਮੰਨਣਾ ਪੈਂਦਾ ਹੈ ਕਿ ਉਸ ਸਮੇਂ ਵਿਚ ਵੀ ਲੋਕ ਸੋਨੇ ਦੇ ਉਤਪਾਦਨ ਦੀਆਂ ਵਿਧੀਆਂ ਲਈ ਜਾਣੂ ਸਨ। ਹੁਣ ਸੋਨੇ ਦੀ ਧਾਤਕਰਮ ਦਾ ਆਧਾਰ ਵਧੇਰੇ ਵਿਗਿਆਨਕ ਹੋ ਗਿਆ ਹੈ ਅਤੇ ਮੁੱਖ ਤੌਰ ਤੇ ਦੋ ਵਿਧੀਆਂ ਵਰਤੀਆਂ ਜਾਂਦੀਆਂ ਹਨ।

(1) ਮਿਸ਼ਰਿਤ (2) ਸਾਇਆਨਾਈ ਡੀਕਰਨ।

ਚਾਂਦੀ—ਆਮ ਕਰਕੇ ਚਾਂਦੀ ਆਰਜੈਂਟਾਈਟ, ਕੱਚੀ-ਧਾਤ ਤੋਂ ਕੱਢੀ ਜਾਂਦੀ ਹੈ। ਇਸ ਦੇ ਉਤਪਾਦਨ ਲਈ ਸਾਇਆਨਾਈਡ ਵਿਧੀ ਵਰਤੀ ਜਾਂਦੀ ਹੈ। ਇਸ ਵਿਧੀ ਵਿਚ ਚਾਂਦੀ ਕੱਚੀ-ਧਾਤ ਦੇ ਆਰੰਭਕ ਪੀਸਣ ਪਿਛੋਂ ਸਾਇਆਨਾਈਡ ਮਿਸ਼ਰਣ ਵਿਚਲੇ ਪਾਣੀ ਨਾਲ ਕਿਰਿਆ ਕਰਵਾਈ ਜਾਂਦੀ ਹੈ। ਇਸ ਤਰ੍ਹਾਂ ਜੋ ਲੁਗਦੀ ਵਰਗਾ ਤਰਲ ਪ੍ਰਾਪਤ ਹੁੰਦਾ ਹੈ ਉਸ ਨੂੰ ਟੈਂਕੀਆਂ ਵਿਚ ਭੇਜਿਆ ਜਾਂਦਾ ਹੈ। ਇਥੇ ਹੋਰ ਸਾਇਆਨਾਈਡ ਮਿਲਾ ਕੇ ਮਿਸ਼ਰਣ ਦਾ 0.25% ਜਾਂਦਾ ਹੈ ਅਤੇ ਲਗਭਗ ਤਿੰਨ ਦਿਨ ਤੱਕ ਨਪੀੜਿਤ ਹਵਾ ਦੁਆਰਾ ਉਸ ਦਾ ਮੰਥਨ ਕੀਤਾ ਜਾਂਦਾ ਹੈ ਮਿਸ਼ਰਣ ਨੂੰ ਛਾਨਣ ਮਗਰੋਂ ਇਸ ਵਿਚੋਂ ਹਵਾ ਨੂੰ ਕੱਢਿਆ ਜਾਂਦਾ ਹੈ ਅਤੇ ਫ਼ਿਰ "ਜ਼ਿੰਕ-ਚੂਰਨ" ਦੇ ਘੋਲ



ਚਿੱਤਰ 8 - ਬਿਜਲਈ ਅਪਘਟਨੀ ਸੇਲ

ਵਿਚੋਂ ਇਸਨੂੰ ਕੱਢਕੇ ਚਾਂਦੀ ਦਾ ਅਵਖੇਪਣ ਕੀਤਾ ਜਾਂਦਾ ਹੈ। ਇਸ ਕਿਰਿਆ ਵਿਚ ਅਵਖੇਪਿਤ ਚਾਂਦੀ ਦੇ ਭਾਰ ਦਾ 60% ਜ਼ਿੰਕ ਖ਼ਰਚ ਹੋ ਜਾਂਦਾ ਹੈ। ਅਵਖੇਪਿਤ ਮਿਸ਼ਰਣ ਨੂੰ ਸੋਧਕਾਂ ਵਿਚ ਪੰਪ ਕੀਤਾ ਜਾਂਦਾ ਹੈ ਜਿਥੇ ਅਵਖੇਪ ਅਲਗ ਕਰਕੇ ਸੁਕਾਏ ਜਾਂਦੇ ਹਨ। ਇਨ੍ਹਾਂ

ਵਿਚ ਲਗਭਗ 75 ਤੋਂ 90 ਪ੍ਰਤੀਸ਼ਤ ਚਾਂਦੀ, ਕੁਝ ਅਪਦ੍ਵ ਅਤੇ ਜ਼ਿੰਕ ਮੌਜੂਦ ਹੁੰਦਾ ਹੈ। ਇਸ ਨੂੰ ਸਿੱਧਾ ਪਰਾਵਰਤਕ ਭੱਠੀ ਵਿਚ ਪਿਘਲਾਇਆ ਜਾਂਦਾ ਹੈ ਅਤੇ ਜ਼ਿੰਕ ਨੂੰ ਕੱਢਣ ਲਈ ਪਹਿਲਾਂ ਤੇਜ਼ਾਬੀ ਕਿਰਿਆ ਕੀਤੀ ਜਾਂਦੀ ਹੈ।

ਸਿੱਕਾ (Lead) ਜ਼ਿੰਕ, ਤਾਂਬਾਂ ਅਤੇ ਨਿਕਲ ਦੀਆਂ ਕੱਚੀਆਂ ਧਾਤਾਂ ਵਿਚ ਵੀ ਥੋੜ੍ਹੀ ਬਹੁਤ ਮਾਤਰਾ ਵਿਚ ਚਾਂਦੀ ਧਾਤ ਮੌਜੂਦ ਹੁੰਦਾ ਹੈ, ਜੋ ਇਨ੍ਹਾਂ ਧਾਤਾਂ ਦੀ ਸੁਧਾਈ ਸਮੇਂ ਉਪ-ਉਤਪਾਦ ਦੇ ਰੂਪ ਵਿਚ ਪ੍ਰਾਪਤ ਹੁੰਦੀ ਹੈ। ਵਿਸ਼ਵ ਦੀ ਲਗਭਗ 90 ਪ੍ਰਤਿਸ਼ਤ ਚਾਂਦੀ ਉਤਪਾਦਨ ਉਪ-ਉਤਪਾਦ ਦੇ ਰੂਪ ਵਿਚ ਪ੍ਰਾਪਤ ਹੁੰਦੀ ਹੈ। ਸਿੱਕਾ-ਜ਼ਿੰਕ ਧਾਤ ਦੀ ਸੁਧਾਈ ਤੋਂ ਕੇਵਲ 45% ਚਾਂਦੀ ਪ੍ਰਾਪਤ ਕੀਤੀ ਜਾਂਦੀ ਹੈ। ਸਿਕੇ ਦੀ ਕੱਚੀ ਧਾਤ ਵਿਚੋਂ ਤਾਂਬਾਂ, ਆਰਸੈਨਿਕ, ਐਂਟੀਮਨੀ ਨੂੰ ਕੱਢਣ ਤੋਂ ਬਾਅਦ ਨਰਮ ਸਿੱਕੇ ਨੂੰ ਜ਼ਿੰਕ ਦੁਆਰਾ ਚਾਂਦੀਹੀਨ ਕਰਨ ਲਈ 200 ਟਨ ਧਾਰੀਦਾਰ ਕੇਤਲੀਆਂ ਵਿਚ ਪੰਪ ਕੀਤਾ ਜਾਂਦਾ ਹੈ। ਚਾਂਦੀਗ੍ਰਸਤ ਜ਼ਿੰਕ ਦੀ ਜੋ ਤਹਿ ਬਣਦੀ ਹੈ ਉਸਨੂੰ ਕੱਢਕੇ ਰਿਟਾਰਟ ਵਿਚ ਗਰਮ ਕੀਤਾ ਜਾਂਦਾ ਹੈ। ਇਸ ਤਰ੍ਹਾਂ ਜ਼ਿੰਕ ਦਾ ਕਸ਼ੀਦਣ (distillation) ਹੋ ਜਾਂਦਾ ਹੈ ਅਤੇ ਰਿਟਾਰਟ ਵਿਚ ਜੋ ਬਾਕੀ ਬਚ ਜਾਂਦਾ ਹੈ ਉਸਨੂੰ ਕੁਠਾਲੀ ਵਿਚ ਪਾ ਕੇ ਚਾਂਦੀ ਦੀ ਪ੍ਰਾਪਤੀ ਕੀਤੀ ਜਾਂਦੀ ਹੈ।

ਧਾਤਾਂ ਅਤੇ ਮਿਸ਼ਰਤ ਧਾਤ ਨੂੰ ਰੂਪ ਦੇਣਾ—ਮਨੁੱਖੀ ਉਪਯੋਗ ਲਈ ਧਾਤਾਂ ਨੂੰ ਆਕਾਰ ਰੂਪ ਦੇਣਾ ਬਹੁਤ ਜ਼ਰੂਰੀ ਹੈ। ਧਾਤਾਂ ਨੂੰ ਆਕਾਰ ਦੇਣ ਦੀਆਂ ਵਿਧੀਆਂ ਨੂੰ ਚਾਰ ਭਾਗਾਂ ਵਿਚ ਵੰਡਿਆ ਜਾਂਦਾ ਹੈ।

1. **ਢਾਲਣਾ**—ਅਜਿਹੀਆਂ ਧਾਤਾਂ ਜਿਨ੍ਹਾਂ ਨੂੰ ਬਣਾਉਣ ਵਿਚ ਜ਼ਿਆਦਾ ਮੁਸ਼ਕਿਲ ਆਉਂਦੀ ਹੈ ਉਨ੍ਹਾਂ ਨੂੰ ਇਸ ਵਿਧੀ ਦੁਆਰਾ ਬਣਾਇਆ ਜਾਂਦਾ ਹੈ। ਇਸ ਵਿਧੀ ਵਿਚ ਲੱਕੜ ਜਾਂ ਧਾਤ ਦੇ ਅਨੁਕੂਲ ਸਾਂਚੇ ਬਣਾਏ ਜਾਂਦੇ ਹਨ। ਇਹ ਸਾਂਚੇ ਸਿਲੀਕਾ ਜਾਂ ਹੋਰ ਧਾਤਾਂ ਦੇ ਹੁੰਦੇ ਹਨ। ਧਾਤਾਂ ਨੂੰ ਤਰਲ ਅਵਸਥਾ ਵਿਚ ਇਨ੍ਹਾਂ ਸਾਂਚਿਆਂ ਵਿਚ ਪਾਇਆ ਜਾਂਦਾ ਹੈ ਜਦੋਂ ਧਾਤ ਜੰਮ ਜਾਵੇ ਤਾਂ ਉਸ ਨੂੰ ਬਾਹਰ ਕੱਢਕੇ ਮਸ਼ੀਨੀ ਬਣਤਰ ਦੇ ਦਿੱਤੀ ਜਾਂਦੀ ਹੈ।


2. **ਰੋਲਿੰਗ**—ਜਿਹੜੀਆਂ ਧਾਤਾਂ ਦੇ ਆਕਾਰ ਬਰਾਬਰ ਨਹੀਂ ਹੁੰਦੇ, ਉਨ੍ਹਾਂ ਨੂੰ ਰੂਪ-ਆਕਾਰ ਇਸ ਵਿਧੀ ਰਾਹੀਂ ਦਿੱਤਾ ਜਾਂਦਾ ਹੈ। ਦੋ ਘੁੰਮਦੇ ਹੋਏ ਵੇਲਨਿਆਂ ਵਿਚੋਂ ਧਾਤਾਂ ਨੂੰ ਲੰਘਾਇਆ ਜਾਂਦਾ ਹੈ, ਜਿਸ ਨਾਲ ਉਨ੍ਹਾਂ ਦੀ ਰੋਲਿੰਗ ਹੋ ਜਾਂਦੀ ਹੈ। ਰੋਲਿੰਗ ਗਰਮ ਜਾ ਠੰਢੀ ਅਵਸਥਾ ਵਿਚ ਹੋ ਸਕਦੀ ਹੈ।

3. **ਘੜਨਾ**—ਇਸ ਵਿਧੀ ਵਿਚ ਧਾਤਾਂ ਨੂੰ ਵੱਡੇ-ਵੱਡੇ ਹਥੌੜਿਆਂ ਨਾਲ ਕੁੱਟਿਆ ਜਾਂਦਾ ਹੈ। ਛੋਟੇ ਆਕਾਰ ਦੇਣ ਲਈ ਠੱਪੇ ਬਣਾਏ ਜਾਂਦੇ ਹਨ। ਇਸਪਾਤ ਦੇ ਬਣੇ ਦੋ ਠੱਪਿਆਂ ਦੇ ਵਿਚਕਾਰ ਧਾਤ ਨੂੰ ਰੱਖਕੇ ਕੁੱਟਿਆ ਜਾਂਦਾ ਹੈ। ਇਸ ਨਾਲ ਧਾਤ ਠੱਪਿਆਂ ਦੇ ਆਕਾਰ ਦੀ ਸ਼ਕਲ ਧਾਰਨ ਕਰ ਲੈਂਦੀ ਹੈ।

4. **ਨਿਕਸਾਉਣ**—ਇਸ ਵਿਧੀ ਅਨੁਸਾਰ ਧਾਤਾਂ ਨੂੰ ਬਹੁਤ ਦਬਾਅ ਨਾਲ ਠੱਪਿਆਂ ਦੇ ਵਿਚਕਾਰੋਂ ਲੰਘਾਇਆ ਜਾਂਦਾ ਹੈ। ਇਸ ਵਿਧੀ ਦੁਆਰਾ ਬਹੁਤ ਗੁੰਝਲਦਾਰ ਆਕਾਰ ਬਣਾਏ ਜਾਂਦੇ ਹਨ।

ਧਾਤ ਕਰਮ ਭੱਠੀਆਂ—ਉਪਯੋਗ ਅਤੇ ਬਣਤਰ ਪੱਖੋਂ ਧਾਤ-ਕਰਮ ਭੱਠੀਆਂ ਦੀਆਂ ਬਹੁਤ ਕਿਸਮਾਂ ਹਨ। ਪ੍ਰਮੁੱਖ ਤੌਰ ਤੇ ਇਨ੍ਹਾਂ ਨੂੰ ਬਾਲਣ ਅਤੇ ਕਾਰਜ ਵਿਧੀ ਦੇ ਆਧਾਰ ਤੇ ਵੰਡਿਆ ਗਿਆ ਹੈ। ਇਨ੍ਹਾਂ ਭੱਠੀਆਂ ਵਿਚ ਅਨੇਕਾਂ ਪ੍ਰਕਾਰ ਦੇ ਬਾਲਣ ਜਿਵੇਂ ਕਿ ਠੋਸ, ਤਰਲ ਅਤੇ ਗੈਸ ਆਦਿ ਵਰਤੋਂ ਵਿਚ ਲਿਆਏ ਜਾਂਦੇ ਹਨ। ਕੁਝ ਭੱਠੀਆਂ ਦਾ ਵਰਨਨ ਇਸ ਪ੍ਰਕਾਰ ਹੈ :

ਘੜੀਆ ਭੱਠੀ—ਇਹ ਕਈ ਕਿਸਮਾਂ ਦੀ ਹੁੰਦੀ ਹੈ। ਲੋਹੇ ਵਾਲੀਆਂ ਧਾਤਾਂ ਦੇ ਉਦਯੋਗ ਲਈ ਕੋਲੇ ਅਤੇ ਤੇਲ ਨਾਲ ਗਰਮ ਹੋਣ ਵਾਲੀਆਂ ਭੱਠੀਆਂ ਜ਼ਿਆਦਾ ਪ੍ਰਚੱਲਿਤ ਹਨ। ਘੜੀਆ ਭੱਠੀ




ਚਿੱਤਰ 9 - ਘੜੀਆ ਭੱਠੀ

ਵਿਚ ਪਹਿਲਾਂ ਧਾਤ ਨੂੰ ਦ੍ਰਵ ਅਵਸਥਾ ਵਿਚ ਲਿਆਇਆ ਜਾਂਦਾ ਹੈ।


ਹਵਾ ਭੱਠੀ—ਇਸ ਭੱਠੀ ਵਿਚ ਬਾਰੀਕ ਕੋਲੇ ਨੂੰ ਬਾਲਿਆ ਜਾਂਦਾ ਹੈ ਅਤੇ ਧਾਤਾਂ ਨੂੰ ਵੱਡੇ ਘੜਿਆਂ ਵਿਚ ਰੱਖ ਕੇ ਸੁਰਖ਼ ਅੰਗਿਆਰਿਆਂ ਉਪਰ ਰੱਖ ਦਿੱਤਾ ਜਾਂਦਾ ਹੈ। ਬਾਲਣ ਦੇ ਜਲਣ ਨਾਲ ਪੈਦਾ ਹੋਈ ਗੈਸ ਚਿਮਨੀ ਰਾਹੀ ਬਾਹਰ ਨਿਕਲ ਜਾਂਦੀ ਹੈ।

ਮਫ਼ਲ ਭੱਠੀ—ਇਸ ਕਿਸਮ ਦੀ ਭੱਠੀ ਵਿਚ ਬਾਲਣ ਅਤੇ ਧਾਤ ਨੂੰ ਸਿੱਧਾ ਸੰਪਰਕ ਵਿਚ ਨਹੀਂ ਲਿਆਇਆ। ਧਾਤਾਂ ਲਈ ਇਕ ਕਿਸਮ ਦਾ ਮਫ਼ਲ ਲਗਾ ਦਿੱਤਾ ਜਾਂਦਾ ਹੈ ਅਤੇ ਚਾਰੇ ਪਾਸਿਆਂ ਤੋਂ ਗਰਮੀ ਦਿੰਦੇ ਹਨ। ਇਸ ਭੱਠੀ ਵਿਚ ਠੋਸ, ਤਰਲ, ਗੈਸ ਜਾਂ ਬਿਜਲੱਈ ਸ੍ਰੋਤਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ।



ਚਿੱਤਰ 10 - ਮਫ਼ਲ ਭੱਠੀ

ਪਰਾਵਰਤਨੀ ਭੱਠੀ—ਇਨ੍ਹਾਂ ਭੱਠੀਆਂ ਵਿਚ ਠੋਸ ਤਰਲ ਜਾਂ ਗੈਸੀ ਬਾਲਣ ਦਾ ਪ੍ਰਯੋਗ ਹੁੰਦਾ ਹੈ। ਇਸ ਦੀ ਛੱਤ ਥੱਲੇ ਵਲ ਢਲੀ ਹੋਈ ਹੁੰਦੀ ਹੈ। ਇਸ ਵਿਚ ਇਕ ਬਾਲਣ ਵਾਲਾ ਕਮਰਾ ਹੁੰਦਾ ਹੈ, ਜਿਸ ਵਿਚੋਂ ਤਾਪ ਨਾਲ ਧਾਤਾਂ ਨੂੰ ਤਰਲ ਰੂਪ ਵਿਚ ਬਦਲਿਆ ਜਾਂਦਾ ਹੈ।



ਚਿੱਤਰ 11 - ਪਰਾਵਰਤਨੀ ਭੱਠੀ

ਵਾਤਿਆ ਭੱਠੀ—ਇਸ ਭੱਠੀ ਦਾ ਉਪਯੋਗ ਲੋਹੇ ਦੇ ਉਤਪਾਦਨ ਲਈ ਕੀਤਾ ਜਾਂਦਾ ਹੈ। ਪਰੰਤੂ ਕੁਝ ਅਲੋਹੀ ਧਾਤਾਂ ਜਿਵੇਂ ਕਿ ਤਾਂਬਾ, ਸ਼ੀਸ਼ਾ ਆਦਿ ਵਿਚ ਵੀ ਇਸਦਾ ਪ੍ਰਯੋਗ ਹੁੰਦਾ ਹੈ। ਅਲੋਹੀ ਧਾਤ ਉਤਪਾਦਨ ਵਿਚ ਜਿਹੜੀਆਂ ਭੱਠੀਆਂ ਵਰਤੀਆਂ ਜਾਂਦੀਆਂ ਹਨ ਉਹ ਆਇਤਾਕਾਰ ਹੁੰਦੀਆਂ ਹਨ ਅਤੇ ਲੋਹ ਭੱਠੀ ਨਾਲੋਂ ਬਹੁਤ ਛੋਟੀਆਂ ਹੁੰਦੀਆਂ ਹਨ।

ਚੁੱਲ੍ਹਾ ਭੱਠੀ—ਇਸ ਪ੍ਰਕਾਰ ਦੀ ਭੱਠੀ ਇਸਪਾਤ ਬਣਾਉਣ ਵਿਚ ਵਰਤੀ ਜਾਂਦੀ ਹੈ। ਇਕ ਵੱਡੇ ਚੁੱਲ੍ਹੇ ਵਿਚ ਅੱਗ ਬਾਲਕੇ ਧਾਤਾਂ ਨੂੰ ਉਸ ਦੇ ਸੰਪਰਕ ਵਿਚ ਲਿਆਇਆ ਜਾਂਦਾ ਹੈ। ਇਸ ਭੱਠੀ ਵਿਚ ਧਾਤਾਂ ਅਤੇ ਅੱਗ ਦੀਆਂ ਲਪਟਾਂ ਇਕ ਦੂਜੇ ਨਾਲ ਸਿੱਧੇ ਸੰਪਰਕ ਵਿਚ ਹੁੰਦੀਆਂ ਹਨ।

ਬਿਜਲੱਈ ਭੱਠੀ—ਜਿਨ੍ਹਾਂ ਭੱਠੀਆਂ ਵਿਚ ਬਿਜਲੱਈ ਸ਼ਕਤੀ ਦਾ ਪ੍ਰਯੋਗ ਬਾਲਣ ਦੇ ਰੂਪ ਵਿਚ ਹੁੰਦਾ ਹੈ ਉਨ੍ਹਾਂ ਨੂੰ ਬਿਜਲੱਈ ਭੱਠੀਆਂ ਕਿਹਾ ਜਾਂਦਾ ਹੈ। ਇਹ ਕਈ ਪ੍ਰਕਾਰ ਦੀਆਂ ਹੁੰਦੀਆਂ ਹਨ ਅਤੇ ਇਨ੍ਹਾਂ ਦੇ ਉਪਯੋਗ ਅਨੁਸਾਰ ਇਨ੍ਹਾਂ ਦਾ ਨਾਮਕਰਣ ਕੀਤਾ ਗਿਆ ਹੈ। ਇਨ੍ਹਾਂ ਭੱਠੀਆਂ ਵਿਚ ਤਾਪ ਦਾ ਨਿਯੰਤਰਣ ਬਹੁਤ ਵਧੀਆ ਹੁੰਦਾ ਹੈ।

ਧਾਤ ਕਰਮ ਵਿਗਿਆਨ—ਸੂਖ਼ਮਦਰਸ਼ੀ ਦੀ ਸਹਾਇਤਾ ਨਾਲ ਧਾਤਾਂ ਦੇ ਅਨੇਕਾਂ ਗੁਣ ਲੱਭੇ ਜਾ ਸਕਦੇ ਹਨ। ਸੂਖ਼ਮਦਰਸ਼ੀ ਦੁਆਰਾ ਧਾਤਾਂ ਦੇ ਪ੍ਰੀਖਣ ਦੀ ਇਸ ਵਿਧੀ ਨੂੰ ਧਾਤ-ਰਚਨਾ ਵਿਗਿਆਨ ਕਹਿੰਦੇ ਹਨ। ਇਸ ਦੁਆਰਾ ਧਾਤਾਂ ਅਤੇ ਮਿਸ਼ਰਤ ਧਾਤਾਂ ਦੀ ਅੰਦਰੂਨੀ ਬਣਤਰ ਅਤੇ ਉਨ੍ਹਾਂ ਉਪਰ ਪ੍ਰਕਾਸ਼ ਦੀਆਂ ਕਿਰਣਾਂ ਦੇ ਪ੍ਰਭਾਵ ਨੂੰ ਜਾਣਿਆ ਜਾ ਸਕਦਾ ਹੈ। ਇਸ ਕੰਮ ਲਈ ਵਰਤੇ ਜਾਂਦੇ ਸੂਖ਼ਮਦਰਸ਼ੀ ਜੀਵ ਵਿਗਿਆਨ ਵਿਚ ਵਰਤੇ ਜਾਣ ਵਾਲੇ ਸੂਖ਼ਮਦਰਸ਼ੀਆਂ ਨਾਲੋਂ ਭਿੰਨ ਹਨ। ਧਾਤਾਂ ਵਿਚੋਂ ਸੂਰਜ ਦੀਆਂ ਕਿਰਣਾਂ ਨਹੀਂ ਨਿਕਲ ਸਕਦੀਆਂ ਇਸ ਲਈ ਇਥੇ ਪਰਾਵਰਤਨ ਦੇ ਨਿਯਮ ਦਾ ਪ੍ਰਯੋਗ ਹੁੰਦਾ ਹੈ। ਧਾਤਾਂ ਦੇ ਸੂਖ਼ਮਦਰਸ਼ੀ ਪ੍ਰੀਖਣ ਵਾਸਤੇ ਪਹਿਲਾਂ ਧਾਤਾਂ ਨੂੰ 1-2 ਇੰਚ ਦੇ ਟੁਕੜਿਆਂ ਵਿਚ ਕੱਟ ਲੈਂਦੇ ਹਨ ਫ਼ਿਰ ਧਾਤਾਂ ਦੇ ਇਨ੍ਹਾਂ ਟੁਕੜਿਆਂ ਨੂੰ ਰੇਗਮਾਰ ਨਾਲ ਸਾਫ਼ ਕਰਕੇ ਪਾਲਿਸ਼ ਕੀਤਾ ਜਾਂਦਾ ਹੈ। ਇਸ ਪ੍ਰਕਾਰ ਇਨ੍ਹਾਂ ਨੂੰ ਸ਼ੀਸ਼ੇ ਵਰਗੀ ਚਮਕ ਪ੍ਰਦਾਨ ਕੀਤੀ ਜਾਂਦੀ ਹੈ। ਪਾਲਿਸ਼ ਕੀਤੀ ਹੋਈ ਸਤ੍ਹਾ ਵਿਚੋਂ ਧਾਤਾਂ ਦੀ ਅੰਦਰੂਨੀ ਬਣਤਰ ਦਿਖਾਈ ਨਹੀਂ ਦਿੰਦੀ ਇਸ ਲਈ ਇਸਨੂੰ ਕਿਸੇ ਰਸਾਇਣਿਕ ਪਦਾਰਥ (ਤੇਜ਼ਾਬ ਜਾਂ ਖੋਰਕ) ਨਾਲ ਖੁਣਿਆ ਜਾਂਦਾ ਹੈ। ਇਹ ਟੁਕੜੇ ਹੁਣ ਸੂਖ਼ਮਦਰਸ਼ੀ ਪ੍ਰੀਖਣ ਲਈ ਤਿਆਰ ਹਨ। ਖੁਣਨ ਤੋਂ ਬਾਅਦ ਧਾਤਾਂ ਦੀ ਅੰਦਰੂਨੀ ਬਣਤਰ ਦਿਖਾਈ ਦੇਣ ਲੱਗਦੀ ਹੈ।

ਅੱਜਕੱਲ੍ਹ ਨਵੇਂ ਨਵੇਂ ਸੂਖ਼ਮਦਰਸ਼ੀ ਯੰਤਰ ਉਪਯੋਗ ਵਿਚ ਲਿਆਏ ਜਾਂਦੇ ਹਨ। ਇਲੈੱਕਟਰਾੱਨ ਸੂਖ਼ਮਦਰਸ਼ੀ ਦੁਆਰਾ ਧਾਤਾਂ ਦੀ ਬਣਤਰ ਨੂੰ ਇਕ ਲੱਖ ਗੁਣਾ ਵੱਡਾ ਕੀਤਾ ਜਾ ਸਕਦਾ ਹੈ। ਐੱਕਸ-ਰੇ ਦੁਆਰਾ ਵੀ ਧਾਤਾਂ ਦੀ ਅੰਦਰੂਨੀ ਰਚਨਾ ਜਾਨਣ ਵਿਚ ਸਹਾਇਤਾ ਮਿਲੀ ਹੈ।

ਹ. ਪੁ.—ਹਿੰ. ਵਿ. ਕੋ. 6 : 185

ਧਾਮਪੁਰ : ਇਹ ਭਾਰਤ ਦੇ ਉੱਤਰ-ਪ੍ਰਦੇਸ਼ ਰਾਜ ਦੇ ਬਿਜਨੌਰ ਜ਼ਿਲ੍ਹੇ ਦੀ ਇਸੇ ਹੀ ਨਾਂ ਦੀ ਤਹਿਸੀਲ ਦਾ ਸਦਰ-ਮੁਕਾਮ ਹੈ। ਸੰਨ 1750 ਵਿਚ ਡੂੰਡੇ ਖਾਨ ਨਾਂ ਦੇ ਇਕ ਰੋਹੇਲੇ ਨੇ ਇਥੇ ਹੀ ਸ਼ਾਹੀ ਫ਼ੌਜਾਂ ਨੂੰ ਹਰਾਇਆ ਸੀ। ਇਹੀ ਘਟਨਾ ਹੀ ਇਸ ਸ਼ਹਿਰ ਨਾਲ ਸਬੰਧਤ ਸਭ ਤੋਂ ਪਹਿਲੀ ਇਤਿਹਾਸਕ ਘਟਨਾ ਹੈ। ਸੰਨ 1805 ਵਿਚ ਅਮੀਰ ਖ਼ਾਨ ਦੇ ਅਧੀਨ ਹੀ ਪਿੰਡਾਰਿਆਂ ਨੇ ਲੁੱਟ-ਖਸੁੱਟ ਕੀਤੀ। ਇਸ ਤੋਂ ਇਲਾਵਾ 1857 ਈ. ਦੇ ਗਦਰ ਦੇ ਦੌਰਾਨ ਖਜ਼ਾਨੇ ਨੂੰ ਲੁੱਟਣ ਦੀ ਵੀ ਕੋਸ਼ਿਸ਼ ਕੀਤੀ ਗਈ। ਇਥੇ 1866 ਈ. ਤੋਂ ਮਿਉਂਸਪਲਟੀ ਸਥਾਪਿਤ ਹੈ। ਇਥੇ ਲੋਹੇ ਅਤੇ ਪਿੱਤਲ ਦੇ ਸਮਾਨ ਦਾ ਚੋਖਾ ਵਪਾਰ ਹੁੰਦਾ ਹੈ। ਇਸ ਤੋਂ ਇਲਾਵਾ ਜੰਦਰੇ, ਪਿੱਤਲ ਦੇ ਸ਼ਮ੍ਹਾਦਾਨ, ਸਜਾਵਟੀ ਵਸਤਾਂ, ਘੜਿਆਲ ਅਤੇ ਬਿੱਲੇ ਵੀ ਕਾਫ਼ੀ ਮਾਤਰਾ ਵਿਚ ਬਣਦੇ ਹਨ।

ਆਬਾਦੀ —39, 179 (1991)

29° 18′ ਉ. ਵਿਥ.; 78° 31′ ਪੂ. ਲੰਬ.

ਹ. ਪੁ.– ਹਿੰ. ਵਿ. ਕੋ. 6 : 189 ; ਇੰਪ. ਗ. ਇੰਡ. 11 : 284

ਧਾਮੀ : ਇਹ ਪੰਜਾਬ ਦੀਆਂ ਸ਼ਿਮਲਾ ਪਹਾੜੀ ਰਿਆਸਤਾਂ ਵਿਚੋਂ ਇਕ ਰਿਆਸਤ ਸੀ ਜਿਹੜੀ ਸ਼ਿਮਲਾ ਸ਼ਹਿਰ ਦੇ ਪੱਛਮ ਵਿਚ 27 ਕਿ. ਮੀ. (16 ਮੀਲ) ਦੀ ਦੂਰੀ ਤੇ ਸਥਿਤ ਸੀ। ਇਸ ਦਾ ਕੁੱਲ ਰਕਬਾ 43 ਵ. ਕਿ. ਮੀ. (26 ਵ. ਮੀ.) ਸੀ। ਆਰੰਭ ਵਿਚ ਇਹ ਬਿਲਾਸਪੁਰ ਰਿਆਸਤ ਦੇ ਅਧੀਨ ਇਕ ਜਾਗੀਰ ਸੀ। ਗੋਰਖਿਆਂ ਦੇ 1815 ਈ. ਵਿਚ ਇਥੋਂ ਕੱਢੇ ਜਾਣ ਉਪਰੰਤ ਇਹ ਇਕ ਆਜ਼ਾਦ ਰਜਵਾੜਾ ਬਣਿਆ। 12ਵੀਂ ਸਦੀ ਵਿਚ ਇਥੇ ਦੇ ਗੌਰ ਮੁਹੰਮਦ ਨੇ ਹਮਲਾ ਕੀਤਾ ਅਤੇ ਇਸ ਰਿਆਸਤ ਦਾ ਮੋਢੀ ਇਥੋਂ ਦੌੜ ਕੇ ਅੰਬਾਲਾ ਜ਼ਿਲ੍ਹੇ ਵਿਚ ਚਲਾ ਗਿਆ। ਇਥੇ ਇਸ ਨੇ ਕੁਝ ਖੇਤਰ ਉਪਰ ਕਬਜ਼ਾ ਕਰ ਲਿਆ। ਸੰਨ 1895 ਵਿਚ ਰਾਣਾ ਹੀਰਾ ਸਿੰਘ ਧਾਮੀ ਗੱਦੀ ਤੇ ਬੈਠਾ।

31° 7' ਅਤੇ 31° 13' ਉ. ਵਿਥ.; 77° 3' ਅਤੇ 77° 11' ਪੂ. ਲੰਬ.

ਹ. ਪੁ.– ਇੰਪ. ਗ. ਇੰਡ. 11 : 282

ਧਾਰ : **ਰਿਆਸਤ**—ਇਹ ਅਣਵੰਡੇ ਭਾਰਤ ਦੀ ਭੋਪਾਵਰ ਏਜੰਸੀ ਅਧੀਨ ਇਕ ਸੰਧੀ-ਰਿਆਸਤ ਹੁੰਦੀ ਸੀ। ਇਸ ਦਾ ਕੁੱਲ ਰਕਬਾ 28, 40 ਵ. ਕਿ. ਮੀ. (1, 775 ਵ. ਮੀ.) ਸੀ ਜਿਸ ਵਿਚੋਂ 329 ਵ. ਮੀ. ਜ਼ਾਮਨ ਰਿਆਸਤ-ਧਾਰਕਾਂ ਅਤੇ 1,446 ਵ. ਮੀ. ਖਾਲਸਾ ਜਾਂ ਸਿੱਧੇ ਤੌਰ ਤੇ ਦਰਬਾਰ ਅਧੀਨ ਸਨ। ਖੇਤਰ ਨੂੰ ਦੂਜੀਆਂ ਰਿਆਸਤਾਂ ਦੇ ਵਿਚਕਾਰ ਪੈਂਦੇ ਹਿੱਸਿਆਂ ਰਾਹੀਂ ਬਹੁਤ ਜ਼ਿਆਦਾ ਟੁਕੜੇ-ਟੁਕੜੇ ਕੀਤਾ ਹੋਇਆ ਸੀ। ਇਸ ਦਾ ਨਾਂ ਇਸੇ ਹੀ ਨਾਂ ਦੇ ਪੁਰਾਣੇ ਸ਼ਹਿਰ ਤੋਂ ਪਿਆ ਸੀ ਜੋ ਕਿ ਪਰਮਾਰ ਰਾਜਪੂਤਾਂ ਦੀ ਰਾਜਧਾਨੀ ਵਜੋਂ ਕਾਫ਼ੀ ਦੇਰ ਤੱਕ ਪ੍ਰਸਿੱਧ ਰਿਹਾ। ਇਸ ਇਲਾਕੇ ਵਿਚ ਦੋ ਕੁਦਰਤੀ ਡਵੀਜ਼ਨਾਂ ਪੈਂਦੀਆਂ ਸਨ। ਇਸ ਵਿਚ ਮਾਲਵਾ ਪਠਾਰ ਉੱਤੇ ਪੈਂਦੀ ਵਿੰਧੀਆਂਚਲ ਲੜੀ ਦੀ ਸਿੱਧੀ ਢਲਾਣ ਤੋਂ ਉਪਰਲਾ ਉੱਚਾ ਖੇਤਰ ਅਤੇ ਇਸ ਲੜੀ ਦੇ ਦੱਖਣ ਵੱਲ ਪਹਾੜੀ ਖੇਤਰ ਵਿਚ

ਪੈਂਦੇ ਜ਼ਿਲ੍ਹੇ ਸ਼ਾਮਲ ਸਨ। ਨਰਬਦਾ, ਮਾਹੀ, ਚੰਬਲ, ਕਾਲੀ ਸਿੰਧ ਅਤੇ ਇਨ੍ਹਾਂ ਨਦੀਆਂ ਦੀਆਂ ਬਹੁਤ ਸਾਰੀਆਂ ਉਪ-ਨਦੀਆਂ ਇਸ ਰਿਆਸਤ ਵਿਚੋਂ ਦੀ ਵਗਦੀਆਂ ਸਨ।

ਧਾਰ ਰਿਆਸਤ ਦੇ ਮੁਖੀਏ ਪਨਵਾਰ ਮਰਾਠੇ ਸਨ ਜਿਹੜੇ ਰਾਜਪੂਤਾਂ ਦੇ ਮਹਾਨ ਖਾਨਦਾਨ ਵਿਚੋਂ ਹੋਣ ਦਾ ਦਾਅਵਾ ਕਰਦੇ ਸਨ ਜਿਨ੍ਹਾਂ ਨੇ ਨੌਵੀਂ ਸਦੀ ਤੋਂ ਤੇਰ੍ਹਵੀਂ ਸਦੀ ਤਕ ਇਸ ਰਿਆਸਤ ਉੱਤੇ ਰਾਜ ਕੀਤਾ ਸੀ। ਡੈਕਨ ਵਿਚ ਆਪਣਾ ਟਿਕਾਣਾ ਬਣਾਉਂਦੇ ਹੋਏ ਖਾਨਦਾਨ ਦੇ ਇਕ ਵਰਗ ਮੁਸਲਮਾਨਾਂ ਨੇ ਪਰਮਾਰ ਰਾਜਪੂਤਾਂ ਨੂੰ ਹਰਾ ਕੇ ਇਸ ਉੱਤੇ ਆਪਣਾ ਕਬਜ਼ਾ ਕਰ ਲਿਆ। ਇਸ ਵਰਗ ਵਿਚੋਂ ਵਰਤਮਾਨ ਮਰਹੱਟਾ ਪਨਵਾਰਾਂ ਨੇ ਆਪਣਾ ਬੰਸ ਲੱਭ ਲਿਆ। ਸੰਨ 1560 ਵਿਚ ਇਸ ਉੱਤੇ ਸ਼ਹਿਨਸ਼ਾਹ ਅਕਬਰ ਨੇ ਅਧਿਕਾਰ ਕਰ ਲਿਆ ਅਤੇ ਇਸ ਨੂੰ ਮਾਲਵੇ ਸੂਬੇ ਵਿਚ ਸ਼ਾਮਲ ਕਰ ਲਿਆ। ਸੰਨ 1690 ਵਿਚ ਮਰਹੱਟਿਆਂ ਨੇ ਪਹਿਲੀ ਵਾਰ ਨਰਬਦਾ ਨੂੰ ਪਾਰ ਕੀਤਾ ਅਤੇ ਇਸ ਰਿਆਸਤ ਦੇ ਧਰਮਪੁਰੀ ਜ਼ਿਲ੍ਹੇ ਅਤੇ ਸ਼ਹਿਰ ਦੀ ਕਾਫ਼ੀ ਲੁੱਟ-ਮਾਰ ਕੀਤੀ ਅਤੇ ਇਸ ਮਗਰੋਂ ਉਨ੍ਹਾਂ ਦੇ ਇਸ ਰਿਆਸਤ ਉਪਰ ਅਕਸਰ ਹਮਲੇ ਹੁੰਦੇ ਰਹੇ। ਸੰਨ 1723 ਵਿਚ ਨਿਜ਼ਾਮ ਨੇ ਮਾਲਵੇ ਦੀ ਗਵਰਨਰੀ ਤੋਂ ਅਸਤੀਫ਼ਾ ਦੇ ਦਿੱਤਾ ਅਤੇ 1724 ਈ. ਵਿਚ ਗਿਰਧਰ ਬਹਾਦੁਰ ਵਲੋਂ ਜਾਨਸ਼ੀਨ ਬਣਾਇਆ ਗਿਆ ਜਿਸ ਦੇ ਮਰਾਠਿਆਂ ਪ੍ਰਤਿ ਤਕੜੇ ਵਿਰੋਧ ਨੇ ਕੇਂਦਰੀ ਭਾਰਤ ਵਿਚ ਆਪਣੀ ਤਾਕਤ ਨੂੰ ਸਥਾਪਤ ਹੋਣ ਵਿਚ ਦੇਰੀ ਕੀਤੀ। ਪੈਗਾਹ ਵਿਚ ਇਕ ਅਫ਼ਸਰ ਉਦੈਜੀ ਜਾਂ ਸਤਾਰ ਰਾਜਾ ਸਾਹੂ ਦਾ ਅੰਗ-ਰੱਖਿਅਕ ਇਸ ਸਮੇਂ ਸਾਮ੍ਹਣੇ ਆਇਆ ਅਤੇ 1723 ਈ. ਵਿਚ ਆਪਣੇ ਆਪ ਨੂੰ ਧਾਰ ਵਿਚ ਸਥਾਪਤ ਕਰ ਲਿਆ ਪਰੰਤੂ ਗਿਰਧਰ ਬਹਾਦੁਰ ਦੀ ਆਮਦ ਵੇਲੇ ਇਸ ਨੂੰ ਭਜਾ ਦਿੱਤਾ ਗਿਆ। ਸੰਨ 1729-30 ਵਿਚ ਉਸ ਨੇ ਗਿਰਧਰ ਅਤੇ ਉਸ ਦੇ ਉਤਰਾਧਿਕਾਰੀ ਦਿਆਂ ਬਹਾਦਰ, ਦੋਹਾਂ ਨੂੰ ਹਰਾਉਣ ਦਾ ਪ੍ਰਬੰਧ ਕੀਤਾ ਅਤੇ ਇਸ ਤਰ੍ਹਾਂ ਅੰਤ ਵਿਚ ਮਰਾਠਾ ਚੜ੍ਹਤ ਲਈ ਰਾਹ ਪੱਧਰਾ ਕਰ ਦਿੱਤਾ। 1942 ਵਿਚ ਆਨੰਦ ਰਾਓ ਪਹਿਲਾ ਚੋਖੀਆਂ ਰਿਆਸਤਾਂ ਉੱਤੇ ਕਾਬਜ਼ ਹੋ ਕੇ ਅਤੇ ਹੋਲਕਰ ਅਤੇ ਸਿੰਧੀਆਂ ਨਾਲ ਹਿੱਸੇਦਾਰ ਬਣ ਕੇ ਕੇਂਦਰੀ ਭਾਰਤ ਦੇ ਪ੍ਰਸਿੱਧ ਮੁਖੀਆਂ ਵਿਚੋਂ ਇਕ ਬਣ ਗਿਆ।

ਸੰਨ 1749 ਵਿਚ ਆਨੰਦ ਰਾਓ ਦੀ ਮੌਤ ਹੋ ਗਈ ਅਤੇ ਇਸ ਦਾ ਪੁੱਤਰ ਜਸਵੰਤ ਰਾਓ ਇਸ ਦਾ ਜਾਨਸ਼ੀਨ ਬਣਿਆ ਜਿਹੜਾ ਅਹਿਮਦ ਸ਼ਾਹ ਦੁਰਾਨੀ ਨਾਲ ਪਾਨੀਪਤ ਦੀ ਲੜਾਈ ਵਿਚ ਮਾਰਿਆ ਗਿਆ ਸੀ। ਇਸ ਦਾ ਨਾਬਾਲਗ ਪੁੱਤਰ ਖੰਡੇ ਰਾਓ ਉਸ ਦਾ ਉੱਤਰਾਧਿਕਾਰੀ ਬਣਿਆ ਅਤੇ ਇਸੇ ਸਮੇਂ ਤੋਂ ਰਿਆਸਤ ਦੀ ਤਾਕਤ ਘਟਣੀ ਸ਼ੁਰੂ ਹੋ ਗਈ ਸੀ। ਸੰਨ 1774 ਵਿਚ ਪੇਸ਼ਵਾ ਰਗੋਬਾ ਨੇ ਸੁਰੱਖਿਆ ਲਈ ਧਾਰ ਕਿਲੇ ਲਈ ਆਪਣੀ ਪਤਨੀ ਨੂੰ ਭੇਜਿਆ। ਇਸ ਇਲਾਕੇ ਉੱਤੇ ਰਗੋਬਾ ਦੇ ਵਿਰੋਧੀਆਂ ਵਲੋਂ ਸ਼ਾਸਨ ਚਲਾਇਆ ਗਿਆ। ਸੰਨ 1782 ਵਿਚ ਖੰਡੇ ਰਾਓ ਦੀ ਮੌਤ ਹੋ ਗਈ ਅਤੇ ਆਨੰਦ ਰਾਓ ਦੂਜਾ ਉਸ ਦਾ ਉਤਰਾਧਿਕਾਰੀ ਬਣਿਆ। ਇਹ ਨਿੱਜੀ ਤੌਰ ਤੇ ਰਿਆਸਤ ਦਾ ਪ੍ਰਬੰਧ ਚਲਾਉਣ ਦਾ ਉਤਸੁਕ ਸੀ। ਇਹ ਰੰਗਾ ਰਾਓ ਉਰੇਕਰ ਮੰਤਰੀ ਦੀਆਂ ਸਕੀਮਾਂ ਦੇ ਅਨੁਕੂਲ ਨਹੀਂ ਸੀ ਜਿਸ ਨੇ ਰਿਆਸਤ ਨੂੰ ਸਿੰਧੀਆਂ ਦੇ ਰਹਿਮ ਉੱਤੇ ਛੱਡ ਦਿੱਤਾ ਸੀ। ਸਿੰਧੀਆਂ ਨੇ ਆਪਣੀਆਂ ਫੌਜਾਂ ਨਾਲ ਇਸ ਦੀ ਲੁੱਟ-ਮਾਰ ਕੀਤੀ ਅਤੇ ਇਸ ਖੇਤਰ ਦੇ ਵੱਡੇ ਹਿੱਸਿਆਂ ਉੱਤੇ ਕਬਜ਼ਾ ਕਰ ਲਿਆ। ਇਸ ਸਮੇਂ ਰਿਆਸਤ ਇਸ ਦੇ ਸਾਰੇ ਹਟਵੇਂ ਜ਼ਿਲ੍ਹਿਆਂ ਤੋਂ ਵਾਂਝੀ ਹੋ ਗਈ।

ਪਿੰਡਾਰੀ ਦੇ ਹਮਲਿਆਂ ਅਤੇ ਵੱਡੇ ਪੱਧਰ ਤੇ ਇਸ ਸਮੇਂ ਦੌਰਾਨ ਕੇਂਦਰੀ ਭਾਰਤ ਵਿਚ ਆਮ ਬਦਅਮਨੀ ਨੇ ਧਾਰ ਰਿਆਸਤ ਨੂੰ ਇਸ ਦੀ ਪਹਿਲੇ ਹੱਦ ਤੋਂ ਘੱਟ ਕਰ ਦਿੱਤਾ, ਇਸ ਤਰ੍ਹਾਂ 1819 ਈ. ਵਿਚ ਜਦੋਂ ਅੰਗਰੇਜ਼ੀ ਸਰਕਾਰ ਨਾਲ ਸੰਧੀ ਕੀਤੀ ਗਈ ਤਾਂ ਰਿਆਸਤ ਵਿਚ ਕੇਵਲ ਰਾਜਧਾਨੀ ਨੂੰ ਸ਼ਾਮਲ ਕੀਤਾ ਗਿਆ। ਸੰਧੀ ਉੱਤੇ ਦਸਖ਼ਤ ਕਰਨ ਤੇ ਬਰੇਸੀਆ ਅਤੇ ਬਦਨਾਵਰ ਜ਼ਿਲ੍ਹਿਆਂ ਨੂੰ ਵਾਪਸ ਕਰ ਦਿੱਤਾ ਗਿਆ। ਰਾਮ ਚੰਦਰ ਰਾਓ ਜਿਹੜਾ ਆਨੰਦ ਰਾਓ ਦਾ ਉੱਤਰਾਧਿਕਾਰੀ ਬਣਿਆ ਸੀ, ਦੀ 1833 ਈ. ਵਿਚ ਮੌਤ ਹੋ ਗਈ ਅਤੇ ਜਸਵੰਤ ਰਾਓ ਦੂਜਾ ਉਸ ਦਾ ਜਾਨਸ਼ੀਨ ਬਣਿਆ। ਸੰਨ 1857 ਦੇ ਆਰੰਭ ਵਿਚ ਮਲੇਰੀਏ ਨਾਲ ਉਸ ਦੀ ਮੌਤ ਹੋ ਗਈ ਅਤੇ ਉਸ ਵਲੋਂ ਅਪਣਾਇਆ 13 ਸਾਲਾ ਦਾ ਲੜਕਾ ਆਨੰਦ ਰਾਓ ਤੀਜਾ ਉਸ ਦਾ ਉੱਤਰਾਧਿਕਾਰੀ ਬਣਿਆ। ਇਹ ਇੰਨੀ ਬਿਪਤਾ ਵਾਲੇ ਸਮੇਂ ਵਿਚ ਰਿਆਸਤ ਦਾ ਪ੍ਰਬੰਧ ਚਲਾਉਣ ਦੇ ਸਮਰੱਥ ਸੀ। ਅਸਲ ਸ਼ਾਸ਼ਕ ਇਸ ਨੂੰ ਬਾਗੀ ਵਜੋਂ ਸ਼ੱਕ ਦੀ ਨਜ਼ਰ ਨਾਲ ਦੇਖਦੇ ਸਨ ਅਤੇ ਰਿਆਸਤ ਨੂੰ ਜ਼ਬਤ ਕਰ ਲਿਆ ਗਿਆ ਪਰੰਤੂ 1860 ਈ. ਵਿਚ ਇਸ ਨੂੰ ਬਹਾਲ ਕਰ ਦਿੱਤਾ ਗਿਆ। ਸੰਨ 1877 ਵਿਚ ਆਨੰਦ ਰਾਓ ਨੇ ਮਹਾਰਾਜਾ ਦਾ ਨਿੱਜੀ ਖ਼ਿਤਾਬ ਹਾਸਲ ਕੀਤਾ ਅਤੇ 1883 ਈ. ਵਿਚ ਅੱਗੋਂ ਸੀ. ਆਈ. ਈ. ਦਾ ਸਨਮਾਨ ਇਸ ਨੂੰ ਦਿੱਤਾ ਗਿਆ। ਸੰਨ 1898 ਵਿਚ ਇਸ ਦੀ ਮੌਤ ਹੋ ਗਈ ਅਤੇ ਇਸ ਦਾ ਗੋਦ ਲਿਆ ਪੁੱਤਰ ਉਦੇਜੀ ਰਾਓ ਪਨਵਾਰ ਇਸ ਦਾ ਉੱਤਰਾਧਿਕਾਰੀ ਬਣਿਆ। ਮੁਖੀਏ ਕੋਲ ਮਹਾਰਾਜਾ ਅਤੇ ਰਾਜਾ ਦੇ ਖਿਤਾਬ ਸਨ। ਸੰਨ 1948 ਈ. ਵਿਚ ਭਾਰਤ ਦੀਆਂ ਦੂਜੀਆਂ ਰਿਆਸਤਾਂ ਵਾਂਗ ਇਸ ਰਿਆਸਤ ਨੂੰ ਵੀ ਤੋੜ ਦਿੱਤਾ ਗਿਆ ਅਤੇ ਇਹ ਮੱਧ ਪ੍ਰਦੇਸ਼ ਦਾ ਹੀ ਇਕ ਹਿੱਸਾ ਬਣ ਗਈ।

ਇਸ ਰਿਆਸਤ ਦਾ ਵੱਡਾ ਹਿੱਸਾ ਡੈਕਨ ਟੈਪ ਖੇਤਰ ਵਿਚ ਪੈਂਦਾ ਹੈ ਪਰੰਤੂ ਨਿਮਨਪੁਰ ਪਰਗਨਾ ਕਈ ਦਿਲਚਸਪ ਅਤੇ ਵੱਖ-ਵੱਖ ਪ੍ਰਕਾਰ ਦੇ ਦ੍ਰਿਸ਼ ਪੇਸ਼ ਕਰਦਾ ਹੈ। ਇਸ ਇਲਾਕੇ ਦਾ ਉੱਤਰੀ ਹਿੱਸਾ ਲਮੇਟਾ ਲੜੀਆਂ ਦੀਆਂ ਪਹਾੜੀਆਂ ਰਾਹੀਂ ਢਕਿਆ ਹੋਇਆ ਹੈ। ਇਸ ਖੇਤਰ ਦੇ ਦੱਖਣ ਵਿਚ ਵਿੰਧੀਆਚਲ ਵਿਸ਼ੇਸ਼ ਤੌਰ ਤੇ ਪੂਰੀ ਤਰ੍ਹਾਂ ਵਿਖਾਈ ਦਿੰਦਾ ਹੈ। ਇਸ ਖੇਤਰ ਵਿਚ ਕਈ ਚਟਾਨਾਂ ਚੰਗੀ ਇਮਾਰਤੀ ਸਾਮੱਗਰੀ ਪੈਦਾ ਕਰਦੀਆਂ ਹਨ, ਵਿਸ਼ੇਸ਼ ਤੌਰ ਤੇ ਲਮੇਟਾ ਰੇਤਲੀਆਂ ਚਟਾਨਾਂ ਜਦੋਂ ਕਿ ਚੂਨਾ-ਪੱਥਰ ਚੂਨੇ ਲਈ ਬਾਲੇ ਜਾਂਦੇ ਹਨ। ਚੰਗੀ ਮਿਆਰ ਦੀਆਂ ਸਲੇਟਾਂ ਬੀਜਾਵਾਰ ਵਿਚ ਕੱਟੀਆਂ ਜਾਦੀਆਂ ਹਨ।

ਬਨਸਪਤੀ-ਸਮੂਹ ਵਿਚ ਮੁੱਖ ਤੌਰ ਤੇ ਸਾਗਵਾਨ, ਕਾਲੀ ਲੱਕੜ (Black-Wood), ਸਾਜ, ਟੈਂਡੂ, ਸਦਾਦ ਅਤੇ ਅਨਜਾਨ ਸ਼ਾਮਲ ਹਨ। ਬਾਘ, ਚੀਤੇ, ਸਾਂਬਰ ਅਤੇ ਹੋਰ ਜੰਗਲੀ ਜਾਨਵਰ ਜੰਗਲਾਂ ਵਿਚ ਮਿਲਦੇ ਹਨ।

ਮਾਲਵਾ ਪਠਾਰੀ ਭਾਗ ਦਾ ਜਲਵਾਯੂ ਬਹੁਤ ਸ਼ੀਤੋਸ਼ਣ ਹੈ ਬਹੁਤ ਜ਼ਿਆਦਾ ਵਧੇਰੇ ਤਾਪਮਾਨ ਵਿੰਧੀਆਚਲ ਦੇ ਹੇਠਾਂ ਨੀਮਾਰ ਹਿੱਸੇ ਵਿਚ ਗਰਮੀਆਂ ਦੇ ਮਹੀਨਿਆਂ ਦੌਰਾਨ ਮਿਲਦਾ ਹੈ ਜਦੋਂ ਕਿ ਠੰਢਾ ਮੌਸਮ ਬਹੁਤ ਘੱਟ ਹੁੰਦਾ ਹੈ ਪਿਛਲੇ 30 ਸਾਲਾਂ ਦੌਰਾਨ ਦੋ ਕੁਦਰਤੀ ਡਵੀਜ਼ਨਾਂ ਦੀ ਸਾਲਾਨਾ ਵਰਖਾ ਮਾਲਵਾ ਖੇਤਰ ਦੀ ਔਸਤਨ 26 ਇੰਚ ਅਤੇ ਨੀਮਾਰ ਦੀ 25 ਇੰਚ ਰਹੀ ਹੈ।

ਇਸ ਰਿਆਸਤ ਵਿਚ ਪ੍ਰਮੁੱਖ ਕਬੀਲੇ ਜਾਤਾਂ ਭੀਲ, ਭੀਲਾਲ, ਰਾਜਪੂਤ, ਕੁਨਬੀਸ ਅਤੇ ਬ੍ਰਾਹਮਣ ਹਨ। ਪ੍ਰਚੱਲਤ ਭਾਸ਼ਾ ਵਿਚ ਭੀਲ ਉਪ-ਬੋਲੀ ਹਿੰਦੀ ਅਤੇ ਮਾਲਵੀ ਸ਼ਾਮਲ ਹੈ।

ਉੱਚ ਪੱਧਰੀ ਖੰਡ ਉੱਤੇ ਭੂਮੀ ਮਾਲਵਾ ਵਿਚ ਵੱਧ ਉਪਜਾਊ ਹੈ। ਨੀਵੇਂ ਖੰਡ ਵਿਚ ਜ਼ਿਆਦਾਤਰ ਰਿਆਸਤ ਜੰਗਲ ਨਾਲ ਢਕੀ ਹੋਈ ਹੈ ਅਤੇ ਨਦੀ ਤਲ ਦੇ ਨਾਲ ਪੈਂਦੀ ਜ਼ਮੀਨ ਨੂੰ ਛੱਡ ਕੇ ਖੇਤੀਬਾੜੀ ਦੇ ਪੱਖ ਤੋਂ ਭੂਮੀ ਬਹੁਤੀ ਮੁੱਲਵਾਨ ਨਹੀਂ ਹੈ। ਕੁੱਲ ਫਸਲੀ

ਰਕਬੇ ਵਿਚ ਜਵਾਰ, ਕਣਕ, ਮੱਕੀ, ਛੋਲੇ, ਦਾਲਾਂ, ਤਿਲ, ਬਾਜਰਾ, ਚਾਵਲ, ਅਲਸੀ, ਕਪਾਹ ਅਤੇ ਪੋਸਤ ਆਦਿ ਫ਼ਸਲਾਂ ਹਨ। ਕਾਸ਼ਤ ਅਧੀਨ ਭੂਮੀ ਨੂੰ 1890 ਤੋਂ 6 ਪ੍ਰਤੀਸ਼ਤ ਵਧਾਇਆ ਗਿਆ ਹੈ। ਜੰਗਲਾਂ ਅਧੀਨ ਰਕਬਾ ਬਹੁਤ ਜ਼ਿਆਦਾ ਹੈ ਅਤੇ ਟਿੰਬਰ ਦੀ ਲੱਕੜ ਬਹੁਤ ਕੀਮਤੀ ਹੈ। ਪ੍ਰਚੱਲਤ ਦਰਖ਼ਤ ਸ਼ੀਸ਼ਮ, ਬੀਆ, ਸਦਾਦ, ਅਨਜਾਨ ਅਤੇ ਹਲਦੂ ਹਨ। ਹੋਰ ਬ੍ਰਿਛ ਧਾਰ ਵਿਚ ਮਿਲਦੇ ਹਨ।

ਰਿਆਸਤ ਪਹਿਲਾਂ ਸਥਾਨਕ ਧਾਤਾਂ ਤੋਂ ਲੋਹੇ ਦੀ ਵੱਡੀ ਮਾਤਰਾ ਤਿਆਰ ਕਰਦੀ ਸੀ ਪਰੰਤੂ ਉਦਯੋਗ ਸਮਾਪਤ ਹੋ ਚੁੱਕੇ ਹਨ। ਇਮਾਰਤੀ ਪੱਥਰ ਦੀ ਕੁਝ ਮਾਤਰਾ ਅਜੇ ਮੌਜੂਦ ਹੈ ਅਤੇ ਨਿਰਯਾਤ ਕੀਤੀ ਜਾਂਦੀ ਹੈ।

ਅਨਾਜ , ਕਪਾਹ ਅਤੇ ਅਫ਼ੀਮ ਮੁੱਖ ਵਪਾਰਕ ਵਸਤਾਂ ਹਨ। ਅਫ਼ੀਮ ਦੀ ਤੁਲਾਈ (ਭਾਰ ਤੋਲਣ) ਲਈ ਇਕ ਸਰਕਾਰੀ ਡਿੱਪੂ ਧਾਰ ਵਿਖੇ ਸਥਾਪਤ ਕੀਤਾ ਗਿਆ ਸੀ।

ਰਿਆਸਤ ਵਿਚ 178 ਮੀਲ ਲੰਮੀਆਂ ਪੱਕੀਆਂ ਸੜਕਾਂ ਹਨ, ਮੁੱਖ ਸੜਕ ਧਾਰ ਸ਼ਹਿਰ ਤੋਂ ਲੇਬਾੜ ਤੱਕ ਹੈ ਜਿਹੜੀ ਮੋਹਨੀਮੋਕ ਸੜਕ ਨਾਲ ਮਿਲਦੀ ਹੈ, ਧਾਰ ਤੋਂ ਭੂਢੀ, ਆਗਰਾ-ਮੁੰਬਈ ਸੜਕ ਨਾਲ ਮਿਲਦੀ ਹੈ ਅਤੇ ਲਿੰਕ ਸੜਕ ਨਾਲਕਾ ਅਤੇ ਮਾਂਡੂ ਨਾਲ ਮਿਲਦੀ ਹੈ। ਇਕ ਨਵੀਂ ਸੜਕ ਧਾਰ ਤੋਂ ਨਾਗਦਾ ਜਿਹੜੀ ਮੋਹਨੀਮੋਕ ਨਾਲ ਮਿਲਦੀ ਹੈ, ਲਗਭਗ ਮੁਕੰਮਲ ਹੋਣ ਵਾਲੀ ਹੈ। ਇਕ ਰੈਗੂਲਰ ਰਿਆਸਤੀ ਡਾਕ ਵਿਭਾਗ 1901 ਤੋਂ ਮੌਜੂਦ ਹੈ। ਇਹ ਰਿਆਸਤੀ ਸਿਸਟਮ ਉਦੋਂ ਬਰਤਾਨਵੀ ਮਹਿਕਮੇ ਨਾਲ ਜੋੜਿਆ ਗਿਆ ਸੀ ਜਿਹੜਾ ਹੁਣ 25 ਡਾਕ-ਘਰਾਂ ਨੂੰ ਚਲਾਉਂਦਾ ਹੈ।

ਰਿਆਸਤ ਨੂੰ ਪ੍ਰਸ਼ਾਸਨਿਕ ਮੰਤਵਾਂ ਲਈ ਧਾਰ ਸ਼ਹਿਰ, ਬਦਨਾਵਰ, ਸੁੰਦਾਰਸੀ, ਕੁਕਸ਼ੀ, ਨਿਮਾਨਪੁਰ ਅਤੇ ਧਰਮਪੁਰੀ ਸਦਰ ਮੁਕਾਮਾਂ ਸਮੇਤ 6 ਪਰਗਨਿਆਂ ਵਿਚ ਵੰਡਿਆ ਗਿਆ ਹੈ। ਇਨ੍ਹਾਂ ਵਿਚ ਸ਼ਾਮਲ 256 ਖਾਲਸਾ ਪਿੰਡ ਸਿੱਧੇ ਤੌਰ ਤੇ ਦਰਬਾਰ ਅਧੀਨ ਹਨ ਅਤੇ 258 ਪਿੰਡ ਵੱਖ-ਵੱਖ ਖੇਤਰਾਂ ਵਿਚ ਹਨ।

ਸੰਨ 1819 ਦੀ ਸੰਧੀ ਤਹਿਤ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਮੁਖੀਏ ਨੇ ਸਾਰੇ ਸਿਵਲ, ਅਦਾਲਤੀ ਅਤੇ ਸਾਧਾਰਣ ਪ੍ਰਬੰਧਕੀ ਮਾਮਲਿਆਂ ਦਾ ਕੰਟਰੋਲ ਲੈ ਲਿਆ। ਉਦੋਂ 22 ਮੁਜ਼ਾਰੇ ਸਨ ਜਿਨ੍ਹਾਂ ਵਿਚੋਂ 13 ਬਰਤਾਨਵੀ ਸਰਕਾਰ ਤੋਂ ਗਰੰਟੀ ਅਧੀਨ ਸਨ ਪਰੰਤੂ ਆਪਣੇ ਖੇਤਰ ਵਿਚ ਧਾਰ ਦਰਬਾਰ ਸਿਵਲ (ਦੀਵਾਨੀ) ਅਤੇ ਫ਼ੌਜਦਾਰੀ ਅਧਿਕਾਰ ਦੀ ਵਰਤੋਂ ਕਰਦਾ ਸੀ। ਇਨ੍ਹਾਂ ਕੋਲ ਆਪਣੀ ਗ੍ਰਿਫ਼ਤ ਦੀਆਂ ਸੀਮਾਵਾਂ ਵਿਚ ਕੁਝ ਨਿਆਇਕ ਅਧਿਕਾਰ ਸਨ ਪਰੰਤੂ ਅਜਿਹੇ ਅਧਿਕਾਰ ਦਰਬਾਰ ਦੇ ਕੰਟਰੋਲ ਅਧੀਨ ਹਨ। ਇਨ੍ਹਾਂ ਮੁਜ਼ਾਰਿਆਂ ਦੇ ਨਾਲ-ਨਾਲ 28 ਜਾਗੀਰਦਾਰਾਂ ਕੋਲ ਕੋਈ ਦੀਵਾਨੀ ਜਾਂ ਫ਼ੌਜਦਾਰੀ ਅਧਿਕਾਰ ਨਹੀਂ ਸਨ। ਰਿਆਸਤ ਦੀਆਂ ਅਦਾਲਤਾਂ ਬਰਤਾਨਵੀ ਨਮੂਨੇ ਉੱਤੇ ਸਥਾਪਤ ਕੀਤੀਆਂ ਗਈਆਂ ਸਨ ਅਤੇ ਭਾਰਤੀ ਕੋਡ ਆਮ ਤੌਰ ਤੇ ਅਪਨਾਏ ਜਾਂਦੇ ਸਨ।

ਰਿਆਸਤ ਦੀ ਕੁੱਲ ਆਮਦਨ ਲਗਭਗ 9 ਲੱਖ ਰੁਪਏ ਸੀ ਜਿਹੜੀ ਭੂਮੀ, ਅਫ਼ੀਮ, ਕਰਾਂ (ਖਿਰਾਜ),ਆਬਕਾਰੀ, ਜੰਗਲਾਂ ਅਤੇ ਟਿਕਟਾਂ ਤੋਂ ਪ੍ਰਾਪਤ ਹੁੰਦੀ ਸੀ। ਸਾਧਾਰਣ ਖ਼ਰਚਾ 7.9 ਲੱਖ ਰੁਪਏ ਸੀ ਜਿਹੜਾ ਮੁਖੀਏ ਦੇ ਅਮਲੇ, ਲਗਾਨ ਇਕੱਤਰ ਕਰਨ, ਪੁਲਿਸ, ਆਮ ਪ੍ਰਸ਼ਾਸ਼ਨ, ਜੰਗਲਾਂ, ਦਵਾਈਆਂ ਅਤੇ ਸਿੱਖਿਆ ਉੱਤੇ ਖ਼ਰਚਿਆ ਜਾਂਦਾ ਸੀ।

ਧਾਰ ਦਰਬਾਰ ਦੀ ਕਦੇ ਵੀ ਚਾਂਦੀ ਦੀ ਸਿੱਕਾ-ਪ੍ਰਣਾਲੀ ਨਹੀਂ ਸੀ। ਸੰਨ 1887 ਤੱਕ ਤਾਂਬੇ ਦੇ ਸਿੱਕੇ ਘੜੇ ਜਾਂਦੇ ਰਹੇ ਸਨ ਪਰੰਤੂ ਉਸੇ ਸਾਲ ਬਰਤਾਨਵੀ ਕਰੰਸੀ ਇਸ ਦੇ ਸਥਾਨ ਤੇ ਰੱਖੀ ਗਈ। 'ਧਾਰ ਰਿਆਸਤ' ਸ਼ਬਦਾਂ ਵਾਲਾ ਵਿਸ਼ੇਸ਼ ਸਿੱਕਾ ਕਲਕੱਤਾ ਟਕਸਾਲ ਵਿਚ ਘੜਿਆ ਗਿਆ।

ਸਥਾਈ ਅਤੇ ਅਸਥਾਈ ਛੋਟੀ ਫ਼ੌਜ ਰੱਖੀ ਹੋਈ ਸੀ। ਸਥਾਈ ਵਿਚ ਗਾਰਡ ਅਤੇ ਪਹਿਰੇਦਾਰ, ਪੈਦਲ, ਘੋੜ ਸਵਾਰ ਅਤੇ ਤੋਪਚੀ ਸਨ ਅਤੇ ਅਸਥਾਈ ਫ਼ੌਜ ਪੁਲਿਸ ਦੇ ਕੰਮ ਵਿਚ ਸਹਾਇਤਾ ਕਰਦੀ ਸੀ। 317 ਵਿਅਕਤੀਆਂ ਦੀ ਸਥਾਈ ਪੁਲਿਸ ਰਖੀ ਹੋਈ ਸੀ ਅਤੇ ਪਿੰਡਾਂ ਦੀ ਰੱਖਿਆ ਅਤੇ ਨਿਗਰਾਨੀ ਲਈ ਪੇਂਡੂ ਪੁਲਿਸ (ਚੌਕੀਦਾਰ) ਸਹਾਇਤਾ ਕਰਦੀ ਸੀ। ਸੰਨ 1850 ਵਿਚ ਇਥੇ ਪਹਿਲਾ ਸਕੂਲ ਲੜਕਿਆਂ ਲਈ ਅਤੇ 1864 ਵਿਚ ਲੜਕੀਆਂ ਲਈ ਖੋਲ੍ਹਿਆ ਗਿਆ। ਸੰਨ 1872 ਵਿਚ ਇਕ ਸਥਾਈ ਵਿਦਿਅਕ ਵਿਭਾਗ ਸਥਾਪਤ ਕੀਤਾ ਗਿਆ। ਕੈਨੇਡੀਅਨ ਪ੍ਰੈਸਬਾਈਟੇਰੀਅਨ ਮਿਸ਼ਨ ਨਾਲ ਸਬੰਧਤ ਲੜਕੀਆਂ ਦਾ ਸਕੂਲ 1898 ਵਿਚ ਖੋਲ੍ਹਿਆ ਗਿਆ। ਇਥੇ ਪ੍ਰਾਈਵੇਟ ਅਤੇ ਸਰਕਾਰੀ ਪ੍ਰਿੰਟਿੰਗ ਪ੍ਰੈਸਾਂ ਸਨ। ਜਿਹੜੀਆਂ ਰਪੋਟਾਂ, ਕੁਝ ਕਿਤਾਬਾਂ ਅਤੇ ਇਕ ਸਰਕਾਰੀ ਅੰਕ 'ਧਾਰ ਗੱਜ਼ਟ ਛਾਪਦੀਆਂ ਸਨ। 13 ਹਸਪਤਾਲ ਅਤੇ ਡਿਸਪੈਂਸਰੀਆਂ ਵਾਲੀਆਂ ਡਾਕਟਰੀ ਸੰਸਥਾਵਾਂ ਪਹਿਲੀ ਵਾਰ 1854 ਵਿਚ ਖੋਲ੍ਹੀਆਂ ਗਈਆਂ।

21°55' ਅਤੇ 25°23' ਉ. ਵਿਥ.; 74°41' ਅਤੇ 76° 33' ਪੂ. ਲੰਬ.

ਹ. ਪੁ.- ਇੰਪ. ਗ. ਇੰਡ. 11:287

ਧਾਰ : ਜ਼ਿਲ੍ਹਾ—ਇਹ ਭਾਰਤ ਦੇ ਮੱਧ ਪ੍ਰਦੇਸ਼ ਰਾਜ ਦਾ ਇਕ ਜ਼ਿਲ੍ਹਾ ਹੈ। ਇਸ ਦੇ ਉੱਤਰ ਵੱਲ ਰਤਲਾਮ ਅਤੇ ਉਜੈਨ ਜ਼ਿਲ੍ਹੇ, ਦੱਖਣ ਵੱਲ ਪੱਛਮੀ ਨਿਮਾਰ ਜ਼ਿਲ੍ਹਾ, ਪੂਰਬ ਵਲ ਇੰਦੌਰ ਅਤੇ ਪੱਛਮ ਵੱਲ ਝਬੂਆ ਜ਼ਿਲ੍ਹਾ ਲਗਦਾ ਹੈ। ਇਸ ਦਾ ਕੁੱਲ ਰਕਬਾ 8, 149 ਵ. ਕਿ. ਮੀ. ਅਤੇ ਆਬਾਦੀ 13, 67, 412 (1991) ਹੈ। ਇਹ ਜ਼ਿਲ੍ਹਾ ਧਾਰ, ਗਵਾਲੀਅਰ, ਇੰਦੌਰ ਨਾਂ ਦੀਆਂ ਸਾਬਕਾ ਸ਼ਾਹੀ ਰਿਆਸਤਾਂ ਦੇ ਹਿੱਸਿਆਂ ਵਿਚੋਂ ਬਣਾਇਆ ਗਿਆ ਹੈ। ਇਸ ਨੇ ਵਿਧੀਆ ਪਰਬਤ ਲੜੀਆਂ ਦੁਆਰਾ ਵੱਖ ਕੀਤੀ ਮਾਲਵਾ ਪਠਾਰ ਅਤੇ ਨਿਮਾਰ ਖੇਤਰ ਦਾ ਹਿੱਸਾ ਮੱਲਿਆ ਹੋਇਆ ਹੈ। ਇਸੇ ਹੀ ਨਾਂ ਦਾ ਸ਼ਹਿਰ ਇਥੋਂ ਦਾ ਪ੍ਰਸ਼ਾਸ਼ਕੀ ਸਦਰ ਮੁਕਾਮ ਹੈ।

ਚਰੀ, ਮੱਕੀ, ਦਾਲਾਂ ਅਤੇ ਕਪਾਹ ਇਥੋਂ ਦੀਆਂ ਮੁੱਖ ਫ਼ਸਲਾਂ ਹਨ। ਮਾਹੀ, ਨਰਮਦਾ ਅਤੇ ਚੰਬਲ ਦਰਿਆ ਇਥੋਂ ਦੀਆਂ ਮੁੱਖ ਫਸਲਾਂ ਨੂੰ ਸਿੰਚਾਈ ਦੀਆਂ ਸਹੂਲਤਾਂ ਮੁਹੱਈਆ ਕਰਦੇ ਹਨ। ਇਥੇ ਬੇਲਣ ਅਤੇ ਹੱਥਾਂ ਨਾਲ ਬੁਣਨ ਦੇ ਕਾਰਖ਼ਾਨੇ ਸਥਾਪਿਤ ਹਨ।

ਹ. ਪੁ.- ਐਨ. ਬ੍ਰਿ. ਮਾ. 4 : 56

ਧਾਰ : ਸ਼ਹਿਰ—ਭਾਰਤ ਦੇ ਮੱਧ ਪ੍ਰਦੇਸ਼ ਰਾਜ ਦੀ ਇੰਦੌਰ ਡਵੀਜ਼ਨ ਦੇ ਇਸੇ ਹੀ ਨਾਂ ਦੇ ਜ਼ਿਲ੍ਹੇ ਦਾ ਸਦਰ ਮੁਕਾਮ ਹੈ ਜੋ ਇੰਦੌਰ ਤੋਂ 58 ਕਿ. ਮੀ. (36 ਮੀਲ) ਪੱਛਮ-ਦੱਖਣ-ਪੱਛਮ ਵਲ ਸਥਿਤ ਹੈ।

9ਵੀਂ ਸਦੀ ਤੋਂ ਲੈ ਕੇ 14 ਵੀਂ ਸਦੀ ਤਕ ਇਹ ਸ਼ਹਿਰ ਪਰਮਾਰ ਰਾਜਪੂਤਾਂ ਦੀ ਰਾਜਧਾਨੀ ਸ਼ਹਿਰ ਰਿਹਾ। ਰਾਜਾ ਭੋਜ ਦੇ ਰਾਜ-ਕਾਲ (1018-60) ਦੌਰਾਨ ਇਹ ਵਿਦਿਆ ਦਾ ਵੀ ਇਕ ਪ੍ਰਸਿੱਧ ਕੇਂਦਰ ਸੀ। 14 ਵੀਂ ਸਦੀ ਵਿਚ ਇਹ ਮੁਸਲਮਾਨਾਂ ਦੇ ਅਧਿਕਾਰ ਹੇਠ ਆ ਗਿਆ। ਸੰਨ 1730 ਵਿਚ ਮਰੱਹਟਿਆਂ ਨੇ ਇਸ ਉੱਤੇ ਕਬਜ਼ਾ ਕੀਤਾ। ਇਸ ਉਪਰੰਤ ਇਹ ਇਸੇ ਹੀ ਨਾਂ ਦੀ ਸ਼ਾਹੀ ਰਿਆਸਤ ਦਾ

ਰਾਜਧਾਨੀ ਸ਼ਹਿਰ ਰਿਹਾ। ਭਾਰਤ ਦੇ ਰਾਜਾਂ ਦੇ ਪੁਨਰ ਗਠਨ ਵੇਲੇ ਇਹ ਮੱਧ ਪ੍ਰਦੇਸ਼ ਰਾਜ ਦਾ ਹਿੱਸਾ ਬਣ ਗਿਆ।

ਜ਼ਿਲ੍ਹੇ ਦਾ ਮੁੱਖ ਨਗਰ ਹੋਣ ਕਾਰਨ ਇਥੇ ਜ਼ਿਲ੍ਹੇ ਦੀਆਂ ਅਦਾਲਤਾਂ ਅਤੇ ਸਰਕਾਰੀ ਦਫ਼ਤਰ ਹਨ। ਜ਼ਿਲ੍ਹੇ ਦਾ ਸਦਰ ਮੁਕਾਮ ਹੋਣ ਤੋਂ ਇਲਾਵਾ ਇਹ ਇਕ ਪ੍ਰਮੁੱਖ ਜ਼ਰਾਇਤੀ ਵਿਤਰਣ ਕੇਂਦਰ ਵੀ ਹੈ। ਇਹ ਸੜਕ ਰਾਹੀਂ ਇੰਦੌਰ ਨਾਲ ਜੁੜਿਆ ਹੋਇਆ ਹੈ। ਇਥੇ ਰੂੰ ਪਿੰਜਣ ਅਤੇ ਸੂਤੀ ਕੱਪੜਿਆਂ ਦੇ ਉਦਯੋਗ ਹਨ।

ਇਸ ਸ਼ਹਿਰ ਵਿਚ ਹਿੰਦੂਆਂ ਅਤੇ ਮੁਸਲਮਾਨਾਂ ਦੇ ਪ੍ਰਾਚੀਨ ਸਮੇਂ ਦੇ ਕਈ ਸਮਾਰਕ ਹਨ। ਰਾਜਾ ਭੋਜ ਨੇ ਇਥੇ ਇਕ ਸੰਸਕ੍ਰਿਤ ਕਾਲਜ ਦੀ ਸਥਾਪਨਾ ਵੀ ਕੀਤੀ ਸੀ ਜਿਸ ਨੂੰ, 14 ਵੀਂ ਸਦੀ ਵਿਚ ਇਕ ਮਸਜਿਦ ਵਿਚ ਤਬਦੀਲ ਕਰ ਦਿੱਤਾ ਗਿਆ। ਇਥੋਂ ਦੀ ਲਾਟ-ਮਸਜਿਦ ਜੈਨ ਮੰਦਰ ਦੇ ਖੰਡਰਾਤ ਤੋਂ ਬਣੀ ਹੈ। ਇਥੋਂ ਦੇ ਪ੍ਰਸਿੱਧ ਇਤਿਹਾਸਕ ਸਮਾਰਕ, ਮਸਜਿਦਾਂ, ਮਕਬਰੇ ਅਤੇ ਕਿਲੇ ਦੇਖਣ ਯੋਗ ਹਨ।

ਇਥੇ ਇਕ ਲਾਇਬ੍ਰੇਰੀ, ਹਸਪਤਾਲ, ਸੰਗੀਤ ਅਕਾਦਮੀ, ਵਿਕਰਮ ਯੂਨੀਵਰਸਿਟੀ ਨਾਲ ਸਬੰਧਤ ਇਕ ਕਾਲਜ ਵੀ ਹੈ।

ਆਬਾਦੀ—59, 246 (1991)

22°36′ ਉ. ਵਿਥ.; 75° 19′ ਪੂ. ਲੰਬ.

ਹ. ਪੁ. -ਇੰਪ. ਗ. ਇੰਡ. 11 : 293 ; ਹਿੰ. ਵਿ.ਕੋ. 6 : 187; ਐਨ. ਅਮੇ. 9 : 50 ; ਐਨ. ਬ੍ਰਿ. ਮਾ. 3 : 510 ; ਵੈ. ਜਗ. ਡਿ.:331

ਧਾਰਮਿਕ ਜਾਗ੍ਰਿਤੀ (Revivalism) : ਕਿਸੇ ਈਸਾਈ ਸਮੂਹ, ਚਰਚ ਜਾਂ ਸੰਘ ਅੰਦਰ ਮੁੜ ਤੋਂ ਕੋਈ ਧਾਰਮਿਕ ਲਗਨ ਪੈਦਾ ਹੋਣਾ ਧਾਰਮਿਕ ਜਾਗ੍ਰਿਤੀ ਅਖਵਾਉਂਦਾ ਹੈ। ਆਧੁਨਿਕ ਰੂਪ ਵਿਚ ਜਾਗ੍ਰਿਤੀ ਦਾ ਸਬੰਧ 16ਵੀਂ, 17ਵੀਂ ਅਤੇ 18ਵੀਂ ਸਦੀ ਵਿਚ ਪੁਨਰਬਪਤਿਸਮਾਵਾਦ, ਪਿਊਰਿਟਨਵਾਦ, ਜਰਮਨ ਭਗਤੀਵਾਦ ਅਤੇ ਮੈਥੋਡਿਸਟ ਆਦਿ ਸੰਪ੍ਰਦਾਵਾਂ ਵਲੋਂ ਪ੍ਰਚੱਲਤ ਰੂੜ੍ਹੀਵਾਦੀ ਧਰਮ ਪ੍ਰਥਾਵਾਂ ਦੇ ਵਿਰੁੱਧ ਨਿਜੀ ਅਨੁਭਵਾਂ ਅਤੇ ਉੱਚੇ ਸੁੱਚੇ ਜੀਵਨ ਨੂੰ ਵਧੇਰੇ ਮਹੱਤਵ ਦੇਣ ਨਾਲ ਹੈ।

ਧਾਰਮਿਕ ਜਾਗ੍ਰਿਤੀ ਪਰੰਪਰਾ ਵਿਚ ਯੋਗਦਾਨ ਦੇਣ ਵਾਲੇ ਸਮੂਹਾਂ ਵਿਚੋ ਪੁਨਰਬਪਤਿਸਮਾਵਾਦੀਆਂ ਨੂੰ ਬੁਰੀ ਤਰ੍ਹਾਂ ਸਤਾਇਆ ਗਿਆ ਅਤੇ 16ਵੀਂ ਸਦੀ ਦੀ ਸੁਧਾਰ ਲਹਿਰ ਤਕ ਉਨ੍ਹਾਂ ਵਿਚੋਂ ਬਹੁਤ ਥੋੜ੍ਹੇ ਲੋਕ ਹੀ ਬਚੇ ਪਰ ਇੰਗਲੈਂਡ ਵਿਖੇ ਰਹਿੰਦੇ ਹੋਏ ਪਿਊਰਿਟਨਵਾਦੀਆਂ ਨੇ 17ਵੀਂ ਸਦੀ ਵਿਚ ਇੰਗਲੈਂਡ ਦੇ ਧਰਮ ਦੇ ਸੰਸਕਾਰਵਾਦ ਅਤੇ ਕਰਮਕਾਂਡਵਾਦ ਦਾ ਸਖ਼ਤ ਵਿਰੋਧ ਕੀਤਾ। ਉਨ੍ਹਾਂ ਵਿਚੋਂ ਕਈਆਂ ਨੇ ਅਮਰੀਕਾ ਜਾ ਕੇ ਵੀ ਅਨੁਭਵਾਤਮਕ ਧਰਮ ਅਤੇ ਧਰਮੀ ਜੀਵਨ ਕਾਇਮ ਰੱਖਿਆ। 17ਵੀਂ ਸਦੀ ਦੇ ਅਖ਼ੀਰ ਦੇ ਆਸ-ਪਾਸ ਪਿਊਰਿਟਨ ਜੋਸ਼ ਮੱਠਾ ਪੈ ਗਿਆ ਪਰ ਜੋਨਾਥਨ ਐਡਵਰਡ ਆਦਿ ਦੀ ਅਗਵਾਈ ਅਧੀਨ ਉੱਤਰੀ ਅਮਰੀਕਾ ਦੀਆਂ ਬਸਤੀਆਂ ਵਿਚ 'ਗ੍ਰੇਟ ਅਵੇਕਨਿੰਗ' ਨਾਮੀ ਪਹਿਲੀ ਵੱਡੀ ਧਾਰਮਿਕ ਜਾਗ੍ਰਿਤੀ ਨੇ ਧਰਮ ਨੂੰ ਮੁੜ ਸੁਰਜੀਤ ਕਰ ਦਿੱਤਾ। ਇਹ 'ਗ੍ਰੇਟ ਅਵੇਕਨਿੰਗ' ਉਸ ਵੱਡੀ ਧਾਰਮਿਕ ਜਾਗ੍ਰਿਤੀ ਦਾ ਹੀ ਇਕ ਭਾਗ ਸੀ ਜਿਸ ਦਾ ਯੂਰਪ ਅਤੇ ਬਰਤਾਨੀਆਂ ਵਿਚ ਬਹੁਤ ਪ੍ਰਭਾਵ ਪਿਆ। ਜਰਮਨੀ ਅਤੇ ਸਕੈਂਡੇਨੇਵੀਆ ਵਿਚ ਲੂਥਰ ਦਾ ਧਰਮ ਸਿਧਾਂਤ ਪਾਇਅਟਿਜ਼ਮ (Pietism) ਲਹਿਰ ਦੇ ਨਾਂ ਨਾਲ ਮੁੜ ਤੋਂ ਸ਼ਕਤੀਸ਼ਾਲੀ ਬਣਿਆ ਅਤੇ ਜਾਨ ਵੈਸਲੀ ਆਦਿ ਵੱਲੋਂ ਬਰਤਾਨੀਆ ਵਿਚ ਧਾਰਮਿਕ ਜਾਗ੍ਰਿਤੀ ਦੀ ਅਗਵਾਈ ਕਰਨ ਦੇ ਸਿੱਟੇ ਵਜੋਂ ਮੈਥੋਡਿਸਟ ਮੱਤ ਹੋਂਦ ਵਿਚ ਆਇਆ।

18 ਵੀਂ ਸਦੀ ਦੇ ਅਖ਼ੀਰ ਤੇ ਸੰਯੁਕਤ ਰਾਜ ਅਮਰੀਕਾ ਵਿਚ ਦੂਜੀ ਵੱਡੀ ਧਾਰਮਿਕ ਜਾਗ੍ਰਿਤੀ ਪੈਦਾ ਹੋਈ। ਇਸ ਜਾਗ੍ਰਿਤੀ ਦੌਰਾਨ ਸਾਰੇ ਦੇਸ਼ ਦੇ ਛੋਟੇ ਵੱਡੇ ਸ਼ਹਿਰਾਂ ਵਿਚ ਇਕੱਠ ਹੋਏ ਅਤੇ ਖੁਲ੍ਹੀ ਧਾਰਮਿਕ ਸਭਾ ਨਾਮੀ ਮੁੱਢਲੀਆਂ ਸੰਸਥਾਵਾਂ ਸ਼ੁਰੂ ਹੋਈਆਂ। ਦੂਜੀ ਵੱਡੀ ਧਾਰਮਿਕ ਜਾਗ੍ਰਿਤੀ ਨਾਲ ਚਰਚ ਦੇ ਮੈਂਬਰਾਂ ਵਿਚ ਵਾਧਾ ਹੋਇਆ, ਪਾਦਰੀ-ਮੰਡਲ ਦੇ ਪ੍ਰਮੁੱਖ ਕੰਮ ਵਿਚ ਲਗਨ ਪੈਦਾ ਹੋਈ ਅਤੇ ਕਈ ਇਖ਼ਲਾਕੀ ਅਤੇ ਪਰਉਪਕਾਰੀ ਸੁਧਾਰਾਂ ਵਿਚ ਤੇਜ਼ੀ ਆਈ।

ਸੰਨ 1835 ਤੋਂ ਬਾਅਦ ਕਈ ਪੇਸ਼ਾਵਰ ਧਾਰਮਿਕ ਜਾਗ੍ਰਿਤੀ ਮਾਹਰ ਅਮਰੀਕਾ ਅਤੇ ਬਰਤਾਨੀਆ ਦੇ ਸ਼ਹਿਰਾਂ ਵਿਚ ਗਏ ਅਤੇ ਉਥੋਂ ਦੇ ਸਥਾਨਕ ਪਾਦਰੀਆਂ ਜੋ ਆਪਣੇ ਗਿਰਜਿਆਂ ਨੂੰ ਨਵੀਂ ਸ਼ਕਤੀ ਪ੍ਰਦਾਨ ਕਰਨਾ ਚਾਹੁੰਦੇ ਸਨ, ਦੇ ਬੁਲਾਵੇ ਤੇ ਧਾਰਮਿਕ ਇਕੱਠ ਕੀਤੇ। ਸੰਨ 1857-58 ਵਿਚ ਸੰਯੁਕਤ ਰਾਜ ਦੇ ਕਈ ਸ਼ਹਿਰਾਂ ਵਿਚ 'ਪ੍ਰਾਰਥਨਾ ਇੱਕਠਾਂ' ਵਿਚ ਧਾਰਮਿਕ ਜਾਗ੍ਰਿਤੀ ਦਾ ਪ੍ਰਸਾਰ ਹੋਇਆ। ਇਸ ਦੇ ਅਸਰ ਕਰ ਕੇ 1859-61 ਈ. ਵਿਚ ਅਸਿੱਧੇ ਤੌਰ ਤੇ ਉੱਤਰੀ ਆਇਲੈਂਡ ਅਤੇ ਇੰਗਲੈਂਡ ਵਿਚ ਵੀ ਧਾਰਮਿਕ ਜਾਗ੍ਰਿਤੀ ਦੀ ਲਹਿਰ ਸ਼ੁਰੂ ਹੋਈ।

20ਵੀਂ ਸਦੀ ਦੇ ਪਹਿਲੇ ਅੱਧ ਵਿਚ ਪੜ੍ਹੇ ਲਿਖੇ ਈਸਾਈਆਂ ਦੀ ਪ੍ਰੋਟੈਸਟੇਂਟ ਸੰਪ੍ਰਦਾਇ ਵਿਚ ਅਧੁਨਿਕਤਾਵਾਦ ਦੇ ਵਿਰੁੱਧ ਪੁਰਜ਼ੋਰ ਮੁਹਿੰਮ ਨਾਲ ਸਬੰਧ ਹੋਣ ਕਾਰਨ ਉਨ੍ਹਾਂ ਦਾ ਧਿਆਨ ਧਾਰਮਿਕ ਜਾਗ੍ਰਿਤੀ ਤੋਂ ਹੱਟ ਕੇ ਸਮਾਜ ਸੁਧਾਰ ਵੱਲ ਲਗ ਗਿਆ ਪਰ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਬਿੱਲੀ ਗਰਾਹਮ ਵਰਗੇ ਧਰਮ ਪ੍ਰਚਾਰਕਾਂ ਨੇ ਇਕ ਵਾਰੀ ਫਿਰ ਧਾਰਮਿਕ ਜਾਗ੍ਰਿਤੀ ਤੇ ਬਹੁਤ ਜ਼ੋਰ ਦਿੱਤਾ।

ਹ.ਪੁ.-ਐਨ. ਬ੍ਰਿ. ਮਾ. 8 : 540 ; ਐਨ. ਬ੍ਰਿ. 19 : 247.

ਧਾਰਵਾੜ : ਜ਼ਿਲ੍ਹਾ—ਭਾਰਤ ਦੇ ਉੱਤਰ-ਪੱਛਮੀ ਕਰ-ਨਾਟਕ ਰਾਜ ਦਾ ਇਹ ਇਕ ਜ਼ਿਲ੍ਹਾ ਹੈ ਜੋ ਦੱਖਣੀ ਪਠਾਰ ਦੇ ਪੱਛਮੀ ਸਿਰੇ ਉੱਤੇ ਸਥਿਤ ਹੈ। ਇਸ ਦੇ ਉੱਤਰ ਵੱਲ ਬੀਜਾਪੁਰ, ਉੱਤਰ ਪੱਛਮ ਵੱਲ ਬੇਲਗਾਮ, ਪੱਛਮ ਵੱਲ ਉੱਤਰ ਕੰਨੜ, ਦੱਖਣ ਵੱਲ ਸ਼ਿਮੋਗਾ ਅਤੇ ਦੱਖਣ-ਪੂਰਬ ਵੱਲ ਚਿਤ੍ਰਦੁਰਗ ਅਤੇ ਪੂਰਬ ਵੱਲ ਰਾਏਚੂਰ ਅਤੇ ਬੈਲਾਰੀ ਜ਼ਿਲ੍ਹੇ ਲਗਦੇ ਹਨ।

ਇਸ ਦਾ ਕੁੱਲ ਖੇਤਰਫਲ 13, 749 ਵ. ਕਿ. ਮੀ. (5, 309 ਵ. ਮੀ.) ਅਤੇ ਆਬਾਦੀ 35,03,150 (1991) ਹੈ। ਇਸ ਦੀ ਸਭ ਤੋਂ ਵਧੇਰੇ ਲੰਬਾਈ ਉੱਤਰ ਤੋ ਦੱਖਣ ਵੱਲ 185.6 ਕਿ. ਮੀ. (116 ਮੀਲ) ਅਤੇ ਸਭ ਤੋਂ ਵਧੇਰੇ ਚੌੜਾਈ 123.2 ਕਿ. ਮੀ. (77 ਮੀਲ) ਹੈ। ਹੁੱਬਲੀ-ਧਾਰਵਾੜ ਨਾਂ ਦਾ ਸ਼ਹਿਰ ਇਸ ਦਾ ਸਦਰ ਮੁਕਾਮ ਹੈ।

ਇਸ ਜ਼ਿਲ੍ਹੇ ਦੀਆਂ ਸੱਤ ਪ੍ਰਮੁੱਖ ਨਦੀਆਂ ਹਨ ਜਿਨ੍ਹਾਂ ਵਿਚੋਂ ਛੇ ਨਦੀਆਂ-ਮਾਲਪ੍ਰਭਾ, ਤੁੰਗਭਦਰਾ, ਬੈਨੀਹਾਲ, ਵਾਰਧਾ, ਧਰਮਾ ਅਤੇ ਕੁਮੁਦਵਤੀ ਪੂਰਬ ਵੱਲ ਨੂੰ ਵਹਿੰਦੀਆਂ ਹੋਈਆਂ ਬੰਗਾਲ ਦੀ ਖਾੜੀ ਵਿਚ ਜਾ ਡਿਗਦੀਆਂ ਹਨ ਜਦੋਂ ਕਿ ਸੱਤਵੀਂ ਨਦੀ, ਗੰਗਾਵਲੀ ਪੱਛਮੀ ਘਾਟ ਵਿਚੋਂ ਦੀ ਵਹਿੰਦੀ ਹੋਈ ਅਰਬ ਸਾਗਰ ਵਿਚ ਜਾ ਡਿਗਦੀ ਹੈ। ਗੰਗਾਵਲੀ ਅਤੇ ਮਾਲਪ੍ਰਭਾ ਨਦੀਆਂ ਰਾਹੀਂ ਇਸ ਦੀ ਜਲ-ਨਿਕਾਸੀ ਕੀਤੀ ਜਾਂਦੀ ਹੈ। ਇਹ ਨਦੀਆਂ ਜਹਾਜ਼ਰਾਨੀ ਯੋਗ ਨਹੀਂ ਹਨ।

ਜ਼ਿਲ੍ਹੇ ਵਿਚ ਵਿਗਿਆਨਕ ਅਤੇ ਆਰਥਕ ਮਹੱਤਵ ਦੀਆਂ ਵੀ ਕੁਝ ਚਟਾਨਾਂ ਹਨ। ਜ਼ਿਲ੍ਹੇ ਦੇ ਉੱਤਰ-ਪੂਰਬੀ ਹਿੱਸੇ ਵਿਚ ਰੇਤ-ਪੱਥਰ, ਪੱਛਮ ਵਿਚ ਲੈਟੇਰਾਈਟ ਅਤੇ ਬਾਕੀ ਹਿੱਸੇ ਵਿਚ ਨਾਇਸੀ ਅਤੇ ਕ੍ਰਿਸਟਲੀ ਸ਼ਿਸਟਾਂ ਹਨ। ਇਥੋਂ ਦੇ ਕਪਾਟ ਪਰਬਤਾਂ ਵਿਚ ਸੋਨਾ

ਮਿਲਦਾ ਹੈ। ਇਥੇ ਸਾਗਵਾਨ ਤੋਂ ਇਲਾਵਾ ਕਈ ਤਰ੍ਹਾਂ ਦੇ ਬਾਂਸ ਦੇ ਦਰਖ਼ਤ ਵੀ ਹਨ। ਅੰਜ਼ੀਰ, ਕੇਲਾ, ਅੰਬ, ਨਿੰਬੂ, ਕਾਜੂ, ਅਮਰੂਦ, ਨਾਰੀਅਲ, ਸਵੀਟ-ਸਾਪ (Sweet-Sop) ਅਤੇ ਸੀਤਾਫਲ ਇਥੇ ਪੈਦਾ ਹੋਣ ਵਾਲੇ ਮੁੱਖ ਫਲ ਹਨ।

ਇਹ ਜ਼ਿਲ੍ਹਾ ਦੱਖਣ ਦੇ ਕਈ ਰਾਜ ਵੰਸ਼ਾਂ ਅਧੀਨ ਰਿਹਾ। ਇਸ ਦੇ ਚਾਲੂਕਿਆਂ ਵੰਸ਼ ਦੇ ਅਧਿਕਾਰ ਅਧੀਨ ਹੋਣ ਵਾਲੇ ਬਹੁਤ ਪ੍ਰਮਾਣ ਮਿਲਦੇ ਹਨ। 14 ਵੀਂ ਸਦੀ ਵਿਚ ਇਸ ਉੱਤੇ ਮੁਸਲਮਾਨਾਂ ਦਾ ਅਧਿਕਾਰ ਹੋ ਗਿਆ ਅਤੇ ਇਸ ਉਪਰੰਤ ਵਿਜੈ ਨਗਰ ਦੇ ਨਵੇਂ ਬਣੇ ਹਿੰਦੂ ਰਾਜੇ ਨੇ ਇਸ ਉੱਤੇ ਕਬਜ਼ਾ ਕਰ ਲਿਆ। ਸੰਨ 1533 ਵਿਚ ਤਾਲੀਕੋਟਾ ਦੀ ਲੜਾਈ ਅਤੇ ਬੀਜਾਪੁਰ ਦੇ ਸੁਲਤਾਨ ਦੇ ਅਧਿਕਾਰ ਵਿਚ ਆਉਣ ਤੋਂ ਪਹਿਲਾਂ ਇਹ ਸੁਤੰਤਰ ਰਿਹਾ। ਪੇਸ਼ਵਾ, ਹੈਦਰ ਅਲੀ ਅਤੇ ਮਰਹੱਟਿਆਂ ਅਧੀਨ ਰਹਿਣ ਉਪਰੰਤ 1817 ਈ. ਵਿਚ ਇਹ ਈਸਟ ਇੰਡੀਆ ਕੰਪਨੀ ਦੇ ਅਧਿਕਾਰ ਹੇਠ ਆ ਗਿਆ।

ਹੁਬਲੀ-ਧਾਰਵਾੜ, ਗੰਡਰਾ, ਰਾਣੀਬੇਨੂਰ, ਨਾਰਗੰਦ, ਨਵ-ਲਮੁੰਚ ਅਤੇ ਬੇਨਕਾਪੁਰ ਇਥੋਂ ਦੇ ਪ੍ਰਮੁੱਖ ਨਗਰ ਹਨ। ਕਪਾਹ ਇਥੋਂ ਦੀ ਮੁੱਖ ਉਪਜ ਹੈ। ਇਸ ਤੋਂ ਇਲਾਵਾ ਝੋਨਾ, ਤਿਲ, ਜਵਾਰ, ਬਾਜਰਾਂ ਅਤੇ ਦਾਲਾਂ ਦੀ ਖੇਤੀ ਕੀਤੀ ਜਾਂਦੀ ਹੈ। ਹੁੱਬਲੀ-ਧਾਰਵਾੜ ਅਤੇ ਗੰਡਰਾ ਇਥੋਂ ਦੇ ਪ੍ਰਮੁੱਖ ਵਪਾਰਕ ਕੇਂਦਰ ਹਨ। ਹੁਬਲੀ ਧਾਰਵਾੜ ਵਿਚ ਸੂਤੀ ਕੱਪੜੇ ਦੇ ਕਾਰਖਾਨੇ ਹਨ। ਇਥੇ ਬੁਣਾਈ ਅਤੇ ਕਤਾਈ ਦੇ ਛੋਟੇ-ਛੋਟੇ ਉਦਯੋਗ ਵੀ ਹਨ। ਰਾਣੀ ਬੇਨੂਰ ਅਤੇ ਗੰਡਰਾ ਇਥੋਂ ਦੀਆਂ ਵਪਾਰਕ ਮੰਡੀਆਂ ਹਨ।

ਹ. ਪੁ. — ਇੰਪ. ਗ. ਇੰਡ. 11 : 302; ਹਿੰ. ਵਿ. ਕੋ. 6 : 187; ਐਨ. ਬ੍ਰਿ. ਮਾ. 4 :57, ਐਨ. ਬ੍ਰਿ. 7 : 344

ਧਾਰਾਪੁਰਮ : ਭਾਰਤ ਦੇ ਤਾਮਿਲਨਾਡੂ ਰਾਜ ਦੇ ਪਰਿਆਰ ਜ਼ਿਲ੍ਹੇ ਦਾ ਇਹ ਇਕ ਸ਼ਹਿਰ ਹੈ ਜਿਹੜਾ ਤਿਰੁਪੁਰ ਰੇਲਵੇ ਸਟੇਸ਼ਨ ਦੇ ਦੱਖਣ ਵਿਚ 48. ਕਿ. ਮੀ. (30 ਮੀਲ) ਦੇ ਫਾਸਲੇ ਤੇ ਅਮਰਾਵਤੀ ਦਰਿਆ ਦੇ ਕੰਢਿਆਂ ਉੱਤੇ ਵਾਕਿਆ ਹੈ। ਪ੍ਰਾਚੀਨ ਕਾਲ ਤੋਂ ਹੀ ਇਹ ਸ਼ਹਿਰ ਇਤਿਹਾਸਕ ਪੱਖੋਂ ਕਾਫ਼ੀ ਮੱਹਤਵਪੂਰਨ ਮੰਨਿਆ ਗਿਆ ਹੈ।

17ਵੀਂ ਸਦੀ ਵਿਚ ਮਦੁਰਾ ਜੀਸਸੀ ਮਿਸ਼ਨ ਨੇ ਇਥੇ ਆਪਣੀ ਇਕ ਸੰਸਥਾ ਕਾਇਮ ਕੀਤੀ। ਸੰਨ 1667 ਵਿਚ ਮੈਸੂਰ ਰਾਜ ਨੇ ਇਸ ਨੂੰ ਆਪਣੇ ਅਧੀਨ ਕਰ ਲਿਆ। ਹੈਦਰ ਅਲੀ ਅਤੇ ਟੀਪੂ ਸੁਲਤਾਨ ਦੀਆਂ ਮੁਹਿੰਮਾਂ ਦੌਰਾਨ ਇਹ ਯੁੱਧ-ਨੀਤੀ ਪੱਖੋਂ ਬਹੁਤ ਮਹੱਤਵਪੂਰਨ ਸਥਾਨ ਸੀ। ਸੰਨ 1768 ਵਿਚ ਕਰਨਲ ਵੁੱਡ ਨੇ ਇਸ ਨੂੰ ਆਪਣੇ ਅਧੀਨ ਕਰ ਲਿਆ ਪਰ ਇਸੇ ਸਾਲ ਹੀ ਕੁਝ ਚਿਰ ਬਾਅਦ ਹੈਦਰ ਅਲੀ ਨੇ ਇਸ ਨੂੰ ਮੁੜ ਆਪਣੇ ਕਬਜ਼ੇ ਵਿਚ ਲੈ ਲਿਆ। ਸੰਨ 1783 ਵਿਚ ਅੰਗਰੇਜ਼ਾਂ ਨੇ ਆਪਣੇ ਅਧੀਨ ਕਰ ਲਿਆ ਪਰ ਮੰਗਲੌਰ ਦੀ ਸੰਧੀ ਅਧੀਨ ਇਸ ਨੂੰ ਛੱਡ ਦਿੱਤਾ। ਸੰਨ 1790 ਵਿਚ ਜਰਨੈਲ ਮੀਡੋਸ ਨੇ ਇਸ ਨੂੰ ਫਿਰ ਆਪਣੇ ਅਧੀਨ ਕਰ ਲਿਆ। ਸੰਨ 1792 ਵਿਚ ਸ਼ਹਿਰ ਦਾ ਕਿਲਾ ਢਾਹ ਦਿੱਤਾ ਗਿਆ ਅਤੇ ਸਾਰੇ ਸ਼ਹਿਰ ਨੂੰ ਲਗਭਗ ਵੀਰਾਨ ਕਰ ਦਿੱਤਾ ਗਿਆ। ਸੰਨ 1799 ਵਿਚ ਜ਼ਿਲ੍ਹੇ ਦੇ ਦੱਖਣੀ ਹਿੱਸੇ ਦੇ ਪਹਿਲੇ ਕੁਲੈਕਟਰ ਹਰਦਿਸ ਦੀ ਯੋਜਨਾ ਮੁਤਾਬਕ ਸ਼ਹਿਰ ਦੀ ਪੁਨਰ-ਉਸਾਰੀ ਕੀਤੀ ਗਈ ਅਤੇ ਉਸ ਨੇ ਇਸ ਨੂੰ ਆਪਣਾ ਸਦਰ ਮੁਕਾਮ ਬਣਾਇਆ। ਇਥੇ ਇਕ ਜ਼ਿਲ੍ਹਾ ਅਦਾਲਤ ਦੀ ਸਥਾਪਨਾ ਕੀਤੀ ਗਈ ਜਿਹੜੀ 1816 ਈ. ਤਕ ਇਥੇ ਕੰਮ ਕਰਦੀ ਰਹੀ। ਇਹ ਸ਼ਹਿਰ ਚੰਗੇ ਅਤੇ ਮਜ਼ਬੂਤ ਗੱਡੇ ਬਣਾਉਣ ਲਈ ਵੀ ਕਾਫ਼ੀ ਪ੍ਰਸਿੱਧ ਹੈ।

ਆਬਾਦੀ— 48, 393 (1991)

10° 45′ ਉ. ਵਿਥ.; 77° 32′ ਪੂ. ਲੰਬ.

ਹ.ਪੁ.- ਇੰਪ. ਗ. ਇੰਡ. 11 : 298

ਧਾਰੀਵਾਲ : ਭਾਰਤ ਦੇ ਪੰਜਾਬ ਰਾਜ ਦੇ ਸਰਹੱਦੀ ਜ਼ਿਲ੍ਹੇ ਗੁਰਦਾਸਪੁਰ ਦਾ ਇਹ ਇਕ ਸ਼ਹਿਰ ਹੈ ਜੋ ਗੁਰਦਾਸਪੁਰ ਤੋਂ ਲ. 11 ਕਿ. ਮੀ. (ਲ. 7 ਮੀਲ), ਅੰਮ੍ਰਿਤਸਰ ਤੋਂ 59 ਕਿ.ਮੀ. (ਲ. 37 ਮੀਲ) ਅਤੇ ਪਠਾਨਕੋਟ ਤੋਂ 48 ਕਿ. ਮੀ. (30 ਮੀਲ) ਦੂਰ ਅੰਮ੍ਰਿਤਸਰ-ਪਠਾਨਕੋਟ ਸੜਕ ਉੱਤੇ ਸਥਿਤ ਹੈ। ਸੰਨ 1880 ਵਿਚ ਇਥੇ ਊਨੀ ਮਿੱਲ ਸਥਾਪਤ ਹੋਣ ਕਾਰਨ ਇਹ ਸ਼ਹਿਰ ਬਹੁਤ ਪ੍ਰਸਿੱਧ ਹੋਇਆ।

ਅਪਰ ਬਾਰੀ ਦੋਆਬ ਨਹਿਰ ਅਤੇ ਜਰਨੈਲੀ ਸੜਕ ਇਸ ਸ਼ਹਿਰ ਨੂੰ ਦੋ ਹਿੱਸਿਆਂ ਵਿਚਕਾਰ ਵੰਡਦੀਆਂ ਹਨ। ਇਥੇ ਇਕ ਪ੍ਰਾਇਮਰੀ ਸਕੂਲ, ਲੜਕੀਆਂ ਲਈ ਇਕ ਮਿਡਲ ਸਕੂਲ, ਲੜਕਿਆਂ ਲਈ 4 ਹਾਈ ਸਕੂਲ ਅਤੇ ਲੜਕੀਆਂ ਲਈ 2 ਹਾਈ ਸਕੂਲ, ਲੜਕੀਆਂ ਲਈ ਡਿਗਰੀ ਕਾਲਜ, ਸਾਲਵੇਸ਼ਨ ਆਰਮੀ ਮੈਕ ਰਾਬਰਟ ਹਸਪਤਾਲ, ਸਿਵਲ ਡਿਸਪੈਂਸਰੀ, ਤਾਰ-ਘਰ, ਟੈਲੀਫ਼ੂਨ ਐਕਸਚੇਂਜ ਅਤੇ ਨਹਿਰੀ ਵਿਸ਼ਰਾਮ ਘਰ ਹੈ।

ਇਥੇ ਮਿਉਂਸਪਲ ਕਮੇਟੀ ਵੀ ਹੈ। ਇਹ ਸ਼ਹਿਰ ਈਸਾਈ ਮਿਸ਼ਨ ਦੀਆਂ ਸਰਗਰਮੀਆਂ ਦਾ ਮਹੱਤਵਪੂਰਣ ਕੇਂਦਰ ਵੀ ਹੈ। ਇਸ ਤੋਂ ਇਲਾਵਾ ਝੋਨੇ ਦੀ ਵੀ ਪ੍ਰਸਿੱਧ ਮੰਡੀ ਹੈ।

ਆਬਾਦੀ- 14, 214 (1991)

31° 57′ ਉ. ਵਿਥ.; 75° 22′ ਪੂ. ਲੰਬ.

ਹ. ਪੁ. - ਇੰਪ. ਗ. ਇੰਡ. 11 : 299; ਮ. ਕੋ. ਡਾਇਰੈਕਟਰੀ ਆਫ਼ ਸਿਟੀਜ਼ ਐਂਡ ਟਾਊਨਜ਼ ਇਨ ਇੰਡੀਆ-ਓ. ਪੀ. ਸ਼ਰਮਾ; ਪੰਜਾਬ ਡਿਸਟ੍ਰਿਕਟ ਗਜ਼ਟੀਅਰ -ਗੁਰਦਾਸਪੁਰ

ਧਾਲੀਵਾਲ (ਗੋਤ) : ਇਹ ਜੱਟਾਂ ਦਾ ਇਕ ਗੋਤ ਹੈ ਜੋ ਭੱਟੀ ਰਾਜਪੂਤਾਂ ਵਿਚੋਂ ਹੈ। ਇਸ ਗੋਤ ਨੂੰ ਜੱਟਾਂ ਦਾ ਗੋਤ ਉੱਚਾ ਮੰਨਿਆ ਜਾਂਦਾ ਹੈ। ਇਨ੍ਹਾਂ ਦੇ ਮੁੱਢ ਬਾਰੇ ਕੁਝ ਨਿਸ਼ਚਿਤ ਨਹੀਂ ਹੈ। ਇਕ ਰਵਾਇਤ ਅਨੁਸਾਰ ਇਹ ਲੋਕ ਜੈਸਲਮੇਰ ਤੋਂ ਆ ਕੇ ਨਾਭਾ ਖੇਤਰ ਵਿਚ ਕਾਂਗੜ ਵਿਖੇ ਵਸੇ ਜਦ ਕਿ ਦੂਜੀ ਰਵਾਇਤ ਅਨੁਸਾਰ ਇਹ ਭਾਰਤ ਦੇ ਦੱਖਣ ਵਿਚ ਧਰਾਨਗਰੀ ਤੋਂ ਆਏ ਸਨ। ਪ੍ਰਤੱਖ ਰੂਪ ਵਿਚ ਇਹ ਲੋਕ ਭੱਟੀ ਕਬੀਲੇ ਦੀ ਇਕ ਸ਼ਾਖਾ ਹਨ। ਧੋਪੁਰ ਦਾ ਰਾਜਾ ਇਨ੍ਹਾਂ ਦੇ ਖ਼ਾਨਦਾਨ ਵਿਚੋਂ ਸੀ।

ਧਾਰੀਵਾਲ ਲੋਕਾਂ ਜਿਨ੍ਹਾਂ ਦਾ ਮੂਲ ਕਾਂਗੜ ਵਿਚੋਂ ਮੰਨਿਆ ਗਿਆ ਹੈ, ਦੇ ਵਿਆਹ ਵੇਲੇ ਲਾੜੇ ਦਾ ਪਿਤਾ ਬਰਾਤ ਦੇ ਚੱਲਣ ਤੋਂ ਪਹਿਲਾਂ ਇਹ ਕਹਿ ਕੇ ਰਸਮ ਪੂਰੀ ਕਰਦਾ ਹੈ - ਨਿਕਲੋ ਕਾਂਗੜ ਦਾ ਮਿਰਾਸੀ, ਕਾਂਗੜ ਪਹਿਲਾਂ ਮਕਾਨ ਹੈ। ਵਿਆਹ ਵੇਲੇ ਕੰਮੀਆਂ ਨੂੰ ਦਿੱਤੀਆਂ ਜਾਣ ਵਾਲੀਆਂ ਬਖਸ਼ੀਸ਼ਾਂ ਵਿਚੋਂ ਵਧੇਰੇ ਹਿੱਸਾ ਮਿਰਾਸੀਆਂ ਨੂੰ ਦਿੱਤਾ ਜਾਂਦਾ ਹੈ।

ਇਹ ਲੋਕ ਮਾਲਵੇ ਦੇ ਉੱਤਰ-ਪੱਛਮੀ ਹਿੱਸੇ ਲੁਧਿਆਣੇ, ਫ਼ਿਰੋਜ਼ਪੁਰ ਅਤੇ ਪਟਿਆਲਾ ਦੇ ਨਾਲ ਲਗਦੇ ਇਲਾਕਿਆਂ ਵਿਚ ਵਸੇ ਹੋਏ ਹਨ। ਇਨ੍ਹਾਂ ਦਾ ਮੁੱਖ ਕਿੱਤਾ ਖੇਤੀਬਾੜੀ ਹੈ।

ਹ. ਪੁ. — ਮ. ਕੋ.; ਗ. ਇੰਡ. ਪੰ. ਫ਼ੀਰੋ.; ਗ. ਇੰਡ. ਪੰ. ਲੁਧਿ.; ਗ. ਇੰਡ. ਪਟਿ.

ਧਾਲੀਵਾਲ, ਕੇਵਲ : ਪੰਜਾਬੀ ਰੰਗਮੰਚ ਦੇ ਖੇਤਰ ਵਿਚ ਵਿਸ਼ੇਸ਼ ਮੁਕਾਮ ਰਖਣ ਵਾਲੇ ਪੰਜਾਬੀ ਦੇ ਇਸ ਸ਼੍ਰੋਮਣੀ ਨਾਟਕਕਾਰ ਦਾ ਜਨਮ 7 ਅਕਤੂਬਰ, 1964 ਈ. ਵਿਚ ਅੰਮ੍ਰਿਤਸਰ ਵਿਖੇ ਸ. ਸ਼ਿਵ ਸਿੰਘ ਦੇ ਘਰ ਹੋਇਆ। ਇਸ ਨੇ ਪੰਜਾਬੀ ਰੰਗਮੰਚ ਦੇ ਵਿਕਾਸ ਹਿਤ ਕਈ ਨਿੱਗਰ ਉਪਰਾਲੇ ਕੀਤੇ। ਵਣਜਾਰੇ, ਸ਼ਹਿਰ ਸਲੇਟੀ, ਪੁਲਸੀਏ, ਮਾਵਾਂ, ਧੁਖਦਾ ਰੋਹ, ਇਤਿਹਾਸ ਦੇ ਸਫ਼ੇ, 10 ਬਾਲ



ਕੇਵਲ ਧਾਲੀਵਾਲ

ਨਾਟਕ, ਇਤੁ ਮਾਰਗ ਪੈਰ ਧਰੀਜੈ, 10 ਨੁਕੜ ਨਾਟਕ, ਹਾਦਸਾ ਦਰ ਹਾਦਸਾ ਇਸ ਦੀਆਂ ਮਹੱਤਵਪੂਰਨ ਰਚਨਾਵਾਂ ਹਨ। ਕੇਵਲ ਧਾਲੀਵਾਲ ਦਾ ਨਾਟਕ 'ਕੁਦੇਸਣ' ਦਰਸ਼ਕਾਂ ਵੱਲੋਂ ਬਹੁਤ ਸਲਾਹਿਆ ਗਿਆ ਹੈ। ਇਸ ਨੇ ਪੱਛਮ ਦੀਆਂ ਵਿਕਸਤ ਰੰਗਮੰਚ ਤਕਨੀਕਾਂ ਦਾ ਅਧਿਐਨ ਕਰ ਕੇ ਪੰਜਾਬੀ ਰੰਗਮੰਚ ਨੂੰ ਨਵੀਂ ਰੂਹ ਪ੍ਰਦਾਨ ਕੀਤੀ ਹੈ। ਨਿੱਕੀ ਉਮਰੇ ਵੱਡੀਆਂ ਪ੍ਰਾਪਤੀਆਂ ਕਰਨ ਵਾਲੇ ਇਸ ਕਲਾਕਾਰ ਨੂੰ ਭਾਸ਼ਾ ਵਿਭਾਗ, ਪੰਜਾਬ ਵੱਲੋਂ ਸਾਲ 1997 ਦਾ ਸ਼੍ਰੋਮਣੀ ਪੰਜਾਬੀ ਨਾਟਕਕਾਰ ਪੁਰਸਕਾਰ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਇਹ ਸਾਲ 1986 ਵਿਚ ਭਾਸ਼ਾ ਵਿਭਾਗ, ਪੰਜਾਬ ਵੱਲੋਂ ਵਧੀਆ ਨਿਰਦੇਸ਼ਕ ਅਤੇ ਵਧੀਆ ਅਦਾਕਾਰ ਐਵਾਰਡ, ਸਾਲ 1987 ਵਿਚ ਪੰਜਾਬ ਨਾਟਯ ਅਕੈਡਮੀ, ਅੰਮ੍ਰਿਤਸਰ ਵੱਲੋਂ ਐਵਾਰਡ, ਸਾਲ 1993 ਵਿਚ ਪੰਜਾਬ ਕਲਾ ਮੰਚ ਵੱਲੋਂ ਸਫਦਰ ਹਾਸ਼ਮੀ ਐਵਾਰਡ ਅਤੇ ਪੰਜਾਬੀ ਅਕੈਡਮੀ ਦਿੱਲੀ ਵਲੋਂ ਨਾਟਕ 'ਕੁਦੇਸਣ' ਤੇ ਵਧੀਆ ਨਿਰਦੇਸ਼ਕ ਐਵਾਰਡ ਵੀ ਹਾਸਲ ਕਰ ਚੁਕਿਆ ਹੈ।

ਹ. ਪੁ.- ਸੁਵੀਨਰ 1997

ਧਾਲੇਸ਼ਵਰੀ ਨਦੀ : ਬੰਗਲਾ ਦੇਸ਼ ਵਿਚ ਮੱਧ-ਪੂਰਬੀ ਬੰਗਾਲ ਵਿਚੋਂ ਦੀ ਵਹਿਣ ਵਾਲੀ ਇਹ ਜਮਨਾ ਨਦੀ ਦੀ ਇਕ ਸ਼ਾਖਾ ਹੈ। ਪੂਰਬ ਵੱਲੋਂ ਬ੍ਰਹਮਪੁੱਤਰ ਦਰਿਆ ਦੀ ਇਕ ਸ਼ਾਖਾ ਇਸ ਵਿਚ ਆ ਕੇ ਮਿਲਦੀ ਹੈ। ਇਸ ਦੀ ਉੱਤਰੀ ਸ਼ਾਖਾ ਦਾ ਨਾਂ 'ਬੁੱਢੀ ਗੰਗਾ ਨਦੀ' ਹੈ ਜਿਸ ਉੱਤੇ ਢਾਕਾ ਸ਼ਹਿਰ ਵਸਿਆ ਹੋਇਆ ਹੈ। ਦੱਖਣ-ਪੂਰਬੀ ਦਿਸ਼ਾ ਵਿਚ ਇਹ ਨਦੀ ਲ. 160 ਕਿ. ਮੀ. ਤਕ ਵਿੰਗ ਵਲਾਵੇ ਖਾਂਦੀ ਹੋਈ ਵਹਿੰਦੀ ਹੈ ਅਤੇ ਪਟਸਨ ਅਤੇ ਝੋਨੇ ਦੇ ਇਲਾਕੇ ਦੀ ਸਿੰਚਾਈ ਕਰਦੀ ਹੋਈ ਨਾਰਾਇਣ ਗੰਜ ਦੇ ਨੇੜਿਓਂ ਮੇਘਨਾ ਦਰਿਆ ਨਾਲ ਜਾ ਸੰਗਮ ਕਰਦੀ ਹੈ।

23° 32′ ਉ. ਵਿਥ.; 90° 34′ ਪੂ. ਲੰਬ.

ਹ. ਪੁ.- ਇੰਪ. ਗ. ਇੰ. 11 : 282; ਹਿੰ. ਵਿ. ਕੋ. 6 : 192 ; ਐਨ. ਬ੍ਰਿ. ਮਾ. 3 : 510

ਧਿਆਨ ਸਿੰਘ : ਇਹ ਮਹਾਰਾਜਾ ਰਣਜੀਤ ਸਿੰਘ ਦਾ ਪ੍ਰਧਾਨ ਮੰਤਰੀ ਸੀ। ਇਸ ਦਾ ਜਨਮ 22 ਅਗਸਤ, 1796 ਈ. ਨੂੰ ਹੋਇਆ। ਇਸ ਦੇ ਪਿਤਾ ਦਾ ਨਾਂ ਮੀਆਂ ਕਿਸ਼ੋਰ ਸਿੰਘ ਡੋਗਰਾ ਸੀ। ਇਸ ਦੇ ਦੋ ਭਰਾ ਗੁਲਾਬ ਸਿੰਘ ਅਤੇ ਸੁਚੇਤ ਸਿੰਘ ਸਨ ਜੋ ਮਹਾਰਾਜਾ ਰਣਜੀਤ ਸਿੰਘ ਦੀ ਨੌਕਰੀ ਕਰਦੇ ਸਨ। ਗੁਲਾਬ ਸਿੰਘ ਇਸ ਤੋਂ ਵੱਡਾ ਅਤੇ ਸੁਚੇਤ ਸਿੰਘ ਇਸ ਤੋਂ ਛੋਟਾ ਸੀ। ਇਸ ਨੂੰ 1812 ਈ. ਵਿਚ ਗੁਲਾਬ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਦੀ ਹਜ਼ੂਰੀ ਵਿਚ ਪੇਸ਼ ਕੀਤਾ ਸੀ ਅਤੇ ਮਹਾਰਾਜਾ ਸਾਹਿਬ ਨੇ ਇਸ ਨੂੰ 60 ਰੁਪਏ ਦੀ ਮਾਸਿਕ ਤਨਖ਼ਾਹ ਉੱਤੇ ਰਿਸਾਲੇ ਦੇ ਇਕ ਸਿਪਾਹੀ ਵਜੋਂ ਭਰਤੀ ਕਰ ਲਿਆ। ਇਹ ਆਪਣੇ ਪ੍ਰਭਾਵਸ਼ਾਲੀ ਤੌਰ ਤਰੀਕਿਆਂ, ਵਧੀਆ ਵਿਵਹਾਰ ਅਤੇ ਮੁਹਾਰਤ ਦੇ ਕਾਰਨ ਹੌਲੀ ਹੌਲੀ ਮਹਾਰਾਜਾ ਰਣਜੀਤ ਸਿੰਘ ਦਾ ਕਿਰਪਾ ਪਾਤਰ ਬਣ ਗਿਆ ਅਤੇ 1818 ਈ. ਵਿਚ ਇਸ ਨੂੰ ਜਮਾਂਦਾਰ ਖ਼ੁਸ਼ਹਾਲ ਸਿੰਘ ਦੀ ਥਾਂ ਉੱਤੇ ਸ਼ਾਹੀ ਪਰਿਵਾਰ ਲਈ ਡਿਉਢੀਦਾਰ ਬਣਾ ਦਿੱਤਾ ਗਿਆ। ਅਜਿਹੀ ਹੈਸੀਅਤ ਕਰਕੇ ਹੀ ਇਹ ਮਹਾਰਾਜਾ ਸਾਹਿਬ ਦੇ ਬਹੁਤ ਨੇੜੇ ਪਹੁੰਚ ਗਿਆ ਅਤੇ ਰਾਜ-ਦਰਬਾਰ ਦਾ ਇਕ ਪ੍ਰਭਾਵਸ਼ਾਲੀ ਵਿਅਕਤੀ ਬਣ ਗਿਆ। ਇਸ ਨੂੰ ਕਈ ਵਾਰ ਸੈਨਿਕ ਕੰਮਾਂ ਦੀ ਜ਼ਿੰਮੇਵਾਰੀ ਵੀ ਸੌਂਪੀ ਗਈ। ਮਾਰਚ, 1823 ਈ. ਵਿਚ ਇਸ ਨੇ ਨੌਸ਼ਹਿਰੇ ਦੀ ਲੜਾਈ ਵਿਚ ਵੀ ਭਾਗ ਲਿਆ। ਜਦੋਂ 30 ਅਪ੍ਰੈਲ, 1837 ਈ. ਨੂੰ ਹਰੀ ਸਿੰਘ ਨਲਵੇ ਦੀ ਕਿਲਾ ਜਮਰੌਦ ਵਿਚ ਮੌਤ ਹੋਈ ਤਾਂ ਇਸ ਨੂੰ ਇਸ ਬਾਰੇ ਪੂਰੀ ਤਰ੍ਹਾਂ ਪਤਾ ਲਗ ਚੁੱਕਾ ਸੀ ਪਰੰਤੂ ਇਸ ਨੇ ਬੜੀ ਚਲਾਕੀ ਨਾਲ ਇਹ ਖ਼ਬਰ ਗੁਪਤ ਰੱਖੀ ਅਤੇ ਮਹਾਰਾਜ ਸਾਹਿਬ ਅੱਗੇ ਸੱਚਾ ਬਣਨ ਲਈ ਆਪਣੀਆਂ ਫ਼ੌਜਾਂ ਲੈ ਕੇ ਜਮਰੌਦ ਵੱਲ ਪਹਿਲਾਂ ਹੀ ਕੂਚ ਕਰ ਦਿੱਤਾ ਸੀ।

ਇਸ ਨੇ ਮਹਾਰਾਜਾ ਰਣਜੀਤ ਸਿੰਘ ਤੋਂ ਜੰਮੂ ਦੇ ਪਹਾੜੀ ਖੇਤਰ ਵਿਚ ਕਈ ਵੱਡੀਆਂ-ਵੱਡੀਆਂ ਜਾਗੀਰਾਂ ਪ੍ਰਾਪਤ ਕੀਤੀਆਂ ਅਤੇ 1822 ਈ. ਵਿਚ ਇਸ ਨੂੰ ਰਾਜੇ ਦਾ ਖ਼ਿਤਾਬ ਦਿੱਤਾ ਗਿਆ। 20 ਜੂਨ, 1827 ਈ. ਨੂੰ ਇਸ ਨੂੰ 'ਰਾਜਾ-ਏ-ਰਾਜਗਾਨ ਰਾਜਾ ਕਲਾਂ ਬਹਾਦੁਰ' ਦਾ ਖਿਤਾਬ ਦਿੱਤਾ ਗਿਆ। ਇਹ ਮਹਾਰਾਜਾ ਸਾਹਿਬ ਦਾ ਪ੍ਰਧਾਨ ਮੰਤਰੀ ਬਣ ਗਿਆ ਅਤੇ ਉਸ ਦੀ ਮੌਤ ਤੋਂ ਮਗਰੋਂ ਰਾਜ-ਪ੍ਰਬੰਧ ਦਾ ਇਕ ਸ਼ਕਤੀਸ਼ਾਲੀ ਵਿਅਕਤੀ ਬਣ ਗਿਆ। 21 ਜੂਨ, 1839 ਈ. ਨੂੰ ਮਹਾਰਾਜਾ ਰਣਜੀਤ ਸਿੰਘ ਨੇ ਭਰੇ ਦਰਬਾਰ ਵਿਚ ਇਕ ਵਿਸ਼ੇਸ਼ ਐਲਾਨ ਕੀਤਾ ਅਤੇ ਸਾਰੀ ਫ਼ੌਜ ਨੂੰ ਲਾਹੌਰ ਵਿਚ ਤਾਇਨਾਤ ਕਰਕੇ ਆਪਣੀਆਂ ਸਾਰੀਆਂ ਸ਼ਕਤੀਆਂ ਰਾਜ ਦੇ ਅਸਲੀ ਹੱਕਦਾਰ ਸ਼ਹਿਜ਼ਾਦਾ ਖੜਕ ਸਿੰਘ ਨੂੰ ਸੌਂਪ ਦਿੱਤੀਆਂ। ਇਸ ਤਰ੍ਹਾਂ ਸਾਰੀ ਸਲਤਨਤ ਅਤੇ ਫ਼ੌਜਾਂ ਉੱਤੇ ਸ਼ਹਿ-ਜ਼ਾਦਾ ਖੜਕ ਸਿੰਘ ਦਾ ਹੁਕਮ ਚੱਲਣ ਲੱਗਾ ਅਤੇ ਉਨ੍ਹਾਂ ਨੇ ਰਾਜਾ ਕਲਾਂ ਬਹਾਦੁਰ ਨੂੰ ਆਪਣਾ ਪ੍ਰਧਾਨ ਮੰਤਰੀ ਚੁਣ ਲਿਆ। ਮਹਾਰਾਜਾ ਸਾਹਿਬ ਨੇ ਇਸ ਨੂੰ ਨਾਇਬ-ਅਸ-ਸਲਤਨਤ-ਏ-ਅਜ਼ਮਤ, ਖ਼ੈਰਖ਼ਵਾਹ-ਏ-ਸਮੀਮੀ-ਏ-ਦੌਲਤ ਸਿਰਕਾਰ-ਏ-ਕੁਬਰਾ, ਵਜ਼ੀਰੇ-ਏ-ਆਜ਼ਮ, ਦਸਤੂਰ-ਏ-ਮੁਅਜ਼ਮ ਅਤੇ ਮੁਖ਼ਤਾਰ-ਏ-ਮੁਲਕ ਦੇ ਖ਼ਿਤਾਬ ਵੀ ਪ੍ਰਦਾਨ ਕੀਤੇ।

28 ਜੂਨ, 1839 ਈ. ਨੂੰ ਜਦੋਂ ਮਹਾਰਾਜਾ ਰਣਜੀਤ ਸਿੰਘ ਦੀ ਚਿਖਾ ਨੂੰ ਅਗਨਭੇਟ ਕੀਤਾ ਤਾਂ ਇਸ ਨੇ ਵੀ ਉਸ ਦੀ ਚਿਖਾ ਵਿਚ ਹੀ ਸੜ ਜਾਣ ਦੀ ਦਿਖਾਵੇ ਦੀ ਕੋਸ਼ਿਸ਼ ਕੀਤੀ ਪਰੰਤੂ ਰਾਣੀਆਂ ਅਤੇ ਦਰਬਾਰੀਆਂ ਨੇ ਇਸ ਨੂੰ ਰੋਕ ਦਿੱਤਾ। ਮਹਾਰਾਜਾ ਖੜਕ ਸਿੰਘ ਨੇ ਸਾਰਾ ਰਾਜ-ਪ੍ਰਬੰਧ ਚਲਾਉਣ ਲਈ ਇਸ ਨੂੰ ਬੇਨਤੀ ਕੀਤੀ। ਅੱਗੋਂ ਇਸ ਨੇ ਆਪਣੀ ਸਹਿਮਤੀ ਦਿੰਦਿਆਂ ਉੱਤਰ ਦਿੱਤਾ ਕਿ ਉਹ ਮਹਾਰਾਜਾ ਸਾਹਿਬ ਦੀ ਸੇਵਾ ਵਿਚ ਕੇਵਲ ਇਕ ਸਾਲ ਲਈ ਹੀ ਰਹੇਗਾ ਅਤੇ ਇਸ ਤੋਂ ਮਗਰੋਂ ਉਹ ਪਵਿੱਤਰ ਸਥਾਨਾਂ ਦੀ ਯਾਤਰਾ ਕਰਨ ਲਈ ਚਲਾ ਜਾਵੇਗਾ। ਇਸ ਨੇ ਇਹ ਅਫ਼ਵਾਹ ਵੀ ਫੈਲਾ ਦਿੱਤੀ ਕਿ ਮਹਾਰਾਜਾ ਖੜਕ ਸਿੰਘ ਅਤੇ ਉਸ ਦਾ ਸਾਥੀ ਚੇਤ ਸਿੰਘ ਬਾਜਵਾ ਅੰਗਰੇਜ਼ਾਂ ਨੂੰ ਆਪਣੀ ਸੁਰੱਖਿਆ ਲਈ ਫ਼ਰਿਆਦ ਕਰ ਰਹੇ ਸਨ ਅਤੇ ਪੰਜਾਬ ਦੀ ਪ੍ਰਭੁੱਸਤਾ 'ਤੇ ਉਨ੍ਹਾਂ ਨਾਲ ਕੋਈ ਸਮਝੌਤਾ ਕਰ

ਰਹੇ ਸਨ। ਇਸ ਨੇ ਸ਼ਹਿਜ਼ਾਦਾ ਨੌਨਿਹਾਲ ਸਿੰਘ ਨੂੰ ਪਿਸ਼ਾਵਰ ਤੋਂ ਬੁਲਾ ਲਿਆ ਅਤੇ ਸੰਧਾਵਾਲੀਏ ਸਰਦਾਰਾਂ ਦਾ ਵਿਸ਼ਵਾਸ ਜਿੱਤਦੇ ਹੋਏ ਉਨ੍ਹਾਂ ਨੂੰ ਚੇਤ ਸਿੰਘ ਨੂੰ ਕਤਲ ਕਰਨ ਦੀ ਸਾਜ਼ਿਸ਼ ਵਿਚ ਆਪਣੇ ਨਾਲ ਰਲਾ ਲਿਆ। 9 ਅਕਤੂਬਰ, 1839 ਈ. ਨੂੰ ਧਿਆਨ ਸਿੰਘ ਨੇ ਮਹਾਰਾਜੇ ਦੀ ਹਾਜ਼ਰੀ ਵਿਚ ਚੇਤ ਸਿੰਘ ਨੂੰ ਕਤਲ ਕਰ ਦਿੱਤਾ। ਮਹਾਰਾਜਾ ਖੜਕ ਸਿੰਘ ਨੂੰ ਨਜ਼ਰਬੰਦ ਕਰ ਲਿਆ ਗਿਆ ਅਤੇ ਸ਼ਹਿਜ਼ਾਦਾ ਨੌਨਿਹਾਲ ਸਿੰਘ ਉਨ੍ਹਾਂ ਵਲੋਂ ਹੀ ਰਾਜ ਦੇ ਕੰਮ ਕਰਨ ਲੱਗ ਪਿਆ। 5 ਨਵੰਬਰ, 1840 ਈ. ਨੂੰ ਜਦੋਂ ਨੌਨਿਹਾਲ ਸਿੰਘ ਆਪਣੇ ਪਿਤਾ ਦਾ ਸੰਸਕਾਰ ਕਰ ਕੇ ਕਿਲੇ ਦੇ ਛੱਜੇ ਹੇਠੋਂ ਲੰਘ ਕੇ ਵਾਪਸ ਆ ਰਿਹਾ ਸੀ ਤਾਂ ਅਚਾਨਕ ਹੀ ਕਿਲੇ ਦਾ ਛੱਜਾ ਉਸ ਉੱਤੇ ਸੁੱਟ ਦਿੱਤਾ ਗਿਆ ਜਿਸ ਕਾਰਨ ਉਸ ਦੀ ਮੌਤ ਹੋ ਗਈ। ਕੁਝ ਇਤਿਹਾਸਕਾਰਾਂ ਦਾ ਮੱਤ ਹੈ ਕਿ ਕੰਵਰ ਨੌਨਿਹਾਲ ਸਿੰਘ ਦੀ ਮੌਤ ਪਿੱਛੇ ਧਿਆਨ ਸਿੰਘ ਦਾ ਹੀ ਹੱਥ ਸੀ। ਇਸ ਨੇ ਸ਼ਹਿਜ਼ਾਦਾ ਸ਼ੇਰ ਸਿੰਘ ਨੂੰ ਗੱਦੀ ਉੱਤੇ ਬਿਠਾਉਣ ਲਈ ਉਸ ਨੂੰ ਲਾਹੌਰ ਵਿਖੇ ਆਉਣ ਲਈ ਬੁਲਾਵਾ ਭੇਜਿਆ। ਸ਼ੇਰ ਸਿੰਘ ਦੇ ਉਥੇ ਪਹੁੰਚਣ ਤਕ ਇਸ ਨੇ ਨੌਨਿਹਾਲ ਸਿੰਘ ਦੀ ਮੌਤ ਨੂੰ ਤਿੰਨ ਦਿਨਾਂ ਲਈ ਗੁਪਤ ਰੱਖਿਆ। ਇਸ ਦੀਆਂ ਯੋਜਨਾਵਾਂ ਨੂੰ ਇਸ ਦੇ ਵਿਰੋਧੀਆਂ ਨੇ ਸਫ਼ਲ ਨਾ ਹੋਣ ਦਿੱਤਾ। ਸੰਧਾਵਾਲੀਏ ਸਰਦਾਰਾਂ ਨੇ ਨੌਨਿਹਾਲ ਸਿੰਘ ਦੀ ਵਿਧਵਾ ਦੇ ਹੋਣ ਵਾਲੇ ਬੱਚੇ ਲਈ, ਚੰਦ ਕੌਰ ਨੂੰ ਉਸ ਦਾ ਰੀਜੈਂਟ ਬਣਾਉਣ ਲਈ ਉਸ ਦੀ ਮਦਦ ਕਰਨ ਦਾ ਫੈਸਲਾ ਕੀਤਾ। 22 ਦਸੰਬਰ, 1840 ਈ. ਨੂੰ ਚੰਦ ਕੌਰ ਦਾ ਮਹਾਰਾਣੀ ਵਜੋਂ ਐਲਾਨ ਕਰ ਦਿੱਤਾ। ਅਗਲੇ ਹੀ ਦਿਨ ਸ਼ੇਰ ਸਿੰਘ ਤਾਂ ਆਪਣੀ ਬਟਾਲੇ ਵਾਲੀ ਜਗੀਰ 'ਤੇ ਵਾਪਸ ਚਲਾ ਗਿਆ ਅਤੇ ਕੁਝ ਹੀ ਦਿਨਾਂ ਮਗਰੋਂ ਧਿਆਨ ਸਿੰਘ ਵੀ ਜੰਮੂ ਵਲ ਚਲਾ ਗਿਆ। ਰਾਜਾ ਕਲਾਂ ਦਾ ਲਾਹੌਰ ਤੋਂ ਇਸ ਤਰ੍ਹਾਂ ਵਾਪਸ ਚਲੇ ਜਾਣਾ ਇਕ ਗਿਣੀ ਮਿਥੀ ਚਾਲ ਸੀ। ਇਸ ਨੇ ਜੰਮੂ ਨੂੰ ਪਰਤਦੇ ਹੋਏ ਰਸਤੇ ਵਿਚ ਹੀ ਆਪਣੇ ਫ਼ੌਜੀ ਕਮਾਂਡਰਾਂ ਅਤੇ ਹੋਰ ਅਧਿਕਾਰੀਆਂ ਨੂੰ ਸ਼ਹਿਜ਼ਾਦਾ ਸ਼ੇਰ ਸਿੰਘ ਦੇ ਲਾਹੌਰ ਵਾਪਸ ਆਉਣ ਸਮੇਂ ਉਸ ਦਾ ਹੁਕਮ ਮੰਨਣ ਦਾ ਅਤੇ ਉਸ ਦੀ ਸਹਾਇਤਾ ਕਰਨ ਦਾ ਹੁਕਮ ਭੇਜਿਆ। 13 ਜਨਵਰੀ, 1841 ਈ. ਨੂੰ ਸ਼ਹਿਜ਼ਾਦਾ ਸ਼ੇਰ ਸਿੰਘ ਲਾਹੌਰ ਪਹੁੰਚ ਗਿਆ ਅਤੇ ਲਾਹੌਰ ਵਿਖੇ ਮੌਜੂਦ ਸ਼ਾਹੀ ਫ਼ੌਜ ਵਿਚੋਂ ਕਾਫੀ ਫ਼ੌਜ ਉਸ ਦੇ ਨਾਲ ਰਲ ਗਈ। 17 ਜਨਵਰੀ ਨੂੰ ਧਿਆਨ ਸਿੰਘ ਜੰਮੂ ਤੋਂ ਲਾਹੌਰ ਪਰਤ ਆਇਆ। 18 ਜਨਵਰੀ ਨੂੰ ਸ਼ੇਰ ਸਿੰਘ ਨੇ ਪੰਜਾਬ ਦਾ ਮਹਾਰਾਜਾ ਹੋਣ ਦਾ ਐਲਾਨ ਕਰ ਦਿੱਤਾ ਅਤੇ ਧਿਆਨ ਸਿੰਘ ਨੂੰ ਆਪਣਾ ਵਜ਼ੀਰ ਬਣਾ ਲਿਆ। 15 ਸਤੰਬਰ, 1843 ਈ. ਨੂੰ ਸੰਧਾਵਾਲੀਏ ਸਰਦਾਰਾਂ ਅਜੀਤ ਸਿੰਘ ਅਤੇ ਲਹਿਣਾ ਸਿੰਘ ਨੇ ਮਹਾਰਾਜਾ ਸ਼ੇਰ ਸਿੰਘ ਅਤੇ ਕੰਵਰ ਪਰਤਾਪ ਸਿੰਘ ਨੂੰ ਲਾਹੌਰ ਤੋਂ ਬਾਹਰ ਵਾਰ ਕਤਲ ਕਰ ਦਿੱਤਾ ਅਤੇ ਦੋਹਾਂ ਦੇ ਸਿਰਾਂ ਨੂੰ ਧੜ ਨਾਲੋਂ ਵੱਖ ਕਰ ਦਿੱਤਾ ਅਤੇ ਜਿਉਂ ਹੀ ਉਹ ਉਨ੍ਹਾਂ ਦੋਹਾਂ ਦੇ ਵੱਢੇ ਹੋਏ ਸਿਰਾਂ ਨੂੰ ਬਰਛਿਆਂ ਉੱਤੇ ਟੰਗ ਕੇ ਕਿਲੇ ਵਲ ਨੂੰ ਵਾਪਸ ਆ ਰਹੇ ਸਨ ਤਾਂ ਰਸਤੇ ਵਿਚ ਹੀ ਉਨ੍ਹਾਂ ਨੂੰ ਧਿਆਨ ਸਿੰਘ ਮਿਲ ਗਿਆ ਅਤੇ ਉਹ ਇਸ ਨੂੰ ਭਰਮਾ ਦੇ ਕਿਲੇ ਅੰਦਰ ਲੈ ਗਏ। ਜਿਉਂ ਹੀ ਇਸ ਨੇ ਉਤਰਵਰਤੀ ਮਹਾਰਾਜੇ ਦੇ ਵਜ਼ੀਰ ਬਣਨ ਦਾ ਦਾਅਵਾ ਕੀਤਾ ਤਾਂ ਅਜੀਤ ਸਿੰਘ ਨੇ 15 ਸਤੰਬਰ, 1843 ਈ. ਨੂੰ ਇਸ ਨੂੰ ਗੋਲੀ ਮਾਰ ਕੇ ਥਾਂ 'ਤੇ ਹੀ ਮਾਰ ਦਿੱਤਾ।

ਹ. ਪੁ. -ਐਨ. ਆਫ. ਸਿੱਖੀਜ਼ਮ ਜਿਲਦ-1 576; ਹਿ. ਆਫ. ਸਿੱ- ਖੁਸ਼ਵੰਤ ਸਿੰਘ ; ਪੰ. ਆਨ ਦੀ ਈਵ ਆਫ਼ ਫਸਟ ਸਿੱਖ ਵਾਰ-ਹਰੀ ਰਾਮ ਗੁਪਤਾ; ਸਿੱਖ ਰਾਜ ਦੇ ਵੀਰ ਨਾਇਕ-ਕੁਲਦੀਪ ਸਿੰਘ ਧੀਰ; ਸਰਦਾਰ ਹਰੀ ਸਿੰਘ ਨਲਵਾ-ਸ਼ਮਸ਼ੇਰ ਸਿੰਘ ਅਸ਼ੋਕ ; ਸਿੱਖ ਇਤਿਹਾਸ-ਕਨਿੰਘਮ

ਧਿਆਨ ਚੰਦ : ਭਾਰਤ ਦੇ ਇਸ ਪ੍ਰਸਿੱਧ ਹਾਕੀ ਖਿਡਾਰੀ ਦਾ ਜਨਮ 29 ਅਗਸਤ, 1905 ਈ. ਨੂੰ ਉੱਤਰ ਪ੍ਰਦੇਸ਼ (ਭਾਰਤ) ਦੇ ਅਲਾਹਾਬਾਦ ਜ਼ਿਲ੍ਹੇ ਵਿਚ ਹੋਇਆ। ਪਰਿਵਾਰ ਦੀ ਮਾੜੀ ਹਾਲਤ ਕਾਰਨ ਪੜ੍ਹਾਈ ਵਿਚ ਹੁਸ਼ਿਆਰ ਹੋਣ ਦੇ ਬਾਵਜੂਦ ਵੀ ਇਸ ਨੂੰ ਨੌਵੀਂ ਜਮਾਤ ਪਾਸ ਕਰਨ ਉਪਰੰਤ ਪੜ੍ਹਾਈ ਵਿਚੇ ਹੀ ਛਡਣੀ ਪਈ। ਸੰਨ 1922 ਵਿਚ ਇਹ ਬ੍ਰਾਹਮਣ ਰੇਜਮੈਂਟ ਵਿਚ ਭਰਤੀ ਹੋ ਗਿਆ। ਉਥੇ ਹੀ ਇਸ ਨੂੰ ਹਾਕੀ ਖੇਡਣ ਦਾ ਸ਼ੌਂਕ ਪੈ ਗਿਆ। ਇਸ ਨੂੰ ਇਹ ਸ਼ੌਂਕ ਇੰਨਾ ਜ਼ਿਆਦਾ ਸੀ ਕਿ ਜਦੋਂ ਵੀ ਇਸ ਨੂੰ ਵਿਹਲ ਮਿਲਦੀ ਇਹ ਹਾਕੀ ਦੇ ਮੈਦਾਨ ਵਿਚ ਪਹੁੰਚ ਜਾਂਦਾ। ਉਸ ਸਮੇਂ ਸਰਕਾਰ ਵਲੋਂ ਕਿਸੇ ਕਿਸਮ ਦੀ ਸਹੂਲਤ ਜਾਂ ਸਿਖਲਾਈ ਨਾ ਮਿਲਣ ਦੇ ਬਾਵਜੂਦ ਵੀ ਇਸ ਨੇ ਹਾਕੀ ਵਿਚ ਚੰਗੀ ਮੁਹਾਰਤ ਹਾਸਿਲ ਕਰ ਲਈ ਅਤੇ 1926 ਈ. ਵਿਚ ਇਨਫੈਂਟਰੀ ਰੇਜਮੈਂਟ ਵਲੋਂ ਨਿਊਜ਼ੀਲੈਂਡ ਜਾਣ ਵਾਲੀ ਭਾਰਤੀ ਟੀਮ ਵਿਚ ਵੀ ਚੁਣਿਆ ਗਿਆ।

ਸੰਨ 1936 ਵਿਚ ਜਰਮਨ ਵਿਚ ਬਰਲਿਨ ਵਿਖੇ ਹੋਈਆਂ ਓਲੰਪਿਕ ਖੇਡਾਂ ਵਿਚ ਇਹ ਭਾਰਤੀ ਟੀਮ ਵਿਚ ਗਿਆ ਅਤੇ ਇਸ ਸਮੇਂ ਭਾਰਤੀ ਟੀਮ ਨੇ ਸੋਨੇ ਦਾ ਤਮਗਾ ਹਾਸਿਲ ਕੀਤਾ। ਇਸ ਦਾ ਹਾਕੀ ਖੇਡਣ ਦਾ ਢੰਗ ਬਹੁਤ ਵਧੀਆ ਸੀ ਅਤੇ ਇਸ ਦੀ ਚੰਗੀ ਖੇਡ ਨੂੰ ਦੇਖਦੇ ਹੋਏ ਹੀ ਇਸ ਨੂੰ 'ਹਾਕੀ ਦਾ ਜਾਦੂਗਰ' ਕਿਹਾ ਜਾਂਦਾ ਸੀ। ਸੰਨ 1947 ਵਿਚ ਭਾਰਤ ਦੇ ਆਜ਼ਾਦ ਹੋਣ ਉਪਰੰਤ ਇਸ ਨੂੰ ਭਾਰਤ ਸਰਕਾਰ ਵਲੋਂ ਪਦਮ ਭੂਸ਼ਣ ਦਾ ਸਨਮਾਨ ਪ੍ਰਦਾਨ ਕੀਤਾ ਗਿਆ।

ਹ. ਪੁ.- ਪੰ. ਟ੍ਰਿ. 5/12/85

ਧਿਆਨਪੁਰ : ਭਾਰਤ ਦੇ ਪੰਜਾਬ ਰਾਜ ਦੇ ਸਰਹੱਦੀ ਜ਼ਿਲ੍ਹੇ ਗੁਰਦਾਸਪੁਰ ਦੀ ਬਟਾਲਾ ਤਹਿਸੀਲ ਵਿਚ ਇਹ ਇਕ ਕਸਬਾ ਹੈ ਜਿਹੜਾ ਬਟਾਲਾ ਕਸਬੇ ਤੋਂ ਡੇਹਰਾ ਬਾਬਾ ਨਾਨਕ ਨੂੰ ਜਾਂਦੀ ਸੜਕ ਉੱਤੇ ਖੱਬੇ ਪਾਸੇ ਸਥਿਤ ਹੈ। ਇਹ ਰਾਮਾਨੰਦੀ ਪੰਥ ਦੇ ਬੈਰਾਗੀਆਂ ਦਾ ਪ੍ਰਸਿੱਧ ਤੀਰਥ-ਅਸਥਾਨ ਵੀ ਹੈ।

ਧਿਆਨਪੁਰ ਦੇ ਡੇਰੇ ਦੀ ਸਥਾਪਨਾ ਰਾਮਾਨੰਦੀ ਪੰਥ ਦੇ ਬਾਬਾ ਲਾਲ ਦਿਆਲ ਜਿਹੜੇ ਬਾਲਾ ਲਾਲ ਜੀ ਦੇ ਨਾਂ ਨਾਲ ਵਧੇਰੇ ਕਰਕੇ ਮਸ਼ਹੂਰ ਹਨ, ਨੇ ਕੀਤੀ ਸੀ। ਬਾਬਾ ਲਾਲ ਜੀ ਬਾਰੇ ਕਿਹਾ ਜਾਂਦਾ ਹੈ ਕਿ ਉਸ ਦੀ ਸ਼ਹਿਨਸ਼ਾਹ ਸ਼ਾਹਜਹਾਨ ਦੇ ਰਾਜ-ਕਾਲ (1627-1658 ਈ.) ਸਮੇਂ ਉਨ੍ਹਾਂ ਦੇ ਵੱਡੇ ਪੁੱਤਰ, ਦਾਰਾ ਸ਼ਿਕੋਹ ਨਾਲ ਕਾਫ਼ੀ ਸਾਂਝ ਸੀ ਅਤੇ ਉਸ ਨਾਲ ਇਕ ਈਸ਼ਵਰਵਾਦ ਦੇ ਸਿਧਾਂਤ ਬਾਰੇ ਆਮ ਵਾਦ-ਵਿਵਾਦ ਹੁੰਦਾ ਰਹਿੰਦਾ ਸੀ। ਦਾਰਾ ਸ਼ਿਕੋਹ ਸੰਤ ਲਾਲ ਜੀ ਦੇ ਵਿਚਾਰਾਂ ਤੋਂ ਬਹੁਤ ਪ੍ਰਭਾਵਤ ਸੀ ਅਤੇ ਇਸੇ ਲਈ ਮੁਸਲਮਾਨਾਂ ਨੇ ਉਸ ਨੂੰ ਕਾਫ਼ਰ ਕਰਾਰ ਕਰ ਦਿੱਤਾ ਸੀ। ਡੇਰੇ ਦੀ ਮੁੱਖ ਇਮਾਰਤ ਵਿਚ ਸੰਤ ਲਾਲ ਜੀ ਅਤੇ ਦਾਰਾ ਸ਼ਿਕੋਹ ਦੇ ਕੰਧ-ਚਿੱਤਰ ਹਨ ਜੋ ਉਨ੍ਹਾਂ ਨੂੰ ਧਾਰਮਿਕ ਵਾਦ-ਵਿਵਾਦ ਵਿਚ ਰੁੱਝੇ ਹੋਏ ਦਰਸਾਉਂਦੇ ਹਨ। ਡੇਰੇ ਦੀ ਸਾਂਭ ਸੰਭਾਲ ਲਈ ਲ. 243 ਹੈਕ. (ਲਗਭਗ 500 ਏਕੜ) ਜ਼ਮੀਨ ਦੀ ਜਾਗੀਰ ਡੇਰੇ ਦੇ ਨਾਂ ਹੈ।

ਇਥੋਂ ਦੀ ਗੱਦੀ ਦੇ ਬਾਰ੍ਹਵੇਂ ਗੁਰੂ ਬਾਬਾ ਹਰਨਾਮ ਦਾਸ ਬਾਰੇ ਇਹ ਕਥਾ ਪ੍ਰਚੱਲਤ ਹੈ ਕਿ ਇਕ ਰਾਤ ਉਨ੍ਹਾਂ ਨੂੰ ਸੁਫ਼ਨੇ ਵਿਚ ਇਕ ਦੇਵੀ ਵਲੋਂ ਇਹ ਵਰ ਮਿਲਿਆ ਕਿ ਜੋ ਵੀ ਬਾਂਝ ਔਰਤ ਡੇਰੇ ਵਿਚ ਲਗੀ ਬਾਉਲੀ ਵਿਚ ਇਸ਼ਨਾਨ ਕਰੇਗੀ ਉਸ ਦੇ ਘਰ ਔਲਾਦ ਹੋਵੇਗੀ ਅਤੇ ਜਿਨ੍ਹਾਂ ਔਰਤਾਂ ਦੇ ਬੱਚੇ ਨਹੀਂ ਬਚਦੇ ਉਨ੍ਹਾਂ ਦੀ ਔਲਾਦ ਤੰਦਰੁਸਤ ਰਹੇਗੀ। ਅੱਜ ਵੀ ਆਪਣੇ ਮਨ ਦੀਆਂ ਮੁਰਾਦਾਂ ਪੂਰੀਆਂ ਕਰਨ ਲਈ ਦੂਰ -ਦੂਰ ਤੋਂ ਔਰਤਾਂ ਇਸ ਬਾਉਲੀ ਵਿਚ ਇਸ਼ਨਾਨ ਕਰਨ ਲਈ ਆਉਂਦੀਆਂ ਹਨ। ਇਥੇ ਹਰ ਸਾਲ ਵੈਸਾਖੀ ਦੇ ਮੌਕੇ ਤੇ ਮੇਲਾ ਲਗਦਾ ਹੈ। ਇਸ ਤੋਂ ਇਲਾਵਾ ਮਾਘ ਸੁਦੀ ਵਿਚ ਆਉਣ ਵਾਲੇ ਸ਼ਨਿਚਰਵਾਰ ਅਤੇ ਐਤਵਾਰ ਨੂੰ ਵੀ ਮੇਲਾ ਲਗਦਾ ਹੈ।

ਆਬਾਦੀ- 1, 918 (1981)

31° 55′ ਉ. ਵਿਥ.; 75° 00′ ਪੂ. ਲੰਬ.

ਹ. ਪੁ.- ਡਿਸ. ਗਜ਼. ਗੁਰਦਾਸਪੁਰ : 457

ਧੀਰ, ਸੰਤੋਖ ਸਿੰਘ : ਪੰਜਾਬੀ ਦੇ ਇਸ ਪ੍ਰਤਿਭਾਵਾਨ ਸਾਹਿਤਕਾਰ ਦਾ ਜਨਮ 2 ਦਸੰਬਰ, 1920 ਈ. ਨੂੰ ਪਿੰਡ ਬਸੀ ਪਠਾਣਾ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦੇ ਅਗਰਗਾਮੀ ਸਿੰਘ ਸਭੀਏ ਗਿਆਨੀ ਈਸ਼ਰ ਸਿੰਘ ਦਰਦ ਦੇ ਘਰ ਹੋਇਆ। ਦਸਵੀਂ ਤਕ ਵਿਦਿਆ ਪ੍ਰਾਪਤ ਕਰਨ ਮਗਰੋਂ ਕੁਝ ਸਮਾਂ ਕਲਰਕੀ ਕਰਨ ਉਪਰੰਤ ਇਸ ਨੇ ਮੁਕੰਮਲ ਤੌਰ ਤੇ ਸਾਹਿਤ ਰਚਨਾ ਵੱਲ ਆਪਣੇ ਆਪ ਨੂੰ ਲਾਇਆ। ਸਮਾਜ-ਵਾਦੀ ਲਹਿਰ ਨਾਲ ਇਸ ਦਾ ਗੂੜ੍ਹਾ ਨਿਹੁੰ ਰਿਹਾ ਹੈ। ਇਹ ਸੰਸਾਰ ਅਮਨ ਲਹਿਰ ਵਿਚ ਵੀ ਸਰਗਰਮ ਰੋਲ ਅਦਾ ਕਰਦਾ ਰਿਹਾ ਹੈ। ਇਹ ਮੂਲ ਰੂਪ ਵਿਚ ਪ੍ਰਗਤੀਵਾਦੀ ਸਾਹਿਤਕਾਰ ਹੈ ਅਤੇ ਇਸ ਦਾ ਇਸ ਵਿਚਾਰਧਾਰਾ ਉੱਤੇ ਪੱਕਾ ਵਿਸ਼ਵਾਸ ਹੈ। ਇਸ ਨੇ ਆਪਣੇ ਪ੍ਰਗਤੀਵਾਦੀ ਵਿਚਾਰਾਂ ਨੂੰ ਆਪਣੀਆਂ ਰਚਨਾਵਾਂ ਵਿਚ ਸਫ਼ਲਤਾ ਪੂਰਵਕ ਪ੍ਰਗਟ ਕੀਤਾ ਹੈ।



ਸੰਤੋਖ ਸਿੰਘ ਧੀਰ


ਸੰਤੋਖ ਸਿੰਘ ਧੀਰ ਨੂੰ ਭਾਵੇਂ ਪਹਿਲਾਂ ਲਿਖੇ ਕਾਵਿ ਸੰਗ੍ਰਹਿਆਂ ਨੇ ਕਵੀ ਦੇ ਤੌਰ ਤੇ ਹੀ ਪਰਵਾਨ ਕਰਵਾ ਦਿੱਤਾ ਸੀ ਪਰੰਤੂ ਪੰਜਾਬੀ ਪਾਠਕਾਂ ਵਿਚ ਇਸ ਦੀ ਮਾਨਤਾ ਵਧੇਰੇ ਕਰ ਕੇ ਕਹਾਣੀਕਾਰ ਵਜੋਂ ਹੈ। ਦੇਸ਼ ਦੀ ਵੰਡ ਪਿਛੋਂ ਦੀ ਪੇਂਡੂ ਜ਼ਿੰਦਗੀ ਇਸ ਦੇ ਅਧਿਐਨ ਦਾ ਮੁੱਖ ਕੇਂਦਰ ਰਹੀ ਹੈ। ਇਸ ਨੇ ਮਨੁੱਖੀ ਮਨ ਦੀ ਸੰਕੀਰਣਤਾ ਅਤੇ ਬੋਧਿਕਤਾ ਨੂੰ ਆਪਣੀਆਂ ਰਚਨਾਵਾਂ ਵਿਚ ਇੰਨੇ ਕਲਾਤਮਕ ਢੰਗ ਨਾਲ ਬਿਆਨ ਕੀਤਾ ਹੈ ਕਿ ਕੀਲੇ ਹੋਏ ਪਾਠਕ ਦੀਆਂ ਮਨ ਦੀਆਂ ਉਲਝਣਾਂ ਆਪਣੇ ਆਪ ਖੁਲ੍ਹਦੀਆਂ ਚਲੀਆਂ ਜਾਂਦੀਆਂ ਹਨ ਅਤੇ ਇਸ ਦੀ ਵਿਲਖਣ ਸ਼ੈਲੀ ਹਰੇਕ ਵਿਚੋਂ ਝਲਕਦੀ ਨਜ਼ਰ, ਆਉਂਦੀ ਹੈ।

ਕਵਿਤਾ, ਕਹਾਣੀ, ਨਾਵਲ, ਲਘੂ ਨੋਵਲ, ਸਫ਼ਰਨਾਮਾ ਅਤੇ ਲੋਕ-ਸਾਹਿਤ ਤੇ ਇਸ ਨੇ ਆਪਣੀ ਕਲਮ ਅਜ਼ਮਾਈ ਹੈ। ਇਸ ਦੇ ਅੱਠ ਕਾਵਿ-ਸੰਗ੍ਰਹਿ, ਪੰਜ ਕਹਾਣੀ-ਸੰਗ੍ਰਹਿ, ਦੋ ਨਾਵਲ (ਪੂਰੇ),ਇਕ ਲਘੂ ਨਾਵਲ, ਇਕ ਸਫ਼ਰਨਾਮਾ, ਦੋ ਲੋਕ-ਸਾਹਿਤ ਦੀਆਂ ਪੁਸਤਕਾਂ ਪ੍ਰਕਾਸ਼ਿਤ ਹੋ ਚੁਕੀਆਂ ਹਨ ਜਿਨ੍ਹਾਂ ਵਿਚੋ 'ਧਰਤੀ ਮੰਗਦੀ ਮੀਂਹ ਵੇ', 'ਪੱਤ ਝੜੇ ਪੁਰਾਣੇ', 'ਬਿਰਹੜੇ', 'ਕਾਲੀ ਬਰਛੀ', 'ਅੱਕ ਦੇ ਪੱਤੇ', 'ਗੁੱਡੀਆਂ ਪਟੋਲੇ' ਪਹੁ ਫੁਟਾਲਾ, 'ਸਿੱਟਿਆ ਦੀ ਛਾਂ' ਉੱਤਮ ਮੰਨੀਆਂ ਜਾਂਦੀਆਂ ਹਨ। 'ਸਾਂਝੀ ਕੰਧ', ਸਵੇਰ ਹੋਣ ਤਕ, 'ਕੋਈ ਇਕ ਸਵਾਰ', 'ਮੰਗੋ', 'ਭੇਤ ਵਾਲੀ ਗੱਲ', 'ਦੋ ਚਿੱਠੀਆਂ' ਅਤੇ 'ਮੇਰਾ ਉਜੜਿਆ ਗਵਾਂਢੀ' ਆਦਿ ਇਸ ਦੀਆਂ ਕਹਾਣੀਆਂ ਪੰਜਾਬੀ ਵਿਚ ਯੋਗ ਦਰਜਾ ਹਾਸਲ ਕਰ ਚੁਕੀਆਂ ਹਨ।

ਭਾਸ਼ਾ ਵਿਭਾਗ, ਪੰਜਾਬ ਵੱਲੋਂ ਇਸ ਨੂੰ ਸ਼੍ਰੋਮਣੀ ਪੰਜਾਬੀ ਸਾਹਿਤਕਾਰ ਪੁਰਸਕਾਰ (1990) ਦੇ ਕੇ ਸਨਮਾਨਿਤ ਕੀਤਾ ਜਾ ਚੁੱਕਾ ਹੈ। ਇਸ ਦਾ ਰਚਨਾ ਕਾਰਜ ਨਿਰੰਤਰ ਜਾਰੀ ਹੈ।

ਹ. ਪੁ.- ਪੰ. ਸਾ. ਉ. ਵਿ. 661-62 ; ਪੰ. ਲਿ. ਕੋ : 190 ; ਸੂਵੀ. ਭਾ. ਵਿ. ਪੰ. 1993

ਧੀਰ, ਕੇਵਲ : ਉਰਦੂ ਦਾ ਇਕ ਪ੍ਰਸਿੱਧ ਅਫਸਾਨਾ ਨਿਗਾਰ ਹੈ ਜਿਸ ਦਾ ਜਨਮ 5 ਅਕਤੂਬਰ, 1938 ਈ. ਵਿਚ ਪਿੰਡ ਗੱਗੋ, ਜ਼ਿਲ੍ਹਾ ਮਿੰਟਗੁਮਰੀ (ਪਾਕਿ.) ਵਿਖੇ ਹੋਇਆ। ਉਰਦੂ ਗਲਪ ਅਤੇ ਵਾਰਤਕ ਸਾਹਿਤ ਵਿਚ ਇਸ ਦਾ ਵਿਸ਼ੇਸ਼ ਨਾਂ ਅਤੇ ਥਾਂ ਹੈ। ਇਸ ਨੇ ਉਰਦੂ, ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਚਾਰ ਭਾਸ਼ਾਵਾਂ



ਕੇਵਲ ਧੀਰ

ਵਿਚ ਸਾਹਿਤ ਰਚਿਆ ਹੈ। ਇਹ ਸਾਹਿਤਕ ਰਚਨਾਵਾਂ ਸਫ਼ਰਨਾਮਾ, ਜੀਵਨੀ ਸਾਹਿਤ, ਬਾਲ ਸਾਹਿਤ, ਮਨੋਵਿਗਿਆਨ, ਮਨੁੱਖੀ ਵਿਵਹਾਰ ਅਤੇ ਮੈਡੀਕਲ ਸਿੱਖਿਆ ਆਦਿ ਵਿਸ਼ਿਆਂ ਨਾਲ ਸਬੰਧਿਤ ਹਨ। ਵਿਸ਼ਵ ਅਤੇ ਸਮਾਜਿਕ ਚੇਤਨਾ ਇਸ ਦੀਆਂ ਲਿਖਤਾਂ ਦੇ ਪ੍ਰਮੁੱਖ ਵਿਸ਼ੇ ਹਨ ਜਿਨ੍ਹਾਂ ਰਾਹੀਂ ਇਸ ਨੇ ਸਮੇਂ ਦੇ ਸੱਚ ਨੂੰ ਬਿਆਨ ਕੀਤਾ ਹੈ। 'ਬਿਖਰੀ ਹੁਈ ਜ਼ਿੰਦਗੀ', 'ਅਪਨਾ ਦਾਮਨ ਅਪਨੀ ਆਗ' (ਕਹਾਣੀ ਸੰਗ੍ਰਹਿ), 'ਸ਼ੀਸ਼ੇ ਕੀ ਦੀਵਾਰ', 'ਰਾਖ ਕੀ ਪਰਤੇਂ' (ਨਾਵਲ) 'ਲਕੀਰੇਂ', (ਨਾਟਕ; ਮੰਟੋ ਮੇਰਾ ਦੋਸਤ', 'ਜਵਾਹਰ ਲਾਲ ਨਹਿਰੂ' (ਜੀਵਨੀ) ਇਸ ਦੀਆਂ ਉਰਦੂ ਵਿਚ ਲਿਖੀਆਂ ਪੁਸਤਕਾਂ ਹਨ। 'ਲਹੂ ਦਾ ਰੰਗ', 'ਮਹਿਕ ਦਾ ਸਫ਼ਰ' ਪੰਜਾਬੀ ਵਿਚ ਲਿਖੀਆਂ ਗਈਆਂ ਪੁਸਤਕਾਂ ਹਨ। 'ਧਰਤੀ ਰੋ ਪੜੀ', 'ਲਹੂ ਕਾ ਰੰਗ', 'ਸਾਂਝ ਕੀ ਪਰਛਾਈਆਂ', 'ਇਤਨੀ ਸੀ ਬਾਤ', 'ਸ਼ੀਸ਼ੇ ਕੀ ਦੀਵਾਰ' ਹਿੰਦੀ ਵਿਚ ਰਚੀਆਂ ਪੁਸਤਕਾਂ ਹਨ। 'ਬਾਂਡਸ ਆਫ ਲਵ' ਅੰਗਰੇਜ਼ੀ ਵਿਚ ਲਿਖਿਆ ਕਹਾਣੀ ਸੰਗ੍ਰਹਿ ਹੈ। ਇਸ ਤੋਂ ਇਲਾਵਾ ਇਸ ਨੇ 14 ਤੋਂ ਵੱਧ ਪੁਸਤਕਾਂ ਦਾ ਭਾਰਤੀ, ਅੰਗਰੇਜ਼ੀ ਅਤੇ ਹੋਰ ਬਿਦੇਸ਼ੀ ਭਾਸ਼ਾਵਾਂ ਵਿਚ ਅਨੁਵਾਦ ਕੀਤਾ ਹੈ। ਇਹ ਸਮਾਜ ਵਿਚਲੇ ਗੁਨਾਹਾਂ ਦੇ ਨਾਸੂਰਾਂ ਦਾ ਕਲਮ ਦੀ ਨੋਕ ਤੇ ਸੂਖਮਤਾ ਸਹਿਤ ਅਪਰੇਸ਼ਨ ਕਰਦਾ ਹੈ ਤਾਂ ਜੋ ਇਕ ਨਰੋਏ ਅਤੇ ਸਿਹਤਮੰਦ ਸਮਾਜ ਦੀ ਸਿਰਜਣਾ ਹੋ ਸਕੇ। ਡਾ. ਧੀਰ ਅਨੁਸਾਰ ਇਨਸਾਨੀ ਰਿਸ਼ਤੇ ਖੁਸ਼ਬੂਆਂ ਵਾਂਗ ਹਨ ਜਿਨ੍ਹਾਂ ਦਰਮਿਆਨ ਹੱਦਾਂ ਦੀਆਂ ਲਕੀਰਾਂ ਖਿਚਣ ਦੀ ਥਾਂ ਇਨ੍ਹਾਂ ਦਾ ਨਿੱਘ ਮਾਣਨਾ ਚਾਹੀਦਾ ਹੈ। ਪੰਜਾਬ ਸਰਕਾਰ ਦੇ ਅਦਾਰੇ ਭਾਸ਼ਾ ਵਿਭਾਗ ਵੱਲੋਂ ਇਸ ਨੂੰ ਸਾਲ 1997 ਵਿਚ ਸ਼੍ਰੋਮਣੀ ਉਰਦੂ ਸਾਹਿਤਕਾਰ ਪੁਰਸਕਾਰ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਇਹ 1958 ਵਿਚ ਬਿਹਾਰ ਪ੍ਰਗਤੀਸ਼ੀਲ ਸਾਹਿਤ ਪਰੀਸ਼ਦ ਪੁਰਸਕਾਰ, ਸਾਲ 1964 ਵਿਚ ਪੰਜਾਬ ਸਰਕਾਰ ਵੱਲੋਂ ਤਕਨੀਕੀ ਸਾਹਿਤ ਪੁਰਸਕਾਰ, ਸਾਲ 1981 ਵਿਚ ਭਾਰਤ-ਪਾਕਿ ਐਵਾਰਡ ਅਤੇ 1989 ਈ. ਵਿਚ ਮੁਨਸ਼ੀ ਪ੍ਰੇਮ ਚੰਦ ਐਵਾਰਡ ਹਾਸਲ ਕਰ ਚੁੱਕਿਆ ਹੈ।

ਹ. ਪੁ. -ਸ. ਸ.-ਭਾ. ਵਿ. ਪੰ. (1997)

ਧੀਰਜ ਲਾਲ, ਮਨੀਸ਼ੰਕਰ : ਭਾਰਤ ਦੀ ਆਜ਼ਾਦੀ ਲਈ ਲੜਨ ਵਾਲੇ ਇਸ ਸੁਤੰਤਰਤਾ ਸੰਗਰਾਮੀ ਦਾ ਜਨਮ 1918 ਈ. ਵਿਚ ਭਾਰਤ ਦੇ ਗੁਜਰਾਤ ਰਾਜ ਦੇ ਕਾਈਰਾ ਜ਼ਿਲ੍ਹੇ ਵਿਚ ਡਕੋਰ ਪਿੰਡ ਵਿਖੇ ਹੋਇਆ। ਛੇਵੀਂ ਜਮਾਤ ਵਿਚ ਪੜ੍ਹਦਿਆਂ ਹੀ ਇਹ 1942 ਦੀ 'ਭਾਰਤ ਛੱਡੋ ਲਹਿਰ' ਵਿਚ ਸ਼ਾਮਲ ਹੋ ਗਿਆ। ਅਗਸਤ, 1942 ਵਿਚ ਆਪਣੇ ਪਿੰਡ ਵਿਚ ਹੀ ਪੁਲਿਸ ਦੀ ਗੋਲੀ ਦਾ ਨਿਸ਼ਾਨਾ ਬਣਿਆ ਅਤੇ ਸ਼ਹੀਦ ਹੋ ਗਿਆ।

ਹ. ਪੁ. -ਹੂ. ਜ. ਹੂ. ਇੰਡ. ਮਾ. : 94

ਧੀਰਮੱਲ : ਇਹ ਸਿੱਖਾਂ ਦੇ ਛੇਵੇਂ ਗੁਰੂ ਸ੍ਰੀ ਗੁਰੂ ਹਰਿਗੋਬਿੰਦ ਜੀ ਦਾ ਪੋਤਰਾ ਅਤੇ ਬਾਬਾ ਗੁਰਦਿੱਤਾ ਜੀ ਦਾ ਵੱਡਾ ਪੁੱਤਰ ਸੀ। ਇਸ ਦਾ ਜਨਮ 10 ਜਨਵਰੀ, 1627 (13 ਮਾਘ ਸੰਮਤ, 1683) ਨੂੰ ਪੰਜਾਬ ਦੇ ਜਲੰਧਰ ਜ਼ਿਲ੍ਹੇ ਦੇ ਕਰਤਾਰਪੁਰ ਵਿਖੇ ਹੋਇਆ। ਇਹ ਸੁਭਾਅ ਵਜੋਂ ਬਹੁਤ ਸਿਰੜੀ ਸੀ। ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਪਰਿਵਾਰ ਸਹਿਤ ਕੀਰਤਪੁਰ ਜਾਣ ਪਿੱਛੋਂ ਇਹ ਕਰਤਾਰਪੁਰ ਵਿਖੇ ਹੀ ਰਿਹਾ ਅਤੇ 1638 ਈ. ਵਿਚ ਕੀਰਤਪੁਰ ਵਿਖੇ ਬਾਬਾ ਗੁਰਦਿੱਤਾ ਜੀ ਦੇ ਸਵਰਗਵਾਸ ਹੋ ਜਾਣ ਤੇ ਉਨ੍ਹਾਂ ਦੇ ਸਸਕਾਰ ਤੇ ਵੀ ਨਾ ਗਿਆ। ਇਸ ਨੇ ਗੁਰੂ ਗ੍ਰੰਥ ਸਾਹਿਬ ਦੀ ਅਸਲ ਬੀੜ ਵੀ ਗੁਰੂ ਤੇਗ ਬਹਾਦਰ ਸਾਹਿਬ ਨੂੰ ਨਾ ਦਿੱਤੀ ਜਿਹੜੀ ਗੁਰੂ ਹਰਿਗੋਬਿੰਦ ਜੀ ਪਾਸੋਂ ਕੀਰਤਪੁਰ ਜਾਣ ਵੇਲੇ ਕਰਤਾਰਪੁਰ ਵਿਖੇ ਹੀ ਰਹਿ ਗਈ ਸੀ। ਗੁਰੂ ਜੀ ਵੱਲੋਂ ਇਸ ਤੋਂ ਛੋਟੇ ਸ੍ਰੀ ਹਰਿ ਰਾਇ ਜੀ ਨੂੰ ਗੁਰ-ਗੱਦੀ ਸੌਂਪਣ ਤੋਂ ਇਸ ਨੂੰ ਬਹੁਤ ਗੁੱਸਾ ਆਇਆ ਤੇ ਇਸ ਨੇ ਕਰਤਾਰਪੁਰ ਰਹਿ ਕੇ ਆਪਣੇ ਆਪ ਨੂੰ ਗੁਰੂ ਅਖਵਾਉਣਾ ਸ਼ੁਰੂ ਕਰ ਦਿੱਤਾ। ਇਸ ਨੇ ਆਪਣੇ ਮਸੰਦ ਚੁਣੇ ਤੇ ਉਨ੍ਹਾਂ ਨੂੰ ਦਸਵੰਧ ਇਕੱਠਾ ਕਰਨ ਲਈ ਭੇਜਿਆ। ਇਸ ਨੇ ਬਾਬਾ ਰਾਮ ਰਾਇ ਨਾਲ ਦੋਸਤੀ ਗੰਢ ਲਈ ਜਿਸ ਨੂੰ ਉਸ ਦੇ ਪਿਤਾ ਗੁਰੂ ਹਰਿ ਰਾਇ ਜੀ ਨੇ ਗੁਰਬਾਣੀ ਦੀ ਤੁਕ ਬਦਲਣ ਕਰ ਕੇ ਮੱਥੇ ਲਾਉਣ ਤੋਂ ਇਨਕਾਰ ਕਰ ਦਿੱਤਾ ਸੀ। ਰਾਮ ਰਾਇ ਅਤੇ ਧੀਰਮੱਲ ਦੋਵੇਂ ਇਕੱਠੇ ਹੋ ਗਏ। ਗੁਰੂ ਹਰਿ ਰਾਇ ਜੀ ਦੁਆਰਾ ਗੁਰੂ ਹਰਿ ਕ੍ਰਿਸ਼ਨ ਜੀ ਨੂੰ ਗੁਰ-ਗੱਦੀ ਸੌਂਪਣ ਕਰ ਕੇ ਇਨ੍ਹਾਂ ਦੋਹਾਂ ਨੇ ਰਲ ਕੇ ਸਮਕਾਲੀਨ ਬਾਦਸ਼ਾਹ ਔਰੰਗਜ਼ੇਬ ਕੋਲ ਸ਼ਿਕਾਇਤ ਕੀਤੀ। ਗੁਰੂ ਹਰਿ ਕ੍ਰਿਸ਼ਨ ਜੀ ਅਚਾਨਕ ਬੀਮਾਰ ਹੋਣ ਕਰ ਕੇ ਜੋਤੀ ਜੋਤਿ ਸਮਾ ਗਏ। ਧੀਰਮੱਲ ਨੂੰ ਇਕ ਵਾਰ ਫ਼ਿਰ ਗੁਰਗੱਦੀ ਦਾ ਦਾਅਵੇਦਾਰ ਬਣਨ ਦਾ ਮੌਕਾ ਮਿਲਿਆ।

ਇਸ ਨੇ ਬਕਾਲਾ ਵਿਖੇ ਰਹਿ ਕੇ ਆਪਣੇ ਆਪ ਨੂੰ ਗੁਰਗੱਦੀ ਦਾ ਦਾਅਵੇਦਾਰ ਅਰਥਾਤ ਗੁਰੂ ਅਖਵਾਉਣਾ ਸ਼ੁਰੂ ਕੀਤਾ। ਗੁਰੂ ਤੇਗ ਬਹਾਦਰ ਜੀ ਪ੍ਰਭੂ-ਭਗਤੀ ਵਿਚ ਲੀਨ ਰਹਿੰਦੇ ਸਨ। ਗੁਰਗੱਦੀ ਦੇ ਅਸਲ ਹੱਕਦਾਰ ਗੁਰੂ ਤੇਗ ਬਹਾਦਰ ਜੀ ਸਨ ਜਿਸ ਕਰ ਕੇ ਉਹ ਧੀਰਮੱਲ ਦੀਆਂ ਅੱਖਾਂ ਵਿਚ ਰੜਕਣ ਲਗੇ। ਇਸ ਨੇ ਆਪਣੇ ਇਕ ਮਸੰਦ ਨਾਲ ਮਿਲ ਕੇ ਸਾਜ਼ਸ ਘੜੀ ਤੇ ਗੁਰੂ ਜੀ ਤੇ ਗੋਲੀ ਚਲਾਈ ਤੇ ਉਨ੍ਹਾਂ ਦੇ ਘਰ ਵਿਚ ਲੁਟ ਮਾਰ ਕੀਤੀ ਪਰ ਆਪਣੇ ਮਿਸ਼ਨ ਵਿਚ ਕਾਮਯਾਬ ਨਾ ਹੋਇਆ। ਗੁਰੂ ਜੀ ਦੇ ਇਕ ਸਿਖ ਮੱਖਣ ਸ਼ਾਹ ਲੁਭਾਣੇ ਨੇ ਗੁਰੂ ਤੇਗ ਬਹਾਦਰ ਜੀ ਨੂੰ ਪ੍ਰਗਟ ਕਰ ਦਿੱਤਾ। ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਕੁਝ ਮਹੀਨੇ ਬਾਅਦ ਸਮਕਾਲੀਨ ਬਾਦਸ਼ਾਹ ਔਰੰਗਜ਼ੇਬ ਵੱਲੋਂ ਰਣਥੰਬੋਰ ਦੇ ਕਿਲੇ ਵਿਚ ਇਸ ਨੂੰ ਕੈਦ ਕਰ ਲਿਆ ਗਿਆ ਜਿਥੇ 16 ਨਵੰਬਰ, 1677 ਨੂੰ ਇਸ ਦੀ ਮੌਤ ਹੋ ਗਈ।

ਗੁਰੂ ਅਰਜਨ ਦੇਵ ਜੀ ਦੁਆਰਾ ਸੰਪਾਦਿਤ ਕੀਤੀ ਆਦਿ ਗ੍ਰੰਥ ਦੀ ਬੀੜ ਅੱਜ ਵੀ ਇਸ ਦੇ ਪੈਰੋਕਾਰਾਂ ਦੇ ਹੱਥਾਂ ਵਿਚ ਹੈ। ਕਰਤਾਰਪੁਰ ਵਿਖੇ ਬਣਿਆ ਗੁਰਦੁਆਰਾ ਡੇਰਾ ਧੀਰ ਮੱਲ ਦੇ ਨਾਂ ਨਾਲ ਜਾਣਿਆ ਜਾਂਦਾ ਹੈ।

ਹ.ਪੁ.-ਐਨ. ਆਫ਼. ਸਿ. 579; ਮ. ਕੋ.

ਧੁੰਧੁ : ਇਹ ਇਕ ਰਾਖ਼ਸ਼ ਸੀ ਜਿਸ ਦੇ ਪਿਤਾ ਦਾ ਨਾਂ ਮਧੁ ਸੀ। ਹਰਿਵੰਸ਼ ਪੁਰਾਣ ਅਨੁਸਾਰ ਇਹ ਉਤੰਕ ਰਿਸ਼ੀ ਦੇ ਆਸ਼ਰਮ ਨੇੜੇ ਰੇਤਲੀ ਜ਼ਮੀਨ ਹੇਠ ਲੁਕ ਕੇ ਸੰਸਾਰ ਨੂੰ ਨਾਸ਼ ਕਰਨ ਦੀ ਇੱਛਾ ਨਾਲ ਘੋਰ ਤਪ ਕਰ ਰਿਹਾ ਸੀ। ਇਹ ਇਕ ਸਾਲ ਵਿਚ ਇਕ ਵਾਰ ਸਾਹ ਲੈਂਦਾ ਸੀ ਅਤੇ ਇਸ ਨਾਲ ਸੱਤ ਦਿਨ ਤਕ ਧਰਤੀ ਹਿਲਦੀ ਰਹਿੰਦੀ ਸੀ ਤੇ ਗਰਦ ਮਿੱਟੀ ਨਾਲ ਸੂਰਜ ਛੁਪ ਜਾਂਦਾ ਸੀ। ਇਸ ਦੇ ਸੁਆਸਾਂ ਤੋਂ ਉਠੀ ਹਨੇਰੀ ਅਤੇ ਨੱਕ ਤੋਂ ਨਿਕਲੇ ਅੰਗਿਆਰ ਕਾਰਨ ਜਦੋਂ ਸਭ ਦੁੱਖੀ ਹੋਣ ਲਗੇ ਤਾਂ ਉਤੰਕ ਰਿਸ਼ੀ ਨੇ ਰਾਜਾ ਕੁਵਲਯਾਸ਼੍ਵ ਨੂੰ ਇਸ ਨੂੰ ਮਾਰਨ ਲਈ ਪ੍ਰੇਰਿਆ। ਵਿਸ਼ਨੂੰ ਭਗਵਾਨ ਨੇ ਰਾਜੇ ਦੀ ਦੇਹ ਵਿਚ ਪ੍ਰਵੇਸ਼ ਕਰ ਕੇ ਉਸ ਨੂੰ ਹੋਰ ਵੀ ਸ਼ਕਤੀ ਪ੍ਰਦਾਨ ਕੀਤੀ। ਰਾਜਾ ਆਪਣੇ ਸੌ ਪੁੱਤਰਾਂ ਸਮੇਤ ਇਸ ਨੂੰ ਮਾਰਨ ਗਿਆ ਜਿਨ੍ਹਾਂ ਵਿਚੋਂ 97 ਧੁੰਧੁ ਦੇ ਸਾਹ ਨਾਲ ਭਸਮ ਹੋ ਗਏ। ਅੰਤ ਵਿਚ ਉਸ ਨੇ ਕੁਵਲਯਾਸ਼੍ਵ ਨੂੰ ਮਾਰ ਦਿੱਤਾ ਅਤੇ ਸੰਸਾਰ ਵਿਚ 'ਧੁੰਧੁ ਮਾਰ' ਦੇ ਨਾਂ ਨਾਲ ਪ੍ਰਸਿੱਧ ਹੋਇਆ।

ਹ. ਪੁ.- ਮ. ਕੋ. 669; ਹਿੰ. ਮਿ. ਕੋ. 316 ; ਹਿੰ. ਸਾ. ਕੋ. 2 : 256; ਪ੍ਰਾ.ਚ. ਕੋ. 324

ਧੁਨੀ : ਕੰਨਾਂ ਰਾਹੀਂ ਜੋ ਕੁਝ ਸੁਣਾਈ ਦਿੰਦਾ ਹੈ ਉਸ ਨੂੰ ਧੁਨੀ ਕਹਿੰਦੇ ਹਾਂ। ਇਸੇ ਨੂੰ ਹੀ ਆਵਾਜ਼ ਵੀ ਕਿਹਾ ਜਾਂਦਾ ਹੈ। ਕੰਨ ਦੀਆਂ ਸੁਣਨ ਨਾੜੀਆਂ ਜਾਂ ਨਸਾਂ ਰਾਹੀਂ ਜੋ ਅਨੁਭਵ ਜਾਂ ਸੰਵੇਦਨਾ ਸਾਡੇ ਚੇਹਰੇ ਉੱਤੇ ਹੁੰਦੀ ਹੈ, ਉਹ ਹੀ ਧੁਨੀ ਹੈ। ਇਸ ਦਾ ਸਬੰਧ ਸਰੀਰ ਅਤੇ ਮੱਥੇ ਦੀ ਬਣਤਰ ਤੇ ਨਾੜੀਆਂ ਦੇ ਕੰਮ ਨਾਲ ਹੈ। ਪਰ ਧੁਨੀ ਦੇ ਇਸ ਅਨੁਭਵ ਦਾ ਭੌਤਿਕ ਕਾਰਨ ਉਹ ਊਰਜਾ ਹੈ ਜੋ ਸਾਡੇ ਕੰਨਾਂ ਵਿਚ ਦਾਖ਼ਲ ਹੋ ਕੇ ਸੁਣਨ ਨਾੜੀਆਂ ਨੂੰ ਸੰਚਾਲਿਤ ਕਰਦੀ ਹੈ। ਇਸ ਖ਼ਾਸ ਕਿਸਮ ਦੀ ਊਰਜਾ ਨੂੰ ਵੀ ਧੁਨੀ ਕਹਿੰਦੇ ਹਾਂ, ਅਸਲ ਵਿਚ ਉਸ ਨੂੰ ਭੌਤਿਕ ਧੁਨੀ ਕਹਿਣਾ ਚਾਹੀਦਾ ਹੈ।

ਧੁਨੀ ਉਤਪਤੀ – ਜੇਕਰ ਢੋਲ, ਘੰਟੀ,ਸਿਤਾਰ ਜਾਂ ਜਾਨਵਰਾਂ ਅਤੇ ਇਨਸਾਨਾਂ ਦੇ ਗਲੇ ਵਿਚੋਂ ਧੁਨੀ ਵੱਖੋ ਵੱਖਰੀਆਂ ਕਿਰਿਆਵਾਂ ਰਾਹੀਂ ਉਤਪੰਨ ਹੁੰਦੀ ਜਾਪਦੀ ਹੈ ਤਾਂ ਇਨ੍ਹਾਂ ਸਾਰੀਆਂ ਕਿਰਿਆਵਾਂ ਦਾ ਮੁੱਖ ਆਧਾਰ ਇਕੋ ਹੀ ਹੈ ਕਿ ਕਿਸੇ ਦ੍ਰਵ ਵਸਤੂ ਦਾ ਪਿਆ ਹੋਣਾ ਅਤੇ ਛੇਤੀ ਛੇਤੀ ਇਧਰ ਉਧਰ ਹਿਲਣਾ। ਇਸ ਤਰ੍ਹਾਂ ਦੀ ਗਤੀ ਨੂੰ ਕੰਪਨ ਜਾਂ ਡੋਲਨ ਕਿਹਾ ਜਾਂਦਾ ਹੈ। ਝੂਲੇ ਜਾਂ ਘੜੀ ਦੇ ਡੋਲਕ (ਪੈਂਡੂਲਮ) ਦੀ ਗਤੀ ਇਸ ਤਰ੍ਹਾਂ ਦੀ ਹੀ ਹੁੰਦੀ ਹੈ। ਇਸ ਵਿਚ ਕੰਪਨ ਕਰਦੀ ਹੋਈ ਵਸਤੂ ਆਪਣਾ ਸਥਾਨ ਛੱਡ ਕੇ ਕਿਸੇ ਵੱਖਰੀ ਥਾਂ ਉੱਤੇ ਨਹੀਂ ਜਾਂਦੀ ਸਗੋਂ ਉਹ ਇਕ ਦਿਸ਼ਾ ਵਿਚ ਕੁਝ ਦੂਰੀ ਉੱਤੇ ਜਾ ਕੇ ਵਾਪਸ ਉੱਥੇ ਹੀ ਆ ਜਾਂਦੀ ਹੈ ਅਤੇ ਫਿਰ ਉਲਟ ਦਿਸ਼ਾ ਵਿਚ ਉਨੀ ਦੂਰ ਤੱਕ ਜਾਕੇ ਫਿਰ ਪਹਿਲਾਂ ਵਾਲੀ ਥਾਂ ਉੱਤੇ ਹੀ ਮੁੜ ਆਉਂਦੀ ਹੈ। ਇਸ ਤਰ੍ਹਾਂ ਦੋਵੇਂ ਦਿਸ਼ਾਵਾਂ ਵਿਚ ਇਕ ਇਕ ਵਾਰੀ ਜਾ ਕੇ ਵਾਪਸ ਪਹਿਲਾਂ ਵਾਲੇ ਸਥਾਨ ਤੇ ਮੁੜ ਆਉਣ ਤੇ ਇਕ ਪੂਰਨ ਕੰਪਨ ਜਾਂ ਡੋਲਨ ਹੁੰਦਾ ਹੈ। ਇਸ ਤੋਂ ਬਾਅਦ ਅਨੇਕਾਂ ਡੋਲਨ ਹੁੰਦੇ ਰਹਿੰਦੇ ਹਨ। ਹਰ ਇਕ ਡੋਲਨ ਦਾ ਸਮਾਂ ਸਮਾਨ ਹੁੰਦਾ ਹੈ ਜਿਸ ਨੂੰ ਡੋਲਨ-ਕਾਲ ਕਿਹਾ ਜਾਂਦਾ ਹੈ।

ਨਿਸ਼ਚਿਤ ਆਵਰਤੀ ਵਾਲੀ ਧੁਨੀ ਨੂੰ ਸੁਰ ਜਾਂ ਲੈਅ ਕਹਿੰਦੇ ਹਨ। ਇਹ ਕੰਨਾਂ ਨੂੰ ਸੁਹਾਵਣੀ ਲਗਦੀ ਹੈ। ਸੰਗੀਤ ਵਿਚ ਵੱਖੋ ਵੱਖਰੀਆਂ ਆਵਰਤੀਆਂ ਵਾਲੀਆਂ ਸੁਰਾਂ ਦਾ ਹੀ ਪ੍ਰਯੋਗ ਕੀਤਾ ਜਾਂਦਾ ਹੈ। ਧੁਨੀ ਉਤਪਤੀ ਲਈ ਅਜਿਹੀ ਹੀ ਡੋਲਨ ਗਤੀ ਦੀ ਜ਼ਰੂਰਤ ਹੁੰਦੀ ਹੈ। ਪਰ ਇਹ ਗਤੀ ਝੂਲੇ ਦੀ ਤਰ੍ਹਾਂ ਹੌਲੀ-ਹੌਲੀ ਨਹੀਂ ਹੁੰਦੀ ਸਗੋਂ ਇੰਨੀ ਤੇਜ਼ ਹੁੰਦੀ ਹੈ ਕਿ ਹਰ ਸੈਕੰਡ ਵਿਚ ਸੈਂਕੜੇ ਡੋਲਨ ਪੂਰੇ ਹੁੰਦੇ ਹਨ ਅਤੇ ਇਨ੍ਹਾਂ ਦਾ ਵਿਸਥਾਪਨ ਵੀ ਬਹੁਤ ਥੋੜ੍ਹਾ ਹੁੰਦਾ ਹੈ।

ਇਹ ਦੋਵੇਂ ਕਾਰਨ ਆਸਾਨੀ ਨਾਲ ਦੇਖੇ ਨਹੀਂ ਜਾ ਸਕਦੇ। ਪਰੰਤੂ ਢੋਲ ਦੀ ਖੱਲ ਨੂੰ ਉਂਗਲੀ ਨਾਲ ਛੋਹ ਕੇ ਜਾਂ ਉਸ ਉੱਤੇ ਰੇਤੇ ਦੇ ਕਿਣਕੇ ਪਾਉਣ ਨਾਲ ਡੋਲਨ ਦਾ ਅਨੁਭਵ ਹੁੰਦਾ ਹੈ। ਬਹੁਤ ਹੀ ਤੇਜ਼ ਅਤੇ ਸੂਖ਼ਮਤਾ ਕਾਰਨ ਇਨ੍ਹਾਂ ਡੋਲਨਾਂ ਨੂੰ ਕੰਪਨ ਸ਼ਬਦ ਦੇਣਾ ਵਧੇਰੇ ਉਚਿਤ ਹੈ।

ਮਾਧਿਅਮ—ਜਦੋਂ ਧੁਨੀ ਸੁਣਾਈ ਦਿੰਦੀ ਹੈ ਤਾਂ ਕੰਪਨ ਪੈਦਾ ਕਰਨ ਵਾਲੀ ਵਸਤੂ ਦੀ ਊਰਜਾ ਦਾ ਕੁਝ ਭਾਗ ਪੈਦਾ ਹੋਣ ਵਾਲੇ ਸਥਾਨ ਤੋਂ ਸਾਡੇ ਕੰਨਾਂ ਤੱਕ ਪਹੁੰਚਦਾ ਹੈ। ਰੌਸ਼ਨੀ ਦੀ ਊਰਜਾ ਵੀ ਦੀਵੇ ਤੋਂ ਨਿਕਲ ਕੇ ਸਾਡੀਆਂ ਅੱਖਾਂ ਵਿਚ ਦਾਖ਼ਲ ਹੁੰਦੀ ਹੈ। ਫਿਰ ਵੀ ਇਨ੍ਹਾਂ ਦੋਵਾਂ ਵਿਚ ਬਹੁਤ ਵੱਡਾ ਅੰਤਰ ਹੈ ਕਿ ਰੌਸ਼ਨੀ ਕਿਸੇ ਮਾਧਿਅਮ ਰਹਿਤ ਸਥਾਨ ਵਿਚੋਂ ਵੀ ਲੰਘ ਸਕਦੀ ਹੈ ਪਰ ਧੁਨੀ ਦੇ ਜਾਣ ਲਈ ਕਿਸੇ ਦ੍ਰਵ ਦੀ ਮੌਜੂਦਗੀ ਬਹੁਤ ਜ਼ਰੂਰੀ ਹੈ। ਜੇਕਰ ਕਿਸੇ ਕੱਚ ਦੇ ਵੱਡੇ ਜਾਰ ਵਿਚ ਬਿਜਲੀ ਦੀ ਘੰਟੀ ਵਜਾਈ ਜਾਵੇ ਤਾਂ ਸਾਨੂੰ ਉਸਦੀ ਧੁਨੀ ਚੰਗੀ ਤਰ੍ਹਾਂ ਸੁਣਾਈ ਦੇਵੇਗੀ ਪਰ ਜੇਕਰ ਉਸ ਜਾਰ ਨੂੰ ਹਵਾ ਰਹਿਤ ਭਾਵ ਪੰਪ ਨਾਲ ਉਸਦੀ ਹਵਾ ਕੱਢੀ ਜਾਵੇ ਤਾਂ ਜਿਉਂ ਜਿਉਂ ਹਵਾ ਨਿਕਲਦੀ ਜਾਵੇਗੀ ਆਵਾਜ਼ ਘਟਦੀ ਜਾਵੇਗੀ ਅਤੇ ਸਾਰੀ ਹਵਾ ਨਿਕਲ ਜਾਣ ਦੇ ਸਿਰਫ ਘੰਟੀ ਚਲਦੀ ਦਿਖਾਈ ਦੇਵੇਗੀ, ਆਵਾਜ਼ ਸੁਣਾਈ ਨਹੀਂ ਦੇਵੇਗੀ।

ਜਿਸ ਦ੍ਰਵ ਰਾਹੀਂ ਧੁਨੀ ਊਰਜਾ ਦੂਜੀ ਥਾਂ ਪਹੁੰਚਦੀ ਹੈ ਉਸ ਨੂੰ ਮਾਧਿਅਮ ਕਹਿੰਦੇ ਹਨ। ਆਮ ਤੌਰ ਤੇ ਹਵਾ ਹੀ ਮਾਧਿਅਮ ਦਾ ਕੰਮ ਕਰਦੀ ਹੈ ਪਰ ਠੋਸ ਅਤੇ ਦ੍ਰਵ ਪਦਾਰਥਾਂ ਵਿਚ ਹੀ ਧੁਨੀ ਦਾ ਸੰਚਾਰ ਹੁੰਦਾ ਹੈ। ਪਾਣੀ ਵਿਚ ਡੁਬਕੀ ਲਗਾਉਣ ਤੇ ਵੀ ਅਸੀਂ ਬਾਹਰ ਦੀ ਆਵਾਜ਼ ਸੁਣ ਸਕਦੇ ਹਾਂ ਅਤੇ ਰੇਲ ਦੀ ਪਟੜੀ ਨਾਲ ਕੰਨ ਲਗਾਉਣ ਨਾਲ ਅਸੀਂ ਚਾਰ ਪੰਜ ਸੌ ਮੀ. ਦੀ ਦੂਰੀ ਉੱਤੇ ਪਟੜੀ ਦੇ ਖੜਕੇ ਨੂੰ ਚੰਗੀ ਤਰ੍ਹਾਂ ਸੁਣ ਸਕਦੇ ਹਾਂ।

ਧੁਨੀ ਦੀ ਸੰਚਾਰ ਵਿਧੀ—ਇਹ ਗੱਲ ਵਿਚਾਰਯੋਗ ਹੈ ਕਿ ਧੁਨੀ ਦੂਰ ਤੱਕ ਸੁਣਾਈ ਦਿੰਦੀ ਹੈ ਪਰ ਮਾਧਿਅਮ ਉਸਦੇ ਨਾਲ ਨਾਲ ਨਹੀਂ ਜਾਂਦਾ। ਠੋਸ ਪਦਾਰਥਾਂ ਦੇ ਸਬੰਧ ਵਿਚ, ਉਹ ਤਾਂ ਧੁਨੀ ਦੇ ਨਾਲ ਗਤੀ ਕਰ ਹੀ ਨਹੀਂ ਸਕਦੇ, ਪਰ ਹਵਾ ਕਿਹੜਾ ਇੰਝ ਕਰ ਸਕਦੀ ਹੈ। ਜੇਕਰ ਧੁਨੀ ਪੈਦਾ ਕਰਨ ਵਾਲੀ ਵਸਤੂ ਅਤੇ ਸਾਡੇ ਕੰਨਾਂ ਵਿਚਕਾਰ ਕੁਝ ਧੂੰਆਂ ਪੈਦਾ ਕਰ ਦਿੱਤਾ ਜਾਵੇ ਤਾਂ ਸਾਫ਼ ਪਤਾ ਲਗਦਾ ਹੈ ਕਿ ਧੂੰਏਂ ਦੇ ਵਿਚੋਂ ਧੁਨੀ ਮੁਕੰਮਲ ਤੌਰ ਤੇ ਸੁਣਾਈ ਦਿੰਦੀ ਹੈ ਜਦੋਂ ਕਿ ਧੂੰਆਂ ਆਪਣੀ ਥਾਂ ਉੱਤੇ ਹੀ ਰਹਿੰਦਾ ਹੈ। ਇਸ ਦਾ ਕਾਰਨ ਇਹ ਹੈ ਕਿ ਧੁਨੀ ਪੈਦਾ ਕਰਨ ਵਾਲੀ ਵਸਤੂ ਹਵਾ ਵਿਚ ਵੀ ਧੁਨੀ ਪੈਦਾ ਕਰਨ ਵਾਲੇ ਕੰਪਨਾਂ ਦੇ ਬਰਾਬਰ ਦੇ ਕੰਪਨ ਪੈਦਾ ਕਰ ਦਿੰਦੀ ਹੈ। ਇਹ ਕੰਪਨ ਹਵਾ ਦੇ ਇਕ ਭਾਗ ਵਿਚ, ਫ਼ਿਰ ਦੂਜੇ 'ਤੇ ਇਸ੍ਹ ਤਰ੍ਹਾਂ ਅੱਗੇ ਅੱਗੇ ਉਸੇ ਹਿਸਾਬ ਨਾਲ ਕੰਪਨ ਪੈਦਾ ਕਰਦੇ ਚਲੇ ਜਾਂਦੇ ਹਨ। ਹਵਾ ਦਾ ਹਰ ਇਕ ਭਾਗ ਥੋੜ੍ਹਾ ਥੋੜ੍ਹਾ ਇਧਰ ਉਧਰ ਹਿਲਦਾ ਰਹਿੰਦਾ ਹੈ ਪਰ ਆਪਣਾ ਸਥਾਨ ਨਹੀਂ ਛੱਡਦਾ। ਇਸ ਨੂੰ ਕੰਪਨਾਂ ਦੀ ਸੰਚਾਰ ਲਹਿਰ ਜਾਂ ਤਰੰਗ ਕਿਹਾ ਜਾਂਦਾ ਹੈ। ਇਹ ਕਿਰਿਆ ਉਹੋ ਜਿਹੀ ਹੀ ਹੈ, ਜਿਹੋ ਜਿਹੀ ਛੱਪੜ ਵਿਚ ਪੱਥਰ ਸੁੱਟਣ ਨਾਲ ਹੁੰਦੀ ਹੈ। ਪਾਣੀ ਦੀ ਸਤ੍ਹਾ ਉੱਤੇ ਲਹਿਰਾਂ ਉੱਠਦੀਆਂ ਤੇ ਚਲਦੀਆਂ ਦਿਖਾਈ ਦਿੰਦੀਆਂ ਹਨ, ਪਰ ਪਾਣੀ ਦੀ ਸਤ੍ਹਾ ਉੱਤੇ ਤੈਰ ਰਿਹਾ ਤਿਨਕਾ ਥੋੜ੍ਹਾ ਉਪਰ ਉਠਣ ਉਪਰੰਤ ਫਿਰ ਨੀਵਾਂ ਹੋ ਜਾਂਦਾ ਹੈ ਅਤੇ ਤੈਰਦਾ ਰਹਿੰਦਾ ਹੈ, ਪਰ ਆਪਣਾ ਸਥਾਨ ਨਹੀਂ ਛੱਡਦਾ। ਮਾਧਿਅਮ ਵਿਚਕਾਰ ਵੀ ਧੁਨੀ ਦਾ ਸੰਚਾਰ ਇਕ ਤਰ੍ਹਾਂ ਤਰੰਗ ਦੇ ਰੂਪ ਵਿਚ ਹੀ ਹੁੰਦਾ ਹੈ। ਇਹ ਤਰੰਗਾਂ ਲੰਬਕਾਰ ਹੁੰਦੀਆਂ ਹਨ, ਪਰ ਪਾਣੀ ਦੀਆਂ ਤਰੰਗਾਂ ਦੇ ਸਮਾਨ ਚੌੜਾਈ ਰੁਖ ਨਹੀਂ ਹੁੰਦੀਆਂ ਭਾਵ ਇਸ ਵਿਚ ਮਾਧਿਅਮ ਦੇ ਕਣਾਂ ਦਾ ਵਿਸਥਾਪਨ ਉਸੇ ਦਿਸ਼ਾ ਵਿਚ ਹੋਣ ਲਗਦਾ ਹੈ ਜਿਸ ਵਿਚ ਤਰੰਗ ਗਤੀ ਕਰਦੀ ਹੈ। ਇਸ ਵਿਚ ਪਾਣੀ ਦੀ ਤਰੰਗ ਵਾਂਗੂ ਉਤਾਰ-ਚੜ੍ਹਾਅ ਨਹੀਂ ਹੁੰਦੇ ਪਰ ਸੰਘਣੀਆਂ ਤੇ ਵਿਰਲੀਆਂ ਹੁੰਦੀਆਂ ਹਨ।

ਧੁਨੀ ਦੀ ਗਤੀ—ਇਹ ਬਹੁਤ ਹੀ ਸਾਧਾਰਣ ਜਿਹੀ ਗੱਲ ਹੈ ਕਿ ਧੁਨੀ ਨੂੰ ਸਾਡੇ ਕੰਨਾਂ ਤੱਕ ਪਹੁੰਚਣ ਲਈ ਸਮਾਂ ਲਗਦਾ ਹੈ। ਕ੍ਰਿਕਟ ਦਾ ਖੇਡ ਦੇਖਣ ਵਾਲਿਆਂ ਨੂੰ ਹਿਟ ਲਗਦੀ ਪਹਿਲਾਂ ਦਿਖਾਈ ਦਿੰਦੀ ਹੈ ਪਰ ਉਸ ਦਾ ਖੜਕਾ ਬਾਅਦ ਵਿਚ ਸੁਣਾਈ ਦਿੰਦਾ ਹੈ।

ਇਸ ਤਰ੍ਹਾਂ ਹੀ ਤੋਪ ਚਲਣ ਦੀ ਆਵਾਜ਼ ਜਾਂ ਆਕਾਸ਼ ਵਿਚ ਬਿਜਲੀ ਦੀ ਚਮਕ ਦਿਖਾਈ ਦੇਣ ਤੋਂ ਕਾਫ਼ੀ ਦੇਰ ਬਾਅਦ ਆਵਾਜ਼ ਸੁਣਾਈ ਦਿੰਦੀ ਹੈ। ਇਸ ਦਾ ਕਾਰਨ ਇਹ ਹੈ ਕਿ ਪ੍ਰਕਾਸ਼ ਤਾਂ 1, 86, 000ਮੀਲ = 3×10^{10} ਸੈਂ. ਮੀ. ਪ੍ਰਤਿ ਸੈਕੰਡ ਦੇ ਵੇਗ ਦੇ ਹਿਸਾਬ ਨਾਲ ਗਤੀ ਕਰਦਾ ਹੈ ਅਤੇ ਧੁਨੀ ਦੀ ਹਵਾ ਅੰਦਰ ਗਤੀ ਕਾਫ਼ੀ ਘੱਟ ਹੁੰਦੀ ਹੈ। ਇਸ ਤਰ੍ਹਾਂ ਧੁਨੀ ਨੂੰ ਸਾਡੇ ਤੱਕ ਪਹੁੰਚਣ ਲਈ ਵਧੇਰੇ ਸਮਾਂ ਲਗਦਾ ਹੈ ਜਦੋਂ ਕਿ ਪ੍ਰਕਾਸ਼ ਛੇਤੀ ਪਹੁੰਚ ਜਾਂਦਾ ਹੈ। ਜੇਕਰ ਤੋਪ ਸਾਡੇ ਤੋਂ 4 ਜਾਂ 5 ਕਿ. ਮੀ. ਦੂਰ ਹੋਵੇ ਤਾਂ ਚਮਕ ਦਿਖਾਈ ਦੇਣ ਅਤੇ ਧੁਨੀ ਸੁਣਨ ਵਿਚਲੇ ਸਮੇਂ ਦਾ ਅੰਤਰ ਘੜੀ ਨਾਲ ਨਾਪਿਆ ਜਾ ਸਕਦਾ ਹੈ। ਧੁਨੀ ਦੀ ਗਤੀ ਮਿਣਨ ਦੀ ਪਰਤੱਖ ਵਿਧੀ ਇਹੋ ਹੀ ਹੈ। ਇਸੇ ਵਿਧੀ ਅਨੁਸਾਰ ਧੁਨੀ ਦੀ ਗਤੀ 330 ਮੀ. ਪ੍ਰਤਿ ਸੈਕੰਡ ਨਾਪੀ ਗਈ ਹੈ। ਇਹ ਗਤੀ ਤੇਜ਼ ਰੇਲਗੱਡੀ ਅਤੇ ਸਾਧਾਰਣ ਜੈੱਟ ਹਵਾਈ ਜਹਾਜ਼ਾਂ ਦੀ ਗਤੀ ਨਾਲੋਂ ਕਾਫ਼ੀ ਵੱਧ ਹੈ। ਕੁਝ ਆਧੁਨਿਕ ਹਵਾਈ ਜਹਾਜ਼ਾਂ ਦੀ ਗਤੀ ਇਸ ਤੋਂ ਵੱਧ ਹੁੰਦੀ ਹੈ ਅਤੇ ਇਹ ਪਾਰਧੁਨਿਕ ਗਤੀ ਕਹੀ ਜਾਂਦੀ ਹੈ।

ਧੁਨੀ ਦਾ ਵੇਗ ਠੀਕ-ਠੀਕ ਮਾਪਣ ਲਈ ਉਕਤ ਵਿਧੀ ਵਿਚ ਕਈ ਸੁਧਾਰ ਕਰਨੇ ਪਏ ਸਨ, ਕਿਉਂ ਜੋ ਇਸ ਉੱਤੇ ਹਵਾ ਦੀ ਚਾਲ ਅਤੇ ਦਿਸ਼ਾ ਦੇ ਅਸਰ ਤੋਂ ਇਲਾਵਾ ਮਾਧਿਅਮ ਦੀ ਘਣਤਾ, ਤਾਪਮਾਨ, ਨਮੀ ਆਦਿ ਦਾ ਅਸਰ ਪੈਂਦਾ ਹੈ। ਤਾਪਮਾਨ ਨਾਲ ਇਹ ਗਤੀ ਵਧਦੀ ਹੈ ਜਦੋਂ ਕਿ ਘਣਤਾ ਵਧਣ ਨਾਲ ਇਹ ਚਾਲ ਮੱਠੀ ਪੈ ਜਾਂਦੀ ਹੈ। ਖ਼ੁਸ਼ਕ ਹਵਾ ਨਾਲੋਂ ਸਿੱਲ੍ਹੀ ਹਵਾ ਵਿਚ ਧੁਨੀ ਤੇਜ਼ੀ ਨਾਲ ਚਲਦੀ ਹੈ।

ਧੁਨੀ ਨੂੰ ਮੁੱਖ ਤੌਰ ਤੇ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ ਜਿਵੇਂ ਕਿ ਸੰਗੀਤਮਈ ਧੁਨੀ ਅਤੇ ਸ਼ੋਰ।

ਸੰਗੀਤਮਈ ਧੁਨੀ ਦੇ ਤਿੰਨ ਮੁੱਖ ਲੱਛਣ ਹਨ :

1. ਤੀਬਰਤਾ ਜਾਂ ਉੱਚਾਪਣ
2. ਤਿੱਖਾਪਨ ਜਾ ਸੁਰਮਾਨ
3. ਸਰੂਪ ਅਰਥਾਤ ਕੁਆਲਟੀ ਜਾਂ ਸੁਰ-ਗੁਣ

1. **ਤੀਬਰਤਾ**—ਕੋਈ ਧੁਨੀ ਇੰਨੀ ਤੀਬਰ ਨਹੀਂ ਹੁੰਦੀ ਕਿ ਬਹੁਤ ਦੂਰ ਤੱਕ ਸੁਣਾਈ ਦਿੰਦੀ ਹੋਵੇ। ਜੇਕਰ ਧੁਨੀ ਦੇ ਪੈਦਾ ਹੋਣ ਵਾਲੇ ਸਥਾਨ ਦੇ ਨੇੜੇ ਜਾ ਕੇ ਸੁਣੋ ਤਾਂ ਕੰਨਾਂ ਨੂੰ ਤਕਲੀਫ਼ ਹੁੰਦੀ ਹੈ, ਜਿਵੇਂ ਬੰਦੂਕ ਦੀ ਆਵਾਜ਼। ਕੋਈ ਧੁਨੀ ਇੰਨੀ ਮੱਧਮ ਹੁੰਦੀ ਹੈ ਕਿ ਕੰਨਾਂ ਨੂੰ ਉਸਦੇ ਪੈਦਾ ਹੋਣ ਵਾਲੇ ਸਥਾਨ ਦੇ ਨਜ਼ਦੀਕ ਲੈ ਜਾਣ ਉਪਰੰਤ ਹੀ ਸੁਣਾਈ ਦਿੰਦੀ ਹੈ, ਜਿਵੇਂ ਕਿ ਘੜੀ ਦੀ ਟਿਕ ਟਿਕ। ਇਹ ਧੁਨੀ ਦੀਆਂ ਉਤਪਾਦਨ ਕੰਪਨਾਂ ਦੀ ਊਰਜਾ ਉੱਤੇ ਨਿਰਭਰ ਕਰਦੀ ਹੈ ਅਤੇ ਇਹ ਊਰਜਾ ਕੰਪਨਾਂ ਦੇ ਡੋਲਨਕਾਲ ਅਤੇ ਔਸਤ ਵਿਸਥਾਪਨ ਦੂਰੀ ਉੱਤੇ। ਜਿੰਨਾ ਡੋਲਨਕਾਲ ਵਧੇਰੇ ਹੋਵੇਗਾ ਓਨੀ ਹੀ ਧੁਨੀ ਦੀ ਤੀਬਰਤਾ ਵਧੇਰੇ ਹੋਵੇਗੀ ਅਤੇ ਜਿੰਨਾ ਡੋਲਨਕਾਲ ਛੋਟਾ ਹੋਵੇਗਾ ਓਨੀ ਹੀ ਧੁਨੀ ਮੱਧਮ ਹੋਵੇਗੀ। ਕੰਪਨਾਂ ਦੀ ਊਰਜਾ ਡੋਲਨਕਾਲ ਦੇ ਵਰਗ ਦੇ ਅਨੁਪਾਤੀ ਹੁੰਦੀ ਹੈ।

ਧੁਨੀ ਦੀ ਤੀਬਰਤਾ ਕੇਵਲ ਉਸੇ ਨੂੰ ਉਤਪੰਨ ਕਰਨ ਵਾਲੀ ਵਸਤੂ ਦੇ ਕੰਪਨਾਂ ਦੇ ਡੋਲਨਕਾਲ ਉੱਤੇ ਹੀ ਨਿਰਭਰ ਨਹੀਂ ਕਰਦੀ ਸਗੋਂ ਅਸਲ ਵਿਚ ਉਹ ਉਸਦੇ ਕੰਪਨਾਂ ਦੇ ਡੋਲਨਕਾਲ ਉੱਤੇ ਨਿਰਭਰ ਕਰਦੀ ਹੈ ਜਿਹੜੀ ਧੁਨੀ ਤਰੰਗ ਕੰਨਾਂ ਤੱਕ ਪਹੁੰਚਦੀ ਹੈ। ਤੀਬਰਤਾ ਧੁਨੀ ਦੇ ਪੈਦਾ ਹੋਣ ਵਾਲੇ ਸਥਾਨ ਦੀ ਕੰਨਾਂ ਤੋਂ ਦੂਰੀ ਉੱਤੇ ਵੀ ਨਿਰਭਰ ਕਰਦੀ ਹੈ। ਹਵਾ ਵਿਚ ਧੁਨੀ ਤਰੰਗ ਪੈਦਾ ਸਥਾਨ ਤੋਂ ਦਸ ਦਿਸ਼ਾਵਾਂ ਵਿਚ ਫੈਲਦੀਆਂ ਹਨ ਭਾਵ ਇਹ ਚੱਕਰੀ ਤਰੰਗ ਹੁੰਦੀ ਹੈ ਅਤੇ ਇਸ ਦਾ ਡੋਲਨਕਾਲ ਦੂਰੀ ਦੇ ਉਲਟ ਅਨੁਪਾਤੀ ਹੁੰਦਾ ਹੈ। ਕੰਨਾਂ ਤੱਕ ਪਹੁੰਚਣ ਵਾਲੀ ਊਰਜਾ ਦਾ ਮਾਨ ਦੂਰੀ ਦੇ ਵਰਗ ਦੇ ਉਲਟ ਅਨੁਪਾਤੀ ਹੁੰਦਾ ਹੈ, ਭਾਵ ਜੇਕਰ ਦੂਰੀ ਦੁੱਗਣੀ ਹੋ ਜਾਵੇ ਤਾਂ ਊਰਜਾ ਚੌਥਾਈ ਰਹਿ ਜਾਂਦੀ ਹੈ। ਸਿੱਟਾ ਇਹ ਹੋਇਆ ਕਿ ਧੁਨੀ ਦੀ ਤੀਬਰਤਾ ਇਸੇ ਉਲਟਕਰਮੀ ਵਰਗ-ਨਿਯਮ ਦੇ ਅਨੁਸਾਰ ਘਟਦੀ ਜਾਂਦੀ ਹੈ।

2. **ਤਿੱਖਾਪਨ ਜਾਂ ਸੁਰਮਾਨ**—ਇਹ ਧੁਨੀ ਤਰੰਗਾਂ ਦੇ ਕੰਪਨਾਂ ਦੀ ਆਵਰਤੀ ਉੱਤੇ ਨਿਰਭਰ ਕਰਦਾ ਹੈ। ਇਹ ਕੰਪਨ ਠੀਕ ਉਸ ਤਰਾਂ ਹੁੰਦੀ ਹੈ ਜਿਸ ਤਰ੍ਹਾਂ ਧੁਨੀ ਪੈਦਾ ਕਰਨ ਵਾਲੀ ਵਸਤੂ ਦੇ ਕੰਪਨਾਂ ਦੀ ਹੁੰਦੀ ਹੈ। ਜਦੋਂ ਆਵਰਤੀ ਘੱਟ ਹੁੰਦੀ ਹੈ ਤਾਂ ਸਾਨੂੰ ਧੁਨੀ ਮੋਟੀ ਜਾ ਭਾਰੀ ਸੁਣਾਈ ਦਿੰਦੀ ਹੈ ਅਤੇ ਆਵਰਤੀ ਵੱਧ ਹੋਣ ਤੇ ਧੁਨੀ ਬਾਰੀਕ ਸੁਣਾਈ ਦਿੰਦੀ ਹੈ। ਧੁਨੀ ਦੇ ਕੰਨਾਂ ਦੁਆਰਾ ਇਸ ਅਨੁਭਵੀ ਲੱਛਣ ਨੂੰ ਤਿੱਖਾਪਨ ਜਾਂ ਸੁਰਮਾਨ ਕਿਹਾ ਜਾਂਦਾ ਹੈ। ਜਿਵੇਂ ਜਿਵੇਂ ਕੰਪਨਾਂ ਦੀ ਆਵਰਤੀ ਵਧਦੀ ਜਾਂਦੀ ਹੈ ਤਿਵੇਂ ਤਿਵੇਂ ਧੁਨੀ ਦਾ ਤਿੱਖਾਪਨ ਵੀ ਉੱਚਾ ਹੁੰਦਾ ਜਾਂਦਾ ਹੈ।

ਧੁਨੀ ਕੰਪਨ ਦੇ ਡੋਲਨਕਾਲ ਵਿਚ ਧੁਨੀ ਤਰੰਗ ਜਿੰਨੀ ਦੂਰ ਚਲੀ ਜਾਂਦੀ ਹੈ ਉਸ ਨੂੰ ਧੁਨੀ ਦੀ ਤਰੰਗ ਲੰਬਾਈ λ ਕਹਿੰਦੇ ਹਨ। ਜੇਕਰ ਆਵਰਤੀ n ਹੋਵੇ ਤਾਂ ਇਕ ਸੈਕੰਡ ਵਿਚ ਧੁਨੀ ਤਰੰਗ λ ਤੋਂ n ਗੁਣਾ ਦੂਰ ਚਲੀ ਜਾਵੇਗੀ ਭਾਵ ਧੁਨੀ ਦਾ ਵੇਗ $v = n\lambda$ ਹੋਵੇਗਾ ਜਾਂ ਉਸ ਦੀ ਤਰੰਗ ਲੰਬਾਈ $\lambda = v/n$ ਹੋਵੇਗੀ। ਤਿੱਖੇਪਣ ਨੂੰ ਤਰੰਗ-ਲੰਬਾਈ ਰਾਹੀਂ ਵੀ ਦਰਸਾਇਆ ਜਾ ਸਕਦਾ ਹੈ। ਲੰਬੀ ਤਰੰਗ-ਲੰਬਾਈ ਵਾਲੀ ਧੁਨੀ ਬਾਰੀਕ ਹੁੰਦੀ ਹੈ।

3. **ਸਰੂਪ ਅਰਥਾਤ ਕੁਆਲਟੀ ਜਾਂ ਸੁਰ-ਗੁਣ**—ਧੁਨੀ ਦਾ ਸਰੂਪ ਉਹ ਗੁਣ ਹੈ ਜਿਸ ਰਾਹੀਂ ਕੰਨ ਨੂੰ ਤੀਬਰਤਾ ਅਤੇ ਤਿੱਖੇਪਣ ਦੋਵੇਂ ਬਰਾਬਰ ਹੋਣ ਤੇ ਵੀ ਧੁਨੀਆਂ ਵਿਚ ਵੱਖਰੇਪਨ ਦਾ ਅਨੁਭਵ ਹੁੰਦਾ ਹੈ ਅਤੇ ਉਹ ਪਹਿਚਾਣ ਲੈਂਦਾ ਹੈ ਕਿ ਆਵਾਜ਼ ਕਿਸੇ ਖ਼ਾਸ ਵਿਅਕਤੀ ਦੀ ਹੈ ਜਾਂ ਫਿਰ ਕਿਸੇ ਵਿਸ਼ੇਸ਼ ਸਾਜ਼ ਦੀ। ਇਹ ਗੁਣ ਕੰਪਨ ਦੇ ਉਸ ਰੂਪ ਉੱਤੇ ਨਿਰਭਰ ਕਰਦਾ ਹੈ ਜਿਹੜਾ ਉਸ ਵਿਚ ਵੱਖੋ ਵੱਖਰੇ ਮੌਕਿਆਂ ਤੇ ਹੋਣ ਵਾਲੇ ਵਿਸਥਾਪਨਾਂ ਦੇ ਰੇਖਾ ਚਿਤਰਾਂ ਦੀ ਬਣਤਰ ਦਸਦੀ ਹੈ। ਸਾਧਾਰਨ ਕਿਸਮ ਦੀਆਂ ਕੰਪਨਾਂ ਸਰਲ ਆਵਰਤੀ ਕੰਪਨਾਂ ਕਹੀਆਂ ਜਾਂਦੀਆਂ ਹਨ ਅਤੇ ਉਸ ਦੇ ਵਿਸ-ਥਾਪਨ ਚਾਪ ਦੀ ਬਣਤਰ ਠੀਕ ਉਸਦੀ ਚਾਪ ਦੇ ਇਕ ਭਾਗ ਦੀ ਬਣਤਰ ਹੁੰਦੀ ਹੈ। ਇਸ ਤੋਂ ਉਤਪੰਨ ਧੁਨੀ ਨੂੰ ਸ਼ੁੱਧ ਸੁਰ ਕਹਿੰਦੇ ਹਨ ਪਰ ਡੋਲਨਕਾਲ ਅਤੇ ਆਵਰਤੀ ਵਿਚ ਕੋਈ ਫ਼ਰਕ ਨਾ ਹੋਣ ਤੇ ਵੀ ਵੱਖਰੇ ਸੁਰਾਂ ਦੇ ਕੰਪਨਾਂ ਦੇ ਰੂਪ ਵੱਖਰੇ ਕਿਸਮ ਦੇ ਹੋ ਸਕਦੇ ਹਨ ਅਰਥਾਤ ਉਨ੍ਹਾਂ ਦੀ ਵਿਸਥਾਪਨ ਵੇਗ ਅਤੇ ਸੁਰਮਾਨ ਦੇ ਪਰਿਵਰਤਨ ਦੇ ਕ੍ਰਮ ਵੱਖਰੀ ਕਿਸਮ ਦੇ ਹੋ ਸਕਦੇ ਹਨ। ਇਨ੍ਹਾਂ ਨੂੰ ਸਰਲ ਕੰਪਨ ਕਹਿੰਦੇ ਹਨ ਅਤੇ ਇਹ ਵੀ ਕੰਨਾਂ ਨੂੰ ਮਿੱਠੇ ਲਗਦੇ ਹਨ। ਗਣਿਤ ਰਾਹੀਂ ਇਹ ਸਿੱਧ ਕੀਤਾ ਜਾ ਸਕਦਾ ਹੈ ਕਿ ਜੇਕਰ ਅਜਿਹੇ ਅਸਰਲ ਕੰਪਨ ਦੀ ਆਵਰਤੀ n ਹੋਵੇ ਤਾਂ n, $2n$, $3n$, $4n$ ਆਦਿ ਅਨੇਕ ਵੱਖਰੀਆਂ ਆਵਰਤੀਆਂ ਅਤੇ ਡੋਲਨਕਾਲਾਂ ਦੇ ਸਰਲ ਆਵਰਤੀ ਕੰਪਨਾਂ ਦਾ ਸਮੁੱਚਾ ਪਰਿਣਾਮ ਹੁੰਦਾ ਹੈ। ਭਾਵ ਧੁਨੀ ਦਾ ਸੁਰ-ਗੁਣ ਵੀ ਇਸ ਗੱਲ ਉੱਤੇ ਨਿਰਭਰ ਕਰਦਾ ਹੈ ਕਿ ਉਸ ਵਿਚ ਕਿਹੜੀਆਂ-ਕਿਹੜੀਆਂ ਆਵਰਤੀਆਂ ਅਤੇ ਡੋਲਨਕਾਲਾਂ ਵਾਲੀਆਂ ਸਰਲ ਆਵਰਤ ਧੁਨੀਆਂ ਰਲੀਆਂ ਹੋਈਆਂ ਹਨ। ਵਿਸ਼ੇਸ਼ ਪ੍ਰਕਾਰ ਦੇ ਯੰਤਰਾਂ ਰਾਹੀਂ ਇਨ੍ਹਾਂ ਰਲੀਆਂ ਹੋਈਆਂ ਆਵਰਤੀਆਂ ਦਾ ਪਤਾ ਲਗਾਇਆ ਜਾ ਸਕਦਾ ਹੈ। ਸਾਡੇ ਕੰਨਾਂ ਵਿਚ ਵੀ ਅਜਿਹਾ ਕਰ ਸਕਣ ਦਾ ਵਿਸ਼ੇਸ਼ ਗੁਣ ਹੈ ਅਤੇ ਇਸੇ ਕਰਕੇ ਵੱਖਰੀਆਂ ਧੁਨੀਆਂ ਦੇ ਸੁਰ-ਗੁਣਾਂ ਦੀ ਪਛਾਣ ਕਰ ਲੈਂਦਾ ਹੈ, ਪਰ ਜਦੋਂ ਧੁਨੀ ਪੈਦਾ ਕਰਨ ਵਾਲੀ ਵਸਤੂ ਦੀ ਗਤੀ ਅਨਿਯਮਿਤ ਹੁੰਦੀ ਹੈ ਅਤੇ ਉਸ ਵਿਚ ਵਾਰ-ਵਾਰ ਇਕ ਹੀ ਪ੍ਰਕਾਰ ਦੀ ਗਤੀ ਦਾ ਪਰਦਰਸ਼ਨ ਨਹੀਂ ਹੁੰਦਾ, ਜਿਸ ਕਾਰਨ ਕੋਈ ਨਿਸ਼ਚਿਤ ਆਵਰਤੀ ਵੀ ਪਰਗਟ ਨਹੀਂ ਹੁੰਦੀ ਤੇ ਇਹ ਧੁਨੀ ਕੰਨਾਂ ਨੂੰ ਚੰਗੀ ਨਹੀਂ ਲਗਦੀ। ਅਜਿਹੀ ਧੁਨੀ ਨੂੰ ਸੁਰ ਨਹੀਂ ਕਿਹਾ ਜਾਂਦਾ। ਇਸ ਨੂੰ ਤਾਂ ਸ਼ੋਰ ਜਾਂ ਕੋਲਾਹਲ ਕਹਿੰਦੇ ਹਾਂ। ਇਹ ਵੀ ਵੱਖਰੀਆਂ ਆਵਰਤੀਆਂ ਵਾਲੀਆਂ ਅਨੇਕਾਂ ਧੁਨੀਆਂ ਨੂੰ ਇਕੱਠੇ ਉਤਪੰਨ ਕਰਨ ਨਾਲ ਪੈਦਾ ਹੁੰਦੀ ਹੈ ਪਰ ਇਸ ਦੀਆਂ ਰਲੀਆਂ ਹੋਈਆਂ ਧੁਨੀਆਂ ਦੀਆਂ ਆਵਰਤੀਆਂ ਮੇਲ ਨਹੀਂ ਖਾਂਦੀਆਂ ਅਰਥਾਤ ਕੋਈ ਸਹੀ ਅਨੁਪਾਤ ਵਿਚ ਨਹੀਂ ਹੁੰਦੀ। ਧਾਤ ਦੀਆਂ ਚਾਦਰਾਂ, ਘੰਟਿਆਂ ਅਤੇ ਢੋਲਾਂ ਵਿਚੋਂ ਅਜਿਹੀਆਂ ਧੁਨੀਆਂ ਹੀ ਨਿਕਲਦੀਆਂ ਹਨ। ਭਾਰਤੀ ਸਰਦੰਗ ਅਤੇ ਤਬਲੇ ਦੇ ਚਮੜੇ ਦੇ ਵਿਚਕਾਰ ਕੋਈ ਹੋਰ ਦ੍ਰਵ ਚਿਪਕਾ ਕੇ ਉਸ ਦੀ ਧੁਨੀ ਨੂੰ ਅਨੁਕੂਲ ਤੇ ਸੰਨਾਦੀ ਬਣਾ ਲਿਆ ਜਾਂਦਾ ਹੈ।

ਸੁਣਨ ਰੇਂਜ—ਇਕ ਬਾਲਗ਼ ਮਨੁੱਖ ਦਾ ਕੰਨ 20 ਤੋਂ 20,000 ਸੀ. ਪੀ. ਐਸ. (ਸਾਈਕਲਜ਼ ਪ੍ਰਤਿ ਸੈਕੰਡ) ਦੀ ਆਵਰਤੀ ਵਾਲੀ ਧੁਨੀ ਸੁਣ ਸਕਦਾ ਹੈ। ਕਈ ਮਨੁੱਖ 18,000 ਸੀ.ਪੀ.ਐਸ. ਤੋਂ ਉੱਤੇ ਅਤੇ 40 ਸੀ.ਪੀ.ਐਸ ਤੋਂ ਘੱਟ ਆਵਰਤੀ ਵਾਲੀ ਧੁਨੀ ਨਹੀਂ ਸੁਣ ਸਕਦੇ। ਜਿਹੜੀ ਧੁਨੀ 20 ਸੀ. ਪੀ. ਐਸ. ਤੋਂ ਹੇਠਾਂ ਦੀ ਹੋਵੇ ਉਸ ਨੂੰ "ਅਵਸੁਣਨ ਆਵ੍ਰਿੱਤੀ" ਕਿਹਾ ਜਾਂਦਾ ਹੈ ਜਿਸ ਦਾ ਅਰਥ ਹੈ ਸੁਣਨ ਰੇਂਜ ਤੋਂ ਘੱਟ। ਜਿਹੜੀ ਧੁਨੀ 20,000 ਸੀ. ਪੀ ਐਸ. ਤੋਂ ਵੱਧ ਹੋਵੇ ਉਸ ਨੂੰ ਪਾਰਸ਼੍ਰਵਣ ਕਿਹਾ ਜਾਂਦਾ ਹੈ। ਛੋਟੇ ਛੋਟੇ ਜੀਵ ਜੰਤੂ ਜਿਵੇਂ ਪੰਛੀ, ਚਮਗਿੱਦੜ ਅਤੇ ਕੀੜੇ ਮਕੌੜੇ ਨਿਰੰਤਰ ਪਾਰਸ਼੍ਰਵਣ ਧੁਨੀ ਪੈਦਾ ਕਰਦੇ ਹਨ। ਇਥੋਂ ਤਕ ਕਿ ਕੁੱਤਿਆਂ ਵਿਚ ਵੀ ਪਾਰਸ਼੍ਰਵਣ ਧੁਨੀ ਸੁਣ ਸਕਣ ਦੀ ਸਮਰੱਥਾ ਹੁੰਦੀ ਹੈ ਜਿਹੜੀ ਕਿ ਇਕ ਮਨੁੱਖ ਨਹੀਂ ਸੁਣ ਸਕਦਾ (ਚਿਤਰ)। ਕਈ ਕੁੱਤੇ ਅਜਿਹੀ ਪਾਰਸ਼੍ਰਵਣ ਆਵ੍ਰਿੱਤੀ ਵਾਲੀ ਸੀਟੀ ਮਾਰਦੇ ਹਨ ਜਿਹੜੀ ਕਿ ਦੂਜਾ ਕੁੱਤਾ ਹੀ ਸੁਣ ਸਕਦਾ ਹੈ, ਮਨੁੱਖ ਨਹੀਂ।

ਸੰਨ 1940 ਤੱਕ ਧੁਨੀ ਤੇਜ਼ ਗਤੀ ਨਾਲ ਚਲਣ ਜਾਂ ਸਾਊਂਡ ਬੈਰੀਅਰ ਪਾਰ ਕਰਨਾ ਗ਼ੈਰਯਕੀਨੀ ਗੱਲ ਸੀ ਪਰ ਅੱਜਕੱਲ੍ਹ ਫ਼ੌਜੀ ਜਹਾਜ਼ਾਂ ਲਈ ਇਹ ਨਿਤਾ ਪ੍ਰਤੀ ਕੰਮ ਹੈ। ਪਾਰਧੁਨਿਕ ਹਵਾਈ ਉਡਾਣ ਨਾਲ ਇਕ ਹੋਰ ਮਹੱਤਵਪੂਰਨ ਵਿਚਾਰ ਮੈਚ ਨੰਬਰ ਦਾ ਜੁੜ ਗਿਆ ਹੈ। ਗਤੀ ਨੂੰ ਮੈਚ ਨੰਬਰਾਂ ਨਾਲ ਦਰਸਾਇਆ ਜਾਂਦਾ ਹੈ ਜਿਹੜਾ ਕਿ ਧੁਨੀ ਦੀ ਸਥਾਨਕ ਗਤੀ ਅਤੇ ਹਵਾਈ ਜਹਾਜ਼ ਦੀ ਗਤੀ ਵਿਚਲਾ ਅਨੁਪਾਤ ਹੁੰਦਾ ਹੈ। ਉਦਾਹਰਣ ਵਜੋਂ ਇਕ ਖ਼ਾਸ ਉਚਾਈ ਉੱਤੇ 0.5 ਮੈਚ ਨਾਲ ਉੱਡ ਰਹੇ ਹਵਾਈ ਜਹਾਜ਼ ਦੀ ਗਤੀ ਧੁਨੀ ਦੀ ਗਤੀ ਨਾਲੋਂ ਅੱਧੀ ਹੋਵੇਗੀ। ਜੇਕਰ ਮੈਚ 1.0 ਹੋਵੇ ਤਾਂ ਧੁਨੀ ਦੀ ਗਤੀ ਦੇ ਬਰਾਬਰ ਅਤੇ ਜੇਕਰ ਮੈਚ 2.0 ਹੋਵੇ ਤਾਂ ਧੁਨੀ ਦੀ ਗਤੀ ਤੋਂ ਦੁੱਗਣੀ ਗਤੀ ਨਾਲ ਹਵਾਈ ਜਹਾਜ਼ ਉੱਡ ਰਿਹਾ ਹੋਵੇਗਾ।

ਹ. ਪੁ.—ਹਿੰ. ਵਿ. ਕੋ. 6 : 208; ਦੀ ਮਾਈਂਡ ਅਲਾਈਵ ਐਨ. ਬੇਸਿਕ ਸਾਇੰਸ : 48; ਐਨ. ਅਮੈ. 25 : 237

ਧੂੰਨੀ : ਪਾਕਿਸਤਾਨ ਦੇ ਪੰਜਾਬ ਰਾਜ ਵਿਚ ਜ਼ਿਲ੍ਹਾ ਗੁਜਰਾਂ-

ਵਾਲਾ ਦੀ ਤਹਿਸੀਲ ਹਾਫ਼ਿਜ਼ਾਬਾਦ ਵਿਚ ਇਹ ਇਕ ਪਿੰਡ ਹੈ ਜੋ ਰੇਲਵੇ-ਸਟੇਸ਼ਨ ਹਾਫ਼ਿਜ਼ਾਬਾਦ ਤੋਂ 4 ਕਿ. ਮੀ. (ਸੱਤ ਮੀਲ) ਦੂਰ ਸਥਿਤ ਹੈ। ਇਸੇ ਪਿੰਡ ਵਿਚ ਹੀ ਸ੍ਰੀ ਗੁਰੂ ਅਮਰਦਾਸ ਜੀ ਨੇ ਵੀ ਚਰਨ ਪਾਏ ਸਨ ਅਤੇ ਆਪਣੇ ਸ਼ਰਧਾਲੂ ਚੈਨਾਮੱਲ ਦੀ ਸੇਵਾ ਤੋਂ ਖ਼ੁਸ਼ ਹੋ ਕੇ ਉਸ ਨੂੰ ਆਪਣਾ ਜੋੜਾ ਬਖਸ਼ਿਆ ਸੀ। ਸੰਨ 1947 ਦੀ ਵੰਡ ਤੋਂ ਪਹਿਲਾਂ ਗੁਰੂ ਸਾਹਿਬ ਦੇ ਜੋੜੇ ਦਾ ਇਕ ਪੈਰ (ਲੰਬਾਈ 11" ਅਤੇ ਪੰਜੇ ਤੋਂ ਚੌੜਾਈ $3\frac{1}{2}$ ") ਬਹੁਤ ਸ਼ਰਧਾ ਨਾਲ ਪਿੰਡ ਵਿਚ ਸੰਭਾਲਿਆ ਹੋਇਆ ਸੀ।

ਹ. ਪੁ.– ਮ. ਕੋ. 670

ਧੁਨੀ-ਇੰਜੀਨੀਅਰਿੰਗ : ਆਮ ਕਰਕੇ ਧੁਨੀ ਵਿਗਿਆਨ ਇੰਜੀਨੀਅਰਿੰਗ ਦੀ ਉਹ ਸ਼ਾਖ਼ਾ ਹੈ ਜਿਹੜੀ ਕਿਸੇ ਆੱਡੀਟੋਰੀਅਮ ਵਿਚ ਧੁਨੀ ਨਾਲ ਸਬੰਧਤ ਹਾਲਾਤ ਕੰਟਰੋਲ ਕਰਦੀ ਹੈ ਅਤੇ ਅਜਿਹੇ ਹੀ ਹੋਰ ਫੈਕਟਰਾਂ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਹਰ ਇਕ ਦਫ਼ਤਰੀ ਬਿਲਡਿੰਗ, ਹਵਾਈ ਅੱਡਾ ਟਰਮੀਨਸ, ਹਸਪਤਾਲ ਅਤੇ ਇਥੋਂ ਤੱਕ ਕਿ ਨਿਜੀ ਮਕਾਨਾਂ ਦੀਆਂ ਵੀ ਧੁਨੀ ਅਤੇ ਸ਼ੋਰ ਸਬੰਧੀ ਸਮੱਸਿਆਵਾਂ ਹੁੰਦੀਆਂ ਹਨ। ਇਸ ਲਈ ਇਮਾਰਤਾਂ ਦੀ ਉਸਾਰੀ ਸਮੇਂ ਇਨ੍ਹਾਂ ਸਮੱਸਿਆਵਾਂ ਦਾ ਵਿਚਾਰਿਆ ਜਾਣਾ ਅਤੇ ਹੱਲ ਲੱਭਣਾ ਅਤਿ ਜ਼ਰੂਰੀ ਹੈ।

ਧੁਨੀ ਇੰਜੀਨੀਅਰਿੰਗ ਦਾ ਖੇਤਰ ਧੁਨੀ ਅਤੇ ਸ਼ੋਰ ਦਾ ਆਲੇ ਦੁਆਲੇ ਉੱਤੇ ਪਏ ਪ੍ਰਭਾਵ ਤੇ ਉਸ ਦੇ ਹੱਲ ਨਾਲ ਸੰਬੰਧ ਰਖਦਾ ਹੈ, ਜਿਸ ਦੇ ਫਲਸਰੂਪ ਇਮਾਰਤ ਦੇ ਅੰਦਰ ਸਹੀ ਤੇ ਵਧੀਆ ਸੁਣਨ ਪ੍ਰਬੰਧ ਉਪਲੱਬਧ ਹੁੰਦੇ ਹਨ। ਬੇਸ਼ਕ ਸ਼ੁਰੂ ਤੋਂ ਹੀ ਇਸ ਸਬੰਧੀ ਧਿਆਨ ਰੱਖਿਆ ਜਾਂਦਾ ਸੀ ਪਰੰਤੂ ਇਸ ਖੇਤਰ ਵਿਚ ਕੰਮ ਸੰਨ 1900 ਤੋਂ ਹੀ ਆਰੰਭ ਹੋਇਆ ਹੈ। ਗਿਆਨ ਵਿਚ ਬਹੁਤ ਜ਼ਿਆਦਾ ਵਾਧਾ ਹੋ ਜਾਣ ਕਾਰਨ ਧੁਨੀ ਸਬੰਧੀ ਸਾਰੀਆਂ ਸਮੱਸਿਆਵਾਂ ਦਾ ਹੱਲ ਇਮਾਰਤ ਦੀ ਉਸਾਰੀ ਹੋਣ ਤੋਂ ਪਹਿਲਾਂ ਹੀ ਕਰ ਲਿਆ ਜਾਂਦਾ ਹੈ। ਧੁਨੀ-ਇੰਜੀਨੀਅਰਿੰਗ ਦਾ ਸਬੰਧ ਬਾਹਰੀ ਸ੍ਰੋਤਾਂ ਤੋਂ ਪੈਦਾ ਹੋਣ ਵਾਲੇ ਸ਼ੋਰ ਨਾਲ ਵੀ ਹੈ ਜਿਵੇਂ ਕਿ ਆਵਾਜਾਈ ਦੇ ਸਾਧਨ ਆਦਿ। ਹਵਾਈ ਅੱਡੇ ਦੇ ਨੇੜੇ ਵਾਲੀ ਇਮਾਰਤ ਵਿਚ ਆਮ ਤੌਰ ਤੇ ਮਜ਼ਬੂਤ ਤੇ ਭਾਰੀ ਉਸਾਰੀ ਕੀਤੀ ਜਾਂਦੀ ਹੈ, ਖਿੜਕੀਆਂ ਵਿਚ ਵਿਸ਼ੇਸ਼ ਉਪ ਪ੍ਰਬੰਧ ਕੀਤੇ ਜਾਂਦੇ ਹਨ ਅਤੇ ਇਮਾਰਤ ਦਾ ਹਵਾਬੰਦ ਤੇ ਵਾਯੂ ਅਨੁਕੂਲਿਤ ਹੋਣਾ ਜ਼ਰੂਰੀ ਹੈ।

ਧੁਨੀ ਸ੍ਰੋਤ ਹਵਾ ਵਿਚ ਦਾਬ ਵਿਭਿੰਨਤਾਵਾਂ, ਨਪੀੜਨਤਾਵਾਂ ਅਤੇ ਅਣ-ਸੰਘਣਤਾ ਪੈਦਾ ਕਰਦਾ ਹੈ, ਜਿਹੜੀਆਂ ਇਸ ਤੋਂ ਬਾਹਰ ਨਿਕਲਦੀਆਂ ਹਨ ਅਤੇ ਉਸ ਸਮੇਂ ਉਨ੍ਹਾਂ ਦੀ ਗਤੀ ਲਗਭਗ 335 ਮੀ. ਪ੍ਰਤਿ ਸੈਕਿੰਡ ਹੁੰਦੀ ਹੈ। ਖੁੱਲ੍ਹੀ ਥਾਂ ਉੱਤੇ ਤਰੰਗਾਂ ਦੀ ਊਰਜਾ ਤੀਬਰਤਾ ਘਟਦੀ ਜਾਂਦੀ ਹੈ, ਜਿਉਂ-ਜਿਉਂ ਇਨ੍ਹਾਂ ਦੀ ਸ੍ਰੋਤ ਤੋਂ ਦੂਰੀ ਵਧਦੀ ਜਾਂਦੀ ਹੈ। ਸ੍ਰੋਤ ਅਤੇ ਗ੍ਰਹਿਣਕਰਤਾ ਵਿਚਲੀ ਦੂਰੀ ਦੁੱਗਣੀ ਹੋ ਜਾਣ ਨਾਲ ਧੁਨੀ ਦਾ ਉੱਚਾਪਣ ਇਕ ਤਿਹਾਈ ਰਹਿ ਜਾਂਦਾ ਹੈ। ਕਮਰੇ ਦੇ ਅੰਦਰ ਧੁਨੀ ਦੀਆਂ ਤਰੰਗਾਂ ਅਨੇਕਾਂ ਵਾਰ ਪਰਾਵਰਤਿਤ ਹੁੰਦੀਆਂ ਹਨ, ਇਸ ਲਈ ਸਰੋਤ ਦੇ ਨੇੜੇ ਦੀ ਥਾਂ ਨੂੰ ਛੱਡ ਕੇ, ਬਾਕੀ ਸਾਰੇ ਕਮਰੇ ਵਿਚ ਆਵਾਜ਼ ਲਗਭਗ ਇਕਸਮਾਨ ਸੁਣਾਈ ਦਿੰਦੀ ਹੈ। ਤਰੰਗਾਂ ਧੁਨੀ ਦੇ ਸ੍ਰੋਤ ਤੋਂ ਕੰਨ ਜਾਂ ਕਿਸੇ ਹੋਰ ਗ੍ਰਹਿਣ ਕਰਨ ਵਾਲੀ ਵਸਤੂ ਤੱਕ ਊਰਜਾ ਲੈ ਕੇ ਜਾਂਦੀਆਂ ਹਨ। ਧੁਨੀ ਦੀ ਤੀਬਰਤਾ ਦੇ ਇਕ ਬਹੁਤ ਵੱਡੇ ਰੇਂਜ ਦਾ ਕੰਨਾਂ ਨੂੰ ਸਾਹਮਣਾ ਕਰਨਾ ਪੈਂਦਾ ਹੈ।

ਧੁਨੀ-ਨਿਯੰਤਰਨ ਡਿਜ਼ਾਈਨ ਸਿਧਾਂਤ—ਸੁਣਨ ਵਾਲੇ ਦੇ ਕੰਨਾਂ ਤਕ ਪਹੁੰਚਣ ਵਾਲੀ ਊਰਜਾ ਦੀ ਮਾਤਰਾ ਧੁਨੀ ਦੁਆਰਾ ਅਪਣਾਏ ਗਏ ਰਸਤੇ, ਸ੍ਰੋਤ ਤੋਂ ਦੂਰੀ, ਸ੍ਰੋਤ ਦੀ ਊਰਜਾ ਅਤੇ ਰਸਤੇ ਵਿਚ ਪਈਆਂ ਰੁਕਾਵਟਾਂ, ਜਿਵੇਂ ਕਿ ਕੰਧਾਂ, ਦਰਵਾਜ਼ੇ, ਖਿੜਕੀਆਂ ਅਤੇ ਧੁਨੀ ਸੋਖਣ ਸੁਰਾਖ਼ ਜਾਂ ਨਾਲੀਆਂ ਆਦਿ ਉੱਤੇ ਨਿਰਭਰ ਕਰਦੀ ਹੈ। ਧੁਨੀ ਇੰਜੀਨੀਅਰ ਇਸ ਗੱਲ ਉੱਤੇ ਵਿਚਾਰ ਕਰਦਾ ਹੈ ਕਿ ਸ੍ਰੋਤੇ ਨੂੰ ਆਵਾਜ਼ ਕਿਸ ਤਰ੍ਹਾਂ ਦੀ ਸੁਣਨੀ ਚਾਹੀਦੀ ਹੈ, ਜਿਸ ਕਾਰਨ ਉਹ ਧੁਨੀ ਦੇ ਸਰੋਤ ਦੇ ਗੁਣ, ਰਸਤੇ ਦੇ ਗੁਣ ਅਤੇ ਸੁਣਨ ਵਾਲਿਆਂ ਦੀ ਲੋੜ ਨੂੰ ਧਿਆਨ ਵਿਚ ਰਖਦਾ ਹੈ। ਧੁਨੀ ਵਾਤਾਵਰਨ ਕਿਸ ਤਰ੍ਹਾਂ ਦਾ ਹੋਵੇ, ਹਰ ਥਾਂ ਅੱਡ ਅੱਡ ਹੁੰਦਾ ਹੈ ਕਿਉਂਕਿ ਇਹ ਉਪਲੱਬਧ ਥਾਂ, ਥਾਂ ਦਾ ਉਪਯੋਗ ਕਰਨ ਵਾਲੇ ਤੇ ਉਸ ਥਾਂ ਦਾ ਬਾਕੀ ਇਮਾਰਤ ਨਾਲ ਕੀ ਸਬੰਧ ਹੈ ਆਦਿ ਵਾਤਾਵਰਨ ਉੱਤੇ ਪ੍ਰਭਾਵ ਪਾਉਂਦੇ ਹਨ। ਇਕ ਲਾਇਬ੍ਰੇਰੀ ਦਾ ਰੀਡਿੰਗ ਰੂਮ ਕਿਸੇ ਵੀ ਪ੍ਰਕਾਰ ਦੀ ਆਵਾਜ਼ ਜਾਂ ਸ਼ੋਰ ਰਹਿਤ ਹੋਣਾ ਚਾਹੀਦਾ ਹੈ। ਕਮਰੇ ਨੂੰ ਸ਼ੋਰ ਰਹਿਤ ਰਖਣ ਨਾਲ ਜਾਂ ਲਗਾਤਾਰ ਪਿਛੋਕੜ ਧੁਨੀ ਸਤ੍ਹਾ ਪੈਦਾ ਕਰਨ ਨਾਲ ਅਜਿਹਾ ਵਾਤਾਵਰਨ ਪ੍ਰਾਪਤ ਹੋ ਸਕਦਾ ਹੈ। ਇਸ ਨੂੰ ਵਾਈਟ ਨਾਇਜ਼ (ਨਿਰੋਲ ਸ਼ੋਰ) ਕਿਹਾ ਜਾਂਦਾ ਹੈ ਕਿਉਂਕਿ ਆਵਾਜ਼ ਪਿਛੋਕੜ ਤੋਂ ਆਉਂਦੀ ਹੈ ਅਤੇ ਥੋੜ੍ਹਾ ਥੋੜ੍ਹਾ ਸ਼ੋਰ ਪੈਦਾ ਹੁੰਦਾ ਹੈ ਜਿਸ ਤੋਂ ਛੁਟਕਾਰਾ ਨਹੀਂ ਪਾਇਆ ਜਾ ਸਕਦਾ। ਇਸੇ ਕਰਕੇ ਦੂਜੀ ਸਥਿਤੀ ਵਧੇਰੇ ਭਰੋਸੇਯੋਗ ਹੈ। ਇਕ ਵੱਡੇ ਵਪਾਰਕ ਅਦਾਰੇ ਵਿਚ ਵਧੇਰੇ ਸ਼ੋਰ ਵੀ ਇਤਰਾਜ਼ ਯੋਗ ਨਹੀਂ ਹੁੰਦਾ, ਪਾਬੰਦੀ ਸਿਰਫ਼ ਇੰਨੀ ਹੁੰਦੀ ਹੈ ਕਿ ਇਸ ਦਾ ਪ੍ਰਭਾਵ ਚਲ ਰਹੀ ਕਾਨਫ਼ਰੰਸ ਅਤੇ ਟੈਲੀਫ਼ੋਨ ਆਦਿ ਉੱਤੇ ਨਾ ਪੈਂਦਾ ਹੋਵੇ। ਅਕਸਰ ਵੇਖਿਆ ਗਿਆ ਹੈ ਕਿ ਲੋਕ ਉਸ ਸ਼ੋਰ ਨੂੰ ਚੰਗੀ ਤਰ੍ਹਾਂ ਸਹਿ ਲੈਂਦੇ ਹਨ ਜਿਸ ਤੋਂ ਕੋਈ ਸੂਚਨਾ ਨਾ ਮਿਲਦੀ ਹੋਵੇ, ਬਜਾਏ ਉਸ ਸ਼ੋਰ ਦੇ ਜਿਸ ਵਿਚ ਉਨ੍ਹਾਂ ਨੂੰ ਕੁਝ ਕਰਨ ਲਈ ਕਿਹਾ ਜਾਂਦਾ ਹੋਵੇ। ਇਕ ਸੰਭਾਵੀ ਸ਼ੋਰ ਬਰਦਾਸ਼ਤ ਹੋ ਜਾਂਦਾ ਹੈ ਜਦੋਂ ਕਿ ਅਚਨਚੇਤੀ ਸ਼ੋਰ ਨਹੀਂ, ਬੇਸ਼ਕ ਉਨਾਂ ਦੀ ਸਮਰੱਥਾ ਇਕੋ ਜਿੰਨੀ ਕਿਉਂ ਨਾ ਹੋਵੇ। ਕਿਸੇ ਥਾਂ ਦੇ ਧੁਨੀ-ਗੁਣਾਂ ਦੀ ਵੀ ਓਨੀ ਹੀ ਮਹੱਤਤਾ ਹੈ ਜਿੰਨੀ ਕਿ ਉਸ ਥਾਂ ਪੈਦਾ ਹੋਣ ਵਾਲੀ ਧੁਨੀ ਦੀ ਹੁੰਦੀ ਹੈ। ਜੇਕਰ ਇਕ ਕਮਰੇ ਵਿਚ ਸਖ਼ਤ ਅਤੇ ਧੁਨੀ ਪਰਾਵਰਤਕ ਪਦਾਰਥ ਲਗੇ ਹੋਣ ਤਾਂ ਉਥੇ ਧੁਨੀ ਨਾ ਕੇਵਲ ਉਥੇ ਹੀ ਟਿਕੇਗੀ ਸਗੋਂ ਹਰ ਦਿਸ਼ਾ ਵਿਚ ਸੁਣਾਈ ਦੇਵੇਗੀ। ਸਮੁੱਚੀ ਇਮਾਰਤ ਵਿਚ ਇਕੋ ਤਰ੍ਹਾਂ ਦਾ ਹੀ ਧੁਨੀ ਵਾਤਾ-ਵਰਨ ਨਹੀਂ ਹੋ ਸਕਦਾ, ਇਸ ਲਈ ਧੁਨੀ ਇੰਜੀਨੀਅਰ ਹਰ ਥਾਂ ਤੇ ਧੁਨੀ ਅਨੁਸਾਰ ਸੁਝਾਵ ਦਿੰਦਾ ਹੈ ਤਾਂ ਜੋ ਉਸਾਰੀ ਠੀਕ ਤੇ ਵਾਤਾ-ਵਰਨ ਸੁਹਾਵਣਾ ਉਪਲੱਬਧ ਹੋਵੇ।

ਸ਼ੋਰ ਨਿਯੰਤਰਨ—ਇਮਾਰਤ ਤੋਂ ਬਾਹਰਲੇ ਸ਼ੋਰ ਨੂੰ ਨਿਯੰਤ-ਰਿਤ ਕਰਨ ਲਈ ਵੱਖਰੇ ਢੰਗ ਵਰਤੇ ਜਾਂਦੇ ਹਨ ਅਤੇ ਇਮਾਰਤ ਅੰਦਰਲੇ ਸ਼ੋਰ ਲਈ ਵੱਖਰੇ। ਬਾਹਰਲੇ ਸ਼ੋਰ ਨੂੰ ਨਿਯੰਤਰਿਤ ਕਰਨ ਲਈ ਸਭ ਤੋਂ ਪਹਿਲਾਂ ਉਸ ਥਾਂ ਤੇ ਧੁਨੀ ਦੇ ਸ੍ਰੋਤ ਅਤੇ ਗ੍ਰਹਿਣ ਕਰਤਾ ਨੂੰ ਅੱਡ ਅੱਡ ਕਰਨਾ ਹੈ, ਪਰ ਇਹ ਕਈ ਵਾਰੀ ਸੰਭਵ ਨਹੀਂ ਹੋ ਸਕਦਾ। ਇਸ ਲਈ ਧੁਨੀ ਰੋਧਕ ਲਗਾਏ ਜਾਂਦੇ ਹਨ। ਕੰਧਾਂ ਅਤੇ ਮਿੱਟੀ ਦੇ ਕਿਨਾਰਿਆਂ ਨਾਲ ਅਨੇਕਾਂ ਬਾਹਰੀ ਸ਼ੋਰਾਂ ਨੂੰ ਨਿਯੰਤਰਿਤ ਕੀਤਾ ਜਾ ਸਕਦਾ ਹੈ, ਪਰ ਕਿਸੇ ਵੀ ਰੋਧਕ ਦੀ ਨਿਪੁੰਨਤਾ ਇਸ ਗੱਲ ਤੇ ਨਿਰਭਰ ਕਰਦੀ ਹੈ ਕਿ ਉਹ ਕਿਵੇਂ ਧੁਨੀ ਸ੍ਰੋਤ ਅਤੇ ਗ੍ਰਹਿਣ ਕਰਤਾ ਵਿਚਕਾਰਲੇ ਧੁਨੀ ਸੰਪਰਕ ਨੂੰ ਤੋੜਦੀ ਹੈ। ਹੇਠਲੀ ਮੰਜ਼ਲ ਉੱਤੇ ਦੀਵਾਰ ਬਣਾ ਕੇ ਆਵਾਜਾਈ ਵਾਲੇ ਵਾਹਨਾਂ ਦੇ ਸ਼ੋਰ ਨੂੰ ਨਿਯੰਤਰਿਤ ਕੀਤਾ ਜਾ ਸਕਦਾ ਹੈ ਪਰ ਇਕ ਉੱਚੀ ਇਮਾਰਤ ਦੇ ਅੱਗੇ ਨੀਵੀਂ ਜਿਹੀ ਦੀਵਾਰ ਬਣਾਉਣ ਨਾਲ ਕੋਈ ਉਪਲੱਬਧੀ ਨਹੀਂ ਹੋਵੇਗੀ ਕਿਉਂਕਿ ਦੀਵਾਰ ਉਤਲੀਆਂ ਸ੍ਰੋਤ ਦੀਆਂ ਤਰੰਗਾਂ ਉੱਤੇ ਉਸ ਦਾ ਕੋਈ ਪ੍ਰਭਾਵ ਨਹੀਂ ਪਵੇਗਾ। ਰੁੱਖ ਅਤੇ ਝਾੜੀਆਂ ਕਿਸੇ ਹੱਦ ਤੱਕ ਇਸ ਕੰਮ ਵਿਚ ਸਹਾਈ ਹੋ ਸਕਦੇ ਹਨ।

ਜਦੋਂ ਧੁਨੀ ਤਰੰਗ ਕਿਸੇ ਧੁਨੀ ਰੋਧਕ ਦੀਵਾਰ ਜਾਂ ਛੱਤ ਨਾਲ

ਟਕਰਾਉਂਦੀ ਹੈ ਤਾਂ ਇਸ ਦਾ ਇਕ ਹਿੱਸਾ ਪਰਾਵਰਤਿਤ ਹੋ ਜਾਂਦਾ ਹੈ, ਇਕ ਹਿੱਸਾ ਸੋਖ਼ਿਆ ਜਾਂਦਾ ਹੈ ਅਤੇ ਇਕ ਹਿੱਸਾ ਕਿਸੇ ਨਾਲ ਵਾਲੀ ਥਾਂ ਵੱਲ ਸੰਚਾਰਿਤ ਹੋ ਜਾਂਦਾ ਹੈ। ਮੂਲ ਧੁਨੀ ਦੇ ਇਨ੍ਹਾਂ ਤਿੰਨੇ ਭਾਗਾਂ ਦੀ ਸਾਪੇਖੀ ਸਮਰੱਥਾ, ਰੋਧਕ ਦੇ ਭੌਤਿਕ ਗੁਣਾਂ ਅਨੁਸਾਰ ਜਾਣੀ ਜਾ ਸਕਦੀ ਹੈ। ਕਠੋਰ ਤੇ ਸੰਘਣੇ ਪਲਾਸਤਰ ਵਾਲੀ ਦੀਵਾਰ, ਉਸ ਨਾਲ ਟਕਰਾਉਣ ਵਾਲੀ ਧੁਨੀ ਦੀ ਵੱਡੀ ਮਾਤਰਾ ਪਰਾਵਰਤਿਤ ਕਰਦੀ ਹੈ ਜਦੋਂ ਕਿ ਨਰਮ ਸਤ੍ਹਾ, ਜਿਵੇਂ ਮੋਟੀ ਦਰੀ ਜਾਂ ਗ਼ਲੀਚਾ ਧੁਨੀ ਦੀ ਵੱਡੀ ਮਾਤਰਾ ਸੋਖ਼ ਲੈਂਦੀ ਹੈ ਅਤੇ ਥੋੜ੍ਹੀ ਜਿੰਨੀ ਮਾਤਰਾ ਹੀ ਪਰਾਵਰਤਿਤ ਕਰਦੀ ਹੈ। ਸੋਖ਼ਣਤਾ ਅਤੇ ਪਰਾਵਰਤਨ, ਦੋਵਾਂ ਦੀ ਧੁਨੀ ਪੈਦਾ ਹੋਣ ਵਾਲੇ ਸਥਾਨ ਲਈ ਵਿਸ਼ੇਸ਼ ਮਹੱਤਤਾ ਹੈ। ਧੁਨੀ ਦਾ ਉਹ ਹਿੱਸਾ ਹੀ ਸਮੱਸਿਆ ਦਾ ਕਾਰਨ ਬਣਦਾ ਹੈ ਜਿਹੜਾ ਟਕਰਾਉਣ ਉਪਰੰਤ ਨੇੜੇ ਦੀ ਥਾਂ ਵਲ ਪਰਾਵਰਤਿਤ ਹੁੰਦਾ ਹੈ। ਧੁਨੀ ਸੋਖਣ ਅਤੇ ਧੁਨੀ ਵਿਯੋਜਨ ਦਾ ਨਿਯੰਤਰਨ ਕਰਨ ਵਾਲੀਆਂ ਮਸ਼ੀਨਾਂ ਬਹੁਤ ਪੇਚੀਦਾ ਹੁੰਦੀਆਂ ਹਨ, ਇਨ੍ਹਾਂ ਦਾ ਗਿਆਨ ਹੋਣਾ ਬਹੁਤ ਜ਼ਰੂਰੀ ਹੈ ਤਾਂ ਜੋ ਸੰਭਾਵੀ ਇਮਾਰਤ ਸ਼ੋਰ ਵਰਗੀਆਂ ਧੁਨੀ ਨਾਲ ਸਬੰਧਤ ਸਮੱਸਿਆਵਾਂ ਤੋਂ ਰਹਿਤ ਹੋਵੇ।

ਜਦੋਂ ਧੁਨੀ-ਸੋਖਣ ਪਦਾਰਥ ਕਮਰੇ ਵਿਚ ਰੱਖੇ ਜਾਂਦੇ ਹਨ ਤਾਂ ਉਨ੍ਹਾਂ ਦੀ ਊਰਜਾ ਦਾ ਪਰਾਵਰਤਿਤ ਹੋਣਾ ਬਹੁਤ ਘਟ ਜਾਂਦਾ ਹੈ ਅਤੇ ਆਵਾਜ਼ ਕਮਰੇ ਵਿਚ ਪਰਾਵਰਤਿਤ ਹੋਣ ਦੀ ਬਜਾਏ ਬਹੁਤ ਜਲਦੀ ਖ਼ਤਮ ਹੋ ਜਾਂਦੀ ਹੈ। ਇਸ ਤਰ੍ਹਾਂ ਦੀ ਆਵਾਜ਼ ਜੋ ਬਹੁਤ ਜਲਦੀ ਘੱਟ ਹੋ ਜਾਵੇ ਤਾਂ ਕਮਰੇ ਅੰਦਰ ਗੂੰਜ ਸਮਾਂ ਬਹੁਤ ਘਟ ਜਾਂਦਾ ਹੈ ਪਰ ਜੇਕਰ ਆਵਾਜ਼ ਕਮਰੇ ਦੀ ਹਰੇਕ ਸਤ੍ਹਾ ਨੂੰ ਟਕਰਾ ਕੇ ਅਤੇ ਪਰਾਵਰਤਿਤ ਹੋ ਕੇ ਮੁੜੇ ਤਾਂ ਉਸ ਕਮਰੇ ਅੰਦਰ ਗੂੰਜ ਸਮਾਂ ਲੰਬਾ ਹੋ ਜਾਂਦਾ ਹੈ।

ਧੁਨੀ-ਸੋਖਣ—ਮੁਸਾਮਦਾਰ ਪਦਾਰਥ ਜਿਵੇਂ ਕਿ ਦਰੀਆਂ, ਗਲੀਚੇ ਤੇ ਪਰਦਿਆਂ ਆਦਿ ਨਾਲ ਲਾਹੇਵੰਦ ਧੁਨੀ ਸੋਖਣਤਾ ਪ੍ਰਦਾਨ ਕੀਤੀ ਜਾ ਸਕਦੀ ਹੈ। ਇਸ ਮੰਤਵ ਲਈ ਸ਼ੀਸ਼ੇ ਦੇ ਰੇਸ਼ੇ ਯੁਕਤ ਕੰਬਲ, ਕਪੜੇ ਅਤੇ ਹੋਰ ਵਿਸ਼ੇਸ਼ ਪ੍ਰਕਾਰ ਦੇ ਧੁਨੀ-ਸੋਖਣ ਪਦਾਰਥ ਵੀ ਬਣਾਏ ਜਾਂਦੇ ਹਨ। ਧੁਨੀ ਸੋਖਣ ਪਦਾਰਥਾਂ ਦਾ ਪ੍ਰਮੁੱਖ ਗੁਣ ਮੁਸਾਮਦਾਰ ਹੋਣਾ ਹੈ ਤਾਂ ਜੋ ਉਨ੍ਹਾਂ ਦੇ ਮੁਸਾਮਾਂ ਵਿਚ ਹਵਾ ਨਾਲ ਧੁਨੀ ਜਾ ਕੇ ਤਾਪ ਊਰਜਾ ਦੇ ਰੂਪ ਵਿਚ ਲੋਪ ਹੁੰਦੀ ਰਹੇ। ਇਸ ਤਰ੍ਹਾਂ ਨਾਲ ਲੋਪ ਹੋਈ ਧੁਨੀ ਊਰਜਾ ਕਦੇ ਵੀ ਮੁੜ ਪ੍ਰਾਪਤ ਨਹੀਂ ਹੋ ਸਕਦੀ। ਸੰਘਣੇ ਸੈੱਲਾਂ ਵਾਲੀ ਮੁਸਾਮਦਾਰ ਸਪੰਜ ਕਦੇ ਵੀ ਵਧੀਆ ਧੁਨੀ-ਸੋਖਣ ਪਦਾਰਥ ਨਹੀਂ ਮੰਨਿਆ ਜਾ ਸਕਦਾ। ਮੁਸਾਮਦਾਰ ਧੁਨੀ-ਸੋਖਣ ਪਦਾਰਥਾਂ ਨੂੰ ਕਈ ਵਾਰੀ ਸਖ਼ਤ ਤੇ ਮੁਲਾਇਮ ਕੀਤੇ ਲੱਕੜ ਫੱਟਿਆਂ ਜਾਂ ਅਜਿਹੇ ਹੋਰਨਾਂ ਪਦਾਰਥਾਂ ਨਾਲ ਢਕਿਆ ਹੁੰਦਾ ਹੈ ਪਰੰਤੂ ਇਨ੍ਹਾਂ ਦੀ ਬਣਤਰ ਇਸ ਤਰ੍ਹਾਂ ਦੀ ਬਣਾਈ ਹੁੰਦੀ ਹੈ ਕਿ ਧੁਨੀ ਤਰੰਗਾਂ ਇਨ੍ਹਾਂ ਵਿਚੋਂ ਆਰ ਪਾਰ ਲੰਘ ਸਕਦੀਆਂ ਹੋਣ ਅਤੇ ਜਾ ਕੇ ਪਿੱਛੇ ਲਗੇ ਮੁਸਾਮਦਾਰ ਪਦਾਰਥ ਵਿਚ ਲੋਪ ਹੋ ਜਾਂਦੀਆਂ ਹੋਣ। ਆਮ ਹਾਲਤਾਂ ਵਿਚ ਉਪੱਰਲੀ ਸਤ੍ਹਾ ਦੀਆਂ ਫੱਟੀਆਂ ਦੀ ਚੌੜਾਈ ਕਿਸੇ ਸੂਰਤ ਵਿਚ ਵੀ 5 ਸੈਂ. ਮੀ. ਤੋ 8 ਸੈਂ. ਮੀ. ਤੋਂ ਵੱਧ ਨਹੀਂ ਹੋਣੀ ਚਾਹੀਦੀ ਅਤੇ ਇਨ੍ਹਾਂ ਦੀ ਆਪਸੀ ਵਿੱਥ ਦਾ ਖੇਤਰਫਲ, ਕੁਲ ਖੇਤਰਫਲ ਦਾ 10% ਤੋਂ 25% ਦੇ ਵਿਚਕਾਰ ਹੋਣਾ ਜ਼ਰੂਰੀ ਹੈ।

ਜਦੋਂ ਧੁਨੀ-ਸੋਖਣ ਪਾਦਰਥ ਕਮਰੇ ਵਿਚ ਰਖ ਦਿੱਤੇ ਜਾਂਦੇ ਹਨ ਤਾਂ ਊਰਜਾ ਦਾ ਪਰਾਵਰਤਿਤ ਹੋਣਾ ਬਹੁਤ ਘਟ ਜਾਂਦਾ ਹੈ ਅਤੇ ਧੁਨੀ ਇਕ ਦਮ ਲੋਪ ਹੋ ਜਾਂਦੀ ਹੈ, ਕਿਉਂਕਿ ਆਲੇ ਦੁਆਲੇ ਤੋਂ, ਪਰਾਵਰਤਿਤ ਹੋਣਾ ਕਈ ਗੁਣਾਂ ਘੱਟ ਹੋ ਜਾਂਦਾ ਹੈ। ਜਦੋਂ ਧੁਨੀ ਇਕ ਦਮ ਲੋਪ ਹੋ ਜਾਂਦੀ ਹੈ ਤਾਂ ਕਮਰੇ ਅੰਦਰ ਬਹੁਗੂੰਜ ਸਮਾਂ ਬਹੁਤ ਘਟ ਜਾਂਦਾ ਹੈ। ਜਿਸ ਕਮਰੇ ਵਿਚ ਊਰਜਾ ਦਾ ਪਰਾਵਰਤਨ ਲਗਾਤਾਰ ਜਾਰੀ ਰਹਿੰਦਾ ਹੈ ਅਤੇ ਸਤ੍ਹਾਵਾਂ ਵਧੇਰੇ ਪਰਾਵਰਤਿਤ ਹੋਣ ਕਾਰਨ ਲਗਭਗ ਊਰਜਾ ਵਿਚ ਕੋਈ ਕਮੀ ਨਹੀਂ ਆਉਂਦੀ ਤਾਂ ਕਮਰੇ ਅੰਦਰ ਬਹੁਗੂੰਜ ਸਮਾਂ ਲੰਬਾ ਹੋ ਜਾਂਦਾ ਹੈ। ਧੁਨੀ-ਸੋਖਣ ਪਦਾਰਥਾਂ ਦੀ ਧੁਨੀ ਸੋਖਣਤਾ ਦਾ ਉਸ ਕਮਰੇ ਵਿਚ ਬੈਠੇ ਲੋਕਾਂ ਦੇ ਅਨੁਭਵ ਤੋਂ ਪਤਾ ਲਗਦਾ ਹੈ।

ਜਦੋਂ ਕਮਰੇ ਦਾ ਬਹੁਗੂੰਜ ਸਮਾਂ ਥੋੜ੍ਹਾ ਹੁੰਦਾ ਹੈ ਤਾਂ ਧੁਨੀ ਆਪਣੇ ਮੂਲ ਸ੍ਰੋਤ ਤੋਂ ਹੀ ਆਉਂਦੀ ਹੈ, ਨਾ ਕਿ ਪਰਾਵਰਤਨ ਉਪਰੰਤ ਸਾਰੀਆਂ ਦਿਸ਼ਾਵਾਂ ਤੋਂ। ਖ਼ਾਲੀ ਕਮਰੇ ਵਿਚ ਅਸਲੋਂ ਹੀ ਧੁਨੀ ਸਤਰ ਵਿਚ ਕਮੀ ਆਉਂਦੀ ਹੈ ਜਦੋਂ ਇਸ ਦੀ ਤੁਲਨਾ ਕਠੋਰ, ਬਹੁਗੂੰਜ ਵਾਲੇ, ਧੁਨੀ ਪਰਾਵਰਤਿਤ ਲੋਕਾਂ ਭਰੇ ਕਮਰੇ ਨਾਲ ਕੀਤੀ ਜਾਂਦੀ ਹੈ। ਇਕ ਬਹੁਗੂੰਜ ਰਹਿਤ ਥਾਂ ਵਧੇਰੇ ਸੁਖ਼ਦਾਈ ਹੁੰਦੀ ਹੈ ਕਿਉਂਕਿ ਵਾਧੂ ਸ਼ੋਰ ਨਾ ਹੋਣ ਕਾਰਨ ਗੱਲਬਾਤ ਸੌਖੀ ਹੋ ਜਾਂਦੀ ਹੈ। ਢੁਕਵੇਂ ਧੁਨੀ ਸੋਖ਼ਣ ਪਦਾਰਥਾਂ ਦੀ ਸਹਾਇਤਾ ਨਾਲ ਰਿਹਾਇਸ਼, ਕੰਮ ਕਾਜ ਅਤੇ ਖੇਡਣ ਵਾਲੀ ਥਾਂ ਸੁਖ਼ਦਾਈ ਬਣਾਈ ਜਾ ਸਕਦੀ ਹੈ। ਖੁੱਲ੍ਹੇ-ਖੁੱਲ੍ਹੇ ਵੱਡੇ-ਵੱਡੇ ਦਫ਼ਤਰਾਂ ਅਤੇ ਸਕੂਲਾਂ ਦਾ ਕੰਮ ਕਾਜ ਤਸੱਲੀਬਖ਼ਸ਼ ਹੋ ਸਕਦਾ ਹੈ ਸਿਰਫ਼ ਉਸ ਸਮੇਂ ਜਦੋਂ ਇਨ੍ਹਾਂ ਦੇ ਫ਼ਰਸ਼ ਅਤੇ ਛੱਤਾਂ ਨੂੰ ਚੰਗੀ ਤਰ੍ਹਾਂ ਨਾਲ ਧੁਨੀ ਸੋਖਣ ਪਦਾਰਥਾਂ ਨਾਲ ਢੱਕਿਆ ਗਿਆ ਹੋਵੇ।

ਫੈਕਟਰੀ ਦੇ ਅੰਦਰ ਸ਼ੋਰ ਉੱਤੇ ਨਿਯੰਤਰਣ ਕਰਨ ਲਈ ਧੁਨੀ ਸੋਖ਼ਣ ਛੱਤਾਂ ਲਗਾਈਆਂ ਜਾ ਸਕਦੀਆਂ ਹਨ, ਪਰ ਸ਼ੋਰ ਦੇ ਸ੍ਰੋਤ ਨੂੰ ਵੀ ਵਿਚਾਰਿਆ ਜਾਣਾ ਜ਼ਰੂਰੀ ਹੈ। ਧੁਨੀ ਸੋਖਣ ਛੱਤਾਂ ਕੇਵਲ ਸਮੁੱਚੇ ਸ਼ੋਰ ਸਤੱਰ ਉੱਤੇ ਪ੍ਰਭਾਵ ਪਾਉਂਦੀਆਂ ਹਨ। ਇਕ ਸ਼ੋਰ ਪਾਉਣ ਵਾਲੀ ਮਸ਼ੀਨ ਦੇ ਨੇੜੇ ਵਾਲੇ ਕਾਮੇ ਦੇ ਕੰਨਾਂ ਤੱਕ ਪਹੁੰਚਣ ਵਾਲੇ ਸ਼ੋਰ ਉੱਤੇ ਧੁਨੀ ਸੋਖਣ ਛੱਤਾਂ ਦਾ ਕੋਈ ਪ੍ਰਭਾਵ ਨਹੀਂ ਪੈਂਦਾ। ਅਜਿਹੇ ਸਥਾਨਾਂ ਉੱਤੇ ਜਿੱਥੇ ਸ਼ੋਰ ਬਹੁਤ ਤੀਬਰਤਾ ਵਾਲਾ ਨਹੀਂ ਹੁੰਦਾ ਜਿਵੇਂ ਕਿ ਰੈਸਟੋਰੈਂਟਸ ਅਤੇ ਕਾਲਜ ਦਾ ਡਾਈਨਿੰਗ ਹਾਲ ਲਈ ਧੁਨੀ ਸੋਖਣ ਛੱਤਾਂ ਵਧੇਰੇ ਪ੍ਰਭਾਵਸ਼ਾਲੀ ਹੁੰਦੀਆਂ ਹਨ। ਨਿਜੀ ਰਿਹਾਇਸ਼ ਵਾਲੇ ਮਕਾਨਾਂ ਲਈ ਧੁਨੀ-ਸੋਖਣ ਪਦਾਰਥਾਂ ਨੂੰ ਬਿਲਕੁਲ ਵੀ ਵਿਚਾਰਿਆ ਨਹੀਂ ਜਾਂਦਾ। ਰਸੋਈ ਘਰ ਹੋਰ ਵੀ ਵਧੇਰੇ ਸੁਖਦਾਈ ਹੋ ਸਕਦਾ ਹੈ ਜੇਕਰ ਇਸ ਦੀ ਛੱਤ ਵਿਚ ਧੁਨੀ ਸੋਖਣ ਪਦਾਰਥ ਲਗੇ ਹੋਣ ਕਿਉਂਕਿ ਬਾਕੀ ਆਸੇ ਪਾਸੇ ਤਾਂ ਕਠੋਰ ਤੇ ਚਮਕੀਲੇ ਪਦਾਰਥ ਹੀ ਲਗਾਏ ਜਾਂਦੇ ਹਨ। ਹਵਾ ਝਰੋਖਿਆਂ ਜਾਂ ਨਾਲੀਆਂ ਵਿਚ ਧੁਨੀ-ਸੋਖ਼ਣ ਪਦਾਰਥ ਲਗਾ ਕੇ ਧੁਨੀ ਦਾ ਸੰਚਾਰ ਘਟਾਇਆ ਜਾ ਸਕਦਾ ਹੈ। ਅੰਤਰ ਦਹਿਨ ਇੰਜਣਾਂ ਦੇ ਧੂੰਆਂ ਪਾਇਪਾਂ ਦੇ ਅੰਦਰ ਜਾਂ ਆਲੇ ਦੁਆਲੇ ਧੁਨੀ ਸੋਖਣ ਪਦਾਰਥ ਲਗਾ ਕੇ ਬਾਹਰ ਨਿਕਲ ਰਹੀਆਂ ਗੈਸਾਂ ਨਾਲ ਸੰਚਾਰ ਹੋ ਰਹੀ ਧੁਨੀ ਨੂੰ ਘਟਾਇਆ ਜਾ ਸਕਦਾ ਹੈ।

ਧੁਨੀ-ਵਿਯੋਜਨ—ਧੁਨੀ ਵਿਯੋਜਨ ਨੂੰ ਧੁਨੀ ਵੱਖਰਾਪਣ ਵੀ ਕਿਹਾ ਜਾਂਦਾ ਹੈ। ਧੁਨੀ ਸੋਖ਼ਣ ਵਿਧੀਆਂ ਬੇਸ਼ਕ ਬੰਦ ਕਮਰਿਆਂ ਜਾਂ ਰਿਹਾਇਸ਼ੀ ਸਥਾਨਾਂ ਦਾ ਧੁਨੀ-ਨਿਯੰਤਰਣ ਕਰ ਸਕਦੇ ਹਨ ਪਰ ਇਹ ਧੁਨੀ ਰੋਧਕਾਂ ਵਜੋਂ ਅਸਰਹੀਣ ਹੁੰਦੇ ਹਨ। ਇਕ ਪਰਦੇ ਨੂੰ ਦਰਵਾਜ਼ੇ ਵਿਚ ਲਟਕਾ ਦੇਣ ਜਾਂ ਦੀਵਾਰ ਉੱਤੇ ਪਾ ਦੇਣ ਨਾਲ ਕਿਸੇ ਤਰ੍ਹਾਂ ਵੀ ਧੁਨੀ-ਵਿਯੋਜਨ ਵਿਚ ਸੁਧਾਰ ਨਹੀਂ ਹੁੰਦਾ। ਧੁਨੀ-ਰੋਧਕ ਟਾਈਲਾਂ ਲਗਾਉਣ ਨਾਲ ਹੀ ਕਿਸੇ ਤਰ੍ਹਾਂ ਦਾ ਧੁਨੀ-ਵਿਯੋਜਨ ਪ੍ਰਾਪਤ ਨਹੀਂ ਹੁੰਦਾ। ਇਕ ਦੀਵਾਰ ਫ਼ਰਸ਼, ਛੱਤ ਜਾਂ ਖਿੜਕੀ ਵਰਗੇ ਰੋਧਕਾਂ ਦੁਆਰਾ ਮੁਹੱਈਆ ਕੀਤੀ ਗਈ ਧੁਨੀ-ਵਿਯੋਜਨ ਇਨ੍ਹਾਂ ਦੇ ਭਾਰ ਜਾਂ ਜੜ੍ਹਤਾ ਰਾਹੀਂ ਜਾਣੀ ਜਾਂਦੀ ਹੈ। ਕਿਉਂਕਿ ਧੁਨੀ ਤਰੰਗ ਹਵਾ ਦੇ ਗਤੀਸ਼ੀਲ ਕਣਾਂ ਰਾਹੀਂ ਅਗਾੜੀ ਪਛਾੜੀ ਗਤੀ ਕਰਦੇ ਸਮੇਂ ਜਦੋਂ ਵੀ ਕੋਈ ਰੁਕਾਵਟ ਉਨ੍ਹਾਂ ਦੇ ਰਸਤੇ ਵਿਚ ਆਉਂਦੀ ਹੈ, ਤਾਂ ਉਹ ਧੁਨੀ ਤਰੰਗਾਂ ਦੀ ਡੋਲਨ ਕਿਰਿਆ ਨੂੰ ਰੁਕਾਵਟ ਪਾਉਂਦੀ ਹੈ। ਜੇਕਰ

ਰੁਕਾਵਟ ਦਾ ਭਾਰ ਜਾਂ ਜੜ੍ਹਤਾ ਬਹੁਤ ਜ਼ਿਆਦਾ ਹੋਵੇ ਤਾਂ ਇਹ ਧੁਨੀ-ਤਰੰਗਾਂ ਨੂੰ ਪੂਰਨ ਤੌਰ ਤੇ ਰੋਕਣ ਦੀ ਕੋਸ਼ਿਸ਼ ਕਰਦੀ ਹੈ। ਪਰ ਇਹ ਤਰੰਗਾਂ ਹਲਕੀਆਂ ਹੋਣ ਕਾਰਨ ਹੌਲੀ ਜਿਹੇ ਅੱਗੇ ਲੰਘ ਜਾਂਦੀਆਂ ਹਨ। ਜਦੋਂ ਰੁਕਾਵਟ ਇਨ੍ਹਾਂ ਤਰੰਗਾਂ ਕਾਰਨ ਗਤੀ ਕਰਦੀ ਹੈ ਤਾਂ ਉਲਟੇ ਪਾਸੇ ਵੀ ਅਜਿਹੀਆਂ ਤਰੰਗਾਂ ਪੈਦਾ ਹੋ ਜਾਂਦੀਆਂ ਹਨ, ਇਸ ਤਰ੍ਹਾਂ ਧੁਨੀ-ਊਰਜਾ ਦਾ ਸੰਚਾਰ ਹੋ ਜਾਂਦਾ ਹੈ। ਜਿੰਨੀ ਵਧੇਰੇ ਭਾਰੀ ਸੰਰਚਨਾ ਹੋਵੇਗੀ ਉਨੀ ਹੀ ਧੁਨੀ ਦੂਜੇ ਪਾਸੇ ਲੰਘੇਗੀ। ਇਕੋ ਜਿੰਨੀ ਮੋਟਾਈ ਵਾਲੀ ਇੱਟਾਂ ਦੀ ਕੰਧ ਤੇ ਪਲਾਸਟਿਕ ਦੀ ਕੰਧ ਵਿਚੋਂ, ਇੱਟਾਂ ਦੀ ਕੰਧ ਰਾਹੀਂ ਧੁਨੀ ਦਾ ਸੰਚਾਰ ਘੱਟ ਹੋਵੇਗਾ।

ਜਿਹੜੀ ਵੀ ਸੰਰਚਨਾ ਦਾ ਧੁਨੀ-ਵਿਯੋਜਨ ਕਰਨਾ ਹੋਵੇ ਉਸਦਾ ਪੂਰਨ ਤੌਰ ਤੇ ਹਵਾ-ਬੰਦ ਹੋਣਾ ਜਰੂਰੀ ਹੈ। ਦਰਵਾਜ਼ੇ ਦੇ ਆਕਾਰ ਜਿੰਨੀ ਦੀਵਾਰ ਨਾਲੋਂ ਦਰਵਾਜ਼ੇ ਵਿਚੋਂ ਧੁਨੀ ਸੰਚਾਰ ਵਧੇਰੇ ਹੋਵੇਗਾ। ਮੁਸਾਮਦਾਰ ਸੰਰਚਨਾ ਵਾਲੀ ਦੀਵਾਰ ਜਾਂ ਢਿੱਲੇ ਜੋੜਾਂ ਵਾਲੇ ਦਰਵਾਜ਼ਿਆਂ ਵਿਚੋਂ ਧੁਨੀ ਸੰਚਾਰ ਹੁੰਦਾ ਹੈ। ਦਰਵਾਜ਼ੇ ਤੇ ਖਿੜਕੀਆਂ ਧੁਨੀ-ਰੋਧਕਾਂ ਦਾ ਕੰਮ ਕਰਦੇ ਹਨ ਜਦੋਂ ਉਹ ਪੂਰੀ ਤਰ੍ਹਾਂ ਟਾਈਟ ਤੇ ਬੰਦ ਹੋਣ। ਅਜੋਕੀਆਂ ਇਮਾਰਤਾਂ ਵਿਚ ਸਭ ਤੋਂ ਵੱਡੀ ਸਮੱਸਿਆ ਪੂਰਨ ਸੰਰਚਿਤ ਇਮਾਰਤ ਦੇ ਭਾਗਾਂ ਨੂੰ ਹਵਾ-ਬੰਦ ਕਰਨ ਦੀ ਹੈ। ਕਿਉਂਕਿ ਇਹ ਬਿਲਕੁਲ ਸੰਭਵ ਨਹੀਂ ਕਿ ਦੀਵਾਰਾਂ ਮੋਟੀਆਂ ਬਣਾਈਆਂ ਜਾਣ ਸਗੋਂ ਕਈ ਵਾਰੀ ਦੋਹਰੀਆਂ ਪਤਲੀਆਂ ਦੀਵਾਰਾਂ ਇਕਹਿਰੀ ਦੀਵਾਰ ਦੀ ਥਾਂ ਉਸਾਰੀਆਂ ਜਾਂਦੀਆਂ ਹਨ। ਸ਼ੀਸ਼ੇ ਦੀਆਂ ਦੋ ਪਰਤਾਂ ਜਿਹੜੀਆਂ ਇਕ ਦੂਜੀ ਤੋਂ 15 ਸੈਂ. ਮੀ. ਦੀ ਵਿੱਥ ਉੱਤੇ ਹੋਣ, ਮੋਟੀ ਦੀਵਾਰ ਨਾਲੋਂ ਵਧੇਰੇ ਪ੍ਰਭਾਵਸ਼ਾਲੀ ਸਿੱਧ ਹੁੰਦੀਆਂ ਹਨ। ਸਧਾਰਨ ਦੋਹਰੀ ਪਰਤ ਵਾਲੇ ਸ਼ੀਸ਼ੇ, ਜਿੰਨ੍ਹਾਂ ਵਿਚਲੀ ਆਪਸੀ ਵਿੱਥ 1.25 ਸੈਂ. ਮੀ. ਜਾਂ ਇਸ ਤੋਂ ਘੱਟ ਹੋਵੇ, ਧੁਨੀ ਵਿਗਿਆਨ ਪੱਖੋਂ ਠੀਕ ਨਹੀਂ ਹੁੰਦੀ ਕਿਉਂਕਿ ਇਨ੍ਹਾਂ ਵਿਚਕਾਰਲੀ ਘੱਟ ਵਿੱਥ ਇੰਨ੍ਹਾਂ ਨੂੰ ਦੋ ਸੁਤੰਤਰ ਗਤੀਸ਼ੀਲ ਸ਼ੀਸ਼ਿਆਂ ਦੀ ਤਰ੍ਹਾਂ ਗਤੀ ਨਹੀਂ ਕਰਨ ਦਿੰਦੀ। ਦੋਹਰੀਆਂ ਪਲੱਸਤਰ ਵਾਲੀਆਂ ਦੀਵਾਰਾਂ ਜਿੰਨ੍ਹਾਂ ਦੇ ਢਾਂਚੇ ਵੱਖਰੇ ਵੱਖਰੇ ਹੁੰਦੇ ਹਨ ਅਕਸਰ ਪਾਰਟੀਸ਼ਨ ਲਈ ਇਸਤੇਮਾਲ ਕੀਤੇ ਜਾਂਦੇ ਹਨ। ਅਜਿਹੀ ਸੰਰਚਨਾ ਬਹੁਤ ਹੀ ਪ੍ਰਭਾਵਸ਼ਾਲੀ ਹੁੰਦੀ ਹੈ ਪਰੰਤੂ ਗਰਮ ਪਾਣੀ ਦੇ ਪਾਈਪਾਂ ਜਾਂ ਪਲੰਬਿੰਗ ਦੇ ਕੰਮ ਲਈ ਕੀਤੇ ਗਏ ਸੁਰਾਖ਼ ਆਦਿ ਇਸ ਦੇ ਪ੍ਰਭਾਵ ਨੂੰ ਘਟਾਉਂਦੇ ਹਨ।

ਪਿਛੋਕੜ ਸ਼ੋਰ—ਦੋ ਜੁੜਵੀਆਂ ਥਾਵਾਂ ਦਾ ਇਕ ਦੂਜੇ ਤੋਂ ਧੁਨੀ ਨਿਯੰਤਰਨ ਦਾ ਸਬੰਧ ਸਾਪੇਖੀ ਪਿਛੋਕੜ ਸ਼ੋਰ ਦੀ ਸਤ੍ਹਾ ਅਤੇ ਧੁਨੀ-ਵਿਯੋਜਨ ਨਾਲ ਹੁੰਦਾ ਹੈ, ਜਿਸ ਦਾ ਉਸਾਰੀ ਦੌਰਾਨ ਪ੍ਰਬੰਧ ਕੀਤਾ ਹੁੰਦਾ ਹੈ। ਭਵਨ ਨਿਰਮਾਤਾ ਅਕਸਰ ਹੈਰਾਨ ਹੋ ਜਾਂਦੇ ਹਨ ਕਿ ਜਿਹੜੀ ਪਾਰਟੀਸ਼ਨ ਸ਼ਹਿਰ ਦੇ ਦਫ਼ਤਰ ਵਿਚ ਸਹੀ ਕੰਮ ਕਰਦੀ ਹੈ ਉਹ ਨਵੇਕਲੀ ਥਾਂ ਉੱਤੇ ਇੰਨੀ ਤਸੱਲੀਬਖਸ਼ ਨਹੀਂ ਹੁੰਦੀ। ਅਜਿਹੀ ਸਥਿਤੀ ਵਿਚ ਆਲੇ ਦੁਆਲੇ ਦੀ ਸ਼ੋਰ ਸਤ੍ਹਾ ਵਿਚ ਥੋੜ੍ਹੀ ਮਾਤਰਾ ਨਿਰੋਲ ਸ਼ੋਰ ਦੀ ਸ਼ਾਮਲ ਕਰ ਦਿੱਤੀ ਜਾਂਦੀ ਹੈ।

ਪਿਛੋਕੜ ਸ਼ੋਰ ਸੁਖ਼ਦਾਇਕ, ਪਛਾਣਹੀਣ ਅਤੇ ਨਿਰੰਤਰ ਹੋਣਾ ਚਾਹੀਦਾ ਹੈ। ਸ਼ਹਿਰ ਦਾ ਸਥਿਰ ਟ੍ਰੈਫ਼ਿਕ ਸ਼ੋਰ ਜਾਂ ਕਈ ਤਰ੍ਹਾਂ ਦੀਆਂ ਵਿਲੱਖਣ ਆਵਾਜ਼ਾਂ, ਇਸ ਤਰ੍ਹਾਂ ਦੇ ਪਿਛੋਕੜ ਸ਼ੋਰ ਹਨ ਜਿਨ੍ਹਾਂ ਦਾ ਆਧੁਨਿਕ ਇਮਾਰਤਾਂ ਵਿਚ ਹੋਣਾ ਲੋਕ ਲੋਚਦੇ ਹਨ। ਜਦੋਂ ਪਾਰ-ਟੀਸ਼ਨਾਂ ਨਾ ਹੋਣ ਤਾਂ ਪਿਛੋਕੜ ਸ਼ੋਰ ਦੀ ਮਹੱਤਤਾ ਏਕਾਂਤ ਲਈ ਹੋਰ ਵੀ ਵੱਧ ਜਾਂਦੀ ਹੈ।

ਸੰਰਚਨਾ ਤੋਂ ਪੈਦਾ ਹੋਇਆ ਸ਼ੋਰ ਅਤੇ ਕੰਪਨਾਂ—ਧੁਨੀ ਦਾ ਸੰਚਾਰ ਉਸ ਸਮੇਂ ਵੀ ਹੁੰਦਾ ਹੈ ਜਦੋਂ ਸੰਰਚਨਾ ਉੱਤੇ ਸਿੱਧੀ ਸੱਟ ਵਜਦੀ ਜਾਂ ਕੰਪਨ ਕਰ ਰਿਹਾ ਹਿੱਸਾ ਇਸ ਨਾਲ ਪੱਕੀ ਤਰ੍ਹਾਂ ਜੋੜਿਆ ਗਿਆ ਹੋਵੇ ਤਾਂ ਸੰਰਚਨਾ ਧੁਨੀ ਊਰਜਾ ਦਾ ਹਵਾ ਵਿਚ ਵਿਕਿਰਨ ਕਰਦੀ ਹੈ। ਇਸੇ ਕਾਰਨ ਨਾਲ ਵਾਲੇ ਦਰਵਾਜ਼ੇ ਉੱਤੇ ਲੱਗੀ ਘੰਟੀ ਦੀ ਅਵਾਜ਼ ਤੋਂ ਇੰਞ ਲਗਦਾ ਹੈ ਜਿਵੇਂ ਉਹ ਆਪਣੇ ਦਰਵਾਜ਼ੇ ਉੱਤੇ ਹੀ ਵੱਜ ਰਹੀ ਹੋਵੇ। ਕਿਸੇ ਵੀ ਯੰਤਰ ਜਾਂ ਘਰੇਲੂ ਮਸ਼ੀਨ ਦੀ ਗਤੀ ਦੀ ਧੁਨੀ ਵੀ ਸੰਰਚਨਾ ਤੋਂ ਪੈਦਾ ਹੋਏ ਸ਼ੋਰ ਨਾਲ ਮਿਲਦੀ ਜੁਲਦੀ ਹੁੰਦੀ ਹੈ। ਭਾਰੀ ਸੰਰਚਨਾ ਉੱਤੇ ਕਿਸੇ ਵਸਤੂ ਦੇ ਵੱਜਣ ਜਾਂ ਡਿੱਗਣ ਨਾਲ ਪੈਦਾ ਹੋਣ ਵਾਲੀ ਧੁਨੀ ਹਲਕਾ ਪ੍ਰਭਾਵ ਪਾਉਂਦੀ ਹੈ ਅਤੇ ਉਸ ਦਾ ਸੰਚਾਰ ਵੀ ਘੱਟ ਹੁੰਦਾ ਹੈ। ਭਾਰੀ ਸੰਰਚਨਾ ਦੇ ਨਾਲ ਲਚਕਦਾਰ ਧੁਨੀ ਵਿਯੋਜਨ ਦਾ ਹੋਣਾ ਜ਼ਰੂਰੀ ਹੈ। ਸਿਰ ਤੋਂ ਵੱਧ ਉਚਾਈ ਤੋਂ ਸੁਟੀ ਗਈ ਫੁਟਬਾਲ ਦੀ ਧੁਨੀ ਬਿਲਕੁਲ ਖ਼ਤਮ ਹੋ ਜਾਂਦੀ ਹੈ ਜਦੋਂ ਹੇਠਾਂ ਫਰਸ਼ ਉੱਤੇ ਮੋਟੇ ਗੱਦੇ ਜਾਂ ਦਰੀਆਂ ਵਿਛਾ ਦਿੱਤੀਆਂ ਜਾਂਦੀਆਂ ਹਨ। ਇਸੇ ਤਰ੍ਹਾਂ ਪੌੜੀਆਂ ਉੱਤੇ ਪੈਰਾਂ ਨਾਲ ਪੈਦਾ ਹੋਣ ਵਾਲੇ ਸ਼ੋਰ ਨੂੰ ਬਿਲਕੁਲ ਖ਼ਤਮ ਕੀਤਾ ਜਾ ਸਕਦਾ ਹੈ, ਜੇਕਰ ਮੁੱਖ ਸੰਰਚਨਾ ਉੱਤੇ ਵਿਸੇਸ਼ ਲਚਕਦਾਰ ਪੈਡ ਉੱਤੇ ਲਕੜ ਜਾਂ ਕੰਕਰੀਟ ਦੀ ਵਾਧੂ ਸਤ੍ਹਾ ਵਿਛਾਈ ਜਾਵੇ। ਲਚਕਦਾਰ ਪੈਡ ਉੱਤੇ ਕਸੀ ਗਈ ਘੰਟੀ ਦੀ ਆਵਾਜ਼ ਨਾਲ ਵਾਲੇ ਕਮਰੇ ਵਿਚ ਬਿਲਕੁਲ ਸੁਣਾਈ ਨਹੀਂ ਦੇਵੇਗੀ। ਇਸੇ ਤਰ੍ਹਾਂ ਪਾਣੀ ਵਾਲੇ ਪਾਈਪ ਅਤੇ ਪਾਣੀ ਨਿਕਾਸ ਪਾਈਪਾਂ ਨੂੰ ਲਚਕਦਾਰ ਰਬੜ ਦੇ ਪਦਾਰਥਾਂ ਵਿਚ ਮੜ੍ਹਨ ਨਾਲ ਇਨ੍ਹਾਂ ਤੋਂ ਪੈਦਾ ਹੋਣ ਵਾਲੇ ਸ਼ੋਰ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਪੱਖੇ ਅਤੇ ਕੰਪਰੈਸਰਾਂ ਨੂੰ ਵੀ ਅਜਿਹੇ ਫ੍ਰੇਮਾਂ ਉੱਤੇ ਕਸਣ ਨਾਲ ਸ਼ੋਰ ਮੁਕਤ ਕੀਤਾ ਜਾ ਸਕਦਾ ਹੈ। ਸੰਰਚਨਾ ਨਾਲ ਕਸੀਆਂ ਜਾਣ ਵਾਲੀਆਂ ਮਸ਼ੀਨਾਂ ਜਾਂ ਯੰਤਰਾਂ ਨੂੰ ਲਚਕਦਾਰ ਪੈਡਾਂ ਉੱਤੇ ਕਸਣਾ ਚਾਹੀਦਾ ਹੈ ਤਾਂ ਜੋ ਸ਼ੋਰ ਘੱਟ ਤੋਂ ਘੱਟ ਆਵੇ ਕਿਉਂਕਿ ਕੋਈ ਚੀਜ਼ ਸਖ਼ਤ ਜੋੜ ਰਾਹੀਂ ਕਸਣ ਨਾਲ ਸ਼ੋਰ ਪੈਦਾ ਕਰਦੀ ਹੈ।

ਵਧੀਆ ਸੁਣਨ ਹਾਲਤਾਂ ਲਈ ਜ਼ਰੂਰੀ ਲੋੜਾਂ—ਸ੍ਰੋਤਿਆਂ ਲਈ ਵਧੀਆ ਸੁਣਨ ਪ੍ਰਬੰਧ ਦਾ ਹੋਣਾ ਚਾਰ ਗੱਲਾਂ ਉੱਤੇ ਨਿਰਭਰ ਕਰਦਾ ਹੈ, ਭਾਵੇਂ ਉਹ ਕੋਈ ਹਾਲ, ਖੁੱਲ੍ਹੀ ਥਾਂ, ਰਿਹਾਇਸ਼ੀ ਕਮਰਾ, ਕਚਿਹਰੀ ਦਾ ਕਮਰਾ ਜਾਂ ਕੋਈ ਧਾਰਮਿਕ ਸਥਾਨ ਕਿਉਂ ਨਾ ਹੋਵੇ। ਥਾਂ ਸ਼ੋਰ ਰਹਿਤ, ਸੁਣਾਈ ਦੇਣ ਵਾਲੀ ਆਵਾਜ਼ ਦੀ ਢੁੱਕਵੀਂ ਤੀਬਰਤਾ, ਧੁਨੀ ਦਾ ਇਕ ਸਮਾਨ ਸੰਚਾਰ ਅਤੇ ਇੱਕੋ ਜਿਹੀ ਵੰਡ ਦਾ ਹੋਣਾ ਜ਼ਰੂਰੀ ਹੈ।

ਧੁਨੀ ਵਰਧਨ—ਧੁਨੀ-ਵਰਧਨ ਸਿਸਟਮ ਦੀ ਸਹਾਇਤਾ ਨਾਲ ਢੁੱਕਵੀਂ ਤੀਬਰਤਾ ਅਤੇ ਵਧੀਆ ਧੁਨੀ ਵੰਡ ਪ੍ਰਾਪਤ ਕਰਕੇ ਸ੍ਰੋਤਿਆਂ ਤੱਕ ਕੁਦਰਤੀ ਧੁਨੀ ਸੰਚਾਰ ਕੀਤਾ ਜਾ ਸਕਦਾ ਹੈ। ਵੱਡੇ-ਵੱਡੇ ਖੇਡ ਮੈਦਾਨਾਂ, ਹਵਾਈ ਅੱਡਿਆਂ ਅਤੇ ਹੋਰ ਸ਼ੋਰਮਈ ਸਥਿਤੀਆਂ ਵਿਚ ਅਜਿਹੇ ਪ੍ਰਬਲਿਤ ਸਿਸਟਮਾਂ ਦਾ ਉਪਯੋਗ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ। ਇਥੋਂ ਤੱਕ ਜਿਥੇ ਵੱਡੇ ਹਾਲਾਂ ਵਿਚ ਉੱਚੀਆਂ ਆਵਾਜ਼ਾਂ ਸਾਫ਼ ਸੁਣਾਈ ਦਿੰਦੀਆਂ ਹਨ, ਉਥੇ ਨੀਵੀਆਂ ਆਵਾਜ਼ਾਂ ਦਾ ਵੀ ਠੀਕ ਸੁਣਾਈ ਦੇਣਾ ਜ਼ਰੂਰੀ ਹੁੰਦਾ ਹੈ, ਅਜਿਹਾ ਧੁਨੀਵਰਧਨ ਰਾਹੀਂ ਪ੍ਰਾਪਤ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਰੀਕਾਰਡ ਹੋਏ ਮੈਟਰ ਜਾਂ ਗਤੀ ਸ਼ੀਲ ਪਿਕਚਰ ਦੀ ਆਵਾਜ਼ ਹੀ ਵਰਧਿਤ ਹੋਣੀ ਚਾਹੀਦੀ ਹੈ। ਧੁਨੀ ਵਰਧਨ ਦੋ ਢੰਗਾਂ ਰਾਹੀਂ ਕੀਤਾ ਜਾਂਦਾ ਹੈ : ਕੇਂਦਰੀ ਅਤੇ ਵਿਸਤ੍ਰਿਤ।

ਲਾਊਡ ਸਪੀਕਰਾਂ ਦੀ ਵਰਤੋਂ ਆਮ ਕਰਕੇ ਫਜ਼ੂਲ ਹੁੰਦੀ ਹੈ। ਸਹੀ ਡਿਜ਼ਾਈਨ ਵਾਲੇ ਹਾਲ ਨੂੰ ਜਿਸ ਵਿਚ 300 ਤੋਂ 400 ਤੱਕ ਸੀਟਾਂ ਹੋਣ, ਕਿਸੇ ਲਾਊਡ ਸਪੀਕਰ ਦੀ ਜ਼ਰੂਰਤ ਨਹੀਂ ਪੈਂਦੀ। ਜਿਸ ਹਾਲ ਦੀਆਂ ਸੀਟਾਂ 500 ਤੋਂ ਵੱਧ ਹੋਣ ਉੱਥੇ ਧੁਨੀ ਪ੍ਰਬਲਿਤ ਸਿਸਟਮ ਦੀ ਜ਼ਰੂਰਤ ਪੈਂਦੀ ਹੈ, ਕਈ ਵਾਰੀ ਇਸ ਦੀ ਵੀ ਲੋੜ ਨਹੀਂ ਹੋ ਸਕਦੀ ਪ੍ਰੰਤੂ ਵੱਡੇ ਹਾਲਾਂ ਲਈ ਧੁਨੀ-ਪ੍ਰਬਲਿਤ ਸਿਸਟਮ ਦਾ ਹੋਣਾ ਜ਼ਰੂਰੀ ਬਣ ਜਾਂਦਾ ਹੈ।


ਹ. ਪੁ.-ਐਨ. ਬ੍ਰਿ. ਮੈ. 1 : 54

ਧੁੱਪ-ਘੜੀ : ਧੁੱਪ-ਘੜੀ ਜਾਂ ਡਾਇਲ ਘੜੀ ਉਸ ਨੂੰ ਕਹਿੰਦੇ ਹਨ ਜਿਸ ਨਾਲ ਸੂਰਜ ਦੇ ਪਰਛਾਵੇਂ ਰਾਹੀਂ, ਸੂਰਜ ਦੇ ਪਰਤੱਖ ਸਮੇਂ ਦਾ ਪਤਾ ਕੀਤਾ ਜਾਂਦਾ ਹੈ। ਸਾਡੀਆਂ ਘੜੀਆਂ ਔਸਤ ਸੂਰਜੀ -ਸਮਾਂ ਦੱਸਦੀਆਂ ਹਨ। ਪਰਤੱਖ ਸਮੇਂ ਅਤੇ ਔਸਤ ਸੂਰਜੀ-ਸਮੇਂ ਵਿਚਲੇ ਅੰਤਰ ਨੂੰ ਸਮਾਂ ਅੰਤਰਾਲ ਕਿਹਾ ਜਾਂਦਾ ਹੈ। ਇਹ ਅੰਤਰ ਸੂਰਜੀ-ਮਾਰਗ ਦੇ ਟੇਢੇਪਣ ਅਤੇ ਪਰਤੱਖ ਸੂਰਜ ਦੇ ਸੂਰਜੀ-ਮਾਰਗ ਵਿਚ ਚੱਕਰ ਲਗਾਉਣ ਕਾਰਨ ਹੈ। ਜੇਕਰ ਸਾਨੂੰ ਸਮੇਂ-ਅੰਤਰਾਲ ਦਾ ਪਤਾ ਹੋਵੇ ਤਾਂ ਧੁੱਪ-ਘੜੀ ਦੀ ਸਹਾਇਤਾ ਨਾਲ ਉਸ ਸਥਾਨ ਉਤਲੇ ਔਸਤ ਸੂਰਜੀ-ਸਮੇਂ ਦਾ ਪਤਾ ਲਗਾ ਸਕਦੇ ਹਾਂ। ਚਾਰ ਨਵੰਬਰ ਨੂੰ ਸਮਾ-ਅੰਤਰਾਲ ਦਾ ਮਹੱਤਮ ਮੁੱਲ 16 ਮਿੰਟ ਦੇ ਲਗਭਗ ਹੁੰਦਾ ਹੈ। 16 ਅਪ੍ਰੈਲ, 14 ਜੂਨ, 1 ਸਤੰਬਰ ਅਤੇ 25 ਦਸੰਬਰ ਨੂੰ ਇਹ ਮੁੱਲ ਸਿਫ਼ਰ ਹੁੰਦਾ ਹੈ, ਭਾਵ ਉਸ ਸਮੇਂ ਧੁੱਪ-ਘੜੀ ਅਤੇ ਸਾਡੀ ਘੜੀ ਦਾ ਸਥਾਨਕ ਸਮਾਂ ਇੱਕੋ ਹੀ ਹੋਵੇਗਾ।

ਅੱਜ ਦੇ ਵਿਗਿਆਨਕ ਯੁੱਗ ਵਿਚ ਸਮੇਂ ਦਾ ਪਤਾ ਲਗਾਉਣਾ ਕੋਈ ਸਮੱਸਿਆ ਨਹੀਂ ਹੈ। ਸੂਖ਼ਮ ਤੋਂ ਸੂਖ਼ਮ ਸਮਾਂ ਦੱਸਣ ਵਾਲੀਆਂ ਕੁਆਰਟਜ਼ ਘੜੀਆਂ ਬਣ ਗਈਆਂ ਹਨ ਪਰ ਪ੍ਰਾਚੀਨ ਕਾਲ ਵਿਚ ਸਮੇਂ ਦਾ ਅਸਲ ਗਿਆਨ ਹੋਣਾ ਇਕ ਸਮੱਸਿਆ ਸੀ। ਸੂਰਜ ਦੀ ਪਰਤੱਖ ਗਤੀ ਕਾਰਨ ਹੀ ਸਾਨੂੰ ਸਮੇਂ ਦਾ ਪਤਾ ਲਗਦਾ ਹੈ। ਇਸ ਲਈ ਪ੍ਰਾਚੀਨ ਕਾਲ ਦੇ ਜੋਤਸ਼ੀਆਂ ਨੇ ਸੂਰਜ ਦੇ ਗ੍ਰਹਿਆਂ ਤੋਂ ਸਮੇਂ ਦਾ ਪਤਾ ਲਗਾਉਣ ਦੀ ਕੋਸ਼ਿਸ਼ ਕੀਤੀ। ਸੂਰਜ ਦਾ ਪ੍ਰਕਾਸ਼ ਤੇਜ਼ ਹੋਣ ਕਾਰਨ ਸੂਰਜ ਦਾ ਸਿੱਧਾ ਅਧਿਐਨ ਸੰਭਵ ਨਹੀਂ ਸੀ, ਇਸ ਲਈ ਜੋਤਸ਼ੀਆਂ ਨੇ ਵੱਧ ਤੋਂ ਵੱਧ ਗਿਆਨ ਸੂਰਜ ਦੇ ਪਰਛਾਵੇਂ ਤੋਂ ਪ੍ਰਾਪਤ ਕਰਨ ਦੀ ਕੋਸ਼ਿਸ਼ ਕੀਤੀ। ਇਨ੍ਹਾਂ ਗ੍ਰਹਿਆਂ ਸਦਕਾ ਹੀ ਧੁੱਪ-ਘੜੀ ਦੀ ਖੋਜ ਹੋਈ।

ਇਤਿਹਾਸ—ਭਾਰਤ ਵਿਚ ਅਨੇਕਾਂ ਪ੍ਰਕਾਰ ਦੀਆਂ ਧੁੱਪ-ਘੜੀਆਂ ਹੁੰਦੀਆਂ ਸਨ। ਸੂਰਜ ਸਿੱਧਾਂਤ ਵਿਚ ਸ਼ੰਕੂ ਯੰਤਰ, ਯਸ਼ਿਟ ਯੰਤਰ, ਧਨੂ ਯੰਤਰ ਅਤੇ ਚੱਕਰ ਯੰਤਰ ਨਾਂ ਦੀਆਂ ਚਾਰ ਧੁੱਪ-ਘੜੀਆਂ ਦਾ ਜ਼ਿਕਰ ਆਉਂਦਾ ਹੈ। ਇਨ੍ਹਾਂ ਵਿਚੋਂ ਬਹੁਤੀਆਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਸ਼ਿਰੋਮਣ ਸਿੱਧਾਂਤ ਵਿਚ ਮਿਲਦੀ ਹੈ। ਸ਼ਿਰੋਮਣ ਸਿੱਧਾਂਤ ਵਿਚ ਫੱਟੀ ਨਾਮਕ ਇਕ ਯੰਤਰ ਦਾ ਵਰਨਨ ਹੈ, ਜਿਸ ਨਾਲ ਧੁੱਪ-ਘੜੀ ਦੇ ਕੰਮ ਕਰਨ ਦੇ ਢੰਗ ਤੋਂ ਬਿਨ੍ਹਾਂ ਸੂਰਜ ਦੀ ਗਤੀ ਸਬੰਧੀ ਹੋਰ ਗੱਲਾਂ ਬਾਰੇ ਗਿਆਨ ਪ੍ਰਾਪਤ ਹੋ ਸਕਦਾ ਹੈ। ਇਨ੍ਹਾਂ ਸਾਰੇ ਯੰਤਰਾਂ ਨਾਲੋਂ ਸ਼ੰਕੂ ਯੰਤਰ ਵਧੇਰੇ ਪ੍ਰਾਚੀਨ ਹੈ ਜਿਸਦਾ ਜ਼ਿਕਰ ਵੈਦਿਕ ਸਾਹਿਤ ਵਿਚ ਵੀ ਮਿਲਦਾ ਹੈ।

ਪੱਛਮੀ ਦੇਸ਼ਾਂ ਵਿਚ ਧੁੱਪ—ਘੜੀ ਦਾ ਹਵਾਲਾ 700 ਈ. ਪੂ. ਦੇ ਇਕ ਗ੍ਰੰਥ ਈਸਾਈਆ ਵਿਚ ਮਿਲਦਾ ਹੈ, ਪਰ ਉਸ ਨਾਲ ਅਸਲ ਵਿਚ ਧੁੱਪ-ਘੜੀ ਹੋਣ ਦੀ ਪੁਸ਼ਟੀ ਨਹੀਂ ਹੁੰਦੀ। ਸਭ ਤੋਂ ਪਹਿਲੀ ਧੁੱਪ-ਘੜੀ, ਜਿਸ ਦੇ ਹੋਣ ਦੇ ਸਬੂਤ ਦੀ ਪੁਸ਼ਟੀ ਹੋ ਜਾਂਦੀ ਹੈ, ਮਿਸਰ ਦੇਸ਼ ਦੀ ਇਕ ਸਮਕੋਣੀ ਆਕਾਰ ਦੀ ਧੁੱਪ-ਘੜੀ ਹੈ ਜਿਹੜੀ ਬਰਲਿਨ ਦੇ ਅਜਾਇਬ ਘਰ ਵਿਚ ਸੰਭਾਲੀ ਪਈ ਹੈ। ਖਾਲਡੀਆ ਦੇ ਬੈਰੋਸਸ ਨਾਮੀ ਜੋਤਸ਼ੀ ਨੇ 300 ਈ.ਪੂ. ਦੇ ਲਗਭਗ ਖੋਖਲੇ ਅਰਧ ਗੋਲਿਆਂ ਦੇ ਆਕਾਰ ਦੀ ਧੁੱਪ-ਘੜੀ ਦੀ ਖੋਜ ਕੀਤੀ। ਖੋਖਲੇ ਗੋਲੇ ਦਾ ਪਿਆਲੇਨੁਮਾ ਆਕਾਰ ਉਪਰ ਨੂੰ ਖਿਤਿਜ ਦੇ ਸਮਾਂਤਰ ਰਹਿੰਦਾ ਸੀ ਅਤੇ ਇਸ ਦੇ ਕੇਂਦਰ ਵਿਚ ਸ਼ੰਕੂ ਹੁੰਦਾ ਸੀ। ਜਿੰਨਾ ਚਿਰ ਸੂਰਜ ਖਿਤਿਜ ਦੇ ਉਪਰ ਰਹਿੰਦਾ ਸੀ, ਸ਼ੰਕੂ ਦਾ ਪਰਛਾਵਾਂ ਅਰਧ ਗੋਲੇ ਦੇ ਅੰਦਰ ਰਹਿੰਦਾ ਸੀ, ਜਿਹੜਾ ਕਿ ਚੱਕਰ ਦੀ ਚਾਪ ਦੇ ਆਕਾਰ ਵਰਗਾ ਹੁੰਦਾ ਸੀ। ਇਸ ਚਾਪ ਨੂੰ 12 ਸਮਾਨ ਭਾਗਾਂ ਵਿਚ ਵੰਡਿਆ ਜਾਂਦਾ ਸੀ। ਇਹ 12 ਭਾਗ ਦਿਨ ਦੇ ਸਮੇਂ ਬਾਰੇ ਦੱਸਦੇ ਸਨ, ਇਨ੍ਹਾਂ ਨੂੰ ਅਸਥਾਈ ਘੰਟੇ ਕਿਹਾ ਜਾਂਦਾ ਸੀ ਕਿਉਂਕਿ ਇਹ ਹਮੇਸ਼ਾ ਬਦਲਦੇ ਰਹਿੰਦੇ ਸਨ। ਅਰਬ ਵਿਚ 900 ਈ. ਵਿਚ ਅਜਿਹੀਆਂ ਧੁੱਪ-ਘੜੀਆਂ ਪ੍ਰਚਲਿਤ ਰਹੀਆਂ ਸਨ। ਰੋਮ ਵਿਚ 290 ਈ. ਪੂ. ਵਿਚ ਪਹਿਲੀ ਧੁੱਪ-ਘੜੀ ਬਣੀ। ਰੋਮ ਵਿਚ ਨਿਸ਼ਚਿਤ ਤੌਰ ਤੇ 194 ਈ. ਪੂ. ਵਿਚ ਧੁੱਪ-ਘੜੀ ਬਣਨ ਦੇ ਪ੍ਰਮਾਣ ਮਿਲਦੇ ਹਨ। ਯੂਨਾਨ ਦੇ ਪ੍ਰਸਿੱਧ ਜੋਤਸ਼ੀ ਟਾਲਮੀ ਨੇ ਆਪਣੇ ਐਲਮਾਜੇਸਤ ਗ੍ਰੰਥ ਵਿਚ ਇਕ ਵਚਿੱਤਰ ਕਿਸਮ ਦੀ ਧੁੱਪ-ਘੜੀ ਦਾ ਵਰਨਣ ਕੀਤਾ ਹੈ ਜਿਹੜੀ ਸੂਰਜ ਦੇ ਰੌਸ਼ਨੀ ਸਮੇਂ ਤੋਂ ਇਲਾਵਾ ਜੋਤਸ਼ ਬਾਰੇ ਅਨੇਕਾਂ ਸਮੱਸਿ-ਆਵਾਂ ਦਾ ਸਮਾਧਾਨ ਕਰਦੀ ਸੀ।




ਚਿਤਰ 1. ਪ੍ਰਾਚੀਨ ਮਿਸਰ ਦੀ ਧੁੱਪ-ਘੜੀ


ਧੁੱਪ-ਘੜੀ ਦੀ ਬਣਤਰ ਅਤੇ ਸਿੱਧਾਂਤ—ਧੁੱਪ-ਘੜੀ ਲਈ ਸਮਤਲ ਥਾਂ ਉੱਤੇ, ਜਿਥੇ ਕਿਸੇ ਇਮਾਰਤ ਜਾਂ ਦਰਖ਼ਤ ਦਾ ਪਰਛਾਵਾਂ ਨਾ ਪੈਂਦਾ ਹੋਵੇ, ਮਧਿਆਨ-ਦਿਸ਼ਾ ਦਾ ਪਤਾ ਲਗਾਕੇ ਮਧਿਆਨ-ਰੇਖਾ ਖਿੱਚੀ ਜਾਂਦੀ ਹੈ। ਇਸ ਦੇ ਮੱਧ ਵਿਚ ਕਿਸੇ ਬਿੰਦੂ ਨੂੰ ਕੇਂਦਰ ਬਿੰਦੂ ਮੰਨ ਕੇ ਇਕ ਚੱਕਰ ਖਿੱਚਣ ਨੂੰ ਡਾਇਲ ਕਹਿੰਦੇ ਹਨ। ਧਾਤ ਦੀ ਇਕ ਤਿਕੋਨਾਕਾਰ ਪੱਤੀ ਜਿਸ ਦਾ ਇਕ ਕੋਣ, ਸਥਾਨਕ ਵਿਥ-ਕਾਰ ਦੇ ਬਰਾਬਰ ਹੁੰਦਾ ਹੈ ਭਾਵ, ਜਿਸ ਦਾ ਉੱਪਰਲਾ ਸਿਰਾ ਸਮਤਲ ਹੁੰਦਾ ਹੈ। ਉਕਤ ਚੱਕਰ ਦੇ ਕੇਂਦਰ ਉੱਤੇ ਉੱਤਰ ਵਲ ਮਧਿਆਨ-ਰੇਖਾ ਉੱਤੇ ਇਸ ਤਰ੍ਹਾਂ ਰਖੀ ਜਾਂਦੀ ਹੈ ਕਿ ਵਿਥਕਾਰ ਦੇ ਬਰਾਬਰ ਦਾ ਕੋਣ ਕੇਂਦਰ ਉੱਤੇ ਬਣ ਜਾਵੇ। ਦੁਪਹਿਰ ਵੇਲੇ ਸੂਰਜ ਦੀ ਧੁੱਪ ਮਧਿਆਨ-ਰੇਖਾ ਉੱਤੇ ਪੈਂਦੀ ਹੈ ਭਾਵ, ਮਧਿਆਨ-ਰੇਖਾ ਉੱਤੇ 12 ਲਿਖ ਦਿੰਦੇ ਹਨ, ਜਿਸ ਦਾ ਅਰਥ ਹੁੰਦਾ ਹੈ ਕਿ 12 ਵੱਜੇ ਹਨ। ਦੈਨਿਕ ਗਤੀ ਲਈ ਸੂਰਜ ਮਧਿਆਨ-ਰੇਖਾ ਵਾਲੇ ਚੱਕਰ ਦੇ ਸਮਾਂਤਰ ਰਾਤ ਦੇ ਚੱਕਰ ਵਿਚ ਦਾਖ਼ਲ ਹੁੰਦਾ ਦਿਖਾਈ ਦਿੰਦਾ ਹੈ। ਭੂਗੋਲਿਕ ਮਧਿਆਨ ਵਿਚ ਜੇਕਰ ਲੰਬਾਤਮਕ ਮਧਿਆਨ ਦੇ ਮਿਲਣ ਬਿੰਦੂ ਤੋਂ 15-15 ਡਿਗਰੀ ਦੇ ਭਾਗ ਕੀਤੇ ਜਾਣ ਤਾਂ ਉਹ ਹੋਰਾਕੋਣ ਦੇ ਘੰਟੇ ਕਹੇ ਜਾਂਦੇ ਹਨ। ਡਾਇਲ ਉੱਤੇ ਅੰਕਿਤ ਕਰਨ ਲਈ ਆਮ ਤੌਰ ਤੇ ਇਸੇ ਸਿੱਧਾਂਤ ਅਨੁਸਾਰ ਗਣਿਤਿਕ ਵਿਧੀਆਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਸੇ ਵਿਧੀ ਨਾਲ ਡਾਇਲ ਉੱਤੇ ਮੱਧਵਰਤੀ ਮਿੰਟ ਵੀ ਅੰਕਿਤ ਕਰ ਲਏ ਜਾਂਦੇ ਹਨ। ਪੱਤੀ ਦੇ ਸਿਰੇ ਦਾ ਪਰਛਾਵਾਂ ਜਿਸ ਘੰਟੇ ਜਾਂ ਮਿੰਟ ਦੇ ਚਿੰਨ੍ਹ ਉੱਤੇ ਪੈਂਦਾ ਹੈ ਉਹ ਹੀ ਧੁੱਪ-ਘੜੀ ਦਾ ਪਰਤੱਖ ਸਮਾਂ ਹੁੰਦਾ ਹੈ। ਇਸ ਤਰ੍ਹਾਂ ਦੀ ਇਕ ਧੁੱਪ-ਘੜੀ ਵਾਰਾਨਸੀ ਦੇ ਸੰਸਕ੍ਰਿਤ ਵਿਸ਼ਵ ਵਿਦਿਆਲਾ ਦੀ ਮੁੱਖ ਇਮਾਰਤ ਵਿਚ ਉੱਤਰ ਵਾਲੇ ਘਾਹ ਦੇ ਮੈਦਾਨ ਵਿਚ ਬਣੀ ਹੋਈ ਹੈ। ਭਾਵੇਂ ਧੁੱਪ-ਘੜੀਆਂ

ਅਨੇਕਾਂ ਪ੍ਰਕਾਰ ਦੀਆਂ ਹਨ ਪਰ ਉਨ੍ਹਾਂ ਦੀ ਬਣਤਰ ਨਾਲ ਸੂਰਜ ਦੀ ਗਤੀ ਦਾ ਸਬੰਧ ਇਸੇ ਪ੍ਰਕਾਰ ਦਾ ਹੁੰਦਾ ਹੈ।

ਦਰਜੇਦਾਰ ਚਾਪ ਅਤੇ ਲਟਕਦੀ ਸਾਹਲ ਦੀ ਸਹਾਇਤਾ ਨਾਲ ਡਾਇਲ ਨੂੰ ਸਥਾਨਕ ਵਿਥਕਾਰ ਦੇ ਅਨੁਸਾਰ ਸੂਰਜ ਦੇ ਲਿਹਾਜ਼ ਨਾਲ ਢੁੱਕਵੀਂ ਸਥਿਤੀ ਵਿਚ ਰੱਖਕੇ, ਪਰਤੱਖ ਸਮੇਂ ਦਾ ਪਤਾ ਲਗਾਇਆ ਜਾਂਦਾ ਹੈ।



ਚਿਤਰ 2. ਲੰਬਾਤਮਕ ਡਾਇਲ ਵਾਲੀ ਧੁੱਪ-ਘੜੀ



ਚਿਤਰ 3. ਦੀਵਾਰ ਤੋਂ ਅੱਗੇ ਵਧਵੀਂ ਧੁੱਪ-ਘੜੀ।

ਧੁੱਪ-ਘੜੀਆਂ ਦੀਆਂ ਕਿਸਮਾਂ—ਧੁੱਪ-ਘੜੀਆਂ ਮੁੱਖ ਤੌਰ ਤੇ ਦੋ ਪ੍ਰਕਾਰ ਦੀਆਂ ਹੁੰਦੀਆਂ ਹਨ : ਇਕ ਚੱਲ ਅਤੇ ਦੂਜੀਆਂ ਅਚੱਲ। ਅਚੱਲ ਧੁੱਪ-ਘੜੀਆਂ ਵੀ ਕਈ ਪ੍ਰਕਾਰ ਦੀਆਂ ਹੁੰਦੀਆਂ ਹਨ, ਜਿਵੇਂ ਕਿ ਖਿਤਿਜੀ ਡਾਇਲ ਵਾਲੀ, ਲੰਬਾਤਮਕ ਡਾਇਲ ਵਾਲੀ ਅਤੇ ਝੁਕੇ ਹੋਏ ਡਾਇਲ ਵਾਲੀ। ਭਾਰਤ ਵਿਚ ਰਾਜਾ ਜੈ ਸਿੰਘ ਨੇ ਆਪਣੀਆਂ ਪੰਜੋ ਵੇਦਸ਼ਾਲਾਵਾਂ ਵਿਚ ਅਰਬੀ ਢੰਗ ਦੀਆਂ ਪੱਕੀਆਂ ਅਚੱਲ ਧੁੱਪ-ਘੜੀਆਂ ਬਣਵਾਈਆਂ ਹੋਈਆਂ ਸਨ। ਝੁਕੇ ਹੋਏ ਡਾਇਲ ਵਾਲੀਆਂ ਘੜੀਆਂ ਵਿਚ ਐਥਨਜ਼ ਦੀ 'ਟਾਵਰ ਆਫ਼ ਵਿੰਡਜ਼' ਨਾਮੀ ਘੜੀ ਪ੍ਰਸਿੱਧ ਹੈ। ਚੱਲ ਧੁੱਪ-ਘੜੀਆਂ ਦੋ ਪ੍ਰਕਾਰ ਦੀਆਂ ਹੁੰਦੀਆਂ ਹਨ। ਸੂਰਜ ਉੱਨਤ-ਅੰਸ਼ੀ ਮਾਪਕ ਅਤੇ ਚੁੰਬਕੀ ਧੁੱਪ-ਘੜੀਆਂ। ਸੂਰਜ ਉੱਨਤ-ਅੰਸ਼ੀ ਮਾਪਕ ਘੜੀਆਂ ਵਿਚ ਸੂਰਜ ਦੇ ਉੱਨਤ-ਅੰਸ਼ ਦੇ ਗਿਆਨ ਨਾਲ ਪਰਤੱਖ ਸਮੇਂ ਦਾ ਪਤਾ ਕੀਤਾ ਜਾਂਦਾ ਹੈ। ਇਸ ਵਿਚ ਲੇਟਵੇਂ ਸ਼ੰਕੂ ਦਾ ਪਰਛਾਵਾਂ ਲੰਬਾਤਮਕ ਪੈਂਦਾ ਹੈ। ਇਸ ਵਿਚ ਖੜ੍ਹੇ-ਦਾਅ ਰੇਖਾਵਾਂ ਰੁੱਤਾਂ ਬਾਰੇ ਅਤੇ ਲੇਟਵੀਆਂ ਰੇਖਾਵਾਂ ਘੰਟਿਆਂ ਦਾ ਗਿਆਨ ਦਿੰਦੀਆਂ ਹਨ। ਇਸ ਕਿਸਮ ਦੀਆਂ ਦੂਜੀਆਂ ਧੁੱਪ-ਘੜੀਆਂ ਦੋ ਛੱਲਿਆਂ ਵਾਲੀਆਂ ਹੁੰਦੀਆਂ ਹਨ, ਜਿਨ੍ਹਾਂ ਦੇ ਇਕ ਛੱਲੇ ਵਿਚ ਟੰਗਣ ਵਾਲਾ ਛੱਲਾ ਹੁੰਦਾ ਹੈ। ਟੰਗਣ ਵਾਲੇ ਛੱਲੇ ਵਿਚਕਾਰ ਇਕ ਚੱਲ ਛੱਲਾ ਹੁੰਦਾ ਹੈ, ਜਿਸ ਦੀ ਸਹਾਇਤਾ ਨਾਲ ਪਰਤੱਖ ਸਮੇਂ ਉੱਤੇ ਪਰਤੱਖ ਸਮੇਂ ਦਾ ਪਤਾ ਲਗਾਇਆ ਜਾਂਦਾ ਹੈ। ਚੁੰਬਕੀ ਦਿਸ਼ਾ ਸੂਚਕਾਂ ਦੀ ਖੋਜ ਤੋਂ 150 ਸਾਲ ਬਾਅਦ, ਪੀਟਰ ਪੈਰੇਗ੍ਰਿੰਸ ਦੁਆਰਾ ਚੁੰਬਕੀ ਧੁੱਪ-ਘੜੀਆਂ ਦਾ ਪ੍ਰਚਾਰ ਕੀਤਾ ਗਿਆ। ਇਸ ਦੇ ਮੁੱਖ ਪੁਰਜ਼ੇ ਸਮਤਲ ਸੂਚਕ, ਚੁੰਬਕੀ ਦਿਸ਼ਾ ਸੂਚਕ ਅਤੇ ਵਿਥਕਾਰ ਵਿਚ ਅਦਲਾ-ਬਦਲੀ ਕਰਨ ਵਾਲੀ ਯੰਤਰ ਵਿਧੀ। ਇਨ੍ਹਾਂ ਪੁਰਜ਼ਿਆਂ ਦੀ ਸਹਾਇਤਾ ਨਾਲ ਧੁੱਪ-ਘੜੀਆਂ ਸੰਵੇਦਨਸ਼ੀਲ ਹੋ ਜਾਂਦੀਆਂ ਹਨ। ਚੁੰਬਕੀ ਧੁੱਪ-ਘੜੀ ਦੀ ਇਕ ਹੋਰ ਕਿਸਮ ਹੈ ਜਿਸ ਨੂੰ ਵਿਸ਼ਵਵਦਵਰਤੀਆਂ ਧੁੱਪ-ਘੜੀ ਕਹਿੰਦੇ ਹਨ। ਇਸ ਵਿਚ ਡਾਇਲ ਦਾ ਸਮਤਲ ਸ਼ੰਕੂ ਉੱਤੇ ਲੰਬਕਾਰ ਰਹਿੰਦਾ ਹੈ ਭਾਵ ਇਸ ਵਿਚ ਰਾਤ ਚੱਕਰਾਂ ਲਈ ਅਦਲਾ-ਬਦਲੀ ਕਰਨ ਦਾ ਪ੍ਰਬੰਧ ਹੁੰਦਾ ਹੈ। ਇਕ ਛੱਲੇ ਉੱਤੇ 24 ਘੰਟਿਆਂ ਦੇ ਚਿੰਨ੍ਹ ਅੰਕਿਤ ਕਰਕੇ ਸਮਤਲ ਸ਼ੰਕੂ ਉੱਤੇ ਲੰਬਕਾਰ ਰੱਖ ਦਿੱਤਾ ਜਾਂਦਾ ਹੈ। ਸ਼ੰਕੂ ਨੂੰ ਧ੍ਰੁਵ ਦੀ ਦਿਸ਼ਾ ਵਿਚ ਕਰਕੇ ਯੰਤਰ ਨੂੰ ਇਸ ਤਰ੍ਹਾਂ ਰਖਿਆ ਜਾਂਦਾ ਹੈ ਕਿ ਸੂਰਜ ਦੇ ਸਿਖ਼ਰ ਦਾ ਪਰਛਾਵਾਂ ਮਧਿਆਨ ਰੇਖਾ ਉੱਤੇ ਪਵੇ। ਉਦੋਂ ਦੂਜੇ ਭਾਗ ਵੀ ਪਰਤੱਖ ਸਮੇਂ ਦੇ ਠੀਕ ਘੰਟੇ ਦੱਸਣਗੇ। ਇਹ ਧੁੱਪ-ਘੜੀ ਸਾਰੀਆਂ ਧੁੱਪ-ਘੜੀਆਂ ਦੇ ਲਿਹਾਜ਼ ਨਾਲ ਸਰਲ ਹੈ। ਇਸ ਦਾ 17 ਵੀਂ ਅਤੇ 18 ਵੀਂ ਸਦੀ ਵਿਚ ਬਹੁਤ ਪ੍ਰਚਾਰ ਹੋਇਆ।

ਹ. ਪੁ.- ਹਿੰ. ਵਿ. ਕੋ. 6 : 193

ਧੁਬਰੀ : ਜ਼ਿਲ੍ਹਾ—ਇਹ ਆਸਾਮ (ਭਾਰਤ) ਰਾਜ ਦਾ ਧੁਰ ਪੱਛਮ ਵੱਲ ਸਥਿਤ ਇਕ ਜ਼ਿਲ੍ਹਾ ਹੈ। ਜਿਸ ਦੇ ਉੱਤਰ ਵੱਲ ਕੋਕਰਾਝਾਰ, ਉੱਤਰ ਪੂਰਬ ਵੱਲ ਬੌਂਗਾਇਗਾਓ (Bongaigaon), ਪੂਰਬ ਵੱਲ ਗੋਵਾਲਪਾਰਾ, ਪੱਛਮ ਵੱਲ ਪੱਛਮੀ ਬੰਗਾਲ ਰਾਜ ਦਾ ਕੂਚ ਬਿਹਾਰ ਅਤੇ ਦੱਖਣ-ਪੂਰਬ ਵੱਲ ਮੇਘਾਲਿਆ ਰਾਜ ਦੇ ਪੱਛਮੀ ਗਾਰੋ ਹਿਲਜ਼ ਜ਼ਿਲ੍ਹਿਆਂ ਦੀਆਂ ਹੱਦਾਂ ਲਗਦੀਆਂ ਹਨ। ਦੱਖਣ-ਪੱਛਮ ਵੱਲ ਇਸ ਦੀ ਹੱਦ ਬੰਗਾਲ ਦੇਸ਼ ਨਾਲ ਵੀ ਲਗਦੀ ਹੈ। ਇਹ 2,838 ਵ. ਕਿ. ਮੀ. ਵਿਚ ਫੈਲਿਆ ਹੋਇਆ ਹੈ ਅਤੇ ਇਥੋਂ ਦੀ ਆਬਾਦੀ 13,32,475 (1991) ਹੈ ਜਿਸ ਵਿਚੋਂ 1,61,981 ਸ਼ਹਿਰੀ ਅਤੇ 11,70,494 ਵਸੋਂ ਪੇਂਡੂ ਹੈ। ਇਸੇ ਹੀ ਨਾਂ ਦਾ ਸ਼ਹਿਰ ਇਸ ਦਾ ਸਦਰ ਮੁਕਾਮ ਹੈ। ਇਹ ਜ਼ਿਲ੍ਹਾ 30 ਜੂਨ, 1983 ਨੂੰ ਬਣਾਇਆ ਗਿਆ ਸੀ।

ਹ. ਪੁ.-ਐਨ. ਬ੍ਰਿ. ਮਾ. 4 : 59; ਇੰਪ. ਗ. ਇੰਡ. : 11 : 336; ਹਿੰ. ਵਿ. ਕੋ. 6 : 192

ਧੁਬਰੀ : ਸ਼ਹਿਰ—ਇਹ ਆਸਾਮ (ਭਾਰਤ) ਰਾਜ ਦੇ ਧੁਰ ਪੱਛਮ ਵੱਲ ਇਸੇ ਹੀ ਨਾਂ ਦੇ ਜ਼ਿਲ੍ਹੇ ਦਾ ਸਦਰ ਮੁਕਾਮ ਹੈ ਜਿਹੜਾ

ਬ੍ਰਹਮਪੁੱਤਰ ਦਰਿਆ ਦੇ ਸੱਜੇ ਕੰਢੇ ਉੱਤੇ ਕਲਕੱਤੇ ਤੋਂ 416 ਕਿ.ਮੀ. (260 ਮੀਲ) ਉੱਤਰ-ਉੱਤਰ-ਪੂਰਬ ਵੱਲ ਬੰਗਲਾ ਦੇਸ਼ ਦੀ ਹੱਦ ਤੋਂ ਐਨ ਪੂਰਬ ਵੱਲ ਸਥਿਤ ਹੈ। ਈਸਟਰਨ ਬੰਗਾਲ ਸਟੇਟ ਰੇਲਵੇ ਦਾ ਸਟੇਸ਼ਨ ਹੋਣ ਕਰਕੇ ਇਹ ਸ਼ੁਰੂ ਤੋਂ ਹੀ ਕਾਫ਼ੀ ਮਹੱਤਵਪੂਰਨ ਰਿਹਾ ਹੈ। ਧੂਬਰੀ ਜ਼ਿਲ੍ਹਾ ਬਣਨ ਤੋਂ ਪਹਿਲਾਂ ਇਹ ਸ਼ਹਿਰ ਗੋਆਲਪਾੜਾ ਜ਼ਿਲ੍ਹੇ ਦਾ ਸਦਰ ਮੁਕਾਮ ਹੁੰਦਾ ਸੀ। ਸੰਨ 1876 ਦੇ ਬੰਗਲਲ ਐਕਟ ਪੰਜਵੇਂ ਅਧੀਨ 1883 ਈ. ਵਿਚ ਇਸ ਨੂੰ ਮਿਉਂਸਪਲਟੀ ਬਣਾ ਦਿੱਤਾ ਗਿਆ ਸੀ। ਇਹ ਪੂਰਬੀ ਰੇਲਵੇ ਰਾਹੀਂ ਅਤੇ ਸੜਕ ਰਾਹੀਂ ਕਲਕੱਤੇ ਅਤੇ ਬੰਗਲਾ ਦੇਸ਼ ਨਾਲ ਮਿਲਿਆ ਹੋਇਆ ਹੈ। ਇਹ ਚੌਲ, ਪਟਸਨ, ਮੱਛੀ, ਤੰਬਾਕੂ, ਕਪਾਹ ਅਤੇ ਚਾਹ ਦਾ ਵਪਾਰਕ ਕੇਂਦਰ ਹੈ। ਇਥੇ ਇਕ ਪੁਰਾਣਾ ਗਿਰਜਾ ਅਤੇ ਪਬਲਿਕ ਲਾਇਬ੍ਰੇਰੀ ਤੋਂ ਇਲਾਵਾ ਸਕੂਲ, ਹਸਪਤਾਲ ਆਦਿ ਵਰਗੀਆਂ ਆਧੁਨਿਕ ਸਹੂਲਤਾਂ ਵੀ ਮੁਹੱਈਆ ਹਨ। ਪਹਾੜੀ ਇਲਾਕੇ ਵਿਚ ਲੋੜੀਂਦੀ ਲੱਕੜ ਉਪਲੱਬਧ ਹੋਣ ਕਰਕੇ ਦੀਆ ਸਲਾਈ ਇਥੋਂ ਦਾ ਮੁੱਖ ਉਦਯੋਗ ਹੈ।

ਆਬਾਦੀ—66, 216 (1991)

26°01′ ਉ. ਵਿਥ. ; 89°59′ ਪੂ. ਲੰਬ.

ਹ.ਪੁ.—ਐਨ. ਬ੍ਰਿ. ਮਾ. 4 : 59; ਇੰਪ. ਗ. ਇੰਡ. 11 : 336; ਹਿੰ. ਵਿ. ਕੋ. 6 : 192; ਵੈਬ. ਜਗ. ਡਿਕ. : 331

ਧੂਰੀ : ਭਾਰਤ ਦੇ ਪੰਜਾਬ ਰਾਜ ਵਿਚ ਸੰਗਰੂਰ ਜ਼ਿਲ੍ਹੇ ਦੀ ਤਹਿਸੀਲ ਮਾਲੇਰਕੋਟਲਾ ਵਿਚ ਇਸੇ ਹੀ ਨਾਂ ਦੀ ਸਬ-ਤਹਿਸੀਲ ਦਾ ਇਕ ਸਦਰ ਮੁਕਾਮ ਹੈ ਜਿਹੜਾ ਸੰਗਰੂਰ ਤੋਂ 14 ਕਿ.ਮੀ. (ਲ. 9 ਮੀ.) ਦੇ ਫਾਸਲੇ ਤੇ ਵਾਕਿਆ ਹੈ। ਇਹ ਸੜਕ ਰਾਹੀਂ ਲੁਧਿਆਣਾ, ਚੰਡੀਗੜ੍ਹ ਅਤੇ ਮਾਲੇਰਕੋਟਲੇ ਨਾਲ ਜੁੜਿਆ ਹੋਇਆ ਹੈ।

ਇਹ ਸ਼ਹਿਰ 1945 ਈ. ਵਿਚ ਇਕ ਛੋਟੇ ਜਿਹੇ ਕਸਬੇ ਦੇ ਰੂਪ ਵਿਚ ਹੋਂਦ ਵਿਚ ਆਇਆ। ਸੰਨ 1954 ਵਿਚ ਇਥੇ ਮਿਉਂਸਪਲ ਕਮੇਟੀ ਦੀ ਸਥਾਪਨਾ ਹੋਈ।

ਹੁਣ ਧੂਰੀ ਇਕ ਵਿਕਾਸਸ਼ੀਲ ਸ਼ਹਿਰ ਹੈ। ਸਹਿਕਾਰੀ ਸੈਕਟਰ ਨਾਲ ਮਿਲ ਕੇ ਇਥੇ ਖੰਡ ਦਾ ਕਾਰਖਾਨਾ ਸਥਾਪਿਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਸਟੀਲ ਦਾ ਫਰਨੀਚਰ ਬਣਾਉਣ ਅਤੇ ਖੇਤੀ ਬਾੜੀ ਨਾਲ ਸਬੰਧਤ ਸੰਦ ਬਣਾਉਣ ਦੇ ਇੱਥੇ ਕਈ ਛੋਟੇ ਛੋਟੇ ਉਦਯੋਗ ਵੀ ਲਾਏ ਗਏ ਹਨ।

ਇਥੇ ਮੁੰਡਿਆਂ ਅਤੇ ਕੁੜੀਆਂ ਲਈ ਵੱਖਰਾ-ਵੱਖਰਾ ਸਰਕਾਰੀ ਹਾਈ ਸਕੂਲ, ਇਕ ਪ੍ਰਾਈਵੇਟ ਹਾਇਰ ਸੈਕੰਡਰੀ ਸਕੂਲ ਅਤੇ ਮੁੰਡਿਆਂ ਲਈ ਦੋ ਪ੍ਰਾਈਵੇਟ ਹਾਈ ਸਕੂਲ ਸਥਾਪਿਤ ਕੀਤੇ ਗਏ ਹਨ। ਸ਼ਹਿਰ ਤੋਂ ਲ. 4 ਕਿ.ਮੀ. (2½ ਮੀਲ) ਦੇ ਫਾਸਲੇ ਤੇ ਪਿੰਡ ਬਰੜਵਾਲ ਵਿਚ ਦੇਸ਼ ਭਗਤ ਕਾਲਜ ਸਥਾਪਤ ਹੈ।

ਸਿਹਤ ਸੇਵਾਵਾਂ ਮੁਹੱਈਆ ਕਰਨ ਲਈ ਸ਼ਹਿਰ ਵਿਚ ਸਰਕਾਰੀ ਹਸਪਤਾਲ ਤੋਂ ਇਲਾਵਾ ਇਕ ਉੱਤਰੀ ਰੇਲਵੇ-ਸਿਹਤ ਕੇਂਦਰ ਅਤੇ ਅੱਖਾਂ ਦਾ ਵਰਧਮਾਨ ਮਹਾਂਵੀਰ ਜੈਨ ਚੈਰੀਟੇਬਲ ਹਸਪਤਾਲ ਵੀ ਹੈ। ਲੁਧਿਆਣਾ-ਜਾਖਲ ਅਤੇ ਬਠਿੰਡਾ-ਅੰਬਾਲਾ ਰੇਲਵੇ ਲਾਈਨਾਂ ਉੱਤੇ ਧੂਰੀ ਇਕ ਉੱਘਾ ਰੇਲਵੇ ਜੰਕਸ਼ਨ ਹੈ।

ਆਬਾਦੀ—37,410 (1991)

30° 20′ ਉ. ਵਿਥ.; 75° 50′ ਪੂ. ਲੰਬ.

ਹ.ਪੁ.—ਡਿਸ. ਗ. ਸੰਗ .; 443

ਧੂਲੇ (ਧੂਲੀਆ) : ਜ਼ਿਲ੍ਹਾ—ਭਾਰਤ ਦੇ ਮਹਾਰਾਸ਼ਟਰ ਰਾਜ ਦਾ ਇਹ ਇਕ ਜ਼ਿਲ੍ਹਾ ਹੈ। ਇਸ ਦੇ ਉੱਤਰ ਵੱਲ ਮੱਧ ਪ੍ਰਦੇਸ਼ ਦੇ ਝਬੂਆ, ਧਾਰ, ਉੱਤਰ-ਪੂਰਬ ਵਲ ਮੱਧ ਪ੍ਰਦੇਸ਼ ਦਾ ਪੱਛਮੀ ਨਿਮਾਰ ਜ਼ਿਲ੍ਹਾ, ਦੱਖਣ ਵੱਲ ਨਾਸਿਕ; ਪੂਰਬ-ਦੱਖਣ ਵੱਲ ਜਲਗਾਉਂ; ਉੱਤਰ -ਪੱਛਮ ਵੱਲ ਭੜੌਚ (ਗੁਜਰਾਤ) ਅਤੇ ਪੱਛਮ ਵੱਲ ਗੁਜਰਾਤ ਦੇ ਸੂਰਤ ਅਤੇ ਡਾਂਗਜ਼ ਜ਼ਿਲ੍ਹੇ ਲਗਦੇ ਹਨ। ਇਸੇ ਨਾਂ ਦਾ ਸ਼ਹਿਰ ਇਸ ਦਾ ਪ੍ਰਬੰਧਕੀ ਸਦਰ ਮੁਕਾਮ ਹੈ। ਇਸ ਦਾ ਖੇਤਰਫਲ 13,042 ਵ. ਕਿ. ਮੀ. (5,035 ਵ. ਮੀ.) ਅਤੇ ਆਬਾਦੀ 25,35,715 (1991) ਹੈ। ਇਸ ਜ਼ਿਲ੍ਹੇ ਵਿਚ ਦੋ ਪਰਬਤੀ ਸਿਲਸਿਲੇ ਹਨ। ਉੱਤਰ ਵਿਚ ਸੱਤਪੁੜਾ ਅਤੇ ਦੱਖਣ ਵਿਚ ਪੱਛਮੀ ਘਾਟ ਦੀਆਂ ਸੱਤਮਾਲਾ ਪਰਬਤੀ ਲੜੀਆਂ ਹਨ। ਤਾਪਤੀ ਦਰਿਆ ਇਨ੍ਹਾਂ ਪਰਬਤੀ ਲੜੀਆਂ ਵਿਚੋਂ ਦੀ ਵਗਦਾ ਹੋਇਆ ਇਕ ਜ਼ਰਖੇਜ਼ ਵਾਦੀ ਵਿਚੋਂ ਲੰਘਦਾ ਹੈ। ਇਹ ਵਾਦੀ ਖਾਂਦੇਸ਼ ਖੇਤਰ ਦੇ ਕਪਾਹ ਦੇ ਉਤਪਾਦਨ ਵਾਲੇ ਖੇਤਰ ਦਾ ਹੀ ਇਕ ਹਿੱਸਾ ਹੈ।

ਪਹਿਲਾਂ ਇਥੋਂ ਦੇ ਲੋਕਾਂ ਦਾ ਮੁੱਖ ਕਿੱਤਾ ਖੇਤੀਬਾੜੀ ਹੁੰਦਾ ਸੀ ਪਰ ਹੁਣ ਉਦਯੋਗ ਲੱਗਣ ਨਾਲ ਲੋਕ ਫੈਕਟਰੀਆਂ ਵਿਚ ਕੰਮ ਕਰਨ ਲੱਗ ਪਏ ਹਨ। ਇਹ ਜ਼ਿਲ੍ਹਾ ਇਕ ਉੱਘੇ ਉਦਯੋਗ ਖੇਤਰ ਵਜੋਂ ਸਥਾਪਿਤ ਹੋ ਗਿਆ ਹੈ। ਇਸ ਜ਼ਿਲ੍ਹੇ ਵਿਚ ਕਈ ਥਾਵਾਂ ਤੇ ਕੱਪੜਾ ਬਣਾਉਣ, ਕਪਾਹ ਵੇਲਣ, ਤੇਲ ਕੱਢਣ ਅਤੇ ਸਿਗਰਟਾਂ ਬਣਾਉਣ ਦੇ ਉਦਯੋਗ ਸਥਾਪਿਤ ਹਨ। ਮੂੰਗਫਲੀ ਅਤੇ ਮਿਰਚਾਂ ਇੱਥੋਂ ਦੀਆਂ ਮੁੱਖ ਫਸਲਾਂ ਵਿਚੋਂ ਹਨ। ਇਥੋਂ ਦਾ ਬਹੁਤ ਸਾਰਾ ਜ਼ਰਾਇਤੀ ਉਤਪਾਦਨ ਸਮੁੰਦਰੀ ਰਸਤਿਓਂ ਮੁੰਬਈ ਨੂੰ ਭੇਜਿਆ ਜਾਂਦਾ ਹੈ। ਇਹ ਜ਼ਿਲ੍ਹਾ ਚਰੋਲੀ ਨਾਂ ਦੀ ਮਠਿਆਈ ਲਈ ਵਿਸ਼ੇਸ਼ ਤੌਰ ਤੇ ਪ੍ਰਸਿੱਧ ਹੈ। ਤੋਰਾਨਮਲ ਇਥੋਂ ਦੀ ਇਕ ਪ੍ਰਸਿੱਧ ਪਹਾੜੀ ਸੈਰਗਾਹ ਹੈ।

ਹ.ਪੁ.—ਐਨ. ਬ੍ਰਿ. ਮਾ. 3 : 514

ਧੂਲੇ (ਧੂਲੀਆ) : ਸ਼ਹਿਰ—ਇਹ ਭਾਰਤ ਦੇ ਪੱਛਮੀ ਰਾਜ ਮਹਾਰਾਸ਼ਟਰ ਦਾ ਇਸੇ ਹੀ ਨਾਂ ਦੇ ਜ਼ਿਲ੍ਹੇ ਦਾ ਪ੍ਰਸ਼ਾਸਕੀ ਸਦਰ ਮੁਕਾਮ ਹੈ ਜਿਹੜਾ ਰਾਜ ਦੇ ਮੁੱਖ ਸੜਕ ਅਤੇ ਰੇਲ ਮਾਰਗ ਉਪਰ ਚਾਲੀਸਗਾਉਂ ਦੇ ਉੱਤਰ ਵਿਚ 56 ਕਿ.ਮੀ. ਦੇ ਫਾਸਲੇ ਦੇ ਪਾਂਝਰਾ ਦਰਿਆ ਦੇ ਦੱਖਣੀ ਕੰਢੇ ਉੱਤੇ ਵਾਕਿਆ ਹੈ। ਮੁੱਢਲੇ ਮੁਸਲਮਾਨੀ ਕਾਲ ਵਿਚ ਇਹ ਫਾਰੂਕੀ ਰਾਜਿਆਂ ਦੇ ਅਧੀਨ ਸੀ। ਸੰਨ 1601 ਵਿਚ ਇਹ ਮੁਗ਼ਲ ਸਾਮਰਾਜ ਦਾ ਹਿੱਸਾ ਬਣਿਆ। ਸੰਨ 1795 ਵਿਚ ਇਸ ਉਪਰ ਮਰਾਠਿਆਂ ਨੇ ਆਪਣਾ ਕਬਜ਼ਾ ਕਰ ਲਿਆ। ਸੰਨ 1803 ਦੇ ਭਿਆਨਕ ਕਾਲ ਅਤੇ ਹੋਲਕਰ ਹਮਲੇ ਕਾਰਨ ਇਹ ਸ਼ਹਿਰ ਲਗਭਗ ਵੀਰਾਨ ਹੀ ਹੋ ਗਿਆ। ਸੰਨ 1804 ਵਿਚ ਬਾਲਾਜੀ ਬਲਵੰਤ (ਵਿਨਚੁਰਕਰ ਦਾ ਇਕ ਪਰਾਧੀਨ ਵਿਅਕਤੀ) ਨੇ ਬਾਹਰੋਂ ਲੋਕ ਲਿਆ ਕੇ ਸ਼ਹਿਰ ਨੂੰ ਮੁੜ ਆਬਾਦ ਕੀਤਾ ਅਤੇ ਆਪਣੀਆਂ ਸੇਵਾਵਾਂ ਬਦਲੇ ਵਿਨਚੁਰਕਰ ਕੋਲੋਂ ਕਾਫੀ ਇਨਾਮ ਅਤੇ ਵਿਸ਼ੇਸ਼ ਅਧਿਕਾਰ ਪ੍ਰਾਪਤ ਕੀਤੇ। ਮਗਰੋਂ ਇਸ ਨੂੰ ਸੋਨਗੀਰ ਅਤੇ ਲਾਲਿੰਗ ਇਲਾਕੇ ਦਾ ਸਮੁੱਚਾ ਪ੍ਰਬੰਧ ਸੌਂਪਿਆ ਗਿਆ ਅਤੇ ਇਸ ਨੇ ਆਪਣਾ ਸਦਰ ਮੁਕਾਮ ਧੂਲੀਆ ਨੂੰ ਬਣਾਇਆ। ਸੰਨ 1818 ਵਿਚ ਅੰਗਰੇਜ਼ਾਂ ਅਧੀਨ ਹੋ ਜਾਣ ਤੋਂ ਪਹਿਲਾਂ ਇਸ ਨੇ ਇਹ ਜ਼ਿੰਮੇਵਾਰੀ ਨਿਭਾਈ। ਮਗਰੋਂ ਇਸੇ ਸਾਲ ਹੀ ਕਪਤਾਨ ਬ੍ਰਿਗਸ ਨੇ ਧੂਲੀਆ ਨੂੰ ਨਵੇਂ ਨਿਰਮਿਤ ਜ਼ਿਲ੍ਹੇ, ਖਾਂਦੇਸ਼ ਦਾ ਸਦਰ ਮੁਕਾਮ ਬਣਾ ਦਿੱਤਾ। ਜਨਵਰੀ, 1819 ਈ. ਵਿਚ ਇਸ ਨੇ ਬਰਤਾਨਵੀ ਸਰਕਾਰ ਕੋਲੋਂ ਇਥੇ ਹੀ ਸਰਕਾਰੀ ਦਫਤਰਾਂ ਦੀਆਂ ਇਮਾਰਤਾਂ ਬਣਾਉਣ ਅਤੇ ਮਾਲੀਆ ਤੇ ਨਿਆਂਇਕ ਮਾਮਲਿਆਂ ਨੂੰ ਇਥੇ ਹੀ ਨਿਪਟਾਉਣ ਦੀ ਆਗਿਆ ਲਈ। ਬਾਹਰਲੇ ਵਪਾਰੀਆਂ ਨੂੰ ਇਥੇ ਆ ਕੇ ਵਸਣ ਲਈ ਵਧੇਰੇ ਸਹੂਲਤਾਂ ਦਿੱਤੀਆਂ ਅਤੇ ਸ਼ਹਿਰ ਦਾ ਵਿਕਾਸ ਕੀਤਾ। ਬਾਅਦ ਵਿਚ ਕਪਾਹ ਅਤੇ ਅਲਸੀ ਦੇ ਵਪਾਰ ਵਿਚ ਵਾਧਾ ਹੋਣ ਨਾਲ ਇਹ ਸ਼ਹਿਰ ਇਕ ਉੱਘਾ ਵਪਾਰਕ ਕੇਂਦਰ ਬਣ ਗਿਆ। ਸੰਨ 1876 ਵਿਚ ਮੁੰਬਈ ਦੀ ਇਕ ਫ਼ਰਮ ਨੇ ਇਥੇ 'ਸਟੀਮ ਕਾਟਨ ਪ੍ਰੈੱਸ' ਦੀ ਸਥਾਪਨਾ ਕੀਤੀ ਅਤੇ ਇੰਜ ਸ਼ਹਿਰ ਦੇ ਉਦਯੋਗਿਕ ਵਿਕਾਸ ਦਾ ਆਰੰਭ ਹੋਇਆ। ਇਸ ਮਗਰੋਂ ਇਥੇ

ਕਪਾਹ ਵੇਲਣ ਦੀਆਂ ਕਈ ਮਿੱਲਾਂ ਆਦਿ ਲਾਈਆਂ ਗਈਆਂ। ਸੰਨ 1872 ਤੋਂ ਬਾਅਦ ਅਲਾਹਾਬਾਦ, ਬਨਾਰਸ ਅਤੇ ਲਖਨਊ ਦੇ ਮੁਸਲਮਾਨਾਂ ਨੂੰ ਧੂਲੀਆ ਵਿਖੇ ਲਿਆ ਕੇ ਇਕ ਬਸਤੀ ਦੀ ਸਥਾਪਨਾ ਕੀਤੀ। ਕਿਹਾ ਜਾਂਦਾ ਹੈ ਕਿ ਇਹ ਲੋਕ ਗਰੀਬੀ ਕਾਰਨ ਹੀ ਆਪਣੇ ਸ਼ਹਿਰਾਂ ਨੂੰ ਛੱਡ ਕੇ, ਇਥੋਂ ਦੇ ਵਿਕਾਸ ਨੂੰ ਵੇਖਦੇ ਹੋਏ ਇਥੇ ਆ ਵਸੇ ਸਨ। ਇਹ ਲੋਕ ਵਧੇਰੇ ਕਰਕੇ ਜੁਲਾਹੇ ਸਨ ਅਤੇ ਇਨ੍ਹਾਂ ਨੇ ਇੱਥੇ ਆ ਕੇ ਕੱਪੜੇ ਦੇ ਉਦਯੋਗ ਨੂੰ ਉਤਸ਼ਾਹਿਤ ਕੀਤਾ। ਸੰਨ 1862 ਵਿਚ ਇਥੇ ਮਿਊਂਸਪਲਟੀ ਦੀ ਸਥਾਪਨਾ ਹੋਈ।

ਅਜੋਕਾ ਧੂਲੇ ਇਕ ਉੱਘਾ ਉਦਯੋਗਿਕ ਸ਼ਹਿਰ ਹੈ। ਸੂਤੀ ਕੱਪੜੇ ਦੀਆਂ ਮਿੱਲਾਂ ਤੋਂ ਇਲਾਵਾ ਇਥੇ ਸਿਗਰਟ ਬਣਾਉਣ ਅਤੇ ਤੇਲ ਕੱਢਣ ਦੇ ਕਾਰਖਾਨੇ ਵੀ ਸਥਾਪਿਤ ਹੋ ਗਏ ਹਨ।

ਇਥੇ ਪੂਨਾ ਯੂਨੀਵਰਸਿਟੀ ਨਾਲ ਸੰਬੰਧਤ ਦੋ ਕਾਲਜ ਹਨ।

ਆਬਾਦੀ—2,78,317 (1991)

20° 54′ ਉ. ਵਿਥ.; 74° 47′ ਪੂ. ਲੰਬ.

ਹ.ਪੁ.—ਐਨ. ਬ੍ਰਿ. ਮਾ. 4 : 59; ਇੰਪ. ਗ. ਇੰਡ. 11 : 337

ਧੂਲੀਆਨ : ਭਾਰਤ ਦੇ ਪੱਛਮੀ ਬੰਗਾਲ ਰਾਜ ਵਿਚ ਮੁਰਸ਼ਿਦਾਬਾਦ ਜ਼ਿਲ੍ਹੇ ਦਾ ਇਹ ਇਕ ਉੱਘਾ ਸ਼ਹਿਰ ਹੈ ਜਿਹੜਾ ਗੰਗਾ ਦਰਿਆ ਦੇ ਨਜ਼ਦੀਕ, ਬਹਿਰਾਮਪੁਰ ਤੋਂ 72 ਕਿ.ਮੀ. (ਲ. 45 ਮੀ.) ਦੀ ਦੂਰੀ ਤੇ ਉੱਤਰ-ਉੱਤਰ-ਪੱਛਮੀ ਦਿਸ਼ਾ ਵਿਚ ਵਾਕਿਆ ਹੈ। ਇਹ ਸ਼ਹਿਰ ਸੂਤੀ ਕਪੜੇ ਦੇ ਛੋਟੇ-ਛੋਟੇ ਉਦਯੋਗਾਂ ਲਈ ਮਹੱਤਵਪੂਰਨ ਹੈ। ਇਹ ਚੌਲ, ਛੋਲੇ, ਜੌਂ, ਕਣਕ ਅਤੇ ਤਿਲਾਂ ਦੀ ਫ਼ਸਲ ਦੀ ਵਪਾਰਕ ਮੰਡੀ ਹੈ। ਇਸ ਤੋਂ 8 ਕਿ. ਮੀ. (5 ਮੀ.) ਦੇ ਫਾਸਲੇ ਤੇ ਦੱਖਣ-ਪੂਰਬ ਵੱਲ ਨਿਮਤੀਤਾ ਵਿਖੇ ਲਾਖ ਦੇ ਪ੍ਰਸਿੱਧ ਕਾਰਖਾਨੇ ਹਨ।

ਆਬਾਦੀ—33,191 (1991)

24° 42′ ਉ. ਵਿਥ.; 87° 58′ ਪੂ. ਲੰਬ.

ਹ.ਪੁ.—ਹਿੰ. ਵਿ. ਕੋ. 6 : 339; ਇੰਪ. ਗ. ਇੰਡ. 11 : 339

ਧੂਲੀਆਨ : ਇਹ ਪਾਕਿਸਤਾਨ ਦੇ ਪੰਜਾਬ ਰਾਜ ਦੇ ਉੱਤਰ-ਪੱਛਮ ਵਿਚ ਪਿੰਡੀਘੇਬ ਨਾਮੀ ਸ਼ਹਿਰ ਦੇ ਦੱਖਣ-ਪੂਰਬ ਵੱਲ 8 ਕਿ. ਮੀ. ਦੇ ਫਾਸਲੇ ਤੇ ਇਕ ਪ੍ਰਸਿੱਧ ਪਿੰਡ ਹੈ ਜਿਥੇ ਪੈਟ੍ਰੋਲ ਦੇ ਕਈ ਖੂਹ ਹਨ। ਇਥੋਂ 80 ਕਿ. ਮੀ. ਦੀ ਦੂਰੀ ਤੇ ਉੱਤਰ-ਪੂਰਬ ਵਿਚ ਸਥਿਤ ਰਾਵਲਪਿੰਡੀ ਤੱਕ, ਸਾਫ਼ ਕਰਨ ਲਈ ਕੱਚਾ ਪੈਟ੍ਰੋਲ ਜਲ ਮਾਰਗਾਂ ਰਾਹੀਂ ਭੇਜਿਆ ਜਾਂਦਾ ਹੈ।

ਹ.ਪੁ.—ਹਿੰ. ਵਿ. ਕੋ. 6 : 197

ਧੂੜ-ਫੇਫੜਾ ਰੋਗ (**Pneumoconiosis**) : ਇਹ ਫੇਫੜਿਆਂ ਦਾ ਇਕ ਅਜਿਹਾ ਰੋਗ ਹੈ ਜੋ ਭਿੰਨ ਭਿੰਨ ਪਦਾਰਥਾਂ ਦੀ ਧੂੜ ਦੇ ਕਣਾਂ ਦੇ ਸਾਹ ਨਾਲ ਮਨੁੱਖ ਦੇ ਫੇਫੜਿਆਂ ਵਿਚ ਬਹੁਤ ਦੇਰ ਤੱਕ ਪਹੁੰਚਦੇ ਰਹਿਣ ਕਾਰਨ ਹੁੰਦਾ ਹੈ। ਸਾਹ ਨਾਲ ਰੇਤ, ਐਸਬੈਸਟਾਸ, ਪੱਥਰ, ਹੋਰ ਧਾਤਾਂ ਜਾਂ ਸਾਧਾਰਨ ਧੂੜ ਜਿਸ ਵਿਚ ਕਈ ਪ੍ਰਕਾਰ ਦੇ ਕਣ ਮੌਜੂਦ ਹੁੰਦੇ ਹਨ ਜਦੋਂ ਫੇਫੜਿਆਂ ਵਿਚ ਪਹੁੰਚਦੇ ਹਨ ਤਾਂ ਫੇਫੜਿਆਂ ਦੇ ਤੰਤੂਆਂ ਵਿਚ ਕਈ ਪ੍ਰਤਿਕਿਰਿਆਵਾਂ ਹੋਣ ਲਗਦੀਆਂ ਹਨ, ਜਿਨ੍ਹਾਂ ਕਾਰਨ ਇਹ ਰੋਗ ਹੁੰਦਾ ਹੈ। ਇਹ ਰੋਗ ਕਿੱਤਾ ਪ੍ਰਭਾਵਿਤ ਹੈ, ਇਹ ਆਮ ਤੌਰ ਤੇ ਉਨ੍ਹਾਂ ਵਿਅਕਤੀਆਂ ਨੂੰ ਹੁੰਦਾ ਹੈ, ਜਿਨਾਂ ਨੂੰ ਧਾਤਾਂ ਨਾਲ ਸਬੰਧਤ ਅਜਿਹੀਆਂ ਫੈਕਟਰੀਆਂ ਵਿਚ ਕੰਮ ਕਰਨਾ ਪੈਂਦਾ ਹੈ ਜਿਥੇ ਸਾਹ ਨਾਲ ਉਨ੍ਹਾਂ ਦੇ ਫੇਫੜਿਆਂ ਵਿਚ ਇਨ੍ਹਾਂ ਧਾਤਾਂ ਦੇ ਕਣ ਪਹੁੰਚਦੇ ਰਹਿੰਦੇ ਹਨ। ਹਰ ਪ੍ਰਕਾਰ ਦੇ ਕਣ ਹਾਨੀਕਾਰਕ ਨਹੀਂ ਹੁੰਦੇ। ਬਹੁਤਿਆਂ ਪਦਾਰਥਾਂ ਦੇ ਕਣਾਂ ਨਾਲ ਕੋਈ ਨੁਕਸਾਨ ਨਹੀਂ ਪਹੁੰਚਦਾ। ਕੰਮ ਕਰਨ ਦੀ ਥਾਂ ਤੇ ਖੁੱਲ੍ਹੀ ਹਵਾ ਅਤੇ ਸਫ਼ਾਈ ਦੀ ਘਾਟ ਰੋਗ ਦੀ ਉਤਪਤੀ ਲਈ ਸਹਾਇਕ ਹੁੰਦੇ ਹਨ। ਇਹ ਰੋਗ ਆਮ ਤੌਰ ਤੇ ਪੁਰਸ਼ਾਂ ਵਿਚ ਹੁੰਦਾ ਹੈ ਅਤੇ ਇਸ ਰੋਗ ਦਾ ਪ੍ਰਗਟਾ 22 ਤੋਂ 40 ਸਾਲ ਦੀ ਉਮਰ ਵਿਚ ਹੁੰਦਾ ਹੈ। ਸਾਹ ਦੁਆਰਾ ਫੇਫੜਿਆਂ ਵਿਚ ਪਹੁੰਚੇ ਕਣਾਂ ਦੇ ਆਕਾਰ ਅਤੇ ਰੂਪ ਤੇ ਵੀ ਇਹ ਰੋਗ ਨਿਰਭਰ ਕਰਦਾ ਹੈ। ਕਣ ਜਿਤਨਾ ਵੱਡਾ, ਸਖ਼ਤ ਤੇ ਖੁਰਦਰਾ ਹੋਵੇਗਾ, ਉਤਨੀ ਹੀ ਪ੍ਰਤਿਕਿਰਿਆ ਤੀਬਰ ਹੋਵੇਗੀ ਅਤੇ ਫੇਫੜਿਆਂ ਵਿਚ ਪਰਿਵਰਤਨ ਵੀ ਵਧ ਹੋਣਗੇ।

ਇਸ ਰੋਗ ਦੇ ਨਿਮਨ ਰੂਪ ਦੇਖਣ ਵਿਚ ਆਉਂਦੇ ਹਨ :—

1. **ਐਂਥਰਾਕੋਸਿਸ** (**Anthracosis**)—ਇਹ ਕੋਲੇ ਦੇ ਕਣਾਂ ਨਾਲ ਉਤਪੰਨ ਹੁੰਦਾ ਹੈ ਅਤੇ ਕੋਲੇ ਦੀਆਂ ਖਾਣਾਂ ਵਿਚ ਕੰਮ ਕਰਨ ਵਾਲੇ ਪੁਰਸ਼ਾਂ ਨੂੰ ਆਮ ਹੋ ਜਾਂਦਾ ਹੈ।
2. **ਸਾਈਡੇਰੋਸਿਸ**—ਇਸ ਨੂੰ ਸੀਲੀਕੋ-ਸਾਈਡਰੋਸਿਸ (Silico-siderosis) ਵੀ ਆਖਦੇ ਹਨ। ਤਾਂਬੇ, ਜਿਸਤ ਤੇ ਲੋਹੇ ਦੀਆਂ ਖਾਣਾਂ ਵਿਚ ਕੰਮ ਕਰਨ ਵਾਲੇ ਪੁਰਸ਼ਾਂ ਅੰਦਰ ਸਾਹ ਨਾਲ ਇਨ੍ਹਾਂ ਧਾਤਾਂ ਦੇ ਕਣ ਜਾਣ ਕਰਕੇ ਹੁੰਦਾ ਹੈ।
3. **ਸਿਲਿਕੋਸਿਸ** (**Silocosis**)—ਇਹ ਰੋਗ ਧੂੜ ਵਿਚ ਸਿਲਿਕਾ, ਐਲੂਮਿਨੀਅਮ, ਕਾਰਬਨ, ਜਿਪਸਮ ਅਤੇ ਹੈਮਾਟਾਈਟ ਦੇ ਸੂਖ਼ਮ ਕਣਾਂ ਦੀ ਜ਼ਿਆਦਾ ਮਾਤਰਾ ਕਾਰਨ ਪੈਦਾ ਹੁੰਦਾ ਹੈ।
4. **ਬਾਈਸਿਨੋਸਿਸ** (**Byssinosis**)—ਇਹ ਰੂੰ ਅਤੇ ਨਰਮੇ ਦੇ ਕਾਰਖ਼ਾਨਿਆਂ ਵਿਚ ਕੰਮ ਕਰਨ ਵਾਲਿਆਂ ਨੂੰ ਹੁੰਦਾ ਹੈ।
5. **ਐਸਬੈਸਟੋਸਿਸ** (**Asbestosis**)—ਇਹ ਰੋਗ ਐਸਬੈਸੱਟਾਸ ਦੀ ਸਮਗਰੀ ਬਣਾਉਣ ਵਾਲਿਆਂ ਨੂੰ ਹੁੰਦਾ ਹੈ।
6. **ਬਾਗਾਸੋਸਿਸ** (**Bagassosis**)—ਇਹ ਰੋਗ ਚੀਨੀ ਦੇ ਕਾਰਖ਼ਾਨਿਆਂ ਵਿਚ ਕੰਮ ਕਰਨ ਵਾਲਿਆਂ ਅੰਦਰ ਖੋਈ (bagasse) ਦੀ ਧੂੜ ਦੇ ਕਣ ਜਾਣ ਕਾਰਨ ਹੁੰਦਾ ਹੈ। ਖੋਈ ਵਿਚ ਵੀ ਲਗਭਗ 6% ਸਿਲਿਕਾ ਹੁੰਦਾ ਹੈ।

ਧੂੜ-ਫੇਫੜਾ ਰੋਗ ਦੇ ਮੁੱਖ ਲੱਛਣ ਖਾਂਸੀ, ਸਾਹ ਦੀ ਰੁਕਾਵਟ ਅਤੇ ਬਲਗ਼ਮ ਨਿਕਲਣਾ ਹੁੰਦੇ ਹਨ।

ਹ.ਪੁ.—ਹਿੰ. ਵਿ. ਕੋ. 6 : 167; ਮੈ. ਹੈ. ਐਨ.

ਧੇਨੁਕ : ਹਰਿਵੰਸ਼ ਪੁਰਾਣ ਅਨੁਸਾਰ ਇਕ ਪੁਰਾਣਿਕ ਦੈਂਤ ਸੀ ਜੋ ਕਈ ਤਰ੍ਹਾਂ ਦੇ ਰੂਪ ਧਾਰ ਲੈਂਦਾ ਸੀ। ਇਸ ਦੀ ਮੌਤ ਬਲਰਾਮ ਦੇ ਹੱਥੋਂ ਹੋਈ। ਇਕ ਵਾਰ ਬਾਲ ਅਵਸਥਾ ਵਿਚ ਸ੍ਰੀ ਕ੍ਰਿਸ਼ਨ ਤੇ ਬਲਰਾਮ ਖੇਡਦੇ ਖੇਡਦੇ ਧੇਨੁਕ ਦੇ ਬਗੀਚੇ ਵਿਚ ਜਾ ਪੁੱਜੇ ਤੇ ਫੁੱਲਾਂ ਨਾਲ ਖੇਡਣ ਲੱਗੇ। ਧੇਨੁਕ ਨੇ ਖੋਤੇ ਦਾ ਰੂਪ ਧਾਰ ਕੇ ਬਲਰਾਮ ਉੱਤੇ ਹੱਲਾ ਬੋਲ ਦਿੱਤਾ ਪਰ ਉਸ ਨੇ ਅਗਿਉਂ ਖੋਤੇ ਨੂੰ ਖੁਰਾਂ ਤੋਂ ਫੜ ਕੇ ਇੰਨੀ ਜ਼ੋਰ ਦੀ ਘੁਮਾਇਆ ਕਿ ਉਹ ਖਜੂਰ ਦੇ ਰੁੱਖ ਨਾਲ ਜਾ ਟਕਰਾਇਆ ਅਤੇ ਪ੍ਰਾਣ ਤਿਆਗ ਦਿੱਤੇ। ਉਸ ਨੇ ਇਸ ਦੀ ਲਾਸ਼ ਨੂੰ ਖਜੂਰ ਦੇ ਬਿਰਖ ਉੱਤੇ ਟੰਗ ਦਿੱਤਾ। ਜਦੋਂ ਇਸ ਦੇ ਹੋਰ ਸਾਥੀ ਇਸ ਦੀ ਸਹਾਇਤਾ ਲਈ ਆਏ ਤਾਂ ਉਨ੍ਹਾਂ ਦਾ ਵੀ ਇਹੋ ਹਾਲ ਹੋਇਆ ਅਤੇ ਇਥੋਂ ਤਕ ਕਿ ਸਾਰੇ ਬਿਰਛ ਮਰੇ ਹੋਏ ਗਧਿਆਂ ਦੀਆਂ ਲਾਸ਼ਾਂ ਨਾਲ ਭਰ ਗਏ।

ਹ.ਪੁ.—ਪੰ. ਲੋ. ਵਿ. ਕੋ. 6 : 1582; ਹਿੰ. ਮਿ. ਕੋ. 306; ਹਿੰ. ਸ. ਸਾ. 5 : 2481

ਧੇਬਰ ਝੀਲ : ਭਾਰਤ ਦੇ ਰਾਜਸਥਾਨ ਰਾਜ ਦੇ ਉਦੇਪੁਰ ਜ਼ਿਲ੍ਹੇ ਵਿਚ ਦੱਖਣ-ਪੂਰਬੀ ਅਰਾਵਲੀ ਲੜੀ ਵਿਚ ਇਕ ਬਹੁਤ ਵੱਡੀ ਝੀਲ ਹੈ ਜੋ ਉਦੇਪੁਰ ਸ਼ਹਿਰ ਤੋਂ ਲ. 48 ਕਿ. ਮੀ. (30 ਮੀ.) ਦੱਖਣ ਪੂਰਬ ਵਲ ਸਥਿਤ ਹੈ। ਉੱਤਰ-ਪੱਛਮ ਤੋਂ ਦੱਖਣ-ਪੂਰਬ ਵੱਲ ਇਸ ਦੀ ਲੰਬਾਈ ਲ. 14.4 ਕਿ. ਮੀ. (9 ਮੀਲ) ਅਤੇ ਇਸ ਦੀ ਚੌੜਾਈ 1.6 ਕਿ.ਮੀ. ਤੋਂ 8 ਕਿ.ਮੀ. (1 ਮੀਲ ਤੋਂ 5 ਮੀਲ) ਤਕ ਘਟਦੀ-ਵਧਦੀ ਰਹਿੰਦੀ ਹੈ। ਇਸ ਵਿਚ ਲ. 883 ਵ. ਕਿ. ਮੀ. (690 ਵ.ਮੀ.) ਰਕਬੇ ਦਾ ਪਾਣੀ ਆ ਇਕੱਠਾ ਹੁੰਦਾ ਹੈ। ਪੂਰੀ ਭਰੀ ਹੋਈ ਸਮੇਂ ਇਸ ਇਸ ਝੀਲ ਦਾ ਰਕਬਾ 54 ਵ. ਕਿ. ਮੀ. (ਲ. 21 ਵ. ਮੀ.) ਹੋ ਜਾਂਦਾ ਹੈ। ਇਸ ਦੇ ਪੱਛਮ ਵਿਚ ਪੈਂਦੀਆਂ ਪਹਾੜੀਆਂ ਸਮੁੰਦਰੀ ਤਲ ਤੋਂ 243.84 ਮੀ. ਤੋਂ 304.80 ਮੀ. ਤਕ (800 ਫੁ. ਤੋਂ 1000 ਫੁ.) ਉਚੀਆਂ ਚਲੀਆਂ ਜਾਂਦੀਆਂ ਹਨ। ਇਸ ਦੇ ਉੱਤਰੀ ਕੰਢੇ ਉੱਤੇ ਜੰਗਲਾਂ ਨਾਲ ਭਰੇ ਹੋਏ ਛੋਟੇ-ਛੋਟੇ ਦੀਪ ਹਨ ਅਤੇ ਇਨ੍ਹਾਂ ਕੰਢਿਆਂ ਉੱਤੇ ਹੀ ਮੱਛੀਆਂ ਫੜਨ ਵਾਲੇ ਕਈ ਪਿੰਡ ਸਥਿਤ ਹਨ। ਇਹ ਝੀਲ ਇਕ ਬਾਰਾਮਾਸੀ ਨਦੀ, ਗੋਮਤੀ ਤੋਂ ਪਾਰ ਦੱਖਣ-ਪੱਛਮੀ ਗੁੱਠ ਵਿਚ ਬਣੇ ਇਕ ਆਲੀਸ਼ਾਨ ਬੰਨ੍ਹ ਕਾਰਨ ਹੋਂਦ ਵਿਚ ਆਈ ਸੀ। ਇਸ ਬੰਨ ਨੂੰ 1685 ਤੋਂ 1691 ਈ. ਵਿਚਕਾਰ ਰਾਜਾ ਜੈ ਸਿੰਘ ਨੇ ਬਣਵਾਇਆ ਸੀ। ਇਹ ਬੰਨ੍ਹ 381.61 ਮੀ. (1252 ਫੁ.) ਲੰਬਾ ਅਤੇ 35.36 ਮੀ. (116 ਫੁੱਟ) ਉੱਚਾ ਹੈ। ਸਤਹ ਤੋਂ ਇਸ ਦੀ ਚੌੜਾਈ 21.34 ਮੀ. (70 ਫੁੱਟ) ਹੈ। ਝੀਲ ਦੇ ਵਿਚਕਾਰ ਚਤਰਭੁਜ ਸ਼ਕਲ ਦਾ ਇਕ ਹਿੰਦੂ ਮੰਦਰ ਹੈ ਜੋ ਕਿ ਉਕਰਾਈ ਦਾ ਇਕ ਉੱਤਮ ਨਮੂਨਾ ਪੇਸ਼ ਕਰਦਾ ਹੈ। ਇਸ ਝੀਲ ਦੇ ਪਾਣੀ ਨੂੰ ਨਹਿਰਾਂ ਦੁਆਰਾ ਪੱਛਮ ਵੱਲ ਦੇ ਇਲਾਕੇ ਵਿਚ ਪਿੰਡਾਂ ਦੀ ਸਿੰਜਾਈ ਲਈ ਵੀ ਵਰਤਿਆ ਜਾਂਦਾ ਹੈ।

24° 30′ ਉ. ਵਿਥ.; 74° 00′ ਪੂ. ਲੰਬ.

ਹ.ਪੁ.—ਇੰਪ. ਗ. ਇੰਡ. 11 : 318; ਐਨ. ਬ੍ਰਿ. 3 : 513

ਧੋਰਾਜੀ : ਭਾਰਤ ਦੇ ਗੁਜਰਾਤ ਰਾਜ ਦੇ ਰਾਜਕੋਟ ਜ਼ਿਲ੍ਹੇ ਵਿਚ ਇਹ ਇਕ ਪ੍ਰਸਿੱਧ ਸ਼ਹਿਰ ਹੈ ਜਿਹੜਾ ਰਾਜਕੋਟ ਸ਼ਹਿਰ ਤੋਂ 72 ਕਿ. ਮੀ. (45 ਮੀਲ) ਦੱਖਣ-ਪੱਛਮ ਵੱਲ ਅਤੇ ਭੱਦਰ ਦਰਿਆ ਤੋਂ ਲ. 5 ਕਿ.ਮੀ. (ਲ. 3 ਮੀਲ) ਦੀ ਦੂਰੀ ਤੇ ਵਾਕਿਆ ਹੈ ਅਤੇ ਸੜਕ ਰਾਹੀਂ ਜੂਨਾਗੜ੍ਹ ਨਾਲ ਜੁੜਿਆ ਹੋਇਆ ਹੈ। ਅਠਾਰ੍ਹਵੀਂ ਸਦੀ ਦੇ ਲਗਭਗ ਮੱਧ ਵਿਚ ਇਸ ਉੱਪਰ ਕੁੰਭੋਜੀ ਦੂਜੇ ਨੇ ਕਬਜ਼ਾ ਕਰ ਲਿਆ ਸੀ।

ਇਥੇ ਤਿਲ, ਜਵਾਰ, ਬਾਜਰਾ ਅਤੇ ਕਪਾਹ ਅਤੇ ਸੂਤੀ ਕਪੜੇ ਦਾ ਵਪਾਰ ਹੁੰਦਾ ਹੈ। ਇਸ ਤੋਂ ਇਲਾਵਾ ਪਿੱਤਲ ਅਤੇ ਤਾਂਬੇ ਦੇ ਭਾਂਡੇ ਅਤੇ ਕਸ਼ੀਦਾਕਾਰੀ ਦੇ ਘਰੇਲੂ ਉਦਯੋਗ ਪ੍ਰਫੁੱਲਤ ਹਨ।

ਆਬਾਦੀ—79,479, (1991)

21° 45′ ਉ. ਵਿਥ. ; 70° 37′ ਪੂ. ਲੰਬ.

ਹ.ਪੁ.—ਇੰਪ. ਗ. ਇੰਡ. 11 : 333; ਹਿੰ. ਵਿ. ਕੋ. 6 : 198

ਧੋਲਕਾ : ਭਾਰਤ ਦੇ ਗੁਜਰਾਤ ਰਾਜ ਦੇ ਅਹਿਮਦਾਬਾਦ ਜ਼ਿਲ੍ਹੇ ਦਾ ਇਕ ਸ਼ਹਿਰ ਹੈ ਜਿਹੜਾ ਇਸ ਦੇ ਦੱਖਣ-ਪੱਛਮ ਦੇ ਲਗਭਗ 36 ਕਿ.ਮੀ. (22 ਮੀਲ) ਦੀ ਦੂਰੀ ਤੇ ਵਾਕਿਆ ਹੈ।

ਇਹ ਸ਼ਹਿਰ ਤਬਾਹ ਹੋਏ ਮਹੱਲਾਂ, ਮਸਜਿਦਾਂ ਅਤੇ ਮਕਬਰਿਆਂ ਦੇ ਵਿਚਕਾਰ ਵਸਿਆ ਹੋਇਆ ਹੈ ਅਤੇ ਗੁਜਰਾਤ ਦੇ ਸਭ ਤੋਂ ਪੁਰਾਣੇ ਸ਼ਹਿਰਾਂ ਵਿਚੋਂ ਇਕ ਹੈ। ਗੁਜਰਾਤ ਰਾਜ ਦੇ ਬਣਨ ਤੋਂ ਪਹਿਲਾਂ ਇਹ ਮੁੰਬਈ ਦੇ ਉੱਤਰੀ ਖੇਤਰ ਵਿਚ ਪੈਂਦਾ ਸੀ। ਕਿਹਾ ਜਾਂਦਾ ਹੈ ਕਿ ਮੁਢਲੇ ਹਿੰਦੂ ਕਾਲ ਦੌਰਾਨ (1094-1143) ਇਥੇ ਪਾਂਡਵ ਵੀ ਆਏ ਸਨ, ਸੂਰਜ ਵੰਸ਼ੀ ਰਾਜਕੁਮਾਰ ਕਨਕਸੇਨ ਅਤੇ ਅਨਹਿਲਵਾੜਾ ਦੇ ਰਾਜਾ ਸਿੰਧੀਆਂ ਦੀ ਮਾਂ ਮਿਲਨ ਦੇਵੀ ਨੇ ਇਥੇ ਪਨਾਹ ਲਈ ਸੀ। ਵਘੇਲਾ ਵੰਸ਼ (13ਵੀਂ ਸਦੀ) ਦੇ ਬਾਨੀ ਵੀਰ ਧਵਲ ਦਾ ਵੀ ਇਸ ਉੱਤੇ ਕਬਜ਼ਾ ਰਿਹਾ ਸੀ। ਮੁਸਲਮਾਨਾਂ ਦੇ ਰਾਜ-ਕਾਲ ਦੌਰਾਨ ਦਿੱਲੀ ਦੇ ਗਵਰਨਰ ਦੀ ਰਿਹਾਇਸ਼ ਵੀ ਇਥੇ ਹੀ ਹੁੰਦੀ ਸੀ। ਸੰਨ 1736 ਵਿਚ ਇਸ ਉਪਰ ਮਰਹੱਟਿਆਂ ਨੇ ਆਪਣਾ ਕਬਜ਼ਾ ਕਰ ਲਿਆ। ਸੰਨ 1757 ਵਿਚ ਇਹ ਗਾਇਕਵਾੜਾਂ ਦੇ ਕਬਜ਼ੇ ਹੇਠ ਆ ਗਿਆ ਅਤੇ ਅਤੇ ਅਖੀਰ 1804 ਵਿਚ ਇਸ ਨੂੰ ਅੰਗਰੇਜ਼ੀ ਰਾਜ ਵਿਚ ਮਿਲਾ ਦਿੱਤਾ ਗਿਆ। ਸੰਨ 1856 ਵਿਚ ਇਥੇ ਮਿਉਂਸਪਲਟੀ ਸਥਾਪਤ ਕੀਤੀ ਗਈ।

ਇਹ ਕਪਾਹ, ਕਣਕ, ਚੌਲ, ਜਵਾਰ ਅਤੇ ਬਾਜਰੇ ਦੀ ਪ੍ਰਸਿੱਧ ਮੰਡੀ ਹੈ। ਇਹ ਸ਼ਹਿਰ ਦਸਤਕਾਰੀ ਲਈ ਪ੍ਰਸਿੱਧ ਹੈ। ਇਸ ਤੋਂ ਇਲਾਵਾ ਇਥੇ ਚਮੜਾ ਤਿਆਰ ਕਰਨ ਦੇ ਕਾਰਖਾਨੇ ਹਨ।

ਆਬਾਦੀ—49,860 (1991)

ਹ.ਪੁ.—ਇੰਪ. ਗ. ਇੰਡ. 11 : 321; ਹਿੰ. ਵਿ. ਕੋ. 6 : 198

ਧੌਲ : ਇਹ ਚਿਟੇ ਰੰਗ ਦਾ ਬਲਦ ਹੈ ਜਿਸ ਨੂੰ ਧਰਮ ਦਾ ਪ੍ਰਤੀਕ ਵੀ ਮੰਨਿਆ ਗਿਆ ਹੈ। ਪੁਰਾਣ ਸਾਹਿਤ ਵਿਚ ਲਿਖਿਆ ਹੈ ਕਿ ਧੌਲ (ਬਲਦ) ਕਛੂਏ ਦੀ ਪਿੱਠ ਉੱਤੇ ਖਲੋਤਾ ਹੈ ਜਿਸ ਨੇ ਸਾਰੀ ਧਰਤੀ ਦੇ ਭਾਰ ਨੂੰ ਆਪਣੇ ਇਕ ਸਿੰਗ ਉੱਤੇ ਚੁਕਿਆ ਹੋਇਆ ਹੈ ਇਸ ਬਾਰੇ ਇਹ ਵੀ ਕਿਹਾ ਜਾਂਦਾ ਹੈ ਕਿ ਜਦੋਂ ਕਦੇ ਵੀ ਇਹ ਇਕ ਸਿੰਗ ਤੋਂ ਦੂਜੇ ਸਿੰਗ ਤੇ ਧਰਤੀ ਦਾ ਭਾਰ ਬਦਲਦਾ ਹੈ ਤਾਂ ਧਰਤੀ ਡੋਲਦੀ ਹੈ ਜਿਸ ਨੂੰ ਅਸੀਂ ਭੁਚਾਲ ਕਹਿੰਦੇ ਹਾਂ। ਗੁਰਬਾਣੀ ਵਿਚ ਗੁਰੂ ਨਾਨਕ ਦੇਵ ਜੀ ਨੇ ਲਿਖਿਆ ਹੈ :—

"ਧੌਲੁ ਧਰਮੁ ਦਇਆ ਕਾ ਪੂਤੁ ॥" (ਜਪੁ ਜੀ)

ਚਾਰ ਯੁਗਾਂ ਵਿਚ ਧਰਮ ਦੀ ਨਿਘਰਦੀ ਸਥਿਤੀ ਨੂੰ ਧੌਲ ਰਾਹੀਂ ਹੀ ਸਪਸ਼ਟ ਕੀਤਾ ਗਿਆ ਹੈ। ਕਿਹਾ ਜਾਂਦਾ ਹੈ ਕਿ ਸਤਿਯੁਗ ਵਿਚ ਬਲਦ ਦੇ ਚਾਰੇ ਪੈਰ ਕਛੂਏ ਦੀ ਪਿੱਠ ਤੇ ਟਿਕੇ ਹੁੰਦੇ ਸਨ। ਇਸੇ ਕਰ ਕੇ ਸਤਿਯੁਗ ਨੂੰ ਧਾਰਮਿਕ ਪੱਖ ਤੋਂ ਵਧੀਆ ਯੁੱਗ ਕਿਹਾ ਗਿਆ ਹੈ। ਤ੍ਰੇਤਾ ਯੁਗ ਵਿਚ ਇਹ ਇਕ ਪੈਰ ਧਰਤੀ ਤੋਂ ਚੁਕ ਲੈਂਦਾ ਹੈ, ਦੁਆਪਰ ਯੁਗ ਵਿਚ ਦੋ ਪੈਰਾਂ ਦੇ ਭਾਰ ਤੇ ਖੜਾ ਹੈ। ਕਲਿਯੁਗ ਤਕ ਪਹੁੰਚ ਕੇ ਧਰਮ ਦੀ ਸਥਿਤੀ ਇੰਨੀ ਨਿਘਰ ਗਈ ਕਿ ਇਕ ਪੈਰ ਤੇ ਖੜਾ ਹੈ। ਇਸ ਕਰ ਕੇ ਕਲਯੁਗ ਨੂੰ ਸਭ ਤੋਂ ਘਟੀਆ ਯੁੱਗ ਕਿਹਾ ਗਿਆ ਹੈ। ਇਸੇ ਕਰ ਕੇ ਇਸ ਯੁਗ ਵਿਚ ਧਰਮ ਤੇ ਕਰਮ ਨਾਂ ਮਾਤਰ ਹੀ ਰਹਿ ਗਏ।

ਹ.ਪੁ.—ਮ.ਕੋ. 659; ਪੰ. ਸਾ. ਸੰ. ਕੋ.— ਡਾ. ਜੱਗੀ

ਧੌਲਗਿਰੀ : ਇਹ ਹਿਮਾਲਾ ਦਾ ਇਕ ਪਰਬਤ ਸਮੂਹ ਹੈ ਜਿਹੜਾ ਉੱਤਰ-ਕੇਂਦਰੀ ਨੇਪਾਲ ਵਿਚ ਕਾਲੀ ਗੰਡਕ ਨਦੀ ਦੀ ਡੂੰਘੀ ਪਹਾੜੀ ਘਾਟੀ ਦੇ ਪੱਛਮ ਵੱਲ ਸਥਿਤ ਹੈ। ਇਸ ਦੀਆਂ ਬਹੁਤ ਸਾਰੀਆਂ ਚੋਟੀਆਂ ਬਰਫ ਅਤੇ ਗਲੇਸ਼ੀਅਰ ਨਾਲ ਢਕੀਆਂ ਰਹਿੰਦੀਆਂ ਹਨ। ਇਨ੍ਹਾਂ ਵਿਚੋਂ ਬਹੁਤੀਆਂ ਚੋਟੀਆਂ 7,620 ਮੀ. (25,000 ਫੁੱਟ) ਤੋਂ ਵੀ ਉੱਚੀਆਂ ਹਨ। ਇਨ੍ਹਾਂ ਵਿਚੋਂ ਧੌਲਗਿਰੀ ਨੰ: 1 ਪਰਬਤੀ ਚੋਟੀ ਦੁਨੀਆ ਦੀਆਂ ਸਭ ਤੋਂ ਉੱਚੀਆਂ ਚੋਟੀਆਂ ਵਿਚੋਂ ਇਕ ਹੈ ਜਿਸ ਦੀ ਉਚਾਈ 8, 167 ਮੀ. (26,796 ਫੁੱਟ) ਹੈ। ਧੌਲਗਿਰੀ ਨੰ: 2, 3 ਅਤੇ 4 ਚੋਟੀਆਂ ਵੀ ਇਨ੍ਹਾਂ ਪਹਾੜਾਂ ਵਿਚ ਹੀ ਸ਼ਾਮਲ ਹਨ। ਧੌਲਗਿਰੀ ਨੰ: 1, ਚੌੜੀ ਚੋਟੀ ਦੱਖਣੀ ਦਿਸ਼ਾ ਵਲੋਂ 3,200 ਮੀ. (15,000 ਫੁੱਟ) ਉੱਚੀ ਹੈ। ਇਸ ਦੀ ਸਿੱਧੀ ਢਲਾਣ ਅਤੇ ਅਣ-ਅਨੁਕੂਲ ਵਾਤਾਵਰਣ ਹੋਣ ਕਾਰਨ ਇਸ ਨੂੰ ਕੇਵਲ 13 ਮਈ, 1960 ਵਾਲੇ ਦਿਨ ਹੀ ਪਹਿਲੀ ਵਾਰੀ ਸਰ ਕੀਤਾ ਗਿਆ, ਜਿਸ ਦਾ ਸਿਹਰਾ ਸਵਿਟਜ਼ਰਲੈਂਡ ਦੀ ਇਕ ਮੁਹਿੰਮ ਦੇ ਸਿਰ ਹੈ ਜਿਸ ਦੀ ਅਗਵਾਈ ਮੈਕਸ ਆਈਸਲਿਨ ਨੇ ਕੀਤੀ ਸੀ।

ਧੌਲਗਿਰੀ ਨਾਂ ਸੰਸਕ੍ਰਿਤ ਦੇ ਸ਼ਬਦ ਤੋਂ ਪਿਆ ਹੈ ਜਿਸਦਾ ਅਰਥ 'ਸਫ਼ੈਦ ਪਹਾੜ' ਹੈ।

28° 42' ਉ. ਵਿਥ. ;. 83° 31' ਪੂ. ਲੰਬ.

ਹ.ਪੁ.—ਐਨ. ਬ੍ਰਿ. ਮਾ. 4 : 57

ਧੌਲਪੁਰ : ਰਿਆਸਤ—ਇਹ ਅਣਵੰਡੇ ਭਾਰਤ ਵਿਚ ਰਾਜਪੂਤਾਨੇ ਦੀ ਇਕ ਉੱਘੀ ਦੇਸੀ ਰਿਆਸਤ ਸੀ। ਉੱਤਰ ਵੱਲ ਇਸ ਦੀ ਹੱਦ ਆਗਰਾ ਜ਼ਿਲ੍ਹੇ, ਉੱਤਰ-ਪੱਛਮ ਵੱਲ ਭਰਤਪੁਰ, ਪੱਛਮ ਵੱਲ ਕਰੌਲੀ ਅਤੇ ਦੱਖਣ ਅਤੇ ਪੂਰਬ ਵੱਲ ਗਵਾਲੀਅਰ ਨਾਲ ਜਾ ਲਗਦੀ ਸੀ। ਇਹ ਰਿਆਸਤ 1830 ਵ. ਕਿ. ਮੀ. (1173 ਵ. ਮੀਲ) ਵਿਚ ਫੈਲੀ ਹੋਈ ਸੀ। ਇਸ ਰਿਆਸਤ ਵਿਚ ਪੰਜ ਤਹਿਸੀਲਾਂ, ਇਕ ਜਾਗੀਰ, ਤਿੰਨ ਕਸਬੇ ਤੇ 40 ਪਿੰਡ ਸ਼ਾਮਲ ਹਨ। ਇਸੇ ਹੀ ਨਾਂ ਦਾ ਸ਼ਹਿਰ ਇਸ ਦੀ ਰਾਜਧਾਨੀ ਹੁੰਦਾ ਸੀ।

ਇਸ ਰਿਆਸਤ ਦੇ ਪ੍ਰਾਚੀਨ ਇਤਿਹਾਸ ਬਾਰੇ ਕੋਈ ਵਧੇਰੇ ਜਾਣਕਾਰੀ ਨਹੀਂ ਮਿਲਦੀ। ਇਥੋਂ ਦੇ ਸਥਾਨਕ ਲੋਕਾਂ ਅਨੁਸਾਰ 792 ਤੋਂ 1164 ਈ. ਦਰਮਿਆਨ ਦਿੱਲੀ ਉਪਰ ਕਾਬਜ਼ ਤਨਵਰ ਰਾਜਪੂਤਾਂ ਨੇ ਇਸ ਰਿਆਸਤ ਉਪਰ ਆਪਣਾ ਕਬਜ਼ਾ ਕਰ ਲਿਆ ਜਦੋਂ ਕਿ ਕਰੌਲੀ ਦੇ ਜਾਦੋ ਰਾਜਪੂਤਾਂ ਦਾ ਰਿਆਸਤ ਦੇ ਪੱਛਮੀ ਇਲਾਕਿਆਂ ਉਪਰ ਕਬਜ਼ਾ ਸੀ। ਸੰਨ 1194 ਵਿਚ ਜਦੋਂ ਮੁਹੰਮਦ ਗੌਰੀ ਨੇ ਕਨੌਜ ਉਪਰ ਕਬਜ਼ਾ ਕੀਤਾ ਤਾਂ ਉਸ ਦੀਆਂ ਫੌਜਾਂ ਨੇ ਨਾਲ ਹੀ ਬਿਆਨਾ ਅਤੇ ਗਵਾਲੀਅਰ ਦੇ ਕਿਲਿਆਂ ਨੂੰ ਵੀ ਫਤਹਿ ਕਰ ਲਿਆ। ਸੰਨ 1450 ਵਿਚ ਧੌਲਪੁਰ ਦਾ ਆਪਣਾ ਹੀ ਇਕ ਰਾਜਾ (ਰਾਇ) ਹੁੰਦਾ ਸੀ। ਸੰਨ 1487 ਵਿਚ ਇਥੇ ਦਾ ਰਾਇ ਦਿੱਲੀ ਦੇ ਸੁਲਤਾਨ ਬਹਿਲੋਲ ਲੋਧੀ ਨੂੰ ਮਿਲਣ ਗਿਆ ਅਤੇ ਉਸ ਨੂੰ ਕੁਝ ਮਣ ਸੋਨਾ ਭੇਟ ਕਰਕੇ ਉਸ ਦਾ ਸ਼ੁਭ ਚਿੰਤਕ ਬਣ ਗਿਆ। ਸੰਨ 1500 ਵਿਚ ਇਸ ਰਿਆਸਤ ਦਾ ਰਾਇ ਮਾਨਕ ਦੇਓ ਸੀ। ਸਿਕੰਦਰ ਲੋਧੀ ਨੇ ਉਸ ਦੇ ਵਿਰੁੱਧ ਖੁਦ ਕੂਚ ਕੀਤਾ ਅਤੇ ਅਗਲੇ ਸਾਲ ਹੀ ਧੌਲਪੁਰ ਦੇ ਕਿਲੇ ਉੱਤੇ ਕਬਜ਼ਾ ਕਰ ਲਿਆ। ਸੁਲਤਾਨ ਦੀਆਂ ਫੌਜਾਂ ਨੇ ਇਲਾਕੇ ਵਿਚ ਚੌਥੀ ਲੁਟਮਾਰ ਕੀਤੀ। ਮਗਰੋਂ ਕੁਝ ਹੀ ਮਹੀਨਿਆਂ ਦੇ ਅੰਦਰ ਇਹ ਇਲਾਕਾ ਵਿਨਾਇਕ ਦੇਓ (ਸ਼ਾਇਦ ਪਹਿਲੇ ਹੀ ਸ਼ਾਸ਼ਕ ਦਾ ਇਕ ਪੁੱਤਰ ਸੀ) ਦੇ ਸਪੁਰਦ ਕਰ ਦਿੱਤਾ। ਸੰਨ 1504 ਵਿਚ ਇਥੋਂ ਦਾ ਕਿਲਾ ਇਕ ਮੁਸਲਮਾਨ ਕਿਲੇਦਾਰ ਦੇ ਅਧੀਨ ਕਰ ਦਿੱਤਾ ਗਿਆ। ਸੰਨ 1527 ਵਿਚ ਮੁਗਲ ਬਾਦਸ਼ਾਹ ਬਾਬਰ ਦੀ ਖਾਨੂਆ ਦੇ ਸਥਾਨ ਤੇ ਹੋਈ ਜਿੱਤ ਤੋਂ ਮਗਰੋਂ ਇਥੋਂ ਦਾ ਸਾਰਾ ਇਲਾਕਾ ਮੁਗਲਾਂ ਅਧੀਨ ਹੋ ਗਿਆ ਪਰ ਧੌਲਪੁਰ ਦਾ ਇਲਾਕਾ ਥੋੜ੍ਹੇ ਜਿਹੇ ਸਮੇਂ ਲਈ ਮੁਗਲਾਂ ਦੇ ਅਧਿਕਾਰ ਖੇਤਰ ਤੋਂ ਬਾਹਰ ਹੀ ਰਿਹਾ। ਬਾਦਸ਼ਾਹ ਅਕਬਰ ਦੇ ਰਾਜਕਾਲ ਦੌਰਾਨ ਇਹ ਰਿਆਸਤ ਆਗਰੇ ਪ੍ਰਾਂਤ ਦਾ ਹਿੱਸਾ ਬਣ ਗਈ ਅਤੇ ਇਥੋਂ ਦਾ ਰਾਜਧਾਨੀ ਸ਼ਹਿਰ ਧੌਲਪੁਰ ਮੁਗਲ ਸੂਬੇਦਾਰਾਂ ਦੀ ਕਾਫੀ ਚਿਰ ਲਈ ਰਿਹਾਇਸ਼ ਬਣਿਆ ਰਿਹਾ। ਸੰਨ 1707 ਵਿਚ ਔਰੰਗਜ਼ੇਬ ਦੀ ਮੌਤ ਉਪਰੰਤ ਉਸ ਦੇ ਵਾਰਿਸਾਂ ਵਿਚ ਤਖ਼ਤ ਲਈ ਹੋਈ ਲੜਾਈ ਵੀ ਇਸ ਇਲਾਕੇ ਦੇ ਨੇੜੇ ਹੀ ਲੜੀ ਗਈ। ਕੁਝ ਚਿਰ ਬਾਅਦ ਧੌਲਪੁਰ ਉਪਰ ਇਟਾਵਾ ਦੇ ਰਾਜਾ ਕਲਿਆਣ ਸਿੰਘ ਭਦੌੜੀਏ ਦਾ ਕਬਜ਼ਾ ਹੋ ਗਿਆ। ਸੰਨ 1761 ਤੀਕ ਇਥੇ ਭਦੌੜੀਏ ਹੀ ਕਾਬਜ਼ ਰਹੇ। ਆਉਣ ਵਾਲੇ 45 ਸਾਲਾਂ ਵਿਚ ਧੌਲਪੁਰ ਉਪਰੋਂ ਥਲੀ ਭਦੌੜੀਏ ਵੱਖ-ਵੱਖ ਪੇਸ਼ਾਵਾਰ ਹਾਕਮਾਂ ਅਧੀਨ ਰਿਹਾ। ਸੰਨ 1803 ਵਿਚ ਮਰਾਠਿਆਂ ਦੇ ਜੰਗ ਸ਼ੁਰੂ ਹੋਣ ਤੇ ਇਸ ਉੱਤੇ ਅੰਗਰੇਜ਼ਾਂ ਨੇ ਆਪਣਾ ਅਧਿਕਾਰ ਕਰ ਲਿਆ। ਸਾਰਜੀ ਅੰਜਨ ਰਾਓ ਦੀ ਸੰਧੀ ਤੋਂ ਬਾਅਦ ਧੌਲਪੁਰ ਗਵਾਲੀਅਰ ਦੇ ਮੁੱਖੀ ਦੇ ਸਪੁਰਦ ਕਰ ਦਿੱਤਾ।

ਹ. ਪੁ.-ਇੰਪ. ਗ. ਇੰਡ. : 11 : 322

ਧੌਲਪੁਰ : ਜ਼ਿਲ੍ਹਾ—ਇਹ ਰਾਜਸਥਾਨ (ਭਾਰਤ) ਰਾਜ ਦੇ ਧੁਰ ਪੂਰਬ ਵੱਲ ਸਥਿਤ ਇਕ ਜ਼ਿਲ੍ਹਾ ਹੈ ਜਿਸ ਦੀਆਂ ਹੱਦਾਂ ਉੱਤਰ ਵਲੋਂ ਉੱਤਰ-ਪ੍ਰਦੇਸ਼ ਰਾਜ ਦੇ ਆਗਰਾ ਜ਼ਿਲ੍ਹੇ, ਪੂਰਬ ਅਤੇ ਦੱਖਣ ਵਲੋਂ ਮੱਧ ਪ੍ਰਦੇਸ਼ ਰਾਜ ਦੇ ਮਾਰੀਨਾ ਜ਼ਿਲ੍ਹੇ ਅਤੇ ਪੱਛਮ ਵੱਲ ਰਾਜਸਥਾਨ ਰਾਜ ਦੇ ਹੀ ਸਵਾਈ-ਮਾਧੋਪੁਰ ਜ਼ਿਲ੍ਹੇ ਨਾਲ ਲਗਦੀਆਂ ਹਨ। ਇਹ 3,084 ਵ. ਕਿ. ਮੀ. ਵਿਚ ਫੈਲਿਆ ਹੋਇਆ ਹੈ ਅਤੇ ਇਥੋਂ ਦੀ ਆਬਾਦੀ 7,49,479 (1991) ਹੈ। ਇਸ ਵਿਚੋਂ 1,28,825 ਵਸੋਂ ਸ਼ਹਿਰੀ ਅਤੇ 6,20,654 ਪੇਂਡੂ ਹੈ। ਇਸੇ ਹੀ ਨਾਂ ਦਾ ਸ਼ਹਿਰ ਇਥੋਂ ਦਾ ਸਦਰ-ਮੁਕਾਮ ਹੈ। ਬਾਰੀ ਅਤੇ ਰਾਜਾਖੇੜਾ ਇਥੋਂ ਦੇ ਹੋਰ ਪ੍ਰਮੁੱਖ ਸ਼ਹਿਰ ਹਨ। ਇਥੇ ਹੱਥ ਖੱਡੀ ਅਤੇ ਕਾਲੀਨ ਬੁਣਨ ਵਰਗੇ ਹੋਰ ਛੋਟੇ-ਛੋਟੇ ਉਦਯੋਗ ਵੀ ਸਥਾਪਿਤ ਹਨ।

ਹ. ਪੁ.—ਸੈਂਸਿਸ ਆਫ਼ ਇੰਡੀਆ : 1991

ਧੌਲਪੁਰ : ਸ਼ਹਿਰ—ਉੱਤਰ-ਪੱਛਮੀ ਭਾਰਤ ਦੇ ਰਾਜਸਥਾਨ ਰਾਜ ਵਿਚ ਇਸੇ ਹੀ ਨਾਂ ਦੇ ਜ਼ਿਲ੍ਹੇ ਦਾ ਸਦਰ ਮੁਕਾਮ ਅਤੇ ਪ੍ਰਸਿੱਧ ਇਤਿਹਾਸਕ ਸ਼ਹਿਰ ਹੈ ਜੋ ਚੰਬਲ ਦਰਿਆ ਦੇ ਠੀਕ ਉੱਤਰ ਵਿਚ ਸਥਿਤ ਹੈ। ਪਹਿਲਾਂ ਇਹ ਇਸੇ ਹੀ ਨਾਂ ਦੀ ਰਿਆਸਤ ਦੀ ਰਾਜਧਾਨੀ ਹੁੰਦਾ ਸੀ।

ਇਸ ਸ਼ਹਿਰ ਦੀ ਨੀਂਹ ਗਿਆਰ੍ਹਵੀਂ ਸਦੀ ਦੇ ਆਰੰਭਿਕ ਵਰ੍ਹਿਆਂ ਦੌਰਾਨ ਤੋਮਰ ਖ਼ਾਨਦਾਨ ਦੇ ਰਾਜਪੂਤ ਰਾਜੇ, ਢੋਲਨ ਦਿਓ ਜਾਂ ਧਾਵਲ ਨੇ ਰੱਖੀ ਸੀ ਅਤੇ ਇਸ ਸ਼ਹਿਰ ਦਾ ਨਾਂ ਉਸੇ ਦੇ ਨਾਂ ਪਿਛੇ ਹੀ ਢੋਲਡੇਰਾ ਜਾਂ ਧਾਵਲਪੁਰੀ ਰਖਿਆ ਗਿਆ। ਇਹ ਪ੍ਰਾਚੀਨ ਸ਼ਹਿਰ ਅਜੋਕੇ ਸ਼ਹਿਰ ਦੇ ਦੱਖਣ ਵੱਲ ਚੰਬਲ ਨਦੀ ਦੇ ਕੰਢੇ ਉੱਤੇ ਵਸਾਇਆ ਗਿਆ ਸੀ। ਚੰਬਲ ਨਦੀ ਦੀ ਮਾਰ ਤੋਂ ਬਚਣ ਲਈ ਅਜੋਕਾ ਸ਼ਹਿਰ ਇਸ ਦੇ ਮੂਲ ਸਥਾਨ ਤੋਂ ਕੁਝ ਹਟਵਾਂ ਹੀ ਵਸਾਇਆ ਗਿਆ।


ਸੰਨ 1501 ਵਿਚ ਇਸ ਨੂੰ ਸਿਕੰਦਰ ਲੋਧੀ ਨੇ ਆਪਣੇ ਕਬਜ਼ੇ ਵਿਚ ਲੈ ਲਿਆ ਅਤੇ ਉਸ ਦੀਆਂ ਫੌਜਾਂ ਨੇ ਇਸ ਨੂੰ ਹਰ ਪਾਸਿਉਂ ਬੁਰੀ ਤਰ੍ਹਾਂ ਤਬਾਹ ਕਰ ਦਿੱਤਾ। ਬਾਬਰ ਨੇ ਵੀ ਧੌਲਪੁਰ ਸ਼ਹਿਰ ਦਾ ਕਈ ਥਾਵਾਂ ਤੇ ਜ਼ਿਕਰ ਕੀਤਾ ਹੈ। ਸੰਨ 1526 ਵਿਚ ਉਸ ਨੇ ਇਸ ਸ਼ਹਿਰ ਤੇ ਆਪਣਾ ਕਬਜ਼ਾ ਜਮਾ ਲਿਆ। ਕਿਹਾ ਜਾਂਦਾ ਹੈ ਕਿ ਬਾਬਰ ਦੇ ਪੁੱਤਰ ਹੁਮਾਯੂੰ ਨੇ ਵੀ ਧੌਲਪੁਰ ਸ਼ਹਿਰ ਨੂੰ ਚੰਬਲ ਨਦੀ ਦੇ ਪ੍ਰਕੋਪ ਤੋਂ ਬਚਾਉਣ ਲਈ ਇਸ ਦਾ ਟਿਕਾਣਾ ਉੱਤਰ ਵੱਲ ਨੂੰ ਹੋਰ ਅਗੇ ਤਬਦੀਲ ਕਰ ਦਿੱਤਾ ਸੀ। ਅਕਬਰ ਦੇ ਰਾਜਕਾਲ ਸਮੇਂ ਇਥੇ ਇਕ ਕਿਲੇਬੰਦ ਸਰਾਂ ਬਣਵਾਈ ਗਈ ਅਤੇ ਇਸ ਸਰਾਂ ਦੇ ਨਜ਼ਦੀਕ ਹੀ ਅਕਬਰ ਦੀ ਫ਼ੌਜ ਦੇ ਇਕ ਜਰਨੈਲ, ਸਾਦਿਕ ਮੁਹੰਮਦ ਖ਼ਾਨ ਜਿਸ ਦੀ 1597 ਈ. ਲਗਭਗ ਇਥੇ ਮੌਤ ਹੋਈ ਸੀ, ਦੀ ਯਾਦ ਵਿਚ ਇਕ ਆਲੀਸ਼ਾਨ ਮਕਬਰਾ ਬਣਵਾਇਆ ਗਿਆ।

ਇਥੇ ਮਛਕੁੰਡ ਨਾਉਂ ਦੀ ਇਕ ਛੋਟੀ ਜਿਹੀ ਝੀਲ ਹੈ ਜਿਸ ਦੇ ਕੰਢਿਆਂ ਉੱਤੇ ਕਈ ਮੰਦਰ ਬਣੇ ਹੋਏ ਹਨ ਜਿਥੇ ਹਰ ਸਾਲ ਧਾਰਮਿਕ ਮੇਲੇ ਲਗਦੇ ਹਨ। ਅੱਜ ਕਲ੍ਹ ਇਹ ਸ਼ਹਿਰ ਜ਼ਰਾਇਤੀ ਉਪਜਾਂ ਦਾ ਵੰਡ ਕੇਂਦਰ ਹੈ। ਇਥੋਂ ਆਗਰਾ ਅਤੇ ਦਿੱਲੀ ਤਕ ਜਰਨੈਲੀ ਸੜਕ ਜਾਂਦੀ ਹੈ। ਦੱਖਣ ਵੱਲ ਇਹੋ ਸੜਕ ਧੌਲਪੁਰ ਨੂੰ ਗਵਾਲੀਅਰ ਨਾਲ ਜਾ ਜੋੜਦੀ ਹੈ। ਇਥੇ ਇਕ ਰੇਲਵੇ ਵਰਕਸ਼ਾਪ ਤੋਂ ਇਲਾਵਾ ਹੱਥ-ਖੱਡੀ ਦੇ ਕਾਲੀਨ ਬੁਣਨ ਤੇ ਸ਼ੀਸ਼ੇ ਬਣਾਉਣ ਦੇ ਉਦਯੋਗ ਵਿਕਸਿਤ ਹੋ ਚੁਕੇ ਹਨ। ਇਥੇ ਇਕ ਹਸਪਤਾਲ ਅਤੇ ਕਾਲਜ ਵੀ ਹੈ। ਇਥੇ ਹਰ ਸਾਲ ਪਸ਼ੂਆਂ ਅਤੇ ਘੋੜਿਆਂ ਦੀ ਮੰਡੀ ਲਗਦੀ ਹੈ।

ਆਬਾਦੀ — 68, 5333 (1991)

26° 42' ਉ. ਵਿਥ. ; 77° 53' ਪੂ. ਲੰਬ.

ਹ. ਪੁ.—ਐਨ ਬ੍ਰਿ. ਮਾ. 4 : 58 ; ਇੰਪ. ਗ. ਇੰਡ. 11 : 331



ਨ

ਨਿਊ ਜਰਸੀ ਰਾਜ ਦੀ ਗਾਰਡਨ ਸਟੇਟ ਵਿਚ ਇਕ ਫਾਰਮ ਦਾ ਦ੍ਰਿਸ਼

ਪੰਜਾਬੀ ਦੀਆਂ ਧੁਨੀਆਂ ਅੰਦਰ 'ਨ' ਦਾ ਉਚਾਰਣ ਸਥਾਨ 'ਨਾਸਿਕੀ' ਹੈ। ਨਾਸਿਕੀ ਵਿਅੰਜਨ ਉਦੋਂ ਉਚਰਿਤ ਹੁੰਦਾ ਹੈ ਜਦੋਂ ਉਚਾਰਣ ਸਮੇਂ ਕੋਮਲ ਤਾਲੂ ਹੇਠਾਂ ਵੱਲ ਆ ਜਾਂਦਾ ਹੈ ਅਤੇ ਮੂੰਹ ਦਾ ਖੋਲ੍ਹ ਬੰਦ ਹੋ ਜਾਣ ਨਾਲ ਹਵਾ ਨੱਕ ਦੇ ਰਾਹੀਂ ਬਾਹਰ ਨਿਕਲ ਕੇ ਆਵਾਜ਼ ਉਤਪੰਨ ਕਰਦੀ ਹੈ। 'ਨ' ਨਾਸਿਕੀ ਵਿਅੰਜਨ 'ਅਡੱਕਵੇਂ' ਵਿਅੰਜਨਾਂ ਦੇ ਵਰਗ ਅੰਦਰ ਆਉਂਦਾ ਹੈ। ਅਡੱਕਵਾਂ ਵਿਅੰਜਨ ਉਦੋਂ ਉਚਰਿਤ ਹੁੰਦਾ ਹੈ ਜਦੋਂ ਫੇਫੜਿਆਂ ਵਿਚੋਂ ਆਉਂਦੀ ਹਵਾ ਨੂੰ ਅੰਸ਼ਕ ਰੂਪ ਵਿਚ ਰੋਕ ਕੇ ਛੱਡਣ ਨਾਲ ਨੱਕ ਵਿਚੋਂ ਨਿਕਲੀ ਹਵਾ ਵਿਚੋਂ ਧੁਨੀ ਪੈਦਾ ਹੁੰਦੀ ਹੈ।

'ਨ' ਗੁਰਮੁਖੀ ਲਿਪੀ ਦਾ 25 ਵਾਂ ਅੱਖਰ ਅਤੇ 22 ਵਾਂ ਵਿਅੰਜਨ ਹੈ। 'ਨ' ਦਾ ਵਰਤਮਾਨ ਉਚਾਰਣ ਬਹੁਤ ਪੁਰਾਣਾ ਹੈ। ਗੁਰੂ ਨਾਨਕ ਦੇਵ ਜੀ ਦੀ ਰਾਗ ਆਸਾ ਦੀ ਪਟੀ ਗੁਰੂ ਅਰਜਨ ਦੇਵ ਜੀ ਅਤੇ ਕਬੀਰ ਅਨੁਸਾਰ ਇਸ ਦਾ ਉਚਾਰਣ 'ਨੰਨਾ' ਹੈ—

ਨੰਨੈ ਨਾਹ ਭੋਗ ਨਿਤ ਭੋਗੈ ਨਾ ਡੀਠਾ ਨਾ ਸੰਮ੍ਹਲਿਆ॥
ਗਲੀ ਹਉ ਸੋਹਾਗਣਿ ਭੈਣੇ ਕੰਤੁ ਨ ਕਬਹੂੰ ਮੈ ਮਿਲਿਆ॥
(ਪੰਨਾ 433)

ਨੰਨਾ ਨਰਕਿ ਪਰਹਿ ਤੇ ਨਾਹੀ॥ (ਗੁਰੂ ਅਰਜਨ ਦੇਵ ਜੀ)

ਨੰਨਾ ਨਿਸ ਦਿਨੁ ਨਿਰਖਤ ਜਾਈ॥ (ਕਬੀਰ ਜੀ)

ਮਹਾਨ ਕੋਸ਼ ਅਨੁਸਾਰ 'ਨ' ਦਾ ਉਚਾਰਣ-ਸਥਾਨ ਦੰਦ ਅਤੇ ਨੱਕ ਹੈ।

'ਨੰਨਾ' ਨਾਂਹ-ਵਾਚੀ ਸ਼ਬਦ ਵੀ ਹੈ। ਗੁਰਮੁਖੀ ਲਿਖਤਾਂ ਵਿਚ 'ਨ' ਦੀ ਵਰਤੋਂ ਨਾਂਹ ਦੇ ਰੂਪ ਵਿਚ ਆਮ ਮਿਲਦੀ ਹੈ। ਗੁਰਬਾਣੀ ਵਿਚ 'ਨ' ਇਸੇ ਅਰਥ ਵਿਚ ਬਹੁਤ ਵਾਰੀ ਵਰਤਿਆ ਗਿਆ ਮਿਲਦਾ ਹੈ। ਜਿਵੇਂ-




ਹਮਰੀ ਗਣਤ ਨ ਗਣੀਆ ਕਾਈ
ਅਪਣਾ ਬਿਰਦੁ ਪਛਾਣਿ॥ (ਸੋਰਠਿ ਮਹਲਾ ੫)

ਅਸੀ ਖਤੇ ਬਹੁਤੁ ਕਮਾਵਦੇ ਅੰਤੁ ਨ ਪਾਰਾਵਾਰੁ॥
(ਸਲੋਕ ਮਹਲਾ ੩)

ਸੰਸਕ੍ਰਿਤ ਭਾਸ਼ਾ ਵਿਚ 'ਨ' ਸੰਗਿਆ ਉਪਮਾ, ਰਤਨ, ਬੰਧਨ, ਉਸਤਤ ਆਦਿ ਅਰਥਾਂ ਦਾ ਬੋਧਕ ਹੈ।

ਲਿਪੀ	ਨਾਮ	ਸਮਾਂ	ਰੂਪ
	ਅੱਜ ਦੀ ਗੁਰਮੁਖੀ		ਨ
ਗੁਪਤ ਲਿਪੀ	ਅਲਾਹਾਬਾਦ	(375 ਈ.)	
	ਬਾਵਰ	(400-500 ਈ.)	
ਕੁਟਿਲ ਲਿਪੀ	ਮੰਦਸੋਰ	(532 ਈ.)	
	ਹੋਰਯੂਜੀ	(500-550 ਈ.)	
	ਹਰਸ਼ ਸਮੇਂ ਦੀ ਲਿਖਤ	(606-647 ਈ.)	
ਸ਼ਾਰਦਾ ਲਿਪੀ	ਮੇਰੂ ਵਰਮਾ ਚੰਬਾ	(800 ਈ.)	
	ਬਖਸ਼ਾਲੀ	(800 ਈ.)	
	ਸਰਾਹਾਂ	(10 ਵੀਂ ਸਦੀ)	
	ਸੁੰਗਲ	(11 ਵੀਂ ਸਦੀ)	
	ਕਲੈਤ (11 ਵੀਂ ਸਦੀ) ਬੈਜਨਾਥ	(1204 ਈ.)	
	ਕੁੱਲੂ	(1559 ਈ.)	
	ਸ਼ਕੁੰਤਲਾ	ਖਰੜਾ (16 ਵੀਂ ਸਦੀ)	
	ਸ਼ਾਰਦਾ	(ਮੌਜੂਦਾ)	
	ਟਾਕਰੀ		
	ਲੰਡੇ		
	ਡੋਗਰੀ		
ਗੁਰਮੁਖੀ ਲਿਪੀ	ਪੋਥੀਆਂ ਬਾਬਾ ਮੋਹਨ ਜੀ	(1559-1574 ਈ.)	
	ਬੀੜ ਧਰਮਸ਼ਾਲਾ ਹਕੀਮ ਬੂਟਾ ਸਿੰਘ	(16 ਵੀਂ ਸਦੀ)	
	ਸਾਖੀ ਵਲਾਇਤ ਵਾਲੀ	(17 ਵੀਂ ਸਦੀ)	
	ਦਸ਼ਮੇਸ਼ ਦਾ ਸ਼ਿਕਸਤਾ	(ਲਗਭਗ 18 ਵੀਂ ਸਦੀ)	
	ਪਾਦਰੀਆਂ ਵਾਲਾ ਟਾਈਪ	(1850 ਈ.)	ਨ

'ਨ' ਅੱਖਰ ਦੀ ਬਣਾਵਟ, ਹੋਰ ਅੱਖਰਾਂ ਦੇ ਮੁਕਾਬਲੇ ਵਿਚ ਕਾਫੀ ਨਵੀਂ ਹੈ। ਪੁਰਾਤਨ ਲਿਪੀਆਂ ਦੇ ਪ੍ਰਾਪਤ ਨਕਸ਼ੇ ਅਨੁਸਾਰ ਇਸ ਨੂੰ ਹੇਠ ਲਿਖੇ ਅਨੁਸਾਰ ਸਮਝਿਆ ਜਾ ਸਕਦਾ ਹੈ-

ਬ੍ਰਹਮੀ	ਪਾਲੀ	ਕੁਟਿਲ	ਨਾਗਰੀ
			
ਸ਼ਾਰਦਾ	ਟਾਕਰੀ	ਲੰਡੇ	ਗੁਰਮੁਖੀ
			

'ਨੰਨਾ' ਲੋਕ ਮੁਹਾਵਰੇ ਵਿਚ ਇਕ ਵਿਸ਼ੇਸ਼ ਅਰਥ ਰਖਦਾ ਹੈ। 'ਨੰਨਾ ਫੜ ਕੇ ਬਹਿ ਜਾਣਾ'

ਨਾ, ਨਿ, ਨੀ, ਨੁ, ਨੂ, ਨੇ, ਨੈ, ਨੋ, ਨੌ, ਨੰ, ਨਂ, ਨੱ- ਰੂਪ, ਮਾਤਰਾਵਾਂ ਲਗ ਜਾਣ ਨਾਲ ਬਣ ਜਾਂਦੇ ਹਨ।

'ਨ' ਨੂੰ ਨਾਸਕੀ, ਨਾਦੀ, ਦੰਤੀ ਵਿਅੰਜਨ ਮੰਨਣ ਵਾਲਿਆਂ ਵਿਚ ਡਾ. ਪ੍ਰੇਮ ਪ੍ਰਕਾਸ਼ ਸਿੰਘ ਵੀ ਸ਼ਾਮਲ ਹਨ।

ਹ. ਪੁ.—ਜਨਰਲ ਭਾਸ਼ਾ ਵਿਗਿਆਨ ਭਾਸ਼ਾ ਤੇ ਲਿਪੀ - ਡਾ. ਈਸ਼ਰ ਸਿੰਘ ਤਾਂਘ; ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ- ਸ਼੍ਰੋ. ਗੁ. ਪ੍ਰੰ. ਕ. ਅੰਮ੍ਰਿਤਸਰ

ਨਉਕੁਲ : ਕੁਲ ਸੰਸਕ੍ਰਿਤ ਦਾ ਮੂਲ ਸ਼ਬਦ ਹੈ ਜਿਸ ਦਾ ਅਰਥ ਹੈ ਮਕਾਨ ਜਾਂ ਘਰ। ਇਸ ਲਈ ਨਉਕੁਲ ਦਾ ਅਰਥ ਹੈ ਨੌਂ ਘਰ। ਗੁਰਬਾਣੀ ਵਿਚ ਇਹ ਸ਼ਬਦ ਨੌਂ ਦਰਵਾਜ਼ਿਆਂ ਭਾਵ ਮਨੁੱਖੀ ਸਰੀਰ ਦੇ ਨੌਂ ਦਰਵਾਜ਼ਿਆਂ ਲਈ ਵਰਤਿਆ ਗਿਆ ਹੈ ਜਿਨ੍ਹਾਂ ਵਿਚ ਇੰਦਰੇ ਨਿਵਾਸ ਕਰਦੇ ਹਨ ਜਿਵੇਂ ਦੋ ਅੱਖਾਂ, ਦੋ ਕੰਨ, ਦੋ ਨਾਸਾਂ, ਮੂੰਹ, ਗੁਦਾ ਅਤੇ ਲਿੰਗ ਜਾਂ ਭਗ। ਅੱਖਾਂ, ਕੰਨ ਅਤੇ ਨਾਸਾਂ ਵਿਚ ਗਿਆਨ ਇੰਦਰੀਆਂ ਅਤੇ ਬਾਕੀ ਤਿੰਨਾਂ ਵਿਚ ਕਰਮ ਇੰਦਰੀਆਂ ਕੰਮ ਕਰਦੀਆਂ ਹਨ।

ਆਤਮਕ ਸਿੱਧੀ ਲਈ ਇਨ੍ਹਾਂ ਨੌਂ ਦੁਆਰਾਂ ਤੇ ਕਾਬੂ ਪਾਉਣਾ ਜ਼ਰੂਰੀ ਹੈ ਕਿਉਂਕਿ ਇਨ੍ਹਾਂ ਰਾਹੀਂ ਸੁਰਤ ਦਾ ਵਹਾਉ ਬਾਹਰਮੁਖੀ ਰਹਿੰਦਾ ਹੈ ਤੇ ਉਹ ਸਵੈ ਨੂੰ ਪਛਾਣ ਨਹੀਂ ਸਕਦਾ। ਕਬੀਰ ਸਾਹਿਬ ਦਾ ਫੁਰਮਾਨ ਹੈ :— ਆਪਣੇ ਮੂਲ ਦੀ ਪਛਾਣ ਕਰਨ ਲਈ ਸੁਰਤੀ ਨੂੰ ਅੰਤਰਮੁਖ ਕਰਨਾ ਜ਼ਰੂਰੀ ਹੈ। ਇਹ ਨੌਂ ਦਰਵਾਜ਼ੇ ਬੰਦ ਕਰਨ ਨਾਲ ਦਸਵਾਂ ਦੁਆਰ ਜੋ ਕਿ ਗੁਪਤ ਹੈ ਉਹ ਪ੍ਰਗਟ ਹੋ ਜਾਂਦਾ ਹੈ। ਆਪੇ ਦੀ ਪਛਾਣ ਹੋ ਜਾਂਦੀ ਹੈ। ਉਸ ਸਮੇਂ ਸ਼ਬਦ ਤੇ ਸੁਰਤ ਦਾ ਮੇਲ ਹੋ ਜਾਂਦਾ ਹੈ।

ਗੁਰਿ ਦਿਖਲਾਈ ਮੋਰੀ॥"

ਜਿਤੁ ਮਿਰਗ ਪੜਤ ਹੈ ਚੋਰੀ॥"

ਮੂੰਦਿ ਲੀਏ ਦਰਵਾਜੇ॥"

ਬਾਜੀਅਲੇ ਅਨਹਦ ਬਾਜੇ॥" (ਸੋਰਠਿ ਕਬੀਰ)

ਸਾਰੀਆਂ ਇੰਦਰੀਆਂ ਦਾ ਕੇਂਦਰ ਮਨ ਹੈ। ਗੁਰਬਾਣੀ ਅਨੁਸਾਰ ਜੇ ਕੋਈ ਮਨ ਦੇ ਵੇਗ ਨੂੰ ਹੀ ਕਾਬੂ ਕਰ ਲਏ ਤਾਂ ਇਹ ਦੁਆਰ ਵੀ ਆਪਣੇ ਆਪ ਹੀ ਨਿਯੰਤਰਿਤ ਹੋ ਜਾਂਦੇ ਹਨ।

ਅਜਰੁ ਜਰੈ ਤ ਨਉ ਕੁਲ ਬੰਧੁ॥ (ਵਾਰ ਮਲਾਰ ਮ: ੧)

ਹ.ਪੁ.-ਮ. ਕੋ. : 675; ਟੀਕਾ ਸ੍ਰੀ ਗੁਰੂ ਗ੍ਰੰਥ ਸਾਹਿਬ-ਪ੍ਰਿੰ. ਸਾਹਿਬ ਸਿੰਘ

ਨਿਆਤਿੰਕਾਰਾ : ਇਹ ਭਾਰਤ ਦੇ ਕੇਰਲ ਰਾਜ ਵਿਚ ਤਿਰੂਵਨੰਤਪੁਰਮ ਜ਼ਿਲ੍ਹੇ ਵਿਚ ਤਿਰੂਵਨੰਤਪੁਰਮ ਤੋਂ 16 ਕਿ. ਮੀ. (10 ਮੀਲ) ਦੱਖਣ-ਦੱਖਣ-ਪੂਰਬ ਵੱਲ ਸਥਿਤ ਇਕ ਸ਼ਹਿਰ ਹੈ। ਇਥੇ ਨਾਰੀਅਲ ਦੀਆਂ ਛਿੱਲਾਂ ਤੋਂ ਰੱਸੇ ਅਤੇ ਚਟਾਈਆਂ ਬਣਾਈਆਂ ਜਾਂਦੀਆਂ ਹਨ। ਇਸ ਦੇ ਆਲੇ ਦੁਆਲੇ ਕਾਜੂ, ਨਾਰੀਅਲ ਆਦਿ ਪੈਦਾ ਕੀਤੇ ਜਾਂਦੇ ਹਨ। ਇਥੋਂ ਦੇ ਘਰੇਲੂ ਉਦਯੋਗਾਂ ਵਿਚ ਬਣੇ ਕਪੜੇ ਬਹੁਤ ਹੀ ਲੋਕਪ੍ਰਿਯ ਹਨ।

ਆਬਾਦੀ — 30, 419 (1991)

ਹ. ਪੁ.- ਹਿੰ. ਵਿ. ਕੋ. 6 : 422

ਨਈਕਾਨ : ਇਸ ਰੂਸੀ ਬਿਸ਼ਪ ਦਾ ਜਨਮ 7 ਮਈ, 1605 ਨੂੰ ਗੋਰਕੀ ਦੇ ਨੇੜੇ ਵੈਲਡਮਾਨ੍ਹੋਵੋ ਵਿਚ ਇਕ ਕਿਸਾਨ ਦੇ ਘਰ ਹੋਇਆ। ਨੇੜੇ ਦੇ ਇਕ ਈਸਾਈ ਮੱਠ ਤੋਂ ਸਿੱਖਿਆ ਪ੍ਰਾਪਤ ਕਰਨ ਉਪਰੰਤ ਇਸ ਨੇ ਵਿਆਹ ਕਰਵਾ ਲਿਆ। ਆਪਣੇ ਤਿੰਨੋ ਬੱਚਿਆਂ ਦੀ ਮੌਤ ਮਗਰੋਂ ਇਸ ਨੇ ਇਕਾਂਤਵਾਸ ਲੈ ਲਿਆ।



1667 ਈ. ਦਾ ਬਣਿਆ ਨਈਕਾਨ ਦਾ ਚਿਤਰ

12 ਸਾਲਾਂ ਤਕ 1634 ਤੋਂ 1646 ਈ. ਤਕ ਇਸੇ ਅਵਸਥਾ ਵਿਚ ਕਈ ਥਾਵਾਂ ਤੇ ਰਹਿ ਕੇ ਇਸ ਨੇ ਜੀਵਨ ਗੁਜ਼ਾਰਿਆ। ਸੰਨ 1646 ਵਿਚ ਇਹ ਮਾਸਕੋ ਗਿਆ ਅਤੇ ਇਥੇ ਇਸ ਨੇ ਜ਼ਾਰ ਨੂੰ ਬਹੁਤ ਪ੍ਰਭਾਵਿਤ ਕੀਤਾ। ਇਸ ਦੇ ਸਿੱਟੇ ਵਜੋਂ ਨਈਕਾਨ ਨੂੰ ਪਹਿਲਾਂ ਮਾਸਕੋ ਦਾ ਅਤੇ ਮਗਰੋਂ ਸਮੁੱਚੇ ਰੂਸ ਦਾ ਲਾਟ ਪਾਦਰੀ ਨਿਯੁਕਤ ਕੀਤਾ ਗਿਆ।

ਸਿਧਾਂਤਕ ਅਤੇ ਮਰਿਯਾਦਾ ਸਬੰਧੀ ਮਾਮਲਿਆਂ ਵਿਚ ਪੂਰਨ ਅਧਿਕਾਰਾਂ ਦੀ ਸੂਰਤ ਵਿਚ ਇਸ ਨੇ ਰੂਸੀ ਗਿਰਜੇ ਦਾ ਉੱਚਤਮ ਅਹੁਦਾ ਸਵੀਕਾਰ ਕੀਤਾ ਸੀ। ਪੋਲੈਂਡ ਵਿਰੁੱਧ ਜ਼ਾਰ ਦੇ 1954 ਈ. ਵਿਚ ਮੁਹਿੰਮ ਉਤੇ ਜਾਣ ਸਮੇਂ ਉਸ ਵਲੋਂ ਇਸ ਨੂੰ ਦੇਸ਼ ਦਾ ਰਾਜ ਪ੍ਰਬੰਧ ਚਲਾਉਣ ਦਾ ਕਾਰਜ ਸੌਂਪਿਆ ਗਿਆ। ਸੰਨ 1957 ਵਿਚ ਦੁਬਾਰਾ ਲੜਾਈ ਛਿੜ ਪੈਣ ਤੇ ਇਸ ਨੂੰ ਸਮੁੱਚੇ ਰਾਜਸੀ ਅਧਿਕਾਰ ਸੌਂਪ ਦਿੱਤੇ ਗਏ। ਸਰਕਾਰੀ ਦਸਤਾਵੇਜ਼ਾਂ ਤੇ ਜ਼ਾਰ ਦੇ ਨਾਲ ਇਸ ਦੇ ਦਸਤਖ਼ਤ ਵੀ ਹੁੰਦੇ ਸਨ। ਦਰਅਸਲ 1652 ਤੋਂ 1658 ਈ. ਤਕ ਇਸ ਨੂੰ ਰੂਸ ਦਾ ਦੂਜਾ ਜ਼ਾਰ ਸਮਝਿਆ ਜਾਂਦਾ ਸੀ।

ਇਹ ਧਾਰਮਿਕ ਪੁਸਤਕਾਂ ਅਤੇ ਗਿਰਜੇ ਦੀ ਵਿਵਸਥਾ ਵਿਚ ਸੁਧਾਰ ਲਿਆਉਣ ਦੀ ਮੁਹਿੰਮ ਦਾ ਆਗੂ ਸੀ। ਸੰਨ 1654 ਵਿਚ

ਇਸ ਵੱਲੋਂ ਬੁਲਾਈ ਗਈ ਰੂਸੀ ਪਾਦਰੀ ਮੰਡਲ ਦੀ ਕੌਂਸਲ ਨੇ ਇਸ ਨੂੰ ਪੂਜਾ ਸਬੰਧੀ ਪੁਸਤਕਾਂ ਦੀ ਸੋਧ ਕਰਨ ਦੀ ਮਨਜ਼ੂਰੀ ਦਿੱਤੀ। ਇਸ ਵੱਲੋਂ 1655 ਈ. ਵਿਚ ਗਿਰਜਿਆਂ ਦੀ ਵਿਵਸਥਾ ਬਾਰੇ ਸੋਧੀ ਹੋਈ ਧਾਰਮਕ ਨੇਮਾਵਲੀ ਨੂੰ ਜਾਰੀ ਕੀਤਾ ਗਿਆ, ਜਿਸ ਨੂੰ ਕੌਂਸਲ ਵੱਲੋਂ ਮਨਜ਼ੂਰੀ ਦਿੱਤੀ ਗਈ। ਬਾਅਦ ਦੀਆਂ ਕੌਂਸਲਾਂ ਨੇ ਸੁਧਾਰਾਂ ਦੀ ਪ੍ਰਵਾਨਗੀ ਦਿੱਤੀ।

ਇਸ ਵੱਲੋਂ ਕੀਤੀਆਂ ਗਈਆਂ ਤਬਦੀਲੀਆਂ ਨੇ ਚਾਹੇ ਧਰਮ ਦੇ ਬਾਹਰੀ ਰੂਪ ਨੂੰ ਹੀ ਪ੍ਰਭਾਵਿਤ ਕੀਤਾ ਸੀ ਪਰ ਜਨਤਾ ਅਤੇ ਪਾਦਰੀਆਂ ਨੇ ਸ਼ੁਰੂ ਵਿਚ ਹੀ ਇਸ ਦਾ ਵਿਰੋਧ ਕੀਤਾ ਸੀ। ਰੂਸੀ ਪਾਦਰੀਆਂ ਨੇ ਪੂਜਾ ਅਤੇ ਇਸ ਦੀਆਂ ਵਿਧੀਆਂ ਨੂੰ ਮੁੜ ਤੋਂ ਸਿੱਖਣ ਤੋਂ ਇਨਕਾਰ ਕਰ ਦਿੱਤਾ। ਇਸ ਤਰ੍ਹਾਂ ਰੂਸੀ ਕੱਟੜਪੰਥੀ ਗਿਰਜਿਆਂ ਵਿਚ ਸੰਪ੍ਰਦਾਇਕ ਫੁੱਟ ਪੈ ਗਈ। ਜ਼ਾਰ ਅਤੇ ਰਈਸ ਪਰਿਵਾਰਾਂ ਨਾਲ ਵਿਰੋਧ ਉਤਪੰਨ ਹੋਣ ਕਾਰਨ ਇਸ ਦਾ ਪਤਨ ਸ਼ੁਰੂ ਹੋ ਗਿਆ। ਸੰਨ 1666 ਵਿਚ ਇਸ ਨੂੰ ਲਾਟ ਪਾਦਰੀ ਦੇ ਪਦ ਤੋਂ ਹਟਾ ਦਿੱਤਾ ਗਿਆ ਅਤੇ ਜਲਾਵਤਨ ਕਰ ਕੇ ਬੇਲੁਜ਼ੇਰੋ ਵਿਖੇ ਭੇਜ ਦਿੱਤਾ ਗਿਆ।

ਆਪਣੇ ਅੰਤਲੇ ਸਾਲਾਂ ਵਿਚ ਅਲੈਕਸਿਸ ਨਾਲ ਇਸ ਦੇ ਸਬੰਧਾਂ ਵਿਚ ਸੁਧਾਰ ਹੋਇਆ ਅਤੇ ਉਸ ਤੋਂ ਬਾਅਦ ਦੇ ਜ਼ਾਰ ਫਿਉਡੋਰ ਤੀਜੇ ਨੇ ਇਸ ਨੂੰ ਵਾਪਿਸ ਬੁਲਾ ਲਿਆ ਪਰ ਮਾਸਕੋ ਆਉਂਦਿਆਂ ਰਸਤੇ ਵਿਚ ਹੀ 27 ਅਗਸਤ, 1681 ਨੂੰ ਇਸ ਦੀ ਮੌਤ ਹੋ ਗਈ।

ਹ. ਪੁ. –ਐਨ. ਬ੍ਰਿ. ਮੈ. 13 : 101; ਐਨ. ਅਮੈ. 20 : 351

ਨਸ ਪ੍ਰਣਾਲੀ : ਇਹ ਸਰੀਰ ਵਿਚ ਅੰਗਾਂ ਅਤੇ ਤੰਤੂਆਂ ਦਾ ਇਕ ਜਾਲ ਜਾਂ ਇਕ ਪ੍ਰਣਾਲੀ ਹੈ, ਜੋ ਸਰੀਰ ਵਿਚਲੀਆਂ ਸਾਰੀਆਂ ਗਤੀਵਿਧੀਆਂ ਨੂੰ ਕੰਟਰੋਲ ਕਰਦੀ ਅਤੇ ਉਨ੍ਹਾਂ ਵਿਚ ਇਕਸਾਰਤਾ ਪੈਦਾ ਕਰਦੀ ਹੈ। ਇਕ ਸੈੱਲੇ ਜੀਵਾਂ ਤੋਂ ਸਿਵਾਇ ਬਾਕੀ ਪ੍ਰਾਣੀਆਂ ਵਿਚ ਕਿਸੇ ਨਾ ਕਿਸੇ ਕਿਸਮ ਦੀ ਨਸ ਪ੍ਰਣਾਲੀ ਜ਼ਰੂਰ ਹੁੰਦੀ ਹੈ। ਛੋਟੇ ਪ੍ਰਾਣੀਆਂ ਨਾਲੋਂ ਵੱਡੇ ਪ੍ਰਾਣੀਆਂ ਵਿਚ ਨਸ ਤੰਤੂਆਂ ਦੀ ਤਰਤੀਬ ਵਧੇਰੇ ਗੁੰਝਲਦਾਰ ਹੁੰਦੀ ਜਾਂਦੀ ਹੈ।

ਕੇਂਦਰੀ ਨਸ ਪ੍ਰਣਾਲੀ, ਜਿਸ ਵਿਚ ਦਿਮਾਗ਼ ਅਤੇ ਸੁਖਮਣਾ ਨਾੜੀ ਸ਼ਾਮਲ ਹਨ, ਸਰੀਰ ਦੀਆਂ ਸਾਰੀਆਂ ਹਰਕਤਾਂ ਨੂੰ ਨਿਯੰਤਰਿਤ ਕਰਦੀ ਹੈ। ਇਸ ਤੋਂ ਇਲਾਵਾ ਅੰਗਾਂ ਦੇ ਅੰਦਰੂਨੀ ਕੰਮ, ਅਨੁਭੂਤੀ (Perception), ਚੇਤਨ ਹਰਕਤ ਅਤੇ ਹੋਰ ਪੇਚੀਦਾ ਕੰਮ ਜਿਵੇਂ ਵਿਚਾਰ ਅਤੇ ਯਾਦ ਸ਼ਕਤੀ ਆਦਿ ਕਿਰਿਆਵਾਂ ਵੀ ਇਸ ਪ੍ਰਣਾਲੀ ਦੇ ਖੇਤਰ ਵਿਚ ਹਨ। ਕੇਂਦਰੀ ਨਸ ਪ੍ਰਣਾਲੀ ਆਪਣਾ ਇਹ ਨਿਯੰਤਰਣ ਪਰਿਧੀ (ਪੈਰੀਫਰੱਲ) ਨਾੜੀ ਸਿਸਟਮ (Peripheral Nervous system) ਰਾਹੀਂ ਕਰਦੀ ਹੈ, ਜਿਸ ਵਿਚਲੀਆਂ ਨਸਾਂ ਦਿਮਾਗ਼ ਅਤੇ ਸੁਖਮਨਾ ਨਾੜੀ ਨੂੰ ਸਰੀਰ ਦੇ ਹੋਰਨਾਂ ਹਿੱਸਿਆਂ ਨਾਲ ਜੋੜਦੀਆਂ ਹਨ।

ਨਸ ਪ੍ਰਣਾਲੀ ਬਿਜਲ ਰਸਾਇਣਿਕ ਸੰਕੇਤਾਂ ਰਾਹੀਂ ਕੰਮ ਕਰਦੀ ਹੈ ਜਿਨ੍ਹਾਂ ਨੂੰ ਆਵੇਗ ਕਿਹਾ ਜਾਂਦਾ ਹੈ। ਇਨ੍ਹਾਂ ਆਵੇਗਾਂ ਨੂੰ ਪੈਦਾ ਕਰਨ ਉਪਰੰਤ ਸੰਚਾਰ ਕਰਨ ਦਾ ਕੰਮ ਨਸ ਸੈੱਲ ਜਾਂ ਨਿਊਰਾੱਨ ਕਰਦੇ ਹਨ। ਇਹ ਨਿਊਰਾੱਨ ਨਸ ਪ੍ਰਣਾਲੀ ਦੀਆਂ ਮੁੱਢਲੀਆਂ ਕਿਰਿਆਸ਼ੀਲ ਇਕਾਈਆਂ ਹਨ। ਸੰਵੇਦੀ ਆਵੇਗ ਜੋ ਖ਼ਾਸ ਰਿਸੈਪਟਰ ਅੰਗਾਂ ਤੋਂ ਪੈਦਾ ਹੁੰਦੇ ਹਨ, ਉਹ ਨਸ ਪ੍ਰਣਾਲੀ ਵਿਚ ਸੰਵੇਦੀ ਨਿਊਰਾੱਨਾਂ ਰਾਹੀਂ ਸਫ਼ਰ ਕਰਦੇ ਹਨ, ਜਿਸ ਨਾਲ ਸਰੀਰ ਆਪਣੇ ਬਾਹਰੀ ਵਾਤਾਵਰਣ ਤੋਂ ਸੁਚੇਤ ਰਹਿੰਦਾ ਹੈ। ਮੋਟਰ ਨਿਊਰਾੱਨ ਕੇਂਦਰੀ ਨਸ ਪ੍ਰਣਾਲੀ ਤੋਂ ਮਾਸ ਪੇਸ਼ੀਆਂ ਅਤੇ ਗਲੈਂਡਾਂ ਤੱਕ ਪਹੁੰਚਦੇ ਹਨ। ਇਹ ਸਰੀਰ ਦੀਆਂ ਪੇਸ਼ੀਆਂ ਅਤੇ ਗਲੈਂਡਾਂ ਦੀ ਹਰਕਤ ਤੇ ਕਾਬੂ ਰਖਦੇ ਹਨ। ਕੇਂਦਰੀ ਨਸ ਪ੍ਰਣਾਲੀ ਦੇ ਵਿਚ ਹੀ ਐਸੋਸੀਏਟਿਵ ਨਿਊਰਾੱਨ ਵੀ ਹੁੰਦੇ ਹਨ ਜੋ ਸੰਵੇਦੀ ਨਿਊਰਾੱਨਾਂ ਤੋਂ ਮੋਟਰ ਨਿਊਰਾੱਨਾਂ ਤੱਕ ਆਵੇਗ ਪਹੁੰਚਾਉਣ ਦਾ ਕੰਮ ਕਰਦੇ ਹਨ।

ਨਸ ਪ੍ਰਣਾਲੀ ਦੇ ਪੇਚੀਦਾ ਕੰਮ ਕਾਜ ਦੀ ਵਿਆਖਿਆ ਦੀ ਇਕ ਉਦਾਹਰਣ ਇਹ ਹੈ ਕਿ ਜਦੋਂ ਗਰਮ-ਗਰਮ ਤਵੇ ਤੇ ਉਂਗਲ ਛੁਹਾਈ ਜਾਵੇ ਤਾਂ ਉਂਗਲ ਦੀ ਚਮੜੀ ਵਿਚਲੇ ਰਿਸੈਪਟਰ ਨਿਊਰਾੱਨ ਪੀੜ ਦਾ ਅਨੁਭਵ ਕਰਦੇ ਹਨ। ਇਹ ਅਨੁਭਵ ਜਾਂ ਸੂਚਨਾ ਬਹੁਤ ਤੇਜ਼ ਗਤੀ ਨਾਲ ਸੰਵੇਦਕ ਨਸ ਰਾਹੀਂ ਸੁਖਮਨਾ ਨਾੜੀ ਤੱਕ ਪਹੁੰਚਦੀ ਹੈ। ਇਥੇ ਇਕ ਸੂਚਨਾ ਇਕ ਮੋਟਰ ਨਸ ਜਾਂ ਨਰਵ ਨੂੰ ਭੇਜ ਦਿੱਤੀ ਜਾਂਦੀ ਹੈ ਜੋ ਇਕਦਮ ਬਾਂਹ ਅਤੇ ਹੱਥ ਦੀਆਂ ਪੇਸ਼ੀਆਂ ਨੂੰ ਉਂਗਲ ਪਿਛੇ ਹਟਾਉਣ ਦਾ ਆਦੇਸ਼ ਦਿੰਦੀ ਹੈ ਅਤੇ ਇਹ ਸਾਰਾ ਕੰਮ ਇਕ ਛਿਣ ਵਿਚ ਹੋ ਜਾਂਦਾ ਹੈ। ਇਸੇ ਦਰਮਿਆਨ ਹੀ ਸੰਵੇਦੀ ਨਸ-ਤੰਤੂ ਪੀੜ ਦੇ ਅਨੁਭਵ ਨੂੰ ਨਾੜੀ ਰਾਹੀਂ ਦਿਮਾਗ਼ ਤੱਕ ਪਹੁੰਚਾਦੇ ਹਨ, ਜਿਥੇ ਇਸ ਨੂੰ ਭਵਿੱਖ ਵਿਚ ਯਾਦ ਸ਼ਕਤੀ (memory) ਵਜੋਂ ਗਰਮ ਚੀਜ਼ਾਂ ਦੇ ਛੋਹਣ ਨਾਲ ਪੈਦਾ ਹੋਏ ਡਰ ਵਜੋਂ ਸਟੋਰ ਕਰ ਲਿਆ ਜਾਂਦਾ ਹੈ।

ਨਸ ਤੰਤੂ ਦੀ ਬਣਤਰ—ਨਸ ਤੰਤੂ ਦੀ ਮੁੱਢਲੀ ਕਿਰਿਆ-ਸ਼ੀਲ ਇਕਾਈ ਨਿਊਰਾੱਨ ਹੈ। ਇਸ ਦੇ ਵਾਧਰੇ ਸਾਡੇ ਸਰੀਰ ਦੀਆਂ ਨਸਾਂ ਬਣਾਉਂਦੇ ਹਨ। ਨਾੜੀ ਤੰਤੂ ਵਿਚ ਹੋਰ ਵੀ ਬਹੁਤ ਸਾਰੇ ਕਿਸਮਾਂ ਦੇ ਸਹਾਇਕ ਸੈੱਲ ਪਾਏ ਜਾਂਦੇ ਹਨ।

ਨਿਊਰਾੱਨ—ਬੇਸ਼ਕ ਨਿਊਰਾੱਨ ਵਿਚ ਵੀ ਹੋਰਨਾ ਸੈੱਲਾਂ ਵਾਂਗ ਢਾਹ ਉਸਾਰ ਕਿਰਿਆ ਹੁੰਦੀ ਹੈ ਪਰ ਇਹ ਸਾਧਾਰਣ ਸੈੱਲਾਂ ਤੋਂ ਇਸ ਕਰਕੇ ਵੱਖਰਾ ਹੈ ਕਿ ਇਸ ਰਾਹੀਂ ਪੁਨਰ ਉਤਪਤੀ ਨਹੀਂ ਹੋ ਸਕਦੀ। ਹਰੇਕ ਨਿਊਰਾੱਨ ਭਰੂਣ ਵਿਚ ਇਕਹਿਰੇ ਸੈੱਲ ਤੋਂ ਪੈਦਾ ਹੁੰਦਾ ਹੈ।

ਨਿਊਰਾੱਨ ਵਿਚ ਤਿੰਨ ਵੱਖਰੇ-ਵੱਖਰੇ ਹਿੱਸੇ ਹੁੰਦੇ ਹਨ ਇਕ ਸੈੱਲ ਬਾੱਡੀ, ਇਕਹਿਰਾ ਐਕਸ਼ਨ ਅਤੇ ਇਕ ਜਾਂ ਜ਼ਿਆਦਾ ਡੈਂਡਰਾਈਟਸ। ਸੈੱਲ ਬਾਡੀ ਵਿਚ ਨਿਊਰੋਪਲਾਜ਼ਮ ਅਤੇ ਇਕ ਨਿਊਕਲੀਅਸ ਹੁੰਦਾ ਹੈ, ਜਿਸ ਵਿਚਲਾ ਨਿਊਕਲੀਓਲਸ ਮੁਕਾਬਲਤਨ ਵੱਡਾ ਹੁੰਦਾ ਹੈ।

ਮਨੁੱਖੀ ਨਿਊਰਾੱਨ ਸੈੱਲ ਆਕਾਰ ਅਤੇ ਰੂਪ ਵਿਚ ਬਹੁਤ ਵਖਰੇਵੇਂ ਵਾਲੀਆਂ ਹੁੰਦੀਆਂ ਹਨ। ਦਿਮਾਗ਼ ਦੇ ਸੈਰੀਬਲਮ ਵਿਚ ਛੋਟੇ ਤੋਂ ਛੋਟਾ ਨਿਊਰਾੱਨ ਸੈੱਲ 4 ਮਾਈਕ੍ਰਾਨ ਘੇਰੇ ਵਾਲਾ ਹੁੰਦਾ ਹੈ। ਸੁਖਮਣਾ ਨਾੜੀ ਵਿਚਲੇ ਕੁਝ ਮੋਟਰ ਨਿਊਰਾੱਨ ਘੇਰੇ ਵਿਚ 135 ਮਾਈਕ੍ਰਾਨ ਜਿੰਨੇ ਵੀ ਹੋ ਸਕਦੇ ਹਨ। ਸੰਵੇਦੀ ਸੈੱਲ ਆਮ ਤੌਰ ਤੇ ਗੋਲ ਹੁੰਦੇ ਹਨ ਜਦ ਕਿ ਮੋਟਰ ਸੈੱਲ ਕੁਝ ਤਾਰਾ ਆਕਾਰ ਦੇ ਹੋ ਜਾਂਦੇ ਹਨ ਅਤੇ ਦਿਮਾਗ਼ ਦੇ ਸੈਰੀਬਰਲ ਕਾਰਟੈੱਕਸ ਵਿਚ ਇਹ ਮੀਨਾਰ ਰੂਪੀ ਹੁੰਦੇ ਹਨ। ਨਾੜੀ ਸੈੱਲ ਵਾਧਰੇ ਐਕਸਾੱਨ ਅਤੇ ਡੈਂਡਰਾਈਟਾਂ ਨੂੰ, ਨਸ ਰੇਸ਼ੇ ਵੀ ਕਿਹਾ ਜਾਂਦਾ ਹੈ। ਨਿਊਰਾੱਨਾਂ ਦਾ ਉਨ੍ਹਾਂ ਦੇ ਪ੍ਰਾਸੈੱਸਾਂ ਦੇ ਆਧਾਰ ਤੇ ਵਰਗੀਕਰਨ ਕੀਤਾ ਜਾਂਦਾ ਹੈ। ਇਕ ਸੈੱਲ ਜਿਸ ਵਿਚ ਇਕ ਹੀ ਪ੍ਰਾਸੈੱਸ ਕੰਮ ਕਰਦੀ ਹੈ, ਨੂੰ ਯੂਨੀਪੋਲਰ ਕਿਹਾ ਜਾਂਦਾ ਹੈ। ਇਹ ਨਿਊਰਾੱਨ ਸਭ ਤੋਂ ਛੋਟੇ ਪ੍ਰਾਣੀਆਂ ਵਿਚ ਮਿਲਦੇ ਹਨ ਅਤੇ ਇਹ ਆਮ ਤੌਰ ਤੇ ਮਨੁੱਖਾਂ ਵਿਚ ਨਹੀਂ ਹੁੰਦੇ। ਕਈ ਨਿਊਰਾੱਨਾਂ ਵਿਚ ਡੈਂਡਰਾਈਟ ਦੀ ਗਿਣਤੀ ਵੱਧ ਹੁੰਦੀ ਹੈ, ਉਨ੍ਹਾਂ ਨੂੰ ਮਲਟੀਪੋਲਰ ਕਹਿੰਦੇ ਹਨ।

ਨਸ—ਇਕ ਨਸ ਵਿਚ ਕਈ ਨਸ ਰੇਸ਼ੇ (ਐਕਸਾੱਨ, ਡੈਂਡਰਾਈਟ ਜਾਂ ਦੋਵੇਂ) ਇਕੱਠੇ ਬੰਨ੍ਹੇ ਹੁੰਦੇ ਹਨ। ਰੇਸ਼ਿਆਂ ਦੀ ਬਰੀਕ ਰਚਨਾ ਇਨ੍ਹਾਂ ਦੇ ਕੰਮ ਅਨੁਸਾਰ ਹੀ ਹੁੰਦੀ ਹੈ। ਨਸ ਦਾ ਕੇਂਦਰ ਐਕਸਿਸ ਸਿਲਿੰਡਰ ਅਖਵਾਉਂਦਾ ਹੈ। ਬਹੁਤ ਸਾਰੀਆਂ ਨਸਾਂ ਵਿਚ

ਐਕਸਿਸ ਸਿਲਿੰਡਰ ਇਕ ਪਰਤ ਜਿਹੀ ਨਾਲ ਢੱਕਿਆ ਹੁੰਦਾ ਹੈ, ਜਿਸ ਨੂੰ ਮਾਈਲਿਨ ਸ਼ੀਥ (Myelin sheath) ਕਿਹਾ ਜਾਂਦਾ ਹੈ। ਇਹ ਇਕ ਪ੍ਰਕਾਰ ਦੀ ਪ੍ਰੋਟੀਨ ਹੁੰਦੀ ਹੈ ਅਤੇ ਸੈੱਲਾਂ ਦੀ ਖ਼ਾਸ ਕਿਸਮ ਸ਼ਵੈਨ ਸੈੱਲਾਂ (Schwann Cells) ਰਾਹੀਂ ਹੋਂਦ ਵਿਚ ਆਉਂਦੀ ਹੈ। ਬਾਹਰਲੀਆਂ ਨਸਾਂ ਵਿਚ ਮਾਈਲਿਨ ਸ਼ੀਥ ਦੇ ਉਪਰ ਵੀ ਇਕ ਬਾਹਰੀ ਪਰਤ ਹੁੰਦੀ ਹੈ ਜਿਸ ਨੂੰ ਨਿਊਰੀਲੈਮਾ (Neurilemma) ਕਿਹਾ ਜਾਂਦਾ ਹੈ। ਇਹ ਨਸ ਦੇ ਕਿਸੇ ਵੀ ਪ੍ਰਕਾਰ ਦੇ ਵਿਗਾੜ ਦੀ ਮੁਰੰਮਤ ਕਰਦੀ ਹੈ। ਜਦੋਂ ਬਾਹਰਲੀ ਨਸ ਕੱਟੀ ਜਾਂਦੀ ਹੈ ਤਾਂ ਨਿਊਰੀਲੈਮਾ ਪਰਤ ਰਾਹੀਂ ਇਸ ਨਸ ਦੀ ਮੁਰੰਮਤ ਕਰ ਦਿੱਤੀ ਜਾਂਦੀ ਹੈ। ਕੇਂਦਰੀ ਨਸ ਪ੍ਰਣਾਲੀ (ਦਿਮਾਗ਼ ਅਤੇ ਸੁਖਮਨਾ ਨਾੜੀ) ਵਿਚਲੇ ਨਿਊਰਾੱਨਾਂ ਵਿਚ ਨਿਊਰੀਲੈਮਾ ਨਹੀਂ ਹੁੰਦਾ ਅਤੇ ਜਦ ਇਹ ਜ਼ਖ਼ਮੀ ਹੋ ਜਾਂਦੇ ਹਨ ਤਾਂ ਇਨ੍ਹਾਂ ਦੀ ਪੁਨਰ ਸਿਰਜਨਾ ਨਹੀਂ ਹੋ ਸਕਦੀ। ਇਸੇ ਲਈ ਕੇਂਦਰੀ ਨਸ ਪ੍ਰਣਾਲੀ ਦੀਆਂ ਨਸਾਂ ਦਾ ਵਿਗਾੜ ਸਥਾਈ ਹੁੰਦਾ ਹੈ।

ਮਨੁੱਖ ਵਿਚ ਨਸ ਪ੍ਰਣਾਲੀ—ਮਨੁੱਖੀ ਨਸ ਪ੍ਰਣਾਲੀ ਨੂੰ ਤਿੰਨ ਵੱਡੇ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ ਕੇਂਦਰੀ ਨਸ ਪ੍ਰਣਾਲੀ, ਪਰਿਧੀ ਨਸ ਪ੍ਰਣਾਲੀ ਅਤੇ ਸਵਾਧੀਨ ਨਸ ਪ੍ਰਣਾਲੀ।

ਕੇਂਦਰੀ ਨਸ ਪ੍ਰਣਾਲੀ—ਕੇਂਦਰੀ ਨਸ ਪ੍ਰਣਾਲੀ ਵਿਚ ਦਿਮਾਗ਼ ਅਤੇ ਸੁਖਮਨਾ ਨਾੜੀ ਸ਼ਾਮਲ ਹਨ। ਦਿਮਾਗ ਅਤੇ ਸੁਖਮਨਾ ਨਾੜੀ ਜੁੜੇ ਹੁੰਦੇ ਹਨ ਅਤੇ ਇਨ੍ਹਾਂ ਦੇ ਬਹੁਤ ਸਾਰੇ ਲੱਛਣ ਸਾਂਝੇ ਹਨ। ਇਹ ਦੋਵੇਂ ਸੱਟ ਫੇਟ ਲਗਣ ਤੋਂ ਸੁਰੱਖਿਅਕ ਝਿੱਲੀਆਂ ਜਿਨ੍ਹਾਂ ਨੂੰ ਮੈਨਿੰਜਜ਼ ਕਿਹਾ ਜਾਂਦਾ ਹੈ, ਰਾਹੀਂ ਸੁਰੱਖਿਅਤ ਰਹਿੰਦੇ ਹਨ। ਦਿਮਾਗ਼ ਦੀਆਂ ਇਹ ਝਿੱਲੀਆਂ ਥੱਲੇ ਧੁਰ ਸੁਖਮਨਾ ਨਾੜੀ ਤੱਕ ਲਗਾਤਾਰ ਚਲਦੀਆਂ ਹਨ।

ਦਿਮਾਗ਼ ਦੀ ਸਭ ਤੋਂ ਬਾਹਰਲੀ ਝਿੱਲੀ ਨੂੰ ਡਿਊਰਾਮੈਟਰ ਕਿਹਾ ਜਾਂਦਾ ਹੈ ਅਤੇ ਇਹ ਛੂਹ ਸੁਰੱਖਿਅਕ ਕੱਜਣ ਦਾ ਕੰਮ ਦਿੰਦੀ ਹੈ। ਇਸੇ ਦੇ ਵਿਚ ਹੀ ਇਕ ਨਾਜ਼ੁਕ ਅਰੈਕਨਾੱਇਡ (arachnoid) ਹੁੰਦਾ ਹੈ ਜਿਸ ਵਿਚ ਲਹੂ ਨਾੜੀਆਂ ਹੁੰਦੀਆਂ ਹਨ ਅਤੇ ਇਹ ਨਸ ਪ੍ਰਣਾਲੀ ਨੂੰ ਖ਼ੁਰਾਕ ਮੁਹੱਈਆ ਕਰਦੀ ਹੈ। ਸਭ ਤੋਂ ਅੰਦਰਲੀ ਪਰਤ ਪਾਇਆਮੈਟਰ ਦਿਮਾਗ਼ ਅਤੇ ਸੁਖਮਨਾ ਨਾੜੀ ਦੇ ਉਪਰ ਬਰੀਕ ਜਿਹੀ ਨਾਜ਼ੁਕ ਪਰਤ ਹੁੰਦੀ ਹੈ। ਅੰਦਰਲੀ ਅਤੇ ਬਾਹਰਲੀ ਮੈਨਿੰਜਜ਼ ਵਿਚਲੀ ਜਗ੍ਹਾ ਜਿਸ ਨੂੰ ਸਬ ਅਰੈਕਨਾੱਇਡ ਸਪੇਸ (Sub arachnoid Space) ਕਿਹਾ ਜਾਂਦਾ ਹੈ ਸੈਰੀਬਰੋਸਪਾਈਨਲ ਤਰਲ (cerebrospinal fluid) ਨਾਲ ਭਰੀ ਹੁੰਦੀ ਹੈ ਅਤੇ ਇਹ ਦਿਮਾਗ਼ ਅਤੇ ਸੁਖਮਨਾ ਨਾੜੀ ਨੂੰ ਕਿਸੇ ਝਟਕੇ ਤੋਂ ਬਚਾਅ ਲਈ ਗੱਦੇ ਦਾ ਕੰਮ ਕਰਦੀ ਹੈ।

ਦਿਮਾਗ਼—ਇਹ ਮੱਨੁਖੀ ਸਰੀਰ ਦਾ ਸਭ ਤੋਂ ਪੇਚੀਦਾ ਅੰਗ ਹੈ ਅਤੇ ਇਹ ਸਰੀਰ ਦੀਆਂ ਨਸ ਸਬੰਧੀ ਸਾਰੀਆਂ ਹਰਕਤਾਂ ਵਿਚ ਤਾਲਮੇਲ ਰਖਦਾ ਹੈ। ਦਿਮਾਗ ਤਿੰਨ ਵਡੇ ਹਿੱਸਿਆਂ ਵਿਚ ਵੰਡਿਆ ਹੋਇਆ ਹੈ। ਸੈਰੀਬਰਮ, ਸੈਰੀਬੈਲਮ ਅਤੇ ਬ੍ਰੇਨਸਟੈਮ। ਸੈਰੀਬਰਮ ਬਹੁਤ ਸਾਰੇ ਸੰਵੇਦੀ ਮੋਟਰ ਅਤੇ ਹੋਰ ਸਬੰਧਤ ਕੰਮਾਂ ਲਈ ਜ਼ਿੰਮੇਵਾਰ ਹੈ। ਸੈਰੀਬੈਲਮ ਪੇਸ਼ੀਆਂ ਦੀ ਹਰਕਤ ਲਈ ਇਕਸਾਰਤਾ ਅਤੇ ਮਾਨਸਿਕ ਸੰਤੁਲਨ ਨੂੰ ਕਾਇਮ ਰੱਖਣ ਦਾ ਕੰਮ ਕਰਦਾ ਹੈ, ਜਦ ਕਿ ਬ੍ਰੇਨਸਟੈਮ ਅੱਗੋਂ ਕਈ ਹਿੱਸਿਆਂ ਵਿਚ ਵੰਡਿਆ ਹੋਇਆ ਹੈ। ਡਾਈ-ਐਨਸੈੱਫਲਾਨ ਜਿਸ ਵਿਚ ਥੈਲੇਮਸ ਅਤੇ ਹਾਈਪੋਥੈਲੇਮਸ ਹੁੰਦਾ ਹੈ ਅਤੇ ਇਹ ਚੇਤਨਾ, ਪੀੜ ਤੇ ਅਹਿਸਾਸ, ਤਾਪਮਾਨ ਨਿਯਮਿਤ ਕਰਨ, ਪਾਣੀ ਸੰਤੁਲਨ ਨਾਲ ਸਬੰਧਤ ਹੁੰਦਾ ਹੈ। ਵਿਚਕਾਰਲਾ ਦਿਮਾਗ਼ ਅਤੇ ਪਾੱਨਜ਼ (Pons) ਵਿਸ਼ੇਸ਼ ਕਰਕੇ ਦਿਮਾਗ਼ ਦੇ ਇਕ ਹਿੱਸੇ ਤੋਂ ਦੂਜੇ ਹਿੱਸੇ ਵਿਚ ਆਵੇਗ ਪਹੁੰਚਾਉਣ ਦਾ ਕੰਮ ਕਰਦਾ ਹੈ। ਜਦੋਂ ਕਿ ਮੈਡੂਲਾ ਬਹੁਤ ਸਾਰੇ ਆਵਸ਼ਕ ਕੰਮਾਂ ਨੂੰ ਨਿਯਮਿਤ ਕਰਨ ਦਾ ਕੰਮ ਕਰਦਾ ਹੈ ਜਿਵੇਂ ਸਾਹ ਲੈਣਾ, ਅੱਧੇ ਦਿਲ ਦੇ ਧੜਕਣ ਦੀ ਦਰ ਆਦਿ।

ਸੁਖਮਨਾ ਨਾੜੀ—ਇਹ ਨਸ ਰੇਸ਼ਿਆਂ ਦੀ ਲੰਬੀ ਤਾਰ (Cable) ਹੈ ਅਤੇ ਇਹ ਰੀੜ੍ਹ ਦੀਆਂ ਹੱਡੀਆਂ ਰਾਹੀਂ ਬਣੇ ਸੁਖਮਨਾ ਕਾਲਮ ਵਿਚ ਹੀ ਪਈ ਹੁੰਦੀ ਹੈ। ਇਸ ਵਿਚ ਨਿਊਰਾੱਨਾਂ ਅਤੇ ਰੇਸ਼ਿਆਂ ਦਾ ਸਮੂਹ ਹੁੰਦਾ ਹੈ। ਇਹ ਕਰੀਬ 1 ਸੈਂ. ਮੀ. ਗੋਲ ਅਤੇ 42-45 ਸੈਂ. ਮੀ. ਤੱਕ ਲੰਬੀ ਹੁੰਦੀ ਹੈ। ਇਹ ਮੈਡੂਲਾ ਤੋਂ ਲੈ ਕੇ ਕੰਗਰੋੜ (ਰੀੜ੍ਹ ਦੀ ਹੱਡੀ) ਤੱਕ ਹੁੰਦੀ ਹੈ।

ਸੁਖਮਨਾ ਨਾੜੀ ਵਿਚ ਦੋ ਤਰ੍ਹਾਂ ਦੇ ਨਸ ਸਬੰਧੀ ਤੰਤੂ ਹੁੰਦੇ ਹਨ। ਆੜੇ ਦਾਅ ਲਏ ਗਏ ਸੈਕਸ਼ਨ ਵਿਚ ਇਹ 'H' ਦੀ ਸ਼ਕਲ ਵਰਗਾ ਗੂੜ੍ਹੇ ਰੰਗ ਦਾ ਹਿੱਸਾ ਹੁੰਦਾ ਹੈ। ਇਹ ਹਿੱਸਾ ਹੀ ਗ੍ਰੇ ਮੈਟਰ (grey matter) ਹੁੰਦਾ ਹੈ ਜਿਸ ਵਿਚ ਪਰਤ ਰਹਿਤ ਨਸ ਰੇਸ਼ੇ ਹੁੰਦੇ ਹਨ। ਇਸ ਵਿਚਲੇ ਸੈੱਲ ਆ ਰਹੇ ਸੰਵੇਦੀ ਅਤੇ ਜਾ ਰਹੇ ਮੋਟਰ ਆਵੇਗਾਂ ਦਾ ਏਕੀਕਰਣ ਕਰਦੇ ਹਨ। ਗ੍ਰੇ ਮੈਟਰ ਉਪਰ ਵ੍ਹਾਈਟ ਮੈਟਰ (White matter) ਹੁੰਦਾ ਹੈ ਅਤੇ ਇਹ ਨਾੜੀ ਦੀ ਅੰਡਾਕਾਰ ਸ਼ਕਲ ਨੂੰ ਗੋਲਾਈ ਪ੍ਰਦਾਨ ਕਰਦਾ ਹੈ। ਵ੍ਹਾਈਟ ਮੈਟਰ ਪਰਤਾਂ ਵਾਲਾ, ਨਸ ਰੇਸ਼ਿਆਂ ਦਾ ਹੁੰਦਾ ਹੈ ਜੋ ਦਿਮਾਗ਼ ਤੋਂ ਅਤੇ ਦਿਮਾਗ਼ ਨੂੰ ਆਵੇਗ ਦਾ ਆਦਾਨ ਪ੍ਰਦਾਨ ਕਰਦਾ ਹੈ।

ਪਰਿਧੀ ਨਸ ਪ੍ਰਣਾਲੀ (Peripheral Nervous System) —ਇਸ ਪ੍ਰਣਾਲੀ ਵਿਚ ਦੋ ਤਰ੍ਹਾਂ ਦੀਆਂ ਨਸਾਂ ਹੁੰਦੀਆਂ ਹਨ ਜਿਨ੍ਹਾਂ ਨੂੰ ਕ੍ਰੇਨੀਅਲ ਨਸਾਂ ਅਤੇ ਕੰਗਰੋੜ ਨਸਾਂ ਕਿਹਾ ਜਾਂਦਾ ਹੈ।

ਕ੍ਰੇਨੀਅਲ ਨਸਾਂ—ਇਹ ਨਸਾਂ ਖੋਪੜੀ ਜਾਂ ਸਿਰ ਦੀ ਹੱਡੀ ਨਾਲ ਸਬੰਧਤ ਹਨ। ਅਜਿਹੀਆਂ ਨਸਾਂ ਦੇ 12 ਜੋੜੇ ਦਿਮਾਗ਼ ਵਿਚ ਉਤਪੰਨ ਹੁੰਦੇ ਹਨ ਅਤੇ ਇਨ੍ਹਾਂ ਨੂੰ ਕ੍ਰੇਨੀਅਲ ਨਸਾਂ ਕਿਹਾ ਜਾਂਦਾ ਹੈ। ਇਨ੍ਹਾਂ ਦਾ ਵਰਗੀਕਰਣ ਨੰਬਰਾਂ ਸਹਿਤ ਉਸੇ ਆਰਡਰ ਅਨੁਸਾਰ ਕੀਤਾ ਜਾਂਦਾ ਹੈ ਜਿਸ ਅਨੁਸਾਰ ਇਹ ਦਿਮਾਗ਼ ਵਿਚੋਂ ਨਿਕਲਦੀਆਂ ਹਨ ਅਤੇ ਇਸ ਦੇ ਨਾਲ ਇਨ੍ਹਾਂ ਦੇ ਨਾਂ ਵੀ ਰਖੇ ਜਾਂਦੇ ਹਨ ਜੋ ਇਨ੍ਹਾਂ ਦੇ ਕੰਮ ਦੇ ਸੂਚਕ ਹੁੰਦੇ ਹਨ। ਜਿਵੇਂ ਸੁੰਘਣ ਵਾਲੀ (I), ਪ੍ਰਕਾਸ਼ ਸਬੰਧੀ (II) ਅਤੇ ਸੁਣਨ ਸਬੰਧੀ (VII) ਨਸਾਂ ਸੰਵੇਦੀ ਹਨ ਅਤੇ ਇਹ ਵਿਸ਼ੇਸ਼ ਗ੍ਰਾਹੀ (receptor) ਅੰਗਾਂ ਤੋਂ ਆਵੇਗਾਂ ਨੂੰ ਦਿਮਾਗ਼ ਤੱਕ ਪਹੁੰਚਾਉਂਦੀਆਂ ਹਨ। ਮੋਟਰ ਨਸਾਂ ਵਿਚ ਔਕਿਊਲੋਮੋਟਰ (III), ਟ੍ਰਾੱਕਲੀਅਰ (IV) ਅਤੇ ਐਬਡਿਊਸੈਂਜ (VI) ਸ਼ਾਮਲ ਹਨ ਜੋ ਸਾਰੀਆਂ ਅੱਖ ਦੇ ਡੇਲੇ ਦੀ ਹਰਕਤ ਨਾਲ ਸਬੰਧਤ ਹਨ, ਜਦ ਕਿ ਅਸੈਸਰੀ (accessary) (XI), ਹਾਈਪੋਗਲਾਸਵ (XII) ਨਸਾਂ ਜੀਭ, ਨੱਕ, ਗਲੇ (ਕੰਠ) ਦੀ ਹਰਕਤ ਨਾਲ ਸਬੰਧਤ ਹਨ। ਟ੍ਰਾਈਜੈਮੀਨਲ (V), ਚਿਹਰੇ ਦੀ (VII) ਅਤੇ ਗਲਾਸੋ ਫਿਰੰਜੀਅਲ (IX) ਨਸਾਂ ਸੰਵੇਦੀ ਅਤੇ ਮੋਟਰ ਦੋਵਾਂ ਕਿਸਮਾਂ ਦੀਆਂ ਹੁੰਦੀਆਂ ਹਨ। ਇਹ ਨਸਾਂ ਚਿਹਰੇ, ਜੀਭ ਅਤੇ ਗਲੇ ਦੇ ਖੇਤਰ ਤੋਂ ਉਤਪੰਨ ਹੋਣ ਵਾਲੇ ਆਵੇਗਾਂ ਨੂੰ ਲਿਜਾਂਦੀਆਂ ਹਨ ਅਤੇ ਇਨ੍ਹਾਂ ਖੇਤਰਾਂ ਦੇ ਕੰਮ ਸਬੰਧੀ ਹਰਕਤ ਦੇ ਆਦੇਸ਼ ਵੀ ਦਿੰਦੀਆਂ ਹਨ। ਵੇਗਸ (X) ਨਸ ਇਕ ਅਜਿਹੀ ਕਪਾਲ (cromoid nerve) ਨਸ ਹੈ ਜਿਸ ਦਾ ਪਸਾਰਾ ਸਭ ਤੋਂ ਜ਼ਿਆਦਾ ਹੈ ਅਤੇ ਇਹ ਆਮ ਤੌਰ ਤੇ ਮੋਟਰ ਕਿਸਮ ਦੀ ਹੀ ਹੁੰਦੀ ਹੈ। ਇਹ ਕੰਠ ਅਤੇ ਸੰਘਪੋਲ ਮਾਸ ਪੇਸ਼ੀਆਂ ਨੂੰ ਕੰਟਰੋਲ ਕਰਦੀ ਹੈ ਅਤੇ ਇਹ ਵਧਦੀ ਹੋਈ ਦਿਲ, ਫੇਫੜੇ ਅਤੇ ਪੇਟ ਅੰਗਾਂ ਤੱਕ ਪਹੁੰਚ ਜਾਂਦੀ ਹੈ।

ਕੰਗਰੋੜ ਨਸਾਂ—ਕੰਗਰੋੜ ਨਸਾਂ ਦੇ 31 ਜੋੜੇ ਹਨ, ਜੋ ਸੁਖ-ਮਣਾ ਨਾੜੀ ਵਿਚੋਂ ਰੀੜ੍ਹ ਦੀ ਹੱਡੀ ਵਿਚਲੀਆਂ ਝੀਥਾਂ ਜਿਨ੍ਹਾਂ ਨੂੰ ਅੰਤਰ ਮੁਹਰਾ ਸੁਰਾਖ਼ ਇੰਟਰਵਰਟੀਬਰਲ ਫੋਰਾਮਿਨ ਕਿਹਾ ਜਾਂਦਾ ਹੈ, ਰਾਹੀਂ ਖੁੱਲ੍ਹਦੀਆਂ ਹਨ। ਇਨ੍ਹਾਂ ਨਸਾਂ ਰਾਹੀਂ ਦੋਪਾਸੀ ਆਦਾਨ ਪ੍ਰਦਾਨ ਹੁੰਦਾ ਹੈ।

ਇੰਟਰਵਰਟੀਬਰਲ ਫੋਰਾਮਿਨ ਤੋਂ ਥੋੜ੍ਹੀ ਦੂਰ ਬਾਹਰ, ਮਿਲ-ਵੀਆਂ ਨਸਾਂ ਦਾ ਤਣਾ ਦੋ ਸ਼ਾਖ਼ਾਵਾਂ ਵਿਚ ਵੰਡਿਆ ਜਾਂਦਾ ਹੈ। ਇਹ ਅਗਲੀਆਂ ਅਤੇ ਪਿਛਲੀਆਂ ਪ੍ਰਾਇਮਰੀ ਰੈਮਾਈ ਹਨ। ਪਿਛਲੀਆਂ ਪ੍ਰਾਇਮਰੀ ਰੈਮੀ ਖੋਪੜੀ ਅਤੇ ਗਰਦਨ ਦੀਆਂ ਪੇਸ਼ੀਆਂ ਤੱਕ ਜਾਂਦੀਆਂ ਹਨ ਅਤੇ ਉਨ੍ਹਾਂ ਦੇ ਮੋਟਰ ਰੇਸ਼ੇ ਇਨ੍ਹਾਂ ਪੇਸ਼ੀਆਂ ਨੂੰ ਮੁਹੱਈਆ ਕਰਦੀਆਂ ਹਨ। ਪੇਚੀਦਾ ਨਸ ਜੋੜਾਂ ਨੂੰ ਪਲੈਕਸਜ਼ ਕਿਹਾ ਜਾਂਦਾ ਹੈ। ਇਨ੍ਹਾਂ ਪਲੈਕਸਜ਼ ਦਾ ਨਾਂ ਸਰੀਰ ਦੇ ਉਸ ਹਿੱਸੇ ਤੋਂ ਰਖਿਆ ਜਾਂਦਾ ਹੈ ਜਿਸ ਨੂੰ ਇਹ ਸਪਲਾਈ ਕਰਦੀਆਂ ਹਨ ਜਿਵੇਂ ਸਰਵਾਈ-ਕਲ ਪਲੈਕਸਸ ਗਰਦਨ ਦੇ ਲਾਗਲੇ ਹਿੱਸੇ, ਬਰੇਕੀਅਲ ਪਲੈਕਸਸ ਬਾਹਾਂ ਅਤੇ ਲੰਬਰ ਪਲੈਕਸਸ ਪਿੱਠ ਦੇ ਖੇਤਰ ਅਤੇ ਸੈਕਰਲ ਪੈਲਕਸਸ ਪਿਠ ਤੋਂ ਨੀਚੇ ਵਾਲੇ ਭਾਗ ਅਤੇ ਲੱਤਾਂ ਦੇ ਖੇਤਰ ਨੂੰ ਸਪਲਾਈ ਕਰਦੀਆਂ ਹਨ। ਪਲੈਕਸਜ਼ ਵਿਚ ਰੈਮਾਈ (rami) ਮੁੜ ਤਰਤੀਬੋ ਅਤੇ ਜੋੜੇ ਜਾਂਦੇ ਹਨ ਤਾਂ ਜੋ ਲੱਤਾਂ ਅਤੇ ਬਾਹਾਂ ਦੀ ਚਮੜੀ ਅਤੇ ਮਾਸ ਪੇਸ਼ੀਆਂ ਤੱਕ ਦੀਆਂ ਨਸਾਂ ਬਣ ਸਕਣ। ਸੀਨੇ ਦੇ ਖੇਤਰ ਵਿਚ ਅਗਲੀਆਂ ਰੈਮੀ ਛਾਤੀ ਦੀਆਂ ਪਸਲੀਆਂ ਵਿਚਲੀਆਂ ਝਰੀਆਂ ਵਿਚਦੀ ਲੰਘਦੀਆਂ ਹਨ ਜਿਵੇਂ ਇੰਟਰਕੋਸਟਲ ਨਰਵਜ਼। ਇਹ ਨਸਾਂ ਇੰਟਰਕੋਸਟਲ ਮਾਸ ਪੇਸ਼ੀਆਂ, ਛਾਤੀ ਦੀਆਂ ਪਸਲੀਆਂ ਅਤੇ ਅਗਲੇਰੇ ਸੀਨੇ ਅਤੇ ਪੇਟ ਵਿਚਲੀ ਚਮੜੀ ਤੱਕ ਪੁਜਦੀਆਂ ਹਨ।

ਸਵਾਧੀਨ ਨਸ ਪ੍ਰਣਾਲੀ (Autonomic Nervous System)–ਸਵਾਧੀਨ ਨਸ ਪ੍ਰਣਾਲੀ ਅੰਦਰੂਨੀ ਪਰਿਸਥਿਤੀ ਨੂੰ ਨਿਯਮਿਤ ਕਰਨ ਲਈ ਜ਼ਿੰਮੇਵਾਰ ਹੁੰਦੀ ਹੈ। ਕੁਝ ਸਾਧਾਰਨ ਸੰਵੇਦਨਾਵਾਂ ਜਿਵੇਂ ਪਰੇਸ਼ਾਨੀ ਨਾਲ ਮੂੰਹ ਲਾਲ ਹੋਣਾ, ਗੁੱਸਾ ਚੜ੍ਹਣ ਕਾਰਨ ਚਿਹਰੇ ਤੇ ਚਮਕ, ਡਰ ਨਾਲ ਹੱਥਾਂ ਵਿਚ ਪਸੀਨਾ ਆਉਣਾ ਅਤੇ ਮੂੰਹ ਦਾ ਖੁਸ਼ਕ ਹੋ ਜਾਣਾ, ਸਭ ਕਾਰਜ ਸਵਾਧੀਨ ਨਸ ਪ੍ਰਣਾਲੀ ਅਧੀਨ ਹੁੰਦੇ ਹਨ।

ਸਵਾਧੀਨ ਨਸ ਪ੍ਰਣਾਲੀ ਦੀਆਂ ਬਹੁਤੀਆਂ ਹਰਕਤਾਂ ਉਪਰ, ਬਹੁਤ ਹੀ ਥੋੜ੍ਹਾ ਚੇਤਨ ਕੰਟਰੋਲ ਹੁੰਦਾ ਹੈ ਅਤੇ ਇਸੇ ਕਰਕੇ ਕਈ ਵਾਰ ਇਸ ਪ੍ਰਣਾਲੀ ਨੂੰ ਅਣਇਛਿੱਤ ਨਰਵਸ ਸਿਸਟਮ ਜਾਂ ਅਜਿਹਾ ਸਿਸਟਮ ਜੋ ਕਦੇ ਸੌਂਦਾ ਨਹੀਂ ਦਾ ਵੀ ਨਾਂ ਦਿੱਤਾ ਜਾਂਦਾ ਹੈ ਜਾਂ ਮਾਸ ਪੇਸ਼ੀਆਂ ਨੂੰ ਪੋਸਟ ਗੈਂਗਲੀਆੱਨਿਕ ਫਾਈਬਰਜ਼ ਕਿਹਾ ਜਾਂਦਾ ਹੈ।

ਨਸ ਪ੍ਰਣਾਲੀ ਦਾ ਕੰਮ ਕਾਜ–ਮਨੁੱਖੀ ਨਸ ਪ੍ਰਣਾਲੀ ਬਹੁਤ ਹੀ ਗੁੰਝਲਦਾਰ ਪਰ ਨਾਲ ਹੀ ਸਭ ਤੋਂ ਜ਼ਿਆਦਾ ਸੰਯੋਜਿਤ ਹੈ। ਸਰੀਰਕ ਹਰਕਤ ਦਾ ਸਭ ਤੋਂ ਸੁਖਾਲਾ ਕੰਮ ਜਿਵੇਂ ਸਿੱਧੇ ਖੜ੍ਹੇ ਹੋਣਾ ਆਦਿ, ਵਿਚ ਵੀ ਸਭ ਤੋਂ ਸੁਖਾਵਾਂ ਕੰਮ ਨਿਊਰਾੱਨਾਂ ਉਪਰ ਆਵੇਗਾਂ ਦੇ ਕਾਰਨ ਸੰਭਵ ਹੁੰਦਾ ਹੈ। ਨਸ ਪ੍ਰਣਾਲੀ ਅਤੇ ਪੇਸ਼ੀਆਂ ਵਿਚ ਸੂਚਨਾ ਦਾ ਆਦਾਨ ਪ੍ਰਦਾਨ ਨਿਰੰਤਰ ਹੁੰਦਾ ਰਹਿੰਦਾ ਹੈ ਭਾਵੇਂ ਇਹ ਕਿਰਿਆ ਕੇਵਲ ਸਿੱਧੇ ਖੜਨ ਦੀ ਹੀ ਕਿਉਂ ਨਾ ਹੋਵੇ ਜਿਉਂ ਜਿਉਂ ਕਿਸੇ ਹਰਕਤ ਦੀ ਲੋੜ ਪੈਂਦੀ ਹੈ, ਹੋਰ ਵੀ ਵਧੇਰੇ ਨਿਊਰਾੱਨਾਂ ਨੂੰ ਕੰਮ ਤੇ ਲਗਾਇਆ ਜਾਂਦਾ ਹੈ।

ਪ੍ਰਤਿਵਰਤੀ ਕਿਰਿਆ (Reflex action)–ਸੰਵੇਦਕ ਅਤੇ ਮੋਟਰ ਨਿਊਰਾੱਨਾਂ ਵਿਚਾਲੇ ਤਾਲਮੇਲ ਨੂੰ ਪ੍ਰਤਿਵਰਤੀ ਕਿਰਿਆ ਕਿਹਾ ਜਾਂਦਾ ਹੈ। ਇਹ ਕਿਰਿਆ ਸਾਧਾਰਨ ਵੀ ਹੋ ਸਕਦੀ ਹੈ ਜਿਵੇਂ ਅੱਖ ਦੀ ਪੁਤਲੀ ਦੀ ਪ੍ਰਤਿਵਰਤੀ ਕਿਰਿਆ। ਕਾੱਰਨੀਆ ਤੇ ਜਿਵੇਂ ਹੀ ਕੋਈ ਕਿਣਕਾ ਛੂੰਹਦਾ ਹੈ ਤਾਂ ਅੱਖ ਦੀ ਪੁਤਲੀ ਇਕ ਦਮ ਸੁੰਘੜ ਜਾਂਦੀ ਹੈ। ਨੱਕ ਜਾਂ ਸਾਹ ਰਾਹ ਵਿਚ ਕਿਸੇ ਵੀ ਉਤੇਜਨਾ ਕਾਰਨ ਛਿੱਕ ਦਾ ਆਉਣਾ ਜਾਂ ਖੰਘ ਆਉਣੀ ਆਦਿ ਪ੍ਰਤਿਵਰਤੀ ਕਿਰਿਆ ਦੀਆਂ ਉਦਾਹਰਣਾਂ ਹਨ। ਅਜਿਹੀਆਂ ਕਿਰਿਆਵਾਂ ਅਸਲ ਵਿਚ ਬਚਾਉ ਕਿਰਿਆਵਾਂ ਹੁੰਦੀਆਂ ਹਨ ਕਿਉਂਕਿ ਇਸ ਨਾਲ ਸਰੀਰ ਵਿਚੋਂ ਨੁਕਸਾਨਦਾਇਕ ਅਤੇ ਬਾਹਰੀ ਚੀਜ਼ ਨਿਕਲ ਜਾਂਦੀ ਹੈ।

ਨਸ ਪ੍ਰਣਾਲੀ ਦੇ ਰੋਗ–ਮਨੁੱਖੀ ਨਸ ਪ੍ਰਣਾਲੀ ਇਕ ਅਹਿਮ ਜਟਿਲ ਅਤੇ ਹੋਰਨਾਂ ਪ੍ਰਣਾਲੀਆਂ ਨਾਲੋਂ ਵਧੀਕ ਵਿਸਤ੍ਰਿਤ ਹੈ, ਇਸ ਦੇ ਨੁਕਸਾਨ ਜਾਂ ਕਰੰਟ ਵਿਚ ਵਿਗਾੜ ਨਾਲ ਸਰੀਰ ਵਿਚ ਜ਼ਿਆਦਾ ਬੀਮਾਰੀਆਂ ਹੋ ਜਾਂਦੀਆਂ ਹਨ ਅਤੇ ਅਯੋਗਤਾ ਆ ਜਾਂਦੀ ਹੈ। ਚਿਕਿਤਸਾ ਵਿਗਿਆਨ ਦੀ ਜੋ ਸ਼ਾਖ਼ਾ ਨਸ ਪ੍ਰਣਾਲੀ ਦੀਆਂ ਬੀਮਾਰੀਆਂ ਨਾਲ ਸਬੰਧਤ ਹੈ, ਉਸ ਨੂੰ ਨਾੜੀ ਵਿਗਿਆਨ ਜਾਂ ਨਿਊਰਾੱਲੋਜੀ ਕਿਹਾ ਜਾਂਦਾ ਹੈ। ਨਸ ਪ੍ਰਣਾਲੀ ਦੇ ਰੋਗ ਦੋ ਤਰ੍ਹਾਂ ਦੇ ਹੁੰਦੇ ਹਨ 1. ਜਿਵੇਂ ਨਸ ਪ੍ਰਣਾਲੀ ਦੇ ਕਿਸੇ ਹਿੱਸੇ ਵਿਚ ਰਚਨਾਤਮਕ ਵਿਗਾੜ ਕਾਰਨ ਅੰਗ ਹੀਣਤਾ ਭਾਵ 2. ਕਾਰਜਾਤਮਕ (Functional) ਜੋ ਨਸ ਪ੍ਰਣਾਲੀ ਦੇ ਕਿਸੇ ਹਿੱਸੇ ਦੇ ਕੰਮ ਕਾਜ ਸਬੰਧੀ ਹੋਏ ਵਿਗਾੜ ਤੋਂ ਪੈਦਾ ਹੁੰਦੇ ਹਨ। ਨਸ ਪ੍ਰਣਾਲੀ ਦੇ ਰੋਗ ਕੇਂਦਰੀ ਨਸ ਪ੍ਰਣਾਲੀ ਜਾਂ ਸਵਾਧੀਨ (ਆਟੋਨੋਮਿਕ) ਨਸ ਪ੍ਰਣਾਲੀ ਕਿਸੇ ਤੇ ਵੀ ਅਸਰ ਕਰ ਸਕਦੇ ਹਨ। ਦੂਜੇ ਸੈੱਲਾਂ ਨਾਲੋਂ ਨਿਊਰਾੱਨ ਵਧੇਰੇ ਸੰਵੇਦਨਸ਼ੀਲ ਹੁੰਦੇ ਹਨ। ਕੇਂਦਰੀ ਨਸ ਪ੍ਰਣਾਲੀ ਦੇ ਨਿਊਰਾੱਨ ਜੇਕਰ ਮਰ ਜਾਣ ਤਾਂ ਇਨ੍ਹਾਂ ਦੀ ਜਗ੍ਹਾ ਮੁੜ ਕੋਈ ਨਿਊਰਾੱਨ ਨਹੀਂ ਲੈ ਸਕਦੇ। ਬਾਹਰ ਦੀਆਂ ਨਸਾਂ ਆਪਣੇ ਆਪ ਮੁਰੰਮਤ ਕਰ ਸਕਦੀਆਂ ਹਨ ਪਰ ਮੁਰੰਮਤ ਕਰਨ ਦਾ ਇਹ ਕੰਮ ਕਾਫ਼ੀ ਹੌਲੀ ਹੁੰਦਾ ਹੈ।

ਨਸ ਪ੍ਰਣਾਲੀ ਦੀਆਂ ਬੀਮਾਰੀਆਂ ਬਹੁਤ ਸਾਰੇ ਕਾਰਨਾਂ ਕਰਕੇ ਹੁੰਦੀਆਂ ਹਨ। ਕੁਝ ਬੀਮਾਰੀਆਂ ਜੱਦੀ/ਵੰਸ਼ਾਗਤ ਹੋ ਸਕਦੀਆਂ ਹਨ ਜਿਵੇਂ ਹਟਿੰਗਟਨ ਝੋਲਾ ਅਤੇ ਕੁਝ ਜਿਵੇਂ ਹਾਈਡ੍ਰੋਸੈਫ਼ੇਲਸ (ਦਿਮਾਗ਼ ਵਿਚ ਪਾਣੀ ਪੈਣ ਦੀ ਬੀਮਾਰੀ) ਕਿਸੇ ਵਿਕਾਸਗਤ ਨੁਕਸ ਕਾਰਨ ਹੋ ਸਕਦੀਆਂ ਹਨ। ਕਈ ਬੀਮਾਰੀਆਂ ਸੱਟ ਲਗਣ ਨਾਲ, ਦਵਾਈਆਂ, ਭੋਜਨ, ਜ਼ਹਿਰਾਂ ਕਾਰਨ ਜਾਂ ਮੈਟਾਬਾਲਿਜ਼ਮ ਵਿਚਲੇ ਵਿਗਾੜਾ ਕਾਰਨ ਲਹੂ ਨਿਕਲਣ ਕਾਰਨ, ਲਾਗ ਕਾਰਨ, ਆੱਕਸੀਜਨ ਦੀ ਘਾਟ ਜਾਂ ਮਾੜਾ ਖ਼ੂਨ ਗੇੜ ਦੇ ਕਾਰਨ ਹੋ ਸਕਦੀਆਂ ਹਨ। ਕੁਝ ਕੇਸਾਂ ਵਿਚ ਨਸ ਪ੍ਰਣਾਲੀ ਦੀ ਬੀਮਾਰੀ ਪ੍ਰਾਇਮਰੀ ਹੁੰਦੀ ਹੈ ਜਿਵੇਂ ਮੈਨਿਨਜ਼ਾਈਟਸ ਵਿਚ ਦਿਮਾਗ਼ ਝਿੱਲੀ ਉਪਰ ਇਕ ਲਾਗ ਵਾਲਾ ਰੋਗਾਣੂ ਹਮਲਾ ਕਰਦਾ ਹੈ। ਕਈ ਕੇਸਾਂ ਵਿਚ ਨਸ ਪ੍ਰਣਾਲੀ ਵਿਗਾੜ ਸਰੀਰ ਦੇ ਕਿਸੇ ਹੋਰ ਹਿੱਸੇ ਵਿਚ ਪੈਦਾ ਹੋਏ ਵਿਗਾੜ ਕਾਰਨ ਹੁੰਦਾ ਹੈ, ਉਦਾਹਰਣ ਵਜੋਂ ਲਹੂ ਗੇੜ ਦੀ ਇਕ ਬੀਮਾਰੀ ਜਿਸ ਨਾਲ ਲਹੂ ਦੇ ਵਹਾਅ ਵਿਚ ਕਮੀ ਹੋ ਜਾਂਦੀ ਹੈ ਅਤੇ ਇਸ ਤਰ੍ਹਾਂ ਦਿਮਾਗ਼ ਨੂੰ ਪੂਰੀ ਆੱਕਸੀਜਨ ਨਾ ਮਿਲ ਸਕਣ ਕਾਰਨ ਵੀ ਦਿਮਾਗੀ ਨੁਕਸਾਂ ਦੇ ਲੱਛਣ ਪ੍ਰਗਟ ਹੋ ਸਕਦੇ ਹਨ। ਇਸ ਤਰ੍ਹਾਂ ਕਈ ਵਾਰ ਰਸੌਲੀਆਂ ਵੀ ਬਣ ਜਾਂਦੀਆਂ ਹਨ, ਜੋ ਇਲਾਜ ਯੋਗ (benign) ਵੀ ਹੋ ਸਕਦੀਆਂ ਹਨ ਅਤੇ ਘਾਤਕ ਵੀ ਹੋ ਸਕਦੀਆਂ ਹਨ। ਅਜਿਹੀਆਂ ਕਈ ਬੀਮਾਰੀਆਂ ਹੁੰਦੀਆਂ ਹਨ ਜਿਨ੍ਹਾਂ ਦੇ ਮੂਲ ਬਾਰੇ ਕੁਝ ਵੀ ਗਿਆਨ ਨਹੀਂ ਹੁੰਦਾ।

ਮਲਟੀਪਲ ਸਕਲੈਰੋਸਿਸ ਜੋ ਕਿ ਡੀਜੈਨਰੇਟਿਵ ਵਿਗਾੜਾਂ ਦੀ ਇਕ ਆਮ ਕਿਸਮ ਹੈ, ਵਿਚ ਨਸਾਂ ਦੇ ਦੁਆਲੇ ਦੀ ਪਰਤ ਮਾਈਲਿਨ (Myelin) ਵਿਚ ਵਿਗਾੜ ਪੈਦਾ ਹੋ ਜਾਂਦਾ ਹੈ ਅਤੇ ਇਸ ਦੇ ਕਾਰਨ ਦਾ ਪਤਾ ਨਹੀਂ ਲਗਦਾ। ਇਸ ਤਰ੍ਹਾਂ ਮਿਰਗੀ, ਮੀਗਰੇਨ, ਅੱਧੇ ਸਿਰ ਦਾ ਦਰਦ/ਸਿਰ ਦਰਦ ਅਤੇ ਕਈ ਹੋਰ ਕਾਰਨ ਅਜੇ ਵੀ ਅਸਪਸ਼ਟ ਹਨ।

ਦਿਮਾਗ਼ ਉਪਰ ਅਸਰ ਕਰਨ ਵਾਲੀਆਂ ਬੀਮਾਰੀਆਂ ਬਹੁਤ ਤਰ੍ਹਾਂ ਦੇ ਲੱਛਣ ਪੈਦਾ ਕਰਦੀਆਂ ਹਨ ਜਿਸ ਵਿਚ ਵਿਸ਼ੇਸ਼ ਸੂਝ ਦੇ ਨੁਕਸ ਜਿਵੇਂ ਅੰਨ੍ਹਾਪਣ ਜਾਂ ਬਹਿਰਾਪਨ, ਬਾਹਰਲੀ ਸੰਵੇਦਨਾ ਦੇ ਵਿਗਾੜ, ਪੇਸ਼ੀਆਂ ਦਾ ਲਕਵਾ/ਝੋਲਾ ਅਤੇ ਸੰਤੁਲਨ ਵਿਚ ਵਿਗਾੜ ਆਦਿ ਹਨ। ਇਸੇ ਤਰ੍ਹਾਂ ਸੁਖਮਣਾ-ਨਾੜੀ ਦੀ ਬੀਮਾਰੀ ਦੇ ਲੱਛਣ ਆਮ ਤੌਰ ਤੇ ਉਸ ਹਿੱਸੇ ਤੇ ਨਿਰਭਰ ਕਰਦੇ ਹਨ ਜਿਹੜਾ ਹਿੱਸਾ

ਅਸਰ ਹੇਠ ਆਇਆ ਹੋਵੇ। ਸਰਵਾਈਕਲ ਜਾਂ ਗਰਦਨ-ਪਸਲੀ ਖੇਤਰ ਵਿਚ ਹੋਏ ਨੁਕਸਾਨ ਨਾਲ ਬੀਮਾਰੀ ਦੇ ਲੱਛਣ ਨੱਕ ਅਤੇ ਬਾਂਹ ਵਿਚਾਲੇ ਹਿੱਸੇ ਵਿਚ ਅਤੇ ਸ਼ਾਇਦ ਕੁਝ ਹੇਠਾਂ ਤੱਕ ਹੁੰਦੇ ਹਨ ਜਦ ਕਿ ਕਮਰ ਜਾਂ ਲੱਕ ਦੇ ਵਿਚਾਲੇ ਕੰਗਰੋੜ ਦੇ ਕਿਸੇ ਹਿੱਸੇ ਵਿਚ ਪਾਏ ਨੁਕਸ ਦੇ ਕਾਰਨ ਪੈਦਾ ਹੋਣ ਵਾਲੇ ਲੱਛਣ ਆਮ ਤੌਰ ਤੇ ਧੜ ਜਾਂ ਲੱਤਾਂ ਵਿਚ ਪੈਦਾ ਹੋ ਸਕਦੇ ਹਨ। ਕੇਂਦਰੀ ਨਸ ਪ੍ਰਣਾਲੀ ਵਿਚ ਪੈਦਾ ਹੋਣ ਵਾਲੀਆਂ ਬੀਮਾਰੀਆ ਦਾ ਅਸਰ ਬਾਹਰਲੀਆਂ ਨਸਾਂ ਤੇ ਪੈਂਦਾ ਹੈ। ਇਹ ਨਸਾਂ ਨਿਊਰਾਇਟਸ (ਇਕ ਮਨੋ ਰੋਗ) ਜਿਹੇ ਕੇਸਾਂ ਅਤੇ ਹੋਰਨਾਂ ਅਜਿਹੀਆਂ ਹਾਲਤਾਂ ਵਿਚ ਸੁੱਜ ਵੀ ਜਾਂਦੀਆਂ ਹਨ।

ਸਾਈਕੋਸੋਮੈਟਿਕ ਜਾਂ ਮਨੋਸਰੀਰਕ ਬੀਮਾਰੀਆਂ ਨੂੰ ਕੇਂਦਰੀ ਪ੍ਰਣਾਲੀ ਦੀਆਂ ਫੰਕਸ਼ਨਲ ਬੀਮਾਰੀਆਂ ਕਿਹਾ ਜਾਂਦਾ ਹੈ। ਕਈ ਸਰੀਰਕ ਵਿਗਾੜਾਂ ਕਾਰਨ ਦਿਮਾਗੀ ਅਤੇ ਭਾਵਨਾਤਮਕ ਲੱਛਣ ਵੀ ਪੈਦਾ ਹੋ ਜਾਂਦੇ ਹਨ।

ਹ.ਪੁ.—ਐਨ.ਅਮੈ.20 : 111; ਐਨ.ਬ੍ਰਿ. 16 : 8

ਨਸਵਾਰ : ਇਹ ਪੀਸੇ ਹੋਏ ਤੰਬਾਕੂ ਤੋਂ ਬਣਾਇਆ ਹੋਇਆ ਇਕ ਪਦਾਰਥ ਹੈ। ਇਸ ਦੀ ਵਰਤੋਂ ਦੋ ਤਰੀਕਿਆਂ ਨਾਲ ਅਰਥਾਤ ਸੁੰਘ ਕੇ ਅਤੇ ਦੰਦਾਂ ਜਾਂ ਮਸੂੜਿਆਂ ਉੱਤੇ ਰਗੜ ਕੇ ਕੀਤੀ ਜਾਂਦੀ ਹੈ। ਸਭ ਤੋਂ ਪਹਿਲਾਂ ਸਤਾਰ੍ਹਵੀਂ ਸਦੀ ਵਿਚ ਇੰਗਲੈਂਡ ਵਿਖੇ ਨਸਵਾਰ ਸੁੰਘਣ ਦਾ ਰਿਵਾਜ਼ ਸ਼ੁਰੂ ਹੋਇਆ ਪਰ ਅਠਾਰ੍ਹਵੀਂ ਸਦੀ ਵਿਚ ਇਹ ਰਿਵਾਜ਼ ਸਾਰੀ ਦੁਨੀਆ ਵਿਚ ਪ੍ਰਚੱਲਿਤ ਹੋ ਗਿਆ।

ਨਸਵਾਰ ਬਣਾਉਣ ਲਈ 18 ਤੋਂ 20 ਮਹੀਨੇ ਲਗਦੇ ਹਨ। ਪਹਿਲਾਂ ਤੰਬਾਕੂ ਨੂੰ ਪੀਸ ਕੇ ਫ਼ਿਰ ਕਈ ਵਾਰ ਇਸ ਦਾ ਖ਼ਮੀਰ (Fermentation) ਉਠਾਇਆ ਜਾਂਦਾ ਹੈ। ਨਸਵਾਰ ਨੂੰ ਖੁਸ਼ਬੂਦਾਰ ਬਣਾਉਣ ਲਈ ਇਸ ਵਿਚ ਕਈ ਕਿਸਮਾਂ ਦੇ ਅੱਤਰ ਜਿਵੇਂ ਕਿ ਗੁਲਾਬ, ਚੰਬਾ ਅਤੇ ਲੌਂਗ ਆਦਿ ਦੇ ਅੱਤਰ ਮਿਲਾਏ ਜਾਂਦੇ ਹਨ।

ਪਹਿਲਾਂ ਪਹਿਲ ਲੋਕ ਇਸ ਨੂੰ ਤਾਜ਼ਾ ਹੀ ਰਗੜ ਕੇ ਵਰਤਦੇ ਸਨ। ਇਸ ਲਈ ਨਸਵਾਰ ਵਰਤਣ ਵਾਲਿਆਂ ਨੂੰ ਹਰ ਵਕਤ ਆਪਣੇ ਨਾਲ ਗ੍ਰੇਟਰ ਰੱਖਣਾ ਪੈਂਦਾ ਸੀ। ਇਸ ਕਰਕੇ ਹੀ 18 ਵੀਂ ਸਦੀ ਵਿਚ ਹਾਥੀ-ਦੰਦ ਅਤੇ ਹੋਰ ਧਾਤਾਂ ਦੇ ਗ੍ਰੇਟਰ ਆਮ ਮਿਲਦੇ ਸਨ। ਹੁਣ ਨਸਵਾਰ ਵਰਤਣ ਵਾਲੇ ਲੋਕ ਆਪਣੇ ਕੋਲ ਸੁਹਣੀਆਂ ਸੁਹਣੀਆਂ ਲੱਕੜੀ, ਚਾਂਦੀ, ਪਿੱਤਲ,ਹਾਥੀ ਦੰਦ ਅਤੇ ਹੋਰ ਧਾਤਾਂ ਦੀਆਂ ਡੱਬੀਆਂ ਰੱਖਦੇ ਹਨ।

ਹ.ਪੁ. — ਐਨ. ਬ੍ਰਿ. 20 : 856

ਨਸ਼ਾਦਰ : ਇਸ ਨੂੰ ਅਮੋਨੀਅਮ ਕਲੋਰਾਈਡ ਜਾਂ ਅਮੋਨੀਅਕ ਵੀ ਕਹਿੰਦੇ ਹਨ। ਇਹ ਹਾਈਡ੍ਰੋਕਲੋਰਿਕ ਐਸਿਡ ਦੇ ਅਮੋਨੀਆ ਨਾਲ ਉਦਾਸੀਨੀਕਰਣ (Neutralization) ਕਾਰਨ ਬਣਦਾ ਹੈ। ਇਸ ਨੂੰ ਜੌਹਰ ਉਡਾਉਣ (Sublimation) ਦੀ ਵਿਧੀ ਨਾਲ ਸੋਧਿਆ ਜਾਂਦਾ ਹੈ, ਇਹ ਗੈਲਵੇਨਾਈਜ਼ਿੰਗ (Galvanizing), ਕਲੱਈ ਕਰਨ (Tinning) ਅਤੇ ਸੋਲਡਰਿੰਗ ਗਾਲਕ (Soldering flux) ਵਿਚ ਮੁੱਖ ਅੰਸ਼ ਵਜੋਂ ਵਰਤਿਆ ਜਾਂਦਾ ਹੈ। ਨਸ਼ਾਦਰ ਉੱਚ-ਤਾਪਮਾਨ ਉੱਤੇ ਧਾਤ ਖੋਰਕ ਪਦਾਰਥਾਂ ਨਾਲ ਕਿਰਿਆ ਕਰਕੇ ਧਾਤ ਨੂੰ ਸਾਫ਼ ਕਰਨ ਵਿਚ ਸਹਾਈ ਹੁੰਦਾ ਹੈ। ਗੈਲਵੇਨਾਈਜ਼ਿੰਗ ਦੀ ਕਿਰਿਆ ਵਿਚ ਨਸ਼ਾਦਰ ਦੇ ਜ਼ਿੰਕ ਕਲੋਰਾਈਡ ਨਾਲ ਦੋਹਰੇ ਲੂਣ ($Zncl_2$. $2NH_4cl$ ਜਾਂ $Zncl_2$. $3NH_4Cl$) ਨੂੰ ਵਰਤਿਆ ਜਾਂਦਾ ਹੈ। ਟਾਂਕਾ ਲਾਉਣ ਅਤੇ ਬਰਤਨ ਕਲੱਈ ਕਰਨ ਵਿਚ ਇਸ ਦਾ ਉਪਯੋਗ ਕੀਤਾ ਜਾਂਦਾ ਹੈ। ਅਮੋਨੀਅਮ ਕਲੋਰਾਈਡ ਛਿੜਕਣ ਤੇ ਇਸ ਦੀ ਵਿਯੋਜਨ ਤੋਂ ਪ੍ਰਾਪਤ ਹੋਇਆ ਐਸਿਡ ਬਰਤਨ ਦੇ ਉਪਰਲੇ ਤਲ ਤੇ ਲੱਗੇ ਆੱਕਸਾਈਡ ਨੂੰ ਘੋਲ ਦਿੰਦਾ ਹੈ। ਇਸ ਪ੍ਰਕਾਰ ਬਰਤਨ ਸਾਫ਼ ਹੋ ਕੇ ਚਮਕਣ ਲਗ ਪੈਂਦਾ ਹੈ ਅਤੇ ਇਸ ਤੇ ਟਾਂਕਾਂ ਜਾਂ ਕਲੱਈ ਆਸਾਨੀ ਨਾਲ ਲਗ ਜਾਂਦੀ ਹੈ। ਸੋਲਡਰਿੰਗ ਗਾਲਕ ਵਜੋਂ ਅਮੋਨੀਅਮ ਕਲੋਰਾਈਡ ਸ਼ੁੱਧ ਰੂਪ ਵਿਚ ਜਾਂ ਜਲੀ ਘੋਲ ਦੇ ਰੂਪ ਵਿਚ ਜਾਂ ਪੈਰਾਫ਼ਿਨ-ਮੋਮ ਅਤੇ ਤੇਲਾਂ ਨਾਲ ਮਿਸ਼ਰਣ ਵਜੋਂ ਵਰਤਿਆ ਜਾਂਦਾ ਹੈ। ਇਸ ਤੋਂ ਇਲਾਵਾ ਇਸ ਦਾ ਪ੍ਰਯੋਗ ਖਾਂਸੀ, ਜ਼ੁਕਾਮ ਨੂੰ ਦੂਰ ਕਰਨ ਵਾਲੀਆਂ ਦਵਾਈਆਂ ਵਿਚ ਵੀ ਕੀਤਾ ਜਾਂਦਾ ਹੈ। ਇਸ ਦੀ ਜ਼ਿਆਦਾ ਵਰਤੋਂ ਸੁੱਕੇ ਸੈੱਲਾਂ ਵਿਚ ਕੀਤੀ ਜਾਂਦੀ ਹੈ। ਇਸ ਦੀ ਵਰਤੋਂ ਕਈ ਤਰ੍ਹਾਂ ਦੇ ਰੰਗਕ ਪਦਾਰਥ ਬਣਾਉਣ ਵਿਚ ਵੀ ਕੀਤੀ ਜਾਂਦੀ ਹੈ।

ਹ. ਪੁ.—ਐਨ. ਬ੍ਰਿ 1: 817; ਐਨ. ਬ੍ਰਿ. ਮਾ. 1 : 319

ਨਸੀਮੀ, ਸੱਯਦ ਇਮਾਇਦੀਨ : ਇਹ 14ਵੀਂ 15ਵੀਂ ਸਦੀ ਵਿਚ ਤੁਰਕੀ ਦੇ ਰਹੱਸਵਾਦੀ ਕਵੀਆਂ ਵਿਚੋਂ ਇਕ ਸੀ ਜਿਸ ਦੀ ਜਨਮ ਮਿਤੀ ਅਤੇ ਬਚਪਨ ਬਾਰੇ ਕੋਈ ਹਵਾਲਾ ਨਹੀਂ ਮਿਲਦਾ। ਇਸ ਦੀ ਜਾਣ ਪਛਾਣ ਅਸਤਰਾਬਾਦ ਦੇ ਇਕ ਈਰਾਨੀ ਰਹੱਸਵਾਦੀ ਫ਼ਜ਼ਲ ਅੱਲਾ ਜਿਹੜਾ ਇੰਤਹਾਪਸੰਦ ਧਾਰਮਿਕ ਫ਼ਿਰਕੇ ਹਰੂਫਿਸ ਦਾ ਮੋਢੀ ਸੀ, ਨਾਲ ਹੋ ਗਈ। ਹਰੂਫ਼ਵਾਦ ਇਕ ਅਜਿਹੀ ਫ਼ਿਲਾਸਫ਼ੀ ਸੀ ਜਿਸ ਦਾ ਸਬੰਧ ਅੰਕ-ਜੋਤਸ਼ ਨਾਲ ਸੀ। ਇਹ ਵਰਣਮਾਲਾ ਦੇ ਅੱਖਰਾਂ ਅਤੇ ਉਨ੍ਹਾਂ ਦੇ ਜੋੜਾਂ ਨਾਲ ਸਬੰਧਤ ਸੀ। ਫਜ਼ਲ ਅੱਲਾ ਇਸ ਫ਼ਿਰਕੇ ਦੇ ਲੋਕਾਂ ਦਾ ਇਕ ਮਿਸ਼ਨਰੀ ਬਣ ਗਿਆ। ਮੁਸਲਮਾਨ ਇਸ ਫਿਰਕੇ ਦੇ ਲੋਕਾਂ ਨੂੰ ਰੱਬ ਤੋਂ ਮੁਨਕਰ ਮੰਨਦੇ ਸਨ। ਇਸ ਲਈ ਇਸ ਦੇ ਗੁਰੂ ਵਾਂਗ ਇਸ ਦੀ ਵੀ ਖਲੜੀ ਉਧੇੜ ਕੇ ਇਸ ਨੂੰ ਮਾਰ ਦਿੱਤਾ ਗਿਆ।

ਨਸੀਮੀ ਨੇ ਫ਼ਾਰਸੀ, ਤੁਰਕੀ ਅਤੇ ਅਰਬੀ ਤਿੰਨੇ ਭਾਸ਼ਾਵਾਂ ਵਿਚ ਲਿਖਿਆ ਹੈ। ਤੁਰਕੀ ਵਿਚ ਲਿਖੇ ਇਸ ਦੇ ਕਵਿਤਾ ਸੰਗ੍ਰਹਿ ਜਾਂ ਦੀਵਾਨ ਵਿਚ ਢਾਈ ਤਿੰਨ ਸੌ ਗ਼ਜ਼ਲਾਂ ਅਤੇ 150 ਤੋਂ ਵੱਧ ਰੁਬਾਈਆਂ ਹਨ। ਇਸ ਦੀਆਂ ਕਵਿਤਾਵਾਂ ਵਿਚ ਸੂਫ਼ੀ ਅਤੇ ਹਰੂਫੀ ਦੋਵੇਂ ਰੰਗ ਮਿਲਦੇ ਹਨ। ਇਸ ਦਾ ਦੂਜਾ ਦੀਵਾਨ ਫ਼ਾਰਸੀ ਦਾ ਹੈ। ਇਸ ਦੀ ਕਵਿਤਾ ਸਰੋਦੀ ਹੈ ਅਤੇ ਸ਼ੈਲੀ ਇੰਨੀ ਸੁੰਦਰ ਹੈ ਕਿ ਤੁਰਕੀ ਸਾਹਿਤ ਦੇ ਇਤਿਹਾਸ ਵਿਚ ਨਸੀਮੀ ਨੂੰ ਬਹੁਤ ਉੱਚਾ ਸਥਾਨ ਪ੍ਰਾਪਤ ਹੈ।

ਹ. ਪੁ. -ਐਨ. ਬ੍ਰਿ. ਮਾ. 8:610

ਨਸੀਰਉੱਦੀਨ : ਇਹ ਈਰਾਨ ਦਾ ਇਕ ਬਾਦਸ਼ਾਹ ਸੀ ਜਿਹੜਾ ਮੁਹੰਮਦ ਸ਼ਾਹ ਅਤੇ ਮਹਾਰਾਣੀ ਕਾਜਾਰ (Qajar) ਦਾ ਪੁੱਤਰ ਸੀ। ਸੰਨ 1835 ਵਿਚ ਇਹ ਰਾਜ ਗੱਦੀ ਲਈ ਪ੍ਰਤੱਖ ਵਾਰਸ ਬਣ ਗਿਆ। ਜਨਵਰੀ 1948 ਵਿਚ ਇਸ ਨੂੰ ਅਜ਼ਰਬਾਈਜਾਨ ਦਾ ਗਵਰਨਰ ਬਣਾ ਦਿੱਤਾ ਗਿਆ। ਇਸ ਦੇ ਪਿਤਾ ਨੇ ਇਸ ਨੂੰ ਸਤੰਬਰ ਵਿਚ ਆਪਣਾ ਉਤਰਾਅਧਿਕਾਰੀ ਨਿਯੁਕਤ ਕਰ ਦਿੱਤਾ। ਇਸ ਨੇ ਖੁਰਸਾਨ ਵਿਚ ਕਈ ਵਾਰ ਬਗ਼ਾਵਤ ਨੂੰ ਦਬਾਇਆ। ਸੰਨ 1850 ਵਿਚ ਬੇਬੀ ਵਿਦਰੋਹ ਹੋਇਆ ਜਿਸ ਨੂੰ ਇਸ ਨੇ ਬੜੀ ਸਖ਼ਤੀ ਨਾਲ ਦਬਾ ਦਿੱਤਾ। ਪੈਰਿਸ ਦੀ ਸੰਧੀ ਖਤਮ ਹੋਣ ਮਗਰੋਂ 1856 ਵਿਚ ਇਸ ਨੇ ਹੈਰਾਤ ਸੂਬੇ ਉੱਤੇ ਕਬਜ਼ਾ ਕਰਨ ਲਈ ਅਗਵਾਈ ਕੀਤੀ। ਸੰਨ 1852 ਵਿਚ ਰੂਸ ਨੇ ਅਰੂਰਾਡਾ ਉੱਤੇ ਆਪਣਾ ਅਧਿਕਾਰ ਜਮਾ ਲਿਆ। ਸੰਨ 1890 ਵਿਚ ਰੂਸ ਅਤੇ ਈਰਾਨ ਵਿਚਕਾਰ ਰੇਲਵੇ ਲਾਈਨਾਂ ਦੀ ਤਿਆਰੀ ਲਈ ਇਕ ਦਸ-ਸਾਲਾ ਸਮਝੌਤਾ ਹੋਇਆ। ਇਸ ਨੇ ਵਿਦੇਸ਼ੀਆਂ ਨੂੰ ਵੀ ਕਈ ਰਿਆਇਤਾਂ ਦਿੱਤੀਆਂ ਜਿਨ੍ਹਾਂ ਵਿਚ ਬਰਤਾਨੀਆ ਨੂੰ ਭੇਜਣ ਵਾਲਾ ਤਮਾਕੂ ਵੀ ਸ਼ਾਮਲ ਸੀ। ਇਹ ਯੂਰਪ ਦਾ ਤਿੰਨ ਵਾਰ ਦੌਰਾ ਕਰਨ ਵਾਲਾ ਪਹਿਲਾ ਬਾਦਸ਼ਾਹ ਸੀ।

1 ਮਈ, 1896 ਨੂੰ ਇਸ ਦੀ ਮੌਤ ਹੋ ਗਈ।

ਹ. ਪੁ.- ਐਵ. ਐਨ. 9 : 21

ਨਸੀਰਾਬਾਦ : ਭਾਰਤ ਦੇ ਉੱਤਰ-ਪੱਛਮ ਵਿਚ ਰਾਜਸਥਾਨ ਰਾਜ ਦੇ ਅਜਮੇਰ ਜ਼ਿਲ੍ਹੇ ਦਾ ਇਕ ਸ਼ਹਿਰ ਅਤੇ ਛਾਉਣੀ ਹੈ ਜਿਹੜਾ ਅਜਮੇਰ ਸ਼ਹਿਰ ਤੋਂ 24 ਕਿ. ਮੀ. (15 ਮੀਲ) ਦੱਖਣ-ਦੱਖਣ-ਪੂਰਬ ਵੱਲ ਵਾਕਿਆ ਹੈ। ਸ਼ਹਿਰ ਅਤੇ ਛਾਉਣੀ ਦਾ ਖੇਤਰਫ਼ਲ ਲਗਭਗ 13 ਵ. ਕਿ. ਮੀ. ਹੈ। ਇਥੋਂ ਦੀ ਛਾਉਣੀ ਦੀ ਯੋਜਨਾ ਸਰ ਡੇਵਿਡ ਅਕਤਰਲੋਨਾ ਨੇ ਤਿਆਰ ਕੀਤੀ ਸੀ। ਇਹ ਛਾਉਣੀ ਇਕ ਵ. ਕਿ. ਮੀ. ਦੇ ਖੇਤਰ ਵਿੱਚ ਫੈਲੀ ਹੋਈ ਹੈ। ਇਸ ਦੇ ਆਲੇ-ਦੁਆਲੇ ਸ਼ਹਿਰ ਵਿਕਸਿਤ ਹੈ। ਅੰਗਰੇਜ਼ਾਂ ਦੇ ਰਾਜ ਸਮੇਂ ਇਸ ਸ਼ਹਿਰ ਵਿਚ ਜੰਗੀ ਤੋਪਖ਼ਾਨਾ, ਅੰਗਰੇਜ਼ ਥਲ ਸੈਨਾ ਦੀ ਇਕ ਰੈਜਮੈਂਟ, ਸਥਾਨਕ ਥਲ-ਸੈਨਾ ਦੀ ਇਕ ਰੈਜਮੈਂਟ ਅਤੇ ਰਸਾਲੇ ਦਾ ਇਕ ਦਸਤਾ ਮੌਜੂਦ ਹੁੰਦਾ ਸੀ। 28 ਮਈ, 1857 ਨੂੰ ਇਥੇ ਤੈਨਾਤ ਬੰਗਾਲ ਇਨਫੈਂਟਰੀ ਦੀਆਂ ਦੋ ਰੈਜਮੈਂਟਾਂ ਅਤੇ ਇਕ ਸਥਾਨਕ ਤੋਪਖ਼ਾਨੇ ਨੇ ਬਗਾਵਤ ਕਰ ਦਿੱਤੀ ਅਤੇ ਅਜਮੇਰ ਉੱਤੇ ਹਮਲਾ ਕਰਨ ਦੀ ਥਾਂ ਦਿੱਲੀ ਵੱਲ ਨੂੰ ਕੂਚ ਕਰ ਦਿੱਤਾ ਸੀ। ਮੁੰਬਈ ਦੀ ਘੋੜਸਵਾਰ ਰੈਜਮੈਂਟ ਨੇ ਅੰਗਰੇਜ਼ਾਂ ਦੀ ਰੱਖਿਆ ਕੀਤੀ ਅਤੇ ਸਾਰਾ ਸਮਾਂ ਉਨ੍ਹਾਂ ਦੀ ਵਫ਼ਾਦਾਰ ਰਹੀ। ਇਹ ਰਾਜਪੂਤਾਨਾ-ਮਾਲਵਾ ਰੇਲਵੇ ਲਾਈਨ ਉੱਤੇ ਇਕ ਸਟੇਸ਼ਨ ਹੈ। ਕੈਂਟੋਨਮੈਂਟ ਬੋਰਡ ਸਥਾਨਕ ਮਾਮਲਿਆਂ ਦਾ ਪ੍ਰਬੰਧ ਕਰਦੀ ਹੈ। ਇਸ ਸ਼ਹਿਰ ਵਿਚ ਇਕ ਹਾਈਡ੍ਰਾਲਿਕ ਪ੍ਰੈਸ ਵੀ ਹੈ।

ਆਬਾਦੀ–42, 208 (1991)

26° 18′ ਉ. ਵਿਥ. ; 74° 43′ ਪੂ. ਲੰਬ.

ਹ. ਪੁ. – ਇੰਪ. ਗ. ਇੰਡ 18 : 414

ਨਸੀਰਾਬਾਦ : ਇਹ ਪਾਕਿਸਤਾਨ ਦੇ ਬਲੋਚਿਸਤਾਨ ਪ੍ਰਾਂਤ ਦਾ ਇਕ ਜ਼ਿਲ੍ਹਾ ਹੈ ਜਿਸ ਦੇ ਉੱਤਰ-ਪੱਛਮ ਵੱਲ ਕਾਚੀ ਪੂਰਬ ਵੱਲ ਸੀਬੀ, ਦੱਖਣ-ਪੂਰਬ ਵੱਲ ਜੈਕੋਬਾਬਾਦ ਅਤੇ ਦੱਖਣ ਵੱਲ ਲੜਕਾਨਾ ਜ਼ਿਲ੍ਹਿਆਂ ਦੀਆਂ ਹੱਦਾਂ ਲਗਦੀਆਂ ਹਨ। ਇਸ ਦੀ ਆਬਾਦੀ 393,000 (1981) ਹੈ। ਟੈਂਪਲ ਡੇਰਾ ਇਥੋਂ ਦਾ ਸਦਰ ਮੁਕਾਮ ਹੈ। ਇਹ ਜ਼ਿਲ੍ਹਾ ਕਾਚੀ ਅਤੇ ਸੀਬੀ ਜ਼ਿਲ੍ਹਿਆਂ ਦੇ ਕੁਝ ਹਿੱਸਿਆਂ ਨੂੰ ਮਿਲਾ ਕੇ ਹੋਂਦ ਵਿੱਚ ਆਇਆ ਹੈ ਅਤੇ ਇਸ ਨੇ ਪੱਧਰ ਧਰਾਤਲ ਵਾਲੇ ਖ਼ੁਸ਼ਕ ਕਾਚੀ ਮੈਦਾਨ ਦੇ ਦੱਖਣੀ ਭਾਗ ਨੂੰ ਮੱਲਿਆ ਹੋਇਆ ਹੈ। ਨਾਰੀ ਦਰਿਆ ਮੁੱਖ ਤੌਰ ਤੇ ਇਸ ਜ਼ਿਲ੍ਹੇ ਦੀ ਜਲ ਨਿਕਾਸੀ ਕਰਦਾ ਹੈ। ਜਵਾਰ (ਸੋਰਗਮ), ਕਣਕ ਅਤੇ ਚੌਲ ਇਥੋਂ ਦੀਆਂ ਮੁੱਖ ਫ਼ਸਲਾਂ ਹਨ। ਇਥੇ ਊਠ ਅਤੇ ਹੋਰ ਪਸ਼ੂ ਪਾਲੇ ਜਾਂਦੇ ਹਨ। ਸ਼ੈਲਰ ਇਥੋਂ ਦੇ ਪ੍ਰਮੁੱਖ ਸਥਾਨਕ ਉਦਯੋਗ ਹਨ।

ਹ. ਪੁ.– ਐਨ. ਬ੍ਰਿ. ਮਾ. 8 : 523

(+) **ਨਸੀਰਾਬਾਦ (ਬੰਗਲਾ ਦੇਸ਼)** : ਜ਼ਿਲ੍ਹਾ—ਵੇਖੋ, ਮੈਮਨ ਸਿੰਘ

(++) **ਨਸੀਰਾਬਾਦ (ਬੰਗਲਾ ਦੇਸ਼)** : ਸ਼ਹਿਰ—ਵੇਖੋ, ਮੈਮਨ ਸਿੰਘ

ਨਸੀਰੁਦੀਨ ਮੁਹੰਮਦ ਸ਼ਾਹ : ਇਹ ਇਕ ਪ੍ਰਸਿੱਧ ਮੁਸਲਮਾਨ ਸ਼ਹਿਨਸ਼ਾਹ ਸੀ ਜਿਸ ਦਾ ਜਨਮ 7 ਅਗਸਤ, 1702 ਈ. ਨੂੰ ਜਹਾਨ ਸ਼ਾਹ ਦੇ ਘਰ ਹੋਇਆ। ਇਸ ਦੇ ਦਾਦੇ ਦਾ ਨਾਂ ਬਹਾਦਰ ਸ਼ਾਹ ਸੀ। ਸ਼ੁਰੂ ਤੋਂ ਰਾਗ ਰੰਗ ਵਿਚ ਮਸਤ ਰਹਿਣ ਕਾਰਨ ਇਸ ਨੂੰ ਮੁਹੰਮਦ ਸ਼ਾਹ 'ਰੰਗੀਲਾ' ਵੀ ਕਿਹਾ ਜਾਂਦਾ ਸੀ।

ਇਸ ਨੂੰ ਸੱਯਦਾਂ ਨੇ ਸ਼ਹਿਜ਼ਾਦਾ ਰੌਸ਼ਨ ਅਖ਼ਤਰ ਤੋਂ "ਮੁਹੰਮਦ ਸ਼ਾਹ" ਨਾਂ ਦੀ ਉਪਾਧੀ ਦੇ ਕੇ 28 ਸਤੰਬਰ, 1719 ਈ. ਨੂੰ ਤਖ਼ਤ ਤੇ ਬਿਠਾਇਆ। ਕਮਜ਼ੋਰ ਅਤੇ ਨਾ ਤਜਰਬੇਕਾਰ ਹੋਣ ਕਾਰਨ ਸੱਯਦਾਂ ਨੇ ਰਾਜ ਦੀ ਸਾਰੀ ਸ਼ਕਤੀ ਆਪਣੇ ਹੱਥਾਂ ਵਿੱਚ ਰੱਖੀ। ਨਿਜ਼ਾਮ-ਉਲ-ਮੁਲਕ ਜਿਸ ਨੂੰ ਮਾਲਵੇ ਦਾ ਸੂਬੇਦਾਰ ਨਿਯੁਕਤ ਕੀਤਾ ਗਿਆ ਸੀ, ਨੇ 3 ਮਾਰਚ, 1719 ਨੂੰ ਸੂਬੇ ਵੱਲ ਨੂੰ ਕੂਚ ਕਰ ਦਿੱਤਾ। ਆਪਣੇ ਚਾਚਾ ਛਬੇਲਾ ਰਾਮ ਦੀ ਥਾਂ ਤੇ ਅਲਾਹਬਾਦ ਦਾ ਸੂਬੇਦਾਰ ਬਣਨ ਮਗਰੋਂ ਗਿਰਧਰ ਬਹਾਦਰ ਨੇ ਸੰਧੀ ਕਰ ਲਈ ਅਤੇ ਕਿਲਾ ਖਾਲੀ ਕਰ ਦਿੱਤਾ ਅਤੇ ਅਪ੍ਰੈਲ, 1720 ਨੂੰ ਅਵਧ ਸੂਬੇ ਦੀ ਵਾਗ ਡੋਰ ਸੰਭਾਲਣ ਲਈ ਕੂਚ ਕਰ ਦਿੱਤਾ। ਨਿਜ਼ਾਮ-ਉਲ-ਮੁਲਕ ਵਲੋਂ ਮਈ, 1720 ਈ. ਵਿਚ ਖਾਂਦੇਸ਼ ਜਿਹੜਾ ਕਿ ਸੱਯਦ ਹੁਸੈਨ ਅਲੀ ਦੀ ਸੂਬੇਦਾਰੀ ਵਿਚ ਸ਼ਾਮਲ ਸੀ, ਉੱਤੇ ਹਮਲਾ ਕਰਨ ਕਾਰਨ ਉਸ ਦੀ ਸੱਯਦ ਭਰਾਵਾਂ ਨਾਲ ਅਣਬਣ ਹੋ ਗਈ। ਇਸ ਲਈ ਸੱਯਦਾਂ ਦੇ ਭਤੀਜੇ, ਦਿਲਾਵਰ ਖਾਂ ਨੂੰ ਨਿਜ਼ਾਮ ਦਾ ਪਿੱਛਾ ਕਰਕੇ ਉਸ ਨੂੰ ਸਜ਼ਾ ਦੇਣ ਦਾ ਹੁਕਮ ਦਿੱਤਾ ਗਿਆ ਪਰੰਤੂ ਨਿਜ਼ਾਮ ਨੇ ਇਸ ਅਰਸੇ ਦੌਰਾਨ ਅਸੀਰਗੜ੍ਹ ਅਤੇ ਬੁਰਹਾਨਪੁਰ ਨੂੰ ਆਪਣੇ ਕਬਜ਼ੇ ਵਿਚ ਲੈ ਲਿਆ ਸੀ। ਇਸ ਨੇ ਸੱਯਦਾਂ ਦੀ ਮਾਂ ਨਾਲ ਬਹੁਤ ਵਧੀਆ ਸਲੂਕ ਕੀਤਾ ਜਿਹੜੀ ਕਿ ਉਸ ਸਮੇਂ ਬੁਰਹਾਨਪੁਰ ਵਿਚ ਸੀ। ਇਸ ਤੋਂ ਮਗਰੋਂ ਉਸ ਨੇ ਦਿਲਾਵਰ ਖਾਂ ਨੂੰ ਖੰਡਵਾ ਵਿਖੇ ਹਰਾਇਆ ਅਤੇ ਮੌਤ ਦੇ ਘਾਟ ਉਤਾਰ ਦਿੱਤਾ। ਇਸ ਤੋਂ ਮਗਰੋਂ ਉਸ ਨੇ 10 ਅਗਸਤ, 1720 ਈ. ਨੂੰ ਹੁਸੈਨ ਅਲੀ ਖ਼ਾਂ ਦੇ ਭਤੀਜੇ ਅਤੇ ਡਿਪਟੀ ਆਲਮ ਅਲੀ ਖ਼ਾਂ ਨੂੰ ਸਿਕਸਤ ਦੇਣ ਮਗਰੋਂ ਮਾਰ ਦਿੱਤਾ।

ਇਸ ਖ਼ਬਰ ਨੇ ਸੱਯਦ ਭਰਾਵਾਂ ਨੂੰ ਬਹੁਤ ਪ੍ਰੇਸ਼ਾਨ ਕਰ ਦਿੱਤਾ ਅਤੇ ਉਨ੍ਹਾਂ ਦੇ ਬਹੁਤ ਸੋਚ ਵਿਚਾਰ ਕਰਨ ਮਗਰੋਂ ਇਹ ਫ਼ੈਸਲਾ ਕੀਤਾ ਕਿ ਹੁਸੈਨ ਅਲੀ ਸ਼ਹਿਨਸ਼ਾਹ ਨਾਲ ਨਿਜ਼ਾਮ-ਉਲ-ਮੁਲਕ ਨੂੰ ਦਬਾਉਣ ਲਈ ਦੱਖਣ ਨੂੰ ਕੂਚ ਕਰੇਗਾ ਜਦੋਂ ਕਿ ਅਬਦੁੱਲਾ ਖ਼ਾਂ ਰਾਜ ਪ੍ਰਬੰਧ ਚਲਾਉਣ ਲਈ ਦਿੱਲੀ ਵਿਖੇ ਹੀ ਰਹੇਗਾ।

ਸ਼ਹਿਨਸ਼ਾਹ ਦੱਖਣ ਨੂੰ ਹੀ ਜਾ ਰਿਹਾ ਸੀ ਕਿ ਹੁਸੈਨ ਅਲੀ ਵਿਰੁੱਧ ਇਕ ਸਾਜ਼ਸ਼ ਘੜੀ ਗਈ। ਇਸ ਸਾਜ਼ਸ਼ ਨੂੰ ਘੜਣ ਵਿੱਚ ਪ੍ਰਮੁੱਖ ਹੱਥ ਤੁਰਾਨੀ ਪਾਰਟੀ ਦੇ ਨੇਤਾ ਮੁਹੰਮਦ ਅਮੀਨ ਖ਼ਾਂ ਦਾ ਸੀ। ਹੋਰਨਾਂ ਤੋਂ ਇਲਾਵਾ ਮੀਰ ਮੁਹੰਮਦ ਅਮੀਨ ਅਤੇ ਹੈਦਰ ਅਲੀ ਖ਼ਾਂ ਵੀ ਇਸ ਸਾਜ਼ਸ਼ ਨੂੰ ਤਿਆਰ ਕਰਨ ਵਿੱਚ ਉਸ ਦੇ ਨਾਲ ਸਨ।

9 ਅਕਤੂਬਰ, 1720 ਨੂੰ ਸਵੇਰ ਸਾਰ ਜਿਉਂ ਹੁਸੈਨ ਅਲੀ, ਟੋਡਾ ਭੀਮ ਦੇ ਨੇੜੇ ਲਾਏ ਖ਼ੇਮੇ ਵਿਚ ਸ਼ਹਿਨਸ਼ਾਹ ਨੂੰ ਸਲਾਮ ਕਰਨ ਮਗਰੋਂ ਆਪਣੇ ਤੰਬੂਆਂ ਵੱਲ ਨੂੰ ਜਾਣ ਹੀ ਲਗਾ ਸੀ ਕਿ ਮੁਹੰਮਦ ਅਮੀਨ ਖਾਂ ਦੀ ਟੁਕੜੀ ਦੇ ਹੈਦਰ ਬੇਗ ਨਾਂ ਦੇ ਇਕ ਸਿਪਾਹੀ ਨੇ ਉਸ ਨੂੰ ਇਕ ਦਰਖ਼ਾਸਤ ਪੇਸ਼ ਕੀਤੀ ਅਤੇ ਹੁਸੈਨ ਅਲੀ ਉਸ ਨੂੰ ਪੜ੍ਹ ਹੀ ਰਿਹਾ ਸੀ ਕਿ ਉਸ ਨੇ ਮੀਰ ਬਖ਼ਸ਼ੀ ਦੀ ਵੱਖੀ ਵਿਚ ਛੁਰਾ ਖੋਭ ਕੇ ਉਸ ਨੂੰ ਮਾਰ ਦਿੱਤਾ।

ਸ਼ਹਿਨਸ਼ਾਹ ਨੂੰ ਫ਼ੌਜ ਦੀ ਅਗਵਾਈ ਕਰਨ ਲਈ ਖ਼ੇਮੇ ਵਿੱਚੋਂ ਬਾਹਰ ਆਉਣ ਲਈ ਬੇਨਤੀ ਕੀਤੀ ਗਈ ਅਤੇ ਕਤਲ ਕੀਤੇ ਹੋਏ ਸੱਯਦ ਦਾ ਸਮਾਨ ਤੇ ਜਾਇਦਾਦ ਲੁੱਟ ਲਈ ਗਈ। ਮੁਹੰਮਦ ਅਮੀਨ ਖ਼ਾਂ ਨੂੰ ਵਜ਼ੀਰ ਨਿਯੁਕਤ ਕੀਤਾ ਗਿਆ। ਇਤਮਾਦੁੱਦੌਲਾ ਦੀ ਉਪਾਧੀ ਦੇ ਕੇ 8,000 ਪਦ ਲਈ ਪਦ-ਉਨਤ ਕੀਤਾ ਗਿਆ।

ਸ਼ਹਿਨਸ਼ਾਹ ਦਿੱਲੀ ਨੂੰ ਵਾਪਸ ਆ ਗਿਆ ਅਤੇ 15 ਨਵੰਬਰ ਨੂੰ ਉਸ ਦੀ ਬਿਲੋਚਪੁਰ ਨੇੜੇ ਸੱਯਦ ਅਬਦੁੱਲਾ ਖ਼ਾਂ ਨਾਲ ਲੜਾਈ ਹੋਈ ਜਿਸ ਵਿੱਚ ਸੱਯਦ ਦੀ ਹਾਰ ਹੋਈ ਅਤੇ ਉਸ ਨੂੰ ਬੰਦੀ ਬਣਾ ਲਿਆ ਗਿਆ।

ਸ਼ਹਿਜ਼ਾਦੇ ਇਬਰਾਹੀਮ ਨੂੰ ਜਿਹੜਾ ਕਿ ਹੁਸੈਨ ਅਲੀ ਖ਼ਾਂ ਦੇ ਕਤਲ ਮਗਰੋਂ ਸੱਯਦ ਅਬਦੁੱਲਾ ਵਲੋਂ ਤਖ਼ਤ ਤੇ ਬਿਠਾ ਦਿੱਤਾ ਗਿਆ ਸੀ, ਸ਼ਹਿਨਸ਼ਾਹ ਦੇ ਸਾਹਮਣੇ ਪੇਸ਼ ਕੀਤਾ ਗਿਆ ਪ੍ਰੰਤੂ ਮੁਆਫ਼ੀ ਦੇਣ ਮਗਰੋਂ ਉਸ ਨੂੰ ਦਿੱਲੀ ਜੇਲ੍ਹ ਵਿਚ ਵਾਪਸ ਭੇਜ ਦਿੱਤਾ ਗਿਆ। ਸ਼ਹਿਨਸ਼ਾਹ ਜਿੱਤ ਦੇ ਨਗਾਰੇ ਵਜਾਉਂਦਾ ਹੋਇਆਂ 23 ਨਵੰਬਰ, 1720 ਨੂੰ ਦਿੱਲੀ ਵਿੱਚ ਦਾਖਲ ਹੋਇਆ। ਨਵੇਂ ਬਣੇ ਵਜ਼ੀਰ ਮੁਹੰਮਦ ਅਮੀਨ ਖ਼ਾਂ ਦੀ 30 ਜਨਵਰੀ, 1721 ਨੂੰ ਮੌਤ ਹੋ ਜਾਣ ਕਾਰਨ ਇਸ ਅਹੁਦੇ ਦੀ ਨਿਜ਼ਾਮ ਉਲ-ਮੁਲਕ ਨੂੰ ਪੇਸ਼ਕਸ਼ ਕੀਤੀ ਗਈ ਪਰੰਤੂ ਉਸ ਦੀ ਦੱਖਣ ਤੋਂ ਵਾਪਸੀ ਹੋਣ ਤਕ, ਉਸ ਦੀ ਥਾਂ ਤੇ ਇਨਾਇਤ-ਉੱਲਾ ਕਸ਼ਮੀਰੀ ਨੂੰ ਉਸ ਦਾ ਕਾਰਜ ਨਿਭਾਉਣ ਤੇ ਨਿਯੁਕਤ ਕਰ ਦਿੱਤਾ ਗਿਆ।

ਨਿਜ਼ਾਮ-ਉਲ-ਮੁਲਕ 29 ਜਨਵਰੀ, 1722 ਨੂੰ ਦਿੱਲੀ ਪਰਤਿਆ ਅਤੇ ਰਸਮੀ ਤੌਰ ਤੇ ਉਸ ਨੂੰ 21 ਫ਼ਰਵਰੀ, 1722 ਨੂੰ ਵਜ਼ੀਰ ਬਣਾਇਆ ਗਿਆ ਪਰੰਤੂ ਉਸ ਦੀ ਸ਼ਹਿਨਸ਼ਾਹ ਅਤੇ ਦੂਜੇ ਅਹਿਲਕਾਰਾਂ ਨਾਲ ਕੋਈ ਬਹੁਤੀ ਨਾ ਬਣ ਸਕੀ। ਉਹ ਇਕ ਬਹੁਤ ਹੀ ਅਭਿਲਾਸ਼ੀ ਵਿਅਕਤੀ ਸੀ ਅਤੇ ਮਾਲਵੇ ਨੂੰ ਆਪਣੇ ਦੱਖਣ ਦੇ ਛੇ ਪ੍ਰਾਂਤਾਂ ਦੀ ਸੂਬੇਦਾਰੀ ਵਿੱਚ ਸ਼ਾਮਲ ਕਰਨਾ ਚਾਹੁੰਦਾ ਸੀ। ਉਸ ਨੇ ਨੌਜਵਾਨ ਸ਼ਹਿਨਸ਼ਾਹ ਨੂੰ ਰਾਜ ਦੇ ਕੰਮਾਂ ਕਾਰਾਂ ਵਿਚ ਵਧੇਰੇ ਧਿਆਨ ਦੇਣ, ਖਲਸੀਆਂ ਜ਼ਮੀਨਾਂ ਨੂੰ ਮਹਿਸੂਲ ਉਗਰਾਹੀ ਲਈ ਠੇਕੇ ਉੱਤੇ ਨਾ ਦੇਣ ਅਤੇ ਹਿੰਦੂਆਂ ਉੱਤੇ ਦੁਬਾਰਾ 'ਜ਼ਜ਼ੀਆ' ਲਾਉਣ ਦੀ ਸਲਾਹ ਦਿੱਤੀ। ਜਦੋਂ ਸ਼ਹਿਨਸ਼ਾਹ ਨੇ ਉਸ ਦੀ ਕੋਈ ਸਲਾਹ ਨਾ ਮੰਨੀ ਤਾਂ ਉਹ ਸ਼ਿਕਾਰ ਖੇਡਣ ਦੇ ਬਹਾਨੇ 18 ਦਸੰਬਰ, 1723 ਨੂੰ ਦਿੱਲੀ ਛੱਡ ਕੇ ਦੱਖਣ ਵੱਲ ਵਾਪਸ ਚਲਾ ਗਿਆ। ਇਸ ਲਈ ਮੁਹੰਮਦ ਅਮੀਨ ਖ਼ਾਂ ਦੇ ਪੁੱਤਰ, ਕਮਰ-ਉੱਦ-ਦੀਨ ਖ਼ਾਂ ਨੂੰ ਵਜ਼ੀਰ ਨਿਯੁਕਤ ਕੀਤਾ ਗਿਆ।

ਨਿਜ਼ਾਮੁਲ-ਮੁਲਕ ਨੇ ਆਪਣੇ ਆਪ ਨੂੰ ਦੱਖਣ ਦੇ 6 ਸੂਬਿਆਂ ਦਾ ਆਜ਼ਾਦ ਹੁਕਮਰਾਨ ਸਥਾਪਤ ਕਰ ਲਿਆ ਅਤੇ ਹੈਦਰਾਬਾਦ ਨੂੰ ਆਪਣੀ ਰਾਜਧਾਨੀ ਬਣਾ ਲਿਆ ਪਰੰਤੂ ਮਰਹੱਟਿਆਂ ਦੇ ਨਿਰੰਤਰ ਹਮਲਿਆਂ ਨੇ ਤਾਂ ਨਿਜ਼ਾਮ ਲਈ ਮੁਸੀਬਤ ਹੀ ਖੜੀ ਕੀਤੀ ਹੋਈ ਸੀ। ਬਾਜੀ ਰਾਓ ਨੇ ਉਸ ਨੂੰ ਕਈ ਵਾਰ ਹਰਾਇਆ ਪਰੰਤੂ ਆਪਣਾ ਰਾਜ ਬਚਾਉਣ ਖ਼ਾਤਰ ਉਸ ਨੇ ਬੜੀ ਚੁਸਤੀ ਅਤੇ ਮੱਕਾਰੀ ਨਾਲ ਬਾਜੀ ਰਾਓ ਨੂੰ ਇਹ ਸਲਾਹ ਦਿੱਤੀ ਕਿ ਉਹ ਉੱਤਰੀ ਭਾਰਤ ਵੱਲ ਨੂੰ ਮਰਹੱਟਾ ਤਾਕਤ ਦਾ ਵਿਸਥਾਰ ਕਰੇ।

ਇਸ ਸਲਾਹ ਨੂੰ ਸਤਿਕਾਰਦੇ ਹੋਏ ਪੇਸ਼ਵਾ ਬਾਜੀ ਰਾਓ ਨੇ 1731 ਈ. ਵਿੱਚ ਉੱਤਰੀ ਭਾਰਤ ਵਿੱਚ ਪੈਂਦੇ ਮੁਗ਼ਲ ਇਲਾਕੇ ਉੱਤੇ ਆਪਣੇ ਸਾਲਾਨਾ ਹਮਲੇ ਸ਼ੁਰੂ ਕਰ ਦਿੱਤੇ ਅਤੇ ਕਈ ਇਲਾਕੇ ਸਰ ਕਰ ਲਏ। ਸ਼ਹਿਨਸ਼ਾਹ ਨੇ ਉਸ ਨੂੰ ਖੁਸ਼ ਕਰਨ ਲਈ ਮਾਲਵੇ ਦੇ ਸੂਬੇਦਾਰ ਵਜੋਂ ਮਾਨਤਾ ਦੇਣ ਦਾ ਇਕਰਾਰ ਕੀਤਾ ਪਰੰਤੂ ਉਸ ਦੀ ਇਸ ਤੇ ਤਸੱਲੀ ਨਾ ਹੋਈ ਅਤੇ ਉਸ ਨੇ ਸਾਰਾ ਮਾਲਵਾ, ਚੰਬਲ ਦੇ ਦੱਖਣ ਵਿੱਚ ਪੈਂਦੇ ਇਲਾਕੇ ਅਤੇ ਹਿੰਦੂ ਤੀਰਥ ਅਸਥਾਨਾਂ, ਜਿਵੇਂ ਕਿ ਅਲਾਹਾਬਾਦ, ਬਨਾਰਸ, ਗਯਾ ਅਤੇ ਮਾਥੁਰਾ ਆਦਿ ਨੂੰ ਆਪਣੇ ਰਾਜ ਵਿੱਚ ਮਿਲਾਉਣ ਦੀ ਮੰਗ ਕੀਤੀ। ਉਸ ਨੇ ਦੱਖਣ ਦੇ ਛੇ ਸੂਬਿਆਂ ਵਿੱਚੋਂ ਮਰਹੱਟਿਆਂ ਨੂੰ ਚੌਥ ਅਤੇ ਸਰਦੇਸ਼ ਮੁਖੀ ਕਰ ਉਗਰਾਉਣ ਅਤੇ 50 ਲੱਖ ਰੁਪਏ ਦੀ ਆਮਦਨ ਦੇਣ ਵਾਲੀ ਇਕ ਸਾਲਾਨਾ ਜਾਗੀਰ ਉਨ੍ਹਾਂ ਦੇ ਨਾਂ ਲਾਉਣ ਲਈ ਮੰਗ ਰੱਖੀ। ਸ਼ਹਿਨਸ਼ਾਹ ਵਲੋਂ ਇਹ ਨਾਜਾਇਜ਼ ਮੰਗਾਂ ਠੁਕਰਾ ਦਿੱਤੀਆਂ ਗਈਆਂ ਅਤੇ ਸ਼ਾਹੀ ਫ਼ੌਜਾਂ ਨੂੰ ਪੇਸ਼ਵਾ ਦਾ ਡਟ ਕੇ ਮੁਕਾਬਲਾ ਕਰਨ ਦਾ ਹੁਕਮ ਦੇ ਦਿੱਤਾ ਗਿਆ। ਸ਼ਹਿਨਸ਼ਾਹ ਵਲੋਂ ਨਿਜ਼ਾਮ-ਉਲ-ਮੁਲਕ ਨੂੰ ਵੀ ਮਰਹੱਟਾ ਸ਼ਕਤੀ ਦਾ ਅੰਤ ਕਰਨ ਲਈ ਭੇਜਿਆ ਗਿਆ ਪਰੰਤੂ ਉਹ ਵੀ ਹਾਰ ਗਿਆ ਅਤੇ ਉਸ ਨੂੰ 17 ਜਨਵਰੀ, 1738 ਨੂੰ ਸਿਰੌਂਜ ਦੇ ਸਥਾਨ ਦੇ ਨੇੜੇ ਮਜਬੂਰੀ ਬਸ ਅਹਿਮਦਨਾਮਾ ਕਰਨਾ ਪਿਆ। ਇਸ ਅਹਿਮਦਨਾਮੇ ਵਿੱਚ ਬਾਜੀ ਰਾਓ ਲਈ ਸਾਰੇ ਮਾਲਵੇ, ਨਰਮਦਾ ਅਤੇ ਚੰਬਲ ਦਰਿਆਵਾਂ ਦੇ ਵਿਚਕਾਰਲੇ ਇਲਾਕੇ ਉੱਤੇ ਪ੍ਰਭੂਸੱਤਾ ਅਤੇ 5 ਮਿਲੀਅਨ ਰੁਪਏ ਦੀ ਸਬਸਿਡੀ ਪ੍ਰਾਪਤ ਕਰਨ ਦਾ ਇਕਰਾਰ ਕੀਤਾ ਗਿਆ।

ਮੁਗਲ ਸਮਾਰਾਜ ਦੇ ਦੋ ਹੋਰ ਸੂਬੇ ਅਵਧ ਤੇ ਬੰਗਾਲ ਵੀ ਅਸਲ ਵਿੱਚ ਇਸ ਦੇ ਰਾਜ ਕਾਲ ਵਿੱਚ ਹੀ ਆਜ਼ਾਦ ਹੋ ਗਏ ਸਨ ਅਤੇ ਬਾਅਦ ਵਿਚ ਅਲੀਵਰਦੀ ਖ਼ਾਂ ਬੰਗਾਲ, ਬਿਹਾਰ ਅਤੇ ਉੜੀਸਾ ਦਾ ਸੂਬੇਦਾਰ ਬਣਿਆਂ ਜਿਸ ਨੂੰ ਸ਼ਹਿਨਸ਼ਾਹ ਵਲੋਂ ਵੀ ਮਾਨਤਾ ਦੇ ਦਿੱਤੀ ਗਈ ਅਤੇ ਅਸਲ ਵਿੱਚ ਉਹ 21 ਮਈ, 1740 ਤੋਂ ਆਜ਼ਾਦ ਹੋ ਗਿਆ ਸੀ।

ਹੁਣ ਕੇਂਦਰੀ ਸਰਕਾਰ ਇੰਨੀ ਕਮਜ਼ੋਰ ਹੋ ਚੁੱਕੀ ਸੀ ਕਿ 1739 ਈ. ਵਿੱਚ ਨਾਦਰ ਸ਼ਾਹ ਨੇ ਹਿੰਦੋਸਤਾਨ ਉੱਤੇ ਹਮਲਾ ਕਰ ਦਿੱਤਾ। ਨਾਦਿਰ ਸ਼ਾਹ ਨੇ ਕੰਧਾਰ, ਗ਼ਜ਼ਨੀ, ਕਾਬਲ, ਜਮਰੌਦ ਅਤੇ ਪਿਸ਼ਾਵਰ ਨੂੰ ਜਿੱਤ ਕੇ 29 ਜੂਨ, 1938 ਨੂੰ ਪੰਜਾਬ ਉੱਤੇ ਹਮਲਾ ਕਰ ਦਿੱਤਾ। ਸਿੰਧ ਦਰਿਆ ਨੂੰ ਪਾਰ ਕਰਕੇ ਲਾਹੌਰ ਦੇ ਸੂਬੇਦਾਰ ਨੂੰ ਹਰਾਉਣ ਤੋਂ ਮਗਰੋਂ ਜਦੋਂ ਉਸ ਨੂੰ ਪਤਾ ਲੱਗਿਆ ਕਿ ਮੁਹੰਮਦ ਸ਼ਾਹ ਉਸ ਦੇ ਮੁਕਾਬਲੇ ਲਈ ਅੱਗੋਂ ਆ ਰਿਹਾ ਹੈ ਤਾਂ ਨਾਦਿਰ ਸ਼ਾਹ ਨੇ ਕਰਨਾਲ ਦੇ ਨੇੜੇ ਹੀ ਆਪਣਾ ਡੇਰਾ ਲਾ ਲਿਆ। ਮੁਹੰਮਦ ਸ਼ਾਹ ਨੇ ਆਪਣੀ ਵਿਸ਼ਾਲ ਸੈਨਾ ਨਾਲ ਕਰਨਾਲ ਵਿੱਚ ਅਲੀ ਮਰਦਾਨ ਖ਼ਾਂ ਨਾਂ ਦੀ ਨਹਿਰ ਦੇ ਨੇੜੇ ਮੋਰਚਾਬੰਦੀ ਕਰ ਲਈ। ਅਵਧ ਦੇ ਸੂਬੇਦਾਰ ਸਾਅਦਤ ਖ਼ਾਂ ਬਰਹਾਨ-ਉਲ-ਮੁਲਕ ਅਤੇ 'ਖਾਨ ਕੌਰਾਂ' ਨੇ 24 ਫ਼ਰਵਰੀ, 1739 ਈ. ਨੂੰ ਕਰਨਾਲ ਦੀ ਲੜਾਈ ਵਿੱਚ ਸ਼ਹਿਨਸ਼ਾਹ ਦਾ ਸਾਥ ਦਿੱਤਾ। ਬਰਹਾਨ-ਉਲ-ਮੁਲਕ ਜ਼ਖ਼ਮੀ ਹਾਲਤ ਵਿਚ ਬੰਦੀ ਬਣਾ ਲਿਆ ਗਿਆ ਅਤੇ ਖ਼ਾਨ ਕੌਰਾਂ ਬੁਰੀ ਤਰ੍ਹਾਂ ਜ਼ਖ਼ਮੀ ਹਾਲਤ ਵਿੱਚ ਦਮ ਤੋੜ ਗਿਆ। ਨਾਦਿਰ ਸ਼ਾਹ ਦੀ ਜਿੱਤ ਹੋਈ ਅਤੇ ਦੋਹਾਂ ਪਾਸਿਆਂ ਦੀਆਂ ਫ਼ੌਜਾਂ ਸ਼ਾਮ ਨੂੰ ਆਪਣੇ-ਆਪਣੇ ਤੰਬੂਆਂ ਵਿਚ ਵਾਪਸ ਚਲੀਆਂ ਗਈਆਂ।

ਬੰਦੀ ਬਣਾਏ ਹੋਏ ਬਰਹਾਨ-ਉਲ-ਮੁਲਕ ਨੇ ਨਾਦਿਰ ਸ਼ਾਹ ਨਾਲ ਕੀਤੀ ਆਪਣੀ ਮੁਲਾਕਾਤ ਵਿੱਚ ਉਸ ਨੂੰ ਸ਼ਹਿਨਸ਼ਾਹ ਦੀ ਫ਼ੌਜੀ ਤਾਕਤ ਨੂੰ ਵਧਾ-ਚੜ੍ਹਾ ਕੇ ਦੱਸਿਆ ਅਤੇ ਨਾਦਿਰ ਸ਼ਾਹ ਨੂੰ ਸਲਾਹ ਦਿੱਤੀ ਕਿ ਉਹ 2 ਕਰੋੜ ਰੁਪਏ ਦਾ ਹਰਜਾਨਾ ਪ੍ਰਾਪਤ ਕਰ ਲੈਣ ਅਤੇ ਵਾਪਸ ਈਰਾਨ ਚਲੇ ਜਾਣ। ਹਮਲਾਵਰ ਨੇ ਨਿਜ਼ਾਮ-ਉਲ-ਮੁਲਕ ਦੀ ਵਿਚੋਲਗੀ ਲਈ ਇਹ ਪੇਸ਼ਕਸ਼ ਤਾਂ ਪ੍ਰਵਾਨ ਕਰ ਲਈ ਪਰੰਤੂ ਬਰਹਾਨ-ਉਲ-ਮੁਲਕ ਨੂੰ ਬਹੁਤ ਗੁੱਸਾ ਆ ਗਿਆ ਅਤੇ ਉਸ ਨੇ ਨਾਦਿਰ ਸ਼ਾਹ ਨੂੰ 20 ਕਰੋੜ ਦਾ ਹਰਜ਼ਾਨਾ ਲੈਣ ਲਈ ਉਕਸਾ ਦਿੱਤਾ।

ਮੁਹੰਮਦ ਸ਼ਾਹ ਦੋ ਵਾਰ ਨਾਦਿਰ ਸ਼ਾਹ ਦੇ ਖੇਮੇ ਵਿੱਚ ਗਿਆ ਅਤੇ ਅਖ਼ੀਰ ਇਹ ਫ਼ੈਸਲਾ ਹੋਇਆ ਕਿ ਨਾਦਿਰ ਸ਼ਾਹ ਦਿੱਲੀ ਨੂੰ ਕੂਚ ਕਰੇਗਾ ਅਤੇ ਉਸੇ ਸ਼ਹਿਨਸ਼ਾਹ ਤੋਂ ਹਰਜਾਨਾ ਵਸੂਲ ਕਰੇਗਾ।

ਨਾਦਿਰ ਸ਼ਾਹ ਸ਼ਹਿਨਸ਼ਾਹ ਦੇ ਨਾਲ ਹੀ ਦਿੱਲੀ ਨੂੰ ਰਵਾਨਾ ਹੋ ਗਿਆ ਅਤੇ ਉਸ ਨੇ ਦਿੱਲੀ ਤੋਂ ਲ. 10 ਕਿ. ਮੀ. (6 ਮੀਲ) ਉੱਤਰ ਵੱਲ ਸ਼ਾਲੀਮਾਰ ਬਾਗ ਵਿੱਚ ਡੇਰਾ ਲਾ ਲਿਆ ਅਤੇ ਮੁਗ਼ਲ ਸ਼ਹਿਨ-ਸ਼ਾਹ ਮੁਹੰਮਦ ਸ਼ਾਹ ਨੂੰ ਆਪਣੇ ਸੁਆਗਤ ਲਈ ਅਗਾਊਂ ਦਿੱਲੀ ਭੇਜ

ਦਿੱਤਾ। 20 ਮਾਰਚ, 1739 ਨੂੰ ਈਦ-ਉਲ-ਜ਼ੁਹਾ ਅਤੇ ਈਰਾਨੀਆਂ ਦੇ ਨਵੇਂ ਸਾਲ ਵਾਲੇ ਦਿਨ ਨਾਦਿਰ ਸ਼ਾਹ ਨੇ ਬੜੀ ਸ਼ਾਨੋ-ਸ਼ੌਕਤ ਨਾਲ ਦਿੱਲੀ ਵਿੱਚ ਪ੍ਰਵੇਸ਼ ਕੀਤਾ। ਦਿੱਲੀ ਦੀਆਂ ਸਾਰੀਆਂ ਮਸਜਿਦਾਂ ਵਿੱਚ ਨਾਦਿਰ ਦੇ ਨਾਂ ਖ਼ੁਤਬਾ ਪੜ੍ਹਿਆ ਗਿਆ। 22 ਮਾਰਚ ਵਾਲੇ ਦਿਨ ਸ਼ਹਿਰ ਵਿਚ ਫ਼ਸਾਦ ਹੋ ਗਿਆ ਅਤੇ ਈਰਾਨੀ ਸਿਪਾਹੀਆਂ ਉੱਤੇ ਹਮਲਾ ਕੀਤਾ ਗਿਆ ਅਤੇ ਕੁਝ ਨੂੰ ਮਾਰ ਵੀ ਦਿੱਤਾ ਗਿਆ। ਉਸ ਸਮੇਂ ਨਾਦਿਰ ਸ਼ਾਹ ਦੀ ਮੌਤ ਬਾਰੇ ਵੀ ਅਫ਼ਵਾਹਾਂ ਫੈਲਾ ਦਿੱਤੀਆਂ ਗਈਆਂ। ਨਾਦਿਰ ਸ਼ਾਹ ਨੇ ਅਗਲੇ ਦਿਨ ਦਿੱਲੀ ਦੇ ਕਸੂਰਵਾਰ ਲੋਕਾਂ ਦਾ ਕਤਲੇਆਮ ਕਰਨ ਲਈ ਆਪਣੀਆਂ ਫ਼ੌਜਾਂ ਨੂੰ ਹੁਕਮ ਦੇ ਦਿੱਤਾ। ਅੱਠ ਘੰਟੇ ਕਤਲੇਆਮ ਹੁੰਦਾ ਰਿਹਾ ਅਤੇ ਇਸ ਵਿਚ ਮਰਨ ਵਾਲਿਆਂ ਦੀ ਗਿਣਤੀ 30,000 ਪੁੱਜ ਗਈ। ਸ਼ਾਮ ਨੂੰ ਮੁਹੰਮਦ ਸ਼ਾਹ ਵਲੋਂ ਬੇਨਤੀ ਕਰਨ ਤੇ ਨਾਦਿਰ ਸ਼ਾਹ ਨੇ ਕਤਲੇਆਮ ਬੰਦ ਕਰਨ ਦਾ ਹੁਕਮ ਦਿੱਤਾ।

ਦਿੱਲੀ ਵਿੱਚ ਨਾਦਿਰ ਸ਼ਾਹ 15 ਮਈ, 1739 ਈ. ਤਕ ਰਿਹਾ ਅਤੇ ਉਸ ਨੇ ਸਾਰੇ ਸ਼ਾਹੀ ਖ਼ਜ਼ਾਨਿਆਂ ਜਿਨ੍ਹਾਂ ਵਿੱਚ ਮੋਤੀ, ਹੀਰੇ, ਕੋਹਿਨੂਰ ਹੀਰਾ ਅਤੇ ਮਸ਼ਹੂਰ ਤਖ਼ਤੇ ਤਾਊਸ ਵੀ ਸ਼ਾਮਲ ਸਨ, ਆਪਣੇ ਕਬਜ਼ੇ ਵਿੱਚ ਲੈ ਲਏ। ਉਸ ਨੇ ਸਾਰੇ ਰਈਸਾਂ ਲਈ ਹਰਜਾਨੇ ਦੀ ਰਕਮ ਵੀ ਨਿਸ਼ਚਿਤ ਕਰ ਦਿੱਤੀ ਅਤੇ ਉਨ੍ਹਾਂ ਨੂੰ ਅਦਾਇਗੀ ਕਰਨ ਦਾ ਵੀ ਹੁਕਮ ਦੇ ਦਿੱਤਾ। ਬਰਹਾਨ-ਉਲ-ਮੁਲਕ ਤਾਂ ਜ਼ਹਿਰ ਖਾ ਕੇ ਹੀ ਮਰ ਗਿਆ ਪਰੰਤੂ ਉਸ ਦੇ ਹਿੱਸੇ ਦੇ ਬਣਦੇ ਦੋ ਕਰੋੜ ਰੁਪਏ ਉਸ ਦੇ ਜਾਨਸ਼ੀਨ ਸਫ਼ਦਰਜੰਗ ਨੇ ਦਿੱਤੇ।

ਮੁਹੰਮਦ ਸ਼ਾਹ ਨੂੰ ਦਿੱਲੀ ਦਾ ਦੁਬਾਰਾ ਤਖ਼ਤ ਸੰਭਾਲ ਕੇ ਅਤੇ ਉਸ ਨੂੰ ਨਿਜ਼ਾਮ-ਉਲ-ਮੁਲਕ ਦੇ ਮੱਕਾਰੀ ਸੁਭਾਅ ਤੋਂ ਚੁਕੰਨਾ ਕਰਕੇ ਨਾਦਿਰ ਸ਼ਾਹ ਨੇ 16 ਮਈ, 1739 ਨੂੰ ਦਿੱਲੀ ਤੋਂ ਈਰਾਨ ਵੱਲ ਵਾਪਸੀ ਲਈ ਕੂਚ ਕਰ ਦਿੱਤਾ। ਉਸ ਦੇ ਲੁੱਟ ਦੇ ਮਾਲ ਵਿਚ ਹੀਰੇ, ਸੋਨੇ, ਚਾਂਦੀ ਦੇ ਬਰਤਨ, ਫ਼ਰਨੀਚਰ, ਹੋਰ ਕੀਮਤੀ ਸਮਾਨ, 1000 ਹਾਥੀ, 7000 ਘੋੜੇ, 10,000 ਊਠ, 100 ਹੀਜੜੇ, 130 ਲਿਖਾਰੀ ਅਤੇ ਕਲਰਕ, 200 ਮਕਾਨ ਬਣਾਉਣ ਵਾਲੇ ਠੇਕੇਦਾਰ, 100 ਰਾਜ ਮਿਸਤਰੀ ਅਤੇ 200 ਤਰਖਾਣਾਂ ਤੋਂ ਇਲਾਵਾ 30 ਕਰੋੜ ਰੁਪਏ ਦੀ ਨਕਦੀ ਵੀ ਸ਼ਾਮਲ ਸੀ। ਇਸ ਤੋਂ ਇਲਾਵਾ ਉਸ ਨੇ ਕਾਬਲ ਦੇ ਸੂਬੇ ਨੂੰ ਸ਼ਹਿਨਸ਼ਾਹ ਦੇ ਰਾਜ ਵਿਚੋਂ ਕੱਢ ਕੇ ਪਰਸ਼ੀਆ ਵਿੱਚ ਮਿਲਾ ਦਿੱਤਾ।

ਨਾਦਿਰ ਸ਼ਾਹ ਦੇ ਹਮਲੇ ਨੇ ਮੁਹੰਮਦ ਸ਼ਾਹ ਅਤੇ ਉਸ ਦੇ ਦਰਬਾਰ ਨੂੰ ਬਹੁਤ ਹੀ ਕਮਜ਼ੋਰ ਕਰ ਦਿੱਤਾ ਅਤੇ ਨਾਲ ਹੀ ਉਸ ਨੂੰ ਅਤੇ ਦੇਸ਼ ਨੂੰ ਅਤਿ ਜ਼ਲੀਲ ਹੋਣਾ ਪਿਆ। ਭਾਵੇਂ ਇਹ ਨਿਜ਼ਾਮ-ਉਲ-ਮੁਲਕ ਪ੍ਰਤੀ ਸ਼ੱਕੀ ਤਾਂ ਹੋ ਗਿਆ ਸੀ ਪਰੰਤੂ ਨਾ ਤਾਂ ਇਹ ਕਮਰ-ਉਦ-ਦੀਨ ਨੂੰ ਵਜ਼ੀਰੀ ਤੋਂ ਲਾਹੁਣ ਦਾ ਹੌਸਲਾ ਕਰ ਸਕਿਆ ਅਤੇ ਨਾ ਹੀ ਰਾਜ ਪ੍ਰਬੰਧ ਦੇ ਪੁਨਰ-ਸੰਗਠਨ ਸਬੰਧੀ ਕੋਈ ਨਵਾਂ ਕਦਮ ਹੀ ਚੁਕ ਸਕਿਆ। ਹਰ ਪਾਸੇ ਨਿਘਾਰ ਆਉਂਦਾ ਗਿਆ ਅਤੇ ਦੇਸ਼ ਵਿੱਚ ਅਰਾਜਕਤਾ ਫੈਲ ਗਈ।

ਮਰਹੱਟਿਆਂ ਨੇ ਮਾਲਵਾ, ਗੁਜਰਾਤ ਅਤੇ ਬੁਦੇਲ ਖੰਡ ਅਤੇ ਇਥੋਂ ਤੱਕ ਇਨ੍ਹਾਂ ਸੂਬਿਆਂ ਦੇ ਉੱਤਰ ਵੱਲ ਪੈਂਦੇ ਇਲਾਕੇ ਉੱਤੇ ਪਹਿਲਾਂ ਵਾਂਗ ਹੀ ਹਮਲੇ ਕਰਨੇ ਸ਼ੁਰੂ ਕਰ ਦਿੱਤੇ। ਰਘੂ ਜੀ ਤੇ ਭੋਂਸਲੇ ਨੇ ਬੰਗਾਲ, ਬਿਹਾਰ ਅਤੇ ਉੜੀਆਂ ਦੇ ਇਲਾਕਿਆਂ ਤੋਂ 'ਚੌਥ' ਦਾ ਕਰ ਵਸੂਲਣ ਲਈ ਹਮਲੇ ਸ਼ੁਰੂ ਕਰ ਦਿੱਤੇ। ਅਲੀ ਮੁਹੰਮਦ ਖ਼ਾਂ ਰੁਹੇਲਾ ਨੇ ਕਟਹਿਰ ਦੇ ਸੂਬੇ ਉੱਤੇ ਕਬਜ਼ਾ ਕਰ ਲਿਆ ਅਤੇ ਮਗਰੋਂ ਇਹ ਇਲਾਕਾ ਰੁਹੇਲਖੰਡ ਵਜੋਂ ਜਾਣਿਆ ਜਾਣ ਲੱਗਾ। ਮੁਹੰਮਦ ਸ਼ਾਹ ਨੇ ਬਦਾਓਂ ਦੇ ਲ. 23 ਕਿ. ਮੀ. (14 ਮੀਲ) ਉੱਤਰ-ਪੂਰਬ ਵੱਲ ਪੈਂਦੇ ਰੁਹੇਲਿਆਂ ਦੀ ਤਾਕਤ ਦੇ ਵੱਡੇ ਕੇਂਦਰ, ਬਾਨਗੜ੍ਹ ਵਿਰੁੱਧ ਚੜ੍ਹਾਈ ਕਰ ਦਿੱਤੀ ਅਤੇ ਅਲੀ ਮੁਹੰਮਦ ਖ਼ਾਂ ਨੂੰ ਹਰਾ ਕੇ ਬੰਦੀ ਬਣਾ ਲਿਆ ਗਿਆ। ਪਰੰਤੂ ਮਗਰੋਂ ਕਮਰ-ਉੱਦ-ਦੀਨ ਖ਼ਾਂ ਦੇ ਵਿੱਚ ਪੈਣ ਤੇ ਉਸ ਨੂੰ ਰਿਹਾ ਕਰ ਦਿੱਤਾ ਅਤੇ ਵਾਪਸ ਜਾ ਕੇ ਰੁਹੇਲਖੰਡ ਦੇ ਇਲਾਕੇ ਨੂੰ ਫਿਰ ਆਪਣੇ ਕਬਜ਼ੇ ਵਿੱਚ ਕਰ ਲਿਆ।

ਸੰਨ 1748 ਦੇ ਸ਼ੁਰੂ ਵਿਚ ਅਹਿਮਦ ਸ਼ਾਹ ਅਬਦਾਲੀ ਨੇ ਪੰਜਾਬ ਉੱਤੇ ਹਮਲਾ ਕਰ ਦਿੱਤਾ। ਉਸ ਨੂੰ ਹਿੰਦੁਸਤਾਨ ਉੱਤੇ ਹਮਲਾ ਕਰਨ ਲਈ ਪੰਜਾਬ ਦੇ ਸੂਬੇਦਾਰ ਸ਼ਾਹ ਨਵਾਜ਼ ਖ਼ਾਂ ਨੇ ਨਿਮੰਤ੍ਰਿਤ ਕੀਤਾ। ਅਹਿਮਦ ਸ਼ਾਹ ਅਬਦਾਲੀ ਲਾਹੌਰ ਨੂੰ ਤਬਾਹ ਕਰਦਾ ਹੋਇਆ ਦਿੱਲੀ ਵੱਲ ਨੂੰ ਵਧਿਆ। ਮੁਹੰਮਦ ਸ਼ਾਹ ਦੇ ਸ਼ਹਿਜ਼ਾਦੇ ਅਹਿਮਦ ਨੇ ਉਸ ਨੂੰ ਮਾਛੀਵਾੜਾ ਨੇੜੇ ਮਨੂਪੁਰ ਦੇ ਸਥਾਨ ਤੇ ਸ਼ਿਕਸਿਤ ਦਿੱਤੀ ਅਤੇ ਉਸ ਨੂੰ ਕਾਬਲ ਨੂੰ ਪਰਤਣ ਲਈ ਮਜਬੂਰ ਕਰ ਦਿੱਤਾ।

ਇਸ ਦੇ ਰਾਜ-ਕਾਲ ਦੌਰਾਨ ਕੇਂਦਰੀ ਸਰਕਾਰ ਦੇ ਰਾਜ ਪ੍ਰਬੰਧ ਦੀ ਪ੍ਰਤਿਸ਼ਠਤਾ ਕਾਫ਼ੀ ਘੱਟ ਗਈ। ਫ਼ੌਜਾਂ ਅਨੁਸ਼ਾਸ਼ਨਹੀਣ ਹੋ ਗਈਆਂ ਅਤੇ ਸਾਮਰਾਜ ਦਾ ਆਕਾਰ ਵੀ ਕਾਫ਼ੀ ਘੱਟ ਗਿਆ। ਅਸਲ ਵਿੱਚ ਦੱਖਣ ਦੇ ਛੇ ਸੂਬੇ ਅਤੇ ਅਵਧ, ਬੰਗਾਲ ਅਤੇ ਬਿਹਾਰ ਦੀਆਂ ਸੂਬੇਦਾਰੀਆਂ ਆਜ਼ਾਦ ਹੋ ਗਈਆਂ, ਮਾਲਵਾ, ਬੁੰਦੇਲਖੰਡ ਅਤੇ ਗੁਜਰਾਤ ਮਰਹੱਟਿਆਂ ਦੀਆਂ ਮਾਲਕੀਆਂ ਬਣ ਗਈਆਂ। ਰਾਜਪੂਤਾਨਾਂ ਤਾਂ ਸ਼ਹਿਨਸ਼ਾਹ ਤੋਂ ਬਿਲਕੁਲ ਹੀ ਆਜ਼ਾਦ ਹੋ ਗਿਆ ਅਤੇ ਯੂਰਪੀ ਵਪਾਰੀਆਂ ਨੇ ਹਿੰਦੁਸਤਾਨ ਵਿੱਚ ਪਹਿਲੀ ਵਾਰ ਇਲਾਕੇ ਮੱਲਣ ਅਤੇ ਪ੍ਰਭੂਸੱਤਾ ਪ੍ਰਾਪਤ ਕਰਨ ਲਈ ਆਪਣੇ ਜਤਨ ਆਰੰਭ ਕਰ ਦਿੱਤੇ। ਅੰਤ ਨੂੰ 26 ਅਪ੍ਰੈਲ, 1748 ਈ. ਨੂੰ ਇਸ ਦੀ ਮੌਤ ਹੋ ਗਈ ਅਤੇ ਇਸ ਉਪਰੰਤ ਇਸ ਦੇ ਪੁੱਤਰ ਸ਼ਹਿਜ਼ਾਦਾ ਅਹਿਮਦ ਨੂੰ ਤਖ਼ਤ ਉੱਤੇ ਬਿਠਾਇਆ ਗਿਆ ਅਤੇ ਉਸ ਨੇ ਅਹਿਮਦ ਸ਼ਾਹ ਦੀ ਉਪਾਧੀ ਧਾਰਨ ਕਰਕੇ ਰਾਜ ਕਰਨਾ ਸ਼ੁਰੂ ਕੀਤਾ।

ਹ. ਪੁ.- ਦੀ ਮੁਗਲ ਇੰਪਾਇਰ (1526- 1803) ਏ. ਡੀ.) — ਡੀ. ਏ. ਐਲ. ਸ੍ਰੀਵਾਸਤਵਾ, : 429-435; ਮ. ਕੋ. 98; ਇੰਪ. ਗ. ਇੰਡ. 2 : 409

ਨਹਾਸ ਪਾਸ਼ਾ, ਮੁਸਤਫ਼ਾ ਅਲ : ਇਹ ਮਿਸਰ ਦਾ ਇਕ ਸਿਆਸਤਦਾਨ ਅਤੇ ਨੈਸ਼ਨਲਿਸਟ ਵਫ਼ਦ ਪਾਰਟੀ ਦਾ ਨੇਤਾ ਸੀ। ਇਸ ਦਾ ਜਨਮ 15 ਜੂਨ, 1876 ਨੂੰ ਸੈਮਾਨਦ ਵਿਖੇ ਹੋਇਆ। ਵਕਾਲਤ ਕਰਦਿਆਂ 1704 ਈ. ਵਿੱਚ ਇਸ ਨੂੰ ਜੱਜ ਦੇ ਅਹੁਦੇ ਤੇ ਨਿਯੁਕਤ ਕੀਤਾ ਗਿਆ। ਪਹਿਲੀ ਵੱਡੀ ਜੰਗ ਤੋਂ ਜਲਦੀ ਹੀ ਬਾਅਦ ਇਹ ਨਵੀਂ ਬਣੀ ਵਫ਼ਦ ਪਾਰਟੀ ਦਾ ਮੈਂਬਰ ਬਣ ਗਿਆ ਅਤੇ ਅਗਸਤ, 1927 ਵਿੱਚ ਇਹ ਜ਼ੈਗਲੂਲ ਪਾਸ਼ਾ ਸਅਦ ਦੀ ਮੌਤ ਉਪਰੰਤ ਉਸ ਦੇ ਉੱਤਰਾ- ਅਧਿਕਾਰੀ ਵਜੋਂ ਵਫ਼ਦ ਦਾ ਪ੍ਰਧਾਨ ਬਣ ਗਿਆ। ਇਹ ਆਪਣੇ ਪੂਰਵ ਪਦ-ਅਧਿਕਾਰੀ ਵਾਂਗ ਆਯੋਗ ਹੀ ਸੀ ਅਤੇ ਆਪਣੀ ਪਾਰਟੀ ਨੂੰ ਇਕੱਠਾ ਰੱਖਣ ਵਿੱਚ ਅਸਫ਼ਲ ਰਿਹਾ। ਮਾਰਚ 1928 ਵਿਚ ਇਹ ਪਹਿਲੀ ਵਾਰ ਪ੍ਰਧਾਨ ਮੰਤਰੀ ਬਣਿਆ ਪਰ ਕੁਝ ਹੀ ਮਹੀਨਿਆਂ ਉਪਰੰਤ ਜਦੋਂ ਇਸ ਨੇ ਬਾਦਸ਼ਾਹ ਦੀਆਂ ਸ਼ਕਤੀਆਂ ਨੂੰ ਸੀਮਿਤ ਕਰਨ ਲਈ ਬਿਲ ਪੇਸ਼ ਕੀਤਾ ਤਾਂ ਬਾਦਸ਼ਾਹ ਅਤੇ ਬਰਤਾਨਵੀ ਹਾਈ ਕਮਿਸ਼ਨਰ ਨੇ ਇਸ ਦੀ ਪ੍ਰਵਾਨਗੀ ਨਾ ਦਿੱਤੀ ਅਤੇ ਜੂਨ, 1928 ਵਿਚ ਹੀ ਬਾਦਸ਼ਾਹ ਫੁਆਦ ਨੇ ਇਸ ਨੂੰ ਪ੍ਰਧਾਨ ਮੰਤਰੀ ਦੇ ਪਦ ਤੋਂ ਹਟਾ ਦਿੱਤਾ। ਸੰਨ 1929 ਵਿਚ ਇਹ ਦੁਬਾਰਾ ਪ੍ਰਧਾਨ ਮੰਤਰੀ ਬਣਿਆ ਅਤੇ 1930 ਈ. ਤੱਕ ਇਸ ਅਹੁਦੇ ਤੇ ਕੰਮ ਕਰਦਾ ਰਿਹਾ ਪਰ ਬਾਦਸ਼ਾਹ ਦੀਆਂ ਨੀਤੀਆਂ ਨਾਲ

ਮਤਭੇਦ ਹੋਣ ਕਾਰਨ ਇਸ ਨੇ ਅਸਤੀਫ਼ਾ ਦੇ ਦਿੱਤਾ। ਮਈ, 1936 ਵਿੱਚ ਇਹ ਤੀਜੀ ਵਾਰੀ ਪ੍ਰਧਾਨ ਮੰਤਰੀ ਬਣ ਗਿਆ। ਇਟਲੀ ਵਲੋਂ ਇਥੋਪੀਆ ਤੇ ਕੀਤੇ ਹਮਲੇ ਸਮੇਂ ਇਸ ਨੂੰ ਐਂਗਲੋ-ਐਜਿਪਸ਼ੀਅਨ ਸਮਝੌਤਾ ਕਰਵਾਉਣ ਸਬੰਧੀ ਮਿਸਰ ਦੇ ਨੁਮਾਇੰਦੇ ਵਜੋਂ ਗੱਲਬਾਤ ਕਰਨ ਦਾ ਇਕ ਵਧੀਆਂ ਮੌਕਾ ਮਿਲ ਗਿਆ ਅਤੇ ਅਗਸਤ, 1936 ਵਿਚ ਇਸ ਨੇ ਐਂਗਲੋ ਐਜਿਪਸ਼ੀਅਨ ਮੁਆਇਦੇ ਤੇ ਦਸਤਖ਼ਤ ਕੀਤੇ। ਅਪਰੈਲ, 1936 ਵਿੱਚ ਬਾਦਸ਼ਾਹ ਫ਼ੁਆਦ ਦੀ ਮੌਤ ਹੋ ਗਈ ਪਰੰਤੂ ਰਾਜ ਮਹਿਲ ਅਤੇ ਵਫ਼ਦ ਦੇ ਵਿਚਾਕਰ ਝਗੜਾ ਚਲ ਪਿਆ। ਜਦੋਂ ਇਹ ਲੜਾਈ ਵਿਰੋਧੀ ਯੁਵਾ ਸੰਗਠਨਾਂ ਦੁਆਰਾ ਆਮ ਲੋਕਾਂ ਵਿੱਚ ਪਹੁੰਚ ਗਈ ਤਾਂ ਬਾਦਸ਼ਾਹ ਫਾਰੂਕ ਪਹਿਲੇ ਨੇ ਸਰਕਾਰ ਅਤੇ ਪਾਰਲੀਮੈਂਟ ਨੂੰ ਭੰਗ ਕਰ ਦਿੱਤਾ। ਨਵੀਆਂ ਚੋਣਾਂ ਵਿਚ ਇਹ ਵਿਰੋਧੀ ਧਿਰ ਵਜੋਂ ਖੜਾ ਹੋਇਆ। ਸੰਨ 1939 ਵਿੱਚ ਵਫ਼ਦ ਪਾਰਟੀ ਦੇ ਨੇਤਾਵਾਂ ਦਾ ਗਰੁੱਪ ਟੁੱਟ ਗਿਆ। ਉਨ੍ਹਾਂ ਨੇ ਜੈਗਲੂਲ ਦੇ ਅਸਲ ਵਾਰਸ ਹੋਣ ਦਾ ਦਾਅਵਾ ਕੀਤਾ ਅਤੇ ਨਵੀਂ ਸਾਮਦੀ ਪਾਰਟੀ ਬਣਾ ਲਈ। ਦੂਜੀ ਵੱਡੀ ਜੰਗ ਦੌਰਾਨ ਇਸ ਨੇ ਬਾਦਸ਼ਾਹ ਫ਼ਾਰੂਕ ਦੀਆਂ ਨੀਤੀਆਂ ਦੇ ਖਿਲਾਫ਼, ਇਤਿਹਾਦੀਆਂ ਦਾ ਸਾਥ ਦਿੱਤਾ ਜਿਸ ਦੇ ਸਿੱਟੇ ਵਜੋਂ 1942 ਈ. ਵਿੱਚ ਇਹ ਮੁੜ ਤਾਕਤ ਵਿਚ ਆਇਆ। 4 ਫ਼ਰਵਰੀ, 1942 ਨੂੰ ਬਰਤਾਨੀਆ ਦੇ ਰਾਜਦੂਤ ਨੇ ਆਪਣੀ ਸੈਨਿਕ ਸ਼ਕਤੀ ਦਾ ਵਿਖਾਵਾ ਕੀਤਾ ਅਤੇ ਬਾਦਸ਼ਾਹ ਫ਼ਾਰੂਕ ਨੂੰ ਇਸ ਨੂੰ ਸਰਕਾਰ ਦਾ ਮੁਖੀ ਸਵੀਕਾਰ ਕਰਨ ਲਈ ਮਜਬੂਰ ਕੀਤਾ। ਮਾਰਚ, 1942 ਦੀਆਂ ਚੋਣਾਂ ਵਿੱਚ ਵਫ਼ਦ ਪਾਰਟੀ ਨੂੰ ਭਾਰੀ ਜਿੱਤ ਪ੍ਰਾਪਤ ਹੋਈ।

ਅਕਤੂਬਰ, 1944 ਵਿੱਚ ਇਸ ਨੇ ਸਿਕੰਦਰੀਆ ਵਿਖੇ ਅਰਬ ਦੇਸ਼ਾਂ ਦੀ ਮੀਟਿੰਗ ਦੀ ਪ੍ਰਧਾਨਗੀ ਕੀਤੀ ਜਿਸ ਦੇ ਨਤੀਜੇ ਵਜੋਂ ਅਰਬ ਲੀਗ ਦੀ ਸਥਾਪਨਾ ਹੋਈ। ਕਾਹਿਰਾ ਵਿਖੇ ਵਾਪਸ ਆਉਣ ਤੇ ਅਚਾਨਕ ਹੀ ਬਾਦਸ਼ਾਹ ਨੇ ਇਸ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਹਟਾ ਦਿੱਤਾ।

ਵਿਰੋਧੀ ਧਿਰ ਵਜੋਂ ਇਸ ਨੇ ਅਤੇ ਵਫ਼ਦ ਦਲ ਦੋਵਾਂ ਨੇ 1936 ਈ. ਵਿਚ ਹੋਈ ਸੰਧੀ ਨੂੰ ਸੰਸੋਧਨ ਅਤੇ ਗ੍ਰੇਟ ਬਿਟੇਨ ਤੋਂ ਹੋਰ ਆਜ਼ਾਦੀ ਪ੍ਰਾਪਤ ਕਰਨ ਦੀ ਮੰਗ ਕੀਤੀ। ਸੰਨ 1949 ਵਿਚ ਜਦੋਂ ਬਾਦਸ਼ਾਹ ਫ਼ਾਰੂਕ ਦੀ ਪ੍ਰਸਿੱਧੀ ਘਟਣ ਲੱਗੀ ਤਾਂ ਸ਼ਾਹੀ ਮਹਿਲ ਅਤੇ ਵਫ਼ਦ ਨੇ ਆਪਸੀ ਮਤਭੇਦ ਸਮਾਪਤ ਕਰਨ ਲਈ ਮੁਆਇਦਾ ਕੀਤਾ। ਜਨਵਰੀ, 1950 ਵਿੱਚ ਇਸ ਦੀ ਅਗਵਾਈ ਹੇਠ ਵਫ਼ਦ ਮੁੜ ਸਤਾ ਵਿੱਚ ਆ ਗਈ। ਪੁਰਾਣੇ ਸਮੇਂ ਤੋਂ ਚਲੇ ਆ ਰਹੇ ਦੁਸ਼ਮਣਾਂ ਦੇ ਸਹਿਯੋਗ ਨਾਲ ਭ੍ਰਿਸ਼ਟਾਚਾਰ ਹੋਰ ਵਧ ਗਿਆ। ਮੁਖਾਲਫ਼ਤ ਦੇ ਬਾਵਜੂਦ ਵੀ ਵੱਡੇ-ਵੱਡੇ ਸਕੈਂਡਲ ਦਬਾ ਦਿੱਤੇ ਗਏ ਅਤੇ ਮਿਸਰ ਦੇ ਬਰਤਾਨੀਆ ਨਾਲ ਸਬੰਧ ਹੋਰ ਵੀ ਖ਼ਰਾਬ ਹੋ ਗਏ। ਅਕਤੂਬਰ, 1951 ਵਿੱਚ ਇਸ ਨੇ 1936 ਵਿੱਚ ਹੋਈ ਸੰਧੀ ਬਾਰੇ ਇਕ ਪਾਸੜ ਧਮਕੀ ਦਿੱਤੀ ਅਤੇ ਬਾਦਸ਼ਾਹ ਫਾਰੂਕ ਨੂੰ ਮਿਸਰ ਅਤੇ ਸੂਡਾਨ ਦੇ ਬਾਦਸ਼ਾਹ ਹੋਣ ਦਾ ਐਲਾਨ ਕਰ ਦਿੱਤਾ। ਆਉਣ ਵਾਲੇ ਹਿੰਸਾਤਮਕ ਮਹੀਨਿਆਂ ਵਿੱਚ ਵਫ਼ਦ ਅਤੇ ਬਾਦਸ਼ਾਹ ਨੇ ਆਪਣੀ ਬੱਚਦੀ-ਖੁਚਦੀ ਸ਼ਕਤੀ ਵੀ ਖੁਹਾ ਲਈ। ਕਾਹਿਰਾ ਵਿੱਚ ਪੂਰੀ ਗੜਬੜ ਫੈਲ ਜਾਣ ਕਾਰਨ ਜਨਵਰੀ, 1952, ਵਿਚ ਬਦਾਸ਼ਾਹ ਨੇ ਇਸ ਨੂੰ ਇੱਕ ਵਾਰ ਫਿਰ ਬਰਖ਼ਾਸਤ ਕਰ ਦਿੱਤਾ। ਜੁਲਾਈ, 1952 ਦੇ ਸੈਨਿਕ ਰਾਜ ਪਲਟੇ ਤੋਂ ਬਾਅਦ ਇਸ ਦਾ ਵਿਸ਼ਵਾਸ ਸੀ ਕਿ ਮਿਸਰ ਦੇ ਲੋਕਾਂ ਉੱਤੇ ਉਸਦਾ ਰਾਜ ਹੈ ਅਤੇ ਵਫ਼ਦ ਪਾਰਟੀ ਹੀ ਅਸਲ ਵਿੱਚ ਲੋਕ ਹਨ। ਪਰੰਤੂ ਛੇਤੀ ਹੀ ਇਸ ਦਾ ਇਹ ਭਰਮ ਦੂਰ ਹੋ ਗਿਆ। ਵਫ਼ਦ ਪਾਰਟੀ ਦੇ ਫੰਡਾਂ ਤੇ ਰੋਕ ਲਾ ਦੇਣ ਕਾਰਨ ਇਹ ਪਾਰਟੀ ਖਤਮ ਹੋ ਗਈ ਅਤੇ ਇਹ ਸਿਆਸਤ ਤੋਂ ਪਾਸੇ ਹੋ ਗਿਆ। 23 ਅਗਸਤ, 1965 ਨੂੰ ਸਿਕੰਦਰੀਆ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ. -ਐਨ. ਬ੍ਰਿ. 15 : 1150 ; ਐਨ. ਬ੍ਰਿ. ਮਾ. 8 : 485

ਨੰਹਾਵੰਦ ਦੀ ਲੜਾਈ : ਇਹ ਲੜਾਈ 641-42 ਈ. ਦੌਰਾਨ ਅਰਬ ਅਤੇ ਸਾਸਾਨੀ ਫ਼ੌਜਾਂ ਵਿਚਕਾਰ ਹੋਈ, ਜਿਸ ਦਾ ਮੈਦਾਨਿ-ਜੰਗ ਈਰਾਨ ਵਿੱਚ ਸੀ। ਇਸ ਲੜਾਈ ਦੇ ਫਲਸਰੂਪ ਈਰਾਨੀ ਇਤਿਹਾਸ ਵਿੱਚ ਇਕ ਨਵਾਂ ਮੋੜ ਆਇਆ। ਇਸ ਲੜਾਈ ਵਿਚ ਸਾਸਾਨੀ ਫ਼ੌਜ ਦੀ ਬਹੁਤ ਤਬਾਹੀ ਅਤੇ ਅਰਬਾਂ ਦੀ ਜਿੱਤ ਹੋਈ। ਇਸ ਲੜਾਈ ਦੇ ਨਤੀਜੇ ਵਜੋਂ ਈਰਾਨ ਦਾ ਇਸਲਾਮੀਕਰਣ ਵੀ ਹੋਇਆ।

ਨਹਾਵੰਦ ਵਿਖੇ ਅਰਬ ਫ਼ੌਜਾਂ ਨੇ ਆਪਣੇ ਕਮਾਂਡਰ ਨੁਮਾਨ ਦੀ ਅਗਵਾਈ ਹੇਠ ਕੋਈ 30,000 ਦੀ ਗਿਣਤੀ ਵਿੱਚ ਸਿਪਾਹੀਆਂ ਨਾਲ ਸਾਸਾਨੀ ਫ਼ੌਜਾਂ ਉੱਤੇ ਹਮਲਾ ਕਰ ਦਿੱਤਾ। ਸਾਸਾਨੀ ਫ਼ੌਜਾਂ ਵਿੱਚ ਕੋਈ 1,50,000 ਸਿਪਾਹੀ ਸਨ, ਜਿਸ ਦੀ ਅਗਵਾਈ ਕਮਾਂਡਰ ਫ਼ਿਰੂਜਨ ਕਰ ਰਿਹਾ ਸੀ। ਸਾਸਾਨੀ ਫ਼ੌਜਾਂ ਨੇ ਆਪਣੇ ਅਹਿਮ ਟਿਕਾਣਿਆਂ ਦੀ ਮਜ਼ਬੂਤ ਕਿਲਾਬੰਦੀ ਕੀਤੀ ਹੋਈ ਸੀ। ਗ਼ੈਰ -ਫੈਸਲਾਕੁੰਨ ਮੁੱਠਭੇੜ ਉਪਰੰਤ ਨੁਮਾਨ ਹਾਰ ਦਾ ਦਿਖਾਵਾ ਜਿਹਾ ਕਰਦਾ ਹੋਇਆ ਮੈਦਾਨਿ-ਜੰਗ ਤੋਂ ਪਿਛਾਂਹ ਹੱਟ ਗਿਆ। ਫ਼ਿਰੂਜਨ ਨੇ ਆਪਣਾ ਮੋਰਚਾ ਛੱਡਦੇ ਹੋਏ ਦੁਸ਼ਮਣ ਦਾ ਪੂਰੀ ਤਰ੍ਹਾਂ ਪਿੱਛਾ ਕੀਤਾ। ਸਾਸਾਨੀ ਫ਼ੌਜਾਂ ਦੋ ਤੰਗ ਦੱਰਿਆਂ ਵਿਚਕਾਰ ਘਿਰ ਗਈਆਂ। ਸਾਸਾਨੀ ਫ਼ੌਜਾਂ ਦਾ ਬਹੁਤ ਭਾਰੀ ਨੁਕਸਾਨ ਹੋਇਆ। ਦੋਹਾਂ ਫ਼ੌਜਾਂ ਦੇ ਕਮਾਂਡਰ ਨੁਮਾਨ ਅਤੇ ਫ਼ਿਰੂਜਨ ਦੋਵੇਂ ਹੀ ਇਸ ਲੜਾਈ ਵਿੱਚ ਮਾਰੇ ਗਏ।

ਲੜਾਈ ਉਪਰੰਤ ਅਰਬਾਂ ਨੇ ਫਿਰ ਆਪਣੇ ਮੋਰਚੇ ਮਜ਼ਬੂਤ ਕਰ ਲਏ। ਸਾਸਾਨੀ ਵੰਸ਼ ਦੇ ਅੰਤਲੇ ਸ਼ਹਿਨਸ਼ਾਹ, ਯਜਦੀਗਰਦ ਤੀਜਾ ਦੀ ਮੌਤ ਨਾਲ, ਅਰਬਾਂ ਦੀ ਈਰਾਨ ਉੱਤੇ ਮੁਕੰਮਲ ਜਿੱਤ ਹੋ ਗਈ।

ਹ. ਪੁ.- ਐਨ. ਬ੍ਰਿ. ਮਾ. 7 : 167

ਨਹਿਪਾਨ : ਇਹ ਕਸ਼ਹਰਾਤ ਬੰਸ਼ ਦਾ ਇਕ ਰਾਜਾ ਸੀ। ਇਸ ਦੇ ਰਾਜ ਕਾਲ ਬਾਰੇ ਇਤਿਹਾਸਕਾਰਾਂ ਵਿੱਚ ਮਤਭੇਦ ਹੈ। ਇਸ ਦੇ ਰਾਜ ਕਾਲ ਦੇ ਸਿੱਕਿਆਂ ਉੱਤੇ ਕੋਈ ਮਿਤੀ ਵੀ ਅੰਕਿਤ ਨਹੀਂ ਹੈ। ਕੁਝ ਸ਼ਿਲਾਲੇਖਾਂ ਤੋਂ ਸਿਰਫ਼ ਇਹ ਪਤਾ ਲਗਦਾ ਹੈ ਕਿ ਇਸ ਨੇ ਕਿਸੇ ਅਗਿਆਤ ਸੰਮਤ ਦੇ ਇਕਤਾਲੀਵੇਂ ਅਤੇ ਛਿਆਲੀਵੇਂ ਵਰ੍ਹੇ ਦੌਰਾਨ ਰਾਜ ਕੀਤਾ। ਦਿਨੇਸ਼ਚੰਦਰ ਸਰਕਾਰ ਅਨੁਸਾਰ ਸ਼ਿਲਾਲੇਖਾਂ ਦੇ ਸੰਮਤ ਦਾ ਆਰੰਭ ਈਸਵੀ ਹੈ। ਇਕ ਰਾਇ ਨਾ ਹੋਣ ਦੇ ਬਾਵਜੂਦ ਵੀ ਇਸ ਦੇ ਸ਼ਾਸ਼ਨ ਕਾਲ ਦੀਆਂ ਤਿਥੀਆਂ ਅੰਦਾਜ਼ੇ ਨਾਲ 119 ਈ. ਅਤੇ 125 ਈ. ਨਿਰਧਾਰਤ ਕੀਤੀਆਂ ਜਾ ਸ਼ਕੀਆਂ ਹਨ। ਇਸ ਦੇ ਰਾਜ ਕਾਲ ਨਾਲ ਸਬੰਧਤ ਬਹੁਤ ਸਾਰੇ ਚਾਂਦੀ ਅਤੇ ਤਾਂਬੇ ਦੇ ਸਿੱਕੇ ਮਿਲੇ ਹਨ। ਨਾਸਿਕ ਦੇ ਨੇੜੇ ਜੋਮਲਬੰਦੀ ਦੇ ਸਥਾਨ ਤੋਂ ਪ੍ਰਾਪਤ ਇਕ ਜ਼ਖੀਰੇ ਦੇ 9270 ਸਿੱਕਿਆਂ ਜੋ ਇਸ ਰਾਜੇ ਦੇ ਹਨ, ਤੋਂ ਪਤਾ ਲਗਦਾ ਹੈ ਕਿ ਇਹ ਗੌਤਮੀ ਪੁੱਤਰ ਸ਼ਾਂਤਕਰਣੀ ਨਾਮੀ ਰਾਜੇ ਦਾ ਸਮਕਾਲੀ ਸੀ।

ਇਹ ਸ਼ਕ ਬੰਸ਼ ਜਿਸ ਦਾ ਮੂਲ ਸਥਾਨ ਭਾਰਤ ਦਾ ਪੱਛਮੀ ਉੱਤਰੀ ਖੇਤਰ ਪ੍ਰਤੀਤ ਹੁੰਦਾ ਹੈ ਵਿਚੋਂ ਸੀ। ਕਿਆਂਸ਼ ਕੀਤਾ ਜਾਂਦਾ ਹੈ ਕਿ ਸ਼ਾਇਦ ਇਸ ਕਰਕੇ ਹੀ ਇਸ ਦੇ ਸਮੇਂ ਦੇ ਸਿੱਕਿਆਂ ਉਪਰ ਖਰੋਸ਼ਟੀ ਅੱਖਰ ਉਕਰੇ ਹੋਏ ਹਨ। ਇਸ ਦੇ ਵੱਡੇ ਵਡੇਰੇ ਕੁਮਾਨਾ ਜਾਂ ਪਲਦਿਆਂਦੇ ਪ੍ਰਾਂਤਕ ਸ਼ਾਸ਼ਕਾਂ ਦੇ ਰੂਪ ਵਿਚ ਪੱਛਮੀ ਭਾਰਤ ਉੱਤੇ

ਰਾਜ ਕਰਦੇ ਸਨ ਅਤੇ ਉਨ੍ਹਾਂ ਨੂੰ 'ਕਸ਼ਤਰਪ' ਦੀ ਉਪਾਧੀ ਦਿੱਤੀ ਜਾਂਦੀ ਸੀ। ਕਸ਼ਤਰਾਪ ਬੰਸ ਦਾ ਪਹਿਲਾ ਰਾਜਾ ਭੂਮਿਕ ਸਿਰਫ ਕਸ਼ਤਰਪ ਹੀ ਸੀ। ਉਸਨੇ ਕਦੇ ਰਾਜੇ ਦੀ ਉਪਾਧੀ ਧਾਰਨ ਨਹੀਂ ਸੀ ਕੀਤੀ। ਰਾਜੇ ਦੀ ਉਪਾਧੀ ਇਸ ਦੇ ਸਮੇਂ ਦੇ ਸਿੱਕਿਆਂ ਤੇ ਹੀ ਉਕਰੀ ਹੋਈ ਮਿਲਦੀ ਹੈ ਜਿਸ ਤੋਂ ਇਸ ਦੀ ਸੁਤੰਤਰ ਸੱਤਾ ਦਾ ਪਤਾ ਲਗਦਾ ਹੈ। ਇਸ ਦੀ ਪੂਰਨ ਉਪਾਧੀ 'ਰਵੋਖਖਰਾਤਸ' ਖਤਪਸਾ ਸੀ।

ਲਗਭਗ 119 ਈ. ਤੋਂ 125 ਈ. ਦੌਰਾਨ ਇਸ ਨੇ ਆਪਣੇ ਰਾਜ ਭਾਗ ਦਾ ਬਹੁਤ ਜ਼ਿਆਦਾ ਵਿਸਥਾਰ ਕੀਤਾ। ਇਸ ਦੀ ਪੁੱਤਰੀ ਦਰਸ਼ਮਿਤ੍ਰਾ ਦਾ ਵਿਆਹ ਦੀਨਕਸੁਤ ਉਸ਼ਵਦਾਤ (ਸ਼ੱਕ) ਨਾਲ ਹੋਇਆ। ਇਸ ਦੇ ਜਵਾਈ ਨੇ ਇਸ ਦਾ ਰਾਜ ਭਾਗ ਵਧਾਉਣ ਤੇ ਰਾਜ ਦੇ ਸੰਚਾਲਨ ਵਿੱਚ ਬਹੁਤ ਸਹਾਇਤਾ ਕੀਤੀ। ਇਸ ਨੇ ਉਸ ਨੂੰ ਮਾਲਵਿਆਂ ਦੇ ਵਿਰੁੱਧ ਉਤਮ ਭੱਦਰੋ ਦੀ ਸਹਾਇਤਾ ਲਈ ਭੇਜਿਆ ਸੀ। ਉਸ਼ਵਦਾਤ ਮਾਲਵਿਆਂ ਨੂੰ ਹਰਾ ਕੇ ਅਜਮੇਰ ਦੇ ਪੁਸ਼ਕਰ ਖੇਤਰ ਤਕ ਪਹੁੰਚ ਗਿਆ ਅਤੇ ਉਸ ਨੇ ਇਥੋਂ ਤਕ ਨੰਹਿਪਾਨ ਦੇ ਰਾਜ ਦਾ ਵਿਸਥਾਰ ਕਰ ਦਿੱਤਾ। ਪ੍ਰਾਪਤ ਹੋਏ ਸ਼ਿਲਾਲੇਖਾਂ ਤੋਂ ਪਤਾ ਲਗਦਾ ਹੈ ਕਿ ਉਸ ਦਾ ਸ਼ਾਸਨ ਗੋਵਰਧਨ ਆਹਾਰ, ਮਾਮਲ ਆਹਾਰ (ਪੂਨਾ) ਦੱਖਣੀ ਅਤੇ ਉੱਤਰੀ ਗੁਜਰਾਤ, ਕੋਂਕਣ, ਭੜੋਚ ਤੋਂ ਸੋਪਾਗ ਤੱਕ, ਕਾਪੁਰ ਆਹਾਰ (ਬੜੌਦਾ ਨੇੜੇ), ਪ੍ਰਭਾਸ (ਦੱਖਣੀ ਕਾਠੀਆਵਾੜ) ਦਸ਼ਪੁਰ (ਮਾਲਵਾ) ਅਤੇ ਪੁਸ਼ਕਰ (ਅਜਮੇਰ) ਤੱਕ ਫੈਲਿਆ ਹੋਇਆ ਸੀ। ਸ਼ਿਲਾਲੇਖਾਂ ਤੋਂ ਇਹ ਵੀ ਪਤਾ ਲਗਦਾ ਹੈ ਕਿ ਉਸ ਦੇ ਪ੍ਰਭਾਵ ਖੇਤਰਾਂ ਵਿੱਚ ਤਾਪਤੀ, ਬਨਾਸ ਅਤੇ ਚੰਬਲ ਦੀਆਂ ਘਾਟੀਆਂ ਵੀ ਸ਼ਾਮਲ ਸਨ ਪਰੰਤੂ 125 ਈ. ਦੇ ਨੇੜੇ ਇਸ ਦਾ ਰਾਜਨੀਤਿਕ ਪ੍ਰਭਾਵ ਘਟਨ ਲੱਗਾ ਕਿਉਂਕਿ ਕਿਆਸ ਕੀਤਾ ਜਾਂਦਾ ਹੈ ਕਿ ਗੌਤਮੀ ਪੁੱਤਰ ਸ਼ਾਂਤਕਰਣੀ ਨੇ ਇਸ ਨੂੰ ਹਰਾ ਦਿੱਤਾ ਸੀ। ਹੋ ਸਕਦਾ ਹੈ ਕਿ ਉਸ ਦੇ ਰਾਜ ਦਾ ਅੰਤ ਇਸੇ ਨਾਲ ਹੋਇਆ ਹੋਵੇ ਕਿਉਂਕਿ ਇਸ ਦੇ ਉਪਰੰਤ ਉਸ ਦੇ ਰਾਜ ਦਾ ਕੋਈ ਵੀ ਪ੍ਰਮਾਣ ਨਹੀਂ ਮਿਲਦਾ। ਇਸ ਗੱਲ ਦੀ ਪੁਸ਼ਟੀ ਗੌਤਮੀ ਪੁੱਤਰ ਸ਼ਾਂਤਕਰਣੀ ਦੀ ਮਾਂ ਬਲਾਸ਼੍ਰੀ ਦੇ ਨਾਸਿਕ ਤੋਂ ਮਿਲੇ ਇਕ ਸ਼ਿਲਾਲੇਖ ਤੋਂ ਵੀ ਹੁੰਦੀ ਹੈ। ਇਸ ਸ਼ਿਲਾਲੇਖ ਦੇ ਉਪਰ ਇਹ ਲਿਖਿਆ ਹੋਇਆ ਹੈ ਕਿ ਗੌਤਮੀ ਪੁੱਤਰ ਨੇ ਖਖਰਾਤੋਂ ਦੀ ਸੱਤਾ ਦਾ ਵਿਨਾਸ਼ ਵੀ ਕਰ ਦਿੱਤਾ ਹੈ (ਖਖਰਾਤਵਸ ਨਿਰਵਿਸ਼ੇਸ਼ਕਰਸ)। ਇਸ ਸ਼ਿਲਾਲੇਖ ਵਿੱਚ ਉਨ੍ਹਾਂ ਪ੍ਰਾਂਤਾਂ ਦਾ ਵੀ ਜ਼ਿਕਰ ਹੈ ਜੋ ਕਦੀ ਇਸ ਦੇ ਅਧੀਨ ਹੁੰਦੇ ਸਨ ਅਤੇ ਜਿੱਤ ਪ੍ਰਾਪਤ ਕਰਨ ਉਪਰੰਤ ਉਨ੍ਹਾਂ ਉਪਰ ਗੌਤਮੀ ਪੁੱਤਰ ਦਾ ਕਬਜ਼ਾ ਹੋ ਗਿਆ ਸੀ।

ਹ. ਪੂ.-ਹਿੰ. ਵਿ. ਕੋ. 6 : 265

ਨਹਿਰ : ਸਿੰਜਾਈ ਅਤੇ ਜਹਾਜ਼ਰਾਨੀ ਦੇ ਮੰਤਵ ਲਈ ਕਿਸੇ ਸਮੁੰਦਰ, ਦਰਿਆ, ਝੀਲ ਵਿਚੋਂ ਕੱਢੀ ਗਈ ਬਣਾਉਟੀ ਨਦੀ ਨੂੰ ਨਹਿਰ ਕਿਹਾ ਜਾਂਦਾ ਹੈ। ਸਭ ਤੋਂ ਪਹਿਲੀ ਨਹਿਰ ਫ਼ਿਰੋਜ਼ਸ਼ਾਹ ਤੁਗਲਕ ਨੇ 1350 ਈ. ਵਿੱਚ ਜਮਨਾ ਵਿਚੋਂ ਕੱਢੀ ਸੀ। ਪੁਰਾਣਾਂ ਵਿਚ ਕਥਾ ਹੈ ਕਿ ਕ੍ਰਿਸ਼ਨ ਜੀ ਦੇ ਭਾਈ ਬਲਰਾਮ ਨੇ ਹਲ ਨਾਲ ਜਮਨਾ ਨੂੰ ਖਿੱਚ ਕੇ ਲਿਆਂਦਾ ਸੀ। ਵਿਦਵਾਨ ਇਸ ਦਾ ਅਰਥ ਇਹ ਲੈਂਦੇ ਹਨ ਕਿ ਖੇਤਾਂ ਦੀ ਅਬਪਾਸੀ ਭਾਵ ਸਿੰਜਾਈ ਲਈ ਜਮਨਾ ਵਿਚੋਂ ਨਹਿਰ ਕੱਢੀ ਸੀ। ਇਨ੍ਹਾਂ ਦੀ ਉਸਾਰੀ ਦੇ ਦੋ ਮੁੱਖ ਉਦੇਸ਼ ਹੁੰਦੇ ਹਨ : ਪਹਿਲਾ ਮੰਤਵ ਦੋ ਜਾਂ ਦੋ ਤੋਂ ਅਧਿਕ ਜਲ ਖੇਤਰਾਂ ਨੂੰ ਮਿਲਾਣਾ ਤਾਂ ਜੋ ਇਨ੍ਹਾਂ ਰਾਹੀਂ ਢੋਆ-ਢੁਆਈ ਜਾਂ ਆਵਾਜਾਈ ਹੋ ਸਕੇ। ਬੇਸ਼ਕ ਇਹ ਆਵਾਜਾਈ ਛੋਟੀਆਂ-ਛੋਟੀਆਂ ਕਿਸ਼ਤੀਆਂ ਜਾਂ ਵੱਡੇ ਵੱਡੇ ਜਹਾਜ਼ਾਂ ਰਾਹੀਂ ਕਿਉਂ ਨਾ ਹੁੰਦੀ ਹੋਵੇ। ਦੂਜਾ ਉਦੇਸ਼ ਨਦੀ ਜਾਂ ਝੀਲ ਦੇ ਪਾਣੀ ਨੂੰ ਸਿੰਜਾਈ, ਹੋਰ ਪਾਣੀ ਦੀਆਂ ਮੁਢਲੀਆਂ ਲੋੜਾਂ ਦੀ ਪੂਰਤੀ ਲਈ ਨਹਿਰਾਂ ਰਾਹੀਂ ਦੂਰ-ਦੂਰ ਤਕ ਪਹੁੰਚਾਉਣਾ ਹੁੰਦਾ ਹੈ।

ਪਹਿਲੇ ਉਦੇਸ਼ ਦੀ ਪੂਰਤੀ ਹਿਤ ਬਣੀਆਂ ਨਹਿਰਾਂ ਸੰਸਾਰ ਦੇ ਸਾਰੇ ਭਾਗਾਂ ਵਿੱਚ ਮਿਲਦੀਆਂ ਹਨ। ਅਜਿਹੀ ਹੀ ਇਕ ਨਹਿਰ ਮੁਗ਼ਲਾਂ ਨੇ ਦਿੱਲੀ ਵਿੱਚ ਬਣਵਾਈ ਸੀ। ਜਿਸ ਦੇ ਕੰਢੇ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਦੇ ਵੱਡੇ ਵਡੇਰੇ ਵਸਦੇ ਸਨ। ਇਸ ਕਰਕੇ ਇਨ੍ਹਾਂ ਦੇ ਪਰਿਵਾਰ ਦਾ ਨਾਂ ਨਹਿਰੂ ਪੈ ਗਿਆ ਸੀ। ਅਜਿਹੀਆਂ ਨਹਿਰਾਂ ਵੱਡੀਆਂ ਵੱਡੀਆਂ ਵੀ ਹੁੰਦੀਆਂ ਹਨ। ਸੰਸਾਰ ਦੀ ਪ੍ਰਸਿੱਧ ਸਵੇਜ਼ ਨਹਿਰ, ਲਾਲ ਸਾਗਰ ਅਤੇ ਭੂ-ਮੱਧ ਸਾਗਰ ਨੂੰ ਮਿਲਾਉਂਦੀ ਹੈ ਅਤੇ ਪਨਾਮਾ ਨਹਿਰ ਪਰਸ਼ਾਂਤ ਅਤੇ ਐਟਲਾਂਟਿਕ ਮਹਾਂ ਸਾਗਰਾਂ ਵਿਚ ਆਵਾਜਾਈ ਤੇ ਢੋਆ-ਢੁਆਈ ਦੀਆਂ ਸਹੂਲਤਾਵਾਂ ਪ੍ਰਦਾਨ ਕਰਦੀ ਹੈ। ਇਹ ਦੋਵੇਂ ਨਹਿਰਾਂ ਆਧੁਨਿਕ ਯੁੱਗ ਦੀ ਦੇਣ ਹਨ ਅਤੇ ਇੰਜਨੀਅਰਿੰਗ ਦੀਆਂ ਵੱਡਮੁਲੀਆਂ ਦੇਣਾਂ ਵਿੱਚੋਂ ਇਕ ਹਨ।

ਨਹਿਰਾਂ ਅਤੇ ਹੋਰ ਦੂਜੇ ਜਲ ਮਾਰਗਾਂ ਵਿੱਚ ਵਿਸ਼ੇਸ਼ ਅੰਤਰ ਇਹ ਹੁੰਦਾ ਹੈ ਕਿ ਦੂਜੇ ਜਲ ਮਾਰਗ ਜਿਵੇਂ ਨਦੀ, ਨਾਲੇ ਅਤੇ ਸਾਗਰ ਪ੍ਰਕਿਰਤਕ ਹੋਣ ਕਾਰਨ ਆਪਣੇ ਵਹਿਣ ਦੀ ਦਿਸ਼ਾ ਆਪ ਨਿਰ-ਧਾਰਤ ਕਰੀ ਰਖਦੇ ਹਨ ਪਰੰਤੂ ਨਹਿਰਾਂ ਨੂੰ ਠੀਕ ਦਿਸ਼ਾ ਵਿਚ ਰੱਖਣ ਲਈ ਹਮੇਸ਼ਾ ਪ੍ਰਬੰਧ ਕਰਨੇ ਪੈਂਦੇ ਹਨ। ਉਦਾਹਰਣ ਵਜੋਂ ਸਵੇਜ਼ ਨਹਿਰ ਨੂੰ ਆਵਾਜਾਈ ਦੇ ਯੋਗ ਬਣਾਈ ਰੱਖਣ ਲਈ ਉਸ ਵਿਚੋਂ ਰੇਤ ਕੱਢਣ ਲਈ ਹਮੇਸ਼ਾ ਪ੍ਰਬੰਧ ਕਰਨੇ ਪੈਂਦੇ ਹਨ। ਰੇਤ ਕੱਢਣ ਲਈ ਹਮੇਸ਼ਾ ਵੱਡੀਆਂ ਵੱਡੀਆਂ ਮਸ਼ੀਨਾਂ ਰੁਝੀਆਂ ਰਹਿੰਦੀਆਂ ਹਨ ਅਤੇ ਬਹੁਤ ਵੱਡੀ ਗਿਣਤੀ ਵਿੱਚ ਇੰਜੀਨੀਅਰ ਅਤੇ ਹੋਰ ਅਮਲਾ ਦੇਖ ਭਾਲ ਲਈ ਰਖਣਾ ਪੈਂਦਾ ਹੈ। ਇਸ ਤੋਂ ਇਲਾਵਾ ਨਹਿਰਾਂ ਵਿਚ ਆਵਾਜਾਈ ਲਈ ਬਹੁਤ ਕਰਕੇ ਲੱਕ ਜਾਂ ਗੇਟ ਜਾਂ ਫੱਟੇ ਬਣਾਏ ਜਾਂਦੇ ਹਨ। ਇਨ੍ਹਾਂ ਲਾਕਾਂ ਜਾਂ ਫੱਟਿਆਂ (ਗੇਟਾਂ) ਸਦਕੇ ਹੀ ਉਚੀ ਨੀਵੀਂ ਸਤ੍ਹਾਵਾਂ ਤੇ ਯਾਤਰਾ ਸੰਭਵ ਹੋ ਜਾਂਦੀ ਹੈ। ਸਮੁੰਦਰਾਂ ਦੇ ਵਿਚਕਾਰ ਹੀ ਨਹੀਂ, ਬਹੁਤ ਸਾਰੀਆਂ ਨਦੀਆਂ ਅਤੇ ਝੀਲਾਂ ਨੂੰ ਵੀ ਨਹਿਰਾਂ ਰਾਹੀਂ ਆਵਾਜਾਈ ਲਈ ਆਪਸ ਵਿੱਚ ਜੋੜ ਦਿੱਤਾ ਜਾਂਦਾ ਹੈ। ਕਸ਼ਮੀਰ ਵਿੱਚ ਡੱਲ ਝੀਲ ਅਤੇ ਜਿਹਲਮ ਦਰਿਆ ਵਿਚਕਾਰ ਅਜਿਹਾ ਲਾੱਕ (ਫੱਟਾ) ਬਣਿਆ ਹੈ।

ਸੰਸਾਰ ਵਿੱਚ ਕਈ ਸ਼ਹਿਰ ਅਜਿਹੇ ਹਨ ਜਿਥੇ ਨਹਿਰਾਂ ਰਾਹੀਂ ਹੀ ਆਵਾਜਾਈ ਤੇ ਢੋਆ- ਢੁਆਈ ਹੁੰਦੀ ਹੈ ਜਿਵੇਂ ਕਿ ਇਟਲੀ ਦੇ ਸੰਸਾਰ ਪ੍ਰਸਿੱਧ ਸ਼ਹਿਰ ਵੀਨਸ ਵਿੱਚ ਹੈ। ਹਾਲੈਂਡ ਵਿਚ ਬਹੁਤ ਸਾਰੀਆਂ ਨਹਿਰਾਂ ਈਸਟਰਡੈਮ ਆਦਿ ਸ਼ਹਿਰਾਂ ਵਿੱਚ ਆਵਾਜਾਈ ਲਈ ਹੀ ਬਣੀਆਂ ਹਨ। ਭਾਰਤ ਵਿੱਚ ਸ਼ਹਿਰਾਂ ਦੇ ਮੱਧ ਤਕ ਆਵਾਜਾਈ ਲਈ ਬੜੀਆਂ ਨਹਿਰਾਂ ਬਣਾਈਆਂ ਗਈਆਂ ਹਨ ਜਿਵੇਂ ਦੱਖਣੀ ਭਾਰਤ ਵਿਚ ਬਕਿੰਘਮ ਕੈਨਾਲ। ਆਵਾਜਾਈ ਲਈ ਛੋਟੀਆਂ-ਛੋਟੀਆਂ ਨਹਿਰਾਂ ਤਾਂ ਬਹੁਤ ਬਣਾਈਆਂ ਗਈਆਂ ਹਨ।

ਨਹਿਰਾਂ ਦਾ ਦੂਜਾ ਮੰਤਵ ਨਦੀ ਜਾਂ ਸਰੋਵਰ ਦੇ ਜਲ ਦਾ ਨਿਯੰਤਰਨ ਕਰਕੇ ਸਿੰਜਾਈ ਲਈ ਨਿਯਮਤ ਰੂਪ ਵਿਚ ਦੂਰ-ਦੂਰ ਤਕ ਪਹੁੰਚਾਉਣਾ ਹੈ। ਇਸ ਸਬੰਧੀ ਭਾਰਤ ਵਿਚ ਵਧੇਰੇ ਕੰਮ 19 ਵੀਂ ਸਦੀ ਵਿੱਚ ਹੋਇਆ ਹੈ। ਵੈਸੇ ਪ੍ਰਾਚੀਨ ਕਾਲ ਦੀਆਂ ਬਣੀਆਂ ਹੋਈਆਂ ਬਹੁਤ ਸਾਰੀਆਂ ਨਹਿਰਾਂ ਦੇਸ਼ ਦੇ ਭਿੰਨ-ਭਿੰਨ ਭਾਗਾਂ ਵਿੱਚ ਦੇਖੀਆਂ ਜਾ ਸਕਦੀਆਂ ਹਨ। ਪਰੰਤੂ ਵਧੇਰੇ ਕੰਮ ਸਿੰਜਾਈ ਦੇ ਮੰਤਵ ਲਈ ਹੀ ਹੋਇਆ ਹੈ ਕਿਉਂਕਿ ਭਾਰਤ ਇਕ ਖੇਤੀ ਪ੍ਰਧਾਨ ਦੇਸ਼ ਹੈ। ਸਿੰਜਾਈ ਲਈ ਵੱਡੀਆਂ-ਵੱਡੀਆਂ ਨਹਿਰਾਂ ਬਣਾਈਆਂ ਗਈਆਂ। ਕਈ ਸਦੀਆਂ ਪਹਿਲਾਂ ਦੱਖਣੀ ਭਾਰਤ ਵਿੱਚ ਕਾਵੇਰੀ ਨਦੀ ਉੱਤੇ ਇੱਕ ਅਨਿਕਟ ਬਣਾ ਕੇ ਨਹਿਰਾਂ ਕੱਢੀਆਂ ਗਈਆਂ ਸਨ। ਆਧੁਨਿਕ ਕਾਲ ਵਿਚ ਗੰਗਾ ਨਦੀ ਤੋਂ, ਪੰਜਾਬ ਵਿੱਚ ਸਤਲੁਜ ਅਤੇ

ਬਿਆਸ ਨਦੀ ਤੋਂ ਵੱਡੀਆਂ-ਵੱਡੀਆਂ ਨਹਿਰਾਂ ਬਣਾਈਆਂ ਗਈਆਂ ਜਿਨ੍ਹਾਂ ਨਾਲ ਲੱਖਾਂ ਏਕੜ ਭੂਮੀ ਸਿੰਜਾਈ ਯੋਗ ਹੋਈ। ਗੰਗਾ ਜਮਨਾ ਦੇ ਦੋਆਬ ਵਿੱਚ ਗੰਗਾ ਦੀ ਉਪਰਲੀ ਅਤੇ ਹੇਠਲੀ ਗੰਗਾ ਨਹਿਰ ਨੂੰ ਮਿਲਾ ਕੇ ਲਗਭਗ 32 ਲੱਖ ਏਕੜ ਭੂਮੀ ਦੀ ਸਿੰਜਾਈ ਪ੍ਰਤਿ ਸਾਲ ਹੁੰਦੀ ਹੈ। ਇਸ ਲਈ ਗੰਗਾ ਜਮਨਾ ਦੇ ਦੋਆਬ ਖੇਤਰ ਵਿੱਚ ਲਗਭਗ 1200 ਕਿ. ਮੀ. ਛੋਟੀਆਂ ਵੱਡੀਆਂ ਨਹਿਰਾਂ ਦਾ ਜਾਲ ਵਿਛਿਆ ਹੋਇਆ ਹੈ ਜਿਹੜਾ ਵੱਖੋ ਵੱਖਰੇ ਨਦੀ ਨਾਲਿਆਂ ਦੇ ਵਿਚਲੇ ਖੇਤਰਾਂ ਦੀ ਸਿੰਚਾਈ ਕਰਦੇ ਹਨ। ਇਹ ਭਾਰਤ ਦੀ ਸਭ ਤੋਂ ਵੱਡੀ ਸਿੰਜਾਈ-ਯੋਜਨਾ ਹੈ।

ਗੰਗਾ ਨਹਿਰ ਉਪਰਲੇ ਜਲ-ਭੰਡਾਰਾਂ ਤੋਂ ਬਿਜਲੀ ਉਤਪਾਦਨ ਵੀ ਹੁੰਦਾ ਹੈ। ਨਹਿਰਾਂ ਰਾਹੀਂ ਬਹੁਪੱਖੀ ਵਿਕਾਸ ਹੁੰਦਾ ਹੈ ਅਤੇ ਉਸ ਨਾਲ ਸਿੰਜਾਈ ਦੀ ਉਪਲਬੱਧੀ ਤੋਂ ਇਲਾਵਾ ਉਦਯੋਗਿਕ ਧੰਦਿਆਂ ਦੀ ਉਪਲਬੱਧੀ ਵਿਚ ਵਾਧੇ ਨਾਲ ਸਮੁੱਚੀ ਖੇਤੀ ਉਪਜ ਅਤੇ ਉਦਯੋਗਿਕ ਉਪਜ ਵਿਚ ਵਾਧਾ ਹੁੰਦਾ ਹੈ ਜਿਸ ਦੇ ਫਲਸਰੂਪ ਲੋਕਾਂ ਦੇ ਜੀਵਨ ਪੱਧਰ ਦੀ ਰੇਖਾ ਵੀ ਉੱਚੀ ਹੁੰਦੀ ਹੈ। ਸਰਕਾਰ ਨੂੰ ਵੀ ਨਹਿਰਾਂ ਰਾਹੀਂ ਮਾਲੀਆ ਮਿਲਦਾ ਹੈ ਇਸ ਤਰ੍ਹਾਂ ਸਰਕਾਰੀ ਖ਼ਜਾਨੇ ਲਈ ਆਮਦਨੀ ਹੁੰਦੀ ਹੈ ਜਿਵੇਂ ਕਿ ਉਪਰਲੀ ਅਤੇ ਹੇਠਲੀ ਗੰਗਾ ਨਹਿਰਾਂ ਤੋਂ ਉੱਤਰ ਪ੍ਰਦੇਸ਼ ਸਰਕਾਰ ਨੂੰ ਸਾਰੇ ਖਰਚੇ ਕੱਢਣ ਉਪਰੰਤ ਕਰੋੜਾਂ ਰੁਪਏ ਦੀ ਆਮਦਨ ਹੁੰਦੀ ਹੈ।

ਹ. ਪੁ.—ਹਿੰ. ਵਿ. ਕੋ. 6 : 268

ਨਹਿਰੀ ਇੰਜੀਨੀਅਰਿੰਗ : ਸਿੰਜਾਈ ਵਾਲੀਆਂ ਨਹਿਰਾਂ ਦੇ ਨਿਰਮਾਣ ਲਈ ਵਿਸ਼ੇਸ਼ ਗੱਲ ਇਹ ਹੁੰਦੀ ਹੈ ਕਿ ਨਹਿਰਾਂ ਅਜਿਹੇ ਰਸਤਿਆਂ ਤੋਂ ਕੱਢੀਆਂ ਜਾਣ, ਜਿਥੋਂ ਇਸ ਦੇ ਦੋਵੇਂ ਪਾਸਿਆਂ ਤੋਂ ਖੇਤਾਂ ਦੀ ਸਿੰਜਾਈ ਲਈ ਮੋਘੇ ਕੱਢੇ ਜਾ ਸਕਦੇ ਹੋਣ। ਇਸ ਤੋਂ ਇਲਾਵਾ ਇਨ੍ਹਾਂ ਨਹਿਰਾਂ ਦਾ ਬਹਾਉ ਉੱਚੀ ਥਾਂ ਤੋਂ ਹੋਣਾ ਚਾਹੀਦਾ ਹੈ ਅਤੇ ਇਹ ਸਥਾਨ ਸਿੰਜਾਈ ਖੇਤਰ ਦੇ ਵਿਚਕਾਰ ਹੋਣਾ ਚਾਹੀਦਾ ਹੈ। ਨਦੀਆਂ ਅਤੇ ਨਾਲੇ ਇਸ ਤੋਂ ਉਲਟ, ਖੇਤਰ ਦੇ ਹੇਠਾਂ ਵਲ ਵਹਿੰਦੇ ਹਨ। ਵਾਸਤਵ ਵਿਚ ਨਹਿਰਾਂ ਬਹੁਤਾ ਕਰਕੇ ਨਦੀਆਂ ਅਤੇ ਨਾਲਿਆਂ ਦੇ ਵਿਚਕਾਰੋਂ ਉੱਚੀ ਧਰਤੀ ਉੱਤੇ ਹੋ ਕੇ ਨਿਕਲਦੀਆਂ ਹਨ। ਕਦੇ-ਕਦੇ ਇਸ ਉੱਚੀ ਧਰਤੀ ਤੱਕ ਪਹੁੰਚਣ ਲਈ ਨਹਿਰਾਂ ਨੂੰ ਅਨੇਕਾਂ ਨਦੀਆਂ ਤੇ ਨਾਲਿਆਂ ਦੇ ਉੱਤੋਂ ਵਹਿਣਾ ਪੈਂਦਾ ਹੈ। ਉਦਾਹਰਣ ਵਜੋਂ ਭਾਖੜਾ ਨਹਿਰ (ਪੰਜਾਬ) ਨੂੰ ਨੰਗਲ ਤੋਂ ਰਾਜਸਥਾਨ ਤੱਕ ਜਾਣ ਲਈ ਅਤੇ ਉਪਰਲੀ ਗੰਗਾ ਨਹਿਰ ਨੂੰ ਹਰਦੁਆਰ ਤੇ ਰੁੜਕੀ ਦੇ ਵਿਚਲੇ 30 ਕਿ. ਮੀ. ਦੀ ਦੂਰੀ ਤਹਿ ਕਰਨ ਲਈ ਕਈ ਨਦੀਆਂ ਤੇ ਨਾਲਿਆਂ ਉਤੋਂ ਦੀ ਲੰਘਣਾ ਪੈਂਦਾ ਹੈ ਅਤੇ ਉਹ ਵੀ ਭਿੰਨ ਭਿੰਨ ਢੰਗਾਂ ਨਾਲ। ਉਪਰਲੀ ਗੰਗਾ ਨਹਿਰ ਅਤੇ ਭਾਖੜਾ ਨਹਿਰ ਦੇ ਨਾਲ-ਨਾਲ ਪੱਕੀ ਸੜਕ ਜਾਂਦੀ ਹੈ। ਇਸ ਲਈ ਇੰਜੀਨੀਅਰਿੰਗ ਦੇ ਕੁਝ ਮਹੱਤਵਪੂਰਨ ਕਾਰਜ ਵੇਖਣ ਦਾ ਮੌਕਾ ਮਿਲਦਾ ਹੈ।

ਉਪਰਲੀ ਗੰਗਾ ਨਹਿਰ ਦੋ ਸਥਾਨਾਂ ਉੱਤੇ ਪਹਾੜੀ ਨਦੀਆਂ ਦੇ ਹੇਠਾਂ ਨੂੰ ਹੋ ਕੇ ਲੰਘਦੀ ਹੈ। ਇਸ ਸਥਾਨ ਉੱਤੇ ਨਦੀ ਨਹਿਰ ਵਿਚ ਮਿਲਾ ਦਿੱਤੀ ਜਾਂਦੀ ਹੈ ਅਤੇ ਇਕ ਹੋਰ ਸਥਾਨ ਉੱਤੇ ਸੋਲਾਨੀ (ਐਕਿਆਡੈਕਟ) ਜਲ-ਸੇਤੂ ਬਣਾਇਆ ਹੋਇਆ ਹੈ। ਇਥੇ ਨਹਿਰ, ਨਦੀ ਦੇ ਉਪਰੋਂ ਹੋ ਕੇ ਲੰਘਦੀ ਹੈ। ਪੰਜਾਬ ਦੇ ਰੋਪੜ ਜ਼ਿਲ੍ਹੇ ਵਿਚ ਸਰਹੰਦ ਨਹਿਰ ਕਈ ਪਹਾੜੀ ਬਰਸਾਤੀ ਨਦੀਆਂ ਦੇ ਹੇਠਾਂ ਤੋਂ ਹੋ ਕੇ ਲੰਘਦੀ ਹੈ ਜਦੋਂ ਕਿ ਭਾਖੜਾ ਨਹਿਰ ਇਸ ਤੋਂ ਉਲਟ ਉਪਰੋਂ ਦੀ ਹੋ ਕੇ ਲੰਘਦੀ ਹੈ। ਇਹ ਸੋਲਾਨੀ ਜਲ-ਸੇਤੂ ਸੰਸਾਰ ਪ੍ਰਸਿੱਧ ਹੈ। ਇਸ ਜਲ-ਸੇਤੂ ਦੀ ਉਸਾਰੀ ਕੇਵਲ ਇੱਟਾਂ ਅਤੇ ਚੂਨੇ ਨਾਲ ਕੀਤੀ ਹੋਈ ਹੈ, ਜਿਸ ਦੀ ਉਸਾਰੀ ਦਾ ਕੰਮ 1850 ਈ. ਵਿਚ ਪੂਰਾ ਕੀਤਾ ਗਿਆ ਸੀ। ਇਸੇ ਤਰ੍ਹਾਂ ਸਰਹੰਦ ਨਹਿਰ ਦੀ ਉਸਾਰੀ ਦਾ ਕੰਮ 1867 ਈ. ਵਿਚ ਸ਼ੁਰੂ ਹੋਇਆ ਸੀ ਅਤੇ ਇਸ ਉੱਤੇ ਜਿੰਨੇ ਵੀ ਜਲ-ਸੇਤੂ ਉਸਾਰੇ ਹੋਏ ਹਨ ਉਹ ਸਾਰੇ ਇੱਟਾਂ ਅਤੇ ਚੂਨੇ ਵਿਚ ਹਨ। ਇਨ੍ਹਾਂ ਦੀ ਉਸਾਰੀ 1882 ਈ. ਵਿਚ ਮੁਕੰਮਲ ਹੋਈ ਸੀ।

ਸਿੰਜਾਈ ਵਾਲੀ ਨਹਿਰ ਜਿਉਂ ਜਿਉਂ ਅੱਗੇ ਵੱਧਦੀ ਜਾਂਦੀ ਹੈ ਉਹ ਦਰਖ਼ਤਾਂ ਦੀਆਂ ਟਹਿਣੀਆਂ (ਸ਼ਾਖ਼ਾਂ) ਦੀ ਤਰ੍ਹਾਂ ਛੋਟੀ ਹੁੰਦੀ ਜਾਂਦੀ ਹੈ। ਜਦੋਂ ਕਿ ਨਦੀਆਂ ਇਸ ਦੇ ਉਲਟ ਜਿਉਂ ਜਿਉਂ ਅੱਗੇ ਜਾਂਦੀਆਂ ਹਨ ਉਹ ਨਾਲਿਆਂ ਜਾਂ ਸਹਾਇਕ ਨਦੀਆਂ ਦਾ ਪਾਣੀ ਮਿਲ ਕੇ ਵੱਡੀਆਂ ਹੁੰਦੀਆਂ ਜਾਂਦੀਆਂ ਹਨ। ਨਹਿਰ ਦੀਆਂ ਸ਼ਾਖ਼ਾਵਾਂ ਵਿਚ ਪਾਣੀ ਵੰਡ ਲਈ ਨਾਲੇ ਤੇ ਰਜਬਾਹੇ ਨਿਕਲਦੇ ਹਨ। ਅਗੋਂ ਇਨ੍ਹਾਂ ਵਿਚੋਂ ਛੋਟੀਆਂ ਨਹਿਰਾਂ ਨਿਕਲਦੀਆਂ ਹਨ ਜਿਨ੍ਹਾਂ ਨੂੰ ਮਾਈਨਰ ਜਾਂ ਬੰਬੇ ਕਿਹਾ ਜਾਂਦਾ ਹੈ। ਇਨ੍ਹਾਂ ਸਾਰੀਆਂ ਨਹਿਰਾਂ ਵਿਚ ਕੁਲਾਬੇ, ਮੋਘੇ ਜਾਂ ਆਊਟ ਲੈੱਟ ਜਾਂ ਨਿਕਾਸ ਦੁਆਰ ਰਾਹੀਂ ਪਾਣੀ ਖੇਤਾਂ ਵਿਚ ਛੱਡਿਆ ਜਾਂਦਾ ਹੈ। ਇਹ ਪਾਣੀ-ਵੰਡ ਵਿਗਿਆਨਕ ਢੰਗ ਨਾਲ ਨਿਰਧਾਰਤ ਸਿੱਧਾਂਤਾਂ ਅਨੁਸਾਰ ਹੁੰਦੀ ਹੈ। ਜੇਕਰ ਅਜਿਹਾ ਨਾ ਕੀਤਾ ਜਾਵੇ ਤਾਂ ਨਹਿਰਾਂ ਵਿਚ ਜਿਹੜੀਆਂ ਸੈਂਕੜੇ ਕਿ. ਮੀ. ਤੱਕ ਪਾਣੀ ਪਹੁੰਚਾਉਂਦੀਆਂ ਹਨ ਪਾਣੀ ਹੀ ਨਾ ਪਹੁੰਚੇ। ਇਸੇ ਕਰਕੇ ਸਰਕਾਰੀ ਵਿਭਾਗ ਬਣਾਏ ਹੋਏ ਹਨ ਜਿਥੇ ਯੋਗ ਇੰਜੀਨੀਅਰ ਨਹਿਰਾਂ ਦੀ ਚੰਗੀ ਹਾਲਤ ਰਖਣ ਅਤੇ ਉਨ੍ਹਾਂ ਵਿਚੋਂ ਨਿਰਧਾਰਤ ਮਿਕਦਾਰ ਵਿਚ ਪਾਣੀ ਦਾ ਵਹਾਉ ਯਕੀਨਨ ਬਣਾਉਣ ਦਾ ਪ੍ਰਬੰਧ ਕਰਦੇ ਹਨ।

ਨਹਿਰਾਂ ਦੇ ਪਾਣੀ ਦੀ ਗਤੀ ਇਸ ਹਿਸਾਬ ਨਾਲ ਰੱਖੀ ਜਾਂਦੀ ਹੈ ਤਾਂ ਜੋ ਨਾ ਤਾਂ ਕਿਸੇ ਥਾਂ ਕੱਟ ਪਏ ਅਤੇ ਨਾ ਹੀ ਤਲਛੱਟ ਜਾਂ ਗਾਦ ਇਕੱਠੀ ਹੋਵੇ। ਅਜਿਹਾ ਨਹਿਰਾਂ ਵਿਚ ਛੱਡੇ ਜਾ ਰਹੇ ਪਾਣੀ ਦੀ ਮਿਕਦਾਰ ਉੱਤੇ ਨਿਰਭਰ ਕਰਦਾ ਹੈ। ਦੂਜੇ ਨਹਿਰ ਦੀ ਢਲਾਨ ਇਸ ਤਰ੍ਹਾਂ ਰਖੀ ਜਾਂਦੀ ਹੈ ਕਿ ਪਾਣੀ ਆਪਣੇ ਆਪ ਨਿਰਧਾਰਤ ਦਿਸ਼ਾ ਵਿਚ ਵਹਿੰਦਾ ਰਹੇ। ਇਸ ਪੱਖੋਂ ਭਾਰਤ ਵਿਚ ਅਨੇਕਾਂ ਹੀ ਮਹੱਤਵਪੂਰਨ ਕੰਮ ਹੋਏ ਅਤੇ ਹੋ ਰਹੇ ਹਨ, ਜਿਵੇਂ ਕਿ ਐੱਸ. ਵਾਈ. ਐਲ (ਸਤਲੁੱਜ-ਜਮਨਾ-ਲਿੰਕ) ਨਹਿਰ ਦਾ ਨਿਰਮਾਣ ਕਾਰਜ ਹੋ ਰਿਹਾ ਹੈ ਜਿਹੜਾ ਨਹਿਰੀ ਇੰਜੀਨੀਅਰਿੰਗ ਦੀ ਆਪਣੇ ਆਪ ਵਿਚ ਇਕ ਉਦਾਹਰਣ ਹੈ। ਹੋਰ ਵੀ ਅਨੇਕਾਂ ਪ੍ਰਕਾਰ ਦੀਆਂ ਸਮੱਸਿਆਵਾਂ ਨਹਿਰਾਂ ਦੇ ਸੰਚਾਲਨ ਵਿਚ ਦਰਪੇਸ਼ ਆਉਂਦੀਆਂ ਹਨ ਜਿਨ੍ਹਾਂ ਦਾ ਸਮਾਧਾਨ ਕਰਨਾ ਵੀ ਇਨ੍ਹਾਂ ਇੰਜੀਨੀਅਰਾਂ ਦਾ ਹੀ ਕੰਮ ਹੁੰਦਾ ਹੈ। ਨਹਿਰਾਂ ਵਿਚ ਲੋੜ ਅਨੁਸਾਰ ਨਿਕਾਸ ਵੀ ਬਣਾਏ ਜਾਂਦੇ ਹਨ ਜਿਨ੍ਹਾਂ ਦੀ ਸਹਾਇਤਾ ਨਾਲ ਵਾਧੂ ਪਾਣੀ, ਜਦੋਂ ਪਾਣੀ ਦੀ ਅਗੇ ਲੋੜ ਨਾ ਹੋਵੇ ਜਾਂ ਟੁੱਟ ਭੱਜ ਸਮੇਂ ਨੇੜੇ ਦੇ ਨਦੀ ਨਾਲਿਆਂ ਵਿਚ ਛੱਡ ਦਿੱਤਾ ਜਾਂਦਾ ਹੈ ਤਾਂ ਜੋ ਕਿਸੇ ਤਰ੍ਹਾਂ ਦੇ ਜਾਨ ਮਾਲ ਦਾ ਨੁਕਸਾਨ ਨਾ ਹੋਵੇ। ਅਜਿਹਾ ਬਹੁਤ ਵਾਰੀ ਹੋ ਜਾਂਦਾ ਹੈ ਜਦੋਂ ਨਹਿਰ ਪੂਰੀ ਚਲ ਰਹੀ ਹੋਵੇ ਅਤੇ ਬਾਰਸ਼ ਹੋ ਜਾਣ ਕਾਰਨ ਪਾਣੀ ਦੀ ਮੰਗ ਨਾ ਰਹੀ ਹੋਵੇ ਤਾਂ ਅਜਿਹੀ ਸੁਥਿਤੀ ਵਿਚ ਮੋਘੇ ਜਾਂ ਕੁਲਾਬੇ ਬੰਦ ਕਰ ਦਿੱਤੇ ਜਾਂਦੇ ਹਨ। ਪਰੰਤੂ ਸਮੁੱਚੇ ਪਾਣੀ ਨੂੰ ਨਹਿਰ ਸੰਭਾਲ ਨਹੀਂ ਸਕਦੀ ਅਰਥਾਤ ਪਾਣੀ ਨੂੰ ਨਿਕਾਸ ਰਾਹੀਂ ਨਦੀ ਜਾਂ ਨਾਲਿਆਂ ਵਿਚ ਛੱਡਣਾ ਉਚਿਤ ਹੋ ਜਾਂਦਾ ਹੈ।

ਜਿੱਥੇ ਨਹਿਰ ਵਧੇਰੇ ਭਰਤ ਪਾ ਕੇ ਬਣਾਈ ਹੁੰਦੀ ਹੈ ਉਥੇ ਨਹਿਰ ਦੇ ਦੋਵੇਂ ਕਿਨਾਰਿਆਂ ਦੇ ਪੁਸ਼ਤੇ ਬੜੀ ਸਾਵਧਾਨੀ ਨਾਲ ਬਣਾਏ ਜਾਂਦੇ ਹਨ ਅਤੇ ਵਿਚ ਵਿਚ ਕਈ ਥਾਵਾਂ ਉੱਤੇ ਪੱਕੇ ਪੁਸ਼ਤੇ ਬਣਾਉਣ ਦੀ ਵੀ ਜ਼ਰੂਰਤ ਪੈਂਦੀ ਹੈ। ਉਦਾਹਰਣ ਲਈ ਐੱਸ. ਵਾਈ.

ਐਲ. ਨਹਿਰ ਰੋਪੜ ਦੇ ਨੇੜੇ ਅਤੇ ਉਪਰਲੀ ਗੰਗਾ ਨਹਿਰ ਰੁੜਕੀ ਦੇ ਨੇੜੇ ਸੋਲਾਨੀ ਐਕਿਊਡੈਕਟ ਦੇ ਦੋਨੋਂ ਪਾਸੇ ਕਾਫ਼ੀ ਭਰਤ ਪਾ ਕੇ ਬਣਾਈਆਂ ਗਈਆਂ ਹਨ। ਇਨ੍ਹਾਂ ਥਾਵਾਂ ਉੱਤੇ 10 ਤੋਂ 15 ਮੀ. ਤੱਕ ਭਰਤ ਪਾਇਆ ਗਿਆ ਹੈ ਕਿਉਂਕਿ ਉਥੇ ਧਰਤੀ ਦੀ ਸਤ੍ਹਾ ਕਾਫ਼ੀ ਨੀਵੀਂ ਹੈ। ਉਪਰਲੀ ਗੰਗਾ ਨਹਿਰ ਉੱਤੇ ਪੱਕੇ ਪੁਸ਼ਤੇ ਬਣਾਏ ਗਏ ਹਨ ਅਤੇ ਇਨਾਂ ਦੀ ਲੰਬਾਈ 5 ਕਿ. ਮੀ. ਦੇ ਲਗਭਗ ਹੈ ਪਰੰਤੂ ਫਿਰ ਵੀ ਪਾਣੀ ਰਿਸਦਾ ਰਹਿੰਦਾ ਹੈ ਜਿਸ ਨੂੰ ਸਾਂਭਣ ਲਈ ਦੋਨੋਂ ਪਾਸੇ ਨਾਲੀਆਂ ਬਣੀਆਂ ਹੋਈਆਂ ਹਨ ਜਿਨ੍ਹਾਂ ਰਾਹੀਂ ਰਿਸਣ ਵਾਲਾ ਪਾਣੀ ਨਦੀ ਵਿਚ ਚਲਾ ਜਾਂਦਾ ਹੈ। ਨਹਿਰਾਂ ਵਿਚ ਕਈ ਥਾਵਾਂ ਉੱਤੇ ਗਿਰਣ ਨਾਲ ਕਾਫ਼ੀ ਨੁਕਸਾਨ ਵੀ ਹੋ ਜਾਂਦਾ ਹੈ। ਨਹਿਰਾਂ ਦੇ ਬਣਨ ਨਾਲ ਉਸ ਇਲਾਕੇ ਦੇ ਧਰਤੀ ਹੇਠਲੇ ਜਲ ਦੀ ਸਤ੍ਹਾ ਉੱਚੀ ਹੋ ਜਾਂਦੀ ਹੈ। ਜੇਕਰ ਆਲੇ ਦੁਆਲੇ ਦੀ ਧਰਤੀ ਦੀ ਪਾਣੀ ਸੋਖਣ ਸਮਰੱਥਾ ਘੱਟ ਹੋਵੇ ਤਾਂ ਉਸ ਇਲਾਕੇ ਵਿਚ ਸੇਮ ਹੋ ਜਾਵੇਗੀ ਅਤੇ ਜ਼ਮੀਨ ਖੇਤੀ ਯੋਗ ਨਹੀਂ ਰਹੇਗੀ ਭਾਵ ਨਹਿਰਾਂ ਦੇ ਨਿਰਮਾਣ ਦੇ ਨਾਲ ਨਿਕਾਸੀ ਨਾਲਿਆਂ ਦੀ ਉਸਾਰੀ ਕਰਨਾ ਵੀ ਜ਼ਰੂਰੀ ਹੋ ਜਾਂਦਾ ਹੈ। ਜੇਕਰ ਇਹ ਪ੍ਰਬੰਧ ਸਮੇਂ ਸਿਰ ਨਾ ਕੀਤੇ ਗਏ ਹੋਣ ਤਾਂ ਕਾਫ਼ੀ ਨੁਕਸਾਨ ਹੋਣ ਦਾ ਡਰ ਰਹਿੰਦਾ ਹੈ ਜਿਸ ਤਰ੍ਹਾਂ ਪੰਜਾਬ ਦੇ ਕੁਝ ਇਲਾਕਿਆਂ ਵਿਚ ਸੇਮ ਹੋ ਗਈ ਹੈ। ਇਸ ਲਈ ਨਹਿਰ ਦੇ ਨਾਲ ਨਾਲ ਨਾਲਿਆਂ ਦਾ ਨਿਰਮਾਣ ਹੋਣਾ ਵੀ ਜ਼ਰੂਰੀ ਹੈ। ਸੰਸਾਰ ਦੇ ਕੁਝ ਹਿੱਸਿਆਂ ਵਿਚ ਪਾਣੀ ਦੇ ਨਿਕਾਸ ਦਾ ਉਚਿਤ ਪ੍ਰਬੰਧ ਨਾ ਹੋਣ ਕਾਰਨ ਨਹਿਰਾਂ ਤੋਂ ਲਾਭ ਹੋਣ ਦੀ ਥਾਂ ਹਾਨੀ ਉਠਾਉਣੀ ਪਈ ਹੈ।

ਕਈ ਥਾਵਾਂ ਉੱਤੇ ਪਾਣੀ ਦਾ ਰਿਸਾਉ ਰੋਕਣ ਲਈ ਨਹਿਰਾਂ ਦੇ ਥੱਲੇ ਅਤੇ ਦੋਨੋਂ ਪਾਸੇ ਕੰਕਰੀਟ ਜਾਂ ਚਣਾਈ ਜਾਂ ਕਿਸੇ ਹੋਰ ਢੰਗ ਨਾਲ ਪੱਕਾ ਕੀਤਾ ਜਾਂਦਾ ਹੈ। ਇਸ ਨਾਲ ਪਾਣੀ ਦਾ ਰਿਸਣਾ ਘਟ ਜਾਂਦਾ ਹੈ। ਇਹ ਢੰਗ ਕੇਵਲ ਉਥੇ ਹੀ ਸਫ਼ਲ ਹੁੰਦਾ ਹੈ ਜਿਥੇ ਨਹਿਰ ਸਿੰਜਾਈ ਦੀ ਥਾਂ ਸਿਰਫ਼ ਪਾਣੀ ਨੂੰ ਅੱਗੇ ਲਿਜਾਣ ਲਈ ਹੀ ਬਣਾਈ ਗਈ ਹੋਵੇ ਜਿਵੇਂ ਐਸ.ਵਾਈ.ਐਲ. ਨੂੰ ਥੱਲੇ ਤੋਂ ਪੱਕਾ ਕਰਨ ਦੇ ਨਾਲ ਨਾਲ ਪਾਸਿਆਂ ਉੱਤੇ ਵੀ ਕੰਕਰੀਟ ਦੀਆਂ ਸਲੈਬਾਂ ਪਾਈਆਂ ਗਈਆਂ ਹਨ ਪਰੰਤੂ ਜਿਥੇ ਸਿੰਜਾਈ ਹੁੰਦੀ ਹੈ ਉਥੇ ਬਹੁਤ ਸਮੇਂ ਤੱਕ ਸੇਮ ਤੋਂ ਨਹੀਂ ਬਚਿਆ ਜਾ ਸਕਦਾ। ਅਜਿਹੀ ਸਥਿਤੀ ਵਿਚ ਸਾਵਧਾਨੀ ਨਾਲ ਸਿੰਜਾਈ ਅਤੇ ਢੁਕਵੇਂ ਨਿਕਾਸੀ ਨਾਲਿਆਂ ਅਤੇ ਧਰਤੀ ਹੇਠਲੇ ਜਲ-ਨਿਕਾਸੀ ਸਾਧਨਾਂ ਦੀ ਵਰਤੋਂ ਜ਼ਰੂਰੀ ਹੋ ਜਾਂਦੀ ਹੈ।

ਸਿੰਜਾਈ ਨਹਿਰਾਂ ਨੂੰ ਬਣਾਉਣ ਉਪਰੰਤ ਉਨ੍ਹਾਂ ਨੂੰ ਠੀਕ-ਠਾਕ ਰਖਣਾ ਇਕ ਮਹਤਵਪੂਰਨ ਕੰਮ ਹੈ। ਨਹਿਰ ਜਾਂ ਸਿੰਜਾਈ ਵਿਭਾਗ ਭਾਰਤ ਜਿਹੇ ਖੇਤੀ-ਪ੍ਰਧਾਨ ਦੇਸ਼ ਵਿਚ ਵਿਸ਼ੇਸ਼ ਥਾਂ ਰਖਦਾ ਹੈ। ਸਿੰਜਾਈ ਨਹਿਰਾਂ ਦੇਸ਼ ਦੀ ਉਹ ਵੱਡਮੁਲੀ ਦਾਤ ਹਨ ਜਿਨ੍ਹਾਂ ਉੱਤੇ ਖੇਤੀ ਉਤਪਾਦਨ ਸੌ ਫ਼ੀਸਦੀ ਨਿਰਭਰ ਕਰਦਾ ਹੈ। ਨਹਿਰਾਂ ਦੇ ਸੰਚਾਲਨ ਲਈ ਕਾਨੂੰਨ ਬਣੇ ਹੋਏ ਹਨ ਜਿਨ੍ਹਾਂ ਅਨੁਸਾਰ ਵਿਭਾਗ ਆਪਣਾ ਕੰਮ ਕਾਜ ਕਰਦਾ ਹੈ। ਕਿਸੇ ਵੀ ਦੇਸ਼ ਵਿਚ ਨਹਿਰਾਂ ਰਾਹੀਂ ਆਵਾਜਾਈ ਜਾਂ ਖੇਤੀ ਦੇ ਖੇਤਰ ਵਿਚ ਵਿਕਾਸ ਲਈ ਬਹੁਤ ਮਹੱਤਵਪੂਰਨ ਯੋਗਦਾਨ ਹੈ। ਕਈ ਹਿੱਸਿਆਂ ਵਿਚ ਵੱਡੇ-ਵੱਡੇ ਖੇਤਰਾਂ ਦੀ ਸਮੁਚੀ ਆਰਥਕਤਾ ਪੂਰੀ ਦੀ ਪੂਰੀ ਨਹਿਰਾਂ ਉੱਤੇ ਹੀ ਨਿਰਭਰ ਕਰਦੀ ਹੈ। ਲਾਹੇਵੰਦ ਜਲਮਾਰਗ ਤੋਂ ਇਲਾਵਾ ਨਹਿਰਾਂ ਦੀ ਖੇਡਾਂ ਦੇ ਖੇਤਰ ਅਤੇ ਉਦਯੋਗਿਕ ਧੰਦਿਆਂ ਦੇ ਖੇਤਰ ਲਈ ਹੋਰ ਵੀ ਮਹੱਤਤਾ ਹੈ। ਇਹੋ ਕਾਰਨ ਹੈ ਕਿ ਸੰਸਾਰ ਦੀਆਂ ਮਹਾਨ ਕਿਰਤੀਆਂ ਵਿਚ ਨਹਿਰਾਂ ਦਾ ਵਿਸ਼ੇਸ਼ ਸਥਾਨ ਹੈ ਅਤੇ ਭਵਿੱਖ ਵਿਚ ਹੋਰ ਵੀ ਮਹਤਵਪੂਰਨ ਯੋਗਦਾਨ ਪਾਉਣ ਦੀਆਂ ਸੰਭਾਵਨਾਵਾਂ ਹਨ।

ਹ.ਪ੍ਰ.- ਹਿੰ. ਵਿ. ਕੋ. 6 : 268

ਨਹਿਰੂ ਮੋਤੀ ਲਾਲ (ਪੰਡਿਤ) : ਹਿੰਦੁਸਤਾਨ ਦੇ ਇਸ ਉੱਘੇ ਕੌਮੀ ਨੇਤਾ ਦਾ ਜਨਮ 6 ਮਈ, 1861 ਵਿਚ ਦਿੱਲੀ ਵਿਖੇ ਇਕ ਰੱਜੇ ਪੁਜੇ ਕਸ਼ਮੀਰੀ ਬ੍ਰਾਹਮਣ ਪਰਿਵਾਰ ਵਿਚ ਹੋਇਆ। ਇਹ ਭਾਰਤੀ ਸੁਤੰਤਰਤਾ ਲਹਿਰ ਦੇ ਨੇਤਾ ਸਵਰਾਜ ਪਾਰਟੀ ਦੇ ਸਹਿ-ਸਥਾਪਕ ਅਤੇ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੇ ਪਿਤਾ ਸਨ।



ਮੋਤੀ ਲਾਲ ਨਹਿਰੂ (ਪੰਡਿਤ)

ਕਾਨੂੰਨੀ ਵਿਦਿਆ ਹਾਸਲ ਕਰਨ ਪਿੱਛੋਂ ਇਸ ਨੇ 1896 ਈ. ਵਿਚ ਅਲਾਹਾਬਾਦ ਹਾਈਕੋਰਟ ਵਿੱਚ ਵਕਾਲਤ ਕਰਨੀ ਸ਼ੁਰੂ ਕੀਤੀ। ਇਸ ਨੇ ਅੱਧਖੜ ਉਮਰ ਤਕ ਰਾਜਨੀਤੀ ਤੋਂ ਗੁਰੇਜ਼ ਰੱਖਿਆ। ਭਾਰਤ ਵਿਚ ਮਾਂਟੇਗੁ-ਚੈਮਸਫੋਰਡ ਸੁਧਾਰ ਲਾਗੂ ਹੋਣ ਤੋਂ ਹੀ ਇਸ ਨੇ ਆਪਣਾ ਰਾਜਨੀਤਿਕ ਜੀਵਨ ਸ਼ੁਰੂ ਕੀਤਾ। ਇਸ ਨੇ 1907 ਈ. ਵਿੱਚ ਭਾਰਤ ਲਈ ਪ੍ਰਭੁਸਤਾ ਸਪੰਨ ਦਰਜੇ ਲਈ ਹੰਭਲਾ ਮਾਰਨ ਵਾਲੇ ਰਾਜਨੀਤਿਕ ਸੰਗਠਨ, ਇੰਡੀਅਨ ਨੈਸ਼ਨਲ ਕਾਂਗਰਸ ਦੀ ਪ੍ਰਾਂਤਕ ਕਾਨਫਰੰਸ ਦੀ ਪ੍ਰਧਾਨਗੀ ਕੀਤੀ। ਇਸ ਦਾ ਸਬੰਧ ਕਾਂਗਰਸ ਦੇ ਨਰਮ ਧੜੇ (ਜਿਹੜੇ ਗਰਮ ਧੜੇ ਦੇ ਮੁਕਾਬਲੇ ਸੰਵਿਧਾਨਕ ਸੁਧਾਰ ਦੀ ਵਕਾਲਤ ਕਰਦੇ ਸਨ) ਨਾਲ ਸੀ ਜਿਹੜੇ ਗਾਂਧੀ ਦੇ ਪੱਕੇ ਪੈਰੋਕਾਰ ਸਨ ਅਤੇ ਪੱਕੇ ਅਹਿੰਸਾਵਾਦੀ ਸਨ।

ਸੰਨ 1919 ਵਿੱਚ ਇਸ ਦੇ ਵਿਚਾਰਾਂ ਵਿਚ ਤਬਦੀਲੀ ਆਈ ਜਦੋਂ ਇਸ ਨੇ ਆਪਣੇ ਨਵੇਂ ਗਰਮ-ਖਿਆਲਾਂ ਨੂੰ ਰੋਜ਼ਾਨਾ ਅਖ਼ਬਾਰ 'ਦੀ ਇੰਡੀਪੈਂਡੈਂਟ' ਵਿੱਚ ਪ੍ਰਗਟ ਕੀਤਾ। ਸੰਨ 1919 ਵਿੱਚ ਅੰਮ੍ਰਿਤਸਰ ਦੇ ਜੱਲ੍ਹਿਆਂ ਵਾਲੇ ਬਾਗ਼ ਵਿਖੇ ਹੋਏ ਭਾਰਤ ਦੇ ਹਜ਼ਾਰਾਂ ਨਿਹੱਥੇ ਲੋਕਾਂ ਦੇ ਕਤਲੇਆਮ ਨੇ ਇਸ ਨੂੰ ਹਲੂਣ ਦਿੱਤਾ ਅਤੇ ਇਸ ਨੇ ਆਪਣੀ ਚੰਗੀ ਚਲਦੀ ਵਕਾਲਤ ਨੂੰ ਤਿਆਗ ਕੇ ਆਜ਼ਾਦੀ ਦੇ ਅੰਦੋਲਨ ਨੂੰ ਹੀ ਆਪਣਾ ਜੀਵਨ ਨਿਸ਼ਾਨਾ ਬਣਾ ਲਿਆ। ਇਸ ਨੇ ਸਭ ਤੋਂ ਪਹਿਲਾਂ ਨਾ ਮਿਲਵਰਤਨ ਅੰਦੋਲਨ ਵਿੱਚ ਭਾਗ ਲਿਆ। ਸੰਨ 1921 ਵਿੱਚ ਇਸ ਨੂੰ ਅਤੇ ਇਸ ਦੇ ਪੁੱਤਰ ਜਵਾਹਰ ਲਾਲ ਨੂੰ ਅੰਗਰੇਜ਼ਾਂ ਵਲੋਂ ਗ੍ਰਿਫਤਾਰ ਕਰ ਲਿਆ ਗਿਆ ਅਤੇ ਇਹ ਦੋਨੋਂ 6 ਮਹੀਨੇ ਤਕ ਕੈਦ ਵਿੱਚ ਰਹੇ।

ਸੰਨ 1923 ਵਿਚ ਇਸ ਨੇ ਸਵਰਾਜ ਪਾਰਟੀ (1923-27) ਬਣਾਉਣ ਵਿੱਚ ਸਹਾਇਤਾ ਕੀਤੀ ਜਿਸ ਦੀ ਨੀਤੀ ਕੇਂਦਰੀ ਵਿਧਾਨਕ ਅਸੈਂਬਲੀ ਦੀ ਚੋਣ ਜਿੱਤਣਾ ਅਤੇ ਇਸ ਦੀਆਂ ਕਾਰਵਾਈਆਂ ਵਿੱਚ ਰੁਕਾਵਟ ਪਾਉਣਾ ਸੀ। ਇਹ ਦੂਜੀ ਵਿਧਾਨਕ ਅਸੈਂਬਲੀ ਵਿੱਚ ਸਵਰਾਜ ਪਾਰਟੀ ਦਾ ਨੇਤਾ ਚੁਣਿਆ ਗਿਆ। ਸੰਨ 1928 ਵਿੱਚ ਇਸ ਨੂੰ ਪ੍ਰਭੂਤਾ ਦਰਜਾ ਦੇਣ ਦੀ ਮੰਗ ਉੱਤੇ ਆਧਾਰਤ

ਆਜ਼ਾਦ ਭਾਰਤ ਲਈ ਅੱਗੋਂ ਸੰਵਿਧਾਨ ਵਾਲੀ ਕਾਂਗਰਸ ਪਾਰਟੀ ਦੀ 'ਨਹਿਰੂ ਰਿਪੋਟ' ਲਿਖੀ ਜਿਸ ਦੇ ਪ੍ਰਕਾਸ਼ਨ ਨਾਲ ਬਰਤਾਨਵੀ ਸਰਕਾਰ ਕਾਫ਼ੀ ਚੌਕੰਨੀ ਹੋ ਗਈ। ਵਾਈਸਰਾਏ ਵਲੋਂ ਇਸ ਮੰਗ ਨੂੰ ਨਾ ਮੰਨਣ ਤੇ ਮੋਤੀ ਲਾਲ ਨੇ ਆਪਣੇ ਸਾਥੀਆਂ ਸਮੇਤ ਅਸਹਿਯੋਗ ਅੰਦੋਲਨ ਨੂੰ ਵਧੇਰੇ ਤੇਜ਼ ਕੀਤਾ ਅਤੇ ਅੰਗਰੇਜ਼ੀ ਚੀਜ਼ਾਂ ਦਾ ਪੂਰਨ ਤੌਰ ਤੇ ਬਾਈਕਾਟ ਕਰ ਦਿੱਤਾ ਗਿਆ। ਜੁਲਾਈ, 1930 ਵਿੱਚ ਇਸ ਦੀਆਂ ਅਜਿਹੀਆਂ ਕਾਰਵਾਈਆਂ ਸਦਕਾ ਇਸ ਨੂੰ ਮੁੜ ਕੈਦ ਕਰ ਲਿਆ ਗਿਆ ਪਰ ਕੁਝ ਦੇਰ ਮਗਰੋਂ ਹੀ ਸਿਹਤ ਖਰਾਬ ਹੋ ਜਾਣ ਕਾਰਨ ਰਿਹਾਅ ਕਰ ਦਿੱਤਾ ਗਿਆ।

6 ਫ਼ਰਵਰੀ, 1931 ਨੂੰ ਲਖਨਊ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ. -ਐਨ. ਬ੍ਰਿ. ਮਾ. 7 : 246

ਨਹੁਖ ਨਹੁਸ਼ : ਇਹ ਇਕ ਰਾਜਾ ਸੀ ਜਿਹੜਾ ਪੁਰੂਰਵ ਦੇ ਸਭ ਤੋਂ ਵੱਡੇ ਪੁੱਤਰ ਅਯੁਧਿਆਪਤੀ ਅੰਬਰੀਸ਼ ਦਾ ਪੁੱਤਰ ਸੀ। ਇਸ ਦੇ ਪੁੱਤਰ ਦਾ ਨਾਂ ਯਯਾਤੀ ਸੀ। ਮਨੂ ਦੇ ਅਨੁਸਾਰ ਇਸ ਦਾ ਬ੍ਰਾਹਮਣਾਂ ਨਾਲ ਕਾਫ਼ੀ ਵਿਰੋਧ ਹੋ ਗਿਆ ਸੀ। ਇਸ ਦੀ ਕਹਾਣੀ ਮਹਾਭਾਰਤ ਅਤੇ ਪੁਰਾਣਾਂ ਵਿਚ ਕਈ ਥਾਵਾਂ ਤੇ ਵੱਖ-ਵੱਖ ਰੂਪਾਂ ਵਿਚ ਵਰਣਨ ਕੀਤੀ ਗਈ ਸੀ ਪਰ ਇਸ ਕਹਾਣੀ ਦਾ ਮੰਤਵ ਕੇਵਲ ਇਹੋ ਦਸਣਾ ਹੈ ਕਿ ਜੋ ਮਨੁੱਖ ਬ੍ਰਾਹਮਣਾਂ ਦਾ ਯੋਗ ਸਤਿਕਾਰ ਨਹੀਂ ਕਰਦਾ ਅਤੇ ਉਨ੍ਹਾਂ ਦੀ ਹੇਠੀ ਕਰਦਾ ਹੈ ਉਸ ਦੀ ਕੀ ਹਾਲਤ ਹੁੰਦੀ ਹੈ। ਮਨੂ ਲਿਖਦਾ ਹੈ ਕਿ ਰਾਜਾ ਨਹੁਸ਼ ਨੇ ਆਪਣੀ ਕਠੋਰ ਤਪੱਸਿਆ, ਆਤਮ ਸੰਜਮ, ਯੱਗ ਸੰਪਾਦਨ, ਵੇਦ ਅਧਿਐਨ ਅਤੇ ਆਪਣੀ ਸੂਰਬੀਰਤਾ ਕਾਰਨ ਤਿੰਨ ਲੋਕਾਂ ਦਾ ਰਾਜ ਪ੍ਰਾਪਤ ਕਰ ਲਿਆ ਸੀ ਪਰ ਆਪਣੀ ਧਾਰਮਿਕ ਅਸਹਿਣਸ਼ੀਲਤਾ ਕਾਰਨ ਉਸ ਦਾ ਨਾਸ਼ ਹੋ ਗਿਆ। ਕਹਾਣੀ ਦੇ ਇਕ ਪਾਠ ਅਨੁਸਾਰ ਜਦੋਂ ਇੰਦਰ ਬ੍ਰਹਮ ਹੱਤਿਆ ਦੇ ਡਰ ਕਰਕੇ ਕਮਲ ਦੀ ਨਾਲੀ ਵਿੱਚ ਲੁਕ ਗਿਆ ਤਾਂ ਬ੍ਰਿਹਸਪਤੀ ਨੇ ਨਹੁਸ਼ ਨੂੰ ਇੰਦਰ ਦੇ ਸਿੰਘਾਸਨ ਉੱਤੇ ਬਿਠਾ ਦਿੱਤਾ। ਨਹੁਸ਼ ਨੇ ਸਿੰਘਾਸਨ ਤੇ ਬੈਠਦਿਆਂ ਹੀ ਇੰਦਰਾਣੀ ਨੂੰ ਆਉਣ ਲਈ ਸੱਦਾ ਦਿੱਤਾ। ਸੱਦੇ ਦੇ ਉੱਤਰ ਵਿੱਚ ਉਸ ਨੇ ਕਿਹਾ ਜੇ ਨਹੁਸ਼ ਸੱਤ ਰਿਸ਼ੀਆਂ ਤੋਂ ਪਾਲਕੀ ਚੁਕਵਾ ਕੇ ਉਸ ਦੇ ਕੋਲ ਆਵੇ ਤਾਂ ਉਹ ਇਸ ਦੇ ਨਾਲ ਚਲੇਗੀ। ਨਹੁਸ਼ ਨੇ ਰਿਸ਼ੀਆਂ ਤੋਂ ਪਾਲਕੀ ਚੁਕਵਾ ਕੇ ਉਨ੍ਹਾਂ ਤੋਂ ਤੇਜ਼ ਚਲਾਉਣ ਲਈ ਸਰਪ ਸਰਪ (ਛੇਤੀ ਤੁਰੋ) ਕਹਿਣ ਲੱਗਾ ਅਤੇ ਅਗਸਤ ਰਿਸ਼ੀ ਨੂੰ ਜਿਹੜਾ ਕਿ ਇਸ ਦਾ ਰਥ ਚੁਕੀ ਜਾ ਰਿਹਾ ਸੀ, ਲੱਤ ਮਾਰੀ। ਅਗਸਤ ਰਿਸ਼ੀ ਨੇ ਗੁੱਸੇ ਵਿੱਚ ਆ ਕੇ ਉਸ ਨੂੰ ਸਰਾਪ ਦੇ ਦਿੱਤਾ ਕਿ ਉਹ ਸੱਪ ਬਣ ਕੇ ਡਿਗੇ ਅਤੇ ਇਸ ਤਰ੍ਹਾਂ ਨਹੁਸ਼ ਉਸ ਸ਼ਾਹੀ ਰੱਥ ਤੋਂ ਡਿਗ ਪਿਆ ਅਤੇ ਸੱਪ ਬਣ ਗਿਆ। ਨਹੁਸ਼ ਦੇ ਬੇਨਤੀ ਕਰਨ ਤੇ ਰਿਸ਼ੀ ਨੇ ਸਰਾਪ ਦੀ ਸੀਮਾ ਨਿਸ਼ਚਿਤ ਕਰ ਦਿੱਤੀ। ਇਕ ਹੋਰ ਵਰਣਨ ਅਨੁਸਾਰ ਇਸ ਦੀ ਮੁਕਤੀ ਯੁਧਿਸ਼ਠਰ ਨਾਲ ਵਾਰਤਾਲਾਪ ਕਰਨ ਉਪਰੰਤ ਹੋਈ ਅਤੇ ਇਹ ਸੱਪ ਦਾ ਰੂਪ ਛੱਡ ਕੇ ਸਵਰਗ ਨੂੰ ਚਲਾ ਗਿਆ।

ਹ. ਪੁ. — ਮ. ਕੋ ;. ਹਿ. ਮਿ. ਕੋ. : 307; ਚ. ਕੋ : 250; ਪ. ਸੰਦ. ਕੋ.- ਡਾ ਜੱਗੀ : 914

ਨੱਕ ਅਤੇ ਨੱਕ ਦੇ ਰੋਗ : ਨੱਕ ਮਨੁੱਖੀ ਚਿਹਰੇ ਦਾ ਇਕ ਮਹੱਤਵਪੂਰਨ ਹਿੱਸਾ ਅਖਵਾਉਂਦਾ ਹੈ। ਹਰ ਮਨੁੱਖ ਦਾ ਨੱਕ ਵੱਖ-ਵੱਖ ਆਕਾਰ ਦਾ ਹੁੰਦਾ ਹੈ ਭਾਵ ਕਿ ਇਕ ਮਨੁੱਖ ਦਾ ਨੱਕ ਦੂਜੇ ਮਨੁੱਖ ਦੇ ਨੱਕ ਨਾਲ ਮੇਲ ਨਹੀਂ ਖਾਂਦਾ। ਨੱਕ ਨਾਮ ਕਿਵੇਂ ਬਣਿਆ ਇਸ ਬਾਰੇ ਕੁਝ ਕਿਹਾ ਨਹੀਂ ਜਾ ਸਕਦਾ ਪਰ ਅੰਗਰੇਜ਼ੀ ਵਿਚ ਇਸ ਦਾ ਮਤਲਬ ਇਕ ਜੜ੍ਹ ਤੋਂ ਹੈ ਜਿਸ ਤਰਾਂ ਵੱਖਰੇ ਵੱਖਰੇ ਮੁਲਕਾਂ ਵਿਚ ਨੱਕ ਨੂੰ ਵੱਖਰੇ ਵੱਖਰੇ ਨਾਵਾਂ ਨਾਲ ਜਾਣਿਆ ਜਾਂਦਾ ਹੈ, ਇਸੇ ਤਰਾਂ ਹਿੰਦੁਸਤਾਨ ਵਿਚ ਵੀ ਨੱਕ ਨੂੰ ਨਾਸਾਂ (ਪੰਜਾਬੀ), ਨਾਕ (ਹਿੰਦੀ) ਨਾਸੂ (ਸੰਸਕ੍ਰਿਤ) ਆਦਿ ਨਾਮਾਂ ਨਾਲ ਜਾਣਿਆ ਜਾਂਦਾ ਹੈ। ਨੱਕ ਦਾ ਮਹੱਤਵ ਤਾਂ ਇਨ੍ਹਾਂ ਪੰਜਾਬੀ ਦੇ ਅਖਾਣਾਂ ਤੋਂ ਵੀ ਮਹਿਸੂਸ ਕੀਤਾ ਜਾ ਸਕਦਾ ਹੈ। "ਨੱਕ ਰਖਣਾ" "ਨੱਕ ਵਢਾਉਣਾ" ਲੋਕ ਗੀਤਾਂ ਵਿਚ ਨੱਕ ਦੇ ਗਹਿਣਿਆਂ ਦੀ ਬਹੁਤ ਮਹੱਤਤਾ ਹੈ ਜਿਵੇਂ "ਸੁਨਿਆਰਿਆ ਵੇ ਮੇਰੀ ਨੱਥ ਘੜ ਦੇ ਉੱਤੇ ਤਾਂ ਪਾ ਦੇ ਮੋਰਨੀਆਂ, ਵੇ ਮੈਂ ਸੱਸ ਮੁਕਲਾਵੇ ਤੋਰਨੀਆ"

"ਕੋਕਾ ਘੜਵਾ ਦੇ ਵੇ ਕੋਕਾ

"ਮਾਹੀ ਵੇ ਮੈਂ ਲੌਂਗ ਗਵਾ ਆਈਆਂ ...."

ਪੰਜਾਬੀ ਸਭਿਆਚਾਰ ਵਿਚ ਨੱਕ ਦੇ ਗਹਿਣਿਆਂ ਦਾ ਨਿਵੇਕਲਾ ਸਥਾਨ ਹੈ। ਸ਼ਾਦੀ ਸਮੇਂ ਨਾਨਕਿਆਂ ਵਲੋਂ ਨੱਥ ਬਣਵਾ ਕੇ ਦੇਣਾ, ਸੰਧਾਰੇ ਵਿਚ ਨੱਕ ਦਾ ਗਹਿਣਾ ਘਲਣਾ ਆਦਿ ਸਮਾਜਿਕ ਪੱਖ ਹਨ ਜੋ ਨੱਕ ਦੀ ਮਹੱਤਤਾ ਦਰਸਾਉਂਦੇ ਹਨ।

ਨੱਕ ਤਕਰੀਬਨ 5-6 ਸੈਂ. ਮੀ. ਲੰਬਾ ਅਤੇ 2-3 ਸੈਂ. ਮੀ. ਚੌੜਾ ਹੁੰਦਾ ਹੈ ਜਿਥੋਂ ਕਿ ਦੋ ਨਾਸਾਂ ਨਜ਼ਰ ਆਉਂਦੀਆਂ ਹਨ। ਇਹ ਨੱਕ ਹੱਡੀਆਂ ਅਤੇ ਨਰਮ ਕਾਰਟੀਲੇਜ਼ ਦਾ ਬਣਿਆ ਹੁੰਦਾ ਹੈ ਜਿਹੜਾ ਕਿ ਅੰਦਰਲੇ ਪਾਸੇ ਮੱਧ ਵਿਚ ਇਕ ਨਰਮ ਦੀਵਾਰ ਰਾਹੀਂ ਦੋ ਹਿੱਸਿਆਂ ਵਿਚ ਵੰਡਿਆ ਹੋਇਆ ਹੈ। ਨੱਕ ਵਿਚ ਚਾਰ ਖੋੜਾਂ ਜਿੰਨ੍ਹਾਂ ਨੂੰ ਸਾਈਨੱਸ ਕਿਹਾ ਜਾਂਦਾ ਹੈ, ਅਲੱਗ-ਅਲੱਗ ਰੱਸਤਿਆਂ ਰਾਹੀਂ ਵੱਖਰੀ ਵੱਖਰੀ ਜਗ੍ਹਾ ਤੇ ਖੁਲ੍ਹਦੀਆਂ ਹਨ। ਮਿਊਕਸ ਝਿਲੀ ਜੋ ਕਿ ਨੱਕ-ਖੋੜਾਂ ਦੇ ਅੰਦਰਵਾਰ ਹੁੰਦੀ ਹੈ ਬਹੁਤ ਸੰਵੇਦਨਸ਼ੀਲ ਹੁੰਦੀ ਹੈ ਅਤੇ ਇਹ ਬਹੁਤ ਜਲਦੀ ਰੋਗਾਣੂਆਂ ਦਾ ਪ੍ਰਭਾਵ ਗ੍ਰਹਿਣ ਕਰਦੀ ਹੈ, ਨੱਕ ਖੋੜਾਂ ਦੇ ਅੰਦਰਵਾਰ ਰੋਮ ਹੁੰਦੇ ਹਨ ਜੋ ਜਰਮ ਅਤੇ ਧੂੜ ਨੂੰ ਅੰਦਰ ਆਉਣ ਤੋਂ ਰੋਕਦੇ ਹਨ।

ਨੱਕ ਚਿਹਰੇ ਦੀ ਸੁੰਦਰਤਾ ਵਧਾਉਣ ਤੋਂ ਇਲਾਵਾ ਇਕ ਬਹੁਤ ਹੀ ਮਹੱਤਵਪੂਰਣ ਕੰਮ ਕਰਦਾ ਹੈ, ਇਹ ਅੰਦਰ ਜਾਣ ਵਾਲੀ ਹਵਾ ਨੂੰ ਸਾਫ਼ ਸੁਥਰਾ, ਨਮੀ ਭਰਪੂਰ ਅਤੇ ਜ਼ਰੂਰਤ ਮੁਤਾਬਿਕ ਹਵਾ ਨੂੰ ਗਰਮ ਜਾਂ ਠੰਢਾ ਕਰਦਾ ਹੈ ਤਾਂ ਕਿ ਇਹ ਫੇਫੜਿਆਂ ਵਿਚ ਜਾਣ ਦੇ ਲਾਇਕ ਹੋ ਸਕੇ। ਨੱਕ ਦੇ ਵਾਲ ਫਿਲਟਰ ਦਾ ਕੰਮ ਕਰਦੇ ਹਨ। ਚਿਪਚਿਪਾ ਪਦਾਰਥ ਪੈਦਾ ਕਰਨ ਵਾਲੀਆਂ ਗਿਲਟੀਆਂ ਤੇ ਬਹੁਤ ਸਾਰੀਆਂ ਸਾਫ਼ ਅਤੇ ਗੰਦੇ ਖ਼ੂਨ ਦੀਆਂ ਨਲੀਆਂ ਨੱਕ ਵਾਸਤੇ ਇਕ ਵਾਤਾਨੁਕੂਲਕ ਕੰਮ ਕਰਦੀਆਂ ਹਨ।

ਨੱਕ ਦੀਆਂ ਬੀਮਾਰੀਆਂ ਦੇ ਆਮ ਲੱਛਣ

1. **ਨੱਕ ਵਿਚੋਂ ਸਾਹ ਨਾ ਆਉਣਾ**—ਇਹ ਲੱਛਣ ਆਮ ਕਰਕੇ ਅਲੱਰਜੀ, ਨੱਕ ਦੀ ਝਿਲੀ ਵਿਚ ਸੋਜ, ਨੱਕ ਤੇ ਸੱਟ ਲਗਣਾ, ਨੱਕ ਵਿਚ ਰਸੌਲੀ ਦਾ ਹੋਣਾ ਜਾਂ ਨੱਕ ਵਿਚ ਕੋਈ ਬਾਹਰਲੀ ਚੀਜ਼ ਦੇ ਫਸਣ ਕਾਰਨ ਹੁੰਦਾ ਹੈ। ਜੇਕਰ ਅਜਿਹਾ ਮਰੀਜ਼ ਬੱਚਾ ਹੋਵੇ ਤਾਂ ਉਸ ਦੇ ਉਪਰਲੇ ਦੰਦ ਬਾਹਰ ਨੂੰ ਵਧੇ ਹੋਏ ਹੁੰਦੇ ਹਨ ਕਿਉਂਕਿ ਉਹ ਸਾਹ ਨੱਕ ਦੀ ਬਜਾਏ ਮੂੰਹ ਵਿਚ ਦੀ ਲੈਂਦਾ ਹੈ।

2. **ਨੱਕ ਵਗਣਾ**—ਨੱਕ ਵਿਚੋਂ ਪਾਣੀ ਵਰਗਾ ਪਤਲਾ ਪਦਾਰਥ ਅਲੱਰਜੀ ਦਾ ਇਕ ਅਹਿਮ ਲੱਛਣ ਹੈ ਪਰ ਜੇਕਰ ਗਾੜ੍ਹੀ ਬਲਗ਼ਮ ਨੱਕ ਦੇ ਅਗਲੇ ਹਿੱਸੇ ਵਿਚੋਂ ਜਾਂ ਪਿਛਲੇ ਪਾਸੇ ਦੀ ਗਲੇ ਵਿਚ ਗਿਰਦੀ ਹੈ ਤਾਂ ਇਹ ਨੱਕ ਜਾਂ ਸਾਈਨੱਸ ਦੀ ਝਿਲੀ ਵਿਚ ਜੀਵਾਣੂ ਕਾਰਨ ਸੋਜਿਸ਼ ਕਰਕੇ ਹੁੰਦੀ ਹੈ। ਖ਼ੂਨ ਭਰੀ ਬਲਗ਼ਮ ਨੱਕ ਵਿਚੋਂ ਆਵੇ ਤਾਂ ਨੱਕ ਦੇ ਕੈਂਸਰ ਨੂੰ ਧਿਆਨ ਵਿਚ ਰਖਣਾ ਚਾਹੀਦਾ ਹੈ ਖਾਸ ਕਰਕੇ ਜੇਕਰ ਮਰੀਜ਼ ਦੀ ਉਮਰ 50 ਸਾਲ ਤੋਂ ਉਪਰ ਹੋਵੇ।

3. **ਨਿਛਾਂ ਦਾ ਆਉਣਾ**—ਦਿਨ ਵਿਚ ਕਈ ਵਾਰੀ ਇਕੱਠੀਆਂ 10-15 ਨਿਛਾਂ ਦਾ ਆਉਣਾ ਅਲੱਰਜੀ ਦਾ ਲੱਛਣ ਹੈ। ਬੱਚਿਆਂ ਦੇ ਨੱਕ ਵਿਚ ਕੋਈ ਚੀਜ਼ ਬਾਹਰੋਂ ਫਸ ਜਾਏ ਤਾਂ ਵੀ ਨਿੱਛਾਂ ਆਉਂਦੀਆਂ ਹਨ ਤਾਂ ਕਿ ਉਹ ਚੀਜ਼ ਕੁਦਰਤੀ ਤਰੀਕੇ ਨਾਲ ਬਾਹਰ ਨਿਕਲ ਸਕੇ।

4. **ਨੱਕ ਵਿਚੋਂ ਨਕਸੀਰ ਦਾ ਚੱਲਣਾ**—ਇਹ ਇਕ ਆਮ ਸ਼ਿਕਾਇਤ ਹੈ। ਇਸ ਦੇ ਬੇਸ਼ੁਮਾਰ ਕਾਰਨ ਹਨ, ਬੱਚਿਆਂ ਵਿਚ ਨਜ਼ਲਾ, ਜ਼ੁਕਾਮ, ਨੱਕ ਵਿਚ ਜ਼ਖ਼ਮ, ਨੱਕ ਵਿਚ ਰਸੌਲੀ ਜਾਂ ਕੋਈ ਚੀਜ਼ ਫਸੀ ਹੋਣਾ ਜਾਂ ਜਮਾਂਦਰੂ ਕੋਈ ਨੁਕਸ ਹੋਣਾ। ਪਰੰਤੂ ਵਡੇਰੀ ਉਮਰ ਵਿਚ ਖ਼ੂਨ ਦਾ ਵੱਧ ਦਬਾਓ ਜਾਂ ਰਸੌਲੀ ਨਕਸੀਰ ਚਲਣ ਦਾ ਆਮ ਕਾਰਨ ਹੁੰਦਾ ਹੈ।

5. **ਨੱਕ ਉਪਰ ਜਾਂ ਨੱਕ ਦੇ ਅੰਦਰ ਦਰਦ ਹੋਣਾ**—ਨੱਕ ਦੀਆਂ ਬੀਮਾਰੀਆਂ ਆਮ ਕਰਕੇ ਦਰਦ ਨਹੀਂ ਕਰਦੀਆਂ ਪਰ ਕਈ ਵਾਰ ਦੰਦ ਦਰਦ ਜਾਂ ਨੱਕ ਦੀ ਮੁੜੀ ਹੋਈ ਹੱਡੀ ਜਾਂ ਟੁੱਟੀ ਹੋਈ ਹੱਡੀ ਜਾਂ ਫਿਰ ਕਿਸੇ ਨੱਸ ਦਾ ਦਬਾਅ ਹੋਣ ਕਾਰਨ ਦਰਦ ਹੋ ਜਾਂਦਾ ਹੈ। ਜੇਕਰ ਦਰਦ ਸਾਈਨਸ ਦੇ ਅੰਦਰ ਸੋਜ ਕਰਕੇ ਹੋਵੇ ਤਾਂ ਦਰਦ ਖਾਸ-ਖਾਸ ਜਗ੍ਹਾ ਤੇ ਹੀ ਹੁੰਦਾ ਹੈ ਅਤੇ ਇਸ ਦੇ ਨਾਲ ਹੋਰ ਕਈ ਤਕਲੀਫ਼ਾਂ ਵੀ ਹੁੰਦੀਆਂ ਹਨ।

6. **ਨੱਕ ਨੂੰ ਖੁਸ਼ਬੂ ਮਹਿਸੂਸ ਨਾ ਹੋਣਾ**—ਨੱਕ ਵਿਚੋਂ ਲੰਘ ਰਹੀ ਹਵਾ ਜੇਕਰ ਉਪਰਲੀ ਮੰਜ਼ਿਲ ਤੱਕ ਨਾ ਅਪੜੇ ਤਾਂ ਮਰੀਜ਼ ਨੂੰ ਆਪਣੇ ਇਰਦ ਗਿਰਦ ਦੀ ਹਵਾ ਵਿਚ ਘੁਲੀ ਹੋਈ ਖੁਸ਼ਬੂ ਦਾ ਅਹਿਸਾਸ ਨਹੀਂ ਹੁੰਦਾ। ਨੱਕ ਦੀ ਹੱਡੀ ਵਿੰਗੀ ਹੋਵੇ ਜਾਂ ਨੱਕ ਵਿਚ ਰਸੌਲੀਆਂ ਹੋਣ ਜਾਂ ਨੱਕ ਤੇ ਸੱਟ ਲੱਗੀ ਹੋਵੇ ਤਾਂ ਇਹ ਲੱਛਣ ਪੈਦਾ ਹੋ ਸਕਦਾ ਹੈ ਕਈ ਵਾਰ ਸਾਈਨਸ ਦੀ ਝਿਲੀ ਵਿਚ ਸੋਜ ਹੋਵੇ ਤਾਂ ਵੀ ਬਦਬੂ ਦਾ ਅਹਿਸਾਸ ਹੁੰਦਾ ਹੈ।

7. **ਨੱਕ ਦੀ ਸ਼ਕਲ ਠੀਕ ਨਾ ਹੋਣਾ**—ਅਜਿਹੀ ਹਾਲਤ ਨੱਕ ਤੇ ਸੱਟ ਵੱਜਣ ਨਾਲ ਜਾਂ ਜਮਾਂਦਰੂ ਹੀ ਨੱਕ ਦੀ ਸ਼ਕਲ ਠੀਕ ਨਾ ਹੋਣ ਕਾਰਨ, ਜਾਂ ਕਈ ਵਾਰ ਆਪਰੇਸ਼ਨ ਦੀ ਉਲਝਣ ਜਾਂ ਨੱਕ ਇਕ ਪਾਸੇ ਨੂੰ ਟੇਢਾ ਹੋ ਜਾਣ ਜਾਂ ਨੱਕ ਵਿਚਕਾਰ ਤੋਂ ਊਠ ਦੀ ਪਿੱਠ ਵਾਗੂੰ ਕੁਬਾ ਹੋ ਜਾਣ ਕਾਰਨ ਹੁੰਦੀ ਹੈ। ਇਸ ਤਰਾਂ ਨੱਕ ਦੀ ਸ਼ਕਲ ਠੀਕ ਨਾ ਹੋਣ ਨਾਲ ਜਿਥੇ ਚਿਹਰੇ ਦੀ ਖ਼ੂਬਸੂਰਤੀ ਨਹੀਂ ਰਹਿੰਦੀ ਖਾਸ ਕਰ ਕੇ ਜਵਾਨ ਹੁੰਦੀਆਂ ਮੁਟਿਆਰਾਂ ਵਿਚ, ਉਥੇ ਨਾਲ ਹੀ ਅਜਿਹੇ ਮਰੀਜ਼ਾਂ ਨੂੰ ਨੱਕ ਵਿਚੋਂ ਸਾਹ ਲੈਣ ਦੀ ਦਿਕਤ ਪੇਸ਼ ਆ ਸਕਦੀ ਹੈ। ਮਰੀਜ਼ ਛੋਟਾ ਬੱਚਾ ਹੋਵੇ ਤਾਂ ਉਸ ਦੇ ਦੰਦ ਵੀ ਬਾਹਰ ਨੂੰ ਆਉਣੇ ਸ਼ੁਰੂ ਹੋ ਜਾਂਦੇ ਹਨ ਕਿਉਂਕਿ ਉਹ ਨੱਕ ਦੀ ਬਜਾਏ ਮੂੰਹ ਵਿਚੋਂ ਸਾਹ ਲੈਂਦਾ ਹੈ।

8. **ਨੱਕ ਵਿਚ ਰਸੌਲੀ ਦਾ ਹੋਣਾ**—ਕਈ ਵਾਰ ਮਰੀਜ਼ ਆਪ ਦਸਦਾ ਹੈ ਕਿ ਉਸ ਦੇ ਨੱਕ ਵਿਚ ਰਸੌਲੀ ਹੈ ਜਿਸ ਨਾਲ ਉਸ ਨੂੰ ਸਾਹ ਨਹੀਂ ਆਉਂਦਾ ਜਾਂ ਉਹ ਰਸੌਲੀ ਗਲ ਵਿਚ ਲਟਕਦੀ ਪਈ ਹੈ ਅਤੇ ਇਸ ਤਰਾਂ ਉਸ ਨੂੰ ਸਾਫ਼ ਬੋਲਣ ਅਤੇ ਸਾਹ ਲੈਣ ਵਿਚ ਮੁਸ਼ਕਿਲ ਆ ਰਹੀ ਹੈ।

ਨੱਕ ਦੇ ਮਰੀਜ਼ ਦਾ ਮੁਆਇਨਾ—ਜਦੋਂ ਵੀ ਮਰੀਜ਼ ਉਪਰ ਦੱਸੇ ਲੱਛਣ ਦੱਸਦਾ ਹੈ ਤਾਂ ਉਸ ਦੇ ਨੱਕ ਦਾ ਮੁਆਇਨਾ ਕੀਤਾ ਜਾਂਦਾ ਹੈ। ਇਸ ਵਾਸਤੇ ਮਰੀਜ਼ ਨੂੰ ਸਾਹਮਣੇ ਬੈਠਾ ਕੇ ਨੱਕ ਤੇ ਰੌਸ਼ਨੀ ਪਾਈ ਜਾਂਦੀ ਹੈ ਤੇ ਫਿਰ ਇਕ ਖ਼ਾਸ ਦੋ-ਮੂੰਹੀ ਯੰਤਰ ਨਾਲ ਹਰ ਇਕ ਨਾਸ ਦਾ ਮੁਆਇਨਾ ਕੀਤਾ ਜਾਂਦਾ ਹੈ। ਮੁਆਇਨੇ ਵਿਚ ਨੱਕ ਦੀ ਹੱਡੀ ਸਿੱਧੀ ਜਾਂ ਟੇਢੀ ਹੋਣ ਤੋਂ ਇਲਾਵਾ ਕੋਈ ਵਧਿਆ ਹੋਇਆ ਮਾਸ ਜਾਂ ਰਸੌਲੀ ਜਾਂ ਕੋਈ ਮੁਆਦ (ਪੀਪ) ਕਿਸ ਤਰ੍ਹਾਂ ਦੀ ਅਤੇ ਕਿਥੇ ਪਈ ਹੋਈ ਹੈ ਬਾਰੇ ਜਾਣਿਆ ਜਾਂਦਾ ਹੈ, ਇਸ ਤਰਾਂ ਬੀਮਾਰੀ ਕਿਥੇ ਹੈ ਬਾਰੇ ਪਤਾ ਲਗਾਇਆ ਜਾ ਸਕਦਾ ਹੈ। ਕਿਸੇ ਸ਼ੱਕ ਦੀ ਹਾਲਤ ਵਿਚ ਐੱਕਸਰੇ ਦੀ ਮਦਦ ਲਈ ਜਾ ਸਕਦੀ ਹੈ। ਨੱਕ੍ਰ ਦੇ ਪਿਛਲੇ ਪਾਸੇ ਨੂੰ ਦੇਖਣ ਲਈ ਇਕ ਲੋਹੇ ਦੀ ਡੰਡੀ ਤੇ ਲੱਗੇ ਹੋਏ ਗੋਲ ਸ਼ੀਸ਼ੇ ਦੀ ਮੱਦਦ ਲਈ ਜਾ ਸਕਦੀ ਹੈ।

ਨੱਕ ਦੀਆਂ ਆਮ ਬੀਮਾਰੀਆਂ ਅਤੇ ਉਸ ਦੀ ਰੋਕਥਾਮ ਦੇ ਤਰੀਕੇ

ਨੱਕ ਦੀ ਮੱਧ ਵਾਲੀ ਹੱਡੀ ਜਾਂ ਨਰਮ ਕਾਰਟੀਲੇਜ਼ ਦਾ ਟੇਢਾਪਣ—ਇਹ ਨੱਕ ਦੀ ਆਮ ਬੀਮਾਰੀ ਹੈ ਜਿਸ ਨਾਲ ਮਰੀਜ਼ ਨੂੰ ਨੱਕ ਦੀ ਇਕ ਜਾਂ ਦੋਹਾਂ ਨਾਸਾਂ ਤੋਂ ਸਾਹ ਨਹੀਂ ਆਉਂਦਾ ਜਾਂ ਫਿਰ ਇਸ ਕਰਕੇ ਹੀ ਨਜ਼ਲੇ ਜ਼ੁਕਾਮ ਜਾਂ ਸਿਰ ਦੁਖਣ ਦੀ ਸ਼ਿਕਾਇਤ ਹੁੰਦੀ ਹੈ। ਫ਼ੌਜੀ ਭਰਤੀ ਵਾਸਤੇ ਵੀ ਨੱਕ ਦੀ ਇਹ ਹੱਡੀ ਸਿੱਧੀ ਹੋਣੀ ਜ਼ਰੂਰੀ ਹੁੰਦੀ ਹੈ।

ਨੱਕ ਦੀ ਹੱਡੀ ਟੇਢੀ ਕਿਉਂ ਹੁੰਦੀ ਹੈ ? ਇਸ ਦਾ ਮੂਲ ਕਾਰਨ ਹੈ ਨੱਕ ਤੇ ਸੱਟ ਲੱਗਣਾ, ਜੰਮਦੇ ਬੱਚੇ ਵਿਚ ਵੀ ਅਗਰ ਜਣੇਪਾ ਮੁਸ਼ਕਿਲ ਹੋਵੇ ਜਾਂ ਗਲਤ ਤਰੀਕੇ ਨਾਲ ਹੋਵੇ ਤਾਂ ਨੱਕ ਦੀ ਹੱਡੀ ਟੇਢੀ ਹੋ ਸਕਦੀ ਹੈ।

ਇਸ ਦਾ ਇਲਾਜ ਸਿਰਫ਼ ਤਾਂ ਹੀ ਕਰਨਾ ਚਾਹੀਦਾ ਹੈ ਜੇਕਰ ਇਹ ਮਰੀਜ਼ ਨੂੰ ਕਿਸੇ ਪ੍ਰਕਾਰ ਦੀ ਤਕਲੀਫ਼ ਦਿੰਦਾ ਹੋਵੇ ਜਾਂ ਫਿਰ ਨੌਕਰੀ ਵਾਸਤੇ ਭਰਤੀ ਲਈ ਇਸ ਨੂੰ ਸਿੱਧਾ ਕਰਨਾ ਪੈਂਦਾ ਹੈ। ਸੋ ਇਸ ਦਾ ਇਲਾਜ ਸਿਰਫ਼ ਅਪਰੇਸ਼ਨ ਹੀ ਹੈ ਜੋ ਕਿ ਹਰ ਨੱਕ, ਕੰਨ, ਗਲਾ ਵਿਭਾਗ ਵਿਚ ਆਮ ਕੀਤਾ ਜਾਂਦਾ ਹੈ। ਦਵਾਈਆਂ ਨਾਲ ਨੱਕ ਦੀ ਹੱਡੀ ਸਿੱਧੀ ਨਹੀਂ ਹੁੰਦੀ ਹਾਲਾਂ ਕਿ ਨਜ਼ਲਾ ਜ਼ੁਕਾਮ ਦਾ ਇਲਾਜ ਤਾਂ ਕੀਤਾ ਜਾ ਸਕਦਾ ਹੈ।

ਇਸ ਦਾ ਪ੍ਰਹੇਜ਼ ਇਹੀ ਹੈ ਕਿ ਬੱਚੇ ਦੇ ਜਨਮ ਵੇਲੇ ਵੀ ਧਿਆਨ ਕੀਤਾ ਜਾਵੇ ਕਿ ਨੱਕ ਤੇ ਕੋਈ ਗਲਤ ਚੋਟ ਨਾ ਆਵੇ ਅਤੇ ਬਾਅਦ ਵਿਚ ਵੀ ਨੱਕ ਨੂੰ ਬਾਹਰਲੀ ਸੱਟ ਲੱਗਣ ਤੋਂ ਬਚਾਉਣਾ ਚਾਹੀਦਾ ਹੈ।

ਨਕਸੀਰ—ਨਕਸੀਰ ਜਾਂ ਨੱਕ ਵਿਚੋਂ ਖ਼ੂਨ ਦਾ ਵਗਣਾ ਬੱਚਿਆਂ ਅਤੇ ਵਡੇਰੀ ਉਮਰ ਵਿਚ ਆਮ ਤੌਰ ਤੇ ਵੇਖਿਆ ਜਾਂਦਾ ਹੈ। ਬੱਚਿਆਂ ਵਿਚ ਨੱਕ ਤੋਂ ਖ਼ੂਨ, ਜ਼ਿਆਦਾ ਨਜ਼ਲਾ, ਜੁਕਾਮ, ਨੱਕ ਦੇ ਪਿਛੇ ਟਾਂਸਿਲ ਨਾਲ ਮਿਲਦੀ ਜੁਲਦੀ ਗਿਲਟੀ ਐਡੀਨੌਇਡ ਵਿਚ ਸੋਜ ਆ ਜਾਣਾ, ਨੱਕ ਤੇ ਸੱਟ ਲੱਗਣਾ ਜਾਂ ਨੱਕ ਵਿਚ ਬਾਰ-ਬਾਰ ਉਂਗਲ ਮਾਰ ਕੇ ਜੰਮੇ ਲੇਸਦਾਰ ਪਦਾਰਥ ਨੂੰ ਬਾਹਰ ਕੱਢਣ ਦੀ ਕੋਸ਼ਿਸ ਕਰਨ ਨਾਲ ਨੱਕ ਵਿਚ ਜ਼ਖ਼ਮ ਹੋ ਜਾਂਦਾ ਹੈ। ਵਡੇਰੀ ਉਮਰ ਵਿਚ ਖ਼ੂਨ ਦਾ ਦਬਾਅ ਵੱਧ ਜਾਣਾ ਜਾਂ ਨੱਕ ਤੇ ਸੱਟ ਲਗ ਜਾਣਾ ਜਿਸ ਤਰਾਂ ਕਿ ਮੁੱਕੇਬਾਜ਼ੀ ਖੇਡ ਵਿਚ ਜਾਂ ਮੋਟਰ ਕਾਰ ਦੇ ਟਕਰਾਉਣ ਕਾਰਨ, ਨੱਕ ਵਿਚ ਖ਼ੂਨੀ ਰਸੌਲੀ ਹੋਵੇ ਤਾਂ ਵੀ ਨੱਕ ਵਿਚੋਂ ਖ਼ੂਨ ਆ ਜਾਂਦਾ ਹੈ। ਨੱਕ ਦੇ ਪਿਛਲੇ ਪਾਸੇ ਇਕ ਰਸੌਲੀ ਜਵਾਨ ਮੁੰਡਿਆਂ ਵਿਚ ਪਾਈ ਜਾਂਦੀ ਹੈ ਜਿਸ ਵਿਚ ਨੱਕ ਵਿਚੋਂ ਬਹੁਤ ਜ਼ਿਆਦਾ ਅਤੇ ਬਾਰ-ਬਾਰ ਖ਼ੂਨ ਆਉਂਦਾ ਹੈ। ਕਈ ਵਾਰ ਨੱਕ ਦੇ ਅਪਰੇਸ਼ਨ ਤੋਂ 4-5 ਦਿਨ ਪਿਛੋਂ ਲਾਗ ਹੋਣ ਨਾਲ ਨੱਕ ਵਿਚੋ ਖ਼ੂਨ ਆਉਣਾ ਸ਼ੁਰੂ ਹੋ ਜਾਂਦਾ ਹੈ।

ਨੱਕ ਵਿਚ ਬਹੁਤ ਜ਼ਿਆਦਾ ਛੋਟੀਆਂ ਲਹੂ ਗ੍ਰਹਿਣੀਆਂ ਹੁੰਦੀਆਂ ਹਨ ਜੋ ਨੱਕ ਦੇ ਵਿਚਕਾਰ ਵਾਲੀ ਦੀਵਾਰ ਦੇ ਅਗਲੇ ਹਿੱਸੇ ਉਪਰ ਆ ਕੇ ਇਕੱਠੀਆਂ ਹੁੰਦੀਆਂ ਹਨ। ਇਨ੍ਹਾਂ ਦੇ ਉਪਰ ਜਾਂ ਥੱਲੇ, ਕੋਈ ਨਰਮ ਗਦੀ ਨਾ ਹੋਣ ਕਾਰਨ ਇਨ੍ਹਾਂ ਨੂੰ ਸੱਟ ਫੇਟ ਲੱਗਣੀ

ਆਸਾਨ ਹੁੰਦੀ ਹੈ। ਇਸ ਤਰਾਂ ਗਰਮੀਆਂ ਵਿਚ ਜਦੋਂ ਕਿ ਖ਼ੂਨ ਦਾ ਦਬਾਅ ਇਨ੍ਹਾਂ ਵਹਿਣੀਆਂ ਵਿਚ ਜ਼ਿਆਦਾ ਹੋ ਜਾਂਦਾ ਹੈ ਤਾਂ ਇਹ ਫਟ ਜਾਂਦੀਆਂ ਹਨ ਤੇ ਖ਼ੂਨ ਸ਼ੁਰੂ ਹੋ ਜਾਂਦਾ ਹੈ।

ਵਡੇਰੀ ਉਮਰ ਵਿਚ ਨੱਕ ਵਿਚ ਖ਼ੂਨ ਆਉਣਾ ਰੱਬੀ ਬਚਾਉ ਦਾ ਇਕ ਲੱਛਣ ਹੈ ਕਿਉਂਕਿ ਲਹੂ ਵਹਿਣੀ ਨੱਕ ਵਿਚ ਫਟੀ ਤਾਂ ਸੰਭਾਲੀ ਜਾ ਸਕਦੀ ਹੈ ਪਰ ਜੇਕਰ ਖ਼ੂਨ ਦਾ ਦਬਾਅ ਬਹੁਤ ਜ਼ਿਆਦਾ ਵਧ ਜਾਏ ਤਾਂ ਦਿਮਾਗ਼ ਦੀ ਕੋਈ ਲਹੂ ਵਹਿਣੀ ਫੱਟਣ ਨਾਲ, ਬਚਣਾ ਔਖਾ ਹੁੰਦਾ ਹੈ।

ਇਲਾਜ ਅਤੇ ਪ੍ਰਹੇਜ਼—ਨੱਕ ਵਿਚੋਂ ਖ਼ੂਨ ਆਉਣ ਤੇ ਘਬਰਾਉਣਾ ਨਹੀਂ ਚਾਹੀਦਾ ਸਗੋਂ ਮਰੀਜ਼ ਨੂੰ ਹੌਂਸਲਾ ਦਿਓ ਜਾਂ ਲਿਟਾ ਦਿਓ ਅਤੇ ਬਿਲਕੁਲ ਅਰਾਮ ਕਰਨ ਦਿਉ, ਜ਼ਰੂਰਤ ਪਵੇ ਤਾਂ ਨੀਂਦ ਦੀ ਗੋਲੀ ਦਾ ਟੀਕਾ ਲਗਾ ਦਿਓ। ਅੰਗੂਠੇ ਅਤੇ ਪਹਿਲੀ ਉਂਗਲ ਨਾਲ ਨੱਕ ਨੂੰ 5-7 ਮਿੰਟ ਲਈ ਦਬਾ ਦਿਓ ਤਾਂ ਕਿ ਜਿਥੋਂ ਖ਼ੂਨ ਚਲ ਰਿਹਾ ਹੋਵੇ ਉਥੇ ਦਬਾਉ ਪੈਣ ਨਾਲ ਖ਼ੂਨ ਰੁਕ ਸਕੇ। ਦਬਾਉ ਘਟੋ ਘੱਟ 5-7 ਮਿੰਟ ਤਕ ਹੋਣਾ ਚਾਹੀਦਾ ਹੈ। ਤਦ ਤੱਕ ਮਰੀਜ਼ ਨੂੰ ਸਾਹ ਮੂੰਹ ਵਿਚੋਂ ਲੈਣ ਦਿਉ ਅਤੇ ਜੇਕਰ ਮੂੰਹ ਵਿਚ ਖ਼ੂਨ ਆ ਰਿਹਾ ਹੈ ਤਾਂ ਉਸ ਨੂੰ ਬਾਹਰ ਥੁਕਣ ਦਿਓ।

ਬਰਫ਼ ਦੀ ਟੁਕੜੀ ਲੈ ਕੇ ਨੱਕ ਦੇ ਆਲੇ ਦੁਆਲੇ ਲਗਾਓ ਤੇ ਮਰੀਜ਼ ਨੂੰ ਮੂੰਹ ਵਿਚ ਚੂਸਣ ਲਈ ਵੀ ਬਰਫ਼ ਦਿਓ। ਸਿਰ ਵਿਚ ਠੰਢਾ ਪਾਣੀ ਖ਼ੂਨ ਰੋਕਣ ਲਈ ਫਾਇਦੇਮੰਦ ਹੈ। ਇਨ੍ਹਾਂ ਦੋਹਾਂ ਤਰੀਕਿਆਂ ਨਾਲ ਲਹੂ ਵਹਿਣੀ ਸੁਕੜ ਜਾਂਦੀ ਹੈ ਤੇ ਖ਼ੂਨ ਬੰਦ ਹੋ ਜਾਂਦਾ ਹੈ।

ਇਨ੍ਹਾਂ ਤਰੀਕਿਆਂ ਨਾਲ ਖ਼ੂਨ ਅਗਰ ਬੰਦ ਨਾ ਹੋਵੇ ਤਾਂ ਮਰੀਜ਼ ਨੂੰ ਕਿਸੇ ਵੀ ਨੱਕ, ਕੰਨ, ਗਲੇ ਦੇ ਮਾਹਿਰ ਡਾਕਟਰ ਕੋਲ ਲਿਜਾ ਕੇ ਦਿਖਾਣਾ ਚਾਹੀਦਾ ਹੈ ਜੋ ਕਿ ਨੱਕ ਵਿਚ ਪੱਟੀ ਦਾ ਦਬਾਉ ਪਾ ਕੇ ਖ਼ੂਨ ਨੂੰ ਰੋਕਦਾ ਹੈ। ਇਹ ਪੱਟੀ ਘਟੋ ਘੱਟ 24-48 ਘੰਟੇ ਤੱਕ ਰਹਿਣੀ ਚਾਹੀਦੀ ਹੈ। ਇਸ ਦੌਰਾਨ ਮਰੀਜ਼ ਦੇ ਸਾਰੇ ਟੈੱਸਟ ਕਰਵਾਉਣੇ ਚਾਹੀਦੇ ਹਨ। ਖ਼ੂਨ ਆਉਣ ਦਾ ਕਾਰਨ ਲੱਭਣਾ ਚਾਹੀਦਾ ਹੈ ਤਾਂ ਕੀ ਇਸ ਦਾ ਪੱਕਾ ਇਲਾਜ ਹੋ ਸਕੇ ਕਿਉਂਕਿ ਖ਼ੂਨ ਰੋਕਣ ਦੇ ਟੀਕੇ ਜਾਂ ਗੋਲੀਆਂ ਤਾਂ ਸਿਰਫ਼ ਕੁਝ ਦੇਰ ਲਈ ਹੀ ਕੰਮ ਕਰ ਸਕਦੀਆਂ ਹਨ। ਵਿਟਾਮਿਨ ਸੀ, ਵਿਟਾਮਿਨ ਏ ਅਤੇ ਕੈਲਸ਼ੀਅਮ ਆਦਿ ਵੀ. ਖ਼ੂਨ ਨੂੰ ਰੋਕਣ ਵਿਚ ਕਾਫ਼ੀ ਮੱਦਦ ਕਰਦੇ ਹਨ।

ਪੱਟੀ ਨੱਕ ਵਿਚੋਂ ਕੱਢਣ ਦੇ ਬਾਅਦ ਨੱਕ ਅੰਦਰੋਂ ਚੰਗੀ ਤਰ੍ਹਾਂ ਦੇਖਿਆ ਜਾਂਦਾ ਹੈ ਕਿ ਕੋਈ ਜ਼ਖ਼ਮ ਹੈ ਜਾਂ ਕੋਈ ਰਸੌਲੀ ਤਾਂ ਫਿਰ ਇਸ ਦਾ ਇਲਾਜ ਉਸ ਤਰ੍ਹਾਂ ਕੀਤਾ ਜਾ ਸਕਦਾ ਹੈ। ਨੱਕ ਵਿਚ ਮੱਲਮ ਲਗਾਉਣ ਨਾਲ ਨੱਕ ਨਰਮ ਰਹਿੰਦਾ ਹੈ ਤੇ ਚਿਪਚਿਪਾ ਪਦਾਰਥ ਸੁਕਦਾ ਨਹੀਂ। ਜ਼ਖ਼ਮ ਤੇ ਕਾਟਰੀ ਵੀ ਕੀਤੀ ਜਾ ਸਕਦੀ ਹੈ। ਜੇਕਰ ਖ਼ੂਨ ਦਾ ਦਬਾਉ ਵਧਿਆ ਹੋਇਆ ਹੈ ਤਾਂ ਉਪਰ ਦੱਸੇ ਇਲਾਜ ਤੋਂ ਇਲਾਵਾ, ਖ਼ੂਨ ਦਾ ਦਬਾਉ ਘਟਾਉਣ ਵਾਸਤੇ ਵੀ ਉਪਰਾਲਾ ਜ਼ਰੂਰੀ ਹੁੰਦਾ ਹੈ। ਕਈ ਵਾਰ ਆਪਰੇਸ਼ਨ ਕਰਕੇ ਲਹੂ ਵਹਿਣੀ ਨੂੰ ਪਿਛੇ ਤੋਂ ਬੰਨ੍ਹਣਾ ਪੈਂਦਾ ਹੈ।

ਪ੍ਰਹੇਜ਼

1. ਬੱਚਿਆਂ ਨੂੰ ਧੁੱਪ ਵਿਚ ਬਾਹਰ ਨਹੀਂ ਖੇਡਣ ਦੇਣਾ ਚਾਹੀਦਾ।
2. ਬਜ਼ਾਰ ਵਾਲੀਆਂ ਚੀਜ਼ਾਂ ਜਿਵੇਂ ਕਿ ਆਈਸਕ੍ਰੀਮ, ਆਚਾਰ, ਚਟਨੀ ਜਿੰਨਾਂ ਨਾਲ ਗਲਾ ਖ਼ਰਾਬ ਜਾਂ ਜ਼ੁਕਾਮ ਲੱਗਦਾ ਹੋਵੇ ਨਾ ਖਾਣ ਦਿਓ।
3. ਨੱਕ ਵਿਚ ਉਂਗਲਾਂ ਨਹੀਂ ਮਾਰਨੀਆਂ ਚਾਹੀਦੀਆਂ ਤਾਂ ਕਿ ਜ਼ਖ਼ਮ ਨਾ ਹੋ ਜਾਵੇ।
4. ਅਗਰ ਟਾਂਸਿਲ ਜਾਂ ਕੋਈ ਹੋਰ ਮਾਸ ਨੱਕ ਦੇ ਪਿੱਛੇ ਵਧਿਆ ਹੋਇਆ ਹੈ ਤਾਂ ਇਸ ਦਾ ਆਪਰੇਸ਼ਨ ਕਰਵਾਉਣਾ ਚਾਹੀਦਾ ਹੈ। ਜੇਕਰ ਨੱਕ ਦੀ ਹੱਡੀ ਬਹੁਤ ਜ਼ਿਆਦਾ ਟੇਢੀ ਹੈ ਤਾਂ ਇਸ ਨੂੰ ਵੀ ਸਿੱਧਾ ਕਰਵਾ ਲੈਣਾ ਚਾਹੀਦਾ ਹੈ।
5. ਅਗਰ ਰੋਗੀ ਵਡੇਰੀ ਉਮਰ ਦਾ ਹੈ ਤੇ ਖ਼ੂਨ ਦਾ ਦਬਾਉ ਵਧਿਆ ਹੋਇਆ ਹੈ ਤਾਂ ਉਸ ਨੂੰ ਅਰਾਮ ਕਰਵਾਉਣਾ ਚਾਹੀਦਾ ਹੈ। ਨਮਕ ਤੇ ਘਿਓ ਵਾਲੀ ਚੀਜ਼ ਦਾ ਪ੍ਰਹੇਜ਼ ਕਰਨਾ ਚਾਹੀਦਾ ਹੈ ਤੇ ਨਾਲ ਹੀ ਆਪਣੇ ਡਾਕਟਰ ਨਾਲ ਸਲਾਹ ਕਰਕੇ ਖ਼ੂਨ ਦੇ ਦਬਾਉ ਨੂੰ ਠੀਕ ਰੱਖਣ ਦੀ ਦਵਾਈ ਖਾਣੀ ਚਾਹੀਦੀ ਹੈ।
6. ਸ਼ਰਾਬ, ਸਿਗਰਟ ਜਾਂ ਕੋਈ ਹੋਰ ਨਸ਼ਾ ਨੱਕ ਵਿਚ ਖ਼ੂਨ ਆਉਣ ਵਾਲੇ ਨੂੰ ਨਹੀਂ ਕਰਨਾ ਚਾਹੀਦਾ।
7. ਨੱਕ ਨੂੰ ਸੱਟ ਲੱਗਣ ਤੋਂ ਬਚਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਨੱਕ ਦੀ ਅਲਰਜੀ—ਅਲਰਜੀ ਨੂੰ ਅੱਲਾ ਦੀ ਮਰਜ਼ੀ ਵੀ ਕਿਹਾ ਗਿਆ ਹੈ ਕਿਉਂਕਿ ਇਹ ਮਰੀਜ਼ ਨੂੰ ਆਮ ਤੌਰ ਤੇ ਵਿਰਸੇ ਵਿਚ ਹੀ ਮਿਲਦੀ ਹੈ।

ਅਲਰਜੀ ਅਤੇ ਉਸ ਦੇ ਲੱਛਣ—ਇਸ ਦਾ ਸਾਧਾਰਨ ਭਾਸ਼ਾ ਵਿਚ ਮਤਲਬ ਹੈ ਕਿ ਕਿਸੇ ਨੂੰ ਕਿਸੇ ਚੀਜ਼ ਦਾ ਮੁਆਫ਼ਕ ਨਾ ਹੋਣਾ। ਅਲਰਜੀ ਮਰੀਜ਼ ਨੂੰ ਕਿਸੇ ਚੀਜ਼ ਤੋਂ ਵੀ ਹੋ ਸਕਦੀ ਹੈ ਜਿਵੇਂ ਕਿ :—

(ੳ) ਖਾਣ ਪੀਣ ਵਾਲੀਆਂ ਚੀਜ਼ਾਂ ਤੋਂ, ਜਿਸ ਤਰ੍ਹਾਂ ਮੱਛੀ, ਚੌਲ, ਦੁੱਧ, ਸ਼ਰਾਬ, ਆਂਡਾ, ਕੋਈ ਸਬਜ਼ੀ ਜਾਂ ਫਲ ਜਾਂ ਕੋਈ ਦਵਾਈ ਆਦਿ ਤੋਂ।

(ਅ) ਸਰੀਰ ਦੇ ਨਾਲ ਲਗਣ ਵਾਲੀਆਂ ਚੀਜ਼ਾਂ ਜਿਵੇਂ ਕਿ ਟੈਰਾਲੀਨ, ਉੱਨ, ਪਾਊਡਰ, ਸੁਰਖੀ-ਬਿੰਦੀ ਜਾਂ ਵਾਲ ਰੰਗਣ ਵਾਲੀ ਦਵਾਈ ਤੋਂ।

(ੲ) ਸਾਹ ਲੈਣ ਸਮੇਂ ਘਰ ਵਿਚ ਚੀਜ਼ਾ ਦੀ ਸਫ਼ਾਈ ਕਰਨ ਵੇਲੇ ਮਿਟੀ-ਗਰਦੇ ਵਿਚ ਮੌਜੂਦ ਕੀਟਾਣੂਆਂ ਤੋਂ ਅਲਰਜੀ ਹੁੰਦੀ ਹੈ ਜਾਂ ਫਿਰ ਕਿਸੇ ਖਾਸ ਮੌਸਮ ਵਿਚ ਜਦੋਂ ਕਿ ਹਵਾ ਵਿਚ ਪਰਾਗ ਕਣਾਂ ਦੀ ਮਾਤਰਾ ਬਹੁਤ ਹੁੰਦੀ ਹੈ। ਕਈ ਵਾਰ ਕਿਸੇ ਖ਼ੁਸ਼ਬੂਦਾਰ ਚੀਜ਼ ਤੋਂ ਵੀ ਅਲਰਜੀ ਸ਼ੁਰੂ ਹੋ ਸਕਦੀ ਹੈ। ਇਸੇ ਲਈ ਬਾਹਰਲੇ ਦੇਸ਼ਾਂ ਵਿਚ ਕਈ ਜਗ੍ਹਾ ਇਹੋ ਜਿਹੀਆਂ ਬਣਾਈਆਂ ਜਾ ਰਹੀਆਂ ਹਨ ਜਿਥੇ ਕਿਸੇ ਪ੍ਰਕਾਰ ਦੀ ਅਲਰਜੀ ਪੈਦਾ ਕਰਨ ਵਾਲੀ ਚੀਜ਼ ਨਾ ਹੋਵੇ।

4. ਕਈ ਵਾਰ ਕਿਸੇ ਰੋਗ ਦੇ ਇਲਾਜ ਕਰਨ ਵਾਸਤੇ ਦਿੱਤੀ ਗਈ ਕੋਈ ਦਵਾਈ ਵੀ ਅਲਰਜੀ ਕਰ ਸਕਦੀ ਹੈ ਜਿਵੇਂ ਕਿ ਪੈਨਸਿਲੀਨ, ਬੀ-ਕੰਪਲੈਕਸ ਵਿਟਾਮਿਨ ਜਾਂ ਸੁੰਨ ਕਰਨ ਵਾਲੀ ਦਵਾਈ ਦਾ ਟੀਕਾ ਆਦਿ।

ਲੱਛਣ ਅਤੇ ਨਿਸ਼ਾਨੀਆਂ—ਅਲਰਜੀ ਦਾ ਮਰੀਜ਼ ਆਮ ਤੌਰ ਤੇ ਗਲੇ ਦੇ ਮਾਹਿਰ ਕੋਲ ਹੇਠ ਲਿਖੇ ਲੱਛਣ ਲੈ ਕੇ ਆਉਂਦਾ ਹੈ।

1. ਨਿੱਛਾਂ ਆਉਣੀਆਂ—ਰੋਜ਼ ਜਾਂ ਕੋਈ ਖਾਸ ਅਜਿਹਾ ਕੰਮ ਕਰਨ ਨਾਲ 10-15 ਨਿਛਾਂ ਦਾ ਆਉਣਾ।

2. ਨੱਕ ਵਿਚੋਂ ਪਤਲਾ ਜਿਹਾ ਪਾਣੀ ਵਗਦੇ ਰਹਿਣਾ।
3. ਨੱਕ ਬੰਦ ਹੋਣਾ ਤੇ ਨੱਕ ਵਿਚੋਂ ਸਾਹ ਲੈਣਾ ਔਖਾ ਹੋਣਾ।
4. ਅੱਖਾਂ ਵਿਚ ਖਾਰਿਸ਼ ਹੋਣੀ ਜਾਂ ਸਰੀਰ ਦੇ ਕਿਸੇ ਹਿੱਸੇ ਤੇ ਦਫ਼ੜ ਆਦਿ ਪੈਣਾ।
5. ਨੱਕ ਵਿਚ ਰਸੌਲੀ ਜਾਂ ਪਾਲਿਪ ਆਦਿ ਦਾ ਬਣਨਾ ਵੀ ਅਲਰਜੀ ਦੀ ਨਿਸ਼ਾਨੀ ਹੋ ਸਕਦੀ ਹੈ।
6. ਨੱਕ ਦਾ ਮੁਆਇਨਾ ਕਰਨ ਤੇ ਅੰਦਰ ਰਸੌਲੀਆਂ ਨਜ਼ਰ ਆਉਂਦੀਆਂ ਹਨ ਜਾਂ ਫਿਰ ਨੱਕ ਅੰਦਰ ਸੋਜਿਸ਼ ਆ ਜਾਂਦੀ ਹੈ ਤੇ ਇਸ ਦਾ ਰੰਗ ਪੀਲੇ ਤੋਂ ਲੈ ਕੇ ਨੀਲਾ ਹੋ ਜਾਂਦਾ ਹੈ। ਜਦੋਂ ਕਿ ਆਮ ਇਸ ਦਾ ਰੰਗ ਨੀਮ ਗੁਲਾਬੀ ਹੁੰਦਾ ਹੈ।

ਅਲਰਜੀ ਦਾ ਇਲਾਜ ਅਤੇ ਪ੍ਰਹੇਜ਼—ਅਲਰਜੀ ਇਕ ਅਜਿਹੀ ਬੀਮਾਰੀ ਹੈ ਜਿਸ ਦਾ ਇਲਾਜ ਨਾਲੋਂ ਪ੍ਰਹੇਜ਼ ਕਰਨਾ ਬਹੁਤ ਜ਼ਰੂਰੀ ਹੈ ਤਾਂ ਹੀ ਮਰੀਜ਼ ਇਸ ਦੇ ਮਾੜੇ ਅਸਰ ਤੋਂ ਬੱਚ ਸਕਦਾ ਹੈ। ਸਭ ਤੋਂ ਬਿਹਤਰ ਪ੍ਰਹੇਜ਼ ਹੈ ਕਿ ਮਰੀਜ਼ ਪਤਾ ਲਾਏ ਕਿ ਉਸ ਨੂੰ ਕਿਹੜੀ ਚੀਜ਼ ਤੋਂ ਅਲਰਜੀ ਹੈ ਤਾਂ ਕਿ ਉਹ ਉਸ ਚੀਜ਼ ਤੋਂ ਬਚਾਉ ਕਰ ਸਕੇ। ਅਲਰਜੀ ਟੈੱਸਟ ਵਿਚ ਵੱਖ ਵੱਖ ਕਿਸਮ ਦੇ ਤਿਆਰ ਕੀਤੇ ਟੀਕੇ ਮਰੀਜ਼ ਨੂੰ ਲਗਾ ਕੇ ਪਤਾ ਲਗਾਇਆ ਜਾਂਦਾ ਹੈ ਕਿ ਮਰੀਜ਼ ਨੂੰ ਕਿਸ ਚੀਜ਼ ਤੋਂ ਅਲਰਜੀ ਹੈ ਤਾਂ ਕਿ ਉਸ ਚੀਜ਼ ਨੂੰ ਮਰੀਜ਼ ਦੇ ਆਲੇ ਦੁਆਲੇ ਵਿਚੋਂ ਹਟਾਇਆ ਜਾ ਸਕੇ ਜਾਂ ਫਿਰ ਇੰਨੀ ਥੋੜ੍ਹੀ ਮਾਤਰਾ ਵਿਚ ਮਰੀਜ਼ ਨੂੰ ਉਸ ਤੋਂ ਬਣੇ ਟੀਕੇ ਲਾਏ ਜਾਣ ਤਾਂ ਜੋ ਮਰੀਜ਼ ਨੂੰ ਮਾੜਾ ਅਸਰ ਨਾ ਹੋਵੇ। ਅਜਿਹਾ ਕਰਨ ਨਾਲ ਮਰੀਜ਼ ਦੇ ਖ਼ੂਨ ਵਿਚ ਉਸ ਮਾੜੀ ਚੀਜ਼ ਤੋਂ ਬਚਾਅ ਕਰਨ ਲਈ ਰੋਗ ਨਾਸ਼ਕ ਅੰਸ਼ ਬਣ ਜਾਂਦੇ ਹਨ।

ਸੋ ਇਸ ਲਈ ਸਭ ਤੋਂ ਬਿਹਤਰ ਅਲਰਜੀ ਦਾ ਇਲਾਜ ਹੈ ਉਸ ਮਾੜੀ ਚੀਜ਼ ਤੋਂ ਬਚਾਉ ਰੱਖਣਾ ਜੋ ਸਰੀਰ ਵਿਚ ਜਾ ਕੇ ਆਪਣਾ ਮਾੜਾ ਅਸਰ ਦਿਖਾਉਂਦੀ ਹੈ। ਫਿਰ ਵੀ ਅਜਿਹੇ ਮਰੀਜ਼ ਨੂੰ ਵਿਟਾਮਿਨ-ਸੀ ਭਰਪੂਰ ਫਲ ਜਿਵੇਂ ਕਿ ਅਮਰੂਦ, ਔਲਾ, ਮੁਸੱਮੀ, ਸੰਤਰਾ, ਨਿੰਬੂ, ਪਪੀਤਾ ਆਦਿ ਦਾ ਇਸਤੇਮਾਲ ਜ਼ਿਆਦਾ ਕਰਨਾ ਚਾਹੀਦਾ ਹੈ। ਜਿਥੇ ਮਿੱਟੀ ਜ਼ਿਆਦਾ ਉਡਦੀ ਹੋਵੇ ਉਥੇ ਜ਼ਿਆਦਾ ਦੇਰ ਨਹੀਂ ਖੜ੍ਹਨਾ ਚਾਹੀਦਾ ਜਾਂ ਫਿਰ ਨੱਕ ਤੇ 2-3 ਤਹਿਆਂ ਵਾਲਾ ਪਤਲਾ ਕਪੜਾ ਲਪੇਟਣਾ ਚਾਹੀਦਾ ਹੈ। ਨੱਕ ਵਿਚ ਘਟੋ ਘੱਟ 3-4 ਵਾਰ ਪਾਣੀ ਦੇ ਛਿੱਟੇ ਮਾਰ ਕੇ ਨੱਕ ਨੂੰ ਸਾਫ਼ ਕਰ ਲੈਣਾ ਚਾਹੀਦਾ ਹੈ।

ਸੌਣ ਵਾਲੀ ਜਗ੍ਹਾ ਜਾਂ ਕਮਰੇ ਵਿਚ ਸਮਾਨ ਬਹੁਤ ਘੱਟ ਤੋਂ ਘੱਟ ਰੱਖਣਾ ਚਾਹੀਦਾ ਹੈ। ਖੁਲ੍ਹੀ ਹਵਾ ਵਾਲਾ ਕਮਰਾ ਹੋਵੇ ਅਤੇ ਧਿਆਨ ਰੱਖਿਆ ਜਾਵੇ ਕਿ ਸਿਰਹਾਣੇ ਜਾਂ ਗੱਦੇ ਵਿਚ ਅਜਿਹੀ ਚੀਜ਼ ਨਾ ਭਰੀ ਜਾਵੇ ਜਿਸ ਤੋਂ ਮਰੀਜ਼ ਨੂੰ ਅਲਰਜੀ ਹੋਵੇ।

ਇਲਾਜ—1. ਕਈ ਕਿਸਮ ਦੀਆਂ ਗੋਲੀਆਂ ਜਾਂ ਟੀਕੇ ਬਜ਼ਾਰ ਵਿਚ ਉਪਲੱਬਧ ਹਨ ਜਿਨ੍ਹਾਂ ਨੂੰ ਜਦ ਤਕ ਖਾਂਦੇ ਰਹੋ ਅਲਰਜੀ ਨੂੰ ਠੱਲ ਪਾਇਆ ਜਾ ਸਕਦਾ ਹੈ।

2. ਨੱਕ ਵਿਚ ਪਾਉਣ ਲਈ ਤੁਪਕੇ ਅਤੇ ਸਪਰੇਅ ਵੀ ਬਜ਼ਾਰ ਵਿਚ ਮਿਲਦੇ ਹਨ ਜਿਹੜੇ ਅਲਰਜੀ ਨੂੰ ਰੋਕਣ ਵਿਚ ਮਦਦ ਕਰਦੇ ਹਨ।

ਨੱਕ ਦੀਆਂ ਰਸੌਲੀਆਂ—ਇਨ੍ਹਾਂ ਨੂੰ ਆਮ ਤੌਰ ਤੇ ਪਾਲਿੱਪ ਕਰਕੇ ਜਾਣਿਆ ਜਾਂਦਾ ਹੈ ਇਹ ਬਿਨਾਂ ਜੜ੍ਹਾਂ ਤੋਂ ਹੁੰਦੀਆਂ ਹਨ ਤੇ ਕੈਂਸਰ ਨਾਲੋਂ ਵੱਖਰੀਆਂ ਹੁੰਦੀਆਂ ਹਨ। ਇਹ ਦੋ ਤਰ੍ਹਾਂ ਦੀਆਂ ਹੁੰਦੀਆਂ ਹਨ ਇਕ ਤਾਂ ਜਿਹੜੀਆਂ ਅੰਗੂਰ ਦੇ ਗੁੱਛਿਆਂ ਵਾਂਗ ਦੋਹਾਂ ਨਾਸਾਂ ਵਿਚ ਭਰੀਆਂ ਹੁੰਦੀਆਂ ਹਨ। ਇਹ ਨੱਕ ਤੇ ਉਪਰਲੇ ਪਾਸੇ ਸਥਿਤ ਐਥਾਮਾੱਇਡ ਸਾਈਨਸ ਤੋਂ ਪੈਦਾ ਹੁੰਦੀਆਂ ਹਨ। ਇਹ ਆਮ ਤੌਰ ਤੇ ਵਡੇਰੀ ਉਮਰ ਵਿਚ ਦੇਖੀਆ ਜਾਂਦੀਆਂ ਹਨ ਅਤੇ ਅਜਿਹਾ ਮਰੀਜ ਅਲਰਜੀ ਦਾ ਪੁਰਾਣਾ ਸ਼ਿਕਾਰ ਹੁੰਦਾ ਹੈ। ਦੂਸਰੀ ਕਿਸਮ ਦੀ ਰਸੌਲੀ ਛੋਟੀ ਉਮਰ ਵਿਚ ਦੇਖੀ ਜਾਂਦੀ ਹੈ ਤੇ ਇਹ ਨੱਕ ਦੇ ਇਕ ਪਾਸੇ ਹੁੰਦੀ ਹੈ ਤੇ ਨੱਕ ਦੇ ਪਾਸੇ ਵਾਲੇ ਸਾਈਨਸ ਦੀ ਝਿਲੀ ਜਿਸ ਵਿਚ ਸੋਜ ਹੁੰਦੀ ਹੈ ਤੋਂ ਪੈਦਾ ਹੋ ਕੇ ਨੱਕ ਵਿਚ ਆਉਂਦੀ ਹੈ ਅਤੇ ਗਲੇ ਵਿਚ ਵੀ ਜ਼ਾ ਲਮਕਦੀ ਹੈ। ਇਸ ਰਸੌਲੀ ਦੇ ਲੱਛਣ ਹਨ ਮਰੀਜ਼ ਨੂੰ ਨੱਕ ਤੋਂ ਸਾਹ ਨਾ ਆਉਣਾ, ਨਜ਼ਲਾ ਜ਼ੁਕਾਮ ਹੋਣਾ ਤੇ ਆਵਾਜ਼ ਵਿਚ ਤਬਦੀਲੀ, ਨੱਕ ਤੇ ਸ਼ਕਲ ਵਿਚ ਫੈਲਾਅ ਆ ਜਾਣਾ।

ਇਲਾਜ ਤੇ ਪ੍ਰੇਹਜ਼—ਇਨ੍ਹਾਂ ਦਾ ਸਭ ਤੋਂ ਵਧੀਆ ਇਲਾਜ ਹੈ ਨੱਕ ਦੀ ਅਲਰਜੀ ਅਤੇ ਪੁਰਾਣੀ ਸੋਜ ਦਾ ਠੋਸ ਇਲਾਜ ਕਰਾਉਂਦੇ ਰਹਿਣਾ ਤਾਂ ਕਿ ਰਸੌਲੀਆਂ ਬਣਨ ਦੀ ਹਾਲਤ ਨਾ ਪੁਜੇ। ਜੇਕਰ ਇਕ ਵਾਰ ਰਸੌਲੀਆਂ ਬਣ ਜਾਣ ਤਾਂ ਦਵਾਈਆਂ ਬਹੁਤ ਵਧੀਆ ਅਸਰ ਨਹੀਂ ਕਰਦੀਆਂ ਅਤੇ ਅਪਰੇਸ਼ਨ ਨਾਲ ਹੀ ਇਨ੍ਹਾਂ ਨੂੰ ਕੱਢਿਆ ਜਾ ਸਕਦਾ ਹੈ। ਇਹ ਆਪਰੇਸ਼ਨ ਤਾਂ ਸਾਧਾਰਨ ਹੀ ਹੁੰਦਾ ਹੈ ਪਰ ਜੇਕਰ ਇਹ ਬਾਰ ਬਾਰ ਹੋਣ ਤਾਂ ਸਾਈਨਸ ਦੀ ਹੱਡੀ ਦਾ ਵੱਡਾ ਆਪਰੇਸ਼ਨ ਕਰਕੇ ਇਸ ਨੂੰ ਜੜ੍ਹ ਤੋਂ ਸਾਫ਼ ਕੀਤਾ ਜਾਂਦਾ ਹੈ ਜਿਸ ਨਾਲ ਇਹ ਰਸੌਲੀਆਂ ਦੁਬਾਰਾ ਨਹੀਂ ਬਣਦੀਆਂ।

ਨੱਕ ਦਾ ਕੈਂਸਰ—ਕੈਂਸਰ ਇਕ ਅਜਿਹੀ ਬੀਮਾਰੀ ਹੈ ਜਿਸ ਵਿਚ ਸਰੀਰ ਦੇ ਕਿਸੇ ਹਿੱਸੇ ਦੇ ਸੈੱਲ ਬਿਨ੍ਹਾਂ ਕਿਸੀ ਰੋਕ ਟੋਕ ਤੋਂ ਵਧਣੇ ਸ਼ੁਰੂ ਹੋ ਜਾਂਦੇ ਹਨ ਤੇ ਇਹ ਜੜ੍ਹਾਂ ਵਾਲੀ ਰਸੌਲੀ ਦੀ ਸ਼ਕਲ ਅਖਤਿਆਰ ਕਰਕੇ ਆਸ ਪਾਸ ਦੇ ਠੀਕ ਹਿੱਸਿਆਂ ਨੂੰ ਨੁਕਸਾਨ ਪਹੁੰਚਾਉਣਾ ਸ਼ੁਰੂ ਕਰ ਦਿੰਦੇ ਹਨ ਤੇ ਫਿਰ ਸਰੀਰ ਦੇ ਹੋਰ ਹਿੱਸਿਆਂ ਵਿਚ ਖ਼ੂਨ ਰਾਹੀਂ ਜਾਂ ਸਿੱਧਾ ਵੀ ਫੈਲ ਜਾਂਦੇ ਹਨ।

ਨੱਕ ਦਾ ਕੈਂਸਰ ਭਾਵੇਂ ਨੱਕ ਤੋਂ ਜਾਂ ਨੱਕ ਦੇ ਆਸਪਾਸ ਦੀਆਂ ਖੋੜਾਂ ਤੋਂ ਪੈਦਾ ਹੁੰਦਾ ਹੋਵੇ ਆਮ ਤੌਰ ਤੇ ਵਡੇਰੀ ਉਮਰ ਵਿਚ ਹੁੰਦਾ ਹੈ। ਇਸ ਬੀਮਾਰੀ ਵਿਚ ਨੱਕ ਵਿਚੋਂ ਖ਼ੂਨ ਨਾਲ ਲੱਥਪੱਥ ਚਿਪਚਿਪਾ ਪਦਾਰਥ ਜਾਂ ਨਜ਼ਲਾ ਵਹਿੰਦਾ ਹੈ ਤੇ ਇਹ ਰਸੌਲੀ ਜੜ੍ਹਾਂ ਵਾਲੀ ਹੋਣ ਕਾਰਨ ਨੱਕ ਅਤੇ ਇਸ ਦੇ ਆਸ ਪਾਸ ਦਾ ਬਹੁਤ ਨੁਕਸਾਨ ਕਰਦੀ ਹੈ, ਅਜਿਹੇ ਮਰੀਜ਼ ਦੀ ਰਸੌਲੀ ਦਾ ਇਕ ਟੁਕੜਾ ਲੈ ਕੇ ਜਾਂਚਿਆ ਜਾਂਦਾ ਹੈ ਤੇ ਇਸ ਤੋਂ ਪੱਕਾ ਪਤਾ ਲੱਗ ਜਾਂਦਾ ਹੈ ਕਿ ਮਰੀਜ਼ ਨੂੰ ਕੈਂਸਰ ਹੈ ਜਾਂ ਕਿ ਕੋਈ ਹੋਰ ਰਸੌਲੀ ਹੈ। ਕੈਂਸਰ ਦੀ ਕਿਸਮ ਵੀ ਪਤਾ ਲੱਗ ਜਾਂਦੀ ਹੈ ਜਿਸ ਨਾਲ ਉਸ ਦਾ ਇਲਾਜ ਕਰਨਾ ਸੌਖਾ ਹੁੰਦਾ ਹੈ।

ਨੱਕ ਦਾ ਕੈਂਸਰ ਕਿਉਂ ਹੁੰਦਾ ਹੈ ਇਹ ਤਾਂ ਕਹਿਣਾ ਮੁਸ਼ਕਿਲ ਹੈ ਪਰ ਆਮ ਤੌਰ ਤੇ ਇਹ ਲੱਕੜ ਦੀ ਚਿਰਾਈ ਕਰਨ ਵਾਲੇ ਮਜ਼ਦੂਰ ਜਾਂ ਅੱਗਰਬਤੀ ਦੇ ਜਲਣ ਦਾ ਧੂੰਆ ਲੈਣ ਵਾਲੇ ਜਾਂ ਫੈਕਟਰੀਆਂ ਵਿਚ ਕੰਮ ਕਰਨ ਵਾਲਿਆਂ ਕਾਮਿਆਂ ਵਿਚ ਜਾਂ ਫਿਰ ਨੱਕ ਜਾਂ ਸਾਈਨਸ ਦੀਆਂ ਬਹੁਤ ਪੁਰਾਣੀਆਂ ਬੀਮਾਰੀਆਂ ਕਾਰਨ ਹੁੰਦਾ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਅਜਿਹੇ ਕੰਮ ਕਰ ਰਹੇ ਮਜ਼ਦੂਰਾਂ ਦਾ ਮੁਆਇਨਾ ਕੀਤਾ ਜਾਂਦਾ ਰਹੇ ਤਾਂ ਕਿ ਬੀਮਾਰੀ ਨੂੰ ਸ਼ੁਰੂ ਵਿਚ ਹੀ ਪਕੜਿਆ ਜਾ ਸਕੇ।

ਇਲਾਜ—ਕੈਂਸਰ ਦਾ ਜੇਕਰ ਪਹਿਲੀ ਹਾਲਤ ਵਿਚ ਹੀ ਪਤਾ ਲਗ ਜਾਏ ਤਾਂ ਮਰੀਜ਼ ਨੂੰ ਬਹੁਤ ਫਾਇਦਾ ਹੋ ਸਕਦਾ ਹੈ। ਜੇਕਰ ਮਰੀਜ਼ ਦੇਰ ਨਾਲ ਅਖੀਰੀ ਹਾਲਤ ਵਿਚ ਉਦੋਂ ਡਾਕਟਰ ਕੋਲ ਆਵੇਗਾ, ਜਦੋਂ ਕਿ ਕੈਂਸਰ ਸਰੀਰ ਦੇ ਹੋਰ ਹਿੱਸਿਆਂ ਵਿਚ ਫੈਲ ਚੁਕਾ ਹੋਵੇ ਤਾਂ ਇਸ ਦਾ ਇਲਾਜ ਠੀਕ ਨਹੀਂ ਹੋ ਸਕਦਾ। ਹੁਣ ਤੱਕ ਕੈਂਸਰ ਦਾ ਤਿੰਨ ਤਰੀਕਿਆਂ ਨਾਲ ਇਲਾਜ ਕੀਤਾ ਜਾਂਦਾ ਹੈ। ਸਭ ਤੋਂ ਪਹਿਲਾ ਇਲਾਜ ਹੈ ਆਪਰੇਸ਼ਨ, ਜੇਕਰ ਮਰੀਜ਼ ਜਲਦੀ ਤੇ ਪਹਿਲੀ ਸਟੇਜ ਵਿਚ ਆ ਜਾਵੇ ਤਾਂ ਕੈਂਸਰ ਦੀ ਰਸੌਲੀ ਨੂੰ ਜੜ੍ਹ ਸਮੇਤ ਕੱਢਿਆ ਜਾ ਸਕਦਾ ਹੈ। ਦੂਸਰਾ ਇਲਾਜ ਵਿਚ ਬਿਜਲੀ ਲਗਾਉਣ ਨਾਲ ਕੈਂਸਰ ਦੀ ਰਸੌਲੀ ਨੂੰ ਸਾੜਿਆ ਜਾਂਦਾ ਹੈ। ਬਿਜਲੀ 20-30 ਵਾਰੀਆਂ ਵਿਚ ਤਕਰੀਬਨ ਇਕ ਤੋਂ ਡੇਢ ਮਹੀਨੇ ਵਿਚ ਲਗਾਈ ਜਾਂਦੀ ਹੈ ਤੀਸਰਾ ਤਰੀਕਾ ਹੈ ਕੈਂਸਰ ਦੇ ਟੀਕੇ ਲਗਾਣੇ। ਇਹ ਇਲਾਜ ਉਸ ਵੇਲੇ ਅਪਣਾਇਆ ਜਾਂਦਾ ਹੈ ਜਦੋਂ ਮਰੀਜ਼ ਦੀ ਹਾਲਤ ਅਖ਼ੀਰਲੀ ਹੁੰਦੀ ਹੈ ਜਾਂ ਉਹ ਬਿਜਲੀ ਲਗਾਉਣ ਦੇ ਜਾਂ ਅਪਰੇਸ਼ਨ ਕਰਵਾਉਣ ਦੇ ਯੋਗ ਨਹੀਂ ਹੁੰਦਾ। ਇਹ ਇਲਾਜ ਮਹਿੰਗਾ ਵੀ ਹੁੰਦਾ ਹੈ ਤੇ ਇਸ ਦੇ ਨਤੀਜੇ ਵੀ ਬਹੁਤੇ ਚੰਗੇ ਨਹੀਂ ਹਨ।

ਨਜ਼ਲਾ ਜ਼ੁਕਾਮ ਨੱਕ ਦੀ ਆਮ ਬੀਮਾਰੀਆਂ—ਨਜ਼ਲਾ ਜ਼ੁਕਾਮ ਨੱਕ ਦੀ ਆਮ ਬੀਮਾਰੀਆਂ ਵਿਚ ਪਹਿਲੇ ਨੰਬਰ ਤੇ ਆਉਂਦੀ ਹੈ ਜਿਸ ਤੋਂ ਹਰ ਇਕ ਇਨਸਾਨ ਦੁਖੀ ਹੋ ਜਾਂਦਾ ਹੈ ਕੋਈ ਵਿਰਲਾ ਹੀ ਵਿਅਕਤੀ ਹੋਵੇਗਾ ਜਿਸ ਨੂੰ ਨਜ਼ਲੇ ਜ਼ੁਕਾਮ ਦੀ ਬੀਮਾਰੀ ਨੇ ਤੰਗ ਨਾ ਕੀਤਾ ਹੋਵੇ।

ਲੱਛਣ ਤੇ ਨਿਸ਼ਾਨੀਆਂ—ਇਸ ਦੇ ਆਮ ਤੌਰ ਤੇ ਇਹ ਲੱਛਣ ਹਨ : ਨੱਕ ਵਿਚੋਂ ਚਿਪਚਿਪਾ ਪਦਾਰਥ ਜਾਂ ਗਾੜ੍ਹਾ ਪੀਲੇ ਜਾਂ ਹਰੇ ਰੰਗ ਦੀ ਬਲਗ਼ਮ ਜਾਂ ਰੇਸ਼ਾ ਨੱਕ ਵਿਚੋਂ ਆਉਣਾ ਜਾਂ ਗਲੇ ਵਿਚ ਡਿਗਣਾ। ਦੂਜਾ ਲੱਛਣ ਹੈ ਨੱਕ ਬੰਦ ਰਹਿਣਾ ਤੇ ਨੱਕ ਵਿਚੋਂ ਸਾਹ ਨਾ ਆਉਣਾ। ਸਿਰ ਦੁਖਣਾ, ਨੱਕ ਦੀ ਅਤੇ ਮੂੰਹ ਦੀ ਆਮ ਬਣਤਰ ਵਿਚ ਤਬਦੀਲੀ ਆਉਣਾ, ਨੱਕ ਵਿਚੋਂ ਨਿੱਛਾਂ ਆਉਣਾ ਜਾਂ ਨੱਕ ਵਿਚ ਕਿਸੇ ਚੀਜ਼ ਦੀ ਖ਼ੁਸ਼ਬੂ-ਬਦਬੂ ਨਾ ਆਉਣਾ। ਨੱਕ ਵਿਚ ਰਸੌਲੀਆਂ ਬਣਨੀਆਂ ਵੀ ਪੁਰਾਣੇ ਨਜ਼ਲੇ ਜ਼ੁਕਾਮ ਦੀਆਂ ਨਿਸ਼ਾਨੀਆਂ ਹੁੰਦੀਆਂ ਹਨ। ਕਈ ਵਾਰ ਨਜ਼ਲੇ ਜ਼ੁਕਾਮ ਕਰਕੇ ਗਲਾ ਖ਼ਰਾਬ ਜਾਂ ਅਵਾਜ਼ ਦੀ ਖ਼ਰਾਬੀ ਵੀ ਹੋ ਜਾਂਦੀ ਹੈ। ਨੱਕ ਦਾ ਮੁਆਇਨਾ ਕਰਨ ਨਾਲ ਨੱਕ ਵਿਚ ਲਾਲੀ ਨਜ਼ਰ ਆਉਂਦੀ ਹੈ ਤੇ ਨੱਕ ਇਕ ਜਾਂ ਦੋਨੇ ਪਾਸੇ ਗੰਦੇ ਬਦਬੂਦਾਰ ਪਦਾਰਥ ਨਾਲ ਭਰਿਆ ਹੁੰਦਾ ਹੈ। ਇਸ ਬਲਗ਼ਮ ਦੀ ਹੋਂਦ ਕਈ ਵਾਰ ਬੀਮਾਰੀ ਕਿਸ ਸਾਈਨਸ ਵਿਚ ਹੈ, ਨੂੰ ਦਰਸਾਉਂਦੀ ਹੈ।

ਕਾਰਨ : ਇਸ ਦੇ ਆਮ ਕਾਰਨ ਹੇਠ ਅਨੁਸਾਰ ਹਨ :

1. ਨੱਕ ਦੀ ਅਲਰਜੀ।
2. ਨੱਕ ਦੀ ਝਿਲੀ ਵਿਚ ਸੋਜ।
3. ਨੱਕ ਦੇ ਆਲੇ ਦੁਆਲੇ ਦੀਆਂ ਖੋੜਾਂ ਵਿਚ ਪੁਰਾਣੀ ਸੋਜ।
4. ਨੱਕ ਦੀ ਹੱਡੀ ਦਾ ਵਿੰਗਾ ਹੋਣਾ।
5. ਮਰੀਜ਼ ਦੀ ਜੀਵਾਣੂਆਂ ਨਾਲ ਲੜਣ ਦੀ ਸ਼ਕਤੀ ਦਾ ਘੱਟ ਹੋਣਾ।
6. ਬੱਚਿਆਂ ਵਿਚ ਐਡੀਨਾੱਇਡਜ਼ ਅਤੇ ਟਾਂਸਿਲ ਦੀ ਬੀਮਾਰੀ ਕਾਰਨ ਵੀ ਨਜ਼ਲਾ ਜ਼ੁਕਾਮ ਲੱਗਾ ਰਹਿੰਦਾ ਹੈ।
7. ਬੱਚੇ ਨੇ ਜੇਕਰ ਨੱਕ ਵਿਚ ਕੋਈ ਚੀਜ਼ ਫਸਾ ਲਈ ਹੋਵੇ ਤਾਂ ਉਸ ਪਾਸੇ ਤੋਂ ਨੱਕ ਵੱਗਦਾ ਰਹਿੰਦਾ ਹੈ। ਅਜਿਹੇ ਨਜ਼ਲੇ ਜ਼ੁਕਾਮ ਦੇ ਮਰੀਜ਼ ਨੂੰ ਬਹੁਤ ਆਰਾਮ ਨਾਲ ਚੈੱਕ ਕਰਨਾ ਚਾਹੀਦਾ ਹੈ ਤਾਂ ਕਿ ਇਸ ਦਾ ਕਾਰਨ ਪਤਾ ਲਗਾਇਆ ਜਾ ਸਕੇ ਤਾਂ ਹੀ ਇਸ ਦਾ ਇਲਾਜ ਸੋਚਿਆ ਜਾ ਸਕਦਾ ਹੈ। ਜ਼ਰੂਰਤ ਪੈਣ ਤੇ ਐੱਕਸ-ਰੇ ਦੀ ਮਦਦ ਵੀ ਲਈ ਜਾ ਸਕਦੀ ਹੈ ਅਤੇ ਬਲਗ਼ਮ ਵੀ ਟੈੱਸਟ ਕਰਾਈ ਜਾ ਸਕਦੀ ਹੈ।

ਇਲਾਜ ਅਤੇ ਪ੍ਰਹੇਜ਼—ਨਜ਼ਲੇ ਜ਼ੁਕਾਮ ਦਾ ਸਭ ਤੋਂ ਚੰਗਾ ਇਲਾਜ ਕਰਨ ਵਾਸਤੇ ਇਹ ਜ਼ਰੂਰੀ ਹੈ ਕਿ ਇਸ ਦਾ ਕਾਰਨ ਲੱਭਿਆ ਜਾਵੇ ਜਿਵੇਂ ਕਿ ਜੇ ਅਲਰਜੀ ਹੈ ਤਾਂ ਇਸ ਦਾ ਇਲਾਜ ਕੀਤਾ ਜਾਵੇ, ਜੇ ਨੱਕ ਦੀ ਝਿਲੀ ਵਿਚ ਸੋਜ ਹੈ ਤਾਂ ਕੈਪਸੂਲ ਜਾਂ ਗੋਲੀਆਂ ਨਾਲ ਇਸ ਨੂੰ ਖ਼ਤਮ ਕੀਤਾ ਜਾਵੇ, ਜੇਕਰ ਸਾਈਨਸ ਵਿਚ ਸੋਜ ਹੈ ਤਾਂ ਇਸ ਦਾ ਦਵਾਈਆਂ ਨਾਲ ਜਾਂ ਜੇਕਰ ਜ਼ਰੂਰਤ ਹੋਵੇ ਤਾਂ ਛੋਟਾ ਜਾਂ ਵੱਡਾ ਲੋੜ ਅਨੁਸਾਰ ਅਪਰੇਸ਼ਨ ਕੀਤਾ ਜਾਣਾ ਚਾਹੀਦਾ ਹੈ। ਨੱਕ ਦੀ ਹੱਡੀ ਵਿੰਗੀ ਹੋਵੇ ਜਾਂ ਨੱਕ ਵਿਚ ਰਸੌਲੀ ਹੋਵੇ ਜਾਂ ਬੱਚਿਆਂ ਵਿਚ ਐਡੀਨਾੱਇਡਜ਼ ਜਾਂ ਟਾਂਸਿਲ ਦੀਆਂ ਗਿਲਟੀਆਂ ਹੋਣ ਤਾਂ ਇਸ ਦਾ ਆਪਰੇਸ਼ਨ ਨਾਲ ਹੀ ਇਲਾਜ ਕਰਨਾ ਪੈਂਦਾ ਹੈ ਤਾਂ ਹੀ ਨਜ਼ਲਾ ਜ਼ੁਕਾਮ ਦੀ ਬੀਮਾਰੀ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।

ਪ੍ਰਹੇਜ਼ ਲਈ ਮਰੀਜ਼ ਨੂੰ ਖੁੱਲ੍ਹੀਆਂ ਥਾਵਾਂ ਅਤੇ ਸਾਫ਼ ਵਾਤਾਵਰਣ ਵਿਚ ਰਹਿਣ ਲਈ ਪ੍ਰੇਰਣਾ ਦੇਣੀ ਚਾਹੀਦੀ ਹੈ। ਚੰਗੀ ਖ਼ੁਰਾਕ ਜਿਸ ਵਿਚ ਖਾਸ ਕਰਕੇ ਵਿਟਾਮਨ-ਸੀ ਹੋਵੇ ਮਰੀਜ਼ ਨੂੰ ਨਜ਼ਲੇ ਜ਼ੁਕਾਮ ਵਿਚ ਫਾਇਦਾ ਕਰਦੀ ਹੈ ਜਿਵੇਂ ਕਿ ਦੁੱਧ, ਦਹੀਂ, ਪਨੀਰ, ਅੰਡਾ, ਮੱਛੀ, ਹਰੀਆਂ ਸਬਜੀਆਂ ਤੇ ਫਲ ਆਦਿ।

ਮਰੀਜ਼ ਨੂੰ ਇਹ ਦੱਸਣਾ ਚਾਹੀਦਾ ਹੈ ਕਿ ਉਹ ਅਜਿਹੀਆਂ ਚੀਜ਼ਾਂ ਨੂੰ ਨਾ ਖਾਵੇ ਜਿਸ ਨੂੰ ਖਾਣ ਨਾਲ ਜਾਂ ਸੇਵਨ ਕਰਨ ਨਾਲ ਨਜ਼ਲੇ - ਜ਼ੁਕਾਮ ਵਿਚ ਵਾਧਾ ਹੁੰਦਾ ਹੋਵੇ। ਸਿਗਰਟ, ਸ਼ਰਾਬ, ਮਿਰਚਾਂ ਵਾਲੀਆਂ ਅਤੇ ਤਲੀਆਂ ਹੋਈਆਂ ਚੀਜ਼ਾਂ ਦਾ ਵੀ ਪ੍ਰਹੇਜ਼ ਕਰਨਾ ਚਾਹੀਦਾ ਹੈ।

ਨੱਕ ਦੀ ਹੱਡੀ ਦਾ ਟੁੱਟ ਜਾਣਾ—ਅਜਿਹੀ ਹਾਲਤ ਨੱਕ ਤੇ ਚੋਟ ਲੱਗਣ ਨਾਲ ਜਿਵੇਂ ਕਿ ਲੜਾਈ ਝਗੜੇ ਵਿਚ, ਮੁੱਕੇਬਾਜ਼ੀ ਦੀ ਖੇਡ ਦੌਰਾਨ ਜਾਂ ਗੱਡੀਆਂ ਦੇ ਆਪਸੀ ਟਕਰਾਉ ਵਿਚ ਹੋ ਜਾਂਦੀ ਹੈ ਜਿਸ ਵਿਚ ਮਰੀਜ਼ ਦੇ ਨੱਕ ਵਿਚੋਂ ਖ਼ੂਨ ਵਗਦਾ ਹੈ, ਨੱਕ ਤੇ ਇਸ ਦੇ ਆਲੇ ਦੁਆਲੇ ਸੋਜ ਆ ਜਾਂਦੀ ਹੈ ਤੇ ਨੱਕ ਦੀ ਬਣਤਰ ਵਿਚ ਤਬਦੀਲੀ ਆ ਜਾਂਦੀ ਹੈ। ਨੱਕ ਵਿਚੋਂ ਸਾਹ ਨਹੀਂ ਆਉਂਦਾ। ਨੱਕ ਉਪਰ ਉਂਗਲ ਫੇਰਨ ਨਾਲ ਦਰਦ ਮਹਿਸੂਸ ਹੁੰਦਾ ਹੈ ਅਤੇ ਹੱਡੀ ਦੇ ਹਿਲਣ ਦੀ ਅਵਾਜ਼ ਵੀ ਮਹਿਸੂਸ ਕੀਤੀ ਜਾ ਸਕਦੀ ਹੈ। ਨੱਕ ਦਾ ਐੱਕਸ-ਰੇ ਕਰਨ ਨਾਲ ਨੱਕ ਦੀ ਹੱਡੀ ਦਾ ਟੁਕੜਾ ਦੇਖਿਆ ਜਾ ਸਕਦਾ ਹੈ।

ਇਲਾਜ ਤੇ ਪ੍ਰਹੇਜ਼— ਇਸ ਹਾਲਤ ਵਿਚ ਜੇਕਰ ਮਰੀਜ਼ ਜਲਦੀ ਹਸਪਤਾਲ ਪੁਜ ਜਾਏ ਜਦੋਂ ਕਿ ਹਾਲੇ ਸੋਜ ਨਾ ਆਈ ਹੋਵੇ ਤਾਂ ਨੱਕ ਨੂੰ ਸੁੰਨ ਕਰਕੇ ਜਾਂ ਮਰੀਜ਼ ਨੂੰ ਬੇਹੋਸ਼ ਕਰਕੇ ਨੱਕ ਦੀ ਹੱਡੀ ਨੂੰ ਸਿੱਧਾ ਕੀਤਾ ਜਾ ਸਕਦਾ ਹੈ ਤੇ ਇਸ ਤਰਾਂ ਨੱਕ ਦੀ ਬਣਤਰ ਵੀ ਠੀਕ ਹੋ ਜਾਂਦੀ ਹੈ। ਨੱਕ ਦੇ ਅੰਦਰ ਪੱਟੀ ਪਾਉਣੀ ਪੈਂਦੀ ਹੈ ਤੇ ਨੱਕ ਦੇ ਉਪਰ 3 ਹਫ਼ਤਿਆਂ ਵਾਸਤੇ ਪਲੱਸਤਰ ਕੀਤਾ ਜਾਂਦਾ ਹੈ ਤਾਂ ਕਿ ਹੱਡੀ ਦੁਬਾਰਾ ਹਿਲ ਨਾ ਜਾਵੇ। ਜੇਕਰ ਮਰੀਜ਼ ਦੇ ਹਸਪਤਾਲ ਪਹੁੰਚਣ ਤੱਕ ਨੱਕ ਤੇ ਸੋਜ ਆ ਜਾਵੇ ਤਾਂ ਪਹਿਲਾਂ ਦਵਾਈਆਂ ਦੇ

ਕੇ ਸੋਜ ਘਟਾਉਣੀ ਚਾਹੀਦੀ ਹੈ। ਪ੍ਰਹੇਜ਼ ਵਿਚ ਇਹ ਜ਼ਰੂਰੀ ਹੈ ਕਿ ਨੱਕ ਨੂੰ ਸੱਟ ਲਗਣ ਤੋਂ ਬਚਾਉਣਾ ਚਾਹੀਦਾ ਹੈ ਕਿਉਂਕਿ ਬਾਰ-ਬਾਰ ਨੱਕ ਤੇ ਸੱਟ ਲੱਗਣ ਨਾਲ ਜਿਥੇ ਇਸ ਦੀ ਬਣਤਰ ਵਿਚ ਤਬਦੀਲੀ ਆਵੇਗੀ, ਉਥੇ ਇਸ ਦੇ ਕੰਮ ਕਰਨ ਦੀ ਸ਼ਕਤੀ ਤੇ ਵੀ ਜ਼ਰੂਰ ਅਸਰ ਪਵੇਗਾ।

ਨੱਕ ਵਿਚ ਕਿਸੀ ਚੀਜ਼ ਦਾ ਫ਼ਸਣਾ—ਇਹ ਆਮ ਤੌਰ ਤੇ ਬੱਚਿਆਂ ਵਿਚ ਵੇਖਿਆ ਜਾਂਦਾ ਹੈ ਕਿ ਉਹ ਨੱਕ ਦੇ ਅੰਦਰ ਵੱਖਰੀ ਵੱਖਰੀ ਕਿਸਮ ਦੀਆਂ ਚੀਜ਼ਾਂ ਪਾ ਲੈਂਦੇ ਹਨ ਜਿਵੇਂ ਕਿ ਰਬੜ ਦਾ ਟੁਕੜਾ, ਬਟਨ, ਸਲੇਟੀ, ਮੋਤੀ ਜਾਂ ਫਿਰ ਰਾਜਮਾਹ, ਜਾਂ ਮਟਰ ਦਾ ਦਾਣਾ ਆਦਿ। ਡਾਕਟਰ ਕੋਲ ਉਹ ਤਾਂ ਆਉਂਦਾ ਹੈ ਜਦੋਂ ਨੱਕ ਵਿਚ ਕੋਈ ਚੀਜ਼ ਫਸਾ ਲਵੇ। ਜੇਕਰ ਕੇਸ ਪੁਰਾਣਾ ਹੋਵੇ ਤਾਂ ਨੱਕ ਵਿਚ ਉਸ ਪਾਸਿਓਂ ਚਿਪਚਿਪਾ ਪਦਾਰਥ ਵਗਦਾ ਰਹਿੰਦਾ ਹੈ ਤੇ ਉਸੇ ਪਾਸਿਓਂ ਮਰੀਜ਼ ਨੂੰ ਸਾਹ ਨਹੀਂ ਆਉਂਦਾ ਜਾਂ ਨੱਕ ਵਿਚੋਂ ਸੜੀ ਹੋਈ ਬਦਬੂ ਆਉਂਦੀ ਹੈ।

ਇਲਾਜ ਤੇ ਪ੍ਰੇਹਜ਼—ਜੇਕਰ ਬੱਚਾ ਛੋਟਾ ਹੋਵੇ ਤਾਂ ਉਸ ਨੂੰ ਬੇਹੋਸ਼ ਕਰਕੇ ਹੀ ਨੱਕ ਵਿਚ ਫਸੀ ਹੋਈ ਚੀਜ਼ ਨੂੰ ਕੱਢਣਾ ਚਾਹੀਦਾ ਹੈ ਇਸ ਨਾਲ ਨੱਕ ਨੂੰ ਕੋਈ ਨੁਕਸਾਨ ਨਹੀਂ ਹੁੰਦਾ ਤੇ ਕੱਢਣ ਵਿਚ ਵੀ ਬਹੁਤ ਅਸਾਨੀ ਹੁੰਦੀ ਹੈ। ਪ੍ਰਹੇਜ਼ ਵਿਚ ਬੱਚਿਆਂ ਨੂੰ ਅਜਿਹੀਆਂ ਚੀਜ਼ਾਂ ਨਾਲ ਕਦੀ ਵੀ ਖੇਡਣ ਨਹੀਂ ਦੇਣਾ ਚਾਹੀਦਾ ਕਿਉਂਕਿ ਜੇਕਰ ਇਹ ਚੀਜ਼ ਨੱਕ ਦੀ ਬਜਾਇ ਸਾਹ ਦੀ ਨਾਲੀ ਵਿਚ ਚਲੀ ਜਾਏ ਤਾਂ ਜਾਨ ਲੇਵਾ ਵੀ ਹੋ ਸਕਦੀ ਹੈ।

ਨੱਕ ਦੀਆਂ ਕੁਝ ਜਮਾਂਦਰੂ ਬੀਮਾਰੀਆਂ

ਕਈ ਬੀਮਾਰੀਆਂ ਬੱਚੇ ਨੂੰ ਜੰਮਦਿਆਂ ਹੀ ਹੁੰਦੀਆਂ ਹਨ ਜਿਵੇਂ ਕਿ ਬੁੱਲ ਦਾ ਉਪਰਲਾ ਹਿੱਸਾ ਦੁਫਾੜ ਹੋਇਆ ਹੋਵੇ (Cleft-lip), ਨੱਕ ਨਾ ਬਣਿਆ ਹੋਵੇ ਜਾਂ ਨੱਕ ਦੀਆਂ ਦੋ ਦੀ ਬਜਾਏ ਤਿੰਨ ਨਾਸਾਂ ਹੋਣਾ, ਨੱਕ ਦੇ ਪਾਸੇ ਇਕ ਹਾਥੀ ਦੀ ਸੁੰਡ ਵਾਂਗ ਮਾਸ ਲਟਕਦਾ ਹੋਵੇ, ਨਾਸ ਦੀਆਂ ਅਗਲੀਆਂ ਜਾਂ ਪਿਛਲੀਆਂ ਮੋਰੀਆਂ ਬੰਦ ਹੋਣ, ਨੱਕ ਦੇ ਇਕ ਜਾਂ ਦੋਵੇਂ ਪਾਸੇ ਜਮਾਂਦਰੂ ਮੋਰੀ ਜਾਂ ਇਕ ਗਿਲਟੀ ਹੋਵੇ।

ਅਜਿਹੀਆ ਬੀਮਾਰੀਆਂ ਨੱਕ ਦੀ ਸ਼ਕਲ ਖ਼ਰਾਬ ਕਰਨ ਤੋਂ ਇਲਾਵਾ ਨੱਕ ਦੇ ਕੰਮ ਕਰਨ ਦੀ ਸ਼ਕਤੀ ਵਿਚ ਵੀ ਵਿਘਨ ਪਾਉਂਦੀਆਂ ਹਨ। ਇਸ ਲਈ ਜਿੰਨੀ ਜਲਦੀ ਹੋ ਸਕੇ ਬੱਚੇ ਦੇ ਨੱਕ ਦੀ ਪਲਾਸਟਿਕ ਸਰਜਰੀ ਕਰਵਾ ਕੇ ਨੱਕ ਨੂੰ ਆਮ ਹਾਲਤ ਵਿਚ ਲੈ ਆਉਣਾ ਚਾਹੀਦਾ ਹੈ। ਇਹ ਅਪੇਰਸ਼ਨ 6 ਮਹੀਨੇ ਤੋਂ ਬਾਅਦ ਦੇ ਬੱਚੇ ਦਾ ਚੰਗੀ ਤਰ੍ਹਾਂ ਹੋ ਸਕਦਾ ਹੈ।

ਨੱਕ ਦੀ ਚਮੜੀ ਦੇ ਰੋਗ

(ੳ) ਨਾਸਾਂ ਦੀ ਸੋਜ

(ਅ) ਨੱਕ ਦੇ ਉਪਰ ਤੇ ਅੰਦਰ ਮੱਸੇ (warts)

(ੲ) ਨੱਕ ਦੀ ਚਮੜੀ ਵਿਚ ਤੇਲੀ ਟਿਸ਼ੂ ਦਾ ਵਾਧਾ

(ੳ) ਨਾਸਾਂ ਦੀ ਸੋਜ— ਨਾਸਾਂ ਦੇ ਅਗਲੇ ਹਿੱਸੇ ਵਿਚ ਜਿਥੇ ਵਾਲ ਹੁੰਦੇ ਹਨ, ਵਿਚ ਕੀਟਾਣੂਆਂ ਕਰਕੇ ਸੋਜ ਆ ਜਾਂਦੀ ਹੈ ਜਿਹੜੀ ਬਹੁਤ ਪੀੜ ਕਰਦੀ ਹੈ। ਕਈ ਵਾਰ ਇਥੇ ਪੀਕ ਬਣ ਜਾਂਦੀ ਹੈ ਜਿਸ ਨਾਲ ਨੱਕ ਦੇ ਇਸ ਹਿੱਸੇ ਵਿਚ ਸੋਜ ਆ ਜਾਂਦੀ ਹੈ। ਇਸ ਜਗ੍ਹਾ ਨੂੰ ਚਿਹਰੇ ਦਾ ਖ਼ਤਰਨਾਕ ਖੇਤਰ ਵੀ ਕਿਹਾ ਜਾਂਦਾ ਹੈ ਕਿਉਂਕਿ ਇਸ ਜਗ੍ਹਾ ਦੀ ਸੋਜ ਨੱਕ ਤੋਂ ਦਿਮਾਗ਼ ਤੱਕ ਫੈਲ ਸਕਦੀ ਹੈ। ਕਿਉਂਕਿ ਇਥੇ ਖ਼ੂਨ ਦੀਆਂ ਨਾੜੀਆਂ ਦਾ ਆਪਸੀ ਤਾਲਮੇਲ ਹੈ। ਇਸ ਲਈ ਇਸ ਜਗ੍ਹਾ ਦੇ ਉਪਰ ਫੋੜੇ ਫਿਨਸੀ ਨੂੰ ਦਬਾਉਣਾ ਨਹੀਂ ਚਾਹੀਦਾ ਨਹੀਂ ਤਾਂ ਇਹ ਖਤਰਨਾਕ ਸਾਬਤ ਹੋ ਸਕਦਾ ਹੈ। ਇਹ ਬੀਮਾਰੀ ਨੱਕ ਵਿਚ ਬਾਰ ਬਾਰ ਉਂਗਲਾਂ ਮਾਰਨ ਨਾਲ ਜਾਂ ਨੱਕ ਦੇ ਵਾਲ ਪੁੱਟਣ ਨਾਲ ਜਾਂ ਨਜ਼ਲੇ ਜ਼ੁਕਾਮ ਦੀ ਬੀਮਾਰੀ ਵਿਚ ਖਾਸ ਕਰਕੇ ਸ਼ੂਗਰ ਦੀ ਬੀਮਾਰੀ ਵਿਚ ਹੋ ਜਾਂਦੀ ਹੈ।

ਇਸ ਦਾ ਇਲਾਜ ਐਂਟੀਬਾਇਟਿਕਸ ਅਤੇ ਸੋਜ ਉਤਾਰਨ ਵਾਲੀ ਦਵਾਈ ਪਾਉਣ ਅਤੇ ਨੱਕ ਦੀ ਸਫ਼ਾਈ ਵਲ ਧਿਆਨ ਦੇ ਕੇ ਨੱਕ ਵਿਚ ਕੋਈ ਐਂਟੀਬਾਇਟਿਕ ਕਰੀਮ ਲਗਾਉਣੀ ਚਾਹੀਦੀ ਹੈ। ਨੱਕ ਦੇ ਵਾਲਾਂ ਨੂੰ ਪੁਟਣਾ ਨਹੀਂ ਚਾਹੀਦਾ। ਜੇਕਰ ਸ਼ੂਗਰ ਹੋਵੇ ਤਾਂ ਇਸ ਦਾ ਸਹੀ ਇਲਾਜ ਕਰਵਾਉਣਾ ਚਾਹੀਦਾ ਹੈ।

(ਅ) ਨਾਸਾਂ ਵਿਚ ਚਮੜੀ ਤੋਂ ਪੈਦਾ ਹੋਣ ਵਾਲੇ ਮੱਸੇ ਤੇ ਖ਼ੂਨੀ ਰਸੌਲੀਆਂ—ਅਜਿਹਾ ਮਰੀਜ਼ ਆਮ ਤੌਰ ਤੇ ਇਸ ਲੱਛਣ ਨਾਲ ਡਾਕਟਰ ਦੀ ਸਲਾਹ ਲੈਣ ਲਈ ਆਉਂਦਾ ਹੈ ਕਿ ਉਸ ਦੇ ਨੱਕ ਵਿਚ ਛੋਟੀ ਜਿਹੀ ਰਸੌਲੀ ਜਾਂ ਮੌਕਾ ਹੈ ਜਿਸ ਨੂੰ ਉਂਗਲ ਲਾਉਣ ਨਾਲ ਖ਼ੂਨ, ਚਲ ਪੈਂਦਾ ਹੈ। ਇਸ ਦੇ ਕਾਰਨ ਦਾ ਪਤਾ ਨਹੀਂ ਚਲਦਾ ਪਰੰਤੂ ਪੁਰਾਣੇ ਨਜ਼ਲੇ ਜ਼ੁਕਾਮ ਵਿਚ ਬਾਰ ਬਾਰ ਛੇੜਣ ਨਾਲ ਇਹ ਰਸੌਲੀ ਜਾਂ ਮੌਕਾ ਬਣ ਸਕਦਾ ਹੈ।

ਇਲਾਜ—ਨੱਕ ਨੂੰ ਸੁੰਨ ਕਰਕੇ ਅਜਿਹੀ ਖ਼ੂਨੀ ਰਸੌਲੀ ਨੂੰ ਕੱਢਿਆ ਜਾ ਸਕਦਾ ਹੈ ਅਤੇ ਕੱਢਣ ਤੋਂ ਬਾਅਦ ਇਸ ਦੇ ਪੈਦਾ ਹੋਣ ਵਾਲੀ ਜਗ੍ਹਾ ਤੇ ਹਲਕੇ ਤੇਜ਼ਾਬ ਨਾਲ ਜਾਂ ਠੰਢੀ ਬਿਜਲੀ ਨਾਲ ਕਾਟਰੀ ਕੀਤਾ ਜਾ ਸਕਦਾ ਹੈ।

(ੲ) ਤੇਲੀ ਟਿਸ਼ੂ ਦਾ ਵਧਾਓ—ਇਸ ਬੀਮਾਰੀ ਵਿਚ ਨੱਕ ਦੇ ਉਪਰ ਚਮੜੀ ਵਿਚ ਮੌਜੂਦ ਤੇਲੀ ਟਿਸ਼ੂ ਦੇ ਵਾਧੇ ਕਾਰਨ ਨੱਕ ਦੀ ਸ਼ਕਲ ਵਿਚ ਪਕੌੜੇ ਵਾਂਗ ਵਧਾਅ ਆ ਜਾਂਦਾ ਹੈ ਜਿਸ ਦੇ ਉਪਰ ਛੋਟੇ ਛੋਟੇ ਮੂੰਹ ਨਜ਼ਰ ਆਉਂਦੇ ਹਨ ਅਤੇ ਨੱਕ ਦੇ ਅਗਲੇ ਹਿੱਸੇ ਦਾ ਮਾਸ ਅਗਲੇ ਪਾਸੇ ਨੂੰ ਲਟਕਣ ਲੱਗ ਪੈਂਦਾ ਹੈ। ਇਸ ਦਾ ਕਾਰਨ ਕੀ ਹੈ ਇਹ ਤਾਂ ਕਹਿਣਾ ਮੁਸ਼ਕਿਲ ਹੈ ਪਰੰਤੂ ਇਹ ਬੀਮਾਰੀ ਵਡੇਰੀ ਉਮਰ ਵਿਚ ਹੀ ਹੁੰਦੀ ਹੈ।

ਘੁਰਾੜੇ ਮਾਰਨ ਦੀ ਬੀਮਾਰੀ—ਇਹ ਬੀਮਾਰੀ ਸਿਰਫ਼ ਆਪਣੇ ਵਾਸਤੇ ਹੀ ਨਹੀਂ ਸਗੋਂ ਨੇੜੇ ਸੌਣ ਵਾਲਿਆਂ ਵਾਸਤੇ ਵੀ ਕਸ਼ਟ ਦਾਇਕ ਹੁੰਦੀ ਹੈ। ਸਾਹ ਲੈਂਦੇ ਵਕਤ ਜੇਕਰ ਨੱਕ ਵਿਚ ਕਿਸੇ ਕਿਸਮ ਦੀ ਰੁਕਾਵਟ ਹੋਵੇ ਤਾਂ ਨੱਕ ਦੇ ਪਿਛਲੇ ਪਾਸੇ ਨੱਕ ਦੀ ਫਰਸ਼ ਤੇ ਸਥਿਤ ਨਰਮ ਪੱਠੇਦਾਰ ਪਲੇਟ ਇਧਰ ਉਧਰ ਟਕਰਾਉਂਦੀ ਹੈ ਜਿਸ ਨਾਲ ਅਜੀਬ ਜਿਹੀਆਂ ਆਵਾਜ਼ਾਂ ਪੈਦਾ ਹੁੰਦੀਆਂ ਹਨ ਜਿਨ੍ਹਾਂ ਨੂੰ ਘੁਰਾੜੇ ਮਾਰਣ ਦੀ ਬੀਮਾਰੀ ਕਹਿੰਦੇ ਹਨ। ਇਹ ਤਕਰੀਬਨ 40 ਸਾਲ ਤੋਂ ਉਪਰ ਮੋਟਾਪੇ ਦੀ ਬੀਮਾਰੀ ਵਿਚ ਆਮ ਦੇਖੀ ਜਾਂਦੀ ਹੈ। ਕਈ ਅਜਿਹੇ ਮਰੀਜ਼ਾਂ ਨੂੰ ਬਲੱਡ ਪ੍ਰੈਸ਼ਰ ਦੀ ਬੀਮਾਰੀ ਅਤੇ ਸੁਤੇ ਹੋਏ ਹੀ ਸਾਹ ਬੰਦ ਹੋਣ ਦੀ ਬੀਮਾਰੀ ਸ਼ੁਰੂ ਹੋ ਜਾਂਦੀ ਹੈ। ਬੱਚਿਆਂ ਵਿਚ ਨੱਕ ਦੇ ਪਿਛੇ ਮਾਸ ਵੱਧੇ ਹੋਣ ਨਾਲ ਜਾਂ ਵੱਡਿਆਂ ਵਿਚ ਕਿਸੇ ਕਿਸਮ ਦੀ ਰਸੌਲੀ ਹੋਵੇ ਤਾਂ ਘੁਰਾੜੇ ਮਾਰਣ ਦੀ ਬੀਮਾਰੀ ਸ਼ੁਰੂ ਹੋ ਸਕਦੀ ਹੈ।

ਇਲਾਜ—ਸਭ ਤੋਂ ਚੰਗਾ ਇਲਾਜ ਹੈ ਇਸ ਦਾ ਕਾਰਨ ਪਤਾ ਲਗਾਉਣਾ ਤੇ ਫਿਰ ਉਸ ਨੂੰ ਦੂਰ ਕਰਨਾ ਜਿਵੇਂ ਕਿ ਨੱਕ ਦੇ ਪਿਛੇ ਵਧੇ ਹੋਏ ਮਾਸ ਜਾਂ ਹੱਡੀ ਦਾ ਇਲਾਜ, ਮੋਟਾਪਾ ਘਟਾਉਣਾ ਬਹੁਤ ਜ਼ਰੂਰੀ ਹੈ, ਸ਼ਰਾਬ ਆਦਿ ਦਾ ਸੇਵਨ ਨਹੀਂ ਕਰਨਾ ਚਾਹੀਦਾ ਨੱਕ ਵਿਚੋਂ ਲੰਮੇ ਲੰਮੇ ਸਾਹ ਲੈਣ ਦੀ ਆਦਤ ਬਣਾਉਣੀ ਚਾਹੀਦੀ ਹੈ। ਜੇਕਰ ਸਾਹ ਬੰਦ ਹੋਣ ਲਗ ਜਾਵੇ ਤਾਂ ਅਪਰੇਸ਼ਨ ਵੀ ਕੀਤਾ ਜਾ ਸਕਦਾ ਹੈ।

ਸੁੰਘਣ ਸ਼ਕਤੀ ਵਿਚ ਨੁਕਸ ਦੇ ਕਾਰਨ

(ੳ) ਨੱਕ ਦੀ ਹੱਡੀ ਬਹੁਤ ਵਿੰਗੀ ਹੋਵੇ ਜਾਂ ਨੱਕ ਵਿਚ ਬਹੁਤ ਜ਼ਿਆਦਾ ਮਾਸ ਵਧਿਆ ਹੋਵੇ ਜਾਂ ਕੋਈ ਰਸੌਲੀ ਹੋਵੇ ਜਿਸ ਨਾਲ ਹਵਾ ਦਾ ਰੁਖ ਸੁੰਘਣ ਸ਼ਕਤੀ ਰੱਖਣ ਵਾਲੇ ਹਿੱਸੇ ਵਿਚ ਨਾ ਜਾਂਦਾ ਹੋਵੇ।

(ਅ) ਨੱਕ ਦੀ ਅਲਰਜੀ ਵਿਚ ਵੀ ਸੁੰਘਣ ਸ਼ਕਤੀ ਤੇ ਅਸਰ ਹੁੰਦਾ ਹੈ।

(ੲ) ਸਿਰ ਦੀ ਸੱਟ ਜਿਸ ਵਿਚ ਸੁੰਘਣ ਸ਼ਕਤੀ ਦੀਆਂ ਬਾਰੀਕ ਨਾੜੀਆਂ ਉਪਰ ਚੋਟ ਆਈ ਹੋਵੇ।

(ਸ) ਅਜਿਹੀਆਂ ਫੈਕਟਰੀਆਂ ਵਿਚ ਕੰਮ ਕਰਨ ਵਾਲੇ ਕਾਮਿਆਂ ਨੂੰ ਨੱਕ ਦੇ ਅੰਦਰ ਗੈਸਾਂ ਜਾ ਜ਼ਹਿਰੀਲਾ ਧੂੰਆ ਬਾਰ ਬਾਰ ਨੁਕਸਾਨ ਪਹੁਚਾਉਂਦਾ ਹੋਵੇ।

(ਹ) ਕਈ ਵਾਰ ਨੱਕ ਦੇ ਅੰਦਰ ਦੀ ਝਿਲੀ ਸੁਕਣ ਨਾਲ ਸੁੰਘਣ ਸ਼ਕਤੀ ਵਾਲਾ ਹਿੱਸਾ ਵੀ ਸੁੱਕ ਜਾਂਦਾ ਹੈ।

(ਕ) ਕਈ ਵਾਰ ਮਰੀਜ਼ ਦਿਮਾਗੀ ਪਰੇਸ਼ਾਨੀ ਜਾਂ ਹਿਸਟਿਰੀਆ ਦਾ ਸ਼ਿਕਾਰ ਹੋਵੇ ਤਾਂ ਸੁੰਘਣ ਸ਼ਕਤੀ ਤੇ ਅਸਰ ਪੈਂਦਾ ਹੈ।

ਅਜਿਹੇ ਮਰੀਜ਼ ਦਾ ਮੁਆਇਨਾ ਕਰਨਾ ਜ਼ਰੂਰੀ ਹੈ ਤਾਂ ਕਿ ਬੀਮਾਰੀ ਦਾ ਕਾਰਨ ਲਭਿਆ ਜਾ ਸਕੇ। ਫਿਰ ਮਰੀਜ਼ ਨੂੰ ਬਹੁਤ ਹੀ ਘੱਟ ਮਾਤਰਾ ਵਿਚ ਖੁਸ਼ਬੂ ਬਦਬੂ ਵਾਲੀਆਂ ਚੀਜ਼ਾਂ ਨੱਕ ਦੇ ਨਜ਼ਦੀਕ ਲਿਆ ਕੇ ਟੈੱਸਟ ਕੀਤਾ ਜਾਂਦਾ ਹੈ ਕਿ ਮਰੀਜ਼ ਦੀ ਸੁੰਘਣ ਸ਼ਕਤੀ ਤੇ ਕਿੰਨਾ ਕੁ ਅਸਰ ਹੈ।

ਇਲਾਜ ਤੇ ਪ੍ਰਹੇਜ਼—ਸਿਗਰਟ, ਸ਼ਰਾਬ, ਨਸਵਾਰ ਜਾਂ ਹੋਰ ਕਈ ਨੱਕ ਵਿਚ ਪਾਉਣ ਵਾਲੀਆਂ ਗਲਤ ਚੀਜ਼ਾਂ ਅਤੇ ਨਸ਼ਿਆਂ ਦਾ ਸੇਵਨ ਨਹੀਂ ਕਰਨਾ ਚਾਹੀਦਾ। ਜੇਕਰ ਨੱਕ ਵਿਚ ਕੋਈ ਰਸੌਲੀ ਜਾਂ ਪੱਲਿਪ ਹੈ ਤਾਂ ਇਸ ਦਾ ਅਪਰੇਸ਼ਨ ਕਰਨਾ ਚਾਹੀਦਾ ਹੈ। ਵਿਟਾਮਿਨ-ਬੀ ਕੰਪਲੈਕਸ ਅਤੇ ਵਿਟਾਮਿਨ-ਸੀ ਦੀਆਂ ਗੋਲੀਆਂ ਨੱਕ ਨੂੰ ਫਾਇਦਾ ਕਰਦੀਆਂ ਹਨ। ਸਿਰ ਦੀ ਸੱਟ ਲੱਗਣ ਤੋਂ ਪਿਛੋਂ ਸੁੰਘਣ ਦੀ ਸ਼ਕਤੀ ਤੇ ਹੋਇਆ ਅਸਰ ਜਲਦੀ ਠੀਕ ਨਹੀਂ ਹੁੰਦਾ।

ਨੱਕ ਵਿਚ ਸੋਕੜੇ ਦੀ ਬੀਮਾਰੀ

ਇਸ ਨੂੰ ਸੋਕੜੇ ਦੀ ਬੀਮਾਰੀ ਇਸ ਲਈ ਆਖਿਆ ਜਾਂਦਾ ਹੈ ਕਿਉਂਕਿ ਇਸ ਵਿਚ ਨੱਕ ਦੇ ਅੰਦਰ ਦੀ ਤਕਰੀਬਨ ਹਰ ਚੀਜ਼ ਜਿਵੇਂ ਕਿ ਝਿੱਲੀ ਅਤੇ ਇਸ ਦੇ ਥੱਲੇ ਵਾਲਾ ਟਿਸ਼ੂ ਹੱਡੀ ਤੇ ਨਰਮ ਕਾਰਟੀਲੇਜ਼, ਖ਼ੂਨ ਦੀਆਂ ਵਹਿਣੀਆਂ, ਤਰਲ ਪਦਾਰਥ ਪੈਦਾ ਕਰਨ ਵਾਲੀਆਂ ਗਿਲਟੀਆਂ ਆਦਿ ਸਭ ਸੁਕ ਜਾਂਦੀਆਂ ਹਨ ਅਤੇ ਇਸ ਤਰ੍ਹਾਂ ਨੱਕ ਨਾਸਾਂ ਬਹੁਤ ਖੁਲ੍ਹੀਆਂ ਹੋ ਜਾਂਦੀਆਂ ਹਨ ਅਤੇ ਨੱਕ ਆਪਣਾ ਕੰਮ ਸਹੀ ਤਰੀਕੇ ਨਾਲ ਨਹੀਂ ਕਰ ਸਕਦਾ। ਇਹ ਬੀਮਾਰੀ ਇਸੇ ਤਰ੍ਹਾਂ ਗਰੀਬ ਔਰਤਾਂ ਨੂੰ ਜਿਨ੍ਹਾਂ ਦੀ ਖ਼ੁਰਾਕ ਵਿਚ ਵਿਟਾਮਿਨ-ਏ ਦੀ ਘਾਟ ਹੋਵੇ ਜਾਂ ਫਿਰ ਪੁਰਾਣਾ ਨਜ਼ਲਾ ਜ਼ੁਕਾਮ ਸਾਈਨਸ ਸੋਜ ਕਰਕੇ ਵਿਗੜਿਆ ਹੋਵੇ, ਬੀਮਾਰੀ ਹੋ ਸਕਦੀ ਹੈ। ਕਈਆਂ ਨੂੰ ਇਹ ਬੀਮਾਰੀ ਵਿਰਾਸਤ ਵਿਚ ਮਿਲਦੀ ਹੈ ਜਾਂ ਫਿਰ ਜਵਾਨ ਔਰਤਾਂ ਵਿਚ ਹਾਰਮੋਨ ਦੀ ਘਾਟ ਕਰਕੇ ਵੀ ਇਹ ਬੀਮਾਰੀ ਵਿਰਾਸਤ ਵਿਚ ਮਿਲਦੀ ਹੈ।

ਲੱਛਣ ਤੇ ਨਿਸ਼ਾਨੀਆਂ—ਇਹ ਬੀਮਾਰੀ ਆਮ ਤੌਰ ਤੇ ਔਰਤਾਂ ਵਿਚ ਦੇਖੀ ਜਾਂਦੀ ਹੈ ਇਸ ਬੀਮਾਰੀ ਦੀ ਆਮ ਸ਼ਿਕਾਇਤ ਹੈ ਕਿ ਨੱਕ ਵਿਚੋਂ ਬਹੁਤ ਗੰਦੀ ਬਦਬੂ ਆਉਂਦੀ ਹੈ ਪਰ ਮਰੀਜ਼ ਨੂੰ ਇਸ ਦਾ ਅਹਿਸਾਸ ਨਹੀਂ ਹੁੰਦਾ ਕਿਉਂਕਿ ਉਸ ਦੀ ਸੁੰਘਣ ਸ਼ਕਤੀ ਇਸ ਬੀਮਾਰੀ ਵਿਚ ਖ਼ਤਮ ਹੋ ਜਾਂਦੀ ਹੈ। ਕਈ ਵਾਰ ਨੱਕ ਵਿਚ ਕੀੜੇ ਰੇਂਗਦੇ ਹੋਏ ਨਜ਼ਰ ਆਉਂਦੇ ਹਨ। ਨੱਕ ਬੰਦ ਅਤੇ ਸੁੱਕਾ ਰਹਿੰਦਾ ਹੈ। ਨੱਕ ਵਿਚੋਂ ਥੋੜ੍ਹਾ ਬਹੁਤ ਖ਼ੂਨ ਆ ਸਕਦਾ ਹੈ। ਨੱਕ ਦਾ ਮੁਆਇਨਾ ਕਰਨ ਤੇ ਨੱਕ ਵਿਚ ਹਰੇ ਰੰਗ ਦੀਆਂ ਸੁਕੀਆਂ ਹੋਈਆਂ ਗੰਢਾਂ ਪਾਈਆਂ ਜਾਂਦੀਆਂ ਹਨ ਤੇ ਇਸ ਨੂੰ ਕੱਢਣ ਵੇਲੇ ਨੱਕ ਬਹੁਤ ਖੁਲ੍ਹਾ ਲੱਗਦਾ ਹੈ ਕਿਉਂਕਿ ਆਸੇ ਪਾਸੇ ਦਾ ਸਾਰਾ ਮਾਸ ਸੁਕਿਆ ਹੁੰਦਾ ਹੈ।

ਇਲਾਜ ਤੇ ਪ੍ਰਹੇਜ਼—ਜੇਕਰ ਨੱਕ ਵਿਚ ਕੀੜੇ ਪੈ ਗਏ ਹੋਣ ਤਾਂ ਸਭ ਤੋਂ ਪਹਿਲਾਂ ਮਰੀਜ਼ ਦਾ ਨੱਕ ਗੁਲੂਕੋਸ ਦੇ ਪਾਣੀ ਵਿਚ ਮਿੱਠਾ ਸੋਡਾ ਮਿਲਾ ਕੇ ਨਾਲੀ ਨਾਲ ਧੋਣਾ ਚਾਹੀਦਾ ਹੈ ਤਾਂ ਕਿ ਕੀੜੇ ਅਤੇ ਸੁੱਕਾ ਹੋਇਆ ਚਿਪਚਿਪਾ ਪਦਾਰਥ ਬਾਹਰ ਆ ਸਕੇ। ਜੇਕਰ ਫਿਰ ਵੀ ਕੀੜੇ ਅੰਦਰ ਵੱਲ ਹੋਣ ਤਾਂ ਨੱਕ ਵਿਚ ਫਾਰਮਲੀਨ ਜਾਂ ਈਥਰ ਨਾਲ ਭਿਜਿਆ ਹੋਇਆ ਰੂੰ ਦਾ ਫੰਬਾ ਰੱਖਣ ਨਾਲ ਵੀ ਕੀੜੇ ਬਾਹਰ ਨੂੰ ਆਉਂਦੇ ਹਨ। ਫਿਰ ਨੱਕ ਵਿਚ 25% ਗੁਲੂਕੋਸ ਨੂੰ ਗਲਿਸਰੀਨ ਵਿਚ ਮਿਲਾ ਕੇ ਨੱਕ ਵਿਚ ਬਾਰ ਬਾਰ ਲਗਾਣਾ ਚਾਹੀਦਾ ਹੈ ਅਜਿਹੇ ਮਰੀਜ਼ ਨੂੰ ਮੱਛਰਦਾਨੀ ਵਿਚ ਰਖਣਾ ਚਾਹੀਦਾ ਹੈ। ਕੀਟਾਣੂਆਂ ਨੂੰ ਖ਼ਤਮ ਕਰਨ ਵਾਸਤੇ ਕੈਪਸੂਲ ਜਾਂ ਗੋਲੀਆਂ ਦਾ ਇਸਤੇਮਾਲ ਕਰਨਾ ਚਾਹੀਦਾ ਹੈ।

ਪ੍ਰਹੇਜ਼ ਵਿਚ ਸਭ ਤੋਂ ਬਿਹਤਰ ਹੈ ਕਿ ਪੁਰਾਣੇ ਨਜ਼ਲੇ ਜ਼ੁਕਾਮ ਦਾ ਚੰਗੀ ਤਰਾਂ ਇਲਾਜ ਕੀਤਾ ਜਾਵੇ। ਨੱਕ ਦਾ ਆਪਰੇਸ਼ਨ ਕਰਨ ਵੇਲੇ ਵਾਧੂ ਟਿਸ਼ੂ ਨਾ ਕਢਿਆ ਜਾਵੇ। ਚੰਗੀ ਖ਼ੁਰਾਕ ਜਿਸ ਵਿਚ ਵਿਟਾਮਿਨ ਵਗੈਰਾ ਹੋਣ ਮਰੀਜ਼ ਨੂੰ ਇਸ ਬੀਮਾਰੀ ਤੋਂ ਬਚਾ ਸਕਦੀ ਹੈ। ਅਗਰ ਹਾਰਮੋਨਜ਼ ਦੀ ਘਾਟ ਹੋਵੇ ਤਾਂ ਇਹ ਵੀ ਜ਼ਰੂਰ ਦੇਣੇ ਚਾਹੀਦੇ ਹਨ।

ਨੱਕ ਦੀ ਹੱਡੀ ਦਾ ਬੈਠ ਜਾਣਾ ਜਾਂ ਉਪਰ ਨੂੰ ਵਧ ਜਾਣਾ

ਨੱਕ ਦੀ ਹੱਡੀ ਦਾ ਵਿਚਕਾਰ ਤੋਂ ਉਪਰ ਨੂੰ ਵਧੇ ਹੋਣਾ ਤਾਂ ਆਮ ਕਰਕੇ ਜਮਾਂਦਰੂ ਹੀ ਹੁੰਦਾ ਹੈ ਹਾਲਾਂ ਕਿ ਨੱਕ ਤੇ ਚੋਟ ਲੱਗਣ ਕਾਰਨ ਵੀ ਅਜਿਹਾ ਹੋ ਸਕਦਾ ਹੈ ਪਰੰਤੂ ਨੱਕ ਦੀ ਹੱਡੀ ਦਾ ਬੈਠ ਜਾਣਾ, ਨੱਕ ਤੇ ਸੱਟ ਲੱਗਣ ਨਾਲ ਜਾਂ ਨੱਕ ਦੇ ਅੰਦਰ ਦੀ ਹੱਡੀ ਦੇ ਟੇਢੇਪਣ ਦਾ ਅਪਰੇਸ਼ਨ ਕਰਨ ਨਾਲ ਜਾਂ ਨੱਕ ਵਿਚ ਪੀਕ ਪੈ ਜਾਣ ਨਾਲ ਜਾਂ ਫਿਰ ਤਪਦਿਕ ਦੀ ਬੀਮਾਰੀ ਆਦਿ ਵਿਚ ਵੀ ਨੱਕ ਦੀ ਹੱਡੀ ਵਿਚਕਾਰ ਤੋਂ ਬੈਠ ਜਾਂਦੀ ਹੈ ਤੇ ਜੋ ਦੇਖਣ ਵਿਚ ਬਹੁਤ ਹੀ ਬੁਰੀ ਲੱਗਦੀ ਹੈ ਤੇ ਇਸ ਤਰ੍ਹਾਂ ਮਰੀਜ਼ ਜੇਕਰ ਕੋਈ ਜਵਾਨ ਲੜਕੀ ਹੋਵੇ ਤਾਂ ਉਹ ਨੱਕ ਦੀ ਬਣਤਰ ਠੀਕ ਨਾ ਹੋਣ ਕਾਰਨ ਹੋਰ ਵੀ ਜ਼ਿਆਦਾ ਫਿਕਰਮੰਦ ਹੁੰਦੀ ਹੈ।

ਇਲਾਜ—ਅਜਿਹੀ ਬੀਮਾਰੀ ਦਾ ਇਲਾਜ ਸਿਰਫ ਪਲਾਸਟਿਕ ਸਰਜਰੀ ਦੇ ਅਪਰੇਸ਼ਨ ਨਾਲ ਹੀ ਕੀਤਾ ਜਾ ਸਕਦਾ ਹੈ।

ਪ੍ਰਹੇਜ਼—ਪ੍ਰਹੇਜ਼ ਵਿਚ ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਨੱਕ ਤੇ ਸੱਟ ਨਾ ਲੱਗੇ ਜੇਕਰ ਨੱਕ ਵਿਚ ਖ਼ੂਨ ਜਮ੍ਹਾਂ ਹੋ ਜਾਵੇ ਤੇ ਸਾਹ ਨਾ ਆਵੇ ਜਾਂ ਪੀਕ ਜਮ੍ਹਾਂ ਹੋ ਜਾਵੇ ਤਾਂ ਇਸ ਨੂੰ ਜਲਦੀ ਤੋਂ ਜਲਦੀ ਚੀਰਾ ਦਿਵਾ ਕੇ ਬਾਹਰ ਕੱਢਣਾ ਚਾਹੀਦਾ ਹੈ ਤਾਂ ਕਿ ਹੱਡੀ ਨੂੰ ਜਾਂ ਨਰਮ ਕਾਰਟੀਲੇਜ਼ ਨੂੰ ਨੁਕਸਾਨ ਨਾ ਪਹੁੰਚੇ।

ਨੱਕ ਦੀਆਂ ਕੁਝ ਹੋਰ ਬੀਮਾਰੀਆਂ

(ੳ) **ਨੱਕ ਦੀ ਆਤਸ਼ਿਕ ਦੀ ਬੀਮਾਰੀ**—ਇਹ ਬੀਮਾਰੀ ਹੁਣ ਬਹੁਤ ਘੱਟ ਹੋ ਗਈ ਹੈ ਕਿਉਂਕਿ ਲੋਕ ਪੜ੍ਹੇ ਲਿਖੇ ਸਿਆਣੇ ਹੋ ਗਏ ਹਨ ਅਤੇ ਦੂਜਾ ਆਤਸ਼ਿਕ ਦੀ ਬੀਮਾਰੀ ਦਾ ਬਹੁਤ ਚੰਗਾ ਇਲਾਜ ਉਪਲੱਬਧ ਹੈ। ਇਹ ਦੋ ਤਰ੍ਹਾਂ ਨੱਕ ਵਿਚ ਆ ਸਕਦੀ ਹੈ। ਇਕ ਤਾਂ ਜੇਕਰ ਮਾਂ ਨੂੰ ਇਹ ਬੀਮਾਰੀ ਜਨਮ ਲੈਣ ਵੇਲੇ ਹੋ ਸਕਦੀ ਹੈ, ਦੂਸਰਾ ਤਰੀਕਾ ਹੈ ਕਿ ਇਹ ਬੀਮਾਰੀ ਨੱਕ ਤੋਂ ਹੀ ਸ਼ੁਰੂ ਹੋ ਸਕਦੀ ਹੈ।

ਲੱਛਣ ਤੇ ਨਿਸ਼ਾਨੀਆਂ—ਇਸ ਦੇ ਆਮ ਲੱਛਣ ਹਨ ਨੱਕ ਵਿਚੋਂ ਰੇਸ਼ਾ ਚਲਣਾ ਅਤੇ ਨੱਕ ਵਿਚ ਸੁੱਕੇ ਖਰੀਂਡ ਜਿਹੇ ਜੰਮ ਜਾਣੇ। ਨੱਕ ਦੇ ਅਗਲੇ ਹਿੱਸੇ ਵਿਚ ਜ਼ਖ਼ਮ ਵੀ ਹੋ ਸਕਦੇ ਹਨ ਅਤੇ ਜੇਕਰ ਜ਼ਿਆਦਾ ਵਕਤ ਹੋ ਜਾਵੇ ਤਾਂ ਨੱਕ ਵਿਚਕਾਰੋਂ ਬੈਠ ਜਾਂਦਾ ਹੈ ਅਤੇ ਵਿਚ ਬਦਬੂਦਾਰ ਰੇਸ਼ਾ ਆਉਂਦਾ ਹੈ। ਨਾਸਾਂ ਦੀ ਵਿਚਕਾਰਲੀ ਤਹਿ ਦੇ ਰੇਸ਼ੇ ਨੂੰ ਜੇਕਰ ਦੇਖਿਆ ਜਾਏ ਤਾਂ ਇਸ ਵਿਚ ਆਤਸ਼ਿਕ ਦੀ ਬੀਮਾਰੀ ਦੇ ਕੀਟਾਣੂ ਦੇਖੇ ਜਾ ਸਕਦੇ ਹਨ।

ਇਲਾਜ ਤੇ ਪ੍ਰਹੇਜ਼—ਸਭ ਤੋਂ ਚੰਗਾ ਇਲਾਜ ਹੈ ਪ੍ਰਹੇਜ਼। ਗ਼ੈਰ ਮਰਦ ਜਾਂ ਇਸਤਰੀ ਨਾਲ ਸੰਭੋਗ ਨਹੀਂ ਕਰਨਾ ਚਾਹੀਦਾ ਅਤੇ ਜੇਕਰ ਬਦਕਿਸਮਤੀ ਨਾਲ ਬੀਮਾਰੀ ਹੋ ਜਾਵੇ ਤਾਂ ਇਸ ਨੂੰ ਛਿਪਾਉਣਾ ਨਹੀਂ ਚਾਹੀਦਾ ਕਿਉਂਕਿ ਇਸ ਦੇ ਇਲਾਜ ਵਜੋਂ ਪੈਨਸਿਲੀਨ ਦੇ ਟੀਕੇ ਲਗਵਾ ਕੇ ਬੀਮਾਰੀ ਤੋਂ ਬਿਲਕੁਲ ਛੁਟਕਾਰਾ ਪਾਇਆ ਜਾ ਸਕਦਾ ਹੈ।

(ਅ) **ਨੱਕ ਦੀ ਤਪਦਿਕ ਦੀ ਬੀਮਾਰੀ**—ਇਹ ਬੀਮਾਰੀ ਅਜਿਹੇ ਮਰੀਜ਼ਾਂ ਨੂੰ ਹੁੰਦੀ ਹੈ ਜਿਹੜੇ ਫੇਫੜਿਆਂ ਦੀ ਤਪਦਿਕ ਦੇ ਸ਼ਿਕਾਰ ਹੁੰਦੇ ਹਨ ਕਿਉਂਕਿ ਉਨਾਂ ਦੀ ਬਲਗ਼ਮ ਜਿਹੜੀ ਕਿ ਤਪਦਿਕ ਦੇ ਕੀਟਾਣੂਆਂ ਨਾਲ ਲੱਦੀ ਹੁੰਦੀ ਹੈ ਨੱਕ ਵਿਚੋਂ ਲੰਘਦੇ ਵਕਤ ਨੱਕ ਦੀ ਝਿਲੀ ਨੂੰ ਨੁਕਸਾਨ ਕਰਦੀ ਹੈ ਜਾਂ ਫਿਰ ਖ਼ੂਨ ਰਾਹੀਂ ਇਹ ਬੀਮਾਰੀ ਆ ਸਕਦੀ ਹੈ।

ਇਸ ਬੀਮਾਰੀ ਵਿਚ ਨੱਕ ਵਿਚ ਰੇਸ਼ਾ ਆਉਂਦਾ ਹੈ ਅਤੇ ਨੱਕ ਦੇ ਅਗਲੇ ਹਿੱਸੇ ਵਿਚ ਛੋਟੇ ਛੋਟੇ ਫੋੜੇ ਵਰਗੇ ਦਾਣੇ ਹੁੰਦੇ ਹਨ ਜਿਹੜੇ ਕਿ ਫੁਟ ਕੇ ਆਪਸ ਵਿਚ ਮਿਲ ਜਾਂਦੇ ਹਨ ਅਤੇ ਦੇਖਣ ਤੇ ਨੱਕ ਅਜਿਹੇ ਗੰਦੇ ਦਾਣੇਦਾਰ ਮਾਸ ਨਾਲ ਭਰਿਆ ਹੁੰਦਾ ਹੈ ਜਿਸ ਨੂੰ ਛੇੜਣ ਤੇ ਨੱਕ ਵਿਚੋਂ ਖ਼ੂਨ ਵੀ ਵਗਣਾ ਸ਼ੁਰੂ ਹੋ ਜਾਂਦਾ ਹੈ। ਨੱਕ ਦੇ ਅੰਦਰ ਅਗਲੇ ਹਿੱਸੇ ਵਿਚ ਮੋਰੀ ਵੀ ਹੋ ਸਕਦੀ ਹੈ।

ਇਲਾਜ ਤੇ ਪ੍ਰਹੇਜ਼—ਜਿਸ ਮਰੀਜ਼ ਨੂੰ ਬੀਮਾਰੀ ਹੋਵੇ ਉਸ ਦਾ ਚੰਗੀ ਤਰਾਂ ਇਲਾਜ ਕਰਵਾਉਣਾ ਚਾਹੀਦਾ ਹੈ ਤਾਂ ਕਿ ਉਹ ਬੀਮਾਰੀ ਹੋਰਨਾਂ ਨੂੰ ਨਾ ਫੈਲਾ ਸਕੇ। ਖੁੱਲ੍ਹੀ ਹਵਾ ਵਿਚ ਅਤੇ ਚੰਗੀ ਖ਼ੁਰਾਕ ਦਾ ਸੇਵਨ ਕਰਨ ਨਾਲ ਮਰੀਜ਼ ਨੂੰ ਫਾਇਦਾ ਹੁੰਦਾ ਹੈ। ਜੇਕਰ ਬੀਮਾਰੀ ਹੋ ਜਾਵੇ ਤਾਂ ਤਪਦਿਕ ਦੀ ਬੀਮਾਰੀ ਦੀ ਦਵਾਈ ਘਟੋ ਘੱਟ 2 ਸਾਲ ਤੱਕ ਖਾਣੀ ਚਾਹੀਦੀ ਹੈ।

(ੲ) **ਉੱਲੀ-ਰੋਗ**—ਇਹ ਬੀਮਾਰੀ ਆਮ ਤੌਰ ਤੇ ਗਰੀਬ ਪਿੰਡਾਂ ਵਿਚ ਰਹਿਣ ਵਾਲੇ ਅਤੇ ਖੇਤੀ ਦੇ ਕੰਮ ਕਰਨ ਵਾਲੇ ਲੋਕਾਂ ਵਿਚ ਹੁੰਦੀ ਹੈ ਅਤੇ ਇਸ ਨੂੰ ਫੈਲਾਉਣ ਵਾਲੀ ਇਕ ਖਾਸ ਕਿਸਮ ਦੀ ਉੱਲੀ ਹੁੰਦੀ ਹੈ ਜਿਸ ਨੂੰ ਸੀਬਰੀ ਉੱਲੀ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਹ ਬੀਮਾਰੀ ਭਾਰਤ, ਸ੍ਰੀ-ਲੰਕਾ, ਅਫ਼ਰੀਕਾ ਅਤੇ ਦੱਖਣੀ ਅਫ਼ਰੀਕਾ ਵਿਚ ਦੇਖੀ ਗਈ ਹੈ। ਇਨਸਾਨ ਨੂੰ ਇਹ ਬੀਮਾਰੀ ਗੰਦੇ ਪਾਣੀ ਦੇ ਟੋਭਿਆਂ ਵਿਚ ਨਹਾਉਣ ਨਾਲ ਜਿਸ ਵਿਚ ਜਾਨਵਰ ਵੀ ਨਹਾਉਂਦੇ ਹਨ, ਲਗਦੀ ਹੈ। ਇਸ ਉੱਲੀ ਦੇ ਸਪੋਰ ਨੱਕ ਦੀ ਝਿੱਲੀ ਹੇਠ ਜਾ ਕੇ ਵਧਦੇ ਹਨ ਫਿਰ ਇਕ ਖ਼ੂਨੀ ਰਸੌਲੀ ਦੀ ਸ਼ਕਲ ਅਖਤਿਆਰ ਕਰ ਲੈਂਦੇ ਹਨ। ਮਰੀਜ਼ ਦਾ ਨੱਕ ਬੰਦ ਰਹਿੰਦਾ ਹੈ, ਨੱਕ ਵਿਚੋਂ ਖ਼ੂਨ ਆਉਂਦਾ ਹੈ ਅਤੇ ਨੱਕ ਵਿਚ ਖਾਰਸ਼ ਹੁੰਦੀ ਹੈ। ਅੰਦਰੋਂ ਵੇਖਣ ਤੇ ਲਾਲ ਰੰਗ ਦੀ ਰਸੌਲੀ ਜਿਸ ਦੀ ਤਹਿ ਦਾਣੇਦਾਰ ਹੁੰਦੀ ਹੈ ਅਤੇ ਛੇੜਣ ਨਾਲ ਖ਼ੂਨ ਆਉਣਾ ਸ਼ੁਰੂ ਹੋ ਜਾਂਦਾ ਹੈ। ਇਸ ਦਾ ਟੁਕੜਾ ਲੈਕੇ ਅਤੇ ਉਸ ਨੂੰ ਮਾਈਕਰੋਸਕੋਪ ਥੱਲੇ ਵੇਖਣ ਨਾਲ ਉੱਲੀ ਦਾ ਪੱਕਾ ਪਤਾ ਲੱਗ ਜਾਂਦਾ ਹੈ।

ਇਲਾਜ ਤੇ ਪ੍ਰਹੇਜ਼—ਪ੍ਰਹੇਜ਼ ਇਹੀ ਹੈ ਕਿ ਪਿੰਡ ਵਿਚ ਗੰਦੇ ਪਾਣੀ ਦੇ ਛੱਪੜਾਂ ਵਿਚ ਨਹੀਂ ਤੈਰਨਾ ਚਾਹੀਦਾ ਜਿਥੇ ਕਿ ਇਹ ਬੀਮਾਰੀ ਹੁੰਦੀ ਹੈ। ਇਲਾਜ ਵਿਚ ਅਪਰੇਸ਼ਨ ਨਾਲ ਸਾਰੀ ਰਸੌਲੀ ਕੱਢ ਦੇਣੀ ਚਾਹੀਦੀ ਹੈ ਤੇ ਫਿਰ ਇਸ ਦੇ ਪੈਦਾ ਹੋਣ ਵਾਲੀ ਜਗ੍ਹਾ ਤੇ ਗਰਮ ਕਾਟਰੀ ਲਗਾ ਦੇਣੀ ਚਾਹੀਦੀ ਹੈ। ਫਿਰ ਮਰੀਜ਼ ਨੂੰ ਕੁਝ ਦੇਰ ਵਾਸਤੇ ਉੱਲੀ ਨੂੰ ਰੋਕਣ ਦੀ ਦਵਾਈ ਐਂਫੋਟੇਰੀਮੀਨ-ਬੀ ਦੇਣੀ ਚਾਹੀਦੀ ਹੈ।

(ਸ) **ਨੱਕ ਦਾ ਸਕਲੀਰੋਮਾਂ**—ਇਹ ਬੀਮਾਰੀ ਆਮ ਤੌਰ ਤੇ ਜਵਾਨ ਉਮਰ ਵਿਚ ਅਫ਼ਰੀਕਾ, ਅਮਰੀਕਾ, ਯੂਰਪ ਦੇ ਕੁਝ ਹਿੱਸਿਆਂ ਵਿਚ ਅਤੇ ਦੱਖਣੀ ਏਸ਼ੀਆ ਵਿਚ ਵੇਖੀ ਜਾਂਦੀ ਹੈ। ਇਹ ਨੱਕ ਵਿਚ ਜ਼ੁਕਾਮ ਨਾਲ ਸ਼ੁਰੂ ਹੁੰਦੀ ਹੈ ਤੇ ਫਿਰ ਨੱਕ ਵਿਚ ਸੋਕੜੇ ਵਰਗੀ ਸਟੇਜ ਵਿਚੋਂ ਹੁੰਦੀ ਹੋਈ ਸਖ਼ਤ ਜਿਹੀ ਮਾਸ ਦੀ ਸਟੇਜ ਆ ਜਾਂਦੀ ਹੈ ਤੇ ਫਿਰ ਆਖ਼ੀਰ ਵਿਚ ਨੱਕ ਨੂੰ ਬਹੁਤ ਤੰਗ ਕਰ ਦਿੰਦੀ ਹੈ ਜਿਸ ਨਾਲ ਮਰੀਜ਼ ਨੂੰ ਸਾਹ ਨਹੀਂ ਆਉਂਦਾ। ਮਾਈਕਰੋਸਕੋਪ ਹੇਠਾਂ ਇਸ ਨੂੰ ਟੈਸਟ ਕਰਨ ਨਾਲ ਇਕ ਖਾਸ ਕਿਸਮ ਦੇ ਸੈੱਲ (ਫੋਮ ਸੈਲ ਤੇ ਰੂਸਲ ਬਾਡੀਜ਼) ਇਸ ਵਿਚ ਨਜ਼ਰ ਆਉਂਦੇ ਹਨ।

ਇਲਾਜ—ਇਸ ਬੀਮਾਰੀ ਦਾ ਇਲਾਜ ਸਟਰੈਪਟੋਮਾਈਸੀਨ ਜਾਂ ਟੈਟਰਾਸਾਈਕਲੀਨ ਦੇ ਕੈਪਸੂਲ ਜਾਂ ਟੀਕਿਆਂ ਨਾਲ ਕੀਤਾ ਜਾਂਦਾ ਹੈ। ਕਾਰਟੀਸੋਨ ਦਵਾਈ ਦੇਣ ਨਾਲ ਨੱਕ ਤੰਗ ਨਹੀਂ ਹੁੰਦਾ। ਕਈ ਵਾਰ ਨਾਸਾਂ ਨੂੰ ਖੋਲਣ ਵਾਸਤੇ ਪਲਾਸਟਿਕ ਸਰਜਰੀ ਦੀ ਜ਼ਰੂਰਤ ਪੈਂਦੀ ਹੈ।

(ਹ) **ਨੱਕ ਦੀ ਘਾਤਕ ਬੀਮਾਰੀ**—ਇਸ ਬੀਮਾਰੀ ਨੂੰ ਵੇਗਨਰ ਜਾਂ ਸਟੀਵਾਰਟ ਗਰੇਨੂਲੋਆ ਵੀ ਆਖਿਆ ਜਾਂਦਾ ਹੈ। ਇਹ ਬੀਮਾਰੀ ਨੱਕ ਸਾਈਨਸ ਅਤੇ ਹੋਰ ਆਸ ਪਾਸ ਦੇ ਉਪਰਲੇ ਜਬਾੜ੍ਹੇ ਨੂੰ ਅਸਰ ਕਰਦੀ ਹੈ। ਜਿਸ ਨਾਲ ਇਹ ਇਕ ਛੋਟਾ ਜਿਹਾ ਦਾਣਾ ਜਾਂ ਜ਼ਖ਼ਮ ਤੋਂ ਸ਼ੁਰੂ ਹੋਕੇ ਅਖ਼ੀਰ ਵਿਚ ਬਹੁਤ ਨੁਕਸਾਨ ਪਹੁੰਚਾਉਂਦੀ ਹੈ ਤੇ ਸਰੀਰ ਦੇ ਹੋਰ ਹਿੱਸਿਆਂ ਵਿਚ ਵੀ ਫੈਲ ਸਕਦੀ ਹੈ। ਇਸ ਬੀਮਾਰੀ ਦੇ ਕਾਰਨ ਤਾਂ ਪਤਾ ਨਹੀਂ ਲਗ ਸਕਿਆ। ਇਸ ਦਾ ਇਲਾਜ ਕੈਂਸਰ ਵਾਂਗ ਬਿਜਲੀ ਲਗਾ ਕੇ ਜਾਂ ਟੀਕਿਆਂ ਨਾਲ ਕਾਰਟੀਕਾਇਡਜ ਦੀ ਵਰਤੋਂ ਕਰਕੇ ਕੀਤਾ ਜਾ ਸਕਦਾ ਹੈ ਪਰੰਤੂ ਮਰੀਜ਼ ਨੂੰ ਜ਼ਿਆਦਾ ਦੇਰ ਵਾਸਤੇ ਨਹੀਂ ਬਚਾਇਆ ਜਾ ਸਕਦਾ।

(ਕ) **ਨੱਕ ਦਾ ਕੋਹੜ**—ਹੁਣ ਇਹ ਬੀਮਾਰੀ ਬਹੁਤ ਘੱਟ ਦੇਖੀ ਜਾਂਦੀ ਹੈ ਕਿਉਂਕਿ ਸਰੀਰ ਦਾ ਕੋਹੜ ਵੀ ਹੁਣ ਦਿਨ ਬਦਿਨ ਘੱਟ ਰਿਹਾ ਹੈ। ਫਿਰ ਵੀ ਭਾਰਤ ਦੇ ਦੱਖਣੀ ਅਤੇ ਪੂਰਬੀ ਹਿੱਸਿਆਂ ਵਿੱਚ ਹੁਣ ਵੀ ਕਿਤੇ ਕਿਤੇ ਨੱਕ ਨੂੰ ਕੋਹੜ ਰੋਗ ਦਾ ਅਸਰ ਹੋਇਆ ਨਜ਼ਰ ਆਉਂਦਾ ਹੈ। ਇਸ ਦਾ ਕਾਰਨ ਤਾਂ ਕੋਹੜ ਰੋਗ ਦਾ ਕੀਟਾਣੂ ਹੁੰਦਾ ਹੈ ਜਿਹੜਾ ਇਕ ਦੂਸਰੇ ਦੇ ਨੇੜੇ ਲੱਗਣ ਨਾਲ ਪਕੜ ਸਕਦਾ ਹੈ। ਇਸ ਬੀਮਾਰੀ ਵਿਚ ਨੱਕ ਦੇ ਅੰਦਰ ਛੋਟੇ ਛੋਟੇ ਛੋਲਿਆਂ ਦੇ ਦਾਣੇ ਜਿਹੇ

ਨਜ਼ਰ ਆਉਂਦੇ ਹਨ ਜਿਹੜੇ ਬਾਅਦ ਵਿਚ ਫਟ ਜਾਂਦੇ ਹਨ। ਇਸ ਦੇ ਨਾਲ ਹੀ ਨੱਕ ਦਾ ਬਾਹਰਲਾ ਹਿੱਸਾ ਵੀ ਇਸ ਬੀਮਾਰੀ ਦੇ ਅਸਰ ਹੇਠਾਂ ਆ ਜਾਂਦਾ ਹੈ ਅਤੇ ਇਸ ਦੀ ਸ਼ਕਲ ਵਿਗੜ ਜਾਂਦੀ ਹੈ। ਇਸ ਬੀਮਾਰੀ ਦਾ ਪ੍ਰਹੇਜ਼ ਤਾਂ ਇਹੀ ਹੈ ਕਿ ਕੋਹੜ ਦੇ ਰੋਗੀ ਨੂੰ ਵੱਖਰਾ ਰੱਖਿਆ ਜਾਏ ਤਾਂ ਜੋ ਉਹ ਹੋਰਨਾਂ ਨੂੰ ਨਾ ਅਸਰ ਕਰ ਸਕੇ। ਉਸ ਦਾ ਇਲਾਜ ਵੀ ਜ਼ਰੂਰ ਕਰਵਾਉਣਾ ਚਾਹੀਦਾ ਹੈ ਕਿਉਂਕਿ ਇਹ ਬੀਮਾਰੀ ਡੈਪਸੋਨ ਦਵਾਈ ਦੀ ਵਰਤੋਂ ਨਾਲ ਬਿਲਕੁਲ ਠੀਕ ਕੀਤੀ ਜਾ ਸਕਦੀ ਹੈ।

(ਖ) **ਨੱਕ ਅਤੇ ਏਡਜ਼ ਦੀ ਬੀਮਾਰੀ**—ਏਡਜ਼ ਦੀ ਬੀਮਾਰੀ 40-60 ਪ੍ਰਤਿਸ਼ਤ ਮਰੀਜ਼ਾਂ ਨੂੰ ਨੱਕ-ਕੰਨ ਅਤੇ ਗਲੇ ਦੇ ਡਾਕਟਰ ਕੋਲ ਲੈਕੇ ਆਉਂਦੀ ਹੈ ਕਿਉਂਕਿ ਇਸ ਬੀਮਾਰੀ ਦੇ ਲੱਛਣ ਅਤੇ ਨਿਸ਼ਾਨੀਆਂ ਨੱਕ ਅਤੇ ਗਲੇ ਵਿਚ ਕਈ ਤਰ੍ਹਾਂ ਦੀ ਤਕਲੀਫ਼ ਪੈਦਾ ਕਰਦੀਆਂ ਹਨ। ਇਹ ਬੀਮਾਰੀ ਏਡਜ ਵਾਇਰਸ ਟਾਈਪ 1 ਰਾਹੀਂ ਭਾਵੇਂ ਉਹ ਸੰਭੋਗ ਰਾਹੀਂ ਜਾਂ ਟੀਕੇ ਦੇ ਸਰਿੰਜ ਰਾਹੀਂ, ਖ਼ੂਨ ਦੇਣ ਅਤੇ ਲੈਣ ਰਾਹੀਂ ਇਕ ਦੂਸਰੇ ਨੂੰ ਸ਼ੁਰੂ ਹੁੰਦੀ ਹੈ। ਇਸ ਦਾ ਮਰੀਜ਼ ਆਮ ਤੌਰ ਤੇ ਥੋੜ੍ਹਾ ਜਿਹਾ ਬੁਖ਼ਾਰ, ਖਾਂਸੀ, ਸਾਹ ਚੜ੍ਹਨਾ, ਨਜ਼ਲਾ ਜ਼ੁਕਾਮ, ਅਤੇ ਨੱਕ ਦੇ ਅਗਲੇ ਹਿਸੇ ਵਿਚ ਜ਼ਖ਼ਮ ਹੋਣਾ, ਦਾ ਸ਼ਿਕਾਰ ਹੋ ਜਾਂਦਾ ਹੈ। ਅਜਿਹੇ ਮਰੀਜ਼ਾਂ ਵਿਚ ਕਿਉਂਕਿ ਸਰੀਰ ਦੇ ਆਪ ਲੜਣ ਦੀ ਸ਼ਕਤੀ ਖਤਮ ਹੋ ਜਾਂਦੀ ਹੈ, ਕਈ ਤਰ੍ਹਾਂ ਦੇ ਕੀਟਾਣੂ ਨੱਕ ਨੂੰ ਜਾਂ ਸਾਈਨੱਸ ਨੂੰ ਆ ਪਕੜਦੇ ਹਨ। ਜੇਕਰ ਆਮ ਤਰ੍ਹਾਂ ਦੀ ਦਵਾਈ ਵਰਤਣ ਦੇ ਬਾਵਜੂਦ ਮਰੀਜ਼ ਦੀ ਹਾਲਤ ਵਿਗੜਦੀ ਜਾਵੇ ਤਾਂ ਅਲੀਸਾ ਟੈਸੱਟ ਕਰਵਾਉਣਾ ਚਾਹੀਦਾ ਹੈ ਤਾਂ ਕਿ ਏਡਜ਼ ਦਾ ਸ਼ੱਕ ਦੂਰ ਕੀਤਾ ਜਾ ਸਕੇ।

ਪ੍ਰਹੇਜ਼ ਤੇ ਇਲਾਜ—ਕਿਉਂਕਿ ਏਡਜ਼ ਦਾ ਕੋਈ ਇਲਾਜ਼ ਨਹੀਂ ਹੈ ਤੇ ਮਰੀਜ਼ ਆਮ ਤੌਰ ਤੇ ਜਲਦੀ ਹੀ ਚੱਲ ਵਸਦਾ ਹੈ। ਇਕ ਦਵਾਈ ਏਸਾਟੀਕਲੋਵੀਰ ਨਾਲ ਕਾਫ਼ੀ ਫਰਕ ਪੈ ਜਾਂਦਾ ਹੈ। ਪਰੰਤੂ ਪ੍ਰਹੇਜ਼ ਸਭ ਤੋਂ ਚੰਗਾ ਹੁੰਦਾ ਹੈ ਕਿ ਅਣਪਛਾਤੇ ਤੇ ਗ਼ੈਰ ਵਿਅਕਤੀ ਨਾਲ ਸੰਭੋਗ ਨਾ ਕੀਤਾ ਜਾਵੇ। ਟੀਕੇ ਦੀ ਸਰਿੰਜ ਵਰਤਣ ਤੋਂ ਪਿਛੋਂ ਖ਼ਤਮ ਕੀਤੀ ਜਾਵੇ। ਦਸਤਾਨੇ ਪਹਿਨ ਕੇ ਆਮ ਮਰੀਜ਼ਾਂ ਨੂੰ ਚੈਕਅੱਪ ਜਾਂ ਅਪਰੇਸ਼ਨ ਵਗੈਰਾ ਕੀਤਾ ਜਾਵੇ। ਖ਼ੂਨ ਦੇਣ ਜਾਂ ਲੈਣ ਤੋਂ ਪਹਿਲਾਂ ਏਡਜ਼ ਵਾਇਰਸ ਵਾਸਤੇ ਟੈਸੱਟ ਕੀਤਾ ਜਾਵੇ।

ਨਕਸ਼ (ਨੈਣ) : ਵੇਖੋ, ਨਖਸ਼ਿਕ ਵਰਣਨ

ਨਕਸ਼ਾ : ਨਕਸ਼ੇ ਬਣਾਉਣ ਦੀ ਕਲਾ ਬਹੁਤ ਪੁਰਾਣੀ ਹੈ। ਸਭ ਤੋਂ ਪਹਿਲਾਂ ਨਕਸ਼ਾ ਬੈਬੀਲਾਨ ਨਾਮੀ ਦੇਸ਼ ਵਿਚ ਚੀਕਨੀ ਮਿੱਟੀ ਦੀਆਂ ਟਿੱਕੀਆਂ ਦੀ ਮਦਦ ਨਾਲ ਲਗਭਗ 2300 ਈ. ਪੂ. ਵਿਚ ਤਿਆਰ ਕੀਤਾ ਗਿਆ। ਸਿਕੰਦਰੀਆ ਦੇ ਟਾਲਮੀ ਨੇ ਲਗਭਗ 1000 ਈ. ਵਿਚ ਨਕਸ਼ਾ ਦਿੱਤਾ ਸੀ ਜੋ ਬਿਨਾਂ ਕਿਸੇ ਸ਼ੱਕ ਦੇ ਤਰੁੱਟੀਆਂ ਭਰਪੂਰ ਸੀ ਪਰੰਤੂ ਇਹ ਨਕਸ਼ਾ ਬਣਾਉਣ ਦੀ ਕਲਾ ਲਈ ਚਾਨਣਮੁਨਾਰੇ ਦਾ ਕੰਮ ਦਿੰਦਾ ਹੋਇਆ ਹਰਮਨ ਪਿਆਰਾ ਹੋ ਗਿਆ ਸੀ।

ਟਾਲਮੀ ਤੋਂ ਪਿੱਛੋ ਵਰਨਣ ਯੋਗ ਨਕਸ਼ਾਕਸ਼ ਚੀਨੀ ਨਾਗਰਿਕ ਪੀ. ਸਿਊ (Pei Hsiu) ਹੋਇਆ ਹੈ ਜਿਸ ਨੇ ਚੀਨ ਵਿਚ ਨਕਸ਼ਾ ਕਲਾ ਦੀ ਨੀਂਹ ਰੱਖੀ ਅਤੇ ਚੀਨ ਵਿਚ ਨਕਸ਼ਾ ਕਲਾ ਬਹੁਤ ਤੇਜ਼ੀ ਨਾਲ ਉਨੱਤ ਹੋਈ। 16ਵੀਂ ਸਦੀ ਵਿਚ ਚੀਨੀਆਂ ਨੇ ਐਟਲਸ ਤੱਕ ਤਿਆਰ ਕਰ ਲਈ ਸੀ।

ਇਸ ਤੋਂ ਪਿੱਛੋਂ ਅੰਨ੍ਹਾ ਯੁਗ ਆਇਆ ਜਿਸ ਵਿਚ ਦੂਜੇ ਵਿਗਿਆਨਕ ਵਿਸ਼ਿਆਂ ਵਾਂਗ ਨਕਸ਼ਾ ਕਲਾ ਨੂੰ ਵੀ ਧੱਕਾ ਲੱਗਿਆ ਸੀ। ਇਸ ਯੁੱਗ ਵਿਚ ਕੇਵਲ 600 ਨਕਸ਼ੇ ਹੀ ਤਿਆਰ ਹੋਏ ਸਨ ਜਿਨ੍ਹਾਂ ਵਿਚੋਂ ਦੋ ਨਕਸ਼ੇ ਹਰਫੋਰਡ ਅਤੇ ਐਬਅਸਟਰਫ ਬਹੁਤ ਜ਼ਿਆਦਾ ਪ੍ਰਸਿੱਧ ਹੋਏ ਸਨ।

16ਵੀਂ ਸਦੀ ਦੇ ਅਖ਼ੀਰਲੇ ਦਹਾਕੇ ਤੱਕ ਤਾਂ ਨਕਸ਼ਾ ਕਲਾ ਵਿਚ ਕ੍ਰਾਂਤੀ ਆ ਗਈ ਸੀ। ਇਸ ਸਦੀ ਵਿਚ ਤਾਂ ਕਿੰਨੇ ਹੀ ਨਵੇਂ ਨਵੇਂ ਨਕਸ਼ੇ ਤਿਆਰ ਕੀਤੇ ਗਏ ਸਨ ਜਿਨ੍ਹਾਂ ਵਿਚੋਂ ਏਸ਼ੀਆ, ਯੂਰਪ ਅਤੇ ਅਫਰੀਕਾ ਮਹਾਂਦੀਪ ਦੇ ਨਕਸ਼ੇ ਤਾਂ ਬਹੁਤ ਜ਼ਿਆਦਾ ਵਿਸਥਾਰ ਪੂਰਵਕ ਜਾਣਕਾਰੀ ਪ੍ਰਦਾਨ ਕਰਦੇ ਸਨ। ਇਸ ਸਦੀ ਵਿਚ ਹੀ ਮਰਕੇਟਰ ਨਾਮੀ ਮਸ਼ਹੂਰ ਨਕਸ਼ਾਕਸ਼ ਹੋਇਆ ਸੀ ਜਿਸ ਦੁਆਰਾ ਤਿਆਰ ਕੀਤੀ ਗਈ ਮਰਕੇਟਰ ਦੀ ਪ੍ਰਖੇਪ ਅੱਜ ਵੀ ਵਰਤੋਂ ਵਿਚ ਲਿਆਂਦੀ ਜਾਂਦੀ ਹੈ।

17ਵੀਂ ਸਦੀ ਦੇ ਸ਼ੁਰੂ ਵਿਚ ਨਕਸ਼ੇ ਬਣਾਉਣ ਦੀ ਕਲਾ ਦਾ ਵਿਕਾਸ ਤਾਂ ਫਰਾਂਸ ਵਿਚ ਹੋਣਾ ਸ਼ੁਰੂ ਹੋ ਗਿਆ ਸੀ ਪਰ ਪੂਰਣ ਰੂਪ ਵਿਚ ਇਹ ਕਲਾ ਬਰਤਾਨੀਆ ਵਿਚ ਵਿਕਸਿਤ ਹੋਈ ਸੀ।

ਅਜੋਕੀ 20ਵੀਂ ਸਦੀ ਵਿਚ ਇਹ ਕਲਾ ਨਵੀਆਂ ਸਿਖ਼ਰਾਂ ਤੇ ਪਹੁੰਚ ਗਈ। ਵੱਖ-ਵੱਖ ਕਿਸਮ ਦੇ ਵੱਖ-ਵੱਖ ਤੱਤ ਬਿਆਨ ਕਰਦੇ ਹੋਏ ਨਕਸ਼ੇ ਤਿਆਰ ਹੋ ਗਏ ਹਨ। ਸੰਸਾਰ ਦੇ ਦੂਜੇ ਮਹਾਂਯੁੱਧ ਵਿਚ ਨਕਸ਼ਿਆਂ ਦੀ ਭਰਪੂਰ ਵਰਤੋਂ ਕੀਤੀ ਗਈ ਸੀ ਅਤੇ ਅੱਜਕੱਲ੍ਹ ਦੀ ਲੜਾਈ ਨਕਸ਼ਿਆਂ ਉੱਤੇ ਬੰਦੂਕ ਬਾਰੂਦ ਨਾਲੋਂ ਵੀ ਵੱਧ ਨਿਰਭਰ ਕਰਦੀ ਹੈ।

ਨਕਸ਼ਾ ਲਾਤੀਨੀ ਭਾਸ਼ਾ ਦੇ ਸ਼ਬਦ 'Mappa' ਤੋਂ ਬਣਿਆ ਹੈ ਜਿਸ ਦਾ ਅਰਥ ਹੈ ਬਸਤਰ ਖੰਡ। ਇਟਲੀ ਵਿਚ ਰਹਿਣ ਵਾਲੇ ਇਕ ਈਸਾਈ ਨੇ ਕਪੜੇ ਤੇ ਬਣੇ ਇਕ ਨਕਸ਼ੇ ਨੂੰ 840 ਈ. ਵਿਚ ਸੰਸਾਰ ਦੇ ਸਾਹਮਣੇ ਪੇਸ਼ ਕੀਤਾ ਤੇ ਉਸ ਨੇ ਇਸ ਦੇ ਲਈ 'ਮੱਪਾ ਮੁੰਡੀ' ਸ਼ਬਦ ਦੀ ਵਰਤੋਂ ਕੀਤੀ। ਸਮੇਂ ਦੇ ਨਾਲ ਨਾਲ ਇਹ 'ਮੱਪਾ ਮੁੰਡੀ' ਸ਼ਬਦ ਨਕਸ਼ਾ ਬਣ ਕੇ ਰਹਿ ਗਿਆ।

ਸਮੁੱਚੀ ਪ੍ਰਿਥਵੀ ਦੇ ਜਲ ਅਤੇ ਥਲ ਭਾਗਾਂ ਨੂੰ ਜਾਂ ਫਿਰ ਸੰਸਾਰ ਦੇ ਕਿਸੇ ਇਕ ਭਾਗ ਦੇ ਹਰ ਤੱਤ ਨੂੰ ਜਿਸ ਸਮੇਂ ਕਾਗਜ਼ ਦੇ ਟੁਕੜੇ ਤੇ ਕਿਸੇ ਵੀ ਨਿਸ਼ਚਿਤ ਪੈਮਾਨੇ ਦੀ ਮਦਦ ਨਾਲ ਦਰਸਾਇਆ ਜਾਂਦਾ ਹੈ ਤਾਂ ਉਸ ਨੂੰ ਨਕਸ਼ਾ ਕਹਿੰਦੇ ਹਨ। ਨਕਸ਼ਿਆਂ ਰਾਹੀਂ ਦਿਖਾਈਆਂ ਗਈਆਂ ਦੂਰੀਆਂ ਅਤੇ ਧਰਤੀ ਦੀਆਂ ਸੰਗਤ ਦੂਰੀਆਂ ਦਾ ਆਪਸ ਵਿਚ ਨਿਸ਼ਚਿਤ ਅਨੁਪਾਤ ਹੁੰਦਾ ਹੈ। ਜੇਕਰ ਅਜਿਹਾ ਨਾ ਹੋਵੇ ਤਾਂ ਨਕਸ਼ਾ ਆਪਣੀ ਅਸਲੀ ਹੋਂਦ ਨੂੰ ਗੁਆ ਦਿੰਦਾ ਹੈ ਅਤੇ ਨਕਸ਼ਾ ਕੇਵਲ ਅਨੁਮਾਨਤ ਰੇਖਾ ਚਿੱਤਰ ਬਣ ਕੇ ਰਹਿ ਜਾਂਦਾ ਹੈ।

ਨਕਸ਼ਿਆਂ ਰਾਹੀਂ ਹਮੇਸ਼ਾ ਧਰਾਤਲ ਦੇ ਵੱਖਰੇ ਵੱਖਰੇ ਰੂਪਾਂ ਨੂੰ ਖਾਸ ਨਿਸ਼ਚਿਤ ਰਵਾਇਤੀ ਚਿੰਨ੍ਹਾਂ ਦੀ ਮਦਦ ਨਾਲ ਦਰਸਾਇਆ ਜਾਂਦਾ ਹੈ। ਇਹ ਰਵਾਇਤੀ ਚਿੰਨ੍ਹ ਅੰਤਰਰਾਸ਼ਟਰੀ ਪੱਧਰ ਤੇ ਪ੍ਰਚੱਲਤ ਹਨ ਤੇ ਸਾਰੇ ਸੰਸਾਰ ਦੇ ਨਕਸ਼ਿਆਂ ਵਿਚ ਇਕ ਕਿਸਮ ਦੇ ਥਲ ਰੂਪ ਨੂੰ ਪ੍ਰਗਟਾਉਣ ਲਈ ਇਕ ਹੀ ਰਵਾਇਤੀ ਚਿੰਨ੍ਹ ਵਰਤਿਆ ਜਾਂਦਾ ਹੈ।

ਨਕਸ਼ਿਆਂ ਦੀ ਲੋੜ—ਧਰਤੀ ਦੀ ਸ਼ਕਲ ਲਗਭਗ ਗੋਲ ਹੈ। ਇਸ ਲਈ ਸੁਭਾਵਿਕ ਹੈ ਕਿ ਕਿਸੇ ਗੋਲ ਵਸਤੂ ਨੂੰ ਦਰਸਾਉਣ ਲਈ ਗੋਲਾਕਾਰ ਵਸਤੂ ਸਭ ਤੋਂ ਵੱਧ ਢੁਕਵੀਂ ਰਹੇਗੀ ਨਾ ਕਿ ਚੌਰਸ ਵਸਤੂੰ। ਧਰਤੀ ਦੀ ਗੋਲ ਸ਼ਕਲ ਨੂੰ ਦਰਸਾਉਣ ਲਈ ਗਲੋਬ ਸਭ ਤੋਂ ਵੱਧ ਢੁਕਵਾਂ ਹੈ ਪਰੰਤੂ ਗਲੋਬ ਰਾਹੀਂ ਧਰਤੀ ਦੇ ਹਰ ਤੱਥ ਨੂੰ ਠੀਕ ਤਰ੍ਹਾਂ ਨਹੀਂ ਦਰਸਾਇਆ ਜਾ ਸਕਦਾ। ਅਜਿਹਾ ਹੋਣ ਨਾਲ ਗਲੋਬ ਵਧੇਰੇ

ਮਹੱਤਵਪੂਰਨ ਨਹੀਂ ਬਣ ਸਕਿਆ ਪਰੰਤੂ ਨਕਸ਼ੇ ਦੁਆਰਾ ਧਰਤੀ ਤੇ ਮਿਲਣ ਵਾਲੇ ਸਾਰੇ ਤੱਤ ਨੂੰ ਆਸਾਨੀ ਨਾਲ ਦਿਖਾਇਆ ਜਾਂਦਾ ਹੈ। ਅਜਿਹਾ ਹੋਣ ਨਾਲ ਇਕੋ ਹੀ ਝਲਕ ਵਿਚ ਪੂਰੇ ਖੇਤਰ ਬਾਰੇ ਪਤਾ ਚਲ ਜਾਂਦਾ ਹੈ।

ਨਕਸ਼ਿਆਂ ਦਾ ਵਰਗੀਕਰਣ

ਨਕਸ਼ਿਆਂ ਦਾ ਵਰਗੀਕਰਣ ਦੋ ਤਰ੍ਹਾਂ ਨਾਲ ਕੀਤਾ ਜਾਂਦਾ ਹੈ—

(ੳ) ਪੈਮਾਨੇ ਦੇ ਆਧਾਰ ਤੇ

(ਅ) ਉਦੇਸ਼ ਦੇ ਆਧਾਰ ਤੇ

(ੳ) ਪੈਮਾਨੇ ਦੇ ਆਧਾਰ ਤੇ ਵਰਗੀਕਰਣ—ਪੈਮਾਨੇ ਦੇ ਆਧਾਰ ਤੇ ਨਕਸ਼ਿਆਂ ਨੂੰ ਚਾਰ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ :—

(1) ਵਿਸ਼ਾਲ ਪੈਮਾਨੇ ਦੇ ਨਕਸ਼ੇ—ਜਿਸ ਸਮੇਂ ਧਰਤੀ ਦੇ ਕਿਸੇ ਭਾਗ ਦਾ ਵਿਸਥਾਰ ਪੂਰਵਕ ਵਰਣਨ ਕਰਨਾ ਹੋਵੇ ਤਾਂ ਵਿਸ਼ਾਲ ਪੈਮਾਨੇ ਦੇ ਨਕਸ਼ੇ ਹੀ ਵਰਤੇ ਜਾਂਦੇ ਹਨ। ਇਨ੍ਹਾਂ ਨਕਸ਼ਿਆਂ ਦਾ ਪੈਮਾਨਾ ਬਹੁਤ ਵੱਡਾ ਹੁੰਦਾ ਹੈ ਜਿਵੇਂ 1 ਸੈਂ. ਮੀ. : 10 ਮੀਟਰ। ਅਜਿਹੀ ਕਿਸਮ ਦੇ ਨਕਸ਼ਿਆਂ ਦੀ ਵਰਤੋਂ ਖੇਤਾਂ ਦੀਆਂ ਸੀਮਾਵਾਂ, ਖੇਤਾਂ ਦੀ ਮਲਕੀਅਤ, ਇਮਾਰਤਾਂ ਅਤੇ ਹੋਰ ਉੱਘੀਆਂ ਵਸਤਾਂ ਦਰਸਾਉਣ ਲਈ ਕੀਤੀ ਜਾਂਦੀ ਹੈ। ਪਟਵਾਰੀਆਂ ਰਾਹੀਂ ਵਰਤਿਆ ਜਾਣ ਵਾਲਾ ਖਸਰਾ ਅਤੇ ਨਗਰਪਾਲਿਕਾਵਾਂ ਦੇ ਨਕਸ਼ੇ ਹਮੇਸ਼ਾ ਹੀ ਵਿਸ਼ਾਲ ਪੈਮਾਨੇ ਦੇ ਹੁੰਦੇ ਹਨ। ਅਜਿਹੇ ਨਕਸ਼ਿਆ ਨੂੰ ਕਈ ਵਾਰ ਪਲੈਨ ਜਾਂ ਆਰਜ਼ੀ ਨਕਸ਼ੇ ਵੀ ਕਹਿ ਦਿੱਤਾ ਜਾਂਦਾ ਹੈ।

(2) ਸਥਲ ਆਕਾਰੀ ਨਕਸ਼ੇ—ਇਹ ਨਕਸ਼ੇ ਵੀ ਵਿਸ਼ਾਲ ਪੈਮਾਨੇ ਦੇ ਨਕਸ਼ੇ ਹੀ ਹੁੰਦੇ ਹਨ ਕਿਉਂਕਿ ਇਨ੍ਹਾਂ ਦਾ ਪੈਮਾਨਾ 1 ਸੈਂ. ਮੀ.: 250,000 ਸੈਂ. ਮੀ. ਤੋਂ ਲੈ ਕੇ 1 ਸੈਂ. ਮੀ. :1 ਕਿ. ਮੀ. ਤੱਕ ਹੁੰਦਾ ਹੈ ਜਾਂ ਫਿਰ ਅਜਿਹੇ ਨਕਸ਼ੇ 1 ਇੰਚ : 1 ਮੀਲ ਤੋਂ ਲੈ ਕੇ 1 ਇੰਚ : 4 ਮੀਲ ਤੱਕ ਦੇ ਪੈਮਾਨੇ ਤੇ ਤਿਆਰ ਕੀਤੇ ਗਏ ਹੁੰਦੇ ਹਨ। ਅਜਿਹੇ ਨਕਸ਼ੇ ਧਰਤੀ ਦੇ ਹਰ ਤੱਥ ਦੀ ਵਿਸਥਾਰ ਪੂਰਵਕ ਜਾਣਕਾਰੀ ਪ੍ਰਦਾਨ ਕਰਦੇ ਹਨ ਅਤੇ ਇਨ੍ਹਾਂ ਦੀ ਵਰਤੋਂ ਲੜਾਈ ਸਮੇਂ ਫੌਜ਼ੀਆਂ ਰਾਹੀਂ, ਸੈਰ ਸਪਾਟਾ ਕਰਨ ਵਾਲਿਆਂ ਰਾਹੀਂ ਅਤੇ ਭੂਗੋਲਵੇਤਾਵਾਂ ਰਾਹੀਂ ਕੀਤੀ ਜਾਂਦੀ ਹੈ। ਭਾਰਤ ਵਿਚ ਇਨ੍ਹਾਂ ਨਕਸ਼ਿਆਂ ਦਾ ਨਿਰਮਾਣ ਸਰਵੇਖਣ ਵਿਭਾਗ ਦੁਆਰਾ ਕੀਤਾ ਜਾਂਦਾ ਹੈ। ਇਹ ਬਹੁ ਉਦੇਸ਼ੀ ਨਕਸ਼ੇ ਹੁੰਦੇ ਹਨ।

(3) ਦੀਵਾਰੀ ਨਕਸ਼ੇ—ਦੀਵਾਰੀ ਨਕਸ਼ੇ ਛੋਟੇ ਪੈਮਾਨੇ ਦੇ ਨਕਸ਼ੇ ਹੁੰਦੇ ਹਨ। ਇਨ੍ਹਾਂ ਦਾ ਪੈਮਾਨਾ 1 ਸੈਂ. ਮੀ. : 1 ਕਿ. ਮੀ. ਤੋਂ ਲੈ ਕੇ 1 ਸੈਂ. ਮੀ. : 48 ਕਿ. ਮੀ. ਜਾਂ 1 ਇੰਚ : 5 ਮੀਲ ਤੋਂ ਲੈ ਕੇ 1 ਇੰਚ : 64 ਮੀਲ ਤੱਕ ਹੁੰਦਾ ਹੈ। ਅਜਿਹੇ ਨਕਸ਼ਿਆਂ ਦਾ ਆਕਾਰ ਬਹੁਤ ਵੱਡਾ ਹੁੰਦਾ ਹੈ ਤੇ ਨਕਸ਼ਿਆਂ ਉਪਰ ਰਵਾਇਤੀ ਚਿੰਨ੍ਹ ਮੋਟੇ ਕਰਕੇ ਉਲੀਕੇ ਹੁੰਦੇ ਹਨ। ਦੀਵਾਰੀ ਨਕਸ਼ਿਆਂ ਦੀ ਵਰਤੋਂ ਅਧਿਆਪਨ ਸਮੇਂ ਕੀਤੀ ਜਾਂਦੀ ਹੈ। ਅਜਿਹੇ ਨਕਸ਼ਿਆਂ ਰਾਹੀਂ ਧਰਤੀ ਦੇ ਵੱਡੇ ਵੱਡੇ ਭਾਗਾਂ ਦਾ ਕੋਈ ਇਕ ਤੱਥ ਦਰਸਾਇਆ ਗਿਆ ਹੁੰਦਾ ਹੈ ਕਿਉਂਕਿ ਇਨ੍ਹਾਂ ਰਾਹੀਂ ਸਾਰੇ ਦੇ ਸਾਰੇ ਤੱਥ ਬਿਆਨ ਨਹੀਂ ਕੀਤੇ ਜਾ ਸਕਦੇ। ਦੀਵਾਰੀ ਨਕਸ਼ੇ ਆਮ ਤੌਰ ਤੇ ਮਹਾਂਦੀਪ, ਦੇਸ਼ ਆਦਿ ਦਿਖਾਉਣ ਲਈ ਬਣਾਏ ਜਾਂਦੇ ਹਨ।

(4) ਐਟਲਸ ਨਕਸ਼ੇ—ਇਹ ਨਕਸ਼ੇ ਹਮੇਸ਼ਾ ਹੀ ਛੋਟੇ ਪੈਮਾਨੇ ਦੇ ਨਕਸ਼ੇ ਹੁੰਦੇ ਹਨ ਅਤੇ ਇਨ੍ਹਾਂ ਦਾ ਪੈਮਾਨਾ 1 ਸੈਂ. ਮੀ. : 40 ਕਿ. ਮੀ. ਜਾਂ 1 ਇੰਚ : 64 ਮੀਲ ਜਾਂ ਫਿਰ ਇਸ ਤੋਂ ਵੀ ਛੋਟਾ ਹੋ ਸਕਦਾ ਹੈ। ਇਕ ਪੁਸਤਕ ਦੇ ਰੂਪ ਵਿਚ ਨਕਸ਼ਿਆਂ ਦੇ ਸੰਗ੍ਰਹਿ ਨੂੰ ਐਟਲਸ ਕਹਿੰਦੇ ਹਨ। ਐਟਲਸ ਨਕਸ਼ਿਆਂ ਵਿਚ ਧਰਤੀ ਦੇ ਤੱਥਾਂ ਦਾ ਸਾਧਾਰਣ ਜਿਹਾ ਵਰਣਨ ਕੀਤਾ ਗਿਆ ਹੁੰਦਾ ਹੈ। ਇਨ੍ਹਾਂ ਨਕਸ਼ਿਆਂ ਦੀ ਵਰਤੋਂ ਕਲਾਸਾਂ ਵਿਚ ਪੜ੍ਹਾਉਣ ਲਈ ਅਤੇ ਸਾਧਾਰਣ ਵਿਅਕਤੀ ਰਾਹੀਂ ਭੂਗੋਲਿਕ ਗਿਆਨ ਪ੍ਰਾਪਤ ਕਰਨ ਲਈ ਹੁੰਦੀ ਹੈ।

(ਅ) ਉਦੇਸ਼ ਦੇ ਆਧਾਰ ਤੇ ਵਰਗੀਕਰਣ—ਉਦੇਸ਼ ਦੇ ਆਧਾਰ ਤੇ ਨਕਸ਼ਿਆਂ ਨੂੰ ਮੁੱਖ ਤੌਰ ਤੇ ਦੋ ਭਾਗਾਂ—ਭੌਤਿਕ ਅਤੇ ਸਭਿਆਚਾਰਕ ਨਕਸ਼ਿਆਂ ਵਿਚ ਵੰਡਿਆ ਗਿਆ ਹੈ :—

ਭੌਤਿਕ ਨਕਸ਼ੇ

ਉਹ ਨਕਸ਼ੇ ਜਿਨ੍ਹਾਂ ਦਾ ਮੁੱਖ ਆਧਾਰ ਕੁਦਰਤੀ ਵਾਤਾਵਰਣ ਦੇ ਤੱਤ ਹੁੰਦੇ ਹਨ, ਭੌਤਿਕ ਨਕਸ਼ੇ ਅਖਵਾਉਂਦੇ ਹਨ ਜਿਵੇਂ ਕਿ ਧਰਾਤਲ, ਰਚਨਾ, ਜਲ ਪ੍ਰਵਾਹ, ਤਾਪਮਾਨ, ਵਰਖਾ, ਜਲਵਾਯੂ, ਮਿੱਟੀਆਂ, ਕੁਦਰਤੀ ਬਨਸਪਤੀ ਆਦਿ। ਭੌਤਿਕ ਤੱਤਾਂ ਦੇ ਆਧਾਰ ਤੇ ਇਨ੍ਹਾਂ ਦੀਆਂ ਹੇਠ ਲਿਖੀਆਂ ਕਿਸਮਾਂ ਹਨ :—

1. ਧਰਾਤਲੀ ਨਕਸ਼ੇ—ਇਨ੍ਹਾਂ ਨਕਸ਼ਿਆਂ ਵਿਚ ਧਰਾਤਲ ਜਿਵੇਂ ਪਰਬਤ, ਪਠਾਰ, ਮੈਦਾਨ, ਸਮੁੰਦਰ ਤਲ ਆਦਿ ਨੂੰ ਦਰਸਾਇਆ ਜਾਂਦਾ ਹੈ।

2. ਭੂ ਵਿਗਿਆਨਕ ਨਕਸ਼ੇ—ਧਰਤੀ ਦੇ ਕਿਸੇ ਵੀ ਭੂ- ਭਾਗ ਦੀਆਂ ਚਟਾਨਾਂ ਦੀ ਵੰਡ ਅਤੇ ਬਣਤਰ ਇਕੋ ਜਿਹੀ ਨਹੀਂ ਹੁੰਦੀ। ਜਦੋਂ ਧਰਤੀ ਦੇ ਕਿਸੇ ਭਾਗ ਦੀਆਂ ਚਟਾਨਾਂ ਦੀ ਵੰਡ ਨੂੰ ਨਕਸ਼ਿਆਂ ਰਾਹੀਂ ਦਰਸਾਇਆ ਜਾਂਦਾ ਹੈ ਤਾਂ ਅਜਿਹੇ ਨਕਸ਼ੇ ਭੂ- ਵਿਗਿਆਨਕ ਨਕਸ਼ੇ ਅਖਵਾਉਂਦੇ ਹਨ।

3. ਮੌਸਮ ਨਕਸ਼ੇ—ਤਾਪਮਾਨ, ਵਰਖਾ, ਜਲਵਾਯੂ, ਪੌਣਾਂ ਦੀ ਗਤੀ ਆਦਿ ਮੌਸਮ ਨਕਸ਼ਿਆਂ ਰਾਹੀਂ ਦਰਸਾਏ ਜਾਂਦੇ ਹਨ। ਇਨ੍ਹਾਂ ਨਕਸ਼ਿਆ ਨੂੰ ਹਰ ਰੋਜ਼ ਪ੍ਰਕਾਸ਼ਤ ਕੀਤਾ ਜਾਂਦਾ ਹੈ।

4. ਜਲਵਾਯੂ ਨਕਸ਼ੇ—ਇਨ੍ਹਾਂ ਵਿਚ ਧਰਤੀ ਦੇ ਕਿਸੇ ਭਾਗ ਦੇ ਤਾਪਮਾਨ, ਵਰਖਾ, ਹਵਾ ਦੇ ਦਬਾਅ ਅਤੇ ਪੌਣਾਂ ਆਦਿ ਦਾ ਵਿਸਥਾਰ ਪੂਰਬਕ ਵਰਣਨ ਕੀਤਾ ਗਿਆ ਹੁੰਦਾ ਹੈ।

5. ਬਨਸਪਤੀ ਨਕਸ਼ੇ—ਇਨ੍ਹਾਂ ਨਕਸ਼ਿਆਂ ਵਿਚ ਕਿਸੇ ਸਥਾਨ, ਦੇਸ਼ ਅਤੇ ਸੰਸਾਰ ਦੇ ਕਿਹੜੇ ਭਾਗਾਂ ਵਿਚ ਕਿਸ ਕਿਸਮ ਦੀ ਕੁਦਰਤੀ ਬਨਸਪਤੀ ਮਿਲਦੀ ਹੈ, ਦਾ ਜ਼ਿਕਰ ਮਿਲਦਾ ਹੈ।

6. ਮਿੱਟੀਆਂ ਦੇ ਨਕਸ਼ੇ—ਇਨ੍ਹਾਂ ਰਾਹੀਂ ਸੰਸਾਰ ਦੇ ਕਿਸੇ ਵੀ ਭਾਗ ਵਿਚ ਮਿਲਣ ਵਾਲੀਆਂ ਵੱਖ-ਵੱਖ ਕਿਸਮ ਦੀਆਂ ਮਿੱਟੀਆਂ ਦਾ ਜ਼ਿਕਰ ਮਿਲਦਾ ਹੈ।

ਸਭਿਆਚਾਰਕ ਨਕਸ਼ੇ

1. ਮੁੱਖ ਸਭਿਆਚਾਰਕ ਨਕਸ਼ੇ—ਇਨ੍ਹਾਂ ਵਿਚ ਕਿਸੇ ਮਹਾਂ-ਦੀਪ, ਦੇਸ਼ ਜਾਂ ਰਾਜ ਦੀਆਂ ਰਾਜਨੀਤਿਕ ਇਕਾਈਆਂ ਦੇ ਪੱਖ ਤੋਂ ਹੱਦਬੰਦੀ ਦਰਸਾਈ ਜਾਂਦੀ ਹੈ। ਇਸ ਤੋਂ ਇਲਾਵਾ ਇਨ੍ਹਾਂ ਵਿਚ ਪ੍ਰਦੇਸ਼ਾਂ ਦੇ ਮੁੱਖ ਸ਼ਹਿਰਾਂ ਅਤੇ ਰਾਜਧਾਨੀਆਂ ਨੂੰ ਵੀ ਦਰਸਾਇਆ ਜਾਂਦਾ ਹੈ।

2. ਵਸੋਂ ਨਕਸ਼ੇ—ਵਸੋਂ ਸਬੰਧੀ ਤੱਤ ਜਿਵੇਂ ਕਿ ਵੰਡ, ਘਣਤਾ, ਸ਼ਹਿਰਾਂ, ਬਸਤੀਆਂ, ਪੇਂਡੂ ਬਸਤੀਆਂ, ਜਨਸੰਖਿਆ ਵਿਚ ਵਾਧੇ ਦੀ ਪ੍ਰਵਿਰਤੀ ਆਦਿ ਨੂੰ ਇਨ੍ਹਾਂ ਨਕਸ਼ਿਆਂ ਵਿਚ ਦਰਸਾਇਆ ਜਾਂਦਾ ਹੈ।

3. ਆਰਥਿਕ ਅਤੇ ਵਪਾਰਕ ਨਕਸ਼ੇ—ਇਨ੍ਹਾਂ ਨਕਸ਼ਿਆਂ ਵਿਚ ਕਿਸੇ ਖੇਤਰ ਦੀਆਂ ਆਰਥਿਕ ਗਤੀ-ਵਿਧੀਆਂ ਜਿਵੇਂ ਖਣਿਜ ਪਦਾਰਥ, ਖੇਤੀ ਦੀਆਂ ਕਿਸਮਾਂ, ਉਦਯੋਗਿਕ ਕੇਂਦਰ, ਵਪਾਰਕ ਸੰਸਥਾਵਾਂ ਆਦਿ ਨੂੰ ਦਰਸਾਇਆ ਜਾਂਦਾ ਹੈ।

4. ਆਵਾਜਾਈ ਨਕਸ਼ੇ—ਇਨ੍ਹਾਂ ਰਾਹੀਂ ਆਵਾਜਾਈ ਦੇ ਵੱਖ-ਵੱਖ ਸਾਧਨਾਂ ਜਿਵੇਂ ਹਵਾਈ ਮਾਰਗ, ਰੇਲ ਮਾਰਗ ਅਤੇ ਜਲ ਮਾਰਗ ਅਤੇ ਸੜਕਾਂ ਆਦਿ ਨੂੰ ਦਰਸਾਇਆ ਜਾਂਦਾ ਹੈ।

5. ਭਾਸ਼ਾ ਸਬੰਧੀ ਨਕਸ਼ੇ—ਇਨ੍ਹਾਂ ਨਕਸ਼ਿਆਂ ਰਾਹੀਂ ਵੱਖ ਵੱਖ ਪ੍ਰਦੇਸ਼ਾਂ ਵਿਚ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ ਦੀ ਵੰਡ ਦਰਸਾਈ ਜਾਂਦੀ ਹੈ।

6. ਮਨੁੱਖੀ ਜਾਤੀ ਨਕਸ਼ੇ—ਅਜਿਹੇ ਨਕਸ਼ਿਆਂ ਰਾਹੀਂ ਵੱਖ-ਵੱਖ ਇਲਾਕਿਆਂ ਵਿਚ ਰਹਿੰਦੀਆਂ ਵੱਖ-ਵੱਖ ਮਾਨਵ ਜਾਤੀਆਂ ਅਤੇ ਨਸਲਾਂ ਦੀ ਵੰਡ ਅਤੇ ਘਣਤਾ ਦਾ ਵਰਨਣ ਕੀਤਾ ਗਿਆ ਹੁੰਦਾ ਹੈ।

ਹ. ਪੁ.-ਐਨ. ਬ੍ਰਿ. 14 : 835 ; ਐਨ. ਅਮੇ. 18 : 252 ; ਐਲੀਮੈਂਟਸ ਆਫ਼ ਪ੍ਰੈਕਟੀਕਲ ਜਿਓਗ੍ਰਾਫੀ-ਆਰ. ਐਲ. ਸਿੰਘ ਐਂਡ ਪੀ. ਕੇ. ਦੱਤ

ਨਕਤ : ਨਕਤ ਤੋਂ ਭਾਵ ਰਾਤ, ਸ਼ਬ ਅਤੇ ਰਾਤਰੀ ਤੋਂ ਲਿਆ ਜਾਂਦਾ ਹੈ। ਇਸ ਨੂੰ ਨਿਸ਼ਚਿਤ ਮਿਤੀ ਤੇ ਰੱਖੇ ਜਾਣ ਵਾਲੇ ਵਰਤ ਦੀ ਪਹਿਚਾਣ ਵਜੋਂ ਵੀ ਕਿਹਾ ਜਾਂਦਾ ਹੈ। ਇਹ ਵਰਤ ਰਾਤ ਦੇ ਸਮੇਂ ਸ਼ੁਰੂ ਹੋਣ ਵਾਲੀ ਨਿਸ਼ਚਿਤ ਮਿਤੀ ਨੂੰ ਰੱਖਿਆ ਜਾਣਾ ਹੁੰਦਾ ਹੈ।

ਭਾਈ ਸੰਤੋਖ ਸਿੰਘ ਨੇ ਨਕਤਕ (ਅੰਗੋਛੇ) ਦੀ ਥਾਂ ਨਕਤ ਸ਼ਬਦ ਵਰਤਿਆ ਹੈ ਜਿਵੇਂ "ਕਟਿ ਕੁਪੀਨ ਇਕ ਨਕਤ ਕਰ ਦੋ ਦੁਪਟੇ ਸੰਬਯਾਨ", (ਨਾਪ) ਲੱਕ ਲਿੰਗੋਟੀ, ਇਕ ਪਰਨਾ ਹੱਥ ਦੋ ਦੋਬਰੇ ਚਾਦਰੇ। ਇਸ ਤਰ੍ਹਾਂ ਨਕਤ ਦਾ ਭਾਵ ਅਰਥ ਇਕ ਵਿਸ਼ੇਸ਼ ਕੱਪੜੇ ਵਜੋਂ ਵੀ ਲਿਆ ਜਾਂਦਾ ਹੈ।

ਹ. ਪੁ.- ਮ. ਕੋਸ਼ : 677

ਨਕਲਾਂ : ਨਕਲ ਇਕ ਕਲਾ ਹੈ ਜਿਹੜੀ ਕਿ ਕਿਸੇ ਵਿਅਕਤੀ, ਦ੍ਰਿਸ਼, ਘਟਨਾ ਜਾਂ ਪ੍ਰਸੰਗ ਨੂੰ ਹੂ- ਬ- ਹੂ ਪੇਸ਼ ਕਰਨ ਦੀ ਕਿਰਿਆ ਨੂੰ ਕਿਹਾ ਜਾਂਦਾ ਹੈ। ਸਾਂਗ ਜਾਂ ਰੀਸ ਆਦਿ ਨਕਲ ਦੇ ਪਰਿਆਇਵਾਚੀ ਸ਼ਬਦ ਹਨ। ਨਕਲ ਕਰਨਾ ਵੀ ਇਕ ਕਲਾ ਹੈ। ਕਿਸੇ ਦੀ ਨਕਲ ਨੂੰ ਕਲਾਤਮਕ ਢੰਗ ਨਾਲ, ਨਾਟਕੀ ਅੰਸ਼ਾਂ ਨੂੰ ਉਭਾਰ ਕੇ ਪੇਸ਼ ਕਰਨ ਜਾਂ ਨਕਲ ਉਤਾਰਨ ਲਈ ਡੂੰਘੀ ਸੂਝਬੂਝ ਅਤੇ ਅਨੁਭਵ ਦੀ ਲੋੜ ਹੁੰਦੀ ਹੈ। ਨਕਾਲ ਇਸ ਕਲਾ ਵਿਚ ਬੜੀ ਨਿਪੁੰਨਤਾ ਰਖਦੇ ਹਨ। ਅੱਜਕੱਲ੍ਹ ਸ਼ਹਿਰੀ ਪੰਜਾਬੀਆਂ ਨੇ ਇਸ ਕਲਾ ਨੂੰ ਗੰਵਾਰੂ ਤੇ ਹਲਕੇ ਪੱਧਰ ਦਾ ਸਮਝ ਕੇ ਇਸ ਵੱਲ ਪੂਰਾ ਧਿਆਨ ਨਹੀਂ ਦਿੱਤਾ ਜਦੋਂ ਕਿ ਪੁਰਾਣੇ ਸਮੇਂ ਵਿਚ ਪਿੰਡਾਂ ਵਿਚ ਮਨੋਰੰਜਨ ਦਾ ਕੇਵਲ ਇਹੋ ਇਕ ਲੋਕਪ੍ਰਿਯ ਸਾਧਨ ਹੁੰਦਾ ਸੀ। ਨਕਾਲ ਜਾਂ ਨਕਲਚੀ ਪਿੰਡਾਂ ਵਿਚ ਵਿਆਹ ਸ਼ਾਦੀਆਂ ਤੇ ਮੰਗਲ ਕਾਰਜਾਂ ਦੇ ਮੌਕਿਆਂ ਤੇ ਆਪਣੇ ਨਕਲਾਂ ਅਤੇ ਚਰੇਡਾਂ ਰਾਹੀਂ ਕਰਤਬ ਕਰਕੇ ਲੋਕਾਂ ਨੂੰ ਹਸਾ ਹਸਾ ਕੇ ਢਿੱਡੀਂ ਪੀੜਾਂ ਪਾ ਦਿੰਦੇ ਸਨ।

ਨਕਲਾਂ ਵਿਚ ਸਵਾਂਗ ਸੰਬਾਦ ਨਾਚ ਅਤੇ ਸੰਕੇਤਾਂ ਰਾਹੀਂ ਛੋਟੇ ਛੋਟੇ ਨਾਟਕ ਰਚੇ ਜਾਂਦੇ ਹਨ ਜਿਸ ਵਿਚ ਸਵਾਂਗ ਇਸ ਤਰ੍ਹਾਂ ਰਚਿਆ ਜਾਂਦਾ ਸੀ ਕਿ ਲੋਕ ਭੁਲੇਖੇ ਵਿਚ ਪੈ ਜਾਂਦੇ ਸਨ ਜਿਵੇਂ ਕਿ ਜੇ ਕਿਸੇ ਔਰਤ ਦਾ ਸਵਾਂਗ ਕਰਨਾ ਹੋਵੇ ਤਾਂ ਨਕਾਲ ਕੇਵਲ ਆਪਣੇ ਸਿਰ ਉੱਤੇ ਚੁੰਨੀ ਲੈ ਲੈਂਦਾ ਸੀ ਅਤੇ ਦਰਸ਼ਕ ਉਸ ਨੂੰ ਕੁਝ ਸਮੇਂ ਲਈ ਔਰਤ ਮੰਨ ਲੈਂਦੇ ਸਨ। ਨਕਲ ਆਮ ਤੌਰ ਤੇ ਮਸਖ਼ਰੀ ਕਰਨ ਲਈ ਕੀਤੀ ਜਾਂਦੀ ਹੈ ਜਿਸ ਨੂੰ ਕੋਈ ਮਸਖ਼ਰਾ ਹੀ ਖ਼ੂਬੀ ਨਾਲ ਨਿਭਾ ਸਕਦਾ ਹੈ। ਉਹ ਅਜਿਹੇ ਢੰਗ ਨਾਲ ਪਟਾਕ ਪਟਾਕ ਗੱਲਾਂ ਕਰਦਾ ਹੈ ਕਿ ਦਰਸ਼ਕ ਪੂਰੀ ਤਰ੍ਹਾਂ ਉਤਸੁਕਤਾ ਸਹਿਤ ਉਸ ਨਾਲ ਜੁੜੇ ਰਹਿੰਦੇ ਹਨ ਅਤੇ ਜਦੋਂ ਇਹ ਉਤਸੁਕਤਾ ਸਿਖਰ ਤੇ ਪਹੁੰਚ ਜਾਂਦੀ ਹੈ ਤਾਂ ਉਹ ਕੋਈ ਅਜਿਹੀ ਹਰਕਤ ਜਾਂ ਗੱਲ ਕਰਦਾ ਹੈ ਜਿਸ ਨਾਲ ਦਰਸ਼ਕਾਂ ਵਿਚ ਹਾਸੇ ਠੱਠੇ ਦੀ ਲਹਿਰ ਦੌੜ ਜਾਂਦੀ ਹੈ ਤੇ ਲੋਕ ਹਸਦੇ ਹਸਦੇ ਲੋਟ ਪੋਟ ਹੋ ਜਾਂਦੇ ਹਨ।

ਨਕਲ ਉਤਾਰਨ ਦੀ ਕਲਾ ਪ੍ਰਾਚੀਨ ਕਾਲ ਤੋਂ ਪ੍ਰਚਲਿਤ ਹੈ ਅਤੇ ਨਕਲ ਉਤਾਰਨ ਵਾਲੇ ਨੂੰ ਨਕਾਲ ਵੀ ਕਿਹਾ ਜਾਂਦਾ ਹੈ। ਮੱਧਕਾਲ ਵਿਚ ਇਹ ਨਕਾਲ ਭੰਡ ਜਾਂ ਬਹਿਰੂਪੀਏ ਨਕਲਾਂ ਉਤਾਰ ਕੇ ਰਾਜਿਆਂ ਮਹਾਰਾਜਿਆਂ ਅਤੇ ਲੋਕਾਂ ਦਾ ਮਨਪਰਚਾਵਾ ਕਰਦੇ ਸਨ। ਨਕਾਲ ਪੰਜਾਬੀ ਸੰਸਕ੍ਰਿਤੀ ਦੇ ਭੰਡ ਦਾ ਹੀ ਅਰਬੀ ਸਮਰੂਪ ਹੈ। ਨਕਲਾਂ ਦਾ ਨਿਕਾਸ ਭੰਡ ਜਾਂ ਮਰਾਸੀ ਜਾਤਾਂ ਵਿਚੋਂ ਹੋਇਆ ਮੰਨਿਆ ਜਾਂਦਾ ਹੈ। ਇਹ ਨਕਾਲ ਆਮ ਤੌਰ ਤੇ ਮੁਸਲਮਾਨ ਹੋਇਆ ਕਰਦੇ ਸਨ ਕਿਉਂਕਿ ਮੁਸਲਮਾਨੀ ਰਾਜ ਸਮੇਂ ਇਨ੍ਹਾਂ ਨੇ ਇਸਲਾਮ ਮਤ ਧਾਰਨ ਕਰ ਲਿਆ ਸੀ। ਦੇਸ਼ ਦੀ ਵੰਡ ਤੋਂ ਪਹਿਲਾਂ ਭਾਰਤੀ ਪੰਜਾਬ ਦੇ ਹਰ ਵੱਡੇ ਪਿੰਡ ਵਿਚ ਭੰਡ ਤੇ ਨਕਾਲ ਆਮ ਮਿਲਦੇ ਸਨ ਪਰ ਦੇਸ਼ ਦੀ ਵੰਡ ਤੋਂ ਬਾਅਦ ਵਿਚ ਇਹ ਲੋਕ ਪਾਕਿਸਤਾਨ ਚਲੇ ਗਏ ਜਿਸ ਕਰਕੇ ਹੁਣ ਕਿਤੇ-ਕਿਤੇ ਹੀ ਕੋਈ ਨਕਾਲ ਮਿਲਦਾ ਹੈ। ਦੇਸ਼ ਦੀ ਵੰਡ ਪਿਛੋਂ ਕੁਝ ਨਵੇਂ ਨਕਾਲ ਪਛੜੀਆਂ ਜਾਤੀਆਂ ਵਿਚੋਂ ਜਿਵੇਂ ਮਰਾਸੀ ਆਦਿ ਜਾਤਾਂ ਵਿਚੋਂ ਨਿਕਲੇ ਹਨ ਜਿਨ੍ਹਾਂ ਦੇ ਅੱਡੇ ਜਲੰਧਰ, ਫਗਵਾੜਾ ਆਦਿ ਬਣੇ।

ਡਾ. ਬਲਬੀਰ ਸਿੰਘ ਨੇ ਆਪਣੇ ਸੋਧ ਨਿਬੰਧ 'ਪੰਜਾਬੀ ਲੋਕ ਨਾਚ—ਇਕ ਅਧਿਐਨ' ਵਿਚ ਚਲ ਢੱਕੇ ਦੇ ਮਲੰਗੀਰਾਮ, ਹਦੀਆਬਾਦ ਦੇ ਸ਼ਾਹਦੀਨ, ਪੰਡੋਰੀ ਦੇ ਨਥੇ ਤੇ ਗਰੋਏ ਪਿੰਡ ਦੇ ਸਰਵਰੀਏ ਆਦਿ ਨਕਾਲਾਂ ਦਾ ਜ਼ਿਕਰ ਕੀਤਾ ਹੈ ਜੋ ਇਸ ਇਲਾਕੇ ਵਿਚ ਕਦੇ ਬੜੇ ਪ੍ਰਸਿੱਧ ਸਨ। ਗਲਾਸਰੀ ਅਨੁਸਾਰ ਲਾਹੌਰ ਵਿਚ ਨਕਾਲਾਂ ਨੂੰ ਬਾਸ਼ੈਈ ਵੀ ਕਹਿੰਦੇ ਹਨ ਤੇ ਇਨ੍ਹਾਂ ਦੀ ਆਦਤ ਸੀ ਕਿ ਜਦੋਂ ਵੀ ਇਨ੍ਹਾਂ ਨੂੰ ਕੋਈ ਅਮੀਰ ਸ਼ਖ਼ਸ ਜਾਂ ਉੱਚੀ ਪਦਵੀ ਵਾਲਾ ਸ਼ਖ਼ਸ ਮਿਲਦਾ, ਇਹ ਉਸ ਉੱਤੇ ਕਟਾਖਸ਼ ਕਰਦੇ ਰਹਿੰਦੇ ਸਨ ਜਦੋਂ ਤਕ ਉਹ ਉਨ੍ਹਾਂ ਨੂੰ ਕੁਝ ਦਾਨ ਨਾ ਦੇ ਦੇਣ। ਕਈ ਨਕਾਲਾਂ ਦੇ ਆਪਣੇ ਅੱਡੇ ਹੁੰਦੇ ਹਨ ਜਿਨ੍ਹਾਂ ਨੂੰ ਅਖਾੜਾ ਵੀ ਕਿਹਾ ਜਾਂਦਾ ਹੈ। ਇਨ੍ਹਾਂ ਦੀਆਂ ਟੋਲੀਆਂ ਵਿਚ ਸਾਜ਼ਿੰਦੇ, ਨਚਾਰ, ਗਵੱਈਏ ਅਤੇ ਮਸਖ਼ਰੇ ਸ਼ਾਮਲ ਹੁੰਦੇ ਹਨ। ਮੰਡਲੀ ਦੇ ਸਰਦਾਰ ਜਾਂ ਮੁਖੀਏ ਨੂੰ 'ਉਸਤਾਦ' ਕਿਹਾ ਜਾਂਦਾ ਹੈ। ਕੁਝ ਨਕਾਲ ਮਿਰਾਸੀ ਹਨ। ਲੁਧਿਆਣੇ ਵਿਚ ਦੇਸ਼ ਵੰਡ ਤੋਂ ਪਹਿਲਾਂ ਨਕਾਲ ਮਿਰਾਸੀ ਹੱਥ ਵਿੱਚ ਚੁਮੋਟਾ (ਚਮੜੇ ਦਾ ਸੋਨ) ਲੈ ਕੇ ਗਲੀਆਂ ਵਿੱਚ ਘੁੰਮਦੇ ਤੇ ਕਈ ਤਰ੍ਹਾਂ ਦੀਆਂ ਨਕਲਾਂ ਉਤਾਰਦੇ ਸਨ। ਖਾਸ ਤੌਰ ਤੇ ਜੁਲਾਹਿਆਂ ਦੀਆਂ ਨਕਲਾਂ। ਕਿਸੇ ਸਮੇਂ ਗੁੜਗਾਵਾਂ ਦੇ ਨਕਾਲਾਂ ਦੀ ਬੜੀ ਸ਼ਾਨ ਹੁੰਦੀ ਸੀ, ਇਹ ਚੰਗੇ ਰਜੇ ਪੁਜੇ ਲੋਕ ਸਨ ਅਤੇ ਘੋੜੇ ਤੇ ਬਲਦ ਰਖਿਆ ਕਰਦੇ ਤੇ ਉਨ੍ਹਾਂ ਉੱਤੇ ਸਵਾਰੀ ਕਰਕੇ ਮਹੀਨੇ ਵਿੱਚ ਇਕ

ਵਾਰ ਆਲੇ ਦੁਆਲੇ ਦੇ ਪਿੰਡਾਂ ਵਿੱਚ ਫੇਰੀ ਲਗਾਉਂਦੇ ਤੇ ਨਕਲਾਂ ਕਰਕੇ ਲੋਕਾਂ ਨੂੰ ਹਸਾਉਂਦੇ ਪਰਚਾਉਂਦੇ। ਇਨ੍ਹਾਂ ਦੇ ਬੰਧੇਜ ਬੰਨ੍ਹੇ ਹੋਏ ਸਨ। ਪਿਛੋਂ ਉਨ੍ਹਾਂ ਨੇ ਇਹ ਤਰੀਕਾ ਛੱਡ ਦਿੱਤਾ ਅਤੇ ਘੋੜੇ ਤੇ ਕਾਵੇ ਦੀ ਥਾਂ ਨਗਾਰਾ ਰਖਣ ਲੱਗੇ ਜੋ ਕੇਵਲ ਮੰਗਲ ਕਾਰਜਾਂ ਸਮੇਂ ਵਜਾ ਕੇ ਬੰਧੇਜ ਲੈਂਦੇ ਸਨ।

ਅੱਜਕੱਲ੍ਹ ਮਨੋਰੰਜਨ ਦੇ ਹੋਰ ਕਈ ਸਾਧਨ ਆ ਜਾਣ ਕਾਰਨ ਨਕਲ ਅਤੇ ਨਕਾਲ ਅਲੋਪ ਹੋ ਰਹੇ ਹਨ।

ਹ. ਪੁ.— ਲੋਕ ਵਿਚਾਰ ਕੋ; ਪੰ. ਲੋ. ਵਿ. ਕੋ. :1585

ਨਕਾਬ : ਨਕਾਬ ਦੇ ਅਰਥ ਹਨ-ਪਰਦਾ, ਬੁਰਕਾ ਪਾਉਣਾ। ਇਹ ਸ਼ਬਦ ਇਸਲਾਮੀ ਸਮਾਜ ਤੇ ਉਸ ਦੇ ਰਹਿਣ ਸਹਿਣ ਨਾਲ ਜੁੜਿਆ ਹੋਇਆ ਹੈ। ਬਹੁਤੇ ਮੁਸਲਮਾਨ ਨਕਾਬ ਨੂੰ 'ਹਜਾਬ' ਆਖਦੇ ਹਨ ਤੇ ਹਜਾਬ ਸ਼ਬਦ ਕੁਰਆਨ ਮਜੀਦ ਵਿਚ 7 ਵਾਰ ਆਇਆ ਹੈ। ਮੁਸਲਿਮ ਸਮਾਜ ਵਿਚ ਪਰਦੇ (ਨਕਾਬ) ਦੇ ਰਿਵਾਜ ਦੀ ਨੀਂਹ ਕੁਰਆਨ ਮਜੀਦ ਦੀਆਂ ਇਨ੍ਹਾਂ ਆਇਤਾਂ ਉੱਤੇ ਹੈ—19 : 17, 57 : 13, 7 : 46; 42 : 51, 38 : 32, 41 : 5, 17 : 45

ਇਸਲਾਮ ਦੇ ਸ਼ੁਰੂ ਦੇ ਸਮੇਂ ਵਿਚ ਨਕਾਬ ਦੁਪੱਟੇ ਤੇ ਚਾਦਰ ਦੇ ਰੂਪ ਵਿਚ ਸਾਹਮਣੇ ਆਇਆ। ਇਸਤਰੀਆਂ ਕੰਮ ਕਾਰ ਲਈ ਘਰੋਂ ਬਾਹਰ ਵੀ ਜਾਂਦੀਆਂ ਸਨ। ਕਈ ਆਪਣੇ ਮਰਦਾਂ ਦੇ ਕੰਮ ਵਿਚ ਹੱਥ ਵਟਾਉਂਦੀਆਂ ਸਨ ਅਤੇ ਮਸੀਤ ਵਿਚ ਜਾਣਾ ਉਨ੍ਹਾਂ ਲਈ ਵਰਜਿਤ ਨਹੀਂ ਸੀ। ਸਮੇਂ ਦੇ ਨਾਲ ਨਾਲ ਧਾਰਮਿਕ ਵਿਦਵਾਨਾਂ ਨੇ ਪਰਦੇ ਦੇ ਨਿਯਮ ਬਣਾਏ ਅਤੇ ਵਿਦਵਾਨ ਇਕ ਦੂਜੇ ਦੀ ਰਾਏ ਤੋਂ ਭਿੰਨ ਵੀ ਹੋਏ। ਛੇਂਵੀ ਸਦੀ ਤੋਂ ਹੁਣ ਤਕ ਨਕਾਬ ਦੇ ਕਈ ਰੂਪ ਬਦਲਦੇ ਰਹੇ ਹਨ ਜਿਵੇਂ ਕਿਧਰੇ ਇਸ ਨੇ ਕਾਲੇ ਤੇ ਕਿਧਰੇ ਸਫੈਦ ਜਾਂ ਕਿਸੇ ਹੋਰ ਰੰਗ ਦੇ ਬੁਰਕੇ ਦਾ ਰੂਪ ਲੈ ਲਿਆ ਤੇ ਔਰਤਾਂ ਨੇ ਘਰੋਂ ਬਾਹਰ ਨਿਕਲਣਾ ਘੱਟ ਕਰ ਦਿੱਤਾ। ਕੁਝ ਅਸਥਾਨਾਂ ਤੇ ਕੇਵਲ ਮਜ਼ਦੂਰ ਔਰਤ ਹੀ ਘਰ ਤੋਂ ਬਾਹਰ ਜਾ ਕੇ ਕੰਮ ਕਰਦੀ ਸੀ। ਘਰ ਵਿਚ ਬੈਠਣਾ ਤੇ ਪਰਦੇ ਵਿਚ ਰਹਿਣਾ ਉੱਚੇ ਦਰਜੇ ਤੇ ਅਮੀਰੀ ਦੀ ਨਿਸ਼ਾਨੀ ਸਮਝਿਆ ਜਾਣ ਲਗਾ। ਔਰਤ ਮਰਦ ਦੀ ਦੁਨੀਆ ਅਲੱਗ-ਅਲੱਗ ਹੋ ਗਈ। ਨਕਾਬ ਕਾਰਨ ਔਰਤ ਦੀ ਆਜ਼ਾਦੀ ਤੇ ਉਸ ਦੇ ਬਹੁਤ ਸਾਰੇ ਹਕ ਖੁਸ ਗਏ ਪਰ ਇਹ ਇਕ ਸਮਾਜੀ ਰੂਪ ਸੀ ਇਸ ਨੂੰ ਇਸਲਾਮੀ ਰੂਪ ਨਹੀਂ ਆਖਿਆ ਜਾ ਸਕਦਾ।

19ਵੀਂ ਸਦੀ ਵਿਚ ਤੁਰਕੀ ਵਿਚ ਕਈ ਕਿਤਾਬਾਂ ਲਿਖੀਆਂ ਗਈਆਂ ਤੇ ਪਰਦੇ ਦੀ ਇੰਨੀ ਸਖ਼ਤੀ ਨੂੰ ਗ਼ੈਰ- ਇਸਲਾਮੀ ਆਖਿਆ ਗਿਆ। ਮੁਸਲਿਮ ਔਰਤਾਂ ਮਿਸਰ, ਤੁਰਕੀ, ਈਰਾਨ, ਇਰਾਕ, ਅਫ਼ਗਾਨਿਸਤਾਨ, ਪਾਕਿਸਤਾਨ, ਭਾਰਤ ਆਦਿ ਦੇਸ਼ਾਂ ਵਿਚ ਉੱਚ ਪੱਧਰ ਦੀ ਸਿੱਖਿਆ ਪ੍ਰਾਪਤ ਕਰਕੇ ਨੌਕਰੀਆਂ ਕਰਨ ਲੱਗੀਆਂ ਤੇ ਕਈ ਦੂਜੇ ਪੇਸ਼ੇ ਵੀ ਅਪਣਾਏ। ਕਈ ਥਾਂਵਾਂ ਤੇ ਬੁਰਕਾ ਪਾਉਣਾ ਛੱਡ ਦਿੱਤਾ ਗਿਆ। ਉਸ ਦੀ ਥਾਂ ਚਾਦਰ ਜਾਂ ਸ਼ਾਲ ਪਾਈ ਗਈ ਅਤੇ ਕਿਧਰੇ ਕਿਧਰੇ ਇਹ ਵੀ ਛੱਡ ਦਿੱਤਾ ਗਿਆ। ਮੁਸਲਿਮ ਇਸਤਰੀ ਹੱਥ, ਪੈਰ ਤੇ ਮੂੰਹ ਨੂੰ ਛੱਡ ਕੇ ਸਾਰੇ ਸਰੀਰ ਨੂੰ ਕੱਜਣਾ ਹੀ ਪਰਦਾ ਸਮਝਦੀ ਹੈ।

ਨਕਾਬ ਤੇ ਹਜ਼ਾਬ ਦਾ ਭਾਵ ਉਸ ਪਰਦੇ ਤੋਂ ਵੀ ਹੈ ਜਿਸ ਦੇ ਪਿੱਛੇ ਬੈਠ ਕੇ ਖ਼ਲੀਫਾ ਤੇ ਹਾਕਮ ਰਾਜਾ ਆਪਣੇ ਆਪ ਨੂੰ ਛਿਪਾ-ਉਂਦਾ ਸੀ ਤਾਂ ਕਿ ਆਮ ਲੋਕਾਂ ਵਿਚ ਇਕ ਦਬਦਬਾ ਤੇ ਰੋਹਬ ਬਣਿਆ ਰਹੇ। ਇਹ ਰਸਮ ਉੱਤਰੀ ਅਫ਼ਰੀਕਾ ਤੋਂ ਮਿਸਰ ਤਕ ਪੁੱਜੀ। ਫ਼ਾਤਮੀ ਦਰਬਾਰ ਵਿਚ ਇਹ ਰਸਮ ਸੀ ਕਿ ਈਦ ਦੀ ਨਮਾਜ਼ ਪਿੱਛੋਂ ਖ਼ਲੀਫਾ ਤੇ ਦਰਬਾਰੀ ਅਮੀਰ ਮੂੰਹ ਤੇ ਨਕਾਬ ਪਾ ਲੈਂਦੇ ਸਨ ਤੇ ਖ਼ਲੀਫਾ ਬੋਲਣਾ ਸ਼ੁਰੂ ਕਰਦਾ ਸੀ। ਖਤਬੇ ਦੇ ਅੰਤ ਤਕ ਉਹ ਨਕਾਬ ਚੁੱਕ ਲੈਂਦਾ ਸੀ ਅਤੇ ਨਾਲ ਹੀ ਸਾਰੇ ਅਮੀਰ ਵੀ ਨਕਾਬ ਹਟਾ ਦੇਂਦੇ ਸਨ। ਸੂਫ਼ੀ ਨਕਾਬ ਤੇ ਹਜਾਬ ਉਸ ਪਰਦੇ ਨੂੰ ਆਖਦੇ ਹਨ ਜਿਹੜਾ ਮਨੁੱਖ ਅਤੇ ਰੱਬ ਦੇ ਵਿਚਕਾਰ ਹੋਵੇ। "ਇਹ ਕਦੀ ਲੋਭ ਅਤੇ ਕਦੀ ਦੁਨੀਆ ਦਾ ਮੋਹ ਬਣ ਕੇ ਰੱਬ ਦੇ ਨੂਰ ਤੇ ਬੰਦੇ ਦੇ ਵਿਚਕਾਰ ਪਰਦਾ ਬਣ ਜਾਂਦਾ ਹੈ। ਜਦੋਂ ਮੋਹ ਤੇ ਲੋਭ ਤੋਂ ਛੁਟਕਾਰਾ ਹੁੰਦਾ ਹੈ ਤਾਂ 'ਸਤਿ ਦਾ ਜਲਵਾ' ਹੁੰਦਾ ਹੈ। ਪਰਦਾ ਖੁੱਲ੍ਹ ਜਾਂਦਾ ਤੇ ਜਿਸ ਨੂੰ ਰੱਬ ਦੀ ਭਾਲ ਹੈ ਉਸ ਦੀ ਕਾਮਨਾ ਪੂਰੀ ਹੁੰਦੀ ਹੈ" (ਅਲ ਹਜਵੀਰੀ : ਕਸ਼ਫਲ ਮਹਜੂਬ)

ਨਕਾਬ (ਹਜ਼ਾਬ) ਦੇ ਅਰਥ ਇਕ ਮੁਸਲਮਾਨੀ 'ਤਾਵੀਜ਼' ਦੇ ਵੀ ਹਨ, ਕਦੀ ਕੋਈ ਫਕੀਰ ਯਾ ਦਰਵੇਸ਼ ਕਾਗਜ਼ ਦੇ ਇਕ ਟੁਕੜੇ ਉੱਤੇ ਕੁਰਆਨ ਮਜੀਦ ਦੀਆਂ ਕੁਝ ਆਇਤਾਂ ਲਿਖ ਕੇ ਲੋੜਵੰਦ ਨੂੰ ਦੇ ਦੇਂਦੇ ਹਨ ਤਾਂ ਕਿ ਉਹ ਬੀਮਾਰੀ, ਬੇਕਾਰੀ, ਦੁਸ਼ਮਣ ਆਦਿ ਤੋਂ ਮਹਫੂਜ਼ ਰਹੇ ਤੇ ਉਹ ਇਸ ਨੂੰ ਗਲੇ ਵਿਚ ਪਹਿਨਦੇ ਹਨ। ਜੇ. ਚੈਲ੍ਹੱਡ (J. Chelhod) ਦੀ ਰੀਸਰਚ ਨੇ ਦਸਿਆ ਹੈ ਕਿ ਇਰਾਕ ਤੇ ਨਜਫ਼ ਦੇ ਟੱਪਰੀਵਾਸ ਤਾਵੀਜ਼ ਨੂੰ ਹਜਾਬ ਦੇ ਅਰਥਾਂ ਵਿਚ ਲੈਂਦੇ ਹਨ।

ਹ. ਪੁ.—ਕੁਰਆਨ ਮਜੀਦ; ਅਲ ਹਜਵੀਰੀ ਕਸ਼ਫਲ ਮਹਜੂਬ; ਐਮ. ਕਨਾਰਡ, ਸੈਰੀਮੋਨੀਅਲ ਫੈਟੀਮਾਈਟ

—ਤਾਰਿਕ ਕੁਫਾਇਤ ਉੱਲਾ

ਨੱਕੀ ਪੂਰ : ਇਹ ਜੂਏ ਦੀ ਇਕ ਖੇਡ ਹੈ ਜਿਹੜੀ ਕੌਡੀਆਂ, ਗੀਠਿਆਂ, ਕੱਚ ਦੇ ਬਿਲੌਰਾਂ ਤੇ ਅਖਰੋਟਾਂ ਨਾਲ ਖੇਡੀ ਜਾਂਦੀ ਹੈ। ਪਹਿਲਾਂ ਦਾਈ ਮਿਥ ਲਈ ਜਾਂਦੀ ਹੈ। ਆਮ ਤੌਰ ਤੇ ਇਹ ਖੇਡ ਦੋ ਵਿਅਕਤੀ ਖੇਡਦੇ ਹਨ ਪਰ ਇਸ ਤੋਂ ਜ਼ਿਆਦਾ ਵੀ ਇਸ ਖੇਡ ਵਿੱਚ ਸ਼ਾਮਲ ਹੋ ਸਕਦੇ ਹਨ। ਇਕ ਵਿਅਕਤੀ ਕੌਡੀਆਂ, ਗੀਠਿਆਂ ਜਾਂ ਅਖਰੋਟਾਂ ਦੀ ਮੁੱਠ ਭਰ ਕੇ ਉਸ ਨੂੰ ਪੂਰੀ ਤਰ੍ਹਾਂ ਮੀਟ ਅਰਥਾਤ ਘੁਟ ਕੇ ਬੰਦ ਕਰ ਲੈਂਦਾ ਹੈ ਤੇ ਦੂਜੇ ਵਿਅਕਤੀ ਤੋਂ ਪੁੱਛਦਾ ਹੈ ਕਿ 'ਨੱਕੀ ਕਿ ਪੂਰ' (ਇਸ ਖੇਡ ਵਿਚ ਇਸ ਤਰ੍ਹਾਂ ਹੁੰਦਾ ਹੈ ਕਿ ਜੇ ਮੁੱਠੀ ਵਿੱਚ ਬੰਦ ਵਸਤੂ ਦੀ ਗਿਣਤੀ ਦੋ ਉੱਤੇ ਪੂਰੀ ਉਤਰੇ ਤਾਂ ਪੂਰ ਸਮਝਿਆ ਜਾਂਦਾ ਹੈ ਨਹੀਂ ਤਾਂ ਨੱਕੀ। ਦੂਜਾ ਖਿਡਾਰੀ ਅੰਦਾਜ਼ੇ ਨਾਲ ਹੀ ਨੱਕੀ ਜਾਂ ਪੂਰ ਕਹਿ ਦਿੰਦਾ ਹੈ ਜੇ ਉਹ ਖਿਡਾਰੀ ਠੀਕ ਬੁੱਝ ਲਏ ਤਾਂ ਉਹ ਦਾਈ ਜਿੱਤ ਜਾਂਦਾ ਹੈ। ਜਿਹੜਾ ਦਾਈ ਜਿੱਤ ਜਾਏ ਉਹ ਵੀ ਅਗਲੀ ਵਾਰ੍ਹ ਮੁੱਠ ਮੀਟਦਾ ਤੇ ਦੂਜਾ ਖਿਡਾਰੀ ਬੁੱਝਦਾ ਹੈ। ਆਮ ਤੌਰ ਤੇ ਬੱਚੇ ਜਿਸ ਚੀਜ਼ ਨਾਲ ਖੇਡ ਰਹੇ ਹੋਣ ਤਾਂ ਹਰ ਦਾਈ ਲਈ ਇਕ ਕੌਡੀ। ਜੇ ਅਖਰੋਟਾਂ ਨਾਲ ਖੇਡ ਰਹੇ ਹਨ ਤਾਂ ਦਾਈ ਅਖਰੋਟਾਂ ਦੀ। ਵੱਡੇ ਬਜ਼ੁਰਗ ਬੰਦੇ ਪੈਸੇ ਲਗਾ ਕੇ ਵੀ ਖੇਡਦੇ ਹਨ।

ਪਹਿਲਾਂ ਲੋਕ ਦੀਵਾਲੀ ਵਾਲੀ ਰਾਤ ਜਾਂ ਇਕ ਦੋ ਦਿਨ ਪਹਿਲਾਂ ਜੂਆ ਖੇਡਦੇ ਹੁੰਦੇ ਸਨ। ਉਦੋਂ ਨੱਕੀ ਪੂਰ ਆਮ ਖੇਡੀ ਜਾਂਦੀ ਸੀ ਤੇ ਇਸ ਖੇਡ ਵਿਚ ਆਮ ਕਰਕੇ ਅਖਰੋਟਾਂ ਦਾ ਪ੍ਰਯੋਗ ਕਰਦੇ ਸਨ। ਸ਼ਹਿਰਾਂ ਵਿੱਚ ਨੱਕੀ ਪੂਰ ਦਾ ਰਿਵਾਜ ਘੱਟ ਗਿਆ ਹੈ। ਅੱਜ ਕੱਲ੍ਹ ਨੱਕੀ ਪੂਰ ਦੀ ਥਾਂ ਤਾਸ਼ ਨੇ ਲੈ ਲਈ ਹੈ।

ਹ. ਪੁ.— ਪੰ. ਲੋ. ਵਿ. ਕੋ. 1585, ਮ. ਕੋ.

ਨਕੁੰਭ : ਹਰੀਵੰਸ਼ ਪੁਰਾਣ ਅਨੁਸਾਰ ਇਹ ਇਕ ਦੈਂਤ ਸੀ ਜਿਸ ਨੇ ਬ੍ਰਹਮਾ ਕੋਲੋਂ ਇਹ ਵਰ ਪ੍ਰਾਪਤ ਕੀਤਾ ਸੀ ਕਿ ਉਸ ਦੀ ਮੌਤ

ਕੇਵਲ ਵਿਸ਼ਨੂੰ ਦੇ ਹੱਥੋਂ ਹੀ ਹੋਵੇ। ਇਹ ਸ਼ਤਪੁਰ ਦਾ ਰਾਜਾ ਸੀ ਅਤੇ ਕਈ ਜਾਦੂ ਟੂਣੇ ਜਾਣਦਾ ਸੀ। ਜਾਦੂ ਨਾਲ ਇਹ ਆਪਣੀਆਂ ਕਈ ਸ਼ਕਲਾਂ ਬਣਾ ਲੈਂਦਾ ਸੀ ਪਰ ਆਮ ਤੌਰ ਤੇ ਤਿੰਨ ਸ਼ਕਲਾਂ ਹੀ ਬਣਾਉਂਦਾ ਸੀ। ਇਕ ਵਾਰ ਇਸ ਨੇ ਕ੍ਰਿਸ਼ਨ ਦੇ ਮਿੱਤਰ ਬ੍ਰਹਮਦੱਤ ਦੀ ਧੀ ਭਾਨੁਮਤੀ ਨੂੰ ਚੁੱਕ ਲਿਆ। ਬ੍ਰਹਮਦੱਤ ਨੇ ਇਸ ਤੇ ਹਮਲਾ ਕਰਕੇ ਇਸ ਦੇ ਕਈ ਰੂਪਾਂ ਵਿਚ ਇਸ ਨੂੰ ਕਈ ਵਾਰ ਮਾਰਿਆ ਪਰ ਅਸਲ ਵਿਚ ਇਹ ਕ੍ਰਿਸ਼ਨ ਜੀ ਹੱਥੋਂ ਹੀ ਮਾਰਿਆ ਗਿਆ। ਇਸ ਨੂੰ ਮਾਰਨ ਉਪਰੰਤ ਕ੍ਰਿਸ਼ਨ ਜੀ ਨੇ ਇਸ ਦਾ ਰਾਜ ਬ੍ਰਹਮਦੱਤ ਨੂੰ ਦੇ ਦਿੱਤਾ।

2. ਕੁੰਭਕਰਣ ਦੇ ਇਕ ਪੁੱਤਰ ਦਾ ਨਾਂ ਵੀ ਨਕੁੰਭ ਸੀ ਜਿਸ ਨੇ ਰਾਮ ਚੰਦਰ ਜੀ ਨਾਲ ਲੜਾਈ ਕੀਤੀ ਅਤੇ ਹਨੂਮਾਨ ਦੇ ਹੱਥੋਂ ਮਾਰਿਆ ਗਿਆ।

ਹ. ਪੁ. – ਮ. ਕੋ : 705; ਹਿੰ. ਮਿ. ਕੋ : 332

ਨਕੁਲ : ਰਾਜਾ ਪਾਂਡੂ ਦੀ ਦੂਜੀ ਰਾਣੀ ਮਾਦਰੀ ਦੇ ਜੋੜੇ ਪੁੱਤਰਾਂ ਵਿਚੋਂ ਇਕ ਅਤੇ ਪੰਜਾਂ ਪਾਂਡਵਾਂ ਵਿਚੋਂ ਚੌਥੇ ਨੰਬਰ ਤੇ ਸੀ। ਕਿਹਾ ਜਾਂਦਾ ਹੈ ਕਿ ਇਹ ਅਸ਼ਵਨੀ ਕੁਮਾਰ ਸੀ ਅਤੇ ਆਸ਼ਿਵਨ ਨਾਸਤਯ ਦਾ ਪੁੱਤਰ ਸੀ। ਇਸ ਨੇ ਦਰੋਣਾਚਾਰਯ ਕੋਲੋਂ ਘੋੜਿਆਂ ਨੂੰ ਸਿਧਾਉਣ ਅਤੇ ਇਲਾਜ ਕਰਨ ਦੀ ਵਿਦਿਆ ਸਿੱਖੀ। ਪਾਂਡਵਾਂ ਦੇ ਬਣਵਾਸ ਸਮੇਂ ਇਹ ਰਾਜਾ ਵਿਰਾਟ ਕੋਲ ਘੋੜਿਆਂ ਦੀ ਦੇਖ ਭਾਲ ਕਰਦਾ ਸੀ। ਇਸ ਦਾ ਗੁਪਤ ਨਾਂ ਜਯਤਸੇਨ ਸੀ।

ਯੁਧਿਸ਼ਟਰ ਵਲੋਂ ਹਸਤਨਾਪੁਰ ਦਾ ਰਾਜਾ ਬਣਨ ਤੇ ਇਸ ਨੂੰ ਸੈਨਾਪਤੀ ਬਣਾਇਆ ਗਿਆ। ਰਾਜ ਭਾਗ ਤਿਆਗਣ ਮਗਰੋਂ ਜਦੋਂ ਪਾਂਡਵ ਹਿਮਾਲਾ ਪਰਬਤ ਪਾਰ ਕਰ ਰਹੇ ਸਨ ਤਾਂ ਦਰੋਪਦੀ ਤੋਂ ਮਗਰੋਂ ਨਕੁਲ ਦੀ ਮੌਤ ਹੋ ਗਈ। ਉਸ ਸਮੇਂ ਇਸ ਦੀ ਉਮਰ 105 ਸਾਲ ਸੀ।

ਇਸ ਦੀ ਰਾਣੀ ਦਾ ਨਾਂ ਕਰੁਣਮਤੀ ਅਤੇ ਪੁੱਤਰ ਦਾ ਨਾਂ ਗਿਰਮਿੱਤਰ ਸੀ। ਇਸ ਦੇ ਨਾਂ ਤੇ 'ਵੈਦਯਕ ਸਰਵਸਵੰ' ਨਾਂ ਦਾ ਗ੍ਰੰਥ ਵੀ ਉਪਲੱਬਧ ਹੈ।

ਹ. ਪੁ.–ਹਿੰ. ਵਿ. ਕੋ. 6 : 218 ; ਹਿੰ. ਮਿ. ਕੋ. : 319; ਪ੍ਰਾ. ਚ. ਕੋ. 3:38

ਨਕੁਰ : ਇਹ ਭਾਰਤ ਦੇ ਉੱਤਰ ਪ੍ਰਦੇਸ਼ ਰਾਜ ਦੇ ਸਹਾਰਨਪੁਰ ਜ਼ਿਲ੍ਹੇ ਦੀ ਇਸ ਹੀ ਨਾਂ ਦੀ ਤਹਿਸੀਲ ਦਾ ਸਦਰ ਮੁਕਾਮ ਹੈ। ਇਸ ਸ਼ਹਿਰ ਨੂੰ ਪਾਂਡਵਾਂ ਦੇ ਇਕ ਭਰਾ, ਨਕੁਲ ਨੇ ਵਸਾਇਆ ਸੀ ਅਤੇ ਉਸੇ ਦੇ ਨਾਂ ਤੇ ਇਸ ਸ਼ਹਿਰ ਦਾ ਨਾਂ ਰੱਖਿਆ ਗਿਆ। ਵਿਦਰੋਹ ਕਾਰਨ ਇਸ ਸ਼ਹਿਰ ਦਾ ਬਹੁਤ ਨੁਕਸਾਨ ਹੋਇਆ ਅਤੇ ਗੁਜਰਾਂ ਦੀ ਇਕ ਪਾਰਟੀ ਨੇ ਇਸ ਸ਼ਹਿਰ ਨੂੰ ਜਲਾ ਦਿੱਤਾ। ਇਥੇ ਵਪਾਰ ਬਹੁਤ ਘੱਟ ਹੁੰਦਾ ਹੈ।

ਆਬਾਦੀ– 15, 182 (1991)

29° 56′ ਉ. ਵਿਥ.; 77° 18′ ਪੂ. ਲੰਬ

ਹ. ਪੁ.–ਇੰਪ. ਗ. ਇੰਡ 18 : 336

ਨਕੋਸਾਈ, ਲੀਵਿਸ : ਦੱਖਣੀ ਅਫ਼ਰੀਕਾ ਦੇ ਇਸ ਲੇਖਕ, ਪੱਤਰਕਾਰ, ਆਲੋਚਕ ਅਤੇ ਪ੍ਰਚਾਰਕ ਦਾ ਜਨਮ 5 ਦਸੰਬਰ, 1936 ਨੂੰ ਨਟਾਲ ਵਿਚ ਡਰਬਨ ਵਿਖੇ ਹੋਇਆ। ਸਿੱਖਿਆ ਪ੍ਰਾਪਤ ਕਰਨ ਮਗਰੋਂ ਇਹ ਪੱਤਰਕਾਰ ਬਣ ਗਿਆ। ਇਸ ਨੇ ਸਪਤਾਹਕ 'Ilanga lase Natal,' 'drum' ਰਸਾਲੇ ਅਤੇ ਐਤਵਾਰ ਨੂੰ ਨਿਕਲਣ ਵਾਲੇ ਅਖ਼ਬਾਰ 'ਗੋਲਡਨ ਸਿਟੀ ਪੋਸਟ' ਵਿਚ ਕੰਮ ਕੀਤਾ। ਸੰਨ 1961 ਵਿਚ ਇਹ ਹਾਰਵਰਡ ਯੂਨੀਵਰਸਿਟੀ ਵਿਚ ਪੱਤਰਕਾਰੀ ਦਾ ਅਧਿਐਨ ਕਰਨ ਚਲਾ ਗਿਆ। ਸਿੱਟੇ ਵਜੋਂ ਇਸ ਨੂੰ ਦੱਖਣੀ ਅਫ਼ਰੀਕਾ ਤੋਂ ਕੱਢ ਦਿੱਤਾ ਗਿਆ। ਉਸ ਤੋ ਮਗਰੋਂ ਇਹ ਸੰਯੁਕਤ ਰਾਜ ਅਮਰੀਕਾ ਅਤੇ ਬਰਤਾਨੀਆ ਦੇ ਮੈਗਜ਼ੀਨਾਂ ਲਈ ਅਤੇ 'ਦਾ ਨਿਊ ਯਾਰਕਰ' ਵਰਗੇ ਅਫ਼ਰੀਕੀ ਰਸਾਲਿਆਂ ਲਈ ਲਿਖਦਾ ਰਿਹਾ। ਸੰਨ 1965 ਵਿਚ ਇਸ ਦੇ ਆਲੋਚਨਾਤਮਕ ਲੇਖ 'ਹੋਮ ਐਂਡ ਐਕਜ਼ਾਈਲ' ਸੰਗ੍ਰਹਿ ਅਧੀਨ ਛਪੇ।

ਸੰਨ 1964 ਵਿਚ ਲਿਖੇ ਆਪਣੇ ਨਾਟਕ 'ਦਾ ਰਿਦ੍ਹਮ ਆੱਫ ਵਾੱਇਲੈਂਸ' ਵਿਚ ਨਕੋਸਾਈ ਨੇ ਜੋਹੰਸਬਰਗ ਖੇਤਰ ਦੇ ਨਸਲੀ ਵਿਤਕਰੇ ਬਾਰੇ ਉਲੇਖ ਕੀਤਾ ਹੈ। ਸੰਨ 1965 ਤੋਂ 1968 ਤਕ ਇਹ 'ਦਾ ਨਿਊ ਅਫ਼ਰੀਕਨ' ਦਾ ਸਾਹਿਤਕ ਸੰਪਾਦਕ ਲਗਿਆ ਰਿਹਾ। ਇਸ ਨੇ ਬੀ. ਬੀ. ਸੀ. ਰੇਡੀਓ ਅਤੇ ਨਿਊਯਾਰਕ ਟੈਲੀਵਿਜ਼ਨ ਲਈ ਵੀ ਲਿਖਿਆ ਹੈ। ਸੰਨ 1971 ਵਿਚ ਇਸ ਦਾ ਇਕ ਰੇਡੀਓ ਨਾਟਕ 'ਵੀ ਕਾਂਟ ਆੱਲ ਬੀ ਮਾਰਟਿਨ ਲੂਥਰ ਕਿੰਗ' ਬੀ. ਬੀ. ਸੀ. ਲੰਡਨ ਤੋਂ ਪ੍ਰਸਾਰਿਤ ਹੋਇਆ। ਇਸ ਦੀਆਂ ਪ੍ਰਸਿੱਧ ਪੁਸਤਕਾਂ ਵਿਚ 'ਦੀ ਟ੍ਰਾਂਸਪਲਾਂਟਿਡ ਹਾਰਟ' (1975) ਅਤੇ 'ਟਾਸਕਸ ਐਂਡ ਮਾਰਕਸ : ਥੀਮਜ਼ ਐਂਡ ਸਟਾਈਲਜ਼ ਆੱਫ਼ ਅਫਰੀਕਨ ਲਿਟਰੇਚਰ' (1981) ਸ਼ਾਮਲ ਹਨ।

ਹ. ਪੁ.– ਐਨ. ਬ੍ਰਿ. ਮਾ. 8 : 735

ਨਕੋਦਰ : ਤਹਿਸੀਲ–ਇਹ ਪੰਜਾਬ ਦੇ ਜਲੰਧਰ ਜ਼ਿਲ੍ਹੇ ਦੀ ਇਕ ਪੱਛਮੀ ਤਹਿਸੀਲ ਹੈ ਜਿਹੜੀ ਸਤਲੁਜ ਦਰਿਆ ਦੇ ਉੱਤਰੀ ਕੰਢੇ ਉੱਤੇ ਸਥਿਤ ਹੈ। ਇਸ ਦਾ ਖੇਤਰਫਲ ਲ. 597 ਵ. ਕਿ. ਮੀ. (371 ਵ. ਮੀਲ) ਹੈ ਅਤੇ ਇਸ ਦੀ ਆਬਾਦੀ 31, 5910 (1991) ਹੈ। ਇਸ ਤਹਿਸੀਲ ਦੇ ਅਧੀਨ 333 ਪਿੰਡ ਆਉਂਦੇ ਹਨ। ਦਰਿਆ ਦੇ ਸੱਜੇ ਕੰਢੇ ਦੇ ਨਾਲ-ਨਾਲ ਨੀਵੀਆਂ ਥਾਵਾਂ ਵਿਚ ਲਗਭਗ 11 ਕਿ. ਮੀ. (7 ਮੀਲ) ਤੱਕ ਕਛਾਰੀ ਮਿੱਟੀ ਮਿਲਦੀ ਹੈ। ਕਣਕ, ਗੰਨਾ, ਝੋਨਾ ਇੱਥੇ ਦੀਆਂ ਪ੍ਰਮੁੱਖ ਫ਼ਸਲਾਂ ਹਨ।

30° 56′ ਉ. ਵਿਥ. ਤੋਂ 31° 51' ਉ. ਵਿਥ;

75° 5' ਪੂ. ਲੰਬ ਤੋਂ 75° 37' ਪੂ. ਲੰਬ.

ਹ. ਪੁ.–ਇੰਪ. ਗ. ਇੰਡ. 18 : 335

ਨਕੋਦਰ : ਇਹ ਭਾਰਤ ਦੇ ਪੰਜਾਬ ਰਾਜ ਦੇ ਜਲੰਧਰ ਜ਼ਿਲ੍ਹੇ ਵਿਚ ਇਸੇ ਹੀ ਨਾਂ ਦੀ ਸਬ-ਡਵੀਜ਼ਨ ਅਤੇ ਤਹਿਸੀਲ ਦਾ ਸਦਰ ਮੁਕਾਮ ਹੈ ਜੋ ਉੱਤਰੀ ਰੇਲਵੇ ਦੀ ਜਲੰਧਰ ਸਿਟੀ-ਨਕੋਦਰ ਲਾਈਨ ਅਤੇ ਲੋਹੀਆਂ ਖਾਸ-ਨਕੋਦਰ-ਲੁਧਿਆਣਾ ਰੇਲਵੇ ਲਾਈਨ ਉੱਤੇ ਜਲੰਧਰ ਸ਼ਹਿਰ ਤੋਂ 24 ਕਿ. ਮੀ. (15 ਮੀਲ) ਦੀ ਦੂਰੀ ਤੇ ਸਥਿਤ ਹੈ। ਇਹ ਰੇਲ ਅਤੇ ਸੜਕ ਦੁਆਰਾ ਜਲੰਧਰ, ਫਿਲੌਰ, ਸੁਲਤਾਨਪੁਰ ਅਤੇ ਫਿਲੌਰ ਨਾਲ ਸਿਧੇ ਤੌਰ ਦੇ ਜੁੜਿਆ ਹੋਇਆ ਹੈ। ਇਕ ਜ਼ਿਕਰ ਅਨੁਸਾਰ ਆਰੰਭ ਵਿਚ ਇਸ ਉੱਤੇ ਕੰਬੋਆਂ ਦਾ ਕਬਜ਼ਾ ਹੁੰਦਾ ਸੀ। ਇਕ ਹੋਰ ਰਵਾਇਤ ਅਨੁਸਾਰ ਨਕੋਦਰ ਖ਼ਾਂ ਨਾਂ ਦਾ ਇਕ ਅਫ਼ਗਾਨ ਇਸ ਸ਼ਹਿਰ ਦਾ ਬਾਨੀ ਸੀ। ਇਕ ਹੋਰ ਵਰਣਨ ਅਨੁਸਾਰ ਜਦੋਂ ਮੰਜ ਰਾਜਪੂਤਾਂ ਨੇ ਸਤਲੁਜ ਦਰਿਆ ਨੂੰ ਪਾਰ ਕੀਤਾ ਸੀ ਤਾਂ ਉਸ ਵੇਲੇ ਮਲਿਕ ਨਕੋਦਰ ਖ਼ਾਂ (ਤਲਵਾਨ ਦੇ ਰਾਏ ਇਜ਼ਤ ਦਾ ਭਰਾ) ਜੋ ਬਾਬਾ ਮਲਿਕ ਵਜੋਂ ਪ੍ਰਸਿੱਧ ਸੀ, ਨੇ ਨਕੋਦਰ ਸ਼ਹਿਰ ਦੀ ਬੁਨਿਆਦ ਰੱਖੀ

ਸੀ। ਬਾਬਾ ਮਲਿਕ ਮੰਜ ਦੀ ਮਜ਼ਾਰ ਅੱਜ ਵੀ ਸ਼ਹਿਰ ਦੇ ਅੰਦਰ ਮੌਜੂਦ ਹੈ। ਨਕੋਦਰ ਸ਼ਬਦ ਫ਼ਾਰਸੀ ਦੇ ਦੋ ਸ਼ਬਦਾਂ ਨੇਕੀ ਦਰ ਦਾ ਵਿਗੜਿਆ ਹੋਇਆ ਰੂਪ ਹੈ ਜਿਸ ਦਾ ਭਾਵ ਹੈ ਨੇਕੀ ਦਾ ਦਰਵਾਜ਼ਾ। ਚੌਥੇ ਵਰਣਨ ਅਨੁਸਾਰ ਇਸ ਸ਼ਹਿਰ ਦੀ ਨੀਂਹ ਮੁਗਲਾਂ ਦੇ ਇਕ ਨਿਕੂਦਰੀ ਲਸ਼ਕਰ ਨੇ ਰੱਖੀ ਸੀ। ਆਈਨੇ ਅਕਬਰੀ ਅਨੁਸਾਰ ਇਸ ਉੱਤੇ ਮਾਈਂ ਰਾਜਪੂਤਾਂ ਦਾ ਵੀ ਕਬਜ਼ਾ ਰਿਹਾ ਸੀ। ਤਾਰਾ ਸਿੰਘ ਘੇਬਾ ਨੇ ਉਨ੍ਹਾਂ ਨੂੰ ਉਥੋਂ ਕੱਢ ਦਿੱਤਾ ਸੀ ਅਤੇ ਇਥੇ ਇਕ ਕਿਲਾ ਬਣਾਇਆ। ਪ੍ਰਤੱਖ ਰੂਪ ਵਿਚ ਇਹ ਨਾਂ ਮੰਜ ਰਾਜਪੂਤਾਂ ਲਈ ਹੀ ਭੁਲੇਖੇ ਨਾਲ ਵਰਤਿਆ ਗਿਆ ਹੈ ਅਤੇ ਇਹ ਉਨ੍ਹਾਂ ਦੇ ਇਲਾਕੇ ਦੀ ਇਕ ਸਬ ਡਵੀਜ਼ਨ ਹੁੰਦਾ ਸੀ ਅਤੇ ਇਸ ਨੂੰ ਇਕ ਵੱਡੇ ਇਲਾਕੇ ਦਾ ਕੇਂਦਰ ਬਣਾ ਦਿੱਤਾ ਸੀ। ਸੰਨ 1816 ਵਿਚ ਮਹਾਰਾਜਾ ਰਣਜੀਤ ਸਿੰਘ ਨੇ ਇਸ ਨੂੰ ਆਪਣੇ ਕਬਜ਼ੇ ਵਿਚ ਲੈ ਲਿਆ। ਅੰਗਰੇਜ਼ੀ ਸਾਮਰਾਜ ਸਮੇਂ ਪਹਿਲੀ ਐਂਗਲੋ-ਸਿੱਖ ਜੰਗ ਤੋਂ ਬਾਅਦ ਅੰਗਰੇਜ਼ੀ ਰਾਜ ਸਥਾਪਤ ਹੋਣ ਤੇ ਇਥੇ ਇਕ ਛਾਉਣੀ ਸਥਾਪਿਤ ਕੀਤੀ ਗਈ ਸੀ ਜੋ 1854 ਈ. ਵਿਚ ਖਤਮ ਕਰ ਦਿੱਤੀ ਗਈ।

ਸ਼ਹਿਰ ਦੇ ਬਾਹਰਵਾਰ 1612 ਈ. ਅਤੇ 1617 ਈ. ਦੇ ਬਣੇ ਹੋਏ ਦੋ ਸ਼ਾਨਦਾਰ ਮੁਸਲਿਮ ਮਜ਼ਾਰ ਹਨ ਜਿਨ੍ਹਾਂ ਦੀ ਰਾਸ਼ਟਰੀ ਯਾਦਗਾਰ ਵਜੋਂ ਪੁਰਾਤੱਤਵ ਵਿਭਾਗ ਦੁਆਰਾ ਸੰਭਾਲ ਕੀਤੀ ਜਾਂਦੀ ਹੈ। ਇਹ ਦੋਵੇਂ ਮਜ਼ਾਰਾਂ ਬਾਹਰੋਂ ਚਮਕਦਾਰ ਟਾਈਲਾਂ ਨਾਲ ਵੱਖ-2 ਤਰੀਕਿਆਂ ਨਾਲ ਸਜਾਈਆਂ ਹੋਈਆਂ ਹਨ। ਕਿਹਾ ਜਾਂਦਾ ਹੈ ਕਿ ਇਕ ਮਜ਼ਾਰ (1612) ਮੁਹੰਮਦ ਮੋਮਿਨ ਹੁਸੈਨੀ ਉਰਫ਼ ਹਾਫ਼ੀਜ਼ਕ ਦਾ ਹੈ ਜਿਹੜਾ ਖ਼ਾਨ-ਖਾਨਾਂ ਦੀ ਸੇਵਾ ਵਿਚ ਇਕ ਸੰਗੀਤਕਾਰ ਅਤੇ ਤੰਬੂਰਾ ਵਾਦਕ ਸੀ। ਦੂਜੀ ਮਜ਼ਾਰ (1637) ਮੁਹੰਮਦ ਮੋਮਿਨ ਹੁਸੈਨੀ ਦੇ ਸ਼ਾਗਿਰਦ ਹਾਜ਼ੀ ਜਮਾਲ ਦੀ ਹੈ। ਇਨ੍ਹਾਂ ਮਜ਼ਾਰਾਂ ਦੇ ਪੂਰਬ ਵੱਲ ਦੋ ਪ੍ਰਵੇਸ਼-ਦੁਆਰ ਹਨ। ਪੂਰਬੀ ਪ੍ਰਵੇਸ਼-ਦੁਆਰ ਦੇ ਨੇੜੇ ਇਕ ਰੈਸਟ ਹਾਊਸ ਬਣਾਇਆ ਗਿਆ ਹੈ। ਮਜ਼ਾਰਾਂ ਦੇ ਉੱਤਰ ਵੱਲ ਇਕ ਤਲਾਬ ਹੈ। ਕਿਹਾ ਜਾਂਦਾ ਹੈ ਕਿ ਇਸ ਤਲਾਬ ਦੀਆਂ ਇੱਟਾਂ ਨੂੰ ਅੰਗਰੇਜ਼ਾਂ ਨੇ ਨਕੋਦਰ ਵਿਚ ਇਕ ਛਾਉਣੀ ਸਥਾਪਤ ਕਰਨ ਲਈ ਵਰਤਿਆ ਸੀ। ਤਲਾਬ ਦੇ ਇਕ ਪਾਸੇ ਵਾਲੀ ਇਮਾਰਤ ਵਿਚ ਸਬ-ਜੱਜ ਕਮ ਜੁਡੀਸ਼ਲ ਮੈਜਿਸਟ੍ਰੇਟ ਦੀ ਅਦਾਲਤ ਸਥਾਪਿਤ ਹੈ। ਤਲਾਬ ਤੋਂ ਹਟ ਕੇ ਇਕ ਬਾਰਾਂਦਰੀ ਹੈ ਜਿਸ ਵਿਚ ਬਹਾਦਰ ਖ਼ਾਂ ਦਾ ਮਕਬਰਾ ਹੈ, ਜਿਸ ਦੀ ਜਹਾਂਗੀਰ ਦੇ ਰਾਜ-ਕਾਲ ਦੌਰਾਨ ਹੀ ਮੌਤ ਹੋ ਗਈ ਸੀ। ਇਸ ਤੋਂ ਇਲਾਵਾ ਇਥੇ ਇਕ ਪੁਰਾਣੀ ਮਸਜਿਦ ਵੀ ਹੈ ਜੋ ਕਿ ਹੁਣ ਬਹੁਤ ਖਸਤਾ ਹਾਲਤ ਵਿਚ ਹੈ।

ਨਕੋਦਰ-ਕਪੂਰਥਲਾ ਸੜਕ ਉੱਤੇ ਪੈਂਦੇ ਪਿੰਡ ਜਹਾਂਗੀਰ ਨੇੜੇ ਦੱਖਣੀ ਸਰਾਏ ਹੈ ਜੋ ਨਕੋਦਰ ਤੋਂ 8 ਕਿ. ਮੀ. ਦੀ ਦੂਰੀ ਤੇ ਸਥਿਤ ਹੈ। ਇਸ ਨੂੰ ਇਕ ਕਿਲੇ ਦੇ ਰੂਪ ਵਿਚ ਸ਼ਹਿਨਸ਼ਾਹ ਜਹਾਂਗੀਰ ਨੇ ਬਣਵਾਇਆ ਸੀ ਪਰ ਸ਼ਾਹਜਹਾਨ ਨੇ ਆਪਣੇ ਸਮੇਂ ਵਿਚ ਇਸ ਨੂੰ ਸਰਾਂ ਵਿਚ ਤਬਦੀਲ ਕਰ ਦਿੱਤਾ ਸੀ। ਇਹ ਮੁਸਲਿਮ ਸ਼ੈਲੀ ਦੀ ਬਣੀ ਹੋਈ ਹੈ।

ਇਥੇ ਤਿੰਨ ਡਿਗਰੀ ਕਾਲਜ ਹਨ, ਤਿੰਨ ਹਾਈ/ਹਾਇਰ ਸੈਕੰਡਰੀ ਸਕੂਲ (2 ਲੜਕਿਆਂ ਲਈ ਅਤੇ ਇਕ ਲੜਕੀਆਂ ਲਈ), ਤਿੰਨ ਪ੍ਰਾਇਮਰੀ ਸਕੂਲ, ਇਕ ਉਦਯੋਗਿਕ ਸਿਖਲਾਈ ਕੇਂਦਰ, ਇਕ ਕਾਰੀਗਰੀ ਸਿਖਲਾਈ ਕੇਂਦਰ, ਖਾਦੀ ਮੰਡਲ, ਸਿਵਲ ਹਸਪਤਾਲ, ਡੰਗਰਾਂ ਦਾ ਹਸਪਤਾਲ, ਤਿੰਨ ਸਬ-ਪੋਸਟ ਆਫ਼ਿਸ ਅਤੇ ਡਾਕ ਅਤੇ ਤਾਰ ਵਿਭਾਗ ਦਾ ਸਾਂਝਾ ਦਫ਼ਤਰ, ਟੈਲੀਫ਼ੋਨ ਐਕਸਚੇਂਜ, ਪੁਲਿਸ ਸਟੇਸ਼ਨ ਅਤੇ ਪੀ. ਡਬਲਯੂ. ਡੀ. ਦਾ ਰੈਸਟ ਹਾਊਸ ਵੀ ਹਨ। ਇਹ ਸ਼ਹਿਰ ਦਰੀਆਂ ਅਤੇ ਖਾਦੀ ਦੀਆਂ ਬਣੀਆਂ ਚੀਜ਼ਾਂ ਲਈ ਪ੍ਰਸਿੱਧ ਹੈ। ਇਹ ਦੂਜੇ ਦਰਜੇ ਦੀ ਮਿਉਂਸਪਲ ਕਮੇਟੀ ਹੈ।

ਆਬਾਦੀ-31,422 (2001)

31° 8′ ਉ. ਵਿਥ.; 75° 29′ ਪੂ. ਲੰਬ.

ਹ. ਪੁ.-ਇੰਪ. ਗ. ਇੰਡ. 18 335; ਗਜ. ਇੰਡ. 497-98 ਜਲੰਧਰ

ਨਖਸ਼ਿਖ ਵਰਣਨ : ਨਾਇਕ ਅਤੇ ਵਿਸ਼ੇਸ਼ ਕਰਕੇ ਨਾਇਕਾ ਦੇ ਪੈਰਾਂ ਦੇ ਨੱਖਾਂ ਅਰਥਾਤ ਨਹੁੰਆਂ ਤੋਂ ਲੈ ਕੇ ਸਿਰ ਦੀ ਸ਼ਿਖਾ ਭਾਵ ਚੋਟੀ ਦੇ ਸਾਰੇ ਅੰਗਾਂ, ਉਪਾਗਾਂ ਭਾਵ ਕੱਦ-ਕਾਠ, ਰੰਗ-ਰੂਪ, ਨੈਣ-ਨਕਸ਼, ਚਿਹਨ-ਚੱਕਰ ਆਦਿ ਦਾ ਸ਼ਬਦ - ਚਿੱਤਰਾਂ ਦੁਆਰਾਂ ਬੜੇ ਕਲਾਤਮਕ ਤੇ ਸੁੰਦਰ ਢੰਗ ਨਾਲ ਕੀਤਾ ਜਾਂਦਾ ਵਰਣਨ ਹੈ ਜਿਸ ਦੀ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਖਾਸ ਤੌਰ ਤੇ ਪੰਜਾਬੀ ਕਿੱਸਾ ਕਾਵਿ ਵਿਚ ਬਹੁਤਾਤ ਹੈ। ਉਰਦੂ—ਫ਼ਾਰਸੀ ਕਾਵਿ ਵਿਚ ਨਖਸ਼ਿਖ ਵਰਗੀ ਕਾਵਿ-ਰੀਤੀ ਨੂੰ ਖ਼ਤੋਪਾਲ ਅਤੇ ਖ਼ਦੋਖਾਲ ਆਖਦੇ ਹਨ। 'ਨਕਸ਼ੋ ਨਗਾਰ' ਅਤੇ 'ਸਰਾਪਾ' ਸ਼ਬਦ ਵੀ ਕੁਝ ਇਸ ਤਰ੍ਹਾਂ ਦੀ ਹੀ ਭਾਵਨਾ ਪ੍ਰਗਟ ਕਰਦੇ ਹਨ। ਪ੍ਰਾਚੀਨ ਪਰੰਪਰਾ ਅਨੁਸਾਰ ਕੇਵਲ ਦੈਵੀ ਨਾਇਕਾਵਾਂ ਦੇ ਨਖਸ਼ਿਖ ਨੂੰ ਹੀ ਨਖਸ਼ਿਖ ਵਾਲੇ ਕ੍ਰਮ ਰਾਹੀਂ ਵਰਣਨ ਕੀਤਾ ਜਾਂਦਾ ਸੀ ਪਰ ਸਾਧਾਰਣ ਨਾਇਕਾਵਾਂ ਦੇ ਅੰਗ ਦਰਪਣ ਨੂੰ ਸ਼ਿਖਾ ਤੋਂ ਆਰੰਭ ਕਰਕੇ ਪੈਰ ਦੇ ਨਾਖੁਨ ਤੱਕ ਚਿਤਰਿਆ ਜਾਂਦਾ ਸੀ ਅਤੇ ਇਸ ਦਾ ਨਾਂ ਸ਼ਿਖ ਨਖ਼ ਸੀ। ਬਾਅਦ ਵਿਚ ਰੀਤੀ ਕਾਵਿ ਦੇ ਕਵੀਆਂ ਨੇ ਸਾਧਾਰਣ ਨਾਇਕਾ ਦੇ ਅੰਗ ਚਿਤਰਣ ਨੂੰ ਵੀ ਨਖਸ਼ਿਖ ਕਹਿਣਾ ਆਰੰਭ ਕਰ ਦਿੱਤਾ।

ਨਖਸ਼ਿਖ ਵਰਣਨ ਸੁੰਦਰ ਉਪਮਾਵਾਂ ਅਤੇ ਰੂਪਕਾਂ ਰਾਹੀਂ ਅਲੰਕ੍ਰਿਤ ਸ਼ੈਲੀ ਵਿਚ ਪੇਸ਼ ਕੀਤਾ ਜਾਂਦਾ ਹੈ। ਨਖਸ਼ਿਖ ਚਿਤ੍ਰਣ ਸਮੇਂ ਕਵੀ ਨਾਇਕ ਜਾਂ ਨਾਇਕਾ ਦਾ ਅਸਲ ਮੂੰਹ ਮੁਹਾਂਦਰਾ ਯਥਾਰਥ ਰੂਪ ਸ਼ਬਦ ਛੋਹਾਂ ਨਾਲ ਫੋਟੋਗਰਾਫੀ ਵਾਂਗ ਨਹੀਂ ਚਿਤਰ ਰਿਹਾ ਹੁੰਦਾ ਸਗੋਂ ਇਸ ਵਿਚ ਕਵੀ ਦੇ ਮਨ-ਅੰਤਰ ਵਿਚ ਸਮਾਈ ਹੋਈ ਹੁਸਨ, ਸੁਹਜ ਤੇ ਸੁੰਦਰਤਾ ਦੀ ਆਦਰਸ਼ ਮੂਰਤੀ ਹੀ ਮੂਰਤੀਮਾਨ ਹੁੰਦੀ ਹੈ। ਇਹ ਕਵੀ ਹੁਸਨ ਅਤੇ ਸੁੰਦਰਤਾ ਦੇ ਵਰਣਨ ਸਮੇਂ ਮਨੁੱਖੀ ਵਿਰਸੇ ਦੇ ਅਨੁਭਵ ਅਤੇ ਸੌਂਦਰਯ ਬੋਧ ਨੂੰ ਪਰੋਖ ਰੂਪ ਵਿਚ ਵਰਤ ਰਿਹਾ ਹੁੰਦਾ ਹੈ। ਨਖਸ਼ਿਖ ਵਰਣਨ ਕਰਦਿਆਂ ਕਵੀ ਪ੍ਰਕ੍ਰਿਤੀ ਵਿਚੋਂ ਤਿਲ-ਤਿਲ ਜਿੰਨੀ ਸਾਰੀ ਸੁੰਦਰਤਾ ਨੂੰ ਚੁਣ-ਚੁਣ ਕੇ ਆਪਣੀ ਸੂਝ, ਸਮਝ, ਸਮਰਥਾ ਨਾਲ ਨਾਇਕਾ ਦੇ ਰੂਪ ਨੂੰ ਉਸਾਰਦਾ ਹੈ। ਇਸ ਵਿਚ ਨਾਇਕਾ ਨੂੰ ਜੋ ਕੁਝ ਉਹ ਹੈ ਉਹੀ ਨਹੀਂ ਚਿਤਰਿਆਂ ਜਾਂਦਾ ਸਗੋਂ ਜੋ ਕੁਝ ਚਾਹੁੰਦਾ ਹੈ ਜਾਂ ਹੋਣਾ ਚਾਹੀਦਾ ਹੈ ਜਾਂ ਜੋ ਕੁਝ ਹੋ ਸਕਦਾ ਹੈ ਨੂੰ ਵੀ ਸ਼ਾਮਲ ਕੀਤਾ ਜਾਂਦਾ ਹੈ। ਨਖਸ਼ਿਖ ਚਿਤਰਣ ਸਮੇਂ ਕਵੀ ਆਪਣੇ ਕਾਲ ਦੀਆਂ ਸੰਸਕ੍ਰਿਤਿਕ ਸੁਹਜ ਸੁਆਦ ਦੀਆਂ ਰੁਚੀਆਂ ਨੂੰ ਕਾਵਿ ਸ਼ਾਸਤਰ ਦੇ ਸੰਦਰਭ ਵਿਚ ਜਨਮ ਦੇ ਰਿਹਾ ਹੁੰਦਾ ਹੈ। ਇਹ ਵਰਣਨ ਸ਼ਿੰਗਾਰ ਰਸ ਦੇ ਅਧੀਨ ਰਖਿਆ ਜਾਂਦਾ ਹੈ। ਇਸ ਵਿਚ ਇਸਤਰੀ ਪੁਰਖ ਦੀ ਸੁੰਦਰਤਾ ਨੂੰ ਸਮਾਜਿਕ ਰਿਸ਼ਤਿਆਂ ਦੇ ਪ੍ਰਸੰਗ ਵਿਚ ਨਹੀਂ, ਸਗੋਂ ਔਰਤ ਤੇ ਮਰਦ ਦੇ ਪ੍ਰਾਕ੍ਰਿਤਿਕ ਰਿਸ਼ਤਿਆਂ ਦੇ ਸੰਦਰਭ ਵਿਚ ਚਿਤਰਿਆ ਜਾਂਦਾ ਹੈ।

ਇਸ ਕਾਵਿ-ਰੀਤੀ ਨੂੰ ਸੰਸਕ੍ਰਿਤ ਦੇ ਕਾਲੀਦਾਸ ਵਰਗੇ ਮਹਾਨ-ਕਵੀਆਂ ਨੇ ਬਹੁਤ ਹੀ ਸ਼ਕਤੀਸ਼ਾਲੀ, ਕਲਾਤਮਕ ਤੇ ਹੁਨਰੀ ਢੰਗ ਨਾਲ ਆਪਣੇ ਸਿਖਰ ਉੱਤੇ ਪਹੁੰਚਾਇਆ। ਪੰਜਾਬੀ ਕਵੀਆਂ ਨੇ ਨਾਇਕਾ ਦੇ ਨਖਸ਼ਿਖ ਵਰਣਨ ਉੱਤੇ ਆਪਣੇ ਕਾਵਿ ਅਨੁਭਵ ਨੂੰ ਵਧੇਰੇ ਇਕਾਗਰ ਕੀਤਾ। ਪੰਜਾਬੀ ਕਿੱਸਾਕਾਰਾਂ ਨੇ ਆਪਣੇ ਕਿੱਸਿਆਂ ਵਿਚ ਹੀਰ ਦਾ ਇਹੋ ਜਿਹਾ ਨਖਸ਼ਿਖ ਵਰਣਨ ਕੀਤਾ ਹੈ ਕਿ ਹੀਰ

ਇਕ ਪੰਜਾਬਣ ਜੱਟੀ ਅਰਥਾਤ ਧਰਤ ਲੋਕ ਦੀ ਵਸਨੀਕ ਨਹੀਂ ਲਗਦੀ ਬਲਕਿ ਪਰੀ ਲੋਕ ਦੀ ਅਜੂਬਾ ਲਗਦੀ ਹੈ।

ਨਖਸ਼ਿਖ ਚਿਤਰਦਿਆਂ ਕਵੀ ਹਰ ਅੰਗ ਜਾਂ ਰੂਪ ਨੂੰ ਬੜੀ ਜੁਗਤ ਨਾਲ ਬੜੀਆਂ ਢੁਕਵੀਆਂ ਉਪਮਾਵਾਂ ਤੇ ਰੂਪਕਾਂ ਰਾਹੀਂ ਪੇਸ਼ ਕਰਦਾ ਹੈ। ਉਨ੍ਹਾਂ ਦੇ ਉਪਮਾ ਵਿਧਾਨ ਦੇ ਆਧਾਰ ਕਵੀ ਅਨੁਭੂਤੀ, ਕਲਪਨਾ ਸ਼ਕਤੀ, ਸੁਹਜ ਸੁਆਦ, ਪ੍ਰਤਿ ਕੀਮਤਾਂ, ਸੰਸਾਰਿਕ ਸੂਝ, ਮਿਥਿਹਾਸਕ ਗਿਆਨ ਆਦਿ ਤੇ ਨਿਰਭਰ ਕਰਦਾ ਹੈ। ਉਪਮਾਨ ਵਿਧਾਨ ਦੇ ਆਧਾਰ ਤੇ ਪੰਜਾਬੀ ਵਿਚ ਉਪਲਬਧ ਨਖਸ਼ਿਖ ਵਰਣਨ ਨੂੰ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ ਪਹਿਲਾਂ ਸਰਾਪਾ ਚਮਨ ਦੂਜਾ ਸਰਾਪਾ ਜੰਗਜੂ। ਸਰਾਪਾ ਚਮਨ ਵਾਲੇ ਨਖਸ਼ਿਖ ਵਿਚ ਚਿਤਰੇ ਜਾ ਰਹੇ ਹਰ ਇਕ ਅੰਗ ਨੂੰ ਚਮਨ ਅਥਵਾ ਬਾਗ਼ ਦੀ ਕਿਸੇ ਵਸਤੂ ਨਾਲ ਤੁਲ਼ਨਾ ਦਿੱਤੀ ਜਾਂਦੀ ਹੈ ਜਿਵੇਂ ਕੱਦ ਸਰੂ ਵਰਗਾ, ਅੱਖਾਂ ਨਰਗਸ ਵਰਗੀਆਂ, ਦੰਦ ਅਨਾਰ ਦੇ ਦਾਨਿਆਂ ਵਰਗੇ, ਠੋਡੀ ਸੇਬ ਵਰਗੀ, ਛਾਤੀ ਅਨਾਰਾਂ ਵਰਗੀ ਜਾਂ ਅੰਬੀਆਂ ਵਰਗੀ, ਗੱਲਾਂ ਗੁਲਾਬ ਦੇ ਫੁਲਾਂ ਵਰਗੀਆਂ, ਤਿਲ ਕਲੀ ਉੱਤੇ ਬੈਠੇ ਭੌਰ ਵਰਗਾ, ਬੁੱਲ੍ਹ ਗੁਲਾਬ ਦੀ ਪੰਖੜੀ ਵਰਗੇ ਆਦਿ। ਪੰਜਾਬੀ ਕਿੱਸਾਕਾਰਾਂ ਨੇ ਇਨ੍ਹਾਂ ਤੋਂ ਇਲਾਵਾ ਨਖਸ਼ਿਖ ਵਰਨਨ ਵਿਚ ਚਮਨ ਨਾਲ ਸਬੰਧਿਤ ਹੋਰ ਵਸਤਾਂ ਨੂੰ ਵੀ ਭਲੀ ਭਾਂਤ ਵਰਤਿਆ ਹੈ ਜਿਵੇਂ ਚਿਹਰਾ ਚੰਨ ਵਰਗਾ, ਗਰਦਨ ਸੁਰਾਹੀ ਵਰਗੀ, ਬਾਣੀ ਕੋਇਲ ਵਰਗੀ, ਨੈਣ ਹਰਨੀ-ਚਾਲ ਨਾਗਨ ਵਰਗੀ, ਗਰਦਨ ਮੋਰ ਵਰਗੀ ਆਦਿ। ਇਸ ਪ੍ਰਕਾਰ ਦੇ ਨਖਸ਼ਿਖ ਚਿਤਰਣ ਸਮੇਂ ਪੇਂਡੂ ਵਾਤਾਵਰਣ ਵਿਚੋਂ ਉਪਮਾਵਾਂ ਤੇ ਰੂਪਕਾਂ ਦੀ ਭਾਲ ਕੀਤੀ ਹੈ। ਉਨ੍ਹਾਂ ਬਾਗ਼ ਅਤੇ ਚਮਨ ਦੀਆਂ ਵਸਤਾਂ ਦੇ ਨਾਲ-ਨਾਲ ਪੇਂਡੂ ਫ਼ਸਲਾਂ ਵਿਚੋਂ ਰੂਪਕ ਚੁਣੇ ਹਨ ਜਿਵੇਂ ਗੋਰੀ ਗੰਨੇ ਦੀ ਪੋਰੀ ਵਰਗੀ, ਕਦ ਤੂਤ ਦੀ ਛੱਟੀ ਵਰਗਾ ਜਾਂ ਕਪਾਹ ਦੀ ਛਿਟ ਵਰਗਾ, ਬੁੱਲ੍ਹੀਆਂ ਸ਼ਤੂਤੀਆਂ ਵਰਗੀਆਂ, ਰੰਗ ਸਰੋਂ ਦੇ ਫੁੱਲ ਵਰਗਾ। ਉਦਾਹਰਣ ਵਜੋਂ ਸੁਪ੍ਰਸਿੱਧ ਕਿੱਸਾਕਾਰ ਵਾਰਿਸ ਦੀ ਹੀਰ ਦੀਆਂ ਇਹ ਸਤਰਾਂ :

ਹੋਠ ਸੁਰਖ ਯਾਕੂਤ ਜਿਊਂ ਲਾਲ ਚਮਕਣ,
ਠੋਡੀ ਸੇਓ ਵਲਾਇਤੀ ਸਾਰ ਵਿਚੋਂ।
ਨੱਕ ਆਲਿਫ਼ ਹੁਸੈਨੀ ਦਾ ਪਿਪਲਾ ਸੀ,
ਜ਼ੁਲਫ ਨਾਗ ਖਜ਼ਾਨੇ ਦੀ ਬਾਰ ਵਿਚੋਂ।
ਦੰਦ ਚੰਬੇ ਦੀਆਂ ਲੜੀਆਂ ਕਿ ਹੰਸ ਮੋਤੀ,
ਦਾਣੇ ਨਿਕਲੇ ਹੁਸਨ ਅਨਾਰ ਵਿਚੋਂ।
ਖੁਲ੍ਹੀਆਂ ਸ਼ਤੂਤੀਆਂ ਜ਼ਬਾਨ ਮਿਸਰੀ
ਗੋਰਾ ਗੋਰਾ ਰੰਗ ਦਮਕਾਰ ਲਾਲਾਂ ਦੀ
ਝੂਲੇ ਜਿਵੇਂ ਹਵਾ 'ਚ ਕਪਾਹੀ ਛਿਟੀਆਂ
ਚੀਤੇ ਵਾਂਗੂ ਪਤਲਾ ਮੁੱਠੀ ਕੁ ਲੱਕ ਜੀ
ਗੁੰਦਮਾ ਬਦਨ ਚਕ ਮਾ ਜਿਆ ਨੱਕ ਜੀ।

(ਬੈਰਾਟ ਪਰਬ, ਬਾਬੂ ਰਜਬ ਅਲੀ)

ਨਖਸ਼ਿਖ ਦੇ 'ਸਰਾਪਾ' ਜੰਗਜੂ' ਸਰੂਪ ਵਿਚ ਨਾਇਕਾ ਦੇ ਹਰ ਅੰਗ ਦਾ ਚਿਤਰਣ ਜੰਗੀ ਹਥਿਆਰਾਂ ਅਤੇ ਰਾਜਸੀ ਤੱਤਾਂ/ਵਸਤੂਆਂ ਦੀ ਤੁਲਨਾ ਨਾਲ ਕੀਤਾ ਜਾਂਦਾ ਹੈ। ਇਸ ਸਰੂਪ ਵਿਚ ਜੋ ਰੰਗ ਰੂਪ ਉਘੜਦਾ ਹੈ ਉਹ ਰਾਜਸੀ ਜਲੌਅ, ਸ਼ਕਤੀ ਤੇ ਤੇਜ ਦਾ ਸਰੂਪ ਹੋ ਜਾਂਦਾ ਹੈ। ਇਸ ਸਰੂਪ ਵਿਚ ਨੈਣ ਤੀਰ ਜਾਂ ਖੰਜਰ ਵਰਗੇ, ਨੱਕ ਤਲਵਾਰ ਦੀ ਨੋਕ ਵਰਗਾ ਤਿੱਖਾ, ਭਰਵਟੇ ਕਮਾਨ ਵਰਗੇ, ਛਾਤੀ ਤਖਤ ਲਾਹੌਰ ਵਰਗੀ, ਚਾਲ ਮਸਤ ਹਾਥੀ ਵਰਗੀ, ਲੱਕ ਚੀਤੇ ਵਰਗਾ, ਜ਼ੁਲਫ਼ ਨਾਗਨ ਵਰਗੀ, ਪੱਟ ਥੰਮਾਂ ਵਰਗੇ, ਸੁਰਮਾ ਹਿੰਦ ਉਤੇ ਚੜੇ ਪੰਜਾਬ ਦੇ ਕਟਕ ਵਰਗਾ ਰੂਪਮਾਨ ਹੁੰਦਾ ਹੈ। ਸ਼ਾਸਨ ਸ਼੍ਰੇਣੀ ਨਾਲ ਸਬੰਧਤ ਕੀਮਤੀ ਹੀਰੇ, ਜਵਾਹਰਾਤ ਤੇ ਕੀਮਤੀ ਬਸਤਰਾਂ ਨਾਲ ਵੀ ਮਾਨਵੀ ਅੰਗ ਦੀ ਉਪਮਾ ਦਿੱਤੀ ਗਈ ਹੈ ਜਿਵੇਂ ਮੁੱਖ ਮਣੀ ਵਰਗਾ,ਦੰਦ ਮੋਤੀਆਂ ਵਰਗੇ, ਬੁੱਲ੍ਹ ਲਾਲਾਂ ਵਰਗੇ, ਪੱਟ ਕੂਲੇ ਪੱਟ (ਰੇਸ਼ਮ) ਵਰਗੇ ਆਦਿ। ਉਦਾਹਰਣ ਵਜੋਂ ਹੇਠ ਲਿਖੀਆਂ ਸਤਰਾਂ ਦੇਖੀਆਂ ਜਾ ਸਕਦੀਆਂ ਹਨ।

ਪਲਕਾਂ ਤੀਰ ਖੁਜੰਗ ਦੇ, ਅਬਰੂ ਸਖਤ ਕਮਾਨ।
ਨੱਕ ਪੀ ਪੀਲਾ ਤਲਵਾਰ ਦਾ, ਘੜਿਆ ਕਿਸੇ ਦੁਕਾਨ।
ਦੰਦ ਪਰੋਤੇ ਮੋਤੀਆਂ, ਕੋਇਲ ਵਾਂਗ ਜ਼ਬਾਨ।
ਠੋਡੀ ਕਦਮ ਬਦਾਮ ਦੇ ਵਾਂਗੂ ਮੀਮ ਦਹਾਨ।

(ਸੋਹਣੀ, ਕਾਦਰਯਾਰ)

ਨਖਸ਼ਿਖ ਚਿਤਰਣ ਸਮੇਂ ਇਕੋ ਅੰਗ ਨੂੰ ਅਨੇਕ ਉਪਮਾਵਾਂ ਦੁਆਰਾ ਕਮਾਲ ਦੀ ਖੂਬੀ ਨਾਲ ਦਰਸਾਉਣ ਦੀ ਪ੍ਰਥਾ ਵੀ ਹੈ ਜਿਵੇਂ

ਸੂਹਾ ਕੁੜਤਾ ਲਹਿਰਾਂ ਮਾਰੇ, ਬਿਜਲੀ ਜਿਵੇਂ ਸ਼ਫ਼ਕ ਵਿਚ
ਦੋ ਮੁਰਗਾਬੀਆਂ ਬਹਿਰ ਹੁਸਨ ਦੀਆਂ, ਤਰਦੀਆਂ ਗਰਕ ਅਰਕ ਵਿਚ
ਜਾਂ ਦੋ ਮੇਵੇ ਫੂਲ ਅਨਾਰੀ, ਸ਼ਬਨਮ ਨਾਲ ਵਰਕ ਵਿਚ।
ਜਾਂ ਦੋ ਫਰੰਗੀ ਜੰਗੀ ਖੂਨੀ,ਦਰਦ- ਮੰਦਾਂ ਦੇ ਹਕ ਵਿਚ।
ਜਾਂ ਕੁਤਬ ਤਾਰੇ ਦਖਣ ਪਰਬਤ ਦੇ, ਆ ਗਏ ਸੈਰ ਜ਼ਮਾਨੇ।
ਜਾਂ ਜੜੇ ਹੋਏ ਦੋ ਲਾਲ ਬਦਖਸ਼ਾਂ, ਵਾਲੇ ਉਪਰ ਸੀਨੇ।

(ਹੀਰ ਅਹਿਮਦਯਾਰ)

ਨਖਸ਼ਿਖ ਚਿਤਰਣ ਕਰਦੇ ਸਮੇਂ ਭਾਵ ਦੀ ਤੀਖਣਤਾ ਨੂੰ ਪੈਦਾ ਕਰਨ ਲਈ ਇਤਿਹਾਸਕ ਮਿਥਿਹਾਸਕ ਹਵਾਲਿਆਂ ਦੀ ਵਰਤੋਂ ਕਰਨ ਦੀ ਪਰੰਪਰਾ ਵੀ ਹੈ। ਆਮ ਤੌਰ ਤੇ ਨਖਸ਼ਿਖ ਵਰਣਨ ਕਵੀਆਂ ਨੇ ਨਾਇਕ/ਨਾਇਕਾ ਦੇ ਜੋਬਨ ਦੀ ਅਵਸਥਾ ਤੱਕ ਪਹੁੰਚਾਉਣ ਉੱਤੇ ਹੀ ਕੀਤਾ ਹੈ। ਜੌਬਨ ਅਵਸਥਾ ਦੀ ਇਹ ਉਮਰ ਕਿੱਸਾਕਾਰਾਂ ਨੇ 12 ਸਾਲ ਦੀ ਹੀ ਖਿਆਲ ਕੀਤੀ ਹੈ ਇਸ ਦਾ ਭਾਵ ਹੈ ਕਿ ਪੰਜਾਬੀ ਕਿੱਸਾਕਾਰ ਦਾ ਆਦਰਸ਼ਕ ਜਮਾਲ ਅਤੇ ਜਲਾਲ ਵਾਲੀ ਹੁਸੀਨਾ ਦਾ ਸੰਕਲਪ ਮੁਟਿਆਰ ਦੀ ਅਲ੍ਹੜ ਅਵਸਥਾ ਦਾ ਹੈ। ਕਈ ਕਿੱਸਾ ਕਵੀਆਂ ਦੁਆਰਾ ਨਾਇਕਾ ਦੇ ਜਨਮ ਤੋਂ ਲੈ ਕੇ ਇਕ ਇਕ ਵਰ੍ਹੇ ਅਨੁਰੂਪ ਵੱਡਾ ਹੋਣ ਦਾ ਵਖਰਾ ਵਖਰਾ ਰੂਪ ਚਿਤਰਿਆ ਗਿਆ ਹੈ ਅਜਿਹਾ ਚਿਤਰਣ ਸੱਯਦ ਫਜ਼ਲ ਸ਼ਾਹ ਨੇ ਕਿੱਸਾ ਸੋਹਣੀ ਮਹੀਵਾਲ ਵਿਚ ਸੋਹਣੀ ਦੇ ਸਰੂਪ ਚਿਤਰਣ ਵੇਲੇ ਕੀਤਾ ਹੈ। ਨਖਸ਼ਿਖ ਵਰਣਨ ਵਿਚ ਨਾਇਕਾ ਦੇ ਸੋਲ੍ਹਾਂ ਸ਼ਿੰਗਾਰ ਤੇ ਬੱਤੀ ਭੂਖਣਾਂ ਦਾ ਵਰਣਨ ਵੀ ਕਵੀਆਂ ਨੇ ਕੀਤਾ ਹੈ।

ਨਖਸ਼ਿਖ ਵਰਣਨ ਦੀ 'ਕਾਵਿ-ਰੀਤੀ' ਕਿੱਸਾ ਕਾਵਿ ਵਿਚ ਇਤਨੀ ਪ੍ਰਚਲਿਤ ਹੈ ਕਿ ਨਖਸ਼ਿਖ ਵਰਣਨ ਨੂੰ ਕਵੀ ਦੀ ਕਾਵਿ-ਕਲਾ, ਕਾਵਿ-ਪ੍ਰਤਿਭਾ ਨੂੰ ਜਾਂਚਣ ਲਈ ਇਕ ਕਸਵਟੀ ਸਮਝਿਆ ਜਾਂਦਾ ਰਿਹਾ ਹੈ। ਨਖਸ਼ਿਖ ਵਰਣਨ ਸਮੇਂ ਕਈ ਥਾਵਾਂ ਉੱਤੇ ਅਸ਼ਲੀਲਤਾ ਦਾ ਅੰਸ਼ ਵੀ ਆ ਜਾਂਦਾ ਰਿਹਾ ਹੈ। ਗੁਰਮਤਿ ਦੇ ਪ੍ਰਭਾਵ ਹੇਠ ਕਈ ਸਿੱਖ ਕਿੱਸਾਕਾਰਾਂ ਨੇ ਨਖਸ਼ਿਖ ਵਰਣਨ ਤੋਂ ਆਪਣੀ ਰਚਨਾ ਵਿਚ ਸੰਕੋਚ ਕੀਤਾ ਹੈ।

ਪੰਜਾਬੀ ਕਾਵਿ ਵਿਚ ਕਿੱਸਾ ਕਾਵਿ ਤੋਂ ਇਲਾਵਾ ਮਹਾਂ-ਕਾਵਿ ਵਿਚ ਅਜਿਹਾ ਚਿਤਰਣ ਮਿਲ ਜਾਂਦਾ ਹੈ ਪਰ ਅਜਿਹੇ ਵਰਣਨ ਵਿਚ ਸੰਜਮ ਜ਼ਰੂਰੀ ਹੈ। ਅਧਿਆਤਮਕ ਕਾਵਿ ਵਿਚ ਭਾਵੇਂ ਇਸ ਪ੍ਰਕਾਰ ਦਾ ਵਰਣਨ ਬਹੁਤ ਘੱਟ ਹੈ ਪਰ ਫਿਰ ਵੀ ਗੁਰੂ ਨਾਨਕ ਦੇਵ ਜੀ ਨੇ ਪ੍ਰੇਮਾ ਭਗਤੀ ਦੀ ਭਾਵ ਅਭਿਵਿਅਕਤੀ ਵੇਲੇ ਆਪਣੇ ਪਤੀ ਪਰਮਾਤਮਾ ਦੇ ਅਨੁਪਮ ਸਰੂਪ ਦਾ ਚਿਤਰਣ ਬੜੀ ਮਰਯਾਦਾ ਪੂਰਣ ਸ਼ੈਲੀ ਵਿਚ ਕੀਤਾ ਹੈ :—

(1) ਏਕੁ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ॥

(2) ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ॥

ਨਖਸ਼ਿਖ ਵਰਣਨ ਸੁੰਦਰਤਾ ਨੂੰ ਸੁੰਦਰਤਾ ਨਾਲ ਪੇਸ਼ ਕਰਨ ਦੀ ਕਲਾ ਹੈ। ਮਨੁੱਖ ਸਰੂਪ ਦੀ ਸ਼ੋਭਾ ਉਸ ਨੂੰ ਸ੍ਰੇਸ਼ਠ ਬਣਾਉਂਦੀ ਹੈ।

ਹ. ਪੁ.- ਹੀਰ ਵਾਰਿਸ; ਪੰ. ਸਾ. ਕੋ.; ਹੀਰ ਦੇ ਨਖਸ਼ਿਖ ਵਰਣਨ ਦਾ ਸਾਂਸਕ੍ਰਿਤਿਕ ਪਿਛੋਕੜ (ਖੋਜ ਪੱਤਰ)

ਨਗਰ : ਇਹ ਕਰਨਾਟਕ ਰਾਜ ਦੇ ਸ਼ਿਮੋਗਾ ਜ਼ਿਲ੍ਹੇ ਦਾ ਇਕ ਸ਼ਹਿਰ ਹੈ ਜਿਹੜਾ ਸ਼ਿਮੋਗਾ ਸ਼ਹਿਰ ਦੇ ਪੱਛਮ ਵੱਲ 89 ਕਿ. ਮੀ. ਦੂਰ ਵਾਕਿਆ ਹੈ। ਅਸਲ ਵਿਚ ਇਸ ਸਥਾਨ ਨੂੰ ਬਿਦਾਰੂਹਾਲੀ 'ਬਾਸਾਂ ਦਾ ਪਿੰਡ' ਕਿਹਾ ਜਾਂਦਾ ਸੀ ਪ੍ਰੰਤੂ ਲਗਭਗ 1640 ਈ. ਵਿਚ ਇਹ ਕੇਲਾਦੀ ਰਾਜਿਆਂ ਦੀ ਰਾਜਧਾਨੀ ਬਣਿਆ ਅਤੇ ਉਸ ਸਮੇਂ ਇਸ ਦਾ ਨਾਂ ਬਿਦਰੂਰ ਜਾਂ ਬਿਦਨੂਰ ਹੁੰਦਾ ਸੀ। ਇਸ ਸ਼ਹਿਰ ਨੇ ਬੜੀ ਤੇਜ਼ੀ ਨਾਲ ਵਿਕਾਸ ਕੀਤਾ ਅਤੇ ਇਥੇ ਲਗਭਗ 1, 00,000 ਮਕਾਨ ਬਣ ਗਏ ਅਤੇ ਉਸ ਸਮੇਂ ਇਸ ਨੂੰ ਨਗਰ (ਸ਼ਹਿਰ) ਕਿਹਾ ਜਾਂਦਾ ਸੀ। ਇਸ ਸ਼ਹਿਰ ਦੀਆਂ ਕੰਧਾਂ ਲਗਭਗ 13 ਕਿ. ਮੀ. ਦੇ ਘੇਰੇ ਵਿਚ ਫੈਲੀਆਂ ਹੋਈਆਂ ਸਨ ਜਿਨ੍ਹਾਂ ਦੇ 10 ਦਰਵਾਜ਼ੇ ਸਨ। ਸੰਨ 1763 ਵਿਚ ਇਸ ਨੂੰ ਹੈਦਰਅਲੀ ਨੇ ਆਪਣੇ ਕਬਜ਼ੇ ਵਿਚ ਕਰ ਲਿਆ ਜਿਸ ਨੇ ਇਸ ਦਾ ਨਾਂ 'ਹੈਦਰਨਗਰ' ਰੱਖ ਦਿੱਤਾ। ਉਸ ਨੇ ਇਥੇ ਆਪਣਾ ਮੁੱਖ ਅਸਲਾਖਾਨਾ ਅਤੇ ਖਜ਼ਾਨਾ ਸਥਾਪਤ ਕਰ ਲਿਆ ਅਤੇ ਇਸ ਥਾਂ ਤੇ ਵਪਾਰੀਆਂ ਨੂੰ ਆਬਾਦ ਹੋਣ ਲਈ ਹੱਲਾਸ਼ੇਰੀ ਦਿੱਤੀ। ਟੀਪੂ ਸੁਲਤਾਨ ਦੀਆਂ ਲੜਾਈਆਂ ਦੌਰਾਨ ਇਸ ਸ਼ਹਿਰ ਨੂੰ ਬਹੁਤ ਨੁਕਸਾਨ ਉਠਾਉਣਾ ਪਿਆ ਅਤੇ 1783 ਈ. ਵਿਚ ਇਸ ਨੂੰ ਅੰਗਰੇਜ਼ਾਂ ਨੇ ਆਪਣੇ ਅਧਿਕਾਰ ਹੇਠ ਲੈ ਲਿਆ ਪ੍ਰੰਤੂ ਟੀਪੂ ਸੁਲਤਾਨ ਨੇ ਇਸ ਨੂੰ ਫਿਰ ਜਿੱਤ ਲਿਆ। ਟੀਪੂ ਇਸ ਸ਼ਹਿਰ ਦੀ ਖੁਸ਼ਹਾਲੀ ਨੂੰ ਮੁੜ ਤੋਂ ਸਥਾਪਤ ਕਰਨਾ ਚਾਹੁੰਦਾ ਸੀ ਪ੍ਰੰਤੂ ਇਸ ਦੀ ਧਾਰਮਿਕ ਕੱਟੜਤਾ ਅਤੇ ਹੋਰ ਕਾਰਨਾਂ ਕਰਕੇ ਇਸ ਥਾਂ ਦੀ ਬਹੁਤ ਤਬਾਹੀ ਹੋਈ। ਸੰਨ 1789 ਤੋਂ ਇਸ ਨੂੰ ਨਗਰ ਕਿਹਾ ਜਾਣ ਲੱਗਿਆ। ਸੰਨ 1830 ਵਿਚ ਇਹ ਬਗਾਵਤ ਦਾ ਕੇਂਦਰ ਸੀ। ਸੰਨ 1881 ਵਿਚ ਇਥੇ ਨਗਰ ਪਾਲਿਕਾ ਸਥਾਪਿਤ ਕੀਤੀ ਗਈ।

13° 49' ਉ. ਵਿਥ.; 75° 2' ਪੂ. ਲੰਬ.

ਹ.ਪੁ.—ਇੰਪ. ਗ. ਇੰਡ. 18 : 296

ਨੰਗਰਹਾਰ (ਨਿੰਗਰਹਾਰ) : ਇਹ ਅਫ਼ਗਾਨਿਸਤਾਨ ਦਾ ਪੂਰਬ ਵੱਲ ਸਥਿਤ ਇਕ ਪ੍ਰਾਂਤ ਹੈ। ਇਸ ਦੇ ਉੱਤਰ ਵੱਲ ਲਾਗਮਾਨ ਅਤੇ ਕਨਾਰਾ, ਪੱਛਮ ਵੱਲ ਕਾਬੁਲ ਅਤੇ ਲੋਗਰ, ਦੱਖਣ ਵੱਲ ਪਾਕਤੀਆਂ ਪ੍ਰਾਂਤ ਅਤੇ ਪੂਰਬ ਵੱਲ ਪਾਕਿਸਤਾਨ ਲਗਦਾ ਹੈ। ਇਸ ਨੇ ਕਾਬਲ ਦਰਿਆ ਦੀ ਵਾਦੀ ਦਾ ਵੀ ਕੁਝ ਹਿੱਸਾ ਮੱਲਿਆ ਹੋਇਆ ਹੈ। ਇਸ ਦਾ ਖੇਤਰਫਲ, 7614 ਵ.ਕਿ. ਮੀ ਅਤੇ ਆਬਾਦੀ 7,45,956 (1979) ਹੈ। ਜਲਾਲਾਬਾਦ ਇਸ ਦੀ ਰਾਜਧਾਨੀ ਹੈ। ਇਸ ਦੀ ਪੂਰਬੀ ਹੱਦ ਤੇ ਸਦੀਆਂ ਪੁਰਾਣਾ ਖ਼ੈਬਰ ਦੱਰਾ ਹੈ ਜੋ ਉਪ-ਮਹਾਂਦੀਪ ਵਿਚ ਦਾਖ਼ਲ ਹੋਣ ਲਈ ਯੁੱਧ ਨੀਤੀ ਪੱਖੋਂ ਇਕ ਬਹੁਤ ਪ੍ਰਾਚੀਨ ਪ੍ਰਵੇਸ਼ ਦੁਆਰ ਹੈ।

ਇਥੋਂ ਦਾ ਇਤਿਹਾਸ ਇਥੋਂ ਦੇ ਸਥਾਨਕ ਕਬੀਲਿਆਂ ਵਿਚਕਾਰ ਹੋਏ ਯੁੱਧਾਂ ਦਾ ਇਤਿਹਾਸ ਹੈ। ਇਸ ਤੋਂ ਇਲਾਵਾ ਇਥੇ ਸਿਕੰਦਰ ਮਹਾਨ, ਬਾਬਰ ਤੇ ਅੰਗਰੇਜ਼ਾਂ ਦੇ ਹਮਲੇ ਵੀ ਹੁੰਦੇ ਰਹੇ ਹਨ। ਖ਼ੈਬਰ ਦੱਰੇ ਉੱਤੇ ਵੀ ਕਈ ਲੜਾਈਆਂ ਹੁੰਦੀਆਂ ਰਹੀਆਂ ਹਨ। ਸੰਨ 1979 ਵਿਚ ਸੋਵੀਅਤ ਫ਼ੌਜ ਦੀ ਦਖ਼ਲ ਅੰਦਾਜ਼ੀ ਕਾਰਨ ਇਥੇ ਅਫ਼ਗਾਨ ਗੁਰੀਲਿਆਂ ਅਤੇ ਸੋਵੀਅਤ ਅਫ਼ਗਾਨ ਟੁਕੜੀਆਂ ਵਿਚਕਾਰ ਥੋੜ੍ਹੇ ਥੋੜ੍ਹੇ ਵਕਫ਼ੇ ਉਪਰੰਤ ਵੀ ਭਾਰੀ ਲੜਾਈ ਹੁੰਦੀ ਰਹੀ ਸੀ।

ਇਥੇ ਕਣਕ, ਚੌਲ, ਚਾਹ, ਖਟਾਸ ਵਾਲੇ ਫ਼ਲਾਂ, ਕੇਲੇ ਤੇ ਚਕੁੰਦਰ ਦੀ ਕਾਸ਼ਤ ਹੁੰਦੀ ਹੈ। ਇਥੋਂ ਦੇ ਬਹੁਤ ਸਾਰੇ ਪਿੰਡਾਂ ਵਿਚ ਦਿਹਾਤੀ ਵਿਕਾਸ ਪ੍ਰੋਗਰਾਮਾਂ ਰਾਹੀਂ ਸਿਹਤ, ਖੇਤੀਬਾੜੀ ਤੇ ਸਿੱਖਿਆ ਸਬੰਧੀ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ। ਇਥੇ ਵਧੇਰੇ ਕਰਕੇ ਸ਼ਿਨਵਾਰੀ, ਖੁਗੀਆਨੀ, ਮੋਮੰਦ ਅਤੇ ਪਠਾਣ ਕਬੀਲਿਆਂ ਦੀ ਆਬਾਦੀ ਹੈ।

ਹ. ਪੁ.-ਐਨ. ਬ੍ਰਿ. ਮਾ. 7 : 181 ; ਐਨ. ਬ੍ਰਿ. ਮਾ. 8 : 501

ਨਗਰਕੋਟ (ਕੋਟ ਕਾਂਗੜਾ) : ਇਹ ਭਾਰਤ ਦੇ ਹਿਮਾਚਲ ਪ੍ਰਦੇਸ਼ ਰਾਜ ਵਿਚ ਧਰਮਸ਼ਾਲਾ ਤੋਂ 29 ਕਿ. ਮੀ. (18 ਮੀਲ) ਦੂਰ ਧਰਮਸ਼ਾਲਾ-ਹੁਸ਼ਿਆਰਪੁਰ ਸੜਕ ਉੱਤੇ ਵਾਕਿਆ ਇਕ ਕਿਲਾ ਹੈ ਇਸ ਦੀ ਉਚਾਈ 670 ਮੀ. (2,200 ਫੁੱਟ) ਹੈ। ਇਸ ਨੂੰ ਕੋਟ ਕਾਂਗੜਾ ਵਜੋਂ ਵੀ ਜਾਣਿਆ ਜਾਂਦਾ ਹੈ। ਸ਼ਹਿਰ ਵਿਚਲੇ ਕਿਲੇ ਨੂੰ ਕੌਰਵਾਂ ਪਾਂਡਵਾਂ ਦੇ ਸਮੇਂ ਦਾ ਮੰਨਿਆ ਜਾਂਦਾ ਹੈ ਜਿਸ ਕਰਕੇ ਇਸ ਦੀ ਵਿਸ਼ੇਸ਼ ਮਹਾਨਤਾ ਹੈ। ਕਿਲੇ ਵਿਚਲੀਆਂ ਪ੍ਰਮੁੱਖ ਇਮਾਰਤਾਂ 1905 ਈ. ਵਿਚ ਆਏ ਭੂਚਾਲ ਕਾਰਨ ਬੁਰੀ ਤਰ੍ਹਾਂ ਤਬਾਹ ਹੋ ਗਈਆਂ ਸਨ। ਕਿਲੇ ਦੇ ਵਿਚ ਇਕ ਤਲਾਅ ਹੈ ਜਿਸ ਨੂੰ ਕਪੂਰ ਸਾਗਰ ਆਖਿਆ ਜਾਂਦਾ ਹੈ। ਮਹਿਮੂਦ ਗਜ਼ਨਵੀ ਨੇ ਜਦੋਂ ਇਧਰ ਦਾ ਰੁੱਖ ਕੀਤਾ ਤਾਂ ਉਸ ਨੇ ਇਥੋਂ ਦੇ ਰਾਜ ਮਹਿਲ ਅਤੇ ਖ਼ਜਾਨੇ ਨੂੰ ਲੁੱਟਣ ਉਪਰੰਤ ਇਸ ਨੂੰ ਤਹਿਸ-ਨਹਿਸ ਕਰ ਦਿੱਤਾ। ਕਾਂਗੜਾ ਨਗਰ ਜਾਂ ਕੋਟ ਕਾਂਗੜਾ ਬਹੁਤ ਪੁਰਾਤਨ ਨਗਰ ਹੈ ਜੋ ਕਿ ਕਦੇ ਪਹਾੜੀ ਬਾਦਸ਼ਾਹਤ ਦੀ ਰਾਜਧਾਨੀ ਹੋਇਆ ਕਰਦੀ ਸੀ। ਪੁਰਾਣੇ ਕਾਂਗੜੇ ਵਿਚ ਇੰਦਰੇਸ਼ਵਰਾ ਦਾ ਇਕ ਪੁਰਾਤਨ ਮੰਦਰ ਅਤੇ ਕਾਂਗੜਾ ਭਵਨ ਵਿਚ ਵਜਰੇਸ਼ਵਰੀ ਦੇਵੀ ਦਾ ਮੰਦਰ ਹੈ। ਇਨ੍ਹਾਂ ਮੰਦਰਾਂ ਕਰਕੇ ਹੀ ਇਸ ਨਗਰ ਦੀ ਇਤਿਹਾਸਕ ਤੇ ਧਾਰਮਿਕ ਪੱਖੋਂ ਬੜੀ ਮਹਾਨਤਾ ਹੈ। ਮਾਰਚ-ਅਪ੍ਰੈਲ ਅਤੇ ਫੇਰ ਸਤੰਬਰ-ਅਕਤੂਬਰ ਵਿਚ ਇਥੇ ਨਵਰਾਤਰੇ ਦਾ ਭਾਰੀ ਮੇਲਾ ਲਗਦਾ ਹੈ ਜਿਸ ਵਿਚ ਦੂਰੋਂ ਦੂਰੋਂ ਲੋਕ ਆ ਕੇ ਸ਼ਿਰਕਤ ਕਰਦੇ ਹਨ।

ਹ. ਪੁ. —ਡਿਸਟ੍ਰਿਕਟ ਸੈਂਸਿਸ ਹੈਡਬੁੱਕ—ਕਾਂਗੜਾ ਜ਼ਿਲ੍ਹਾ; ਮ. ਕੋ. : 350

ਨਗਰ ਗੰਧਰਬ : ਇਹ ਇਕ ਹਵਾਈ ਨਗਰ ਹੈ ਜਿਸ ਨੂੰ ਸ਼ੌਭ ਨਗਰ, ਹਰਿਚੰਦੌਰੀ, ਗੰਧਰਵ ਨਗਰ, ਚਿਤਰਿਮ ਅਤੇ ਸੀਕੋਟ ਆਦਿ ਵੀ ਕਿਹਾ ਜਾਂਦਾ ਹੈ। ਹਰਿਸ਼ਚੰਦਰ ਅਤੇ ਉਸ ਦੀ ਪਰਜਾ ਇਸ ਨਗਰ ਵਿਚ ਰਹਿੰਦੇ ਸਨ।

ਅਸਲ ਵਿਚ ਨਗਰ ਗੰਧਰਬ ਕੋਈ ਵਸਤੂ ਨਹੀਂ ਸਿਰਫ ਮ੍ਰਿਗਤ੍ਰਿਸ਼ਨਾ ਦੀ ਤਰ੍ਹਾਂ ਧੁੰਦ ਦੀ ਖਿਆਲੀ ਰਚਨਾ ਹੈ। ਸਰਦੀ ਦੀ

ਰੁੱਤ ਵਿਚ ਸੂਰਜ ਦੀਆਂ ਕਿਰਨਾਂ ਤੇਜ਼ ਹੋਣ ਤੋਂ ਪਹਿਲਾਂ, ਰੇਗਿਸਤਾਨ ਜਾਂ ਸਮੁੰਦਰ ਦੇ ਕੰਢੇ ਗਾੜ੍ਹੀ ਧੁੰਦ ਹੋਣ ਕਾਰਨ ਕਦੇ ਅਸਲ ਵਸਤੂਆਂ ਦਾ ਅਕਸ ਅਤੇ ਕਦੇ ਖਿਆਲਾਂ ਵਿਚ ਵਸੇ ਹੋਏ ਪਦਾਰਥ ਅਸਲ ਵਸਤੂਆਂ ਦੀ ਤਰ੍ਹਾਂ ਭਾਸਦੇ ਹਨ ਪਰ ਸੂਰਜ ਦੀਆਂ ਕਿਰਨਾਂ ਤੇਜ਼ ਹੋਣ ਨਾਲ ਧੁੰਦ ਪਤਲੀ ਹੋਣੀ ਸ਼ੁਰੂ ਹੋ ਜਾਂਦੀ ਹੈ ਅਤੇ ਦੇਖਦੇ ਹੀ ਦੇਖਦੇ ਸਾਰੀ ਰਚਨਾ ਅੱਖਾਂ ਤੋਂ ਪਰ੍ਹੇ ਹੋ ਜਾਂਦੀ ਹੈ।

ਗੁਰਬਾਣੀ ਵਿਚ ਸੰਸਾਰ ਦੇ ਉਨ੍ਹਾਂ ਮਾਇਕ ਪਦਾਰਥਾਂ ਨੂੰ, ਜੋ ਖਿਨ ਭਰ ਚਮਤਕਾਰ ਦਿਖਾ ਕੇ ਮਿਟ ਜਾਂਦੇ ਹਨ, ਗੰਧਰਵ ਨਗਰ ਦਾ ਦ੍ਰਿਸ਼ਟਾਂਤ ਦਿੱਤਾ ਗਿਆ ਹੈ।

'ਮ੍ਰਿਗ ਤਿਸਨਾ ਪੇਖਿ ਭੁਲਣੇ ਵੁਠੇ ਨਗਰ ਗੰਧ੍ਰਬ'॥

ਹ. ਪੁ.- ਮ. ਕੋ. : 264

ਨਗਰੀ ਸਮਬੀਲਨ : ਇਹ ਏਸ਼ੀਆ ਮਹਾਂਦੀਪ ਵਿਚ ਪੱਛਮੀ ਮਲੇਸ਼ੀਆ ਦੇ ਦੱਖਣ-ਪੱਛਮ ਵੱਲ ਸਥਿਤ ਇਕ ਰਾਜ ਹੈ ਜਿਸ ਦੇ ਉੱਤਰ ਅਤੇ ਉੱਤਰ-ਪੂਰਬ ਵੱਲ ਪਹਾਂਗ ਰਾਜ, ਦੱਖਣ-ਪੂਰਬ ਵੱਲ ਜਹੌਰ ਅਤੇ ਦੱਖਣ-ਪੱਛਮ ਵੱਲ ਮਲਾਕਾ ਜਲ-ਡਮਰੂ ਅਤੇ ਪੱਛਮ ਵੱਲ ਸਲਾਂਗਰ ਰਾਜ ਹੈ। ਇਹ ਰਾਜ 6,646 ਵ. ਕਿ. ਮੀ.ਦੇ ਰਕਬੇ ਵਿਚ ਫੈਲਿਆ ਹੋਇਆ ਹੈ ਅਤੇ ਇਥੋਂ ਦੀ ਆਬਾਦੀ 8,30,080 (2000) ਹੈ। ਸਰੈਮਬਨ ਇਥੋਂ ਦੀ ਰਾਜਧਾਨੀ ਹੈ। ਲਿੰਗੀ ਅਤੇ ਮਿਰਾਰ ਦਰਿਆ ਇਸ ਰਾਜ ਦੀ ਜਲਨਿਕਾਸੀ ਕਰਦੇ ਹਨ ਅਤੇ ਇਸ ਰਾਜ ਦੀ ਤਟਰੇਖਾ ਮਲਾਕਾ ਜਲਡਮਰੂ ਦੇ ਨਾਲ 48 ਕਿ. ਮੀ. (30 ਮੀਲ) ਲੰਬੀ ਹੈ।

ਨੇਗਰੀ ਸਮਬੀਲਨ ਦੇ ਨੌਂ ਰਾਜ ਜਿਨ੍ਹਾਂ ਵਿਚ ਅਜੋਕੇ ਸਲਾਂਗਰ ਮਲਾਕਾ, ਜਹੌਰ ਅਤੇ ਪਹਾਂਗ ਵੀ ਸ਼ਾਮਲ ਸਨ, 1773 ਈ. ਤੱਕ ਅਸੰਗਠਿਤ ਸੰਘ ਦੇ ਰੂਪ ਵਿਚ ਸਨ। ਸੰਨ 1874 ਤੋਂ ਬਾਅਦ ਬਰਤਾਨਵੀ ਜੋ ਕਿ ਟੀਨ ਦਾ ਭੰਡਾਰ ਵਾਲੇ ਸੂੰਗੇ ਉਜਾਂਗ ਰਾਜ ਵਿਚ ਵਿਸ਼ੇਸ਼ ਰੁਚੀ ਰੱਖਦੇ ਸਨ, ਨੇ ਗਰੁੱਪ ਨੂੰ ਸੁਰੱਖਿਆ ਸਹੂਲਤਾਂ ਦੇਣ ਦੀ ਤਜ਼ਵੀਜ਼ ਕੀਤੀ ਜੋ ਮੰਨੀ ਵੀ ਗਈ। ਸੰਨ 1895 ਵਿਚ ਇਹ ਮਾਲੇ ਦੇ ਸੰਘੀ ਰਾਜਾਂ ਵਿਚੋਂ ਇਕ ਰਾਜ ਬਣਿਆ। ਦੂਜੇ ਵਿਸ਼ਵ ਯੁੱਧ ਤੋਂ ਬਾਅਦ ਇਹ ਮਾਲੇ ਦੇ ਸੰਘ ਵਿਚ ਸ਼ਾਮਲ ਹੋ ਗਿਆ।

ਇਥੋਂ ਦੇ ਲੋਕ ਝੋਨੇ ਦੀ ਕਾਸ਼ਤ ਕਰਦੇ ਹਨ। ਫ਼ਲ ਵੀ ਉਗਾਏ ਜਾਂਦੇ ਹਨ ਅਤੇ ਰਬੜ ਦੀ ਖੇਤੀ ਪ੍ਰਮੁੱਖ ਲਾਭਕਾਰੀ ਫ਼ਸਲ ਹੈ। ਪੱਛਮੀ ਵਾਦੀਆਂ ਅਤੇ ਤੱਟੀ ਖੇਤਰ ਦੇ ਨਾਲ-ਨਾਲ ਟੀਨ (ਕਲੀ) ਦੀਆਂ ਖਾਣਾਂ ਹਨ। ਇਥੇ ਚੀਨੀ ਅਤੇ ਭਾਰਤੀ ਲੋਕਾਂ ਦੀ ਬਹੁਤਾਤ ਹੈ। ਰਾਜਧਾਨੀ ਸ਼ਹਿਰ ਸਰੈਮਬਨ ਤੋਂ ਇਲਾਵਾ ਕਵਾਲਾ ਪੀਲਾ ਅਤੇ ਪੋਰਟ ਡਿਕਸਨ ਇਥੋਂ ਦੇ ਪ੍ਰਮੁੱਖ ਸ਼ਹਿਰ ਹਨ।

ਹ. ਪੁ. — ਐਨ. ਬ੍ਰਿ. ਮਾ. 8 : 582; ਐਨ. ਅਮੈ. 20: 63; ਐਨ. ਬ੍ਰਿ. 16 : 186

ਨੰਗਲ : ਭਾਰਤ ਦੇ ਪੰਜਾਬ ਰਾਜ ਦੇ ਜ਼ਿਲ੍ਹਾ ਫਰੀਦਕੋਟ ਦਾ ਇਕ ਪਿੰਡ ਹੈ, ਜੋ ਫਰੀਦਕੋਟ ਸ਼ਟੇਸ਼ਨ ਤੋਂ ਪੂਰਬ ਵੱਲ ਲ. 9 ਕਿ.ਮੀ. (6 ਮੀਲ) ਤੇ ਸਥਿਤ ਹੈ। ਇਸ ਪਿੰਡ ਵਿਚ ਭਾਈ ਭਗਵਾਨ ਸਿੰਘ ਦੇ ਘਰ ਵਿਚ ਨਿਮਨ ਗੁਰਵਸਤਾਂ ਦੀਦਾਰੀ ਹਨ :— 1. ਚੋਲਾ; ਜਿਸ ਦਾ ਰੰਗ ਗੂੜ੍ਹਾ ਸੁਰਮਈ ਹੈ ਅਤੇ ਕੱਪੜਾ ਬਹੁਤ ਨਰਮ ਹੈ। 2. ਦਸ਼ਮੇਸ਼ ਜੀ ਦੇ ਚਰਨਾਂ ਦੇ ਜੋੜੇ ਦੇ ਦੋਵੇਂ ਪੈਰ, ਜਿੰਨ੍ਹਾਂ ਦੀ ਲੰਬਾਈ 9½ ਇੰਚ, ਚੌੜਾਈ ਪੰਜੇ ਤੋਂ 3 ਇੰਚ ਹੈ। ਹੇਠਲਾ ਤਲਾ ਚਮੜੇ ਦਾ, ਉਪਰੋਂ ਕਾਮਖ਼ਾਬ ਦਾ, ਅੰਦਰਲੇ ਪਾਸੇ ਹਰੇ ਰੰਗ ਦਾ ਰੇਸ਼ਮੀ ਕੱਪੜਾ ਹੈ। ਜਿਸ ਤੇ ਪਹਿਨਣ ਦੇ ਨਿਸ਼ਾਨ ਨਜ਼ਰ ਆਉਂਦੇ ਹਨ। ਜੋੜੇ ਦੇ ਇਕੋ ਪੈਰ ਨਾਲ ਪੀਲੇ ਰੰਗ ਦਾ ਰੇਸ਼ਮੀ ਧਾਗਾ ਹਰੀ ਸਿੰਘ ਜੀ ਨਲੂਏ ਦਾ ਬੱਧਾ ਹੋਇਆ ਹੈ ਜਦੋਂ ਉਹ ਇਥੇ ਦਰਸ਼ਨ ਕਰਨ ਆਏ ਸਨ। ਬਾਟਾ ਜਿਸ ਦਾ ਤੋਲ ਇਕ ਸੇਰ ਸੀ ਡੂੰਘਾ 2 ਇੰਚ 10" ਚੌੜਾ ਉਪਰੋਂ 8½" ਥੱਲਿਓਂ 7 ਇੰਚ ਹੈ। ਇਹ ਕਈ ਧਾਤਾਂ ਦੇ ਮੇਲ ਤੋਂ ਬਣਿਆ ਹੈ।

ਇਹ ਵਸਤਾਂ ਦਸ਼ਮੇਸ਼ ਜੀ ਨੇ ਆਪਣੇ ਸਿੱਖ ਭਾਈ ਲਾਲ ਚੰਦ ਜੀ ਨੂੰ ਬਖਸ਼ੀਆ ਜੋ ਪਹਿਲਾਂ ਬੂੜੀਏ (ਅੰਬਾਲੇ) ਦਾ ਵਸਨੀਕ ਅਤੇ ਹਲਵਾਈ ਦੀ ਦੁਕਾਨ ਕਰਿਆ ਕਰਦਾ ਸੀ ਫਿਰ ਉਹ ਆਨੰਦਪੁਰ ਜਾ ਕੇ ਗੁਰੂ ਜੀ ਦੀ ਸੇਵਾ ਵਿਚ ਰਿਹਾ ਅਤੇ ਭੰਗਾਣੀ ਦੀ ਜੰਗ ਵਿਚ ਉਸ ਨੇ ਵੀਰਤਾ ਦਿਖਾਈ।

ਜਦੋਂ ਗੁਰੂ ਜੀ ਮੁਕਤਸਰ ਆਏ ਤਾਂ ਉਸ ਨੇ ਉਨ੍ਹਾਂ ਪਾਸੋਂ ਆਪਣੇ ਘਰ ਜਾਣ ਦੀ ਆਗਿਆ ਮੰਗੀ। ਗੁਰੂ ਜੀ ਨੇ ਪ੍ਰਸੰਨ ਹੋ ਕੇ ਉਸ ਨੂੰ ਇਹ ਵਸਤਾਂ ਬਖਸ਼ੀਆਂ।

ਲਾਲ ਚੰਦ ਜੀ ਗੁਰੂ ਜੀ ਪਾਸੋਂ ਵਿਦਾ ਹੋ ਕੇ ਕੋਟਕਪੂਰੇ ਰਹਿੰਦੇ ਰਹੇ। ਇਸ ਤੋਂ ਬਾਅਦ ਉਸ ਦੀ ਸੰਤਾਨ ਨੰਗਲ ਪਿੰਡ ਆ ਵਸੀ। ਹੁਣ ਨੌਂਵੀ ਪੀੜ੍ਹੀ ਭਾਈ ਭਗਵਾਨ ਸਿੰਘ ਦੀ ਹੈ।

ਹ.ਪੁ.—ਮ.ਕੋ.

ਨਗਾਓਂ : ਜ਼ਿਲ੍ਹਾ —ਇਹ ਆਸਾਮ ਰਾਜ (ਭਾਰਤ) ਦਾ ਇਕ ਜ਼ਿਲ੍ਹਾ ਹੈ ਜਿਹੜਾ ਆਸਾਮ ਦੀ ਵਾਦੀ ਵਿਚ ਬ੍ਰਹਮਪੁੱਤਰ ਦਰਿਆ ਦੇ ਦੱਖਣੀ ਕੰਢੇ ਉੱਤੇ ਵਾਕਿਆ ਹੈ। ਇਸ ਜ਼ਿਲ੍ਹੇ ਦੀਆਂ ਹੱਦਾਂ ਉੱਤਰ ਵੱਲ ਬ੍ਰਹਮਪੁੱਤਰ ਦਰਿਆ, ਪੂਰਬ ਅਤੇ ਦੱਖਣ ਵੱਲ ਕਰਬੀ ਐਂਗਲਾਂਗ ਜ਼ਿਲ੍ਹੇ ਅਤੇ ਪੱਛਮ ਵੱਲ ਮੈਰੀਗਾੱਨ ਜ਼ਿਲ੍ਹੇ ਨਾਲ ਲਗਦੀਆਂ ਹਨ। ਇਹ 2973.3 ਵ.ਕਿ.ਮੀ. ਵਿਚ ਫੈਲਿਆ ਹੋਇਆ ਹੈ ਅਤੇ ਇਸ ਦੀ ਆਬਾਦੀ 23,15,000 (2001) ਹੈ ਜਿਸ ਵਿਚੋਂ 16,87,449 ਪੇਂਡੂ ਅਤੇ 2,05,722 ਸ਼ਹਿਰੀ ਹੈ। ਇਸੇ ਹੀ ਨਾਂ ਦਾ ਸ਼ਹਿਰ ਇਸ ਦਾ ਸਦਰ ਮੁਕਾਮ ਹੈ। ਜ਼ਿਲ੍ਹੇ ਵਿਚ ਤਿੰਨ ਸਬ ਡਿਵੀਜ਼ਨਾਂ, ਦਸ ਕਮਿਊਨਿਟੀ ਡਵੈਲਪਮੈਂਟ ਬਲਾਕ, ਸੱਤ ਸ਼ਹਿਰ ਅਤੇ 1419 ਪਿੰਡ ਹਨ।

ਧਰਾਤਲ ਪੱਖੋਂ ਜ਼ਿਲ੍ਹੇ ਦੇ ਉੱਤਰ ਅਤੇ ਪੂਰਬ ਵੱਲ ਮਿਕੀਰ ਪਹਾੜੀਆਂ ਹਨ। ਮੋਹਨਦਿਜੂ ਅਤੇ ਜਮੁਨਾ ਦਰਿਆਵਾਂ ਦੇ ਦੱਖਣ ਵੱਲ ਪੈਂਦੀਆਂ ਪਹਾੜੀਆਂ ਵੀ ਇਸੇ ਜ਼ਿਲ੍ਹੇ ਵਿੱਚ ਸ਼ਾਮਲ ਹਨ। ਇਹ ਪਹਾੜੀਆਂ ਉਂਜ ਤਾਂ ਸੰਘਣੇ ਜੰਗਲਾਂ ਵਿੱਚ ਢੱਕੀਆਂ ਹੋਈਆਂ ਹਨ ਪਰ ਕਿਤੇ ਕਿਤੇ ਇਨ੍ਹਾਂ ਜੰਗਲਾਂ ਨੂੰ ਕੱਟ ਕੇ ਮਿਕੀਰ ਅਤੇ ਕਛਾਰੀ ਜਾਤੀ ਦੇ ਲੋਕ ਸਥਾਨ-ਅੰਤਰੀ ਖੇਤੀ ਕਰਦੇ ਹਨ। ਪੱਛਮੀ ਹੱਦ ਦੇ ਨੇੜੇ ਪੈਂਦੇ ਮੇਯਾਂਗ ਅਤੇ ਬੂਰਾ ਮੈਯਾਂਗ ਪਰਬਤ 458 ਮੀ. ਤੱਕ ਉੱਚੇ ਹਨ। ਜੱਗੀ ਰੋਡ ਪਹਾੜੀਆਂ ਦੀ ਸਿਖਰ 272 ਮੀ. ਤੱਕ ਉਚੀ ਹੈ। ਜ਼ਿਲ੍ਹੇ ਦੇ ਉਤਰ-ਪੂਰਬ ਵੱਲ ਹੈਤੀਮੁਰ (186.5 ਮੀ.) ਅਤੇ ਕਾਮਾ-ਖਯਾ ਪਰਬਤ (244 ਮੀ.) ਹਨ।

ਬ੍ਰਹਮਪੁੱਤਰ ਦਰਿਆ ਤੋਂ ਬਾਅਦ ਕਾਲੰਗ ਇਥੋਂ ਦੀ ਪ੍ਰਮੁੱਖ ਨਦੀ ਹੈ ਜੋ ਬ੍ਰਹਮਪੁੱਤਰ ਦਰਿਆ ਦੀ ਹੀ ਇਕ ਸਹਾਇਕ ਨਦੀ ਹੈ। ਕਾੱਪਿਲੀ ਇਥੋਂ ਦਾ ਇਕ ਹੋਰ ਪ੍ਰਮੁੱਖ ਦਰਿਆ ਹੈ। ਜ਼ਿਲ੍ਹੇ ਵਿਚ ਕਾਫੀ ਦਲਦਲਾਂ ਅਤੇ ਝੀਲਾਂ ਹਨ। ਇਨ੍ਹਾਂ ਝੀਲਾਂ ਵਿਚੋਂ ਕੁਝ ਮੱਛੀਆਂ ਫੜਨ ਲਈ ਪ੍ਰਸਿੱਧ ਹਨ। ਇਥੋਂ ਦੇ ਜੰਗਲਾਂ ਤੋਂ ਸਾਗਵਾਨ, ਸਾਲ, ਲਾਖ ਅਤੇ ਇਮਾਰਤੀ ਲੱਕੜ ਪ੍ਰਾਪਤ ਹੁੰਦੀ ਹੈ। ਇਥੇ ਪਟਸਨ, ਚਾਹ ਅਤੇ ਰੇਸ਼ਮ ਦੀ ਪੈਦਾਵਾਰ ਹੁੰਦੀ ਹੈ। ਕਾਮਪੁਰ ਸ਼ਹਿਰ ਇਥੋਂ ਦਾ ਇਕ ਪ੍ਰਸਿੱਧ ਵਪਾਰਕ ਕੇਂਦਰ ਹੈ ਅਤੇ ਇਸ ਸ਼ਹਿਰ ਵਿਖੇ ਇਕ ਖੰਡ ਦੀ ਮਿਲ ਵੀ ਹੈ। ਰਾਹਾ ਝੋਨੇ, ਪਟਸਨ ਅਤੇ ਸਰੋਂ ਵਰਗੀਆਂ ਖੇਤੀਬਾੜੀ

ਨਾਲ ਸਬੰਧਤ ਵਸਤਾਂ ਦਾ ਵਪਾਰਕ ਕੇਂਦਰ ਹੈ। ਜਮੁਨਾ ਮੁੱਖ ਸ਼ਹਿਰ ਨੂੰ ਮਿੱਟੀ ਦੇ ਭਾਂਡਿਆਂ ਲਈ ਪ੍ਰਸਿੱਧੀ ਹਾਸਲ ਹੈ। ਹਾਜੋ ਵਿਖੇ ਆਸਾਮ ਦੇ ਚੌਲਾਂ ਦੀ ਥੋਕ ਦੀ ਮੰਡੀ ਹੈ। ਲਮਡਿੰਗ ਵਿਖੇ ਮੋਮਬੱਤੀ ਬਣਾਉਣ ਵਰਗੇ ਛੋਟੇ ਪੈਮਾਨੇ ਦੇ ਉਦਯੋਗ ਵੀ ਹਨ। ਬੋਰਡੋਵਾ ਸ਼ਹਿਰ ਵੈਸ਼ਨੋ ਧਰਮ ਦੇ ਅਨੁਯਾਈਆਂ ਲਈ ਪਵਿੱਤਰ ਸਥਾਨ ਹੈ। ਚਪਨਾਲਾ ਪਹਾੜੀ ਉੱਤੇ ਪੁਰਾਣੇ ਮੰਦਿਰਾਂ ਅਤੇ ਕਿਲਿਆਂ ਦੇ ਖੰਡਰਾਤ ਮਿਲਦੇ ਹਨ। ਸਿਲਘਾਟ ਵਿਖੇ ਵੀ ਕਈ ਮੰਦਿਰ ਹਨ ਜਿਹੜੇ ਸੈਲਾਨੀਆਂ ਲਈ ਖਿੱਚ ਦਾ ਕੇਂਦਰ ਹਨ। ਦਬਾਕਾ ਦੇ ਨੇੜੇ ਅਕਾਸ਼ੀਗੰਗਾ ਨਾਂ ਦੀ ਆਬਸ਼ਾਰ ਇਕ ਪ੍ਰਸਿੱਧ ਪਿਕਨਿਕ ਸਥਾਨ ਹੈ। ਦਬਾਕਾ ਵਿਖੇ ਕਈ ਪੁਰਾਣੇ ਮੰਦਿਰਾਂ; ਸ਼ਿਵ, ਵਿਸ਼ਨੂੰ, ਲਕਸ਼ਮੀ ਅਤੇ ਸਰਸਵਤੀ ਦੇ ਬੁੱਤਾਂ ਦੇ ਖੰਡਰਾਤ ਵੀ ਮੌਜੂਦ ਹਨ। ਬੋਰਡੋਵਾ ਵਿਖੇ ਫਗੁਆ ਤਿਉਹਾਰ ਅਤੇ ਵੈਸ਼ਨੂੰ ਸੰਤਾਂ ਦੇ ਜਨਮ ਅਤੇ ਮਰਨ ਦਿਵਸ ਬਹੁਤ ਹੀ ਸ਼ਾਨੋ ਸ਼ੌਕਤ ਨਾਲ ਮਨਾਏ ਜਾਂਦੇ ਹਨ। ਸਮੰਤਗਿਰੀ ਪਹਾੜੀ ਦੇ ਉੱਤੇ ਸਥਿਤ ਦੁਰਗਾ ਮੰਦਰ ਵਿਚ ਬੜਾ ਭਾਰੀ ਅਸ਼ੋਕਾ ਅਸ਼ਟਮੀ ਦਾ ਮੇਲਾ ਭਰਦਾ ਹੈ।

ਸੰਨ 1991-92 ਵਿਚ ਇਥੇ ਹਸਪਤਾਲ, 51 ਪ੍ਰਾਇਮਰੀ ਸਿਹਤ ਕੇਂਦਰ, 45 ਡਿਸਪੈਂਸਰੀਆਂ, ਪੇਂਡੂ ਪਰਿਵਾਰਾਂ ਲਈ 11 ਭਲਾਈ ਯੋਜਨਾ ਕੇਂਦਰ ਹਨ। ਰਾਜਧਾਨੀ ਸ਼ਹਿਰ ਤੋਂ ਇਲਾਵਾ ਸਿਲਿਘਾਟ ਅਤੇ ਬੋਰਡੋਵਾ ਇਥੋਂ ਦੇ ਪ੍ਰਮੁੱਖ ਸ਼ਹਿਰ ਹਨ।

ਹ.ਪੁ.—ਐਨ.ਬ੍ਰਿ. ਮਾ. 8 : 414; ਦੀ ਐਨ. ਡਿਸ. ਗਜ. ਆਫ ਇੰਡ. 10 : 333—ਐਸ. ਸੀ. ਭੱਟ

ਨਗਾਓਂ : ਸ਼ਹਿਰ—ਭਾਰਤ ਦੇ ਆਸਾਮ ਰਾਜ ਵਿੱਚ ਇਸੇ ਹੀ ਨਾਂ ਦੇ ਜ਼ਿਲ੍ਹੇ ਦਾ ਸਦਰ-ਮੁਕਾਮ ਹੈ ਜਿਹੜਾ ਕਲਾਂਗ ਨਦੀ ਦੇ ਖੱਬੇ ਕੰਢੇ ਉੱਤੇ ਵਾਕਿਆ ਹੈ। ਸੰਨ 1867 ਵਿੱਚ ਭੂਚਾਲ ਕਾਰਨ ਇਥੋਂ ਦਾ ਕਾਫ਼ੀ ਨੁਕਸਾਨ ਹੋਇਆ ਸੀ ਅਤੇ ਦਲਦਲਾਂ ਦੀ ਸਤ੍ਹਾ ਉੱਚੀ ਹੋ ਜਾਣ ਕਾਰਨ ਚਾਰੇ ਪਾਸੇ ਪਾਣੀ ਹੀ ਪਾਣੀ ਫੈਲ ਗਿਆ ਸੀ।

ਇਥੋਂ ਦੇ ਕੁਦਰਤੀ ਨਜ਼ਾਰੇ ਵੇਖਣ ਯੋਗ ਹਨ। ਪੌਣਪਾਣੀ ਗਰਮ ਹੋਣ ਕਰਕੇ ਵਧੇਰੇ ਸੁਖਾਵਾਂ ਅਤੇ ਸਿਹਤਵਰਧਕ ਨਹੀਂ ਹੈ। ਮਾਰਵਾੜੀ ਲੋਕ ਇਥੋਂ ਦੇ ਉੱਘੇ ਵਪਾਰੀ ਹਨ। ਇਥੋਂ ਸਰ੍ਹੋਂ, ਕਪਾਹ ਅਤੇ ਲਾਖ ਆਦਿ ਚੀਜ਼ਾਂ ਬਾਹਰ ਭੇਜੀਆਂ ਜਾਂਦੀਆਂ ਹਨ। ਨਮਕ, ਤੇਲ, ਸੂਤੀ ਕੱਪੜਾ, ਅਨਾਜ ਆਦਿ ਦਾ ਆਯਾਤ ਹੁੰਦਾ ਹੈ। ਇਥੇ ਕੁਝ ਕੁ ਸਿੱਖਿਅਕ ਸੰਸਥਾਵਾਂ ਵੀ ਹਨ।

ਆਬਾਦੀ - 93, 350 (1991)

26° 20′ ਉ. ਵਿਥ.; 90° 41′ ਪੂ. ਲੰਬ.

ਹ.ਪੁ.—ਹਿੰ. ਵਿ. ਕੋ. 6 : 222

ਨਗਾਰਨ-ਕਾਰਬਾਕ ਖ਼ੁਦਮੁਖਤਾਰ ਖੇਤਰ : ਇਹ ਅਜ਼ਰਬਾਈਜਾਨ ਦੀ ਇਕ ਪ੍ਰਬੰਧਕੀ ਡਵੀਜ਼ਨ ਹੈ ਜਿਹੜੀ ਲਿਟਲ ਕੋਹਕਾਫ਼ (Little Caucasus) ਵਿਚ ਕਾਰਬਾਕ ਪਰਬਤ ਦੇ ਉੱਤਰ ਵੱਲ ਸਥਿਤ ਹੈ। ਸਟੈਪਨਾਕਰਟ ਇਸ ਦੀ ਰਾਜਧਾਨੀ ਹੈ। ਇਸ ਦਾ ਕੁੱਲ ਖੇਤਰਫਲ 4,400 ਵ.ਕਿ.ਮੀ. (1700 ਵ. ਮੀਲ.) ਹੈ ਅਤੇ ਆਬਾਦੀ 193,300 (1991) ਹੈ। ਇਥੋਂ ਦੀ ਬਨਸਪਤੀ ਵਿਚ ਬਹੁਤ ਵਖਰੇਵਾਂ ਮਿਲਦਾ ਹੈ ਜਿਵੇਂ ਕਿ ਕੁਰਾ ਦੇ ਨੀਵੇਂ ਇਲਾਕੇ ਵਿਚ ਸਟੈਪੀ ਕਿਸਮ ਦੀ ਬਨਸਪਤੀ ਮਿਲਦੀ ਹੈ। ਇਸ ਦੀਆਂ ਹੇਠਲੀਆਂ ਢਲਾਣਾਂ ਤੇ ਬਲੂਤ ਹਾਰਨਬੀਮ ਬੀਚ ਤੇ ਦਰਖ਼ਤ ਮਿਲਦੇ ਹਨ ਅਤੇ ਇਸ ਦੇ ਉਪਰਲੇ ਸੰਘਣੇ ਜੰਗਲੀ ਖੇਤਰ ਵਿਚ ਅਲੈਪਸੀ ਦੀਆਂ ਚਾਰਗਾਹਾਂ ਵੀ ਹਨ। ਆਰਮੀਨੀਆ ਅਤੇ ਅਜ਼ਰਬਾਈਜਾਨ ਦੇ ਬਹੁਤੇ ਲੋਕ ਖੇਤੀਬਾੜੀ ਉੱਤੇ ਨਿਰਭਰ ਕਰਦੇ ਹਨ। ਇਸ ਖੇਤਰ ਦੀਆਂ ਘਾਟੀਆਂ ਵਿਚ ਅੰਗੂਰਾਂ ਦੇ ਫਲਾਂ ਦੇ ਬਾਗਾਂ ਅਤੇ ਸ਼ਹਿਤੂਤ ਦੇ ਝੁੰਡਾਂ ਵਿਚ ਰੇਸ਼ਮ ਦੇ ਕੀੜਿਆਂ ਨੂੰ ਪਾਲਿਆ ਜਾਂਦਾ ਹੈ। ਇਸ ਤੋਂ ਇਲਾਵਾ ਇਥੇ ਭੇਡਾਂ ਅਤੇ ਸੂਰ ਵੀ ਪਾਲੇ ਜਾਂਦੇ ਹਨ। ਇਥੇ ਸ਼ਰਾਬ, ਤੰਬਾਕੂ, ਉੱਨ, ਕੰਬਲ ਵੀ ਤਿਆਰ ਕੀਤੇ ਜਾਂਦੇ ਹਨ।

17ਵੀਂ ਅਤੇ 18ਵੀਂ ਸਦੀ ਵਿਚ ਇਸ ਖੇਤਰ ਉੱਤੇ ਤੁਰਕਾਂ ਅਤੇ ਪਰਸ਼ੀਅਨਾਂ ਨੇ ਸਾਸ਼ਨ ਕੀਤਾ। ਸੰਨ 1813 ਵਿਚ ਰੂਸ ਨੇ ਵੀ ਇਸ ਖੇਤਰ ਤੇ ਕੁਝ ਸਮਾਂ ਰਾਜ ਕੀਤਾ। ਕਾਰਬਕ ਖੇਤਰ ਰੂਸ ਦੀ ਘਰੇਲੂ ਜੰਗ ਦੌਰਾਨ ਨਸ਼ਟ ਹੋ ਗਿਆ ਸੀ। ਸੰਨ 1923 ਵਿੱਚ ਇਥੇ ਆਰਮੀਨੀਆ ਦੇ ਲੋਕਾਂ ਦੀ ਬਹੁ ਗਿਣਤੀ ਦੇ ਕਾਰਨ ਹੀ ਅਜ਼ਰ-ਬਾਈਜ਼ਾਨ ਦੇਸ਼ ਦੇ ਵਿਚ ਹੀ ਇਸ ਖੇਤਰ ਨੂੰ ਇਕ ਖ਼ੁਦਮੁਖਤਾਰ ਗਣਰਾਜ ਬਣਾਇਆ ਗਿਆ।

ਹ.ਪੁ.—ਸਟੇ. ਯੀ. ਬੁੱਕ 1993-94 : 425; ਐਨ.ਬ੍ਰਿ.ਮਾ. 7 : 165; ਐਨ. ਅਮੈ. 19 : 680; ਐਨ. ਬ੍ਰਿ. ਮਾ. 8 : 483

ਨਗਾਰਾ : ਇਹ ਵੱਡੇ ਆਕਾਰ ਦਾ ਇਕ ਵਾਦਕ ਸਾਜ਼ ਹੈ ਜਿਸ ਦੇ ਉਪਰ ਮੋਟੀ ਖੱਲ ਮੜ੍ਹੀ ਹੁੰਦੀ ਹੈ। ਇਹ ਖੱਲ ਆਮ ਕਰਕੇ ਖੋਤੇ ਜਾਂ ਝੋਟੇ ਦੀ ਹੁੰਦੀ ਹੈ। ਇਸ ਨੂੰ ਦੋ ਡੰਡਿਆਂ ਨਾਲ ਵਜਾਇਆ ਜਾਂਦਾ ਹੈ ਤੇ ਇਸ ਦੀ ਆਵਾਜ਼ ਦੂਰ ਦੂਰ ਤਕ ਸੁਣਾਈ ਦਿੰਦੀ ਹੈ। ਪੁਰਾਣੇ ਜ਼ਮਾਨੇ ਵਿਚ ਇਸ ਨੂੰ ਅਮੀਰੀ ਜਾਂ ਬਾਦਸ਼ਾਹੀ ਠਾਠ ਬਾਠ ਦਾ ਚਿੰਨ੍ਹ ਸਮਝਿਆ ਜਾਂਦਾ ਸੀ। ਜਦੋਂ ਬਾਦਸ਼ਾਹ ਇਕ ਤੋਂ ਦੂਜੇ ਸਥਾਨ ਤੇ ਜਾਂਦਾ ਸੀ ਤਾਂ ਉਸ ਕਾਰਵਾਂ ਦੇ ਅੱਗੇ ਅੱਗੇ ਹਾਥੀ ਉੱਪਰ ਰਖਿਆ ਨਗਾਰਾ ਵਜਾਇਆ ਜਾਂਦਾ ਸੀ ਜਿਸ ਤੋਂ ਆਮ ਜਨਤਾ ਨੂੰ ਪਤਾ ਲਗ ਜਾਂਦਾ ਸੀ ਕਿ ਬਾਦਸ਼ਾਹ ਦੀ ਸਵਾਰੀ ਆ ਰਹੀ ਹੈ। ਇਸੇ ਤਰ੍ਹਾਂ ਜਦੋਂ ਫ਼ੌਜਾਂ ਲੜਾਈ ਕਰਨ ਲਈ ਚੜ੍ਹਾਈ ਕਰਦੀਆਂ ਹਨ ਤਾਂ ਬਹੁਤ ਸਾਰੇ ਨਗਾਰੇ ਹਾਥੀਆਂ ਅਤੇ ਘੋੜਿਆਂ ਤੇ ਰੱਖ ਕੇ ਵਜਾਏ ਜਾਂਦੇ ਸਨ। ਇਸ ਨਾਲ ਯੋਧਿਆਂ ਵਿਚ ਜੋਸ਼ ਤੇ ਉਤਸ਼ਾਹ ਵਧਦਾ ਸੀ। 'ਚੰਡੀ ਦੀ ਵਾਰ' ਵਿਚ ਲਿਖਿਆ ਹੈ— 'ਲੱਖ ਨਗਾਰੇ ਵੱਜਣ ਆਹਮੋ ਸਾਹਮਣੇ'। ਜਦੋਂ ਫ਼ੌਜ ਜਿੱਤ ਕੇ ਵਾਪਸ ਆਉਂਦੀ ਸੀ ਤਾਂ ਵੀ ਨਗਾਰੇ ਵਜਾਏ ਜਾਂਦੇ ਸਨ ਜੋ ਜਿੱਤ ਤੇ ਖ਼ੁਸ਼ੀ ਦੇ ਪ੍ਰਤੀਕ ਸਨ। ਬਾਦਸ਼ਾਹ ਕਿਸੇ ਹੋਰ ਨੂੰ ਨਗਾਰਾ ਰਖਣ ਜਾਂ ਵਜਾਉਣ ਦੀ ਪਰਵਾਨਗੀ ਨਹੀਂ ਸੀ ਦਿੰਦਾ। ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਰਣਜੀਤ ਨਗਾਰਾ ਵਜਾਉਣਾ ਸ਼ੁਰੂ ਕੀਤਾ ਤਾਂ ਸਮੇਂ ਦੇ ਹਾਕਮਾਂ ਨੇ ਇਸ ਵਿਰੁੱਧ ਕਾਰਵਾਈ ਕਰਨੀ ਆਪਣਾ ਫਰਜ਼ ਸਮਝਿਆ। ਸਿੱਖ ਧਰਮ ਵਿਚ ਗੁਰੂ ਹਰਿਗੋਬਿੰਦ ਸਾਹਿਬ ਨੇ ਸਭ ਤੋਂ ਪਹਿਲਾਂ ਆਪਣੇ ਦਰਬਾਰ ਵਿਚ ਨਗਾਰੇ ਦਾ ਪ੍ਰਯੋਗ ਕੀਤਾ। ਇਸ ਉਪਰੰਤ ਗੁਰੂ ਘਰ ਨਾਲ ਨਗਾਰੇ ਦਾ ਅਟੁੱਟ ਸਬੰਧ ਕਾਇਮ ਹੋ ਗਿਆ। ਜੰਗਾਂ ਯੁਧਾਂ ਤੋਂ ਇਲਾਵਾ ਅੱਜਕੱਲ੍ਹ ਗੁਰਦੁਆਰਿਆਂ ਵਿਚ ਅਰਦਾਸ ਤੋਂ ਪਹਿਲਾਂ ਅਤੇ ਅਰਦਾਸ ਤੋਂ ਉਪਰੰਤ ਨਗਾਰਾ ਵਜਾਇਆ ਜਾਂਦਾ ਹੈ। ਲੰਗਰ ਤਿਆਰ ਹੋਣ ਉਪਰੰਤ ਵਰਤਾਉਣ ਤੋਂ ਪਹਿਲਾਂ ਨਗਾਰਾ ਵਜਾ ਕੇ ਸੰਗਤਾਂ ਨੂੰ ਸੂਚਿਤ ਕੀਤਾ ਜਾਂਦਾ ਹੈ। ਨਗਰ ਕੀਰਤਨ ਵਿਚ ਸਭ ਤੋਂ ਅੱਗੇ ਨਗਾਰੇ ਵਜਾਉਣ ਵਾਲੇ ਚੱਲਦੇ ਹਨ ਜਿਸ ਤੋਂ ਜਲੂਸ ਦੀ ਆਮਦ ਦੀ ਸੂਚਨਾ ਮਿਲਦੀ ਹੈ। ਨਿਹੰਗ ਸਿੰਘਾਂ ਦੀ ਵਹੀਰ ਜਦੋਂ ਚਲਦੀ ਹੈ ਤਾਂ ਸਭ ਤੋਂ ਅੱਗੇ ਨਗਾਰੇ ਵਜਾਉਣ ਵਾਲਾ ਜਥਾ ਨਗਾਰੇ ਵਜਾਉਂਦਾ ਅੱਗੇ ਵਧਦਾ ਹੈ। ਪੁਰਾਣੇ ਜ਼ਮਾਨੇ ਵਿਚ ਜਦੋਂ ਕਿਸੇ ਸ਼ਹਿਰ ਜਾਂ ਪਿੰਡ ਉਪਰ ਧਾੜਵੀ ਜਾਂ ਹਮਲਾਵਰ ਫ਼ੌਜਾਂ ਚੜ੍ਹਾਈ ਕਰਦੀਆਂ ਸਨ ਤਾਂ ਪਿੰਡ ਜਾਂ ਸ਼ਹਿਰ ਦੇ ਗੁਰਦੁਆਰੇ ਜਾਂ ਸਰਦਾਰਾਂ ਦੀ ਹਵੇਲੀ ਉਪਰ ਚੜ੍ਹਕੇ ਨਗਾਰਾ ਵਜਾਇਆ ਜਾਂਦਾ ਸੀ। ਇਸ ਤੋਂ ਉਥੋਂ ਦੇ ਵਾਸੀਆਂ ਨੂੰ ਪਤਾ ਲੱਗ ਜਾਂਦਾ ਸੀ ਕਿ ਉਨ੍ਹਾਂ ਨੂੰ ਖਤਰਾ ਹੈ ਤੇ ਉਹ ਹਥਿਆਰ

ਲੈ ਕੇ ਹਮਲਾਵਰਾਂ ਜਾਂ ਧਾੜਵੀਆਂ ਦਾ ਅੱਗੇ ਹੋ ਕੇ ਮੁਕਾਬਲਾ ਕਰਦੇ ਸਨ। ਇਉਂ ਨਗਾਰਾ ਜਿਥੇ ਇਕ ਪਾਸੇ ਸ਼ਾਹੀ ਠਾਠ-ਬਾਠ ਨਾਲ ਸਬੰਧਿਤ ਰਿਹਾ ਹੈ ਉਥੇ ਧਾਰਮਕ ਤੇ ਜਨ-ਜੀਵਨ ਨਾਲ ਵੀ ਇਸ ਦੀ ਨੇੜੇ ਦੀ ਸਾਂਝ ਰਹੀ ਹੈ।

ਹ.ਪੁ.—ਮ.ਕੋ.; ਤਵਾ. ਗੁ. ਖਾ. — ਗਿਆਨੀ ; ਰਾਸ਼ਟਰੀ ਵੀਰ ਗੁਰੂ ਗੋਬਿੰਦ ਸਿੰਘ-ਰਣਬੀਰ; ਸਾਹਿਬੇ ਕਮਾਲ — ਦੌਲਤ ਰਾਏ।

ਨਗੀਨਾ (ਸ਼ਹਿਰ) : ਭਾਰਤ ਦੇ ਉੱਤਰ ਪ੍ਰਦੇਸ਼ ਰਾਜ ਵਿੱਚ ਬਿਜਨੌਰ ਜ਼ਿਲ੍ਹੇ ਦਾ ਇਕ ਇਤਿਹਾਸਕ ਸ਼ਹਿਰ ਹੈ। ਸ਼ਹਿਰ ਦੇ ਪੁਰਾਣੇ ਇਤਿਹਾਸ ਬਾਰੇ ਭਾਵੇਂ ਕੋਈ ਵੇਰਵੇ ਨਹੀਂ ਮਿਲਦੇ ਪਰ ਆਈਨ-ਇ-ਅਕਬਰੀ ਅਨੁਸਾਰ ਇਹ ਮਹਾਂਲ ਜਾਂ ਪਰਗਣੇ ਦਾ ਸਦਰ-ਮੁਕਾਮ ਹੁੰਦਾ ਸੀ। 18ਵੀਂ ਸਦੀ ਦੇ ਮੱਧ ਦੌਰਾਨ ਰੋਹੇਲਿਆਂ ਨੇ ਆਪਣੀ ਹਿਫਾਜਤ ਲਈ ਇਥੇ ਇਕ ਕਿਲਾ ਬਣਵਾਇਆ ਸੀ ਜਿਹੜਾ ਕਿ ਅਜੇ ਵੀ ਮੌਜੂਦ ਹੈ। ਸੰਨ 1805 ਵਿਚ ਅਮੀਰ ਖ਼ਾਂ ਨੇ ਇਸ ਸ਼ਹਿਰ ਦੀ ਲੁੱਟ-ਖਸੁੱਟ ਵੀ ਕੀਤੀ। ਸੰਨ 1857 ਦੇ ਗਦਰ ਦੌਰਾਨ ਵੀ ਇਹ ਵੱਖ ਵੱਖ ਪਾਰਟੀਆਂ ਦੀਆਂ ਸਰਗਰਮੀਆਂ ਦਾ ਕੇਂਦਰ ਰਿਹਾ। ਸੰਨ 1886 ਵਿਚ ਇਥੇ ਮਿਉਂਸਪਲਟੀ ਦੀ ਸਥਾਪਨਾ ਕੀਤੀ ਗਈ। ਅਜੋਕਾ ਨਗੀਨਾ ਸ਼ਹਿਰ ਖੰਡ, ਚੌਲ ਅਤੇ ਕਪਾਹ ਦੇ ਵਪਾਰ ਦਾ ਪ੍ਰਸਿੱਧ ਕੇਂਦਰ ਹੈ। ਇਥੋਂ ਦੇ ਲੋਕ ਆਬਨੂਸ ਦੀਆਂ ਸੁੰਦਰ ਛੜੀਆਂ, ਟ੍ਰੇਆਂ, ਸੰਦੂਕ ਆਦਿ ਬਣਾਉਣ ਵਿਚ ਮਾਹਿਰ ਹਨ। ਇਥੇ ਕੱਚ ਦੀਆਂ ਸ਼ੀਸ਼ੀਆਂ ਵੀ ਕਾਫ਼ੀ ਮਾਤਰਾ ਵਿਚ ਬਣਾਈਆਂ ਜਾਂਦੀਆਂ ਹਨ, ਜਿਨ੍ਹਾਂ ਨੂੰ ਯਾਤਰੀਆਂ ਦੇ ਗੰਗਾ ਜਲ ਭਰਨ ਲਈ ਹਰਿਦੁਆਰ ਭੇਜ ਦਿੱਤਾ ਜਾਂਦਾ ਹੈ। ਇਸ ਤੋਂ ਇਲਾਵਾ ਇਥੇ ਸਣ ਦੇ ਰੱਸੇ ਅਤੇ ਲਾਖ ਦੀਆਂ ਅਨੇਕ ਪ੍ਰਕਾਰ ਦੀਆਂ ਚੀਜ਼ਾਂ ਬਣਾਈਆਂ ਜਾਂਦੀਆਂ ਹਨ। ਇਥੇ ਲੋਹੇ ਦਾ ਸਮਾਨ ਤਿਆਰ ਕਰਨ ਦੇ ਉਦਯੋਗ ਵੀ ਸਥਾਪਿਤ ਹਨ।

ਆਬਾਦੀ : 58,513 (1991)

29° 27′ ਉ. ਵਿਥ.; 78° 26′ ਪੂ. ਲੰਬ.

ਹ.ਪੁ.—ਹਿੰ. ਵਿ. ਕੋ. 6 : 222.; ਇੰਪ. ਗ. ਇੰਡ. 18 : 299

ਨਗੀਨਾ ਘਾਟ : ਭਾਰਤ ਦੇ ਮਹਾਂਰਾਸ਼ਟਰ ਰਾਜ ਦੇ ਜ਼ਿਲ੍ਹਾ ਨਾਂਦੇੜ ਵਿਚ ਸਿੱਖਾਂ ਦੇ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਵਿੱਤਰ ਅਸਥਾਨ, ਅਬਿਚਲ ਨਗਰ ਹਜ਼ੂਰ ਸਾਹਿਬ ਦੇ ਨੇੜੇ ਹੀ ਇਹ ਇਕ ਗੁਰਧਾਮ ਹੈ ਜੋ ਗੋਦਾਵਰੀ ਨਦੀ ਦੇ ਕੰਢੇ ਉੱਤੇ ਸਥਿਤ ਹੈ। ਇਕ ਦਿਨ ਇਕ ਸ਼ਰਧਾਲੂ ਸਿੱਖ ਨੇ ਇਕ ਹੀਰੇ-ਜੜੀ ਮੁੰਦਰੀ ਗੁਰੂ ਜੀ ਨੂੰ ਭੇਟਾ ਕੀਤੀ। ਉਸ ਸਮੇਂ ਗੁਰੂ ਜੀ ਪ੍ਰਭੂ-ਭਗਤੀ ਵਿਚ ਲੀਨ ਸਨ ਅਤੇ ਉਨ੍ਹਾਂ ਨੇ ਮੁੰਦਰੀ ਨੂੰ ਬਿਨਾਂ ਵੇਖੇ ਹੀ ਨਦੀ ਵਿਚ ਸੁੱਟ ਦਿੱਤਾ। ਉਹ ਇਸ ਤੇ ਬਹੁਤ ਹੈਰਾਨ ਹੋਇਆ ਅਤੇ ਗੁਰੂ ਜੀ ਨੂੰ ਬਿਨੈ ਕੀਤੀ ਕਿ ਆਪ ਜੀ ਨੇ ਇੰਨੀ ਕੀਮਤੀ ਮੁੰਦਰੀ ਨਦੀ ਵਿਚ ਐਵੇਂ ਹੀ ਕਿਉਂ ਸੁੱਟ ਦਿੱਤੀ ਹੈ ? ਮੈਨੂੰ ਉਹ ਥਾਂ ਦੱਸਣ ਦੀ ਕਿਰਪਾ ਕੀਤੀ ਜਾਵੇ ਜਿਥੇ ਆਪ ਜੀ ਨੇ ਉਹ ਮੁੰਦਰੀ ਸੁੱਟੀ ਸੀ ਤਾਂ ਕਿ ਮੈਂ ਨਦੀ ਵਿਚ ਟੁੱਭੀ ਮਾਰ ਕੇ ਉਸ ਨੂੰ ਬਾਹਰ ਕੱਢ ਲਿਆਵਾਂ। ਇਹ ਸੁਣ ਕੇ ਗੁਰੂ ਜੀ ਮੁਸਕਰਾ ਪਏ ਅਤੇ ਉਨ੍ਹਾਂ ਨੇ ਪਹਿਲੀ ਮੁੰਦਰੀ ਜਿੰਨੀ ਹੀ ਕੀਮਤੀ ਆਪਣੀ ਇਕ ਹੋਰ ਮੁੰਦਰੀ ਨਦੀ ਵਿਚ ਸੁੱਟ ਦਿੱਤੀ ਅਤੇ ਸ਼ਰਧਾਲੂ ਸਿੱਖ ਨੂੰ ਬਚਨ ਕੀਤਾ ਕਿ ਅਸਾਂ ਤਾਂ ਉਥੇ ਸੁੱਟੀ ਹੈ। ਸਾਰੀ ਸੰਗਤ ਹੈਰਾਨ ਹੋ ਗਈ। ਇਸ ਸਮੇਂ ਸੰਗਤ ਨੂੰ ਉਪਦੇਸ਼ ਦਿੰਦਿਆਂ ਗੁਰੂ ਜੀ ਨੇ ਬਚਨ ਕੀਤਾ ਕਿ ਇਸ ਸੰਸਾਰ ਵਿਚ ਭਾਵੇਂ ਇਨਸਾਨ ਨੂੰ ਕਿੰਨੀਆਂ ਹੀ ਕੀਮਤੀ ਵਸਤਾਂ ਪ੍ਰਾਪਤ ਹੋ ਜਾਣ, ਉਸ ਨੂੰ ਇਨ੍ਹਾਂ ਨਾਲ ਮੋਹ ਨਹੀਂ ਪਾਉਣਾ ਚਾਹੀਦਾ।

ਹੈਦਰਾਬਾਦ ਰਿਆਸਤ ਦੇ ਹੀ ਦੀਵਾਨ ਚੰਦੂ ਲਾਲ ਨੇ ਆਪਣੇ ਵੱਲੋਂ ਚਾਰ ਲੱਖ ਰੁਪਏ ਦਾਨ ਕਰਕੇ ਨਗੀਨਾ ਘਾਟ ਉੱਤੇ ਇਕ ਆਲੀਸ਼ਾਨ ਗੁਰਦੁਆਰਾ ਉਸਾਰਿਆ ਅਤੇ ਨਾਲ ਇਸੇ ਥਾਂ ਇਕ ਘਾਟ ਵੀ ਬਣਵਾਈ, ਜਿਸ ਨੂੰ ਨਗੀਨਾ ਘਾਟ ਕਿਹਾ ਜਾਂਦਾ ਹੈ।

ਗੋਦਾਵਰੀ ਨਦੀ ਦੇ ਕੰਢੇ ਉੱਤੇ ਚਮਕੀਲੇ ਪੱਥਰਾਂ ਦੇ ਫੈਂਜ਼ੇ ਵੀ ਵੇਖੇ ਜਾਂਦੇ ਹਨ।

ਹ.ਪੁ. — ਮ.ਕੋ.; ਸਿਖ ਗੁਰੂਜ਼ ਐਂਡ ਦੇਅਰ ਸ਼ਰਾਈਨਜ਼ ; —ਸੁਰਿੰਦਰ ਸਿੰਘ ਜੌਹਰ

ਨਗੂਗੀ, ਜੇਮਜ਼ : ਪੂਰਬੀ ਅਫ਼ਰੀਕਾ ਦੇ ਇਸ ਚੋਟੀ ਦੇ ਨਾਵਲਕਾਰ ਜਿਸ ਦਾ ਉਪ ਨਾਂ ਨਗੂਗੀ ਵਾ ਥਿਉਂਗਓ ਹੈ, ਦਾ ਜਨਮ ਕੀਨੀਆ ਵਿਚ ਲਿਮੁਰੂ ਵਿਖੇ 5 ਜਨਵਰੀ, 1938 ਨੂੰ ਹੋਇਆ। ਸੰਨ 1963 ਵਿਚ ਇਸ ਨੇ ਯੁਗਾਂਡਾ ਦੀ ਮੈਕਰੀਰੀ ਯੂਨੀਵਰਸਿਟੀ ਤੋਂ ਬੀ. ਏ. ਪਾਸ ਕੀਤੀ ਅਤੇ ਫਿਰ 1964 ਵਿਚ ਇੰਗਲੈਂਡ ਵਿਚ ਲੀਡਜ਼ ਯੂਨੀਵਰਸਿਟੀ ਯਾੱਰਕਸ਼ਿਰ ਤੋਂ ਬੀ.ਏ. ਕੀਤੀ। ਇਹ ਕੀਨੀਆ ਵਿਚ ਯੂਨੀਵਰਸਿਟੀ ਕਾਲਜ, ਨੈਰੋਬੀ ਵਿਖੇ ਅੰਗਰੇਜ਼ੀ ਦਾ ਅਧਿਆਪਕ ਅਤੇ ਫਿਰ 1972 ਤੋਂ 1977 ਤਕ ਡਿਪਾਰਟਮੈਂਟ ਆਫ਼ ਲਿਟਰੇਚਰ ਦਾ ਚੇਅਰਮੈਨ ਰਿਹਾ।

ਸੰਨ 1964 ਵਿਚ ਅੰਗਰੇਜ਼ੀ ਵਿਚ ਨਗੂਗੀ ਦਾ ਪਹਿਲਾ ਨਾਵਲ 'ਵੀਪ ਨੱਟ ਚਾਈਲਡ' ਪ੍ਰਕਾਸ਼ਤ ਹੋਇਆ ਜਿਸ ਰਾਹੀਂ ਇਸ ਨੇ ਸਪਸ਼ਟ ਕੀਤਾ ਹੈ ਕਿ ਕਲਾਕਾਰਾਂ ਅਤੇ ਵਿਦਵਾਨਾਂ ਦਾ ਇਹ ਨੈਤਿਕ ਫ਼ਰਜ਼ ਹੈ ਕਿ ਉਹ ਸ਼ੋਸ਼ਿਤ ਵਰਗ ਦੀ ਸਹੀ ਅਗਵਾਈ ਕਰਨ। ਇਸ ਨਾਵਲ ਨੇ ਕਈ ਵੱਡੇ ਪੁਰਸਕਾਰ ਪ੍ਰਾਪਤ ਕੀਤੇ। 'ਦੀ ਰਿਵਰ ਬਿਟਵੀਨ' (1965), 'ਏ ਗ੍ਰੇਨ ਆੱਫ਼ ਵੀਟ' (1967) ਅਤੇ 'ਪੈਟਲਜ਼ ਆੱਫ਼ ਬਲੱਡ' (1977) ਇਸ ਦੇ ਸਮਾਜਕ ਅਤੇ ਆਰਥਕ ਸਮੱਸਿਆਵਾਂ ਸਬੰਧੀ ਹੋਰ ਨਾਵਲ ਹਨ। ਕਿਕਿਊਯੂ ਭਾਸ਼ਾ ਵਿਚ ਲਿਖੇ ਆਪਣੇ ਨਾਵਲ 'Caitaani Mutharaba-ini' (1980) ਵਿਚ ਵੀ ਇਨ੍ਹਾਂ ਵਿਸ਼ਿਆਂ ਨੂੰ ਇਸ ਨੇ ਬੜੇ ਸੁਚੱਜੇ ਢੰਗ ਨਾਲ ਪੇਸ਼ ਕੀਤਾ ਹੈ।

ਨਗੂਗੀ ਨੇ 'ਦੀ ਬਲੈਕ ਹਰਮਿਟ' (1962) ਆਦਿ ਕਈ ਚੰਗੇ ਨਾਟਕ ਵੀ ਲਿਖੇ ਹਨ। 1978 ਵਿਚ ਖੇਡੇ ਗਏ ਇਸ ਦੇ ਇਕ ਨਾਟਕ ਕਾਰਨ ਇਸ ਨੂੰ ਜੇਲ੍ਹ ਵੀ ਜਾਣਾ ਪਿਆ। ਸਾਹਿਤ, ਸਭਿਆਚਾਰ ਅਤੇ ਰਾਜਨੀਤੀ ਸਬੰਧੀ ਇਸ ਨੇ ਕਿੰਨੇ ਹੀ ਲੇਖ ਅਤੇ ਲੈਕਚਰ 'ਹੋਮਕਮਿੰਗ' (1972) ਅਤੇ 'ਰਾਈਟਰਜ਼ ਇਨ ਪਾਲਿਟਿਕਸ' (1981) ਵਿਚ ਸੰਗ੍ਰਹਿ ਕਰਕੇ ਛਾਪੇ ਗਏ ਹਨ। ਸਮਾਜਕ ਕੁਰੀਤੀਆਂ ਵਿਰੁੱਧ ਇਸ ਨੂੰ ਅਫ਼ਰੀਕਾ ਦਾ ਸਭ ਤੋਂ ਉੱਤਮ ਆਲੋਚਕ ਮੰਨਿਆ ਜਾਂਦਾ ਹੈ। ਇਸ ਨੇ ਇਕ ਕਹਾਣੀ ਸੰਗ੍ਰਹਿ 'ਸੀਕ੍ਰਿਟ ਲਾਈਵਜ਼' (1975) ਵੀ ਪ੍ਰਕਾਸ਼ਤ ਕੀਤਾ ਹੈ।

ਹ.ਪੁ.—ਐਨ. ਬ੍ਰਿ. ਮਾ. 8 : 669

ਨਗੁਯੈਨ ਡੂੰ (Ngvyen du) : ਵੀਅਤਨਾਮ ਦੇ ਇਸ ਪ੍ਰਸਿੱਧ ਕਵੀ ਜਿਸ ਨੂੰ ਕੁਝ ਵਿਦਵਾਨ ਵਿਅਤਨਾਮੀ ਸਾਹਿਤ ਦਾ ਪਿਤਾਮਾ ਵੀ ਮੰਨਦੇ ਹਨ, ਦਾ ਜਨਮ 1765 ਈ. ਵਿਚ ਤਾਂਈਨ ਹਾਈਨ (Tien Hein) ਵਿਚ ਵੀਅਤਨਾਮ ਵਿਖੇ ਹੋਇਆ। ਇਸ ਦਾ ਪੂਰਾ ਨਾਂ ਨਗੁਯੈਨ ਡੂੰ ਥਾਨ-ਹਾਈਸ ਸੀ। ਡੋਨ ਹੂ ਇਸ ਦਾ ਤਖ਼ਲਸ ਸੀ। ਨਗੁਯੈਨ ਨੂੰ ਚੀਨੀ ਭਾਸ਼ਾ ਵਿਚ ਪ੍ਰੀਖਿਆ ਪਾਸ ਕਰਨ ਉਪਰੰਤ 19 ਸਾਲ ਦੀ ਉਮਰ ਵਿਚ ਲੀ ਰਾਜ ਦੀ ਫ਼ੌਜ ਵਿਚ ਭਰਤੀ ਹੋ ਗਿਆ ਅਤੇ ਇਸ ਨੇ ਆਪਣੇ ਪਰਿਵਾਰਕ ਮੈਂਬਰਾਂ ਦੀ ਤਰ੍ਹਾਂ ਸ਼ਾਸਕਾਂ ਦੀ ਨੌਕਰੀ 1787 ਈ. ਭਾਵ ਲੀ ਰਾਜ ਦੇ ਖ਼ਤਮ ਹੋਣ ਤਕ ਕੀਤੀ।

ਇਸ ਤੋਂ ਬਾਅਦ ਕੁਝ ਦੇਰ ਲਈ ਇਸ ਨੇ ਲੀ ਨੂੰ ਦੁਬਾਰਾ ਤਾਕਤ ਵਿਚ ਲਿਆਉਣ ਦੇ ਯਤਨ ਕੀਤੇ ਪਰ ਇਹ ਆਪਣੇ ਮਕਸਦ ਵਿਚ ਸਫ਼ਲ ਨਾ ਹੋ ਸਕਿਆ ਅਤੇ ਪਹਾੜਾਂ ਵਿਚ ਆਪਣੇ ਜੱਦੀ ਪਿੰਡ ਹੌਂਗ ਲਿਨ (Hong Lint) ਚਲਾ ਗਿਆ। ਸੰਨ 1802 ਵਿਚ ਨਵੇਂ ਬਣੇ ਸ਼ਾਸਕ ਗਿਆ ਲੌਂਗ ਨੇ ਇਸ ਨੂੰ ਆਪਣੇ ਦਰਬਾਰ ਵਿਚ ਬੁਲਾਇਆ ਅਤੇ ਇਸ ਨੇ ਨਾ ਚਾਹੁੰਦੇ ਹੋਏ ਵੀ ਨਵੇਂ ਸ਼ਾਸਕ ਦੀ ਆਗਿਆ ਦੀ ਪਾਲਣਾ ਕੀਤੀ ਅਤੇ ਬਹੁਤ ਸਾਰੇ ਸਰਕਾਰੀ ਅਹੁਦਿਆਂ ਤੇ ਕੰਮ ਕੀਤਾ।

ਸੰਨ 1813 ਵਿਚ ਉੱਤਰੀ ਵੀਅਤਨਾਮ ਵਿਚ ਨਗੁਯੈਨ ਡੂੰ ਨੇ ਕਾਲਮ ਆਫ਼ ਦੀ ਐਂਪਾਇਰ (Column of the Empire) ਦੀ ਉਪਾਧੀ ਪ੍ਰਾਪਤ ਕੀਤੀ ਅਤੇ ਇਕ ਡੈਲੀਗੇਸ਼ਨ ਦਾ ਮੁਖੀ ਬਣ ਕੇ ਪੀਕਿੰਗ ਗਿਆ। ਇਸ ਮਿਸ਼ਨ ਦੌਰਾਨ ਇਸ ਨੇ ਚੀਨੀ ਨਾਵਲ ਦਾ ਅਨੁਵਾਦ ਕਰਕੇ ਇਹ ਮਹਾਂਕਾਵੀ 'Kim Van Kieu' ਲਿਖਿਆ ਜਿਸ ਵਿਚ 'Kieu' ਦੀ ਕਹਾਣੀ ਹੈ। ਸੰਨ 1973 ਵਿਚ ਇਸ ਦਾ 'The classic Veitnamese Verse Novel' ਛਪਿਆ। ਇਸ ਨੇ 'words of a young Hat Seller' ਇਕ ਛੋਟੀ ਕਵਿਤਾ ਲਿਖੀ। ਇਸ ਤੋਂ ਇਲਾਵਾ ਇਸ ਨੇ ਚੀਨੀ ਭਾਸ਼ਾ ਵਿਚ ਵੀ ਕਵਿਤਾਵਾਂ ਲਿਖੀਆਂ। ਨਗੁਯੈਨ ਡੂੰ ਦੀ ਰਚਨਾ 'Kim Van Kieu' ਕਰਕੇ ਇਸ ਨੂੰ ਬਹੁਤ ਜ਼ਿਆਦਾ ਸਫਲਤਾ ਮਿਲੀ।

10 ਅਗਸਤ, 1820 ਈ. ਵਿਚ ਹਿਊ (Hue) ਵਿਖੇ ਇਸ ਦੀ ਮੌਤ ਹੋ ਗਈ।


ਹ.ਪੁ.—ਐਨ. ਬ੍ਰਿ. ਮਾ. 8 : 670; ਵੈ, ਜਗ. ਡਿਕ, 734

ਨਗੇਲੀ, ਕਾਰਲ ਵਿਲਹੈਲਮ ਫੱਾਨ : ਸਵਿੱਟਜਰਲੈਂਡ ਦੇ ਇਸ ਪ੍ਰਸਿੱਧ ਬਨਸਪਤੀ-ਵਿਗਿਆਨੀ ਦਾ ਜਨਮ 26 ਮਾਰਚ, 1817 ਨੂੰ ਜਿਊਰਿਕ ਦੇ ਨੇੜੇ ਕਿਲਚਬਰਗ ਵਿਖੇ ਹੋਇਆ। ਇਹ ਸੈੱਲਾਂ ਦੇ ਮੂਲ ਬਾਰੇ ਆਪਣੀਆਂ ਖੋਜਾਂ ਕਾਰਨ ਵਿਸ਼ਵ ਪ੍ਰਸਿੱਧ ਹੋਇਆ। ਇਸ ਨੇ ਜੈਨੇਵਾ ਵਿਖੇ 1840 ਈ. ਵਿਚ ਡਿਗਰੀ ਹਾਸਲ ਕਰਨ ਤੋਂ ਬਾਅਦ ਆਪਣਾ ਜੀਵਨ ਪੌਦਿਆਂ ਦੇ ਸੂਖਮਦਰਸ਼ੀ ਅਧਿਐਨ ਲਈ ਅਰਪਣ ਕਰ ਦਿੱਤਾ। ਇਹ ਜਿਊਰਿਕ ਯੂਨੀਵਰਸਿਟੀ ਵਿਖੇ ਬਨਸਪਤੀ-ਵਿਗਿਆਨ ਦਾ ਪ੍ਰੋਫ਼ੈਸਰ ਰਹਿਣ ਤੋਂ ਇਲਾਵਾ ਫ੍ਰੀਬਰਗ ਯੂਨੀਵਰਸਿਟੀ ਬ੍ਰੀਸਗੌ (1852), ਮਿਊਨਿਕ (1858) ਵਿਖੇ ਵੀ ਪ੍ਰੋਫ਼ੈਸਰ ਰਿਹਾ।

ਨਗੇਲੀ ਨੇ ਰਾਬਰਟ ਬਰਾਊਨ ਦੀ ਨਿਊਕਲੀਅਸ ਸਬੰਧੀ ਖੋਜ ਵਿਚ ਵਾਧਾ ਕਰਨ ਲਈ ਬੀਜਾਂ ਵਾਲੇ ਸਾਰੇ ਪੌਦਿਆਂ ਦੀਆਂ ਪ੍ਰਮੁੱਖ ਕੁੱਲਾਂ ਦੇ ਪੌਦਿਆਂ ਦਾ ਅਧਿਐਨ ਕਰਕੇ ਕਿਹਾ ਕਿ ਨਿਊਕਲੀਅਸ ਸਾਰੇ ਪੌਦਿਆਂ ਵਿਚ ਮੌਜੂਦ ਹੁੰਦਾ ਹੈ। ਇਸ ਨੇ ਸੈੱਲਾਂ ਵਿਚ ਝਿਲੀਮਈ ਪਰਤ ਦਾ ਪਤਾ ਲਗਾਇਆ ਅਤੇ ਇਹ ਦਰਸਾਇਆ ਕਿ ਸੈੱਲਾਂ ਵਿਚ ਜੀਵਤ ਪਦਾਰਥ ਹੁੰਦਾ ਹੈ। ਇਹ ਖੋਜ ਸੁਤੰਤਰ ਤੌਰ ਤੇ ਕੀਤੀ ਗਈ ਸੀ ਅਤੇ ਉਸੇ ਹੀ ਵਕਤ ਇਕ ਹੋਰ ਸਾਇੰਸਦਾਨ ਹਿਊਗੋ ਫਾਨ ਮਾਲ ਨੇ ਵੀ ਇਸੇ ਤਰ੍ਹਾਂ ਦੀ ਖੋਜ ਕੀਤੀ ਅਤੇ ਉਸ ਨੇ ਇਸ ਜੀਵਤ ਪਦਾਰਥ ਨੂੰ 'ਪ੍ਰੋਟੋਪਲਾਜ਼ਮ' ਦਾ ਨਾਂ ਦਿੱਤਾ। ਨਗੇਲੀ ਨੇ ਸਾਵਲ, ਮੱਸ, ਲਿਵਰਵਰਟਸ ਅਤੇ ਐਂਜਿਓਸਪਰਮ ਪੌਦਿਆਂ ਵਿਚ ਅਤੇ ਇਨ੍ਹਾਂ ਨਾਲ ਸਬੰਧਤ ਪੌਦਿਆਂ ਵਿਚ ਆਕਾਰ ਦੇ ਵਾਧੇ ਦੀ ਵਿਧੀ ਬਾਰੇ ਵੀ ਖੋਜ ਕੀਤੀ। ਇਸ ਦੀਆਂ ਹੋਰਨਾਂ ਖੋਜਾਂ ਵਿਚ ਫਰਨ ਪੌਦਿਆਂ ਦੇ 'ਸਪੱਰਮੈਟੋਜ਼ਾੱਇਡ ਅਤੇ ਐਂਥਰਿਡੀਆ ਵੀ ਸ਼ਾਮਲ ਹਨ। ਇਸ ਨੇ ਪੌਦਿਆਂ ਦੀ ਸੰਰਚਨਾ ਪੱਖੋਂ ਵੀ ਕਈ ਖੋਜ ਪੱਤਰ ਲਿਖੇ ਅਤੇ ਤੰਤੂ ਦੀ ਥਾਂ 'ਮੈਰਿਸਟੈਮ' ਦੇ ਸੰਕਲਪ ਨੂੰ ਜਾਰੀ ਕੀਤਾ। ਇਸ ਤੋਂ ਇਲਾਵਾ ਇਸ ਨੇ ਨਸ਼ਾਸਤਾ ਰਵਿਆਂ ਦੀ ਰਚਨਾ, ਵਿਕਾਸ ਅਤੇ ਉਨ੍ਹਾਂ ਦੀ ਬਹੁਤ ਸਾਰੀਆਂ ਕਿਸਮਾਂ ਦਾ ਵੀ ਪਤਾ ਲਗਾਇਆ। ਆਪਣੀ ਆਖ਼ਰੀ ਪੁਸਤਕ ਵਿਚ ਇਸ ਨੇ 'ਆਈਡੀਓਪਲਾਜ਼ਮ' ਸਬੰਧੀ ਦੱਸਿਆ ਕਿ ਵਿਰਾਸਤ ਦੇ ਆਧਾਰ ਸਬੰਧੀ ਇਹ ਇਕ ਨਿਸ਼ਚਿਤ ਪਦਾਰਥ ਹੈ। ਜਦੋਂ ਇਹ ਮਿਊਨਿਕ ਵਿਖੇ ਹੀ ਸੀ ਤਾਂ ਇਸ ਨੇ ਸੰਸਾਰ ਪ੍ਰਸਿੱਧ ਵਿਗਿਆਨੀ ਗ੍ਰੈਗਰ ਮੈਂਡਲ ਨਾਲ ਖਤੋ-ਖਿਤਾਬਤ ਕੀਤੀ ਪਰ ਇਹ ਮੈਂਡਲ ਦੇ ਕੰਮ ਤੋਂ ਬਹੁਤਾ ਪ੍ਰਭਾਵਤ ਨਾ ਹੋਇਆ। ਇਹ ਉਸ ਦੀਆਂ ਖੋਜਾਂ ਦੇ ਪ੍ਰਤਿਕਿਰਿਆ ਨੂੰ ਚੰਗੀ ਤਰ੍ਹਾਂ ਸਮਝ ਨਹੀਂ ਸਕਿਆ। ਇਸ ਦੀ ਮੌਤ 10 ਮਈ, 1891 ਨੂੰ ਮਿਊਨਿਕ ਵਿਖੇ ਹੋਈ।

ਹ.ਪੁ.—ਐਨ. ਅਮੈ. 19 : 630

ਨਗੋਜ਼ਾ (ਅਲਗੋਜ਼ਾ) : ਇਹ ਇਕ ਪ੍ਰਕਾਰ ਦੀ ਬੰਸਰੀ ਹੈ ਜਿਹੜੀ ਮੁਰਲੀ ਦੀ ਤਰ੍ਹਾਂ ਵਜਾਈ ਜਾਂਦੀ ਹੈ। ਮੁਰਲੀ ਜਿਥੇ ਟੇਢੀ ਰੱਖ ਕੇ ਵਜਾਈ ਜਾਂਦੀ ਹੈ ਉੱਥੇ ਅਲਗੋਜ਼ੇ ਨੂੰ ਮੂੰਹ ਵਿਚ ਸਿੱਧਾ ਰੱਖਿਆ ਜਾਂਦਾ ਹੈ। ਪੰਜਾਬ ਦੇ ਲੋਕ ਗੀਤਾਂ ਵਿਚ ਇਸ ਸਾਜ਼ ਦੀ ਮਹੱਤਵ-ਪੂਰਨ ਥਾਂ ਹੈ। ਇਸ ਸਾਜ਼ ਨੂੰ ਬਣਾਉਣ ਲਈ ਬਾਂਸ ਨੂੰ ਖੋਖਲਾ ਕੀਤਾ ਜਾਂਦਾ ਹੈ ਅਤੇ ਫੇਰ ਇਸ ਵਿਚ ਚਾਰ ਤੋਂ ਲੈ ਕੇ ਛੇ ਤਕ ਸੁਰਾਖ ਹੁੰਦੇ ਹਨ। ਆਮ ਕਰਕੇ ਦੋ ਨਗੋਜ਼ੇ ਇਕੱਠੇ ਵਜਾਏ ਜਾਂਦੇ ਹਨ। ਦੋਹਾਂ ਨੂੰ ਮੂੰਹ ਵਿਚ ਰੱਖ ਕੇ ਫੂਕ ਮਾਰੀ ਜਾਂਦੀ ਹੈ। ਦੋਹਾਂ ਹੱਥਾਂ ਵਿਚ ਇਕ ਇਕ ਨਗੋਜ਼ਾ ਪਕੜਿਆ ਜਾਂਦਾ ਹੈ ਅਤੇ ਹਰੇਕ ਉੱਤੇ ਤਿੰਨ-ਤਿੰਨ ਉਂਗਲੀਆਂ ਰੱਖੀਆਂ ਜਾਂਦੀਆਂ ਹਨ। ਲੋਕ-ਗੀਤਾਂ ਵਿਚ ਇਹ ਸਾਜ਼ ਸੁਤੰਤਰ ਰੂਪ ਵਿਚ ਵਜਾਇਆ ਜਾਂਦਾ ਹੈ।



ਨਗੋਜ਼ਾ

ਨਗੋਜ਼ੇ ਦਾ ਸੁਰ ਕਾਫ਼ੀ ਉੱਚਾ ਹੁੰਦਾ ਹੈ ਜਿਸ ਕਾਰਨ ਇਸ ਦੇ ਨਾਲ ਗਾਉਣ ਵਾਲੇ ਵੀ ਕਾਫ਼ੀ ਉੱਚੇ ਸੁਰ ਵਿਚ ਗਾਉਂਦੇ ਹਨ। ਪੱਛਮੀ ਪੰਜਾਬ (ਪਾਕਿਸਤਾਨ) ਵਿਚ ਇਸ ਦੀ ਵਰਤੋਂ ਬਹੁਤ ਹੁੰਦੀ ਹੈ।

ਅੱਜਕੱਲ੍ਹ ਨਗੋਜ਼ਿਆਂ ਨੂੰ ਪੰਜਾਬ ਦੇ ਲੋਕ ਸਾਜ਼ਾਂ ਨਾਲ, ਪੰਜਾਬੀ ਬੋਲੀਆਂ ਅਤੇ ਹੋਰ ਕਈ ਲੋਕ ਗੀਤਾਂ, ਗਿੱਧਿਆਂ ਅਤੇ ਭੰਗੜਿਆਂ ਨਾਲ ਵਜਾਇਆ ਜਾਂਦਾ ਹੈ।

ਹ.ਪੁ.—ਮ.ਕੋ.; ਪੰਜਾਬ ਦੇ ਲੋਕ ਸਾਜ਼-ਅਨਿਲ ਨਰੂਲਾ

ਨਗੌਰ : ਜ਼ਿਲ੍ਹਾ—ਇਹ ਰਾਜਸਥਾਨ (ਭਾਰਤ) ਰਾਜ ਦਾ ਇਕ

ਜ਼ਿਲ੍ਹਾ ਹੈ ਜਿਸ ਦੀਆਂ ਹੱਦਾਂ ਉੱਤਰ ਵੱਲ ਜੈਪੁਰ, ਦੱਖਣ-ਪੂਰਬ ਵੱਲ ਸਿੱਕਰ, ਪੂਰਬ ਵੱਲ ਜੈਪੁਰ, ਦੱਖਣ-ਪੂਰਬ ਵੱਲ ਅਜਮੇਰ, ਦੱਖਣ ਵੱਲ ਪਾਲੀ, ਪੱਛਮ ਵੱਲ ਜੋਧਪੁਰ ਅਤੇ ਉੱਤਰ-ਪੱਛਮ ਵੱਲ ਬੀਕਾਨੇਰ ਜ਼ਿਲ੍ਹਿਆਂ ਨਾਲ ਲਗਦੀਆਂ ਹਨ. ਇਹ 17,718 ਵ. ਕਿ.ਮੀ. (6,841 ਵ.ਮੀ.) ਵਿਚ ਫੈਲਿਆ ਹੋਇਆ ਹੈ ਅਤੇ ਇਸ ਦੀ ਆਬਾਦੀ 27,73,894 (2001) ਹੈ। ਇਸ ਵਿਚੋਂ 3,42,636 ਵਸੋਂ ਸ਼ਹਿਰੀ ਅਤੇ 18,02,174 ਪੇਂਡੂ ਹੈ। ਇਸੇ ਹੀ ਨਾਂ ਦਾ ਸ਼ਹਿਰ ਇਸ ਦਾ ਸਦਰ-ਮੁਕਾਮ ਹੈ। ਪਹਿਲਾਂ ਇਹ ਜੋਧਪੁਰ ਦੀ ਸ਼ਾਹੀ ਰਿਆਸਤ ਦਾ ਹੀ ਇਕ ਹਿੱਸਾ ਹੁੰਦਾ ਸੀ। ਇਹ ਰੇਤੀਲੇ ਮੈਦਾਨ ਵਿਚ ਫੈਲਿਆ ਹੋਇਆ ਹੈ ਜਿਸ ਦੇ ਪੂਰਬ ਵੱਲ ਅਰਾਵਲੀ ਪਰਬਤ ਲੜੀ ਪੈਂਦੀ ਹੈ। ਬਾਜਰਾ, ਜਵਾਰ ਅਤੇ ਦਾਲਾਂ ਇਥੋਂ ਦੀਆਂ ਮੁੱਖ ਫ਼ਸਲਾਂ ਹਨ। ਇਥੋਂ ਦੇ ਬਹੁਤ ਹੀ ਵਧੀਆ ਨਸਲ ਦੇ ਬਲਦ ਦੇਸ਼ ਭਰ ਵਿਚ ਮਸ਼ਹੂਰ ਹਨ। ਮਕਰਾਨੇ ਵਿਖੇ ਸੰਗਮਰਮਰ ਅਤੇ ਜਿਪਸਮ ਦੇ ਭੰਡਾਰ ਮਿਲਦੇ ਹਨ। ਲਾਂਡੂ, ਡਿਡਵਾਨਾ, ਮੁੰਡਵਾ, ਮਰਟਾ, ਗਾਰੈਡੀ ਚਾਂਚਾ, ਪਰਬਤਸਰ, ਕੁੱਚਾਮਨ ਇਥੋਂ ਦੇ ਪ੍ਰਸਿੱਧ ਸ਼ਹਿਰ ਹਨ।

ਹ.ਪੁ.—ਐਨ. ਬ੍ਰਿ. ਮਾ. 8 : 482

ਨਗੌਰ : ਸ਼ਹਿਰ—ਇਹ ਭਾਰਤ ਦੇ ਰਾਜਸਥਾਨ ਰਾਜ ਵਿਚ ਇਸੇ ਹੀ ਨਾਂ ਦੇ ਜ਼ਿਲ੍ਹੇ ਦਾ ਸਦਰ-ਮੁਕਾਮ ਹੈ ਜਿਹੜਾ ਜੋਧਪੁਰ ਤੋਂ ਬੀਕਾਨੇਰ ਰੇਲ-ਮਾਰਗ ਉੱਤੇ ਵਾਕਿਆ ਹੈ। ਇਸ ਸ਼ਹਿਰ ਵਿਚ ਮੁੱਖ ਤੌਰ ਤੇ ਪਿੱਤਲ ਅਤੇ ਲੋਹੇ ਦੇ ਭਾਂਡੇ, ਹਾਥੀ ਦੰਦ ਦੇ ਬਣੇ ਖਿਡਾਉਣੇ, ਊਠਾਂ ਦੇ ਪਲਾਣੇ ਅਤੇ ਸੂਤੀ ਕੱਪੜੇ ਤਿਆਰ ਕੀਤੇ ਜਾਂਦੇ ਹਨ। ਇਸ ਸ਼ਹਿਰ ਦਾ ਨਾਂ ਇਸ ਦੇ ਰਵਾਇਤੀ ਬਾਨੀਆਂ ਨਾਗਾ ਰਾਜਪੂਤ ਦੇ ਨਾਂ ਤੇ ਪਿਆ ਹੈ। ਇਹ ਪ੍ਰਿਥਵੀ ਰਾਜ ਚੌਹਾਨ, ਗੌਰੀ ਅਤੇ ਜੋਧਪੁਰ ਦੇ ਚੀਫ਼ਾਂ ਅਧੀਨ ਵੀ-ਉਪਰੋਥਲੀ ਰਿਹਾ ਹੈ ਪਰ ਸ਼ਹਿਨਸ਼ਾਹ ਅਕਬਰ ਵਲੋਂ ਇਸ ਨੂੰ ਜੋਧਪੁਰ ਦੇ ਚੀਫ਼ ਅਤੇ ਬਾਦਸ਼ਾਹ ਸ਼ਾਹਜਹਾਂ ਵਲੋਂ ਬੀਕਾਨੇਰ ਦੇ ਚੀਫ਼ ਨੂੰ ਇਕ ਜਾਗੀਰ ਵਜੋਂ ਦਿੱਤਾ ਗਿਆ ਸੀ, ਨੇ ਸਫਲਤਾ ਪੂਰਵਕ ਸ਼ਾਸਨ ਕੀਤਾ। ਇਸ ਸ਼ਹਿਰ ਵਿੱਚ ਕੁਝ ਹਵੇਲੀਆਂ, ਦੋ ਹਿੰਦੂ ਮੰਦਿਰ ਅਤੇ ਪੰਜ ਗੁੰਬਦਨੁਮਾ ਮਸਜਿਦਾਂ ਮੌਜੂਦ ਹਨ। ਸ਼ਹਿਰ ਵਿਚ ਇਕ ਕਿਲਾ ਹੈ ਜਿਸ ਦੁਆਲੇ ਦੂਹਰੀ ਕੰਧ ਬਣੀ ਹੋਈ ਹੈ। ਇਸ ਦੀਆਂ ਕੰਧਾਂ ਬਾਹਰਲੇ ਪਾਸੇ ਵੱਲ 8 ਮੀ., ਅੰਦਰਲੇ ਪਾਸੇ ਵੱਲ 15ਮੀ. ਅਤੇ 4ਮੀ. ਉੱਚੀਆਂ ਹਨ। ਇਸ ਕਿਲੇ ਵਿਚ 17 ਫੁਹਾਰਿਆਂ ਵਾਲਾ ਇਕ ਫੁਹਾਰਾ, ਕੁਝ ਮਹਿਲ, ਸ਼ਾਹਜਹਾਂ ਦੀ ਬਣਾਈ ਹੋਈ ਮਸਜਿਦ ਅਤੇ ਹਿੰਦੂ ਅਤੇ ਮੁਸਲਮਾਨ ਸੰਤਾਂ ਦੇ ਸਮਾਧੀ ਲਾਉਣ ਲਈ ਇਕ ਗੁਫਾ ਆਦਿ ਬਣੀਆਂ ਹੋਈਆਂ ਹਨ। ਇਥੋਂ ਦੇ ਬਲਦ ਬਹੁਤ ਸੁੰਦਰ ਅਤੇ ਕੱਦਕਾਠ ਵਾਲੇ ਹਨ ਜੋ ਸਾਰੇ ਉੱਤਰੀ ਭਾਰਤ ਵਿਚ ਪ੍ਰਸਿੱਧ ਹਨ।

ਆਬਾਦੀ-68, 194 (1991)

ਸਥਿਤੀ 27° 12′ ਉ. ਵਿਥ.; 73° 44′ ਪੂ. ਲੰਬ.

ਹ.ਪੁ.—ਇਪ. ਗ. ਇੰਡ. 18 : 298; ਮ.ਕੋ. : 679; ਇੰਡੀਆ 91 : 941

ਨਚਿਕੇਤਾ : ਇਹ ਇਕ ਰਿਸ਼ੀ ਸੀ। ਤੈਤਿਰੀਯ ਬ੍ਰਾਹਮਣ ਅਤੇ ਕਠ ਉਪਨਿਸ਼ਦ ਅਨੁਸਾਰ ਇਹ ਵਾਜਸ੍ਰਵਾ ਦਾ ਪੁੱਤਰ ਸੀ। ਇਸ ਦੇ ਪਿਤਾ ਨੇ ਸਵਰਗ ਦੀ ਪ੍ਰਾਪਤੀ ਲਈ ਕਈ ਯੱਗ ਕੀਤੇ ਅਤੇ ਬਹੁਤ ਦਾਨ ਦਿੱਤਾ। ਇਸ ਵਲੋਂ ਆਪਣੇ ਪਿਤਾ ਨੂੰ ਵਾਰ ਵਾਰ ਇਹ ਕਹਿਣ ਤੇ ਕਿ ਉਨ੍ਹਾਂ ਨੇ ਸਭ ਕੁਝ ਦਾਨ ਨਹੀਂ ਕੀਤਾ ਅਤੇ ਅਜੇ ਉਨ੍ਹਾਂ ਦਾ ਪੁੱਤਰ ਦਾਨ ਕਰਨ ਲਈ ਰਹਿੰਦਾ ਹੈ, ਇਸ ਦੇ ਪਿਤਾ ਨੇ ਗੁੱਸੇ ਵਿਚ ਆ ਕੇ ਇਸ ਨੂੰ ਯਮਲੋਕ ਜਾਣ ਦਾ ਸ਼ਰਾਪ ਦਿੱਤਾ। ਇਸ ਤਰ੍ਹਾਂ ਇਸ ਦੀ ਮੌਤ ਹੋ ਗਈ ਅਤੇ ਇਹ ਯਮਪੁਰੀ ਚਲਾ ਗਿਆ। ਤਿੰਨ ਰਾਤਾਂ ਉਥੇ ਰਹਿਣ ਉਪਰੰਤ ਯਮ ਨੇ ਇਸ ਨੂੰ ਵਰ ਮੰਗਣ ਲਈ ਕਿਹਾ। ਇਸ ਨੇ ਪਹਿਲਾ ਵਰ ਆਪਣੇ ਪਿਤਾ ਕੋਲ ਵਾਪਿਸ ਜਾਣ ਅਤੇ ਉਨ੍ਹਾਂ ਨਾਲ ਪ੍ਰੇਮ ਨਾਲ ਰਹਿਣ ਵਾਸਤੇ ਅਤੇ ਦੂਜਾ ਵਰ ਆਤਮ ਗਿਆਨ ਦੀ ਪ੍ਰਾਪਤੀ ਲਈ ਮੰਗਿਆ। ਯਮ ਨੇ ਇਸ ਨੂੰ ਆਤਮ ਗਿਆਨ ਸਬੰਧੀ ਉਪਦੇਸ਼ ਦਿੱਤਾ।

ਮਹਾਭਾਰਤ ਦੇ ਅਨੁਸ਼ਾਸਨ ਪਰਵ ਅਤੇ ਬਰਾਹ ਪੁਰਾਣ ਵਿਚ ਨਚਿਕੇਤਾ ਦੀ ਇਹ ਕਥਾ ਕੁਝ ਫ਼ਰਕ ਨਾਲ ਦਿੱਤੀ ਗਈ ਹੈ।

ਹ.ਪੁ.—ਮ.ਕੋ. 679; ਹਿੰ. ਵਿ. ਕੋ. 6 : 223; ਹਿੰ. ਮਿ. ਕੋ. 319

ਨਜ਼ਫ ਖ਼ਾਂ, ਮਿਰਜ਼ਾ : ਇਹ ਅਲਾਹਾਬਾਦ ਦੇ ਫ਼ੌਜ਼ਦਾਰ ਮੁਹੰਮਦ ਕੁਲੀ ਖ਼ਾਂ ਦਾ ਮਾਮਾ ਸੀ ਅਤੇ ਉਸ ਦੇ ਰਾਜ ਕਾਲ ਸਮੇਂ (1753-59) ਅਲਾਹਾਬਾਦ ਦੇ ਕਿਲੇ ਦਾ ਰਖਿਅਕ ਹੁੰਦਾ ਸੀ। ਇਹ ਰੋਜ਼ਾਨਾ ਰਾਤ ਨੂੰ ਪਿਛਲੇ ਪਹਿਰ ਵੇਲੇ ਇਕ ਗੁਪਤ ਰਸਤਿਓਂ ਆ ਕੇ ਅੰਗਰੇਜ਼ੀ ਸੈਨਾ ਉੱਤੇ ਧਾਵਾ ਬੋਲਦਾ ਜੋ ਊਦਬਾ ਨਾਲਾ ਦੇ ਕਿਲੇ ਤੋਂ ਬਾਹਰਵਾਰ ਬੰਗਾਲ ਦੇ ਨਵਾਬ ਮੀਰ ਕਾਸਿਮ ਨੂੰ ਫੜਨ ਲਈ ਤੈਨਾਤ ਸੀ। ਇਹ ਕਈ ਅੰਗਰੇਜ਼ੀ ਸਿਪਾਹੀਆਂ ਨੂੰ ਮਾਰ ਕੇ ਲੁੱਟ ਦਾ ਸਮਾਨ ਲੈ ਕੇ ਉਸੇ ਰਸਤੇ ਰਾਹੀਂ ਪਰਤ ਜਾਂਦਾ ਸੀ। ਅੰਗਰੇਜ਼ੀ ਸੈਨਾ ਇਸ ਦਾ ਪਿੱਛਾ ਕਰਨ ਵਿਚ ਅਸਫ਼ਲ ਰਹਿੰਦੀ। ਅਖੀਰ ਵਿਚ ਮੀਰ ਕਾਸਿਮ ਦੀ ਸੈਨਾ ਦੇ ਇਕ ਅੰਗਰੇਜ਼ ਸੈਨਿਕ ਨੇ ਵਿਸ਼ਵਾਸਘਾਤ ਕੀਤਾ। ਉਸ ਨੇ ਇਸ ਦੇ ਗੁਪਤ ਰਸਤੇ ਦਾ ਚੰਗੀ ਤਰ੍ਹਾਂ ਪਤਾ ਲਗਾ ਲਿਆ। 4 ਸਤੰਬਰ, 1763 ਦੀ ਰਾਤ ਨੂੰ ਉਹ ਅੰਗਰੇਜ਼ੀ ਸੈਨਾ ਨੂੰ ਉਸੇ ਰਸਤਿਓਂ ਲੈ ਆਇਆ ਅਤੇ ਮੀਰ ਕਾਸਿਮ ਦੇ 15 ਹਜ਼ਾਰ ਸੈਨਿਕ ਕੰਮ ਆਏ। ਹੁਣ ਮੀਰ ਕਾਸਿਮ ਨੇ ਅਵੱਧ ਦੇ ਨਵਾਬ ਸੁਜਾਉਦੌਲਾ ਤੋਂ ਸਹਾਇਤਾ ਲੈਣ ਦਾ ਵਿਚਾਰ ਕੀਤਾ ਪਰ ਨਜ਼ਫ ਨੇ ਉਸ ਨੂੰ ਮਨ੍ਹਾਂ ਕੀਤਾ ਅਤੇ ਭਿਅੰਕਰ ਸਿੱਟਿਆਂ ਵੱਲ ਉਸ ਦਾ ਧਿਆਨ ਦਿਵਾਇਆ ਪਰ ਮੀਰ ਕਾਸਿਮ ਨਾ ਮੰਨਿਆ ਅਤੇ ਨਜ਼ਫ ਉਸ ਨੂੰ ਛੱਡ ਕੇ ਬੁੰਦੇਲਖੰਡ ਦੇ ਸਰਦਾਰ ਹਿੰਦੂਪਤੀ ਦੀ ਸੇਵਾ ਵਿਚ ਚਲਾ ਗਿਆ। ਸ਼ੁਜਾ ਦੀਆਂ ਅੱਖਾਂ ਬੁੰਦੇਲਖੰਡ ਤੇ ਲੱਗੀਆਂ ਹੋਈਆਂ ਸਨ, ਇਸ ਲਈ ਉਸ ਨੇ ਹਿੰਦੂਪਤੀ ਨੂੰ ਹਰਾਉਣ ਤੋਂ ਮਗਰੋਂ ਮੀਰ ਕਾਸਿਮ ਨੂੰ ਮਦਦ ਦਾ ਵਚਨ ਦਿੱਤਾ। ਇਸ ਤੇ ਮੀਰ ਕਾਸਿਮ ਨੇ ਖੁਦ ਹਿੰਦੂਪਤੀ ਤੇ ਚੜ੍ਹਾਈ ਕਰ ਦਿੱਤੀ। ਨਜ਼ਫ ਨੇ ਕੂਟਨੀਤੀ ਨਾਲ ਹਿੰਦੂਪਤੀ ਨੂੰ ਡਰਾ ਕੇ ਸਮਝੌਤਾ ਕਰਵਾ ਲਿਆ। ਮੀਰ ਕਾਸਿਮ ਜੇਤੂ ਹੋ ਕੇ ਸ਼ੁਜਾ ਕੋਲ ਅਲਾਹਾਬਾਦ ਪਰਤ ਆਇਆ। ਨਜ਼ਫ ਦੀ ਸਫ਼ਲ ਕੂਟਨੀਤੀ ਅਤੇ ਸੈਨਿਕ ਯੋਗਤਾ ਵੇਖ ਕੇ ਸੁਜ਼ਾ ਨਾਲ ਯੁੱਧ ਕਰਨ ਤੋਂ ਪਹਿਲਾਂ ਅੰਗਰੇਜ਼ਾਂ ਨੇ ਉਸ ਨੂੰ ਬੁੰਦੇਲਖੰਡ ਬੁਲਾ ਕੇ ਆਪਣੇ ਨਾਲ ਮਿਲਾ ਲਿਆ। ਨਜ਼ਫ ਨੂੰ ਸ਼ੁਜਾ ਨਾਲ ਪੁਰਾਣੀ ਦੁਸ਼ਮਣੀ ਸੀ ਇਸ ਲਈ ਇਸ ਨੇ ਅੰਗਰੇਜ਼ਾਂ ਨੂੰ ਸਹਾਇਤਾ ਦੇਣ ਦਾ ਪ੍ਰਸਤਾਵ ਖ਼ੁਸੀ ਨਾਲ ਸਵੀਕਾਰ ਕਰ ਲਿਆ।

ਸੰਨ 1764 ਵਿਚ ਇਹ ਅੰਗਰੇਜ਼ਾਂ ਦਾ ਬਹੁਤ ਵੱਡਾ ਸਹਾਇਕ ਬਣ ਗਿਆ। ਸ਼ੁਜਾ ਵਿਰੁੱਧ ਸਹਾਇਤਾ ਦੇਣ ਬਦਲੇ ਇਸ ਨੂੰ ਸ਼ੁਜਾ ਦੀ ਭੂਮੀ ਦਾ ਕੁਝ ਹਿੱਸਾ ਅਤੇ ਧਨ ਦੇਣ ਦਾ ਲਾਲਚ ਦਿੱਤਾ ਗਿਆ ਪਰ ਇਹ ਬੜਾ ਚਲਾਕ ਨਿਕਲਿਆ। ਇਹ ਉਸ ਸਮੇਂ ਅੰਗਰੇਜ਼ਾਂ ਨਾਲ ਜਾ ਮਿਲਿਆ ਜਦੋਂ ਬਕਸਰ ਦੇ ਯੁੱਧ ਦਾ ਸਿੱਟਾ ਉਸ ਦੇ ਪੱਖ ਵਿਚ ਨਿਸ਼ਚਿਤ ਹੋ ਗਿਆ।

ਅਲਾਹਾਬਾਦ ਦੇ ਕਿਲ੍ਹੇ ਦਾ ਰਖਿਅਕ ਰਹਿ ਚੁੱਕੇ ਹੋਣ ਕਾਰਨ ਇਹ ਉਸਦੇ ਭੇਤਾਂ ਤੋਂ ਚੰਗੀ ਤਰ੍ਹਾਂ ਜਾਣੂ ਸੀ। ਇਸ ਨੇ ਉਹ ਕਿਲਾ ਜਿੱਤਣ ਵਿਚ ਬੜੀ ਸਹਾਇਤਾ ਕੀਤੀ। ਅੰਗਰੇਜ਼ਾਂ ਨੇ ਅਵਧ ਤੇ ਅਲਾਹਾਬਾਦ ਦੇ ਬੰਦੋਬਸਤ ਦੀ ਜ਼ਿੰਮੇਵਾਰੀ ਇਸ ਨੂੰ ਦੇ ਦਿੱਤੀ। ਇਸ

ਨੂੰ ਕੜਾ ਦਾ ਫੌਜ਼ਦਾਰ ਨਿਯੁਕਤ ਕੀਤਾ ਗਿਆ ਪਰ ਸ਼ੁਜਾ ਅਤੇ ਮਲਹਾਰ ਰਾਓ ਹੋਲਕਰ ਦੀਆਂ ਫੌਜ਼ਾਂ ਦੇ ਸਾਹਮਣੇ ਅਪ੍ਰੈਲ, 1765 ਨੂੰ ਇਸ ਦੀ ਹਾਰ ਹੋਈ ਅਤੇ ਇਸ ਨੂੰ ਆਤਮ ਸਮਰਪਣ ਕਰਨਾ ਪਿਆ। ਮਗਰੋਂ ਮੌਕਾ ਪਾ ਕੇ ਇਸ ਨੇ ਧੋਖਾ ਦਿਤਾ ਅਤੇ 30 ਅਪ੍ਰੈਲ, 1765 ਈ. ਵਿਚ ਇਹ ਅੰਗਰੇਜ਼ਾਂ ਨਾਲ ਜਾ ਮਿਲਿਆ। ਯੁੱਧ ਤੋਂ ਮਗਰੋਂ ਜਦੋਂ ਸ਼ਾਂਤੀ ਹੋਈ ਤਾਂ ਬੰਗਾਲ ਦੇ 26 ਲੱਖ ਸਲਾਨਾ ਕਰ ਵਿਚੋਂ ਦੋ ਲੱਖ ਸਲਾਨਾ ਇਸ ਨੂੰ ਦਿੱਤੇ ਗਏ ਅਤੇ ਇਸ ਨੂੰ ਕੜਾ ਦਾ ਫੌਜਦਾਰ ਵੀ ਨਿਯੁਕਤ ਕੀਤਾ ਗਿਆ ਪਰ ਸ਼ਾਸਨ ਪ੍ਰਬੰਧ ਅਸਫਲ ਹੋਣ ਕਾਰਨ 21 ਫਰਵਰੀ 1770 ਈ. ਇਸ ਨੂੰ ਇਸ ਅਹੁਦੇ ਤੋਂ ਹਟਾ ਦਿੱਤਾ। ਅੰਗਰੇਜ਼ਾਂ ਨੇ ਸ਼ਾਹ ਆਲਮ ਨੂੰ ਇਸ ਪ੍ਰਤੀ ਨਿਮਰਤਾ ਦਾ ਵਿਹਾਰ ਕਰਨ ਲਈ ਕਿਹਾ। ਉਹ ਦਿੱਲੀ ਯਾਤਰਾ ਵਿਚ ਉਸ ਦੀਆਂ ਸੇਵਾਵਾਂ ਦਾ ਲਾਭ ਉਠਾਉਣਾ ਚਾਹੁੰਦਾ ਸੀ, ਇਸ ਲਈ ਉਸ ਨੇ ਇਸ ਨੂੰ ਮਾਫ ਕਰ ਦਿੱਤਾ। ਸੰਨ 1771 ਵਿੱਚ ਇਹ ਸ਼ਾਹ ਆਲਮ ਨਾਲ ਦਿੱਲੀ ਚਲਾ ਗਿਆ। ਇਥੇ ਇਸ ਨੇ ਕੁਝ ਸਾਲਾਂ ਤੱਕ ਮੁਗਲ ਸ਼ਾਸ਼ਨ ਅਤੇ ਉਸ ਦੀ ਚੜ੍ਹਤ ਵਿਚ ਇਕ ਵਾਰ ਫਿਰ ਜਾਨ ਪਈ। ਇਸ ਨੇ ਮਥੁਰਾ ਦੇ ਜਾਟਾਂ ਨੂੰ ਮਾਰ ਭਜਾਇਆ। 11 ਦਸੰਬਰ, 1773 ਨੂੰ ਆਗਰਾ ਨਗਰ ਅਤੇ 18 ਫ਼ਰਵਰੀ, 1774 ਨੂੰ ਆਗਰਾ ਦੇ ਕਿਲੇ ਤੋਂ ਜਾਟਾਂ ਨੂੰ ਭਜਾ ਕੇ ਆਪਣਾ ਅਧਿਕਾਰ ਕਰ ਲਿਆ। ਇਸ ਦੇ ਦਿੱਲੀ ਵਿੱਚ ਪ੍ਰਭਾਵ ਤੇ ਸੈਨਿਕ ਪ੍ਰਤਿਭਾ ਵੇਖ ਕੇ ਨਵਾਬ ਵਜ਼ੀਰ ਸ਼ੁਜਾਉਦੌਲਾ ਨੇ ਆਪਣੀ ਦੁਸ਼ਮਣੀ ਭੁਲਾ ਕੇ ਇਸ ਨਾਲ ਦੋਸਤੀ ਕਰਨੀ ਚੰਗੀ ਸਮਝੀ। ਉਸ ਨੇ ਇਸ ਨੂੰ ਮੁਲਾਕਾਤ ਲਈ ਬੁਲਾਇਆ ਅਤੇ ਆਪਣਾ ਨਵਾਬ ਵਜ਼ੀਰ ਨਾਮਜ਼ਦ ਕੀਤਾ। ਸ਼ੁਜਾ ਨੇ ਇਸ ਨੂੰ ਰੁਹੇਲਿਆਂ ਵਿਰੁੱਧ ਸਹਾਇਤਾ ਦੇਣ ਲਈ ਵੀ ਰਾਜ਼ੀ ਕਰ ਲਿਆ। ਸ਼ੁਜਾ ਨੇ ਇਸ ਨੂੰ ਉੱਤਰੀ ਭਾਰਤ ਦਾ ਅਤਿਅੰਤ ਮਹੱਤਵਪੂਰਨ ਵਿਅਕਤੀ ਸਵੀਕਾਰ ਕੀਤਾ ਅਤੇ ਆਪਣੀ ਲੜਕੀ ਦਾ ਵਿਆਹ ਇਸ ਨਾਲ ਕਰ ਦਿੱਤਾ।

1782 ਈ. ਵਿਚ ਇਸ ਦੀ ਮੌਤ ਹੋ ਗਈ।

ਹ.ਪੁ.—ਹਿੰ. ਵਿ. ਕੋ. 6 : 223

ਨਜ਼ਲਾ : ਇਹ ਬੀਮਾਰੀ ਆਮ ਦੇਖਣ ਵਿਚ ਆਉਂਦੀ ਹੈ ਪਰ ਇਸ ਦਾ ਕਾਰਨ ਅਜੇ ਤਕ ਪੂਰੀ ਤਰ੍ਹਾਂ ਪਤਾ ਨਹੀਂ ਲਗ ਸਕਿਆ। ਇਸ ਬੀਮਾਰੀ ਵਿਚ ਨੱਕ, ਗਲੇ ਅਤੇ ਸਾਹ ਪ੍ਰਣਾਲੀ ਦੇ ਉਪਰਲੇ ਹਿੱਸੇ ਵਿਚ ਸੋਜਸ਼ ਹੋ ਜਾਂਦੀ ਹੈ। ਬੱਚੇ ਇਸ ਬੀਮਾਰੀ ਦਾ ਜ਼ਿਆਦਾ ਸ਼ਿਕਾਰ ਹੁੰਦੇ ਹਨ। ਇਸ ਨੂੰ ਛੂਤ ਦੀ ਬੀਮਾਰੀ ਵੀ ਕਿਹਾ ਜਾ ਸਕਦਾ ਹੈ ਕਿਉਂ ਇਹ ਇਕ ਮਨੁੱਖ ਤੋਂ ਦੂਜੇ ਮਨੁੱਖ ਨੂੰ ਬਹੁਤ ਹੀ ਛੇਤੀ ਹੋ ਜਾਂਦੀ ਹੈ।

ਨਜ਼ਲਾ ਗਰਮੀਆਂ ਵਿਚ ਘੱਟ ਹੁੰਦਾ ਹੈ ਪਰ ਸਰਦੀਆਂ ਵਿਚ ਬਹੁਤ ਜ਼ਿਆਦਾ ਲੋਕ ਇਸ ਬੀਮਾਰੀ ਦਾ ਸ਼ਿਕਾਰ ਹੁੰਦੇ ਹਨ। ਵਿਗਿਆਨੀਆਂ ਅਨੁਸਾਰ ਨਜ਼ਲਾ ਕਿਸੇ ਨਾ ਕਿਸੇ ਤਰ੍ਹਾਂ ਦੇ ਵਿਸ਼ਾਣੂਆਂ (Viruses) ਕਰਕੇ ਹੁੰਦਾ ਹੈ। ਇਹ ਵਿਸ਼ਾਣੂ ਗਲੇ ਵਿਚ ਹੁੰਦੇ ਹਨ ਪਰ ਜਦੋਂ ਸਰੀਰ ਦੀ ਪ੍ਰਤਿਰੋਧਕ ਸ਼ਕਤੀ (resistance) ਘੱਟ ਜਾਂਦੀ ਹੈ ਤਾਂ ਇਹ ਵਿਸ਼ਾਣੂ ਕ੍ਰਿਆਸ਼ੀਲ ਹੋ ਜਾਂਦੇ ਹਨ ਅਤੇ ਨੱਕ ਅਤੇ ਗਲੇ ਦੀ ਮਿਊਕਸ ਝਿੱਲੀ ਤੇ ਹਮਲਾ ਕਰ ਦਿੰਦੇ ਹਨ ਜਿਸ ਨਾਲ ਨੱਕ ਅਤੇ ਗਲੇ ਦੇ ਟਿਸ਼ੂ ਕਮਜ਼ੋਰ ਹੋ ਜਾਂਦੇ ਹਨ ਅਤੇ ਸਰੀਰ ਅੰਦਰਲੇ ਬੈਕਟੀਰੀਆ ਨਾਲ ਹੀ ਇਨਫੈਕਸ਼ਨ ਹੋ ਜਾਂਦੀ ਹੈ। ਮੌਸਮ ਦੇ ਇਕਦਮ ਬਦਲਣ ਨਾਲ ਵੀ ਇਹ ਲਾਗ ਬਹੁਤ ਛੇਤੀ ਲਗਦੀ ਹੈ।

ਨਜ਼ਲੇ ਕਾਰਨ ਬੱਚਿਆਂ ਨੂੰ ਕਈ ਵਾਰ ਕੰਨਾਂ ਵਿਚ ਵੀ ਸੋਜ ਹੋ ਜਾਂਦੀ ਹੈ।

ਨਜ਼ਲਾ ਆਮ ਤੌਰ ਤੇ ਇਕਦਮ ਹੀ ਹੁੰਦਾ ਹੈ ਜਿਸ ਨਾਲ ਗਲੇ ਅਤੇ ਨੱਕ ਵਿਚ ਦਰਦ ਅਤੇ ਖੁਸ਼ਕੀ ਜਿਹੀ ਮਹਿਸੂਸ ਹੁੰਦੀ ਹੈ। ਕੁਝ ਘੰਟਿਆਂ ਵਿਚ ਹੀ ਨਾਸਾਂ ਬੰਦ ਹੋਣ ਲਗਦੀਆਂ ਹਨ ਅਤੇ ਨੱਕ ਵਿਚੋਂ ਪਾਣੀ ਜਿਹਾ ਵਗਣ ਲਗਦਾ ਹੈ। 48 ਘੰਟਿਆਂ ਬਾਦ ਨਜ਼ਲਾ ਜ਼ੋਰ ਫੜ ਲੈਂਦਾ ਹੈ ਜਿਸ ਨਾਲ ਅੱਖਾਂ ਵਿਚੋਂ ਵੀ ਪਾਣੀ ਵਗਣ ਲਗ ਪੈਂਦਾ ਹੈ ਅਤੇ ਆਵਾਜ਼ ਬੈਠ ਜਾਂਦੀ ਹੈ ਅਤੇ ਸਾਹ ਲੈਣ ਵਿਚ ਵੀ ਔਖਿਆਈ ਹੋਣ ਲਗ ਪੈਂਦੀ ਹੈ। ਨੱਕ ਵਿਚੋਂ ਵੀ ਚਿਪਚਿਪਾ ਜਿਹਾ ਸੀਂਡ ਨਿਕਲਣ ਲਗ ਪੈਂਦਾ ਹੈ। ਕਈ ਵਾਰ ਨਾਲ ਖਾਂਸੀ ਵੀ ਲਗ ਜਾਂਦੀ ਹੈ। ਆਮ ਤੌਰ ਤੇ ਸਿਰ ਦਰਦ ਅਤੇ ਕਈ ਵਾਰ ਸਾਰੇ ਹੀ ਸਰੀਰ ਨੂੰ ਦਰਦ ਮਹਿਸੂਸ ਹੁੰਦਾ ਹੈ। ਨਜ਼ਲੇ ਦੇ ਹਰ ਇਕ ਰੋਗੀ ਨੂੰ ਬੁਖ਼ਾਰ ਨਹੀਂ ਹੁੰਦਾ ਪਰ ਬੱਚਿਆਂ ਨੂੰ ਕਈ ਵਾਰ ਨਜ਼ਲੇ ਕਾਰਨ ਹਲਕਾ ਜਿਹਾ ਬੁਖ਼ਾਰ ਵੀ ਹੋ ਜਾਂਦਾ ਹੈ।

ਆਮ ਤੌਰ ਤੇ ਨਜ਼ਲਾ ਇਕ ਤੋਂ ਦੋ ਹਫ਼ਤੇ ਅੰਦਰ ਆਪਣੇ ਆਪ ਹੀ ਠੀਕ ਹੋ ਜਾਂਦਾ ਹੈ ਪਰ ਕਈ ਲੋਕਾਂ ਅਤੇ ਆਮ ਤੌਰ ਤੇ ਬੱਚਿਆਂ ਨੂੰ ਇਹ ਦੁਬਾਰਾ ਵੀ ਹੋ ਜਾਂਦਾ ਹੈ। ਜੇ ਨਜ਼ਲਾ ਦੁਬਾਰਾ ਹੋ ਜਾਵੇ ਅਤੇ ਨਾਲ ਬੁਖ਼ਾਰ ਵੀ ਹੋਵੇ ਤਾਂ ਡਾਕਟਰ ਦੀ ਸਲਾਹ ਜ਼ਰੂਰ ਲੈ ਲੈਣੀ ਚਾਹੀਦੀ ਹੈ। ਨਜ਼ਲੇ ਦੇ ਰੋਗੀ ਨੂੰ ਇਕਾਂਤ ਵਿਚ ਆਰਾਮ ਕਰਨਾ ਚਾਹੀਦਾ ਹੈ ਅਤੇ ਤਰਲ ਅਤੇ ਹਲਕੀ ਖ਼ੁਰਾਕ ਲੈਣੀ ਚਾਹੀਦੀ ਹੈ।

ਹ.ਪੁ.—ਐਨ. ਮੈ. ਹੈ. 2 : 424

ਨਜਾਤ : 'ਨਜਾਤ' ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਮੂਲ ਨ' ਜ' ਅ ਹੈ। ਨਜਾਤ ਦਾ ਅਰਥ ਹੈ ਛੁਟਕਾਰਾ, ਖ਼ਲਾਸੀ, ਮੁਕਤੀ, ਰਿਹਾ ਹੋਣਾ, ਬਚ ਜਾਣਾ ਆਦਿ। ਆਮ ਕਰਕੇ ਇਸ ਸ਼ਬਦ ਦੀ ਵਰਤੋਂ ਕਿਸੇ ਦੁਰਦਸ਼ਾ, ਮੁਸੀਬਤ, ਭੈੜੀ ਆਦਤ, ਪਾਬੰਦੀ ਜਾਂ ਮੌਤ ਤੋਂ ਬਚਣ ਲਈ ਕੀਤੀ ਜਾਂਦੀ ਹੈ। ਨਜਾਤ ਦਾ ਬਹੁਤਾ ਸਬੰਧ ਧਾਰਨਾਵਾਂ, ਮਾਨਸਿਕ ਅਵਸਥਾਵਾਂ ਤੇ ਧਾਰਮਿਕ ਵਿਸ਼ਵਾਸਾਂ ਨਾਲ ਹੈ।

ਅਸਲੀਅਤ ਅਤੇ ਮਹੱਤਵ—ਇਹ ਕਿਹਾ ਜਾ ਸਕਦਾ ਹੈ ਕਿ ਸਾਰੇ ਧਰਮਾਂ ਦੇ ਉਦੇਸ਼ ਆਪਣੇ ਸ਼ਾਗਿਰਦਾਂ ਲਈ ਨਜਾਤ ਦੀ ਪ੍ਰਾਪਤੀ ਹੈ। ਅਨੇਕਾਂ ਧਰਮਾਂ ਦੀ ਹੋਂਦ ਇਸ ਤੱਥ ਨੂੰ ਪ੍ਰਗਟਾਉਂਦੀ ਹੈ ਕਿ ਨਜਾਤ ਦੀ ਅਸਲੀਅਤ ਅਤੇ ਪ੍ਰਾਪਤੀ ਦੇ ਸਾਧਨਾਂ ਬਾਰੇ ਵਖੋ ਵੱਖਰੇ ਮਤ ਦੁਨੀਆਂ ਵਿਚ ਮਿਲਦੇ ਹਨ, ਇਸੇ ਕਾਰਣ ਸੰਸਾਰ ਵਿਚ ਵਸਦੇ ਇਸਤਰੀ ਪੁਰਖਾਂ ਲਈ ਨਜਾਤ ਦਾ ਸੰਕਲਪ ਵੀ ਇਕ ਦੂਜੇ ਤੋਂ ਭਿੰਨ ਹੈ।

ਮਨੋਰਥ ਅਤੇ ਉਦੇਸ਼—ਸ੍ਰਿਸ਼ਟੀ ਦੀ ਰਚਨਾ ਸਬੰਧੀ ਪ੍ਰਚਲਿਤ ਧਾਰਮਿਕ-ਮਿਥਿਹਾਸਕ ਕਥਾਵਾਂ ਵਿਚ ਮਨੁਖਤਾ ਦੀ ਉਤਪਤੀ ਦੇ ਮੁਢਲੇ ਪੜਾਵਾਂ ਵਿਚ ਅਜਿਹੇ ਸੁਨਹਿਰੇ ਯੁਗਾਂ ਵੱਲ ਸੰਕੇਤ ਮਿਲਦਾ ਹੈ ਜਿਨ੍ਹਾਂ ਵਿਚ ਆਦਿ-ਮਾਨਵ ਕੁਦਰਤ ਦੀ ਝੋਲੀ ਵਿਚ ਰੋਗ, ਦੁਖ, ਕਾਲ-ਪ੍ਰਭਾਵ ਜਾਂ ਮੌਤ ਤੋਂ ਬੇਫ਼ਿਕਰ ਸਵੱਛ, ਨਿਰਮਲ ਅਤੇ ਪ੍ਰਸੰਨ ਜੀਵਨ ਬਤੀਤ ਕਰਦਾ ਸੀ। ਇਨ੍ਹਾਂ ਕਥਾਵਾਂ ਅਨੁਸਾਰ ਕਿਸੇ ਅਦਿਖ ਦੈਵੀ ਸ਼ਕਤੀ ਵਲੋਂ ਇਸ ਅਵਸਥਾ ਨੂੰ ਭੰਗ ਕਰ ਦਿੱਤਾ ਗਿਆ, ਸਿੱਟੇ ਵਜੋਂ ਸੰਸਾਰ ਵਿਚ ਮੁਸੀਬਤ, ਰੋਗ, ਧੋਖਾ, ਮੱਕਾਰੀ, ਮ੍ਰਿਤੂ ਆਦਿ ਤੱਤਾਂ ਦਾ ਪ੍ਰਵੇਸ਼ ਹੋਇਆ। ਇਸੇ ਪ੍ਰਸੰਗ ਵਿਚ ਮੌਤ, ਪ੍ਰਸੂਤੀ-ਪੀੜਾ, ਵਾਹੀ ਦੀ ਜੀ-ਤੋੜਵੀਂ ਘਾਲਣਾ ਤੇ ਆਪਣੇ ਸਿਰਜਨਹਾਰ ਦੀ ਅਵੱਗਿਆ ਦਾ 'ਆਦਿ' ਲਭਣ ਦੀ ਕੋਸ਼ਿਸ਼ ਵਿਚ, ਆਦਮ ਅਤੇ ਹਵਾ ਦੀ ਕਥਾ ਵਿਸ਼ੇਸ਼ ਕਰਕੇ ਵਰਣਨਯੋਗ ਹੈ। ਇਸ ਤੋਂ ਇਸ ਵਿਸ਼ਵਾਸ ਦਾ ਪ੍ਰਗਟਾਵਾ ਵੀ ਹੁੰਦਾ ਹੈ ਕਿ ਸਾਰੇ ਫ਼ਸਾਦ ਦੀ ਜੜ੍ਹ ਪਾਪ ਜਾਂ ਗੁਨਾਹ ਹੈ ਅਤੇ ਇਸ ਤੋਂ ਨਜਾਤ ਪਾਉਣ ਦਾ ਸਾਧਨ ਮਨੁੱਖ ਦਾ

ਨੇਕ ਰਾਹ ਤੇ ਚਲਣਾ, ਕੁਦਰਤ ਤੇ ਕਾਦਰ ਨੂੰ ਯਾਦ ਰਖਣਾ ਅਤੇ ਉਸ ਦੀ ਬਖ਼ਸ਼ਿਸ਼ ਦਾ ਹੋਣਾ ਹੈ।

ਪ੍ਰਾਚੀਨ ਈਰਾਨ ਵਿਚ ਇਕ ਹੋਰ ਬ੍ਰਹਿਮੰਡੀ ਅਵਸਥਾ ਕਲਪਿਤ ਸੀ ਜਿਸ ਅਨੁਸਾਰ ਇਹ ਸੰਸਾਰ ਨੇਕੀ ਅਤੇ ਬਦੀ ਦੀਆਂ ਦੈਵੀ-ਸ਼ਕਤੀਆਂ ਦੀ ਰਣਭੂਮੀ ਹੈ, ਆਹੁਰਾਮਜ਼ਦਾ ਨੇਕੀ ਅਤੇ ਅਹਿਰਮਨ ਜਾਂ ਅਹਿਰਾਮਨ ਬਦੀ ਦੀਆਂ ਸ਼ਕਤੀਆਂ ਦੀ ਪ੍ਰਤੀਨਿਧਤਾ ਕਰਦਾ ਹੈ। ਇਹ ਦੋਵੇਂ ਸ਼ਕਤੀਆਂ ਇਕ ਦੂਜੇ ਤੇ ਭਾਰੂ ਹੋਣ ਅਤੇ ਸੰਸਾਰ ਤੇ ਕਬਜ਼ਾ ਕਰਨ ਲਈ ਨਿਰੰਤਰ ਗੁਥਮ-ਗੁੱਥਾ ਹਨ। ਜ਼ਰਤੁਸ਼ਤ ਅਨੁਸਾਰ ਮੁਕੰਮਲ ਨਜਾਤ ਤੋਂ ਭਾਵ ਬਦੀ ਦਾ ਖਾਤਮਾ ਹੈ। ਮਨੁੱਖ ਨੂੰ ਚਾਹੀਦਾ ਹੈ ਕਿ ਉਹ ਨੇਕੀ ਦੀਆਂ ਸ਼ਕਤੀਆਂ ਦੀ ਹਿਮਾਇਤ ਕਰੇ ਤਾਂ ਜੋ ਬਦੀ ਦੀਆਂ ਸ਼ਕਤੀਆਂ ਦਾ ਸੰਪੂਰਣ ਵਿਨਾਸ਼ ਕੀਤਾ ਜਾ ਸਕੇ ਅਤੇ ਸੰਸਾਰ ਵਿਚ ਸੁਖ-ਸ਼ਾਂਤੀ ਕਾਇਮ ਰੱਖੀ ਜਾ ਸਕੇ। ਇਵੇਂ ਨਜਾਤ ਦਾ ਈਰਾਨੀ ਸੰਕਲਪ ਵੀ 'ਸੁਨਹਿਰੇ ਯੁਗ' ਦੇ ਮੁੜ ਆਗਮਨ ਨਾਲ ਜੁੜਿਆ ਹੋਇਆ ਹੈ। ਕੁਝ ਪ੍ਰਾਚੀਨ ਈਸਾਈ ਧਰਮ-ਸ਼ਾਸਤਰੀ ਜਿਵੇਂ ਕਿ ਆਰਿਜਨ (Origen) ਵੀ ਨਜਾਤ ਤੋਂ ਭਾਵ ਇਕ ਅਜਿਹੇ ਯੁਗ ਦੀ ਸਥਾਪਨਾ ਹੀ ਲੈਂਦੇ ਹਨ ਜਿਸ ਵਿਚ ਹਰ ਕੋਈ ਸਮੇਤ ਮਨੁੱਖਾਂ ਤੇ ਰਾਖ਼ਸ਼ਾਂ ਦੇ ਸੁਰੱਖਿਅਤ ਹੋਵੇ।

ਯਹੂਦੀਅਤ, ਈਸਾਈਅਤ, ਜ਼ਰਦੁਸ਼ਤੀਅਤ ਅਤੇ ਇਸਲਾਮ ਜਿਹੇ ਸਾਮੀ ਧਰਮਾਂ ਵਿਚ ਨਜਾਤ ਦਾ ਸੰਕਲਪ ਸਰੀਰ ਅਤੇ ਆਤਮਾ ਦੋਹਾਂ ਦੇ ਪੁਨਰ ਜੀਵਨ ਤੇ ਆਧਾਰਤ ਹੈ, ਇਸੇ ਲਈ ਇਹ ਮਰਨ ਉਪਰੰਤ ਆਤਮਾ ਅਤੇ ਸਰੀਰ ਦੇ ਪੁਨਰ ਮਿਲਣ ਨੂੰ ਨਜਾਤ ਲਈ ਜ਼ਰੂਰੀ ਸਮਝਦੇ ਹਨ ਜਦੋਂ ਕਿ ਦੂਜੀ ਤਰਫ਼ ਕੁਝ ਹੋਰ ਧਾਰਮਿਕ ਮਤ ਜਿਹਾ ਕਿ ਪ੍ਰਾਚੀਨ ਯੂਨਾਨੀ ਅਗੰਮੀ ਮਤ, ਹਿੰਦੂ ਧਰਮ ਅਤੇ ਮੁਸਲਮਾਨ ਸੂਫ਼ੀਆਂ ਦੇ ਇਕ ਫ਼ਿਰਕੇ ਅਨੁਸਾਰ ਸਰੀਰ ਨੂੰ ਅਪਵਿੱਤਰ ਸਮਝਦੇ ਹੋਏ ਆਤਮਾ ਨੂੰ ਇਸ ਵਿਚ ਕੈਦ ਦੱਸਿਆ ਗਿਆ ਹੈ ਅਤੇ ਇਨ੍ਹਾਂ ਲਈ ਸਰੀਰ ਦੀ ਇਸ ਹਨੇਰੀ, ਤੰਗ ਤੇ ਗੰਦੀ ਕੋਠੜੀ ਵਿਚੋਂ ਆਤਮਾ ਦੀ ਰਿਹਾਈ ਵੀ ਨਜਾਤ ਦਾ ਇਕ ਪੱਖ ਹੈ।

ਨਜਾਤ ਦੇ ਸਾਧਨ—ਨਜਾਤ ਦੀ ਕਲਪਨਾ ਤੇ ਆਸ਼ਾ ਸਦਕੇ, ਇਸ ਦੀ ਪ੍ਰਾਪਤੀ ਲਈ ਅਨੇਕਾਂ ਪ੍ਰਕਾਰ ਦੇ ਵਸੀਲਿਆਂ ਦਾ ਸਹਾਰਾ ਲਿਆ ਗਿਆ ਹੈ। ਇਨ੍ਹਾਂ ਨੂੰ ਮੁੱਖ ਤੌਰ ਤੇ ਤਿੰਨ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ :—

1. ਪ੍ਰਾਚੀਨਤਮ ਵਿਧੀ ਜਾਦੂ ਟੂਣਿਆਂ, ਰਵਾਇਤੀ ਰਹੁ-ਰੀਤਾਂ ਤੇ ਆਧਾਰਿਤ ਹੈ।
2. ਦੂਜਾ ਰਸਤਾ ਤਪ, ਬਾਤਿਨੀ ਦਰਸ਼ਨ-ਗਿਆਨ ਦੀ ਪ੍ਰਾਪਤੀ, ਨਿੱਜੀ ਸਾਧਨਾ ਜਾਂ ਸ਼ਹੀਦੀ (ਜਿਸ ਦਾ ਵਾਅਦਾ ਅਨੇਕਾਂ ਧਰਮਾਂ, ਅਗੰਮੀ ਮਤ, ਹਿੰਦੂ ਧਰਮ ਅਤੇ ਇਸਲਾਮ ਆਦਿ ਵਿਚ ਮਿਲਦਾ ਹੈ) ਦਾ ਹੈ।
3. ਤੀਜਾ ਸਾਧਨ ਰੱਬੀ ਮਿਹਰ ਜਾਂ ਦਸਤਗੀਰੀ ਹੈ ਜਿਸ ਦੀ ਕੁੱਖ ਵਿਚੋਂ ਇਲਾਹੀ ਮੁਕਤੀ-ਦਾਤਾ ਦਾ ਸੰਕਲਪ (ਜਿਹਾ ਕਿ ਯਹੂਦੀਅਤ, ਈਸਾਈਅਤ, ਇਸਲਾਮ ਤੇ ਸਿੱਖ ਮਤ ਵਿਚ) ਪੈਦਾ ਹੋਇਆ ਹੈ।

ਸੰਸਾਰ ਦੇ ਮੁਖ ਧਰਮਾਂ ਵਿਚ ਨਜਾਤ ਦਾ ਸੰਕਲਪ

ਪ੍ਰਾਚੀਨ ਮਿਸਰ—ਅਹਿਰਾਮ ਯੁਗ ਦੇ ਪ੍ਰਾਚੀਨ ਮਿਸਰੀ ਗ੍ਰੰਥਾਂ ਤੋਂ ਨਜਾਤ ਲਈ ਉਸ ਸਮੇਂ ਦੇ ਮਨੁੱਖ ਦੀ ਇੱਛਾ ਤੇ ਜਤਨਾਂ ਦੀ ਸ਼ਹਾਦਤ ਮਿਲਦੀ ਹੈ। ਇਹ ਗ੍ਰੰਥ ਦਸਦੇ ਹਨ ਕਿ 2400 ਈ. ਪੂ. ਮਿਸਰ ਵਿਚ ਇਲਾਹੀ-ਫ਼ਿਰਔਨੀ ਬਾਦਸ਼ਾਹਤ ਨਾਲ ਜੁੜੀ ਹੋਈ ਮੁਕਤੀ ਜਾਂ ਨਜਾਤ ਦਾ ਇਕ ਜਟਿਲ ਸਿਧਾਂਤ ਮੌਜੂਦ ਸੀ। ਸਹਿਜੇ-ਸਹਿਜੇ ਇਹ ਸਿਧਾਂਤ ਇਕ ਸੰਕਲਪ ਅਤੇ ਪ੍ਰਚਲਿਤ ਰੀਤ ਦੇ ਰੂਪ ਵਿਚ ਵਿਕਸਤ ਹੋ ਗਿਆ ਅਰਥਾਤ ਰਾਜ ਪਰਿਵਾਰ ਦੀ ਰਸਮ ਹੌਲੀ-ਹੌਲੀ ਸਮਾਜ ਦੇ ਹਰੇਕ ਵਿਅਕਤੀ ਤਕ ਪੁਜ ਗਈ, ਲਗਭਗ 1400 ਈ. ਪੂ. ਤਕ ਇਹ ਇਕ ਵਿਸਤ੍ਰਿਤ ਮਿਰਤਕ-ਵਿਸ਼ਵਾਸ ਕੀਤਾ ਗਿਆ ਸੀ ਜਿਸ ਰਾਹੀਂ ਉਹ ਸਾਰੇ ਲੋਕ ਜਿਹੜੇ ਧਨ-ਰਾਸ਼ੀ ਜੁਟਾ ਸਕਦੇ ਸਨ, ਇਸ ਵਲੋਂ ਪ੍ਰਸਤੁਤ ਨਜਾਤ ਦੀ ਪ੍ਰਾਪਤੀ ਦੇ ਉਮੀਦਵਾਰ ਹੋ ਸਕਦੇ ਸਨ। ਪ੍ਰਾਚੀਨ ਮਿਸਰੀਆਂ ਦੀ ਕਲਪਨਾ ਅਨੁਸਾਰ ਇਹ ਨਜਾਤ ਮ੍ਰਿਤੂ ਉਪਰੰਤ ਹੋਂਦ/ਜੀਵਨ ਦੇ ਤਿੰਨ ਪੱਖਾਂ ਨਾਲ ਸਬੰਧਤ ਸੀ। ਔਸੀਰੀਜ਼ ਦੇ ਸੰਕਲਪ ਵਿਚ ਪ੍ਰਾਚੀਨਤਮ ਨਜਾਤ-ਦਹਿੰਦਾ ਦੇਵਤਾ ਵੀ ਸ਼ਾਮਲ ਸੀ। ਮਿਰਤਕ ਦੇਹ ਨੂੰ ਸੜਨ ਅਤੇ ਖ਼ਰਾਬ ਹੋਣ ਤੋਂ ਬਚਾਉਣ ਲਈ ਇਕ ਵਿਸਤ੍ਰਿਤ ਸੁਰਖਿਆ ਰੀਤੀ/ਵਿਧੀ ਬਣਾਈ ਗਈ ਸੀ ਤਾਂ ਜੋ ਇਹ ਇਸ ਮੰਤਵ ਲਈ ਉਸਾਰੇ ਸੁਸੱਜਤ ਮਕਬਰੇ ਵਿਚ ਬਾਕੀ ਰਹਿ ਸਕੇ। ਧਾਰਨਾ ਅਨੁਸਾਰ ਇਹ ਰੀਤੀ ਦੇਵਤਿਆਂ ਵਲੋਂ ਔਸੀਰੀਜ਼ ਦੀ ਲੋਥ ਦੀ ਸੰਭਾਲ ਲਈ ਅੰਜਾਮ ਦਿੱਤੀ ਗਈ ਉਸ ਪ੍ਰਕਿਰਿਆ ਦੀ ਨਕਲ ਵਜੋਂ ਸੀ ਜਿਸ ਨਾਲ ਮਿਰਤਕ ਨੂੰ ਦਫ਼ਨਾਇਆ ਗਿਆ। ਅਗਲਾ ਮਾਮਲਾ ਵਿਅਕਤੀ ਦੀ ਦੇਹ ਤੇ ਪੁਨਰ-ਜੀਵਨ ਦਾ ਸੀ ਜਿਵੇਂ ਕਿ ਔਸੀਰੀਜ਼ ਮ੍ਰਿਤੂ ਪਿਛੋਂ ਪੁਨਰ-ਜੀਵਤ ਹੋਇਆ। ਇਸ ਪ੍ਰਕਾਰ ਮ੍ਰਿਤੂ ਦੇ ਪ੍ਰਭਾਵਾਂ ਤੋਂ ਸੁਰੱਖਿਅਤ ਇਸ ਪੁਨਰ-ਜੀਵਤ ਦੇਹ ਨੇ ਸੰਸਾਰ ਉਤੇ ਬਿਤਾਏ ਆਪਣੇ ਜੀਵਨ ਦੇ ਨੈਤਿਕ ਗੁਣ ਦੋਸ਼ਾਂ ਦੀ ਪਰਖ-ਪੜਤਾਲ ਦੀ ਪ੍ਰਕਿਰਿਆ ਨੂੰ ਭੋਗਣਾ ਹੁੰਦਾ ਸੀ। ਮਿਰਤਕ ਨੂੰ ਇਸ ਅਜ਼ਮਾਇਸ਼ ਵਿਚ ਸਿਰਫ਼ ਨਿਜੀ ਸਿਦਕ ਜਾਂ ਨੇਕੀ ਸਦਕਾ ਹੀ ਇਕ ਦੂਜੀ ਭਿਆਨਕ ਮੌਤ ਤੋਂ ਬਚਾਇਆ ਜਾ ਸਕਦਾ ਸੀ। ਜੇ ਉਹ ਸਫਲਤਾ ਪੂਰਵਕ ਇਸ ਪਰੀਖਿਆ ਨੂੰ ਪਾਰ ਕਰ ਲੈਂਦਾ ਸੀ ਤਾਂ ਉਸ ਨੂੰ Maakheru ਜਾਂ ਸਚ ਦਾ ਧਾਰਨੀ ਆਖਿਆ ਜਾਂਦਾ ਸੀ ਅਤੇ ਉਸ ਨੂੰ ਔਸੀਰੀਜ਼ ਦੇ ਸਵਰਗ ਵਿਚ ਦਾਖ਼ਲਾ ਮਿਲ ਜਾਂਦਾ ਸੀ। ਮ੍ਰਿਤੂ ਉਪਰੰਤ ਨਜਾਤ ਦੇ ਵਾਅਦੇ ਵਾਲਾ ਇਹ ਆਸੀਰੀਅਨ ਮ੍ਰਿਤੂ-ਅਕੀਦਾ, 2400 ਈ. ਪੂ. ਤੋਂ ਹਜ਼ਰਤ ਈਸਾ ਦੇ ਆਗਮਨ ਤਕ ਪ੍ਰਚਲਿਤ ਸੀ। ਇਕ ਲਿਹਾਜ਼ ਨਾਲ 'ਨਜਾਤ-ਧਰਮ' ਵਜੋਂ ਇਹ ਈਸਾਈਅਤ ਦਾ ਮੂਲ ਆਧਾਰ ਆਖਿਆ ਜਾ ਸਕਦਾ ਹੈ।

ਹਿੰਦੂ ਧਰਮ—ਉਨ੍ਹਾਂ ਸਾਰੇ ਅਕੀਦਿਆਂ, ਰੀਤੀਆਂ, ਸੰਸਕਾਰਾਂ ਆਦਿ ਦੇ ਉਸ ਸਾਰੇ ਮਿਸ਼ਰਣ ਪਿਛੇ ਜਿਨ੍ਹਾਂ ਨੂੰ ਮਿਲਾ ਕੇ ਹਿੰਦੂ ਧਰਮ ਬਣਦਾ ਹੈ, ਇਹ ਵਿਸ਼ਵਾਸ ਮੌਜੂਦ ਹੈ ਕਿ ਰੂਹ ਜਾਂ ਆਤਮਾ ਸੰਸਾਰ ਦੇ ਅਧੀਨ ਹੈ ਅਰਥਾਤ ਅਣਗਿਣਤ ਜੀਵਨੀਆਂ ਵਿਚੋਂ ਲੰਘਣ ਦੀ ਕਿਰਿਆ ਜਾਂ ਆਵਾਗਵਨ ਭੋਗਦੀ ਹੈ। ਇਸ ਦੇ ਨਾਲ ਹੀ ਇਕ ਹੋਰ ਕਰਮਾਂ ਦਾ ਅਕੀਦਾ ਵੀ ਮੌਜੂਦ ਹੈ ਅਰਥਾਤ ਹਰ ਆਤਮਾ ਆਪਣੇ ਨਾਲ ਆਪਣੇ ਪਿਛਲੇ ਜਨਮਾਂ ਵਿਚ ਕੀਤੇ ਕਰਮਾਂ ਜਾਂ ਅਮਲਾਂ ਦਾ ਭਾਰ ਚੁਕਦੀ ਹੈ। ਜਦੋਂ ਤੀਕ ਆਤਮਾ ਇਸ ਮਾਇਆ ਸੰਸਾਰ ਨੂੰ ਅਸਲ ਜਾਂ ਯਥਾਰਥ ਸਮਝ ਕੇ ਉਸ ਵਿਚ ਰੁਝੇ ਰਹਿਣ ਦੀ ਗਲਤੀ ਕਰਦੀ ਹੈ, ਜਨਮ-ਮਰਨ ਦੇ ਦੁਖਦਾਈ ਚੱਕਰ ਵਿਚ ਉਸ ਦਾ ਫਸਿਆ ਰਹਿਣਾ ਨਿਸ਼ਚਿਤ ਹੈ। ਭਾਰਤ ਵਿਚ ਭਿੰਨ-ਭਿੰਨ ਸੰਪਰਦਾਵਾਂ ਅਤੇ ਦਾਰਸ਼ਨਿਕ-ਪੱਧਤੀਆਂ ਵਿਚ ਇਹ ਚੱਕਰ ਵਿਯੂਹ ਜਾਂ ਆਦਿ ਕਾਲ ਤੋਂ ਚਲ ਰਹੀ ਇਸ ਵੇਦਨਾ-ਲੜੀ ਤੋਂ ਨਜਾਤ ਜਾਂ ਆਜ਼ਾਦੀ ਲਈ ਵਖੋ ਵਖਰੀਆਂ ਤਰਕੀਬਾਂ ਜਾਂ ਵਿਧੀਆਂ ਨੂੰ ਪੇਸ਼ ਕੀਤਾ ਗਿਆ ਜਿਨ੍ਹਾਂ ਰਾਹੀਂ ਮੁਕਤੀ ਜਾਂ ਮੋਕਸ਼ ਦੀ ਪ੍ਰਾਪਤੀ ਹੋ ਸਕਦੀ ਹੈ। ਬੁਨਿਆਦੀ ਤੌਰ ਤੇ ਇਹ ਨਜਾਤ ਆਤਮਾ ਦੀ ਪਰਮ-ਆਤਮਾ ਜਾਂ ਪਰਮ-ਸੱਤਾ ਜਾਂ ਬ੍ਰਹਮਾ ਨਾਲ ਤਾਤਵਕ ਵਿਲੀਨਤਾ

ਦੀ ਪ੍ਰਭਾਵੀ ਸੋਝੀ ਅਤੇ ਉਸ ਨਾਲ ਇਕ-ਮਿਕ ਹੋ ਜਾਣ ਦੀ ਕਿਰਿਆ ਤੇ ਆਧਾਰਤ ਹੈ। ਉਨ੍ਹਾਂ ਵਿਧੀਆਂ ਵਿਚੋਂ, ਜਿਨ੍ਹਾਂ ਰਾਹੀਂ ਇਸ ਮਕਸਦ ਦੀ ਪ੍ਰਾਪਤੀ ਹੋ ਸਕਦੀ ਹੈ, ਵਧੇਰਿਆਂ ਵਿਚ ਅੰਤਰ-ਧਿਆਨ ਦੀ ਲੀਨਤਾ ਅਤੇ ਤਪੱਸਵੀ ਜੀਵਨ ਬਤੀਤ ਕਰਨ ਲਈ ਆਤਮ-ਜਤਨ ਲੋੜੀਂਦਾ ਹੈ। ਐਪਰ ਵਿਸ਼ਨੂੰ ਅਤੇ ਸ਼ਿਵ ਨਾਲ ਜੁੜੇ ਭਗਤੀ ਸੰਪਰਦਾਵਾਂ ਵਿਚ, ਇਨ੍ਹਾਂ ਇਸ਼ਟਾਂ ਪ੍ਰਤੀ ਪ੍ਰਬਲ ਨਿੱਜੀ ਸ਼ਰਧਾ ਹੀ ਨਜਾਤ ਜਾਂ ਮੋਕਸ਼ ਦੀ ਪ੍ਰਾਪਤੀ ਲਈ ਰੱਬੀ ਮਦਦ ਮੰਨੀ ਜਾਂਦੀ ਹੈ।

ਸਿੱਖ ਧਰਮ—ਸਿੱਖ ਧਰਮ ਸੰਸਾਰ ਦੇ ਮੁੱਖ ਧਰਮਾਂ ਵਿਚੋਂ ਹੈ। ਨਜਾਤ ਦੇ ਪਖੋਂ ਗੱਲ ਕਰਦੇ ਹੋਏ ਅਸੀਂ ਵੇਖਦੇ ਹਾਂ ਕਿ ਆਵਾਗਮਨ ਅਤੇ ਕਰਮਕਾਂਡ ਦਾ ਸਿਧਾਂਤ ਇਸ ਵਿਚ ਉਵੇਂ ਹੀ ਮੌਜੂਦ ਹੈ ਜਿਵੇਂ ਹਿੰਦੂ ਧਰਮ ਵਿਚ ਪਰ ਸਿੱਖ ਧਰਮ ਦੀ ਧਾਰਮਿਕ ਪੁਸਤਕ ਗੁਰੂ ਗ੍ਰੰਥ ਸਾਹਿਬ ਵਿਚ ਨਜਾਤ ਦੀ ਪ੍ਰਾਪਤੀ ਲਈ ਦਰਸਾਏ ਸਾਧਨ ਵਖਰੇ ਹਨ। ਇਸ ਵਿਚ ਕਰਮ ਕਾਂਡ ਦੇ ਨਾਲ-ਨਾਲ 'ਨਾਮ' ਅਤੇ 'ਸ਼ਬਦ' ਨੂੰ ਨਜਾਤ ਦੀ ਪ੍ਰਾਪਤੀ ਲਈ ਚੰਗੇਰਾ ਸਾਧਨ ਦੱਸਿਆ ਗਿਆ ਹੈ। ਨਜਾਤ ਜਾਂ ਮੁਕਤੀ ਦੇ ਅੰਤਮ ਪੜਾਅ ਵਜੋਂ ਸਵਰਗ ਵਿਚ ਦਾਖ਼ਲੇ ਦੇ ਸਥਾਨ ਤੇ ਇਥੇ ਵਾਹਿਗੁਰੂ ਦੇ ਦਰਸ਼ਨ ਨੂੰ ਮੁਕਤੀ ਦੀ ਅੰਤਮ ਤੇ ਉੱਚਤਮ ਮੰਜ਼ਿਲ ਕਰਾਰ ਦਿੱਤਾ ਗਿਆ ਹੈ, ਇਸ ਦੀ ਪ੍ਰਾਪਤੀ ਉਪਰੰਤ ਮਨੁੱਖ ਜਾਂ ਭਗਤ ਜੀਵਨ-ਮੁਕਤ ਅਖਵਾਉਣ ਦਾ ਹੱਕਦਾਰ ਹੁੰਦਾ ਹੈ। ਸਿੱਖ ਧਰਮ ਵੀ ਨਜਾਤ ਦੀ ਪ੍ਰਾਪਤੀ ਲਈ ਹੋਰਨਾਂ ਵਸੀਲਿਆਂ ਦੇ ਨਾਲ-ਨਾਲ ਗੁਰੂ ਜਾਂ ਪਾਰਬ੍ਰਹਮ ਪਰਮੇਸ਼ਰ ਦੀ ਮਿਹਰ ਨੂੰ ਆਵਸ਼ਕ ਤੱਤ ਮੰਨਦਾ ਹੈ।

ਬੁੱਧ ਮਤ—ਬੁੱਧ ਮਤ ਵੀ ਹਿੰਦੂ ਧਰਮ ਦੇ ਸੰਸਾਰ ਅਤੇ ਕਰਮ-ਕਾਂਡ (ਪਾਲੀ ਸ਼ਬਦ 'ਕੰਮਾਂ') ਦੇ ਸਿਧਾਂਤਾਂ ਨੂੰ ਕਬੂਲ ਕਰਦਾ ਹੈ ਪਰ ਇਕ ਅਹਿਮ ਪਹਿਲੂ ਤੋਂ ਇਹ ਹਿੰਦੂ ਧਰਮ ਦੇ ਮਨੁੱਖੀ ਫ਼ਲਸਫ਼ੇ ਨਾਲ ਇਕ ਮਤ ਨਹੀਂ ਹੈ। ਇਸ ਧਾਰਨਾ ਦੇ ਉਲਟ ਕਿ ਇਕ ਆਤਮਾ ਜਾਂ ਰੂਹ ਅਨੰਤ ਜੀਵਨੀਆਂ ਦੇ ਚੋਲੇ ਬਦਲਦੀ ਹੈ ਬੁੱਧ ਮਤ ਦੀ ਮਾਨਤਾ ਇਹ ਹੈ ਕਿ ਅਜਿਹੀ ਕੋਈ ਆਦਿ-ਕਾਲਿਕ ਅਮਰ ਆਤਮਾ ਨਹੀਂ ਜਿਹੜੀ ਇਕ ਸਰੀਰ ਤੋਂ ਦੂਜੇ ਸਰੀਰ ਵਿਚ ਭੌਂਦੀ ਫਿਰੇ। ਇਸ ਅਨੁਸਾਰ ਹਰੇਕ ਵਿਅਕਤੀ ਦੀ ਹੋਂਦ ਜਾਂ ਪੈਦਾਇਸ਼ ਵਿਚ ਕੁਝ ਸਰੀਰਕ ਅਤੇ ਕੁਝ ਆਤਮਕ ਜਾਂ ਅਲੌਕਿਕ ਖੇਡਾਂ ਦਾ ਮੇਲ ਹੁੰਦਾ ਹੈ ਜਿਨ੍ਹਾਂ ਦੇ ਮਿਲਣ ਨਾਲ ਨਿਜ ਜਾਂ ਸ਼ਖ਼ਸੀਅਤ ਦੀ ਚੇਤਨਾ ਜਾਗਦੀ ਹੈ ਪਰ ਇਹ ਮੇਲ ਅਸਥਾਈ ਹੁੰਦਾ ਹੈ ਜਿਸ ਨੂੰ ਮੌਤ ਖੇਰੂੰ ਖੇਰੂੰ ਕਰ ਛਡਦੀ ਹੈ ਅਤੇ ਕੋਈ ਖੰਡ ਅਜਿਹਾ ਬਾਕੀ ਨਹੀਂ ਬਚਦਾ ਜਿਸ ਨੂੰ 'ਆਪੇ' ਜਾਂ 'ਆਤਮਾ' ਵਜੋਂ ਪਛਾਣਿਆ ਜਾ ਸਕਦਾ ਹੋਵੇ। ਇਸ ਰਹੱਸਮਈ-ਅਧਿਆਤਮਕ ਤਰਕ ਰਾਹੀਂ ਇਹ ਸਾਬਤ ਕੀਤਾ ਜਾਂਦਾ ਹੈ ਕਿ ਖੰਡਾਂ ਤੋਂ ਜਨਮੀ ਨਿੱਜੀ ਅਸਤਿਤਵ ਦੀ ਤਾਂਘ ਇਸ ਪ੍ਰਕਾਰ ਦੇ ਇਕ ਹੋਰ ਨਿੱਜੀ ਸੰਜੋਗ ਦੇ ਜਨਮ ਦਾ ਕਾਰਨ ਬਣਦੀ ਹੈ ਜਿਸ ਨੂੰ ਵਿਰਾਸਤ ਵਿਚ ਖੰਡਾਂ ਦੇ ਪਹਿਲੇ ਸੰਜੋਗਾਂ ਦੀ ਲੜੀ ਦੇ ਕਰਮ ਮਿਲਦੇ ਹਨ।

ਗੌਤਮ ਬੁੱਧ ਨੂੰ ਪ੍ਰਾਪਤ ਹੋਇਆ 'ਗਿਆਨ' ਪਦਾਰਥਵਾਦੀ ਸੰਸਾਰ ਵਿਚ ਜੀਵਨ ਦੀ ਹੋਂਦ ਬਾਰੇ ਸੀ ਜਿਸ ਰਾਹੀਂ ਵੇਦਨਾ ਤੇ ਮੁਸੀਬਤਾਂ ਨੂੰ ਅਟਲ ਢਾਹ ਲਗੀ। ਬੁੱਧ ਧਰਮ ਦੀਆਂ ਸਿਖਿਆਵਾਂ, ਸੰਸਕਾਰਾਂ ਅਤੇ ਵਿਹਾਰਾਂ ਨੂੰ ਇਸ ਪ੍ਰਕਾਰ ਨਿਯਮ-ਬੱਧ ਕੀਤਾ ਗਿਆ ਹੈ ਜਿਸ ਨਾਲ ਮਨੁੱਖ ਨੂੰ ਆਪਣੀ ਅਸਲੀਅਤ ਅਤੇ ਅਵਸਥਾ ਨਾਲ ਵਾਕਫ਼ੀ ਹੋਵੇ ਅਤੇ ਉਹ ਪ੍ਰਾਚੀਨ ਪੁਲਾੜ ਯੁਗ ਦੇ ਸੰਸਾਰ ਦੀਆਂ ਲਾਲਸਾਵਾਂ ਮੁਕਤੀ ਪ੍ਰਾਪਤ ਕਰਨ ਦੇ ਸਮਰਥ ਹੋ ਜਾਣ, ਅੰਤਤਾ ਨਿਰਵਾਨ ਦੀ ਪ੍ਰਾਪਤੀ ਹੋਵੇ। ਰਵਾਇਤੀ ਤੌਰ ਤੇ ਇਸ ਟੀਚੇ ਦੀ ਪ੍ਰਸਤੁਤੀ ਮਨਫ਼ੀ ਅੰਦਾਜ਼ ਵਿਚ ਹੋਈ ਹੈ ਕਿਉਂਜੋ ਇੱਛਾ, ਮੋਹ ਅਗਿਆਨ ਜਾਂ ਮੁਸੀਬਤਾਂ ਦੇ ਲੋਪ ਤੋਂ ਇਹ ਵਿਚਾਰ ਉਭਰਦਾ ਹੈ ਕਿ ਬੋਧੀ ਨਜਾਤ ਦਾ ਅਰਥ ਨਿਜੀ ਚੇਤੰਨਤਾ ਜਾਂ ਬੋਧ ਦਾ ਮੁਕੰਮਲ ਖਾਤਮਾ ਹੈ। ਇਕ ਲਿਹਾਜ਼ ਨਾਲ ਅਜਿਹਾ ਹੋ ਸਕਦਾ ਹੈ ਪਰ ਬੋਧੀ ਅਧਿਆਤਮਵਾਦ ਦੀ ਸ਼ਬਦਾਵਲੀ ਅਨੁਸਾਰ ਕਤਈ ਹਕੀਕਤ, ਇਸ ਸੰਸਾਰਕ ਵਜੂਦ ਨਾਲ ਸਬੰਧਤ ਸਾਰੀਆਂ ਸੀਮਾਵਾਂ ਤੋਂ ਅੱਗੇ ਜਾਂ ਉਤਾਂਹ ਹੈ।

ਸਿਧਾਂਤਕ ਤੌਰ ਤੇ ਬੁੱਧ ਮਤ ਵਿਚ ਕਿਸੇ ਦੀ ਨਜਾਤ ਪ੍ਰਾਪਤੀ ਦੀ ਸ਼ੁਰੂਆਤ ਪ੍ਰਯੋਗ ਸਿੱਧ ਸੰਸਾਰ ਵਿਚ ਨਿਰੰਤਰ ਅਸਤਿਤਵ ਦੀ ਖ਼ਾਹਿਸ਼ ਨੂੰ ਮਿਟਾ ਦੇਣ ਲਈ ਖ਼ੁਦ ਆਪਣੇ ਜਤਨਾਂ ਤੋਂ ਹੋਣੀ ਚਾਹੀਦੀ ਹੈ ਅਤੇ ਉਸ ਨੂੰ ਆਪਣੀ ਨਜਾਤ ਆਪ ਪ੍ਰਾਪਤ ਕਰਨੀ ਚਾਹੀਦੀ ਹੈ ਪਰ ਜਿਵੇਂ ਜਿਵੇਂ ਬੁੱਧ ਮਤ ਆਪਣੇ ਮਹਾਯਾਨ (Greater vehicle) ਦੇ ਰੂਪ ਵਿਚ ਵਿਕਸਤ ਹੋਇਆ ਇਸ ਵਿਚ ਇਲਾਹੀ ਮਦਦ ਦੀ ਯਕੀਨ ਦਹਾਨੀ ਦੀ ਸੁਭਾਵਕ ਇੱਛਾ ਲਈ ਗੁੰਜਾਇਸ਼ ਪੈਦਾ ਕੀਤੀ ਜਾਂਦੀ ਰਹੀ। ਸਿੱਟੇ ਵਜੋਂ ਬੋਧੀ-ਸਤਵਾਂ (ਹੋਣ ਵਾਲੇ ਬੁੱਧ) ਦੇ ਨਾਂ ਨਾਲ ਜਾਣੇ ਜਾਣ ਵਾਲੇ ਮੁਕਤੀ-ਦਾਤਿਆਂ ਦਾ ਅਤੇ ਸਵਰਗ-ਨਰਕ ਦਾ ਅਕੀਦਾ ਸਾਹਮਣੇ ਆਇਆ।

ਇਨ੍ਹਾਂ ਅਕੀਦਿਆਂ ਅਨੁਸਾਰ ਨਿਰਵਾਣ ਦੀ ਕਤਈ ਤੇ ਅੰਤਮ ਪ੍ਰਾਪਤੀ ਤੋਂ ਪਹਿਲਾਂ, ਸ਼ਰਧਾਲੂ ਆਪਣੇ ਗੁਣ ਔਗੁਣ, ਬੋਧੀ ਸਤਵ ਪ੍ਰਤੀ ਸ਼ਰਧਾ ਤੇ ਸਿਦਕ ਦੀ ਤੀਬਰਤਾ ਅਨੁਸਾਰ ਸਵਰਗ ਤੇ ਨਰਕ ਦੀ ਲੜੀ ਵਿਚ ਦੀ ਗੁਜ਼ਰਨ ਦੀ ਆਸ ਕਰ ਸਕਦੇ ਸਨ।

ਯਹੂਦੀਅਤ—ਯਹੂਦੀਅਤ ਕਿਉਂਜੋ ਆਪਣੇ ਮੁੱਢ ਅਤੇ ਸੁਭਾਅ ਤੋਂ ਨਸਲੀ ਧਰਮ ਹੈ ਇਸ ਵਿਚ ਨਜਾਤ ਦਾ ਸੰਕਲਪ ਬੁਨਿਆਦੀ ਤੌਰ ਤੇ ਇਸਰਾਈਲ ਤੇ ਇਸ਼ਟ ਯਾਵਿਹ (Yaweh) ਦੇ ਚੋਣਵੇਂ ਲੋਕਾਂ ਵਜੋਂ ਇਸਰਾਈਲ ਦੀ ਕਿਸਮਤ ਨਾਲ ਜੁੜਿਆ ਮੰਨਿਆ ਗਿਆ ਹੈ। ਇਸ ਵਿਚ ਈਸਾ ਪੂਰਵ ਦੂਜੀ ਸ਼ਤਾਬਦੀ ਤਕ ਮ੍ਰਿਤੂ-ਉਪਰੰਤ ਜੀਵਨ ਤੇ ਉਸ ਲਈ ਮ੍ਰਿਤਕ ਦੇ ਮੁੜ ਜੀਵਤ ਹੋ ਕੇ ਰੱਬੀ ਫ਼ੈਸਲੇ ਨੂੰ ਭੋਗਣ ਦਾ ਅਕੀਦਾ ਸਾਹਮਣੇ ਨਹੀਂ ਆਇਆ ਸੀ। ਉਸ ਤੋਂ ਪਹਿਲਾਂ ਕਿਸੇ ਵਿਅਕਤੀ ਦੀ ਸੰਤੁਸ਼ਟੀ ਲਈ ਇਹੀ ਕਾਫ਼ੀ ਸੀ ਕਿ ਉਸ ਦੀ ਨਜਾਤ ਪਵਿੱਤਰ ਰਾਸ਼ਟਰ ਨਾਲ ਜੁੜੀ ਚਲ ਰਹੀ ਹੈ ਫਿਰ ਮ੍ਰਿਤਕ ਦੇ ਮੁੜ ਜੀਵਤ ਹੋਣ ਦੇ ਅਕੀਦੇ ਦੇ ਉਭਰਨ ਪਿਛੋਂ ਵੀ ਯਹੂਦੀਅਤ ਦਾ ਮੂਲ ਨਸਲੀ ਕਿਰਦਾਰ ਉਸ ਨਜਾਤ ਬਾਰੇ ਧਾਰਨਾ ਉਤੇ ਫ਼ੈਸਲਾਕੁਨ ਤੌਰ ਤੇ ਹਾਵੀ ਰਿਹਾ। ਰੋਮਨਾਂ ਵਲੋਂ 70 ਈ. ਵਿਚ ਇਸਰਾਈਲ ਦੇ ਫ਼ੈਸਲਾਕੁਨ ਰਾਜ ਪਲਟੇ ਦੇ ਵਾਪਰਨ ਤੀਕ ਇਹ ਇਲਹਾਮੀ ਅਕੀਦਾ ਇੰਨਾ ਪ੍ਰਚੰਡ ਸੀ ਕਿ ਨਜਾਤ ਆਲਮੀ ਮਸਲਿਆਂ ਦੇ ਹਲ ਲਈ ਯਾਵਿਹ ਜਾਂ ਉਸ ਵਲੋਂ ਨਾਮਜ਼ਦ ਮਸੀਹਾ ਦੀ ਕਰਾਮਾਤੀ ਦਖ਼ਲ-ਅੰਦਾਜ਼ੀ ਦੇ ਰੂਪ ਵਿਚ ਕਲਪਿਤ ਹੋਈ। ਇਹ ਬਚਾਓ-ਕਾਰਵਾਈ ਕੌਮਾਂ ਬਾਰੇ ਦਿੱਤੇ ਜਾਣ ਵਾਲੇ ਅੰਤਮ ਫ਼ੈਸਲੇ ਦੀ ਸ਼ਕਲ ਵਿਚ ਪ੍ਰਗਟ ਹੋਵੇਗੀ ਜਿਸ ਰਾਹੀਂ ਇਸਰਾਈਲ ਅਤੇ ਖ਼ੁਦਾ ਦੇ ਚੋਣਵੇਂ ਬੰਦਿਆਂ ਦੇ ਗਰੁਪ ਵਜੋਂ, ਇਸ ਦੀ ਚੜ੍ਹਦੀ-ਕਲਾ ਨੂੰ ਮੰਨਿਆ ਜਾਵੇਗਾ। ਸੰਨ 70 ਵਿਚ 'ਪਵਿੱਤਰ ਭੂਮੀ' ਵਿਖੇ ਕੌਮੀ ਰਾਜ ਦੇ ਖ਼ਾਤਮੇ ਪਿਛੋਂ ਆਪਣੀ ਵਿਅਕਤੀਗਤ ਅਹਿਮੀਅਤ ਦੀ ਵਧਦੀ ਮਾਨਤਾ ਦੇ ਬਾਵਜੂਦ ਯਹੂਦੀ ਧਰਮ ਆਪਣੇ ਮੂਲ ਨਸਲੀ ਆਧਾਰ ਤੇ ਹੀ ਟਿਕਿਆ ਰਿਹਾ। ਇਸ ਤਰ੍ਹਾਂ ਮਿਸਰ ਤੋਂ ਹਿਜਰਤ ਰਾਹੀਂ ਇਸ ਨੂੰ ਆਦਰਸ਼ ਨਿਰੂਪਣ ਦਾ ਮੌਕਾ ਮਿਲਿਆ ਜਿਸ ਦੇ ਆਧਾਰ ਤੇ 'ਇਲਾਹੀ ਨਜਾਤ' ਦੀ ਕਲਪਨਾ

ਵਿਕਸਤ ਹੋਈ। ਹਰ ਸਾਲ ਪਾਸਓਵਰ (Passover) ਦੀ ਰਸਮ ਸਦਕਾ ਇਸ ਦੀ ਯਾਦ ਪੱਕੀ ਹੁੰਦੀ ਰਹੀ। ਇਸ ਤੋਂ ਛੁਟ ਪਵਿਤਰ ਰਾਸ਼ਟਰ ਦੀ ਬਹਾਲੀ ਦਾ ਮਸਲਾ ਹਮੇਸ਼ਾ ਪਵਿੱਤਰ ਭੂਮੀ ਨਾਲ ਸੰਲਗਤ ਰਿਹਾ ਅਤੇ ਬਾਈਬਲ ਜਾਂ ਦੂਜੇ ਅੰਤਲੇ ਰੂਪਾਂ ਵਿਚਲੇ ਰਚੇ ਗਏ ਇਬਰਾਨੀ ਸਾਹਿਤ ਵਿਚ ਨਵੀਨ ਯੋਰੋਸ਼ਲਮ ਯਾਵਿਹ ਇਸ਼ਟ ਦੇ ਪੂਜਾ-ਸਥਲ ਦੀ ਸਥਾਪਤੀ ਦਾ ਵਰਣਨ ਚਾਅਵਾਂ ਭਰੇ ਅੰਦਾਜ਼ ਵਿਚ ਮਿਲਦਾ ਹੈ। ਭਾਵੇਂ ਇਹ ਸਥਾਪਤੀ ਇਸ ਸੰਸਾਰ ਵਿਚ ਹੋਵੇ ਜਾਂ ਕਿਸੇ ਹੋਰ ਕਾਸਮਿਕ (Cosmic) ਸਿਲਸਿਲੇ ਵਿਚ। ਇਸ ਨਵੇਂ ਸਿਲਸਿਲੇ ਵਿਚ ਬਾਕੀ ਰਹਿੰਦੀ ਮਾਨਵ ਜਾਤੀ ਨੂੰ ਪਸ਼ਚਾਤਾਪੀ ਅਤੇ ਸ਼ੁੱਧੀ ਉਪਰੰਤ ਦਾਖ਼ਲ ਕੀਤਾ ਜਾਵੇਗਾ ਕਿਉਂ ਜੋ ਪਿਤਾਮਾ ਇਬਰਾਹੀਮ ਨਾਲ ਹੋਏ ਮੂਲ ਇਲਾਹੀ-ਆਸ਼ੀਰਵਾਦ ਦੇ ਵਾਅਦੇ ਵਿਚ ਸਮੁੱਚੀ ਮਾਨਵ ਜਾਤੀ ਦੀ ਸ਼ਮੂਲੀਅਤ ਹੈ। ਜ਼ਕਰੀਆ ਦੇ ਗ੍ਰੰਥ ਵਿਚ ਅੰਤਮ ਨਜਾਤ ਪੜਾਅ ਵਾਰ ਦਰਸਾਈ ਗਈ ਹੈ। ਯਹੂਦੀਆਂ ਦੇ ਨਾਲ-ਨਾਲ ਨਾਸਤਕ (ਗ਼ੈਰ ਯਹੂਦੀ) ਵੀ ਖ਼ੁਦਾ ਦੀ ਬੰਦਗੀ ਲਈ ਆਦਰਸ਼ ਯੋਰੋਸ਼ਲਮ ਵਿਚ ਪ੍ਰਵੇਸ਼ ਕਰਨਗੇ।

ਈਸਾਈਅਤ—ਇਕ ਨਜਾਤ-ਧਰਮ ਵਜੋਂ ਈਸਾਈਅਤ ਉਚਕੋਟੀ ਦਾ ਧਰਮ ਗਿਣਿਆ ਗਿਆ ਹੈ। ਇਸ ਦਾ ਮੂਲ ਆਧਾਰ ਵਾਕ ਹੀ ਇਹ ਹੈ ਕਿ ਇਸ ਦੇ ਬਾਨੀ ਮਸੀਹ ਜਾਂ ਹਜ਼ਰਤ ਈਸਾ ਦਾ ਦੁਨੀਆ ਵਿਚ ਆਗਮਨ ਅਤੇ ਆਪਣੀ ਜਾਨ ਦੀ ਕੁਰਬਾਨੀ ਮਾਨਵ ਜਾਤੀ ਦੀ ਇਲਾਹੀ ਯੋਜਨਾ ਦਾ ਚਰਮ ਬਿੰਦੂ ਬਣੀ ਹੈ। ਖ਼ੁਦਾ ਵਲੋਂ ਇਹ ਯੋਜਨਾ ਇਨਸਾਨੀਅਤ ਦੇ ਪਿਤਾਮਾ ਹਜ਼ਰਤ ਆਦਮ ਦੇ ਸਵਰਗ ਤੋਂ ਪਤਨ ਉਪਰੰਤ ਉਲੀਕੀ ਗਈ ਸੀ ਅਤੇ ਇਸ ਯੋਜਨਾ ਦੀ ਤਕਮੀਲ ਅੰਤਮ ਫ਼ੈਸਲੇ ਦੇ ਦਿਨ ਹੋਵੇਗੀ ਜਦੋਂ ਯਸੂ ਮਸੀਹ ਦਾ ਦੂਜਾ ਆਗਮਨ ਇਸ ਦੁਨੀਆ ਦੇ ਵਿਨਾਸ਼ਕਾਰੀ ਖ਼ਾਤਮੇ ਦਾ ਸੂਚਕ ਬਣੇਗਾ। ਈਸਾਈਆਂ ਦੇ ਇਤਿਹਾਸ ਦੇ ਨਜਾਤੀ ਮੁਲਾਂਕਣ ਦਾ ਪ੍ਰਗਟਾਵਾ ਉਨ੍ਹਾਂ ਵਲੋਂ ਕੀਤੀ ਇਤਿਹਾਸਕ ਯੁਗਾਂ ਦੀ ਵੰਡ ਤੋਂ ਹੁੰਦਾ ਹੈ, ਅਰਥਾਤ "ਈਸਾ ਪੂਰਵ" ਅਤੇ "ਸਾਹਿਬ ਦੇ ਵਰ੍ਹੇ" ਨਜਾਤ ਦੇ ਈਸਾਈ ਸਿਧਾਂਤ ਦਾ ਵਿਕਾਸ ਇਕ ਗੁੰਝਲ ਭਰੀ ਕਿਰਿਆ ਸਮਾਨ ਹੈ ਜਿਸ ਦਾ ਸਬੰਧ ਮੌਲਿਕ ਤੌਰ ਤੇ ਨਸਾਰੀਆ ਤੇ ਯਸੂ ਦੀ ਖ਼ੁਦਾਈ ਦੇ ਵਿਸ਼ਵਾਸ ਦੀ ਪੜਾਅ ਵਾਰ ਪਰਿਭਾਸ਼ਾ ਨਾਲ ਜੋੜਿਆ ਜਾਂਦਾ ਹੈ। ਨਜਾਤ-ਗਿਆਨ ਕ੍ਰਿਸਟਾਲੋਜੀ ਜਾਂ ਮਸੀਹੀ ਧਰਮ ਸ਼ਾਸਤਰ ਦਾ ਅਨਿਖੜਵਾਂ ਅੰਗ ਹੈ। ਵਖੋ-ਵਖਰੇ ਈਸਾਈ ਸੰਪਰਦਾਇਆਂ ਵਿਚ ਯਸ਼ੂ ਮਸੀਹ ਦੀ ਖ਼ੁਦਾਈ ਜਾਂ ਈਸ਼ਵਰਤਾ ਮੁਹਤਾਤ ਪਰਿਭਾਸ਼ਾ ਦਾ ਵਿਸ਼ਾ ਹੈ ਕਿਉਂ ਜੋ ਯਸੂ ਮਸੀਹ ਵਲੋਂ ਨਜਾਤ ਦੀ ਹਕੀਕਤ ਅਤੇ ਵਿਧੀ ਜਾਂ ਵਸੀਲੇ ਨੂੰ ਵਿਸਤ੍ਰਤ ਤੇ ਨਿਸ਼ਚਿਤ ਰੂਪ ਵਿਚ ਪਰਿ-ਭਾਸ਼ਿਤ ਨਹੀਂ ਕੀਤਾ ਗਿਆ। ਚਰਚ ਦੇ ਵਿਆਖਿਆਨਾਂ ਵਿਚ ਸਿਰਫ਼ ਇੰਨਾ ਹੀ ਆਖਿਆ ਗਿਆ ਹੈ ਕਿ ਈਸਾ ਪ੍ਰਗਟ ਹੋਇਆ, ਸਲੀਬ ਤੇ ਚਾੜ੍ਹਿਆ ਗਿਆ, ਮਰਿਆ ਅਤੇ ਅਸਾਡੇ ਬੰਦਿਆਂ ਅਤੇ ਅਸਾਡੀ ਨਜਾਤ ਲਈ ਮੁੜ ਉਠ ਖਲੋਇਆ।

ਨਜਾਤ ਸਬੰਧੀ ਈਸਾਈ ਅਕੀਦੇ ਦਾ ਖੁਲਾਸਾ ਇਸ ਤਰ੍ਹਾਂ ਬਿਆਨ ਕੀਤਾ ਜਾ ਸਕਦਾ ਹੈ ਕਿ ਆਦਮੀ ਆਪਣੇ ਮੂਲ ਗੁਨਾਹ ਲਈ ਜਿਹੜਾ ਉਸ ਨੂੰ ਪੀੜ੍ਹੀ ਦਰ ਪੀੜ੍ਹੀ ਆਦਮ ਤੋਂ ਵਿਰਾਸਤ ਵਿਚ ਮਿਲਿਆ ਅਤੇ ਖ਼ੁਦ ਆਪਣੇ ਕੀਤੇ ਕੁਕਰਮਾਂ/ਗੁਨਾਹਾਂ ਲਈ ਰੱਬੀ ਫਿਟਕਾਰ ਦਾ ਪਾਤਰ ਹੈ। ਐਪਰ ਗੁਨਾਹ ਆਦਮੀ ਨੂੰ ਸ਼ੈਤਾਨੀ ਸ਼ਕਤੀ ਅਧੀਨ ਕਰਨਾ ਸਮਝਿਆ ਜਾ ਸਕਦਾ ਹੈ, ਇਸੇ ਲਈ ਈਸਾ ਦੇ ਜਤਨਾਂ ਦੀ ਦੋ ਤਿੰਨ ਪ੍ਰਕਾਰ ਨਾਲ ਵਿਆਖਿਆ ਕੀਤੀ ਗਈ ਹੈ, ਉਸ ਨੂੰ ਸਲੀਬ ਤੇ ਚੜ੍ਹਾਏ ਜਾਣ ਨੂੰ ਮਨੁੱਖੀ ਗੁਨਾਹਾਂ ਲਈ ਖ਼ੁਦਾ ਸਾਹਮਣੇ ਕਫ਼ਾਰੇ ਜਾਂ ਪਤਿਆਰੇ ਵਜੋਂ ਪੇਸ਼ ਕੀਤੀ ਕੁਰਬਾਨੀ ਕਰਾਰ ਦਿੱਤਾ ਜਾ ਸਕਦਾ ਹੈ ਜਾਂ ਫਿਰ ਇਸ ਨੂੰ ਸ਼ੈਤਾਨ ਜਾਂ ਬਦੀ ਦੇ ਪੰਜੇ ਤੋਂ ਮਨੁੱਖ ਦੀ ਰਿਹਾਈ ਲਈ ਫ਼ਰੌਤੀ ਆਖਿਆ ਜਾ ਸਕਦਾ ਹੈ। ਈਸਾ ਦੀ ਮੌਤ ਬਾਰੇ ਇਹ ਦੋ ਨਜ਼ਰੀਏ, ਨਜਾਤ ਦੇ ਅਕੀਦੇ ਬਾਰੇ ਈਸਾਈ ਧਰਮ-ਸ਼ਾਸਤਰ ਦੇ ਪੱਖ ਦਾ ਕਿਆਸ ਦਿਵਾਉਂਦੇ ਹਨ। ਵਿਆਖਿਆ ਦੀ ਬੇਯਕੀਨੀ ਜਾਂ ਢਿੱਲ-ਮਠ ਦੇ ਬਾਵਜੂਦ ਈਸਾਈ ਧਰਮ ਵਿਚ ਨਜਾਤ-ਦਾਤਾ ਦੀ ਹੈਸੀਅਤ ਵਿਚ ਮਸੀਹ ਦੀ ਸਮਰਥਾ ਬਾਰੇ ਅਕੀਦਾ ਮੌਲਿਕ ਮਹੱਤਵ ਰਖਦਾ ਹੈ ਅਤੇ ਵਿਸ਼ਵਾਸ ਤੇ ਕਰਮ ਦੇ ਹਰੇਕ ਪੱਖ ਤੋਂ ਇਸ ਦਾ ਪ੍ਰਗਟਾਵਾ ਹੁੰਦਾ ਹੈ।

ਇਸਲਾਮ—ਕੁਰਾਨ ਵਿਚ ਹਜ਼ਰਤ ਮੁਹੰਮਦ ਨੂੰ ਨਜ਼ੀਰ (ਡਰਾਉਣ ਵਾਲਾ) ਅਤੇ ਬਸ਼ੀਰ (ਖ਼ੁਸ਼-ਖ਼ਬਰੀ ਦੇਣ ਵਾਲਾ) ਆਖਿਆ ਹੈ। ਆਪਣੇ ਬੰਦਿਆਂ ਨੂੰ ਕਿਆਮਤ ਦੇ ਖ਼ਤਰੇ ਤੋਂ ਚੇਤੰਨ ਕਰਨ ਲਈ ਅੱਲਾਹ ਵਲੋਂ ਜਿਹੜੇ ਪੈਗੰਬਰਾਂ ਨੂੰ ਭੇਜਿਆ ਗਿਆ, ਉਨ੍ਹਾਂ ਵਿਚੋਂ ਹਜ਼ਰਤ ਮੁਹੰਮਦ (ਸ.) ਸਭ ਤੋਂ ਆਖ਼ਰੀ ਤੇ ਮਹਾਨ ਹਨ। ਕੁਰਾਨ ਵਿਚ ਭਾਵੇਂ ਸ਼ਬਦ 'ਨਜਾਤ' ਇਕ ਵਾਰ ਹੀ ਆਇਆ ਹੈ ਪਰ ਆਪਣੇ ਮੰਨਣ ਵਾਲਿਆਂ ਨੂੰ 'ਹਸ਼ਰ' ਜਾਂ ਫ਼ੈਸਲੇ ਦੇ ਦਿਨ, ਦੁਨੀਆ ਵਿਚ ਕੀਤੇ ਕਰਮਾਂ ਦੇ ਹਿਸਾਬ ਕਿਤਾਬ ਅਤੇ ਹੋ ਗਏ ਗੁਨਾਹਾਂ ਦੀ ਸਜ਼ਾ ਦੀ ਸਖ਼ਤੀ ਤੋਂ ਬਚਾਉਣ ਦੇ ਅਰਥਾਂ ਵਿਚ 'ਨਜਾਤ' ਇਸਲਾਮ ਦਾ ਮੁਢਲਾ ਉਦੇਸ਼ ਜਾਪਦਾ ਹੈ। ਹਜ਼ਰਤ ਮੁਹੰਮਦ ਦੇ ਪੈਗ਼ਾਮ ਦਾ ਪੂਰਾ ਜ਼ੋਰ ਇਸ ਗੱਲ ਉਤੇ ਹੈ ਕਿ ਅੱਲਾ ਪ੍ਰਤੀ ਆਪਣੇ ਆਪ ਨੂੰ ਸੰਪੂਰਨ ਰੂਪ ਵਿਚ ਤੇ ਪੂਰੇ ਸਿਦਕ ਨਾਲ ਸਮਰਪਿਤ ਕਰਨਾ ਹੀ ਨਜਾਤ ਦਾ ਵਸੀਲਾ ਹੈ, ਕਿਉਂ ਜੋ ਅੱਲਾਹ ਦਿਆਲੂ ਤੇ ਕ੍ਰਿਪਾਲੂ ਹੈ ਜੋ ਪੂਰਨ ਸਮਰਪਣ ਨਾਲ ਹੀ ਉਸ ਦੀ ਦਇਆ ਜਾਂ ਰਹਿਮ ਦਾ ਪਾਤਰ ਬਣਿਆ ਜਾ ਸਕਦਾ ਹੈ। ਅਰਬੀ ਵਿਚ ਸ਼ਬਦ 'ਇਸਲਾਮ' ਦਾ ਅਰਥ ਹੀ ਪੂਰਨ ਸਮਰਪਣ ਹੈ, ਇਹੀ ਇਸ ਦਾ ਮਨਸ਼ਾ ਤੇ ਉਦੇਸ਼ ਹੈ ਅਤੇ ਇਸ ਰਾਹੀਂ ਹੀ ਨਜਾਤ ਸੰਭਵ ਹੈ। ਹਦੀਸ ਵਿਚ ਹਜ਼ਰਤ ਮੁਹੰਮਦ ਦੀ ਸਿਫ਼ਾਰਸ਼ ਨੂੰ ਨਜਾਤ ਦੇ ਵਸੀਲੇ ਵਜੋਂ ਲਾਜ਼ਮੀ ਕਰਾਰ ਦਿੱਤਾ ਗਿਆ ਹੈ।

ਬਾਅਦ ਵਿਚ ਆਉਣ ਵਾਲੇ ਕੁਝ ਸੂਫ਼ੀ ਸੰਪਰਦਾਇਆਂ ਵਿਚ ਨਜਾਤ ਦਾ ਸੰਕਲਪ ਕਾਫ਼ੀ ਹਦ ਤਕ ਹਿੰਦੂ ਧਰਮ ਦੇ ਸਮਰੂਪ ਹੈ ਜਿਸ ਵਿਚ ਸਰੀਰ ਨੂੰ ਰੂਹ ਦਾ ਪਿੰਜਰਾ ਸਮਝਿਆ ਜਾਂਦਾ ਹੈ ਅਤੇ ਇਸ ਦਾ ਆਪਣੇ ਮੂਲ ਜਾਂ ਪਰਮ-ਆਤਮਾ ਵਿਚ ਜਾ ਮਿਲਣਾ ਹੀ ਇਸ ਦੀ ਮੰਜ਼ਿਲ ਹੈ।

ਜ਼ਰਤੁਸ਼ਤੀਅਤ ਜਾਂ ਪਾਰਸੀ ਮਤ—ਜ਼ਰਤੁਸ਼ਤ ਅਨੁਸਾਰ ਇਹ ਬ੍ਰਹਿਮੰਡ ਵਿਚ ਆਦਿ ਕਾਲ ਤੋਂ ਹੀ ਨੇਕੀ ਅਤੇ ਬਦੀ ਦੀਆਂ ਸ਼ਕਤੀਆਂ ਇਕ ਦੂਜੇ ਤੇ ਗ਼ਲਬਾ ਪਾਉਣ ਲਈ ਲਗਾਤਾਰ ਭਿੜ ਰਹੀਆਂ ਹਨ। ਇਹ ਫ਼ੈਸਲਾ ਕਰਨਾ ਕਿ ਉਸ ਨੇ ਕਿਸ ਦਾ ਸਾਥ ਦੇਣਾ ਹੈ, ਮਨੁੱਖ ਦੀ ਆਪਣੀ ਮਰਜ਼ੀ ਹੈ। ਅੰਤਲੇ ਸਮੇਂ ਦੇ ਜ਼ਰਤੁਸ਼ਤ ਮਤ ਵਿਚ ਇਹ ਦਵੈਤਵਾਦ ਹੋਰ ਵਿਸਤਾਰ ਨਾਲ ਬਿਆਨ ਕੀਤਾ ਗਿਆ ਹੈ। ਉਸ ਅਨੁਸਾਰ ਨੇਕੀ ਆਹੁਰਾਮਜ਼ਦ ਅਤੇ ਬਦੀ ਅਹਿਰਮਨ ਦੇ ਰੂਪ ਵਿਚ ਮੂਰਤੀਮਾਨ ਹੋਈ ਹੈ। ਦੋਹਾਂ ਦਾ ਇਹ ਟਾਕਰਾ 12000 ਸਾਲ ਚਲਣ ਵਾਲਾ ਹੈ ਜਿਸ ਵਿਚ ਕਦੀ ਇਕ ਤੇ ਕਦੀ ਦੂਜਾ ਭਾਰੂ ਨਿਬੜਦਾ ਹੈ ਪਰ ਅੰਤਮ ਜਿੱਤ ਆਹੁਰਾਮਜ਼ਦ ਦੀ ਹੋਣੀ ਹੈ ਅਤੇ ਉਸ ਦਾ ਕਾਰਿੰਦਾ ਸਾਓਸ਼ੀਆਨ ਮ੍ਰਿਤਕਾਂ ਨੂੰ ਫ਼ੈਸਲਾ ਭੋਗਣ ਲਈ ਮੁੜ ਜੀਵਤ ਕਰੇਗਾ। ਨੇਕ ਵਿਅਕਤੀ ਇਨਾਮ ਵਜੋਂ ਸਵਰਗ ਵਿਚ ਭੇਜੇ ਜਾਣਗੇ ਅਤੇ ਬਦਕਾਰ (ਬੁਰੇ) ਨਰਕ ਵਿਚ ਸੁੱਟੇ ਜਾਣਗੇ ਪਰ ਇਹ ਸਥਿਤੀ ਅਸਥਾਈ ਹੋਵੇਗੀ। ਪਿਛੋਂ ਇਕ ਕੇਤੂ ਧਰਤੀ ਨਾਲ ਟਕਰਾਵੇਗਾ ਜਿਸ ਦੇ ਸਿੱਟੇ ਵਜੋਂ ਪੰਘਰੀਆਂ ਹੋਈਆਂ ਧਾਤਾਂ ਦਾ ਹੜ੍ਹ ਵਗ ਪਵੇਗਾ। ਇਸ ਹੜ੍ਹ ਵਿਚੋਂ ਹੀ ਸਾਰਿਆਂ ਨੂੰ ਇਕ ਅਗਨੀ-ਪ੍ਰੀਖਿਆ ਪਾਰ ਕਰਨੀ ਪਵੇਗੀ। ਜਿਹੜਾ ਇਸ ਨੂੰ ਪਾਰ ਕਰ ਲਵੇਗਾ

ਉਹੀ ਪਾਕ ਜਾਂ ਸ਼ੁਧ ਹੋਵੇਗਾ। ਹਰੇਕ ਵਿਅਕਤੀ ਲਈ 'ਔਖੀ ਘੜੀ' ਦੇ ਅਨੁਭਵ ਦੀ ਤੀਬਰਤਾ ਉਸ ਦੇ ਆਪਣੇ ਕਰਮਾਂ/ਕੁਕਰਮਾਂ ਅਨੁਸਾਰ ਹੋਵੇਗੀ। ਇਸ ਪ੍ਰੀਖਿਆ ਉਪਰੰਤ ਸਾਰੇ ਅਮਰ ਹੋ ਜਾਣਗੇ ਅਤੇ ਅਹਿਰਮਨ ਵਲੋਂ ਕੀਤੀ ਖ਼ਰਾਬੀ ਜਾਂ ਹਾਨੀ ਦੀ ਪੂਰਤੀ ਹੋ ਜਾਵੇਗੀ। ਇਸ ਪ੍ਰਕਾਰ 'ਨਜਾਤ' ਮ੍ਰਿਤੂ-ਉਪਰੰਤ ਦੁਖਾਂ ਤੋਂ ਮੁਕਤੀ ਵਜੋਂ ਕਲਪਿਤ ਹੁੰਦੀ ਹੈ ਜਿਸ ਵਿਚ, ਧਰਤੀ ਉਤੇ ਕੀਤੇ ਕੁਕਰਮਾਂ/ਪਾਪਾਂ ਅਨੁਸਾਰ ਪ੍ਰੀਖਿਆ ਦੀ ਸਖ਼ਤੀ ਭੋਗਣ ਉਪਰੰਤ ਸਭ ਦਾ ਅੰਤਮ ਪੁਨਰ-ਉਧਾਰ ਹੋਣਾ ਯਕੀਨੀ ਹੈ।

—ਤਾਰਿਕ ਕਫਾਇਤਉਲ੍ਹਾ

ਨਜ਼ਾਬਤ : ਨਜਾਬਤ ਦੀ ਵਾਰ ਪੰਜਾਬੀ ਵੀਰ ਕਾਵਿ ਦੀ ਮਹੱਤਵਪੂਰਨ ਪ੍ਰਾਪਤੀ ਹੈ ਜਿਸ ਵਿਚ ਦੋ ਵਾਰ 'ਨਜਾਬਤ' ਦਾ ਨਾਮ ਆਉਂਦਾ ਹੈ। ਇਹ ਪਿੰਡ ਮਟੀਲਾ ਹਰਲਾਂ ਜ਼ਿਲ੍ਹਾ ਸ਼ਾਹਪੁਰ (ਪਾਕਿਸਤਾਨ) ਦਾ ਰਹਿਣ ਵਾਲਾ ਖਰਲ ਰਾਜਪੂਤ ਸੀ। ਇਸ ਦਾ ਜਨਮ 18ਵੀਂ ਸਦੀ ਦੇ ਦੂਜੇ ਅੱਧ ਵਿਚ ਹੋਇਆ ਪਰ ਵਾਰ ਵਿਚ ਆਏ ਵੇਰਵਿਆਂ ਤੋਂ ਸਪਸ਼ਟ ਹੈ ਕਿ ਇਹ ਵਾਕੇ ਦੇ ਨਿਕਟ-ਕਾਲ ਵਿਚ ਰਚੀ ਗਈ ਹੈ। ਇਸ ਤੋਂ ਇਹ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਇਹ ਰਚਨਾ ਕਿਸੇ ਹੋਰ ਕਵੀ ਦੀ ਹੈ ਜਿਸ ਨੂੰ ਅੰਤਿਮ ਰੂਪ ਨਜਾਬਤ ਨੇ ਦਿੱਤਾ।

ਇਹ ਵਾਰ ਸਭ ਤੋਂ ਪਹਿਲਾਂ 1812 ਈ. ਵਿਚ ਸਰ ਐਡਵਰਡ ਮੈਕਲੇਗਨ ਨੇ ਗੁਜਰਾਂਵਾਲੇ ਦੀ ਤਹਿਸੀਲ ਖਾਨਗਾਹ ਡੋਗਰਾਂ ਦੇ ਪਿੰਡ ਮਾਂਗਟ ਦੇ ਇਕ ਮਰਾਸੀ ਪਾਸੋਂ ਸੁਣ ਕੇ ਉਦੋਂ ਲਿਖੀ ਜਦੋਂ ਉਹ ਬਾਰ ਵਸਾਉਣ ਲਈ ਉਧਰ ਦੌਰੇ ਕਰਦਾ ਸੀ। ਇਸ ਅੰਗਰੇਜ਼ ਅਫ਼ਸਰ ਦੇ ਹੁਕਮ ਤੇ ਪੰਡਤ ਹਰੀ ਕਿਸ਼ਨ ਕੌਲ ਨੇ ਉਸੇ ਤਹਿਸੀਲ ਦੇ ਪਿੰਡ ਅਜਲਾ ਵਾਲੇ ਦੇ ਮਿਰਾਸੀ ਜਿਉਣਾ ਅਤੇ ਤਹਿਸੀਲ ਸ਼ਕਰਪੁਰ ਦੇ ਪਿੰਡ ਬੁਧਾਂਕੀ ਦੇ ਮਿਰਾਸੀ ਮੌਲਾ ਬਖਸ਼ ਤੋਂ ਵਾਰਾਂ ਇਕਤਰ ਕੀਤੀਆਂ। ਇਹ ਵਾਰ 458 ਤੁਕਾਂ ਦੀ ਹੈ ਪਰ ਅਧੂਰੀ ਹੈ ਕਿਉਂਕਿ ਇਸ ਵਿਚ ਬਹੁਤ ਸਾਰੀਆਂ ਘਟਨਾਵਾਂ ਦਾ ਜ਼ਿਕਰ ਨਹੀਂ ਹੈ ਤੇ ਘਟਨਾਵਾਂ ਦੇ ਵਰਨਣ ਵਿਚ ਖੱਪੇ ਨਜ਼ਰ ਆਉਂਦੇ ਹਨ। ਇਸ ਵਾਰ ਵਿਚ ਨਾਦਰਸ਼ਾਹ ਦੇ ਹਮਲੇ ਦਾ ਵਿਸਤ੍ਰਿਤ ਵਰਨਣ ਹੈ ਤੇ ਨਾਲ ਹੀ ਉਸ ਦੇ ਜ਼ੁਲਮਾਂ ਦੀ ਗਾਥਾ ਹੈ। ਭਾਰਤ ਵਾਸੀਆਂ ਦੀ ਆਪਸੀ ਫੁੱਟ ਤੇ ਗ਼ਦਾਰਾਂ ਦੀ ਉਹ ਬੜੇ ਕਰੜੇ ਸ਼ਬਦਾਂ ਵਿਚ ਨਿੰਦਾ ਕਰਦਾ ਹੈ ਤੇ ਲਾਹਨਤਾਂ ਪਾਉਂਦਾ ਹੈ। ਇਸ ਵਾਰ ਦੇ ਇਤਿਹਾਸਕ ਵੇਰਵੇ ਬੜੇ ਮਹੱਤਵਪੂਰਨ ਹਨ। ਇਸ ਵਿਚ ਜਿਥੇ ਕਾਇਰਾਂ ਜਾਂ ਗ਼ੱਦਾਰਾਂ ਦੀ ਨਿੰਦਾ ਹੈ ਉਥੇ ਭੋਪਤਨਾਥ ਜਿਹੇ ਉਦਾਸੀ ਸਾਧਾਂ ਦੀ ਉਪਮਾ ਵੀ ਹੈ ਜਿਨ੍ਹਾਂ ਨੇ ਆਪਣੇ ਸੋਟੇ, ਡਾਂਗਾਂ ਅਤੇ ਕੁਹਾੜੀਆਂ ਨਾਲ ਹੀ ਨਾਦਰਸ਼ਾਹ ਦੀ ਫ਼ੌਜ ਤੇ ਹਮਲਾ ਕਰਕੇ ਵੀਰਤਾ ਦੇ ਜੌਹਰ ਵਿਖਾਏ। ਉਹ ਚਾਹੁੰਦਾ ਹੈ ਕਿ ਭਾਰਤ ਦੇ ਰਾਜੇ ਤੇ ਲੋਕ ਇਕਮੁੱਠ ਹੋ ਕੇ ਬਦੇਸ਼ੀ ਹਮਲਾਵਰ ਵਿਰੁੱਧ ਜਹਾਦ ਖੜ੍ਹਾ ਕਰਨ ਤਾਂ ਕਿ ਉਹ ਇਥੋਂ ਮੁੜ ਜਾਵੇ ਤੇ ਆਪਣਾ ਰਾਜ ਕਾਇਮ ਕਰਨ ਵਿਚ ਕਾਮਯਾਬ ਨਾ ਹੋਵੇ। ਉਸ ਦੀ ਕੌਮੀ ਪਿਆਰ ਦੀ ਭਾਵਨਾ ਤੇ ਭਾਰਤ ਦੀ ਭਲਾਈ ਬਾਰੇ ਵਿਚਾਰ ਪੰਜਾਬੀ ਸਾਹਿਤ ਵਿਚ ਪਹਿਲੀ ਵਾਰ ਪ੍ਰਗਟਾਏ ਗਏ ਹਨ।

ਇਹ ਵਾਰ ਕਲਾ ਪੱਖੋਂ ਬੜੀ ਉੱਤਮ ਹੈ ਕਿਉਂਕਿ ਚੰਡੀ ਦੀ ਵਾਰ ਮਗਰੋਂ ਇਹ ਰਚਨਾ ਹੀ ਬੀਰ ਕਾਵਿ ਦੀ ਪ੍ਰਾਪਤੀ ਮੰਨੀ ਗਈ ਹੈ। ਇਸ ਵਿਚ ਸੰਖਿਪਤ ਸੰਕੇਤਾਂ ਨਾਲ ਵੱਡੀਆਂ ਇਤਿਹਾਸਕ ਘਟਨਾਵਾਂ ਦਾ ਜ਼ਿਕਰ ਕਰ ਦਿਤਾ ਗਿਆ ਹੈ। ਇਹ ਨਿਰਾ ਇਤਿਹਾਸਕ ਵਰਨਣ ਹੀ ਨਹੀਂ ਪ੍ਰਸੁਤਤ ਕਰਦਾ ਸਗੋਂ ਪੰਜਾਬ ਦਾ ਸਭਿਆਚਾਰ, ਪੰਜਾਬੀਆਂ ਦੇ ਸੁਭਾਅ ਆਦਿ ਦਾ ਵੀ ਜ਼ਿਕਰ ਬੜੇ ਸੁਚੱਜੇ ਢੰਗ ਨਾਲ ਕਰਦਾ ਹੈ।

ਕਲਾ ਪੱਖੋਂ ਇਹ ਰਚਨਾ ਬੜੀ ਅਹਿਮ ਹੈ ਜੋ ਨਜਾਬਤ ਦੀ ਵਡਿਆਈ ਦਾ ਪ੍ਰਮਾਣ ਹੈ। ਬਿਆਨ ਦਾ ਬਹਾ, ਰਵਾਨੀ, ਛੰਦ ਦੀ ਸਫ਼ਲ ਵਰਤੋਂ, ਸ਼ਬਦਾਵਲੀ ਵਿਚ ਸੰਗੀਤਕ ਲੈਅ, ਯੁੱਧ ਦਾ ਨਜ਼ਾਰਾ, ਤੋਪਾਂ ਦੀ ਗੜਗੜਾਹਟ, ਤੀਰਾਂ ਦੀ ਸ਼ੂਕਰ, ਤਲਵਾਰਾਂ ਦੀ ਟੁਣਕਾਰ, ਨੇਜੇ ਭਾਲਿਆਂ ਦੀ ਵਰਤੋਂ ਆਦਿ ਇਸ ਵਾਰ ਦੀ ਵਿਸ਼ੇਸ਼ਤਾ ਹੈ। ਭਾਸ਼ਾ ਪੱਖੋਂ ਨਜਾਬਤ ਦੀ ਰਚਨਾ ਬੜੀ ਕਮਾਲ ਦੀ ਹੈ। ਠੇਠ ਪੰਜਾਬੀ ਦੀ ਵਰਤੋਂ ਕਰਦਿਆਂ ਕਈ ਥਾਈਂ ਅਰਬੀ, ਫ਼ਾਰਸੀ ਦੀ ਸ਼ਬਦਾਵਲੀ ਦਾ ਸੁੰਦਰ ਮਿਸ਼ਰਣ ਕਰਕੇ ਭਾਸ਼ਾਈ ਸੁੰਦਰਤਾ ਪੈਦਾ ਕਰਨ ਦਾ ਸਫਲ ਯਤਨ ਕੀਤਾ ਗਿਆ ਹੈ।

ਹ.ਪੁ.—ਪੰ. ਸ. ਇ. (III) — ਪੰ.ਯੂ ; ਪੰਜਾਬੀ ਸਾਹਿਤ ਵਿਚ ਵੀਰ ਕਾਵਿ ਦਾ ਵਿਕਾਸ—ਡਾ. ਪ੍ਰੀਤਮ ਸਿੰਘ; ਵਾਰ ਨਾਦਰਸ਼ਾਹ ਕ੍ਰਿਤ ਨਜਾਬਤ—ਡਾ. ਗੋਬਿੰਦ ਸਿੰਘ ਲਾਂਬਾ।

ਨਜ਼ਾਬਤ ਖਾਨ : ਇਹ ਮੁਗਲ ਸ਼ਹਿਨਸ਼ਾਹਾਂ ਦੇ ਰਾਜ ਕਾਲ ਸਮੇਂ ਇਕ ਨਾਮਵਰ ਸਿਪਾਹੀ ਹੁੰਦਾ ਸੀ ਜਿਸ ਨੇ ਹਰਿਆਣਾ ਰਾਜ ਦੇ ਜ਼ਿਲ੍ਹਾ ਅਤੇ ਤਹਿਸੀਲ ਕਰਨਾਲ ਦੀ ਇਕ ਕੁੰਜਪੁਰਾ ਨਾਂ ਦੀ ਮਿਲਖ ਦੀ ਨੀਂਹ ਰੱਖੀ ਸੀ। ਇਸ ਨੇ 18ਵੀਂ ਸਦੀ ਦੇ ਆਰੰਭ ਵਿਚ ਜਮਨਾ ਦੇ ਦਲਦਲੀ ਇਲਾਕੇ ਵਿਚ ਇਕ ਕਿਲਾ ਵੀ ਬਣਵਾਇਆ ਫਿਰ ਇਸ ਨੇ ਸਾਮਰਾਜੀ ਸਰਕਾਰ ਵਿਰੁੱਧ ਬਗਾਵਤ ਕਰ ਦਿੱਤੀ ਸੀ। ਸੰਨ 1739 ਵਿਚ ਇਸ ਨੇ ਨਾਦਰ ਸ਼ਾਹ ਦਾ ਸਾਥ ਦਿੱਤਾ ਜਿਸ ਦੇ ਇਵਜ਼ਾਨੇ ਵਜੋਂ ਉਸ ਨੇ ਇਸ ਨੂੰ ਕੁੰਜਪੁਰਾ ਦਾ ਮੁਖੀ ਬਣਾ ਦਿੱਤਾ ਸੀ ਅਤੇ ਆਪਣੀ ਮੌਤ (1760.) ਤੱਕ ਉਹ ਇਥੋਂ ਦਾ ਮੁਖੀ ਹੀ ਬਣਿਆ ਰਿਹਾ। ਇਸੇ ਸਮੇਂ ਹੀ ਮਰਹੱਟਿਆਂ ਨੇ ਇਸ ਦਾ ਕਿਲਾ ਵੀ ਢਹਿ-ਢੇਰੀ ਕਰ ਦਿੱਤਾ।

ਹ.ਪੁ.— ਇੰਪ. ਗ. ਇੰਡ. 16 : 27

ਨਜ਼ਾਬਤ ਖ਼ਾਂ ਮਿਰਜਾ ਸ਼ੁਜਾ : ਇਹ ਬਦਖ਼ਸ਼ਾਂ ਦੇ ਸ਼ਾਸਕ ਮਿਰਜ਼ਾ ਸ਼ਾਹਰੁਖ ਦਾ ਪੁੱਤਰ ਸੀ। ਮੁਗਲ ਸਹਿਨਸ਼ਾਹ ਸ਼ਾਹਜਹਾਂ ਨੇ ਇਸ ਨੂੰ ਨਜ਼ਾਬਤ ਖ਼ਾਂ ਦੀ ਉਪਾਧੀ ਦਿੱਤੀ। ਇਸ ਨੂੰ ਕੌਲ (ਅਲੀਗੜ੍ਹ) ਮੁਲਤਾਨ ਕਾਂਗੜਾ ਦਾ ਕ੍ਰਮਵਾਰ ਫ਼ੌਜਦਾਰ ਵੀ ਨਿਯੁਕਤ ਕੀਤਾ ਗਿਆ। ਕੁਝ ਦੂਰਦਰਸ਼ੀ ਸਾਥੀਆਂ ਦੇ ਕਹਿਣ ਉੱਤੇ ਇਸ ਨੇ ਸ੍ਰੀਨਗਰ ਤੇ ਹੱਲਾ ਕੀਤਾ ਪਰ ਅਸਫ਼ਲ ਰਿਹਾ। ਇਸ ਤੋਂ ਅਸੰਤੁਸ਼ਟ ਹੋ ਕੇ ਸ਼ਾਹਜਹਾਂ ਨੇ ਇਸ ਦੇ ਸਾਰੇ ਅਧਿਕਾਰ ਖੋਹ ਲਏ ਪਰ ਕੁਝ ਸਮੇਂ ਮਗਰੋਂ ਇਸ ਨੂੰ ਮੁਲਤਾਨ ਦਾ ਸੂਬੇਦਾਰ ਬਣਾ ਦਿੱਤਾ ਗਿਆ। ਸ਼ਾਹਜਹਾਂ ਦੇ ਅਖੀਰਲੇ ਦਿਨਾਂ ਵਿਚ ਇਹ ਰਾਜਕੁਮਾਰ ਔਰੰਗਜ਼ੇਬ ਨਾਲ ਮਿਲ ਗਿਆ। ਮਹਾਰਾਜ ਜਸਵੰਤ ਸਿੰਘ ਵਿਰੁੱਧ ਲੜਾਈ ਵਿਚ ਇਸ ਨੇ ਬਹੁਤ ਬਹਾਦਰੀ ਵਿਖਾਈ ਜਿਸ ਤੋਂ ਖ਼ੁਸ਼ ਹੋ ਕੇ ਔਰੰਗਜ਼ੇਬ ਨੇ ਇਸ ਨੂੰ ਪੁਰਸਕਾਰ ਤੇ ਖਾਨਖਾਨਾ ਬਹਾਦੁਰ ਸਿਪਾਹਸਲਾਰ ਦੀ ਉੱਚੀ ਪਦਵੀ ਦਿੱਤੀ। ਦਾਰਾਸ਼ਿਕੋਹ ਵਿਰੁੱਧ ਸੰਘਰਸ਼ ਸਮੇਂ ਇਸ ਨੇ ਔਰੰਗਜ਼ੇਬ ਦਾ ਸਾਥ ਨਹੀਂ ਦਿੱਤਾ ਅਤੇ ਉਸ ਦੇ ਸੰਦੇਸ਼ਵਾਹਕ ਮੀਰ ਅੱਬੁਲਫਜ਼ਲ ਮਾਮੂਰੀ ਦੀ ਹੱਤਿਆ ਕਰ ਦਿੱਤੀ। ਇਨ੍ਹਾਂ ਕਾਰਨਾਂ ਕਰਕੇ ਇਸ ਦੇ ਸਾਰੇ ਅਧਿਕਾਰ, ਜਾਗੀਰ, ਉਪਾਧੀ ਆਦਿ ਖੋਹ ਲਏ ਗਏ ਪਰ ਕੁਝ ਦਿਨਾਂ ਮਗਰੋਂ ਹੀ ਇਸ ਨੂੰ ਮਾਲਵੇ ਦਾ ਮੁਖੀ ਬਣਾਇਆ ਗਿਆ। ਉਥੇ ਹੀ ਇਸ ਦੀ ਮੌਤ ਹੋ ਗਈ।

ਹ.ਪੁ.—ਹਿੰ. ਵਿ. ਕੋ. 6 : 223.24

ਨਜ਼ੀਕਵੂ, ਓਨੂਓਰਾ : ਇਸ ਅਧਿਆਪਕ, ਲੇਖਕ ਅਤੇ ਸੰਪਾਦਕ ਦਾ ਜਨਮ 19 ਫ਼ਰਵਰੀ, 1928 ਨੂੰ ਕਾਫਾਨਚਾਨ ਵਿਚ ਹੋਇਆ। ਆਇਬੋ ਕਬੀਲੇ ਦੇ ਪੜ੍ਹੇ ਲਿਖੇ ਲੋਕਾਂ ਵਿਚ ਆਪਣੇ ਰੂੜ੍ਹੀਵਾਦੀ ਸਭਿਆਚਾਰ ਦੇ ਪੱਖੋਂ ਜੋ ਮਾਨਸਿਕ ਤਣਾਉ ਆ ਗਿਆ ਸੀ ਉਸ ਦਾ ਨਿਰੂਪਣ ਇਸ ਨੇ ਆਪਣੇ ਨਾਵਲਾਂ ਵਿਚ ਬੜੀ

ਸਫ਼ਲਤਾ ਨਾਲ ਕੀਤਾ ਹੈ। 1946 ਵਿਚ ਇਸ ਨੇ ਅਧਿਆਪਕ ਬਣਨ ਲਈ ਉਚੇਰੀ ਸਿਖਿਆ ਦਾ ਸਰਟੀਫ਼ਿਕੇਟ ਪ੍ਰਾਪਤ ਕੀਤਾ ਅਤੇ 9 ਸਾਲ ਪੜ੍ਹਾਉਂਦਾ ਰਿਹਾ। ਫਿਰ ਇਹ 'ਨਾਈਜੀਰੀਆ ਮੈਗਜ਼ੀਨ' ਦੇ ਸੰਪਾਦਕੀ ਮੰਡਲ ਵਿਚ ਸ਼ਾਮਲ ਹੋ ਗਿਆ ਅਤੇ 1962 ਈ. ਵਿਚ ਇਸ ਦਾ ਸੰਪਾਦਕ ਬਣ ਗਿਆ। ਰੌਕਫੈਲੱਰ ਫਾਊਂਡੇਸ਼ਨ ਅਤੇ ਯੂਨੈਸਕੋ ਦੀਆਂ ਗਰਾਂਟਾਂ ਦੀ ਮਦਦ ਨਾਲ ਇਹ ਯੂਰਪ ਅਤੇ ਅਮਰੀਕਾ ਗਿਆ। ਸੰਨ 1970 ਵਿਚ ਇਹ ਮੁੜ ਸਰਕਾਰੀ ਨੌਕਰੀ ਵਿਚ ਆ ਗਿਆ ਅਤੇ ਨਾਈਜੀਰੀਆ ਦੀ ਰਾਜਧਾਨੀ ਲਾਗੋਸ ਵਿਖੇ ਸੂਚਨਾ ਮੰਤਰਾਲੇ ਵਿਚ ਡਿਪਟੀ ਡਾਇਰੈਕਟਰ ਬਣ ਗਿਆ। ਇਸ ਦੇ ਨਾਵਲਾਂ ਵਿਚ 'ਵੈਂਡ ਆੱਫ ਨੋਬਲ ਵੁੱਡ' (Wand of Nobel Wood) (1961), 'ਬਲੇਡ ਅਮੰਗ ਦਾ ਬੁਆਇਜ਼' (1962) ਅਤੇ 'ਹਾਈਲਾਈਫ਼ ਫ਼ਾੱਰ ਲਿਜ਼ਰਡਸ' (1965) ਸ਼ਾਮਲ ਹਨ। ਮਾਈਕਲ ਕਰਾਊਡਰ ਨਾਲ ਮਿਲ ਕੇ ਇਸ ਨੇ ਬੱਚਿਆਂ ਲਈ 'ਐਜ਼ੇ ਗੋਜ਼ ਟੂ ਸਕੂਲ' (Eze goes to school) (1963) ਨਾਂ ਦੀ ਵੀ ਇਕ ਪੁਸਤਕ ਲਿਖੀ।

ਹ.ਪੁ.—ਐਨ. ਬ੍ਰਿ. ਮਾ. 8 : 844

ਨਜ਼ਾਮ, ਇਬਰਾਹੀਮ ਐਨ : ਇਹ ਇਸਲਾਮ ਦਾ ਪ੍ਰਸਿੱਧ ਧਾਰਮਕ ਆਗੂ, ਉੱਚ ਕੋਟੀ ਦਾ ਵਿਦਵਾਨ, ਕਵੀ, ਇਤਿਹਾਸਕਾਰ ਅਤੇ ਕਾਨੂੰਨਦਾਨ ਜਿਸ ਦਾ ਪੂਰਾ ਨਾਂ ਅਬੂ ਇਸ਼ਾਕ ਇਬਰਾਹੀਮ ਟਿਬਨ ਸੱਯਾਰ ਇਬਨ ਹਾਨੀ ਅੱਨ-ਨਜ਼ਾਮ ਸੀ ਜਿਸ ਦਾ ਜਨਮ ਇਰਾਕ ਵਿਚ ਬਸਰਾ ਵਿਖੇ ਲ. 775 ਈ. ਵਿਚ ਹੋਇਆ। ਜਵਾਨ ਹੋਣ ਤੇ ਇਹ ਬਗ਼ਦਾਦ ਚਲਾ ਗਿਆ ਜਿਥੇ ਇਸ ਨੇ ਪ੍ਰਸਿੱਧ ਮੁਅਤਜ਼ਿਲੀ ਧਰਮ-ਸ਼ਾਸ਼ਤਰੀ ਤੋਂ ਸਿਖਿਆ ਗ੍ਰਹਿਣ ਕੀਤੀ ਪਰ ਛੇਤੀ ਹੀ ਇਸ ਨੇ ਆਪਣਾ ਵੱਖਰਾ ਪੰਥ ਕਾਇਮ ਕੀਤਾ। ਮੁਅਤਜ਼ਿੱਲੀਆਂ ਦੇ ਏਸ਼ੀਆਈ ਯੂਨਾਨੀ ਬੌਧਿਕ ਪ੍ਰਭਾਵ ਤੋਂ ਇਸਲਾਮ ਨੂੰ ਬਚਾਉਣ ਲਈ ਮੁਸਲਮਾਨੀ ਵਿਚਾਰਵਾਨਾਂ ਵਿਚ ਨਜ਼ਾਮ ਹੀ ਸਭ ਤੋਂ ਪਹਿਲਾ ਵਿਅਕਤੀ ਸੀ। ਕਈ ਸਮੱਸਿਆਵਾਂ ਵਿਚ ਇਸ ਨੇ ਰੂੜ੍ਹੀਵਾਦੀ ਧਰਮ-ਸ਼ਾਸਤਰੀਆਂ ਦੀ ਅਗਵਾਈ ਕੀਤੀ।

ਨਜ਼ਾਮ ਦਾ ਇਹ ਪੱਕਾ ਵਿਸ਼ਵਾਸ ਸੀ ਕਿ ਰੱਬ ਨੇ ਸੰਸਾਰ ਨੂੰ ਇਕ ਨਿਸ਼ਚਿਤ ਸਮੇਂ ਤੇ ਸਿਰਜਿਆ ਹੈ ਨਾ ਕਿ ਇਹ ਅਨੰਤ ਕਾਲ ਤੋਂ ਸੀ ਅਤੇ ਅਨੰਤ ਕਾਲ ਤਕ ਕਾਇਮ ਰਹੇਗਾ। ਇਸ ਦੇ ਸਿਧਾਂਤਾਂ ਵਿਚ ਸਭ ਤੋਂ ਮਹੱਤਵਪੂਰਨ ਗੱਲ ਮਨੁੱਖੀ ਸਵੈ-ਇੱਛਾ ਦੀ ਹੈ। ਮੁਸਲਮਾਨੀ ਮੱਤ ਪ੍ਰਮਾਤਮਾ ਦੀ ਨਿਰਗੁਣ ਸ਼ਕਤੀ ਉਤੇ ਜ਼ੋਰ ਦਿੰਦਾ ਹੈ ਜਿਸ ਤੋਂ ਇਹ ਪ੍ਰਸ਼ਨ ਉਪਜਦਾ ਹੈ ਕਿ ਮਨੁੱਖੀ ਕਰਮਾਂ ਵਿਚ ਮਨੁੱਖੀ ਸਵੈ-ਇੱਛਾ ਦਾ ਕੀ ਸਥਾਨ ਹੈ। ਐਨ-ਨਜ਼ਾਮ ਅਨੁਸਾਰ ਮਨੁੱਖ ਦੇ ਦੋ ਪੱਖ ਹਨ--ਇਕ ਉਸ ਦਾ ਭੌਤਿਕੀ ਸਰੀਰ ਜਿਹੜਾ ਮਾਦਾ ਸੰਸਾਰ ਵਿਚ ਉਸ ਦੇ ਕਰਮਾਂ ਅਤੇ ਗਤੀਵਿਧੀਆਂ ਵਿਚ ਪ੍ਰਗਟ ਹੁੰਦਾ ਹੈ ਅਤੇ ਪ੍ਰਮਾਤਮਾ ਦੇ ਹੁਕਮ ਅਨੁਸਾਰ ਕਾਰਜ ਕਰਦਾ ਹੈ; ਦੂਜੇ ਪਾਸੇ ਇਨਸਾਨ ਇਕ ਰੂਹਾਨੀ ਸ਼ਕਤੀ ਵੀ ਹੈ ਜੋ ਮਾਦਾ ਸੰਸਾਰ ਦੇ ਵਲਗਣ ਤੋਂ ਸੁਤੰਤਰ ਹੋ ਕੇ ਆਪਣੀ ਮਰਜ਼ੀ ਅਨੁਸਾਰ ਵਿਚਰ ਸਕਦੀ ਹੈ ਅਤੇ ਇੰਜ ਨੈਤਿਕਤਾ ਪੱਖੋਂ ਆਪਣੀਆਂ ਕਾਰਗੁਜ਼ਾਰੀਆਂ ਲਈ ਉੱਤਰਦਾਈ ਹੈ।

ਹ.ਪੁ.—ਐਨ. ਬ੍ਰਿ. ਮਾ. 7 : 233

ਨਜੀਬਾਬਾਦ : ਸ਼ਹਿਰ—ਇਹ ਉੱਤਰ-ਪ੍ਰਦੇਸ਼ ਰਾਜ ਦੇ ਬਿਜਨੌਰ ਜ਼ਿਲੇ ਦਾ ਇਕ ਸ਼ਹਿਰ ਹੈ ਜਿਹੜਾ ਅਵਧ ਦੇ ਰੋਹੇਲਖੰਡ ਰੇਲਵੇ ਦੀ ਮੁੱਖ ਸ਼ਾਖ਼ਾ ਉੱਤੇ ਵਾਕਿਆ ਹੈ। ਉਹ ਮੁਗਲ ਸਾਮਰਾਜ ਵਿਚ ਪਹਿਲਾਂ ਇਕ ਵੇਤਨ ਅਧਿਕਾਰੀ ਸੀ ਅਤੇ ਮਗਰੋਂ ਕੁਝ ਸਮਾਂ ਵਜ਼ੀਰ ਵੀ ਰਿਹਾ। ਸੰਨ 1755 ਵਿਚ ਉਸ ਨੇ ਇਸ ਸ਼ਹਿਰ ਤੋਂ ਲਗਭਗ 2 ਕਿ.ਮੀ. ਪੂਰਬ ਵੱਲ ਪੱਥਰਗੜ੍ਹ ਵਿਖੇ ਇਕ ਕਿਲਾ ਬਣਾਇਆ ਜੋ ਹੁਣ ਖੰਡਰ ਬਣ ਚੁੱਕਾ ਹੈ। ਇਸ ਨੂੰ ਨਜ਼ਫਗੜ੍ਹ ਵੀ ਕਹਿੰਦੇ ਹਨ। ਸੰਨ 1772 ਵਿਚ ਮਰਾਠਿਆਂ ਨੇ ਇਸ ਸ਼ਹਿਰ ਨੂੰ ਲੁੱਟਿਆ ਅਤੇ 1774 ਈ. ਵਿਚ ਇਸ ਨੂੰ ਅਵਧ ਦੇ ਨਵਾਬ ਨੇ ਆਪਣੇ ਕਬਜ਼ੇ ਵਿਚ ਲੈ ਲਿਆ। ਗ਼ਦਰ ਦੇ ਦੌਰਾਨ ਨਜੀਬ-ਉਦ ਦੌਲਾ ਦੇ ਇਕ ਪੜਪੋਤੇ ਮਹਿਮੂਦ ਨੇ ਵਿਦਰੋਹ ਕਰ ਦਿੱਤਾ ਅਤੇ 1858 ਈ. ਵਿਚ ਇਸ ਉੱਤੇ ਮੁੜ ਕਬਜ਼ਾ ਕਰ ਲੈਣ ਤੇ ਸ਼ਹਿਰ ਨੂੰ ਤਬਾਹ ਕਰ ਦਿੱਤਾ। ਨਜ਼ੀਬਾਬਾਦ ਜੰਗਲ ਦੇ ਜ਼ਿਆਦਾ ਨੇੜੇ ਹੈ। ਇਸ ਲਈ ਇਸ ਦਾ ਜਲਵਾਯੂ ਸਿਹਤ ਲਈ ਚੰਗਾ ਨਹੀਂ ਹੈ ਅਤੇ ਸ਼ਹਿਰ ਦਾ ਪਾਣੀ ਮਾਲਿਨ ਵੱਲ ਨਿਕਲ ਜਾਂਦਾ ਹੈ। ਰੋਹਿਲਾ ਸ਼ਾਸ਼ਨ ਕਾਲ ਵੇਲੇ ਇਥੇ ਦੀ ਸਭ ਤੋਂ ਅਹਿਮ ਨਿਸ਼ਾਨੀ ਨਜੀਬ-ਉਦ-ਦੌਲਾ ਦਾ ਪਵਿੱਤਰ ਮਕਬਰਾ ਹੈ। ਇਥੇ ਇਕ ਉਕਰਿਆ ਹੋਇਆ ਪ੍ਰਵੇਸ਼ ਦੁਆਰ ਵੀ ਹੈ ਜੋ ਇਥੋਂ ਦੇ ਮਹੱਲ ਦੇ ਟਿਕਾਣੇ ਦੀ ਸਾਖੀ ਭਰਦਾ ਹੈ। ਅਠਾਰ੍ਹਵੀਂ ਸਦੀ ਦੇ ਨੇੜੇ ਤੇੜੇ ਦੀ ਬਣੀ ਹੋਈ ਇਥੇ ਇਕ ਵੱਡੀ ਇਮਾਰਤ ਹੈ ਜਿਸ ਨੂੰ 'ਮੁਬਾਰਕ ਬੁਨਿਆਦ' ਆਖਿਆ ਜਾਂਦਾ ਹੈ ਅਤੇ ਇਹ ਇਮਾਰਤ ਹੁਣ ਇਕ ਆਰਾਮ ਘਰ ਦੇ ਤੌਰ ਤੇ ਵਰਤੀ ਜਾਂਦੀ ਹੈ। ਸੰਨ 1866 ਤੋਂ ਇਥੇ ਮਿਉਂਸਪਲਟੀ ਸਥਾਪਿਤ ਹੈ। ਪਹਾੜੀ ਖੇਤਰਾਂ ਨਾਲ ਵਪਾਰ ਕਰਨ ਕਰਕੇ ਇਸ ਦੀ ਬੜੀ ਮਹੱਤਤਾ ਹੈ। ਇਥੇ ਧਾਤ ਦੇ ਭਾਂਡੇ, ਕੱਪੜੇ, ਕੰਬਲ ਅਤੇ ਜੁੱਤੀਆਂ ਆਦਿ ਬਣਾਏ ਜਾਂਦੇ ਹਨ। ਪਹਿਲਾਂ ਇਥੇ ਤੋੜੇਦਾਰ ਬੰਦੂਕਾਂ ਵੀ ਬਣਾਈਆਂ ਜਾਂਦੀਆਂ ਸਨ। ਇਥੇ ਨਮਕ, ਖੰਡ, ਅਨਾਜ ਅਤੇ ਲੱਕੜੀ ਦਾ ਵਪਾਰ ਕੀਤਾ ਜਾਂਦਾ ਹੈ।

ਆਬਾਦੀ—66,860 (1991)

29° 37′ ਉ. ਵਿਥ.; 78° 21′ ਪੂ. ਲੰਬ.

ਹ.ਪੁ.—ਇੰਪ. ਗ. ਇੰਡ. 18 : 334; ਹਿੰ. ਵਿ. ਕੋ. 6 : 224

ਨਜ਼ੀਮ, ਹਿਕਮਤ ਰਾਨ : 20 ਵੀਂ ਸਦੀ ਦੇ ਇਸ ਉੱਘੇ ਤੁਰਕੀ ਕਵੀ ਦਾ ਜਨਮ 1902 ਈ. ਵਿਚ ਸੈਲੋਨੀਕਾ ਜੋ ਹੁਣ ਯੂਨਾਨ ਵਿਚ ਹੈ, ਵਿਖੇ ਹੋਇਆ। ਇਸ ਨੇ ਕੁਝ ਸਮਾਂ ਤੁਰਕੀ ਦੀ ਜਲ ਸੈਨਾ ਅਕਾਦਮੀ ਵਿਖੇ ਅਤੇ ਬਾਅਦ ਵਿਚ ਮਾਸਕੋ ਯੂਨੀਵਰਸਿਟੀ ਤੋਂ ਅਰਥ-ਸ਼ਾਸਤਰ ਅਤੇ ਰਾਜਨੀਤੀ ਸ਼ਾਸਤਰ ਦੀ ਸਿਖਿਆ ਪ੍ਰਾਪਤ ਕੀਤੀ।

ਨਵੇਂ ਤੁਰਕੀ ਗਣਰਾਜ ਦੀ ਸਥਾਪਨਾ ਉਪਰੰਤ 1924 ਈ. ਵਿਚ ਇਹ ਤੁਰਕੀ ਆ ਗਿਆ। ਇਸ ਨੇ ਕਈ ਰਸਾਲਿਆਂ ਲਈ ਕੰਮ ਕੀਤਾ ਅਤੇ ਸਾਮਵਾਦੀ ਪ੍ਰਚਾਰ ਵਿਚ ਰੁਝ ਗਿਆ। ਅਤਿਵਾਦੀ ਅਤੇ ਵਿਨਾਸ਼ਕਾਰੀ ਕਾਰਵਾਈਆਂ ਕਾਰਨ ਹੋਈ ਸਜ਼ਾ ਕੱਟਣ ਉਪਰੰਤ ਇਹ 1951 ਈ. ਵਿਚ ਤੁਰਕੀ ਛੱਡ ਕੇ ਰੂਸ ਅਤੇ ਮਗਰੋਂ ਪੂਰਬੀ ਯੂਰਪ ਵਿਚ ਰਹਿਣ ਲਗ ਪਿਆ ਅਤੇ ਇਸ ਨੇ ਸੰਸਾਰ ਸਾਮਵਾਦ ਲਈ ਯਤਨ ਜਾਰੀ ਰੱਖੇ।

1930 ਦੇ ਦਹਾਕੇ ਦੇ ਪਿਛਲੇ ਸਾਲਾਂ ਦੌਰਾਨ ਇਸ ਨੇ ਆਪਣੀ ਭਾਸ਼ਾ ਦੀ ਮੁਹਾਰਤ, ਖੁਲ੍ਹੀ ਕਵਿਤਾ ਦੀ ਸ਼ੁਰੂਆਤ ਅਤੇ ਬਹੁ-ਪੱਖੀ ਕਾਵਿਕ ਵਿਸ਼ਿਆਂ ਕਾਰਨ ਤੁਰਕੀ ਸਾਹਿਤ ਨੂੰ ਬਹੁਤ ਪ੍ਰਭਾਵਿਤ ਕੀਤਾ। ਇਸ ਦੀ ਪੁਸਤਕ 'Seyh Bedreddin destani' (1936), 15ਵੀਂ ਸਦੀ ਦੇ ਅਨਾਤੋਲੀਆ ਦੇ ਇਕ ਕ੍ਰਾਂਤੀਕਾਰੀ ਅਤੇ ਧਾਰਮਿਕ ਨੇਤਾ ਸ਼ੈਧ ਬਦਰੁੱਦੀਨ ਬਾਰੇ ਹੈ, ਜਦ ਕਿ 'Membke-timden insan manzaralari' 20,000 ਲਾਈਨਾਂ ਦਾ ਮਹਾਂਕਾਵਿ ਹੈ। ਇਸ ਦੀਆਂ ਕਈ ਕਵਿਤਾਵਾਂ ਦਾ ਟੇਨਰ ਬਾਇਬਰਜ ਨੇ ਅੰਗਰੇਜ਼ੀ ਅਨੁਵਾਦ ਕੀਤਾ ਹੈ।

ਇਹ ਆਪਣੇ ਪ੍ਰਭਾਵਸ਼ਾਲੀ ਵਾਰਤਕ ਵਿਚ ਲਿਖੇ ਅਤੇ ਮਾਰਕਸਵਾਦੀ ਭਾਵਨਾ ਤੋਂ ਉਪਜੇ ਨਾਟਕਾਂ ਕਾਰਨ ਵੀ ਬਹੁਤ ਪ੍ਰਸਿੱਧ ਹੋਇਆ।

ਇਸ ਦੀ ਮੌਤ ਮਗਰੋਂ ਇਸ ਦੀਆਂ ਸਾਰੀਆਂ ਪੁਸਤਕਾਂ ਪ੍ਰਕਾਸ਼ਿਤ ਕੀਤੀਆਂ ਗਈਆਂ ਹਨ ਅਤੇ ਬਹੁਤ ਪੜ੍ਹੀਆਂ ਗਈਆਂ ਹਨ। ਇਸ ਦੀਆਂ ਕਵਿਤਾਵਾਂ ਨੇ ਇਸ ਨੂੰ ਲੋਕ ਕਵੀ ਅਤੇ ਖੱਬੇ ਪੱਖੀ ਤੁਰਕਾਂ ਦਾ ਇਨਕਲਾਬੀ ਨਾਇਕ ਬਣਾ ਦਿੱਤਾ ਹੈ।

2 ਜੂਨ, 1963 ਨੂੰ ਮਾਸਕੋ ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ.—ਐਨ. ਬ੍ਰਿ. ਮਾ. 5 : 40

ਨਜ਼ੀਰ ਅਹਿਮਦ : ਭਾਰਤ ਦੇ ਇਸ ਵਿਦਵਾਨ ਦਾ ਜਨਮ 1831 ਈ. ਨੂੰ ਬਿਜਨੌਰ ਜ਼ਿਲ੍ਹੇ ਦੇ ਰੇਹੜ ਪਿੰਡ ਵਿਖੇ ਹੋਇਆ। ਮੁਢਲੀ ਸਿਖਿਆ ਪ੍ਰਾਪਤ ਕਰਨ ਉਪਰੰਤ ਇਸ ਨੇ ਦਿੱਲੀ ਤੋਂ ਉਚੇਰੀ ਸਿਖਿਆ ਪ੍ਰਾਪਤ ਕੀਤੀ। ਪਹਿਲਾਂ ਇਹ ਅਧਿਆਪਕ ਅਤੇ ਬਾਅਦ ਵਿਚ ਡਿਪਟੀ ਇੰਸਪੈਕਟਰ ਅਤੇ ਫੇਰ ਇੰਸਪੈਕਟਰ ਬਣਿਆ। ਸੰਨ 1861 ਵਿਚ ਇੰਡੀਅਨ ਪੀਨਲ ਕੋਡ ਦਾ ਅਨੁਵਾਦ ਕਰਨ ਕਰ ਕੇ ਪਹਿਲਾਂ ਇਹ ਤਹਿਸੀਲਦਾਰ ਅਤੇ ਫਿਰ ਡਿਪਟੀ ਕੁਲੈਕਟਰ ਬਣ ਗਿਆ। ਹੈਦਰਾਬਾਦ ਵਿਖੇ ਕਈ ਚੰਗੇ ਅਹੁਦਿਆਂ ਤੇ ਰਹਿਣ ਉਪਰੰਤ ਇਹ ਪੈਨਸ਼ਨ ਲੈ ਕੇ ਦਿੱਲੀ ਆ ਗਿਆ ਅਤੇ 1912 ਈ. ਵਿਚ ਆਪਣੀ ਮੌਤ ਤੱਕ ਸਾਹਿਤ ਸੇਵਾ ਕਰਦਾ ਰਿਹਾ।

ਇਹ ਇਸਲਾਮ ਧਰਮ ਅਤੇ ਅਰਬੀ ਭਾਸ਼ਾ ਦਾ ਬਹੁਤ ਵੱਡਾ ਵਿਦਵਾਨ ਸੀ ਅਤੇ ਉਰਦੂ ਦਾ ਮੰਨਿਆ ਪ੍ਰਮੰਨਿਆ ਅਨੁਵਾਦਕ ਸੀ। ਕੁਰਾਨ ਦੇ ਅਨੁਵਾਦ ਤੋਂ ਇਲਾਵਾ ਇਸ ਨੇ ਕਈ ਧਾਰਮਕ ਅਤੇ ਕਾਨੂੰਨ ਸਬੰਧੀ ਪੁਸਤਕਾਂ ਲਿਖੀਆਂ। ਉਰਦੂ ਦੇ ਨਾਵਲਕਾਰ ਦੇ ਤੌਰ ਤੇ ਇਸ ਨੂੰ ਪ੍ਰਮੁੱਖ ਸਥਾਨ ਪ੍ਰਾਪਤ ਹੈ। ਇਸ ਨੇ 'ਮੇਰਾਤੁਲ ਉਰੂਸ' ਅਤੇ 'ਬਿਨਤੁਨਆਸ' ਨਾਂ ਦੇ ਨਾਵਲ ਇਸਤਰੀਆਂ ਲਈ ਵੀ ਲਿਖੇ ਹਨ। 'ਇਬਨੁਲ ਵਕਤ' ਅਤੇ 'ਤੌਂਬਤੁਨਸੂਹਾ' ਆਦਿ ਇਸ ਦੇ ਪ੍ਰਸਿੱਧ ਨਾਵਲ ਹਨ। ਇਸ ਨੂੰ ਸਾਹਿਤਕ ਘਾਲਣਾ ਦੇ ਸਿੱਟੇ ਵਜੋਂ 'ਸਮਸੁਲ ਉਲੇਮਾ' ਦੀ ਉਪਾਧੀ ਪ੍ਰਾਪਤ ਹੋਈ।

ਹ.ਪੁ.—ਹਿ. ਵਿ. ਕੋ. 6 : 224

ਨੱਟ : ਨੱਟ ਦਾ ਸ਼ਾਬਦਿਕ ਅਰਥ ਹੈ ਨੱਚਣ ਵਾਲਾ। ਇਹ ਇਕ ਖਾਨਾਬਦੋਸ਼ ਜਾਤੀ ਹੈ ਜਿਸ ਜਾਤੀ ਦੇ ਲੋਕ ਇਕ ਸਥਾਨ ਤੇ ਸਥਾਈ ਰੂਪ ਵਿਚ ਨਹੀਂ ਵਸਦੇ ਸਗੋਂ ਪਰਿਵਾਰ ਸਮੇਤ ਇਕ ਥਾਂ ਤੋਂ ਦੂਜੀ ਥਾਂ ਘੁੰਮਦੇ ਰਹਿੰਦੇ ਹਨ। ਇਹ ਲੋਕ ਕਲਾਬਾਜ਼ੀ ਅਤੇ ਮਦਾਰੀ ਵਾਲੇ ਤਮਾਸ਼ੇ ਵਿਖਾਉਣ ਲਈ ਬੜੇ ਨਿਪੁੰਨ ਹੁੰਦੇ ਹਨ। ਇਸ ਤੋਂ ਇਲਾਵਾ ਇਹ ਘਾਹ ਅਤੇ ਤੀਲੀਆਂ ਦੀਆਂ ਚੀਜ਼ਾਂ ਅਰਥਾਤ ਛੱਜ ਆਦਿ ਬਣਾ ਕੇ ਵੀ ਵੇਚਦੇ ਹਨ। ਨਟ ਆਪਣੀ ਕਲਾਬਾਜ਼ੀ ਜਾਂ ਤਮਾਸ਼ੇ ਵਿਖਾਉਣ ਲੱਗਿਆਂ ਢੋਲਕੀ ਦੀ ਵਰਤੋਂ ਕਰਦੇ ਹਨ।

ਨੱਟ ਅਣਵੰਡੇ ਪੰਜਾਬ ਵਿਚ ਹਿੰਦੂ ਅਤੇ ਮੁਸਲਮਾਨ ਦੋਹਾਂ ਧਰਮਾਂ ਵਿਚ ਮਿਲਦੇ ਹਨ ਪਰ ਦੇਸ਼ ਦੀ ਵੰਡ ਪਿਛੋਂ ਕੇਵਲ ਹਿੰਦੂ ਨੱਟ ਹੀ ਪੰਜਾਬ ਵਿਚ ਰਹਿ ਗਏ ਹਨ। ਇਨ੍ਹਾਂ ਦੇ ਰਸਮ ਰਿਵਾਜ ਵੀ ਹਿੰਦੂਆਂ ਨਾਲ ਮਿਲਦੇ ਜੁਲਦੇ ਹਨ ਜਿਵੇਂ ਇਹ ਵਿਆਹ ਫੇਰਿਆਂ ਨਾਲ ਕਰਦੇ ਅਤੇ ਮੁਰਦਿਆਂ ਦਾ ਹਿੰਦੂ ਰਹੁ-ਰੀਤਾਂ ਅਨੁਸਾਰ ਦਾਹ ਸੰਸਕਾਰ ਕਰਦੇ ਹਨ। ਨੱਟ ਕੁੱਤੇ ਵੀ ਪਾਲਦੇ ਹਨ ਅਤੇ ਕੁੱਤੇ ਨਾਲ ਜੰਗਲ ਵਿਚੋਂ ਕਈ ਨਿੱਕੇ ਨਿੱਕੇ ਪਸ਼ੂਆਂ ਦਾ ਸ਼ਿਕਾਰ ਕਰਦੇ ਹਨ।

ਮੁਸਲਮਾਨ ਨੱਟਾਂ ਬਾਰੇ ਕਿਹਾ ਜਾਂਦਾ ਹੈ ਕਿ ਇਹ ਆਪਣੀਆਂ ਕੰਵਾਰੀਆਂ ਕੁੜੀਆਂ ਤੋਂ ਪੇਸ਼ਾ ਕਰਵਾਉਂਦੇ ਹਨ, ਵਿਆਹੀਆਂ ਤੋਂ ਨਹੀਂ। ਜਦੋਂ ਕੋਈ ਨੱਟਣੀ ਵਿਆਹੀ ਜਾਂਦੀ ਹੈ ਤਾਂ ਉਸ ਦਾ ਪਹਿਲਾ ਬੱਚਾ ਨਾਨੀ ਨੂੰ ਮੁਆਵਜ਼ੇ ਵਜੋਂ ਦਿੱਤਾ ਜਾਂਦਾ ਹੈ ਕਿਉਂਕਿ ਉਸ ਨੂੰ ਲੜਕੀ ਤੋਂ ਪੇਸ਼ਾ ਕਰਵਾਉਣ ਕਰਕੇ ਕੁਝ ਪੈਸੇ ਆਉਂਦੇ ਹਨ ਜੋ ਕਿ ਕੁੜੀ ਵਿਆਹੁਣ ਕਰਕੇ ਹੁਣ ਬੰਦ ਹੋ ਗਏ ਸਨ। ਕਈ ਘਰਾਂ ਵਿਚ ਮੁਆਵਜ਼ੇ ਵਜੋਂ ਕੁਝ ਰੁਪਏ ਦਿੱਤੇ ਜਾਂਦੇ ਹਨ ਪਰ ਇਹ ਰਿਵਾਜ ਸਾਰੇ ਨੱਟਾਂ ਵਿਚ ਨਹੀਂ ਹੈ।

ਆਮ ਤੌਰ ਤੇ ਨੱਟ ਅਤੇ ਬਾਜੀਗਰ ਦੋਹਾਂ ਸ਼ਬਦਾਂ ਦਾ ਇਕ ਹੀ ਅਰਥ ਲਿਆ ਜਾਂਦਾ ਹੈ ਪਰ ਕਈਆਂ ਦਾ ਖਿਆਲ ਹੈ ਕਿ ਬਾਜੀਗਰ ਤਮਾਸ਼ੇ ਵਿਖਾਉਂਦਾ ਹੈ ਤੇ ਨੱਟ ਬਾਂਸਾਂ ਅਤੇ ਰੱਸੀਆਂ ਉਤੇ ਨਾਚ ਕਰਦੇ ਹਨ।

ਹ.ਪੁ.—ਲੋਕ. ਸ. ਸ਼ਾਸ. ; ਪੰ. ਲੋ. ਵਿ. ਕੋ. ; ਮ. ਕੋ.

ਨੱਟਹੈਚ : ਇਹ ਨਾਂ ਇਨ੍ਹਾਂ ਪੰਛੀਆਂ ਦੀ ਗਿਰੀਆਂ ਤੋੜ ਕੇ ਖਾਣ ਦੀ ਆਦਤ ਕਰਕੇ ਪਿਆ ਹੈ। ਇਹ ਪੰਛੀ ਗਿਰੀਆਂ ਨੂੰ ਰੁੱਖਾਂ ਦੀ ਸੱਕ ਵਿਚ ਜਾਂ ਕਿਸੇ ਝੀਥ ਵਿਚ ਫਸਾ ਕੇ ਆਪਣੀ ਚੁੰਝ ਨਾਲ ਤੋੜ ਲੈਂਦੇ ਹਨ। ਉੱਤਰੀ ਖੰਡ ਵਿਚ ਵਧੇਰੇ ਮਿਲਣ ਵਾਲੇ ਇਹ ਪੰਛੀ ਸਿੱਟੀਡੀ ਕੁਲ (Sittidae) ਦੀ ਸਿੱਟੀਨੀ ਉਪ ਕੁਲ (Sittinae) ਨਾਲ ਸਬੰਧਤ ਹਨ। ਇਹ ਅਫ਼ਰੀਕਾ ਅਤੇ ਆਸਟ੍ਰੇਲੀਆ ਵਿਚ ਵੀ ਮਿਲਦੇ ਹਨ।

ਆਕਾਰ ਵਿਚ ਇਹ ਆਮ ਮਿਲਣ ਵਾਲੀਆਂ ਚਿੜੀਆਂ ਨਾਲੋਂ ਛੋਟੇ ਹੁੰਦੇ ਹਨ। ਇਨ੍ਹਾਂ ਪੰਛੀਆਂ ਦੀਆਂ ਗੂੜ੍ਹੇ ਕਾਲੇ ਰੰਗ ਦੀਆਂ ਲੰਬੀਆਂ ਚੁੰਝਾਂ ਹੁੰਦੀਆਂ ਹਨ, ਪੂਛ ਛੋਟੀ, ਲੱਤਾਂ ਛੋਟੀਆਂ ਅਤੇ ਪੰਜੇ ਮਜ਼ਬੂਤ ਨਹੁੰਦਰਾਂ ਵਾਲੇ ਹੁੰਦੇ ਹਨ। ਇਨ੍ਹਾਂ ਪੰਛੀਆਂ ਦੇ ਪੈਰ ਅਜਿਹੇ ਹੁੰਦੇ ਹਨ ਕਿ ਇਹ ਦਰਖ਼ਤਾਂ ਦੇ ਸੱਕ ਉਪਰ ਆਸਾਨੀ ਨਾਲ ਇਧਰ ਉਧਰ ਘੁੰਮ ਸਕਦੇ ਹਨ। ਇਹ ਇਕ ਅਜਿਹੀ ਕਿਸਮ ਦੇ ਪੰਛੀ ਹਨ ਜਿਹੜੇ ਰੁੱਖਾਂ ਉਪਰ ਹੇਠਾਂ ਉਪਰ ਬੜੀ ਆਸਾਨੀ ਨਾਲ ਉਤਰ ਚੜ੍ਹ ਸਕਦੇ ਹਨ। ਇਨ੍ਹਾਂ ਪੰਛੀਆਂ ਵਿਚ ਇਹ ਇਕ ਖਾਸ ਵਿਸ਼ੇਸ਼ਤਾ ਹੈ ਕਿ ਇਹ ਉਲਟੇ ਹੋ ਕੇ ਤਣੇ ਦੀ ਛਿਲੱੜ ਉਪਰੋਂ ਹੇਠਾਂ ਉਤਰਦੇ ਹਨ। ਉੱਤਰੀ ਅਮਰੀਕਾ ਵਿਚ ਇਨ੍ਹਾਂ ਦੀਆਂ ਚਾਰ ਕਿਸਮਾਂ ਮਿਲਦੀਆਂ ਹਨ। ਸਭ ਤੋਂ ਵੱਧ ਮਿਲਣ ਵਾਲੀ ਕਿਸਮ ਸਫ਼ੈਦ ਛਾਤੀ ਵਾਲਾ ਨੱਟਹੈਚ ਸਿੱਟਾ ਕੈਰੋਲਿਨੈਨਸਿਸ (Sitta Carolinensis) ਹੈ ਜਿਸ ਦੀ ਪਿੱਠ ਸਲੇਟੀ ਰੰਗ ਦੀ, ਖੰਭ ਵੀ ਸਲੇਟੀ ਰੰਗੇ, ਕਾਲੀ ਟੋਪੀ, ਕਾਲੀਆਂ ਅੱਖਾਂ ਅਤੇ ਚਿੱਟਾ ਮੂੰਹ ਹੁੰਦਾ ਹੈ। ਇਹ ਹਰ ਮੌਸਮ ਵਿਚ ਬੋਲਦੇ ਮਿਲਦੇ ਹਨ ਅਤੇ ਵਧੇਰੇ ਕਰਕੇ ਇਹ ਕੀੜਿਆਂ ਦਾ ਆਹਾਰ ਕਰਦੇ ਹਨ। ਪੁਰਾਣੇ ਰੁੱਖਾਂ ਦੀ ਛਿਲੱੜ ਵਿਚੋਂ ਕੀੜੇ ਮਕੌੜੇ ਲੱਭ ਕੇ ਖਾਂਦੇ ਹਨ। ਪੱਤਝੜ ਅਤੇ ਸਰਦੀ ਦੀ ਰੁੱਤ ਵਿਚ ਇਹ ਵੱਖ-ਵੱਖ ਕਿਸਮ ਦੀਆਂ ਗਿਰੀਆਂ ਅਤੇ ਸਖ਼ਤ ਬੀਜ ਖਾਂਦੇ ਹਨ। ਕਿਸੇ ਰੁੱਖ ਦੇ ਮੁੱਢ ਜਾਂ ਟਾਹਣੀ ਵਿਚ ਖੁੱਡ ਬਣਾ ਕੇ ਜਾਂ ਫਿਰ ਕਠਫੋੜੇ ਦੇ ਪੁਰਾਣੇ ਆਲ੍ਹਣੇ ਵਿਚ ਇਹ ਆਪਣਾ ਆਲ੍ਹਣਾ ਬਣਾ ਲੈਂਦੇ ਹਨ। ਆਲ੍ਹਣੇ ਦੇ ਅੰਦਰ ਸੁੱਕੇ ਪੱਤੇ ਜਾਂ ਦਿਆਰ ਦੀ ਅੰਦਰਲੀ ਨਰਮ ਛਿੱਲੜ ਵਿਛਾ ਕੇ ਇਹ 5 ਤੋਂ 8 ਤੱਕ ਚਿੱਟੇ ਰੰਗ ਦੇ ਭੂਰੇ ਧੱਬਿਆਂ ਵਾਲੇ ਅੰਡੇ ਦਿੰਦੇ ਹਨ। ਲਾਲਛਾਤੀ ਵਾਲਾ ਨੱਟਹੈਚ ਸਿੱਟਾ ਕੈਨੇਡੈਂਨਸਿਸ (Sitta Canadensis) ਹੋਰ ਵੀ ਛੋਟੇ ਆਕਾਰ ਦਾ ਹੁੰਦਾ ਹੈ ਅਤੇ ਇਹ ਪੂਰਬੀ ਅਤੇ ਪੱਛਮੀ ਤਟਵਰਤੀ ਇਲਾਕਿਆਂ ਵਿਚ ਕੋਨੀਫਰ ਦਰਖ਼ਤਾਂ ਦੇ ਜੰਗਲਾਂ ਵਿਚ ਰਹਿਣਾ ਪਸੰਦ ਕਰਦਾ ਹੈ। ਭੂਰੇ ਸਿਰ ਵਾਲਾ ਨੱਟਹੈਚ, ਸਿਟਾ ਪੂਸੀਲਾ (S. pusilla) ਅਮਰੀਕਾ ਦੇ ਦੱਖਣ ਪੂਰਬ ਵਲ ਮਿਲਦਾ ਹੈ ਅਤੇ ਬੌਨਾ ਨੱਟਹੈਚ ਸਿਟਾ ਪਿਗਮੀਆ (S. pygmaea) ਕੈਲੀ-ਫੋਰਨੀਆ ਵਿਚ ਮਿਲਦਾ ਹੈ।

ਆਮ ਮਿਲਣ ਵਾਲਾ ਨੱਚਹੈਟ, ਸ. ਯੂਰੋਪੀਆ (S. europaea) ਇੰਗਲੈਂਡ, ਸਾਈਬੇਰੀਆ ਅਤੇ ਜਾਪਾਨ ਵਿਚ ਵੀ ਮਿਲਦਾ

ਹੈ। ਇਹ ਕਾਲੇ ਰੰਗ ਦੀ ਪਿੱਠ ਵਾਲਾ, ਨੀਲੀ-ਸਲੇਟੀ ਕਲਗੀ ਵਾਲਾ ਅਤੇ ਚਿੱਟੇ ਰੰਗ ਦੀ ਗਰਦਨ ਵਾਲਾ ਪੰਛੀ ਹੈ ਜਿਸ ਦੀ ਅੱਖ ਵਿਚ ਇਕ ਕਾਲੀ ਧਾਰੀ ਹੁੰਦੀ ਹੈ। ਇਹ ਬਾਗ਼ਾਂ, ਬਗ਼ੀਚਿਆਂ ਅਤੇ ਪਾਰਕਾਂ ਵਿਚ ਆਮ ਮਿਲਦਾ ਹੈ। ਚਟਾਨਾਂ ਵਿਚ ਰਹਿਣ ਵਾਲੇ ਨੱਟਹੈਚ ਪੰਛੀ, ਸਿੱਟਾ ਨਿਊਮੇਅਰੀ (S. neumayeri) ਆਪਣੇ ਆਲ੍ਹਣੇ ਚਟਾਨਾਂ ਵਿਚ ਬਣਾਉਂਦੇ ਹਨ ਅਤੇ ਇਥੇ ਹੀ ਆਪਣਾ ਸ਼ਿਕਾਰ ਵੀ ਲਭਦੇ ਹਨ। ਇਹ ਦੱਖਣ ਪੂਰਬੀ ਯੂਰਪ ਤੋਂ ਲੈ ਕੇ ਇਜ਼ਰਾਈਲ, ਈਰਾਨ ਅਤੇ ਤੁਰਕਿਸਤਾਨ ਤੱਕ ਮਿਲਦੇ ਹਨ।

ਦੱਖਣੀ ਅਮਰੀਕਾ, ਅਫ਼ਰੀਕਾ ਦੇ ਸਹਿਰਾ ਰੇਗਿਸਤਾਨ ਅਤੇ ਨਿਊਜ਼ੀਲੈਂਡ ਵਿਚ ਨੱਟਹੈਚ ਪੰਛੀ ਨਹੀਂ ਮਿਲਦੇ। ਭਾਰਤ ਅਤੇ ਮਲਾਇਆ ਵਿਚ ਇਨ੍ਹਾਂ ਦੀ ਇਕ ਵਿਸ਼ੇਸ਼ ਪ੍ਰਜਾਤੀ ਡੈਂਡਰੋਫਿਲਾ (Dendrophila) ਮਿਲਦੀ ਹੈ ਜਿਸ ਵਿਚ ਮਲਾਇਆ ਦਾ ਗੁਲਾਬੀ ਅਤੇ ਕਾਲਾ ਨੱਟਹੈਚ ਅਤੇ ਗੂੜ੍ਹੇ ਨੀਲੇ ਰੰਗ ਦਾ ਨੱਟਹੈਚ ਆਉਂਦਾ ਹੈ।

ਹ.ਪੁ.—ਐਨ. ਬ੍ਰਿ. 16 : 801

ਨੱਟਕ੍ਰੈਕਰ : ਕਾਂ-ਪਰਿਵਾਰ ਦੀ ਕੱਰਵਿਡੀ (Carvidae) ਕੁਲ ਦਾ ਇਹ ਪੰਛੀ ਨਿਊਸੀਫ੍ਰੇਗਾ (Nucifraga) ਸ਼੍ਰੇਣੀ ਵਿਚ ਆਉਂਦਾ ਹੈ। ਇਹ ਪੰਛੀ ਉੱਤਰੀ ਖੰਡ ਦੇ ਸਦਾਬਹਾਰ ਜੰਗਲਾਂ ਵਿਚ ਮਿਲਦਾ ਹੈ ਅਤੇ ਇਸ ਦੀ ਇਹ ਵਿਸ਼ੇਸ਼ਤਾ ਹੈ ਕਿ ਸਰਦੀ ਦੀ ਰੁੱਤ ਲਈ ਇਹ ਗਿਰੀ ਵਾਲੇ ਫਲ ਅਤੇ ਹੋਰ ਖ਼ੁਰਾਕ ਇਕੱਤਰ ਕਰਕੇ ਰੱਖਦਾ ਹੈ। ਬਰਤਾਨੀਆ ਵਿਚ ਇਹ ਇਕ ਦੁਰਲਭ ਪੰਛੀ ਮੰਨਿਆ ਜਾਂਦਾ ਹੈ। ਯੂਰਪ ਵਿਚ ਮਿਲਣ ਵਾਲੇ ਆਮ ਪੰਛੀ ਨਿਊਸੀਫ੍ਰੇਗਾ ਕੇਰਿਓਕਟੇਕਟਿਸ (N. Caryocatactes) ਦਾ ਰੰਗ ਭੂਰਾ ਕਾਲਾ ਹੁੰਦਾ ਹੈ ਜਿਸ ਉਪਰ ਚਿੱਟੇ ਚਮਕੀਲੇ ਧੱਬੇ ਹੁੰਦੇ ਹਨ, ਪੂਛ ਹੇਠਾਂ ਚਿੱਟੇ ਖੰਭ ਅਤੇ ਪੂਛ ਦੇ ਖੰਭਾਂ ਦੇ ਸਿਰੇ ਤੇ ਵੀ ਚਿੱਟਾ ਰੰਗ ਹੁੰਦਾ ਹੈ। ਚੁੰਝ ਕਾਲੀ, ਲੰਬੀ ਅਤੇ ਮੋਟੀ ਹੁੰਦੀ ਹੈ। ਇਹ ਵਧੇਰੇ ਕਰਕੇ ਕੋਨੀਫ਼ਰ ਰੁੱਖਾਂ ਦੇ ਬੀਜਾਂ ਦਾ ਆਹਾਰ ਕਰਦੇ ਹਨ ਪਰ ਕਈ ਵਾਰੀ ਕੀੜੇ ਮਕੌੜੇ, ਫਲ ਅਤੇ ਛੋਟੇ ਪੰਛੀ ਵੀ ਖਾ ਜਾਂਦੇ ਹਨ। ਇਹ ਰੁੱਖਾਂ ਉਪਰ ਲਗਭਗ 6 ਮੀ. ਤੋਂ ਵੀ ਵੱਧ ਉਚਾਈ ਅਤੇ ਆਲ੍ਹਣੇ ਬਣਾਉਂਦੇ ਹਨ। ਆਲ੍ਹਣੇ ਬਣਾਉਣ ਲਈ ਤੀਲਿਆਂ ਅਤੇ ਘਾਹ ਦੀ ਵਰਤੋਂ ਕਰਦੇ ਹਨ। ਇਨ੍ਹਾਂ ਦੇ ਅੰਡਿਆਂ ਦਾ ਰੰਗ ਪੀਲਾ, ਨੀਲੀ-ਹਰੀ ਭਾਅ ਮਾਰਦਾ ਹੈ। ਕਲਾਰਕ ਨੱਟਕ੍ਰੈਕਰ, ਨਿਊਸੀਫ੍ਰੇਗਾ ਕੋਲੰਬਿਆਨਾ (N. Columbiana) ਜੋ ਅਮਰੀਕਾ ਵਿਚ ਮਿਲਦਾ ਹੈ, ਹਲਕੇ ਸਲੇਟੀ ਰੰਗ ਦਾ ਹੁੰਦਾ ਹੈ ਅਤੇ ਇਸ ਦੇ ਕਾਲੇ ਖੰਭਾਂ ਅਤੇ ਪੂਛ ਉਪਰ ਚਿੱਟੇ ਧੱਬੇ ਹੁੰਦੇ ਹਨ।

ਹ.ਪੁ.—ਐਨ. ਬ੍ਰਿ. 16 : 801

ਨਟਨਾਰਾਇਣ : ਸੋਮੇਸ਼ਵਰ ਸੰਗੀਤ ਅਨੁਸਾਰ ਇਹ ਛੇ ਰਾਗਾਂ ਵਿਚੋਂ ਇਕ ਹੈ ਅਤੇ ਨਟ, ਬਿਲਾਵਲ ਅਤੇ ਕਲਿਆਣ ਦੇ ਮੇਲ ਤੋਂ ਬਣਦਾ ਹੈ। ਇਹ ਸੰਪੂਰਨ ਜਾਤੀ ਦਾ ਰਾਗ ਹੈ। ਇਸ ਦੇ ਸਾਰੇ ਸੁਰ ਸ਼ੁਧ ਹਨ। ਕਈ ਇਸ ਨੂੰ ਛੇ ਸੁਰ ਦਾ ਰਾਗ ਮੰਨਦੇ ਹਨ ਅਤੇ ਨਿਸ਼ਾਦ ਸੁਰ ਲਾਉਣਾ ਵਰਜਦੇ ਹਨ।

ਦਸਮ ਗ੍ਰੰਥ ਵਿਚ ਇਸ ਦਾ ਵਰਣਨ ਨਟਨਾਇਕ ਦੇ ਨਾਂ ਨਾਲ ਵੀ ਕੀਤਾ ਗਿਆ ਹੈ 'ਨਟਨਾਇਕ ਸ਼ੁੱਧ ਮਲਾਰ ਬਿਲਾਵਲ' (ਕ੍ਰਿਸ਼ਨਾਵ)। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਸਾਹਿਬ ਨੇ ਇਸ ਰਾਗ ਨੂੰ ਨਟ ਰਾਗ ਵਿਚ ਹੀ ਲਿਖਿਆ ਹੈ। ਗੁਰਮਤਿ ਸੰਗੀਤ ਅਨੁਸਾਰ ਇਹ ਕਮਾਚ ਥਾਟ ਦਾ ਔੜਵ ਸ਼ਾੜਵ ਰਾਗ ਹੈ। ਆਰੋਹੀ ਵਿਚ ਗਾਂਧਾਰ ਅਤੇ ਨਿਸ਼ਾਦ ਅਤੇ ਅਵਰੋਹੀ ਵਿਚ ਸਿਰਫ਼ ਗਾਂਧਾਰ ਵਰਜਿਤ ਹੈ। ਇਸ ਰਾਗ ਵਿਚ ਰਿਸ਼ਭ ਵਾਦੀ ਸੁਰ ਹੈ ਅਤੇ ਇਸ ਵਿਚ ਸਾਰੰਗ ਦੀ ਝਲਕ ਮਿਲਦੀ ਹੈ। ਇਸ ਵਿਚ ਨਿਸ਼ਾਦ ਕੋਮਲ ਅਤੇ ਬਾਕੀ ਸਾਰੇ ਸੁਰ ਸ਼ੁਧ ਹੁੰਦੇ ਹਨ। ਇਸ ਦੇ ਗਾਉਣ ਦਾ ਵੇਲਾ ਦਿਨ ਦਾ ਚੌਥਾ ਪਹਿਰ ਹੈ।

ਆਰੋਹੀ—ਸ ਰੇ ਮ ਪ ਧ ਨੀ ਸ

ਅਵਰੋਹੀ—ਸਾ ਨ੍ਹੀ ਧ ਪ ਮ ਰੇ ਸ

ਹ.ਪੁ.—ਮ. ਕੋ. 680

ਨਟ ਰਾਗ : 'ਰਾਗ ਕਲਪਦ੍ਰਮਕਰ' ਨਾਮੀ ਸੰਗੀਤ ਗ੍ਰੰਥ ਅਨੁਸਾਰ ਇਸ ਰਾਗ ਵਿਚ ਮਧਿਅਮ ਕੋਮਲ ਅਤੇ ਬਾਕੀ ਸਾਰੇ ਸੁਰ ਤੀਬਰ ਲਗਦੇ ਹਨ। ਆਰੋਹ ਪੂਰਨ ਹੈ ਅਤੇ ਅਵਰੋਹ ਵਿਚ ਧ, ਗ ਵਰਜਿਤ ਹਨ। ਵਾਦੀ ਮੱਧਮ ਤੇ ਸੰਵਾਦੀ ਸ਼ੜਜ ਹੈ। ਇਸ ਨੂੰ ਰਾਤ ਦੇ ਦੂਜੇ ਪਹਿਰ ਵੇਲੇ ਗਾਇਆ ਜਾਂਦਾ ਹੈ।

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਇਸ ਰਾਗ ਵਿਚ ਸਾਰੇ ਸ਼ੁੱਧ ਸੁਰ ਵਰਤੇ ਜਾਂਦੇ ਹਨ। ਇਸ ਦਾ ਥਾਟ ਬਿਲਾਵਲ ਅਤੇ ਜਾਤੀ ਸੰਪੂਰਣ-ਸ਼ਾੜਵ ਹੈ। ਇਸ ਦਾ ਵਾਦੀ ਮੱਧਮ ਅਤੇ ਸੰਵਾਦੀ ਰਿਸ਼ਭ ਗੰਧਾਰ, ਧੈਵਤ ਅਤਿ ਕੋਮਲ ਹੈ। ਇਸ ਨੂੰ ਗਾਉਣ ਦਾ ਸਮਾਂ ਦਿਨ ਦਾ ਚੌਥਾ ਪਹਿਰ ਹੈ।

ਆਰੋਹੀ — ਸ ਰੇ ਗ੍ਰ ਮ ਪ ਧ ਨੀ ਸਾ

ਅਵਰੋਹੀ — ਸਾ ਨੀ ਧ ਪ ਮ ਰੇ ਸ

ਨਟ ਰਾਗ ਦੇ ਮੇਲ ਤੋਂ ਕਈ ਰਾਗ ਪ੍ਰਚਲਿਤ ਹੋਏ ਜਿਵੇਂ ਨਟ ਮਲਾਰ, ਨਟ ਸਾਰੰਗ ਆਦਿ। ਗੁਰਮਤ ਸੰਗੀਤ ਪੱਧਤੀ ਤੇ ਇਸ ਰਾਗ ਵਿਚ ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਨੇ ਹੀ ਬਾਣੀ ਲਿਖੀ ਹੈ।

ਹ.ਪੁ.—ਆਦਿ ਗ੍ਰੰਥ ਰਾਗ ਕੋਸ਼-ਗੁਰਨਾਮ ਸਿੰਘ; ਮ.ਕੋ.

ਨਟਲੀ : ਸੰਯੁਕਤ ਰਾਜ ਅਮਰੀਕਾ ਦੇ ਨਿਊ ਜਰਸੀ ਰਾਜ ਦਾ ਇਹ ਇਕ ਉੱਘਾ ਸ਼ਹਿਰ ਹੈ ਜੋ ਪਸੇਇਕ ਦਰਿਆ ਉਪਰ ਨਿਊਅਰਕ ਤੋਂ ਉੱਤਰ ਵੱਲ 8 ਕਿ.ਮੀ. (5 ਮੀਲ) ਦੀ ਦੂਰੀ ਤੇ ਅਤੇ ਨਿਊਯਾਰਕ ਦੇ ਪੱਛਮ ਵਿਚ 21 ਕਿ. ਮੀ. (13 ਮੀਲ) ਦੀ ਦੂਰੀ ਤੇ ਵਾਕਿਆ ਹੈ। ਇਸ ਸ਼ਹਿਰ ਦੀ ਸਥਾਪਨਾ ਡੱਚਾਂ ਨੇ 1680 ਈ. ਵਿਚ ਕੀਤੀ ਸੀ। ਸੰਨ 1812 ਵਿੱਚ ਇਸ ਨੂੰ ਬਲੂਮਫੀਲਡ ਦਾ ਹਿੱਸਾ ਬਣਾਇਆ ਗਿਆ। ਸੰਨ 1874 ਵਿੱਚ ਇਹ ਇਕ ਸੁਤੰਤਰ ਸ਼ਹਿਰ ਦੇ ਰੂਪ ਵਿਚ ਹੋਂਦ ਵਿਚ ਆਇਆ ਅਤੇ ਨਿਊਜਰਸੀ ਦੇ ਆਖਰੀ ਗਵਰਨਰ ਬੈਂਜਮਿਨ ਫਰੈਂਕਲਿਨ ਦੇ ਪੁੱਤਰ ਵਿਲੀਅਮ ਦੇ ਸਨਮਾਨ ਵਿਚ ਇਸ ਦਾ ਨਾਂ ਫਰੈਂਕਲਿਨ ਰਖਿਆ ਗਿਆ। ਸੰਨ 1902 ਵਿਚ ਇਸ ਦਾ ਨਾਉਂ ਨਟਲੀ ਪਿਆ। ਇਥੇ ਵੱਖ-ਵੱਖ ਤਰ੍ਹਾਂ ਦੇ ਉਦਯੋਗ ਸਥਾਪਿਤ ਹੋ ਚੁੱਕੇ ਹਨ। ਜਿਨ੍ਹਾਂ ਵਿਚੋਂ ਕੱਪੜਾ, ਰਸਾਇਣ, ਦਵਾਈਆਂ, ਰੋਗ਼ਨ, ਮਸ਼ੀਨਾਂ ਦੇ ਔਜ਼ਾਰ, ਰਾਡਾਰ, ਟੈਲੀਫ਼ੂਨ, ਕਾਗਜ਼ ਅਤੇ ਬਿਜਲੀ ਦੇ ਸਮਾਨ ਆਦਿ ਉਦਯੋਗ ਵਧੇਰੇ ਪ੍ਰਫੁਲਤ ਹਨ।

ਆਬਾਦੀ—32,099 (1970)

40° 49′ ਉ. ਵਿਥ.; 74° 10′ ਪੱ. ਲੰਬ.

ਹ.ਪੁ.—ਐਨ. ਬ੍ਰਿ. ਮਾ. 7 : 447; ਐਨ. ਬ੍ਰਿ. 16 : 807

ਨਟਾਲ : ਇਹ ਦੱਖਣੀ ਅਫ਼ਰੀਕਾ ਗਣਤੰਤਰ ਦਾ ਧੁਰ ਪੂਰਬ ਵੱਲ ਦਾ ਇਕ ਪ੍ਰਾਂਤ ਹੈ ਜਿਸ ਦੇ ਪੱਛਮ ਵਲ ਲਸੋਟੇ ਆਰੈਂਜ ਫਰੀ ਸਟੇਟ ਅਤੇ ਟਰੈਂਸਵਾਲ ਪ੍ਰਾਂਤ, ਉੱਤਰ ਵੱਲ ਸਵਾਜ਼ੀਲੈਂਡ ਅਤੇ ਮੌਜ਼ੰਮਬੀਕ, ਦੱਖਣ ਵੱਲ ਕੇਪ ਹੋਪ ਪ੍ਰਾਂਤ ਅਤੇ ਪੂਰਬ ਵੱਲ ਹਿੰਦ ਮਹਾਂਸਾਗਰ ਹੈ। ਇਥੇ ਦਾ ਕੁਲ ਖੇਤਰਫਲ 91,785 ਵ. ਕਿ. ਮੀ.

ਅਤੇ ਆਬਾਦੀ 20,74,153 (1991) ਹੈ। ਪੀਟਰਮੈਰਟਸਬਰਗ ਇਸ ਦਾ ਸਦਰ-ਮੁਕਾਮ ਹੈ। ਇਸ ਦੀਆਂ ਸਰਹੱਦਾਂ ਦੇ ਵਿਚਕਾਰ ਹੀ ਟਰੈਂਕੇ (ਬਾਂਟੂ ਜਾਤੀ ਦੇ ਲੋਕਾਂ ਦਾ ਸਾਬਕਾ ਦੇਸ਼) ਦਾ ਕੁਝ ਹਿੱਸਾ ਪੈਂਦਾ ਹੈ। ਬਾਂਟੂ ਭਾਸ਼ਾ ਬੋਲਣ ਵਾਲੇ ਲੋਕਾਂ ਦੀ ਅਗੂਨੀ ਸ਼ਾਖਾ ਨੇ ਉੱਤਰ ਵੱਲ ਦਾਖਲ ਹੋ ਕੇ ਸਭ ਤੋਂ ਪਹਿਲਾਂ ਇਸ ਖੇਤਰ ਉੱਤੇ ਕਬਜ਼ਾ ਕੀਤਾ। ਸੰਨ 1843 ਵਿੱਚ ਬਰਤਾਨਵੀਆਂ ਨੇ ਇਸ ਇਲਾਕੇ ਨੂੰ ਆਪਣੇ ਰਾਜ ਵਿਚ ਸ਼ਾਮਲ ਕਰ ਲਿਆ। ਸੰਨ 1910 ਵਿੱਚ ਇਹ ਦੱਖਣੀ ਅਫਰੀਕਾ ਸੰਘ ਦਾ ਪ੍ਰਾਂਤ ਅਤੇ 1961 ਈ. ਵਿੱਚ ਦੱਖਣੀ ਅਫ਼ਰੀਕਾ ਗਣਤੰਤਰ ਦਾ ਪ੍ਰਾਂਤ ਬਣ ਗਿਆ। ਪੱਛਮੀ ਹੱਦਾਂ ਦੇ ਨਾਲ ਨਾਲ ਇਸ ਦਾ ਇਲਾਕਾ ਵਧੇਰੇ ਕਰਕੇ ਪਰਬਤੀ ਹੈ ਅਤੇ ਡਰਾਨਕ-ਨਜ਼ਬਰਗ ਐਸਕਾਰਪਮੈਂਟ ਦੇ ਨਾਲ ਨਾਲ ਇਥੋਂ ਦੀ ਧਰਤੀ ਤੱਟ ਤੋਂ ਲੈ ਕੇ 3300 ਕਿ. ਮੀ. ਤੋਂ ਵੀ ਉੱਚੀ ਚਲੀ ਜਾਂਦੀ ਹੈ। ਤੱਟੀ ਖੇਤਰ ਦੇ ਨਾਲ ਨਾਲ ਸਾਲਾਨਾ ਔਸਤ ਵਰਖਾ 127 ਸੈਂ. ਮੀ. (50 ਇੰਚ) ਅਤੇ ਡਰਾਕਨਜ਼ਬਰਗ ਵਿੱਚ 152 ਸੈਂ. ਮੀ. (60 ਇੰਚ) ਤੋਂ ਵੱਧ ਹੁੰਦੀ ਹੈ।

ਇਥੋਂ ਦੇ ਲੋਕ ਵੱਖ ਵੱਖ ਨਸਲਾਂ ਦੇ ਹੋਣ ਦੇ ਬਾਵਜੂਦ ਵੀ ਇਕ ਰਲੇ ਮਿਲੇ ਸਮਾਜਕ ਢਾਂਚੇ ਵਿਚ ਰਹਿੰਦੇ ਹਨ। ਇਥੋਂ ਦੀ ਵਸੋਂ ਵਿਚ ਗੋਰੇ, ਯੂਰਪੀਅਨ, ਏਸ਼ੀਆਈ ਜਿਨ੍ਹਾਂ ਵਿਚ ਵਧੇਰੇ ਕਰਕੇ ਹਿੰਦੁਸਤਾਨੀ ਲੋਕ ਅਤੇ ਅਫ਼ਰੀਕੀ ਆਦਿ ਸ਼ਾਮਲ ਹਨ।

ਲੋਕ ਆਮ ਤੌਰ ਤੇ ਪਸ਼ੂ ਪਾਲਦੇ ਹਨ ਅਤੇ ਮੱਕੀ ਦੀ ਖੇਤੀ ਕਰਦੇ ਹਨ। ਗੰਨਾ ਇਥੋਂ ਦੀ ਮੁੱਖ ਫਸਲ ਹੈ ਜੋ ਤੱਟੀ ਇਲਾਕੇ ਦੇ ਨਾਲ ਨਾਲ ਉਗਾਇਆ ਜਾਂਦਾ ਹੈ। ਚੀਲ ਅਤੇ ਸਫੇਦੇ ਦੇ ਦਰਖ਼ਤਾਂ ਤੋਂ ਕਾਗਜ਼, ਰੇਅਨ ਗੁੱਦਾ ਮਿਲਾਂ ਅਤੇ ਆਰਾ ਮਸ਼ੀਨਾਂ ਲਈ ਕੱਚਾ ਮਾਲ ਪ੍ਰਾਪਤ ਹੁੰਦਾ ਹੈ। ਇਸ ਤੋਂ ਇਲਾਵਾ ਅਨਾਨਾਸ ਅਤੇ ਕੇਲੇ ਵੀ ਉਗਾਏ ਜਾਂਦੇ ਹਨ। ਇਥੋਂ ਦਾ ਡੇਅਰੀ ਉਦਯੋਗ ਵੀ ਬਹੁਤ ਅਹਿਮੀਅਤ ਵਾਲਾ ਹੈ। ਕੋਲਾ ਇਥੋਂ ਦਾ ਮੁੱਖ ਖਣਿਜ ਪਦਾਰਥ ਹੈ।

ਡਰਬਨ ਅਤੇ ਪਾਈਨ ਟਾਊਨ ਪ੍ਰਾਂਤ ਦੇ ਉਦਯੋਗਿਕ ਕੇਂਦਰ ਹਨ। ਪ੍ਰਾਂਤ ਦੀਆਂ 80 ਪ੍ਰਤੀਸ਼ਤ ਫੈਕਟਰੀਆਂ ਇਥੇ ਹੀ ਸਥਾਪਿਤ ਹਨ। ਸੰਨ 1947 ਤੋਂ ਡਰਬਨ ਅਤੇ ਪੀਟਰਮੈਰਟਸਬਰਗ ਵਿਖੇ ਦੱਖਣੀ ਅਫਰੀਕਾ ਦੇ ਯੂਨੀਵਰਸਿਟੀ ਕੈਂਪਸ ਹਨ। ਹਿੰਦੁਸਤਾਨੀਆਂ ਲਈ ਡਰਬਨ ਵੈਸਟਵਿਲ ਯੂਨੀਵਰਸਿਟੀ ਅਤੇ ਕਾਲੇ ਲੋਕਾਂ ਲਈ ਐਮਪਾਂਗੀ ਦੇ ਨਜ਼ਦੀਕ ਕਾਂ ਡਲੈਗਜਵਾ ਵਿਖੇ ਜ਼ੂਲੂਲੈਂਡ ਯੂਨੀ-ਵਰਸਿਟੀ ਸਥਾਪਿਤ ਹੈ। ਡਰਬਨ ਅਤੇ ਪੀਟਰਮੈਰਟਸਬਰਗ ਵਿਖੇ ਅਜਾਇਬ-ਘਰ ਅਤੇ ਸੰਗੀਤ ਸਭਾਵਾਂ ਵੀ ਹਨ।

ਹ.ਪੁ.—ਐਨ. ਬ੍ਰਿ. ਮਾ. 8 : 526

ਨਟਾਲ : ਸ਼ਹਿਰ—ਇਹ ਬ੍ਰਾਜ਼ੀਲ (ਦੱ. ਅ.) ਦੇ ਉੱਤਰ-ਪੂਰਬ ਵੱਲ ਰੀਓ ਗਰੈਂਡੀ ਡ ਨਾੱਰਟਾ ਰਾਜ ਦਾ ਇਕ ਬੰਦਰਗਾਹੀ ਅਤੇ ਰਾਜਧਾਨੀ ਸ਼ਹਿਰ ਹੈ ਜੋ ਅੰਧ ਮਹਾਂਸਾਗਰ ਦੇ ਤੱਟ ਉੱਤੇ ਰੀਊ ਪੋਟੈਂਗੀ ਦੇ ਮੁਹਾਣੇ ਦੇ ਨੇੜੇ ਸਥਿਤ ਹੈ। ਸੰਨ 1597 ਵਿਚ ਪੁਰਤਗੇਜ਼ੀਆ ਨੇ ਇਸ ਸ਼ਹਿਰ ਦੀ ਨੀਂਹ ਰੱਖੀ ਸੀ। ਸੰਨ 1611 ਵਿਚ ਇਸ ਨੂੰ ਸ਼ਹਿਰ ਦਾ ਦਰਜਾ ਦਿੱਤਾ ਗਿਆ। ਇਹ ਰੇਲ ਮਾਰਗਾਂ ਅਤੇ ਸ਼ਾਹਰਾਹਾਂ ਰਾਹੀਂ ਰਾਜ ਦੇ ਅੰਦਰੂਨੀ ਹਿੱਸਿਆਂ ਨਾਲ ਅਤੇ ਦੱਖਣ ਵੱਲ ਜਵੈਯੁਨ ਪਸੋ ਰਫੀਸ, ਅਤੇ ਮੈਸੇਓ ਨਾਲ ਜੁੜਿਆ ਹੋਇਆ ਹੈ। ਇਸ ਬੰਦਰਗਾਹ ਰਾਹੀਂ ਰਾਜ ਦਾ ਉਤਪਾਦਨ ਬ੍ਰਾਜ਼ੀਲ ਦੇ ਦੂਜੇ ਭਾਗਾਂ ਨੂੰ ਭੇਜਿਆ ਜਾਂਦਾ ਹੈ। ਇਹ ਰਾਜ ਦਾ ਇਕ ਉੱਘਾ ਵਪਾਰਕ ਕੇਂਦਰ ਹੈ। ਖੰਡ, ਲੂਣ, ਸੂਤੀ ਕੱਪੜਾ, ਖੱਲਾਂ ਇਥੋਂ ਦੇ ਪ੍ਰਮੁੱਖ ਉਤਪਾਦਨ ਹਨ। ਸ਼ਹਿਰ ਵਿਚ ਸੂਤੀ ਕੱਪੜੇ ਦੀਆਂ ਮਿਲਾਂ ਅਤੇ ਲੂਣ ਸਾਫ਼ ਕਰਨ ਦੇ ਕਾਰਖ਼ਾਨੇ ਹਨ। ਇਥੇ ਇਕ ਵੱਡਾ ਹਵਾਈ ਅੱਡਾ ਵੀ ਹੈ।

ਆਬਾਦੀ—7,09,422 (2000)

5° 52′ ਦੱ. ਵਿਥ.; 35° 11′ ਪੱ. ਲੰਬ.

ਹ.ਪੁ.—ਐਨ. ਬ੍ਰਿ. ਮਾ. 7 : 205; ਐਨ. ਬ੍ਰਿ. : 16 : 49

ਨਟੋਰ : ਸ਼ਹਿਰ—ਬੰਗਲਾ ਦੇਸ਼ ਦੇ ਰਾਜਸ਼ਾਹੀ ਜ਼ਿਲ੍ਹੇ ਦਾ ਇਕ ਸ਼ਹਿਰ ਅਤੇ ਇਸੇ ਹੀ ਨਾਉਂ ਦੀ ਸਬ-ਡਵੀਜ਼ਨ ਦਾ ਸਦਰ-ਮੁਕਾਮ ਹੈ ਜੋ ਨਾਰਦ ਦਰਿਆ ਦੇ ਉੱਤਰੀ ਕੰਢੇ ਉੱਤੇ ਵਾਕਿਆ ਹੈ ਕਿਸੇ ਸਮੇਂ ਇਹ ਰਾਜਸ਼ਾਹੀ ਜ਼ਿਲ੍ਹੇ ਦਾ ਸਦਰ-ਮੁਕਾਮ ਹੁੰਦਾ ਸੀ ਪਰ ਪੌਣਪਾਣੀ ਸੁਖਾਵਾਂ ਦਾ ਹੋਣ ਕਾਰਨ ਸਦਰ-ਮੁਕਾਮ ਰਾਮਪੁਰ ਬੁਆਲੀਆ ਵਿਖੇ ਤਬਦੀਲ ਕਰ ਦਿੱਤਾ ਗਿਆ। ਇਹ ਸ਼ਹਿਰ ਨਟੋਰ ਰਾਜਿਆਂ ਦੇ ਮਹੱਲ ਦੇ ਆਲੇ-ਦੁਆਲੇ ਵਿਕਸਿਤ ਹੋਇਆ ਹੈ। ਨਟੋਰ ਸ਼ਾਹੀ ਖਾਨਦਾਨ 18ਵੀਂ ਸਦੀ ਦੇ ਆਰੰਭ ਵਿਚ ਤਾਕਤ ਵਿੱਚ ਆਇਆ ਸੀ ਅਤੇ ਹੌਲੀ ਹੌਲੀ ਸਾਰਾ ਜ਼ਿਲ੍ਹਾ ਉਨ੍ਹਾਂ ਦੇ ਅਧੀਨ ਹੋ ਗਿਆ ਸੀ। ਸੰਨ 1869 ਈ. ਵਿੱਚ ਇਥੇ ਮਿਊਂਸਪਲ ਕਮੇਟੀ ਦੀ ਸਥਾਪਨਾ ਕੀਤੀ ਗਈ।

24° 26′ ਉ. ਵਿਥ.; 89° 1′ ਪੂ. ਲੰਬ.

ਹ.ਪੁ.—ਇੰਪ. ਗ. ਇੰਡ. 18 : 416

ਨਡਿਆਦ : ਇਹ ਗੁਜਰਾਤ ਰਾਜ ਦੇ ਖੇੜਾ ਜ਼ਿਲ੍ਹੇ ਦਾ ਇਕ ਸ਼ਹਿਰ ਹੈ ਜਿਹੜਾ ਅਹਿਮਦਾਬਾਦ ਦੇ ਦੱਖਣ-ਪੂਰਬ ਵੱਲ 47 ਕਿ. ਮੀ. (29 ਮੀ.) ਦੀ ਦੂਰੀ ਤੇ ਬੰਬਈ ਰੇਲਵੇ ਲਾਈਨ ਉੱਤੇ ਸਥਿਤ ਹੈ। ਸਤਾਰ੍ਹਵੀਂ ਸਦੀ ਵਿਚ ਇਹ ਸ਼ਹਿਰ ਸੂਤੀ ਕੱਪੜੇ ਅਤੇ ਨੀਲ ਤਿਆਰ ਕਰਨ ਲਈ ਬਹੁਤ ਪ੍ਰਸਿੱਧ ਰਿਹਾ। ਸੰਨ 1775 ਵਿੱਚ ਇਹ ਸ਼ਹਿਰ ਗੁਜਰਾਤ ਦੇ ਸਭ ਤੋਂ ਸੁੰਦਰ ਸ਼ਹਿਰਾਂ ਵਿਚੋਂ ਗਿਣਿਆ ਜਾਂਦਾ ਸੀ। ਇਸ ਦੇ ਆਲੇ-ਦੁਆਲੇ ਨੌਂ ਵੱਡੇ ਦਰਵਾਜ਼ੇ ਅਤੇ ਇਕ ਵੱਡੀ ਖਾਈ ਹੁੰਦੀ ਸੀ। ਕਿਹਾ ਜਾਂਦਾ ਹੈ ਕਿ 1838 ਈ. ਵਿੱਚ ਇਹ ਮਾਲਵਾ ਨਾਲ ਵਪਾਰ ਕਰਨ ਲਈ ਇਕ ਮਹੱਤਵਪੂਰਨ ਸਥਾਨ ਹੁੰਦਾ ਹੈ। ਸੰਨ 1866 ਤੋਂ ਇਸ ਸ਼ਹਿਰ ਵਿੱਚ ਮਿਉਂਸਪਲਟੀ ਸਥਾਪਿਤ ਹੈ।

ਇਹ ਸ਼ਹਿਰ ਤੰਬਾਕੂ ਅਤੇ ਘਿਉ ਦੇ ਵਪਾਰ ਲਈ ਬਹੁਤ ਪ੍ਰਸਿੱਧ ਹੈ। ਇਥੇ ਸੂਤੀ ਕੱਪੜੇ ਦੀਆਂ ਮਿਲਾਂ ਵੀ ਹਨ। ਤਾਂਬੇ ਦੀ ਢਲਾਈ ਅਤੇ ਚੀਨੀ ਬਣਾਉਣ ਦੇ ਕਾਰਖ਼ਾਨੇ ਵੀ ਹਨ। ਇਥੇ ਆਧੁਨਿਕ ਪ੍ਰਯੋਗ ਕੇਂਦਰ ਵੀ ਹੈ।

ਸਿੱਖਿਆ ਦੀਆਂ ਸੁਵਿਧਾਵਾਂ ਲਈ ਇਥੇ ਕਾਲਜ, ਹਾਈ ਤੇ ਮਿਡਲ ਸਕੂਲ ਅਤੇ 10 ਸਥਾਨਿਕ ਭਾਸ਼ਾਈ ਸਕੂਲ ਵੀ ਹਨ। ਇਸ ਤੋਂ ਇਲਾਵਾ ਇਥੇ ਵਿਗਿਆਨ ਅਤੇ ਕਲਾ ਦਾ ਮਹਾਂਵਿਦਿਆਲਾ ਵੀ ਹੈ। ਇਥੇ ਅਦਾਲਤ ਅਤੇ ਡਿਸਪੈਂਸਰੀ ਵੀ ਹੈ। ਇਥੇ ਇਕ ਲਕਸ਼ਮੀ ਲਾਇਬ੍ਰੇਰੀ ਅਤੇ ਵੱਡਾ ਪਬਲਿਕ ਹਾਲ ਹੈ। ਇਸ ਦੇ ਨੇੜੇ ਹੀ ਭਾਰਤ ਦੇ ਪਹਿਲੇ ਉਪ-ਪ੍ਰਧਾਨ ਮੰਤਰੀ ਸਰਦਾਰ ਵੱਲਭ ਭਾਈ ਪਟੇਲ ਦਾ ਜਨਮ ਸਥਾਨ ਹੈ।

ਆਬਾਦੀ—1,67,015 (1991)

20° 92′ ਉ.ਵਿਥ.; 72° 52′ ਪੂ. ਲੰਬ.

ਹ.ਪੁ.—ਇੰਪ. ਗ. ਇੰਡ. 10; 282; ਵੈਬ. ਨਿ. ਜੁਗ. ਡਿ. : 806

ਨੱਥ : ਇਹ ਔਰਤਾਂ ਦੇ ਪਹਿਨਣ ਵਾਲਾ ਇਕ ਗਹਿਣਾ ਹੈ ਜਿਸ ਨੂੰ 'ਸੁਹਾਗ ਦੀ ਨਿਸ਼ਾਨੀ' ਵੀ ਮੰਨਿਆ ਜਾਂਦਾ ਹੈ। ਕਈ ਜਾਤੀਆਂ ਵਿਚ ਔਰਤਾਂ ਇਸ ਸੁਹਾਗ ਦੀ ਨਿਸ਼ਾਨੀ ਨੂੰ ਹਮੇਸ਼ਾਂ ਪਹਿਨ ਕੇ ਰਖਦੀਆਂ ਹਨ। ਨੱਥ ਦੀ ਬਣਤਰ ਇਲਾਕੇ ਅਤੇ ਜਾਤੀ ਅਨੁਸਾਰ ਭਿੰਨ ਭਿੰਨ ਹੋ ਸਕਦੀ ਹੈ। ਨੱਥ ਲੋੜ ਅਤੇ ਸਮਰੱਥਾ

ਅਨੁਸਾਰ ਸਾਦੀ ਵੀ ਹੋ ਸਕਦੀ ਹੈ ਅਤੇ ਮੋਤੀਆਂ ਜੜ੍ਹੀ ਵੀ। ਨੱਥ ਦਾ ਗੋਲਾਈਦਾਰ ਚੱਕਰ ਸੂਰਜ ਦਾ ਪ੍ਰਤੀਕ ਹੈ ਅਤੇ ਵਾਲੀ ਅੰਦਰ ਬਣਿਆ ਨਿੱਕਾ ਜਿਹਾ ਖੰਡ ਚੰਨ ਦਾ ਚਿੰਨ੍ਹ ਹੈ। ਨੱਥ ਵਿਚ ਜੜੇ ਰੰਗ ਬਿਰੰਗੇ ਮੋਤੀ ਵੀ ਚੰਦ ਅਤੇ ਸੂਰਜ ਦਾ ਪ੍ਰਤੀਕ ਸਮਝੇ ਜਾਂਦੇ ਹਨ। ਇਸ ਕਰਕੇ ਨੱਥ ਸੂਰਜ ਦੇ ਤੇਜ ਤੇ ਚੰਦਰਮਾ ਦੀ ਉਪਜਾਇਕਤਾ ਨੂੰ ਗ੍ਰਹਿਣ ਕਰਨ ਲਈ ਪਹਿਨੀ ਜਾਣ ਲੱਗੀ ਜੋ ਪਿਛੋਂ ਗਹਿਣੇ ਦਾ ਰੂਪ ਧਾਰਨ ਕਰ ਗਈ। ਇਕ ਹੋਰ ਮੱਤ ਅਨੁਸਾਰ ਨੱਥ ਔਰਤ ਦੀ ਗੁਲਾਮੀ ਦਾ ਪ੍ਰਤੀਕ ਹੈ ਜਿਸ ਤਰ੍ਹਾਂ ਪਸ਼ੂਆਂ (ਬਲਦ/ਝੋਟਾ ਆਦਿ) ਦੇ ਨੱਕ'ਚ ਨਕੇਲ ਪਾ ਕੇ ਉਨ੍ਹਾਂ ਨੂੰ ਪਾਲਤੂ ਅਤੇ ਆਗਿਆਕਾਰ ਬਣਾਇਆ ਜਾਂਦਾ ਹੈ ਉਸੇ ਤਰ੍ਹਾਂ ਇਹ ਗਹਿਣਾ ਔਰਤਾਂ ਨੂੰ ਪਤੀ ਦੀ ਸੇਵਕਾ ਦੇ ਰੂਪ ਵਿਚ ਤਿਆਰ ਕਰਦਾ ਹੈ।

ਨੱਥ ਦੇ ਗਹਿਣੇ ਦੇ ਆਰੰਭ ਬਾਰੇ ਪ੍ਰਚਲਿਤ ਲੋਕ ਧਾਰਾਈ ਸੰਕਲਪ ਅਨੁਸਾਰ ਪਹਿਲਾਂ ਲੋਕਾਂ ਵਿਚ ਨਿਸ਼ਚਾ ਕੀਤਾ ਜਾਂਦਾ ਸੀ ਕਿ ਪ੍ਰਾਣੀ ਦੀ ਜਾਨ ਨੱਕ ਵਿਚੋਂ ਨਿਕਲਦੀ ਹੈ। ਜਦੋਂ ਕੋਈ ਵਿਅਕਤੀ ਬਹੁਤ ਜ਼ਿਆਦਾ ਬੀਮਾਰ ਹੋ ਜਾਂਦਾ ਸੀ ਤੇ ਉਸ ਦੇ ਬਚਣ ਦੀ ਆਸ ਬਹੁਤ ਘੱਟ ਹੁੰਦੀ ਸੀ ਤਾਂ ਉਸ ਦੀ ਆਤਮਾ ਨੂੰ ਨੱਥਣ ਲਈ ਟੂਣਾ ਕੀਤਾ ਜਾਂਦਾ ਸੀ ਅਰਥਾਤ ਉਸ ਦੇ ਨੱਕ ਵਿਚ ਨੱਥ ਪਾ ਦਿੱਤੀ ਜਾਂਦੀ ਸੀ। ਸਮਾਂ ਪਾ ਕੇ ਟੂਣੇ ਦੀ ਇਹ ਰਸਮ ਗਹਿਣੇ ਦਾ ਰੂਪ ਧਾਰਣ ਕਰ ਗਈ।

ਭਾਰਤ ਵਿਚ ਨੱਥ ਪਾਉਣ ਦੀ ਪ੍ਰਥਾ ਪਠਾਣਾਂ ਦੇ ਰਾਜ ਵੇਲੇ ਮੁਸਲਮਾਨੀ ਸਭਿਅਤਾ ਦੇ ਪ੍ਰਭਾਵ ਹੇਠ ਆਈ ਇਸ ਤੋਂ ਪਹਿਲਾਂ ਭਾਰਤ ਵਿਚ ਇਸਤਰੀਆਂ ਇਹ ਗਹਿਣਾ ਨਹੀਂ ਪਹਿਨਦੀਆਂ ਸਨ। ਨੱਥ ਨੂੰ ਬਣਾਉਣ ਲਈ ਸੋਨੇ ਦੀ ਪਤਲੀ ਤਾਰ ਦੀ ਵਰਤੋਂ ਕੀਤੀ ਜਾਂਦੀ ਹੈ ਜਿਹੜੀ ਠੋਸ ਅਤੇ ਅੰਦਰੋਂ ਖੋਖਲੀ ਦੋਹਾਂ ਤਰ੍ਹਾਂ ਦੀ ਹੋ ਸਕਦੀ ਹੈ। ਇਸ ਤਾਰ ਵਿਚ ਆਮ ਤੌਰ ਤੇ ਮੋਤੀ ਜਾਂ ਮੂੰਗੇ ਪਰੋਏ ਜਾਂਦੇ ਹਨ।

ਅੱਜਕੱਲ੍ਹ ਕਈ ਜਾਤੀਆਂ ਵਿਚ ਨੱਥ ਸ਼ਗਨ ਵਜੋਂ ਵਿਆਹ ਦੇ ਮੌਕੇ ਪਹਿਨੀ ਜਾਂਦੀ ਹੈ। ਨੱਥਾਂ ਹਲਕੀਆਂ ਅਤੇ ਭਾਰੀਆਂ ਦੋਹਾਂ ਤਰ੍ਹਾਂ ਦੀਆਂ ਹੋ ਸਕਦੀਆਂ ਹਨ। ਭਾਰੀ ਨੱਥ ਪਾਉਣ ਲਈ ਇਸ ਨੂੰ ਡੋਰੇ ਜਾਂ ਮੋਤੀਆਂ ਦੀ ਲੜੀ ਨਾਲ ਬੰਨ੍ਹ ਕੇ ਸਿਰ ਦੇ ਵਾਲਾਂ ਨਾਲ ਬੰਨ੍ਹ ਲਿਆ ਜਾਂਦਾ ਹੈ। ਪੰਜਾਬੀ ਸਭਿਆਚਾਰ ਵਿਚ ਅਰਥਾਤ ਪੰਜਾਬੀ ਲੋਕ ਗੀਤਾਂ ਵਿਚ ਇਸ ਗਹਿਣੇ ਦਾ ਕਾਫ਼ੀ ਜ਼ਿਕਰ ਆਉਂਦਾ ਹੈ। ਨੱਥ ਪੰਜਾਬੀ ਔਰਤਾਂ ਦੇ ਹਾਰ ਸ਼ਿੰਗਾਰ ਦਾ ਵਿਸ਼ੇਸ਼ ਅੰਗ ਹੈ।

ਹ.ਪੁ.—ਮ.ਕੋ.; ਪੰ. ਲੋ. ਵਿ. ਕੋ. 6 : 1590

ਨਥਾਣਾ : ਇਹ ਭਾਰਤ ਦੇ ਪੰਜਾਬ ਰਾਜ ਦੇ ਜਿਲ੍ਹਾ ਬਠਿੰਡਾ ਵਿਚ ਇਕ ਇਤਿਹਾਸਕ ਪਿੰਡ ਹੈ ਜੋ ਰੇਲਵੇ ਸਟੇਸ਼ਨ ਭੁੱਚੋ ਮੰਡੀ ਤੋਂ ਲ. 11 ਕਿ. ਮੀ. ਉੱਤਰ ਵੱਲ ਸਥਿਤ ਹੈ। ਇਹ ਨਾਥਾਂ ਜੋਗੀਆਂ ਦਾ ਕੇਂਦਰੀ ਸਥਾਨ ਹੁੰਦਾ ਸੀ। ਨਾਥਾਂ ਦੀ ਰਿਹਾਇਸ਼ ਹੋਣ ਕਰਕੇ ਇਸ ਸਥਾਨ ਦਾ ਨਾਂ ਨਾਥ-ਆਣਾ ਪੈ ਗਿਆ ਜੋ ਮਗਰੋਂ ਜਾ ਕੇ ਹੌਲੀ ਹੌਲੀ ਨਥਾਣਾ ਬਣ ਗਿਆ। ਇਥੇ ਬਾਬਾ ਕਾਲੂ ਨਾਥ ਦਾ ਆਸ਼ਰਮ ਬਹੁਤ ਉੱਘਾ ਹੈ। ਬਾਬਾ ਕਾਲੂ ਨਾਥ ਸਿੱਖਾਂ ਦੇ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਪ੍ਰੇਮੀ ਅਤੇ ਨਾਮ ਜਪਣ ਵਾਲਾ ਸਾਧੂ ਸੀ। ਇਹ ਉਸ ਸਮੇਂ ਦਾ ਮੰਨਿਆ ਹੋਇਆ ਸਾਧੂ ਸੀ ਜਿਸ ਨੇ ਉਸ ਇਲਾਕੇ ਦੀਆਂ ਕਈ ਥਾਵਾਂ ਨੂੰ ਧਾਰਮਿਕ ਰੂਪ ਦਿੱਤਾ। ਇਸ ਨੇ ਗੁਰੂਸਰ ਮਹਿਰਾਜ ਦੀ ਜੰਗ ਸਮੇਂ ਸਤਿਗੁਰੂ ਜੀ ਦੀ ਬਹੁਤ ਸੇਵਾ ਤੇ ਸਹਾਇਤਾ ਕੀਤੀ ਸੀ। ਜੰਗ ਫ਼ਤਹਿ ਹੋਣ ਉਪਰੰਤ ਇਹ ਗੁਰੂ ਜੀ ਨੂੰ ਇਥੇ ਲੈ ਆਇਆ ਅਤੇ ਉਨ੍ਹਾਂ ਦੀ ਪ੍ਰੇਮ ਨਾਲ ਸੇਵਾ ਕੀਤੀ। ਉਪਦੇਸ਼ ਦੇ ਪ੍ਰਭਾਵ ਨਾਲ ਇਹ ਪਰਮਗਤਿ ਦਾ ਅਧਿਕਾਰੀ ਬਣਿਆ ਅਤੇ ਬਹੁਤ ਪ੍ਰਸਿੱਧ ਹੋ ਗਿਆ। ਇਸ ਪਿਛੋਂ ਇਥੇ ਮਹੰਤਾਂ ਦੀ ਪਰੰਪਰਾਗਤ ਗੱਦੀ ਚਲੀ ਆ ਰਹੀ ਹੈ। ਇਸ ਆਸ਼ਰਮ ਦੇ ਮਹੰਤ ਬਾਲ ਮੁਕੰਦ ਨੇ ਕਾਲੂ ਨਾਥ ਦੇ ਡੇਰੇ ਦਾ ਪੰਜਾਬੀ ਵਿਚ ਇਤਿਹਾਸ ਅੰਕਤ ਕੀਤਾ ਹੈ। ਇਥੇ ਚੇਤਰ ਚੌਦਸ ਨੂੰ ਮੇਲਾ ਲਗਦਾ ਹੈ।

ਇਥੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਯਾਦ ਵਿਚ ਇਕ ਆਲੀਸ਼ਾਨ ਗੁਰਦੁਆਰਾ ਬਣਿਆ ਹੋਇਆ ਹੈ। ਪਿੰਡ ਵਲੋਂ 27 ਘੁਮਾਂ ਜ਼ਮੀਨ ਗੁਰਦੁਆਰੇ ਦੇ ਨਾਂ ਲੱਗੀ ਹੋਈ ਹੈ।

ਇਹ ਬਠਿੰਡਾ ਜ਼ਿਲ੍ਹੇ ਵਿਚ ਬਾਹੀਏ ਦਾ ਕੇਂਦਰ ਹੈ। ਇਥੇ ਸਬ ਤਹਿਸੀਲ, ਥਾਣਾ, ਬਲਾਕ-ਸੰਮਤੀ, ਖੇਤੀਬਾੜੀ, ਬਿਜਲੀ ਆਦਿ ਦੇ ਅਨੇਕ ਦਫ਼ਤਰ ਹਨ। ਇਥੇ ਪੰਜਾਬ ਦਾ ਇਕ ਪੁਰਾਣਾ ਹਾਇਰ ਸੈਕੰਡਰੀ ਸਕੂਲ ਹੈ।

ਹ.ਪੁ.—ਮ.ਕੋ.; ਸਾਹਿਤ ਸਭਾ ਨਥਾਨਾ ਵਲੋਂ ਵਿਸ਼ੇਸ਼ ਅੰਕ

ਨਥਾਣਾ ਸਾਹਿਬ : ਇਹ ਪਟਿਆਲਾ ਜ਼ਿਲ੍ਹੇ ਦੇ ਪਿੰਡ 'ਜੰਡ ਮਘੋਲੀ' ਨੇੜੇ ਗੁਰਸ਼ਬਦ ਰਤਨਾਕਰ ਮਹਾਨ ਕੋਸ਼ ਅਨੁਸਾਰ ਸਿੱਖਾਂ ਦੇ ਨੌਵੇਂ ਗੁਰੂ ਸ੍ਰੀ ਤੇਗ ਬਹਾਦਰ ਜੀ ਦੀ ਯਾਦ ਵਿਚ ਬਣਿਆ ਇਕ ਗੁਰਦੁਆਰਾ ਹੈ ਪਰ ਹੁਣ ਇਸ ਗੁਰਦੁਆਰੇ ਦਾ ਨਾਂ ਗੁਰਦੁਆਰਾ ਨਥਾਣਾ ਸਾਹਿਬ ਪਾਤਸ਼ਾਹੀ ਤੀਸਰੀ ਅਰਥਾਤ ਗੁਰੂ ਅਮਰਦਾਸ ਜੀ ਦੀ ਯਾਦ ਨੂੰ ਸਮਰਪਿਤ ਹੈ। ਪ੍ਰਚਲਿਤ ਪਰੰਪਰਾ ਅਨੁਸਾਰ ਕਿਹਾ ਜਾਂਦਾ ਹੈ ਕਿ ਗੁਰੂ ਅਮਰ ਦਾਸ ਜੀ ਗੁਰੂ ਅੰਗਦ ਦੇਵ ਦੇ ਸਿੱਖ ਬਣਨ ਤੋਂ ਪਹਿਲਾਂ ਤੀਰਥ ਯਾਤਰਾ ਕਰਨ ਦੌਰਾਨ 22 ਵਾਰੀ ਇਥੇ ਠਹਿਰੇ ਸਨ। ਗੁਰਦੁਆਰੇ ਦੀ ਹੁਣ ਵਾਲੀ ਬਣੀ ਇਮਾਰਤ ਵਿਚ ਇਕ ਵੱਡਾ ਦੀਵਾਨ ਹਾਲ ਹੈ ਜਿਸ ਦੇ ਵਿਚਕਾਰ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨ ਲਈ ਇਕ ਪਵਿੱਤਰ ਸਥਾਨ ਬਣਿਆ ਹੋਇਆ ਹੈ। ਇਸ ਪਾਵਨ ਸਥਾਨ ਦੇ ਉਪਰ ਇਕ ਚੌਰਸ ਕਮਰਾ ਹੈ ਜਿਸ ਦਾ ਉਪਰਲਾ ਹਿੱਸਾ ਕਮਲ ਦੇ ਗੁੰਬਦ ਅਤੇ ਛਤਰੀ ਨੁਮਾ ਕਲਸ ਦਾ ਸੁਨਹਿਰੀ ਬੁਰਜ ਹੈ, ਨਾਲ ਸਜਿਆ ਹੋਇਆ ਹੈ। ਗੁਰਦੁਆਰੇ ਦੇ ਇਕ ਪਾਸੇ ਦੋ ਕਮਰਿਆਂ ਦੀਆਂ ਦੋ ਕਤਾਰਾਂ, ਗੁਰੂ ਕਾ ਲੰਗਰ ਇਮਾਰਤ ਅਤੇ ਯਾਤਰੀਆਂ ਦੇ ਰਿਹਾਇਸ਼ ਮਕਾਨ ਹਨ। ਦੂਜੇ ਪਾਸੇ 50 ਮੀਟਰ ਚੌਰਸ ਸਰੋਵਰ ਬਣਿਆ ਹੋਇਆ ਹੈ। ਇਸ ਗੁਰਦੁਆਰੇ ਦਾ ਪ੍ਰਬੰਧ ਸਥਾਨਕ ਕਮੇਟੀ ਰਾਹੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਹੈ। ਹਰੇਕ ਬਿਕਰਮੀ ਮਹੀਨੇ ਦੇ ਮੌਕੇ ਤੇ ਇਥੇ ਵਿਸ਼ੇਸ਼ ਇਕੱਠ ਹੁੰਦਾ ਹੈ ਅਤੇ ਲੋਹੜੀ ਦੇ ਮੌਕੇ ਤੇ ਮੇਲਾ ਲਗਦਾ ਹੈ।

ਹ.ਪੁ.—ਐਨ. ਆਫ. ਸਿਖਿ-ਡਾ. ਹਰਬੰਸ ਸਿੰਘ; ਮ. ਕੋ.

ਨੱਥਾ ਭਾਈ : ਇਹ ਉਦਾਸੀ ਸੰਪ੍ਰਦਾਇ ਦੇ ਇਕ ਪ੍ਰਮੁੱਖ ਸੰਤ ਅਲਮਸਤ ਦਾ ਉਤਰਾਧਿਕਾਰੀ ਸੀ। ਸਤਵੇਂ ਗੁਰੂ ਗੁਰੂ ਹਰਿਰਾਇ ਜੀ ਦੇ ਹੁਕਮ ਅਨੁਸਾਰ ਇਸ ਨੇ ਬੰਗਾਲ ਵਿਚ ਗੁਰੂ ਨਾਨਕ ਦੇਵ ਜੀ ਦੇ ਧਰਮ ਦਾ ਪ੍ਰਚਾਰ ਕੀਤਾ ਅਤੇ ਸਿੱਖੀ ਦਾ ਉਪਦੇਸ਼ ਦਿੱਤਾ। ਸਿੱਖ ਧਰਮ ਦੇ ਪ੍ਰਚਾਰ ਲਈ ਬੰਗਲਾ ਦੇਸ਼ ਵਿਚ ਇਸ ਨੇ ਢਾਕਾ ਵਿਚ ਆਪਣਾ ਕੇਂਦਰੀ ਸਥਾਨ ਬਣਾਇਆ। ਇਥੇ ਇਕ ਗੁਰਦੁਆਰਾ ਬਣਵਾਇਆ ਜਿਸ ਨੂੰ ਅੱਜਕੱਲ੍ਹ ਗੁਰਦੁਆਰਾ ਸੰਗਤ ਟੋਲਾ ਕਹਿੰਦੇ ਹਨ। ਨੱਥਾ ਭਾਈ ਦਿਲ ਦਾ ਬਹੁਤ ਵਧੀਆ ਇਨਸਾਨ ਪਰ ਜ਼ਬਾਨ ਦਾ ਕੁਰਖਤ ਸੀ। ਸੰਨ 1660 ਵਿਚ ਜਦੋਂ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਢਾਕਾ ਆਏ ਤਾਂ ਕੁਝ ਸਿੱਖਾਂ ਨੇ ਨੱਥਾ ਭਾਈ ਦੇ ਇਸ ਰਵੱਈਏ ਬਾਰੇ ਗੁਰੂ ਜੀ ਕੋਲ ਸ਼ਿਕਾਇਤ ਕੀਤੀ ਕਿ ਨੱਥਾ ਭਾਈ ਸਭ ਨਾਲ ਲੜਦਾ ਰਹਿੰਦਾ ਹੈ ਅਤੇ ਕਿਸੇ ਨਾਲ ਵੀ ਇਸ ਦੀ ਮਿੱਤਰਤਾ ਨਹੀਂ। ਗੁਰੂ ਜੀ ਨੇ ਨੱਥਾ ਭਾਈ ਨੂੰ ਬੁਲਾ ਕੇ ਪੁੱਛਿਆ ਕਿ ਹਰ ਕੋਈ ਇਸ ਗੱਲ ਦੀ ਸ਼ਿਕਾਇਤ ਕਰ ਰਿਹਾ ਹੈ ਕਿ ਉਹ ਹਰ ਇਕ ਨੂੰ ਬੁਰਾ

ਭਲਾ ਕਹਿੰਦਾ ਹੈ ਜੋ ਵੀ ਉਸ ਦੇ ਮੂੰਹ ਵਿਚ ਆਉਂਦਾ ਹੈ ਉਹ ਕਹਿ ਦਿੰਦਾ ਹੈ। ਇਸ ਦੇ ਉੱਤਰ ਵਿਚ ਨੱਥਾ ਭਾਈ ਨੇ ਕਿਹਾ ਇਹ ਸਾਰੇ ਦੇ ਸਾਰੇ ਮੂਰਖ ਹਨ ਅਤੇ ਉਸ ਨੇ ਕਦੀ ਵੀ ਕਿਸੇ ਨੂੰ ਬੁਰਾ ਭਲਾ ਨਹੀਂ ਕਿਹਾ। ਨੱਥਾ ਭਾਈ ਦਾ ਜਵਾਬ ਸੁਣ ਕੇ ਗੁਰੂ ਜੀ ਹੱਸ ਪਏ ਤੇ ਉਨ੍ਹਾਂ ਨੇ ਸਿੱਖਾਂ ਨੂੰ ਕਿਹਾ ਕਿ ਇਹ ਜੋ ਵੀ ਕਹਿੰਦਾ ਹੈ ਇਸ ਦਾ ਗੁੱਸਾ ਨਾ ਕਰੋ, ਇਸ ਦਾ ਕਿਸੇ ਨਾਲ ਕੋਈ ਵਿਰੋਧ ਨਹੀਂ। ਇਸ ਦੇ ਬੋਲ ਰੁੱਖੇ ਜ਼ਰੂਰ ਹਨ ਪਰ ਇਸ ਦਾ ਦਿਲ ਬਹੁਤ ਸਾਫ ਹੈ। ਇਹ ਹਮੇਸ਼ਾ ਪਰਮਾਤਮਾ ਦੇ ਰੰਗ ਵਿਚ ਲੀਨ ਰਹਿੰਦਾ ਹੈ ਇਸ ਤਰ੍ਹਾਂ ਦਾ ਸਾਫ ਦਿਲ ਬਣਨ ਦੀ ਕੋਸ਼ਿਸ਼ ਕਰੋ।

ਭਾਈ ਨੱਥਾ ਨੂੰ ਨੱਥਾ ਰਾਮ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਉਦਾਸੀ ਸੰਤਾਂ ਵਿਚ ਨੱਥਾ ਰਾਮ ਦੀ ਰਚਨਾ ਪ੍ਰੇਮ ਨਾਲ ਪੜ੍ਹੀ ਜਾਂਦੀ ਹੈ। ਰਚਨਾ ਦਾ ਕੁਝ ਪਾਠ ਇਸ ਤਰ੍ਹਾਂ ਹੈ :

ਓਅੰ ਗੁਰੂ ਜੀ ਜੰਘ ਜਗੋਟਾ ਕਮਰ ਜੰਜੀਰ।
ਖੰਫ ਕੀ ਖਫਨੀ ਸੁਰਤ ਕੇ ਤੀਰ।
ਐਸਾ ਜੋਗੀ ਕਭੀ ਨ ਆਇਆ।
ਊਚੇ ਚੜਕੇ ਨਾਦ ਬਜਾਇਆ।
ਕਮਰ ਕਛੌਟੀ ਕਸਕਰ ਧਾਰਾ।
ਬਿੰਦੂਆ ਭਾਵ ਨ ਸੁਪਨੇ ਡਾਰਾ।
ਸੰਜਮ ਕਰ ਅਤਿ ਜਪ ਤਪ ਕੀਨਾ।
ਸਿੱਧ ਭਏ ਪਰਮਾਤਮ ਚੀਨਾ।
ਜਟਾ ਮੁਕਤਿ ਸਮ ਥਿਗਲੀ ਧਾਰੀ।
ਗੁਰ ਕੀ ਆਗਧਾ ਲਗੀ ਪਿਆਰੀ।
ਸਤਿਗੁਰੂ ਜੀ ਜਬ ਆਗਯਾ ਦੀਨਾ।
ਢਾਕਾ ਦੇਸ ਰਵਾਨਾ ਕੀਨਾ।
ਨਿਸ ਦਿਨ ਰਹੋ ਨਾਮ ਲਿਵ ਲਾਈ।
ਨੌਵਮ ਗੁਰ ਕੇ ਦਰਸ਼ਨ ਪਾਈ।

ਹ.ਪੁ.—ਐਨ. ਆਫ਼. ਸਿਖਿ.–ਡਾ. ਹਰਬੰਸ ਸਿੰਘ; ਮ.ਕੋ.

ਨਥੀ (ਫਾਈਲ) : ਸਾਧਾਰਣ ਰੂਪ ਵਿਚ ਧਾਗਾ, ਰੱਸੀ, ਤਾਰ ਆਦਿ ਵਿਚ ਕਾਗਜ਼ ਪੱਤਰਾਂ ਜਾਂ ਇਸ ਤਰ੍ਹਾਂ ਦੀਆਂ ਹੋਰ ਅਨੇਕ ਚੀਜ਼ਾਂ ਦੇ ਪ੍ਰੋਣ ਦੀ ਕਿਰਿਆ ਨੂੰ ਨੱਥੀ ਕਰਨਾ ਅਤੇ ਪਰੋਈਆਂ ਹੋਈਆਂ ਵਸਤੂਆਂ ਦੇ ਸੰਗ੍ਰਹਿ ਨੂੰ ਉਸ ਦੀ ਨਥੀ (ਫਾਈਲ) ਕਿਹਾ ਜਾਂਦਾ ਹੈ ਪਰੰਤੂ ਅੱਜ ਦੇ ਯੁਗ ਵਿਚ ਕਾਗਜ਼ ਪੱਤਰਾਂ ਦੇ ਕ੍ਰਮ ਅਨੁਸਾਰ (ਵਿਸ਼ੇ, ਕ੍ਰਮ, ਅੱਖਰ ਕ੍ਰਮ, ਕਾਲ ਕ੍ਰਮ ਆਦਿ) ਕੀਤੇ ਗਏ ਸੁਰੱਖਿਅਤ ਸੰਗ੍ਰਹਿ ਨੂੰ ਹੀ ਨਥੀ ਕਿਹਾ ਜਾਂਦਾ ਹੈ। ਪ੍ਰਾਚੀਨ ਕਾਲ ਵਿਚ ਕਿਉਂਕਿ ਲੈਣ-ਦੇਣ, ਵਣਜ-ਵਾਪਾਰ ਅਤੇ ਸ਼ਾਸਕ ਪ੍ਰਬੰਧ ਵਿਚ ਲਿਖਾ ਪੜ੍ਹੀ ਦੀ ਜ਼ਿਆਦਾ ਲੋੜ ਨਹੀਂ ਸੀ ਹੁੰਦੀ ਇਸ ਲਈ ਅੱਜਕੱਲ੍ਹ ਵਾਂਗ ਕ੍ਰੱਮ ਬੱਧ ਨਥੀ ਰੱਖਣ ਦਾ ਰਿਵਾਜ ਵੀ ਨਹੀਂ ਸੀ ਹੁੰਦਾ। ਕਾਰ-ਵਿਹਾਰ ਵਿਚ ਜਿਵੇਂ-ਜਿਵੇਂ ਲਿਖਾ ਪੜ੍ਹੀ ਦੀ ਵਰਤੋਂ ਜ਼ਿਆਦਾ ਹੁੰਦੀ ਗਈ ਤਿਵੇਂ-ਤਿਵੇਂ ਨਥੀ ਕਰਨ ਦਾ ਪ੍ਰਯੋਗ ਵਧਦਾ ਗਿਆ ਅਤੇ ਉਨ੍ਹਾਂ ਵਿਚ ਸੁਧਾਰ ਅਤੇ ਵਿਕਾਸ ਹੁੰਦਾ ਗਿਆ ਜਿਸ ਦੇ ਫਲਸਰੂਪ ਇਹ ਘੱਟ ਤੋਂ ਘੱਟ ਸਮੇਂ ਵਿਚ ਵੱਧ ਤੋਂ ਵੱਧ ਲੋੜੀਂਦੇ ਵਿਸ਼ਿਆਂ ਦੇ ਕਾਗਜ਼ ਪੱਤਰਾਂ ਦੀ ਨਥੀ ਅਤੇ ਉਸ ਨਥੀ ਵਿਚ ਸੁਰੱਖਿਅਤ ਕਾਗਜ਼ ਪੱਤਰਾਂ ਵਿਚੋਂ ਲੋੜੀਂਦੇ ਕਾਗਜ਼ ਪੱਤਰਾਂ ਨੂੰ ਭਾਲਣ ਵਿਚ ਆਸਾਨੀ ਹੋ ਗਈ।

ਨਥੀ ਦੀ ਵਰਤੋਂ ਬਹੁਤ ਦੇਰ ਤੋਂ ਪ੍ਰਚਲਿਤ ਹੈ। ਪਹਿਲਾਂ ਪਹਿਲ ਲੋਕ ਜ਼ਰੂਰੀ ਕਾਗਜ਼ ਪੱਤਰਾਂ ਨੂੰ ਸਾਂਭ ਕੇ ਰੱਖਣ ਲਈ ਇੱਕ ਤਾਰ ਦਾ ਪ੍ਰਯੋਗ ਕਰਦੇ ਸਨ। ਇਸ ਦੇ ਥੱਲੇ ਲੱਕੜੀ ਦਾ ਟੁਕੜਾ ਬਰਾਬਰ ਗੋਲ ਕਰਕੇ ਚਪਟਾ ਲਗਾ ਹੁੰਦਾ ਸੀ ਜਾਂ ਤਾਰ ਨੂੰ ਆਡੇ ਰੁਖ ਗੋਲ ਮੋੜ ਲਿਆ ਜਾਂਦਾ ਸੀ ਤਾਂ ਕਿ ਤਾਰ ਵਿਚ ਪਰੋਇਆ ਹੋਇਆ ਕਾਗਜ਼-ਪੱਤਰ ਥੱਲੇ ਨਾ ਗਿਰ ਜਾਵੇ। ਤਾਰ ਦਾ ਉਪਰ ਵਾਲਾ ਸਿਰਾ ਖੂੰਟੀ ਜਾਂ ਕਿੱਲ ਆਦਿ ਦੇ ਸਹਾਰੇ ਕੰਧ ਵਿਚ ਲਟਕਾਉਣ ਲਈ ਥੋੜ੍ਹਾ ਜਿਹਾ ਮੋੜਿਆ ਹੁੰਦਾ ਸੀ ਅਤੇ ਲੋਕ ਚਿੱਠੀ-ਪੱਤਰ, ਰਸੀਦ ਬਿਲ ਆਦਿ ਨੂੰ ਇਸ ਤਾਰ ਵਿਚ ਪਰੋ ਦਿੰਦੇ ਸਨ। ਸਮੇਂ ਦੇ ਬੀਤ ਜਾਣ ਨਾਲ ਅਤੇ ਵਣਜ ਵਪਾਰ ਵਿਚ ਵਾਧਾ ਹੋਣ ਨਾਲ ਅਤੇ ਸਮੇਂ ਦੀ ਘਾਟ ਹੋਣ ਕਰਕੇ ਇਸ ਕਿਸਮ ਦੀ ਨਥੀ ਦਾ ਰਿਵਾਜ ਘਟਦਾ ਜਾ ਰਿਹਾ ਹੈ ਕਿਉਂਕਿ ਲੋੜੀਂਦੇ ਕਾਗਜ਼-ਪੱਤਰਾਂ ਨੂੰ ਲੱਭਣਾ, ਨਥੀ ਵਿਚੋਂ ਕਢਣਾ ਅਤੇ ਕੰਮ ਹੋ ਜਾਣ ਤੇ ਉਨ੍ਹਾਂ ਨੂੰ ਫਿਰ ਉਸ ਜਗ੍ਹਾ ਤੇ ਦੁਬਾਰਾ ਰੱਖਣਾ ਬੜਾ ਮੁਸ਼ਕਿਲ ਹੁੰਦਾ ਸੀ। ਕਾਗਜ਼ ਪੱਤਰ ਦੁਬਾਰਾ ਦੁਬਾਰਾ ਕੱਢਣ ਪਾਉਣ ਨਾਲ ਕੋਨਿਆਂ ਤੋਂ ਫਟ ਹੀ ਜਾਂਦੇ ਸਨ ਅਤੇ ਤਾਰ ਵਿਚ ਪਰੋਣ ਕਰਕੇ ਉਨਾਂ ਦੇ ਛੇਦ ਵੀ ਵੱਡੇ ਹੋ ਜਾਂਦੇ ਸਨ। ਇਹ ਨਥੀ ਜੇ ਕਮਰੇ ਤੋਂ ਬਾਹਰ ਕਿਸੇ ਜਗ੍ਹਾ ਤੇ ਕਿੱਲੀ ਤੇ ਟੰਗਿਆ ਹੁੰਦਾ ਸੀ ਤਾਂ ਧੁੱਪ, ਮਿੱਟੀ ਅਤੇ ਨਮੀ ਦਾ ਪ੍ਰਭਾਵ ਵੀ ਇਸ ਤੇ ਪੈਂਦਾ ਸੀ।

ਇਨ੍ਹਾਂ ਮੁਸ਼ਕਿਲਾਂ ਜਾਂ ਕਠਨਾਈਆਂ ਤੋਂ ਬਚਣ ਲਈ ਪੁਸ਼ਾਕ ਰੂਪ ਵਿਚ ਨਥੀਆਂ (Flat Files) ਦਾ ਪ੍ਰਯੋਗ ਹੋਣਾ ਸ਼ੁਰੂ ਹੋਇਆ। ਅੱਜਕੱਲ ਵੀ ਇਸ ਕਿਸਮ ਦੀਆਂ ਨਥੀਆਂ ਦਾ ਪ੍ਰਯੋਗ ਹੀ ਕੀਤਾ ਜਾਂਦਾ ਹੈ। ਇਸ ਕਿਸਮ ਦੀਆਂ ਨਥੀਆਂ ਵਿਚ ਫਾਈਲ ਦੇ ਇਕ ਕੋਨੇ ਤੇ ਛੇਕ ਕਰਕੇ ਕਾਗਜ਼ ਪੱਤਰ ਪਰੋਏ ਜਾਂਦੇ ਹਨ ਅਤੇ ਇਸ ਉਪਰ ਧਾਤ ਦੀ ਪੱਤਲੀ ਪੱਟੀ ਕੱਸੀ ਰਹਿੰਦੀ ਹੈ ਜਿਸ ਨਾਲ ਵਰਤੋਂ ਵਿਚ ਲਿਆਉਣ ਤੇ ਕਾਗਜ਼ ਪੱਤਰ ਖਿਸਕਦੇ ਨਹੀਂ ਤੇ ਜ਼ਰੂਰੀ ਕਾਗਜ਼ ਪੱਤਰਾਂ ਦੀ ਜਿਲਦਬੰਦੀ ਕੀਤੇ ਹੋਣ ਕਰਕੇ ਸੁਰੱਖਿਅਤ ਰਹਿੰਦੇ ਹਨ। ਅੱਜਕੱਲ੍ਹ ਵਖੋ ਵਖਰੀਆਂ ਜ਼ਰੂਰਤਾਂ ਦੇ ਅਨੁਸਾਰ ਵਿਸ਼ੇ, ਕਾਲ ਅਤੇ ਅੱਖਰ ਆਦਿ ਦੇ ਕ੍ਰਮ ਅਨੁਸਾਰ ਨਥੀਆਂ ਬਣਾ ਲਈਆਂ ਜਾਂਦੀਆਂ ਹਨ। ਨਥੀਆਂ ਦੀ ਗਿਣਤੀ ਜ਼ਿਆਦਾ ਹੋ ਜਾਣ ਤੇ ਉਨ੍ਹਾਂ ਦੀ ਨਾਮਾਵਲੀ ਅਲਗ ਕਰ ਲਈ ਜਾਂਦੀ ਹੈ ਜਿਸ ਦੀ ਸਹਾਇਤਾ ਨਾਲ ਸੈਂਕੜੇ ਹਜ਼ਾਰਾਂ ਨਥੀਆਂ ਦੇ ਢੇਰ ਵਿਚੋਂ ਲੋੜੀਂਦੀ ਨਥੀ ਤੁਰੰਤ ਕੱਢ ਲਈ ਜਾਂਦੀ ਹੈ।

ਆਧੁਨਿਕ ਯੁਗ ਵਿਚ ਸਧਾਰਣ ਲੈਣ ਦੇਣ ਦੇ ਮਾਮਲੇ, ਮੁਕਦਮੇ ਆਦਿ ਤੋਂ ਲੈ ਕੇ ਵੱਡੇ ਵੱਡੇ ਕਾਰੋਬਾਰੀ ਕੇਂਦਰਾਂ ਵਿਚ ਨਥੀ ਦਾ ਹੋਣਾ ਜ਼ਰੂਰੀ ਹੋ ਗਿਆ ਹੈ। ਵਿਅਕਤੀਗਤ ਕਾਰਜ ਵਿਹਾਰ ਵਿਚ ਵਿਸਥਾਰ ਹੋਣ ਨਾਲ ਬਿਨਾਂ ਕ੍ਰਮਬੰਦ, ਵਿਉਂਤਬੰਦ ਨਥੀ ਦੇ ਕਾਰੋਬਾਰਾਂ ਦਾ ਕੰਮ ਕਰਨਾ ਅਸੰਭਵ ਹੋ ਗਿਆ ਹੈ। ਵਿਅਕਤੀਗਤ ਅਥਵਾ ਛੋਟੇ ਮੋਟੇ ਕਾਰੋਬਾਰੀ ਕੰਮ ਕਾਰਾਂ ਵਿਚ 10-20 ਅਤੇ 50-100 ਨਥੀਆਂ ਚਾਲੂ ਰੱਖਣਾ ਵੀ ਅੱਜਕੱਲ੍ਹ ਆਮ ਹੈ। ਪਰੰਤੂ ਵੱਡੇ ਵੱਡੇ ਦਫਤਰਾਂ ਵਿਚ ਹਜ਼ਾਰਾਂ ਨਥੀਆਂ ਲਗਾਤਾਰ ਚਾਲੂ ਰਹਿੰਦੀਆਂ ਹਨ। ਦੋਨਾਂ ਲਈ ਅਰਥਾਤ ਛੋਟੇ ਮੋਟੇ ਅਤੇ ਵੱਡੇ ਵੱਡੇ ਕੰਮ ਕਾਰਾਂ ਲਈ ਇੱਕ ਹੀ ਪੱਧਤੀ ਅਨੁਸਾਰ ਨਥੀਆਂ ਅਨੁਸਾਰ ਰਖਣਾ ਅਤੇ ਉਨ੍ਹਾਂ ਦੇ ਸਮਾਨ ਰੂਪ ਵਿਚ ਠੀਕ ਢੰਗ ਨਾਲ ਕੰਮ ਚਲਾਉਣਾ ਸੰਭਵ ਨਹੀਂ ਸੀ।

ਅਜੋਕੇ ਯੁਗ ਵਿਚ ਜਿਸ ਤਰ੍ਹਾਂ ਨਥੀਆਂ ਦੇ ਸਰੂਪ ਅਤੇ ਆਕਾਰ ਵਿਚ ਵਿਕਾਸ ਹੋਇਆ ਹੈ ਉਸੇ ਤਰ੍ਹਾਂ ਨਥੀਆਂ ਰੱਖਣ ਦੇ ਢੰਗ ਅਤੇ ਉਨ੍ਹਾਂ ਵਿਚ ਕਾਗਜ਼ ਪੱਤਰ ਰੱਖਣ ਕੱਢਣ ਆਦਿ ਦੀਆਂ ਵੀ ਬੜੀਆਂ ਆਸਾਨ ਵਿਗਿਆਨਿਕ ਪੱਧਤੀਆਂ ਵਿਕਸਿਤ ਹੋ ਚੁੱਕੀਆਂ ਹਨ ਅਤੇ ਉਨ੍ਹਾਂ ਪੱਧਤੀਆਂ ਦੀ ਛੋਟੇ ਵੱਡੇ ਦਫਤਰਾਂ ਵਿਚ

ਵਰਤੋਂ ਹੁੰਦੀ ਰਹਿੰਦੀ ਹੈ। ਆਧੁਨਿਕ ਯੁਗ ਵਿਚ ਪ੍ਰਚਲਿਤ ਵਿਭਿੰਨ ਪ੍ਰਕਾਰ ਦੀਆਂ ਨਥੀਆਂ ਅਤੇ ਉਨ੍ਹਾਂ ਦੀ ਵਿਸ਼ੇ ਅਨੁਸਾਰ ਵੰਡ ਅਨੁਸਾਰ ਵਰਗੀਕਰਨ ਆਦਿ ਦੇ ਸਬੰਧ ਵਿਚ ਜ਼ਰੂਰੀ ਗੱਲਾਂ ਸੰਖੇਪ ਰੂਪ ਵਿਚ ਨਿਮਨ ਅਨੁਸਾਰ ਹਨ :—

ਨਥੀਆਂ ਦੀ ਸੰਖਿਆ ਜ਼ਿਆਦਾ ਹੋਣ ਤੇ ਠੀਕ ਕ੍ਰਮ ਅਨੁਸਾਰ ਵਰਗੀਕ੍ਰਿਤ ਕਰਨਾ ਬਹੁਤ ਜ਼ਰੂਰੀ ਹੈ। ਵਰਗੀਕਰਨ ਦੀਆਂ ਤਿੰਨ ਮੁੱਖ ਪੱਧਤੀਆਂ ਹਨ :

ਅੱਖਰ ਕ੍ਰਮ ਅਨੁਸਾਰ—ਇਸ ਕਿਸਮ ਦੀ ਪੱਧਤੀ ਵਿਚ ਵਿਸ਼ਿਆਂ ਜਾਂ ਨਥੀਆਂ ਦੇ ਸਿਰਲੇਖ ਦੇ ਆਕਾਰ ਆਦਿ ਦੇ ਕ੍ਰਮ ਅਨੁਸਾਰ ਵੰਡ ਕੀਤੀ ਜਾਂਦੀ ਹੈ। ਇਸ ਕਿਸਮ ਦੀ ਪੱਧਤੀ ਹੀ ਅੱਜਕੱਲ੍ਹ ਜ਼ਿਆਦਾ ਪ੍ਰਚਲਿਤ ਹੈ। ਇਸ ਵਰਗੀਕਰਣ ਦੇ ਅੰਤਰਗਤ ਭੂਗੋਲਿਕ ਖੇਤਰ ਦੇ ਸੰਬੰਧ ਵਿਚ ਸਥਾਨ ਵਿਸ਼ੇਸ਼ ਦੇ ਨਾਵਾਂ ਦੇ ਆਕਾਰ ਆਦਿ ਕ੍ਰਮ ਤੋਂ ਵੰਡ ਕੀਤੀ ਜਾਂਦੀ ਹੈ। ਇਹ ਪੱਧਤੀ ਵਿਸ਼ੇਸ਼ ਰੂਪ ਵਿਚ ਅਜਿਹੇ ਕੰਮਾਂ ਵਿਚ ਵਰਤੀ ਜਾਂਦੀ ਹੈ ਜਿਸ ਦਾ ਸੰਬੰਧ ਮੁੱਖ ਰੂਪ ਵਿਚ ਸਥਾਨਾਂ ਜਾਂ ਵਿਭਿੰਨ ਖੇਤਰਾਂ ਨਾਲ ਹੁੰਦਾ ਹੈ। ਨਥੀਆਂ ਨੂੰ ਪਹਿਲਾਂ ਦੇਸ਼ ਦੇ ਨਾਮ ਤੋਂ ਫੇਰ ਪ੍ਰਦੇਸ਼ ਦੇ ਨਾਮ ਤੋਂ ਜਾਂ ਰਾਜ ਦੇ ਨਾਮ ਤੋਂ ਅਤੇ ਇਸ ਤੋਂ ਉਪਰੰਤ ਨਗਰ ਦੇ ਨਾਮ ਤੋਂ ਅੱਖਰ ਕ੍ਰਮ ਅਨੁਸਾਰ ਵੰਡ ਕੀਤੀ ਜਾਂਦੀ ਹੈ।

ਵਿਸ਼ੇ ਕ੍ਰਮ ਅਨੁਸਾਰ—ਵਖੋ ਵੱਖਰੇ ਕੰਮਾਂ-ਕਾਰਾਂ ਨਾਲ ਸਬੰਧਤ ਵਿਸ਼ਿਆਂ ਦੇ ਅਨੁਸਾਰ ਨੱਥੀਆਂ ਦਾ ਨਾਮਕਰਨ ਅਤੇ ਅਨੁਕਰਮਣ ਕੀਤਾ ਜਾਂਦਾ ਹੈ। ਇਸ ਲਈ ਨਾਵਾਂ ਦੀ ਚੋਣ, ਸੰਸਥਾ ਦੇ ਕੰਮਾਂ, ਵਿਭਾਗਾਂ ਜਾਂ ਉਨ੍ਹਾਂ ਦੁਆਰਾ ਸੰਪੰਨ ਹੋਣ ਵਾਲੇ ਭਿੰਨ ਭਿੰਨ ਕੰਮਾਂ ਜਾਂ ਨਿਰਮਿਤ ਵਸਤੂਆਂ ਅਨੁਸਾਰ ਹੁੰਦਾ ਹੈ ਅਰਥਾਤ ਵੰਡ ਦਾ ਮੁੱਖ ਆਧਾਰ ਵਸਤੂ ਜਾਂ ਸਮੱਗਰੀ ਹੁੰਦੀ ਹੈ, ਕੋਈ ਵਿਚਾਰ ਜਾਂ ਪ੍ਰਕਿਰਿਆ ਨਹੀਂ।

ਅੰਕ ਅਨੁਸਾਰ—ਇਹ ਪੱਧਤੀ ਮੁੱਖ ਰੂਪ ਵਿਚ ਅਜਿਹੇ ਕੰਮਾਂ ਕਾਰਾਂ ਵਿਚ ਪ੍ਰਚਲਿਤ ਹੁੰਦੀ ਹੈ ਜਿਨ੍ਹਾਂ ਦੇ ਵਖੋ ਵਖਰੇ ਵਿਸ਼ਿਆਂ ਵਿਚ ਪਰਸਪਰ ਕੋਈ ਆਧਾਰਭੂਤ ਸਬੰਧ ਨਹੀਂ ਹੁੰਦਾ। ਇਹ ਪੱਧਤੀ ਮੁੱਖ ਰੂਪ ਵਿਚ ਵਿਗਿਆਨਕ ਕੰਮਾਂ ਵਿਚ ਮਿਲਦੀ ਹੈ ਜਿਨ੍ਹਾਂ ਵਿਚ ਕਾਲਕ੍ਰਮ ਅਨੁਸਾਰ ਸੰਦਰਭਾਂ ਦੀ ਜ਼ਰੂਰਤ ਪੈਂਦੀ ਹੈ। ਇਸ ਪੱਧਤੀ ਵਿਚ ਨਥੀਆਂ ਜਾਂ ਉਨ੍ਹਾਂ ਨਾਲ ਸਬੰਧਿਤ ਵਿਸ਼ਿਆਂ ਲਈ ਪ੍ਰਤੀਕ ਅੰਕ (ਕੋਡ ਨੰਬਰ) ਸਥਿਰ ਕਰ ਲਏ ਜਾਂਦੇ ਹਨ। ਇਨ੍ਹਾਂ ਕੋਡ ਨੰਬਰਾਂ ਲਈ ਸਭ ਤੋਂ ਜ਼ਿਆਦਾ ਪ੍ਰਚਲਿਤ ਪੱਧਤੀ ਲਾਇਬ੍ਰੇਰੀ ਵਿਚ ਪ੍ਰਚਲਿਤ ਮੇਲਵਿਲ ਡਿਊਈ ਦੀ ਡੈਸੀਮਲ ਪੱਧਤੀ ਹੈ ਜਿਨ੍ਹਾਂ ਵਿਚ ਹਰੇਕ ਵਿਸ਼ੇ ਅਤੇ ਉਪਵਿਸ਼ੇ ਲਈ ਇਕ ਪ੍ਰਤੀਕ ਅੰਕ ਨਿਸ਼ਚਿਤ ਕਰ ਦਿੱਤਾ ਗਿਆ।

630 ਕ੍ਰਿਸ਼ੀ ਸ਼ਾਸਤਰ

631 ਖੇਤੀ ਬਾੜੀ, ਖਾਦ, ਫ਼ਸਲ

632 ਖੇਤੀ ਦੇ ਹਾਨੀਕਾਰਕ ਪਦਾਰਥ

633 ਚਾਹ, ਤੰਬਾਕੂ, ਅਫ਼ੀਮ

634 ਫਲ, ਮੂਲ

ਇਸੇ ਤਰ੍ਹਾਂ 510 ਗਣਿਤ ਸ਼ਾਸਤਰ

511 ਅੰਕ ਗਣਿਤ

512 ਬੀਜ ਗਣਿਤ

513 ਰੇਖਾ ਗਣਿਤ

514 ਖੇਤਰ ਮਿਤੀ

515 ਗਤੀ ਸ਼ਾਸਤਰ

516 ਸਥਿਤੀ ਸ਼ਾਸਤਰ ਆਦਿ

ਵਰਗੀਕਰਣ ਦੀਆਂ ਇਨ੍ਹਾਂ ਚਾਰ ਪ੍ਰਕਾਰ ਦੀਆਂ ਪੱਧਤੀਆਂ ਦੇ ਨਾਲ ਆਸਾਨੀ ਲਈ ਚਾਰ ਪ੍ਰਕਾਰ ਦੀਆਂ ਨਿਰਦੇਸ਼ਕਾਵਾਂ ਵਿਆਪਕ ਰੂਪ ਵਿਚ ਵਰਤੋਂ ਵਿਚ ਲਿਆਈਆਂ ਜਾਂਦੀਆਂ ਹਨ ਜੋ ਨਿਮਨ ਅਨੁਸਾਰ ਹਨ :—

1. **ਡਾਇਰੀ**—ਰੋਜ਼ਨਾਮਚਾ ਜਿਸ ਵਿਚ ਕਾਗਜ਼ ਜਾਂ ਧੰਦੇ ਵਿਸ਼ੇਸ਼ ਨਾਲ ਸਬੰਧਿਤ ਭਿੰਨ ਭਿੰਨ ਕੰਮਾਂ ਕਾਰਾਂ ਦਾ ਲੇਖਾ ਅੰਕਿਤ ਹੁੰਦਾ ਹੈ। ਮਿਲਣ ਵਾਲਿਆਂ ਨਾਲ ਵਾਰਤਾਲਾਪ ਦਾ ਵਿਵਰਣ, ਟੈਲੀਫੋਨ ਤੋਂ ਪ੍ਰਾਪਤ ਸੰਦੇਸ਼, ਕੰਮ ਤੋਂ ਜਾਣ ਦਾ ਸੰਦੇਸ਼, ਵੱਡੇ ਵੱਡੇ ਵਿਵਸਾਇਕ ਲੈਣ ਦੇਣ ਜਾਂ ਉਨ੍ਹਾਂ ਨਾਲ ਸਬੰਧਤ ਕੋਈ ਮਹੱਤਵਪੂਰਨ ਵਿਚਾਰ ਚਰਚਾ ਅਤੇ ਅਧਿਕਾਰੀਆਂ ਦੇ ਆਉਣ ਅਤੇ ਉਨ੍ਹਾਂ ਵਲੋਂ ਦਿੱਤੇ ਗਏ ਆਦੇਸ਼ ਦਾ ਉਲੇਖ ਇਸ ਵਿਚ ਹੁੰਦਾ ਹੈ।

2. **ਸਕਰੈਪ ਬੁੱਕ**—ਇਸ ਵਿਚ ਅਖ਼ਬਾਰਾਂ ਦੀਆਂ ਕਾਤਰਾਂ, ਨਕਸ਼ੇ, ਇਸ਼ਤਿਹਾਰ ਆਦਿ ਚਪਕਾ ਕੇ ਸੁਰੱਖਿਅਤ ਰੱਖੇ ਜਾਂਦੇ ਹਨ। ਜ਼ਰੂਰਤ ਅਨੁਸਾਰ ਇਸ ਵਿਚੋਂ ਸਮੱਗਰੀ ਅਲਗ ਵੀ ਕੀਤੀ ਜਾ ਸਕਦੀ ਹੈ। ਅਜਿਹੀ ਅਲਗ ਕੀਤੀ ਜਾਣ ਵਾਲੀ ਸਮੱਗਰੀ ਇਸ ਦੇ ਪੰਨਿਆਂ ਤੇ ਸਥਾਈ ਰੂਪ ਵਿਚ ਨਾ ਚਪਕਾ ਕੇ ਟੇਪ, ਕਲਿਪ ਆਦਿ ਨਾਲ ਕਿਸੇ ਅਸਥਾਈ ਰੂਪ ਵਿਚ ਜੋੜ ਦਿੱਤੀ ਜਾਂਦੀ ਹੈ।

3. **ਅਨੁਗਮਨ ਪੱਧਤੀ**—ਇਸ ਨੂੰ ਫਾਲੋ-ਅਪ (Follow up) ਪੱਧਤੀ ਵੀ ਕਹਿੰਦੇ ਹਨ। ਇਸ ਕਿਸਮ ਦੀ ਪੱਧਤੀ ਵਿਚ ਵੱਧ ਤੋਂ ਵੱਧ ਪੱਤਰ-ਵਿਹਾਰ ਕਰਨਾ ਅਤੇ ਉਸ ਤੇ ਨਿਰੰਤਰ ਦ੍ਰਿਸ਼ਟੀ ਰਖਣਾ ਜ਼ਰੂਰੀ ਹੁੰਦਾ ਹੈ। ਇਸ ਵਿਚ ਫਾਈਲਾਂ ਦੇ ਸਿਰਲੇਖਾਂ ਦਾ ਅਨੁਕਰਮਣੀ ਸਫ਼ੈਦ ਕਾਰਡਾਂ ਤੇ ਤਿਆਰ ਕਰ ਲਿਆ ਜਾਂਦਾ ਹੈ ਜਿਸ ਤੇ ਜ਼ਰੂਰੀ ਹਵਾਲੇ ਲਿਖ ਲਏ ਜਾਂਦੇ ਹਨ। ਇਸ ਤਰ੍ਹਾਂ ਫਾਈਲਾਂ ਦੀ ਅਲਮਾਰੀ ਦਾ ਪੂਰਾ ਵਿਵਰਣ ਠੀਕ ਢੰਗ ਨਾਲ ਕੰਮ ਕਰਨ ਲਈ ਮੇਜ਼ ਤੇ ਇਕੱਠੇ ਰੂਪ ਵਿਚ ਪ੍ਰਸਤੁਤ ਰਹਿੰਦਾ ਹੈ। ਚਾਰ ਪੰਜ ਜਾਂ ਹੋਰ ਅਧਿਕ ਨਥੀਆਂ ਫਰੋਲਣ ਅਤੇ ਉਨ੍ਹਾਂ ਵਿਚੋਂ ਲੋੜੀਂਦੇ ਫਾਈਲ ਕੱਢਣ ਤੇ ਜਿਹੜਾ ਸਮਾਂ ਤੇ ਮਿਹਨਤ ਲਗਦਾ ਹੈ ਉਸ ਦੀ ਇਸ ਪੱਧਤੀ ਵਿਚ ਬਚਤ ਹੋ ਜਾਂਦੀ ਹੈ।

ਦੈਨਿਕ ਅਭਿਲੇਖ—ਜਿਥੇ ਦੋ ਚਾਰ ਸੌ ਜਾਂ ਹੋਰ ਅਧਿਕ ਪੱਤਰ-ਵਿਹਾਰ ਰੋਜ਼ ਹੁੰਦਾ ਹੈ ਉਥੇ ਹਰੇਕ ਪੱਤਰ ਦੀ ਇਕ ਹੋਰ ਕਾਰਬਨ ਕਾਪੀ ਕਰ ਲਈ ਜਾਂਦੀ ਹੈ ਅਤੇ ਅੰਤ ਵਿਚ ਕਾਪੀਆਂ ਦਾ ਜ਼ਰੂਰਤ ਅਨੁਸਾਰ ਵਰਗੀਕਰਣ ਕਰ ਲਿਆ ਜਾਂਦਾ ਹੈ। ਜ਼ਰੂਰਤ ਅਨੁਸਾਰ ਇਸ ਸੰਗ੍ਰਹਿ ਦੀ ਦੈਨਿਕ, ਸਪਤਾਹਿਕ ਜਾਂ ਮਾਸਿਕ ਨਥੀ ਦੀਆਂ ਜਿਲਦਾਂ ਬੰਨ੍ਹਾ ਲਈਆਂ ਜਾਂਦੀਆਂ ਹਨ।

ਨੱਥੀ ਦੀ ਪ੍ਰਕ੍ਰਿਆ— ਅਧਿਕਾਰੀ ਵਿਅਕਤੀ ਦਾ ਆਦੇਸ਼ ਹੋਣ ਤੋਂ ਬਿਨਾਂ ਕੋਈ ਕਾਗਜ਼ ਪੱਤਰ ਨਥੀ ਵਿਚ ਨਹੀਂ ਰੱਖਣਾ ਚਾਹੀਦਾ। ਵਿਸ਼ੇਸ਼ ਤੌਰ ਤੇ ਉਹ ਕਾਗਜ਼ ਪੱਤਰ ਜਿਹੜੇ ਰੋਜ਼ ਦੇ ਕੰਮ-ਕਾਰਾਂ ਤੋਂ ਭਿੰਨ ਹੋਣ। ਨੱਥੀਕਰਨ ਦਾ ਆਦੇਸ਼ ਦੇਣ ਲਈ ਕਾਲੇ ਜਾਂ ਨੀਲੇ ਰੰਗ ਦੀ ਸਿਆਹੀ ਜਾਂ ਪੈਂਸਿਲ ਦੀ ਵਰਤੋਂ ਠੀਕ ਹੁੰਦੀ ਹੈ। ਫਾਈਲ ਕਰਨ ਵਾਲੇ ਕਰਮਚਾਰੀ ਤੇ ਨਿਰਭਰ ਨਾ ਹੋ ਕੇ ਉਕਤ ਅਧਿਕਾਰੀ ਵਿਅਕਤੀ ਨੂੰ ਨਥੀ ਕਰਨ ਦੇ ਆਦੇਸ਼ ਦੇ ਨਾਲ ਸਬੰਧਿਤ ਨੱਥੀ ਦਾ ਵੀ ਸਪਸ਼ਟ ਸੰਕੇਤ ਕਰ ਦੇਣਾ ਚਾਹੀਦਾ ਹੈ। ਨਥੀ ਕਰਨ ਵਾਲੇ ਕਾਗਜ਼ ਪੱਤਰ ਉਤੇ ਜਗ੍ਹਾ ਨਾ ਹੋਵੇ ਤਾਂ ਉਸ ਦੇ ਸਭ ਤੋਂ ਉਪਰਲੇ ਕਾਗਜ਼ ਤੇ ਸਭ ਤੋਂ ਉਪਰ ਇੱਕ ਚਿੱਟ ਪਿੰਨ ਜਾਂ ਕਲਿਪ ਦੁਆਰਾ ਲਗਾ ਕੇ ਇਸ ਪ੍ਰਕਾਰ ਦੇ ਆਦੇਸ਼ ਉਸ ਤੇ ਲਿਖ ਦੇਣੇ ਚਾਹੀਦੇ ਹਨ। ਨਥੀ ਕਰਨ ਤੋਂ ਬਾਅਦ ਕਾਗਜ਼ ਪੱਤਰਾਂ ਵਿਚੋਂ ਕਲਿਪ, ਪਿੰਨ ਆਦਿ

ਨਥੀ ਕੱਢ ਦੇਣਾ ਚਾਹੀਦਾ ਹੈ। ਕਈ ਕਾਗਜ਼ ਪੱਤਰਾਂ ਨੂੰ ਜਦੋਂ ਇਕੱਠੇ ਰੱਖਣਾ ਹੋਵੇ ਤਾਂ ਕਾਲਕ੍ਰਮ ਅਨੁਸਾਰ ਕਾਗਜ਼ ਪੱਤਰ ਸਟੈਪਲ ਕਰ ਦੇਣੇ ਚਾਹੀਦੇ ਹਨ ਜਾਂ ਪਿੰਨ ਨਾਲ ਨਥੀ ਕਰ ਦੇਣਾ ਚਾਹੀਦਾ ਹੈ। ਇਸ ਗੱਲ ਦਾ ਵੀ ਧਿਆਨ ਰਖਣਾ ਚਾਹੀਦਾ ਹੈ ਕਿ ਨਥੀ ਦੀ ਜਿਲਦਾਂ ਜਾਂ ਫੋਲਡਰ ਉਸ ਵਿਚ ਰਖੇ ਜਾਣ ਵਾਲੇ ਕਾਗਜ਼ਾਂ ਤੋਂ ਵੱਡੀ ਹੋਣੀ ਚਾਹੀਦੀ ਹੈ, ਨਹੀਂ ਤਾਂ ਨਥੀ ਕੀਤੇ ਗਏ ਕ਼ਾਗਜ਼ਾਂ ਦੇ ਕਿਨਾਰੇ ਬਾਹਰ ਨਿਕਲੇ ਰਹਿਣਗੇ ਅਤੇ ਕੁਝ ਦਿਨਾਂ ਬਾਅਦ ਇਹ ਬਾਹਰ ਨਿਕਲੇ ਕਿਨਾਰੇ ਟੁੱਟ ਜਾਣਗੇ। ਇਸ ਗੱਲ ਦਾ ਵੀ ਧਿਆਨ ਰੱਖਣਾ ਚਾਹੀਦਾ ਹੈ ਕਿ ਨਥੀਆਂ ਬਹੁਤ ਜ਼ਿਆਦਾ ਭਾਰੀਆਂ ਨਾ ਹੋ ਜਾਣ ਕਿਉਂਕਿ ਜ਼ਿਆਦਾ ਭਾਰੀਆਂ ਨਥੀਆਂ ਚੁਕਣਾ ਰਖਣਾ ਮੁਸ਼ਕਿਲ ਹੋ ਜਾਂਦਾ ਹੈ। ਅਜਿਹੀਆਂ ਨਥੀਆਂ ਦੀਆਂ ਦੋ, ਤਿੰਨ ਜਾਂ ਜ਼ਿਆਦਾ ਅਲਗ ਅਲਗ ਨਥੀਆਂ ਬਣਾ ਲੈਣੀਆਂ ਚਾਹੀਦੀਆਂ ਹਨ ਅਤੇ ਉਨ੍ਹਾਂ ਨੂੰ ਲੜੀ ਨੰਬਰ ਦੇ ਕੇ ਉਨ੍ਹਾਂ ਦੇ ਸਮੇਂ ਦਾ ਸੰਕੇਤ ਵੱਖੋ-ਵੱਖ ਨਥੀਆਂ ਤੇ ਉਨ੍ਹਾਂ ਨਾਲ ਸਬੰਧਤ ਸੂਚੀ ਵਿਚ ਕਰ ਦੇਣਾ ਚਾਹੀਦਾ ਹੈ।

ਜਿਨ੍ਹਾਂ ਨਥੀਆਂ ਦਾ ਕੰਮ ਖਤਮ ਹੋ ਜਾਵੇ ਉਨ੍ਹਾਂ ਨੂੰ ਅਲਮਾਰੀ ਦੇ ਥੱਲੇ ਵਾਲੇ ਦਰਾਜਾਂ ਵਿਚ ਅਰਥਾਤ ਵਖਰੀ ਅਲਮਾਰੀ ਵਿਚ ਸੁਰੱਖਿਅਤ ਰੱਖ ਦੇਣਾ ਚਾਹੀਦਾ ਹੈ। ਨਥੀਆਂ ਨੂੰ ਜਲਦੀ ਜਲਦੀ ਨਸ਼ਟ ਨਹੀਂ ਕਰਨਾ ਚਾਹੀਦਾ। ਜੇਕਰ ਉਨ੍ਹਾਂ ਨਥੀਆਂ ਨੂੰ ਸਰੱਖਿਅਤ ਰਖਣ ਦੀ ਬਹੁਤ ਲੋੜ ਨਾ ਹੋਵੇ ਤਾਂ ਉਚਿਤ ਅਧਿਕਾਰੀ ਦੇ ਆਦੇਸ਼ ਨਾਲ ਹੀ ਉਨ੍ਹਾਂ ਨੂੰ ਨਸ਼ਟ ਕਰਨਾ ਚਾਹੀਦਾ ਹੈ। ਨਸ਼ਟ ਕੀਤੀਆਂ ਗਈਆਂ ਨਥੀਆਂ ਦਾ ਵੇਰਵਾ ਸੂਚੀ ਵਿਚ ਤਾਰੀਖ ਸਹਿਤ ਸਪਸ਼ਟ ਰੂਪ ਵਿਚ ਅੰਕਿਤ ਕਰਨਾ ਚਾਹੀਦਾ ਹੈ।

ਕਈ ਵਾਰ ਇਕ ਹੀ ਨਥੀ ਦੇ ਅੰਤਰਗਤ ਉਪ-ਵਿਭਾਗ ਰੱਖਣ ਦੀ ਵੀ ਆਵਸ਼ਕਤਾ ਹੁੰਦੀ ਹੈ। ਇਨ੍ਹਾਂ ਲਈ ਮੋਟੇ ਕਾਗਜ਼ ਦੇ ਫੋਲਡਰ ਠੀਕ ਹੁੰਦੇ ਹਨ। ਇਨ੍ਹਾਂ ਫੋਲਡਰਾਂ ਤੇ ਲੋੜੀਂਦੇ ਸਿਰਲੇਖ ਅੰਕਿਤ ਕਰਨੇ ਚਾਹੀਦੇ ਹਨ। ਨਥੀ ਵਿਚ ਉਨ੍ਹਾਂ ਨੂੰ ਕਾਲਕ੍ਰਮ ਦੇ ਅੱਖਰ ਕ੍ਰਮ ਅਨੁਸਾਰ ਵਿਵਸਥਿਤ ਰਖਣਾ ਚਾਹੀਦਾ ਹੈ। ਇਕ ਨਥੀ ਵਿਚ ਅਜਿਹੇ 8 ਜਾਂ 10 ਫੋਲਡਰ ਹੁੰਦੇ ਹਨ। ਇਸ ਤੋਂ ਜ਼ਿਆਦਾ ਵੰਡ ਕਰਨ ਲਈ ਨਵੀਆਂ ਨਥੀਆਂ ਦਾ ਉਪਯੋਗ ਜ਼ਰੂਰੀ ਹੁੰਦਾ ਹੈ।

ਕਈ ਵਾਰੀ ਨਥੀਆਂ ਨੂੰ ਸਾਂਭ ਕੇ ਰਖਣ ਲਈ ਜਗ੍ਹਾ ਵੀ ਘੱਟ ਹੁੰਦੀ ਹੈ। ਬਹੁਤ ਪੁਰਾਣੇ ਕਾਗਜ਼-ਪੱਤਰਾਂ ਨੂੰ ਸਾਂਭ ਕੇ ਰਖਣ ਦੀ ਜੇ ਬਹੁਤੀ ਲੋੜ ਨ ਹੋਵੇ ਤਾਂ ਉਨ੍ਹਾਂ ਦੀ ਮਾਈਕਰੋਫਿਲਮ ਕਾਪੀ (ਪ੍ਰਤੀ) ਤਿਆਰ ਕਰ ਲੈਣੀ ਚਾਹੀਦੀ ਹੈ। ਮਾਈਕਰੋਫ਼ਿਲਮ ਤਿਆਰ ਕਰਨ ਉਪਰੰਤ ਮੂਲ ਕਾਗਜ਼ ਪੱਤਰ ਨਸ਼ਟ ਕਰ ਦਿੱਤੇ ਜਾਂਦੇ ਹਨ। ਇਸ ਤਰ੍ਹਾਂ ਪੂਰੀ ਕੈਬਨਿਟ ਦੇ ਕਾਗਜ਼ ਪੱਤਰਾਂ ਦੀ ਮਾਈਕਰੋਫਿਲਮ ਨੂੰ ਇਕ-ਦੋ ਰੋਲਾਂ ਵਿਚ ਹੀ ਤਿਆਰ ਕੀਤਾ ਜਾ ਸਕਦਾ ਹੈ। ਇਸ ਮਾਈਕਰੋਫਿਲਮ ਦੀਆਂ ਕਾਪੀਆਂ ਨੂੰ ਪੜ੍ਹਨ ਲਈ ਇਕ ਰੀਡਰ ਨਾਮ ਦਾ ਵਿਸ਼ੇਸ਼ ਯੰਤਰ ਹੁੰਦਾ ਹੈ ਜਿਸ ਦੇ ਸ਼ੀਸ਼ੇ ਥੱਲੇ ਫਿਲਮ ਰੱਖ ਕੇ ਲਾਈਟ ਚਲਾ ਦੇਣ ਨਾਲ ਫ਼ਿਲਮ ਦੇ ਅੱਖਰ ਮੂਲ ਤੋਂ ਹੀ ਵੱਡੇ ਅਤੇ ਸਪਸ਼ਟ ਦਿਖਾਈ ਦਿੰਦੇ ਹਨ।

ਰੰਗੀਨ ਲੇਬਲ—ਵੱਡੇ ਵੱਡੇ ਦਫਤਰਾਂ ਵਿਚ ਜਿਥੇ ਕਈ ਨਥੀਆਂ ਨਾਲ ਕੰਮ ਹੁੰਦਾ ਹੈ ਅਤੇ ਹਰੇਕ ਨਥੀ ਵਿਚ ਅਨੇਕ ਕਾਗਜ਼ ਪੱਤਰ ਦੇਖਣੇ ਹੁੰਦੇ ਹਨ ਉਥੇ ਆਵਸ਼ਕਤਾ, ਤਤਕਾਲਿਕਤਾ ਆਦਿ ਭਿੰਨ ਭਿੰਨ ਜ਼ਰੂਰਤਾਂ ਦੇ ਬੋਧਿਕ ਕਈ ਤਰ੍ਹਾਂ ਦੇ ਰੰਗੀਨ ਲੇਬਲ ਦਾ ਉਪਯੋਗ ਕੀਤਾ ਜਾਂਦਾ ਹੈ। ਜ਼ਰੂਰਤ ਅਨੁਸਾਰ ਲੋੜੀਂਦਾ ਲੇਬਲ ਨਥੀ ਨਾਲ ਸਬੰਧਤ ਪੱਤਰ ਆਦਿ ਦੇ ਉਪਰ ਇਸ ਪ੍ਰਕਾਰ ਪਿੰਨ ਨਾਲ ਲਗਾ ਦਿੱਤਾ ਜਾਂਦਾ ਹੈ ਕਿ ਉਸ ਦਾ ਕੁਝ ਅੰਸ਼ ਨਥੀ ਦੇ ਬਾਹਰ ਨਿਕਲਿਆ ਰਹਿੰਦਾ ਹੈ ਅਤੇ ਦੇਖਦੇ ਹੀ ਪਤਾ ਲਗ ਜਾਂਦਾ ਹੈ ਕਿ ਨਥੀ ਵਿਚ ਕਿੰਨੇ ਕਾਗਜ਼ ਦੇਖਣੇ ਹਨ ਅਤੇ ਉਨ੍ਹਾਂ ਦੀ ਜ਼ਰੂਰਤ ਕਿੰਨੀ ਹੈ।

ਨਥੀਆਂ ਵਿਚੋਂ ਵਿਭਿੰਨ ਪ੍ਰਕਾਰ ਦੇ ਕਾਗਜ਼ ਪੱਤਰਾਂ ਨੂੰ ਕੱਢ ਕੇ ਹੋਰ ਕਿਸੇ ਜਗ੍ਹਾ ਤੇ ਭੇਜਣ ਦੀ ਲੋੜ ਪੈਂਦੀ ਰਹਿੰਦੀ ਹੈ। ਅਜਿਹਾ ਕਰਦੇ ਸਮੇਂ ਕੱਢੇ ਗਏ ਕਾਗਜ਼ ਜਾਂ ਨਥੀ ਦੇ ਸਥਾਨ ਤੇ ਇਕ ਕਾਗਜ਼ ਪਿੰਨ ਕਰ ਦੇਣਾ ਚਾਹੀਦਾ ਹੈ ਉਸ ਤੇ ਉਸ ਕਾਗਜ਼ ਜਾਂ ਨਥੀ ਦਾ ਪੂਰਾ ਵੇਰਵਾ ਅਤੇ ਉਹ ਕਿਥੇ, ਕਦੋਂ ਅਤੇ ਕਿਸ ਤਰ੍ਹਾਂ ਗਈ ਅਤੇ ਕਦੋਂ ਵਾਪਸ ਆਏਗੀ ਆਦਿ ਜ਼ਰੂਰੀ ਵਿਵਰਣ ਅੰਕਿਤ ਕਰ ਦੇਣਾ ਚਾਹੀਦਾ ਹੈ। ਅਜਿਹੀਆਂ ਚਿੱਟਾਂ ਲਈ ਰੰਗੀਨ ਲੇਬਲਾਂ ਜਾਂ ਕਾਰਡਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ ਤੇ ਨਿਸ਼ਚਤ ਸਮੇਂ ਦੇ ਨਾਲ ਨਾਲ ਇਨ੍ਹਾਂ ਲੇਬਲਾਂ ਜਾਂ ਕਾਰਡਾਂ ਦੀ ਛਾਣਬੀਣ ਕਰਦੇ ਰਹਿਣਾ ਚਾਹੀਦਾ ਹੈ।

ਕੁਝ ਸਮੇਂ ਬਾਅਦ ਛਾਂਟੀ—ਹਰੇਕ ਦਫਤਰ ਵਿਚ ਸਮੇਂ ਸਮੇਂ ਤੇ ਕਾਗਜ਼ ਪੱਤਰਾਂ ਨੂੰ ਛਾਂਟ ਕੇ ਅਣਅਵਸ਼ਕ ਕਾਗਜ਼ ਪੱਤਰ ਜਾਂ ਅੱਗੇ ਜਿਨ੍ਹਾਂ ਦੀ ਜ਼ਰੂਰਤ ਨਹੀਂ ਹੈ ਨੂੰ ਨਸ਼ਟ ਕਰ ਦੇਣ ਦੀ ਪ੍ਰਥਾ ਪ੍ਰਚਲਿਤ ਹੈ। ਆਵਸ਼ਕਤਾ ਅਨੁਸਾਰ ਅਜਿਹੀ ਛਾਂਟੀ ਲਈ ਕੁਝ ਸਮਾਂ ਨਿਰਧਾਰਤ ਕਰ ਲਿਆ ਜਾਂਦਾ ਹੈ। ਕਈ ਦਫਤਰਾਂ ਵਿਚ ਅਜਿਹੀ ਛਾਂਟੀ ਇਕ ਤੋਂ ਜ਼ਿਆਦਾ ਵਾਰ ਵੀ ਕੀਤੀ ਜਾਂਦੀ ਹੈ ਅਰਥਾਤ ਕੁਝ ਕਾਗਜ਼ਾਂ ਦੀ ਛਾਂਟੀ ਪ੍ਰਤੀ ਸਾਲ, ਕੁਝ ਦੀ ਹਰੇਕ ਤੀਸਰੇ ਸਾਲ ਅਤੇ ਕੁਝ ਦੀ ਪੰਜ ਸਾਲ ਬਾਅਦ ਕੀਤੀ ਜਾਂਦੀ ਹੈ। ਸਥਾਈ ਰਿਕਾਰਡ ਸੁਰੱਖਿਅਤ ਰਖੇ ਜਾਂਦੇ ਹਨ। ਉਨ੍ਹਾਂ ਦਾ ਕੋਈ ਅੰਸ਼ ਕਦੇ ਵੀ ਨਸ਼ਟ ਨਹੀਂ ਕੀਤਾ ਜਾਂਦਾ।

ਰਿਕਾਰਡਾਂ ਦੀ ਸੁਰੱਖਿਆ ਲਈ ਕਈ ਕੰਪਨੀਆਂ ਦੁਆਰਾ ਅਲੱਗ ਅਲੱਗ ਢੰਗ ਦੀਆਂ ਨਥੀਆਂ, ਉਨਾਂ ਨੂੰ ਰੱਖਣ ਲਈ ਕੈਬਨਿਟ, ਕਾਰਡ ਆਦਿ ਬਾਜ਼ਾਰ ਵਿਚ ਮਿਲਦੇ ਹਨ। ਨਥੀਆਂ ਲਈ ਨਿਮਨ ਲਿਖਿਤ ਚਾਰ ਸ਼੍ਰੇਣੀਆਂ ਮੁੱਖ ਰੂਪ ਵਿਚ ਪ੍ਰਚਲਿਤ ਹਨ।

ਖੜੀ ਨਥੀਆਂ—ਨਥੀਆਂ ਨੂੰ ਇਕ ਦੇ ਉਪਰ ਦੂਜੀ ਰੱਖਣ ਦੀ ਥਾਂ ਖੜ੍ਹੇ ਰੁਖ ਇਕ ਤੋਂ ਬਾਅਦ ਇਕ ਰਖਣਾ ਸੁਵਿਧਾਜਨਕ ਹੁੰਦਾ ਹੈ। ਆਮ ਤੌਰ ਤੇ ਇਨ੍ਹਾਂ ਦਾ ਸਾਈਜ਼ 8″ × 14″ ਹੁੰਦਾ ਹੈ। ਇਨ੍ਹਾਂ ਨਥੀਆਂ ਤੋਂ ਇਲਾਵਾ 3″ × 5″ ਸਾਈਜ਼ ਦੇ ਇੰਡੈਕਸ ਕਾਰਡ ਤਕ ਖੜ੍ਹੇ ਬਲ ਰੱਖਣ ਲਈ ਦਰਾਜ਼ਾਂ ਵਾਲੇ ਫਾਈਲਿੰਗ ਕੈਬਨਿਟ ਬਾਜ਼ਾਰ ਵਿਚ ਉਪਲੱਬਧ ਹਨ।

ਦਿਸਣ ਵਾਲੀਆਂ ਨਥੀਆਂ (Visible files)—ਇਹ ਵਿਵਸਥਾ ਜਿਲਦ ਵਿਚ ਬੰਨ੍ਹੇ ਜਾਂ ਖੁਲ੍ਹੇ ਕਾਰਡਾਂ ਜਾਂ ਖੁਲ੍ਹੇ ਕਾਗਜ਼ਾਂ ਲਈ ਹੁੰਦੀ ਹੈ। ਕਾਰਡ ਜਾਂ ਪੱਤਰ ਜਿਲਦਾਂ ਵਿਚ ਰੱਖਣ ਤੋਂ ਇਲਾਵਾ ਚਕਰਾਧਾਰ ਨਥੀਆਂ (rotary files) ਵਿਚ ਜਾਂ ਤਾਰ, ਸੈਟੀ ਦੀ ਸਹਾਇਤਾ ਨਾਲ ਕੈਬਿਨਟ ਦੇ ਦਰਾਜ਼ਾਂ ਵਿਚ ਵੀ ਸੁਵਿਧਾਪੂਰਵਕ ਰਖੇ ਜਾ ਸਕਦੇ ਹਨ। ਇਨ੍ਹਾਂ ਕਾਰਡਾਂ ਜਾਂ ਪੱਤਰਾਂ ਦਾ ਥੋੜ੍ਹਾ ਜਿਹਾ ਅੰਸ਼ ਦਿਖਦਾ ਰਹਿੰਦਾ ਹੈ ਜਿਸ ਨਾਲ ਲੋੜੀਂਦਾ ਕਾਰਡ ਤੁਰੰਤ ਕਾਰਵਾਈ ਲਈ ਸਾਹਮਣੇ ਆ ਜਾਂਦਾ ਹੈ।

ਚੱਕਰਾਧਾਰ ਨਥੀਆਂ (Rotary files)—ਇਨ੍ਹਾਂ ਵਿਚ ਰਿਕਾਰਡ ਕਾਰਡਾਂ ਤੇ ਲਿਖੇ ਰਹਿੰਦੇ ਹਨ ਅਤੇ ਇਹ ਕਾਰਡ ਚਾਰੇ ਪਾਸੇ ਘੁੰਮ ਸਕਣ ਵਾਲੇ ਇਕ ਚੱਕਰ ਜਾ ਪਹੀਏ ਵਿਚ ਫਸੇ ਰਹਿੰਦੇ ਹਨ। ਚੱਕਰ ਹੱਥ ਨਾਲ ਘੁਮਾ ਕੇ ਇੱਛਤ ਕਾਰਡ ਸਰਲਤਾ ਅਤੇ ਸੁਵਿਧਾਪੂਰਵਕ ਦੇਖਿਆ ਜਾ ਸਕਦਾ ਹੈ। ਵੱਡੇ ਵੱਡੇ ਚੱਕਰਾਂ ਨੂੰ ਘੁਮਾਉਣ ਲਈ ਇਨ੍ਹਾਂ ਨਥੀਆਂ ਵਿਚ ਯਾਂਤਰਿਕ ਵਿਵਸਥਾ ਰਹਿੰਦੀ ਹੈ ਜਿਨ੍ਹਾਂ ਦਾ ਸੰਚਾਰ ਬਿਜਲੀ ਦੀ ਮੋਟਰ ਦੁਆਰਾ ਹੁੰਦਾ ਹੈ। 100-200 ਤੋਂ ਲੈ ਕੇ ਕਈ ਹਜ਼ਾਰ ਕਾਰਡਾਂ ਦੀਆਂ ਅਜਿਹੀਆਂ ਨਥੀਆਂ ਉਪਲੱਬਧ ਹਨ।

ਮਾਈਕਰੋਫਿਲਮ—ਜਿਨ੍ਹਾਂ ਥਾਵਾਂ ਅਰਥਾਤ ਦਫ਼ਤਰਾਂ ਵਿਚ ਰਿਕਾਰਡ ਆਦਿ ਰਖਣ ਲਈ ਜਗਾ ਘੱਟ ਹੁੰਦੀ ਹੈ ਉਥੇ ਨਥੀਆਂ ਦੀ ਮਾਈਕਰੋਫਿਲਮ ਤਿਆਰ ਕਰ ਲਈ ਜਾਂਦੀ ਹੈ। ਮਾਈਕਰੋਫਿਲਮ ਦੀ ਚੌੜਾਈ 35 ਮਿਲੀਮੀਟਰ (ਲਗਭਗ 1") ਹੁੰਦੀ ਹੈ।

ਸਮੁੱਚੇ ਰੂਪ ਵਿਚ ਨਥੀਆਂ ਦਾ ਮੂਲਭੂਤ ਕਾਰਜ ਕਾਗਜ਼ ਪੱਤਰ ਸੁਰੱਖਿਅਤ ਰਖਣਾ ਅਤੇ ਕੰਮ ਹੋ ਜਾਣ ਤੇ ਉਨ੍ਹਾਂ ਨੂੰ ਸੁਵਿਧਾਪੂਰਵਕ ਅਤੇ ਸਰਲਤਾਪੂਰਵਕ ਪ੍ਰਾਪਤ ਕਰਨਾ ਹੈ। ਸਹੀ ਵਰਗੀਕਰਣ, ਵੰਡ ਆਦਿ ਇਸੇ ਉਦੇਸ਼ ਨਾਲ ਵਿਕਸਿਤ ਹੁੰਦੇ ਹਨ।

ਹ.ਪੁ.—ਹਿੰ. ਵਿ. ਕੋ. 6 : 225

ਨੰਦ : ਇਹ ਉੱਤਰ ਪ੍ਰਦੇਸ਼ ਦੇ ਮਥਰਾ ਜ਼ਿਲ੍ਹੇ ਵਿਚ ਗੋਕੁਲ ਦੇ ਗਵਾਲਿਆਂ ਦਾ ਮੁੱਖੀ ਅਤੇ ਯਸ਼ੋਦਾ ਦਾ ਪਤੀ ਸੀ, ਜਿਸ ਨੇ ਸ਼੍ਰੀ ਕ੍ਰਿਸ਼ਨ ਜੀ ਦੀ ਪਿਤਾ ਦੇ ਤੌਰ ਤੇ ਪਾਲਣਾ ਪੋਸਣਾ ਕੀਤੀ ਸੀ। ਇਸ ਦੀ ਮਾਤਾ ਦਾ ਨਾਂ ਵਰੀਯਸੀ ਅਤੇ ਪਿਤਾ ਦਾ ਨਾਂ ਪਰਜਨਯ ਸੀ। ਕੰਸ ਤੋਂ ਬਚਾਉਣ ਲਈ ਇਸ ਨੇ ਵਾਸੁਦੇਵ ਤੋਂ ਨਵਜਨਮੇ ਸ਼੍ਰੀ ਕ੍ਰਿਸ਼ਨ ਨੂੰ ਲੈ ਕੇ ਆਪਣੀ ਨਵੀਂ ਜਨਮੀ ਧੀ ਮਹਾਮਾਯਾ ਉਸ ਨੂੰ ਦੇ ਦਿੱਤੀ ਸੀ। ਮਗਰੋਂ ਜਿਸ ਦਿਨ ਸ਼੍ਰੀ ਕ੍ਰਿਸ਼ਨ ਗੋਕੁਲ ਛੱਡ ਕੇ ਗਏ ਉਸ ਦਿਨ ਤੋਂ ਹੀ ਨੰਦ ਦਾ ਜੀਵਨ ਦੁੱਖਾਂ ਨਾਲ ਭਰ ਗਿਆ।

ਇਕ ਵਾਰੀ ਇਕਾਦਸ਼ੀ ਦੇ ਵਰਤ ਕਰਕੇ ਨੰਦ ਜਮਨਾ ਵਿਚ ਇਸ਼ਨਾਨ ਕਰ ਰਿਹਾ ਸੀ। ਉਥੋਂ ਹੀ ਵਰੁਣ ਦੇ ਦੂਤ ਇਸ ਨੂੰ ਵਰੁਣ ਦੀ ਸਭਾ ਵਿਚ ਲੈ ਗਏ। ਸ਼੍ਰੀ ਕ੍ਰਿਸ਼ਨ ਨੇ ਨੰਦ ਨੂੰ ਉਥੋਂ ਛੁਡਾਇਆ ਸੀ। ਉਸ ਦਿਨ ਤੋਂ ਹੀ ਜਿਸ ਘਾਟ ਤੇ ਨੰਦ ਨੇ ਇਸ਼ਨਾਨ ਕੀਤਾ ਸੀ ਉਸ ਦਾ ਨਾਂ 'ਨੰਦ ਘਾਟ' ਪੈ ਗਿਆ।

ਹ.ਪੁ.—ਚ.ਕੋ. 234; ਮ.ਕੋ. 722.

ਨੰਦਗਾਉਂ : ਰਿਆਸਤ—ਇਹ ਕੇਂਦਰੀ ਪ੍ਰਾਂਤਾਂ 'ਚ ਸਥਿਤ ਭਾਰਤ ਦੀਆਂ ਸਾਬਕਾ ਦੇਸੀ ਰਿਆਸਤਾਂ ਵਿਚੋਂ ਇਕ ਅਧੀਨ ਰਿਆਸਤ ਹੁੰਦੀ ਸੀ। ਇਸ ਦਾ ਖੇਤਰਫਲ 1,402 ਵ.ਕਿ.ਮੀ. ਸੀ। ਇਸ ਰਿਆਸਤ ਦੇ ਮੁੱਖ ਇਲਾਕੇ 'ਚ ਨੰਦਗਾਉਂ ਅਤੇ ਡੋਂਗਰਗਾਉਂ ਪਰਗਣੇ ਸ਼ਾਮਲ ਸਨ। ਇਹ ਇਲਾਕਾ ਖ਼ੈਰਾਗੜ੍ਹ ਦੇ ਦੱਖਣ ਵਿਚ ਪੈਂਦੇ ਚਾਂਦਾ ਅਤੇ ਦੁਰਗ ਜ਼ਿਲ੍ਹਿਆਂ ਵਿਚਕਾਰ ਸਥਿਤ ਸੀ ਪਰੰਤੂ ਇਸ ਦੇ ਉੱਤਰ ਵਿਚ ਪੰਡਾਦੇਹ, ਪੱਟਾ ਅਤੇ ਮੋਹਗਾਉਂ ਤੇ ਤਿੰਨ ਵੱਖਰੇ-ਵੱਖਰੇ ਬਲਾਕ ਸਨ ਜਿਹੜੇ ਕਿ ਖ਼ੈਰਾਗੜ੍ਹ ਛੂਈਖਾਦਾਨ ਰਿਆਸਤਾਂ ਅਤੇ ਦੁਰਗ ਜ਼ਿਲ੍ਹੇ ਦੇ ਕੁਝ ਹਿੱਸਿਆਂ ਦੁਆਰਾ ਮੁੱਖ ਇਲਾਕੇ ਨਾਲੋਂ ਵੱਖ ਹੋ ਜਾਂਦੇ ਸਨ। ਬੰਗਾਲ-ਨਾਗਪੁਰ ਰੇਲਵੇ ਲਾਈਨ ਉੱਤੇ ਸਥਿਤ ਰਾਜ ਨੰਦਗਾਉਂ ਸਟੇਸ਼ਨ ਇਸ ਦੀ ਰਾਜਧਾਨੀ ਸੀ।

ਇਸ ਰਿਆਸਤ ਉੱਤੇ ਬੈਰਾਗੀ ਜਾਤ ਦੇ ਇਕ ਸ਼ਾਸ਼ਕ ਖ਼ਾਨਦਾਨ ਦਾ ਰਾਜ ਹੁੰਦਾ ਸੀ ਜਿਹੜਾ ਕਿ ਬ੍ਰਹਮਚਾਰੀ ਜੀਵਨ ਨੂੰ ਕਾਇਮ ਰੱਖਦਾ ਸੀ। ਸੰਪ੍ਰਦਾ ਅਨੁਸਾਰ ਉੱਤਰਾਧਿਕਾਰੀ ਮਹੰਤ ਦੁਆਰਾ ਗੋਦ ਲਏ ਚੇਲੇ ਨੂੰ ਸੌਂਪ ਦਿੱਤਾ ਜਾਂਦਾ ਸੀ। ਸਭ ਤੋਂ ਪਹਿਲਾਂ ਮਹੰਤ ਅਠਾਰ੍ਹਵੀਂ ਸਦੀ ਵਿਚ ਪੰਜਾਬ ਤੋਂ ਇਥੇ ਆਇਆ ਜਿਸ ਨੇ ਮਰਾਠਾ ਗਵਰਨਰ, ਬਿੰਬਾਜੀ ਭੌਂਸਲੇ ਦੀ ਮਨਜ਼ੂਰੀ ਨਾਲ ਰਤਨਪੁਰ ਵਿਚ ਸ਼ਾਹੂਕਾਰੀ ਦਾ ਕੰਮ ਸ਼ੁਰੂ ਕੀਤਾ। ਉਸ ਦੇ ਉੱਤਰਾਧਿਕਾਰੀਆਂ ਨੇ ਕਰਜ਼ੇ ਦੀ ਅਦਾਇਗੀ ਦੇ ਸਬੰਧ ਵਿਚ ਗੌਂਡ ਅਤੇ ਮੁਸਲਿਮ ਜ਼ਿੰਮੀਦਾਰਾਂ ਤੋਂ ਪੰਡਾਦੇਹ ਅਤੇ ਨੰਦਗਾਉਂ ਦੇ ਪਰਗਣੇ ਪ੍ਰਾਪਤ ਕੀਤੇ। ਨਾਗਪੁਰ ਦੇ ਰਾਜੇ ਨੇ ਪੰਜਵੇਂ ਮਹੰਤ ਨੂੰ ਮੋਹਗਾਉਂ ਦਾ ਇਲਾਕਾ ਪ੍ਰਦਾਨ ਕਰਕੇ ਉਸ ਨੂੰ ਜ਼ਿੰਮੀਦਾਰ ਦਾ ਦਰਜਾ ਦੇ ਦਿੱਤਾ। ਡੋਂਗਰਗਾਉਂ ਵੀ ਉਸੇ ਜ਼ਿੰਮੀਦਾਰ ਦੇ ਇਲਾਕੇ ਦਾ ਹਿੱਸਾ ਸੀ। ਇਸੇ ਜ਼ਿੰਮੀਦਾਰ ਨੇ ਭੌਂਸਲਿਆਂ ਦੇ ਵਿਰੁੱਧ ਬਗਾਵਤ ਕੀਤੀ ਅਤੇ ਬਗ਼ਾਵਤ ਨੂੰ ਕੁਚਲਣ ਦੇ ਇਨਾਮ ਵਜੋਂ ਉਸਦੀ ਜਾਗੀਰ ਨੂੰ ਨੰਦਗਾਉਂ ਅਤੇ ਖ਼ੈਰਾਗੜ੍ਹ ਦੇ ਮੁਖੀਆਂ ਵਿਚਕਾਰ ਵੰਡ ਦਿੱਤਾ। ਸੰਨ 1865 ਵਿਚ ਨੰਦਗਾਉਂ ਇਕ ਅਧੀਨ ਰਿਆਸਤ ਬਣ ਗਈ। ਘਾਸੀਦਾਸ ਇਸ ਦਾ ਸੱਤਵਾਂ ਮਹੰਤ ਬਣਿਆ। ਇਸ ਦਾ ਇਕ ਪੁੱਤਰ ਸੀ ਅਤੇ 1879 ਈ. ਵਿਚ ਭਾਰਤ ਸਰਕਾਰ ਨੇ ਉਸ ਨੂੰ ਸੂਚਿਤ ਕੀਤਾ ਕਿ ਉਸ ਦਾ ਪੁੱਤਰ ਹੀ ਉਸ ਦਾ ਉੱਤਰਾਧਿਕਾਰੀ ਹੋਵੇਗਾ। ਇਹੀ ਲੜਕਾ ਪਿੱਛੋਂ ਰਾਜਾ ਬਹਾਦਰ ਮਹੰਤ ਬਲਰਾਮ ਦਾਸ ਬਣਿਆ ਅਤੇ 1891 ਈ. ਵਿਚ ਸਰਕਾਰ ਨੇ ਉਸ ਨੂੰ ਇਸ ਸ਼ਰਤ ਤੇ ਉੱਤਰਾਧਿਕਾਰੀ ਸਥਾਪਿਤ ਕੀਤਾ ਕਿ ਉਹ ਸਰਕਾਰ ਦੁਆਰਾ ਨਿਯੁਕਤ ਕੀਤੇ ਇਕ ਦੀਵਾਨ ਦੀ ਸਲਾਹ ਨਾਲ ਪ੍ਰਸ਼ਾਸਨ ਨੂੰ ਚਲਾਵੇਗਾ। ਸੰਨ 1893 ਵਿਚ ਉਸ ਨੂੰ ਰਾਜਾ ਬਹਾਦਰ ਦਾ ਖ਼ਿਤਾਬ ਪ੍ਰਦਾਨ ਕੀਤਾ ਗਿਆ। ਜਦੋਂ 1897 ਈ. ਵਿਚ ਉਸ ਦੀ ਮੌਤ ਹੋਈ ਤਾਂ ਉਹ ਪਿੱਛੇ ਆਪਣਾ ਚਾਰ ਸਾਲ ਦਾ ਗੋਦ ਲਿਆ ਪੁੱਤਰ ਛੱਡ ਗਿਆ ਜਿਹੜਾ ਕਿ ਉਸ ਦਾ ਵਾਰਸ ਬਣਿਆ। ਉਸ ਦੀ ਨਾਬਾਲਗ ਅਵਸਥਾ ਸਮੇਂ ਇਸ ਰਿਆਸਤ ਦਾ ਸਾਰਾ ਪ੍ਰਬੰਧ ਸਰਕਾਰ ਚਲਾਉਂਦੀ ਸੀ ਅਤੇ ਪ੍ਰਸ਼ਾਸਨ ਦਾ ਸਾਰਾ ਕੰਟਰੋਲ ਇਕ ਰਾਜਨੀਤਿਕ ਏਜੰਟ ਕਰਦਾ ਸੀ ਜਿਹੜਾ ਕਿ ਛਤੀਸਗੜ੍ਹ ਡਵੀਜ਼ਨ ਤੇ ਕਮਿਸ਼ਨਰ ਦੇ ਅਧੀਨ ਸੀ। ਇਸ ਰਿਆਸਤ ਵਿਚ ਰਾਜ ਨੰਦਗਾਉਂ ਸ਼ਹਿਰ ਅਤੇ 515 ਪਿੰਡ ਸਨ।

ਹ.ਪੁ.—ਇੰਪ. ਗ. ਇੰਡ. 18 : 356

ਨੰਦ ਚੰਦ : ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀਆਂ ਵਿਚੋਂ ਇਕ ਕਵੀ ਸੀ ਜਿਹੜਾ ਡਰੌਲੀ ਪਿੰਡ ਦੇ ਵਾਸੀ ਉਮਰ ਸ਼ਾਹ ਦਾ ਪੋਤਾ ਸੀ। ਇਹ ਗੁਰੂ ਸਾਹਿਬ ਦੇ ਦਰਬਾਰ ਵਿਚ ਵੀ ਰਿਹਾ। ਇਕ ਚੰਗਾ ਕਵੀ ਹੋਣ ਦੇ ਨਾਲ ਨਾਲ ਇਹ ਯੁੱਧ ਕਲਾ ਵਿਚ ਵੀ ਬਹੁਤ ਮਾਹਰ ਸੀ ਅਤੇ ਇਸ ਨੇ ਭੰਗਾਣੀ ਦੇ ਯੁੱਧ ਵਿਚ ਗੁਰੂ ਜੀ ਦੀ ਫ਼ੌਜ ਵਿਚ ਬਹੁਤ ਵਧੀਆ ਜੌਹਰ ਦਿਖਾਏ। ਇਸ ਦਾ ਜ਼ਿਕਰ ਗੁਰੂ ਜੀ ਨੇ ਬਚਿੱਤਰ ਨਾਟਕ ਦੇ ਅਠਵੇਂ ਅਧਿਆਇ ਵਿਚ ਕੀਤਾ ਹੈ :

ਤਹਾਂ ਨੰਦਚੰਦ ਕੀਯੋ ਕੋਪੁ ਭਾਰੋ॥
ਲਗਾਈ ਬਰੱਛੀ ਕ੍ਰਿਪਾਣੰ ਸੰਭਾਰੋ॥
ਤੁਟੀ ਤੇਗ ਤ੍ਰਿੱਖੀ ਕਢੇ ਜੰਮਦੱਢੰ॥
ਹਠੀ ਰਾਖਯੰ ਲੱਜ ਬੰਸੰ ਸਨੱਢੰ॥"

ਨੰਦ ਚੰਦ ਸੂਝਵਾਨ ਸ਼ਰਧਾਲੂ ਸਿੱਖ ਹੋਣ ਦੇ ਨਾਤੇ ਗੁਰੂ ਜੀ ਇਸ ਨੂੰ ਪਹਾੜੀ ਰਾਜਿਆਂ ਨਾਲ ਗੱਲਬਾਤ ਕਰਨ ਲਈ ਵੀ ਭੇਜਿਆ ਕਰਦੇ ਸਨ। ਅਜਿਹੇ ਕੰਮ ਇਹ ਸਫ਼ਲਤਾਪੂਰਵਕ ਨਿਭਾਉਂਦਾ ਸੀ। ਗੁਰੂ ਜੀ ਦੇ ਸਿਆਣੇ ਦੂਤ ਵਜੋਂ ਵੀ ਦਰਬਾਰ ਵਿਚ ਇਸ ਨੂੰ ਸਨਮਾਨ ਪ੍ਰਾਪਤ ਸੀ। ਹੋਰ ਦਰਬਾਰੀ ਕਵੀਆਂ ਦੀਆਂ ਰਚਨਾਵਾਂ ਦੀਆਂ ਪੁਸਤਕਾਂ/ਗ੍ਰੰਥਾਂ ਵਿਚ ਇਸ ਦੀਆਂ ਵੀ ਰਚਨਾਵਾਂ ਮਿਲਦੀਆਂ ਹਨ ਪਰ ਸੁਤੰਤਰ ਤੌਰ ਤੇ ਇਸ ਦੀ ਕੋਈ ਰਚਨਾ ਉਪਲੱਬਧ ਨਹੀਂ ਹੈ।

ਇਕ ਵਾਰ ਉਦਾਸੀ ਸਾਧੂ ਉਸ ਵੇਲੇ ਦੀ ਪਰੰਪਰਾ ਅਨੁਸਾਰ ਗ੍ਰੰਥ ਸਾਹਿਬ ਲਿਖ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਦਸਤਖਤਾਂ ਲਈ ਅਨੰਦਪੁਰ ਆਏ। ਨੰਦ ਚੰਦ ਨੇ ਇਹ ਕਾਪੀ ਆਪਣੇ ਘਰ ਰੱਖ ਲਈ ਅਤੇ ਉਦਾਸੀਆਂ ਨੂੰ ਵਾਪਸ ਕਰਨੋਂ ਇਨਕਾਰ ਕਰ ਦਿੱਤਾ। ਉਦਾਸੀ ਸਾਧੂਆਂ ਨੇ ਗੁਰੂ ਜੀ ਪਾਸ ਸ਼ਿਕਾਇਤ ਕੀਤੀ ਜਦੋਂ ਨੰਦ ਚੰਦ ਨੂੰ ਪਤਾ ਲੱਗਾ ਤਾਂ ਉਹ ਅਨੰਦਪੁਰ ਤੋਂ ਚੋਰੀ ਭੱਜ ਕੇ ਧੀਰਮੱਲ ਕੋਲ ਕਰਤਾਰਪੁਰ ਚਲਾ ਗਿਆ। ਉਥੇ ਉਸ ਨੂੰ ਗੁਰੂ ਜੀ ਦਾ ਜਾਸੂਸ ਸਮਝ ਕੇ ਮਰਵਾ ਦਿੱਤਾ। ਨੰਦ ਚੰਦ ਦਾ ਸਸਕਾਰ ਕਾਲੇ ਸੰਙੇ ਕੀਤਾ ਗਿਆ। ਉਦਾਸੀ ਸਾਧੂਆਂ ਦੀ ਲਿਖੀ ਹੋਈ ਇਹ ਬੀੜ ਹੁਣ ਡਰੌਲੀ ਵਿਖੇ ਸਾਂਭੀ ਹੋਈ ਹੈ।

ਹ.ਪੁ.—ਗੁਰੂ ਗੋਬਿੰਦ ਸਿੰਘ ਦੀ ਦੇ ਦਰਬਾਰੀ ਰਤਨ : 229 ; ਮ.ਕੋ.

ਨੰਦ ਦਾਸ : ਹਿੰਦੀ ਦਾ ਇਹ ਕਵੀ ਪਿੰਡ ਰਾਮਪੁਰ ਦੇ ਬ੍ਰਾਹਮਣ ਅਤੇ ਗੁਸਾਈਂ ਬਿੱਠਲ ਲਾਲ ਦਾ ਸ਼ਾਗਿਰਦ ਸੀ। ਭਾਵੇਂ ਕਿ ਉਸ ਦੇ ਜਨਮ, ਸੰਮਤ, ਵੰਸ਼ ਆਦਿ ਬਾਰੇ ਬਹੁਤਾ ਪਤਾ ਨਹੀਂ ਲਗਦਾ ਪਰੰਤੂ ਫਿਰ ਵੀ ਸੰਮਤ 1660 ਵਿਚ ਪ੍ਰਕਾਸ਼ਿਤ ਸੁਕਵੀ-ਸਰੋਜ ਅਨੁਸਾਰ ਈਟਾ ਜ਼ਿਲ੍ਹੇ ਅਧੀਨ ਸੋਰੋਂ ਦੇ ਕੋਲ ਰਾਮਪੁਰ ਪਿੰਡ ਵਿਚ ਇਸ ਦਾ ਜਨਮ ਹੋਇਆ ਮੰਨਿਆ ਜਾਂਦਾ ਹੈ। ਨੰਦ ਦਾਸ ਦੀ ਕਥਾ 252 ਵੈਸ਼ਣਵਾਂ ਵਿਚ ਆਈ ਹੈ। ਇਹ 16ਵੀਂ ਸਦੀ ਦੇ ਸ਼ੁਰੂ ਵਿਚ ਵਿਦਮਾਨ ਸੀ। ਸੂਰਦਾਸ ਤੋਂ ਬਾਅਦ ਅਸ਼ਟਛਾਪ ਦੇ ਕਵੀਆਂ ਵਿਚ ਇਸ ਦੀ ਗਿਣਤੀ ਹੁੰਦੀ ਹੈ। ਕ੍ਰਿਸ਼ਨ ਭਗਤੀ ਸਾਹਿਤ ਵਿਚ ਇਸ ਦਾ ਸਥਾਨ ਬਹੁਤ ਉੱਚਾ ਹੈ। ਇਸ ਨੂੰ ਬ੍ਰਜਕੋਇਲ ਜਾਂ ਬ੍ਰਜ ਭਾਸ਼ਾ ਦਾ ਜੈਦੇਵ ਵੀ ਕਿਹਾ ਜਾਂਦਾ ਹੈ।

ਨੰਦ ਦਾਸ ਦੀਆਂ ਰਚਨਾਵਾਂ ਵਿਚ ਜ਼ਿਆਦਾ ਪ੍ਰਸਿੱਧ ਰਚਨਾਵਾਂ ਰਾਸ ਪੰਜ ਅਧਿਆਈ ਅਤੇ ਭ੍ਰਮਰ ਗੀਤ ਹਨ, ਭਾਵੇਂ ਕਿ ਇਹ ਰਚਨਾਵਾਂ ਭਾਗਵਤ ਦੀ ਛਾਇਆ ਲੈ ਕੇ ਰਚੀਆਂ ਗਈਆਂ ਹਨ ਪਰੰਤੂ ਫਿਰ ਵੀ ਇਨ੍ਹਾਂ ਦੀ ਆਪਣੀ ਮੌਲਿਕਤਾ ਸਪੱਸ਼ਟ ਦਿਸਦੀ ਹੈ। ਹੋਰ ਕਵੀਆਂ ਦੇ ਭ੍ਰਮਰ ਗੀਤਾਂ ਨਾਲੋਂ ਨੰਦ ਦਾਸ ਦੇ ਭ੍ਰਮਰ ਗੀਤ ਅਨੂਠੇ ਹਨ। ਇਨ੍ਹਾਂ ਦੋਹਾਂ ਰਚਨਾਵਾਂ ਵਿਚ ਸ਼ਿੰਗਾਰ ਅਤੇ ਕਰੁਣਾ ਰਸ ਭਰਿਆ ਹੋਇਆ ਹੈ। ਉਕਤ ਤੋਂ ਇਲਾਵਾ ਕਾਸ਼ੀ ਪ੍ਰਚਾਰਣੀ ਸਭਾ ਦੁਆਰਾ ਪ੍ਰਕਾਸ਼ਿਤ ਖੋਜ ਦੀ ਰਿਪੋਰਟ ਤੋਂ ਨੰਦ ਦਾਸ ਦੇ ਰਚੇ ਇਨ੍ਹਾਂ 13 ਗ੍ਰੰਥਾਂ ਦਾ ਪਤਾ ਲਗਦਾ ਹੈ—ਅਨੇਕਾਰਥਮੰਜਰੀ ਨਾਮ ਮਾਲਾ, ਨਾਮਕੇਤੂ ਪੁਰਾਣ ਭਾਸ਼ਾਂ, ਦਸ਼ਮਸਕੰਧ, ਭਾਗਵਤ, ਨਾਮ ਮੰਜਰੀ, ਰਸ ਮੰਜਰੀ, ਰੂਪ ਮੰਜਰੀ, ਬਿਰਹਾ ਮੰਜਰੀ, ਨਾਮ ਚਿੰਤਾਮਣੀ ਮਾਲ਼ਾ, ਜੋਗਲੀਲਾ, ਸ਼ਿਆਮ ਸਗਾਈ, ਦਾਨ ਲੀਲਾ, ਮਾਨ ਲੀਲਾ ਅਤੇ ਰੁਕਮਣੀ ਮੰਗਲ ਆਦਿ। ਇਸ ਤੋਂ ਇਲਾਵਾ ਇਸ ਦੇ ਬਹੁਤ ਸਾਰੇ ਦੋਹੇ ਵੀ ਮਿਲਦੇ ਹਨ। ਸੁਦਾਮਾ ਚਰਿਤ੍ਰ, ਪ੍ਰੰਬੋਧ ਚੰਦਰੋਦਯ ਨਾਟਕ, ਗੋਵਰਧਨ ਲੀਲਾ, ਰਾਸ ਮੰਜਰੀ, ਗਿਆਨ ਮੰਜਰੀ, ਵਿਗਿਆਨਾਰਥ ਪ੍ਰਕਾਸ਼ਿਕਾ ਅਤੇ ਹਿਤੋਪਦੇਸ਼ ਵੀ ਨੰਦ ਦਾਸ ਦੀਆਂ ਲਿਖੀਆਂ ਹੋਈਆਂ ਹਨ।

ਹ.ਪੁ.—ਹਿੰ. ਵਿ. ਕੋ. 6 : 215; ਚ.ਕੋ. : 235

ਨੰਦ ਰਾਮ : ਇਹ ਗੁਰੂ ਗੋਬਿੰਦ ਸਿੰਘ ਜੀ ਦਾ ਦਰਬਾਰੀ ਕਵੀ ਅਤੇ ਪ੍ਰਸਿੱਧ ਸੂਫ਼ੀ ਕਵੀ ਵਲੀ ਰਾਮ ਦਾ ਪੁੱਤਰ ਸੀ। ਇਸ ਨੇ 1744 ਬ੍ਰਿ. ਵਿਚ 'ਨੰਦ ਰਾਮ ਪਚੀਸੀ' ਗ੍ਰੰਥ ਲਿਖਿਆ ਜਿਸ ਵਿਚ ਕਲਿਯੁਗ ਦੀ ਦਸ਼ਾ ਦਾ ਵਰਨਣ ਹੈ। ਗੁਰੂ ਸਾਹਿਬ ਦੇ ਦਰਬਾਰ ਵਿਚ ਰਹਿ ਕੇ ਇਸ ਕਵੀ ਨੇ ਕੀ ਲਿਖਿਆ ਇਸ ਬਾਰੇ ਜਾਣਕਾਰੀ ਨਹੀਂ ਮਿਲਦੀ। 'ਨੰਦਰਾਮ ਪਚੀਸੀ' ਤੋਂ ਇਲਾਵਾ ਇਸ ਦੀ ਇਕ ਰਚਨਾ 'ਕੜਥਾ ਗੁਰੂ ਗੋਬਿੰਦ ਸਿੰਘ' ਵੀ ਹੈ ਜਿਸ ਵਿਚ ਗੁਰੂ ਗੋਬਿੰਦ ਸਿੰਘ ਦੇ ਭੰਗਾਣੀ ਤੋਂ ਲੈ ਕੇ ਚਮਕੌਰ ਤੱਕ ਦੀ ਜੰਗ ਦਾ ਬਿਆਨ ਇਕ ਥਾਂ ਤੇ ਕੀਤਾ ਗਿਆ ਹੈ। ਭਾਵੇਂ ਇਹ 1762 ਬ੍ਰਿ. ਤੋਂ ਬਾਅਦ ਦੀ ਰਚਨਾ ਜਾਪਦੀ ਹੈ ਪਰ ਸ਼ੈਲੀ ਇਸ ਦੀ ਪੁਰਾਣੀ ਹੈ। ਇਤਿਹਾਸਕ ਪੱਖ ਤੋਂ ਨੰਦ ਰਾਮ ਦੀ ਇਹ ਰਚਨਾ ਬਹੁਤ ਵਡਮੁੱਲੀ ਹੈ।

ਹ.ਪੁ.—ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨ-ਪਿਆਰਾ ਸਿੰਘ ਪਦਮ : 229

ਨੰਦ ਲਾਲ, ਭਾਈ (ਗੋਇਆ) : ਫ਼ਾਰਸੀ ਦੇ ਇਸ ਪ੍ਰਸਿੱਧ ਕਵੀ ਅਤੇ ਗੁਰਸਿੱਖ ਦਾ ਜਨਮ 1633 ਈ. ਵਿਚ ਮੁਨਸ਼ੀ ਛੱਜੂਰਾਮ ਆਗਿਰਸ ਖੱਤਰੀ ਦੇ ਘਰ ਗਜ਼ਨੀ ਵਿਖੇ ਹੋਇਆ। ਇਸ ਦਾ ਪਿਤਾ 1630 ਈ. ਵਿਚ ਹਿੰਦੁਸਤਾਨ ਤੋਂ ਜਾ ਕੇ ਉਥੋਂ ਦੇ ਹਾਕਮਾਂ ਦਾ ਮੀਰ ਮੁਨਸ਼ੀ ਬਣ ਗਿਆ ਸੀ। 12 ਸਾਲ ਦੀ ਉਮਰ ਵਿਚ ਜਦ ਪਿਤਾ ਨੇ ਇਸ ਨੂੰ ਕੁਲ ਰੀਤੀ ਅਨੁਸਾਰ ਕੁਲਗੁਰੂ ਤੋਂ ਵੈਸ਼ਨਵ ਧਰਮ ਦੀ ਸਿਖਿਆ ਦਿਵਾ ਕੇ ਕੰਠੀ ਬੰਨ੍ਹਵਾਉਣ ਦੀ ਰਸਮ ਕਰਵਾਉਣੀ ਚਾਹੀ ਤਾਂ ਇਸ ਨੇ ਆਪਣੀ ਤਸੱਲੀ ਕੀਤੇ ਬਿਨਾਂ ਕੋਈ ਵੀ ਧਰਮ ਧਾਰਨ ਕਰਨ ਤੋਂ ਇਨਕਾਰ ਕਰ ਦਿੱਤਾ।

ਸੰਨ 1652 ਵਿਚ ਪਿਤਾ ਦੀ ਮੌਤ ਹੋਣ ਤੇ ਇਹ ਉਦਾਸ ਹੋ ਕੇ ਮੁਲਤਾਨ ਆ ਗਿਆ ਅਤੇ ਇਥੋਂ ਦੇ ਦਿੱਲੀ ਦਰਵਾਜ਼ੇ ਵਿਖੇ ਰਹਿਣ ਲਗਾ। ਸ਼ਾਗਿਰਦਾਂ ਅਤੇ ਸੇਵਕਾਂ ਵਲੋਂ ਇਸ ਨੂੰ ਆਗਾ (ਸਵਾਮੀ) ਕਹਿ ਕੇ ਬੁਲਾਉਣ ਕਾਰਨ ਮਕਾਨ ਦੇ ਨੇੜੇ ਦਾ ਮੁਹਲਾ 'ਆਗਾਪੁਰ' ਨਾਂ ਨਾਲ ਪ੍ਰਸਿੱਧ ਹੋਇਆ। ਇਸ ਦਾ ਤਖਲਸ 'ਗੋਇਆ' ਸੀ।

ਇਥੋਂ ਹੀ ਇਸ ਦੀ ਸ਼ਾਦੀ ਸਿੱਖ ਘਰਾਣੇ ਦੀ ਲੜਕੀ ਨਾਲ ਹੋਈ ਜਿਸ ਕਾਰਨ ਇਸ ਦੇ ਮਨ ਵਿਚ ਗੁਰਸਿੱਖੀ ਦੀ ਪ੍ਰੀਤ ਜਾਗੀ। ਸੰਨ 1682 ਵਿਚ ਇਹ ਮੁਲਤਾਨੋਂ ਤੁਰ ਕੇ ਅੰਮ੍ਰਿਤਸਰ ਦੇ ਦਰਸ਼ਨ ਕਰਦੇ ਹੋਏ ਕਲਗੀਧਰ ਦੀ ਸੇਵਾ ਵਿਚ ਅਨੰਦਪੁਰ ਪੁਜਿਆ ਅਤੇ ਇਥੇ ਇਹ ਗੁਰ ਦੀਖਿਆ ਲੈ ਕੇ ਅਨਿੰਨ ਸਿੱਖ ਬਣਿਆ। ਇਥੇ ਹੀ ਇਸ ਨੇ ਫ਼ਾਰਸੀ ਬੈਂਤਾਂ ਵਿਚ 'ਬੰਦਗੀਨਾਮਹ' ਨਾਮੀ ਪੁਸਤਕ ਰਚ ਕੇ ਗੁਰੂ ਜੀ ਨੂੰ ਭੇਟ ਕੀਤੀ। ਇਸ ਪੁਸਤਕ ਨੂੰ ਪੜ੍ਹ ਕੇ ਦਸ਼ਮੇਸ਼ ਜੀ ਬਹੁਤ ਪ੍ਰਸੰਨ ਹੋਏ ਅਤੇ ਆਪਣੀ ਕਲਮ ਨਾਲ ਪੁਸਤਕ ਦੇ ਅੰਤ ਵਿਚ 'ਜ਼ਾਬੇ ਹੈਵਾਂ ਪੁਰਸ਼ੁਦਹ ਚੂੰ ਜਾਮੇ ਓ। ਜ਼ਿੰਦਗੀ ਨਾਮਹ ਸ਼ੁਦਹ ਜ਼ਾਂ ਨਾਮੇ ਓ' ਬੈਂਤ ਲਿਖ ਕੇ ਇਸ ਪੁਸਤਕ ਦਾ ਨਾਂ 'ਜ਼ਿੰਦਗੀ ਨਾਮਹ' ਰੱਖਿਆ ਅਤੇ ਵਰ ਦਿੱਤਾ ਕਿ ਜੋ ਇਸ ਰਚਨਾ ਨੂੰ ਪ੍ਰੇਮ ਅਤੇ ਵਿਚਾਰ ਨਾਲ ਪੜ੍ਹੇਗਾ ਉਸ ਦਾ ਜਨਮ ਸਫ਼ਲ ਹੋਵੇਗਾ।

ਇਹ ਅਰਬੀ ਫ਼ਾਰਸੀ ਦਾ ਵਿਦਵਾਨ ਸੀ। ਸੰਨ 1683 ਵਿਚ ਇਸ ਨੇ ਸ਼ਹਿਜ਼ਾਦਾ ਮੁਅਜ਼ੱਮ (ਬਹਾਦੁਰ ਸ਼ਾਹ) ਕੋਲ ਮੀਰ ਮੁਨਸ਼ੀ ਵਜੋਂ ਕੰਮ ਕੀਤਾ। ਸ਼ਹਿਜ਼ਾਦੇ ਤੋਂ ਇਸ ਦੀ ਪ੍ਰਸੰਸਾ ਅਤੇ ਆਲਿਮਾਂ ਦੀ ਸਭਾ ਵਿਚ ਕੁਰਾਨ ਦੀ ਇਕ ਆਇਤ ਦੇ ਚਮਤਕਾਰੀ ਅਰਥ ਸੁਣ ਕੇ ਔਰੰਗਜ਼ੇਬ ਨੇ ਇਸ ਨੂੰ ਮੁਸਲਮਾਨ ਬਣਾਉਣਾ ਚਾਹਿਆ ਜਿਸ ਕਾਰਨ ਇਹ 1697 ਈ. ਵਿਚ ਗੁਰੂ ਗੋਬਿੰਦ ਸਿੰਘ ਜੀ ਕੋਲ ਅਨੰਦਪੁਰ ਆ ਗਿਆ।

ਇਸ ਨੂੰ ਗੁਰੂ ਜੀ ਦੇ ਦਰਬਾਰ ਦਾ ਭੂਸ਼ਣ ਅਤੇ ਗੁਰਮੁਖਾਂ ਦੀ ਸ਼੍ਰੇਣੀ ਵਿਚ ਗਿਣਿਆ ਜਾਂਦਾ ਸੀ। ਸਿੱਖਾਂ ਦੇ ਲੰਗਰ ਦੀ ਪਰੀਖਿਆ ਸਮੇਂ ਦਸ਼ਮੇਸ਼ ਨੇ ਇਸ ਦੀ ਸਿੱਖ ਸੇਵਾ ਸਭ ਤੋਂ ਵੱਧ ਸਲਾਹੀ ਸੀ। ਸਤਿਗੁਰੂ ਦੇ ਅਨੰਦਪੁਰ ਤੋਂ ਜਾਣ ਉਪਰੰਤ ਇਸ ਨੇ ਮੁਲਤਾਨ ਵਿਖੇ ਆ ਕੇ ਗੁਰਮਤਿ ਅਤੇ ਵਿਦਿਆ ਦਾ ਪ੍ਰਚਾਰ ਕੀਤਾ। ਇਥੇ ਹੀ 1705 ਈ. ਵਿਚ ਇਸ ਦੀ ਮੌਤ ਹੋ ਗਈ।

ਇਸ ਦੇ ਲਖਪਤਿਰਾਇ ਅਤੇ ਲੀਲਾਰਾਮ ਦੋ ਪੁੱਤਰ ਸਨ। 'ਜ਼ਿੰਦਗੀਨਾਮਹ, 'ਤੌਸੀਫੋਸਨਾ, 'ਗੰਜਨਾਮਹ', .'ਜੋਤਵਿਕਾਸ', 'ਦੀਵਾਨਗੋਯਾ', 'ਇਨਸ਼ਾ ਦਸਤੂਰ', 'ਅਰਜੁਲ ਇਲਫਾਜ਼' ਅਤੇ 'ਖਾਤਮਹ' ਇਸ ਦੀਆਂ ਗੁਰੂ ਮਹਿਮਾ, ਭਗਤੀ ਅਤੇ ਗਿਆਨ ਵਿਸ਼ਿਆਂ ਸਬੰਧੀ ਰਚਨਾਵਾਂ ਹਨ।

ਹ.ਪੁ.—ਮ. ਕੋ. 723; 1207

ਨੰਦ ਵੰਸ਼ : ਇਸ ਵੰਸ਼ ਦੇ ਇਤਿਹਾਸ ਬਾਰੇ ਜਾਣਕਾਰੀ ਪੌਰਾਣਾਂ, ਜੈਨੀ, ਬੋਧੀ ਗ੍ਰੰਥਾਂ ਅਤੇ ਯੂਨਾਨੀ ਇਤਿਹਾਸਕਾਰਾਂ ਵਲੋਂ ਸਮੇਂ ਸਮੇਂ ਦਿੱਤੇ ਵੇਰਵਿਆਂ ਤੋਂ ਪ੍ਰਾਪਤ ਹੁੰਦੀ ਹੈ ਪਰ ਇਨ੍ਹਾਂ ਸਾਰਿਆਂ ਵਿਚ ਨਾ ਤਾਂ ਪੂਰਨਤਾ ਅਤੇ ਨਾ ਹੀ ਇਕ ਮਤ ਹੈ। ਇਹ ਗੱਲ ਨਿਸ਼ਚਿਤ ਰੂਪ ਵਿਚ ਕਹੀ ਜਾ ਸਕਦੀ ਹੈ ਕਿ ਨੰਦਿਅਮ ਇਕ ਸ਼ੂਦਰ ਵੰਸ਼ ਸੀ। ਕਰਿਟੀਅਸ਼ ਲਿਖਦਾ ਹੈ ਕਿ ਸਿਕੰਦਰ ਦੇ ਸਮੇਂ ਵਰਤਮਾਨ ਨੰਦ ਰਾਜੇ ਦਾ ਪਿਤਾ ਇਕ ਨਾਈ ਸੀ ਜਿਹੜਾ ਕਿ ਆਪਣੇ ਰੂਪ ਕਾਰਨ ਸ਼ਾਸਕ ਰਾਜੇ ਦੀ ਰਾਣੀ ਦਾ ਪਿਆਰ ਪ੍ਰਾਪਤ ਕਰਕੇ, ਉਸ ਦੇ

ਨਜ਼ਦੀਕ ਹੋ ਗਿਆ। ਇਸ ਉਪਰੰਤ ਉਸ ਨੇ ਰਾਜੇ ਨੂੰ ਕਤਲ ਕਰ ਦਿੱਤਾ ਅਤੇ ਉਸ ਦੇ ਬੱਚਿਆਂ ਦੀ ਦੇਖ ਰੇਖ ਦੇ ਬਹਾਨੇ ਕਰਕੇ ਉਸ ਦੇ ਰਾਜ ਨੂੰ ਵੀ ਹੜਪ ਕਰ ਲਿਆ। ਬਾਅਦ ਵਿਚ ਉਸ ਦੇ ਰਾਜ ਕੁਮਾਰ ਨੂੰ ਵੀ ਮਾਰ ਦਿੱਤਾ ਗਿਆ ਅਤੇ ਵਰਤਮਾਨ ਰਾਜੇ ਦਾ ਜਨਮ ਹੋਇਆ। ਯੂਨਾਨੀ ਲੇਖਕਾਂ ਦੇ ਵਿਚਾਰਾਂ ਤੋਂ ਪਤਾ ਲਗਦਾ ਹੈ ਕਿ ਉਸ ਵਰਤਮਾਨ ਰਾਜੇ ਦਾ ਨਾਂ ਅਗਰਮਸ ਜਾਂ ਜੇਂਡ੍ਰਮਸ (ਚੰਦਰਮਾਸ) ਸੀ ਜਿਸ ਦੀ ਪਛਾਣ ਧਨਨੰਦ ਨਾਲ ਕੀਤੀ ਜਾਂਦੀ ਹੈ। ਇਸ ਦਾ ਪਿਤਾ ਮਹਾਂਪਦਮਨੰਦ ਸੀ ਜੋ ਨਾਈ ਜਾਤ ਦਾ ਸੀ। ਕਈ ਪੌਰਾਣ ਗ੍ਰੰਥਾਂ ਵਿਚ ਇਸ ਨੂੰ ਸੇਸ਼ਨਾਗ ਵੰਸ਼ ਦੇ ਅੰਤਿਮ ਰਾਜੇ, ਮਹਾਂਨੰਦਿਨ ਦੀ ਇਕ ਨਾਇਣ ਦੇ ਗਰਭ ਤੋਂ ਪੈਦਾ ਹੋਇਆ ਪੁੱਤਰ ਵੀ ਕਿਹਾ ਗਿਆ ਹੈ। ਜੈਨ ਗ੍ਰੰਥਾਂ ਦੇ ਪਰਿਸ਼ਿਸ਼ਟ ਪਰਵਾਨੇ ਵਿਚ ਇਸ ਨੂੰ ਵੇਸ਼ਯਾ ਦਾ ਪੁੱਤਰ ਕਿਹਾ ਗਿਆ ਹੈ। ਭਾਵੇਂ ਇਨ੍ਹਾਂ ਵੱਖ ਵੱਖ ਮੱਤਾਂ ਵਿਚ ਕੋਈ ਸਮਰੂਪਤਾ ਨਹੀਂ ਪਰ ਇਹ ਤੱਥ ਸਪਸ਼ਟ ਹੈ ਕਿ ਨੰਦ ਵੰਸ਼ ਦਾ ਰਾਜਾ ਨਾਈ ਜਾਤ ਦਾ ਸ਼ੂਦਰ ਸੀ।

ਇਸ ਤਰ੍ਹਾਂ ਨੰਦ ਵੰਸ਼ ਦਾ ਪਹਿਲਾ ਰਾਜਾ ਮਹਾਂਪਦਮਨੰਦ ਸੀ। ਪੌਰਾਣ ਗ੍ਰੰਥਾਂ ਵਿਚ ਇਸ ਨੂੰ ਮਹਾਂਬਲੀ ਅਤੇ ਲੋਭੀ ਕਿਹਾ ਗਿਆ ਹੈ। ਯੂਨਾਨੀ ਇਤਿਹਾਸਕਾਰਾਂ ਅਨੁਸਾਰ ਉਸ ਦੀ ਫੌਜ ਵਿਚ ਦੋ ਲੱਖ ਪੈਦਲ, 20 ਹਜ਼ਾਰ ਘੋੜ ਸਵਾਰ, ਦੋ ਹਜ਼ਾਰ ਚਾਰ ਘੋੜਿਆਂ ਵਾਲੇ ਰੱਥ ਅਤੇ ਤਿੰਨ ਹਜ਼ਾਰ ਹਾਥੀ ਸਨ। ਇਸ ਵਿਸ਼ਾਲ ਸੈਨਾ ਦੇ ਬਲਬੂਤੇ ਤੇ ਉਸ ਨੇ ਆਪਣੇ ਸਮਕਾਲੀ ਰਾਜਿਆਂ ਨੂੰ ਹਰਾ ਕੇ ਆਪਣੀ ਸ਼ਕਤੀ ਦਾ ਵਿਸ਼ਾਲ ਪ੍ਰਦਰਸ਼ਨ ਕੀਤਾ ਅਤੇ ਜਨਤਾ ਤੋਂ ਜ਼ਬਰਦਸਤੀ ਧਨ ਵਸੂਲ ਕੀਤਾ। ਇਸੇ ਧਨ ਅਤੇ ਸ਼ਕਤੀ ਦੇ ਜ਼ੋਰ ਤੇ ਉਸ ਨੇ ਹਿਮਾਲਿਆ ਅਤੇ ਨਰਮਦਾ ਦੇ ਵਿਚਕਾਰ ਦੇ ਸਾਰੇ ਪ੍ਰਦੇਸ਼ਾਂ ਨੂੰ ਜਿੱਤਣ ਦੀ ਕੋਸ਼ਿਸ਼ ਕੀਤੀ। ਉਸ ਨੇ ਏਸ਼ਵਾਕੂ ਪਾਂਚਾਲ, ਕੌਰਵ, ਕਾਸ਼ੀ, ਹੈਯ ਅਸ਼ਮਕ, ਵੀਤੀਹੋਤਰ, ਕਲਿੰਗ, ਸ਼ੂਰਸੈਨ, ਮਿਥਿਲਾ ਆਦਿ ਅਤੇ ਨੇਪਾਲ ਦੇ ਤਰਾਈ ਵਾਲੇ ਇਲਾਕੇ ਨੂੰ ਵੀ ਆਪਣੇ ਕਬਜ਼ੇ ਵਿਚ ਕਰ ਲਿਆ ਸੀ। ਹਿਮਾਲਿਆ ਅਤੇ ਵਿੰਧੀਆਂਚਲ ਪ੍ਰਦੇਸ਼ ਵਿਚਕਾਰ ਕਿਤੇ ਵੀ ਉਸ ਦੇ ਰਾਜ ਪ੍ਰਬੰਧ ਦੀ ਉਲੰਘਣਾ ਨਹੀਂ ਹੋ ਸਕਦੀ ਸੀ। ਮਹਾਪਦਮਨੰਦ ਦੀਆਂ ਇਨ੍ਹਾਂ ਜਿੱਤਾਂ ਦੀ ਪੁਸ਼ਟੀ ਕਥਾ ਸਰਿਤ ਸਾਗਰ, ਖਾਰਵੇਲ ਦੇ ਹਾਥੀ ਗੁਫਾਵਾਲੇ ਸ਼ਿਲਾਲੇਖ ਅਤੇ ਮੈਸੂਰ ਤੋਂ ਪ੍ਰਾਪਤ ਕੁਝ ਸ਼ਿਲਾਲੇਖਾਂ ਤੋਂ ਵੀ ਸਿੱਧ ਹੁੰਦੀ ਹੈ।

ਪੌਰਾਣਾਂ ਵਿਚ ਮਹਾਪਦਮਨੰਦ ਦੇ ਅੱਠ ਪੁੱਤਰਾਂ ਦਾ ਜ਼ਿਕਰ ਆਉਂਦਾ ਹੈ ਪਰ ਬੋਧੀ ਗ੍ਰੰਥਾਂ (ਜਿਵੇਂ ਮਹਾਬੋਧੀਵੰਸ਼) ਵਿਚ ਇਨ੍ਹਾਂ ਨੂੰ ਉਸ ਦਾ ਭਰਾ ਲਿਖਿਆ ਹੋਇਆ ਹੈ। ਉਥੇ ਇਨ੍ਹਾਂ ਦੇ ਨਾਂ ਉਗਰਸੈਨ, ਪੰਡੂਕ-ਪੰਡਗਿਤ, ਭੂਤਪਾਲ, ਰਾਸ਼ਟਰਪਾਲ, ਗੋਵਿਸ਼ਸਾਣਕ, ਦਸ਼ਸਿਦਕ, ਕੈਵਰਤ ਅਤੇ ਧਨ ਵਜੋਂ ਆਏ ਹਨ। ਪੌਰਾਣਾਂ ਵਿਚ ਇਨ੍ਹਾਂ ਦਾ ਰਾਜ ਕਾਲ 100 ਸਾਲ ਦਾ ਮੰਨਿਆ ਗਿਆ ਹੈ। ਇਨ੍ਹਾਂ ਗ੍ਰੰਥਾਂ ਵਿਚ ਮਹਾਪਦਮਨੰਦ ਦਾ ਰਾਜਕਾਲ 98 ਸਾਲਾਂ ਦਾ ਅਤੇ ਬਾਕੀ ਸਾਰਿਆਂ ਦਾ ਰਾਜਕਾਲ 12 ਸਾਲਾਂ ਦਾ ਹੀ ਮੰਨਿਆ ਹੈ ਜੋ ਤਰਕਸੰਗਤ ਪ੍ਰਤੀਤ ਨਹੀਂ ਹੁੰਦਾ। ਸਿੰਹਲੀ ਤੱਥਾਂ ਅਨੁਸਾਰ ਨੰਦਾਂ ਦਾ ਰਾਜਕਾਲ 40 ਸਾਲਾਂ ਦਾ ਹੀ ਮੰਨਿਆ ਗਿਆ ਹੈ ਅਤੇ ਇਸ ਨੂੰ ਸਹੀ ਮੰਨਿਆ ਜਾਂਦਾ ਹੈ। ਇਕ ਅਨੁਮਾਨ ਅਨੁਸਾਰ ਇਹ ਸਮਾਂ 384 ਈ. ਪੂਰਵ ਤੋਂ 364 ਈ. ਪੂਰਵ ਦਾ ਬਣਦਾ ਹੈ। ਇਹ ਨਿਸ਼ਚਿਤ ਹੈ ਕਿ ਇਸ ਰਾਜ ਕਾਲ ਦਾ ਅੰਤਮ ਰਾਜਾ ਅਗਰਗਸ (ਅਗਰਸੈਨ) ਸਿਕੰਦਰ ਦੇ ਹਮਲੇ ਵੇਲੇ ਮਗਧ ਦਾ ਸਮਰਾਟ ਸੀ ਅਤੇ ਇਸੇ ਦੀ ਵਿਸ਼ਾਲ ਸੈਨਾ ਦੇ ਡਰ ਕਾਰਣ ਪੋਰਸ ਨਾਲ ਜੰਗ ਕਰਨ ਉਪਰੰਤ ਸਿਕੰਦਰ ਦੀ ਵਿਸ਼ਾਲ ਫੌਜ ਨੇ ਅੱਗੇ ਵਧਣ ਤੋਂ ਇਨਕਾਰ ਕਰ ਦਿੱਤਾ ਸੀ।

ਪਲੂਟਾਰਕ ਕਹਿੰਦਾ ਹੈ ਕਿ ਚੰਦਰ ਗੁਪਤ ਮੌਰੀਆ ਨੇ ਸਿਕੰਦਰ ਨਾਲ ਮਿਲ ਕੇ ਉਸ ਦੇ ਨੀਚ ਖ਼ਾਨਦਾਨ ਅਤੇ ਲੋਕ ਅਪ੍ਰਿਯਤਾ ਦੀ ਗਲ ਕੀਤੀ ਸੀ। ਸੰਭਵ ਹੈ ਕਿ ਚੰਦਰਗੁਪਤ ਨੇ ਧਨਨੰਦ ਨੂੰ ਉਖਾੜਨ ਲਈ ਬਦੇਸ਼ੀ ਹਮਲਾਵਰ ਸਿਕੰਦਰ ਨੂੰ ਇਸਤੇਮਾਲ ਕੀਤਾ ਹੋਵੇਗਾ। 'ਮਹਾਂਵੰਸ਼ਟੀਕਾ' ਤੋਂ ਪਤਾ ਲਗਦਾ ਹੈ ਕਿ ਅੰਤਮ ਨੰਦ ਰਾਜਾ ਇਕ ਕਠੋਰ ਅਤੇ ਅਤਿ ਦਰਜੇ ਦਾ ਲੋਭੀ ਸੀ। ਉਸ ਦੇ ਇਸੇ ਸੁਭਾਅ ਕਰਕੇ ਹੀ ਚਾਣਕਯ ਨੂੰ ਉਸ ਦੇ ਸਾਮਰਾਜ ਵਿਚੋਂ ਅਪਮਾਨਤ ਹੋਣਾ ਪਿਆ ਅਤੇ ਚਾਣਕਯ ਨੂੰ ਉਸ ਦੇ ਪਦ ਤੋਂ ਹਟਾ ਦਿੱਤਾ ਗਿਆ। ਇਸ ਗੱਲ ਦੀ ਪੁਸ਼ਟੀ ਮੁਦਰਾਰਾਖਸ਼ਸ਼ ਨਾਟਕ ਤੋਂ ਵੀ ਹੋ ਜਾਂਦੀ ਹੈ। ਚਾਣਕਯ ਨੇ ਆਪਣੀ ਇਸ ਬੇਇਜ਼ਤੀ ਦਾ ਬਦਲਾ ਲੈਣ ਲਈ ਨੰਦ ਦੇ ਸ਼ਾਸਨ ਨੂੰ ਖਤਮ ਕਰਨ ਦੀ ਕਸਮ ਖਾਧੀ ਅਤੇ ਇਸੇ ਨਿਸ਼ਾਨੇ ਦੀ ਪੂਰਤੀ ਲਈ ਉਸ ਨੇ ਚੰਦਰਗੁਪਤ ਮੌਰੀਆ ਦੀ ਮਦਦ ਲਈ ਅਤੇ ਇਸ ਕਾਰਜ ਲਈ ਉਨ੍ਹਾਂ ਦੋਹਾਂ ਨੇ ਪੰਜਾਬ ਦੇ ਖੇਤਰ ਵਿਚ ਇਕ ਵਿਸ਼ਾਲ ਸੈਨਾ ਤਿਆਰ ਕੀਤੀ ਜਿਸ ਵਿਚ ਬਦੇਸ਼ੀ ਅਤੇ ਲੁਟੇਰੇ ਆਦਿ ਵੀ ਸ਼ਾਮਲ ਕੀਤੇ ਗਏ। ਇਹ ਵੀ ਕਿਹਾ ਜਾਂਦਾ ਹੈ ਕਿ ਚੰਦਰਗੁਪਤ ਨੇ ਧਨਨੰਦ ਨੂੰ ਹਰਾਉਣ ਲਈ ਪੋਰਸ ਨਾਲ ਸੰਧੀ ਵੀ ਕੀਤੀ ਸੀ। ਉਸ ਨੇ ਮਗਧ ਤੇ ਦੋ ਹਮਲੇ ਕੀਤੇ। ਇਹ ਹਮਲੇ 324 ਈ. ਵਿਚ ਹੋਏ ਮੰਨੇ ਜਾਂਦੇ ਹਨ।

ਨੰਦਵੰਸ਼ ਸ਼ੂਦਰ ਕੁਲ ਨਾਲ ਸਬੰਧਿਤ ਹੋਣ ਕਰਕੇ ਸਮਾਜ ਵਿਚ ਪ੍ਰਿਯ ਨਾ ਹੋ ਸਕਿਆ। ਇਨ੍ਹਾਂ ਰਾਜਿਆਂ ਦੀਆਂ ਸਾਰੀਆਂ ਪ੍ਰਵਿਰ-ਤੀਆਂ ਵੀ ਪਰੰਪਰਾ ਵਿਰੋਧੀ ਸਨ ਪਰ ਇਸ ਰਾਜਵੰਸ਼ ਨੇ ਰਾਜਨੀਤਕ ਅਤੇ ਏਕੀਕਰਣ ਪ੍ਰਣਾਲੀ ਨੂੰ ਬਹੁਤ ਅੱਗੇ ਵਧਾਇਆ। ਇਤਿਹਾਸ ਵਿਚ ਇਸ ਰਾਜਵੰਸ਼ ਦਾ ਵਿਸ਼ੇਸ਼ ਸਥਾਨ ਹੈ।

ਹ.ਪੁ.—ਹਿੰ. ਵਿ. ਕੋ. 6 : 216-17; ਪ੍ਰਾ. ਚ. ਕੋ. 38

ਨੰਦਾ : ਇਸ ਨਾਂ ਦੇ ਦੋ ਵਿਅਕਤੀ ਹੋਏ ਹਨ। ਸੰਘੇੜਾ ਜਾਤੀ ਦਾ ਵਿਅਕਤੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਸਿੱਖ ਸੀ। ਇਹ ਆਤਮ ਗਿਆਨੀ ਅਤੇ ਮਹਾਨ ਯੋਧਾ ਸੀ। ਅੰਮ੍ਰਿਤਸਰ ਦੀ ਜੰਗ ਵਿਚ ਇਹ ਸਰਦਾਰ ਮਿਰਜ਼ਾ ਬੇਗ ਨੂੰ ਮਾਰ ਕੇ ਸ਼ਹੀਦ ਹੋਇਆ।

(2) ਧਨੇਸਰ ਦੇ ਇਕ ਬਾਣੀਏ ਦਾ ਨਾਂ ਨੰਦਾ ਜੀ ਜੋ ਗੁਰੂ ਅਰਜਨ ਦੇਵ ਜੀ ਦਾ ਸਿੱਖ ਸੀ, ਗੁਰੂ ਜੀ ਨੇ ਇਸ ਨੂੰ ਅਤੇ ਵਿੱਠੜ ਅਤੇ ਸਵਾਮੀ ਦਾਸ ਨਾਮੀ ਦੋ ਹੋਰ ਸਿੱਖਾਂ ਨੂੰ ਲੈਣ ਦੇਣ ਵਿਚ ਸੱਚ ਵਰਤਣ ਅਤੇ ਦੂਜਾ ਸੁਖਨ ਨਾ ਆਖਣ ਲਈ ਉਪਦੇਸ਼ ਦਿੱਤਾ। ਇਨ੍ਹਾਂ ਤਿੰਨਾਂ ਨੇ ਗੁਰੂ ਉਪਦੇਸ਼ਾਂ ਤੇ ਪੂਰਾ ਅਮਲ ਕੀਤਾ ਅਤੇ 'ਇਕ ਸੁਖਨੀਏ' ਦੇ ਨਾਂ ਨਾਲ ਪ੍ਰਸਿੱਧ ਹੋਏ।

ਹ.ਪੁ.—ਮ. ਕੋ. 723; ਹਿੰ. ਵਿ. ਕੋ. 6 : 217

ਨੰਦਾ, ਈਸ਼ਵਰ ਚੰਦਰ : ਆਧੁਨਿਕ ਪੰਜਾਬੀ ਨਾਟਕ ਦਾ ਪਿਤਾਮਾ ਅਤੇ ਰੰਗ ਮੰਚ ਪਰੰਪਰਾ ਦੇ ਇਸ ਮੋਢੀ ਦਾ ਜਨਮ 30 ਸਤੰਬਰ, 1892 ਵਿਚ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਲੋਧੀਆ ਵਿਖੇ ਸ੍ਰੀ ਭਾਗ ਮਲ ਦੇ ਘਰ ਹੋਇਆ। ਬਚਪਨ ਵਿਚ ਪਿਤਾ ਦਾ ਸਾਇਆ ਸਿਰ ਤੋਂ ਉਠ ਜਾਣ ਕਾਰਨ ਇਸ ਨੂੰ ਸ਼ੁਰੂ ਤੋਂ ਹੀ ਬਹੁਤ ਮਿਹਨਤ ਕਰਨੀ ਪਈ ਤੇ ਇਸੇ ਕਠਿਨ ਮਿਹਨਤ ਸਦਕਾ ਇਸ ਨੇ ਵਿਦਿਅਕ ਖੇਤਰ ਵਿਚ ਵਿਦਿਆ ਹਾਸਲ ਕੀਤੀ। ਸੰਨ 1911 ਵਿਚ ਇਸ ਨੇ ਦਸਵੀਂ ਜਮਾਤ ਵਜ਼ੀਫਾ ਲੈ ਕੇ ਪਾਸ ਕੀਤੀ। ਬੀ.ਏ. ਆਨਰਜ਼ ਪਾਸ ਕਰਨ ਉਪਰੰਤ 1917 ਈ. ਵਿਚ ਅੰਗਰੇਜ਼ੀ ਐਮ. ਏ. ਫਸਟ ਕਲਾਸ ਫਸਟ ਪਾਸ ਕੀਤਾ ਅਤੇ ਦਿਆਲ ਸਿੰਘ ਕਾਲਜ ਵਿਚ ਅੰਗਰੇਜ਼ੀ ਦਾ ਪ੍ਰੋਫ਼ੈਸਰ ਲਗ ਗਿਆ। ਇਸੇ ਦੌਰਾਨ 1925 ਈ. ਵਿਚ ਇਸ ਨੇ ਆਕਸਫੋਰਡ ਯੂਨੀਵਰਸਿਟੀ ਤੋਂ ਉਚੇਰੀ ਡਿਗਰੀ ਪ੍ਰਾਪਤ ਕਰ ਲਈ। ਸੰਨ 1947 ਵਿਚ ਇਹ ਗੌਰਮਿੰਟ ਕਾਲਜ ਲਾਹੌਰ ਤੋਂ ਰਿਟਾਇਰ ਹੋ ਗਿਆ।



ਈਸ਼ਵਰ ਚੰਦਰ ਨੰਦਾ

ਸਾਹਿਤ ਦੇ ਖੇਤਰ ਵਿਚ ਈਸ਼ਵਰ ਚੰਦਰ ਨੰਦਾ ਦਾ ਨਾਂ ਇਕ ਨਾਟਕਕਾਰ ਦੇ ਤੌਰ ਤੇ ਵਿਸ਼ੇਸ਼ ਗੌਰਵ ਦਾ ਧਾਰਨੀ ਹੈ। ਨਾਟਕ ਲਿਖਣ ਦੀ ਚੇਟਕ ਇਸ ਨੂੰ ਵਿਦਿਆਰਥੀ ਜੀਵਨ ਵਿਚ ਹੀ ਲਗ ਗਈ ਸੀ। ਇਸ ਦਾ ਪਹਿਲਾ ਨਾਟਕ 'ਦੁਲਹਨ' 1913 ਈ. ਵਿਚ ਪ੍ਰਕਾਸ਼ਿਤ ਹੋਇਆ ਤੇ ਦੂਜਾ 'ਬੇਬੇ ਰਾਮ ਭਜਨੀ' 1925 ਈ. ਵਿਚ ਪ੍ਰਕਾਸ਼ਿਤ ਹੋਇਆ। ਇਨ੍ਹਾਂ ਦੋਹਾਂ ਇਕਾਂਗੀ ਨਾਟਕ ਰਚਨਾਵਾਂ ਨੂੰ ਨਾਟਕ ਮੁਕਾਬਲੇ ਵਿਚ ਉੱਤਮ ਦਰਜੇ ਦਾ ਇਨਾਮ ਪ੍ਰਾਪਤ ਹੋਇਆ। ਈਸ਼ਵਰ ਚੰਦਰ ਨੰਦਾ ਪੰਜਾਬੀ ਨਾਟਕ ਦਾ ਪਿਤਾਮਾ ਹੋਣ ਦੇ ਨਾਲ ਪੰਜਾਬੀ ਰੰਗਮੰਚ ਤੇ ਨਾਟਕ ਪਰੰਪਰਾ ਦਾ ਸੰਚਾਲਕ ਵੀ ਸੀ। ਨੰਦੇ ਦਾ ਇਕਾਂਗੀ ਨਾਟਕ 'ਬੇਬੇ ਰਾਮ ਭਜਨੀ' ਅੱਜ ਤਕ ਪੰਜਾਬੀ ਰੰਗਮੰਚ ਉਤੇ ਸਫਲਤਾ ਪੂਰਵਕ ਛਾ ਜਾਣ ਦਾ ਗੁਣ ਰੱਖਣ ਕਾਰਨ ਬਾਰ ਬਾਰ ਖੇਡਿਆ ਜਾਂਦਾ ਹੈ।

ਈਸ਼ਵਰ ਚੰਦਰ ਨੰਦਾ ਨੇ ਆਪ ਮੱਧ ਸ਼੍ਰੇਣਿਕ ਪਰਿਵਾਰ ਨਾਲ ਸਬੰਧਤ ਹੋਣ ਕਰਕੇ ਮੱਧ ਸ਼੍ਰੇਣਿਕ ਜੀਵਨ ਦੀਆਂ ਸਮੱਸਿਆਵਾਂ ਨੂੰ ਨਾਟਕਾਂ ਦੇ ਵਿਸ਼ਾ ਬਣਾਇਆ। ਨੰਦੇ ਦੇ ਨਾਟਕਾਂ ਦੇ ਵਿਸ਼ੇ ਰੋਜ਼ਾਨਾ ਜੀਵਨ ਦੀਆਂ ਨੈਤਿਕ ਸਮਸਿਆਵਾਂ, ਸਮਾਜ ਸੁਧਾਰ ਅਰਥਾਤ ਸਮਕਾਲੀਨ ਕੁਰੀਤੀਆਂ, ਵਿਧਵਾ ਵਿਆਹ, ਅਨਜੋੜ ਵਿਆਹ, ਜਾਤ ਪਾਤ, ਛੂਤ ਛਾਤ, ਵਹਿਮ ਭਰਮ, ਜੂਏਬਾਜ਼ੀ, ਸ਼ਾਹੂਕਾਰਾਂ ਦਾ ਗਰੀਬ ਲੋਕਾਂ, ਕਿਸਾਨਾਂ ਨੂੰ ਲੁਟਣਾ ਆਦਿ ਸਮਾਜਿਕ ਬੁਰਾਈਆਂ ਸਨ। ਇਸ ਨੇ ਆਪਣੇ ਪਹਿਲੇ ਇਕਾਂਗੀ ਨਾਟਕ 'ਦੁਲਹਨ' ਵਿਚ ਅਨਜੋੜ ਵਿਆਹ ਦੀ ਸਮਕਾਲੀਨ ਕੁਰੀਤੀ ਨੂੰ ਨਾਟਕ ਦਾ ਵਿਸ਼ਾ ਬਣਾਇਆ।

ਈਸ਼ਵਰ ਚੰਦਰ ਨੰਦਾ ਦੇ ਨਾਟਕਾਂ ਦੀ ਸਫਲਤਾ ਦਾ ਆਧਾਰ ਨਾਟਕ ਵਿਚ ਲਏ ਗਏ ਪਾਤਰ ਵੀ ਹਨ ਅਰਥਾਤ ਨੰਦੇ ਦੇ ਨਾਟਕਾਂ ਦੇ ਪਾਤਰ ਆਮ ਜੀਵਨ ਵਿਚੋਂ ਲਏ ਗਏ ਹਨ। ਉਨ੍ਹਾਂ ਦੀ ਬੋਲ ਚਾਲ, ਰਹਿਣੀ ਬਹਿਣੀ ਬਿਲਕੁਲ ਯਥਾਰਥਕ ਹੈ। ਨੰਦੇ ਦੇ ਨਾਟਕਾਂ ਦੀ ਬੋਲੀ ਬੜੀ ਢੁਕਵੀਂ ਤੇ ਲੋਕ ਭਾਸ਼ਾ ਦੇ ਨੇੜੇ ਦੀ ਹੈ। ਸਮਾਜ ਵਿਚ ਦੁੱਖਾਂ ਨਾਲ ਲੜਦੇ ਲੋਕ ਕਿਵੇਂ ਕੂਕਦੇ ਪੁਕਾਰਦੇ ਹਨ। ਹਾਸ ਵਿਅੰਗ, ਅਖਾਣ ਮੁਹਾਵਰੇ ਆਦਿ ਤੋਂ ਨੰਦਾ ਪੂਰੀ ਤਰ੍ਹਾਂ ਵਾਕਿਫ਼ ਹੈ। ਨੰਦੇ ਨੇ ਨਾਟਕਾਂ ਵਿਚਲੇ ਪਾਤਰ ਆਪਣੇ ਕਿਰਦਾਰ ਅਨੁਸਾਰ ਹੀ ਬੋਲੀ ਦੀ ਵਰਤੋਂ ਕਰਦੇ ਹਨ।

ਈਸ਼ਵਰ ਚੰਦਰ ਨੰਦਾ ਨੇ ਪੰਜਾਬੀ ਨਾਟਕ ਅਤੇ ਪੰਜਾਬੀ ਰੰਗਮੰਚ ਵਿਚ ਵਿਸ਼ੇਸ਼ ਯੋਗਦਾਨ ਹੋਣ ਦੇ ਨਾਲ ਨਾਲ ਗਲਪ ਸਾਹਿਤ ਵਿਚ ਦੋ ਰਚਨਾਵਾਂ ਮੁਰਾਦ (ਨਾਵਲ) ਅਤੇ ਤੇਜ ਕੌਰ (ਕਹਾਣੀ ਸੰਗ੍ਰਹਿ) ਦੀ ਰਚਨਾ ਕੀਤੀ ਪਰ ਮੁੱਖ ਰੂਪ ਵਿਚ ਇਹ ਨਾਟਕਕਾਰ ਹੀ ਸਵੀਕਾਰਿਆ ਗਿਆ। ਇਸ ਦੇ ਲਗਭਗ 16 ਨਾਟਕ ਅਤੇ ਇਕਾਂਗੀ ਸੰਗ੍ਰਹਿ ਛਪ ਚੁੱਕੇ ਹਨ। ਇਸ ਦੀ ਪੰਜਾਬੀ ਸਾਹਿਤ ਪ੍ਰਤੀ ਨਿੱਗਰ ਸੇਵਾ ਸਦਕਾ ਪੰਜਾਬ ਸਰਕਾਰ ਵਲੋਂ ਇਸ ਨੂੰ ਸ਼੍ਰੋਮਣੀ ਪੁਰਸਕਾਰ ਦੇ ਕੇ ਸਨਮਾਨਿਆ ਗਿਆ। ਇਸ ਦੀਆਂ ਸਾਰੀਆ ਰਚਨਾਵਾਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਛੱਪ ਚੁੱਕੀਆਂ ਹਨ।

3 ਸਤੰਬਰ, 1965 ਵਿਚ ਈਸ਼ਵਰ ਚੰਦਰ ਨੰਦਾ ਦੀ ਮੌਤ ਹੋ ਗਈ।

ਹ.ਪੁ.—ਪੰ. ਸਾ. ਦਾ. ਆਲੋ. ਇਤਿ.—ਡਾ. ਸੀਤਲ; ਈਸ਼ਵਰ ਚੰਦਰ ਨੰਦਾ—ਇਕ ਅਧਿਐਨ—ਡਾ. ਗੁਰਚਰਨ ਸਿੰਘ; ਪੰ. ਸਾ. ਦਾ. ਇਤਿ. ਭਾਗ ਦੂਜਾ— ਭਾ.ਵਿ.ਪੰ.

ਨੰਦਾ, ਗੁਲਜ਼ਾਰੀ ਲਾਲ : ਭਾਰਤ ਦੇ ਇਸ ਕਾਰਜਕਾਰੀ ਪ੍ਰਧਾਨ ਮੰਤਰੀ, ਆਜ਼ਾਦੀ ਘੁਲਾਟੀਏ ਅਤੇ ਟਰੇਡ ਯੂਨੀਅਨਿਸਟ ਦਾ ਜਨਮ 4 ਜੁਲਾਈ, 1898 ਨੂੰ ਅਣ ਵੰਡੇ ਪੰਜਾਬ ਦੇ ਜ਼ਿਲ੍ਹਾ ਸਿਆਲਕੋਟ ਵਿਖੇ ਹੋਇਆ। ਇਸ ਨੇ ਅਲਾਹਾਬਾਦ ਯੂਨੀਵਰਸਿਟੀ ਤੋਂ ਅਰਥ ਸ਼ਾਸਤਰ ਵਿਚ ਐਮ. ਏ. ਅਤੇ 1921 ਈ. ਵਿਚ ਐਲ. ਐਲ. ਬੀ. ਕੀਤੀ। ਇਸੇ ਸਮੇ ਗਾਂਧੀ ਜੀ ਦੇ ਸੰਪਰਕ ਵਿਚ ਆ ਕੇ "ਨਾ-ਮਿਲਵਰਤਣ ਲਹਿਰ" ਵਿਚ ਸ਼ਮੂਲੀਅਤ ਕੀਤੀ ਅਤੇ ਇਸ ਲਹਿਰ ਦੀ ਸਮਾਪਤੀ ਉਪਰੰਤ ਨੈਸ਼ਨਲ ਕਾਲਜ ਬੰਬਈ ਵਿਖੇ ਅਰਥ-ਸ਼ਾਸਤਰ ਦਾ ਪ੍ਰੋਫੈਸਰ ਲਗਿਆ।

ਉਦਯੋਗਿਕ ਕਾਮਿਆਂ ਦੀ ਮਾੜੀ ਹਾਲਤ ਤੋਂ ਪ੍ਰਭਾਵਿਤ ਹੋ ਕੇ ਇਸ ਨੇ ਟਰੇਡ ਯੂਨੀਅਨ ਦੀਆਂ ਕਾਰਵਾਈਆਂ ਵਿੱਚ ਸਰਗਰਮ ਹਿੱਸਾ ਲਿਆ ਅਤੇ 1922 ਵਿਚ ਨੈਸ਼ਨਲ ਟਰੇਡ ਟੈਕਸਟਾਈਲ ਐਸੋਸੀਏਸ਼ਨ ਦਾ ਸਕੱਤਰ ਚੁਣਿਆ ਗਿਆ।

ਦੇਸ਼ ਭਗਤੀ ਦੇ ਜਜ਼ਬੇ ਅਧੀਨ 1930 ਵਿਚ ਗਾਂਧੀ ਜੀ ਦੁਆਰਾ ਸ਼ੁਰੂ ਕੀਤੀ "ਸਿਵਲ ਨਾਫੁਰਮਾਨੀ ਲਹਿਰ" ਵਿਚ ਹਿੱਸਾ ਲਿਆ ਅਤੇ 1932 ਵਿਚ ਕੈਦ ਦੀ ਸਜ਼ਾ ਭੁਗਤੀ। 1942 ਵਿਚ 'ਭਾਰਤ ਛੱਡੋ ਅੰਦੋਲਨ' ਵਿਚ ਭਾਗ ਲੈਣ ਕਾਰਨ ਮੁੜ ਦੋ ਸਾਲ ਦੀ ਸਜ਼ਾ ਹੋਈ।

1946 ਵਿਚ ਰਾਜਾਂ ਵਿਚ ਪ੍ਰਾਂਤਕ ਸਰਕਾਰਾਂ ਦੀ ਸਥਾਪਤੀ ਤੋਂ ਬਾਅਦ ਇਸ ਨੂੰ ਪਾਰਲੀਮੈਂਟਰੀ ਸਕੱਤਰ ਚੁਣਿਆ ਗਿਆ ਅਤੇ ਬੰਬਈ ਹਾਊਸਿੰਗ ਬੋਰਡ ਦਾ ਚੈਅਰਮੈਨ ਬਣਾਇਆ ਗਿਆ। ਸੰਨ 1950-51 ਵਿੱਚ ਯੋਜਨਾ ਕਮਿਸ਼ਨ ਦਾ ਡਿਪਟੀ ਚੈਅਰਮੈਨ ਬਣਾ ਕੇ ਇਸ ਨੂੰ ਦਿੱਲੀ ਬੁਲਾ ਲਿਆ ਗਿਆ। ਦਿੱਲੀ ਵਿਖੇ ਇਸ ਨੂੰ ਯੂਨੀਅਨ ਕੈਬਨਿਟ ਵਿਚ ਸ਼ਾਮਲ ਕਰ ਲਿਆ ਗਿਆ ਅਤੇ ਅਗਲੇ ਗਿਆਰਾਂ ਸਾਲ ਤੱਕ ਇਸ ਨੇ ਯੋਜਨਾ, ਲੇਬਰ, ਰੋਜ਼ਗਾਰ, ਸਿੰਜਾਈ ਅਤੇ ਬਿਜਲੀ ਆਦਿ ਮਹਿਕਮਿਆਂ ਦੇ ਮੰਤਰੀ ਵਜੋਂ ਕਾਰਜ ਕੀਤਾ। ਸੰਨ 1960 ਵਿਚ ਇਹ ਮੁੜ ਤੋਂ ਯੋਜਨਾ ਕਮਿਸ਼ਨ ਦਾ ਡਿਪਟੀ ਚੇਅਰਮੈਨ ਬਣਾਇਆ ਗਿਆ ਅਤੇ 1963 ਈ. ਤੱਕ ਇਸ ਅਹੁਦੇ ਤੇ ਰਿਹਾ।

ਸੰਨ 1964 ਵਿਚ ਜਵਾਹਰ ਲਾਲ ਨਹਿਰੂ ਦੀ ਅਚਾਨਕ ਮੌਤ ਤੋਂ ਬਾਅਦ ਗੁਲਜ਼ਾਰੀ ਲਾਲ ਨੰਦਾ 16 ਦਿਨਾਂ ਲਈ ਭਾਰਤ ਦਾ ਕਾਰਜਕਾਰੀ ਪ੍ਰਧਾਨ-ਮੰਤਰੀ ਰਿਹਾ ਅਤੇ 1966 ਈ. ਵਿਚ ਲਾਲ ਬਹਾਦਰ ਸ਼ਾਸਤਰੀ ਦੀ ਮੌਤ ਤੋਂ ਬਾਅਦ ਮੁੜ 14 ਦਿਨਾਂ ਲਈ ਕਾਰਜਕਾਰੀ ਪ੍ਰਧਾਨ ਮੰਤਰੀ ਰਿਹਾ। ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਦੇ ਪੁਨਰ ਗਠਨ ਵਿੱਚ ਵੀ ਇਸਨੇ ਅਹਿਮ ਭੂਮਿਕਾ ਨਿਭਾਈ।

ਸ੍ਰੀਮਤੀ ਇੰਦਰਾ ਗਾਂਧੀ ਦੀ ਵਜ਼ਾਰਤ ਵਿਚ ਇਹ ਗ੍ਰਹਿ ਮੰਤਰੀ ਬਣਿਆ ਪ੍ਰੰਤੂ ਕੁਝ ਮਤਭੇਦਾਂ ਕਾਰਨ ਇਸ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ। ਸੰਨ 1970 ਈ. ਵਿਚ ਇਹ ਕੇਂਦਰੀ ਰੇਲਵੇ ਵਿਭਾਗ ਦਾ ਮੰਤਰੀ ਬਣਿਆ ਅਤੇ ਆਪਣੇ ਥੋੜ੍ਹੇ ਸਮੇਂ ਦੇ ਮੰਤਰੀ ਕਾਲ ਦੌਰਾਨ ਹੀ ਇਸ ਨੇ ਰੇਲਵੇ ਵਿਭਾਗ ਵਿਚ ਬਹੁਤ ਸੁਧਾਰ ਕੀਤੇ।

ਸੰਨ 1972 ਵਿਚ ਸਰਗਰਮ ਸਿਆਸਤ ਤੋਂ ਸੰਨਿਆਸ ਲੈ ਕੇ ਇਹ ਕੁਰੂਕਸ਼ੇਤਰ ਚਲਾ ਗਿਆ ਅਤੇ ਉਥੇ ਕੁਰੂਕਸ਼ੇਤਰ ਵਿਕਾਸ ਬੋਰਡ ਦੇ ਪ੍ਰਧਾਨ ਦੀ ਹੈਸੀਅਤ ਵੱਜੋਂ ਬਹੁਤ ਸਾਰੇ ਸੁਧਾਰ ਕਾਰਜ ਕੀਤੇ। ਸੰਨ 1989 ਵਿਚ ਦਿੱਲੀ ਦੇ ਹਰਿਆਣਾ ਭਵਨ ਵਿਚ ਠਹਿਰਾਅ ਸਮੇਂ ਅਚਾਨਕ ਡਿੱਗ ਜਾਣ ਕਾਰਨ ਰੀੜ੍ਹ ਦੀ ਹੱਡੀ ਤੇ ਸੱਟ ਲੱਗ ਜਾਣ ਕਰਕੇ ਆਪਣੀ ਪੁੱਤਰੀ ਡਾ. ਪੁਸ਼ਪਾ ਨਾਇਕ ਕੋਲ ਅਹਿਮਦਾਬਾਦ ਚਲਾ ਗਿਆ।

24 ਜੁਲਾਈ 1997 ਨੂੰ ਭਾਰਤ ਸਰਕਾਰ ਨੇ ਆਪਣੇ ਇਸ ਮਹਾਨ ਬਜ਼ੁਰਗ ਨੇਤਾ ਨੂੰ ਭਾਰਤ ਦੇ ਸਰਵਉਚ ਸਨਮਾਨ 'ਭਾਰਤ ਰਤਨ' ਨਾਲ ਨਿਵਾਜਿਆ।

ਸਾਦਾ ਰਹਿਣੀ ਅਤੇ ਉੱਚੀ ਸੋਚਣੀ ਵਿਚ ਵਿਸ਼ਵਾਸ ਰੱਖਣ ਵਾਲਾ ਇਹ ਨੇਤਾ 15 ਜਨਵਰੀ, 1998 ਨੂੰ ਆਪਣੇ 100 ਵੇਂ ਜਨਮ ਦਿਨ ਤੋਂ ਥੋੜ੍ਹੀ ਦੇਰ ਪਹਿਲਾਂ ਹੀ ਅਕਾਲ ਚਲਾਣਾ ਕਰ ਗਿਆ।

ਹ. ਪੁ.-ਇੰਟਰਨੈਸ਼ਨਲ ਹੂਜ਼ ਹੂ 1996-97; ਜੀ. ਐਲ. ਨੰਦਾ-ਪ੍ਰੋਮਿਲਾ ਕਾਲਾ; ਦਿ ਭਾਰਤ ਰਤਨ-ਸੁਸ਼ਮਾ ਸੁਰੇਸ਼

ਨਦਾਰ : ਪ੍ਰਾਂਤ—ਇਹ ਮਰਾਕੋ ਦਾ ਇਕ ਪ੍ਰਾਂਤ ਹੈ ਇਸਨੇ ਸਾਬਕਾ ਸਪੇਨੀ ਮਰਾਕੋ ਦਾ ਪੂਰਬੀ ਭਾਗ ਮੱਲਿਆ ਹੋਇਆ ਹੈ। ਇਸ ਦਾ ਖੇਤਰਫਲ 61,30 ਵ.ਕਿ.ਮੀ. ਅਤੇ ਆਬਾਦੀ 6,84,000 (1994) ਹੈ। ਇਸ ਦੇ ਉੱਤਰ ਵੱਲ ਰੂਮ ਸਾਗਰ, ਪੂਰਵ ਵੱਲ ਉਜਦਾ ਦੱਖਣ ਵੱਲ ਤਾਜਾ ਤੇ ਪੱਛਮ ਵੱਲ ਅਲ-ਹੋਸ਼ੀਮਾ ਪ੍ਰਾਂਤ ਲਗਦੇ ਹਨ। ਇਥੋਂ ਦਾ ਤਟਵਰਤੀ ਮੈਦਾਨੀ ਇਲਾਕਾ ਬਹੁਤ ਖੁਸ਼ਕ ਹੈ ਅਤੇ ਆਮ ਤੌਰ ਤੇ ਪਸ਼ੂ ਚਾਰਨ ਲਈ ਹੀ ਵਰਤਿਆ ਜਾਂਦਾ ਹੈ। ਇਸ ਦੇ ਬਹੁਤ ਹੀ ਘੱਟ ਇਲਾਕੇ ਵਿਚ ਖੇਤੀ ਕੀਤੀ ਜਾਂਦੀ ਹੈ। ਇਸ ਦੇ ਦੱਖਣ-ਪੱਛਮ ਵੱਲ ਸੀਗਾਨਗੇਨ ਦੇ ਨਜ਼ਦੀਕ ਲੋਹੇ ਦੀਆਂ ਖਾਣਾਂ ਹਨ।

ਹ.ਪੁ.—ਐਨ. ਬ੍ਰਿ. ਮਾ. 8 : 478

ਨਦਾਰ : ਸ਼ਹਿਰ—ਇਹ ਮਰਾਕੋ ਦੇ ਇਸੇ ਹੀ ਨਾਂ ਦੇ ਪ੍ਰਾਂਤ ਦੀ ਰਾਜਧਾਨੀ ਹੈ। ਮੂਲ ਰੂਪ ਵਿਚ ਇਸ ਸ਼ਹਿਰ ਨੂੰ ਸਪੇਨ ਵਾਸੀਆਂ ਨੇ ਬਣਾਇਆ ਸੀ ਜਿਹੜਾ ਕਿ ਸਬਖਾ ਬੂ ਬਰਗ ਝੀਲ ਦੇ ਕੰਢੇ ਤੇ ਇਕ ਛੋਟੀ ਜਿਹੀ ਬੰਦਰਗਾਹ ਹੈ। ਇਹ ਸ਼ਹਿਰ ਮੱਛੀ, ਫਲ ਤੇ ਪਸ਼ੂ-ਧਨ ਦੇ ਵਪਾਰ ਦਾ ਮੁੱਖ ਕੇਂਦਰ ਹੈ। ਇਸ ਤੋਂ ਦੱਖਣ ਵੱਲ 15 ਕਿ.ਮੀ. ਦੂਰੀ ਤੇ ਸਥਿਤ ਮਲੀ ਸ਼ਹਿਰ ਤੇ ਸਪੇਨੀ ਬਜਾਰ ਨਾਲ ਇਹ ਸੜਕ ਤੇ ਰੇਲ ਮਾਰਗ ਰਾਹੀਂ ਜੁੜਿਆ ਹੋਇਆ ਹੈ।

ਆਬਾਦੀ—31,12,450 (1994)

ਹ.ਪੁ.—ਐਨ. ਬ੍ਰਿ. ਮਾ. 8 : 478

ਨੰਦਿਆਲ : ਇਹ ਭਾਰਤ ਦੇ ਆਂਧਰਾ ਪ੍ਰਦੇਸ਼ ਰਾਜ ਦੇ ਕੁਰਨੂਲ ਜ਼ਿਲ੍ਹੇ ਦਾ ਇਕ ਸ਼ਹਿਰ ਹੈ ਜਿਹੜਾ ਕੁੰਦੇਰੂ ਨਦੀ ਦੇ ਸੱਜੇ ਕੰਢੇ ਉਤੇ ਸਥਿਤ ਹੈ। ਇਹ ਸੜਕਾਂ ਦਾ ਕੇਂਦਰ ਅਤੇ ਜ਼ਰਾਇਤੀ ਉਪਜਾਂ ਦੀ ਪ੍ਰਸਿੱਧ ਮੰਡੀ ਹੈ। ਇਸ ਦੇ ਨੇੜੇ ਹੀ ਗੰਨੇ, ਕਪਾਹ ਅਤੇ ਮੂੰਗਫਲੀ ਦੇ ਫਾਰਮ ਹਨ। ਕਪਾਹ ਤੋਂ ਵੜੇਵੇਂ ਅਤੇ ਤੇਲ ਕੱਢਣ ਦਾ ਵੀ ਇਥੇ ਕਾਫ਼ੀ ਕੰਮ ਹੁੰਦਾ ਹੈ। ਇਸ ਦੇ ਨੇੜੇ ਹੀ 16 ਕਿ.ਮੀ. ਦੇ ਫ਼ਾਸਲੇ ਤੇ ਪੈਂਦੇ ਪਿੰਡ ਗਾਜੁਲਾਮਲੀ ਵਿਖੇ ਹੱਥਾਂ ਨਾਲ ਤਿਆਰ ਹੋਏ ਕਾਗਜ਼ ਦਾ ਨਿਰਮਾਣ ਹੁੰਦਾ ਹੈ। ਇਸ ਦੇ ਨੇੜੇ ਹੀ ਪੂਰਬੀ ਘਾਟ ਤੇ ਪਰਬਤਾਂ ਉੱਤੇ ਸ਼ਿਕਾਰ ਖੇਡਣ ਦਾ ਵਧੀਆ ਸਥਾਨ ਹੈ। ਵਿਦਿਅਕ ਸਹੂਲਤਾਂ ਲਈ ਇਥੇ ਸਕੂਲ ਅਤੇ ਕਾਲਜ ਸਥਾਪਿਤ ਹਨ।

ਆਬਾਦੀ—1,19,813 (1991)

15° 30′ ਉ. ਵਿਥ.; 78° 29′ ਪੂ. ਲੰਬ.

ਹ.ਪੁ.—ਇੰਪ. ਗ. ਇੰਡ. 18 : 363; ਹਿੰ. ਵਿ. ਕੋ. 6 : 216

ਨੰਦੀ : ਇਹ ਸ਼ਿਵ ਜੀ ਦੀ ਸਵਾਰੀ ਸੀ। ਵਾਯੂ ਪੁਰਾਣ ਅਨੁਸਾਰ ਇਹ ਕਸ਼ਯਪ ਅਤੇ ਸੁਰਭੀ ਦਾ ਪੁੱਤਰ ਸੀ। ਇਸ ਦੀ ਚਿੱਟੇ ਰੰਗ ਦੀ ਮੂਰਤੀ ਸ਼ਿਵਾਲਿਆ ਦੇ ਸਾਹਮਣੇ ਬਣੀ ਹੁੰਦੀ ਹੈ। ਇਸ ਨੂੰ ਸ਼ਿਵ ਜੀ ਦੇ ਮਹਿਲ ਦਾ ਪ੍ਰਧਾਨ ਕਰਮਚਾਰੀ ਅਤੇ ਮੁੱਖ ਗਣਾਂ ਵਿਚੋਂ ਇਕ ਮੰਨਿਆ ਜਾਂਦਾ ਹੈ। ਇਸ ਨੂੰ ਸਾਰੇ ਪਸ਼ੂਆਂ ਦਾ ਰੱਖਿਅਕ ਮੰਨਿਆ ਜਾਂਦਾ ਹੈ। ਇਸ ਨੂੰ ਸ਼ਾਲੰਕਾਯਨ ਵੀ ਕਹਿੰਦੇ ਹਨ। ਨਾਦਿ ਦੇਹ ਅਤੇ ਤਾਂਡਵ ਤਾਲਿਕ ਇਸ ਨੂੰ ਦੋ ਉਪਾਧੀਆਂ ਦਿੱਤੀਆਂ ਗਈਆਂ ਹਨ ਕਿਉਂਕਿ ਤਾਂਡਵ ਨਾਚ ਕਰਨ ਵੇਲੇ ਇਹ ਆਪਣੇ ਸੁਆਮੀ ਸ਼ਿਵ ਜੀ ਦਾ ਸਾਥ ਦਿੰਦਾ ਹੈ।



ਨੰਦੀ

ਇਹ ਵੀ ਕਥਾ ਹੈ ਕਿ ਸ਼ੰਕਰ ਭਗਵਾਨ ਦੇ ਵਰ ਲਈ ਸ਼ਿਲਾਦ ਰਿਸ਼ੀ ਨੂੰ ਜ਼ਮੀਨ ਵਾਹੁੰਦੇ ਹੋਏ ਮਿਲਿਆ ਸੀ। ਰਿਸ਼ੀ ਪੁੱਤਰ ਰੂਪ ਵਿਚ ਇਸ ਨੇ ਤਪ ਰਾਹੀਂ ਅਮਰਤਵ ਪ੍ਰਾਪਤ ਕੀਤਾ ਅਤੇ ਸ਼ਿਵ ਜੀ ਨੇ ਇਸ ਨੂੰ ਆਪਣੇ ਗਣਾਂ ਵਿਚ ਸ਼ਾਮਿਲ ਕਰ ਲਿਆ। ਸ਼ਿਵ ਜੀ ਦੇ ਨਾਲ ਇਸ ਦਾ ਸਬੰਧ ਹੋਣ ਕਾਰਣ ਭਾਰਤ ਵਿਚ ਇਸ ਦਾ ਬਹੁਤ ਸਨਮਾਨ ਕੀਤਾ ਜਾਂਦਾ ਹੈ। ਇਹ ਉਹ ਬੈਲ ਹੈ ਜੋ ਸ਼ਿਵ ਦੇ ਉਪਾਸਕ ਸ਼ਿਵ ਦੇ ਨਾਂ ਉਤੇ ਖੁਲ੍ਹਾ ਛੱਡ ਦਿੰਦੇ ਹਨ ਇਸ ਦੀ ਪਿੱਠ ਉੱਤੇ ਸ਼ਿਵ ਜੀ ਦੇ ਚਿੰਨ੍ਹ ਤ੍ਰਿਸ਼ੂਲ ਨੂੰ ਅੱਗ ਵਿਚ ਤਪਾ ਕੇ ਅੰਕ ਦਿੱਤਾ ਜਾਂਦਾ ਹੈ ਤਾਂ ਜੋ

ਲੋਕਾਂ ਨੂੰ ਗਿਆਤ ਰਹੇ ਕਿ ਇਹ ਨੰਦੀ ਬੈਲ ਹੈ। ਸ਼ਿਵ ਭਗਤ ਇਸ ਬੈਲ ਨੂੰ ਸ਼ਿਵ ਦੇ ਪ੍ਰਤਿਰੂਪ ਮੰਨ ਕੇ ਇਸ ਨੂੰ ਆਟੇ ਦੇ ਪੇੜੇ ਤੇ ਹੋਰ ਪਦਾਰਥ ਖਵਾਂਦੇ ਹਨ। ਇਸ ਬੈਲ ਨੂੰ ਨਾ ਤਾਂ ਕਦੇ ਮਾਰਨ ਲਈ ਡੰਡਾ ਵਿਖਾਇਆ ਜਾਂਦਾ ਹੈ ਤੇ ਨਾ ਹੀ ਇਸ ਤੋਂ ਕੋਈ ਕੰਮ ਲਿਆ ਜਾਂਦਾ ਹੈ। ਲੋਕਾਂ ਦਾ ਇਹ ਨਿਸ਼ਚਾ ਹੈ ਕਿ ਇਸ ਤਰ੍ਹਾਂ ਸ਼ਿਵ ਜੀ ਦੀ ਪ੍ਰਸੰਨਤਾ ਪ੍ਰਾਪਤ ਹੁੰਦੀ ਹੈ। ਵਾਰਾਣਸੀ ਵਰਗੇ ਰੂੜ੍ਹੀਗਤ ਸ਼ਹਿਰਾਂ ਵਿਚ ਕਈ ਬੈਲਾਂ ਨੂੰ ਗਲੀਆਂ ਵਿਚ ਘੁੰਮਣ ਦੀ ਸੁਤੰਤਰਤਾ ਦਿੱਤੀ ਜਾਂਦੀ ਹੈ। ਇਨ੍ਹਾਂ ਦਾ ਭਗਵਾਨ ਨਾਲ ਸਬੰਧ ਹੋਣਾ ਮੰਨਿਆ ਜਾਂਦਾ ਹੈ ਅਤੇ ਇਨ੍ਹਾਂ ਦੀ ਵੱਖੀ ਉਤੇ ਸ਼ਿਵ ਜੀ ਤੇ ਤ੍ਰਿਸ਼ੂਲ ਦਾ ਨਿਸ਼ਾਨ ਬਣਿਆ ਹੁੰਦਾ ਹੈ।

ਹ.ਪੁ.—ਹਿੰ. ਵਿ. ਕੋ. 6 : 217; ਮ.ਕੋ. 723; ਹਿੰ. ਮਿ.ਕੋ. 320; ਐਨ. ਬ੍ਰਿ..ਮਾ. 7 : 180; ਪੰ. ਲੋ. ਵਿ. ਕੋ. 1591

ਨਦੀ ਇੰਜਨੀਅਰਿੰਗ : ਨਦੀਆਂ ਨੂੰ ਮਨੁੱਖ ਆਪਣੇ ਲਾਭ ਲਈ ਨਿਯੰਤਰਿਤ ਕਰਦਾ ਹੈ। ਜਿਹੜੇ ਢੰਗ ਅਤੇ ਸਿਧਾਂਤ ਨਿਯੰਤਰਣ ਕਰਨ ਲਈ ਅਪਨਾਏ ਜਾਂਦੇ ਹਨ ਉਹ ਨਦੀ ਇੰਜਨੀਅਰਿੰਗ ਦੇ ਅਧਿਕਾਰ ਖੇਤਰ ਤਹਿਤ ਆਉਂਦੇ ਹਨ। ਨਦੀ ਇੰਜਨੀਅਰਿੰਗ ਦੇ ਕੁਝ ਪੱਕੇ ਸਿਧਾਂਤ ਹਨ ਜਿਨ੍ਹਾਂ ਨੂੰ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ। ਮੋਟੇ ਤੌਰ ਤੇ ਨਦੀਆਂ ਵਿਚੋਂ ਮੋਘੇ ਨਹੀਂ ਕੱਢੇ ਜਾ ਸਕਦੇ। ਇਸ ਲਈ ਕੇਵਲ ਇਹ ਹੋ ਸਕਦਾ ਹੈ ਕਿ ਨਦੀਆਂ ਦੀਆਂ ਜਲ-ਧਾਰਾਵਾਂ ਦੇ ਵਹਾਉ ਅਤੇ ਦਿਸ਼ਾ ਨੂੰ ਇਸ ਢੰਗ ਨਾਲ ਬਦਲਿਆ ਜਾਵੇ ਕਿ ਮਨੁੱਖਾਂ ਨੂੰ ਇਨ੍ਹਾਂ ਤੋਂ ਵੱਧ ਤੋਂ ਵੱਧ ਲਾਭ ਅਤੇ ਘੱਟ ਤੋਂ ਘੱਟ ਨੁਕਸਾਨ ਦੀ ਸੰਭਾਵਨਾ ਰਹੇ। ਨਦੀ ਇੰਜਨੀਅਰਿੰਗ ਹੁਣ ਤੱਕ ਇਸੇ ਸਿਧਾਂਤ ਕਾਰਨ ਉੱਨਤੀ ਕਰ ਸਕੀ ਹੈ ਅਤੇ ਸੰਸਾਰ ਵਿਚ ਜਿਥੇ ਕਿਤੇ ਵੀ ਮਨੁੱਖਤਾ ਆਪਣੇ ਲਾਭ ਹਿਤ ਨਦੀਆਂ ਦਾ ਮਾਰਗ ਨਿਰਧਾਰਤ ਕਰਦੀ ਹੈ ਉਥੇ ਇਸੇ ਮੂਲ ਸਿਧਾਂਤ ਨੂੰ ਹਮੇਸ਼ਾ ਧਿਆਨ ਗੋਚਰੇ ਰਖਿਆ ਜਾਂਦਾ ਹੈ।

ਨਦੀਆਂ ਦੇ ਅਨੇਕਾਂ ਰੂਪ ਹਨ। ਪਹਾੜੀ ਖੇਤਰ ਵਿਚ ਵਹਿਣ ਵਾਲੀਆਂ ਨਦੀਆਂ ਦਾ ਆਕਾਰ ਅਤੇ ਰੂਪ ਮੈਦਾਨੀ ਨਦੀਆਂ ਤੋਂ ਭਿੰਨ ਹੁੰਦਾ ਹੈ। ਇਨ੍ਹਾਂ ਵਿਚ ਪਾਣੀ ਦਾ ਵਹਾਉ ਤੇਜ਼ ਹੁੰਦਾ ਹੈ। ਕੁਝ ਪਹਾੜੀ ਨਦੀਆਂ ਪਹਾੜਾਂ ਨੂੰ ਕੱਟਕੇ ਆਪਣਾ ਰਸਤਾ ਬਣਾਉਂਦੀਆਂ ਹਨ। ਅਜਿਹੀਆਂ ਨਦੀਆਂ ਦੀ ਢਾਲ ਬਹੁਤ ਜ਼ਿਆਦਾ ਹੁੰਦੀ ਹੈ। ਇਸ ਦੇ ਕਿਨਾਰੇ ਖੜ੍ਹੇ ਹੁੰਦੇ ਹਨ ਅਤੇ ਥੋੜ੍ਹਾ ਹੇਠਾਂ ਜਾ ਕੇ ਇਨ੍ਹਾਂ ਦਾ ਰੂਪ ਬਦਲ ਜਾਂਦਾ ਹੈ। ਇਨ੍ਹਾਂ ਦਾ ਪਾਣੀ ਫੈਲ ਜਾਂਦਾ ਹੈ ਅਤੇ ਵੱਡੇ-ਵੱਡੇ ਗੋਲ ਪੱਥਰ, ਪੱਥਰੀ ਅਤੇ ਬਜਰੀ ਇਸ ਦੇ ਤਲ ਉੱਤੇ ਪਾਣੀ ਦੇ ਵਹਾਉ ਉੱਤੇ ਰੁੜਦੇ ਰਹਿੰਦੇ ਹਨ ਜਿਸ ਤਰ੍ਹਾਂ ਗੰਗਾ ਨਦੀ ਦਾ ਰੂਪ ਰਿਸ਼ੀਕੇਸ਼ ਅਤੇ ਹਰਿਦੁਆਰ ਦੇ ਵਿਚਕਾਰ ਹੈ। ਅਜਿਹੀ ਸਥਿਤੀ ਵਿਚ ਨਦੀਆਂ ਦੀ ਡੂੰਘਾਈ ਬਹੁਤੀ ਨਹੀਂ ਹੁੰਦੀ ਅਤੇ ਬਾਹਰੀ ਕਿਨਾਰੇ ਕੁਝ ਪੱਕੇ ਹੁੰਦੇ ਹਨ ਪਰੰਤੂ ਹੜ੍ਹਾਂ ਦੇ ਦਿਨਾਂ ਵਿਚ ਇਨ੍ਹਾਂ ਨਦੀਆਂ ਵਿਚ ਪਾਣੀ ਦੀ ਗਤੀ ਵੱਧ ਜਾਂਦੀ ਹੈ। ਕਈ ਥਾਵਾਂ ਉੱਤੇ ਪੱਥਰਾਂ ਦਾ ਜਾਂ ਬਜਰੀ ਦਾ ਵੱਡਾ ਢੇਰ ਬਣ ਜਾਣ ਕਾਰਨ ਪਾਣੀ ਦੀ ਧਾਰਾ ਆਪਣਾ ਰੁੱਖ ਬਦਲ ਲੈਂਦੀ ਹੈ ਅਤੇ ਇਸ ਤਰ੍ਹਾਂ ਨਵੇਂ ਰਸਤੇ ਰਾਹੀਂ ਵਹਿਣ ਲਗਦੀ ਹੈ ਜਿਸ ਕਾਰਨ ਕਿਨਾਰਿਆਂ ਦੀ ਖੋਰ ਜਾਂ ਕਾਟ ਹੁੰਦੀ ਰਹਿੰਦੀ ਹੈ।

ਪਹਾੜੀ ਖੇਤਰ ਤੋਂ ਬਾਅਦ ਨਦੀ ਦਰਮਿਆਨੇ ਖੇਤਰ ਵਿਚ ਦਾਖ਼ਲ ਹੁੰਦੀ ਹੈ ਜਿਥੇ ਸਮਤਲ ਖੇਤਰ ਵਿਚ ਪਾਣੀ ਦੀ ਗਤੀ ਬਹੁਤ ਘੱਟ ਜਾਂਦੀ ਹੈ। ਅਜਿਹੀ ਸਥਿਤੀ ਵਿਚ ਆਮ ਕਰਕੇ ਨਦੀ ਦੇ ਕਿਨਾਰੇ ਰੇਤ ਜਾਂ ਮਿੱਟੀ ਦਾ ਢੇਰ ਇਕੱਤਰ ਹੋ ਜਾਂਦਾ ਹੈ ਅਤੇ ਨਦੀਆਂ ਦੂਰ ਦੂਰ ਤੱਕ ਵਿੰਗੀਆਂ ਟੇਡੀਆਂ ਵਲ ਖਾਂਦੀਆਂ ਜਾਂਦੀਆਂ ਹਨ। ਸਮੁੰਦਰ ਦੇ ਨੇੜੇ ਜਾ ਕੇ ਨਦੀਆਂ ਦੀ ਗਤੀ ਹੋਰ ਵੀ ਘੱਟ ਜਾਂਦੀ ਹੈ। ਇਨ੍ਹਾਂ ਦੀਆਂ ਧਾਰਾਂ ਵੀ ਕਈ ਹਿੱਸਿਆਂ ਵਿਚ ਵੰਡ ਜਾਣ ਉਪਰੰਤ ਸਮੁੰਦਰ ਵਿਚ ਜਾ ਮਿਲਦੀਆਂ ਹਨ। ਸਮੁੰਦਰ ਵਿਚ ਦਾਖ਼ਲ ਹੋਣ ਤੋਂ ਪਹਿਲਾਂ ਇਹ ਨਦੀਆਂ ਆਪਣੇ ਆਪ ਲਿਆਂਦੀ ਮਿੱਟੀ ਤੇ ਰੇਤ ਆਦਿ ਸਮੁੰਦਰੀ ਤਟ ਦੇ ਨਾਲ ਨਾਲ ਛੱਡ ਦਿੰਦੀਆਂ ਹਨ ਅਤੇ ਆਪ ਸਮੁੰਦਰ ਵਿਚ ਜਾ ਮਿਲਦੀਆਂ ਹਨ। ਇਸ ਤਰ੍ਹਾਂ ਨਦੀਆਂ ਉੱਚੇ ਉੱਚੇ ਡੈੱਲਟੇ ਬਣਾ ਦਿੰਦੀਆਂ ਹਨ ਜਿਹੜੇ ਸੰਸਾਰ ਵਿਚ ਹਰ ਥਾਂ ਖੇਤੀ-ਬਾੜੀ ਲਈ ਸਭ ਤੋਂ ਉੱਤਮ ਮੰਨੇ ਜਾਂਦੇ ਹਨ। ਉਂਝ ਸੰਸਾਰ ਵਿਚ ਅਨੇਕਾਂ ਵੱਡੀਆਂ ਵੱਡੀਆਂ ਨਦੀਆਂ ਹਨ ਜਿਵੇਂ ਉੱਤਰੀ ਅਮਰੀਕਾ ਦੀ ਮਿਸੀਸਿਪੀ ਅਤੇ ਦੱਖਣੀ ਅਮਰੀਕਾ ਦੀ ਐਮਾਜ਼ਾਨ ਨਦੀ। ਭਾਵੇਂ ਇਹ ਗੰਗਾ ਨਦੀ ਨਾਲੋਂ ਵੀ ਕਿਤੇ ਵਧੇਰੇ ਵੱਡੀਆਂ ਹਨ ਪਰੰਤੂ ਇਥੇ ਉਦਾਹਰਣ ਲਈ ਭਾਰਤ ਦੀਆਂ ਹੀ ਕੁਝ ਜਾਣੀਆਂ ਪਛਾਣੀਆਂ ਤੇ ਪ੍ਰਸਿੱਧ ਨਦੀਆਂ ਦਾ ਹੀ ਵਰਨਣ ਕੀਤਾ ਜਾਵੇਗਾ।

ਸਾਰੀਆਂ ਹੀ ਨਦੀਆਂ ਉੱਚੀਆਂ ਪਹਾੜੀਆਂ ਤੋਂ ਆਰੰਭ ਹੁੰਦੀਆਂ ਹਨ। ਰਸਤੇ ਵਿਚ ਹੋਰ ਨਾਲੇ ਆਦਿ ਮਿਲਣ ਉਪਰੰਤ ਕਾਫ਼ੀ ਵੱਡਾ ਰੂਪ ਧਾਰਨ ਕਰ ਲੈਂਦੀਆਂ ਹਨ ਅਤੇ ਫਿਰ ਮੈਦਾਨੀ ਖੇਤਰਾਂ ਵਿਚੋਂ ਲੰਘਦੀਆਂ ਹੋਈਆਂ ਸਮੁੰਦਰ ਵਿਚ ਜਾਂ ਖੇਤਰ ਦੀ ਸਿੰਜਾਈ ਕਰਦੀਆਂ ਕਰਦੀਆਂ ਅਲੋਪ ਹੋ ਜਾਂਦੀਆਂ ਹਨ। ਗੰਗਾ ਨਦੀ ਉੱਤੇ ਹਰਿਦੁਆਰ ਵਿਖੇ ਨਦੀ ਇੰਜਨੀਅਰਿੰਗ ਦੀ ਇਕ ਮਹਾਨ ਕਲਿਆਣਕਾਰੀ ਯੋਜਨਾ ਮੁਕੰਮਲ ਹੋਈ। ਇਸੇ ਤਰ੍ਹਾਂ ਸਤਲੁਜ ਦਰਿਆ ਉੱਤੇ ਭਾਖੜਾ ਡੈਮ ਦੀ ਉਸਾਰੀ, ਨਦੀ ਇੰਜਨੀਅਰਿੰਗ ਦੀ ਦੇਣ ਦੀ ਇਕ ਵਿਸ਼ਵ ਪ੍ਰਸਿੱਧ ਕਿਰਤ ਹੈ। ਗੰਗਾ ਦੇ ਇਕ ਪਾਸੇ ਪਹਾੜੀ ਹੋਣ ਕਰਕੇ ਬੰਨ੍ਹ ਦੀ ਉਸਾਰੀ ਕੀਤੀ ਗਈ ਹੈ ਅਤੇ ਦੂਜੇ ਪਾਸੇ ਮੋੜ ਦੇ ਕੇ ਨਹਿਰ ਬਣਾਈ ਗਈ ਹੈ। ਇਸੇ ਤਰ੍ਹਾਂ ਭਾਖੜਾ ਡੈਮ ਦੇ ਸਥਾਨ ਉੱਤੇ ਸਤਲੁਜ ਦੇ ਦੋਵੇਂ ਪਾਸੇ ਪਹਾੜੀਆਂ ਹਨ ਅਤੇ ਬੰਨ੍ਹ ਲਗਾਕੇ ਜਲ-ਬਿਜਲੀ ਯੋਜਨਾ ਬਣਾਈ ਗਈ ਹੈ। ਗੰਗਾ ਨਦੀ ਵਿਚੋਂ ਕੱਢੀ ਗਈ ਨਹਿਰ ਉੱਤੇ ਵੀ ਜਲ-ਬਿਜਲੀ ਯੋਜਨਾ ਬਣਾਈ ਗਈ ਹੈ। ਨਦੀਆਂ ਉੱਤੇ ਕਈ ਥਾਵਾਂ ਉੱਤੇ ਪੱਕੇ ਬੰਨ੍ਹ ਬਣਾ ਕੇ ਗੇਟ ਲਗਾਏ ਗਏ ਹਨ ਤਾਂ ਜੋ ਹੜ੍ਹਾਂ ਦੀ ਸਥਿਤੀ ਵਿਚ ਗੇਟ ਖੋਲ੍ਹ ਕੇ ਪਾਣੀ ਨੂੰ ਨਿਯੰਤਰਿਤ ਕਰਕੇ ਛੱਡਿਆ ਜਾਵੇ ਤਾਂ ਜੋ ਕਿਸੇ ਤਰ੍ਹਾਂ ਦੇ ਵੀ ਜਾਨ ਅਤੇ ਮਾਲ ਦਾ ਨੁਕਸਾਨ ਨ ਹੋਵੇ।

ਨਦੀ ਉੱਤੇ ਬੰਧ ਬਣਾਉਣ ਦੇ ਨਾਲ ਨਾਲ ਬੰਨ੍ਹ ਨੂੰ ਸਹਾਰਾ ਦੇਣ ਵਾਲੀਆਂ ਠੋਕਰਾਂ ਦੀ ਉਸਾਰੀ ਵੀ ਕਰਨੀ ਜ਼ਰੂਰੀ ਹੋ ਜਾਂਦੀ ਹੈ ਤਾਂ ਜੋ ਬੰਨ੍ਹ ਨੂੰ ਕੋਈ ਨੁਕਸਾਨ ਨਾ ਪਹੁੰਚੇ। ਇਹ ਨਦੀ ਇੰਜਨੀਅਰਿੰਗ ਦਾ ਇੰਨਾ ਮਹੱਤਵਪੂਰਨ ਕੰਮ ਹੈ ਜਿਸ ਨਾਲ ਨਦੀ ਦਾ ਵਹਾਉ ਲਗਭਗ ਕਈ ਦਹਾਕਿਆਂ ਤਕ ਇਕੋ ਦਿਸ਼ਾ ਵਿਚ ਰੱਖਿਆ ਜਾ ਸਕਦਾ ਹੈ। ਇਸ ਤਰ੍ਹਾਂ ਵੱਡੀਆਂ ਵੱਡੀਆਂ ਨਦੀਆਂ ਨੂੰ ਇਕੋ ਸਥਿਤੀ ਵਿਚ ਰੱਖਣਾ ਬਹੁਤ ਮਿਹਨਤ ਤੇ ਲਗਾਤਾਰ ਧਿਆਨ ਰੱਖਣ ਵਾਲਾ ਕੰਮ ਹੈ। ਕਈ ਵਾਰੀ ਨਦੀ ਦੇ ਰਸਤੇ ਨੂੰ ਬਦਲਣ ਦੀ ਵੀ ਜ਼ਰੂਰਤ ਪੈਂਦੀ ਹੈ ਉਦਾਹਰਣ ਵਜੋਂ ਰਾਜਘਾਟ ਦੇ ਰੇਲਵੇ ਪੁਲ ਦੇ ਨੇੜੇ ਗੰਗਾ ਦੀ ਧਾਰਾ ਵਿਚ ਮੋੜ ਦਿੱਤਾ ਗਿਆ ਹੈ ਤਾਂ ਜੋ ਹੜ੍ਹਾਂ ਦੇ ਦਿਨਾਂ ਵਿਚ ਰੇਲਵੇ ਪੁਲ ਨੂੰ ਕੋਈ ਨੁਕਸਾਨ ਨਾ ਪਹੁੰਚੇ। ਅਜਿਹਾ ਕਰਨ ਲਈ ਖੱਬੇ ਪਾਸੇ ਠੋਕਰਾਂ ਬਣਾਈਆਂ ਗਈਆਂ ਹਨ, ਇਸ ਦਾ ਨਤੀਜਾ ਇਹ ਹੋਇਆ ਹੈ ਕਿ ਹੁਣ ਨਦੀ ਦਾ ਵਹਾਉ ਪੁਲ ਦੇ ਹੇਠਾਂ ਹੀ ਰਹਿੰਦਾ ਹੈ। ਇਸੇ ਤਰ੍ਹਾਂ ਦੂਜੀਆਂ ਛੋਟੀਆਂ ਵੱਡੀਆਂ ਸਾਰੀਆਂ ਨਦੀਆਂ ਉੱਤੇ ਕਈ ਥਾਵਾਂ ਤੇ ਅਜਿਹੇ ਪ੍ਰਬੰਧ ਕਰਨਾ ਨਦੀ ਇੰਜਨੀਅਰਿੰਗ ਦਾ ਹੀ ਕਾਰਜ ਖੇਤਰ ਹੈ।

ਹੜ੍ਹਾਂ ਤੋਂ ਬਚਾਉਣ ਅਤੇ ਸਿੰਜਾਈ ਦਾ ਪ੍ਰਬੰਧ ਕਰਨ ਲਈ ਕਈ ਵਾਰੀ ਦੋ ਨਦੀਆਂ ਨੂੰ ਇਕੱਠਾ ਕਰਨਾ ਜ਼ਰੂਰੀ ਹੋ ਜਾਂਦਾ ਹੈ

ਜਿਵੇਂ ਗੰਗਾ-ਜਮਨਾ ਸੰਗਮ; ਸਤਲੁਜ-ਜਮਨਾ ਲਿੰਕ ਆਦਿ। ਅਜਿਹੇ ਕਈ ਵਿਸ਼ੇਸ਼ ਕਾਰਜ ਨਦੀ ਇੰਜਨੀਅਰਿੰਗ ਨਾਲ ਹੀ ਸਬੰਧਤ ਹਨ। ਇਸ ਤਰ੍ਹਾਂ ਕਰਨ ਨਾਲ ਸਮੁਚੇ ਸਾਲ ਦੌਰਾਨ ਸਿੰਜਾਈ ਲਈ ਪਾਣੀ ਉਪਲੱਬਧ ਰਹਿੰਦਾ ਹੈ। ਹੜ੍ਹਾਂ ਉੱਤੇ ਨਿਯੰਤਰਣ ਲਈ ਹੇਠ ਲਿਖੇ ਮੁੱਖ ਕੰਮ ਕਰਨੇ ਪੈਂਦੇ ਹਨ :

1. ਨਦੀ ਦੇ ਦੋਵੇਂ ਜਾਂ ਇਕ ਕਿਨਾਰੇ ਉੱਤੇ ਪੁਸ਼ਤੇ ਜਾਂ ਬੰਨ੍ਹ ਬਣਾਉਣਾ, ਜਿਸ ਤਰ੍ਹਾਂ ਕੋਸੀ ਨਦੀ ਉੱਤੇ ਬਣਾਇਆ ਗਿਆ ਹੈ। ਪੰਜਾਬ ਵਿਚ ਵੀ ਰਾਵੀ ਦਰਿਆ ਉੱਤੇ ਥੀਨ ਡੈਮ ਉਸਾਰਿਆ ਜਾ ਰਿਹਾ ਹੈ। ਸੰਸਾਰ ਦੇ ਵੱਖ ਵੱਖ ਹਿੱਸਿਆਂ ਵਿਚ ਅਨੇਕਾਂ ਨਦੀਆਂ ਉੱਤੇ ਵੀ ਅਜਿਹੇ ਬੰਨ੍ਹ ਬਣਾਏ ਗਏ ਹਨ।
2. ਨਦੀ ਦੇ ਥੱਲੇ ਅਤੇ ਉਸ ਦੇ ਕਿਨਾਰਿਆਂ ਨੂੰ ਸੁਧਾਰਨਾ ਅਤੇ ਪਾਣੀ ਦੇ ਨਿਕਾਸ ਲਈ ਯੋਗ ਪ੍ਰਬੰਧ ਕਰਨਾ।
3. ਇਕ ਨਦੀ ਦਾ ਪਾਣੀ ਦੂਜੀ ਨੇੜੇ ਵਾਲੀ ਨਦੀ ਵਿਚ ਪਾ ਦੇਣਾ।
4. ਨਦੀ ਉੱਤੇ ਬੰਨ੍ਹ ਬਣਾ ਕੇ ਉਸ ਦੇ ਜਲ-ਪ੍ਰਵਾਹ ਉਤੇ ਨਿਯੰਤਰਣ ਬਣਾਈ ਰੱਖਣਾ।
5. ਭੂਮੀ ਰੱਖਿਆ ਰਾਹੀਂ, ਬਾਰਸ਼ਾਂ ਦੇ ਪਾਣੀ ਦੇ ਪ੍ਰਵਾਹ ਦੀ ਗਤੀ ਵਿਚ ਕਮੀ ਕਰਨਾ। ਜਿਥੋਂ ਤੱਕ ਸੰਭਵ ਹੋ ਸਕੇ ਉਸ ਦਾ ਨਿਕਾਸ ਧਰਤੀ ਦੇ ਹੇਠਾਂ ਨੂੰ ਹੋਵੇ, ਇਸ ਨਾਲ ਭੂਮੀ ਦਾ ਖੁਰਨਾ ਬਚੇਗਾ ਅਤੇ ਨਾਲ ਹੀ ਪਾਣੀ ਵੀ ਇਕੱਠਾ ਹੋ ਜਾਵੇਗਾ।

ਨਦੀ ਨਿਯੰਤਰਣ ਲਈ ਕਿਹੜਾ ਕੰਮ ਕਿਥੇ ਠੀਕ ਰਹੇਗਾ, ਇਸ ਦਾ ਫ਼ੈਸਲਾ ਕਰਨ ਲਈ ਅਨੁਭਵ, ਗਿਆਨ ਤੇ ਸਿਧਾਂਤਾਂ ਦੀ ਜਾਣਕਾਰੀ ਆਦਿ ਦਾ ਹੋਣਾ ਜ਼ਰੂਰੀ ਹੈ। ਨਦੀ ਨਿਯੰਤਰਣ ਦਾ ਕੰਮ ਬਹੁਤਾ ਕਰਕੇ ਇਸ ਗੱਲ ਉੱਤੇ ਨਿਰਭਰ ਕਰਦਾ ਹੈ ਕਿ ਕਿਥੇ, ਕਦੋਂ ਅਤੇ ਕਿਤਨੀ ਬਾਰਸ਼ ਹੁੰਦੀ ਹੈ ਅਤੇ ਪਾਣੀ ਦੇ ਪ੍ਰਵਾਹ ਦੀ ਗਤੀ ਕਿੰਨੀ ਹੁੰਦੀ ਹੈ। ਨਦੀ ਦੇ ਪ੍ਰਵਾਹ ਖੇਤਰ ਦੀ ਦਿਸ਼ਾ ਉੱਤੇ ਵੀ ਇਹ ਕਾਫ਼ੀ ਨਿਰਭਰ ਕਰਦਾ ਹੈ। ਇਸ ਸਬੰਧ ਵਿਚ ਬਹੁਤ ਸਾਰੇ ਪ੍ਰਸਿੱਧ ਵਿਗਿਆਨੀਆਂ ਅਤੇ ਇੰਜੀਨੀਅਰਾਂ ਨੇ ਆਪਣੇ ਆਪਣੇ ਨਿਯਮ ਨਿਸ਼ਚਿਤ ਕੀਤੇ ਹਨ। ਇਨ੍ਹਾਂ ਵਿਚ ਡਿਕੰਨਜ਼, ਰਾਈਵਜ਼ ਅਤੇ ਕੁਚਕਿੰਗ ਦੇ ਨਾਮ ਵਰਨਣ ਯੋਗ ਹਨ। ਇਨ੍ਹਾਂ ਸਿਧਾਂਤਾਂ ਨੂੰ ਲਾਗੂ ਕਰਨ ਤੋਂ ਪਹਿਲਾਂ ਪ੍ਰਭਾਵਿਤ ਖੇਤਰ ਦੀ ਕੁਦਰਤੀ ਬਣਾਵਟ ਦਾ ਹੇਠ ਲਿਖੀਆਂ ਵੱਖ-ਵੱਖ ਕਿਸਮਾਂ ਅਨੁਸਾਰ ਪਤਾ ਲਗਾਇਆ ਜਾਂਦਾ ਹੈ :

(ੳ) ਨੰਗੀਆਂ ਚਟਾਨਾਂ ਜਿਨ੍ਹਾਂ ਵਿਚੋਂ ਪਾਣੀ ਦਾ ਹੇਠਾਂ ਜਾਣਾ ਅਸੰਭਵ ਹੁੰਦਾ ਹੈ।

(ਅ) ਚਟਾਨਾਂ ਜਿਨ੍ਹਾਂ ਵਿਚੋਂ ਪਾਣੀ ਲੰਘ ਸਕਦਾ ਹੈ।

(ੲ) ਅਜਿਹੀ ਧਰਤੀ ਜਿਹੜੀ ਕੁਝ ਪਥਰੀਲੀ ਹੋਵੇ ਭਾਵ ਉਸ ਵਿਚ ਥੋੜ੍ਹੀ ਬਹੁਤੀ ਬਨਸਪਤੀ ਉੱਗ ਸਕਦੀ ਹੋਵੇ।

(ਸ) ਖੇਤੀ ਯੋਗ ਧਰਤੀ।

(ਹ) ਰੇਤਲੀ ਮਿੱਟੀ ਜਿਸ ਵਿਚ ਪਾਣੀ ਠਹਿਰ ਨਾ ਸਕਦਾ ਹੋਵੇ ਆਦਿ।

ਜਦੋਂ ਨਦੀ ਦੀ ਧਰਤੀ ਦੀ ਜਾਂਚ ਹੋ ਜਾਂਦੀ ਹੈ ਤਾਂ ਨਿਯੰਤਰਣ ਕਰਨ ਦੀ ਯੋਜਨਾ ਬਣ ਸਕਦੀ ਹੈ। ਨਦੀ ਦੀ ਭੂਮੀ ਦੀਆਂ ਉਚੱਤਮ ਅਤੇ ਨਿਊਨਤਮ ਸੀਮਾਵਾਂ ਦੇ ਆਧਾਰ ਉੱਤੇ ਯੋਜਨਾਵਾਂ ਦਾ ਪਹਿਲਾ ਕੰਮ ਸੰਪੰਨ ਹੋ ਜਾਂਦਾ ਹੈ। ਬਹੁਤ ਸਾਰੀਆਂ ਅਜਿਹੀਆਂ ਯੋਜਨਾਵਾਂ ਜਿਨ੍ਹਾਂ ਦਾ ਪਹਿਲਾ ਅਨੁਮਾਨ ਗਲਤ ਸਿੱਧ ਹੋਇਆ ਹੈ ਜਿਸ ਦੇ ਫਲਸਰੂਪ ਨਿਰਮਾਣ ਦਾ ਕੰਮ ਅਧੂਰਾ ਰਹਿ ਗਿਆ ਅਤੇ ਬਹੁਤ ਨੁਕਸਾਨ ਉਠਾਉਣਾ ਪਿਆ ਹੈ। ਨਦੀ ਦੇ ਪ੍ਰਵਾਹ ਦੀ ਦਿਸ਼ਾ ਬਦਲਣ ਨਾਲ ਵੀ ਅਨੁਮਾਨ ਗਲਤ ਹੋ ਸਕਦਾ ਹੈ। ਇਹੋ ਕਰਨਾ ਉਚਿਤ ਰਹਿੰਦਾ ਹੈ, ਕਿ ਨਦੀ ਨੂੰ ਆਪਣੇ ਕੁਦਰਤੀ ਵਹਾਉ ਅਨੁਸਾਰ ਉਸ ਦੀ ਮੂਲ ਦਿਸ਼ਾ ਵਿਚ ਹੀ ਵਹਿਣ ਦਿੱਤਾ ਜਾਵੇ ਤਾਂ ਜੋ ਹੜ੍ਹਾਂ ਦੇ ਸਮੇਂ ਬਹੁਤ ਨੁਕਸਾਨ ਨਾ ਪਹੁੰਚਾਏ। ਜਦੋਂ ਕਿਸੇ ਨਦੀ ਦੇ ਰਸਤੇ ਵਿਚ ਬੰਨ੍ਹ ਉਸਾਰ ਦਿੱਤਾ ਜਾਂਦਾ ਹੈ ਤਾਂ ਨਿਮਨ ਦਰਜ ਸਮੱਸਿਆਵਾਂ ਸਾਹਮਣੇ ਆ ਖੜਦੀਆਂ ਹਨ ਜਿਨ੍ਹਾਂ ਦਾ ਸਮਾਧਾਨ ਕਰਨਾ ਅਤਿ ਜ਼ਰੂਰੀ ਹੋ ਜਾਂਦਾ ਹੈ।

1. ਨਦੀ ਉੱਤੇ ਬੰਨ੍ਹ ਬਣਾਉਂਦੇ ਸਾਰ ਹੀ ਬੰਨ੍ਹ ਤੋਂ ਉਪਰਲੇ ਖੇਤਰ ਵਿਚ ਨਦੀ ਦੇ ਪ੍ਰਵਾਹ ਦੀ ਗਤੀ ਘੱਟ ਜਾਂਦੀ ਹੈ ਲਗਭਗ ਬੰਨ੍ਹ ਦੇ ਨੇੜੇ ਤੋਂ ਪਾਣੀ ਖੜ੍ਹਾ ਹੀ ਪ੍ਰਤੀਤ ਹੁੰਦਾ ਹੈ। ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਜਿਹੜੀ ਮਿੱਟੀ, ਰੇਤ ਅਤੇ ਬਜਰੀ ਆਦਿ ਪਾਣੀ ਨਾਲ ਰੁੜੀ ਆਉਂਦੀ ਹੈ ਉਹ ਬੰਨ੍ਹ ਦੇ ਖੇਤਰ ਅੰਦਰ ਇਕੱਠੀ ਹੋਣੀ ਸ਼ੁਰੂ ਹੋ ਜਾਂਦੀ ਹੈ ਅਤੇ ਬੰਨ੍ਹ ਦੀ ਸਮਰੱਥਾ ਹਰ ਸਾਲ ਘੱਟਦੀ ਜਾਂਦੀ ਹੈ ਜਿਵੇਂ ਕਿ ਭਾਖੜਾ ਡੈਮ ਦੇ ਗੋਬਿੰਦ ਸਾਗਰ ਦੀ ਸਮਰੱਥਾ ਗਾਦ ਜਮਣ ਕਾਰਨ ਕਾਫ਼ੀ ਘੱਟ ਹੋ ਗਈ ਹੈ ਜੇਕਰ ਇਸ ਦਾ ਕੋਈ ਹੱਲ ਨਾ ਕੀਤਾ ਗਿਆ ਤਾਂ ਇਸ ਦੇ ਬਹੁਤ ਹੀ ਗੰਭੀਰ ਸਿੱਟੇ ਨਿਕਲਣਗੇ।

2. ਬੰਨ੍ਹ ਦੇ ਉਪਰਲੇ ਖੇਤਰ ਵਿਚ ਗਾਦ ਜਮ੍ਹਾਂ ਹੋ ਜਾਣ ਨਾਲ ਨਦੀ ਦਾ ਉਪਰਲਾ ਖੇਤਰ ਉੱਚਾ ਹੋ ਜਾਂਦਾ ਹੈ ਅਤੇ ਜਦੋਂ ਹੜ੍ਹ ਆਉਂਦੇ ਹਨ ਤਾਂ ਪਾਣੀ ਉਪਰਲੇ ਖੇਤਰਾਂ ਵਿਚ ਦੂਰ ਦੂਰ ਤਕ ਫੈਲ ਜਾਂਦਾ ਹੈ ਅਤੇ ਨੁਕਸਾਨ ਕਰਦਾ ਹੈ।

3. ਵਧੇਰੇ ਪਾਣੀ ਜਮ੍ਹਾਂ ਹੋ ਜਾਣ ਦੀ ਹਾਲਤ ਵਿਚ ਬੰਨ੍ਹ ਦੇ ਨਾਲ ਨਾਲ ਪਾਸਿਆਂ ਤੋਂ ਉਚਿਤ ਨਿਕਾਸ ਦਾ ਪ੍ਰਬੰਧ ਕਰਨਾ ਜ਼ਰੂਰੀ ਹੈ। ਜੇਕਰ ਨਿਕਾਸ ਦਾ ਪ੍ਰਬੰਧ ਜ਼ਰੂਰਤ ਤੋਂ ਜ਼ਿਆਦਾ ਕੀਤਾ ਜਾਵੇ ਤਾਂ ਖਰਚਾ ਵਧੇਰੇ ਹੁੰਦਾ ਹੈ। ਜੇਕਰ ਜ਼ਰੂਰਤ ਤੋਂ ਘੱਟ ਰਖਿਆ ਜਾਵੇ ਤਾਂ ਵੀ ਸਥਿਤੀ ਠੀਕ ਨਹੀਂ ਰਹਿੰਦੀ। ਇਸ ਲਈ ਨਿਕਾਸ ਪ੍ਰਬੰਧ ਦਾ ਉਚਿਤ ਨਾ ਹੋਣਾ ਬੰਨ੍ਹ ਦੇ ਟੁੱਟਣ ਨੂੰ ਸੱਦਾ ਦੇਣਾ ਹੈ ਜਿਸ ਦੇ ਨਤੀਜੇ ਕਿਸੇ ਵੀ ਹਾਲਤ ਵਿਚ ਚੰਗੇ ਨਹੀਂ ਹੋ ਸਕਦੇ।

4. ਬੰਨ੍ਹ ਤੋਂ ਹੇਠਾਂ ਨਦੀ ਦੇ ਪਾਣੀ ਦਾ ਵਹਾਉ ਉਚਿਤ ਨਹੀਂ ਰਹਿੰਦਾ ਜਿਸ ਕਾਰਨ ਉਥੇ ਜਮ੍ਹਾਂ ਹੋਈ ਰੇਤ ਅਤੇ ਗਾਦ ਰੁੜਦੀ ਨਹੀਂ, ਸਿੱਟਾ ਇਹ ਹੁੰਦਾ ਹੈ ਕਿ ਹੜ੍ਹਾਂ ਦੇ ਦਿਨਾਂ ਵਿਚ ਪਾਣੀ ਨੇੜੇ ਦੇ ਖੇਤਰਾਂ ਵਿਚ ਦੂਰ ਤੱਕ ਫੈਲ ਜਾਂਦਾ ਹੈ ਅਤੇ ਨੁਕਸਾਨ ਕਰਦਾ ਹੈ।

ਪ੍ਰਕਿਰਤੀ ਦੇ ਉਲਟ ਕੰਮ ਕਰਨਾ ਹੋਵੇ ਤਾਂ ਉਸ ਤੋਂ ਉਤਪੰਨ ਹੋਣ ਵਾਲੇ ਭੈੜੇ ਪਰਣਾਮਾਂ ਦਾ ਸਮਾਧਾਨ ਤੁਰੰਤ ਹੋਣਾ ਜ਼ਰੂਰੀ ਹੈ। ਭਾਰਤ ਵਰਗੇ ਵੱਡੇ ਦੇਸ਼ ਵਿਚ ਹਰ ਸਾਲ ਕਿਸੇ ਨਾ ਕਿਸੇ ਨਦੀ ਵਿਚ ਹੜ੍ਹ ਆਉਂਦਾ ਹੈ ਕੁਝ ਨਦੀਆਂ ਵਿਚ ਤਾਂ ਹਰ ਸਾਲ ਹੀ ਹੜ੍ਹ ਆਉਂਦੇ ਹਨ ਅਤੇ ਨੁਕਸਾਨ ਪਹੁੰਚਾਉਂਦੇ ਹਨ। ਬਿਹਾਰ ਦੀ ਕੋਸੀ ਨਦੀ ਇਸ ਕਾਰਜ ਵਿਚ ਸਭ ਤੋਂ ਪ੍ਰਮੁੱਖ ਹੈ। ਇਸ ਦਾ ਫੈਲਾਉ ਕਈ ਕਿਲੋਮੀਟਰਾਂ ਵਿਚ ਕਦੇ ਇਧਰ ਕਦੇ ਉਧਰ ਹੁੰਦਾ ਰਹਿੰਦਾ ਹੈ। ਇਸ ਦੇ ਵਹਾਉ ਉੱਤੇ ਨਿਯੰਤਰਣ ਕਰਨ ਲਈ ਲੰਬੇ ਲੰਬੇ ਪੁਸ਼ਤੇ ਬਣਾਏ ਗਏ ਹਨ।

ਜਿੱਥੇ ਪੁਲਾਂ ਦਾ ਨਿਰਮਾਣ ਹੁੰਦਾ ਹੈ ਉਥੇ ਪੁਲਾਂ ਦੇ ਦੋਵੇਂ ਪਾਸੇ, ਉਪਰ ਅਤੇ ਥੱਲੇ ਬਹੁਤ ਕੰਮ ਕਰਨਾ ਪੈਂਦਾ ਹੈ ਤਾਂ ਜੋ ਨਦੀ ਦੇ ਪਾਸਿਆਂ ਤੋਂ ਪਾਣੀ ਨਾ ਨਿਕਲ ਤੁਰੇ ਭਾਵ ਮਿੱਟੀ ਦੇ ਬੰਨ੍ਹ ਨੂੰ ਤੋੜ ਕੇ ਆਪਣਾ ਨਵਾਂ ਰਸਤਾ ਨਾ ਬਣਾ ਲਵੇ। ਇਸ ਪਾਸੇ ਵਿਸ਼ੇਸ਼ ਧਿਆਨ ਦੇਣ ਉਪਰੰਤ ਵੀ ਵੇਖਿਆ ਗਿਆ ਹੈ ਕਿ ਨਦੀ ਸੱਜੇ ਖੱਬੇ ਖਾਰ

ਪਾਉਣੀ ਆਰੰਭ ਕਰ ਦਿੰਦੀ ਹੈ। ਇਹ ਖ਼ਾਰ ਵੱਧਦੀ ਜਾਂਦੀ ਹੈ ਅੰਤ ਪਾੜ ਪੈ ਜਾਂਦਾ ਹੈ ਅਤੇ ਅਜਿਹੀ ਸਥਿਤੀ ਵਿਚ ਇਕਦਮ ਬੰਨ੍ਹ ਲਗਾਉਣਾ ਸੰਭਵ ਨਹੀਂ ਹੁੰਦਾ। ਨਿਯੰਤਰਣ ਕਰਨ ਲਈ ਨਦੀ ਦਾ ਰੁੱਖ ਕਿਸੇ ਹੋਰ ਦਿਸ਼ਾ ਵਿਚ ਮੋੜਨਾ ਪੈਂਦਾ ਹੈ ਤਾਂ ਜੋ ਪਾੜ ਨੂੰ ਪੂਰਿਆ ਜਾ ਸਕੇ। ਕਈ ਥਾਂ ਠੋਕਰਾਂ ਬਣਾਈਆਂ ਜਾਂਦੀਆਂ ਹਨ ਜਦੋਂ ਕਿ ਕਈ ਥਾਵਾਂ ਉੱਤੇ ਨਦੀ ਦਾ ਸਮੁਚਾ ਕਿਨਾਰਾ ਹੀ ਪੱਕਾ ਕਰਨਾ ਪੈਂਦਾ ਹੈ ਤਾਂ ਜੋ ਪਾੜ ਪੈਣ ਦੀ ਸੂਰਤ ਵਿਚ ਵਧੇਰੇ ਨੁਕਸਾਨ ਨਾ ਹੋਵੇ।

ਨਦੀ ਕਿਨਾਰਿਆਂ ਦੀ ਖੋਰ ਨੂੰ ਰੋਕਣ ਲਈ ਅਨੇਕ ਢੰਗ ਅਪਣਾਏ ਜਾਂਦੇ ਹਨ। ਇਹ ਢੰਗ ਸਥਿਤੀ ਅਨੁਸਾਰ ਢੁਕਵੇਂ ਹੋਣੇ ਚਾਹੀਦੇ ਹਨ। ਕਈ ਵਾਰੀ ਨਦੀ ਧਾਰਾ ਨੂੰ ਕਿਨਾਰਿਆਂ ਤੋਂ ਪਾਸੇ ਰੱਖਣ ਲਈ ਠੋਕਰਾਂ ਦੀ ਉਸਾਰੀ ਕੀਤੀ ਜਾਂਦੀ ਹੈ। ਇਨ੍ਹਾਂ ਠੋਕਰਾਂ ਦੀ ਲੰਬਾਈ, ਝੁਕਾਅ ਆਦਿ ਬਹੁਤਾ ਕਰਕੇ ਅਨੁਮਾਨ ਉੱਤੇ ਨਿਰਭਰ ਕਰਦਾ ਹੈ। ਇਹ ਠੋਕਰਾਂ ਵੀ ਅਨੇਕਾਂ ਪ੍ਰਕਾਰ ਦੀਆਂ ਹੁੰਦੀਆਂ ਹਨ ਜਿਵੇਂ ਕਿ ਸਿੱਧੀ ਠੋਕਰ, ਹਾਕੀ, ਠੋਕਰ, ਟੀ ਆਕਾਰ ਦੀ ਠੋਕਰ ਆਦਿ। ਕਈ ਵਾਰੀ ਦੱਰਖ਼ਤਾਂ ਨੂੰ ਕੱਟ ਕੇ ਖਾਰ ਵਾਲੇ ਕਿਨਾਰਿਆਂ ਦੇ ਨਾਲ ਨਾਲ ਰੱਖ ਦਿੱਤਾ ਜਾਂਦਾ ਹੈ ਤਾਂ ਜੋ ਕਿਨਾਰਿਆਂ ਦੀ ਖਾਰ ਨੂੰ ਰੋਕਿਆ ਜਾ ਸਕੇ। ਅਸਲ ਵਿਚ ਭੂਮੀ ਖੁਰਦੀ ਹੈ ਤਾਂ ਦਰਖ਼ਤ ਆਪਣੇ ਆਪ ਗਿਰਦੇ ਰਹਿੰਦੇ ਹਨ ਜਿਨ੍ਹਾਂ ਨਾਲ ਪਾਣੀ ਦੇ ਵੇਗ ਵਿਚ ਰੁਕਾਵਟ ਪੈ ਜਾਂਦੀ ਹੈ ਅਤੇ ਉਥੇ ਗਾਦ, ਮਿੱਟੀ, ਰੇਤ ਆਦਿ ਇਕੱਤਰ ਹੋ ਜਾਣ ਨਾਲ ਖਾਰ ਤੋਂ ਬਚਾਉ ਹੋਣ ਲਗ ਜਾਂਦਾ ਹੈ। ਇਸ ਢੰਗ ਨਾਲ ਨਿਮਨ ਦਰਜ ਪ੍ਰਭਾਵ ਪੈਂਦੇ ਹਨ :

(ੳ) ਨਦੀ ਦੀ ਧਾਰਾ ਦੂਜੇ ਪਾਸੇ ਮੋੜ ਲੈ ਲੈਂਦੀ ਹੈ ਭਾਵ ਪਾੜ ਵਾਲੇ ਕਿਨਾਰੇ ਨੂੰ ਛੱਡ ਦਿੰਦੀ ਹੈ।

(ਅ) ਪਾਣੀ ਦੇ ਵੇਗ ਵਿਚ ਕਮੀ ਹੋ ਜਾਂਦੀ ਹੈ ਅਤੇ ਕਦੇ ਕਦੇ ਨਦੀ ਆਪਣੇ ਲਈ ਦੂਜੇ ਪਾਸੇ ਪਾੜ ਪਾਕੇ ਰਸਤਾ ਬਣਾ ਲੈਂਦੀ ਹੈ।

(ੲ) ਜਦੋਂ ਪਾਣੀ ਦਾ ਵੇਗ ਘੱਟ ਜਾਂਦਾ ਹੈ ਤਾਂ ਨਦੀ ਵਿਚ ਗਾਦ ਜਮ੍ਹਾਂ ਹੋ ਜਾਂਦੀ ਹੈ ਅਤੇ ਕਿਨਾਰਾ ਆਪਣੇ ਆਪ ਬਣਨ ਲਗ ਜਾਂਦਾ ਹੈ।

ਇਸ ਢੰਗ ਅਨੁਸਾਰ ਨਦੀਆਂ ਉੱਤੇ ਮੁਰੰਮਤ ਆਦਿ ਲਈ ਕਿੱਲੇ ਅਤੇ ਦਰਖ਼ਤਾਂ ਦੀਆਂ ਟਾਹਣੀਆਂ ਦੀ ਵਰਤੋਂ ਕੀਤੀ ਜਾਂਦੀ ਹੈ। ਆਮ ਕਰਕੇ ਨਦੀ ਦੀ ਮੁਰੰਮਤ ਇਸ ਗੱਲ ਉੱਤੇ ਨਿਰਭਰ ਕਰਦੀ ਹੈ ਕਿ ਉਹ ਕਿੰਨੀ ਰੇਤ ਅਤੇ ਗਾਦ ਆਪਣੇ ਨਾਲ ਲੈ ਕੇ ਆਉਣ ਦੀ ਸਮਰੱਥਾ ਰਖਦੀ ਹੈ। ਨਦੀ ਦੇ ਤੱਟਾਂ ਦੇ ਬਚਾਉ ਦਾ ਮੁੱਖ ਸਿਧਾਂਤ ਇਹ ਹੈ ਕਿ ਤਟਾਂ ਦੇ ਨੇੜੇ ਪਾਣੀ ਦੇ ਵੇਗ ਨੂੰ ਘੱਟ ਕਰ ਦਿੱਤਾ ਜਾਵੇ। ਇਸ ਦਾ ਸਿੱਟਾ ਇਹ ਹੁੰਦਾ ਹੈ ਕਿ ਖਾਰ ਤਾਂ ਰੁਕ ਜਾਂਦੀ ਹੈ ਪਰੰਤੂ ਵੇਗ ਦੇ ਘਟਣ ਨਾਲ ਗਾਦ ਜਮ੍ਹਾਂ ਹੋ ਜਾਂਦੀ ਹੈ ਅਤੇ ਵੱਡੇ-ਵੱਡੇ ਡੈਲਟੇ ਬਣਦੇ ਰਹਿੰਦੇ ਹਨ। ਗਾਦ ਨੂੰ ਆਪਣੇ ਨਾਲ ਰੋੜ੍ਹ ਕੇ ਲੈ ਜਾਣ ਦੀ ਪਾਣੀ ਦੀ ਸਮਰੱਥਾ ਹੇਠਾਂ ਦਿੱਤੇ ਸੂਤਰ ਅਨੁਸਾਰ ਹੁੰਦੀ ਹੈ।

ਗਾਦ ਰੋੜ੍ਹ ਕੇ ਲੈ ਜਾਣ ਦੀ ਸਮਰੱਥਾ $T = WRS$ ਹੈ ਜਦੋਂ ਕਿ R ਪ੍ਰਵਾਹ ਦੀ ਔਸਤ ਡੂੰਘਾਈ, S ਨਦੀ ਦੇ ਥੱਲੇ ਦੀ ਢਾਲ ਅਤੇ W ਪਾਣੀ ਦਾ ਭਾਰ ਹੈ। ਜਦੋਂ ਨਦੀ ਦੀ ਗਾਦ ਦੀ ਰੁੜ੍ਹਨ ਸਮਰੱਥਾ ਤੱਟ ਦੀ ਘਸਰਨ ਰੋਕ ਤੋਂ ਵੱਧ ਜਾਂਦੀ ਹੈ ਤਾਂ ਗਾਦ ਰੁੜ੍ਹਨ ਲਗ ਜਾਂਦੀ ਹੈ। ਘਸਰਨ ਰੋਕ, ਗਾਦ ਦੇ ਵਿਆਸ ਅਤੇ ਉਸ ਦੀ ਘਣਤਾ ਉੱਤੇ ਨਿਰਭਰ ਕਰਦੀ ਹੈ। ਇਸੇ ਆਧਾਰ ਉੱਤੇ ਅਨੇਕਾਂ ਸੂਤਰ ਬਣਾਏ ਗਏ ਹਨ, ਜਿਨ੍ਹਾਂ ਦੀ ਸਹਾਇਤਾ ਨਾਲ ਪਾਣੀ ਦੀ ਗਾਦ ਦੇ ਰੁੜ੍ਹਨ ਅਤੇ ਬੈਠਣ ਦੀ ਸਮਰੱਥਾ ਜਾਣੀ ਜਾ ਸਕਦੀ ਹੈ।

ਜਿੱਥੇ ਬਾਂਸ ਬਹੁਤ ਹੁੰਦਾ ਹੈ ਉਥੇ ਨਦੀ ਦੀ ਧਾਰਾ ਨੂੰ ਬਾਂਸਾਂ ਦੀਆਂ ਉਲਟ ਪੁਲਟ ਕਤਾਰਾਂ ਬਣਾ ਕੇ ਬਦਲਿਆ ਜਾਂਦਾ ਹੈ। ਬਾਂਸ ਦੀਆਂ ਇਹ ਕਤਾਰਾਂ ਥੋੜ੍ਹੀ ਥੋੜ੍ਹੀ ਦੂਰੀ ਉੱਤੇ ਲਗਾ ਦਿੱਤੀਆਂ ਜਾਂਦੀਆਂ ਹਨ ਜਿਨ੍ਹਾਂ ਨਾਲ ਪਾਣੀ ਦਾ ਵੇਗ ਘੱਟ ਜਾਂਦਾ ਹੈ। ਹੌਲੀ ਹੌਲੀ ਪਾਣੀ ਦੀ ਦਿਸ਼ਾ ਆਪਣੇ ਆਪ ਬਦਲ ਜਾਂਦੀ ਹੈ। ਹੜ੍ਹ ਆਉਣ ਸਮੇਂ ਇੰਨਾ ਜ਼ੋਰ ਨਹੀਂ ਹੁੰਦਾ ਜਿੰਨਾ ਹੜ੍ਹ ਦੇ ਉਤਰਨ ਸਮੇਂ ਜ਼ੋਰ ਹੁੰਦਾ ਹੈ। ਨਦੀ ਦੇ ਬਚਾਉ ਲਈ ਜਿਹੜੇ ਵੀ ਪ੍ਰਬੰਧ ਕੀਤੇ ਜਾਣ ਉਹ ਸੋਚ ਸਮਝਕੇ ਹੀ ਕਰਨੇ ਚਾਹੀਦੇ ਹਨ, ਨਹੀਂ ਤਾਂ ਬਚਾਉ ਦੀ ਥਾਂ ਨੁਕਸਾਨ ਵੀ ਹੋ ਸਕਦਾ ਹੈ। ਪ੍ਰਕਿਰਤੀ ਦੇ ਨਿਯਮ ਅਟੱਲ ਹੁੰਦੇ ਹਨ। ਉਨ੍ਹਾਂ ਦੇ ਉਲਟ ਕਾਰਜ ਕਰਨ ਸਮੇਂ ਹਾਨੀ ਹੀ ਹਾਨੀ ਹੈ। ਜਿੱਥੇ ਕਿਤੇ ਵੀ ਨਦੀਆਂ ਨਾਲ ਛੇੜ ਛਾੜ ਕੀਤੀ ਗਈ ਹੈ ਭਾਵੇਂ ਉਹ ਬੰਨ੍ਹ ਦੇ ਰੂਪ ਵਿਚ, ਚਾਹੇ ਉਹ ਪੁਸ਼ਤਿਆਂ ਅਤੇ ਠੋਕਰਾਂ ਦੇ ਰੂਪ ਵਿਚ ਅਤੇ ਚਾਹੇ ਸਿੰਜਾਈ ਤੇ ਬਿਜਲੀ ਯੋਜਨਾਵਾਂ ਦੇ ਰੂਪ ਵਿਚ, ਇਹ ਜ਼ਰੂਰੀ ਹੋ ਜਾਂਦਾ ਹੈ ਕਿ ਉਨ੍ਹਾਂ ਸਾਰੀਆਂ ਹਾਲਤਾਂ ਜਿਹੜੀਆਂ ਯੋਜਨਾਵਾਂ ਦੇ ਸਿੱਟੇ ਵਜੋਂ ਨਦੀ ਦੀ ਚਾਲ ਵਿਚ ਪਰਿਵਤਨ ਕਰਦੀਆਂ ਹਨ ਯੋਜਨਾਵਾਂ ਵੱਲ ਧਿਆਨ ਦੇ ਕੇ ਯੋਗ ਪ੍ਰਬੰਧ ਕਰ ਲਏ ਜਾਣ।

ਹ.ਪੁ.—ਹਿੰ. ਵਿ. ਕੋ. 6 : 231

ਨੰਦੀਕੇਸ਼ਵਰ : ਇਹ ਦੱਖਣੀ ਭਾਰਤ ਦੇ ਕਰਨਾਟਕ ਰਾਜ ਦੇ ਬੀਜਾਪੁਰ ਜ਼ਿਲ੍ਹੇ ਵਿਚ ਬਾਦਾਮੀ ਤੱਅਲੁਕੇ ਦਾ ਇਕ ਪਿੰਡ ਹੈ ਜੋ ਬਾਦਾਮੀ ਸ਼ਹਿਰ ਦੇ ਪੂਰਬ ਵੱਲ 5 ਕਿ. ਮੀ. (3 ਮੀਲ) ਦੀ ਦੂਰੀ ਤੇ ਸਥਿਤ ਹੈ। ਕਈ ਮੰਦਰਾਂ ਵਿਚ ਲਿੰਗਮਾਂ ਦੇ ਟਿਕਾਣੇ, ਮਹਾਕੂਟਾਂ ਦੇ ਇਥੇ ਹੋਣ ਕਾਰਣ, ਇਹ ਬਹੁਤ ਦਿਲਚਸਪੀ ਵਾਲਾ ਸਥਾਨ ਹੈ। ਮਹਾਕੂਟਾਂ ਮੰਦਰਾਂ ਦੇ ਇਹਾਤੇ ਵਿਚ ਪੱਥਰ ਦੀਆਂ ਬਣੀਆਂ ਕਈ ਖੜੀਆਂ ਪੌੜੀਆਂ ਚੜ੍ਹ ਕੇ ਹੀ ਪੁੱਜਿਆ ਜਾ ਸਕਦਾ ਹੈ। ਇਹਾਤੇ ਦੇ ਪੈਰਾਂ ਵਿਚ ਬਣੇ ਦਰਵਾਜ਼ੇ ਉਤੇ ਦੋ ਬੁੱਤ ਦਰਬਾਨ ਵਜੋਂ ਪਹਿਰਾ ਦੇ ਰਹੇ ਹਨ। ਕਿਹਾ ਜਾਂਦਾ ਹੈ ਕਿ ਇਹ ਵਾਤਾਪੀ ਅਤੇ ਇਲਵਲ ਨਾਂ ਦੇ ਦੋਹਾਂ ਦੈਂਤਾਂ ਦੇ ਹੀ ਬੁੱਤ ਹਨ। ਇਹਾਤੇ ਦੇ ਆਲੇ ਦੁਆਲੇ ਪੱਥਰਾਂ ਦੀ ਕੰਧ ਬਣੀ ਹੋਈ ਹੈ। ਭਾਵੇਂ ਇਹ ਇਹਾਤਾ ਕੋਈ ਬਹੁਤਾ ਵੱਡਾ ਨਹੀਂ ਹੈ ਪਰ ਮੁੱਖ ਤੌਰ ਤੇ ਇਸ ਵਿਚ ਚਾਲੂਕੀਆ ਅਤੇ ਦ੍ਰਾਵੜੀ ਸ਼ੈਲੀਆਂ ਦੇ ਬਣੇ ਹੋਏ ਕਈ ਮੰਦਰ ਹਨ। ਇਸ ਇਹਾਤੇ ਦੇ ਠੀਕ ਮੱਧ ਵਿਚ ਇਕ ਤਲਾਬ ਹੈ ਜਿਸ ਨੂੰ 'ਵਿਸ਼ਨੂੰ ਪੁਸ਼ਕਰਨੀ ਤੀਰਥ' ਕਿਹਾ ਜਾਂਦਾ ਹੈ। ਖ਼ਿਆਲ ਕੀਤਾ ਜਾਂਦਾ ਹੈ ਕਿ ਇਸ ਤਲਾਬ ਨੂੰ ਅਗਸਤਿਯਾ ਨਾਂ ਦੇ ਇਕ ਰਿਸ਼ੀ ਨੇ ਬਣਵਾਇਆ ਸੀ। ਤਲਾਬ ਦੇ ਇਕ ਸਿਰੇ ਤੇ ਇਕ ਲਿੰਗਮ ਮੰਦਰ ਹੈ ਜਿਸਦਾ ਪ੍ਰਵੇਸ਼ ਦੁਆਰਾ ਪਾਣੀ ਵਿਚ ਹੈ। ਮੁੱਖ ਦੁਆਰ ਦੇ ਉੱਤਰ-ਪੂਰਬ ਵੱਲ 'ਲੱਜਾ ਗੌਰੀ' ਦਾ ਮੰਦਰ ਹੈ। ਇਹਾਤੇ ਦੇ ਬਾਹਰਵਾਰ ਪਾਪਵਿਨਾਸ਼ੀ ਨਾਉਂ ਦਾ ਤਲਾਬ ਅਤੇ ਪੱਥਰ ਦੇ ਵੱਡੇ ਵੱਡੇ ਪਹੀਆਂ ਵਾਲਾ ਇਕ ਗੱਡਾ ਹੈ।

15° 57' ਉ. ਵਿਥ.; 75° 49' ਪੂ. ਲੰਬ.

ਹ.ਪੁ.—ਇੰਪ. ਗ. ਇੰਡ. 18 : 360

ਨੰਦੀਦੁਰਗ : ਭਾਰਤ ਦੇ ਕਰਨਾਟਕ ਰਾਜ ਵਿਚ ਕੋਲਾਰ ਜ਼ਿਲ੍ਹੇ ਦੀ ਇਕ ਪ੍ਰਸਿੱਧ ਕਿਲੇਬੰਦ ਪਹਾੜੀ ਹੈ ਜੋ 1479 ਮੀ. ਦੀ ਉਚਾਈ ਤੇ ਵਾਕਿਆ ਹੈ। ਇਹ ਰਾਜ ਦੇ ਪੂਰਬੀ ਹਿੱਸੇ ਵਿਚ ਸਭ ਤੋਂ ਉੱਚੀ ਚੋਟੀ ਹੈ। ਇਸ ਦੇ ਉਪਰਲੇ ਸਿਰੇ ਤੇ ਇੱਕ ਵਿਸ਼ਾਲ ਪਠਾਰ ਹੈ ਜਿਸਦੀ ਢਲਾਣ ਪੱਛਮ ਵਾਲੇ ਪਾਸੇ ਹੈ। ਇਸ ਪਠਾਰ ਦੇ ਕੇਂਦਰ ਵਿਚ ਇਕ ਖਾਲੀ ਸਥਾਨ ਹੈ ਜਿਸ ਵਿਚ ਜੰਗਲ ਅਤੇ ਇਕ ਤਲਾਬ ਹੈ। ਇਸ ਤਲਾਬ ਨੂੰ 'ਅੰਮ੍ਰਿਤ ਸਰੋਵਰ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸ ਦੇ ਚਾਰੇ ਪਾਸੇ ਪੱਥਰ ਦੀਆਂ ਪੌੜੀਆਂ ਹਨ।

ਪੱਛਮੀ ਪਾਸੇ ਨੂੰ ਛੱਡ ਕੇ ਇਸ ਪਹਾੜੀ ਦੇ ਤਿੰਨ ਪਾਸੇ ਗ੍ਰੇਨਾਈਟ ਦੀਆਂ ਚਟਾਨਾਂ ਹਨ। ਇਸ ਪਹਾੜੀ ਦੀ ਚੋਟੀ ਉਤੇ ਪੂਰਬ ਵੱਲ ਨੂੰ ਬਣੇ ਖੂਹ ਵਿਚੋਂ ਪਨਾਰ ਦਰਿਆ ਅਤੇ ਪੱਛਮ ਵੱਲ ਨੂੰ ਬਣੇ ਖੂਹ ਵਿਚੋਂ ਅਰਕਾਵਤੀ ਦਰਿਆ ਨਿਕਲਦਾ ਹੈ। ਪਹਾੜੀ ਦੇ ਹੇਠਾਂ ਵੱਲ ਨੂੰ ਜੰਗਲ ਹਨ।

ਦੂਜੀ ਸਦੀ ਤੋਂ ਗਿਆਰ੍ਹਵੀਂ ਸਦੀ ਦਰਮਿਆਨ ਇਹ ਪਹਾੜੀ ਗੰਗਾ ਰਾਜਿਆਂ ਦਾ ਗੜ੍ਹ ਹੁੰਦਾ ਸੀ। ਇਹ ਰਾਜੇ ਜੈਨ ਧਰਮ ਨੂੰ ਮੰਨਦੇ ਸਨ ਅਤੇ ਨੰਦੀਗਿਰੀ ਦੇ ਸਵਾਮੀ ਦੀ ਉਪਾਧੀ ਧਾਰਣ ਕਰਦੇ ਸਨ। ਸਦੀ ਦੇ ਆਰੰਭ ਵਿਚ ਚੋਲਾ ਰਾਜਿਆਂ ਦੀ ਜਿੱਤ ਮਗਰੋਂ ਇਸ ਸਥਾਨ ਦਾ ਨਾਂ ਨੰਦਗਿਰੀ (ਨੰਦੀ ਦੀ ਪਹਾੜੀ) ਰੱਖ ਦਿੱਤਾ ਗਿਆ।

ਇਹ ਪਹਾੜੀ ਦੀ ਕਿਲੇਬੰਦੀ ਸ਼ਾਇਦ ਚਿਕਬੱਲਾਪੁਰ ਦੇ ਮੁਖੀਆਂ ਨੇ ਕੀਤੀ ਪਰ 1770 ਈ. ਵਿਚ ਮਰਹੱਟਿਆਂ ਦਾ ਇਸ ਉਤੇ ਕਬਜ਼ਾ ਹੋ ਜਾਣ ਤੋਂ ਪਿਛੋਂ ਇਸ ਦੇ ਮੌਜੂਦਾ ਵਿਸਤ੍ਰਿਤ ਕਾਰਜਾਂ ਦਾ ਨਿਰਮਾਣ ਹੈਦਰਅਲੀ ਅਤੇ ਟੀਪੂ ਸੁਲਤਾਨ ਨੇ ਹੀ ਕੀਤਾ ਸੀ। ਸੰਨ 1791 ਵਿਚ ਲਾਰਡ ਕਾਰਨਵਿਲਿਸ ਨੇ ਇਸ ਨੂੰ ਅੰਗਰੇਜ਼ੀ ਸਾਮਰਾਜ ਵਿਚ ਸ਼ਾਮਲ ਕਰ ਲਿਆ। ਅੰਗਰੇਜ਼ਾਂ ਦੇ ਮੈਸੂਰ ਉਤੇ ਕਬਜ਼ਾ ਹੋਣ ਮਗਰੋਂ ਬੰਗਲੌਰ ਵਿਖੇ ਰਹਿ ਰਹੇ ਯੂਰਪੀ ਅਫ਼ਸਰਾਂ ਦੀ ਇਹ ਗਰਮੀਆਂ ਦੀ ਸੈਰਗਾਹ ਬਣ ਗਈ।

13° 22′ ਉ. ਵਿਥ. 77° 41′ ਪੂ. ਲੰਬ.

ਹ.ਪੁ.—ਇੰਪ. ਗ. ਇੰਡ. 18 : 359

ਨਦੀਮ ਅਹਿਮਦ : ਤੁਰਕੀ ਸਾਹਿਤ ਦੇ ਇਸ ਮਹਾਨ, ਸਰੋਦੀ ਕਵੀ ਦਾ ਜਨਮ 1681 ਈ. ਵਿਚ ਇਸਤੰਬੋਲ (Intonbul) ਵਿਖੇ ਇਕ ਜੱਜ ਦੇ ਘਰ ਹੋਇਆ। ਨਦੀਮ ਦਾ ਸ਼ਾਬਦਿਕ ਅਰਥ ਜ਼ਿੰਦਾਦਿਲ ਸਾਥੀ ਹੈ। ਆਪਣੀ ਵਿਦਵਤਾ ਸਦਕਾ ਇਸ ਨੂੰ ਪ੍ਰਧਾਨ ਮੰਤਰੀ ਦੀ ਸਰਪ੍ਰਸਤੀ ਹਾਸਲ ਹੋ ਗਈ ਅਤੇ ਇਸ ਨੂੰ ਲਾਇਬ੍ਰੇਰੀਅਨ ਨਿਯੁਕਤ ਕੀਤਾ ਗਿਆ। ਇਹ ਇਬਰਾਹੀਮ ਪਾਸ਼ਾ ਦਾ ਮਿੱਤਰ ਸੀ।

ਨਦੀਮ ਅਹਿਮਦ ਨੇ ਗੀਤ, ਗ਼ਜ਼ਲ ਅਤੇ ਕਸੀਦੇ ਲਿਖੇ। ਇਸ ਦੇ ਲਿਖੇ ਗੀਤਾਂ ਅਤੇ ਗ਼ਜ਼ਲਾਂ ਵਿਚ ਸੁਲਤਾਨ ਅਹਿਮਦ ਤੀਜੇ ਦਾ ਰਾਜ-ਕਾਲ ਦੀ ਖੁਸ਼ਹਾਲੀ ਅਤੇ ਠਾਠ-ਬਾਠ ਦਾ ਸਜੀਵ ਚਿਤਰ ਪੇਸ਼ ਕੀਤਾ ਗਿਆ ਹੈ। ਇਸੇ ਦੇ ਲਿਖੇ ਗੀਤ ਰੌਚਕਤਾ ਕਾਰਨ ਅੱਜ ਵੀ ਗਾਏ ਜਾਂਦੇ ਹਨ। ਇਸ ਨੇ ਆਪਣੇ ਵਿਅਕਤੀਤਵ ਨੂੰ ਪ੍ਰਗਟਾਉਣ ਲਈ ਆਪਣੇ ਆਪ ਨੂੰ ਰੂੜ੍ਹੀਵਾਦੀ ਕਵੀਆਂ ਨਾਲੋਂ ਨਿਖੇੜਿਆ। ਇਸ ਦੀ ਵਧੇਰੇ ਪ੍ਰਸਿੱਧੀ ਇਸ ਦੇ ਦੀਵਾਨ ਕਰਕੇ ਹੈ। ਸੰਨ 1730 ਵਿਚ ਤੁਰਕੀ ਸਰਕਾਰ ਵਿਰੁੱਧ ਹੋਏ ਅਸੈਨਿਕ ਵਿਦਰੋਹ ਦੌਰਾਨ ਇਸ ਦੀ ਮੌਤ ਹੋ ਗਈ।

ਹ.ਪੁ.—ਐਨ. ਬ੍ਰਿ. ਮਾ. 7 : 240; ਵੈਬ. ਬਾਇ. 729

ਨੰਦੁਰਬਾਰ : ਮਹਾਂਰਾਸ਼ਟਰ ਰਾਜ ਦੇ ਧੂਲੇ ਜ਼ਿਲ੍ਹੇ ਵਿਚ ਇਸੇ ਹੀ ਨਾਉਂ ਦੇ ਤੱਅਲੁੱਕੇ ਦਾ ਇਕ ਉੱਘਾ ਸ਼ਹਿਰ ਅਤੇ ਸਦਰ-ਮੁਕਾਮ ਹੈ। ਇਹ ਇਸੇ ਜ਼ਿਲ੍ਹੇ ਦੀਆਂ ਸਭ ਤੋਂ ਪੁਰਾਣੀਆਂ ਥਾਵਾਂ ਵਿਚੋਂ ਇਕ ਹੈ। ਤੀਜੀ ਸਦੀ ਦੇ ਕਨਹੇੜੀ ਗੁਫਾ ਦੇ ਸ਼ਿਲਾਲੇਖਾਂ ਵਿਚ ਇਹ ਸ਼ਹਿਰ ਦਾ 'ਨੰਦੀਗਾਰਾ' ਨਾਉਂ ਵਜੋਂ ਜ਼ਿਕਰ ਕੀਤਾ ਗਿਆ ਹੈ। ਸਥਾਨਕ ਰਵਾਇਤ ਅਨੁਸਾਰ ਇਸ ਸ਼ਹਿਰ ਦੀ ਨੀਂਹ ਨੰਦ ਗਾਉਲੀ ਨੇ ਰੱਖੀ ਸੀ। ਕਾਫੀ ਸਮੇਂ ਤਕ ਇਹ ਉਸ ਦੇ ਖਾਨਦਾਨ ਦੇ ਕਬਜ਼ੇ ਹੇਠ ਰਿਹਾ। ਮਗਰੋਂ ਮੁਸਲਮਾਨ ਹਮਲਾਵਰ, ਮੁਈਨ ਉੱਦ-ਦੀਨ ਨੇ ਪੀਰ ਸੱਯਦ ਅਲਾਉਦੀਨ ਦੀ ਸਹਾਇਤਾ ਨਾਲ ਇਸ ਸ਼ਹਿਰ ਨੂੰ ਜਿੱਤ ਕੇ ਆਪਣੇ ਅਧੀਨ ਕਰ ਲਿਆ। ਸੰਨ 1536 ਵਿਚ ਖਾਂਦੇਸ਼ ਦੇ ਮੁਖੀ ਮੁਬਾਰਕ ਨੇ ਇਸ ਨੂੰ ਗੁਜਰਾਤ ਦੇ ਰਾਜੇ ਤੋਂ ਖੋਹ ਕੇ ਆਪਣੇ ਕਬਜੇ 'ਚ ਲੈ ਲਿਆ। ਸੰਨ 1665 ਵਿਚ ਇਹ ਸਥਾਨ ਬਹੁਤ ਖੁਸ਼ਹਾਲ ਹੁੰਦਾ ਸੀ ਅਤੇ ਅੰਗੂਰਾਂ ਅਤੇ ਹਦਵਾਨਿਆਂ ਲਈ ਬਹੁਤ ਮਸ਼ਹੂਰ ਸੀ।

ਸੰਨ 1666 ਵਿਚ ਅੰਗਰੇਜ਼ਾਂ ਨੇ ਇਥੇ ਇਕ ਫੈਕਟਰੀ ਸਥਾਪਤ ਕੀਤੀ ਜਿਸ ਦੇ ਨਤੀਜੇ ਵਜੋਂ 1670 ਈ. ਤਕ ਇਹ ਇਕ ਉੱਘੇ ਵਪਾਰਕ ਕੇਂਦਰ ਦੇ ਰੂਪ ਵਿਚ ਜਾਣਿਆ ਜਾਣ ਲੱਗਾ। ਸੰਨ 1818 ਵਿਚ ਇਸ ਨੂੰ ਬਰਤਾਨਵੀ ਰਾਜ ਵਿਚ ਸ਼ਾਮਲ ਕਰ ਲਿਆ ਗਿਆ ਅਤੇ 1867 ਈ. ਵਿਚ ਇਥੇ ਇਕ ਮਿਊਂਸਪਲਟੀ ਦੀ ਸਥਾਪਨਾ ਕਰ ਦਿੱਤੀ ਗਈ। ਸ਼ਹਿਰ ਵਿਚ ਕਪਾਹ ਵੇਲਣ ਦੇ ਕਾਰਖ਼ਾਨੇ ਵੀ ਹਨ। ਇਥੋਂ ਕਪਾਹ, ਕਣਕ, ਛੋਲੇ ਅਤੇ ਖੁਸ਼ਬੂਦਾਰ ਤੇਲ ਆਦਿ ਵਸਤਾਂ ਨਿਰਯਾਤ ਲਈ ਸੂਰਤ ਅਤੇ ਬੰਬਈ ਭੇਜੀਆਂ ਜਾਂਦੀਆਂ ਹਨ। ਨਮਕ, ਨਾਰੀਅਲ ਅਤੇ ਹਰ ਤਰ੍ਹਾਂ ਦੇ ਗਰਮ ਮਸਾਲੇ ਬਾਹਰੋਂ ਮੰਗਵਾਏ ਜਾਂਦੇ ਹਨ। ਇਥੇ ਰੋਸ਼ਾ ਨਾਉਂ ਦੇ ਘਾਹ ਤੋਂ ਤੇਲ ਕੱਢਣ ਦਾ ਉਦਯੋਗ ਵੀ ਕਾਫੀ ਉਨੱਤ ਹੈ। ਇਹ ਤੇਲ ਗਠੀਏ ਦੇ ਬੀਮਾਰਾਂ ਲਈ ਵਿਸ਼ੇਸ਼ ਲਾਭਦਾਇਕ ਹੈ।

ਸ਼ਹਿਰ ਵਿਚ ਕਾਫੀ ਵਿਦਿਅਕ ਸੰਸਥਾਵਾਂ ਅਤੇ ਸਿਹਤ ਕੇਂਦਰ ਸਥਾਪਤ ਹਨ। ਇਥੋਂ ਦੀਆਂ ਬਹੁਤ ਸਾਰੀਆਂ ਪੁਰਾਣੀਆਂ ਇਮਾਰਤਾਂ ਆਪਣੇ ਸਮੇਂ ਦੀ ਸਭਿਅਤਾ ਅਤੇ ਸੁੰਦਰ ਕਾਰੀਗਰੀ ਦੇ ਉੱਤਮ ਨਮੂਨੇ ਪੇਸ਼ ਕਰਦੀਆਂ ਹਨ। ਇਨ੍ਹਾਂ ਇਮਾਰਤਾਂ ਵਿਚ ਕਈ ਮਸੀਤਾਂ ਵੀ ਸ਼ਾਮਲ ਹਨ।

ਆਬਾਦੀ—78,378 (1991)

21° 22′ ਉ. ਵਿਥ.; 74° 14′ ਪੂ. ਲੰਬ.

ਹ.ਪੁ.—ਇੰਪ. ਗ. ਇੰਡ. 18 : 362; ਹਿੰ. ਵਿ. ਕੋ. 6 : 218

ਨਦੁਵੱਤਮ : ਭਾਰਤ ਦੇ ਤਾਮਿਲਨਾਡੂ ਰਾਜ ਦੇ ਨੀਲਗਿਰੀ ਜ਼ਿਲ੍ਹੇ ਵਿਚ ਉਟਾਕਾਮੁੰਡ ਤੱਅਲੁਕੇ ਦਾ ਇਕ ਸ਼ਹਿਰ ਹੈ ਜੋ ਨੀਲਗਿਰੀ ਪਠਾਰ ਦੇ ਉੱਤਰ ਪੱਛਮੀ ਕੋਨੇ ਵਿਚ ਉਟਾਕਾਮੁੰਡ ਤੋਂ ਗੂਦਾਲੂਰ ਜਾਣ ਵਾਲੀ ਸੜਕ ਤੇ ਸਥਿਤ ਹੈ। ਸ਼ਹਿਰ ਸਿਨਕੋਨਾ ਅਤੇ ਚਾਹ ਦੇ ਬਾਗਾਂ ਦਾ ਪ੍ਰਸਿੱਧ ਕੇਂਦਰ ਹੈ। ਸਿਨਕੋਨਾ ਦੀ ਉਪਜ ਅਤੇ ਉਸ ਦੀਆਂ ਫੈਕਟਰੀਆਂ ਸਰਕਾਰ ਵਲੋਂ ਚਲਾਈਆਂ ਗਈਆਂ ਹਨ। ਇਥੇ ਬਣੀ ਕੁਨੀਨ ਬਾਹਰ ਭੇਜੀ ਜਾਂਦੀ ਹੈ। ਇਥੋਂ ਦੀ ਪੌਣਪਾਣੀ ਖੁਸ਼ਗਵਾਰ ਹੈ। ਇਥੇ ਯਾਤਰੀਆਂ ਦੀ ਸੌਖ ਅਤੇ ਆਰਾਮ ਲਈ ਚੰਗੇ ਆਰਾਮ ਘਰ ਆਦਿ ਬਣੇ ਹੋਏ ਹਨ।

ਆਬਾਦੀ—19,994 (1991)

11° 29′ ਉ. ਵਿਥ.; 76°; 33′ ਪੂ. ਲੰਬ.

ਹ.ਪੁ.—ਇੰਪ.ਗ.ਇੰਡ. 18 : 283

ਨਦੌਨ (ਨਦੌਣ) : ਭਾਰਤ ਦੇ ਹਿਮਾਚਲ ਪ੍ਰਦੇਸ਼ ਰਾਜ ਦੇ ਹਮੀਰਪੁਰ ਜ਼ਿਲ੍ਹੇ ਵਿਚ ਇਹ ਇਕ ਛੋਟਾ ਜਿਹਾ ਕਸਬਾ ਹੈ ਜੋ ਕਾਂਗੜੇ ਤੋਂ ਦੱਖਣ-ਪੂਰਬ ਵੱਲ 32 ਕਿ. ਮੀ. (20 ਮੀਲ) ਦੂਰ ਬਿਆਸ-ਦਰਿਆ ਦੇ ਖੱਬੇ ਕੰਢੇ ਅਤੇ ਧਰਮਸ਼ਾਲਾ-ਹਮੀਰਪੁਰ ਸੜਕ ਉੱਤੇ ਸਥਿਤ ਹੈ। ਪਹਿਲਾਂ ਇਹ ਨਦੌਣ ਦੇ ਰਾਜੇ ਦੀ ਜਾਗੀਰ ਦਾ ਸਦਰ-ਮੁਕਾਮ ਅਤੇ ਰਾਜਾ ਸੰਸਾਰ ਚੰਦ ਦਾ ਮਨ ਭਾਉਂਦਾ ਨਿਵਾਸ-ਸਥਾਨ ਹੁੰਦਾ ਸੀ। ਰਾਜਾ ਸੰਸਾਰ ਚੰਦ ਨੇ ਬਿਆਸ ਦਰਿਆ ਦੇ ਕੰਢੇ ਉਤੇ, ਅਮਤਰ ਦੇ ਸਥਾਨ ਤੇ ਆਪਣਾ ਇਕ ਆਲੀਸ਼ਾਨ ਮਹੱਲ ਵੀ ਬਣਵਾਇਆ ਸੀ ਜਿਥੇ ਕਿ ਉਹ ਗਰਮੀਆਂ ਵਿਚ ਆਪਣਾ ਦਰਬਾਰ ਵੀ ਲਾਇਆ ਕਰਦਾ ਸੀ।

ਸੰਨ 1690 ਵਿਚ ਬਿਲਾਸਪੁਰ ਦੇ ਰਾਜੇ ਭੀਮ ਚੰਦ ਅਤੇ ਉਸਦੇ ਇਤਿਹਾਦੀ ਪਹਾੜੀ ਰਾਜਿਆਂ ਦੀ ਸਹਾਇਤਾ ਲਈ ਸ੍ਰੀ ਗੁਰੂ

ਗੋਬਿੰਦ ਸਿੰਘ ਜੀ ਨੇ ਇਥੇ ਹੀ ਜੰਮੂ ਦੇ ਸੂਬੇਦਾਰ ਮੀਆਂ ਖ਼ਾਂ ਦੇ ਕਮਾਂਡਰ, ਅਲਿਫ਼ ਖਾਂ ਦੇ ਵਿਰੁੱਧ ਇਕ ਫ਼ੈਸਲਾਕੁੰਨ ਲੜਾਈ ਲੜੀ ਸੀ ਜਿਸ ਵਿਚ ਅਲਿਫ਼ ਖ਼ਾਂ ਦੀ ਹਾਰ ਹੋਈ ਸੀ। ਗੁਰੂ ਜੀ ਇਥੇ 8 ਦਿਨ ਬਿਰਾਜੇ ਸਨ।

ਇਥੇ ਲੜਕਿਆਂ ਲਈ ਇਕ ਹਾਇਰ ਸੈਕੰਡਰੀ ਸਕੂਲ ਅਤੇ ਲੜਕੀਆਂ ਲਈ ਜੇ.ਬੀ.ਟੀ. ਯੂਨਿਟ ਸਹਿਤ ਇਕ ਹਾਈ ਸਕੂਲ ਹੈ। ਇਹ ਕਿਸ਼ਤੀਆਂ ਚਲਾਉਣ ਲਈ ਅਤੇ ਮੱਛੀਆਂ ਫੜਨ ਲਈ ਵੀ ਇਕ ਵਧੀਆ ਸਥਾਨ ਹੈ। ਇਸ ਕਸਬੇ ਦੇ ਦੂਜੇ ਪਾਸੇ ਵੱਲ ਦਰਿਆ ਦੇ ਸੱਜੇ ਕੰਢੇ ਉਤੇ, ਭੜੌਲੀ ਦੇ ਸਥਾਨ ਉੱਤੇ ਇਕ ਵਣ-ਵਿਭਾਗ ਆਰਾਮ ਘਰ ਹੈ। ਸ਼ਹਿਰ ਦੇ ਨੇੜੇ ਹੀ ਪੱਛਮ ਵੱਲ ਦਰਿਆ ਦੇ ਸੱਜੇ ਕੰਢੇ ਉੱਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪਵਿੱਤਰ ਗੁਰਦੁਆਰਾ ਸਾਹਿਬ ਹੈ। ਇਸ ਦੇ ਨੇੜੇ ਹੀ ਇਕ ਮੰਦਰ ਹੈ ਜੋ ਮੁਹਰਾਕਸ਼ੀ ਚਿੱਤਰਕਾਰੀ ਲਈ ਬਹੁਤ ਮਸ਼ਹੂਰ ਹੈ। ਇਸ ਕਸਬੇ ਤੋਂ 6 ਕਿ.ਮੀ. (4 ਮੀਲ) ਦੇ ਫਾਸਲੇ ਤੇ ਬਲਕਲੇਸ਼ਰ ਮਹਾਂਦੇਵ ਦਾ ਇਕ ਮੰਦਰ ਹੈ। ਕਿਹਾ ਜਾਂਦਾ ਹੈ ਕਿ ਉਸ ਮੰਦਰ ਦੀ ਨੀਂਹ ਪਾਂਡਵਾਂ ਨੇ ਰੱਖੀ ਸੀ।

ਆਬਾਦੀ—3,379 (1991)

31° 46′ ਉ. ਵਿਥ.; 79° 19′ ਪੂ. ਲੰਬ.

ਹ.ਪੁ.—ਸੈਂ. ਆ. ਇੰਡ.-1961; ਡਿਸ. ਸੈਂ. ਹ. ਬੁੱ.; ਬੁੱਕ-ਕਾਂਗੜਾ ਡਿਸਟ੍ਰਿਕਟ; ਹਿ. ਸਿ. ਜਿਲਦ-1 — ਹ.ਰ. ਗੁਪਤਾ; ਮ.ਕੋ. : 692; ਇੰਪ. ਗ. ਇੰਡ. 18 : 272


ਨਨਹੇੜਾ : ਭਾਰਤ ਦੇ ਹਰਿਆਣਾ ਰਾਜ ਦੇ ਅੰਬਾਲਾ ਜ਼ਿਲ੍ਹੇ ਦਾ ਇਕ ਪਿੰਡ ਜਿਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪਵਿੱਤਰ ਗੁਰਦੁਆਰਾ ਹੈ। ਗੁਰੂ ਜੀ ਲਖਨੌਰ ਤੋਂ ਸੈਰ ਕਰਨ ਆਏ ਇਥੇ ਬਿਰਾਜੇ ਸਨ। ਗੁਰਦੁਆਰਾ ਸੇਠ ਬਨਾਰਸੀ ਦਾਸ ਨੇ ਬਣਵਾਇਆ ਸੀ ਜੋ ਰੇਲਵੇ ਸਟੇਸ਼ਨ ਅੰਬਾਲਾ ਛਾਉਣੀ ਤੋਂ ਦੱਖਣ ਵੱਲ ਇਕ ਕਿ. ਮੀ. (ਅੱਧ ਮੀਲ) ਦੀ ਦੂਰੀ ਉੱਤੇ ਸਥਿਤ ਹੈ।

ਹ. ਪੁ.—ਮ.ਕੋ. : 681

ਨਨਹੇੜੀ (Nanheri) : ਭਾਰਤ ਦੇ ਪੰਜਾਬ ਦੇ ਜ਼ਿਲ੍ਹੇ ਪਟਿਆਲਾ ਦੀ ਤਹਿਸੀਲ ਰਾਜਪੁਰਾ ਵਿਚ ਇਕ ਇਤਿਹਾਸਕ ਪਿੰਡ ਹੈ। ਇਸ ਦੇ ਦੱਖਣ-ਪੂਰਬ ਵੱਲ ਸਿੱਖਾਂ ਦੇ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦੁਰ ਜੀ ਦਾ ਗੁਰਦੁਆਰਾ ਹੈ। ਗੁਰੂ ਜੀ ਫਤੇ ਚੰਦ ਮਸੰਦ ਦਾ ਪ੍ਰੇਮ ਦੇਖ ਕੇ ਇਥੇ ਕਈ ਦਿਨ ਬਿਰਾਜੇ ਸਨ। ਇਸ ਪਿੰਡ ਵਿਚ ਹੀ ਘੋਗੇ ਮਸੰਦ ਦੀ ਬੇਨਤੀ ਪ੍ਰਵਾਨ ਕਰਕੇ ਸ੍ਰੀ ਗੁਰੂ ਗੋਬਿੰਦ ਸਾਹਿਬ ਨੇ ਵੀ ਪਟਨੇ ਤੋਂ ਆਨੰਦਪੁਰ ਨੂੰ ਆਉਂਦੇ ਹੋਏ ਚਰਨ ਪਾਏ ਸਨ। ਕਈਆਂ ਇਤਿਹਾਸਕਾਰਾਂ ਨੇ ਇਸ ਦਾ ਨੇਨੜੀ ਦੇ ਨਾਂ ਵਜੋਂ ਵੀ ਜ਼ਿਕਰ ਕੀਤਾ ਹੈ।

ਹ. ਪੁ.—ਮ. ਕੋ. : 681

ਨਨਕਾਣਾ ਸਾਹਿਬ : ਸਿੱਖਾਂ ਦਾ ਬਹੁਤ ਹੀ ਮਹੱਤਵਪੂਰਨ ਧਾਰਮਿਕ ਸਥਾਨ ਹੈ ਜਿਥੇ ਮਹਾਨ ਪੈਗ਼ੰਬਰ ਅਤੇ ਸਿੱਖਾਂ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਹੋਇਆ ਸੀ। ਭਾਰਤ ਦੀ ਵੰਡ ਪਿਛੋਂ ਇਹ ਪਵਿੱਤਰ ਸਥਾਨ ਪਾਕਿਸਤਾਨ ਵਿਚ ਚਲਾ ਗਿਆ ਹੈ, ਨਨਕਾਣਾ ਸਾਹਿਬ ਪੱਛਮੀ ਪੰਜਾਬ ਦੇ ਜ਼ਿਲ੍ਹਾ ਸ਼ੇਖ਼ੂਪੁਰਾ ਵਿਚ ਲਾਹੌਰ ਤੋਂ ਲਗਭਗ 77 ਕਿ. ਮੀ. ਪੱਛਮ ਦੱਖਣ ਵੱਲ ਸਥਿਤ ਹੈ। ਇਸ ਨਗਰ ਦਾ ਪਹਿਲਾ ਨਾਂ ਰਾਇਪੁਰ ਸੀ ਅਤੇ ਫਿਰ ਇਹ ਸਥਾਨ ਤਲਵੰਡੀ ਰਾਇ ਭੋਇ ਦੇ ਨਾਉਂ ਨਾਲ ਪ੍ਰਸਿੱਧ ਹੋਇਆ। ਸੰਨ 1469



ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਅਸਥਾਨ

ਵਿਚ ਗੁਰੂ ਸਾਹਿਬ ਦੇ ਅਵਤਾਰ ਧਾਰਨ ਪਿਛੋਂ ਇਸ ਦਾ ਮੌਜੂਦਾ ਨਾਂ ਪ੍ਰਚਲਿਤ ਹੋਇਆ।

ਗੁਰੂ ਨਾਨਕ ਸਾਹਿਬ ਦੇ ਬਚਪਨ ਦਾ ਸਾਰਾ ਸਮਾਂ ਇਸ ਸਥਾਨ ਤੇ ਹੀ ਗੁਜ਼ਰਿਆ ਅਤੇ ਉਨ੍ਹਾਂ ਦੇ ਬਚਪਨ ਵਿਚ ਵਾਪਰੀਆਂ ਬਹੁਤ ਸਾਰੀਆਂ ਮਹੱਤਵਪੂਰਨ ਘਟਨਾਵਾਂ ਵੀ ਇਸੇ ਹੀ ਸਥਾਨ ਨਾਲ ਸਬੰਧਤ ਹਨ। ਇਥੇ ਘਟਨਾਵਾਂ ਨਾਲ ਸਬੰਧਤ ਕਈ ਗੁਰਦੁਆਰੇ ਵੀ ਸਥਾਪਿਤ ਹੋ ਗਏ, ਜਿਹੜੇ ਅੱਜ ਵੀ ਉਨ੍ਹਾਂ ਦੀ ਯਾਦ ਦਿਵਾਉਂਦੇ ਹਨ। ਇਨ੍ਹਾਂ ਵਿਚੋਂ ਕੁਝ ਮਹੱਤਵਪੂਰਨ ਗੁਰਦੁਆਰਿਆਂ ਦਾ ਜ਼ਿਕਰ ਹੇਠ ਲਿਖੇ ਅਨੁਸਾਰ ਹੈ :—

ਗੁਰਦੁਆਰਾ ਜਨਮ ਅਸਥਾਨ—ਇਹ ਇਥੋਂ ਦਾ ਮੁੱਖ ਗੁਰਦੁਆਰਾ ਹੈ। ਇਸ ਪਵਿੱਤਰ ਅਸਥਾਨ ਉਤੇ 1469 ਈ. ਵਿਚ ਕੱਤਕ ਦੀ ਪੂਰਨਮਾਸ਼ੀ ਨੂੰ ਮਹਿਤਾ ਕਾਲੂ ਜੀ ਦੇ ਘਰ ਮਾਤਾ ਤ੍ਰਿਪਤਾ ਜੀ ਦੀ ਕੁੱਖੋਂ ਗੁਰੂ ਨਾਨਕ ਦੇਵ ਜੀ ਦਾ ਜਨਮ ਹੋਇਆ। ਇਸ ਗੁਰਦੁਆਰੇ ਦੀ ਮਾਨਤਾ ਸਿੱਖਾਂ ਵਲੋਂ ਹੀ ਨਹੀਂ, ਮੁਸਲਮਾਨਾਂ ਅਤੇ ਹਿੰਦੂਆਂ ਵੱਲੋਂ ਵੀ ਬਰਾਬਰ ਕੀਤੀ ਜਾਂਦੀ ਹੈ। ਹੁਣ ਵੀ ਨਨਕਾਣਾ ਸਾਹਿਬ ਅਤੇ ਆਲੇ-ਦੁਆਲੇ ਦੇ ਇਲਾਕੇ ਦੇ ਲੋਕ ਆਪਣੀ ਹਰ ਸੁਖਣਾ ਇਸੇ ਗੁਰਦੁਆਰੇ ਹੀ ਆ ਕੇ ਉਤਾਰਦੇ ਹਨ। ਇਸ ਗੁਰਦੁਆਰੇ ਨਾਲ ਇਕ ਬਹੁਤ ਵੱਡੀ ਸਰਾਂ ਪਹਿਲਾਂ ਦੀ ਬਣੀ ਹੋਈ ਹੈ ਅਤੇ ਦੇਸ਼ ਦੀ ਵੰਡ ਪਿਛੋਂ ਪਾਕਿਸਤਾਨ ਸਰਕਾਰ ਵਲੋਂ ਇਕ ਹੋਰ ਸਰਾਂ ਵੀ ਬਣਵਾਈ ਗਈ ਹੈ। ਭਾਰਤ ਅਤੇ ਬਦੇਸ਼ਾਂ ਤੋਂ ਆਉਣ ਵਾਲੇ ਯਾਤਰੂ ਇਨ੍ਹਾਂ ਸਰਾਂਵਾਂ ਵਿਚ ਹੀ ਠਹਿਰਦੇ ਹਨ। ਗੁਰੂ ਨਾਨਕ ਦੇਵ ਜੀ ਦੇ ਅਵਤਾਰ ਪੁਰਬ ਸਮੇਂ ਇਸ ਗੁਰਦੁਆਰੇ ਨੂੰ ਬਹੁਤ ਸੰਵਾਰਿਆ ਅਤੇ ਸ਼ਿੰਗਾਰਿਆ ਜਾਂਦਾ ਹੈ ਅਤੇ ਰਾਤ ਨੂੰ ਰੋਸ਼ਨੀ ਵੀ ਕੀਤੀ ਜਾਂਦੀ ਹੈ। ਇਸ ਗੁਰਦੁਆਰੇ ਨਾਲ ਇਕ ਸਰੋਵਰ ਵੀ ਬਣਾਇਆ ਹੋਇਆ ਹੈ ਪਰ ਇਸ ਵਿਚ ਜਲ ਕੇਵਲ ਗੁਰਪੁਰਬ ਦੇ ਮੌਕੇ ਤੇ ਹੀ ਪਾਇਆ ਜਾਂਦਾ ਹੈ।

ਗੁਰਦੁਆਰਾ ਬਾਲ ਲੀਲਾ ਸਾਹਿਬ—ਇਹ ਅਸਥਾਨ ਗੁਰਦੁਆਰਾ ਜਨਮ ਅਸਥਾਨ ਤੋਂ ਪੂਰਬ ਦੱਖਣ ਵੱਲ ਸਥਿਤ ਹੈ। ਇਥੇ ਬਚਪਨ ਵਿਚ ਗੁਰੂ ਜੀ ਆਪਣੇ ਸਾਥੀਆਂ ਨਾਲ ਖੇਡਾਂ ਖੇਡਦੇ ਹੁੰਦੇ ਸਨ। ਇਸ ਦੀ ਪਹਿਲੀ ਇਮਾਰਤ ਅਤੇ ਨਾਲ ਲਗਦਾ ਸਰੋਵਰ ਮਹਾਰਾਜਾ ਰਣਜੀਤ ਸਿੰਘ ਦੀ ਆਗਿਆ ਅਧੀਨ ਬਾਬਾ ਗੁਰਬਖਸ਼ ਸਿੰਘ ਨੇ 1820-21 ਈ. ਵਿਚ ਬਣਵਾਏ। ਬਾਅਦ ਵਿਚ ਨਿਰਮਲੇ ਮਹੰਤਾਂ ਨੇ ਨਵੇਂ ਸਿਰਿਓਂ ਇਸ ਇਮਾਰਤ ਦੀ ਉਸਾਰੀ ਸ਼ੁਰੂ ਕੀਤੀ ਜਿਹੜੀ ਮੁਕੰਮਲ ਨਾ ਹੋ ਸਕੀ। ਇਸ ਨੂੰ ਮੁਕੰਮਲ ਕਰਨ ਲਈ ਸਰੋਵਰ ਦੀਆਂ ਪੌੜੀਆਂ ਬਣਾ ਕੇ ਦੁਆਲੇ ਉੱਚੀ ਚਾਰਦੀਵਾਰੀ ਬਣਾਉਣ ਦੀ ਸੇਵਾ 1945-46 ਈ. ਵਿਚ ਸੰਤ ਗੁਰਮੁਖ ਸਿੰਘ ਪਟਿਆਲੇ ਵਾਲਿਆਂ ਨੇ ਕਰਵਾਈ।


ਗੁਰਦੁਆਰਾ ਪੱਟੀ ਸਾਹਿਬ—ਇਹ ਅਸਥਾਨ ਗੁਰਦੁਆਰਾ ਜਨਮ-ਅਸਥਾਨ ਅਤੇ ਗੁਰਦੁਆਰਾ ਬਾਲ ਲੀਲਾ ਸਾਹਿਬ ਦੇ ਵਿਚਕਾਰ ਸਥਿਤ ਹੈ। ਇਹ ਉਹ ਥਾਂ ਹੈ ਜਿਥੇ ਗੁਰੂ ਜੀ ਗੋਪਾਲ ਪਾਂਧੇ ਪਾਸ ਪੜ੍ਹਨ ਗਏ ਸਨ ਅਤੇ ਉਸ ਨੂੰ ਉਪਦੇਸ਼ ਦਿੱਤਾ ਸੀ।

ਜਾਲਿ ਮੋਹੁ ਘਸਿ ਮਸੁ ਕਰਿ,
ਮਤਿ ਕਾਗਦੁ ਕਰਿ ਸਾਰੁ।
ਭਾਉ ਕਲਮ ਕਰਿ ਚਿਤੁ ਲੇਖਾਰੀ,
ਗੁਰ ਪੁਛਿ ਲਿਖੁ ਬੀਚਾਰੁ।
ਲਿਖੁ ਨਾਮੁ ਸਾਲਾਹ ਲਿਖੁ,
ਲਿਖੁ ਅੰਤੁ ਨ ਪਾਰਾਵਾਰੁ॥

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ 'ਪੱਟੀ' ਗੁਰੂ ਸਾਹਿਬ ਵਲੋਂ ਇਸੇ ਥਾਂ ਹੀ ਉਚਾਰੀ ਗਈ ਸੀ।

ਗੁਰਦੁਆਰਾ ਮਾਲ ਸਾਹਿਬ—ਇਹ ਗੁਰਦੁਆਰਾ ਜਨਮ-ਅਸਥਾਨ ਤੋਂ ਸਵਾ ਕੁ ਕਿਲੋਮੀਟਰ ਦੂਰ ਪੂਰਬ ਵੱਲ ਸਥਿਤ ਨਨਕਾਣਾ ਸਾਹਿਬ ਰੇਲਵੇ ਸਟੇਸ਼ਨ ਦੇ ਸਾਹਮਣੇ ਸਥਿਤ ਹੈ। ਇਸ ਨਾਲ ਸਬੰਧਤ ਕਥਾ ਅਨੁਸਾਰ ਬਚਪਨ ਵਿਚ ਇਕ ਦਿਨ ਮੱਝਾਂ ਚਾਰਦੇ ਗੁਰੂ ਜੀ ਨੂੰ ਮਾਲ (ਪੀਲੂ) ਦੇ ਦਰਖ਼ਤ ਦੀ ਛਾਵੇਂ ਨੀਂਦ ਆ ਗਈ। ਦੁਪਹਿਰ ਢਲਣ ਤੇ ਸਾਰੇ ਦਰਖ਼ਤਾਂ ਦੇ ਪਰਛਾਵੇਂ ਵੀ ਫਿਰ ਗਏ ਪਰ ਜਿਸ ਦਰਖਤ ਹੇਠ ਗੁਰੂ ਜੀ ਸੁੱਤੇ ਸਨ ਉਸ ਦੀ ਛਾਂ ਉਸੇ ਜਗ੍ਹਾ ਸੀ। ਇਸ ਥਾਂ ਤੇ ਹੁਣ ਗੁਰਦੁਆਰਾ ਮਾਲ ਸਾਹਿਬ ਸੁਸ਼ੋਭਿਤ ਹੈ।

ਗੁਰਦੁਆਰਾ ਕਿਆਰਾ ਸਾਹਿਬ—ਗੁਰਦੁਆਰਾ ਮਾਲ ਸਾਹਿਬ ਦੇ ਪੂਰਬ ਵੱਲ ਕਿਆਰਾ ਸਾਹਿਬ ਗੁਰਦੁਆਰਾ ਹੈ। ਇਹ ਉਹ ਥਾਂ ਹੈ ਜਿਥੇ ਗੁਰੂ ਜੀ ਦੀਆਂ ਮੱਝਾਂ ਨੇ ਇਕ ਜੱਟ ਦੀ ਪੈਲੀ ਉਜਾੜੀ ਸੀ। ਜੱਟ ਨੇ ਉਸ ਸਮੇਂ ਦੇ ਹਾਕਮ ਰਾਇ ਬੁਲਾਰ ਕੋਲ ਸ਼ਿਕਾਇਤ ਕੀਤੀ। ਪੜਤਾਲ ਕਰਨ ਤੇ ਖੇਤ ਹਰਾ-ਭਰਾ ਮਿਲਿਆ ਸੀ।



ਗੁਰਦੁਆਰਾ ਕਿਆਰਾ ਸਾਹਿਬ

ਗੁਰਦੁਆਰਾ ਤੰਬੂ ਸਾਹਿਬ—ਇਹ ਗੁਰਦੁਆਰਾ ਸ਼ਹਿਰ ਦੇ ਉੱਤਰ ਵੱਲ ਸਥਿਤ ਹੈ। ਗੁਰੂ ਜੀ ਚੂਹੜਕਾਣੇ ਤੋਂ ਸੱਚਾ ਸੌਦਾ ਕਰ ਕੇ ਆਉਂਦੇ ਹੋਏ ਇਸ ਜਗ੍ਹਾ ਆ ਕੇ ਇਕ ਰੁੱਖ ਹੇਠਾਂ ਆਰਾਮ ਕਰਨ ਲਈ ਬੈਠੇ ਸਨ। ਰੁੱਖ ਦੀਆਂ ਟਾਹਣੀਆਂ ਤੰਬੂ ਵਾਂਗ ਫੈਲੀਆਂ ਹੋਈਆਂ ਸਨ। ਇਸੇ ਲਈ ਇਥੇ ਬਣਾਏ ਗਏ ਗੁਰਦੁਆਰੇ ਦਾ ਨਾਂ ਤੰਬੂ ਸਾਹਿਬ ਰੱਖਿਆ ਗਿਆ।

ਇਨ੍ਹਾਂ ਗੁਰਦੁਆਰਿਆਂ ਤੋਂ ਇਲਾਵਾ ਇਥੇ ਇਕ ਛੇਵੀਂ ਪਾਤਸ਼ਾਹੀ ਦਾ ਗੁਰਦੁਆਰਾ ਵੀ ਹੈ। ਗੁਰੂ ਹਰਿਗੋਬਿੰਦ ਜੀ ਕਸ਼ਮੀਰ ਤੋਂ ਵਾਪਸ ਅੰਮ੍ਰਿਤਸਰ ਆਉਂਦੇ ਹੋਏ ਨਨਕਾਣਾ ਸਾਹਿਬ ਦੇ ਦਰਸ਼ਨ ਕਰਨ ਆਏ ਸਨ। ਆਪ ਜੀ ਜਿਸ ਅਸਥਾਨ ਤੇ ਠਹਿਰੇ ਉਥੇ ਆਪ ਜੀ ਦੀ ਯਾਦ ਵਿਚ ਗੁਰਦੁਆਰਾ ਬਣਿਆ ਹੋਇਆ ਹੈ ਜੋ ਤੰਬੂ ਸਾਹਿਬ ਦੇ ਨੇੜੇ ਹੀ ਇਸ ਦੇ ਪੂਰਬ ਵੱਲ ਸਥਿਤ ਹੈ। ਨਨਕਾਣਾ ਸਾਹਿਬ ਵਿਖੇ ਕੁਝ ਇਤਿਹਾਸਕ ਯਾਦਗਾਰਾਂ ਵੀ ਮੌਜੂਦ ਹਨ। 21 ਫ਼ਰਵਰੀ, 1921 ਵਿਚ ਗੁਰਦੁਆਰਾ ਜਨਮ-ਅਸਥਾਨ ਦੇ ਅਹਾਤੇ ਅੰਦਰ ਅਤੇ ਬਾਹਰ ਸ਼ਹੀਦ ਹੋਏ ਸਿੰਘਾਂ ਦੇ ਅੱਧ ਜਲੇ ਸਰੀਰਾਂ ਨੂੰ ਇਕੱਠਾ ਕਰਕੇ ਜਿਸ ਥਾਂ ਤੇ ਅੰਤਮ ਸੰਸਕਾਰ ਕੀਤਾ ਗਿਆ ਸੀ, ਉਸ ਥਾਂ ਤੇ ਸੰਗਮਰਮਰ ਦਾ ਥੜ੍ਹਾ ਬਣਿਆ ਹੋਇਆ ਹੈ। ਇਸ ਦੇ ਹੇਠਾਂ ਇਕ ਭੋਰਾ ਬਣਾਇਆ ਹੋਇਆ ਹੈ ਜਿਥੇ ਸ਼ਹੀਦਾਂ ਦੀਆਂ ਅਸਥੀਆਂ ਅਤੇ ਰਾਖ ਸੰਭਾਲ ਕੇ ਰੱਖੀਆਂ ਹੋਈਆਂ ਹਨ। ਭਾਰਤ-ਪਾਕਿ ਵੰਡ ਤੋਂ ਪਹਿਲਾਂ ਇਸ ਦੇ ਦਰਸ਼ਨ ਲਈ ਭੋਰੇ ਅੰਦਰ ਜਾਣ ਲਈ ਪੌੜੀਆਂ ਬਣੀਆਂ ਹੋਈਆਂ ਸਨ। ਬਾਅਦ ਵਿਚ ਇਹ ਰਸਤਾ ਬੰਦ ਕਰ ਦਿੱਤਾ ਗਿਆ। ਸਾਕੇ ਦੇ ਮੁਕੰਮਲ ਹਾਲਾਤ ਪੰਜਾਬੀ, ਅੰਗਰੇਜ਼ੀ, ਫ਼ਾਰਸੀ, ਹਿੰਦੀ ਆਦਿ ਸਭ ਭਾਸ਼ਾਵਾਂ ਵਿਚ ਅੰਕਿਤ, ਇਸ ਭੋਰੇ ਅੰਦਰ ਬੰਦ ਹਨ।

ਗੁਰਦੁਆਰਾ ਜਨਮ-ਅਸਥਾਨ ਦੇ ਪਿਛਲੇ ਪਾਸੇ ਲਗਭਗ ਸਵਾ ਬਾਰਾਂ ਮੀਟਰ ਉੱਚਾ ਇਕ ਜੰਡ ਦਾ ਰੁੱਖ ਹੈ ਜਿਥੇ 21 ਫ਼ਰਵਰੀ, 1921 ਨੂੰ ਇਸ ਨਾਲ ਭਾਈ ਲਛਮਣ ਸਿੰਘ ਨੂੰ ਬੰਨ੍ਹ ਕੇ ਸਾੜ ਕੇ ਸ਼ਹੀਦ ਕੀਤਾ ਗਿਆ ਸੀ। ਗੁਰਦੁਆਰਾ ਜਨਮ-ਅਸਥਾਨ ਦੇ ਨੇੜੇ ਹੀ ਦੱਖਣ ਪੂਰਬ ਵੱਲ ਇਕ ਹੋਰ ਸਥਾਨ ਹੈ ਜਿਥੇ ਭਾਈ ਦਲੀਪ ਸਿੰਘ ਤੇ ਭਾਈ ਵਰਿਆਮ ਸਿੰਘ ਨੂੰ ਸ਼ਹੀਦ ਕਰਕੇ ਘੁਮਿਆਰਾਂ ਦੇ ਤਪਦੇ ਆਵੇ ਵਿਚ ਸੁੱਟ ਦਿੱਤਾ ਗਿਆ ਸੀ।

ਇਥੋਂ ਦਾ ਧਉਲਰ ਨਾਮੀ ਇਕ ਵੱਡਾ ਸਾਰਾ ਥੇਹ ਭਾਵੇਂ ਮੁਸਲਮਾਨਾਂ ਦੇ ਵਡੇਰਿਆਂ ਦੀਆਂ ਕਬਰਾਂ ਦਾ ਅਸਥਾਨ ਹੈ ਪਰ ਇਤਿਹਾਸਕ ਪੱਖੋਂ ਇਹ ਕਬਰਿਸਤਾਨ ਦੀ ਮਹੱਤਤਾ ਇਥੋਂ ਦੇ ਰਾਇ ਬੁਲਾਰ ਦੀ ਕਬਰ ਕਰਕੇ ਹੈ। ਇਹ ਇਸ ਨਗਰ ਦਾ ਰਾਜਾ ਸੀ ਅਤੇ ਗੁਰੂ ਨਾਨਕ ਦੇਵ ਜੀ ਦਾ ਸ਼ਰਧਾਲੂ ਵੀ ਸੀ। ਇਸੇ ਕਾਰਨ ਨਨਕਾਣਾ ਸਾਹਿਬ ਜਾਣ ਵਾਲੇ ਸ਼ਰਧਾਲੂ ਸਿੱਖ ਇਸ ਸਮਾਧ ਦੇ ਦਰਸ਼ਨ ਕਰਨ ਵੀ ਜ਼ਰੂਰ ਜਾਂਦੇ ਹਨ।

ਇਸ ਧਉਲਰ ਦੇ ਪੂਰਬ ਵਿਚ ਭਾਈ ਬਾਲਾ ਜਿਹੜਾ ਗੁਰੂ ਨਾਨਕ ਦੇਵ ਜੀ ਦੇ ਬਚਪਨ ਦਾ ਸਾਥੀ ਸੰਧੂ ਗੋਤ ਦਾ ਇਕ ਜੱਟ ਸੀ ਅਤੇ ਗੁਰੂ ਸਾਹਿਬ ਨਾਲ ਹੀ ਰਹਿੰਦਾ ਸੀ, ਦਾ ਖੂਹ ਹੈ।

ਸਿੱਖ ਰਾਜ ਸਮੇਂ ਇਸ ਸ਼ਹਿਰ ਦਾ ਮਾਨ ਸਨਮਾਨ ਸਿਖਰਾਂ ਤੇ ਸੀ ਪਰ ਉਸ ਉਪਰੰਤ ਗੁਰਦੁਆਰਿਆਂ ਦਾ ਪ੍ਰਬੰਧ ਮਹੰਤਾਂ ਦੇ ਹੱਥਾਂ ਵਿਚ ਚਲੇ ਜਾਣ ਕਾਰਨ ਕਾਫ਼ੀ ਖਰਾਬੀ ਸ਼ੁਰੂ ਹੋ ਗਈ। ਵੀਹਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਗੁਰਦੁਆਰਾ ਜਨਮ-ਅਸਥਾਨ ਦਾ ਪ੍ਰਬੰਧ ਵਿਸ਼ੇਸ਼ ਕਰਕੇ ਮਹੰਤ ਨਰੈਣ ਦਾਸ ਦੇ ਹੱਥਾਂ ਵਿਚ ਗਿਆ ਜਿਸ ਨੇ ਗੁਰਦੁਆਰੇ ਦੀ ਪਵਿੱਤਰਤਾ ਅਤੇ ਧਾਰਮਿਕ ਮਰਿਯਾਦਾ ਵਿਚ ਕਾਫ਼ੀ ਗੜਬੜ ਕੀਤੀ ਅਤੇ ਇਸ ਦੇ ਫ਼ਲਸਰੂਪ ਸਿੱਖਾਂ ਨੇ ਉਸ ਸਮੇਂ ਦੀ ਅੰਗਰੇਜ਼ ਸਰਕਾਰ ਤੋਂ ਇਸ ਦਾ ਪ੍ਰਬੰਧ ਆਪਣੇ ਹੱਥਾਂ ਵਿਚ ਲੈਣ ਦੀ ਮੰਗ ਕੀਤੀ ਜਿਸ ਦੇ ਨਤੀਜੇ ਵਿਚ ਇਥੇ ਬਹੁਤ ਵੱਡਾ ਦੁਖਾਂਤ ਵਾਪਰਿਆ। 21 ਫ਼ਰਵਰੀ, 1921 ਈ. ਨੂੰ ਹਜ਼ਾਰਾਂ ਸਿੱਖ ਦਰਦਨਾਕ ਤਰੀਕੇ ਨਾਲ ਸ਼ਹੀਦ ਕੀਤੇ ਗਏ ਜਿਸ ਨੂੰ ਇਤਿਹਾਸ ਵਿਚ ਨਨਕਾਣਾ ਸਾਹਿਬ ਦੇ ਸਾਕੇ ਦੇ ਨਾਂ ਹੇਠ ਜਾਣਿਆ ਜਾਂਦਾ ਹੈ। ਸਿੱਖਾਂ ਦੀ ਇਸ ਕੁਰਬਾਨੀ ਕਰਕੇ 1925 ਈ. ਵਿਚ ਗੁਰਦੁਆਰਾ ਐਕਟ ਅਧੀਨ ਸਾਰਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪਿਆ ਗਿਆ।

ਗੁਰੂ ਨਾਨਕ ਦੇਵ ਜੀ ਦੇ ਨਾਂ ਤੇ ਇਥੇ ਇਕ ਸਰਕਾਰੀ ਸਕੂਲ ਅਤੇ ਇਕ ਕਾਲਜ ਸਥਾਪਿਤ ਹੈ। ਗੁਰਦੁਆਰਾ ਜਨਮ-ਅਸਥਾਨ ਦੇ ਨਾਲ ਲਗਦੇ ਬਾਜ਼ਾਰ ਦਾ ਨਾਂ ਵੀ ਗੁਰੂ ਨਾਨਕ ਬਾਜ਼ਾਰ ਰਖਿਆ ਗਿਆ ਹੈ। ਅੱਜਕੱਲ੍ਹ ਇਨ੍ਹਾਂ ਗੁਰਦੁਆਰਿਆਂ ਦੀ ਸੰਭਾਲ ਪਾਕਿਸ-ਤਾਨ ਸਰਕਾਰ ਦੇ ਵਕਫ਼ ਬੋਰਡ ਵਲੋਂ ਕੀਤੀ ਜਾ ਰਹੀ ਹੈ। ਇਹ ਬੋਰਡ ਬਾਹਰੋਂ ਆਉਣ ਵਾਲੇ ਯਾਤਰੀਆਂ ਦੀ ਰਿਹਾਇਸ਼ ਦਾ ਪ੍ਰਬੰਧ ਵੀ ਕਰਦਾ ਹੈ। ਗੁਰਦੁਆਰਿਆਂ ਦੀ ਸੰਭਾਲ ਭਾਵੇਂ ਕਾਫ਼ੀ ਚੰਗੀ ਤਰ੍ਹਾਂ ਕੀਤੀ ਜਾ ਰਹੀ ਹੈ ਪਰ ਸਾਰੇ ਗੁਰਦੁਆਰਿਆਂ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਹੀਂ ਕੀਤਾ ਹੋਇਆ ਜਿਸ ਕਰ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਇਨ੍ਹਾਂ ਦੀ ਸੇਵਾ ਸੰਭਾਲ ਕਮੇਟੀ ਦੇ ਸਪੁਰਦ ਕਰਨ ਦੀ ਲਗਾਤਾਰ ਮੰਗ ਕੀਤੀ ਜਾ ਰਹੀ ਹੈ।

ਹ.ਪੁ.–ਮ. ਕੋ: ਤ.ਗਾ.ਗੁ; ਸਿ.ਸ਼; ਨਨਕਾਣਾ ਸਾਹਿਬ–ਸਰਵੇ ਪੁਸਤਕ–ਭਾ.ਵਿ.ਪੰ.

ਨੰਨਲਿ : ਇਹ ਤਾਮਿਲਨਾਡੂ (ਭਾਰਤ) ਤੰਜੋਰ ਰਾਜ ਦੇ ਥੰਜਾਵਰ (ਤੰਜੋਰ) ਜ਼ਿਲ੍ਹੇ ਵਿਚ ਵਾਕਿਆ ਇਸੇ ਹੀ ਨਾਂ ਦੇ ਤਾਅੱਲੁਕੇ ਦਾ ਸਦਰ ਮੁਕਾਮ ਹੈ। ਇਥੇ ਕੱਪੜੇ ਦੀ ਬੁਣਾਈ ਦਾ ਕੰਮ ਕੀਤਾ ਜਾਂਦਾ ਹੈ। ਇਸੇ ਹੀ ਸ਼ਹਿਰ ਦੇ ਨਾਂ ਵਾਲਾ ਰੇਲਵੇ ਸਟੇਸ਼ਨ ਇਥੋਂ ਕੋਈ 5 ਕਿ.ਮੀ. ਦੀ ਦੂਰੀ ਤੇ ਹੈ। ਇਥੇ ਮਧੂਵਨੇਸ਼ਵਰ ਸਵਾਮੀ ਨੂੰ ਸਮਰਪਿਤ ਇਕ ਬਹੁਤ ਹੀ ਪੁਰਾਤਨ ਮੰਦਰ ਹੈ ਜਿਸ ਨੂੰ 'ਦੀ ਲਾਰਡ ਆਫ਼ ਹਨੀ ਫਾਰੈਸਟ' ਵੀ ਆਖਿਆ ਜਾਂਦਾ ਹੈ। ਜੰਗਲੀ ਸ਼ਹਿਦ ਦੀਆਂ ਮੱਖੀਆਂ ਅਜੇ ਵੀ ਇਸ ਮੰਦਰ ਵਿਚ ਛੱਤੇ ਬਣਾਉਂਦੀਆਂ ਹਨ ਜੋ ਕਿ ਇਸ ਦੀ ਵਿਸ਼ੇਸ਼ਤਾ ਹੈ।

10° 33′ ਉ. ਵਿਥ.; 79° 36′ ਪੂ. ਲੰਬ.

ਹ.ਪੁ.–ਇੰਪ. ਗ. ਇੰਡ. 18 : 366

ਨਨੌਤਾ : ਭਾਰਤ ਦੇ ਉੱਤਰ ਪ੍ਰਦੇਸ਼ ਰਾਜ ਦੇ ਜ਼ਿਲ੍ਹਾ ਸਹਾਰਨਪੁਰ ਦਾ ਇਹ ਇਕ ਇਤਿਹਾਸਕ ਨਗਰ ਹੈ ਜੋ ਮੁਗ਼ਲ ਸ਼ਹਿਨਸ਼ਾਹ ਔਰੰਗਜ਼ੇਬ ਦੇ ਵੇਲੇ ਧਨੀ ਸੈਯਦਾਂ ਦਾ ਨਿਵਾਸ ਅਸਥਾਨ ਹੁੰਦਾ ਸੀ। ਸੰਨ 1710 (ਸੰਮਤ 1767) ਵਿਚ ਬੰਦਾ ਬਹਾਦਰ ਨੇ ਖਾਲਸਾ ਦਲ ਨਾਲ ਮਿਲ ਕੇ ਇਸ ਨੂੰ ਫ਼ਤਹਿ ਕੀਤਾ ਸੀ।

ਆਬਾਦੀ–12,993 (1991)

ਹ.ਪੁ.–ਮ.ਕੋ. : 681

ਨਪੋਲੀਅਨ ਬੋਨਾਪਾਰਟ : ਨਪੋਲੀਅਨ ਬੋਨਾਪਾਰਟ ਉਨ੍ਹਾਂ ਬਹੁ ਪ੍ਰਭਿਤਾ ਵਾਲੀਆਂ ਸੰਸਾਰ ਦੀਆਂ ਥੋੜ੍ਹੀਆਂ ਸ਼ਖ਼ਸੀਅਤਾਂ ਵਿਚੋਂ ਸੀ ਜਿਸ ਨੇ ਆਪਣੀ ਪ੍ਰਾਪਤੀਆਂ ਕਰਕੇ ਇਤਿਹਾਸ ਨੂੰ ਨਵਾਂ ਮੋੜ ਦਿਤਾ ਤੇ ਸੰਸਾਰ ਪ੍ਰਸਿਧ ਹੋਇਆ ਸੀ। ਸੰਗਠਿਤ ਕਰਨ ਦੀ ਅਦੁਤੀ ਯੋਗਤਾ ਦਾ ਮਾਲਕ, ਸਾਰੇ ਪੱਛਮੀ ਯੂਰਪ ਦਾ ਜੇਤੂ ਜਰਨੈਲ, ਬਹਾਦਰ, ਨਿਰਭੈ, ਯੁੱਧਕਲਾ ਵਿਚ ਪ੍ਰਬੀਨ ਨਪੋਲੀਅਨ ਬੋਨਾਪਾਰਟ ਨਵੀਨ ਫਰਾਂਸ ਦਾ ਨਿਰਮਾਤਾ ਤੇ ਉਸ ਦੀ ਪ੍ਰਸ਼ਾਸ਼ਨੀ ਪ੍ਰਣਾਲੀ ਦੀ ਘਾੜਤ ਘੜਨ ਵਾਲਾ ਮੰਨਿਆ ਜਾਂਦਾ ਹੈ। ਇਹ ਸੈਨਿਕ, ਰਾਜਨੀਤਿਕ ਅਤੇ ਪ੍ਰਸ਼ਾਸਨੀ ਯੋਗਤਾਵਾਂ ਦੇ ਸੁਮੇਲ ਦਾ ਪ੍ਰਤੀਕ ਸੀ।

ਨਪੋਲੀਅਨ ਬੋਨਾਪਾਰਟ ਦਾ ਜਨਮ 15 ਅਗਸਤ, 1769 ਨੂੰ ਕਾਰਲੋ ਬੋਨਾਪਾਰਟ ਅਤੇ ਲੈਟਜ਼ੀਆ ਦੇ ਘਰ ਅਜਾਲੋ ਜੋ ਕਾਰਸੀਕਾ ਦੀ ਰਾਜਧਾਨੀ ਸੀ ਵਿਚ ਹੋਇਆ। ਕਾਰਸੀਕਾ ਇਟਲੀ ਕੋਲ ਇਕ



ਨਪੋਲੀਅਨ ਬੋਨਾਪਾਰਟ

ਛੋਟਾ ਜਿਹਾ ਟਾਪੂ ਹੈ। ਕਾਰਲੋ ਦਾ ਇਹ ਚੌਥਾ ਬੱਚਾ ਸੀ। ਇਹ ਸਾਰੇ ਅੱਠ ਭੈਣ ਭਰਾ ਸੀ। ਬਚਪਨ ਵਿਚ ਨਪੋਲੀਅਨ ਲੜਾਈਆਂ ਅਤੇ ਯੁੱਧ ਦੀਆਂ ਕਹਾਣੀਆਂ ਸੁਣਦਾ ਅਤੇ ਫੌਜੀ ਵਰਦੀ ਪਾ ਕੇ ਬਹੁਤ ਖੁਸ਼ ਹੁੰਦਾ ਸੀ। ਇਸ ਦੇ ਪਿਤਾ ਨੂੰ ਇਹ ਅਨੁਭਵ ਹੋ ਗਿਆ ਕਿ ਆਮ ਕਿਸਮ ਦੀ ਵਿਦਿਆ ਪ੍ਰਾਪਤ ਕਰਨ ਵਿਚ ਇਸ ਦੀ ਰੁਚੀ ਨਹੀਂ ਇਸ ਲਈ ਇਸ ਨੂੰ 1770 ਈ. ਵਿਚ ਫਰਾਂਸ ਦੇ ਬਰੈਨੀ ਅਸਥਾਨ ਤੇ ਫੌਜੀ ਸਕੂਲ ਵਿਚ ਦਾਖਲ ਕਰਵਾ ਦਿਤਾ। ਇਥੇ ਬਹੁਤ ਅਮੀਰਾਂ ਦੇ ਮੁੰਡੇ ਪੜਦੇ ਸਨ। ਉਹ ਇਸ ਪੇਂਡੂ ਮੁੰਡੇ ਦੇ ਤੌਰ ਤਰੀਕਿਆਂ ਤੇ ਹੱਸਦੇ ਸਨ ਪਰ ਨਪੋਲੀਅਨ ਨੇ ਕਿਸੇ ਦੀ ਪ੍ਰਵਾਹ ਨਾ ਕੀਤੀ ਤੇ ਆਪਣੀ ਪੜਾਈ ਵੱਲ ਧਿਆਨ ਰਖਿਆ। ਇਥੇ ਲਾਇਬਰੇਰੀ ਵਿਚ ਇਸ ਨੇ ਪਲੂਟਾਰਚ ਦੀ ਲਿਖੀ "ਲਾਈਵਜ਼ ਆਫ ਇਲਸਟਰੀਅਸ ਮੈਨ" ਪੜ੍ਹੀ ਤੇ ਪੁਰਾਣੇ ਹੋ ਚੁਕੇ ਯੋਧਿਆਂ ਤੋਂ ਬਹੁਤ ਉਤਸ਼ਾਹ ਪ੍ਰਾਪਤ ਕੀਤਾ। ਇਸ ਨੇ ਆਪਣੀ ਮਾਂ ਨੂੰ ਇਹੀ ਲਿਖਿਆ "ਆਪਣੀ ਤਲਵਾਰ ਕੋਲ ਰਖ ਕੇ ਅਤੇ ਹੋਮਰ ਦੀ ਕਿਤਾਬ ਜੇਬ ਵਿਚ ਰੱਖ ਕੇ ਸੰਸਾਰ ਵਿਚ ਆਪਣਾ ਰਾਹ ਬਨਾਉਣ ਦੀ ਆਸ ਰਖਦਾ ਹਾਂ।' ਬਰੇਲੀ ਵਿਚ ਤੋਪਖਾਨੇ ਦੀ ਸਿਖਲਾਈ ਪਿਛੋਂ ਇਸ ਨੇ ਇਕ ਸਾਲ ਪੈਰਿਸ ਦੀ ਮਿਲਟਰੀ ਅਕਾਦਮੀ ਵਿਚ ਸਿਖਿਆ ਪ੍ਰਾਪਤ ਕੀਤੀ ਅਤੇ 1785 ਈ. ਵਿਚ ਸੈਕੰਡ ਲੈਫਟੀਨੈਂਟ ਭਰਤੀ ਹੋ ਗਿਆ।

ਫਰਾਂਸ ਦੀ ਕ੍ਰਾਂਤੀ ਦਾ ਆਰੰਭ 1779 ਈ. ਤੋਂ ਹੋ ਚੁਕਿਆ ਸੀ। ਫਰਾਂਸੀਸੀ ਫਿਲਾਸਫਰ ਰੋਸੋ ਤੇ ਵਾਲਟੇਅਰ ਜਿਨ੍ਹਾਂ ਨੇ ਖਿਆਲਾਂ ਫਰਾਂਸੀਸੀ ਕ੍ਰਾਂਤੀ ਲਿਆਉਣ ਵਿਚ ਯੋਗਦਾਨ ਪਾਇਆ ਸੀ ਦੇ ਵਿਚਾਰਾਂ ਤੋਂ ਨਪੋਲੀਅਨ ਭਲੀ ਪ੍ਰਕਾਰ ਜਾਣੂ ਸੀ। ਫਰਾਂਸ ਦੇ ਬਾਦਸ਼ਾਹ ਦੀ 1792 ਈ. ਦੀ ਹਾਰ ਪਿਛੋਂ ਨਪੋਲੀਅਨ ਕ੍ਰਾਂਤੀਕਾਰੀਆਂ ਦੀ ਫੌਜ ਵਿਚ ਸ਼ਾਮਲ ਹੋ ਗਿਆ। ਇਸ ਨੂੰ ਕੈਪਟਨ ਦੀ ਪਦਵੀ ਦਿਤੀ ਗਈ। ਕ੍ਰਾਂਤੀਕਾਰੀਆਂ ਦੀ ਅਤੇ ਬਾਦਸ਼ਾਹ ਦੀਆਂ ਫੌਜਾਂ ਦੀ ਲੜਾਈ ਟੂਲਨ ਦੇ ਅਸਥਾਨ ਤੇ ਹੋਈ। ਇਸ ਲੜਾਈ ਵਿਚ ਅੰਗਰੇਜ਼ਾਂ ਨੇ ਫਰਾਂਸੀਸੀ ਬਾਦਸ਼ਾਹ ਦੀ ਸਹਾਇਤਾ ਕੀਤੀ। ਨਪੋਲੀਅਨ ਨੇ ਇਸ ਜੰਗ ਵਿਚ ਆਪਣੀ ਪੂਰੀ ਸੰਗਠਿਤ ਕਰਨ ਦੀ ਅਤੇ ਯੁੱਧਕਲਾ ਦੀ ਯੋਗਤਾ ਦਾ ਪ੍ਰਗਟਾਅ ਕੀਤਾ ਤੇ ਲੜਾਈ ਜਿਤ ਗਿਆ। ਇਸ ਤੇ ਉਸ ਨੂੰ ਤੋਪਖਾਨੇ ਦਾ ਜਨਰਲ ਬਣਾ ਦਿੱਤਾ ਗਿਆ। ਸੰਨ 1795 ਵਿਚ ਉਸ ਨੇ ਪੈਰਿਸ ਵਿਚ ਇਕ ਵਿਦਰੋਹ ਨੂੰ ਦਬਾਇਆ ਜਿਸ ਕਰਕੇ ਇਸ ਨੂੰ ਫੌਜਾਂ ਦੇ ਕਮਾਂਡਰ ਦੀ ਪਦਵੀ ਦਿੱਤੀ ਗਈ।

ਮਾਰਚ, 1796 ਵਿਚ ਇਸਨੇ ਜੋਸੇਫੀਨ ਨਾਲ ਵਿਆਹ ਕੀਤਾ। ਜੋਸੇਫੀਨ ਇਕ ਬਹੁਤ ਹੀ ਸੁੰਦਰ 34 ਸਾਲਾਂ ਦੀ ਇਸਤਰੀ ਸੀ ਜਿਸ ਦਾ ਪਤੀ ਫਰਾਂਸੀਸੀ ਕ੍ਰਾਂਤੀ ਵਿਚ ਮਾਰਿਆ ਗਿਆ ਸੀ। ਨਪੋਲੀਅਨ ਇਸ ਨੂੰ ਅਤਿਅੰਤ ਪਿਆਰ ਕਰਦਾ ਸੀ। ਵਿਆਹ ਤੋਂ ਪਹਿਲਾਂ ਇਸ ਨੂੰ ਗਿਆਰਾਂ ਪਿਆਰ ਪੱਤਰ ਲਿਖੇ ਤੇ ਫੇਰ ਲੜਾਈ ਤੇ ਜਾਣ ਤੋਂ ਦੋ ਦਿਨ ਪਹਿਲਾਂ ਉਸ ਨਾਲ ਵਿਆਹ ਕਰ ਲਿਆ।

ਸੰਨ 1796 ਵਿਚ ਇਹ ਇਟਲੀ ਦੀਆਂ ਫੌਜਾਂ ਦਾ ਵੀ ਕਮਾਂਡਰ ਬਣ ਗਿਆ। ਇਟਲੀ ਦੀ ਫੌਜ ਸੰਗਠਿਤ ਨਹੀਂ ਸੀ ਉਨ੍ਹਾਂ ਨੂੰ ਕਈ ਸ਼ਿਕਾਇਤਾਂ ਸਨ। ਇਸ ਨੇ ਫੌਜੀਆਂ ਦੀਆਂ ਸ਼ਿਕਾਇਤਾਂ ਦੂਰ ਕੀਤੀਆਂ ਅਤੇ ਉਨ੍ਹਾਂ ਨੂੰ ਸੰਬੋਧਨ ਕਰਦਿਆਂ ਕਿਹਾ "ਸਿਪਾਹੀਓ! ਤੁਸੀਂ ਅਧੇ ਭੁਖੇ ਅੱਧੇ ਨੰਗੇ ਹੋ... ਮੈਂ ਤੁਹਾਨੂੰ ਸੰਸਾਰ ਦੀ ਸਭ ਤੋਂ ਵੱਧ ਉਪਜਾਊ ਧਰਤੀ ਤੇ ਅਗਵਾਈ ਕਰਕੇ ਲੈ ਜਾਣ ਲਗਾ ਹਾਂ ਜਿਥੇ ਤੁਸੀਂ ਮਾਨ, ਸ਼ਾਨ ਅਤੇ ਅਮੀਰੀ ਪ੍ਰਾਪਤ ਕਰ ਸਕੋਗੇ। ਇਟਲੀ ਦੀਆਂ ਫੌਜਾਂ ਦੇ ਸਿਪਾਹੀਓ! ਫੇਰ ਵੀ ਤੁਹਾਡੇ ਵਿਚ ਹੌਂਸਲੇ ਦੀ ਘਾਟ ਰਹੇਗੀ?" ਇਟਲੀ ਦੀਆਂ ਫੌਜਾਂ ਨੂੰ ਪੁਨਰ ਸੰਗਠਿਤ ਕਰਕੇ ਨਪੋਲੀਅਨ ਨੇ ਜਿੱਤਾਂ ਦਾ ਦੌਰ ਆਰੰਭ ਕੀਤਾ। ਸੰਨ 1796 ਵਿਚ ਸਾਰਡੇਲੀਆ ਨੂੰ ਭਾਂਜ ਦਿੱਤੀ। ਇਟਲੀ ਵਿਚੋਂ ਆਸਟਰੀਅਨਜ਼ ਨੂੰ ਕੱਢ ਦਿੱਤਾ ਅਤੇ ਆਸਟਰੀਆ ਨੂੰ ਆਪਣੀਆਂ ਸ਼ਰਤਾਂ ਤੇ ਸੰਧੀ ਕਰਨ ਲਈ ਮਜਬੂਰ ਕੀਤਾ। ਸੰਨ 1797 ਵਿਚ ਕੰਪੋਫਰਮਿਓ ਦੀ ਸੰਧੀ ਦੁਆਰਾ ਸਾਰਾ ਇਟਲੀ, ਸਵਿਟਜ਼ਰਲੈਂਡ, ਬੈਲਜੀਅਮ, ਹਾਲੈਂਡ ਅਤੇ ਰਾਈਨਲੈਂਡ ਉਸ ਦੇ ਅਧੀਨ ਹੋ ਗਿਆ। ਇਹ ਉਸ ਦੀਆਂ ਮਹਾਨ ਸੈਨਿਕ ਜਿਤਾਂ ਸਨ ਜਿਸ ਕਰਕੇ ਉਹ ਸੰਸਾਰ ਦੇ ਮਹਾਨ ਸੈਨਿਕ ਆਗੂਆਂ ਵਿਚ ਗਿਣਿਆ ਜਾਣ ਲਗਾ। ਸੰਨ 1804 ਵਿਚ ਇਸ ਨੇ ਸ਼ਹਿਨਸ਼ਾਹ ਦਾ ਖਿਤਾਬ ਧਾਰਨ ਕੀਤਾ ਅਤੇ 1806 ਈ. ਤਕ ਸਾਰਾ ਯੂਰਪ ਇਸਦੇ ਅਧੀਨ ਸੀ। ਡੈਨਮਾਰਕ, ਸਪੇਨ ਅਤੇ ਅੱਧੀ ਜਰਮਨੀ ਇਸ ਦੇ ਸਾਮਰਾਜ ਵਿਚ ਸਨ। ਨੇਪਲਜ਼ ਵਿਚ ਇਸ ਦਾ ਭਰਾ ਜੋਜ਼ਫ ਰਾਜ ਕਰਦਾ ਸੀ। ਪੱਛਮੀ ਯੂਰਪ ਵਿਚ ਕੇਵਲ ਇੰਗਲੈਂਡ ਹੀ ਇਸਦੇ ਰਾਜ ਤੋਂ ਬਾਹਰ ਸੀ। ਇੰਗਲੈਂਡ ਨੂੰ ਇਹ ਪ੍ਰਸ਼ਾਸਨੀ ਤਰੀਕਿਆਂ ਨਾਲ ਹਰਾਉਣਾ ਚਾਹੁੰਦਾ ਸੀ।

ਇਹ ਅੰਗਰੇਜ਼ਾਂ ਨੂੰ ਦੁਕਾਨਦਾਰਾਂ ਦੀ ਕੌਮ ਸਮਝਦਾ ਸੀ। ਇਸ ਦਾ ਖਿਆਲ ਸੀ ਕਿ ਜੇਕਰ ਇੰਗਲੈਂਡ ਦੀ ਆਰਥਿਕ ਨਾਕਾਬੰਦੀ ਕਰ ਦਿੱਤੀ ਜਾਏ ਤਾਂ ਇਹ ਫਰਾਂਸ ਦੇ ਅਧੀਨ ਹੋ ਜਾਣਗੇ। ਇਸ ਤਰ੍ਹਾਂ ਇਸ ਨੇ ਕਾਨਟੀਨੈਂਟਲ ਸਿਸਟਮ (ਮਹਾਂਦੀਪ ਪ੍ਰਣਾਲੀ) ਜਾਰੀ ਕੀਤੀ। ਜਿਸ ਦੁਆਰਾ ਕੋਈ ਵੀ ਵਸਤੂ ਇੰਗਲੈਂਡ ਵਿਚ ਨਹੀਂ ਸੀ ਜਾ ਸਕਦੀ।

ਸੰਨ 1805 ਵਿਚ ਇਸ ਨੇ ਕੇਂਦਰੀ ਅਤੇ ਪੱਛਮੀ ਯੂਰਪ ਨੂੰ ਆਪਣੇ ਅਧੀਨ ਕਰ ਲਿਆ। ਇਟਲੀ, ਆਸਟਰੀਆ, ਫਰਾਂਸ, ਹਾਲੈਂਡ ਅਤੇ ਸਪੇਨ ਇਸ ਦੇ ਅਧੀਨ ਹੋ ਚੁਕੇ ਸਨ ਅਤੇ ਰੂਸ, ਡੈਨਮਾਰਕ, ਨਾਰਵੇ ਅਤੇ ਸਵੀਡਨ ਇਸ ਤੋਂ ਡਰਦੇ ਸਨ। ਇਸ ਲਈ ਇਸ ਨੇ ਕਈ ਹੁਕਮ ਜਾਰੀ ਕੀਤੇ। ਬਰਲਿਨ ਹੁਕਮ ਅਨੁਸਾਰ ਕੋਈ ਮਿੱਤਰ ਦੇਸ਼ ਇੰਗਲੈਂਡ ਨੂੰ ਕੋਈ ਵਸਤੂ ਨਿਰਯਾਤ ਜਾਂ ਆਯਾਤ ਨਹੀਂ ਸੀ ਕਰ ਸਕਦਾ। ਜੇਕਰ ਕੋਈ ਜਹਾਜ਼ ਇੰਗਲੈਂਡ ਵੜ ਜਾਂਦਾ ਤਾਂ ਪਕੜ ਲਿਆ ਜਾਂਦਾ (1807 ਮੀਲਾਨ ਦਾ ਹੁਕਮ) ਭਾਵੇਂ ਉਹ ਕਿਸੇ ਦੇਸ਼ ਦਾ ਹੋਵੇ। ਸੰਨ 1810 ਵਿਚ ਹੁਕਮ ਜਾਰੀ ਕੀਤਾ ਕਿ ਸਾਰੇ ਯੂਰਪ ਵਿਚ ਜਿਥੇ ਕਿਧਰੇ ਅੰਗਰੇਜ਼ਾਂ ਦੀ ਬਣੀ ਵਸਤੂ ਮਿਲੇ ਉਸ ਨੂੰ ਤਬਾਹ ਕਰ ਦੇਵੋ। ਰੂਸ ਵੀ ਇਸ ਆਰਥਿਕ ਜੰਗ ਵਿਚ ਸ਼ਾਮਲ ਹੋਇਆ ਤੇ ਉਸ ਨੇ ਫਰਾਂਸ ਨਾਲ ਟਿਲਜ਼ਿਟ ਦੀ ਸੰਧੀ ਕੀਤੀ। ਇਸੇ

ਸੰਧੀ ਤੋਂ ਪ੍ਰਭਾਵਤ ਹੋ ਕੇ ਭਾਰਤ ਵਿਚ ਈਸਟ ਇੰਡੀਆ ਕੰਪਨੀ ਨੇ ਮੈਟਕਾਫ ਦੁਆਰਾ ਅੰਮ੍ਰਿਤਸਰ ਦੀ ਸੰਧੀ (1809 ਈ.) ਮਹਾਰਾਜਾ ਰਣਜੀਤ ਸਿੰਘ ਨਾਲ ਕੀਤੀ ਤਾਂ ਜੋ ਇਸ ਨੂੰ ਭਾਰਤ ਆਉਣ ਤੋਂ ਰੋਕਿਆ ਜਾ ਸਕੇ।

ਇਸ ਦੀ ਮਹਾਂਦੀਪ ਪ੍ਰਣਾਲੀ ਦੇ ਉੱਤਰ ਵਿਚ ਅੰਗਰੇਜ਼ਾਂ ਨੇ ਵੀ ਜੁਆਬੀ ਕਾਨੂੰਨ ਪਾਸ ਕੀਤੇ। ਇਸ ਦੇ ਕਮਜ਼ੋਰ ਸਾਥੀ ਹਾਲੈਂਡ ਤੇ ਡੈਨਮਾਰਕ ਅੰਗਰੇਜ਼ਾਂ ਨਾਲ ਵਪਾਰ ਕਰਦੇ ਰਹੇ, ਅੰਗਰੇਜ਼ਾਂ ਦੀਆਂ ਬਸਤੀਆਂ ਜਿਵੇਂ ਕਿ ਭਾਰਤ, ਅਮਰੀਕਾ ਆਦਿ ਨੇ ਅੰਗਰੇਜ਼ਾਂ ਦੀ ਸਹਾਇਤਾ ਕੀਤੀ। ਇਸ ਦੀ ਇਸ ਨਾਕਾ ਬੰਦੀ ਤੋਂ ਰੂਸ, ਸਪੇਨ ਤੇ ਪੁਰਤਗਾਲ ਤੰਗ ਆ ਗਏ, ਉਨ੍ਹਾਂ ਬਗਾਵਤ ਕਰ ਦਿੱਤੀ। ਅੰਗਰੇਜ਼ਾਂ ਨੇ ਇਸ ਪੈਨਨਸੂਲਾ ਜੰਗ ਵਿਚ ਬਾਗੀਆਂ ਦੀ ਸਹਾਇਤਾ ਕੀਤੀ ਤੇ ਫਰਾਂਸੀਸੀ ਜਰਨੈਲ ਨੂੰ ਹਾਰ ਹੋਈ। ਰੂਸ ਨੇ ਕਾਨਟੀਨੈਂਟਲ ਪ੍ਰਣਾਲੀ ਨੂੰ ਭੰਗ ਕੀਤਾ ਇਸ ਲਈ ਇਸ ਨੇ 1812 ਈ. ਵਿਚ ਰੂਸ ਤੇ ਹਮਲਾ ਕਰ ਦਿੱਤਾ। ਰੂਸ ਦੀ ਸਖ਼ਤ ਸਰਦੀ ਕਰਕੇ ਇਸ ਦੀ ਹਾਰ ਹੋਈ ਅਤੇ ਬਹੁਤ ਸਾਰੇ ਫੌਜੀ ਮਾਰੇ ਗਏ।

ਇਸ ਦੇ ਪਤਨ ਦੇ ਕਈ ਕਾਰਨ ਸਨ। ਮੁੱਖ ਰੂਪ ਵਿਚ ਦੋ ਵੱਡੇ ਕਾਰਨ ਨਿਮਨ ਲਿਖਤ ਸਨ :—

1. ਰੂਸ ਦੇ ਹਮਲਾ ਕਰਨ ਨਾਲ ਇਸ ਨੂੰ ਨਾ ਕੇਵਲ ਹਾਰ ਹੋਈ ਬਲਕਿ ਇਸ ਦੀ ਫੌਜ ਦਾ ਛੇਵਾਂ ਹਿੱਸਾ ਸਖ਼ਤ ਸਰਦੀ ਕਰਕੇ ਮਾਰਿਆ ਗਿਆ। ਇਸਦਾ ਫਰਾਂਸ ਦੇ ਜਿੱਤੇ ਹੋਏ ਲੋਕਾਂ ਤੇ ਬਹੁਤ ਭੈੜਾ ਅਸਰ ਪਿਆ। ਉਹ ਸਾਰੇ ਨਪੋਲੀਅਨ ਦੇ ਵਿਰੁਧ ਸਿਰ ਚੁਕਣ ਲਗੇ। ਅੰਗਰੇਜ਼ ਇਨ੍ਹਾਂ ਨੂੰ ਵਿਦਰੋਹ ਕਰਨ ਲਈ ਚੁਕਦੇ ਸਨ।

2. ਜਿਥੇ ਯੂਰਪ ਦੀ ਧਰਤੀ ਤੇ ਨਪੋਲੀਅਨ ਦਾ ਰਾਜ ਸੀ ਉਥੇ ਯੂਰਪ ਦੇ ਪਾਣੀਆਂ ਤੇ ਅੰਗਰੇਜ਼ਾਂ ਦਾ ਰਾਜ ਸੀ। ਅੰਗਰੇਜ਼ਾਂ ਦਾ ਸਮੁੰਦਰੀ ਬੇੜਾ ਬੜਾ ਸ਼ਕਤੀਸ਼ਾਲੀ ਸੀ। ਜਦੋਂ ਇਸ ਨੇ ਮਿਸਰ ਨੂੰ 1798 ਵਿਚ ਜਿੱਤਿਆ ਉਹ ਫਰਾਂਸ ਨਾਲ ਸੰਪਰਕ ਨਾ ਰੱਖ ਸਕਿਆ ਕਿਉਂਕਿ ਅੰਗਰੇਜ਼ੀ ਸਮੁੰਦਰੀ ਬੇੜੇ ਨੇ ਨੈਲਸਨ ਦੇ ਅਧੀਨ ਨੀਲ ਦੀ ਲੜਾਈ ਵਿਚ ਫਰਾਂਸੀਸੀ ਸਮੁੰਦਰੀ ਬੇੜੇ ਨੂੰ ਬੁਰੀ ਤਰ੍ਹਾਂ ਹਰਾਇਆ। ਅੰਗਰੇਜ਼ਾਂ ਦੀ ਨਾਕਾਬੰਦੀ ਜਿਸ ਨੂੰ ਕਾਨਟੀਨੈਂਟਲ ਪ੍ਰਣਾਲੀ ਕਹਿੰਦੇ ਹਨ ਅੰਗਰੇਜ਼ਾਂ ਦੇ ਸਮੁੰਦਰੀ ਬੇੜੇ ਕਰਕੇ ਫੇਲ ਹੋਈ ਕਿਉਂਕਿ ਅੰਗਰੇਜ਼ੀ ਸਰਕਾਰ ਨੇ ਕਾਨੂੰਨ ਬਣਾ ਦਿੱਤਾ ਸੀ ਕਿ ਜਿਹੜਾ ਜਹਾਜ਼ ਇੰਗਲੈਂਡ ਹੋ ਕੇ ਨਹੀਂ ਜਾਵੇਗਾ, ਡੋਬ ਦਿਤਾ ਜਾਵੇਗਾ। ਇਸ ਕਰਕੇ ਇੰਗਲੈਂਡ ਨੂੰ ਲੋੜ ਦਾ ਸਾਮਾਨ ਮਿਲਦਾ ਰਿਹਾ।

ਨਪੋਲੀਅਨ ਦੀ ਰੂਸ ਦੀ ਹਾਰ ਪਿੱਛੋਂ ਅੰਗਰੇਜ਼ਾਂ ਨੇ ਰੂਸ, ਪਰੱਸ਼ੀਆ ਤੇ ਆਸਟਰੀਆ ਨਾਲ ਸੰਧੀ ਕਰਕੇ ਯੂਰਪ ਵਿਚ ਗੁਰੀਲਾ ਜੰਗ ਆਰੰਭ ਕਰ ਦਿੱਤੀ। ਫਰਾਂਸ ਤੇ ਸਭ ਪਾਸਿਓਂ ਹਮਲਾ ਕੀਤਾ ਗਿਆ। ਲਿਪਜ਼ਿਗ ਦੀ ਲੜਾਈ ਵਿਚ ਇਸ ਦੀ ਹਾਰ ਹੋਈ ਤੇ ਇਸ ਨੂੰ 1814 ਈ. ਵਿਚ ਐਲਬਾ ਟਾਪੂ ਤੇ ਜਾਣ ਲਈ ਮਜ਼ਬੂਰ ਕੀਤਾ ਗਿਆ। ਸੰਨ 1815 ਵਿਚ ਇਹ ਫੇਰ ਵਾਪਸ ਫਰਾਂਸ ਵਿਚ ਆ ਗਿਆ। ਸੌ ਦਿਨਾਂ ਪਿਛੋਂ ਫੇਰ ਵਾਟਰਲੂ ਦੀ ਨਿਰਣਾਜਨਕ ਲੜਾਈ ਵਿਚ ਇਸ ਦੀ ਨੂੰ ਹਾਰ ਹੋਈ (ਜੂਨ 18, 1815 ਈ.)। ਇਸ ਨੂੰ ਫੇਰ ਸੇਂਟ ਹਜੀਨਾ ਵਿਚ ਨਜ਼ਰਬੰਦ ਕਰ ਦਿੱਤਾ ਗਿਆ। ਉਥੇ ਇਹ 5 ਮਈ, 1821 ਨੂੰ ਚਲਾਣਾ ਕਰ ਗਿਆ। ਮਰਨ ਤੋਂ ਇਕ ਮਹੀਨਾਂ ਪਹਿਲਾਂ ਇਸ ਨੇ ਵਸੀਅਤ ਕੀਤੀ :—

"ਮੇਰੀ ਲੋਚਾ ਹੈ ਕਿ ਮੇਰੀਆਂ ਹੱਡੀਆਂ ਨੂੰ ਸਾਈਨ ਦਰਿਆ ਦੇ ਕੰਢੇ ਉਨ੍ਹਾਂ ਫ਼ਰਾਂਸੀਸੀ ਲੋਕਾਂ ਵਿਚ ਹੀ ਰਖਿਆ ਜਾਏ ਜਿਨ੍ਹਾਂ ਨੂੰ ਮੈਂ ਐਨਾ ਪਿਆਰ ਕੀਤਾ ਹੈ।" ਪੈਰਿਸ ਵਿਚ ਨਪੋਲੀਅਨ ਦਾ ਮਕਬਰਾ ਵੇਖਣਯੋਗ ਹੈ ਜੋ ਇਨ੍ਹਾਂ ਸਤਰਾਂ ਦੇ ਲਿਖਾਰੀ ਨੇ 1964 ਵਿਚ ਵੇਖਿਆ ਹੈ।

ਜਿਥੇ ਇਸ ਨੇ ਸੈਨਿਕ ਸਿਖਲਾਈ ਅਤੇ ਸੈਨਿਕ ਸੰਗਠਨ ਵਿਚ ਕ੍ਰਾਂਤੀਕਾਰੀ ਤਬਦੀਲੀਆਂ ਲਿਆਂਦੀਆਂ ਉਥੇ ਇਹ ਦੀਵਾਨੀ ਕਾਨੂੰਨ ਅਤੇ ਵਿਦਿਅਕ ਸੁਧਾਰਾਂ ਕਰਕੇ ਪ੍ਰਸਿੱਧ ਹੈ। ਇਸ ਨੇ ਕਾਨੂੰਨੀ ਵਿਭਾਗ ਨੂੰ ਪੁਨਰ ਸੰਗਠਤ ਕੀਤਾ ਤੇ ਇਸ ਦੇ ਬਣਾਏ ਕਾਨੂੰਨ 'ਕੋਡ ਆਫ ਨਪੋਲੀਅਨ' ਕਰਕੇ ਪ੍ਰੱਸਿਧ ਹਨ। ਇਸ ਨੇ ਫਰਾਂਸ ਵਿਚ ਸਥਾਨਕ ਸਵੈਰਾਜ (ਲੋਕਲ ਸੈਲਫ ਗਵਰਨਮੈਂਟ) ਦੀਆਂ ਸੰਸਥਾਵਾਂ ਲਾਗੂ ਕੀਤੀਆਂ। ਸੜਕਾਂ ਬਣਵਾਈਆਂ ਅਤੇ ਨਹਿਰਾਂ ਪੁਟਵਾਈਆਂ। ਇਸ ਨੇ ਪੋਪ ਨਾਲ ਗਿਰਜਿਆਂ ਆਦਿ ਦੇ ਪ੍ਰਬੰਧ ਸਬੰਧੀ ਸੰਧੀ ਕੀਤੀ ਜੋ ਉਸ ਤੋਂ ਪਿਛੋਂ ਵੀ ਕਾਫੀ ਸਮੇਂ ਤਕ ਚਲਦੀ ਰਹੀ। ਇਸ ਸੰਧੀ ਨੂੰ "ਕਾਰਡੈਟ ਵਿਦ ਪੋਪੇਸੀ" ਕਹਿੰਦੇ ਹਨ। ਇਸ ਤਰ੍ਹਾਂ ਇਸ ਨੇ ਪ੍ਰਸ਼ਾਸਨੀ ਸੁਧਾਰਾਂ ਨਾਲ ਫਰਾਂਸ ਦੇ ਰਾਜਸੀ ਪ੍ਰਸ਼ਾਸਨ ਦਾ ਢਾਂਚਾ ਹੀ ਬਦਲ ਦਿੱਤਾ। ਇਸ ਦੇ ਬਣਾਏ ਕਾਨੂੰਨ ਇਸ ਦੇ ਪਿਛੋਂ ਵੀ ਕਾਫੀ ਦੇਰ ਤਕ ਚਲਦੇ ਰਹੇ।

ਇਹ ਗੁਰੂ ਗੋਬਿੰਦ ਸਿੰਘ ਜੀ ਦੇ ਵਾਕ "ਅਲਪ ਅਗਰ ਸੁਲਿਪ ਸੁਨਿੰਦਰਾ" ਦਾ ਧਾਰਨੀ ਸੀ। ਇਹ ਥੋੜ੍ਹਾ ਖਾਂਦਾ ਸੀ ਤੇ ਕੇਵਲ ਤਿੰਨ ਘੰਟੇ ਸੌਂਦਾ ਸੀ ਅਤੇ ਜਦੋਂ ਚਾਹੁੰਦਾ ਸੌਂ ਸਕਦਾ ਸੀ। ਇਸ ਨੇ ਇਕ ਸਮੇਂ ਕਿਹਾ, "ਕੁਦਰਤ ਨੇ ਮੈਨੂੰ ਦੋ ਬਹੁ ਮੁਲੀਆਂ ਦਾਤਾਂ ਦਿੱਤੀਆਂ ਹਨ—ਜਦੋਂ ਮੈਂ ਚਾਹਵਾਂ ਸੌਣ ਦੀ ਸਕਤੀ ਅਤੇ ਖਾਣ ਪੀਣ ਵਿਚ ਵਾਧੂ ਖਾਣ ਦੀ ਅਸਮਰਥਾ। ਭਾਵੇਂ ਮਨੁੱਖ ਥੋੜ੍ਹਾ ਖਾਵੇ ਉਹ ਸਦਾ ਬਹੁਤ ਜਿਆਦਾ ਖਾ ਜਾਂਦਾ ਹੈ। ਵਾਧੂ ਖਾਣ ਨਾਲ ਮਨੁੱਖ ਬੀਮਾਰ ਹੁੰਦਾ ਹੈ ਪਰ ਘਟ ਖਾਣ ਨਾਲ ਕਦੇ ਨਹੀਂ।" ਕਹਿੰਦੇ ਹਨ ਕਿ ਕਈ ਵਾਰੀ ਇਹ ਜੰਗ ਦੇ ਮੈਦਾਨ ਵਿਚ ਘੋੜ ਸਵਾਰੀ ਕਰਦਾ ਹੋਇਆ ਆਪਣੇ ਸਾਥੀਆਂ ਨੂੰ ਸੂਚਿਤ ਕਰਕੇ ਸੌਂ ਲੈਂਦਾ ਸੀ। ਇਹ ਛੋਟੇ ਕੱਦ ਦਾ ਪੱਕੇ ਸਰੀਰ ਦਾ ਸੀ ਜੋ ਤਾਕਤ ਭਰਪੂਰ ਸੀ। ਇਹ ਪਰਾ-ਮਨੁੱਖੀ ਸ਼ਕਤੀਆਂ ਦਾ ਮਾਲਕ ਸੀ ਤੇ ਕੁਝ ਵੀ ਅਸੰਭਵ ਨਹੀਂ ਸੀ ਸਮਝਦਾ ਕਿਉਂਕਿ ਇਸ ਵਿਚ ਅਥਾਹ ਸਵੈ-ਵਿਸ਼ਵਾਸ ਸੀ।

ਨਿਸਚੇ ਹੀ ਇਹ ਸੰਸਾਰ ਦੀਆਂ ਮਹਾਨ ਸ਼ਖ਼ਸੀਅਤਾਂ ਵਿਚੋਂ ਗਿਣਿਆ ਜਾਂਦਾ ਸੀ। ਫਰਾਂਸ ਨੂੰ ਇਸ ਤੇ ਸਦਾ ਮਾਣ ਰਹੇਗਾ। ਇਸ ਦੀ ਪ੍ਰਤਿਭਾ ਇਸ ਦੇ ਜਿਉਂਦਿਆਂ ਹੀ ਸਥਾਪਤ ਹੋ ਗਈ। ਇਸ ਦੇ ਵਿਰੋਧੀ ਅੰਗਰੇਜ਼ੀ ਕੌਮ ਦੇ ਪ੍ਰਸਿੱਧ ਕਵੀ ਲਾਰਡ ਬਾਏਰਨ ਨੇ ਇਸ ਦੇ ਜਿਉਂਦਿਆਂ 1814 ਈ. ਵਿਚ ਸਭ ਤੋਂ ਪਹਿਲਾਂ ਇਸ ਤੇ ਕਵਿਤਾ ਲਿਖੀ ਜਿਸ ਦਾ ਸਿਰਲੇਖ ਸੀ "ਓਡ ਟੂ ਨਪੋਲੀਅਨ"। ਇਸੇ ਤਰ੍ਹਾਂ ਜਰਮਨ ਅਤੇ ਫਰਾਂਸੀਸੀ ਕਵੀਆਂ ਨੇ ਇਸ ਦੀ ਸ਼ਲਾਘਾ ਤੇ ਕਵਿਤਾਵਾਂ ਲਿਖੀਆਂ ਸਨ ਜੋ ਇਸ ਦੀ ਸ਼ਲਾਘਾ ਸਮੇਂ ਤੇ ਅਮਿਟ ਯਾਦ ਦੀ ਸਾਖੀ ਭਰਦੀਆਂ ਹਨ।

ਹ.ਪੁ.—ਐਨ.ਬ੍ਰਿ. ਮਾ. 8:189; ਐਨ.ਬ੍ਰਿ.ਮੈ. 12:831 ਲੈਂਡ ਮਾਰਕਸ ਆਫ ਹਿਸਟ੍ਰੀ ਆਫ ਇੰਗਲੈਂਡ-ਕਿਰਪਾਲ ਸਿੰਘ ਨਾਰੰਗ.; ਏ. ਸ਼ਾਰਟ ਹਿਸਟ੍ਰੀ ਆਫ ਬ੍ਰਿਟਿਸ਼ ਕਾਮਨ ਵੈਲਥ ਰੈਮਜ਼ੇਮੂਰ; ਟੈਕਸਟ ਬੁਕ ਆਫ ਮਾਡਰਨ ਇੰਗਲਿਸ਼ ਹਿਸਟ੍ਰੀ, — ਜਾਰਜ ਡਬਲਿਓ ਸਾਊਥਗੇਟ, ਲੰਡਨ।

—ਕਿਰਪਾਲ ਸਿੰਘ

ਨਫਈਲਡ, ਵਿਲੀਅਮ ਰਿਚਰਡ ਮਾਰਿਸ਼ : ਇਸ ਪ੍ਰਸਿੱਧ ਉਦਯੋਗਪਤੀ ਦਾ ਜਨਮ 10 ਅਕਤੂਬਰ, 1877 ਨੂੰ ਵੂਸਟਰਸ਼ਿਰ ਵਿਖੇ ਹੋਇਆ ਜਿਸਨੇ ਆਟੋਮੋਬਾਈਲ ਮੈਨੂਫੈਕਚਰਿੰਗ ਫਰਮ ਮਾਰਿਸ਼ ਕਾਰਾਂ ਬਣਾਉਣੀਆਂ ਆਰੰਭ ਕੀਤੀਆਂ। ਇਹ ਇਕ ਖੇਤ-ਮਜ਼ਦੂਰ ਦਾ ਪੁੱਤਰ ਸੀ। ਆਪਣੇ ਪਿਤਾ ਦੀ ਬੀਮਾਰੀ ਕਾਰਨ ਇਸ ਨੂੰ ਡਾਕਟਰੀ ਦੀ ਪੜ੍ਹਾਈ ਛੱਡਣੀ ਪਈ ਅਤੇ 15 ਸਾਲ ਦੀ ਉਮਰ ਵਿਚ ਆਪਣੇ ਮਾਂ-ਪਿਓ ਦੇ ਜੀਵਨ ਨਿਰਬਾਹ ਲਈ ਇਸ ਨੇ ਆਪਣੇ ਘਰ ਵਿਚ ਸਾਈਕਲ ਮੁਰੰਮਤ ਦੀ ਦੁਕਾਨ ਖੋਲ੍ਹ ਲਈ। ਹੌਲੀ ਹੌਲੀ ਉੱਨਤੀ ਕਰਦਾ ਹੋਇਆ ਇਹ ਆਰਡਰ ਤੇ ਮਸ਼ੀਨਾਂ ਬਣਾਉਣ



ਵਿਲੀਅਮ ਰਿਚਰਡ ਮਾਰਿਸ਼ ਨਫੀਲਡ

ਲਗਾ ਅਤੇ ਇਸ ਕੰਮ ਵਿਚ ਇਸ ਨੂੰ ਕਾਫੀ ਸਫ਼ਲਤਾ ਹਾਸਲ ਹੋਈ। ਬਾਅਦ ਵਿਚ ਇਸ ਨੇ ਮੋਟਰ-ਸਾਈਕਲ ਵੇਚਣੇ ਅਤੇ ਮੁਰੰਮਤ ਕਰਨੇ ਸ਼ੁਰੂ ਕਰ ਦਿੱਤੇ। ਆਪਣੀ ਮਿਹਨਤ ਸਦਕਾ ਇਸ ਨੇ ਆਸਾਨੀ ਨਾਲ ਆਪਣੇ ਇਸ ਕੰਮ ਨੂੰ ਕਾਰਾਂ ਮੁਰੰਮਤ ਕਰਕੇ ਵੇਚਣ ਤਕ ਵਧਾ ਲਿਆ। ਸੰਨ 1903 ਵਿਚ ਇਸ ਮੁਰੰਮਤ ਅਤੇ ਵਿਕਰੀ ਦੇ ਵਪਾਰ ਵਿਚ ਇਸ ਨੂੰ ਕਾਫੀ ਘਾਟਾ ਪਿਆ ਤੇ ਦੀਵਾਲੀਆ ਵੀ ਹੋਇਆ ਪਰ ਅਗਲੇ ਵਰ੍ਹੇ ਫਿਰ ਆਪਣੀ ਹਿੰਮਤ ਨਾ ਹਾਰਦਿਆਂ ਇਸ ਨੇ ਕੇਵਲ ਆਪਣੇ ਔਜ਼ਾਰਾਂ ਅਤੇ 50 ਪੌਂਡ ਕਰਜ਼ੇ ਨਾਲ ਆਪਣਾ ਕੰਮ ਦੁਬਾਰਾ ਸ਼ੁਰੂ ਕੀਤਾ।

ਇਸ ਨੇ ਕਾਊਲੀ ਵਿਚ ਆਪਣਾ ਉਦਯੋਗ ਸਥਾਪਿਤ ਕਰ ਲਿਆ ਅਤੇ 1913 ਈ. ਵਿਚ ਦੋ ਸੀਟਾਂ ਵਾਲਾ 8.9 ਹਾਰਸ ਪਾਵਰ ਦਾ ਪਹਿਲਾ ਮਾਰਿਸ਼ਆੱਕਸਫੋਰਡ ਮੋਟਰ ਸਾਈਕਲ ਤਿਆਰ ਕੀਤਾ। ਇਸ ਪਿਛੋਂ ਇਸ ਨੇ ਡਿਜ਼ਾਇਨਰ ਦੇ ਤੌਰ ਤੇ ਸੰਯੁਕਤ ਰਾਜ ਅਮਰੀਕਾ ਦਾ ਦੌਰਾ ਵੀ ਕੀਤਾ ਅਤੇ ਅੰਗਰੇਜ਼ੀ ਚੈਸੀ ਵਿਚ ਫਿਟ ਕਰਨ ਲਈ ਇਕ ਇੰਜਣ ਖਰੀਦਣ ਲਈ ਠੇਕਾ ਦਿੱਤਾ। ਘੱਟ ਕੀਮਤ ਤੇ ਛੋਟੀਆਂ ਭਰੋਸੇਯੋਗ ਕਾਰਾਂ ਦੇ ਉਤਪਾਦਨ ਉੱਤੇ ਜ਼ੋਰ ਦੇਣ ਦੇ ਉਦੇਸ਼ ਨਾਲ ਮਾਰਿਸ਼ ਨੇ ਇੰਗਲੈਂਡ ਵਿਚ ਆਟੋਮੋਬਾਈਲ ਉਦਯੋਗ ਵਿਚ ਇਨਕਲਾਬ ਲਿਆਂਦਾ। ਸੰਨ 1919 ਵਿਚ ਮਾਰਿਸ਼ ਮੋਟਰਜ਼ ਲਿਮਿਟਿਡ ਸਥਾਪਿਤ ਕੀਤੀ ਗਈ ਅਤੇ ਕੀਮਤਾਂ ਘਟਾ ਕੇ 1920-21 ਦੀਆਂ ਮੁਸ਼ਕਲਾਂ ਉੱਤੇ ਕਾਬੂ ਪਾਇਆ। ਸੰਨ 1923 ਵਿਚ ਇਸ ਕੇ ਮਾਰਿਸ਼ ਕਮਰਸ਼ੀਅਲ ਕਾਰਜ ਲਿਮਿਟਿਡ ਦੀ ਸਥਾਪਨਾ ਕੀਤੀ ਅਤੇ 1927 ਈ. ਵਿਚ ਇਸ ਨੂੰ ਵਾਲਸਲੇ ਮੋਟਰਜ਼ ਲਿਮ. ਵਿਚ ਬਦਲ ਦਿੱਤਾ। ਹੁਣ ਇਸ ਦੀ ਆਰਥਿਕ ਹਾਲਤ ਕਾਫੀ ਅੱਛੀ ਹੋ ਗਈ ਸੀ ਅਤੇ ਇਸ ਨੇ ਆਪਣੀ ਮੁਢਲੀਆਂ ਆਰਥਿਕ ਤੰਗੀਆਂ ਨੂੰ ਸਾਹਮਣੇ ਰੱਖ ਕੇ 1930 ਈ. ਤੋਂ ਲੋਕ ਹਿਤ ਗਤੀਵਿਧੀਆਂ ਵੱਲ ਵੀ ਧਿਆਨ ਕੀਤਾ। ਸੰਨ 1933-36 ਦੌਰਾਨ ਇਨ੍ਹਾਂ ਤਿੰਨ ਕੰਪਨੀਆਂ ਅਤੇ 1938 ਈ. ਵਿਚ ਰੀਲੇ ਲਿਮ. ਨੂੰ ਸ਼ਾਮਲ ਕਰਨ ਲਈ ਮਾਰਿਸ਼ ਮੋਟਰਜ਼ ਲਿਮ. ਨੂੰ ਮੁੜ ਸੰਗਠਿਤ ਕੀਤਾ ਗਿਆ। ਹੁਣ 1952 ਵਿਚ ਗਰੀਬਾਂ ਦੀ ਸਿਖਿਆ, ਸਿਹਤ ਆਦਿ ਲੋਕ-ਭਲਾਈ ਦੇ ਉਦੇਸ਼ ਲਈ ਇਸ ਨੇ 1943 ਈ. ਵਿਚ ਨਫ਼ੀਲਡ ਫਾਊਂਡੇਸ਼ਨ ਦੀ ਸਥਾਪਨਾ ਕੀਤੀ ਜਿਸ ਵਿਚੋਂ ਆਸਟਿਨ ਮੋਟਰ ਕੰਪਨੀ ਸ਼ਾਮਲ ਹੋਣ ਪਿਛੋਂ 'ਬ੍ਰਿਟਿਸ਼ ਮੋਟਰ ਕਾਰਪੋਰੇਸ਼ਨ' ਵਿਸ਼ਵ ਦੀ ਤੀਜੀ ਵੱਡੀ ਆਟੋਮੋਬਾਈਲ ਕੰਪਨੀ ਬਣ ਗਈ। ਮਾਰਿਸ਼ ਜਿਹੜਾ 1929 ਵਿਚ ਬੈਰੋਨੇਟ ਅਤੇ 1934 ਵਿਚ ਬੈਰਨ ਬਣਿਆ ਸੀ, 1938 ਵਿਚ ਵਿਸਕਾਊਂਟ ਨਫ਼ੀਲਡ ਕਰਕੇ ਜਾਣਿਆ ਜਾਣ ਲੱਗਾ।

22 ਅਗਸਤ, 1963 ਨੂੰ ਹੰਟਰਕੰਬ ਨੇੜੇ ਹੈਨਜ਼ੀ-ਆਨ-ਟਾਸਜ਼ (ਆੱਕਸਫੋਰਡਸ਼ਿਰ) ਵਿਖੇ ਇਹ ਰੱਬ ਨੂੰ ਪਿਆਰਾ ਹੋ ਗਿਆ।

ਹ.ਪੁ.—ਐਨ. ਬ੍ਰਿ. ਮਾ. 7 : 437; ਐਨ. ਬ੍ਰਿ. 16 : 736

ਨਫਤਾਲੀ : ਇਹ ਇਸਰਾਈਲ ਦੇ ਬਾਰਾਂ ਬੰਸਾਂ ਵਿਚੋਂ ਇਕ ਹੈ। ਬਾਈਬਲ ਕਾਲ ਵਿਚ ਇਸਰਾਈਲ ਦੇ ਲੋਕ ਇਸ ਬੰਸ ਵਿਚ ਸ਼ਾਮਲ ਸਨ ਜਿਹੜੇ ਕਿ ਬਾਅਦ ਵਿਚ ਯਹੂਦੀ ਨਸਲ ਦੇ ਲੋਕ ਬਣੇ। ਬਿਲਹਾ ਜੋ ਯਾਕੂਬ ਦੀ ਦੂਸਰੀ ਪਤਨੀ ਰਾਕੇਲ ਦੀ ਦਾਸੀ ਸੀ, ਤੋਂ ਯਾਕੂਬ ਦੇ ਚਾਰ ਪੁੱਤਰ ਸਨ। ਇਸ ਬਾਰੇ ਬਾਈਬਲ ਵਿਚ ਵਧੇਰੇ ਜਾਣਕਾਰੀ ਨਹੀਂ ਮਿਲਦੀ। ਨਫਤਾਲੀ ਉਸ ਦਾ ਦੂਸਰਾ ਪੁੱਤਰ ਸੀ ਜਿਸ ਦੇ ਨਾਮ ਤੇ ਹੀ ਇਸ ਬੰਸ ਦਾ ਨਾਮ ਪਿਆ। 11ਵੀਂ ਅਤੇ 12ਵੀਂ ਸਦੀ ਈ. ਪੂ. ਵਿਚ ਉੱਤਰ ਵਲੋਂ ਜਦੋਂ ਦੇਸ਼ ਉੱਤੇ ਕਾਨਾਨੀ ਜਾਤੀ ਦਾ ਹਮਲਾ ਹੋਇਆ ਤਾਂ ਜੋਸ਼ਆਂ ਦੀ ਅਗਵਾਈ ਵਿਚ ਇਸ ਬੰਸ ਨੇ ਯੁੱਧ ਵਿਚ ਵਿਸ਼ੇਸ਼ ਤੌਰ ਤੇ ਭਾਗ ਲਿਆ। ਬਾਅਦ ਵਿਚ ਇਸ ਨੇ ਇਸ ਨਵੇਂ ਖੇਤਰ ਨੂੰ 12 ਬੰਸਾਂ ਵਿਚ ਵੰਡ ਦਿੱਤਾ ਅਤੇ ਇਸ ਬੰਸ ਨੂੰ ਗਲੀਲਿਯਾ ਦੇ ਸਮੁੰਦਰ ਦਾ ਉੱਤਰੀ-ਪੱਛਮੀ ਖੇਤਰ ਸੌਂਪ ਦਿੱਤਾ।

ਰਾਜਾ ਸਾਲਮਨ ਜਿਸ ਦਾ ਰਾਜ 922 ਈ. ਪੂ. ਵਿਚ ਸੀ, ਦੀ ਮੌਤ ਤੋਂ ਬਾਅਦ 10 ਬੰਸਾਂ ਨੇ ਮਿਲ ਕੇ ਇਕ ਸੁਤੰਤਰ ਇਸਰਾਈਲ ਦੀ ਸਥਾਪਨਾ ਕੀਤੀ। 734 ਈ. ਪੂ. ਨਫਤਾਲੀ ਤੇ ਅਮੀਰੀਆਈ ਬਾਦਸ਼ਾਹ ਟ੍ਰਿਗਲੈਥ ਪਾਈਲੀਜ਼ਰ ਤੀਜੇ ਵਲੋਂ ਕਬਜ਼ਾ ਕਰ ਲਿਆ ਗਿਆ ਜਿਸ ਦੀਆਂ ਫੌਜਾਂ ਨੇ 721 ਈ. ਪੂ. ਵਿਚ ਸੁਤੰਤਰ ਇਸਰਾਈਲ ਦੀ ਉੱਤਰੀ ਰਾਜਧਾਨੀ ਤੇ ਕਬਜ਼ਾ ਕਰ ਲਿਆ। ਇਸਰਾਈਲੀਆਂ ਨੂੰ ਗੁਲਾਮ ਬਣਾ ਕੇ ਦੇਸ਼ ਨਿਕਾਲਾ ਦੇ ਦਿੱਤਾ ਗਿਆ ਜਿਹੜੇ ਲੋਕ ਪਿੱਛੇ ਰਹਿ ਗਏ ਉਹ ਹੌਲੀ-ਹੌਲੀ ਦੂਜੇ ਲੋਕਾਂ ਵਿਚ ਘੁਲ ਮਿਲ ਗਏ। ਇਸ ਤਰ੍ਹਾਂ ਨਫਤਾਲੀ ਬੰਸ ਦੀ ਆਪਣੀ ਪਛਾਣ ਨਾ ਰਹੀ। ਯਹੂਦੀ ਮਿਥਿਹਾਸ ਅਨੁਸਾਰ ਇਹ ਬੰਸ ਮਿਟ ਚੁੱਕੇ 10 ਬੰਸਾਂ ਵਿਚੋਂ ਇਕ ਕਰ ਕੇ ਹੀ ਜਾਣਿਆ ਜਾਂਦਾ ਹੈ।

ਹ. ਪੁ.-ਐਨ. ਬ੍ਰਿ. ਮਾ. 8. 505; ਹਿੰ. ਵਿ. ਕੋ. 6 : 240

ਨਫੀ : ਇਹ ਤੁਰਕੀ ਦਾ ਪ੍ਰਸਿੱਧ ਕਵੀ ਸੀ ਜਿਸ ਦਾ ਅਸਲ ਨਾਮ ਉਮਰ ਸੀ ਅਤੇ ਇਸ ਨੂੰ ਅਰਜ਼ੋਰੋਮ ਦਾ ਨਫ਼ੀ ਵੀ ਕਿਹਾ ਜਾਂਦਾ ਸੀ। ਇਸ ਦਾ ਜਨਮ ਤੁਰਕੀ ਵਿਚ ਸਾਮਰਾਜ ਦੇ ਪ੍ਰਸਿੱਧ ਨਗਰ ਅਰਜ਼ੋਰੋਮ ਦੇ ਨੇੜੇ ਸਥਿਤ ਹਸਨਕਲਾ ਵਿਖੇ ਹੋਇਆ। ਇਹ ਇਕ ਮਹਾਨ ਸਨਾਤਨੀ ਤੁਰਕੀ ਕਵੀ ਅਤੇ ਬਹੁਤ ਹੀ ਪ੍ਰਸਿੱਧ ਵਿਅੰਗਕਾਰ ਅਤੇ ਤੁਰਕੀ ਸਾਹਿਤ ਵਿਚ ਪ੍ਰਸੰਸਾਤਮਕ ਲਿਖਤ ਲਿਖਣ ਵਾਲਾ ਲੇਖਕ ਸੀ। ਇਸ ਦੇ ਬਚਪਨ ਅਤੇ ਜਵਾਨੀ ਸਮੇਂ ਦੇ ਸਾਹਿਤ ਵਿਚ ਬਹੁਤ ਅੰਤਰ ਹੈ। ਇਸ ਦੇ ਜੀਵਨ ਦੇ ਪਹਿਲੇ ਸਮੇਂ ਬਾਰੇ ਕਿਹਾ ਜਾਂਦਾ ਹੈ ਕਿ ਇਹ ਤੁਰਕੀ ਸੁਲਤਾਨ ਅਹਿਮਦ ਪਹਿਲਾ (1603-17 ਈ.) ਦੇ ਇਲਾਕੇ ਵਿਚ ਛੋਟੀ ਜਿਹੀ ਸਰਕਾਰੀ ਸੇਵਾ ਕਰਦਾ ਸੀ ਪਰ ਬਾਅਦ ਵਿਚ ਇਹ ਸਾਮਰਾਜ ਦੀ ਰਾਜਧਾਨੀ ਇਸਤੰਬੋਲ ਚਲਾ ਗਿਆ ਸੀ ਅਤੇ ਉਸਮਾਨੀ ਸੁਲਤਾਨ ਮੁਰਾਦ ਚੌਥੇ (1623-40 ਈ.) ਦੇ ਰਾਜ-ਕਾਲ ਦੌਰਾਨ ਇਸ ਦੀ ਪ੍ਰਸਿੱਧੀ ਸਿਖਰਾਂ ਤੇ ਪਹੁੰਚ ਚੁੱਕੀ ਸੀ। ਇਸ ਸਮੇਂ ਇਹ ਇਕ ਪ੍ਰਸਿੱਧ ਕਸੀਦਾਗੋ ਅਤੇ ਤਾਕਤਵਰ ਵਿਅੰਗਕਾਰ ਬਣ ਚੁੱਕਿਆ ਸੀ।

ਨਫੀ ਬਾਰੇ ਕਿਹਾ ਜਾਂਦਾ ਹੈ ਕਿ ਇਹ ਬਹੁਤ ਹੀ ਗੰਭੀਰ, ਭਾਵੁਕ ਅਤੇ ਸਵੈਮਾਨੀ (ਅਣਖੀ) ਵਿਅਕਤੀ ਸੀ ਜਿਸ ਕਰ ਕੇ ਇਸ ਦੀ ਆਪਣੇ ਸਮਕਾਲੀਨ ਕਵੀਆਂ ਅਤੇ ਰਾਜ ਕਰਮਚਾਰੀਆਂ ਨਾਲ

ਕਦੇ ਵੀ ਨਹੀਂ ਬਣੀ ਅਤੇ ਉਨ੍ਹਾਂ ਤੇ ਇਸ ਨੇ ਹਮੇਸ਼ਾਂ ਆਪਣੀਆਂ ਲਿਖਤਾਂ ਵਿਚ ਵਿਅੰਗ ਕਸਿਆ। ਇਹੀ ਕਾਰਨ ਸੀ ਕਿ ਇਸ ਦੇ ਬਹੁਤ ਸਾਰੇ ਦੁਸ਼ਮਣ ਬਣ ਗਏ ਜਿਸ ਕਾਰਨ ਇਸ ਦੇ ਵਿਅੰਗਾਂ ਦਾ ਨਿਸ਼ਾਨਾ ਬਣਨ ਵਾਲੇ ਹਮੇਸ਼ਾਂ ਇਸ ਤੋਂ ਬਦਲਾ ਲੈਣ ਦੀ ਭਾਲ ਵਿਚ ਰਹਿੰਦੇ ਸਨ ਅਤੇ ਉਨ੍ਹਾਂ ਦੁਸ਼ਮਣਾਂ ਨੇ ਹੀ ਸੁਲਤਾਨ ਨੂੰ ਇਸ ਦੇ ਵਿਰੁੱਧ ਕਰ ਦਿੱਤਾ ਜਿਸ ਦੇ ਸਿੱਟੇ ਵਜੋਂ ਇਸ ਨੂੰ 1635-36 ਈ. ਵਿਚ ਮੌਤ ਦੀ ਸਜ਼ਾ ਦੇ ਦਿੱਤੀ ਗਈ। ਫਿਰ ਵੀ ਇਹ ਤੁਰਕੀ ਵਿਚ ਉਰਫੀ (ਫਾਰਸੀ ਕਵੀ) ਦੀ ਤਰ੍ਹਾਂ ਪ੍ਰਸਿੱਧ ਹੈ। ਇਸ ਨੇ ਤੁਰਕੀ ਅਤੇ ਫ਼ਾਰਸੀ ਦੋਨੋਂ ਭਾਸ਼ਾਵਾਂ ਵਿਚ ਕਵਿਤਾਵਾਂ ਲਿਖੀਆਂ ਅਤੇ ਇਨ੍ਹਾਂ ਦੋਹਾਂ ਭਾਸ਼ਾਵਾਂ ਵਿਚ ਇਸ ਦੇ ਵੱਖ-ਵੱਖ ਸੰਗ੍ਰਹਿ ਵੀ ਪ੍ਰਾਪਤ ਹਨ ਜੋ ਜ਼ਿਆਦਾ ਕਰ ਕੇ ਨਆਤ, ਕਸੀਦਾ ਗ਼ਜ਼ਲ,ਤਰਕੀਬ ਬੰਦ, ਕਤਅ, ਰੁਬਾਈ ਆਦਿ ਦੇ ਰੂਪ ਵਿਚ ਹਨ। ਇਨ੍ਹਾਂ ਦੋਹਾਂ ਸੰਗ੍ਰਹਿਆਂ ਤੋਂ ਇਲਾਵਾ ਇਸ ਦੇ ਵਿਅੰਗ ਕਾਵਿ ਦਾ ਇਕ ਅਲੱਗ ਅਤੇ ਉੱਤਮ ਨਮੂਨੇ ਦਾ ਸੰਗ੍ਰਹਿ ਵੀ ਹੈ ਜੋ 'ਸਹਾਮ-ਏਲ-ਕਜ਼ਾ' ਦੇ ਨਾਮ ਨਾਲ ਮਸ਼ਹੂਰ ਹੈ। ਇਸ ਨੇ ਫ਼ਾਰਸੀ ਵਿਚ ਜਿਹੜਾ ਸੰਗ੍ਰਹਿ ਲਿਖਿਆ ਉਸ ਦੀ ਪ੍ਰਸ਼ੰਸਾ ਇਸ ਦੇ ਸਰਪਰਸਤ ਸੁਲਤਾਨ ਮੁਰਾਦ ਚੌਥੇ ਵਲੋਂ ਕੀਤੀ ਗਈ ਜੋ ਕਿ ਆਪ ਖੁਦ ਫ਼ਾਰਸੀ ਸਾਹਿਤ ਦਾ ਵੱਡਾ ਪ੍ਰਸ਼ੰਸਕ ਸੀ।

ਨਫੀ ਈਰਾਨੀ ਭਾਸ਼ਾ ਅਤੇ ਸਾਹਿਤ ਦਾ ਵੀ ਵਿਦਵਾਨ ਸੀ। ਇਹੀ ਕਾਰਨ ਹੈ ਕਿ ਇਸ ਦੀਆਂ ਕਿਰਤਾਂ ਉੱਤੇ ਇਸ ਦਾ ਪ੍ਰਭਾਵ ਹੈ। ਆਪਣੀਆਂ ਕਵਿਤਾਵਾਂ ਵਿਚ ਇਸ ਨੇ ਇਸ ਗੱਲ ਦਾ ਧਿਆਨ ਰਖਿਆ ਕਿ ਗੀਤਾਂ ਵਿਚ ਅਤੇ ਵਿਸ਼ਾ ਵਸਤੂ ਵਿਚ ਇਕਸਾਰਤਾ ਕਾਇਮ ਰਹੇ। ਇਸ ਦੀ ਪ੍ਰਤਿਭਾ ਦਾ ਸੱਚਾ ਰੂਪ ਕਸੀਦਿਆਂ ਵਿਚ ਦਿਖਾਈ ਦਿੰਦਾ ਹੈ ਜਿਸ ਦੀ ਸੰਗੀਤਕ ਲੈਅ, ਅਭਿਵਿਅਕਤੀ, ਨਿਪੁੰਨਤਾ, ਭਾਵੁਕਤਾ, ਕਾਵਿ ਨਿਪੁੰਨਤਾ ਉਪਰ ਸਾਰੇ ਤੁਰਕੀ ਆਲੋਚਕ ਇਕ ਮੱਤ ਹਨ ਅਤੇ ਇਸੇ ਆਧਾਰ ਤੇ ਇਹ ਤੁਰਕੀ ਦਾ ਸਰਵਸ੍ਰੇਸ਼ਠ ਕਸੀਦਾਗੋ ਮੰਨਿਆ ਜਾਂਦਾ ਹੈ। ਨਫੀ ਨੂੰ ਭਾਵੇਂ ਭਾਰਤ ਆਉਣ ਦਾ ਕਦੇ ਵੀ ਮੌਕਾ ਨਹੀਂ ਮਿਲਿਆ ਪਰ ਇਸ ਨੇ ਆਪਣੇ ਕਾਵਿ-ਸੰਗ੍ਰਹਿ ਵਿਚ ਭਾਰਤ ਦੀ ਬਹੁਤ ਪ੍ਰਸ਼ੰਸਾ ਕੀਤੀ ਹੈ ਅਤੇ ਭਾਰਤ ਦੇ ਪ੍ਰਸਿੱਧ ਸਮਰਾਟ ਜਹਾਂਗੀਰ ਦੀ ਪ੍ਰਸ਼ੰਸਾ ਵਿਚ ਫ਼ਾਰਸੀ ਭਾਸ਼ਾ ਵਿਚ ਇਕ ਕਸੀਦਾ ਵੀ ਲਿਖਿਆ ਜੋ ਉਸ ਦੀ ਸ੍ਰੇਸ਼ਠ ਰਚਨਾ ਮੰਨੀ ਜਾਂਦੀ ਹੈ।

ਹ. ਪੁ.—ਐਨ. ਬ੍ਰਿ. ਮਾ. 8 : 581; ਹਿੰ. ਵਿ. ਕੋ. 6 : 240

ਨਬਜ਼ : ਧਮਣੀਆਂ ਦੀ ਨਿਯਮਕ ਧੜਕਣ (beating) ਨੂੰ ਨਬਜ਼ ਕਿਹਾ ਜਾਂਦਾ ਹੈ। ਦਿਲ ਦੇ ਸੁੰਗੜਾਉ ਕਾਰਨ ਧਮਣੀਆਂ ਦੀਆਂ ਦੀਵਾਰਾਂ ਵਿਚ ਤਣਾਉ ਵਧ ਜਾਂਦਾ ਹੈ ਜਿਸ ਨਾਲ ਧਮਣੀਆਂ ਦੇ ਰੂਪ (Shape) ਵਿਚ ਆਵਰਤੀ ਤਬਦੀਲੀ ਹੁੰਦੀ ਰਹਿੰਦੀ ਹੈ। ਦਿਲ ਦੀ ਧੜਕਣ ਨਾਲ ਜੋ ਤਰੰਗ ਧਮਣੀਆਂ ਵਿਚ ਪੈਦਾ ਹੁੰਦੀ ਹੈ ਉਹ ਸਰੀਰ ਦੀ ਸਤ੍ਹਾ ਤੋਂ ਕਈ ਥਾਵਾਂ ਤੋਂ ਮਾਪੀ ਜਾ ਸਕਦੀ ਹੈ। ਆਮ ਤੌਰ ਤੇ ਨਬਜ਼ ਦੇਖਣ ਲਈਂ ਵੀਣੀ ਦੀ ਧਮਣੀ/ ਰੇਡੀਅਸੀ ਧਮਣੀ (Radial artery) ਹੀ ਚੁਣੀ ਜਾਂਦੀ ਹੈ। ਇਸ ਧਮਣੀ ਉੱਤੇ ਉਂਗਲੀ ਰਖ ਕੇ ਇਕ ਮਿੰਟ ਵਿਚ ਕਿੰਨੀਆਂ ਧੜਕਣਾਂ ਹੁੰਦੀਆਂ ਹਨ ਉਨ੍ਹਾਂ ਦੀ ਗਿਣਤੀ ਕਰ ਲਈ ਜਾਂਦੀ ਹੈ। ਨਬਜ਼ ਦੀ ਗਤੀ ਦੇਖਣ ਲਈ ਹੁਣ ਮਸ਼ੀਨਾਂ ਵੀ ਬਣ ਗਈਆਂ ਹਨ।

ਬਾਲਗਾਂ ਵਿਚ ਇਕ ਮਿੰਟ ਵਿਚ 67 ਤੋਂ 72 ਧੜਕਣਾਂ (Pulsations) ਹੁੰਦੀਆਂ ਹਨ ਜਦ ਕਿ ਨਵ-ਜੰਮੇ ਬੱਚਿਆਂ ਵਿਚ 120 ਤੋਂ 140 ਤੱਕ ਅਤੇ ਜਨਮ ਤੋਂ ਕੁਝ ਹਫ਼ਤਿਆਂ ਬਾਅਦ 100 ਤੋਂ 120 ਧੜਕਣਾਂ ਹੁੰਦੀਆਂ ਹਨ। ਜੇ ਧੜਕਣ-ਗਤੀ ਬਹੁਤ ਤੇਜ਼ ਹੋਵੇ ਤਾਂ ਇਸ ਹਾਲਤ ਨੂੰ ਟ੍ਰੈਕਿਕਾਰਡੀਆ (trachycardia) ਆਖਦੇ ਹਨ ਅਤੇ ਜੇ ਬਹੁਤ ਘੱਟ ਹੋਵੇ ਤਾਂ ਇਸ ਨੂੰ ਬ੍ਰੈਕਿਕਾਰਡੀਆ (Brachycardia) ਕਿਹਾ ਜਾਂਦਾ ਹੈ। ਜਦੋਂ ਕਿਸੇ ਮਨੁੱਖ ਨੂੰ ਬੁਖ਼ਾਰ ਚੜ੍ਹਦਾ ਹੈ ਤਾਂ ਉਸ ਦੇ ਸਰੀਰ ਦੇ ਇਕ ਡਿਗਰੀ ਤਾਪਮਾਨ ਵਧਣ ਨਾਲ ਉਸ ਦੀ ਨਬਜ਼ ਦੀ ਗਤੀ 8 ਤੋਂ 10 ਧੜਕਣਾਂ ਪ੍ਰਤਿ ਮਿੰਟ ਵਧ ਜਾਂਦੀ ਹੈ। ਜ਼ਿਆਦਾ ਥਕਾਵਟ ਵਾਲਾ ਕੰਮ ਕਰਨ ਤ੍ਹੋਂ ਬਾਅਦ ਵੀ ਨਬਜ਼ ਦੀ ਰਫ਼ਤਾਰ ਤੇਜ਼ ਹੋ ਜਾਂਦੀ ਹੈ ਪਰ ਕੁਝ ਮਿੰਟਾਂ ਬਾਅਦ ਹੀ ਮੁੜ ਕੇ ਸਾਧਾਰਣ ਗਤੀ ਤੇ ਆ ਜਾਂਦੀ ਹੈ। ਜ਼ਿਆਦਾ ਲੰਬੀ ਦੌੜ ਲਗਾਉਣ ਵਾਲੇ ਦੌੜਾਕਾਂ ਦੀ ਨਬਜ਼ ਦੀ ਗਤੀ ਸਿਰਫ 40 ਤੋਂ 65 ਧੜਕਣਾਂ ਪ੍ਰਤਿ ਮਿੰਟ ਹੁੰਦੀ ਹੈ।

ਆਮ ਹਾਲਤਾਂ ਵਿਚ ਨਬਜ਼ ਨਿਯਮਕ ਹੁੰਦੀ ਹੈ ਤੇ ਧੜਕਣਾਂ ਵਿਚਲਾ ਸਮਾਂ ਤਕਰੀਬਨ ਬਰਾਬਰ ਹੁੰਦਾ ਹੈ ਪਰ ਲਹੂ ਨਾੜੀਆਂ ਦਾ ਵਿਗਾੜ ਹੋਣ ਕਾਰਨ ਅਤੇ ਮਾਨਸਿਕ ਜਾਂ ਸਰੀਰਕ ਤਣਾਉ ਹੋਣ ਕਾਰਨ ਵੀ ਨਬਜ਼ ਵਿਚ ਅਨਿਯਮਕਤਾ ਆ ਜਾਂਦੀ ਹੈ।

ਹ.ਪੁ.—ਮੈ. ਹੈ. ਐਨ. 4 : 1991 ; ਡਿਕ. ਸਾਇੰਸ. : 531

ਨੰਬਿਆਰ ਕੁੰਚਨ : ਇਸ ਮਲਿਆਲਮ ਕਵੀ ਦਾ ਜਨਮ ਲਗਭਗ 1705 ਈ. ਵਿਚ ਮੱਧ ਕੇਰਲ ਵਿਚ ਕੋਰਿੱਸਥਾਨ ਵਿਖੇ ਹੋਇਆ। ਪਹਿਲਾਂ ਇਹ ਐਪਲਪੁੱਸਾ ਦੇ ਦੇਵ ਨਰਾਇਣ ਨਾਂ ਦੇ ਹਾਕਮ ਦੇ ਦਰਬਾਰ ਵਿਚ ਅਤੇ ਬਾਅਦ ਵਿਚ ਟਰਾਵਨਕੋਰ ਦੇ ਸ਼ਾਸਕ ਮਾਰਤੰਡ ਵਰਮਾ ਦੇ ਦਰਬਾਰ ਵਿਚ ਰਿਹਾ।

ਸ਼ੁਰੂ ਵਿਚ ਇਸ ਨੇ ਭਿੰਨ ਭਿੰਨ ਸ਼ੈਲੀਆਂ ਵਿਚ ਕਾਵਿ ਰਚਨਾ ਕੀਤੀ। ਇਹ ਨਵੀਨ ਅਤੇ ਅਦਭੁਤ ਮਲਿਆਲਮ ਕਾਵਿ ਸ਼ੈਲੀ 'ਤੁਕਲਪੱਟੂ' ਦਾ ਬਾਨੀ ਹੈ। 'ਤੁਕੱਲ' ਤੇਜ ਗਤੀ ਦਾ ਨਾਚ ਹੈ ਜਿਸ ਵਿਚ ਨਰਤਕ ਆਪ ਹੀ ਤੁਕਬੰਦੀ ਕੀਤੀਆਂ ਕਹਾਣੀਆਂ ਨੂੰ ਗਾਉਂਦੇ ਹਨ। ਇਸ ਨੇ ਸੱਠ ਦੇ ਲਗਭਗ ਤੁਕੱਲ ਕਵਿਤਾਵਾਂ ਲਿਖੀਆਂ ਹਨ ਜਿਨ੍ਹਾਂ ਵਿਚੋਂ ਕਲਿਆਣਸੌਗੰਧਿਕਮ ਕਿਰਾਤਮ ਸਭਾਪ੍ਰਵੇਸ਼ਮ, ਤ੍ਰਿਪੁਰਦੀਨਮ, ਪ੍ਰਦੋਸ਼ਮਾਹਾਤਮਯ ਆਦਿ ਪ੍ਰਮੁੱਖ ਹਨ। ਆਪਣੀਆਂ ਕਵਿਤਾਵਾਂ ਰਾਹੀਂ ਇਸ ਨੇ ਨਿਮਰ ਕਾਵਿ ਸ਼ੈਲੀ ਨੂੰ ਵਿਕਸਿਤ ਕੀਤਾ ਅਤੇ ਸਮਾਜ ਦੀਆਂ ਅਸਲੀਅਤਾਂ ਨੂੰ ਚਿੱਤਰਣ ਦਾ ਯਤਨ ਕੀਤਾ। ਇਸ ਨੇ ਆਪਣੀਆਂ ਕਵਿਤਾਵਾਂ ਸਮਕਾਲੀ ਸਮਾਜਿਕ ਜੀਵਨ ਦੇ ਪ੍ਰਸੰਗ ਵਿਚ ਹੀ ਲਿਖੀਆਂ ਹਨ। ਭਾਵੇਂ ਕਹਾਣੀਆਂ ਇਤਿਹਾਸ ਪੁਰਾਣਾਂ ਦੀਆਂ ਕਹਾਣੀਆਂ ਤੋਂ ਲਈਆਂ ਹਨ। ਇਸ ਨੂੰ ਹਾਸ ਅਤੇ ਵਿਅੰਗ ਦਾ ਵੀ ਮਹਾਨ ਕਵੀ ਮੰਨਿਆ ਜਾਂਦਾ ਹੈ। ਇਸ ਨੇ ਮਲਿਆਲਮ ਵਿਚ ਘਮੰਡੀ ਸਾਮੰਤਾਂ, ਬੇਈਮਾਨ ਕਰਮਚਾਰੀਆਂ, ਲਾਲਚੀ ਬ੍ਰਾਹਮਣਾਂ ਅਤੇ ਤੁੱਛ ਨਾਇਰਾਂ ਆਦਿ ਉਤੇ ਵਿਅੰਗ ਕੀਤਾ ਹੈ। ਇਸ ਦੀਆਂ ਕਈ ਤੁਕਬੰਦੀਆਂ ਲਕੋਕਤੀਆਂ ਵਜੋਂ ਵਰਤੀਆਂ ਜਾਂਦੀਆਂ ਹਨ।

ਸੰਨ 1770 ਵਿਚ ਇਸ ਦੀ ਮੌਤ ਹੋ ਗਈ।

ਹ. ਪੁ.— ਹਿੰ. ਵਿ. ਕੋ. 6 : 218

ਨੰਬੂਦਰੀ : ਭਾਰਤ ਦੇ ਕੇਰਲ ਰਾਜ ਵਿਚ ਰਹਿਣ ਵਾਲੀਆਂ ਜਾਤਾਂ ਵਿਚੋਂ ਇਕ ਪ੍ਰਮੁੱਖ ਜਾਤ ਹੈ। ਇਹ ਲੋਕ ਆਪਣੇ ਆਪ ਨੂੰ ਪੁਰਾਤਨ ਵੈਦਿਕ ਧਰਮ ਅਤੇ ਰਵਾਇਤੀ ਹਿੰਦੂ ਧਰਮ ਸਹਿਤਾ ਦਾ ਸੱਚਾ ਅਤੇ ਅਸਲੀ ਪੈਰੋਕਾਰ/ਸਿੱਖਿਅਕ ਮੰਨਦੇ ਹਨ। ਇਹ ਲੋਕ ਨਈਅਰ ਜਾਤ ਦੇ ਲੋਕਾਂ ਨਾਲ ਵਿਆਹ ਸਬੰਧ ਬਣਾਉਂਦੇ ਹਨ। ਇਸ ਜਾਤ ਵਿਚ ਪਰਿਵਾਰ ਦਾ ਵੱਡਾ ਪੁੱਤਰ ਨੰਬੂਦਰੀ ਲੜਕੀ ਨਾਲ ਹੀ ਵਿਆਹ ਕਰਦਾ ਹੈ ਅਤੇ ਇੰਜ ਪਰੰਪਰਾਗਤ ਸਜਾਤੀ ਵਿਆਹ ਦੀ ਮਰਯਾਦਾ ਨੂੰ ਕਾਇਮ ਰੱਖਦਾ ਹੈ। ਛੋਟੇ ਪੁੱਤਰ ਨਈਅਰ ਕੁੜੀਆਂ ਨਾਲ ਵਿਆਹ ਕਰਦੇ ਹਨ।

ਦੱਖਣੀ ਭਾਰਤ ਵਿਚ ਦੂਜੀਆਂ ਬ੍ਰਹਾਮਣ ਜਾਤਾਂ ਨਾਲੋਂ ਹਟ ਕੇ ਇਹ ਲੋਕ ਆਪਣੇ ਪੁਰੋਹਤੀ ਅਹੁਦੇ ਨੂੰ ਸਭ ਤੋਂ ਵਧ ਅਹਿਮੀਅਤ ਦਿੰਦੇ ਹਨ ਅਤੇ ਦੂਜੇ ਧੰਦਿਆਂ ਨੂੰ ਘੱਟ ਹੀ ਅਪਨਾਉਂਦੇ ਹਨ। ਇਨ੍ਹਾਂ ਦੇ ਖੇਤ ਹੀ ਇਨ੍ਹਾਂ ਦੇ ਧਨ ਕਮਾਉਣ ਦਾ ਸਾਧਨ ਹਨ ਅਤੇ ਕੇਰਲ ਵਿਚ ਜਿੰਨੇ ਵੀ ਵੱਡੇ ਜ਼ਿਮੀਦਾਰ ਹਨ, ਉਹ ਇਹੀ ਲੋਕ ਹਨ।

ਇਹ ਜਾਤ ਅਗੋਂ ਪੰਜ ਉਪਜਾਤਾਂ ਵਿਚ ਵੰਡੀ ਗਈ ਹੈ : ਤੰਪਰਾਕੱਲ ਜਿਨ੍ਹਾਂ ਦਾ ਰੁਤਬਾ ਸਭ ਨਾਲੋਂ ਵੱਡਾ ਹੈ, ਅਧਿਆਸ ਲੋਕ ਮੰਦਰਾਂ ਵਿਚ ਪੁਜਾਰੀ ਹਨ, ਵਸ਼ਿਸ਼ਟ ਲੋਕ ਜ਼ਿਆਦਾ ਕਰਕੇ ਕਰਮ ਕਾਂਡੀ ਹਨ, ਸਮਾਨਯਾਸ ਵੇਦਾਂ ਦਾ ਅਧਿਐਨ ਕਰਦੇ ਹਨ ਅਤੇ ਜਤੀਮਤਰ ਆਯੁਰਵੈਦਿਕ ਤਰੀਕੇ ਨਾਲ ਲੋਕਾਂ ਦਾ ਇਲਾਜ ਆਦਿ ਕਰਦੇ ਹਨ।

ਹ.ਪੁ.- ਐਨ. ਬ੍ਰਿ. ਮਾ. 8 : 175

ਨਮਕ : ਨਮਕ ਇਕ ਅਜਿਹਾ ਖਣਿਜ ਪਦਾਰਥ ਹੈ ਜੋ ਮਨੁੱਖ ਲਈ ਬਹੁਤ ਮਹੱਤਤਾ ਰੱਖਦਾ ਹੈ। ਨਮਕ ਦਾ ਰਸਾਇਣਿਕ ਨਾਂ ਸੋਡੀਅਮ ਕਲੋਰਾਈਡ (Nacl) ਹੈ। ਨਮਕ ਨੂੰ ਸਾਧਾਰਣ ਜਾਂ ਆਮ ਲੂਣ ਵੀ ਕਿਹਾ ਜਾਂਦਾ ਹੈ। ਸ਼ੁੱਧ ਨਮਕ ਰੰਗਹੀਣ ਹੁੰਦਾ ਹੈ ਪਰੰਤੂ ਲੋਹੇ ਵਾਲੇ ਪਦਾਰਥ ਮਿਲੇ ਹੋਣ ਕਾਰਨ ਇਸ ਦਾ ਰੰਗ ਪੀਲਾ ਜਾਂ ਲਾਲ ਹੁੰਦਾ ਹੈ। ਨਮਕ ਦੇ ਰਵੇ ਪਾਰਦਰਸ਼ੀ ਅਤੇ ਸੰਘਣੇ ਹੁੰਦੇ ਹਨ। ਇਹ ਨਮਕ ਠੰਢੇ ਪਾਣੀ ਵਿਚ ਆਸਾਨੀ ਨਾਲ ਅਤੇ ਗਰਮ ਪਾਣੀ ਵਿਚ ਤੇਜ਼ੀ ਨਾਲ ਘੁਲਦਾ ਹੈ। ਸ਼ੁੱਧ ਸੋਡੀਅਮ ਕਲੋਰਾਈਡ ਪ੍ਰਾਪਤ ਕਰਨ ਲਈ ਖੁਸ਼ਕ ਹਾਈਡ੍ਰੋਜਨ ਕਲੋਰਾਈਡ ਗੈਸ ਨੂੰ ਸਾਧਾਰਣ ਨਮਕ ਦੇ ਸੰਤ੍ਰਿਪਤ ਘੋਲ ਵਿਚੋਂ ਲੰਘਾਇਆ ਜਾਂਦਾ ਹੈ। ਨਮਕ ਦਾ ਪਿਘਲਣ ਦਰਜਾ 800° ਸੈਂ. ਹੈ। ਬਰਫ਼ ਵਿਚ ਜੇਕਰ ਨਮਕ ਮਿਲਾਇਆ ਜਾਵੇ ਤਾਂ ਇਹ ਬਰਫ਼ ਦੇ ਪਿਘਲਣ ਦਰਜੇ ਨੂੰ ਘਟਾ ਦਿੰਦਾ ਹੈ।

ਵਰਤੋਂ—ਨਮਕ ਦੀ ਵਰਤੋਂ ਮਸਾਲੇ ਵਜੋਂ ਕੀਤੀ ਜਾਂਦੀ ਹੈ। ਆਇਓਡੀਨ ਦੀ ਘਾਟ ਨੂੰ ਪੂਰਾ ਕਰਨ ਲਈ ਨਮਕ ਮਨੁੱਖ ਦੀ ਸਿਹਤ ਲਈ ਬਹੁਤ ਜ਼ਰੂਰੀ ਹੈ। ਨਮਕ ਨੂੰ ਹੋਰ ਉਤਪਾਦਨ ਕੰਮਾਂ ਵਿਚ ਵੀ ਵਰਤਿਆ ਜਾਂਦਾ ਹੈ। ਇਸ ਨੂੰ ਮੀਟ, ਮੱਛੀ ਨੂੰ ਸੁਕਾਉਣ (Curing) ਅਤੇ ਫੂਡ ਪ੍ਰੋਸੈਸਿੰਗ (Food Processing) ਉਦਯੋਗਾਂ ਵਿਚ ਸੁਰਖਿਅਕ ਪਦਾਰਥ ਵਜੋਂ ਵਰਤਿਆ ਜਾਂਦਾ ਹੈ। ਚਮੜੇ ਨੂੰ ਠੀਕ ਰੱਖਣ ਵਿਚ ਵੀ ਨਮਕ ਵਰਤਿਆ ਜਾਂਦਾ ਹੈ। ਨਮਕ ਨੂੰ ਸੋਡੀਅਮ ਕਾਰਬੋਨੇਟ (ਕੱਪੜੇ ਧੋਣ ਵਾਲਾ ਸੋਡਾ), ਸੋਡੀਅਮ ਬਾਈਕਾਰਬੋਨੇਟ (ਬੇਕਿੰਗ ਸੋਡਾ), ਸੋਡੀਅਮ ਹਾਈਡ੍ਰਾਕਸਾਈਡ (ਕਾਸਟਿਕ ਸੋਡਾ), ਹਾਈਡ੍ਰੋਕਲੋਰਿਕ ਐਸਿਡ, ਬਲੀਚਿੰਗ ਪਾਊਡਰ, ਕਲੋਰੀਨ ਬਣਾਉਣ ਅਤੇ ਹੋਰ ਕਈ ਰਸਾਈਨਿਕ ਉਦਯੋਗਾਂ ਵਿਚ ਵਰਤਿਆ ਜਾਂਦਾ ਹੈ। ਕੱਚ ਅਤੇ ਸਾਬਣ ਦੇ ਉਦਯੋਗ ਵੀ ਨਮਕ ਉੱਤੇ ਨਿਰਭਰ ਹਨ। ਸੀਮਿੰਟ ਦੇ ਉਦਪਾਦਨ ਵਿਚ ਨਮਕ ਦੀ ਵਰਤੋਂ ਪੋਟਾਸ਼ ਨੂੰ ਸਹਿ-ਉਪਜ ਦੇ ਤੌਰ ਤੇ ਪ੍ਰਾਪਤ ਕਰਨ ਲਈ ਕੀਤੀ ਜਾਂਦੀ ਹੈ। ਸੰਸਾਰ ਦੇ ਖਣਿਜ ਉਦਯੋਗਾਂ ਵਿਚ ਨਮਕ ਦਾ ਉਤਪਾਦਨ ਸਭ ਤੋਂ ਜ਼ਿਆਦਾ ਹੈ। ਇਸ ਦਾ ਸਾਲਾਨਾ ਉਤਪਾਦਨ ਜਨ-ਸੰਖਿਆ ਅਤੇ ਉਦਯੋਗਿਕ ਸਰਗਰਮੀਆਂ ਤੇ ਨਿਰਭਰ ਕਰਦਾ ਹੈ। ਭਾਰਤ ਅਤੇ ਚੀਨ ਵਰਗੇ ਜ਼ਿਆਦਾ ਜਨ-ਸੰਖਿਆ ਵਾਲੇ ਦੇਸ਼ਾਂ ਵਿਚ ਇਸ ਦੀ ਜ਼ਿਆਦਾ ਵਰਤੋਂ ਖਾਣ ਲਈ ਕੀਤੀ ਜਾਂਦੀ ਹੈ। ਅਮਰੀਕਾ ਵਿਚ ਜ਼ਿਆਦਾ ਨਮਕ ਉਦਯੋਗਿਕ ਕੰਮਾਂ ਲਈ ਵਰਤਿਆ ਜਾਂਦਾ ਹੈ। ਸੰਸਾਰ ਦੇ ਨਮਕ ਪੈਦਾ ਕਰਨ ਵਾਲੇ ਦੇਸ਼ਾਂ ਵਿਚ ਅਮਰੀਕਾ, ਰੂਸ, ਬਰਤਾਨੀਆ, ਚੀਨ, ਭਾਰਤ, ਫਰਾਂਸ, ਜਰਮਨੀ ਅਤੇ ਇਟਲੀ ਹਨ। ਇਨ੍ਹਾਂ ਦਾ ਕੁਲ ਸਾਲਾਨਾ ਉਤਪਾਦਨ 50,000 ਟਨ ਹੈ। ਨਮਕ ਦੀਆਂ ਕਈ ਹਜ਼ਾਰ ਮੋਟੀਆਂ ਤਹਿਆਂ ਪਰਬਤਾਂ ਦੇ ਰੂਪ ਵਿਚ ਅਤੇ ਧਰਤੀ ਹੇਠਾਂ ਮਿਲਦੀਆਂ ਹਨ। ਪ੍ਰਕਿਰਤਿਕ ਨਮਕ ਦੇ ਸੋਮਿਆਂ ਵਿਚ ਨਮਕੀਨ ਜਲ ਦੀਆਂ ਝੀਲਾਂ ਅਤੇ ਖੂਹ ਆਦਿ ਸ਼ਾਮਲ ਹਨ। ਇਸ ਪਾਣੀ ਨੂੰ ਵਾਸ਼ਪਿਤ ਕਰਕੇ ਆਸਾਨੀ ਨਾਲ ਨਮਕ ਪ੍ਰਾਪਤ ਕੀਤਾ ਜਾਂਦਾ ਹੈ। ਸਮੁੰਦਰ ਦੇ ਪਾਣੀ ਵਿਚ ਨਮਕ ਬਹੁਤ ਜ਼ਿਆਦਾ ਮਾਤਰਾ ਵਿਚ ਮਿਲਦਾ ਹੈ। ਖੈਬਰ (ਪਾਕਿਸਤਾਨ) ਵਿਚ ਨਮਕ ਦੀਆਂ ਬਹੁਤ ਜ਼ਿਆਦਾ ਖਾਣਾਂ ਹਨ। ਇਥੇ ਨਮਕ ਦੀ ਤਹਿ ਦੀ ਮੋਟਾਈ 200 ਫੁੱਟ ਤੋਂ ਜ਼ਿਆਦਾ ਹੁੰਦੀ ਹੈ। ਇਸ ਖੇਤਰ ਵਿਚ ਨਮਕ ਦੇ ਉਤਪਾਦਨ ਦੀ ਮਾਤਰਾ ਭਾਰਤ ਦੀ ਵੰਡ ਤੋਂ ਪਹਿਲਾਂ 18, 7460 ਟਨ ਸੀ। ਇਸ ਨਮਕ ਦੀ ਸ਼ੁੱਧਤਾ 60% ਤੋਂ ਵੀ ਵੱਧ ਹੈ। ਵਾਛੀ ਅਤੇ ਕੋਹਰ (ਪਾਕਿਸਤਾਨ) ਵੀ ਨਮਕ ਪੈਦਾ ਕਰਨ ਵਾਲੇ ਸਥਾਨ ਹਨ। ਇਥੇ ਪੋਟਾਸ਼ੀਅਮ ਕਲੋਰਾਈਡ ਵੀ ਕੁਝ ਮਾਤਰਾ ਵਿਚ ਮਿਲਦਾ ਹੈ।

ਭਾਰਤ ਵਿਚ ਨਮਕ ਦੀਆਂ ਖਾਣਾਂ ਹਿਮਾਚਲ ਪ੍ਰਦੇਸ਼ ਦੇ ਮੰਡੀ ਜ਼ਿਲ੍ਹੇ ਵਿਚ ਸਥਿਤ ਹਨ। ਗੁੰਮਾਂ ਅਤੇ ਧਰਗ ਖੇਤਰ ਵਿਚ ਨਮਕ ਦੀ ਖੁਦਾਈ ਦਾ ਕੰਮ ਬਹੁਤ ਸਮੇਂ ਤੋਂ ਹੁੰਦਾ ਆ ਰਿਹਾ ਹੈ। ਗੁੰਮਾਂ ਵਿਚ ਨਮਕ ਦੀ ਤਹਿ 250 ਫੁੱਟ ਹੈ ਪਰ ਇਸ ਨਮਕ ਵਿਚ 10-15% ਸਿਲੀਕਾ ਮਿਲਿਆ ਹੁੰਦਾ ਹੈ। ਇਸ ਲਈ ਇਹ ਨਮਕ ਮਨੁੱਖ ਦੇ ਖਾਣ-ਯੋਗ ਨਹੀ ਹੈ। ਕਾਫ਼ੀ ਅਰਸੇ ਤੋਂ ਇਹ ਨਮਕ ਪਸ਼ੂਆਂ ਨੂੰ ਖੁਆਇਆ ਜਾਂਦਾ ਹੈ। ਧਰਗ ਵਿਚ ਅਨੇਕਾਂ ਪਾਣੀ ਦੇ ਝਰਨੇ ਹਨ ਜਿਥੇ ਪਾਣੀ ਨੂੰ ਵਾਸ਼ਪਿਤ ਕਰਕੇ ਉੱਚ ਕਿਸਮ ਦਾ ਨਮਕ ਪ੍ਰਾਪਤ ਕੀਤਾ ਜਾ ਸਕਦਾ ਹੈ। ਭਾਰਤ ਵਿਚ ਨਮਕ ਦਾ ਦੂਜਾ ਸ੍ਰੋਤ ਰਾਜਸਥਾਨ ਹੈ। ਸਾਂਭਰ ਦੇ ਨੇੜੇ ਲਗਭਗ 60 ਵਰਗ ਮੀਲ ਦਾ ਇਕ ਖੇਤਰ ਹੈ ਜਿਥੇ ਨੇੜਲੇ ਇਲਾਕਿਆਂ ਤੋਂ ਪਾਣੀ ਇਕੱਠਾ ਹੁੰਦਾ ਰਹਿੰਦਾ ਹੈ। ਇਸ ਤਰ੍ਹਾਂ ਨਮਕੀਨ ਪਾਣੀ ਦੀ ਇਕ ਝੀਲ ਬਣ ਜਾਂਦੀ ਹੈ। ਇਸ ਕਰਕੇ ਨੇੜਲੇ ਖੇਤਰਾਂ ਦੀ ਮਿੱਟੀ ਵਿਚ ਨਮਕ ਦਾ ਹੋਣਾ ਸੰਭਵ ਹੈ। ਇਹ ਪਾਣੀ ਕਿਆਰੀਆਂ ਵਿਚ ਇਕੱਠਾ ਕੀਤਾ ਜਾਂਦਾ ਹੈ ਜਿੱਥੇ ਧੁੱਪ ਨਾਲ ਇਸ ਦਾ ਵਾਸ਼ਪੀਕਰਨ ਹੁੰਦਾ ਰਹਿੰਦਾ ਹੈ ਕਿਉਂਕਿ ਇਥੇ ਧੁੱਪ ਬਹੁਤ ਜ਼ਿਆਦਾ ਪੈਂਦੀ ਹੈ। ਨਵੰਬਰ ਦੇ ਮਹੀਨੇ ਵਿਚ ਇਹ ਕਿਆਰੀਆਂ ਪਾਣੀ ਨਾਲ ਭਰੀਆਂ ਜਾਂਦੀਆਂ ਹਨ ਅਤੇ ਅਪ੍ਰੈਲ-ਮਈ ਵਿਚ ਨਮਕ ਇਕੱਠਾ ਕਰ ਲਿਆ ਜਾਂਦਾ ਹੈ। ਇਸ ਤਰ੍ਹਾਂ ਦਾ ਨਮਕ ਉੱਤਮ ਕਿਸਮ ਦਾ ਹੁੰਦਾ ਹੈ। ਇਸ ਤੋਂ ਇਲਾਵਾ ਰਾਜਸਥਾਨ ਵਿਚ ਦੋ ਹੋਰ ਸ੍ਰੋਤ ਹਨ : ਇਕ ਡਿਗਾਨਾ ਝੀਲ ਅਤੇ ਦੂਜੀ ਡਿਡਵਾਨਾ ਝੀਲ। ਇਨ੍ਹਾਂ ਵਿਚੋਂ ਇਕ ਝੀਲ ਵਿਚੋਂ ਸੋਡੀਅਮ ਸਲਫ਼ੇਟ ਦੇ ਤੱਤ ਪ੍ਰਾਪਤ ਹੁੰਦੇ ਹਨ।

ਨਮਕ ਦਾ ਤੀਜਾ ਸ੍ਰੋਤ ਸਮੁੰਦਰ ਦਾ ਖਾਰਾ ਪਾਣੀ ਹੈ। ਗੁਜਰਾਤ ਦੇ ਸਮੁੰਦਰੀ ਤੱਟ ਤੇ ਕਾਠੀਆਵਾੜ ਤੋਂ ਦੱਖਣੀ ਬੰਬਈ ਤੱਕ ਅਤੇ ਮਦਰਾਸ ਦੇ ਤੱਟਵਰਤੀ ਖੇਤਰਾਂ ਵਿਚ ਤੂਤਕੋਰੀਨ ਦੇ ਨੇੜੇ ਪਾਣੀ ਨੂੰ ਇਕੱਠਾ ਕਰਕੇ ਨਮਕ ਦਾ ਉਤਪਾਦਨ ਕੀਤਾ ਜਾਂਦਾ ਹੈ ਇਹ ਕੰਮ ਮਾਨਸੂਨ ਤੋਂ ਬਾਅਦ ਆਰੰਭ ਕੀਤਾ ਜਾਂਦਾ ਹੈ ਅਤੇ ਮਾਨਸੂਨ ਆਉਣ ਤੋਂ ਪਹਿਲਾਂ ਹੀ ਖਤਮ ਕਰ ਲਿਆ ਜਾਂਦਾ ਹੈ। ਬੜੌਦਾ ਤੋਂ ਬੰਬਈ ਜਾਣ ਵਾਲੀ ਰੇਲਵੇ ਲਾਈਨ ਦੇ ਦੋਨੋਂ ਪਾਸੇ ਨਮਕ ਦੇ ਵੱਡੇ-ਵੱਡੇ ਢੇਰ ਦਿਖਾਈ ਦਿੰਦੇ ਹਨ।

ਸਮੁੰਦਰੀ ਪਾਣੀ ਵਿਚ ਲਗਭਗ 3.33% ਲੂਣ ਹੁੰਦੇ ਹਨ। ਮੱਧ ਸਾਗਰ ਅਤੇ ਲਾਲ ਸਾਗਰ ਵਿਚ ਨਮਕ ਦੀ ਮਾਤਰਾ ਜ਼ਿਆਦਾ ਹੈ। ਸਮੁੰਦਰੀ ਪਾਣੀ ਦੇ ਵਾਸ਼ਪੀਕਰਨ ਨਾਲ ਪ੍ਰਾਪਤ ਹੋਏ ਨਮਕ ਵਿਚ 77.82% ਸੋਡੀਅਮ ਕਲੋਰਾਈਡ, 9.44% ਮੈਗਨੀਸ਼ੀਅਮ ਕਲੋਰਾਈਡ, 6.57% ਮੈਗਨੀਸ਼ੀਅਮ ਸਲਫ਼ੇਟ, 3.44% ਕੈਲਸ਼ੀਅਮ ਸਲਫ਼ੇਟ, 2.11% ਪੋਟਾਸ਼ੀਅਮ ਕਲੋਰਾਈਡ ਅਤੇ 0.22% ਮੈਗਨੀਸ਼ੀਅਮ ਬਰੋਮਾਈਡ ਹੁੰਦੇ ਹਨ।

ਕੁਦਰਤੀ ਨਮਕੀਨ ਪਾਣੀ (Natural Brines) ਵਿਚ ਨਮਕ ਦੀ ਮਾਤਰਾ ਜ਼ਿਆਦਾ ਹੁੰਦੀ ਹੈ। ਵਪਾਰਕ ਮਹੱਤਤਾ ਵਾਲੇ ਕੁਦਰਤੀ ਨਮਕੀਨ ਪਾਣੀ ਵਾਲੇ ਸੋਮੇ ਆਸਟਰੀਆ, ਫਰਾਂਸ,ਜਰਮਨੀ, ਭਾਰਤ, ਮਿਸ਼ੀਗਨ, ਨਿਊਯਾਰਕ, ਪੈਨੀਸਿਲਵੇਨੀਆ ਅਤੇ ਡੈੱਡ ਸੀ (Dead Sea) ਵਿਚ ਹਨ। ਬਰਤਾਨੀਆ ਵਿਚ ਨਮਕੀਨ ਪਾਣੀ ਵਿਚ ਕਲੋਰਾਈਡ ਅਤੇ ਸਲਫ਼ੇਟ ਵੀ ਮਿਲਦੇ ਹਨ। ਕੁਝ ਖਾਣਾਂ ਵਿਚ ਕਾਰਬੋਨੇਟ ਅਤੇ ਬਰੋਮੀਨ ਵੀ ਹੁੰਦੇ ਹਨ। ਡੈੱਡ ਸੀ ਵਿਚੋਂ ਜਿਹੜਾ ਕਿ 394 ਵਰਗ ਮੀਲ ਖੇਤਰ ਵਿਚ ਹੈ ਲਗਭਗ 11, 600, 000,000 ਟਨ ਨਮਕ ਮਿਲਦਾ ਹੈ।

ਮਦ	ਸਤਹੀ ਪਾਣੀ	ਡੂੰਘਾ ਪਾਣੀ (250 ਫੁੱਟ)
ਸਾਪੇਖ ਘਣਤਾ	1. 1651	1. 2356
ਸੋਡੀਅਮ ਕਲੋਰਾਈਡ	6.11%	7.20%
ਪੋਟਾਸ਼ੀਅਮ ਕਲੋਰਾਈਡ	0.85%	1.25%
ਮੈਗਨੀਸ਼ੀਅਮ ਬਰੋਮਾਈਡ	0.38%	0.61%
ਮੈਗਨੀਸ਼ੀਅਮ ਕਲੋਰਾਈਡ	9.46%	13. 73%
ਕੈਲਸ਼ੀਅਮ ਕਲੋਰਾਈਡ	2.63%	3.82%
ਕੈਲਸ਼ੀਅਮ ਸਲਫ਼ੇਟ	0.11%	1.05%
ਕੁਲ ਠੋਸ ਪਦਾਰਥ	19.54%	26.66%

ਸਾਰਨੀ : 1- ਡੈੱਡ ਸੀ ਦੇ ਪਾਣੀ ਦੀ ਰਚਨਾ

ਡੈੱਡ ਸੀ ਵਿਚ ਨਮਕ ਦੀ ਸੰਘਣਤਾ 250 ਫੁੱਟ ਤੋਂ ਥੱਲੇ ਵੱਧ ਜਾਂਦੀ ਹੈ ਇਸ ਡੂੰਘਾਈ ਤੋਂ ਬਾਅਦ ਆਮ ਤੌਰ ਤੇ ਇਹ ਸਥਿਰ ਰਹਿੰਦੀ ਹੈ।

ਚਟਾਨੀ ਨਮਕ ਰਵੇਦਾਰ ਸੋਡੀਅਮ ਕਲੋਰਾਈਡ ਹੈ ਜਿਸ ਨੂੰ ਖਣਿਜ ਵਿਗਿਆਨੀਆਂ ਨੇ 'ਹੇਲਾਈਟ' ਦਾ ਨਾਂ ਦਿੱਤਾ ਹੈ। ਇਸ ਦੀ ਪਾਣੀ ਵਿਚ ਘੁਲਣਸ਼ੀਲਤਾ ਕਰਕੇ ਇਹ ਇਕ ਮੋਟੀ ਤਹਿ ਜਾਂ ਚਟਾਨ ਦੇ ਰੂਪ ਵਿਚ ਹੁੰਦਾ ਹੈ।

ਨਿਰਮਾਣ—ਨਮਕ ਦਾ ਉਤਪਾਦਨ ਆਮ ਤੌਰ ਤੇ ਚਟਾਨਾਂ ਤੋਂ, ਸਮੁੰਦਰੀ ਪਾਣੀ ਦੇ ਵਾਸ਼ਪੀਕਰਣ ਤੋਂ ਅਤੇ ਹੋਰ ਪ੍ਰਕਿਰਤਿਕ ਅਤੇ ਬਣਾਉਟੀ ਲੂਣੇ ਪਾਣੀਆਂ ਤੋਂ ਹੁੰਦਾ ਹੈ। ਬਣਾਉਟੀ ਤਰੀਕਿਆਂ ਵਿਚ ਪਾਣੀ ਨੂੰ ਖੂਹਾਂ ਵਿਚ ਸੁਟਿਆ ਜਾਂਦਾ ਹੈ ਅਤੇ ਇਸ ਪਾਣੀ ਨੂੰ ਫਿਰ ਬਾਹਰ ਕੱਢ ਲਿਆ ਜਾਂਦਾ ਹੈ। ਇਸ ਤਰ੍ਹਾਂ ਸਤਰਾਂ ਤੇ ਜੰਮੇ ਹੋਏ ਲੂਣ ਇਸ ਪਾਣੀ ਵਿਚ ਘੁਲ ਜਾਂਦੇ ਹਨ।

ਚਟਾਨੀ ਨਮਕ ਦਾ ਉਤਪਾਦਨ—ਨਮਕ ਦੀਆਂ ਤਹਿਆਂ ਦੀ ਡੂੰਘਾਈ, ਮੋਟਾਈ ਅਤੇ ਸਥਾਨਕ ਸਥਿਤੀ ਅਨੁਸਾਰ ਇਨ੍ਹਾਂ ਤਹਿਆਂ ਨੂੰ ਚਟਾਨਾਂ ਵਿਚੋਂ ਖੋਦਿਆ ਜਾਂਦਾ ਹੈ। ਕੁਝ ਥਾਵਾਂ ਤੇ ਚਟਾਨੀ ਨਮਕ ਨੂੰ ਪਾਣੀ ਵਿਚ ਘੋਲ ਕੇ ਨਮਕ ਦਾ ਉਤਪਾਦਨ ਕੀਤਾ ਜਾਂਦਾ ਹੈ ਪਰ ਇਸ ਢੰਗ ਨਾਲ ਪ੍ਰਾਪਤ ਹੋਏ ਨਮਕ ਦੀ ਸੁਧਾਈ ਜ਼ਰੂਰੀ ਹੈ। ਅਮਰੀਕਾ ਅਤੇ ਗੈਲੀਸੀਆ ਵਿਚ ਜਿੱਥੇ ਕਿ ਨਮਕ ਬਹੁਤ ਸ਼ੁੱਧ ਹੁੰਦਾ ਹੈ ਨਮਕ ਦੇ ਵੱਡੇ ਢੇਲਿਆਂ ਨੂੰ ਖੋਦ ਕੇ ਪੀਸਿਆ ਜਾਂਦਾ ਹੈ ਅਤੇ ਫਿਰ ਪਾਊਡਰ ਬਣਾ ਕੇ ਵੱਖ-ਵੱਖ ਥੈਲਿਆਂ ਵਿਚ ਪਾ ਕੇ ਬਜ਼ਾਰ ਵਿਚ ਭੇਜ ਦਿੱਤਾ ਜਾਂਦਾ ਹੈ। ਜਰਮਨ ਜਿਥੇ ਕਿ ਚੱਟਾਨੀ ਨਮਕ ਘੱਟ ਸ਼ੁੱਧਤਾ ਵਾਲਾ ਹੁੰਦਾ ਹੈ ਨੂੰ ਪਹਿਲਾਂ ਦ੍ਰਵਿਤ ਪਦਾਰਥਾਂ ਦੇ ਮੇਲ ਨਾਲ ਸੋਧਿਆ ਜਾਂਦਾ ਹੈ। ਇਹ ਪਦਾਰਥ ਸੋਡੀਅਮ ਕਾਰਬੋਨੇਟ, ਸਿਲੀਕਾ, ਚਾਕ ਅਤੇ ਸੋਡੀਅਮ ਨਾਈਟ੍ਰੇਟ ਹੁੰਦੇ ਹਨ। ਇਸ ਸੋਧੇ ਹੋਏ ਪੁੰਜ ਨੂੰ ਤੇਜ਼ ਹਵਾ ਵਿਚੋਂ ਲੰਘਾਇਆ ਜਾਂਦਾ ਹੈ ਤਾਂ ਜੋ ਕਾਰਬਨੀ ਪਦਾਰਥ ਸੜ ਜਾਣ ਅਤੇ ਇਕ ਸਾਫ਼ ਪਿਘਲਿਆ ਪਦਾਰਥ ਬਚਦਾ ਹੈ ਜੋ ਠੰਡਾ ਹੋਣ ਤੇ ਰਵੇਦਾਰ ਰੂਪ ਧਾਰਨ ਕਰ ਲੈਂਦਾ ਹੈ। ਇਸ ਨੂੰ ਪੀਸ ਕੇ ਛਾਣ ਲਿਆ ਜਾਂਦਾ ਹੈ।

ਸਮੁੰਦਰੀ ਪਾਣੀ ਤੋਂ ਉਤਪਾਦਨ : ਜਦੋਂ ਕਈ ਲੂਣਾਂ ਦੇ ਘੋਲ ਨੂੰ ਵਾਸ਼ਪਿਤ ਕੀਤਾ ਜਾਂਦਾ ਹੈ ਤਾਂ ਨਮਕ ਅਲੱਗ ਹੋ ਜਾਂਦਾ ਹੈ। ਸਮੁੰਦਰੀ ਤੇ ਹੋਰ ਬਣਾਉਟੀ ਲੂਣੇ ਪਾਣੀ ਵਿਚ ਜਿਹੜੇ ਲੂਣ ਜਮ੍ਹਾਂ ਹੁੰਦੇ ਹਨ ਉਨ੍ਹਾਂ ਦਾ ਕ੍ਰਮ ਇਸ ਪ੍ਰਕਾਰ ਹੈ : ਕੈਲਸ਼ੀਅਮ ਕਾਰਬੋਨੇਟ, ਕੈਲਸ਼ੀਅਮ ਸਲਫ਼ੇਟ, ਸੋਡੀਅਮ ਕਲੋਰਾਈਡ, ਮੈਗਨੀਸ਼ੀਅਮ ਸਲਫ਼ੇਟ, ਪੋਟਾਸ਼ੀਅਮ ਮੈਗਨੀਸ਼ੀਅਮ ਕਲੋਰਾਈਡ ਅਤੇ ਮੈਗਨੀ-ਸ਼ੀਅਮ ਕਲੋਰਾਈਡ ਆਦਿ। ਜਿਹੜਾ ਲੂਣ ਆਪਣੇ ਸੰਤ੍ਰਿਪਤੀ ਬਿੰਦੂ ਤੇ ਪਹੁੰਚਦਾ ਹੈ ਇਹ ਉਥੇ ਹੀ ਜਮ੍ਹਾਂ ਹੋ ਜਾਂਦਾ ਹੈ। ਫਰਾਂਸ, ਪੁਰਤ-ਗਾਲ, ਸਪੇਨ, ਇਟਲੀ, ਭਾਰਤ ਅਤੇ ਰੂਸ ਵਿਚ ਸਮੁੰਦਰੀ ਪਾਣੀ ਤੋਂ ਨਮਕ ਸੂਰਜੀ ਵਾਸ਼ਪੀਕਰਣ ਦੁਆਰਾ ਪ੍ਰਾਪਤ ਹੁੰਦਾ ਹੈ। ਸਮੁੰਦਰੀ ਪਾਣੀ ਨੂੰ ਪਹਿਲਾਂ 1.21 ਵਿਸ਼ਿਸ਼ਟ ਘਣਤਾ ਤੱਕ ਸੰਘਣਾ ਕੀਤਾ ਜਾਂਦਾ ਹੈ ਇਸ ਨਾਲ ਥੱਲੇ ਬਚੀਆਂ ਅਸ਼ੁਧੀਆਂ ਜਿਵੇਂ ਕਿ ਮਿੱਟੀ ਅਤੇ ਘੱਟ ਘੁਲਣ ਵਾਲੇ ਲੂਣ ($Caco_3$' ਚਾਕ ਅਤੇ ਕੈਲਸ਼ੀਅਮ ਸਲਫ਼ੇਟ ਆਦਿ) ਨਿਕਲ ਜਾਂਦੇ ਹਨ। ਸਾਫ਼ ਸੰਘਣੇ ਲੂਣੇ ਪਾਣੀ ਨੂੰ ਫਿਰ ਰਵੇ ਬਣਾਉਣ ਵਾਲੀਆਂ ਤਿੰਨ ਕੜਾਹੀਆਂ ਵਿਚੋਂ ਲੰਘਾਇਆ ਜਾਂਦਾ ਹੈ। ਪਹਿਲੀ ਕੜਾਹੀ ਵਿਚ ਪਾਣੀ ਨੂੰ 1.25 ਵਿਸ਼ਿਸ਼ਟ ਘਣਤਾ ਤੱਕ, ਦੂਜੀ ਵਿਚ 1.26 ਵਿਸ਼ਿਸ਼ਟ ਘਣਤਾ ਤੱਕ ਅਤੇ ਤੀਜੀ ਕੜਾਹੀ ਵਿਚ 1.275 ਵਿਸ਼ਿਸ਼ਟ ਘਣਤਾ ਤੱਕ ਸੰਘਣਾ ਕੀਤਾ ਜਾਂਦਾ ਹੈ।

ਇੰਗਲੈਂਡ ਅਤੇ ਜਰਮਨੀ ਵਿਚ ਜਿਥੇ ਸੂਰਜੀ ਤਾਪ ਨਾਲ ਵਾਸ਼ਪੀਕਰਣ ਨਹੀਂ ਹੋ ਸਕਦਾ ਉਥੇ ਪਾਣੀ ਨੂੰ ਸੰਘਣਾ ਅਤੇ ਵਾਸ਼ਪਿਤ ਕਰਨ ਲਈ ਬਣਾਉਟੀ ਤਾਪ ਵਰਤਿਆ ਜਾਂਦਾ ਹੈ। ਪਹਿਲਾਂ ਪਾਣੀ ਨੂੰ ਇਕ ਖੁੱਲ੍ਹੇ ਭਾਂਡੇ ਵਿਚ ਅੱਗ ਉਪਰ ਗਰਮ ਕੀਤਾ ਜਾਂਦਾ ਸੀ ਪਰ ਹੁਣ ਭਾਫ਼ ਨਾਲ ਇਹ ਕੰਮ ਕੀਤਾ ਜਾਂਦਾ ਹੈ।

ਹ. ਪੁ.–ਐਨ. ਬ੍ਰਿ. 19 : 954; ਐਨ. ਅਮੈ. 24 : 197; ਹਿੰ.ਵਿ.ਕੋ: 6

ਨਮਾਕਵਾਲੈਂਡ : ਇਹ ਦੱਖਣ-ਪੱਛਮੀ ਅਫ਼ਰੀਕਾ ਦਾ ਇਕ ਖੇਤਰ ਹੈ ਜਿਹੜਾ ਨਾਮਾਲੈਂਡ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਹ ਖੇਤਰ ਦੱਖਣ-ਪੱਛਮੀ ਅਫ਼ਰੀਕਾ ਦੇ ਪੱਛਮੀ ਤੱਟ ਤੇ ਵਿੰਡਹੁਕ ਸ਼ਹਿਰ ਤੋਂ ਲੈ ਕੇ ਦੱਖਣ ਵੱਲ ਦੱਖਣ ਅਫ਼ਰੀਕਾ ਦੇ ਕੇਪ ਆਫ਼ ਗੁੱਡ ਹੋਪ ਪ੍ਰਾਂਤ ਅਤੇ ਨਾਮੀਬ ਮਾਰੂਥਲ ਤੋਂ ਪੂਰਬ ਵੱਲ ਕਾਲਾਹਾਰੀ ਮਾਰੂਥਲ ਤੱਕ ਫੈਲਿਆ ਹੋਇਆ ਹੈ। ਇਸ ਖੇਤਰ ਦਾ 19ਵੀਂ ਸਦੀ ਵਿਚ ਦੱਖਣ-ਪੱਛਮੀ ਅਫ਼ਰੀਕਾ ਉੱਤੇ ਜਰਮਨੀ ਦੇ ਅਧਿਕਾਰ ਤੋਂ ਪਹਿਲਾਂ ਨਾਮਾ ਹੋਟਨਟਸ ਨੇ ਭ੍ਰਮਣ ਕੀਤਾ। ਔਰੇਂਜ ਦਰਿਆ, ਇਸ ਖੇਤਰ ਨੂੰ ਦੋ ਹਿੱਸਿਆਂ-ਦੱਖਣੀ ਅਫ਼ਰੀਕਾ ਵਿਚ ਲਿਟਲ ਨਮਾਕਵਾਲੈਂਡ ਅਤੇ ਦੱਖਣ-ਪੱਛਮੀ ਅਫ਼ਰੀਕਾ ਵਿਚ ਗ੍ਰੇਟ ਨਮਾਕਵਾਲੈਂਡ ਵਿਚ ਵੰਡਦਾ ਹੈ। ਮੂਲ ਰੂਪ ਵਿਚ ਇਹ ਇੱਕ ਮਾਰੂਥਲ ਹੈ ਜਿਥੇ 50 ਤੋਂ 200 ਮਿ.ਮੀ ਦੇ ਵਿਚਕਾਰ ਸਾਲਾਨਾ ਵਰਖਾ ਹੁੰਦੀ ਹੈ। ਇਸ ਖੇਤਰ ਦੇ ਪੂਰਬੀ ਹਿੱਸੇ ਵਿਚ ਜਾਣ ਦੀ ਮਨਾਹੀ ਹੈ। ਬਿਨਾਂ ਮੰਜ਼ੂਰੀ ਤੋਂ ਇਥੇ ਜਾਣ ਨਹੀਂ ਦਿੱਤਾ ਜਾਂਦਾ ਕਿਉਂਕਿ ਇਥੇ ਹੀਰਾ ਬਹੁਤ ਮਿਲਦਾ ਹੈ ਅਤੇ ਹੀਰਿਆਂ ਦੀ ਖੁਦਾਈ ਤੇ ਬਹੁਤ ਜ਼ਿਆਦਾ ਬੰਦਸ਼ ਹੈ। ਇਥੇ ਖਾਣਾਂ ਵਿਚ ਵੱਡੇ ਪੱਧਰ ਤੇ ਕੰਮ ਕੀਤਾ ਜਾਂਦਾ ਹੈ ਅਤੇ ਸਾਲ ਵਿਚ 1,000,000 ਕੈਰਟ ਦੀ ਪੈਦਾਵਾਰ ਹੁੰਦੀ ਹੈ ਜਿਸ ਵਿਚੋਂ 80% ਕੈਰਟ ਵਧੀਆ ਕਿਸਮ ਦਾ ਹੁੰਦਾ ਹੈ ਲਿਟਲ ਨਮਾਕਵਲੈਂਡ ਵਿਚ ਔਕੀਪ ਵਿਖੇ ਤਾਂਬੇ ਦੀ ਖੁਦਾਈ ਹੁੰਦੀ ਹੈ।

ਹ. ਪੁ.—ਐਨ. ਬ੍ਰਿ. ਮਾ. 7 : 175; ਐਨ. ਅਮੈ. 19 : 685

ਨਮਾਜ਼ : ਇਹ ਫ਼ਾਰਸੀ ਭਾਸ਼ਾ ਦਾ ਸ਼ਬਦ ਹੈ। ਇਸਲਾਮ ਧਰਮ ਵਿਚ ਇਹ ਅੱਲ੍ਹਾ ਦੀ ਇਬਾਦਤ ਕਰਨ ਦੀ ਇਕ ਵਿਧੀ ਹੈ। ਨਮਾਜ਼ ਇਸਲਾਮ ਦੇ ਪੰਜ ਥੰਮਾਂ ਅਰਥਾਤ ਕਲਮਾ, ਨਮਾਜ਼, ਰੋਜ਼ੇ, ਜ਼ਕਾਤ, ਹੱਜ ਵਿਚੋਂ ਇਕ ਥੰਮ ਗਿਣਿਆ ਗਿਆ ਹੈ। ਹਰ ਇਕ ਮੁਸਲਮਾਨ ਲਈ 24 ਘੰਟਿਆਂ ਵਿਚ ਪੰਜ ਵਾਰ ਨਮਾਜ਼ ਪੜ੍ਹਨਾ ਜ਼ਰੂਰੀ ਹੈ। ਨਮਾਜ਼ ਪੜ੍ਹਨ ਤੋਂ ਪਹਿਲਾਂ ਸਾਫ਼ ਪਾਣੀ ਨਾਲ ਸਰੀਰ ਜਾਂ ਘਟੋ ਘੱਟ ਹੱਥਾਂ ਪੈਰਾਂ ਅਤੇ ਮੂੰਹ ਨੂੰ ਧੋਇਆ ਜਾਵੇ। ਇਸ ਨੂੰ ਵੁਜ਼ੂ ਕਿਹਾ ਜਾਂਦਾ ਹੈ, ਫਿਰ ਕਿਸੇ ਪਵਿੱਤਰ ਸਥਾਨ ਜਾਂ ਥਾਂ ਨੂੰ ਸਾਫ਼ ਕਰ ਕੇ ਸਾਫ ਕੱਪੜੇ ਨਾਲ ਸਿਰ ਢੱਕ ਕੇ ਮੂੰਹ ਕਾਅਬੇ ਵੱਲ ਕਰ ਕੇ ਅਤੇ ਮਨ ਨੂੰ ਨਮਾਜ਼ ਲਈ ਤਿਆਰ ਕਰਨਾ ਜ਼ਰੂਰੀ ਹੈ। ਨਮਾਜ਼ ਪੜ੍ਹਣ ਵੇਲੇ ਚਿਤ ਦੀ ਇਕਾਗਰਤਾ ਜ਼ਰੂਰੀ ਹੈ। ਹਰੇਕ ਮੁਸਲਮਾਨ ਵਲੋਂ ਨਮਾਜ਼ ਅਦਾ ਕਰਨ ਵੇਲੇ ਕੁਰਾਨ ਦੀਆਂ ਕੁਝ ਆਇਤਾਂ ਪੜ੍ਹੀਆਂ ਜਾਂਦੀਆਂ ਹਨ, ਝੁਕ ਕੇ ਸਿਜਦਾ ਕੀਤਾ ਜਾਂਦਾ ਹੈ ਅਤੇ ਹੱਥ ਫੈਲਾ ਕੇ ਸਿਜਦਾ ਕੀਤਾ ਜਾਂਦਾ ਹੈ। ਨਮਾਜ਼ ਪੜ੍ਹਣ ਵੇਲੇ ਨਮਾਜ਼ੀ ਨੂੰ ਇਹ ਅਹਿਸਾਸ ਹੋਣਾ ਲਾਜ਼ਮੀ ਹੈ ਕਿ ਉਹ ਰੱਬ ਦੀ ਹਜ਼ੂਰੀ ਵਿਚ ਖੜ੍ਹਾ ਹੈ। ਉਸ ਵਕਤ ਰੱਬ ਦੀ ਮਹਾਨਤਾ ਨੂੰ ਚਿਤਵਦਿਆਂ ਬੜੀ ਨਿਮਰ ਅਵਸਥਾ ਵਿਚ ਪਰਮਾਤਮਾ ਦੇ ਧਿਆਨ ਵਿਚ ਲੀਨ ਹੋਣਾ ਜ਼ਰੂਰੀ ਹੈ।

ਸਲਾਤੁਲ ਫ਼ਜ਼ਰ (ਫ਼ਜ਼ਰ ਦੀ ਨਮਾਜ਼)—ਮੁਸਲਮਾਨਾਂ ਵਿਚ ਹਰ ਵਾਰ ਪੰਜ ਵਾਰ ਨਮਾਜ਼ ਪੜ੍ਹਨ ਦਾ ਵਿਧਾਨ ਹੈ। ਪਹਿਲੀ ਨਮਾਜ਼ 'ਸਲਾਤੁਲ ਫ਼ਜ਼ਰ' ਅਰਥਾਤ ਪ੍ਰਭਾਤ ਤੋ ਲੈ ਕੇ ਸੂਰਜ ਚੜ੍ਹਨ ਤੱਕ ਦੇ ਵੇਲੇ ਦੀ ਨਮਾਜ਼ ਹੈ। ਇਹ ਨਮਾਜ਼ ਸੂਰਜ ਚੜ੍ਹਨ ਤੋਂ ਪਹਿਲਾਂ ਪੜ੍ਹੀ ਜਾਂਦੀ ਹੈ।

ਸਲਾਤੁਲ ਜ਼ੁਹਰ (ਜ਼ੁਹਰ ਦੀ ਨਮਾਜ਼)—ਇਹ ਦੁਪਹਿਰ ਵੇਲੇ ਦੀ ਨਮਾਜ਼ ਅਰਥਾਤ ਜ਼ੁਹਰ ਦੀ ਨਮਾਜ਼ ਹੈ ਜਿਹੜੀ ਸੂਰਜ ਢਲਣ ਵੇਲੇ ਪੜ੍ਹੀ ਜਾਂਦੀ ਹੈ। ਲਹਿੰਦੇ ਵਿਚ ਇਸ ਨੂੰ ਪੇਸ਼ੀ ਦੀ ਨਮਾਜ਼ ਕਹਿੰਦੇ ਹਨ।

ਸਲਾਤੁਲ ਅਸਰ (ਅਸਰ ਦੀ ਨਮਾਜ਼)—ਇਹ ਤੀਜੀ ਨਮਾਜ਼ ਪਿਛਲੇ ਪਹਿਰ ਦੀ ਨਮਾਜ਼ ਹੈ ਜਿਸ ਨੂੰ ਲਹਿੰਦੇ ਵਿਚ ਦੀਗਾਰ ਦੀ ਨਮਾਜ਼ ਕਿਹਾ ਜਾਂਦਾ ਹੈ।

ਸਲਾਤੁਲ ਮਗਰਿਬ (ਮਗਰਿਬ ਦੀ ਨਮਾਜ਼)—ਇਹ ਨਮਾਜ਼ ਸੂਰਜ ਡੁੱਬਣ ਦੀ ਲਾਲੀ ਦੇ ਮਿਟਣ ਤੋਂ ਪਹਿਲਾਂ ਪੜ੍ਹੀ ਜਾਂਦੀ ਹੈ। ਇਸ ਨੂੰ ਮਗਰਿਬ ਦੀ ਨਮਾਜ਼ ਇਸ ਲਈ ਕਿਹਾ ਜਾਂਦਾ ਹੈ ਕਿਉਂਕਿ ਨਮਾਜ਼ ਦੇ ਵੇਲੇ ਸੂਰਜ ਮਗਰਿਬ ਵਲ ਛੁਪ ਰਿਹਾ ਹੁੰਦਾ ਹੈ। ਇਹ ਸੌਣ ਵੇਲੇ ਦੀ ਨਮਾਜ਼ ਹੈ।

ਸਡਾਤੁਲ ਇਸ਼ਾ (ਇਸ਼ਾ ਦੀ ਨਮਾਜ਼) : ਇਸ ਨੂੰ ਨਮਾਜ਼ੇ ਖ਼ੁਫ਼ਤਨ ਵੀ ਕਹਿੰਦੇ ਹਨ।

ਇਨ੍ਹਾਂ ਪੰਜ ਨਮਾਜ਼ਾਂ ਤੋਂ ਇਲਾਵਾ ਤਿੰਨ ਹੋਰ ਨਮਾਜ਼ਾਂ ਵੀ ਹਨ ਜਿਹੜੀਆਂ ਨਮਾਜ਼ੀ ਦੀ ਸਵੈ-ਇੱਛਾ ਤੇ ਨਿਰਭਰ ਕਰਦੀਆਂ ਹਨ। ਇਨ੍ਹਾਂ ਵਿੱਚੋਂ ਪਹਿਲੀ ਸਲਾਤੁਲ ਇਸ਼ਰਾਕ (ਇਸ਼ਰਾਕ ਦੀ ਨਮਾਜ਼) ਜਿਹੜੀ ਸੂਰਜ ਚੜ੍ਹਨ ਤੋਂ ਬਾਅਦ ਪੜ੍ਹੀ ਜਾਂਦੀ ਹੈ। ਦੂਜੀ-ਨਮਾਜ਼ ਸਲਾਤੁਲ ਜ਼ੁਹਾ (ਜ਼ੁਹਾ ਦੀ ਨਮਾਜ਼ ਹੈ) ਇਹ ਸੂਰਜ ਦੇ ਸਿਖਰ ਤੇ ਪਹੁੰਚਣ ਤੋਂ ਪਹਿਲਾਂ ਪੜ੍ਹੀ ਜਾਂਦੀ ਹੈ। ਇਸ ਨੂੰ ਨਮਾਜ਼ ਚਾਸ਼ਤ ਵੀ ਕਹਿੰਦੇ ਹਨ। ਇਹ ਦੋਵੇਂ ਨਮਾਜ਼ਾਂ ਪਹਿਲੀ ਤੇ ਦੂਜੀ ਨਮਾਜ਼ ਦੇ ਤਹੱਜ਼ੁਦ (ਤਹੱਜ਼ੁਦ ਦੀ ਨਮਾਜ਼) ਹੈ। ਇਹ ਨਮਾਜ਼ ਅੱਧੀ ਰਾਤ ਤੋਂ ਮਗਰੋਂ ਅਤੇ ਪਹੁ ਫੁੱਟਣ ਤੋ ਪਹਿਲਾਂ ਪੜ੍ਹੀ ਜਾਂਦੀ ਹੈ। ਇਸ ਨਮਾਜ਼ ਦਾ ਬੜਾ ਸੁਆਬ (ਪੁੰਨ) ਮੰਨਿਆ ਗਿਆ ਹੈ। ਰਮਜ਼ਾਨ ਦੇ ਮਹੀਨੇ, ਰਾਤ ਵੇਲੇ ਜਿਹੜੀ ਨਮਾਜ਼ ਪੜ੍ਹੀ ਜਾਂਦੀ ਹੈ ਅਤੇ ਜਿਸ ਵਿਚ ਪੂਰੇ ਕੁਰਾਨ ਦਾ ਪਾਠ ਕੀਤਾ ਜਾਂਦਾ ਹੈ 'ਤਰਾਵੀਹ' ਅਖਵਾਉਂਦੀ ਹੈ। ਕਈ ਇਸ ਨੂੰ ਵੀਹ ਰਕਾਤਾਂ ਦੀ ਨਮਾਜ਼ ਵੀ ਮੰਨਦੇ ਹਨ। ਕਰਾਵੀਰ ਦੇ ਅਰਥ ਹਨ ਵਿਸ਼ਰਾਮ ਕਰਨਾ। ਇਸ ਨਮਾਜ਼ ਵਿਚ ਹਰ ਦੂਜੇ ਤੇ ਚੌਥੇ ਸਲਾਮ ਪਿਛੋਂ ਵਿਸ਼ਰਾਮ ਕੀਤਾ ਜਾਂਦਾ ਹੈ। ਸਾਰੀਆਂ ਨਮਾਜ਼ਾਂ ਨੂੰ ਨਿਸ਼ਚਿਤ ਸਮੇਂ ਤੇ ਹੀ ਪੜ੍ਹਿਆ ਜਾਵੇ ਤਾਂ ਹੀ ਇਸ ਦਾ ਸੁਆਬ ਹੈ। ਨਮਾਜ਼ ਦੇ ਸਮਿਆਂ ਬਾਰੇ ਕੁਰਾਨ ਵਿਚ ਉਲੇਖ ਨਹੀਂ ਪਰ ਹਦੀਸਾਂ ਵਿਚ ਹਰ ਇਕ ਬਾਰੇ ਸਮਾਂ ਨਿਸ਼ਚਿਤ ਕੀਤਾ ਮਿਲਦਾ ਹੈ। ਜੇ ਨਮਾਜ਼ ਨਿਸ਼ਚਿਤ ਸਮੇਂ ਤੇ ਨਾ ਕੀਤੀ ਜਾਵੇ ਤਾਂ ਉਸ ਦਾ ਸੁਆਬ (ਪੁੰਨ) ਨਹੀਂ ਮਿਲਦਾ। ਇਸ ਕਿਰਿਆ ਨੂੰ ਨਮਾਜ਼ 'ਕਜ਼ਾ ਹੋਣਾ' ਕਿਹਾ ਜਾਂਦਾ ਹੈ। ਇਸ ਸੰਦਰਭ ਵਿਚ ਪੰਜਾਬੀ ਦੇ ਲੋਕ ਸਭਿਆਚਾਰ ਦਾ ਇਕ ਅਖਾਣ ਵੀ ਹੈ :

"ਵੇਲੇ ਦੀ ਨਮਾਜ਼ ਕੁਵੇਲੇ ਦੀਆਂ ਟੱਕਰਾਂ"

ਨਮਾਜ਼ ਇਕੱਲਿਆਂ ਅਤੇ ਸਮੂਹਿਕ ਦੋਹਾਂ ਰੂਪਾਂ ਵਿਚ ਪੜ੍ਹੀ ਜਾਂਦੀ ਹੈ। ਸਮੂਹਿਕ ਨਮਾਜ਼ ਵਿਚ ਉਹੀ ਲੋਕ ਸ਼ਾਮਲ ਹੁੰਦੇ ਹਨ ਜੋ ਖ਼ੁਦਾ ਦਾ ਕੋਈ ਹੋਰ ਸ਼ਰੀਕ ਨਾ ਸਮਝਣ। ਨਮਾਜ਼ ਦੀ ਪ੍ਰਕ੍ਰਿਆ ਵਿਚ ਕਈ ਰਕਾਤਾਂ (ਅੰਗ) ਹੁੰਦੀਆਂ ਹਨ। ਜਿਵੇਂ ਧਿਆਨ ਪੂਰਵਕ ਖੜ੍ਹਨਾ (ਕਯਾਮ), ਨਿਮਰਤਾ ਪੂਰਵਕ ਝੁਕਣਾ (ਰਕੂਅ), ਸਜਦਾ ਕਰਨਾ (ਸਜੂਦ)। ਹਰ ਰਕਾਤ ਵੇਲੇ ਕਲਮੇ ਤੋਂ ਇਲਾਵਾ ਕੁਰਾਨ ਦੀਆਂ ਕੁਝ ਕੁ ਆਇਤਾਂ ਦਾ ਪਾਠ ਕੀਤਾ ਜਾਂਦਾ ਹੈ। ਪ੍ਰਸਿੱਧ ਸੂਫ਼ੀ ਕਵੀ ਸੁਲਤਾਨ ਬਾਹੂ ਇਨਾਂ ਤੱਥਾਂ ਵੱਲ ਸੰਕੇਤ ਕਰਦਾ ਲਿਖਦਾ ਹੈ :—

"ਨਾਮ ਕਯਾਮ ਰਕੂਅ ਸਜੂਦੇ ਕਰ ਤਕਰਾਰ ਪੜ੍ਹਾਵੇ ਹੂ"

ਪੰਜਾਬੀ ਸਭਿਆਚਾਰ ਵਿਚ ਇਕ ਕਹਾਵਤ ਹੈ 'ਨਮਾਜ਼ਾਂ ਬਖਸ਼ਾਣ ਗਏ ਰੋਜ਼ੇ ਗਲ ਪੈ ਗਏ'। ਇਸ ਅਖਾਣ ਦੇ ਪਿਛੋਕੜ ਵਿਚ ਇਹ ਰਵਾਇਤ ਹੈ ਕਿ ਹਜ਼ਰਤ ਮੁਹੰਮਤ ਸਾਹਿਬ ਸੱਤਵੇਂ ਆਕਾਸ਼ ਵਿਚ ਅੱਲਾ ਦੇ ਦਰਬਾਰ ਵਿਚ ਗਏ ਤਾਂ ਹੁਕਮ ਹੋਇਆ ਕਿ ਉਸ ਦੇ ਸ਼ਾਗਿਰਦ 50 ਨਮਾਜ਼ਾਂ ਰੋਜ਼ ਪੜ੍ਹਨ। ਜਦੋਂ ਹਜ਼ਰਤ ਮੁਹੰਮਦ ਸਾਹਿਬ ਛੇਵੇਂ ਅਕਾਸ਼ ਤੇ ਪਰਤੇ ਤਾਂ ਹਜ਼ਰਤ ਮੂਸਾ ਮਿਲ ਗਿਆ। ਉਸ ਨੇ ਦਸਿਆ ਕਿ ਇਤਨੀਆਂ ਨਮਾਜ਼ਾਂ ਦਾ ਸ਼ਾਗਿਰਦਾਂ ਦੁਆਰਾ ਪੜ੍ਹਿਆ ਜਾਣਾ ਸੰਭਵ ਨਹੀਂ। ਇਹ ਸੁਣ ਕੇ ਹਜ਼ਰਤ ਸਾਹਿਬ ਫਿਰ ਸਤਵੇਂ ਆਕਾਸ਼ ਵਿਚ ਗਏ ਅਤੇ ਅੱਲਾ ਨੂੰ ਨਮਾਜ਼ਾਂ ਘਟਾਉਣ ਲਈ ਬੇਨਤੀ ਕੀਤੀ। ਅੱਲਾ ਨੇ ਨਮਾਜ਼ਾਂ ਪੰਜਾਹ ਤੋਂ ਘਟਾ ਕੇ ਪੰਜ ਕਰ ਦਿੱਤੀਆਂ ਪਰ ਨਾਲ ਹੀ ਚਾਲੀ ਰੋਜ਼ੇ ਰੱਖਣ ਦਾ ਆਦੇਸ਼ ਵੀ ਕੀਤਾ।

ਸ਼ਰਾ ਦੇ ਪਾਬੰਦ ਸੁਪ੍ਰਸਿੱਧ ਸੂਫ਼ੀ ਕਵੀ ਬਾਬਾ ਫਰੀਦ ਨੇ ਨਮਾਜ਼ ਪੜ੍ਹਨ ਉਤੇ ਬਲ ਦਿਤਾ ਹੈ। ਬਾਬਾ ਫਰੀਦ ਦਾ ਸਲੋਕ ਹੈ :—

"ਫਰੀਦਾ ਬੇਨਿਵਾਜਾ ਕੁਤਿਆ ਏਹ ਨ ਭਲੀ ਰੀਤਿ॥
ਕਬਹੀ ਚਲਿ ਨ ਆਇਆ ਪੰਜੇ ਵਖਤੁ ਮਸੀਤਿ॥

ਪਰ ਬੁਲ੍ਹੇ ਸ਼ਾਹ ਨੇ ਨਮਾਜ਼ ਦੇ ਰੂੜ੍ਹ ਰੂਪ ਨੂੰ ਪਾਖੰਡਾਂ ਵਿਚ ਸ਼ਾਮਲ ਕਰ ਕੇ ਇਸ ਦੀ ਨਿਖੇਧੀ ਕੀਤੀ ਹੈ। ਬੁਲ੍ਹੇ ਸ਼ਾਹ ਲਿਖਦਾ ਹੈ :—

"ਭੱਠ ਨਮਾਜ਼ਾਂ ਚਿੱਕੜ ਰੋਜ਼ੇ ਕਲਮੇ ਤੇ ਫਿਰ ਗਈ ਸਿਆਹੀ
ਬੁਲੇ ਸ਼ਾਹ ਸ਼ੌਹ ਅੰਦਰੋਂ ਲੱਭਾ ਭੁਲੀ ਫਿਰੇ ਲੋਕਾਈ।"


ਗੁਰਬਾਣੀ ਵਿਚ ਨਮਾਜ਼ ਦੇ ਭਾਵੀਕ੍ਰਿਤ ਰੂਪ ਵੱਲ ਸੰਕੇਤ ਕੀਤਾ ਗਿਆ ਹੈ। ਗੁਰਬਾਣੀ ਵਿਚ ਲਿਖਿਆ ਹੈ :

ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਓ ॥
ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ ॥
ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ ॥
ਕਰਣੀ ਕਲਮਾ ਆਖਿ ਕੈ ਤਾਂ ਮੁਸਲਮਾਣ ਸਦਾਇ ॥"

(ਆਦਿ ਗ੍ਰੰਥ ਪੰ. 141)

ਹ. ਪੁ.—ਮ. ਕੋ., ਪੰ. ਲੋ. ਵਿ. ਕੋ.-ਡਾ. ਵਣਜਾਰਾ ਬੇਦੀ : 1592; ਪੰ. ਸੰਦ. ਕੋ. — ਡਾ. ਜੱਗੀ.; ਹਿੰ. ਵਿ. ਕੋ.

ਨਮੀ-ਮਾਪਕ : ਇਹ ਵਾਯੂਮੰਡਲ ਵਿਚਲੀ ਨਮੀ ਦੀ ਮਿਣਤੀ ਕਰਨ ਵਾਲਾ ਇਕ ਯੰਤਰ ਹੈ। ਯੂਨਾਨੀ ਭਾਸ਼ਾ ਦੇ ਸ਼ਬਦ 'hygros' ਤੋਂ ਭਾਵ ਨਮੀ ਅਤੇ 'metron' ਤੋਂ ਭਾਵ ਮਿਣਤੀ ਹੈ ਇਸ ਤਰ੍ਹਾਂ ਦੋਵੇਂ ਸ਼ਬਦ ਰਲਕੇ 'Hygrometry' ਨਮੀ-ਮਾਪੀ ਸ਼ਬਦ ਬਣਾਉਂਦੇ ਹਨ। ਨਮੀ ਮਿਣਨ ਲਈ ਵਰਤੇ ਗਏ ਢੰਗਾਂ ਅਨੁਸਾਰ ਇਸ ਯੰਤਰ ਦੀਆਂ ਵੱਖ ਵੱਖ ਕਿਸਮਾਂ ਹੇਠ ਅਨੁਸਾਰ ਹਨ। ਮੁੱਖ ਤੌਰ ਤੇ :



ਖੁਸ਼ਕ ਅਤੇ ਤਰ ਬੱਲਬ ਥਰਮਾਮੀਟਰ

1. ਵਾਸ਼ਪੀਕਰਣ ਢੰਗ ਉੱਤੇ ਆਧਾਰਿਤ ਨਮੀ ਮਾਪਕ ਨੂੰ ਸਾਈਕ੍ਰੋਮੀਟਰ ਕਿਹਾ ਜਾਂਦਾ ਹੈ। ਇਸ ਵਿਚ ਦੋ ਥਰ-ਮਾਮੀਟਰ ਇਕੱਠੇ ਲਟ-ਕਾਏ ਹੋਏ ਹੁੰਦੇ ਹਨ। ਇਨ੍ਹਾਂ ਵਿਚੋਂ ਇਕ ਦਾ ਬਲਬ ਮਲਮਲ ਦੇ ਗਿੱਲੇ ਕੱਪੜੇ ਵਿਚ ਲਪੇਟਿਆ ਹੋਇਆ ਹੁੰਦਾ ਹੈ। ਜਦੋਂ ਕਿ ਦੂਜਾ ਕਿਸੇ ਤਰ੍ਹਾਂ ਵੀ ਛੱਡਿਆ ਜਾਂਦਾ ਹੈ ਜਿਸ ਨੂੰ ਖੁਸ਼ਕ ਥਰਮਾਮੀਟਰ ਕਿਹਾ ਜਾਂਦਾ ਹੈ। ਵਾਯੂਮੰਡਲ ਵਿਚ ਜਿੰਨੀ ਨਮੀ ਘੱਟ ਹੋਵੇਗੀ ਉਨ੍ਹਾ ਹੀ ਤਰ ਬਲਬ ਤੋਂ ਵਾਸ਼ਪੀਕਰਨ ਵਧੇਰੇ ਹੋਵੇ-ਗਾ। ਤਰ ਅਤੇ ਖੁਸ਼ਕ ਬਲਬ ਵਾਲੇ ਥਰਮਾਮੀਟਰ ਦੀ ਰੀਡਿੰਗ ਵਿਚ ਜਿੰਨਾ ਜ਼ਿਆਦਾ ਅੰਤਰ ਹੋਵੇਗਾ ਉਨੀ ਵਾਯੂਮੰਡਲ ਵਿਚ ਨਮੀ ਵਧੇਰੇ ਹੋਵੇਗੀ।
2. ਤ੍ਰੇਲ-ਦਰਜਾ ਨਮੀ-ਮਾਪਕ ਵਿਚ ਠੰਢਕ ਯੰਤਰ ਦੀ ਸਹਾਇਤਾ ਨਾਲ ਵਾਯੂਮੰਡਲੀ ਹਵਾ ਵਿਚਲੀ ਨਮੀ ਨੂੰ ਪਾਣੀ ਦੇ ਤੁਪਕਿਆਂ ਵਿਚ ਬਦਲਿਆ ਜਾਂਦਾ ਹੈ ਅਤੇ ਜਿਸ ਤਾਪਮਾਨ ਉੱਤੇ ਇਹ ਪਾਣੀ ਦੇ ਤੁਪਕੇ ਬਣਦੇ ਹਨ ਨੂੰ ਨੋਟ ਕਰ ਲਿਆ ਜਾਂਦਾ ਹੈ, ਇਸ ਤਰ੍ਹਾਂ ਵਾਯੂਮੰਡਲ ਵਿਚਲੀ ਨਮੀ ਦਾ ਪਤਾ ਲਗ ਜਾਂਦਾ ਹੈ।
3. ਵਰਕਸਾਜ਼ੀ ਵਿਚ ਕੰਮ ਆਉਣ ਵਾਲੀ ਝਿੱਲੀ ਦੇ ਵਾਲ ਜਾਂ ਕਾਤਰਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ ਜਦੋਂ ਕਾਰਬਨੀ ਪਦਾਰਥਾਂ ਨੂੰ ਲੰਬਾਈ ਵਿਚ ਵਧਾਇਆ ਜਾਂਦਾ ਹੈ ਤਾਂ ਸਾਪੇਖੀ ਸਿੱਲ ਜਾਂ ਨਮੀ ਵੱਧ ਜਾਂਦੀ ਹੈ। ਇਸ ਤੋਂ ਨਮੀ ਦਾ ਪਤਾ ਲਗਾਇਆ ਜਾਂਦਾ ਹੈ।
4. ਰਸਾਇਣਿਕ ਸੋਖਣ ਰਾਹੀਂ ਉਨ੍ਹਾਂ ਪਦਾਰਥਾਂ ਦੇ ਭਾਰ ਵਿਚ ਹੋਏ ਵਾਧੇ ਤੋਂ ਨਮੀ ਦਾ ਪਤਾ ਲਗਾਇਆ ਜਾਂਦਾ ਹੈ ਜਿਹੜੇ ਰਸਾਇਣਿਕ ਪਦਾਰਥ ਹਵਾ ਵਿਚੋਂ ਨਮੀ ਸੋਖ ਕੇ ਆਪਣਾ ਭਾਰ ਵਧਾ ਲੈਂਦੇ ਹਨ।
5. ਬਿਜਲਈ ਢੰਗ ਵਿਚ ਰਸਾਇਣਿਕ ਤੌਰ ਤੇ ਤਿਆਰ ਕੀਤੀ ਕੱਇਲ ਦੇ ਵਾਯੂਮੰਡਲ ਵਿਚੋਂ ਨਮੀ ਸੋਖਣ ਉਪਰੰਤ ਉਸ ਦਾ ਬਿਜਲਈ ਪ੍ਰਤਿਰੋਧ ਬਦਲ ਜਾਂਦਾ ਹੈ। ਭਾਵ ਸਾਪੇਖੀ ਨਮੀ ਦੀ ਤਬਦੀਲੀ ਕੱਇਲ ਦੇ ਬਿਜਲਈ ਪ੍ਰਤਿਰੋਧ ਤੋਂ ਨਮੀ ਦੀ ਮਿਣਤੀ ਕੀਤੀ ਜਾਂਦੀ ਹੈ।

ਹ. ਪੁ.-ਐਨ. ਬ੍ਰਿ. 11 : 983

ਨਮੁਚੀ : ਇਹ ਇਕ ਦੈਂਤ ਸੀ ਜਿਹੜਾ ਵਿਪਰਚਿਤਿ ਦਾ ਪੁੱਤਰ ਸੀ। ਇਸ ਨੂੰ ਇੰਦਰ ਨੇ ਪਾਣੀ ਦੀ ਝਗ ਨਾਲ ਮਾਰਿਆ ਸੀ। ਇਸ ਦੀ ਕਹਾਣੀ ਸਭ ਤੋਂ ਪਹਿਲਾਂ ਰਿਗਵੇਦ ਵਿਚ ਮਿਲਦੀ ਹੈ ਪਰ ਸਤਪਥ ਬ੍ਰਾਹਮਣ ਅਤੇ ਮਹਾਭਾਰਤ ਵਿਚ ਇਸ ਦਾ ਵੇਰਵਾ ਵਧੇਰੇ ਦਿੱਤਾ ਗਿਆ ਹੈ। ਇਸ ਅਨੁਸਾਰ ਜਦੋਂ ਇੰਦਰ ਨੇ ਸਾਰਿਆਂ ਅਸੁਰਾਂ ਨੂੰ ਜਿੱਤ ਲਿਆ ਤਾਂ ਸਿਰਫ਼ ਇਸੇ ਅਸੁਰ ਨੇ ਇੰਦਰ ਦਾ ਡਟ ਕੇ ਮੁਕਾਬਲਾ ਕੀਤਾ ਅਤੇ ਉਸ ਨੂੰ ਪਕੜ ਲਿਆ। ਇਸ ਨੇ ਇੰਦਰ ਤੋਂ ਇਹ ਵਚਨ ਲੈ ਕੇ ਕਿ ਉਹ ਇਸ ਨੂੰ ਨਾ ਰਾਤ ਨਾ ਦਿਨ, ਨਾ ਖੁਸ਼ਕੀ ਅਤੇ ਨਾ ਹੀ ਸਿਲ ਵਿਚ ਮਾਰ ਸਕੇ, ਉਸ ਨੂੰ ਛੱਡ ਦਿੱਤਾ ਪਰ ਇੰਦਰ ਨੇ ਇਸ ਦੇ ਸਿਰ ਨੂੰ ਤਕਾਲਾਂ ਵੇਲੇ ਅਰਥਾਤ ਦਿਨ ਤੇ ਰਾਤ ਦੇ ਵਿਚਕਾਰ ਦੇ ਸਮੇਂ ਵਿਚ ਪਾਣੀ ਦੀ ਝਗ ਨਾਲ ਕੱਟ ਦਿੱਤਾ। ਇਹ ਕੱਟਿਆ ਹੋਇਆ ਸਿਰ ਇੰਦਰ ਦੇ ਪਿੱਛੇ ਉੜਨ ਲਗਿਆ। ਇੰਦਰ ਦੌੜ ਕੇ ਬ੍ਰਹਮਾ ਦੀ ਸ਼ਰਨ ਵਿਚ ਚਲਾ ਗਿਆ। ਬ੍ਰਹਮਾ ਦੀ ਆਗਿਆ ਅਨੁਸਾਰ ਇਸ ਨੂੰ ਪਸ਼ਚਾਤਾਪ ਵਜੋਂ ਸਰਸਵਤੀ ਦੀ ਸ਼ਾਖ ਅਰੁਣ ਵਿਚ ਇਸ਼ਨਾਨ ਕਰ ਕੇ ਯੱਗ ਕਰਨਾ ਪਿਆ। ਇਸੇ ਨਦੀ ਵਿਚ ਨਮੁਚੀ ਦਾ ਕੱਟਿਆ ਸਿਰ ਵੀ ਪਾ ਦਿੱਤਾ ਗਿਆ ਜਿਸ ਨਾਲ ਇਸ ਨੂੰ ਅਕਸ਼ਯ ਲੋਕ ਦੀ ਪ੍ਰਾਪਤੀ ਹੋਈ।

ਹ. ਪੁ.-ਮ. ਕੋ.: 683; ਹਿੰ. ਮਿ. ਕੋ. : 321; ਹਿੰ. ਸਾ. ਕੋ. 2 : 265; ਹਿੰ. ਵਿ. ਕੋ. 6 : 243

ਨਮੂਨੀਆ : ਇਹ ਬੀਮਾਰੀ ਫੇਫੜਿਆਂ ਅੰਦਰ ਲਾਗ ਅਤੇ ਸੋਜਸ਼ ਕਾਰਨ ਹੁੰਦੀ ਹੈ। ਇਹ ਸੋਜਸ਼ ਅਤੇ ਤੀਬਰ ਲਾਗ ਇਕ ਫੇਫੜੇ ਦੀ ਵੀ ਹੋ ਸਕਦੀ ਹੈ ਅਤੇ ਦੋਹਾਂ ਫੇਫੜਿਆਂ ਦੀ ਵੀ। ਪ੍ਰਾਚੀਨ ਕਾਲ ਤੋਂ ਹੀ ਇਸ ਬੀਮਾਰੀ ਦਾ ਪਤਾ ਲਗ ਚੁੱਕਾ ਸੀ ਪਰ ਲਿਓਪੋਲਡ ਅੱਨਬ੍ਰਗਰ (1761) ਅਤੇ ਰੇਨੀ ਲੀਨੈਕ (1819) ਵਰਗੇ ਵਿਗਿ-ਆਨੀਆਂ ਦੇ ਸਮੇਂ ਤਕ, ਇਸ ਸਬੰਧੀ ਕੋਈ ਵਧੇਰੇ ਜਾਣਕਾਰੀ ਪ੍ਰਾਪਤ ਨਹੀਂ ਸੀ ਹੋਈ। ਇਨ੍ਹਾਂ ਵਿਗਿਆਨੀਆਂ ਨੇ ਬੈਕਟੀਰੀਆ ਯੁਗ ਸ਼ੁਰੂ ਹੋਣ ਤੱਕ ਆਪਣੇ ਹੀ ਢੰਗ ਨਾਲ ਸੰਰਚਨਾਤਮਕ (Anatomical) ਅਤੇ ਵਿਸ਼ਲੇਸ਼ਣਾਤਮਕ (Clinical) ਗੁਣਾਂ ਦੇ ਆਧਾਰ ਤੇ ਇਸ ਰੋਗ ਦਾ ਵਰਗੀਕਰਣ ਕੀਤਾ। ਇਸ ਬੀਮਾਰੀ ਦੀਆਂ ਕਿਸਮਾਂ ਵਿਚ ਲੋਬਰ, ਲਾੱਬਿਊਲ, ਬ੍ਰੌਂਕੋ, ਪਲਿਊਰਲ, ਡਬਲ, ਸੈਂਟਰਲ, ਕੈਟਾਰਲ ਆਦਿ ਪ੍ਰਚਲਿਤ ਸਨ। ਹੋਰ ਕਿਸਮਾਂ ਵਿਚ ਬੀਮਾਰੀ ਦੇ ਕਾਰਨ ਭਿੰਨ ਭਿੰਨ ਹੋਣ ਕਰਕੇ ਉਸ ਨੂੰ ਐਸਪੀਰੇਸ਼ਨ, ਕੌਨਟਿਊਯਨ, ਹਾਈਪੋਸਟੈਟਿਕ, ਟਰਮੀਨਲ ਨਮੂਨੀਆ ਕਿਹਾ ਜਾਂਦਾ ਸੀ। ਸੰਨ 1880 ਤੋਂ ਬਾਅਦ ਇਸ ਬੀਮਾਰੀ ਦਾ ਕਾਰਨ ਕਈ ਕਿਸਮ ਦੇ ਬੈਕਟੀਰੀਆ ਅਤੇ ਵਿਸ਼ਾਣੂ ਮੰਨੇ ਜਾਣ ਲੱਗ ਪਏ। ਸੰਨ 1930 ਵਿਚ ਰੋਗ ਕਾਰਨ ਵਿਗਿਆਨ ਵਿਚ ਨਵੀਆਂ ਖੋਜਾਂ ਦੇ ਨਤੀਜੇ ਵਜੋਂ ਇਸ ਦੇ ਮੂਲ ਕਾਰਨਾਂ ਦਾ ਪਤਾ ਲਗ ਸਕਿਆ। ਵੀਹਵੀਂ ਸਦੀ ਦੇ ਪਿਛਲੇ ਅੱਧ ਵਿਚ ਇਸ ਬੀਮਾਰੀ ਦੇ ਲਗਭਗ 50 ਵੱਖਰੀ ਕਿਸਮ ਦੇ ਛੂਤ ਵਾਲੇ, ਭੌਤਿਕ ਅਤੇ ਰਸਾਇਣਿਕ ਕਾਰਨਾਂ ਦਾ ਪਤਾ ਲਗਾਇਆ ਗਿਆ।

ਇਸ ਬੀਮਾਰੀ ਦੇ ਚਾਰ ਵਰਗ ਬਣਾਏ ਗਏ ਹਨ :—

(1) **ਪ੍ਰਾਇਮਰੀ**—ਇਸ ਵਿਚ ਰੋਗ ਉਪਜਾਊ ਗੋਲਾਣੂ (Coccus), ਬੈਸਿਲਸ ਵਿਸ਼ਾਣੂ ਉੱਲੀ ਫੇਫੜਿਆਂ ਉਪਰ ਹਮਲਾ ਕਰਦੇ ਹਨ।

(2) ਅਜਿਹਾ ਨਮੂਨੀਆ ਜੋ ਟੁਲੇਰੀਮੀਆ, ਸੀਟਾਕੋਸਿਸ, ਤਪਦਿਕ, ਗਠੀਏ ਦਾ ਬੁਖ਼ਾਰ, ਰਿਕੈਟੱਮਿਅਲ ਆਦਿ ਬੀਮੀਰੀਆਂ ਵਿਚ ਲਾਗ ਨਾਲ ਹੋ ਜਾਂਦਾ ਹੈ।

(3) ਇਸ ਵਰਗ ਵਿਚ ਨਮੂਨੀਏ ਦੀ ਉਹ ਕਿਸਮ ਸ਼ਾਮਲ ਹੈ ਜਿਸ ਵਿਚ ਸਦਮੇ, ਕਮਜ਼ੋਰੀ, ਸਾਹ ਘੁਟਣ, ਐਂਟੀਲੈਕਟੇਸਿਸ ਅਤੇ ਮਾਨਸਿਕ ਸੱਟ ਦੇ ਕਾਰਨ ਫੇਫੜਿਆਂ ਨੂੰ ਨੁਕਸਾਨ ਪਹੁੰਚਦਾ ਹੈ ਅਤੇ ਲਾਗ ਲਗ ਜਾਂਦੀ ਹੈ।

(4) ਇਸ ਕਿਸਮ ਦਾ ਰੋਗ ਫੇਫੜਿਆਂ ਵਿਚ ਤੇਲ, ਰਸਾਇਣਿਕ ਪਦਾਰਥ ਅਤੇ ਧੂੜ ਆਦਿ ਜਾਣ ਨਾਲ ਹੋ ਜਾਂਦਾ ਹੈ। ਕਈ ਵਾਰੀ ਐਕਸ-ਕਿਰਨਾਂ ਵੀ ਫੇਫੜਿਆਂ ਉੱਤੇ ਮਾੜਾ ਅਸਰ ਕਰਦੀਆਂ ਹਨ। ਅਲਰਜੀ ਕਾਰਨ ਵੀ ਫੇਫੜਿਆਂ ਵਿਚ ਲਾਗ ਲਗ ਜਾਂਦੀ ਹੈ।

ਨਮੂਨੀਏ ਦੀਆਂ ਕੁਝ ਪ੍ਰਚਲਿਤ ਕਿਸਮਾਂ ਨਿਮਨ ਅਨੁਸਾਰ ਹਨ ਜਿਨ੍ਹਾਂ ਦੇ ਕਾਰਨਾਂ ਅਤੇ ਇਲਾਜ ਸਬੰਧੀ ਬਹੁਤ ਖੋਜ ਹੋ ਚੁੱਕੀ ਹੈ :—

1. ਨਿਊਮੋਕੋਕਲ ਨਮੂਨੀਆ

ਸੰਨ 1880 ਵਿਚ ਜੀ. ਐਮ ਸਟਰਨਬਰਗ ਨੇ ਨਿਊਮੋਕੋਕਸ ਦੀ ਖੋਜ ਕੀਤੀ ਅਤੇ 1884 ਈ. ਵਿਚ ਏ. ਫ੍ਰੈਂਕਲ ਅਤੇ ਏ. ਵੀਸ਼ਲਬਾਮ (Weichselbaun) ਨੇ ਇਸ ਨੂੰ ਨਮੂਨੀਏ ਨਾਲ ਸਬੰਧਤ ਸਿੱਧ ਕੀਤਾ। ਸੰਨ 1910 ਵਿਚ ਐਫ. ਨਿਊਫੈਲਡ (F. Newfeld) ਨੇ ਸੀਰਮ ਵਖਰੇਵਿਆਂ ਕਾਰਨ ਨਿਊਮੋਕੋਕਾਈ ਦੀਆਂ ਕਈ ਕਿਸਮਾਂ ਲੱਭੀਆਂ ਅਤੇ ਕੁਝ ਸਮੇਂ ਉਪਰੰਤ ਐਫ. ਐਸ. ਲਿਸਟਰ ਨੇ ਇਸ ਖੋਜ ਦੇ ਆਧਾਰ ਤੇ ਨਮੂਨੀਏ ਦੀਆਂ ਕਿਸਮਾਂ ਲਭੀਆਂ। ਸੰਨ 1911 ਤੋਂ ਬਾਅਦ ਰਿਊਫਸ ਕੋਲ (Rufus Cole) ਅਤੇ ਓਸਵਾਲਟ ਆੱਵਰੀ (Oswald Avery) ਦੇ ਨਿਰੀਖਣ ਅਧੀਨ ਰੱਕਫੈਲਰ ਇਨਸਟੀ-ਚਿਊਟ ਦੇ ਹਸਪਤਾਲ ਵਿਚ ਨਿਊਮੋਕੋਕਲ ਨਮੂਨੀਆ ਦੇ ਕਲੀ-ਨੀਕਲ ਪੱਖ ਅਤੇ ਇਲਾਜ ਸਬੰਧੀ ਵਿਸਤ੍ਰਿਤ ਖੋਜ ਕੀਤੀ ਗਈ ਅਤੇ ਇਸ ਦੇ ਕਾਰਨ, ਲੱਛਣ ਅਤੇ ਇਲਾਜ ਆਦਿ ਬਾਰੇ ਜਾਣਕਾਰੀ ਦਿੱਤੀ ਗਈ। ਸੰਯੁਕਤ ਰਾਜ ਅਮਰੀਕਾ ਅਤੇ ਜਰਮਨੀ ਵਿਚ ਵੀ ਇਸ ਕਿਸਮ ਦੇ ਨਮੂਨੀਏ ਬਾਰੇ ਕਾਫ਼ੀ ਖੋਜ ਕੀਤੀ ਗਈ। ਇਸ ਦੇ ਇਲਾਜ ਲਈ 1933 ਈ. ਵਿਚ ਸਲਫ਼ੋਨਾਮਾਈਡ ਕੰਪਾਊਂਡ ਅਤੇ 1942 ਈ. ਵਿਚ ਪੈਨਸਲੀਨ ਦੀ ਖੋਜ ਕੀਤੀ ਗਈ।

ਕਾਰਨ—ਇਸ ਕਿਸਮ ਦੇ ਨਮੂਨੀਏ ਦੀਆਂ 75 ਵੱਖ-ਵੱਖ ਕਿਸਮਾਂ ਸਬੰਧੀ ਜਾਣਕਾਰੀ ਪ੍ਰਾਪਤ ਕੀਤੀ ਜਾ ਚੁੱਕੀ ਹੈ ਪਰ ਇਨ੍ਹਾਂ ਵਿਚੋਂ 80% ਨਿਊਮੋਕੋਕਲ ਨਮੂਨੀਆ ਲਗਭਗ ਅਠ ਕਿਸਮਾਂ ਕਾਰਨ ਹੀ ਹੁੰਦਾ ਹੈ। ਨਿਊਮੋਕੋਕਾਈ ਫੇਫੜਿਆਂ ਵਿਚ ਸਿੱਧਾ ਅਸਰ ਬਹੁਤ ਘੱਟ ਕਰਦੇ ਹਨ ਅਤੇ ਇਸ ਨਮੂਨੀਏ ਦੇ ਹਰ ਮਰੀਜ਼ ਵਿਚ ਇਹ ਦੇਖਣ ਵਿਚ ਆਇਆ ਹੈ ਕਿ ਪਹਿਲਾਂ ਹੀ ਕਿਸੇ ਕਾਰਨ ਕਰਕੇ ਉਨ੍ਹਾਂ ਦੇ ਫੇਫੜਿਆਂ ਨੂੰ ਲਾਗ ਲੱਗੀ ਹੁੰਦੀ ਹੈ ਜਿਸ ਕਾਰਨ ਉਹ ਨਮੂਨੀਏ ਦੇ ਅਸਰ ਹੇਠ ਜਲਦੀ ਆ ਜਾਂਦੇ ਹਨ। ਸਾਧਾਰਣ ਜ਼ੁਕਾਮ, ਸਰੀਰ ਨੂੰ ਠੰਢ ਲੱਗਣ ਅਤੇ ਕਮਜ਼ੋਰੀ ਆਦਿ ਦੀਆਂ ਹਾਲਤਾਂ ਵਿਚ ਨਮੂਨੀਆ ਜਲਦੀ ਹੋ ਜਾਂਦਾ ਹੈ। ਨਿਊਮੋਕੋਕਾਈ ਪਹਿਲਾਂ ਤੋਂ ਹੀ ਗਲੇ ਵਿਚ ਹੁੰਦੇ ਹਨ ਜਾਂ ਫਿਰ ਬਾਹਰੋਂ ਦਾਖ਼ਲ ਹੋ ਜਾਂਦੇ ਹਨ। ਇਹ ਕਿਸੇ ਰੋਗੀ ਦੇ ਸੰਪਰਕ ਨਾਲ ਵੀ ਸਰੀਰ ਵਿਚ ਦਾਖ਼ਲ ਹੋ ਸਕਦੇ ਹਨ। ਕਈ ਗੰਭੀਰ ਬੀਮਾਰੀਆਂ ਵਿਚ ਸਰੀਰ ਦੀ ਪ੍ਰਤਿਰੋਧ ਸ਼ਕਤੀ ਘੱਟ ਜਾਂਦੀ ਹੈ। ਬੁਢਾਪੇ ਵਿਚ ਜੋ ਨਮੂਨੀਆ ਹੁੰਦਾ ਹੈ ਉਸ ਨੂੰ ਬ੍ਰੌਂਕੋਨਮੂਨੀਆ ਕਿਹਾ ਜਾਂਦਾ ਹੈ।

2. ਪੈਥਾਲੋਜੀ

ਨਿਊਮੋਕੋਕਾਈ ਸਾਹ ਪ੍ਰਣਾਲੀ ਰਾਹੀਂ ਫੇਫੜਿਆਂ ਵਿਚ ਪਹੁੰਚ ਜਾਂਦੇ ਹਨ ਅਤੇ ਸੁਖਾਵੀਂ ਥਾਂ ਲੱਭ ਕੇ ਇਹ ਵਧਣ ਲਈ ਉਥੇ ਹੀ ਟਿਕ ਜਾਂਦੇ ਹਨ। ਇਸ ਲਾਗ ਨਾਲ ਸ਼ੀਘਰ ਹੀ ਸੋਜਸ਼ ਵਧਣ ਲੱਗ ਜਾਂਦੀ ਹੈ। ਪਹਿਲਾਂ ਸਾਹ ਦੀ ਘੁਟਣ ਮਹਿਸੂਸ ਹੁੰਦੀ ਹੈ ਫੇਫੜਿਆਂ ਵਿਚ ਐਲਵੀਓਲਰ ਵਿਥਾਂ ਅੰਦਰ ਫਾਈਬ੍ਰਿਨ ਅਤੇ ਪੌਲੀਮਾੱਰਫ਼ੋ ਨਿਊਕਲੀਅਰ ਲਿਊਕੋਸਾਈਟ ਦੇ ਵਧਣ ਨਾਲ ਘੁਟਣ ਵੱਧ ਜਾਂਦੀ ਹੈ। ਫੇਫੜਿਆਂ ਦਾ ਰਿਸਾਅ ਗਾੜ੍ਹਾ ਅਤੇ ਸਲੇਟੀ ਰੰਗ ਦਾ ਹੋ ਜਾਂਦਾ ਹੈ ਅਤੇ ਸਮਾਂ ਪੈਣ ਨਾਲ ਜਦੋਂ ਬੀਮਾਰੀ ਦੂਰ ਹੋ ਜਾਂਦੀ ਹੈ ਇਹ ਮੁੜ ਆਪਣੇ ਰੰਗ ਵਿਚ ਆ ਜਾਂਦਾ ਹੈ। ਨਿਊਮੋਕੋਕਾਈ ਖ਼ੂਨ ਵਿਚ ਦਾਖਲ ਹੋ ਕੇ ਦਿਲ ਦੇ ਵਾਲਵਾਂ ਉਪਰ ਟਿਕ ਜਾਂਦੇ ਹਨ ਅਤੇ ਦਿਲ ਦੇ ਪਲੀਊਰਾ ਨੂੰ ਲਾਗ ਕਾਰਨ ਐਮਪਾਈਮਾ (Empyema) ਰੋਗ ਹੋ ਸਕਦਾ ਹੈ।

3. ਐਪੀਡੋਮੀਆਲੋਜੀ

ਨਿਊਮੋਕੋਕਲ ਨਮੂਨੀਆ ਛੂਤ ਵਾਲਾ ਹੁੰਦਾ ਹੈ ਪਰ ਰੋਗੀ ਦੀ ਪ੍ਰਤੀਰੋਧਕ ਸ਼ਕਤੀ ਕਾਰਨ ਕਾਫ਼ੀ ਹੱਦ ਤੱਕ ਇਸ ਦੇ ਫੈਲਣ ਤੇ ਰੋਕ ਲਗ ਜਾਂਦੀ ਹੈ। ਸਾਹ ਪ੍ਰਣਾਲੀ ਦੀ ਥੋੜ੍ਹੀ ਜਿਹੀ ਲਾਗ ਨਾਲ ਹੀ ਨਮੂਨੀਆ ਹੋ ਸਕਦਾ ਹੈ। ਆਮ ਤੌਰ ਤੇ ਸਰਦੀ ਰੁੱਤ ਵਿਚ ਇਹ ਬੀਮਾਰੀ ਜ਼ੋਰ ਪਕੜਦੀ ਹੈ ਪਰ ਇਹ ਕਿਸੇ ਵੀ ਰੁੱਤ ਵਿਚ ਹੋ ਸਕਦੀ ਹੈ। ਇਹ ਰੋਗ ਹਰ ਕਿਸਮ ਦੇ ਜਲਵਾਯੂ ਵਾਲੇ ਇਲਾਕਿਆਂ ਵਿਚ ਹੋ ਸਕਦਾ ਹੈ ਪਰ ਸ਼ੀਤ-ਊਸ਼ਣ ਜਲਵਾਯੂ ਵਾਲੇ ਇਲਾਕਿਆਂ ਵਿਚ ਜ਼ਿਆਦਾ ਹੁੰਦਾ ਹੈ। ਹਰ ਜਾਤੀ ਵਿਚ ਇਹ ਰੋਗ ਹੋ ਸਕਦਾ ਹੈ। ਇਸਤਰੀਆਂ ਨਾਲੋਂ ਮਰਦਾਂ ਵਿਚ ਇਹ ਜ਼ਿਆਦਾ ਹੁੰਦਾ ਹੈ ਕਿਉਂਕਿ ਮਰਦ ਵਾਤਾਵਰਣ ਨਾਲ ਬਹੁਤੇ ਸੰਪਰਕ ਵਿਚ ਆਉਂਦੇ ਹਨ।

ਲੱਛਣ—ਇਸ ਕਿਸਮ ਦੇ ਨਮੂਨੀਏ ਦਾ ਤੁਰੰਤ ਪਤਾ ਲੱਗ ਜਾਂਦਾ ਹੈ। ਜ਼ੁਕਾਮ ਤੋਂ ਬਾਅਦ ਇਕਦਮ ਕਾਂਬਾ ਲਗਣਾ, ਛਾਤੀ ਵਿਚ ਦਰਦ, ਤੇਜ਼ ਬੁਖ਼ਾਰ, ਖਾਂਸੀ ਅਤੇ ਗਾੜ੍ਹਾ ਥੁੱਕ ਇਸ ਦੇ ਮੁੱਖ ਲੱਛਣ ਹਨ। ਇਸ ਦੇ ਨਾਲ ਹੀ ਸਿਰ ਦਰਦ, ਉਲਟੀ ਆਉਣਾ, ਸਾਹ ਤੇਜ਼ ਹੋਣਾ, ਸਾਇਆਨੋਸਿਸ, ਟੈਕੀਕਾਰਡੀਆ ਅਤੇ ਹਰਪੀਜ਼ ਆਦਿ ਦੇ ਲੱਛਣ ਵੀ ਨਜ਼ਰ ਆਉਂਦੇ ਹਨ। ਇਲਾਜ ਤੋਂ ਬਿਨ੍ਹਾਂ ਇਸ ਬੀਮਾਰੀ ਦਾ ਦੌਰ ਇਕ ਹਫ਼ਤੇ ਤੱਕ ਰਹਿੰਦਾ ਹੈ। ਛਾਤੀ ਵਿਚ ਦਰਦ ਅਤੇ ਸਾਹ ਦੀ ਘੁਟਣ ਨਾਲ ਇਹ ਬੀਮਾਰੀ ਪਛਾਣੀ ਜਾਂਦੀ ਹੈ। ਜਿਨ੍ਹਾਂ ਮਰੀਜ਼ਾਂ ਵਿਚ ਪਲਿਊਰਾ ਨੂੰ ਲਾਗ ਲਗਦੀ ਹੈ ਉਨ੍ਹਾਂ ਦੇ ਐਕਸ-ਰੇ ਰਾਹੀਂ ਫੇਫੜਿਆਂ ਅੰਦਰ ਤਰਲ ਪਦਾਰਥ ਹੋਣ ਦਾ ਪਤਾ ਲਗ ਜਾਂਦਾ ਹੈ। ਬਹੁਤ ਜ਼ਿਆਦਾ ਗੰਭੀਰ ਹਾਲਤ ਵਿਚ ਟੌਕਸੀਮੀਆ, ਵਧੇਰੀ ਲਾਗ ਅਤੇ ਖ਼ੂਨ ਦਾ ਦੌਰਾ ਬੰਦ ਹੋਣ ਨਾਲ ਮਰੀਜ਼ ਮਰ ਵੀ ਸਕਦਾ ਹੈ। ਮਰੀਜ਼ਾਂ ਨੂੰ ਪੈਨਸਲੀਨ ਅਤੇ ਸਲਫ਼ਾਡਾਇਆਜ਼ੀਨ ਦੇਣ ਨਾਲ 24 ਤੋਂ 48 ਘੰਟੇ ਅੰਦਰ ਇਸ ਬੀਮਾਰੀ ਤੇ ਕਾਬੂ ਪਾਇਆ ਜਾ ਸਕਦਾ ਹੈ। ਜੇਕਰ ਇਸ ਬੀਮਾਰੀ ਦਾ ਇਲਾਜ ਨਾ ਕੀਤਾ ਜਾਵੇ ਤਾਂ ਮੌਤ ਦਰ 30% ਹੋ ਸਕਦੀ ਹੈ ਪਰ ਇਲਾਜ ਹੋ ਜਾਣ ਨਾਲ ਇਹ ਦਰ ਕੇਵਲ 5% ਹੀ ਰਹਿ ਜਾਂਦੀ ਹੈ। ਬੱਚਿਆਂ, ਬੁੱਢਿਆ, ਕਮਜ਼ੋਰ ਮਰੀਜ਼ਾਂ ਅਤੇ ਪੁਰਾਣੀ ਬੀਮਾਰੀ ਵਾਲੇ ਮਰੀਜ਼ਾਂ ਵਿਚ ਇਹ ਘਾਤਕ ਵੀ ਸਿੱਧ ਹੋ ਸਕਦੀ ਹੈ। ਕਿਸੇ ਵੀ ਮਨੁੱਖ ਨੂੰ ਇਕੋ ਕਿਸਮ ਦੇ ਨਿਊਮੋਕੋਕਾਈ ਜਾਂ ਬੈਕਟੀਰੀਆ ਕਾਰਨ ਵਾਰ-ਵਾਰ ਨਮੂਨੀਆ ਹੋ ਸਕਦਾ ਹੈ। ਇਸ ਬੀਮਾਰੀ ਦੇ ਪਿਤਾ ਪੁਰਖੀ ਹੋਣ ਦੇ ਵੀ ਪ੍ਰਮਾਣ ਮਿਲੇ ਹਨ।

ਇਲਾਜ—ਨਮੂਨੀਏ ਦੇ ਇਲਾਜ ਲਈ ਮਰੀਜ਼ ਨੂੰ ਪੈਨਸਲੀਨ ਦਾ ਟੀਕਾ ਲਗਾਇਆ ਜਾਂਦਾ ਹੈ ਜਾਂ ਫਿਰ ਇਹ ਦਵਾਈ ਮੂੰਹ ਰਾਹੀਂ ਦਿੱਤੀ ਜਾਂਦੀ ਹੈ। ਇਹ ਦਵਾਈ ਬੁਖ਼ਾਰ ਉਤਾਰਨ ਦੇ ਕੁਝ ਦਿਨਾਂ ਬਾਅਦ ਤੱਕ ਦੇਣੀ ਜ਼ਰੂਰੀ ਹੈ। ਪੈਨਸਲੀਨ ਉਪਲਬੱਧ ਨਾ ਹੋਣ ਦੀ ਸੂਰਤ ਵਿਚ ਟੈਟ੍ਰਾਸਾਈਕਲੀਨ, ਅੱਰਿਥ੍ਰੋਮਾਈਸੀਨ, ਕਲੋਰੋਐਮ-ਫੈਨੀਕੋਲ ਜਾਂ ਸਲਫ਼ਾਡਾਇਆਜ਼ੀਨ ਦੀ ਵਰਤੋਂ ਕੀਤੀ ਜਾ ਸਕਦੀ ਹੈ। ਬੀਮਾਰੀ ਦੇ ਲੱਛਣ ਪਤਾ ਲਗਣ ਸਾਰ ਹੀ ਦਵਾਈ ਦੇਣਾ ਸ਼ੁਰੂ ਕਰ ਦੇਣਾ ਚਾਹੀਦਾ ਹੈ।

ਬਚਾਅ—ਸਾਹ ਪ੍ਰਣਾਲੀ ਨੂੰ ਛੋਟੀਆਂ ਲਾਗਾਂ ਤੋਂ ਬਚਾਉਣ ਨਾਲ ਕਾਫ਼ੀ ਹੱਦ ਤੱਕ ਨਮੂਨੀਏ ਤੋਂ ਬਚਾਅ ਹੋ ਸਕਦਾ ਹੈ। ਸਹੀ ਢੰਗ ਦੀ ਖ਼ੁਰਾਕ, ਕਸਰਤ ਅਤੇ ਆਰਾਮ ਚੰਗੀ ਸਿਹਤ ਲਈ ਬਹੁਤ ਜ਼ਰੂਰੀ ਹਨ। ਖ਼ਾਸ ਕਿਸਮ ਦੇ ਨਿਊਮੋਕੋਕਲ ਪੌਲੀਸੈਕੇਰਾਈਡਜ਼ ਦੇ ਟੀਕੇ ਵੀ ਬਚਾਅ ਵਿਚ ਮਦਦ ਕਰਦੇ ਹਨ। ਸਾਧਾਰਣ ਜ਼ੁਕਾਮ ਜਾਂ ਠੰਢ ਲਗ ਜਾਣ ਨਾਲ ਇਲਾਜ ਤੁਰੰਤ ਕਰਵਾ ਲੈਣ ਨਾਲ ਵੀ ਨਮੂਨੀਏ ਤੋਂ ਬਚਾਅ ਹੋ ਸਕਦਾ ਹੈ।

4. ਹੀਮੋਲਿਟਿਕ ਸਟ੍ਰੈਪਟੋਕੋਕਲ ਨਮੂਨੀਆ

ਇਹ ਕਿਸਮ ਨਿਊਮੋਕੋਕਲ ਕਿਸਮ ਦੇ ਨਮੂਨੀਏ ਨਾਲੋਂ ਘੱਟ ਪ੍ਰਚਲਿਤ ਹੈ। ਇਹ ਇਨਫਲੂਐਂਜ਼ਾ ਰੋਗ ਦੇ ਵਿਗੜ ਹੋ ਜਾਣ ਨਾਲ ਹੁੰਦਾ ਹੈ। ਇਹ ਏ-ਬੀਟਾ ਹੀਮੋਲਿਟਿਕ ਸਟ੍ਰੈਪਟੋਕੋਕਾਈ ਦੀਆਂ 27 ਤੋਂ ਵੱਧ ਕਿਸਮਾਂ ਕਾਰਨ ਹੁੰਦਾ ਮੰਨਿਆ ਗਿਆ ਹੈ। ਇਹ ਇੱਕਾ ਦੁੱਕਾ ਜਾਂ ਮਹਾਂਮਾਰੀ ਦੇ ਰੂਪ ਵਿਚ ਹੋ ਸਕਦਾ ਹੈ। ਇਸ ਰੋਗ ਵਿਚ ਸਾਹ ਨਾਲੀ ਅਤੇ ਟ੍ਰੇਕੀਆ ਨੂੰ ਬਹੁਤ ਜ਼ਿਆਦਾ ਲਾਗ ਲਗ ਜਾਂਦੀ ਹੈ। ਲਸੀਕਾ ਨਾੜੀਆਂ ਵਿਚ ਸੋਜ ਆ ਜਾਂਦੀ ਹੈ। ਰਿਸਾਅ ਪਤਲਾ ਅੱਤੇ ਖ਼ੂਨ ਵਾਲਾ ਹੁੰਦਾ ਹੈ ਅਤੇ ਪਲੀਊਰਾ ਨੂੰ ਵੀ ਲਾਗ ਲਗ ਜਾਂਦੀ ਹੈ।

ਇਸ ਬੀਮਾਰੀ ਦੇ ਲੱਛਣ ਵਿਸ਼ੇਸ਼ ਨਹੀਂ ਹੁੰਦੇ। ਜ਼ੁਕਾਮ, ਖਾਂਸੀ, ਬੁਖ਼ਾਰ, ਛਾਤੀ ਵਿਚ ਦਰਦ ਅਤੇ ਠੰਢ ਨਾਲ ਕਾਂਬਾ ਲਗਣਾ ਇਸ ਬੀਮਾਰੀ ਦੇ ਸ਼ੁਰੂ ਦੇ ਲੱਛਣ ਹਨ। ਥੁੱਕ ਪਤਲਾ, ਲੇਸਦਾਰ ਅਤੇ ਖ਼ੂਨ ਵਾਲਾ ਹੁੰਦਾ ਹੈ। ਖ਼ੂਨ ਦੇ ਲਿਊਕੋਸਾਈਟ ਸੈੱਲ ਵੱਧ ਜਾਂਦੇ ਹਨ ਪਰ ਬੈਕਟੀਰੀਮੀਆ ਨਹੀਂ ਹੁੰਦਾ। ਐਮਪਾਈਮਾ ਵੀ ਆਮ ਦੇਖਿਆ ਗਿਆ ਹੈ। ਮਰੀਜ਼ ਕਾਫ਼ੀ ਬੀਮਾਰ ਨਜ਼ਰ ਆਉਂਦਾ ਹੈ ਅਤੇ ਸਾਇਆਨੋਸਿਸ ਦੇ ਨਾਲ ਲਹੂ ਗੇੜ ਸਿਸਟਮ ਵੀ ਬੰਦ ਹੋ ਸਕਦਾ ਹੈ। ਇਲਾਜ ਨਾ ਕੀਤੇ ਜਾਣ ਵਾਲੇ ਮਰੀਜ਼ਾਂ ਵਿਚ ਮੌਤ ਦਰ 10% ਤੋਂ 60% ਹੁੰਦੀ ਹੈ।

ਕਿਸੇ ਵੀ ਮਨੁੱਖ ਦੇ ਥੁੱਕ, ਖ਼ੂਨ ਅਤੇ ਰਿਸਾਅ ਦਾ ਨਿਰੀਖਣ ਕਰਨ ਤੇ ਇਸ ਬੀਮਾਰੀ ਸਬੰਧੀ ਪਤਾ ਲਗਾਇਆ ਜਾ ਸਕਦਾ ਹੈ। ਖ਼ੂਨ ਵਿਚ ਪ੍ਰੈਮੀਪਿਟਿਨ, ਐਂਟੀਸਟ੍ਰੈਪਟੋਲਾਈਸਿਨ ਅਤੇ ਐਂਟੀ-ਫਾਈਬ੍ਰਿਨੋ-ਲਾਈਸਿਨ ਦੇ ਮੌਜੂਦ ਹੋਣ ਨਾਲ ਵੀ ਇਸ ਬੀਮਾਰੀ ਦਾ ਪਤਾ ਲਗ ਸਕਦਾ ਹੈ। ਐੱਕਸ-ਰੇ ਕਰਵਾਉਣ ਨਾਲ ਰੋਗ-ਗ੍ਰਸਤ ਖੇਤਰਾਂ ਦਾ ਅਤੇ ਫੇਫੜਿਆਂ ਵਿਚ ਇਸ ਬੀਮਾਰੀ ਦੇ ਅਸਰ ਦਾ ਪਤਾ ਲਗ ਜਾਂਦਾ ਹੈ। ਇਸ ਦੇ ਇਲਾਜ ਲਈ ਪੈਨਸਲੀਨ ਬਹੁਤ ਜ਼ਿਆਦਾ ਮਾਤਰਾ ਵਿਚ ਦਿੱਤੀ ਜਾਂਦੀ ਹੈ ਅਤੇ ਸਲਫ਼ਾਡਾਇਆਜ਼ੀਨ ਘੱਟ ਅਸਰ ਕਰਦੀ ਹੈ। ਜੇਕਰ ਪਲੀਊਰਾ ਨੂੰ ਲਾਗ ਬਹੁਤ ਜ਼ਿਆਦਾ ਹੋਵੇ ਅਤੇ ਐਮਪਾਈਮਾ ਵੀ ਹੋਵੇ ਤਾਂ ਫੇਫੜਿਆਂ ਦੀਆਂ ਖੋੜਾਂ ਵਿਚ ਪੈਨਸਲੀਨ ਟੀਕੇ ਰਾਹੀਂ ਲਗਾਈ ਜਾਂਦੀ ਹੈ। ਲੱਛਣ ਅਨੁਸਾਰ ਬਾਕੀ ਇਲਾਜ ਹੋਰ ਨਮੂਨੀਏ ਦੀਆਂ ਕਿਸਮਾਂ ਵਾਂਗ ਹੀ ਹੁੰਦਾ ਹੈ।

5. ਸਟੈਫੀਲੋਕੋਕਲ ਨਮੂਨੀਆ

ਸਟੈਫੀਲੋਕੋਕਸ ਸਾਹ-ਨਲੀ ਵਿਚ ਵਿਸ਼ਾਣੂ ਲਾਗਾਂ ਕਾਰਨ ਲਾਗ ਪੈਦਾ ਕਰਦੇ ਹਨ। ਇਹ ਕਿਸਮ ਵੀ ਇੱਕਾ-ਦੁੱਕਾ ਜਾਂ ਮਹਾਂਮਾਰੀ ਦੇ ਰੂਪ ਵਿਚ ਹੋ ਸਕਦੀ ਹੈ। ਸੰਨ 1918 ਅਤੇ 1957 ਵਿਚ ਇਨਫਲੂਐਂਜ਼ਾ ਦੀ ਮਹਾਂਮਾਰੀ ਦੌਰਾਨ ਇਸ ਕਿਸਮ ਦਾ ਨਮੂਨੀਆ ਕਾਫ਼ੀ ਮਿਕਦਾਰ ਵਿਚ ਹੋਇਆ। ਐਂਟੀਬਾਇਓਟਿਕਸ ਦੀ ਹਦੋਂ ਵੱਧ ਵਰਤੋਂ ਕਾਰਨ ਅੱਜਕੱਲ੍ਹ ਇਹ ਨਮੂਨੀਆ ਆਮ ਵੇਖਣ ਵਿਚ ਆਉਂਦਾ ਹੈ। ਹੋਰ ਬੀਮਾਰੀਆਂ ਦੇ ਇਲਾਜ ਲਈ ਵਰਤੇ ਜਾਂਦੇ ਕਾਰੱਟੀਕੋਸਟੀਰਾੱਇਡ ਅਤੇ ਰੇਡੀਏਸ਼ਨ ਥੈਰਪੀ ਸਰੀਰ ਦੀ ਪ੍ਰਤਿਰੋਧ ਸ਼ਕਤੀ ਨੂੰ ਘਟਾ ਦਿੰਦੇ ਹਨ ਅਤੇ ਨਤੀਜੇ ਵਜੋਂ ਸਟੈਫ਼ੀਲੋਕੋਕਾਈ ਦਾ ਅਸਰ ਛੇਤੀ ਹੋ ਸਕਦਾ ਹੈ। ਫੇਫੜਿਆਂ ਵਿਚ ਦਾਖ਼ਲ ਹੋਣ ਤੋਂ ਬਾਅਦ ਇਹ ਫੇਫੜਿਆਂ ਦੇ ਕਈ ਹਿੱਸਿਆਂ ਇਹ ਸੋਜਸ਼ ਪੈਦਾ ਕਰ ਦਿੰਦੇ ਹਨ। ਸਮਾਂ ਪੈਣ ਨਾਲ ਛੋਟੇ ਛੋਟੇ ਛਾਲੇ ਬਣ ਜਾਂਦੇ ਹਨ ਜੋ ਥੋੜ੍ਹੀ ਦੇਰ ਬਾਅਦ ਖ਼ਤਮ ਹੋ ਜਾਂਦੇ ਹਨ।

ਇਸ ਬੀਮਾਰੀ ਦੇ ਲੱਛਣ ਹੌਲੀ ਹੌਲੀ ਸ਼ੁਰੂ ਹੁੰਦੇ ਹਨ। ਇਸ ਵਿਚ ਤੇਜ਼ ਬੁਖ਼ਾਰ, ਕਾਂਬਾ, ਪਸੀਨਾ ਆਉਣਾ, ਖਾਂਸੀ, ਸਾਇ-ਆਨੋਸਿਸ, ਥਕਾਵਟ, ਪੀਕ ਭਰਿਆ ਥੁੱਕ ਆਦਿ ਆਮ ਦੇਖੇ ਗਏ ਹਨ। ਲਿਊਕੋਸਾਈਟ ਸੈੱਲ ਖ਼ੂਨ ਵਿਚ ਵੱਧ ਜਾਂਦੇ ਹਨ ਅਤੇ ਕਈ ਵਾਰ ਬੈਕਟੀਰੀਮੀਆ ਵੀ ਹੋ ਜਾਂਦਾ ਹੈ। ਜਦੋਂ ਛਾਲੇ ਬਣ ਜਾਂਦੇ ਹਨ ਅਤੇ ਉਨ੍ਹਾਂ ਵਿਚੋਂ ਰਿਸਾਅ ਨਿਕਲਦਾ ਹੈ ਤਾਂ ਥੁੱਕ ਵਧੇਰੀ ਮਾਤਰਾ ਵਿਚ ਮੂੰਹ ਵਿਚ ਆਉਂਦਾ ਹੈ। ਇਸ ਕਿਸਮ ਵਿਚ ਮੌਤ ਦਰ 70% ਹੁੰਦੀ ਹੈ। ਇਸ ਬੀਮਾਰੀ ਦਾ ਪਤਾ ਥੁੱਕ ਅਤੇ ਖ਼ੂਨ ਦੀ ਜਾਂਚ ਕਰਕੇ ਅਤੇ ਐੱਕਸ-ਰੇ ਰਾਹੀਂ ਲਾਇਆ ਜਾਂਦਾ ਹੈ। ਇਲਾਜ ਲਈ ਪੈਨਸਲੀਨ, ਨੋਵੋਬਾਇਓਸੀਨ ਵੈਂਕੋਮਾਈਸੀਨ ਆਦਿ ਵਧੇਰੇ ਮਾਤਰਾ ਵਿਚ ਵਰਤੇ ਜਾਂਦੇ ਹਨ।

5. ਕਲੇਪਜ਼ੀਲਰ (Klebsiellar) ਨਮੂਨੀਆ

ਇਹ ਕਿਸਮ ਆਮ ਤੌਰ ਤੇ ਕਮਜ਼ੋਰ ਅਤੇ ਬਿਰਧ ਵਿਅਕ-ਤੀਆਂ ਵਿਚ ਹੁੰਦੀ ਹੈ। ਇਸ ਬੀਮਾਰੀ ਦਾ ਦੌਰ ਲੰਬਾ ਹੁੰਦਾ ਹੈ ਅਤੇ ਰੁਕ-ਰੁਕ ਕੇ ਬੁਖ਼ਾਰ ਚੜ੍ਹਦਾ ਹੈ। ਕਈ ਵਾਰ ਛਾਲੇ ਵੀ ਬਣ ਜਾਂਦੇ ਹਨ ਪਰ ਘੁਟਣ ਘੱਟ ਹੁੰਦੀ ਹੈ। ਥੁੱਕ ਵਿਚ ਖ਼ੂਨ, ਲੇਸਦਾਰ ਪੀਕ ਅਤੇ ਕੋਕੋਬੈਸੀਲਾਈ ਮੌਜੂਦ ਹੁੰਦੇ ਹਨ। ਇਸ ਦੀ ਫ਼ੇਫੜਿਆਂ ਵਿਚ ਲਾਗ ਤਪਦਿਕ ਵਾਂਗ ਹੁੰਦੀ ਹੈ। ਕਮਜ਼ੋਰ ਵਿਅਕਤੀਆਂ ਵਿਚ ਹੋਣ ਕਾਰਨ ਇਸ ਬੀਮਾਰੀ ਦੀ ਮੌਤ ਦਰ 50% ਤੋਂ 70% ਹੈ। ਇਲਾਜ ਲਈ ਐਂਟੀਬਾਇਓਟਿਕਸ ਦਿੱਤੀਆਂ ਜਾਂਦੀਆਂ ਹਨ।

6. ਵਿਸ਼ਾਣੂ ਨਮੂਨੀਆ

ਸੰਨ 1920 ਤਕ ਬੈਕਟੀਰੀਆ ਤੋਂ ਉਤਪੰਨ ਹੋਏ ਨਮੂਨੀਏ ਦੀਆਂ ਕਿਸਮਾਂ ਦੀ ਹੀ ਖੋਜ ਕੀਤੀ ਗਈ ਅਤੇ ਵਿਸ਼ਾਣੂਆਂ ਤੋਂ ਇਸ ਦੀ ਉਤਪਤੀ ਬਾਅਦ ਵਿਚ ਪਤਾ ਲਗੀ। ਸੰਨ 1918 ਵਿਚ ਇਨਫਲੂਐਂਜ਼ਾ ਦੀ ਮਹਾਂਮਾਰੀ ਵਿਚ ਰੋਗੀਆਂ ਦੀ ਜਾਂਚ ਅਤੇ ਬੈਕਟੀਰੀਆ ਦਾ ਫੇਫੜਿਆਂ ਵਿਚ ਨਾ ਹੋਣਾ ਅਤੇ ਤਜ਼ਰਬੇ ਵਜੋਂ ਵਿਸ਼ਾਣੂਆਂ ਨਾਲ ਜਾਨਵਰਾਂ ਵਿਚ ਨਮੂਨੀਏ ਦਾ ਹੋ ਜਾਣਾ ਆਦਿ ਇਸ ਕਿਸਮ ਦੇ ਨਮੂਨੀਏ ਦਾ ਪ੍ਰਮਾਣ ਹਨ। ਸੰਨ 1920 ਤੋਂ 1938 ਵਿਚਕਾਰ ਯੂਰਪੀ ਅਤੇ ਅਮਰੀਕਨ ਸਾਇੰਸਦਾਨਾਂ ਨੇ ਸਾਹ ਨਲੀ ਵਿਚ ਬਹੁਤ ਥੋੜ੍ਹੀ ਲਾਗ ਵਾਲੇ ਮਰੀਜ਼ਾਂ ਵਿਚ ਵੀ ਨਮੂਨੀਆ ਰੋਗ ਦਾ ਹੋਣਾ ਸਿੱਧ ਕੀਤਾ। ਸੰਨ 1938 ਵਿਚ ਹੱਾਬਰਟ ਏ. ਰੀਮਨ ਨੇ ਵਿਸ਼ਾਣੂ ਨਮੂਨੀਏ ਦੇ ਪ੍ਰਤੱਖ ਪ੍ਰਮਾਣ ਦਿੱਤੇ। ਬੈਡਸੋਨੀਆ ਅਤੇ ਮਾਈਕੋਪਲਾਜ਼ਮਾ ਜੋ ਪੂਰਣ ਵਿਸ਼ਾਣੂ ਨਹੀਂ ਹੁੰਦੇ ਵੀ ਇਹ ਵੀ ਬੀਮਾਰੀ ਉਤਪੰਨ ਕਰਦੇ ਹਨ। ਆਮ ਤੌਰ ਤੇ ਬੈਕਟੀਰੀਆ ਨਾਲੋਂ ਵਿਸ਼ਾਣੂਆਂ ਕਾਰਨ ਨਮੂਨੀਆ ਵਧੇਰੇ ਹੁੰਦਾ ਹੈ।

ਇਸ ਦੇ ਲੱਛਣ ਵੀ ਹੋਰ ਕਿਸਮਾਂ ਵਾਂਗ ਹੀ ਹਨ। ਸਿਰ ਦਰਦ, ਖਾਂਸੀ, ਖੁਸ਼ਕ ਗਲਾ, ਪਸੀਨਾ ਆਉਣਾ, ਕਾਂਬਾ ਲਗਣਾ ਅਤੇ ਰੁਕ-ਰੁਕ ਕੇ ਬੁਖ਼ਾਰ ਚੜ੍ਹਨਾ ਇਸ ਬੀਮਾਰੀ ਦੇ ਮੁਢਲੇ ਲੱਛਣ ਹਨ। ਐੱਕਸ-ਰੇ ਨਾਲ ਫੇਫੜਿਆਂ ਵਿਚ ਲਾਗ ਦੀ ਮਾਤਰਾ ਦਾ ਪਤਾ

ਲਗਾਇਆ ਜਾਂਦਾ ਹੈ। ਬਾਅਦ ਵਿਚ ਮਰੀਜ਼ ਸੁਸਤ ਹੋ ਜਾਂਦਾ ਹੈ ਅਤੇ ਸਾਹ ਦੀ ਆਵਾਜ਼ ਆਉਣ ਲਗ ਜਾਂਦੀ ਹੈ। ਲਿਊਕੋਸਾਈਟ ਸੈੱਲਾਂ ਦੀ ਗਿਣਤੀ ਖ਼ੂਨ ਵਿਚ ਵੱਧ ਜਾਂਦੀ ਹੈ। ਮੌਤ ਦਰ ਬਹੁਤ ਘੱਟ, ਲਗਭਗ 1% ਹੁੰਦਾ ਹੈ। ਖ਼ੂਨ ਅਤੇ ਥੁੱਕ ਤੋਂ ਇਸ ਬੀਮਾਰੀ ਦੀ ਜਾਂਚ ਹੋ ਜਾਂਦੀ ਹੈ। ਇਸ ਕਿਸਮ ਵਿਚ ਐਂਟੀਬਾਇਓਟਿਕਸ ਅਸਰ ਨਹੀਂ ਕਰਦੇ ਅਤੇ ਸਿਰ ਦਰਦ, ਖਾਂਸੀ ਅਤੇ ਸਰੀਰ ਵਿਚ ਦਰਦ ਲਈ ਆਮ ਦਵਾਈਆਂ ਹੀ ਵਰਤੀਆਂ ਜਾਂਦੀਆਂ ਹਨ।

ਤਪਦਿਕ, ਟੁਲੇਰੀਮੀਆ, ਪਲੇਗ, ਸਿਫ਼ਿਲਿਸ, ਗਠੀਏ ਦਾ ਬੁਖ਼ਾਰ, ਐਸਕੇਰੀਐਸਸ ਆਦਿ ਬੀਮਾਰੀਆਂ ਕਾਰਨ ਵੀ ਫੇਫੜਿਆਂ ਵਿਚ ਲਾਗ ਲਗਣ ਨਾਲ ਨਮੂਨੀਆ ਹੋ ਸਕਦਾ ਹੈ।

ਹ. ਪੁ.— ਐਨ. ਬ੍ਰਿ. 18 : 80; ਮੈ. ਹੈ. ਐਨ. 4 : 1049

ਨਮੂਬੇਨ, ਜੌਰਡੈਨ ਕੁਸ਼ : ਇਸ ਜ਼ੁਲੂ ਭਾਸ਼ਾ ਦੇ ਨਾਵਲਕਾਰ, ਵਿਦਵਾਨ ਅਤੇ ਦੱਖਣੀ ਅਫ਼ਰੀਕਾ ਦੇ ਕਈ ਪ੍ਰਸਿੱਧ ਅਖ਼ਬਾਰਾਂ ਦੇ ਸੰਪਾਦਕ ਦਾ ਜਨਮ 15 ਨਵੰਬਰ, 1917 ਨੂੰ ਨਟਾਲ ਵਿਚ ਲੇਡੀਸਮਿਥ ਵਿਖੇ ਹੋਇਆ।

ਵਿਦਿਆ ਪ੍ਰਾਪਤੀ ਤੋਂ ਮਗਰੋਂ 1962 ਈ. ਵਿਚ ਇਹ ਆਪਣੇ ਪਰਿਵਾਰ ਸਮੇਤ ਸਵਾਜ਼ੀਲੈਂਡ ਆ ਗਿਆ ਜਿਥੇ ਇਸ ਨੇ ਖੇਤੀ ਕਰਨੀ ਸ਼ੁਰੂ ਕੀਤੀ। ਇਹ ਕਦੇ-ਕਦੇ ਲਿਖਦਾ ਵੀ ਰਹਿੰਦਾ ਸੀ। ਸੰਨ 1969 ਵਿਚ ਇਹ ਸੰਯੁਕਤ ਰਾਜ ਅਮਰੀਕਾ ਵਿਚ ਹੱਵਰਡ ਯੂਨੀਵਰਸਿਟੀ ਵਿਖੇ ਅਧਿਆਪਕ ਲਗ ਗਿਆ। ਸੰਨ 1980 ਵਿਚ ਜਦੋਂ ਇਹ ਆਪਣੇ ਇਲਾਕੇ ਜ਼ੁਲੂ ਵਿਚ ਵਾਪਸ ਪਰਤਿਆ ਤਾਂ ਇਸ ਨੂੰ ਸੂਚਨਾ ਮੰਤਰੀ ਬਣਾਇਆ ਗਿਆ।

ਨਮੂਬੇਨ ਦਾ ਜ਼ੁਲੂ ਭਾਸ਼ਾ ਵਿਚ ਲਿਖਿਆ ਨਾਵਲ 'Uvalo Lwezinhlonzi' (1957) ਬਹੁਤ ਪ੍ਰਸਿੱਧ ਹੋਇਆ। ਸੰਨ 1962 ਤੋਂ 1967 ਤੱਕ ਇਸ ਨਾਵਲ ਉੱਤੇ ਰੋਕ ਵੀ ਲੱਗੀ ਰਹੀ ਸੀ। 'ਐਨ ਅਫ਼ਰੀਕਨ, ਐਕਸਪਲੇਨਜ਼ ਅਪਾਰਥੀਡ', ਅਤੇ 'ਕਨਫਲਿਕਟ ਆੱਫ਼ ਮਾਈਂਡਜ਼' ਇਸ ਦੀਆਂ ਵਾਰਤਕ ਰਚਨਾਵਾਂ ਹਨ। ਸੰਨ 1973 ਵਿਚ ਇਸ ਦਾ ਅੰਗਰੇਜ਼ੀ ਨਾਵਲ 'ਉਸ਼ਾਬਾ, ਦੀ ਹਰਟਲ ਟੂ ਬਲੱਡ ਰਿਵਰ' ਪ੍ਰਕਾਸ਼ਤ ਹੋਇਆ। ਇਸ ਨੇ ਅਮਰੀਕਾ ਅਤੇ ਦੱਖਣੀ ਅਫ਼ਰੀਕਾ ਵਿਚ ਨਸਲੀ ਸਮੱਸਿਆਵਾਂ ਦੀਆਂ ਸਮਾਨਤਾਵਾਂ ਅਤੇ ਅਸਮਾਨਤਾਵਾਂ ਸਬੰਧੀ ਵੀ ਭਰਪੂਰ ਖੋਜ ਕੀਤੀ ਹੈ।

ਹ. ਪੁ.- ਐਨ. ਬ੍ਰਿ. ਮਾ. 8 : 668

ਨਯਮਿਰਿਰਯਿਚ-ਡਾੱਨਚੇਕਾ ਵਲਾਦੀਮੀਰ ਆ-ਈਵਾਨੋਵਿਚ : ਰੂਸ ਦੇ ਇਸ ਨਾਟਕਕਾਰ, ਨਾਵਲਕਾਰ, ਨਿਰਮਾਤਾ ਅਤੇ ਮਾਸਕੋ ਆਰਟ ਥੀਏਟਰ ਦੇ ਪ੍ਰਸਿੱਧ ਸਹਿ-ਸੰਚਾਲਕ ਦਾ ਜਨਮ 23 ਦਸੰਬਰ, 1943 ਨੂੰ ਮਾਖਾਰੇਡਜ਼ ਵਿਖੇ ਹੋਇਆ। ਨਯਮਿਰਿਰਯਿਚ ਨੇ 13 ਸਾਲ ਦੀ ਉਮਰ ਤੋਂ ਹੀ ਨਾਟਕਾਂ ਦਾ ਨਿਰਦੇਸ਼ਨ ਸ਼ੁਰੂ ਕਰਨ ਉਪਰੰਤ ਸਟੇਜ ਦੇ ਵੱਖ-ਵੱਖ ਪੱਖਾਂ ਉੱਤੇ ਤਜਰਬੇ ਕੀਤੇ ਅਤੇ ਇਸ ਸਬੰਧੀ ਇਸ ਨੇ ਮਾਸਕੋ ਸਟੇਟ ਯੂਨੀਵਰਸਿਟੀ ਤੋਂ ਸਿਖਿਆ ਪ੍ਰਾਪਤ ਕੀਤੀ। ਇਥੇ ਹੀ ਇਸ ਦੀ ਲੇਖਕ ਅਤੇ ਆਲੋਚਕ ਵਜੋਂ ਪ੍ਰਤਿਭਾ ਉਭਰ ਕੇ ਸਾਹਮਣੇ ਆਈ। ਇਸ ਦੇ ਜਵਾਨੀ ਸਮੇਂ ਲਿਖੇ ਨਾਟਕਾਂ ਦੀ ਅਜੇ ਵੀ ਮਾਸਕੋ ਦੇ ਮੇਲੀ ਥੀਏਟਰ ਵਿਚ ਬੜਾ ਆਦਰ ਤੇ ਪ੍ਰਸ਼ੰਸਾ ਹੁੰਦੀ ਹੈ। ਨਾਟਕਕਾਰ ਦੇ ਤੌਰ ਤੇ ਇਸ ਨੇ ਦੋ ਇਨਾਮ ਪ੍ਰਾਪਤ ਕੀਤੇ ਜਿਨ੍ਹਾਂ ਵਿਚੋਂ ਇਕ ਗਰਯੀਬਯੇਫ ਦਾ ਇਨਾਮ ਹੈ। ਇਹ 1891 ਈ. ਵਿਚ ਮਾਸਕੋ ਫਿਲਨਾਮਿਕ ਸੁਸਾਇਟੀ (ਮਾਸਕੋ ਸੰਗੀਤ-ਪ੍ਰੇਮੀ ਸੁਸਾਇਟੀ) ਦਾ ਇਨਸਟਰੱਕਟਰ ਬਣਿਆ। ਇਕ ਅਧਿਆਪਕ ਦੇ ਰੂਪ ਵਿਚ ਇਸ ਨੇ ਥੀਏਟਰ ਸਬੰਧੀ ਵਿਚਾਰਾਂ ਦੀ ਵਿਆਖਿਆ ਕਰਦਿਆਂ ਨਾਟਕ ਸਬੰਧੀ ਅਭਿਆਸ ਕਰਨ ਤੇ ਜ਼ੋਰ ਦਿੱਤਾ ਅਤੇ ਕਾਨਸਟਨਟਿਨ ਸਟਨਯਿਸ-ਲਾਫਸਕੀ ਦੀਆਂ ਕਾਰਜ ਵਿਧੀਆਂ ਦਾ ਵੀ ਪ੍ਰਚਾਰ ਕੀਤਾ। ਸੰਨ 1920 ਵਿਚ ਇਸ ਨੇ ਮਾਸਕੋ ਆਰਟ ਮਿਊਜ਼ੀਕਲ ਸਟੂਡੀਓ ਦੀ ਸਥਾਪਨਾ ਕੀਤੀ ਅਤੇ ਨਿਊਯਾਰਕ ਸ਼ਹਿਰ ਵਿਚ ਆਪਣੇ ਨਾਟਕਾਂ 'ਲਾ-ਪੈਰੀਕੋਲ' ਅਤੇ 'ਲਾਈਸਿਸਟ੍ਰਾਟਾ' ਨੂੰ ਪੇਸ਼ ਕਰਕੇ ਵਿਸ਼ੇਸ਼ ਸਫਲਤਾ ਪ੍ਰਾਪਤ ਕੀਤੀ। ਸੰਨ 1936 ਵਿਚ ਆਪਣੀ ਸਵੈ-ਜੀਵਨੀ 'ਮਾਈ ਲਾਈਫ਼ ਇਨ ਦਾ ਰਸ਼ੀਅਨ ਥੀਏਟਰ' ਦਾ ਅਨੁਵਾਦ ਕੀਤਾ।

25 ਅਪਰੈਲ, 1943 ਨੂੰ ਮਾਸਕੋ ਵਿਖੇ ਇਸ ਦਾ ਦੇਹਾਂਤ ਹੋ ਗਿਆ।

ਹ. ਪੁ.—ਐਨ. ਬ੍ਰਿ. ਮਾ. 7 : 250; ਐਨ. ਬ੍ਰਿ. 16. 279; ਐਨ. ਅਮੈ. 20 : 92

ਨਯਿਕਾਲਯੈਫ਼ਸਕ-ਨਾ-ਆਮੁਰਾ : ਇਹ ਰੂਸ ਦੇ ਖਾਬਰੋਵਸਕ ਖੇਤਰ ਦਾ ਇਕ ਸ਼ਹਿਰ ਅਤੇ ਬੰਦਰਗਾਹ ਹੈ ਜਿਹੜਾ ਅਮੂਰ ਦਰਿਆ ਦੇ ਮੁਹਾਣੇ ਦੇ ਉੱਤਰੀ ਪਾਸੇ ਵੱਲ ਸਥਿਤ ਹੈ। ਇਹ ਸ਼ਹਿਰ 1850 ਈ. ਵਿਚ ਸਥਾਪਿਤ ਕੀਤਾ ਗਿਆ। ਇਸ ਤੋਂ ਕੁਝ ਸਾਲ ਮਗਰੋਂ ਇਸ ਸ਼ਹਿਰ ਦੇ ਪੂਰਬ ਵੱਲ ਰੂਸ ਦੇ ਲੋਕ ਆਬਾਦ ਹੋ ਗਏ ਸਨ। ਇਸ ਸ਼ਹਿਰ ਦੇ ਦੱਖਣ ਵੱਲ ਲ. 483 ਕਿ. ਮੀ. (300 ਮੀਲ) ਦੂਰ ਸਾਵਤ ਸਕਾਈਯਾ ਗਾਵਨ ਨਾਂ ਦਾ ਇਕ ਸੈਨਿਕ ਅੱਡਾ ਬਣਾਇਆ ਗਿਆ ਜਿਸ ਕਰਕੇ ਇਸ ਬੰਦਰਗਾਹ ਦੀ ਮਹੱਤਤਾ ਘੱਟ ਗਈ। ਇਸ ਸੈਨਿਕ ਅੱਡੇ ਵਿਚ ਅੰਦਰੂਨੀ ਰੇਲ ਸੰਚਾਰ ਪ੍ਰਣਾਲੀ ਉਪਲਬਧ ਹੈ। ਨਯਿਕਾਲਯੈਫਸ਼ਕ ਵਿਖੇ ਸਮੁੰਦਰ ਰਾਹੀਂ ਜਹਾਜ਼ਾਂ ਦੀ ਆਵਾਜਾਈ ਹੁੰਦੀ ਹੈ। ਸ਼ਹਿਰ ਵਿਚ ਜਹਾਜ਼ਸਾਜ਼ੀ ਦਾ ਕੰਮ ਵੀ ਹੁੰਦਾ ਹੈ ਅਤੇ ਇਥੇ ਜਹਾਜ਼ ਮੁਰੰਮਤ ਵੀ ਕੀਤੇ ਜਾਂਦੇ ਹਨ। ਇਥੋਂ ਦੇ ਹੋਰ ਉਦਯੋਗਾਂ ਵਿਚ ਫਰਨੀਚਰ ਤਿਆਰ ਕਰਨਾ, ਇੱਟਾਂ ਅਤੇ ਮਿਠਾਈ ਵੀ ਤਿਆਰ ਕੀਤੀ ਜਾਂਦੀ ਹੈ। ਇਥੇ ਬੀਅਰ ਤਿਆਰ ਕਰਨ ਦੇ ਉਦਯੋਗ ਵੀ ਹਨ। ਸ਼ਹਿਰ ਦੇ ਨੇੜੇ ਹੀ ਕੱਚੇ ਲੋਹੇ ਦੀਆਂ ਖਾਣਾਂ ਹਨ। ਇਥੋਂ ਹੀ ਕੋਮੋਸੋਮੋਲਸਕ-ਆਨ ਅਮੂਰ ਦੀ ਸਟੀਲ ਮਿੱਲ ਵਿਚ ਕੱਚੀ ਧਾਤ ਭੇਜੀ ਜਾਂਦੀ ਹੈ। ਨਯਿਕਾਲਯੈਫ਼ਸਕ ਵਿਖੇ ਸਥਾਨਕ ਹਵਾਈ ਸੇਵਾ ਵੀ ਉਪਲਬਧ ਹੈ।

ਹ. ਪੁ.—ਐਨ. ਬ੍ਰਿ. 16 : 515

ਨਯੀ ਸੁਰ-ਸੇਨ : ਇਹ ਫਰਾਂਸ ਵਿਖੇ ਪੈਰਿਸ ਦਾ ਉੱਤਰ-ਪਛੱਮੀ ਉਪਨਗਰ ਹੈ ਜਿਹੜਾ ਸੇਨ ਦਰਿਆ ਦੇ ਸੱਜੇ ਕੰਢੇ ਉੱਤੇ ਵਾਕਿਆ ਹੈ। ਇਹ ਨੱਟਰਡੇਮ ਉਪਨਗਰ ਤੋਂ 8 ਕਿ. ਮੀ. ਦੂਰ ਸਥਿਤ ਹੈ ਅਤੇ ਇਸ ਦੇ ਦੋਵਾਂ ਪਾਸਿਆਂ ਵੱਲ ਐਵੇਨਿਊ ਡੇ ਨਦੀ ਸਥਿਤ ਹੈ। ਇਹ ਸ਼ਹਿਰ ਮੁੱਖ ਤੌਰ ਤੇ ਰਿਹਾਇਸ਼ ਲਈ ਬਣਿਆ ਹੈ ਅਤੇ ਸਾਬਕਾ ਰਿਆਸਤਾਂ ਵਿਚ ਇਹ ਖੁੱਲੀਆਂ ਥਾਵਾਂ ਅਤੇ ਵੱਡੇ ਖੇਤਰਫਲ ਵਜੋਂ ਮਹੱਤਵਪੂਰਨ ਰਿਹਾ ਹੈ। ਵਰਤਮਾਨ ਵੱਡਾ ਦਫਤਰ ਸ਼ੈਤੋ ਡੇ ਵੀਲੈਰਜ਼ ਦੀ ਥਾਂ ਤੇ ਕੰਮ ਕਰਦਾ ਹੈ। ਸ਼ੈਤੋ ਡੇ ਵੀਲੈਰਜ਼ ਦੀ ਥਾਂ ਤੇ ਕੰਮ ਕਰਦਾ ਹੈ। ਸ਼ੈਤੋ ਤੇ ਨਵੀ ਲੂਈਸ ਫਿਲਿਪ ਪਹਿਲੇ ਦੀ ਮਨਭਾਉਂਦੀ ਰਿਹਾਇਸ਼ ਸੀ ਜਿਸ ਨੂੰ 1848 ਈ. ਵਿਚ ਹੋਏ ਦੰਗਿਆਂ ਵਿਚ ਜਲਾ ਦਿੱਤਾ ਸੀ। ਇਥੇ ਕੁਝ ਹਸਪਤਾਲ ਅਤੇ ਕਲੀਨਕਾਂ ਵੀ ਹਨ। ਇਥੇ ਅਤਰ, ਕੈਮੀਕਲ, ਦਵਾਈਆਂ, ਪਲਾਸਟਿਕ ਦਾ ਸਾਮਾਨ, ਆਟੋਮੋਬਾਈਲ ਪੁਰਜੇ, ਬਿਜਲੀ ਦੀ ਫ਼ੀਟਿੰਗ ਦਾ ਸਾਮਾਨ ਅਤੇ ਜਹਾਜ਼ਾਂ ਦੇ ਬਾਹਰੀ ਹਿੱਸੇ ਤਿਆਰ ਕੀਤੇ ਜਾਂਦੇ ਹਨ।

ਆਬਾਦੀ—61,768 (1990)

ਹ. ਪੁ.—ਐਨ. ਬ੍ਰਿ. 16 : 287; ਐਨ. ਬ੍ਰਿ. ਮਾ. 7 : 275

ਨਯੀ ਦੀ ਸੰਧੀ : ਇਹ ਪਹਿਲੇ ਸੰਸਾਰ ਯੁੱਧ ਤੋਂ ਪ੍ਰਿੱਛੋਂ ਬੁਲਗਾਰੀਆ ਤੇ ਉਸ ਦੇ ਮਿੱਤਰ ਦੇਸ਼ਾਂ ਅਤੇ ਦੂਜੇ ਸਹਿਯੋਗੀਆਂ ਵਿਚਕਾਰ ਹੋਈ ਇਕ ਸੰਧੀ ਹੈ। 27 ਨਵੰਬਰ, 1919 ਨੂੰ ਪੈਰਿਸ ਦੇ ਬਾਹਰਵਾਰ ਨਯੀ ਵਿਖੇ ਬੁਲਗਾਰੀਆ ਦੇ ਪ੍ਰਧਾਨ ਮੰਤਰੀ ਅਲਿ-ਗਜੈਂਡਰ ਸਟੇਮ ਬੋਲਸੀਕੀ ਨੇ ਇਸ ਸੰਧੀ ਉੱਤੇ ਦਸਤਖ਼ਤ ਕੀਤੇ ਅਤੇ 9 ਅਗਸਤ, 1920 ਨੂੰ ਇਹ ਸੰਧੀ ਲਾਗੂ ਹੋ ਗਈ।

ਇਲਾਕਾਈ ਤੌਰ ਤੇ ਬੁਲਗਾਰੀਆ ਨੇ ਆਪਣੀਆਂ ਪੱਛਮੀ ਸਰਹੱਦਾਂ ਸਰਬਾਂ, ਕਰੋਸਾਂ ਅਤੇ ਸਲੋਵੈਨਸਾਂ ਨੂੰ ਦਿੱਤੀਆਂ ਜਿਹੜੀਆਂ ਯੂਗੋਸਲਾਵੀਆ ਦਾ ਭਵਿੱਖ ਹੈ। ਇਸ ਵਿਚ ਨਿਮਿਨ-ਲਿਖਤ ਇਲਾਕੇ ਸ਼ਾਮਲ ਸਨ :—

(1) ਵੀਡਿਨ ਪ੍ਰਾਂਤ ਦਾ ਉੱਤਰ-ਪੱਛਮੀ ਇਲਾਕਾ,

(2) ਟਰਾਸਰਿਬਰੋਡ ਸ਼ਹਿਰ ਦੇ ਨੇੜੇ ਦੇ ਇਲਾਕੇ ਅਤੇ ਬੁਲਗਾਰੀਆ ਵੱਲ ਨਿਸ਼ ਅਤੇ ਪੀਰੋਟ ਸ਼ਹਿਰਾਂ ਦਾ ਇਲਾਕਾ।

(3) ਸੋਫੀ ਪ੍ਰਾਂਤ ਦਾ ਪੱਛਮੀ ਭਾਗ ਅਤੇ ਡਰੈਗੋ ਵਿਸ਼-ਤੀਸਤਾ ਘਾਟੀ ਦਾ ਉਪਰਲਾ ਹਿੱਸਾ।

(4) ਸਤਰੁਮੀਤਮਾ ਘਾਟੀ ਦਾ ਅੱਧਾ ਪੱਛਮੀ ਹਿੱਸਾ ਆਦਿ। ਸੰਨ 1913 ਵਿਚ ਹੋਈ ਸੰਧੀ ਦੁਆਰਾ ਬੁਲਗਾਰੀਆ ਨੇ ਇਸ ਨੂੰ ਪ੍ਰਾਪਤ ਕਰ ਲਿਆ। ਬੁਲਗਾਰੀਆ ਨੂੰ ਦੱਖਣ ਵਿਚ ਹਾਨੀ ਹੋਈ। ਇਸ ਨੁਕਸਾਨ ਵਿਚ ਰੋਡੋਪ ਦਾ ਦੱਖਣ-ਪੱਛਮ ਦਾ ਥੋੜ੍ਹਾ ਇਲਾਕਾ ਹੀ ਨਹੀਂ ਸਗੋਂ ਥਰੇਸ ਦਾ ਪੱਛਮੀ ਇਲਾਕਾ ਵੀ ਯੂਨਾਨ ਨੂੰ ਦੇਣਾ ਪਿਆ। ਇਸ ਸੰਧੀ ਦਾ ਬੁਲਗਾਰੀਆ ਨੂੰ ਇਹ ਫਾਇਦਾ ਹੋਇਆ ਕਿ ਇਸ ਦਾ ਖੁੱਸਿਆ ਹੋਇਆ ਇਲਾਕਾ ਵਾਪਸ ਮਿਲ ਗਿਆ। ਪਹਿਲੇ ਸੰਸਾਰ ਯੁੱਧ ਵਿਚ ਬੁਲਗਾਰੀਆ ਨੇ ਆਪਣੇ 3,00,000 ਲੋਕ ਗੁਆ ਲਏ ਜਿਨ੍ਹਾਂ ਵਿਚੋਂ ਕੁਝ ਬੁਲਗਾਰੀਆ ਦੇ ਲੋਕ ਨਹੀਂ ਸਨ।

ਬੁਲਗਾਰੀਆ ਨੂੰ 20,000 ਫ਼ੌਜ ਰੱਖਣ ਦੀ ਇਜਾਜ਼ਤ ਦਿੱਤੀ ਗਈ ਜਿਸ ਵਿਚ 10,000 ਸਿਪਾਹੀ ਅਤੇ 3,000 ਸੁਰੱਖਿਆ ਗਾਰਡ ਸ਼ਾਮਲ ਹਨ। ਇਸ ਲਈ ਉਸ ਨੂੰ ਕੁੱਲ 33,000 ਤੋਂ ਵੱਧ ਸਿਪਾਹੀ ਰੱਖਣ ਦੀ ਆਗਿਆ ਨਹੀਂ ਸੀ।

ਇਸ ਸੰਧੀ ਦੀ ਇਕ (ਕਲਾਜ਼) ਖੰਡ ਅਨੁਸਾਰ ਪਹਿਲੇ ਸੰਸਾਰ ਯੁੱਧ ਤੋਂ ਪਿੱਛੋਂ ਪ੍ਰਭਾਵਤ ਖੇਤਰ ਵਿਚ ਸ਼ਾਂਤੀ ਕਾਇਮ ਕਰਨ ਲਈ ਪ੍ਰਸਤਾਵ ਰੱਖਿਆ ਗਿਆ।

ਇਸ ਸੰਧੀ ਵਿਚ ਬੁਲਗਾਰੀਆ ਦੇ ਤਜਾਰਤੀ ਬੇੜੇ ਨੂੰ ਵੰਡਣ ਬਾਰੇ ਕੋਈ ਗੱਲਬਾਤ ਨਾ ਹੋਈ। ਬੁਲਗਾਰੀਆ ਨੂੰ 2,250,000,000 ਮੂਲ ਦੇ ਸੋਨੇ ਦੇ ਸਿੱਕੇ (ਗੋਲਡਨ ਫਰਾਂਕ) ਇਕੋ ਵਾਰੀ ਦੇਣ ਲਈ ਕਿਹਾ ਗਿਆ। ਫਰਾਂਸ, ਬਰਤਾਨੀਆ ਅਤੇ ਇਟਲੀ ਦੇ ਪ੍ਰਤੀਨਿਧਾਂ ਦਾ ਇਕ ਕਮਿਸ਼ਨ ਬਣਾਇਆ ਗਿਆ ਜਿਸ ਨੂੰ ਇਹ ਅਧਿਕਾਰ ਦਿੱਤਾ ਗਿਆ ਕਿ ਉਹ ਦਿੱਤੀ ਜਾਣ ਵਾਲੀ ਰਕਮ ਵਿਚੋਂ ਕੁਝ ਰਕਮ ਘਟਾ ਦੇਵੇ ਅਤੇ ਕਮਿਸ਼ਨ ਨੇ ਕੁੱਲ ਰਕਮ ਵਿਚੋ 75% ਰਕਮ ਦੀ ਛੋਟ ਦੇ ਦਿੱਤੀ ਅਤੇ ਬਾਕੀ ਦੀ 550, 000, 000 ਰਕਮ ਨੂੰ 60 ਸਾਲਾਂ ਵਿਚ ਮੋੜਨ ਲਈ ਕਿਹਾ ਤਾਂ ਕਿ ਨਿਊ ਬੁਲਗਾਰੀਆ ਸਥਾਪਿਤ ਹੋ ਸਕੇ।

ਹ. ਪੁ.—ਐਨ. ਬ੍ਰਿ. 16: 287; ਐਨ. ਬ੍ਰਿ. ਮਾ. 7 : 275

ਨਯੂਸ਼ਾਟੈੱਲ : ਇਹ ਪੱਛਮੀ ਸਵਿਟਜ਼ਰਲੈਂਡ ਦਾ ਇਕ ਕੈਨਟਨ ਹੈ ਜਿਸ ਦੀਆਂ ਹੱਦਾਂ ਉੱਤਰ-ਪੱਛਮ ਵੱਲ ਫਰਾਂਸ; ਦੱਖਣ-ਪੂਰਬ ਵੱਲ ਨਯੂਸ਼ਾਟੈੱਲ ਝੀਲ; ਉੱਤਰ-ਪੂਰਬ ਵੱਲ ਬਰਨ ਕੈਨਟਨ ਅਤੇ ਦੱਖਣ-ਪੱਛਮ ਵੱਲ ਹੈ ਵੋ (Vand) ਕੈਨਟਨਾਂ ਨਾਲ ਲਗਦੀਆਂ ਹਨ। ਇਸ ਦਾ ਕੁੱਲ ਖੇਤਰਫਲ 800 ਵ. ਕਿ.ਮੀ. (309 ਵ. ਮੀਲ) ਅਤੇ ਆਬਾਦੀ 1,62,458 (1991) ਹੈ। ਇਸੇ ਹੀ ਨਾਂ ਦਾ ਸ਼ਹਿਰ ਇਥੇ ਦੀ ਰਾਜਧਾਨੀ ਹੈ। ਭੂਗੋਲਿਕ ਪੱਖ ਤੋਂ ਇਸ ਨੂੰ ਤਿੰਨ ਹਿੱਸਿਆਂ ਵਿਚ ਵੰਡਿਆ ਗਿਆ ਹੈ।

(1) ਨਯੂਸ਼ਾਟੈੱਲ ਝੀਲ ਦੇ ਨਾਲ ਨਾਲ ਫੈਲੀ ਪੱਟੀ ਜਿਸ ਨੂੰ ਲੀ ਵਿਗਨੋਬਲ ਵੀ ਕਿਹਾ ਜਾਂਦਾ ਹੈ। ਇਹ ਨਾਂ ਇਥੇ ਮਿਲਣ ਵਾਲੀਆਂ ਅੰਗੂਰ ਦੀਆਂ ਵੇਲਾਂ ਤੋਂ ਰੱਖਿਆ ਗਿਆ ਹੈ।

(2) ਲੈਸ ਵੈਲੀਜ਼ ਦਾ ਵਿਚਕਾਰਲਾ ਖੇਤਰ

(3) ਲੈਸ ਮਾਨਟੈਗਨਸ ਨਯੂਸ਼ਾਟਲਸਸ ਦਾ ਖੇਤਰ ਜਿਸ ਦੀ ਉਚਾਈ 9,00 ਤੋਂ 1050 ਮੀ. (3,000-3,500 ਫੁੱਟ) ਤੱਕ ਹੈ। ਇਸ ਖੇਤਰ ਵਿਚ ਲਾ-ਸੋਡ-ਆਫ਼ (La-Shode-e-bon), ਲਲਾ ਕਲ ਲਾ ਸਗਨ ਅਤੇ ਲਾ ਬਰੀਵਿਨ ਵਰਗੇ ਉਦਯੋਗਿਕ ਕੇਂਦਰ ਸਥਾਪਿਤ ਹਨ।

ਗਿਆਰ੍ਹਵੀਂ ਸਦੀ ਵਿਚ ਇਹ ਖੇਤਰ ਬਰਗੰਡੀ ਖੇਤਰ ਨਾਲ ਸੰਬੰਧਤ ਰਿਹਾ ਪਰੰਤੂ ਫਿਰ ਹੌਲੀ ਰੋਮਨ ਇੰਪਾਇਰ ਦਾ ਹਿੱਸਾ ਬਣ ਗਿਆ। ਸੰਨ 1373 ਵਿਚ ਇਹ ਇਲਾਕਾ ਵਰਤਮਾਨ ਕੈਨਟਨ ਵਿਚ ਸ਼ਾਮਲ ਕੀਤਾ ਗਿਆ। ਸੰਨ 1504 ਵਿਚ ਫਰਾਂਸ ਦੇ ਉਰਲੇਨ-ਲੋਗੇਲ ਨੇ ਇਸ ਨੂੰ ਜਿੱਤ ਲਿਆ ਅਤੇ 1532 ਈ. ਵਿਚ ਇਹ ਇਕ ਰਿਆਸਤ ਬਣ ਗਿਆ। ਸੰਨ 1806 ਵਿਚ ਪਰਥੀਆ ਫਰਾਂਸ ਨੂੰ ਸੌਂਪ ਦਿੱਤਾ ਗਿਆ ਅਤੇ ਫਿਰ ਨੈਪੋਲੀਅਨ ਨੇ ਇਸ ਕੈਨਟਨ ਨੂੰ ਮਾਰਸ਼ਲ ਲੂਈਸ ਅਲੈਗਜੈਂਡਰ ਬੈਰਥੀਅਰ ਨੂੰ ਦੇ ਦਿੱਤਾ। ਸੰਨ 1819 ਤੋਂ ਇਹ ਪ੍ਰਸ਼ੀਆ ਨੂੰ ਵਾਪਸ ਕਰ ਦਿੱਤਾ ਅਤੇ 1815 ਈ. ਵਿਚ ਇਸ ਨੂੰ ਸਵਿਸ ਕਨਫੈਡਰੇਸ਼ਨ ਵਿਚ ਮਿਲਾ ਦਿੱਤਾ ਗਿਆ। ਸੰਨ 1857 ਤੋਂ ਇਹ ਪ੍ਰਸ਼ੀਆ ਦਾ ਹਿੱਸਾ ਬਣਿਆ ਹੋਇਆ ਹੈ।

ਇਸ ਕੈਨਟਨ ਦੇ ਲੋਕ ਜ਼ਿਆਦਾ ਕਰਕੇ ਫਰਾਂਸੀਸੀ ਭਾਸ਼ਾ ਬੋਲਦੇ ਹਨ। ਇਸ ਕੈਨਟਨ ਦੀ ਕੁੱਲ ਆਬਾਦੀ ਦਾ ਦੋ ਤਿਹਾਈ ਹਿੱਸਾ ਪ੍ਰੋਟੇਸਟੈਂਟ ਅਤੇ ਇਕ ਤਿਹਾਈ ਹਿੱਸਾ ਕੈਥੋਲਿਕ ਧਰਮ ਦੇ ਲੋਕ ਹਨ। ਲੀ ਵਿਗਨੋਬਲ ਖੇਤਰ ਵਿਚ ਫਲਾਂ ਦੇ ਬਾਗ ਹਨ। ਇਥੋਂ ਦੀਆਂ ਘਾਟੀਆ ਵਿਚ ਪਸ਼ੂਆਂ ਦੇ ਚਰਨ ਲਈ ਚਰਗਾਹਾਂ ਵੀ ਹਨ। ਲੁੱਕ ਬਣਾਉਣਾ ਇਥੋਂ ਦਾ ਬਹੁਤ ਕੀਮਤੀ ਖਣਿਜ ਹੈ। ਇਥੇ ਘੜੀਆਂ ਬਣਾਉਣ ਦੇ ਉਦਯੋਗ ਵੀ ਹਨ।

ਹ. ਪੁ.- ਐਨ. ਅਮੈ. 20 : 130 ; ਐਨ. ਬ੍ਰਿ. 16 : 286; ਐਨ. ਬ੍ਰਿ. ਮਾ. 5 : 273

ਨਯੂਵਲੇ : ਕੇਂਦਰੀ ਚਿੱਲੀ ਦਾ ਇਕ ਪ੍ਰਾਂਤ ਹੈ ਜਿਹੜਾ ਕਿ 13,95. ਵ. ਕਿ. ਮੀ. (5,387 ਵ. ਮੀਲ.) ਖੇਤਰ ਵਿਚ ਫੈਲਿਆ ਹੋਇਆ ਹੈ। ਇਸ ਦੇ ਪੱਛਮ ਵਿਚ ਸਾਂਤ ਮਹਾਂਸਾਗਰ ਅਤੇ ਪੂਰਬ ਵਿਚ ਅਰਜਨਟੀਨਾ ਹੈ। ਇਸ ਪ੍ਰਾਂਤ ਦੀ ਸਥਾਪਨਾ 1848 ਈ. ਵਿਚ ਹੋਈ। ਇਸ ਵਿਚ ਤੱਟਵਰਤੀ ਪਹਾੜੀ ਲੜੀ, ਕੇਂਦਰੀ ਵਾਦੀ ਅਤੇ ਐਂਡੀਅਨ ਕਾਰਡੀਲੀਐਰਾ ਪਰਬਤ ਲੜੀਆਂ ਵੀ ਸ਼ਾਮਲ ਹਨ। ਚੀਯਨ ਇਸ ਪ੍ਰਾਂਤ ਦਾ ਸਦਰ ਮੁਕਾਮ ਹੈ ਜਿਸ ਦੀ ਬੁਨਿਆਦ 1580 ਈ. ਵਿਚ ਰੱਖੀ ਗਈ ਸੀ।

ਇਥੇ ਅੰਗੂਰ, ਕਣਕ, ਫਲ, ਖਾਣ ਵਾਲੀਆਂ ਫਲੀਆਂ ਆਦਿ

ਦੀ ਖੇਤੀ ਕੀਤੀ ਜਾਂਦੀ ਹੈ। ਇਥੇ ਖਾਣ ਵਾਲੀਆਂ ਚੀਜਾਂ ਦੀ ਪ੍ਰਾਸੈਸਿੰਗ, ਜੁੱਤੀਆਂ ਬਣਾਉਣ, ਗੋਲੀਆਂ ਤਿਆਰ ਕਰਨ, ਚਮੜਾ ਰੰਗਣ ਦੇ ਉਦਯੋਗ ਵਿਕਸਿਤ ਹਨ। ਸੰਨ 1939 ਵਿਚ ਇਕ ਜਬਰਦਸਤ ਭੂਚਾਲ ਆਉਣ ਕਰਕੇ ਇਸ ਖੇਤਰ ਦਾ ਭਾਰੀ ਨੁਕਸਾਨ ਹੋਇਆ। ਇਮਾਰਤਾਂ ਅਤੇ ਸੁੰਦਰ ਗਿਰਜੇ ਨਵੇਂ ਸਿਰਿਉਂ ਉਸਾਰੇ ਗਏ ਹਨ। ਇਥੋਂ ਦਾ ਖੁੱਲ੍ਹਾ ਬਾਜ਼ਾਰ ਸਾਰੀ ਚਿੱਲੀ ਵਿਚ ਇਕ ਸੁੰਦਰ ਅਤੇ ਦਿਲਕਸ਼ ਜਗ੍ਹਾ ਹੈ। ਪੈਨ-ਅਮੈਰੀਕਨ ਹਾਈਵੇ ਅਤੇ ਮੁੱਖ ਉੱਤਰ-ਦੱਖਣੀ ਰੇਲ ਸੇਵਾ ਕੇਂਦਰੀ ਘਾਟੀ ਵਿਚੋਂ ਗੁਜਰਦੀਆਂ ਹਨ। ਬੀਚ ਉੱਤੇ ਬਣੀਆਂ ਸੈਰਗਾਹਾਂ ਅਤੇ ਚਿੱਲੀ ਦੇ ਜਵਾਲਾਮੁਖੀ ਦੇ ਨਜਦੀਕ ਬਣੀਆਂ ਰਿਹਾਇਸ਼ ਗਾਹਾਂ ਸੈਲਾਨੀਆਂ ਕਈ ਖਿੱਚ ਦਾ ਕੇਂਦਰ ਹਨ।

ਹ. ਪੁ.– ਐਨ. ਬ੍ਰਿ. 16: 691; ਐਨ. ਬ੍ਰਿ. ਮਾ. 7 : 431

ਨਰਸਾਪੁਰ : ਇਹ ਭਾਰਤ ਦੇ ਆਂਧਰਾ ਪ੍ਰਦੇਸ਼ ਰਾਜ ਦੇ ਪੱਛਮੀ ਗੋਦਾਵਰੀ ਜ਼ਿਲ੍ਹੇ ਵਿਚ ਗੋਦਾਵਰੀ ਨਦੀ ਦੇ ਵਸ਼ਿਸ਼ਟ ਨਾਉਂ ਦੇ ਮੁਹਾਣੇ ਅਤੇ ਗੋਦਾਵਰੀ ਦੇ ਡੈਲਟਾਈ ਪ੍ਰਦੇਸ਼ ਵਿਚ ਏਲੂਰੂ ਸ਼ਹਿਰ ਤੋਂ 72 ਕਿ. ਮੀ. ਪੂਰਬ-ਦੱਖਣ-ਪੂਰਬ ਵੱਲ ਸਥਿਤ ਇਕ ਪ੍ਰਸਿੱਧ ਸ਼ਹਿਰ ਹੈ। ਇਥੇ ਕਈ ਸ਼ੈਲਰ ਹਨ। ਨਾਰੀਅਲ, ਗੰਨਾ, ਤਮਾਕੂ ਆਦਿ ਦਾ ਵਪਾਰ ਹੁੰਦਾ ਹੈ। ਸੰਨ 1759 ਵਿਚ ਇਹ ਅੰਗਰੇਜ਼ਾਂ ਦੇ ਅਧਿਕਾਰ ਹੇਠ ਸੀ। ਇਸ ਦੇ ਨੇੜੇ ਹੀ 10 ਕਿ. ਮੀ. ਦੀ ਦੂਰੀ ਤੇ ਪੱਛਮ-ਦੱਖਣ-ਪੱਛਮ ਵੱਲ ਸਥਿਤ ਮਾਗਲਟੱਰੂ ਪਿੰਡ ਵਿਚ ਲੂਣ ਦਾ ਉਤਪਾਦਨ ਹੁੰਦਾ ਹੈ।

ਆਬਾਦੀ- 56, 362 (1991)

16° 26′ ਉ. ਵਿਥ.; 81° 42′ ਪੂ. ਲੰਬ.

ਹ. ਪੁ.—ਹਿੰ. ਵਿ.ਕੋ. 6 :247; ਇੰਪ. ਗ. ਇੰਡ. 18 : 372

ਨਰਸਾਰਾਓਪੇਟ : ਇਹ ਭਾਰਤ ਦੇ ਆਂਧਰਾ ਪ੍ਰਦੇਸ਼ ਰਾਜ ਵਿਚ ਗੰਟੂਰ ਜ਼ਿਲ੍ਹੇ ਦਾ ਪ੍ਰਸਿੱਧ ਸ਼ਹਿਰ ਹੈ ਜੋ ਗੰਟੂਰ ਤੋਂ 42 ਕਿ. ਮੀ. ਪੱਛਮ ਵੱਲ ਵਾਕਿਆ ਹੈ। ਖੇਤੀ ਉਤਪਾਦਨ ਦਾ ਵਪਾਰਕ ਕੇਂਦਰ ਹੈ। ਇਥੇ ਕਈ ਸ਼ੈਲਰ ਹਨ। ਇਸ ਤੋਂ ਇਲਾਵਾ ਇਥੇ ਤੇਲ ਕੱਢਣ ਅਤੇ ਕਪਾਹ ਤੋਂ ਵੜੇਵੇਂ ਦਾ ਕੰਮ ਵੀ ਹੁੰਦਾ ਹੈ। ਇਥੇ ਕਪਾਹ ਦੇ ਉਤਪਾਦਨ ਨਾਲ ਸਬੰਧਤ ਖੋਜ ਕੇਂਦਰ ਅਤੇ ਖੇਤੀ ਫਾਰਮ ਵੀ ਹੈ। ਇਸ ਸ਼ਹਿਰ ਵਿਚ ਕਈ ਪੁਰਾਣੇ ਮੰਦਰ ਹਨ। ਸ਼ਹਿਰ ਦੇ ਨੇੜੇ ਕੋਟਪਕੋਂਡਾ ਵਿਖੇ ਇਕ ਪ੍ਰਸਿੱਧ ਧਰਮ ਅਸਥਾਨ ਹੈ ਜਿਥੇ ਫ਼ਰਵਰੀ ਵਿਚ ਏਕਮ ਦੇ ਚੰਨ ਸਬੰਧੀ ਲਗਦੇ ਮੇਲੇ ਉੱਤੇ ਭਾਰੀ ਮਾਤਰਾ ਵਿਚ ਹਿੰਦੂ ਇਕੱਤਰ ਹੁੰਦੇ ਹਨ।

ਆਬਾਦੀ- 88,726 (1991)

16° 15′ ਉ. ਵਿਥ.; 80° 4′ ਪੂ. ਲੰਬ.

ਹ. ਪੁ.—ਹਿੰ. ਵਿ. ਕੋ. 6 : 247

ਨਰਸਿੰਗ : ਮਨੁੱਖੀ ਜਾਤੀ ਦੀ ਸਭ ਤੋਂ ਵੱਡੀ ਸੇਵਾ ਲੋੜਵੰਦ ਇਨਸਾਨਾਂ ਦੀ ਦੇਖਭਾਲ ਹੈ। ਬੱਚਾ, ਬੁੱਢਾ ਅਤੇ ਜਵਾਨ ਇਨਸਾਨ ਕਿਸੇ ਵੀ ਸਮੇਂ ਸੇਵਾ ਅਤੇ ਦੇਖਭਾਲ ਕਰਾਉਣ ਲਈ ਲੋੜਵੰਦ ਹੋ ਸਕਦਾ ਹੈ। ਬੀਮਾਰ, ਅਪਾਹਜ ਅਤੇ ਵਡੇਰੀ ਉਮਰ ਵਾਲੇ ਮਨੁੱਖਾਂ ਨੂੰ ਅਕਸਰ ਸੇਵਾ ਦੀ ਲੋੜ ਹੁੰਦੀ ਹੈ। ਇਹ ਸੇਵਾ ਤੰਦਰੁਸਤ ਇਨਸਾਨ ਹੀ ਕਰ ਸਕਦੇ ਹਨ। ਸਰੀਰਕ ਅਤੇ ਮਾਨਸਿਕ ਤੌਰ ਤੇ ਦੇਖਭਾਲ ਹੀ ਨਰਸਿੰਗ ਦਾ ਅਸਲੀ ਧਰਮ ਹੈ। ਡਾਕਟਰ ਵਲੋਂ ਨਿਸ਼ਚਿਤ ਇਲਾਜ, ਸਿਹਤ ਠੀਕ ਰੱਖਣਾ ਅਤੇ ਰੋਗਾਂ ਤੋਂ ਬਚਾਅ ਕਰਨਾ ਆਦਿ ਨਰਸਿੰਗ ਦੇ ਹੀ ਰੂਪ ਹਨ।

ਇਤਿਹਾਸ—ਆਧੁਨਿਕ ਨਰਸਿੰਗ 1860 ਈ. ਵਿਚ ਫਲੌਰੈਂਸ ਨਾਈਟਿੰਗੇਲ ਦੇ ਸਕੂਲ ਸਥਾਪਿਤ ਕਰਨ ਤੋਂ ਸ਼ੁਰੂ ਹੋਈ ਜਿਸ ਦਾ ਨਾਂ ਸੇਂਟ ਥਾਮਸ ਹਸਪਤਾਲ, ਲੰਡਨ ਵਿਚ ਉਸ ਦੇ ਨਾਂ ਉਪਰ ਹੀ ਰਖਿਆ ਗਿਆ। ਲਿੰਡਾ ਰਿਚਰਡਜ਼ ਜੋ ਅਮਰੀਕਾ ਦੀ ਸਭ ਤੋਂ ਪਹਿਲੀ ਸਿਖਲਾਈ ਪ੍ਰਾਪਤ ਨਰਸ ਸੀ, ਨੇ 1872 ਈ. ਵਿਚ ਮੈਸਾਚੂਸੈਟੱਸ ਰਾਜ ਦੇ ਬੱਸਟਨ ਵਿਖੇ ਸਥਾਪਿਤ "ਨਿਊ ਇੰਗਲੈਂਡ ਹਾਸਪਿਟਲ ਫਾਰ ਵਿਮੈਨ ਐਂਡ ਚਿਲਡਰਨ" ਤੋਂ ਪੜ੍ਹਾਈ ਮੁਕੰਮਲ ਕੀਤੀ। ਸੰਨ 1873 ਵਿਚ ਨਾਈਟਿੰਗੇਲ ਦੀ ਰੂਪ ਰੇਖਾ ਦੇ ਆਧਾਰ ਉਪਰ ਤਿੰਨ ਸਿਖਲਾਈ ਸਕੂਲ ਖੋਲ੍ਹੇ ਗਏ ਜਿਸ ਨਾਲ ਸੰਯੁਕਤ ਰਾਜ ਵਿਚ ਨਰਸਿੰਗ ਸਿਖਲਾਈ ਦਾ ਮੁੱਢ ਬੱਝਾ। ਇਹ ਤਿੰਨ ਸਕੂਲ ਹਨ—ਨਿਊਯਾਰਕ ਬੈਲੀਵਿਊ ਹਸਪਤਾਲ ਵਿਖੇ ਬੈਲੀਵਿਊ, ਨਿਊ ਹੇਵਨ ਦੇ ਨਿਊ ਹੇਵਨ ਹਸਪਤਾਲ ਵਿਖੇ ਕਨੈਕਟੀਕਟ ਅਤੇ ਤੀਜਾ ਬੱਸਟਨ ਜੋ ਹੁਣ ਬੱਸਟਨ ਦੇ ਮੈਸਾਚੂਸੈਟੱਸ ਜਨਰਲ ਹਸਪਤਾਲ ਸਕੂਲ ਵਜੋਂ ਪ੍ਰਸਿੱਧ ਹੈ। ਆਮ ਤੌਰ ਤੇ ਦੋ ਤਰ੍ਹਾਂ ਦੀਆਂ ਨਰਸਾਂ ਨੂੰ ਮਾਨਤਾ ਪ੍ਰਾਪਤ ਹੁੰਦੀ ਹੈ ਇਕ ਰਜਿਸਟਰਡ ਨਰਸ ਜਿਸ ਨੂੰ ਪੇਸ਼ਾਵਰ ਨਰਸ ਕਿਹਾ ਜਾਂਦਾ ਹੈ ਅਤੇ ਦੂਸਰੀ ਲਾਇਸੈਂਸ ਪ੍ਰਾਪਤ ਵਿਹਾਰਕ ਨਰਸ। ਨਰਸਿੰਗ ਦੇ ਪ੍ਰਵਾਨਿਤ ਸਕੂਲ ਤੋਂ ਗ੍ਰੈਜੂਏਸ਼ਨ ਪ੍ਰਾਪਤ ਕਰਨ ਉਪਰੰਤ ਇਕ ਲਿਖਤੀ ਇਮਤਿਹਾਨ ਪਾਸ ਕਰਨਾ ਜ਼ਰੂਰੀ ਹੈ ਜਿਸ ਤੋਂ ਬਾਅਦ ਹੀ ਨਰਸ ਨੂੰ ਕਾਨੂੰਨੀ ਤੌਰ ਤੇ ਮਾਨਤਾ ਪ੍ਰਾਪਤ ਹੁੰਦੀ ਹੈ। ਸੰਯੁਕਤ ਰਾਜ ਅਮਰੀਕਾ ਵਿਚ ਸ਼ੁਰੂ ਤੋਂ ਹੀ ਇਹ ਕਿੱਤਾ ਔਰਤਾਂ ਲਈ ਹੀ ਮੰਨਿਆ ਜਾਂਦਾ ਹੈ। ਰਜਿਸਟਰਡ ਨਰਸਾਂ ਵਿਚ ਲਗਭਗ 2.4% ਗਿਣਤੀ ਮਰਦਾਂ ਦੀ ਹੈ ਜੋ ਘੱਟ ਗਿਣਤੀ ਹੋਣ ਦੇ ਬਾਵਜੂਦ ਮਹੱਤਵਪੂਰਨ ਜ਼ਿੰਮੇਵਾਰੀ ਨਿਭਾਅ ਰਹੇ ਹਨ। ਸਿਖਿਆ ਦੇ ਬਦਲਦੇ ਖੇਤਰ ਵਿਚ ਔਰਤਾਂ ਲਈ ਵਧ ਰਹੀਆਂ ਸਿਖਿਆ ਸਹੂਲਤਾਂ, ਔਰਤਾਂ ਦਾ ਸਮਾਜ ਵਿਚ ਉੱਚਾ ਸਥਾਨ, ਵਧੇਰੇ ਤਕਨੀਕੀ ਸਮਾਜਕ ਅਤੇ ਨਿਰਣਾਤਮਕ ਨਿਪੁੰਨਤਾ ਦੀ ਮੰਗ ਨਰਸਿੰਗ ਦੇ ਕਿੱਤੇ ਦੀ ਮਹੱਤਤਾ ਨੂੰ ਦਰਸਾਉਂਦੀ ਹੈ। ਅਜੋਕੀ ਪੇਸ਼ਾਵਰ ਨਰਸਿੰਗ ਸਿੱਖਿਆ ਹੌਲੀ ਹੌਲੀ ਹੋਰ ਕਿੱਤਿਆਂ ਦੇ ਸਿਖਿਆ ਢੰਗਾਂ ਨੂੰ ਅਪਨਾ ਰਹੀ ਹੈ। ਪੂਰਬੀ ਅਤੇ ਪੱਛਮੀ ਦੇਸ਼ਾਂ ਦੀਆਂ ਸੱਭਿਆਤਾਵਾਂ ਵਿਚ ਫਰਕ ਕਾਰਨ ਨਰਸਿੰਗ ਦਾ ਵਿਕਾਸ ਇਕੋ ਜਿਹਾ ਨਹੀਂ ਹੈ। ਅਮਰੀਕਾ ਵਿਚ ਇਹ ਕਿੱਤਾ ਸੰਗਠਿਤ ਰਿਹਾ ਹੈ। ਸੰਨ 1896 ਵਿਚ ਬਣੀ ਅਮਰੀਕਨ ਨਰਸਿਜ਼ ਐਸੋਸੀਏਸ਼ਨ ਨਰਸਾਂ ਲਈ ਰੋਜ਼ਗਾਰ ਸਬੰਧੀ ਅਤੇ ਨਰਸਾਂ ਦੇ ਕੰਮ ਵਿਚ ਸੁਧਾਰ ਸਬੰਧੀ ਕੰਮ ਕਰਦੀ ਹੈ। ਇਹ ਸੰਸਥਾ 1899 ਈ. ਵਿਚ ਸਥਾਪਿਤ ਇੰਟਰਨੈਸ਼ਨਲ ਕੌਂਸਿਲ ਆਫ਼ ਨਰਸਿਜ਼ ਦੀ ਮੈਂਬਰ ਸੀ ਜੋ ਵਿਸ਼ਵ ਭਰ ਵਿਚ ਬੀਮਾਰਾਂ ਦੀ ਸੇਵਾ ਸਬੰਧੀ ਸੁਧਾਰਾਂ ਵਿਚ ਯੋਗਦਾਨ ਪਾਉਂਦੀ ਸੀ। ਸੰਨ 1952 ਵਿਚ ਨੈਸ਼ਨਲ ਲੀਗ ਆਫ਼ ਨਰਸਿੰਗ ਐਜੂਕੇਸ਼ਨ (1893), ਨੈਸ਼ਨਲ ਆੱਰਗੇਨਾਈਜ਼ੇਸ਼ਨ ਫਾਰ ਪਬਲਿਕ ਹੈਲਥ ਨਰਸਿਜ (1912) ਅਤੇ ਐਸੋਸੀਏਸ਼ਨ ਆਫ਼ ਕਾਲਜੀਏਟ ਸਕੂਲਜ਼ ਆਫ਼ ਨਰਸਿੰਗ (1935) ਨੇ ਮਿਲ ਕੇ ਇਕ ਸਾਂਝੀ ਨੈਸ਼ਨਲ ਲੀਗ ਫਾਰ ਨਰਸਿੰਗ ਦਾ ਸੰਗਠਨ ਕੀਤਾ। ਇਸ ਲੀਗ ਅਧੀਨ ਹਰ ਤਰ੍ਹਾਂ ਦੀਆਂ ਨਰਸਾਂ ਅਤੇ ਸੇਵਾ ਸਬੰਧੀ ਕੰਮ ਕਰਨ ਵਾਲੇ ਅਦਾਰੇ ਸ਼ਾਮਲ ਹਨ। ਇਹ ਸਭ ਨਰਸਿੰਗ ਸੇਵਾਵਾਂ ਦੇ ਸੁਧਾਰ ਅਤੇ ਵਿਕਾਸ ਲਈ ਕੰਮ ਕਰਦੇ ਸਨ।

ਸਕੂਲ ਦੀਆਂ ਕਿਸਮਾਂ—ਨਰਸਾਂ ਲਈ ਤਿੰਨ ਤਰਾਂ ਦੇ ਆਰੰਭਕ ਸਕੂਲ ਹਨ। ਹਸਪਤਾਲ ਵਲੋਂ ਆਯੋਜਿਤ 3 ਸਾਲ ਦਾ ਕੋਰਸ ਜਾਂ ਡਿਪਲੋਮਾ ਕੋਰਸ ਜਾਂ 2 ਸਾਲ ਦਾ ਡਿਗਰੀ ਕੋਰਸ ਜਿਸ ਅਧੀਨ ਨਰਸਾਂ ਨੂੰ ਤਕਨੀਕੀ ਪੱਧਰ ਤੇ ਸਿਖਲਾਈ ਦਿੱਤੀ ਜਾਂਦੀ ਹੈ। 4 ਜਾਂ 5 ਸਾਲ ਦੇ ਉੱਚ ਪੱਧਰ ਦੇ ਕਾਲਜ ਜਾਂ ਯੂਨੀਵਰਸਿਟੀ ਵਲੋਂ ਡਿਗਰੀ ਕੋਰਸ ਜਿਸ ਅਧੀਨ ਕਿੱਤੇ ਦੇ ਪਖੋਂ ਨਰਸਾਂ ਨੂੰ ਕੰਮ ਕਰਨ ਲਈ ਤਿਆਰ ਕੀਤਾ ਜਾਂਦਾ ਹੈ। ਇਨ੍ਹਾਂ ਕੋਰਸਾਂ ਵਿਚ ਸਕੂਲ ਤੋਂ

ਸਿਖਿਆ ਪ੍ਰਾਪਤ ਕਰਨ ਉਪਰੰਤ ਦਾਖ਼ਲਾ ਦਿੱਤਾ ਜਾਂਦਾ ਹੈ ਅਤੇ ਹਰ ਖੇਤਰ ਵਿਚ ਕੰਮ ਕਰਨ ਲਈ ਨਰਸਾਂ ਨੂੰ ਸਿਖਲਾਈ ਦਿੱਤੀ ਜਾਂਦੀ ਹੈ। ਵੱਖ-ਵੱਖ ਨਿਮਨ ਪੱਧਰੀ ਕੋਰਸਾਂ ਅਧੀਨ ਨਰਸਾਂ ਨੂੰ ਅਮਲੀ ਤੌਰ ਤੇ ਕੰਮ ਕਰਨਾ ਸਿਖਾਇਆ ਜਾਂਦਾ ਹੈ। ਯੂਨੀਵਰਸਿਟੀ ਵਲੋਂ ਸੰਚਾਲਿਤ ਮਾਸਟਰ ਡਿਗਰੀ ਪ੍ਰੋਗਰਾਮਾਂ ਅਧੀਨ ਨਰਸਿੰਗ ਦੇ ਕਿਸੇ ਵੀ ਖੇਤਰ ਵਿਚ ਨਿਪੁੰਨਤਾ ਹਾਸਲ ਕਰਨ, ਪੜ੍ਹਾਉਣ ਅਤੇ ਨਿਗਰਾਨੀ ਲਈ ਤਿਆਰ ਕਰਨ ਅਤੇ ਨਾਲ ਹੀ ਪ੍ਰਸ਼ਾਸਨ ਚਲਾਉਣ ਲਈ ਸਿੱਖਿਆ ਦਿੱਤੀ ਜਾਂਦੀ ਹੈ। ਵਧੇਰੇ ਖੋਜ ਕਰਨ ਅਤੇ ਯੂਨੀਵਰਸਿਟੀ ਪੱਧਰ ਤੇ ਨਰਸਾਂ ਨੂੰ ਸਿਖਲਾਈ ਦੇਣ ਲਈ ਯੂਨੀਵਰਸਿਟੀ ਵਿਚ ਡਾਕਟਰੇਟ ਦੀ ਡਿਗਰੀ ਹਾਸਲ ਕਰਨੀ ਲੋੜੀਂਦੀ ਹੈ।

ਅਮਲੀ ਤੌਰ ਤੇ ਕੰਮ ਕਰਨ ਵਾਲੀਆਂ ਨਰਸਾਂ ਲਈ ਸੰਯੁਕਤ ਰਾਜ ਵਿਚ ਪਹਿਲਾ ਸਕੂਲ ਨਿਊਯਾਰਕ ਵਿਖੇ 1912 ਈ. ਵਿਚ ਸਥਾਪਿਤ ਹੋਇਆ। ਪਹਿਲਾਂ ਪਹਿਲ ਅਮਲੀ ਤੌਰ ਤੇ ਕੰਮ ਕਰਨ ਵਾਲੀਆਂ ਨਰਸਾਂ ਦੀ ਲੋੜ ਦਰਸਾਈ ਗਈ ਪਰ ਦੂਜੇ ਵਿਸ਼ਵ ਯੁਧ ਤੱਕ ਇਹ ਸਿਖਲਾਈ ਬਹੁਤ ਮੱਧਮ ਰਹੀ ਅਤੇ ਕੁਝ ਇਕ ਅਜਿਹੇ ਸੁਤੰਤਰ ਸਕੂਲ ਸਥਾਪਿਤ ਹੋਏ। ਅੱਜਕੱਲ੍ਹ ਅਜਿਹੇ ਅਮਲੀ ਤੌਰ ਤੇ ਨਰਸਾਂ ਨੂੰ ਸਿਖਿਆ ਦੇਣ ਵਾਲੇ ਸਕੂਲ ਹਸਪਤਾਲਾਂ ਵਲੋਂ ਆਯੋਜਿਤ ਕੀਤੇ ਜਾਂਦੇ ਹਨ। ਕਿੱਤਾ ਪ੍ਰਧਾਨ ਹਾਈ ਸਕੂਲਾਂ ਵਿਚ ਵੀ ਰਾਜਾਂ ਦੇ ਸਿਖਿਆ ਵਿਭਾਗਾਂ ਵਲੋਂ ਸਿਖਿਆ ਦਿੱਤੀ ਜਾਂਦੀ ਹੈ। ਇਹ ਵਿਭਾਗ ਵੱਖ-ਵੱਖ ਹਸਪਤਾਲਾਂ ਦੇ ਸਹਿਯੋਗ ਨਾਲ ਬੀਮਾਰਾਂ ਦੀ ਸੇਵਾ ਦੀ ਸਿਖਲਾਈ ਲਈ ਸਹੂਲਤਾਂ ਮੁਹੱਈਆ ਕਰਦੇ ਹਨ। ਲਾਇਸੈਂਸ ਪ੍ਰਾਪਤ ਅਮਲੀ ਪੱਧਰ ਦੀਆਂ ਨਰਸਾਂ ਦਾ ਕੋਰਸ ਆਮ ਤੌਰ ਤੇ ਇਕ ਸਾਲ ਦਾ ਹੁੰਦਾ ਹੈ ਜਿਸ ਵਿਚ ਘਰ ਵਿਚ ਘੱਟ ਬੀਮਾਰ ਇਨਸਾਨਾਂ ਦੀ ਦੇਖਭਾਲ, ਹਸਪਤਾਲ ਵਿਚ ਡਾਕਟਰ ਜਾਂ ਨਰਸ ਦੀ ਦੇਖ ਰੇਖ ਅਧੀਨ ਕੰਮ ਕਰਨਾ ਜਾਂ ਫਿਰ ਬਹੁਤ ਬੀਮਾਰ ਲੋਕਾਂ ਦੀ ਦੇਖਭਾਲ ਕਰਨਾ ਸਿਖਾਇਆ ਜਾਂਦਾ ਹੈ। ਇਹ ਸਭ ਨਿਪੁੰਨ ਸਟਾਫ਼ ਦੀ ਅਗਵਾਈ ਹੇਠ ਕੀਤਾ ਜਾਂਦਾ ਹੈ।

ਸਰਕਾਰੀ ਸਿਹਤ-ਸੇਵਾਵਾਂ ਵਿਚ ਯੋਗਦਾਨ—ਨਰਸਾਂ ਦਾ ਸਰਕਾਰੀ ਸਿਹਤ ਸੇਵਾਵਾਂ ਵਿਚ ਮਹੱਤਵਪੂਰਨ ਯੋਗਦਾਨ ਹੁੰਦਾ ਹੈ। 3, 4 ਜਾਂ 5 ਸਾਲ ਦੇ ਡਿਗਰੀ ਕੋਰਸ ਕਰਨ ਉਪਰੰਤ ਨਰਸਾਂ ਥਲ ਸੈਨਾ, ਜਲ ਸੈਨਾ ਅਤੇ ਹਵਾਈ ਸੈਨਾ ਵਿਚ ਭਰਤੀ ਹੋ ਕੇ ਕੰਮ ਕਰਦੀਆਂ ਹਨ। ਲੋਕ ਸਿਹਤ ਸੇਵਾਵਾਂ ਵਿਚ ਵੀ ਅਫ਼ਸਰ ਪੱਧਰ ਦੇ ਕੰਮ ਕਰਦੀਆਂ ਹਨ। ਅਮਰੀਕਾ ਵਿਚ 2 ਸਾਲ ਦੇ ਡਿਗਰੀ ਪ੍ਰੋਗਰਾਮ ਦੀ ਸਿੱਖਿਆ ਉਪਰੰਤ ਵਿਦਿਆਰਥੀ ਆਰਮੀ ਮੈਡੀਕਲ ਸਰਵਿਸ ਅਧੀਨ ਵਾਰੰਟ ਅਫ਼ਸਰ ਵਜੋਂ ਕੰਮ ਕਰਦੇ ਹਨ। ਸਿਵਲ ਸਰਵਿਸ ਜਾਂ ਹੋਰ ਸਰਕਾਰੀ ਪ੍ਰੋਗਰਾਮਾਂ ਅਧੀਨ ਰੋਜ਼ਗਾਰ ਪ੍ਰਾਪਤ ਕਰਨ ਵਾਂਗ ਹੀ ਨਰਸਾਂ ਨੂੰ ਵੀ ਬਿਊਰੋ ਆਫ਼ ਇੰਡੀਅਨ ਅਫ਼ੇਅਰਜ਼, ਪਬਲਿਕ ਹੈਲਥ ਸਰਵਿਸ ਅਤੇ ਵੈਟਰਨਜ਼ ਐਡਮਿਨਿਸਟ੍ਰੇਸ਼ਨ ਡਿਪਾਰਟਮੈਂਟ ਆਫ਼ ਮੈਡੀਸਨ ਐਂਡ ਸਰਜਰੀ ਵਲੋਂ ਚੁਣਿਆ ਜਾਂਦਾ ਹੈ। ਚਿਲਡਰਨ ਬਿਊਰੋ, ਸਿਵਲ ਸਰਵਿਸ ਕਮਿਸ਼ਨ, ਆਫ਼ਿਸ ਆਫ਼ ਸਿਵਲੀਅਨ ਡਿਫੈਂਸ ਮੋਬੀਲਾਈਜੇਸ਼ਨ ਅਤੇ ਬਿਦੇਸ਼ੀ ਸੇਵਾਵਾਂ ਵਰਗੇ ਅਦਾਰਿਆਂ ਵਿਚ ਨਰਸਾਂ ਉੱਚ ਪੱਧਰ ਦੀਆਂ ਪਦਵੀਆਂ ਤੇ ਕੰਮ ਕਰਦੀਆਂ ਹਨ ਅਤੇ ਪ੍ਰਬੰਧਕੀ ਅਤੇ ਮਸ਼ਵਰਾ ਦੇਣ ਵਰਗੀਆਂ ਅਹਿਮ ਜ਼ਿੰਮੇਵਾਰੀਆਂ ਨਿਭਾਉਂਦੀਆਂ ਹਨ। ਕੁਦਰਤੀ ਤੌਰ ਤੇ ਤਬਾਹੀ ਹੋਣ ਦੇ ਮੌਕੇ ਉਪਰ ਜਾਂ ਰਾਸ਼ਟਰੀ ਸੰਕਟ ਕਾਲ ਦੌਰਾਨ ਨਰਸਾਂ ਰੈਡ ਕਰਾਸ ਨਰਸਿੰਗ ਸਰਵਿਸ ਦਾ ਹਿੱਸਾ ਬਣ ਕੇ ਸੇਵਾ ਕਰਦੀਆਂ ਹਨ। ਵਿਸ਼ਵ ਯੁੱਧਾਂ ਕਾਰਨ ਨਰਸਾਂ ਦੀ ਹੋਂਦ ਦਾ ਕਈ ਪੱਖਾਂ ਤੋਂ ਅਹਿਸਾਸ ਹੋਇਆ। ਇੰਟਰਨੈਸ਼ਨਲ ਰੈਡ ਕਰਾਸ ਦਾ ਸੰਗਠਨ ਜੈਨੀਵਾ ਦੀ ਸੰਧੀ (1864 ਈ.) ਦੌਰਾਨ ਨਿਸਚਿਤ ਸਿਧਾਂਤਾਂ ਉਪਰ ਹੋਇਆ। ਇਸ ਦਾ ਨਿਰੋਲ ਮੰਤਵ ਯੁਧ ਸਮੇਂ ਵਲੰਟੀਅਰ ਸੇਵਾਵਾਂ ਦਾ ਪ੍ਰਬੰਧ ਕਰਨਾ ਸੀ। ਇਸ ਦੇ ਨਾਲ ਹੀ 1919 ਈ. ਵਿਚ ਸਥਾਪਿਤ ਲੀਗ ਆਫ਼ ਰੈਡ ਕਰਾਸ ਸੁਸਾਇਟੀਜ਼ ਵੀ ਪਹਿਲੇ ਵਿਸ਼ਵ ਯੁੱਧ ਦੌਰਾਨ ਲੋਕ ਸੇਵਾ ਨੂੰ ਮੁੱਖ ਰੱਖਦੇ ਹੋਏ ਕਾਫ਼ੀ ਵਿਕਸਿਤ ਹੋਈ। ਇਹ ਦੋਵੇਂ ਸੰਗਠਨ ਰਾਸ਼ਟਰੀ ਰੈਡ ਕਰਾਸ ਸੁਸਾਇਟੀਆਂ ਦੁਆਰਾ ਕੰਮ ਕਰਦੇ ਸਨ। ਯੁਧ ਦੌਰਾਨ ਜਪਾਨ, ਜਰਮਨੀ, ਆਸਟ੍ਰੀਆ ਅਤੇ ਸਕੈਂਡੇਨੇਵੀਆਂ ਨੇ ਨਰਸਿੰਗ ਸਕੂਲ ਖੋਲ੍ਹੇ ਅਤੇ ਪੁਰਾਣੇ ਸੰਗਠਨਾਂ ਨੇ ਵਲੰਟੀਅਰ ਤਿਆਰ ਕੀਤੇ। ਸੰਨ 1909 ਤੋਂ 1947 ਈ. ਤੱਕ ਅਮਰੀਕਨ ਰੈੱਡ ਕਰਾੱਸ ਅਤੇ ਪੇਸ਼ਾਵਰ ਨਰਸਿੰਗ ਦੇ ਸਬੰਧਾਂ ਦਾ ਕੋਈ ਸਾਨੀ ਨਹੀਂ ਸੀ। ਇਨ੍ਹਾਂ ਨੇ ਪਹਿਲੇ ਵਿਸ਼ਵ ਯੁਧ ਸਮੇਂ 25,000 ਨਰਸਾਂ ਅਤੇ ਦੂਜੇ ਯੁਧ ਦੌਰਾਨ 59,000 ਨਰਸਾਂ ਭਰਤੀ ਕਰਕੇ ਫ਼ੌਜੀ ਸੇਵਾਵਾਂ ਲਈ ਤਿਆਰ ਕੀਤੀਆਂ। ਲੀਗ ਆਫ਼ ਨੇਸ਼ਨਜ਼ (1922 ਈ.) ਦੇ ਸਿਹਤ ਵਿਭਾਗ ਵਿਚ ਹੋਰ ਸਿਹਤ ਪ੍ਰੋਗਰਾਮਾਂ ਨੂੰ ਜ਼ੋਰਦਾਰ ਪ੍ਰੇਰਨਾ ਦਿੱਤੀ ਗਈ ਪਰ ਨਰਸਿੰਗ ਲਈ ਕੋਈ ਥਾਂ ਨਹੀਂ ਸੀ। ਇਸ ਦੇ ਬਾਵਜੂਦ ਰੱਕਫ਼ੈਲਰ ਫਾਉਂਡੇਸ਼ਨ ਨੇ ਨਰਸਿੰਗ ਸਕੂਲਾਂ ਅਤੇ ਟ੍ਰੇਨਿੰਗ ਪ੍ਰਾਪਤ ਨਰਸਾਂ ਨੂੰ ਤਰੱਕੀ ਵੱਲ ਸਮਰਥਨ ਦਿੱਤਾ। ਅਜਿਹੇ ਸਕੂਲਾਂ ਵਿਚ ਪੇਕਿਨ ਯੂਨੀਅਨ ਮੈਡੀਕਲ ਕਾਲਜ ਪੇਕਿਨ, ਚੀਨ ਅਤੇ ਐਨਾ ਨੈਰੀ ਸਕੂਲ, ਰਿਡੀ ਡੀ ਜਨੇਰੋ, ਬ੍ਰਾਜ਼ੀਲ ਵਿਖੇ ਸਨ। ਵਿਸ਼ਵ ਯੁੱਧਾਂ ਦੌਰਾਨ ਅਮਰੀਕਾ, ਕੈਨੇਡਾ ਅਤੇ ਬਰਤਾਨੀਆ ਵਿਚ ਬਦਲਦੀਆਂ ਸਮਾਜਿਕ ਅਤੇ ਸਿਹਤ ਲੋੜਾਂ ਪ੍ਰਤੀ ਨਰਸਾਂ ਨੂੰ ਸਿਖਲਾਈ ਦਿੱਤੀ ਗਈ।

ਸੰਨ 1952 ਵਿਚ ਨਵੀਂ ਨੈਸ਼ਨਲ ਲੀਗ ਫਾਰ ਨਰਸਿੰਗ ਅਤੇ ਹੋਰ ਵਿਕਸਤ ਅਮੈਰੀਕਨ ਨਰਸਿਜ਼ ਐਸੋਸੀਏਸ਼ਨਾਂ ਸਾਹਮਣੇ ਆਈਆਂ। ਸੰਨ 1946 ਵਿਚ ਬਰਤਾਨੀਆਂ ਵਿਚ ਨਰਸਾਂ ਦੀ ਟ੍ਰੇਨਿੰਗ ਅਤੇ ਹੋਰ ਪੱਖਾਂ ਵਲ ਬਹੁਤਾ ਧਿਆਨ ਦੇਣ ਲਈ ਨਵੇਂ ਕਾਨੂੰਨ ਤਿਆਰ ਕੀਤੇ ਗਏ। ਕੈਨੇਡੀਅਨ ਨਰਸਿਜ਼ ਐਸੋਸੀਏਸ਼ਨ ਨੇ ਕੈਨੇਡੀਅਨ ਰੈੱਡ-ਕਰਾੱਸ ਤੋਂ ਮਾਇਕ ਸਹਾਇਤਾ ਪ੍ਰਾਪਤ ਕੀਤੀ ਅਤੇ ਨਰਸਾਂ ਦੀ ਸਿਖਲਾਈ ਅਤੇ ਕੰਮਾਂ ਵਿਚ ਤਰੱਕੀ ਲਈ ਖੋਜ ਕੀਤੀ। ਇਸ ਖੋਜ ਦਾ ਨਤੀਜਾ ਇਹ ਕੱਢਿਆ ਗਿਆ ਕਿ ਨਰਸਾਂ ਦੇ ਸਿਖਲਾਈ ਸਮੇਂ ਨੂੰ ਘਟਾਉਣ ਨਾਲ ਇਸ ਕਿੱਤੇ ਵੱਲ ਵਧੇਰੇ ਲੋਕ ਆਕਰਸ਼ਿਤ ਹੋਣਗੇ। ਅਜਿਹਾ ਹੀ ਇਕ ਖੋਜ ਪ੍ਰੋਗਰਾਮ 1950 ਈ. ਵਿਚ ਅਮੈਰੀਕਨ ਨਰਸਿਜ਼ ਐਸੋਸੀਏਸ਼ਨ ਨੇ ਵੀ ਸ਼ੁਰੂ ਕੀਤਾ। ਮਿਸ਼ਨਰੀ ਗਰੁਪਾਂ ਨੇ ਵੀ ਨਰਸਾਂ ਨੂੰ ਆਪਣੇ ਬਣਾਏ ਹਸਪਤਾਲਾਂ ਅਤੇ ਡਿਸਪੈਂਸਰੀਆਂ ਵਿਚ ਕੰਮ ਦਿੱਤਾ। ਸੰਨ 1950 ਵਿਚ ਕੈਥੋਲਿਕ ਅਤੇ ਪ੍ਰੋਟੈਸਟੈਂਟ ਗਰੁਪਾਂ ਨੇ ਲਗਭਗ 1,100 ਹਸਪਤਾਲ ਅਤੇ ਤਕਰੀਬਨ ਦੁਗਣੀਆਂ ਡਿਸਪੈਂਸਰੀਆਂ ਸਥਾਪਿਤ ਕੀਤੀਆਂ। ਵਰਲਡ ਹੈਲਥ ਆਰਗੇਨਾਈਜੇਸ਼ਨ ਨੇ ਵੀ ਨਰਸਾਂ ਨੂੰ ਕਿੱਤਾ ਦਿਵਾਉਣ ਅਤੇ ਸਿਖਲਾਈ ਖੇਤਰ ਵਿਚ ਅਹਿਮ ਯੋਗਦਾਨ ਪਾਇਆ ਹੈ।

ਹ. ਪੁ.—ਮੈਕ. ਐਨ. ਸ. ਟ. 9 : 269; ਐਨ. ਬ੍ਰਿ. 16 : 641

ਨਰਸਿੰਘਗੜ੍ਹ : ਸ਼ਹਿਰ : ਇਹ ਭਾਰਤ ਦੇ ਮੱਧ ਪ੍ਰਦੇਸ਼ ਰਾਜ ਦੇ ਰਾਜਗੜ੍ਹ ਜ਼ਿਲ੍ਹੇ ਦਾ ਇਕ ਸ਼ਹਿਰ ਹੈ ਜਿਹੜਾ ਸਮੁੰਦਰ ਤਲ ਤੋਂ 495 ਮੀ. (1,650 ਫ਼ੁੱਟ) ਦੀ ਉਚਾਈ ਉੱਤੇ ਸਥਿਤ ਹੈ। ਸੰਨ 1681 ਵਿਚ ਨਰਸਿੰਘਗੜ੍ਹ ਦੇ ਪਹਿਲੇ ਮੁਖੀ, ਪਾਰਸ ਰਾਮ ਨੇ ਇਸ ਨੂੰ ਟੋਪੀਲਾ ਮਹਾਦਿਓ ਪਿੰਡ ਦੇ ਸਥਾਨ ਤੇ ਵਸਾਇਆ ਸੀ। ਇਹ ਸ਼ਹਿਰ ਇਕ ਬਣਾਵਟੀ ਝੀਲ ਦੇ ਕਿਨਾਰੇ ਉੱਤੇ ਵਾਕਿਆ ਹੈ ਅਤੇ ਇਥੇ ਇਕ ਪਹਾੜੀ ਉੱਤੇ ਇਕ ਕਿਲਾ ਅਤੇ ਮਹਿਲ ਬਣਿਆ ਹੋਇਆ ਹੈ।

ਇਹ ਖੇਤੀਬਾੜੀ ਪੱਖੋਂ ਵਪਾਰ ਦਾ ਕੇਂਦਰ ਹੈ। ਇਥੇ ਸੰਗੀਤ ਦੀ ਇਕ ਅਕਾਦਮੀ ਅਤੇ ਵਿਕਰਮ ਯੂਨੀਵਰਸਿਟੀ ਨਾਲ ਸਬੰਧਤ ਇਕ ਕਾਲਜ ਹੈ।

ਆਬਾਦੀ- 22,157 (1991)

23° 43′ ਉ. ਵਿਥ.; 77° 06′ ਪੂ. ਲੰਬ.

ਹ.ਪੁ.—ਇੰਪ. ਗ. ਇੰਡ. 18 : 384.; ਐਨ. ਬ੍ਰਿ. ਮਾ. 7 : 196

ਨਰਸਿਪਟਨਮ : ਭਾਰਤ ਵਿਚ ਆਂਧਰਾ ਪ੍ਰਦੇਸ਼ ਰਾਜ ਦੇ ਵਿਸ਼ਾਖਾਪਟਨਮ ਜ਼ਿਲ੍ਹੇ ਵਿਚ ਵਿਸ਼ਾਖਾਪਟਨਮ ਸ਼ਹਿਰ ਤੋਂ 72 ਕਿ. ਮੀ. (45 ਮੀਲ) ਪੱਛਮ ਵਿਚ ਸਥਿਤ ਇਕ ਸ਼ਹਿਰ ਹੈ। ਇਸ ਨੂੰ ਨਰਸਾਪਟਮ ਵੀ ਕਿਹਾ ਜਾਂਦਾ ਹੈ। ਇਹ ਆਵਾਜਾਈ ਅਤੇ ਵਪਾਰ ਦਾ ਉੱਘਾ ਕੇਂਦਰ ਹੈ। ਇਥੇ ਗੰਨਾ, ਤਿਲਹਣ ਅਤੇ ਚੌਲਾਂ ਦੀ ਖੇਤੀਬਾੜੀ ਕੀਤੀ ਜਾਂਦੀ ਹੈ। ਪੂਰਬੀ ਘਾਟ ਦੇ ਜੰਗਲੀ ਪ੍ਰਦੇਸ਼ਾਂ ਵਿਚ ਲਾਖ, ਕਾਫ਼ੀ, ਸਾਗਵਾਨ, ਸਾਲ ਆਦਿ ਦੇ ਦਰਖ਼ਤ ਕਾਫ਼ੀ ਮਾਤਰਾ ਵਿਚ ਮਿਲਦੇ ਹਨ। ਇਹ ਸ਼ਹਿਰ ਇਨ੍ਹਾਂ ਤੋਂ ਪ੍ਰਾਪਤ ਲੱਕੜ ਆਦਿ ਦੇ ਨਿਰਯਾਤ ਦਾ ਕੇਂਦਰ ਹੈ।

ਸ਼ਹਿਰ ਦੇ ਨਜ਼ਦੀਕ ਗ੍ਰੇਫ਼ਾਈਟ ਖਣਿਜ ਵੀ ਕੱਢਿਆ ਜਾਂਦਾ ਹੈ। ਉੱਤਰ-ਪੱਛਮ ਵਿਚ 35 ਕਿ. ਮੀ. ਦੀ ਦੂਰੀ ਉੱਤੇ ਚਿੰਤਪੱਲੀ ਪਿੰਡ ਰੇਸ਼ਮ ਦੇ ਕੀੜੇ ਪਾਲਣ ਦਾ ਮਹੱਤਵਪੂਰਨ ਕੇਂਦਰ ਹੈ।

ਆਬਾਦੀ-29,096 (1991)

17° 40′ ਉ. ਵਿਥ.; 82° 37′ ਪੂ. ਲੰਬ.

ਹ. ਪੁ.—ਹਿੰ. ਵਿ. ਕੋ. 6 : 247; ਇੰਪ. ਗ. ਇੰਡ. 18 : 371

ਨਰਸਿਮਹਾਪੁਰ : ਜ਼ਿਲ੍ਹਾ—ਇਹ ਭਾਰਤ ਦੇ ਮੱਧ ਪ੍ਰਦੇਸ਼ ਰਾਜ ਦਾ ਇਕ ਜ਼ਿਲ੍ਹਾ ਹੈ ਜਿਸ ਦੀਆਂ ਹੱਦਾਂ ਉੱਤਰ ਵੱਲ ਸਾਗਰ ਅਤੇ ਦਮੋਹ, ਉੱਤਰ-ਪੂਰਬ ਵੱਲ ਜਬਲਪੁਰ, ਦੱਖਣ-ਪੂਰਬ ਵੱਲ ਸਿਓਨੀ, ਦੱਖਣ ਵੱਲ ਛਿੰਦਵਾੜਾ, ਦੱਖਣ-ਪੱਛਮ ਵੱਲ ਹੋਸ਼ੰਗਾਬਾਦ ਅਤੇ ਉੱਤਰ-ਪੱਛਮ ਵੱਲ ਰਾਇਸੇਨ ਜ਼ਿਲ੍ਹਿਆਂ ਨਾਲ ਲਗਦੀਆਂ ਹਨ। ਇਹ 5,138 ਵ.ਕਿ.ਮੀ. (1,984 ਵ. ਮੀਲ) ਵਿਚ ਫੈਲਿਆ ਹੋਇਆ ਹੈ ਅਤੇ ਇਥੋਂ ਦੀ ਆਬਾਦੀ 9,57,399 (2002) ਹੈ। ਇਸ ਵਿਚੋਂ 6,68,708 ਵਸੋਂ ਪੇਂਡੂ ਅਤੇ 1,16788 ਵਸੋਂ ਸ਼ਹਿਰੀ ਹੈ। ਇਸੇ ਹੀ ਨਾਂ ਦਾ ਸ਼ਹਿਰ ਇਸ ਦਾ ਸਦਰ ਮੁਕਾਮ ਹੈ। ਇਸ ਜ਼ਿਲ੍ਹੇ ਨੇ ਉੱਤਰ ਵੱਲ ਨਰਮਦਾ ਨਦੀ ਅਤੇ ਦੱਖਣ ਵੱਲ ਸਤਪੁੜਾ ਪਰਬਤ ਲੜੀ ਵਿਚਕਾਰ ਪੈਂਦੇ ਸੌੜੇ ਜਿਹੇ ਜਲੋਢ ਮੈਦਾਨ ਨੂੰ ਘੇਰਿਆ ਹੋਇਆ ਹੈ। ਕਣਕ, ਜਵਾਰ, ਛੋਲੇ ਅਤੇ ਤੇਲਾਂ ਦੇ ਬੀਜ ਆਦਿ ਇਥੋਂ ਦੀਆਂ ਪ੍ਰਮੁੱਖ ਫਸਲਾਂ ਹਨ। ਜੜੀ ਬੂਟੀਆਂ, ਲੱਕੜ ਆਦਿ ਵਰਗੀਆਂ ਜੰਗਲੀ ਵਸਤਾਂ ਲਈ ਵੀ ਇਹ ਜ਼ਿਲ੍ਹਾ ਪ੍ਰਸਿੱਧ ਹੈ। ਛੋਟਾ ਛਿੰਦਵਾੜਾ, ਗੱਸਰਾ, ਕਰੇਲੀ, ਗਾਦਰਵਾੜਾ ਅਤੇ ਛਿਛਲੀ ਵਰਗੇ ਇਸ ਦੇ ਹੋਰ ਪ੍ਰਮੁੱਖ ਸ਼ਹਿਰ ਹਨ। ਇਥੇ ਰੰਗਾਈ, ਪਿੱਤਲ ਅਤੇ ਕੱਚ ਦੀਆਂ ਚੂੜੀਆਂ ਬਣਾਉਣ ਦਾ ਕੰਮ ਕੀਤਾ ਜਾਂਦਾ ਹੈ।

ਹ. ਪੁ.—ਐਨ. ਬ੍ਰਿ. ਮਾ. 8 : 518; ਸੈ. ਆਫ. ਇੰਡ. 1991 : 571; ਹਿੰ. ਵਿ. ਕੋ. 6 : 247

ਨਰਸਿਮਹਾਪੁਰ : ਸ਼ਹਿਰ—ਇਹ ਭਾਰਤ ਦੇ ਮੱਧ ਪ੍ਰਦੇਸ਼ ਰਾਜ ਦੇ ਇਸੇ ਹੀ ਨਾਂ ਦੇ ਜ਼ਿਲ੍ਹੇ ਦਾ ਸਦਰ ਮੁਕਾਮ ਹੈ ਜਿਹੜਾ ਸਿੰਗਰੀ ਨਦੀ ਦੇ ਕੰਢੇ ਉੱਤੇ ਵਾਕਿਆ ਹੈ। ਕਿਸੇ ਵੇਲੇ ਛੋਟਾ ਹਦਰਵਾੜਾ ਕਰਕੇ ਜਾਣੇ ਜਾਣ ਵਾਲੇ ਇਸ ਸ਼ਹਿਰ ਦਾ ਨਾਂ 1800 ਸਦੀ ਵਿਚ ਨਰਸਿਮਹਾ (ਵਿਸ਼ਨੂੰ ਦਾ ਅਵਤਾਰ ਜਿਸ ਦਾ ਅੱਧਾ ਧੜ ਇਨਸਾਨ ਅਤੇ ਅੱਧਾ ਸ਼ੇਰ ਦਾ ਹੁੰਦਾ ਹੈ) ਦਾ ਮੰਦਰ ਬਣਨ ਕਰਕੇ ਇਸ ਸ਼ਹਿਰ ਦਾ ਨਾਂ ਨਰਸਿੰਘਪੁਰ ਰੱਖਿਆ ਗਿਆ। ਸਿੰਗਰੀ ਨਦੀ ਇਸ ਸ਼ਹਿਰ ਨੂੰ ਦੋ ਹਿਸਿਆਂ-ਪੂਰਬ ਵੱਲ ਕੰਡੇਲੀ ਅਤੇ ਪੱਛਮ ਵੱਲ ਨਰਸਿਮਹਾਪੁਰ ਵਿਚ ਵੰਡਦੀ ਹੈ। ਇਥੇ ਰੇਲਾਂ ਦਾ ਜੰਕਸ਼ਨ ਹੈ ਜਿਸ ਕਰਕੇ ਇਥੇ ਖੇਤੀਬਾੜੀ ਨਾਲ ਸਬੰਧਤ ਵਸਤਾਂ ਅਤੇ ਲੱਕੜ ਦਾ ਭਾਰੀ ਮਾਤਰਾ ਵਿਚ ਵਪਾਰ ਹੁੰਦਾ ਹੈ। ਇਥੋਂ ਦੇ ਪ੍ਰਮੁੱਖ ਉਦਯੋਗਾਂ ਵਿਚੋਂ ਆਰਾ ਮਸ਼ੀਨਾਂ ਦਾ ਉਦਯੋਗ ਪ੍ਰਮੁੱਖ ਹੈ। ਇਥੇ ਸੌਗਰ ਯੂਨੀਵਰਸਿਟੀ ਨਾਲ ਸਬੰਧਤ ਇਕ ਸਰਕਾਰੀ ਕਾਲਜ ਹੈ।

ਆਬਾਦੀ—ਮਿ. ਖੇ. 42, 356; ਸ਼ਹਿਰ—41,032 (1991)

22° 57′ ਉ. ਵਿਥ.; 79° 13′ ਪੂ. ਲੰਬ.

ਹ. ਪੁ.-ਐਨ. ਬ੍ਰਿ. ਮਾ. 8 : 517; ਸੈ. ਆਫ ਇੰਡ. 1 : 1991; ਇੰਪ. ਗ. ਇੰਡ. 18 : 395

ਨਰਸੀ ਮਹਿਤਾ : ਭਗਤੀ ਸਾਹਿਤ ਦਾ ਇਹ ਸਿਰਮੌਰ ਗੁਜਰਾਤੀ ਕਵੀ ਸੀ ਜਿਸ ਦੀਆਂ ਰਚਨਾਵਾਂ ਅਤੇ ਸ਼ਖਸੀਅਤ ਨੂੰ ਮੁੱਖ ਰੱਖਦਿਆਂ ਸਾਹਿਤ ਦਾ ਇਤਿਹਾਸ ਲਿਖਣ ਵਾਲਿਆਂ ਨੇ ਨਰਸੀ-ਮੀਰਾ ਯੁੱਗ ਦੇ ਨਾਂ ਨਾਲ ਇਕ ਸੁਤੰਤਰ ਕਾਵਿ-ਕਾਲ ਨਿਸ਼ਚਿਤ ਕੀਤਾ ਹੈ ਜਿਸ ਦੀ ਮੁੱਖ ਵਿਸ਼ੇਸ਼ਤਾ ਕ੍ਰਿਸ਼ਨ ਭਗਤੀ ਤੋਂ ਪ੍ਰੇਰਣਾ ਲੈ ਕੇ ਪਦਾਂ ਦਾ ਨਿਰਮਾਣ ਕਰਨਾ ਹੈ। ਪਦ ਲਿਖਣ ਵਿਚ ਨਰਸੀ ਦਾ ਗੁਜਰਾਤੀ ਸਾਹਿਤ ਵਿਚ ਉਹੋ ਸਥਾਨ ਹੈ ਜੋ ਹਿੰਦੀ ਵਿਚ ਸੂਰਦਾਸ ਦਾ। ਇਹ ਗੁਜਰਾਤ ਦਾ ਸਭ ਤੋਂ ਹਰਮਨ ਪਿਆਰਾ ਵੈਸ਼ਨਵ ਕਵੀ ਹੋਇਆ ਹੈ ਅਤੇ ਲੋਕਾਂ ਵਿਚ ਇਸ ਦੇ ਜੀਵਨ ਨਾਲ ਸਬੰਧਤ ਅਨੇਕਾਂ ਦੰਦ-ਕਥਾਵਾਂ ਅਤੇ ਚਮਤਕਾਰੀ ਘਟਨਾਵਾਂ ਪ੍ਰਤੀ ਸਹਿਜ ਵਿਸ਼ਵਾਸ ਦੀ ਭਾਵਨਾ ਮਿਲਦੀ ਹੈ।

ਇਤਿਹਾਸਕ ਦ੍ਰਿਸ਼ਟੀ ਤੋਂ ਨਰਸੀ ਦਾ ਜੀਵਨ ਕਾਲ ਨਿਸ਼ਚਤ ਨਹੀਂ ਕੀਤਾ ਜਾ ਸਕਿਆ। ਭਾਵੇਂ ਗੁਜਰਾਤੀ ਦੇ ਕਈ ਵਿਦਵਾਨਾਂ ਨੇ ਇਸ ਵਿਵਾਦ ਵਿਚ ਯੋਗਦਾਨ ਪਾਇਆ ਹੈ ਪਰ ਅਜੇ ਵੀ ਕਿਸੇ ਠੋਸ ਨਤੀਜੇ ਤੇ ਨਹੀਂ ਪਹੁੰਚਿਆ ਜਾ ਸਕਿਆ। ਇਸ ਦੀ 'ਹਾਰ ਮਾਲਾ' ਨਾਂ ਦੀ ਰਚਨਾ ਵਿਚ ਦਿੱਤੀ ਮਿਤੀ ਸੰਮਤ 1512 ਹੈ ਜਿਸ ਕਰ ਕੇ ਇਤਿਹਾਸਕਾਰਾਂ ਨੇ ਇਸ ਦਾ ਸਮਾਂ 15ਵੀਂ ਸਦੀ ਈਸਵੀ ਮਿਥਿਆ ਹੈ। ਇਸ ਦੀਆਂ ਰਚਨਾਵਾਂ ਵਿਚ ਜੈਦੇਵ, ਨਾਮਦੇਵ, ਰਾਮਾਨੰਦ ਅਤੇ ਮੀਰਾ ਦਾ ਜ਼ਿਕਰ ਮਿਲਦਾ ਹੈ। ਇਸ ਦਾ ਜਨਮ ਜੂਨਾਗੜ੍ਹ ਦੇ ਨੇੜੇ ਤਲਾਜਾ ਪਿੰਡ ਵਿਚ ਸ੍ਰੀ ਕ੍ਰਿਸ਼ਨ ਦਮੋਦਰ ਦੇ ਘਰ ਹੋਇਆ ਜਿਹੜਾ ਨਾਗਰ ਬੰਸ ਦਾ ਬ੍ਰਾਹਮਣ ਸੀ। ਇਕ ਕਥਾ ਅਨੁਸਾਰ ਅੱਠ ਸਾਲ ਤੱਕ ਇਹ ਗੂੰਗਾ ਰਿਹਾ ਅਤੇ ਕਿਸੇ ਕ੍ਰਿਸ਼ਨ ਭਗਤ ਸਾਧੂ ਦੀ ਕਿਰਪਾ ਨਾਲ ਇਸ ਨੂੰ ਜ਼ੁਬਾਨ ਮਿਲੀ। ਇਸ ਦੀ ਪਤਨੀ ਦਾ ਨਾਂ ਮਾਣਿਕ ਬਾਈ ਸੀ ਜਿਸ ਦੇ ਕੁੰਵਰ ਬਾਈ ਅਤੇ ਸ਼ਾਮਲ ਦਾਸ ਨਾਂ ਦੇ ਦੋ ਬੱਚੇ ਹੋਏ।

ਕ੍ਰਿਸ਼ਨ ਭਗਤ ਹੋਣ ਤੋਂ ਪਹਿਲਾਂ ਇਸ ਦੇ ਸ਼ੈਵ ਹੋਣ ਦਾ ਪ੍ਰਮਾਣ ਮਿਲਦਾ ਹੈ। ਕਿਹਾ ਜਾਂਦਾ ਹੈ ਕਿ 'ਗੋਪੀਨਾਥ' ਮਹਾਦੇਵ ਦੀ ਕਿਰਪਾ ਨਾਲ ਇਸ ਨੂੰ ਕ੍ਰਿਸ਼ਨ ਲੀਲਾ ਦੇ ਦਰਸ਼ਨ ਹੋਏ ਜਿਸ ਨਾਲ ਇਸ ਦੀ ਜੀਵਨ ਧਾਰਾ ਹੀ ਬਦਲ ਗਈ। ਇਹ ਇਸਤਰੀ ਅਤੇ ਸ਼ੂਦਰ ਨੂੰ ਵੀ ਭਗਤੀ ਦਾ ਅਧਿਕਾਰੀ ਸਮਝਦਾ ਸੀ ਜਿਸ ਕਾਰਨ ਸਾਰੀ ਨਾਗਰ ਜਾਤੀ ਇਸ ਤੋਂ ਨਾਰਾਜ਼ ਹੋ ਗਈ। 'ਢੇਢ' ਪ੍ਰਸੰਗ ਇਸ ਦੇ ਜੀਵਨ ਦਾ ਮਹੱਤਵਪੂਰਣ ਪ੍ਰਸੰਗ ਹੈ ਕਿਉਂਕਿ ਇਸ ਕਾਰਨ ਇਸ ਦਾ ਸਮਾਜਿਕ ਬਾਈਕਾਟ ਹੋਇਆ ਸੀ। ਹੁੰਡੀ, ਝਾਰੀ, ਮਾਮੇਰ ਅਤੇ ਹਾਰ ਦੇ ਪ੍ਰਸੰਗ ਵੀ ਇਸ ਦੇ ਜੀਵਨ ਨਾਲ ਸਬੰਧਤ ਸਭ ਤੋਂ ਪ੍ਰਮੁੱਖ ਪ੍ਰਸੰਗ ਹਨ ਜਿਨ੍ਹਾਂ ਦਾ ਜ਼ਿਕਰ ਇਸ ਦੀਆਂ ਰਚਨਾਵਾਂ ਵਿਚ ਮਿਲਦਾ ਹੈ। ਵਿਸ਼ੇ ਅਤੇ ਵਸਤੂ ਪੱਖੋਂ ਇਸ ਦੀਆਂ ਰਚਨਾਵਾਂ ਨੂੰ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ। ਪਹਿਲੇ ਭਾਗ ਵਿਚ 'ਸਾਮਲਦਾਸਨੋ ਵਿਵਾਹ' ਅਤੇ 'ਹਾਰਮਾਲਾ' ਰਚਨਾਵਾਂ ਆਉਂਦੀਆਂ ਹਨ ਜਦ ਕਿ

ਦੂਸਰੇ ਭਾਗ ਵਿਚ ਕ੍ਰਿਸ਼ਨਚਰਿਤ ਦੀਆਂ 'ਸੁਰਤ ਸੰਗ੍ਰਾਮ' 'ਚਾਤੁਰੀ ਸੋਡਸ਼ੀ', 'ਰਾਸਸਹੱਸਰਪਦੀ', 'ਗੋਬਿੰਦਗਮਨ', 'ਦਾਨ ਲੀਲਾ', 'ਸ਼ਿੰਗਾਰਮਾਲਾ', 'ਚਾਤੁਰੀਛੱਬੀਸੀ', 'ਸੁਦਾਮਾ-ਚਰਿਤ' ਅਤੇ 'ਬਾਲ ਲੀਲਾ' ਨਾਂ ਦੀਆਂ ਨੌਂ ਰਚਨਾਵਾਂ ਆਉਂਦੀਆਂ ਹਨ। ਇਸ ਤੋਂ ਇਲਾਵਾ ਇਸ ਦੇ ਕਈ ਫੁਟਕਲ ਪਦਾਂ ਦਾ 'ਭਗਤੀ ਗਿਆਨਾਨਾ ਪਦੋ', 'ਕਿਸ਼ਨ ਜਨਮਸਮੇਨਾਂ ਪਦੋ,' 'ਕ੍ਰਿਸ਼ਨ ਜਨਮ ਬਧਾਈਨਾਂ ਪਦੋ,' ਅਤੇ 'ਹੀਡੋਲਾਨਾ ਪਦੋ' ਵਿਚ ਸੰਗ੍ਰਹਿ ਕੀਤਾ ਗਿਆ ਹੈ। ਇਸ ਦੀਆਂ ਸਾਰੀਆਂ ਰਚਨਾਵਾਂ 'ਨਰਸੀ ਦਾ ਕਾਵਿ ਸੰਗ੍ਰਹਿ' ਨਾਂ ਅਧੀਨ ਇਕ ਥਾਂ ਪ੍ਰਕਾਸ਼ਿਤ ਹੋ ਚੁੱਕੀਆ ਹਨ।

ਹ. ਪੁ.- ਹਿੰ. ਵਿ. ਕੋ. 6 : 248; ਮ. ਕੋ. : 683

ਨਰਕ : ਇਹ ਪੁਰਾਣਾਂ ਵਿਚ ਵਰਣਿਤ ਉਹ ਖੰਡ ਹੈ ਜਿਥੇ ਸੰਸਾਰ ਵਿਚ ਕੀਤੇ ਮੰਦੇ ਕਰਮਾਂ ਦਾ ਫਲ ਭੋਗਣ ਲਈ ਪਾਪੀ ਜੀਵਾਂ ਨੂੰ ਰੱਖਿਆ ਜਾਂਦਾ ਹੈ। ਮੁਸਲਮਾਨ ਇਸ ਨੂੰ 'ਦੋਜ਼ਖ' ਜਾਂ 'ਜਹੱਨਮ' ਕਹਿੰਦੇ ਹਨ। ਮਾੜੇ ਕਰਮਾਂ ਤੋਂ ਲੋਕਾਂ ਨੂੰ ਵਰਜਣ ਲਈ ਇਨ੍ਹਾਂ ਵੱਲੋਂ ਆਪਣੇ ਢੰਗ ਨਾਲ ਨਰਕ ਦਾ ਸੰਕਲਪ ਸਪਸ਼ਟ ਕੀਤਾ ਗਿਆ ਹੈ। ਹਿੰਦੂ-ਧਰਮ ਵਿਚ ਮਨੁੱਖ ਨੂੰ ਨਰਕ ਬਾਰੇ ਵਧੇਰੇ ਸੁਚੇਤ ਕੀਤਾ ਗਿਆ ਹੈ। ਪੁਰਾਣਾਂ ਅਨੁਸਾਰ ਪ੍ਰਾਣੀ ਸੰਸਾਰ ਵਿਚ ਜੋ ਚੰਗੇ-ਮੰਦੇ ਕਰਮ ਕਰਦਾ ਹੈ ਉਨ੍ਹਾਂ ਦੇ ਫਲ ਉਹ ਮਰਨ ਮਗਰੋਂ ਅਗਲੇ ਲੋਕ ਵਿਚ ਭੋਗਦਾ ਹੈ। ਜਮਦੂਤ ਪ੍ਰਾਣੀ ਨੂੰ ਮਰਨ ਮਗਰੋਂ ਧਰਮਰਾਜ ਕੋਲ ਲੈ ਜਾਂਦਾ ਹੈ ਜਿਥੇ 'ਚਿਤਰਗੁਪਤ' ਹਰੇਕ ਜੀਵ ਦੇ ਕਰਮਾਂ ਦਾ ਲੇਖਾ ਜੋਖਾ ਕਰਦਾ ਹੈ। ਜੇ ਚੰਗੇ ਕਰਮ ਜ਼ਿਆਦਾ ਕੀਤੇ ਹੋਣ ਤਾਂ ਪ੍ਰਾਣੀ ਨੂੰ ਸਵਰਗ ਵਿਚ ਭੇਜਿਆ ਜਾਂਦਾ ਹੈ ਪਰ ਜੇ ਕੁਕਰਮ ਜ਼ਿਆਦਾ ਹੋਣ ਤਾਂ ਉਸ ਨੂੰ ਨਰਕ ਵਿਚ ਸੁੱਟ ਦਿੱਤਾ ਜਾਂਦਾ ਹੈ।

ਮੁਸਲਮਾਨਾਂ ਵਿਚ ਪ੍ਰਚਲਿਤ ਇਕ ਮਾਨਤਾ ਇਹ ਵੀ ਹੈ ਕਿ ਜੋ ਲੋਕ ਇਸ ਸੰਸਾਰ ਵਿਚ ਰੱਬ ਨੂੰ ਨਹੀਂ ਮੰਨਦੇ ਅਤੇ ਇਸਲਾਮ ਵਿਚ ਦਸੇ ਗਏ ਧਾਰਮਿਕ ਸਿਧਾਂਤਾਂ ਜਾਂ ਹਜ਼ਰਤ ਮੁਹੰਮਦ ਦੇ ਆਦੇਸ਼ਾਂ ਦੀ ਪਾਲਣਾ ਨਹੀਂ ਕਰਦੇ ਅਤੇ ਖੁਦਾ ਦੀ ਥਾਂ ਕਿਸੇ ਹੋਰ ਦੈਵੀ ਸ਼ਕਤੀਆਂ ਨੂੰ ਪੂਜਦੇ ਹਨ, ਉਨ੍ਹਾਂ ਨੂੰ ਦੰਡ ਦੇਣ ਲਈ ਮਰਨ ਤੋਂ ਬਾਅਦ ਦੋਜ਼ਖ ਵਿਚ ਸੁਟਿਆ ਜਾਵੇਗਾ ਜਿਥੇ ਉਹ ਤਰ੍ਹਾਂ-ਤਰ੍ਹਾਂ ਦੇ ਦੁੱਖ ਉਠਾ-ਉਣਗੇ। ਇਸਲਾਮ ਵਿਚ ਇਹ ਵੀ ਮਾਨਤਾ ਪ੍ਰਚਲਿਤ ਹੈ ਕਿ ਇਹ ਦੰਡ ਹਮੇਸ਼ਾ ਲਈ ਨਹੀਂ, ਸਗੋਂ ਨਿਸ਼ਚਿਤ ਸਮੇਂ ਲਈ ਹੁੰਦਾ ਹੈ। ਜਦੋਂ ਕੋਈ ਵਿਅਕਤੀ ਦੰਡ ਭੁਗਤ ਲੈਂਦਾ ਹੈ ਤਾਂ ਖੁਦਾ ਉਸ ਨੂੰ ਮਾਫ਼ ਕਰ ਦਿੰਦਾ ਹੈ ਅਤੇ ਉਸ ਨੂੰ ਦੋਜ਼ਖ ਵਿਚੋਂ ਕੱਢ ਕੇ ਕਿਸੇ ਹੋਰ ਸਥਾਨ ਤੇ ਭੇਜ ਦਿੰਦਾ ਹੈ ਜਿਸ ਨੂੰ 'ਏਰਾਫ਼' ਕਿਹਾ ਜਾਂਦਾ ਹੈ।

ਪੁਰਾਣਾਂ ਵਿਚ ਨਰਕਾਂ ਦੀ ਗਿਣਤੀ ਤੇ ਵਿਸਥਾਰ ਵਿਚ ਇਕਸਾਰਤਾ ਨਹੀਂ ਹੈ। ਕੁਝ ਪੁਰਾਣਾਂ ਵਿਚ ਸੱਤ ਨਰਕ, ਕਈਆਂ ਵਿਚ ਅਠਾਰਾਂ ਅਤੇ ਕਈਆਂ ਵਿਚ ਇਸ ਤੋਂ ਵੀ ਵੱਧ ਗਿਣਤੀ ਦਸੀ ਗਈ ਹੈ। ਮਨੂੰ ਅਨੁਸਾਰ ਨਰਕਾਂ ਦੀ ਗਿਣਤੀ ਇੱਕੀ ਹੈ ਜਿਨ੍ਹਾਂ ਦੇ ਨਾਂ ਹਨ ਤ੍ਰਾਮਿਸ੍ , ਅੰਧਤਾਮਿਸ੍, ਮਹਾਰੌਰਵ, ਰੌਰਵ, ਮਹਾਨਰਕ, ਨਰਕ, ਕਾਲਸੂਤ੍ਰ, ਸੰਜੀਵਨ, ਮਹਾਵੀਚੀ, ਸੰਪ੍ਰਤਾਪਨ, ਸੰਤਿਤਾ, ਤਪਕ, ਕੁਡਮਲ, ਰਿਜੀਸ, ਸੰਕਾਕੋਲ, ਪੂਤਿ- ਮੂਰਤਿਕ, ਲੋਹਦਾਰਕ, ਲੋਹ ਸੰਕੂ, ਪੰਥਾਨ, ਸ਼ਾਲਮਲੀ, ਅਸਿਮਤ੍ਰਵਨ। ਕਈ ਥਾਈਂ 'ਪੰਥਾਨ' ਦੀ ਥਾਂ 'ਵੇਤਰਣੀ' ਦਾ ਨਾਉਂ ਲਿਖਿਆ ਮਿਲਦਾ ਹੈ।

ਬ੍ਰਹਮਵੈਵਰਤ ਵਿਚ 86 ਨਰਕਾਂ ਦਾ ਵੇਰਵਾ ਦਿੱਤਾ ਹੋਇਆ ਹੈ। ਵਿਸ਼ਨੂੰ ਤੇ ਭਾਗਵਤ ਪੁਰਾਣ ਵਿਚ ਅਠਾਈ ਨਰਕ ਦਸੇ ਗਏ ਹਨ ਪਰ ਦੋਹਾਂ ਵਿਚ ਦਿੱਤੇ ਨਾਂ ਮੇਲ ਨਹੀਂ ਖਾਂਦੇ। ਭਾਗਵਤ ਵਿਚ ਵਰਣਨ ਵਿਸਥਾਰ ਪੂਰਵਕ ਹੈ। ਇਹ ਸਭ ਨਰਕ ਪਾਤਾਲ ਲੋਕ ਵਿਚ ਧਰਮਰਾਜ ਜਾਂ ਯਮ ਦੀ ਨਿਗਰਾਨੀ ਹੇਠ ਹਨ।

ਹਰੇਕ ਕੁਕਰਮੀ ਲਈ ਵੱਖੋ-ਵੱਖਰੇ ਨਰਕ ਹਨ। ਕੁਝ ਨਰਕ ਦਾ ਵਰਣਨ ਇਸ ਪ੍ਰਕਾਰ ਹੈ :—

ਤ੍ਰਾਮਿਸ੍—ਇਸ ਨਰਕ ਵਿਚ ਸਦਾ ਹਨੇਰ ਗੁਬਾਰ ਰਹਿੰਦਾ ਹੈ। ਇਥੇ ਚੋਰਾਂ, ਡਾਕੂਆਂ ਤੇ ਵਿਭਚਾਰੀਆਂ ਨੂੰ ਸੁਟਿਆ ਜਾਂਦਾ ਹੈ।

ਅੰਧਤਾਮਿਸ੍—ਇਥੇ ਤ੍ਰਾਮਿਸ੍ ਨਾਲੋਂ ਵੀ ਭਿਆਨਕ ਹਨੇਰਾ ਰਹਿੰਦਾ ਹੈ, ਇਥੇ ਸਵਾਰਥੀ ਅਤੇ ਹੰਕਾਰੀਆਂ ਨੂੰ ਰਖਿਆ ਜਾਂਦਾ ਹੈ।

ਰੌਰਵ—ਇਸ ਨਰਕ ਵਿਚ ਹਤਿਆਰਿਆਂ ਤੇ ਦੋਸ਼ੀਆਂ ਨੂੰ ਸੁਟਿਆ ਜਾਂਦਾ ਹੈ। ਇਥੇ ਰੋਰੂ ਨਾਂ ਦਾ ਵਿਕਰਾਲ ਪਸ਼ੂ ਰਹਿੰਦਾ ਹੈ ਜੋ ਅਜ਼ਦੇਹ ਵਾਂਗ ਵਿਸ਼ ਘੋਲਦਾ ਤੇ ਡਸਦਾ ਹੈ। ਉਹ ਪ੍ਰਾਣੀਆਂ ਨੂੰ ਟੁਕੜੇ-ਟੁਕੜੇ ਕਰ ਦਿੰਦਾ ਹੈ ਪਰ ਮਰਨ ਨਹੀਂ ਦਿੰਦਾ।

ਸੁਕਰਮੁਖ—ਇਸ ਨਰਕ ਵਿਚ ਉਨ੍ਹਾਂ ਦੋਸ਼ੀ ਰਾਜਿਆਂ ਤੇ ਬਾਦਸ਼ਾਹਾਂ ਨੂੰ ਸੁਟਿਆ ਜਾਂਦਾ ਹੈ ਜਿਨ੍ਹਾਂ ਨੇ ਪਰਜਾ ਉੱਤੇ ਜ਼ੁਲਮ ਤੇ ਅਨਿਆਂ ਕੀਤਾ ਹੋਵੇ। ਇਥੇ ਚੱਕੀ ਦੇ ਵੱਡੇ-ਵੱਡੇ ਪੁੜ ਹਨ ਜਿਨ੍ਹਾਂ ਵਿਚ ਨਿਰਦਈ ਰਾਜਿਆਂ ਨੂੰ ਦਰੜਿਆ ਜਾਂਦਾ ਹੈ। ਉਹ ਬੋਟੀ-ਬੋਟੀ ਹੋ ਕੇ ਤੜਪ ਦੇ ਹਨ ਪਰ ਮਰਦੇ ਨਹੀਂ।

ਅੰਧ ਕੂਪ—ਇਹ ਨਰਕ ਅੰਨ੍ਹੇ ਖੂਹ ਦੀ ਸ਼ਕਲ ਦਾ ਹੈ। ਖੂਹ ਵਿਚ ਘੋਰ ਹਨੇਰਾ ਰਹਿੰਦਾ ਹੈ। ਇਥੇ ਉਨ੍ਹਾਂ ਲੋਕਾਂ ਨੂੰ ਰੱਖਿਆ ਜਾਂਦਾ ਹੈ ਜੋ ਮੱਛਰ, ਜੂੰਆਂ, ਮੱਖੀਆਂ ਤੇ ਹੋਰ ਲਹੂ ਪੀਣੇ ਕਿਰਮਾਂ ਨੂੰ ਮਾਰਦੇ ਹਨ। ਇਸ ਨਰਕ ਵਿਚ ਪ੍ਰਾਣੀਆਂ ਨੂੰ ਉਨੀਂਦਰੇ ਵਿਚ ਰਖਿਆ ਜਾਂਦਾ ਹੈ ਤੇ ਤਸੀਹੇ ਦਿੱਤੇ ਜਾਂਦੇ ਹਨ।

ਅਸਿਪਤ੍ਰਵਨ—ਉਹ ਨਰਕ ਜਿਸ ਵਿਚ ਨਾਸਤਕਾਂ ਤੇ ਧਰਮ ਤੋਂ ਭ੍ਰਿਸ਼ਟੇ ਲੋਕਾਂ ਨੂੰ ਸੁਟਿਆ ਜਾਂਦਾ ਹੈ। ਇਥੇ ਬੜੇ ਸੰਘਣੇ ਵਣ ਹਨ ਜਿਨ੍ਹਾਂ ਦੇ ਬ੍ਰਿਛਾਂ ਦੇ ਪੱਤੇ ਆਰ੍ਹੇ ਦੇ ਦੰਦੇ ਵਾਂਗ ਤਿੱਖੇ ਹਨ, ਇਹ ਪੱਤੇ ਪ੍ਰਾਣੀਆਂ ਉੱਤੇ ਡਿਗਦੇ ਰਹਿੰਦੇ ਹਨ ਤੇ ਸੂਈਆਂ ਵਾਂਗ ਉਨ੍ਹਾਂ ਦੇ ਸਰੀਰ ਨੂੰ ਚੁਭਦੇ ਤੇ ਆਰੇ ਵਾਂਗ ਚੀਰਦੇ ਹਨ।

ਵੈਤਰਣੀ—ਇਹ ਮਲ-ਮੂਤਰ ਤੇ ਗੰਦਗੀ ਦਾ ਪ੍ਰਵਾਹ ਹੈ ਜਿਹੜਾ ਸਭ ਨਰਕਾਂ ਦੇ ਦੁਆਲੇ ਵਗਦਾ ਰਹਿੰਦਾ ਹੈ। ਇਸ ਵਿਚ ਕਈ ਧਾਰਾਂ ਵਗਦੀਆਂ ਹਨ ਜੋ ਲਹੂ, ਪਾਕ, ਮਿੱਝ, ਮਲ-ਮੂਤਰ, ਨਹੁੰ, ਹੱਡੀਆਂ, ਚਰਬੀ ਆਦਿ ਨਾਲ ਭਰੀਆਂ ਵਗ ਰਹੀਆਂ ਹੁੰਦੀਆਂ ਹਨ, ਇਨ੍ਹਾਂ ਨਦੀਆਂ ਵਿਚ ਪਾਪੀਆਂ ਨੂੰ ਉਬਾਲਿਆ ਜਾਂਦਾ ਹੈ। ਇਸ ਨਰਕ ਵਿਚ ਉਨ੍ਹਾਂ ਰਾਜਿਆਂ ਤੇ ਮੰਤਰੀਆਂ ਨੂੰ ਸੁਟਿਆ ਜਾਂਦਾ ਹੈ ਜਿਹੜੇ ਧਾਰਮਿਕ ਉਪਦੇਸ਼ਕਾਂ ਵਿਚ ਦੁਫੇੜ ਪਾਉਂਦੇ ਹਨ।

ਤਪਤਸੁਰਮੀ ਨਰਕ—ਇਸ ਵਿਚ ਉਨ੍ਹਾਂ ਪੁਰੋਹਿਤਾਂ ਦੇ ਪੰਡਤਾਂ ਆਦਿ ਨੂੰ ਸੁਟਿਆ ਜਾਂਦਾ ਹੈ ਜਿਨ੍ਹਾਂ ਆਪਣੀ ਸਥਿਤੀ ਦਾ ਅਯੋਗ ਲਾਭ ਉਠਾਇਆ ਹੋਵੇ ਜਾਂ ਧਰਮ ਦੇ ਨਾਂ ਤੇ ਉੱਤੇ ਸੌਦੇਬਾਜ਼ੀ ਕੀਤੀ ਹੋਵੇ। ਇਥੇ ਤਪਦੇ ਜੰਬੂਰਾਂ ਨਾਲ ਪਾਪੀਆਂ ਦੀ ਚਮੜੀ ਉਧੇੜੀ ਜਾਂਦੀ ਹੈ।

ਕਿਰਮ ਭੋਜਨ—ਉਹ ਨਰਕ ਜਿਥੇ ਸਵਾਰਥੀਆਂ, ਨਿਰ-ਦਈਆਂ ਤੇ ਲੋਭੀਆਂ ਨੂੰ ਕਿਰਮਾਂ ਦੇ ਰੂਪ ਵਿਚ ਸੁਟਿਆ ਜਾਂਦਾ ਹੈ। ਇਹ ਨਰਕ ਕਿਰਮਾਂ ਨਾਲ ਓਤ ਪੋਤ ਹੈ ਤੇ ਕਿਰਮ ਇਕ ਦੂਜੇ ਨੂੰ ਖਾ ਕੇ ਗੁਜ਼ਾਰਾ ਕਰਦੇ ਹਨ।

ਕਾਲ ਸੂਤ੍ਰ—ਇਸ ਨਰਕ ਵਿਚ ਬ੍ਰਾਹਮਣਾਂ ਦੇ ਘਾਤਕਾਂ ਨੂੰ ਸੁਟਿਆ ਜਾਂਦਾ ਹੈ ਜਿਥੇ ਉਹ ਬਲਦੀ ਅੱਗ ਉੱਤੇ ਲੋਹੇ ਦੇ ਤਵੇ ਉਤੇ ਰਖੇ ਜਾਂਦੇ ਹਨ, ਇਨ੍ਹਾਂ ਤਵਿਆਂ ਉੱਤੇ ਪਾਪੀਆਂ ਨੂੰ ਬਿਠਾਇਆ ਜਾਂਦਾ ਹੈ ਤੇ ਉਹ ਇਕ ਪਲ ਵੀ ਚੈਨ ਨਹੀਂ ਲੈ ਸਕਦੇ। ਇਥੇ ਉਨ੍ਹਾਂ ਨੂੰ ਇਤਨੇ ਵਰ੍ਹੇ, ਦੁਖ ਭੋਗਣਾ ਪੈਂਦਾ ਹੈ ਜਿਤਨੇ ਕਿਸੇ ਪਸ਼ੂ ਦੇ ਸਰੀਰ ਦੇ ਰੋਮ ਹੁੰਦੇ ਹਨ।

ਕੁੰਭੀ ਪਾਕ—ਉਹ ਨਰਕ ਜਿਥੇ ਤੇਲ ਦੇ ਕੁੰਭ ਅਥਵਾ ਕੜਾਹੇ ਉਬਲਦੇ ਰਹਿੰਦੇ ਹਨ ਤੇ ਕੁਕਰਮੀਆਂ ਨੂੰ ਇਨ੍ਹਾਂ ਕੜਾਹੀਆਂ ਵਿਚ ਤਲਿਆ ਜਾਂਦਾ ਹੈ। ਇਥੇ ਜ਼ਾਲਮਾਂ ਤੇ ਹੈਸਿਆਰਿਆਂ ਨੂੰ ਸੁੱਟਿਆ ਜਾਂਦਾ ਹੈ।

ਅਵਿਚੀਮਤ—ਝੂਠ ਬੋਲਣ ਵਾਲਿਆਂ ਜੀਵਾਂ ਨੂੰ ਇਸ ਨਰਕ ਵਿਚ ਸੁਟਿਆ ਜਾਂਦਾ ਹੈ। ਇਥੇ ਬੜੀਆਂ ਉੱਚੀਆਂ, ਭਿਆਨਕ ਤੇ ਵਿਕਰਾਲ ਪਹਾੜੀਆਂ ਹਨ। ਕੁਕਰਮੀਆਂ ਨੂੰ ਉਪਰੋਂ ਹੇਠਾਂ ਰੋੜ੍ਹਿਆ ਜਾਂਦਾ ਹੈ। ਹੇਠਾਂ ਡਿੱਗਦੇ ਸਾਰ ਉਹ ਫਿਰ ਸੁਤੇ-ਸਿਧ ਪਹਾੜ ਦੀ ਚੋਟੀ ਉੱਤੇ ਜਾ ਪਹੁੰਚਦੇ ਹਨ। ਇਸ ਤਰ੍ਹਾਂ ਲੰਮੇ ਸਮੇਂ ਤੱਕ ਹੁੰਦਾ ਰਹਿੰਦਾ ਹੈ।

ਸਚੀਮੁਖ—ਇਸ ਨਰਕ ਵਿਚ ਕੰਜੂਸਾਂ ਨੂੰ ਸੁਟਿਆ ਜਾਂਦਾ ਹੈ। ਇਥੇ ਲੋਹੇ ਦੀਆਂ ਤੇਜ਼ ਸਲਾਖਾਂ, ਪ੍ਰਾਣੀਆਂ ਦੁਆਲੇ ਘੇਰ ਵਾਂਙ ਵਲ ਦਿੱਤੀਆਂ ਜਾਂਦੀਆਂ ਹਨ ਤੇ ਪ੍ਰਾਣੀ ਘੁਟੇ ਘੁਟੇ ਮਹਿਸੂਸ ਕਰਦੇ ਹਨ।

ਮਾੜੇ ਕਰਮਾਂ ਦਾ ਫਲ ਭੋਗਣ ਲਈ ਪੰਜਾਬੀ ਸਭਿਆਚਾਰ ਵਿਚ ਭਾਵੇਂ ਨਰਕਾਂ ਦਾ ਡਰਾਵਾ ਦਿੱਤਾ ਗਿਆ ਹੈ ਪਰ ਪੁਰਾਣਾਂ ਵਰਗੀ ਨਿਸ਼ਾਨਦੇਹੀ ਨਹੀਂ ਹੋਈ। ਸੰਤ ਕਬੀਰ ਨੇ ਤਾਂ ਨਰਕ ਅਤੇ ਸਵਰਗ ਦੇ ਸੰਕਲਪਾਂ ਨੂੰ ਹੀ ਰਦ ਕਰ ਦਿੱਤਾ ਹੈ—

"ਕਵਨੁ ਨਰਕੁ ਕਿਆ ਸੁਰਗੁ ਬਿਚਾਰਾ, ਸੰਤਨ ਦੋਊ ਰਾਦੇ" (ਅੰਕ. ਗ੍ਰੰ. 969)

ਹ. ਪੁ.–ਪੰ. ਸਾ. ਸੰ. ਕੋ. : 521; ਪੰ. ਲੋ. ਵਿ. ਕੋ. : 1595; ਮ. ਕੋ.

ਨਰਕਾਸੁਰ : ਇਹ ਇਕ ਤੇਜਸਵੀ ਦੈਂਤ ਸੀ ਜਿਹੜਾ ਬੜਾ ਅਤਿਆਚਾਰੀ ਅਤੇ ਨਿਰਦਈ ਸੀ। ਪ੍ਰਿਥਵੀ (ਭੂਮੀ) ਤੋਂ ਉਪਜਿਆ ਹੋਣ ਕਰ ਕੇ ਇਸ ਨੂੰ ਭੋਮਾਸੁਰ ਵੀ ਕਿਹਾ ਜਾਂਦਾ ਹੈ। ਵਿਸ਼ਨੂ ਪੁਰਾਣ ਅਤੇ ਭਾਗਵਤ ਪੁਰਾਣ ਅਨੁਸਾਰ ਜਦੋਂ ਵਿਸ਼ਨੂ ਨੇ ਬਰਾਹ (ਵਰਾਹ) ਅਵਤਾਰ ਰੂਪ ਧਾਰਨ ਕੀਤਾ ਤਾਂ ਪ੍ਰਿਥਵੀ ਨੇ ਉਸ ਨਾਲ ਸੰਯੋਗ ਕਰਕੇ ਭੋਮ ਨਾਂ ਦਾ ਪੁੱਤਰ ਪੈਦਾ ਕੀਤਾ। 'ਹਰਿਵੰਸ਼ ਪੁਰਾਣ' ਅਨੁਸਾਰ ਇਹ ਆਪਣੀ ਤਾਕਤ ਦੇ ਨਸ਼ੇ ਵਿਚ ਦੇਵਤਿਆਂ ਉੱਤੇ ਬਹੁਤ ਜ਼ਿਆਦਾ ਜ਼ੁਲਮ ਕਰਨ ਲੱਗਾ। ਵਿਸ਼ਨੂ ਪੁਰਾਣ ਦੀ ਇਕ ਹੋਰ ਕਥਾ ਅਨੁਸਾਰ ਨਰਕਾਸੁਰ ਅਦਿਤੀ ਦੀਆਂ ਕੰਨਾਂ ਦੀਆਂ ਵਾਲੀਆਂ ਖੋਹ ਕੇ ਆਪਣੀ ਰਾਜਧਾਨੀ ਵਿਚ ਪ੍ਰਾਗ-ਜੋਤਿਸ਼ ਦੇ ਕਿਲੇ ਵਿਚ ਲੈ ਗਿਆ। ਇਹ ਕਿਲਾ ਦੇਵਤਿਆਂ ਤੋਂ ਜਿਤਿਆ ਨਾ ਗਿਆ ਅਤੇ ਉਨ੍ਹਾਂ ਨੇ ਸ੍ਰੀ ਕ੍ਰਿਸ਼ਣ ਤੋਂ ਸਹਾਇਤਾ ਮੰਗੀ। ਸ੍ਰੀ ਕਿਸ਼ਨ ਨੇ ਨਰਕਾਰਸੁਰ ਨੂੰ ਮਾਰ ਕੇ ਵਾਲੀਆਂ ਵਾਪਸ ਲੈ ਆਉਂਦੀਆਂ।

ਹਰੀਵੰਸ਼ ਕਥਾ ਅਨੁਸਾਰ ਨਰਕਾਸੁਰ ਪ੍ਰਾਗ ਜੋਤਿਸ਼ਪੁਰ (ਗੁਹਾਟੀ) ਦਾ ਰਾਜਾ ਸੀ। ਇਸ ਦਾ ਦੇਵਤਿਆ ਨਾਲ ਵੈਰ ਸੀ। ਇਸ ਨੇ ਹਾਥੀ ਦਾ ਰੂਪ ਧਾਰ ਕੇ ਵਿਸ਼ਵਕਰਮਾ ਦੀ ਧੀ ਨੂੰ ਚੁਰਾ ਲਿਆ। ਇਸ ਨੇ ਕਈ ਹੋਰ ਦੇਵਤਿਆਂ ਗੰਧਰਵਾਂ ਤੇ ਰਾਜਿਆਂ ਦੀਆਂ ਵਿਆਹੀਆਂ ਤੇ ਕੰਵਾਰੀਆਂ ਲੜਕੀਆਂ ਨੂੰ ਆਪਣੇ ਕਿਲੇ ਅੰਦਰ ਕੈਦ ਰਖਿਆ ਹੋਇਆ ਸੀ। ਜਿਨ੍ਹਾਂ ਰਾਜਿਆਂ ਨੂੰ ਇਹ ਜਿੱਤਦਾ ਉਨ੍ਹਾਂ ਦੇ ਹੀ ਪਰਿਵਾਰ ਦੀਆਂ ਤੀਵੀਆਂ ਨੂੰ ਬੰਦੀ ਬਣਾ ਲੈਂਦਾ। ਇਸ ਦੇ ਕਿਲੇ ਵਿਚ ਸੋਲ੍ਹਾਂ ਹਜ਼ਾਰ ਇਸਤਰੀਆਂ ਅਤੇ ਲੜਕੀਆਂ ਸਨ। ਇਸ ਨੇ ਇੰਦਰ-ਪਦ ਪ੍ਰਾਪਤ ਕਰਨ ਲਈ ਘੋਰ ਤਪਸਿਆ ਕੀਤੀ। ਇੰਦਰ ਨੇ ਆਪਣੀ ਸੁਰੱਖਿਆ ਲਈ ਸ੍ਰੀ ਕ੍ਰਿਸ਼ਨ ਅੱਗੇ ਪ੍ਰਾਥਨਾ ਕੀਤੀ। ਸ੍ਰੀ ਕ੍ਰਿਸ਼ਨ ਨੇ ਸੁਦਰਸ਼ਨ ਚੱਕਰ ਨਾਲ ਨਰਕਾਸੁਰ ਅਤੇ ਉਸ ਦੇ ਅਨੇਕ ਸੈਨਾ ਨਾਇਕਾਂ ਨੂੰ ਮਾਰ ਦਿੱਤਾ। ਉਦੋਂ ਹੀ ਭੂਮੀ ਨੇ ਪ੍ਰਗਟ ਹੋ ਕੇ ਸ੍ਰੀ ਕ੍ਰਿਸ਼ਨ ਨੂੰ ਦਸਿਆ ਕਿ ਨਰਕਾਸੁਰ ਅਸਲ ਵਿਚ ਬਰਾਹ ਦਾ ਪੁੱਤਰ ਹੈ। ਭੂਮੀ ਨੇ ਸ੍ਰੀ ਕ੍ਰਿਸ਼ਨ ਨੂੰ ਅਦਿਤੀ ਦੇ ਦੋਵੇਂ ਕੁੰਡਲ ਮੋੜ ਦਿੱਤੇ। ਭੂਮੀ ਦੀ ਪ੍ਰਾਰਥਨਾ ਤੇ ਕ੍ਰਿਸ਼ਨ ਨੇ ਨਰਕਾਸੁਰ ਦੇ ਪੁੱਤਰ ਭਗਵਤ ਨੂੰ ਜੀਵਨ ਦਾਨ ਦਿੱਤਾ। ਨਰਕਾਸੁਰ ਦੇ ਕਿਲੇ ਵਿਚ ਕੈਦ 16,000 ਇਸਤਰੀਆਂ ਅਤੇ ਲੜਕੀਆਂ ਨੂੰ ਸ੍ਰੀ ਕ੍ਰਿਸ਼ਨ ਨੇ ਨਰਕਾਸੁਰ ਦਾ ਕਤਲ ਕਰ ਕੇ ਮੁਕਤ ਕਰਵਾਇਆ। ਜਿਸ ਦਿਨ ਨਰਕਾਸੁਰ ਦਾ ਕਤਲ ਹੋਇਆ ਉਸੇ ਦਿਨ ਧਰਤੀ ਦੇ ਲੋਕਾਂ ਤੇ ਦੇਵਤਿਆ ਨੇ ਦੀਵੇ ਬਾਲੇ। ਇਸ ਤਿੱਥ ਨੂੰ ਛੋਟੀ ਦੀਵਾਲੀ ਦਾ ਪੁਰਬ ਵੀ ਮਨਾਇਆ ਜਾਂਦਾ ਹੈ। ਇਸ ਪੁਰਬ ਨੂੰ 'ਨਰਕਾਸੁਰ ਚੌਦਸ' ਨਾਂ ਨਾਲ ਜਾਣਿਆ ਜਾਂਦਾ ਹੈ।

'ਨਰਕਾਸੁਰ ਚੌਦਸ' ਦਾ ਸਬੰਧ ਯਮਰਾਜ ਨਾਲ ਵੀ ਦਸਿਆ ਜਾਂਦਾ ਹੈ। ਪੌਰਾਣਿਕ ਕਥਾ ਅਨੁਸਾਰ ਜਦੋਂ ਵਿਸ਼ਨੂ ਨੇ ਵਾਮਨ ਦਾ ਅਵਤਾਰ ਧਾਰ ਕੇ ਬਲ ਰਾਜੇ ਤੋਂ ਢਾਈ ਕਦਮ ਪ੍ਰਿਥਵੀ ਦਾਨ ਮੰਗੀ ਅਤੇ ਦੋ ਕਦਮਾਂ ਨਾਲ ਧਰਤੀ ਅਤੇ ਆਕਾਸ਼ ਮਾਪ ਕੇ ਬਾਕੀ ਅੱਧੇ ਕਦਮ ਲਈ, ਉਸ ਨੇ ਬਲ ਨੂੰ ਪਾਤਾਲ ਲੋਕ ਵਿਚ ਧੱਕ ਦਿੱਤਾ ਸੀ ਅਤੇ ਤਿੰਨਾਂ ਲੋਕਾਂ ਉੱਤੇ ਅਧਿਕਾਰ ਪ੍ਰਾਪਤ ਕਰਨ ਮਗਰੋਂ ਵਾਮਨ ਅਵਤਾਰ ਨੇ ਬਲ ਰਾਜੇ ਨੂੰ ਕੋਈ ਵਰਦਾਨ ਮੰਗਣ ਲਈ ਕਿਹਾ ਤਾਂ ਬਲ ਰਾਜੇ ਨੇ ਮਾਨਵ ਜਾਤੀ ਦੇ ਹਿੱਤ ਲਈ ਇਹ ਵਰਦਾਨ ਮੰਗਿਆ ਕਿ ਇਨ੍ਹਾਂ ਤਿੰਨਾਂ ਦਿਨਾਂ ਵਿਚ ਅਰਥਾਤ ਕੱਤਕ ਵਿਦੀ ਤੇਰਸ, ਚੌਦਸ ਤੇ ਅਮਾਵਸ ਨੂੰ ਬਲ ਰਾਜੇ ਤੋਂ ਪ੍ਰਿਥਵੀ ਪ੍ਰਾਪਤ ਕੀਤੀ ਗਈ, ਉਨ੍ਹਾਂ ਤਿਥਾਂ ਤੇ ਜੋ ਕੋਈ ਪ੍ਰਾਣੀ ਮੌਤ ਦੇ ਦੇਵਤੇ ਯਮਰਾਜ ਲਈ ਦੀਪ ਦਾਨ ਕਰੇ ਤਾਂ ਉਸ ਪ੍ਰਾਣੀ ਨੂੰ ਕੋਈ ਕਸ਼ਟ ਨਹੀਂ ਪਹੁੰਚੇਗਾ। ਉਨ੍ਹਾਂ ਲਈ ਮੌਤ ਡਰਾਉਣੀ ਨਾ ਰਹੇ ਅਤੇ ਉਨ੍ਹਾਂ ਦੇ ਘਰ ਸਭ ਠੀਕ ਰਹੇ। ਵਾਮਨ ਨੇ ਇਹ ਵਰਦਾਨ ਦੇ ਦਿੱਤਾ। ਇਸ ਲਈ ਹਿੰਦੂ ਇਸ ਤਿਥ ਨੂੰ ਯਮ ਨੂੰ ਦੀਪ ਦਾਨ ਕਰਦੇ ਹਨ। ਇਸ ਤਿਥ ਨੂੰ ਹਿੰਦੂ ਸਵੇਰੇ ਇਸ਼ਨਾਨ ਕਰਕੇ ਯਮਰਾਜ ਨਮਿਤ ਤਰਪਣ ਤੇ ਜਲ ਦਿੰਦੇ ਹਨ ਅਤੇ ਸ਼ਾਮ ਨੂੰ ਦੀਪ ਦਾਨ ਕਰਨ ਮਗਰੋਂ ਘਰ ਵਿਚ ਦੀਵਾ ਬਾਲਦੇ ਹਨ। ਨਰਕਾਸੁਰ ਚੌਦਸ ਦੀ ਤਿਥ ਨੂੰ ਹੀ ਹਨੂਮਾਨ ਦਾ ਜਨਮ ਵੀ ਹੋਇਆ ਸੀ। ਇਸ ਲਈ ਹਨੂਮਾਨ ਦੇ ਭਗਤ ਇਸ ਤਿਥ ਨੂੰ ਉਨ੍ਹਾਂ ਦਾ ਜਨਮ ਦਿਨ ਮਨਾਉਂਦੇ ਹਨ।

ਹ. ਪੁ.–ਪੰ. ਲੋ. ਵਿ. ਕੋ. 6 : 1596; ਪੰ. ਸਾ. ਸੰ. ਕੋ. : 629

ਨਰਖੇਰ : ਇਹ ਭਾਰਤ ਦੇ ਮਹਾਰਾਸ਼ਟਰ ਰਾਜ ਦੇ ਨਾਗਪੁਰ ਜ਼ਿਲ੍ਹੇ ਦਾ ਇਕ ਸ਼ਹਿਰ ਹੈ ਜਿਹੜਾ ਨਾਗਪੁਰ ਸ਼ਹਿਰ ਤੋਂ 72 ਕਿ. ਮੀ. (45 ਮੀਲ) ਦੀ ਦੂਰੀ ਉੱਤੇ ਵਾਕਿਆ ਹੈ। ਇਹ ਸ਼ਹਿਰ ਸੜਕਾਂ ਦੁਆਰਾ ਕਲਾਮੇਸ਼ਵਰ ਅਤੇ ਸਵਰਗਾਓ ਸ਼ਹਿਰਾਂ ਨਾਲ ਜੁੜਿਆ ਹੋਇਆ ਹੈ। ਸ਼ਹਿਰ ਦੇ ਨੇੜੇ ਦੀ ਭੂਮੀ ਉਪਜਾਊ ਹੋਣ ਕਰਕੇ ਇਥੇ ਦੇ ਬਹੁਤੇ ਲੋਕ ਖੇਤੀਬਾੜੀ ਕਰਦੇ ਹਨ। ਇਥੇ ਹਫ਼ਤੇ ਵਿਚ ਇਕ ਵਾਰ ਪਸ਼ੂਆਂ ਦੀ ਵੱਡੀ ਮੰਡੀ ਵੀ ਲਗਦੀ ਹੈ।

ਆਬਾਦੀ– 19,423 (1991)

21° 28′ ਉ. ਵਿਥ. ; 78° 32′ ਪੂ. ਲੰਬ.

ਹ. ਪੁ.–ਇੰਪ. ਗ. ਇੰਡ. 18 : 379

ਨਰਗਿਸ : ਐਮੇਰੀਲੀਡੇਸੀ ਕੁਲ ਨਾਲ ਸਬੰਧਤ ਇਸ ਪੌਦੇ ਨੂੰ ਡੈਫੋਡਿਲ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਹ ਪੌਦਾ ਮੂਲ ਰੂਪ ਵਿਚ ਯੂਰਪ, ਉਤੱਰੀ-ਅਰਧ ਗੋਲਾ, ਬ੍ਰਿਟਿਸ਼ ਦੀਪ-ਸਮੂਹ, ਏਸ਼ੀਆ, ਜਾਪਾਨ, ਉਤੱਰੀ ਅਫ਼ਰੀਕਾ ਵਿਚ ਪਾਇਆ ਜਾਂਦਾ ਹੈ। ਨਾਰਸੀਆ ਦੀਆਂ ਵੱਡੇ ਆਕਾਰ ਤੇ ਬਿਗਲਨੁਮਾ ਫੁੱਲ ਦੇਣ ਵਾਲੀਆਂ ਕਿਸਮਾਂ ਨੂੰ ਆਮ ਤੌਰ ਤੇ ਡੈਫੋਡਿਲ (ਪੀਲੀ ਨਰਗਿਸ) ਦਾ ਨਾਂ ਦਿੱਤਾ ਗਿਆ ਹੈ ਜਦ ਕਿ ਛੋਟੇ ਪਿਆਲੇ ਵਰਗੇ ਫੁੱਲਾਂ ਵਾਲੀਆਂ ਕਿਸਮਾਂ ਨੂੰ ਨਰਗਿਸ ਆਖਿਆ ਜਾਂਦਾ ਹੈ ਪਰ ਇਹ ਦੋਵੇਂ ਇਕੋ

ਬਨਸਪਤੀ ਵੰਸ਼ ਨਾਰਸੀਅਸ ਨਾਲ ਸਬੰਧਿਤ ਹਨ। ਇਸ ਦੇ ਪੌਦੇ ਲਗਭਗ 45 ਤੋਂ 61 ਸੈਂ. ਮੀ. ਤੱਕ ਉੱਚੇ ਹੁੰਦੇ ਹਨ। ਕਈ ਜਾਤੀਆਂ ਦੇ ਪੌਦੇ ਸਿਰਫ 7.6 ਸੈਂ. ਮੀ. ਉੱਚੇ ਹੁੰਦੇ ਹਨ। ਇਸ ਦੇ ਪੱਤੇ ਹਰੇ, ਘੱਟ ਚੌੜੇ ਤੇ ਘਾਹ ਵਰਗੇ ਹੁੰਦੇ ਹਨ। ਇਸ ਦੇ ਫੁੱਲ ਲੰਬੀਆਂ ਲੰਬੀਆਂ ਡੰਡੀਆਂ ਤੇ ਲੱਗਦੇ ਹਨ। ਇਸ ਵਿਚ ਇਕ ਘੱਟ ਚੌੜੀ ਗੋਲ ਜਿਹੀ ਨਲਕੀ ਹੁੰਦੀ ਹੈ ਜਿਸ ਦੀ ਲੰਬਾਈ ਵੱਖ ਵੱਖ ਜਾਤੀਆਂ ਤੇ ਕਿਸਮਾਂ ਵਿਚ ਭਿੰਨ-ਭਿੰਨ ਹੁੰਦੀ ਹੈ। ਇਸ ਦੇ ਸਿਰੇ ਉਪਰ ਪੰਖੜੀ ਪੁੰਜ ਦੇ ਛੇ ਗੋਲ-ਗੋਲ (ਪੰਖੜੀ ਵਰਗੇ) ਹਿੱਸੇ ਹੁੰਦੇ ਹਨ ਅਤੇ ਇਕ ਬਿਗਲ ਜਾਂ ਫਿਰ ਪਿਆਲੇ ਵਰਗਾ ਮੁਕਟ ਜਿਹਾ ਹੁੰਦਾ ਹੈ। ਗੋਲ ਹਿਸਾ ਪੰਖੜੀ ਪੁੰਜ ਤੋਂ ਬਾਹਰ ਵੱਲ ਵਧਿਆ ਰਹਿੰਦਾ ਹੈ। ਪੰਖੜੀ ਪੁੰਜ ਦਾ ਰੰਗ ਸਫ਼ੇਦ ਜਾ ਪੀਲਾ ਤੇ ਕਦੇ ਕਦੇ ਨਿੰਬੂ ਵਰਗਾ ਜਾਂ ਲਾਲ ਜਿਹਾ ਹੋ ਸਕਦਾ ਹੈ। ਇਸ ਦੇ ਮੁਕਟ ਦੀ ਸ਼ਕਲ, ਆਕਾਰ ਤੇ ਰੰਗ ਵਖਰੀਆਂ ਕਿਸਮਾਂ ਵਿਚ ਵੱਖ-ਵੱਖ ਹੁੰਦਾ ਹੈ। ਇਹ ਵੱਡਾ ਬਿਗਲ ਵਰਗਾ ਪਿਆਲੇ ਦੀ ਸ਼ਕਲ ਦਾ ਜਾਂ ਲਗਭਗ ਪੱਧਰਾ ਸਮਤਲ ਹੋ ਸਕਦਾ ਹੈ। ਇਹ ਬਿਗਲ-ਨੁਮਾ, ਪਿਆਲੇ-ਨੁਮਾ ਜਾਂ ਕਟੋਰੇ-ਨੁਮਾ, ਮੁੜੇ ਹੋਏ ਅਤੇ ਦੰਦੇਦਾਰ ਕਿਨਾਰਿਆਂ ਵਾਲਾ ਵੀ ਹੋ ਸਕਦਾ ਹੈ ਅਤੇ ਇਸ ਦਾ ਰੰਗ ਪੀਲਾ, ਚਿੱਟਾ, ਲਾਲ ਗੁਲਾਬੀ ਮਿਸ਼ਰਿਤ ਰੰਗਾਂ ਵਿਚ ਵੀ ਹੋ ਸਕਦਾ ਹੈ। ਇਸ ਪੌਦੇ ਤੇ ਫੁੱਲ ਇਕੱਲੇ ਜਾਂ ਗੁੱਛਿਆਂ ਵਿਚ ਖਿੜਦੇ ਹਨ। ਟ੍ਰਾਈ-ਐਂਡਰੈਸ ਤੇ ਜੌਨ ਕੁਇਲ ਨਾਂ ਦੀਆਂ ਦੋਗਲੀਆਂ ਕਿਸਮਾਂ ਵਿਚ ਇਕ ਗੁੱਛੇ ਵਿਚ ਦੋ ਜਾਂ ਤਿੰਨ ਅਤੇ ਟੈਜ਼ੇਟਾਂ ਵਿਚ ਦੱਸ ਜਾਂ ਇਸ ਤੋਂ ਵੱਧ ਫੁੱਲ ਹੁੰਦੇ ਹਨ।

ਟੈਜ਼ੇਟਾਂ, ਜੌਨ ਕੌਇਲ ਤੇ ਪੋਇਟੀਕਸ ਆਦਿ ਦੋਗਲੀਆਂ ਕਿਸਮਾਂ ਦੇ ਫੁੱਲ ਬਹੁਤ ਹੀ ਤੇਜ਼ ਤਿਖੀ ਮਹਿਕ ਵਾਲੇ ਹੁੰਦੇ ਹਨ ਪਰ ਕਈ ਕਿਸਮਾਂ ਜਿਵੇਂ ਕਿ ਸਾਈਕਲੇਮੀਨੀਅਸ ਅਤੇ ਟ੍ਰਾਈਐਂਡਰਸ ਦੀਆਂ ਦੋਗਲੀਆਂ ਕਿਸਮਾਂ ਦੇ ਫੁੱਲ ਖੁਸ਼ਬੂ ਰਹਿਤ ਹੁੰਦੇ ਹਨ। ਕੁਝ ਕਿਸਮਾਂ ਦੇ ਫੁੱਲ ਮੱਠੀ ਮੱਠੀ ਮਹਿਕ ਵਾਲੇ ਹੁੰਦੇ ਹਨ।

ਨਾਰਸੀਅਸ (ਨਰਗਿਸ) ਅਤੇ ਡੈਫੋਡਿਲ (ਪੀਲੀ ਨਰਗਿਸ) ਖੁੱਲੀ ਥਾਂ ਤੇ ਕਿਆਰੀਆਂ ਵਿਚ ਜਾਂ ਗਮਲਿਆਂ ਵਿਚ ਉਗਾਏ ਜਾਂਦੇ ਹਨ। ਇਹ ਘਰਾਂ ਦੇ ਅੰਦਰ ਉਗਾਉਣ ਅਤੇ ਅਗੇਤੇ ਫੁੱਲ ਲੈਣ ਲਈ ਵੀ ਉਪਯੋਗੀ ਹਨ।

ਇਸ ਦੀਆਂ ਦਰੀਆਮਾਨੇ ਆਕਾਰ ਦੀਆਂ ਜਾਤੀਆਂ ਜਿਵੇਂ ਕਿ ਨਾਰਸੀਸਮ ਜੌਨ ਕੁਇਲਾ, ਨਾਂ ਬਲੋਬਕੋਡੀਅਮ ਨਾਂ ਟ੍ਰਾਈਐਂਡਕਸ ਨਾ ਸਾਈਕਲੇਮੀਨੀ ਅਸ਼ਾਇਤ ਆਦਿ ਚਟਾਨੀ ਬਾਗਾਂ ਵਿਚ ਉਗਾਉਣ ਲਈ ਬਹੁਤ ਹੀ ਉਪਯੋਗੀ ਹਨ। ਇਸ ਦੀਆਂ ਕਈ ਹੋਰ ਕਿਸਮਾਂ ਘਰਾਂ ਦੇ ਅੰਦਰ ਪਿਆਲਿਆਂ ਵਿਚ ਉਗਾਉਣ ਲਈ ਬਹੁਤ ਹੀ ਵਧੀਆ ਹਨ ਜਿਵੇਂ ਕਿ ਪੇਪਰ ਵਾਈਟ, ਗਰੈਂਡ ਸੋਲੀਲ ਡੇ ਓਰ, ਬੀਅਰਸੇਬਾਂ, ਕਰੈਰਾਫੋਰਡ ਜਰੇਨੀਅਮ ਆਦਿ।

ਨਰਗਿਸ ਤੇ ਪੀਲੀ ਨਰਗਿਸ ਦੀ ਕਾਸ਼ਤ ਲਈ ਕਾਫ਼ੀ ਮਾਤਰਾ ਵਿਚ ਮਲੱੜ੍ਹ ਸਿੱਲੀ ਚੰਗੀ ਮੈਰਾ ਭੂਮੀ ਵਧੀਆ ਰਹਿੰਦੀ ਹੈ। ਬਿਜਾਈ ਤੋਂ ਪਹਿਲਾਂ ਕਿਆਰੀਆਂ ਦੀ ਚੰਗੀ ਗੁਡਾਈ ਲਗਭਗ 61 ਸੈਂ. ਮੀ. ਤਕ ਡੂੰਘੀ ਚਾਹੀਦੀ ਹੈ।

ਇਸ ਦੀ ਬਿਜਾਈ ਦਾ ਸਭ ਤੋਂ ਚੰਗਾ ਸਮਾਂ ਉਤੱਰੀ ਭਾਰਤ ਦੇ ਮੈਦਾਨਾਂ ਵਿਚ ਅਕਤੂਬਰ ਦਾ ਮਹੀਨਾ ਹੈ ਅਤੇ ਪਹਾੜਾਂ ਵਿਚ ਸਤੰਬਰ-ਅਕਤੂਬਰ ਦੇ ਮਹੀਨੇ ਵਿਚ ਬਿਜਾਈ ਕਰਨੀ ਚਾਹੀਦੀ ਹੈ। ਇਸ ਦੇ ਫੁੱਲ ਮੈਦਾਨਾਂ ਵਿਚ ਦਸੰਬਰ ਤੋਂ ਮਾਰਚ ਅਤੇ ਪਹਾੜਾਂ ਵਿਚ ਦਸੰਬਰ ਤੋਂ ਅਪ੍ਰੈਲ ਦੇ ਸਮੇਂ ਦੌਰਾਨ ਖਿੜਦੇ ਹਨ। ਨਰਗਿਸ ਬਲਬ ਲਗਭਗ 7.6 ਤੋਂ 12.7 ਸੈਂ. ਮੀ. ਦੀ ਡੂੰਘਾਈ ਤੇ ਬੀਜੇ ਜਾਂਦੇ ਹਨ ਅਤੇ ਉਨ੍ਹਾਂ ਦਾ ਮੂੰਹ ਮਿੱਟੀ ਨਾਲ ਢੱਕ ਦਿੱਤਾ ਜਾਂਦਾ ਹੈ। ਇਸ ਦੇ ਬਲਬ ਛੋਟੇ ਵੱਡੇ ਕਈ ਤਰ੍ਹਾਂ ਦੇ ਆਕਾਰਾਂ ਦੇ ਹੁੰਦੇ ਹਨ। ਇਕ ਮੂਲ ਬਲਬ ਕਈ ਆਕਾਰਾਂ ਦੇ ਬਹੁਤ ਸਾਰੇ ਬਲਬਾਂ ਦਾ ਬਣਿਆ ਹੋਇਆ ਹੁੰਦਾ ਹੈ ਜਿਸ ਵਿਚ 3-4 ਫੁੱਲ ਖਿੜਦੇ ਹਨ।

ਫੁੱਲ ਖਿੜਨੇ ਬੰਦ ਹੋ ਜਾਣ ਤੇ ਪਾਣੀ ਦੇਣਾ ਬੰਦ ਕਰ ਦੇਣਾ ਚਾਹੀਦਾ ਹੈ। ਜਦੋਂ ਪੱਤੇ ਸੁੱਕ ਜਾਣ ਤਾਂ ਬਲਬਾਂ ਨੂੰ ਪੁੱਟ ਕੇ ਇਕ ਕਾਂਟੇ ਦੀ ਸਹਾਇਤਾ ਨਾਲ ਉਪਰ ਚੁੱਕ ਲੈਣਾ ਚਾਹੀਦਾ ਹੈ। ਬਲਬਾਂ ਨੂੰ ਧੁੱਪ ਵਿਚ ਸੁਕਾ ਕੇ ਅਗਲੀ ਬਿਜਾਈ ਤਕ ਕਿਸੇ ਠੰਡੀ ਤੇ ਛਾਂਦਾਰ ਥਾਂ ਤੇ ਜਮ੍ਹਾਂ ਕਰਕੇ ਰੱਖ ਦੇਣਾ ਚਾਹੀਦਾ ਹੈ। ਪਹਾੜਾਂ ਵਿਚ ਬਲਬਾਂ ਨੂੰ ਆਮ ਤੌਰ ਤੇ ਪੁੱਟ ਕੇ ਕੱਢਿਆ ਨਹੀਂ ਜਾਂਦਾ ਪਰ ਤਿੰਨ ਕੁ ਸਾਲ ਬਾਅਦ ਉਨ੍ਹਾਂ ਨੂੰ ਪੁੱਟ ਕੇ ਕੱਢਿਆ ਜਾ ਸਕਦਾ ਹੈ।

ਘਰਾਂ ਵਿਚ ਉਗਾਉਣ ਲਈ ਬਲਬ ਗਮਲਿਆਂ ਜਾਂ ਕੂੰਡਿਆਂ ਵਿਚ ਲਾਏ ਜਾਂਦੇ ਹਨ। ਗਮਲਿਆਂ ਵਿਚ ਪਾਏ ਜਾਣ ਵਾਲੇ ਮਿਸ਼ਰਣ ਵਿਚ ਬਰਾਬਰ-ਬਰਾਬਰ ਮਿੱਟੀ, ਰੇਤ, ਪੱਤਿਆਂ ਦੀ ਖਾਦ ਤੇ ਉਨ੍ਹਾਂ ਨਾਲ ਅੱਧਾ ਹਿੱਸਾ ਲੱਕੜੀ ਦੇ ਕੋਲੇ ਦਾ ਬੂਰਾ ਹੋਣਾ ਚਾਹੀਦਾ ਹੈ। 15 ਸੈਂ. ਮੀ. ਦੇ ਗਮਲੇ ਵਿਚ ਲਗਭਗ 6 ਤੋਂ 9 ਬਲਬ ਬੀਜੇ ਜਾਂ ਸਕਦੇ ਹਨ। ਬਲਬਾਂ ਦੀ ਬਿਜਾਈ ਕਰਦਿਆਂ ਉਨ੍ਹਾਂ ਦੀਆਂ ਨੌਕਾਂ ਮਿੱਟੀ ਦੀ ਸਤ੍ਹਾ ਤੋਂ ਥੋੜ੍ਹੀਆਂ ਉਪਰ ਪਰ ਗਮਲਿਆਂ ਦੇ ਕੰਢੇ ਤੋਂ ਲਗਭਗ 2.5 ਸੈਂ. ਮੀ. ਥੱਲੇ ਰਖੀਆਂ ਜਾਂਦੀਆਂ ਹਨ ਤਾਂ ਜੋ ਪਾਣੀ ਲਈ ਥਾਂ ਬਚੀ ਰਹੇ। ਬਿਜਾਈ ਤੋਂ ਬਾਅਦ ਗਮਲਿਆਂ ਨੂੰ ਕਿਸੇ ਠੰਢੇ ਹਨੇਰੇ ਤੇ ਹਵਾਦਾਰ ਕਮਰੇ ਵਿਚ ਇਕ ਢੱਕੇ ਹੋਏ ਬਕਸੇ ਵਿਚ ਰੱਖ ਕੇ ਸਮੇਂ ਸਮੇਂ ਪਾਣੀ ਦਿੰਦੇ ਰਹਿਣਾ ਚਾਹੀਦਾ ਹੈ। 3-4 ਮਹੀਨੇ ਬਾਅਦ ਜਦੋਂ ਪੌਦੇ 5.1 ਤੋਂ 7.6 ਸੈਂ. ਮੀ. ਤਕ ਲੰਬੇ ਹੋ ਜਾਣ ਤਾਂ ਪਹਿਲਾਂ ਘਰ ਦੇ ਅੰਦਰ ਵਧੇਰੇ ਗਰਮ ਥਾਂ ਤੇ ਪੰਦਰਾਂ ਕੁ ਦਿਨ ਰਖਿਆ ਜਾਂਦਾ ਹੈ ਤੇ ਫਿਰ ਫੁੱਲ ਡੋਡੀਆਂ ਨਿਕਲ ਆਉਣ ਤੇ ਖਿੜਕੀ ਵਿਚ ਰੱਖ ਦੇਣਾ ਠੀਕ ਹੈ ਜਿਥੇ ਜ਼ਿਆਦਾ ਧੁੱਪ ਆਉਂਦੀ ਹੋਵੇ।

ਵਿਭਿੰਨ ਜਾਤੀਆਂ ਤੇ ਕਿਸਮਾਂ ਦਾ ਵਰਗੀਕਰਣ— ਇੰਗਲੈਂਡ ਦੀ ਰਾੱਇਲ ਹਾੱਟੀਕਲਚਰ ਸੁਸਾਇਟੀ ਜੋ ਨਰਗਿਸ ਅਤੇ ਪੀਲੀ ਨਰਗਿਸ ਦੇ ਵਰਗੀਕਰਣ ਸਬੰਧੀ ਅੰਤਰ-ਰਾਸ਼ਟਰੀ ਰਜਿਸਟਰੀ ਅਧਿਕਾਰੀ ਸੰਸਥਾ ਹੈ ਨੇ ਨਿਮਨਲਿਖਤ ਵਰਗੀਕਰਣ ਅਪਣਾਇਆ ਹੈ।

ਉਨ੍ਹਾਂ ਨੇ ਕੁੱਲ ਗਿਆਰਾਂ ਸ਼੍ਰੇਣੀਆਂ ਵਿਚ ਵਰਗੀਕਰਣ ਕੀਤਾ ਹੈ।

ਸ੍ਰੇਣੀ : 1. **ਰੰਪੈਂਟ ਜਾਂ ਬਿਗਲਨੁਮਾ**—ਇਸ ਸ਼੍ਰੇਣੀ ਦੀਆਂ ਮੁੱਖ ਕਿਸਮਾਂ ਹਨ, ਪੀਲੀ ਬਿਗਲ-ਨੁਮਾ (ਕਿੰਗ ਐਲੱਫਰਡ), ਦੋ-ਰੰਗੀ ਬਿਗਲ-ਨੁਮਾ (ਕੁਇਨ ਆੱਫ਼ ਬਾਈਕਲਰਜ਼), ਸਫ਼ੇਦ ਬਿਗਲ-ਨੁਮਾ ਬੀਅਰਸੇਬਾ, ਮਾਉਂਟ ਹੁੱਡ)

ਸ੍ਰੇਣੀ 2. **ਲਾਰਜ ਕੱਪਡ ਜਾਂ ਵੱਡੇ ਆਕਾਰ ਦੇ ਪਿਆਲੇ ਨੁਮਾ**-ਇਸ ਸ਼੍ਰੇਣੀ ਦੀਆਂ ਮੁੱਖ ਕਿਸਮਾਂ 4 ਤਰ੍ਹਾਂ ਦੀਆਂ ਹਨ (ੳ) ਜਿਨ੍ਹਾਂ ਵਿਚ ਪੀਲਾ ਗੋਲ ਪੰਖੜੀ ਪੁੰਜ (ਪੇਰੀਐਂਥ) ਅਤੇ ਰੰਗੀਨ ਪਿਆਲਾ ਜਾਂ ਮੁਕਟ ਹੁੰਦਾ ਹੈ ਜਿਵੇਂ ਆਰਮੇਡਾ, ਫਾਰਚੁਨ, ਗੈਵੇਆ। (ਅ) ਜਿਨ੍ਹਾਂ ਵਿਚ ਸਫ਼ੇਦ ਗੋਲ ਪੰਖੜੀ ਪੁੰਜ ਅਤੇ ਰੰਗੀਨ ਪਿਆਲਾ ਜਾਂ ਮੁਕਟ ਹੁੰਦਾ ਹੈ ਜਿਵੇਂ ਬਰੰਜ਼ਵਿਕ ਕਿਲੈਵਰਥ, ਫਰੀਮਾਏ। (ੲ) ਜਿਨ੍ਹਾਂ ਵਿਚ ਸਫ਼ੇਦ ਗੋਲ ਪੰਖੜੀ ਪੁੰਜ ਅਤੇ ਸਫ਼ੇਦ ਪਿਆਲਾ ਜਾਂ ਮੁਕਟ ਹੁੰਦਾ ਹੈ ਜਿਵੇਂ ਗਾਰਨ ਲੋਅ ਆਈਸ ਫੋਲੀਜ਼।

ਸ਼੍ਰੇਣੀ 3. **ਛੋਟੇ ਆਕਾਰ ਦੇ ਪਿਆਲੇ ਨੁਮਾ** : ਕਈ ਕਿਸਮਾਂ ਵਿਚ ਪੀਲਾ ਗੋਲ ਪੰਖੜੀ ਪੁੰਜ ਅਤੇ ਰੰਗੀਨ ਪਿਆਲਾ ਜਾਂ ਮੁਕਟ ਹੁੰਦਾ ਹੈ ਜਿਵੇਂ ਚੁੰਗ ਕਿੰਗ। ਕਈ ਕਿਸਮਾਂ ਵਿਚ ਸਫ਼ੇਦ ਗੂੜ੍ਹਾ ਪੰਖੜੀ

ਪੁੰਜ ਅਤੇ ਰੰਗੀਨ ਪਿਆਲਾ ਜਾਂ ਮੁਕਟ ਹੁੰਦਾ ਹੈ ਜਿਵੇਂ ਲਾਰੀਐਟ ਮਹਿਮੂਦ ਅਤੇ ਕਈ ਕਿਸਮਾਂ ਵਿਚ ਪੰਖੜੀ ਪੁੰਜ ਸਫ਼ੇਦ ਗੋਲ ਅਤੇ ਸਫ਼ੇਦ ਪਿਆਲਾ ਜਾਂ ਮੁਕਟ ਹੁੰਦਾ ਹੈ ਜਿਵੇਂ ਪੋਲਰ ਆਈਮ।

ਸ਼੍ਰੇਣੀ 4. ਡਬਲ—ਇਸ ਸ਼੍ਰੇਣੀ ਦੀਆਂ ਮੁੱਖ ਕਿਸਮਾਂ ਹਨ-ਮੇਰੀ ਕੋਪਲੈਂਡ, ਕੈਮੇਲੀਆ, ਟੈਕਸਾਸ, ਵਾਈਟ ਲਾਈਨ।

ਸ਼੍ਰੇਣੀ 5. ਟ੍ਰਾਈਐਂਡਰਸ—ਇਸ ਸ਼੍ਰੇਣੀ ਦੀਆਂ ਮੁੱਖ ਕਿਸਮਾਂ ਹਨ-ਰਿਪਲਿੰਗ ਵਾਟਰਜ਼, ਸਿਲਵਰ ਚਾਈਮਜ਼।

ਸ਼੍ਰੇਣੀ 6. ਸਾਈਕਲੇਮੀਨੀਅਸ—ਇਸ ਸ਼੍ਰੇਣੀ ਦੀਆਂ ਮੁੱਖ ਕਿਸਮਾਂ ਹਨ-ਚਾਰਟੀ ਮੇਅ, ਪੀਪਿੰਗ ਟੌਮ, ਫੈਬੱਰੁਆਰੀ ਗੋਲਡ ਆਦਿ।

ਸ਼੍ਰੇਣੀ 7. ਜੌਨ ਕੁਇਲਾ—ਇਸ ਸ਼੍ਰੇਣੀ ਦੀਆਂ ਮੁੱਖ ਕਿਸਮਾਂ ਹਨ-ਬੇਬੀ ਮੂਨ, ਸਵੀਟਨੈੱਸ ਟ੍ਰੇਵੀਥੀਅਨ।

ਸ਼੍ਰੇਣੀ 8. ਟੈਜੰਟਾ—ਇਸ ਸ਼੍ਰੇਣੀ ਦੀਆਂ ਮੁੱਖ ਕਿਸਮਾਂ ਹਨ-ਜਰੇਨੀਅਮ, ਸਕਾਰਲੈੱਜੇਮ ਆਦਿ।

ਸ਼੍ਰੇਣੀ 9. ਪੋਇਟੀਕਸ—ਇਸ ਸ਼੍ਰੇਣੀ ਦੀਆਂ ਮੁੱਖ ਕਿਸਮਾਂ ਹਨ ਐਕੱਟੀਰੈਕਰਸ।

ਸ਼੍ਰੇਣੀ 10. ਇਸ ਸ਼੍ਰੇਣੀ ਵਿਚ ਵਿਭਿੰਨ ਜਾਤੀਆਂ, ਜੰਗਲੀ ਰੂਪ ਅਤੇ ਦੋਗਲੀਆਂ ਕਿਸਮਾਂ ਜਿਵੇਂ ਨਾਰਸੀਮਸ ਬਲਬੋਕੋਡੀਅਮ, ਨਾਰਸੀਮਸ ਸਾਈਕਲੈਮੀਅਸ ਆਦਿ ਆਉਂਦੀਆਂ ਹਨ।

ਸ਼੍ਰੇਣੀ 11. ਉੱਪਰ ਲਿਖੀਆਂ ਸ਼੍ਰੇਣੀਆਂ ਵਿਚੋਂ ਕਿਸੇ ਵੀ ਸ਼੍ਰੇਣੀ ਵਿਚ ਨਾ ਆਉਣ ਵਾਲੀਆਂ ਕਿਸਮਾਂ ਜਿਵੇਂ ਨਾਈਲਾੱਨ।

ਹ. ਪੁ.-ਗਾਰਡਨ ਫ਼ਲਾਵਰਜ਼ : 264 (ਡਾ. ਵਿਸ਼ਨੂ ਸਵਰੂਪ)

ਨਰ ਨਾਰਾਇਣ : ਇਹ ਦੋ ਪ੍ਰਾਚੀਨ ਰਿਸ਼ੀ ਸਨ ਜਿਨ੍ਹਾਂ ਨੇ ਘੋਰ ਤਪੱਸਿਆ ਕੀਤੀ ਅਤੇ ਇਨ੍ਹਾਂ ਬਾਰੇ 'ਦੇਵੀ ਭਾਗਵਤ ਪੁਰਾਣ' ਵਿਚ ਲਿਖਿਆ ਹੈ ਕਿ ਬ੍ਰਹਮਾ ਦੇ ਹਿਰਦੇ ਤੋਂ ਧਰਮ ਪੈਦਾ ਹੋਇਆ ਜਿਸ ਨੇ ਦਕਸ਼ ਦੀਆਂ ਪੁੱਤਰੀਆਂ ਨਾਲ ਵਿਆਹ ਕੀਤਾ ਅਤੇ ਉਨ੍ਹਾਂ ਤੋਂ ਹੀ ਇਸ ਦੇ ਕ੍ਰਿਸ਼ਣ, ਨਰ ਅਤੇ ਨਾਰਾਇਣ ਨਾਂ ਦੇ ਚਾਰ ਪੁੱਤਰ ਪੈਦਾ ਹੋਏ। ਨਰ ਅਤੇ ਨਾਰਾਇਣ ਤਪੱਸਵੀ ਬਿਰਤੀ ਦੇ ਸਨ। ਇਸੇ ਕਾਰਨ ਇਨ੍ਹਾਂ ਦੀ ਘੋਰ ਤਪੱਸਿਆ ਤੋਂ ਡਰਦਿਆਂ ਇੰਦਰ ਨੇ ਕਾਮਦੇਵ ਅਤੇ ਅਪਸਰਾਵਾਂ ਨੂੰ ਇਨ੍ਹਾਂ ਦਾ ਤਪ ਭੰਗ ਕਰਨ ਲਈ ਭੇਜਿਆ। ਇੰਦਰ ਦੇ ਕਪਟ ਨੂੰ ਵੇਖਦੇ ਹੋਏ ਨਾਰਾਇਣ ਨੇ ਆਪਣੇ ਹਿਰਦੇ ਤੋਂ ਇਕ ਉਰਵਸ਼ੀ ਨਾਉਂ ਦੀ ਅਪਸਰਾ ਪੈਦਾ ਕੀਤੀ ਜਿਹੜੀ ਇੰਦਰ ਦੀਆਂ ਅਪਸਰਾਵਾਂ ਤੋਂ ਕਿਤੇ ਵਧੇਰੇ ਸੋਹਣੀ ਸੀ। ਉਸ ਨੇ ਇੰਦਰ ਦੀਆਂ ਅਪਸਰਾਵਾਂ ਦੀ ਖ਼ੂਬ ਸੇਵਾ ਕੀਤੀ ਜਿਸ ਤੇ ਉਹ ਸ਼ਰਮਿੰਦੀਆਂ ਹੋ ਕੇ ਨਾਰਾਇਣ ਤੋਂ ਮਾਫ਼ੀ ਮੰਗਦੇ ਹੋਏ ਸੇਵਾ ਪੁੱਛਣ ਲਗੀਆਂ। ਨਾਰਾਇਣ ਸੋਚਣ ਲਗਿਆ ਕਿ ਅਹੰਕਾਰ ਕਰ ਕੇ ਹੀ ਉਸ ਨੇ ਉਰਵਸ਼ੀ ਨੂੰ ਜਨਮ ਦਿੱਤਾ ਅਤੇ ਆਪਣੇ ਤਪ ਨੂੰ ਨਸ਼ਟ ਕੀਤਾ ਹੈ। ਅਸਲ ਵਿਚ ਅਹੰਕਾਰ ਹੀ ਸੰਸਾਰ ਰੂਪੀ ਬ੍ਰਿਛ ਦੀ ਜੜ੍ਹ ਹੈ। ਇਸ ਵਿਚਾਰ ਵਿਚ ਮਗਨ ਅਤੇ ਚਿੰਤਾਗ੍ਰਸਤ ਨਾਰਾਇਣ ਨੂੰ ਛੋਟੇ ਭਰਾ ਨਰ ਨੇ ਸ਼ਾਂਤ ਭਾਵ ਦਾ ਸਹਾਰਾ ਲੈਣ ਲਈ ਕਿਹਾ। ਨਾਰਾਇਣ ਨੇ ਉਨ੍ਹਾਂ ਅਪਸਰਾਵਾਂ ਨੂੰ ਕਿਹਾ ਕਿ ਹੁਣ ਤਾਂ ਉਹ ਤਪੱਸਵੀ ਹਨ। ਕਾਲਾਂਤਰ ਵਿਚ ਜਦੋਂ ਪ੍ਰਿਥਵੀ ਤੇ ਅਵਤਰਿਤ ਹੋਣਗੇ ਤਾਂ ਸਾਰੀਆਂ ਅਪਸਰਾਵਾਂ ਵੱਖ-ਵੱਖ ਰਾਜ ਘਰਾਣਿਆਂ ਵਿਚ ਜਨਮ ਲੈ ਕੇ ਉਨ੍ਹਾਂ ਦੀਆਂ ਪਤਨੀਆਂ ਬਣਨਗੀਆਂ। ਇਹ ਗੱਲ ਸੁਣ ਕੇ ਅਪਸਰਾਵਾਂ ਦੇਵ ਲੋਕ ਚਲੀਆਂ ਗਈਆਂ।

ਵਾਮਨ ਪੁਰਾਣ ਵਿਚ ਨਰ ਅਤੇ ਨਾਰਾਇਣ ਧਰਮ ਤੇ ਅਹਿੰਸਾ ਦੇ ਪੁੱਤਰ ਮੰਨੇ ਗਏ ਹਨ ਅਤੇ ਉਰਵਸ਼ੀ ਨਾਰਾਇਣ ਦੇ ਪੱਟ ਉੱਤੇ ਰਖੇ ਇਕ ਫੁੱਲ ਤੋਂ ਪੈਦਾ ਹੋਈ ਦਸੀ ਗਈ ਹੈ ਜਿਸ ਦਾ ਜ਼ਿਕਰ ਵਿਕ੍ਰਮੋਰਵਸ਼ੀਯ ਨਾਟਕ ਵਿਚ ਵੀ ਮਿਲਦਾ ਹੈ। ਮਹਾਭਾਰਤ ਦੇ ਭੀਸ਼ਮਵਧ ਪਰਵ ਵਿਚ ਲਿਖਿਆ ਹੈ ਕਿ ਇਕ ਵਾਰ ਗੰਧਮਾਦਨ ਪਰਬਤ ਉੱਤੇ ਬੈਠਿਆਂ ਬ੍ਰਹਮਾ ਨੇ ਦੇਵਤਿਆਂ ਨੂੰ ਦਸਿਆ ਕਿ ਮਨੁੱਖ ਲੋਕ ਵਿਚ ਪੈਦਾ ਹੋਏ ਬਲਵਾਨ ਦੈਂਤਾਂ ਦਾ ਨਾਸ਼ ਕਰਨ ਲਈ ਮਨੁੱਖਾ ਜੂਨ ਵਿਚ ਜਨਮ ਲੈ ਕੇ ਨਾਰਾਇਣ ਨਰ ਦੇ ਨਾਲ ਭੂ-ਲੋਕ ਵਿਚ ਵਿਚਰਨ ਕਰਨਗੇ। ਉਨ੍ਹਾਂ ਨੂੰ ਸਾਧਾਰਣ ਲੋਕ ਮਾਮੂਲੀ ਸ਼ਕਤੀ ਵਾਲੀ ਸਮਝਣਗੇ ਪਰ ਉਨ੍ਹਾਂ ਨੂੰ ਜਿਤਣਾ ਕਿਸੇ ਲਈ ਵੀ ਸੰਭਵ ਨਹੀਂ ਹੋਵੇਗਾ। ਮਹਾਭਾਰਤ ਕਾਲ ਵਿਚ ਨਰ ਅਤੇ ਨਾਰਾਇਣ ਕ੍ਰਿਸ਼ਨ ਅਤੇ ਅਰਜਨ ਦੇ ਰੂਪ ਵਿਚ ਪੈਦਾ ਹੋਏ। ਦਸਮ ਗ੍ਰੰਥ ਵਿਚ ਨਰ-ਨਾਰਾਇਣ ਨੂੰ ਵਿਸ਼ਣੂ ਦੇ ਚੌਵੀ ਅਵਤਾਰਾਂ ਵਿਚ ਗਿਣਿਆ ਗਿਆ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਨਰ ਅਤੇ ਨਾਰਾਇਣ ਨੂੰ ਪ੍ਰਭੂ ਵਾਚਕ ਵਜੋਂ ਵਰਤਿਆ ਹੈ।

"ਨਰ ਨਾਰਾਇਣ ਅੰਤਰਜਾਮਿ"

ਆਦਿ ਗ੍ਰੰਥ ਪੰ. 153

ਹ. ਪੁ. — ਪੰ. ਸਾ. ਸੰ. ਕੋ.— ਡਾ. ਜੱਗੀ; ਹਿੰ.ਮਿ.ਕੋ. : 323; ਮ. ਕੋ. : 684

ਨਰਨਾਲ : ਇਹ ਭਾਰਤ ਦੇ ਮਹਾਰਾਸ਼ਟਰ ਰਾਜ ਦੇ ਅਕੋਲਾ ਜ਼ਿਲ੍ਹੇ ਵਿਚ ਇਕ ਪਹਾੜੀ ਗੜ੍ਹੀ ਹੈ ਜਿਹੜੀ ਕਿ ਸਤਪੁੜਾ ਪਹਾੜੀਆਂ ਦੀ ਧੁਰ ਦੱਖਣੀ ਪਹਾੜੀ ਉੱਤੇ 963 ਮੀ. (1,361 ਫੁੱਟ) ਦੀ ਉਚਾਈ ਉੱਤੇ ਸਥਿਤ ਹੈ। ਇਸ ਪਹਾੜੀ ਦੀ ਕਾਫ਼ੀ ਚਿਰ ਪਹਿਲਾਂ ਤੋਂ ਹੀ ਕਿਲੇਬੰਦੀ ਕੀਤੀ ਹੋਈ ਸੀ ਕਿਉਂਕਿ ਫ਼ਰਿਸ਼ਤਾ ਅਨੁਸਾਰ ਇਸ ਕਿਲੇ ਦੀ ਬਹਮਨੀ ਬੰਸ ਦੇ ਇਕ ਰਾਜੇ ਅਹਿਮਦ ਸ਼ਾਹ ਵਲੀ ਨੇ ਮੁਰੰਮਤ ਕਰਵਾਈ ਸੀ ਜਦੋਂ ਕਿ ਉਸ ਨੇ 1425 ਤੋਂ 1428 ਈ. ਦੇ ਦਰਮਿਆਨ ਐਲਿਚਪੁਰ ਵਿਖੇ ਪੜਾਅ ਕੀਤਾ ਸੀ। ਇਥੇ ਤਿੰਨ ਨਿਵੇਕਲੇ ਕਿਲੇ ਹਨ। ਪੂਰਬ ਵੱਲ ਜਫਰਾਬਾਦ, ਕੇਂਦਰ ਵਿਚ ਨਰਨਾਲ ਅਤੇ ਪੱਛਮ ਵੱਲ ਤੇਲੀਆਗੜ੍ਹ ਹੈ। ਇਥੇ 6 ਵੱਡੇ ਅਤੇ 21 ਛੋਟੇ ਦਰਵਾਜ਼ੇ ਹਨ। ਇਸ ਕਿਲੇ ਵਿਚਲੀ ਪਾਣੀ ਦੀ ਸਪਲਾਈ ਦੀ ਵਿਵਸਥਾ ਸਲਾਹੁਣਯੋਗ ਹੈ। ਕੰਧ ਦੇ ਅੰਦਰ ਪਾਣੀ ਇਕੱਠਾ ਕਰਨ ਲਈ 19 ਤਲਾਅ ਹਨ ਜਿਨ੍ਹਾਂ ਵਿਚੋਂ ਕੇਵਲ 4 ਵਿਚ ਹੀ ਸਾਰਾ ਸਾਲ ਪਾਣੀ ਰਹਿੰਦਾ ਹੈ। ਜਿਥੇ ਔਰੰਗਜੇਬ ਦੁਆਰਾ ਬਣਾਈ ਇਕ ਛੋਟੀ ਜਿਹੀ ਮਸਜਿਦ ਹੈ ਜੋ ਅਜੇ ਵੀ ਚੰਗੀ ਹਾਲਤ ਵਿਚ ਹੈ। ਕੁਝ ਹੋਰ ਇਮਾਰਤਾਂ ਜਿਵੇਂ ਬਰਾਦਰੀ, ਸਰਾਫਖ਼ਾਨਾ, ਅਸਲਾਖਾਨਾ ਅਤੇ ਹਾਥੀਆਂ ਦੇ ਤਬੇਲੇ ਵੀ ਵਰਣਨਯੋਗ ਹਨ। ਇਥੇ ਰਘੂ ਜੀ ਭੋਂਸਲੇ ਲਈ ਬਣਵਾਏ ਗਏ ਮਹਿਲ ਦੇ ਖੰਡਰਾਤ ਤੇਲੀਆਗੜ੍ਹ ਉੱਤੇ ਬਣੀ ਇਕ ਮਸਜਿਦ ਅਜੇ ਵੀ ਮੌਜੂਦ ਹੈ। ਕਿਲੇ ਦੇ ਸ਼ਾਹਨੂਰ ਪ੍ਰਵੇਸ਼ ਦੁਆਰ ਦੇ ਧੁਰ ਅੰਦਰਲੇ ਤਿੰਨ ਗੇਟਵੇ ਸਭ ਤੋਂ ਵੱਧ ਦਿਲਚਸਪੀ ਵਾਲੇ ਹਨ। ਇਹ ਪ੍ਰਵੇਸ਼ ਦੁਆਰ ਚਿੱਟੇ ਰੇਤਲੇ ਪੱਥਰ ਦਾ ਬਣਿਆ ਹੋਇਆ ਹੈ ਅਤੇ ਕੰਵਲ ਦੇ ਫੁੱਲਾਂ ਨਾਲ ਸਜਾਇਆ ਹੋਇਆ ਹੈ। ਇਸ ਉੱਤੇ ਅਰਬੀ ਭਾਸ਼ਾ ਵਿਚ ਸ਼ਿਲਾਲੇਖ ਵੀ ਹਨ। ਇਸ ਦੀਆਂ ਬਾਲਕਨੀਆਂ ਉਪਰ ਵੱਖ ਵੱਖ ਡਿਜ਼ਾਇਨਾਂ ਵਿਚ ਜਾਲਦਾਰੀ ਪੱਥਰ ਦਾ ਕੰਮ ਕੀਤਾ ਹੋਇਆ ਹੈ। ਕੁਰਾਨ ਦੇ ਇਕ ਸੰਖੇਪ ਜਿਹੇ ਮੂਲ-ਕਥਨ ਅਨੁਸਾਰ ਇਸ ਦਰਵਾਜ਼ੇ ਨੂੰ 1486 ਈ. ਵਿਚ ਬਣਾਇਆ ਗਿਆ ਸੀ। ਇਕ ਦੂਜੇ ਸ਼ਿਲਾਲੇਖ ਅਨੁਸਾਰ ਇਹ ਦਰਵਾਜ਼ਾ ਸ਼ਹਾਬੁੱਦੀਨ ਮੁਹੰਮਦ ਸ਼ਾਹ (ਬਾਹਮਣੀ) ਦੇ ਰਾਜਕਾਲ ਦੌਰਾਨ ਬਣਾਇਆ ਗਿਆ ਸੀ। ਸੰਨ 1437 ਵਿਚ ਜਦੋਂ ਖਾਂਦੇਸ਼ ਦੇ ਸੁਲਤਾਨ, ਸਮੀਰਖਾਨ ਨੇ ਬਰਾਰ ਉੱਤੇ ਹਮਲਾ ਕੀਤਾ ਤਾਂ ਖਾਨ-ਇ-ਜਹਾਂ ਜੋ ਪ੍ਰਾਂਤ ਦਾ ਗਵਰਨਰ ਸੀ ਅਤੇ ਬਾਹਮਨੀ ਬੰਸ ਦੇ ਰਾਜ ਅਲਾਉਦੀਨ ਅਹਿਮਦ ਦਾ ਵਫ਼ਾਦਾਰ ਸੀ,

ਨੂੰ ਇਥੇ ਹੀ ਕੈਦ 'ਚ ਰੱਖਿਆ ਗਿਆ ਪਰ ਉਹ ਕੈਦ ਵਿਚੋਂ ਨਿਕਲਣ ਵਿਚ ਸਫਲ ਹੋ ਗਿਆ। ਅੰਤ ਨੂੰ ਖਲਾਫ਼ ਹਸਨ ਦੀ ਰੋਹਾਂਖੇੜ ਦੇ ਸਥਾਨ ਤੇ ਹੋਈ ਜਿੱਤ ਤੋਂ ਪਹਿਲਾਂ ਹੀ ਉਸ ਨਾਲ ਜਾ ਕੇ ਮਿਲ ਗਿਆ। ਬੁਰਹਾਨ ਇਮਾਦ ਸ਼ਾਹ ਜੋ ਬੇਗਰ ਦੇ ਅਖੀਰਲੇ ਆਜ਼ਾਦ ਰਾਜਿਆਂ ਵਿਚੋ ਇਕ ਸੀ, ਨੂੰ ਵੀ ਨਰਨਾਲ ਵਿਖੇ ਹੀ ਉਸ ਦੇ ਮੰਤਰੀ ਤੂਫਾਲ ਖਾਂ ਨੇ ਕੈਦ ਵਿਚ ਰੱਖਿਆ ਸੀ। ਸੰਨ 1572 ਵਿਚ ਅਹਿਮਦਨਗਰ ਦੇ ਮੁਰਤਜਾ ਨਿਜ਼ਾਮ ਸ਼ਾਹ ਨੇ ਨਰਨਾਲ ਦੇ ਕਿਲੇ ਨੂੰ ਘੇਰਾ ਪਾ ਲਿਆ ਅਤੇ ਉਸ ਨੇ ਰਾਜੇ ਅਤੇ ਉਸ ਦੇ ਮੰਤਰੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਮਗਰੋਂ ਮੌਤ ਦੇ ਘਾਟ ਉਤਾਰ ਦਿੱਤਾ। ਸੰਨ 1597-98 ਵਿਚ ਅਕਬਰ ਦੇ ਅਹਿਲਕਾਰਾਂ, ਸਯਦ ਯੂਸਫ ਖਾਂ ਮਸ਼ਹਦੀ ਅਤੇ ਸ਼ੇਖ ਅਬੁੱਲ ਫਜ਼ਲ ਨੇ ਅਹਿਮਦਨਗਰ ਦੇ ਸੁਲਤਾਨ ਦੇ ਇਕ ਅਹਿਲਕਾਰ ਕੋਲੋਂ ਇਹ ਕਿਲਾ ਖੋਹ ਕੇ ਆਪਣੇ ਕਬਜੇ ਵਿਚ ਕਰ ਲਿਆ।

21° 15′ ਉ. ਵਿਥ.; 77° 04′ ਪੂ. ਲੰਬ.

ਹ. ਪੁ.-ਇੰਪ. ਗ. ਇੰਡ. 18 : 379-80

ਨਰਮਦ : ਗੁਜਰਾਤੀ ਸਾਹਿਤ ਦੇ ਆਧੁਨਿਕ ਯੁਗ ਦੇ ਇਸ ਮੋਢੀ ਕਵੀ ਦਾ ਜਨਮ 1833 ਈ. ਵਿਚ ਸੂਰਤ ਵਿਚ ਹੋਇਆ। ਯੁਗ ਨੂੰ ਬਦਲਣ ਵਾਲੇ ਇਸ ਸਾਹਿਤਕਾਰ ਦਾ ਪੂਰਾ ਨਾਮ ਨਰਮਦਾ, ਸ਼ੰਕਰ 'ਨਰਮਦ' ਸੀ। ਹਿੰਦੀ ਸਾਹਿਤ ਵਿਚ ਜਿਸ ਤਰ੍ਹਾਂ ਆਧੁਨਿਕ ਕਾਲ ਦੇ ਆਰੰਭਕ ਕਾਲ ਨੂੰ 'ਭਾਰਤੇਂਦੂ ਕਾਲ' ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ, ਉਸੇ ਤਰ੍ਹਾਂ ਗੁਜਰਾਤੀ ਵਿਚ ਨਵੀਨ ਚੇਤਨਾ ਦੇ ਪਹਿਲੇ ਕਾਲ-ਖੰਡ ਨੂੰ 'ਨਰਮਦ ਯੁਗ' ਕਿਹਾ ਜਾਂਦਾ ਹੈ। ਹਰੀਸ਼ ਚੰਦਰ ਦੀ ਤਰ੍ਹਾਂ ਇਸ ਦੀ ਸਾਹਿਤਕ ਪ੍ਰਤਿਭਾ ਬਹੁਪੱਖੀ ਸੀ। ਇਸ ਨੇ ਗੁਜਰਾਤੀ ਸਾਹਿਤ ਨੂੰ ਕਵਿਤਾ ਤੇ ਵਾਰਤਕ ਦੋਹਾਂ ਤਰ੍ਹਾਂ ਨਾਲ ਅਮੀਰ ਕੀਤਾ ਪਰ ਕਾਵਿ ਖੇਤਰ ਵਿਚ ਇਸ ਦਾ ਵਿਸ਼ੇਸ਼ ਸਥਾਨ ਹੈ। ਲਗਭਗ ਸਾਰੇ ਵਿਸ਼ਿਆਂ ਤੇ ਇਸ ਨੇ ਕਾਵਿ-ਰਚਨਾ ਕੀਤੀ। ਮਹਾਂਕਾਵਿ ਅਤੇ ਮਹਾਛੰਦਾ ਦੇ ਕਲਪਨਾਮਈ ਕਵੀ ਨਰਮਦ ਦੀ ਸ਼ਖਸੀਅਤ ਗੁਜਰਾਤੀ ਸਾਹਿਤ ਵਿਚ ਸਤਿਕਾਰਿਤ ਹੈ।

ਨਰਮਦ ਨੇ ਮੁੱਢਲੀ ਸਿਖਿਆ ਸੂਰਤ ਵਿਚ ਪ੍ਰਾਪਤ ਕੀਤੀ। ਇਸ ਦੇ ਪਿਤਾ ਲਾਲ ਸ਼ੰਕਰ ਨਾਗਰ ਬ੍ਰਾਹਮਣ ਸੀ ਅਤੇ ਬੰਬਈ ਵਿਚ ਲੇਖਣ ਦੁਆਰਾ ਹੀ ਜੀਵਨ ਨਿਰਬਾਹ ਕਰਦੇ ਸਨ। ਇਸੇ ਕਾਰਨ ਇਸ ਨੇ ਮੁਢਲੀ ਸਿਖਿਆ ਤੋਂ ਬਾਅਦ ਹੀ ਸਿਖਿਆ ਬੰਬਈ ਵਿਚ ਏਲਿਫੰਸਟਨ ਸੰਸਥਾ ਵਿਖੇ ਪ੍ਰਾਪਤ ਕੀਤੀ। ਕੁਝ ਸਮਾਂ ਇਸੇ ਸੰਸਥਾ ਦੇ ਕਾਲਜ ਵਿਚ ਅਧਿਆਪਨ ਦਾ ਕਾਰਜ ਕਰਨ ਉਪਰੰਤ ਵਿਆਹ ਕਰਵਾ ਕੇ ਦੁਬਾਰਾ ਸੂਰਤ ਆ ਕੇ ਇਸ ਨੇ 15 ਰੁਪਏ ਮਹੀਨੇ ਤੇ ਨੌਕਰੀ ਕਰ ਲਈ। ਪਤਨੀ ਦੀ ਮੌਤ ਤੋ ਬਾਅਦ ਵਾਪਸ ਬੰਬਈ ਪਰਤ ਕੇ ਅਧੂਰੀ ਸਿਖਿਆ ਪੂਰੀ ਕਰ ਕੇ ਪਹਿਲਾਂ ਅਧਿਆਪਕ ਬਣੇ, ਫਿਰ ਸਾਹਿਤ ਅਤੇ ਪੱਤਰਕਾਰੀ ਨੂੰ ਅਪਣਾਇਆ। ਇਹ ਬਹੁਤ ਹੀ ਹੌਂਸਲੇ ਵਾਲਾ ਅਤੇ ਦੇਸ਼ ਪ੍ਰੇਮੀ ਸੀ ਜਿਸ ਕਰ ਕੇ ਇਸ ਨੇ ਆਪਣੇ ਜੋਸ਼ੀਲੇ ਭਾਸ਼ਣਾਂ ਨਾਲ ਲੋਕਾਂ ਵਿਚ ਜਾਗ੍ਰਤੀ ਪੈਦਾ ਕੀਤੀ। ਦੇਸ਼ ਵਿਚੋਂ ਆਲਸ, ਸੰਦੇਹ ਅਤੇ ਰੂੜ੍ਹੀਵਾਦੀ ਵਿਚਾਰਾਂ ਨੂੰ ਖਤਮ ਕਰਨ ਲਈ ਬੁਧੀਵਰਧਕ ਸਭਾ ਦੀ ਸਥਾਪਨਾ ਕੀਤੀ। ਖੁਦ ਆਪ ਦੋ ਵਿਧਵਾਵਾਂ ਦਾ ਸਾਥ ਦਿੱਤਾ। 'ਡਾਂਡਿਓ' ਨਾਮਕ ਪੰਦਰਵਾੜਾ ਪੱਤਰ ਰਾਹੀਂ ਕ੍ਰਾਂਤੀ ਦੀ ਵਿਚਾਰਧਾਰਾ ਨੂੰ ਲੋਕਾਂ ਵਿਚ ਫੈਲਾਇਆ।

ਇਸ ਨੇ ਵਾਰਤਕ ਦੀਆਂ ਨਰਮਗੱਦ, ਨਰਮਕੋਸ਼, ਨਰਮਕਥਾਕੋਸ਼, ਧਰਮ ਵਿਚਾਰ ਪੁਸਤਕਾਂ; ਨਾਟਕ: ਸਾਰਾਂ ਸਕੁੰਤਲ, ਰਾਮਜਾਨਕੀ ਦਰਸ਼ਨ, ਦਰੋਪਤੀ ਦਰਸ਼ਨ, ਬਾਲਕ੍ਰਿਸ਼ਨ ਵਿਜੈ ਅਤੇ ਕ੍ਰਿਸ਼ਨ ਕੁਮਾਰੀ, ਕਵਿਤਾ-ਸੰਗ੍ਰਹਿ-ਨਰਮ ਕਵਿਤਾ, ਹਿੰਦੋਔਨੀ ਪੜਤੀ, ਆਤਮਕਥਾ, ਮਾਰੀ ਹਕੀਕਤ ਪੁਸਤਕਾਂ ਸਾਹਿਤ ਜਗਤ ਨੂੰ ਦਿੱਤੀਆਂ।

29 ਸਾਲ ਤੱਕ ਇਸ ਨੇ ਲੇਖਣੀ ਦੁਆਰਾ ਹੀ ਗੁਜ਼ਾਰਾ ਕੀਤਾ। ਇਸ ਕਾਲ ਵਿਚ ਕਦੇ ਕਦੇ ਇਸ ਨੂੰ ਕਾਫ਼ੀ ਆਰਥਿਕ ਸੰਘਰਸ਼ ਕਰਨਾ ਪਿਆ ਪਰ ਫੇਰ ਵੀ ਇਹ ਸਾਹਿਤ ਰਚਨਾ ਤੋਂ ਉਪਰਾਮ ਨਾ ਹੋਇਆ। ਇਸ ਦੇ ਮਨ ਵਿਚ ਬਹੁਤ ਇੱਛਾ ਸੀ ਕਿ ਗੁਜਰਾਤੀ ਭਾਸ਼ਾ ਵਿਚ ਮਹਾਂਕਾਵਿ ਦੀ ਰਚਨਾ ਕੀਤੀ ਜਾਵੇ। ਇਸ ਲਈ ਇਸ ਨੇ 'ਵੀਰ ਸਿੰਘ' ਅਤੇ 'ਰੁਦਨਰਸਿਕ' ਨਾਮਕ ਮਹਾਂਕਾਵਿ ਲਿਖੇ ਪਰ ਇਹ ਦੋਵੇਂ ਅਧੂਰੇ ਹੀ ਰਹਿ ਗਏ। ਇਸ ਨੇ 'ਵੀਰਵਰਿਤ' ਦਾ ਸਫ਼ਲ ਪ੍ਰਯੋਗ ਕੀਤਾ। ਪਿੰਗਲ ਵਿਚ ਵੀ ਇਸ ਦਾ ਕੰਮ ਸਲਾਹੁਣਯੋਗ ਹੈ। ਇਸ ਦੀਆਂ ਕਵਿਤਾਵਾਂ ਵਿਚ ਕਈ ਵਾਰੀ ਜੋਸ਼ ਦੀ ਬਹੁਤ ਜ਼ਿਆਦਾ ਵਰਤੋਂ ਕੀਤੀ ਗਈ ਹੈ। ਬਲਰਾਮ ਵਰਗੇ ਆਲੋਚਕਾਂ ਦੇ ਮੱਤ ਅਨੁਸਾਰ ਇਸ ਦੇ ਕਾਵਿ-ਗੁਣ ਭਾਵੇਂ ਵਧੀਆ ਸਿੱਧ ਨਾ ਹੋਣ ਪਰ ਇਸ ਦੇ ਯੁਗ ਨਿਰਮਾਤਾ ਵਿਅਕਤੀਤਵ ਨੂੰ ਇਹ ਪੂਰੀ ਤਰ੍ਹਾਂ ਉਜਾਗਰ ਕਰਦੇ ਹਨ ਇਸ ਵਿਚ ਕਈ ਸ਼ੱਕ ਨਹੀਂ। 'ਜੈ ਜੈ ਗਰਬੀ ਗੁਜਰਾਤ', 'ਸੂਰਤ ਸੋਨਾਨੀ 'ਮੂਰਤ', 'ਨਵ ਕਰਸ਼ੋ ਕੋਈ ਸ਼ੋਕ', ਸਹੂ ਚਲੋ ਜੀਤਵਾ ਜੰਗ', 'ਰਣ ਤੋ ਧੀਰਾਨੂੰ ਧੀਰਾਂਨੂੰ' ਅਤੇ 'ਦਸਪਨੂੰ ਕਯਾਂ ਸੁਧੀ' ਆਦਿ ਕਾਵਿ-ਰਚਨਾਵਾਂ ਇਸੀ ਪ੍ਰਕਾਰ ਦੀਆਂ ਰਚਨਾਵਾਂ ਹਨ ਜਿਨ੍ਹਾਂ ਤੋ ਨਰਮਦ ਦੇ ਸੁਭਾਅ ਦੀ ਪੂਰੀ ਜਾਣਕਾਰੀ ਪ੍ਰਾਪਤ ਹੁੰਦੀ ਹੈ। 1500 ਪੰਕਤੀਆਂ ਦਾ ਕਾਵਿ ਸੰਗ੍ਰਹਿ 'ਹਿੰਦੂਔਨੀ ਪੜਤੀ' ਇਸ ਦੀ ਕਾਵਿਕ-ਸ਼ਕਤੀ ਦੀ ਸ਼ਾਨਦਾਰ ਉਦਾਹਰਣ ਹੈ।

ਗੱਦ ਦੀ ਦਿਸ਼ਾ ਵਿਚ ਇਸ ਵਲੋਂ ਦਿਖਾਈ ਗਈ ਦਿਸ਼ਾ ਨੂੰ ਆਉਣ ਵਾਲੇ ਕਈ ਸਾਹਿਤਕਾਰਾਂ ਨੇ ਅਪਨਾਇਆ ਹੈ। ਇਸ ਤੋਂ ਪਹਿਲਾਂ ਦਾ ਗੱਦ ਗੁਜਰਾਤੀ ਸਾਹਿਤ ਵਿਚ ਪ੍ਰਾਪਤ ਨਹੀਂ ਹੈ। ਨਰਮਦ ਨੇ ਅੰਗਰੇਜ਼ੀ ਤੋਂ ਪ੍ਰੇਰਣਾ ਲੈ ਕੇ ਗੱਦ ਨੂੰ ਸਥਿਰ ਰੂਪ ਦਿੱਤਾ ਅਤੇ ਉਸ ਵਿਚ ਨਿਬੰਧ, ਜੀਵਨ-ਚਰਿੱਤਰ, ਨਾਟਕ, ਇਤਿਹਾਸ, ਆਲੋਚਨਾ, ਸੋਧ, ਸੰਪਾਦਨ ਅਤੇ ਪੱਤਰ-ਲੇਖਣ ਆਦਿ ਸਾਰੇ ਕਾਰਜ ਪੂਰੇ ਕੀਤੇ। ਇਹ ਗੁਜਰਾਤੀ ਦਾ ਸਭ ਤੋਂ ਪਹਿਲਾ ਨਿਬੰਧਕਾਰ ਵੀ ਹੋਇਆ ਹੈ। ਇਸ ਉਪਰ ਅੰਗਰੇਜ਼ੀ ਨਿਬੰਧਕਾਰਾਂ ਦਾ ਬਹੁਤ ਪ੍ਰਭਾਵ ਸਪਸ਼ਟ ਦਿਖਾਈ ਦਿੰਦਾ ਹੈ। ਪੱਤਰਕਾਰ ਹੋਣ ਕਾਰਨ ਆਪਣੇ ਵਿਚਾਰਾਂ ਨੂੰ ਲੋਕਾਂ ਤੱਕ ਪੁਹੰਚਾਉਣ ਲਈ ਨਿਬੰਧ ਹੀ ਮੁੱਖ ਹਥਿਆਰ ਬਣਾਇਆ। 'ਨਰਮਗੱਦ' ਅਤੇ 'ਧਰਮ ਵਿਚਾਰ' ਨਾਮਕ ਦੋ ਗ੍ਰੰਥਾਂ ਵਿਚ ਇਸ ਦੇ ਭਿੰਨ-ਭਿੰਨ ਪ੍ਰਕਾਰ ਦੇ ਨਿਬੰਧ ਹਨ। 'ਮਾਰੀ ਹਕੀਕਤ' ਲਿਖ ਕੇ ਇਸ ਨੇ ਗੁਜਰਾਤੀ ਵਿਚ ਸਵੈ-ਜੀਵਨੀ ਲਿਖਣੀ ਆਰੰਭ ਕੀਤੀ। ਕਈ ਲੋਕਾਂ ਦਾ ਵਿਚਾਰ ਹੈ ਕਿ ਇਸ ਦੀ ਇਹ ਕਿਰਤ ਗਾਂਧੀ ਜੀ ਦੀ ਆਤਮਕਥਾ ਦੇ ਲਈ ਵੀ ਇਕ ਆਦਰਸ਼ ਰਹੀ। 'ਰਾਜਬਰੰਗ' ਨਾਮਕ ਕਿਰਤ ਵਿਚ ਇਸ ਨੇ ਇਤਿਹਾਸ ਦਾ ਵਰਣਨ ਕੀਤਾ ਹੈ ਜਿਸ ਨਾਲ ਇਸ ਦੀ ਸੰਸਕ੍ਰਿਤਕ ਦ੍ਰਿਸ਼ਟੀ ਸਬੰਧੀ ਜਾਣਕਾਰੀ ਮਿਲਦੀ ਹੈ। ਸਾਹਿਤ ਵਿਚ ਕੋਸ਼ ਲਿਖਣ ਦਾ ਕਾਰਜ ਵੀ ਇਸ ਨੇ ਕੀਤਾ। 'ਨਰਮ ਕੋਸ਼' ਅਤੇ 'ਨਰਮ ਕਥਾ ਕੋਸ਼' ਇਸ ਦੀ ਸਾਹਿਤਕ ਵਿਲੱਖਣਤਾ ਦਾ ਪ੍ਰਮਾਣ ਹਨ। ਸੰਨ 1866 ਵਿਚ ਇਸ ਦੀ ਮੌਤ ਹੋ ਗਈ।

ਹ. ਪੁ.—ਹਿੰ. ਵਿ. ਕੋ. 6 : 250

ਨਰਮਦਾ : ਪੁਰਾਣਾਂ ਅਨੁਸਾਰ ਇਸ ਨੂੰ ਮੇਕਲ ਰਿਸ਼ੀ ਦੀ ਪੁੱਤਰੀ ਮੰਨਿਆ ਗਿਆ ਹੈ ਅਤੇ ਇਸੇ ਕਾਰਨ ਇਸ ਨੂੰ ਮੇਕਲਾ ਜਾਂ ਮੇਕਲ ਕੰਨਿਆ ਵੀ ਕਿਹਾ ਜਾਂਦਾ ਹੈ। ਕਿਸੇ ਜਗ੍ਹਾ ਇਸ ਨੂੰ ਚੰਦਰਮਾ ਦੀ ਪੁੱਤਰੀ ਦਸਿਆ ਗਿਆ ਹੈ ਜਿਸ ਕਾਰਨ ਇਸ ਨੂੰ ਇੰਦੂਜਾ ਅਤੇ ਸੋਮਦੋਭਵ ਕਿਹਾ ਗਿਆ ਹੈ। ਨਰਮਦਾ ਨੂੰ ਨਾਗਾਂ ਦੀ ਭੈਣ ਵੀ

ਮੰਨਿਆ ਜਾਂਦਾ ਹੈ। ਇਸ ਦੇ ਕਹਿਣ ਤੇ ਪੁਰੂਕੁਤਸ ਨੇ ਗੰਧਰਵਾਂ ਦੇ ਵਿਰੁੱਧ ਨਾਗਾਂ ਦੀ ਮਦਦ ਕੀਤੀ ਸੀ। ਇਸੇ ਕਾਰਨ ਨਾਗ ਦੇਵਤਿਆਂ ਨੇ ਸ਼ੁਕਰਾਨੇ ਵਜੋਂ ਇਸ ਦਾ ਨਾਂ ਲੈਣ ਤੇ ਜ਼ਹਿਰ ਉਤਰ ਜਾਣ ਦਾ ਵਰ ਦਿੱਤਾ ਸੀ। ਵਿਸ਼ਨੂੰ ਪੁਰਾਣ ਅਨੁਸਾਰ ਇਸ ਦੇ ਘਰ ਪੁਰੂਕੁਤਸ ਦੁਆਰਾ ਇਕ ਪੁੱਤਰ ਹੋਇਆ ਜਿਸ ਦਾ ਨਾਂ ਤ੍ਰਸਦਸਯੂ ਸੀ। ਮਤਸੱਯ ਪੁਰਾਣ ਅਨੁਸਾਰ ਇਸ ਦੇ ਪਤੀ ਦਾ ਨਾਂ ਦੁਸਹ ਸੀ। ਹਰੀਵੰਸ਼ ਪੁਰਾਣ ਵਿਚ ਇਕ ਥਾਂ ਤੇ ਇਸ ਨੂੰ ਪੁਰੂਕੁਤਸ ਦੀ ਪਤਨੀ ਅਤੇ ਤ੍ਰਸਦਸਯੂ ਦੀ ਮਾਂ ਲਿਖਿਆ ਗਿਆ ਹੈ ਅਤੇ ਇਕ ਥਾਂ ਤੇ ਇਸ ਨੂੰ ਤ੍ਰਸਦਸਯੂ ਦੀ ਪਤਨੀ ਵੀ ਲਿਖਿਆ ਹੈ। ਇਸ ਪੁਰਾਣ ਵਿਚ ਹੀ ਇਸ ਨੂੰ 'ਰੇਵਾ' ਅਤੇ 'ਪੂਰਵਗੰਗਾ' ਕਿਹਾ ਗਿਆ ਹੈ।

ਹ. ਪੁ.–ਹਿੰ. ਮਿ. ਕੋ.; ਮ. ਕੋ.

ਨਰਮਦਾ (ਦਰਿਆ) : ਇਹ ਕੇਂਦਰੀ ਭਾਰਤ ਦਾ ਇਕ ਦਰਿਆ ਹੈ ਜਿਹੜਾ ਮੱਧ ਪ੍ਰਦੇਸ਼ ਰਾਜ ਦੇ ਮਾਂਡਲਾ ਜ਼ਿਲ੍ਹੇ ਵਿਚ ਮਾਈਕਾਲ ਪਰਬਤ ਲੜੀ ਵਿਚੋਂ ਨਿਕਲਦਾ ਹੈ। ਇਸ ਨੂੰ ਨਰਬਦਾ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਹ ਦਰਿਆ ਮਾਂਡਲਾ ਪਹਾੜੀਆਂ ਵਿਚ ਵਲ ਵਲੇਵੇਂ ਖਾਂਦਾ ਹੋਇਆ 'ਮਾਰਬਲ ਰੱਕਸ ਗਾਰਜ' ਵਿਖੇ ਵਿੰਧਿਆਚਲ ਅਤੇ ਸਤਪੁੜਾ ਪਹਾੜੀਆਂ ਵਿਚਕਾਰ ਪੈਂਦੀ ਨਿਵਾਣ ਵਿਚ ਦਾਖ਼ਲ ਹੋ ਜਾਂਦਾ ਹੈ। ਅੱਗੇ ਇਹ ਪੱਛਮ ਵੱਲ ਮੱਧ-ਪ੍ਰਦੇਸ਼ ਅਤੇ ਗੁਜਰਾਤ ਰਾਜਾਂ ਵਿਚੋਂ ਦੀ ਲੰਘਦਾ ਹੋਇਆ ਭੜੋਚ ਤੋਂ ਐਨ ਹੇਠਾਂ ਵੱਲ 21 ਕਿ. ਮੀ. (13 ਮੀਲ) ਚੌੜੀ ਐਸਚੁਅਰੀ ਰਾਹੀਂ ਕੈਂਬੇ ਦੀ ਖਾੜੀ ਵਿਚ ਜਾ ਡਿਗਦਾ ਹੈ। ਆਪਣੇ 1,284 ਕਿ. ਮੀ. (801 ਮੀਲ) ਲੰਬੇ ਸਫ਼ਰ ਵਿਚ ਇਹ ਸਤਪੁੜਾ ਪਹਾੜੀਆਂ ਦੀਆਂ ਉੱਤਰੀ ਢਲਾਨਾਂ ਦੀ ਜਲ ਨਿਕਾਸੀ ਕਰਦਾ ਹੈ। ਦੂਜੀ ਸਦੀ ਦੇ ਯੂਨਾਨੀ ਭੂਗੋਲਵੇਤਾ ਟਾਲਮੀ ਦਾ ਕਹਿਣਾ ਹੈ ਕਿ ਇਹ ਦਰਿਆ ਅਰਬ ਸਾਗਰ ਅਤੇ ਗੰਗਾ ਘਾਟੀ ਵਿਚਕਾਰ ਮਹੱਤਵਪੂਰਨ ਰਸਤਾ ਰਿਹਾ ਹੈ। ਹਿੰਦੂ ਮਤ ਅਨੁਸਾਰ ਇਹ ਦਰਿਆ ਭਗਵਾਨ ਸ਼ਿਵ ਦੇ ਸਰੀਰ ਵਿਚੋਂ ਨਿਕਲਿਆ ਹੈ ਅਤੇ ਇਸ ਨੂੰ ਗੰਗਾ ਦੀ ਤਰ੍ਹਾਂ ਪਵਿੱਤਰ ਮੰਨਿਆ ਜਾਂਦਾ ਹੈ। ਇਸ ਦੀ ਪਰਿਕਰਮਾ 2,560 ਕਿ. ਮੀ. (1,600 ਮੀਲ) ਲੰਬੀ ਹੈ। ਇਸ ਤੀਰਥ ਯਾਤਰਾ ਲਈ ਸ਼ਰਧਾਲੂ ਭੜੋਚ ਤੋਂ ਅਮਰਕੰਟਕ ਤੱਕ ਦਰਿਆ ਦੇ ਇਕ ਕੰਢੇ ਵਲੋਂ ਜਾਂਦੇ ਹਨ ਅਤੇ ਮੁੜਨ ਵੇਲੇ ਦੂਜੇ ਕੰਢੇ ਨੇ ਨਾਲ ਨਾਲ ਆਉਂਦੇ ਹਨ।

21° 38′ ਉ. ਵਿਥ.; 72° 36′ ਪੂ. ਲੰਬ.

ਹ. ਪੁ.– ਐਨੰ. ਬ੍ਰਿ. ਮਾ. 8 : 516

ਨਰਵਾਰ : ਭਾਰਤ ਦੇ ਮੱਧ ਪ੍ਰਦੇਸ਼ ਰਾਜ ਦੇ ਸ਼ਿਵਪੁਰੀ ਜ਼ਿਲ੍ਹੇ ਦਾ ਇਕ ਇਤਿਹਾਸਕ ਸ਼ਹਿਰ ਹੈ। ਰਵਾਇਤ ਅਨੁਸਾਰ ਇਸ ਸ਼ਹਿਰ ਨੂੰ ਸੰਸਕ੍ਰਿਤ ਦੇ ਮਹਾਂ ਕਾਵਿ ਮਹਾਂਭਾਰਤ ਵਿਚ ਰਾਜਾ ਨੱਲ ਦਾ ਸਦਰ ਮੁਕਾਮ ਮੰਨਿਆ ਹੈ ਅਤੇ 12 ਵੀਂ ਸਦੀ ਦੌਰਾਨ ਇਸ ਨੂੰ ਨਲਪੁਰ ਕਿਹਾ ਜਾਂਦਾ ਸੀ। ਸ਼ਹਿਰ ਦਾ ਕਿਲਾ ਵਿੰਧਿਆ ਪਰਬਤ ਲੜੀ ਦੀ ਸਿੱਧੀ ਢਲਾਵ ਉੱਤੇ ਸਥਿਤ ਹੈ। ਬਾਰ੍ਹਵੀਂ ਸਦੀ ਤੋਂ ਲੈ ਕੇ ਇਹ ਕਛਵਾਹਾ, ਪਰਿਹਾਰ ਅਤੇ ਤਨਵਾਰ ਰਾਜਪੂਤਾਂ ਦੇ ਕਬਜ਼ੇ ਵਿਚ ਰਿਹਾ। 16ਵੀਂ ਸਦੀ ਦੌਰਾਨ ਇਸ ਉੱਪਰ ਮੁਗਲਾਂ ਦਾ ਕਬਜ਼ਾ ਹੋ ਗਿਆ। 19 ਵੀਂ ਸਦੀ ਦੇ ਸ਼ੁਰੂ ਵਿਚ ਇਹ ਮਰਾਠਾ ਸਿੰਧੀਆ ਸਰਦਾਰਾਂ ਦੇ ਅਧੀਨ ਆ ਗਿਆ। ਸ਼ਹਿਰ ਦੇ ਬਾਹਰਲੇ ਪਾਸੇ ਤਨਵਾਰ ਸਰਦਾਰਾਂ ਦੇ ਯਾਦਗਾਰੀ ਸਤੰਭ ਉਨ੍ਹਾਂ ਦੇ ਰਾਜ ਕਾਲ ਦੀ ਗਵਾਹੀ ਭਰਦੇ ਦਿਖਾਈ ਦਿੰਦੇ ਹਨ।

ਆਬਾਦੀ– 1, 28, 483 (1991)

25° 40′ ਉ. ਵਿਥ.; 77° 57′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 7 : 196

ਨਰਵੀ, ਪੀਅਰ ਲਯੂਗੀ : ਇਸ ਦਾ ਜਨਮ 21 ਜੂਨ, 1891 ਨੂੰ ਇਟਲੀ ਵਿਚ ਹੋਇਆ। ਇਹ ਇੰਜੀਨੀਅਰ ਅਤੇ ਭਵਨ-ਸ਼ਾਸਤਰੀ ਸੀ ਜਿਹੜਾ ਸੁਝ, ਵਿਸ਼ੇਸ਼ ਤੌਰ ਤੇ ਲੋਹ-ਕੰਕਰੀਟ ਦੀਆਂ ਵੱਡੀਆਂ ਸਪੈਨ-ਸੰਰਚਨਾਵਾਂ ਬਣਾਉਣ ਲਈ ਵਰਤੀ ਗਈ ਆਪਣੀ ਤਕਨੀਕੀ ਜੁਗਤ ਅਤੇ ਡਿਜ਼ਾਈਨ ਦੀ ਸੂਝ ਲਈ ਅੰਤਰ-ਰਾਸ਼ਟਰੀ ਪੱਧਰ ਤੇ ਪ੍ਰਸਿੱਧ ਸੀ।

ਨਰਵੀ ਦਾ ਸਭ ਤੋਂ ਪਹਿਲਾਂ ਮਹੱਤਵਪੂਰਨ ਕਾਰਜ 1930-32 ਈ. ਵਿਚ ਫਲੋਰੈਂਸ ਵਿਚ ਮਿਉਂਸਪਲ ਸਟੇਡੀਅਮ ਦੇ ਨਮੂਨੇ ਤੇ ਨੇਪਲਜ਼ (1926-27 ਈ.) ਵਿਚ ਸਿਨੇਮਾ ਦੀ ਬਿਲਡਿੰਗ ਸੀ। ਸੰਨ 1939-41 ਵਿਚ ਇਸ ਨੇ ਦੂਸਰੇ ਵਿਸ਼ਵ ਯੁਧ ਦੌਰਾਨ ਤਬਾਹ ਹੋਏ ਏਅਰਕਰਾਫਟ ਝੂਲੇ ਮੁੜ ਬਣਾਏ। ਇਸ ਨੇ ਵਿਸ਼ੇਸ਼ ਲੋਹ ਕੰਕਰੀਟ ਦੀ ਘਾੜਤ ਘੜੀ ਜਿਹੜੀ ਟੂਰਿਨ ਨੁਮਾਇਸ਼ (1949-50 ਈ.) ਲਈ ਆਪਣੇ ਡਿਜ਼ਾਇਨ ਵਾਸਤੇ ਮਹੱਤਵਪੂਰਨ ਸਿਧ ਹੋਈ। ਸੰਨ 1947 ਵਿਚ ਇਹ ਰੋਮ ਯੂਨੀਵਰਸਿਟੀ ਵਿਖੇ ਪ੍ਰੋਫੈਸਰ ਬਣ ਗਿਆ। ਸੰਨ 1950 ਵਿਚ ਇਸ ਨੇ ਮਾਰਸ਼ਲ ਬ੍ਰੀਉਰ ਅਤੇ ਦੂਜਿਆਂ ਨਾਲ ਮਿਲ ਕੇ ਪੈਰਿਸ ਵਿਚ ਯੂਨੈਸਕੋ ਦਾ ਹੈਡਕੁਆਟਰ ਬਣਵਾਇਆ। ਉਨ੍ਹਾਂ ਦੇ ਨਾਲ ਹੀ ਮਿਲ ਕੇ ਉਸ ਨੇ ਇਟਲੀ ਵਿਚ ਇਕ ਇਮਾਰਤ ਦੀ ਉਸਾਰੀ ਕਰਵਾਈ ਜਿਹੜੀ ਸਭ ਤੋਂ ਪਹਿਲੀ ਬਹੁਤ ਹੀ ਉੱਚੀ ਇਮਾਰਤ ਅਤੇ 1957-60 ਈ. ਵਿਚ ਰੋਮ ਓਲੰਪਕ ਖੇਡਾਂ ਲਈ ਦੋ ਖੇਡ-ਭਵਨਾਂ ਦਾ ਡਿਜ਼ਾਇਨ ਤਿਆਰ ਕੀਤਾ। ਸੰਯੁਕਤ ਰਾਜ ਅਮਰੀਕਾ ਵਿਚ ਉਸ ਦੀ ਪਹਿਲੀ ਇਮਾਰਤ ਜਾਰਜ ਵਾਸ਼ਿੰਗਟਨ ਬ੍ਰਿਜ ਬੱਸ ਟਰਮੀਨਲ, ਮਨਹਟਨ (1961-62 ਈ.) ਸੀ।

ਹ. ਪੁ.—ਐਨ. ਬ੍ਰਿ. ਮਾ. 7 : 266.; ਐਨ. ਬ੍ਰਿ. 16 : 240

ਨਰਾਇ : ਇਹ ਥਾਈਲੈਂਡ (ਸਾਬਕਾ ਸਿਆਮ) ਦਾ ਇਕ ਬਾਦਸ਼ਾਹ ਸੀ ਜਿਸ ਨੇ 1657 ਈ. ਤੋਂ ਲੈ ਕੇ 1688 ਈ. ਤੱਕ ਰਾਜ ਕੀਤਾ। ਇਸ ਨੂੰ ਨਰਾਇਣ ਵੀ ਕਿਹਾ ਜਾਂਦਾ ਸੀ। ਇਸ ਦਾ ਜਨਮ ਦਸੰਬਰ, 1632 ਵਿਚ ਹੋਇਆ ਸੀ। ਇਸ ਦਾ ਰਾਜ ਕਾਲ ਇਸ ਦੇ ਬਦੇਸ਼ੀ ਮਾਮਲਿਆਂ ਸਬੰਧੀ ਕੀਤੇ ਉਪਰਾਲਿਆਂ ਅਤੇ ਥਾਈ ਸਾਹਿਤ ਦੇ ਪਹਿਲੇ ਸੁਨਹਿਰੀ ਯੁੱਗ ਕਰਕੇ ਬਹੁਤ ਮਸ਼ਹੂਰ ਹੈ।

ਗੱਦੀ ਉੱਤੇ ਬੈਠਦਿਆਂ ਹੀ ਇਸ ਨੇ ਡੱਚਾਂ ਦੇ ਗਲਬੇ ਤੋਂ ਆਜ਼ਾਦ ਹੋਣ ਦਾ ਬੀੜਾ ਚੁੱਕਿਆ ਜਿਨ੍ਹਾਂ ਨੇ ਵਪਾਰ ਦੇ ਖੇਤਰ ਵਿਚ 1622 ਈ. ਤੋਂ ਹੀ ਆਪਣੀਆਂ ਅਜਾਰੇਦਾਰੀਆਂ ਕਾਇਮ ਕਰ ਰੱਖੀਆਂ ਹੋਈਆਂ ਸਨ। ਇਸ ਆਸ਼ੇ ਨੂੰ ਪੂਰਾ ਕਰਨ ਲਈ ਜਦੋਂ ਇਸ ਨੇ ਅੰਗਰੇਜ਼ਾਂ ਅਤੇ ਫਰਾਂਸੀਸੀ ਵਪਾਰੀਆਂ ਨੂੰ ਇਥੇ ਆਉਣ ਦੀ ਖੁਲ੍ਹ ਦਿੱਤੀ ਤਾਂ ਡੱਚਾਂ ਨੇ ਸਿਆਮ ਦੀ ਰਾਜਧਾਨੀ ਅਤੇ ਬੰਦਰਗਾਹ ਆਯੂਤਾਈਆ ਦੀ ਨਾਕਾਬੰਦੀ ਕਰ ਦਿੱਤੀ ਜਿਸ ਕਰਕੇ 1644 ਈ. ਵਿਚ ਇਸ ਨੂੰ ਮਜਬੂਰੀ ਵੱਸ ਡੱਚਾਂ ਨੂੰ ਵਪਾਰਕ ਅਤੇ ਵਾਧੂ ਇਲਾਕਾਈ ਅਧਿਕਾਰ ਦੇਣੇ ਪਏ। ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਵੱਲੋਂ ਵਪਾਰਕ ਮਾਮਲਿਆਂ ਵਿਚ ਮਦਦ ਦੇਣ ਤੋਂ ਇਨਕਾਰ ਕਰ ਦੇਣ ਤੇ ਇਸ ਨੇ ਇਸੇ ਵਰ੍ਹੇ ਹੀ ਦੋ ਫਰਾਂਸੀਸੀ ਕੈਥੋਲਿਕ ਮਿਸ਼ਨਰੀਆਂ ਨੂੰ ਆਯੂਤਾਈਆ ਵਿਖੇ ਆਪਣੇ ਹੈੱਡ-ਕੁਆਰਟਰ ਸਥਾਪਿਤ ਕਰਨ ਦੀ ਆਗਿਆ ਦੇ ਦਿੱਤੀ। ਇਨ੍ਹਾਂ ਦੋਹਾਂ ਮਿਸ਼ਨਰੀਆਂ ਰਾਹੀਂ ਹੀ ਇਸ ਨੇ 1673 ਈ. ਵਿਚ ਫਰਾਂਸੀਸੀ ਸਰਕਾਰ ਨਾਲ ਸਫ਼ਾਰਤੀ ਸਬੰਧ ਕਾਇਮ ਕੀਤੇ। ਫਿਰ ਆਯੂਤਾਈਆ ਵਿਖੇ ਆਪਣੇ ਵਪਾਰਕ ਮਿਸ਼ਨ ਨੂੰ ਮੁੜ ਸਰਗਰਮ ਕੀਤਾ ਪਰ ਉਨ੍ਹਾਂ ਦਾ ਇਹ ਉਦਮ ਕੋਈ ਫਾਇਦੇਮੰਦ ਸਾਬਤ ਨਾ ਹੋਇਆ। ਇਸ ਤੇ ਬਰਤਾਨੀਆ ਨੇ ਇਥੋਂ ਆਪਣਾ ਵਪਾਰ ਬੰਦ ਕਰ ਦਿੱਤਾ। ਇਸ ਉਪਰੰਤ ਇਸ ਨੇ 1684 ਈ. ਵਿਚ ਫਰਾਂਸੀਸੀਆਂ ਨਾਲ ਇਕ ਸੰਧੀ ਕਰਨ ਦਾ ਵਾਅਦਾ ਹੀ ਕਰ ਲਿਆ।

ਇਸ ਸੰਧੀ ਦੀ ਗੱਲਬਾਤ ਇਸ ਦੇ ਇਕ ਚਹੇਤੇ ਕਾਨ ਸਟੈਂਟਾਈਨ ਫਾਉਲਕਾੱਨ ਨੇ ਕੀਤੀ। ਫਾਉਲਕਾੱਨ ਇਕ ਯੂਨਾਨੀ ਰਾਜਨੀਤੀਵਾਨ ਸੀ ਜਿਹੜਾ ਕਿ ਇਸ ਦੇ ਰਾਜ-ਕਾਲ 1677-88 ਈ. ਦੌਰਾਨ ਇਸ ਦਾ ਰੱਖਿਆ ਮੰਤਰੀ ਹੁੰਦਾ ਸੀ। ਫਾਉਲਕਾੱਨ ਨੇ ਇਸ ਨੂੰ ਇਕ ਸੰਧੀ ਤੈਅ ਕਰਨ ਲਈ ਵਰਸੇਲਜ਼ (ਫ਼ਰਾਂਸ) ਦੇ ਦਰਬਾਰ ਇਕ ਮਿਸ਼ਨ ਭੇਜਣ ਲਈ ਪ੍ਰੇਰਿਆ ਪਰੰਤੂ 1687 ਈ. ਵਿਚ ਫ਼ਰਾਂਸ ਨੇ ਬੈਂਕਾਕ ਉੱਤੇ ਹਮਲਾ ਕਰਕੇ ਇਸ ਨੂੰ ਸੰਧੀ ਕਰਨ ਲਈ ਮਜ਼ਬੂਰ ਕਰ ਦਿੱਤਾ। ਸੰਨ 1688 ਵਿਚ ਇਸ ਦੀ ਮੌਤ ਹੋ ਗਈ। ਇਸ ਉਪਰੰਤ ਦਰਬਾਰ ਦੀਆਂ ਪ੍ਰਭਾਵਸ਼ਾਲੀ ਸ਼ਖ਼ਸੀਅਤਾਂ ਨੇ ਫ਼ਰਾਂਸੀਸੀਆਂ ਨੂੰ ਸਿਆਮ ਵਿਚੋਂ ਕੱਢ ਦਿੱਤਾ।

ਹ. ਪੁ.—ਐਨ. ਬ੍ਰਿ. ਮਾ. 7 : 191; ਐਨ. ਬ੍ਰਿ. 16 : 30

ਨਰਾਇਣਗੰਜ : ਬੰਗਲਾ ਦੇਸ਼ ਵਿਚ ਢਾਕਾ ਜ਼ਿਲ੍ਹੇ ਦਾ ਇਹ ਇਕ ਸ਼ਹਿਰ ਹੈ ਜੋ ਲਖੀਆ ਦਰਿਆ ਅਤੇ ਧਲੇਸ਼ਵਰੀ ਦੇ ਸੰਗਮ ਅਸਥਾਨ ਤੇ ਦੋਹਾਂ ਕੰਢਿਆਂ ਉੱਤੇ ਵਾਕਿਆ ਹੈ। ਇਹ ਢਾਕਾ ਦੀ ਪ੍ਰਮੁੱਖ ਦਰਿਆਈ ਬੰਦਰਗਾਹ ਵੀ ਹੈ ਅਤੇ ਸਟੀਮਰਾਂ ਰਾਹੀਂ ਦੇਸ਼ ਦੀਆਂ ਅੰਦਰੂਨੀ ਬੰਦਰਗਾਹਾਂ ਅਤੇ ਚਿੱਟਾਗਾਂਗ ਨਾਲ ਜੁੜਿਆ ਹੋਇਆ ਹੈ।

ਇਹ ਦੇਸ਼ ਭਰ ਵਿਚ ਸਭ ਤੋਂ ਗਹਿਮਾ ਗਹਿਮੀ ਵਾਲੀ ਵਪਾਰਕ ਮੰਡੀ ਹੈ। ਇਹ ਜਾਨਵਰਾਂ ਦੀਆਂ ਖੱਲਾਂ ਇਕੱਤਰ ਕਰਨ ਦਾ ਕੇਂਦਰ ਅਤੇ ਪਟਸਨ ਦੀ ਮੰਡੀ ਹੈ। ਪਟਸਨ ਦੀਆਂ ਗੰਢਾਂ ਬਣਾਉਣ ਦੇ ਕਾਰਖ਼ਾਨੇ ਅਤੇ ਸੂਤੀ ਕਪੜੇ ਦੀਆਂ ਕਈ ਮਿਲਾਂ ਸਥਾਪਿਤ ਹੋਣ ਕਾਰਨ ਇਹ ਬੰਗਲਾ ਦੇਸ਼ ਦੇ ਮੁੱਖ ਉਦਯੋਗਿਕ ਕੇਂਦਰਾਂ ਵਿਚੋਂ ਇਕ ਗਿਣਿਆਂ ਜਾਂਦਾ ਹੈ। ਇਸ ਤੋਂ ਇਲਾਵਾ ਇਥੇ ਸਮੁੰਦਰੀ ਜਹਾਜ਼ਾਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ। ਸੰਨ 1876 ਵਿਚ ਇਥੇ ਮਿਉਂਸਪਲ ਕਮੇਟੀ ਦੀ ਸਥਾਪਨਾ ਹੋਈ। ਇਥੇ ਇਕ ਕਾਲਜ, ਹਸਪਤਾਲ ਅਤੇ ਲਾਇਬ੍ਰੇਰੀ ਹੈ। ਕਾਦਮ ਰਸੂਲ (1801) ਦੀ ਤਿਪੈਰਾ ਦੇ ਗੁਲਾਮ ਮੁਹੰਮਦ ਦੁਆਰਾ ਉਸਾਰੀ ਇਕ ਦਰਗਾਹ, 16ਵੀਂ ਸਦੀ ਵਿਚ 12 ਭਈਆਂ (12 ਬੰਗਾਲ ਦੇ ਜ਼ਿਮੀਦਾਰ) ਦੁਆਰਾ ਬਣਾਇਆ ਗਿਆ ਕਿਲਾ ਅਤੇ 12ਵੀਂ ਸਦੀ ਵਿਚ ਬਣਿਆ ਲਕਸ਼ਮੀ ਨਾਰਾਇਣ ਵਿਸ਼ਨੂੰ ਮੰਦਰ ਜਿਸ ਦੇ ਨਾਉਂ ਤੇ ਸ਼ਹਿਰ ਦਾ ਨਾਉਂ ਪਿਆ ਹੈ, ਇਥੋਂ ਦੀਆਂ ਪ੍ਰਸਿੱਧ ਇਤਿਹਾਸਕ ਇਮਾਰਤਾਂ ਹਨ।

ਆਬਾਦੀ– 276,549 (1991)

23° 37′ ਉ. ਵਿਥ.; 90° 30′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 8 : 513; ਬਿ.ਯੀ.ਬੁ– 2002 :784

ਨਰਾਇਣਪੇਟ : ਇਹ ਭਾਰਤ ਦੇ ਆਂਧਰਾ ਪ੍ਰਦੇਸ਼ ਰਾਜ ਦੇ ਮਹਿਬੂਬ ਨਗਰ ਜ਼ਿਲ੍ਹੇ ਵਿਚ ਮਹਿਬੂਬ ਨਗਰ ਤੋਂ 54 ਕਿ. ਮੀ. (36 ਮੀਲ) ਪੱਛਮ ਵੱਲ ਵਾਕਿਆ ਹੈ।

ਇਹ ਨਗਰ ਰੇਸ਼ਮੀ ਅਤੇ ਸੂਤੀ ਸਾੜੀਆਂ ਤਿਆਰ ਕਰਨ ਅਤੇ ਇਨ੍ਹਾਂ ਦੇ ਪ੍ਰਮੁੱਖ ਵਪਾਰਕ ਕੇਂਦਰ ਵਜੋਂ ਮਸ਼ਹੂਰ ਹੈ। ਇਸ ਤੋਂ ਬਿਨਾਂ ਇਥੇ ਚਮੜੇ ਦੇ ਰੰਗ-ਬਰੰਗੇ ਸਲੀਪਰ ਤਿਆਰ ਕਰਕੇ ਬਾਹਰ ਭੇਜੇ ਜਾਂਦੇ ਹਨ। ਇਥੇ ਜਵਾਰ, ਬਾਜਰਾ, ਤਿਲਹਨ ਅਤੇ ਚੌਲ ਵੀ ਕਾਫੀ ਮਾਤਰਾ ਵਿਚ ਪਾਏ ਜਾਂਦੇ ਹਨ। ਇਹ ਸੈਦਪੁਰ ਦੇ ਰੇਲਵੇ ਸਟੇਸ਼ਨ ਨਾਲ 33 ਕਿ. ਮੀ. ਲੰਬੇ ਰੇਲਵੇ ਮਾਰਗ ਰਾਹੀਂ ਜੁੜਿਆ ਹੋਇਆ ਹੈ ਜਿਸ ਨਾਲ ਵਪਾਰਕ ਢੋਆ-ਢੁਆਈ ਅਤੇ ਆਵਾਜਾਈ ਵਿਚ ਕਾਫੀ ਸਹੂਲਤ ਹੋ ਜਾਂਦੀ ਹੈ।

ਆਬਾਦੀ– 33,519 (1991)

16° 45′ ਉ. ਵਿਥ.; 70° 30′ ਪੂ. ਲੰਬ.

ਹ. ਪੁ.—ਇੰਪ. ਗ. ਇੰਡ. 18 : 374

ਨ੍ਰਿਗ : ਮਹਾਭਾਰਤ ਅਨੁਸਾਰ ਇਹ ਇਕ ਪ੍ਰਤਾਪੀ ਰਾਜਾ ਸੀ। ਭਾਗਵਤ ਪੁਰਾਣ ਵਿਚ ਇਸ ਦਾ ਡਿਗ ਨਾਂ ਹੇਠ ਜ਼ਿਕਰ ਆਉਂਦਾ ਹੈ। ਇਸ ਨੇ ਪਯੋਸ਼ਨੀ ਨਦੀ ਦੇ ਕਿਨਾਰੇ ਅਨੇਕ ਯੱਗ ਕੀਤੇ ਅਤੇ ਇਹ ਰੋਜ਼ ਹੀ ਗਊਆਂ ਦਾਨ ਕਰਦਾ ਸੀ। ਇਕ ਵਾਰ ਇਸ ਦੀ ਦਾਨ ਕੀਤੀ ਗਊ ਦੁਬਾਰਾ ਇਸ ਦੀਆਂ ਗਊਆਂ ਵਿਚ ਆ ਰਲੀ ਅਤੇ ਉਹ ਦੁਬਾਰਾ ਦਾਨ ਕੀਤੀ ਗਈ। ਏਨੇ ਵਿਚ ਉਹ ਬ੍ਰਾਹਮਣ ਆ ਗਿਆ ਜਿਸ ਨੂੰ ਉਹ ਗਾਂ ਪਹਿਲਾਂ ਦਿੱਤੀ ਗਈ ਸੀ। ਰਾਜੇ ਨੇ ਦੋਹਾਂ ਬ੍ਰਾਹਮਣਾਂ ਨੂੰ ਸਮਝੌਤੇ ਲਈ ਕਿਹਾ ਪਰ ਕਿਸੇ ਨੇ ਨਾ ਮੰਨਿਆ। ਅੰਤ ਵਿਚ ਝਗੜਾਲੂ ਬ੍ਰਾਹਮਣ ਦੇ ਸਰਾਪ ਨਾਲ ਰਾਜੇ ਨੂੰ ਹਜ਼ਾਰ ਵਰ੍ਹੇ ਕਿਰਲੇ ਦੇ ਰੂਪ ਵਿਚ ਇਕ ਖੂਹ ਵਿਚ ਰਹਿਣਾ ਪਿਆ। ਕ੍ਰਿਸ਼ਨ ਜੀ ਨੇ ਇਸ ਦਾ ਉਧਾਰ ਕੀਤਾ।

ਹ. ਪੁ. – ਮ. ਕੋ.

ਨਰਿੰਜਨ ਤਸਨੀਮ : ਪੰਜਾਬੀ ਦੇ ਇਸ ਪ੍ਰਸਿੱਧ ਸਾਹਿਤਕਾਰ ਦਾ ਜਨਮ ਇਕ ਮਈ, 1929 ਨੂੰ ਤਰਨਤਾਰਨ ਵਿਖੇ



ਨਰਿੰਜਨ ਤਸਨੀਮ

ਹੋਇਆ। ਪੰਜਾਬੀ ਨਾਵਲ ਦੇ ਖੇਤਰ ਵਿਚ ਪ੍ਰੋ. ਨਰਿੰਜਨ ਤਸਨੀਮ ਵਿਲੱਖਣ ਹਸਤਾਖ਼ਰ ਹੈ। ਇਸ ਨੇ ਆਪਣੀਆਂ ਗਲਪ ਰਚਨਾਵਾਂ ਵਿਚ ਮਾਨਵੀ ਸੰਵੇਦਨਾ ਅਤੇ ਮਨੁੱਖੀ ਮਨ ਦੀਆਂ ਡੂੰਘਾਈਆਂ ਨੂੰ ਚਿਤਰਣ ਦਾ ਸਫ਼ਲ ਯਤਨ ਕੀਤਾ ਹੈ। ਇਸ ਨੇ ਨਾ ਕੇਵਲ ਪੰਜਾਬੀ ਵਿਚ ਬਲਕਿ ਹਿੰਦੀ, ਉਰਦੂ ਅਤੇ ਅੰਗਰੇਜ਼ੀ ਭਾਸ਼ਾ ਵਿਚ ਵੀ ਗਲਪ ਰਚਨਾ ਕੀਤੀ। ਪਰਛਾਵੇਂ, ਕਸਕ, ਤ੍ਰੇੜਾਂ ਤੇ ਰੂਪ, ਰੇਤ ਛਲ, ਹਨੇਰਾ ਹੋਣ ਤੱਕ, ਇਕ ਹੋਰ ਨਵਾਂ ਸਾਲ, ਜਦੋਂ ਸਵੇਰ ਹੋਈ, ਜੁਗਾਂ ਤੋਂ ਪਾਰ, ਗਵਾਚੇ ਅਰਥ ਇਸ ਦੇ ਪ੍ਰਸਿਧ ਪੰਜਾਬੀ ਨਾਵਲ ਹਨ। ਇਨ੍ਹਾਂ ਪੰਜਾਬੀ ਨਾਵਲਾਂ ਤੋਂ ਇਲਾਵਾ ਸੋਗਵਾਰ, ਮੋਨਾਲਿਜ਼ਾ (ਉਰਦੂ ਨਾਵਲ); ਰਾਤ ਕੇ ਉਜਾਲੇ, ਜਬ ਸੁਬਹ ਹੁਈ, (ਹਿੰਦੀ ਨਾਵਲ); 'ਗਲਿਟਰਿੰਗ ਸ਼ੈਡੋਜ਼' (1981) ਸ਼ੈਡੋਜ਼ (1989) ਕਾਰੀਡੋਰਜ਼ ਆਫ਼ ਟਾਈਮ (ਅੰਗਰੇਜ਼ੀ ਨਾਵਲ) ਹਨ। ਨਾਵਲ-ਰਚਨਾ ਤੋਂ ਇਲਾਵਾ ਤਸਨੀਮ ਨੇ ਪੰਜਾਬੀ ਆਲੋਚਨਾ ਦੇ ਖੇਤਰ ਵਿਚ ਵੀ ਨਿਗਰ ਯੋਗਦਾਨ ਪਾਇਆ। ਪੰਜਾਬੀ ਨਾਵਲ ਦਾ ਆਲੋਚਨਾਤਮਕ ਅਧਿਐਨ, ਪੰਜਾਬੀ ਨਾਵਲ ਦਾ ਮੁਹਾਂਦਰਾ, ਮੇਰੀ ਨਾਵਲ ਨਿਗਾਰੀ, ਨਾਵਲ ਕਲਾ ਤੇ ਮੇਰਾ ਅਨੁਭਵ, ਆਧੁਨਿਕ ਪੰਜਾਬੀ ਸਾਹਿਤ ਦਾ ਅਧਿਐਨ, ਕਾਦਰ ਯਾਰ ਆਦਿ ਆਲੋਚਨਾਤਮਕ ਪੁਸਤਕਾਂ ਹਨ। ਭਾਸ਼ਾ ਵਿਭਾਗ, ਪੰਜਾਬ ਵੱਲੋਂ ਇਸ ਨੂੰ ਸ਼੍ਰੋਮਣੀ ਪੰਜਾਬੀ ਸਾਹਿਤਕਾਰ ਪੁਰਸਕਾਰ ਦੇ ਕੇ ਸਨਮਾਨਿਤ

ਕੀਤਾ। ਸੰਨ 1978 ਵਿਚ ਪੰਜਾਬੀ ਸਾਹਿਤ ਸਮੀਖਿਆ ਬੋਰਡ ਵਲੋਂ ਨਾਵਲ 'ਜਦੋਂ ਸਵੇਰ ਹੋਈ' ਨੂੰ ਪ੍ਰਥਮ ਪੁਰਸਕਾਰ ਮਿਲਿਆ। ਸੰਨ 1994 ਈ. ਵਿਚ ਸਾਹਿਤ ਸੰਸਥਾਨ ਵੱਲੋਂ ਸਰਵੋਤਮ ਗਲਪਕਾਰ ਪੁਰਸਕਾਰ, 1994 ਈ. ਵਿਚ ਹੀ ਭਾਸ਼ਾ ਵਿਭਾਗ, ਪੰਜਾਬ ਵੱਲੋਂ ਨਾਨਕ ਸਿੰਘ ਪੁਰਸਕਾਰ ਅਤੇ 1995 ਈ. ਦਾ ਪੰਜਾਬੀ ਸਾਹਿਤ ਅਕਾਦਮੀ ਵਲੋਂ ਧਾਲੀਵਾਲ ਪੁਰਸਕਾਰ ਮਿਲਿਆ। ਇਸ ਦੇ ਨਾਵਲ 'ਗੁਆਚੇ ਅਰਥ' ਨੂੰ 1999 ਈ. ਵਿਚ ਸਾਹਿਤ ਅਕਾਦਮੀ ਅਵਾਰਡ ਪ੍ਰਦਾਨ ਕੀਤਾ ਗਿਆ।

ਹ. ਪੁ.—ਸੁਵਿ. ਸਨ. ਸਮਾ. 1995,- ਸਰਵੋਤਮ ਗਲਪਕਾਰ ਪੁਰਸਕਾਰ 1994

ਨਰਿੰਦਰ ਦੇਵ, ਆਚਾਰੀਆ : ਇਸ ਪ੍ਰਸਿੱਧ ਸਿਖਿਆ ਸ਼ਾਸਤਰੀ ਅਤੇ ਸਮਾਜ ਸੁਧਾਰਕ ਦਾ ਜਨਮ 31 ਅਕਤੂਬਰ, 1889 ਨੂੰ ਬਲਦੇਵ ਪ੍ਰਸ਼ਾਦ ਦੇ ਘਰ ਹੋਇਆ। ਇਸ ਨੇ ਸੰਸਕ੍ਰਿਤ ਵਿਚ ਐਮ. ਏ. ਕਰਨ ਤੋਂ ਬਾਅਦ ਵਕਾਲਤ ਪਾਸ ਕੀਤੀ। ਲੋਕਮਾਨਯ ਬਾਲਗੰਗਾਧਰ ਤਿਲਕ ਦੀ ਅਗਵਾਈ ਹੇਠ ਇਹ ਰਾਜਨੀਤੀ ਵਿਚ ਆਇਆ ਅਤੇ 1921 ਈ. ਵਿਚ ਸ਼ਿਵ ਪ੍ਰਸਾਦ ਗੁਪਤ ਵੱਲੋਂ ਸਥਾਪਿਤ ਕਾਸ਼ੀ ਵਿਦਿਆਪੀਠ ਵਿਖੇ ਅਧਿਆਪਕ ਅਤੇ ਬਾਅਦ ਵਿਚ ਉਥੇ ਹੀ ਆਚਾਰੀਆ ਅਤੇ ਕੁਲਪਤੀ ਰਿਹਾ। ਇਸ ਨੇ ਵੱਖ-ਵੱਖ ਭਾਸ਼ਾਵਾਂ ਅਤੇ ਭਾਸ਼ਾ ਵਿਗਿਆਨ ਸਮੇਤ ਇਤਿਹਾਸ ਅਤੇ ਸਮਾਜ ਸ਼ਾਸ਼ਤਰ ਸਬੰਧੀ ਹਿੰਦੀ ਵਿਚ ਲੇਖ ਅਤੇ ਪੁਸਤਕਾਂ ਲਿਖੀਆਂ। ਵਿਦਿਆਰਥੀਆਂ ਨੂੰ ਵੀ ਚੰਗੀਆਂ ਪੁਸਤਕਾਂ ਉਪਲੱਬਧ ਕਰਾਉਣ ਲਈ ਇਸ ਨੇ ਬਦੇਸ਼ਾਂ ਦੇ ਇਤਿਹਾਸ ਬਾਰੇ ਵੀ ਛੋਟੀਆਂ ਛੋਟੀਆਂ ਪੁਸਤਕਾਂ ਲਿਖੀਆਂ। ਇਨ੍ਹਾਂ ਵਿਚ ਇੰਗਲੈਂਡ, ਆਇਰਲੈਂਡ, ਰੂਸ, ਇਟਲੀ, ਅਮਰੀਕਾ ਆਦਿ ਦੇ ਇਤਿਹਾਸ ਸ਼ਾਮਲ ਹਨ।

ਆਚਾਰੀਆ ਨਰਿੰਦਰ ਦੇਵ ਨੇ ਧਾਰਮਿਕ ਅਧਿਐਨ ਵੀ ਕੀਤਾ। ਜਦੋਂ ਇਹ ਲਖਨਊ ਅਤੇ ਕਾਸ਼ੀ ਹਿੰਦੂ ਵਿਸ਼ਵ ਵਿਦਿਆਲੇ ਦਾ ਉਪਕੁਲਪਤੀ ਸੀ ਤਾਂ ਇਸ ਦਾ ਧਿਆਨ ਬੁੱਧ ਮਤ ਦੇ ਆਦਰਸ਼ਾਂ ਅਤੇ ਭਾਰਤ ਵਿਚ ਬੁੱਧ ਧਰਮ ਦੇ ਵਿਕਾਸ ਅਤੇ ਇਸ ਦੇ ਇਤਿਹਾਸ ਵੱਲ ਗਿਆ। ਆਪਣੇ ਜੀਵਨ ਕਾਲ ਦੇ ਅੰਤਮ ਦਿਨਾਂ ਵਿਚ ਇਸ ਨੇ 'ਬੁੱਧ ਧਰਮ ਦਰਸ਼ਨ' ਗ੍ਰੰਥ ਲਿਖਿਆ ਜਿਹੜਾ ਇਸ ਦੀ ਮੌਤ ਉਪਰੰਤ ਪ੍ਰਕਾਸ਼ਿਤ ਹੋਇਆ। ਸਾਹਿਤ ਅਕਾਦਮੀ ਵੱਲੋਂ 1956 ਈ. ਵਿਚ ਇਸ ਗ੍ਰੰਥ ਨੂੰ ਹਿੰਦੀ ਸਾਹਿਤ ਦੀ ਉੱਤਮ ਰਚਨਾ ਦੇ ਰੂਪ ਵਿਚ 5,000 ਰੁਪਏ ਦਾ ਇਨਾਮ ਪ੍ਰਾਪਤ ਹੋਇਆ। ਇਸ ਨੇ 'ਅਭਿਧਰਮ ਕੋਸ਼' ਪ੍ਰਕਾਸ਼ਿਤ ਕਰਵਾਇਆ ਅਤੇ ਪ੍ਰਾਕ੍ਰਿਤ ਤੇ ਪਾਲੀ ਵਿਆਕਰਣ ਹਿੰਦੀ ਵਿਚ ਤਿਆਰ ਕੀਤੇ। ਮਗਰੋਂ ਇਸ ਨੇ ਬੋਧੀ ਦਰਸ਼ਨ ਦੇ ਪਰਿਭਾਸ਼ਕ ਸ਼ਬਦਾਂ ਦਾ ਕੋਸ਼ ਤਿਆਰ ਕਰਨਾ ਸ਼ੁਰੂ ਕੀਤਾ ਸੀ ਪਰ 400 ਸ਼ਬਦਾਂ ਦਾ ਵਿਆਖਿਆਤਮਕ ਕੋਸ਼ ਹੀ ਤਿਆਰ ਹੋਇਆ ਸੀ ਕਿ ਅਚਾਨਕ ਮੌਤ ਹੋ ਜਾਣ ਤੇ ਕੰਮ ਅਧੂਰਾ ਹੀ ਰਹਿ ਗਿਆ।

ਆਪਣੇ ਜੀਵਨ ਕਾਲ ਦੌਰਾਨ ਆਚਾਰੀਆ ਨਰਿੰਦਰ ਦੇਵ ਨੇ 'ਵਿਦਿਆ ਪੀਠ', 'ਸਮਾਜ', 'ਜਨ ਬਾਣੀ' ਅਤੇ 'ਸੰਘਰਸ਼' ਪੱਤਰਾਂ ਦਾ ਸੰਪਾਦਨ ਕੀਤਾ।

ਸਾਹਿਤ ਤੋਂ ਇਲਾਵਾ ਇਸ ਨੇ ਰਾਜਨੀਤੀ ਵਿਚ ਵੀ ਨਾਂ ਬਣਾਇਆ। ਸੰਨ 1926 ਤੋਂ 1948 ਈ. ਤੱਕ ਇਹ ਆਲ ਇੰਡੀਆ ਕਾਂਗਰਸ ਕਮੇਟੀ ਦਾ ਮੈਂਬਰ ਰਿਹਾ। ਸੰਨ 1930 ਦੇ ਨਮਕ ਸਤਿਆਗ੍ਰਹਿ, 1932 ਈ. ਦੇ ਅੰਦੋਲਨ ਅਤੇ 1941 ਈ. ਦੇ ਨਿੱਜੀ ਸਤਿਆਗ੍ਰਹਿ ਵਿਚ ਵੀ ਇਸ ਨੇ ਹਿੱਸਾ ਲਿਆ ਅਤੇ ਜੇਲ੍ਹ ਗਿਆ।

ਸੰਨ 1942 ਦੇ ਭਾਰਤ ਛੱਡੋ ਅੰਦੋਲਨ' ਵਿਚ 1942 ਤੋਂ 1945 ਈ. ਤਕ ਪੰਡਤ ਜਵਾਹਰ ਲਾਲ ਨਹਿਰੂ ਨਾਲ ਅਹਿਮਦਾਬਾਦ ਦੇ ਕਿਲੇ ਵਿਚ ਬੰਦ ਰਿਹਾ। ਸੰਨ 1934 ਵਿਚ ਇਸ ਨੇ ਸ੍ਰੀ ਜੈ ਪ੍ਰਕਾਸ਼ ਨਾਰਾਇਣ, ਡਾ. ਰਾਮ ਮਨੋਹਰ ਲੋਹੀਆ ਅਤੇ ਹੋਰ ਸਹਿਯੋਗੀਆਂ ਨਾਲ ਮਿਲ ਕੇ ਕਾਂਗਰਸ ਸੋਸ਼ਲਿਸਟ ਪਾਰਟੀ ਦੀ ਸਥਾਪਨਾ ਕੀਤੀ। ਸੰਨ 1934 ਵਿਚ ਇਸ ਦੇ ਪਹਿਲੇ ਸਮਾਗਮ ਦੀ ਪ੍ਰਧਾਨਗੀ ਕੀਤੀ। ਕਾਂਗਰਸ ਤੋਂ ਬਾਹਰ ਆਉਣ ਤੇ 1948 ਈ. ਵਿਚ ਇਸ ਨੇ ਸੋਸ਼ਲਿਸਟ ਪਾਰਟੀ ਦੇ ਪਟਨਾ ਸਮਾਗਮ ਦੀ ਪ੍ਰਧਾਨਗੀ ਕੀਤੀ। ਭਾਰਤ ਵਿਚ ਸਮਾਜਵਾਦ ਨੂੰ ਰਾਸ਼ਟਰੀਅਤਾ ਅਤੇ ਕਿਸਾਨਾਂ ਦੇ ਹਿੱਤਾਂ ਨਾਲ ਜੋੜਨਾ ਇਸ ਦੀ ਮਹੱਤਵਪੂਰਣ ਦੇਣ ਹੈ।

29 ਫ਼ਰਵਰੀ, 1956 ਨੂੰ ਏਰੋਡ, ਮਦਰਾਸ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ. — ਹਿੰ. ਵਿ. ਕੋ. 6 : 248; ਹਿੰ. ਸਾ. ਇਤਿ.; ਹਿੰ. ਸਾ. ਕੋ.

ਨਰਿੰਦਰਪਾਲ ਸਿੰਘ : ਭਾਈ ਵੀਰ ਸਿੰਘ ਤੋਂ ਬਾਅਦ ਸਿੱਖ ਇਤਿਹਾਸ ਨੂੰ ਨਾਵਲ ਰੂਪ ਵਿਚ ਪ੍ਰਸਤੁਤ ਕਰਨ ਵਾਲੇ ਇਸ ਲੇਖਕ ਅਤੇ ਫ਼ੌਜੀ ਅਫ਼ਸਰ ਦਾ ਜਨਮ ਡਾ. ਈਸ਼ਰ ਸਿੰਘ ਦੇ ਘਰ 17 ਅਕਤੂਬਰ, 1922 ਨੂੰ ਕੇਨੀਆਂ ਬੰਗਲਾ, ਜ਼ਿਲ੍ਹਾ ਲਾਇਲਪੁਰ (ਪਾਕਿਸਤਾਨ) ਵਿਖੇ ਹੋਇਆ।

ਬੀ. ਏ. ਕਰਨ ਪਿਛੋਂ ਇਹ 1942 ਈ. ਵਿਚ ਫ਼ੌਜ ਵਿਚ ਸੈਕਿੰਡ ਲੈਫਟੀਨੈਂਟ ਭਰਤੀ ਹੋ ਗਿਆ। ਫ਼ੌਜ ਵਿਚ ਅਨੇਕਾਂ ਉੱਚ ਪਦਵੀਆਂ ਹਾਸਲ ਕਰਨ ਉਪਰੰਤ ਕਰਨਲ ਬਣਿਆ। ਕਾਬਲ ਤੇ ਭਾਰਤੀ ਦੂਤਘਰਾਂ ਵਿਚ ਸੈਨਿਕ ਅਟੈਚੀ ਬਣਨ ਤੋਂ ਇਲਾਵਾ ਭਾਰਤ ਦੇ ਰਾਸ਼ਟਰਪਤੀ ਡਾ. ਰਾਧਾ. ਕ੍ਰਿਸ਼ਨਨ ਦਾ ਸੈਨਿਕ ਸਕੱਤਰ ਬਣਿਆ। ਇਸ ਨੇ ਇਤਿਹਾਸਕ, ਸਮਾਜਿਕ, ਸੁਧਾਰਕ ਤੇ ਮਨੋਵਿ-ਗਿਆਨਕ ਹਰ ਤਰ੍ਹਾਂ ਦੇ ਨਾਵਲ ਲਿਖੇ ਹਨ। ਮਲਾਹ, ਸੈਨਾਪਤੀ, ਉਨਤਾਲੀ ਵਰ੍ਹੇ, ਸ਼ਕਤੀ, ਅਮਨ ਦੇ ਰਾਹ, ਤ੍ਰੀਆ ਜਾਲ, ਵਾਲਹੁ ਨਿੱਕੀ, ਖੰਨਿਉ ਤਿੱਖੀ, ਏਤਿ ਮਾਰਗ ਜਾਣਾ, ਇੱਕ ਸਰਕਾਰ ਬਾਝੋਂ, ਪੁੰਨਿਆ ਕਿ ਮੱਸਿਆ, ਟਾਪੂ, ਵਿਕੇਂਦ੍ਰਿਤ, ਬਾਮੁਲਾਹਜ਼ਾ ਹੋਸ਼ਿਆਰ ਆਦਿ ਇਸ ਦੇ ਵੰਨ ਸੁਵੰਨੇ ਵਿਸ਼ਿਆਂ ਦੇ ਵਿਭਿੰਨ ਤਕਨੀਕਾਂ ਵਿਚ ਲਿਖੇ ਗਏ ਨਾਵਲ ਹਨ। ਇਸ ਦੇ ਨਾਵਲਾਂ ਵਿਚੋਂ ਆਦਰਸ਼ਵਾਦੀ ਪਾਤਰ ਚਿਤਰਣ, ਮੱਧ ਸ਼੍ਰੇਣਿਕ ਪਰਿਵਾਰਾਂ ਦੀਆਂ ਸਮਾਜਿਕ ਮਾਨ-ਸਿਕ ਗੁੰਝਲਾਂ ਜਾਂ ਫਿਰ ਇਤਿਹਾਸਕ ਨਾਵਲਾਂ ਵਿਚ ਇਤਿਹਾਸਕ ਦਸਤਾਵੇਜ਼ਾਂ ਦਾ ਕਥਾਤਮਕ ਪ੍ਰਗਟਾਵਾ ਤੇ ਅਤੀਤ ਲਈ ਆਦਰਸ਼ਕ ਮੋਹ ਦਾ ਪ੍ਰਗਟਾਵਾ ਹੀ ਦ੍ਰਿਸ਼ਟੀਗੋਚਰ ਹੁੰਦਾ ਹੈ। ਇਸ ਨੇ ਗਲਪ ਰਚਨਾ ਦੀ ਖੜੋਤ ਅਵਸਥਾ ਨੂੰ ਗਤੀਸ਼ੀਲਤਾ ਪ੍ਰਦਾਨ ਕਰਨ ਦਾ ਸਾਹਸ ਕੀਤਾ ਹੈ। ਭਾਰਤੀ ਸੰਸਕ੍ਰਿਤੀ ਵਿਚ ਸੈਕਸ ਦਾ ਬਿਆਨ ਬਥੇਰਾ ਹੋਇਆ ਮਿਲਦਾ ਹੈ ਪਰੰਤੂ ਚੌਂਕਾਅ ਦੇਣ ਦੀ ਭਾਵਨਾ ਨਾਲ ਨਹੀਂ ਬਲਕਿ ਕਲਾਤਮਕ ਪੱਧਰ ਤੇ ਪਾਠਕ ਮਨ ਨੂੰ ਸੌਂਦਰਯ ਦੀਆਂ ਸਿਖਰਾਂ ਤੇ ਲਿਜਾ ਕੇ ਇਸ ਦੀ ਆਨੰਦਮਈ ਅਵਸਥਾ ਦਾ ਅਨੁਭਵ ਕਰਾਉਣ ਦੀ ਲਾਲਸਾ ਦੀ ਭਾਵਨਾ ਨਾਲ ਹੋਇਆ ਹੈ। ਨਰਿੰਦਰਪਾਲ ਸਿੰਘ ਦਾ ਬਿਆਨ ਚੁਸਤ, ਸ਼ੈਲੀ ਪ੍ਰਭਾਵਸ਼ਾਲੀ, ਬੋਲੀ ਰਸਿਕਤਾ ਭਰਪੂਰ ਹੈ। ਇਸ ਦੇ ਸਿੱਖ ਇਤਿਹਾਸ ਨਾਲ ਸਬੰਧਤ ਨਾਵਲ ਵੀਰ ਸਿੰਘ ਵਾਂਗ ਕੱਟੜ ਸੰਪਰਦਾਇਤਾ ਵਾਲੇ ਨਹੀਂ ਸਗੋਂ ਸੁਤੰਤਰ ਵਿਚਾਰਧਾਰਾ ਦੇ ਧਾਰਨੀ ਹਨ। ਇਸ ਨੇ ਕਵਿਤਾ-ਅਗੰਮੀ ਵਹਿਣ, ਕਿਲ ਤੇ ਕਾਮੇ, ਕਾਵਿ ਨਾਟ-ਕਾਫਲੇ, ਨਿਬੰਧ-ਨਿਕਸੁੱਕ, ਅਲਸੀ ਤੇ ਆਉਲੇ ਆਦਿ ਸਾਹਿਤ ਵਿਧਾਵਾਂ ਤੇ ਵੀ ਕਲਮ ਅਜ਼ਮਾਈ ਕੀਤੀ ਹੈ।

ਇਸ ਨੇ ਦੇਸ਼ ਦੀ ਵੰਡ ਪਿੱਛੋਂ ਲਖਨਊ ਵਿਖੇ ਆਪਣੇ ਪਿਤਾ ਨਾਲ 'ਸਰਦਾਰ ਪ੍ਰੈੱਸ' ਜਾਰੀ ਕੀਤਾ ਅਤੇ ਪੰਜਾਬੀ ਦਾ ਇਕ ਮਾਸਿਕ ਪੱਤਰ 'ਸਰਦਾਰ' ਆਰੰਭ ਕੀਤਾ। ਸੇਵਾ ਮੁਕਤੀ ਹੋਣ ਤੋਂ ਬਾਅਦ

ਦਿੱਲੀ ਤੋਂ ਵਿਕੇਂਦ੍ਰਿਤ ਮਾਸਿਕ ਪੱਤਰ ਪੰਜਾਬੀ ਵਿਚ ਤੇ 'ਬਾਈਵਰਡ' ਅੰਗਰੇਜ਼ੀ ਵਿਚ ਚਲਾਉਂਦਾ ਰਿਹਾ ਹੈ। ਭਾਵੇਂ ਇਸ ਨੇ ਸਾਹਿਤ ਦੀ ਹਰ ਵਿਧਾ ਤੇ ਲਿਖਣ ਦਾ ਯਤਨ ਕੀਤਾ ਪਰੰਤੂ ਇਸ ਦੀ ਵਧੇਰੇ ਪਛਾਣ ਪ੍ਰਸਿੱਧ ਪੰਜਾਬੀ ਨਾਵਲਕਾਰ ਦੇ ਵਜੋਂ ਹੀ ਬਣੀ। ਇਸ ਦੀ ਪਤਨੀ ਪ੍ਰਭਜੋਤ ਕੌਰ ਪੰਜਾਬੀ ਦੀ ਪ੍ਰਸਿੱਧ ਕਵਿੱਤਰੀ ਹੈ। ਨਰਿੰਦਰ ਪਾਲ ਸਿੰਘ ਦੇ ਨਾਵਲ 'ਬਾਮੁਲਾਹਜ਼ਾ ਹੋਸ਼ਿਆਰ' ਨੂੰ ਭਾਰਤੀ ਸਾਹਿਤ ਅਕਾਦਮੀ ਦਾ ਪੁਰਸਕਾਰ ਮਿਲ ਚੁੱਕਿਆ ਹੈ। ਭਾਸ਼ਾ ਵਿਭਾਗ, ਪੰਜਾਬ ਨੇ ਵੀ ਇਸ ਨੂੰ 1970 ਈ. ਵਿਚ ਸ਼੍ਰੋਮਣੀ ਸਾਹਿਤਕਾਰ ਪੁਰਸਕਾਰ ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ। 8 ਮਈ, 2003 ਨੂੰ ਇਸਦੀ ਦਿੱਲੀ ਵਿਖੇ ਮੌਤ ਹੋ ਗਈ।

ਹ. ਪੁ.—ਪੰ. ਸਾ.ਕੋ. ਭਾਗ 11:432; ਪੰ. ਸਾ. ਅਲੋ. ਇ. : 295, 296

ਨਰਿਨ : ਆਬਲਸਤ — ਇਹ ਕਿਰਗਿਜਸਤਾਨ ਗਣਤੰਤਰ ਦੇ ਦੱਖਣ-ਪੂਰਬ ਵੱਲ ਸਥਿਤ ਇਕ ਆਬਲਸਤ ਹੈ। ਇਸ ਦਾ ਖੇਤਰਫਲ 50,400 ਵ. ਕਿ. ਮੀ. ਅਤੇ ਆਬਾਦੀ 249,115 (1999) ਹੈ। ਇਥੇ ਜ਼ਿਆਦਾ ਵਸੋਂ ਕਿਰਗੀਜ਼ ਤੀਐਨਸਾਨ ਲੋਕਾਂ ਦੀ ਹੈ। ਇਹ ਆਬਲਸਤ 1,300 ਮੀ. ਜਾਂ ਇਸ ਤੋਂ ਵੀ ਵਧ ਹੈ, ਵਿਚ ਦੇ ਅੰਦਰੂਨੀ ਭਾਗਾਂ ਵਿਚ ਫੈਲਿਆ ਹੋਇਆ ਹੈ। ਇਥੋਂ ਦਾ ਜਲਵਾਯੂ ਮਹਾਂਦੀਪੀ ਕਿਸਮ ਦਾ ਹੈ ਅਤੇ ਘਾਟੀਆਂ ਵਿਚ ਸਾਲ ਵਿਚ 200 ਤੋਂ 300 ਮਿ. ਮੀ. ਤੱਕ ਵਰਖਾ ਹੁੰਦੀ ਹੈ। ਇਥੋਂ ਦੇ ਲੋਕਾਂ ਦੀ ਆਮਦਨ ਦਾ ਮੁੱਖ ਸਾਧਨ ਭੇਡਾਂ ਪਾਲਣਾ ਹੈ। ਇਥੇ ਉਦਯੋਗ ਬਹੁਤ ਘੱਟ ਸਨ। ਹੁਣ ਨਹਿਨ ਦਰਿਆ ਉੱਪਰ ਐਤਬਾਸਹੀ ਪਾਵਰ ਸਟੇਸ਼ਨ (1970) ਬਣਨ ਨਾਲ ਉਦਯੋਗਾਂ ਦਾ ਵਿਕਾਸ ਆਰੰਭ ਹੋ ਗਿਆ ਹੈ। ਇਥੇ ਆਬਾਦੀ ਬਹੁਤ ਘੱਟ ਹੈ ਅਤੇ ਕੁਲ ਆਬਾਦੀ ਦਾ 18% ਭਾਗ ਸ਼ਹਿਰਾਂ ਵਿਚ ਰਹਿੰਦਾ ਹੈ।

ਹ. ਪੁ.—ਐਨ. ਬ੍ਰਿ. ਮਾ. 8 : 519

ਨਰਿਨ : ਸ਼ਹਿਰ—ਇਹ ਕਿਰਗਿਜਸਤਾਨ ਗਣਤੰਤਰ ਦੇ ਦੱਖਣੀ-ਪੂਰਬ ਵੱਲ ਇਸੇ ਨਾਂ ਦੀ ਆਬਲਸਤ ਦਾ ਇਕ ਪ੍ਰਬੰਧਕੀ ਸ਼ਹਿਰ ਹੈ ਜਿਹੜਾ ਨਰਿਨ ਦਰਿਆ ਦੇ ਕੰਢੇ ਉੱਤੇ 2,050 ਦੀ ਉਚਾਈ ਉੱਤੇ ਸਥਿਤ ਹੈ। ਆਰੰਭ ਵਿਚ ਕਾਸ਼ਗਾਰ ਤੋਂ ਚੂ ਵਾਦੀ ਤੱਕ ਦੇ ਵਪਾਰਕ ਰਸਤੇ ਉਪਰ ਇਸ ਸਥਾਨ ਉੱਤੇ ਇਕ ਕਿਲੇ ਦੀ ਬੁਨਿਆਦ ਰੱਖੀ ਗਈ ਸੀ ਪਰ ਕਿਲੇ ਦੀ ਲੋੜੀਂਦੀ ਆਬਾਦੀ ਦੇ ਨਾਲ ਹੋਰ ਆਬਾਦੀ ਦੀ ਵਧਦੀ ਗਈ ਅਤੇ ਅਖੀਰ ਇਹੋ ਕਿਲਾ 1927 ਈ. ਵਿਚ ਨਰਿਨ ਸ਼ਹਿਰ ਦਾ ਰੂਪ ਧਾਰਨ ਕਰ ਗਿਆ। ਇਥੇ ਹੁਣ ਕਈ ਛੋਟੇ ਮੋਟੇ ਉਦਯੋਗ ਵੀ ਸਥਾਪਿਤ ਹਨ।

41° 26′ ਉ. ਵਿਥ.; 75° 59′ ਪੂ. ਲੰਬ.

ਹ. ਪੁ. — ਐਨ. ਬ੍ਰਿ. ਮਾ. 8 : 519

ਨਰਿਨ : ਦਰਿਆ—ਕਿਰਗੀਜ਼ੀਆ ਅਤੇ ਉਜ਼ਬੇਕਿਸਤਾਨ ਵਿਚ ਵਹਿਣ ਵਾਲਾ ਇਕ ਦਰਿਆ ਹੈ ਜਿਸ ਵਿਚ ਕੇਂਦਰੀ ਤੀਐਨਸਾਨ ਪਰਬਤ ਲੜੀ ਉੱਪਰ ਪੈਣ ਵਾਲੀ ਬਰਫ਼ ਦੇ ਗਲੇਸ਼ੀਅਰਾਂ ਦੇ ਖੁਰਨ ਦਾ ਪਾਣੀ ਆਉਂਦਾ ਹੈ। ਫਰਗਾਨਾ ਘਾਟੀ ਵਿਚ ਇਸ ਨਾਲ ਕਾਰ ਦਰਿਆ ਮਿਲਣ ਨਾਲ ਇਸ ਨੂੰ ਸਿਰ ਦਰਿਆ ਕਿਹਾ ਜਾਂਦਾ ਹੈ। ਪੱਛਮ ਵੱਲ ਨੂੰ 700 ਕਿ. ਮੀ. ਦਾ ਫਾਸਲਾ ਤੈਅ ਕਰਨ ਦੌਰਾਨ ਜਗ੍ਹਾ ਜਗ੍ਹਾ ਤੇ ਬਹੁਤ ਸਾਰੀਆਂ ਸਹਾਇਕ ਨਦੀਆਂ ਆ ਕੇ ਮਿਲਦੀਆਂ ਹਨ। ਇਹ 8,370 ਵ. ਕਿ. ਮੀ. ਖੇਤਰ ਦੀ ਜਲ ਨਿਕਾਸੀ ਕਰਦਾ ਹੈ। ਮਈ ਦੇ ਮਹੀਨੇ ਵਿਚ ਇਸ ਵਿਚ ਪਾਣੀ ਬਹੁਤ ਜ਼ਿਆਦਾ ਹੁੰਦਾ ਹੈ। ਸਾਲ ਭਰ ਦੌਰਾਨ 15,150 ਕਿਊਬਿਕ ਫੁੱਟ ਪਾਣੀ ਦੀ ਜਲ ਨਿਕਾਸੀ ਇਸ ਰਾਹੀਂ ਹੁੰਦੀ ਹੈ। ਇਸ ਉਪਰ ਟੋਕਟੋਗੁਲ ਅਤੇ ਉਚਕੁਰਗਾਨ ਪਣਬਿਜਲੀ ਘਰ ਬਣਨ ਨਾਲ ਇਸ ਦੇ ਪਾਣੀ ਦੇ ਵਹਾਓ ਨੂੰ ਕਾਬੂ ਕਰ ਲਿਆ ਗਿਆ ਹੈ ਅਤੇ ਇਲਾਕੇ ਵਿਚ ਸਿੰਜਾਈ ਕੀਤੀ ਜਾਂਦੀ ਹੈ।

40° 54′ ਉ. ਵਿਥ.; 71° 45′ ਪੂ. ਲੰਬ.

ਹ. ਪੁ. — ਐਨ. ਬ੍ਰਿ. ਮਾ. 8 : 519

ਨਰੀਨਿ : ਇਹ ਦੱਖਣ-ਪੱਛਮੀ ਕੋਲੰਬੀਆ (ਦੱਖਣੀ ਅਮਰੀਕਾ) ਦਾ ਇਕ ਡਿਪਾਰਟਮੈਂਟ ਹੈ ਜਿਸ ਦੇ ਪੱਛਮ ਵੱਲ ਸ਼ਾਂਤ ਮਹਾਂਸਾਗਰ ਅਤੇ ਦੱਖਣ ਵੱਲ ਐਕਵਾਰਡ ਰਾਜ ਲਗਦਾ ਹੈ। ਇਸ ਦਾ ਕੁੱਲ ਰਕਬਾ 33, 268 ਵ. ਕਿ. ਮੀ. ਅਤੇ ਵਸੋਂ 11,63,436 (1992) ਹੈ। ਇਸ ਖੇਤਰ ਦਾ ਬਹੁਤਾ ਪੂਰਬੀ ਖੇਤਰ ਨੀਵਾਂ ਅਤੇ ਪੱਛਮੀ ਖੇਤਰ ਉਚਾਣ ਵਿਚ ਹੈ। ਨੀਵਾਂ ਇਲਾਕਾ ਗਰਮ ਅਤੇ ਉੱਚਾ ਇਲਾਕਾ ਠੰਢਾ ਰਹਿੰਦਾ ਹੈ। ਇਥੋਂ ਦੀ ਆਰਥਿਕਤਾ ਮੁੱਖ ਤੌਰ ਤੇ ਖੇਤੀਬਾੜੀ ਉੱਤੇ ਨਿਰਭਰ ਕਰਦੀ ਹੈ। ਇਥੋਂ ਜੌਂ, ਲੋਬੀਆ, ਕਾਫ਼ੀ, ਆਲੂ, ਗੰਨਾ ਅਤੇ ਕੇਲੇ ਦੀ ਕਾਸ਼ਤ ਕੀਤੀ ਜਾਂਦੀ ਹੈ। ਕੁਨੀਨ ਅਤੇ ਬਰੋਜ਼ਾ ਵੀ ਤਿਆਰ ਕੀਤਾ ਜਾਂਦਾ ਹੈ। ਜੰਗਲਾਂ ਤੋਂ ਵਧੀਆ ਹਾਰਡ ਬੋਰਡ ਦੀ ਲੱਕੜ ਪ੍ਰਾਪਤ ਹੁੰਦੀ ਹੈ। ਇਥੋਂ ਦੇ ਸਾਰੇ ਉਤਪਾਦਨ ਨੂੰ ਤੋਮਾਕੋ ਬੰਦਰਗਾਹ ਰਾਹੀਂ ਬਾਹਰ ਭੇਜਿਆ ਜਾਂਦਾ ਹੈ। ਇਹ ਬੰਦਰਗਾਹ ਰੇਲ ਮਾਰਗ ਰਾਹੀਂ ਹੇਠਲੇ ਪੂਰਬੀ ਖੇਤਰ ਨਾਲ ਜੁੜੀ ਹੋਈ ਹੈ ਜਿਸ ਕਾਰਨ ਆਵਾਜਾਈ ਦੀ ਕਾਫ਼ੀ ਸਹੂਲਤ ਹੈ।

ਹ.ਪੁ.—ਐਨ. ਬ੍ਰਿ. 7:94; ਐਨ. ਅਮੈ. 19 : 709; ਸਟੇ. ਯੀ. ਬੁ. 1992

ਨਰੀਲਸਕ : ਇਹ ਰੂਸ ਦੀ ਕੈਰਸਨਾਯਾਰਸਕ ਕ੍ਰੇਅ ਦਾ ਇਕ ਸ਼ਹਿਰ ਹੈ ਜਿਹੜਾ ਪੁਟਰਨ ਪਹਾੜਾਂ ਵਿਚਕਾਰ ਡਡਿੰਕਾ ਸ਼ਹਿਰ ਤੋਂ ਲਗਭਗ 80 ਕਿ. ਮੀ. (50 ਮੀਲ) ਪੂਰਬ-ਦੱਖਣ-ਪੂਰਬ ਵੱਲ ਸਥਿਤ ਹੈ। ਸੰਨ 1935 ਵਿਚ ਇਸ ਸ਼ਹਿਰ ਨੂੰ ਵਸਾਇਆ ਗਿਆ ਸੀ। ਇਹ ਸ਼ਹਿਰ ਲੋਹੇ, ਤਾਂਬੇ, ਚਾਂਦੀ, ਨਿਕਲ, ਕੋਬਾਲਟ, ਨੀਲਾ ਰੰਗ, ਪਲੈਟੀਨਮ ਅਤੇ ਕੋਲੇ ਦੀਆਂ ਖਾਣਾ ਦਾ ਇਕ ਕੇਂਦਰ ਹੈ। ਇਸ ਸ਼ਹਿਰ ਨੂੰ ਖਾਨਟਾਯਕਾ ਦਰਿਆ ਉੱਤੇ ਬਣਾਏ ਗਏ ਪਣ ਬਿਜਲੀ ਘਰ ਤੋਂ ਬਿਜਲੀ ਦੀ ਸਪਲਾਈ ਹੁੰਦੀ ਹੈ। ਉੱਤਰੀ ਟਿਊਮੇਨ ਆਬਲਸਤ ਤੋਂ ਪਾਈਪਾਂ ਰਾਹੀਂ ਗੈਸ ਸਪਲਾਈ ਕੀਤੀ ਜਾਂਦੀ ਹੈ। ਯੈਨਸੇ ਦਰਿਆ ਉੱਤੇ ਬਣਾਈ ਗਈ ਡਡਿੰਕਾ ਬੰਦਰਗਾਹ ਨੂੰ ਨਰੀਲਸਕ ਸ਼ਹਿਰ ਨਾਲ ਰੇਲਵੇ ਲਾਈਨ ਰਾਹੀਂ ਜੋੜਿਆ ਗਿਆ ਹੈ।

ਆਬਾਦੀ– 146,500 (1999)

69° 20′ ਉ.ਵਿਥ.; 88° 06′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 7 : 389; ਐਨ. ਚੈਂਬ. 10 : 69

ਨਰੂਦਾ, ਪਾਬਲੋ : ਚਿੱਲੀ (ਦੱਖਣੀ ਅਮਰੀਕਾ) ਇਸ ਪ੍ਰਸਿੱਧ ਕਵੀ, ਰਾਜਨੀਤਕ, ਮਾਰਕਸਵਾਦੀ ਅਤੇ ਸਾਹਿਤ ਵਿਚ ਨੋਬਲ ਪੁਰਸਕਾਰ ਵਿਜੇਤਾ ਦਾ ਜਨਮ 12 ਜੁਲਾਈ, 1904 ਨੂੰ ਚਿਲੀ ਵਿਚ ਪਾਰਲ ਵਿਖੇ ਹੋਇਆ। ਇਸ ਦਾ ਮੁਢਲਾ ਨਾਂ ਨੈਫਤਾਲੀ ਰਿਕਾਰਡੋ ਰੇਅਜ਼ ਬਯੋਆਲਟੋ ਸੀ। ਇਸ ਦੇ ਜਨਮ ਤੋਂ ਇਕ ਮਹੀਨੇ ਤੋਂ ਅੰਦਰ ਅੰਦਰ ਹੀ ਇਸ ਦੀ ਮਾਂ ਦਾ ਦੇਹਾਂਤ ਹੋ ਗਿਆ। ਇਸ ਦੇ ਪਿਤਾ ਨੇ ਜੋ ਰੇਲਵੇ ਵਿਚ ਮੁਲਾਜ਼ਮ ਸੀ, ਕੁਝ ਸਮੇਂ ਮਗਰੋਂ ਦੂਜਾ ਵਿਆਹ ਕਰਵਾ ਲਿਆ ਪਰ ਇਹ ਉਸ ਔਰਤ ਨੂੰ ਆਪਣੀ ਅਸਲੀ ਮਾਂ ਹੀ ਸਮਝਦਾ ਸੀ।

ਸੰਨ 1920 ਵਿਚ ਇਸ ਨੇ ਟੈਮੂਕੋ ਵਿਖੇ ਆਪਣੀ ਸਕੂਲੀ ਵਿਦਿਆ ਖ਼ਤਮ ਕਰ ਲਈ। ਦਸ ਸਾਲਾਂ ਦੀ ਉਮਰ ਵਿਚ ਹੀ ਇਸ ਨੇ

ਕਵਿਤਾ ਲਿਖਣੀ ਸ਼ੁਰੂ ਕਰ ਦਿੱਤੀ ਸੀ। ਕਾਲਜ ਦੀ ਪੜ੍ਹਾਈ ਕਰਨ ਲਈ 1921 ਈ. ਵਿਚ ਇਹ ਰਾਜਧਾਨੀ ਸਾਨਟਿਆਗੋ ਚਲਾ ਗਿਆ ਪਰ ਵਧੇਰੇ ਸਮਾਂ ਇਹ ਕਵਿਤਾ ਲਿਖਣ ਵਿਚ ਹੀ ਬਿਤਾਉਂਦਾ ਸੀ ਛੇਤੀ ਹੀ ਇਸ ਨੂੰ ਸਪੇਨੀ ਭਾਸ਼ਾ ਦਾ ਇਕ ਉੱਘਾ ਕਵੀ ਮੰਨਿਆ ਜਾਣ ਲੱਗ ਪਿਆ। ਵਿਦਿਆਰਥੀ ਫੈਡਰੇਸ਼ਨ ਦੇ ਮੈਗਜ਼ੀਨ 'ਕਲੈਰੀਦਾਦ' ਵਿਚ ਇਸ ਦੀਆਂ ਕਵਿਤਾਵਾਂ ਛਪਣ ਲਗੀਆਂ। ਸੰਨ 1923 ਵਿਚ ਇਸ ਦੀ ਪਹਿਲੀ ਪੁਸਤਕ 'Crepusculario' ਛਪੀ। ਸੰਨ 1924 ਵਿਚ ਇਸ ਦੀ ਸਭ ਤੋਂ ਪ੍ਰਸਿੱਧ ਪੁਸਤਕ 'Veinte Poemas de amor Y una Cancion Desesperada' (ਅੰਗ. ਅਨੁ. ਟਵੈਂਟੀ ਲਵ ਪੋਇਮਜ਼ ਐਂਡ ਏ ਸੌਂਗ ਆੱਫ਼ ਡਿਸਪੇਅਰ'-1969) ਪ੍ਰਕਾਸ਼ਤ ਹੋਈ। ਇਸ ਤਰ੍ਹਾਂ 20 ਸਾਲ ਦੀ ਉਮਰ ਵਿਚ ਹੀ ਇਹ ਚਿੱਲੀ ਦੇ ਸਰਬੋਤਮ ਕਵੀਆਂ ਦੀ ਕਤਾਰ ਵਿਚ ਆ ਖੜਾ ਹੋਇਆ।


ਸੰਨ 1927 ਤੋਂ ਅਗਲੇ ਪੰਜ ਸਾਲਾਂ ਲਈ ਇਹ ਬਰਮਾ, ਲੰਕਾ ਅਤੇ ਜਾਵਾ ਆਦਿ ਦੱਖਣੀ ਏਸ਼ੀਆ ਦੇ ਵੱਖ-ਵੱਖ ਦੇਸ਼ਾਂ ਵਿਚ ਚਿੱਲੀ ਦੇ ਆਨਰੇਰੀ ਕੌਂਸਲ ਵਜੋਂ ਕੰਮ ਕਰਦਾ ਰਿਹਾ। ਜਕਾਰਤਾ ਵਿਚ ਇਸ ਨੇ ਇਕ ਵਲੰਦੇਜ਼ੀ ਲੜਕੀ ਨਾਲ ਸ਼ਾਦੀ ਕੀਤੀ। ਇਨ੍ਹਾਂ ਵਰ੍ਹਿਆਂ ਵਿਚ ਹੀ ਇਸ ਨੇ 'Residencia en la tierra' ਪੁਸਤਕ ਲਿਖੀ। ਸੰਨ 1933 ਵਿਚ ਇਸ ਦੀ ਨਿਯੁਕਤੀ ਬਵੇਨਸ ਏਅਰੀਜ਼ ਦੀ ਹੋ ਗਈ। ਅਗਲੇ ਸਾਲ ਮੈਡਰਿਡ ਦੀ ਬਦਲੀ ਸਮੇਂ ਇਸ ਨੇ ਦੂਜੀ ਸ਼ਾਦੀ ਕੀਤੀ। ਹੁਣ ਇਸ ਦੀ ਪ੍ਰਸਿੱਧੀ ਸਪੇਨ ਅਤੇ ਬਾਕੀ ਯੂਰਪੀ ਦੇਸ਼ਾਂ ਵਿਚ ਵੀ ਹੋ ਗਈ। ਸੰਨ 1936 ਦੀ ਸਪੇਨੀ ਖ਼ਾਨਾ-ਜੰਗੀ ਵਿਚ ਇਸ ਦੇ ਕਵੀ ਮਿੱਤਰ ਫ਼ੈਡਰਿਕੋ ਗਾਰਥੀਆ ਲਾੱਹਕਾ ਅਤੇ ਹੋਰਾਂ ਦੇ ਮਾਰੇ ਜਾਣ ਤੇ ਇਸ ਨੂੰ ਬੜਾ ਦੁਖ ਹੋਇਆ। ਉਸ ਸਮੇਂ ਦੀ ਪੁਸਤਕ ਦਾ ਨਾਂ ਇਸ ਨੇ 'Expanaen el Corazon' (ਸਪੇਨ ਇਨ ਦੀ ਹਾਰਟ) ਰੱਖਿਆ। ਸੰਨ 1938 ਵਿਚ ਚਿੱਲੀ ਮੁੜਨ ਤੇ ਫਿਰ ਇਸ ਦੀ ਨਿਯੁਕਤੀ ਮੈਕਸੀਕੋ ਦੀ ਹੋ ਗਈ। ਦੂਜੇ ਸੰਸਾਰ ਯੁਧ ਦੇ ਦੌਰਾਨ ਇਸ ਨੇ ਬਹੁਤ ਉੱਤਮ ਕਵਿਤਾ ਲਿਖੀ ਅਤੇ 1943 ਈ. ਵਿਚ ਚਿੱਲੀ ਪਰਤਣ ਤੇ ਇਸ ਦਾ ਨਿੱਘਾ ਸਵਾਗਤ ਹੋਇਆ। ਸੰਨ 1945 ਵਿਚ ਸੈਨੇਟਰ ਚੁਣੇ ਜਾਣ ਤੇ ਇਸ ਨੇ ਦੇਸ਼ ਦੀ ਭਲਾਈ ਦੇ ਕੰਮਾਂ ਵਿਚ ਬੜਾ ਹਿੱਸਾ ਪਾਇਆ। ਨੈਰੂਦਾ ਕਿਉਂਕਿ ਕਮਿਊਨਿਸਟ ਸੀ, ਇਸ ਲਈ ਤਿੰਨ ਸਾਲ ਮਗਰੋਂ ਜਦੋਂ ਹਕੂਮਤ ਬਦਲੀ ਤਾਂ ਇਸ ਨੂੰ ਆਪਣੇ ਸਾਥੀਆਂ ਸਹਿਤ ਰੂਪੋਸ਼ ਹੋਣਾ ਪਿਆ। ਉਸ ਸਮੇਂ ਦੌਰਾਨ ਇਸ ਨੇ ' Canto General' ਨਾਂ ਦੇ ਪ੍ਰਸਿੱਧ ਮਹਾਂਕਾਵਿ ਦੀ ਰਚਨਾ ਕੀਤੀ। ਸੰਨ 1949 ਵਿਚ ਇਸ ਨੇ ਰੂਸ ਵਿਚ ਅਲੈਕਸਾਂਦਰ ਪੁਸ਼ਕਿਨ ਦੇ 150ਵੇਂ ਜਨਮ ਦਿਨ ਦੇ ਜਸ਼ਨ ਵਿਚ ਭਾਗ ਲਿਆ। ਯੂਰਪ ਦੇ ਹੋਰਾਂ ਦੇਸ਼ਾਂ ਵਿਚ ਘੁੰਮ ਫਿਰ ਕੇ ਇਹ ਮੈਕਸੀਕੋ ਚਲਾ ਗਿਆ ਅਤੇ 1952 ਈ. ਵਿਚ ਜਦੋਂ ਕਮਿਊਨਿਸਟ ਲੇਖਕਾਂ ਦੀ ਫੜਫੜਾਈ ਦੇ ਹੁਕਮ ਮਨਸੂਖ ਹੋਏ ਤਾਂ ਇਹ ਵਾਪਸ ਚਿੱਲੀ ਵਿਚ ਆ ਗਿਆ। ਉਦੋਂ ਇਸ ਨੇ ਤੀਜਾ ਸ਼ਾਦੀ ਕੀਤੀ।

ਇਸ ਨੇ ਇਸਲਾ ਨੇਗਰਾ, ਸਾਨਟਿਆਗੋ ਅਤੇ ਵਾਲਪਾਰੇਸੋ ਵਿਖੇ ਤਿੰਨ ਘਰ ਬਣਾਏ। ਇਹ ਤਿੰਨੇ ਘਰ ਆਪਣੇ ਆਪ ਵਿਚ ਅਜੂਬੇ ਸਨ ਜਿਨ੍ਹਾਂ ਵਿਚ ਸੰਸਾਰ ਦੇ ਵੱਖ ਵੱਖ ਇਲਾਕਿਆਂ ਤੋਂ ਲਿਆਂਦੀਆਂ ਹੋਈਆਂ ਵਸਤੂਆਂ ਦੇ ਭੰਡਾਰ ਸਨ। ਜਿਵੇਂ ਜਿਵੇਂ ਦੀ ਤਬਦੀਲੀ ਇਸ ਦੀ ਜੀਵਨ ਵਿਚ ਆਉਂਦੀ ਰਹੀ, ਉਵੇਂ ਉਵੇਂ ਹੀ ਇਸ ਦੀ ਕਵਿਤਾ ਵਿਚ ਵੱਖ-ਵੱਖ ਰੰਗ ਪੇਸ਼ ਹੁੰਦੇ ਰਹੇ। ਇਸ ਨੇ ਪੁਰਾਣੀਆਂ ਰਵਾਇਤਾਂ ਤੋੜ ਕੇ ਆਪਣੀ ਨਵੇਕਲੀ ਸ਼ੈਲੀ ਕਾਇਮ ਕੀਤੀ ਜਿਸ ਨੂੰ 'Nerudismo' ਕਿਹਾ ਜਾਣ ਲਗਾ। ਆਪਣੀ ਉਮਰ ਦੇ ਅੰਤਲੇ ਸਾਲਾਂ ਵਿਚ ਇਸ ਨੇ ਆਪਣੀ ਕਵਿਤਾ ਵਿਚ ਪਿਆਰ ਦੇ ਵਿਸ਼ੇ ਨੂੰ ਮੁੜ ਪ੍ਰਧਾਨਤਾ ਦਿੱਤੀ। ਆਖ਼ਰੀ ਪੁਸਤਕਾਂ ਵਿਚ 'Cien Sonetos de amor,' 'Estravagario' ' ਅਤੇ ਸਵੈ-ਜੀਵਨੀ 'Memorial de Isla Negra' ਸ਼ਾਮਲ ਹਨ। ਸੰਨ 1953 ਵਿਚ ਇਸ ਨੂੰ ਲੈਨਿਨ ਪੀਸ ਪ੍ਰਾਈਜ਼ ਅਤੇ 1971 ਈ. ਵਿਚ ਸਾਹਿਤ ਦਾ ਨੋਬਲ ਪੁਰਸਕਾਰ ਪ੍ਰਾਪਤ ਹੋਇਆ।

23 ਸਤੰਬਰ, 1973 ਨੂੰ ਸਾਨਟਿਆਗੋ ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ.-ਐਨ. ਬ੍ਰਿ. ਮਾ. 8 : 607; ਐਨ. ਅਮੈ. 20 : 104

ਨਰੂਲਾ, ਸੁਰਿੰਦਰ ਸਿੰਘ : ਪੰਜਾਬੀ ਦੇ ਇਸ ਪ੍ਰਸਿੱਧ ਨਾਵਲਕਾਰ ਦਾ ਜਨਮ 8 ਨਵੰਬਰ, 1917 ਵਿਚ ਅੰਮ੍ਰਿਤਸਰ ਵਿਖੇ ਹਕੀਮ ਜਵਾਹਰ ਸਿੰਘ ਦੇ ਘਰ ਹੋਇਆ। ਇਸ ਨੇ ਖ਼ਾਲਸਾ ਕਾਲਜ ਅੰਮ੍ਰਿਤਸਰ ਤੋਂ ਬੀ. ਏ. ਪਾਸ ਕਰਨ ਉਪਰੰਤ 1938 ਈ. ਵਿਚ ਕੇਂਦਰ ਸਰਕਾਰ ਦੇ ਸਕੱਤਰੇਤ ਵਿਚ ਨੌਕਰੀ ਕਰ ਲਈ ਪਰ ਇਥੇ ਇਹ ਜ਼ਿਆਦਾ ਦੇਰ ਨਾ ਰਿਹਾ। ਸੰਨ 1942 ਵਿਚ ਅੰਗਰੇਜ਼ੀ ਦੀ ਐਮ. ਏ.



ਸੁਰਿੰਦਰ ਸਿੰਘ ਨਰੂਲਾ

ਪਾਸ ਕਰ ਕੇ ਖ਼ਾਲਸਾ ਕਾਲਜ, ਅੰਮ੍ਰਿਤਸਰ ਵਿਚ ਅਧਿਆਪਕ ਲਗ ਗਿਆ। ਫਿਰ ਕੁਝ ਸਮਾਂ ਰਾਵਲਪਿੰਡੀ ਦੇ ਖਾਲਸਾ ਕਾਲਜ ਵਿਚ ਨੌਕਰੀ ਕਰਨ ਉਪਰੰਤ ਬਰਜਿੰਦਰਾ ਕਾਲਜ ਫਰੀਦਕੋਟ ਵਿਖੇ ਅੰਗਰੇਜ਼ੀ ਵਿਭਾਗ ਦਾ ਮੁਖੀ ਰਿਹਾ। ਬਚਪਨ ਤੋਂ ਹੀ ਇਸ ਨੂੰ ਲਿਖਣ ਦਾ ਸ਼ੌਕ ਸੀ। ਇਸ ਦਾ ਪਹਿਲਾ ਪੰਜਾਬੀ ਨਾਵਲ 'ਪਿਉ ਪੁੱਤਰ' ਜੋ ਬਾਅਦ ਵਿਚ ਬਹੁਤ ਜ਼ਿਆਦਾ ਪ੍ਰਸਿੱਧ ਹੋਇਆ, 1946 ਈ. ਵਿਚ ਪ੍ਰਕਾਸ਼ਿਤ ਹੋਇਆ। ਇਸ ਦਾ ਇਹ ਨਾਵਲ ਪੰਜਾਬੀ ਦਾ ਪਹਿਲਾ ਯਥਾਰਥਵਾਦੀ ਨਾਵਲ ਹੈ। ਇਸ ਨਾਵਲ ਵਿਚ ਅੰਮ੍ਰਿਤਸਰ ਸ਼ਹਿਰ ਦੀ ਦੋ ਦਹਾਕਿਆਂ ਦੀ ਆਰਥਿਕ, ਭਾਈਚਾਰਕ, ਅਤੇ ਰਾਜਨੀਤਿਕ ਦਸ਼ਾ ਦਾ ਹੂ-ਬ-ਹੂ ਚਿਤਰਨ ਕੀਤਾ ਹੈ। 'ਪਿਓ ਪੁੱਤਰ' ਨਾਵਲ ਵਿਚ ਲੇਖਕ ਨੇ ਉਸ ਸਥਿਤੀ ਦਾ ਯਥਾਰਥਕ ਚਿਤਰਣ ਕੀਤਾ ਹੈ ਜਦੋਂ ਸਾਂਝਾ ਟੱਬਰ ਖੇਰੂੰ-ਖੇਰੂੰ ਹੋਇਆ, ਘੱਟ ਪੂੰਜੀ ਵਾਲਿਆਂ ਦੀ ਥਾਂ ਪੂੰਜੀਪਤੀਆਂ ਨੇ ਲੈ ਲਈ ਤੇ ਨਵੇਂ ਅੰਮ੍ਰਿਤਸਰ ਦਾ ਨਿਰਮਾਣ ਹੋਇਆ। ਸਮੁੱਚੇ ਰੂਪ ਵਿਚ ਇਹ ਨਾਵਲ 1895 ਤੋਂ 1917 ਈ. ਤੱਕ ਦਾ ਅੰਮ੍ਰਿਤਸਰ ਦਾ ਇਤਿਹਾਸ ਹੈ।

ਯਥਾਰਥਕ ਨਾਵਲ ਲਿਖਣ ਦੀ ਇਸੇ ਲੜੀ ਨੂੰ ਅਗਾਂਹ ਤੋਰਦਿਆਂ ਇਸ ਨੇ 'ਜਗਬੀਤੀ' ਤੇ 'ਸਿਲ੍ਹ ਅਲੂਣੀ' ਨਾਵਲ ਲਿਖੇ।

'ਜਗਬੀਤੀ' ਨਾਵਲ ਵਿਚ 1914 ਤੋਂ 1952 ਈ. ਤੱਕ ਦਾ ਅੰਮ੍ਰਿਤਸਰ ਦਾ ਇਤਿਹਾਸ ਹੈ ਪਰੰਤੂ ਇਸ ਨਾਵਲ ਵਿਚ ਇਹ ਯਥਾਰਥ ਦਾ ਉਹ ਸ਼ਕਤੀਸ਼ਾਲੀ ਪ੍ਰਭਾਵ ਨਹੀਂ ਪਾ ਸਕਿਆ ਜੋ ਇਸ ਦੇ ਪਹਿਲੇ ਨਾਵਲ ਨਾਲ ਪੈਂਦਾ ਹੈ। 'ਦੀਨ ਤੇ ਦੁਨੀਆਂ' 'ਨਾਵਲ ਵਿਚ ਲੇਖਕ ਨੇ ਭਾਰਤ ਦੀ ਵੰਡ ਸਮੇਂ ਹੋਏ ਫਸਾਦਾਂ ਦੀ ਤਸਵੀਰ ਪੇਸ਼ ਕੀਤੀ ਹੈ। ਸੁਰਿੰਦਰ ਸਿੰਘ ਨਰੂਲਾ ਅੰਗਰੇਜ਼ੀ ਸਾਮਰਾਜ ਦੀ 'ਪਾੜੋ ਤੇ ਰਾਜ ਕਰੋ ਦੀ ਨੀਤੀ' ਨੂੰ ਹੀ ਹਿੰਦੂ. ਸਿੱਖ ਅਤੇ ਮੁਸਲਿਮ ਫਸਾਦਾਂ ਦਾ ਕਾਰਨ ਮੰਨਦਾ ਹੈ। ਸੁਰਿੰਦਰ ਸਿੰਘ ਨਰੂਲਾ ਪੰਜਾਬੀ ਗਲਪ ਖੇਤਰ ਵਿਚ ਸਾਹਿਤ ਦੀ ਨਵੀਂ ਯਥਾਰਥਵਾਦੀ ਪ੍ਰਵਿਰਤੀ ਦਾ ਸੰਚਾਲਕ ਤਾਂ ਹੈ ਹੀ, ਇਸ ਦੇ ਨਾਲ-ਨਾਲ ਲੇਖਕ ਨੇ ਇਤਿਹਾਸਕ ਨਾਵਲ ਨੂੰ ਨਵੀਂ ਦਿਸ਼ਾ ਪ੍ਰਦਾਨ ਕੀਤੀ। 'ਨੀਲੀ ਬਾਰ' ਇਤਿਹਾਸਕ ਨਾਵਲ ਵਿਚ ਇਸ ਨੇ ਮਾਰਕਸਵਾਦੀ ਦ੍ਰਿਸ਼ਟੀਕੋਣ ਤੋਂ ਇਤਿਹਾਸਕ, ਸਮਾਜਿਕ ਤੇ ਰਾਜਨੀਤਿਕ ਪ੍ਰਸਥਿਤੀਆਂ ਨੂੰ ਉਨ੍ਹਾਂ ਦੀ ਸਮੁੱਚਤਾ ਵਿਚ ਉਘਾੜਨ ਲਈ ਦੋ ਸ਼੍ਰੇਣੀਆਂ ਦੀ ਇਤਿਹਾਸਕ ਟੱਕਰ ਨੂੰ ਚਿਤਰਿਆ ਹੈ ਕਿ ਕਿਵੇਂ ਸਿੰਧੋਂ ਪਾਰ ਦੇ ਇਲਾਕੇ ਦੇ ਟੱਪਰੀਵਾਸ ਉਥੋਂ ਦੀਆਂ ਜੰਗਲੀ ਕੌਮਾਂ ਵੱਲੋਂ ਜ਼ਬਰਦਸਤੀ ਧਕੇਲੇ ਜਾਣ ਬਾਅਦ ਬਾਰ ਦੇ ਇਲਾਕੇ ਵਿਚ ਆ ਵਸਦੇ ਹਨ। ਇਥੋਂ ਦੀ ਬਾਰ ਨੂੰ ਆਬਾਦ ਕਰਕੇ ਉਪਜੀਵਿਕਾ ਦੇ ਯੋਗ ਬਣਾ ਲੈਂਦੇ ਹਨ ਪਰੰਤੂ ਜਦੋਂ ਇਹ ਭੂਮੀ ਉਪਜਾਊ ਹੋ ਜਾਂਦੀ ਹੈ ਤਾਂ ਕੁਝ ਸਭਿਅਕ ਲੋਕ, ਸੱਯਦ, ਮਲਕ ਤੇ ਕੁਰੈਸ਼ੀ ਵੀ ਇਥੇ ਆ ਵਸਦੇ ਹਨ ਅਤੇ ਖੇਤੀ ਕਰਨ ਲਈ ਜਾਂਦੇ ਹਨ। ਇਨ੍ਹਾਂ ਦੀ ਉਪਜੀਵਿਕਾ ਦੇ ਸਾਧਨ ਖੁਸਦੇ ਜਾਪਦੇ ਹਨ। ਇਸ ਇਤਿਹਾਸਕ ਟੱਕਰ ਨੂੰ ਨਰੂਲੇ ਨੇ 'ਨੀਲੀ ਬਾਰ' ਨਾਵਲ ਦਾ ਮੂਲ ਆਧਾਰ ਬਣਾਇਆ ਹੈ। ਇਨ੍ਹਾ ਤੋਂ ਇਲਾਵਾ 'ਦਿਲ ਦਰਿਆ', 'ਰੰਗ ਮਹੱਲ' ਇਸ ਦੇ ਹੋਰ ਯਥਾਰਥਵਾਦੀ ਨਾਵਲ ਹਨ।

ਇਸ ਨੇ ਨਾਵਲ ਤੋਂ ਇਲਾਵਾ ਕਹਾਣੀ ਦੇ ਖੇਤਰ ਵਿਚ ਵੀ ਆਪਣੀ ਕਲਮ ਅਜ਼ਮਾਈ। 'ਲੋਕ ਪਰਲੋਕ', 'ਜੰਜਾਲ', 'ਰੂਪ ਤੇ ਪਰਛਾਵੇਂ' ਅਤੇ 'ਗਲੀ ਗੁਆਂਢ' ਇਸ ਦੇ ਕਹਾਣੀ-ਸੰਗ੍ਰਹਿ ਹਨ। ਇਨ੍ਹਾਂ ਕਹਾਣੀਆਂ ਵਿਚ ਲੇਖਕ ਨੇ ਸ਼ਹਿਰੀ ਸਮਾਜ ਦੀ ਪ੍ਰਤੀਨਿਧਤਾ ਕੀਤੀ ਹੈ। ਇਸ ਤੋਂ ਬਿਨਾਂ ਆਲੋਚਨਾ ਦੇ ਖੇਤਰ ਵਿਚ ਵੀ 'ਪੰਜਾਬੀ ਸਾਹਿਤ ਦਾ ਇਤਿਹਾਸ,' 'ਸਾਡੇ ਨਾਵਲਕਾਰ' ਅਤੇ 'ਸਾਹਿਤ ਸਮਾਚਾਰ' ਗਿਆਨ ਭਰਪੂਰ ਆਲੋਚਨਾਤਮਕ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਵਿਚ ਪਾਈਆਂ। ਇਸ ਦੀਆਂ ਕਈ ਰਚਨਾਵਾਂ ਦਾ ਹਿੰਦੀ, ਬੰਗਾਲੀ, ਮਲਿਆਲਮ ਅਤੇ ਗੁਜਰਾਤੀ ਭਾਸ਼ਾਵਾਂ ਵਿਚ ਅਨੁਵਾਦ ਹੋ ਚੁੱਕਾ ਹੈ। ਇਸ ਦਾ ਨਾਵਲ 'ਪਿਓ ਪੁੱਤਰ' ਪੰਜਾਬੀ ਗਲਪ ਖੇਤਰ ਵਿਚ ਇਕ ਮੀਲ ਪੱਥਰ ਹੈ ਜਿਸ ਦਾ ਰੂਸੀ ਅਤੇ ਕਈ ਹੋਰ ਭਾਸ਼ਾਵਾਂ ਵਿਚ ਅਨੁਵਾਦ ਹੋ ਚੁੱਕਾ ਹੈ। ਪੰਜਾਬੀ ਸਾਹਿਤ ਪ੍ਰਤੀ ਇਸ ਅਦੁੱਤੀ ਦੇਣ ਸਦਕਾ ਪੰਜਾਬ ਸਰਕਾਰ ਦੇ ਅਦਾਰੇ ਭਾਸ਼ਾ ਵਿਭਾਗ ਵੱਲੋਂ 1987 ਵਿਚ ਇਸਨੂੰ ਸ਼੍ਰੋਮਣੀ ਸਾਹਿਤਕਾਰ ਵਜੋਂ ਸਨਮਾਨ ਦਿੱਤਾ ਗਿਆ।

ਹ. ਪੁ.- ਪ. ਸਾ. ਅਲੋ. ਇਤਿ.-ਡਾ. ਸੀਤਲ ; ਪੰ. ਸਾ. ਇਤਿ.-ਭਾ. ਵਿ. ਪੰ. ਭਾਗ ਦੂਜਾ; ਸੁਵੀਨਰ 1987.

ਨਰੇਂਦ੍ਰ ਸਿੰਘ (ਮਹਾਰਾਜਾ ਪਟਿਆਲਾ) : ਨਰੇਂਦ੍ਰ ਸਿੰਘ ਮਹਾਰਾਜਾ ਕਰਮ ਸਿੰਘ ਪਟਿਆਲਾ ਦਾ ਸਪੁੱਤਰ ਅਤੇ ਪਟਿਆਲੇ ਦਾ ਮਹਾਨ ਪ੍ਰਤਾਪੀ ਮਹਾਰਾਜਾ ਸੀ। ਇਸ ਦਾ ਜਨਮ 26 ਨਵੰਬਰ, 1923 ਨੂੰ ਹੋਇਆ। ਇਹ ਧਰਮ ਅਤੇ ਨੀਤੀ ਦਾ ਪੁੰਜ ਸੀ। ਇਹ 18 ਜਨਵਰੀ, 1846 ਨੂੰ 23 ਸਾਲ ਦੀ ਉਮਰ ਵਿੱਚ ਰਾਜ ਗੱਦੀ ਤੇ ਬੈਠਿਆ। ਇਸ ਦਾ ਰਾਜ-ਪ੍ਰਬੰਧ ਬਹੁਤ ਵਧੀਆ ਸੀ। ਮਹਾਰਾਜਾ ਨਰੇਂਦ੍ਰ ਸਿੰਘ ਦਾ ਦਰਬਾਰ ਸੂਰਬੀਰਾਂ ਅਤੇ ਗੁਣਵਾਨ ਵਿਅਕਤੀਆਂ ਨਾਲ ਭਰਿਆ ਹੁੰਦਾ ਸੀ। ਸੰਨ 1857-58 ਦੇ ਗਦਰ ਸਮੇਂ ਮਹਾਰਾਜਾ ਨੇ ਆਪਣੇ ਆਪ ਨੂੰ ਅੰਗਰੇਜ਼ਾਂ ਦਾ ਸੱਚਾ ਮਿਤਰ ਸਿੱਧ ਕੀਤਾ। ਬਰਤਾਨੀਆ ਸਰਕਾਰ ਨੇ ਵੀ ਮਹਾਰਾਜਾ ਦੀ ਪੂਰੀ ਕਦਰ ਕੀਤੀ ਅਤੇ ਖੁਸ਼ ਹੋ ਕੇ ਨਾਰਨੌਲ ਦਾ ਇਲਾਕਾ ਇਸ ਨੂੰ ਸੌਂਪ ਦਿੱਤਾ। ਇਕ ਨਵੰਬਰ, 1861 ਨੂੰ ਕੇ. ਸੀ. ਐਸ. ਆਈ. ਦਾ ਖਿਤਾਬ ਮਿਲਿਆ ਅਤੇ ਗਵਰਨਰ ਜਰਨਲ ਦੀ ਕੌਂਸਿਲ ਦਾ ਮੈਂਬਰ ਬਣਾਇਆ ਗਿਆ। ਸੰਨ 1860 ਵਿਚ ਜੋ ਮੁਤਬੰਨਾ ਕਰਨ ਦਾ ਅਧਿਕਾਰ ਫੂਲਕੀਆਈ ਰਿਆਸਤਾਂ ਨੂੰ ਦਿੱਤਾ ਗਿਆ ਸੀ। ਉਸ ਦੀ ਸਨਦ 5 ਮਾਰਚ, 1862 ਨੂੰ ਮਿਲੀ। ਮਹਾਰਾਜਾ ਨਰੇਂਦ੍ਰ ਸਿੰਘ ਨੇ ਦੋ ਰਾਜਿਆਂ ਨਾਲ ਮਿਲ ਕੇ ਜੋ ਰਾਜ-ਪ੍ਰਬੰਧ ਦੇ ਨਿਯਮ ਬਣਾਏ ਉਸ ਤੋਂ ਇਸ ਦੀ ਵਿਦਵਤਾ ਅਤੇ ਦੂਰਅੰਦੇਸ਼ੀ ਦਾ ਪਤਾ ਚਲਦਾ ਹੈ। ਉਨਤਾਲੀ ਵਰ੍ਹੇ ਦੀ ਉਮਰ ਵਿਚ 13 ਨਵੰਬਰ, 1862 ਨੂੰ ਇਸ ਦਾ ਦਿਹਾਂਤ ਪਟਿਆਲਾ ਵਿਖੇ ਹੋਇਆ।

ਹ. ਪੁ.- ਮ. ਕੋ. : 685

ਨਰੇਂਦ੍ਰ ਮੰਡਲ : ਭਾਰਤ ਦੇ ਹੁਕਮਰਾਨ ਰਾਜੇ, ਮਹਾਰਾਜੇ ਨਵਾਬ ਆਦਿ ਦੀ ਮਾਨਯੋਗ ਸਭਾ ਜੋ 1921 ਈ. ਵਿਚ ਕਾਇਮ ਹੋਈ। ਇਸ ਦਾ ਹਰ ਸਾਲ ਦਿੱਲੀ ਵਿਚ ਇਜਲਾਸ ਹੁੰਦਾ ਸੀ ਅਤੇ ਆਰੰਭਕ ਸਪੀਚ ਵਾਇਸਰਾਇ ਦੀ ਹੋਇਆ ਕਰਦੀ ਸੀ। ਇਸ ਸਭਾ ਦੇ ਪਹਿਲੇ ਚਾਂਸਲਰ ਮਹਾਰਾਜਾ ਗੰਗਾ ਸਿੰਘ ਬੀਕਾਨੇਰ ਵਾਲੇ ਸਨ ਉਸ ਤੋਂ ਬਾਅਦ ਪਟਿਆਲਾ ਦੇ ਮਹਾਰਾਜਾ ਭੂਪਿੰਦਰ ਸਿੰਘ ਬਣੇ।

ਨਰੇਂਦ੍ਰ ਮੰਡਲ ਦਾ ਮੁੱਖ ਮੰਤਵ ਇਹ ਸੀ ਕਿ ਸਰਕਾਰ ਨਾਲ ਜਿਨ੍ਹਾਂ ਰਿਆਸਤਾਂ ਦਾ ਸਬੰਧ ਸੰਧੀ ਪੱਤਰਾਂ ਅਤੇ ਸਨਦਾਂ ਦੁਆਰਾ ਕਾਇਮ ਹੋਇਆ, ਉਸ ਦੀ ਪੂਰੀ ਪਾਲਣਾ ਹੋਵੇ, ਉਨ੍ਹਾਂ ਰਿਆਸਤਾਂ ਦੇ ਹੱਕਾਂ ਦੀ ਰਾਖੀ ਕੀਤੀ ਜਾਵੇ ਅਤੇ ਸਮੇਂ ਸਮੇਂ ਤੇ ਲੋੜ ਅਨੁਸਾਰ ਉਸ ਰਿਆਸਤ ਦਾ ਸੁਧਾਰ ਕੀਤਾ ਜਾਵੇ।

ਹ. ਪੁ.- ਮ. ਕੋ : 685

ਨਰੇਂਦਰ ਮੋਹਨ : ਹਿੰਦੀ ਦੇ ਇਸ ਨਾਟਕਕਾਰ, ਕਵੀ ਅਤੇ ਆਲੋਚਕ ਦਾ ਜਨਮ 15 ਜੁਲਾਈ, 1935 ਨੂੰ ਲਾਹੌਰ (ਪਾਕਿਸਤਾਨ) ਵਿਖੇ ਹੋਇਆ। ਇਸ ਨੇ ਹਿੰਦੀ ਵਿਚ ਐਮ. ਏ. ਕਰਨ ਉਪਰੰਤ ਪੀ. ਐਚ. ਡੀ. ਦੀ ਡਿਗਰੀ ਪ੍ਰਾਪਤ ਕਰ ਕੇ ਅਧਿਆਪਨ ਦੇ ਖੇਤਰ ਵਿਚ ਸ਼ਲਾਘਾਯੋਗ ਸੇਵਾ ਕੀਤੀ ਹੈ। ਹਿੰਦੀ ਸਾਹਿਤ ਅਤੇ ਭਾਸ਼ਾ ਦੇ ਪ੍ਰਚਾਰ ਅਤੇ ਪ੍ਰਸਾਰ ਵਿਚ ਇਸ ਨੇ ਵਿਸ਼ੇਸ਼ ਯੋਗਦਾਨ ਪਾਇਆ ਹੈ। ਇਸ ਨੇ ਨਾ ਸਿਰਫ਼ ਹਿੰਦੀ ਸਾਹਿਤ ਸਗੋਂ ਪੰਜਾਬੀ ਅਤੇ ਅੰਗਰੇਜ਼ੀ ਸਾਹਿਤ ਵਿਚ ਵੀ ਆਪਣੀ ਕਲਮ ਅਜ਼ਮਾਈ ਹੈ।



ਨਰੇਂਦਰ ਮੋਹਨ

ਆਲੋਚਨਾ ਦੇ ਖੇਤਰ ਵਿਚ ਇਸ ਨੇ ਖ਼ਾਸ ਤੌਰ ਤੇ ਯੋਗਦਾਨ ਪਾਇਆ ਹੈ ਜਿਸ ਉਪਰ ਲਗਭਗ 8 ਪੁਸਤਕਾਂ ਲਿਖੀਆਂ ਹਨ ਜਿਨ੍ਹਾਂ ਵਿਚੋਂ 'ਆਧੁਨਿਕਤਾ ਔਰ ਸਮਕਾਲੀਨ ਰਚਨਾ ਸੰਦਰਭ,' 'ਆਧੁਨਿਕ ਹਿੰਦੀ ਕਾਵਯ ਮੇਂ ਅਪ੍ਰਸਤੁਤ ਵਿਧਾਨ', 'ਸਮਕਾਲੀਨ ਕਹਾਣੀ ਕੀ ਪਹਿਚਾਨ', 'ਆਧੁਨਿਕਤਾ ਕੇ ਸੰਦਰਭ ਮੇਂ ਹਿੰਦੀ ਕਹਾਣੀ', 'ਕਵਿਤਾ ਕੀ ਵਿਚਾਰਕ ਭੂਮਿਕਾ' ਪੁਸਤਕਾਂ ਦੀ ਵਿਆਖਿਆ ਦੇ ਨਾਲ-ਨਾਲ ਆਲੋਚਨਾ ਦੇ ਰਚਨਾਤਮਕ ਪੱਖ ਪੂਰਾ ਕਰਦੇ ਹੋਏ ਸਮਕਾਲੀਨ ਹਿੰਦੀ ਕਹਾਣੀ ਤੇ ਕਵਿਤਾ ਦੀ ਸਹਿ ਪਛਾਣ ਕਰਵਾਈ ਹੈ। ਆਲੋਚਨਾਤਮਕ ਪੁਸਤਕਾਂ ਤੋਂ ਇਲਾਵਾ ਚਾਰ ਨਾਟਕ ਅਤੇ ਦੋ ਵਿਸ਼ੇਸ਼ ਕਿਰਤਾਂ 'ਦ੍ਰਿਸ਼ਯਾਤਰ' ਅਤੇ 'ਏਕ ਨਦੀ ਹੈ' ਵੀ ਹਿੰਦੀ ਸਾਹਿਤ ਨੂੰ ਭੇਟ ਕਰ ਚੁੱਕਾ ਹੈ। ਇਸੇ ਤਰ੍ਹਾਂ ਕਾਵਿ ਪੁਸਤਕਾਂ ਵਿਚੋਂ 'ਇਸ ਹਾਦਸੇ ਮੇਂ', 'ਸਾਮਨਾ ਹੋਨੇ ਪਰ', 'ਏਕ ਅਗਨੀਕਾਂਡ ਜਗਹ ਬਦਲਤਾ', 'ਹਥੇਲੀ ਪਰ ਅੰਗਾਰੇ ਕੀ ਤਰਹ', 'ਸੰਕਟ ਦ੍ਰਿਸ਼ ਦਾ ਨਹੀਂ' ਹਨ। ਹਿੰਦੀ ਪੁਸਤਕਾਂ ਤੋਂ ਇਲਾਵਾ ਇਸ ਨੇ ਪੰਜਾਬੀ ਭਾਸ਼ਾ ਵਿਚ 'ਦ੍ਰਿਸ਼ ਬਦਲਦੇ ਹੋਏ', 'ਪਗਲੇ ਅਤੇ ਸਿੰਘਧਾਰੀ' ਪੁਸਤਕਾਂ ਲਿਖੀਆਂ ਹਨ। ਅੰਗਰੇਜ਼ੀ ਵਿਚ ਵੀ ਇਸ ਨੇ ਪੁਸਤਕ ਲਿਖੀ ਹੈ।

ਇਸ ਦੀ ਸਾਹਿਤਕ ਦੇਣ ਅਤੇ ਬਹੁਪੱਖੀ ਪ੍ਰਤਿਭਾ ਦਾ ਸਨਮਾਨ ਕਰਦੇ ਹੋਏ ਭਾਸ਼ਾ ਵਿਭਾਗ, ਪੰਜਾਬ ਨੇ ਇਸ ਨੂੰ 1995 ਦਾ ਸ਼੍ਰੋਮਣੀ ਹਿੰਦੀ ਸਾਹਿਤਕਾਰ ਪੁਰਸਕਾਰ ਦਿੱਤਾ ਹੈ। ਇਸ ਤੋਂ ਇਲਾਵਾ ਇਸ ਨੂੰ ਹਿੰਦੀ ਸਾਹਿਤਕਾਰ ਦਿੱਲੀ ਦਾ ਕ੍ਰਿਤੀ ਪੁਰਸਕਾਰ, ਭਾਰਤ ਸਰਕਾਰ ਦੇ ਸਿਖਿਆ ਮੰਤਰਾਲੇ ਵਲੋਂ ਅਖਿਲ ਭਾਰਤੀਯ ਪੁਰਸਕਾਰ ਅਤੇ 'ਆਧੁਨਿਕਤਾ ਕੇ ਸੰਦਰਭ ਮੇਂ ਹਿੰਦੀ ਕਹਾਨੀ' ਪੁਸਤਕ ਲਈ ਪਹਿਲਾ ਪੁਰਸਕਾਰ ਪ੍ਰਾਪਤ ਹੋ ਚੁੱਕੇ ਹਨ।

ਹ. ਪੁ.—ਹਿੰ. ਸਾ. ਇਤਿ.; ਹੁਜ਼. ਹੂ ਆਫ ਇੰਡੀਅਨ ਰਾਈਟਰਜ਼-ਦਿੱਲੀ ਸਾਹਿਤ ਅਕਾਦਮੀ।

ਨਰੋਤਮ, ਤਾਰਾ ਸਿੰਘ : ਪੰਜਾਬੀ ਦੇ ਇਸ ਵਾਰਤਕਕਾਰ, ਕੋਸ਼ਕਾਰ, ਟੀਕਾਕਾਰ, ਗੁਰਬਾਣੀ ਤੇ ਦਰਸ਼ਨ ਦੇ ਪ੍ਰਸਿੱਧ ਵਿਦਵਾਨ ਦਾ ਜਨਮ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਕਾਲਮਾਂ ਵਿਚ 1882 ਈ. ਵਿਚ ਹੋਇਆ। ਪੰਜਾਬੀ ਸਾਹਿਤ ਖੇਤਰ ਵਿਚ ਤਾਰਾ ਸਿੰਘ ਨਰੋਤਮ ਦਾ ਸਥਾਨ ਮੁਢਲੇ ਟੀਕਾਕਾਰ ਵਜੋਂ ਹੈ। ਇਸ ਨੇ ਮੁਢਲੀ ਸਿਖਿਆ ਪਿੰਡ ਗਿੜਵੜੀ ਦੇ ਸੰਤ ਗੁਲਾਬ ਸਿੰਘ ਪਾਸੋਂ ਪ੍ਰਾਪਤ ਕੀਤੀ ਅਤੇ ਫਿਰ ਉਚੇਰੀ ਸਿਖਿਆ ਹਾਸਲ ਕਰਨ ਲਈ ਹਰਿਦੁਆਰ ਅਤੇ ਕਾਸ਼ੀ ਦੇ ਨਿਰਮਲਿਆਂ ਦੇ ਡੇਰਿਆਂ ਵਿਚ ਰਿਹਾ। ਗੁਰਬਾਣੀ ਅਤੇ ਦਰਸ਼ਨ ਦੇ ਇਸ ਪ੍ਰਸਿੱਧ ਵਿਦਵਾਨ ਨੇ ਗੂੜ੍ਹੇ ਤੇ ਗੁੰਝਲਦਾਰ ਤੱਥਾਂ ਨੂੰ ਬੜੀ ਸਰਲਤਾ ਤੇ ਸੁਖਾਵੇਂ ਢੰਗ ਨਾਲ ਪੇਸ਼ ਕੀਤਾ ਅਤੇ ਪਾਠਕਾਂ ਨੂੰ ਆਪਣੇ ਵਿਚਾਰ ਸਪਸ਼ਟ ਰੂਪ ਵਿਚ ਸਮਝਾਉਣ ਦੇ ਸਮਰਥ ਰਿਹਾ ਹੈ। ਵਿਦਿਆ ਹਾਸਲ ਕਰਨ ਉਪਰੰਤ ਇਹ ਨਿਰਮਲ ਪੰਥੀ ਸੰਪਰਦਾਇ ਵਿਚ ਸ਼ਾਮਲ ਹੋ ਗਿਆ। ਆਪਣੀ ਲਗਨ ਅਤੇ ਯੋਗਤਾ ਕਾਰਨ ਇਹ ਕੁਝ ਸਮੇਂ ਵਿਚ ਹੀ ਆਪਣੇ ਪੰਥ ਦੀ ਮੰਡਲੀ ਵਿਚ ਪ੍ਰਸਿੱਧ ਹੋ ਗਿਆ।

ਪੰਡਤ ਤਾਰਾ ਸਿੰਘ ਨਰੋਤਮ ਦੀ ਵਿਦਵਤਾ ਅਤੇ ਧਾਰਮਕ ਬਿਰਤੀ ਦੀ ਸ਼ੋਭਾ ਸੁਣ ਕੇ ਮਹਾਰਾਜਾ ਨਰਿੰਦਰ ਸਿੰਘ ਇਸ ਨੂੰ ਸਤਿਕਾਰ ਨਾਲ ਪਟਿਆਲੇ ਲੈ ਆਇਆ। ਮਹਾਰਾਜੇ ਦੀ ਇੱਛਾ ਅਨੁਸਾਰ ਇਸ ਨੇ ਕਈ ਉੱਤਮ ਗ੍ਰੰਥਾਂ ਦੀ ਰਚਨਾ ਕੀਤੀ। ਇਸ ਨੂੰ ਪਟਿਆਲਾ ਰਿਆਸਤ ਦਾ ਰਾਜ-ਕਵੀ ਹੋਣ ਦਾ ਮਾਣ ਵੀ ਪ੍ਰਾਪਤ ਹੋਇਆ। ਸ੍ਰੀ ਗੁਰੂ ਤੀਰਥ ਸੰਗ੍ਰਹਿ, ਗੁਰਮਤ ਨਿਰਣੈ ਸਾਗਰ, ਵਾਹਿਗੁਰੂ ਨਾਮ, ਸ੍ਰੀ ਗੁਰੂ ਗਿਅਰਥ ਕੋਸ਼ (ਦੋ ਭਾਗ), ਅਕਾਲ ਮੂਰਤੀ ਪ੍ਰਦਰਸ਼ਨ, ਟੀਕਾ ਸ੍ਰੀ ਰਾਗ, ਟੀਕਾ ਗੁਰ ਭਾਵ ਦੀਪਕ, ਭਗਤ ਬਾਣੀ ਸਟੀਕ, ਪੰਜ ਕਕਾਰ, ਟੀਕਾ ਸ੍ਰੀ ਜਪੁਜੀ ਸਾਹਿਬ, ਟੀਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਇਸ ਦੀਆਂ ਰਚਨਾਵਾਂ ਹਨ। ਇਸ ਦੀ ਮੌਤ ਤੋਂ ਪਿਛੋਂ ਮਹਾਰਾਜਾ ਰਾਜਿੰਦਰ ਸਿੰਘ ਨੇ ਇਸ ਦੀਆਂ ਰਚਨਾਵਾਂ ਪ੍ਰਕਾਸ਼ਿਤ ਕਰਵਾਈਆਂ। ਗਿਆਨੀ ਗਿਆਨ ਸਿੰਘ ਇਸ ਦੇ ਸ਼ਾਗਿਰਦ ਸਨ। ਨਿਰਮਲਾ ਪੰਥੀ ਵਿਦਵਾਨ ਅਤੇ ਲੇਖਕ ਆਪਣੇ ਰਚੇ ਗ੍ਰੰਥਾਂ ਦੀ ਵਿਕਰੀ ਨੂੰ ਪਾਪ ਸਮਝਦੇ ਸਨ, ਇਸ ਲਈ ਮਹਾਰਾਜੇ ਨੇ ਇਸ ਦੇ ਜੋ ਵੀ ਗ੍ਰੰਥ ਛਪਵਾਏ ਉਹ ਪਾਠਕਾਂ ਵਿਚ ਮੁਫ਼ਤ ਵੰਡੇ। ਤਾਰਾ ਸਿੰਘ ਨਰੋਤਮ ਦੀਆਂ ਰਚਨਾਵਾਂ ਵਿਚ ਖਿਆਲਾਂ ਦੀ ਪ੍ਰਧਾਨਤਾ ਹੈ ਅਤੇ ਇਨ੍ਹਾਂ ਦੀ ਭਾਸ਼ਾ ਬ੍ਰਜ ਅਤੇ ਵਿਦਵਤਾ ਭਰਪੂਰ ਹੈ।

ਹ. ਪੁ.-ਲਿ. ਕੋ. 171 ; ਸ੍ਰੀ ਗੁਰੂ ਗੋਬਿੰਦ ਸਿੰਘ ਅਭਿਨੰਦਨ ਗ੍ਰੰਥ- ਦਵਿੰਦਰ ਸਿੰਘ ਵਿਦਿਆਰਥੀ

ਨਲ (ਬਾਂਦਰ) : ਇਹ ਸ੍ਰੀ ਰਾਮ ਚੰਦਰ ਜੀ ਦੀ ਸੈਨਾ ਦਾ ਪ੍ਰਸਿੱਧ ਵਾਨਰ ਸੀ। ਰਿਤੂਧ੍ਵਜ ਰਿਸ਼ੀ ਦੇ ਸਰਾਪ ਕਾਰਨ ਵਿਸ਼ਵਕਰਮਾ ਅਤੇ ਘ੍ਰਿਤਾਚੀ ਅਪਸਰਾ ਦੇ ਇਸ ਪੁੱਤਰ ਦਾ ਜਨਮ ਹੋਇਆ। ਰਾਮਾਇਣ ਅਨੁਸਾਰ ਇਹ ਵੱਡਾ ਇੰਜੀਨੀਅਰ ਸੀ ਜਿਸ ਦੇ ਬਣਾਏ ਹੋਏ ਪੱਥਰ ਪਾਣੀ ਵਿਚ ਤੈਰ ਸਕਦੇ ਸਨ। ਇਸ ਨੇ ਮਹਾਂਦੀਪ ਤੋਂ ਲੰਕਾ ਜਾਣ ਲਈ ਪੁਲ ਵੀ ਬਣਾਇਆ ਸੀ ਜਿਸ ਦਾ ਨਾਂ ਰਾਮ ਸੇਤੂ ਜਾਂ ਨਲਸੇਤੂ ਸੀ। ਸ੍ਰੀ ਰਾਮ ਆਪਣੀ ਫ਼ੌਜ ਸਮੇਤ ਇਸ ਪੁਲ ਰਾਹੀਂ ਹੀ ਸਮੁੰਦਰ ਪਾਰ ਕਰਕੇ ਲੰਕਾ ਗਏ ਸਨ।

ਹ. ਪੁ.– ਹਿੰ. ਮਿ. ਕੋ. 329; ਮ. ਕੋ. 684; ਹਿੰ. ਸਾ. ਕੋ. 1 : 269; ਹਿੰ. ਵਿ.ਕੋ. 6 : 251

ਨਲਸਾਜ਼ੀ (ਪਲੰਬਰੀ) : ਨਲਸਾਜ਼ੀ ਇਮਾਰਤਾਂ ਵਿਚ ਪਾਣੀ, ਗੈਸ, ਜਲ-ਨਿਕਾਸੀ, ਪਖਾਨੇ, ਰਸੋਈ, ਗੁਸਲਖ਼ਾਨੇ ਆਦਿ ਲਈ ਨਾਲਾਂ ਨੂੰ ਜੋੜਨ, ਮੁਰੰਮਤ ਕਰਨ, ਮੋੜਨ ਆਦਿ ਦੀ ਕਲਾ ਨੂੰ ਕਹਿੰਦੇ ਹਨ। ਅੰਗਰੇਜ਼ੀ ਵਿਚ ਇਸ ਨੂੰ ਪਲੰਬਰੀ ਜਾਂ ਪਲੰਬਿੰਗ ਕਿਹਾ ਜਾਂਦਾ ਹੈ ਕਿਉਂਕਿ ਇਸ ਕੰਮ ਲਈ ਸੀਸੇ ਦਾ ਵਿਸ਼ੇਸ਼ ਪ੍ਰਯੋਗ ਹੁੰਦਾ ਹੈ। ਉਂਞ ਅੱਜਕੱਲ੍ਹ ਟਿਨ, ਜਿਸਤ, ਤਾਂਬਾ ਆਦਿ ਅਨੇਕਾਂ ਧਾਤਾਂ ਦਾ ਇਸਤੇਮਾਲ ਵਧੇਰੇ ਹੋਣ ਲਗ ਪਿਆ ਹੈ। ਨਲਸਾਜ਼ੀ ਦਾ ਸਭ ਤੋਂ ਵੱਧ ਪ੍ਰਯੋਗ ਤਾਂ ਜਲ ਸ੍ਰੋਤ, ਨਦੀ, ਖੂਹ ਆਦਿ ਤੋਂ ਪਾਣੀ ਲਿਆਕੇ ਘਰਾਂ ਵਿਚ ਸਹੀ ਢੰਗ ਨਾਲ ਉਪਕਰਣਾਂ ਰਾਹੀਂ ਵੰਡਣਾ ਹੁੰਦਾ ਹੈ। ਸੜਕ ਜਾਂ ਗਲੀ ਵਿਚ ਲਗੇ ਹੋਏ ਮੁੱਖ ਨਲਕੇ ਤੋਂ ਹਰ ਇਕ ਇਮਾਰਤ ਲਈ ਅਲੱਗ ਵੰਡ ਨਾਲੀ ਲਗਾਈ ਜਾਂਦੀ ਹੈ। ਮੁੱਖ ਨਲਕੇ ਨਾਲ ਇਕ ਨਾਲੀ ਨੂੰ ਧਰਤੀ ਅੰਦਰ ਲਗਭਗ ਇਕ ਮੀਟਰ ਹੇਠਾਂ ਜੋੜਨਾ ਜ਼ਰੂਰੀ ਹੁੰਦਾ ਹੈ। ਘਰ ਦੇ ਅੰਦਰ ਇਸ ਨਾਲੀ ਵਿਚੋਂ ਜਿਥੇ ਜਿਥੇ ਪਾਣੀ ਲੋੜੀਂਦਾ ਹੁੰਦਾ ਹੈ ਹੋਰ ਨਾਲੀਆਂ ਰਾਹੀਂ ਜੋੜਿਆ ਜਾਂਦਾ ਹੈ ਅਤੇ ਅਖ਼ੀਰ ਵਿਚ ਟੂਟੀਆਂ ਲਗਾਈਆਂ ਜਾਂਦੀਆਂ ਹਨ ਤਾਂ ਜੋ ਪਾਣੀ ਲੋੜ ਸਮੇਂ ਪ੍ਰਾਪਤ ਹੋ ਸਕੇ। ਪਖਾਨੇ ਅੰਦਰ ਜਲ ਵਹਾਉ ਸੰਡਾਸ (ਫਲੱਸ਼ ਲੈਟਰੀਨ) ਲਈ ਇਕ ਅਲੱਗ ਟੈਂਕੀ ਘਰ ਦੀ ਛੱਤ ਉੱਤੇ ਰੱਖੀ ਜਾਂਦੀ ਹੈ ਜਿਸ ਵਿਚੋਂ ਪਖਾਨੇ ਵਿਚ ਹਰ ਸਮੇਂ ਪਾਣੀ ਉਪਲੱਬਧ ਹੁੰਦਾ ਹੋਵੇ।

ਬਾਰਸ਼ ਜਾਂ ਹੋਰ ਫਾਲਤੂ ਪਾਣੀ ਨੂੰ ਘਰਾਂ ਤੋਂ ਬਾਹਰ ਕੱਢਣ ਲਈ ਦੀਵਾਰ ਦੇ ਨਾਲ-ਨਾਲ ਢਲਵੇਂ ਲੋਹੇ ਦੇ ਪਾਈਪ ਲਗਾਏ ਜਾਂਦੇ ਹਨ। ਪਖ਼ਾਨੇ ਦੀ ਗੰਦੀ ਹਵਾ ਬਾਹਰ ਕੱਢਣ ਲਈ ਵੀ ਜਿਹੜੇ ਪਾਈਪ ਵਰਤੇ ਜਾਂਦੇ ਹਨ, ਉਹ ਵੀ 7.5 ਸੈਂ. ਮੀ. ਵਿਆਸ ਦੇ ਢਲਵੇਂ ਲੋਹੇ ਦੇ ਹੀ ਹੁੰਦੇ ਹਨ। ਅਜਕੱਲ੍ਹ ਪਲਾਸਟਿਕ ਦੇ ਪਾਈਪ ਵੀ ਵਰਤੇ ਜਾਣ ਲਗ ਪਏ ਹਨ। ਪਾਣੀ ਵਾਲੀਆਂ ਨਾਲਾਂ ਨੂੰ ਦੀਵਾਰਾਂ ਵਿਚ ਝਿਰੀਆਂ ਬਣਾਕੇ ਦਬਾਇਆ ਜਾਂਦਾ ਹੈ ਕਿਉਂਕਿ ਇਹ ਬਾਹਰ ਲਗੇ ਭੈੜੇ ਦਿਖਾਈ ਦਿੰਦੇ ਹਨ। ਇਨ੍ਹਾਂ ਉਪਰ ਪਲੱਸਤਰ ਕਰਕੇ ਰੰਗ ਰੋਗਨ ਕਰ ਦਿੱਤਾ ਜਾਂਦਾ ਹੈ।

ਗੈਸ ਜਾਂ ਗਰਮ ਪਾਣੀ ਕਢਣ ਵਾਲੀ ਨਾਲੀ ਸਟੀਲ ਜਾਂ ਪਿਟਵੇਂ ਲੋਹੇ ਦੀ ਬਣਾਈ ਜਾਂਦੀ ਹੈ ਅਤੇ ਉਸ ਦੇ ਚੂੜੀਦਾਰ ਜੋੜ ਵਿਚ ਸੀਸੇ ਅਤੇ ਤੇਲ ਦਾ ਮਿਸ਼ਰਨ ਭਰਿਆ ਜਾਂਦਾ ਹੈ। ਆਮ ਕਰਕੇ ਇਨ੍ਹਾਂ ਨੂੰ ਵੀ ਦੀਵਾਰਾਂ ਦੇ ਅੰਦਰ ਹੀ ਰੱਖਿਆ ਜਾਂਦਾ ਹੈ।


ਹ. ਪੁ.-ਹਿ. ਵਿ. ਕੋ. 6 : 252

ਨਲਕਾ : ਨਲਕਾ, ਨਾਲ ਰਾਹੀਂ ਧਰਤੀ ਹੇਠਲੇ ਪਾਣੀ ਨੂੰ ਪ੍ਰਾਪਤ ਕਰਨ ਦਾ ਇਕ ਸਾਧਨ ਹੈ। ਉਂਝ ਖੂਹ ਧਰਤੀ ਨੂੰ ਪੁੱਟ ਕੇ ਬਣਾਏ ਜਾਂਦੇ ਹਨ ਪਰ ਕਈ ਥਾਵਾਂ ਉੱਤੇ ਪੌੜੀਆਂ ਬਣਾਕੇ ਉਨ੍ਹਾਂ ਨੂੰ 'ਬਾਉਲੀ' ਦਾ ਨਾਂ ਵੀ ਦਿੱਤਾ ਜਾਂਦਾ ਰਿਹਾ ਹੈ। ਅਜਿਹੇ ਖੂਹ ਕੇਵਲ ਉਸ ਇਲਾਕੇ ਵਿਚ ਹੀ ਬਣਾਏ ਜਾਂਦੇ ਹਨ ਜਿਥੇ ਧਰਤੀ ਦੀਆਂ ਹੇਠਲੀਆਂ ਪਰਤਾਂ ਰੇਤੇ ਦੀਆਂ ਹੋਣ ਤੇ ਜਿਥੋਂ ਪਾਣੀ ਮਿਲ ਸਕਦਾ ਹੋਵੇ। ਇਸ ਤੋਂ ਇਲਾਵਾ ਇਹ ਸ੍ਰੋਤ ਜ਼ਰੂਰਤ ਤੋਂ ਜ਼ਿਆਦਾ ਡੂੰਘਾਈ ਉੱਤੇ ਵੀ ਨਾ ਹੋਣ ਜਿਥੇ ਤੱਕ ਖੁਦਾਈ ਕਰਨੀ ਅਸੰਭਵ ਹੋਵੇ ਅਤੇ ਨਾ ਹੀ ਰਸਤੇ ਵਿਚ ਕੋਈ ਚਟਾਨ ਜਾਂ ਕੰਕਰੀਟ ਦੀ ਪਰਤ ਆਦਿ ਨੂੰ ਪਾਰ ਕਰਨਾ ਪੈਂਦਾ ਹੋਵੇ।


ਵਰਤਮਾਨ ਯੁੱਗ ਵਿਚ ਨਾਲਾਂ ਦੇ ਨਿਰਮਾਣ ਨਾਲ ਵਿਸ਼ੇਸ਼ ਕਰਕੇ ਧਾਤ ਦੀਆਂ (ਅੱਜਕੱਲ੍ਹ ਪਲਾਸਟਿਕ) ਨਾਲਾਂ ਦਾ ਬਣਨਾ ਆਰੰਭ ਹੋਇਆ ਹੈ ਤਾਂ ਹੀ ਅਜਿਹੇ ਜਲ-ਸ੍ਰੋਤਾਂ ਤੱਕ ਪਹੁੰਚਣਾ ਸੰਭਵ ਹੋ ਗਿਆ ਹੈ ਜਿਥੇ ਸਾਧਾਰਣ ਪੁਟਾਈ ਰਾਹੀਂ ਕਦੇ ਵੀ ਪਹੁੰਚਿਆ ਨਹੀਂ ਸੀ ਜਾ ਸਕਦਾ। ਹੁਣ ਤਾਂ ਧਰਤੀ ਦੀ ਸਤ੍ਹਾ ਤੋਂ ਹੀ ਪਾਈਪਾਂ ਜਾਂ ਨਾਲਾਂ ਨੂੰ ਹੇਠਾਂ ਉਤਾਰ ਕੇ ਜਲ ਸਤ੍ਹਾਵਾਂ ਤੱਕ ਪਹੁੰਚਣਾ ਆਸਾਨ ਹੋ ਗਿਆ ਹੈ। ਇਸੇ ਤਰ੍ਹਾਂ ਨਲਕੇ ਬਣਨੇ ਤੇ ਲਗਣੇ ਸ਼ੁਰੂ ਹੋ ਗਏ। ਜਿਥੇ ਪਿੰਡਾਂ ਤੇ ਸ਼ਹਿਰਾਂ ਵਿਚ ਪਾਣੀ ਖੂਹਾਂ ਤੋਂ ਲਿਆ ਜਾਂਦਾ ਸੀ ਉਥੇ ਘਰ-ਘਰ ਨਲਕੇ ਲਗ ਗਏ। ਇਕ ਤਪਾਈ ਟਿਕਾ ਕੇ ਧਰਤੀ ਦੇ ਅੰਦਰ 'ਬੋਕੀ' ਰਾਹੀਂ ਬੋਰ ਕਰਕੇ ਨਾਲਾਂ ਉਤਾਰੀਆਂ ਜਾਂਦੀਆਂ ਹਨ (ਚਿੱਤਰ. 1)। ਜਦੋਂ ਨਾਲ ਪਾਣੀ ਦੀ ਸਤ੍ਹਾ ਤੱਕ ਪਹੁੰਚ ਜਾਂਦੀ ਹੈ ਤਾਂ ਉਸ ਅੰਦਰ ਇਕ ਛੋਟੇ ਵਿਆਸ ਵਾਲੀ ਨਾਲ ਦੇ ਹੇਠਲੇ ਸਿਰੇ ਉੱਤੇ ਜਾਲੀ ਲਗਾ ਕੇ ਉਤਾਰ ਦਿੱਤੀ ਜਾਂਦੀ ਹੈ ਜਿਸ ਨੂੰ ਫਿਲਟਰ ਕਿਹਾ ਜਾਂਦਾ ਹੈ। ਇਹ ਰੱਸੀ ਆਦਿ ਲਪੇਟ ਕੇ ਵੀ ਤਿਆਰ ਕੀਤਾ ਜਾਂਦਾ ਹੈ। ਅੱਜਕੱਲ੍ਹ ਪਲਾਸਟਿਕ ਦੀ ਜਾਲੀ ਤੋਂ ਵੀ ਫਿਲਟਰ ਦਾ ਕੰਮ ਲਿਆ ਜਾਂਦਾ ਹੈ, ਜਿਹੜਾ ਪਾਣੀ ਦੇ ਨਾਲ ਰੇਤ ਆਉਣ ਤੋਂ ਰੋਕਦਾ ਹੈ। ਇਸ ਨਾਲ ਦੇ ਉਪਰ ਹੱਥ ਨਾਲ ਚਲਣ ਵਾਲਾ ਪੰਪ ਲਗਾ ਦਿੱਤਾ ਜਾਂਦਾ ਹੈ ਜਿਸ ਦੇ ਵਾਲਵ, ਬੋਕੀ, ਹੱਥੀ ਆਦਿ ਪ੍ਰਮੁੱਖ ਅੰਗ ਹੁੰਦੇ ਹਨ। ਜਦੋਂ ਹੱਥੀ ਉਪਰ ਚੁੱਕਦੇ ਹਾਂ ਤਾਂ ਬੋਕੀ ਥੱਲੇ ਜਾਂਦੀ ਹੈ ਅਤੇ ਪਾਣੀ ਨੂੰ ਧੱਕਦੀ ਹੈ ਜਿਸ ਦੇ ਸਿੱਟੇ ਵਜੋਂ ਵਾਲਵ ਬੰਦ ਹੋ ਜਾਂਦਾ ਹੈ ਅਤੇ ਪਾਣੀ ਹੇਠਾਂ ਨੂੰ ਜਾਣ ਦੀ ਥਾਂ ਬੋਕੀ ਦੇ ਉਪਰਲੇ ਪਾਸੇ ਆ ਜਾਂਦਾ ਹੈ। ਜਦੋਂ ਹੱਥੀ ਹੇਠਾਂ ਨੂੰ ਦਬਾਉਂਦੇ ਹਾਂ ਤਾਂ ਬੋਕੀ ਉਪਰ ਉਠਣ ਲਗਦੀ ਹੈ ਤੇ ਖਲ੍ਹਾ ਪੈਦਾ ਕਰਦੀ ਹੈ ਜਿਸ ਦੇ ਫਲਸਰੂਪ ਜਿਉਂ-ਜਿਉਂ ਬੋਕੀ ਉਪਰ ਆਉਂਦੀ ਜਾਂਦੀ ਹੈ ਧਰਤੀ ਹੇਠਲਾ ਪਾਣੀ ਵਾਲਵ ਖੋਲ੍ਹ ਕੇ ਖਲ੍ਹਾ ਵਿਚ ਚੜ੍ਹ ਆਉਂਦਾ ਹੈ ਅਤੇ ਬੋਕੀ ਉਪਰਲਾ ਪਾਣੀ ਨਿਕਾਸ ਪਾਈਪ ਰਾਹੀਂ ਬਾਹਰ ਡਿੱਗਣ ਲਗ ਪੈਂਦਾ ਹੈ। ਇਸ ਤਰ੍ਹਾਂ ਹੱਥੀ ਨੂੰ ਬਾਰ-ਬਾਰ ਉਪਰ ਹੇਠ ਕਰਨ ਨਾਲ ਇਹ ਕਿਰਿਆ ਹੁੰਦੀ ਰਹਿੰਦੀ ਹੈ, ਪਾਣੀ ਨਿਰੰਤਰ ਬਾਹਰ ਆਉਂਦਾ ਰਹਿੰਦਾ ਹੈ।

ਜਿਹੜੇ ਖੇਤਰਾਂ ਵਿਚ ਧਰਤੀ ਦੇ ਹੇਠਲੇ ਪਾਣੀ ਦੀ ਸਤ੍ਹਾ ਕਾਫ਼ੀ ਉਪਰ 10 ਮੀ. ਤੋਂ ਘੱਟ ਹੁੰਦੀ ਹੈ ਉਥੇ ਛੋਟੀ ਮਸ਼ੀਨ ਵਾਲਾ ਨਲਕਾ ਲਗਾਇਆ ਜਾਂਦਾ ਹੈ ਜਿਸ ਨੂੰ ਘਰਲ ਕਿਹਾ ਜਾਂਦਾ ਹੈ। (ਚਿੱਤਰ. 2) ਪਰੰਤੂ ਜਿਥੇ ਧਰਤੀ ਹੇਠਲੇ ਪਾਣੀ ਦੀ ਸਤ੍ਹਾ 10 ਮੀ. ਤੋਂ ਵਧੇਰੇ ਹੁੰਦੀ ਹੈ ਉਥੇ ਵੱਡੀ ਮਸ਼ੀਨ ਵਾਲਾ ਨਲਕਾ ਲਗਾਇਆ ਜਾਂਦਾ ਹੈ ਜਿਸ ਨੂੰ ਨਲਕਾ ਜਾਂ ਹੈਂਡ ਪੰਪ ਹੀ ਕਿਹਾ ਜਾਂਦਾ ਹੈ। ਘਰੇਲੂ ਲੋੜਾਂ ਜਾਂ ਥੋੜ੍ਹੀ ਮਾਤਰਾ ਵਿਚ ਪਾਣੀ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਨਲਕੇ ਹੀ ਵਰਤੇ ਜਾਂਦੇ ਹਨ ਪਰੰਤੂ ਸਿੰਜਾਈ ਲਈ ਜਾਂ ਸਮੂਹਿਕ ਜਲ-ਸਪਲਾਈ ਲਈ ਵੱਡੀਆਂ ਨਾਲਾਂ ਦਾ ਇਸਤੇਮਾਲ ਵਧੇਰੇ ਡੂੰਘਾਈ ਤੱਕ ਕੀਤਾ ਜਾਂਦਾ ਹੈ ਤਾਂ ਇਸ ਨਲਕੇ ਨੂੰ ਟਿਊਬਵੈੱਲ ਜਾਂ ਬੰਬੀ ਕਿਹਾ ਜਾਂਦਾ ਹੈ। (ਵਿਸਥਾਰ ਲਈ ਵੇਖੋ ਟਿਊਬਵੈੱਲ)। ਅੱਜਕੱਲ੍ਹ ਨਲਕਿਆ ਉੱਤੇ ਹੱਥੀ ਦੀ ਥਾਂ ਮੋਟਰ ਨਾਲ ਚਲਣ ਵਾਲੇ ਗੀਅਰ ਬਾੱਕਸ ਦਾ ਇਸਤੇਮਾਲ ਕਰਕੇ ਬੋਕੀ ਨੂੰ ਉਪਰ ਹੇਠ ਕਰਨ ਦੀ ਗਤੀ ਦਿੱਤੀ ਜਾਂਦੀ ਹੈ। ਇਸ ਤਰ੍ਹਾਂ ਮਨੁੱਖੀ ਮਿਹਨਤ ਤੇ ਸਮੇਂ ਦੀ ਬਚਤ ਹੋ ਜਾਂਦੀ ਹੈ ਜਿਹੜਾ ਇਨਸਾਨੀ ਸੁਖਾਂ ਵਲ ਇਕ ਅਗਾਂਹਵਧੂ ਕਦਮ ਹੈ। ਆਉਣ ਵਾਲੇ ਭਵਿੱਖ ਵਿਚ ਹੋਰ ਵਿਕਾਸ ਹੋਣ ਦੀ ਸੰਭਾਵਨਾ ਹੈ।

ਹ. ਪੁ.-ਹਿ. ਵਿ. ਕੋ. 6 : 252



ਚਿਤਰ 1. ਘਰੇਲੂ ਨਲਕਾ (ਘਰਲ)



ਚਿੱਤਰ 2. ਨਲਕੇ ਲਈ ਨਾਲਾਂ ਧਰਤੀ ਅੰਦਰ ਉਤਾਰਨ ਵਾਲੀ ਤਪਾਈ

ਨਲਕੂਬਰ : ਇਹ ਕੁਬੇਰ ਦਾ ਪੁੱਤਰ ਹੈ ਅਤੇ ਇਸ ਨੂੰ ਨਲਕੁਬੇਰ ਵੀ ਕਿਹਾ ਜਾਂਦਾ ਹੈ। ਇਸ ਦੇ ਜਨਮ ਬਾਰੇ ਕਈ ਕਥਾਵਾਂ ਪ੍ਰਸਿੱਧ ਹਨ। 'ਵਾਯੂਪੁਰਾਣ' ਵਿਚ ਇਸ ਦਾ ਜਨਮ ਕੁਬੇਰ ਦੀ ਪਤਨੀ ਰਿੱਧੀ ਤੋਂ ਹੋਇਆ ਦਸਿਆ ਗਿਆ ਹੈ। 'ਸਕੰਦਪੁਰਾਣ' ਵਿਚ ਰਿੱਧੀ ਦੀ ਥਾਂ ਵ੍ਰਿੱਧੀ ਨਾਂ ਦਾ ਉਲੇਖ ਆਉਂਦਾ ਹੈ। ਮਹਾਭਾਰਤ ਅਨੁਸਾਰ ਕੌਂਕੋਰ ਤੀਰਥ ਤੇ ਤੱਪਸਿਆ ਕਰਨ ਨਾਲ ਕੁਬੇਰ ਨੂੰ ਪੁੱਤਰ ਪ੍ਰਾਪਤ ਹੋਇਆ ਅਤੇ ਸਕੰਦ ਪੁਰਾਣ ਅਨੁਸਾਰ ਉਸ ਦੀ ਪਤਨੀ ਸ੍ਰੀਮੁਖੀ ਵੱਲੋਂ ਵਰਤ ਰੱਖਣ ਨਾਲ ਇਸ ਦਾ ਜਨਮ ਹੋਇਆ।

ਇਹ ਅਤੇ ਇਸ ਦਾ ਭਰਾ ਮਣੀਗ੍ਰੀਵ ਸ਼ਰਾਬ ਪੀ ਕੇ ਹਿਮਾਲਾ ਪਰਬਤ ਕੋਲ ਗੰਗਾ ਨਦੀ ਵਿਚ ਇਸਤਰੀਆਂ ਨਾਲ ਨਿਰਲਜਤਾ ਪੂਰਵਕ ਵਿਲਾਸ ਕਰ ਰਹੇ ਸਨ ਕਿ ਅਚਾਨਕ ਨਾਰਦ ਜੀ ਉਥੇ ਆ ਗਏ। ਨਾਰਦ ਜੀ ਨੂੰ ਦੇਖ ਕੇ ਇਸਤਰੀਆਂ ਨੇ ਤਾਂ ਆਪਣੇ ਕਪੜੇ ਸੰਭਾਲ ਲਏ ਪਰ ਦੋਹਾਂ ਭਰਾਵਾਂ ਨੇ ਰਿਸ਼ੀ ਨੂੰ ਪਹਿਚਾਨਿਆ ਹੀ ਨਹੀਂ ਇਸ ਤੇ ਨਾਰਦ ਜੀ ਨੇ ਦੋਹਾਂ ਨੂੰ ਬਿਰਛ ਹੋ ਜਾਣ ਦਾ ਸਰਾਪ ਦਿੱਤਾ। ਇਹ ਦੋਵੇਂ ਬ੍ਰਜਭੂਮੀ ਵਿਚ 'ਜਮਲਾਰਜਨ' ਨਾਂ ਦੇ ਜੁੜਵਾਂ ਬ੍ਰਿਛ ਦੇ ਰੂਪ ਵਿਚ ਯਸ਼ੋਦਾ ਜੀ ਦੇ ਘਰ ਉੱਗੇ। ਕ੍ਰਿਸ਼ਨ ਜੀ ਨੇ ਇਨ੍ਹਾਂ ਬ੍ਰਿਛਾਂ ਨੂੰ ਉੱਖਲੀ ਨਾਲ ਫਸਾ ਕੇ ਪੁੱਟਿਆ ਅਤੇ ਸਰਾਪ ਤੋ ਛੁਟਕਾਰਾ ਦਿੱਤਾ। ਕਈ ਥਾਵਾਂ ਤੇ ਇਹ ਲਿਖਿਆ ਹੈ ਕਿ ਇਹ ਸਰਾਪ 'ਨਾਰਦ' ਦੀ ਥਾਂ ਦੇਵਲ ਰਿਸ਼ੀ ਨੇ ਦਿੱਤਾ ਸੀ। 'ਬਾਲਮੀਕੀ-ਰਾਮਾਇਣ' ਅਨੁਸਾਰ ਇਕ ਵਾਰ ਰਾਵਣ ਨਲਕੂਬਰ ਦੀ ਇਸਤਰੀ ਰੰਭਾ ਨੂੰ ਉਠਾ ਕੇ ਲੈ ਗਿਆ। ਫਲਸਰੂਪ ਨਲਕੂਬਰ ਨੇ ਰਾਵਣ ਦੇ ਸਿਰ ਦੇ ਸੱਤ ਟੁਕੜੇ ਹੋ ਜਾਣ ਦਾ ਸਰਾਪ ਦਿੱਤਾ।'

ਹ.ਪੁ.- ਹਿੰ. ਵਿ. ਕੋ. 6 : 255; ਮ. ਕੋ. 685; ਹਿੰ. ਸਾ. ਕੋ. 1 : 270 ; ਪੰ. ਸੰਦ. ਕੋ. :523

ਨਲਗੋਂਡਾ : ਜ਼ਿਲ੍ਹਾ—ਇਹ ਦੱਖਣੀ ਭਾਰਤ ਦੇ ਆਂਧਰਾ ਪ੍ਰਦੇਸ਼ ਰਾਜ ਦਾ ਇਕ ਜ਼ਿਲ੍ਹਾ ਹੈ ਜਿਸ ਦੇ ਉੱਤਰ ਵੱਲ ਵਾਰੰਗਲ; ਪੂਰਬ ਵੱਲ ਵਾਰੰਗਲ ਅਤੇ ਖਮਾਮ; ਦੱਖਣ-ਪੂਰਬ ਵੱਲ ਗੰਟੂਰ, ਦੱਖਣ-ਪੱਛਮ ਵੱਲ ਮਹਿਬੂਬਨਗਰ ਅਤੇ ਉੱਤਰ-ਪੱਛਮ ਵੱਲ ਰੰਗਾਰੈਡੀ ਜ਼ਿਲ੍ਹਿਆਂ ਦੀਆਂ ਹੱਦਾ ਲਗਦੀਆਂ ਹਨ। ਇਸ ਨੇ 14, 212 ਵ. ਕਿ. ਮੀ. ਦਾ ਰਕਵਾ ਮੱਲਿਆ ਹੋਇਆ ਹੈ ਅਤੇ ਇਥੋਂ ਦੀ ਆਬਾਦੀ 32,45,400 (2001) ਹੈ। ਕ੍ਰਿਸ਼ਨਾ ਦਰਿਆ ਇਸ ਜ਼ਿਲ੍ਹੇ ਦੀ ਦੱਖਣੀ ਸਰਹੱਦ ਬਣਾਉਂਦਾ ਹੈ।

ਪੁਰਾਤਨ ਸਮੇਂ ਵਿਚ ਇਹ ਵਾਰੰਗਲ ਰਾਜਿਆਂ ਅਧੀਨ ਸੀ। ਬਾਹਮਨੀ ਰਾਜ ਦੇ ਖ਼ਤਮ ਹੋਣ ਤੋਂ ਬਾਅਦ ਇਹ ਜ਼ਿਲ੍ਹਾ ਗੋਲਕੁੰਡਾ ਦੇ ਕੁਤੁਬਸ਼ਾਹੀ ਰਾਜੇ ਦਾ ਹਿੱਸਾ ਬਣ ਗਿਆ। ਕੁਝ ਚਿਰ ਲਈ ਇਹ ਵਾਰੰਗਲ ਦੇ ਰਾਜ ਦੇ ਅਧੀਨ ਵੀ ਰਿਹਾ ਪਰ ਬਾਅਦ ਵਿਚ ਇਹ ਮੁਲਤਾਨ ਕੁਲੀ ਕੁਤੁਬਸ਼ਾਹ ਦੇ ਕਬਜ਼ੇ ਵਿਚ ਫਿਰ ਆ ਗਿਆ। ਗੋਲਕੁੰਡਾ ਦੇ ਪਤਨ ਉਪਰੰਤ ਦਿੱਲੀ ਦੇ ਤਖ਼ਤ ਤੇ ਬੈਠੇ ਬਾਦਸ਼ਾਹ ਔਰੰਗਜ਼ੇਬ ਨੇ ਇਸ ਜ਼ਿਲ੍ਹੇ ਨੂੰ ਹੋਰਨਾਂ ਦੱਖਣੀ ਸੂਬਿਆਂ ਵਿਚ ਮਿਲਾ ਦਿੱਤਾ ਪਰ 18ਵੀਂ ਸਦੀ ਦੇ ਸ਼ੁਰੂ ਵਿਚ ਹੈਦਰਾਬਾਦ ਸਟੇਟ ਦੀ ਨੀਂਹ ਰੱਖਣ ਵੇਲੇ ਇਸ ਜ਼ਿਲ੍ਹੇ ਨੂੰ ਦਿੱਲੀ ਦੇ ਰਾਜ ਤੋਂ ਅੱਡ ਕਰ ਦਿੱਤਾ।

ਇਥੇ ਚੌਲ ਅਤੇ ਤੇਲ ਦੇ ਬੀਜ ਦੀ ਕਾਸ਼ਤ ਕੀਤੀ ਜਾਂਦੀ ਹੈ। ਭੋਨਗੀਰ, ਨਲਗੋਂਡਾ ਅਤੇ ਸੂਰਯਾਪੇਟ ਇਸ ਜ਼ਿਲ੍ਹੇ ਦੇ ਪ੍ਰਮੁੱਖ ਸ਼ਹਿਰ ਹੈ।

ਹ.ਪੁ.-ਐਨ. ਬ੍ਰਿ. ਮਾ. 7 : 175; ਇੰਪ. ਗ. ਇੰਡ. 18 : 337

ਨਲਗੋਂਡਾ : ਸ਼ਹਿਰ—ਇਹ ਦੱਖਣੀ ਭਾਰਤ ਦੇ ਆਂਧਰਾ ਪ੍ਰਦੇਸ਼ ਰਾਜ ਦੇ ਇਸੇ ਨਾਂ ਦੇ ਜ਼ਿਲ੍ਹੇ ਦਾ ਸਦਰੰ ਮੁਕਾਮ ਹੈ ਜਿਹੜਾ ਇਕ ਪ੍ਰਸਿੱਧ ਵਪਾਰਕ ਕੇਂਦਰ ਹੈ। ਇਹ ਸ਼ਹਿਰ ਚੌਲ ਅਤੇ ਤੇਲ ਕੱਢਣ ਦੀਆਂ ਮਿੱਲਾਂ ਲਈ ਪ੍ਰਸਿੱਧ ਹੈ।

ਰਾਜਪੂਤ ਸ਼ਾਸਕਾਂ ਵੇਲੇ ਇਸ ਸ਼ਹਿਰ ਦਾ ਨਾਂ ਨੀਲਗਿਰੀ ਸੀ ਪਰ ਜਦੋਂ ਅਲਾਉਦੀਨ ਬਾਦਸ਼ਾਹ ਨੇ ਇਸ ਸ਼ਹਿਰ ਤੇ ਜਿੱਤ ਹਾਸਲ ਕੀਤੀ ਤਾਂ ਇਸ ਦਾ ਨਾਂ ਨਲਗੋਂਡਾ ਰੱਖਿਆ। ਇਥੇ ਮੀਰ ਆਲਮ ਦੀ ਸਰਾਂ ਅਜੇ ਵੀ ਮੌਜੂਦ ਹੈ।

ਆਬਾਦੀ – 84, 910 (1991)

17° 3′ ਉ. ਵਿਥ.; 79° 16′ ਪੂ. ਲੰਬ.

ਹ. ਪੁ.-ਐਨ. ਬ੍ਰਿ. ਮਾ. 8 : 492; ਇੰਪ. ਗ. ਇੰਡ. 18 : 344

ਨਲ ਦਮਯੰਤੀ : ਨਿਸ਼ਧ ਦੇਸ਼ ਦੇ ਚੰਦਰਬੰਸੀ ਰਾਜਾ ਵੀਰਸੇਨ ਦੇ ਪੁੱਤਰ ਦਾ ਨਾਂ ਨਲ ਸੀ। ਇਹ ਬਹੁਤ ਹੀ ਬਹਾਦਰ, ਸੋਹਣਾ, ਕਲਾਪ੍ਰੇਮੀ, ਵੇਦਾਂ ਦਾ ਗਿਆਤਾ, ਸ਼ਸਤਰ ਵਿਦਿਆ ਵਿਚ ਚਤੁਰ ਅਤੇ ਘੋੜਿਆਂ ਦੀ ਵਿਦਿਆ ਵਿਚ ਨਿਪੁੰਨ ਸੀ ਪਰ ਇਸ ਨੂੰ ਜੂਆ ਖੇਡਣ ਦਾ ਬਹੁਤ ਸ਼ੌਕ ਸੀ।

ਇਸ ਦੇ ਨਾਲ ਲਗਦੇ ਵਿਦਰਭ ਦੇਸ਼ ਦਾ ਰਾਜਾ ਭੀਮ ਸੀ ਜਿਸ ਦੀ ਕੋਈ ਸੰਤਾਨ ਨਹੀਂ ਸੀ। ਦਮਨ ਰਿਸ਼ੀ ਦੇ ਆਸ਼ੀਰਵਾਦ ਨਾਲ ਇਸ ਦੇ ਘਰ ਪੁੱਤਰੀ ਦਾ ਜਨਮ ਹੋਇਆ ਜੋ ਕਿ ਬਹੁਤ ਹੀ ਸੁੰਦਰ ਸੀ। ਇਸ ਦਾ ਨਾਂ ਦਮਯੰਤੀ ਰੱਖਿਆ ਗਿਆ।

ਦਮਯੰਤੀ ਅਤੇ ਨਲ ਇਕ ਦੂਜੇ ਦੇ ਗੁਣਾਂ ਅਤੇ ਸੁੰਦਰਤਾ ਦੀ ਪ੍ਰਸਿੱਧੀ ਕਰ ਕੇ ਹੀ ਇਕ ਦੂਜੇ ਨੂੰ ਪ੍ਰੇਮ ਕਰਨ ਲਗੇ। ਇਕ ਦਿਨ ਦਮਯੰਤੀ ਦੇ ਪ੍ਰੇਮ ਵਿਚ ਬੇਚੈਨ ਹੋਏ ਨਲ ਨੇ ਬਾਗ ਵਿਚ ਘੁੰਮਦੇ ਹੋਏ ਸੋਨੇ ਦੇ ਖੰਭਾਂ ਵਾਲੇ ਹੰਸਾਂ ਦੇ ਜੋੜੇ ਨੂੰ ਦੇਖਿਆ ਅਤੇ ਉਸ ਵਿਚ ਇਕ ਨੂੰ ਫੜ ਲਿਆ। ਹੰਸਾਂ ਨੇ ਨਲ ਨੂੰ ਬੇਨਤੀ ਕੀਤੀ ਕਿ ਜੇ ਰਾਜਾ ਉਸ ਨੂੰ ਛੱਡ ਦੇਵੇ ਤਾਂ ਉਹ ਦਮਯੰਤੀ ਕੋਲ ਜਾ ਕੇ ਉਸ ਦੀ ਬਹੁਤ ਪ੍ਰਸੰਸਾ ਕਰੇਗਾ ਤਾਂ ਜੋ ਉਹ ਸਿਰਫ ਉਸ ਬਾਰੇ ਹੀ ਸੋਚੇ। ਹੰਸ ਨੇ ਨਲ ਦਾ ਸੁਨੇਹਾ ਦਮੰਯਤੀ ਅਤੇ ਫਿਰ ਦਮਯੰਤੀ ਦਾ ਸੁਨੇਹਾ ਨਲ ਨੂੰ ਜਾ ਕੇ ਦਿੱਤਾ। ਇਸ ਦਿਨ ਤੋਂ ਬਾਅਦ ਦਮਯੰਤੀ ਬਹੁਤ ਬੇਚੈਨ ਅਤੇ ਉਦਾਸ ਰਹਿਣ ਲੱਗੀ। ਜਦੋਂ ਇਸ ਦੇ ਪਿਤਾ ਨੂੰ ਇਸ ਬਾਰੇ ਪਤਾ ਚਲਿਆ ਤਾਂ ਉਸ ਨੇ ਸਵੰਬਰ ਦੀ ਰਚਨਾ ਕੀਤੀ।

ਸਵੰਬਰ ਵਿਚ ਕਈ ਦੇਵਤੇ ਅਤੇ ਰਾਜੇ ਆਏ। ਇੰਦਰ, ਅਗਨੀ, ਯਮ ਅਤੇ ਵਰੁਣ ਦੇਵਤਿਆਂ ਨੇ ਨਲ ਨੂੰ ਇਹ ਸੁਨੇਹਾ ਦੇ ਕੇ ਦਮਯੰਤੀ ਕੋਲ ਭੇਜਿਆ ਕਿ ਉਹ ਇਨ੍ਹਾਂ ਚਾਰਾਂ ਵਿਚੋਂ ਹੀ ਕਿਸੇ ਇਕ ਨੂੰ ਵਰੇ। ਨਲ ਨੇ ਦਮਯੰਤੀ ਕੋਲ ਜਾ ਕੇ ਉਸ ਨੂੰ ਦੇਵਤਿਆਂ ਦਾ ਸੁਨੇਹਾ ਦਿੱਤਾ ਪਰ ਦਮਯੰਤੀ ਨੇ ਨਲ ਨੂੰ ਪਹਿਚਾਣ ਲਿਆ ਅਤੇ ਉਸ ਨੂੰ ਹੀ ਆਪਣਾ ਪਤੀ ਵਰਣ ਦਾ ਨਿਸ਼ਚਾ ਦੁਹਰਾਇਆ। ਇਹ ਸੁਣ ਕੇ ਸਵੰਬਰ ਵੇਲੇ ਚੌਹਾਂ ਦੇਵਤਿਆਂ ਨੇ ਨਲ ਰੂਪ ਧਾਰ ਲਿਆ, ਆਪਣੇ ਸਾਹਮਣੇ ਪੰਜ ਨਲ ਦੇਖ ਕੇ ਦਮਯੰਤੀ ਨੇ ਦੇਵਤਿਆਂ ਨੂੰ ਪ੍ਰਾਰਥਨਾ ਕੀਤੀ। ਦਮਯੰਤੀ ਦੀ ਪ੍ਰਾਰਥਨਾ ਤੇ ਦੇਵਤਿਆਂ ਨੇ ਉਸ ਨੂੰ ਸੰਕੇਤ ਨਾਲ ਆਪਣੀ ਪਹਿਚਾਣ ਦਸ ਦਿੱਤੀ ਜਿਸ ਨਾਲ ਦਮਯੰਤੀ ਨੇ ਨਲ ਦੇ ਪਰਛਾਵੇਂ, ਉਸ ਦੇ ਕਪੜਿਆਂ ਤੇ ਪਈ ਮਿੱਟੀ, ਹਾਰ ਦੇ ਮੁਰਝਾਉਣ, ਸਰੀਰ ਤੇ ਪਸੀਨੇ ਦੀਆਂ ਬੂੰਦਾਂ ਅਤੇ ਅੱਖਾਂ ਦੇ ਝਪਕਣ ਨਾਲ ਨਲ ਨੂੰ ਪਹਿਚਾਣ ਲਿਆ ਕਿਉਂਕਿ ਦੇਵਤਿਆਂ ਵਿਚ ਇਸ ਤਰ੍ਹਾਂ ਦਾ ਕੋਈ ਸੰਕੇਤ ਨਹੀਂ ਮਿਲਦਾ। ਦਮਯੰਤੀ ਨੇ ਨਲ ਦੀ ਪੁਸ਼ਾਕ ਨੂੰ ਛੁਹਿਆ ਅਤੇ ਉਸ ਦੇ ਗਲੇ ਵਿਚ ਜੈ ਮਾਲਾ ਪਾ ਕੇ ਉਸ ਨੂੰ ਆਪਣਾ ਪਤੀ ਚੁਣਿਆ।

ਇੰਦਰ ਨੇ ਇਸ ਦੇ ਵਿਆਹ ਤੇ ਇਸ ਨੂੰ ਹਰ ਮੁਸ਼ਕਿਲ ਵਿਚੋਂ ਨਿਕਲਣ ਦੀ ਸ਼ਕਤੀ, ਅਗਨੀ ਦੇਵਤਾ ਨੇ ਇਸ ਨੂੰ ਅਗੁਨੀ ਅਤੇ

ਸਵਰਗ, ਧਰਤੀ ਅਤੇ ਪਾਤਾਲ ਤਿੰਨਾਂ ਲੋਕਾਂ ਤੇ ਪ੍ਰਭਾਵ, ਵਰੁਣ ਨੇ ਪਾਣੀ ਅਤੇ ਇੱਛਾ ਤੇ ਤਾਜ਼ੇ ਹਾਰ ਪ੍ਰਾਪਤ ਕਰਨ ਦੀ ਸਮਰੱਥਾ ਅਤੇ ਯਮ ਨੇ ਇਸ ਨੂੰ ਖਾਣਾ ਬਣਾਉਣ ਵਿਚ ਨਿਪੁੰਨਤਾ ਪ੍ਰਦਾਨ ਕੀਤੀ।

ਕਲਿ ਜਦੋਂ ਦਮਯੰਤੀ ਅਤੇ ਨਲ ਦੇ ਵਿਆਹ ਬਾਰੇ ਪਤਾ ਚਲਿਆ ਤਾਂ ਉਹ ਬਹੁਤ ਗੁੱਸੇ ਹੋਇਆ ਕਿਉਂਕਿ ਉਹ ਆਪ ਦਮਯੰਤੀ ਨਾਲ ਵਿਆਹ ਕਰਵਾਉਣਾ ਚਾਹੁੰਦਾ ਸੀ। ਘਰ ਆ ਕੇ ਰਾਜਾ ਨਲ ਨੇ ਅਸ਼ਵਮੇਧ ਯੱਗ ਕੀਤਾ ਅਤੇ ਉਸ ਨੂੰ ਇੰਦਰਸੇਨ ਨਾਮੀ ਪੁੱਤਰ ਅਤੇ ਇੰਦਰਸੇਨਾ ਨਾਮੀ ਪੁੱਤਰੀ ਪ੍ਰਾਪਤ ਹੋਈ। ਇਨ੍ਹਾਂ ਸਾਰੀਆਂ ਗੱਲਾਂ ਕਾਰਨ ਨਲ ਨੂੰ ਘਮੰਡ ਹੋ ਗਿਆ।

ਇਕ ਵਾਰ ਨਲ ਨਹਾਏ ਬਿਨਾਂ ਹੀਂ ਪੂਜਾ ਕਰਨ ਬੈਠ ਗਿਆ। ਮੌਕਾ ਦੇਖ ਦੇ ਕਲਿ ਉਸ ਦੇ ਸਰੀਰ ਵਿਚ ਪ੍ਰਵੇਸ਼ ਕਰ ਗਿਆ। ਅਗਿਆਨਤਾ ਆ ਜਾਣ ਨਾਲ ਨਲ ਆਪਣੇ ਭਰਾ ਪੁਸ਼ਕਰ ਤੋਂ ਜੂਏ ਵਿਚ ਸਭ ਕੁਝ ਹਾਰ ਗਿਆ ਅਤੇ ਆਪਣੀ ਪਤਨੀ ਨਾਲ ਜੰਗਲਾਂ ਵਿਚ ਭਟਕਣ ਲਗਾ। ਤਿੰਨ ਦਿਨ ਤੱਕ ਇਹ ਰੋਟੀ ਪਾਣੀ ਬਿਨਾਂ ਹੀ ਰਹੇ। ਨਲ ਨੇ ਇਕ ਪੰਛੀ ਨੂੰ ਪਕੜਨ ਲਈ ਕੱਪੜਾ ਸੁੱਟਿਆ ਪਰ ਉਹ ਕੱਪੜਾ ਲੈ ਕੇ ਹੀ ਉਡ ਗਿਆ, ਜਿਨ੍ਹਾਂ ਮੱਛੀਆਂ ਨੂੰ ਖਾਣ ਲਈ ਭੁੰਨਿਆ ਉਹ ਪਾਣੀ ਵਿਚ ਤੈਰ ਕੇ ਵਾਪਿਸ ਚਲੀਆਂ ਗਈਆਂ ਅਤੇ ਜਿਸ ਅੰਬ ਦੇ ਰੁੱਖ ਦੀ ਟਾਹਣੀ ਨੂੰ ਅੰਬ ਤੋੜਨ ਲਈ ਝੁਕਾਇਆ ਉਹ ਉਪਰ ਚਲੀ ਗਈ। ਬਾਅਦ ਵਿਚ ਇਸ ਨੂੰ ਇਹ ਪਤਾ ਲਗਿਆ ਕਿ ਇਹ ਸਭ ਜੂਏ ਦੇ ਮੋਹਰੇ ਸਨ। ਇਨ੍ਹਾਂ ਗੱਲਾਂ ਕਾਰਨ ਇਨ੍ਹਾਂ ਨੂੰ ਹੋਰ ਵੀ ਤਕਲੀਫ਼ਾਂ ਦਾ ਸਾਹਮਣਾ ਕਰਨਾ ਪਿਆ। ਅਖ਼ੀਰ ਵਿਚ ਦਮਯੰਤੀ ਨੂੰ ਸੁੱਤੀ ਪਈ ਛੱਡ ਕੇ ਨਲ ਚਲਾ ਗਿਆ।

ਦਮਯੰਤੀ ਕਈ ਮੁਸ਼ਕਿਲਾਂ ਦਾ ਸਾਹਮਣਾ ਕਰਨ ਉਪਰੰਤ ਚੰਦੇਰੀ ਦੀ ਰਾਜਕੁਮਾਰੀ ਦੀ ਦਾਸੀ ਬਣ ਗਈ। ਇਸ ਦੇ ਪਿਤਾ ਨੇ ਇਸ ਦਾ ਪਤਾ ਲਗਾ ਕੇ ਇਸ ਨੂੰ ਵਾਪਸ ਬੁਲਾ ਲਿਆ। ਉਧਰ ਨਲ ਸੱਪਾਂ ਦੇ ਰਾਜੇ ਉੱਤੇ ਡਿਗ ਪਿਆ। ਸੱਪਾਂ ਦੇ ਰਾਜੇ ਨੂੰ ਇਹ ਸਰਾਪ ਮਿਲਿਆ ਹੋਇਆ ਸੀ ਕਿ ਨਲ ਹੀ ਉਸ ਦਾ ਉਧਾਰ ਕਰੇਗਾ। ਸੱਪ ਨੇ ਨਲ ਨੂੰ ਡੰਗ ਮਾਰਿਆ ਅਤੇ ਕਿਹਾ ਕਿ ਜਦ ਤੱਕ ਉਸ ਵਿਚ ਬਦ ਰੂਹ ਹੈ ਤਦ ਤੱਕ ਜ਼ਹਿਰ ਅਸਰ ਕਰੇਗਾ ਅਤੇ ਬਦ ਰੂਹ ਦੇ ਨਿਕਲ ਜਾਣ ਤੇ ਉਹ ਆਪਣੇ ਸਬੰਧੀਆਂ ਨੂੰ ਮੁੜ ਪ੍ਰਾਪਤ ਕਰੇਗਾ। ਸੱਪ ਦੇ ਡੰਗਣ ਨਾਲ ਇਹ ਬਦਸ਼ਕਲ ਅਤੇ ਠਿਗਣਾ ਆਦਮੀ ਬਣ ਗਿਆ। ਇਸ ਰੂਪ ਵਿਚ ਇਹ ਬਾਹੁਕ ਨਾਂ ਹੇਠ ਅਯੁੱਧਿਆ ਦੇ ਰਾਜਾ ਰਿਤੂਪਰਣ ਦਾ ਨੌਕਰ ਹੋ ਗਿਆ। ਇਕ ਬ੍ਰਾਹਮਣ ਨੇ ਇਸ ਨੂੰ ਪਹਿਚਾਣ ਕੇ ਇਸ ਬਾਰੇ ਦਮਯੰਤੀ ਨੂੰ ਦੱਸਿਆ। ਦਮਯੰਤੀ ਨੇ ਸਚਾਈ ਦਾ ਪਤਾ ਲਗਾਉਣ ਲਈ ਮੁੜ ਤੋਂ ਸਵੰਬਰ ਦਾ ਢੌਂਗ ਰਚਾਇਆ। ਰਾਜਾ ਰਿਤੂਪਰਣ ਵੀ ਨਲ ਨੂੰ ਆਪਣਾ ਰਥਵਾਨ ਬਣਾ ਕੇ ਸਵੰਬਰ ਵਿਚ ਸ਼ਾਮਲ ਹੋਣ ਲਈ ਚਲ ਪਿਆ ਅਤੇ ਰਸਤੇ ਵਿਚ ਉਸ ਨੇ ਨਲ ਨੂੰ ਗਣਿਤ-ਵਿਦਿਆ ਅਤੇ ਜੂਆ ਖੇਡਣ ਵਿਚ ਮਾਹਰ ਕਰ ਦਿੱਤਾ। ਇਸ ਵਿਦਿਆ ਵਿਚ ਨਿਪੁੰਨ ਹੋ ਜਾਣ ਨਾਲ ਨਲ ਦੇ ਸਰੀਰ ਵਿਚੋਂ ਬਦ ਰੂਹ ਨਿਕਲ ਗਈ ਪਰ ਉਸ ਦੀ ਸ਼ਕਲ ਪਹਿਲੇ ਵਾਂਗ ਹੀ ਰਹੀ। ਸਵੰਬਰ ਵਿਚ ਸ਼ਾਮਲ ਹੋਣ ਲਈ ਸਮਾਂ ਬਹੁਤ ਹੀ ਥੋੜ੍ਹਾ ਸੀ ਅਤੇ ਨਲ ਤੋਂ ਇਲਾਵਾ ਕੋਈ ਵੀ ਏਨੀ ਛੇਤੀ ਨਹੀਂ ਪਹੁੰਚ ਸਕਦਾ ਸੀ। ਦਮਯੰਤੀ ਨੇ ਨਲ ਨਾਲ ਗੱਲਬਾਤ ਕਰ ਕੇ ਇਹ ਪਤਾ ਲਗਾ ਲਿਆ ਕਿ ਉਹ ਹੀ ਉਸ ਦਾ ਪਤੀ ਹੈ। ਬਾਅਦ ਵਿਚ ਦੇਵਤਿਆਂ ਦੀ ਮਦਦ ਨਾਲ ਨਲ ਅਸਲੀ ਰੂਪ ਵਿਚ ਆਇਆ।

ਇਸ ਨੇ ਆਪਣੇ ਭਰਾ ਨਾਲ ਜੂਆ ਖੇਡ ਕੇ ਉਸ ਤੋਂ ਮੁੜ ਤੋਂ ਸਾਰੀਆਂ ਚੀਜ਼ਾਂ ਜਿੱਤ ਲਈਆਂ। ਇਕ ਦਿਨ ਬਾਗ ਵਿਚ ਪਤਝੜ ਦੇਖ ਕੇ ਇਹ ਬਹੁਤ ਪ੍ਰਭਾਵਿਤ ਹੋਇਆ ਅਤੇ ਇੰਦਰਸੇਨ ਨੂੰ ਰਾਜ ਦੇ ਕੇ ਜੰਗਲ ਵਿਚ ਚਲਾ ਗਿਆ। ਜਦੋਂ ਰਾਜਾ ਨਲ ਮਰਿਆ ਤਾਂ ਦਮਯੰਤੀ ਉਸ ਦੇ ਨਾਲ ਹੀ ਸਤੀ ਹੋ ਗਈ।

ਹ. ਪੁ.-ਹਿੰ. ਸਾ.ਕੋ. 1 : 269; ਹਿੰ.ਮਿ.ਕੋ.

ਨਲਦੁਰਗ : ਇਹ ਮਹਾਰਾਸ਼ਟਰ ਰਾਜ ਦੇ ਉਸਮਾਨਾਬਾਦ ਜ਼ਿਲ੍ਹੇ ਦਾ ਇਕ ਸ਼ਹਿਰ ਹੈ। ਬੱਰੀ ਦਰਿਆ ਪਹਾੜੀ ਖੱਡ ਨਲਦੁਰਗ ਨਾਂ ਦਾ ਕਿਲਾ ਬਣਿਆ ਹੋਇਆ ਹੈ ਜਿਹੜਾ ਦੱਖਣੀ ਭਾਰਤ ਵਿਚ ਵੇਖਣਯੋਗ ਥਾਵਾਂ ਵਿਚੋਂ ਇਕ ਹੈ। ਇਹ 14ਵੀਂ ਸਦੀ ਵਿਚ ਮੁਸਲਮਾਨਾਂ ਦੇ ਹਮਲਿਆਂ ਤੋਂ ਪਹਿਲਾਂ ਸਥਾਨਕ ਰਾਜੇ ਚਾਲੂਕੀਆ ਦੀ ਜਾਗੀਰ ਨਾਲ ਸਬੰਧਤ ਸੀ। ਸੰਨ 1482 ਵਿਚ ਬਾਹਮਨੀ ਰਾਜ ਦੀ ਵੰਡ ਤੋਂ ਪਿੱਛੋਂ ਬੀਜਾਪੁਰ ਦੇ ਆਦਿਲ ਸ਼ਾਹੀਆਂ ਨੇ ਇਸ ਨੂੰ ਆਪਣੇ ਕਬਜ਼ੇ ਹੇਠ ਲਿਆ ਅਤੇ ਆਦਿਲ ਸ਼ਾਹੀਆਂ ਅਤੇ ਅਹਿਮਦ ਨਗਰ ਦੇ ਸੁਲਤਾਨਾਂ ਵਿਚਕਾਰ ਝਗੜੇ ਦਾ ਮੂਲ ਕਾਰਨ ਸੀ। ਅਲੀ ਅਦਿਲ ਸ਼ਾਹ ਨੇ 1558 ਈ. ਵਿਚ ਇਸ ਦੀ ਨਾਂ ਕੇਵਲ ਕਿਲਾਬੰਦੀ ਹੀ ਕੀਤੀ ਬਲਕਿ ਬੱਰੀ ਦਰਿਆ ਉੱਤੇ ਇਕ ਬੰਨ੍ਹ ਬਣਾਇਆ ਜਿਹੜਾ ਰੱਖਿਅਕ ਸੈਨਾ ਨੂੰ ਪਾਣੀ ਪਹੁੰਚਾਣ ਦੇ ਸਮਰਥ ਸੀ।

ਆਬਾਦੀ– 12, 880 (1991)

17° 49′ ਉ. ਵਿਥ. ; 76° 29′ ਪੂ. ਲੰਬ.

ਹੁ. ਪੁ.- ਇੰਪ. ਗ. ਇੰਡ. 18 : 337

ਨਲਬਾੜੀ : ਇਹ ਅਸਾਮ ਰਾਜ ਦੇ ਇਸੇ ਹੀ ਨਾਂ ਦੇ ਜ਼ਿਲ੍ਹੇ ਦਾ ਸਦਰ ਮੁਕਾਮ ਹੈ। ਸੰਨ 1897 ਵਿਚ ਭੂਚਾਲ ਆਉਣ ਕਰਕੇ ਇਥੇ ਭਾਰੀ ਨੁਕਸਾਨ ਹੋਇਆ। ਇਥੋਂ ਦੇ ਮਾਰਵਾੜੀ ਲੋਕ ਜਿਨ੍ਹਾਂ ਨੂੰ ਕਿਆਹਸ ਵੀ ਕਿਹਾ ਜਾਂਦਾ ਹੈ, ਵਪਾਰ ਦਾ ਕੰਮ ਕਰਦੇ ਹਨ। ਇਥੇ ਕਪਾਹ, ਕੱਪੜੇ ਦੇ ਟੋਟੇ, ਅਨਾਜ, ਦਾਲਾਂ, ਮਿੱਟੀ ਦਾ ਤੇਲ ਅਤੇ ਦੂਜੇ ਤੇਲ, ਲੂਣ ਅਤੇ ਕਾਂਸੀ ਆਦਿ ਆਯਾਤ ਕੀਤੀ ਜਾਂਦੀ ਹੈ ਅਤੇ ਚੌਲ, ਸਰੋਂ, ਪਟਸਨ, ਚਮੜਾ ਅਤੇ ਰੇਸ਼ਮ ਦੇ ਕੱਪੜੇ ਦਾ ਨਿਰਯਾਤ ਕੀਤਾ ਜਾਂਦਾ ਹੈ।

ਆਬਾਦੀ– 19,183 (1991)

26° 27′ ਉ. ਵਿਥ.; 91° 26′ ਪੂ. ਲੰਬ.

ਹੁ.ਪੁ.–ਇੰਪ. ਗ. ਇੰਡ. 18 : 336

ਨਲ ਮਾਲਾ ਪਰਬਤ ਲੜੀ : ਦੱਖਣੀ ਭਾਰਤ ਦੇ ਪੂਰਬੀ ਆਂਧਰਾ ਪ੍ਰਦੇਸ਼ ਰਾਜ ਵਿਚ ਪੂਰਬੀ ਘਾਟ ਦੀਆਂ ਘਾਟੀਆਂ ਦੇ ਸਮਾਨਾਂਤਰ ਪਹਾੜੀਆਂ ਦੀ ਇਕ ਲੜੀ ਹੈ। ਕ੍ਰਿਸ਼ਨਾ ਦਰਿਆ ਦੇ ਦੱਖਣ ਵੱਲ ਸਥਿਤ ਇਹ ਪਹਾੜੀਆਂ ਕਾਰਾਮੰਡਲ ਤੱਟ ਦੇ ਸਮਾਨਾਂਤਰ ਹਨ। ਇਸ ਲੜੀ ਦੀ ਉੱਤਰੀ ਹੱਦ ਪਲਨਾਦ ਬੇਸਿਨ ਅਤੇ ਦੱਖਣੀ ਹੱਦ ਤਿਰੁਪਤੀ ਪਹਾੜੀਆਂ ਵਿਚ ਪੈਂਦੀ ਹੈ ਅਤੇ ਇਸ ਲੜੀ ਦੀ ਕੁੱਲ ਲੰਬਾਈ 430 ਕਿ. ਮੀ. ਹੈ। ਲਗਭਗ 31 ਕਿ. ਮੀ. ਚੌੜੀ ਇਸ ਲੜੀ ਦੀ ਔਸਤਨ ਉਚਾਈ 900 ਤੋਂ 1,000 ਮੀ. ਤੱਕ ਹੈ। ਉਚੀਆਂ ਨੀਵੀਆਂ ਇਨ੍ਹਾਂ ਪਹਾੜੀਆਂ ਜੋ ਬਲੌਰੀ ਅਤੇ ਸਲੇਟੀ ਚਟਾਨਾਂ ਦੀਆਂ ਬਣੀਆਂ ਹੋਈਆਂ ਹਨ, ਉੱਤੇ ਵਿਰਲੀ ਵਸੋਂ ਹੈ। ਇਹ ਪਹਾੜੀਆਂ ਪੂਰਬੀ ਘਾਟ ਦੀਆਂ ਪਹਾੜੀਆਂ ਦੇ ਕੁਦਰਤੀ ਨਜ਼ਾਰੇ ਦਾ ਦ੍ਰਿਸ਼ ਪੇਸ਼ ਕਰਦੀਆਂ ਹਨ।

15° 45′ ਉ. ਵਿਥ.; 78° 50′ ਪੂ. ਲੰਬ.

ਹ.ਪੁ.–ਐਨ. ਬ੍ਰਿ. ਮਾ. 8 : 492

ਨਲਿਤਾਬਾੜੀ : ਇਹ ਬੰਗਲਾ ਦੇਸ਼ ਦੇ ਮੈਮਨ ਸਿੰਘ ਜ਼ਿਲ੍ਹੇ ਦੀ ਜਮਾਲਪੁਰ ਉਪ ਡਵੀਜਨ ਦਾ ਇਕ ਪਿੰਡ ਹੈ ਜਿਹੜਾ ਸ਼ੇਰਪੁਰ ਦੇ

ਉੱਤਰ-ਪੂਰਬ ਵੱਲ ਲਗਭਗ 18 ਕਿ. ਮੀ. ਦੀ ਵਿਥ ਤੇ ਹੈ। ਇਸ ਜ਼ਿਲ੍ਹੇ ਦੇ ਉੱਤਰੀ ਹਿੱਸੇ ਵਿਚ ਸਭ ਤੋਂ ਵੱਧ ਮਹੱਤਵਪੂਰਨ ਮੰਡੀ ਹੈ ਜਿਥੇ ਦੇਸ਼ ਦੀਆਂ ਵੱਖ-ਵੱਖ ਕਿਸਮਾਂ ਦੀਆਂ ਫ਼ਸ਼ਲਾਂ ਅਤੇ ਗਾਰੋ ਪਹਾੜੀਆਂ ਉੱਤੇ ਪੈਦਾ ਕੀਤੀ ਕਪਾਹ ਲਿਆਂਦੀ ਜਾਂਦੀ ਹੈ।

25° 5′ ਉ. ਵਿਥ. ; 90° 13′ ਪੂ. ਲੰਬ.

ਹ.ਪੁ-. ਇੰਪ. ਗ. ਇੰਡ. 18 : 345

ਨਲੂਛੀ : ਇਹ ਜੰਮੂ-ਕਸ਼ਮੀਰ ਦੇ ਪਾਕਿਸਤਾਨੀ ਕਬਜ਼ੇ ਹੇਠਲੇ ਇਲਾਕੇ ਦਾ ਰਾਜਧਾਨੀ ਸ਼ਹਿਰ, ਮੁਜ਼ਫਰਾਬਾਦ ਤੋਂ ਪੁਲੋਂ ਪਾਰ ਪੱਛਮ ਵੱਲ 3 ਕਿ. ਮੀ. (2 ਮੀਲ) ਦੇ ਫਾਸਲੇ ਤੇ ਇਕ ਇਤਿਹਾਸਕ ਪਿੰਡ ਹੈ। ਸਿੱਖਾਂ ਦੇ ਛੇਵੇਂ ਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਕਸ਼ਮੀਰ ਨੂੰ ਕ੍ਰਿਤਾਰਥ ਕਰਨ ਵੇਲੇ ਇਸ ਪਿੰਡ ਵਿਚ ਵਿਰਾਜੇ ਸਨ। ਗੁਰੂ ਜੀ ਨੇ ਬਰਛਾ ਮਾਰ ਕੇ ਇਸ ਥਾਂ ਜਲ ਦਾ ਚਸ਼ਮਾਂ ਕੱਢਿਆ ਸੀ। ਉਨ੍ਹਾਂ ਦੀ ਯਾਦ ਵਿਚ ਇਥੇ ਇਕ ਗੁਰਦੁਆਰਾ ਸਥਾਪਿਤ ਕੀਤਾ ਗਿਆ। ਮਹਾਰਾਜਾ ਰਣਜੀਤ ਸਿੰਘ ਨੇ ਇਸ ਗੁਰਦੁਆਰੇ ਦੇ ਨਾਂ ਤਿੰਨ ਹਜ਼ਾਰ ਦੀ ਜਾਗੀਰ ਵੀ ਲਾਈ ਸੀ। ਦੇਸ਼ ਦੀ ਵੰਡ ਤੋਂ ਪਹਿਲਾਂ ਇਥੇ ਵਿਸਾਖੀ ਦੇ ਮੌਕੇ ਭਾਰੀ ਮੇਲਾ ਲਗਦਾ ਸੀ।

ਹ. ਪੁ-. ਮ. ਕੋ. 685

ਨਵਸਾਰੀ : ਇਹ ਸ਼ਹਿਰ ਭਾਰਤ ਦੇ ਗੁਜਰਾਤ ਰਾਜ ਦੇ ਵਲਸਾਦ ਜ਼ਿਲ੍ਹੇ ਵਿਚ ਕੈਂਬੇ ਦੀ ਖਾੜੀ ਦੇ ਨੇੜੇ ਪੂਰਨਾ ਦਰਿਆ ਦੇ ਕੰਢੇ, ਪੱਛਮੀ-ਰੇਲਵੇ ਉੱਤੇ ਵਸਿਆ ਹੈ। ਇਸ ਨੂੰ ਨਾਓਸਰੀ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਹ ਪ੍ਰਸ਼ੀਆ ਤੋਂ ਆਏ ਪਰਵਾਸੀ ਪਾਰਸੀਆਂ, ਜਿਹੜੇ ਜ਼ਰਤੁਸਤ ਮਤ ਦੇ ਅਨੁਯਾਈ ਸਨ, ਦੀ ਜਨਮ-ਭੂਮੀ ਹੈ। ਇਥੇ ਪ੍ਰਸ਼ੀਆ ਦੇ ਕਈ ਪਵਿੱਤਰ ਅਗਨੀ ਮੰਦਰ ਮੌਜੂਦ ਹਨ। ਇਹ ਸ਼ਹਿਰ ਕਪਾਹ, ਬਾਜਰਾ ਅਤੇ ਲੱਕੜ ਦਾ ਵਪਾਰਕ ਕੇਂਦਰ ਹੈ। ਇਥੇ ਕਤਾਈ, ਬੁਣਾਈ, ਧਾਤਾਂ ਅਤੇ ਚਮੜੇ ਦੇ ਉਦਯੋਗ ਵੀ ਸਥਾਪਿਤ ਹਨ।

ਆਬਾਦੀ, 1, 90,946 (1991)

20° 51′ ਉ. ਵਿਥ. ;72° 55′ ਪੂ. ਲੰਬ.

ਹ. ਪੁ.-ਐਨ. ਬ੍ਰਿ. ਮਾ. 7 : 230

ਨਵ-ਹੇਗਲਵਾਦ : 19 ਵੀਂ ਅਤੇ 20 ਵੀਂ ਸਦੀ ਈ. ਦੇ ਅੰਗਰੇਜ਼ ਅਤੇ ਅਮਰੀਕੀ ਵਿਚਾਰਕਾਂ ਦਾ ਇਕ ਤਰ੍ਹਾਂ ਦਾ ਦਾਰਸ਼ਨਿਕ ਦ੍ਰਿਸ਼ਟੀਕੋਣ ਹੈ ਜਿਸ ਦਾ ਆਧਾਰ ਉਹੀ ਵਿਚਾਰ ਸਮਝੇ ਜਾਂਦੇ ਹਨ ਜਿਨ੍ਹਾਂ ਦੀ ਵਰਤੋਂ ਜਰਮਨ ਵਿਚਾਰਕ ਹੇਗਲ ਨੇ ਆਪਣੇ ਸਿਧਾਂਤਾਂ ਲਈ ਕੀਤੀ ਸੀ।

ਨਵ-ਹੇਗਲਵਾਦ ਦਾ ਜਨਮ 1865 ਈ. ਵਿਚ ਇੰਗਲੈਂਡ ਵਿਚ ਜੇਮਜ਼ ਹਚਿੰਸਨ ਸਟਰੈਲਿੰਗ ਰਾਹੀਂ ਪ੍ਰਕਾਸ਼ਤ ਪੁਸਤਕ 'ਹੇਗਲ ਰਹੱਸ' ਨਾਲ ਹੋਇਆ। ਲਗਭਗ ਇਸੇ ਸਮੇਂ ਅਮਰੀਕਾ ਵਿਚ ਸੇਂਟ ਲੁਈ ਵਿਖੇ ਵਿਲੀਅਮ ਟੋਰੀ ਹੈਰਿਸ ਦੁਆਰਾ ਸੰਪਾਦਤ ਪਤ੍ਰਿਕਾ ਨੇ ਅਤੇ ਕਾਰਨਫੋਰਡ ਦਰਸ਼ਨ ਅਤੇ ਸਾਹਿਤ ਮੰਡਲ ਨੇ ਹੇਗਲ ਦਾ ਪ੍ਰਚਾਰ ਸ਼ੁਰੂ ਕੀਤਾ । ਇਨ੍ਹਾਂ ਨੂੰ ਹੇਗਲ ਤੋਂ ਧਰਮ ਵਿਚ ਪਰੰਪਰਾਵਾਦ, ਵਿਗਿਆਨ ਵਿਚ ਪ੍ਰਕਿਰਤੀਵਾਦ ਦਾ ਵਿਰੋਧ ਕਰਨ ਦੀ ਸ਼ਕਤੀ ਅਤੇ ਰਾਜਨੀਤੀ ਦੇ ਖੇਤਰ ਵਿਚ ਇਹ ਪ੍ਰੇਰਨਾ ਪ੍ਰਾਪਤ ਹੋਈ ਕਿ ਵਿਅਕਤੀ ਦੀ ਸੁਤੰਤਰਤਾ ਮਨਮਾਨੇ ਵਰਤਾਉ ਵਿਚ ਨਹੀਂ ਸਗੋਂ ਸਥਾਪਤ ਰਾਜ ਨਿਯਮ ਵਿਚ ਬੱਝੇ ਜੀਵਨ ਦੇ ਵਿਕਾਸ ਵਿਚ ਹੈ।

ਨਵ-ਹੇਗਲਵਾਦ ਦੇ ਇੰਗਲੈਂਡ ਵਿਚ ਟਾਮਸ ਹਿਲ ਗ੍ਰੀਨ, ਐਡਵਰਡ ਕੇਅਰਡ, ਜਾਨ ਰੋਲਿਸ ਮੈਕਟੇਰਾਰਟ, ਫਰਾਂਸਿਸ ਹਰਬਰਟ ਬ੍ਰੈਡਲੇ ਅਤੇ ਬਰਨਡ ਬੋਸਕੇਟ ਅਤੇ ਅਮਰੀਕਾ ਵਿਖੇ ਜੋਜ਼ੀਆ ਰੱਇਸ ਅਤੇ ਜੇਮਜ਼ ਰਾਡਵਿਨ ਕ੍ਰੇਟਨ ਪ੍ਰਮੁੱਖ ਸਮਰਥਕ ਹੋਏ ਹਨ।

ਨਵ-ਹੇਗਲਵਾਦ ਨੂੰ ਧਰਮ ਨਿਰਪੇਖ ਅਧਿਆਤਮਵਾਦ ਵੀ ਕਿਹਾ ਜਾਂਦਾ ਹੈ । ਇਸ ਵਿਚ ਮੂਲ ਨਿਰਪੇਖਤਾ ਹੀ ਅੰਤਮ ਤੱਤ ਹੈ ਅਤੇ ਮੂਲ ਨਿਰਪੇਖਤਾ ਹੀ ਪੂਰਨ ਵਿਸ਼ਵ ਹੈ। ਇਸ ਦੀ ਹੋਂਦ ਸੰਸਾਰ ਦੇ ਹਰ ਪ੍ਰਦੇਸ਼ ਵਿਚ ਹੈ। ਨਵ-ਹੇਗਲਵਾਦੀ ਹੇਗਲ ਦੇ ਦਵੰਦਾਤਮਕ ਤਰਕ ਦੇ ਇਸ ਮੂਲ ਆਧਾਰ ਸਿਧਾਂਤ ਤੋਂ ਬਹੁਤ ਪ੍ਰਭਾਵਿਤ ਸਨ ਕਿ ਹਰ ਦਾਰਸ਼ਨਿਕ ਤੱਥ ਵਿਚ ਇਕ ਤੀਜਾ ਅੰਗ ਜਾਂ ਚਰਨ ਹੁੰਦਾ ਹੈ ਜਿਸ ਨੂੰ ਹੇਗਲ ਨੇ ਪਰਿਕਲਪਨਾਤਮਕ ਜਾਂ ਤਥਾਤਮਕ ਬੁੱਧੀ ਦਾ ਚਰਨ ਕਿਹਾ ਹੈ। ਇਸ ਵਿਚ ਵਿਰੋਧੀ ਤੱਤਾਂ ਦੀ ਏਕਤਾ ਅਰਥਾਤ ਆਭਾਵ ਵਿਚ ਭਾਵ ਦਾ ਬੋਧ ਹੁੰਦਾ ਹੈ।

ਨਵ-ਹੇਗਲਵਾਦੀ ਦਾਰਸ਼ਨਿਕ ਪੂਰੀ ਤਰ੍ਹਾਂ ਹੇਗਲਵਾਦੀ ਨਹੀਂ ਕਹਾਉਂਦੇ। ਇਸ ਲਈ ਉਨ੍ਹਾਂ ਨੇ ਹੇਗਲਵਾਦੀ ਤਰਕਸ਼ਾਸਤਰ ਦੀ ਇਕ ਨਵੀਂ ਸੁਤੰਤਰ, ਸਪਸ਼ਟ ਅਤੇ ਜ਼ਿਆਦਾ ਵਿਸ਼ਵਾਸਯੋਗ ਵਿਆਖਿਆ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਨਵੀਂ ਵਿਆਖਿਆ ਦੇ ਤਿੰਨ ਮੁੱਖ ਸਿਧਾਂਤ ਹਨ (1) ਜਿਹੜਾ ਬੁੱਧੀ ਨੂੰ ਸੰਤੁਸ਼ਟ ਕਰ ਦੇਵੇ ਉਹੀ ਸੱਚ ਹੈ ਅਤੇ ਉਸ ਦਾ ਹੀ ਅੰਤਮ ਅਸਤਿਤਵ ਹੈ। ਇਸ ਸਿਧਾਂਤ ਅਨੁਸਾਰ ਸੱਚ ਅਤੇ ਅਸਤਿਤਵ ਵਿਚੋਂ ਕੋਈ ਅੰਤਰ ਨਹੀਂ ਹੈ। ਹਰ ਤਰਕਵਾਦ ਦਾ ਉਦੇਸ਼ ਯਥਾਰਥਵਾਦ ਹੈ (2) ਦੂਜੇ ਸਿਧਾਂਤ ਅਨੁਸਾਰ ਕਿਸੇ ਕਿਸੇ ਤਾਰਕਿਕ ਨਿਰਣੇ ਦਾ ਇਕ ਨੇੜੇ ਦਾ ਅਤੇ ਇਕ ਦੂਰ ਦਾ ਉਦੇਸ਼ ਹੁੰਦਾ ਹੈ ਪਰ ਇਹ ਦੋਵੇਂ ਹੀ ਇਕ ਸੰਪੂਰਨ ਦੇ ਅੰਸ਼ ਹੁੰਦੇ ਹਨ ਅਤੇ ਨਿਰਣਾ ਇਸ ਸੰਪੂਰਨ ਦੇ ਵਿਸ਼ੇ ਸਬੰਧੀ ਹੀ ਹੁੰਦਾ ਹੈ । ਇਸ ਸੰਪੂਰਨ ਨੂੰ ਨਵ-ਹੇਗਲਵਾਦੀਆਂ ਨੇ 'ਮੂਰਤ ਸਰਵ-ਵਿਆਪੀ' ਕਿਹਾ ਹੈ। ਇਨ੍ਹਾਂ ਦੇ ਵਿਚਾਰ ਅਨੁਸਾਰ ਇਹ ਹੀ ਅਸਲੀ ਤੰਤਰ ਹੈ। ਪਰਮ ਨਿਰਪੇਖਵਾਦੀਆਂ ਨੇ ਸਾਰੇ ਸਬੰਧਾਂ ਨੂੰ ਅੰਦਰੂਨੀ ਮੰਨਿਆ ਹੈ ਅਤੇ ਸਬੰਧਾਂ ਦੀ ਆਂਤਰਿਕਤਾ ਦੇ ਇਸ ਸਿਧਾਂਤ ਦੀ ਪੂਰਤੀ ਪਰਮ ਨਿਰਪੇਖਤਾ ਦੀ ਧਾਰਨਾ ਵਿਚ ਹੀ ਸਮਝੀ ਜਾਂਦੀ ਹੈ। (3) ਨਵ-ਹੇਗਲਵਾਦ ਦੇ ਤੀਜੇ ਮੁੱਖ ਸਿਧਾਂਤ ਵਿਚ ਬੋਧ ਅਤੇ ਮੁਲਾਂਕਣ ਮਨ ਦੀ ਇਕੋ ਬੌਧਿਕ ਕ੍ਰਿਆ ਦੇ ਦੋ ਅਨਿਖੜ ਅੰਗ ਹਨ। ਇਸ ਲਈ ਸੱਚ ਅਤੇ ਮੁੱਲ ਅਰਥਾਤ ਅਰਥ ਦੋਹਾਂ ਦੀ ਕਸੌਟੀ ਇਕੋ ਅਰਥਾਤ ਸੰਪੂਰਨਤਾ ਹੈ। ਵਿਚਾਰ, ਸੰਕਲਪ ਅਤੇ ਭਾਵ ਵਿਚ ਅਤੇ ਸੰਕਲਪ ਅਤੇ ਸੰਕਲਪ ਅਤੇ ਭਾਵ, ਵਿਚਾਰ ਵਿਚ ਹੀ ਬਿਸਰਾਮ ਪ੍ਰਾਪਤ ਕਰੇਗਾ।

ਹ.ਪੁ.-ਐਨ. ਅਮੈ. 20 : 95; ਹਿੰ. ਵਿ. ਕੋ. 6 : 262

ਨਵ-ਕੱਟੜਪੰਥ : ਇਹ ਇਕ ਪ੍ਰਭਾਵਸ਼ਾਲੀ ਪ੍ਰੋਟੈਸਟੈਂਟ ਧਾਰਮਿਕ ਅੰਦੋਲਨ ਸੀ ਜਿਹੜਾ 20 ਵੀਂ ਸਦੀ ਵਿਚ ਯੂਰਪ ਅਤੇ ਅਮਰੀਕਾ ਵਿਚ ਚਲਿਆ। ਯੂਰਪ ਵਿਚ ਇਸ ਅੰਦੋਲਨ ਨੂੰ ਸੰਕਟ ਕਾਲ ਧਰਮ-ਸ਼ਾਸਤਰ ਦਾ ਨਾਂ ਦਿੱਤਾ ਗਿਆ।

ਇਸ ਅੰਦੋਲਨ ਦੇ ਧਰਮ ਸ਼ਾਸਤਰੀ ਨੂੰ ਨਵ-ਕੱਟੜਪੰਥੀ ਇਸ ਕਰਕੇ ਕਿਹਾ ਜਾਂਦਾ ਹੈ ਕਿਉਂਕਿ ਇਹ ਅੰਜੀਲ, ਧਰਮ ਸੂਤਰਾਂ ਅਤੇ ਕੱਟੜਪੰਥੀ ਪ੍ਰੋਟੈਸਟੈਂਟ ਧਰਮਸ਼ਾਸਤਰ ਦੀ ਪ੍ਰਮੁੱਖ ਧਾਰਾ ਅਨੁਸਾਰ ਲਿਖੀ ਈਸਾਈ ਧਰਮ ਦੀ ਬੋਲੀ ਬੋਲਦੇ ਸਨ। ਉਨ੍ਹਾਂ ਨੇ ਪ੍ਰੋਟੈਸਟੈਂਟ ਨਵ ਕਟੜਪੰਥ ਦੀ ਭਾਸ਼ਾ ਵਿਚ ਟ੍ਰਿਨਿਟੀ, ਪਰਮਾਤਮਾ, ਮੁਢਲੇ ਪਾਪ, ਯਸੂ ਮਸੀਹ, ਪਾਪ ਮੁਕਤੀ, ਇਕਸੁਰਤਾ ਅਤੇ ਰੱਬੀ ਬਾਦਸ਼ਾਹਤ ਬਾਰੇ ਲਿਖਿਆ।

ਨਵ-ਕੱਟੜਪੰਥੀ ਧਰਮ ਸ਼ਾਸਤਰ ਨੇ ਕੱਟੜਪੰਥ ਦੇ ਸ਼ਾਬਦਿਕ ਅਨੁਸਰਣ ਨੂੰ ਪ੍ਰਵਾਨ ਨਾ ਕੀਤਾ। ਇਹ ਅੰਜੀਲ ਦੀ ਵਿਆਖਿਆ ਕਰਨ ਵਾਲੇ ਆਧੁਨਿਕ ਆਲੋਚਨਾਤਮਕ ਤਰੀਕਿਆਂ ਨੂੰ ਪ੍ਰਵਾਨ

ਕਰਨ ਵਿਚ ਨਵੀਨਤਾਵਾਦੀ ਸਨ ਅਤੇ ਸਮਝਦੇ ਸਨ ਕਿ ਬਾਈਬਲ ਵਿਚ ਲਿਖੇ ਨਾਲੋ ਹੋਰ ਬਹੁਤ ਕੁਝ ਵੱਧ ਹੈ। ਇਨ੍ਹਾਂ ਲਈ ਯਸੂ ਮਸੀਹ ਅਤੇ ਉਸ ਦੇ ਕਥਨ ਸੰਸਾਰ ਲਈ ਮੁਕਤੀ ਪ੍ਰਦਾਨ ਕਰਦੇ ਸਨ।

ਯੂਰਪ ਵਿਚ ਕਾਰਲ ਬਾਰਥ ਇਸ ਅੰਦੋਲਨ ਦਾ ਉੱਘਾ ਧਰਮ ਸ਼ਾਸਤਰੀ ਸੀ ਅਤੇ ਸੰਯੁਕਤ ਰਾਜ ਅਮਰੀਕਾ ਵਿਚ ਰਾਈਨਹੋਲਡ ਨਾਈਬੁਰ ਦੀਆਂ ਲਿਖਤਾਂ ਨੂੰ ਮਹੱਤਵਪੂਰਨ ਨਵ-ਕੱਟੜਪੰਥੀ ਲਿਖਤਾਂ ਮੰਨਿਆ ਜਾਂਦਾ ਸੀ। ਐਮਿਲ ਬਰੁਨਰ, ਰੁਡਾੱਲਫ ਬੁਲਟਮਾਨ ਬਰਦਯਾਯੈਫ ਅਤੇ ਪਾੱਲ ਟਿਲਿਚ ਆਦਿ ਹੋਰ ਪ੍ਰਸਿੱਧ ਨਵ-ਕੱਟੜਪੰਥੀ ਧਰਮ ਸ਼ਾਸਤਰੀ ਹਨ।

ਨਵ-ਕੱਟੜਪੰਥੀ ਧਰਮ ਸ਼ਾਸਤਰ ਅਨੁਸਾਰ ਈਸ਼ਵਰ ਸਰਬਸ਼ਕਤੀਮਾਨ ਹੈ ਅਤੇ ਉਹ ਵਿਅਕਤੀ ਨੂੰ ਅਟੁੱਟ ਜ਼ਿੰਮੇਵਾਰੀ ਸੌਂਪਦਾ ਹੈ। ਈਸ਼ਵਰ ਨੇ ਮਨੁੱਖ ਨੂੰ ਇਸ ਧਰਤੀ ਤੇ ਸਿਰਜਣਹਾਰ ਅਤੇ ਮੁਕਤੀਦਾਤੇ ਵਜੋ ਭੇਜਿਆ ਪਰ ਇਹ ਜ਼ਿੰਮੇਵਾਰੀ ਨਾ ਤਾਂ ਮਨੁੱਖ ਵਿਚ ਅਤੇ ਨਾ ਹੀ ਸੰਸਾਰ ਵਿਚ ਰਹੀ ਹੈ।

ਈਸਾ ਮਸੀਹ ਮਨੁੱਖ ਜਾਤੀ ਦੀ ਮੁਕਤੀ ਲਈ ਸੰਸਾਰ ਵਿਚ ਆਇਆ। ਉਸ ਦੀ ਸੁਤੰਤਰਤਾ ਅਤੇ ਪਿਆਰ ਅਤੇ ਉਸ ਵਲੋਂ ਦਿਖਾਈ ਜਾਂਦੀ ਖਿਮਾ ਰਾਹੀਂ ਈਸ਼ਵਰ ਆਪਣੇ ਆਪ ਨੂੰ ਸਾਕਾਰ ਕਰਦਾ ਹੈ ਪਰ ਖ਼ਿਮਾਸ਼ੀਲਤਾ ਮਨੁੱਖ ਦੇ ਗੁਨਾਹਾਂ ਨੂੰ ਪ੍ਰਗਟ ਕਰਦੀ ਹੈ। ਇਸ ਕਾਰਨ ਮਨੁੱਖ ਈਸ਼ਵਰ ਨੂੰ ਅਤੇ ਆਪਣੇ ਆਪ ਨੂੰ ਗੁਨਾਹਗਾਰ ਸਮਝਦਾ ਹੈ ਅਤੇ ਇਸ ਤਰ੍ਹਾਂ ਦੀ ਜਾਣਕਾਰੀ ਤੋਂ ਬਿਨਾਂ ਮਨੁੱਖ ਈਸ਼ਵਰ ਨੂੰ ਅਤੇ ਆਪਣੇ ਆਪ ਨੂੰ ਨਹੀਂ ਜਾਣ ਸਕਦਾ। ਈਸ਼ਵਰ ਦੀ ਖ਼ਿਮਾਸ਼ੀਲਤਾ ਸਦਕੇ ਹੀ ਮਨੁੱਖ ਆਪਣੇ ਆਪ ਨੂੰ ਇਕ ਵਿਅਕਤੀ ਅਤੇ ਇਕ ਗੁਨਾਹਗਾਰ ਵਜੋਂ ਜਾਣਦਾ ਹੈ।

ਨਵ-ਕੱਟੜਪੰਥੀਆਂ ਅਨੁਸਾਰ ਗੁਨਾਹ ਮਨੁੱਖਤਾ ਵਿਰੋਧੀ ਹੈ ਪਰ ਇਸ ਦੇ ਟਾਕਰੇ ਤੇ ਰੱਬ ਯਸੂ ਰਾਹੀਂ ਪਾਪੀਆਂ ਨੂੰ ਵੀ ਪਿਆਰ ਕਰਦਾ ਹੈ। ਪਾਪ ਮਨੁੱਖ ਦੀ ਸੀਮਿਤ ਜ਼ਿੰਦਗੀ ਅਤੇ ਤਾਕਤ ਵਿਰੁੱਧ ਵਿਦ੍ਰੋਹ ਹੈ ਜੋ ਉਸ ਦੀ ਜ਼ਿੰਮੇਵਾਰੀ ਨੂੰ ਤਿਆਗਣ ਤੋਂ ਪਹਿਲਾਂ ਅਤੇ ਬਾਅਦ ਵਿਚ ਪ੍ਰਗਟ ਹੁੰਦਾ ਹੈ ਅਤੇ ਇਸੇ ਕਰਕੇ ਹੀ ਇਹ ਵਿਅਕਤੀ ਅਤੇ ਸਮਾਜ ਦੋਹਾਂ ਲਈ ਮੌਤ ਦਾ ਪ੍ਰਤੀਕ ਹੈ। ਪਾਪ ਤੋਂ ਹੀ ਹਰ ਕਿਸਮ ਦੀਆਂ ਬੁਰਾਈਆਂ ਹਉਮੈ, ਮੂਰਖਤਾ, ਅਪਰਾਧ, ਉਦਰੇਵਾਂ, ਨਫ਼ਰਤ ਅਤੇ ਚਿੰਤਾ ਆਦਿ ਪੈਦਾ ਹੁੰਦੀਆਂ ਹਨ।

ਨੱਵ-ਕੱਟੜਪੰਥੀਆਂ ਨੇ ਅਜੋਕੇ ਸਭਿਆਚਾਰ ਨੂੰ ਖ਼ੂਬ ਭੰਡਿਆ ਹੈ। ਇਨ੍ਹਾਂ ਦੇ ਧਰਮ-ਸ਼ਾਸਤਰੀਆਂ ਨੂੰ ਸਹੀ ਮਨੁੱਖੀ ਹੋਂਦ ਸਬੰਧੀ ਨਵੇਂ ਸਿਰਿਉਂ ਜਾਣਕਾਰੀ ਦੇਣ ਲਈ ਆਰਥਕ ਅਤੇ ਸਿਆਸੀ ਸੰਸਥਾਵਾਂ ਦਾ ਨਿਰੀਖਣ ਕਰਨਾ ਪਿਆ। ਇਨ੍ਹਾਂ ਧਰਮ ਸ਼ਾਸਤਰੀਆਂ ਦੇ ਵਿਚਾਰ ਅਨੁਸਾਰ ਧਰਮ, ਆਚਾਰ-ਸ਼ਾਸਤਰ, ਅਰਥ-ਸ਼ਾਸਤਰ ਅਤੇ ਰਾਜਨੀਤੀ ਸ਼ਾਸਤਰ ਭਾਈਚਾਰੇ ਦੇ ਸਮੁੱਚੇ ਸਭਿਆਚਾਰ ਦਾ ਹੀ ਹਿੱਸਾ ਹਨ ਅਤੇ ਇਨ੍ਹਾਂ ਨੂੰ ਵੱਖ-ਵੱਖ ਨਹੀਂ ਰੱਖਿਆ ਜਾ ਸਕਦਾ।

ਹ. ਪੁ.-ਐਨ. ਬ੍ਰਿ. ਮਾ. 7 : 255

ਨਵ-ਕਲਾਸਕੀਵਾਦ : ਫ਼ਰਾਂਸ ਵਿਖੇ ਰੋਕੋਕੋ ਅਤੇ ਇੰਗਲੈਂਡ ਵਿਖੇ ਜਾਰਜੀਆਈ ਸ਼ੈਲੀ ਦੇ ਪਤਨ ਨਾਲ ਨਵ-ਕਲਾਸ-ਕੀਵਾਦ ਹੋਂਦ ਵਿਚ ਆਇਆ। 19ਵੀਂ ਸਦੀ ਦੌਰਾਨ ਚਿੱਤਰਕਾਰੀ, ਬੁੱਤਕਾਰੀ ਅਤੇ ਉਸਾਰੀ ਕਲਾ ਵਿਚ ਨਵ-ਕਲਾਸਕੀਵਾਦ ਦਾ ਪ੍ਰਭਾਵ ਨਜ਼ਰ ਆਉਂਦਾ ਹੈ।

ਨਵ-ਕਲਾਸਕੀਵਾਦੀਆਂ ਨੂੰ ਕਲਾਸਕੀ ਰੁਚੀ ਹੋਣ ਦੇ ਬਾਵਜੂਦ ਵੀ ਪੁਰਾਤਨਤਾ ਬਾਰੇ ਪੂਰੀ ਜਾਣਕਾਰੀ ਨਹੀਂ ਸੀ। ਨਵ-ਕਲਾਸਕੀ ਕਲਾ ਜੀਵਨ ਦੇ ਮਹੱਤਵਪੂਰਣ ਪੱਖ ਅਤੇ ਪਹਿਲਾਂ ਤੇ ਬਾਅਦ ਵਿਚ ਹੋਈ ਕ੍ਰਾਂਤੀਕਾਰੀ ਪੀੜ੍ਹੀ ਦੇ ਵਿਚਾਰਾਂ ਨੂੰ ਦਰਸਾਉਂਦੀ ਹੈ।

ਸੰਗੀਤ ਦੇ ਖੇਤਰ ਵਿਚ ਇਹ ਸ਼ੈਲੀ ਪੱਛਮੀ ਯੂਰਪ ਅਤੇ ਪੱਛਮੀ ਅਰਧ ਗੋਲੇ ਵਿਚ ਲਗਭਗ 1920 ਈ. ਤੋਂ ਅੱਜ ਤੱਕ ਪ੍ਰਚਲਿਤ ਹੈ। ਇਨ੍ਹਾਂ ਨਵ-ਕਲਾਸਕੀ ਸੰਗੀਤ ਰਚਨਾਵਾਂ ਵਿਚ 18ਵੀਂ ਸਦੀ ਦੇ ਸੰਗੀਤ ਦੀਆਂ ਤਕਨੀਕੀ ਬਰੀਕੀਆਂ ਸ਼ਾਮਲ ਹਨ। 18 ਵੀਂ ਸਦੀ ਦੇ ਪਹਿਲੇ ਅੱਧ ਨੂੰ ਬੈਰੋਕ ਸ਼ੈਲੀ ਦਾ ਕਾਲ ਅਤੇ ਪਿਛਲੇ ਅੱਧ ਨੂੰ ਕਲਾਸਕੀ ਕਾਲ ਕਿਹਾ ਜਾਂਦਾ ਹੈ। ਰੁਮਾਂਸਵਾਦ ਅਤੇ ਰੁਮਾਂਸਵਾਦ ਤੋਂ ਬਾਅਦ ਪੈਦਾ ਹੋਈ ਅਰੁਚੀ ਦੇ ਸਿੱਟੇ ਵਜੋਂ ਹੀ ਨਵ-ਕਲਾਸਕੀਵਾਦ ਹੋਂਦ ਵਿਚ ਆਇਆ। ਆਪਣੀ ਯਥਾਰ-ਥਕਤਾ, ਬੌਧਿਕਤਾ, ਭਾਵਾਤਮਕਤਾ, ਨਵੇਕਲੇਪਣ ਅਤੇ ਅਮੂਰਤ ਰੂਪ ਕਾਰਨ ਹੀ ਨਵ-ਕਲਾਸਕੀ ਸੰਗੀਤ 18ਵੀਂ ਸਦੀ ਵਿਚ ਬਹੁਤ ਪ੍ਰਚਲਿਤ ਹੋਇਆ।

ਨਵ-ਕਲਾਸਕੀ ਸੰਗੀਤਕਾਰਾਂ ਨੇ ਪਹਿਲੇ ਸਮਿਆਂ ਦੌਰਾਨ ਪ੍ਰਚਲਿਤ ਸੰਗੀਤ ਨੂੰ ਵਿਸ਼ੇਸ਼ ਕਿਸਮ ਦਾ ਮੋੜ ਦਿੱਤਾ। ਅਜਿਹੇ ਸੰਗੀਤਕਾਰਾਂ ਵਿਚ ਆਈਗੋਰ ਸਟ੍ਰਾ ਵਿਨਸਕੀ, ਪਾੱਲ ਹਾਇਡਮਿਥ ਅਤੇ ਐਰਿਕ ਸੇਟਾਈ ਆਦਿ ਦੇ ਨਾਂ ਲਏ ਜਾ ਸਕਦੇ ਹਨ। ਕਈ ਨਵ-ਕਲਾਸਕੀ ਰਚਨਾਵਾਂ ਦੇ ਰੂਪ ਅਤੇ ਸਿਰਲੇਖਾਂ ਤੋਂ ਇਹ ਸਪਸ਼ਟ ਹੈ ਕਿ ਉਹ ਬੈਰੋਕ ਸ਼ੈਲੀ ਤੋਂ ਨਿਕਲੀਆਂ ਹਨ। ਕਈ ਨਵ-ਕਲਾਸਕੀ ਸੰਗੀਤਕਾਰਾਂ ਨੇ ਨਵੀਂ ਤਰ੍ਹਾਂ ਦੀਆਂ ਸਿੰਫ਼ਨੀਆਂ, 18ਵੀਂ ਸਦੀ ਦੇ ਆਰਕੈਸਟਰਾ ਸੰਗੀਤ ਦੀਆਂ ਉੱਘੀਆਂ ਸ਼ੈਲੀਆਂ ਅਤੇ ਇਸ ਕਾਲ ਦੌਰਾਨ ਹੀ ਚੈਂਬਰ ਸੰਗੀਤ ਸ਼ੁਰੂ ਕਰਨ ਵਿਚ ਰੁਚੀ ਦਿਖਾਈ ਹੈ। ਹੋਰ ਨਵਕਲਾਸਕੀ ਸੰਗੀਤਕਾਰਾਂ ਵਿਚ ਇਟਲੀ ਦੇ ਅਲਫ੍ਰੈਡੋ ਕਾਸੈਲਾਂ ਅਤੇ ਫ਼ਰਾਂਸ ਦਾ ਫ਼ਰਾਂਸਿਸ ਪਾਊਲਸ਼ ਸ਼ਾਮਲ ਹਨ।

ਕਲਾ ਅਤੇ ਉਸਾਰੀ ਕਲਾ ਦੇ ਖੇਤਰ ਵਿਚ ਕਲਾਸਕੀ ਰੂਪ 1750 ਈ. ਤੋਂ ਦ੍ਰਿਸ਼ਟੀਗੋਚਰ ਹੁੰਦਾ ਹੈ। ਸੰਨ 1780 ਤੋਂ 19ਵੀਂ ਸਦੀ ਦੇ ਅੱਧ ਤਕ ਕਲਾ ਦੇ ਸਾਰੇ ਖੇਤਰਾਂ ਵਿਚ ਇਹ ਖ਼ੂਬ ਪ੍ਰਫੁੱਲਤ ਹੋਇਆ ਅਤੇ ਏਸ਼ੀਆ ਮਾਈਨਰ ਵਿਚ ਕਲਾਸਕੀ ਸਥਾਨਾਂ ਤੇ ਕੀਤੀਆਂ ਗਈਆਂ ਪੁਰਾਤਤਵੀ ਖੋਜਾਂ ਤੋਂ ਨਵ-ਕਲਾਸਕੀਵਾਦ ਹੋਂਦ ਵਿਚ ਆਇਆ।

ਨਵ-ਕਲਾਸਕੀਵਾਦ ਦੇ ਸ਼ਿਲਪਕਾਰਾਂ ਵਿਚ ਫ਼ਰਾਂਸ ਦੇ ਜਾਕਸ ਜ਼ਰਮੇਨ ਸੂਫਲੋਂ ਅਤੇ ਜਾਕਸ ਆਨਜ਼ ਗਾਬ੍ਰੀਐਲ, ਇੰਗਲੈਂਡ ਦੇ ਐਡਮ ਭਰਾ ਅਤੇ ਅਮਰੀਕਾ ਦੇ ਬੈਂਜਾਮਿਨ ਲੈਟ੍ਰੋਬ, ਟਾਮਸ ਜੈਫਰਸਨ ਤੇ ਵਿਲੀਅਮ ਸਟ੍ਰਿਕਲੈਂਡ ਦੇ ਨਾਂ ਪ੍ਰਸਿੱਧ ਹਨ। ਚਿੱਤਰਕਾਰੀ ਦੇ ਖੇਤਰ ਵਿਚ ਫ਼ਰਾਂਸ ਦੇ ਦੋਮਿਨੀਕ ਇਨਗਰ ਅਤੇ ਜ਼ਾਂ ਆਗਸਟ ਡਾਮਾਨਿਕ ਅਤੇ ਅਮਰੀਕਾ ਦੇ ਬੈਂਜਾਮਿਨ ਵੈਸਟ ਦੇ ਨਾਂ ਲਏ ਜਾਂਦੇ ਹਨ। ਇਵੇਂ ਹੀ ਨਵ-ਕਲਾਸਕੀ ਬੁੱਤਕਾਰਾਂ ਵਿਚ ਇਟਲੀ ਦੇ ਆਨਟੋਨੀਓ ਕਾਨੋਵਾ, ਬਰਤਾਨਵੀ ਜਾਨ ਫਲੈਕਸਮੈਨ ਅਤੇ ਡੈਨਮਾਰਕ ਦੇ ਬਰਟੈਲ ਟਾਰਵਾਲਡਸਨ ਪ੍ਰਸਿੱਧ ਹਨ।

ਹ. ਪੁ.- ਐਨ. ਬ੍ਰਿ.ਮਾ. 7 : 252 ; ਐਨ. ਬ੍ਰਿ. 16 : 217

ਨਵ-ਕਾਂਟਵਾਦ : ਇਹ ਵਿਚਾਰਧਾਰਾ 16ਵੀਂ ਸਦੀ ਦੇ ਮੱਧ ਵਿਚ ਵਿਕਸਤ ਹੋਈ। ਇਹ ਇਕ ਪਾਸੇ ਕਾਂਟ ਤੋਂ ਬਾਅਦ ਫਿਕਤੇ, ਸ਼ੇਲਿੰਗ ਆਦਿ ਰਾਹੀਂ ਅਤੇ ਹੇਗਲ ਦੇ ਨਿਰਪੇਖਵਾਦ ਵਿਚ ਵਿਕਸਤ ਹੋਈ। ਅਧਿਆਤਮਵਾਦ ਦੇ ਵਿਰੋਧ ਵਿਚ ਅਤੇ ਦੂਜੇ ਪਾਸੇ ਪ੍ਰਕ੍ਰਿਤਕ ਵਿਗਿਆਨ ਦੀ ਤਰੱਕੀ ਰਾਹੀਂ ਭੌਤਿਕਵਾਦ ਦੇ ਰੂਪ ਵਿਚ ਪ੍ਰਗਟ ਹੋਈ। ਇਸ ਵਿਚਾਰਧਾਰਾ ਦੇ ਦਾਰਸ਼ਨਿਕ ਤੱਤ ਸ਼ਾਸਤਰ ਨੂੰ ਸ਼ੱਕ ਦੀ ਨਜ਼ਰ ਤੋਂ ਦੇਖਦੇ ਰਹੇ ਅਤੇ ਇਮਾਨੁਅਲ ਕਾਂਟ ਰਾਹੀਂ ਸਥਾਪਿਤ ਤਰਕਵਾਦ ਦੇ ਪੁਨਰ ਨਿਰਮਾਣ ਦਾ ਯਤਨ ਕਰਦੇ ਰਹੇ

ਹਨ। ਉਨ੍ਹਾਂ ਨੇ ਕਾਂਟਵਾਦ ਰਾਹੀਂ ਸ਼ੁਧ ਬੁੱਧੀ ਦੇ ਤਰਕ ਨੂੰ ਆਧਾਰ ਮੰਨ ਕੇ ਉਸ ਦੀ ਆਲੋਚਨਾਤਮਕ ਗਿਆਨ ਦਾਰਸ਼ਨਾਤਮਕ ਅਤੇ ਨੀਤੀ ਦਾਰਸ਼ਨਾਤਮਕ ਮਾਨਤਾਵਾਂ ਨਾਲ ਆਧੁਨਿਕ ਦਾਰਸ਼ਨਿਕ ਸਮੱਸਿ-ਆਵਾਂ ਨੂੰ ਸੁਲਝਾਉਣ ਦਾ ਯਤਨ ਕੀਤਾ ਹੈ। ਇਸ ਦੇ ਨਾਲ ਨਾਲ ਉਨ੍ਹਾਂ ਨੇ ਕਾਂਟ ਦੀ ਫ਼ਿਲਾਸਫ਼ੀ ਦੇ ਔਗੁਣਾਂ ਦੀ ਆਲੋਚਨਾ ਕਰਦੇ ਹੋਏ ਉਸ ਵਿਚ ਸੋਧ ਦਾ ਯਤਨ ਵੀ ਕੀਤਾ ਹੈ। ਉਸ ਨੂੰ ਕੇਵਲ ਬਣਾਉਟੀ ਤਰਕ ਸ਼ਾਸਤਰ ਉੱਤੇ ਆਧਾਰਿਤ ਦੱਸਿਆ ਹੈ। ਉਨ੍ਹਾਂ ਨੂੰ ਇਹ ਵੀ ਰੋਸ ਹੈ ਕਿ ਕਦੀ ਕਦੀ ਕਾਂਟ ਪਦਾਰਥ ਨੂੰ ਹੀ ਪੂਰਵ ਅਨੁਭਵ ਨਾਲ ਕਹਿ ਦਿੰਦਾ ਹੈ। ਫੇਰ ਵੀ ਨਵ-ਕਾਂਟਵਾਦੀਆਂ ਦਾ ਕਹਿਣਾ ਹੈ ਕਿ ਪ੍ਰਾਚੀਨ ਦਾਰਸ਼ਨਿਕ ਅਫਲਾਤੂਨ ਵਾਂਗ ਅਕਸਰ ਆਪਣੇ ਸਿਧਾਤਾਂ ਅਤੇ ਆਪਣੇ ਪੂਰਬ ਅਸਤਿਤਵ ਅਤੇ ਯਾਦਾਂ ਦੀਆਂ ਧਾਰਨਾਵਾਂ ਰਾਹੀਂ ਕਾਂਟ ਨਿਸ਼ਚੇ ਤੇ ਪਹੁੰਚਣ ਦਾ ਯਤਨ ਕਰਦਾ ਰਿਹਾ ਹੈ ਪਰ ਨਿਰਪੇਖਵਾਦ ਕਾਂਟ ਦੇ ਪ੍ਰਤੀ ਵਿਸ਼ਵਾਸਘਾਤ ਕਰਦਾ ਪ੍ਰਤੀਤ ਹੁੰਦਾ ਹੈ। ਸਾਧਾਰਣ ਅਤੇ ਪਰਮਤੱਤ ਦੇ ਵਿਚ ਉਨ੍ਹਾਂ ਨੂੰ ਵੱਡੀ ਖਾਈ ਦਿਸਦੀ ਹੈ। ਇਸੇ ਕਰ ਕੇ ਉਨ੍ਹਾਂ ਨੇ ਕਾਂਟ ਦੀਆਂ ਗਿਆਨ ਸੀਮਾਵਾਂ ਦੀ ਧਾਰਨਾ ਨੂੰ ਅਪਣਾ ਕੇ ਆਪਣੇ ਆਪ ਨੂੰ ਤੱਤ ਦਰਸ਼ਨ ਵਿਰੋਧੀ ਘੋਸ਼ਿਤ ਕੀਤਾ ਹੈ। ਉਨ੍ਹਾਂ ਨੇ ਪ੍ਰਤੀਤੀ ਮਾਤਰ ਨੂੰ ਅੰਤਿਮ ਤੱਤ ਨਹੀਂ ਕਿਹਾ ਪਰ ਪਰਮਤੱਤ ਨੂੰ ਮਾਨਵੀ ਗਿਆਨ ਦੀ ਭੌਂ ਤੋਂ ਦੂਰ ਜ਼ਰੂਰ ਮੰਨਿਆ ਹੈ।

ਨਵ-ਕਾਂਟਵਾਦੀਆਂ ਦੀ ਭੌਤਿਕਵਾਦ ਦੀ ਆਲੋਚਨਾ ਵਿਗਿਆਨਕ ਚਿਤਰਨ ਕਾਰਜ ਅਤੇ ਨੀਤੀ ਨਿਯਮਾਂ ਦੇ ਸਰੂਪ ਦੇ ਵਿਸ਼ਲੇਸ਼ਣ ਤੇ ਆਧਾਰਿਤ ਰਹੀ ਹੈ। ਉਨ੍ਹਾਂ ਨੇ ਪ੍ਰਕ੍ਰਿਤੀ ਤੇ ਕਾਬੂ ਪਾ ਕੇ ਯੰਤਰਿਕ ਅਤੇ ਜੜ੍ਹਨਿਯਮਵਾਦੀ ਵਿਧੀ ਦੁਆਰਾ ਪ੍ਰਾਪਤ ਵਿਗਿਆਨ ਦੀਆਂ ਸਫਲਤਾਵਾਂ ਨੂੰ ਸਵੀਕਾਰ ਕਰਦੇ ਹੋਏ ਇਸ ਵੱਲ ਵਿਸ਼ੇਸ਼ ਧਿਆਨ ਦਿੱਤਾ ਹੈ ਕਿ ਪ੍ਰਕ੍ਰਿਤਕ ਵਿਗਿਆਨ ਕਿਰਿਆ ਤੇ ਹੀ ਸੰਭਵ ਹੈ। ਇਸ ਤਰ੍ਹਾਂ ਨਵ-ਕਾਂਟਵਾਦੀਆਂ ਦੇ ਹੱਥਾਂ ਵਿਚ ਦਰਸ਼ਨ ਪ੍ਰਕ੍ਰਿਤਕ ਵਿਗਿਆਨ ਤੇ ਕੇਂਦ੍ਰਿਤ ਗਿਆਨ ਸਿਧਾਂਤ ਬਣ ਗਿਆ।

ਨਵ-ਕਾਂਟਵਾਦੀ ਬਹੁਤ ਜ਼ਿਆਦਾ ਸੰਗਠਿਤ ਸੰਪਰਦਾਇ ਨਹੀਂ ਰਿਹਾ ਹੈ। ਕਾਂਟਵਾਦ ਵੱਲ ਜਾਣ ਦੀ ਗੱਲ ਸਭ ਤੋਂ ਪਹਿਲਾਂ ਲੀਬਮਾਨ ਵਾਈਸ, ਜੇਲਰ, ਫੋਰਟਲਾਗ, ਹੇਮ ਅਤੇ ਫਿਸ਼ਰ ਨੇ ਚਲਾਈ ਸੀ। ਲੀਵਮਾਨ ਨੇ ਆਪਣੇ ਗ੍ਰੰਥ 'ਫਿਰ ਕਾਂਟ ਕੀ ਔਰ' ਵਿਚ ਗਿਆਨ ਦੀ ਪ੍ਰਾਪਤੀ ਤੱਤ ਦਾਰਸ਼ਨਿਕ ਤਰਕ ਨਾਲ ਨਹੀਂ, ਵਿਗਿਆਨ ਨਾਲ ਸੰਭਵ ਮੰਨੀ ਜਾਂਦੀ ਹੈ। ਇਸ ਲਈ ਵਿਗਿਆਨ ਵਿਚ ਗਿਆਨ ਅਨੁਭਵੀ ਤੱਤਾਂ ਅਤੇ ਪਦਾਰਥਾਂ ਨਾਲ ਬਣੇ ਸਾਡੇ ਮਾਨਸਿਕ ਭਾਵਾਂ ਦਾ ਫਲ ਹੁੰਦਾ ਹੈ। ਇਸ ਲਈ ਉਸ ਦਾ ਕਹਿਣਾ ਹੈ ਕਿ ਕਾਂਟ ਦਰਸ਼ਨ ਵਿਚੋਂ ਤੱਤ ਦਰਸ਼ਨ ਕੱਢ ਕੇ ਦਰਸ਼ਨ ਦੇ ਵਿਸ਼ੇ ਵਿਚ ਸਿਰਫ਼ ਵਿਗਿਆਨ ਤੇ ਹੀ ਵਿਸ਼ਰਾਮ ਹੋਣਾ ਚਾਹੀਦਾ ਹੈ।

ਇਸ ਦਾ ਮੁੱਖ ਦਲ, ਮਾਰਬੁਰਗ ਯੂਨੀਵਰਸਿਟੀ ਵਿਚ ਹੋਣ ਕਾਰਨ ਮਾਰਬੁਰਗ ਦਲ ਕਹਿਲਾਂਦਾ ਹੈ। ਇਸ ਦਾ ਪ੍ਰਮੁੱਖ ਨੇਤਾ ਹਰਮਨ ਕੋਹੇਨ ਸੀ। ਉਸ ਨੇ ਕਾਂਟ ਦੇ ਸੰਸ਼ੋਧਨ ਵਿਚ ਚਿੰਤਨ ਨੂੰ ਉਪਲੱਬਧ ਤੱਤਾਂ ਦਾ ਸੰਗਠਿਤ ਕਰਨ ਵਾਲਾ ਨਹੀਂ ਸਗੋਂ ਆਪਣੇ ਸੰਕਲਪ ਵਿਚ ਉਨ੍ਹਾਂ ਦਾ ਨਿਰਮਾਣ ਕਰਨ ਵਾਲਾ ਕਿਹਾ ਹੈ। ਉਸ ਨੇ ਨੀਤੀ ਦੇ ਮੂਲ ਸਿਧਾਤਾਂ ਉੱਤੇ ਜ਼ੋਰ ਦਿੱਤਾ ਅਤੇ ਇਹ ਮਤ ਸਥਾਪਿਤ ਕੀਤਾ ਕਿ ਸ਼ੁੱਧ ਸੰਕਲਪ ਸਮਾਜਿਕ ਨਿਯਮਾਂ ਅਤੇ ਸਮੁਦਾਇਕ ਸੰਕਲਪ ਵਿਚ ਮਿਲਦਾ ਹੈ। ਵਿਅਕਤੀ ਸਮੁਦਾਇ ਦਾ ਅੰਗ ਰਹਿ ਕੇ ਆਪਣੇ ਜੀਵਨ ਵਿਚ ਸਮੁਦਾਇ ਦੇ ਨਿਯਮਾਂ ਦੇ ਵਾਸਤਵੀਕਰਨ ਦਾ ਯਤਨ ਕਰਦੇ ਹੋਏ ਵੀ ਨੈਤਿਕ ਹੋ ਸਕਦਾ ਹੈ।

ਮਾਰਬੁਰਗ ਦਲ ਦਾ ਹੀ ਹਾਂਸ ਫਾਈਹਿੰਗਰ ਨਵ-ਕਾਂਟਵਾਦ ਸੰਪਰਦਾਇ ਵਿਚ ਗਿਆਨ ਦਾਰਸ਼ਨਿਕਤਾ ਦਾ ਪ੍ਰਮੁੱਖ ਪ੍ਰਚਾਰਕ ਸੀ। ਉਸ ਨੇ ਖ਼ੁਦ ਇਸ ਮਤ ਦਾ ਪ੍ਰਤੀਪਾਦਨ ਕੀਤਾ। ਇਸ ਦਲ ਵਿਚ ਆਲਬਰੇਖਤ ਰਿਸ਼ਲ ਨੇ ਧਾਰਮਿਕ ਸਿਧਾਂਤਾਂ ਨੂੰ ਪ੍ਰਤੀਕ ਮਾਤਰ ਘੋਸ਼ਿਤ ਕਰ ਕੇ ਉੱਨੀਵੀਂ ਸਦੀ ਵਿਚ ਈਸਾਈ ਧਰਮ ਦਰਸ਼ਨ ਦੀ ਨਵ-ਕਾਂਟਵਾਦੀ ਵਿਚਾਰਧਾਰਾ ਦੀ ਸਥਾਪਨਾ ਕੀਤੀ। ਇਹ ਵਿਚਾਰਧਾਰਾ ਕਾਂਟ ਦੇ ਨੀਤੀ ਦਾਰਸ਼ਨਿਕ ਵਿਚਾਰਾਂ ਨੂੰ ਵਧੇਰੇ ਮਹੱਤਵ ਦਿੰਦੀ ਹੈ।

ਨਵ-ਕਾਂਟਵਾਦੀਆਂ ਦਾ ਇਕ ਹੋਰ ਦਲ ਹਾਈਡਲਬਰਗ ਹੈ ਜਿਸ ਨੇ ਨਿਆਂ ਅਤੇ ਪ੍ਰਾਕ੍ਰਿਤਕ ਵਿਗਿਆਨ ਦੀ ਤਰ੍ਹਾਂ ਨਿਆਂ ਦਾ ਵਿਰੋਧ ਕਰ ਕੇ ਕਾਂਟ ਦੇ ਨੀਤੀ ਸਿਧਾਤਾਂ ਨੂੰ ਅਜਿਹੇ ਵਿਸਤ੍ਰਿਤ ਮੁੱਲਾਂ ਅਤੇ ਸਿਧਾਤਾਂ ਦਾ ਰੂਪ ਦਿੱਤਾ ਜਿਸ ਨਾਲ ਅਧਿਆਤਮਵਾਦੀਆਂ ਵਲੋਂ ਖੰਡਤ ਵਿਸ਼ਿਸ਼ਟ ਵਿਅਕਤੀਆਂ ਅਤੇ ਇਤਿਹਾਸਕ ਘਟਨਾਵਾਂ ਨੂੰ ਮਾਨਤਾ ਪ੍ਰਦਾਨ ਹੋਈ।

ਹ. ਪੁ.–ਹਿੰ. ਵਿ. ਕੋ. 6 : 257

ਨਵਤਾਰਾ : ਨਵਤਾਰਾ, ਪਰਿਵਰਤੀ ਤਾਰੇ (Variable star) ਨੂੰ ਕਹਿੰਦੇ ਹਨ ਜੋ ਇਕ-ਦਮ ਚਮਕ ਉਠਦਾ ਹੈ। ਇਸ ਦੀ ਚਮਕ ਬਹੁਤ ਥੋੜ੍ਹੇ ਸਮੇਂ ਲਈ ਹੁੰਦੀ ਹੈ। ਉਸ ਪਿਛੋਂ ਇਹ ਹੌਲੀ-ਹੌਲੀ ਆਪਣੀ ਪਹਿਲੀ ਅਵਸਥਾ ਵਿਚ ਆ ਜਾਂਦਾ ਹੈ। ਨਵਤਾਰੇ ਦੀ ਚਮਕ ਬਹੁਤ ਤੇਜ਼ੀ ਨਾਲ ਵਧਦੀ ਹੈ। ਦੋ ਜਾਂ ਤਿੰਨ ਦਿਨ ਜਾਂ ਇਸ ਨਾਲੋਂ ਵੀ ਘੱਟ ਸਮੇਂ ਵਿਚ ਇਹ ਚਮਕ ਕਈ ਹਜ਼ਾਰ ਗੁਣਾਂ ਤੱਕ ਹੋ ਜਾਂਦੀ ਹੈ ਪਰੰਤੂ ਚਮਕ ਦੇ ਘੱਟਣ ਵਿਚ ਕਾਫ਼ੀ ਸਮਾਂ ਲਗ ਜਾਂਦਾ ਹੈ। ਸ਼ੁਰੂ ਵਿਚ ਚਮਕ ਬਹੁਤ ਤੇਜ਼ੀ ਨਾਲ ਘਟਦੀ ਹੈ ਪਰ ਬਾਅਦ ਵਿਚ ਚਮਕ ਦੇ ਘਟਣ ਦੀ ਗਤੀ ਘੱਟ ਜਾਂਦੀ ਹੈ। ਚਮਕ ਦੇ ਘਟਣ ਸਮੇਂ ਚਮਕ ਵਿਚ ਉਤਾਰ ਚੜ੍ਹਾਅ ਵੀ ਹੁੰਦਾ ਰਹਿੰਦਾ ਹੈ। ਆਮ ਤੌਰ ਤੇ ਇਕ ਨਵਤਾਰੇ ਨੂੰ ਆਪਣੀ ਪਹਿਲੀ ਅਵਸਥਾ ਪ੍ਰਾਪਤ ਕਰਨ ਵਿਚ 10 ਤੋਂ 20 ਸਾਲ ਦਾ ਸਮਾਂ ਲਗ ਜਾਂਦਾ ਹੈ।

ਆਮ ਤੌਰ ਤੇ ਨਵਤਾਰੇ ਆਪਣੇ ਜੀਵਨ ਕਾਲ ਵਿਚ ਸਿਰਫ ਇਕ ਵਾਰ ਤੇਜ ਚਮਕ ਕੇ ਸ਼ਾਂਤ ਹੋ ਜਾਂਦੇ ਹਨ ਪਰੰਤੂ ਤਿੰਨ ਤਾਰੇ ਅਜਿਹੇ ਵੇਖੇ ਜਾ ਚੁੱਕੇ ਹਨ ਜੋ ਇਕ ਤੋਂ ਜ਼ਿਆਦਾ ਵਾਰ ਤੇਜ਼ ਚਮਕੇ ਹਨ। ਇਹ ਨਵਤਾਰੇ ਆਰ. ਐਸ. ਔਫੀਊਚੀ (R. S. Ophiuchi) (1898, 1939, 1958) ਅਤੇ ਟੀ. ਕੋਰੋਨਾ ਬੋਰੀਆਕਸ ਜੋ ਕ੍ਰਮਵਾਰ ਤਿੰਨ ਅਤੇ ਦੋ ਵਾਰ ਤੇਜ਼ੀ ਨਾਲ ਚਮਕ ਚੁੱਕੇ ਹਨ। ਨਵਤਾਰਾ ਟੀ. ਪਿਕਿਸਡਸ ਚਾਰ ਵਾਰ ਆਪਣੀ ਚਮਕ ਦਿਖਾ ਚੁਕਿਆ ਹੈ। ਵਾਰ-ਵਾਰ ਤੇਜ਼ ਚਮਕਣ ਵਾਲੇ ਤਾਰੇ ਨੂੰ ਆਵਰਤ (Recurrent) ਨਵਤਾਰਾ ਕਹਿੰਦੇ ਹਨ।

ਨਵਤਾਰੇ ਦੇ ਸਪੈਕਟ੍ਰਮੀ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਚਮਕ ਦੇ ਵਧਣ ਨਾਲ ਤਾਰੇ ਦੁਆਲੇ ਅਜਿਹੀਆਂ ਗੈਸਾਂ ਉਤਪੰਨ ਹੋ ਜਾਂਦੀਆਂ ਹਨ ਜਿਨ੍ਹਾਂ ਦਾ ਵੇਗ ਬਹੁਤ ਹੁੰਦਾ ਹੈ। ਸਾਇੰਸਦਾਨਾਂ ਦਾ ਕਹਿਣਾ ਹੈ ਕਿ ਨਵਤਾਰੇ ਵਿਚ ਚਮਕ ਪੈਦਾ ਕਰਨ ਵਾਲੀਆਂ ਗੈਸਾਂ ਨਵਤਾਰੇ ਦੇ ਅੰਦਰ ਹੋਣ ਵਾਲੇ ਵਿਸਫੋਟ ਨਾਲ ਉਤਪੰਨ ਹੁੰਦੀਆਂ ਹਨ।

ਕਈ ਨਵਤਾਰੇ ਸਾਧਾਰਣ ਨਵਤਾਰਿਆਂ ਨਾਲੋਂ ਜ਼ਿਆਦਾ ਚਮਕਦਾਰ ਹੁੰਦੇ ਹਨ। ਇਨ੍ਹਾਂ ਤਾਰਿਆਂ ਦੀ ਚਮਕ ਉਨ੍ਹਾਂ ਦੀ ਆਕਾਸ਼-ਗੰਗਾ ਦੀ ਚਮਕ ਤੋਂ ਵੀ ਜ਼ਿਆਦਾ ਹੋ ਜਾਂਦੀ ਹੈ। ਅਜਿਹੇ ਤਾਰੇ ਨੂੰ ਸੁਪਰ ਨੋਵਾ (Supernova) ਜਾਂ ਅਧਿਨਵ ਤਾਰਾ ਕਹਿੰਦੇ ਹਨ। ਉਦਾਹਰਣ ਵਜੋਂ ਸਭ ਤੋਂ ਚਮਕਦਾਰ ਅਧਿਨਵ ਤਾਰਾ ਵੀਹਵੀਂ

ਸਦੀ (ਅਗਸਤ, 1937) ਵਿਚ ਦੇਖਿਆ ਗਿਆ ਜਿਸ ਦੀ ਚਮਕ ਉਸ ਦੀ ਆਕਾਸ਼ ਗੰਗਾ ਨਾਲੋਂ 100 ਗੁਣਾਂ ਜ਼ਿਆਦਾ ਸੀ।

ਸੰਨ 1936 ਤੋਂ 1941 ਤੱਕ ਫ਼ਰਿਟਜ ਜ਼ੇਵਿਕੀ ਅਤੇ ਜੀ. ਜਾਹਨਸਨ ਨੇ 19 ਅਧਿਨਵ ਤਾਰਿਆਂ ਦੀ ਖੋਜ ਕੀਤੀ।

ਸਭ ਤੋਂ ਪਹਿਲਾ ਅਧਿਨਵ ਤਾਰਾ ਆਕਾਸ਼ ਗੰਗਾ ਵਿਚ 1054 ਈ. ਵਿਚ ਚੀਨੀਆਂ ਦੁਆਰਾ ਦੇਖਿਆ ਗਿਆ ਅਤੇ ਕਰੈਬ ਨੈਬੂਲਾ (Crab Nabula) ਦੇ ਨਾਂ ਨਾਲ ਪ੍ਰਸਿੱਧ ਹੋਇਆ। ਇਸ ਵਿਚ ਗੈਸਾਂ ਦਾ ਪਸਾਰ 1, 100 ਕਿ. ਮੀ. ਪ੍ਰਤੀ ਸੈਕਿੰਡ ਦੇ ਵੇਗ ਨਾਲ ਹੁੰਦਾ ਹੈ। ਦੂਸਰਾ ਟਾਈਕੋ (Tycho's) ਨਵਤਾਰਾ 1572 ਈ. ਵਿਚ ਦਿਖਾਈ ਦਿੱਤਾ। ਤੀਜਾ ਕੇਪਲਰ (Kepler)ਨਵਤਾਰਾ ਹੈ ਜੋ 1604 ਈ. ਵਿਚ ਦਿਖਾਈ ਦਿੱਤਾ। ਸੰਨ 1944 ਤੱਕ ਲਗਭਗ 100 ਨਵਤਾਰੇ ਆਕਾਸ਼ ਗੰਗਾ ਜਾਂ ਇਸ ਦੇ ਆਸਪਾਸ ਵੇਖੇ ਗਏ। ਅਧਿਨਵ ਤਾਰੇ ਦੀ ਚਮਕ ਕਈ ਵਾਰੀ ਸੂਰਜ ਦੀ ਚਮਕ ਨਾਲੋਂ ਵੀ ਜ਼ਿਆਦਾ ਹੁੰਦੀ ਹੈ।

ਅਧਿਨਵ ਤਾਰਿਆਂ ਬਾਰੇ ਜਾਣਕਾਰੀ ਬਹੁਤ ਮਹੱਤਵਪੂਰਨ ਹੈ ਕਿਉਂਕਿ ਇਨ੍ਹਾਂ ਨਾਲ ਕਈ ਨਵੇਂ ਤੱਥਾਂ ਦਾ ਪਤਾ ਲਗਦਾ ਹੈ ਜਿਨ੍ਹਾਂ ਤੋਂ ਤਾਰਿਆਂ, ਅਕਾਸ਼ ਗੰਗਾ ਦੇ ਅਤੇ ਸਮੁੱਚੇ ਬ੍ਰਹਿਮੰਡ ਦੇ ਵਿਕਾਸ ਸੰਬਧੀ ਸਪਸ਼ਟ ਜਾਣਕਾਰੀ ਮਿਲ ਸਕਦੀ ਹੈ।

ਹ. ਪੁ.–ਐਨ. ਬ੍ਰਿ. 16: 566; ਹਿ. ਵਿ. ਕੋ. 6 : 258

ਨਵਤੇਜ ਸਿੰਘ : ਪੰਜਾਬੀ ਦੇ ਚੋਣਵੇਂ ਕਹਾਣੀਕਾਰਾਂ ਵਿਚੋ ਇਕ, ਇਸ ਕਹਾਣੀਕਾਰ ਦਾ ਜਨਮ 4 ਫ਼ਰਵਰੀ, 1925 ਨੂੰ. ਸ. ਗੁਰਬਖਸ਼ ਸਿੰਘ ਪ੍ਰੀਤਲੜੀ ਦੇ ਗ੍ਰਹਿ ਵਿਖੇ ਸਿਆਲਕੋਟ ਵਿਚ ਹੋਇਆ। ਇਹ ਮਨੋਵਿਗਿਆਨ ਵਿਸ਼ੇ ਵਿਚ ਐਮ. ਏ. ਕਰਨ ਉਪਰੰਤ ਆਪਣੇ ਪਿਤਾ ਨਾਲ ਪ੍ਰੀਤਲੜੀ ਦਾ ਸੰਪਾਦਕ ਬਣ ਗਿਆ। ਇਸ ਦੇ ਪ੍ਰੌਢ ਕਥਾਕਾਰ ਜੀਵਨ ਦਾ ਆਰੰਭ 'ਮਨੁੱਖ ਦੇ ਪਿਉ' ਨਾਲ ਹੁੰਦਾ ਹੈ ਜਿਸ ਨੂੰ 1953 ਈ. ਵਿਚ ਰੁਮਾਨੀਆਂ ਵਿਚ ਹੋਏ ਚੌਥੇ ਵਿਸ਼ਵ ਯੁਵਕ ਮੇਲੇ ਵਿਚ ਪ੍ਰਥਮ ਇਨਾਮ ਪ੍ਰਾਪਤ ਹੋਇਆ। ਇਸ ਤੋਂ ਬਾਅਦ ਭਾਵੇਂ ਇਸ ਦੀਆਂ ਕੁਝ ਕਹਾਣੀਆਂ ਦੁਨੀਆਂ ਦੀਆਂ ਕਈ ਜ਼ੁਬਾਨਾਂ ਵਿਚ ਅਨੁਵਾਦ ਹੋ ਚੁੱਕੀਆਂ ਹਨ ਪਰੰਤੂ ਇਸ ਦੀ ਕਹਾਣੀ ਕਲਾ ਵਿਕਾਸ ਨਹੀਂ ਕਰ ਸਕੀ। ਇਸ ਦੇ ਠਹਿਰਾਉ ਦਾ ਇਕ ਕਾਰਨ ਤਾਂ ਇਸ ਨੂੰ ਪੁੰਗਰਣ ਤੋਂ ਪਹਿਲਾਂ ਮਿਲੀ ਪ੍ਰਸਿੱਧੀ ਹੈ। ਦੂਜਾ ਇਸ ਦਾ ਕੱਟੜ ਕਮਿਊਨਿਸਟ ਯੋਧੇ ਦੀ ਤਰ੍ਹਾਂ ਇਕ ਨਿਸ਼ਚਿਤ ਚੌਖਟੇ ਵਿਚੋਂ ਹੀ ਸਾਰੀ ਦੁਨੀਆ ਨੂੰ ਵੇਖਣ ਅਤੇ ਸਿਰਜਣ ਪ੍ਰਕ੍ਰਿਆ ਨੂੰ ਚੇਤੰਨ ਹੋ ਕੇ ਸਾਹਿਤ ਦੀ ਸਿਰਜਣਾ ਕਰਨਾ ਹੈ। ਇਸ ਦੀਆਂ ਕਹਾਣੀਆਂ ਵਿਚ ਮਨੋਵਿਗਿਆਨਕ ਗਹਿਰਾਈ ਦੀ ਥਾਂ ਆਰਥਿਕ ਤੇ ਸਮਾਜਿਕ ਮਸਲਿਆਂ ਨੂੰ ਪੱਤਰਕਾਰੀ ਪੱਧਰ ਦਾ ਉਪਭਾਵੁਕ ਪ੍ਰਗਟਾ ਹੋਇਆ ਹੈ। ਮਾਰਕਸਵਾਦ ਪ੍ਰਤੀਬੱਧਤਾ ਕਾਰਨ ਇਸ ਨੇ ਆਪਣੀ ਕਹਾਣੀਆਂ ਦੇ ਬਹੁਤੇ ਪਾਤਰ ਸਾਧਾਰਣ ਜ਼ਿੰਦਗੀ ਵਿਚੋਂ ਲਏ ਹਨ ਭਾਵੇਂ ਬਹੁਤੇ ਪਾਤਰ ਪੇਂਡੂ ਜ਼ਿੰਦਗੀ ਨਾਲ ਸਬੰਧਤ ਹਨ ਪਰੰਤੂ ਉਨ੍ਹਾਂ ਦੀਆਂ ਕਠੋਰ ਯਥਾਰਥ ਵਾਲੀਆਂ ਸਮੱਸਿਆਵਾਂ ਨੂੰ ਵੀ ਇਸ ਨੇ ਕਾਵਿਕ ਕਲਪਨਾ ਰਾਹੀਂ ਕੋਮਲ ਕਲਪਨਾ ਚਿੱਤਰਾਂ ਅਤੇ ਪ੍ਰਤੀਕਾਂ ਦੀ ਸਿਰਜਣਾ ਕਰ ਕੇ ਸ਼ਹਿਰੀ ਸੂਖਮਤਾ ਜਿਹਾ ਪ੍ਰਗਟਾ ਦਿੱਤਾ ਹੈ। ਕਾਵਿਕ ਬੋਲੀ, ਵਿਅੰਗ ਅਤੇ ਅਗਾਂਹਵਧੂ ਦ੍ਰਿਸ਼ਟੀਕੋਣ ਇਸਦੀ ਕਹਾਣੀ ਰਚਨਾ ਦੇ ਉਘੜਵੇਂ ਗੁਣ ਹਨ। ਦੇਸ਼ ਵਾਪਸੀ, 'ਨਵੀਂ ਰੁੱਤ', 'ਬਾਸਮਤੀ ਦੀ ਮਹਿਕ', 'ਚਾਨਣ ਦੇ ਬੀਜ' ਅਤੇ 'ਭਾਈਆਂ ਬਾਝ' ਆਦਿ ਇਸ ਦੇ ਕਹਾਣੀ ਸੰਗ੍ਰਹਿ ਹਨ।

ਹ. ਪੁ.–ਪੰ. ਸਾ. ਕੋ. ਭਾਗ ਦੂਜਾ: 434; ਪੰ. ਸਾ. ਇ. : 344

ਨਵਧਾ ਭਗਤੀ : ਇਹ ਭਗਤੀ ਦੇ ਪ੍ਰਾਚੀਨ ਵਿਦਵਾਨ ਵਲੋਂ ਗ੍ਰੰਥਾਂ ਵਿਚ ਲਿਖੀ ਗਈ ਨੌਂ ਪ੍ਰਕਾਰ ਦੀ ਭਗਤੀ (ਨੌਂ ਪ੍ਰਕਾਰ ਦੀ ਸੇਵਾ) ਵਿਚੋਂ ਸਭ ਤੋਂ ਵੱਧ ਚਰਚਿਤ ਹੈ। 'ਭਾਗਵਤ ਪੁਰਾਣ' ਵਿਚ ਵਰਣਿਤ ਇਹ ਨੌਂ ਅੰਗ ਇਸ ਤਰ੍ਹਾਂ ਹਨ :— (1) ਸ਼੍ਰਵਣ (2) ਕੀਰਤਨ (3) ਸਮਰਣ (4) ਪਾਦ ਸੇਵਨ (5) ਪੂਜਾ ਅਰਚਾ (6) ਵੰਦਨ (7) ਦਾਸਯ (8) ਸਖਯ ਅਤੇ (9) ਆਤਮ ਨਿਵੇਦਨ। ਇਨ੍ਹਾਂ ਨੌਂ ਅੰਗਾਂ ਦੀ ਵਿਆਖਿਆ ਕਰਦਿਆਂ ਰੂਪ-ਗੋਸੁਆਮੀ ਨੇ 'ਹਰਿਭਕਤਿ ਰਸਾਮ੍ਰਿਤ ਸਿੰਧੁ' ਵਿਚ ਦਸਿਆ ਹੈ ਕਿ ਰੱਬ ਦੇ ਨਾਮ, ਚਰਿਤਰ ਅਤੇ ਗੁਣਾਂ ਨੂੰ ਸੁਣਨਾ ਸ੍ਰਵਣ ਭਗਤੀ ਹੈ। ਉਨ੍ਹਾਂ ਦੇ ਨਾਮ ਲੀਲਾ ਅਤੇ ਗੁਣਾਂ ਨੂੰ ਉੱਚੇ ਸੁਰ ਵਿਚ ਕਥਨ ਕਰਨਾ ਕੀਰਤਨ ਭਗਤੀ ਹੈ। ਉਸ ਦੇ ਮਨ ਨਾਲ ਜਿਵੇਂ ਕਿਵੇਂ ਵੀ ਸਬੰਧ ਸਥਾਪਿਤ ਕਰਨਾ ਸਮਰਣ ਭਗਤੀ ਹੈ। ਉਸ ਦੇ ਸਰੀਰ (ਅਵਤਾਰੀ ਜਾਂ ਮੂਰਤੀ) ਦੀ ਚਰਣ ਸੇਵਾ ਪਾਦ ਸੇਵਨ ਭਗਤੀ ਅਤੇ ਪੂਜਾ ਕਰਨਾ ਅਰਚਨ ਭਗਤੀ ਹੈ। ਸਤੋਤ੍ਰ ਦੁਆਰਾ ਉਸ ਦੀ ਉਸਤਤ ਕਰਨਾ ਵੰਦਨ ਭਗਤੀ ਹੈ। ਰੱਬ ਵਿਚ ਸਭ ਤਰ੍ਹਾਂ ਦੇ ਕਰਮਾਂ ਨੂੰ ਅਰਪਣ ਕਰਨਾ ਦਾਸਯ ਭਗਤੀ ਹੈ। ਉਸ ਵਿਚ ਅਟਲ ਵਿਸ਼ਵਾਸ਼ ਹੋਣਾ ਅਤੇ ਉਸ ਪ੍ਰਤੀ ਮਿੱਤਰਤਾ ਦਾ ਭਾਵ ਸਥਾਪਿਤ ਕਰਨਾ ਸਖੈਯ ਭਗਤੀ ਹੈ। ਉਸ ਦੀ ਸੇਵਾ ਵਿਚ ਆਪਣੀ ਆਤਮਾ (ਦੇਹ ਅਤੇ ਦੇਹੀ) ਨੂੰ ਅਰਪਿਤ ਕਰ ਦੇਣਾ ਆਤਮ ਨਿਵੇਦਨ ਭਗਤੀ ਹੈ।

'ਬ੍ਰਹਮਵੈਵਰਤ-ਪੁਰਾਣ' (ਪ੍ਰਕ੍ਰਿਤੀ ਖੰਡ 63/69) ਵਿਚ ਵੀ ਇਕ ਨਵਧਾ ਭਗਤੀ ਦਾ ਵਰਣਨ ਹੋਇਆ ਹੈ। ਇਸ ਨਵਧਾ ਭਗਤੀ ਦੀ ਉਪਰੋਕਤ ਨਵਧਾ ਭਗਤੀ ਨਾਲ ਤੁਲਨਾ ਕੀਤਿਆਂ ਪਤਾ ਲਗਦਾ ਹੈ ਕਿ ਭਾਗਵਤ ਪੁਰਾਣ ਦੇ ਦਾਸਯ ਅਤੇ ਸਖਯ ਅੰਗਾਂ ਦੀ ਥਾਂ ਤੇ 'ਬ੍ਰਹਮਵੈਵਰਤ ਪੁਰਾਣ' ਵਿਚ ਭਾਵ ਅਤੇ ਧਿਆਨ ਨਾਂ ਦੇ ਅੰਗਾਂ ਨੂੰ ਸ਼ਾਮਲ ਕੀਤਾ ਗਿਆ ਹੈ। ਬਾਕੀ ਦੇ ਸੱਤ ਅੰਗ ਦੋਹਾਂ ਪੁਰਾਣਾਂ ਵਿਚ ਇਕੋ ਜਿਹੇ ਹਨ।

'ਅਧਿਆਤਮ ਰਾਮਾਇਣ' ਵਿਚ ਇਕ ਹੋਰ ਤਰ੍ਹਾਂ ਦੀ ਨਵਧਾ ਭਗਤੀ ਦਾ ਵਰਣਨ ਹੋਇਆ ਹੈ ਜਿਸ ਦੇ ਨੌਂ ਅੰਗ ਇਸ ਪ੍ਰਕਾਰ ਹਨ :— (1) ਸਤਿਸੰਗ, (2) ਰਾਮਕਥਾ ਦਾ ਕੀਰਤਨ (3) ਰਾਮ ਗੁਣਾਂ ਦੀ ਚਰਚਾ, (4) ਰਾਮ ਵਾਕਾਂ ਦੀ ਵਿਆਖਿਆ (5) ਗੁਰੂ ਸੇਵਾ (6) ਰਾਮ ਦੀ ਪੂਜਾ ਵਿਚ ਪ੍ਰੇਮ ਦਾ ਹੋਣਾ (7) ਰਾਮ ਮੰਤਰਾਂ ਦੀ ਉਪਾਸਨਾ (8) ਰਾਮ ਨਾਲੋਂ ਰਾਮ ਭਗਤ ਪ੍ਰਤੀ ਅਧਿਕ ਅਤੇ ਵਿਸ਼ੇਸ਼ ਆਦਰ ਅਤੇ (9) ਰਾਮ ਤੱਤ੍ਵ ਦਾ ਵਿਚਾਰ ਅਤੇ ਅਨੁਭਵ। ਅਜਿਹੀ ਭਗਤੀ ਪ੍ਰੇਮ ਲਕਸ਼ਣਾ ਭਗਤੀ ਨੂੰ ਜਨਮ ਦਿੰਦੀ ਹੈ।

'ਭਾਗਵਤ ਪੁਰਾਣ' ਅਤੇ 'ਅਧਿਆਤਮ ਰਾਮਾਇਣ' ਦੀਆਂ ਨਵਧਾ ਭਗਤੀਆਂ ਦੀ ਤੁਲਨਾ ਕੀਤਿਆਂ ਪਤਾ ਲਗਦਾ ਹੈ ਕਿ ਭਾਗਵਤਕਾਰ ਨੇ ਸਾਧਕ ਦੀਆਂ ਸਾਰੀਆਂ ਕ੍ਰਿਆਵਾਂ ਦਾ ਸਬੰਧ ਭਗਵਾਨ ਨਾਲ ਜੋੜਿਆ ਹੈ ਜਦ ਕਿ 'ਅਧਿਆਤਮ-ਰਸਾਇਣ ਦੇ ਕਰਤਾ ਨੇ ਸਾਧਕ ਦੇ ਭਗਵਾਨ ਨਾਲ ਸਬੰਧ ਜੋੜਨ ਦੇ ਨਾਲ-ਨਾਲ ਸਾਧਕ ਦੀਆਂ ਚਿੱਤ ਵ੍ਰਿਤੀਆਂ ਦੀ ਨਿਰਮਲਤਾ ਵੱਲ ਵੀ ਧਿਆਨ ਦਿੱਤਾ ਹੈ।

ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ ਵਿਚ ਨੌਂ ਪ੍ਰਕਾਰ ਦੀ ਭਗਤੀ ਦਾ ਵਰਣਨ ਕੀਤਾ ਹੈ ਪਰ ਉਹ ਉਪਰੋਕਤ ਵਿਚੋਂ ਕਿਹੜੇ ਗ੍ਰੰਥ ਨਾਲ ਸਬੰਧ ਰੱਖਦੀ ਹੈ ਇਸ ਬਾਰੇ ਕੋਈ ਸਪੱਸ਼ਟਤਾ ਨਹੀਂ ਹੈ ਪਰੰਤੂ ਵਧੇਰੇ ਪ੍ਰਚਲਿਤ ਭੇਦ 'ਭਾਗਵਤ ਪੁਰਾਣ' ਵਾਲਾ ਹੈ। ਜਾਪਦਾ ਹੈ ਕਿ ਗੁਰੂ ਜੀ ਨੇ ਉਸੇ ਵੱਲ ਇਸ਼ਾਰਾ ਕੀਤਾ ਹੋਏ।

ਭਗਤਿ ਨਵੈ ਪਰਕਾਰਾ॥ ਪੰਡਿਤੁ ਵੇਦੁ ਪੁਕਾਰਾ॥ (ਅ.ਗ੍ਰੰ.71)

ਗੁਰੂ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਵਿਚ ਨੌਂ ਪ੍ਰਕਾਰ ਦੀ ਭਗਤੀ ਬਾਰੇ ਲਿਖਿਆ ਹੈ ਜਿਵੇਂ :

1. **ਸ੍ਰਵਣ** :—ਆਪਣੇ ਇਸ਼ਟ ਦੇਵ ਦਾ ਯਸ਼ ਸੁਣਨਾ :— ਕੋਟਿ ਕਰਨ ਦੀਜਹਿ ਪ੍ਰਭ ਪ੍ਰੀਤਮ ਹਰਿ ਗੁਣ ਸੁਣੀਅਹਿ ਅਬਿਨਾਸੀ ਰਾਮ॥

   ਸੁਣਿ ਸੁਣਿ ਇਹੁ ਮਨੁ ਨਿਰਮਲੁ ਹੋਵੈ ਕਟੀਐ ਕਾਲ ਕੀ ਫਾਸੀ ਰਾਮ॥ (ਸੂਹੀ ਛੰਤ ਮ. ੫)

2. **ਕੀਰਤਨ** :—ਗੁਣਾਂ ਦਾ ਕਥਨ, ਗੁਣਾਂ ਦਾ ਗਾਉਣਾ :- ਆਨਦ ਸੂਖ ਮੰਗਲ ਬਨੇ ਪੇਖਤ ਗੁਨ ਗਾਉ॥

   ਕਥਾ ਕੀਰਤਨੁ ਰਾਗ ਨਾਦ ਧੁਨਿ ਇਹੁ ਬਨਿਓ ਸੁਆਉ॥ (ਬਿਲਾ. ਮ.੫)

3. **ਸਿਮਰਨ**—ਯਾਦ ਕਰਨਾ, ਚਿੱਤ ਦਵਾਰਾ, ਚਿੰਤਨ ਕਰਨਾ :- ਨਾਨਕ ਸੋਈ ਦਿਨਸੁ ਸੁਹਾਵੜਾ ਜਿਤੁ ਪ੍ਰਭੁ ਆਵੈ ਚਿਤਿ॥

   (ਵਾਰ ਗਉੜੀ ਮ. ੫)

4. **ਪਾਦਸੇਵਨ** : ਚਰਣ ਸੇਵਾ ਕਰਨੀ

   ਪੈ ਪਾਇ ਮਨਾਈ ਸੋਇ ਜੀਉ (ਸਿਰੀ ਰਾਗ ਮ. ੫)

5. **ਅਰਚਨ ਚੰਦਨ ਫੁਲ ਆਦਿ ਦੀ ਸਮੱਗਰੀ ਨਾਲ ਪੂਜਾ ਕਰਨੀ** : ਤੇਰਾ ਨਾਮੁ ਕਰੀ ਚਨਣਾਠੀਆ ਜੇ ਮਨੁ ਉਰਸਾ ਹੋਇ॥

   ਕਰਣੀ ਕੁੰਗੂ ਜੇ ਰਲੈ ਘਟ ਅੰਤਰਿ ਪੂਜਾ ਹੋਇ॥

   (ਗੂਜ. ਮ. ੧)

6. **ਵੰਦਨ** : ਪ੍ਰਣਾਮ, ਨਮਸਕਾਰ

   ਪ੍ਰਭੂ ਜੀ ਤੂ ਮੇਰੇ ਪ੍ਰਾਨ ਅਧਾਰੈ॥ (ਬਿਲਾ. ਮ. ੫)

7. **ਸਖਯ** : ਇਸ਼ਟ ਨਾਲ ਮਿੱਤਰ ਭਾਵ

   ਸਜਣੁ ਸਚਾ ਪਾਤਿਸਾਹੁ ਸਿਰਿ ਸਾਹਾਂ ਦੈ ਸਾਹੁ॥

   (ਸਲੋਕ. ਮ. ੫)

8. **ਦਾਸਯ** : ਸੇਵਕ ਭਾਵ

   ਤੂੰ ਸਾਚਾ ਸਾਹਿਬੁ ਦਾਸੁ ਤੇਰਾ ਗੋਲਾ॥ (ਮਾਝ ਮ. ੫)

9. **ਆਤਮ ਨਿਵੇਦਨ** : ਆਪਣਾ ਆਪ ਅਰਪਨ

   ਮਨੁ ਤਨੁ ਅਰਪਿ ਰਖਉ ਹਰਿ ਆਗੈ ਸਰਬ

   ਜੀਆ ਕਾ ਹੈ ਪ੍ਰਤਿਪਾਲ॥ (ਬਿਲਾਵਲ. ਮ. ੫)

ਹ. ਪੁ.—ਪੰ. ਸਾ. ਸੰ. ਕੋ. : 26; ਮ. ਕੋ. : 514

ਨਵ-ਫੀਸਾਗੋਰਸਵਾਦ : ਮੰਨਿਆ ਜਾਂਦਾ ਹੈ ਕਿ ਨਵ-ਫੀਸਾਗੋਰਸਵਾਦ (ਪਾਇਥਾਗੋਰਸਵਾਦ) ਦਾ ਜਨਮ ਫੀਸਾਗੋਰਸਵਾਦ ਤੋਂ ਹੋਇਆ। ਪਰੰਤੂ ਨਵ-ਫੀਸਾਗੋਰਸਵਾਦ ਸਭ ਤੋਂ ਪਹਿਲਾਂ ਪਹਿਲੀ ਸਦੀ ਈ. ਪੂ. ਰੋਮ ਵਿਖੇ ਪ੍ਰਚਲਿਤ ਹੋਇਆ ਅਤੇ ਉਥੋਂ ਇਸ ਨੇ ਸਕੰਦਰੀਆ ਵਿਚ ਪ੍ਰਵੇਸ਼ ਕੀਤਾ। ਤੀਜੀ ਸਦੀ ਵਿਚ ਨਵ-ਅਫਲਾਤੂਨਵਾਦ ਵਿਚ ਜਜ਼ਬ ਹੋਣ ਤੱਕ ਇਹ ਇਥੇ ਪ੍ਰਚਲਿਤ ਰਿਹਾ। ਰੋਮਨ ਵਿਦਵਾਨ ਪਬਲੀਅਸ ਫਿਗੁਲਸ ਇਸ ਦਾ ਬਾਨੀ ਸੀ। ਇਸ ਸੰਪ੍ਰਦਾਇ ਦੇ ਸਿਧਾਂਤ ਜੋ ਕਿ ਧਾਰਮਕ ਅੰਦੋਲਨ ਨਾਲ ਮਿਲਦੇ ਜੁਲਦੇ ਹਨ, ਅਫਲਾਤੂਨਵਾਦ, ਸਟਾਇਕਵਾਦ ਅਤੇ ਅਰਸਤੂਵਾਦ ਦੇ ਮੂਲ ਤੱਤ ਅਪਣਾਏ ਜਿਨ੍ਹਾਂ ਨੂੰ ਮੁਖ ਤੌਰ ਤੇ ਪਾਇਥਾਗੋਰਸਵਾਦ ਤੋਂ ਵੀ ਸਮਰਥਨ ਪ੍ਰਾਪਤ ਹੋਇਆ। ਇਸ ਦੀ ਸੰਕਲਨ-ਪ੍ਰਣਾਲੀ ਕਾਰਨ ਇਸ ਮਤ ਦੇ ਵਿਵਸਥਿਤ ਦਰਸ਼ਨ ਦੇ ਆਮ ਸੰਗ੍ਰਿਹ ਨੂੰ ਲੱਭਣਾ ਮੁਸ਼ਕਿਲ ਹੈ ਹਾਲਾਂਕਿ ਇਸ ਦੀ ਮਾਨਸਿਕ ਅਵਸਥਾ ਅਤੇ ਭੌਤਿਕ ਤੱਤ ਵਿਚਲੇ ਦਵੈਤਵਾਦ ਬਾਰੇ ਨਿਸ਼ਚਿਤ ਹੈ।

ਇਸ ਵਿਚਾਰ ਅਨੁਸਾਰ ਚੇਤਨ ਅਤੇ ਅਚੇਤਨ, ਆਤਮਾ ਅਤੇ ਪ੍ਰਕ੍ਰਿਤੀ ਦਾ ਭੇਦ ਮੌਲਿਕ ਭੇਦ ਹੈ। ਯੂਨਾਨ ਵਿਚ ਦਰਸ਼ਨ ਨੂੰ ਜੀਵਨ ਵਿਧੀ ਦੇ ਰੂਪ ਵਿਚ ਦੇਖਿਆ ਜਾਂਦਾ ਹੈ ਅਤੇ ਇਹੀ ਨਵ-ਫੀਸਾਗੋਰਸਵਾਦ ਦਾ ਨਜ਼ਰੀਆ ਹੈ। ਇਸ ਦਾ ਮੂਲ ਆਧਾਰ ਰੂਪ ਯੂਨਾਨੀ ਸੀ ਅਤੇ ਇਸ ਦੀ ਸੋਚਣੀ ਪੂਰਬੀ ਸੀ। ਨਵ-ਫੀਸਾਗੋਰਸਵਾਦ ਦੀ ਮਹੱਤਤਾ ਮੁੱਖ ਤੌਰ ਤੇ ਨਵ-ਅਫਲਾਤੂਨਵਾਦ ਉੱਤੇ ਇਸ ਦੇ ਪ੍ਰਭਾਵ ਕਾਰਨ ਹੈ।

ਹ. ਪੁ.-ਐਨ. ਅਮੈ. 20 : 98; ਹਿੰ. ਵਿ. ਕੋ. 6 : 258

ਨਵ-ਬਸਤੀਵਾਦ : ਸਾਮਰਾਜ-ਵਾਦ ਦੇ ਹੋਂਦ ਵਿਚ ਆਉਣ ਨਾਲ ਸੰਸਾਰ ਵਿਚ ਪੂੰਜੀਵਾਦੀ ਪ੍ਰਣਾਲੀ ਦਾ ਬੋਲਬਾਲਾ ਵਧ ਗਿਆ। ਸਾਮਰਾਜਵਾਦੀ ਦੇਸ਼ਾਂ ਨੇ ਬਸਤੀਵਾਦੀ ਨੀਤੀ ਅਪਨਾ ਕੇ ਦੁਨੀਆ ਦੇ ਦੇਸ਼ਾਂ ਨੂੰ ਆਪਸ ਵਿਚ ਵੰਡ ਲਿਆ। ਪੂੰਜੀਵਾਦ ਦੇ ਵਿਕਾਸ ਨਾਲ ਕੁਝ ਇਕ ਵਿਕਸਿਤ ਦੇਸ਼ਾਂ ਨੇ ਬਸਤੀਵਾਦੀ ਨੀਤੀ ਦੁਆਰਾ ਦੁਨੀਆ ਦੇ ਬਹੁਤੇ ਦੇਸ਼ਾਂ ਵਿਚ ਵਸਦੀ ਆਬਾਦੀ ਨੂੰ ਲੁੱਟਣ ਦੇ ਕਈ ਢੰਗ ਲੱਭ ਲਏ। ਇਨ੍ਹਾਂ ਸਾਮਰਾਜਵਾਦੀ ਦੇਸ਼ਾਂ ਨੇ ਪਛੜੇ ਅਤੇ ਗਰੀਬ ਦੇਸ਼ਾਂ ਦੀ ਰਾਜਨੀਤਿਕ ਸੱਤਾ ਨੂੰ ਆਪਣੇ ਹੱਥ ਵਿਚ ਲੈ ਲਿਆ। ਇਸ ਤਰ੍ਹਾਂ ਇਹ ਪਛੜੇ ਹੋਏ ਅਤੇ ਗਰੀਬ ਦੇਸ਼ ਇਕ ਤਰ੍ਹਾਂ ਨਾਲ ਸਾਮਰਾਜਵਾਦੀ ਦੇਸ਼ਾਂ ਦੇ ਗੁਲਾਮ ਬਣ ਗਏ। ਸਾਮਰਾਜਵਾਦ ਦੀ ਇਹ ਬਸਤੀਵਾਦੀ ਨੀਤੀ ਨੇ ਬਹੁਤ ਸਾਰੇ ਘੱਟ ਵਿਕਸਿਤ ਦੇਸ਼ਾਂ ਨੂੰ ਆਰਥਿਕ ਪੱਖੋਂ ਕਮਜ਼ੋਰ ਕਰ ਦਿੱਤਾ। ਸੰਨ 1919 ਵਿਚ ਦੁਨੀਆ ਦੀ ਲਗਭਗ 70% ਆਬਾਦੀ ਇਨ੍ਹਾਂ ਬਸਤੀਵਾਦੀ ਦੇਸ਼ਾਂ ਵਿਚ ਰਹਿੰਦੀ ਸੀ ਅਤੇ ਦੁਨੀਆ ਦੇ ਕੁੱਲ ਖੇਤਰ ਦਾ 72% ਹਿੱਸਾ ਇਨ੍ਹਾਂ ਦੇਸ਼ਾਂ ਕੋਲ ਸੀ। ਭਾਰਤ ਵੀ ਬਰਤਾਨਵੀ ਸਾਮਰਾਜ ਦੀ ਬਸਤੀ ਸੀ ਜਿਸ ਉੱਤੇ ਬਰਤਾਨੀਆ ਨੇ 1752 ਤੋਂ 1947 ਈ. ਤੱਕ ਲਗਭਗ 190 ਸਾਲ ਰਾਜ ਕੀਤਾ। ਰੂਸ ਵਿਚ 1917 ਈ. ਦੀ ਸਾਮਰਾਜਵਾਦੀ ਕ੍ਰਾਂਤੀ ਨੇ ਸਾਮਰਾਜਵਾਦੀ ਤਾਕਤਾਂ ਨੂੰ ਇਕ ਭਾਰਤੀ ਸੱਟ ਮਾਰੀ ਅਤੇ ਇਸ ਉਪਰੰਤ ਸ਼ਾਮਰਾਜਵਾਦੀ ਤਾਕਤਾਂ ਦੀਆਂ ਜੜ੍ਹਾਂ ਕਮਜ਼ੋਰ ਹੁੰਦੀਆਂ ਗਈਆਂ। ਬਹੁਤ ਸਾਰੇ ਬਸਤੀਵਾਦੀ ਦੇਸ਼ ਆਜ਼ਾਦੀ ਲਈ ਲੜਨ ਲਗ ਪਏ ਅਤੇ ਹੌਲੀ ਹੌਲੀ ਇਨ੍ਹਾਂ ਦੇਸ਼ਾਂ ਨੇ ਬਸਤੀਵਾਦੀ ਗੁਲਾਮੀ ਦੀਆਂ ਜੰਜ਼ੀਰਾਂ ਨੂੰ ਆਪਣੇ ਗਲੋਂ ਲਾਹ ਦਿੱਤਾ। ਸੰਨ 1976 ਵਿਚ ਦੁਨੀਆ ਦੀ ਕੁੱਲ ਆਬਾਦੀ ਦਾ ਇਕ ਪ੍ਰਤਿਸ਼ਤ ਹੀ ਬਸਤੀਵਾਦ ਅਧੀਨ ਸੀ। ਇਸ ਤਰ੍ਹਾਂ ਬਸਤੀਵਾਦੀ ਪ੍ਰਣਾਲੀ ਲਗਭਗ ਖ਼ਤਮ ਹੋ ਗਈ ਹੈ। ਇਸ ਪ੍ਰਣਾਲੀ ਦੇ ਖ਼ਤਮ ਹੋਣ ਨਾਲ ਸਾਮਰਾਜਵਾਦੀ ਦੇਸ਼ਾਂ ਨੂੰ ਕਾਫ਼ੀ ਨੁਕਸਾਨ ਪਹੁੰਚਿਆ ਜਿਸ ਨੂੰ ਉਹ ਸਹਿ ਨਾ ਸਕੇ। ਇਨ੍ਹਾਂ ਦੇਸ਼ਾਂ ਨੇ ਪਛੜੇ ਹੋਏ ਅਤੇ ਗਰੀਬ ਦੇਸ਼ਾਂ ਦੀ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਸਮੱਸਿਆਵਾਂ ਦਾ ਪੂਰਾ ਪੂਰਾ ਲਾਭ ਉਠਾਇਆ। ਸਾਮਰਾਜਵਾਦੀ ਦੇਸ਼ਾਂ ਨੇ ਇਨ੍ਹਾਂ ਦੇਸ਼ਾਂ ਨੂੰ ਆਪਣੇ ਅਧੀਨ ਕਰਨ ਲਈ ਇਕ ਨਵਾਂ ਢੰਗ ਲੱਭ ਲਿਆ ਜਿਸ ਨੂੰ ਨਵ-ਬਸਤੀਵਾਦ ਆਖਿਆ ਗਿਆ ਹੈ।

ਨਵ-ਬਸਤੀਵਾਦ ਇਕ ਅਜਿਹੀ ਪ੍ਰਣਾਲੀ ਹੈ ਜਿਸ ਵਿਚ ਸਾਮਰਾਜਵਾਦੀ ਦੇਸ਼ ਅਲਪ-ਵਿਕਸਤ ਦੇਸ਼ਾਂ ਦਾ ਸ਼ੋਸਣ ਅੰਤਰ-ਰਾਸ਼ਟਰੀ ਵਪਾਰ, ਆਰਥਿਕ ਅਤੇ ਮਿਲਟਰੀ ਸਹਾਇਤਾ ਨਾਲ ਕਰਦੇ ਹਨ। ਨਵ-ਬਸਤੀਵਾਦ ਸਮੂਹਿਕ ਰੂਪ ਵਿਚ ਇਕ ਅਜਿਹਾ ਆਰਥਿਕ, ਰਾਜਨੀਤਿਕ ਅਤੇ ਮਿਲਟਰੀ ਢੰਗ ਹੈ ਜਿਸ ਦੁਆਰਾ

ਸਾਮਰਾਜਵਾਦੀ ਦੇਸ਼ ਵਿਕਾਸਸ਼ੀਲ ਦੇਸ਼ਾਂ ਦੀ ਕੇਵਲ ਆਰਥਿਕ ਪੱਖੋਂ ਹੀ ਲੁੱਟ-ਖਸੁੱਟ ਨਹੀਂ ਕਰਦੇ ਸਗੋਂ ਉਨ੍ਹਾਂ ਨੂੰ ਹਰ ਪੱਖ ਤੋਂ ਆਪਣੇ ਉੱਤੇ ਨਿਰਭਰ ਬਣਾ ਦਿੰਦੇ ਹਨ। ਨਵ-ਬਸਤੀਵਾਦੀ ਨੀਤੀ ਦਾ ਮੁੱਖ ਉਦੇਸ਼ ਸੁਤੰਤਰ ਅਤੇ ਵਿਕਾਸਸ਼ੀਲ ਦੇਸ਼ਾਂ ਨੂੰ ਵਿਕਸਿਤ ਨਾ ਹੋਣ ਦੇਣਾ ਹੈ ਤਾਂ ਜੋ ਉਹ ਦੇਸ਼ ਸਾਮਰਾਜਵਾਦੀ ਦੇਸ਼ਾਂ ਲਈ ਆਰਥਿਕ ਮੰਡੀਆਂ ਬਣੇ ਰਹਿਣ। ਸੰਯੁਕਤ ਰਾਜ, ਬਰਤਾਨੀਆ, ਫਰਾਂਸ ਜਰਮਨੀ ਆਦਿ ਸਾਮਰਾਜਵਾਦੀ ਦੇਸ਼ ਆਪਣੀ ਆਰਥਿਕ ਤਾਕਤ ਦੁਆਰਾ ਹੁਣ ਤੱਕ ਅਲਪ-ਵਿਕਸਿਤ ਦੇਸ਼ਾਂ ਦੀ ਲੁੱਟ-ਖਸੁੱਟ ਨਵ-ਬਸਤੀਵਾਦੀ ਨੀਤੀ ਦੁਆਰਾ ਕਰ ਰਹੇ ਹਨ। ਨਵ-ਬਸਤੀਵਾਦ ਇਨ੍ਹਾਂ ਅਲਪ-ਵਿਕਸਿਤ ਦੇਸ਼ਾਂ ਦਾ ਸ਼ੋਸ਼ਣ ਕਰਨ ਲਈ ਹੇਠ ਲਿਖੇ ਢੰਗ ਅਪਣਾਉਂਦਾ ਹੈ :

(1) **ਪੂੰਜੀ ਦਾ ਨਿਰਯਾਤ**—ਪੂੰਜੀ ਨਿਰਯਾਤ ਦੁਆਰਾ ਸਾਮਰਾਜਵਾਦੀ ਦੇਸ਼ ਅਲਪ-ਵਿਕਸਿਤ ਦੇਸ਼ਾਂ ਨੂੰ ਆਰਥਿਕ ਸਹਾਇਤਾ ਦਿੰਦੇ ਹਨ। ਆਰਥਿਕ ਸਹਾਇਤਾ ਕੁਝ ਅਜਿਹੀਆਂ ਸ਼ਰਤਾਂ ਅਧੀਨ ਦਿੱਤੀ ਜਾਂਦੀ ਹੈ ਜਿਹੜੀਆਂ ਸ਼ਰਤਾਂ ਇਨ੍ਹਾਂ ਦੇਸ਼ਾਂ ਦੇ ਹਿਤ ਵਿਚ ਨਹੀਂ ਹੁੰਦੀਆਂ। ਅਲਪ ਵਿਕਸਿਤ ਆਰਥਿਕ ਸਹਾਇਤਾ ਲੈਣ ਲਈ ਮਜਬੂਰ ਹੁੰਦੇ ਹਨ। ਸਾਮਰਾਜਵਾਦੀ ਦੇਸ਼ ਆਰਥਿਕ ਸਹਾਇਤਾ ਦੁਆਰਾ ਇਨ੍ਹਾਂ ਦੇਸ਼ਾਂ ਦੀ ਰਾਜਨੀਤਿਕ ਅਤੇ ਮਿਲਟਰੀ ਪੱਖਾਂ ਤੋਂ ਆਪਣੇ ਹਿੱਤਾਂ ਦੀ ਸੁਰੱਖਿਆ ਲਈ ਵਰਤਦੇ ਹਨ। ਕਈ ਵਾਰ ਆਰਥਿਕ ਸਹਾਇਤਾ ਬੰਦ ਕਰ ਕੇ ਉਹ ਇਨ੍ਹਾਂ ਦੇਸ਼ਾਂ ਦੇ ਵਿਕਾਸ ਨੂੰ ਨੁਕਸਾਨ ਪਹੁੰਚਾਉਂਦੇ ਹਨ।

(2) **ਦੁਪੱਖੀ ਸਮਝੌਤੇ** — ਦੁਪੱਖੀ ਸਮਝੌਤੇ ਦੁਆਰਾ ਸਾਮਰਾਜਵਾਦੀ ਦੇਸ਼ ਅਲਪ-ਵਿਕਸਿਤ ਦੇਸ਼ਾਂ ਨੂੰ ਆਪਣੇ ਮਿਲਟਰੀ ਕੈਂਪ ਵਿਚ ਲੈ ਆਉਂਦੇ ਹਨ। ਅਜਿਹੇ ਸਮਝੌਤਿਆਂ ਦਾ ਮੁੱਖ ਉਦੇਸ਼ ਇਨ੍ਹਾਂ ਦੇਸ਼ਾਂ ਦੀ ਭੂਮੀ ਉੱਤੇ ਮਿਲਟਰੀ ਅੱਡੇ ਕਾਇਮ ਕਰਨਾ ਹੈ ਤਾਂ ਜੋ ਉਸ ਦੇ ਗਵਾਂਢੀ ਦੇਸ਼ਾਂ ਨੂੰ ਡਰਾਇਆ ਜਾ ਸਕੇ। ਇਸ ਢੰਗ ਨਾਲ ਸਾਮਰਾਜਵਾਦੀ ਦੇਸ਼ ਇਨ੍ਹਾਂ ਨੂੰ ਰਾਜਨੀਤਿਕ ਪੱਖ ਤੋਂ ਅਸਿੱਧੇ ਤੌਰ ਤੇ ਆਪਣੇ ਅਧੀਨ ਕਰ ਲੈਂਦੇ ਹਨ।

(3) **ਬਹੁ-ਰਾਸ਼ਟਰੀ ਕੰਪਨੀਆਂ ਦੀ ਸਥਾਪਨਾ**—ਬਦੇਸ਼ੀ ਬਹੁ-ਰਾਸ਼ਟਰੀ ਕੰਪਨੀਆਂ ਦੀ ਸਥਾਪਨਾ ਦੁਆਰਾ ਸਾਮਰਾਜਵਾਦੀ ਦੇਸ਼ ਪੂੰਜੀ ਅਤੇ ਤਕਨੀਕ ਦਾ ਇਸਤੇਮਾਲ ਕਰਕੇ ਅਲਪ-ਵਿਕਸਿਤ ਦੇਸ਼ਾਂ ਦੀ ਪੂੰਜੀ ਅਤੇ ਸਾਧਨਾਂ ਦਾ ਸ਼ੋਸ਼ਣ ਕਰਦੇ ਹਨ। ਭਾਵੇਂ ਅਜਿਹੀਆਂ ਕੰਪਨੀਆਂ ਦੀ ਸਥਾਪਨਾ ਨਾਲ ਇਨ੍ਹਾਂ ਦੇਸ਼ਾਂ ਦੇ ਲੋਕਾਂ ਨੂੰ ਰੋਜ਼ਗਾਰ ਮਿਲਦਾ ਹੈ ਅਤੇ ਉਤਪਾਦਨ ਅਤੇ ਆਮਦਨ ਵਿਚ ਵਾਧਾ ਹੁੰਦਾ ਹੈ ਪਰੰਤੂ ਅਜਿਹੀਆਂ ਕੰਪਨੀਆਂ ਦੇ ਲਾਭ ਦਾ ਇਕ ਵੱਡਾ ਹਿੱਸਾ ਸਾਮਰਾਜਵਾਦੀ ਦੇਸ਼ਾਂ ਨੂੰ ਜਾਂਦਾ ਹੈ। ਇਸ ਤਰ੍ਹਾਂ ਸਾਮਰਾਜ-ਵਾਦੀ ਦੇਸ਼ ਦੂਜੇ ਦੇਸ਼ਾਂ ਦੇ ਸਾਧਨਾਂ ਦੀ ਵਰਤੋਂ ਆਪਣੇ ਹਿਤ ਲਈ ਕਰਦੇ ਹਨ। ਵਰਤਮਾਨ ਵਿਚ ਇਸ ਢੰਗ ਦੀ ਵਰਤੋਂ ਸੰਸਾਰੀ ਕਰਨ ਦੀ ਮੁਹਿੰਮ ਅਧੀਨ ਕੀਤੀ ਜਾ ਰਹੀ ਹੈ।

(4) **ਅੰਤਰਰਾਸ਼ਟਰੀ ਵਿੱਤੀ ਸੰਸਥਾਵਾਂ ਦਾ ਸੰਗਠਨ**—ਨਵ-ਬਸਤੀਵਾਦ ਨੇ ਅਲਪ-ਵਿਕਸਿਤ ਦੇਸ਼ਾਂ ਦੇ ਸ਼ੋਸ਼ਣ ਕਰਨ ਦਾ ਇਕ ਨਵਾਂ ਢੰਗ ਸਮੂਹਿਕ ਰੂਪ ਵਿਚ ਲੱਭਿਆ ਹੈ। ਇਹ ਢੰਗ ਅੰਤਰ-ਰਾਸ਼ਟਰੀ ਪੱਧਰ ਉੱਤੇ ਵਿੱਤੀ ਅਤੇ ਕਰਜ਼ੇ ਦੀਆਂ ਸੰਸਥਾਵਾਂ ਨੂੰ ਸਥਾਪਤ ਕਰਨਾ ਹੈ। ਕਹਿਣ ਨੂੰ ਇਹ ਸੰਸਥਾਵਾਂ ਅਲਪ-ਵਿਕਸਿਤ ਦੇਸ਼ਾਂ ਦੀ ਆਰਥਿਕ ਭਲਾਈ ਲਈ ਸਥਾਪਿਤ ਕੀਤੀਆਂ ਗਈਆਂ ਹਨ ਪਰ ਇਨ੍ਹਾਂ ਸੰਸਥਾਵਾਂ ਦੀਆਂ ਨੀਤੀਆਂ ਇਸ ਢੰਗ ਨਾਲ ਲਾਗੂ ਕੀਤੀਆਂ ਜਾਂਦੀਆਂ ਹਨ ਜਿਸ ਨਾਲ ਸਾਮਰਾਜਵਾਦੀ ਦੇਸ਼ਾਂ ਦੇ ਹਿਤਾਂ ਦੀ ਸੁਰੱਖਿਆ ਹੋ ਸਕੇ। ਅੰਤਰ-ਰਾਸ਼ਟਰੀ ਮੁਦਰਾ ਕੋਸ਼ (IMF), ਅੰਤਰਰਾਸ਼ਟਰੀ ਵਿਕਾਸ ਏਜੰਸੀ (IDA), ਅੰਤਰਰਾਸ਼ਟਰੀ ਬੈਂਕ ਆਦਿ ਕੁਝ ਅਜਿਹੀਆਂ ਵਿੱਤੀ ਸੰਸਥਾਵਾਂ ਹਨ ਜਿਨ੍ਹਾਂ ਉੱਤੇ ਸਾਮਰਾਜਵਾਦੀ ਦੇਸ਼ਾਂ ਦਾ ਕੰਟਰੋਲ ਹੈ। ਇਨ੍ਹਾਂ ਸੰਸਥਾਵਾਂ ਰਾਹੀਂ ਇਹ ਦੇਸ਼ ਵਿਕਾਸਸ਼ੀਲ ਦੇਸ਼ਾਂ ਦੇ ਅੰਦਰੂਨੀ ਮਾਮਲਿਆਂ ਵਿਚ ਦਖ਼ਲ ਦਿੰਦੇ ਹਨ।

(5) **ਕਠਪੁਤਲੀ ਸਰਕਾਰਾਂ ਦੀ ਸਥਾਪਨਾ**—ਸਾਮਰਾਜਵਾਦੀ ਦੇਸ਼ ਅਲਪ-ਵਿਕਸਿਤ ਦੇਸ਼ਾਂ ਵਿਚ ਖੁਫੀਆ ਏਜੰਸੀਆਂ ਦੁਆਰਾ ਕਠਪੁਤਲੀ ਸਰਕਾਰਾਂ ਨੂੰ ਸਥਾਪਤ ਕਰਨ ਦੀ ਕੋਸ਼ਿਸ਼ ਕਰਦੇ ਹਨ ਤਾਂ ਜੋ ਇਹ ਦੇਸ਼ ਅੰਤਰਰਾਸ਼ਟਰੀ ਪੱਧਰ ਉੱਤੇ ਇਨ੍ਹਾਂ ਦੇਸ਼ਾਂ ਦੀਆਂ ਨੀਤੀਆਂ ਦਾ ਸਮਰਥਨ ਕਰਨ। ਇਸ ਢੰਗ ਨਾਲ ਸਾਮਰਾਜਵਾਦੀ ਦੇਸ਼ ਇਨ੍ਹਾਂ ਦੇਸ਼ਾਂ ਦੀਆਂ ਸਰਕਾਰਾਂ ਨੂੰ ਕੇਵਲ ਕਮਜ਼ੋਰ ਹੀ ਨਹੀਂ ਬਣਾਉਂਦੇ ਸਗੋਂ ਇਨ੍ਹਾਂ ਤੋਂ ਆਪਣੀਆਂ ਨੀਤੀਆਂ ਨੂੰ ਮਨਵਾਉਂਦੇ ਵੀ ਹਨ ਅਤੇ ਇਸ ਨਾਲ ਇਹ ਦੇਸ਼ ਸਾਮਰਾਜਵਾਦੀ ਦੇਸ਼ਾਂ ਉੱਤੇ ਨਿਰਭਰ ਹੋ ਜਾਂਦੇ ਹਨ।

ਨਵ-ਬਸਤੀਵਾਦੀ ਵਰਤਮਾਨ ਵਿਚ ਅਲਪ-ਵਿਕਸਿਤ ਦੇਸ਼ਾਂ ਨੂੰ ਗ਼ੁਲਾਮ ਬਣਾਉਣ ਦਾ ਇਕ ਸਫਲ ਢੰਗ ਹੈ।

ਹ.ਪੁ.—ਦੀ ਥਿਊਰੀ ਆਫ ਕੈਪੀਟਲ ਡਿਵੈਲਪਮੈਂਟ—ਪਾਲ ਐਮ. ਸਵੀਜੀ. ਚੈਪਟਰ-17; ਪੋਲਿਟੀਕਲ ਇਕਾਨਮੀ ਕੈਪਟਿਲਿਜ਼ਮ—ਜੀ.ਏ. ਕਾਜਲਵ, ਚੈਪਟਰ 12 ਤੋਂ 15; ਦੀ ਹਾਈਅਸਟ ਸਟੇਜ ਆਫ਼ ਕੈਪਟੀਲਿਜ਼ਮ—ਵੀ. ਆਈ ਲੈਨਿਨ, ਚੈਪਟਰ 10

ਨਵਰਾਤਰੀ : ਇਹ ਤਿਉਹਾਰ ਬਸੰਤ ਰੁੱਤ ਅਤੇ ਚੇਤਰ ਦੇ ਮਹੀਨੇ ਵਿਚ ਲਗਭਗ ਸਾਰੇ ਭਾਰਤ ਵਿਚ ਮਨਾਇਆ ਜਾਂਦਾ ਹੈ। ਬੰਗਾਲ, ਬਿਹਾਰ ਅਤੇ ਆਸਾਮ ਵਿਚ ਇਸ ਤਿਉਹਾਰ ਦੇ ਮੌਕੇ ਤੇ ਬੜੀ ਧੂਮ ਧਾਮ ਨਾਲ ਦੁਰਗਾ ਪੂਜਾ ਕੀਤੀ ਜਾਂਦੀ ਹੈ। ਮਾਰਕੰਡੇ ਪੁਰਾਣ ਦੇ ਚੰਡੀ ਵਰਣਨ ਅਨੁਸਾਰ ਮਹਿਖਾਸੁਰ ਦੇ ਅਤਿਆਚਾਰਾਂ ਤੋਂ ਰਖਿਆ ਕਰਨ ਲਈ ਦੇਵੀ ਨੇ ਵਿਸ਼ਣੂ ਆਦਿ ਦੇਵਤਿਆਂ ਦੀਆਂ ਸ਼ਕਤੀਆਂ ਤ੍ਰਿਸ਼ੂਲ, ਚੱਕਰ ਆਦਿ ਹਥਿਆਰ ਲੈ ਕੇ ਦੈਂਤਾਂ ਦਾ ਨਾਸ਼ ਕੀਤਾ ਸੀ। ਇਸ ਲਈ ਇਸ ਦੁਰਗਾ ਦੇਵੀ ਦੀ ਪੂਜਾ ਕੀਤੀ ਜਾਂਦੀ ਹੈ, ਇਹ ਪੂਜਾ ਤਿੰਨ ਤਰ੍ਹਾਂ ਕੀਤੀ ਜਾਂਦੀ ਹੈ—ਸਾਤਵਿਕ ਪੂਜਾ ਜਪ ਅਤੇ ਚੰਡੀ ਦਾ ਪਾਠ ਕਰਨ ਲਈ ਮਾਸ ਰਹਿਤ ਚੜ੍ਹਾਵਾ ਚੜ੍ਹਾ ਕੇ ਕੀਤੀ ਜਾਂਦੀ ਹੈ। ਰਾਜਸ ਪੂਜਾ ਕਿਸੇ ਜਾਨਵਰ ਦੀ ਬਲੀ ਅਤੇ ਸ਼ਰਾਬ ਦੇ ਕੇ ਅਤੇ ਤਾਮਸ ਪੂਜਾ ਸ਼ਰਾਬ ਅਤੇ ਮਾਸ ਦੀ ਬਲੀ ਦਿੱਤੇ ਬਿਨਾਂ ਹੀ ਮੰਤਰ ਆਦਿ ਪੜ੍ਹ ਕੇ ਕੀਤੀ ਜਾਂਦੀ ਹੈ। ਬਲੀ ਬੱਕਰਾ ਅਤੇ ਸੰਡਾ ਆਦਿ ਦੀ ਹੀ ਦਿੱਤੀ ਜਾ ਸਕਦੀ ਹੈ। ਕੁਝ ਥਾਵਾਂ ਤੇ ਰਕਤ ਦੀ ਬਲੀ ਨਾ ਦੇ ਕੇ ਗੰਨਾ, ਮਾਦਕ ਪਦਾਰਥ ਅਤੇ ਸ਼ਰਾਬ ਆਦਿ ਦੀ ਹੀ ਦੇਣਾ ਠੀਕ ਮੰਨਿਆ ਗਿਆ ਹੈ। ਕੁਝ ਲੋਕ ਆਟੇ ਦੇ ਬਣਾਏ ਪਸ਼ੂ, ਨਾਰੀਅਲ, ਬਿਲ ਅਤੇ ਨਿੰਬੂ ਆਦਿ ਕੱਟ ਕੇ ਅਹਿੰਸਕ ਬਲੀ ਚੜ੍ਹਾਉਂਦੇ ਹਨ।

ਪੰਜਾਬ, ਉੱਤਰ ਪ੍ਰਦੇਸ਼, ਗੁਜਰਾਤ, ਮਹਾਰਾਸ਼ਟਰ ਅਤੇ ਦੱਖਣ ਵਿਚ ਨਵਰਾਤਰੀ ਦੇ ਦਿਨਾਂ ਵਿਚ ਜੌਂ ਬੀਜਣ ਦੀ ਰੀਤ ਕੀਤੀ ਜਾਂਦੀ ਹੈ। ਇਸ ਪਰਵ ਦੇ ਸ਼ੁਰੂ ਵਿਚ ਸੋਨੇ ਚਾਂਦੀ ਜਾਂ ਮਿੱਟੀ ਦੇ ਬਰਤਨ ਵਿਚ ਗੰਗਾ ਦਾ ਮੰਤਰ ਪੜ੍ਹ ਕੇ ਜਲ ਭਰਨ ਉਪਰੰਤ ਪਵਿੱਤਰ ਬੇਦੀ ਤੇ ਰੱਖਿਆ ਜਾਂਦਾ ਹੈ। ਇਸ ਦੇ ਕੋਲ ਦੁਰਗਾ ਰੱਖੀ ਜਾਂਦੀ ਹੈ ਅਤੇ ਪਵਿੱਤਰ ਮਿੱਟੀ ਵਿਚ ਜੌਂ ਦੇ ਬੀਜ ਬੀਜੇ ਜਾਂਦੇ ਹਨ। ਹਾੜ੍ਹੀ ਅਤੇ ਸਾਉਣੀ ਕੱਟਣ ਦੇ ਸਮੇਂ ਮਨਾਏ ਜਾਣ ਕਰ ਕੇ ਇਸ ਤਿਉਹਾਰ ਨੂੰ ਰੁੱਤਾਂ ਨਾਲ ਸਬੰਧਤ ਮੰਨਿਆ ਜਾਂਦਾ ਹੈ।

ਹ.ਪੁ.—ਹਿੰ. ਵਿ.ਕੋ. 6 : 262.

ਨਵਲ ਕਿਸ਼ੋਰ, ਮੁਣਸ਼ੀ : ਇਹ ਉੱਤਰੀ ਭਾਰਤ ਵਿਚ ਸਭ ਤੋਂ ਪਹਿਲੇ ਛਾਪੇਖ਼ਾਨੇ ਦਾ ਮਾਲਕ ਸੀ। ਸੰਨ 1858 ਵਿਚ ਇਸ ਨੇ ਲਖਨਊ ਵਿਖੇ ਛਾਪਾਖ਼ਾਨਾ ਖੋਲ੍ਹਿਆ ਜਿਸ ਵਿਚ ਹਿੰਦੀ ਦੀਆਂ ਪੁਸਤਕਾਂ ਦੇ ਪ੍ਰਕਾਸ਼ਨ ਵੱਲ ਸਭ ਤੋਂ ਪਹਿਲਾਂ ਧਿਆਨ ਦਿੱਤਾ। ਇਸ ਨੇ ਹਿੰਦੀ, ਉਰਦੂ, ਫ਼ਾਰਸੀ ਅਤੇ ਸੰਸਕ੍ਰਿਤ ਦੀਆਂ ਚਾਰ ਹਜ਼ਾਰ ਤੋਂ ਵੀ ਵੱਧ ਪੁਸਤਕਾਂ ਪ੍ਰਕਾਸ਼ਿਤ ਕੀਤੀਆਂ ਸਨ।

ਇਸ ਛਾਪੇਖ਼ਾਨੇ ਨੇ ਅੰਗਰੇਜ਼ ਸਰਕਾਰ ਦੇ ਉਦੇਸ਼ਾਂ ਦਾ ਆਮ ਲੋਕਾਂ ਤਕ ਪ੍ਰਚਾਰ ਕਰ ਕੇ ਯਾਦਗਾਰੀ ਦੇਸ਼ ਸੇਵਾ ਕੀਤੀ। ਇਸ ਕਾਰਨ ਹੀ ਬਰਤਾਨਵੀ ਸਰਕਾਰ ਦੇ ਉੱਦਮ ਨਾਲ ਇਹ ਪ੍ਰੈਸ ਉੱਨਤ ਹੁੰਦੀ ਗਈ।

ਸੰਨ 1859 ਵਿਚ ਇਸ ਛਾਪੇਖ਼ਾਨੇ ਤੋਂ ਅੰਗਰੇਜ਼ੀ ਵਿਚ ਇਕ ਪੱਤਰ ਕੱਢਿਆ ਗਿਆ। ਇਸ ਦਾ ਮੰਤਵ ਪਰਜਾ ਦੇ ਅਸ਼ਾਂਤ ਚਿੱਤ ਨੂੰ ਸਰਕਾਰ ਦੀ ਸ਼ਾਂਤ ਨੀਤੀ ਸਮਝਾ ਕੇ ਸ਼ਾਂਤੀ ਸਥਾਪਿਤ ਕਰਨਾ ਸੀ। ਇਸ ਉਦੇਸ਼ ਦੀ ਪੂਰਤੀ ਉਪਰੰਤ ਇਸ ਪੱਤਰ ਨੂੰ ਬੰਦ ਕਰ ਦਿੱਤਾ ਗਿਆ ਅਤੇ ਉਸ ਦੀ ਥਾਂ ਉਰਦੂ ਦਾ ਰੋਜ਼ਾਨਾ ਪੱਤਰ 'ਅਵਧ ਸਮਾਚਾਰ' ਸ਼ੁਰੂ ਹੋਇਆ। ਇਸ ਦੀ ਨੀਤੀ ਪਰਜਾ ਦੇ ਮਨ ਤੇ ਸਰਕਾਰ ਦਾ ਵਿਸ਼ਵਾਸ ਬਣਾਉਣਾ ਸੀ।

ਸਰਕਾਰ ਨੇ ਇਸ ਦੀ ਦੇਸ਼ ਭਗਤੀ ਅਤੇ ਦੇਸ਼ ਸੇਵਾ ਦੇਖ ਕੇ ਇਸ ਨੂੰ ਸੀ. ਆਈ. ਬੀ. ਦੀ ਉਪਾਧੀ ਦੇ ਕੇ ਸਨਮਾਨਿਤ ਕੀਤਾ।

ਹ. ਪੁ.—ਚ. ਕੋ.

ਨਵਲਗੁੰਡ : ਸ਼ਹਿਰ —ਇਹ ਭਾਰਤ ਦੇ ਕਰਨਾਟਕ ਰਾਜ ਦੇ ਧਾਰਵਾੜ ਜ਼ਿਲ੍ਹੇ ਦਾ ਇਕ ਸ਼ਹਿਰ ਹੈ ਜਿਹੜਾ ਧਾਰਵਾੜ ਸ਼ਹਿਰ ਦੇ ਉੱਤਰ-ਪੂਰਬ ਵੱਲ ਲਗਭਗ 39 ਕਿ.ਮੀ. (24 ਮੀਲ) ਦੂਰ ਸਥਿਤ ਹੈ। ਇਹ ਸ਼ਹਿਰ ਚੰਗੀ ਕਿਸਮ ਦੇ ਉੱਨੀ ਕਾਲੀਨ ਤਿਆਰ ਕਰਨ ਅਤੇ ਚੰਗੀ ਨਸਲ ਦੇ ਪਸ਼ੂ ਪਾਲਣ ਲਈ ਪ੍ਰਸਿੱਧ ਹੈ। ਇਨ੍ਹਾਂ ਪਸ਼ੂਆਂ ਦੀ ਹਰ ਮੰਗਲਵਾਰ ਇਥੇ ਹਫਤਾਵਾਰੀ ਮੰਡੀ ਵੀ ਲਗਦੀ ਹੈ। ਸੰਨ 1454 ਵਿਚ ਬਾਹਮਨੀ ਸੁਲਤਾਨ, ਅਲਾਉੱਦੀਨ ਦੇ ਅਧੀਨ ਇਹ ਸ਼ਹਿਰ ਇਕ ਸਰਕਾਰ ਦੇ ਸਦਰ ਮੁਕਾਮ ਵਜੋਂ ਹੋਂਦ ਵਿਚ ਆਇਆ। ਸੰਨ 1690 ਵਿਚ ਔਰੰਗਜ਼ੇਬ ਦੇ ਕਾਲ ਵਿਚ ਇਹ ਸਾਵਾਨੂਰ ਦੇ ਗਵਰਨਰ ਅਧੀਨ ਸੀ ਅਤੇ ਮਾਲ ਮਹਿਕਮੇ ਦੀ ਡਵੀਜ਼ਨ ਦਾ ਸਦਰ ਮੁਕਾਮ ਸੀ ਜਿਸ ਦਾ ਪ੍ਰਬੰਧ ਨਵਲਗੁੰਡ ਦਾ ਇਕ ਜੱਦੀ ਲਿੰਗਆਇਤ ਅਫ਼ਸਰ ਜਿਸ ਨੂੰ 'ਨਵਲਗੁੰਡ ਦਾ ਦੇਸਾਈ' ਕਿਹਾ ਜਾਂਦਾ ਸੀ ਕਰਦਾ ਸੀ। ਸੰਨ 1747 ਵਿਚ ਇਸ ਨੂੰ ਪੇਸ਼ਵਾ ਨੇ ਆਪਣੇ ਅਧਿਕਾਰ ਵਿਚ ਲੈ ਲਿਆ। ਫਿਰ ਇਸ ਨੂੰ ਟੀਪੂ ਸੁਲਤਾਨ ਨੇ ਜਿੱਤ ਲਿਆ। ਮਗਰੋਂ ਮਰਹੱਟਿਆਂ ਨੇ ਇਹ ਸ਼ਹਿਰ ਫਿਰ ਉਸ ਕੋਲੋਂ ਖੋਹ ਲਿਆ ਅਤੇ ਇਸ ਦੇ ਬਦਲੇ ਦੇਸਾਈ ਪਰਿਵਾਰ ਨੂੰ 23,000 ਰੁਪਏ ਸਾਲਾਨਾ ਆਮਦਨ ਦੇਣ ਵਾਲੀ ਜ਼ਮੀਨ ਗੁਜ਼ਾਰੇ ਹਿਤ ਦੇ ਦਿੱਤੀ। ਸੰਨ 1795 ਤੋਂ 1800 ਦੌਰਾਨ, ਮਰਹੱਟਿਆਂ ਦੇ ਰਾਜ ਵਿਚ ਹੋਈ ਹਲਚਲ ਸਮੇਂ ਢੂੰਡੂ ਗੋਖਲੇ ਨੇ ਨਵਲਗੁੰਡ ਅਤੇ ਗਛਗ ਦੇਸਾਈ ਪਰਿਵਾਰ ਤੋਂ ਖੋਹ ਲਿਆ। ਸੰਨ 1837 ਵਿਚ ਜਨਰਲ ਮੁਨਰੋ ਨੇ ਰਾਮ ਰਾਓ ਨਾਂ ਦੇ ਇਕ ਵਿਅਕਤੀ ਨੂੰ ਨਵਲਗੁੰਡ ਦਾ ਸੈਨਿਕ ਅਧਿਕਾਰੀ ਨਿਯੁਕਤ ਕਰ ਦਿੱਤਾ ਅਤੇ ਉਸ ਨੇ ਗੋਖਲੇ ਦੇ ਪੁੱਤਰ ਨੂੰ ਹਰਾ ਕੇ ਅੱਧੇ ਤੋਂ ਵੱਧ ਜ਼ਿਲ੍ਹੇ ਨੂੰ ਆਪਣੇ ਕਬਜ਼ੇ ਵਿਚ ਕਰ ਲਿਆ। ਜਦੋਂ ਗੋਖਲੇ ਨੂੰ ਆਪਣੇ ਪੁੱਤਰ ਦੀ ਹਾਰ ਬਾਰੇ ਪਤਾ ਲੱਗਾ ਤਾਂ ਉਹ ਬਦਾਮੀ ਸ਼ਹਿਰ ਤੋਂ ਵਾਪਸ ਆ ਗਿਆ ਪਰ ਧਾਰਵਾੜ ਤੋਂ ਚੜ੍ਹਾਈ ਕਰਕੇ ਆ ਰਹੇ ਜਨਰਲ ਮੁਨਰੋ ਤੋਂ ਹਾਰ ਗਿਆ। ਸੰਨ 1870 ਵਿਚ ਇਥੇ ਮਿਉਂਸਪਲਟੀ ਸਥਾਪਿਤ ਕੀਤੀ ਗਈ।

ਆਬਾਦੀ-19,439 (1991)

15° 33′ ਉ.ਵਿਥ.; 75° 21′ ਪੂ. ਲੰਬ.

ਹ. ਪੁ.—ਇੰਪ. ਗ. ਇੰਡ. 18 : 419

ਨਵਲੂ : ਇਹ ਇਕ ਨਾਮਵਰ ਯੋਧਾ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਸ਼ਰਧਾਲੂ ਸਿੱਖ ਅਤੇ ਇਕ ਵੱਡਾ ਵਿਦਵਾਨ ਸੀ। ਇਸ ਦੀ ਕਥਾ ਸੁਣਨ ਲਈ ਦੂਰੋਂ ਦੂਰੋਂ ਸਿੱਖ ਆਇਆ ਕਰਦੇ ਸਨ।

ਹ. ਪੁ.—ਮ. ਕੋ.

ਨਵ-ਵਿਆਕਰਣ ਪੱਧਤੀ : ਇਹ ਭਾਸ਼ਾ ਵਿਗਿਆਨ ਦੀ ਇਕ ਪੱਧਤੀ ਹੈ ਜੋ ਜਰਮਨੀ ਵਿਖੇ ਪ੍ਰਫੁੱਲਤ ਹੋਈ ਅਤੇ ਉਥੋਂ ਹੀ ਸਾਰੇ ਦੇਸ਼ਾਂ ਵਿਚ ਫੈਲੀ। ਸੰਨ 1875 ਵਿਚ ਜਰਮਨੀ ਦੇ ਵਿਦਵਾਨਾਂ ਦਾ ਇਕ ਸਮੂਹ ਇਸ ਸਿੱਟੇ ਤੇ ਪਹੁੰਚਿਆ ਕਿ ਭਾਸ਼ਾ ਪਰਿਵਰਤਨ ਦੇ ਸਿਲਸਿਲੇ ਵਿਚ ਧੁਨੀ ਨਿਯਮ ਵੀ ਸਥਿਰ ਨਹੀਂ ਹਨ ਪਰ ਇਸ ਮਤ ਬਾਰੇ ਵੀ ਕਈ ਵਿਵਾਦ ਹਨ ਕਿਉਂਕਿ ਧੁਨੀ ਨਿਯਮਾਂ ਦੇ ਸਪਸ਼ਟ ਨਾ ਹੋਣ ਕਾਰਨ ਭਾਸ਼ਾ ਦੇ ਪਰਿਵਰਤਨ ਵਿਚ ਵੀ ਕਈ ਅਨਿਯਮਿਤਾਵਾਂ ਸਾਹਮਣੇ ਆਉਂਦੀਆਂ ਹਨ ਜਿਹੜੀਆਂ ਧੁਨੀ ਨਿਯਮਾਂ ਅਨੁਸਾਰ ਬਿਆਨ ਨਹੀਂ ਕੀਤੀਆਂ ਜਾ ਸਕਦੀਆਂ ਜਿਵੇਂ ਕਿ ਗ੍ਰਿਮ ਨਿਯਮ। ਇਸ ਨਿਯਮ ਦੀਆਂ ਤਰੁੱਟੀਆਂ ਨੂੰ ਬਿਆਨ ਕਰਦੇ ਹੋਏ 1875 ਈ. ਵਿਚ ਡੈਨਮਾਰਕ ਦੇ ਭਾਸ਼ਾ ਵਿਗਿਆਨੀ ਕਾਰਲ ਵਰਨਰ ਨੇ 'ਵਰਨਰ ਨਿਯਮ' ਬਣਾਇਆ। ਬਾਅਦ ਵਿਚ ਹੋਰ ਕਈ ਮਹੱਤਵਪੂਰਣ ਧੁਨੀ ਨਿਯਮਾਂ ਦੀ ਖੋਜ ਕੀਤੀ ਗਈ ਜਿਨ੍ਹਾਂ ਨੂੰ ਪ੍ਰਤੱਖ ਅਪਵਾਦਾਂ ਨੂੰ ਸਮਝਣ ਲਈ ਵਰਤਿਆ ਗਿਆ।

19ਵੀਂ ਸਦੀ ਦੇ ਅਖ਼ੀਰ ਤਕ ਧੁਨੀ ਵਿਚ ਹੁੰਦੀਆਂ ਨਿਯਮਿਤ ਤਬਦੀਲੀਆਂ ਨੂੰ ਆਮ ਤੌਰ ਤੇ ਪ੍ਰਵਾਨ ਕਰ ਲਿਆ ਗਿਆ। ਅੱਜ-ਕੱਲ੍ਹ ਨਵ-ਵਿਆਕਰਣ ਪੱਧਤੀ ਦੇ ਸਿਧਾਂਤਾਂ ਨੂੰ ਗ਼ੈਰ ਭਾਰਤੀ ਯੂਰਪੀ ਭਾਸ਼ਾਵਾਂ ਦੇ ਅਧਿਐਨ ਲਈ ਸਫਲਤਾਪੂਰਵਕ ਵਰਤਿਆ ਜਾਂਦਾ ਹੈ। ਇਸ ਮੱਤ ਦਾ ਮੁੱਖ ਬਾਨੀ ਜਰਮਨੀ ਦਾ ਭਾਸ਼ਾ ਵਿਗਿਆਨੀ ਕਾਰਲ ਬਰੁਗਮਾਨ ਸੀ।

ਹ.ਪੁ. — ਐਨ. ਅਮੈ. 20 : 95; ਐਨ. ਬ੍ਰਿ. ਮਾ. 7 : 253

ਨਵ-ਵਿਚਾਰ : ਦਾਰਸ਼ਨਿਕ ਅਤੇ ਮਾਨਸਿਕ ਚਿਕਤਿਸਾ ਸ਼ਾਸਤਰ ਸਬੰਧੀ ਇਹ ਅੰਦੋਲਨ ਧਾਰਮਕ ਅਤੇ ਅਧਿਆਤਮਕ ਪੂਰਵ ਅਨੁਮਾਨਾਂ ਤੇ ਆਧਾਰਤ ਹੈ ਜਿਹੜਾ 19ਵੀਂ ਸਦੀ ਵਿਚ ਸੰਯੁਕਤ ਰਾਜ ਵਿਖੇ ਸ਼ੁਰੂ ਹੋਇਆ। ਬੈਲਫਾਸਟ ਫਿਨੀਆਸ ਪਾਰਕਹਰਸਟ ਕੁਇੰਬੀ ਇਸ ਦਾ ਮੋਢੀ ਸੀ। ਆਪਣੇ ਸਮੇਂ ਦੇ ਇਸ ਉੱਘੇ ਮੈਸਮਰਿਸਟ ਨੇ ਮਨ ਦੇ ਸਿਧਾਂਤਾਂ ਦੀ ਜਾਣਕਾਰੀ ਦਾ ਵਿਕਾਸ ਕੀਤਾ ਜਿਸ ਕਾਰਨ ਇਹ ਰੋਗੀਆਂ ਨੂੰ ਬਿਨਾਂ ਦਵਾਈ ਜਾਂ ਹਿਪਨੋਟਾਈਜ਼ ਕਰਨ ਨਾਲ ਠੀਕ ਕਰਨ ਵਿਚ ਸਮਰਥ ਹੋਇਆ। ਇਹ ਪਹਿਲਾ ਵਿਅਕਤੀ ਸੀ ਜਿਸ ਨੇ ਮਾਨਸਿਕ ਘਟਨਾਵਾਂ ਸਬੰਧੀ ਖੋਜ ਦਾ ਕੰਮ ਕੀਤਾ।

ਨਵ-ਵਿਚਾਰ ਦੇ ਆਗੂਆਂ ਨੇ ਆਪਣੇ ਭਾਸ਼ਣਾਂ, ਲੇਖਾਂ ਅਤੇ ਪੁਸਤਕਾਂ ਰਾਹੀਂ ਇਸ ਨੂੰ ਸੰਯੁਕਤ ਰਾਜ ਤੋਂ ਇਲਾਵਾ ਬਰਤਾਨੀਆ, ਯੂਰਪ, ਏਸ਼ੀਆ, ਅਫ਼ਰੀਕਾ ਅਤੇ ਆਸਟ੍ਰੇਲੀਆ ਵਿਖੇ ਵੀ ਪਹੁੰਚਾ ਦਿੱਤਾ। ਨਵ-ਵਿਚਾਰ ਦੇ ਕਈ ਸਮਰਥਕ ਆਪਣੇ ਆਪ ਨੂੰ ਈਸਾਈ ਸਮਝਦੇ ਹਨ। ਨਵ-ਵਿਚਾਰਕ ਹਰ ਸਾਲ ਅੰਤਰਰਾਸ਼ਟਰੀ ਨਵ ਵਿਚਾਰ ਸੰਘ ਵਲੋਂ ਆਯੋਜਿਤ ਸਾਲਾਨਾ ਸਮਾਗਮ ਵਿਚ ਸ਼ਾਮਲ ਹੁੰਦੇ ਹਨ। ਇਹ ਸੰਘ ਆਪਣੇ ਦੋ ਪ੍ਰਧਾਨਾਂ ਦੇ ਲੰਬੇ ਕਾਰਜ ਕਾਲ ਅਤੇ ਸੰਘ ਵਲੋਂ ਪ੍ਰਮਾਣਤ ਨਵ-ਵਿਚਾਰ ਦੇ ਕਈ ਸਕੂਲਾਂ ਦੇ ਆਗੂਆਂ ਦੇ ਸਹਿਯੋਗ ਤੇ ਨਿਰਭਰ ਹੈ। ਇਸ ਦਾ ਮੁੱਖ ਦਫ਼ਤਰ ਸਿਲਸਿਲੇਵਾਰ ਵਾਸ਼ਿੰਗਟਨ, ਨਿਊਯਾਰਕ ਸ਼ਹਿਰ, ਹਾਲੀਵੁੱਡ, ਕੈਲਿਫੋਰਨੀਆ ਅਤੇ ਸਕਾਟਸਡੇਲ ਵਿਖੇ ਹੈ।

ਨਵ-ਵਿਚਾਰ ਵਿਚ ਅਫ਼ਲਾਤੂਨਵਾਦ (4 ਅਤੇ 5 ਵੀਂ ਸਦੀ ਈ.ਪੂ.ਦੇ ਯੂਨਾਨੀ ਦਾਰਸ਼ਨਿਕ ਅਫਲਾਤੂਨ ਦੇ ਵਿਚਾਰਾਂ ਤੇ ਆਧਾਰਤ) ਦਾ ਪ੍ਰਭਾਵ ਨਜ਼ਰ ਆਉਂਦਾ ਹੈ। ਇਸ ਅਨੁਸਾਰ ਵਿਚਾਰਾਂ ਦਾ ਖੇਤਰ ਵਿਸ਼ਾ-ਵਸਤੂ ਦੇ ਖੇਤਰ ਨਾਲੋਂ ਵੱਧ ਵਾਸਤਵਿਕ ਹੈ। ਨਿਊ ਇੰਗਲੈਂਡ ਅਪਰੰਪਰਾਵਾਦ, ਸਵੀਡਨਬੋਰਗਵਾਦ ਅਤੇ ਵੇਦਾਂਤ ਮੱਤ ਦਾ ਵੀ ਨਵ-ਵਿਚਾਰ ਉਤੇ ਬਹੁਤ ਪ੍ਰਭਾਵ ਹੈ। ਨਵ-ਵਿਚਾਰ ਚਿਕਿਤਸਾ ਵਿਗਿਆਨ ਦਾ ਵਿਰੋਧ ਨਹੀਂ ਕਰਦਾ ਅਤੇ ਇਹ ਜੀਵਨ ਅਤੇ ਇਸ ਦੇ ਪਰਿਣਾਮ ਬਾਰੇ ਸਾਕਾਰਾਤਮਕ ਅਤੇ ਆਸ਼ਾਵਾਦੀ ਹੈ।

ਕੁਇੰਬੀ ਤੋਂ ਬਾਅਦ ਨਵ-ਵਿਚਾਰ ਦਾ ਮੁੱਖ ਸ੍ਰੋਤ ਰਾਲਫ ਵਾਲਡੋ ਐਮਰਸਨ ਦੀਆਂ ਰਚਨਾਵਾਂ ਹਨ। 'ਨਿਊ-ਥਾਟ', 'ਯੂਨਿਟੀ ਐਂਡ ਡੇਲੀ ਵਰਡ', 'ਡਿਵਾਈਨ ਸਾਇੰਸ ਮੰਥਲੀ', 'ਸਾਇੰਸ ਆਫ਼ ਮਾਈਂਡ' ਆਦਿ ਕੁਝ ਰਸਾਲੇ ਹਨ ਜਿਨ੍ਹਾਂ ਰਾਹੀਂ ਇਹ ਮਤ ਦੂਰ ਦੂਰ ਤਕ ਫੈਲਿਆ। ਐਡਵਿਨ ਮਾਰਕੈਮ, ਰਾਲਫ ਵਾਲਡੋ ਟ੍ਰਾਈਨ, ਟਾਮਸ ਟ੍ਰੋਵਾਰਡ ਆਦਿ ਮੁਢਲੇ ਅਤੇ ਅਰਨਸਟ ਸ਼ਰਟਲਿਫ ਹੋਮਜ਼ (Ernest Shurtliff Holmes), ਰੇਮੰਡ ਬਾਰਕਰ ਆਦਿ ਬਾਅਦ ਦੇ ਕੁਝ ਲੇਖਕ ਹਨ ਜਿਨ੍ਹਾਂ ਨੇ ਇਸ ਮੱਤ ਬਾਰੇ ਲਿਖਿਆ ਹੈ।

ਹ.ਪੁ.—ਐਨ. ਅਮੈ. 20 : 195; ਐਨ. ਬ੍ਰਿ. ਮੈ. 13 : 14

ਨਵਾਈ, (ਮੀਰ) ਅਲੀ ਸ਼ੇਰ : ਤੁਰਕੀ ਦੇ ਇਸ ਕਵੀ ਅਤੇ ਵਿਦਵਾਨ ਦਾ ਜਨਮ 1441 ਈ. ਵਿਚ ਹਿਰਾਤ (ਹੁਣ ਅਫ਼ਗਾਨਿਸਤਾਨ ਵਿਚ) ਦੇ ਇਕ ਅਮੀਰ ਫ਼ੌਜੀ ਘਰਾਣੇ ਵਿਚ ਹੋਇਆ। ਹਿਰਾਤ ਅਤੇ ਮਸੱਦ ਵਿਖੇ ਵਿਦਿਆ ਪ੍ਰਾਪਤ ਕਰਨ ਉਪਰੰਤ ਜਦੋਂ ਇਸ ਦਾ ਸਕੂਲ ਦਾ ਸਾਥੀ ਹੁਸੈਨ-ਇ-ਬੈਕਾਰਾ ਹਿਰਾਤ ਦੇ ਤਖ਼ਤ ਤੇ ਬੈਠਿਆ ਤਾਂ ਨਵਾਈ ਰਾਜ ਦਰਬਾਰ ਵਿਚ ਇਹ ਕਈ ਅਹੁਦਿਆਂ ਤੇ ਰਿਹਾ। ਇਹ ਨਕਸ਼ਬੰਦੀ ਦਰਵੇਸ਼ ਮੱਤ ਦਾ ਮੈਂਬਰ ਵੀ ਸੀ। ਉੱਘੇ ਫ਼ਾਰਸੀ ਕਵੀ ਜਾਮੀ ਦੀ ਸ਼ਾਗਿਰਦੀ ਅਧੀਨ ਇਸ ਨੇ ਉੱਘੇ ਰਹੱਸਵਾਦੀਆਂ ਦੀਆਂ ਕਿਰਤਾਂ ਦਾ ਅਧਿਐਨ ਕੀਤਾ। ਇਕ ਮਾਨਵ-ਪ੍ਰੇਮੀ ਵਜੋਂ ਇਸ ਨੇ ਕਈ ਹਸਪਤਾਲ ਮਸੀਤਾਂ, ਮਕਬਰੇ, ਪੁਲ ਅਤੇ ਸਰਾਵਾਂ ਬਣਵਾਈਆਂ। ਇਸ ਨੂੰ ਸੰਗੀਤ, ਲਘੂ ਚਿਤਰਕਾਰੀ, ਭਵਨ ਨਿਰਮਾਣ-ਸ਼ੈਲੀ ਅਤੇ ਸੁਲੇਖਣ ਕਲਾ ਦਾ ਵੀ ਸ਼ੌਕ ਸੀ।

ਆਪਣੇ ਜੀਵਨ ਦੇ ਮਗਰਲੇ ਹਿੱਸੇ ਦੌਰਾਨ ਨਵਾਈ ਨੇ ਕਵਿਤਾਵਾਂ ਲਿਖੀਆਂ। ਸ਼ੁਰੂ ਵਿਚ ਇਸ ਨੇ ਫ਼ਾਰਸੀ ਅਤੇ ਬਾਅਦ ਵਿਚ ਚਾਗ਼ਤਾਈ ਵਿਚ ਕਵਿਤਾਵਾਂ ਲਿਖੀਆਂ। ਇਸ ਨੇ ਆਪਣੇ ਜੀਵਨ ਦੇ ਵੱਖ-ਵੱਖ ਪੱਖਾਂ ਨਾਲ ਸਬੰਧਤ ਚਾਰ ਦੀਵਾਨ ਅਤੇ ਇਸਲਾਮੀ ਸਾਹਿਤ ਵਿਚ ਰੂੜ੍ਹੀਵਾਦੀ ਵਿਸ਼ਿਆਂ ਉੱਤੇ ਆਧਾਰਿਤ ਪੰਜ ਗਾਥਾਵਾਂ ਲਿਖੀਆਂ ਜਿਨ੍ਹਾਂ ਵਿਚੋਂ ਉੱਘੀ ਕਹਾਣੀ ਫਰਹਾਦ ਅਤੇ ਸ਼ੀਰੀ ਦਾ 12,000 ਲਾਈਨਾਂ ਵਿਚ ਕੀਤਾ ਉਲੱਥਾ ਇਸ ਦੀ ਮਿਸਾਲ ਹੈ।

ਇਸ ਦੀਆਂ ਪ੍ਰਮੁੱਖ ਪੁਸਤਕਾਂ 'ਮੁਹਾਕਮਤ ਅਲ-ਲੁਗਾਤ' ਵਿਚ ਫ਼ਾਰਸੀ ਅਤੇ ਤੁਰਕੀ ਭਾਸ਼ਾ ਦੀ ਤੁਲਨਾ ਕੀਤੀ ਹੈ ਅਤੇ 'ਮਜਲਸ ਅਨ-ਨਫੀਸ (1965) ਵਿਚ ਤੁਰਕੀ ਕਵੀਆਂ ਦੇ ਜੀਵਨ ਬਾਰੇ ਜਾਣਕਾਰੀ ਦਿੱਤੀ ਗਈ ਹੈ। ਇਸ ਦੀ ਪੁਸਤਕ 'ਮਿਜ਼ਾਨ ਅਲ ਅਵਾਜ਼ਨ (1965-68) ਤੁਰਕੀ ਛੰਦ ਸ਼ਾਸਤਰ ਦਾ ਖੋਜ ਪ੍ਰਬੰਧ ਹੈ। ਪੂਰਬੀ ਤੁਰਕੀ ਚਾਗ਼ਤਾਈ ਭਾਸ਼ਾ ਤੇ ਮੁਹਾਰਤ ਹੋਣ ਕਾਰਨ ਇਸ ਨੂੰ 'ਨਵਾਈ ਦੀ ਭਾਸ਼ਾ' ਕਿਹਾ ਜਾਂਦਾ ਹੈ।

5 ਜਨਵਰੀ, 1501 ਨੂੰ ਹਿਰਾਤ ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ.—ਐਨ. ਬ੍ਰਿ. ਮਾ. 7 : 227

ਨਵਾਦਾ : ਜ਼ਿਲ੍ਹਾ—ਇਹ ਭਾਰਤ ਦੇ ਬਿਹਾਰ ਪ੍ਰਾਂਤ ਦਾ ਇਕ ਜ਼ਿਲ੍ਹਾ ਹੈ ਜਿਸ ਦੀਆਂ ਹੱਦਾਂ ਉੱਤਰ ਵੱਲ ਨਾਲੰਦਾ, ਪੱਛਮ ਵੱਲ ਗਯਾ, ਦੱਖਣ ਵੱਲ ਹਜ਼ਾਰੀਬਾਗ ਅਤੇ ਪੂਰਬ ਵੱਲ ਮੁੰਘੇਰ ਜ਼ਿਲ੍ਹਿਆਂ ਨਾਲ ਲਗਦੀਆਂ ਹਨ। ਇਹ 2,500 ਵ.ਕਿ.ਮੀ. ਵਿਚ ਫੈਲਿਆ ਹੋਇਆ ਹੈ ਅਤੇ ਇਥੋਂ ਦੀ ਆਬਾਦੀ 18,09,425 (2002) ਹੈ। ਇਸੇ ਹੀ ਨਾਂ ਦਾ ਸ਼ਹਿਰ ਇਸ ਦਾ ਸਦਰ ਮੁਕਾਮ ਹੈ। ਇਸ ਵਿਚ ਦੋ ਸਬ ਡਿਵੀਜ਼ਨਾਂ, ਦਸ ਕਮਿਊਨਿਟੀ ਬਲਾਕ, ਤਿੰਨ ਸ਼ਹਿਰ ਅਤੇ 1,091 ਪਿੰਡ ਹਨ।

ਧਰਾਤਲ ਪੱਖੋਂ ਇਸ ਜ਼ਿਲ੍ਹੇ ਦਾ ਉੱਤਰੀ ਹਿੱਸਾ ਪੱਧਰਾ ਜਲੌਢੀ ਮਿੱਟੀ ਵਾਲਾ ਅਤੇ ਦੱਖਣੀ ਹਿੱਸਾ ਪਹਾੜੀ ਹੈ ਜਿਸ ਦੀ ਢਲਾਣ ਦੱਖਣ ਵੱਲ ਨੂੰ ਵਧਦੀ ਜਾਂਦੀ ਹੈ। ਜ਼ਿਲ੍ਹੇ ਦੀ ਦੱਖਣੀ ਹੱਦ ਉੱਤੇ ਪਹਾੜੀਆਂ ਦੇ ਸਮੂਹ ਹਨ। ਇਨ੍ਹਾਂ ਵਿਚੋਂ ਕੁਝ ਕੁ ਪਹਾੜੀਆਂ ਦੀ ਉਚਾਈ 675 ਮੀ. (2,250 ਫੁੱਟ) ਤੱਕ ਹੈ। ਤਲਈਆ, ਘਾਗਰਾ, ਖੁਰੀ, ਸਕਾਰੀ ਅਤੇ ਧਨਾਰਜਯਾ ਇਥੇ ਵਗਣ ਵਾਲੇ ਬਰਸਾਤੀ ਛੋਟੇ ਛੋਟੇ ਦਰਿਆ ਹਨ। ਕਾਕੋਲਾਟ ਅਤੇ ਹਧਾਦਵੇ ਇਥੋਂ ਦੀਆਂ ਪ੍ਰਸਿੱਧ ਆਬਸ਼ਾਰਾਂ ਹਨ। ਗਯਾ-ਨਵਾਦਾ ਰੇਲ-ਲਾਈਨ (ਦੱਖਣ) ਅਤੇ ਰਾਜਗਿਰ ਪਹਾੜੀਆਂ (ਉੱਤਰ) ਦੇ ਵਿਚਕਾਰ ਪੈਂਦਾ ਖੇਤਰ ਸਿੰਜਾਈ-ਯੋਗ ਖੂਹਾਂ ਦੀ ਖੁਦਾਈ ਲਈ ਯੋਗ ਹੈ। ਕੁਝ ਮਧਿਅਮ ਅਤੇ ਛੋਟੇ ਪੈਮਾਨੇ ਦੀਆਂ ਸਿੰਜਾਈ ਨਹਿਰਾਂ ਵਿਚੋਂ ਸਕਰੀ ਨਹਿਰੀ ਸਕੀਮ ਸਭ ਤੋਂ ਮਹੱਤਵਪੂਰਨ ਹੈ। ਇਹ ਇਕ ਬਰਸਾਤੀ ਨਹਿਰ ਹੈ। ਰਜੌਲੀ, ਗੋਬਿੰਦਪੁਰ ਅਤੇ ਕਵਾਕੋਲ ਬਲਾਕਾਂ ਵਿਚ ਜੰਗਲਾਂ ਦੀ ਬਹੁਤਾਤ ਹੈ। ਰਜੌਲੀ ਬਲਾਕ ਕੱਥੇ ਲਈ ਪ੍ਰਮੁੱਖ ਹੈ। ਇਸ ਜ਼ਿਲ੍ਹੇ ਵਿਚ ਗ੍ਰੇਨਾਈਟ ਦੇ ਵਿਸ਼ਾਲ ਭੰਡਾਰ ਹਨ। ਦੱਖਣੀ ਭਾਗ ਵਿਚ ਅਬਰਕ ਅਤੇ ਕੱਚੇ ਲੋਹੇ ਦੀਆਂ ਕਈ ਖਾਣਾਂ ਹਨ। ਇਥੋਂ ਦਾ ਮੁੱਖ ਉਤਪਾਦਨ ਤੇਲਾਂ ਵਾਲੇ ਬੀਜ, ਗੁੜ, ਸ਼ੱਕਰ, ਲਾਖ, ਤੰਬਾਕੂ, ਉੱਨ, ਚਮੜਾ, ਦਰੀਆਂ, ਕੰਬਲ ਅਤੇ ਪਿੱਤਲ ਦੇ ਬਰਤਨ ਹਨ। ਜ਼ਿਲ੍ਹੇ ਵਿਚ ਕਈ ਗੋਬਰ ਗੈਸ ਪਲਾਂਟ ਸਥਾਪਿਤ ਹੋਏ ਹਨ। ਬੁਧੌਲੀ ਵਿਖੇ ਇਕ ਹਿੰਦੂਆਂ ਦਾ ਮੰਦਰ ਹੈ ਅਤੇ ਅਕਬਰਪੁਰ ਵਿਖੇ ਇਕ ਗੁਰਦੁਆਰਾ ਹੈ। ਨਵਾਦਾ ਤੋਂ ਇਲਾਵਾ ਹਿਸੂਆ ਅਤੇ ਵਾਰਿਸ ਅਲੀ ਗੰਜ ਇਥੋਂ ਦੇ ਪ੍ਰਮੁੱਖ ਸ਼ਹਿਰ ਹਨ। ਸੰਨ 1996 ਤੱਕ ਇਥੇ ਛੇ ਕੋਲਜ ਸਨ ਜਿਨ੍ਹਾਂ ਵਿਚੋਂ ਇਕ ਇਕ ਹਿਸੂਆ ਅਤੇ ਵਾਰਿਸਅਲੀਗੰਜ ਸ਼ਹਿਰ ਵਿਖੇ ਅਤੇ ਚਾਰ ਨਵਾਦਾ ਸ਼ਹਿਰ ਵਿਖੇ ਹਨ।

ਹ.ਪੁ.—ਐਨ. ਬ੍ਰਿ. ਮਾ. 8 : 568; ਐਨ. ਡਿਸ. ਗ. ਆਫ. ਇੰਡ. 8 : 305—ਐਸ. ਸੀ. ਭੱਟ

ਨਵਾਦਾ : ਸ਼ਹਿਰ—ਇਹ ਉੱਤਰ-ਪੂਰਬੀ ਭਾਰਤ ਦੇ ਬਿਹਾਰ ਪ੍ਰਾਂਤ ਦਾ ਇਸੇ ਹੀ ਨਾਂ ਦੇ ਜ਼ਿਲ੍ਹੇ ਦਾ ਸਦਰ ਮੁਕਾਮ ਹੈ। ਕੁਰੀ ਦਰਿਆ (ਗੰਗਾ ਦੀ ਸਹਾਇਕ ਨਦੀ) ਨੇ ਇਸ ਨੂੰ ਦੋ ਭਾਗਾਂ ਵਿਚ ਵੰਡਿਆ ਹੋਇਆ ਹੈ। ਪੁਰਾਣਾ ਸ਼ਹਿਰ ਦਰਿਆ ਦੇ ਖੱਬੇ ਕੰਢੇ ਤੇ ਹੈ ਅਤੇ ਨਵਾਂ ਵਸਿਆ ਸ਼ਹਿਰ ਦਰਿਆ ਦੇ ਸੱਜੇ ਕੰਢੇ ਤੇ ਹੈ। ਇਸ ਸ਼ਹਿਰ ਦਾ ਨਾਂ, ਸ਼ਬਦ 'ਨੌਬਾਦ' ਭਾਵ ਨਵਾਂ ਸ਼ਹਿਰ ਦੇ ਆਧਾਰ ਤੇ ਰੱਖਿਆ ਗਿਆ ਹੈ।

ਦੱਖਣੀ ਰੇਲਵੇ ਦਾ ਸਟੇਸ਼ਨ ਹੋਣ ਕਾਰਨ ਇਸ ਦੀ ਵਪਾਰਕ ਮਹੱਤਤਾ ਬਹੁਤ ਵੱਧ ਗਈ। ਚੌਲ ਤੇ ਮੂੰਗਫਲੀ ਇਥੋਂ ਦੀਆਂ ਮੁੱਖ ਫ਼ਸਲਾਂ ਹਨ। ਇਥੇ ਬਾਲਟੀਆਂ, ਚਮੜੇ ਦਾ ਸਮਾਨ ਤੇ ਪਿੱਤਲ ਦੇ ਬਰਤਨ ਬਣਦੇ ਹਨ। ਸ਼ਹਿਰ ਤੋਂ 3 ਕਿਲੋਮੀਟਰ ਦੂਰ ਉੱਤਰ ਵੱਲ ਇਕ ਬਹੁਤ ਵੱਡੇ ਤਲਾਅ ਵਿਚਕਾਰ ਜੈਨ ਮੰਦਰ ਹੈ। ਇਥੇ ਸੀਤਾ ਰਾਮ ਸਾਹੂ ਕਾਲਜ, ਸ੍ਰੀ ਕ੍ਰਿਸ਼ਨ ਮੈਮੋਰੀਅਲ ਕਾਲਜ, ਕੇ. ਐਲ. ਐਸ.

ਕਾਲਜ, ਆਰ. ਐਮ. ਮਹਿਲਾ ਕਾਲਜ ਵਰਗੇ ਵਿਦਿਅਕ ਅਦਾਰੇ ਹਨ।

ਆਬਾਦੀ–53,174 (1991)

24° 53′ ਉ. ਵਿਥ.; 85° 33′ ਪੂ. ਲੰਬ.

ਹ. ਪੁ.–ਐਨ. ਬ੍ਰਿ. ਮਾ. 8 : 568

ਨਵਾਂਨਗਰ : ਇਹ ਭਾਰਤ ਦੀ ਇਕ ਸਾਬਕਾ ਰਿਆਸਤ ਹੁੰਦੀ ਸੀ ਜੋ ਗੁਜਰਾਤ ਰਾਜ ਦਾ ਹੀ ਇਕ ਹਿੱਸਾ ਹੈ। ਇਹ ਕੱਛ ਦੀ ਖਾੜੀ ਦੇ ਦੱਖਣੀ ਕੰਢੇ ਉੱਤੇ ਸਥਿਤ ਸੀ। ਇਸ ਦਾ ਖੇਤਰਫਲ 610 ਵ.ਕਿ.ਮੀ. (3,791 ਵ. ਮੀਲ) ਸੀ। ਇਸੇ ਹੀ ਨਾਂ ਦਾ ਸ਼ਹਿਰ ਇਸ ਦੀ ਰਾਜਧਾਨੀ ਹੁੰਦਾ ਸੀ। ਇਸ ਦੇ ਉੱਤਰ ਵੱਲ ਕੱਛ ਦੀ ਖਾੜੀ ਅਤੇ ਪੱਛਮ ਵੱਲ ਅਰਬ ਸਾਗਰ ਪੈਂਦਾ ਸੀ। ਇਹ ਆਮ ਤੌਰ ਤੇ ਮੈਦਾਨੀ ਹਿੱਸਾ ਸੀ ਪਰ ਬਰਦਾ ਪਹਾੜੀ ਦਾ 2/3 ਹਿੱਸਾ ਇਸ ਦੀ ਹੱਦ ਵਿਚ ਸ਼ਾਮਲ ਸੀ। ਵੇਨੂ ਬਰਦਾ ਪਹਾੜੀ ਦੀ ਸਭ ਤੋਂ ਉਚੀ ਚੋਟੀ ਸੀ ਜੋ ਕਿ ਸਮੁੰਦਰ ਤੋਂ 627 ਮੀ. ਉੱਚੀ ਸੀ। ਭੇਦਰ, ਵੇਰਤੂ ਅਜੀ ਅਤੇ ਉਨਦ ਮੁੱਖ ਦਰਿਆ ਸਨ। ਜੋਦਿਯਾ ਸੈਲੇਈਆ ਨਵਾਂ ਨਗਰ ਜਾਂ ਬੇਦੀ ਬੰਦਰਗਾਹਾਂ ਇਸੇ ਰਿਆਸਤ ਵਿਚ ਸਥਿਤ ਸਨ। ਖਾੜੀ ਦੇ ਸਾਹਿਲ ਦੇ ਨਾਲ ਨਾਲ ਕਾਫ਼ੀ ਮਾਤਰਾ ਵਿਚ ਮੈਂਗ੍ਰੋਵ ਦਲਦਲਾਂ ਹੁੰਦੀਆਂ ਸਨ। ਇਸ ਦਲਦਲੀ ਇਲਾਕੇ ਵਿਚ ਚਰਾਂਦਾਂ ਵੀ ਕਾਫ਼ੀ ਸਨ।

ਹ.ਪੁ.–ਇੰਪ. ਗ. ਇੰਡ. 18 : 419

ਨਵਾਬ ਸ਼ਾਹ : ਜ਼ਿਲ੍ਹਾ—ਇਹ ਪਾਕਿਸਤਾਨ ਦੇ ਸਿੰਧ ਪ੍ਰਾਂਤ ਦਾ ਇਕ ਜ਼ਿਲ੍ਹਾ ਹੈ। ਇਸ ਦਾ ਖੇਤਰਫਲ 7,501 ਵ.ਕਿ.ਮੀ. (2,896 ਵ. ਮੀਲ) ਅਤੇ ਆਬਾਦੀ 16,37,000 (1981) ਹੈ। ਇਹ ਜ਼ਿਲ੍ਹਾ ਸਿੰਧ ਦਰਿਆ ਦੇ ਬਿਲਕੁਲ ਪੂਰਬ ਵੱਲ ਉਪਜਾਊ ਜਲੌਢ ਮੈਦਾਨ ਵਿਚ ਵਾਕਿਆ ਹੈ। ਇਸ ਦੇ ਦੱਖਣ ਵੱਲ ਹੈਦਰਾਬਾਦ ਤੇ ਸੰਘਰ ਦੇ ਜ਼ਿਲ੍ਹੇ ਤੇ ਪੂਰਬ ਤੇ ਉੱਤਰ ਵੱਲ ਖ਼ੈਰਪੁਰ ਜ਼ਿਲ੍ਹਾ ਹੈ। ਇਥੋਂ ਦੀਆਂ ਮੁੱਖ ਫਸਲਾਂ ਕਪਾਹ, ਬਾਜਰਾ, ਗੰਨਾ ਅਤੇ ਫਲ ਹਨ।

ਹ. ਪੁ.–ਐਨ. ਬ੍ਰਿ. ਮਾ. 8 : 568

ਨਵਾਬ ਸ਼ਾਹ : ਸ਼ਹਿਰ—ਇਹ ਪਾਕਿਸਤਾਨ ਦੇ ਸਿੰਧ ਪ੍ਰਾਂਤ ਦੇ ਇਸੇ ਹੀ ਨਾਂ ਦੇ ਜ਼ਿਲ੍ਹੇ ਦਾ ਸ਼ਹਿਰ ਹੈ। ਇਹ ਸ਼ਹਿਰ ਰੇਲ ਤੇ ਸੜਕ ਰਾਹੀਂ ਕਰਾਚੀ, ਹੈਦਰਾਬਾਦ ਤੇ ਸਕੂਰ ਨਾਲ ਜੁੜਿਆ ਹੋਇਆ ਹੈ। ਇਹ ਇਕ ਉਦਯੋਗਿਕ ਕੇਂਦਰ ਹੈ।

ਇਥੇ ਛੋਟੀਆਂ ਕਿਸ਼ਤੀਆਂ ਬਣਦੀਆਂ ਹਨ। ਖੰਡ ਸਾਫ਼ ਕਰਨ ਤੇ ਸਾਬਣ ਦੇ ਕਾਰਖ਼ਾਨੇ ਹਨ। ਸੂਤੀ ਅਤੇ ਰੇਸ਼ਮੀ ਕੱਪੜਾ ਤਿਆਰ ਹੁੰਦਾ ਹੈ। ਇਥੇ ਸਿੰਧ ਯੂਨੀਵਰਸਿਟੀ ਨਾਲ ਸਬੰਧਤ ਇਕ ਕਾਲਜ ਹੈ ਜਿਹੜਾ 1977 ਵਿਚ ਮਹਿਰਾਨ ਯੂਨੀਵਰਸਿਟੀ ਆਫ਼ ਇੰਜੀਨੀਅਰੀ ਤੇ ਤਕਨਾਲੋਜੀ ਵਜੋਂ ਸਥਾਪਿਤ ਹੋਇਆ।

ਆਬਾਦੀ–1,02,000 (1981)

26° 15′ ਉ. ਵਿਥ.; 68° 25′ ਪੂ. ਲੰਬ.

ਹ.ਪੁ.–ਐਨ. ਬ੍ਰਿ. ਮਾ. 8 : 568

ਨਵਾਬਗੰਜ : ਇਹ ਉੱਤਰ ਪ੍ਰਦੇਸ਼ ਰਾਜ ਦੇ ਗੌਂਡਾ ਜ਼ਿਲ੍ਹੇ ਦਾ ਇਕ ਸ਼ਹਿਰ ਹੈ ਜਿਹੜਾ ਗੌਂਡਾ ਤੋਂ ਫ਼ੈਜ਼ਾਬਾਦ ਤੱਕ ਜਾਣ ਵਾਲੀ ਸੜਕ ਅਤੇ ਬੰਗਾਲ ਅਤੇ ਉੱਤਰ-ਪੱਛਮ ਰੇਲਵੇ ਲਾਈਨ ਉੱਤੇ ਸਥਿਤ ਹੈ। ਇਸ ਸ਼ਹਿਰ ਨੂੰ 18ਵੀਂ ਸਦੀ ਵਿਚ ਸੁਜਾਉਦੌਲਾ ਨੇ ਬਣਵਾਇਆ ਸੀ ਅਤੇ ਉਸ ਦੇ ਸ਼ਿਕਾਰ ਖੇਡਣ ਲਈ ਇਥੋਂ ਦੇ ਬਾਜ਼ਾਰ ਵਿਚ ਸਮਾਨ ਭੇਜਿਆ ਜਾਂਦਾ ਸੀ। ਇਸ ਸ਼ਹਿਰ ਵਿਚੋਂ ਵੱਡੀ ਪੱਧਰ ਉੱਤੇ ਅਨਾਜ ਅਤੇ ਤੇਲ ਦੇ ਬੀਜਾਂ ਦਾ ਨਿਰਯਾਤ ਕੀਤਾ ਜਾਂਦਾ ਹੈ।

ਆਬਾਦੀ–13,750 (1991)

26° 52′ ਉ. ਵਿਥ.; 82° 9′ ਪੂ. ਲੰਬ.

ਹ. ਪੁ.–ਇੰਪ. ਗ. ਇੰਡ. 18 : 429

ਨਵਾਯਾਨ (Noyon) : ਇਹ ਫ਼ਰਾਂਸ ਦੇ ਉੱਤਰ ਵੱਲ ਵਾਜ਼ (Oise) ਡਿਪਾਰਟਮੈਂਟ ਵਿਚ ਪਹਾੜ ਦੀ ਤਲਛੱਟੀ ਵਿਚ ਸਥਿਤ ਇਕ ਸ਼ਹਿਰ ਹੈ ਜਿਹੜਾ ਪੈਰਿਸ ਤੋਂ ਉੱਤਰ-ਉੱਤਰ-ਪੂਰਬ ਵੱਲ ਰੇਲ ਰਾਹੀਂ 109 ਕਿ.ਮੀ. (67 ਮੀਲ.) ਦੀ ਦੂਰੀ ਉੱਤੇ ਵਾਕਿਆ ਹੈ। ਇਥੇ 12ਵੀਂ ਸਦੀ ਅਤੇ 13ਵੀਂ ਸਦੀ ਦਾ ਬਣਿਆ ਰੋਮਨ ਅਤੇ ਗਾਥਿਕ ਭਵਨ ਨਿਰਮਾਣ ਸ਼ੈਲੀ ਦਾ ਖ਼ੂਬਸੂਰਤ ਕੈਥੀਡ੍ਰਲ ਸੀ ਜਿਸ ਨੂੰ ਪਹਿਲੀ ਵੱਡੀ ਜੰਗ ਦੌਰਾਨ ਸਾੜ ਦਿੱਤਾ ਗਿਆ ਸੀ ਪਰ ਮਗਰੋਂ ਇਸ ਨੂੰ ਮੁੜ ਉਸਾਰਿਆ ਗਿਆ। ਇਸ ਗਿਰਜੇ ਵਿਚ ਕਾਰਲੋਵਿੰਜੀਆਈ ਹੱਥ ਲਿਖਤ ਸੁਰੱਖਿਅਤ ਹੈ। 100 ਸਾਲਾ ਜੰਗ ਦੌਰਾਨ ਇਸ ਸ਼ਹਿਰ ਨੂੰ ਅੰਗਰੇਜ਼ਾਂ ਅਤੇ ਬਰਗੰਡੀਆਂ ਨੇ ਕਾਫ਼ੀ ਉਜਾੜਿਆ। ਸੰਨ 1552 ਵਿਚ ਸਪੇਨੀਆ ਦਾ ਅਤੇ ਫੇਰ ਲੀਗੀਆਂ ਦਾ ਕਬਜ਼ਾ ਹੋਇਆ। ਸੰਨ 1594 ਵਿਚ ਬਾਦਸ਼ਾਹ ਹੈਨਰੀ ਚੌਥੇ ਨੇ ਇਨ੍ਹਾਂ ਨੂੰ ਇਥੋਂ ਕੱਢ ਦਿੱਤਾ। ਸੰਨ 1914 ਵਿਚ ਇਥੇ ਜਰਮਨ ਫ਼ੌਜ ਦਾ ਕਬਜ਼ਾ ਹੋਇਆ। ਸੰਨ 1917-18 ਵਿਚ ਬੰਬਾਰੀ ਕਰਕੇ ਇਸ ਨੂੰ ਤਬਾਹ ਕਰ ਦਿੱਤਾ ਗਿਆ। ਦੂਜੀ ਵੱਡੀ ਜੰਗ ਵਿਚ ਇਹ ਮੁੜ ਜਰਮਨਾਂ ਦੇ ਕਬਜ਼ੇ ਵਿਚ ਹੋ ਗਿਆ ਜਿਨ੍ਹਾਂ ਨੇ ਇਥੇ ਬੜਾ ਨੁਕਸਾਨ ਕੀਤਾ।

ਪਹਿਲੇ ਵਿਸ਼ਵ ਯੁੱਧ ਸਮੇਂ ਹੋਏ ਭਾਰੀ ਨੁਕਸਾਨ ਤੋਂ ਬਾਅਦ ਇਸ ਸ਼ਹਿਰ ਨੂੰ ਪੁਨਰ ਸਥਾਪਿਤ ਕੀਤਾ ਗਿਆ। ਜੰਗ ਸਮੇਂ ਤਬਾਹ ਹੋਏ ਹੋਟਲ ਡੀ. ਵਿਲੇ ਅਤੇ ਪੁਰਾਣੀਆਂ ਧਾਰਮਿਕ ਇਮਾਰਤਾਂ ਨੂੰ ਮੁੜ ਉਸਾਰਿਆ ਗਿਆ। ਸੰਨ 1509 ਵਿਚ ਜਿਸ ਘਰ ਵਿਚ ਜਨੀਵਾ ਦੇ ਧਰਮ ਸ਼ਾਸ਼ਤਰੀ ਜਾੱਨ ਕੈਲਵਿਨ ਦਾ ਜਨਮ ਹੋਇਆ ਸੀ ਉਸ ਨੂੰ ਮੁੜ ਉਸਾਰਿਆ ਗਿਆ ਅਤੇ ਹੁਣ ਉਸ ਨੂੰ ਹੀ ਸਮਰਪਿਤ ਇਥੇ ਇਕ ਮਿਊਜ਼ੀਅਮ ਬਣਾ ਦਿੱਤਾ ਗਿਆ ਹੈ। ਇਹ ਸ਼ਹਿਰ ਪਸ਼ੂ ਪਾਲਣ ਅਤੇ ਅਨਾਜ ਦੇ ਵਪਾਰ ਲਈ ਵੀ ਪ੍ਰਸਿੱਧ ਹੈ। ਇਥੇ ਰਸਾਇਣ ਅਤੇ ਬਨਾਵਟੀ ਖ਼ਾਦ ਬਣਾਉਣ ਅਤੇ ਲੋਹੇ ਦੇ ਕਾਰਖ਼ਾਨੇ ਹਨ।

ਆਬਾਦੀ—14,426 (1990)

49° 35′ ਉ. ਵਿਥ.; 3° 00′ ਪੂ. ਲੰਬ.

ਹ. ਪੁ.–ਐਨ.ਬ੍ਰਿ. 16 : 686; ਐਨ. ਬ੍ਰਿ. ਮਾ. 8 : 429

ਨਵਾਰ ਵਿਕਟਰ (Noir Victor) : ਫ਼ਰਾਂਸ ਦੇ ਇਸ ਪੱਤਰਕਾਰ ਦਾ ਜਨਮ 27 ਜੁਲਾਈ 1848 ਈ. ਨੂੰ ਐਟੀਗਨੀ ਫ਼ਰਾਂਸ ਵਿਖੇ ਹੋਇਆ। ਪਹਿਲਾਂ ਹੀ ਚੱਲ ਰਹੇ ਗਣਤੰਤਰੀ ਪਹਾੜੀ ਪੁਨਰ ਉਥਾਨ ਦੀ ਜੱਦੋਜਹਿਦ ਵੇਲੇ ਅਤਿਵਾਦ ਨੇ ਸਮਰਾਟ ਦੂਜੇ ਨੂੰ ਅੰਤਲੇ ਦਿਨਾਂ ਵਿਚ ਪਰੇਸ਼ਾਨ ਕੀਤਾ। ਨਵਾਰ ਵਿਕਟਰ 10 ਜਨਵਰੀ, 1870 ਨੂੰ ਆਪਣੇ ਇਕ ਸਾਥੀ Ulric de Fonvielle ਨਾਲ ਸ਼ਹਿਜ਼ਾਦੇ ਨੂੰ ਮਿਲਣ ਗਿਆ। ਈਸਾ ਦੇ ਪੁਨਰ ਉਥਾਨ ਤਿਉਹਾਰ ਦੇ ਸ਼ਿਕਵੇ ਵਜੋਂ ਕਿਸੇ ਦੂਜੇ ਪੱਤਰਕਾਰ ਤੋਂ ਲੜਾਈ ਦੀ ਚੁਣੌਤੀ ਸਵੀਕਾਰ ਕਰਨ ਪਿਛੋਂ ਇਕ ਝਗੜਾ ਵਾਪਰਿਆ ਜਿਸ ਕਾਰਨ ਸ਼ਹਿਜ਼ਾਦੇ ਨੇ ਨਵਾਰ ਨੂੰ ਮਾਰ ਦਿੱਤਾ। 12 ਜਨਵਰੀ ਨੂੰ Neuilly ਵਿਖੇ ਨਵਾਰ ਦੇ ਅੰਤਿਮ ਸਸਕਾਰ ਸਮੇਂ ਇਕੱਠੀ ਹੋਈ ਭੀੜ ਨੇ ਸਮਰਾਟ ਦੇ ਖਿਲਾਫ ਮੁਜ਼ਾਹਰੇ ਦਾ ਦ੍ਰਿਸ਼ ਪੇਸ਼ ਕੀਤਾ। ਉੱਚ ਅਦਾਲਤ ਦੇ ਵਿਸ਼ੇਸ਼ ਦੌਰੇ ਸਮੇਂ ਸ਼ਹਿਜ਼ਾਦੇ ਨੇ ਇਹ ਦਲੀਲ ਦਿੱਤੀ ਕਿ



ਉੱਨੀਵੀਂ ਸਦੀ ਦਾ ਬਣਿਆ ਨਵਾਰ ਦਾ ਲਿਥੋਗ੍ਰਾਫ਼

ਨਵਾਰ ਨੇ ਹੀ ਉਸ ਨੂੰ ਮਾਰਨ ਲਈ ਉਕਸਾਇਆ ਸੀ ਅਤੇ ਉਸ ਦੇ ਮੂੰਹ ਤੇ ਥੱਪੜ ਵੀ ਮਾਰਿਆ। ਭਾਵੇਂ ਕਿ Fonvielle ਨੇ ਸ਼ਹਿਜ਼ਾਦੇ ਦੇ ਇਸ ਦੋਸ਼ ਦਾ ਖੰਡਨ ਕੀਤਾ ਸੀ ਪਰੰਤੂ ਫਿਰ 25 ਮਾਰਚ, 1870 ਨੂੰ ਸ਼ਹਿਜ਼ਾਦਾ ਅਦਾਲਤ 'ਚੋਂ ਬਰੀ ਹੋ ਗਿਆ। 10 ਜਨਵਰੀ, 1870 ਨੂੰ ਨਵਾਰ ਵਿਕਟਰ ਦੀ ਪੈਰਿਸ ਵਿਖੇ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 7 : 376

ਨਵੈਦਾ : ਇਹ ਸੰ.ਰ.ਅ. ਦੇ ਪਰਬਤੀ ਰਾਜਾਂ ਵਿਚੋਂ ਇਕ ਰਾਜ ਹੈ ਜਿਸ ਨੂੰ ਅਕਸਰ 'ਸਿਲਵਰ ਸਟੇਟ' ਵੀ ਕਿਹਾ ਜਾਂਦਾ ਹੈ। ਇਸ ਦੇ ਉੱਤਰ ਵੱਲ ਆਰੀਗਨ ਅਤੇ ਈਡਾਹੋ, ਪੂਰਬ ਵੱਲ ਊਟਾ ਤੇ ਐਰੀਜ਼ੋਨਾ ਅਤੇ ਦੱਖਣ ਅਤੇ ਪੱਛਮ ਵੱਲ ਕੈਲਿਫ਼ੋਰਨੀਆ ਰਾਜਾਂ ਦੀਆਂ ਹੱਦਾਂ ਲਗਦੀਆਂ ਹਨ। ਇਸ ਪ੍ਰਾਂਤ ਦਾ ਕੁੱਲ ਖੇਤਰਫਲ 2,84,396 ਵ.ਕਿ.ਮੀ. ਅਤੇ ਆਬਾਦੀ 19,98,257 (2000) ਹੈ। ਕਾਰਸਨ ਸਿਟੀ ਇਸ ਦੀ ਰਾਜਧਾਨੀ ਹੈ। ਆਕਾਰ ਅਨੁਸਾਰ ਇਹ ਪ੍ਰਾਂਤ ਸੰ.ਰ.ਅ. ਦੇ ਪ੍ਰਾਂਤਾਂ ਵਿਚੋਂ ਸੱਤਵੇਂ ਨੰਬਰ ਤੇ ਆਉਂਦਾ ਹੈ। ਕਾਲੋਰਾਡੋ ਦਰਿਆ ਇਸ ਪ੍ਰਾਂਤ ਨੂੰ ਐਰੀਜ਼ੋਨਾ ਪ੍ਰਾਂਤ ਤੋਂ ਵੱਖ ਕਰਦਾ ਹੈ ਅਤੇ ਇਸ ਪ੍ਰਾਂਤ ਦੀ ਕੁਦਰਤੀ ਸੀਮਾ ਵੀ ਬਣਾਉਂਦਾ ਹੈ। ਇਹ ਪ੍ਰਾਂਤ ਉੱਤਰ ਤੋਂ ਦੱਖਣ ਤਕ 720 ਕਿ. ਮੀ. (480 ਮੀਲ) ਅਤੇ ਪੂਰਬ ਤੋਂ ਪੱਛਮ 512 ਕਿ. ਮੀ. (320 ਮੀਲ) ਤਕ ਫੈਲਿਆ ਹੋਇਆ ਹੈ।

ਭੂ-ਆਕ੍ਰਿਤੀ ਵਿਗਿਆਨ

ਧਰਾਤਲ—ਧਰਾਤਲ ਪੱਖੋਂ ਇਸ ਰਾਜ ਦਾ ਵਧੇਰੇ ਕਰਕੇ ਹਿੱਸਾ ਸੰ.ਰ.ਅ. ਦੇ ਪੱਛਮੀ ਪਹਾੜੀ ਖੇਤਰ ਵਿਚ ਗ੍ਰੇਟ ਬੇਸਿਨ ਜਿਹੜਾ ਊਟਾ ਦਾ ਵਾਸਚ ਪਰਬਤ ਲੜੀ ਤੋਂ ਨਵੈਦਾ ਅਤੇ ਕੈਲਿਫ਼ੋਰਨੀਆ ਦੀ ਸੀਐਰਾ ਨਵੈਦਾ ਪਰਬਤ ਲੜੀ ਤਕ ਫੈਲਿਆ ਹੈ, ਦੇ ਖੁਸ਼ਕ ਇਲਾਕੇ ਵਿਚ ਪੈਂਦਾ ਹੈ। ਇਥੇ ਉਘੜ-ਦੁਘੜੀਆਂ ਸਮਾਨਾਂਤਰ ਪਰਬਤ ਲੜੀਆਂ, ਲੰਬੀਆਂ ਪੱਧਰੀਆਂ ਵਾਦੀਆਂ ਅਤੇ ਰੇਤਲੇ ਐਲਕਲਾਈਨ ਮਾਰੂਥਲ ਹੀ ਸ਼ਾਮਲ ਨਹੀਂ ਸਗੋਂ ਇਥੇ 90 ਤੋਂ ਵੀ ਵੱਧ ਬੇਸਿਨਾਂ ਦੀਆਂ ਲੜੀਆਂ ਹਨ ਜਿਨ੍ਹਾਂ ਨੂੰ 160 ਤੋਂ ਵੀ ਵੱਧ ਪਰਬਤ ਲੜੀਆਂ ਇਕ ਦੂਜੇ ਤੋਂ ਅੱਡ ਕਰਦੀਆਂ ਹਨ। ਇਹ ਪਰਬਤ ਲੜੀਆਂ ਉੱਤਰ ਤੋਂ ਦੱਖਣ ਦਿਸ਼ਾ ਵਿਚ ਫੈਲੀਆਂ ਹੋਈਆਂ ਹਨ ਅਤੇ ਇਨ੍ਹਾਂ ਦੀ ਲੰਬਾਈ 48 ਤੋਂ 160 ਕਿ.ਮੀ. (30 ਤੋਂ 100 ਮੀਲ) ਤਕ ਹੈ। ਸਭ ਤੋਂ ਵੱਧ ਉੱਚੀਆਂ ਪਰਬਤ ਲੜੀਆਂ ਦੀ ਉਚਾਈ 2,400 ਤੋਂ 3,000 ਮੀ. (8,000 ਤੋਂ 10,000 ਫ਼ੁੱਟ) ਤਕ ਜਾਂਦੀ ਹੈ। ਚੌੜੇ ਮਾਰੂਥਲੀ ਮੈਦਾਨ ਜਾਂ ਬੇਸਿਨ ਜਿਹੜੇ ਧੁਰ ਦੱਖਣ-ਪੱਛਮ ਵੱਲ 210 ਮੀ. (700 ਫ਼ੁੱਟ) ਤਕ ਅਤੇ ਉੱਤਰ-ਪੂਰਬ ਵੱਲ 1,800 ਮੀ. (6,000 ਫ਼ੁੱਟ) ਤੋਂ ਵੀ ਵੱਧ ਉਚੇ ਹਨ, ਇਨ੍ਹਾਂ ਪਰਬਤ ਲੜੀਆਂ ਨੂੰ ਇਕ ਦੂਜੇ ਤੋਂ ਅੱਡ ਕਰਦੇ ਹਨ। ਰਾਜ ਦੀ ਸਭ ਤੋਂ ਉੱਚੀ ਪਰਬਤੀ ਸਿਖ਼ਰ ਐਸਮਰਾਲਡ ਕਾਉਂਟੀ ਵਿਚ ਵ੍ਹਾਈਟ ਪਰਬਤਾਂ ਦੀ ਬਾਉਂਡਰੀ ਸਿਖ਼ਰ ਹੈ ਜੋ 4,007 ਮੀ. (13,145 ਫ਼ੁੱਟ); ਉੱਚੀ ਹੈ। ਦੂਜੇ ਨੰਬਰ ਤੇ ਊਟਾ ਦੀ ਹੱਦ ਦੇ ਨੇੜੇ ਵ੍ਹਾਈਟ ਪਾਈਨ ਕਾਉਂਟੀ ਵਿਚ ਸਨੇਕ ਪਰਬਤ ਲੜੀ ਦੀ ਵ੍ਹੀਲਰ ਸਿਖ਼ਰ ਹੈ ਜੋ 3,067 ਮੀ. (13,058 ਫ਼ੁੱਟ) ਉੱਚੀ ਹੈ। ਇਸ ਤੋਂ ਇਲਾਵਾ ਚਾਰਲਸਟਨ 3,573 ਮੀ. (11,910 ਫ਼ੁੱਟ); ਮਾਉਂਟ ਜੈਫ਼ਰਸਨ 3,542 ਮੀ. (11,807 ਫ਼ੁੱਟ); ਆਰਕ ਡੋਮ 3,532 ਮੀ. (11,775 ਫ਼ੁੱਟ); ਡੱਕਵਾਟਰ 3,448 ਮੀ. (11,493 ਫ਼ੁੱਟ); ਟਰਾਇ 3,379 ਮੀ. (11, 263 ਫ਼ੁੱਟ) ਅਤੇ ਮਾਉਂਟ ਗ੍ਰਾਂਟ 3,374 ਮੀ. (11, 247 ਫ਼ੁੱਟ) ਇਥੋਂ ਦੀਆਂ ਹੋਰ ਉਚੀਆਂ ਸਿਖ਼ਰਾਂ ਹਨ।

ਜਲ ਪ੍ਰਵਾਹ—ਹਮਬੋਲਟ ਦਰਿਆ ਜੋ 464 ਕਿ.ਮੀ. (290 ਮੀਲ) ਲੰਬਾ ਹੈ, ਆਪਣੀਆਂ ਸਹਾਇਕ ਨਦੀਆਂ ਸਮੇਤ ਰਾਜ ਦੇ ਇਕ ਤਿਹਾਈ ਹਿੱਸੇ ਦੀ ਜਲ ਨਿਕਾਸੀ ਕਰਦਾ ਹੈ ਅਤੇ ਨਵੈਦਾ ਦਾ ਸਭ ਤੋਂ ਲੰਬਾ ਦਰਿਆ ਹੈ। ਨਵੈਦਾ ਰਾਜ ਦੇ ਪੱਛਮੀ ਭਾਗ ਦੀ ਜਲ ਨਿਕਾਸੀ ਟਰੁਕੀ, ਕਾਰਸਨ ਅਤੇ ਵੱਕਰ ਦਰਿਆ ਕਰਦੇ ਹਨ ਅਤੇ ਇਹ ਦਰਿਆ ਸੀਐਰਾ ਨਵੈਦਾ ਪਹਾੜੀਆਂ ਵਿਚੋਂ ਨਿਕਲਦੇ ਅਤੇ ਵਾਦੀਆਂ ਵੱਲ ਵਗਦੇ ਹਨ ਜਿਥੇ ਇਨ੍ਹਾਂ ਦਾ ਪਾਣੀ ਸਿੰਜਾਈ ਲਈ ਵਰਤਿਆ ਜਾਂਦਾ ਹੈ। ਸਾਲਮਨ, ਬਰਨਿਊ ਅਤੇ ਓਵੀਹੀ ਦਰਿਆ ਉੱਤਰੀ ਅਲਕੋ ਕਾਉਂਟੀ ਵਿਚੋਂ ਦੀ ਨਿਕਲਦੇ ਹਨ ਅਤੇ ਉੱਤਰ ਵੱਲ ਇਡਾਹੋ ਰਾਜ ਦੇ ਸਨੇਕ ਦਰਿਆ ਵਿਚ ਜਾ ਰਲਦੇ ਹਨ। ਦੱਖਣ ਵੱਲ ਵਰਜਿਨ ਅਤੇ ਮੱਡੀ ਦਰਿਆ ਮੀਡ ਝੀਲ ਵਿਚ ਜਾ ਡਿਗਦੇ ਹਨ। ਇਥੋਂ ਦੇ ਸਾਰੇ ਦਰਿਆ ਖਾਰੀਆਂ ਝੀਲਾਂ ਜਾਂ ਪੇਤਲੇ ਚਿੱਕੜ ਵਾਲੇ ਖੇਤਰ ਵਿਚ ਡਿਗਦੇ ਹਨ। ਇਨ੍ਹਾਂ ਦਰਿਆਵਾਂ ਦੇ ਪਾਣੀ ਦੀ ਕੋਈ ਨਿਕਾਸੀ ਨਹੀਂ ਅਤੇ ਗਰਮੀਆਂ ਵਿਚ ਇਨ੍ਹਾਂ ਦਾ ਪਾਣੀ ਵਾਸ਼ਪ ਬਣ ਕੇ ਉਡ ਜਾਂਦਾ ਹੈ। ਤਾਹੋ ਝੀਲ ਜਿਸ ਦਾ ਕਿ ਇਕ ਤਿਹਾਈ ਹਿੱਸਾ ਨਵੈਦਾ ਰਾਜ ਵਿਚ ਹੀ ਪੈਂਦਾ ਹੈ; 1,800 ਮੀ. (6,000 ਫ਼ੁੱਟ) ਦੀ ਉਚਾਈ ਉੱਤੇ ਸੀਐਰਾ ਨਵੈਦਾ ਵਿਚ ਹੀ ਹੈ। ਨੇੜੇ ਹੀ ਵਾਸ਼ੋ ਝੀਲ ਵੀ ਹੈ। ਪਿਰਾਮਿਡ ਝੀਲ ਰਾਜ ਵਿਚਕਾਰਲੀ ਸਭ ਤੋਂ ਵੱਡੀ ਅਤੇ ਸੁੰਦਰ ਝੀਲ ਹੈ। ਇਹ 48 ਕਿ.ਮੀ. (30 ਮੀਲ) ਲੰਬੀ ਹੈ ਅਤੇ ਇਸ ਦੀ ਚੌੜਾਈ 6.4 ਤੋਂ 20.8 ਕਿ.ਮੀ. (4 ਤੋਂ 13 ਮੀਲ) ਤੱਕ ਮਿਲਦੀ ਹੈ।

ਜਲਵਾਯੂ—ਇਥੋਂ ਦਾ ਜਲਵਾਯੂ ਅਰਧ-ਖੁਸ਼ਕ ਤੋਂ ਖੁਸ਼ਕ ਕਿਸਮ ਦਾ ਹੈ। ਇਸ ਰਾਜ ਦੇ ਪੱਛਮ ਵੱਲ ਸਥਿਤ ਸੀਐਰਾ ਨਵੈਦਾ ਦੀਆਂ ਪਹਾੜੀਆਂ ਸ਼ਾਂਤ ਮਹਾਸਾਗਰ ਤੋਂ ਆਉਣ ਵਾਲੇ ਨਮੀ ਭਰਪੂਰ ਬੱਦਲਾਂ ਦੇ ਰਾਹ ਵਿਚ ਰੁਕਾਵਟ ਪੈਦਾ ਕਰਦੀਆਂ ਹਨ ਜਿਸ ਕਰਕੇ ਇਥੇ ਖੁਸ਼ਕ ਮੌਸਮ ਮਿਲਦਾ ਹੈ। ਇਥੇ ਔਸਤਨ ਸਾਲਾਨਾ ਵਰਖਾ ਦੀ ਮਾਤਰਾ 22.5 ਸੈਂ. ਮੀ. (9 ਇੰਚ), ਜਨਵਰੀ ਦੇ ਮਹੀਨੇ ਦਾ ਔਸਤਨ ਤਾਪਮਾਨ -4° ਸੈਂ. ਅਤੇ ਗਰਮੀਆਂ ਦਾ 30° ਸੈਂ. ਤਕ ਹੁੰਦਾ ਹੈ।

ਮਿੱਟੀ—ਖੁਸ਼ਕ ਨੀਵੇਂ ਖੇਤਰ ਅਤੇ ਪਹਾੜਾਂ ਦੀਆਂ ਹੇਠਲੀਆਂ ਢਲਾਨਾਂ ਉੱਤੇ ਸਲੇਟੀ ਮਿੱਟੀ ਮਿਲਦੀ ਹੈ ਜਦੋਂ ਕਿ ਦਰਿਆਵਾਂ ਦੇ ਨਾਲ ਨਾਲ ਜਲੌਢ ਮਿੱਟੀ ਮਿਲਦੀ ਹੈ।

ਬਨਸਪਤੀ ਅਤੇ ਜੀਵ ਜੰਤੂ—ਐਲਕਲਾਈਨ ਮਿੱਟੀ ਵਾਲੇ ਖੇਤਰ ਨੂੰ ਛੱਡ ਕੇ ਬਾਕੀ ਹਿੱਸੇ ਵਿਚ ਇਥੋਂ ਤਕ ਕਿ ਖੁਸ਼ਕ ਮੌਸਮ

ਵਿਚ ਵੀ ਬਨਸਪਤੀ ਉਗਾਈ ਜਾਂਦੀ ਹੈ। ਵਾਸ਼ੋ ਪਹਾੜਾਂ ਉੱਤੇ ਵੱਡੇ ਪੱਧਰ ਉੱਤੇ ਕੋਣਧਾਰੀ ਜੰਗਲ ਮਿਲਦੇ ਹਨ ਅਤੇ ਇਹ ਨਵੀਆਂ ਵਾਦੀਆਂ ਤਕ ਫੈਲੇ ਹੋਏ ਹਨ। ਕਈ ਥਾਵਾਂ ਉੱਤੇ ਇਨ੍ਹਾਂ ਜੰਗਲਾਂ ਨੂੰ ਕੱਟ ਦਿੱਤਾ ਗਿਆ ਹੈ ਅਤੇ ਇਥੋਂ ਦੀ ਲੱਕੜ ਖਾਣਾਂ ਲਈ ਵਰਤੋਂ ਵਿਚ ਲਿਆਂਦੀ ਗਈ ਹੈ। ਬੇਸਿਨ ਦੀਆਂ ਸਭ ਤੋਂ ਵੱਧ ਨੀਵੀਆਂ ਪਰਬਤੀ ਲੜੀਆਂ ਵਿਚ ਪਿਨਿਅਨ ਅਤੇ ਜੁਨੀਪਰ ਦੇ ਪੌਦੇ ਮਿਲਦੇ ਹਨ। ਇਨ੍ਹਾਂ ਵਾਦੀਆਂ ਵਿਚ ਝਾੜੀਆਂ, ਗ੍ਰੀਸਵੁੱਡ, ਕ੍ਰਿਓਸੋਟ ਝਾੜੀਆਂ ਅਤੇ ਸੇਜਬਰੱਸ਼ ਘਾਹ ਮਿਲਦੀ ਹੈ। ਇਨ੍ਹਾਂ ਵਾਦੀਆਂ ਵਿਚ ਉਗਣ ਵਾਲਾ ਘਾਹ ਪਸ਼ੂਆਂ ਦੇ ਚਰਨ ਲਈ ਲਾਭਦਾਇਕ ਹੈ। ਇਸ ਰਾਜ ਵਿਚ ਲਗਭਗ 30 ਜਾਤੀਆਂ ਦੇ ਕੈਕਟਸ ਮਿਲਦੇ ਹਨ। ਇਥੇ ਜਾਸ਼ੁਆ ਦਰਖ਼ਤ ਵੀ ਮਿਲਦਾ ਹੈ ਜਿਹੜਾ 12 ਮੀ. ਤਕ ਉੱਚਾ ਜਾਂਦਾ ਹੈ।

ਇਥੇ ਹਿਰਨ ਆਮ ਮਿਲਦੇ ਹਨ। ਇਸ ਤੋਂ ਇਲਾਵਾ ਕਾਇ-ਓਟ, ਬਘਿਆੜ, ਬਿੱਜੂ ਅਤੇ ਅਮਰੀਕੀ ਬਾਘੜ ਬਿੱਲਾ ਵੀ ਮਿਲਦੇ ਹਨ। ਇਥੋਂ ਦੇ ਮਾਰੂਥਲੀ ਖੇਤਰ ਵਿਚ ਜੈਕ ਖਰਗੋਸ਼, ਗਾਲ੍ਹੜਾਂ, ਚੂਹੀਆਂ ਤੇ ਚੂਹੇ ਮਿਲਦੇ ਹਨ। ਗਟਾਰਾਂ ਅਤੇ ਕਈ ਕਿਸਮ ਦੀਆਂ ਪੱਛਮੀ ਚਿੜੀਆਂ ਵੀ ਆਮ ਮਿਲਦੀਆਂ ਹਨ। ਰੂਬੀ ਝੀਲ ਅਤੇ ਵ੍ਹਾਈਟ ਪਾਈਨ ਕਾਉਂਟੀ ਵਿਚ ਕਈ ਕਿਸਮ ਦੇ ਜੰਗਲੀ ਪ੍ਰਵਾਸੀ ਪੰਛੀਆਂ ਦੇ ਨਿਵਾਸ ਸਥਾਨ ਬਣਾਏ ਗਏ ਹਨ। ਵੱਡ-ਅਕਾਰੀ ਪੰਛੀਆਂ ਵਿਚ ਸੇਜ-ਹੈੱਨ, ਬਟੇਰ ਅਤੇ ਨੀਲੇ ਕੁੱਕੜ ਵੀ ਮਿਲਦੇ ਹਨ।

ਇਤਿਹਾਸ

ਅਠਾਰ੍ਹਵੀਂ ਅਤੇ ਉਨ੍ਹੀਵੀਂ ਸਦੀ ਦੇ ਸ਼ੁਰੂ ਵਿਚ ਨਿਊ-ਮੈਕਸਿਕੋ ਦੇ ਸਪੇਨੀ ਮਿਸ਼ਨਰੀਆਂ ਅਤੇ ਹਡਸਨ ਬੇ ਕੰਪਨੀ ਦੇ ਫਰ ਦੇ ਵਪਾਰੀ ਇਸ ਖੇਤਰ ਵਿਚ ਆਏ। 1830 ਵਿਆਂ ਅਤੇ 1840 ਵਿਆਂ ਦੇ ਸਾਲਾਂ ਦੌਰਾਨ ਕੈਲਿਫੋਰਨੀਆ ਪਹੁੰਚਣ ਲਈ ਅਮਰੀਕੀ ਆਬਾਦ-ਕਾਰ ਅਤੇ ਸੋਨੇ ਦੇ ਅਭਿਲਾਖੀ ਗ੍ਰੇਟ ਬੇਸਿਨ ਵਿਚੋਂ ਦੀ ਲੰਘੇ। ਇਹ ਰਾਜ ਸਭ ਤੋਂ ਪਹਿਲਾਂ 1851 ਈ. ਵਿਚ ਸਥਾਪਿਤ ਹੋਇਆ ਜਦੋਂ ਇਹ ਊਟਾ (1850 ਈ. ਵਿਚ ਹੋਂਦ ਵਿਚ ਆਇਆ) ਰਾਜ ਦਾ ਹੀ ਹਿੱਸਾ ਸੀ। ਇਸ ਨੂੰ 1861 ਈ. ਵਿਚ ਟੈਰਿਟਰੀ ਵਜੋਂ ਬਣਾਇਆ ਗਿਆ। ਸੰਨ 1862 ਵਿਚ ਊਟਾ ਰਾਜ ਦਾ ਕੁਝ ਹਿੱਸਾ ਇਸ ਵਿਚ ਸ਼ਾਮਲ ਕਰਕੇ ਇਸ ਦੇ ਖੇਤਰ ਵਿਚ ਵਾਧਾ ਕੀਤਾ ਗਿਆ ਅਤੇ 31 ਅਕਤੂਬਰ, 1864 ਵਿਚ ਇਸ ਨੂੰ ਸੰ.ਰ.ਅ. ਦੇ 36ਵੇਂ ਰਾਜ ਦੇ ਤੌਰ ਤੇ ਯੂਨੀਅਨ ਵਿਚ ਸ਼ਾਮਲ ਕੀਤਾ ਗਿਆ।

ਆਰਥਿਕਤਾ

ਕੁਦਰਤੀ ਸਾਧਨ—ਇਥੋਂ ਦੀ ਆਰਥਿਕਤਾ ਖਾਣਾਂ ਅਤੇ ਖੇਤੀਬਾੜੀ ਉੱਤੇ ਆਧਾਰਿਤ ਹੈ। ਇਲੀ, ਵ੍ਹਾਈਟ ਪਾਈਨ ਕਾਉਂਟੀ, ਵੀਡ ਹਾਈਟਸ ਅਤੇ ਲਿਓਂਕ ਕਾਉਂਟੀ ਦੇ ਸ਼ਹਿਰ ਯੈਰਿੰਗਟਨ ਵਿਖੇ ਸਭ ਤੋਂ ਵੱਧ ਤਾਂਬਾ ਕੱਢਿਆ ਜਾਂਦਾ ਹੈ। ਪ੍ਰਾਂਤ ਦੇ ਉੱਤਰ ਵਿਚ ਕਾਰਲਿਨ ਦੀਆਂ ਸੋਨੇ ਦੀਆਂ ਖਾਣਾਂ ਹਨ। ਇਸ ਤੋਂ ਇਲਾਵਾ ਇਥੇ ਪਾਰਾ, ਲੋਹਾ, ਸਿੱਕਾ, ਮੋਲਿਬਡੇਨਮ, ਪਰਲਾਈਟ ਅਬਰਕ, ਲੂਣ, ਟੰਗਸਟਨ, ਮੈਗਨੇਸਾਈਟ, ਡਾਇਟੋਮਾਈਟ ਅਤੇ ਜਿਸਤ ਵੀ ਮਿਲਦੇ ਹਨ। ਰਾਜ ਦੇ ਦੱਖਣੀ ਹਿਸੇ ਨੂੰ ਕਾਲਾਰਾਡੋ ਦਰਿਆ ਉੱਤੇ ਬਣੇ ਦੋ ਡੈਮਾਂ-ਹੂਵਰ ਡੈਮ (1936) ਅਤੇ ਡੇਵਿਸ ਡੈਮ (1949) ਤੋਂ ਊਰਜਾ ਮਿਲਦੀ ਹੈ।

ਖੇਤੀਬਾੜੀ—ਭਾਵੇਂ ਇਥੋਂ ਦਾ ਜਲਵਾਯੂ ਖੁਸ਼ਕ ਹੈ ਪਰ ਫਿਰ ਵੀ ਇਸ ਰਾਜ ਨੂੰ ਸਿੰਜਾਈ ਸਹੂਲਤਾਂ ਪ੍ਰਦਾਨ ਹੋਣ ਕਰਕੇ ਇਹ ਖੇਤੀਬਾੜੀ ਪੱਖੋਂ ਵੀ ਖੁਸ਼ਹਾਲ ਹੈ। ਇਥੋਂ ਦੇ ਲੋਕ ਪਸ਼ੂਆਂ ਨੂੰ ਵੇਚਣ, ਡੇਅਰੀ ਦੀਆਂ ਵਸਤਾਂ, ਭੇਡਾਂ ਅਤੇ ਉੱਨ ਵੇਚ ਕੇ ਤਿੰਨ ਚੌਥਾਈ ਹਿੱਸੇ ਦੀ ਆਮਦਨ ਵਸੂਲ ਕਰਦੇ ਹਨ। ਐਲਕੋ, ਵਾਈਨਮੁਕਾ, ਲਵਲਾੱਕ ਮੁੱਖ ਵਪਾਰਕ ਕੇਂਦਰ ਹਨ। ਇਥੇ ਅਲਫਾ-ਅਲਫਾ ਘਾਹ ਬਹੁਤ ਹੁੰਦਾ ਹੈ ਜਿਹੜਾ ਪਸ਼ੂਆਂ ਦੀ ਖ਼ੁਰਾਕ ਲਈ ਵਰਤਿਆ ਜਾਂਦਾ ਹੈ। ਜੌਂ, ਜਵੀ, ਕਣਕ, ਆਲੂ, ਪਿਆਜ ਆਦਿ ਵੀ ਉਗਾਏ ਜਾਂਦੇ ਹਨ। ਦੱਖਣ ਦੀਆਂ ਘਾਟੀਆਂ ਵਿਚ ਫਲ, ਸਬਜ਼ੀਆਂ ਅਤੇ ਕਪਾਹ ਉਗਾਈ ਜਾਂਦੀ ਹੈ।

ਸੱਨਅਤਾਂ—ਸੈਰ ਸਪਾਟਾ ਉਦਯੋਗ ਅਤੇ ਕਾਨੂੰਨੀ ਤੌਰ ਉੱਤੇ ਪ੍ਰਮਾਣਿਤ ਜੂਆ ਇਥੋਂ ਦੇ ਪ੍ਰਮੁੱਖ ਉਦਯੋਗ ਹਨ। ਇਸ ਤੋਂ ਇਲਾਵਾ ਖਾਣ-ਖੁਦਾਈ ਅਤੇ ਕੱਚੀਆਂ ਧਾਤਾਂ ਨੂੰ ਪਿਘਲਾਣ ਵਰਗੀਆਂ ਸੱਨਅਤਾਂ ਵੀ ਉਪਲੱਬਧ ਹਨ।

ਆਵਾਜਾਈ—ਇਸ ਰਾਜ ਵਿਚੋਂ ਦੀ ਪੱਛਮ ਤੋਂ ਪੂਰਬ ਵੱਲ ਨੂੰ ਤਿੰਨ ਰੇਲ ਲਾਈਨਾਂ ਹਨ। ਉੱਤਰੀ ਹਿੱਸੇ ਵਿਚ ਰਾਜ ਦੀਆਂ ਦੋ ਰੇਲ ਲਾਈਨਾਂ 'ਸਦਰਨ ਪੈਸਿਫ਼ਿਕ' ਅਤੇ 'ਵੈਸਟਰਨ ਪੈਸਿਫਿਕ' ਹਨ। ਇਹ ਸਾਨ ਫ਼ਰਾਂਸਿਸਕੋ ਨੂੰ ਸਾਲਟ ਲੇਕ ਸਿਟੀ ਨਾਲ ਜੋੜਦੀਆਂ ਹਨ। ਤੀਜੀ 'ਯੂਨੀਅਨ ਪੈਸ਼ਿਫ਼ਿਕ ਰੇਲ ਲਾਈਨ' ਰਾਜ ਦੇ ਦੱਖਣੀ ਹਿੱਸੇ ਵਿਚੋਂ ਦੀ ਲੰਘਦੀ ਹੈ ਜਿਹੜੀ ਲਾਸ ਵੇਗਾਸ ਰਾਹੀਂ ਲਾਸ ਏਂਜਲਜ਼ ਅਤੇ ਸਾਲਟ ਲੇਕ ਸਿਟੀ ਨੂੰ ਜੋੜਦੀ ਹੈ। ਸੰਨ 1997 ਵਿਚ ਇਥੇ 8757 ਕਿ.ਮੀ. ਲੰਬੀਆਂ ਸੜਕਾਂ ਅਤੇ 1995 ਈ. ਤੱਕ 2035 ਕਿ.ਮੀ. ਲੰਬੀ ਮੁੱਖ ਰੇਲ ਲਾਈਨ ਸੀ। ਲਾਸ ਵੇਗਾਸ ਅਤੇ ਰੀਨੋ ਸ਼ਹਿਰਾਂ ਵਿਚ ਅੰਤਰਰਾਸ਼ਟਰੀ ਹਵਾਈ ਅੱਡੇ ਵੀ ਹਨ।

ਲੋਕ

ਆਬਾਦੀ ਦੇ ਪੱਖੋਂ ਅਲਾਸਕਾ ਅਤੇ ਵਾਇਓਮਿੰਗ ਤੋਂ ਬਾਅਦ ਇਹ ਸੰ.ਰ.ਅ. ਦਾ ਤੀਜਾ ਘੱਟ ਵਸੋਂ ਦੀ ਘਣਤਾ ਵਾਲਾ ਰਾਜ ਹੈ। ਕਲਾਰਕ ਕਾਉਂਟੀ ਦੇ ਲਾੱਸ ਵੇਗਸ, ਨਾਰਥ ਲਾੱਸ ਵੇਗਸ, ਹੈਂਡਰਸਨ ਅਤੇ ਵਾਸ਼ੂ ਕਾਉਂਟੀ ਦੇ ਰੀਨੋ ਅਤੇ ਸਪਾਰਕ ਸ਼ਹਿਰਾਂ ਵਿਚ 1990 ਈ. ਵਿਚ ਕੁਲ ਵਸੋਂ ਦਾ 83 ਪ੍ਰੀਤਸ਼ਤ ਸੀ।

ਧਰਮ—ਕਾਰਸਨ ਵਾਦੀ 1849 ਤੋਂ 1859 ਈ. ਤੱਕ ਮਾਰ-ਸਨਵਾਦ ਦੇ ਪੈਰੋਕਾਰਾਂ ਦਾ ਕੇਂਦਰ ਰਿਹਾ ਅਤੇ ਹੁਣ ਵੀ ਮਾਰਸਨਾਂ ਦੀ ਇਥੇ ਕਾਫ਼ੀ ਵਸੋਂ ਹੈ। ਪ੍ਰੋਟੈਸਟੈਂਟ ਵਰਗ ਵੀ ਸਾਰੇ ਰਾਜ ਵਿਚ ਹੈ। ਰੋਮਨ ਕੈਥੋਲਿਕੀ ਚਰਚ ਨੂੰ ਇਕ ਇਤਾਲਵੀ ਅਤੇ ਸਪੇਨੀ ਬਾਸਕ ਵਾਸੀਆਂ ਦੁਆਰਾ ਇਮਦਾਦ ਮਿਲਦੀ ਹੈ।

ਸਿੱਖਿਆ—ਇਥੇ 7 ਤੋਂ 17 ਸਾਲ ਤਕ ਦੇ ਬੱਚਿਆਂ ਲਈ ਸਕੂਲ ਜਾਣਾ ਜ਼ਰੂਰੀ ਹੈ। ਸੰਨ 1999-2000 ਦੇ ਆਂਕੜਿਆਂ ਅਨੁਸਾਰ 1,62,549 ਪਬਲਿਕ ਐਲੀਮੈਂਟਰੀ ਸਕੂਲ; 7-9 ਸਾਲ ਤਕ ਦੇ ਬੱਚਿਆ ਲਈ 73,797; 10-12 ਸਾਲ ਦੇ ਬੱਚਿਆਂ ਲਈ 61,348 ਪਬਲਿਕ ਸੈਕੰਡਰੀ ਸਕੂਲ ਅਤੇ 698 ਸਪੈਸ਼ਲ ਪਬਲਿਕ ਸਕੂਲ ਵਰਗੇ ਵਿਦਿਅਕ ਅਦਾਰੇ ਸਨ। ਰੀਨੋ ਵਿਖੇ ਨਵੈਦਾ ਯੂਨੀਵਰਸਿਟੀ ਲਾੱਸ ਵੇਗਸ ਵਿਖੇ ਨਵੈਦਾ ਯੂਨੀਵਰਸਿਟੀ ਉਚੇਰੀ ਸਿੱਖਿਆ ਦੀਆਂ ਸਹੂਲਤਾਂ ਮੁਹੱਈਆ ਕਰਦੀਆਂ ਹਨ। ਰੀਨੋ, ਕਾਰਸਨ ਸਿਟੀ, ਐਲਕੋ, ਫੈਲਾੱਕ ਅਤੇ ਲਾੱਸ ਵੇਗਸ ਵਿਖੇ ਸਥਿਤ ਨਵੈਦਾ ਯੂਨੀਵਰਸਿਟੀ ਦੇ ਹੀ ਇਕ ਹਿੱਸੇ ਵਾਂਗ ਦੋ ਸਾਲਾ ਕਮਿਊਨਿਟੀ ਕਾਲਜ ਚਲਦੇ ਹਨ।

ਰਾਜ-ਪ੍ਰਬੰਧ

ਇਸ ਰਾਜ ਦਾ ਸੰਵਿਧਾਨ 1864 ਈ. ਵਿਚ ਅਪਨਾਇਆ ਗਿਆ ਸੀ। ਸੰਨ 1990 ਤਕ ਇਸ ਦੀ ਸੰਵਿਧਾਨ ਵਿਚ 112 ਵਾਰੀ ਸੋਧ ਕੀਤੀ ਜਾ ਚੁੱਕੀ ਹੈ। ਇਥੋਂ ਦੀ ਵਿਧਾਨ ਸਭਾ ਦੋ ਸਦਨੀ ਹੈ ਜਿਸ ਵਿਚ ਇਕ ਸੈਨੇਟ ਸ਼ਾਮਲ ਹੁੰਦੀ ਹੈ ਜਿਸ ਦੇ 21 ਮੈਂਬਰ ਚਾਰ ਸਾਲ

ਲਈ ਚੁਣੇ ਜਾਂਦੇ ਹਨ ਅਤੇ ਹਰ ਦੋ ਸਾਲ ਬਾਅਦ ਇਸ ਦੇ ਅੱਧੇ ਮੈਂਬਰ ਰਿਟਾਇਰ ਹੋ ਜਾਂਦੇ ਹਨ। ਇਸ ਦੀ ਅਸੈਂਬਲੀ ਦੇ 42 ਮੈਂਬਰ ਹੁੰਦੇ ਹਨ ਜਿਹੜੇ ਦੋ ਸਾਲ ਲਈ ਚੁਣੇ ਜਾਂਦੇ ਹਨ। ਇਹ ਰਾਜ ਕਾਂਗਰਸ ਲਈ ਦੋ ਪ੍ਰਤੀਨਿਧ ਵੀ ਭੇਜਦਾ ਹੈ।

ਹ. ਪੁ.—ਐਨ. ਬ੍ਰਿ. 16 : 312; ਐਨ. ਅਮੈ. 20 : 140; ਸਟੇ.ਯੀ. ਬੁੱ. 2002 : 1857

ਨੜਾਲੀ : ਪਾਕਿਸਤਾਨ ਦੇ ਜ਼ਿਲ੍ਹਾ ਰਾਵਲਪਿੰਡੀ ਵਿਚ ਤਹਿਸੀਲ ਗੁਜਰਖ਼ਾਨ ਦੇ ਥਾਣਾ ਜਾਤਲੀ ਵਿਚ ਇਹ ਇਕ ਇਤਿ-ਹਾਸਕ ਪਿੰਡ ਹੈ ਜੋ ਰੇਲਵੇ ਸਟੇਸ਼ਨ ਦੌਲਤਾਨਾ ਤੋਂ ਲ. 10 ਕਿ.ਮੀ. (6 ਮੀਲ) ਦੱਖਣ-ਪੱਛਮ ਵਿਚ ਸਥਿਤ ਹੈ। ਇਸ ਪਿੰਡ ਵਿਚ ਸਿੱਖਾਂ ਦੇ ਛੇਵੇਂ ਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਦੁਆਰਾ ਹੈ। ਗੁਰੂ ਜੀ ਇਥੋਂ ਦੇ ਆਪਣੇ ਇਕ ਸ਼ਰਧਾਲੂ ਭਾਈ ਹਰਬੰਸ ਜੀ ਤਪਾ ਦਾ ਪ੍ਰੇਮ ਦੇਖ ਕੇ ਕਸ਼ਮੀਰ ਤੋਂ ਪੰਜਾਬ ਨੂੰ ਆਉਂਦੇ ਹੋਏ ਇਥੇ ਵਿਰਾਜੇ ਸਨ। ਪਹਿਲਾਂ ਇਥੇ ਦਾ ਗੁਰਦੁਆਰਾ ਤਪਾ ਹਰਬੰਸ ਜੀ ਦੇ ਨਾਮ ਤੇ ਪ੍ਰਸਿੱਧ ਸੀ ਪਰ ਮਗਰੋਂ ਗੁਰੂ ਜੀ ਦੇ ਗੁਰਦੁਆਰਾ ਸਾਹਿਬ ਵਜੋਂ ਮਸ਼ਹੂਰ ਹੋ ਗਿਆ ਸੀ।

ਹ. ਪੁ.—ਮ.ਕੋ. : 687

ਨਾਂ (ਭਾਸ਼ਾ ਵਿਗਿਆਨ ਵਿਚ) : ਨਾਂ ਇਕ ਸ਼ਬਦ ਜਾਂ ਸ਼ਬਦਾਂ ਦਾ ਉਹ ਸਮੂਹ ਹੈ ਜਿਸ ਨੂੰ ਵਿਅਕਤੀਗਤ ਹੋਂਦ ਨੂੰ ਪ੍ਰਗਟ ਕਰਨ ਲਈ ਵਰਤਿਆ ਜਾਂਦਾ ਹੈ। ਨਾਂ ਕਿਸੇ ਤਰ੍ਹਾਂ ਦੀ ਵਿਅਕਤੀਗਤ ਹੋਂਦ ਨੂੰ ਸਪੱਸ਼ਟ ਤੌਰ ਤੇ ਪ੍ਰਗਟ ਕਰਦਾ ਹੈ।

ਜਾਤੀਵਾਚਕ ਸੰਗਿਆ ਨੂੰ ਇਕ ਸਮੂਹ ਦੀ ਹੋਂਦ ਪ੍ਰਗਟ ਕਰਨ ਦੇ ਨਾਲ ਨਾਲ ਇਹ ਵਿਅਕਤੀਗਤ ਹੋਂਦ ਪ੍ਰਗਟ ਕਰਨ ਲਈ ਵੀ ਵਰਤਿਆ ਜਾ ਸਕਦਾ ਹੈ। ਉਦਾਹਰਣ ਵਜੋਂ ਆਸਟਿਕ ਵਿਖੇ ਰਹਿੰਦਾ ਇਕ ਵਸਨੀਕ ਕਹਿੰਦਾ ਹੈ, 'ਚਲੋ ਅੱਜ ਅਸੀਂ ਤੈਰਨ ਲਈ ਚਲੀਏ, ਤਾਲ ਵਿਚ ਨਹੀਂ ਸਗੋਂ ਦਰਿਆ ਵਿਚ'। ਇਸ ਵਿਚ ਸ਼ਬਦ 'ਦਰਿਆ' ਇਕ ਖਾਸ ਦਰਿਆ ਕਾਲੋਰਾੱਡੋ ਵੱਲ ਸੰਕੇਤ ਕਰਦਾ ਹੈ ਜਿਥੇ 'ਦਰਿਆ' ਜਾਤੀਵਾਚਕ ਸੰਗਿਆ ਹੈ। ਕੁਝ ਨਾਂ ਨਾਵਾਂ ਦੀ ਸ਼੍ਰੇਣੀ ਤੋਂ ਵੱਧ ਜਾਤੀਵਾਚਕ ਸੰਗਿਆ ਦੀ ਸ਼੍ਰੇਣੀ ਦੇ ਲਗਦੇ ਹਨ, ਜਿਵੇਂ ਰੈੱਡ ਰਿਵਰ, ਕਾਲੋਰਾੱਡੋ ਦਰਿਆ, ਸਟੋਨੀ ਬ੍ਰੂਕ ਆਦਿ।

ਕੁਝ ਭਾਸ਼ਾਵਾਂ ਵਿਚ ਨਾਂ ਅਤੇ ਜਾਤੀਵਾਚਕ ਸੰਗਿਆ ਦੇ ਬਾਹਰੀ ਅਰਥਾਂ ਵਿਚ ਭਿੰਨਤਾ ਹੈ। ਇਸ ਭਿੰਨਤਾ ਦਾ ਸੰਕੇਤ ਲਿਪੀ ਤੋਂ ਮਿਲਦਾ ਹੈ। ਉਦਾਹਰਣ ਵਜੋਂ ਲਾਤੀਨੀ, ਯੂਨਾਨੀ, ਸਿਰੱਲਿਕ, ਆਰਮੀਨੀਆਈ ਅਤੇ ਜਾਰਜੀਆਈ ਵਰਣਮਾਲਾ ਵਾਲੀਆਂ ਭਾਸ਼ਾਵਾਂ ਸ਼ੁਰੂ ਵਿਚ ਵੱਡੇ ਅੱਖਰਾਂ ਦੀ ਵਰਤੋਂ ਕਰਦੀਆਂ ਹਨ ਪਰ ਇਸ ਤੋਂ ਉਲਟ ਜਰਮਨ ਭਾਸ਼ਾ ਵਿਚ ਕੇਵਲ ਨਾਂ ਹੀ ਨਹੀਂ ਸਗੋਂ ਸਾਰੀਆਂ ਸੰਗਿਆਵਾਂ ਨੂੰ ਵੱਡੇ ਅੱਖਰਾਂ ਵਿਚ ਲਿਖਿਆ ਜਾਂਦਾ ਹੈ।

ਨਾਂ ਅਤੇ ਜਾਤੀਵਾਚਕ ਸੰਗਿਆ ਦਾ ਅੰਤਰ ਆਮ ਤੌਰ ਤੇ ਸਪਸ਼ਟ ਹੈ—ਨਾਂ ਨੂੰ ਵਿਅਕਤੀਗਤ ਹੋਂਦ ਲਈ ਅਤੇ ਜਾਤੀਵਾਚਕ ਸੰਗਿਆ ਨੂੰ ਕਿਸੇ ਇਕ ਸਮੂਹ ਜਾਂ ਉਨ੍ਹਾਂ ਦੀ ਕਿਸੇ ਵੀ ਗਿਣਤੀ ਲਈ ਵਰਤਿਆ ਜਾ ਸਕਦਾ ਹੈ, ਜਿਵੇਂ ਦਰਿਆ, ਪਹਾੜ, ਲੜਕੀ, ਕਾਰ, ਮੇਜ ਆਦਿ। ਇਕ ਦੇਸ਼ ਦੀ ਆਪਣੀ ਇਕ ਅਲੱਗ ਹੋਂਦ ਹੈ, ਇਸ ਕਾਰਨ, ਅਮਰੀਕੀ, ਅੰਗਰੇਜ਼ ਅਤੇ ਸਪੇਨੀ ਨਾਂ ਹਨ ਜਦ ਕਿ ਦੂਜੇ ਪਾਸੇ 'ਸਿਪਾਹੀ' 'ਜਹਾਜ਼ੀ' ਆਦਿ ਨਾਂ ਨਹੀਂ ਹਨ। 'ਬੈਪਟਿਸਟ', 'ਐਡਵੈਂਟਿਸਟ' ਆਦਿ ਤੋਂ ਸ਼ਬਦਾਂ ਦੀ ਮਹੱਤਤਾ ਦਾ ਅੰਦਾਜ਼ਾ ਲਗਾਉਣਾ ਮੁਸ਼ਕਲ ਹੈ। ਇਸੇ ਤਰ੍ਹਾਂ ਇਹ ਪ੍ਰਸ਼ਨ ਉਠਦਾ ਹੈ ਕਿ ਹੈਨਰੀ ਫੋਰਡ ਵਲੋਂ ਤਿਆਰ ਕੀਤੇ ਸਾਰੇ ਵਾਹਣ ਫੋਰਡ ਹਨ ਤਾਂ ਇਕ ਫੋਰਡ ਵਾਹਣ ਖਰੀਦਣ ਤੇ ਇਹ 'ਫੋਰਡ' ਨਾਂ ਹੋਵੇਗਾ ਹਾਲਾਂਕਿ ਇਹ ਸ਼ਬਦ ਉਹੀ ਮਹੱਤਵ ਰੱਖਦਾ ਹੈ ਪਰ ਇਸ ਤਰ੍ਹਾਂ ਦੇ ਨਾਮ ਜਾਤੀਵਾਚਕ ਸੰਗਿਆ ਵਿਚ ਮੰਨੇ ਜਾਂਦੇ ਹਨ। ਰੋਮਨ ਕੈਥੋਲਿਕ ਚਰਚ 'ਦੀ ਮਿਨੀਸਟਰੀ ਆਫ਼ ਐਜੂਕੇਸ਼ਨ' ਆਦਿ ਵਰਗੇ ਸ਼ਬਦਾਂ ਦੀ ਸਥਿਤੀ ਆਪਣੇ ਅਸਲ ਨਾਂ ਕਾਰਨ ਅਸਪਸ਼ਟ ਹੈ। ਕਈ ਭਾਸ਼ਾਵਾਂ ਵਿਚ ਵੱਡੇ ਅੱਖਰਾਂ ਦੀ ਵਰਤੋਂ ਹੋਣ ਕਾਰਨ ਇਸ ਤਰ੍ਹਾਂ ਦੀ ਦੁਬਿਧਾਪੂਰਣ ਸਥਿਤੀ ਉਤਪੰਨ ਹੋਈ। ਯੂਨਾਨੀ ਲੋਕ ਸੰਗਿਆ ਸ਼ਬਦ ਦੀ ਵਰਤੋਂ ਨਾਂ ਅਤੇ ਜਾਤੀਵਾਚਕ ਸੰਗਿਆ ਦੋਹਾਂ ਲਈ ਕਰਦੇ ਹਨ। ਭਿੰਨਤਾ ਪ੍ਰਗਟ ਕਰਨ ਲਈ ਉਹ ਨਾਂ ਦਾ ਵਿਅਕਤੀਵਾਚਕ ਸੰਗਿਆ ਦੇ ਤੌਰ ਤੇ ਜ਼ਿਕਰ ਕਰਦੇ ਹਨ। ਇਸ ਤਰ੍ਹਾਂ ਵਿਅਕਤੀ-ਵਾਚਕ ਨਾਂਵ ਜਾਂ ਸੰਗਿਆ ਨੂੰ ਨਾਂਵ ਵਜੋਂ ਅਤੇ ਸੰਗਿਆ, ਸਾਧਾਰਣ ਸੰਗਿਆ ਅਤੇ ਜਾਤੀਵਾਚਕ ਸੰਗਿਆ ਨੂੰ ਜਾਤੀਵਾਚਕ ਸੰਗਿਆ ਲਈ ਵਰਤਿਆ ਜਾਂਦਾ ਹੈ।

ਸਾਰੇ ਪੱਖਾਂ ਤੋਂ ਨਾਂ ਦਾ ਅਧਿਐਨ ਕਰਨ ਵਾਲੇ ਸ਼ਾਸਤਰ ਨੂੰ ਨਾਂ-ਸਬੰਧੀ ਸ਼ਾਸਤਰ ਕਿਹਾ ਜਾਂਦਾ ਹੈ। ਇਸ ਸ਼ਾਸਤਰ ਦਾ ਵਿਸ਼ਾ ਬਹੁਤ ਵਿਸ਼ਾਲ ਹੈ ਕਿਉਂਕਿ ਇਸ ਸ਼ਾਸਤਰ ਵਿਚ ਸਿਧਾਂਤ ਅਨੁਸਾਰ ਸਾਰੀਆਂ ਭਾਸ਼ਾਵਾਂ, ਸਾਰੇ ਭੂਗੋਲਿਕ ਅਤੇ ਸਾਹਿਤਕ ਖੇਤਰ ਅਤੇ ਸਾਰੇ ਇਤਿਹਾਸਕ ਦੌਰ ਸ਼ਾਮਲ ਹਨ। ਅਸਲੀ ਉਦੇਸ਼ ਲਈ ਇਸ ਵਿਸ਼ੇ ਨੂੰ ਭਾਸ਼ਾ ਜਾਂ ਭੂਗੋਲਿਕ ਪੱਖੋਂ, ਇਤਿਹਾਸਕ ਥਾਵਾਂ ਅਤੇ ਨਾਵਾਂ ਦੀ ਆਪਣੀ ਵਿਸਤ੍ਰਿਤ ਵੰਡ ਤੋਂ ਹੁੰਦਾ ਹੈ ਜਿਵੇਂ ਵਿਅਕਤੀਗਤ ਨਾਂ ਅਤੇ ਸਥਾਨ ਦਾ ਨਾਂ। ਵਿਅਕਤੀਗਤ ਨਾਵਾਂ ਦੇ ਇਕ ਸਮੂਹ ਨੂੰ ਵਿਅਕਤੀ ਨਾਮ ਵਿਗਿਆਨ ਜਾਂ ਨਾਂ ਸਬੰਧੀ ਵਿਗਿਆਨ ਅਤੇ ਸਥਾਨ ਦੇ ਨਾਵਾਂ ਨੂੰ ਸਥਲ ਨਾਮ ਵਿਗਿਆਨ ਕਿਹਾ ਜਾਂਦਾ ਹੈ। ਸਥਲ ਵਿਗਿਆਨ ਨੂੰ ਇਸੇ ਪਰਿਭਾਸ਼ਕ ਸ਼ਬਦਾਵਲੀ ਜਿਸ ਵਿਚ ਸੜਕਾਂ, ਵਸੋਂ ਵਾਲੇ ਸਥਾਨ, ਦਰਿਆ, ਦੇਸ਼ ਆਦਿ ਦੇ ਵਿਸਤ੍ਰਿਤ ਰੂਪ ਸ਼ਾਮਲ ਹਨ ਜਾਂ ਸਿਰਫ ਵਸੋਂ ਵਾਲੇ ਸਥਾਨਾਂ ਜਿਵੇਂ ਸ਼ਹਿਰਾਂ, ਪਿੰਡਾਂ ਆਦਿ ਦੇ ਅਰਥਾਂ ਵਿਚ ਵਰਤਿਆ ਜਾਂਦਾ ਹੈ। ਸ਼ੈਲੀ ਪਰਿਵਰਤਨ ਕਾਰਨ ਨਾਵਾਂ ਦੀਆਂ ਕਈ ਸ਼੍ਰੇਣੀਆਂ ਨੂੰ ਆਮ ਤੌਰ ਤੇ ਇਕੱਠਾ ਕੀਤਾ ਜਾਂਦਾ ਹੈ ਜਿਵੇਂ ਕਈ ਸਥਲ-ਨਾਂਵ ਵਿਅਕਤੀਗਤ ਨਾਵਾਂ 'ਚੋਂ ਨਿਕਲੇ ਹਨ, ਕਈ ਗ੍ਰਹਿਆਂ ਅਤੇ ਤਾਰਿਆਂ ਦੇ ਨਾਂਵ ਸਥਲ, ਦੇਸ਼ ਆਦਿ ਦੇ ਨਾਂਵਾਂ 'ਚੋਂ ਨਿਕਲੇ ਹਨ।

ਵਿਅਕਤੀਗਤ ਨਾਵਾਂ ਨੂੰ ਅੱਗੇ ਕਈ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ। ਆਮ ਤੌਰ ਤੇ ਵਿਅਕਤੀ ਦਾ ਜਨਮ ਤੋਂ ਹੀ ਨਾਂ ਰੱਖ ਦਿੱਤਾ ਜਾਂਦਾ ਹੈ ਪਰ ਯੂਰਪ ਅਤੇ ਅਮਰੀਕਾ ਵਿਚ ਬਪਤਿਸਮੇ ਵੇਲੇ ਨਾਂ ਰੱਖਿਆ ਜਾਂਦਾ ਹੈ। ਇਸ ਤਰ੍ਹਾਂ ਦੇ ਨਾਂ ਨੂੰ ਸਿਰਫ਼ ਨਾਂ, ਬਪਤਿਸਮਕ ਨਾਂ ਜਾਂ ਪਹਿਲੇ ਨਾਂ ਵਜੋਂ ਜਾਣਿਆ ਜਾਂਦਾ ਹੈ। ਦੂਸਰੀ ਤਰ੍ਹਾਂ ਦੇ ਨਾਵਾਂ ਵਿਚ ਉਪ ਨਾਮ ਜਾਂ ਖਾਨਦਾਨੀ ਨਾਂ ਆਉਂਦੇ ਹਨ। ਛੋਟੇ ਨਾਂ ਦੀ ਵਰਤੋਂ ਉਪ ਨਾਂ ਦੇ ਸਬੰਧ ਵਿਚ ਅਤੇ ਲਾਡ ਪਿਆਰ ਦੇ ਨਾਵਾਂ ਦੀ ਵਰਤੋਂ ਮਿੱਤਰਤਾ ਅਤੇ ਨਜ਼ਦੀਕੀ ਲੋਕਾਂ ਲਈ ਕੀਤੀ ਜਾਂਦੀ ਹੈ।

ਨਾਂ ਰੱਖਣ ਦੀ ਕ੍ਰਿਆ ਵਿਚ ਨਾਂ ਦੇ ਅਰਥ ਅਤੇ ਸਬੰਧ ਦਾ ਮਹੱਤਵਪੂਰਨ ਸਥਾਨ ਹੈ। ਇਸ ਪੱਖੋਂ 'ਨਾਂ' ਸ਼ਬਦ ਅਤੇ 'ਜਾਤੀ ਵਾਚਕ ਸੰਗਿਆ' ਵਿਚਕਾਰ ਬੁਨਿਆਦੀ ਤੌਰ ਤੇ ਅੰਤਰ ਹੈ। ਨਾਂ ਦੇ ਅਰਥ ਵਿਚ ਵਿਅਕਤੀ ਜਾਂ ਵਸਤੂ ਦੇ ਅਰਥ ਨੂੰ ਸਪਸ਼ਟ ਕਰਨ ਦੀ ਸਮਰੱਥਾ ਹੋਣੀ ਚਾਹੀਦੀ ਹੈ।

ਬਿਨਾਂ ਅਰਥ ਵਾਲੇ ਨਾਵਾਂ ਦਾ ਵੀ ਕਿਸੇ ਨਾਂ ਨਾਲ ਸਬੰਧ ਹੁੰਦਾ ਹੈ ਜਿਵੇਂ 'ਮੈਰੀ' ਅਤੇ 'ਜਾਨ' ਸ਼ਬਦ ਦਾ ਕੋਈ ਅਰਥ ਨਹੀਂ ਹੈ ਪਰ ਈਸਾਈ ਧਰਮ ਵਿਚ ਇਹ ਮਹੱਤਵਪੂਰਨ ਵਿਅਕਤੀਆਂ ਦੇ ਨਾਂ ਹੋਣ ਕਾਰਨ ਇਨ੍ਹਾਂ ਦੀ ਵਰਤੋਂ ਆਮ ਕੀਤੀ ਜਾਂਦੀ ਹੈ।

ਆਮ ਤੌਰ ਤੇ ਬੱਚਿਆਂ ਦੇ ਵਧੀਆ ਅਤੇ ਸੁਲੱਖਣੇ ਨਾਂ ਰੱਖੇ ਜਾਂਦੇ ਹਨ ਪਰ ਕੁਝ ਸਭਿਆਚਾਰਾਂ ਵਿਚ ਜਿਵੇਂ ਅਫ਼ਰੀਕਾ ਦੇ ਕੁਝ ਹਿੱਸਿਆਂ ਅਤੇ ਪ੍ਰਾਚੀਨ ਕਾਲ ਵਿਚ ਚੀਨ ਵਿਖੇ ਬੱਚਿਆਂ ਦੇ ਨਾਂ ਅਪਾਹਜ ਬਦਸ਼ਕਲ ਆਦਿ ਦੇ ਅਰਥ ਵਾਲੇ ਬੁਰੇ ਨਾਂਵਾਂ ਤੇ ਰੱਖੇ ਜਾਂਦੇ ਸਨ ਤਾਂ ਕਿ ਉਹ ਬੱਚੇ ਦੁਸ਼ਟ ਆਤਮਾਵਾਂ ਤੋਂ ਬਚੇ ਰਹਿਣ।

ਵਿਅਕਤੀਗਤ ਨਾਂ ਦੀ ਚੋਣ ਨਿਜੀ ਅਤੇ ਵਿਅਕਤੀਗਤ ਮਸਲਾ ਹੈ ਜਦ ਕਿ ਸਥਲ-ਨਾਂ ਘੱਟ ਨਿੱਜੀ ਹੁੰਦਾ ਹੈ। ਸਥਲ-ਨਾਂ ਦਾ ਵਿਸ਼ਾ ਜਨਤਕ ਨਾਲ ਸਬੰਧਤ ਹੈ। ਆਮ ਤੌਰ ਤੇ ਹਰ ਰਾਸ਼ਟਰ ਦੇ ਗ੍ਰਹਿ-ਮੰਤਰਾਲੇ ਕੋਲ ਆਪਣੇ ਦੇਸ਼ ਦੀ ਹਰ ਪ੍ਰਬੰਧਕੀ ਸੰਸਥਾ, ਜ਼ਿਲ੍ਹੇ ਆਦਿ ਦੀ ਸੂਚੀ ਹੁੰਦੀ ਹੈ। ਡਾਕ-ਤਾਰ ਮੰਤਰਾਲੇ ਕੋਲ ਵੀ ਇਸ ਤਰ੍ਹਾਂ ਦੀ ਸੂਚੀ ਹੁੰਦੀ ਹੈ। ਭਾਸ਼ਾ ਅਨੁਸਾਰ ਇਕੋ ਜਿਹੀ ਥਾਂ ਦਾ ਨਾਂ ਵੀ ਬਦਲ ਜਾਂਦਾ ਹੈ। ਇਸ ਕਾਰਨ ਅੰਤਰ-ਰਾਸ਼ਟਰੀ ਪੱਧਰ ਤੇ ਸਹਿਯੋਗ ਦੀ ਲੋੜ ਜ਼ਰੂਰੀ ਹੈ।

ਸਥਲ-ਨਾਂ ਜਿਸ ਤਰ੍ਹਾਂ ਜਨਤਕ ਵਿਸ਼ਾ ਹੈ ਉਸੇ ਤਰ੍ਹਾਂ ਹੀ ਵਿਅਕਤੀਗਤ ਨਾਂਵਾਂ ਨੂੰ ਕਾਨੂੰਨ ਨਾਲ ਨਿਯੰਤ੍ਰਿਤ ਕਰਨ ਦੀ ਕੋਸ਼ਿਸ ਕੀਤੀ ਗਈ ਹੈ। ਬਰਤਾਨੀਆ ਅਤੇ ਸੰਯੁਕਤ ਰਾਜ ਸਿਰਫ਼ ਦੋ ਹੀ ਅਜਿਹੇ ਦੇਸ਼ ਹਨ ਜਿਨ੍ਹਾਂ ਨੇ ਰੋਮਨ ਕਾਨੂੰਨ ਦੇ ਉਨ੍ਹਾਂ ਸਿਧਾਂਤਾਂ ਨੂੰ ਅਪਨਾਇਆ ਹੈ ਜਿਸ ਅਨੁਸਾਰ ਵਿਅਕਤੀ ਨੂੰ ਆਪਣਾ ਨਾਂ ਬਦਲਣ ਅਤੇ ਕਿਸੇ ਵੀ ਤਰ੍ਹਾਂ ਨਾਲ ਵਰਤਣ ਦਾ ਅਧਿਕਾਰ ਹੈ। ਨਾਂਵਾਂ ਸਬੰਧੀ ਪਹਿਲਾ ਮਹੱਤਵਪੂਰਨ ਕਾਨੂੰਨ ਕੌਂਸਲ ਆਫ਼ ਟ੍ਰੈਂਟ ਨੇ 1563 ਈ. ਵਿਚ ਇਹ ਜਾਰੀ ਕੀਤਾ ਕਿ ਬਪਤਿਸਮਾ ਦਾ ਪ੍ਰਬੰਧ ਕਰਨ ਵਾਲੇ ਰੋਮਨ ਕੈਥੋਲਿਕ-ਪਾਦਰੀ ਇਹ ਯਕੀਨੀ ਬਣਾਉਣ ਕਿ ਬੱਚਿਆਂ ਦੇ ਨਾਂ ਕੈਥੋਲਿਕ ਸੰਤਾਂ ਦੇ ਨਾਂ ਤੇ ਰੱਖੇ ਗਏ ਹਨ। ਜੇ ਮਾਂ-ਪਿਉ ਕੋਈ ਹੋਰ ਨਾਂ ਰੱਖਣਾ ਚਾਹੁਣ ਤਾਂ ਪਾਦਰੀ ਉਸ ਨਾਂ ਉਪਰੰਤ ਦੂਜਾ ਨਾਂ ਦਾ ਬਪਤਿਸਮਾ ਸੰਤ ਦੇ ਨਾਂ ਤੇ ਕਰਨ। ਇਹ ਨਿਯਮ ਅੱਜ ਵੀ ਕੈਨਨ ਕਾਨੂੰਨ ਦਾ ਇਕ ਹਿੱਸਾ ਹੈ। ਇਹ ਨਿਯਮ ਪ੍ਰੋਟੈਸਟੈਂਟ ਵਿਵਸਥਾ ਵਿਰੁੱਧ ਜਾਰੀ ਕੀਤਾ ਗਿਆ ਸੀ ਕਿਉਂਕਿ ਉਸ ਸਮੇਂ ਲੋਕ ਆਪਣੇ ਬੱਚਿਆਂ ਦੇ ਨਾਂ ਓਲਡ ਟੈਸਟਾਮੈਂਟ ਵਿਚ ਉਲੇਖਿਤ ਉੱਘੇ ਵਿਅਕਤੀਆਂ ਅਤੇ ਈਸਾਈਆਂ ਨਾਲ ਸਬੰਧਤ ਵਿਅਕਤੀਆਂ ਤੇ ਰੱਖ ਲੈਂਦੇ ਸਨ।

ਦੂਜਾ ਮਹੱਤਵਪੂਰਨ ਕਾਨੂੰਨ ਫ਼ਰਾਂਸ ਵਿਖੇ 1803 ਈ. ਵਿਚ ਪਾਸ ਹੋਇਆ। ਇਸ ਕਾਨੂੰਨ ਨੇ ਪੁਰਾਤਨ ਇਤਿਹਾਸ ਅਤੇ ਦੋਸ਼ੀਆਂ ਦੀ ਸੂਚੀ ਵਿਚ ਉਲੇਖਿਤ ਵਿਅਕਤੀਆਂ ਦੇ ਨਾਂ ਦਾ ਬਪਤਿਸਮਾ ਲੈਣ ਤੋਂ ਰੋਕ ਲਾ ਦਿੱਤੀ। ਫ਼ਰਾਂਸ ਵਿਖੇ ਅੱਜ ਵੀ ਇਸ ਕਾਨੂੰਨ ਨੂੰ ਮਾਨਤਾ ਪ੍ਰਾਪਤ ਹੈ।

ਪੂਰਬੀ ਯੂਰਪ ਦੇ ਕਈ ਰਾਜਾਂ ਵਿਚ ਸਮੇਂ-ਸਮੇਂ ਤੇ ਇਸ ਤਰ੍ਹਾਂ ਦੇ ਕਾਨੂੰਨ ਪਾਸ ਕੀਤੇ ਗਏ ਹਨ। ਇਸ ਕਾਨੂੰਨ ਕਾਰਨ ਹੀ ਰੂਸੀ ਰੈਪਰਟਰੀ ਦੇ ਬਪਤਿਸਮੇ ਸਬੰਧੀ ਨਾਂ ਇਨਕਲਾਬ ਤੋਂ ਪਹਿਲਾਂ ਦੇ ਸਮੇਂ ਵਾਲੇ ਨਾਂਵਾਂ ਨਾਲ ਮਿਲਦੇ-ਜੁਲਦੇ ਹਨ। ਸੋਵੀਅਤ ਸੰਘ ਦੇ ਗ਼ੈਰ-ਰੂਸੀ ਖੇਤਰਾਂ ਵਿਚ ਕੈਥੋਲਿਕ, ਮੁਸਲਮਾਨੀ ਅਤੇ ਹੋਰਾਂ ਨਾਂਵਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ।

ਪਰਿਵਾਰ ਦੇ ਨਾਂ ਬਾਰੇ 1563 ਈ. ਵਿਚ ਕੌਂਸਲ ਆਫ਼ ਟ੍ਰੈਂਟ ਨੇ ਇਕ ਮਹੱਤਵਪੂਰਨ ਕਾਨੂੰਨ ਪਾਸ ਕੀਤਾ ਜਿਸ ਵਿਚ ਹਰ ਪੈਰਿਸ਼ ਲਈ ਬਪਤਿਸਮੇ ਦਾ ਰਜਿਸਟਰ ਲਗਾਉਣਾ ਲਾਜ਼ਮੀ ਸੀ। ਇਸ ਰਜਿਸਟਰ ਵਿਚ ਬੱਚੇ ਦੇ ਨਾਂ ਦੇ ਨਾਲ ਨਾਲ ਮਾਤਾ-ਪਿਤਾ ਅਤੇ ਦਾਦਾ-ਦਾਦੀ ਦਾ ਨਾਂ ਵੀ ਦਰਜ ਹੁੰਦਾ ਸੀ। ਪੱਛਮੀ ਜਰਮਨੀ ਵਿਚ ਕੋਈ ਵੀ ਔਰਤ ਆਪਣੇ ਖ਼ਾਨਦਾਨੀ ਨਾਂ ਨੂੰ ਆਪਣੇ ਪਤੀ ਦੇ ਨਾਂ ਨਾਲ ਜੋੜ ਸਕਦੀ ਹੈ। ਤਲਾਕ, ਗੋਦ ਲੈਣ ਆਦਿ ਦੇ ਮਾਮਲਿਆਂ ਵਿਚ ਕਾਨੂੰਨ ਖਾਨਦਾਨੀ ਨਾਂ ਨਾਲ ਹੀ ਸਬੰਧਤ ਹੁੰਦਾ ਹੈ।

ਪੂਰਬੀ ਯੂਰਪ ਵਿਚ ਔਰਤ ਨੂੰ ਬਰਾਬਰੀ ਦਾ ਅਧਿਕਾਰ ਦੇਣ ਲਈ ਔਰਤ ਅਤੇ ਆਦਮੀ ਦਾ ਨਾਂ ਇਕ ਦੂਜੇ ਦੇ ਨਾਂ ਤੇ ਆਪਸੀ ਸਹਿਮਤੀ ਨਾਲ ਰੱਖੇ ਜਾਂਦੇ ਹਨ।

ਪੁਰਾਣੀ ਇੰਡੋ-ਯੂਰਪੀ ਪ੍ਰਣਾਲੀ ਅਨੁਸਾਰ ਹਰ ਵਿਅਕਤੀ ਦਾ ਇਕ ਨਾਂ ਹੁੰਦਾ ਸੀ। ਇਹ ਨਾਂ ਰਲੇ-ਮਿਲੇ ਜਾਂ ਅਮਿਸ਼੍ਰਿਤ ਰੂਪ ਦਾ ਹੋ ਸਕਦਾ ਹੈ। ਅਮਿਸ਼੍ਰਿਤ ਨਾਂ ਕਬੀਲੇ ਦੇ ਛੋਟੇ ਲੋਕਾਂ ਅਤੇ ਉਨ੍ਹਾਂ ਦੇ ਬੱਚਿਆਂ ਦੇ ਰੱਖੇ ਜਾਂਦੇ ਸਨ ਜਦ ਕਿ ਰਲਵੇਂ ਮਿਲਵੇਂ ਨਾਂ ਈਸ਼ਵਰ ਜਾਂ ਉਸ ਵਿਅਕਤੀ ਦੇ ਨਾਂ ਦਾ ਈਸ਼ਵਰ ਨਾਲ ਸਬੰਧ ਜਾਂ ਉਸ ਵਿਅਕਤੀ ਦੇ ਗੁਣਾਂ ਨੇਕੀ, ਕਾਬਲੀਅਤ, ਮਾਲਕੀ ਆਦਿ ਦੀ ਪ੍ਰਮਾਣਕਤਾ ਕਰਦੇ ਹਨ। ਕਈ ਯੂਨਾਨੀ ਨਾਂ ਦੇਵਤਿਆਂ ਦੇ ਨਾਂ ਵਾਲੇ ਹਨ। ਵਿਸ਼ਨੂ ਪੁੱਤਰ 'ਵਿਸ਼ਨੂ ਦਾ ਪੁੱਤਰ' ਦੇਵਦਾਤਾ 'ਈਸ਼ਵਰ ਵਲੋਂ ਦਿੱਤਾ ਗਿਆ' ਦੇਵ ਰਾਜਾ 'ਦੇਵਤਾ-ਰਾਜਾ' ਆਦਿ ਕੁਝ ਮਿਸ਼੍ਰਿਤ ਨਾਂਵਾਂ ਦੇ ਉਦਾਹਰਣ ਹਨ।

ਵਿਅਕਤੀਗਤ ਨਾਂਵਾਂ ਦੀ ਲਾਤੀਨੀ ਪ੍ਰਣਾਲੀ ਇਤਰੁਸਕਨ ਦੇ ਪ੍ਰਭਾਵ ਹੇਠ ਉੱਨਤ ਹੋਈ। ਮੁਢਲੇ ਸਮਿਆਂ ਵਿਚ ਲੋਕਾਂ ਦਾ ਇਕ ਨਾਂ ਹੀ ਹੁੰਦਾ ਸੀ। ਇਤਿਹਾਸਕ ਸਮੇਂ ਦੇ ਮੁੱਢ ਤੋਂ ਹੀ ਰੋਮਨ ਵਿਅਕਤੀਗਤ ਨਾਂਵਾਂ ਵਿਚ ਨਾਮ ਦੇ ਪ੍ਰਥਮ ਭਾਗ ਅਤੇ ਪਰਿਚੈ ਨਾਂ ਸ਼ਾਮਲ ਹੁੰਦੇ ਸਨ। ਇਹ ਪਰਿਚੈ ਨਾਂ ਖ਼ਾਨਦਾਨੀ ਸਨ।


ਈਸਾਈ ਲੋਕਾਂ ਨੇ ਆਪਣੇ ਧਰਮ ਨਾਲ ਸਬੰਧਤ ਨਾਂ ਰੱਖ ਕੇ ਇਕ ਤਬਦੀਲੀ ਲਿਆਂਦੀ। ਉਨ੍ਹਾਂ ਨੇ ਆਪਣੇ ਸਥਾਪਕਾਂ, ਜਿਵੇਂ ਮਾਰੀਆ, ਜੋਐਨੀਜ਼ ਅਤੇ ਸ਼ਹੀਦਾਂ ਆਦਿ ਦੇ ਨਾਂਵਾਂ ਤੇ ਆਪਣੇ ਨਾਂ ਰਖੇ। ਇਸ ਉਪਰੰਤ ਜਲਦੀ ਹੀ ਈਸਾਈ ਲੋਕਾਂ ਨੇ ਆਪਣੇ ਹੀ ਨਾਂ ਘੜਣੇ ਸ਼ੁਰੂ ਕੀਤੇ।

ਈਸਾਈਅਤ ਦੇ ਫੈਲਣ ਨਾਲ ਇਹ ਨਾਂ ਰੋਮਨ ਰਾਜ ਨਾਲ ਸਬੰਧਤ ਖੇਤਰਾਂ ਵਿਚ ਫੈਲ ਗਏ। ਜਰਮੈਨਿਕ ਅਤੇ ਸਲਾਵੀ ਖੇਤਰਾਂ ਵਿਚ ਗ਼ੈਰ-ਈਸਾਈ ਨਾਂ ਹੀ ਵਰਤੇ ਜਾਂਦੇ ਹਨ। ਇਸ ਨਾਂ ਦੀ ਵਰਤੋਂ ਕੁਝ ਹੱਦ ਤਕ ਰਵਾਇਤ ਅਨੁਸਾਰ ਅਤੇ ਕੁਝ ਹੱਦ ਤੱਕ ਨਾਂ ਦੇ ਧਾਰਣੀਆਂ ਦਾ ਸੰਤ ਬਣ ਜਾਣ ਕਾਰਣ ਹੁੰਦੀ ਰਹੀ। ਸੁਧਾਰ-ਅੰਦੋਲਨ ਵਲੋਂ ਪ੍ਰਾਪਤ ਓਲਡ ਟੈਸਟਾਮੈਂਟ ਦੇ ਨਾਂ ਵੀ ਇਸ ਵਿਚ ਸ਼ਾਮਲ ਹਨ।

ਮਗਰਲੇ ਮੱਧ ਯੁਗ ਦੌਰਾਨ ਖ਼ਾਨਦਾਨੀ ਨਾਂਵਾਂ ਦੀ ਵਰਤੋਂ ਹੋਣ ਲਗੀ ਅਤੇ ਇਹ ਪ੍ਰਕ੍ਰਿਆ 16ਵੀਂ ਸਦੀ ਦੇ ਅਖ਼ੀਰ ਤਕ ਚਲਦੀ ਰਹੀ। ਅਮੀਰ ਖ਼ਾਨਦਾਨਾਂ ਅਤੇ ਵੱਡੇ ਸ਼ਹਿਰਾਂ ਦੇ ਵਿਅਕਤੀਗਤ ਉਪ-ਨਾਂਵਾਂ ਤੋਂ ਹੀ ਖ਼ਾਨਦਾਨੀ ਨਾਮ ਪ੍ਰਚੱਲਿਤ ਹੋਏ। ਖ਼ਾਨਦਾਨੀ ਨਾਂ ਬਪਤਿਸਮੇ ਵੇਲੇ ਦਿੱਤੇ ਗਏ ਨਾਂਵਾਂ ਦੇ ਲਾਡ ਦੇ ਨਾਂ ਦਾ ਰੂਪ ਹਨ ਜਿਵੇਂ ਹੈਨਰੀ ਤੋਂ ਹੈਰੀ, ਹੈਰਿਸ, ਗਿਲਬਰਟ ਤੋਂ ਗਿਬਸ, ਗਿਬਸਨ ਆਦਿ ਨਾਂ ਨਿਕਲੇ ਹਨ। ਖ਼ਾਨਦਾਨੀ ਨਾਂ ਅਸਲ ਉਪ ਨਾਂ ਤੋਂ ਜਿਵੇਂ ਬਿਗਸ, ਲਿਟਸ ਆਦਿ, ਕਿੱਤੇ ਤੋਂ ਜਿਵੇਂ ਕਲਾਰਕ, ਕਲਾਰਕਸਨ ਆਦਿ ਅਤੇ ਸਥਲ ਨਾਂ ਤੋਂ ਜਿਵੇਂ ਬੂਕਸ, ਵੁੱਡਜ਼ ਵਿੰਟਨੀ ਆਦਿ ਤੋਂ ਵੀ ਨਿਕਲਦੇ ਹਨ।

ਸਾਰੇ ਯੂਰਪ ਵਿਚ ਖ਼ਾਨਦਾਨੀ ਨਾਂਵਾਂ ਦਾ ਵਿਸਤ੍ਰਿਤ ਰੂਪ ਇਕੋ ਜਿਹਾ ਹੀ ਹੈ। ਅਰਬ ਵਿਚ ਵੀ ਯੂਰਪ ਦੀ ਤਰ੍ਹਾਂ ਹੀ ਸੁਤੰਤਰ ਰੂਪ ਵਿਚ ਉੱਨਤੀ ਹੋਈ। ਬਾਕੀ ਸਭਿਆਚਾਰਕ ਖੇਤਰ ਦੇ ਨਾਂਵਾਂ ਅਤੇ ਨਾਂ ਰੱਖਣ ਦੀ ਕ੍ਰਿਆ ਦੇ ਮੂਲ ਤੱਤ ਇਕੋ ਜਿਹੇ ਹਨ।

20ਵੀਂ ਸਦੀ ਤਕ ਹਰ ਥਾਂ ਤੇ ਯੂਰਪੀ ਨਮੂਨੇ ਤੇ ਆਧਾਰਿਤ ਬਪਤਿਸਮੇ ਵਾਲਾ ਨਾਂ ਅਤੇ ਖ਼ਾਨਦਾਨੀ ਨਾਂ ਪ੍ਰਚੱਲਿਤ ਹੋ ਗਿਆ। ਅਮਰੀਕੀ-ਇੰਡੀਅਨ ਦੇਵਤਿਆਂ ਦੇ ਨਾਂ ਤੇ ਆਪਣਾ ਨਾਂ ਨਹੀਂ ਰੱਖਦੇ ਜਦ ਕਿ ਇੰਡੀਅਨ 'ਟੋਟਮ' ਸੁਪਨਿਆਂ ਜਾਂ ਪੂਰਬ ਸੰਕੇਤਾਂ



ਨਾਇਓਬੀਅਮ (ਆਵਰਤੀ ਸਾਰਣੀ)

ਨਾਲ ਸਬੰਧਤ ਪਸ਼ੂਆਂ ਅਤੇ ਜੀਵਨ ਦੀਆਂ ਸਫ਼ਲ ਘਟਨਾਵਾਂ ਉਪਰ ਆਪਣੇ ਨਾਂ ਰੱਖਦੇ ਹਨ। ਜਿਹੜੇ ਉੱਤਰੀ ਅਮਰੀਕੀ ਇੰਡੀਅਨ ਲੋਕ ਇੰਗਲਿਸ਼ ਨਾਂ ਨਹੀਂ ਰਖਦੇ ਉਹ ਆਪਣੇ ਨਾਂ ਦੇ ਅਖ਼ੀਰ ਵਿਚ ਆਪਣੇ ਨਾਂ ਦੇ ਅੰਗਰੇਜ਼ੀ ਅਨੁਵਾਦ ਦੀ ਵਰਤੋਂ ਕਰਦੇ ਹਨ, ਜਿਵੇਂ ਮੇਰੀ ਲਿਟਲ ਬੀਅਰ, ਜਾਨ ਸਲੀਪਿੰਗ ਆਊਲ ਆਦਿ।

ਸਥਲ ਨਾਵਾਂ ਦੇ ਅਰਥ ਅਤੇ ਉਨ੍ਹਾਂ ਨੂੰ ਅਰਥਾਂ ਨੂੰ ਚੁਣਨ ਦੇ ਮਕਸਦ ਦੀ ਘੋਖ ਕਾਰਨ ਸਥਲ ਨਾਵਾਂ ਦੀਆਂ ਕਈ ਕਿਸਮਾਂ ਪ੍ਰਗਟ ਹੋਈਆਂ। ਵਰਣਾਤਮਕ ਨਾਵਾਂ ਤੋਂ ਅਸਤਿਤਵ ਦੀ ਵਿਸ਼ੇਸ਼ਤਾ ਦਾ ਪਤਾ ਚਲਦਾ ਹੈ ਜਿਵੇਂ ਨਾਰਥ ਸੀ, ਨਿਊਕੈਸਲ ਆਦਿ। ਯਾਦਗਾਰੀ ਅਤੇ ਸਨਮਾਨ ਸੂਚਕ ਨਾਂ ਸਥਲ ਨਾਵਾਂ ਦੀ ਇਕ ਹੋਰ ਕਿਸਮ ਹੈ। ਜਿਵੇਂ ਕੋਲੰਬੀਆ ਸਪੇਨ ਦੇ ਸਮੁੰਦਰੀ ਤਟ ਕਾਰਟਜੀਨ ਦੀ ਯਾਦ ਦਵਾਉਂਦਾ ਹੈ। ਵਲੈਡਵਾੱਸਟਾੱਕ, ਕੇਪ-ਆਫ ਗੁੱਡ ਹੋਪ ਆਦਿ ਨਾਂ ਮੰਗਲਕਾਰੀ ਨਾਵਾਂ ਅਧੀਨ ਆਉਂਦੇ ਹਨ।

ਦੱਖਣ ਅਤੇ ਦੱਖਣ ਪੱਛਮ ਵੱਲ ਰੋਮਨ ਕੈਥੋਲਿਕ ਸੰਤਾਂ ਜਾਂ ਛੁਟੀਆਂ ਤੇ ਸਪੇਨੀ ਨਾਂ ਰੱਖੇ ਜਾਂਦੇ ਹਨ। ਦੱਖਣ-ਪੂਰਬ ਅਤੇ ਸੰਯੁਕਤ ਰਾਜ ਦੇ ਮੱਧ ਵਿਖੇ ਫ਼ਰਾਂਸੀਸੀ ਨਾਂ, ਪੂਰਬ ਵਿਚ ਡਚ ਨਾਂ ਅਤੇ ਹਰ ਥਾਂ ਤੇ ਭਾਰਤੀ ਨਾਂ ਅਤੇ ਅੰਗਰੇਜ਼ੀ ਨਾਂ ਵਰਤੇ ਜਾਂਦੇ ਹਨ।

ਕਈ ਵਾਰ ਸਥਲ ਨਾਂ ਵਿਚ ਆਪਣੇ ਆਪ ਹੀ ਤਬਦੀਲੀ ਆ ਜਾਂਦੀ ਹੈ ਜਿਵੇਂ ਪਹਿਲੇ ਵਿਸ਼ਵ-ਯੁੱਧ ਉਪਰੰਤ ਜਰਮਨੀ ਦਾ ਦੱਖਣੀ ਟ੍ਰਿਓ ਇਟਲੀ ਦਾ ਐਲਟੋਏਡੀਜ਼ੇ ਨਾਂ ਦਾ ਹਿੱਸਾ ਬਣ ਗਿਆ। ਰੂਸੀ ਅੰਦੋਲਨ ਨੇ ਪੁਰਾਣੇ ਦੌਰ ਅਤੇ ਸਿਧਾਤਾਂ ਦੇ ਸੰਕੇਤਕ ਨਾਵਾਂ ਵਿਚ ਤਬਦੀਲੀ ਲਿਆਂਦੀ ਜਿਵੇਂ ਯੁੱਧ ਦੌਰਾਨ ਜ਼ਾਰ ਨੇ ਸੇਂਟ ਪੀਟਰਜ਼ਬਰਗ ਦਾ ਨਾਂ ਪੈਟ੍ਰੋਗ੍ਰਾਦ ਰੱਖਿਆ।

ਹ.ਪੁ.—ਐਨ. ਬ੍ਰਿ. ਮੈ. 12 : 814

ਨਾਊਗਾਂਗ : ਸ਼ਹਿਰ—ਇਹ ਮੱਧਵਰਤੀ ਭਾਰਤ ਦੇ ਮੱਧ ਪ੍ਰਦੇਸ਼ ਰਾਜ ਵਿਚ ਛਤਰਪੁਰ ਜ਼ਿਲ੍ਹੇ ਦਾ ਇਕ ਸ਼ਹਿਰ ਹੈ ਜਿਹੜਾ ਰਾਜ ਦੇ ਹੋਰ ਪ੍ਰਮੁੱਖ ਸ਼ਹਿਰਾਂ ਨਾਲ ਸੜਕਾਂ ਰਾਹੀਂ ਜੁੜਿਆ ਹੋਇਆ ਹੈ। ਇਹ ਖੇਤੀਬਾੜੀ ਨਾਲ ਸਬੰਧਤ ਵਸਤਾਂ ਦਾ ਵਿਤਰਣ ਕੇਂਦਰ ਹੈ। ਇਹ ਸ਼ਹਿਰ ਬੁੰਦੇਲਖੰਡ ਏਜੰਸੀ ਦਾ ਅੰਗਰੇਜ਼ਾਂ ਦਾ ਸਦਰ ਮੁਕਾਮ ਸੀ। ਰਸਾਇਣ, ਦਵਾਸਾਜ਼ੀ ਅਤੇ ਡਿਸਟਿਲਰੀ ਇਥੋਂ ਦੇ ਪ੍ਰਮੁੱਖ ਉਦਯੋਗ ਹਨ। ਇਥੇ ਇਕ ਹਸਪਤਾਲ, ਸਰਕਾਰੀ ਬਹੁਤਕਨੀਕੀ ਸੰਸਥਾ, ਅਵਦੇਸ਼ ਪ੍ਰਤਾਪ ਸਿੰਘ ਯੂਨੀਵਰਸਿਟੀ ਨਾਲ ਸਬੰਧਤ ਇਕ ਕਾਲਜ ਅਤੇ ਅਫ਼ਸਰਾਂ ਦੀ ਟ੍ਰੇਨਿੰਗ ਲਈ ਇਕ ਕਾਲਜ ਸਥਾਪਿਤ ਹੈ।

ਆਬਾਦੀ—21,521 (1991)

25° 04′ ਉ. ਵਿਥ.; 79° 27′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 8 : 815

ਨਾਇਓਬੀਅਮ : ਇਹ ਇਕ ਧਾਤਵੀ ਤੱਤ ਹੈ ਜਿਹੜਾ ਕੱਚੀਆਂ ਧਾਤਾਂ ਅਤੇ ਗੁਣਾਂ ਵਿਚ ਟੈਨਟੇਲਮ ਨਾਲ ਬਹੁਤ ਰਲਦਾ ਮਿਲਦਾ ਹੈ। ਇਸ ਦਾ ਇਹ ਨਾਂ 1844 ਈ. ਵਿਚ ਜਰਮਨ ਰਸਾਇਣ-ਵਿਗਿਆਨੀ ਹਾਈਨਰਿਕ ਰੋਜ਼ ਨੇ ਟੈਨਟੇਲਸ ਦੀ ਪੁੱਤਰੀ, ਦੇਵੀ ਨਾਇਓਬ ਦੇ ਨਾਂ ਤੇ ਰੱਖਿਆ। ਅਸਲ ਵਿਚ ਇਸ ਦੀ ਖੋਜ ਸਭ ਤੋਂ ਪਹਿਲਾਂ 1801 ਈ. ਵਿਚ ਅੰਗਰੇਜ਼ ਰਸਾਇਣ-ਵਿਗਿਆਨੀ ਚਾਰਲਸ ਹੈਟਚੈੱਟ ਨੇ ਨਿਊ ਇੰਗਲੈਂਡ ਦੇ ਇਕ ਖਣਿਜ ਵਿਚ ਕੀਤੀ ਜਿਸ ਨੇ ਇਸ ਦਾ ਨਾਂ ਕੋਲੰਬੀਅਮ ਰੱਖਿਆ। ਰਸਾਇਣ ਵਿਗਿਆਨੀਆਂ ਦੇ ਅੰਤਰਰਾਸ਼ਟਰੀ ਸਮਝੌਤੇ ਅਨੁਸਾਰ 1949 ਈ. ਵਿਚ ਇਸ ਦਾ ਨਾਂ ਨਾਇਓਬੀਅਮ ਹੀ ਸਥਾਪਿਤ ਕੀਤਾ ਗਿਆ ਅਤੇ ਰਸਾਇਣਿਕ ਚਿੰਨ੍ਹ Nb ਰੱਖਿਆ ਗਿਆ। ਅਮਰੀਕਾ ਦੇ ਧਾਤਕਰਮ ਉਦਯੋਗ ਵਿਚ ਇਸ ਦਾ ਨਾਂ ਕੋਲੰਬੀਅਮ, ਰਸਾਇਣਿਕ ਚਿੰਨ Cb ਪੂਰੇ ਜ਼ੋਰ ਨਾਲ ਚਲਦਾ ਰਿਹਾ।

ਇਸ ਦੀ ਸ਼ੁੱਧ ਧਾਤ ਇਸਪਾਤ ਵਾਂਗ ਵਿਖਾਈ ਦਿੰਦੀ ਹੈ ਅਤੇ ਇਸ ਵਿਚ ਗੁਣਾਂ ਦੇ ਸੰਯੋਗ ਕਾਰਨ ਇਹ ਇੰਜੀਨੀਅਰੀ ਮੰਤਵਾਂ ਲਈ ਬਹੁਤ ਲਾਹੇਵੰਦ ਹੈ। ਇਸ ਵਿਚ ਮਿਸ਼ਰਿਤ ਧਾਤਾਂ ਮਿਲਾਉਣ ਨਾਲ ਇਸ ਦੀ ਉਪਯੋਗਤਾ ਵਧ ਜਾਂਦੀ ਹੈ। ਇਸ ਦਾ ਪਿਘਲਾਉ ਦਰਜਾ 2468° ਸੈਂ., ਘਣਤਾ 8.57 (ਲੋਹੇ ਨਾਲੋਂ ਕੁਝ ਘੱਟ), ਸ਼ਾਨਦਾਰ ਖਿਚੀਣਯੋਗਤਾ ਅਤੇ ਢੁਕਵੀਂ ਸਮਰੱਥਾ ਹੋਣ ਕਾਰਨ ਇਸ ਦੀ ਵਰਤੋਂ ਉੱਚ ਤਾਪਮਾਨ ਉੱਤੇ ਵਰਤੀ ਜਾਣ ਵਾਲੀ ਮਿਸ਼ਰਿਤ ਧਾਤ ਦੀ ਮੂਲ ਧਾਤ ਵਜੋਂ ਕੀਤੀ ਜਾਂਦੀ ਹੈ। ਭਾਵੇਂ ਇਸ ਵਿਚ ਖੋਰ ਪ੍ਰਤਿਰੋਧ ਕਾਫ਼ੀ ਹੈ, ਫਿਰ ਵੀ ਨਾਇਓਬੀਅਮ ਨੂੰ ਲਗਭਗ 400° ਸੈਂ. ਤੋਂ ਉਪਰ ਆੱਕਸੀਕਰਨ ਤੋਂ ਬਚਾਉਣ ਦੀ ਲੋੜ ਪੈਂਦੀ ਹੈ, ਇਸ ਲਈ ਲੰਬੇ ਸਮੇਂ ਲਈ ਉੱਚ-ਤਾਪਮਾਨ ਉੱਤੇ ਵਰਤੋਂ ਲਈ ਮਿਸ਼ਰਿਤ ਧਾਤ ਬਣਾਉਣਾ, ਸੁਰੱਖਿਅਕ ਕੋਟ ਕਰਨਾ ਜਾਂ ਖ਼ਲਾ ਵਿਚ ਵਰਤਣਾ ਜਾਂ ਅਕਿਰਿਆਸ਼ੀਲ ਵਾਯੂਮੰਡਲ ਜ਼ਰੂਰੀ ਹੈ। ਤਾਪ ਨਿਊਟ੍ਰਾੱਨਾਂ ਪ੍ਰਤਿ ਸਾਪੇਖੀ ਤੌਰ ਤੇ ਘੱਟ ਪ੍ਰਤਿਰੋਧ, ਯੂਰੇਨੀਅਮ ਨਾਲ ਅਨੁਰੂਪਤਾ, ਖੋਰ ਲਈ ਪ੍ਰਤਿਰੋਧ ਅਤੇ ਸਮਰੱਥਾ ਕਾਰਨ ਕੁਝ ਨਾਇਓਬੀਅਮ ਮਿਸ਼ਰਿਤ ਧਾਤਾਂ ਦੀ ਵਰਤੋਂ ਪਰਮਾਣੂ-ਊਰਜਾ ਰੀਐੱਕਟਰਾਂ ਵਿਚ ਕੀਤੀ ਜਾਂਦੀ ਹੈ। ਇਸ ਦੀ ਅਜੋਕੀ ਵਰਤੋਂ ਪਰਮਾਣਵੀ ਊਰਜਾ ਨਾਲ ਚੱਲਣ ਵਾਲੀਆਂ ਪਣਡੁੱਬੀਆਂ ਵਿਚ ਬਾਲਣ ਤੱਤਾਂ ਨੂੰ ਢਕਣ ਲਈ ਕੀਤੀ ਗਈ ਹੈ। ਨਾਇਓਬੀਅਮ ਕਈ ਦੂਸਰੀਆਂ ਧਾਤਾਂ ਵਿਚ ਮਿਸ਼ਰਿਤ ਧਾਤਾਂ ਢਾਲਣ ਲਈ ਲਾਹੇਵੰਦ ਹੈ। ਫ਼ੈਰੋਨਾਇਓਬੀਅਮ ਦੇ ਰੂਪ ਵਿਚ ਇਹ ਕਈ ਸਟੀਲਾਂ ਨੂੰ ਵੈਲਡਿੰਗ ਜਾਂ ਗਰਮ ਕਰਨ ਸਮੇਂ ਸਥਿਰਤਾ ਦੇਣ ਲਈ ਮਿਲਾਈ ਜਾਂਦੀ ਹੈ। ਕੇਵਲ 0.05% ਨਾਇਓਬੀਅਮ ਮਿਲਾਉਣ ਨਾਲ ਕੁਝ ਕਾਰਬਨ ਸਟੀਲਾਂ ਦੀ ਵਿਰੂਪਣ ਸਮਰੱਥਾ ਵੱਧ ਜਾਂਦੀ ਹੈ ਅਤੇ ਗ੍ਰੇਨ ਆਕਾਰ ਵਿਚ ਸੋਧ ਹੋ ਜਾਂਦੀ ਹੈ। ਨਾਇ-

ਓਬੀਅਮ ਮਿਲੇ ਸਟੀਲ ਤੋਂ ਕਈ ਸੈਂਕੜੇ ਕਿ.ਮੀ. ਲੰਬੀਆਂ ਗੈਸ ਪਾਈਪ ਲਾਈਨਾਂ ਬਣਾਈਆਂ ਗਈਆਂ ਹਨ।

ਨਾਇਓਬੀਅਮ ਦੇ ਮੁੱਖ ਸ੍ਰੋਤ, ਕੋਲੰਬਾਈਟ ਅਤੇ ਨਿਮਨ ਗ੍ਰੇਡ ਪਰ ਵਧੇਰੀ ਮਾਤਰਾ ਵਿਚ ਮਿਲਦੇ ਪਾਇਰੋਕਲੋਰ ਖਣਿਜ, ਮਿਸ਼ਰਿਤ ਆੱਕਸਾਈਡਾਂ ਦੀ ਲੜੀ ਜਿਸ ਵਿਚ ਮੁੱਖ ਤੌਰ ਤੇ ਕੈਲਸ਼ੀਅਮ, ਸੋਡੀਅਮ, ਨਾਇਓਬੀਅਮ, ਟੈਨਟੇਲਮ ਅਤੇ ਫਲੋਰੀਨ ਹੋਣ, ਮੰਨੇ ਜਾਂਦੇ ਹਨ। ਅਫ਼ਰੀਕਾ, ਬ੍ਰਾਜ਼ੀਲ, ਕੈਨੇਡਾ ਅਤੇ ਨਾਰਵੇ ਇਨ੍ਹਾਂ ਦੇ ਮੁੱਖ ਸਪਲਾਇਰ ਦੇਸ਼ ਹਨ। ਇਸ ਦੀ ਕੁਦਰਤੀ ਬਹੁਤਾਤ ਦਾ ਨਿਕਲ ਨਾਲੋਂ ਘੱਟ ਅਨੁਮਾਨ ਲਾਇਆ ਗਿਆ ਹੈ। ਸ਼ੁੱਧ ਧਾਤ ਤਿਆਰ ਕਰਨ ਵਿਚ ਮੁੱਖ ਔਕੜ ਟੈਨਟੇਲਮ ਨਾਲੋਂ ਵਖਰਾ ਕਰਨਾ ਹੈ। ਵਪਾਰਕ ਤੌਰ ਤੇ ਇਹ ਕੁਝ ਹਾਈਡ੍ਰੋਫ਼ਲੋਰਿਕ ਸਲਫ਼ਿਊਰਿਕ ਐਸਿਡ ਮੀਥਾਈਲ ਆਈਸੋਬਿਊਟਾਈਲ ਕੀਟੋਨ ਸਿਸਟਮ ਵਿਚ ਘੋਲਕ ਨਿਸ਼ਕਰਸ਼ਨ ਦੁਆਰਾ ਕੀਤਾ ਜਾਂਦਾ ਹੈ।

ਫੈਰੋਨਾਇਓਬੀਅਮ ਦੇ ਕਲੋਰੀਕਰਨ ਵਜੋਂ ਉਤਪੰਨ ਕਲੋਰਾ-ਈਡਾਂ ਦਾ ਅੰਸ਼ਿਕ ਕਸ਼ੀਦਣ ਇਕ ਇਕਾਂਤਰ ਢੰਗ ਹੈ। ਸ਼ੁੱਧ ਕੀਤੇ ਯੋਗਿਕਾਂ ਦਾ ਧਾਤ ਵਿਚ ਲਘੂਕਰਨ ਕਰਨ ਦੇ ਢੰਗਾਂ ਵਿਚ ਖ਼ਲਾ ਵਿਚ ਕਾਰਬਨ ਜਾਂ ਨਾਇਓਬੀਅਮ ਦੁਆਰਾ ਆੱਕਸਾਈਡ ਦਾ ਲਘੂਕਰਨ, ਕਲੋਰਾਈਡ, ਹਾਈਡ੍ਰੋਜਨ ਜਾਂ ਮੈਗਨੀਸ਼ੀਅਮ ਲਘੂਕਰਨ, ਦੂਹਰੇ ਫਲੋਰਾਈਡਾਂ ਦਾ ਸੋਡੀਅਮ ਲਘੂਕਰਨ ਅਤੇ ਗਲਣ ਬਿਜਲੱਈ ਅਪਘਟਨ ਸ਼ਾਮਲ ਹਨ। ਨਾਇਓਬੀਅਮ ਨੂੰ ਸੰਚਿਤ ਕਰਨ ਮਗਰੋਂ ਇਲੈੱਕਟ੍ਰਾੱਨ ਕਿਰਨ ਪੁੰਜ ਜਾਂ ਖ਼ਲਾ-ਆਰਕ ਪਿਘਲਾਉ ਦੁਆਰਾ ਹੋਰ ਸ਼ੁੱਧ ਕੀਤਾ ਜਾਂਦਾ ਹੈ। ਸੰਚਿਤ ਕਰਨ ਲਈ ਪਾਊਡਰ ਦੀ ਖ਼ਲਾ ਸਿੰਟਰਿੰਗ ਵੀ ਵਰਤੀ ਜਾਂਦੀ ਹੈ।

ਨਾਇਓਬੀਅਮ ਦੇ ਯੋਗਿਕਾਂ ਦੀ ਬਹੁਤ ਘੱਟ ਮਹੱਤਤਾ ਹੈ। ਫਿਰ ਵੀ ਕਾਰਬਾਈਡ ਆਮ ਕਰਕੇ ਟੈਨਟੇਲਮ ਜਾਂ ਟੰਗਸਟਨ ਕਾਰਬਾਈਡਾਂ ਨਾਲ ਬਲੈਂਡ ਕਰਕੇ ਕੁਝ ਸੀਮਿੰਟ ਕੀਤੀਆਂ ਕਾਰਬਾਈ ਵਸਤਾਂ (ਉੱਚ ਤਾਪਮਾਨ ਉੱਤੇ ਵਰਤੋਂ ਲਈ) ਬਣਾਉਣ ਲਈ ਉਪਯੋਗੀ ਹੈ। ਰਸਾਇਣਿਕ ਉਦਯੋਗ ਵਿਚ ਇਹ ਧਾਤ ਖੋਰ ਪ੍ਰਤਿਰੋਧੀ ਹੋਣ ਕਰਕੇ ਲਾਹੇਵੰਦ ਹੈ, ਭਾਵੇਂ ਇਹ ਹਾਈਡ੍ਰੋਕਲੋਰਿਕ ਐਸਿਡ ਵਿਚ, ਗਰਮ ਗਾੜ੍ਹੇ ਗੰਧਕ ਦੇ ਤੇਜ਼ਾਬ ਵਿਚ ਅਤੇ ਗਾੜ੍ਹੀਆਂ ਖਾਰਾਂ ਵਿਚ ਵਧੇਰੇ ਮਹਿੰਗੇ ਟੈਨਟੇਲਮ ਨਾਲੋਂ ਘਟੀਆ ਹੈ। ਇਲੈੱਕਟ੍ਰਾੱਨਿਕਸ ਵਿਚ ਨਾਇਓਬੀਅਮ-ਜ਼ਰਕੋਨੀਅਮ ਅਤੇ ਨਾਇ-ਓਬੀਅਮ-ਟਿਨ ਦੀ ਅਤਿਚਾਲਕਤਾ ਤੇ ਨਾਲ ਹੀ ਰਚਨਾ ਦੀ ਆਸਾਨੀ ਕਾਰਨ ਇਨ੍ਹਾਂ ਦੀ ਵਰਤੋਂ ਚੁੰਬਕੀ ਕਾਇਲਾਂ ਲਈ ਬਾਰੀਕ ਤਾਰ ਬਣਾਉਣ ਲਈ ਕੀਤੀ ਜਾਂਦੀ ਹੈ।

ਨਾਇਓਬੀਅਮ ਦਾ ਪਰਮਾਣਵੀ-ਕ੍ਰਮ-ਅੰਕ 41 ਅਤੇ ਪਰਮਾਣਵੀ ਭਾਰ 92.906 ਹੈ। ਤੱਤ ਦਾ ਇਕ ਸਥਾਈ ਰੂਪ Nb^{93} ਗਿਆਤ ਹੈ ਅਤੇ 12 ਰੇਡੀਓ-ਐਕਟਿਵ ਸਮਸਥਾਨਕ (89, 90, 91, 92, 94, 95, 96, 97, 98, 99, 100 ਅਤੇ 101) ਤਿਆਰ ਕੀਤੇ ਗਏ ਹਨ। ਬਾਹਰਲੇ ਅਪੂਰਨ ਆੱਰਬਿਟਾਂ (N ਅਤੇ O) ਵਿਚ ਇਲੈਕਟ੍ਰਾੱਨ ਤਰਤੀਬ $4s^2$, $4p^6$, $4d^4$, $5s^1$ ਹੈ।

ਹ.ਪੁ.—ਐਨ. ਬ੍ਰਿ. 16 : 530

ਨਾੱਇਸ : ਇਹ ਜਰਮਨੀ ਦੇ ਉੱਤਰ-ਪੱਛਮ ਵੱਲ ਨਾੱਰਥ-ਰ੍ਹਾਈਨ ਵੈਸਟਫਾਲੀਆ ਪ੍ਰਾਂਤ ਦੀ ਇਕ ਬੰਦਰਗਾਹ ਅਤੇ ਉਦਯੋਗਿਕ ਸ਼ਹਿਰ ਹੈ ਜਿਹੜਾ ਡੁਸਲਡੋਲਫ ਸ਼ਹਿਰ ਦੇ ਸਾਹਮਣੇ ਐਰਫਟ ਨਹਿਰ ਰਾਹੀਂ ਰ੍ਹਾਈਨ ਦਰਿਆ ਨਾਲ ਜੁੜਿਆ ਹੋਇਆ ਹੈ। ਇਸ ਬੰਦਰਗਾਹ ਤੇ ਛੋਟੇ ਸਮੁੰਦਰੀ ਜਹਾਜ਼ ਪ੍ਰਵੇਸ਼ ਕਰਦੇ ਹਨ। ਲਗਭਗ 12 ਵੀਂ ਈ. ਪੂ. ਵਿਚ ਇਥੇ ਰੋਮਨ ਨਾਂ ਦਾ ਇਕ ਛੋਟਾ ਕਿਲਾ ਸਥਾਪਿਤ ਕੀਤਾ ਗਿਆ ਅਤੇ ਫਰੈਂਕ ਰਾਜੇ ਨੇ ਇਸ ਨੂੰ ਆਪਣੇ ਕਬਜ਼ੇ ਵਿਚ ਕਰ ਲਿਆ ਅਤੇ ਦੁਬਾਰਾ ਇਸ ਦਾ ਨਾਂ ਨੀਊਸਾ ਰੱਖ ਦਿੱਤਾ। ਸੰਨ 1187-90 ਵਿਚ ਇਸ ਸ਼ਹਿਰ ਨੂੰ ਵਿਸ਼ੇਸ਼ ਅਧਿਕਾਰ ਪ੍ਰਾਪਤ ਹੋ ਗਏ। ਕੋਲੋਨਜ ਚੋਣਕਾਰਾਂ ਨੇ ਇਥੇ ਇਕ ਰੱਖਿਅਕ ਚੌਕੀ ਬਣਾ ਦਿੱਤੀ ਪਰ ਚਾਰਲਸ ਦੀ ਬੋਲਡ ਨੇ (1474-75) ਇਸ ਨੂੰ ਘੇਰਨ ਦਾ ਅਸਫ਼ਲ ਯਤਨ ਕੀਤਾ। ਸੰਨ 1586 ਵਿਚ ਅਲੈਸਨਡਰੋ ਫਾਰਨੀਜ਼ ਨੇ ਇਸ ਨੂੰ ਆਪਣੇ ਅਧਿਕਾਰ ਵਿਚ ਲੈ ਲਿਆ ਅਤੇ 1816 ਈ. ਵਿਚ ਉਹ ਪ੍ਰਸ਼ਾਅ ਚਲਾ ਗਿਆ।

ਦੂਜੇ ਸੰਸਾਰ ਯੁੱਧ ਵਿਚ ਇਥੋਂ ਦੇ ਕਿਊਰੀਨਸ ਚਰਚ (1209), ਬੇਰੋਕ ਗੁੰਬਦ ਅਤੇ ਟਾਊਨਹਾਲ ਤਬਾਹ ਹੋ ਗਏ ਪ੍ਰੰਤੂ ਇਨ੍ਹਾਂ ਦੀ ਪੁਨਰ ਸਥਾਪਨਾ ਕੀਤੀ ਗਈ। 13ਵੀਂ ਸਦੀ ਵਿਚ ਬਣਿਆਂ ਓਵਰਟੋਰ (ਇਕ ਵੱਡਾ ਗੇਟ) ਜਿਹੜਾ ਮੱਧਕਾਲ ਵਿਚ ਕੀਤੀ ਗਈ ਮੋਰਚਾਬੰਦੀ ਦਾ ਇਕ ਹਿੱਸਾ ਸੀ, ਵਿਖੇ ਕਲੀਮੈਨਜ਼-ਸੈੱਲ ਮਿਉਂਸਪਲ ਮਿਊਜ਼ੀਅਮ ਹੈ ਅਤੇ ਜ਼ੀਘਾਸ (Zeughaus) (1639) ਜਾਂ ਅਸਲੇਖਾਨੇ ਦੀਆਂ ਇਮਾਰਤਾਂ ਹੁਣ ਸੰਗਤ ਦੇ ਰਲ ਮਿਲ ਕੇ ਬੈਠਨ ਦੇ ਹਾਲ ਵਜੋਂ ਵਰਤੀਆਂ ਜਾਂਦੀਆਂ ਹਨ। ਇਥੇ ਹਰ ਸਾਲ ਅਗਸਤ ਦੇ ਮਹੀਨੇ ਵਿਚ ਨਿਊਸਰ ਕਿਰਮਸ ਨਾਂ ਦਾ ਰ੍ਹਾਈਨਲੈਂਡ ਰਾਈਫਲ ਨਿਸ਼ਾਨੇਬਾਜ਼ੀ ਦਾ ਮੁਕਾਬਲਾ ਕਰਵਾਇਆ ਜਾਂਦਾ ਹੈ। ਇਥੇ ਮਸ਼ੀਨਰੀ, ਨਟਬੋਲਟ, ਰਿਵਟਸ, ਦਵਾਈਆਂ, ਠੋਸ ਪਦਾਰਥ, ਰੱਸੇ, ਕੁੰਭਕਲਾ ਦੀਆਂ ਵਸਤਾਂ ਅਤੇ ਇੱਟਾਂ ਵੀ ਤਿਆਰ ਕੀਤੀਆਂ ਜਾਂਦੀਆਂ ਹਨ।

ਆਬਾਦੀ—1,49,100 (1999)

51° 12′ ਉ. ਵਿਥ.; 6° 41′ ਪੂ. ਲੰਬ.

ਹ.ਪੁ.—ਐਨ. ਬ੍ਰਿ. ਮਾ. 7 : 279; ਐਨ. ਬ੍ਰਿ. 16 : 302

ਨਾਇਸਟਾਟ ਆੱਨ ਡਰ ਵਾਈਨਸਟਰਾਸਾ : ਇਹ ਜਰਮਨੀ ਦੇ ਦੱਖਣ-ਪੱਛਮ ਵੱਲ ਰ੍ਹਾਈਨਲੈਂਡ-ਪਲੈਟੀਨੇਟ ਰਾਜ ਦਾ ਇਕ ਸ਼ਹਿਰ ਹੈ ਜਿਹੜਾ ਹਾਰਡਟ ਪਹਾੜਾਂ ਦੀਆਂ ਪੂਰਬੀ ਢਲਾਣਾਂ ਵਿਚ ਲੁਡਵਿਗਜਹਾਫਨ ਸ਼ਹਿਰ ਦੇ ਦੱਖਣ-ਪੱਛਮ ਵੱਲ, ਸਪੇਅਰ ਬਾਚ ਸ਼ਹਿਰ ਦੇ ਨੇੜੇ ਹੀ ਵਾਕਿਆ ਹੈ। ਸੰਨ 1220 ਵਿਚ ਇਸ ਸ਼ਹਿਰ ਦੀ ਸਥਾਪਨਾ ਹੋਈ ਅਤੇ 1275 ਈ. ਵਿਚ ਇਸ ਨੂੰ ਵਿਸ਼ੇਸ਼ ਅਧਿਕਾਰ ਪ੍ਰਾਪਤ ਹੋਏ। ਇਥੋਂ ਦੀਆਂ ਇਤਿਹਾਸਕ ਇਮਾਰਤਾਂ ਵਿਚ ਕੈਸ਼ੀਮੀਰੀਨੀਅਮ, ਟਾਊਨ ਹਾਲ ਅਤੇ 14ਵੀਂ ਸਦੀ ਦਾ ਗਾੱਥਿਕ ਐਬੇ ਚਰਚ ਸ਼ਾਮਲ ਹਨ। ਇਹ ਸ਼ਹਿਰ ਪਫਾਲਜ਼ ਸ਼ਰਾਬ ਦੇ ਵਪਾਰ ਦਾ ਕੇਂਦਰ ਹੈ। ਇਥੇ ਹਰ ਸਾਲ ਸ਼ਰਾਬ ਦਾ ਉਤਸਵ ਲਗਦਾ ਹੈ। ਇਸ ਸ਼ਹਿਰ ਵਿਚ ਬਾਗਵਾਨੀ ਅਤੇ ਅੰਗੂਰਾਂ ਦੀ ਕਾਸ਼ਤ ਕਰਨ ਸਬੰਧੀ ਸਿਖਲਾਈ ਅਤੇ ਖੋਜ ਸੰਸਥਾ ਵੀ ਹੈ। ਕਲਮਿਟ ਪਹਾੜ ਦੇ ਪੈਰਾਂ ਵਿਚ ਸਥਿਤ ਇਹ ਸ਼ਹਿਰ ਸੈਲਾਨੀਆਂ ਲਈ ਖਿੱਚ ਦਾ ਕੇਂਦਰ ਹੈ। ਇਥੇ ਰੇਲ ਜੰਕਸ਼ਨ ਵੀ ਹੈ। ਇਥੋਂ ਦੀਆਂ ਆਰਥਿਕ ਗਤੀਵਿਧੀਆਂ ਵਿਚ ਫੂਡ ਪ੍ਰਾਸੈਸਿੰਗ, ਧਾਤ ਦੀਆਂ ਵਸਤਾਂ ਤਿਆਰ ਕਰਨ, ਕੱਪੜਾ, ਕਾਗਜ਼ ਅਤੇ ਠੋਸ ਪਦਾਰਥ ਤਿਆਰ ਕਰਨਾ ਸ਼ਾਮਲ ਹਨ।

ਆਬਾਦੀ—50,328 (1980)

49° 21′ ਉ. ਵਿਥ. ; 8° 08′ ਪੂ. ਲੰਬ.

ਹ.ਪੁ.—ਐਨ. ਬ੍ਰਿ. ਮਾ. 7 : 279; ਐਨ. ਬ੍ਰਿ. 16 : 302

ਨਾਇਕ-ਨਾਇਕਾ ਭੇਦ : ਸੰਸਕ੍ਰਿਤ ਸਾਹਿਤ ਵਿਚ ਭਾਰਤ ਦੇ ਨਾਟ ਸ਼ਾਸਤਰ ਵਿਚ ਵਧੇਰੇ ਕਰਕੇ ਨਾਟਕੀ ਪਾਤਰਾਂ ਦੇ ਭੇਦਾਂ ਦਾ ਉਲੇਖ ਕੀਤਾ ਗਿਆ ਹੈ ਅਤੇ ਵਾਤਸਾਇਣ ਦੇ ਕਾਮਸੂਤਰ ਵਿਚ ਵੀ ਕੁਝ ਭੇਦ ਦਿੱਤੇ ਗਏ ਹਨ ਜਿਨ੍ਹਾਂ ਦਾ ਸਬੰਧ ਇਸਤਰੀ

ਪੁਰਸ਼ ਦੇ ਯੌਨ ਸਬੰਧਾਂ ਨਾਲ ਹੈ। ਅਗਨੀਪੁਰਾਣ ਵਿਚ ਪਹਿਲੀ ਵਾਰ ਨਾਇਕ-ਨਾਇਕਾ ਦਾ ਵਿਵੇਚਨ ਸ਼ਿੰਗਾਰ ਰਸ ਦੇ ਆਲੰਬਨ ਭਾਵ ਦੇ ਰੂਪ ਵਿਚ ਕੀਤਾ ਗਿਆ ਹੈ ਮਗਰਲੇ ਲੇਖਕਾਂ ਨੇ ਇਸੇ ਨੂੰ ਸਵੀਕਾਰ ਕਰਦਿਆਂ ਸ਼ਿੰਗਾਰ ਰਸ ਦੀ ਸੀਮਾ ਅੰਦਰ ਰਹਿ ਕੇ ਇਸ ਵਿਸ਼ੇ ਦਾ ਵਿਸਥਾਰ ਕੀਤਾ ਹੈ। ਇਨ੍ਹਾਂ ਸੀਮਾਵਾਂ ਨੂੰ ਇਸ ਤਰ੍ਹਾਂ ਸਮਝਿਆ ਜਾ ਸਕਦਾ ਹੈ (1) ਨਾਇਕ ਨਾਇਕਾ ਭੇਦ ਅਧੀਨ ਇਸਤਰੀ ਪੁਰਸ਼ ਵਿਚਲੀਆਂ ਸੁਭਾਵਕ ਅਤੇ ਕੁਦਰਤੀ ਭਾਵਨਾਵਾਂ ਦਾ ਹੀ ਵਰਣਨ ਆਉਂਦਾ ਹੈ, ਅਸੁਭਾਵਕ ਜਾਂ ਗ਼ੈਰ ਕੁਦਰਤੀ ਲਿੰਗ ਸਬੰਧਾਂ ਦਾ ਇਸ ਵਿਚ ਕੋਈ ਥਾਂ ਨਹੀਂ। (2) ਸਿਰਫ਼ ਸੁੰਦਰ ਪੁਰਸ਼ ਅਤੇ ਇਸਤਰੀਆਂ ਦੇ ਪ੍ਰੇਮ ਨੂੰ ਹੀ ਸਵੀਕਾਰਿਆ ਗਿਆ ਹੈ। (3) ਰਸਅਨੁਭੂਤੀ ਵਿਚ ਕੋਈ ਰੋਕ ਨਾ ਪਵੇ, ਇਸ ਕਾਰਨ ਸਮਾਜਕ ਮਰਿਆਦਾ ਦੇ ਨਿਯਮਾਂ ਦਾ ਪਾਲਣ ਜ਼ਰੂਰੀ ਸਮਝਿਆ ਗਿਆ ਹੈ। (4) ਇਕ ਤਰਫ਼ਾ ਪ੍ਰੇਮ ਸਵੀਕਾਰ ਨਹੀਂ ਕੀਤਾ ਗਿਆ। ਇਸਤਰੀ ਅਤੇ ਪੁਰਸ਼ ਦੋਹਾਂ ਵਿਚ ਰਤੀ ਭਾਵਨਾ ਦਾ ਹੋਣਾ ਜ਼ਰੂਰੀ ਮੰਨਿਆ ਗਿਆ ਹੈ। ਸ਼ਿੰਗਾਰ ਰਸ ਤੋਂ ਇਲਾਵਾ ਕਿਸੇ ਹੋਰ ਗੱਲ ਦਾ ਵਰਣਨ ਮਨ੍ਹਾਂ ਕੀਤਾ ਗਿਆ ਹੈ। ਗਰਭਣੀ ਦਾ ਵਰਣਨ ਨਹੀਂ ਕੀਤਾ ਜਾਂਦਾ। ਨਾਇਕਾ ਦੇ ਮਾਣ ਦਾ ਕਾਰਨ ਨਾਇਕ ਦੀ ਪਰ-ਇਸਤਰੀ ਰਤੀ ਤੋਂ ਬਿਨਾਂ ਕੁਝ ਨਹੀਂ ਹੋ ਸਕਦਾ।


ਨਾਇਕ-ਭੇਦ (ਸੰਸਕ੍ਰਿਤ ਅਤੇ ਹਿੰਦੀ)—ਭਾਰਤ ਦੇ ਨਾਟ ਸ਼ਾਸਤਰ ਵਿਚ ਨਾਇਕ ਦੇ ਚਾਰ ਭੇਦ ਹਨ—ਧੀਰੋਦਾਤ, ਧੀਰਲਲਿਤ, ਧੀਰੋਦਾਤ ਅਤੇ ਧੀਰਪ੍ਰਸ਼ਾਂਤ। 'ਅਗਨੀਪੁਰਾਣ' ਵਿਚ ਇਨ੍ਹਾਂ ਤੋਂ ਇਲਾਵਾ ਚਾਰ ਹੋਰ ਭੇਦਾਂ ਦਾ ਉਲੇਖ ਮਿਲਦਾ ਹੈ; ਅਨੁਕੂਲ, ਦੱਖਣ, ਸ਼ਠ ਅਤੇ ਧ੍ਰਿਸ਼ਟ। 11ਵੀਂ ਸਦੀ ਵਿਚ ਭੋਜ ਨੇ 'ਸਰਸਵਤੀ ਕੰਠਾਭਰਣ' ਅਤੇ 'ਸ਼ਿੰਗਾਰਪ੍ਰਕਾਸ਼' ਵਿਚ ਇਨ੍ਹਾਂ ਦੋਹਾਂ ਤੋਂ ਇਲਾਵਾ ਕਈ ਭੇਦਾਂ ਦਾ ਉਲੇਖ ਕੀਤਾ ਹੈ ਪਰ ਇਨ੍ਹਾਂ ਵਿਚੋਂ ਸਿਰਫ਼ ਇਕ ਭੇਦ ਨੂੰ ਹੀ ਜਿਸ ਦਾ ਉਲੇਖ ਭਰਤ ਨੇ ਵੀ ਕੀਤਾ ਹੈ, ਬਾਅਦ ਦੇ ਲੇਖਕਾਂ ਨੇ ਮਾਨਤਾ ਦਿੱਤੀ—ਉੱਤਮ, ਮੱਧਮ, ਅਧਮ, ਭਾਨੂੰ ਦੱਤ ਨੇ 'ਰਸਮੰਜਰੀ' ਵਿਚ ਇਕ ਨਵੇਂ ਭੇਦ ਦਾ ਉਲੇਖ ਕੀਤਾ ਜੋ ਬਾਅਦ ਵਿਚ ਪ੍ਰਧਾਨ ਭੇਦ ਮੰਨਿਆ ਜਾਣ ਲਗਾ—ਪਤੀ, ਉਤਪਤੀ ਅਤੇ ਵੇਸ਼ਵਾ ਗਾਮੀ ਨਾਇਕ। ਅਨੁਕੂਲ ਆਦਿ ਭੇਦਾਂ ਨੂੰ ਪਤੀ ਅਤੇ ਉਤਪਤੀ ਵਿਚ ਹੀ ਮੰਨਿਆ ਗਿਆ ਹੈ। ਇਸ ਨੇ ਪ੍ਰੋਸ਼ਿਤ ਨਾਮੀ ਇਕ ਹੋਰ ਭੇਦ ਦਾ ਵੀ ਉਲੇਖ ਕੀਤਾ ਹੈ। ਰੂਪ ਗੋਸਵਾਮੀ ਨੇ 'ਉਜਵਲਨੀਲਮਣੀ' ਵਿਚ ਵੇਸ਼ਵਾਗਾਮੀ ਨਾਇਕ ਭੇਦ ਨੂੰ ਨਹੀਂ ਮੰਨਿਆ। ਇਸ ਨੇ ਕ੍ਰਿਸ਼ਨ ਨੂੰ ਹੀ ਇਕੋ ਇਕ ਨਾਇਕ ਮੰਨਿਆ ਹੈ।

ਹਿੰਦੀ ਵਿਚ ਪਤੀ, ਉਤਪਤੀ, ਵੇਸ਼ਵਗਾਮੀ ਨਾਇਕਾਂ ਨੂੰ ਪ੍ਰਮੁੱਖ ਭੇਦ ਮੰਨ ਕੇ ਅਨੁਕੂਲ, ਦੱਖਣ, ਸ਼ਠ ਅਤੇ ਧ੍ਰਿਸ਼ਟ ਆਦਿ ਭੇਦਾਂ ਨੂੰ ਪਤੀ ਦੇ ਅੰਤਰਗਤ ਸ਼ਾਮਲ ਕੀਤਾ ਗਿਆ ਹੈ। ਨਾਇਕ ਦੇ ਉੱਤਮ, ਮੱਧਮ ਅਤੇ ਅੱਧਮ ਭੇਦਾਂ ਨੂੰ ਹਿੰਦੀ ਵਿਚ ਕੁਝ ਲੇਖਕਾਂ ਨੇ ਹੀ ਸਵੀਕਾਰ ਕੀਤਾ ਹੈ। ਪ੍ਰੋਸ਼ਿਤ (ਬਦੇਸ਼ ਗਿਆ ਹੋਇਆ) ਮਾਨੀ, ਚਤੁਰ ਅਤੇ ਅਨਜਾਨ ਵੀ ਨਾਇਕ ਦੇ ਭੇਦ ਹਨ। ਮਾਨੀ ਦੇ ਰੂਪਮਾਨੀ ਅਤੇ ਗੁਣਮਾਨੀ ਅਤੇ ਚਤੁਰ ਦੇ ਬਚਨ ਚਤੁਰ ਅਤੇ ਕ੍ਰਿਆ-ਚਤੁਰ ਭੇਦ ਹਨ। ਕੇਸ਼ਵ ਨਾਇਕ ਦੇ ਦੋ ਹੋਰ ਭੇਦ ਗੁਪਤ ਅਤੇ ਪ੍ਰਕਾਸ਼ ਮੰਨੇ ਹਨ। ਰਸਲੀਨ ਅਨੁਸਾਰ ਉਤਪਤੀ ਦੇ ਤਿੰਨ ਅਤੇ ਵੇਸ਼ਵਾਗਾਮੀ ਦੇ ਦੋ ਉਪਭੇਦ ਹਨ।

ਹਿੰਦੀ ਦੇ ਨਾਇਕ-ਨਾਇਕਾ ਭੇਦ ਸਬੰਧੀ ਜ਼ਿਆਦਾਤਰ ਸਾਹਿਤ ਰੀਤੀਕਾਲ ਵਿਚ ਰਚਿਆ ਗਿਆ।

ਨਾਇਕਾ ਭੇਦ (ਸੰਸਕ੍ਰਿਤ ਅਤੇ ਹਿੰਦੀ)—ਭਰਤ ਅਨੁਸਾਰ ਨਾਇਕਾ ਦੇ ਅੱਠ ਭੇਦ ਹਨ—ਬਾਸਕਸੱਜਾ, ਵਿਰਹੋਤਕੰਠਾ ਸਵਾਧੀਨਪਤੀਕਾ, ਕਲਹਾਂਤਹਿਤਾ, ਖੰਡਿਤਾ, ਵਿਪ੍ਰਲਬਧਾ, ਪ੍ਰੋਸ਼ਿਤ ਭਰਤ੍ਰੀਕਾ, ਅਭਿਸਾਰਿਕਾ। ਇਨ੍ਹਾਂ ਨੂੰ ਪਰਿਸਥਿਤੀ ਭੇਦ ਕਿਹਾ ਜਾਂਦਾ ਹੈ। ਬਾਅਦ ਦੇ ਲੇਖਕਾਂ ਅਨੁਸਾਰ 'ਪ੍ਰਕ੍ਰਿਤੀ ਭੇਦ' ਅਨੁਸਾਰ ਨਾਇਕਾ ਤਿੰਨ ਪ੍ਰਕਾਰ ਦੀ ਹੁੰਦੀ ਹੈ—ਉਤਮਾ, ਮਧਮਾ ਅਤੇ ਅਧਮਾ 'ਅਗਨੀ ਪੁਰਾਣ' ਦੇ ਲੇਖਕ ਨੇ ਨਾਇਕਾ ਦੇ ਸਿਰਫ਼ ਇਕ ਵਰਗੀਕਰਣ ਦਾ ਉਲੇਖ ਕੀਤਾ ਹੈ—ਸ੍ਵਕੀਆ, ਪਰਵੀਕਾਮਾ, ਪੁਨਰਭੂ ਅਤੇ ਸਾਮਾਨਿਆ। ਰੁਦ੍ਰਟ ਅਤੇ ਰੁਦ੍ਰਭੱਟ ਨੇ ਸੋਲਾਂ ਭੇਦਾਂ ਵਾਲਾ ਵਰਗੀਕਰਣ ਪੇਸ਼ ਕੀਤਾ ਜਿਸ ਨੂੰ ਬਾਅਦ ਦੇ ਲੇਖਕਾਂ ਨੇ ਸਵੀਕਾਰ ਕੀਤਾ। ਇਹ ਵਰਗੀਕਰਣ ਨਿਮਨ ਅਨੁਸਾਰ ਹੈ—

ਇਸ ਵਰਗੀਕਰਣ ਨੂੰ ਧਨੰਜਯ, ਹੇਮਚੰਦਰ, ਸ਼ਾਰਦਾਤਨਯ ਅਤੇ ਸ਼ਿੰਗ ਭੂਪਾਲ ਨੇ ਇਸੇ ਤਰ੍ਹਾਂ ਹੀ ਸਵੀਕਾਰ ਕੀਤਾ ਹੈ। ਭਾਨੁਦੱਤ ਨੇ ਉਪਰੋਕਤ ਵਰਗੀਕਰਣ ਤੋਂ ਇਲਾਵਾ ਇਕ ਨਵੇਂ ਵਰਗੀਕਰਣ ਦਾ ਉਲੇਖ ਕੀਤਾ ਹੈ ਜਿਸ ਨੂੰ ਬਾਅਦ ਦੇ ਜ਼ਿਆਦਾਤਰ ਲੇਖਕਾਂ ਨੇ ਸਵੀਕਾਰ ਕੀਤਾ ਹੈ। ਨਾਇਕਾ ਅਨਯਸੰਭੋਗ ਦੁਖਿਤਾ, ਬਕ੍ਰੋਕਿਤੀ-ਗਰਾਵਿਤਾ, ਮਾਨਵਤੀ। ਬਕ੍ਰੋਕਿਤੀਗਰਵਿਤਾ ਪ੍ਰੇਮਗਰਵਿਤਾ, ਸੌਂਦਰਯਗਰਵਿਤਾ। ਇਸ ਤੋਂ ਇਲਾਵਾ ਭਾਨੁਦੱਤ ਨੇ ਸੋਲਾਂ ਭੇਦੀ ਵਰਗੀਕਰਣ ਵਿਚ ਮੁਗਧਾ ਅਤੇ ਊਢਾ ਦੇ ਕੁਝ ਨਵੇਂ ਉਪਭੇਦਾਂ ਦਾ ਉਲੇਖ ਕੀਤਾ ਹੈ—ਮੁਗਧਾ : ਗਿਆਤਯੌਵਨਾ, ਅਗਿਆਤਯੌਵਨਾ। ਮੁਗਧਾ : ਨਵੋਢਾ ਵਿਸ੍ਰਬਧਨਵੋਢਾ। ਊਢਾ : ਗੁਪਤਾ (ਤਿੰਨ ਪ੍ਰਭੇਦ) ਵਿਦਗਧਾ (ਵਾਗਵਿਦਗਧਾ, ਕ੍ਰਿਆ ਵਿਦਗਧਾ) ਲਕਸ਼ਿਤਾ, ਕੁਲਟਾ, ਅਨੁਸ਼ਯਨਾ, ਮੁਦਿਤਾ। ਭਾਨੁਦੱਤ ਨੇ ਪੋਸ਼ਿਅਠਪਤਿਕਾ ਨਾਮੀ ਇਕ ਨਵੇਂ ਭੇਦ ਦਾ ਪਰਿਚੈ ਦਿੱਤਾ ਹੈ ਜੋ ਬਾਅਦ ਵਿਚ ਪ੍ਰਵਤਸਯਤਪਤਿਕਾ ਨਾਂ ਨਾਲ ਪ੍ਰਸਿੱਧ ਹੋਇਆ। ਅਭਿਸਾਰਿਕਾ ਵਿਚ ਇਸ ਨੇ ਜਯੋਤਸਨਾਭਿਸਾਰਿਕਾ (ਸ਼ੁਕਲਾਭਿਸਾਰਿਕਾ), ਤਮਿਸ੍ਰਾਭਿਸਾਰਿਕਾ (ਕ੍ਰਿਸ਼ਨਭਿਸਾਰਿਕਾ) ਅਤੇ ਦਿਵਸਾਭਿਸਾਰਿਕਾ ਦਾ ਉਲੇਖ ਕੀਤਾ ਹੈ। ਹਿੰਦੀ ਦੇ ਲੇਖਕਾਂ ਨੇ ਸਭ ਤੋਂ ਵੱਧ ਭਾਨੁਦੱਤ ਦਾ ਹੀ ਅਨੁਸਰਣ ਕੀਤਾ ਹੈ। ਸ਼ਿੰਗ ਭੂਪਾਲ ਅਤੇ ਵਿਸ਼ਵਨਾਥ ਨੇ ਸਾਮਾਨਿਆ ਦੋ ਉਪਭੇਦਾਂ ਦਾ ਉਲੇਖ ਕੀਤਾ ਹੈ- ਰਕਤਾ ਅਤੇ ਵਿਰਕਤਾ। ਵਿਸ਼ਵਨਾਥ ਨੇ ਮੁਗਧਾ ਦੇ ਪੰਜ, ਮਧਿਆ ਦੇ ਪੰਜ ਅਤੇ ਪ੍ਰਗਲਭਾ ਦੇ ਛੇ ਭੇਦਾਂ ਦਾ ਉਲੇਖ ਕੀਤਾ ਹੈ ਪਰ ਨਾਇਕਾ ਦੀ ਸੰਖਿਆ ਗਣਨਾ ਵਿਚ ਇਨ੍ਹਾਂ ਭੇਦਾਂ ਨੂੰ ਸ਼ਾਮਲ ਨਹੀਂ ਕੀਤਾ ਗਿਆ।



ਗੋਸਵਾਮੀ ਨੇ ਸਿਰਫ 'ਹਿਰਿਵੱਲਭਾਓ' ਨੂੰ ਨਾਇਕਾ ਮੰਨਦੇ ਹੋਏ ਸਾਮਾਨਿਆ ਨੂੰ ਸਵੀਕਾਰ ਨਹੀਂ ਕੀਤਾ। ਉਸ ਨੇ ਮੁਗਧਾ, ਮਧਿਆ, ਪ੍ਰਗਲੱਭਾ ਭੇਦਾਂ ਨੂੰ ਪਰਕੀਆ ਵਿਚ ਮੰਨਿਆ ਹੈ। ਰੂਪ ਗੋਸਵਾਮੀ ਦੇ ਮੁਗਧਾ ਦੇ ਛੇ, ਮਧਿਆ ਦੇ ਚਾਰ ਅਤੇ ਪ੍ਰਗਲੱਭਾ ਦੇ ਸੱਤ ਭੇਦ ਵਿਸ਼ਵਨਾਥ ਦੇ ਭੇਦਾਂ ਨਾਲ ਮਿਲਦੇ ਜੁਲਦੇ ਹਨ।

ਹਿੰਦੀ ਵਿਚ ਨਾਇਕਾ ਭੇਦ ਸਬੰਧੀ ਦੋ ਸੌ ਤੋਂ ਵੀ ਵੱਧ ਗ੍ਰੰਥ ਹਨ ਪਰ ਇਨ੍ਹਾਂ ਵਿਚੋਂ ਵਧੇਰੇ ਅਪ੍ਰਕਾਸ਼ਿਤ ਹਨ। ਮਤੀਰਾਮ ਦਾ 'ਰਸਰਾਜ' ਅਤੇ ਪਦਮਾਕਰ ਦਾ 'ਜਗਤ ਵਿਨੋਦ' ਸਭ ਤੋਂ ਲੋਕਪ੍ਰਿਯ ਗ੍ਰੰਥ ਹਨ। ਪਰਸਥਿਤ ਭੇਦ ਵਰਗੀਕਣ ਵਿਚ 'ਆਗਤਪਤੀਕਾ' ਨਾਮੀ ਇਕ ਦਸਵਾਂ ਭੇਦ ਜੋੜਿਆ ਗਿਆ ਹੈ ਜਿਸ ਨੂੰ ਹਿੰਦੀ ਦੇ ਜ਼ਿਆਦਾਤਰ ਲੇਖਕਾਂ ਨੇ ਸ਼ੁਰੂ ਤੋਂ ਹੀ ਮੰਨਿਆ ਹੈਂ। ਰਹੀਮ ਦਾ 'ਬਰਵੈ-ਨਾਇਕਾ-ਭੇਦ' ਵਰਵੈ ਛੰਦ ਕਾਰਨ ਬਹੁਤ ਪ੍ਰਸਿੱਧ ਹੋਇਆ 'ਹਿਤਤਰੰਗਿਣੀ', 'ਸਾਹਿਤਸਲਹਿਰੀ', 'ਰਸਮੰਜਰੀ', 'ਰਸਿਕਪ੍ਰਿਆ', 'ਸੁੰਦਰਸ਼ਿੰਗਾਰ', 'ਸੁਧਾਨਿਧੀ, 'ਕਵੀਕੁਲਕਲਪਤਰੂ' ਅਤੇ ਭਾਸ਼ਾ-ਭੂਸ਼ਨ' ਕੁਝ ਮੁਢਲੇ ਉੱਘੇ ਗ੍ਰੰਥ ਹਨ। ਮਗਰਲੇ ਲੇਖਕਾਂ ਵਿਚ ਕੁਮਾਰਮਣੀ ਸ਼ਾਸਤਰੀ, ਦੇਵ, ਰਸਲੀਨ ਅਤੇ ਭਿਖਾਰੀਦਾਸ ਆਪਣੇ ਯੋਗਦਾਨ ਕਾਰਨ ਬਹੁਤ ਪ੍ਰਸਿੱਧ ਹੋਏ। ਨਾਇਕਾ ਭੇਦ ਦੇ ਖੇਤਰ ਵਿਚ ਆਧੁਨਿਕ ਕਾਲ ਵਿਚ 'ਹਰਿਔਧ', 'ਬਿਹਾਰੀਲਾਲ ਭੱਟ' ਅਤੇ ਪ੍ਰਭੂਦਿਆਲ ਮਿੱਤਲ ਨੇ ਵਰਣਨਯੋਗ ਕੰਮ ਕੀਤਾ ਹੈ।

ਕਿਰਪਾ ਰਾਮ ਦੀ 'ਹਿਤਤਰੰਗਿਣੀ' ਹਿੰਦੀ ਵਿਚ ਨਾਇਕਾ ਭੇਦ ਦਾ ਪਹਿਲਾ ਉਪਲੱਬਧ ਗ੍ਰੰਥ ਹੈ ਫਿਰ ਵੀ ਇਸ ਵਿਚ ਇਸੇ ਦੀ ਵਿਵੇਚਨਾ ਬਹੁਤ ਵਿਸਥਾਰ ਨਾਲ ਕੀਤੀ ਗਈ ਹੈ। ਇਸ ਵਿਚ ਕੁਝ ਨਵੇਂ ਭੇਦ ਦਿਤੇ ਗਏ ਹਨ :—(1) ਊਢਾ; ਪਰਪ੍ਰਿਯਾ, ਪਰਵਿ-ਵਾਦਿਤਾ; (2) ਲਕਸ਼ਿਤਾ : ਤਿੰਨ ਭੇਦ; (3) ਸਵਕੀਆ ਜਯੇਸ਼ਠਾ ਸਮਹਿਤਾ (ਨਵਾਂ ਭੇਦ), ਕਨਿਸ਼ਠਾ। ਸੂਰਦਾਸ ਦੀ 'ਸਾਹਿਤਯਲਹਿਰੀ ਦਾ ਤਕਰੀਬਨ ਹਰ ਪਦ। ਇਕ ਅਲੰਕਾਰ ਅਤੇ ਕਿਸੇ ਇਕ ਨਾਇਕਾ ਦਾ ਉਦਾਹਰਣ ਦਿੰਦਾ ਹੈ। ਇਸ ਗ੍ਰੰਥ ਵਿਚ ਸਾਮਾਨਿਆ ਨੂੰ ਮਾਨਤਾ ਨਹੀਂ ਦਿੱਤੀ ਗਈ। ਕੋਕ ਦੇ ਕਾਮਸ਼ਾਸਤਰ ਸਬੰਧੀ ਗ੍ਰੰਥ 'ਰਤੀਰਹੱਸ' ਦੇ ਆਧਾਰ ਤੇ ਨਾਇਕਾ ਦੇ ਪਦਮਨੀ ਚਿਤ੍ਰਿਣੀ, ਸੰਖਣੀ ਅਤੇ ਹਸਤਨੀ ਚਾਰ ਭੇਦਾਂ ਦਾ ਉਲੇਖ ਹੋਇਆ ਹੈ। ਇਨ੍ਹਾਂ ਭੇਦਾਂ ਨੂੰ ਸੁੰਦਰ ਅਤੇ ਹੋਰ ਲੇਖਕਾਂ ਨੇ ਦੁਹਰਾਇਆ ਹੈ। ਤੋਸ਼ ਨੇ 'ਸੁਧਾਨਿਧੀ' ਵਿਚ ਕਈ ਮੌਲਿਕ ਵਰਗੀਕਰਨਾਂ ਦਾ ਉਲੇਖ ਕੀਤਾ ਹੈ—(1) ਪਰਕੀਆ : ਦ੍ਰਿਸ਼ਟੀਜੇਸ਼ਠਾ, ਅਸਾਧਿਆ (ਪੰਜ ਭੇਦ), ਸਾਧਿਆ (ਚਾਰ ਭੇਦ)। (2) ਪਰਕੀਆ : ਉਦਬੁੱਧਾ, ਉਦਬੋਧਿਤਾ। (3) ਲਕਸ਼ਿਤਾ : ਦੋ ਭੇਦ (4) ਨਾਇਕਾ : ਕਾਮਵਤੀ, ਅਨੁਰਾਗਿਣੀ, ਪ੍ਰੇਮ-ਅਸ਼ਕੱਤਾ (ਮਾਨਵਤੀ ਆਦਿ ਤੋਂ ਇਲਾਵਾ) (5) ਅਭਿਸਰਿਕਾ ; ਪਾਵਸਾ-ਭਿਸਾਰਿਕਾ।

ਕੁਮਾਰਮਣੀ ਸ਼ਾਸਤਰੀ ਨੇ 'ਰਸਿਕਰਸਾਲ' ਵਿਚ ਨਵੇਂ ਭੇਦਾਂ ਤੋਂ ਇਲਾਵਾ ਪੁਰਾਣੇ ਭੇਦਾਂ ਵਿਚ ਨਵੇਂ ਸਬੰਧ ਸਥਾਪਿਤ ਕੀਤੇ ਹਨ—(1) ਸਵੀਕੀਆ : ਪਤੀਬ੍ਰਤਾ, ਸਾਧਾਰਣ (2) ਮੁਗਧਾ, ਮਧਿਆ ਅਤੇ ਪ੍ਰਗਲਭਾ ਦੇ ਭੇਦ; (3) ਪਰਕੀਆ ਦੇ ਭੇਦਾਂ ਦਾ ਪੁਨਰਗਠਨ ਅਤੇ ਸਾਹਸਿਕਾ ਨਾਂ ਹੇਠ ਨਵੇਂ ਭੇਦ ਦਾ ਉਲੇਖ (4) ਸਾਮਾਨਿਆ ਦੇ ਤਿੰਨ ਭੇਦ; (5) ਸਵਧੀਨਪਤੀਕਾ ਹੇਠ ਪ੍ਰੇਮਗਰਵਿਤਾ ਆਦਿ ਦਾ ਅਤੇ ਖੰਡਿਤਾ ਹੇਠ ਧੀਰਾਅਧੀਰਾਧੀਰਾਧੀਰਾ, ਮਾਨਵਤੀ, ਅਨਿਅਸੰਭੋਗ-ਦੁਖਿਤਾ ਆਦਿ ਦਾ ਉਲੇਖ; (6) ਬਾਕੀ ਪਰਿਸਥਿਤੀ ਭੇਦਾਂ ਹੇਠਾਂ ਨਵੇਂ ਭੇਦਾਂ ਦਾ ਉਲੇਖ। ਦੇਵ ਨੇ ਨਾਇਕਾ ਭੇਦ ਸਬੰਧੀ ਕਈ ਗ੍ਰੰਥ ਰਚੇ ਹਨ। 'ਰਸਬਿਲਾਸ' ਵਿਚ ਇਸ ਦੇ ਪਦ, ਜਾਤੀ ਅਤੇ ਇਲਾਕਾਈ ਆਧਾਰ ਤੇ ਨਾਇਕਾ ਦਾ ਵਰਣਨ ਕੀਤਾ ਹੈ।

'ਸੁਖਸਾਗਰਤਰੰਗ' ਦਾ ਅੰਸ਼ ਭੇਦ ਪ੍ਰਸਿੱਧ ਹੈ : ਦੇਵੀ (ਸੱਤ ਸਾਲ ਦੀ ਉਮਰ ਤਕ) ਦੇਵਗੰਧਰਵੀ (ਸੱਤ ਤੋਂ ਚੌਦਾਂ ਸਾਲ ਤਕ), ਗੰਧਰਵੀ (ਚੌਦਾਂ ਤੋਂ ਇੱਕੀ ਸਾਲ ਤਕ) 'ਗੰਧਰਵ ਮਾਨਸ਼ੀ' (ਇੱਕੀ ਤੋਂ ਅਠਾਈ ਤਕ), ਮਾਨੁਸ਼ੀ (ਅਠਾਈ ਤੋਂ ਪੈਂਤੀ ਸਾਲ ਤਕ) ਗੰਧਰਵੀ ਹੇਠ ਅਰਥਾਤ 10 ਕੇ ਤੋਂ 24 ਕੇ ਸਾਲ ਤਕ ਦੀ ਉਮਰ ਵਿਚ ਮੁਗਧਾ, ਮਧਿਆ ਅਤੇ ਪ੍ਰਗਲਭਾ ਦੇ 13 ਭੇਦਾਂ ਵਿਚ ਹਰੇਕ ਦੀ ਉਮਰ ਦੀ ਸੀਮਾ ਨਿਸ਼ਚਿਤ ਕੀਤੀ ਗਈ ਹੈ। ਨਾਇਕਾ ਭੇਦ ਦਾ ਸਭ ਤੋਂ ਵੱਧ ਵਿਸਥਾਰ ਰਸਲੀਨ ਦੇ 'ਰਸਪ੍ਰਬੋਧ' ਵਿਚ ਮਿਲਦਾ ਹੈ। ਪ੍ਰਮੁੱਖ ਭੇਦ ਇਹ ਹਨ :—

(1) ਮੁਗਧਾ, ਮਧਿਆ ਅਤੇ ਪ੍ਰਗਲਭਾ ਦੇ ਅਨੇਕ ਭੇਦ; (2) ਪਤੀਦੁਖਿਤਾ ਸਵਕੀਆ : ਮੂੜਪਤੀਦੁਖਿਤਾ, ਬਾਲਦੁਖਿਤਾ ਬ੍ਰਿਧ ਦੁਖਿਤਾ (3) ਪਰਕੀਆ ਅਦਭੁਤਾ, ਉਦਭੂਦਿਤਾ; (4) ਪਰਕੀਆ : ਅਸਾਧਿਆ (ਪੰਜੇ ਭੇਦ) ਸੁਖਸਾਧਿਆ (ਅੱਠ ਭੇਦ), (5) ਸਵਕੀਆ ਅਤੇ ਪਰਕੀਆ : ਕਾਮਵਤੀ, ਅਨੁਰਾਗਿਨੀ, ਪ੍ਰੇਮ ਅਸ਼ੱਕਤਾ (6) ਸਾਮਾਲਿਆ ਦੇ ਚਾਰ ਭੇਦ, (7) ਅਨੇਕ ਪਰਿਸਥਿਤੀ ਭੇਦਾਂ ਦੇ ਭੇਦ (8) 'ਸੁਖਸਾਗਰਤਰੰਗ' ਦੇ ਆਧਾਰ ਤੇ ਅਲੱਗ ਅਲੱਗ ਨਾਇਕਾ ਦੀ ਉਮਰ ਦਾ ਨਿਰਧਾਰਣ।

ਆਧੁਨਿਕ ਕਾਲ ਦੇ ਲੇਖਕਾਂ ਵਿਚ ਹਰਿਔਧ' ਨੇ ਰਸਕਲਸ਼ ਵਿਚ ਉੱਤਮਾ ਅਤੇ ਮਧਿਅਮਾ ਭੇਦਾਂ ਦੀ ਵੰਡ ਕੀਤੀ ਹੈ—

ਉੱਤਮਾ : ਪਤੀਪ੍ਰੇਮਿਕਾ, ਪਰਿਵਾਰ ਪ੍ਰੇਮਿਕਾ, ਦੇਸ਼ ਪ੍ਰੇਮਿਕਾ, ਜਨਮਭੂਮੀ ਪ੍ਰੇਮਿਕਾ, ਨਿਜਤਾਨੁਰਾਗਿਨੀ, ਲੋਕਸੇਵਿਕਾ, ਧਰਮ-ਪ੍ਰੇਮਿਕਾ, ਵਿਅੰਗਵਿਦਗਧਾ, ਮਰਮਪੀੜਿਤਾ। ਬਿਹਾਰੀਲਾਲ ਭੱਟ ਨੇ 'ਸਾਹਿਤਸਾਗਰ' ਵਿਚ ਧੀਰਾ, ਅਧੀਰਾ ਅਤੇ ਧੀਰਾਧੀਰਾ ਭੇਦਾਂ ਦਾ ਸਬੰਧ ਸਿਰਫ਼ ਕਨਿਸ਼ਠਾ ਨਾਲ ਮੰਨਿਆ ਹੈ।

ਹ.ਪੁ.—ਹਿੰ. ਵਿ. ਕੋ. 6 : 318

ਨਾਇਕਾਂ ਹੱਟੀ (ਹੇਟੀ) : ਇਹ ਕਰਨਾਟਕ ਰਾਜ ਦੇ ਰਾਏਚੂਰ ਜ਼ਿਲ੍ਹੇ ਦਾ ਇਕ ਸ਼ਹਿਰ ਹੈ ਜਿਹੜਾ ਚਾਲਾਕਰ ਸ਼ਹਿਰ ਤੋਂ 22 ਕਿ.ਮੀ. ਉੱਤਰ-ਪੱਛਮ ਵੱਲ ਸਥਿਤ ਹੈ। ਇਸ ਦਾ ਪਹਿਲਾਂ ਨਾਂ ਹੱਟੀ ਸੀ। ਇਸ ਦੀ ਸਥਾਪਨਾ ਇਕ ਨਾਇਕ ਦੁਆਰਾ ਹੋਈ ਸੀ ਜਿਹੜਾ ਕਿ ਚਰਾਗਾਹ ਦੀ ਭਾਲ ਵਿਚ ਕੁਰਨੂਲ ਜ਼ਿਲ੍ਹੇ ਦੇ ਕੋਲ ਸ੍ਰੀਸੇਲਮ ਤੋਂ ਵਧੀਆ ਪਸ਼ੂ ਲੈ ਕੇ ਆਇਆ ਸੀ। ਉਹ ਵਿਜੇਨਗਰ ਦੁਆਰਾ ਪਾੱਲੀਗਰ ਕਰਕੇ ਜਾਣਿਆ ਗਿਆ ਸੀ ਅਤੇ ਉਸ ਨੇ ਮਾਲਕਲਮੁਰੀ ਲਈ ਕੁਝ ਡੰਗਰਾਂ ਦਾ ਆਪਸ ਵਿਚ ਵਟਾਂਦਰਾ ਵੀ ਕੀਤਾ ਸੀ। ਇਸ ਜਗ੍ਹਾ ਤੇ ਪਹਿਲਾਂ ਚਿਤਲਦੁਰਗ ਦੇ ਮੁੱਖੀਆ ਨੇ ਕਬਜ਼ਾ ਕੀਤਾ ਸੀ ਜਿਹੜਾ ਹੈਦਰ ਅਲੀ ਦੇ ਕਬਜ਼ਾ ਕਰਨ ਤੀਕ ਉਨ੍ਹਾਂ ਅਧੀਨ ਹੀ ਰਿਹਾ। ਇਥੇ ਮਹਾਂਪੁਰਸ਼ਾਂ ਦੀ ਯਾਦ ਵਿਚ ਇਕ ਮਕਬਰਾ ਅਤੇ ਮੰਦਰ ਬਣਿਆ ਹੋਇਆ ਹੈ। ਸੰਨ 1899 ਵਿਚ ਇਥੇ ਮਿਊਂਸਪੈਲਟੀ ਦੀ ਸਥਾਪਨਾ ਹੋਈ।

ਆਬਾਦੀ—10, 552 (1991)

14° 28′ ਉ. ਵਿਥ.; 76° 33′ ਪੂ. ਲੰਬ.

ਹ.ਪੁ.—ਇੰਪ. ਗ. ਇੰਡ. 19

ਨਾਇਡੂ, ਸਰੋਜਨੀ : ਭਾਰਤ ਦੀ ਬੁਲਬੁਲ ਦੇ ਨਾਉਂ ਨਾਲ ਪ੍ਰਸਿੱਧ ਇਸ ਉੱਘੀ ਸ਼ਖ਼ਸੀਅਤ ਦਾ ਜਨਮ 13 ਫ਼ਰਵਰੀ, 1879 ਨੂੰ ਭਾਰਤ ਵਿਚ ਹੈਦਰਾਬਾਦ (ਆਂਧਰਾ ਪ੍ਰਦੇਸ਼) ਵਿਖੇ ਸ੍ਰੀ ਅਘੋਸ਼ ਨਾਥ ਚੋਟਪਾਧਿਆਏ ਦੇ ਘਰ ਹੋਇਆ ਸੀ ਜਿਹੜਾ ਹੈਦਰਾਬਾਦ ਵਿਖੇ ਨਿਜ਼ਾਮ ਕਾਲਜ ਦਾ ਪ੍ਰਿੰਸੀਪਲ ਸੀ। ਪੜ੍ਹੇ ਲਿਖੇ ਪਰਿਵਾਰ ਵਿਚ

ਜਨਮ ਲੈਣ ਕਾਰਨ ਇਸ ਨੇ ਮਦਰਾਸ ਪ੍ਰੈਜ਼ੀਡੈਂਸੀ ਵਿਚੋਂ ਪਹਿਲੇ ਨੰਬਰ ਤੇ ਆ ਕੇ 12 ਸਾਲ ਦੀ ਉਮਰ ਵਿਚ ਹੀ ਦਸਵੀਂ ਪਾਸ ਕਰ ਲਈ। ਇਸ ਨੂੰ ਗਣਿਤ ਦੀ ਬਜਾਏ ਕਵਿਤਾ ਲਿਖਣ ਦਾ ਬਹੁਤ ਸ਼ੌਕ ਸੀ ਇਸ ਲਈ ਇਸ ਨੇ ਛੋਟੀ ਉਮਰ ਵਿਚ ਹੀ ਕਵਿਤਾ ਲਿਖਣੀ ਸ਼ੁਰੂ ਕਰ ਦਿੱਤੀ ਸੀ। ਸੰਨ 1895 ਵਿਚ ਇਹ ਇੰਗਲੈਂਡ ਵਿਚ ਜਾ ਕੇ ਕਿੰਗਜ਼ ਕਾਲਜ ਵਿਚ ਦਾਖਲ ਹੋ ਗਈ ਤੇ 1898 ਈ. ਤਕ ਉਥੇ ਸਿੱਖਿਆ ਪ੍ਰਾਪਤ ਕੀਤੀ। ਸੰਨ 1898 ਵਿਚ ਭਾਰਤ ਆ ਕੇ ਇਸ ਨੇ ਐਮ. ਜੀ ਨਾਇਡੂ ਜੋ ਕਿ ਨਿਜ਼ਾਮ ਦੀ ਸੇਵਾ ਵਿਚ ਮੈਡੀਕਲ ਅਫਸਰ ਸਨ, ਨਾਲ ਸ਼ਾਦੀ ਕਰ ਲਈ।

ਸੰਨ 1803 ਤੋਂ 1917 ਦੇ ਅਰਸੇ ਦੌਰਾਨ ਇਸ ਦਾ ਭਾਰਤ ਦੀਆਂ ਪ੍ਰਸਿੱਧ ਹਸਤੀਆਂ ਜਿਵੇਂ ਕਿ ਗੋਖਲੇ, ਟੈਗੋਰ, ਜਿਨਾਹ, ਐਨੀ ਬੈਸੰਟ ਮਹਾਤਮਾ ਗਾਂਧੀ ਜੀ ਅਤੇ ਪੰਡਿਤ ਜਵਾਹਰ ਲਾਲ ਨਹਿਰੂ ਆਦਿ ਨਾਲ ਸੰਪਰਕ ਵਧਦਾ ਗਿਆ ਜਿਸ ਕਾਰਣ ਇਹ ਰਾਜਨੀਤੀ ਵੱਲ ਪ੍ਰੇਰਤ ਹੁੰਦੀ ਰਹੀ। ਸੰਨ 1907 ਵਿਚ ਇਸ ਨੇ ਬੰਗਾਲ ਦੇ ਬਟਵਾਰੇ ਬਾਰੇ ਕਲੱਕਤਾ ਵਿਖੇ ਮੀਟਿੰਗ ਵਿਚ ਬੜਾ ਮਹੱਤਵਪੂਰਣ ਯੋਗਦਾਨ ਪਾਇਆ। ਸੰਨ 1908 ਵਿਚ ਮਦਰਾਸ ਵਿਚ ਵਿਧਵਾ ਵਿਆਹ ਬਾਰੇ ਹੋਈ ਮੀਟਿੰਗ ਵਿਚ ਵੀ ਇਸ ਨੇ ਇਸਤਰੀ ਅੰਦੋਲਨ ਨੂੰ ਕਾਫੀ ਉਤਸ਼ਾਹਤ ਕੀਤਾ ਅਤੇ ਪਲੇਗ ਰੋਕਥਾਮ ਲਈ ਕੀਤੇ ਗਏ ਕੰਮ ਕਾਰਣ ਇਸ ਨੂੰ ਹੈਦਰਾਬਾਦ ਵਿਖੇ ਕੇਸਰ-ਇ-ਹਿੰਦ ਨਾਂ ਦਾ ਸੁਵਰਣ ਤਮਗਾ ਦਿੱਤਾ ਗਿਆ ਸੀ। ਸਿਹਤ ਖ਼ਰਾਬ ਹੋਣ ਕਾਰਣ ਵੀ ਇਹ ਇੰਗਲੈਂਡ ਅਤੇ ਦੱਖਣੀ ਅਫ਼ਰੀਕਾ ਚਲੀ ਗਈ ਸੀ ਜਿਸ ਨਾਲ ਇਸ ਦਾ ਵਿਦੇਸ਼ੀ ਜੀਵਨ ਆਰੰਭ ਹੁੰਦਾ ਹੈ। ਇਥੇ ਇਸ ਦਾ ਮਹਾਤਮਾ ਗਾਂਧੀ ਨਾਲ ਮੇਲ ਹੋ ਗਿਆ ਜਿਹੜਾ ਦੱਖਣੀ ਅਫ਼ਰੀਕਾ ਵਿਚ ਅਬੂਲੈਂਸ ਕਾਂਗਰਸ ਅਤੇ ਸਤਿਆਗ੍ਰਹਿ ਲਈ ਕੰਮ ਕਰ ਰਿਹਾ ਸੀ।

ਭਾਰਤ ਪਰਤ ਕੇ ਇਸ ਦਾ ਜਵਾਹਰ ਲਾਲ ਨਹਿਰੂ ਨਾਲ ਪਹਿਲੀ ਵਾਰ 1916 ਈ. ਵਿਚ ਲਖਨਊ ਵਿਖੇ ਮੇਲ ਹੋਇਆ ਜਿਥੇ ਇਸ ਨੇ ਭਾਰਤ ਵਿਚ ਸਵਰਾਜ ਸਬੰਧੀ ਪ੍ਰਸਤਾਵ ਦੀ ਪ੍ਰੋੜਤਾ ਵਿਚ ਬੜਾ ਪ੍ਰਭਾਵਸ਼ਾਲੀ ਭਾਸ਼ਨ ਦਿੱਤਾ। ਇਸ ਨੇ ਮਹਾਤਮਾ ਗਾਂਧੀ ਵਲੋਂ 6 ਅਪ੍ਰੈਲ, 1919 ਨੂੰ ਆਰੰਭ ਕੀਤੇ ਗਏ ਸਿਵਲ-ਨਾ ਫੁਰਮਾਨੀ ਅੰਦੋਲਨ ਵਿਚ ਵੀ ਉਸ ਦਾ ਪੂਰਾ ਸਾਥ ਦਿੱਤਾ। ਇਹ 1919 ਈ. ਵਿਚ ਮੁੜ 'ਆਲ ਇੰਡੀਆ ਹੋਮ ਰੂਲ ਡਿਪਾਰਟਮੈਂਟ' ਦੇ ਮੈਂਬਰ ਵਜੋਂ ਇੰਗਲੈਂਡ ਚਲੀ ਗਈ ਅਤੇ ਉਥੇ ਲਿੰਗ ਵਿਤਕਰੇ ਵਿਰੁਧ ਬਹੁਤ ਜਬਰਦਸਤ ਅੰਦੋਲਨ ਆਰੰਭ ਕੀਤਾ। ਸੰਨ 1924 ਵਿਚ ਇਹ ਭਾਰਤੀਆਂ ਦੇ ਹਿਤਾਂ ਲਈ ਪੂਰਬੀ ਅਤੇ ਦੱਖਣੀ ਅਫ਼ਰੀਕਾ ਗਈ ਤੇ 1925 ਈ. ਵਿਚ ਨੈਸ਼ਨਲ ਕਾਂਗਰਸ ਦੀ ਪ੍ਰਧਾਨ ਚੁਣੀ ਗਈ। ਇਸ ਨੇ ਕਾਂਗਰਸ ਲਹਿਰ ਦੇ ਪਰਚਾਰ ਲਈ ਉੱਤਰੀ ਅਮਰੀਕਾ ਦਾ ਦੌਰਾ ਵੀ ਕੀਤਾ। ਇਸ ਨੇ ਮੋਤੀ ਲਾਲ ਨਹਿਰੂ, ਜਿਨਾਹ, ਗਾਂਧੀ ਅਤੇ ਪਟੇਲ ਨਾਲ ਭਾਰਤ ਦੇ ਵਾਇਸਰਾਏ ਇਰਵਨ ਨਾਲ ਪਹਿਲੀ ਗੋਲ ਮੇਜ਼ ਕਾਨਫਰੰਸ ਵਿਚ ਵੀ ਭਾਗ ਲਿਆ ਸੀ।

ਅੰਗਰੇਜ਼ੀ ਸਰਕਾਰ ਵਿਰੁੱਧ ਗਤੀਵਿਧੀਆਂ ਵਿਚ ਭਾਗ ਲੈਣ ਕਾਰਨ ਇਸ ਨੂੰ ਕਈ ਵਾਰ ਜੇਲ੍ਹ ਵੀ ਜਾਣਾ ਪਿਆ। ਦੂਜੇ ਸੰਸਾਰ ਯੁੱਧ ਦੌਰਾਨ ਇਸ ਨੇ ਕਾਂਗਰਸ ਪਾਰਟੀ ਦੀਆਂ ਨੀਤੀਆਂ ਦੀ ਪ੍ਰੋੜਤਾ ਕੀਤੀ ਤੇ ਜੰਗ ਖ਼ਤਮ ਹੋਣ ਤੇ ਮੀਟਿੰਗ ਵਿਚ ਭਾਗ ਲਿਆ ਜਿਨ੍ਹਾਂ ਸਦਕਾ ਭਾਰਤ ਨੂੰ 1947 ਵਿਚ ਆਜ਼ਾਦੀ ਤਾਂ ਮਿਲ ਗਈ ਪਰ ਇਸ ਦਾ ਹਿੰਦੂ ਮੁਸਲਿਮ ਏਕਤਾ ਸਬੰਧੀ ਸੁਪਨਾ ਸਾਕਾਰ ਨਾ ਹੋ ਸਕਿਆ। 30 ਜਨਵਰੀ, 1948 ਨੂੰ ਮਹਾਤਮਾ ਗਾਂਧੀ ਜੀ ਜਿਸ ਨੂੰ ਇਹ ਆਪਣਾ ਗੁਰੂ ਮੰਨਦੀ ਸੀ ਦੇ ਚਲਾਣਾ ਕਰ ਜਾਣ ਨਾਲ ਵੀ ਇਸ ਨੂੰ ਬਹੁਤ ਦੁਖ ਹੋਇਆ। ਇਸ ਦੀਆਂ ਸੇਵਾਵਾਂ ਨੂੰ ਮੁੱਖ ਰਖਦੇ ਹੋਏ ਇਸ ਨੂੰ ਉੱਤਰ ਪ੍ਰਦੇਸ਼ ਦਾ ਗਵਰਨਰ ਨਿਯੁਕਤ ਕਰ ਦਿਤਾ ਗਿਆ ਤੇ ਇਸ ਨੇ ਲੋਕਾਂ ਨੂੰ ਖ਼ੁਸ਼ੀ ਤੇ ਸ਼ਾਂਤੀ ਪ੍ਰਦਾਨ ਕੀਤੀ।

ਰਾਜਨੀਤੀ ਵਿਚ ਮਾਹਿਰ ਹੋਣ ਦੇ ਨਾਲ ਨਾਲ, ਇਹ ਇਕ ਪ੍ਰਸਿੱਧ ਕਵਿਤਰੀ ਵੀ ਸੀ। ਇਸ ਨੇ 1905 ਈ. ਵਿਚ 'ਦੀ ਗੋਲਡਨ ਥਰੈਸ਼ਗੋਲਡ' ਤੇ 1912 ਈ. ਵਿਚ 'ਦੀ ਬਰਡ ਆਫ਼ ਟਾਈਮ' ਕਵਿਤਾਵਾਂ ਦੀਆਂ ਦੋ ਪੁਸਤਕਾਂ ਲਿਖੀਆਂ। ਇਹ 1914 ਵਿਚ 'ਰਾਇਲ ਸੋਸਾਇਟੀ ਆਫ਼ ਲਿਟਰੇਚਰ' ਦੀ ਫੈਲੋ ਬਣੀ। ਇਸ ਮਹਾਨ ਕਵਿਤਰੀ ਤੇ ਰਾਜਨੀਤੀਵੇਤਾ ਦਾ 2 ਮਾਰਚ, 1949 ਨੂੰ ਲਖਨਊ ਵਿਚ 70 ਸਾਲ ਦੀ ਉਮਰ ਵਿਚ ਦੇਹਾਂਤ ਹੋ ਗਿਆ।

ਹ.ਪੁ.—ਐਨ.ਬ੍ਰਿ.ਮਾ. 8 : 486; ਹਿੰ. ਵਿ. ਕੋ. 6 : 321; ਡਿਕ. ਆਫ਼ ਨੈਸ਼. ਬਾਇ. 3 : 194

ਨਾਇਰ : ਇਹ ਭਾਰਤ ਦੇ ਕੇਰਲਾ ਰਾਜ ਦੀ ਇਕ ਹਿੰਦੂ ਜਾਤੀ ਹੈ। ਸੰਨ 1792 ਵਿਚ ਅੰਗਰੇਜ਼ਾਂ ਦਾ ਕਬਜ਼ਾ ਹੋਣ ਤੋਂ ਪਹਿਲਾਂ ਇਥੇ ਛੋਟੇ ਛੋਟੇ ਸਾਮੰਤਵਾਦੀ ਰਾਜ ਸਨ। ਇਥੇ ਰਹਿਣ ਵਾਲੇ ਬਹੁਤ ਸਾਰੇ ਸ਼ਾਹੀ ਘਰਾਣਿਆਂ, ਯੋਧਿਆਂ ਅਤੇ ਪਿੰਡਾਂ ਵਿਚਲੇ ਜ਼ਮੀਨਾਂ ਦੇ ਮਾਲਕ ਜਿਹੜੇ ਨਾਮਬੂਦਰੀ ਬ੍ਰਾਹਮਣਾਂ ਜਾਂ ਧਾਰਮਿਕ ਅਥਾਰਟੀਆਂ ਤੋਂ ਘਟ ਰੁਤਬੇ ਦੇ ਸਨ, ਨੂੰ ਨਾਇਰਾਂ ਵਿਚੋਂ ਕੱਢ ਦਿੱਤਾ ਗਿਆ ਸੀ। ਅੰਗਰੇਜ਼ੀ ਰਾਜ ਦੌਰਾਨ ਨਾਇਰ ਰਾਜਨੀਤੀ, ਸਰਕਾਰੀ ਸੇਵਾ, ਸਿਹਤ ਸੇਵਾ, ਸਿਖਿਆ ਅਤੇ ਕਾਨੂੰਨ ਦੇ ਖੇਤਰ ਵਿਚ ਉੱਨਤੀ ਕਰ ਗਏ। ਬਹੁਤ ਸਾਰੇ ਕਾਂਗਰਸ ਦੇ ਹਾਮੀ ਬਣ ਗਏ ਜਿਸ ਨੇ 1947 ਈ. ਵਿਚ ਭਾਰਤ ਲਈ ਆਜ਼ਾਦੀ ਦਿਵਾਈ। ਹਿੰਦੂਆਂ ਤੋਂ ਵੱਖ ਇਨ੍ਹਾਂ ਦਾ ਵੰਸ਼ ਮਾਤਰੀ ਪ੍ਰਧਾਨ ਸੀ। ਇਨ੍ਹਾਂ ਦੇ ਪਰਿਵਾਰ ਵਿਚ ਭਰਾ, ਭੈਣਾਂ, ਉਨ੍ਹਾਂ ਦੇ ਬੱਚੇ ਅਤੇ ਉਨ੍ਹਾਂ ਦੀਆਂ ਲੜਕੀਆਂ ਦੇ ਬੱਚੇ ਸ਼ਾਮਲ ਹੁੰਦੇ ਸਨ। ਸਭ ਤੋਂ ਵੱਡਾ ਬਜ਼ੁਰਗ ਪਰਿਵਾਰ ਦਾ ਮੁਖੀ ਹੁੰਦਾ ਸੀ। ਇਨ੍ਹਾਂ ਦੀਆਂ ਵਿਆਹ ਸ਼ਾਦੀਆਂ ਸਬੰਧੀ ਰਸਮਾਂ ਵੀ ਇਕ ਸਟੇਟ ਤੋਂ ਦੂਸਰੀ ਸਟੇਟ ਨਾਲੋਂ ਵੱਖ ਹੁੰਦੀਆਂ ਸਨ। ਇਹ ਆਪਣੀ ਮਰਜ਼ੀ ਅਤੇ ਰੁਤਬੇ ਅਨੁਸਾਰ ਇਕ ਤੋਂ ਵਧ ਇਸਤਰੀਆਂ ਵੀ ਰੱਖ ਸਕਦੇ ਸਨ ਕਿਉਂਕਿ ਇਨ੍ਹਾਂ ਦੀ ਵੰਸ਼ਾਵਲੀ ਮਾਤਕੁਲ ਅਨੁਸਾਰ ਚਲਦੀ ਸੀ। ਪੁਰਖਾਂ ਦਾ ਬੱਚਿਆਂ ਪ੍ਰਤੀ ਕੋਈ ਫਰਜ਼ ਨਹੀਂ ਹੁੰਦਾ ਸੀ। ਸ਼ੁਰੂ ਸ਼ੁਰੂ ਵਿਚ ਅੰਗਰੇਜ਼ਾਂ ਨੇ ਨਾਇਰ ਸੈਨਾ ਤੋੜ ਦਿਤੀਆਂ ਸਨ ਸ਼ਾਇਦ ਇਸੇ ਕਰਕੇ ਬਹੁਤ ਸਾਰੇ ਮਾਤਰੀ ਪ੍ਰਧਾਨ ਪਰਿਵਾਰ ਖਤਮ ਹੋ ਗਏ ਹੋਣ। ਬਾਅਦ ਵਿਚ ਪੁਰਖਾਂ ਨੇ ਆਪਣੇ ਬੱਚਿਆਂ ਦਾ ਪਾਲਣ ਪੋਸ਼ਣ ਕਰਨਾ ਸ਼ੁਰੂ ਕਰ ਦਿਤਾ ਤਾਂ ਕਿ ਉਹ ਬੁਢਾਪੇ ਵਿਚ ਉਨ੍ਹਾਂ ਦਾ ਸਹਾਰਾ ਬਣ ਸਕਣ ਅਤੇ ਮਰਨ ਤੋਂ ਬਾਅਦ ਉਨ੍ਹਾਂ ਸਬੰਧੀ ਧਾਰਮਿਕ ਰਸਮਾਂ ਪੂਰੀਆਂ ਕਰ ਸਕਣ। ਸੰਨ 1930 ਵਿਚ ਇਕ ਪਤਨੀ ਵਿਆਹ ਸਬੰਧੀ ਕਾਨੂੰਨ ਪਾਸ ਕੀਤੇ ਗਏ ਅਤੇ ਬੱਚਿਆਂ ਦੇ ਪਾਲਣ ਪੋਸ਼ਣ ਸਬੰਧੀ ਅਧਿਕਾਰ ਪਿਤਾ ਨੂੰ ਸੌਂਪੇ ਗਏ ਅਤੇ 20 ਵੀਂ ਸਦੀ ਦੇ ਅੱਧ ਤਕ ਸ਼ਹਿਰਾਂ ਵਿਚ ਅਜਿਹੇ ਪਰਿਵਾਰ ਆਮ ਬਣਨ ਲਗ ਪਏ।

ਹ.ਪੁ.—ਐਨ. ਬ੍ਰਿ. 8 : 568

ਨਾਈਓਬੀ : ਯੂਨਾਨੀ ਮਿਥਿਹਾਸ ਅਨੁਸਾਰ ਇਹ ਲਿਡੀਆ ਵਿਚ ਸਿਪੀਲਾਸ ਦੇ ਬਾਦਸ਼ਾਹ ਟੈਂਟਾਲੁਸ ਦੀ ਧੀ ਅਤੇ ਥੀਬੀਜ਼ ਦੇ ਬਾਦਸ਼ਾਹ ਐਂਫ਼ੀਆਨ ਦੀ ਪਤਨੀ ਸੀ। ਇਸ ਦੇ ਛੇ ਪੁੱਤਰ ਅਤੇ ਛੇ ਧੀਆਂ ਸਨ। ਇਸ ਕਾਰਨ ਇਹ ਆਪਣੇ ਆਪ ਨੂੰ ਟਾਈਟੈਨਸ ਲੈਟੋ ਜਿਸ ਦੇ ਦੋ ਬੱਚੇ ਅਪਾਲੋ ਤੇ ਆਰਟੀਮਸ ਸਨ, ਤੋਂ ਸ਼੍ਰੇਸ਼ਟ ਸਮਝਦੀ ਸੀ। ਇਸ ਹੰਕਾਰ ਦੀ ਸਜ਼ਾ ਵਜੋਂ ਅਪਾਲੋ ਨੇ ਇਸ ਦੇ ਪੁੱਤਰਾਂ ਅਤੇ ਆਰਟੀਮਸ ਨੇ ਇਸ ਦੀਆਂ ਲੜਕੀਆਂ ਨੂੰ ਮਾਰ ਦਿੱਤਾ। ਇਹ ਮੰਨਿਆ ਜਾਂਦਾ ਹੈ ਕਿ ਇਨ੍ਹਾਂ ਦੇ ਸੋਗ ਵਿਚ ਇਹ ਸਦਾ ਰੋਂਦੀ ਰਹਿੰਦੀ ਹੈ। ਦਸ ਦਿਨ ਬਾਅਦ ਉਨ੍ਹਾਂ ਦੇ ਸਰੀਰਾਂ ਨੂੰ ਦੇਵਤਿਆਂ ਨੇ

ਦਫਨਾਇਆ ਅਤੇ ਜਿਊਸ ਨੇ ਇਸ ਨੂੰ ਇਲਮੀਰ ਦੇ ਉੱਤਰ ਪੂਰਬ ਵੱਲ ਸਥਿਤ ਮਾਊਂਟ ਸਿਫੀਲਸ ਉਤੇ ਇਕ ਚਟਾਨ ਵਿਚ ਬਦਲ ਦਿੱਤਾ ਜਿਸ ਉੱਤੋਂ ਜਦੋਂ ਬਰਫ਼ ਪਿਘਲਦੀ ਹੈ ਤਾਂ ਇਸ ਦਾ ਰੋਣਾ ਫਿਰ ਸ਼ੁਰੂ ਹੋ ਜਾਂਦਾ ਹੈ।

ਨਾਈਓਬੀ ਦੀ ਕਹਾਣੀ ਇਹ ਸਪਸ਼ਟ ਕਰਦੀ ਹੈ ਕਿ ਦੇਵਤੇ ਮਨੁੱਖੀ ਹੰਕਾਰ ਅਤੇ ਮਾਣ ਨੂੰ ਛੇਤੀ ਹੀ ਭੰਗ ਕਰ ਦਿੰਦੇ ਹਨ। ਸੰਭਵ ਹੈ ਨਾਈਓਬੀ ਨਾਂ ਗ਼ੈਰ ਯੂਨਾਨੀ ਮੂਲ ਦਾ ਹੋਵੇ ਜਾਂ ਇਹ ਲਘੂ ਏਸ਼ੀਆ ਦੀ ਉਪਜ ਵੀ ਹੋ ਸਕਦਾ ਹੈ ਅਤੇ ਕਹਾਣੀ ਦਾ ਇਹੋ ਸੋਮਾ ਹੋਣ ਦੀ ਵੀ ਸੰਭਾਵਨਾ ਪ੍ਰਤੀਤ ਹੁੰਦੀ ਹੈ।

ਹ.ਪੁ.—ਐਨ. ਬ੍ਰਿ. ਮਾ. 7 : 353; ਐਨ. ਅਮੈ. 20 : 373

ਨਾਈਓਬ੍ਰੇਅਰਾ : ਇਹ ਸੰਯੁਕਤ ਰਾਜ ਅਮਰੀਕਾ ਦਾ ਇਕ ਦਰਿਆ ਹੈ ਜਿਹੜਾ ਵਾਈਓਮਿੰਗ ਰਾਜ ਵਿਚੋਂ ਲਸ਼ਕ ਕੋਲੋਂ ਦੀ ਨਿਕਲਦਾ ਹੈ। ਆਪਣੇ ਸੋਮੇ ਤੋਂ ਇਹ ਪਹਿਲਾਂ ਪੂਰਬ ਵੱਲ ਦੇ ਉੱਚੇ ਮੈਦਾਨਾਂ ਵਿਚ ਅਤੇ ਫਿਰ ਪੂਰਬੀ ਨੈਬਰਾਸਕਾ ਦੇ ਨੀਵੇਂ ਮੈਦਾਨਾਂ ਵਿਚ ਵਹਿੰਦਾ ਹੋਇਆ ਨੈਬਰਾਸਕਾ ਰਾਜ ਦੇ ਹੀ ਨਾਈਓਬ੍ਰੇਅਰਾ ਸ਼ਹਿਰ ਕੋਲ ਮਿਜ਼ੂਰੀ ਦਰਿਆ ਨਾਲ ਜਾ ਮਿਲਦਾ ਹੈ। ਇਸ ਦਾ ਨਾਂ ਭਾਰਤੀ ਮੂਲ ਦਾ ਹੈ ਜਿਸ ਤੋਂ ਭਾਵ 'ਪਾਣੀ ਦੇ ਫੈਲਾਓ ਜਾਂ ਵਹਿਣ' ਤੋਂ ਹੈ। ਇਹ ਦੋਵੇਂ ਸ਼ਬਦ ਇਸ ਵਾਸਤੇ ਉਚਿਤ ਹਨ ਕਿਉਂਕਿ ਰੇਤਲੇ ਟਿੱਬਿਆਂ ਵਿਚ ਸਹਾਇਕ ਨਦੀਆਂ ਦਾ ਪਾਣੀ ਤੇਜ਼ੀ ਨਾਲ ਇਸ ਵਿਚ ਆ ਕੇ ਰਲਣ ਨਾਲ ਇਸ ਦੀ ਰਫ਼ਤਾਰ ਮੈਦਾਨੀ ਦਰਿਆਵਾਂ ਨਾਲੋਂ ਜ਼ਿਆਦਾ ਇਕਸਾਰ ਹੈ। ਇਹ ਹੇਠਾਂ ਆ ਕੇ ਚੌੜਾ ਅਤੇ ਘੱਟ ਡੂੰਘਾ ਹੋ ਜਾਂਦਾ ਹੈ। ਇਹ ਦਰਿਆ 720 ਕਿ.ਮੀ. ਹੈ ਅਤੇ 31,080 ਵ.ਕਿ.ਮੀ. ਖੇਤਰ ਦੀ ਜਲ-ਨਿਕਾਸੀ ਕਰਦਾ ਹੈ। ਦਰਿਆ ਤੇ ਮਾਰਸਲੈਂਡ ਦੇ ਨਜ਼ਦੀਕ ਬੱਕਸ ਬਿਊਟ ਡੈਮ (1946) ਹੈ ਜਿਹੜਾ ਕਿ ਮਿਰਾਜ ਫਲੈਟਸ ਇਰੀਗੇਸ਼ਨ ਪ੍ਰਾਜੈਕਟ ਦਾ ਭਾਗ ਹੈ।

ਹ.ਪੁ.—ਐਨ. ਬ੍ਰਿ. ਮਾ. 8 : 720

ਨਾਈਹਾਟੀ : ਇਹ ਭਾਰਤ ਦੇ ਪੱਛਮੀ ਬੰਗਾਲ ਰਾਜ ਦੀ ਜਲਪਾਈਗੁਰੀ ਡਵੀਜ਼ਨ ਦੇ ਚੌਬੀਸ ਪਰਗਣਾ ਜ਼ਿਲ੍ਹੇ ਦਾ ਇਕ ਸ਼ਹਿਰ ਹੈ ਜਿਹੜਾ ਹੁਗਲੀ ਦਰਿਆ ਦੇ ਪੂਰਬੀ ਕੰਢੇ ਤੇ ਕਲਕੱਤੇ ਤੋਂ 37 ਕਿ.ਮੀ. (23 ਮੀਲ) ਉੱਤਰ ਵੱਲ ਸਥਿਤ ਹੈ। ਇਹ ਸ਼ਹਿਰ ਕਲਕੱਤੇ ਸ਼ਹਿਰ ਨਾਲ ਸੜਕਾਂ ਅਤੇ ਰੇਲ ਮਾਰਗਾਂ ਰਾਹੀਂ ਜੁੜਿਆ ਹੋਇਆ ਹੈ। ਇਥੇ ਪਟਸਨ, ਚੌਲ ਅਤੇ ਕਾਗਜ਼ ਬਣਾਉਣ ਦੇ ਕਾਰਖ਼ਾਨੇ ਹਨ ਅਤੇ ਤੇਲ ਬੀਜਾਂ ਤੋਂ ਇਲਾਵਾ ਇਥੇ ਰੰਗ ਵੀ ਤਿਆਰ ਕੀਤਾ ਜਾਂਦਾ ਹੈ। ਸੰਨ 1869 ਵਿਚ ਇਥੇ ਮਿਉਂਸਪੈਲਟੀ ਦੀ ਸਥਾਪਨਾ ਕੀਤੀ ਗਈ। ਨਾਈਹਾਟੀ ਵਿਚ ਇਕ ਕਾਲਜ ਵੀ ਹੈ ਜਿਹੜਾ ਕਲਕੱਤਾ ਯੂਨੀਵਰਸਿਟੀ ਨਾਲ ਸਬੰਧਤ ਹੈ।

ਆਬਾਦੀ—1,32,701 (1991)

22° 54' ਉ.ਵਿਥ.; 88° 25' ਪੂ. ਲੰਬ.

ਹ.ਪੁ.—ਐਨ.ਬ੍ਰਿ. ਮਾ. 7 : 169; ਇੰਪ.ਗ.ਇੰਡ. 18 : 322

ਨਾਈਐਕ੍ਰਸੋਫ, ਨਿਕੋਲਾਈ ਆਲੈਕਸੀ ਵਿਚ : ਇਹ ਇਕ ਰੂਸੀ ਕਵੀ ਅਤੇ ਪੱਤਰਕਾਰ ਸੀ ਜਿਸ ਨੇ ਵਧੇਰੇ ਕਰਕੇ ਕਿਸਾਨਾਂ ਦੇ ਦੁੱਖਾਂ ਕਲੇਸ਼ਾਂ ਨੂੰ ਬੜੇ ਹਮਦਰਦੀ ਭਰੇ ਢੰਗ ਨਾਲ ਬਿਆਨ ਕੀਤਾ ਅਤੇ ਲੋਕ ਗੀਤਾਂ ਦੇ ਆਧਾਰ ਤੇ ਲਿਖੀ ਕਵਿਤਾ ਅਤੇ ਬੱਚਿਆਂ ਦੀਆਂ ਕਵਿਤਾਵਾਂ ਰਾਹੀਂ ਪੇਂਡੂ ਜੀਵਨ ਦੇ ਸੁਹਜ ਅਤੇ ਨਰੋਏਪਨ ਬਾਰੇ ਵੀ ਲਿਖਿਆ ਹੈ। ਇਸ ਦਾ ਜਨਮ 10 ਨਵੰਬਰ, 1821 ਨੂੰ ਯੂਕਰੇਨ ਰਾਜ ਵਿਚ ਨੈਮੀਰੋਵ ਵਿਖੇ ਹੋਇਆ। ਪਿਤਾ ਵਲੋਂ ਮਦਦ ਨਾ ਕੀਤੇ ਜਾਣ ਕਾਰਨ ਇਸ ਨੂੰ ਸੇਂਟ ਪੀਟਰਜ਼ਬਰਗ ਯੂਨੀਵਰਸਿਟੀ ਦੀ ਪੜ੍ਹਾਈ ਛੱਡਣੀ ਪਈ। ਬਾਅਦ ਵਿਚ ਇਹ ਥੀਏਟਰ ਲਈ ਕੰਮ ਕਰਨ ਲਗਾ ਅਤੇ ਇਸ ਨੇ ਲਿਖਣਾ ਵੀ ਸ਼ੁਰੂ ਕਰ ਦਿੱਤਾ। ਸੰਨ 1840 ਵਿਚ ਇਸ ਦੀ ਕਵਿਤਾ ਦੀ ਪਹਿਲੀ ਪੁਸਤਕ ਪ੍ਰਕਾਸ਼ਤ ਹੋਈ।

ਸੰਨ 1846 ਵਿਚ ਨਾਈਐਕ੍ਰਾਸੋਫ਼ ਨੇ 'Sovrennik' ਨਾਂ ਦਾ ਸਮਕਾਲੀ ਰਸਾਲਾ ਜਿਹੜਾ ਕਿ ਇਸ ਦੇ ਸੰਚਾਲਕ ਅਲੈਗਜ਼ੈਂਡਰ ਪੁਸ਼ਕਿਨ ਦੀ ਮੌਤ ਕਾਰਨ ਗਿਰਾਵਟ ਵੱਲ ਚਲਾ ਗਿਆ ਅਤੇ ਛੇਤੀ ਹੀ ਇਸ ਨੂੰ ਇਕ ਉੱਤਮ ਸਹਿਤਕ ਰਸਾਲਾ ਬਣਾ ਦਿੱਤਾ। ਮੁੱਢ ਵਿਚ ਤੁਰਗਨੇਵ ਵਿਚ ਟਾਲਸਟਾਏ ਆਪਣੀਆਂ ਰਚਨਾਵਾਂ ਇਸ ਵਿਚ ਛਪਵਾਉਂਦੇ ਸਨ। ਮਗਰੋਂ ਗਰਮ ਖਿਆਲੀ ਵਿਚਾਰਾਂ ਦਾ ਬਣ ਜਾਣ ਕਰਕੇ 1866 ਵਿਚ ਇਹ ਰਸਾਲਾ ਬੰਦ ਹੋ ਗਿਆ। ਸੰਨ 1868 ਵਿਚ ਇਸ ਨੇ ਮਿਖਾਇਲ ਸਾਲਟੀਕੋਵ ਸਹਿਤ 'Otechestrenniye Zabiski ਮੈਗਜ਼ੀਨ ਚਲਾਇਆ।

ਨੈਕਰਾਸੋਵ ਦੀ ਵਾਰਤਕ ਸ਼ੈਲੀ ਕੋਈ ਬਹੁਤ ਚੰਗੀ ਨਹੀਂ ਸੀ ਪਰ ਇਸ ਦੀਆਂ ਕਈ ਕਵਿਤਾਵਾਂ ਬਹੁਤ ਪ੍ਰਭਾਵਸ਼ਾਲੀ ਹਨ। 'Moroz Krasny-nos' (1863) ਅਤੇ 'Komu na Rusi Zhit Khorosho' (1879) ਇਸ ਦੀਆਂ ਉੱਤਮ ਕਿਰਤਾਂ ਹਨ।

8 ਜਨਵਰੀ, 1878 ਨੂੰ ਸੇਂਟ ਪੀਟਰਜ਼ਬਰਗ ਵਿਚ ਹੀ ਇਸ ਦੀ ਮੌਤ ਹੋਈ ਅਤੇ ਉਦੋਂ ਤਕ ਇਹ ਇਸ ਮੈਗਜ਼ੀਨ ਦਾ ਸੰਪਾਦਕ ਅਤੇ ਪ੍ਰਕਾਸ਼ਕ ਬਣਿਆ ਰਿਹਾ।

ਹ.ਪੁ.—ਐਨ. ਬ੍ਰਿ. ਮਾ. 8 : 587; ਐਨ. ਅਮੈ. 8 : 85

ਨਾਈ, ਐਡਗਰ ਵਿਲਸਨ : ਇਸ ਅਮਰੀਕੀ ਹਾਸਰਸ ਲੇਖਕ ਅਤੇ ਪੱਤਰਕਾਰ ਦਾ ਜਨਮ 25 ਅਗਸਤ, 1850 ਵਿਚ ਮੇਨ ਰਾਜ ਵਿਚ ਸਰਲੇ ਵਿਖੇ ਹੋਇਆ। ਸੰਨ 1852 ਵਿਚ ਇਹ ਆਪਣੇ ਪਰਿਵਾਰ ਸਮੇਤ ਵਿਸਕਾਨਸਨ ਚਲਾ ਗਿਆ। ਇਥੇ ਇਸ ਨੇ ਰਿਵਰ ਫਾਲਜ਼ ਅਕੈਡਮੀ ਵਿਚ ਸਿੱਖਿਆ ਪ੍ਰਾਪਤ ਕੀਤੀ। ਸੰਨ 1876 ਵਿਚ ਇਸ ਨੇ ਵਿਓਮਿੰਗ ਵਿਚ ਲਾਰਮੀ ਵਿਖੇ ਪੋਸਟਮਾਸਟਰ ਅਤੇ ਡੇਲੀ ਸੈਟੀਨਲ ਦੇ ਰਿਪੋਰਟਰ ਦੇ ਤੌਰ ਤੇ ਕੰਮ ਕੀਤਾ। ਇਥੇ ਹੀ ਇਸ ਨੇ ਹਾਸਰਸੀ ਲੇਖ ਅਤੇ ਕਹਾਣੀਆਂ ਲਿਖਣੀਆਂ ਸ਼ੁਰੂ ਕੀਤੀਆਂ। ਬੀਮਾਰ ਰਹਿਣ ਕਾਰਨ ਇਹ ਵਿਸਕਾਨਸਨ ਆ ਗਿਆ ਅਤੇ ਨਿਊਯਾਰਕ ਵਰਲਡ' ਲਈ ਵੀ ਕਾਫ਼ੀ ਸਾਲਾਂ ਤਕ ਲਿਖਿਆ। 'ਬਿਲ ਨਾਈ ਅਤੇ ਬੂਮੈਰੰਗ' (1881) ਇਸ ਦੀਆਂ ਵਿਅੰਗ ਭਰੀਆਂ ਕਹਾਣੀਆਂ ਦਾ ਸੰਗ੍ਰਹਿ ਹੈ। ਇਸ ਤੋਂ ਇਲਾਵਾ ਨਾਟਕ 'ਦੀ ਕੈਡੀ (1891), ਬਿਲ ਨਾਈਜ਼ ਹਿਸਟਰੀ ਆਫ਼ ਯੂਨਾਇਟਿਡ ਸਟੇਟਸ (1894) ਅਤੇ 'ਬਿਲ ਨਾਈਜ਼ ਹਿਸਟਰੀ ਆਫ਼ ਇੰਗਲੈਂਡ (1896) ਇਸ ਦੀਆਂ ਪ੍ਰਸਿੱਧ ਪੁਸਤਕਾਂ ਹਨ।

22 ਫ਼ਰਵਰੀ, 1896 ਵਿਚ ਇਸ ਦੀ ਆਰਡਨ ਵਿਖੇ ਮੌਤ ਹੋ ਗਈ।

ਹ.ਪੁ.—ਐਨ. ਬ੍ਰਿ. 16 : 808; ਐਨ. ਅਮੈ. 20 : 576

ਨਾਈਐਮਟਸੀਵਿਚ, ਜੂਲੀਅਨ ਅਰਸਿਨ : ਪੋਲੈਂਡ ਦੇ ਇਸ ਪ੍ਰਸਿੱਧ ਨਾਟਕਕਾਰ, ਨਾਵਲਕਾਰ, ਕਵੀ ਅਤੇ ਅਨੁਵਾਦਕ, ਜਿਸ ਨੂੰ ਇਸ ਦੇ ਦੇਸ਼ ਪਿਆਰ ਨੇ ਸਮਾਜਕ ਅਤੇ ਰਾਜਨੀਤਕ ਸੁਧਾਰਾਂ ਬਾਰੇ ਲਿਖਣ ਲਈ ਪ੍ਰੇਰਿਤ ਕੀਤਾ, ਦਾ ਜਨਮ 6 ਫ਼ਰਵਰੀ, 1757 ਨੂੰ ਸਕੋਕੀ ਵਿਖੇ ਹੋਇਆ। ਸੰਨ 1770 ਤੋਂ 1777 ਤਕ ਇਸ ਨੇ ਵਾਰਸਾ ਕੇਡਿਟ ਕਾੱਰਪਸ ਵਿਚ ਸਿੱਖਿਆ ਪ੍ਰਾਪਤ ਕੀਤੀ। ਸੰਨ 1788 ਵਿਚ ਇਹ ਪੋਲੈਂਡ ਦੀ ਪਾਰਲੀਮੈਂਟ ਦਾ ਮੈਂਬਰ ਚੁਣਿਆ ਗਿਆ। ਸੰਨ 1790 ਵਿਚ ਇਸ ਨੇ ਰਾਜਨੀਤਕ ਸੁਖਾਂਤ 'Powrot


Posa' (ਦੀ ਡਿਪਟੀਜ਼ ਰਿਟਰਨ) ਲਿਖਿਆ। ਸੰਨ 1794 ਦੇ ਅਸਫਲ ਵਿਦਰੋਹ ਵਿਚ ਭਾਗ ਲੈਣ ਕਰਕੇ ਦੋ ਸਾਲ ਲਈ ਇਹ ਸੇਂਟ ਪੀਟਰਜ਼ਬਰਗ ਵਿਖੇ ਜੇਲ੍ਹ ਵਿਚ ਵੀ ਰਿਹਾ। ਇਸ ਸਮੇਂ ਦੌਰਾਨ ਇਸ ਨੇ ਉੱਘੇ ਅੰਗਰੇਜ਼ੀ ਲੇਖਕਾਂ-ਜਾਨ ਡਾਈਡਨ, ਜਾਨ ਮਿਲਟਨ, ਅਲੈਗਜ਼ੈਂਡਰ ਪੋਪ ਅਤੇ ਸੈਮੂਐਲ ਜਾਨਸਨ ਦੀਆਂ ਪੁਸਤਕਾਂ ਦੇ ਅਨੁਵਾਦ ਕੀਤੇ।

ਸੰਨ 1796 ਵਿਚ ਜੇਲ੍ਹ ਤੋਂ ਰਿਹਾ ਹੋਣ ਮਗਰੋਂ ਇਹ ਇੰਗਲੈਂਡ ਅਤੇ ਫਿਰ ਸੰਯੁਕਤ ਰਾਜ ਅਮਰੀਕਾ ਗਿਆ। ਉਥੇ ਹੀ ਇਸ ਨੇ ਸ਼ਾਦੀ ਕੀਤੀ ਅਤੇ ਫਿਰ 1807 ਈ. ਵਿਚ ਪੋਲੈਂਡ ਵਾਪਸ ਆਇਆ। ਸੰਨ 1831 ਤਕ ਇਹ ਸਾਹਿਤਕ ਕਾਰਜਾਂ ਵਿਚ ਰੁਝਿਆ ਰਿਹਾ। ਇਸ ਦੀਆਂ ਗੀਤਨੁਮਾ ਕਵਿਤਾਵਾਂ ਦਾ ਸੰਗ੍ਰਹਿ 'ਹਿਸਟਾੱਰੀਕਲ ਸਾਂਗਜ਼' ਬਹੁਤ ਹਰਮਨ ਪਿਆਰਾ ਸਿਧ ਹੋਇਆ। ਇਸ ਨੇ ਆਪਣੇ ਪਹਿਲੇ ਪੋਲਿਸ਼ ਨਾਵਲ 'Leybe and Syora' (1821) ਵਿਚ ਇਸ ਨੇ ਯਹੂਦੀ ਸਮੱਸਿਆ ਉਤੇ ਵਿਚਾਰ ਕੀਤੀ ਹੈ।

ਸੰਨ 1831 ਵਿਚ ਇਹ ਰੂਸ ਵਿਰੁੱਧ ਪੋਲੈਂਡ ਲਈ ਪੱਛਮੀ ਯੂਰਪੀ ਦੇਸ਼ਾਂ ਤੋਂ ਮਦਦ ਪ੍ਰਾਪਤ ਕਰਨ ਇੰਗਲੈਂਡ ਗਿਆ। ਭਾਵੇਂ ਇਹ ਅਸਫਲ ਰਿਹਾ ਪਰ ਅੰਤ ਤਕ ਇਹ ਆਪਣੇ ਦੇਸ਼ ਦੀ ਆਜ਼ਾਦੀ ਲਈ ਘੋਲ ਕਰਦਾ ਰਿਹਾ। 21 ਮਈ, 1841 ਨੂੰ ਪੈਰਿਸ ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ.—ਐਨ. ਬ੍ਰਿ. ਮਾ. 8 : 698; ਐਨ. ਅਮੈ. 20 : 342

ਨਾਈਸਫੌਰਸ (ਪਹਿਲਾ) : ਇਹ ਇਕ ਬਾਜ਼ਨਤੀਨੀ ਬਾਦਸ਼ਾਹ ਸੀ ਜਿਸਨੇ 802 ਤੋਂ 809 ਤੱਕ ਰਾਜ ਕੀਤਾ। ਇਸ ਦਾ ਜਨਮ ਸਲਿਊਸ਼ੀਆ ਵਿਚ ਹੋਇਆ ਪਰ ਇਸ ਦੇ ਜਨਮ ਦੇ ਸਮੇਂ ਦਾ ਪਤਾ ਨਹੀਂ। ਇਸ ਨੇ ਆਪਣੇ ਰਾਜ ਕਾਲ ਦੇ ਪਿਛਲੇ ਸਮੇਂ ਬਹੁਤ ਜ਼ਿਆਦਾ ਕਰ ਲਾਏ ਅਤੇ ਪਰਜਾ ਦੀਆਂ ਜਾਇਦਾਦਾਂ ਜ਼ਬਤ ਕਰ ਲਈਆਂ ਜਿਸ ਕਰਕੇ ਲੋਕਾਂ ਨੂੰ ਆਪਣੇ ਖ਼ਿਲਾਫ ਕਰ ਲਿਆ।



9ਵੀਂ ਸਦੀ ਦਾ ਨਾਈਸਫੌਰਸ ਪਹਿਲੇ ਦਾ ਬ੍ਰਿਟਿਸ਼ ਮਿਊਜ਼ੀਅਮ ਵਿਖੇ ਪਿਆ ਇਕ ਸਿੱਕਾ

ਮਹਾਰਾਣੀ ਆਈਰੀਨ ਦੇ ਸਮੇਂ ਇਹ ਉੱਚ ਵਿੱਤ ਅਧਿਕਾਰੀ ਬਣ ਗਿਆ ਸੀ ਅਤੇ ਜਦ 802 ਈ. ਵਿਚ ਮਹਾਰਾਣੀ ਨੂੰ ਗੱਦੀ ਤੋਂ ਲਾਹਿਆ ਗਿਆ ਤਾਂ ਨਾਈਸਫੌਰਸ ਨੂੰ ਬਾਦਸ਼ਾਹ ਬਣਾ ਦਿੱਤਾ ਗਿਆ। ਅਗਲੇ ਹੀ ਸਾਲ ਇਸ ਨੇ ਬਾਰਡਾਨੀਜ਼ ਟਰਕਸ ਜਿਹੜਾ ਕਿ ਤਖ਼ਤ ਤੇ ਆਪਣਾ ਦਾਅਵਾ ਕਰਦਾ ਸੀ ਤੁਰਕਾਂ ਦੀ ਬਗ਼ਾਵਤ ਨੂੰ ਕੁਚਲ ਦਿੱਤਾ ਅਤੇ 808 ਈ. ਵਿਚ ਆਰਸਾਬੀਰ ਵਲੋਂ ਕੀਤੀ ਗਈ ਬਗ਼ਾਵਤ ਨੂੰ ਵੀ ਦਬਾ ਦਿੱਤਾ।

ਸੰਨ 807-809 ਵਿਚ ਬੁਲਗਾਰਾਂ ਤੇ ਹਮਲੇ ਸ਼ੁਰੂ ਕੀਤੇ ਕਿਉਂਕਿ ਉਹ ਬਾਜ਼ਨਤੀਨ ਦੀਆਂ ਉੱਤਰੀ ਸਰਹੱਦਾਂ ਤੇ ਛੇੜਖਾਨੀ ਕਰਦੇ ਰਹਿੰਦੇ ਸਨ। ਸੰਨ 811 ਵਿਚ ਇਸ ਨੇ ਬੁਲਗਾਰ ਖ਼ਾਨ ਖੁਰਮ ਵਲੋਂ ਮੁੜ ਸ਼ਾਂਤੀ ਲਈ ਕੀਤੀ ਗਈ ਪੇਸ਼ਕਸ਼ ਨੂੰ ਠੁਕਰਾਉਂਦੇ ਹੋਏ ਬੁਲਗਾਰੀਆ ਤੇ ਹਮਲਾ ਕਰ ਦਿੱਤਾ। ਬੁਲਗਾਰੀਆ ਨੇ ਇਸ ਦੀ ਫ਼ੌਜ ਨੂੰ ਇਕ ਪਹਾੜੀ ਤੰਗ ਰਸਤੇ ਵਿਚ ਘੇਰਾ ਪਾ ਲਿਆ ਜਿਥੇ ਇਹ 26 ਜੁਲਾਈ, 811 ਨੂੰ ਆਪਣੀ ਬਹੁਤ ਸਾਰੀ ਫ਼ੌਜ ਨਾਲ ਲੜਦਾ ਹੋਇਆ ਮਾਰਿਆ ਗਿਆ। ਖੁਰਮ ਨੇ ਇਸ ਦੀ ਖੋਪੜੀ ਨੂੰ ਚਾਂਦੀ ਨਾਲ ਮੜ੍ਹਾ ਕੇ ਸ਼ਰਾਬ ਪੀਣ ਲਈ ਇਕ ਪਿਆਲੇ ਦੇ ਤੌਰ ਤੇ ਵਰਤਿਆ।

ਨਾਈਸਫੌਰਸ ਦੇ ਰਾਜ ਦੌਰਾਨ ਬਾਜ਼ਨਤੀਨ ਅਤੇ ਚਾਰਲਮੇਨ ਬਾਦੇਸ਼ਾਹਤ ਵਿਚਕਾਰ ਇਸਤ੍ਰੀਆਂ, ਵੀਨਸ ਤੇ ਡਾਲਮੇਸੀ ਤੱਟ ਬਾਰੇ 810 ਈ. ਤੀਕ ਝਗੜਾ ਚਲਦਾ ਰਿਹਾ ਪਰ ਬਾਅਦ ਵਿਚ ਬਾਜ਼ਨਤੀਨੀਆਂ ਵਲੋਂ ਚਾਰਲਮੇਨ ਨੂੰ ਬਾਦਸ਼ਾਹ ਮੰਨ ਲੈਣ ਤੇ ਇਹ ਇਲਾਕੇ ਬਾਜ਼ਨਤੀਨ ਨੂੰ ਛੱਡ ਦਿੱਤੇ ਗਏ।

ਹ.ਪੁ.—ਐਨ. ਬ੍ਰਿ. 8 : 678

ਨਾਈਸਫੌਰਸ (ਦੂਜਾ) : ਇਹ ਇਕ ਬਾਜ਼ਨਤੀਨੀ ਬਾਦਸ਼ਾਹ ਸੀ ਜਿਸ ਦਾ ਜਨਮ 912 ਈ. ਵਿਚ ਕੈਪਾਡੋਸ਼ੀਆ ਵਿਖੇ ਹੋਇਆ ਅਤੇ ਇਸ ਨੇ 963 ਤੋਂ 969 ਈ. ਤੀਕ ਰਾਜ ਕੀਤਾ। ਇਸ ਨੇ ਅਰਬ ਦੇ ਮੁਸਲਮਾਨਾਂ ਵਿਰੁੱਧ ਲੜਾਈਆਂ ਲੜ ਕੇ 10 ਵੀਂ ਸਦੀ ਵਿਚ ਬਾਜ਼ਨਤੀਨ ਰਾਜ ਨੂੰ ਮੁੜ ਤਾਕਤ ਵਿਚ ਲਿਆਂਦਾ।

ਨਾਈਸਫੌਰਸ ਦਾ ਪਿਤਾ ਅਨਾਤੋਲੀਆ ਵਿਚ ਬਾਜ਼ਨਤੀਨ ਦਾ ਇਕ ਪ੍ਰਸਿੱਧ ਜਰਨੈਲ ਸੀ। ਇਸ ਨੇ ਇਕ ਫ਼ੌਜੀ ਦੇ ਤੌਰ ਤੇ ਜੀਵਨ ਸ਼ੁਰੂ ਕੀਤਾ ਅਤੇ ਪੂਰਬ ਵਿਚ ਹਮਦਾਨੀ ਅਰਬਾਂ ਦੇ ਖ਼ਿਲਾਫ਼ ਆਪਣੇ ਪਿਤਾ ਫ਼ੌਜ ਵਿਚ ਚੰਗੀ ਬਹਾਦਰੀ ਵਿਖਾਈ। ਸੰਨ 954-55 ਵਿਚ ਬਾਦਸ਼ਾਹ ਕਾਨਸਟੈਨਟਾਈਨ ਸੱਤਵੇਂ ਨੇ ਇਸ ਨੂੰ ਇਸ ਦੇ ਬਿਰਧ ਪਿਤਾ ਬਾਰਡਸ ਫੋਕਸ ਦੀ ਥਾਂ ਪੂਰਬੀ ਫ਼ੌਜਾਂ ਦਾ ਕਮਾਂਡਰ ਨਿਯੁਕਤ ਕਰ ਦਿੱਤਾ। ਇਸ ਨੇ ਫ਼ੌਜ ਨੂੰ ਅਨੁਸਾਸ਼ਨ-ਬੱਧ ਕਰਨ ਅਤੇ ਮਜ਼ਬੂਤ ਬਣਾਉਣ ਲਈ ਉਸ ਦਾ ਪੁਨਰਗਠਨ ਕੀਤਾ।

ਸੰਨ 962 ਦੇ ਆਰੰਭ ਵਿਚ ਇਸ ਨੇ ਸਾਈਲੀਸ਼ੀਆ ਅਤੇ ਸੀਰੀਆ ਦੇ ਅਰਬਾਂ ਤੇ ਹਮਲੇ ਕਰਕੇ 60 ਤੋਂ ਵਧ ਕਿਲੇ ਆਪਣੇ ਕਬਜ਼ੇ ਵਿਚ ਕਰ ਲਏ। 15 ਮਾਰਚ, 963 ਨੂੰ ਬਾਦਸ਼ਾਹ ਰੋਮਨਸ ਦੂਜੇ ਦੀ ਮੌਤ ਹੋ ਜਾਣ ਕਾਰਨ ਰਾਜਧਾਨੀ ਵਿਚ ਸਥਿਤੀ ਬਦਲ ਗਈ। 16 ਅਗਸਤ, 963 ਨੂੰ ਇਨ੍ਹਾਂ ਨੂੰ ਪੱਛਮੀ ਫ਼ੌਜਾਂ ਨੇ ਬਾਦਸ਼ਾਹ ਬਣਾ ਦਿੱਤਾ ਅਤੇ ਜਲਦੀ ਹੀ ਰੋਮਨਸ ਦੇ ਛੋਟੇ ਲੜਕਿਆਂ ਦਾ ਗਾਰਡੀਅਨ ਵੀ ਸਵੀਕਾਰ ਕਰ ਲਿਆ ਗਿਆ। ਇਸ ਨੇ ਬੜੀ ਬਦਨਾਮ ਮਹਾਰਾਣੀ ਥੀਆਫਾੱਨੋ ਨਾਲ ਸ਼ਾਦੀ ਕਰ ਲਈ ਇਸ ਨੇ (964-66) ਈ. ਸਾਲਿਸ਼ੀਆ ਤੇ ਫੇਰ ਮੈਸੋਪਟੇਮੀਆ ਤੇ ਸੀਰੀਆ ਤੇ ਕਬਜ਼ਾ ਕਰ ਲਿਆ। ਉੱਤਰੀ ਸਰਹੱਦ ਤੇ ਇਸ ਨੇ ਬੁਲਗਾਰੀਆ ਨੂੰ ਕਰ ਦੇਣ ਤੋਂ ਇਨਕਾਰ ਕਰ ਦਿੱਤਾ।

ਇਸ ਨੇ ਆਪਣੇ ਸ਼ਾਸਨ ਕਾਲ ਦੌਰਾਨ ਉਨੀ ਦੇਰ ਤਕ ਅਰਬਾਂ ਨਾਲ ਲੜਾਈ ਜਾਰੀ ਰਖੀ ਜਿੰਨੀ ਦੇਰ ਤਕ ਉਨ੍ਹਾਂ ਨੇ ਇਸ ਦੀ ਅਧੀਨਗੀ ਸਵੀਕ੍ਰਾਰ ਨਾ ਕਰ ਲਈ। ਇਸ ਨੇ ਆਪਣੇ ਚੰਗੇ ਚੰਗੇ ਸਲਾਹਕਾਰਾਂ ਨੂੰ ਨੌਕਰੀ ਤੋਂ ਹਟਾ ਦਿੱਤਾ। ਇਹ ਮੁੜ ਬੋਕੋਲੀਅਨ ਦੇ ਮਹਿਲ ਵਿਚ ਰਹਿਣ ਲੱਗ ਪਿਆ ਜਿਹੜਾ ਇਸ ਨੇ ਆਪਣੀ ਸੁੱਰਖਿਆ ਲਈ ਬਣਾਇਆ ਸੀ ਅਤੇ 963 ਈ. ਵਿਚ 10/11 ਦਸੰਬਰ ਦੀ ਰਾਤ ਨੂੰ ਇਥੇ ਹੀ ਇਸ ਦੇ ਦੋਸਤਾਂ ਨੇ ਇਸ ਨੂੰ ਕਤਲ ਕਰ ਦਿੱਤਾ।

ਮਿਲਟਰੀ ਤੇ ਜ਼ਿਆਦਾ ਖਰਚ ਕਰਨ ਕਾਰਨ ਇਸ ਨੂੰ ਦੂਸਰੇ ਵਿਭਾਗਾਂ ਦੇ ਖਰਚੇ ਘੱਟ ਕਰਨੇ ਪਏ। ਇਹ ਏਸ਼ੀਆ ਦੇ ਭੂਪਤੀ ਕੁਲੀਨ ਵਰਗ ਦਾ ਮੈਂਬਰ ਸੀ ਅਤੇ ਛੋਟੇ ਕਿਸਾਨਾਂ ਦੀ ਬਜਾਏ ਉਨ੍ਹਾਂ ਦਾ ਪੱਖ ਪੂਰਦਾ ਸੀ। ਇਸ ਨੇ ਮੱਠਾਂ ਵਿਚ ਹੋਰ ਧਨ ਇਕਠਾ ਹੋਣ ਤੋਂ ਰੋਕਣ ਦੀ ਵੀ ਕੋਸ਼ਿਸ਼ ਕੀਤੀ ਪਰ ਜਨਤਾ ਤੋਂ ਜ਼ਿਆਦਾ ਟੈਕਸ ਲਾਉਣ ਕਾਰਨ ਪ੍ਰਸਿੱਧੀ ਗੁਆ ਬੈਠਾ।

ਹ.ਪੁ.—ਐਨ. ਬ੍ਰਿ. 16 : 477; ਐਨ. ਬ੍ਰਿ. ਮਾ. 8 : 678

ਨਾਈਸ਼ੀਅਸ : ਇਹ ਐਥਨਜ਼ ਦਾ ਇਕ ਉੱਘਾ ਜਰਨੈਲ ਸੀ ਜਿਹੜਾ ਪੈਲੋਪਾਨੇਸ਼ੀਆਈ ਯੁੱਧ ਲਈ ਖਾਸ ਕਰਕੇ ਜਾਣਿਆ ਜਾਂਦਾ ਸੀ। ਇਹ ਇਕ ਸੁਝਵਾਨ, ਨੀਤੀਵਾਨ ਅਤੇ ਜੱਦੀ ਰਈਸ ਵੀ ਸੀ। 427 ਈ. ਪੂ. ਇਸ ਨੇ ਨਾਸੀਆਂ ਦੀ ਮੈਜਰੀਅਨ ਬੰਦਰਗਾਹ ਨੂੰ ਘੇਰ ਕੇ ਮਾਈਨੋਆ ਆਪਣੇ ਕਬਜ਼ੇ ਵਿਚ ਕਰ ਲਿਆ ਸੀ ਪਰ 425 ਈ. ਪੂ. ਵਿਚ ਜਦ ਐਥਨ ਦੀ ਫੌਜ ਪਾਈਲਸ ਵਿਖੇ ਸਫੈਕਟ੍ਰੀਆ ਦੇ ਸਥਾਨ ਤੇ ਸਪਾਰਟਾ ਦੀ ਫੌਜ ਨੂੰ ਰੋਕਣ ਵਿਚ ਅਸਫਲ ਰਹੀ ਤਾਂ ਕਲੀਆੱਨ ਨੇ ਜਿਹੜਾ ਯੁੱਧ ਦਾ ਮੁੱਖੀ ਸੀ ਇਸ ਨੂੰ ਅਤੇ ਹੋਰ ਜਰਨੈਲਾਂ ਨੂੰ ਇਸ ਹਾਰ ਲਈ ਜ਼ਿੰਮੇਵਾਰ ਠਹਿਰਾਇਆ। ਇਸ ਗੱਲ ਤੇ ਇਸ ਨੇ ਫ਼ੌਜ ਦੀ ਕਮਾਂਡ ਕਲੀਆੱਨ ਦੇ ਸਪੁਰਦ ਕਰ ਦਿਤੀ ਪਰ 424 ਈ. ਪੂ. ਵਿਚ ਇਸ ਨੇ ਸਪਾਰਟਾ ਪਾਸੋਂ ਸਾਈਥੀਰਾ ਦਾ ਟਾਪੂ ਜਿੱਤ ਕੇ ਆਪਣਾ ਖੋਇਆ ਹੋਇਆ ਵਿਕਾਰ ਮੁੜ ਕਾਇਮ ਕਰ ਲਿਆ। 422 ਈ. ਪੂ. ਦੀ ਲੜਾਈ ਵਿਚ ਕਲੀਆੱਨ ਮਾਰਿਆ ਗਿਆ ਤੇ ਨਾਈਸ਼ੀਅਸ ਨੇ 421 ਈ. ਪੂ. ਸਪਾਰਟਾ ਨਾਲ ਸਮਝੌਤਾ ਕਰ ਲਿਆ। ਇਹ ਸਮਝੌਤਾ ਬਹੁਤੀ ਦੇਰ ਨਾ ਰਿਹਾ। 415 ਈ. ਪੂ. ਤੇ ਲੇਮਾੱਕਸ ਦੇ ਨਾਲ ਇਸ ਨੂੰ ਕਮਾਂਡਰ ਬਣਾ ਕੇ ਸਿਸਲੀ ਵਿਚ ਸਿਰਾਕਿਊਜ਼ ਤੇ ਚੜ੍ਹਾਈ ਕਰਨ ਲਈ ਭੇਜਿਆ ਗਿਆ। ਐਲਸੀਬੀਏਡੀ ਨੂੰ ਵਾਪਸ ਸੱਦ ਲਿਆ ਗਿਆ ਅਤੇ ਦੂਜੇ ਜਰਨੈਲ ਲੇਮਾੱਕਸ ਦੀ ਮੌਤ ਹੋ ਗਈ ਅਤੇ ਇਹ ਖੁਦ ਬੀਮਾਰ ਸੀ ਪਰ ਇਸ ਨੂੰ ਇਕੱਲੇ ਨੂੰ ਜੰਗ ਜਾਰੀ ਰੱਖਣ ਲਈ ਕਿਹਾ ਗਿਆ। ਸਮਾਰਟਾਂ ਤੋਂ ਬਚਾਅ ਲਈ ਇਹ ਸ਼ਿਰਾਕਿਊਜ਼ ਦੁਆਲੇ ਦੀਵਾਰ ਬਣਾ ਹੀ ਰਿਹਾ ਸੀ ਤਾਂ ਸਪਾਰਟ ਜ਼ੋਰ ਫੜੀ ਜਾ ਰਹੇ ਸਨ। ਇਸ ਨੂੰ ਵਾਪਸ ਆਉਣ ਦੀ ਆਗਿਆ ਦੇਣ ਦੀ ਬਜਾਏ ਡੈਮਸਥੀਨੀਜ਼ ਨੂੰ ਹੋਰ ਫੌਜ ਦੇ ਕੇ ਭੇਜਿਆ ਗਿਆ ਪਰ ਉਹ ਬਹੁਤ ਦੇਰ ਨਾਲ ਪਹੁੰਚਿਆ ਜਿਸ ਦਾ ਕੋਈ ਲਾਭ ਨਹੀਂ ਸੀ। ਹਾਰ ਹੁੰਦੀ ਵੇਖ ਕੇ ਡੈਮਸਥੀਨੀਜ਼ ਨੇ ਛੱਡ ਜਾਣ ਲਈ ਸਲਾਹ ਦਿੱਤੀ ਪਰ ਨੀਸ਼ੀਅਸ ਵਹਿਮੀ ਸੀ ਜਿਸ ਨੇ ਚੰਦ ਗ੍ਰਹਿਣ ਲਗਿਆ ਹੋਣ ਕਾਰਨ ਆਪਣੇ ਜੋਤਸ਼ੀ ਦੀ ਗੱਲ ਮੰਨ ਕੇ ਛੱਡਣ ਵਿਚ ਦੇਰ ਕਰ ਦਿੱਤੀ। 27 ਅਗਸਤ 413 ਈ. ਪੂ. ਸਿਰਾਧਿਊਜ਼ੀਆ ਨੇ ਐਥਨਜ਼ ਦੀਆਂ ਫੌਜਾਂ ਨੂੰ ਹਥਿਆਰ ਸੁੱਟਣ ਲਈ ਮਜਬੂਰ ਕਰ ਦਿੱਤਾ ਅਤੇ ਨੀਸ਼ੀਅਸ ਨੂੰ ਵੀ ਹੋਰਾਂ ਨਾਲ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਫਾਂਸੀ ਲਾ ਦਿੱਤਾ ਗਿਆ।

ਹ.ਪੁ.—ਐਨ. ਬ੍ਰਿ. 16 : 484

ਨਾਈਕੀ : ਯੂਨਾਨ ਵਿਚ ਇਸ ਨੂੰ ਜਿੱਤ ਦੀ ਦੇਵੀ ਮੰਨਿਆ ਜਾਂਦਾ ਹੈ। ਹੋਮਰ ਨੇ ਚਾਹੇ ਇਸ ਦਾ ਜ਼ਿਕਰ ਨਹੀਂ ਕੀਤਾ ਪਰ ਹੇਸੀਉੱਡ ਵਿਚ ਇਹ ਪੈਲਾਸ ਦਿਉ ਅਤੇ ਦੋਜ਼ਖ ਦੇ ਦਰਿਆ ਸਟਾਈਕਸ ਦੀ ਪੁੱਤਰੀ ਦੇ ਰੂਪ ਵਿਚ ਦ੍ਰਿਸ਼ਟਮਾਨ ਹੁੰਦੀ ਹੈ। ਪਹਿਲਾਂ ਇਸ ਨੂੰ ਪੈਲਾਸ ਅਥੈਨਾ ਨਾਲੋਂ ਵੱਖ ਨਹੀਂ ਸੀ ਮੰਨਿਆ ਜਾਂਦਾ ਪਰ ਹੌਲੀ ਹੌਲੀ ਇਸ ਦੀ ਵਖਰੀ ਹੋਂਦ ਨੂੰ ਮਾਨਤਾ ਦਿੱਤੀ ਗਈ। ਇਸ ਨੂੰ ਜੀਅਸ ਵਲੋਂ ਟਾਈਟਨਜ਼ ਦੇ ਵਿਰੁੱਧ ਲੜਨ ਲਈ ਭੇਜਿਆ ਗਿਆ ਸੀ। ਇਹ ਕੇਵਲ ਯੁੱਧ ਵਿਚ ਹੀ ਨਹੀਂ ਸਗੋਂ ਬਾਕੀ ਸਾਰੇ ਕੰਮਾਂ ਵਿਚ ਵੀ ਸਫ਼ਲਤਾ ਦੇਣ ਵਾਲੀ ਦੇਵੀ ਮੰਨੀ ਜਾਂਦੀ ਹੈ। ਇਸ ਦੇ ਹੱਥ ਵਿਚ ਖਜੂਰ ਦੀ ਟਹਿਣੀ ਦਿਖਾਈ ਗਈ ਹੈ ਜਿਹੜੀ ਜਿੱਤ ਦਾ ਚਿੰਨ੍ਹ ਹੈ। ਹੌਲੀ ਹੌਲੀ ਨਾਈਕੀ ਨੂੰ ਦੇਵਤਿਆਂ ਅਤੇ ਮਨੁੱਖਾਂ ਵਿਚ ਸਫ਼ਲ ਵਿਚੋਲਾ ਮੰਨ ਲਿਆ ਗਿਆ।

ਰੋਮ ਵਿਚ ਆਰੰਭ ਤੋਂ ਹੀ ਨਾਈਕੀ ਵਿਕਟੋਰੀਆ ਦੀ ਪੂਜਾ ਕੀਤੀ ਜਾਂਦੀ ਸੀ ਅਤੇ ਰੋਮ ਦੇ ਆਬਾਦ ਹੋਣ ਤੋਂ ਪਹਿਲਾਂ ਸਨਮਾਨ ਵਿਚ ਈਵੈਂਡਰ ਨੇ ਇਕ ਮੰਦਰ ਵੀ ਬਣਵਾਇਆ ਸੀ। ਟੈਰੰਟਮ ਤੋਂ ਲਿਆਂਦਾ ਕਿਯੂਰੀਆ ਜੂਲੀਆ ਵਿਚ ਸਥਾਪਤ ਇਸ ਦਾ ਬੁੱਤ ਚੌਥੀ ਸਦੀ ਵਿਚ ਈਸਾਈਆਂ ਅਤੇ ਗ਼ੈਰ ਈਸਾਈਆਂ ਵਿਚਕਾਰ ਅੰਤਮ ਲੜਾਈ ਦਾ ਕਾਰਨ ਬਣਿਆ। ਸਾਰੇ ਫ਼ੌਜੀ ਕੈਂਪਾਂ ਵਿਚ ਇਸ ਦੇ ਮੰਦਰ ਸਨ ਅਤੇ ਪਹਿਲੀ ਨਵੰਬਰ ਨੂੰ ਰੋਮ ਅਤੇ ਸਮੁੱਚੇ ਸਾਮਰਾਜ ਵਿਚ ਇਸ ਦਾ ਤਿਉਹਾਰ ਮਨਾਇਆ ਜਾਂਦਾ ਸੀ।

ਹ.ਪੁ.—ਐਨ. ਬ੍ਰਿ. 16 : 514

ਨਾਈਜਰ : ਦੇਸ਼—ਪੱਛਮੀ ਅਫ਼ਰੀਕਾ ਦਾ ਇਕ ਗਣਤੰਤਰ ਦੇਸ਼ ਹੈ। ਇਸ ਨੂੰ ਚਾਰ ਚੁਫੇਰੇ ਤੋਂ ਹੀ ਥਲ ਨੇ ਘੇਰਿਆ ਹੋਇਆ ਹੈ ਅਤੇ ਇਹ ਸ਼ਹਿਰ ਮਾਰੂਥਲ ਦੇ ਦੱਖਣੀ ਸਿਰੇ ਤੇ ਵਾਕਿਆ ਹੈ। ਉੱਤਰ-ਪਛੱਮ ਵੱਲੋਂ ਇਸ ਦੀਆਂ ਹੱਦਾਂ ਅਲਜੀਰੀਆਂ, ਉੱਤਰ-ਪੂਰਬ ਵੱਲੋਂ ਲਿਬੀਆ; ਪੂਰਬ ਵੱਲੋਂ ਚਾਡ; ਦੱਖਣ ਵੱਲੋਂ ਨਾਈ-ਜੀਰੀਆ ਅਤੇ ਬੈਨਨ ਨਾਲ ਅਤੇ ਪੱਛਮ ਵੱਲੋਂ ਬੁਰਕੀਨੋ ਫਾਸਕੋ ਤੇ ਮਾਲੀ ਨਾਲ ਲਗਦੀਆਂ ਹਨ। 12,67,000 ਵ.ਕਿ.ਮੀ. ਰਕਬੇ ਵਿਚ ਫੈਲੇ ਇਸ ਦੇਸ਼ ਦੀ ਵਸੋਂ 1,03,55,000 (2001) ਹੈ। ਨੀਆਮੇ ਇਥੋਂ ਦੀ ਰਾਜਧਾਨੀ ਹੈ। ਫ਼ਰਾਂਸੀਸੀ ਭਾਸ਼ਾ ਨੂੰ ਰਾਜ ਭਾਸ਼ਾ ਦਾ ਦਰਜਾ ਹਾਸਲ ਹੈ।

ਭੂ-ਆਕ੍ਰਿਤੀ ਵਿਗਿਆਨ

ਧਰਾਤਲ—ਨਾਈਜਰ ਤੇ ਉੱਤਰ ਵਿਚ ਖੁਸ਼ਕ ਪਹਾੜੀ ਸਿਲਸਿਲਾ ਹੈ। ਇਨ੍ਹਾਂ ਵਿਚੋਂ ਸਭ ਤੋਂ ਉੱਚੀ ਸ਼ਿਖਰ ਗ੍ਰੀਬਾਊਨ (1966 ਮੀ.) ਹੈ। ਉੱਤਰ-ਪੂਰਬ ਵਿਚ ਉੱਚੀਆਂ ਪਠਾਰਾਂ ਦਾ ਇਕ ਸਿਲਸਿਲਾ ਹੈ ਜਿਹੜਾ ਅਲਜੀਰੀਆ ਦੇ ਅਹੱਗਰ ਪਹਾੜਾਂ ਅਤੇ ਚਾਡ ਦੇ ਟਬੈਸੱਟੀ ਪਹਾੜਾਂ ਦਰਮਿਆਨ ਇਕ ਪੁਲ ਜਿਹਾ ਬਣਾਉਂਦਾ ਹੈ। ਨਾਈਜੀਰੀਆਈ ਸ਼ਹਿਰਾਂ ਦੇ ਰੇਤਲੇ ਖੇਤਰ ਇਸ ਦੇ ਉੱਤਰੀ ਪਹਾੜੀ ਖੇਤਰ ਦੇ ਦੋਵੇਂ ਪਾਸੇ ਫੈਲੇ ਹੋਏ ਹਨ। ਨਾਈਜਰ ਦਰਿਆ ਦੇ ਨਾਲ ਨਾਲ ਅਤੇ ਨਾਈਜੀਰੀਆ ਦੀ ਹੱਦ ਦੇ ਪੂਰਬ ਵੱਲ ਕਈ ਨੀਵੀਆਂ ਪਠਾਰਾਂ ਹਨ।

ਜਲ-ਪ੍ਰਵਾਹ—ਦੱਖਣ-ਪੂਰਬ ਵਿਚ ਚਾਡ ਝੀਲ ਦਾ ਬੇਸਨ ਹੈ। ਨਾਈਜਰ ਦਾ ਬੇਸਨ ਜਿਹੜਾ ਇਸ ਰਾਜ ਦੇ ਧੁਰ ਪੱਛਮ ਵਿਚ ਪੈਂਦਾ ਹੈ, ਨੇ ਦੇਸ਼ ਦੇ ਕੁੱਲ ਰਕਬੇ ਦਾ ਲਗਭਗ 40% ਹਿੱਸਾ ਮੱਲਿਆ ਹੋਇਆ ਹੈ। ਨਾਈਜਰ ਹੀ ਇਥੋਂ ਦਾ ਮੁੱਖ ਦਰਿਆ ਹੈ ਜਿਹੜਾ ਆਪਣੀਆਂ ਸਹਾਇਕ ਨਦੀਆਂ ਨਾਲ ਦੱਖਣ-ਪੱਛਮੀ ਹਿੱਸਿਆਂ ਦੀ ਸਿੰਜਾਈ ਕਰਦਾ ਹੈ। ਉੱਤਰ ਵਿਚ ਵਾਕਿਆ ਸਹਿਰਾ ਵਾਲੇ ਖੇਤਰ ਵਿਚ ਕੁਝ ਨਖ਼ਲਿਸਤਾਨਾਂ ਨੂੰ ਛੱਡ ਕੇ ਬਾਕੀ ਜ਼ਮੀਨ ਬੰਜਰ ਹੈ। ਦੱਖਣੀ ਹਿੱਸੇ ਵਿਚ ਵੀ ਮਿੱਟੀ ਪਤਲੀ ਅਤੇ ਰੇਹੀ ਵਾਲੀ ਹੈ ਜਿਹੜੀ ਅਣ-ਉਪਜਾਊ ਹੀ ਹੈ। ਨਾਈਜਰ ਬੇਸਨ ਦਾ ਖੇਤਰ ਕਾਫ਼ੀ ਜਰਖੇਜ਼ ਹੈ।

ਜਲਵਾਯੂ—ਦੇਸ਼ ਦੇ ਦੱਖਣੀ ਭਾਗਾਂ ਵਿਚ ਫ਼ਰਵਰੀ ਤੋਂ ਮਈ ਦੌਰਾਨ ਤਾਪਮਾਨ 41° ਸੈਂ. ਤਕ ਪਹੁੰਚ ਜਾਂਦਾ ਹੈ ਅਤੇ ਸਰਦੀਆਂ ਵਿਚ 2° ਅਤੇ 16° ਸੈਂ. ਦੇ ਦਰਮਿਆਨ ਰਹਿੰਦਾ ਹੈ। ਇਥੇ ਜੂਨ ਤੋਂ ਅਕਤੂਬਰ ਦਰਮਿਆਨ ਵਰਖਾ ਹੁੰਦੀ ਹੈ। ਸਾਲਾਨਾ ਔਸਤਨ ਵਰਖਾ 550 ਮਿ.ਮੀ. ਦੇ ਕਰੀਬ ਹੁੰਦੀ ਹੈ। ਨਾਈਜਰ ਦਾ 2/3 ਹਿੱਸਾ ਬਿਲਕੁਲ ਮਾਰੂਥਲੀ ਹੈ।

ਬਨਸਪਤੀ—ਇਥੋਂ ਦੇ ਰੇਗਿਸਤਾਨਾਂ ਵਿਚ ਬਨਸਪਤੀ ਨਹੀਂ ਦੇ ਬਰਾਬਰ ਹੈ। ਦੱਖਣ ਵਿਚ ਸਵਾਨਾ ਖੇਤਰ ਵਿਖੇ ਜੜ੍ਹੀ-ਬੂਟੀਆਂ ਵਾਲੀ ਬਨਸਪਤੀ ਦੀਆਂ ਬਹੁਤ ਸਾਰੀਆਂ ਕਿਸਮਾਂ ਤੋਂ ਇਲਾਵਾ ਮਹਾਗਨੀ, ਰੂੰ ਅਤੇ ਬੋਬਾਬ ਰੁੱਖ ਪਾਏ ਜਾਂਦੇ ਹਨ। ਇਥੋਂ ਦੇ ਨਖ਼ਲਿਸਤਾਨਾਂ ਵਿਚ ਖਜੂਰ ਅਤੇ ਮੱਕੀ ਕਾਫ਼ੀ ਮਿਕਦਾਰ ਵਿਚ ਹੁੰਦੀ ਹੈ। ਸਾਹੈੱਲ ਅਤੇ ਹੋਉਸਾ ਜ਼ੋਨ ਵਿਚ ਮੂੰਗਫ਼ਲੀ ਉਗਾਈ ਜਾਂਦੀ ਹੈ।

ਜੀਵ ਜੰਤੂ—ਇਥੇ ਸ਼ੇਰ, ਹਾਥੀ, ਕਈ ਨਸਲਾਂ ਦੀਆਂ ਨੀਲ ਗਾਵਾਂ, ਮੱਝਾਂ ਆਦਿ ਜਾਨਵਰ ਦੇਖਣ ਵਿਚ ਆਉਂਦੇ ਹਨ। ਨਾਈਜਰ ਦਰਿਆ ਵਿਚ ਮਗਰਮੱਛ, ਦਰਿਆਈ ਘੋੜੇ ਅਤੇ ਸਮੁੰਦਰੀ ਗਾਵਾਂ ਆਦਿ ਹਨ।

ਇਤਿਹਾਸ

ਇਥੋਂ ਦਾ ਪ੍ਰਾਚੀਨ ਇਤਿਹਾਸ ਨਿਰਾ ਯੁੱਧਾਂ ਦਾ ਹੀ ਇਤਿਹਾਸ ਹੈ। ਉਸ ਵੇਲੇ ਇਥੇ ਉੱਤਰ ਅਤੇ ਉੱਤਰ-ਪੂਰਬ ਵੱਲੋਂ ਸਦਾ ਅਰਬਾਂ, ਯਹੂਦੀਆਂ ਅਤੇ ਮਿਸਰੀਆਂ ਦੇ ਹਮਲੇ ਹੁੰਦੇ ਰਹਿੰਦੇ ਸਨ। ਉੱਤਰੀ ਅਫ਼ਰੀਕਾ ਦੇ ਗੋਰੇ ਲੋਕਾਂ ਨੇ 10ਵੀਂ ਸਦੀ ਵਿਚ ਚਾਡ ਝੀਲ ਦੇ ਨੇੜੇ ਰਹਿਣ ਵਾਲਿਆਂ ਨਾਲ ਸਥਾਈ ਸਬੰਧ ਸਥਾਪਿਤ ਕੀਤੇ ਅਤੇ ਉਸ ਵੇਲੇ ਬਰਬਰਾਂ ਨੇ ਅਜੋਕੇ ਨਾਈਜਰ ਉੱਤੇ ਆਪਣਾ ਕਬਜ਼ਾ ਕਰਕੇ ਹਾਉਸਾ ਰਾਜ ਦੀ ਸਥਾਪਨਾ ਕੀਤੀ। ਗੋਰੇ ਅਫ਼ਰੀਕੀਆਂ ਨੇ ਪਹਿਲਾਂ ਇਸ ਪ੍ਰਦੇਸ਼ ਨਾਲ ਲੂਣ, ਗੁਲਾਮ ਅਤੇ ਸੋਨੇ ਦਾ ਵਪਾਰ ਕਰਨਾ ਸ਼ੁਰੂ ਕੀਤਾ ਅਤੇ ਸਮਾਂ ਪਾ ਕੇ ਇਥੇ ਆਪਣੀਆਂ ਬਸਤੀਆਂ ਸਥਾਪਿਤ ਕੀਤੀਆਂ। ਗਿਆਰ੍ਹਵੀਂ ਅਤੇ ਬਾਰ੍ਹਵੀਂ ਸਦੀ ਵਿਚ ਅਰਬਾਂ ਨੇ ਉੱਤਰੀ ਅਫ਼ਰੀਕਾ ਉੱਤੇ ਜਿੱਤ ਪ੍ਰਾਪਤ ਕੀਤੀ। ਹਾਰੇ ਹੋਏ ਬਰਬਰਾਂ ਨੇ ਜੇਤੂਆਂ ਦੇ ਰਾਜ ਦੇ ਨਾਲ ਨਾਲ ਉਨ੍ਹਾਂ ਦੀ ਭਾਸ਼ਾ ਅਤੇ ਇਸਲਾਮ ਨੂੰ ਵੀ ਅਖ਼ਤਿਆਰ ਕਰ ਲਿਆ। ਇਸ ਤੋਂ ਬਾਅਦ ਅਰਬਾਂ ਨੇ ਦੱਖਣ ਵੱਲ ਸਥਾਪਿਤ ਰਿਆਸਤਾਂ ਨੂੰ ਜਿੱਤਣ ਹਿੱਤ ਕਦਮ ਚੁੱਕੇ ਅਤੇ ਸੂਡਾਨ ਵਿਚ ਕਈ ਰਾਜ ਸਥਾਪਿਤ ਕੀਤੇ। ਉਨ੍ਹਾਂ ਰਾਜਾਂ ਵਿਚ ਮਾਲੀ, ਘਾਨ੍ਹਾ, ਗਾਓ, ਹਾਉਸਾ ਲੈਂਡ ਅਤੇ ਬੋਰਨੂ ਰਾਜ ਉਸ ਥਾਂ ਤੇ ਵਾਕਿਆ ਸਨ ਜਿਥੇ ਅਜੋਕਾ ਨਾਈਜਰ ਗਣਤੰਤਰ ਹੈ। 15ਵੀਂ ਸਦੀ ਵਿਚ ਐਗਾਡੈੱਜ਼ ਦੇ ਤੁਰੈਗਾਂ ਨੇ ਇਥੇ ਆਪਣੀ ਸਲਤਨਤ ਸਥਾਪਿਤ ਕੀਤੀ। 17ਵੀਂ ਸਦੀ ਵਿਚ ਨਾਈਜਰ ਦਰਿਆ ਦੇ ਕੰਢੇ ਸੋਨਘਈ ਭਾਸ਼ਾਈ ਜੁਰਮਾ ਲੋਕਾਂ ਨੇ ਆਪਣੇ ਰਾਜ ਦੀ ਸਥਾਪਨਾ ਕੀਤੀ। 18ਵੀਂ ਸਦੀ ਵਿਚ ਹੈਉਸਾ ਦੇ ਗੋਬੀਰ ਨਾਉਂ ਦੇ ਜੇਤੂ ਨੇ ਇਥੋਂ ਤੁਰੈਗਾਂ ਦੇ ਰਾਜ ਦਾ ਅੰਤ ਕੀਤਾ ਅਤੇ ਇਥੇ ਆਪਣੀ ਤਾਕਤ ਮੁੜ ਕਾਇਮ ਕੀਤੀ। ਸੰਨ 1804 ਵਿਚ ਫੁਲਾਨੀ ਕਬੀਲੇ ਦੇ ਸ਼ੇਖ ਉਸਮਾਨ ਨੇ ਆਪਣੀ ਅਗਵਾਈ ਹੇਠ ਹੈਉਸਾ ਵਿਰੁੱਧ ਇਕ ਜਹਾਦ ਸ਼ੁਰੂ ਕੀਤਾ। ਇੰਜ ਹੈਉਸਾ ਦੇ ਰਾਜ ਦਾ ਅੰਤ ਕਰਕੇ ਸੋਕੋਤੋ ਰਾਜ ਦਾ ਮੁੱਢ ਬੰਨ੍ਹਿਆ। ਅਠਾਰ੍ਹਵੀਂ ਉਨ੍ਹੀਵੀਂ ਸਦੀ ਵਿਚ ਯੂਰਪੀ ਲੋਕਾਂ ਨੇ ਇਸ ਖੇਤਰ ਵੱਲ ਆਪਣਾ ਰੁੱਖ ਕੀਤਾ ਅਤੇ 19ਵੀਂ ਸਦੀ ਦੇ ਅੰਤਲੇ ਸਾਲਾਂ ਵਿਚ ਨਾਈਜਰ ਉਪਰ ਫ਼ਰਾਂਸੀਸੀ ਸੱਤ੍ਹਾ ਕਾਇਮ ਹੋ ਗਈ। ਸੰਨ 1904 ਵਿਚ ਇਸ ਨੂੰ 'ਫ਼ਰਾਂਸੀਸੀ ਪੱਛਮੀ ਅਫ਼ਰੀਕੀ ਖੇਤਰ' ਕਰਾਰ ਦਿੱਤਾ ਗਿਆ। ਸੰਨ 1958 ਵਿਚ ਫਰਾਂਸੀਸੀ ਅਧਿਕਾਰ ਹੇਠ ਹੀ ਇਸ ਨੂੰ ਖੁਦਮੁਖ਼ਤਾਰ ਗਣਤੰਤਰ ਐਲਾਨ ਕਰ ਦਿੱਤਾ। ਸੰਨ 1960 ਵਿਚ ਨਾਈਜਰ ਨੇ ਆਪਣੀ ਆਜ਼ਾਦੀ ਪ੍ਰਾਪਤ ਕੀਤੀ ਅਤੇ ਸੰਯੁਕਤ ਰਾਸ਼ਟਰ ਦਾ ਇਕ ਮੈਂਬਰ ਵੀ ਬਣ ਗਿਆ।

ਖਣਿਜ—ਨਾਈਜਰ ਦੀ ਆਰਥਿਕਤਾ ਖੇਤੀਬਾੜੀ ਅਤੇ ਯੂਰੇਨੀਅਮ ਦੀ ਖੁਦਾਈ ਉਪਰ ਆਧਾਰਤ ਹੈ। ਸੰਨ 1980 ਦੇ ਆਰੰਭ ਵਿਚ ਅੰਤਰ ਰਾਸ਼ਟਰੀ ਪੱਧਰ ਤੇ ਯੂਰੇਨੀਅਮ ਦੀਆਂ ਕੀਮਤਾਂ ਡਿਗਣ ਨਾਲ ਨਾਈਜਰ ਦੇ ਆਰਥਿਕ ਵਿਕਾਸ ਨੂੰ ਭਾਰੀ ਧੱਕਾ ਲੱਗਾ।

ਨਾਈਜਰ ਦੇ ਉਦਯੋਗਾਂ ਦਾ ਮੂਲ ਆਧਾਰ ਆਰਲਿਟ ਵਿਖੇ ਸਥਾਪਿਤ ਪ੍ਰੋਸੈਸਿੰਗ ਪਲਾਂਟ ਉਪਰ ਅਜੇ ਵੀ ਫਰਾਂਸ ਦਾ ਹੀ ਅਧਿਕਾਰ ਹੈ। 1970 ਦੇ ਦਹਾਕੇ ਦੇ ਅੰਤ ਵਿਚ ਅਕਾਊਤਾ ਵਿਖੇ ਨਾਈਜਰ ਸਰਕਾਰ ਨੇ ਜਾਪਾਨੀ ਅਤੇ ਫ਼ਰਾਂਸੀਸੀ ਕੰਪਨੀ ਦੇ ਸਾਂਝੇ ਜਤਨਾਂ ਨਾਲ ਇਕ ਹੋਰ ਖਾਣ ਦੀ ਖੁਦਾਈ ਸ਼ੁਰੂ ਕੀਤੀ। ਸੰਨ 1998 ਦੇ ਸ਼ੁਰੂ ਵਿਚ ਇਥੋਂ ਦਾ ਸਲਾਨਾ ਯੂਰੇਨੀਅਮ ਉਤਪਾਦਨ ਲਗਭਗ 3,731 ਟਨ ਸੀ। ਨਾਈਜਰ ਘਾਟੀ ਵਿਚ ਫਾਸਫੇਟ ਅਤੇ ਕੋਲੇ ਦੀਆਂ ਖਾਣਾਂ ਹਨ। ਆਇਰ ਵਿਖੇ ਟੀਨ, ਸੇ ਵਿਖੇ ਕਚਾ ਲੋਹਾ, ਐਗਾਡੈਜ਼ ਤੇ ਮਾਂਗਾ ਤੋਂ ਲੂਣ ਕੱਢੇ ਜਾਂਦੇ ਹਨ।

ਉਦਯੋਗ—ਨਾਈਜਰ ਦੇ ਉਦਯੋਗਾਂ ਦਾ ਮੂਲ ਆਧਾਰ ਵੀ ਯੂਰੇਨੀਅਮ ਹੀ ਹੈ। ਜ਼ਰਾਇਤੀ ਪਦਾਰਥਾਂ ਦੀ ਪ੍ਰੋਸੈਸਿੰਗ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਫ਼ਰਨੀਚਰ ਅਤੇ ਰਸਾਇਣ ਬਣਾਉਣ ਦੇ ਉਦਯੋਗ ਵੀ ਵਿਕਸਿਤ ਹੋਏ ਹਨ। ਬਿਜਲੀ ਦੀ ਖਪਤ ਦਿਨੋ ਦਿਨ ਵੱਧ ਰਹੀ ਹੈ ਜਿਸ ਨੂੰ ਸਥਾਨਕ ਬਿਜਲੀ ਉਤਪਾਦਨ ਪੂਰਿਆਂ ਕਰਨ ਵਿਚ ਅਜੇ ਸਮਰਥ ਨਹੀਂ ਹੈ। ਸੰਨ 1980 ਦੇ ਸ਼ੁਰੂ ਵਿਚ ਆਰਲਿਟ ਵਿਖੇ ਕੋਲੇ ਨਾਲ ਬਿਜਲੀ ਪੈਦਾ ਕਰਨ ਵਾਲਾ ਇਕ ਬਿਜਲੀ ਘਰ ਬਣਾਇਆ ਗਿਆ ਹੈ। ਕੰਨਦਾਦਜੀ ਵਿਖੇ ਪਣ ਬਿਜਲੀ ਕੇਂਦਰ ਵੀ ਸਥਾਪਿਤ ਕੀਤਾ ਜਾ ਰਿਹਾ ਹੈ।

ਵਪਾਰ—ਇਥੋਂ ਦੇ ਵਪਾਰਕ ਸਬੰਧ ਵਧੇਰੇ ਕਰਕੇ ਫ਼ਰਾਂਸ ਨਾਲ ਹੀ ਹਨ। ਇਸ ਤੋਂ ਇਲਾਵਾ ਕੁਝ ਹੋਰ ਯੂਰਪੀ ਦੇਸ਼ਾਂ ਨਾਲ ਵੀ ਇਹ ਸਬੰਧ ਸਥਾਪਿਤ ਹੋਏ ਹਨ। ਵਧੇਰੇ ਕਰਕੇ ਯੂਰੇਨੀਅਮ ਅਤੇ ਪਸ਼ੂਆਂ ਦਾ ਨਿਰਯਾਤ ਕੀਤਾ ਜਾਂਦਾ ਹੈ।

ਖੇਤੀਬਾੜੀ—ਜਵੀ ਅਤੇ ਸੋਰਗਮ ਇਥੋਂ ਦੀਆਂ ਪ੍ਰਮੁੱਖ ਫਸਲਾਂ ਹਨ। ਕਸਾਵਾ, ਹਰੀਆਂ ਫਲੀਆਂ, ਪਿਆਜ, ਚੌਲ ਆਦਿ ਦੀ ਕਾਸ਼ਤ ਵੀ ਕੀਤੀ ਜਾਂਦੀ ਹੈ। ਅਨਾਜੀ ਫਸਲਾਂ ਵਿਚ ਨਾਈਜਰ ਹੁਣ ਲਗਭਗ ਆਤਮ ਨਿਰਭਰ ਹੋ ਗਿਆ ਹੈ। ਮੂੰਗਫਲੀ ਅਤੇ ਕਪਾਹ ਬਾਹਰਲੇ ਦੇਸ਼ਾਂ ਨੂੰ ਵੀ ਭੇਜੀ ਜਾਂਦੀ ਹੈ। ਹੁਣ ਦਾਲਾਂ, ਗੰਨਾ ਆਦਿ ਫਸਲਾਂ ਦਾ ਉਤਪਾਦਨ ਵੀ ਕੀਤਾ ਜਾਣ ਲਗਾ ਹੈ।

ਆਵਾਜਾਈ—ਸੰਨ 1996 ਤਕ 10,100 ਕਿ.ਮੀ. ਸੜਕਾਂ ਬਣ ਚੁਕੀਆਂ ਸਨ। ਨੀਆਮੇ ਅਤੇ ਜ਼ਿੰਡਰ ਟ੍ਰਾਂਸ ਸਹਾਰਾ ਮੋਟਰ ਰੂਟਾਂ ਦੇ ਆਖ਼ਰੀ ਸਟੇਸ਼ਨ ਹਨ। ਇਕ 648 ਕਿ. ਮੀ. ਲੰਬੀ 'ਯੂਰੇਨੀਅਮ ਸੜਕ' ਆਰਲਿਟ ਤੋਂ ਟਾਊਆ ਤੱਕ ਜਾਂਦੀ ਹੈ। ਨੀਆਮ, ਜ਼ਿੰਡਰ ਅਤੇ ਮਾਰਾਡੀ ਵਿਖੇ ਅੰਤਰ ਰਾਸ਼ਟਰੀ ਉਡਾਨਾਂ ਲਈ ਹਵਾਈ ਅੱਡੇ ਹਨ।

ਲੋਕ

ਇਥੋਂ ਦੀ ਵਸੋਂ ਵਿਚ ਵਧੇਰੇ ਕਰਕੇ ਹੈਉਸਾ, ਸੋਨਘਈ, ਜ਼ੈਰਵਾ ਅਤੇ ਕੰਨੂਰੀ ਲੋਕ ਸ਼ਾਮਲ ਹਨ। ਹੈਉਸਾ ਨੂੰ ਕਾਫ਼ੀ ਅਹਿਮੀਅਤ ਪ੍ਰਾਪਤ ਹੈ ਅਤੇ ਨਾਈਜਰ ਦੀ ਕੁਲ ਆਬਾਦੀ ਵਿਚੋਂ ਲਗਭਗ ਅੱਧੀ ਵਸੋਂ ਇਨ੍ਹਾਂ ਲੋਕਾਂ ਦੀ ਹੀ ਹੈ। ਇਹ ਦੱਖਣੀ ਨਾਈਜਰ ਦੇ ਕੇਂਦਰੀ ਭਾਗ ਵਿਚ ਵਸੇ ਹੋਏ ਹਨ। ਕੁੱਲ ਆਬਾਦੀ ਦਾ ਚੌਥਾ ਹਿੱਸਾ ਸੋਨਘਈ ਜੈਰਵਾ ਲੋਕਾਂ ਦਾ ਹੈ ਜਿਹੜੇ ਨਾਈਜਰ ਦਰਿਆ ਦੇ ਕੰਢੇ ਦੇ ਨਾਲ ਨਾਲ ਦੱਖਣ-ਪੱਛਮੀ ਭਾਗਾਂ ਵਿਚ ਰਹਿੰਦੇ ਹਨ। ਨਾਈਜਰ ਦੇ ਪੂਰਬ ਵਿਚ ਚਾਡ ਝੀਲ ਨੇੜੇ ਰਹਿਣ ਵਾਲੇ ਲੋਕ ਕੈਨੂਰੀ ਅਤੇ ਮਾਂਗਾ ਹਨ ਜਿਹੜੇ ਕੁਲ ਵਸੋਂ ਦਾ ਪੰਜਵਾਂ ਹਿੱਸਾ ਹਨ। ਫੁਲਾਨੀ ਜਾਂ ਪੀਊਲ ਲੋਕ ਲਗਭਗ ਸਾਰੇ ਖੇਤਰਾਂ ਵਿਚ ਹੀ ਰਹਿੰਦੇ ਹਨ। ਨਾਈਜਰ ਦੇ ਉੱਤਰੀ ਭਾਗ ਵਿਚ ਕੁਝ ਇਕ ਨਖ਼ਲਿਸਤਾਨਾਂ ਨੂੰ ਛੱਡ ਕੇ ਬਾਕੀ ਦਾ ਸਾਰਾ ਖੇਤਰ ਵਸੋਂ ਰਹਿਤ ਹੈ। ਧੁਰ ਉੱਤਰ-ਪੂਰਬ ਦੇ ਟਬੈਸਟੀ ਖੇਤਰ ਵਿਚ ਟੈਡਾ ਖ਼ਾਨਾਬਦੋਸ਼ ਲੋਕ ਰਹਿੰਦੇ ਹਨ ਅਤੇ ਬਾਕੀ ਉੱਤਰੀ ਨਾਈਜਰ

ਖੇਤਰ ਤੁਰੈਗ ਖਾਨਾਬਦੋਸ਼ਾਂ ਦਾ ਰਿਹਾਇਸ਼ੀ ਸਥਾਨ ਹੈ। ਨਾਈਜਰ ਦੀ ਵਧੇਰੇ ਆਬਾਦੀ ਖਾਨਾਬਦੋਸ਼ਾਂ ਦੀ ਹੈ ਪਰ ਇਨ੍ਹਾਂ ਖਾਨਾਬਦੋਸ਼ਾਂ ਦੀ



ਆਪਣੇ ਜਾਨਵਰਾਂ ਲਈ ਘਾਹ ਇਕੱਠਾ ਕਰਦੇ ਹੋਏ ਦੋ 'ਤੁਰੈਗ' ਖਾਨਾਬਦੋਸ਼

ਇਕ ਵਿਸ਼ੇਸ਼ਤਾ ਇਹ ਹੈ ਕਿ ਇਹ ਲੋਕ ਕਿਸੇ ਨਾ ਕਿਸੇ ਥਾਂ ਤੇ ਟਿਕ ਜਾਂਦੇ ਹਨ ਅਤੇ ਵਧੇਰੇ ਸਥਾਨ ਨਹੀਂ ਬਦਲੇ। ਕੁੱਲ ਵਸੋਂ ਦਾ ਅੱਠਵਾਂ ਹਿੱਸਾ ਚਾਰ ਵਡੇ ਸ਼ਹਿਰਾਂ ਨੀਆਮੇ, ਮਰਾਦੀ, ਐਗਾਡੇਜ਼ ਅਤੇ ਟੈਯੁਆ. ਵਿਚ ਆਬਾਦ ਹੈ। ਲੋਕੀ ਵਾਹੀ ਤੋਂ ਇਲਾਵਾ ਪਸ਼ੂ ਪਾਲਣ ਦਾ ਕਿੱਤਾ ਵੀ ਕਰਦੇ ਹਨ।

ਭਾਸ਼ਾ—ਫ਼ਰਾਂਸੀਸੀ ਇਥੋਂ ਦੀ ਰਾਜ ਭਾਸ਼ਾ ਹੈ ਅਤੇ ਇਸ ਤੋਂ ਬਿਨਾਂ ਪੰਜ ਹੋਰ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ। ਲਗਭਗ 85% ਲੋਕ ਹੈਉਸਾ ਭਾਸ਼ਾ ਬੋਲਦੇ ਅਤੇ ਸਮਝਦੇ ਹਨ। ਇਸ ਭਾਸ਼ਾ ਵਿਚ ਸਾਹਿਤ ਦੀ ਵੀ ਕਾਫੀ ਰਚਨਾ ਕੀਤੀ ਹੋਈ ਹੈ। ਸੋਨਘਈ ਇਥੋਂ ਦੀ ਇਕ ਹੋਰ ਉੱਘੀ ਭਾਸ਼ਾ ਹੈ। ਫੁਲਾਨੀ ਲੋਕਾਂ ਦੀ ਭਾਸ਼ਾ ਫੁਲਫੁਲਦੀ ਹੈ ਅਤੇ ਤੁਰੈਗ ਤਾਮਾਸ਼ੇਕ ਭਾਸ਼ਾਈ ਹਨ। ਨਾਈਜਰ ਦੇ ਬਹੁਤ ਸਾਰੇ ਲੋਕ ਅਰਬੀ ਭਾਸ਼ਾ ਵੀ ਬੋਲਦੇ ਹਨ।

ਧਰਮ—ਇਥੋਂ ਦੇ ਸ਼ਹਿਰਾਂ ਵਿਚ ਬਹੁਤ ਗਿਣਤੀ ਈਸਾਈ ਧਰਮ ਦੇ ਲੋਕਾਂ ਦੀ ਹੈ ਜਦੋਂ ਕਿ ਪਿੰਡਾਂ ਦੇ ਵਧੇਰੇ ਲੋਕ ਇਸਲਾਮ ਧਰਮ ਵਿਚ ਵਿਸ਼ਵਾਸ ਰੱਖਦੇ ਹਨ। ਇਥੋਂ ਦੇ ਕਾਲੇ ਅਫ਼ਰੀਕੀ ਅਜੇ ਤੱਕ ਰਵਾਇਤੀ ਨਿਰਜੀਵਾਂ ਨੂੰ ਆਤਮਧਾਰੀ ਮੰਨ ਕੇ ਪੂਜਦੇ ਹਨ।

ਸਿੱਖਿਆ—ਸੰਯੁਕਤ ਰਾਸ਼ਟਰ ਦੇ ਯੂਨੈਸਕੋ ਸੰਗਠਨ ਅਤੇ ਫ਼ਰਾਂਸ ਦੀ ਮਦਦ ਨਾਲ ਸਿੱਖਿਆ ਸਬੰਧੀ ਸਹੂਲਤਾਂ ਵਿਚ ਵਾਧਾ ਕੀਤਾ ਗਿਆ ਹੈ। ਨੀਆਮੇ ਯੂਨੀਵਰਸਿਟੀ ਇਸ ਦੇਸ਼ ਦਾ ਸਭ ਤੋਂ ਵੱਡਾ ਵਿਦਿਅਕ ਅਦਾਰਾ ਹੈ ਜਿਸ ਦੀ ਸਥਾਪਨਾ 1973 ਈ. ਵਿਚ ਹੋਈ। ਨੀਆਮੇ ਨਜ਼ਦੀਕ ਇਸਲਾਮ ਯੂਨੀਵਰਸਿਟੀ ਆਫ਼ ਵੈਸਟ ਅਫ਼ਰੀਕਾ ਵੀ ਸਥਾਪਿਤ ਕੀਤੀ ਗਈ ਹੈ।

ਸਿਹਤ—ਨਾਈਜਰ ਵਿਚ ਸਿਹਤ ਸਬੰਧੀ ਸਹੂਲਤਾਂ ਦੀ ਕਾਫ਼ੀ ਕਮੀ ਹੈ। ਸੰਨ 1969-74 ਦੌਰਾਨ ਇਥੇ ਪਈ ਔੜ ਤੋਂ ਬਾਅਦ ਲੋਕਾਂ ਦੀ ਸਿਹਤ ਵੱਲ ਅੰਤਰ ਰਾਸ਼ਟਰੀ ਸੰਸਥਾਵਾਂ ਨੇ ਅਤੇ ਇਥੋਂ ਦੀ ਸਰਕਾਰ ਨੇ ਵਿਸ਼ੇਸ਼ ਧਿਆਨ ਦਿਤਾ ਹੈ। ਨੀਆਮੇ ਅਤੇ ਜ਼ਿੰਡਰ ਵਿਖੇ ਮੁੱਖ ਹਸਪਤਾਲ ਖੋਲ੍ਹੇ ਗਏ। ਇਨ੍ਹਾਂ ਤੋਂ ਬਿਨਾਂ ਕਾਫ਼ੀ ਗਿਣਤੀ ਵਿਚ ਸਿਹਤ ਕੇਂਦਰ, ਡਿਸਪੈਂਸਰੀਆਂ ਆਦਿ ਦੇਸ਼ ਭਰ ਵਿਚ ਖੋਲ੍ਹੀਆਂ ਗਈਆਂ। ਟੀਕਿਆਂ ਨੇ ਖਸਰੇ ਅਤੇ ਚੇਚਕ ਤੋਂ ਹੋਣ ਵਾਲੀਆਂ ਮੌਤਾਂ ਵਿਚ ਕਾਫ਼ੀ ਕਮੀ ਕੀਤੀ ਹੈ ਪਰ ਮਲੇਰੀਆ ਅਤੇ ਕੁਕਰੇ ਆਦਿ ਬੀਮਾਰੀਆਂ ਅਜੇ ਵੀ ਆਪਣਾ ਪ੍ਰਕੋਪ ਵਿਖਾਂਦੀਆਂ ਹਨ। ਸੰਨ 1982 ਤਕ ਇਥੇ ਦੋ ਹਸਪਤਾਲ, 36 ਮੈਡੀਕਲ ਸੈਂਟਰ ਅਤੇ 116 ਡਿਸਪੈਂਸਰੀਆਂ ਸਨ।

ਰਸਮ ਰਿਵਾਸ—ਨਾਈਜਰ ਵਿਚ ਚਾਹੇ ਕਾਫ਼ੀ ਗਿਣਤੀ ਇਸਲਾਮ ਧਰਮ ਨੂੰ ਮੰਨਦੀ ਹੈ ਪਰ ਅੱਜ ਵੀ ਇਥੇ ਪੂਰਵ ਇਸਲਾਮੀ ਰਹੁ-ਰੀਤਾਂ ਦਾ ਦਬਦਬਾ ਹੈ। ਆਜ਼ਾਦੀ ਤੋਂ ਮਗਰੋਂ ਇਥੋਂ ਦੀ ਰਵਾਇਤੀ ਭਵਨ ਨਿਰਮਾਣ ਕਲਾ, ਹਸਤ ਕਲਾ, ਨਾਚ ਅਤੇ ਸੰਗੀਤ ਨੂੰ ਸੁਰਜੀਤ ਕਰਨ ਲਈ ਚੋਖੇ ਜਤਨ ਕੀਤੇ ਗਏ ਹਨ। ਨੀਆਮੇ ਵਿਖੇ ਇਕ ਰਾਸ਼ਟਰੀ ਅਜਾਇਬ ਘਰ ਸਥਾਪਿਤ ਕੀਤਾ ਗਿਆ ਹੈ। ਹਰ ਸਾਲ ਦਸੰਬਰ ਦੇ ਮਹੀਨੇ ਵਿਚ ਰਾਸ਼ਟਰੀ ਯੁਵਕ ਸਪਤਾਹ ਮਨਾਇਆ ਜਾਂਦਾ ਹੈ ਜਿਸ ਵਿਚ ਸੰਸਕ੍ਰਿਤਕ ਪ੍ਰੋਗਰਾਮ ਆਯੋਜਿਤ ਕੀਤੇ ਜਾਂਦੇ ਹਨ।

ਰਾਜ-ਪ੍ਰਬੰਧ

ਪ੍ਰਬੰਧਕੀ ਢਾਂਚਾ—ਸੰਨ 1960 ਵਿਚ ਨਾਈਜਰ ਨੇ ਆਜਾਦੀ ਪ੍ਰਾਪਤ ਕੀਤੀ ਅਤੇ ਹਾਮਾਨੀ ਦਿਓਰੀ ਪਹਿਲਾ ਪ੍ਰੈਜ਼ੀਡੈਂਟ ਬਣਿਆ। ਸੰਨ 1974 ਵਿਚ ਇਥੇ ਆਏ ਫ਼ੌਜੀ ਰਾਜ ਪਲਟੇ ਵਿਚ ਦਿਓਰੀ ਨੂੰ ਗੱਦੀ ਤੋਂ ਲਾਹ ਦਿੱਤਾ ਗਿਆ ਅਤੇ ਦੇਸ਼ ਦੀ ਵਾਗਡੋਰ ਲੈਫਟੀਨੈਂਟ ਕਰਨਲ ਸੇਯਨੀ ਕਾਉਂਟਚੀ ਦੇ ਹੱਥ ਆਈ। ਉਸ ਸਮੇਂ ਤੋਂ ਹੀ ਇਥੇ ਫ਼ੌਜੀ ਹਕੂਮਤ ਕਾਇਮ ਹੈ। ਕਾਰਜਕਾਰੀ ਅਤੇ ਵਿਧਾਨਕ ਜ਼ਿੰਮੇ-ਵਾਰੀਆਂ ਨਿਭਾਉਣ ਲਈ ਇਕ 15-20 ਮੈਂਬਰੀ ਕਾਂਸਲ ਮਿਲਟਰੀ ਸੁਪਰੀਮ ਹੈ ਜਿਸ ਦਾ ਸਦਰ ਕਾਂਸਲ ਪ੍ਰੈਜ਼ੀਡੈਂਟ ਹੈ। ਇਸ ਕੋਲ ਕਿਸੇ ਵੀ ਮੈਂਬਰ ਨੂੰ ਨਿਯੁਕਤ ਜਾਂ ਪਦ ਮੁਕਤ ਕਰਨ ਦੇ ਪੂਰੇ ਅਖ਼ਤਿਆਰ ਹਨ। ਸੰਨ 1974 ਵਿਚ ਫ਼ੌਜੀ ਹਕੂਮਤ ਦੇ ਕਾਇਮ ਹੋਣ ਸਮੇਂ ਇਥੋਂ ਦੇ ਸੰਵਿਧਾਨ ਨੂੰ ਮੁਲਤਵੀ ਕਰ ਦਿੱਤਾ ਗਿਆ ਅਤੇ ਨੈਸ਼ਨਲ ਅਸੈਂਬਲੀ ਦਾ ਸਥਾਨ 150 ਮੈਂਬਰਾਂ ਵਾਲੀ ਨੈਸ਼ਨਲ ਡਿਵੈਲਪਮੈਂਟ ਕਾਂਸਲ ਨੇ ਲੈ ਲਿਆ। ਇਹੀ ਕਾਂਸਲ ਸਰਕਾਰ ਨੂੰ ਦੇਸ਼ ਦੇ ਹਰ ਮਸਲੇ ਤੋਂ ਵਾਕਫ਼ ਕਰਾਉਂਦੀ ਹੈ। ਫ਼ੌਜੀ ਸਰਕਾਰ ਨੇ ਦੇਸ਼ਾਂ ਦੀਆਂ ਸਾਰੀਆਂ ਰਾਜਨੀਤਿਕ ਪਾਰਟੀਆਂ ਤੇ ਪਾਬੰਦੀ ਲਾਈ ਹੋਈ ਹੈ।

ਕਰੰਸੀ—ਫ੍ਰੈਂਕ ਇਥੋਂ ਦੀ ਮੁੱਖ ਕਰੰਸੀ ਹੈ।

ਰਾਸ਼ਟਰੀ ਗੀਤ—'La Nigerienne' ਇਥੋਂ ਦਾ ਰਾਸ਼ਟਰੀ ਗੀਤ ਹੈ।

ਰਾਸ਼ਟਰੀ ਝੰਡਾ—ਇਥੋਂ ਦਾ ਰਾਸ਼ਟਰੀ ਝੰਡਾ ਲੇਟਵੇਂ ਦਾਅ ਤਿੰਨ ਰੰਗਾਂ ਦੀਆਂ ਪੱਟੀਆਂ ਵਾਲਾ ਹੈ। ਸਭ ਤੋਂ ਉਪਰਲੀ ਪੱਟੀ ਕੇਸਰੀ ਹੈ ਅਤੇ ਹੇਠਲੀ ਹਰੀ ਹੈ। ਵਿਚਕਾਰਲੀ ਪੱਟੀ ਚਿੱਟੇ ਰੰਗ ਦੀ ਹੈ ਅਤੇ ਇਸ ਵਿਚ ਕੇਸਰੀ ਰੰਗ ਦਾ ਚੱਕਰ ਹੈ।

ਹ. ਪੁ.—ਐਨ. ਬ੍ਰਿ. ਮਾ. 8 : 700 ; ਐਨ. ਅਮੇ. 20 : 329; ਹਿੰ. ਵਿ. ਕੋ. 6 : 271; ਸਟੇ. ਯੀ. ਬੁ. 2002 : 1221

ਨਾਈਜਰ : **ਦਰਿਆ**—ਇਹ ਪੱਛਮੀ ਅਫ਼ਰੀਕਾ ਦਾ ਸਭ ਤੋਂ ਵੱਡਾ ਦਰਿਆ ਹੈ। ਨੀਲ ਤੇ ਕਾਂਗੋ ਦਰਿਆਵਾਂ ਤੋਂ ਪਿੱਛੋਂ ਮਹਾਂਦੀਪ ਦਾ ਤੀਜਾ ਵੱਡਾ ਦਰਿਆ ਹੈ। ਇਹ ਗਿੱਨੀ ਵਿਚ ਅੰਧ ਮਹਾਂਸਾਗਰ ਤੋਂ ਕੋਈ 320 ਕਿ.ਮੀ. ਦੂਰ ਫੂਟਾ ਜਲਾਨ ਪਰਬਤਾਂ ਦੀਆਂ ਪੂਰਬੀ ਢਲਾਨਾਂ ਵਿਚੋਂ ਨਿਕਲਦਾ ਹੈ। ਆਪਣੇ ਸੋਮੇ ਤੋਂ ਇਹ ਸਹਿਰਾ ਮਾਰੂਥਲ ਦੇ ਅੰਦਰ ਵੱਲ ਵਗਦਾ ਹੈ ਅਤੇ ਉਸ ਦੇ ਦੱਖਣ ਵੱਲੋਂ ਬਾਹਰ ਨਿਕਲਦਾ ਹੋਇਆ ਦੱਖਣ ਵੱਲ ਨੂੰ ਇਕ ਵੱਡਾ ਚੱਕਰ ਲਾਉਂਦਾ ਹੋਇਆ ਕੋਈ 4,200 ਕਿ.ਮੀ. ਦਾ ਰਸਤਾ ਤੈਅ ਕਰਕੇ ਗਿੱਨੀ ਖਾੜੀ ਵਿਚ ਜਾ ਡਿਗਦਾ ਹੈ।

ਨਾਈਜਰ ਦਾ ਮੌਜੂਦਾ ਮਾਰਗ ਅਸਲ ਵਿਚ ਦੋ ਪ੍ਰਾਚੀਨ ਦਰਿਆਵਾਂ ਜੋਲਾਈਬਾ (ਅਪਰ ਨਾਈਜਰ) ਅਤੇ ਕਵੋਰਾ (ਲੋਅਰ ਨਾਈਜਰ) ਦੇ ਆਪਸ ਵਿਚ ਮਿਲਣ ਨਾਲ ਹੋਂਦ ਵਿਚ ਆਇਆ। ਜੋਲਾਈਬਾ ਜੋ ਸਹਿਰਾ ਮਾਰੂਥਲ ਵਿਚ ਇਕ ਖਾਰੀ ਝੀਲ ਜੂਫ ਜੋ ਅੱਜਕੱਲ੍ਹ ਸੁਕ ਚੁੱਕੀ ਹੈ, ਵਿਚ ਖ਼ਤਮ ਹੁੰਦਾ ਸੀ, ਦੇ ਲਗਾਤਾਰ ਉੱਤਰ ਵੱਲ ਨੂੰ ਵੱਧਦਾ ਆਇਆ ਜਦੋਂ ਕਿ ਕਵੋਰਾ ਸਹਿਰਾ ਵਿਚ ਅਹੱਗਰ ਪਰਬਤਾਂ ਵਿਚੋਂ ਨਿਕਲਦਾ ਸੀ ਅਤੇ ਹੌਲੀ ਹੌਲੀ ਆਪਣਾ ਰੁੱਖ ਬਦਲਦਾ ਇਸ ਵੱਲ ਆਉਂਦਾ ਗਿਆ।

ਉਪਰਲੇ ਨਾਈਜਰ ਵਿਚ ਗਿੰਨੀ ਅੰਦਰ ਕਾੱਉਰਾਉਸਾ ਤੋਂ ਹੇਠਾਂ ਬਾਮਾਕੋ ਤੀਕ ਜਹਾਜ਼ਰਾਨੀ ਹੁੰਦੀ ਹੈ। ਇਸ ਦੇ ਰਾਹ ਵਿਚ ਕਾਉਲੀਕੋਰੋ ਦੇ ਨੇੜੇ ਆਉਂਦੀਆਂ ਆਬਸ਼ਾਰਾਂ ਤੋਂ ਬਚਣ ਲਈ ਸਾੱਟੂਬਾ ਨਹਿਰਾਂ ਦੀ ਵਰਤੋਂ ਕਰ ਲਈ ਜਾਂਦੀ ਹੈ। ਸੱਜੇ ਪਾਸਿਉਂ ਸਰਵੀਰੀ ਦੇ ਨੇੜੇ ਇਸ ਦੀ ਸਹਾਇਕ ਨਦੀ ਮੀਲੋ ਇਸ ਵਿਚ ਆ ਕੇ ਮਿਲਦੀ ਹੈ। ਵਿਚਕਾਰਲਾ ਨਾਈਜਰ ਸਹਿਰਾ ਦੀ ਹੱਦ ਪਾਰ ਕਰਦਾ ਹੈ ਅਤੇ ਕਈ ਸ਼ਾਖਾਵਾਂ ਵਿਚ ਵੰਡਿਆ ਜਾਣ ਕਾਰਨ ਇਸ ਹਿੱਸੇ ਨੂੰ ਅੰਦਰੂਨੀ ਡੈਲਟਾ ਹੀ ਕਿਹਾ ਜਾਂਦਾ ਹੈ। ਸੰਨ 1947 ਵਿਚ ਫ਼ਰਾਂਸੀਸੀਆਂ ਨੇ ਦਰਿਆ ਉਪਰ ਇਕ ਬਹੁਤ ਵੱਡਾ ਡੈਮ ਬਣਾਇਆ ਜਿਹੜਾ ਸਿੰਜਾਈ ਦੇ ਕੰਮਾਂ ਲਈ ਵਰਤਿਆ ਜਾਂਦਾ ਹੈ ਅਤੇ ਇਸ ਦੀ ਸਹਾਇਤਾ ਨਾਲ ਇਸ ਖੇਤਰ ਵਿਚ ਕਪਾਹ, ਚੌਲ ਅਤੇ ਹੋਰ ਫਸਲਾਂ ਦੀ ਪੈਦਾਵਾਰ ਕੀਤੀ ਜਾਂਦੀ ਹੈ। ਬਾਨੀ ਦਰਿਆ, ਵਿਚਕਾਰਲੇ ਨਾਈਜਰ ਦਾ ਮੁੱਖ ਸਹਾਇਕ ਦਰਿਆ ਹੈ ਜਿਹੜਾ ਮੋਪਤੀ ਦੇ ਸਥਾਨ ਤੇ ਇਸ ਨਾਲ ਮਿਲ ਜਾਂਦਾ ਹੈ। ਇਥੇ ਹਰ ਸਾਲ ਵੱਡੀ ਮਾਤਰਾ ਵਿਚ ਰੇਤ ਜਮ੍ਹਾਂ ਹੋਈ ਜਾਂਦੀ ਹੈ ਅਤੇ ਸਿੱਟੇ ਵਜੋਂ ਟਿਮਬੁਕਟੂ ਸ਼ਹਿਰ ਤੋਂ ਨਾਈਜਰ 11 ਕਿ.ਮੀ. ਪਰਾਂ ਹਟ ਗਿਆ ਹੈ ਜਿਸ ਕਰਕੇ ਹੁਣ ਇਸ ਸਹਿਰਾ ਨੂੰ ਕਾਬਾਰਾ ਦੀ ਬੰਦਰਗਾਹ ਵਰਤਣੀ ਪੈਂਦੀ ਹੈ। ਇਥੋਂ ਇਹ ਦਰਿਆ ਦੱਖਣ ਵੱਲ ਮੁੜਦਾ ਹੈ ਅਤੇ ਇਕ ਡੂੰਘੀ ਘਾਟੀ ਰਾਹੀਂ ਗੁਜ਼ਰਦਾ ਹੋਇਆ ਫਿਰ ਆਪਣਾ ਇਕ ਹੀ ਮਾਰਗ ਬਣਾ ਲੈਂਦਾ ਹੈ। ਨਾਈਜਰ ਦਾ ਹੇਠਲਾ ਮਾਰਗ ਆਬਸ਼ਾਰਾਂ ਵਾਲਾ ਹੈ ਅਤੇ ਨਾਈਜੀਰੀਆ ਵਿਚ ਜੈਬਾ ਤੋਂ ਅੱਗੇ ਜਾ ਕੇ ਨਾਈਜਰ ਗਣਰਾਜ ਹੀ ਜਹਾਜ਼ਰਾਨੀ ਯੋਗ ਹੈ। ਜੈਬਾ ਤੋਂ 100 ਕਿ. ਮੀ. ਉਪਰ ਕਾਇਜੀ ਨਾਂ ਦਾ ਡੈਮ ਬਣਾਇਆ ਗਿਆ ਜਿਸ ਰਾਹੀਂ ਦਰਿਆ ਦੇ ਵਹਾਅ ਨੂੰ ਕਾਬੂ ਕੀਤਾ ਗਿਆ ਹੈ, ਸਿੰਜਾਈ ਲਈ ਨਹਿਰਾਂ ਕੱਢੀਆਂ ਗਈਆਂ ਹਨ ਅਤੇ ਜਲ-ਬਿਜਲੀ ਪੈਦਾ ਕੀਤੀ ਜਾਂਦੀ ਹੈ।

ਗਿੰਨੀ ਦੀ ਖਾੜੀ ਤੋਂ ਕੋਈ 400 ਕਿ.ਮੀ. ਉਪਰ ਇਸ ਦਾ ਸਹਾਇਕ ਦਰਿਆ ਬੀਨੂੰ ਇਸ ਨੂੰ ਪੂਰਬ ਵੱਲੋਂ ਆ ਕੇ ਮਿਲਦਾ ਹੈ। ਇਹ ਦੋਵੇਂ ਦਰਿਆ ਨਾਈਜੀਰੀਆ ਦੀ ਆਵਾਜਾਈ ਦੇ ਮਹੱਤਵ-ਪੂਰਨ ਮਾਰਗ ਹਨ। ਅਖ਼ੀਰ ਨੂੰ ਨਾਈਜਰ ਇਕ ਵਧੀਆ ਸਮੁੰਦਰੀ ਡੈਲਟਾ ਬਣਾਉਂਦਾ ਹੋਇਆ ਸਾਗਰ ਵਿਚ ਲੋਪ ਹੋ ਜਾਂਦਾ ਹੈ। ਇਸ ਡੈਲਟੇ ਦੇ ਬਹੁਤ ਸਾਰੇ ਮਾਰਗ ਅਜਿਹੇ ਹਨ ਜਿਥੇ ਸਮੁੰਦਰੀ ਜਹਾਜ਼ ਆ ਜਾ ਸਕਦੇ ਹਨ। ਪਹਿਲਾਂ ਇਨ੍ਹਾਂ ਮਾਰਗਾਂ ਰਾਹੀਂ ਪਾਮ ਤੇਲ ਅਤੇ ਗੁਲਾਮਾਂ ਦਾ ਵਪਾਰ ਹੁੰਦਾ ਸੀ ਜਿਸ ਕਰਕੇ ਇਨ੍ਹਾਂ ਨੂੰ ਤੇਲ ਵਾਲੇ ਦਰਿਆ ਵੀ ਕਿਹਾ ਜਾਂਦਾ ਹੈ।

ਨਾਈਜਰ ਦੇ ਬੇਤਰਤੀਬੇ ਜਿਹੇ ਮਾਰਗ ਕਰਕੇ ਲੰਬੇ ਸਮੇਂ ਤੀਕ ਯੂਰਪੀਆਂ ਲਈ ਇਹ ਇਕ ਅਜੀਬ ਜਿਹਾ ਤੇ ਭੇਦ-ਭਰਿਆ ਦਰਿਆ ਬਣਿਆ ਰਿਹਾ ਅਤੇ ਮਹਾਨ ਭੂਗੋਲ ਵਿਗਿਆਨੀ ਟਾੱਲਮੀ ਦੇ ਸਮੇਂ (ਦੂਜੀ ਸਦੀ ਈਸਵੀ) ਤੋਂ ਹੀ ਇਸ ਦਾ ਭੁਲੇਖਾ ਸੈਨੀਗਾਲ, ਨੀਲ ਅਤੇ ਕਾਂਗੋ ਦਰਿਆਵਾਂ ਨਾਲ ਪੈਂਦਾ ਰਿਹਾ। ਇਸ ਦਾ ਪੂਰਾ ਭੇਦ ਪਾਉਣ ਲਈ ਬਹੁਤ ਖੋਜੀਆਂ ਨੇ ਯੋਗਦਾਨ ਪਾਇਆ। ਅਖ਼ੀਰ 1786 ਈ. ਵਿਚ ਮੂੰਗੋ ਪਾਰਕ ਨੇ ਇਸ ਦੇ ਮਾਰਗ ਦੀ ਸਹੀ ਤਸਵੀਰ ਪੇਸ਼ ਕੀਤੀ ਅਤੇ ਇਸ ਪਿੱਛੋਂ 1830 ਈ. ਵਿਚ ਰਿਚਰਡ ਅਤੇ ਜਾਨ ਲੈਂਡਰ ਨੇ ਲੋਕਾਂ ਨੂੰ ਸਪਸ਼ਟ ਕੀਤਾ ਕਿ 'ਤੇਲ ਵਾਲੇ ਦਰਿਆ' ਅਸਲ ਵਿਚ ਨਾਈਜਰ ਦੀਆਂ ਹੀ ਗਿੰਨੀ ਖਾੜੀ ਵਾਲੀਆਂ ਸ਼ਾਖਾਵਾਂ ਹਨ।

9° 05′ ਉ. ਵਿਥ.; 10° 47′ ਪੱ. ਲੰਬ.

ਹ. ਪੁ.—ਐਨ. ਬ੍ਰਿ. ਮਾ. 13 : 97

ਨਾਈਜੀਰੀਆ : ਇਹ ਪੱਛਮੀ ਅਫ਼ਰੀਕਾ ਦੇ ਤਟੀ ਦੇਸ਼ਾਂ ਵਿਚੋਂ ਇਕ ਵਿਸ਼ਾਲ ਦੇਸ਼ ਹੈ। ਫ਼ੈਡਰਲ ਰਿਪਬਲਿਕ ਆਫ਼ ਨਾਈ-ਜੀਰੀਆ ਦੇ ਨਾਉਂ ਨਾਲ ਜਾਣੇ ਜਾਣ ਵਾਲੇ ਇਸ ਦੇਸ਼ ਦਾ ਰਕਬਾ 9,23,800 ਵ.ਕਿ.ਮੀ ਅਤੇ ਆਬਾਦੀ 12,66,36,000 (2001) ਹੈ। ਪੱਛਮ ਵੱਲੋਂ ਇਸ ਦੀਆਂ ਹੱਦਾਂ ਬੈਨਨ, ਉੱਤਰ ਵੱਲੋਂ ਨਾਈਜਰ, ਪੂਰਬ ਵੱਲੋਂ ਕੈਮਰੂਨ ਤੇ ਚਾਡ ਅਤੇ ਦੱਖਣ ਵੱਲ ਗਿਨੀ ਦੀ ਖਾੜੀ ਨਾਲ ਲਗਦੀਆਂ ਹਨ। ਅੰਗਰੇਜ਼ੀ ਇਥੋਂ ਦੀ ਰਾਜ ਭਾਸ਼ਾ ਅਤੇ ਅਬੂਜਾ ਰਾਜਧਾਨੀ ਹੈ।

ਭੂ-ਆਕ੍ਰਿਤੀ ਵਿਗਿਆਨ

ਧਰਾਤਲ—ਨਾਈਜੀਰੀਆ ਮਹਾਨ ਅਫ਼ਰੀਕੀ ਮਹਾਂਦੀਪੀ ਪਠਾਰ ਦੇ ਹੇਠਲੇ ਪਾਸੇ ਵਾਕਿਆ ਹੈ ਜਿਸ ਦੀ ਢਲਾਣ ਦੱਖਣ-ਪੂਰਬ ਤੋਂ ਉੱਤਰ-ਪੱਛਮ ਵੱਲ ਨੂੰ ਹੈ। ਇਸ ਦੇ ਪੰਜ ਭੂਗੋਲਿਕ ਖੰਡ ਹਨ—(1) ਦੱਖਣੀ ਤੱਟ ਤੇ ਨਾਈਜਰ ਨਦੀ ਦਾ ਦਲਦਲੀ ਅਤੇ ਰੇਤਲਾ ਖੇਤਰ, (2) ਕੇਂਦਰੀ ਭਾਗ ਵਿਚ ਸਥਿਤ ਨਾਈਜਰ-ਬੇਨਵੇ ਘਾਟੀ, (3) ਉੱਤਰ ਵੱਲ ਉਦੀ ਅਤੇ ਜੋਸ ਪਠਾਰ, (4) ਉੱਤਰ-ਪੂਰਬ ਵੱਲ ਚਾਡ ਝੀਲ ਖੇਤਰ ਅਤੇ (5) ਪੂਰਬ ਵੱਲ ਕੈਮਰੂਨ ਪਰਬਤ ਦੇ ਜਵਾਲਾਮੁਖੀ ਖੇਤਰ। ਦੇਸ਼ ਭਰ ਵਿਚ 610 ਮੀ. ਤੋਂ 915 ਮੀ. ਅਤੇ 1,220 ਮੀ. ਤਕ ਉੱਚੀਆਂ ਕਈ ਪਠਾਰਾਂ ਹਨ। ਜੋਸ ਪਠਾਰ ਦੇਸ਼ ਦੇ ਕੇਂਦਰੀ ਹਿੱਸੇ ਵਿਚ ਵਾਕਿਆ ਹੈ ਅਤੇ ਇਹ ਇਥੋਂ ਦੀ ਸਭ ਤੋਂ ਉੱਚੀ ਪਠਾਰ ਹੈ। ਜੋਸ ਅਤੇ ਬਿਨ ਪਠਾਰਾਂ ਉੱਤੇ ਕਈ ਬੁਝੇ ਹੋਏ ਜਵਾਲਾ-ਮੁਖੀ ਕੋਨ ਮਿਲਦੇ ਹਨ। ਇਨ੍ਹਾਂ ਜਵਾਲਾਮੁਖੀ ਪਹਾੜੀਆਂ ਦੇ ਕ੍ਰੇਟਰ ਨੂੰ ਬਹੁਤ ਜ਼ਿਆਦਾ ਸੁਰੱਖਿਅਤ ਰੱਖਿਆ ਹੋਇਆ ਹੈ। ਕਈ ਥਾਵਾਂ ਤੇ ਇਥੋਂ ਤੀਕ ਕਿ ਜਵਾਲਾਮੁਖੀ-ਝੀਲਾਂ ਵੀ ਮਿਲਦੀਆਂ ਹਨ। ਨਾਈ-ਜਰ ਦਰਿਆ ਦੇ ਪੱਛਮ ਅਤੇ ਦੱਖਣ ਵੱਲ ਦਾ ਹਿੱਸਾ ਨੀਵਾਂ ਪਰ ਪਹਾੜੀ ਹੈ। ਦੇਸ਼ ਦੇ ਉੱਤਰ ਕੇਂਦਰੀ ਅਤੇ ਪੱਛਮੀ ਭਾਗ ਉੱਚੇ ਮੈਦਾਨੀ ਅਤੇ ਤੰਗ ਵਾਦੀਆਂ ਵਾਲੇ ਹਨ। ਇਸ਼ਾਨ, ਯੂਦੀ ਐਨਸੂਕਾ ਅਤੇ ਅਵਾਕਾ ਉਰਲੂ ਖੇਤਰ ਦੀਆਂ ਰੇਤਲੀਆਂ ਚਟਾਨਾਂ ਵਿਚ ਗੁੰਬਦਨੁਮਾ ਪਹਾੜ ਹਨ।

ਜਲ ਪ੍ਰਵਾਹ—ਨਾਈਜਰ ਹੀ ਦੇਸ਼ ਦਾ ਸਭ ਤੋਂ ਵੱਡਾ ਦਰਿਆ ਹੈ ਜਿਹੜਾ ਨਾਈਜਰ ਅਤੇ ਬੈਨਨ ਗਣਰਾਜਾਂ ਤੋਂ ਦੱਖਣ-ਪੂਰਬ ਵੱਲ ਵਗਦਾ ਹੈ ਅਤੇ ਇਥੇ ਇਸ ਵਿਚ ਬੇਨਵੇ ਦਰਿਆ ਆ ਕੇ ਮਿਲ ਜਾਂਦਾ ਹੈ। ਇਸ ਸੰਗਮ ਉਪਰ ਇਕ ਬੰਨ੍ਹ ਬਣਾ ਕੇ ਨਾਈਜਰ ਦਰਿਆ ਦੇ ਪਾਣੀ ਨੂੰ ਕੈਂਜੀ ਝੀਲ ਵਿਚ ਇਕੱਠਾ ਕੀਤਾ ਗਿਆ ਹੈ। ਨਾਈਜਰ-ਬੇਨਵੇ ਨੇ ਦੇਸ਼ ਦਾ ਲਗਭਗ 3/5 ਹਿੱਸਾ ਮੱਲਿਆ ਹੋਇਆ ਹੈ ਅਤੇ ਇਥੇ ਹੀ ਦੇਸ਼ ਭਰ ਦੇ ਬਹੁਤੇ ਇਲਾਕਿਆਂ ਲਈ ਪਣ ਬਿਜਲੀ ਦਾ ਉਤਪਾਦਨ ਹੁੰਦਾ ਹੈ।

ਇਨ੍ਹਾਂ ਦਰਿਆਵਾਂ ਤੋਂ ਇਲਾਵਾ ਸੋਕਟੋ, ਕਡੂਨਾ ਅਤੇ ਗਾ-ਗੋਲਾ ਦਰਿਆ ਉੱਤਰ-ਪੱਛਮੀ ਹਿੱਸੇ ਵਿਚ ਵਹਿੰਦੇ ਹਨ। ਚਾਡ ਝੀਲ ਜਿਸ ਦਾ ਕੁਝ ਹਿੱਸਾ ਹੀ ਨਾਈਜੀਰੀਆ ਵਿਚ ਹੈ, ਬਰਸਾਤ ਦੇ ਮੌਸਮ ਵਿਚ ਲਗਭਗ 78,000 ਵ.ਕਿ.ਮੀ. ਖੇਤਰ ਵਿਚ ਫੈਲ ਜਾਂਦੀ ਹੈ ਜਦੋਂ ਕਿ ਖੁਸ਼ਕ ਮੌਸਮ ਦੌਰਾਨ ਇਸ ਅਧੀਨ ਕੁੱਲ ਖੇਤਰ ਵਿਚੋਂ ਕੇਵਲ 1/4 ਹਿੱਸਾ ਹੀ ਰਹਿ ਜਾਂਦਾ ਹੈ ਅਤੇ ਇਸ ਨਾਲ ਦਲਦਲਾਂ ਜਿਹੀਆਂ ਬਣ ਜਾਂਦੀਆਂ ਹਨ।

ਜਲਵਾਯੂ—ਇਥੋਂ ਦੀ ਜਲਵਾਯੂ ਊਸ਼ਣ-ਖੰਡੀ ਹੈ। ਤਟੀ ਖੇਤਰਾਂ ਵਿਚ ਤਾਪਮਾਨ 32° ਸੈਂ. (90° ਫ਼ਾ) ਤੋਂ ਵੱਧ ਨਹੀਂ ਹੁੰਦਾ ਪਰ ਫਿਰ ਵੀ ਨਮੀ ਦੀ ਮਾਤਰਾ ਕਾਫ਼ੀ ਜ਼ਿਆਦਾ ਹੈ। ਅੰਦਰੂਨੀ ਖੇਤਰਾਂ ਵਿਚ ਸਿਲ੍ਹਾ ਮੌਸਮ ਅਪ੍ਰੈਲ ਤੋਂ ਅਕਤੂਬਰ ਦੌਰਾਨ ਅਤੇ ਖੁਸ਼ਕ ਮੌਸਮ ਨਵੰਬਰ ਤੋਂ ਮਾਰਚ ਦੌਰਾਨ ਹੁੰਦਾ ਹੈ। ਗਰਮੀਆਂ ਵਿਚ ਤਾਪਮਾਨ ਅਕਸਰ ਹੀ 38° ਸੈਂ. (100° ਫਾ) ਤੋਂ ਵਧ ਜਾਂਦਾ ਹੈ। ਇਸ ਤੋਂ ਇਲਾਵਾ ਦੋ ਤਰ੍ਹਾਂ ਦੇ ਜਲਵਾਯੂ ਪੁੰਜ-ਸਮੁੰਦਰੀ ਭੂ-ਮੱਧ ਰੇਖੀ ਅਤੇ ਮਹਾਂਦੀਪੀ ਊਸ਼ਣ ਖੰਡੀ ਵੀ ਇਥੋਂ ਦੀ ਜਲਵਾਯੂ ਤੇ ਅਸਰ ਪਾਉਂਦੇ ਹਨ। ਇਨ੍ਹਾਂ ਵਿਚੋਂ ਸਮੁੰਦਰੀ ਭੂ-ਮੱਧ ਰੇਖੀ ਵਾਯੂ-ਪੁੰਜ ਦੱਖਣ-ਪੱਛਮੀ ਮਾਨਸੂਨ ਪੌਣਾਂ ਨਾਲ ਸਬੰਧ ਰੱਖਦੇ ਹਨ ਅਤੇ ਵਰਖਾ ਕਰਦੇ ਹਨ ਜਦੋਂ ਕਿ ਮਹਾਂਦੀਪੀ ਊਸ਼ਣ-ਖੰਡੀ ਵਾਯੂ-ਪੁੰਜ ਸਹਿਰਾ ਮਾਰੂਥਲ ਤੋਂ ਚੱਲਣ ਵਾਲੀਆਂ ਖੁਸ਼ਕ ਅਤੇ ਧੂੜ ਭਰਪੂਰ ਪੌਣਾਂ ਜਿਨ੍ਹਾਂ ਨੂੰ ਹਾਰਮਟਨ ਕਿਹਾ ਜਾਂਦਾ ਹੈ, ਨਾਲ ਸਬੰਧ ਰੱਖਦੇ ਹਨ ਅਤੇ ਇਨ੍ਹਾਂ ਕਰਕੇ ਗਰਮੀ ਵਧੇਰੇ ਹੁੰਦੀ ਹੈ, ਖੁਸ਼ਕ ਪੌਣਾਂ (ਜਿਨ੍ਹਾਂ ਨੂੰ ਹਾਰਮਟਨ ਕਿਹਾ ਜਾਂਦਾ ਹੈ, ਅਤੇ ਜੋ ਸਹਾਰਾ ਮਾਰੂਥਲ ਤੋਂ ਚਲਦੀਆਂ ਹਨ, ਕਾਰਨ ਉੱਤਰੀ ਇਲਾਕਿਆਂ ਵਿਚ ਗਰਮੀ ਵਧੇਰੇ ਹੁੰਦੀ ਹੈ। ਤੱਟੀ ਇਲਾਕਿਆਂ ਵਿਚ ਔਸਤਨ ਵਰਖਾ 1,780 ਮਿ.ਮੀ. (70 ਇੰਚ) ਤੋਂ 4,323 ਮੀਂ. (170 ਇੰਚ) ਤਕ ਹੁੰਦੀ ਹੈ ਜਿਹੜੀ ਅੰਦਰੂਨੀ ਇਲਾਕਿਆਂ ਵਿਚ ਘਟਦੀ ਘਟਦੀ ਧੁਰ ਉੱਤਰੀ ਖੇਤਰਾਂ ਵਿਚ ਸਿਰਫ਼ 509 ਮਿ. ਮੀ. (20 ਇੰਚ) ਹੀ ਰਹਿ ਜਾਂਦੀ ਹੈ।

ਬਨਸਪਤੀ ਅਤੇ ਜੀਵ ਜੰਤੂ—ਨਾਈਜੀਰੀਆ ਤਿੰਨ ਖੰਡਾਂ-ਤੱਟੀ ਖੰਡ, ਸਵਾਨਾ ਖੰਡ ਅਤੇ ਪਾਰਕਲੈਂਡ ਖੰਡ ਵਿਚ ਵੰਡਿਆ ਹੋਇਆ ਹੈ। ਤੱਟੀ ਖੰਡ ਭੂ ਮਧ ਰੇਖੀ ਜੰਗਲਾਂ ਵਾਲਾ ਹੈ। ਲੈਗਾਸ ਨਜ਼ਦੀਕ ਇਸ ਦੀ ਚੌੜਾਈ ਘੱਟ ਹੈ ਪਰ ਪੂਰਬ ਵੱਲ ਕੈਮਰੂਨ ਦੀਆਂ ਹੱਦਾਂ ਨਾਲ ਇਹ ਚੌੜਾਈ ਕਾਫ਼ੀ ਜ਼ਿਆਦਾ ਹੈ। ਨਾਈਜਰ ਡੈਲਟੇ ਦੇ ਧੁਰ ਦੱਖਣੀ ਹਿੱਸੇ ਵਿਚ ਤਾਜ਼ੇ ਪਾਣੀ ਦੀ ਦਲਦਲਾ ਅਤੇ ਮੈਂਗ੍ਰੋਵ ਦੇ ਜੰਗਲ ਹਨ। ਇਨ੍ਹਾਂ ਤੋਂ ਬਿਨਾਂ ਸਖ਼ਤ ਅਤੇ ਨਰਮ ਲੱਕੜ ਦੇ ਰੁੱਖਾਂ ਦੀ ਵੀ ਬਹੁਤਾਤ ਹੈ। ਤਾੜ ਦੇ ਰੁੱਖ ਵੀ ਭਾਰੀ ਗਿਣਤੀ ਵਿਚ ਉਗਦੇ ਹਨ।

ਸਵਾਨਾ ਖੰਡ ਵਿਚ ਲੰਬੇ ਘਾਹ ਤੋਂ ਇਲਾਵਾ ਰਲੇ ਮਿਲੇ ਸਵਾਨਾ ਲਕੜੀ ਦੇ ਜੰਗਲ ਹਨ। ਇਸ ਖੰਡ ਵਿਚ ਵੱਖਰੀ ਕਿਸਮ ਦਾ ਸਿਲ੍ਹਾ ਮੌਸਮ ਹੈ ਜਿਹੜਾ ਨਵੰਬਰ ਵਿਚ ਸ਼ੁਰੂ ਹੁੰਦਾ ਹੈ। ਬੋਬਾਬ ਅਤੇ ਇਮਲੀ ਦੇ ਦਰਖ਼ਤ ਇਥੇ ਮਿਲਦੇ ਹਨ।

ਪਾਰਕਲੈਂਡ ਖੰਡ ਵਿਚ ਬਨਸਪਤੀ ਕਾਫ਼ੀ ਘੱਟ ਹੈ। ਰੁੱਖ ਘੱਟ ਅਤੇ ਕੰਡਿਆਲੀਆਂ ਝਾੜੀਆਂ ਵਧੇਰੇ ਹਨ। ਰੁੱਖਾਂ ਦੇ ਪੱਤੇ ਛੋਟੇ ਛੋਟੇ ਹਨ ਅਤੇ ਇਹ ਵੀ ਖੁਸ਼ਕ ਮੌਸਮ ਵਿਚ ਗਿਰ ਜਾਂਦੇ ਹਨ। ਘਸਮੈਲੇ ਰੰਗ ਵਾਲੇ ਤਾੜ, ਬੋਬਾਬਾ, ਲੋਕਸਟ ਫ਼ਲੀਆਂ ਅਤੇ ਸ਼ੀਆ ਬਟਰ ਦੇ ਦਰਖ਼ਤ ਮਿਲਦੇ ਹਨ।

ਚਿੰਪੈਂਜ਼ੀ, ਗੁਰੀਲੇ, ਅਫ਼ਰੀਕੀ ਜੰਗਲੀ ਕੁੱਤੇ, ਚੀਤੇ, ਹਾਥੀ, ਜਿਰਾਫ਼, ਸ਼ੇਰ, ਮਗਰਮੱਛ ਅਤੇ ਕਈ ਤਰ੍ਹਾਂ ਦੇ ਸੱਪ ਇਥੋਂ ਦੇ ਜੰਗਲਾਂ ਵਿਚ ਆਮ ਕਰਕੇ ਵੇਖਣ ਨੂੰ ਮਿਲਦੇ ਹਨ।

ਮਿੱਟੀ—ਜਲਵਾਯੂ ਅਤੇ ਬਨਸਪਤੀ ਖੰਡਾਂ ਨਾਲ ਮੇਲ ਖਾਂਦੀ ਇਥੇ-ਸਾਹਿਲੀ ਦਲਦਲੀ ਤੇ ਜਲੌਢੀ, ਬਰਸਾਤੀ ਜੰਗਲੀ, ਲੇਟਰਾਈਟ ਅਤੇ ਉੱਤਰ ਵੱਲ ਰੇਤਲੀ ਮਿੱਟੀ ਦੀਆਂ ਕਿਸਮਾਂ ਮਿਲਦੀਆਂ ਹਨ।

ਇਤਿਹਾਸ

ਨਾਈਜੀਰੀਆ ਦਾ ਇਤਿਹਾਸ ਨੋਕ ਲੋਕਾਂ ਤੋਂ ਸ਼ੁਰੂ ਹੁੰਦਾ ਹੈ ਜਿਹੜੇ ਜੋਸ ਪਠਾਰ ਉਪਰ ਨਾਈਜਰ ਤੇ ਬੇਨਵੇ ਦਰਿਆਵਾਂ ਦੇ ਸੰਗਮ ਦੇ ਉੱਤਰੀ ਖੇਤਰ ਵਿਚ ਚੌਥੀ ਸਦੀ ਈ. ਪੂ. ਤੋਂ ਦੂਜੀ ਸਦੀ ਤਕ ਰਹੇ ਅਤੇ ਆਪਣੇ ਵਿਕਸਤ ਸਭਿਆਚਾਰ ਦੀ ਛਾਪ ਇਥੇ ਛੱਡੀ। ਬਾਅਦ ਵਿਚ ਬੋਰਨੂ ਦੇ ਕਾਨੂਰੀ ਹੈਉਸਾ ਅਤੇ ਫੁਲਾਨੀ ਲੋਕ ਇਥੋਂ ਦੇ ਉੱਤਰੀ ਖੇਤਰ ਵਿਚ ਆ ਵਸੇ। ਗਿਆਰ੍ਹਵੀਂ ਸਦੀ ਦੇ ਅੰਤ ਤਕ ਕੇਨਮ ਸਾਮਰਾਜ ਜਿਸ ਵਿਚ ਬੋਰਨੂ ਪਰਾਵਿੰਸ ਵੀ ਸ਼ਾਮਲ ਸੀ, ਚਾਡ ਝੀਲ ਦੇ ਪੂਰਬ ਅਤੇ ਪੱਛਮ ਵਿਚ ਫੈਲਦਾ ਹੋਇਆ ਹੈਉਸਾ ਖੇਤਰਾਂ ਨੂੰ ਵੀ ਆਪਣੇ ਵਿਚ ਸ਼ਾਮਲ ਕਰਦਾ ਗਿਆ। 13 ਵੀਂ. ਸਦੀ ਵਿਚ ਉੱਤਰੀ ਖੇਤਰਾਂ ਵਿਚ ਇਸਲਾਮ ਦਾ ਬੋਲ ਬਾਲਾ ਹੋ ਗਿਆ ਜਿਸ ਨਾਲ ਇਥੋਂ ਦੇ ਲੋਕਾਂ ਦੇ ਧਾਰਮਿਕ ਅਤੇ ਸਮਾਜਿਕ ਜੀਵਨ ਕਾਫ਼ੀ ਪ੍ਰਭਾਵਤ ਹੋਏ। 14ਵੀਂ ਸਦੀ ਦੇ ਅੰਤ ਵਿਚ ਕੇਨਮ ਸਾਮਰਾਜ ਦਾ ਪਤਨ ਹੋ ਗਿਆ ਅਤੇ ਇਹ ਸਿਰਫ਼ ਬੋਰਨੂ ਪਰਾਵਿੰਸ ਤੱਕ ਹੀ ਸੀਮਤ ਰਹਿ ਗਿਆ।

ਇਸੇ ਦੌਰਾਨ ਬੋਰਨੂ ਦੇ ਪੱਛਮ ਵਿਚ ਸਥਿਤ ਕੁਝ ਕੁ ਹੈਉਸਾ ਰਾਜਾਂ ਨੇ ਸੁਡਾਨ ਦੀ ਸੌਂਗਹਾਈ ਰਾਜ ਤੋਂ ਮੁਕਤੀ ਪ੍ਰਾਪਤ ਕਰ ਲਈ। ਬਹੁਤ ਸਾਰੇ ਫੁਲਾਨੀ ਲੋਕ ਹੈਉਸਾ ਰਾਜ ਵਿਚ ਆ ਕੇ ਵੱਸ ਗਏ। ਇਹ ਲੋਕ ਵਧੇਰੇ ਕਰਕੇ ਖਾਨਾਬਦੋਸ਼ ਸਨ ਪਰ ਇਨ੍ਹਾਂ ਵਿਚੋਂ ਕੁਝ ਸਥਾਈ ਤੌਰ ਤੇ ਹੀ ਇਥੋਂ ਦੇ ਸ਼ਹਿਰਾਂ ਵਿਚ ਆਬਾਦ ਹੋ ਗਏ ਅਤੇ ਹੈਉਸ ਲੋਕਾਂ ਵਿਚ ਹੀ ਰਚ ਮਿਚ ਗਏ।

ਲਗਭਗ 19 ਵੀਂ ਸਦੀ ਦੇ ਸ਼ੁਰੂ ਵਿਚ ਫੁਲਾਨੀ ਅਮੀਰਾਂ ਨੇ ਕਈ ਰਿਆਸਤਾਂ ਉਪਰ ਆਪਣਾ ਰਾਜ ਕਾਇਮ ਕਰਕੇ ਫੁਲਾਨੀ ਸਾਮਰਾਜ ਦੀ ਬੁਨਿਆਦ ਰੱਖੀ ਜਿਹੜਾ ਪੱਛਮ ਵਿਚ ਗਾਂਡੋ ਤੋਂ ਲੈ ਕੇ ਪੂਰਬ ਵਿਚ ਬੋਰਨੂ ਨੂੰ ਛੱਡ ਕੇ ਐਡਾਮਾਵਾ ਤਕ ਫੈਲ ਗਿਆ। ਬੋਰਨੂ ਅਤੇ ਹੈਉਸਾ ਖੇਤਰਾਂ ਦੇ ਦੱਖਣ ਵੱਲ ਯੋਰਾਬਾ ਅਤੇ ਬੈਨਨ ਰਾਜ ਸਨ ਜਿਨ੍ਹਾਂ ਅਧੀਨ ਬਾਅਦ ਵਿਚ ਨਾਈਜੀਰੀਆ ਦਾ ਪੱਛਮੀ ਖੇਤਰ ਅਤੇ ਇਬੋ ਦਾ ਖੇਤਰ ਪੂਰਬੀ ਖੇਤਰ ਵਜੋਂ ਜਾਣਿਆ ਜਾਣ ਲੱਗਾ।

ਨਾਈਜੀਰੀਆ ਵਿਚ ਆਉਣ ਵਾਲੇ ਸਭ ਤੋਂ ਪਹਿਲੇ ਯੂਰਪੀ ਲੋਕ ਪੁਰਤਗਾਲੀ ਸਨ ਜਿਹੜੇ 15 ਵੀਂ ਸਦੀ ਵਿਚ ਇਥੇ ਆਏ ਅਤੇ ਬੈਨਨ ਲੋਕਾਂ ਨਾਲ ਗੁਲਾਮਾਂ ਦੀ ਤਜਾਰਤ ਆਰੰਭ ਕੀਤੀ। 17ਵੀਂ ਸਦੀ ਤਕ ਬਰਤਾਨਵੀ ਗੁਲਾਮਾਂ ਦੇ ਭਰੇ ਜਹਾਜ਼ ਇਥੇ ਆਉਣ ਲੱਗੇ। ਇਹ ਵਪਾਰ ਆਮ ਕਰਕੇ ਨਾਈਜਰ ਡੈਲਟਾ ਅਤੇ ਦੂਜੇ ਦਰਿਆਵਾਂ ਦੇ ਕੰਢਿਆਂ ਤੇ ਵਸੇ ਵੱਖ ਵੱਖ ਕਬੀਲਿਆਂ ਦੇ ਸਰਦਾਰਾਂ ਨਾਲ ਹੁੰਦਾ ਸੀ। ਇਸ ਤਜਾਰਤੀ ਕਾਲ ਦੌਰਾਨ ਕਿਸੇ ਵੀ ਯੂਰਪੀ ਕੌਮ ਨੇ ਨਾਈਜੀਰੀਆ ਦੇ ਕਿਸੇ ਵੀ ਹਿੱਸੇ ਨੂੰ ਆਪਣੇ ਅਧੀਨ ਲਿਆਉਣ ਦਾ ਜਤਨ ਨਾ ਕੀਤਾ।

ਸੰਨ 1807 ਵਿਚ ਬਰਤਾਨੀਆਂ ਨੇ ਇਸ ਵਪਾਰ ਉਪਰ ਪਾਬੰਦੀ ਲਗਾ ਦਿੱਤੀ ਪਰ ਕਿਉਂਕਿ ਦੂਜੇ ਦੇਸ਼ਾਂ ਦੇ ਗੁਲਾਮਾਂ ਭਰੇ ਜਹਾਜ਼ ਐਟਲਾਂਟਿਕ ਪਾਰ ਜਾਂਦੇ ਸਨ ਇਸ ਲਈ ਇਹ ਵਪਾਰ ਇਥੇ ਹੀ ਸਮਾਪਤ ਨਾ ਹੋਇਆ। ਗੁਲਾਮਾਂ ਦੇ ਵਪਾਰਕ ਜਹਾਜ਼ਾਂ ਨੂੰ ਫੜਨ ਲਈ ਪੱਛਮੀ ਅਫ਼ਰੀਕਾ ਦੇ ਤੱਟ ਤੇ ਇਕ ਬਰਤਾਨਵੀ ਨੌਸੈਨਿਕ ਟੁਕੜੀ ਤੈਨਾਤ ਕੀਤੀ ਗਈ ਅਤੇ ਬਰਤਾਨਵੀ ਵਪਾਰਕ ਬੇੜੇ ਤਾੜ ਦੇ ਤੇਲ ਅਤੇ ਦੂਜੇ ਪਦਾਰਥਾਂ ਦਾ ਵਪਾਰ ਕਰਨ ਲੱਗੇ। ਉਸ ਸਮੇਂ ਸਮੁੰਦਰ ਤੋਂ ਦੂਰ ਇਲਾਕਿਆਂ ਬਾਰੇ ਇਨ੍ਹਾਂ ਨੂੰ ਵਧੇਰੇ ਜਾਣਕਾਰੀ ਪ੍ਰਾਪਤ ਨਹੀਂ ਸੀ ਪਰ ਹੁਣ ਬਹੁਤ ਸਾਰੇ ਯੂਰਪੀ ਖੋਜੀਆਂ ਨੇ ਇਸ ਪਾਸੇ ਆਪਣੀ ਖ਼ੋਜ ਆਰੰਭ ਕਰ ਦਿੱਤੀ। ਇਸ ਪਿੱਛੇ ਵਪਾਰਕ ਉਦੇਸ਼ ਦੇ ਨਾਲ ਨਾਲ ਇਨ੍ਹਾਂ ਦਾ ਵਧੇਰੇ ਮਿਸ਼ਨਰੀਆਂ ਨੂੰ ਇਥੇ ਭੇਜਣ ਦਾ ਧਾਰਮਿਕ ਉਦੇਸ਼ ਵੀ ਸੀ। ਇੰਜ ਅਫ਼ਰੀਕਾ ਦਾ ਪਛੜਿਆ ਹੋਇਆ ਮਹਾਂਦੀਪ ਮਿਸ਼ਨਰੀਆਂ ਅਤੇ ਖ਼ੋਜੀਆਂ ਲਈ ਇਕ ਵੰਗਾਰ ਬਣ ਕੇ ਸਾਹਮਣੇ ਆਇਆ।

ਸੰਨ 1861 ਵਿਚ ਬਰਤਾਨੀਆਂ ਦਾ ਲੇਗਾਸ ਨੂੰ ਖਰੀਦਣਾ, ਨਾਈਜੀਰੀਆ ਉਪਰ ਕੰਟਰੋਲ ਕਰਨ ਦਾ ਪਹਿਲਾ ਕਦਮ ਬਣਿਆ। ਸੰਨ 1886 ਵਿਚ ਨਾਈਜੀਰੀਆ ਇਕ ਵੱਖਰੀ ਨੌਆਬਾਦੀ ਵਜੋਂ ਵਿਕਸਿਤ ਹੋਇਆ ਅਤੇ 1914 ਈ. ਵਿਚ ਇਹ ਖੇਤਰ ਨਾਈ-ਜੀਰੀਆ ਦਾ ਸੁਰੱਖਿਆ ਅਧੀਨ ਰਾਜ ਅਤੇ ਨੌਆਬਾਦੀ ਬਣ ਗਿਆ। ਇਥੋਂ ਦੇ ਮੂਲ ਲੋਕ ਬਰਤਾਨਵੀਆਂ ਨੂੰ ਪਸੰਦ ਨਹੀਂ ਕਰਦੇ ਸਨ। ਇਸ ਲਈ ਇਸ ਹਕੂਮਤ ਵਿਰੁੱਧ ਕਾਫ਼ੀ ਬਗਾਵਤਾਂ ਹੋਈਆਂ। ਔਰਤਾਂ ਨੇ ਵੀ ਇਸ ਜਦੋਜਹਿਦ ਵਿਚ ਵੱਧ ਚੜ੍ਹ ਕੇ ਹਿੱਸਾ ਲਿਆ। ਇਨ੍ਹਾਂ ਦਾ ਭਾਰੀ ਜਾਨੀ ਨੁਕਸਾਨ ਹੋਇਆ ਪਰ ਬਰਤਾਨਵੀ ਹਕੂਮਤ ਨੂੰ ਪੂਰਬੀ ਖੇਤਰਾਂ ਵਿਚ ਆਪਣੀਆਂ ਨੀਤੀਆਂ ਨੂੰ ਸੁਧਾਰਨਾ ਪਿਆ। ਸੰਨ 1950 ਵਿਚ ਇਥੇ ਨਵਾਂ ਸੰਵਿਧਾਨ ਲਾਗੂ ਹੋਇਆ ਅਤੇ ਸੰਘੀ ਢਾਂਚਾ ਬਣਿਆ ਜਿਸ ਨਾਲ ਕੇਂਦਰੀ ਅਤੇ ਤਿੰਨ ਖੇਤਰੀ ਵਿਧਾਨ ਮੰਡਲਾਂ ਦਰਮਿਆਨ ਸਰਕਾਰੀ ਤਾਕਤ ਤਕਸੀਮ ਕੀਤੀ ਗਈ। ਸੰਨ 1960 ਵਿਚ ਨਾਈਜੀਰੀਆ ਕਾੱਮਨਵੈਲਥ ਆਫ ਨੇਸ਼ਨਜ਼ ਦਾ ਇਕ ਸੁਤੰਤਰ ਦੇਸ਼ ਬਣ ਕੇ ਸੰਯੁਕਤ ਰਾਸ਼ਟਰ ਦੇ ਦੇਸ਼ਾਂ ਵਿਚ ਸ਼ਾਮਲ ਹੋ ਗਿਆ।

ਸੰਨ 1963 ਵਿਚ ਇਹ ਇਕ ਗਣਤੰਤਰ ਬਣਿਆ ਅਤੇ ਖੇਤਰਾਂ ਨੂੰ ਪਹਿਲਾਂ 12 ਰਾਜਾਂ ਵਿਚ ਅਤੇ ਮਗਰੋਂ 19 ਰਾਜਾਂ ਵਿਚ ਵੰਡਿਆ ਗਿਆ। ਸੰਨ 1966 ਵਿਚ ਹੈਉਸਾ ਅਤੇ ਇਥੋ ਲੋਕਾਂ ਦਰਮਿਆਨ ਹੋਏ ਖ਼ੂਨ ਖ਼ਰਾਬੇ ਵਿਚ ਇਥੋ ਲੋਕ ਹਜ਼ਾਰਾਂ ਦੀ ਗਿਣਤੀ ਵਿਚ ਮਾਰੇ ਗਏ ਅਤੇ ਇਨ੍ਹਾਂ ਵਿਚੋਂ ਬਹੁਤ ਸਾਰੇ ਇਥੋਂ ਪੂਰਬੀ ਖੇਤਰ ਵਿਚ ਆਪਣੇ ਮੂਲ ਕਬਾਇਲੀ ਵੱਲ ਭੱਜ ਗਏ। ਸੰਨ 1966 ਵਿਚ ਨਾਈਜੀਰੀਆ ਵਿਚ ਫ਼ੌਜੀ ਹਕੂਮਤ ਕਾਇਮ ਹੋਈ। ਸੰਵਿਧਾਨ ਨੂੰ ਮੁਅੱਤਲ ਕਰ ਦਿੱਤਾ ਗਿਆ। ਸਾਰੇ ਖੇਤਰਾਂ ਨੂੰ ਕੰਟਰੋਲ ਕਰਨ ਲਈ ਫ਼ੌਜੀ ਗਵਰਨਰ ਭੇਜੇ ਗਏ। ਅਗਲੇ ਹੀ ਸਾਲ ਪਹਿਲੇ ਪੂਰਬੀ ਖੇਤਰ ਨੇ ਆਪਣੇ ਆਪ ਨੂੰ ਬੀਐਫ਼ਰਾ ਦਾ ਗਣਤੰਤਰ ਐਲਾਨ ਕਰ ਦਿੱਤਾ ਜਿਸ ਦੇ ਸਿੱਟੇ ਵਜੋਂ ਦੇਸ਼ ਵਿਚ ਘਰੇਲੂ ਜੰਗ ਸ਼ੁਰੂ ਹੋ ਗਈ। ਸੰਨ 1969 ਤਕ ਸੰਘੀ ਫ਼ੌਜੀਆਂ ਨੇ ਬਰਤਾਨੀਆਂ ਅਤੇ ਸੋਵੀਅਤ ਸੰਘ ਦੀ ਸਹਾਇਤਾ ਨਾਲ ਬੀਐਫ਼ਰਾ ਦਾ ਕਾਫ਼ੀ ਹਿੱਸਾ ਆਪਣੇ ਕਬਜ਼ੇ ਵਿਚ ਕਰ ਲਿਆ ਅਤੇ 1970 ਈ. ਵਿਚ ਬੀਐਫ਼ਰਾਂ ਨੇ ਆਪਣੇ ਹਥਿਆਰ ਸੁਟ ਦਿੱਤੇ। ਸੰਨ 1970 ਦੇ ਪੂਰੇ ਦਹਾਕੇ ਵਿਚ ਇਥੇ ਫ਼ੌਜੀ ਹਕੂਮਤ ਕਾਇਮ ਰਹੀ ਅਤੇ 1979 ਈ. ਵਿਚ ਮੁੜ ਸਿਵਲ ਹਕੂਮਤ ਕਾਇਮ ਹੋਈ। ਅਲਹਾਜੀ ਸ਼ੀਹੂ ਸ਼ਾਗਾਰੀ ਭਾਰੀ ਬਹੁਮਤ ਨਾਲ ਇਥੋਂ ਦਾ ਪਹਿਲਾ ਪ੍ਰੈਜ਼ੀਡੈਂਟ ਚੁਣਿਆ ਗਿਆ। ਦਸੰਬਰ, 1983 ਵਿਚ ਇਥੇ ਮੁੜ ਫ਼ੌਜੀ ਹਕੂਮਤ ਕਾਇਮ ਹੋਈ ਅਤੇ ਜਨਵਰੀ, 1984 ਵਿਚ ਮੇਜਰ ਜਨਰਲ ਮੁਹੰਮਤ ਬੁਹਰੀ ਨੇ ਸੁਪਰੀਮ ਫ਼ੌਜੀ ਕਾਂਸਲ ਦੀ ਸਥਾਪਨਾ ਕੀਤੀ।

ਅਗਸਤ, 1985 ਵਿਚ ਮੁੜ ਰਾਜ ਪਲਟਾ ਆਇਆ ਅਤੇ ਇਕ 29 ਮੈਂਬਰੀ ਆਰਮਡ ਫੋਰਸਿਜ਼ ਰੂਲਿੰਗ ਕਾਂਸਲ ਨੇ 30 ਅਗਸਤ, 1985 ਨੂੰ ਤਖ਼ਤ ਸੰਭਾਲਿਆ।

ਆਰਥਿਕਤਾ

ਇਥੋਂ ਦੀ ਆਰਥਿਕਤਾ ਦਾ ਮੁੱਖ ਆਧਾਰ ਖੇਤੀਬਾੜੀ ਅਤੇ ਪੈਟਰੋਲੀਅਮ ਦਾ ਉਤਪਾਦਨ ਹੈ। ਨਾਈਜੀਰੀਆ ਅਫ਼ਰੀਕਾ ਦੇ ਉਨ੍ਹਾਂ ਕੁਝ ਦੇਸ਼ਾਂ ਵਿਚੋਂ ਇਕ ਹੈ ਜਿਥੋਂ ਦੀ ਆਰਥਿਕਤਾ ਮਿਸ਼੍ਰਿਤ, ਵਿਵਿਧ ਅਤੇ ਤਕੜੀ ਹੈ।

ਕੁਦਰਤੀ ਸਾਧਨ—ਪੈਟਰੋਲੀਅਮ ਦੇ ਉਤਪਾਦਨ ਨੇ ਇਸ ਦੇਸ਼ ਦੇ ਵਿਕਾਸ ਵਿਚ ਸਭ ਤੋਂ ਵੱਧ ਹਿੱਸਾ ਪਾਇਆ ਹੈ। ਸੰਨ 1960 ਦੇ ਸ਼ੁਰੂ ਵਿਚ ਡੈਲਟਾ ਅਤੇ ਤਟੀ ਖੇਤਰਾਂ ਵਿਚ ਸਭ ਤੋਂ ਪਹਿਲਾਂ ਤੇਲ ਦੇ ਖੂਹਾਂ ਵਿਚੋਂ ਤੇਲ ਕੱਢਿਆ ਗਿਆ। ਸੰਨ 1965 ਵਿਚ ਬੀਐਫਰਾਈ ਜੰਗਾਂ ਦੇ ਬਾਵਜੂਦ ਇਥੋਂ ਦੀਆਂ ਤੇਲ ਕੰਪਨੀਆਂ ਨੇ ਤੇਲ ਕੱਢਣ ਦਾ ਕੰਮ ਜਾਰੀ ਰੱਖਿਆ। ਸੰਨ 1974 ਤਕ ਇਹ ਸੰਸਾਰ ਭਰ ਵਿਚ ਸੱਤਵਾਂ ਤੇਲ ਉਤਪਾਦਕ ਦੇਸ਼ ਬਣ ਗਿਆ। ਪੋਰਟ ਹਾਰਕਰਟ, ਵਾਰੀ ਅਤੇ ਕਦੂਨਾ ਵਿਖੇ ਤੇਲ ਸਾਫ਼ ਕਰਨ ਦੇ ਕਾਰਖ਼ਾਨੇ ਸਥਾਪਿਤ ਹਨ। ਕੁਲ ਨਿਰਯਾਤ ਕਰਨ ਵਾਲੀਆਂ ਵਸਤਾਂ ਵਿਚੋਂ 95 ਪ੍ਰਤੀਸ਼ਤ ਨਿਰਯਾਤ ਤੇਲ ਦਾ ਹੁੰਦਾ ਹੈ। ਸੰਨ 1992 ਵਿਚ 96.99 ਮਿਲੀਅਨ ਟਨ ਤੇਲ ਦਾ ਉਤਪਾਦਨ ਹੋਇਆ।

ਤੇਲ ਤੋਂ ਇਲਾਵਾ ਇਥੇ ਟਿਨ ਅਤੇ ਕੋਲੰਬਾਈਟ, ਕੈਸਿ-ਟੇਰਾਈਟ, ਚੂਨੇ ਦਾ ਪੱਥਰ ਅਤੇ ਸੰਗਮਰਮਰ ਵੀ ਮਿਲਦਾ ਹੈ ਪਰ ਅੱਜਕੱਲ੍ਹ ਟਿਨ ਦੀ ਮਾਤਰਾ ਕਾਫ਼ੀ ਘੱਟ ਗਈ ਹੈ। ਘਰੇਲੂ ਸਟੀਲ ਉਦਯੋਗ ਲਈ ਇਥੇ ਕੋਲਾ ਅਤੇ ਲੋਹਾ ਵੀ ਉਪਲਬਧ ਹੈ। ਥੋੜ੍ਹੀ ਜਿਹੀ ਮਾਤਰਾ ਵਿਚ ਸੋਨਾ ਅਤੇ ਯੂਰੇਨੀਅਮ ਵੀ ਮਿਲਦਾ ਹੈ। ਕੁਦਰਤੀ ਗੈਸ ਦੇ ਉਤਪਾਦਨ ਵਿਚ ਵੀ ਵਾਧਾ ਹੋਇਆ ਹੈ। ਆਫ਼ਮ, ਉਘੇਲੀ ਅਤੇ ਯੂਟੋਰੋਗੂ ਦੇ ਇਲੈਕਟ੍ਰਿਕ ਪਾਵਰ ਸਟੇਸ਼ਨ ਕੁਦਰਤੀ ਗੈਸ ਦੀ ਵਰਤੋਂ ਕਰਦੇ ਹਨ।

ਖੇਤੀਬਾੜੀ—ਇਥੋਂ ਦੀ ਮਿੱਟੀ ਉਪਜਾਊ ਹੈ। ਇਸੇ ਕਾਰਨ ਦੇਸ਼ ਦੀ ਕੁੱਲ ਆਮਦਨੀ ਦਾ 1/5 ਹਿੱਸਾ ਖੇਤੀਬਾੜੀ ਮੁਹੱਈਆ ਕਰਦੀ ਹੈ। 1960 ਵਿਆਂ ਦੇ ਦਹਾਕੇ ਵਿਚ ਦੇਸ਼ ਵਿਚ ਪੈਣ ਵਾਲੇ ਸੋਕੇ, ਘੱਟ ਕੀਮਤਾਂ ਅਤੇ ਨੌਜਵਾਨਾਂ ਦੇ ਵਡੇ ਪੈਮਾਨੇ ਤੇ ਸ਼ਹਿਰਾਂ ਵਿਚ ਪਰਵਾਸ ਕਰਨ ਕਾਰਨ ਖੇਤੀਬਾੜੀ ਦੇ ਉਤਪਾਦਨ ਵਿਚ ਕਾਫ਼ੀ ਮੰਦਾ ਆਇਆ ਹੈ। ਮੱਕੀ, ਸੌਰਗਮ, ਕਸਾਵਾ, ਚੌਲ, ਕਚਾਲੂ ਅਤੇ ਸ਼ਕਰਕੰਦੀ ਆਦਿ ਫਸਲਾਂ ਦੇਸ਼ ਦੀ ਵਸੋਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਕਾਫ਼ੀ ਨਹੀਂ ਹਨ। ਕੋਕੋ ਹੀ ਸਿਰਫ਼ ਅਜਿਹੀ ਵਸਤੂ ਹੈ ਜਿਹੜੀ ਨਾ ਸਿਰਫ਼ ਦੇਸ਼ ਦੀ ਆਪਣੀ ਹੀ ਜ਼ਰੂਰਤ ਪੂਰਾ ਕਰਦੀ ਹੈ ਸਗੋਂ ਨਿਰਯਾਤ ਵੀ ਕੀਤੀ ਜਾਂਦੀ ਹੈ। ਸੰਨ 1998 ਵਿਚ 30,409 ਹਜ਼ਾਰ ਟਨ ਕੋਕੋ ਦਾ ਉਤਪਾਦਨ ਹੋਇਆ। ਇਥੋਂ ਦੀ ਖ਼ੁਰਾਕ ਸਬੰਧੀ ਸਮੱਸਿਆ ਨੂੰ ਹਲ ਕਰਨ ਲਈ ਵਿਸ਼ਵ ਬੈਂਕ ਵੱਲੋਂ ਇਥੋਂ ਦੀ ਸਰਕਾਰ ਨੂੰ ਕਾਫ਼ੀ ਮਦਦ ਉਪਲਬੱਧ ਹੈ। ਸੰਨ 1970 ਤੋਂ ਚੌਲ ਦੇ ਆਯਾਤ ਵਿਚ ਤੇਜ਼ੀ ਨਾਲ ਵਾਧਾ ਹੋਇਆ ਹੈ। ਸੰਨ 1985-86 ਤੋਂ ਘਰੇਲੂ ਉਤਪਾਦਨ ਵਿਚ ਵਾਧਾ ਕਰਨ ਹਿਤ ਚੌਲ, ਮੱਕੀ ਅਤੇ ਬਨਸਪਤੀ ਤੇਲਾਂ ਉਪਰ ਪਾਬੰਦੀ ਲਗਾਈ ਗਈ ਹੈ।

ਦੇਸ਼ ਦਾ 1/3 ਤੋਂ ਜ਼ਿਆਦਾ ਹਿੱਸਾ ਜੰਗਲਾਂ ਅਧੀਨ ਹੈ। ਏਪ, ਸੈਪੇਲ ਅਤੇ ਕਲਾਬਾਰ ਵਿਖੇ ਪਲਾਈਵੁੱਡ ਦੀਆਂ ਫੈਕਟਰੀਆਂ ਲਾਈਆਂ ਗਈਆਂ ਹਨ। ਇਨ੍ਹਾਂ ਤੋਂ ਬਿਨਾਂ ਬਹੁਤ ਸਾਰੀਆਂ ਆਰਾ ਮਿਲਾਂ ਵੀ ਚਾਲੂ ਹੋਈਆਂ। ਮਹਾਗਨੀ, ਇਰੋਕੋ, ਆਬਨੂਸ, ਅਤੇ ਕੈਮ-ਲੱਕੜ ਇਨ੍ਹਾਂ ਜੰਗਲਾਂ ਵਿਚੋਂ ਮਿਲਣ ਵਾਲੀ ਵਿਸ਼ੇਸ਼ ਲੱਕੜੀ ਹੈ।

ਉਦਯੋਗ—ਵਿਕਾਸਸ਼ੀਲ ਦੇਸ਼ ਹੋਣ ਦੇ ਬਾਵਜੂਦ ਇਥੋਂ ਦੇ ਉਦਯੋਗ ਵਧੇਰੇ ਵਿਕਸਿਤ ਨਹੀਂ ਹਨ। ਸਿਰਫ਼ ਛੋਟੇ ਪੈਮਾਨੇ ਦੇ ਉਦਯੋਗ ਹੀ ਪ੍ਰਚੱਲਤ ਹਨ। ਕਪੜੇ ਦਾ ਉਦਯੋਗ ਪ੍ਰਮੁੱਖ ਹੈ ਪਰ ਇਹ ਉਦਯੋਗ ਵੀ ਬਾਹਰੋਂ ਤਸਕਰੀ ਕੀਤੇ ਕਪੜੇ ਦੇ ਮੁਕਾਬਲੇ ਵਿਚ ਆ ਜਾਣ ਕਾਰਨ ਵਧੇਰੇ ਪ੍ਰਫੁਲਤ ਨਹੀਂ ਹੋ ਸਕਿਆ। ਮੱਛੀ ਫੜਨ ਦਾ ਉਦਯੋਗ ਕਾਫ਼ੀ ਵਿਕਸਤ ਹੋ ਰਿਹਾ ਹੈ। ਸੰਨ 1982 ਵਿਚ ਡੈਲਟਾ ਸਟੀਲ ਪਲਾਂਟ ਅੱਰਵੀਅਨ ਵਿਖੇ ਚਾਲੂ ਕੀਤਾ ਗਿਆ ਹੈ। ਸਾਬਣ, ਸਿਗਰਟ, ਬੀਅਰ, ਮੂੰਗਫਲੀ ਦਾ ਤੇਲ, ਮੀਟ, ਕੇਕ, ਮਾਰਜਰੀਨ, ਫਲਾਂ ਦਾ ਰਸ, ਡੱਬਾ ਬੰਦ ਖਾਧ ਪਦਾਰਥ, ਪਲਾਈ, ਕੁੰਭਕਾਰੀ ਦੀਆਂ ਵਸਤਾਂ, ਸਾਈਕਲ, ਖਾਦ ਅਤੇ ਪਲਾਸਟਿਕ ਦੀਆਂ ਵਸਤਾਂ ਵੀ



ਨਾਈਜੀਰੀਆ ਵਿਖੇ ਮੰਡੀ ਵਿਚ ਚਿਣੀਆਂ ਪਈਆਂ ਮੂੰਗਫਲੀ ਦੀਆਂ ਬੋਰੀਆਂ

ਬਣਾਈਆਂ ਜਾਂਦੀਆਂ ਹਨ। ਇਨ੍ਹਾਂ ਉਦਯੋਗਾਂ ਲਈ ਥਰਮਲ ਅਤੇ ਪਣ ਬਿਜਲੀ ਪਲਾਂਟ ਬਿਜਲੀ ਮੁਹੱਈਆ ਕਰਦੇ ਹਨ। ਸੰਨ 1988 ਵਿਚ ਬੈਨਡਲ ਰਾਜ ਵਿਚ ਵਾਰੀ ਦੇ ਨੇੜੇ ਏਕਪਾਨ ਅਤੇ ਕਦੂਨਾ ਵਿਖੇ ਦੋ ਪੈਟਰੋ-ਕੈਮਿਕਲ ਪਲਾਂਟ ਸਥਾਪਿਤ ਕੀਤੇ ਗਏ।



ਉੱਤਰੀ ਨਾਈਜੀਰੀਆ ਦੀ ਰਾਜਧਾਨੀ ਕਦੂਨਾ ਵਿਖੇ ਗਲੀ ਵਿਚ ਫੇਰੀ ਲਾਉਂਦੀਆਂ ਦੋ ਔਰਤਾਂ

ਆਵਾਜਾਈ—ਅਫ਼ਰੀਕਾ ਦੇ ਸਾਰੇ ਦੇਸ਼ਾਂ ਵਿਚ ਨਾਈਜੀਰੀਆ ਵਿਚ ਵਧੀਆ ਸੜਕਾਂ ਅਤੇ ਰੇਲ ਪਟੜੀਆਂ ਦਾ ਨਿਰਮਾਣ ਹੋਇਆ ਹੈ। ਇਕ ਵੱਡੇ ਸ਼ਾਹਰਾਹ ਰਾਹੀਂ ਲੇਗਾਸ ਨੂੰ ਈਬਾਦਨ ਨਾਲ ਜੋੜਿਆ ਗਿਆ ਹੈ। ਪ੍ਰਮੁੱਖ ਬੰਦਰਗਾਹਾਂ ਦਾ ਆਧੁਨਿਕੀਕਰਣ ਕੀਤਾ ਗਿਆ ਹੈ। ਲੇਗਾਸ, ਪੋਰਟ ਹਾਰਕਰਟ, ਵਾਰੀ ਅਤੇ ਕਲਾਬਾਰ ਇਥੋਂ ਦੀਆਂ ਪ੍ਰਮੁੱਖ ਬੰਦਰਗਾਹਾਂ ਹਨ।

ਇਥੋਂ ਦੀ ਹਵਾਈ ਸੇਵਾ ਵੀ ਕਾਫ਼ੀ ਵਿਕਸਤ ਹੈ। ਦੇਸ਼ੀ ਉਡਾਨਾਂ ਤੋਂ ਬਿਨਾਂ ਯੂਰਪ, ਸੰਯੁਕਤ ਰਾਜ ਅਮਰੀਕਾ, ਮਿਡ ਈਸਟ, ਦੱਖਣੀ ਅਤੇ ਪੱਛਮੀ ਅਫ਼ਰੀਕਾ ਲਈ ਹਵਾਈ ਸੇਵਾ ਉਪਲਬੱਧ ਹੈ। ਲੇਗਾਸ ਵਿਖੇ ਅੰਤਰਰਾਸ਼ਟਰੀ ਹਵਾਈ ਅੱਡਾ ਹੈ।

ਵਪਾਰ—ਨਾਈਜੀਰੀਆ ਦੇ ਇੰਗਲੈਂਡ, ਜਰਮਨੀ, ਫ਼ਰਾਂਸ ਅਤੇ ਜਾਪਾਨ ਨਾਲ ਵਧੀਆ ਵਪਾਰਕ ਸਬੰਧ ਹਨ। ਤੇਲ ਦਾ ਨਿਰਯਾਤ ਕੀਤਾ ਜਾਂਦਾ ਹੈ। ਇਸ ਤੋਂ ਬਿਨਾਂ ਕੋਕੋ ਨੂੰ ਬਾਹਰਲੇ ਦੇਸ਼ਾਂ ਵਿਚ ਭੇਜਿਆ ਜਾਂਦਾ ਹੈ।

ਲੋਕ

ਆਬਾਦੀ ਦੀ ਔਸਤ ਘਣਤਾ 137.1 ਵਿਅਕਤੀ ਪ੍ਰਤੀ ਵ.ਕਿ.ਮੀ. (2001) ਦੀ ਹੈ। ਲੋਕਾਂ ਦੀ ਵਧੇਰੇ ਆਬਾਦੀ ਕਰਾੱਸ ਦਰਿਆ ਦੇ ਪੱਛਮ ਵਿਚ ਜੰਗਲਾਤੀ ਪੱਟੀ ਲੇਗਾਸ ਅਤੇ ਪੋਰਟ ਹਾਰਕਰਟ, ਧੁਰ ਉੱਤਰ ਦੇ ਪੱਛਮੀ ਹਿੱਸੇ, ਸੋਕੋਟੋ ਅਤੇ ਕਾਨੋ ਕੈਟਸਿਨਾ ਇਲਾਕਿਆਂ ਵਿਚ ਹੈ। ਚਾਡ ਝੀਲ ਦਾ ਬੇਸਨ, ਕਰਾਸ ਦਰਿਆਈ ਬੇਸਨ ਅਤੇ ਮੱਧ ਵਰਤੀ ਪੱਟੀ ਦੇ ਵਿਸ਼ਾਲ ਖੇਤਰ ਵਸੋਂ ਰਹਿਤ ਹਨ। ਪਿਛਲੇ ਕੁਝ ਸਾਲਾਂ ਵਿਚ ਨਾਈਜੀਰੀਆ ਦੀ ਵਸੋਂ ਬੜੀ ਤੇਜ਼ ਰਫ਼ਤਾਰ ਨਾਲ ਵਧੀ ਹੈ। ਸਿੱਟੇ ਵਜੋਂ ਇਥੋਂ ਦੀ ਆਰਥਿਕਤਾ ਵਿਚ ਸੁਧਾਰ ਹੋਣ ਦੇ ਬਾਵਜੂਦ ਲੋਕਾਂ ਨੂੰ ਵਧੇਰੇ ਲਾਭ ਨਹੀਂ ਹੋਇਆ। ਸਰਕਾਰ ਅਤੇ ਪ੍ਰਾਈਵੇਟ ਅਦਾਰਿਆਂ ਦੇ ਪਰਿਵਾਰ ਨਿਯੋਜਨ ਅਪਣਾਉਣ ਸਬੰਧੀ ਅਵੇਸਲੇਪਣ ਕਾਰਨ ਪਿਛਲੇ 60 ਸਾਲਾਂ ਵਿਚ ਆਬਾਦੀ ਵਿਚ ਲਗਭਗ ਚਾਰ ਗੁਣਾ ਵਾਧਾ ਹੋਇਆ ਹੈ।

ਲੋਕਾਂ ਵਿਚ ਬਹੁ-ਵਿਆਹ ਪ੍ਰਥਾ ਪ੍ਰਚੱਲਤ ਹੈ ਅਤੇ ਇਹ ਲੋਕ ਸੰਯੁਕਤ ਪਰਿਵਾਰਾਂ ਵਿਚ ਰਹਿਣਾ ਵਧੇਰੇ ਪਸੰਦ ਕਰਦੇ ਹਨ। ਇਨ੍ਹਾਂ

ਦਾ ਰਹਿਣ ਸਹਿਣ ਇਤਿਹਾਸਕ ਅਤੇ ਧਾਰਮਿਕ ਸਿੱਧਾਂਤਾਂ 'ਤੇ ਆਧਾਰਤ ਹੈ। ਸੰਨ 1970 ਤੋਂ ਬਾਅਦ ਸੁਡਾਨ, ਕੈਮਰੂਨ, ਘਾਨਾ, ਬੈਨਨ ਅਤੇ ਭੂ ਮੱਧ ਰੇਖੀ ਗਿੱਨੀ ਵਿਚ ਪ੍ਰਵਾਸ ਕੀਤੇ ਬਹੁਤ ਲੋਕ ਵਾਪਸ ਨਾਈਜੀਰੀਆ ਪਰਤ ਆਏ ਹਨ। ਹੈਉਸਾ, ਫੁਲਾਨੀ, ਯੋਰੂਬਾ ਇਬੋ, ਕਾਨੂਰੀ ਟਿਵ, ਈਡੋ, ਨੂਪੇ ਇਬੀਬੀਓ ਅਤੇ ਇਜਾ ਆਦਿ ਦਸ ਪ੍ਰਮੁੱਖ ਗਰੁਪਾਂ ਦੇ ਲੋਕ 90% ਦੇ ਕਰੀਬ ਹਨ।

ਧਰਮ—ਨਾਈਜੀਰੀਆ ਵਿਚ 200 ਤੋਂ ਵੀ ਵੱਧ ਨਸਲਾਂ ਦੇ ਲੋਕ ਰਹਿੰਦੇ ਹਨ। ਹਰ ਇਕ ਨਸਲ ਦੇ ਆਪਣੇ ਰਸਮ, ਰਿਵਾਜ਼ ਰਿਵਾਇਤਾਂ ਅਤੇ ਭਾਸ਼ਾਵਾਂ ਹਨ। ਵੀਹਵੀਂ ਸਦੀ ਦੇ ਅੰਤ ਵਿਚ ਲਗਭਗ ਅੱਧੀ ਆਬਾਦੀ ਮੁਸਲਮਾਨਾਂ ਦੀ ਅਤੇ 1/3 ਦੇ ਕਰੀਬ ਆਬਾਦੀ ਈਸਾਈਆਂ ਦੀ ਹੈ। ਬਹੁਤ ਸਾਰੇ ਲੋਕ ਜੀਵਾਤਮਾਵਾਂ ਵਿਚ ਯਕੀਨ ਰੱਖਦੇ ਹਨ। ਨਾਈਜੀਰੀਆ ਦੇ ਉੱਤਰ ਵਿਚ ਮੁਸਲਮਾਨ, ਦੱਖਣ ਵਿਚ ਈਸਾਈ ਅਤੇ ਪੱਛਮ ਵਿਚ ਈਸਾਈ, ਮੁਸਲਮਾਨ ਅਤੇ ਅਧਿਆਤਮਵਾਦੀ ਰਹਿੰਦੇ ਹਨ।

ਬੋਲੀ—ਹੈਉਸਾ ਭਾਸ਼ਾ ਇਥੇ ਸਭ ਤੋਂ ਵੱਧ ਬੋਲੀ ਜਾਂਦੀ ਹੈ। ਇਸ ਤੋਂ ਇਲਾਵਾ ਯੋਰੂਬਾ ਅਤੇ ਇਬੋ ਭਾਸ਼ਾਵਾਂ ਵੀ ਬੋਲੀਆਂ ਜਾਂਦੀਆਂ ਹਨ। ਰਾਜ ਭਾਸ਼ਾ ਅੰਗਰੇਜ਼ੀ ਸਿਰਫ਼ ਸ਼ਹਿਰਾਂ ਵਿਚ ਰਹਿਣ ਵਾਲੇ ਲੋਕ ਹੀ ਬੋਲਦੇ ਹਨ।

ਰਸਮ ਰਿਵਾਜ—ਨਾਈਜੀਰੀਆ ਦੀ ਸੰਸਕ੍ਰਿਤੀ ਦਾ ਵਿਰਸਾ ਕਾਫ਼ੀ ਅਮੀਰ ਹੈ ਜਿਸ ਉਪਰ ਵੱਖ ਵੱਖ ਨਸਲਾਂ, ਅਰਬੀ ਅਤੇ ਪੱਛਮੀ ਯੂਰਪੀ ਸੰਸਕ੍ਰਿਤੀਆਂ ਦਾ ਵੀ ਕਾਫ਼ੀ ਪ੍ਰਭਾਵ ਹੈ। ਪਹਿਲਾਂ ਪਹਿਲ ਆਪ ਤੋਂ ਵੱਡੇ ਲੋਕਾਂ ਨੂੰ ਇੱਜ਼ਤ ਦਾ ਪਾਤਰ ਮੰਨਿਆ ਜਾਂਦਾ ਸੀ। ਪਿੰਡ ਦੇ ਮੁੱਖੀ ਅਤੇ ਕਬੀਲੇ ਦਾ ਸਰਦਾਰ ਆਮ ਤੌਰ ਤੇ ਬਜ਼ੁਰਗ ਆਦਮੀ ਨੂੰ ਹੀ ਬਣਾਇਆ ਜਾਂਦਾ ਸੀ।

ਸਿੱਖਿਆ—ਪਿਛਲੇ ਕੁਝ ਸਾਲਾਂ ਤੋਂ ਵਿਦਿਆ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਸੰਨ 1970 ਦੇ ਦਹਾਕੇ ਵਿਚ ਨੌਂ ਯੂਨੀਵਰਸਿਟੀਆਂ ਅਤੇ ਕਾਲਜ ਦੇਸ਼ ਭਰ ਵਿਚ ਖੋਲ੍ਹੇ ਹਨ। ਸੰਨ 1994 ਵਿਚ 38,649 ਪ੍ਰਾਇਮਰੀ ਸਕੂਲ ਅਤੇ 6,987 ਸੈਕੰਡਰੀ ਅਤੇ ਟਰਸ਼ਰੀ ਸਕੂਲ ਸਨ। ਸੰਨ 1995 ਤੱਕ ਇਥੇ 13 ਯੂਨੀ-ਵਰਸਿਟੀਆਂ, 2 ਖੇਤੀਬਾੜੀ ਅਤੇ 5 ਤਕਨੀਕੀ ਯੂਨੀਵਰਸਿਟੀਆਂ, 21 ਬਹੁ-ਤਕਨੀਕੀ, 7 ਕਾਲਜ ਅਤੇ 2 ਇੰਸਟੀਚਿਊਟ ਸਨ।

ਸਿਹਤ—ਅਫ਼ਰੀਕਾ ਦੇ ਦੂਜੇ ਦੇਸ਼ਾਂ ਵਾਂਗ ਨਾਈਜੀਰੀਆ ਵਿਚ ਸਿਹਤ ਸਬੰਧੀ ਹਾਲਾਤ ਵਧੇਰੇ ਚੰਗੇ ਨਹੀਂ ਹਨ। ਮੈਡੀਕਲ ਸਹਾਇਤਾ ਦੇਣਾ ਸਿਰਫ਼ ਸਰਕਾਰ ਦੀ ਹੀ ਜ਼ਿੰਮੇਵਾਰੀ ਹੈ ਜਿਹੜੀ ਇਸ ਵਧਦੀ ਹੋਈ ਆਬਾਦੀ ਲਈ ਕਾਫੀ ਨਹੀਂ ਹੈ। ਦਵਾਈਆਂ ਦੀ ਵੀ ਕਾਫ਼ੀ ਘਾਟ ਹੈ। ਅਜੇ ਵੀ ਭਾਰੀ ਗਿਣਤੀ ਵਿਚ ਲੋਕ ਮਲੇਰੀਆ, ਪਾਣੀ ਤੋਂ ਫੈਲਣ ਵਾਲੀਆਂ ਦੂਜੀਆਂ ਬਿਮਾਰੀਆਂ, ਕੋੜ੍ਹ, ਮਾਗਜ਼ ਕੰਗਰੋੜੀ ਅਤੇ ਦਿਮਾਗ ਦੀ ਝਿਲੀ ਦੀ ਸੋਜ ਆਦਿ ਵਰਗੀਆਂ ਬੀਮਾਰੀਆਂ ਨਾਲ ਮਰ ਜਾਂਦੇ ਹਨ।

ਰਾਜ ਪ੍ਰਬੰਧ

ਨਾਈਜੀਰੀਆ ਇਕ ਸੰਘੀ ਗਣਤੰਤਰ ਹੈ ਜਿਸ ਵਿਚ 36 ਰਾਜ ਅਤੇ ਇਕ ਫੈਡਰਲ ਕੈਪਿਟਲ ਟੈਰੀਟਰੀ ਅਬੁਜਾ ਹੈ। ਇਨ੍ਹਾਂ ਵਿਚ 9 ਰਾਜ 1991 ਈ. ਵਿਚ ਹੋਂਦ ਵਿਚ ਆਏ। ਸੰਨ 1979 ਵਿਚ ਇਥੋਂ ਦਾ ਸੰਵਿਧਾਨ ਤਿਆਰ ਹੋਇਆ ਜਿਸ ਅਨੁਸਾਰ ਇਥੇ ਫ਼ਰਾਂਸ ਅਤੇ ਸੰਯੁਕਤ ਰਾਜ ਅਮਰੀਕਾ ਦੀ ਤਰ੍ਹਾਂ ਹੀ ਪ੍ਰੈਜ਼ੀਡੈਂਟ ਪ੍ਰਧਾਨ ਸਰਕਾਰੀ ਢਾਂਚੇ ਦੀ ਸਥਾਪਨਾ ਹੋਈ ਅਤੇ ਸੰਘੀ ਤੇ ਰਾਜ ਸਰਕਾਰਾਂ ਦਰਮਿਆਨ ਰਾਜ ਪ੍ਰਬੰਧ ਸਬੰਧੀ ਕੰਮ ਕਾਜ ਦੀ ਵੰਡ ਹੋਈ ਹੈ।

ਪ੍ਰੈਜ਼ੀਡੈਂਟ ਦੇਸ਼ ਦਾ ਮੁੱਖੀ ਹੈ ਜਿਸ ਦੀ ਚੋਣ ਹਰ ਚਾਰ ਸਾਲ ਮਗਰੋਂ ਚੋਣ ਰਾਹੀਂ ਹੁੰਦੀ ਹੈ। ਇਹ ਦੇਸ਼ ਦੀ ਸਮੂਹ ਫ਼ੌਜ ਦਾ ਕਮਾਂਡਰ ਇਨ ਚੀਫ਼ ਵੀ ਹੁੰਦਾ ਹੈ। ਇਸ ਕੋਲ ਬਹੁਤ ਕਾਰਜਕਾਰੀ ਅਖ਼ਤਿਆਰ ਹੁੰਦੇ ਹਨ ਅਤੇ ਇਹ ਕੈਬਨਟ ਮੈਂਬਰਾਂ ਅਤੇ ਮੰਤਰੀਆਂ ਨੂੰ ਨਾਮਜ਼ੱਦ ਕਰਦਾ ਹੈ। ਦੇਸ਼ ਦੇ ਵਿਧਾਨਕ ਅਖ਼ਤਿਆਰ 109 ਸੈਨਟ ਮੈਂਬਰਾਂ; ਅਤੇ 360 ਹਾਊਸ ਆਫ਼ ਰਿਪ੍ਰੀਜ਼ੈਂਟੇਟਿਵਜ਼ ਕੋਲ ਹਨ। ਸਾਰੇ ਮੈਂਬਰ ਚੋਣ ਦੁਆਰਾ 4 ਸਾਲ ਦੀ ਮਿਆਦ ਲਈ ਚੁਣੇ ਜਾਂਦੇ ਹਨ। 9 ਮੈਂਬਰਾਂ ਵਾਲੀ ਸੁਪਰੀਮ ਕੋਰਟ ਦੇਸ਼ ਦੀ ਸਭ ਤੋਂ ਵੱਡੀ ਅਦਾਲਤ ਹੈ। ਇਸ ਦੇ ਜੱਜਾਂ ਲਈ ਇਸਲਾਮੀ, ਰਵਾਇਤੀ ਅਤੇ ਅੰਗਰੇਜ਼ੀ ਕਾਨੂੰਨ ਪੜ੍ਹਿਆ ਹੋਣਾ ਲਾਜ਼ਮੀ ਹੈ।

ਕਰੰਸੀ—1 ਜਨਵਰੀ, 1973 ਨੂੰ ਸੈਂਟਰਲ ਬੈਂਕ ਆਫ਼ ਨਾਈ-ਜੀਰੀਆ ਦੁਆਰਾ ਨਾਇਰਾ ਕਰੰਸੀ ਬਣਾਈ ਗਈ ਜਿਹੜੀ ਦੇਸ਼ ਭਰ ਵਿਚ ਪ੍ਰਚੱਲਤ ਹੈ। 100 ਕੋਬੋ ਦਾ ਇਕ ਨਾਇਰਾ ਗਿਣਿਆ ਜਾਂਦਾ ਹੈ। 1,10,25,50 ਅਤੇ 1 ਨਾਇਰਾ ਦੇ ਸਿੱਕੇ ਹੁੰਦੇ ਹਨ ਅਤੇ 1,5,10,20 ਅਤੇ 50 ਨਾਇਰਾ ਦੇ ਨੋਟ ਮਿਲਦੇ ਹਨ।

ਮੀਟ੍ਰਿਕ ਪ੍ਰਣਾਲੀ—ਮੀਟ੍ਰਿਕ ਸਿਸਟਮ ਹੀ ਪ੍ਰਚੱਲਤ ਹੈ।

ਰਾਸ਼ਟਰੀ ਗੀਤ—'Arise, O Compatriots' (ਨਾਈ-ਜ਼ੀਰੀਆਜ਼ ਕੱਲ ਓਬੇ) ਇਥੋਂ ਦਾ ਰਾਸ਼ਟਰੀ ਗੀਤ ਹੈ।

ਰਾਸ਼ਟਰੀ ਝੰਡਾ—ਇਥੋਂ ਦਾ ਰਾਸ਼ਟਰੀ ਝੰਡਾ ਕੇਸਰੀ, ਸਫੇਦ ਅਤੇ ਹਰੇ ਰੰਗ ਦੀਆਂ ਤਿੰਨ ਖੜ੍ਹੇ ਦਾਅ ਵਾਲੀਆਂ ਧਾਰੀਆਂ ਵਾਲਾ ਹੈ।

4° 30′ ਉ. ਵਿਥ. ਤੋਂ 14° 17′ ਉ. ਵਿਥ.; 2° 30′ ਪੂ. ਲੰਬ. ਤੋਂ 14° 30′ ਪੂ. ਲੰਬ.

ਹ.ਪੁ.—ਐਨ.ਬ੍ਰਿ.ਮਾ. 8 : 702; ਐਨ. ਅਮੈ. 20 : 334; ਐਨ.ਬ੍ਰਿ. 13 : 85; ਸਟੇ. ਯੀ. ਬੁ. 2002 : 1225; ਬ੍ਰਿ. ਯੀ. ਬੁ. 2002 : 693

ਨਾਈਟ ਸਕੂਲ : ਇਸ ਨੂੰ ਸ਼ਾਮ ਦੇ ਸਕੂਲ ਜਾਂ ਸੰਧਿਆ ਸਕੂਲ ਵੀ ਕਿਹਾ ਜਾਂਦਾ ਹੈ। ਇਹ ਸਕੂਲ ਆਮ ਤੌਰ ਤੇ ਵਡੇਰੀ ਉਮਰ ਵਾਲਿਆਂ ਅਤੇ ਪ੍ਰੌਢ ਉਮਰ ਦੇ ਵਿਅਕਤੀਆਂ ਲਈ ਸਥਾਪਿਤ ਕੀਤੇ ਜਾਂਦੇ ਹਨ ਜਿਥੇ ਉਨ੍ਹਾਂ ਨੂੰ ਆਪਣੇ ਰੋਜ਼ਗਾਰ ਦੇ ਰੋਜ਼ਾਨਾ ਕਿੱਤੇ ਤੋਂ ਵਿਹਲੇ ਹੋਣੇ ਉਪਰੰਤ ਸਭਿਆਚਾਰਕ ਮਨੋਰੰਜਨ ਦੇ ਪ੍ਰੋਗਰਾਮਾਂ ਅਤੇ ਆਮ ਵਾਕਫੀ ਸਬੰਧੀ ਸਿੱਖਿਆ ਦਿੱਤੀ ਜਾਂਦੀ ਹੈ। ਵਿਸ਼ੇਸ਼ ਤੌਰ ਤੇ ਉਦਯੋਗਿਕ ਸ਼ਹਿਰਾਂ ਵਿਚ ਕਿੱਤਾਪਰਕ ਸਿੱਖਿਆ ਉਪਰ ਜ਼ਿਆਦਾ ਜ਼ੋਰ ਦਿੱਤਾ ਜਾਂਦਾ ਹੈ। 20ਵੀਂ ਸਦੀ ਦੇ ਮੁੱਢ ਵਿਚ ਸੰਯੁਕਤ ਰਾਜ ਅਮਰੀਕਾ ਅਤੇ ਕੈਨੇਡਾ ਵਿਚ ਅਜਿਹੇ ਨਾਈਟ ਸਕੂਲ ਨਵੇਂ ਅਵਾਸੀਆਂ ਨੂੰ ਅੰਗਰੇਜ਼ੀ ਸਿਖਾਉਣ ਲਈ ਖੋਲ੍ਹੇ ਗਏ ਅਤੇ ਦੂਜੀ ਵੱਡੀ ਜੰਗ ਉਪਰੰਤ ਕੈਨੇਡਾ ਵਿਚ ਅਜਿਹੇ ਕੋਰਸਾਂ ਦੀ ਮੰਗ ਦੁਆਰਾ ਫਿਰ ਪੈਦਾ ਹੋਈ। ਇਨ੍ਹਾਂ ਤੋਂ ਇਲਾਵਾ ਰੂਸ ਅਤੇ ਚੀਨ ਵਰਗੇ ਕਮਿਊਨਿਸਟ ਦੇਸ਼ਾਂ ਵਿਚ ਵੀ ਅਜਿਹੇ ਸਕੂਲਾਂ ਦੀ ਮਦਦ ਵੱਡੀ ਪੱਧਰ ਤੇ ਕੀਤੀ ਗਈ।

ਹ.ਪੁ.—ਐਨ. ਬ੍ਰਿ. 16 : 512

ਨਾਈਟਸ਼ੇਡ : ਇਹ ਸੋਲੇਨੇਸੀ ਕੁਲ ਦੇ ਸੋਲੇਨਮ ਪ੍ਰਜਾਤੀ ਦੇ ਪੌਦਿਆਂ ਲਈ ਵਰਤਿਆ ਜਾਂਦਾ ਆਮ ਨਾਂ ਹੈ। ਉੱਤਰੀ ਅਮਰੀਕਾ ਅਤੇ ਇੰਗਲੈਂਡ ਵਿਚ ਮਿਲਣ ਵਾਲੀ ਸੋਲੇਨਮ ਡਲਕਾਮਾਰਾ (solanum dulcamara) ਜਾਤੀ ਲਈ ਨਾਈਟਸ਼ੇਡ ਨਾਂ ਵਰਤਿਆ ਜਾਂਦਾ ਹੈ। ਇਸ ਨੂੰ ਕੌੜਾ-ਮਿੱਠਾ ਜਾਂ ਕਾਠਾ ਨਾਈਟਸ਼ੇਡ (bitter sweet woody night shade) ਵੀ ਆਖਿਆ ਜਾਂਦਾ ਹੈ। ਇਨ੍ਹਾਂ ਪੌਦਿਆਂ

ਦਾ ਮੂਲ ਸਥਾਨ ਯੂਰਪ, ਉੱਤਰੀ ਅਮਰੀਕਾ ਅਤੇ ਏਸ਼ੀਆ ਦੇ ਤਪਤ-ਖੰਡੀ ਖੇਤਰ ਹਨ ਜਿਥੇ ਇਹ ਸਿਲ੍ਹੀਆਂ ਥਾਵਾਂ ਤੇ ਵਾੜਾਂ ਥੱਲੇ ਆਮ ਉੱਗਦੇ ਹਨ।



ਐਟ੍ਰੋਪਾ ਬੈਲਾਡੋਨਾ ਦੀ ਫਲਦਾਰ ਸ਼ਾਖ

ਇਸ ਜਾਤੀ ਦੇ ਪੌਦਿਆਂ ਦਾ ਤਣਾ ਪਤਲਾ ਤੇ ਕਾਠਾ ਹੁੰਦਾ ਹੈ। ਇਸ ਦੇ ਪੱਤੇ ਦਿਲ ਦੀ ਸ਼ਕਲ ਦੇ ਹੁੰਦੇ ਹਨ ਜਿਨ੍ਹਾਂ ਦੇ ਮੁੱਢ ਤੇ ਦੋ ਪੱਤਾ ਖੰਨ ਹੁੰਦੇ ਹਨ। ਇਨ੍ਹਾਂ ਦੇ ਫੁੱਲਾਂ ਦੇ ਗੁੱਛੇ ਝੁਕੇ (ਲਟਕੇ) ਹੋਏ ਹੁੰਦੇ ਹਨ ਜੋ ਆਲੂਆਂ ਦੇ ਫੁੱਲਾਂ ਨਾਲ ਮਿਲਦੇ ਜੁਲਦੇ ਹਨ ਚਾਹੇ ਇਨ੍ਹਾਂ ਦਾ ਆਕਾਰ ਉਨ੍ਹਾਂ ਤੋਂ ਛੋਟਾ ਹੁੰਦਾ ਹੈ। ਫੁੱਲਾਂ ਦਾ ਗੁੱਛਾ ਤਣੇ ਉਪਰ ਪੱਤੇ ਦੇ ਸਾਹਮਣਿਉਂ ਦੀ ਨਿਕਲਦਾ ਹੈ। ਰੰਗਦਾਰ ਪੱਤੀਆਂ ਨੀਲੇ ਰੰਗ ਦੀਆਂ ਪਹੀਆਨੁਮਾ ਹੁੰਦੀਆਂ ਹਨ ਜਿਨ੍ਹਾਂ ਦੇ ਮੁੱਢ ਤੇ ਹਰਾ ਜਾਂ ਚਿੱਟਾ ਧੱਬਾ ਹੁੰਦਾ ਹੈ। ਇਨ੍ਹਾਂ ਦੇ ਪਰਾਗ ਕੋਸ਼ ਡੰਡੀ ਰਹਿਤ ਪੀਲੇ ਰੰਗ ਦੇ ਅਤੇ ਸਿਰਿਆਂ ਤੋਂ ਜੁੜੇ ਹੁੰਦੇ ਹਨ ਅਤੇ ਇਹ ਫੁੱਲ ਦੇ ਵਿਚਕਾਰ ਕੋਨ ਜਿਹਾ ਬਣਾਉਂਦੇ ਹਨ। ਨਾਈਟਸ਼ੇਡ ਦੇ ਫੁੱਲ ਬਾਅਦ ਵਿਚ ਲਗਭਗ ਡੇਢ-ਇੰਚ ਲੰਬੇ ਅੰਡਾ-ਨੁਮਾ ਗੁਲਾਨਾਰੀ ਰੰਗ ਦੇ ਰਸਦਾਰ ਫਲ ਵਿਚ ਬਦਲ ਜਾਂਦੇ ਹਨ। ਇਹ ਰਸਦਾਰ ਫਲ ਅਤੇ ਫਲ-ਪਤੀਆਂ (Foliage) ਜ਼ਹਿਰੀਲੇ ਹੁੰਦੇ ਹਨ ਕਿਉਂਕਿ ਇਨ੍ਹਾਂ ਵਿਚ ਸੋਲੇਨਿਨ (Solanine) ਹੁੰਦਾ ਹੈ ਜਿਸ ਦੇ ਜ਼ਿਆਦਾ ਮਾਤਰਾ ਵਿਚ ਖਾਣ ਤੇ ਦੌਰੇ ਪੈ ਸਕਦੇ ਹਨ ਅਤੇ ਮੌਤ ਵੀ ਹੋ ਸਕਦੀ ਹੈ। ਇਸ ਪੌਦੇ ਦਾ ਨਾਂ ਕੌੜਾ-ਮਿੱਠਾ ਇਸ ਲਈ ਪਿਆ ਕਿਉਂਕਿ ਇਸ ਦਾ ਸਵਾਦ ਪਹਿਲਾਂ ਇਕ ਦਮ ਕੌੜਾ ਪਰ ਬਾਅਦ ਵਿਚ ਮਿੱਠਾ ਲਗਦਾ ਹੈ।

ਕਾਲਾ ਨਾਈਟਸ਼ੇਡ ਸੋਲੇਨਮ ਨਾਈਗ੍ਰਮ ਵੀ ਜ਼ਹਿਰੀਲਾ ਹੁੰਦਾ ਹੈ ਪਰ ਇਸ ਦੇ ਫੁੱਲਾਂ ਦਾ ਰੰਗ ਚਿੱਟਾ ਹੁੰਦਾ ਹੈ ਅਤੇ ਇਸ ਦੇ ਫਲ ਕਾਲੇ, ਗੋਲ ਅਤੇ ਰਸਦਾਰ ਹੁੰਦੇ ਹਨ।

ਐਟ੍ਰੋਪਾ ਬੈਲਾਡੋਨਾ (Atropa belladonna) ਇਕ ਲੰਬਾ ਝਾੜੀਨੁਮਾ ਪੌਦਾ ਹੈ। ਇਸ ਪੌਦੇ ਦੀ ਲੰਬਾਈ 1.22 ਮੀ. ਤੋਂ 1.52 ਮੀ. (4 ਤੋਂ 5 ਫੁਟ) ਤੱਕ ਹੁੰਦੀ ਹੈ। ਇਸ ਦੇ ਪੱਤੇ ਫਿੱਕੇ ਹਰੇ ਰੰਗ ਦੇ ਅਤੇ ਫਲ ਚੈਰੀ ਦੇ ਆਕਾਰ ਦੇ ਚਮਕਦੇ ਕਾਲੇ ਰੰਗ ਦੇ ਹੁੰਦੇ ਹਨ।

ਹ.ਪੁ.—ਐਨ. ਬ੍ਰਿ. 16 : 445

ਨਾਈਟਹਾੱਕ : ਪੰਛੀਆਂ ਦੀ ਇਕ ਕੁਲ ਕੈਪਰੀਮਲਗਿਡੀ ਦੀ ਉਪ-ਕੁਲ ਕੌਰਡੀਲਿਨੀ ਵਿਚ ਇਸ ਜਾਤੀ ਦੇ ਪੰਛੀ ਹੁੰਦੇ ਹਨ। ਕੈਪ੍ਰੀਮੁਲਗੀਫ਼ਾੱਰਮੀਜ਼ ਵਰਗ ਦੇ ਨਾਈਟਜਾਰ, ਫ੍ਰੌਗਮਾਊਥ ਅਤੇ ਹੋਰ ਕਿਸਮਾਂ ਨਾਲ ਵੀ ਇਨ੍ਹਾਂ ਦੀ ਸ਼੍ਰੇਣੀ ਵੰਡ ਕੀਤੀ ਜਾਂਦੀ ਹੈ। ਇਹ ਅਸਲੀ ਸ਼ਿਕਰਾ ਪੰਛੀਆਂ ਤੋਂ ਵੱਖਰੀ ਕਿਸਮ ਦੇ ਹੁੰਦੇ ਹਨ। ਇਹ ਹਲਕੇ ਪੀਲੇ, ਲਾਲੀ ਤੇ ਜਾਂ ਫਿਰ ਸਲੇਟੀ ਭੂਰੇ ਰੰਗ ਦੇ ਪੰਛੀ ਹੁੰਦੇ ਹਨ। ਇਨ੍ਹਾਂ ਦੇ ਸ਼ਰੀਰ ਉਪਰ ਹਲਕੇ ਰੰਗ ਦੇ ਧੱਬੇ ਹੁੰਦੇ ਹਨ। ਇਹ ਪੰਛੀ ਲੰਬਾਈ ਵਿਚ 15 ਤੋਂ 35 ਸੈਂ. ਮੀ. ਤੱਕ ਹੁੰਦੇ ਹਨ। ਇਹ ਸ਼ਾਮ ਵੇਲੇ, ਸਵੇਰੇ ਜਾਂ ਰਾਤ ਨੂੰ ਉੱਡਦੇ ਹਨ ਅਤੇ ਉੱਡੇ ਫਿਰਦੇ ਕੀੜੇ-ਮਕੌੜਿਆਂ ਨੂੰ ਫੜ ਕੇ ਖਾ ਲੈਂਦੇ ਹਨ।

ਆਮ ਮਿਲਣ ਵਾਲਾ ਨਾਈਟਹਾੱਕ, ਕਾੱਰਡੀਲਜ਼ ਮਾਈਨਰ (Chordeiles minor) ਜਾਂ ਬੁਲਬੈਟ ਉੱਤਰੀ ਅਮਰੀਕਾ ਦਾ ਵਸਨੀਕ ਹੈ ਅਤੇ ਸਰਦੀ ਦੀ ਰੁੱਤ ਵਿਚ ਇਹ ਦੱਖਣੀ ਅਮਰੀਕਾ ਵਲ ਚਲਾ ਜਾਂਦਾ ਹੈ। ਇਹ 20 ਤੋਂ 30 ਸੈਂ. ਮੀ. ਤੱਕ ਲੰਬਾ ਹੁੰਦਾ ਹੈ। ਇਹ ਸਲੇਟੀ ਭੂਰੇ ਰੰਗ ਦਾ, ਸਫ਼ੈਦ ਗਰਦਨ ਵਾਲਾ ਅਤੇ ਖੰਭਾਂ ਉਪਰ ਹਲਕੇ ਧੱਬਿਆਂ ਵਾਲਾ ਹੁੰਦਾ ਹੈ। ਇਹ ਨੱਕ ਰਾਹੀਂ ਬੜੀ ਤਿੱਖੀ ਆਵਾਜ਼ ਕੱਢਦਾ ਹੈ। ਭੌਂ ਤੇ ਉਤਰਨ ਤੋਂ ਪਹਿਲਾਂ ਇਹ ਹਵਾ ਵਿਚ ਬਹੁਤ ਤੇਜ਼ ਗੋਤੇ ਲਾਉਂਦਾ ਹੈ ਅਤੇ ਅਜੀਬ ਅਵਾਜ਼ਾਂ ਕੱਢਦਾ ਹੈ। ਇਸ ਕਿਸਮ ਨਾਲ ਸਬੰਧਤ ਹੋਰ ਕਿਸਮਾਂ ਸਾਰੇ ਅਮਰੀਕੀ ਖੰਡ ਵਿਚ ਮਿਲਦੀਆਂ ਹਨ।

ਹ.ਪੁ.—ਐਨ. ਬ੍ਰਿ. ਮਾ. 8 : 705

ਨਾਈਟਜਾਰ : ਇਹ ਇਕ ਪੰਛੀ ਹੈ ਜਿਸ ਨੂੰ 'ਬੱਕਰੀ ਚੁੰਘ' (ਗੋਟਸਕਰ) ਵੀ ਕਿਹਾ ਜਾਂਦਾ ਹੈ। ਇਸ ਦਾ ਪ੍ਰਾਣੀ-ਵਿਗਿਆਨਕ ਨਾਂ ਕੈਪਰੀਮਿਊਲਗਸ ਯੂਰੋਪੀਅਸ (Caprimulgus europeus) ਹੈ। ਇਹ ਪੰਛੀ ਲਗਭਗ ਹਰ ਥਾਂ ਹੀ ਪਾਇਆ ਜਾਂਦਾ ਹੈ ਪਰ ਇਹ ਨਿਊਜ਼ੀਲੈਂਡ ਅਤੇ ਪਾਲੀਨੇਸ਼ੀਆ ਵਿਚ ਦਿਖਾਈ ਨਹੀਂ ਦਿੰਦਾ। ਨਾਈਟਜਾਰ ਦੀ ਪਛਾਣ ਇਸ ਦਾ ਪੱਧਰਾ ਸਿਰ ਹੈ। ਚੌੜੇ ਮੂੰਹ ਉਪਰ ਕੰਡਿਆਲੇ ਜਿਹੇ ਵਾਲ ਹੁੰਦੇ ਹਨ। ਇਸ ਦੀਆਂ ਅੱਖਾਂ ਵੱਡੀਆਂ ਅਤੇ ਖੰਭ ਬਹੁਤ ਕੋਮਲ ਹੁੰਦੇ ਹਨ। ਸ਼ਾਇਦ ਇਸੇ ਕਾਰਨ ਇਸ ਪੰਛੀ ਦੀ ਉਡਾਣ ਆਵਾਜ਼ ਰਹਿਤ ਹੁੰਦੀ ਹੈ। ਯੂਰਪ ਵਿਚ ਇਹ ਪੰਛੀ ਅਫ਼ਰੀਕਾ ਤੋਂ ਬਹਾਰ ਰੁੱਤ ਵਿਚ ਪ੍ਰਵਾਸ ਕਰਦਾ ਹੈ ਅਤੇ ਪੱਤਝੜ ਦੀ ਰੁੱਤੇ ਵਾਪਸ ਆ ਜਾਂਦਾ ਹੈ। ਇਸ ਦੀ ਖ਼ੁਰਾਕ ਵਿਚ ਕੀੜੇ ਪਤੰਗੇ ਵਿਸ਼ੇਸ਼ ਤੌਰ ਤੇ ਭੰਬਟ (ਮਾਥ) ਅਤੇ ਕਾੱਕਚੈਫ਼ਰ ਆਉਂਦੇ ਹਨ, ਜਿਨ੍ਹਾਂ ਨੂੰ ਇਹ ਰਾਤ ਨੂੰ ਖੰਭਾਂ ਉਪਰ ਫੜਦਾ ਹੈ।



ਨਾਈਟਜਾਰ

ਜਦ ਇਹ ਪੰਛੀ ਆਰਾਮ ਕਰ ਰਿਹਾ ਹੁੰਦਾ ਹੈ ਤਾਂ ਇਹ ਝਾੜੀ ਦੀ ਸ਼ਾਖ਼ ਦੇ ਬਿਲਕੁਲ ਸਮਾਂਤਰ ਬੈਠਦਾ ਹੈ। ਇਸ ਹਾਲਤ ਵਿਚ ਨਰ ਪੰਛੀ ਉੱਚੀ ਆਵਾਜ਼ ਵਿਚ ਗੀਤ ਅਲਾਪਦਾ ਹੈ। ਇਹ ਪੰਛੀ ਜ਼ਮੀਨ ਉਪਰ ਹੀ ਦੋ ਅੰਡੇ ਦਿੰਦਾ ਹੈ। ਇਨ੍ਹਾਂ ਅੰਡਿਆਂ ਵਿਚੋਂ ਨਿਕਲੇ ਬੱਚੇ ਗੂੜ੍ਹੇ ਰੰਗ ਦੇ ਚਟਾਖ਼ਾਂ ਵਾਲੇ, ਵਾਲਾਂ ਨਾਲ ਘਿਰੇ ਹੋਏ ਹੁੰਦੇ ਹਨ। ਇਸ ਤਰ੍ਹਾਂ ਇਨ੍ਹਾਂ ਨੂੰ ਆਪਣੇ ਮਾਪਿਆਂ ਵਾਂਗ ਹੀ ਜ਼ਮੀਨ ਉਪਰ ਲਿਟੇ ਹੋਇਆਂ ਪਛਾਣਨਾ ਅਤਿ ਮੁਸ਼ਕਿਲ ਹੋ ਜਾਂਦਾ ਹੈ।

ਲਾਲ ਗਰਦਨ ਵਾਲਾ ਨਾਈਟਜਾਰ (C. ruficollis) ਦੇਖਣ ਵਿਚ ਆਮ ਨਾਈਟਜਾਰ ਵਰਗਾ ਹੀ ਹੁੰਦਾ ਹੈ ਪਰ ਇਸ ਦੇ ਲਾਲ ਰੰਗ ਦੀ ਝਾਲਰ ਜਿਹੀ ਵੀ ਹੁੰਦੀ ਹੈ ਅਤੇ ਗਲੇ ਉਪਰ ਚਿੱਟਾ ਚਟਾਖ਼ ਹੁੰਦਾ ਹੈ ਜੋ ਆਕਾਰ ਵਿਚ ਕਾਫ਼ੀ ਵੱਡਾ ਦਿਖਾਈ ਦਿੰਦਾ ਹੈ। ਇਹ ਪੰਛੀ ਸਪੇਨ ਅਤੇ ਪੁਰਤਗਾਲ ਵਿਚ ਪਾਇਆ ਜਾਂਦਾ ਹੈ। ਇਨ੍ਹਾਂ ਦੇਸ਼ਾਂ ਵਿਚ ਮਿਲਣ ਵਾਲੇ ਪੰਛੀ ਦਾ ਵਿਗਿਆਨਕ ਨਾਂ ਕੈਪਰੀਮਿਊਲਗਸ ਇਜੀਪਟੀਅਸ (C. aegyptius) ਹੈ ਜੋ ਆਮ ਨਾਈਟਜਾਰ ਪੰਛੀ ਨਾਲ ਕਾਫ਼ੀ ਮਿਲਦਾ ਜੁਲਦਾ ਹੈ। ਇਸ ਪੰਛੀ ਦੀਆਂ ਦੂਜੀਆਂ ਜਾਤੀਆਂ ਦੁਨੀਆ ਦੇ ਹੋਰਨਾਂ ਸਾਰੇ ਭਾਗਾਂ ਵਿਚ ਮਿਲਦੀਆਂ ਹਨ।

ਅਮਰੀਕਾ ਵਿਚ ਇਨ੍ਹਾਂ ਪੰਛੀਆਂ ਦੀ ਥਾਂ ਇਨ੍ਹਾਂ ਨਾਲ ਮਿਲਦੀਆਂ ਜੁਲਦੀਆਂ ਜਾਤੀਆਂ ਦੇ ਪੰਛੀ ਜਿਵੇਂ ਕਿ ਕੈਪਰੀ-ਮਿਊਲਗਸ ਵੋਸੀਫਰਸ (Caprimulgus vociferus) ਹਨ। ਇਨ੍ਹਾਂ ਨਾਲ ਹੀ ਮਿਲਦਾ ਇਕ ਹੋਰ ਪੰਛੀ ਨਾਈਟਹਾੱਕ ਹੈ ਜਿਸ ਦੀ ਆਵਾਜ਼ ਵਿੱਪੂਰਵਿਲ ਤੋਂ ਕਾਫ਼ੀ ਵੱਖਰੀ ਹੁੰਦੀ ਹੈ।

ਹ.ਪੁ.—ਐਨ. ਬ੍ਰਿ. 16 : 445 ਮੀ.

ਨੱਾਈਟਰਾ : ਇਹ ਸੱਲੋਵਾਕੀਆ ਵਿਚ ਇਸੇ ਹੀ ਨਾਂ ਦੇ ਦਰਿਆ ਦੇ ਕੰਢੇ ਤੇ ਸਥਿਤ ਇਕ ਸ਼ਹਿਰ ਹੈ ਜਿਹੜਾ ਨੌਵੀਂ ਸਦੀ ਤੋਂ ਲੈ ਕੇ ਨਾੱਈਟਰਾ ਧਰਮ ਦਾ ਗੜ੍ਹ ਰਿਹਾ ਹੈ। ਸੰਨ 830 ਵਿਚ ਸਭ ਤੋਂ ਪਹਿਲਾਂ ਇਥੇ ਈਸਾਈ ਗਿਰਜਾ ਘਰ ਬਣਾਇਆ ਗਿਆ ਸੀ ਜਿਹੜਾ ਉਸ ਸਮੇਂ ਦੇ ਪ੍ਰਸਿੱਧ ਧਰਮ ਪ੍ਰਚਾਰਕਾਂ ਸਿਰਲ ਅਤੇ ਮੈਥੋਡੀਅਸ ਨੂੰ ਸਮਰਪਤ ਕਰ ਦਿੱਤਾ ਗਿਆ ਸੀ। ਸੰਨ 1248 ਵਿਚ ਇਸ ਨੂੰ ਵਿਸ਼ੇਸ਼ ਅਧਿਕਾਰ ਮਿਲ ਗਏ ਸਨ। ਮੱਧਕਾਲੀਨ ਸਮੇਂ ਦੀ ਕਿਲਾਬੰਦੀ ਦੇ ਦਰਵਾਜ਼ੇ ਅਤੇ ਮੁੱਖ ਗਿਰਜਾ ਦੇਖਣ ਵਾਲੇ ਹਨ।

ਇਹ ਦੱਖਣੀ ਖੇਤੀ ਪ੍ਰਧਾਨ ਇਲਾਕੇ ਦਾ ਇਕ ਫੂਡ ਪ੍ਰੋਸੈਸਿੰਗ ਕੇਂਦਰ ਬਣ ਚੁੱਕਾ ਹੈ। ਸੰਨ 1946 ਵਿਚ ਇਥੇ ਨਾੱਈਟਰਾ ਖੇਤੀਬਾੜੀ ਕਾਲਜ ਸਥਾਪਿਤ ਕੀਤਾ ਗਿਆ।

ਆਬਾਦੀ—87,591 (2000)

48° 20′ ਉ.ਵਿਥ.; 18° 6′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 8 : 726

ਨਾਈਟ੍ਰਾਇ : ਇਹ ਬ੍ਰਾਜ਼ੀਲ (ਦੱ. ਅਮ.) ਦੇ ਰੀਓ ਡੀ ਜਨੀਰੋ ਰਾਜ ਦਾ ਰਾਜਧਾਨੀ ਸ਼ਹਿਰ ਹੈ ਜਿਹੜਾ ਗਵਾਨਾਬਰਾ ਖਾੜੀ ਦੇ ਪੂਰਬ ਵੱਲ ਰੀਓ ਡੀ ਜਨੀਰੋ ਸ਼ਹਿਰ ਦੇ ਸਾਹਮਣੇ ਵਾਕਿਆ ਹੈ। ਇਹ ਦੋਵੇਂ ਸ਼ਹਿਰ ਪਹਿਲਾਂ ਬੇੜੀ ਪੁਲ, ਰੇਲ ਮਾਰਗ ਰਾਹੀਂ ਜੁੜੇ ਹੋਏ ਸਨ ਅਤੇ 1974 ਈ. ਤੋਂ ਬ੍ਰਾਜ਼ੀਲ ਵਿਚ ਦੂਸਰੇ ਨੰਬਰ ਤੇ ਆਉਣ ਵਾਲੇ ਖਾੜੀ ਤੇ ਬਣੇ ਪ੍ਰੈਜ਼ੀਡੈਂਟ ਕੋਸਟਾ ਸਿਲਵਾ ਪੁਲ ਰਾਹੀਂ ਜੁੜੇ ਹੋਏ ਹਨ। ਸੰਨ 1671 ਵਿਚ ਇਸ ਦੀ ਨੀਂਹ ਰੱਖੀ ਗਈ ਅਤੇ 1819 ਈ. ਵਿਚ ਇਥੇ ਵਿਲਾ ਰੀਅਲ ਜੇ ਪ੍ਰੇਈਆ ਗ੍ਰੈਂਡ ਨਾਂ ਦਾ ਪਿੰਡ ਵੱਸ ਗਿਆ ਅਤੇ 1935 ਈ. ਵਿਚ ਇਸ ਨੂੰ ਰੀਓ ਡੀ ਜਨੀਰੋ ਰਾਜ ਦੀ ਰਾਜਧਾਨੀ ਬਣਾ ਦਿੱਤਾ ਗਿਆ। ਸੰਨ 1836 ਵਿਚ ਇਹ ਸ਼ਹਿਰ ਬਣ ਗਿਆ ਅਤੇ ਇਸ ਦਾ ਨਾਂ ਨਾਈਟ੍ਰਾਇ ਰੱਖਿਆ ਗਿਆ।

ਇਹ ਇਕ ਉਦਯੋਗਿਕ ਸ਼ਹਿਰ ਹੈ। ਇਥੇ ਮਸ਼ੀਨਾਂ ਬਣਾਉਣ ਦੇ ਕਾਰਖ਼ਾਨੇ ਹਨ। ਇਥੇ ਕਪੜਾ, ਸੀਸ਼ਾ, ਸੀਮਿੰਟ, ਦੀਵਾ-ਸਲਾਈ, ਦਵਾਈਆਂ ਆਦਿ ਬਣਾਉਣ ਦੇ ਕਾਰਖ਼ਾਨੇ ਹਨ। ਇਸ ਤੋਂ ਇਲਾਵਾ ਇਥੇ ਬਿਜਲੀ ਦਾ ਸਾਮਾਨ ਵੀ ਤਿਆਰ ਕੀਤਾ ਜਾਂਦਾ ਹੈ। ਬ੍ਰਾਜ਼ੀਲ ਦਾ ਸਮੁੰਦਰੀ ਜਹਾਜ਼ ਬਣਾਉਣ ਤੇ ਮੁਰੰਮਤ ਕਰਨ ਦਾ ਸਭ ਤੋਂ ਵੱਡਾ ਕਾਰਖ਼ਾਨਾ ਵੀ ਇਥੇ ਹੈ। ਸੰਨ 1960 ਤੋਂ ਸਥਾਪਿਤ ਯੂਨੀਵਰਸਿਟੀ ਡੇਡ ਫੈਡਰਲ ਫਲੂਮੀਨੈਂਸ ਦਾ ਸਦਰਮੁਕਾਮ ਵੀ ਇਥੇ ਹੀ ਹੈ।

ਆਬਾਦੀ—4,85,465 (2000)

22° 53′ ਦੱ. ਵਿਥ.; 43° 6′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 8 : 726

ਨਾਈਟ੍ਰਾਈਡ : ਇਹ ਨਾਈਟ੍ਰੋਜਨ ਤੱਤਾਂ ਦੇ ਦੋ-ਅੰਗੀ ਯੋਗਿਕ ਹਨ। ਇਹ ਪ੍ਰਤੱਖ ਜਾਂ ਆਭਾਸੀ ਤੌਰ ਤੇ ਪ੍ਰਕਿਰਤੀ ਵਿਚ ਨਹੀਂ ਮਿਲਦੇ, ਭਾਵੇਂ ਐਫ.ਏ. ਬੈਨੀਸਫ ਨੇ ਟਾਈਟੇਨੀਅਮ ਨਾਈਟ੍ਰਾਈਡ ਦੀ ਹੋਂਦ ਅੱਸਬੋੱਰਨਾਈਟ ਖਣਿਜ ਵਿਚ ਦੱਸੀ, ਜਿਹੜਾ ਕਿ ਭਾਰਤ ਦੇ ਬਸਤੀ ਜ਼ਿਲ੍ਹੇ ਵਿਚ ਮਿਲਦੇ ਉਲਕਾ ਵਿਚ ਮਿਲਦਾ ਹੈ। ਸਾਧਾਰਣ ਨਾਈਟ੍ਰਾਈਡਾਂ ਨੂੰ ਅਮੋਨੀਆ ਦੇ ਵਿਉਂਤਪਨ ਮੰਨਿਆ ਜਾ ਸਕਦਾ ਹੈ ਜਿਨ੍ਹਾਂ ਵਿਚ ਹਾਈਡ੍ਰੋਜਨ ਪਰਮਾਣੂਆਂ ਦੀ ਥਾਂ ਧਾਤਵੀ ਜਾਂ ਅਧਾਤਵੀ ਤੱਤਾਂ ਨੇ ਲਈ ਹੁੰਦੀ ਹੈ। ਇਨ੍ਹਾਂ ਦੀ ਰਚਨਾ ਆਵਰਤੀ ਸ਼੍ਰੇਣੀ ਵੰਡ ਵਿਚ ਤੱਤਾਂ ਦੀ ਸਥਿਤੀ ਉੱਤੇ ਆਧਾਰਿਤ ਇਨ੍ਹਾਂ ਦੀ ਸਾਧਾਰਣ ਸੰਯੋਜਕਤਾ (ਆਕੱਸੀਕਰਨ ਕ੍ਰਮ-ਅੰਕ) ਦੇ ਅਨੁਸਾਰੀ ਫ਼ਾਰਮੂਲਿਆਂ ਦੁਆਰਾ ਦਰਸਾਈ ਜਾ ਸਕਦੀ ਹੈ। ਉਦਾਹਰਣ ਦੇ ਤੌਰ ਤੇ ਗਰੁੱਪ I, Li_3N; ਗਰੁੱਪ II, Mg_3N_2; ਗਰੁੱਪ III, AlN; ਗਰੁੱਪ IV, Si_3N_4 ਆਦਿ। ਜਿਥੇ ਇਕ ਤੱਤ ਕਈ ਆੱਕਸੀਕਰਨ ਹਾਲਤਾਂ ਵਿਚ ਮਿਲਣ ਯੋਗ ਹੋਵੇ ਤਾਂ ਅਨੁਸਾਰੀ ਨਾਈਟ੍ਰਾਈਡਾਂ ਦੀ ਹੋਂਦ ਵੀ ਸੰਭਵ ਹੈ, ਉਦਾਹਰਣ ਵਜੋਂ PN ਅਤੇ P_3N_5 ਆਦਿ।

ਇਨ੍ਹਾਂ ਸਰਲ ਨਾਈਟ੍ਰਾਈਡਾਂ ਤੋਂ ਇਲਾਵਾ ਅੰਤਰਕਾਲੀ ਤੱਤਾਂ ਜਿਵੇਂ ਕਿ ਕ੍ਰੋਮੀਅਮ, ਲੋਹਾ ਅਤੇ ਕੋਬਾਲਟ ਦੁਆਰਾ ਨਾਈਟ੍ਰੋਜਨ ਨਾਲ ਯੋਗਿਕ ਬਣਦੇ ਹਨ। ਦੋ-ਅੰਗੀ ਨਾਈਟ੍ਰੋਜਨ ਯੋਗਿਕਾਂ ਦੀਆਂ ਤਿੰਨ ਸ਼੍ਰੇਣੀਆਂ ਦਾ ਜ਼ਿਕਰ ਵੀ ਕੀਤਾ ਗਿਆ ਹੈ, ਜਿਹੜੀਆਂ ਕਿ ਸਰਲ ਨਾਈਟ੍ਰਾਈਡਾਂ ਨਾਲੋਂ ਬਹੁਤ ਵੱਖਰੀਆਂ ਹਨ : (1) ਹਾਈਡ੍ਰੋਜਨ ਅਤੇ ਨਾਈਟ੍ਰੋਜਨ ਦੇ ਯੋਗਿਕ ਹਾਈਡ੍ਰੋਨਾਈਟ੍ਰੋਜਨ, ਜਿਹੜੇ ਕਿ ਉਪਚਾਰਕ ਰੂਪ ਵਿਚ ਹਾਈਡ੍ਰੋਕਾਰਬਨਾਂ ਨਾਲ ਮਿਲਦੇ ਜੁਲਦੇ ਹਨ ; (2) ਵਧੇਰੇ ਰਿਣ-ਬਿਜਲੀ ਤੱਤਾਂ ਜਿਵੇਂ ਕਿ ਆੱਕਸੀਜਨ, ਗੰਧਕ ਅਤੇ ਹੈਲੋਜੈਂਨਾਂ ਨਾਲ ਯੋਗਿਕ ਅਤੇ (3) ਟ੍ਰਾਈਨਾਈਟ੍ਰਾਈਡ, ਜਿਨ੍ਹਾਂ ਵਿਚ N_3 ਰੈਡੀਕਲ ਹੁੰਦਾ ਹੈ ਅਤੇ ਜਿਹੜੇ ਕਿ ਹਾਈਡ੍ਰੋਨਾਈਟ੍ਰੋਜਨਾਂ ਵਿਚੋਂ ਇਕ ਹਾਈਡ੍ਰੋਜ਼ੋਇਕ ਐਸਿਡ ਦੇ ਵਿਉਂਤਪੰਨ ਹਨ।

ਤਿਆਰ ਕਰਨ ਦੇ ਢੰਗ—ਕਈ ਨਾਈਟ੍ਰਾਈਡ, ਤੱਤਾਂ ਦੇ ਨਾਈਟ੍ਰੋਜਨ ਨਾਲ ਸਿੱਧੇ ਸੰਯੋਗ ਦੁਆਰਾ ਤਿਆਰ ਕੀਤੇ ਜਾਂਦੇ ਹਨ ਪਰ ਅਜਿਹੀਆਂ ਕਿਰਿਆਵਾਂ ਬਹੁਤ ਹੌਲੀ ਅਤੇ ਕੇਵਲ ਅਨੁਸਾਰੀ ਆੱਕਸੀਕਰਨ ਕਿਰਿਆਵਾਂ ਨਾਲੋਂ ਉੱਚ-ਤਾਪਮਾਨਾਂ ਤੇ ਹੁੰਦੀਆਂ ਹਨ। ਕੁਝ ਤੱਤ ਖ਼ਾਸ ਕਰਕੇ ਲਿਥੀਅਮ, ਮੈਗਨੀਸ਼ੀਅਮ ਅਤੇ ਖਾਰੀ-ਮਿੱਟੀ ਧਾਤਾਂ ਹਵਾ ਵਿਚ ਬਲ ਉਠਦੇ ਹਨ ਅਤੇ ਸਿੱਟੇ ਵਜੋਂ ਆੱਕਸਾਈਡਾਂ ਅਤੇ ਨਾਈਟ੍ਰਾਈਡਾਂ ਦੇ ਮਿਸ਼ਰਨ ਬਣਾਉਂਦੇ ਹਨ। ਕਿਰਿਆਸ਼ੀਲ ਨਾਈਟ੍ਰੋਜਨ ਦੀ ਵਰਤੋਂ ਨਾਲ, ਤੱਤਾਂ ਦੀ ਉਪ-ਵੰਡ ਦੀ ਮਹੀਨ ਅਵਸਥਾ ਵਿਚ ਲਘੂਕਰਨ ਕਰਕੇ, ਪਾਰਾ-ਧਾਤ-ਮਿਸ਼ਰਨ ਵਰਤ ਕੇ ਅਤੇ ਲਿਥੀਅਮ ਨਾਈਟ੍ਰਾਈਡ ਵਰਗੇ ਉਤਪ੍ਰੇਰਕਾਂ ਦੀ ਵਰਤੋਂ ਨਾਲ ਨਾਈਟ੍ਰਾਈਡ ਬਣਨ ਵਿਚ ਸਹਾਇਤਾ ਮਿਲਦੀ ਹੈ। ਸਿੱਧੇ ਸੰਯੋਗ ਨਾਲ ਨਾਈਟ੍ਰਾਈਡ ਜਿਹੜੇ ਤੱਤਾਂ ਨਾਲ ਬਣ ਸਕਦਾ ਹੈ ਉਹ Mg, Ca, Sr, Ba, Li, Be, B, Al, La, Ce, Pr, Nd, Ti, Zr, Ta, Cb, Cr, V, Th, Mo, W, U, Mn, Fe, Co, Ni, Si, Ge ਅਤੇ P ਹਨ। ਉੱਚ ਕਿਰਿਆਸ਼ੀਲਤਾ ਹੋਣ ਦੇ ਬਾਵਜੂਦ ਵੀ ਸੋਡੀਅਮ, ਪੋਟਾਸ਼ੀਅਮ, ਰੂਬਿਡੀਅਮ ਅਤੇ ਸੀਜ਼ੀਅਮ ਸਿੱਧੇ ਸੰਯੋਗ ਨਾਲ ਨਾਈਟ੍ਰਾਈਡ ਨਹੀਂ ਬਣਾਉਂਦੇ। ਆਵਰਤੀ ਸ਼੍ਰੇਣੀ-ਵੰਡ ਦੇ ਉਪ-ਗਰੁੱਪ ਦੇ ਤੱਤ ਆਮ ਕਰਕੇ ਨਾਈਟ੍ਰੋਜਨ ਨਾਲ ਸਿੱਧੀ ਕਿਰਿਆ ਕਰਨ ਵੱਲ ਘੱਟ ਝੁਕਾਅ ਰਖਦੇ ਹਨ—

ਨਾਈਟ੍ਰਾਈਡ ਅਸਿੱਧੇ ਢੰਗ ਨਾਲ ਵੀ ਤਿਆਰ ਕੀਤੇ ਜਾ ਸਕਦੇ ਹਨ ਜਿਨ੍ਹਾਂ ਵਿਚੋਂ ਹੇਠ ਲਿਖੇ ਢੰਗ ਵਧੇਰੇ ਮਹੱਤਵਪੂਰਨ ਹਨ :—

1. ਆੱਕਸਾਈਡਾਂ ਦੇ ਕਾਰਬਨ ਨਾਲ ਮਿਸ਼ਰਨਾਂ ਨੂੰ ਨਾਈਟ੍ਰੋਜਨ ਵਾਯੂਮੰਡਲ ਵਿਚ ਗਰਮ ਕਰਨ ਨਾਲ ਨਾਈਟ੍ਰਾਈਡਾਂ ਵਿਚ ਬਦਲਿਆ ਜਾ ਸਕਦਾ ਹੈ। ਇਹ ਢੰਗ ਐਲੂਮੀਨੀਅਮ ਨਾਈਟ੍ਰਾਈਡ ਤਿਆਰ ਕਰਨ ਲਈ ਵਰਤਿਆ ਜਾਂਦਾ ਹੈ ਅਤੇ ਵਾਯੂਮੰਡਲੀ ਨਾਈਟ੍ਰੋਜਨ ਦੇ ਯੋਗਿਕੀਕਰਨ ਲਈ ਸਰਪੈਕ ਵਿਧੀ ਦਾ ਆਧਾਰ ਬਣਾਉਂਦਾ ਹੈ—

$$Al_2O_3 + 3C + N_2 \rightarrow 2AlN + 3CO$$

ਕੁਝ ਹਾਲਤਾਂ ਵਿਚ ਕਾਰਬਾਈਡ਼ਾਂ ਨੂੰ ਸਿੱਧੇ ਨਾਈਟ੍ਰੋਜਨ ਨਾਲ ਗਰਮ ਕਰਕੇ ਵੀ ਨਾਈਟ੍ਰਾਈਡ ਤਿਆਰ ਕੀਤੇ ਜਾਂਦੇ ਹਨ, ਜਿਵੇਂ ਬੈਰਿਲਿਅਮ ਨਾਈਟ੍ਰਾਈਡ—

$$3Be_2C + 2N_2 \rightarrow 2Be_3N_2 + 3C$$

(2) ਕੁਝ ਵਿਸ਼ੇਸ਼ ਧਾਤਾਂ, ਆੱਕਸਾਈਡਾਂ, ਸਲਫਾਈਡਾਂ ਅਤੇ ਕੁਝ ਹਾਲਤਾਂ ਵਿਚ ਹੈਲਾਈਡਾਂ ਨੂੰ ਨਾਈਟ੍ਰਾਈਡਾਂ ਵਿਚ ਬਦਲਣ ਲਈ ਗੈਸੀ ਅਮੋਨੀਆ ਨਾਈਟ੍ਰੀਕਰਨ ਕਾਰਕ ਦਾ ਕੰਮ ਦਿੰਦੀ ਹੈ। ਕਿਊਪ੍ਰਸ ਆੱਕਸਾਈਡ 300 ਸੈਂ. ਉੱਤੇ ਅਮੋਨੀਆ ਨਾਲ ਕਿਰਿਆ ਕਰਕੇ ਕਿਊਪ੍ਰਸ ਨਾਈਟ੍ਰਾਈਡ ਅਤੇ ਜਿਸਤ 600 ਸੈਂ. ਉੱਤੇ ਜਿਸਤ ਨਾਈਟ੍ਰਾਈਡ ਵਿਚ ਬਦਲ ਜਾਂਦੇ ਹਨ।

3. ਕਈ ਤੱਤਾਂ ਦੇ ਐਮਾਈਡਾਂ ਅਤੇ ਇਮਾਈਡਾਂ ਦੇ ਤਾਪ-ਅਪਘਟਨ ਦੁਆਰਾ ਨਾਈਟ੍ਰਾਈਡ ਬਣਦੇ ਹਨ। ਅਧਾਤਵੀ ਹੈਲਾਈਡ ਖ਼ਾਸ ਕਰਕੇ ਸਾਧਾਰਣ ਤਾਪਮਾਨ ਉੱਤੇ ਗੈਸੀ ਜਾਂ ਤਰਲ ਅਮੋਨੀਆ ਨਾਲ ਕਿਰਿਆ ਕਰਨ ਉਪਰੰਤ ਐਮਾਈਡ ਜਾਂ ਇਮਾਈਡ ਬਣਾਉਂਦੇ ਹਨ, ਜਿਹੜੇ ਗਰਮ ਕਰਨ ਨਾਲ ਵਿਅਮੋਨੀਕਰਨ ਨੂੰ ਪ੍ਰਭਾਵਿਤ ਕਰਦੇ ਹਨ, ਅਤੇ ਸਿੱਟੇ ਵਜੋਂ ਨਾਈਟ੍ਰਾਈਡ ਬਣਾਉਂਦੇ ਹਨ। ਇਸ ਤਰ੍ਹਾਂ ਬੋਰਾੱਨ ਟ੍ਰਾਈਕਲੋਰਾਈਡ ਦੀ ਅਮੋਨੀਆ ਨਾਲ ਕਿਰਿਆ ਦੁਆਰਾ ਪਹਿਲਾਂ ਡਾਈਬੋਰਾੱਨ ਟ੍ਰਾਈ-ਇਮਾਈਡ ਬਣਦਾ ਹੈ ਅਤੇ ਫਿਰ ਗਰਮ ਕਰਨ ਨਾਲ ਅਮੋਨੀਆ ਛੱਡ ਕੇ ਨਾਈਟ੍ਰਾਈਡ ਬਣ ਜਾਂਦਾ ਹੈ:—

$$BCl_3 + \xrightarrow{NH_3} B_2(NH)_3 \xrightarrow[\text{ਤੋਂ ਉਪਰ}]{1250^0 \text{ ਸੈਂ.}} BN$$

ਮੈਗਨੀਸ਼ੀਅਮ, ਕੈਲਸ਼ੀਅਮ, ਸਟ੍ਰਾਂਸ਼ੀਅਮ, ਬੇਰੀਅਮ, ਜਿਸਤ, ਕੈਡਮੀਅਮ, ਨਿਕਲ ਅਤੇ ਕੋਬਾਲਟ ਵਰਗੇ ਧਾਤਵੀ ਤੱਤਾਂ ਦੇ ਐਮਾਈਡਾਂ ਦਾ ਉਦੋਂ ਤਲਛੱਟ ਬਣ ਜਾਂਦਾ ਹੈ, ਜਦੋਂ ਇਨ੍ਹਾਂ ਦੇ ਲੂਣਾਂ ਦੇ ਤਰਲ ਅਮੋਨੀਆ ਅੰਦਰ ਘੋਲਾਂ ਵਿਚ ਪੋਟਾਸ਼ੀਅਮ ਐਮਾਈਡ ਮਿਲਾਇਆ ਜਾਂਦਾ ਹੈ। ਇਨ੍ਹਾਂ ਉਪਜਾਂ ਦਾ ਉੱਚ-ਤਾਪਮਾਨਾਂ ਉੱਤੇ ਉਸੇ ਤਰਾਂ ਵਿਅਮੋਨੀਕਰਨ ਹੋ ਜਾਂਦਾ ਹੈ—

$$M^{2+} \xrightarrow{KNH_2} M(NH_2)_2 \xrightarrow{\text{ਤਾਪ}} M_3N_2$$

(ਜਿਥੇ M = Mg, Ca, Sr, Ba, Zn, Cd, Ni, CO)

ਲਿਥੀਅਮ ਨੂੰ ਛੱਡ ਕੇ ਸਾਰੀਆਂ ਖਾਰੀਆਂ ਧਾਤਾਂ ਦੇ ਐਮਾਈਡ ਗਰਮ ਕਰਨ ਨਾਲ ਨਾਈਟ੍ਰਾਈਡ ਨਹੀਂ ਬਣਾਉਂਦੇ।

4. ਕੁਝ ਵਿਸੇਸ਼ ਧਾਤਵੀ ਲੂਣਾਂ ਦੀ ਤਰਲ ਅਮੋਨੀਆ ਘੋਲਕ ਮਾਧਿਅਮ ਵਿਚ ਪੋਟਾਸ਼ੀਅਮ ਐਮਾਈਡ ਨਾਲ ਕਿਰਿਆ ਇਕ ਢੰਗ ਪ੍ਰਦਾਨ ਕਰਦੀ ਹੈ ਜਿਸ ਨਾਲ ਅਜਿਹੇ ਨਾਈਟ੍ਰਾਈਡ ਪ੍ਰਾਪਤ ਕੀਤੇ ਜਾ ਸਕਦੇ ਹਨ, ਜਿਹੜੇ ਧਾਤ ਨਾਲ ਨਾਈਟ੍ਰੋਜਨ ਦੇ ਸਿੱਧੇ ਸੰਯੋਗ ਨੂੰ ਪ੍ਰਭਾਵਿਤ ਕਰਨ ਲਈ ਲੋੜੀਂਦੇ ਤਾਪਮਾਨਾਂ ਉੱਤੇ ਅਸਥਾਈ ਹਨ। ਹੇਠ ਲਿਖੇ ਨਾਈਟ੍ਰਾਈਡ ਇਨ੍ਹਾਂ ਸ਼ਰਤਾਂ ਹੇਠ ਤਰਲ ਅਮੋਨੀਆ ਘੋਲ ਤੋਂ ਤਲਛਟਿਤ ਕੀਤੇ ਜਾਂਦੇ ਹਨ : ਮਰਕਿਊਰਿਕ ਨਾਈਟ੍ਰਾਈਡ, ਥੈਲਸ ਨਾਈਟ੍ਰਾਈਡ ਅਤੇ ਬਿਸਮਥ ਨਾਈਟ੍ਰਾਈਡ।

$$\left.\begin{matrix} Hg^{2+} \\ Te^{+} \\ Bi^{3+} \end{matrix}\right\} \text{ਤਰਲ ਅਮੋਨੀਅਮ ਵਿਚ} + NH_2^- \ (KNH_2 \text{ ਤੋਂ})$$

5. ਜਲੀ ਅਮੋਨੀਆ ਚਾਂਦੀ, ਸੋਨਾ ਅਤੇ ਪਲੈਟਿਨਮ ਧਾਤਾਂ ਦੇ ਆੱਕਸਾਈਡਾਂ ਨੂੰ ਉੱਚ ਵਿਸਫ਼ੋਟਕ ਯੋਗਿਕਾਂ ਵਿਚ ਬਦਲ ਦਿੰਦੀ ਹੈ, ਜਿਨ੍ਹਾਂ ਨੂੰ ਨਾਈਟ੍ਰੋਜਨ ਯੋਗਿਕ ਅਰਥਾਤ ਨਾਈਟ੍ਰਾਈਡ ਮੰਨਿਆ ਜਾਂਦਾ ਹੈ। ਇਨ੍ਹਾਂ ਨੂੰ ਅਕਸਰ ਵਿਸਫ਼ੋਕਟ ਧਾਤਾਂ ਕਿਹਾ ਜਾਂਦਾ ਹੈ।

6. ਖਾਰ ਅਤੇ ਖਾਰੀ ਮਿੱਟੀ ਐਜ਼ਾਈਡਾਂ ਨੂੰ ਗਰਮ ਕਰਨ ਨਾਲ ਧਿਆਨ ਪੂਰਵਕ ਅਪਘਟਨ ਦੁਆਰਾ ਸਬੰਧਿਤ ਧਾਤਾਂ ਨਾਲ ਨਾਈਟ੍ਰਾਈਡਾਂ ਦੇ ਮਿਸ਼ਰਨ ਉਤਪੰਨ ਹੁੰਦੇ ਹਨ। ਰਸਾਇਣਿਕ ਸਾਹਿਤ ਵਿਚ ਵੱਡੀ ਗਿਣਤੀ ਵਿਚ ਨਾਈਟ੍ਰਾਈਡਾਂ ਦਾ ਜ਼ਿਕਰ ਕੀਤਾ ਗਿਆ ਹੈ। ਇਨ੍ਹਾਂ ਨੂੰ ਆਸਾਨੀ ਨਾਲ ਫ਼ਾਰਮੂਲੇ ਦੀ ਕਿਸਮ ਦੇ ਅਧਾਰ ਤੇ ਲਿਸਟ ਕੀਤਾ ਜਾ ਸਕਦਾ ਹੈ, ਜਿਥੇ M ਉਹ ਤੱਤ ਦਰਸਾਉਂਦਾ ਹੈ ਜਿਸ ਨਾਲ ਨਾਈਟ੍ਰੋਜਨ ਜੁੜੀ ਹੋਈ ਹੈ।

ਤੱਤਾਂ ਦੇ ਨਾਈਟ੍ਰਾਈਡ

ਫ਼ਾਰਮੂਲੇ ਦੀ ਕਿਸਮ	ਜਿਥੇ ਦਰਸਾਉਂਦਾ ਹੈ।
MN ---	B, Al, Sc, Y, La, Ce, Pr, Nd, Sm, Er, Ga, In, Si, Te, Zr, P, As, Sb, Bi, V, Ta, Cb, Cr
MN_2 ---	V.W.
M_2N	Cb, Cr, W, Fe
M_3N ---	Li, Na, K, Rb, Cs, Cu, Tl
M_3N_2 ---	Be, Mg, Ca, Ba, Sr, Ra, Zn, Cd, Hg, Ge, Zr, Cr, Mo, Mn, Co, Ni
M_3N_4 ---	C, Si,Te, Zr, Th, Ge, U
M_3N_5 ---	P, Cb, Ta

ਕਈ ਹੋਰ ਨਾਈਟ੍ਰਾਈਡਾਂ ਦਾ ਵੀ ਪਤਾ ਲੱਗਾ ਹੈ ਪਰ ਇਨ੍ਹਾਂ ਵਿਚੋਂ ਕਈਆਂ ਦੀ ਪਛਾਣ ਬਾਰੇ ਸ਼ੱਕ ਹੈ। ਇਹ ਨਾਈਟ੍ਰਾਈਡ Si_2N_3,U_5N_4, U_5N_2, W_2N_3, Mu_5N_2, Mn_7N_2, Fe_8N ਅਤੇ Fe_4N ਹਨ।

ਗੁਣ ਅਤੇ ਵਰਤੋਂ—ਆੱਕਸਾਈਡਾਂ ਵਾਂਗ ਸਥਿਰਤਾ ਅਤੇ ਕਿਰਿਆਸ਼ੀਲਤਾ ਵਿਚ ਨਾਈਟ੍ਰਾਈਡ ਬਹੁਤ ਭਿੰਨ ਹਨ।

ਉੱਤਮ ਧਾਤਾਂ ਦੇ ਨਾਈਟ੍ਰਾਈਡ (ਜਿਵੇਂ ਕਿ Hg_3N_2 ਅਤੇ BiN) ਗਰਮ ਕਰਨ ਨਾਲ ਵਿਸਫ਼ੋਟਕ ਤੌਰ ਤੇ ਤੱਤਾਂ ਵਿਚ ਅਪਘਟਿਤ ਹੋ ਜਾਂਦੇ ਹਨ, ਜਦੋਂ ਕਿ ਬੋਰਾੱਨ, ਸਿਲਿਕਾੱਨ, ਜ਼ਰਕੋਨੀਅਮ ਵੈਨੇਡੀਅਮ, ਟਾਇਟੇਨੀਅਮ, ਟੈਂਟੇਲਮ ਅਤੇ ਮਾੱਲਿਬਡਿਨਮ ਦੇ ਨਾਈਟ੍ਰੋਜਨ ਯੋਗਿਕ ਉੱਚ-ਤਾਪਮਾਨ ਉੱਤੇ ਬਹੁਤ ਸਥਾਈ ਰਹਿੰਦੇ ਹਨ।

ਵਧੇਰੇ ਨਾਈਟ੍ਰਾਈਡ ਪਾਣੀ ਨਾਲ ਕਿਰਿਆ ਕਰਕੇ ਅਮੋਨੀਆ ਬਣਾਉਂਦੇ ਹਨ—

$$Mg_3N_2 + 6H_2O \rightarrow 3Mg(OH) + 2NH_3$$

ਇਸ ਤਰ੍ਹਾਂ ਐਮਾਈਡਾਂ ਅਤੇ ਇਮਾਈਡਾਂ ਦੀ ਨਿਮਨ-ਤਾਪਮਾਨਾਂ ਉੱਤੇ ਵਿਅਮੋਨੀਕਰਨ ਦੁਆਰਾ ਤਿਆਰ ਕੀਤੇ ਨਾਈਟ੍ਰਾਈਡਾਂ ਦਾ ਬੜੀ ਤੇਜ਼ੀ ਨਾਲ ਜਲ ਅਪਘਟਨ ਹੋ ਜਾਂਦਾ ਹੈ। ਜੇ ਇਨ੍ਹਾਂ ਹੀ ਨਾਈਟ੍ਰਾਈਡਾਂ ਨੂੰ ਉੱਚ-ਤਾਪਮਾਨ ਉੱਤੇ ਗਰਮ ਕਰਕੇ ਸਿੰਟਰ ਕੀਤਾ ਜਾਵੇ ਤਾਂ ਇਹ ਸਾਪੇਖੀ ਤੌਰ ਤੇ ਰਸਾਇਣਿਕ ਏਜੰਟਾਂ ਦੁਆਰਾ ਕਿਰਿਆ ਪ੍ਰਤਿ ਅਕਿਰਿਆਸ਼ੀਲ ਹੋ ਜਾਂਦੇ ਹਨ। ਉੱਚ-ਬਹੁਲਕੀਕ੍ਰਿਤ ਸਮੂਹਾਂ ਵਿਚ ਰਚਨਾ ਤਬਦੀਲੀਆਂ ਸ਼ਾਮਲ ਹਨ। ਕਈ ਉਦਾਹਰਣਾਂ ਵਿਚ ਉੱਚ-ਤਾਪਮਾਨ ਉੱਤੇ ਕਿਰਿਆ ਦੁਆਰਾ ਨਾਈਟ੍ਰਾਈਡਾਂ ਦੀ ਰਚਨਾ ਘੱਟ ਨਾਈਟ੍ਰੋਜਨ ਅੰਸ਼ ਵਾਲੀਆਂ ਉਪਜਾਂ ਵਿਚ ਬਦਲ ਜਾਂਦੀ ਹੈ, ਜਿਵੇਂ ਕਿ ਟ੍ਰਾਈਟਾਇਟੇਨੀਅਮ ਟੈਟ੍ਰਾ-ਨਾਈਟ੍ਰਾਈਡ ਟਾਇਟੇਨੀਅਮ ਨਾਈਟ੍ਰਾਈਡ ਵਿਚ ਬਦਲ ਜਾਂਦਾ ਹੈ।

ਕੁਝ ਵਿਸ਼ੇਸ਼ ਨਾਈਟ੍ਰਾਈਡ (ਜਿਵੇਂ ਕਿ ਬੋਰਾੱਨ, ਸਿਲਿਕਾੱਨ, ਟਾਇਟੇਨੀਅਮ, ਜ਼ਰਕੋਨੀਅਮ ਅਤੇ ਟੈਂਟੇਲਮ ਦੇ ਨਾਈਟ੍ਰਾਈਡ) ਬਹੁਤ ਜ਼ਿਆਦਾ ਉੱਚ ਤਾਪ-ਸਹਿ ਪਦਾਰਥ ਹਨ। ਇਨ੍ਹਾਂ ਦੇ ਪਿਘਲਾਉ ਦਰਜੇ 2500° ਸੈਂ. ਦੇ ਨੇੜੇ ਜਾਂ ਉਪਰ ਹਨ। ਜਿਥੇ ਇਹ ਗੁਣ ਰਸਾਇਣਿਕ ਅਕਿਰਿਆਸ਼ੀਲਤਾ ਨਾਲ ਰਲਿਆ ਹੋਵੇ ਤਾਂ ਅਜਿਹੇ ਨਾਈਟ੍ਰਾਈਡਾਂ ਦੀ ਵਰਤੋਂ ਅਜਿਹਾ ਸਾਜ਼-ਸਾਮਾਨ ਤਿਆਰ ਕਰਨ ਲਈ ਕੀਤੀ ਜਾਂਦੀ ਹੈ ਜਿਹੜਾ ਉੱਚ-ਤਾਪਮਾਨਾਂ ਉੱਤੇ ਰਸਾਇਣਿਕ ਕਿਰਿਆ ਸਹਿ ਸਕੇ। ਟਾਇਟੇਨੀਅਮ ਨਾਈਟ੍ਰਾਈਡ ਦੀਆਂ ਕੁਠਾਲੀਆਂ ਵਿਸ਼ੇਸ਼ ਕਰਕੇ ਪਿਘਲੀਆਂ ਹੋਈਆਂ ਫ਼ੈਰਸ ਧਾਤਾਂ ਦੀ ਕਿਰਿਆ ਪ੍ਰਤਿ ਪ੍ਰਤਿਰੋਧਕ ਹਨ। ਟਾਇਟੇਨੀਅਮ, ਜ਼ਰਕੋਨੀਅਮ ਅਤੇ ਟੈਂਟੇਲਮ ਦੇ ਨਾਈਟ੍ਰਾਈਡ ਵਧੇਰੇ ਕਠੋਰਤਾ ਦੇ ਲੱਛਣਿਕ ਹਨ ਅਤੇ ਇਨ੍ਹਾਂ ਦੀ ਵਰਤੋਂ ਇਕੱਲੇ ਜਾਂ ਬੋਰਾਈਡਾਂ/ਕਾਰਬਾਈਡਾਂ ਨਾਲ ਮਿਸ਼ਰਨ ਬਣਾ ਕੇ ਸਖ਼ਤ-ਧਾਤਾਂ, ਮਿਸ਼ਰਿਤ ਧਾਤਾਂ ਅਤੇ ਘਸਰਕ ਰਚਨਾਵਾਂ ਬਣਾਉਣ ਲਈ ਕੀਤੀ ਜਾਂਦੀ ਹੈ।

ਬੋਰਾੱਨ ਨਾਈਟ੍ਰਾਈਡ ਛੇਕੋਨੀ ਰਵੇ ਬਣਾਉਂਦਾ ਹੈ ਜਿਹੜੇ ਕਿ ਬਣਤਰ ਅਤੇ ਭੌਤਿਕ ਗੁਣਾਂ ਵਿਚ ਗ੍ਰੈਫ਼ਾਈਟ ਨਾਲ ਮਿਲਦੇ ਜੁਲਦੇ ਹਨ। ਬਹੁਤ ਉੱਚ-ਦਬਾਉ (85000 ਵਾਯੂਮੰਡਲ) ਅਤੇ ਉੱਚ-ਤਾਪਮਾਨ ਵਰਤ ਕੇ ਵਿਸ਼ੇਸ਼ ਪ੍ਰਯੋਗਿਕ ਢੰਗਾਂ ਨਾਲ ਇਸ ਨੂੰ ਘਣਾਕਾਰ ਰੂਪ ਵਿਚ ਬਦਲਿਆ ਜਾਂਦਾ ਹੈ ਅਤੇ 'ਬੋਰਾਜ਼ੋਨ' ਕਰਕੇ ਜਾਣਿਆ ਜਾਂਦਾ ਹੈ। ਇਹ ਹੀਰੇ ਜਿੰਨੀ ਕਠੋਰ ਪਰ ਆੱਕਸੀਕਰਨ ਪ੍ਰਤਿ ਵਧੇਰੇ ਸਥਾਈ ਹੈ।

ਨਾਈਟ੍ਰਾਈਡਿੰਗ ਵਿਧੀ ਜਿਸ ਵਿਚ ਇਸ ਧਾਤ ਅਤੇ ਇਸ ਦੀਆਂ ਮਿਸ਼ਰਿਤ-ਧਾਤਾਂ ਨੂੰ ਅਮੋਨੀਆ ਦੇ ਵਾਯੂਮੰਡਲ ਵਿਚ 800° ਸੈਂ. ਤੋਂ ਵੱਧ ਤਾਪਮਾਨ ਉੱਤੇ ਇਕ ਸਤ੍ਹਾ ਫਿਲਮ, ਜਿਹੜੀ ਕਾਫ਼ੀ ਕਠੋਰ ਹੋਵੇ ਅਤੇ ਰਸਾਇਣਿਕ ਕਿਰਿਆ ਪ੍ਰਤਿ ਪ੍ਰਤਿਰੋਧੀ ਹੋਵੇ, ਬਣਾਉਣ ਲਈ ਗਰਮ ਕੀਤਾ ਜਾਂਦਾ ਹੈ।

ਇਸ ਵਿਧੀ ਰਾਹੀਂ ਧਾਤ ਸਮਾਨ ਨਾਈਟ੍ਰਾਈਡ ਬਣਦੇ ਹਨ।

ਹ.ਪੁ.—ਐਨ. ਬ੍ਰਿ. ਮਾ. 16 : 535

ਨਾਈਟ੍ਰਾਈਡਿੰਗ : ਇਹ ਉਹ ਵਿਧੀ ਹੈ ਜਿਸ ਨਾਲ ਇਸਪਾਤ ਦੀ ਸਤ੍ਹਾ ਕਠੋਰ ਕੀਤੀ ਜਾਂਦੀ ਹੈ। ਇਸ ਵਿਚ ਵਿਸ਼ੇਸ਼ ਮਿਸ਼ਰਿਤ-ਧਾਤ ਸਟੀਲਾਂ ਨੂੰ ਅਮੋਨੀਆ ਦੇ ਸੰਪਰਕ ਵਿਚ ਸਟੀਲਾਂ ਦੇ ਰੂਪਾਂਤਰਨ ਦੇ ਤਾਪਮਾਨ ਦੀ ਸੀਮਾ ਤੋਂ ਹੇਠਾਂ ਆਮ ਕਰਕੇ ਲਗਭਗ 510° ਸੈਂ, (950° ਫ਼ਾ.) ਅਤੇ 565.5° ਸੈਂ. (1050° ਫ਼ਾ.) ਵਿਚਕਾਰ ਗਰਮ ਕੀਤਾ ਜਾਂਦਾ ਹੈ। ਗਰਮ ਕਰਨ ਦਾ ਸਮਾਂ -5 ਘੰਟੇ ਤੋਂ 100 ਘੰਟੇ ਹੁੰਦਾ ਹੈ ਜਿਹੜਾ ਕਿ ਲੋੜੀਂਦੀ ਕਠੋਰਤਾ ਦੀ ਗਹਿਰਾਈ ਉੱਤੇ ਨਿਰਭਰ ਕਰਦਾ ਹੈ। ਵਰਤੇ ਗਏ ਸਟੀਲਾਂ ਵਿਚ ਲੋਹੇ ਵਿਚ ਘੁਲੇ ਹੋਏ ਨਾਈਟ੍ਰਾਈਡਿੰਗ ਕਰਨ ਵਾਲੇ ਤੱਤਾਂ (ਐਲੂਮੀਨੀਅਮ, ਕ੍ਰੋਮੀਅਮ ਜਾਂ ਮਾੱਲਿਬਡਿਨਮ) ਦਾ ਹੋਣਾ ਜ਼ਰੂਰੀ ਹੈ। ਨਾਈਟ੍ਰਾਈਡਿੰਗ ਚੱਕਰ ਦੌਰਾਨ ਅਮੋਨੀਆ ਵਿਚ ਨਾਈਟ੍ਰੋਜਨ ਸਟੀਲ ਦੇ ਪਸਰਨ ਨਾਲ ਮਿਸ਼ਰਿਤ ਧਾਤ ਨਾਈਟ੍ਰਾਈਡ ਬਣਦੇ ਹਨ ਜਿਹੜੇ ਕਿ ਲੋਹੇ ਦੇ ਕ੍ਰਿਸਟਲ ਪਲੇਨਾਂ ਨਾਲ ਤਲਛਟਿਤ ਹੋ ਜਾਂਦੇ ਹਨ। ਇਸ ਤਲਛੱਟਣ ਨਾਲ ਕਠੋਰਤਾ ਵਧ ਜਾਂਦੀ ਹੈ ਜਿਹੜੀ ਕਿ ਤਾਪਮਾਨ ਅਤੇ ਸਟੀਲ ਵਿਚ ਨਾਈਟ੍ਰਾਈਡ ਬਣਾਉਣ ਵਾਲੇ ਤੱਤਾਂ ਦੀ ਮਾਤਰਾ ਦੇ ਗੁਣਾਂ ਉੱਤੇ ਨਿਰਭਰ ਕਰਦੀ ਹੈ। ਐਲੂਮੀਨੀਅਮ ਸਭ ਤੋਂ ਵੱਧ ਪ੍ਰਭਾਵਸ਼ਾਲੀ ਕਠੋਰੀਕਰਨ ਕਰਨ ਵਾਲਾ ਤੱਤ ਹੈ। ਜਿਸ ਸਟੀਲ ਵਿਚ ਲਗਭਗ 1% ਐਲੂਮੀਨੀਅਮ ਅਤੇ 1% ਕ੍ਰੋਮੀਅਮ ਹੋਵੇ, ਉਸ ਦੀ 52% ਸੈਂ. (9750 ਫ਼ਾ.) ਉੱਤੇ ਨਾਈਟ੍ਰੀਕਰਨ ਦੁਆਰਾ ਸੱਤ੍ਹਈ-ਕਠੋਰਤਾ ਲਗਭਗ 1100 ਵਿਕਰਜ਼ ਬਰਾਈਨੈੱਲ ਹੋਵੇਗੀ।

ਸਤੱਈ-ਕਠੋਰੀਕਰਨ ਦੇ ਹੋਰ ਢੰਗਾਂ ਨਾਲੋਂ ਨਾਈਟ੍ਰਾਈਡਿੰਗ ਦੇ ਇਹ ਲਾਭ ਹਨ—

(1) ਵਧੇਰੇ ਕਠੋਰ ਅਤੇ ਵਧੇਰੇ ਅਸਰ-ਪ੍ਰਤਿਰੋਧੀ ਤਹਿ ਬਣਦੀ ਹੈ।

(2) ਵਿਰੂਪਣ ਘੱਟ ਹੁੰਦਾ ਹੈ ਕਿਉਂਕਿ ਇਹ ਵਿਧੀ ਰੂਪਾਂ-ਤਰਨ ਸੀਮਾਂ ਤੋਂ ਹੇਠਾਂ ਤਾਪਮਾਨ ਉੱਤੇ ਅਪਣਾਈ ਜਾਂਦੀ ਹੈ।

(3) ਨਿਰਬਲਤਾ ਨਾਕਾਮੀ ਪ੍ਰਤਿ ਪ੍ਰਤਿਰੋਧ ਨਾਲ ਵਿਸ਼ੇਸ਼ ਤੌਰ ਤੇ ਦੰਦੇਦਾਰ ਨਿਰਬਲਤਾ (notch Fatigue) ਕਾਫ਼ੀ ਵਧ ਜਾਂਦੀ ਹੈ ਕਿਉਂਕਿ ਨਾਈਟ੍ਰਾਈਡਿੰਗ ਦੇ ਸਿੱਟੇ ਵਜੋਂ ਸਤ੍ਹੱਈ ਨਪੀੜਿਤ ਪ੍ਰਤਿਬਲ ਉਤਪੰਨ ਹੋ ਜਾਂਦੇ ਹਨ, ਜਿਹੜੇ ਤ੍ਰੇੜ ਪੈਣ ਦਾ ਪ੍ਰਤਿਰੋਧ ਕਰਦੇ ਹਨ।

ਇਸ ਵਿਧੀ ਦੇ ਹੇਠ ਲਿਖੇ ਅਨੁਸਾਰ ਨੁਕਸਾਨ ਵੀ ਹਨ ਜਿਵੇਂ—

(1) ਮਿਸ਼ਰਿਤ-ਧਾਤ ਸਟੀਲ ਦੀ ਵਰਤੋਂ ਜ਼ਰੂਰੀ ਹੈ, ਜਿਹੜੀ ਸਧਾਰਨ ਕਾਰਬਨ ਸਟੀਲਾਂ ਨਾਲੋਂ ਮਹਿੰਗੀ ਪੈਂਦੀ ਹੈ।

(2) ਤਹਿ ਬਣਾਉਣ ਦਾ ਸਮਾਂ, ਦੂਸਰੇ ਢੰਗਾਂ ਜਿਵੇਂ ਕਿ ਕਾਰਬੁਰੀਕਰਨ (Carburizing), ਸਾਈਆਨਾਈਡੀ ਜਾਂ ਪ੍ਰੇਰਨ ਕਠੋਰੀਕਰਨ ਦੇ ਮੁਕਾਬਲੇ ਵਧੇਰੇ ਹੈ।

ਹ.ਪੁ.—ਐਨ. ਬ੍ਰਿ. 16 : 536

ਨਾਈਟ੍ਰਿਕ ਐਸਿਡ : ਇਹ ਇਕ ਮਹੱਤਵਪੂਰਨ ਖਣਿਜੀ ਤੇਜ਼ਾਬ ਹੈ ਜਿਸ ਦਾ ਫ਼ਾਰਮੂਲਾ HNO_3 ਹੈ। ਇਹ ਮੁੱਢਲੇ ਤਿਆਰ ਕੀਤੇ ਅਤੇ ਵਰਤੇ ਗਏ ਨਾਈਟ੍ਰੋਜਨ ਯੋਗਿਕਾਂ ਵਿੱਚੋਂ ਇਕ ਸੀ। ਇਸ ਨੂੰ ਸ਼ੋਰੇ (ਪੋਟਾਸ਼ੀਅਮ ਨਾਈਟ੍ਰੇਟ), ਫਟਕੜੀ ਅਤੇ ਨੀਲੇ ਥੋਥੇ ਦੇ ਮਿਸ਼ਰਨ ਤੋਂ ਕਸ਼ੀਦਣ ਦੁਆਰਾ ਤਿਆਰ ਕਰਨ ਦਾ ਸਿਹਰਾ ਗੀਬਰ ਸਿਰ ਜਾਂਦਾ ਹੈ। ਇਕ ਅਜਿਹਾ ਢੰਗ ਹੀ 13ਵੀਂ ਸਦੀ ਵਿਚ ਅਲਬਰਟਸ ਮੈਗਨਸ ਨੇ ਕੱਢਿਆ। ਰੇਮਾਨ ਲੱਲ ਨੇ ਸ਼ੋਰੇ ਅਤੇ ਮਿੱਟੀ ਨੂੰ ਗਰਮ ਕਰਕੇ ਇਹ ਤੇਜ਼ਾਬ ਤਿਆਰ ਕੀਤਾ ਅਤੇ ਇਸ ਨੂੰ "ਈਊ ਫੋਰਟੇ" ਨਾਂ ਦਿੱਤਾ।

ਸੰਨ 1648 ਵਿਚ ਜੇ. ਆਰ. ਗਲਾਬਰ ਨੇ ਨਾਈਟ੍ਰੇਟ ਨੂੰ ਗਾੜ੍ਹੇ ਗੰਧਕ ਦੇ ਤੇਜ਼ਾਬ ਨਾਲ ਗਰਮ ਕਰਕੇ ਨਾਈਟ੍ਰਿਕ ਐਸਿਡ ਤਿਆਰ ਕਰਨ ਦੀ ਵਿਧੀ ਕੱਢੀ ਜੋ ਕਈ ਸਾਲ ਆਮ ਵਰਤੋਂ ਵਿਚ ਜਾਰੀ ਰਹੀ। ਨਾਈਟ੍ਰਿਕ ਐਸਿਡ ਦੇ ਅਸਲ ਸਰੂਪ ਦਾ 18ਵੀਂ ਸਦੀ ਤਕ ਪਤਾ ਨਹੀਂ ਸੀ ਲੱਗ ਸਕਿਆ। ਸੰਨ 1776 ਵਿਚ ਏ. ਐੱਲ. ਲੈਵੋਈਜ਼ੀਅਰ ਨੇ ਪਤਾ ਲਗਾਇਆ ਕਿ ਇਸ ਵਿਚ ਆੱਕਸੀਜਨ ਹੁੰਦੀ ਹੈ। ਸੰਨ 1784 ਵਿਚ ਐੱਚ. ਕੈਵੈਂਡਿਸ਼ ਨੇ ਸਿੱਲ੍ਹੀ ਹਵਾ ਵਿਚ ਚਿੰਗਾਰੀਆਂ ਲੰਘਾ ਕੇ ਇਸ ਦਾ ਸੰਸ਼ਲੇਸ਼ਣ ਕੀਤਾ ਅਤੇ ਇਹ ਸਿੱਧ ਕੀਤਾ ਕਿ ਨਾਈਟ੍ਰੋਜਨ ਵੀ ਵਾਯੂਮੰਡਲ ਦਾ ਇਕ ਅੰਸ਼ ਹੈ। ਜੇ. ਐੱਲ. ਗੇ-ਲੁਸੈਕ ਅਤੇ ਸੀ. ਐਲ. ਬਰਥੋਲੈ ਨੇ 1816 ਈ. ਵਿਚ ਇਸ ਦੀ ਠੀਕ ਰਚਨਾ ਸਥਾਪਿਤ ਕੀਤੀ।

ਵਾਯੂਮੰਡਲ ਬਿਜਲੀ ਦੇ ਡਿਸਚਾਰਜ ਦੁਆਰਾ ਸਿੱਲ੍ਹੀ ਹਵਾ ਵਿਚ ਬਣਿਆ ਮੁਕਤ ਨਾਈਟ੍ਰਿਕ ਐਸਿਡ ਮੀਂਹ ਦੇ ਪਾਣੀ ਵਿਚ ਬਹੁਤ ਹੀ ਘੱਟ ਮਾਤਰਾ ਵਿਚ ਮਿਲਦਾ ਹੈ ਅਤੇ ਨਾਈਟ੍ਰੋਜਨੀ ਆਰਗੈਨਿਕ ਮਾਦੇ ਦੇ ਆੱਕਸੀਜਨ ਦੁਆਰਾ ਭੂਮੀ ਵਿਚ ਵੀ ਬਣ ਜਾਂਦਾ ਹੈ। ਇਹ ਭੂਮੀ ਵਿਚਲੇ ਖਾਰੇ ਪਦਾਰਥਾਂ ਨਾਲ ਉਦਾਸੀਨ ਹੋ ਕੇ

ਨਾਈਟ੍ਰੇਟ ਬਣਾਉਂਦਾ ਹੈ। ਇਨ੍ਹਾਂ ਨਾਈਟ੍ਰੇਟਾਂ ਵਿਚ ਮੁੱਖ ਸ਼ੋਰਾ ਅਤੇ ਚਿੱਲੀ-ਸ਼ੋਰਾ ਹਨ। ਚਿੱਲੀ-ਸ਼ੋਰਾ ਵਧੇਰੇ ਮਾਤਰਾ ਵਿਚ ਅਤੇ ਗਾੜ੍ਹਾ ਬਣਦਾ ਹੈ।

ਭੌਤਿਕ ਗੁਣ—ਸ਼ੁੱਧ 100% ਨਾਈਟ੍ਰਿਕ ਐਸਿਡ ਇਕ ਰੰਗਹੀਨ ਤਰਲ ਹੈ, ਜਿਸ ਦੀ 4° ਸੈਂ. ਪਾਣੀ ਦੇ ਸਾਪੇਖੀ 25° ਸੈਂ. ਉੱਤੇ ਵਿਸ਼ਿਸ਼ਟ ਘਣਤਾ 1.50269 ਹੈ, ਪਿਘਲਾਉ ਦਰਜਾ -41.59° ਸੈਂ. ਅਤੇ ਇਕ ਵਾਯੂਮੰਡਲ ਦਬਾਉ ਉੱਤੇ ਉਬਾਲ ਦਰਜਾ 86° ਸੈਂ. ਹੈ। ਇਹ ਸਿੱਲ੍ਹੀ ਹਵਾ ਦੇ ਸੰਪਰਕ ਵਿਚ ਆਉਣ ਨਾਲ ਬੜਾ ਤੇਜ਼ ਧੂੰਆਂ ਛੱਡਦਾ ਹੈ ਅਤੇ ਪਾਣੀ ਨਾਲ ਹਰ ਅਨੁਪਾਤ ਵਿਚ ਘੁਲ ਜਾਂਦਾ ਹੈ। ਪਾਣੀ ਵਿਚ 68% ਤੇਜ਼ਾਬ ਵਾਲਾ ਘੋਲ, ਜਿਹੜੀ ਕਿ ਵਪਾਰ ਦੇ ਗਾੜ੍ਹੇ ਤੇਜ਼ਾਬ ਦੀ ਅੰਦਾਜ਼ਨ ਰਚਨਾ ਹੈ, ਵਾਯੂਮੰਡਲੀ ਦਬਾਉ ਉੱਤੇ 120.5° ਸੈਂ. ਉਬਾਲ ਦਰਜੇ ਅਤੇ 1.41 ਵਿਸ਼ਿਸ਼ਟ ਘਣਤਾ ਨਾਲ ਇਕ ਸਥਿਰ ਉਬਾਲ ਦਰਜਾ ਜਾਂ ਸਥਿਰ ਉਬਾਲ-ਦਰਜਾ-ਮਿਸ਼ਰਨ ਹੈ। ਜਿਸ ਘੋਲ ਵਿਚ 68% ਨਾਈਟ੍ਰਿਕ ਐਸਿਡ ਨਾਲੋਂ ਘੱਟ ਐਸਿਡ ਹੋਵੇ, ਉਸ ਨੂੰ ਵਾਯੂਮੰਡਲ ਦਬਾਉ ਉੱਤੇ ਕਸ਼ੀਦਣ ਦੁਆਰਾ ਸਥਿਰ-ਉਬਾਲ-ਦਰਜਾ-ਮਿਸ਼ਰਨ ਅਤੇ ਹਲਕੇ ਕਸ਼ੀਦਿਤ ਤੇਜ਼ਾਬ ਵਿਚ ਨਖੇੜਿਆ ਜਾ ਸਕਦਾ ਹੈ। ਜਿਸ ਘੋਲ ਵਿਚ 68% ਤੋਂ ਵੱਧ ਨਾਈਟ੍ਰਿਕ ਐਸਿਡ ਹੋਵੇ, ਉਹ ਉਬਾਲ-ਦਰਜਾ-ਮਿਸ਼ਰਨ ਦਾ ਫੋਕੜ ਅਤੇ ਵਧੇਰੇ ਗਾੜ੍ਹੇ ਤੇਜ਼ਾਬ ਦਾ ਕਸ਼ੀਦਿਤ ਪਦਾਰਥ ਬਣਾਉਂਦਾ ਹੈ।

ਬਹੁਤ ਹੀ ਗਾੜ੍ਹਾ ਜਾਂ ਸ਼ੁੱਧ ਤੇਜ਼ਾਬ ਉਬਾਲਣ ਨਾਲ ਅਪਘਟਿਤ ਹੋ ਜਾਂਦਾ ਹੈ ਅਤੇ ਇਸ ਤਰ੍ਹਾਂ ਬਣੇ ਪਾਣੀ ਨਾਲ ਵਾਰ ਵਾਰ ਕਸ਼ੀਦਣ ਤੇ ਸਥਿਰ ਉਬਾਲ-ਦਰਜਾ-ਮਿਸ਼ਰਨ ਵਿਚ ਬਦਲਿਆ ਜਾ ਸਕਦਾ ਹੈ। ਸਥਿਰ-ਉਬਾਲ-ਦਰਜਾ ਮਿਸ਼ਰਨ ਦੀ ਰਚਨਾ ਉਸ ਦਬਾਉ ਨਾਲ ਬਦਲਦੀ ਰਹਿੰਦੀ ਹੈ, ਜਿਸ ਉੱਤੇ ਕਸ਼ੀਦਣ ਕੀਤਾ ਗਿਆ ਹੋਵੇ।

ਰਸਾਇਣਿਕ ਗੁਣ—ਸ਼ੁੱਧ ਨਾਈਟ੍ਰਿਕ ਐਸਿਡ ਜਾਂ ਇਸ ਦੇ ਸੰਘਣੇ ਘੋਲ ਪਾਣੀ, ਨਾਈਟ੍ਰੋਜਨ ਡਾਈਆਕਸਾਈਡ ਅਤੇ ਆੱਕ-ਸੀਜਨ ਵਿਚ ਹੌਲੀ-ਹੌਲੀ ਅਪਘਟਿਤ ਹੁੰਦੇ ਹਨ :—

$$4HNO_3 \longrightarrow 2H_2O + 4HNO_2 + O_2$$

ਅਪਘਟਨ ਦੀ ਦਰ ਨੂੰ ਪ੍ਰਕਾਸ਼ ਅਤੇ ਉੱਚ ਤਾਪਮਾਨ ਨਾਲ ਵਧਾਇਆ ਜਾਂਦਾ ਹੈ। ਗਾੜ੍ਹੇ ਤੇਜ਼ਾਬ ਦਾ ਰੰਗ ਆਮ ਕਰਕੇ ਪੀਲਾ ਹੁੰਦਾ ਹੈ ਕਿਉਂਕਿ ਇਸ ਵਿਚ ਨਾਈਟ੍ਰੋਜਨ ਡਾਈਆੱਕਸਾਈਡ ਹੁੰਦੀ ਹੈ, ਜਿਸ ਦੀ ਕੁਝ ਮਾਤਰਾ ਘੋਲ ਵਿਚ ਰਹਿ ਜਾਂਦੀ ਹੈ। ਠੋਸ ਫ਼ੇਜ਼ ਵਿਚ ਨਾਈਟ੍ਰਿਕ ਐਸਿਡ ਪਾਣੀ ਨਾਲ ਦੋ ਯੋਗਿਕ ਅਰਥਾਤ ਮਾੱਨੋਹਾਈਡ੍ਰੇਟ, ਪਿਘਲਾਉ ਦਰਜਾ-37.68° ਸੈਂ. ਅਤੇ ਟ੍ਰਾਈ-ਹਾਈਡ੍ਰੇਟ, ਪਿਘਲਾਉ ਦਰਜਾ -18.47° ਸੈਂ. ਬਣਾਉਂਦਾ ਹੈ।

ਨਾਈਟ੍ਰਿਕ ਐਸਿਡ ਨੂੰ ਨਾਈਟ੍ਰੋਜਨ ਪੈਂਟਾੱਕਸਾਈਡ ਦਾ ਹਾਈਡ੍ਰੇਟ ਮੰਨਿਆ ਜਾ ਸਕਦਾ ਹੈ, ਭਾਵੇਂ ਇਹ ਲਗਭਗ ਕਦੇ ਵੀ ਆੱਕਸਾਈਡ ਦੇ ਜਲਯੋਜਨ ਦੁਆਰਾ ਤਿਆਰ ਨਹੀਂ ਕੀਤਾ ਗਿਆ। ਉਲਟੇ ਪੈਂਟਾੱਕਸਾਈਡ ਆਮ ਕਰਕੇ ਗਾੜ੍ਹੇ ਤੇਜ਼ਾਬ ਦਾ ਫ਼ਾੱਸਫ਼ੋਰਸ ਪੈਂਟਾੱਕਸਾਈਡ ਨਾਲ ਨਿਰਜਲੀਕਰਨ ਕਰਕੇ ਤਿਆਰ ਕੀਤਾ ਜਾਂਦਾ ਹੈ—

$$2HNO_3 + P_2O_5 \longrightarrow N_2O_5 + 2HPO_3$$

ਨਾਈਟ੍ਰੋਜਨ ਪੈਂਟਾੱਕਸਾਈਡ ਇਕ ਚਿੱਟਾ ਠੋਸ ਹੈ ਜਿਹੜਾ 32 ਸੈਂ. ਉੱਤੇ ਜੋਹਰ ਉਡਾਉਂਦਾ ਹੈ ਅਤੇ ਬੜੀ ਜਲਦੀ ਆੱਕਸੀਜਨ ਅਤੇ ਨਾਈਟ੍ਰੋਜਨ ਡਾਈਆੱਕਸਾਈਡ ਵਿਚ ਅਪਘਟਿਤ ਹੋ ਜਾਂਦਾ ਹੈ।

ਨਾਈਟ੍ਰਿਕ ਐਸਿਡ ਇਕ ਪ੍ਰਬਲ ਤੇਜ਼ਾਬ ਹੈ, ਪਾਣੀ ਦੇ ਹਲਕੇ ਘੋਲਾਂ ਵਿਚ ਇਹ ਲਗਭਗ ਪੂਰੀ ਤਰ੍ਹਾਂ ਹਾਈਡ੍ਰੋਜਨ ਆਇਨਾਂ ਵਿਚ ਆਇਨੀਕ੍ਰਿਤ ਹੋ ਜਾਂਦਾ ਹੈ। ਪ੍ਰਬਲ ਖਾਰਾਂ ਨਾਲ ਇਸ ਦੇ ਲੂਣਾਂ ਦਾ ਜਲੀ ਘੋਲ ਵਿਚ ਜਲ-ਅਪਘਟਨ ਨਹੀਂ ਹੁੰਦਾ ਅਤੇ ਇੰਡੀਕੇਟਰਾਂ ਪ੍ਰਤਿ ਉਦਾਸੀਨ ਹਨ। ਇਹ ਹਾਈਡ੍ਰਾੱਕਸਾਈਡ ਖਾਰਾਂ ਅਤੇ ਖੀਣ ਤੇਜ਼ਾਬਾਂ ਨੂੰ ਉਦਾਸੀਨ ਕਰਕੇ ਨਾਈਟ੍ਰੇਟ ਬਣਾਉਂਦਾ ਹੈ। ਇਸ ਦੇ ਪ੍ਰਬਲ ਆੱਕਸੀਕਰਨ ਗੁਣਾਂ ਕਾਰਨ, ਤੇਜ਼ਾਬ ਦਾ ਪਤਲਾ ਘੋਲ ਧਾਤਾਂ ਨਾਲ ਕਿਰਿਆ ਕਰਕੇ ਹਾਈਡ੍ਰੋਜਨ ਨਹੀਂ ਬਣਾਉਂਦਾ ਪਰੰਤੂ ਇਸ ਦਾ ਨਾਈਟ੍ਰੋਜਨ ਦੇ ਇਕ ਆੱਕਸਾਈਡ, ਨਾਈਟ੍ਰੋਜਨ ਜਾਂ ਅਮੋਨੀਅਮ ਆਇਨ ਵਿਚ ਲਘੂਕਰਨ ਹੋ ਜਾਂਦਾ ਹੈ। ਫਿਰ ਵੀ ਵਧੇਰੇ ਕਿਰਿਆਸ਼ੀਲ ਧਾਤਾਂ (ਜਿਵੇਂ ਕਿ ਮੈਗਨੀਸ਼ੀਅਮ) ਨਾਲ ਕਿਰਿਆ ਦੁਆਰਾ ਕੁਝ ਲਘੂਕਰਨ ਉਪਜਾਂ ਦੇ ਨਾਲ ਨਾਲ ਕੁਝ ਹਾਈਡ੍ਰੋਜਨ ਉਤਪੰਨ ਹੁੰਦੀ ਹੈ।

ਜ਼ਿਆਦਾਤਰ ਨਾਈਟ੍ਰਿਕ ਐਸਿਡ, ਆਰਗੈਨਿਕ ਯੋਗਿਕਾਂ ਦੀ ਐਸਿਡ ਨਾਲ ਕਿਰਿਆ ਦੁਆਰਾ ਖਾਦਾਂ, ਵਿਸਫ਼ੋਟਕਾਂ, ਪਲਾਸਟਿਕਾਂ, ਲੈਕਰਾਂ, ਸੰਸ਼ਲਿਸ਼ਟ ਰੇਸ਼ਿਆਂ ਅਤੇ ਰੰਗਕ-ਪਦਾਰਥਾਂ ਦੇ ਬਣਾਉਣ ਲਈ ਵਰਤਿਆ ਜਾਂਦਾ ਹੈ। ਧੂੰਦਾਰ ਨਾਈਟ੍ਰਿਕ ਐਸਿਡ ਦੀ ਵਰਤੋਂ ਰਾੱਕਿਟ ਨੂੰ ਚਲਾਉਣ ਵਾਲੇ ਪਦਾਰਥਾਂ (ਪ੍ਰੋਪੈੱਲੈਂਟਾਂ) ਵਜੋਂ ਕੀਤੀ ਜਾਂਦੀ ਹੈ।

ਇਕ ਕਿਸਮ ਦੀ ਕਿਰਿਆ ਵਿਚ ਜਦੋਂ ਅਲਕੋਹਲਾਂ ਅਤੇ ਹੋਰ ਹਾਈਡ੍ਰਾੱਕਸਿਲ ਗਰੁੱਪ ਵਾਲੇ ਯੋਗਿਕਾਂ ਦੀ ਤੇਜ਼ਾਬ ਨਾਲ ਕਿਰਿਆ ਹੁੰਦੀ ਹੈ ਤਾਂ ਆਰਗੈਨਿਕ ਨਾਈਟ੍ਰੇਟ ਅਤੇ ਪਾਣੀ ਬਣਦੇ ਹਨ। ਨਾਈਟ੍ਰੋਗਲਿਸਰਾੱਲ, ਜਿਸ ਨੂੰ ਆਮ ਕਰਕੇ ਨਾਈਟ੍ਰੋਗਲਿਸਰੀਨ ਕਿਹਾ ਜਾਂਦਾ ਹੈ, ਗਾੜ੍ਹੇ ਨਾਈਟ੍ਰਿਕ ਅਤੇ ਗੰਧਕ ਦੇ ਤੇਜ਼ਾਬਾਂ ਦੇ ਮਿਸ਼ਰਣ ਦੀ ਗਲਿਸਰਾੱਲ ਨਾਲ ਕਿਰਿਆ ਦੁਆਰਾ ਤਿਆਰ ਕੀਤੀ ਜਾਂਦੀ ਹੈ :—

$$C_3H_5(OH)_3 + 3\,HNO_3 \longrightarrow C_3H_5(NO_3)_3 + 3\,H_2O$$

ਸਲਫ਼ਿਊਰਿਕ ਐਸਿਡ ਪਾਣੀ ਨਾਲ ਮਿਲਕੇ ਇਕ ਸ਼ਕਤੀਸ਼ਾਲੀ ਨਾਈਟ੍ਰੇਟਿੰਗ ਕਾਰਕ, ਨਾਈਟ੍ਰੋਨੀਅਮ ਆਇਨ ਦੀ ਸੰਘਣਤਾ ਵਧਾਉਂਦਾ ਹੈ। ਰੂੰ ਜਾਂ ਲੱਕੜ ਦੇ ਰੇਸ਼ਿਆਂ ਦੀ ਸ਼ਕਲ ਵਿਚ ਸੈਲੂਲੋਜ਼ ਦੀ ਕਿਰਿਆ ਵੀ ਇਸੇ ਤਰ੍ਹਾਂ ਕਰਵਾ ਕੇ ਸੈਲੂਲੋਜ਼ ਨਾਈਟ੍ਰੇਟ ਬਣਾਏ ਜਾਂਦੇ ਹਨ। ਨਾਈਟ੍ਰੀਕਰਨ ਦੀ ਹਦ ਸੈਲੂਲੋਜ਼ ਦੇ ਇਕ ਯੂਨਿਟ ਨਾਲ ਸੰਯੋਗੀ ਨਾਈਟ੍ਰੇਟ ਰੈਡੀਕਲਾਂ ਦੀ ਗਿਣਤੀ ਨੂੰ ਗਨ-ਕਾੱਟਨ (ਰੂੰ-ਰਹਿਤ ਪਾਊਡਰ) ਜਾਂ ਘੱਟ ਨਾਈਟ੍ਰੀਕਰਨ ਨਾਲ ਪਾਇਰਾੱਕਸੀਲਿਨ ਤੇ ਪਲਾਸਟਿਕਾਂ ਅਤੇ ਕੁਝ ਖ਼ਾਸ ਕਿਸਮ ਦੇ ਰੇਸ਼ਿਆਂ ਲਈ ਬੇਸ ਤਿਆਰ ਕਰਨ ਲਈ ਕੰਟਰੋਲ ਕੀਤਾ ਜਾਂਦਾ ਹੈ। ਆਰਗੈਨਿਕ ਨਾਈਟ੍ਰੇਟਾਂ ਵਿਚ ਨਾਈਟ੍ਰੋਜਨ ਪਰਮਾਣੂ ਇਕ ਆੱਕਸੀਜਨ ਪਰਮਾਣੂ ਨਾਲ ਸੰਬਧਿਤ ਹੈ, ਜਿਹੜਾ ਕਿ ਕ੍ਰਮ-ਅਨੁਸਾਰ ਇਕ ਕਾਰਬਨ ਨਾਲ ਜੁੜਿਆ ਹੁੰਦਾ ਹੈ। ਨਾਈਟ੍ਰਿਕ ਐਸਿਡ ਅਤੇ ਆਰਗੈਨਿਕ ਯੋਗਿਕਾਂ ਦੀ ਕਿਰਿਆ ਦੀ ਇਕ ਦੂਸਰੀ ਕਿਸਮ ਵਿਚ ਨਾਈਟ੍ਰੋ ਯੋਗਿਕ ਬਣਦੇ ਹਨ ਜਿਨ੍ਹਾਂ ਵਿਚ ਗਰੁੱਪ—NO_2 ਦਾ ਨਾਈਟ੍ਰੋਜਨ ਪਰਮਾਣੂ ਸਿੱਧਾ ਕਾਰਬਨ ਪਰਮਾਣੂ ਨਾਲ ਬੰਧਿਤ ਹੈ।

ਗਾੜ੍ਹੇ ਸਲਫ਼ਿਊਰਿਕ ਐਸਿਡ ਦੀ ਹੋਂਦ ਵਿਚ ਟਾੱਲੂਈਨ ਦੀ ਨਾਈਟ੍ਰਿਕ ਐਸਿਡ ਨਾਲ ਕਿਰਿਆ ਦੁਆਰਾ ਟ੍ਰਾਈਨਾਈਟ੍ਰੋਟਾੱਲੂਈਨ (TNT) ਬਣਦੀ ਹੈ—

$$C_6H_5CH_3 + 3HNO_3 \rightarrow CH_3C_6H_2(NO_2)_3 + 3H_2O$$

ਨਾਈਟ੍ਰਿਕ ਐਸਿਡ ਇਕ ਸ਼ਕਤੀਸ਼ਾਲੀ ਆੱਕਸੀਕਾਰਕ ਹੋਣ

ਕਰਕੇ ਪਲੈਟਿਨਮ, ਟੈਨਟੇਲਮ, ਇਰੀਡੀਅਮ, ਰੋਡੀਅਮ ਅਤੇ ਸੋਨੇ ਨੂੰ ਛੱਡ ਕੇ ਲਗਭਗ ਸਾਰੀਆਂ ਧਾਤਾਂ ਦਾ ਆੱਕਸੀਕਰਨ ਕਰ ਦਿੰਦਾ ਹੈ। ਜ਼ਿਆਦਾ ਧਾਤਾਂ ਨਾਈਟ੍ਰੇਟ ਬਣਾਉਂਦੀਆਂ ਹਨ ਪਰ ਟਿਨ, ਆਰਸਨਿਕ, ਐਂਟੀਮਨੀ, ਵੁਲਫ੍ਰੈਮ ਅਤੇ ਮਾਲਿਬਡਿਨਮ ਨਾਲ ਧਾਤਾਂ ਦੇ ਆੱਕਸਾਈਡ ਬਣਾਉਂਦਾ ਹੈ। ਆੱਕਸੀਕਾਰਕ ਦੇ ਤੌਰ ਤੇ ਤੇਜ਼ਾਬ ਦਾ ਅਮਲ ਸੰਭਵ ਲਘੂਕਰਨ ਉਪਜਾਂ ਜਿਹੜੀਆਂ ਪ੍ਰਾਪਤ ਹੋ ਸਕਦੀਆਂ ਹਨ, ਦੀ ਗਿਣਤੀ ਕਾਰਨ ਮਿਸ਼ਰਿਤ ਹੈ। ਨਾਈਟ੍ਰਿਕ ਐਸਿਡ ਵਿਚ ਨਾਈਟ੍ਰੋਜਨ ਦਾ ਆੱਕਸੀਕਰਨ ਜਾਂ ਸੰਯੋਜਕਤਾ ਅੰਕ + 5 ਹੈ; ਇਸ ਨੂੰ ਨਾਈਟ੍ਰੋਜਨ ਡਾਈਆੱਕਸਾਈਡ (+4), ਨਾਈਟ੍ਰਿਕ ਆੱਕਸਾਈਡ (+2), ਨਾਈਟ੍ਰੋਜਨ (0), ਅਮੋਨੀਅਮ ਆਇਨ (−3) ਤਕ ਘਟਾਇਆ ਜਾ ਸਕਦਾ ਹੈ। ਇਹ ਸਭ ਕੁਝ ਤਾਪਮਾਨ, ਤੇਜ਼ਾਬ ਦੇ ਗਾੜ੍ਹਾਪਣ, ਉਤਪ੍ਰੇਰਕਾਂ ਦੀ ਹੋਂਦ ਅਤੇ ਧਾਤ ਦੀ ਕਿਰਿਆਸ਼ੀਲਤਾ ਜਾਂ ਹੋਰ ਲਘੂਕਰਨ ਕਰਨ ਵਾਲੇ ਕਾਰਕਾਂ ਤੇ ਨਿਰਭਰ ਹੈ।

ਆਮ ਕਰਕੇ ਜਿੰਨਾ ਗਾੜ੍ਹਾ ਤੇਜ਼ਾਬ ਹੋਵੇਗਾ ਉੱਨੀ ਹੀ ਨਾਈਟ੍ਰੋਜਨ ਦੇ ਆੱਕਸੀਜਨ ਅੰਕ ਵਿਚ ਤਬਦੀਲੀ ਘੱਟ ਹੋਵੇਗੀ। ਉਦਾਹਰਨ ਵਜੋਂ ਤਾਂਬਾ ਗਾੜ੍ਹੇ ਤੇਜ਼ਾਬ ਨੂੰ ਲਘੂਕਰਨ ਨਾਲ NO_2O ਵਿਚ ਬਦਲ ਦਿੰਦਾ ਹੈ :—

C_4 + 4 HNO_3 (ਸੰਘਣਾ) → Cu $(NO_3)_2$ + $2NO_2$ + $2H_2O$

ਅਤੇ ਹਲਕੇ ਤੇਜ਼ਾਬ ਨੂੰ $3Cu(NO_3)_2$ਵਿਚ ਬਦਲ ਦਿੰਦਾ ਹੈ :—

3Cu + 8 HNO_3 (ਹਲਕਾ) → 3Cu $(NO_3)_2$ + 2NO + $4H_2O$

ਵਧੇਰੇ ਪ੍ਰਬਲ ਲਘੂਕਰਨ ਏਜੰਟ ਨਾਈਟ੍ਰੋਜਨ ਤੇ ਆੱਕਸੀਕਰਨ ਅੰਕ ਵਿਚ ਤਬਦੀਲੀ ਲਿਆ ਸਕਦਾ ਹੈ ਜਿਵੇਂ :—

4Zn + 10 HNO_3 (ਹਲਕਾ) → 4Zn $(NO_3)_2$ + NH_4NO_3 + $3H_2O$

ਜਿਥੇ ਲਘੂਕਰਨ ਉਪਜ ਅਮੋਨੀਅਮ ਨਾਈਟ੍ਰੇਟ ਹੈ।

ਦੂਸਰੇ ਪਾਸੇ ਗਾੜ੍ਹਾ ਤੇਜ਼ਾਬ ਧਾਤ ਜਾਂ ਅਧਾਤ ਦਾ ਆੱਕ-ਸੀਕਰਨ ਹਲਕੇ ਨਾਲੋਂ ਉੱਚ ਸੰਯੋਜਕਤਾ ਤਕ ਕਰ ਸਕਦਾ ਹੈ ਜਿਵੇਂ ਕਿ :—

S + $6HNO_3$ (ਸੰਘਣਾ) → H_2SO_4 + $6NO_2$ + $2H_2O$ ਅਤੇ

3S + $4HNO_3$ (ਗਰਮ, ਹਲਕਾ) → $3SO_2$ + 4NO + $2H_2O$

ਜਦੋਂ ਲੋਹਾ, ਤਾਂਬਾ ਜਾਂ ਕ੍ਰੋਮੀਅਮ ਧਾਤਾਂ ਸੰਘਣੇ ਨਾਈਟ੍ਰਿਕ ਐਸਿਡ ਦੇ ਸੰਪਰਕ ਵਿਚ ਰਖੀਆਂ ਜਾਂਦੀਆਂ ਹਨ ਤਾਂ ਇਹ ਤੇਜ਼ਾਬ ਪ੍ਰਤਿ ਅਕਿਰਿਆਸ਼ੀਲ ਬਣ ਜਾਂਦੀਆਂ ਹਨ। ਅਕਿਰਿਆਸ਼ੀਲ ਲੋਹਾ ਨਾ ਤਾਂ ਹਾਈਡ੍ਰੋਜਨ ਆਇਨ ਤੇ ਨਾਂ ਕਿਊਪਰਿਕ ਆਇਨ ਦਾ ਲਘੂਕਰਨ ਕਰਦਾ ਹੈ ਅਤੇ ਅਕਿਰਿਆਸ਼ੀਲ ਤਾਂਬਾ ਸਿਲਵਰ ਆਇਨ ਦਾ ਲਘੂਕਰਨ ਨਹੀਂ ਕਰਦਾ। ਅਕਿਰਿਆਸ਼ੀਲਤਾ ਨੂੰ ਖ਼ਤਮ ਕਰਨ ਲਈ ਲਘੂਕਾਰਕਾਂ ਦੀ ਕਿਰਿਆ ਜਾਂ ਪ੍ਰਬਲ ਚੁੰਬਕੀ ਖੇਤਰ ਦੇ ਪ੍ਰਭਾਵ ਦੁਆਰਾ ਧਾਤ ਦੀ ਸਤ੍ਹਾ ਨੂੰ ਖੁਰਚਣਾ ਪੈਂਦਾ ਹੈ। ਵੀਹਵੀਂ ਸਦੀ ਦੇ ਅੱਧ ਵਿਚ ਇਹ ਵਿਚਾਰਿਆ ਗਿਆ ਕਿ ਧਾਤ ਉੱਤੇ ਆੱਕਸਾਈਡ ਫ਼ਿਲਮ (ਤਹਿ) ਦਾ ਬਣਨਾ ਕਾਰਜ-ਵਿਧੀ ਦਾ ਕਾਰਨ ਸੀ।

ਜੇਕਰ ਨਾਈਟ੍ਰਿਕ ਐਸਿਡ ਅੰਦਰੂਨੀ ਤੌਰ ਤੇ ਲਿਆ ਜਾਵੇ ਤਾਂ ਇਹ ਬਹੁਤ ਜ਼ਹਿਰੀਲਾ ਹੋਣ ਕਾਰਨ ਮਿਹਦੇ ਅਤੇ ਆਂਦਰਾਂ ਨੂੰ ਨੁਕਸਾਨ ਪਹੁੰਚਾਉਂਦਾ ਹੈ, ਢਿੱਡ ਅਤੇ ਈਸੋਫੇਗਸ ਵਿਚ ਜਲਣ ਅਤੇ ਖ਼ੂਨੀ ਦਸਤ ਲਗਾ ਦਿੰਦਾ ਹੈ। ਅੰਤੜੀਆਂ ਦੀ ਨਲੀ ਵਿਚ ਸੈਕੰਡਰੀ ਵਿਨਾਸ਼ ਤਬਦੀਲੀਆਂ ਨਾਲ ਜਾਂ ਢਹਿ-ਢੇਰੀ ਹੋਣ ਕਾਰਨ ਮੌਤ ਵੀ ਹੋ ਸਕਦੀ ਹੈ। ਚਮੜੀ ਉੱਤੇ ਇਕ ਵਿਸ਼ੇਸ਼ ਲੱਛਣਿਕ ਪੀਲੇ ਰੰਗ ਦੇ ਧੱਬੇ ਜਿਹੇ ਵਿਖਾਈ ਦਿੰਦੇ ਹਨ। ਇਹ ਧੱਬੇ ਜ਼ੈਨਥੋਪ੍ਰੋਟਿਇਕ ਐਸਿਡ ਦੇ ਬਣਨ ਕਾਰਨ ਬਣਦੇ ਹਨ। ਵੱਡੀ ਮਾਤਰਾ ਵਿਚ ਪਾਣੀ ਅਤੇ ਹਲਕੀਆਂ ਖਾਰਾਂ ਜਿਵੇਂ ਕਿ ਸੋਡੀਅਮ ਕਾਰਬੋਨੇਟ ਘੋਲ ਅੰਦਰਲੇ ਅਤੇ ਬਾਹਰਲੇ ਪ੍ਰਕਾਸ਼ ਪ੍ਰਭਾਵਨਾਂ ਦੇ ਅਸਰਾਂ ਨੂੰ ਉਦਾਸੀਨ ਕਰਨ ਲਈ ਸਹਾਈ ਹੋਣਗੇ।

ਉਦਯੋਗਿਕ ਨਿਰਮਾਣ—ਪ੍ਰਯੋਗਸ਼ਾਲਾ ਵਿਚ ਜਲ-ਰਹਿਤ ਨਾਈਟ੍ਰਿਕ ਐਸਿਡ ਸ਼ੁੱਧ ਸਲਫ਼ਿਊਰਿਕ ਐਸਿਡ ਅਤੇ ਸੋਡੀਅਮ ਨਾਈਟ੍ਰੇਟ ਦੀ ਬਰਾਬਰ ਦੀ ਮਾਤਰਾ ਦੇ ਮਿਸ਼ਰਨ ਨੂੰ ਹੌਲੀ ਹੌਲੀ ਗਰਮ ਕਰਨ ਨਾਲ ਤਿਆਰ ਕੀਤਾ ਜਾ ਸਕਦਾ ਹੈ (ਖ਼ਲਾ ਅਤੇ ਇਸ ਦੇ ਪਿਘਲਾਉ ਦਰਜੇ ਤੋਂ ਹੇਠਾਂ ਜਾਂ ਨੇੜੇ ਤੇੜੇ ਤੇ ਤਾਪਮਾਨ ਉੱਤੇ ਉਤਪੰਨ ਗੈਸੀ ਤੇਜ਼ਾਬ ਨੂੰ ਦ੍ਰਵਿਤ ਕਰਕੇ)। ਕਿਰਿਆ ਇਸ ਤਰ੍ਹਾਂ ਹੈ :—

H_2SO_4 + $NaNO_3$ → $NaHSO_4$ + HNO_3 (ਗੈਸ)

ਵਪਾਰਕ ਤੌਰ ਤੇ ਨਾਈਟ੍ਰਿਕ ਐਸਿਡ ਤਿੰਨ ਵਿਧੀਆਂ ਨਾਲ ਤਿਆਰ ਕੀਤਾ ਜਾਂਦਾ ਹੈ। ਸਭ ਤੋਂ ਪੁਰਾਣਾ ਢੰਗ ਤਾਂ ਅਮਲੀ ਤੌਰ ਤੇ 20ਵੀਂ ਸਦੀ ਦੇ ਮੱਧ ਦੇ ਪ੍ਰਯੋਗਸ਼ਾਲਾ ਢੰਗ ਵਾਲਾ ਹੀ ਹੈ। ਸੋਡੀਅਮ ਨਾਈਟ੍ਰੇਟ ਦੀ ਵਪਾਰਕ ਕਿਸਮ ਚਿੱਲੀ-ਸ਼ੋਰੇ ਦੀ ਮਾਤਰਾ ਨੂੰ ਗਾੜ੍ਹੇ ਗੰਧਕ ਦੇ ਤੇਜ਼ਾਬ ਦੀ ਬਰਾਬਰ ਦੀ ਮਾਤਰਾ ਨਾਲ ਲੋਹੇ ਦੀਆਂ ਰਿਟਾਰਟਾਂ ਵਿਚ ਘੱਟ ਦਬਾਉ ਹੇਠ ਗਰਮ ਕੀਤਾ ਜਾਂਦਾ ਹੈ। ਨਾਈਟ੍ਰਿਕ ਐਸਿਡ ਕਿਰਿਆਸ਼ੀਲ ਮਿਸ਼ਰਨ ਵਿਚੋਂ ਉਬਲ ਜਾਂਦਾ ਹੈ ਅਤੇ ਕੱਚ ਦੇ ਬਰਤਨਾ ਵਿਚ ਦ੍ਰਵਿਤ ਹੋ ਜਾਂਦਾ ਹੈ। ਸੋਡੀਅਮ ਨਾਈਟ੍ਰੇਟ ਦੇ ਦੂਸਰੇ ਅਣੂ ਦੀ ਗੰਧਕ ਦੇ ਤੇਜ਼ਾਬ ਦੇ ਦੂਸਰੇ ਹਾਈਡ੍ਰੋਜਨ ਅਣੂ ਨਾਲ ਕਿਰਿਆ ਕਰਨ ਦੀ ਕੋਸ਼ਿਸ਼ ਨਾਲ ਨਾਈਟ੍ਰਿਕ ਐਸਿਡ ਅਪਘਟਿਤ ਹੋ ਜਾਂਦਾ ਹੈ ਕਿਉਂਕਿ ਕਿਰਿਆ ਲਈ ਲੋੜੀਂਦਾ ਉੱਚ ਤਾਪਮਾਨ ਪ੍ਰਾਪਤ ਨਹੀਂ ਹੁੰਦਾ।

ਦੂਸਰਾ ਅਤੇ ਸਭ ਤੋਂ ਸਾਧਾਰਨ ਢੰਗ ਜਿਸ ਨਾਲ ਨਾਈਟ੍ਰਿਕ ਐਸਿਡ ਤਿਆਰ ਕੀਤਾ ਜਾਂਦਾ ਹੈ ਉਹ ਅਮੋਨੀਆ ਦਾ ਉਤਪ੍ਰੇਰਕੀ ਆੱਕਸੀਕਰਨ ਹੈ। ਅਮੋਨੀਆ ਦਾ 10% ਅਤੇ 90% ਹਵਾ ਦੇ ਮਿਸ਼ਰਨ ਨੂੰ 300° ਸੈਂ. ਤਕ ਗਰਮ ਕਰਨ ਨਾਲ ਪਲੈਟੀਨਮ ਜਾਲੀ ਉਤਪ੍ਰੇਰਕ ਉਪਰੋਂ ਲੰਘਾਉਣ ਨਾਲ ਤਿਆਰ ਕੀਤਾ ਜਾਂਦਾ ਹੈ (ਮਿਸ਼ਰਨ ਨੂੰ ਮੁੱਢ ਵਿਚ 900°-1000° ਸੈਂ. ਤਕ ਗਰਮ ਕਰਨ ਨਾਲ)। ਕਿਰਿਆ ਵਿਚ ਪੈਦਾ ਹੋਈ ਗਰਮੀ ਉਤਪ੍ਰੇਰਕ ਦੇ ਤਾਪਮਾਨ ਲਈ ਕਾਫ਼ੀ ਹੁੰਦੀ ਹੈ। ਲਗਭਗ 90% ਅਮੋਨੀਆ ਨਾਈਟ੍ਰਿਕ ਆੱਕਸਾਈਡ ਵਿਚ ਆੱਕਸੀਕ੍ਰਿਤ ਹੋ ਜਾਂਦਾ ਹੈ—

$$4NH_3 + 5O_2 \rightarrow 4\,NO + 6H_2O$$

ਉਤਪ੍ਰੇਰਕ ਤੋਂ ਗੈਸਾਂ, ਸੋਖਣ ਟਾਵਰਾਂ ਵਿਚ ਚਲੀਆਂ ਜਾਂਦੀਆਂ ਹਨ ਜਿਥੇ ਦੋ ਕਿਰਿਆਵਾਂ ਹੁੰਦੀਆਂ ਹਨ :—

2NO + O_2 → $2NO_2$ ਅਤੇ

$$3NO_2 + H_2O \rightarrow 2HNO_3 + NO$$

ਨਾਈਟ੍ਰਿਕ ਐਸਿਡ ਤਿਆਰ ਕਰਨ ਦਾ ਤੀਸਰਾ ਢੰਗ ਵਾਯੂਮੰਡਲੀ ਆੱਕਸੀਜਨ ਅਤੇ ਨਾਈਟ੍ਰੋਜਨ ਦਾ ਇਕ ਬਿਜਲੱਈ ਆਰਕ ਵਿਚ ਸਿੱਧਾ ਮਿਲਾਉਣਾ ਹੈ :—

$$N_2 + O_2 \rightarrow 2NO$$

ਇਸ ਤੋਂ ਪਿਛੋਂ ਅਮੋਨੀਆ ਵਿਧੀ ਵਾਲੀਆਂ ਦੋ ਕਿਰਿਆਵਾਂ ਕਰਵਾਈਆਂ ਜਾਂਦੀਆਂ ਹਨ। ਆਰਕ ਕਿਰਿਆ ਵਿਚ ਸੰਤੁਲਨ ਕੇਵਲ ਬਹੁਤ ਹੀ ਉੱਚ-ਤਾਪਮਾਨਾਂ ਉੱਤੇ ਨਾਈਟ੍ਰਿਕ ਆੱਕਸਾਈਡ ਬਣਾਉਣ ਲਈ ਸਹਾਈ ਹੁੰਦਾ ਹੈ। ਉਦਾਹਰਣ ਵਜੋਂ 3900° ਸੈਂ. ਅਤੇ ਸੰਤੁਲਨ ਉੱਤੇ ਕੇਵਲ 10% ਪੂਰਨ ਹੁੰਦਾ ਹੈ। ਫਿਰ ਵੀ ਜੇ ਕਿਰਿਆ ਕਰਨ ਵਾਲੇ ਮਿਸ਼ਰਨ ਦਾ ਤੇਜ਼ੀ ਨਾਲ 1000° ਸੈਂ. ਤੋਂ ਹੇਠਾਂ ਤਾਪਮਾਨ ਤਕ ਦ੍ਰਵਾਤਮਕ ਸੀਤਨ ਕਰ ਲਿਆ ਜਾਵੇ ਤਾਂ ਇਹ ਉੱਚ ਤਾਪਮਾਨ ਸੰਤੁਲਨ ਅਨੁਪਾਤਾਂ ਉੱਤੇ ਜੰਮ ਸਕਦਾ ਹੈ। ਬਹੁਤ ਹੀ ਅਨੁਕੂਲ ਹਾਲਤਾਂ ਹੇਠ ਨਾਈਟ੍ਰਿਕ ਆੱਕਸਾਈਡ ਲਗਭਗ 2.5% ਪ੍ਰਾਪਤ ਹੁੰਦਾ ਹੈ। ਇਹ ਵਿਧੀ ਵਪਾਰਕ ਤੌਰ ਤੇ ਅਮੋਨੀਆ ਆੱਕਸੀਕਰਨ ਵਿਧੀ ਦਾ ਮੁਕਾਬਲਾ ਨਹੀਂ ਕਰਦੀ, ਭਾਵੇਂ ਉਸ ਸਥਾਨ ਤੇ ਬਿਜਲਈ ਸ਼ਕਤੀ ਸਸਤੀ ਹੋਵੇ।

ਹ.ਪੁ.–ਐਨ. ਬ੍ਰਿ. 16 : 533

ਨਾਈਟ੍ਰੇਟ : ਨਾਈਟ੍ਰਿਕ ਐਸਿਡ ਦੇ ਲੂਣਾਂ ਨੂੰ ਨਾਈਟ੍ਰੇਟ ਕਹਿੰਦੇ ਹਨ। ਸੋਡੀਅਮ ਅਤੇ ਪੋਟਾਸ਼ੀਅਮ ਨਾਈਟ੍ਰੇਟ ਪ੍ਰਕਿਤੀ ਵਿਚ ਮਿਲਦੇ ਹਨ। ਸਾਧਾਰਣ ਤਾਪਮਾਨ ਉੱਤੇ ਨਾਈਟ੍ਰੇਟ ਚਿੱਟੇ ਜਾਂ ਰੰਗਦਾਰ ਰਵਿਆਂ ਦੇ ਰੂਪ ਵਿਚ ਹੁੰਦੇ ਹਨ। ਇਨ੍ਹਾਂ ਦਾ ਰੰਗ ਧਾਤਵੀ ਅੰਸ਼ਾਂ ਤੇ ਨਿਰਭਰ ਕਰਦਾ ਹੈ। ਨਾਈਟ੍ਰੇਟ ਆਮ ਤੌਰ ਤੇ ਪਾਣੀ ਵਿਚ ਘੁਲਣਸ਼ੀਲ ਹੁੰਦਾ ਹੈ। ਨਾਈਟ੍ਰੇਟ ਕਿਸੇ ਧਾਤ ਨਾਲ ਉਨ੍ਹਾਂ ਦੇ ਆੱਕਸਾਈਡ ਜਾਂ ਕਾਰਬੋਨੇਟ ਦੀ ਨਾਈਟ੍ਰਿਕ ਐਸਿਡ ਨਾਲ ਕਿਰਿਆ ਰਾਹੀਂ ਬਣਾਇਆ ਜਾ ਸਕਦਾ ਹੈ। ਬੇਸ ਧਾਤ ਦੇ ਨਾਈਟ੍ਰੇਟ ਗਰਮ ਕਰਨ ਨਾਲ ਨਾਈਟ੍ਰਾਈਟ ਅਤੇ ਆੱਕਸੀਜਨ ਪੈਦਾ ਕਰਦੇ ਹਨ।

$$2NaNO_3 = 2Na\ NO_2 + O_2$$

ਘੱਟ ਕਿਰਿਆਸ਼ੀਲ ਧਾਤਾਂ ਦੇ ਨਾਈਟ੍ਰੇਟ ਗਰਮ ਕਰਨ ਨਾਲ ਆੱਕਸਾਈਡ ਅਤੇ ਨਾਈਟ੍ਰੋਜਨ ਡਾਈਆੱਕਸਾਈਡ ਪੈਦਾ ਕਰਦੇ ਹਨ।

$$2Cu\ (NO_3)_2 = 2CuO + L_1NO_2 + O_2$$

ਮਰਕਿਊਰਿਕ ਨਾਈਟ੍ਰੇਟ ਗਰਮ ਕਰਨ ਨਾਲ ਪਾਰਾ ਬਣਾਉਂਦਾ ਹੈ ਅਤੇ ਅਮੋਨੀਅਮ ਨਾਈਟ੍ਰੇਟ ਨਾਈਟਰਸ ਆੱਕਸਾਈਡ ਪੈਦਾ ਕਰਦਾ ਹੈ।

$$Hg\ (NO_3)_2 \rightarrow Hg + 2NO_2 + O_2$$

$$NH_4\ NO_3 \rightarrow N_2O + 2H_2O$$

ਨਾਈਟ੍ਰੇਟ ਨੂੰ ਉੱਚ-ਤਾਪਮਾਨ ਤਕ ਗਰਮ ਕਰਨ ਨਾਲ ਨਾਈਟ੍ਰਿਕ ਐਸਿਡ ਤੋਂ ਵੀ ਚੰਗੇ ਆੱਕਸੀਕਰਨ ਬਣ ਜਾਂਦੇ ਹਨ। ਕਈ ਨਾਈਟ੍ਰਿਕ ਨਮੀ ਸੋਖਕ ਹੁੰਦੇ ਹਨ।

ਨਾਈਟ੍ਰੇਟ ਆਇਨ ਦੀ ਬਣਤਰ ਇਕ ਸਮਭੁਜਈ ਤਿਕੋਣ ਵਰਗੀ ਹੁੰਦੀ ਹੈ ਜਿਸ ਵਿਚ ਕੇਂਦਰੀ ਨਾਈਟ੍ਰੋਜਨ ਪਰਮਾਣੂ ਦੇ ਦੁਆਲੇ ਆੱਕਸੀਜਨ ਪਰਮਾਣੂ ਹੁੰਦੇ ਹਨ। ਨਾਈਟ੍ਰੇਟ ਗੁਣਾਤਮਕ ਵਿਸ਼ਲੇਸ਼ਣ ਰਾਹੀਂ ਨਿਰਧਾਰਿਤ ਕੀਤੇ ਜਾਂਦੇ ਹਨ। ਨਾਈਟ੍ਰੇਟ ਦੇ ਘੋਲ ਵਿਚ ਫੈਰਸ ਸਲਫ਼ੇਟ ਦਾ ਘੋਲ ਪਾਇਆ ਜਾਂਦਾ ਹੈ। ਫਿਰ ਇਸ ਘੋਲ ਵਿਚ ਪਰਖ ਨਲੀ ਵਿਚ ਸਾਵਧਾਨੀ ਨਾਲ ਥੋੜ੍ਹਾ ਜਿਹਾ ਗੰਧਕ ਦਾ ਤੇਜ਼ਾਬ ਮਿਲਾਇਆ ਜਾਂਦਾ ਹੈ। ਦੋ ਦ੍ਰਵਾਂ ਦੇ ਸੰਗਮ ਤੋਂ ਇਕ ਭੂਰੇ ਰੰਗ ਦਾ ਰਿੰਗ ਬਣ ਜਾਂਦਾ ਹੈ। ਇਹ ਰਿੰਗ ਨਾਈਟ੍ਰੇਟ ਆਇਨ ਦੀ ਹੋਂਦ ਦਰਸਾਉਂਦਾ ਹੈ।

ਹ.ਪੁ.–ਐਨ. ਬ੍ਰਿ. 16 : 464

ਨਾਈਟ੍ਰੋਸੈਲੂਲੋਜ਼ : ਸੈਲੂਲੋਜ਼ ਪਦਾਰਥਾਂ ਦੇ ਨਾਈਟ੍ਰਿਕ ਐੱਸਟਰਾਂ ਨੂੰ ਇਹ ਨਾਂ ਦਿੱਤਾ ਗਿਆ ਹੈ। ਆਮ ਕਰਕੇ ਇਹ ਪਦਾਰਥ ਕਪਾਹ, ਰੂੰ ਅਤੇ ਲੱਕੜੀ ਦਾ ਗੁੱਦਾ ਹਨ। ਇਸ ਨੂੰ ਸੈਲੂਲੋਜ਼ ਨਾਈਟ੍ਰੇਟ ਵੀ ਕਿਹਾ ਜਾਂਦਾ ਹੈ।

ਸੰਨ 1838 ਵਿਚ ਟੀ. ਜੇ. ਪੀਲਾਊਜ਼ ਨੇ ਖੋਜ ਕੀਤੀ ਕਿ ਰੂੰ ਨੂੰ ਗਾੜ੍ਹੇ ਨਾਈਟ੍ਰਿਕ ਐਸਿਡ ਨਾਲ ਕਿਰਿਆ ਦੁਆਰਾ ਪ੍ਰਚੰਡ ਤੌਰ ਤੇ ਜਲਣਸ਼ੀਲ ਪਦਾਰਥ ਵਿਚ ਬਦਲਿਆ ਜਾ ਸਕਦਾ ਹੈ। ਸੀ. ਐੱਫ. ਸ਼ੋਨਬੀਨ ਨੇ 1845 ਈ. ਵਿਚ ਇਸ ਪਦਾਰਥ ਦੀ ਵਰਤੋਂ ਇਕ ਵਿਸਫ਼ੋਟਕ ਪਦਾਰਥ ਵਜੋਂ ਵਿਖਾਈ ਅਤੇ ਇਸ ਵਿਚ ਸਲਫ਼ਿਊਰਿਕ ਅਤੇ ਨਾਈਟ੍ਰਿਕ ਐਸਿਡ ਮਿਲਾ ਕੇ ਇਸ ਨੂੰ ਬਣਾਉਣ ਦੇ ਢੰਗ ਵਿਚ ਸੁਧਾਰ ਕੀਤਾ। ਨਾਈਟ੍ਰੋਸੈਲੂਲੋਜ਼ ਦੀ ਇਕ ਕਿਸਮ ਜਿਸ ਨੂੰ ਗਨ-ਕਾੱਟਨ ਕਿਹਾ ਜਾਂਦਾ ਹੈ, ਦੀ ਵਰਤੋਂ 1860 ਈ. ਦੇ ਦਹਾਕੇ ਵਿਚ ਗਨ-ਪਾਊਡਰਾਂ ਵਿਚ ਇਕ ਅੰਸ਼ ਤੇ ਤੌਰ ਤੇ ਸ਼ੁਰੂ ਹੋਈ; ਜਿਲੇ-ਟਿਨੀਕ੍ਰਿਤ ਨਾਈਟ੍ਰੋਸੈਲੂਲੋਜ਼ ਪ੍ਰੋਪੈਲੈਂਟ 1880 ਦੇ ਦਹਾਕੇ ਵਿਚ ਤਿਆਰ ਕੀਤੇ ਗਏ। ਸੰਨ 1868 ਵਿਚ ਈ. ਏ. ਬ੍ਰਾਊਨ ਨੇ ਪਤਾ ਲਗਾਇਆ ਕਿ ਖੁਸ਼ਕ ਅਤੇ ਸਿੱਲ੍ਹੇ ਨਾਈਟ੍ਰੋਸੈਲੂਲੋਜ਼ ਦਾ ਵੀ ਵਿਸਫ਼ੋਟ-ਪ੍ਰੇਰਕ ਦੁਆਰਾ ਵਿਸਫ਼ੋਟਨ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਇਹ ਪਦਾਰਥ ਉੱਚ ਵਿਸਫ਼ੋਟਕ ਵਜੋਂ ਵਰਤਿਆ ਜਾਣ ਲੱਗ ਪਿਆ।

ਇਸ ਦੀ ਵਰਤੋਂ ਦੇ ਪਿਛੋਕੜ ਦੇ ਇਤਿਹਾਸ ਵਿਚ ਕਈ ਖਤਰਨਾਕ ਧਮਾਕਿਆਂ ਕਾਰਨ ਵਿਘਨ ਪਿਆ ਜਿਹੜੇ ਕਿ ਵਧੇਰੇ ਕਰਕੇ ਨਾਈਟ੍ਰੋਸੈਲੂਲੋਜ਼ ਨੂੰ ਨਾ ਪਛਾਣਨ ਕਰਕੇ ਹੋਏ, ਕਿ ਇਹ ਇਕ ਅਸਥਾਈ ਪਦਾਰਥ ਹੈ ਅਤੇ ਇਸ ਦੀਆਂ ਆਪਣੀਆਂ ਅਪਘਟਨ ਉਪਜਾਂ ਦੁਆਰਾ ਇਸ ਦਾ ਉਤਪ੍ਰੇਰਕੀ ਅਪਘਟਨ ਹੋ ਜਾਂਦਾ ਹੈ। ਇਸ ਕਿਰਿਆ ਨੂੰ ਜੇ ਸਮੇਂ ਸਿਰ ਨਾ ਰੋਕਿਆ ਜਾਵੇ ਤਾਂ ਵਿਸਫ਼ੋਟ ਹੋ ਜਾਂਦੇ ਹਨ। ਸਰ ਫ੍ਰੈਡਰਿਕ ਅਬੈੱਲ ਨੇ 1868 ਈ. ਵਿਚ ਦਰਸਾਇਆ ਕਿ ਨਾਈਟ੍ਰੀਕਰਨ ਮਗਰੋਂ ਨਾਈਟ੍ਰੋਸੈਲੂਲੋਜ਼ ਨੂੰ ਧੋਣ ਦੇ ਉਦੋਂ ਦੇ ਪ੍ਰਚੱਲਿਤ ਢੰਗ ਘੱਟ ਸਨ ਅਤੇ ਬਚੇ ਹੋਏ ਐਸਿਡ ਕਾਰਨ ਅਸਥਾਈਪਨ ਵਧ ਜਾਂਦਾ ਸੀ। ਪਲਪਿੰਗ (ਲੁਗਦਾ ਬਣਾਉਣਾ) ਵਿਧੀ ਦੀ ਆਮਦ ਅਤੇ ਧੋਣ ਦੇ ਢੰਗਾਂ ਵਿਚ ਤਬਦੀਲੀਆਂ ਨਾਲ ਖ਼ਾਸ ਤੌਰ ਤੇ ਸੁਧਰਿਆ ਹੋਇਆ ਨਾਈਟ੍ਰੋਸੈਲੂਲੋਜ਼ ਪ੍ਰਾਪਤ ਹੋਣ ਲਗਾ। ਫਿਰ ਵੀ ਧੂੰ-ਰਹਿਤ ਪਾਊਡਰ ਮੈਗਜ਼ੀਨਾਂ ਦੇ ਵਿਸਫ਼ੋਟ ਜਾਰੀ ਰਹੇ ਅਤੇ ਅਜੋਕੇ ਪ੍ਰਚਲਨ ਵਿਚ ਜਿਹੜਾ ਪਾਲ ਵਾਈਇਲੈ ਦੀਆਂ ਖੋਜਾਂ ਤੋਂ ਸ਼ੁਰੂ ਹੋਇਆ ਸੀ, ਨਾਈਟ੍ਰੋਸੈਲੂਲੋਜ਼ ਵਿਚ ਵਿਸ਼ੇਸ਼ ਸਥਾਈ ਕਾਰਕ ਮਿਲਾਏ ਜਾਂਦੇ ਹਨ। ਇਨ੍ਹਾਂ ਦਾ ਕੰਮ ਉਤਪ੍ਰੇਰਕੀ ਤੌਰ ਤੇ ਕਿਰਿਆਸ਼ੀਲ ਅਪਘਟਨ ਉਪਜਾਂ ਨੂੰ ਉਦਾਸੀਨ ਕਰਨਾ ਹੈ। ਇਸ ਦੇ ਸਿੱਟੇ ਅਜੋਕੇ ਸਥਾਈ ਅਤੇ ਭਰੋਸੇਯੋਗ ਪ੍ਰੋਪੈੱਲੈਂਟ ਹਨ।

ਸੈਲੂਲੋਜ਼ ਅਣੂ ਐਨਹਾਈਡ੍ਰੋਗਲੂਕੋਜ਼ ਯੂਨਿਟਾਂ, $C_6H_{10}O_5$ ਦੇ ਬਣੇ ਹੁੰਦੇ ਹਨ ਜਿਹੜੇ ਕਿ ਚੇਨਾਂ ਵਿਚ ਬੰਧਿਤ ਹੁੰਦੇ ਹਨ। ਇਸ ਲਈ ਨਾਈਟ੍ਰੀਕਰਨ ਵਿਧੀ ਨੂੰ ਵਿਉਂਤਬੱਧ ਢੰਗ ਨਾਲ ਇਸ ਸਮੀਕਰਨ ਨਾਲ ਦਰਸਾਇਆ ਗਿਆ ਹੈ—

$$C_6H_{10}O_5 + XHNO_3 \rightarrow C_6H_{10-x}\ O_{5-x}\ (NO_3)_x + XH_2O$$

ਇਥੇ ਪਰਿਵਰਤਨਸ਼ੀਲ ਮਾਤਰਾ ਹੈ, ਜਿਹੜੀ ਕਿ ਨਾਈ-ਟ੍ਰੀਕਰਨ ਮਿਸ਼ਰਨ ਦੀ ਰਚਨਾ, ਨਾਈਟ੍ਰਕਰਨ ਲਈ ਲਗਾਏ ਸਮੇਂ ਅਤੇ ਤਾਪਮਾਨ ਉੱਤੇ ਨਿਰਭਰ ਕਰਦੀ ਹੈ। ਸਿਧਾਂਤਕ ਤੌਰ ਤੇ x ਦਾ ਮੁੱਲ ਉਪਜ ਵਿਚ 14-14% ਨਾਈਟ੍ਰੋਜਨ ਦੇ ਤਦਅਨੁਸਾਰੀ ਤਿੰਨ ਤਕ ਪਹੁੰਚ ਸਕਦਾ ਹੈ ਪਰ ਸਲਫ਼ਿਊਰਿਕ ਅਤੇ ਨਾਈਟ੍ਰਿਕ ਐਸਿਡਾਂ

ਦੇ ਮਿਸ਼ਰਣਾਂ ਨਾਲ ਨਾਈਟ੍ਰੀਕਰਨ ਦੀ ਇੰਨੀ ਉੱਚ ਡਿਗਰੀ ਕਦੀ ਕਦਾਈਂ ਹਾਸਲ ਹੁੰਦੀ ਹੈ।

ਨਾਈਟ੍ਰੋਸੈਲੂਲੋਜ਼ ਦੀ ਵੱਡੇ ਪੈਮਾਨੇ ਉੱਤੇ ਤਿਆਰੀ ਸਿਧਾਂਤਕ ਤੌਰ ਤੇ ਜੇਕਰ ਅਮਲੀ ਰੂਪ ਵਿਚ ਨਹੀਂ ਤਾਂ ਸਾਪੇਖੀ ਤੌਰ ਤੇ ਸਰਲ ਵਿਧੀ ਹੈ। ਰੂੰ ਦੀਆਂ ਬੱਤੀਆਂ ਜਾਂ ਸਲਫ਼ਾਈਟ-ਵਿਧੀ ਵਿਚ ਲੱਕੜ ਦੇ ਗੁੱਦੇ ਨੂੰ ਨਾਈਟ੍ਰਿਕ-ਸਲਫ਼ਿਊਰਿਕ ਦੇ ਮਿਸ਼ਰਣ ਦੀ ਵੱਡੀ ਮਾਤਰਾ ਵਿਚੋਂ ਡਬੋ ਦਿੱਤਾ ਜਾਂਦਾ ਹੈ; ਨਿਸ਼ਚਿਤ ਸਮੇਂ ਤੋਂ ਬਾਅਦ ਉਪਜ ਨੂੰ ਤੇਜ਼ਾਬ ਵਿਚੋਂ ਵੱਖਰਾ ਕਰ ਲਿਆ ਜਾਂਦਾ ਹੈ, ਜਿਵੇਂ ਕਿ ਅਪਕੇਂਦਰਨ ਨਾਲ। ਨਾਈਟ੍ਰੋਸੈਲੂਲੋਜ਼ ਨੂੰ ਫਿਰ ਝੱਟ ਹੀ ਪਾਣੀ ਦੀ ਚੋਖੀ ਮਾਤਰਾ ਵਿਚ ਡਬੋ ਕੇ ਤੇਜ਼ਾਬੀ ਪਾਣੀ ਵਿਚ ਉਬਾਲਿਆ ਜਾਂਦਾ ਹੈ ਤਾਂ ਕਿ ਨਾਈਟ੍ਰੀਕਰਨ ਦੀਆਂ ਅਸਥਾਈ ਸਹਿ-ਉਪਜਾਂ ਦੂਰ ਹੋ ਸਕਣ।

ਅਗਲਾ ਸਟੈੱਪ ਪਲਪਿੰਗ ਹੈ ਜਿਸ ਨਾਲ ਰੇਸ਼ਿਆਂ ਦਾ ਵਿਘਟਨ ਅਤੇ ਮਗਰੋਂ ਧੋਣਾ ਹੈ ਤਾਂ ਕਿ ਤੇਜ਼ਾਬ ਦੇ ਆਖ਼ਰੀ ਟ੍ਰੇਸ ਪੂਰੀ ਤਰ੍ਹਾਂ ਖ਼ਤਮ ਹੋ ਜਾਣ। ਗਨ-ਪ੍ਰੋਪੈੱਲੈਂਟ ਬਣਾਉਣ ਲਈ ਬੜੀ ਦੇਰ ਤਕ ਰੂੰ ਦੀਆਂ ਬੱਤੀਆਂ ਨੂੰ ਤਰਜੀਹ ਦਿੱਤੀ ਜਾਂਦੀ ਰਹੀ, ਪਰ ਦੁਨੀਆ ਦੇ ਪਹਿਲੇ ਮਹਾਨ ਯੁੱਧ ਦੇ ਸ਼ੁਰੂ ਹੋਣ ਨਾਲ ਲੱਕੜ ਦਾ ਗੁੱਦਾ ਵਧੇਰੇ ਵਰਤਿਆ ਜਾਣ ਲੱਗ ਪਿਆ। ਲੱਕੜ ਦੇ ਗੁੱਦੇ ਵਿਚ ਐਲਫ਼ਾ-ਸੈਲੂਲੋਜ਼ ਦੀ ਵਧੇਰੇ ਮਾਤਰਾ ਚੰਗੇ ਗੁਣਾਂ ਵਾਲੇ ਧੂੰ-ਰਹਿਤ ਪਾਊਡਰ ਤਿਆਰ ਕਰਨ ਲਈ ਜ਼ਰੂਰੀ ਹੈ।

ਨਾਈਟ੍ਰੋਸੈਲੂਲੋਜ਼ ਇਕ ਲੂੰਈਦਾਰ, ਚਿੱਟਾ ਪਦਾਰਥ ਹੈ, ਜਿਹੜਾ ਅਣ ਉਪਹਾਰਤ ਸੈਲੂਲੋਜ਼ ਦੀ ਕੁਝ ਰੇਸ਼ੇਦਾਰ ਬਣਤਰ ਬਣਾਈ ਰਖਦਾ ਹੈ। ਇਹ ਤਾਪ ਪ੍ਰਤਿ ਅਸਥਾਈ ਹੈ ਅਤੇ ਬੜੇ ਧਿਆਨ ਨਾਲ ਤਿਆਰ ਕੀਤੇ ਸੈਂਪਲ ਨੂੰ ਗਰਮ (ਲਗਭਗ 150 ਸੈਂ. ਤੋਂ ਵੱਧ ਤਾਪਮਾਨ ਉੱਤੇ) ਕਰਨ ਨਾਲ ਇਹ ਬਲ ਉਠਦਾ ਹੈ।

ਨਾਈਟ੍ਰੋਸੈਲੂਲੋਜ਼ ਪਾਣੀ ਅਤੇ ਹਾਈਡ੍ਰੋਕਾਰਬਨ ਘੋਲਕਾਂ ਵਿਚ ਅਘੁਲਣਸ਼ੀਲ, ਪਰੰਤੂ ਐਸੀਟੋਨ, ਈਥਾਈਲ ਐਸੀਟੇਟ ਆਦਿ ਵਿਚ ਘੁਲਣਸ਼ੀਲ ਹੈ। ਕੇਵਲ ਉਹ ਪਦਾਰਥ ਜਿਸ ਵਿਚ ਨਾਈਟ੍ਰੋਜਨ ਦਾ ਅੰਸ਼ ਘੱਟ ਹੋਵੇ ਉਹ ਅਲਕੋਹਲ ਜਾਂ ਈਥਰ ਵਿਚ ਘੁਲਣਸ਼ੀਲ ਹਨ, ਪਰ ਵਿਚਕਾਰਲੇ ਗੇੜ ਈਥਰ-ਅਲਕੋਹਲ ਮਿਸ਼ਰਣਾਂ ਵਿਚ ਘੁਲਣ-ਸ਼ੀਲ ਹਨ। ਕੋਲੋਡੀਅਨ ਜਾਂ ਪਾਇਰਾੱਕਸੀਲੀਨ ਨਾਈਟ੍ਰੋਸੈਲੂਲੋਜ਼ ਜਿਸ ਵਿਚ ਨਾਈਟ੍ਰੋਜਨ ਅੰਸ਼ 12% ਤੋਂ ਵੱਧ ਨਾ ਹੋਵੇ, ਦੀ ਵਰਤੋਂ ਮੁੱਖ ਤੌਰ ਤੇ ਲੈਕਰਾਂ ਅਤੇ ਸੈਲੂਲਾੱਇਡ ਪਲਾਸਟਿਕ ਲਈ ਕੀਤੀ ਜਾਂਦੀ ਹੈ। ਉਹ ਪਦਾਰਥ ਜਿਨ੍ਹਾਂ ਵਿਚ ਨਾਈਟ੍ਰੋਜਨ ਅੰਸ਼ 11.5% ਦੇ ਨੇੜੇ ਤੇੜੇ ਹੋਵੇ, ਦੀ ਵਰਤੋਂ ਇਕ ਵਾਰ ਵਿਨਾਈਟ੍ਰੀਕਰਨ ਮਗਰੋਂ ਬਣਾਵਟੀ ਰੇਸ਼ਮ ਦੇ ਤੌਰ ਤੇ ਕੀਤੀ ਗਈ ਸੀ ਪਰ ਇਸ ਰੋਲ ਵਿਚ ਦੂਸਰੇ ਪਦਾਰਥਾਂ ਜਿਵੇਂ ਕਿ ਵਿਸਕੋਸ ਰੇਆੱਨ, ਨੇ ਇਸ ਦੀ ਥਾਂ ਲੈ ਲਈ ਹੈ। ਇਹੀ ਪਦਾਰਥ ਫ਼ੋਟੋਗ੍ਰਾਫ਼ੀ ਫਿਲਮਾਂ ਤਿਆਰ ਕਰਨ ਲਈ ਵਰਤਿਆ ਜਾਂਦਾ ਰਿਹਾ, ਭਾਵੇਂ ਸੈਲੂਲੋਜ਼ ਐਸੀਟੇਟ ਪਲਾਸਟਿਕਾਂ ਦੁਆਰਾ ਬਣੀ ਸੇਫ਼ਟੀ ਫਿਲਮ ਦੀ ਵਰਤੋਂ ਨੇ ਇਸ ਦੀ ਪ੍ਰਸਿੱਧੀ ਨੂੰ ਘਟਾ ਦਿੱਤਾ ਸੀ।

ਕੋਲੋਡੀਅਨ ਨਾਈਟ੍ਰੋਸੈਲੂਲੋਜ਼ ਜਿਸ ਵਿਚ 12% ਨਾਈਟ੍ਰੋਜਨ ਹੋਵੇ, ਦੀ ਵਰਤੋਂ ਪ੍ਰੋਪੈੱਲੈਂਟਾਂ ਅਤੇ ਜਿਲੇਟਿਨ ਡਾਇਨਾਮਾਈਟਾਂ ਦੇ ਬਣਾਉਣ ਲਈ ਕੀਤੀ ਜਾਂਦੀ ਹੈ। ਨਾਈਟ੍ਰੀਕਰਨ ਦੀ ਸਭ ਤੋਂ ਉੱਚ ਡਿਗਰੀ, ਜਿਹੜੀ ਹਾਲੇ ਵੀ ਅਲਕੋਹਲ-ਈਥਰ ਮਿਲੇ ਘੋਲਕਾਂ ਵਿਚ ਘੁਲਣਸ਼ੀਲ ਉਪਜ ਬਣਾਉਂਦੀ ਹੈ, 12.6% ਹੈ। ਡੀ. ਮੈਂਡਲੀਫ਼ ਦੁਆਰਾ ਲੱਭੇ ਪਾਇਰੋਸੈਲੂਲੋਜ਼ ਨਾਂ ਨਾਲ ਜਾਣੇ ਜਾਂਦੇ ਪਦਾਰਥ ਦੀ ਵਰਤੋਂ ਵਧੇਰੇ ਕਰਕੇ ਪ੍ਰੋਪੈੱਲੈਂਟ ਤਿਆਰ ਕਰਨ ਲਈ ਕੀਤੀ ਜਾਂਦੀ ਹੈ। ਗਨ-ਕਾੱਟਨ, ਜ਼ਿਸ ਵਿਚ 13% ਨਾਈਟ੍ਰੋਜਨ ਹੋਵੇ ਅਤੇ ਕੇਵਲ ਐਸੀਟੋਨ ਵਿਚ ਘੁਲਣਸ਼ੀਲ ਹੋਵੇ, ਦੀ ਵਰਤੋਂ ਇਕੱਲੇ ਪ੍ਰੋਪੈੱਲੈਂਟਾਂ ਜਾਂ ਨਿਮਨ ਦਰਜੇ ਦੇ ਨਾਈਟ੍ਰੋਸੈਲੂਲੋਜ਼ ਨਾਲ ਸੰਯੋਗੀ ਪਦਾਰਥਾਂ ਲਈ ਵੀ ਕੀਤੀ ਜਾਂਦੀ ਹੈ। ਇਕ ਵਾਰ ਸਿੱਲ੍ਹੀ ਗਨ-ਕਾੱਟਨ ਦੀ ਵਰਤੋਂ ਉੱਚ ਵਿਸਫ਼ੋਟ ਦੇ ਤੌਰ ਤੇ ਕਾਫ਼ੀ ਜ਼ਿਆਦਾ ਹੋ ਗਈ ਸੀ ਪਰ ਇਸ ਦੀ ਥਾਂ ਸੁਰੱਖਿਅਕ ਪਦਾਰਥਾਂ ਨੇ ਲੈ ਲਈ। ਸੈਲੂਲੋਜ਼ ਦੇ ਨਾਈਟ੍ਰੀਕਰਨ ਦੇ ਨਾਲ ਨਾਲ ਵੱਡੇ ਅਣੂਆਂ ਦਾ ਭਿੰਨ ਭਿੰਨ ਡਿਗਰੀ ਦਾ ਵਿਬਹੁਲਕੀਕਰਨ ਹੁੰਦਾ ਹੈ। ਗਨ ਪ੍ਰੋਪੈੱਲੈਂਟ ਤਿਆਰ ਕਰਨ ਲਈ ਵਿਬਹੁਲਕੀਕਰਨ ਹੋਣ ਤੋਂ ਬਚਾਇਆ ਜਾਂਦਾ ਹੈ ਪਰ ਲੈਕਰ ਬਣਾਉਣ ਲਈ ਲੋੜੀਂਦੇ ਪਦਾਰਥਾਂ ਨਾਲ ਇਸ ਨੂੰ ਤਰਜੀਹ ਦਿੱਤੀ ਜਾਂਦੀ ਹੈ ਕਿਉਂਕਿ ਵਿਬਹੁਲੀਕ੍ਰਿਤ ਨਾਈਟ੍ਰੋਸੈਲੂਲੋਜ਼ ਘੱਟ ਵਿਸਕਾੱਸਿਤਾ ਵਾਲੇ ਘੋਲ ਬਣਾਉਂਦਾ ਹੈ ਜਿਹੜੇ ਕਿ ਇਸ ਮੰਤਵ ਲਈ ਲੋੜੀਂਦੇ ਹਨ।

ਹ.ਪ੍ਰ.—ਐਨ. ਬ੍ਰਿ. ਮਾ 16 : 536

ਨਾਈਟ੍ਰੋਗਲਿਸਰੀਨ : ਇਹ ਇਕ ਵਿਸਫ਼ੋਟਕ ਪਦਾਰਥ ਹੈ। ਸਭ ਤੋਂ ਪਹਿਲਾਂ 1846 ਈ. ਵਿਚ ਏ. ਸੋਬਰੀਰੋ ਨੇ ਇਸ ਦੀ ਖੋਜ ਕੀਤੀ। ਇਸ ਨੂੰ ਸਾਧਾਰਣ ਤਾਪਮਾਨ ਉੱਤੇ ਗਲਿਸਰੋਲ ਅਤੇ ਗਾੜ੍ਹੇ ਨਾਈਟ੍ਰਿਕ ਐਸਿਡ ਅਤੇ ਸਲਫ਼ਿਊਰਿਕ ਐਸਿਡ ਦੀ ਪ੍ਰਤਿਕਿਰਿਆ ਰਾਹੀਂ ਪ੍ਰਾਪਤ ਕੀਤਾ ਜਾਂਦਾ ਹੈ। ਇਹ ਪ੍ਰਤਿਕਿਰਿਆ ਤਾਪਨਿਕਾਸੀ ਹੈ ਅਤੇ ਵੱਡੇ ਪੈਮਾਨੇ ਅਤੇ ਇਸ ਪ੍ਰਤਿਕਿਰਿਆ ਲਈ ਬਹੁਤ ਸਾਵਧਾਨੀ ਵਰਤਣ ਦੀ ਲੋੜ ਹੁੰਦੀ ਹੈ। ਨਾਈਟ੍ਰੋਗਲਿਸਰੀਨ ਨਾਈਟ੍ਰਿਕ ਐਸਿਡ ਦਾ ਐਸੱਟਰ ਹੈ ਜਿਸ ਦਾ ਰਸਾਇਣਿਕ ਫ਼ਾਰਮੂਲਾ $CH_2 (ONO_2 - CH (ONO_2) - CH_2 ONO_2)$ ਹੈ। ਇਹ ਇਕ ਥਿੰਦਾ ਪਦਾਰਥ ਹੈ ਜਿਹੜਾ ਸ਼ੁੱਧ ਅਵਸਥਾ ਵਿਚ ਰੰਗਹੀਨ ਹੁੰਦਾ ਹੈ ਪਰ ਆਮ ਤੌਰ ਤੇ ਇਹ ਹਲਕੇ ਪੀਲੇ ਰੰਗ ਦਾ ਹੀ ਹੁੰਦਾ ਹੈ। ਇਸ ਦੀ ਵਿਸ਼ਿਸ਼ਟ ਘਣਤਾ 15° ਸੈਂ. ਤਾਪਮਾਨ ਉੱਤੇ 1.60 ਹੈ ਅਤੇ ਪਿਘਲਣ ਦਰਜਾ 13.2 ਸੈਂ. ਹੈ। ਤਰਲ ਨਾਈਟ੍ਰੋਗਲਿਸਰੀਨ ਨੂੰ ਆਸਾਨੀ ਨਾਲ ਅਤਿਸੀਤਿਤ ਕੀਤਾ ਜਾ ਸਕਦਾ ਹੈ। ਇਹ ਪਾਣੀ ਅਤੇ ਗਲਿਸਰੋਲ ਵਿਚ ਬਹੁਤ ਘੱਟ ਘੁਲਦਾ ਹੈ। ਈਥਾਈਲ ਅਤੇ ਮੀਥਾਈਲ ਅਲਕੋਹਲ ਵਿਚ ਥੋੜ੍ਹੀ ਮਾਤਰਾ ਵਿਚ ਘੁਲਣਸ਼ੀਲ ਹੁੰਦਾ ਹੈ ਪਰ ਈਥਰ, ਐਸੀਟੋਨ ਅਤੇ ਬੈਨਜ਼ੀਨ ਵਿਚ ਪੂਰੀ ਤਰ੍ਹਾਂ ਘੁਲ ਜਾਂਦਾ ਹੈ। ਵਿਸਫ਼ੋਟਕਾਂ ਵਿਚ ਨਾਈਟ੍ਰਗਲਿਸਰੀਨ ਦੀ ਵਰਤੋਂ ਇਕੱਲੇ ਜਾਂ ਹੋਰ ਤੱਤਾਂ ਨਾਲ ਮਿਲਾ ਕੇ ਕੀਤੀ ਜਾਂਦੀ ਹੈ। ਤਰਲ ਨਾਈਟ੍ਰੋਗਲਿਸਰੀਨ ਝਟਕੇ ਪ੍ਰਤੀ ਬਹੁਤ ਸੰਵੇਦਨਸ਼ੀਲ ਹੈ ਇਸ ਕਰਕੇ ਇਸ ਨੂੰ ਜੋਖੋਂਵਾਲਾ (Hazardous) ਪਦਾਰਥ ਮੰਨਣਾ ਚਾਹੀਦਾ ਹੈ।

ਨਾਈਟ੍ਰੋਗਲਿਸਰੀਨ ਦਾ ਸਵਾਦ ਮਿੱਠਾ ਅਤੇ ਹਲਕੀ ਜਲਣ ਵਾਲਾ ਹੁੰਦਾ ਹੈ। ਇਹ ਥੋੜ੍ਹਾ ਜ਼ਹਿਰੀਲਾ ਵੀ ਹੁੰਦਾ ਹੈ। ਇਸ ਦੇ ਵਾਸ਼ਪਾਂ ਨਾਲ ਬਹੁਤ ਜ਼ਿਆਦਾ ਸਿਰ ਦਰਦ ਹੋਣ ਲਗ ਜਾਂਦਾ ਹੈ ਪਰ ਜ਼ਿਆਦਾ ਲੋਕ ਕੁਝ ਹਫ਼ਤਿਆਂ ਜਾਂ ਮਹੀਨਿਆਂ ਬਾਅਦ ਇਸ ਦੇ ਆਦੀ ਹੋ ਜਾਂਦੇ ਹਨ। ਭਾਵੇਂ ਨਾਈਟ੍ਰੋਗਲਿਸਰੀਨ ਇਕ ਨਾਈਟ੍ਰੇਟ ਹੈ ਪਰ ਇਸ ਦਾ ਔਸ਼ਧੀ ਪ੍ਰਭਾਵ ਨਾਈਟ੍ਰਾਈਟ ਵਰਗਾ ਹੁੰਦਾ ਹੈ, ਜਿਵੇਂ ਕਿ ਐਮਿਲਨਾਈਟ੍ਰਾਈਟ। ਖਾਰੇ ਮਾਧਿਅਮ ਵਿਚ ਸਰੀਰਕ ਤਾਪਮਾਨ ਉੱਤੇ ਨਾਈਟ੍ਰੋਗਲਿਸਰੀਨ ਇਕ ਨਾਈਟ੍ਰਾਈਟ ਬਣਾਉਂਦਾ ਹੈ ਅਤੇ ਤੰਤੂਆਂ ਵਿਚ ਇਹ ਤਬਦੀਲੀ ਨਾਈਟ੍ਰੋਗਲਿਸਰੀਨ ਦਾ ਇਕ ਮਹੱਤਵਪੂਰਨ ਗੁਣ ਹੈ। ਨਾਈਟ੍ਰੋਗਲਿਸਰੀਨ ਨੂੰ ਛਾਤੀ ਦਰਦ ਵਿਚ ਦਰਦ ਨਿਵਾਰਕ ਦਵਾਈ ਵਜੋਂ ਵਰਤਿਆ ਜਾਂਦਾ ਹੈ।

ਹ.ਪ੍ਰ.—ਐਨ. ਬ੍ਰਿ. 16 : 474

ਨਾਈਟ੍ਰੋਜਨ : ਇਹ ਇਕ ਰੰਗਹੀਣ, ਗੰਧਹੀਣ ਅਤੇ ਸੁਆਦ-ਰਹਿਤ ਗੈਸ ਹੈ। ਇਹ ਜਲਣਸ਼ੀਲ ਨਹੀਂ ਅਤੇ ਨਾ ਹੀ

Ia	IIa	IIIb	IVb	Vb	VIb	VIIb	VIII	VIII	VIII	Ib	IIb	IIIa	IVa	Va	VIa	VIIa	
1 H																	2 He
3 Li	4 Be											5 B	6 C	7 N	8 O	9 F	10 Ne
11 Na	12 Mg											13 Al	14 Si	15 P	16 S	17 Cl	18 Ar
19 K	20 Ca	21 Sc	22 Ti	23 V	24 Cr	25 Mn	26 Fe	27 Co	28 Ni	29 Cu	30 Zn	31 Ga	32 Ge	33 As	34 Se	35 Br	36 Kr
37 Rb	38 Sr	39 Y	40 Zr	41 Nb	42 Mo	43 Tc	44 Ru	45 Rh	46 Pd	47 Ag	48 Cd	49 In	50 Sn	51 Sb	52 Te	53 I	54 Xe
55 Cs	56 Ba	57 La	72 Hf	73 Ta	74 W	75 Re	76 Os	77 Ir	78 Pt	79 Au	80 Hg	81 Tl	82 Pb	83 Bi	84 Po	85 At	86 Rn
87 Fr	88 Ra	89 Ac	104 Rf	105 Ha	106	107	108	109	110	111	112	113	114	115	116	117	118

ਲੈਂਨਥੇਨਾਈਡ ਲੜੀ	58 Ce	59 Pr	60 Nd	61 Pm	62 Sm	63 Eu	64 Gd	65 Tb	66 Dy	67 Ho	68 Er	69 Tm	70 Yb	71 Lu
ਐਕਟਿਨਾਈਡ ਲੜੀ	90 Th	91 Pa	92 U	93 Np	94 Pu	95 Am	96 Cm	97 Bk	98 Cf	99 Es	100 Fm	101 Md	102 No	103 Lr

ਨਾਈਟ੍ਰੋਜਨ

ਜਾਲਣ ਜਾਂ ਸਾਹ ਲੈਣ ਵਿਚ ਸਹਾਈ ਹੈ। ਇਹ ਵਧੇਰੇ ਫੈਲੇ ਤੱਤਾਂ ਵਿਚੋਂ ਇਕ ਹੈ। ਇਹ ਵਾਯੂਮੰਡਲ ਵਿਚ ਮੁਕਤ ਹਾਲਤ ਵਿਚ ਅਤੇ ਭਿੰਨ ਭਿੰਨ ਯੌਗਿਕਾਂ ਵਿਚ ਅੰਸ਼ਿਕ ਤੌਰ ਤੇ ਮਿਲਦੀ ਹੈ। ਇਨ੍ਹਾਂ ਵਿਚੋਂ ਕੁਝ ਪੌਦਿਆਂ ਅਤੇ ਜੀਵਾਂ ਦੇ ਪ੍ਰੋਟੀਨਾਂ ਵਿਚ ਅਤੇ ਦੂਸਰੇ ਹੋਰ ਜਿਹੜੇ ਮਹੱਤਵਪੂਰਨ ਦਵਾਈਆਂ, ਰੰਗਕਾਂ ਅਤੇ ਹੋਰ ਰਸਾਇਣ ਬਣਾਉਂਦੇ ਹਨ, ਵਿਚੋਂ ਮਿਲਦੀ ਹੈ। ਇਸ ਦਾ ਰਸਾਇਣਿਕ ਚਿੰਨ੍ਹ N, ਪਰਮਾਣੂ-ਭਾਰ 14.0067 ਅਤੇ ਪਰਮਾਣਵੀ ਕ੍ਰਮ-ਅੰਕ 7 ਹੈ। ਮੁਕਤ ਤੱਤ ਨਾਈਟ੍ਰੋਜਨ ਅਣੂਆਂ, N_2 ਦਾ ਬਣਿਆ ਹੁੰਦਾ ਹੈ। ਇਸ ਦੀ ਹੋਂਦ ਸਭ ਤੋਂ ਪਹਿਲਾਂ ਸੀ. ਡਬਲਯੂ. ਸ਼ੈਲੇ (1772) ਨੇ ਪਛਾਣੀ। ਇਸ ਨੇ ਵਿਖਾਇਆ ਕਿ ਸਾਧਾਰਣ ਹਵਾ ਦੋ ਗੈਸਾਂ ਦਾ ਮਿਸ਼ਰਣ ਹੈ, ਜਿਨ੍ਹਾਂ ਨੂੰ ਇਸ ਨੇ "ਫਾਉਲ ਏਅਰ" (ਨਾਈਟ੍ਰੋਜਨ) ਅਤੇ "ਫਾਇਰ ਏਅਰ" (ਆੱਕਸੀਜਨ) ਕਿਹਾ। ਇਸ ਨੇ ਨਾਈਟ੍ਰੋਜਨ, ਆੱਕਸੀਜਨ ਨਾਲ ਭਿੰਨ ਭਿੰਨ ਜਲਣਸ਼ੀਲ ਜਾਂ ਆੱਕਸੀਕਰਨਯੋਗ ਪਦਾਰਥਾਂ ਨਾਲ ਸੰਯੋਜੀ ਪਦਾਰਥਾਂ ਨੂੰ ਕੱਢ ਕੇ ਪ੍ਰਾਪਤ ਕੀਤੀ ਅਤੇ ਵਿਖਾਇਆ ਕਿ ਬਾਕੀ ਬਚਿਆ ਪਦਾਰਥ ਜਾਲਣ ਜਾਂ ਸਾਹ ਲੈਣ ਵਿਚ ਸਹਾਈ ਨਹੀਂ ਹੋਵੇਗਾ। ਸੁਤੰਤਰ ਤੌਰ ਤੇ ਨਾਈਟ੍ਰੋਜਨ ਦੀ ਖੋਜ ਜੋਜ਼ੈਫ ਪ੍ਰੀਸਟਲੇ ਅਤੇ ਡੈਨੀਅਲ ਰਦਰਫੋਰਡ ਨੇ ਲਗਭਗ ਇਕੋ ਸਮੇਂ ਕੀਤੀ। ਏ. ਲੈਵੂਈਜ਼ੀਅਰ ਨੇ ਇਸ ਗੈਸ ਨੂੰ "ਐਜ਼ੋਟ" ਨਾਂ ਦਿੱਤਾ ਕਿਉਂਕਿ ਇਹ ਜੀਵਨ ਲਈ ਸਹਾਈ ਨਹੀਂ ਸੀ ਅਤੇ ਦਸਿਆ ਕਿ ਇਹ ਇਕ ਤੱਤ ਹੈ। ਇਸ ਦਾ ਨਾਂ ਨਾਈਟ੍ਰੋਜਨ ਜੇ.ਏ.ਸੀ. ਚਪਟਲ ਨੇ ਹੋਂਦ ਵਿਚ ਲਿਆਂਦਾ ਤਾਂ ਕਿ ਇਹ ਸੰਕੇਤ ਕੀਤਾ ਜਾ ਸਕੇ ਕਿ ਤੱਤ ਸ਼ੋਰੇ (ਪੋਟਾਸ਼ੀਅਮ ਨਾਈਟ੍ਰੇਟ ਜਾਂ ਸਾਲਟਪੀਟਰ) ਦਾ ਇਕ ਅੰਸ਼ ਹੈ।

ਵਾਯੂਮੰਡਲ ਵਿਚ ਨਾਈਟ੍ਰੋਜਨ ਆਇਤਨ ਅਨੁਸਾਰ ਲਗਭਗ 78% ਅਤੇ ਭਾਰ ਅਨੁਸਾਰ 75.5% ਹੈ। ਇਹ ਆੱਕਸੀਜਨ ਨੂੰ ਪਤਲਾ ਕਰਨ ਦਾ ਕੰਮ ਕਰਦੀ ਹੈ। ਮੁਕਤ ਨਾਈਟ੍ਰੋਜਨ ਕਈ ਤਾਰੋਟਿਆਂ (ਮੀਟੀਓਰਾਈਟ), ਜਲਾਵਾਮੁਖੀ ਗੈਸਾਂ ਤੇ ਖਾਣਾਂ ਵਿਚਲੀਆਂ ਗੈਸਾਂ ਅਤੇ ਕੁਝ ਖਣਿਜੀ ਝਰਨਿਆਂ ਵਿਚੋਂ ਮਿਲਦੀ ਹੈ। ਸੂਰਜ ਅਤੇ ਕੁਝ ਵਿਸ਼ੇਸ਼ ਸਿਤਾਰਿਆਂ ਤੇ ਨੀਹਾਰਿਕਾਵਾਂ ਵਿਚ ਇਸ ਦੀ ਹੋਂਦ ਸਪੈੱਕਟ੍ਰੋਸਕੋਪ ਦੁਆਰਾ ਵਿਖਾਈ ਗਈ ਹੈ। ਸੰਯੋਜੀ ਹਾਲਤ ਵਿਚ ਇਹ ਸ਼ੋਰੇ, ਚਿੱਲੀ ਸਾਲਟਪੀਟਰ (ਸੋਡੀਅਮ ਨਾਈਟ੍ਰੇਟ), ਅਮੋਨੀਆ ਅਤੇ ਵਾਯੂਮੰਡਲ ਵਿਚ ਅਮੋਨੀਆ ਲੂਣਾਂ, ਮੀਂਹ, ਭੌਂ ਤੇ ਖਾਦ ਅਤੇ ਮਿਸ਼ਰਿਤ ਆਰਸੇਨਿਕ ਯੌਗਿਕਾਂ (ਪ੍ਰੋਟੀਨਾਂ) ਅਤੇ 16% ਔਸਤਨ ਨਾਈਟ੍ਰੋਜਨ ਜੀਵਿਤ ਆਰਗੈ-ਨਿਜ਼ਮਾਂ ਵਿਚੋਂ ਮਿਲਦੀ ਹੈ।

ਤਿਆਰੀ ਅਤੇ ਵਰਤੋਂ—ਨਾਈਟ੍ਰੋਜਨ ਪ੍ਰਾਪਤ ਕਰਨ ਦੇ ਦੋ ਢੰਗ ਹਨ— (1) ਵਾਯੂਮੰਡਲੀ ਹਵਾ ਵਿਚੋਂ ਆੱਕਸੀਜਨ ਕੱਢ ਕੇ ਅਤੇ (2) ਇਸ ਦੇ ਯੌਗਿਕਾਂ ਤੋਂ। ਵਾਯੂਮੰਡਲੀ ਨਾਈਟ੍ਰੋਜਨ ਵਿਚ ਲਗਭਗ VIII-A ਗਰੁੱਪ ਦੀਆਂ ਗੈਸਾਂ (ਆਰਗਾੱਨ ਆਦਿ) ਦਾ ਲਗਭਗ 1% ਹੁੰਦਾ ਹੈ।

(1) ਹਵਾ ਵਿਚੋਂ ਆੱਕਸੀਜਨ ਨੂੰ ਸਾਧਾਰਣ ਤਾਪਮਾਨ ਉੱਤੇ ਫ਼ਾੱਸਫ਼ੋਰਸ ਪ੍ਰਭਾਵਨ (ਫ਼ਾੱਸਫ਼ੋਰਸ ਦਾ ਜਲਣਾ ਵਧੇਰੇ ਪ੍ਰਭਾਵਸ਼ਾਲੀ ਨਹੀਂ ਹੁੰਦਾ), ਸਿੱਲ੍ਹਿਆ ਲੋਹੇ ਦਾ ਬੁਰਾਦਾ, ਪਾਇਰੋਗੈਲੋਲ ਦਾ ਖਾਰਾ ਘੋਲ, ਕ੍ਰੋਮਸ ਕਲੋਰਾਈਡ ਜਾਂ ਕਿਊਪਰਸ ਕਲੋਰਾਈਡ ਜਾਂ ਧਾਤਵੀ ਤਾਂਬੇ ਦੀ ਹਾਈਡ੍ਰੋਕਲੋਰਿਕ ਐਸਿਡ ਜਾਂ ਅਮੋਨੀਆ ਜਾਂ ਲਾਲ-ਗਰਮ ਤਾਂਬੇ ਉਪਰੋਂ ਹਵਾ ਲੰਘਾਉਣ ਨਾਲ ਪ੍ਰਭਾਵਨ ਦੁਆਰਾ ਕੱਢਿਆ ਜਾ ਸਕਦਾ ਹੈ।

ਵੱਡੇ ਪੈਮਾਨੇ ਉੱਤੇ ਨਾਈਟ੍ਰੋਜਨ ਆਮ ਕਰਕੇ ਪੂਰੀ ਤਰ੍ਹਾਂ ਤਰਲ, ਹਵਾ ਦੇ ਅੰਸ਼ਿਕ ਕਸ਼ੀਦਣ ਦੁਆਰਾ ਕੀਤੀ ਜਾਂਦੀ ਹੈ। ਇਸ ਵਿਧੀ ਵਿਚ ਨਾਈਟ੍ਰੋਜਨ ਦਾ ਉਬਾਲ ਦਰਜਾ ਆੱਕਸੀਜਨ ਨਾਲੋਂ ਘੱਟ ਹੁੰਦਾ ਹੈ। ਇਸ ਵਿਚ ਨਾਈਟ੍ਰੋਜਨ ਆੱਕਸੀਜਨ ਨਾਲੋਂ ਪਹਿਲਾਂ ਵਾਸ਼ਪਾਂ ਵਿਚ ਬਦਲ ਜਾਂਦੀ ਹੈ। ਗੈਸ ਨੂੰ ਮਾਰਕਿਟ ਵਿਚ ਭੂਰੇ ਸਿਲਿੰਡਰਾਂ ਵਿਚ ਲਗਭਗ 120 ਵਾਯੂਮੰਡਲ ਦੇ ਦਬਾਓ ਹੇਠ ਭੇਜਿਆ ਜਾਂਦਾ ਹੈ। ਇਸ ਗੈਸ ਵਿਚ ਆਮ ਕਰਕੇ ਹਵਾ ਵਿਚਲੀਆਂ ਹੀਲੀਅਮ ਅਤੇ ਨੀਆੱਨ ਗੈਸਾਂ ਮਿਲੀਆਂ ਹੁੰਦੀਆਂ ਹਨ ਪਰ ਆਰਗਾੱਨ, ਜਿਸ ਦਾ ਉਬਾਲ ਦਰਜਾ ਲਗਭਗ ਇੰਨਾ ਹੀ ਹੁੰਦਾ ਹੈ, ਆੱਕਸੀਜਨ ਨਾਲ ਰਹਿ ਜਾਂਦਾ ਹੈ।

(2) ਸ਼ੁੱਧ ਨਾਈਟ੍ਰੋਜਨ ਇਸ ਦੇ ਯੌਗਿਕਾਂ ਤੋਂ ਪ੍ਰਾਪਤ ਕੀਤੀ ਜਾਂਦੀ ਹੈ—

(ੳ) ਅਮੋਨੀਆ ਦੇ ਘੋਲ ਵਿਚੋਂ ਕਲੋਰੀਨ ਲੰਘਾਉਣ ਨਾਲ,

$2NH_3 + Cl_2 \rightarrow N_2 + 6HCl;$

(ਅ) ਅਮੋਨੀਅਮ ਨਾਈਟ੍ਰਾਈਟ (ਜਾਂ ਸੋਡੀਅਮ ਨਾਈ-ਟ੍ਰਾਈਟ ਅਤੇ ਅਮੋਨੀਅਮ ਕਲੋਰਾਈਡ ਦਾ ਮਿਸ਼ਰਣ) ਦੇ ਘੋਲ ਨੂੰ ਗਰਮ ਕਰਨ ਨਾਲ,

$NH_4NO_2 \rightarrow N_2 + 2H_2O;$

(ੲ) ਅਮੋਨੀਅਮ ਡਾਈਕ੍ਰੋਮੇਟ ਨੂੰ ਗਰਮ ਕਰਨ ਨਾਲ,

$(NH_4)_2 Cr_2O_7 \rightarrow N_2 + Cr_2 O_3 + 4H_2O;$

(ਸ) ਨਾਈਟ੍ਰਿਕ ਆੱਕਸਾਈਡ ਅਤੇ ਅਮੋਨੀਆ ਗੈਸ ਦੇ ਮਿਸ਼ਰਣ ਨੂੰ ਲਾਲ ਸੁਰਖ਼ ਤਾਂਬੇ ਉੱਤੋਂ ਲੰਘਾਉਣ ਨਾਲ,

$6NO + 4NH_3 \rightarrow 5N_2 + 6H_2O;$

(ਹ) ਬਹੁਤ ਹੀ ਸ਼ੁੱਧ ਹਾਲਤ ਵਿਚ ਸੋਡੀਅਮ ਜਾਂ ਬੇਰੀਅਮ ਐਜ਼ਾਈਡ ਨੂੰ ਖ਼ਲਾ ਵਿਚ ਗਰਮ ਕਰਨ ਨਾਲ,

$Ba\,(N_3)_2 \rightarrow Ba + 3N_2$

ਗੈਸ ਨੂੰ ਪਾਣੀ ਉਪਰੋਂ ਇਕੱਠਾ ਕੀਤਾ ਜਾ ਸਕਦਾ ਹੈ।

ਨਾਈਟ੍ਰੋਜਨ ਗੈਸ ਦੀ ਵਰਤੋਂ ਵੱਡੇ ਜਾਂ ਸਸਤੇ ਬਿਜਲੱਈ ਬੱਲਬਾਂ ਵਿਚ ਭਰੀ ਜਾਂਦੀ ਹੈ, ਜਦੋਂ ਕਿ ਆਰਗਾੱਨ ਛੋਟੇ ਅਤੇ ਵਧੇਰੇ ਮਹਿੰਗੇ ਬੱਲਬਾਂ ਵਿਚ ਭਰੀ ਜਾਂਦੀ ਹੈ। ਉੱਚ-ਤਾਪ ਵਾਲੇ ਪਾਰੇ ਦੇ ਥਰਮਾਮੀਟਰਾਂ ਵਿਚ ਨਪੀੜਿਤ ਨਾਈਟ੍ਰੋਜਨ ਵੀ ਹੋ ਸਕਦੀ ਹੈ। ਨਾਈਟ੍ਰੋਜਨ ਦੀ ਵਧੇਰੇ ਮਾਤਰਾ ਸੰਸ਼ਲਿਸ਼ਟ ਅਮੋਨੀਆ ਅਤੇ ਹੋਰ ਨਾਈਟ੍ਰੋਜਨ ਯੋਗਿਕ (ਜਿਵੇਂ ਕਿ ਨਾਈਟ੍ਰਿਕ ਐਸਿਡ) ਬਣਾਉਣ ਲਈ ਕੀਤੀ ਜਾਂਦੀ ਹੈ, ਜਿਹੜੇ ਕਿ ਰੰਗਕ-ਪਦਾਰਥਾਂ, ਦਵਾਈਆਂ, ਵਿਸਫ਼ੋਟਕਾਂ ਅਤੇ ਖਾਦਾਂ ਬਣਾਉਣ ਲਈ ਲੋੜੀਂਦੇ ਹਨ।

ਗੁਣ—ਨਾਈਟ੍ਰੋਜਨ ਗੈਸ ਪਾਣੀ ਵਿਚ ਬਹੁਤ ਹੀ ਘੱਟ ਘੁਲਣਸ਼ੀਲ ਹੈ ਪਰ ਤਰਲ ਆੱਕਸੀਜਨ ਦਾ ਇਕ ਆਇਤਨ, ਲਗਭਗ ਗੈਸ ਨੂੰ ਘੋਲ ਲੈਂਦਾ ਹੈ। ਦਬਾਉ ਹੇਠ ਪ੍ਰਬਲ ਸੀਤਨ ਉੱਤੇ ਨਾਈਟ੍ਰੋਜਨ ਇਕ ਰੰਗਹੀਣ ਤਰਲ ਬਣਾਉਂਦੀ ਹੈ, ਜਿਹੜਾ ਕਿ ਰੰਗਹੀਣ ਹੁੰਦਾ ਹੈ ਅਤੇ ਉਸ ਦਾ ਉਬਾਲ ਦਰਜਾ −195.84° ਸੈਂ. ਹੈ, ਜਿਸ ਤਾਪਮਾਨ ਉੱਤੇ ਇਸ ਦੀ ਵਿਸ਼ਿਸ਼ਟ ਘਣਤਾ 0.8042 ਹੈ। ਕ੍ਰਾਂਤਿਕ ਤਾਪਮਾਨ −147.13° ਸੈਂ. ਅਤੇ ਕ੍ਰਾਂਤਿਕ ਦਬਾਉ 33.49 ਵਾਯੂਮੰਡਲ ਹੈ। ਘੱਟ ਦਬਾਉ ਉੱਤੇ ਤੇਜ਼ ਵਾਸ਼ਪੀਕਰਨ ਨਾਲ ਤਰਲ ਰੰਗਹੀਣ ਠੋਸ, ਜਿਸ ਦਾ ਪਿਘਲਾਉ ਦਰਜਾ −210° ਸੈਂ., ਵਿਚ ਜੰਮ ਜਾਂਦਾ ਹੈ ਜਿਸ ਦਾ ਕੋਈ ਰੰਗ ਨਹੀਂ ਹੁੰਦਾ। ਨਾਈਟ੍ਰੋਜਨ ਦੀ 0° ਸੈਂ. ਅਤੇ 760 ਮਿ. ਮੀ. ਦਬਾਉ ਉੱਤੇ ਘਣਤਾ 1.25051 ਗ੍ਰਾ. ਪ੍ਰਤਿ ਲਿਟਰ ਹੈ ਜਦੋਂ ਕਿ ਘਣਤਾ ਪ੍ਰਵੇਗ 980.665 ਸੈਂ. ਮੀ. ਪ੍ਰਤਿ ਸੈਕੰਡ ਹੈ।

ਇਹ ਤੱਤ ਦੋ ਸਥਾਈ ਸਮਸਥਾਨਕ ਹਨ ਜਿਨ੍ਹਾਂ ਦੇ ਪਰਮਾਣੂ-ਭਾਰ 14 ਅਤੇ 15 ਹਨ। ਅਮੋਨੀਆ ਗੈਸ ਅਤੇ ਅਮੋਨੀਅਮ ਸਲਫ਼ੇਟ ਵਿਚਕਾਰ ਇਕ ਵਟਾਂਦਰਾ ਕਿਰਿਆ ਦੁਆਰਾ N^{15} ਵਿਚ (ਸਮ੍ਰਿਧੀ ਵਾਧਾ) ਪ੍ਰਾਪਤ ਕੀਤਾ ਜਾਂਦਾ ਹੈ। ਰਦਰਫੋਰਡ ਨੇ ਵਿਖਾਇਆ ਕਿ ਨਾਈਟ੍ਰੋਜਨ ਪਰਮਾਣੂ ਦਾ ਤੀਖਣ ਐੱਲਫ਼ਾ-ਕ੍ਣਾਂ ਦੀ ਟੱਕਰ ਨਾਲ ਵਿਘਟਨ ਹੋ ਜਾਂਦਾ ਹੈ ਅਤੇ ਪ੍ਰੋਟਾੱਨਾਂ (ਹਾਈਡ੍ਰੋਜਨ ਨਿਊਕਲੀਅਸ), ਇਸ ਦੇ ਨਿਊਕਲੀਅਸ ਵਿਚੋਂ ਬਾਹਰ ਕੱਢ ਦਿੱਤੀਆਂ ਜਾਂਦੀਆਂ ਹਨ। ਰੇਡੀਓ-ਐੱਕਟਿਵ ਸਮਸਥਾਨਕ N^{13} ਅਤੇ N^{15} ਬਣਾਵਟੀ, ਤੌਰ ਤੇ ਭਿੰਨ ਭਿੰਨ ਢੰਗਾਂ ਨਾਲ ਤਿਆਰ ਕੀਤੇ ਜਾਂਦੇ ਹਨ ਜਿਵੇਂ ਕਿ ਕਾਰਬਨ ਉੱਤੇ ਡਿਊਟ੍ਰਾੱਨਾਂ ਦੀ ਬੰਬਾਰੀ ਦੁਆਰਾ N^{13} ਬਣਦਾ ਹੈ।

ਨਾਈਟ੍ਰੋਜਨ ਅਣੂ ਦੇ ਪਰਮਾਣੂ ਵਿਚ ਬਦਲਣ ਦੀ ਵਿਯੋਜਨ-ਗਰਮੀ ਜ਼ਿਆਦਾ (170 ਜਾਂ 225 ਕਿ.ਗ੍ਰਾ. ਕੈਲੋਰੀ ਪ੍ਰਤਿ ਮੋਲ) ਹੋਣ ਕਰਕੇ ਨਾਈਟ੍ਰੋਜਨ ਕੁਝ ਕੁ ਅਕਿਰਿਆਸ਼ੀਲ ਹੈ, ਪਰ ਕੁਝ ਵਿਸ਼ੇਸ਼ ਹਾਲਤਾਂ ਹੇਠ ਇਹ ਕਈ ਤੱਤਾਂ ਜਿਵੇਂ ਕਿ ਹਾਈਡ੍ਰੋਜਨ, ਆੱਕਸੀਜਨ, ਬੋਰਾੱਨ, ਸਿਲਿਕਾੱਨ, ਲਿਥੀਅਮ, ਮੈਗਨੀਸ਼ੀਅਮ, ਕੈਲਸੀਅਮ, ਬੇਰੀਅਮ, ਟਾਇਟੇਨੀਅਮ, ਵੈਨੇਡੀਅਮ, ਟੈਂਟੇਲਮ, ਟੰਗਸਟਨ ਅਤੇ ਮੈਂਗਨੀਜ਼ ਨਾਲ ਸਿੱਧੇ ਹੀ ਮਿਲ ਸਕਦੀ ਹੈ। ਭਿੰਨ ਭਿੰਨ ਹਾਲਤਾਂ ਹੇਠ ਧਾਤਾਂ ਨਾਲ ਯੋਗਿਕਾਂ (ਨਾਈਟ੍ਰਾਈਡਾਂ) ਦਾ ਪਾਣੀ ਦੁਆਰਾ ਅਪਘਟਨ ਹੋ ਸਕਦਾ ਹੈ ਜਿਸ ਨਾਲ ਅਮੋਨੀਆ ਨਿਕਲਦੀ ਹੈ।

ਕਿਰਿਆਸ਼ੀਲ ਨਾਈਟ੍ਰੋਜਨ—ਜਦੋਂ ਨਾਈਟ੍ਰੋਜਨ ਗੈਸ ਦੀ ਧਾਰਾ ਜਿਸ ਵਿਚ ਆੱਕਸੀਜਨ ਦਾ ਕੁਝ ਅੰਸ਼ ਜਾਂ ਹੋਰ ਅਸ਼ੁੱਧੀ ਹੋਵੇ, ਨੂੰ ਘੱਟ ਦਬਾਉ ਉੱਤੇ ਉੱਚ-ਤਣਾਉ ਬਿਜਲੱਈ ਡਿਸਚਾਰਜ ਉੱਤੇ ਪ੍ਰਭਾਵਿਤ ਕੀਤਾ ਜਾਵੇ ਤਾਂ ਡਿਸਚਾਰਜ ਤੋਂ ਦੂਰ ਗੈਸ ਪੀਲੇ ਪ੍ਰਕਾਸ਼ ਨਾਲ ਚਮਕਦੀ ਹੈ ਅਤੇ ਸਾਧਾਰਣ ਨਾਈਟ੍ਰੋਜਨ (ਲਾਰਡ ਰੈਲੇ, 1911) ਨਾਲੋਂ ਰਸਾਇਣਿਕ ਤੌਰ ਤੇ ਵਧੇਰੇ ਕਿਰਿਆਸ਼ੀਲ ਹੁੰਦੀ ਹੈ। ਇਹ ਅਣਵੀਂ ਹਾਈਡ੍ਰੋਜਨ ਜਾਂ ਆੱਕਸੀਜਨ ਨਾਲ ਕਿਰਿਆ ਨਹੀਂ ਕਰਦੀ ਪਰ ਪਰਮਾਣਵੀਂ ਹਾਈਡ੍ਰੋਜਨ ਨਾਲ ਮਿਲ ਕੇ ਅਮੋਨੀਆ ਬਣਾਉਂਦੀ ਹੈ। ਇਹ ਗੰਧਕ, ਫ਼ਾੱਸਫ਼ੋਰਸ ਅਤੇ ਕਈ ਹੋਰ ਧਾਤਾਂ ਨਾਲ ਮਿਲਕੇ ਨਾਈਟ੍ਰਾਈਡ ਬਣਾਉਂਦੀ ਹੈ, ਨਾਈਟ੍ਰਿਕ ਆੱਕਸਾਈਡ ਦਾ ਆੱਕਸੀਜਨ ਅਤੇ ਨਾਈਟ੍ਰੋਜਨ ਵਿਚ ਅਪਘਟਨ ਕਰ ਦਿੰਦੀ ਹੈ ਅਤੇ ਐਸਿਟਿਲੀਨ ਨਾਲ ਹਾਈਡ੍ਰੋਸਾਇਆਨਿਕ ਐਸਿਡ ਬਣਾਉਂਦੀ ਹੈ। ਕਥਿਤ ਤੌਰ ਤੇ ਜਿਸ ਨੂੰ ਕਿਰਿਆਸ਼ੀਲ ਨਾਈਟ੍ਰੋਜਨ ਕਿਹਾ ਜਾਂਦਾ ਹੈ, ਇਸ ਦੇ ਸੁਭਾਅ (ਲੱਛਣ) ਬਾਰੇ ਹਾਲੇ ਵੀ ਪੂਰਾ ਪਤਾ ਨਹੀਂ ਹੈ ਪਰ ਹੋ ਸਕਦਾ ਹੈ ਇਸ ਵਿਚ ਦੋਵੇਂ ਨਾਰਮਲ ਅਤੇ ਉਤੇਜਿਤ ਨਾਈਟ੍ਰੋਜਨ ਪਰਮਾਣੂ ਹੋਣ। ਮੈਟਾਫ਼ਾੱਸਫ਼ੋਰਿਕ ਐਸਿਡ ਨਾਲ ਲੇਪ ਕੀਤੇ ਬਲਬ ਵਿਚ ਚਮਕ ਕਈ ਘੰਟੇ ਲਗਾਤਾਰ ਰਹਿੰਦੀ ਹੈ।

ਨਾਈਟ੍ਰੋਜਨ ਚੱਕਰ—ਜੀਵ ਆਪਣੇ ਰੇਸ਼ੇਦਾਰ ਪ੍ਰੋਟੀਨਾਂ ਦੀ ਨਾਈਟ੍ਰੋਜਨ ਅੰਸ਼ਿਕ ਤੌਰ ਤੇ ਜੀਵ ਪ੍ਰੋਟੀਨਾਂ ਅਤੇ ਅੰਸ਼ਿਕ ਤੌਰ ਤੇ (ਕਈ ਵਾਰੀ ਪੂਰੀ ਤਰ੍ਹਾਂ) ਭੋਜਨ ਦੇ ਬਨਸਪਤ ਪ੍ਰੋਟੀਨਾਂ ਤੋਂ ਪ੍ਰਾਪਤ ਕਰਦੇ ਹਨ। ਪੌਦੇ ਆਪਣੇ ਪ੍ਰੋਟੀਨ ਭੌਂ ਵਿਚਲੇ ਅਕਾਰਬਨੀ ਯੋਗਿਕਾਂ ਅਤੇ ਕੁਝ ਹੱਦ ਤਕ ਵਾਯੂਮੰਡਲ ਵਿਚਲੀ ਮੁਕਤ ਨਾਈਟ੍ਰੋਜਨ ਤੋਂ ਸੰਸ਼ਲਿਸ਼ਟ ਕਰਦੇ ਹਨ। ਪੀ. ਈ. ਐਮ. ਬਰਥਲੋ ਨੇ ਪਤਾ ਲਗਾਇਆ ਕਿ ਜੀਵਾਂਣੂ ਰਹਿਤ ਭੌਂ ਹਵਾ ਵਿਚੋਂ ਨਾਈਟ੍ਰੋਜਨ ਨਹੀਂ ਲੈਂਦੀ, ਇਸ ਲਈ ਉਸ ਨੇ ਸਿੱਟਾ ਕੱਢਿਆ ਕਿ ਸਵੈ-ਅੰਗੀਕਰਨ ਨਾਲ ਸਬੰਧਿਤ ਸੂਖ਼ਮ-ਜੀਵਾਣੂ ਹਨ।

ਫਲੀਦਾਰ ਪੌਦੇ ਜਿਵੇਂ ਕਿ ਮਟਰ, ਫਲੀਆਂ ਅਤੇ ਲਸਨ ਬੈਕਟੀਰੀਅਮ (ਜੀਵਾਣੂ) ਰ੍ਹਾਈਜ਼ੋਬੀਅਮ ਦੀ ਕਿਰਿਆ ਦੁਆਰਾ ਵਾਯੂਮੰਡਲੀ ਨਾਈਟ੍ਰੋਜਨ ਦੀ ਵਰਤੋਂ ਕਰ ਸਕਦੇ ਹਨ। ਇਸ ਵਿਚ ਵੀ ਕਈ ਉਪਭੇਦ ਹਨ। ਇਹ ਵਿਧੀ ਜੜ੍ਹ ਦੇ ਰੇਸ਼ਿਆਂ ਵਿਚੋਂ ਹੁੰਦੀ ਹੈ ਅਤੇ ਇਸ ਵਿਚ ਜੜ੍ਹਾਂ ਉੱਤੇ ਉਹ ਗੰਢਾਂ ਪੈਦਾ ਹੋ ਜਾਂਦੀਆਂ ਹਨ ਜਿਨ੍ਹਾਂ ਵਿਚ ਬੈਕਟੀਰੀਆ ਦੀਆਂ Y - ਰੂਪੀ ਸ਼ਮਿਲਤਾਂ ਹੁੰਦੀਆਂ ਹਨ, ਜਿਨ੍ਹਾਂ ਨੂੰ ਬੈਕਟੀਰਾੱਇਡ ਕਿਹਾ ਜਾਂਦਾ ਹੈ। ਧਰਤੀ ਵਿਚ ਮੁਕਤ-ਜੀਵਿਤ ਅਣਆਕਸੀ ਬੈਕਟੀਰੀਆ ਜਿਹੜੇ ਕਿ ਨਾਈਟ੍ਰੋਜਨ ਨੂੰ ਫ਼ਿਕਸ ਕਰ ਸਕਦੇ ਹਨ ਉਹ ਕਲਾੱਸਟ੍ਰੀਡੀਅਮ ਪੈਸਚਿਊਰੀਐਨਮ (ਐੱਸ. ਵਿਨੋਗਰਾਡਸਕੀ 1893) ਅਤੇ ਐਜ਼ੋਟੋਬੈੱਕਟਰ ਕ੍ਰੋਕੋਕਮ (ਐੱਮ. ਡਬਲਯੂ. ਬੀਜੀਰੀਨਿਕ, 1901) ਹਨ। ਕੁਝ ਵਿਸ਼ੇਸ਼ ਐਲਗੀ ਵੀ ਨਾਈਟ੍ਰੋਜਨ ਨੂੰ ਫ਼ਿਕਸ ਕਰਦੀ ਹੈ ਅਤੇ ਇਹ ਕਈ ਤਪਤ-ਖੰਡੀ ਭੌਂਆਂ ਵਿਚ ਮਹੱਤਵਪੂਰਨ ਹਨ। ਬੈਕਟੀਰੀਆ ਦੁਆਰਾ ਫ਼ਿਕਸ ਕੀਤੀ ਨਾਈਟ੍ਰੋਜਨ ਦੀ ਮਾਤਰਾ 30% ਵਧ ਜਾਂਦੀ ਹੈ ਜੇਕਰ ਭੌਂ ਵਿਚ ਵਿਸ਼ੇਸ਼ ਪ੍ਰੋਟੋਜ਼ੋਆ ਹੋਣ, ਭਾਵੇਂ ਪ੍ਰੋਟੋਜ਼ੋਆ ਬੈਕਟੀਰੀਆ ਤੋਂ ਖ਼ੁਰਾਕ ਲੈਂਦੇ ਹਨ।

ਸੂਖਮ ਆਰਗੈਨਿਜ਼ਮਾਂ ਦੀ ਏਜੰਸੀ ਦੁਆਰਾ ਭੌਂ ਵਿਚ ਅਮੋਨੀਅਮ ਲੂਣਾਂ ਦਾ ਆੱਕਸੀਕਰਨ, ਨਾਈਟ੍ਰੇਟਾਂ ਵਿਚ ਹੋ ਜਾਂਦਾ ਹੈ। ਇਸ ਵਿੱਧੀ ਨੂੰ ਨਾਈਟ੍ਰੀਕਰਨ (ਐਸ. ਵਿਨੋਗਰਾਸਕੀ, 1890) ਕਿਹਾ ਗਿਆ। ਪਹਿਲਾਂ ਇਨ੍ਹਾਂ ਨੂੰ ਜੈਨੇਰਾ ਨਾਈਟ੍ਰੋਸੋਮੋਨਾਸ ਨਾਲ ਸਬੰਧਿਤ ਆਰਗੈਨਿਜ਼ਮਾਂ ਦੁਆਰਾ ਆੱਕਸੀਕ੍ਰਿਤ ਕਰਕੇ ਨਾਈਟ੍ਰੇਟਾਂ ਵਿਚ ਬਦਲਿਆ ਜਾਂਦਾ ਹੈ ਅਤੇ ਫਿਰ ਨਾਈਟ੍ਰਾਈਟਾਂ ਦਾ ਕਿਸੇ ਹੋਰ ਬੈਕਟੀਰੀਅਮ ਨਾਈਟ੍ਰੋਬੈੱਕਟਰ ਦੁਆਰਾ ਆੱਕਸੀਕਰਨ ਨਾਲ ਨਾਈਟ੍ਰੇਟਾਂ ਵਿਚ ਬਦਲਿਆ ਜਾਂਦਾ ਹੈ। ਇਹ ਵਿਧੀਆਂ ਮੁਕਤ ਵਾਤਕ ਅਤੇ ਇਕ ਉਦਾਸੀਨ ਜਾਂ ਧਰਤੀ ਵਿਚ ਖਾਰੀ ਕਿਰਿਆ ਉੱਤੇ ਨਿਰਭਰ ਹਨ। ਇਸ ਤਰ੍ਹਾਂ ਨਾਈਟ੍ਰੇਟ ਰਚ ਜਾਂਦਾ ਹੈ ਪਰ ਅਮੋਨੀਆ ਲਈ ਪਲਾਂਟ ਵਿਚ ਇਹ ਘੱਟ ਜਾਂਦਾ ਹੈ।

ਭੌਂ ਵਿਚਲੇ ਨਾਈਟ੍ਰੋਜਨ-ਯੋਗਿਕਾਂ ਦਾ ਦੂਸਰੀ ਕਿਸਮ ਦੇ ਬੈਕਟੀਰੀਆ ਦੁਆਰਾ ਅਪਘਟਨ ਹੋ ਜਾਂਦਾ ਹੈ ਅਤੇ ਇਸ ਵਿਨਾਈਟ੍ਰੀਕਰਨ ਵਿਧੀ ਨਾਲ ਮੁਕਤ ਨਾਈਟ੍ਰੋਜਨ ਹਵਾ ਵਲ ਪਰਤ ਜਾਂਦੀ ਹੈ। ਵਾਹੀਯੋਗ ਭੌਂ ਦੀ ਸੰਯੋਜੀ ਨਾਈਟ੍ਰੋਜਨ ਮਾਤਰਾ ਆਮ

ਕਰਕੇ ਵਧੀ ਹੁੰਦੀ ਹੈ ਅਤੇ ਨਾਈਟ੍ਰੋਜਨੀ ਖਾਦਾਂ ਦੁਆਰਾ ਜਿਵੇਂ ਕਿ ਨਾਈਟ੍ਰੇਟ ਅਤੇ ਅਮੋਨੀਅਮ ਲੂਣਾਂ ਦੁਆਰਾ ਮੁੜ ਕਾਇਆ ਕਲਪ ਹੋ ਜਾਂਦਾ ਹੈ।

ਵਾਯੂਮੰਡਲ ਵਿਚ ਬਿਜਲੱਈ ਡਿਸਚਾਰਜਾਂ ਦੁਆਰਾ ਨਾਈ-ਟ੍ਰੋਜਨ, ਆੱਕਸਾਈਡਾਂ ਦੇ ਰੂਪ ਵਿਚ ਫ਼ਿਕਸ ਕੀਤੀ ਹੁੰਦੀ ਹੈ ਅਤੇ ਭੌਂ ਵਿਚ ਮੀਂਹ ਦੁਆਰਾ ਨਾਈਟ੍ਰਿਕ ਅਤੇ ਨਾਈਟ੍ਰਸ ਐਸਿਡਾਂ ਦੇ ਰੂਪ ਵਿਚ ਜਾਂਦੀ ਹੈ। ਇਹ ਤੇਜ਼ਾਬ ਭੌਂ ਵਿਚ ਨਾਈਟ੍ਰੇਟ ਅਤੇ ਨਾਈਟ੍ਰਾਈਟ ਬਣਾਉਂਦੇ ਹਨ। ਸਭ ਕੁਝ ਮਿਲਾ ਕੇ ਇਸ ਤਰ੍ਹਾਂ ਲਗਭਗ 250,000 ਮੀਟ੍ਰਿਕ ਟਨ ਨਾਈਟ੍ਰਿਕ ਐਸਿਡ 24 ਘੰਟੇ ਵਿਚ ਬਣਦਾ ਹੈ। ਕੁਝ ਪ੍ਰੇਖਣਾਂ ਤੋਂ ਪਤਾ ਲਗਦਾ ਹੈ ਕਿ ਮੀਂਹ ਦੀ ਯੋਗਿਕ੍ਰਿਤ ਨਾਈਟ੍ਰੋਜਨ ਮਾਤਰਾ ਗਰਜ ਅਤੇ ਤੂਫ਼ਾਨ ਦੌਰਾਨ ਨਹੀਂ ਵਧਦੀ।

ਨਾਈਟ੍ਰੋਜਨ ਅਤੇ ਹਾਈਡ੍ਰੋਜਨ ਦੇ ਯੋਗਿਕ—ਨਾਈਟ੍ਰੋਜਨ, ਹਾਈਡ੍ਰੋਜਨ ਤੇ ਅਮੋਨੀਆ ਨਾਲ ਤਿੰਨ ਕਿਸਮ ਦੇ ਯੋਗਿਕ ਬਣਾਉਂਦੀ ਹੈ। ਇਹ ਯੋਗਿਕ ਹਾਈਡ੍ਰੇਜ਼ੀਨ N_2H_4, ਹਾਈਡ੍ਰੇਜ਼ੋਇਕ ਐਸਿਡ ਜਾਂ NH_3 ਐਜ਼ੋਇਮਾਈਡ HN_3 ਅਤੇ ਅਮੋਨੀਆ NH_3 ਹਨ। ਅਮੋਨੀਆ ਅਤੇ ਹਾਈਡ੍ਰੇਜ਼ੀਨ ਆਮ ਕਰਕੇ ਖਾਰਾਂ ਦਾ ਕੰਮ ਕਰਦੇ ਹਨ ਅਤੇ ਹਾਈਡ੍ਰੋਜ਼ੋਇਕ ਤੇਜ਼ਾਬਾਂ ਨਾਲ ਕ੍ਰਮਵਾਰ ਸੈਕੰਡਰੀ ਯੋਗਿਕ N_2H_4 ਅਤੇ N_5H_5 ਬਣਾਉਂਦੇ ਹਨ। ਖਾਰੀਆਂ ਧਾਤਾਂ ਨਾਲ ਅਮੋਨੀਆ ਅਤੇ ਹਾਈਡ੍ਰੇਜ਼ੀਨ ਉਹ ਯੋਗਿਕ ਬਣਾਉਂਦੇ ਹਨ ਜਿਨ੍ਹਾਂ ਵਿਚ ਉਨ੍ਹਾਂ ਦੀ ਹਾਈਡ੍ਰੋਜਨ ਦੀ ਥਾਂ ਇਕ ਧਾਤ ਲੈ ਲੈਂਦੀ ਹੈ।

ਹਾਈਡ੍ਰੇਜ਼ੀਨ N_2H_4, ਜਿਸ ਦੀ ਬਣਤਰ $H_2N.\ NH_2$ ਹੈ, ਮੂਲ ਰੂਪ ਵਿਚ ਈ. ਕਰਟੀਅਸ (1887) ਨੇ ਦੋ ਨਾਈਟ੍ਰੋਜਨ ਪਰਮਾਣੂ ਇਕੱਠੇ ਜੁੜੇ ਆਰਗੈਨਿਕ ਯੋਗਿਕਾਂ ਤੋਂ ਪ੍ਰਾਪਤ ਕੀਤੀ ਸੀ। ਇਹ ਵਪਾਰਕ ਤੌਰ ਤੇ ਫ੍ਰੈਡਰਿਕ ਰੈਸਿਗ (1907) ਦੁਆਰਾ ਵਿਖਾਏ ਢੰਗ ਨਾਲ ਤਿਆਰ ਕੀਤੀ ਜਾਂਦੀ ਹੈ। ਸੋਡੀਅਮ ਹਾਈਪੋਕਲੋਰਾਈਟ ਦੇ ਘੋਲ ਨੂੰ ਸਰੇਸ਼ ਦੀ ਕੁਝ ਮਾਤਰਾ ਨਾਲ ਮਿਲਾ ਕੇ ਗਾੜ੍ਹੀ ਅਤੇ ਵੱਧ ਅਮੋਨੀਆ ਨਾਲ ਗਰਮ ਕੀਤਾ ਜਾਂਦਾ ਹੈ। ਇਸ ਨਾਲ ਇਕ ਮੱਧਵਰਤੀ ਯੋਗਿਕ ਜਿਸ ਨੂੰ ਕਲੋਰਐਮੀਨ, NH_2Cl ਕਿਹਾ ਜਾਂਦਾ ਹੈ, ਬਣਦਾ ਹੈ ਜਿਹੜਾ ਕਿ ਅਮੋਨੀਆ ਦੀ ਵਧੇਰੇ ਮਾਤਰਾ ਨਾਲ ਕਿਰਿਆ ਕਰਕੇ ਹਾਈਡ੍ਰੇਜ਼ੀਨ ਬਣਾਉਂਦਾ ਹੈ। ਸਲਫ਼ਿਊਰਿਕ ਐਸਿਡ ਮਿਲਾਉਣ ਅਤੇ ਸੀਤਣ ਮਗਰੋਂ ਹਾਈਡ੍ਰੇਜ਼ੀਨ ਸਲਫ਼ੇਟ, $2N_2H_4.\ H_2SO_4$ ਦੇ ਰਵੇ ਬਣ ਜਾਂਦੇ ਹਨ। ਜਦੋਂ ਇਸ ਨੂੰ ਘੱਟ ਦਬਾਉ ਉੱਤੇ ਸੰਘਣੇ ਪੋਟਾਸ਼ੀਅਮ ਹਾਈਡ੍ਰਾੱਕਸਾਈਡ ਘੋਲ ਨਾਲ ਕਸ਼ੀਦਿਤ ਕੀਤਾ ਜਾਂਦਾ ਹੈ ਤਾਂ ਇਹ ਰੰਗਹੀਣ ਧੂੰਧਾਰ ਤਰਲ, ਜਿਸ ਨੂੰ ਹਾਈਡ੍ਰੇਜ਼ੀਨ ਹਾਈਡ੍ਰੇਟ ਕਿਹਾ ਜਾਂਦਾ ਹੈ ਉਤਪੰਨ ਹੁੰਦਾ ਹੈ। ਇਸ ਤੋਂ ਜਲ-ਰਹਿਤ ਹਾਈਡ੍ਰੇਜ਼ੀਨ ਪ੍ਰਾਪਤ ਕਰਨ ਲਈ ਇਸ ਨੂੰ ਘੱਟ ਦਬਾਉ ਉੱਤੇ ਠੋਸ ਸੋਡੀਅਮ ਹਾਈਡ੍ਰਾੱਕਸਾਈਡ ਜਾਂ ਬੇਰੀਅਮ ਆੱਕਸਾਈਡ (ਜਿਹੜੇ ਪਾਣੀ ਦੂਰ ਕਰਦੇ ਹਨ) ਨਾਲ ਕਸ਼ੀਦ ਕੀਤਾ ਜਾਂਦਾ ਹੈ। ਇਹ ਇਕ ਰੰਗਹੀਣ ਤਰਲ ਹੈ ਜਿਸ ਦਾ ਉਬਾਲ ਦਰਜਾ 113.5° ਸੈਂ. ਹੈ। ਇਹ ਚਿੱਟੇ ਰਵੇਦਾਰ ਠੋਸ ਵਿਚ ਜੰਮ ਜਾਂਦੀ ਹੈ ਜਿਸ ਦਾ ਪਿਘਲਾਉ ਦਰਜਾ 2° ਸੈਂ. ਹੈ। ਗਰਮ ਕਰਨ ਨਾਲ ਹਾਈਡ੍ਰੇਜ਼ੀਨ ਦਾ ਅਪਘਟਨ ਹੋ ਜਾਂਦਾ ਹੈ :—

$$3N_2H_4 \rightarrow N_2 + 4NH_3$$

ਇਹ ਹੈਲੋਜੈਨਾਂ ਨਾਲ ਤੇਜ਼ ਕਿਰਿਆ ਕਰਕੇ ਨਾਈਟ੍ਰੋਜਨ ਅਤੇ ਹੈਲੋਜੈੱਨ ਹਾਈਡ੍ਰੇਸਿਡ ਬਣਾਉਂਦੀ ਹੈ :—

$$N_2H_4 + 2I_2 \rightarrow N_2 + 4HI$$

ਹਾਈਡ੍ਰੇਜ਼ੀਨ, ਕਾਰਕ ਅਤੇ ਰਬੜ ਨੂੰ ਨਸ਼ਟ ਕਰ ਦਿੰਦੀ ਹੈ ਅਤੇ ਜਦੋਂ ਗਰਮ ਹੋਵੇ ਤਾਂ ਕੱਚ ਨਾਲ ਕਿਰਿਆ ਕਰਦੀ ਹੈ। ਇਹ ਅਮੋਨੀਆ ਨਾਲੋਂ ਖੀਣ ਖਾਰ ਹੈ ਅਤੇ ਲੂਣਾਂ ਦੀਆਂ ਦੋ ਸੀਰੀਜ਼ ਅਰਥਾਤ $N_2H_4.\ HCl$ ਤੇ $N_2H_4.\ 2HCl$ ਬਣਾਉਂਦੀ ਹੈ। ਹਾਈਡ੍ਰੇਜ਼ੀਨ ਅਤੇ ਇਸ ਦੇ ਲੂਣ ਜ਼ਹਿਰੀਲੇ ਹਨ। ਇਹ ਬਹੁਤ ਹੀ ਸ਼ਕਤੀਸ਼ਾਲੀ ਲਘੂਕਾਰਕ ਹਨ ਅਤੇ ਕਈ ਧਾਤਵੀ ਲੂਣਾਂ ਦੇ ਘੋਲਾਂ ਤੋਂ ਧਾਤਾਂ ਦਾ ਤਲਛੱਟ ਬਣਾਉਂਦੇ ਹਨ।

ਕਰਟੀਅਸ (1890) ਦੁਆਰਾ ਵੀ ਹਾਈਡ੍ਰੋਜ਼ੋਇਕ ਐਸਿਡ (HN_3) ਦੀ ਖੋਜ ਕੀਤੀ ਗਈ, ਜਿਹੜਾ ਕਿ ਆੱਕਸੀਕਾਰਕ ਦੀ ਕਿਰਿਆ ਦੁਆਰਾ ਬਣਦਾ ਹੈ ਜਿਵੇਂ ਕਿ ਹਾਈਡ੍ਰੇਜ਼ੀਨ ਉੱਤੇ ਨਾਈਟ੍ਰਿਕ ਐਸਿਡ ਦੀ ਕਿਰਿਆ ਨਾਲ—

$$3N_2H_4 + 5O \rightarrow 2NH_3 + 5H_2O$$

ਗਰਮ ਕੀਤੇ ਸੋਡਾਮਾਈਡ ਉਪਰੋਂ ਨਾਈਟ੍ਰਸ ਆੱਕਸਾਈਡ ਲੰਘਾਉਣ ਨਾਲ ਸੋਡੀਅਮ ਲੂਣ ਬਣਦਾ ਹੈ—

$$NaNH_2 + N_2O \rightarrow NaN_3 + H_2O$$

ਸ਼ੁੱਧ ਹਾਈਡ੍ਰੋਜ਼ੋਇਕ ਐਸਿਡ ਇਕ ਰੰਗਹੀਣ ਤਰਲ ਹੈ। ਇਸ ਦਾ ਉਬਾਲ ਦਰਜਾ 37° ਸੈਂ. ਅਤੇ ਪਿਘਲਾਉ ਦਰਜਾ -80° ਸੈਂ. ਅਤੇ ਗੰਧ ਬਹੁਤ ਹੀ ਅਸੁਖਾਵੀਂ ਹੁੰਦੀ ਹੈ। ਇਹ ਬਹੁਤ ਹੀ ਖ਼ਤਰਨਾਕ ਵਿਸਫ਼ੋਟਕ ਅਤੇ ਜ਼ਹਿਰੀਲਾ ਹੈ, ਗਰਮ ਕਰਨ ਨਾਲ ਅਪਘਟਿਤ ਹੋ ਕੇ ਨੀਲੇ ਰੰਗ ਦੀ ਫ਼ਲੈਸ਼ ਦਿੰਦਾ ਹੈ। ਐੱਕਸ-ਕਿਰਨ ਸਪੈੱਕਟ੍ਰਾ ਤੋਂ ਇਹ ਪਤਾ ਲਗਦਾ ਹੈ ਕਿ ਗਰੁੱਪ ਵਿਚ ਤਿੰਨ ਨਾਈਟ੍ਰੋਜਨ ਇਕ ਰੰਗ ਵਿਚ ਨਹੀਂ ਸਗੋਂ ਇਕ ਸਿੱਧੀ ਰੇਖਾ ਵਿਚ ਹਨ।

ਨਾਈਟ੍ਰੋਜਨ ਦੇ ਆੱਕਸਾਈਡ—ਨਾਈਟ੍ਰੋਜਨ ਦੇ ਆੱਕਸਾਈਡ ਇਹ ਹਨ—ਨਾਈਟ੍ਰਸ ਆੱਕਸਾਈਡ N_2O, ਨਾਈਟ੍ਰਿਕ ਆੱਕਸਾਈਡ NO, ਡਾਈਨਾਈਟ੍ਰੋਜਨ ਟ੍ਰਾਈਆੱਕਸਾਈਡ N_2O_3, ਨਾਈਟ੍ਰੋਜਨ ਡਾਈਆੱਕਸਾਈਡ NO_2 ਅਤੇ ਇਸ ਦਾ ਬਹੁਲਕ ਡਾਈਨਾਈਟ੍ਰੋਜਨ ਟੈਟ੍ਰਾੱਕਸਾਈਡ ਅਤੇ ਇਕ ਅਸਥਾਈ ਉੱਚ ਆੱਕਸਾਈਡ ਸ਼ਾਇਦ NO_3 ਹੈ ਜਿਸ ਦੇ ਫ਼ਾਰਮੂਲੇ ਬਾਰੇ ਪੱਕਾ ਪਤਾ ਨਹੀਂ।

ਨਾਈਟ੍ਰਸ ਆੱਕਸਾਈਡ ਦੀ ਖੋਜ ਜੇ. ਪ੍ਰੀਸਟਲੇ (1772) ਨੇ "ਨਾਈਟ੍ਰਸ ਏਅਰ" ਦੇ ਲੋਹੇ ਜਾਂ ਖਾਰੇ ਸਲਫ਼ਾਈਡਾਂ ਉੱਤੇ ਪ੍ਰਭਾਵਨ ਦੁਆਰਾ ਕੀਤੀ, ਜਦੋਂ ਗੈਸ ਆਇਤਨ ਵਿਚ ਘੱਟ ਗਈ ਅਤੇ ਸਾਧਾਰਣ ਹਵਾ ਨਾਲੋਂ ਵਧੇਰੇ ਜਾਲਣ-ਸਹਾਇਕ ਬਣ ਗਈ। ਇਸ ਦਾ ਅਧਿਐਨ ਸਰ ਹੰਫ਼ਰੀ ਡੇਵੀ (1799) ਨੇ ਕੀਤਾ ਅਤੇ ਇਸ ਨੂੰ ਨਾਈਟ੍ਰਸ ਆੱਕਸਾਈਡ ਦੱਸਿਆ। ਇਸ ਨੇ ਅਮੋਨੀਅਮ ਨਾਈਟ੍ਰੇਟ ਨੂੰ ਗਰਮ ਕਰਕੇ ਇਹ ਆੱਕਸਾਈਡ ਪ੍ਰਾਪਤ ਕੀਤਾ—

$$NH_4NO_3 \rightarrow N_2O + 2H_2O$$

ਇਹ ਵਿਧੀ ਅੱਜਕੱਲ੍ਹ ਵਰਤੀ ਜਾਂਦੀ ਹੈ। ਇਸ ਨੇ ਵਿਖਾਇਆ ਕਿ ਇਸ ਵਿਚ ਬੇਹੋਸ਼ ਕਰਨ ਵਾਲੇ ਗੁਣ ਹਨ, ਕਈ ਹਾਲਤਾਂ ਵਿਚ ਪਹਿਲਾਂ ਵਾਪਰੇ ਵਿਸ਼ੇਸ਼ ਪ੍ਰਭਾਵਾਂ ਕਾਰਨ ਇਸ ਦਾ ਨਾਂ "ਲਾਫ਼ਿੰਗ ਗੈਸ" (ਹਸਾਊ ਗੈਸ) ਪੈ ਗਿਆ। ਨਾਈਟ੍ਰਸ ਆੱਕਸਾਈਡ ਇਸ ਦੇ ਤੱਤਾਂ ਤੋਂ ਬੜੀ ਮੁਸ਼ਕਿਲ ਨਾਲ ਅਤੇ ਵਿਸ਼ੇਸ਼ ਹਾਲਤਾਂ ਹੇਠ ਸੰਸ਼ਲਿਸ਼ਟ ਕੀਤੀ ਜਾ ਸਕਦੀ ਹੈ। (ਡੀ. ਐੱਲ. ਚੈਪਮੈਨ, ਆਰ. ਏ. ਗੁੱਡਮੈਨ ਅਤੇ ਆਰ. ਡੀ. ਸ਼ੈਪਹਰਡ, 1926)। ਇਹ ਵਿਸ਼ੇਸ਼ ਹਾਲਤਾਂ ਹੇਠ ਨਾਈਟ੍ਰਿਕ ਐਸਿਡ ਦੇ ਲਘੂਕਰਨ ਦੁਆਰਾ ਪ੍ਰਾਪਤ ਕੀਤੀ ਜਾਂਦੀ ਹੈ ਜਿਵੇਂ ਕਿ ਹਲਕੇ ਤੇਜ਼ਾਬ ਉੱਤੇ ਜਿਸਤ ਦੀ ਕਿਰਿਆ ਦੁਆਰਾ। ਸ਼ੁੱਧ ਰੂਪ ਵਿਚ ਇਹ ਹਾਈਡ੍ਰਾੱਕਸਿਨਐਮੀਨ ਹਾਈਡ੍ਰੋਕਲੋਰਾਈਡ ਦੀ ਸੋਡੀਅਮ ਨਾਈਟ੍ਰਾਈਟ ਉੱਤੇ ਘੋਲ ਵਿਚ ਸਮਅਣਵੀ ਅਨੁਪਾਤਾਂ ਵਿਚ ਕਿਰਿਆ ਦੁਆਰਾ ਤਿਆਰ ਕੀਤਾ ਜਾਂਦਾ ਹੈ ਜਦੋਂ ਕਿ ਹਾਈਪੋਨਾਈਟ੍ਰਸ ਐਸਿਡ ਇਕ ਮੱਧਵਰਤੀ ਉਪਜ ਹੁੰਦੀ ਹੈ :—

$$NH_2OH + HNO_2 \rightarrow N_2O + 2H_2O$$

ਖ਼ਾਸ ਹਾਲਤਾਂ ਵਿਚ ਇਹ ਅਮੋਨੀਆ ਦੇ ਆੱਕਸੀਕਰਨ ਦੁਆਰਾ ਬਣਾਈ ਜਾਂਦੀ ਹੈ।

ਨਾਈਟ੍ਰਸ ਆੱਕਸਾਈਡ ਇਕ ਰੰਗਹੀਣ ਗੈਸ ਹੈ ਜਿਸ ਦੀ ਗੰਧ ਮਨਭਾਉਂਦੀ ਅਤੇ ਸੁਆਦ ਮਿੱਠਾ ਹੁੰਦਾ ਹੈ। ਇਸ ਦੀ ਘਣਤਾ 1.9777 ਗ੍ਰਾ. ਪ੍ਰਤਿ ਲਿਟਰ ਹੈ ਜਿਹੜੀ ਕਿ ਹਵਾ ਨਾਲੋਂ ਡੇਢ ਗੁਣਾ ਹੈ। ਇਕ ਆਇਤਨ ਪਾਣੀ 15° ਸੈਂ. ਉੱਤੇ 0.776 ਆਇਤਨ ਨਾਈਟ੍ਰਸ ਆੱਕਸਾਈਡ ਘੋਲ ਕੇ ਉਦਾਸੀਨ ਘੋਲ ਬਣਾਉਂਦਾ ਹੈ। ਇਹ ਅਲਕੋਹਲ ਵਿਚ ਵਧੇਰੇ ਘੁਲਣਸ਼ੀਲ ਹੈ (15° ਸੈਂ. ਉੱਤੇ 3.268 ਆਇਤਨ)। ਸਾਧਾਰਣ ਹਵਾ ਨਾਲੋਂ ਵਧੇਰੇ ਜਾਲਣ-ਸਹਾਇਕ ਹੈ ਕਿਉਂਕਿ ਇਸ ਦਾ ਅਪਘਟਨ ਇਕ ਆਇਤਨ ਆੱਕਸੀਜਨ ਅਤੇ ਦੋ ਆਇਤਨ ਨਾਈਟ੍ਰੋਜਨ ਦੇ ਮਿਸ਼ਰਣ ਵਿਚ ਹੋ ਜਾਂਦਾ ਹੈ, ਕਾਫ਼ੀ ਘੱਟ ਤਾਪਮਾਨ ਉੱਤੇ ਅਰਥਾਤ 520° ਸੈਂ. ਉੱਤੇ ਸ਼ੁਰੂ ਹੋ ਕੇ। ਇਹ ਇਕ ਗਰਮੀਸੋਖੀ ਯੋਗਿਕ ਹੈ ਕਿਉਂਕਿ ਇਸ ਵਿਚ, ਇਸ ਵਿਚਲੇ ਤੱਤਾਂ ਨਾਲੋਂ ਵਧੇਰੇ ਊਰਜਾ ਹੁੰਦੀ ਹੈ ਅਤੇ ਇਸ ਨੂੰ ਵਿਸਫ਼ੋਟ ਪ੍ਰੇਰਕ ਤੇ ਵਿਸਫ਼ੋਟਨ ਦੁਆਰਾ ਆੱਕਸੀਜਨ ਅਤੇ ਨਾਈ-ਟ੍ਰੋਜਨ ਵਿਚ ਅਪਘਟਿਤ ਕੀਤਾ ਜਾ ਸਕਦਾ ਹੈ। ਅਣੂ ਰੇਖੀ ਹੈ ਅਤੇ ਦੋ ਨਾਈਟ੍ਰੋਜਨ ਪਰਮਾਣੂ ਜੁੜਵੇਂ ਹਨ। ਸੀਤਲਣ ਤੋਂ ਜਾਂ ਦਬਾਉ ਹੇਠ (50 ਵਾਯੂਮੰਡਲ 15° ਸੈਂ.) ਇਹ ਇਕ ਰੰਗਹੀਣ ਤਰਲ ਬਣਾਉਂਦੀ ਹੈ ਜਿਸ ਦਾ ਉਬਾਲ ਦਰਜਾ –88.7° ਸੈਂ. ਹੈ ਅਤੇ ਤੇਜ਼ ਵਾਸ਼ਪੀਕਰਨ ਨਾਲ ਇਕ ਚਿੱਟਾ ਠੋਸ ਬਣ ਜਾਂਦਾ ਹੈ, ਜਿਸ ਦਾ ਪਿਘਲਾਉ ਦਰਜਾ 90.8° ਸੈਂ. ਹੈ, ਕ੍ਰਾਂਤਿਕ-ਤਾਪਮਾਨ 36.5° ਸੈਂ. ਅਤੇ ਕ੍ਰਾਂਤਿਕ ਦਬਾਉ 71.66 ਵਾਯੂਮੰਡਲ ਹੈ।

ਨਾਈਟ੍ਰਸ ਆੱਕਸਾਈਡ ਦੀ ਮੁੱਖ ਵਰਤੋਂ ਥੋੜ੍ਹੇ ਸਮੇਂ ਦੇ ਆਪਰੇਸ਼ਨਾਂ ਵਿਚ ਬੇਹੋਸ਼ੀ ਪੈਦਾ ਕਰਨ ਲਈ ਕੀਤੀ ਜਾਂਦੀ ਹੈ।

ਹ.ਪੁ.–ਐਨ. ਬ੍ਰਿ. 16 : 538

ਨਾਈਟ੍ਰੋਬੈਂਨਜ਼ੀਨ : ਇਹ ਸਭ ਤੋਂ ਸਰਲ ਐਰੋਮੈਟਿਕ ਨਾਈਟ੍ਰੋਯੋਗਿਕ ਹੈ। ਇਸ ਦਾ ਫਾਰਮੂਲਾ $C_6 H_5 No_2$ ਹੈ। ਇਸ ਨੂੰ ਸਭ ਤੋਂ ਪਹਿਲਾਂ 1834 ਈ. ਵਿਚ ਮਿਟਸਚਰਲਿਕ ਨੇ ਵੱਖਰਾ ਕੀਤਾ ਸੀ। ਵਪਾਰਕ ਤੌਰ ਤੇ ਇਹ ਗਾੜ੍ਹੇ ਨਾਈਟ੍ਰਿਕ ਅਤੇ ਸਲਫ਼ਿਊਰਿਕ ਐਸਿਡਾਂ ਦੇ ਮਿਸ਼ਰਣ ਦੀ ਬੈਂਨਜ਼ੀਨ ਨਾਲ 50°–55° ਸੈਂ. ਉੱਤੇ ਕਿਰਿਆ ਦੁਆਰਾ ਪ੍ਰਾਪਤ ਕੀਤੀ ਜਾਂਦੀ ਹੈ। ਚਿਕਣੀ ਜਾਂ ਤੇਲ ਵਰਗੀ ਉਪਜ ਜੋ ਵੱਖਰੀ ਹੁੰਦੀ ਹੈ, ਨੂੰ ਖਾਰ ਨਾਲ ਧੋ ਕੇ ਕਸ਼ੀਦ ਕੀਤਾ ਜਾਂਦਾ ਹੈ। ਇਹ ਬਹੁਤ ਹੀ ਜ਼ਹਿਰੀਲਾ ਪੀਲੇ ਰੰਗ ਦਾ ਤਰਲ ਹੈ ਜਿਸ ਦੀ ਗੰਧ ਬਹੁਤ ਹੀ ਤੇਜ਼ ਅਰਥਾਤ ਕੌੜੇ ਬਦਾਮਾਂ ਦੇ ਤੇਲ ਨਾਲ ਮਿਲਦੀ ਜੁਲਦੀ ਹੈ। ਇਸ ਦਾ ਪਿਘਲਾਉ ਦਰਜਾ 5.7° ਸੈਂ. ਅਤੇ ਉਬਾਲ ਦਰਜਾ 210.9° ਸੈਂ. ਹੈ। ਬਿਜਲ ਅਪਘਟਨੀ ਲਘੂਕਰਨ ਦੀਆਂ ਉਪਜਾਂ ਹਾਲਤਾਂ ਅਨੁਸਾਰ ਬਦਲਦੀਆਂ ਹਨ : 50% ਸਲਫਿਊਰਿਕ ਐਸਿਡ ਦੇ ਘੋਲ ਵਿਚ ਇਹ ਪੈਰਾ ਐਮੀਨੋਫ਼ੀਨੋਲ (ਐਲ. ਗੈਟਰਮਾਨ, 1893) ਬਣਾਉਂਦੀ ਹੈ; ਖਾਰੇ ਘੋਲ ਵਿਚ ਐਜ਼ਾੱਕਸੀਬੈਂਨਜ਼ੀਨ, ਐਜ਼ੋਬੈਂਨਜ਼ੀਨ, ਹਾਈਡ੍ਰੋਜ਼ੋਬੈਂਨਜ਼ੀਨ ਜਾਂ ਐਨਿਲੀਨ ਬਣਾਉਂਦੀ ਹੈ। ਇਨ੍ਹਾਂ ਉਪਜਾਂ ਦਾ ਬਣਨਾ ਕੈਥੋਡ ਲਈ ਵਰਤੇ ਗਏ ਪਦਾਰਥ ਘੋਲਕ, ਲਗਾਈ ਲਈ ਵੋਲਟੇਜ਼ ਤੇ ਧਾਰਾ ਘਣਤਾ ਅਤੇ ਕਰੰਟ ਦੀ ਕੁੱਲ ਮਾਤਰਾ ਜੋ ਘੋਲ ਵਿਚੋਂ ਲੰਘਾਈ ਗਈ ਹੈ, ਉੱਤੇ ਨਿਰਭਰ ਕਰਦਾ ਹੈ। ਅੰਦਾਜ਼ਨ ਉਦਾਸੀਨ ਜਲੀ ਜਾਂ ਅਲਕੋਹਲੀ ਘੋਲ ਵਿਚ ਇਹ ਬੀਟਾ-ਫ਼ੀਨਾਈਲਹਾਈਡ੍ਰਾੱਕ-ਸਿਲਐਮੀਨ ਤੇ ਐਸਿਡ ਅਲਕੋਹਲੀ ਘੋਲ ਵਿਚ ਕੁਝ ਬੈਂਨਜ਼ੀਡੀਨ ਅਤੇ ਹੋਰ ਉਪਜਾਂ ਬਣਾਉਂਦੀ ਹੈ। ਆਇਓਡੀਨ ਜਾਂ ਐਂਟੀਮਨੀ ਕਲੋਰਾਈਡ ਦੀ ਹੋਂਦ ਵਿਚ ਕਲੋਰੀਨ ਨਾਲ ਮੈਟਾ ਕਲੋਰੋਨਾਈਟ੍ਰੋ ਬੈਂਨਜ਼ੀਨ ਬਣਾਉਂਦੀ ਹੈ। ਕਈ ਵਾਰੀ ਇਹ ਆੱਕਸੀਕਾਰਕ ਵਾਂਗ ਕਿਰਿਆ ਕਰਦੀ ਹੈ ਜਿਵੇਂ ਕਿ ਕੁਇਨੋਲੀਨ ਅਤੇ ਫ਼ੂਕਿਸਨ (ਮੈਗੈਂਟਾ) ਦੀ ਤਿਆਰੀ ਵਿਚ। ਵਪਾਰਕ ਤੌਰ ਤੇ ਇਸ ਦੀ ਵਰਤੋਂ ਐਨਿਲੀਨ ਅਤੇ ਬੈਂਨਜ਼ੀਨ ਤਿਆਰ ਕਰਨ ਲਈ ਤੇ ਸੁਗੰਧਤ ਪਦਾਰਥਾਂ ਵਿਚ ਕੀਤੀ ਜਾਂਦੀ ਹੈ।

ਹ. ਪੁ.–ਐਨ. ਬ੍ਰਿ. 16 : 536

ਨਾਈਟ੍ਰੋਜਨ ਦਾ ਯੋਗਿਕੀਕਰਨ : "ਨਾਈਟ੍ਰੋਜਨ ਦੇ ਯੋਗਿਕੀਕਰਨ" ਸ਼ਬਦ ਦੀ ਵਰਤੋਂ ਕਿਸੇ ਵੀ ਰਸਾਇਣਿਕ ਵਿਧੀ ਲਈ ਕੀਤੀ ਜਾਂਦੀ ਹੈ ਜਿਥੇ "ਮੁਕਤ" ਨਾਈਟ੍ਰੋਜਨ ਤੱਤਾਂ ਵਿਚੋਂ ਇਕ ਨੂੰ ਰਸਾਇਣਿਕ ਤੌਰ ਤੇ ਦੂਸਰੇ ਤੱਤਾਂ ਨਾਲ ਨਾਈਟ੍ਰੋਜਨ ਯੋਗਿਕ ਬਣਾਉਣ ਦਿੱਤਾ ਜਾਂਦਾ ਹੈ। ਵਾਯੂਮੰਡਲ ਨਾਈਟ੍ਰੋਜਨ ਦਾ ਇਕ ਬਹੁਤ ਵੱਡਾ ਭੰਡਾਰ ਹੈ ਜਿਸ ਵਿਚ ਆਇਤਨ ਅਨੁਸਾਰ ਇਹ ਤੱਤ ਲਗਭਗ 4/5 ਭਾਗ ਹੁੰਦਾ ਹੈ।

ਨਾਈਟ੍ਰੋਜਨ ਰਸਾਇਣਿਕ ਤੌਰ ਤੇ ਅਕਿਰਿਆਸ਼ੀਲ ਹੈ ਅਤੇ ਸਾਧਾਰਨ ਹਾਲਤਾਂ ਵਿਚ ਦੂਸਰੇ ਤੱਤਾਂ ਨਾਲ ਕਿਰਿਆ ਨਹੀਂ ਕਰਦੀ। ਨਾਈਟ੍ਰੋਜਨ ਨੂੰ ਫ਼ਿਕਸ ਕਰਨ ਲਈ ਕਈ ਤੇਜ਼ ਵਿਧੀਆਂ ਦੀ ਖੋਜ ਕੀਤੀ ਗਈ ਹੈ ਜਿਵੇਂ ਕਿ ਇਸ ਨੂੰ ਰਸਾਇਣਿਕ ਸੰਯੋਜਨਾਂ ਵਿਚ ਦਾਖ਼ਲ ਕਰਨਾ ਪਰ ਇਹ ਵਿਧੀਆਂ ਕੁਦਰਤ ਵਿਚ ਆੱਪਰੇਟਿਵ ਤੌਰ ਤੇ ਸੰਭਵ ਨਹੀਂ। ਫਿਰ ਵੀ ਨਾਈਟ੍ਰੋਜਨ ਸੰਯੋਜੀ ਰੂਪ ਵਿਚ ਸਾਰੀਆਂ ਉਪਜਾਊ ਮਿੱਟੀਆਂ, ਹਰ ਜੀਵਿਤ ਪਦਾਰਥ, ਕਈ ਖਾਣ ਵਾਲੇ ਪਦਾਰਥਾਂ ਵਿਚ, ਰੇਸ਼ਮ, ਉੱਨ ਅਤੇ ਪੰਖਾਂ ਵਿਚ, ਕੋਲੇ ਅਤੇ ਅਜਿਹੇ ਕੁਦਰਤ ਵਿਚ ਮਿਲਣ ਵਾਲੇ ਰਸਾਇਣਾਂ, ਜਿਵੇਂ ਕਿ ਅਮੋਨੀਆ ਤੇ ਸਾਲਟਪੀਟਰ, ਵਿਚ ਉਪਲੱਬਧ ਹੈ। ਯੋਗਿਕੀਕ੍ਰਿਤ ਨਾਈਟ੍ਰੋਜਨ ਜੀਵ-ਪਦਾਰਥ ਦੇ ਮੂਲ ਪਦਾਰਥ, ਪ੍ਰੋਟੋਪਲਾਜ਼ਮ (ਜੀਵ-ਦ੍ਰਵ) ਅਤੇ ਹਰ ਜੀਵ-ਸੈੱਲ ਦੇ ਨਿਊਕਲੀਅਸ ਵਿਚ ਮਿਲਦੀ ਹੈ।

19ਵੀਂ ਸਦੀ ਦੇ ਮੁੱਢਲੇ ਦਹਾਕੇ ਵਿਚ ਨਿਕੋਲਾਸ ਥੀਓਡੋਰ ਡ ਸੌਸਰ, ਜੀਨ ਬਾਪਟਿਸਟ ਬਾੱਸਨਗਲਟ, ਜਸਟਿਸ ਫ਼ਾਨ ਲਾਈਬਿਗ ਅਤੇ ਹੋਰਾਂ ਨੇ ਵਿਖਾਇਆ ਕਿ ਉੱਗ ਰਹੇ ਪੌਦੇ ਆਪਣੀ ਯੋਗਿਕੀ ਕ੍ਰਿਤ ਨਾਈਟ੍ਰੋਜਨ ਮਿੱਟੀ ਜਾਂ ਭੌਂ ਤੋਂ ਪ੍ਰਾਪਤ ਕਰਦੇ ਹਨ, ਜਦੋਂ ਕਿ ਜੀਵ ਆਪਣੀ ਯੋਗਿਕੀਕ੍ਰਿਤ ਨਾਈਟ੍ਰੋਜਨ ਪੌਦਿਆਂ ਦੀ ਖ਼ਪਤ ਜਾਂ ਦੂਸਰੇ ਜੀਵਾਂ (ਜਿਹੜੇ ਪੌਦਿਆਂ ਨੂੰ ਭੋਜਨ ਵਜੋਂ ਵਰਤਦੇ ਹਨ) ਤੋਂ ਹਾਸਲ ਕਰਦੇ ਹਨ। ਇਸ ਅਸਚਰਜ ਤੱਥ ਦੀ ਖੋਜ ਉਦੋਂ ਕੀਤੀ ਗਈ ਕਿ ਜਦੋਂ ਖੇਤਾਂ ਵਿਚੋਂ ਫ਼ਸਲਾਂ ਨੂੰ ਚੁੱਕਿਆ ਜਾਂਦਾ ਹੈ ਤਾਂ ਭੌਂ ਵਿਚ ਯੋਗਿਕੀਕ੍ਰਿਤ ਨਾਈਟ੍ਰੋਜਨ ਮਾਤਰਾ, ਫ਼ਸਲਾਂ ਨੂੰ ਦੂਰ ਕਰਨ ਸਮੇਂ ਨਾਲੋਂ ਘੱਟ ਸੀ। ਲਾਈਬਿਗ ਨੇ ਸਹੀ ਪਤਾ ਲਗਾਇਆ ਕਿ ਭੌਂ ਦੀ ਯੋਗਿਕੀਕ੍ਰਿਤ-ਨਾਈਟ੍ਰੋਜਨ ਸਪਲਾਈ ਵਾਯੂਮੰਡਲ ਤੋਂ ਫਿਰ ਪੂਰੀ ਹੋ ਜਾਂਦੀ ਹੈ ਪਰ ਉਸ ਨੇ ਨਿਸ਼ਚੇ ਨਾਲ ਕਿਹਾ, ਇਸ ਵਿਧੀ ਵਿਚ ਕੋਈ ਵੀ ਮੁਕਤ ਵਾਯੂਮੰਡਲੀ ਨਾਈਟ੍ਰੋਜਨ ਦਾ ਯੋਗਿਕੀਕਰਨ ਸ਼ਾਮਲ ਨਹੀਂ ਹੁੰਦਾ, ਕਿਉਂਕਿ ਉਸ ਨੂੰ ਪਤਾ ਸੀ ਕਿ ਮੀਂਹ ਦੇ ਪਾਣੀ ਵਿਚ ਹਮੇਸ਼ਾ ਘੁਲੇ ਹੋਏ ਨਾਈਟ੍ਰੋਜਨ ਯੋਗਿਕਾਂ ਦੇ ਟ੍ਰੇਸ ਹੁੰਦੇ ਹਨ ਅਤੇ ਜੀਵ ਤੇ ਬਨਸਪਤ ਪਦਾਰਥ ਖੈ ਦੌਰਾਨ ਅਮੋਨੀਆ ਛੱਡਦੇ ਹਨ, ਲਾਈਬਿਗ ਨੇ ਸਿਧਾਂਤ ਪੇਸ਼ ਕੀਤਾ ਕਿ ਛੱਡੀ ਹੋਈ ਅਮੋਨੀਆ ਮੀਂਹ ਵਾਲੇ ਪਾਣੀ ਵਿਚ ਧਰਤੀ ਨੂੰ ਪਰਤਾ ਦਿੱਤੀ ਜਾਂਦੀ ਹੈ। ਧਰਤੀ ਤੋਂ ਵਾਯੂਮੰਡਲ ਵਲ ਅਤੇ ਮੁੜ ਧਰਤੀ ਵੱਲ ਪਰਤਣ ਦਾ ਇਹ "ਅਮੋਨੀਆ ਚੱਕਰ"ਹੋਂਦ ਵਿਚ ਆਉਂਦਾ ਹੈ ਪਰ ਇਹ ਵਾਯੂਮੰਡਲ ਤੋਂ ਪ੍ਰਾਪਤ ਭੌਂ ਦੁਆਰਾ ਯੋਗਿਕੀਕ੍ਰਿਤ ਕੁਝ ਅੰਸ਼ ਬਾਰੇ ਦੱਸਦੀ ਹੈ। ਸੰਨ 1886 ਤਕ ਇਹ ਪਤਾ ਨਹੀਂ ਸੀ ਲਗ ਸਕਿਆ ਕਿ ਕੁਝ ਵਿਸ਼ੇਸ਼ ਸੂਖਮ ਆਰਗੈਨਿਜ਼ਮ ਵਾਯੂਮੰਡਲੀ ਨਾਈਟ੍ਰੋਜਨ ਦਾ

ਯੋਗਿਕੀਕਰਨ ਕਰ ਸਕਦੇ ਹਨ ਅਤੇ ਇਸ ਤਰ੍ਹਾਂ ਭੌਂ ਦੀ ਸਪਲਾਈ ਮੁੜ ਪੂਰੀ ਕਰ ਦਿੰਦੇ ਹਨ। ਇਨ੍ਹਾਂ ਵਿਚੋਂ ਵਧੇਰੇ ਮਹੱਤਵਪੂਰਨ ਬੈਕਟੀਰੀਆ ਦੇ ਰ੍ਹਾਈਜ਼ੋਬੀਅਮ ਜੈਨੇਰਾ ਅਤੇ ਐਜ਼ੋਟੋਬੈਕਟਰ ਹਨ। ਪਹਿਲੇ ਫਲੀਦਾਰ ਪੌਦਿਆਂ ਦੀਆਂ ਜੜ੍ਹਾਂ ਉੱਤੇ ਅਤੇ ਮਗਰਲੇ ਭੌਂ ਵਿਚ ਮੁਕਤ ਰੂਪ ਵਿਚ ਮਿਲਦੇ ਹਨ। ਸੰਨ 1960 ਵਿਚ ਜੇਮਜ਼ ਈ. ਕਾਰਨਹਾਨ ਨੇ ਵਿਖਾਇਆ ਕਿ ਕਲਾਸਟ੍ਰੀਡੀਅਮ ਪਾਸਟਰਏਨੀਅਮ ਪਾਇਰੇਵੇਟ ਦੀ ਹੋਂਦ ਵਿਚ ਸੈੱਲ-ਮੁਕਤ ਨਿਸ਼ਕਰਸ਼ਾਂ ਦੁਆਰਾ ਨਾਈਟ੍ਰੋਜਨ ਅਮੋਨੀਆ ਵਿਚ ਬਦਲ ਜਾਂਦੀ ਹੈ। ਸੰਨ 1960 ਦੇ ਵਿਚਕਾਰਲੇ ਦਹਾਕੇ ਵਿਚ ਪਾਇਰੋਵੇਟ ਦੀ ਕਿਰਿਆ ਉੱਤੇ ਕੇਂਦ੍ਰਿਤ ਕੀਤੀਆਂ ਗਈਆਂ। ਸੰਭਵ ਲੱਭਤਾਂ ਵਿਚੋਂ ਇਕ ਇਹ ਸੀ ਕਿ ਪਇਰੋਵੇਟ ਦੀ ਵਰਤੋਂ ਅਡੈਨੋਸੀਨ ਟ੍ਰਾਈਫ਼ਾੱਸਫ਼ੇਟ (ਏ. ਟੀ. ਪੀ.) ਦੇ ਸ੍ਰੋਤ ਵੱਜੋਂ ਕੀਤੀ ਜਾ ਸਕਦੀ ਹੈ ਅਤੇ ਉਸੇ ਸਮੇਂ ਲਘੂਕਾਰਕ ਦਾ ਕੰਮ ਦਿੰਦੀ ਹੈ। ਸੰਮਿਲਿਤ ਐਂਨਜ਼ਾਈਮ ਜਾਂ ਐਨੱਜ਼ਾਈਮ ਗਿਆਤ ਨਹੀਂ ਸਨ, ਭਾਵੇਂ ਇਹ ਵਿਖਾਇਆ ਜਾ ਚੁੱਕਾ ਸੀ ਕਿ ਫ਼ੈਰੀਡਾੱਕਸਿਨ (ਇਕ ਪ੍ਰੋਟੀਨ) ਜਾਂ ਮੀਥਾਈਲ ਵਾਇਆਲੋਜੈੱਨ (ਇਕ ਰੰਗਕ ਪਦਾਰਥ) ਇਲੈਕਟ੍ਰੱਨ ਟ੍ਰਾਂਸਪੋਰਟ ਵਿਚ ਹਿੱਸਾ ਲੈਂਦੇ ਹਨ।

ਭਾਵੇਂ ਲਾਈਬਿਗ ਅਤੇ ਇਸ ਦੇ ਸਾਥੀ ਮਿੱਟੀ ਵਿਚਲੇ ਅਸਲ ਯੋਗਿਕੀਕ੍ਰਿਤ ਨਾਈਟ੍ਰੋਜਨ ਦੀ ਵਿਆਖਿਆ ਨਾ ਕਰ ਸਕੇ ਪਰ ਇਨ੍ਹਾਂ ਨੇ ਖੇਤੀਬਾੜੀ ਵਿਚ ਯੋਗਿਕੀਕ੍ਰਿਤ ਨਾਈਟ੍ਰੋਜਨ ਦੀ ਮਹੱਤਤਾ ਸਪੱਸ਼ਟ ਕੀਤੀ। ਨਾਈਟ੍ਰੋਜਨ ਵਾਲੇ ਪਦਾਰਥਾਂ ਦੀ ਵਰਤੋਂ ਬੜੀ ਦੇਰ ਤੋਂ ਭੌਂ ਖਾਦਾਂ ਵਜੋਂ ਕੀਤੀ ਗਈ ਹੈ ਭਾਵੇਂ ਲਾਹੇਵੰਦ ਪ੍ਰਭਾਵ ਗਿਆਤ ਨਹੀਂ ਸਨ। ਨਵੇਂ ਗਿਆਨ ਦੇ ਸਿੱਟੇ ਵੱਜੋਂ ਕੋਲੇ ਤੋਂ ਕੋਕ ਬਣਾਉਣ ਲਈ ਨਿਕਲੀ ਅਮੋਨੀਆ ਦੀ ਪੁਨਰ ਪ੍ਰਾਪਤੀ ਕਰ ਕੇ ਖਾਦ ਵੱਜੋਂ ਵਰਤੋਂ ਕੀਤੀ ਗਈ, ਜਿਵੇਂ ਕਿ ਚੀਲ ਵਿਚ ਸੋਡੀਅਮ ਨਾਈਟ੍ਰੇਟ ਡਿਪਾਜ਼ਿਟਾਂ ਤੋਂ ਸੋਡੀਅਮ ਨਾਈਟ੍ਰੇਟ। ਜਿਥੇ ਕਿਤੇ ਖੇਤੀਬਾੜੀ ਵੱਡੇ ਪੈਮਾਨੇ ਤੇ ਕੀਤੀ ਜਾਂਦੀ ਸੀ ਉਥੇ ਨਾਈਟ੍ਰੋਜਨ ਯੋਗਿਕਾਂ ਦੀ ਮੰਗ ਵਿਚ ਵਿਕਾਸ ਹੋਇਆ ਤਾਂ ਕਿ ਭੌਂ ਦੀ ਕੁਦਰਤੀ ਸਪਲਾਈ ਨੂੰ ਪੂਰਾ ਕੀਤਾ ਜਾ ਸਕੇ।

ਖੇਤੀਬਾੜੀ ਵਿਚ ਯੋਗਿਕੀਕ੍ਰਿਤ ਨਾਈਟ੍ਰੋਜਨ ਲਈ ਮੰਗ ਤੋਂ ਇਲਾਵਾ ਨਾਈਟ੍ਰੋਜਨ ਯੋਗਿਕਾਂ ਲਈ ਕੁਝ ਹੋਰ ਜ਼ਰੂਰੀ ਅਤੇ ਵਧ ਰਹੀਆਂ ਲੋੜਾਂ ਸਨ। ਗਨ-ਪਾਊਡਰ ਬਣਾਉਣ ਲਈ ਵਰਤੇ ਜਾਂਦੇ ਸਾਲਟਪੀਟਰ ਦੀ ਵਧ ਰਹੀ ਮਾਤਰਾ ਨੇ ਇਸ ਨਾਈਟ੍ਰੋਜਨ ਡਿਪਾਜ਼ਿਟਾਂ ਦੀ ਕੁਦਰਤੀ ਖੋਜ ਵਿਚ ਸਾਰੀ ਦੁਨੀਆ ਦਾ ਝੁਕਾਅ ਕੇਂਦ੍ਰਿਤ ਕਰ ਲਿਆ। ਉਨ੍ਹੀਵੀਂ ਸਦੀ ਦੇ ਅੰਤ ਤਕ ਇਹ ਸਪਸ਼ਟ ਹੋ ਗਿਆ ਸੀ ਕਿ ਕੋਲੇ ਦੇ ਕਾਰਬਨੀਕਰਨ ਦੇ ਉਦਯੋਗ ਤੋਂ ਅਤੇ ਕਿ ਚਿੱਲੀ ਨਾਈਟ੍ਰੇਟ ਦੀ ਆਮਦ ਭਵਿੱਖ ਵਿਚਲੀਆਂ ਖੇਤੀਬਾੜੀ ਅਤੇ ਉਦਯੋਗਿਕ ਲੋੜਾਂ ਪੂਰੀਆਂ ਨਹੀਂ ਸਨ ਕਰ ਸਕਦੇ। ਇਸ ਤੋਂ ਇਲਾਵਾ ਵੱਡੀ ਲੜਾਈ ਦੌਰਾਨ ਇਹ ਪ੍ਰਤੱਖ ਸੀ ਕਿ ਚਿੱਲੀ ਸਪਲਾਈ ਤੋਂ ਕੱਟੀ ਗਈ ਇਕ ਕੌਮ ਜਲਦੀ ਵੱਡੀ ਮਾਤਰਾ ਵਿਚ ਅਸਲਾ ਬਣਾਉਣ ਦੇ ਯੋਗ ਨਹੀਂ ਹੋਵੇਗੀ। ਇਹ ਲਗਦਾ ਸੀ ਕਿ ਵਾਯੂਮੰਡਲੀ ਨਾਈਟ੍ਰੋਜਨ ਨੇ ਕੇਵਲ ਰਾਹ ਲੱਭਿਆ। ਉਨ੍ਹੀਵੀਂ ਸਦੀ ਦੇ ਅਖੀਰਲੇ ਦਹਾਕੇ ਵਿਚ ਅਤੇ 20ਵੀਂ ਸਦੀ ਦੇ ਸ਼ੁਰੂ ਵਿਚ ਵਪਾਰਕ ਨਾਈਟ੍ਰੋਜਨ ਦੇ ਯੋਗਿਕੀਕਰਨ ਦੇ ਵਿਕਾਸ ਵਿਚ ਡੂੰਘੀਆਂ ਕੋਸ਼ਿਸ਼ਾਂ ਟੀਸੀ ਤੇ ਪਹੁੰਚੀਆਂ।

ਆੱਕਸਾਈਡ ਵੱਜੋਂ ਨਾਈਟ੍ਰੋਜਨ ਦਾ ਯੋਗਿਕੀਕਰਨ—ਹਵਾ, ਇਕ ਆਇਤਨ ਆੱਕਸੀਜਨ ਅਤੇ 4 ਆਇਤਨ ਨਾਈਟ੍ਰੋਜਨ ਦਾ ਮਿਸ਼ਰਨ ਹੈ। ਦੋਵੇਂ ਗੈਸਾਂ ਮੁਕਤ ਜਾਂ ਤੱਤ ਹਾਲਤ ਵਿਚ ਹੁੰਦੀਆਂ ਹਨ ਅਤੇ ਸਾਧਾਰਨ ਹਾਲਤਾਂ ਹੇਠ ਇਕ ਦੂਜੇ ਨਾਲ ਕਿਰਿਆ ਨਹੀਂ ਕਰਦੀਆਂ। ਜੇਕਰ ਹਵਾ ਜਾਂ ਆੱਕਸੀਜਨ ਤੇ ਨਾਈਟ੍ਰੋਜਨ ਦਾ ਕੋਈ ਹੋਰ ਮਿਸ਼ਰਨ ਬਹੁਤ ਉੱਚ ਤਾਪਮਾਨ ਉੱਤੇ ਗਰਮ ਕੀਤਾ ਜਾਵੇ ਤਾਂ ਮਿਸ਼ਰਨ ਦਾ ਕੁਝ ਹਿੱਸਾ ਕਿਰਿਆ ਕਰ ਕੇ ਨਾਈਟ੍ਰਿਕ ਆੱਕਸਾਈਡ ਗੈਸ ਬਣਾਉਂਦਾ ਹੈ। ਗੈਸ ਦੇ ਮਿਸ਼ਰਨ ਦੇ ਹੌਲੀ ਠੰਢਾ ਹੋਣ ਤੇ, ਨਾਈਟ੍ਰਿਕ ਆੱਕਸਾਈਡ ਗੈਸ ਲਗਭਗ ਪੂਰੀ ਤਰ੍ਹਾਂ ਆੱਕਸੀਜਨ ਅਤੇ ਨਾਈਟ੍ਰੋਜਨ ਵਿਚ ਅਪਘਟਿਤ ਹੋ ਜਾਂਦੀ ਹੈ। ਕਿਸੇ ਵੀ ਦਿੱਤੇ ਗਏ ਤਾਪਮਾਨ ਉੱਤੇ ਤਿੰਨਾਂ ਗੈਸਾਂ ਵਿਚਕਾਰ ਗਤੀਸ਼ੀਲ ਸੰਤੁਲਨ ਹੁੰਦਾ ਹੈ। ਇਸ ਨੂੰ ਰਸਾਇਣਿਕ ਤੌਰ ਤੇ ਇਸ ਤਰ੍ਹਾਂ ਦਰਸਾਇਆ ਜਾਂਦਾ ਹੈ :—

$$O_2 + N_2 + 43,200 \text{ ਕੈਲੋਰੀਆਂ} \rightleftharpoons 2\,NO$$

ਤੀਰ ਸੰਕੇਤ ਕਰਦੇ ਹਨ ਕਿ ਹਾਲਤਾਂ ਦੇ ਬਦਲਣ ਨਾਲ ਕਿਰਿਆ ਕਿਸੇ ਵੀ ਦਿਸ਼ਾ ਵੱਲ ਹੋ ਸਕਦੀ ਹੈ। ਸਿਧਾਂਤਕ ਤੌਰ ਤੇ ਭਾਵੇਂ ਸਾਰੀਆਂ ਕਿਰਿਆਵਾਂ ਇਸ ਕਿਸਮ ਦੀਆਂ ਹੁੰਦੀਆਂ ਹਨ, ਪਰ ਹਾਲਤਾਂ ਅਕਸਰ ਅਜਿਹੀਆਂ ਹੁੰਦੀਆਂ ਹਨ ਕਿ ਕਿਰਿਆ ਆਮ ਕਰ ਕੇ ਇਕੋ ਦਿਸ਼ਾ ਵਿਚ ਹੁੰਦੀ ਹੈ। ਫਿਰ ਰਸਾਇਣਿਕ ਪ੍ਰਗਟਾਉ ਨੂੰ ਕਿਰਿਆ ਦੇ ਰੂਪ ਵਿਚ ਲਿਖਿਆ ਜਾ ਸਕਦਾ ਹੈ। ਹੁਣ ਵਿਚਾਰ ਅਧੀਨ ਕਿਰਿਆ ਵਿਚ ਦੋਵੇਂ ਅਗ੍ਰਗਾਮੀ ਤੇ ਉਲਟਕ੍ਰਮੀ ਕਿਰਿਆਵਾਂ ਨੂੰ ਹਰ ਹਾਲਤ ਵਿਚ ਗਿਣਿਆ ਜਾਣਾ ਚਾਹੀਦਾ ਹੈ। ਦਬਾਉ ਵਿਚ ਤਬਦੀਲੀ ਦਾ ਸੰਤੁਲਨ ਉੱਤੇ ਕੋਈ ਪ੍ਰਭਾਵ ਨਹੀਂ ਪਰ ਜਦੋਂ ਤਾਪਮਾਨ ਵਧਾਇਆ ਜਾਂਦਾ ਹੈ ਤਾਂ ਸੰਤੁਲਨ ਸੱਜੇ ਪਾਸੇ ਵੱਲ ਹੋ ਜਾਂਦਾ ਹੈ, ਅਰਥਾਤ ਨਾਈਟ੍ਰਿਕ ਆੱਕਸਾਈਡ ਦਾ ਇਕ ਵੱਡਾ ਅਨੁਪਾਤ ਬਣ ਜਾਂਦਾ ਹੈ। ਸਾਧਾਰਨ ਤਾਪਮਾਨਾਂ ਉੱਤੇ ਪ੍ਰਯੋਗਿਕ ਤੌਰ ਤੇ ਕੋਈ ਨਾਈਟ੍ਰਿਕ ਆੱਕਸਾਈਡ ਨਹੀਂ ਹੁੰਦਾ ਪਰ ਬਿਜਲੱਈ ਆਰਕ ਦੇ ਤਾਪਮਾਨ ਉੱਤੇ ਕੁਝ ਪ੍ਰਤਿਸ਼ਤ ਨਾਈਟ੍ਰਿਕ ਆੱਕਸਾਈਡ ਬਣਦੀ ਹੈ। ਠੰਢਾ ਕਰਨ ਤੇ ਜਿੰਨਾਂ ਨਾਈਟ੍ਰਿਕ ਆੱਕਸਾਈਡ ਆਪਣੇ ਤੱਤਾਂ ਵਿਚ ਅਪਘਟਿਤ ਹੁੰਦਾ ਹੈ, ਉਸ ਤੋਂ ਪਤਾ ਲਗਦਾ ਹੈ ਕਿ ਇਕ "ਆਰਕ" ਵਿਧੀ ਨਾਈਟ੍ਰੋਜਨ ਯੋਗਿਕੀਕਰਨ ਲਈ ਵਪਾਰਕ ਤੌਰ ਤੇ ਵਰਤੀ ਨਹੀਂ ਜਾ ਸਕਦੀ। ਇਸ ਦੀ ਵਰਤੋਂ ਉਦਯੋਗਿਕ ਵਿਧੀ ਵੱਜੋਂ ਹੋ ਸਕਦੀ ਹੈ ਜਦੋਂ ਵਾਪਰ ਰਹੀਆਂ ਕਿਰਿਆਵਾਂ ਦੇ ਦਰਾਂ ਦਾ ਲਾਹਾ ਲਿਆ ਜਾਵੇ। ਉੱਪਰ ਦਿੱਤਾ ਰਸਾਇਣਿਕ ਪ੍ਰਗਟਾਉ ਇਕ ਸੰਤੁਲਨ ਲਈ ਹੈ। ਇਸ ਤੋਂ ਸੰਤੁਲਨ ਸਥਾਪਤ ਕਰਨ ਲਈ ਲੋੜੀਂਦੇ ਸਮੇਂ ਦਾ ਕੁਝ ਪਤਾ ਨਹੀਂ ਲਗਦਾ। ਇਹ ਪੂਰੀ ਤਰ੍ਹਾਂ ਗਿਆਤ ਹੈ ਕਿ ਜਦੋਂ ਕਿਰਿਆ ਕਰ ਰਹੇ ਪਦਾਰਥਾਂ ਦਾ ਤਾਪਮਾਨ ਵਧਾਇਆ ਜਾਂਦਾ ਹੈ ਤਾਂ ਵਧੇਰੇ ਰਾਸਇਣਿਕ ਕਿਰਿਆਵਾਂ ਪ੍ਰਵੇਗੀ ਹੋ ਜਾਂਦੀਆਂ ਹਨ ਅਤੇ ਉਲਟ ਤੌਰ ਤੇ ਤਾਪਮਾਨ ਘਟਾਉਣ ਨਾਲ ਮੰਦਿਭ ਹੋ ਜਾਂਦੀਆਂ ਹਨ। ਇਸ ਹਾਲਤ ਵਿਚ ਆਰਕ ਦੇ ਬਹੁਤ ਉੱਚ ਤਾਪਮਾਨ ਉੱਤੇ ਸੰਤੁਲਨ ਬਹੁਤ ਤੇਜ਼ੀ ਨਾਲ ਪਹੁੰਚਦਾ ਹੈ। ਜੇ ਗੈਸਾਂ ਦੇ ਮਿਸ਼ਰਨ ਨੂੰ ਫਿਰ ਤੇਜ਼ੀ ਨਾਲ ਠੰਢਾ ਕੀਤਾ ਜਾਵੇ ਤਾਂ ਉਲਟਕ੍ਰਮ ਕਿਰਿਆ ਦੀ ਦਰ ਜ਼ੀਰੋ ਹੋ ਜਾਂਦੀ ਹੈ, ਅਰਥਾਤ ਨਾਈਟ੍ਰਿਕ ਆੱਕਸਾਈਡ ਦਾ ਅਪਘਟਨ ਅਭਾਗੀ ਤੌਰ ਤੇ ਰੁਕ ਜਾਂਦਾ ਹੈ ਅਤੇ ਉੱਚ ਤਾਪਮਾਨ ਸੰਤੁਲਨ "ਜੰਮ" ਜਾਂਦਾ ਹੈ।

ਨਾਈਟ੍ਰਿਕ ਆੱਕਸਾਈਡ ਠੰਢੀ ਕੀਤੀ ਗੈਸ ਦੇ ਮਿਸ਼ਰਨ ਵਿਚ ਅਜਿਹੀ ਹਾਲਤ ਵਿਚ ਵਧੇਰੇ ਦੇਰ ਤਕ ਨਹੀਂ ਰਹਿੰਦਾ, ਪਰ ਜਦੋਂ ਤਾਪਮਾਨ ਲਗਭਗ 600° ਸੈਂ ਤੋਂ ਹੇਠਾਂ ਪਹੁੰਚ ਜਾਂਦਾ ਹੈ ਤਾਂ ਉਥੇ ਸਥਿਤ ਮੁਕਤ ਆੱਕਸੀਜਨ ਨਾਲ ਕਿਰਿਆ ਕਰਨੀ ਸ਼ੁਰੂ ਕਰ ਦਿੰਦਾ ਹੈ, ਇਸ ਤਰ੍ਹਾਂ :—

$$2NO + O_2 \rightleftharpoons 2No_2$$

ਸੰਕੇਤ ਕੀਤੀ ਕਿਰਿਆ ਉਦੋਂ ਤਕ ਖੱਬੇ ਤੋਂ ਸੱਜੇ ਪਾਸੇ ਵਲ ਜਾਰੀ ਰਹਿੰਦੀ ਹੈ ਜਦੋਂ ਤਕ ਲਗਭਗ ਸਾਰਾ ਨਾਈਟ੍ਰਿਕ ਆੱਕ-

ਸਾਈਡ, ਡਾਈਆੱਕਸਾਈਡ ਵਿਚ ਨਹੀਂ ਬਦਲ ਜਾਂਦਾ। ਮਗਰਲੇ ਦਾ ਅੰਸ਼ਿਕ ਤੌਰ ਤੇ ਦੂਸਰਾ ਸੰਤੁਲਨ ਕਾਇਮ ਕਰਨ ਲਈ ਬਹੁਲਕੀਕਰਨ ਹੋ ਜਾਂਦਾ ਹੈ। ਇਸ ਤਰ੍ਹਾਂ :—

$$2\,NO_2 \rightleftharpoons N_2O_4$$

ਅਤੇ ਜਦੋਂ $NO_2 - N_2O_4$ ਦੇ ਮਿਸ਼ਰਨ ਨੂੰ ਪਾਣੀ ਨਾਲ ਇਕ ਦੂਜੇ ਦੇ ਸੰਪਰਕ ਵਿਚ ਲਿਆਂਦਾ ਜਾਂਦਾ ਹੈ ਤਾਂ ਨਾਈਟ੍ਰਿਕ ਐਸਿਡ ਬਣਦਾ ਹੈ। ਪੁਰਵਗਾਮੀ ਤੱਥ ਨਾਈਟ੍ਰੋਜਨ ਦੇ ਯੋਗਿਕੀਕਰਨ ਦੀ ਪ੍ਰਯੋਗਿਕ ਵਿਧੀ ਦਾ ਆਧਾਰ ਬਣਾਉਂਦੇ ਹਨ।

ਸੰਨ 1772 ਵਿਚ ਅੰਗਰੇਜ਼ ਰਸਾਇਣ-ਵਿਗਿਆਨੀ ਜੋਜ਼ੈੱਫ ਪ੍ਰੀਸਟਲੇ ਨੇ ਦੱਸਿਆ ਕਿ ਪਾਣੀ ਹੇਠ ਦਬੇ ਹਵਾ ਦੇ ਥੋੜ੍ਹੇ ਜਿਹੇ ਆਇਤਨ ਵਿਚੋਂ ਬਿਜਲੱਈ ਚਿਣਗ ਦੇ ਰਾਹ ਨਾਲ ਗੈਸ ਦੇ ਆਇਤਨ ਵਿਚ ਕਮੀ ਆਉਂਦੀ ਹੈ ਅਤੇ ਪਾਣੀ ਤੇਜ਼ਾਬੀ ਹੋ ਜਾਂਦਾ ਹੈ। ਪ੍ਰੀਸਟਲੇ ਇਹ ਸਿੱਟਾ ਦੋ ਸਾਲ ਤਕ ਠੀਕ ਨਾ ਦੱਸ ਸੱਕਿਆ ਜਦੋਂ ਕਿ ਦੂਸਰੇ ਅੰਗਰੇਜ਼ ਰਸਾਇਣ-ਵਿਗਿਆਨੀ ਹੈਨਰੀ ਕੈਵੈਂਡਿਸ਼ ਨੇ ਸਹੀ ਵਿਆਖਿਆ ਕੀਤੀ। ਇਸ ਤਰ੍ਹਾਂ ਇਹ ਖੋਜ ਹੋਈ ਜਿਸ ਨੂੰ ਮਗਰੋਂ ਨਾਈਟ੍ਰੋਜਨ ਦੇ ਯੋਗਿਕੀਕਰਨ ਦੀ 'ਸਪਾਰਕ' ਜਾਂ 'ਆਰਕ' ਵਿਧੀ ਨਾਲ ਜਾਣਿਆ ਗਿਆ (ਉਸ ਸਮੇਂ ਭਾਵੇਂ ਬਿਜਲੱਈ ਊਰਜਾ ਨਾਲ ਇਸ ਵਿਧੀ ਦੀ ਵਰਤੋਂ ਕਰਨੀ ਬਹੁਤ ਹੀ ਜ਼ਿਆਦਾ ਮਹਿੰਗੀ ਸੀ)

19 ਵੀਂ ਸਦੀ ਦੇ ਅੰਤ ਤਕ ਵਧੇਰੇ ਮਾਤਰਾ ਵਿਚ ਬਿਜਲੱਈ ਊਰਜਾ ਉਤਪੰਨ ਕਰਨ ਦੇ ਕਈ ਯੰਤ੍ਰਿਕ ਢੰਗ ਹੋਂਦ ਵਿਚ ਆ ਗਏ ਅਤੇ ਬਿਜਲੱਈ ਜੈਨਰੇਟਰਾਂ ਨੂੰ ਜਲ ਸ਼ਕਤੀ ਨਾਲ ਚਲਾਉਣ ਨਾਲ ਅੰਤ ਵਿਚ ਬਿਜਲੱਈ ਊਰਜਾ ਲਾਗਤ ਨੂੰ ਹੇਠਾਂ ਲੈ ਆਂਦਾ। ਫਿਰ ਇਸ ਸਮੱਸਿਆ ਵੱਲ ਕਈ ਤਜਰਬੇ ਕਰਨ ਵਾਲਿਆਂ ਦਾ ਧਿਆਨ ਖਿੱਚਿਆ ਗਿਆ ਅਤੇ 1902 ਈ. ਤਕ ਚਾਰਲਸ ਐੱਸ. ਬਰੈਡਲੀ ਅਤੇ ਡੀ. ਆਰ ਲਵਜੋਇਐ ਨੇ ਨਿਊਯਾਰਕ ਰਾਜ ਵਿਚ ਨਿਆਗਰਾ ਸ਼ਹਿਰ ਵਿਖੇ ਚਿਣਗ ਵਿਧੀ ਦੀ ਵਰਤੋਂ ਕਰ ਕੇ ਇਕ ਛੋਟਾ ਪਲਾਂਟ ਤਿਆਰ ਕੀਤਾ ਪਰ ਇਹ ਢੰਗ ਵਪਾਰਕ ਤੌਰ ਤੇ ਫੇਲ੍ਹ ਹੋ ਗਿਆ। ਸੰਨ 1904 ਵਿਚ ਕ੍ਰਿਸਚੀਅਨ ਬਰਕੇਲੈਂਡ (ਆੱਸਲੋ, ਨਾਰਵੇ ਵਾਸੀ) ਅਤੇ ਸੈਮੂਐੱਲ ਆਈਡ ਜਿਹੜਾ ਇਕ ਇੰਜੀਨੀਅਰ ਸੀ, ਨੇ ਇਕ ਛੋਟੇ ਪਲਾਂਟ ਵਿਚ ਆਰਕ ਵਿਧੀ ਦੀ ਵਰਤੋਂ ਕੀਤੀ ਜਿਹੜਾ ਕਿ ਵਪਾਰਕ ਤੌਰ ਤੇ ਅਤੇ ਵੱਡੇ ਕਾਮਯਾਬ ਪਲਾਂਟਾਂ ਦਾ ਮੋਹਰੀ ਸੀ। ਸੰਨ 1908 ਵਿਚ ਨਾੱਟੋਡੈੱਨ, ਨਾਰਵੇ ਵਿਖੇ ਇਕ ਵੱਡੀ ਆਰਕ ਵਿਧੀ ਵਾਲਾ ਪਲਾਂਟ ਸਥਾਪਤ ਕੀਤਾ ਗਿਆ। ਬਰਕੇਲੈਂਡ ਆਈਡ ਵਿਧੀ ਵਿਚ ਇਕ ਚੁੰਬਕੀ ਖੇਤਰ ਦੁਆਰਾ ਇਕ ਬਿਜਲੱਈ ਆਰਕ ਨੂੰ ਲਾਟ ਦੀ ਇਕ ਡਿਸਕ ਵਿਚ ਫੈਲਾਇਆ ਜਾਂਦਾ ਸੀ। ਹਵਾ ਨੂੰ ਡਿਸਕ ਰਾਹੀਂ ਬਲੋ ਕਰ ਕੇ ਫਿਰ ਤੁਰੰਤ ਠੰਢੀ ਹਵਾ ਨਾਲ ਮਿਲਾਇਆ ਜਾਂਦਾ ਸੀ ਜਿਸ ਨਾਲ ਉੱਚ-ਤਾਪਮਾਨ ਸੰਤੁਲਨ "ਜੰਮ" ਜਾਂਦਾ ਸੀ।

20 ਵੀਂ ਸਦੀ ਦੇ ਪਹਿਲੇ ਦੋ ਦਹਾਕਿਆਂ ਵਿਚ ਆਰਕ ਵਿਧੀ ਵਿਚ ਕਈ ਸੋਧਾਂ ਵਿਕਸਿਤ ਕੀਤੀਆਂ ਗਈਆਂ ਅਤੇ ਨਾਰਵੇ ਤੋਂ ਇਲਾਵਾ ਕਈ ਹੋਰ ਦੇਸ਼ਾਂ ਵਿਚ ਛੋਟੇ ਪਲਾਂਟ ਬਣਾਏ ਗਏ। ਆਰਕ ਵਿਧੀ ਮੁੱਢ ਤੋਂ ਹੀ ਊਰਜਾ ਦੀ ਵਰਤੋਂ ਵਿਚ ਅਯੋਗ ਸੀ ਅਤੇ ਨਾਈਟ੍ਰੋਜਨ ਆੱਕਸਾਈਡਾਂ ਦੀ ਪਾਣੀ ਨਾਲ ਕਿਰਿਆ ਲਈ ਲੋੜੀਂਦੇ ਸੋਖਣ ਟਾਵਰ ਵੱਡੇ ਅਤੇ ਕੀਮਤੀ ਸਨ। ਨਾਈਟ੍ਰੋਜਨ ਦੇ ਯੋਗਿਕੀਕਰਨ ਲਈ ਵਧੀਆ ਢੰਗਾਂ ਦੀ ਬੜੀ ਜਲਦੀ ਖੋਜ ਕੀਤੀ ਗਈ ਅਤੇ ਅੰਤ ਨੂੰ ਇਹ ਵਿਧੀ ਲਗਭਗ ਛੱਡ ਦਿੱਤੀ ਗਈ।

1940-50 ਦੇ ਦਹਾਕੇ ਵਿਚ ਨਾਈਟ੍ਰੋਜਨ ਦੇ ਯੋਗਿਕੀਕਰਨ ਨੇ ਆੱਕਸਾਈਡ ਦੇ ਰੂਪ ਵਿਚ ਉੱਚ-ਤਾਪਮਾਨ ਅਤੇ ਤੇਜ਼ ਤਾਪ ਵਟਾਂਦਰੇ ਤੇ "ਰੇਐਸਟਰ ਸਟੋਵ" ਵਿਚ ਸੰਭਵ ਤਾਪ ਆਰਥਿਕਤਾ ਦੁਆਰਾ, ਬੜੀ ਦਿਲਚਸਪੀ ਪੈਦਾ ਕੀਤੀ। ਉਪਰਕਨ ਦਾ ਇਹ ਪੀਸ ਝੌਂਕਾ ਭੱਠੀਆਂ ਉੱਤੇ ਬੜੀ ਦੇਰ ਤੋਂ ਵਰਤੇ ਜਾਂਦੇ ਤਾਪ-ਵਟਾਂਦਰਾ ਸਟੋਵਾਂ ਦਾ ਰੂਪਾਂਤਰਣ ਹੈ, ਫ਼ਰਕ ਕੇਵਲ ਇਹ ਹੈ ਕਿ ਉੱਚ ਤਾਪ-ਸਹਿ ਪਦਾਰਥ ਦੇ ਛੋਟੇ ਪੀਸਾਂ ਦਾ ਪ੍ਰਤਿਸਥਾਪਨ ਹੈ ਜਿਸ ਨਾਲ ਸਟੋਵਾਂ ਵਿਚ ਆਮ ਬ੍ਰਿਕ ਚੈਕਰਵਰਕ ਲਈ ਹੁੰਦਾ ਹੈ। ਇਸ ਵਿਧੀ ਵਿਚ ਦੋ ਜਾਂ ਵੱਧ ਰੇਐਸਟਰ ਸਟੋਵ ਵਰਤੇ ਜਾਂਦੇ ਹਨ। ਅਜਿਹੇ ਇਕ ਸਟੋਵ ਵਿਚ ਉੱਚ ਤਾਪ ਸਹਿ ਫ਼ਿਲਿੰਗ ਗੈਸ ਨੂੰ ਬਾਲ ਕੇ ਉੱਚ-ਤਾਪਮਾਨ ਪ੍ਰਾਪਤ ਕੀਤਾ ਜਾਂਦਾ ਹੈ। ਫ਼ਿਰ ਸਟੋਵ ਵਿਚੋਂ ਹਵਾ ਲੰਘਾਈ ਜਾਂਦੀ ਹੈ ਅਤੇ ਜਦੋਂ ਉੱਚ ਤਾਪਮਾਨ ਹੋ ਜਾਂਦਾ ਹੈ, ਨਾਈਟ੍ਰਿਕ ਆੱਕਸਾਈਡ ਦਾ ਕੁਝ ਹਿੱਸਾ ਬਣ ਜਾਂਦਾ ਹੈ। ਫ਼ਿਰ ਉੱਚ ਤਾਪਮਾਨ ਸੰਤੁਲਨ ਨੂੰ ਇਕ ਨਾ ਗਰਮ ਕੀਤੇ ਸਟੋਵ ਵਿਚ ਹਵਾ ਲੰਘਾ ਕੇ ਜਮਾਇਆ ਜਾਂਦਾ ਹੈ। ਦੂਸਰੇ ਸਟੋਵ ਵਿਚੋਂ ਆਉਂਦੀ ਠੰਢੀ ਗੈਸ ਵਿਚ ਨਾਈਟ੍ਰਿਕ ਆੱਕਸਾਈਡ ਨੂੰ ਦੂਸਰੇ ਸਟੋਵ ਵਲ ਭੇਜਿਆ ਜਾ ਸੱਕਦਾ ਹੈ, ਹਵਾ ਦੇ ਵਹਿਣ ਦੀ ਦਿਸ਼ਾ ਨੂੰ ਦੋਹਾਂ ਸਟੋਵਾਂ ਵਿਚ ਬਦਲ ਦਿੱਤਾ ਜਾਂਦਾ ਹੈ। ਦੋਹਾਂ ਸਟੋਵਾਂ ਵਿਚਕਾਰ ਤਾਪ ਬਦਲੀ ਵਿਧੀ ਵਿਚ ਵਿਘਨ ਪਾਉਣ ਵਾਲੀਆਂ ਹਾਲਤਾਂ ਤੋਂ ਬਿਨਾ ਪੂਰੀ ਤਰਾਂ ਸੰਭਵ ਨਾ ਹੋਣ ਕਰ ਕੇ ਇਕ ਸਟੋਵ ਨੂੰ ਕੁਝ ਕੁ ਸਮੇਂ ਗੈਸ ਨਾਲ ਪੁਨਰਗਰਮ ਕਰਨਾ ਜ਼ਰੂਰੀ ਹੈ।

ਸਾਇਆਨਾਈਡ ਦੇ ਤੌਰ ਤੇ ਨਾਈਟ੍ਰੋਜਨ ਦਾ ਯੋਗਿਕੀਕਰਨ—ਨਾਈਟ੍ਰੋਜਨ ਦੇ ਯੋਗਿਕੀਕਰਨ ਦਾ ਇਕ ਹੋਰ ਰਸਾਇਣਿਕ ਢੰਗ ਲਗਭਗ 1828 ਈ. ਦੇ ਨੇੜੇ ਡੈਸਫੱਸੈੱਸ ਨੇ ਲੱਭਿਆ। ਇਸ ਨੇ ਪ੍ਰੇਖਿਤ ਕੀਤਾ ਕਿ ਜਦੋਂ ਨਾਈਟ੍ਰੋਜਨ ਦੀ ਇਕ ਧਾਰਾ ਇਕ ਨਲੀ ਵਿਚ ਪੋਟਾਸ਼ ਤੇ ਕਾਰਬਨ ਦੇ ਸੁਰਖ਼-ਲਾਲ ਮਿਸ਼ਰਨ ਵਿਚੋਂ ਲੰਘਾਈ ਜਾਂਦੀ ਹੈ ਤਾਂ ਪੋਟਾਸ਼ੀਅਮ ਸਾਇਆਨਾਈਡ ਬਣਦਾ ਹੈ। ਸੰਨ 1842 ਵਿਚ ਸਾਇਆਨਾਈਡ ਢੰਗ ਦੀ ਵਰਤੋਂ ਕਰ ਕੇ ਫਰਾਂਸ ਵਿਚ ਇਕ ਛੋਟਾ ਜਿਹਾ ਪਲਾਂਟ ਬਣਾਇਆ ਗਿਆ ਅਤੇ ਕੁਝ ਕੁ ਸਾਲ ਚਲਾਇਆ ਗਿਆ। ਕਈ ਹੋਰ ਢੰਗ, ਸਾਇਆਨਾਈਡ ਬਣਨ ਤੇ ਆਧਾਰਿਤ, ਸ਼ੁਰੂ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ।

ਨਾਈਟ੍ਰਾਈਡ ਦੇ ਤੌਰ ਤੇ ਨਾਈਟ੍ਰੋਜਨ ਦਾ ਯੋਗਿਕੀਕਰਨ— ਉੱਚ ਤਾਪਮਾਨਾਂ ਉੱਤੇ ਨਾਈਟ੍ਰੋਜਨ ਸਿੱਧੀ ਹੀ ਕੁਝ ਧਾਤਾਂ ਨਾਲ ਉਨ੍ਹਾਂ ਦੇ ਨਾਈਟ੍ਰਾਈਡ ਬਣਾਉਣ ਲਈ ਮਿਲ ਜਾਵੇਗੀ ਜਿਨ੍ਹਾਂ ਵਿਚੋਂ ਜ਼ਿਆਦਾਤਰ ਦਾ ਜਲ-ਅਪਘਟਨ ਹੋ ਕੇ ਧਾਤ ਹਾਈਡ੍ਰੋਕਸਾਈਡ ਅਤੇ ਅਮੋਨੀਆ ਬਣਦੇ ਹਨ। ਸੰਨ 1909-1919 ਦੇ ਦਹਾਕੇ ਦੌਰਾਨ ਓ. ਸਰਪੈੱਕ ਦੁਆਰਾ ਵਿਕਸਿਤ ਵਿਧੀ ਦੀ ਵਰਤੋਂ ਲਈ ਕਈ ਨਾਕਾਮਯਾਬ ਕੋਸ਼ਿਸ਼ਾਂ ਕੀਤੀਆਂ ਗਈਆਂ ਜਿਨ੍ਹਾਂ ਵਿਚ ਨਾਈਟ੍ਰੋਜਨ, ਐਲੂਮੀਨੀਅਮ ਆੱਕਸਾਈਡ ਅਤੇ ਕਾਰਬਨ ਨੂੰ ਇਕੱਠੇ ਗਰਮ ਕੀਤਾ ਗਿਆ ਸੀ ਤਾਂ ਜੋ ਇਕ ਐਲੂਮੀਨੀਅਮ ਨਾਈਟ੍ਰਾਈਡ ਬਣ ਸਕੇ।

ਸਾਇਐਨੇਮਾਈਡ ਦੇ ਤੌਰ ਤੇ ਨਾਈਟ੍ਰੋਜਨ ਦਾ ਯੋਗਿਕੀਕਰਨ— ਸੰਨ 1895-98 ਦੇ ਸਮੇਂ ਦੌਰਾਨ ਐਡਾੱਲਫ਼ ਫਰੈਂਕ ਅਤੇ ਨਿਕੋਡੈੱਨ ਕਾਰੋ ਨੇ ਸਾਇਆਨਾਈਡ ਤਿਆਰ ਕਰਨ ਦੇ ਢੰਗਾਂ ਵਿਚ ਸੁਧਾਰ ਲਈ ਖੋਜਾਂ ਕੀਤੀਆਂ। ਖੋਜਾਂ ਦੌਰਾਨ ਇਨ੍ਹਾਂ ਨੇ ਪਤਾ ਲਾਇਆ ਕਿ ਅਣਸੋਧਿਆ ਕੈਲਸੀਅਮ ਕਾਰਬਾਈਡ ਅਤੇ ਨਾਈਟ੍ਰੋਜਨ 1000° ਸੈਂ ਉੱਤੇ ਕਿਰਿਆ ਕਰਕੇ ਸਾਇਆਨਾਈਡ ਦੀ ਕੈਲਸੀਅਮ ਸਾਇਐਨੇਮਾਈਡ ਬਣਾਉਂਦੇ ਹਨ। ਰਸਾਇਣਿਕ ਕਿਰਿਆ ਇਸ ਤਰ੍ਹਾਂ ਲਿਖੀ ਜਾ ਸਕਦੀ ਹੈ :—

$$CaC_2 + N_2 \longrightarrow CaCN_2 + C$$

ਸ਼ੁੱਧ ਕਾਰਬਾਈਡ ਬੜੀ ਹੌਲੀ ਕਿਰਿਆ ਕਰਦਾ ਹੈ ਪਰ ਕਿਰਿਆ ਨੂੰ ਖਾਰਾਂ ਜਾਂ ਖਾਰੀਆਂ ਮਿੱਟੀਆਂ ਨਾਲ ਉਤਪ੍ਰੇਰਨ ਕੀਤਾ

ਜਾਂਦਾ ਹੈ। ਆਮ ਤੌਰ ਤੇ ਕੈਲਸੀਅਮ ਫ਼ਲੋਰਾਈਡ ਉਤਪ੍ਰੇਰਕ ਵਰਤਿਆ ਜਾਂਦਾ ਹੈ। ਅਣਸੋਧਿਆ ਕੈਲਸੀਅਮ ਸਾਇਐਨੇਮਾਈਡ ਸਿੱਧਾ ਹੀ ਖਾਦ ਵੱਜੋਂ ਵਰਤਿਆ ਜਾ ਸਕਦਾ ਹੈ।

ਸੰਨ 1907 ਵਿਚ ਇਕ ਵੱਡਾ ਸਾਇਐਨੇਮਾਈਡ ਪਲਾਂਟ ਇਟਲੀ ਵਿਚ ਬਣਾਇਆ ਗਿਆ ਸੀ। ਅਗਲੇ ਪੰਜ ਸਾਲਾਂ ਦੌਰਾਨ ਵੱਡੇ ਪਲਾਂਟ ਜਰਮਨੀ, ਫ਼ਰਾਂਸ, ਨਾਰਵੇ, ਕੈਨੇਡਾ, ਜਾਪਾਨ, ਡਾਲਮੇਟੀਆ ਅਤੇ ਸਵਿਟਜ਼ਰਲੈਂਡ ਵਿਚ ਬਣਾਏ ਗਏ ਸਨ। ਸਾਇਐਨੇਮਾਈਡ ਵਿਧੀ ਪਹਿਲੀ ਵਿਧੀ ਸੀ ਜਿਹੜੀ ਜ਼ਿਆਦਾਤਰ ਨਾਈਟ੍ਰੋਜਨ ਦੇ ਯੋਗਿਕੀਕਰਨ ਲਈ ਵਰਤੀ ਗਈ ਸੀ। ਦੁਨੀਆ ਦੇ ਪਹਿਲੇ ਮਹਾਂ ਯੁੱਧ ਦੌਰਾਨ ਅਮਰੀਕਨ ਸਰਕਾਰ ਨੇ ਵਿਲਸਨ ਡੈਮ, ਐਲਾਬਾਮਾ ਨੇੜੇ ਇਕ ਬਹੁਤ ਵੱਡਾ ਸਾਇਐਨੇਮਾਈਡ ਪਲਾਂਟ ਬਣਾਇਆ।

ਸਾਇਐਨੇਮਾਈਡ ਵਿਧੀ ਲਈ ਕੈਲਸੀਅਮ ਕਾਰਬਾਈਡ ਅਤੇ ਨਾਈਟ੍ਰੋਜਨ ਕੱਚੇ ਮਾਲ ਹਨ। ਹਵਾ ਦੇ ਅੰਸ਼ਿਕ ਦ੍ਰਵਣ ਅਤੇ ਅੰਸ਼ਿਕ ਕਸ਼ੀਦਣ ਦੁਆਰਾ ਨਾਈਟ੍ਰੋਜਨ ਪ੍ਰਾਪਤ ਕੀਤੀ ਜਾ ਸਕਦੀ ਹੈ। ਕਾਰਬਾਈਡ ਤਿਆਰ ਕਰਨ ਲਈ ਕੋਲ ਨੂੰ ਉੱਚ-ਦਰਜੇ ਦੇ ਚੂਨੇ ਨਾਲ ਇਕ ਬਿਜਲੱਈ ਭੱਠੀ ਵਿਚ ਗਰਮ ਕੀਤਾ ਜਾਂਦਾ ਹੈ :—

$$CaO + 3\ C \rightarrow Ca\ C_2 + CO$$

ਕਾਰਬਨ ਮਾੱਨੋਆੱਕਸਾਈਡ ਗੈਸ ਭੱਠੀ ਵਿਚੋਂ ਨਿਕਲ ਜਾਂਦੀ ਹੈ। ਕਾਰਬਾਈਡ ਪਿਘਲੇ ਹੋਏ ਰੂਪ ਵਿਚ ਬਾਹਰ ਕੱਢ ਕੇ ਠੰਢਾ ਕੀਤਾ ਜਾਂਦਾ ਹੈ ਤੇ ਫਿਰ ਪੀਸਣ ਉਪਰੰਤ 1000° ਸੈਂ. ਤਕ ਗਰਮ ਕਰ ਕੇ ਨਾਈਟ੍ਰੋਜਨ ਨਾਲ ਕਿਰਿਆ ਕਰਵਾਈ ਜਾਂਦੀ ਹੈ। ਨਾਈਟ੍ਰੀਕਰਨ ਕਿਰਿਆ ਤਾਪ-ਨਿਕਾਸੀ ਹੈ ਅਤੇ ਇਕ ਵਾਰੀ ਇਕ ਦਮ ਸ਼ੁਰੂ ਹੋ ਕੇ ਨਿਰੰਤਰ ਚਲਦੀ ਰਹਿੰਦੀ ਹੈ। ਇਸ ਤਰ੍ਹਾਂ ਸਿੱਟੇ ਵੱਜੋਂ ਪ੍ਰਾਪਤ ਹੋਇਆ ਅਣਸੋਧਿਆ ਸਾਇਐਨੇਮਾਈਡ ਦਾ ਪੁੰਜ ਠੰਢਾ ਕਰ ਕੇ ਅਤੇ ਪੀਸ ਕੇ ਇਕ ਖਾਦ ਵੱਜੋਂ ਵਰਤੋਂ ਲਈ ਦਾਣੇਦਾਰ ਬਣਾ ਲਿਆ ਜਾਂਦਾ ਹੈ ਜਾਂ ਸਾਇਐਨੇਮਾਈਡ ਦਾ ਜਲ-ਅਪਘਟਨ ਕਰ ਕੇ ਯੋਗਿਕੀਕ੍ਰਿਤ ਨਾਈਟ੍ਰੋਜਨ ਅਮੋਨੀਆ ਦੇ ਰੂਪ ਵਿਚ ਮੁਕਤ ਕੀਤੀ ਜਾਂਦੀ ਹੈ :—

$$Ca\ CN_2 + 3\ H_2\ O \longrightarrow Ca\ Co_3 + 2\ NH_3$$

ਸਾਇਐਨੇਮਾਈਡ ਵਿਧੀ ਇਕ ਵਿਸਤ੍ਰਿਤ ਵਿਧੀ ਹੈ। ਲੋੜੀਂਦਾ ਕਾਰਬਾਈਡ ਪੈਦਾ ਕਰਨ ਲਈ ਜ਼ਰੂਰੀ ਬਿਜਲੱਈ ਉਰਜਾ ਸਾਪੇਖੀ ਤੌਰ ਤੇ ਅਖੀਰ ਵਿਚ ਪ੍ਰਾਪਤ ਹੋਈ ਯੋਗਿਕੀਕ੍ਰਿਤ ਨਾਈਟ੍ਰੋਜਨ ਦੇ ਪ੍ਰਤਿ ਮੀਟ੍ਰਿਕ ਟਨ ਜ਼ਿਆਦਾ ਹੈ, ਭਾਵੇਂ ਇਹ ਇੰਨੀ ਜ਼ਿਆਦਾ ਨਹੀਂ ਹੈ ਜਿੰਨੀ ਕਿ ਆਰਕ ਵਿਧੀ ਲਈ ਲੋੜੀਂਦੀ ਹੈ।

ਇਸ ਨੂੰ ਤਿਆਰ ਕਰਨ ਦੀ ਨਵੀਂ ਵਿਧੀ ਦਾ ਵਿਕਾਸ 20ਵੀਂ ਸਦੀ ਵਿਚ ਤੇਜ਼ ਰਿਹਾ। ਆਰਕ ਵਿਧੀ ਦੀ ਵਰਤੋਂ ਕਰਨ ਵਾਲੇ ਪਹਿਲੇ ਪਲਾਂਟ ਦੇ ਸ਼ੁਰੂ ਹੋਣ ਤੋਂ ਇਕ ਦਹਾਕੇ ਦੌਰਾਨ ਉਹ ਵਿਧੀ ਬੜੀ ਤੇਜ਼ੀ ਨਾਲ ਅਪ੍ਰਚੱਲਿਤ ਹੋ ਰਹੀ ਸੀ ਅਤੇ ਸਾਇਐਨੇਮਾਈਡ ਵਿਧੀ ਨੇ ਵੀ ਆਪਣੇ ਵਿਕਾਸ ਤੋਂ ਇਕ ਦਹਾਕੇ ਦੇ ਅੰਦਰ ਅੰਦਰ ਅਪ੍ਰਚੱਲਿਤ ਹੋ ਜਾਣਾ ਸੀ। ਦੁਨੀਆ ਦੇ ਪਹਿਲੇ ਮਹਾਂ ਯੁੱਧ ਮਗਰੋਂ ਕੋਈ ਨਵਾਂ ਸਾਇਐਨੇਮਾਈਡ ਪਲਾਂਟ ਨਾ ਲਗਾਇਆ ਗਿਆ ਭਾਵੇਂ ਉਦੋਂ ਪ੍ਰਚੱਲਿਤ ਕੁਝ ਪਲਾਂਟ ਦੂਜੇ ਮਹਾਂ ਯੁੱਧ ਦੇ ਸ਼ੁਰੂ ਤਕ ਚਲਦੇ ਰਹੇ ਸਨ।

ਅਮੋਨੀਆ ਦੇ ਤੌਰ ਤੇ ਨਾਈਟ੍ਰੋਜਨ ਦਾ ਯੋਗਿਕੀਕਰਨ— ਨਾਈਟ੍ਰੋਜਨ ਅਤੇ ਹਾਈਡ੍ਰੋਜਨ ਤੱਤਾਂ ਤੋਂ ਅਮੋਨੀਆ ਦਾ ਸਿੱਧਾ ਸੰਸ਼ਲੇਸ਼ਣ ਨਾਈਟ੍ਰੋਜਨ ਦੇ ਯੋਗਿਕੀਕਰਨ ਲਈ ਲੱਭੇ ਢੰਗਾਂ ਨਾਲੋਂ ਸਭ ਤੋਂ ਵੱਧ ਕਿਫ਼ਾਇਤੀ ਹੈ। ਇਹ ਢੰਗ ਕਈ ਦੇਸ਼ਾਂ ਵਿਚ ਵਰਤਿਆ ਜਾ ਰਿਹਾ ਹੈ ਅਤੇ ਵੱਡੀਆਂ ਅਤੇ ਰਸਾਇਣਿਕ ਉਦਯੋਗ ਦੀਆਂ ਵਧੇਰੇ ਮੁੱਢਲੀਆਂ ਵਿਧੀਆਂ ਵਿਚੋਂ ਇਕ ਹੈ ਜਿਹੜਾ ਕਿ ਸਾਰੀ ਦੁਨੀਆ ਵਿਚ ਪ੍ਰਚੱਲਿਤ ਹੈ।

19ਵੀਂ ਸਦੀ ਦੇ ਅਖੀਰਲੇ ਦਹਾਕੇ ਅਤੇ 20 ਵੀਂ ਸਦੀ ਦੇ ਸ਼ੁਰੂ ਦੇ ਵਰ੍ਹਿਆਂ ਵਿਚ ਕਈ ਖੋਜੀਆਂ ਨੇ ਗੈਸੀ ਸਿਸਟਮ ਨਾਈਟ੍ਰੋਜਨ-ਹਾਈਡ੍ਰੋਜਨ-ਅਮੋਨੀਆ ਦਾ ਅਧਿਐਨ ਕੀਤਾ। ਇਸ ਕੰਮ ਵਿਚ 1904 ਤੋਂ 1908 ਈ. ਦੇ ਸਮੇਂ ਦੌਰਾਨ ਵਧੇਰੇ ਪ੍ਰਸਿੱਧ ਫ੍ਰਿਟਜ਼ ਹੈਵਰ, ਜੀ. ਫ਼ੌਨ ਆੱਰਡਟ, ਆਰ. ਲੀਰੋੱਸਸੀਗਨਾਲ, ਡਬਲਯੂ ਨੈਰਨਸਟ, ਐੱਫ਼ ਜੋਸਟ ਅਤੇ ਕੇ. ਜੈੱਲੀਨੈੱਕ ਹਨ।

ਹੈਬਰ ਅਤੇ ਉਸ ਦੇ ਸਾਥੀਆਂ ਦੀ ਖੋਜ ਨੇ ਬੈਡੀਸ਼ ਐਨਿਲਿਨ- ਅੰਗ ਸੋਡਾਫੈਬ੍ਰਿਕ ਨੂੰ ਜਚਾ ਦਿੱਤਾ ਕਿ ਅਮੋਨੀਆ ਤਿਆਰ ਕਰਨਾ ਆਰਥਿਕ ਤੌਰ ਤੇ ਸੰਭਵ ਸੀ। ਫਿਰ ਜਰਮਨ ਫਰਮ ਨੇ ਆਪਣੇ ਮਹਾਨ ਇੰਜੀਨੀਅਰੀ ਅਤੇ ਤਕਨੀਕੀ ਵਿਉਂਤਾਂ ਨੂੰ ਪਰਾਜੈੱਕਟ ਵਿਚ ਲਾ ਦਿੱਤਾ ਅਤੇ 1910 ਈ. ਵਿਚ ਇਕ ਪਾਇਲਟ ਪਲਾਂਟ ਸ਼ੁਰੂ ਕੀਤਾ। ਇਹ ਇਕ ਵਪਾਰਕ ਪਲਾਂਟ ਦਾ ਪੂਰਵਗਾਮੀ ਸੀ ਜਿਸ ਨੇ 1913 ਈ. ਵਿਚ ਉਤਪਾਦਨ ਸ਼ੁਰੂ ਕੀਤਾ। ਇਸ ਦੀ ਸਮਰੱਥਾ ਯੋਗਿਕੀਕ੍ਰਿਤ ਨਾਈਟ੍ਰੋਜਨ ਦਾ ਲਗਭਗ 7000 ਮੀਟ੍ਰਿਕ ਟਨ ਪ੍ਰਤਿ ਸਾਲ ਸੀ।

ਜਦੋਂ ਹੈਬਰ ਅਤੇ ਉਸ ਦੇ ਸਾਥੀਆਂ ਨੇ ਅਮੋਨੀਆ ਦੇ ਸੰਸ਼ਲੇਸ਼ਣ ਉੱਤੇ ਖੋਜ ਸ਼ੁਰੂ ਕੀਤੀ ਤਾਂ ਇਹ ਭਲੀ- ਭਾਂਤ ਗਿਆਤ ਸੀ ਕਿ ਤਾਪਮਾਨ ਅਤੇ ਦਬਾਉ ਦੀਆਂ ਸਾਧਾਰਨ ਹਾਲਤਾਂ ਹੇਠ ਜਦੋਂ ਨਾਈਟ੍ਰੋਜਨ ਅਤੇ ਹਾਈਡ੍ਰੋਜਨ ਨੂੰ ਇਕ ਦੂਸਰੇ ਦੇ ਸੰਪਰਕ ਵਿਚ ਲਿਆਇਆ ਜਾਂਦਾ ਹੈ ਤਾਂ ਅਮੋਨੀਆ ਨਹੀਂ ਬਣਦੀ। ਇਹ ਪਤਾ ਸੀ ਕਿ ਜਦੋਂ ਇਕ ਸ਼ਾਂਤ ਬਿਜਲੱਈ ਵਿਸਰਜਨ ਨਾਈਟ੍ਰੋਜਨ ਅਤੇ ਹਾਈਡ੍ਰੋਜਨ ਦੇ ਮਿਸ਼ਰਨ ਵਿਚੋਂ ਲੰਘਾਇਆ ਜਾਂਦਾ ਹੈ, ਅਮੋਨੀਆ ਦਾ ਇਕ ਟ੍ਰੇਸ ਬਣਦਾ ਹੈ। ਇਹ ਵੀ ਪ੍ਰੇਖਿਤ ਕੀਤਾ ਗਿਆ ਸੀ ਕਿ ਅਮੋਨੀਆ ਦਾ ਪੂਰਨ ਅਪਘਟਨ ਤਾਪ ਦੁਆਰਾ ਨਹੀਂ ਹੋ ਸਕਦਾ। ਇਕ ਅਸਲ ਸੰਤੁਲਨ ਦੀ ਹੋਂਦ ਦੇ ਇਨ੍ਹਾਂ ਸੰਕੇਤਾਂ ਵੱਲ ਧਿਆਨ ਨਾ ਦਿੰਦੇ ਹੋਏ, ਜਿਵੇਂ ਕਿ ਇਸ ਪ੍ਰਗਾਟਉ ਦੁਆਰਾ ਵਿਖਿਇਆ ਗਿਆ ਹੈ।

$$N_2 + 3H_2 \rightleftharpoons 2\ NH_3 + 24,000 \text{ ਕੈਲੋਰੀਆਂ}$$

ਕਈ ਪ੍ਰਸਿੱਧ ਖੋਜੀਆਂ ਨੇ ਬਹਿਸ ਕੀਤੀ ਕਿ ਅਜਿਹਾ ਕੋਈ ਸੰਤੁਲਨ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਇਸ ਤਰ੍ਹਾਂ ਸਥਿਤੀ ਉਦੋਂ ਤਕ ਅਸਪਸ਼ਟ ਸੀ ਜਦੋਂ ਤਕ ਹੈਬਰ ਅਤੇ ਉਸ ਦੇ ਸਾਥੀਆਂ ਨੇ ਸਪਸ਼ਟ ਤੌਰ ਤੇ ਸੰਤੁਲਨ ਦੀ ਹੋਂਦ ਵਿਖਾਈ ਅਤੇ ਤਾਪਮਾਨ ਤੇ ਦਬਾਉ ਦੀਆਂ ਭਿੰਨ-ਭਿੰਨ ਹਾਲਤਾਂ ਹੇਠ ਗੈਸਾਂ ਦੀਆਂ ਸੰਘਣਤਾਵਾਂ ਮਿਣੀਆਂ।

ਜਿਸ ਤਰ੍ਹਾਂ ਕਿ ਸੰਤੁਲਨ ਦੇ ਪੂਰਵਗਾਮੀ ਪ੍ਰਗਟਾਉ ਤੋਂ ਸੰਕੇਤ ਮਿਲਦਾ ਹੈ ਕਿ ਜਦੋਂ ਨਾਈਟ੍ਰੋਜਨ ਦਾ ਇਕ ਅਤੇ ਹਾਈਡ੍ਰੋਜਨ ਦੇ ਤਿੰਨ ਆਇਤਨ ਮਿਲ ਕੇ ਅਮੋਨੀਆ ਦੇ ਦੋ ਆਇਤਨ ਬਣਾਉਂਦੇ ਹਨ ਤਾਂ ਪਤਾ ਲਗਦਾ ਹੈ ਕਿ ਲੀ ਚੈਟਲੀਅਰ ਸਿਧਾਂਤ ਅਨੁਸਾਰ ਇਕ ਸਿਸਟਮ ਉੱਤੇ ਜਿੰਨਾ ਉੱਚ ਦਬਾਉ ਹੋਵੇਗਾ, ਸੰਤੁਲਨ ਉੱਤੇ ਅਮੋਨੀਆ ਦਾ ਅਨੁਪਾਤ ਉਂਨਾ ਹੀ ਜ਼ਿਆਦਾ ਹੋਵੇਗਾ, ਅਰਥਾਤ ਸੰਤੁਲਨ ਘੱਟ ਆਇਤਨ ਵੱਲ ਚਲਾ ਜਾਵੇਗਾ। ਇਹ ਚੇਤੇ ਰਹੇਗਾ ਕਿ ਦਬਾਉ ਦਾ ਇਹ ਪ੍ਰਭਾਵ ਨਾਈਟ੍ਰੋਜਨ-ਆੱਕਸੀਜਨ-ਨਾਈਟ੍ਰਿਕ ਆੱਕਸਾਈਡ ਦੇ ਸੰਤੁਲਨ ਨਾਲੋਂ ਵਖਰਾ ਹੈ ਜਿਸ ਉੱਤੇ ਦਬਾਉ ਵਿਚ ਤਬਦੀਲੀ ਦਾ ਕੋਈ ਪ੍ਰਭਾਵ ਨਹੀਂ। ਦੋ ਹਾਲਤਾਂ ਵਿਚ ਸੰਤੁਲਨ ਉੱਤੇ ਤਾਪਮਾਨ ਦਾ ਪ੍ਰਭਾਵ ਉਲਟਾ ਹੁੰਦਾ ਹੈ, ਨਾਈਟ੍ਰੋਜਨ-ਆੱਕਸੀਜਨ-

ਨਾਈਟ੍ਰਿਕ ਆੱਕਸਾਈਡ ਸੰਤੁਲਨ ਵਿਚ ਜਿੰਨਾ ਜ਼ਿਆਦਾ ਤਾਪਮਾਨ ਹੋਵੇਗਾ, ਉਨਾ ਵੱਧ ਨਾਈਟ੍ਰਿਕ ਆੱਕਸਾਈਡ ਦਾ ਅਨੁਪਾਤ ਹੋਵੇਗਾ ਜਦੋਂ ਕਿ ਨਾਈਟ੍ਰੋਜਨ-ਹਾਈਡ੍ਰੋਜਨ-ਅਮੋਨੀਆ ਦੇ ਸੰਤੁਲਨ ਵਿਚ ਜਿੰਨਾ ਜ਼ਿਆਦਾ ਤਾਪਮਾਨ ਹੋਵੇਗਾ ਉਨਾ ਹੀ ਅਮੋਨੀਆ ਦਾ ਘੱਟ ਅਨੁਪਾਤ ਹੋਵੇਗਾ।

ਸਾਰਨੀ ਤੋਂ, ਸੰਤੁਲਨ ਉੱਤੇ ਜਦੋਂ ਇਕ ਆਇਤਨ ਨਾਈਟ੍ਰੋਜਨ ਅਤੇ ਤਿੰਨ ਆਇਤਨ ਹਾਈਡ੍ਰੋਜਨ ਕਿਰਿਆ ਕਰਦੇ ਹਨ, ਬਣੀ ਹੋਈ ਅਮੋਨੀਆ ਦੀ ਪ੍ਰਤਿਸ਼ਤਤਾ ਉੱਤੇ ਤਾਪਮਾਨ ਅਤੇ ਦਬਾਉ ਦਾ ਪਤਾ ਲਗਦਾ ਹੈ।

ਸਾਰਨੀ ਤੋਂ ਇਹ ਪ੍ਰੱਤਖ ਹੈ ਕਿ ਇਕ ਅਮੋਨੀਆ ਸੰਸ਼ਲੇਸ਼ਣ ਵਿਧੀ ਇੰਨੇ ਘੱਟ ਤਾਪਮਾਨ ਅਤੇ ਇੰਨੇ ਉੱਚ ਦਬਾਉ ਉੱਤੇ ਚਲਾਉਣੀ ਚਾਹੀਦੀ ਹੈ ਜਿਹੜੀ ਕਿ ਪ੍ਰਯੋਗਿਕ ਅਤੇ ਕਿਫ਼ਾਇਤੀ ਹੋ ਸਕੇ। ਫਿਰ, ਸੰਤੁਲਨ ਵੱਲ ਕਿਰਿਆ ਦੇ ਦਰ ਵੀ ਵਿਚਾਰਨੇ ਜ਼ਰੂਰੀ ਹਨ। ਸਾਧਾਰਨ ਤਾਪਮਾਨਾਂ ਉੱਤੇ ਕਿਰਿਆ ਦਾ ਦਰ ਆਭਾਸੀ ਤੌਰ ਤੇ ਜ਼ੀਰੋ ਹੈ ਅਤੇ 500° ਸੈਂ. ਉੱਤੇ ਵੀ ਨਿਗੂਣੇ ਤੌਰ ਤੇ ਘੱਟ ਹੈ, ਜਦੋਂ ਤਕ ਇਕ ਉਤਪ੍ਰੇਰਕ ਨਹੀਂ ਵਰਤਿਆ ਜਾਂਦਾ। ਪ੍ਰਤੱਖ ਤੌਰ ਤੇ ਅਮੋਨੀਆ ਦੇ ਸੰਸ਼ਲੇਸ਼ਣ ਵਿਚ ਇਕ ਉਤਪ੍ਰੇਰਕ ਦੀ ਵਰਤੋਂ ਨਿਮਨ ਤਾਪਮਾਨ ਉੱਤੇ ਕਿਰਿਆ ਜਾਰੀ ਕਰਨ ਲਈ ਕਿਸੇ ਉਤਪ੍ਰੇਰਕ ਦੀ ਪ੍ਰਯੋਗਿਕ ਵਰਤੋਂ ਬਿਨਾ ਬਹੁਤ ਜ਼ਰੂਰੀ ਹੈ। ਵਪਾਰਕ ਪਲਾਂਟਾਂ ਵਿਚ 450° ਸੈਂ. ਤੋਂ 500° ਸੈਂ. ਦੀ ਰੇਂਜ ਵਿਚ ਤਾਪਮਾਨ ਵਰਤੇ ਜਾਂਦੇ ਹਨ। ਸਭ ਤੋਂ ਵਧੀਆ ਗਿਆਤ ਉਤਪ੍ਰੇਰਕ ਸ਼ੁੱਧ ਲੋਹੇ ਅਤੇ ਥੋੜ੍ਹੇ ਅਨੁਪਾਤਾਂ ਵਿਚ ਐਲੂਮਿਨਾ ਅਤੇ ਪੋਟਾਸ਼ ਤੋਂ ਤਿਆਰ ਕੀਤਾ ਜਾਂਦਾ ਹੈ।

ਵਧੇਰੇ ਪਲਾਂਟਾਂ ਵਿਚ 200 ਤੋਂ 350 ਵਾਯੂਮੰਡਲ ਤਕ ਦੀ ਰੇਂਜ ਵਰਤੀ ਜਾਂਦੀ ਹੈ।

ਸੰਸ਼ਲਿਸ਼ਟ ਅਮੋਨੀਆ ਵਿਧੀ ਵਿਚ ਸਟੈੱਪ—ਵੱਡੇ ਵਪਾਰਕ ਪਲਾਂਟਾਂ ਵਿਚ ਇਸ ਵਿਧੀ ਲਈ ਮੁੱਖ ਚਾਰ ਸਟੈੱਪ ਸੰਮਿਲਿਤ ਹਨ। ਮੁੱਢਲਾ ਸਟੈੱਪ ਨਾਈਟ੍ਰੋਜਨ ਅਤੇ ਹਾਈਡ੍ਰੋਜਨ ਜਾਂ ਇਨ੍ਹਾਂ ਦੋਹਾਂ ਗੈਸਾਂ ਦਾ ਮਿਸ਼ਰਨ ਤਿਆਰ ਕਰਨਾ ਹੈ। ਜਿਥੇ ਕੁਦਰਤੀ ਗੈਸ ਸਾਪੇਖੀ ਤੌਰ ਤੇ ਘੱਟ ਖ਼ਰਚ ਤੇ ਉਪਲੱਬਧ ਹੋਵੇ ਇਸ ਪਦਾਰਥ ਦੀ ਵਰਤੋਂ ਹਾਈਡ੍ਰੋਜਨ ਦੇ ਸ੍ਰੋਤ ਵੱਜੋਂ ਕੀਤੀ ਜਾਂਦੀ ਹੈ। ਫਿਰ ਵੀ ਜ਼ਿਆਦਾਤਰ ਪਲਾਂਟਾਂ ਵਿਚ ਹਵਾ, ਭਾਫ਼ ਅਤੇ ਕੋਕ ਦੀ ਵਰਤੋਂ ਨਾਈਟ੍ਰੋਜਨ ਤੇ ਹਾਈਡ੍ਰੋਜਨ ਦੇ ਮਿਸ਼ਰਨ ਦੇ ਨਾਲ ਨਾਲ ਕਾਰਬਨ ਮਾੱਨੋਆੱਕਸਾਈਡ, ਕਾਰਬਨ ਡਾਈਆੱਕਸਾਈਡ ਅਤੇ ਹੋਰ ਅਸ਼ੁੱਧੀਆਂ ਪ੍ਰਾਪਤ ਕਰਨ ਲਈ ਕੀਤੀ ਜਾਂਦੀ ਹੈ। ਕੁਝ ਪਲਾਂਟ ਪਾਣੀ ਦੇ ਬਿਜਲ-ਅਪਘਟਨ ਦੁਆਰਾ ਹਾਈਡ੍ਰੋਜਨ ਪ੍ਰਾਪਤ ਕਰਦੇ ਹਨ ਅਤੇ ਕੁਝ ਹੋਰ ਕੋਕ-ਓਵਨ ਗੈਸ ਦੀ ਵਰਤੋਂ ਹਾਈਡ੍ਰੋਜਨ ਸ੍ਰੋਤ ਵੱਜੋਂ ਕਰਦੇ ਹਨ। ਸਾਰੇ ਪਲਾਂਟਾਂ ਵਿਚ ਲੋੜੀਂਦੀ ਨਾਈਟ੍ਰੋਜਨ ਹਵਾ ਤੋਂ ਪ੍ਰਾਪਤ ਕੀਤੀ ਜਾਂਦੀ ਹੈ।

ਵਿਧੀ ਦੇ ਦੂਸਰੇ ਸਟੈੱਪ ਵਿਚ ਗੈਸ ਦੇ ਮਿਸ਼ਰਨ ਨੂੰ ਨਪੀੜਣ ਉਪਰੰਤ ਉਪਕਰਨ ਦੇ ਇਕ ਵਿਸਤ੍ਰਿਤ ਸਿਸਟਮ ਦੁਆਰਾ ਬੇਲੋੜੀਆਂ ਗੈਸਾਂ ਤੋਂ ਮੁਕਤ ਕੀਤਾ ਜਾਂਦਾ ਹੈ। ਜਦੋਂ ਕਿ ਨਾਈਟ੍ਰੋਜਨ ਤੇ ਹਾਈਡ੍ਰੋਜਨ ਦਾ ਸੋਧਿਆ ਮਿਸ਼ਰਨ ਅਮੋਨੀਆ ਦੇ ਸੰਸ਼ਲੇਸ਼ਣ ਲਈ ਠੀਕ ਅਨੁਪਾਤ ਵਿਚ ਪਿੱਛੇ ਰਹਿ ਜਾਂਦਾ ਹੈ। ਤੀਸਰੇ ਵੱਡੇ ਸਟੈੱਪ ਵਿਚ ਨਾਈਟ੍ਰੋਜਨ-ਹਾਈਡ੍ਰੋਜਨ ਮਿਸ਼ਰਨ ਨੂੰ ਲਗਭਗ 500 ਸੈਂ. ਤਾਪਮਾਨ ਉੱਤੇ ਉਤਪ੍ਰੇਰਕ ਦੀ ਇਕ ਪਰਤ ਵਿਚੋਂ ਲੰਘਾਇਆ ਜਾਂਦਾ ਹੈ ਜਦੋਂ ਕਿ ਦਬਾਉ 100 ਤੋਂ 1,000 ਵਾਯੂਮੰਡਲ ਰਖਿਆ ਜਾਂਦਾ ਹੈ। ਇਸ ਤਰ੍ਹਾਂ ਕੁਝ ਅਮੋਨੀਆ ਬਣ ਜਾਂਦੀ ਹੈ ਜਿਸ ਦਾ ਅਨੁਪਾਤ ਵਰਤੇ ਗਏ ਦਬਾਉ ਤੇ ਤਾਪਮਾਨ, ਉਤਪ੍ਰੇਰਕ ਦੀ ਕਿਰਿਆਸ਼ੀਲਤਾ ਅਤੇ ਉਤਪ੍ਰੇਰਕ ਨਾਲ ਗੈਸਾਂ ਦੇ ਸੰਪਰਕ ਸਮੇਂ ਉੱਤੇ ਨਿਰਭਰ ਕਰਦਾ ਹੈ।

ਸੰਤੁਲਨ ਉੱਤੇ ਅਮੋਨੀਆ ਦੀ ਪ੍ਰਤਿਸ਼ਤਤਾ

(ਅਮਰੀਕਾ ਦੀ ਯੋਗਿਕੀਕ੍ਰਿਤ ਨਾਈਟ੍ਰੋਜਨ ਖੋਜ ਪ੍ਰਯੋਗਸ਼ਾਲਾ ਦੁਆਰਾ ਪ੍ਰਾਪਤ ਡੈਟਾ)

ਤਾਪਮਾਨ ਸੈਂ.	ਵਾਯੂਮੰਡਲਾਂ ਵਿਚ ਦਬਾਉ						
	10	30	50	100	300	500	1000
200 ,,	50.66	67.56	74.38	81.54	89.94	95.37	98.29
250 ,,	28.34	47.22	56.33	67.24	81.38	90.66	96.17
300 ,,	14.73	30.25	39.41	52.04	70.96	84.21	92.55
350 ,,	7.41	17.78	25.23	37.35	59.12	75.62	87.46
400 ,,	3.85	10.15	15.27	25.12	47.00	65.20	79.82
450 ,,	2.11	5.86	9.15	16.43	35.82	53.71	69.69
500 ,,	1.21	3.49	5.56	10.61	26.44	42.15	57.47
550 ,,	0.76	2.18	3.45	6.82	19.13	31.63	41.16
600 ,,	0.49	1.39	2.26	4.52	13.77	23.10	31.43
650 ,,	0.33	0.96	1.53	3.11	9.92	16.02	20.70
700 ,,	0.23	0.68	1.05	2.18	7.28	12.60	12.87

ਅਮੋਨੀਆ ਦਾ ਸੰਸ਼ਲੇਸ਼ਣ ਕਿਸ ਦਬਾਉ ਤੇ ਕਰਨਾ ਹੈ ਦਾ ਨਿਰਣਾ ਇਕ ਆਰਥਿਕ ਮਾਮਲਾ ਹੈ। ਅਜਿਹੇ ਪਲਾਂਟ ਬਣਾਏ ਗਏ ਹਨ ਜਿਹੜੇ 100 ਵਾਯੂਮੰਡਲ ਜਿੰਨੇ ਨਿਮਨ ਦਬਾਵਾਂ ਅਤੇ 1,000 ਵਾਯੂਮੰਡਲ ਤਕ ਦੇ ਉੱਚ ਦਬਾਵਾਂ ਉੱਤੇ ਆੱਪਰੇਟ ਕਰਦੇ ਹਨ ਪਰ

ਚੌਥੇ ਅਤੇ ਆਖਰੀ ਸਟੈਪ ਵਿਚ ਆਮ ਕਰਕੇ ਸੀਤਨ ਦੁਆਰਾ ਅਮੋਨੀਆ ਕੱਢ ਦਿੱਤੀ ਜਾਂਦੀ ਹੈ। ਗੈਸ ਮਿਸ਼ਰਨ ਦਾ ਉਹ ਹਿੱਸਾ ਜਿਹੜਾ ਅਸੰਯੋਜੀ ਰਹਿ ਜਾਂਦਾ ਹੈ ਫਿਰ ਲੋੜੀਂਦੇ ਤਾਜ਼ੇ ਨਾਈਟ੍ਰੋਜਨ-ਹਾਈਡ੍ਰੋਜਨ ਮਿਸ਼ਰਨ ਦੇ ਵਾਧੇ ਮਗਰੋਂ ਸਿਸਟਮ ਵਿਚੋਂ ਕੱਢੀ ਅਮੋਨੀਆ ਦੀ ਪੂਰਤੀ ਲਈ ਉਤਪ੍ਰੇਰਕ ਦੀ ਪਰਤ ਵਿਚੋਂ ਮੁੜ ਲੰਘਾਇਆ ਜਾਂਦਾ ਹੈ।

ਸੰਸ਼ਲਿਸ਼ਟ ਅਮੋਨੀਆ ਵਿਧੀ ਭਾਵੇਂ ਸਾਪੇਖੀ ਤੌਰ ਤੇ ਸਰਲ ਵਿਧੀਆਂ ਵਿਚੋਂ ਇਕ ਲੱਗੇ ਪਰ ਅਸਲ ਵਿਚ ਇਹ ਪਦਾਰਥਾਂ ਦੀ ਵਰਤੋਂ ਵਿਚ ਇੰਜੀਨੀਅਰੀ ਪ੍ਰਾਪਤੀ ਦੀ ਪ੍ਰਤਿਨਿਧਤਾ ਕਰਦੀ ਹੈ ਅਤੇ 20 ਵੀਂ ਸਦੀ ਤੋਂ ਪਹਿਲਾਂ ਦੀ ਅਗਿਆਤ ਰਚਨਾ ਵਿਚ ਵਰਤੇ ਜਾਂਦੇ ਪਦਾਰਥਾਂ ਵਿਚ ਲਾਹੇਵੰਦ ਹੈ। ਇਸ ਵਿਧੀ ਤੋਂ ਅਮੋਨੀਆ ਦੀ ਸਪਲਾਈ ਕਾਫ਼ੀ ਮਾਤਰਾ ਵਿਚ ਮਿਲਦੀ ਹੈ ਜਿਹੜੀ ਕਿ ਉਦਯੋਗ ਅਤੇ ਖੇਤੀਬਾੜੀ ਲਈ ਉਪਲੱਬਧ ਯੋਗਿਕੀਕ੍ਰਿਤ ਨਾਈਟ੍ਰੋਜਨ ਲਈ ਸਭ ਤੋਂ ਸਸਤਾ ਰੂਪ ਹੈ ਤੇ ਇਹ ਵਧੇਰੇ ਨਾਈਟ੍ਰੋਜਨੀ ਰਸਾਇਣਾਂ ਦੇ ਬਣਾਉਣ ਲਈ ਕੱਚਾ ਮਾਲ ਹੈ। ਦੁਨੀਆ ਦੇ ਪਹਿਲੇ ਮਹਾਂਯੁੱਧ ਦੌਰਾਨ ਜਰਮਨੀ ਵਿਚ ਬਣੇ ਸੰਸ਼ਲਿਸ਼ਟ ਅਮੋਨੀਆ ਪਲਾਂਟਾਂ ਦੀ ਕਾਮਯਾਬੀ ਕਾਰਨ ਉਦਯੋਗ ਅਤੇ ਜਰਮਨੀ ਤੋਂ ਇਲਾਵਾ ਕਈ ਹੋਰ ਦੇਸ਼ਾਂ ਵਿਚ ਪਲਾਂਟਾਂ ਦੀ ਰਚਨਾ ਦਾ ਪਸਾਰ ਬੜੀ ਤੇਜ਼ੀ ਨਾਲ ਹੋਇਆ। ਦੁਨੀਆ ਦੇ ਪਹਿਲੇ ਮਹਾਂ ਯੁੱਧ ਦੌਰਾਨ ਜਰਮਨੀ ਵਿਚ ਓਪਾਵਾ ਵਿਖੇ ਮੁੱਢਲਾ ਪਲਾਂਟ ਲੱਗਾ ਜਿਸ ਦੀ ਸਮਰੱਥਾ ਲਗਭਗ 120, 000 ਮੀ. ਟਨ ਪ੍ਰਤਿ ਸਾਲ ਸੀ, ਦੂਸਰਾ ਵੱਡਾ ਪਲਾਂਟ ਮੈਰਜ਼ਬੁਰਗ ਨੇੜੇ ਲਿਊਨਾ ਵਿਖੇ ਲਗਾਇਆ ਗਿਆ। ਮੂਲ ਹੈਬਰ ਜਾਂ ਬੋਸ਼ ਵਿਧੀ ਦੇ ਕਈ ਰੂਪਾਂਤਰ ਲੱਭੇ ਗਏ ਜਿਵੇਂ ਕਿ ਫ਼ਰਾਂਸ ਵਿਚ ਕਲਾੱਡ ਵਿਧੀ, ਇਟਲੀ ਵਿਚ ਕਸਾਲੀ ਵਿਧੀ ਅਤੇ ਅਮਰੀਕਾ ਵਿਚ ਅਮਰੀਕਨ ਤੇ ਨਾਈਟ੍ਰੋਜਨ ਇੰਜੀਨੀਅਰਿੰਗ ਵਿਧੀਆਂ। ਦੁਨੀਆ ਦੇ ਦੂਸਰੇ ਮਹਾਂਯੁੱਧ ਦੌਰਾਨ ਦਸ ਨਵੇਂ ਸੰਸ਼ਲਿਸ਼ਟ ਅਮੋਨੀਆ ਪਲਾਂਟ ਅਮਰੀਕਾ ਵਿਚ ਲਾਏ ਗਏ ਤਾਂ ਕਿ ਗੋਲਾ ਬਾਰੂਦਾਂ ਦੇ ਉਤਪਾਦਨ ਵਿਚ ਅਮੋਨੀਆ ਲਈ ਪੂਰਵ ਆਭਾਸੀ ਮੰਗ ਪੂਰੀ ਹੋ ਸਕੇ। ਇਨ੍ਹਾਂ ਵਿਚੋਂ ਕੁਝ ਪਲਾਂਟਾਂ ਦਾ ਨਿਕਾਸ ਅਮੋਨੀਅਮ ਨਾਈਟ੍ਰੇਟ ਦੇ ਰੂਪ ਵਿਚ ਖੇਤੀਬਾੜੀ ਲਈ ਖਾਦ ਵੱਲ ਮੋੜਿਆ ਗਿਆ। ਸੰਸਾਰ ਦੇ ਦੂਸਰੇ ਮਹਾਂਯੁੱਧ ਦੇ ਬੰਦ ਹੋਣ ਸਮੇਂ ਜਰਮਨੀ ਦੇ ਜ਼ਿਆਦਾਤਰ ਸੰਸ਼ਲਿਸ਼ਟ ਅਮੋਨੀਆ ਪਲਾਂਟ ਉਜੜੇ ਪਏ ਸਨ, ਅਮੋਨੀਆ ਉਤਪਾਦਨ ਵਿਚ ਅਮਰੀਕਾ ਦੁਨੀਆ ਵਿਚ ਪਹਿਲੇ ਨੰਬਰ ਤੇ ਸੀ ਜਿਸ ਵਿਚ ਯੋਗਿਕੀਕ੍ਰਿਤ ਨਾਈਟ੍ਰੋਜਨ ਦੀ ਪ੍ਰਤਿ ਸਾਲ ਸਮਰੱਥਾ ਲਗਭਗ 1000, 000 ਮੀ. ਟਨ ਸੀ।

ਹ. ਪੁ.–ਐਨ. ਬ੍ਰਿ. 16 : 541

ਨਾਈਟ੍ਰੋ-ਯੋਗਿਕ : ਉਨ੍ਹਾਂ ਆਰਗੈਨਿਕ (ਕਾਰਬਨੀ) ਯੋਗਿਕਾਂ ਨੂੰ ਨਾਈਟ੍ਰੋ-ਯੋਗਿਕ ਕਿਹਾ ਜਾਂਦਾ ਹੈ ਜਿਨ੍ਹਾਂ ਵਿਚ ਇਕ ਜਾਂ ਵੱਧ ਪਰਮਾਣੂਆਂ ਦੀ ਹਾਈਡ੍ਰੋਜਨ, ਨਾਈਟ੍ਰੋ (NO_2) ਗਰੁੱਪ ਲੈ ਲੈਂਦਾ ਹੈ। ਇਨ੍ਹਾਂ ਦੀਆਂ ਦੋ ਮੁੱਖ ਸ਼੍ਰੇਣੀਆਂ ਐਰੋਮੈਟਿਕ ਅਤੇ ਐਲੀਫ਼ੈਟਿਕ ਹਨ।

ਐਰੋਮੈਟਿਕ ਨਾਈਟ੍ਰੋ-ਯੋਗਿਕ—ਐਰੋਮੈਟਿਕ ਹਾਈਡ੍ਰੋਕਾਰਬਨ ਉਹ ਪਦਾਰਥ ਹਨ ਜਿਨ੍ਹਾਂ ਵਿਚ ਕੇਵਲ ਕਾਰਬਨ ਅਤੇ ਹਾਈਡ੍ਰੋਜਨ ਹੁੰਦੀ ਹੈ ਅਤੇ ਜਿਨ੍ਹਾਂ ਵਿਚ ਘੱਟੋ ਘੱਟ ਛੇ ਕਾਰਬਨ ਪਰਮਾਣੂਆਂ ਦਾ ਇਕ ਬੈਂਨਜ਼ੀਨ ਰਿੰਗ ਹੁੰਦਾ ਹੈ। ਇਸ ਗਰੁੱਪ ਦਾ ਮੁੱਖ ਮੈਂਬਰ ਬੈਂਨਜ਼ੀਨ ਹੈ। ਇਕ ਹਾਈਡ੍ਰੋਜਨ ਪਰਮਾਣੂ ਨੂੰ ਨਾਈਟ੍ਰੋ ਗਰੁੱਪ ਨਾਲ ਬਦਲਣ ਨਾਲ ਇਕ ਐਰੋਮੈਟਿਕ ਨਾਈਟ੍ਰੋ-ਯੋਗਿਕ ਬਣਦਾ ਹੈ। ਉਦਾਹਰਣ ਵੱਜੋਂ ਬੈਂਨਜ਼ੀਨ ਤੋਂ ਨਾਈਟ੍ਰੋਬੈਂਨਜ਼ੀਨ ($C_6H_5NO_2$) ਪ੍ਰਾਪਤ ਹੁੰਦੀ ਹੈ। ਦੋ ਜਾਂ ਵੱਧ ਹਾਈਡ੍ਰੋਜਨਾਂ ਦਾ ਨਾਈਟ੍ਰੋ ਗਰੁੱਪਾਂ ਦੇ ਤਦ-ਅਨੁਸਾਰੀ ਗਿਣਤੀ ਦੁਆਰਾ ਪ੍ਰਤਿਸਥਾਪਨ ਵੀ ਸੰਭਵ ਹੈ। ਇਕ ਮਹੱਤਵਪੂਰਨ ਉਦਾਹਰਣ ਟਾੱਲੂਈਨ (C_7H_8) ਦੀਆਂ ਤਿੰਨ ਹਾਈ-ਡ੍ਰੋਜਨਾਂ ਦਾ ਪ੍ਰਤਿਸਥਾਪਨ ਹੈ ਜਿਸ ਨਾਲ ਟ੍ਰਾਈਨਾਈਟ੍ਰੋਟਾੱਲੂਈਨ (TNT) ਪ੍ਰਾਪਤ ਹੁੰਦੀ ਹੈ।

ਇਕ ਹਾਈਡ੍ਰੋਜਨ ਦਾ ਇਕ ਨਾਈਟ੍ਰੋ ਗਰੁੱਪ ਦੁਆਰਾ ਪ੍ਰਤਿਸਥਾਪਨ ਨਾਈਟ੍ਰੀਕਰਨ ਅਖਵਾਉਂਦਾ ਹੈ ਅਤੇ ਆਮ ਕਰ ਕੇ ਇਹ ਕਿਰਿਆ ਐਰੋਮੈਟਿਕ ਯੋਗਿਕ ਦੀ ਗਾੜ੍ਹੇ ਨਾਈਟ੍ਰਿਕ ਅਤੇ ਸਲਫ਼ਿਊਰਿਕ ਐਸਿਡ ਦੇ ਮਿਸ਼ਰਨ ਨਾਲ ਕਿਰਿਆ ਦੁਆਰਾ ਸੰਪੰਨ ਹੁੰਦੀ ਹੈ। ਬੈਂਨਜ਼ੀਨ ਦੇ ਨਾਈਟ੍ਰੀਕਰਨ ਦੀ ਸਮੀਕਰਨ ਇਸ ਤਰ੍ਹਾਂ ਹੈ :—

$$C_6H_6 + HO\,NO_2 \longrightarrow C_6H_5NO_2 + H_2O$$

ਬੜੀ ਦੇਰ ਤਕ ਇਹ ਵਿਚਾਰ ਕੀਤਾ ਜਾਂਦਾ ਰਿਹਾ ਕਿ ਸਲਫ਼ਿਊਰਿਕ ਐਸਿਡ ਉਤਪੰਨ ਹੋਏ ਪਾਣੀ ਨਾਲ ਮਿਲ ਕੇ ਨਾਈਟ੍ਰੀਕਰਨ ਵਿਚ ਸਹਾਈ ਹੁੰਦਾ ਹੈ ਪਰ ਹੁਣ ਪਤਾ ਲੱਗਾ ਹੈ ਕਿ ਇਹ ਗੱਲ ਨਹੀਂ ਹੈ। ਸਲਫ਼ਿਊਰਿਕ ਐਸਿਡ ਤਾਂ ਸਗੋਂ ਨਾਈਟ੍ਰਿਕ ਐਸਿਡ ਨਾਲ ਕਿਰਿਆ ਕਰ ਕੇ ਨਾਈਟ੍ਰਿਕ ਐਸਿਡ ਨੂੰ ਨਾਈਟ੍ਰੋਨੀਅਮ ਆਇਨ, NO_2^+ ਵਿਚ ਬਦਲ ਦਿੰਦਾ ਹੈ ਅਤੇ ਇਹ ਅਸਲ ਨਾਈਟ੍ਰੀਕਾਰਕ ਹੈ।

ਵਪਾਰਕ ਪੈਮਾਨੇ ਉੱਤੇ ਨਾਈਟ੍ਰੀਕਰਨ ਦੇਗੀ ਲੋਹੇ ਦੇ ਵੱਡੇ ਬਰਤਨਾਂ ਵਿਚ ਕੀਤੇ ਜਾਂਦੇ ਹਨ ਜਿਨ੍ਹਾਂ ਵਿਚ ਅਜਿਹੇ ਉਪਕਰਨ ਲੱਗੇ ਹੁੰਦੇ ਹਨ ਜਿਨ੍ਹਾਂ ਵਿਚੋਂ ਕਿਰਿਆ ਸਮੇਂ ਉਤਪੰਨ ਤਾਪ ਨੂੰ ਦੂਰ ਕਰਨ ਲਈ ਠੰਢਾ ਪਾਣੀ ਪਰਿਸੰਚਾਰੀ ਹੋ ਸਕੇ। ਇਕ ਸਮੇਂ 1000 ਗੈਲਨ ਬੈਂਨਜ਼ੀਨ ਦਾ ਨਾਈਟ੍ਰੀਕਰਨ ਕੀਤਾ ਜਾ ਸਕਦਾ ਹੈ। ਜਦੋਂ ਐਰੋਮੈਟਿਕ ਯੋਗਿਕ ਵਿਚ ਉਪਰੋਥਲੀ ਨਾਈਟ੍ਰੋ ਗਰੁੱਪ ਸ਼ਾਮਲ ਕੀਤੇ ਜਾਂਦੇ ਹਨ ਤਾਂ ਵਧੇਰੇ ਸਖ਼ਤ ਹਾਲਤਾਂ ਅਪਣਾਈਆਂ ਜਾਂਦੀਆਂ ਹਨ। ਇਸ ਤਰ੍ਹਾਂ ਟੀ ਐੱਨ ਟੀ ਦੀ ਤਿਆਰੀ ਆਮ ਕਰ ਕੇ ਤਿੰਨ ਉਪਰੋਥਲੀ ਸਟੈਪਾਂ ਵਿਚ ਕੀਤੀ ਜਾਂਦੀ ਹੈ ਜਿਨ੍ਹਾਂ ਵਿਚ ਹਰ ਇਕ ਵਿਚ ਉੱਚ-ਤਾਪਮਾਨ ਅਤੇ ਪ੍ਰਬਲ ਤੇਜ਼ਾਬ ਵਰਤੇ ਜਾਂਦੇ ਹਨ।

ਕਈ ਐਰੋਮੈਟਿਕ ਨਾਈਟ੍ਰੋ-ਯੋਗਿਕ ਸਪਸ਼ਟ ਰੂਪ ਵਿਚ ਸਰੀਰ -ਕਿਰਿਆ ਵਿਗਿਆਨ ਸਬੰਧੀ ਕਿਰਿਆਵਾਂ ਕਰਦੇ ਹਨ ਅਤੇ ਧਿਆਨ ਰਖਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਵਾਸ਼ਪ ਸਾਹ ਰਾਹੀਂ ਅੰਦਰ ਨਾ ਜਾਣ ਅਤੇ ਚਮੜੀ ਨਾਲ ਨਾ ਲੱਗਣ। ਐਰੋਮੈਟਿਕ ਨਾਈਟ੍ਰੋਯੋਗਿਕ ਪਾਣੀ ਨਾਲੋਂ ਭਾਰੇ ਹਨ ਅਤੇ ਅਮਲੀ ਰੂਪ ਵਿਚ ਇਸ ਵਿਚ ਅਘੁਲਣਸ਼ੀਲ ਹਨ। ਇਹ ਵਧੇਰੇ ਕਰ ਕੇ ਠੋਸ ਹਨ ਭਾਵੇਂ ਕੁਝ ਜਿਨ੍ਹਾਂ ਵਿਚ ਨਾਈਟ੍ਰੋਬੈਂਨਜ਼ੀਨ ਸ਼ਾਮਲ ਹੈ, ਤਰਲ ਹਨ। ਵਪਾਰਕ ਤੌਰ ਤੇ ਬਣਾਈਆਂ ਨਾਈਟ੍ਰੋਬੈਂਨਜ਼ੀਨ, ਟ੍ਰਾਈਨਾਈਟ੍ਰੋਬੈਂਨਜ਼ੀਨ ਅਤੇ ਟ੍ਰਾਈਨਾਈਟ੍ਰੋਟਾਲੂਈਨ ਦਾ ਰੰਗ ਪੀਲਾ ਹੁੰਦਾ ਹੈ ਪਰ ਬਹੁਤ ਹੀ ਸ਼ੁੱਧ ਕੀਤੇ ਪਦਾਰਥ ਰੰਗਹੀਣ ਹੁੰਦੇ ਹਨ।

ਸਭ ਤੋਂ ਪਹਿਲਾਂ ਨਾਈਟ੍ਰੋਬੈਂਨਜ਼ੀਨ 1834 ਈ. ਵਿਚ ਮਿਟਸ਼ਰਲਿਕ ਨੇ ਤਿਆਰ ਕੀਤੀ ਸੀ। ਇਸ ਦੀ ਵਿਸ਼ੇਸ਼ ਸੁਗੰਧ ਕਰਕੇ ਇਸ ਨੂੰ ਕੌੜੇ ਬਦਾਮਾਂ ਦੇ ਬਨਾਵਟੀ ਤੇਲ ਦਾ ਨਾਂ ਦਿੱਤਾ ਗਿਆ ਅਤੇ ਪਹਿਲਾਂ ਪਹਿਲ ਇਸ ਦੀ ਵਰਤੋਂ ਚੱਸਦਾਰ ਮੂਲ ਤੱਤ ਅਤੇ ਕੌੜੇ ਬਦਾਮਾਂ ਦੇ ਤੇਲ ਦੀ ਮਿਲਾਵਟ ਵੱਜੋਂ ਕੀਤੀ ਗਈ ਪਰ ਬਹੁਤ ਹੀ ਜ਼ਹਿਰੀਲੀ ਹੋਣ ਕਾਰਨ ਅਜਿਹੀ ਵਰਤੋਂ ਬੰਦ ਕਰ ਦਿੱਤੀ ਗਈ ਹੈ। ਨਾਈਟ੍ਰੋਬੈਂਨਜ਼ੀਨ ਦੀ ਵਰਤੋਂ ਜੁੱਤੀਆਂ ਦੇ ਰੰਗ ਵਿਚ ਘੋਲਕ ਵੱਜੋਂ ਵੀ ਕੀਤੀ ਗਈ ਸੀ, ਕਿਉਂਕਿ ਇਹ ਚਮੜੇ ਵਿਚ ਦਾਖਲ ਹੋ ਜਾਂਦੀ ਹੈ ਪਰ ਚਮੜੇ ਦੁਆਰਾ ਵਾਸ਼ਪਾਂ ਦੇ ਸੋਖਣ ਨਾਲ ਜ਼ਹਿਰ ਫੈਲਦੀ ਸੀ।

ਹੁਣ ਵਧੇਰੇ ਦੇਸ਼ਾਂ ਵਿਚ ਅਜਿਹੀ ਵਰਤੋਂ ਰੋਕ ਦਿੱਤੀ ਗਈ ਹੈ। ਨਾਈਟ੍ਰੋਬੈਂਨਜ਼ੀਨ ਆਰਗੈਨਿਕ ਪ੍ਰਯੋਗਿਕਾਂ ਦੀ ਵੱਡੀ ਕਿਸਮ ਲਈ ਇਕ ਸ਼ਾਨਦਾਰ ਘੋਲਕ ਹੈ।

ਕਈ ਕਿਸਮ ਦੇ ਪਾੱਲੀਨਾਈਟ੍ਰੋ-ਐਰੋਮੈਟਿਕ ਯੋਗਿਕਾਂ ਦੀ ਵਰਤੋਂ ਵਿਸਫ਼ੋਟਕਾਂ ਵੱਜੋਂ ਕੀਤੀ ਜਾਂਦੀ ਹੈ ਜਿਵੇਂ ਕਿ ਟੈਟ੍ਰਾਈਲ ਜਾਂ ਨਾਈਟ੍ਰਐਮੀਨ (2, 4, 6-ਟ੍ਰਾਈਨਾਈਟ੍ਰੋਫ਼ਨਾਈਲ-ਮੀਥਾਈ-ਲਨਾਈਟ੍ਰਐਮੀਨ) ; ਟੀ ਐਨ ਟੀ ਅਤੇ ਪਿਕਰਿਕ ਐਸਿਡ ਦਾ ਇਕ ਲੂਣ ਅਮੋਨੀਆ ਪਿਕਰੇਟ (2, 4, 6-ਟ੍ਰਾਈਨਾਈਟ੍ਰੋਫ਼ੀਨੋਨ)। ਸ਼ਾਂਤੀ ਸਮੇਂ ਜਿਥੋਂ ਤਕ ਹੋ ਸਕੇ, ਤਿਆਰ ਹੋਏ ਐਰੋਮੈਟਿਕ ਨਾਈਟ੍ਰੋ-ਯੋਗਿਕਾਂ ਦੇ ਵੱਡੇ ਅੰਸ਼ ਨੂੰ ਭਿੰਨ-ਭਿੰਨ ਵਿਉਂਤਪੰਨਾ ਵਿਚ ਬਦਲ ਦਿੱਤਾ ਜਾਂਦਾ ਹੈ। ਆਮ ਕਰ ਕੇ ਕਈ ਰੰਗਕ- ਪਦਾਰਥ ਬਣਾਉਣ ਲਈ ਐਰੋਮੈਟਿਕ ਨਾਈਟ੍ਰੋ-ਯੋਗਿਕ ਸ਼ੁਰੂ (ਸਟਾਰਟਰ) ਦਾ ਕੰਮ ਕਰਦੇ ਹਨ। ਐਰੋਮੈਟਿਕ ਨਾਈਟ੍ਰੋ-ਯੋਗਿਕਾਂ ਦੇ ਵਿਉਂਤਪੰਨ ਦੀ ਵਰਤੋਂ ਦਵਾਈਆਂ ਵਿਚ ਅਤੇ ਕੁਝ ਹੱਦ ਤਕ ਫ਼ੋਟੋਗ੍ਰਾਫੀ ਰਸਾਇਣਾਂ ਤੇ ਰਬੜ ਦੀਆਂ ਚੀਜ਼ਾਂ ਬਣਾਉਣ ਵਾਲੇ ਰਸਾਇਣਾਂ ਵੱਜੋਂ ਕੀਤੀ ਜਾਂਦੀ ਹੈ।

ਐਰੋਮੈਟਿਕ ਨਾਈਟ੍ਰੋ-ਯੋਗਿਕਾਂ ਦੀ ਵਿਸ਼ੇਸ਼ ਕਿਰਿਆ ਲਘੂ-ਕਰਨ ਹੈ। ਭਿੰਨ ਭਿੰਨ ਕਿਸਮ ਦੇ ਲਘੂਕਾਰਕ ਨਾਈਟ੍ਰੋਬੈਂਨਜ਼ੀਨ ਨੂੰ ਐਰੋਮੈਟਿਕ ਐਮੀਨ ਐਨਿਲੀਨ, $C_6 H_5 NH_2$ ਵਿਚ ਬਦਲ ਦਿੰਦੇ ਹਨ। ਹਲਕੇ ਤੋਂ ਹਲਕੇ ਲਘੂਕਾਰਕ ਦੀ ਵਰਤੋਂ ਨਾਲ ਅਤੇ ਕਿਰਿਆਸ਼ੀਲ ਮਿਸ਼ਰਨ ਦੇ ਖਾਰੇਪਨ ਤੋਂ ਤੇਜ਼ਾਬੀਪਨ ਉੱਤੇ ਕੰਟਰੋਲ ਕਰਨ ਨਾਲ ਭਿੰਨ ਭਿੰਨ ਮੱਧਵਰਤੀ ਹਾਲਤਾਂ ਉੱਤੇ ਲਘੂਕਰਨ ਰੋਕਣਾ ਸੰਭਵ ਹੈ। ਸਿੱਟੇ ਵਜੋਂ ਐਮੀਨਾਂ ਤੋਂ ਇਲਾਵਾ ਐਰੋਮੈਟਿਕ ਨਾਈਟ੍ਰੋ-ਯੋਗਿਕਾਂ ਦੇ ਲਘੂਕਰਨ ਨੂੰ ਕੰਟਰੋਲ ਕਰ ਕੇ ਕਈ ਕਿਸਮ ਦੇ ਯੋਗਿਕ ਬੜੀ ਜਲਦੀ ਤਿਆਰ ਕੀਤੇ ਜਾ ਸਕਦੇ ਹਨ।

ਐਲੀਫ਼ੈਟਿਕ ਨਾਈਟ੍ਰੋ-ਯੋਗਿਕ—ਐਲੀਫ਼ੈਟਿਕ ਹਾਈਡ੍ਰੋ-ਕਾਰਬਨਾਂ ਵਿਚ ਕੇਵਲ ਕਾਰਬਨ ਅਤੇ ਹਾਈਡ੍ਰੋਜਨ ਹੁੰਦੀ ਹੈ ਅਤੇ ਇਨ੍ਹਾਂ ਨੂੰ ਮੀਥੇਨ ਤੋਂ ਬਣੇ ਮੰਨਿਆ ਜਾਂਦਾ ਹੈ। ਹਾਈਡ੍ਰੋਜਨ ਪਰਮਾਣੂ ਦਾ ਨਾਈਟ੍ਰੋ ਗੱਰੁਪ ਦੁਆਰਾ ਵਿਸਥਾਪਨ ਐਲੀਫ਼ੈਟਿਕ ਨਾਈਟ੍ਰੋ-ਯੋਗਿਕ ਜਿਨ੍ਹਾਂ ਨੂੰ ਆਮ ਕਰਕੇ ਨਾਈਟ੍ਰੋ ਪੈਰਾਫ਼ਿਨ ਕਿਹਾ ਜਾਂਦਾ ਹੈ, ਬਣਾਉਂਦਾ ਹੈ। ਇਸ ਦੀਆਂ ਵਿਸੇਸ਼ ਉਦਾਹਰਣਾਂ ਨਾਈਟ੍ਰੋਮੀਥੇਨ $CH_3 No_2$, ਨਾਈਟ੍ਰੋਪ੍ਰੋਪੇਨ $CH_3 CH_2 CH_2 NO_2$, 2 ਨਾਈ-ਟ੍ਰੋਪ੍ਰੋਪੇਨ,

```
        NO2
         |
  CH3 — C — CH3
         |
         H
```

ਅਤੇ 2- ਮੀਥਾਈਲ-2 ਨਾਈਟ੍ਰੋਪ੍ਰੋਪੇਨ,

```
        NO2
         |
  CH3 — C — CH3
         |
        CH3
```

ਹਨ।

ਦੂਸਰੇ ਹਾਈਡ੍ਰੋਜਨ ਪਰਮਾਣੂਆਂ ਦੇ ਮੁਕਾਬਲੇ ਜਿਹੜੇ ਹਾਈਡ੍ਰੋਜਨ ਪਰਮਾਣੂ ਨਾਈਟ੍ਰੋ ਗਰੁੱਪ ਦੇ ਕਾਰਬਨ ਪਰਮਾਣੂ ਨਾਲ ਬੰਧਿਤ ਹਨ, ਉਹ ਕੁਝ ਤੇਜ਼ਾਬੀ ਹਨ। ਇਸ ਦੇ ਸਿੱਟੇ ਵੱਜੋਂ ਪ੍ਰਾਪਤ ਲੂਣ ਬਹੁਤ ਹੀ ਘੁਲਣਸ਼ੀਲ ਹੁੰਦੇ ਹਨ ਅਤੇ ਨਾਈਟ੍ਰੋਪੈਰਾਫ਼ਿਨਾਂ ਦੀਆਂ ਕਈ ਵਿਸ਼ੇਸ਼ ਕਿਰਿਆਵਾਂ ਇਨ੍ਹਾਂ ਲੂਣਾਂ ਰਾਹੀਂ ਹੁੰਦੀਆਂ ਹਨ। ਨਾਈਟ੍ਰੋਪੈਰਾਫ਼ਿਨ ਨੂੰ ਪ੍ਰਾਇਮਰੀ, ਸੈਕੰਡਰੀ ਜਾਂ ਟਰਸ਼ਰੀ ਤੌਰ ਤੇ ਸ੍ਰੇਣੀਬੱਧ ਕੀਤਾ ਗਿਆ ਹੈ। ਪ੍ਰਾਇਮਰੀ ਨਾਈਟ੍ਰੋਪੈਰਾਫ਼ਿਨਾਂ ਵਿਚ ਦੋ (ਜਾਂ ਤਿੰਨ) ਹਾਈਡ੍ਰੋਜਨ ਪਰਮਾਣੂ ਨਾਈਟ੍ਰੋ ਗਰੁੱਪ ਨਾਲ ਕਾਰਬਨ ਵਾਲੇ ਗੱਰੁਪ ਵਿਚ ਸ਼ਾਮਲ ਹਨ, ਜਿਵੇਂ ਕਿ 1. ਨਾਈਟ੍ਰੋਪ੍ਰੋਪੇਨ, ਨਾਈਟ੍ਰੋਮੀਥੇਨ ਅਤੇ ਨਾਈਟ੍ਰੋਈਥੇਨ $CH_3\ CH_2\ No_2$ ਆਦਿ। ਸੈਕੰਡਰੀ ਨਾਈਟ੍ਰੋਪੈਰਾਫ਼ਿਨਾਂ ਵਿਚ ਨਾਈਟਰੋ ਗਰੁੱਪ ਵਾਲੇ ਕਾਰਬਨ ਉੱਤੇ ਇਕ ਹਾਈਡ੍ਰੋਜਨ ਪਰਮਾਣੂ ਹੁੰਦਾ ਹੈ, ਉਦਾਹਰਣ ਵੱਜੋਂ 2-ਨਾਈਟ੍ਰੋਪ੍ਰੋਪੇਨ, ਜਦੋਂ ਕਿ ਟਰਸ਼ਰੀ ਨਾਈਟ੍ਰੋਪੈਰਾਫ਼ਿਨਾਂ ਵਿਚ ਨਾਈਟ੍ਰੋ ਗਰੁੱਪ ਵਾਲੇ ਕਾਰਬਨ ਉੱਤੇ ਕੋਈ ਹਾਈਡ੍ਰੋਜਨ ਪਰਮਾਣੂ ਨਹੀਂ ਜੁੜਿਆ ਹੁੰਦਾ, ਜਿਵੇਂ ਕਿ 2-ਮੀਥਾਈਲ-2 ਨਾਈਟ੍ਰੋਪ੍ਰੋਪੇਨ। ਟਰਸ਼ਰੀ ਨਾਈਟ੍ਰੋਪੈਰਾਫ਼ਿਨਾਂ ਖਾਰਾਂ ਨਾਲ ਕਿਰਿਆ ਨਹੀਂ ਕਰਦੀਆਂ ਅਤੇ ਇਸ ਲਈ ਇਹ ਪ੍ਰਾਇਮਰੀ ਅਤੇ ਸੈਕੰਡਰੀ ਨਾਈਟ੍ਰੋਪੈਰਾਫ਼ਿਨਾਂ ਦੀਆਂ ਕਈ ਸਾਂਝੀਆਂ ਕਿਰਿਆਵਾਂ ਦਰਸਾ ਨਹੀ ਸਕਦੇ।

ਸਿੱਧੇ ਨਾਈਟ੍ਰੀਕਰਨ ਪ੍ਰਤਿ ਐਰੋਮੈਟਿਕ ਹਾਈਡ੍ਰੋਕਾਰਬਨਾਂ ਐਲੀਫ਼ੈਟਿਕ ਹਾਈਡ੍ਰੋਕਾਰਬਨਾਂ ਦੇ ਮੁਕਾਬਲੇ ਬਹੁਤ ਘੱਟ ਪ੍ਰਤਿਰੋਧ ਵਿਖਾਉਂਦੀਆਂ ਹਨ ਅਤੇ ਇਸੇ ਕਾਰਨ 1940 ਈ. ਤਕ ਨਾਈਟ੍ਰੋਪੈਰਾਫ਼ਿਨਾਂ ਵਪਾਰਕ ਤੌਰ ਤੇ ਤਿਆਰ ਨਹੀਂ ਸੀ ਕੀਤੀਆਂ ਗਈਆਂ। ਐਲੀਫ਼ੈਟਿਕ ਹਾਈਡ੍ਰੋਕਾਰਬਨਾਂ ਦੇ ਨਾਈਟ੍ਰੀਕਰਨ ਲਈ ਨਾਈਟ੍ਰਿਕ ਐਸਿਡ ਇਕੱਲਾ ਵਰਤਿਆ ਜਾਂਦਾ ਹੈ ਅਤੇ ਸਾਪੇਖੀ ਤੌਰ ਤੇ ਉੱਚ-ਤਾਪਮਾਨਾਂ (300°-500° ਸੈਂ.) ਦੀ ਲੋੜ ਪੈਂਦੀ ਹੈ। ਸਿੱਟੇ ਵੱਜੋਂ ਉਪਜਾਂ ਦਾ ਮਿਸ਼ਰਨ ਪ੍ਰਾਪਤ ਹੁੰਦਾ ਹੈ। ਉਦਾਹਰਣ ਵੱਜੋਂ ਜਦੋਂ ਪ੍ਰੋਪੇਨ ਦਾ ਨਾਈਟ੍ਰੀਕਰਨ ਕੀਤਾ ਜਾਂਦਾ ਹੈ ਤਾਂ 1-ਨਾਈਟ੍ਰੋਪ੍ਰੋਪੇਨ, 2- ਨਾਈਟ੍ਰੋਪ੍ਰੋਪੇਨ, ਨਾਈਟ੍ਰੋਈਥੇਨ ਅਤੇ ਨਾਈਟ੍ਰੋਮੀਥੇਨ ਬਣਦੇ ਹਨ। ਇਨ੍ਹਾਂ ਸਰਲ ਨਾਈਟ੍ਰੋਪੈਰਾਫ਼ਿਨਾਂ ਦੇ ਉਤਪਾਦਨ ਲਈ ਇਹ ਸੰਤੋਸ਼ਜਨਕ ਹੈ ਪਰ ਐਲੀਫ਼ੈਟਿਕ ਨਾਈਟ੍ਰੀਕਰਨ ਵਿਧੀ ਨਾਈ-ਟ੍ਰੋਪੈਰਾਫ਼ਿਨ ਲੜੀਆਂ ਦੇ ਉੱਚ ਮੈਬਰਾਂ ਦੇ ਸੰਸ਼ਲੇਸ਼ਣ ਲਈ ਯੋਗ ਨਹੀਂ ਹੈ।

ਸੰਨ 1872 ਵਿਚ ਸਭ ਤੋਂ ਪਹਿਲਾਂ ਜਿਸ ਕਿਰਿਆ ਦੁਆਰਾ ਨਾਈਟ੍ਰੋ-ਯੋਗਿਕ ਤਿਆਰ ਕੀਤੇ ਗਏ ਸਨ ਉਹ ਕੇਵਲ ਪ੍ਰਾਇਮਰੀ ਨਾਈਟ੍ਰੋਪੈਰਾਫ਼ਿਨਾਂ ਦੇ ਸੰਸ਼ਲੇਸ਼ਣ ਲਈ ਲਾਹੇਵੰਦ ਹੈ।

1- ਨਾਈਟ੍ਰੋਡੀਕੇਨ ਦਾ ਸੰਸ਼ਲੇਸ਼ਣ ਇਸ ਤਰ੍ਹਾਂ ਹੁੰਦਾ ਹੈ :—

$$CH_3 (CH_2)_9 Br + AgNO_3 \longrightarrow CH_3 (CH_2)_9 NO_2 + AgBr$$

(ਸਿਲਵਰ ਬਰੋਮਾਈਡ)

(1-ਬ੍ਰੋਮੋਡੀਕੇਨ) (ਸਿਲਵਰ ਨਾਈਟ੍ਰਾਈਟ) (1-ਨਾਈਟ੍ਰੋਡੀਕੇਨ)

ਸੰਨ 1955 ਵਿਚ ਇਹ ਖੋਜ ਕੀਤੀ ਗਈ ਕਿ ਜੇ ਸਿਲਵਰ ਨਾਈਟ੍ਰਾਈਟ ਦੀ ਥਾਂ ਸੋਡੀਅਮ ਨਾਈਟ੍ਰਾਈਟ ਵਰਤਿਆ ਜਾਵੇ ਤਾਂ ਕਿਰਿਆ ਪ੍ਰਾਇਮਰੀ ਅਤੇ ਸੈਕੰਡਰੀ ਨਾਈਟ੍ਰੋਪੈਰਾਫ਼ਿਨ ਤਿਆਰ ਕਰਨ ਲਈ ਮਹੱਤਵਪੂਰਨ ਹੈ ਜਿਹੜਾ ਕਿ ਸਵੀਕ੍ਰਿਤ ਵਿਚਾਰ ਦੇ ਉਲਟ ਹੈ।

ਟਰਸ਼ਰੀ ਨਾਈਟ੍ਰੋ-ਯੋਗਿਕ ਤਦਅਨੁਸਾਰੀ ਐਮੀਨਾਂ ਦੇ ਪੋਟਾ-ਸ਼ੀਅਮ ਪਰਮੈਂਗਨੇਟ ਨਾਲ ਆੱਕਸੀਕਰਨ ਦੁਆਰਾ ਤਿਆਰ ਕੀਤੇ ਜਾਂਦੇ ਹਨ।

ਨਿਮਨ ਨਾਈਟ੍ਰੋਪੈਰਾਫ਼ਿਨ ਰੰਗਹੀਣ ਤਰਲ ਹਨ ਜਿਨ੍ਹਾਂ ਦੀ ਗੰਧ ਬਹੁਤ ਹਲਕੀ ਹੁੰਦੀ ਹੈ। ਐਰੋਮੈਟਿਕ ਨਾਈਟ੍ਰੋ-ਯੋਗਿਕਾਂ ਦੇ ਮੁਕਾਬਲੇ ਨਾਈਟ੍ਰੋਪੈਰਾਫ਼ਿਨਾਂ ਵਿਚ ਪੈਟ੍ਰੋਲੀਅਮ ਨੈਫ਼ਥੇ ਜਿੰਨਾ ਹੀ

ਜ਼ਹਿਰੀਲਾਪਨ ਹੁੰਦਾ ਹੈ। ਨਾਈਟ੍ਰੋਪੈਰਾਫ਼ਿਨ ਪਾਣੀ ਵਿਚ ਕੇਵਲ ਥੋੜ੍ਹਾ ਜਿਹਾ ਘੁਲਣਸ਼ੀਲ ਹਨ। ਸਭ ਤੋਂ ਨਿਮਨ ਮੈਂਬਰਾਂ ਦੇ ਉਬਾਲ ਦਰਜੇ ਇਸ ਤਰ੍ਹਾਂ ਹਨ : ਨਾਈਟ੍ਰੋਮੀਥੈਨ, 101. 2° ਸੈਂ.; ਨਾਈਟ੍ਰੋਈਥੇਨ, 114° ਸੈਂ.; 2- ਅਤੇ 1- ਨਾਈਟ੍ਰੋਪ੍ਰੋਪੇਨ, 120.3° ਸੈਂ. ਅਤੇ 131.6° ਸੈਂ.।

ਨਾਈਟ੍ਰੋਮੀਥੇਨ ਦੀ ਇਕ ਸੁਖਮਗ੍ਰਾਹਿਤ ਕਿਸਮ ਦੀ ਵਰਤੋਂ ਵਿਸਫ਼ੋਟਕ ਦੇ ਤੌਰ ਤੇ ਕੀਤੀ ਜਾਂਦੀ ਹੈ। ਕਲੋਰੋਪਿਕ੍ਰਿਨ ਇਕ ਦਾਣੇਦਾਰ ਧੂਣੀ-ਪਦਾਰਥ ਹੈ ਜਿਹੜਾ ਕਿ ਘੁਣ ਦੀ ਰੋਕਥਾਮ ਲਈ ਬਹੁਤ ਪ੍ਰਭਾਵਸ਼ਾਲੀ ਹੈ। ਕਲੋਰੋਪਿਕ੍ਰਿਨ ਇਕ ਸ਼ਕਤੀਸ਼ਾਲੀ ਅੱਥਰੂ-ਗੈਸ ਹੈ ਅਤੇ ਇਸ ਦੀ ਵਰਤੋਂ ਅੱਖਾਂ ਵਿਚੋਂ ਧੂਣੀ ਪਦਾਰਥਾਂ ਲਈ ਸੁਚੇਤ ਕਾਰਕ ਵੱਜੋਂ ਕੀਤੀ ਜਾਂਦੀ ਹੈ। ਟੈਟ੍ਰਾਨਾਈਟ੍ਰੋਮੀਥੇਨ ਇਕ ਰੰਗਹੀਣ ਤਰਲ ਹੈ। ਇਸ ਨੂੰ ਜਦੋਂ ਆਰਗੈਨਿਕ ਯੋਗਿਕਾਂ ਨਾਲ ਮਿਲਾਇਆ ਜਾਂਦਾ ਹੈ ਤਾਂ ਪ੍ਰਚੰਡ ਵਿਸਫ਼ੋਟਨ ਹੁੰਦਾ ਹੈ।

ਨਾਈਟ੍ਰੋਪੈਰਾਫ਼ਿਨਾਂ ਦਾ ਬੜੀ ਤੇਜ਼ੀ ਨਾਲ ਐਮੀਨਾਂ ਵਿਚ ਲਘੂਕਰਨ ਹੋ ਜਾਂਦਾ ਹੈ ਜਿਵੇਂ ਕਿ ਨਾਈਟ੍ਰੋਈਥੇਨ ਤੋਂ ਈਥਾਈਲ ਐਮੀਨ ਬਣ ਜਾਂਦੀ ਹੈ। ਇਹ ਕਿਰਿਆ ਬਹੁਤ ਸਾਰੀਆਂ ਐਲੀਫ਼ੈਟਿਕ ਐਮੀਨਾਂ ਤਿਆਰ ਕਰ ਕੇ ਨਾਈਟ੍ਰੋਪੈਰਾਫ਼ਿਨਾਂ ਦੇ ਪ੍ਰਯੋਗ ਨੂੰ ਕਾਫ਼ੀ ਹੱਦ ਤਕ ਵਧਾਉਂਦੀ ਹੈ।

ਹ. ਪੁ.-ਐਨ. ਬ੍ਰਿ 16 : 537

ਨਾਈਟਿੰਗੇਲ, ਫਲੋਰੈਂਸ : ਇਸ ਵਿਸ਼ਵ ਪ੍ਰਸਿੱਧ ਇਸਤਰੀ ਦਾ ਜਨਮ 12 ਮਈ, 1820 ਨੂੰ ਇਟਲੀ ਦੇ ਇਕ ਉੱਘੇ ਸ਼ਹਿਰ ਫਲੋਰੈਂਸ ਵਿਖੇ ਇਕ ਅਮੀਰ ਪਰਿਵਾਰ ਵਿਚ ਹੋਇਆ। ਵਿਲੀਅਮ ਐਡਵਰਡ ਨਾਈਟਿੰਗੇਲ ਅਤੇ ਫੈਨੀ ਸਮਿੱਥ ਦੀ ਇਹ ਦੂਜੀ ਧੀ 'ਲੇਡੀ ਵਿਦ ਦ ਲੈਂਪ' ਨਾਂ ਨਾਲ ਸਾਰੇ ਵਿਸ਼ਵ ਵਿਚ ਪ੍ਰਸਿੱਧ ਹੋਈ। ਇਹ ਆਪ ਇਕ ਨਰਸ ਸੀ ਅਤੇ ਔਰਤਾਂ ਨੂੰ ਨਰਸਿੰਗ ਦੀ ਇਕ ਕਿੱਤੇ ਵਜੋਂ ਸਿਖਲਾਈ ਦੇਣ ਦੀ ਸੰਸਥਾ ਦੀ ਮੋਢੀ ਸੀ। ਮੁੱਢਲੀ ਸਿੱਖਿਆ ਇਸ ਨੇ ਆਪਣੇ ਪਿਤਾ ਤੋਂ ਪ੍ਰਾਪਤ ਕੀਤੀ ਅਤੇ ਫਿਰ ਅੰਗਰੇਜ਼ੀ ਦੇ ਨਾਲ-ਨਾਲ ਯੂਨਾਨੀ, ਲਾਤੀਨੀ, ਜਰਮਨ, ਫਰਾਂਸੀਸੀ ਅਤੇ ਇਤਾਲਵੀ ਭਾਸ਼ਾਵਾਂ ਵੀ ਸਿੱਖੀਆਂ। ਇਸ ਨੇ ਵਿਸ਼ੇਸ਼ ਅਧਿਆਪਕਾਂ ਤੋਂ ਇਤਿਹਾਸ, ਫ਼ਿਲਾਸਫ਼ੀ, ਸੰਗੀਤ ਅਤੇ ਚਿੱਤਰਕਾਰੀ ਦੀ ਵਿਦਿਆ ਵੀ ਹਾਸਲ ਕੀਤੀ। ਇਹ ਡਾਰਬੀਸ਼ਿਰ, ਹੈਂਪਸ਼ਿਰ ਅਤੇ ਲੰਡਨ ਵਿਚ ਵੀ ਬੜੇ ਲਾਡ ਪਿਆਰ ਨਾਲ ਪਲੀ। ਇਸ ਦਾ ਸਮਾਜਿਕ ਜੀਵਨ ਕੋਈ ਬਹੁਤਾ ਸੁਖਾਵਾਂ ਨਹੀਂ ਸੀ। ਸੰਨ 1837 ਵਿਚ 17 ਸਾਲ ਦੀ ਉਮਰ ਵਿਚ ਇਸ ਨੂੰ ਰੱਬੀ ਆਵਾਜ਼ ਸੁਣਾਈ ਦਿੱਤੀ ਜਿਸ ਨੇ ਇਸ ਨੂੰ ਇਹ ਦਸਿਆ ਕਿ ਉਸ ਦੇ ਜੀਵਨ ਦਾ ਕੋਈ ਖਾਸ ਉਦੇਸ਼ ਹੈ। ਇਸ ਤੋਂ ਨੌ ਸਾਲ ਬਾਅਦ ਇਸ ਨੂੰ ਇਸ ਉਦੇਸ਼ ਦੀ ਸਮਝ ਆਈ। ਇਸ ਦੌਰਾਨ ਇਸ ਦੇ ਪਿਤਾ ਦਾ ਦੇਹਾਂਤ ਹੋ ਗਿਆ। ਇਸ ਨੇ ਨਰਸਿੰਗ ਦਾ ਕੋਰਸ ਕਰਨਾ ਚਾਹਿਆ ਪਰ ਪਰਿਵਾਰ ਵੱਲੋਂ ਇਸ ਦਾ ਵਿਰੋਧ ਕੀਤਾ ਗਿਆ। ਇਸ ਨੂੰ ਸੰਸਦੀ (ਪਾਰਲੀਮੈਂਟਰੀ) ਰਿਪੋਟਾਂ ਦਾ ਅਧਿਐਨ ਕਰਨ ਲਈ ਪ੍ਰੇਰਿਆ ਗਿਆ ਅਤੇ ਛੇਤੀ ਹੀ ਇਹ ਪਬਲਿਕ ਹੈਲਥ ਅਤੇ ਹਸਪਤਾਲਾਂ ਦੀ ਮਾਹਿਰ ਵੱਜੋਂ ਪ੍ਰਸਿੱਧ ਹੋ ਗਈ। ਇਸ ਨੇ ਵਿਆਹ ਕਰਨ ਤੋਂ ਇਨਕਾਰ ਕਰ ਦਿੱਤਾ ਅਤੇ 1844 ਈ. ਤੋਂ ਲਗਾਤਾਰ ਹਸਪਤਾਲਾਂ ਵਿਚ ਕੰਮ ਕਰਨ ਦੀ ਕੋਸ਼ਿਸ਼ ਕਰਦੀ ਰਹੀ।

ਸੰਨ 1846 ਵਿਚ ਇਕ ਦੋਸਤ ਨੇ ਇਸ ਨੂੰ ਕੈਸਰਵਰਥ, ਜਰਮਨੀ ਵਿਚ ਪ੍ਰੋਟੈਸਟੈਂਟ ਡੀਕੋਨੈਸਿਸ ਸੰਸਥਾ (ਇੰਸਟੀਚਿਊਸ਼ਨ) ਦੀ ਈਅਰਬੁੱਕ ਭੇਜੀ। ਇਹ ਸੰਸਥਾ ਉੱਚੇ ਘਰਾਂ ਦੀਆਂ ਚੰਗੇ ਆਚਰਣ ਵਾਲੀਆਂ ਕੁੜੀਆਂ ਨੂੰ ਸਿਖਲਾਈ ਦਿੰਦੀ ਸੀ। ਚਾਰ ਸਾਲ ਬਾਅਦ ਇਸ ਨੇ ਇਸ ਸੰਸਥਾ ਤੋਂ ਨਰਸਿੰਗ ਦੀ ਸਿਖਲਾਈ ਪ੍ਰਾਪਤ ਕੀਤੀ। ਸੰਨ 1853 ਵਿਚ ਇਸ ਨੂੰ ਲੰਡਨ ਦੀ ਇਕ ਸੰਸਥਾ 'ਕੇਅਰ ਆਫ਼ ਸਿੱਕ ਜੈਂਟਲਵੂਮੈਨ' ਦੀ ਸੁਪਰਡੈਂਟ ਨਿਯੁਕਤ ਕੀਤਾ ਗਿਆ। ਇਥੇ ਇਸ ਨੇ ਕਈ ਤਬਦੀਲੀਆਂ ਲਿਆਂਦੀਆਂ ਅਤੇ ਇਸ ਦਾ ਸਾਰਾ ਪ੍ਰਬੰਧ ਬੜੀ ਸਫ਼ਲਤਾ ਪੂਰਕ ਕੀਤਾ। ਇਸ ਸਭ ਦੇ ਬਾਵਜੂਦ ਇਸ ਨੂੰ ਹੋਰ ਬਹੁਤ ਕੁਝ ਕਰਨ ਦੀ ਇੱਛਾ ਸੀ।

ਮਾਰਚ, 1854 ਵਿਚ ਕਰੀਮੀਆ ਵਿਖੇ ਬਰਤਾਨਵੀ ਅਤੇ ਫਰਾਂਸੀਸੀ ਫ਼ੌਜਾਂ ਵਿਚਕਾਰ ਜੰਗ ਛਿੜ ਗਈ। ਜੰਗ ਵਿਚ ਜ਼ਖ਼ਮੀ ਹੋਏ ਬਰਤਾਨਵੀ ਸਿਪਾਹੀਆਂ ਦੀ ਹਾਲਤ ਬਹੁਤ ਖ਼ਰਾਬ ਦੱਸੀ ਗਈ ਅਤੇ ਇਸਤਰੀਆਂ ਨੂੰ ਫਰਾਂਸੀਸੀ ਸਿਸਟਰਜ਼ ਵਾਂਗ ਸੇਵਾ ਕਰਨ ਲਈ ਪ੍ਰੇਰਿਆ ਗਿਆ। ਨਾਈਟਿੰਗੇਲ ਤੁਰਤ ਹੀ ਕੰਸਟੈਂਟੀਨੋਪਲ ਲਈ, ਤਿੰਨ ਹੋਰ ਨਰਸਾਂ ਨੂੰ ਨਾਲ ਲੈ ਕੇ ਰਵਾਨਾ ਹੋ ਗਈ। ਬਾਅਦ ਵਿਚ ਇਸ ਦੇ ਇਕ ਪੁਰਾਣੇ ਦੋਸਤ ਸਿਡਨੀ ਹਰਬਰਟ ਜੋ ਸੈਕਟਰੀ ਆਫ਼ ਸਟੇਟ ਐਟ ਵਾਰ ਸੀ, ਨੇ ਇਸ ਨੂੰ ਵਧੇਰੇ ਗਿਣਤੀ ਵਿਚ ਨਰਸਾਂ ਨਾਲ ਲੈ ਜਾਣ ਲਈ ਕਿਹਾ। ਸਕੂਤਰੀ (ਤੁਰਕੀ) ਦੇ ਫ਼ੌਜੀ ਹਸਪਤਾਲਾਂ ਵਿਚ ਇਸ ਨੂੰ ਨਰਸਿੰਗ ਦਾ ਇੰਚਾਰਜ ਬਣਾਇਆ ਗਿਆ। ਨਵੰਬਰ, 1854 ਵਿਚ ਇਸ ਨੇ ਸਕੂਤਰੀ ਦੇ ਬੈਰਕ ਹਸਪਤਾਲ ਵਿਚ ਕੰਮ ਸ਼ੁਰੂ ਕੀਤਾ। ਇਥੇ ਪਹੁੰਚ ਕੇ ਇਸ ਨੂੰ ਹਸਪਤਾਲ ਵਿਚ ਸਹੂਲਤਾਂ ਦੀ ਘਾਟ ਮਹਿਸੂਸ ਹੋਈ। ਫ਼ੌਜੀਆਂ ਦੇ ਰਿਹਾਇਸ਼ੀ ਕਵਾਟਰਾਂ ਵਿਚ ਚੂਹਿਆਂ ਅਤੇ ਮੱਖੀਆਂ ਦੀ ਭਰਮਾਰ ਸੀ। ਪਾਣੀ ਦੀ ਵੀ ਬਹੁਤ ਤੰਗੀ ਸੀ। ਸਫ਼ਾਈ ਅਤੇ ਖਾਣੇ ਦਾ ਪ੍ਰਬੰਧ ਵੀ ਠੀਕ ਨਹੀਂ ਸੀ। ਫ਼ੌਜੀਆਂ ਪ੍ਰਤੀ ਸੇਵਾ ਦੇ ਇਸ ਉਤਸ਼ਾਹ ਦੀਆਂ ਖ਼ਬਰਾਂ ਸਾਰੇ ਇੰਗਲੈਂਡ ਵਿਚ ਛਪੀਆਂ ਅਤੇ ਲੋਕਾਂ ਨੇ ਖੁਲ੍ਹੇ ਦਿਲ ਨਾਲ ਚੰਦੇ ਇਕੱਠੇ ਕੀਤੇ। ਸਕੂਤਰੀ ਦੇ ਡਾਕਟਰ ਔਰਤਾਂ ਦਾ ਆਪਣੇ ਨਾਲ ਕੰਮ ਕਰਨਾ ਪਸੰਦ ਨਹੀਂ ਕਰਦੇ ਸਨ। ਇਸ ਨੇ ਕਿਸੇ ਨਾਲ ਵੀ ਕੋਈ ਬਹਿਸ ਨਾ ਕੀਤੀ ਜਿਸ ਕਾਰਨ ਡਾਕਟਰਾਂ ਨੇ ਖ਼ੁਦ ਇਸ ਨੂੰ ਸਹਾਇਤਾ ਲਈ ਬੁਲਾਇਆ। ਡਾਕਟਰਾਂ ਨੇ ਇਸ ਨੂੰ ਪੂਰਾ ਸਹਿਯੋਗ ਦਿੱਤਾ ਅਤੇ ਇਸ ਨੇ ਡੂੰਘੀ ਲਗਨ ਨਾਲ ਸੇਵਾ ਕੀਤੀ। ਮਰੀਜ਼ਾਂ ਦੇ ਗੰਦੇ ਕਪੜੇ ਧੁਵਾਏ ਅਤੇ ਸਫ਼ਾਈ ਦਾ ਵੀ ਪ੍ਰਬੰਧ ਕੀਤਾ। ਇਸ ਨੇ ਆਪਣੇ ਨਿੱਜੀ 30,000 ਪੌਂਡ ਵੀ ਇਨ੍ਹਾਂ ਮਰੀਜ਼ਾਂ ਦੀ ਸਫ਼ਾਈ ਅਤੇ ਲੋੜਾਂ ਪੂਰੀਆਂ ਕਰਨ ਲਈ ਖਰਚ ਕਰ ਦਿੱਤੇ। ਇਹ ਲਗਾਤਾਰ ਕਈ ਕਈ ਘੰਟੇ ਵਾਰਡਾਂ ਵਿਚ ਸੇਵਾ ਕਰਦੀ ਰਹਿੰਦੀ ਅਤੇ ਹਰ ਇਕ ਕੋਲ ਆਪ ਜਾ ਕੇ ਉਸ ਦੀ ਲੋੜ ਪੂਰੀ ਕਰਦੀ। ਰਾਤ ਦੇ ਅੱਠ ਵਜੇ ਤੋਂ ਬਾਅਦ ਇਸ ਨੇ ਆਪਣੇ ਆਪ ਤੋਂ ਇਲਾਵਾ ਹੋਰ ਨਰਸਾਂ ਨੂੰ ਵਾਰਡਾਂ ਵਿਚ ਜਾਣ ਦੀ ਮਨਾਹੀ ਕੀਤੀ ਹੋਈ ਸੀ। ਰਾਤ ਨੂੰ ਸੇਵਾ ਦਾ ਕੰਮ ਬਜ਼ੁਰਗ ਅਰਦਲੀ ਕਰਦੇ ਸਨ। ਹਰ ਰਾਤ ਹੱਥ ਵਿਚ ਲੈਂਪ ਲੈ ਕੇ ਇਹ ਖ਼ੁਦ ਬੀਮਾਰਾਂ ਕੋਲ ਜਾਂਦੀ ਸੀ ਅਤੇ ਉਨ੍ਹਾਂ ਦੇ ਸੁਖ-ਆਰਾਮ ਲਈ ਹਰ ਸੰਭਵ ਕੋਸ਼ਿਸ਼ ਕਰਦੀ ਸੀ। ਇਸੇ ਕਾਰਨ ਇਸ ਦਾ ਨਾਂ 'ਦ ਲੇਡੀ ਵਿਦ ਦ ਲੈਂਪ' ਪੈ ਗਿਆ। ਇਸ ਨੇ ਰਸੋਈ ਦੀ ਸਫ਼ਾਈ ਤੋਂ ਅਰੰਭ ਕਰਕੇ ਲਗਭਗ ਸਾਰੇ ਹਸਪਤਾਲ ਦੇ ਸਫ਼ਾਈ ਪ੍ਰਬੰਧਾਂ ਵਿਚ ਸੁਧਾਰ ਕੀਤਾ। ਆਪਣੀ ਇਸ ਮਿਹਨਤ ਸਦਕਾ ਇਹ ਫ਼ੌਜ ਵਿਚ, ਹਸਪਤਾਲ ਵਿਚ ਅਤੇ ਵਿਸ਼ੇਸ਼ ਤੌਰ ਤੇ ਮਹਾਰਾਣੀ ਵਿਕਟੋਰੀਆ ਦੀ ਚਹੇਤੀ ਨਰਸ ਬਣ ਗਈ। ਆਪਣੇ ਇਨ੍ਹਾਂ ਉਚੇਰੇ ਸੰਪਰਕਾਂ ਦੀ ਸਹਾਇਤਾ ਨਾਲ ਇਹ ਹਰ ਕਠਿਨਾਈ ਦਾ ਤੁਰਤ ਅਤੇ ਚੰਗਾ ਹੱਲ ਲਭ ਲੈਂਦੀ ਸੀ। ਕਰੀਮੀਆ ਦੀਆਂ ਫ਼ੌਜਾਂ ਨੇ ਵੀ ਇਸ ਦੀਆਂ ਲੋੜਾਂ ਨੂੰ ਧਿਆਨ ਵਿਚ ਰਖਦੇ ਹੋਏ ਕਾਫ਼ੀ ਚੰਦਾ ਇਕੱਠਾ ਕੀਤਾ। ਸੰਨ 1855 ਵਿਚ ਇਹ ਕਰੀਮੀਆਂ ਵਿਖੇ ਸੇਵਾ ਲਈ ਭੇਜੀ ਗਈ। ਹਸਪਤਾਲ ਦੇ ਸੁਪਰਡੈਂਟ ਜਨਰਲ ਨੇ ਇਸ ਦਾ ਵਿਰੋਧ ਕੀਤਾ ਪਰ 1856 ਈ. ਵਿਚ ਉਸ ਨੇ ਫਲੋਰੈਂਸ ਨੂੰ ਫ਼ੌਜੀ ਹਸਪਤਾਲਾਂ ਦੀ

ਇਸਤਰੀ ਨਰਸਿੰਗ ਸੰਸਥਾ ਦੀ ਜਨਰਲ ਸੁਪਰਡੰਟ ਵੱਜੋਂ ਮਾਨਤਾ ਦਿੱਤੀ ਅਤੇ ਇਹ ਵਾਪਸ ਇੰਗਲੈਂਡ ਪਰਤ ਗਈ। ਅਕਤੂਬਰ, 1856 ਵਿਚ ਮਹਾਰਾਣੀ ਵਿਕਟੋਰੀਆ ਨੇ ਸ਼ਾਹੀ ਕਮਿਸ਼ਨ ਸਥਾਪਤ ਕਰਨ ਦਾ ਨਿਰਣਾ ਕੀਤਾ। ਸੰਨ 1857 ਵਿਚ ਇਹ ਕਮਿਸ਼ਨ ਸਥਾਪਤ ਹੋਇਆ ਅਤੇ ਇਕ ਆਰਮੀ ਮੈਡੀਕਲ ਸਕੂਲ ਖੋਲ੍ਹਿਆ ਗਿਆ।

ਸੰਨ 1857 ਵਿਚ ਭਾਰਤ ਵਿਚ ਹੋਏ ਗ਼ਦਰ ਕਾਰਨ ਨਾਈਟਿੰਗੇਲ ਸੇਵਾ ਲਈ ਭਾਰਤ ਜਾਣਾ ਚਾਹੁੰਦੀ ਸੀ। ਇਸ ਕੰਮ ਲਈ 1859 ਈ. ਵਿਚ ਇਕ ਹੋਰ ਕਮਿਸ਼ਨ ਦੀ ਸਥਾਪਨਾ ਕੀਤੀ ਗਈ ਅਤੇ ਇਸ ਕਮਿਸ਼ਨ ਦੀ ਕੋਸ਼ਿਸ਼ ਸਦਕਾ 1860 ਈ. ਵਿਚ ਭਾਰਤ ਵਿਚ ਇਕ ਵਿਸ਼ੇਸ਼ ਸਫ਼ਾਈ ਵਿਭਾਗ ਖੋਲ੍ਹਿਆ ਗਿਆ।

ਸੰਨ 1860 ਵਿਚ ਇਸ ਨੇ 45,000 ਪੌਂਡ ਖਰਚ ਕੇ ਨਾਈਟਿੰਗੇਲ ਸਕੂਲ ਆਫ਼ ਨਰਸਿਜ਼ ਖੋਲ੍ਹਿਆ। ਸੰਨ 1857 ਤੋਂ ਬਾਅਦ ਇਹ ਬੀਮਾਰੀ ਕਾਰਨ ਅਪਾਹਜ ਹੋ ਗਈ ਸੀ ਅਤੇ ਲੰਡਨ ਵਿਚ ਹੀ ਰਹੀ। ਆਪਣੀ ਉਮਰ ਦੇ ਲਗਭਗ ਪਿਛਲੇ 40 ਵਰ੍ਹੇ ਇਹ ਆਪਣੇ ਕਮਰੇ ਤੋਂ ਬਾਹਰ ਨਹੀਂ ਨਿਕਲੀ। ਇਸ ਦੇ ਬਾਵਜੂਦ ਇਸ ਦਾ ਦੁਨੀਆ ਅਤੇ ਆਪਣੇ ਕੰਮ ਨਾਲ ਪੂਰਾ ਸੰਪਰਕ ਰਿਹਾ। ਫਲੋਰੈਂਸ ਨਾਈਟਿੰਗੇਲ ਨੂੰ ਭਾਵੇਂ ਕੋਈ ਜਿਸਮਾਨੀ ਬੀਮਾਰੀ ਨਹੀਂ ਸੀ ਪਰ ਜ਼ਿਆਦਾ ਕੰਮ ਕਰਨ ਕਰ ਕੇ ਇਹ ਦਿਮਾਗੀ ਅਤੇ ਸਰੀਰਕ ਤੌਰ ਤੇ ਅਪਾਹਜ ਹੋ ਗਈ। ਕੰਮ ਦੇ ਬੋਝ ਨਾਲ 1901 ਈ. ਵਿਚ ਇਹ ਅੰਨ੍ਹੀ ਹੋ ਗਈ। ਸੰਨ 1907 ਵਿਚ ਬਾਦਸ਼ਾਹ ਨੇ ਇਸ ਨੂੰ 'ਆਰਡਰ ਆਫ਼ ਮੈਰਿਟ' ਦਿੱਤਾ ਅਤੇ ਰੈੱਡ ਕਰਾਸ ਸੁਸਾਇਟੀਜ਼ ਦੀ ਅੰਤਰ-ਰਾਸ਼ਟਰੀ ਕਾਨਫਰੰਸ ਨੇ ਇਸ ਨੂੰ ਰੈੱਡ ਕਰਾਸ ਮੂਵਮੈਂਟ ਦੀ ਮੋਢੀ ਹੋਣ ਦਾ ਸਨਮਾਨ ਦਿੱਤਾ। 13 ਅਗਸਤ, 1910 ਨੂੰ ਇਸ ਦਾ ਦੇਹਾਂਤ ਹੋ ਗਿਆ ਪਰ ਇਸ ਦੀ ਇੱਛਾ ਦੇ ਵਿਰੁੱਧ ਇਸ ਨੂੰ ਹੈਂਪਸ਼ਿਰ ਵਿਖੇ ਫ਼ੌਜੀ ਸਨਮਾਨ ਨਾਲ ਦਫ਼ਨਾਇਆ ਗਿਆ।

ਹ. ਪੁ.-ਐਨ. ਬ੍ਰਿ. ਮਾ. 8 : 705 ; ਐਨ. ਅਮੈ. 20 : 343

ਨਾਈਪਸ ਜੂਲੀਅਸ : ਇਹ ਪੱਛਮ ਰੋਮਨ ਦਾ ਆਖ਼ਰੀ ਅਤੇ ਕਾਨੂੰਨੀ ਤੌਰ ਤੇ ਜਾਇਜ਼ ਬਾਦਸ਼ਾਹ ਸੀ ਜਿਸ ਨੇ 474 ਤੋਂ 480 ਈ. ਤਕ ਰਾਜ ਕੀਤਾ। ਇਸ ਦਾ ਜਨਮ ਇਕ ਉੱਘੇ ਪਰਿਵਾਰ ਵਿਚ ਹੋਇਆ। ਇਸ ਨੂੰ ਪੂਰਬੀ ਸ਼ਾਸਨ ਲੀਓ ਪਹਿਲੇ ਨੇ ਇਟਲੀ ਦਾ ਸ਼ਾਸਨ ਚਲਾਉਣ ਲਈ ਸੁਪਰੀਮ ਮੈਜਿਸਟਰੇਟ ਬਣਾ ਕੇ ਭੇਜਿਆ। ਜੂਨ, 474 ਵਿਚ ਜਦੋਂ ਪੱਛਮੀ ਬਾਦਸ਼ਾਹ ਗਲਾਈਸੀਰੀਅਸ ਨੇ ਆਪਣੇ ਆਪ ਨੂੰ ਬਾਦਸ਼ਾਹ ਹੋਣ ਦਾ ਐਲਾਨ ਕਰ ਦਿੱਤਾ ਤਾਂ ਨਾਈਪਸ ਜੂਲੀਅਸ ਨੇ ਉਸ ਨੂੰ ਗੱਦੀਓ ਲਾਹ ਦਿੱਤਾ। ਇਸ ਤੋਂ ਇਕ ਸਾਲ ਮਗਰੋਂ ਇਸ ਨੂੰ ਫਰਾਂਸ ਦੇ ਟੂਲੂਜ਼ ਸ਼ਹਿਰ ਦੇ ਨੇੜੇ ਵਿਸੀਗੋਥਿਕ ਰਾਜ ਨੂੰ ਮਾਨਤਾ ਦੇਣ ਲਈ ਮਜਬੂਰ ਹੋਣਾ ਪਿਆ। ਉਸੇ ਸਾਲ ਹੀ ਓਰੈਸਟਸ ਸਰਦਾਰ ਬਾਗ਼ੀ ਹੋ ਗਿਆ ਅਤੇ ਉਸ ਨੇ ਆਪਣੀ ਸੈਨਿਕ ਸ਼ਕਤੀ ਨਾਲ ਜੂਲੀਅਸ ਨੂੰ ਡਾਲਮੇਸ਼ੀ ਭੱਜਾ ਦਿੱਤਾ। ਗੱਲ ਵੱਲੋ ਮਾਨਤਾ ਦਿੱਤੇ ਜਾਣ ਕਰਕੇ ਇਹ ਪੰਜ ਸਾਲ ਸਾਲੋਨ ਵਿਖੇ ਰਿਹਾ। ਇਟਲੀ ਵਿਚ ਓਰੇਸਟੈਸ ਦੇ ਨੌਜਵਾਨ ਪੁੱਤਰ ਰੋਮਲਸ ਅਗਸਟਲਸ ਨੇ ਇਸ ਦੀ ਸੰਪਤੀ (ਬਾਦਸ਼ਾਹਤ) ਹੜੱਪ ਕਰ ਲਈ। ਅੰਤ ਨੂੰ ਗ਼ਲਾਈਸੀਰੀਅਸ ਦੇ ਦੋਸਤਾਂ ਨੇ 9 ਮਈ, 480 ਨੂੰ ਇਸ ਨੂੰ ਮਾਰ ਦਿੱਤਾ।

ਹ. ਪੁ.-ਐਨ. ਬ੍ਰਿ. ਮਾ 7 : 261; ਐਨ. ਅਮੈ. 20 : 102; ਐਨ. ਬ੍ਰਿ. 16 : 226

ਨਾਈਪਾਲ ਵੀ. ਐਸ. : ਬਰਤਾਨੀਆ ਦੇ ਇਸ ਨਾਵਲ-ਕਾਰ ਅਤੇ ਵਾਰਤਕਕਾਰ ਦਾ ਜਨਮ 17 ਅਗਸਤ, 1932 ਨੂੰ ਟ੍ਰਿਨੀਦਾਦ ਵਿਖੇ ਹੋਇਆ। ਇਸ ਦਾ ਪੂਰਾ ਨਾਂ ਨਾਈਪਾਲ ਵਿਦਿਆਧਰ ਸੂਰਜ ਪ੍ਰਸਾਦ ਸੀ। ਇਸ ਨੇ ਇੰਗਲੈਂਡ ਵਿਚ ਆਕਸਫੋਰਡ ਯੂਨੀਵਰਸਿਟੀ ਤੋਂ ਸਿੱਖਿਆ ਹਾਸਲ ਕੀਤੀ। ਇਸ ਨੇ ਬੀ. ਬੀ. ਸੀ. ਦੇ Caribbean Voices ਪ੍ਰੋਗਰਾਮ ਦੇ ਸੰਪਾਦਨ ਦਾ ਕੰਮ ਕੀਤਾ। ਇਸ ਨੇ ਆਪਣੇ ਪਹਿਲੇ ਨਾਵਲ 'ਦਾ ਮਿਸਟਿਕ ਮੈਸਉਰ' (1951) (The Mystic Masseur) ਛਪਣ ਤੋਂ ਪਹਿਲਾਂ ਪੱਤਰਕਾਰ ਵੱਜੋਂ ਵੀ ਕੰਮ ਕੀਤਾ ਪਰ ਇਸ ਨੂੰ ਪ੍ਰਸਿੱਧੀ ਟ੍ਰਿਨੀਦਾਦ ਦੀਆਂ ਤਿੰਨ ਪੀੜ੍ਹੀਆਂ ਦੁਆਲੇ ਘੁੰਮਦੀ ਆਪਣੀ ਵਿਅੰਗਮਈ ਰਚਨਾ 'ਏ ਹਾਊਸ ਫਾਰ ਮਿਸਟਰ ਬਿਸਵਾਸ' (1961) ਕਰਕੇ ਪ੍ਰਾਪਤ ਹੋਈ। ਇਸ ਦੀਆਂ ਮੁਢਲੀਆਂ ਕਿਰਤਾਂ 'ਦਾ ਸਫਰੇਜ ਆਫ ਐਲਵੀਰਾ' (1959) 'ਮਿਗਉਲ ਸਟਰੀਟ' (1959) ਕੈਰਿਬੀਅਨ ਲੋਕਾਂ ਦੇ ਜੀਵਨ ਦਾ ਵਿਅੰਗਮਈ ਵਰਣਨ ਹੈ। 'ਐਨ ਏਰੀਆ ਆਫ਼ ਡਾਰਕਨੈਸ' (1965) ਅਤੇ 'ਇੰਡੀਆ ਏ ਵੂੰਡਿਡ ਸਿਵਲਾਈਜੇਸ਼ਨ' ਨਾਈਪਾਲ ਦੀਆਂ ਭਾਰਤ ਬਾਰੇ ਲਿਖੀਆਂ ਦੋ ਪੁਸਤਕਾਂ ਹਨ। ਇਸ ਦੇ ਨਵੇਂ ਦੋ ਨਾਵਲਾਂ 'ਇਨ ਏ ਫ੍ਰੀ ਸਟੇਟ' (1971) ਅਤੇ 'ਏ ਬੈਂਡ ਇਨ ਦਾ ਰਿਵਰ' (1979) ਵਿਚ ਕੈਰਿਬੀਅਨ ਪਾਤਰਾਂ ਦੀ ਥਾਂ ਅਫ਼ਰੀਕੀ ਤਾਨਾਸ਼ਾਹੀ ਨੂੰ ਚਿਤਰਿਆ ਗਿਆ ਹੈ। ਇਨ੍ਹਾਂ ਨਾਵਲਾਂ ਤੋਂ ਇਲਾਵਾ 'ਦਾ ਰਿਟਰਨ ਆਫ਼ ਈਵਾ ਪਰਓਨ, ਵਿਦ ਦਾ ਕਿਲਿੰਗਜ਼ ਇਨ ਟ੍ਰਿਨੀਦਾਦ' (1981) 'ਅਮੰਗ ਦਾ ਬੀਲੀਵਰਜ਼-ਐਨ ਇਸਲਾਮਿਕ ਜਰਨੀ' (1981) ਇਸ ਦੀਆਂ ਵਾਰਤਕ ਪੁਸਤਕਾਂ ਹਨ। ਇਸ ਦੀ ਰਚਨਾ 'ਦਾ ਅਨਿਗਮਾ ਆਫ਼ ਅਰਾਈਵਲ' (1987) ਇੰਗਲੈਂਡ ਦੇ ਲੋਕਾਂ ਦੇ ਜੀਵਨ ਨਾਲ ਸਬੰਧਤ ਰਚਨਾ ਹੈ।

ਹ. ਪੁ.-ਐਨ. ਬ੍ਰਿ. ਮਾ. 8 : 487 ; ਵੈਬ. ਬਾਇ. ਐਨ.; - ਡੇ. ਕ੍ਰਿ. : 684

ਨਾਈ, ਬਿਲ : ਸੰਯੁਕਤ ਰਾਜ ਅਮਰੀਕਾ ਦੇ ਇਸ ਪੱਤਰਕਾਰ ਅਤੇ ਹਾਸਰਸ ਲੇਖਕ ਦਾ ਅਸਲੀ ਨਾਂ ਐਡਗਰ ਵਿਲਸਨ ਨਾਈ ਸੀ। ਇਸ ਦਾ ਜਨਮ 25 ਅਗਸਤ, 1850 ਨੂੰ ਮੇਨਰਾਜ ਵਿਚ ਸ਼ਰਲੇ ਵਿਖੇ ਹੋਇਆ। ਵਿਸਕਾੱਨਸਿਨ ਵਿਖੇ ਇਸ ਨੇ ਕਾਨੂੰਨ ਦੀ ਵਿਦਿਆ ਪ੍ਰਾਪਤ ਕੀਤੀ ਅਤੇ 1876 ਈ. ਨੂੰ ਵਾਇਓਮਿੰਗ ਰਾਜ ਵਿਚ ਲਾਰਾਮਾਈ ਵਿਖੇ ਆ ਕੇ ਰਹਿਣ ਲਗਾ। ਆਪਣੀ ਨੌਕਰੀ ਦੇ ਨਾਲ-ਨਾਲ ਇਹ ਅਖਬਾਰਾਂ ਵਿਚ ਆਪਣੇ ਲੇਖ ਛਪਵਾਉਂਦਾ ਰਹਿੰਦਾ ਸੀ। 'ਲਾਰਾਮਾਈ ਯੂਮਰੈਂਗ' ਵਿਚ ਛਪਦੇ ਇਸ ਦੇ ਹਾਸਰਸੀ ਲੇਖ ਬੜੇ ਸ਼ੌਕ ਨਾਲ ਪੜ੍ਹੇ ਜਾਂਦੇ ਸਨ। ਲਿਖਤਾਂ ਵਿਚ ਇਹ ਆਪਣੇ ਉੱਤੇ ਹੀ ਮਖੌਲ ਕਸਦਾ ਹੁੰਦਾ ਸੀ। ਮਗਰੋਂ ਇਹ ਲੇਖ ਬਿਲ ਨਾਈ ਐਂਡ ਬੂਮਰੈਂਗ' (1881) ਅਤੇ 'ਬਿਲ ਨਾਈਜ਼ ਹਿਸਟਰੀ ਆੱਫ ਦੀ ਯੂ. ਐਸ' (1894) ਨਾਂ ਦੀਆਂ ਪੁਸਤਕਾਂ ਦੇ ਰੂਪ ਵਿਚ ਪ੍ਰਕਾਸ਼ਿਤ ਹੋਏ। ਵਿਸਕਾੱਨਸਿਨ ਵਾਪਸ ਪਰਤ ਕੇ ਕਈ ਵਰ੍ਹਿਆਂ ਤਕ ਬਿਲ ਨਾਈ 'ਯਾਰਕ ਵਰਲਡ' ਲਈ ਲਿਖਦਾ ਰਿਹਾ। 22 ਫ਼ਰਵਰੀ, 1896 ਨੂੰ ਨਾੱਰਥ ਕੈਰੋਲਿਨਾ ਰਾਜ ਵਿਚ ਆਰਡੈਨ ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ. - ਐਨ. ਬ੍ਰਿ. ਮਾ. 8 : 840

ਨਾਈਮਾਹ, ਮਿਖਾਇਲ (Naimah, Mikhail) : ਲੈਬਨਾਨ ਦੇ ਇਸ ਪ੍ਰਸਿੱਧ ਵਿਦਵਾਨ, ਨਾਟਕਕਾਰ ਤੇ ਕਹਾਣੀਕਾਰ ਦਾ ਜਨਮ 22 ਨਵੰਬਰ, 1889 ਨੂੰ ਬਿਸਕਿੰਤੇ ਵਿਖੇ ਹੋਇਆ। ਇਸ ਨੇ ਬਿਸਕਿੰਤੇ ਤੇ ਨਾਸਰ ਤੋਂ ਵਿਦਿਆ ਪ੍ਰਾਪਤ ਕੀਤੀ। ਮਗਰੋਂ 1906 ਤੋਂ 1911 ਈ. ਤਕ ਇਸ ਨੇ ਯੂਕਰੇਨ ਵਿਚ ਪੋਲਤਵਾ ਦੇ ਧਰਮ-ਵਿਗਿਆਨ ਵਿਦਿਆਲੇ ਵਿਚ ਪੜ੍ਹਾਈ ਕੀਤੀ। ਫਿਰ ਕਾਨੂੰਨ ਦੀ ਵਿਦਿਆ ਵਾਸ਼ਿੰਗਟਨ ਤੋਂ ਪ੍ਰਾਪਤ ਕਰ ਕੇ ਇਹ ਨਿਊਯਾਰਕ ਵਿਚ

ਅਰਬੀ ਭਾਸ਼ਾ ਦੇ ਅਖਬਾਰ 'ਅਲ-ਫਿਊਨੂਨ' ਵਿਚ ਕੰਮ ਕਰਨ ਲਗ ਪਿਆ।

ਪਹਿਲੇ ਸੰਸਾਰ ਯੁੱਧ ਦੌਰਾਨ ਕੁਝ ਸਮੇਂ ਲਈ ਅਮਰੀਕੀ ਫ਼ੌਜ ਵਿਚ ਰਹਿਣ ਮਗਰੋਂ 1919 ਈ. ਵਿਚ ਇਸ ਨੇ ਫ਼ਰਾਂਸ ਵਿਚ ਰੈੱਨ ਤੋਂ ਸਾਹਿਤਕ ਅਧਿਐਨ ਦਾ ਡਿਪਲੋਮਾ ਪ੍ਰਾਪਤ ਕੀਤਾ। ਇਹ ਮੁੜ ਨਿਊਯਾਰਕ ਵਿਚ ਪੱਤਰਕਾਰ ਬਣ ਗਿਆ ਅਤੇ ਪ੍ਰਸਿੱਧ ਅਰਬੀ ਲੇਖਕ ਖ਼ਲੀਲ ਜਿਬਰਾਨ ਨਾਲ ਦੋਸਤੀ ਕਾਇਮ ਕਰ ਲਈ। ਸੰਨ 1932 ਵਿਚ ਇਹ ਇਕ ਉੱਘੇ ਸਾਹਿਤਕਾਰ ਵੱਲੋਂ ਆਪਣੇ ਦੇਸ਼ ਲੈਬਨਾਨ ਪਰਤ ਆਇਆ ਅਤੇ ਆਪਣੇ ਜੱਦੀ ਪਿੰਡ ਵਿਚ ਰਹਿਣ ਲਗ ਪਿਆ।

ਆਪਣੀਆਂ ਪੁਸਤਕਾਂ ਵਿਚ ਇਸ ਨੇ ਲੈਬਨਾਨ ਦੇ ਲੋਕਾਂ ਅਤੇ ਪੇਂਡੂ ਜੀਵਨ ਦਾ ਬੜੀ ਸਰਲ ਭਾਸ਼ਾ, ਸੁਚੱਜੀ ਸ਼ੈਲੀ ਅਤੇ ਬੜੇ ਆਸ਼ਾਵਾਦੀ ਢੰਗ ਨਾਲ ਬਿਆਨ ਕੀਤਾ ਹੈ। ਇਸ ਦੀ ਲਿਖੀ, 'ਜਿਬਰਾਨ ਦੀ ਜੀਵਨੀ' (1934) ਅਤੇ ਆਪਣੀ 'ਸਵੈ-ਜੀਵਨੀ' (1959-60) ਬਹੁਤ ਉੱਤਮ ਕਿਰਤਾਂ ਹਨ। ਇਸ ਦਾ ਨਾਟਕ 'ਅਲ-ਅਬਾ ਵਾ ਅਲ-ਬਾਨੂੰਨ' (1917), ਲੇਖ ਸੰਗ੍ਰਹਿ 'ਘਿਰਬਾਲ' (1923), ਕਹਾਣੀ ਸੰਗ੍ਰਹਿ 'ਸਾਲ ਮਾਰਾਹਿਲ' (1933) ਅਤੇ ਕਵਿਤਾ-ਸੰਗ੍ਰਹਿ 'ਹਮਸ ਅਲ-ਜੂਫੂਨ' (1959) ਬਹੁਤ ਪ੍ਰਸਿੱਧ ਪੁਸਤਕਾਂ ਹਨ।

ਹ. ਪੁ.-ਐਨ. ਬ੍ਰਿ. ਮਾ. 8 : 486

ਨਾਈਮਿਰੋਵਿਟਜ਼ ਡੈਂਟਸੈਂਕ, ਵਲਾਦੀਮੀਰ ਆਈਵੈਨੋਵਿਚ : ਰੂਸ ਦੇ ਇਸ ਨਾਟਕਕਾਰ, ਨਾਵਲਕਾਰ, ਨਿਰਮਾਤਾ ਅਤੇ ਮਾਸਕੋ ਆਰਟ ਥੀਏਟਰ ਦੇ ਸਹਿ- ਸੰਸਥਾਪਕ ਦਾ ਜਨਮ 23 ਦਸੰਬਰ, 1858 ਨੂੰ ਕਾਕੇਸ਼ਸ਼ ਵਿਚ ਟਿਫਲਿਸ ਵਿਖੇ ਹੋਇਆ।

13 ਸਾਲ ਦੀ ਉਮਰ ਵਿਚ ਹੀ ਇਸ ਨੇ ਨਾਟਕਾਂ ਦਾ ਨਿਰਦੇਸ਼ਨ ਕਰਨਾ ਸ਼ੁਰੂ ਕੀਤਾ। ਇਸ ਨੇ ਮਾਸਕੋ ਸਟੇਟ ਯੂਨੀਵਰਸਿਟੀ ਵਿਖੇ ਸਿੱਖਿਆ ਪ੍ਰਾਪਤ ਕੀਤੀ। ਸੰਨ 1891 ਤੋਂ ਸੰਨ 1897 ਤਕ ਇਸ ਨੇ 'ਮਾਸਕੋ ਫਿਲਹਾਰਮੋਨਿਕ ਇਨਸਟੀਚਿਊਟ' ਵਿਖੇ ਅਭਿਨੈ ਦੀ ਸਿੱਖਿਆ ਦਿੱਤੀ। ਸੰਨ 1896 ਵਿਚ ਇਸ ਨੇ ਆਪਣੇ ਨਾਟਕ 'ਦੀ ਵੈਲਿਊ ਆਫ਼ ਲਾਈਫ਼' ਲਈ ਅਕੈਡਮੀ ਆਫ਼ ਸਾਇੰਸ ਦਾ ਇਨਾਮ ਲੈਣ ਤੋਂ ਇਨਕਾਰ ਕਰ ਦਿੱਤਾ ਕਿਉਂਕਿ ਇਹ ਮਹਿਸੂਸ ਕਰਦਾ ਸੀ ਕਿ ਨਾਟਕ 'ਦੀ ਸੀਗਲ' ਦਾ ਲੇਖਕ ਚੈਖਵ ਇਸ ਦਾ ਪਾਤਰ ਹੈ। ਰੂਸੀ ਸਟੇਜ ਵਿਚ ਸੁਧਾਰ ਲਿਆਉਣ ਲਈ ਇਸ ਨੇ 1897 ਈ. ਵਿਚ ਸਟੈਨੀਸਲਵਸਕੀ ਨਾਲ ਮਿਲ ਕੇ 'ਮਾਸਕੋ ਆਰਟ ਐਂਡ ਪਾਪੂਲਰ ਥੀਏਟਰ' ਦੀ ਸਥਾਪਨਾ ਕੀਤੀ। ਨਿਰਮਾਤਾ ਅਤੇ ਸਾਹਿਤਕ ਸਲਾਹਕਾਰ ਦੇ ਨਾਲ-ਨਾਲ ਨਵੇਂ ਨਾਟਕਾਂ ਨੂੰ ਪੜ੍ਹਨ ਅਤੇ ਉਨ੍ਹਾਂ ਦੀ ਚੋਣ ਦਾ ਕੰਮ ਇਸ ਦੇ ਜ਼ਿੰਮੇ ਸੀ। ਇਸ ਨੇ ਚੈਖਵ ਅਤੇ ਗੋਰਕੀ ਦੋਹਾਂ ਨੂੰ ਥੀਏਟਰ ਲਈ ਲਿਖਣ ਵਾਸਤੇ ਉਤਸਾਹਿਤ ਕੀਤਾ ਅਤੇ ਚੈਖਵ, ਦੋਸਤੋਵਸਕੀ ਅਤੇ ਟਾਲਸਟਾਏ ਦੇ ਨਾਟਕਾਂ ਤੋਂ ਇਲਾਵਾ ਸਾਰੇ ਨਾਟਕਾਂ ਦਾ ਨਿਰਦੇਸ਼ਨ ਕੀਤਾ।

ਸੰਨ 1920 ਦੇ ਦਹਾਕੇ ਦੇ ਸ਼ੁਰੂ ਵਿਚ ਇਸ ਨੇ 'ਮਾਸਕੋ ਆਰਟ ਮਿਊਜ਼ਿਕ ਸਟੂਡੀਓ' ਦੀ ਸਥਾਪਨਾ ਕੀਤੀ। ਸੰਨ 1925 ਵਿਚ ਇਸ ਨੇ ਨਿਊਯਾਰਕ ਸ਼ਹਿਰ ਵਿਖੇ 'ਲਾ ਪੈਰੀਚੋਲ' ਅਤੇ 'ਲਾਈ-ਸਿਸਟਰਾਟਾ' ਨਾਂ ਦੇ ਨਾਟਕਾਂ ਨੂੰ ਸਫ਼ਲਤਾਪੂਰਵਕ ਪੇਸ਼ ਕੀਤਾ ਇਸ ਦੀ ਸਵੈ-ਜੀਵਨੀ ਦਾ 1936 ਈ. ਵਿਚ 'ਮਾਈ ਲਾਈਫ਼ ਇਨ ਦੀ ਰਸ਼ੀਅਨ ਥੀਏਟਰ' ਦੇ ਨਾਂ ਅਧੀਨ ਅਨੁਵਾਦ ਕੀਤਾ ਗਿਆ।

25 ਅਪ੍ਰੈਲ, 1943 ਨੂੰ ਮਾਸਕੋ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.-ਐਨ. ਬ੍ਰਿ. ਮਾ. 7 : 250 ; ਕੋਲ. ਐਨ. 14 : 25

ਨਾਈਮੇਗੈਨ ਦੀਆਂ ਸੰਧੀਆਂ : ਸੰਨ 1672-78 ਵਿਚ ਡੱਚ ਯੁੱਧ ਤੋਂ ਪਿੱਛੋਂ ਸ਼ਾਂਤੀ ਲਈ ਕੁਝ ਸੰਧੀਆਂ ਕੀਤੀਆਂ ਗਈਆਂ। ਜਿਨ੍ਹਾਂ ਵਿਚ ਫਰਾਂਸ ਨੇ ਸਪੇਨ ਅਤੇ ਡੱਚ ਗਣਰਾਜ ਦੇ ਸ਼ਾਮਲ ਹੋਣ ਦਾ ਵਿਰੋਧ ਕੀਤਾ। ਫਰਾਂਸ ਨੇ ਆਪਣੇ ਵਿਰੋਧੀਆਂ ਲਈ ਵੱਖਰੇ ਤੌਰ ਤੇ ਕੁਝ ਸ਼ਰਤਾਂ ਲਾ ਕੇ ਇਨ੍ਹਾਂ ਸੰਧੀਆਂ ਦਾ ਫਾਇਦਾ ਉਠਾਇਆ ਭਾਵੇਂ ਫਰਾਂਸ ਅਤੇ ਸੰਯੁਕਤ ਰਾਸ਼ਟਰਾਂ ਦੇ ਪ੍ਰਾਂਤਾਂ ਵਿਚਕਾਰ 1676 ਈ. ਵਿਚ ਗੱਲਬਾਤ ਸ਼ੁਰੂ ਹੋ ਚੁੱਕੀ ਸੀ ਪਰੰਤੂ 10 ਅਗਸਤ, 1678 ਤਕ ਕੋਈ ਫ਼ੈਸਲਾ ਨਾ ਹੋ ਸਕਿਆ। ਸੰਨ 1667 ਵਿਚ ਜ਼ਾਨ ਬਾਪਤੀਸਤ ਕਾੱਲਬੈਰੱਟ ਵੱਲੋਂ ਲਾਏ ਗਏ ਡੱਚ ਵਿਰੋਧੀ ਕਰ ਨੂੰ ਹਟਾਉਣਾ ਅਤੇ ਮਾਸਟਰਿਕਟ ਕਮਿਊਨ ਨੂੰ ਵਾਪਸ ਕਰਨ ਬਾਰੇ ਫਰਾਂਸ ਸਹਿਮਤ ਹੋ ਗਿਆ। ਇਹ ਰਿਆਇਤਾਂ ਡੱਚਾਂ ਦੀ ਸਮੁੰਦਰੀ ਸ਼ਕਤੀ ਅਤੇ ਵਪਾਰ ਲਈ ਵੱਡੀਆਂ ਜਿੱਤਾਂ ਸਾਬਤ ਹੋਈਆਂ। 17 ਸਤੰਬਰ, 1678 ਨੂੰ ਫਰਾਂਸ ਅਤੇ ਸਪੇਨ ਵਿਚਕਾਰ ਦੂਜੀ ਸੰਧੀ ਹੋਈ ਜਿਸ ਵਿਚ ਸਪੇਨ ਨੇ ਹੋਰ ਰਿਆਇਤਾਂ ਲੈਣ ਲਈ ਜ਼ੋਰ ਦਿੱਤਾ। ਇਹ ਰਿਆਇਤਾਂ ਦੱਸਦੀਆਂ ਹਨ ਕਿ ਵੈਸਟ ਫੇਲਯਾ ਵਿਚ ਸ਼ਾਂਤੀ ਹੋਣ ਤਕ 1648 ਈ. ਸਪੇਨ ਦੀ ਸ਼ਕਤੀ ਦਾ ਪਤਨ ਹੋ ਚੁੱਕਾ ਸੀ ਸਪੇਨ ਨੇ ਫਰਾਂਸ ਨੂੰ ਫ਼ਰਾਂਸ਼ ਕੌਂਟਾਂ, ਆਰਟਵਾ ਦੇ ਖੇਤਰ ਅਤੇ ਫਲੈਂਡਰਜ਼ ਕਾਉਂਟੀ ਦੇ ਸੋਲਾਂ ਕਿਲੇ ਵਾਲੇ ਸ਼ਹਿਰ ਦੇ ਦਿੱਤੇ। ਫਰਾਂਸ ਨੇ ਸਪੈਨਿਸ਼ ਨੀਦਰਲੈਂਡਜ਼ ਨੂੰ ਇਸ ਦੀਆਂ ਐਨਕਲੇਵਾਂ ਵਾਪਸ ਕਰ ਦਿੱਤੀਆਂ ਅਤੇ ਸਪੇਨ ਨੇ ਆਪਣੀਆਂ ਸਾਬਕਾ ਸਰਹੱਦਾਂ ਨੂੰ ਖਤਮ ਕਰ ਦਿੱਤਾ। ਸਮੁੱਚੇ ਤੌਰ ਤੇ ਇਹ ਸਮਝੌਤਾ ਫਰਾਂਸ ਲਈ ਲਾਹੇਵੰਦ ਸਾਬਤ ਹੋਇਆ। ਇਸ ਤੋਂ ਇਲਾਵਾ ਫ਼ਰਾਂਸ਼ ਕੌਂਟਾ ਦੇ ਖੇਤਰ ਉੱਤੇ ਫਰਾਂਸ ਦਾ ਅਧਿਕਾਰ ਰਿਹਾ ਜਦੋਂ ਕਿ ਮਿਲਾਨ ਅਤੇ ਸਪੈਨਿਸ਼ ਨੀਦਰਲੈਂਡਜ਼ ਵਿਚਕਾਰ ਜਾਣ ਵਾਲੇ ਰਸਤੇ ਤੋਂ ਵੰਚਿਤ ਹੋ ਗਿਆ। 5 ਫ਼ਰਵਰੀ, 1679 ਨੂੰ ਹੋਲੀ ਰੋਮਨ ਦੇ ਬਾਦਸ਼ਾਹ ਲੀਓਪੋਲਡ (LeopolI) ਪਹਿਲੇ ਨੇ ਫਰਾਂਸ ਦੀਆਂ ਸ਼ਰਤਾਂ ਨੂੰ ਮੰਨ ਲਿਆ। ਲੀਓਪੋਲਡ ਪਹਿਲੇ ਨੇ ਸ਼ਰਤਾਂ ਅਨੁਸਾਰ ਫ਼ਿਲਿਪਸਬਰਗ ਖੇਤਰ ਨੂੰ ਆਪਣੇ ਕੋਲ ਰੱਖ ਲਿਆ ਅਤੇ ਫਰਾਈਬਰਗ ਇਨਬਰਾਈਸਗਾਊ ਫਰਾਂਸ ਨੂੰ ਦੇ ਦਿੱਤਾ ਅਤੇ ਆਪਣੇ ਬਰਾਈਜ਼ਾਕ ਦੇ ਇਲਾਕੇ ਵਿਚੋਂ ਫਰਾਂਸ ਨੂੰ ਲੰਘਣ ਦੀ ਇਜ਼ਾਜਤ ਦੇ ਦਿੱਤੀ। ਫਰਾਂਸ ਨੇ ਚਾਰਲਸ ਪੰਜਵੇਂ ਦੇ ਸਮੇਂ ਤੱਕ ਲਾਰੇਨ ਉੱਤੇ ਲਗਾਤਾਰ ਆਪਣਾ ਅਧਿਕਾਰ ਕਾਇਮ ਰਖਿਆ ਅਤੇ ਸੰਧੀ ਦੀਆਂ ਸ਼ਰਤਾਂ ਨੂੰ ਲਾਗੂ ਕਰਨ ਤੋਂ ਇਨਕਾਰ ਕਰ ਦਿੱਤਾ। ਸੰਨ 1679 ਵਿਚ ਹੋਈਆਂ ਦੋ ਸੰਧੀਆਂ ਵਿਚ ਫਰਾਂਸ ਤੇ ਬਰਾਨਡਾਨਬਰਗ ਤੇ ਫਰਾਂਸ ਤੇ ਡੈਨਮਾਰਕ ਦੀ ਦੁਸ਼ਮਣੀ ਖਤਮ ਹੋ ਗਈ। ਬਰਾਨਡਾਨਬਰਗ ਅਤੇ ਡੈਨਮਾਰਕ ਨੇ ਫਰਾਂਸ ਅਤੇ ਸਵੀਡਨ ਦੇ ਇਲਾਕੇ ਵਾਪਸ ਕਰ ਦਿੱਤੇ।

ਹ. ਪੁ. -ਐਨ. ਬ੍ਰਿ. ਮਾ. : 343

ਨਾਈਗੀਤ : **ਪ੍ਰਾਂਤ**—ਇਹ ਮੈਕਸੀਕੋ ਦਾ ਇਕ ਪੱਛਮੀ ਕੇਂਦਰੀ ਪ੍ਰਾਂਤ ਹੈ ਜਿਹੜਾ ਸ਼ਾਂਤ ਮਹਾਂਸਾਗਰ ਦੇ ਨਾਲ ਲਗਦਾ ਹੈ। ਇਸ ਦੇ ਉੱਤਰ-ਪੱਛਮ ਵੱਲ ਸੀਨਾਲੋਆ, ਉੱਤਰ-ਪੂਰਬ ਤੇ ਪੂਰਬ ਵੱਲ ਡਿਊਰੈਂਗੋ ਅਤੇ ਦੱਖਣ ਵੱਲ ਜਾਲਿਸਕੋ ਰਾਜਾਂ ਦੀਆਂ ਸਰਹੱਦਾਂ ਲਗਦੀਆਂ ਹਨ। ਇਸ ਦਾ ਕੁੱਲ ਰਕਬਾ 27, 624 ਵ. ਕਿ. ਮੀ. ਅਤੇ ਆਬਾਦੀ 919,739 (2000) ਹੈ। ਇਸ ਰਾਜ ਵਿਚ ਸੀਐਰਾ ਮਾਡਰੀ ਆਕਸੀਡੈਂਟਲ ਪਰਬਤ ਲੜੀ ਸ਼ਾਂਤ ਮਹਾਂਸਾਗਰ ਦੇ ਤੰਗ ਮਾਹਿਲੀ ਖੇਤਰ ਤੋਂ ਸ਼ੁਰੂ ਹੁੰਦੀ ਹੈ ਅਤੇ ਦੱਖਣ-ਪੂਰਬ ਵੱਲ ਦੇ 26, 979 ਵ. ਕਿ. ਮੀ. ਖੇਤਰ ਨੂੰ ਡੂੰਘੀਆਂ ਅਤੇ ਤੰਗ ਵਾਦੀਆਂ ਵਿਚ ਵੰਡਦੀ ਹੈ। ਇਨ੍ਹਾਂ ਘਾਟੀਆਂ ਵਿਚ ਸੈਬਰੁਕੋ ਅਤੇ ਸੰਗਰੰਗੁਈ ਦੇ ਜਵਾਲਾ ਮੁਖੀ ਦੀਆਂ ਉੱਚੀਆਂ ਚੋਟੀਆਂ ਵੀ ਸ਼ਾਮਲ ਹਨ। ਇਸ ਰਾਜ ਵਿਚ ਖਾਰੀਆਂ ਝੀਲਾਂ ਦਾ ਤਟਵਰਤੀ ਖੇਤਰ ਜੰਗਲੀ ਜਾਨਵਰਾਂ ਦੇ ਰਹਿਣ ਲਈ ਪ੍ਰਸਿੱਧ ਹੈ। ਇਸ ਰਾਜ ਦਾ ਮੁੱਖ ਦਰਿਆ

ਗ੍ਰੈਂਡੇ ਡੇ ਸੈਂਟੀਗੋ, ਚਾਪਲਾ ਝੀਲ ਵਿਚੋਂ ਨਿਕਲ ਕੇ ਨੀਈਗੀਤ ਰਾਜ ਦੇ ਉੱਤਰ-ਪੱਛਮ ਵੱਲ ਵਗਦਾ ਹੈ। ਸੈਨ ਬਲੈਸ ਇਕ ਪ੍ਰਮੁੱਖ ਬੰਦਰਗਾਹ ਹੈ । ਇਸ ਦੀ ਸਾਰੀ ਭੂਮੀ ਉਪਜਾਊ ਹੈ। ਸੰਨ 1917 ਤੱਕ ਇਸ ਨੂੰ ਟੇਪੀਕ ਦੇ ਸੰਘੀ ਖੇਤਰ ਵਜੋਂ ਹੀ ਜਾਣਿਆ ਜਾਂਦਾ ਸੀ। ਇਸ ਰਾਜ ਵਿਚ ਪਹਾੜੀ ਇਲਾਕੇ ਦੀਆਂ ਖਾਣਾਂ ਬਹੁਤ ਮਹੱਤਵਪੂਰਨ ਹਨ ਪਰ ਇਸ ਰਾਜ ਦਾ ਮੁੱਖ ਕਿੱਤਾ ਖੇਤੀਬਾੜੀ ਹੈ। ਮੱਕੀ, ਤੰਬਾਕੂ, ਕਪਾਹ, ਫਲੀਆਂ ਅਤੇ ਕਾਫ਼ੀ ਦੀ ਕਾਸ਼ਤ ਪ੍ਰਮੁੱਖ ਹੈ। ਨਾਈਗੀਤ ਸ਼ਹਿਰ ਵਿਚ ਰਾਜ ਮਾਰਗ ਅਤੇ ਰੇਲਵੇ ਲਾਈਨਾਂ ਵੀ ਹਨ ਅਤੇ ਇਹ ਰਾਜ ਟੇਪੀਕ ਸ਼ਹਿਰ ਨਾਲ ਸੜਕਾਂ ਰਾਹੀਂ ਜੁੜਿਆ ਹੋਇਆ ਹੈ।

ਹ. ਪੁ.-ਐਨ. ਬ੍ਰਿ. ਮਾ. 7 : 231; ਐਨ. ਬ੍ਰਿ. 16 : 149; ਐਨ. ਅਮੇ. 20 : 37

ਨਾਈਲਸ, ਜਾਨ ਜੈਕਬ : ਸੰਯੁਕਤ ਰਾਸ਼ਟਰ ਅਮਰੀਕਾ ਦੇ ਇਸ ਲੋਕ ਗਾਇਕ, ਲੋਕਯਾਨ ਸ਼ਾਸਤਰੀ, ਵਿਅਕਤੀਗਤ ਅਤੇ ਸਮੂਹ ਗਾਨ ਸੰਗੀਤਕਾਰ ਦਾ ਜਨਮ 28 ਅਪ੍ਰੈਲ, 1892 ਨੂੰ ਸੰਯੁਕਤ ਰਾਸ਼ਟਰ ਦੇ ਲੁਈਵਿਲ ਕੈਂਟਕੀ ਵਿਖੇ ਹੋਇਆ। ਇਹ ਸੰਗੀਤਕ ਪਰਿਵਾਰ ਨਾਲ ਸਬੰਧਤ ਸੀ। ਇਸ ਦਾ ਪੜਦਾਦਾ ਸੰਗੀਤਕਾਰ, ਆੱਰਗਨ ਵਾਦਕ ਅਤੇ ਚੈਲੋ ਵਾਇਲਨ (ਵਾਇਲਨ ਦੀ ਇਕ ਕਿਸਮ) ਦਾ ਨਿਰਮਾਤਾ ਸੀ ਤੇ ਇਸ ਦੀ ਮਾਤਾ ਇਸ ਨੂੰ ਸੰਗੀਤ ਦੇ ਸਿਧਾਂਤਾਂ ਦਾ ਪਾਠ ਪੜ੍ਹਾਉਂਦੀ ਸੀ। ਸੰਗੀਤ ਪਰਿਣਾਮਾਂ ਦੇ ਸੰਕਲਨ ਵਿਚ ਇਕ ਸਰਕਾਰੀ ਨਿਰੀਖਕ ਦੇ ਤੌਰ ਤੇ ਕੰਮ ਕਰਦੇ ਸਮੇਂ ਇਹ ਲੋਕ ਗੀਤਾਂ ਵੱਲ ਖਿਚਿਆ ਗਿਆ। ਇਸ ਪਿੱਛੋਂ ਪਹਿਲੇ ਸੰਸਾਰ ਯੁੱਧ ਵਿਚ ਸੇਵਾ ਨਿਭਾਉਂਦੇ ਸਮੇਂ ਇਸ ਨੇ ਚਿਨਚਿਨਾਟੀ, ਓਹੀਨੋ, ਲਿਓਨ (ਫਰਾਂਸ) ਅਤੇ ਪੈਰਿਸ ਦੇ ਸਕੋਲਾ ਕੈਨਟੋਰਮ ਵਿਖੇ ਸੰਗੀਤਕ ਸੰਸਥਾਵਾਂ ਕਾਇਮ ਕੀਤੀਆਂ।

ਸੰਨ 1921 ਵਿਚ ਨਵੇਂ ਨਿਊਯਾਰਕ ਸ਼ਹਿਰ ਦੇ ਸਿਲਵਰ ਸ਼ਲਿੱਪਰ ਨਾਈਟ ਕਲੱਬ ਦਾ ਸੰਗੀਤ ਮਾਸਟਰ ਬਣਿਆ। ਮਰੀਅਨ ਕਰਬੀ ਜਿਸ ਨਾਲ ਇਸ ਨੇ ਸੰਯੁਕਤ ਰਾਸ਼ਟਰ ਅਤੇ ਯੂਰਪ ਵਿਚ ਲੋਕ ਗਾਇਨ ਦੇ ਤੌਰ ਤੇ ਯਾਤਰਾ ਕੀਤੀ, ਨਾਲ ਟੋਲੀ ਬਣਾਉਣ ਤੋਂ ਪਹਿਲਾਂ ਇਸ ਨੇ ਆਪਣੀ ਵੀਣਾ ਖ਼ੁਦ ਤਿਆਰ ਕੀਤੀ। ਇਸ ਨੇ ਵਿਸ਼ੇਸ਼ ਤੌਰ ਤੇ ਅਪਲਾ ਚਿਅਨ ਡਲਸੀਮਰਜ਼ ਅਤੇ ਅਪਲਾਚਿਅਨ ਦੇ ਪਹਾੜੀ ਖੇਤਰ ਦੇ ਗੀਤਾਂ ਵਿਚ ਮੁਹਰਤ ਹਾਸਲ ਕੀਤੀ। ਖੁੱਲ੍ਹੇ ਤੌਰ ਤੇ ਇਸ ਦੀਆਂ ਚੋਣਵੀਆਂ ਰਚਨਾਵਾਂ ਦੀਆਂ ਧੁਨਾਂ ਇਸ ਤਰ੍ਹਾਂ ਹਨ : "I wonder As I Wander", and "Black Is the Color of My True Love's Hair" ਇਸ ਤੋਂ ਇਲਾਵਾ ਪੁਰਾਣੀਆਂ ਗਾਥਾਵਾਂ ਦੀ ਮੂੰਹ ਜ਼ੁਬਾਨੀ ਸਾਧਨਾਂ ਤੋਂ ਨਕਲ ਕੀਤੀ। 'My Mother Never Taught Me' (1929) ; 'Songs of the Hill Folk' (1934). 'The Shape Note Study Book' (1960); 'The Ballad Book of John Jacob Niles' (1961) ਇਸ ਦੇ ਗੀਤਾਂ ਦੀਆਂ ਪ੍ਰਕਾਸ਼ਿਤ ਪੁਸਤਕਾਂ ਹਨ। 'Niles Merton' ਗੀਤਾਂ ਦੀ ਲੜੀ ਇਸ ਦੀ ਜ਼ਿੰਦਗੀ ਦਾ ਆਖ਼ਰੀ ਕੰਮ ਸੀ। ਸੰਯੁਕਤ ਰਾਸ਼ਟਰ ਲੈਕਸਿੰਗਟਨ ਦੇ ਨੇੜੇ ਬੂਟਹਿਲ ਫਾਰਮ ਵਿਖੇ ਮਾਰਚ, 1980 ਨੂੰ ਇਸ ਦੀ ਮੌਤ ਹੋ ਗਈ।

ਹ. ਪੁ. - ਐਨ. ਬ੍ਰਿ. ਮਾ. 8 : 713

ਨਾਈਲੋਟੀਜ਼ : ਇਹ ਪੂਰਬੀ ਕੇਂਦਰੀ ਅਫ਼ਰੀਕਾ ਦੇ ਕਈ ਤਰ੍ਹਾਂ ਦੇ ਲੋਕ ਹਨ ਜਿਹੜੇ ਦੱਖਣੀ ਸੂਡਾਨ, ਉੱਤਰੀ ਯੂਗਾਂਡਾ ਤੇ ਪੱਛਮੀ ਕੀਨੀਆ ਵਿਚ ਰਹਿੰਦੇ ਹਨ। ਭਾਵੇਂ ਇਨ੍ਹਾਂ ਦੀ ਸਰੀਰਕ ਬਣਤਰ ਤੇ ਸਭਿਅਤਾ ਆਪਣੇ ਗੁਆਂਢੀਆਂ ਨਾਲ ਮਿਲਦੀ ਜੁਲਦੀ ਹੈ ਪਰ ਬੋਲੀ ਤੇ ਰਿਹਾਇਸ਼ ਕਾਰਨ ਇਨ੍ਹਾਂ ਦੀ ਅਲੱਗ ਹੀ ਪਛਾਣ ਹੋ ਜਾਂਦੀ ਹੈ। ਨਾਈਲੋਟਿਕ ਭਾਸ਼ਾਵਾਂ ਤੇ ਨਾਈਲੋ ਹੈਮਟਿਕ ਭਾਸ਼ਾਵਾਂ ਦੀ ਭਾਵੇਂ ਸ਼ਬਦਾਵਲੀ ਆਪਸ ਵਿਚ ਮਿਲਦੀ ਜੁਲਦੀ ਹੈ ਪਰ ਜਦੋਂ ਅਸੀਂ ਅਫ਼ਰੀਕੀ ਭਾਸ਼ਾਵਾਂ ਦਾ ਵਿਸਥਾਰ ਨਾਲ ਵਰਗੀਕਰਣ ਕਰਦੇ ਹਾਂ ਤਾਂ ਸਾਨੂੰ ਇਨ੍ਹਾਂ ਵਿਚ ਬਹੁਤ ਘੱਟ ਨੇੜਤਾ ਨਜ਼ਰ ਆਉਂਦੀ ਹੈ। ਇਨ੍ਹਾਂ ਨਸਲਾਂ ਦਾ ਜਨਮ ਕਦੋਂ ਹੋਇਆ ਤੇ ਕਿਥੇ ਹੋਇਆ ਬਾਰੇ ਵੀ ਕੋਈ ਪੱਕਾ ਪਤਾ ਨਹੀਂ ਚਲਦਾ ਪਰ ਇਹ ਗੱਲ ਮੰਨੀ ਜਾਂਦੀ ਹੈ ਕਿ ਹੈਮਟਿਕ ਤੇ ਨੀਗਰੋ ਦੇ ਮਿਲਣ ਨਾਲ ਇਹ ਨਸਲਾਂ ਹੋਂਦ ਵਿਚ ਆਈਆਂ। ਬਲੱਡ ਗਰੁਪ ਦਾ ਅਧਿਐਨ ਕਰਨ ਤੋਂ ਵੀ ਇਸ ਗੱਲ ਦਾ ਪਤਾ ਲਗਦਾ ਹੈ ਕਿ ਇਨ੍ਹਾਂ ਵਿਚ ਆਰ. ਐਚ. (Rh) ਕ੍ਰੋਮੋਸੋਮ ਦੀ ਆਵ੍ਰਿਤੀ ਬਹੁਤ ਜ਼ਿਆਦਾ ਹੈ ਤੇ ਸੀ. ਡੀ.ਈ. (CDE) ਇਨ੍ਹਾਂ ਦਾ ਵਿਸ਼ੇਸ਼ ਲੱਛਣ ਹੈ।

ਇਨ੍ਹਾਂ ਦੇ ਸਿਰ ਲੰਬੇ, ਵਾਲ ਘੁੰਗਰਾਲੇ ਤੇ ਰੰਗ ਕਾਲਾ ਹੁੰਦਾ ਹੈ। ਉੱਤਰ ਵੱਲ ਰਹਿਣ ਵਾਲਿਆਂ ਦਾ ਕੱਦ ਲੰਬਾ ਤੇ ਸਰੀਰ ਪਤਲਾ ਹੁੰਦਾ ਹੈ। ਭਾਵੇਂ ਇਹ ਸਭਿਅਤਾ ਦੇ ਮਾਮਲੇ ਵਿਚ ਇਕ ਦੂਸਰੇ ਨਾਲ ਮੇਲ ਨਹੀਂ ਖਾਂਦੇ ਪਰ ਫਿਰ ਵੀ ਕੁਝ ਕਬੀਲਿਆਂ ਦੀ ਸਭਿਅਤਾ ਆਪਸ ਵਿਚ ਮੇਲ ਖਾ ਜਾਂਦੀ ਹੈ। ਨੀਲੋਹੈਮਟਿਕ ਤੇ ਬੰਟੂ ਪੜੋਸੀਆਂ ਨਾਲ ਮਿਲਣ ਕਾਰਨ ਲੀਓ ਕਬੀਲੇ ਵਿਸ਼ੇਸ਼ ਕਰ ਕੇ ਵੱਖ ਹਨ।

ਬਹੁਤੇ ਨਾਈਲੋਟੀਜ਼ ਸਵਾਲਾ ਖੰਡ ਵਿਚ ਹੀ ਰਹਿੰਦੇ ਹਨ ਜਿਥੇ ਜਾਂ ਤਾਂ ਹੜ੍ਹ ਆਉਂਦੇ ਹਨ ਜਾਂ ਫਿਰ ਸੋਕਾ ਲੱਗਿਆ ਹੁੰਦਾ ਹੈ। ਇਨ੍ਹਾਂ ਦਾ ਆਰਥਿਕ ਆਧਾਰ ਖੇਤੀਬਾੜੀ ਕਰਨਾ ਤੇ ਪਸ਼ੂ ਪਾਲਣਾ ਹੈ ਪਰ ਮੱਛੀ ਫੜਨਾ ਤੇ ਸ਼ਿਕਾਰ ਵੀ ਇਨ੍ਹਾਂ ਦਾ ਸਹਾਰਾ ਹੈ। ਭਾਵੇਂ ਇਹ ਲੋੜ ਤੋਂ ਵਧ ਵੀ ਖੇਤੀ ਕਰ ਸਕਦੇ ਹਨ ਪਰ ਅਨੂਰ ਕਬੀਲੇ ਨੂੰ ਛੱਡ ਕੇ ਬਾਕੀ ਚਰਵਾਹੇ ਹਨ। ਇਹ ਦੁੱਧ ਅਤੇ ਦੁੱਧ ਤੋਂ ਬਣੀਆਂ ਵਸਤਾਂ ਤੇ ਅਨਾਜ ਦੀ ਵਰਤੋਂ ਕਰਦੇ ਹਨ। ਪਸ਼ੂਆਂ ਨੂੰ ਮੀਟ ਵਾਸਤੇ ਨਹੀਂ ਵਰਤਦੇ। ਇਹ ਦਹੇਜ ਵਿਚ ਵੀ ਲੜਕੀ ਨੂੰ ਪਸ਼ੂ ਹੀ ਦਿੰਦੇ ਹਨ। ਜਿੰਨਾ ਕਿਸੇ ਕੋਲ ਜ਼ਿਆਦਾ ਪਸ਼ੂ ਹੁੰਦੇ ਹਨ ਉਨਾਂ ਹੀ ਉਹ ਅਮੀਰ ਗਿਣਿਆ ਜਾਂਦਾ ਹੈ। ਪਸ਼ੂਆਂ ਬਾਰੇ ਇਹ ਬਹੁਤ ਵਧੀਆ ਸ਼ਬਦਾਵਲੀ ਦੀ ਵਰਤੋਂ ਕਰਦੇ ਹਨ ਅਤੇ ਆਪਣੇ ਪਸ਼ੂਆਂ ਦੀ ਸੰਭਾਲ ਵੱਲ ਬਹੁਤ ਜ਼ਿਆਦਾ ਧਿਆਨ ਦਿੰਦੇ ਹਨ। ਉਨ੍ਹਾਂ ਨੂੰ ਧੁੱਪ ਅਤੇ ਸਰਦੀ ਤੋਂ ਬਚਾਉਣ ਲਈ ਉਨ੍ਹਾਂ ਵਾਸਤੇ ਵੱਡੇ-ਵੱਡੇ ਤਬੇਲੇ ਜਾਂ ਵਾੜ ਬਣਾਉਂਦੇ ਹਨ। ਇਹ ਪਸ਼ੂਆਂ ਦੀ ਆਪਣੇ ਪੂਰਵਜਾਂ ਅਤੇ ਦੇਵੀ ਦੇਵਤਿਆਂ ਨੂੰ ਬਲੀ ਵੀ ਦਿੰਦੇ ਹਨ। ਬਲੀ ਦੇਣ ਕਾਰਨ ਪਸ਼ੂਆਂ ਦੀ ਧਾਰਮਿਕ ਮਹੱਤਤਾ ਵੀ ਹੈ।

ਨੂਐਰ ਤੇ ਦਿਨਕਾ ਕਬੀਲੇ ਟੱਪਰੀਵਾਸ ਹੁੰਦੇ ਹਨ। ਬਰਸਾਤਾਂ ਵ੍ਵਿਚ ਇਹ ਹੜ੍ਹਾਂ ਤੋਂ ਉੱਚੀ ਥਾਂ ਵਸੇ ਪਿੰਡਾਂ ਵਿਚ ਰਹਿੰਦੇ ਹਨ ਅਤੇ ਆਪਣੇ ਪਸ਼ੂਆਂ ਨੂੰ ਪਿੰਡ ਕੋਲ ਹੀ ਚੰਗੀ ਤਰ੍ਹਾਂ ਬਣਾਏ ਹੋਏ ਗੋਲ ਘਰਾਂ ਵਿਚ ਰਖਦੇ ਹਨ ਤੇ ਖੇਤੀਬਾੜੀ ਕਰਦੇ ਹਨ। ਖੁਸ਼ਕ ਮੌਸਮ ਵਿਚ ਜਿਥੇ ਆਸਾਨੀ ਨਾਲ ਪਾਣੀ ਮਿਲ ਸਕਦਾ ਹੋਵੇ ਤੇ ਪਸ਼ੂਆਂ ਨੂੰ ਚਰਨ ਲਈ ਥਾਂ ਹੋਵੇ ਉਥੇ ਬਾਹਰ ਹੀ ਰਹਿਣ ਲੱਗ ਜਾਂਦੇ ਹਨ।

ਸਿਲੂਕ ਕਬੀਲੇ ਚੰਗੀ ਤਰ੍ਹਾਂ ਸੰਗਠਿਤ ਹਨ। ਇਨ੍ਹਾਂ ਦੀ ਇਕ ਦੈਵੀ ਸ਼ਕਤੀ ਹੈ ਜਿਹੜੀ ਸਾਰੀ ਸਲਤਨਤ ਦੀ ਮਾਲਕ ਹੈ। ਅਨੂਕ ਅਚੌਲੀ ਤੇ ਦੂਸਰੇ ਕਬੀਲਿਆਂ ਦੇ ਵੀ ਮੀਂਹ ਪੁਆਉਣ ਵਾਲੇ, ਕਚਹਿਰੀ ਲਾਉਣ ਵਾਲੇ ਤੇ ਸ਼ਾਸਕ ਸਰਬਰਾਹ ਹਨ ਪਰ ਨੂਐਰ ਦਿਨਕਾ ਤੇ ਲੀਓ ਕਬੀਲਿਆਂ ਦੇ ਸ਼ਾਸਕ ਨਹੀਂ ਹਨ। ਪ੍ਰਧਾਨ ਕਬੀਲਾ ਪ੍ਰਾਦੇਸ਼ਕ ਕਬੀਲੇ ਨਾਲ ਰਲਿਆ ਹੁੰਦਾ ਹੈ ਅਤੇ ਉਸ ਪ੍ਰਧਾਨ ਕਬੀਲੇ ਦੇ ਅੱਗੋਂ ਪਰਿਵਾਰ ਪ੍ਰਾਦੇਸ਼ਕ ਕਬੀਲੇ ਦੇ ਸਬ ਡਵੀਜ਼ਨਾਂ ਵਿਚ ਰਹਿੰਦੇ ਹਨ।

ਡਿਨਕਾ ਤੇ ਨੂਐਰ ਕਬੀਲਿਆਂ ਦੇ ਕਰਮਕਾਂਡੀ ਅਕਸਰ ਜਾਦੂ ਟੂਣਿਆਂ ਨਾਲ ਮੀਂਹ ਪੁਆਉਣ ਵਾਲੇ ਹੁੰਦੇ ਹਨ ਜਿਹੜੇ ਇਨ੍ਹਾਂ ਦੇ

ਘਰਾਣਿਆਂ ਅਤੇ ਇਨ੍ਹਾਂ ਉਪ ਖੇਤਰਾਂ ਵਿਚਕਾਰ ਦੁਸ਼ਮਣੀ ਹੋ ਜਾਣ ਦੀ ਸੂਰਤ ਵਿਚ ਸਾਲਸ ਬਣ ਕੇ ਸੁਲਹ ਸਫਾਈ ਕਰਵਾਉਂਦੇ ਹਨ। ਕੁਝ ਕਬੀਲੇ ਟੋਟਮਵਾਦ ਵਿਚ ਵਿਸ਼ਵਾਸ ਰਖਦੇ ਹਨ ਪਰ ਇਹ ਜ਼ਿਆਦਾ ਦਿਨਕਾ ਕਬੀਲਿਆਂ ਵਿਚ ਪ੍ਰਸਿੱਧ ਹੈ।

ਹ. ਪੁ. – ਐਨ. ਬ੍ਰਿ. ਮਾ. 7 : 347

ਨਾਸ਼ਖ਼ੀ ਲਿਪੀ : ਹਿਜਰੀ ਸੰਨ ਦੀ ਚੌਥੀ ਸਦੀ ਵਿਚ ਵਿਕਸਿਤ ਹੋਈ ਇਹ ਇਲਸਾਮੀ ਢੰਗ ਦੀ ਹਥ ਲਿਖਤ ਵਰਣਮਾਲਾ ਹੈ। ਇਸਲਾਮੀ ਲਿਖਣਕਲਾ ਦੇ ਮੁੱਢ ਤੋਂ ਹੀ ਦੋ ਕਿਸਮ ਦੀਆਂ ਲਿਪੀਆਂ ਨਾਲੋਂ ਨਾਲ ਚਲਦੀਆਂ ਰਹੀਆਂ ਹਨ। ਇਕ ਕਿਸਮ ਦੀਆਂ ਲਿਪੀਆਂ ਉਹ ਸਨ ਜਿਹੜੀਆਂ ਰੋਜ਼ਾਨਾ ਦੀ ਲਿਖਾਪੜ੍ਹੀ ਅਤੇ ਵਪਾਰਕ ਕੰਮਾਂ ਲਈ ਵਰਤੀਆਂ ਜਾਂਦੀਆਂ ਸਨ ਅਤੇ ਦੂਜੀਆਂ ਉਹ ਜੋ ਕੁਰਾਨ ਸ਼ਰੀਫ਼ ਲਿਖਣ ਲਈ ਵਰਤੀਆਂ ਜਾਂਦੀਆਂ ਸਨ। 'ਨਾਸ਼ਖ਼ੀ' ਲਿਪੀ ਵਿਚ ਬਹੁਤ ਰਵਾਨੀ ਹੈ ਜਿਹੜੀ ਕਿ ਪ੍ਰਾਚੀਨ ਸਮੇਂ ਤੋਂ ਹਰ ਰੋਜ਼ ਦੇ ਕਾਰੋਬਾਰ ਲਈ ਵਰਤੀ ਜਾਂਦੀ ਸੀ। ਸਾਰੇ ਅਰਬ ਸੰਸਾਰ ਵਿਚ ਇਹ ਲਿਪੀ ਸਭ ਤੋਂ ਵੱਧ ਪ੍ਰਚਲਿਤ ਹੈ। 'ਨਾਸ਼ਖ਼ੀ ਲਿਪੀ' ਸੌਖੇ ਹੀ ਪੜ੍ਹੀ ਜਾ ਸਕਦੀ ਹੈ ਅਤੇ ਇਸ ਵਿਚ ਵਧੇਰੇ ਕਰ ਕੇ ਲੇਟਵੀਆਂ ਸਤਰਾਂ ਉੱਤੇ ਜ਼ੋਰ ਦਿਤਾ ਜਾਂਦਾ ਹੈ। ਇਸ ਵਿਚ ਅਖਰਾਂ ਦੇ ਤਨਾਸਬ ਦਾ ਵੀ ਬੜਾ ਧਿਆਨ ਰੱਖਿਆ ਜਾਂਦਾ ਹੈ। ਇਸ ਲਿਪੀ ਦੇ ਵਿਕਾਸ ਵਿਚ ਮੈਸੋਪੋਟਾਮੀਆ ਦੇ ਦੋ ਵਿਅਕਤੀਆਂ ਇਬਨ ਮੁਕਲਾਹ (ਮ. 940) ਅਤੇ ਇਬਨ ਅਲ-ਬਵੱਬ (ਮ. 1022 ਜਾਂ 1031 ਈ.) ਦੇ ਨਾਂ ਖਾਸ ਤੌਰ ਤੇ ਲਏ ਜਾਂਦੇ ਹਨ। 11ਵੀਂ ਸਦੀ ਤੋਂ ਨਾਸ਼ਖ਼ੀ ਲਿਪੀ ਵਿਚ ਕੁਰਾਨ ਸ਼ਰੀਫ਼ ਆਮ ਲਿਖੇ ਜਾਣ ਲਗ ਪਏ।

ਹ.ਪੁ.-ਐਨ. ਬ੍ਰਿ. ਮਾ. 8 : 524

ਨਾਸਤਕ : ਭਾਰਤੀ ਦਰਸ਼ਨ ਵਿਚ ਨਾਸਤਕ ਸ਼ਬਦ ਨੂੰ ਤਿੰਨ ਅਰਥਾਂ ਵਿਚ ਵਰਤਿਆ ਜਾਂਦਾ ਹੈ – 1. ਜਿਹੜੇ ਲੋਕ ਵੇਦਾਂ ਨੂੰ ਪ੍ਰਮਾਣਿਕ ਨਹੀਂ ਮੰਨਦੇ ਉਹ ਨਾਸਤਕ ਹਨ। ਇਸ ਪਰਿਭਾਸ਼ਾ ਅਨੁਸਾਰ ਬੋਧੀ, ਜੈਨੀ ਅਤੇ ਲੋਕਾਇਤ ਮਤਾਂ ਦੇ ਪੈਰੋਕਾਰਾਂ ਨੂੰ ਨਾਸਤਕ ਕਿਹਾ ਜਾਂਦਾ ਹੈ ਅਤੇ ਇਨ੍ਹਾਂ ਤਿੰਨਾਂ ਦਰਸ਼ਨਾਂ ਨੂੰ ਨਾਸਤਕ ਦਰਸ਼ਨ ਕਿਹਾ ਜਾਂਦਾ ਹੈ। 2. ਜਿਹੜੇ ਲੋਕ ਪਰਲੋਕ ਅਤੇ ਮੌਤ ਉਪਰੰਤ ਜੀਵਨ ਵਿਚ ਵਿਸ਼ਵਾਸ ਨਹੀਂ ਰੱਖਦੇ ਉਹ ਨਾਸਤਕ ਹਨ। ਇਸ ਪਰਿਭਾਸ਼ਾ ਅਨੁਸਾਰ ਚਾਰਵਾਕ ਦਰਸ਼ਨ ਨੂੰ ਭਾਰਤ ਵਿਚ ਨਾਸਤਕ ਦਰਸ਼ਨ ਅਤੇ ਇਸ ਦੇ ਪੈਰੋਕਾਰਾਂ ਨੂੰ ਨਾਸਤਕ ਕਿਹਾ ਜਾਂਦਾ ਹੈ। 3. ਜਿਹੜੇ ਲੋਕ ਈਸ਼ਵਰ ਦੇ ਅਸਤਿਤਵ ਵਿਚ ਵਿਸ਼ਵਾਸ ਨਹੀਂ ਰੱਖਦੇ। ਇਸ ਪਰਿਭਾਸ਼ਾ ਅਨੁਸਾਰ ਨਿਆਇ ਅਤੇ ਵੇਦਾਂਤ ਦਰਸ਼ਨਾਂ ਨੂੰ ਛੱਡ ਕੇ ਯੋਗ, ਮੀਮਾਂਸਾ, ਬੋਧੀ, ਜੈਨ, ਸਾਂਖ ਅਤੇ ਵੈਸ਼ੇਸ਼ਿਕ ਦਰਸ਼ਨਾਂ ਨੂੰ ਨਾਸਤਕ ਦਰਸ਼ਨ ਕਿਹਾ ਜਾ ਸਕਦਾ ਹੈ ਕਿਉਂਕਿ ਇਨ੍ਹਾਂ ਵਿਚ ਈਸ਼ਵਰ ਨੂੰ ਸਿਰਜਨਹਾਰ, ਪਾਲਕ ਅਤੇ ਵਿਨਾਸ਼ਕਰਤਾ ਨਹੀਂ ਮੰਨਿਆ ਗਿਆ।

ਨਾਸਤਕਾਂ ਅਨੁਸਾਰ ਈਸ਼ਵਰ ਦੀ ਹੋਂਦ ਨੂੰ ਸਿੱਧ ਕਰਨ ਬਾਰੇ ਸਾਰੀਆਂ ਦਲੀਲਾਂ ਨਿਰਾਧਾਰ ਹਨ। ਈਸ਼ਵਰ ਨੂੰ ਸਿਰਜਨਹਾਰ ਮੰਨਣ ਦੀ ਤਾਂ ਹੀ ਲੋੜ ਹੈ ਜਦ ਇਹ ਸਿੱਧ ਹੋ ਜਾਵੇ ਕਿ ਕਦੇ ਸ਼੍ਰਿਸ਼ਟੀ ਦੀ ਉਤਪਤੀ ਹੋਈ ਵੀ ਸੀ। ਇਹ ਸੰਸਾਰ ਸਦਾ ਤੋਂ ਹੀ ਚਲਿਆ ਆ ਰਿਹਾ ਜਾਪਦਾ ਹੈ। ਇਸ ਦੇ ਕਿਸੇ ਸਮੇਂ ਵੀ ਉਤਪੰਨ ਹੋਣ ਦਾ ਕੋਈ ਪ੍ਰਮਾਣ ਨਹੀਂ।

ਹ. ਪੁ.-ਹਿੰ. ਵਿ. ਕੋ. 6 : 340.

ਨਾਸਤਕਵਾਦ : ਨਾਸਤਕਵਾਦ ਆਸਤਿਕਵਾਦ ਤੋਂ ਉਲਟ ਹੈ। ਆਸਤਕਵਾਦ ਦੀ ਧਾਰਨਾ ਅਨੁਸਾਰ ਸੰਸਾਰ ਦੀ ਸਿਰਜਨਾ ਸਥਿਤੀ ਅਤੇ ਲੈਅ ਇਕ ਅਪ੍ਰਾਕ੍ਰਿਤ ਚੇਤਨ ਸ਼ਕਤੀ ਦੇ ਸੰਕਲਪ ਉੱਤੇ ਆਧਾਰਿਤ ਹੈ ਅਤੇ ਇਹ ਸ਼ਕਤੀ ਪ੍ਰਾਕ੍ਰਿਤ ਨਿਯਮ ਦੇ ਨਾਲ ਨੈਤਿਕ ਨਿਯਮ ਦਾ ਵੀ ਨਿਯੰਤਰਣ ਕਰਦੀ ਹੈ। ਨਾਸਤਕਵਾਦ ਇਸ ਤਰ੍ਹਾਂ ਦੀ ਚੇਤਨ ਸ਼ਕਤੀ ਦੇ ਅਸਤਿਤਵ ਤੋਂ ਇਨਕਾਰ ਕਰਦਾ ਹੈ। ਆਧੁਨਿਕ ਸੰਦੇਹਵਾਦੀਆਂ ਵਿਚ ਟਾਮਸ ਹਕਸਲੇ ਅਨੁਸਾਰ ਈਸ਼ਵਰ ਦੇ ਭਾਵਾਭਾਵ ਦਾ ਪ੍ਰਸ਼ਨ ਸਾਡੀ ਪਹੁੰਚ ਤੋਂ ਪਰੇ ਹੈ। ਆਲੋਚਨਾਤਮਕ ਨਾਸਤਕਵਾਦ ਈਸ਼ਵਰ ਨੂੰ ਅਗਿਆਤ ਜਾਂ ਅਗੇਯ ਵੀ ਨਹੀਂ ਮੰਨਦਾ। ਉਸ ਅਨੁਸਾਰ ਈਸ਼ਵਰ ਦੀ ਸਿੱਧੀ ਲਈ ਜੋ ਪ੍ਰਮਾਣ ਦਿੱਤੇ ਜਾਂਦੇ ਹਨ ਉਨ੍ਹਾਂ ਤੋਂ ਨਿਰਣਾ ਨਹੀਂ ਕੀਤਾ ਜਾ ਸਕਦਾ। ਨਵੀਨ ਕਾਲ ਵਿਚ ਕਾਂਟ ਨੇ ਲਿਖਿਆ ਹੈ ਕਿ ਵਿਸ਼ੁਧ ਬੁੱਧੀ ਈਸ਼ਵਰ ਦਾ ਅਸਤਿਤਵ ਸਿੱਧ ਕਰਨ ਵਿਚ ਅਸਮਰਥ ਹੈ ਪਰ ਵਿਵਹਾਰਿਕ ਬੁੱਧੀ ਨਾਲ ਇਸ ਬਾਰੇ ਜਾਣਕਾਰੀ ਪ੍ਰਾਪਤ ਹੁੰਦੀ ਹੈ। ਇਸ ਵਿਚਾਰ ਅਨੁਸਾਰ ਜਿਹੜੇ ਲੋਕ ਵਿਸ਼ੁਧ ਬੁੱਧੀ ਤੇ ਨਿਰਭਰ ਹਨ ਉਨ੍ਹਾਂ ਦੇ ਆਸਤਕਵਾਦ ਦੀਆਂ ਨੀਹਾਂ ਕਮਜ਼ੋਰ ਹਨ।

ਜੋਤਿਸ਼ ਤੇ ਲਿਖੀ ਆਪਣੀ ਪੁਸਤਕ ਵਿਚ ਲਾਪਲਾਸ ਨੇ ਮੰਨਿਆ ਹੈ ਕਿ ਈਸ਼ਵਰ ਨੂੰ ਮੰਨੇ ਬਿਨਾਂ ਵੀ ਜਗਤ ਦਾ ਸਮਾਧਾਨ ਹੋ ਸਕਦਾ ਹੈ। ਸ਼ਵੇਤਾਸ਼ਵੇਤ ਉਪਨਿਸ਼ਦ ਇਸ ਪ੍ਰਸ਼ਨ ਤੋਂ ਹੀ ਸ਼ੁਰੂ ਹੁੰਦਾ ਹੈ ਕਿ ਨਾਸਤਕਵਾਦ ਆਪਣੀ ਇਸ ਧਾਰਨਾ ਦੀ ਕਿਸ ਤਰ੍ਹਾਂ ਪੁਸ਼ਟੀ ਕਰਦਾ ਹੈ। ਬ੍ਰਹਮੇਵਤਾ ਅਨੁਸਾਰ- 'ਜਗਤ ਦਾ ਕਾਰਨਭੂਤ ਕਿਸ ਤਰ੍ਹਾਂ ਦਾ ਹੈ? ਅਸੀਂ ਕਿਸ ਤੋਂ ਉਤਪੰਨ ਹੋਏ ਹਾਂ, ਕਿਸ ਕਰਕੇ ਜੀਵਤ ਅਤੇ ਕਿਥੇ ਸਥਿਤ ਹਾਂ ? ਸੁਖ-ਦੁਖ ਦੇ ਸਬੰਧ ਵਿਚ ਅਸੀਂ ਕਿਸ ਦੇ ਪ੍ਰਬੰਧ ਹੇਠ ਰਹਿੰਦੇ ਹਾਂ ? ਕੀ ਇਹ ਕਾਰਨ ਕਾਲ ਹੈ ? ਵਸਤੂਆਂ ਦਾ ਸੁਭਾਅ ਹੈ ? ਹੋਣੀ ਹੈ ? ਅਚਾਨਕ ਸੰਜੋਗ ਹੈ ? ਜਾਂ ਭੂਤ ਹੈ ? ਜਾਂ ਜੀਵਆਤਮਾ ਕਾਰਨ ਹੈ ? ਪਹਿਲੇ ਪੰਜ ਜਾਂ ਇਨ੍ਹਾਂ ਦਾ ਸੰਜੋਗ ਕਾਰਨ ਨਹੀਂ ਕਿਉਂਕਿ ਜੋ ਆਤਮਾ ਬਚੀ ਰਹਿੰਦੀ ਹੈ। ਆਤਮਾ ਵੀ ਕਾਰਨ ਨਹੀਂ, ਕਿਉਂਕਿ ਸੁੱਖ ਅਤੇ ਦੁੱਖ ਦੀ ਵਿਵਸਥਾ ਇਸ ਦੀ ਸਮਰਥਾ ਵਿਚ ਨਹੀਂ ਹੈ।

ਅਸੀਂ ਸੰਸਾਰ ਵਿਚ ਜੜ ਪ੍ਰਕ੍ਰਿਤੀ ਜੀਵਨ ਅਤੇ ਚੇਤਨਾ ਨੂੰ ਦੇਖਦੇ ਹਾਂ ਅਤੇ ਇਹ ਤਿੰਨੋ ਮਨੁੱਖ ਵਿਚ ਦ੍ਰਿਸ਼ਟੀਗੋਚਰ ਹਨ। ਪਹਿਲੇ ਸਲੋਕ ਵਿਚ ਕਿਹਾ ਗਿਆ ਹੈ ਕਿ ਸ੍ਰਿਸ਼ਟੀ ਦੇ ਸਮਾਧਾਨ ਵਿਚ ਇਨ੍ਹਾਂ ਤਿੰਨਾਂ ਨੂੰ ਧਿਆਨ ਵਿਚ ਰੱਖਣਾ ਜ਼ਰੂਰੀ ਹੈ । ਦੂਜੇ ਸਲੋਕ ਵਿਚ ਕੁਝ ਸਮਾਧਾਨਾਂ ਵੱਲ ਸੰਕੇਤ ਕੀਤਾ ਗਿਆ ਹੈ ਅਤੇ ਉਨ੍ਹਾਂ ਨੂੰ ਨਾ ਮੰਨਣ ਯੋਗ ਕਿਹਾ ਗਿਆ ਹੈ। ਬਾਹਰੀ ਜਗਤ ਦੇ ਸਰੂਪ ਬਾਰੇ ਦਾਰਸ਼ਨਿਕਾਂ ਵਿਚ ਡੂੰਘਾ ਮਤਭੇਦ ਹੈ। ਵਸਤੂਵਾਦੀ ਇਸ ਨੂੰ ਪ੍ਰਾਕ੍ਰਿਤਕ ਅਤੇ ਪ੍ਰਤਿਆਵਾਦੀ ਇਸ ਨੂੰ ਮਾਨਵੀ ਸਮਝਦੇ ਹਨ। ਆਮ ਲੋਕ ਵਸਤੂਵਾਦੀਆਂ ਨਾਲ ਸਹਿਮਤ ਹਨ।

ਨਾਸਤਕਵਾਦ ਦਾ ਪ੍ਰਮੁੱਖ ਰੂਪ ਪ੍ਰਕ੍ਰਿਤੀਵਾਦ ਹੈ ਅਤੇ ਇਸ ਅਨੁਸਾਰ ਜੋ ਕੁਝ ਹੁੰਦਾ ਹੈ ਉਹ ਪਰਮਾਣੂਆਂ ਦਾ ਸੰਜੋਗ ਵਿਯੋਗ ਹੀ ਹੈ। ਇਕ ਵਿਸ਼ੇਸ਼ ਸਥਿਤੀ ਆਉਣ ਤੇ ਪ੍ਰਕ੍ਰਿਤੀ ਸਜੀਵ ਹੋ ਜਾਂਦੀ ਹੈ ਅਤੇ ਇਸ ਉਪਰੰਤ ਸਮਾਂ ਆਉਣ ਤੇ ਚੇਤਨਾ ਪ੍ਰਗਟ ਹੋ ਜਾਂਦੀ ਹੈ। ਪਰਮਾਣੂਆਂ ਦੇ ਸੰਜੋਗ ਅਤੇ ਵਿਯੋਗ ਨਾਲ ਸੰਸਾਰ ਨੇ ਵਰਤਮਾਨ ਰੂਪ ਹੀ ਕਿਉਂ ਧਾਰਨ ਕੀਤਾ ? ਇਸ ਬਾਰੇ ਪ੍ਰਕ੍ਰਿਤੀਵਾਦੀ ਕਈ ਦਲੀਲਾਂ ਦਿੰਦੇ ਹਨ।

ਅਰਨਦੇਤ—ਪਰਮਾਣੂਆਂ ਦਾ ਸੰਜੋਗ ਕਈ ਰੂਪ ਧਾਰਨ ਕਰ ਸਕਦਾ ਹੈ। ਇਨ੍ਹਾਂ ਕਈ ਸੰਭਾਵਨਾਵਾਂ ਵਿਚੋਂ ਕੋਈ ਇਕ ਸੰਭਾਵਨਾ ਹੀ ਵਾਸਤਵਿਕਤਾ ਵਿਚ ਬਦਲ ਸਕਦੀ ਸੀ ਅਤੇ ਵਰਤਮਾਨ ਸੰਸਾਰ ਨੂੰ ਇਹ ਅਵਸਰ ਪ੍ਰਾਪਤ ਹੋਇਆ ਹੈ।

ਹੋਣੀ— ਵਿਗਿਆਨਵਾਦੀ ਅਚਨਚੇਤ ਸੰਜੋਗ ਦੇ ਪ੍ਰਤਿਐ ਨੂੰ ਤਿਆਗ ਯੋਗ ਸਮਝਦੇ ਹਨ। ਕੁਝ ਪ੍ਰਕ੍ਰਿਤੀਵਾਦੀਆਂ ਅਨੁਸਾਰ

ਸਿਰਫ਼ ਇਕ ਜਗਤ ਦੀ ਸੰਭਾਵਨਾ ਸੀ ਅਤੇ ਇਹ ਸ਼ੁਰੂ ਤੋਂ ਹੀ ਨਿਸ਼ਚਿਤ ਸੀ।

ਸੁਭਾਅ—ਕੁਝ ਪ੍ਰਕ੍ਰਿਤੀਵਾਦੀਆਂ ਅਨੁਸਾਰ ਵਰਤਮਾਨ ਜਗਤ ਦਾ ਰੂਪ ਨਿਸ਼ਚਿਤ ਕਰਨ ਵਿਚ ਕਿਸੇ ਬਾਹਰੀ ਸ਼ਕਤੀ ਦਾ ਹੱਥ ਨਹੀਂ ਸੀ ਸਗੋਂ ਇਹ ਪ੍ਰਾਕ੍ਰਿਤ ਵਸਤੂਆਂ ਦੇ ਸੁਭਾਅ ਦਾ ਹੀ ਸਿੱਟਾ ਹੈ।

ਕਾਲ—ਆਸਤਕਵਾਦ ਦੀ ਇਹ ਮੁੱਖ ਦਲੀਲ ਹੈ ਕਿ ਜਗਤ ਰਚਨਾ ਲਈ ਰਚਨਹਾਰ ਦੀ ਲੋੜ ਹੈ। ਵਿਕਾਸਵਾਦ ਮੰਨਦਾ ਹੈ ਕਿ ਜਗਤ ਰਚਨਾ ਹੀ ਨਹੀਂ ਸਗੋਂ ਉਥਾਨ ਹੈ।

ਉਪਨਿਸ਼ਦ ਇਨ੍ਹਾਂ ਵਿਚੋਂ ਕਿਸੇ ਸਮਾਧਾਨ ਨੂੰ ਤਸੱਲੀਬਖਸ਼ ਨਹੀਂ ਮੰਨਦਾ ਕਿਉਂਕਿ ਇਹ ਇਕੱਲੇ ਜਾਂ ਮਿਲਕੇ ਆਤਮਾ ਦਾ ਸਮਾਧਾਨ ਨਹੀਂ ਕਰ ਸਕਦੇ। ਪਰਮਾਣੂਆਂ ਦਾ ਸੰਜੋਗ ਵਿਜੋਗ ਇਕ ਗਤੀ ਹੈ ਅਤੇ ਗਤੀ ਅਤੇ ਚੇਤਨਾ ਵਿਚ ਇੰਨਾ ਅੰਤਰ ਹੈ ਕਿ ਇਕ ਅਸਤਿਤਵ ਦੇ ਇਕ ਸਿਰੇ ਤੇ ਹੈ ਅਤੇ ਦੂਜੀ ਦੂਸਰੇ ਸਿਰੇ ਤੇ ਹੈ। ਬਰਗਸਾ ਅਨੁਸਾਰ ਜੀਵਨ ਅਤੇ ਚੇਤਨਾ ਪਰਮਾਣੂਆਂ ਦੇ ਸੰਜੋਗ ਵਿਜੋਗ ਨਾਲ ਉਤਪੰਨ ਨਹੀਂ ਹੁੰਦੇ। ਪ੍ਰਕ੍ਰਿਤੀ ਦੇ ਪਰਿਵਰਤਨ ਵਿਚ ਨਵੇਂ ਲਈ ਕੋਈ ਥਾਂ ਨਹੀਂ ਅਤੇ ਨਵੀਨਤਾ ਜੀਵਨ ਦਾ ਮੁਖ ਲੱਛਣ ਹੈ। ਬਰਗਸਾਂ ਨੇ ਪ੍ਰਾਕ੍ਰਿਤਕ ਵਿਕਾਸਵਾਦ ਨੂੰ ਕਾਫ਼ੀ ਨਾ ਸਮਝਦੇ ਹੋਏ ਉਤਪਾਦਕ ਵਿਕਾਸਵਾਦ ਦਾ ਸਮਰਥਨ ਕੀਤਾ ਹੈ।

ਪ੍ਰਤਿਆਵਾਦੀਆਂ ਦਾ ਵਿਚਾਰ ਹੈ ਕਿ ਪ੍ਰਕ੍ਰਿਤੀ ਮਾਨਵ ਵਿਚਾਰਾਂ ਤੋਂ ਭਿੰਨ ਕੁਝ ਨਹੀਂ। ਕਾਂਟ ਨੇ ਕਿਹਾ ਸੀ ਕਿ ਸ੍ਰਿਸ਼ਟੀ ਦੇ ਨਿਰਮਾਣ ਵਿਚ ਬੁੱਧੀ ਦਾ ਹੱਥ ਹੈ। ਕੁਝ ਪ੍ਰਤਿਆਵਾਦੀਆਂ ਨੇ ਸ੍ਰਿਸਟੀ ਦੇ ਜੀਵਾਤਮਾ ਦੀ ਰਚਨਾ ਹੋਣ ਦਾ ਦਾਅਵਾ ਕੀਤਾ। ਉਪਨਿਸ਼ਦ ਇਸ ਸਮਾਧਾਨ ਨੂੰ ਵੀ ਅਪ੍ਰਵਾਨ ਕਰਦਾ ਹੈ। ਇਸ ਦਾ ਕਾਰਨ ਇਹ ਹੈ ਕਿ ਮਨੁੱਖ ਸੁੱਖ-ਦੁੱਖ ਦੇ ਭੋਗ ਵਿਚ ਬੇਬਸ ਹੈ, ਉਹ ਜਗਤ ਦਾ ਰਚਨਹਾਰ ਨਹੀਂ ਹੋ ਸਕਦਾ।

ਹ. ਪੁ.-ਹਿੰ. ਵਿ. ਕੋ. 6 : 340

ਨਾਸ਼ਪਾਤੀ : ਸੀਤ-ਉਸ਼ਣ (Temperate) ਖੇਤਰ ਵਿਚ ਉਗਾਏ ਜਾਣ ਵਾਲੇ ਫਲਾਂ ਵਿਚੋਂ ਨਾਸ਼ਪਾਤੀ ਵੀ ਇਕ ਮਹੱਤਵਪੂਰਨ ਫਲ ਹੈ। ਇਸ ਦੀ ਪੈਦਾਵਾਰ ਬਾਕੀ ਫਲਾਂ (ਆੜੂ, ਆਲੂ ਬੁਖਾਰਾ, ਅਲੂਚਾ, ਚੈਰੀ ਆਦਿ) ਨਾਲੋਂ ਵਧੇਰੇ ਹੈ। ਬਨਸਪਤੀ-ਵਿਗਿਆਨ ਦੀ ਦ੍ਰਿਸ਼ਟੀ ਤੋਂ ਅਤੇ ਕਾਸ਼ਤ ਪੱਖੋਂ ਨਾਸ਼ਪਾਤੀ ਸੇਬ ਨਾਲ ਬਹੁਤ ਮਿਲਦੀ ਜੁਲਦੀ ਹੈ ਪਰ ਇਸ ਦੇ ਗੁੱਦੇ ਵਿਚ ਸਖ਼ਤ ਸੈੱਲ (ਗਰਿਟ ਸੈੱਲ) ਹੁੰਦੇ ਹਨ ਜੋ ਕਿ ਸੇਬਾਂ ਵਿਚ ਨਹੀਂ ਹੁੰਦੇ। ਨਾਸ਼ਪਾਤੀ ਦੇ ਫਲ ਖਾਣ ਵਿਚ ਕੁਰਕੁਰੇ,ਰਸਦਾਰ ਅਤੇ ਸਵਾਦ ਹੁੰਦੇ ਹਨ। ਇਹ ਸੇਬ ਦੇ ਮੁਕਾਬਲੇ ਸਸਤੀ ਵੀ ਹੈ।



ਯੂਰਪ ਵਿਚ ਮਿਲਣ ਵਾਲੀ
ਬਾਰਟਲੈੱਟ ਨਾਸ਼ਪਾਤੀ

ਨਾਸ਼ਪਾਤੀ, ਰੋਜ਼ੇਸੀ ਕੁਲ ਦੀ ਪਾਈਰਿਸ ਪ੍ਰਜਾਤੀ ਵਿਚੋਂ ਹੈ। ਇਸ ਪ੍ਰਜਾਤੀ ਦੀ ਸਭ ਤੋਂ ਵਧੀਆ ਜਾਤੀ ਪਾਇਰਸ ਕਮਿਊਨਿਸ ਹੈ, ਜੋ ਦੱਖਣੀ ਪੂਰਬੀ ਯੂਰਪ ਅਤੇ ਪੱਛਮੀ ਏਸ਼ੀਆ ਵਿਚ ਉਗਾਈ ਜਾਂਦੀ ਹੈ। ਪਾਇਰਸ ਨੀਵੈਲਿਸ (Snow Pear) ਯੂਰਪ ਵਿਚ ਸ਼ਰਾਬ (Pirry) ਬਨਾਉਣ ਲਈ ਉਗਾਈ ਜਾਂਦੀ ਹੈ। ਪਾਇਰਸ ਪਾਈਰੀਫੋਲੀਆ ਚੀਨ ਵਿਚ ਉਗਾਈ ਜਾਣ ਵਾਲੀ ਨਾਸ਼ਪਾਤੀ ਦੀ ਇਕ ਕਿਸਮ ਹੈ।

ਨਾਸ਼ਪਾਤੀ ਦੇ ਉਤਪਾਦਨ ਦਾ ਇਤਿਹਾਸ—1000 ਈ. ਪੂ. ਵਿਚ ਐਲਸੀਨਸ ਦੇ ਬਾਗਾਂ ਵਿਚ ਇਸ ਦੇ ਉਤਪਾਦਨ ਬਾਰੇ ਜ਼ਿਕਰ ਆਉਂਦਾ ਹੈ। ਨਾਸ਼ਪਾਤੀ ਦੀਆਂ ਵਧੀਆ ਕਿਸਮਾਂ ਦਾ ਜੋ ਕਿ ਪਿਉਂਦ ਚੜ੍ਹਾਉਣ ਦੀ ਕਿਰਿਆ (grafting) ਨਾਲ ਤਿਆਰ ਕੀਤੀਆਂ ਜਾਂਦੀਆਂ ਹਨ, ਬਾਰੇ ਈਸਾ ਦੇ ਸਮੇਂ ਤੋਂ ਵੀ ਪਹਿਲਾਂ ਪਤਾ ਸੀ। ਉਸ ਸਮੇਂ ਲਗਭਗ 5000 ਕਿਸਮਾਂ ਯੂਰਪ ਵਿਚ ਪ੍ਰਚੱਲਿਤ ਸਨ ਅਤੇ ਲਗਭਗ 1000 ਕਿਸਮਾਂ ਅਮਰੀਕਾ ਵਿਚ ਪ੍ਰਚੱਲਿਤ ਸਨ। ਸਪੇਨ ਦੇ ਮਿਸ਼ਨਰੀ ਫਾਦਰਜ਼ ਨੇ ਨਾਸ਼ਪਾਤੀ ਨੂੰ ਮੈਕਸੀਕੋ ਅਤੇ ਕੈਲੀਫੋਰਨੀਆ ਵਿਚ ਲਿਆਂਦਾ। ਪੂਰਬੀ ਰਾਜਾਂ ਨਾਲੋਂ ਪੱਛਮੀ ਖੇਤਰਾਂ ਵਿਚ ਖੁਸ਼ਕ ਮੌਸਮ ਹੋਣ ਕਾਰਨ ਨਾਸ਼ਪਾਤੀ ਜ਼ਿਆਦਾ ਪ੍ਰਫੁੱਲਤ ਹੋਈ ਕਿਉਂਕਿ ਖੁਸ਼ਕ ਮੌਸਮ ਵਿਚ ਬੀਮਾਰੀ ਦਾ ਡਰ ਘੱਟ ਸੀ।

ਭਾਰਤ ਵਿਚ ਨਾਸ਼ਪਾਤੀ ਯੂਰਪ ਅਤੇ ਈਰਾਨ ਤੋਂ ਲਿਆਂਦੀ ਗਈ ਅਤੇ ਬਾਅਦ ਵਿਚ ਹੌਲੀ-ਹੌਲੀ ਇਸ ਦੀ ਕਾਸ਼ਤ ਵਧਦੀ ਗਈ। ਕੁੱਲੂ ਘਾਟੀ ਅਤੇ ਕਸ਼ਮੀਰ ਵਿਚ ਯੂਰਪੀਅਨ ਕਿਸਮਾਂ ਪੈਦਾ ਕੀਤੀਆਂ ਜਾਂਦੀਆਂ ਹਨ।

ਕਿਸਮਾਂ—ਏਸ਼ੀਆ ਨੂੰ ਛੱਡ ਕੇ ਸੰਸਾਰ ਦੇ ਬਹੁਤ ਸਾਰੇ ਨਾਸ਼ਪਾਤੀ ਉਗਾਉਣ ਵਾਲੇ ਖੇਤਰਾਂ ਜਿਵੇਂ ਕਿ ਉੱਤਰੀ ਅਮਰੀਕਾ ਵਿਚ ਬਾਰਟਲਟ ਅਤੇ ਯੂਰਪ ਵਿਚ ਵਿਲੀਅਮ ਸਭ ਤੋਂ ਵਧੀਆ ਨਾਸ਼ਪਾਤੀ ਮੰਨੀਆਂ ਗਈਆਂ ਹਨ। ਉੱਤਰੀ ਅਰਧ ਗੋਲੇ ਵਾਲੇ ਦੇਸ਼ਾਂ ਵਿਚ ਨਾਸ਼ਪਾਤੀ ਜੁਲਾਈ ਅਤੇ ਅਗਸਤ ਵਿਚ ਪੱਕਦੀ ਹੈ। ਇਹ ਆਸਟਰੇਲੀਆ, ਅਰਜਨਟਾਈਨਾ ਤੋਂ ਉੱਤਰੀ ਅਰਧ ਗੋਲੇ ਵਾਲੇ ਦੇਸ਼ਾਂ ਵਿਚ ਸਰਦੀਆਂ ਦੇ ਅਖੀਰਲੇ ਮਹੀਨਿਆਂ ਵਿਚ ਭੇਜੀ ਜਾਂਦੀ ਹੈ। ਨਾਸ਼ਪਾਤੀ ਦੀਆਂ ਹੋਰ ਕਿਸਮਾਂ ਬਿਊਰੇ ਗਰਡੀ, ਬਿਊਰੇ ਬੋਸ਼ਕ, ਸ਼ੇਇਨੀ ਦੂ ਕੋਮਿਸ, ਅਨਜੂ ਅਤੇ ਲੀਲਿਸ ਹਨ। ਇਨ੍ਹਾਂ ਸਾਰੀਆਂ ਕਿਸਮਾਂ ਦੀ ਉਤਪਤੀ ਯੂਰਪੀ ਕਿਸਮ ਤੋਂ ਹੋਈ। ਪੂਰਬੀ ਅਮਰੀਕਾ ਵਿਚ ਕੀਫ਼ਰ ਜ਼ਿਆਦਾ ਉਗਾਈ ਜਾਣ ਵਾਲੀ ਇਕ ਕਿਸਮ ਹੈ। ਇਹ ਕਿਸਮ ਜਲਣ-ਅੰਗਮਾਰੀ (Five blight) ਦੀ ਬੀਮਾਰੀ ਦੀ ਪ੍ਰਤਿਰੋਧਕ ਹੈ।

ਯੂਰਪੀ ਕਿਸਮਾਂ ਵਿਚ ਲੈਕਸਟਨਸ ਸੁਪਰਬ, ਵਿਲੀਅਮਜ਼ ਅਤੇ ਕਾਨਫਰੇਸ ਉੱਤਮ ਕਿਸਮਾਂ ਹਨ। ਇਨ੍ਹਾਂ ਦੇ ਫ਼ਲ ਕੋਮਲ, ਰਸਦਾਰ ਅਤੇ ਮਿੱਠੇ ਹੁੰਦੇ ਹਨ। ਯੂਰਪੀ ਅਤੇ ਚੀਨੀ ਕਿਸਮਾਂ ਦੇ ਦੁਜਾਤੀ ਬੂਟੇ (Hybrid) ਨੂੰ ਨਾਖ਼ ਵੀ ਕਹਿੰਦੇ ਹਨ। ਇਨ੍ਹਾਂ ਵਿਚ ਲੇਕਾਟ ਸਮਿੱਥ ਅਤੇ ਕੀਫ਼ਰ ਕਿਸਮਾਂ ਉੱਤਮ ਮੰਨੀਆਂ ਜਾਂਦੀਆਂ ਹਨ। ਭਾਰਤ ਦੇ ਉੱਤਰ ਪ੍ਰਦੇਸ਼ ਰਾਜ ਦੇ ਪੱਛਮੀ ਜ਼ਿਲ੍ਹਿਆਂ ਵਿਚ ਚੀਨੀ ਜਾਂ ਸਾਧਾਰਨ ਨਾਸ਼ਪਾਤੀ ਦੀ ਕਾਸ਼ਤ ਹੁੰਦੀ ਹੈ। ਇਸ ਦੇ ਫ਼ਲ ਕਠੋਰ ਹੁੰਦੇ ਹਨ ਅਤੇ ਇਨ੍ਹਾਂ ਦਾ ਪ੍ਰਯੋਗ ਮੁਰੱਬਾ ਬਣਾਉਣ ਅਤੇ ਡੱਬਾਬੰਦੀ ਉਦਯੋਗ ਵਿਚ ਕੀਤਾ ਜਾਂਦਾ ਹੈ।

ਮਿੱਟੀ ਅਤੇ ਜਲਵਾਯੂ—ਨਾਸ਼ਪਾਤੀ ਦੀ ਸਰਦੀ ਨੂੰ ਬਰਦਾਸ਼ਤ ਕਰਨ ਦੀ ਸਮਰੱਥਾ ਸੇਬਾਂ ਨਾਲੋਂ ਘੱਟ ਹੁੰਦੀ ਹੈ। ਬਸੰਤ ਰੁੱਤ ਵਿਚ ਨਾਸ਼ਪਾਤੀ ਦੇ ਪੌਦੇ ਨੂੰ ਫੁੱਲ ਲੱਗਣੇ ਸ਼ੁਰੂ ਹੋ ਜਾਂਦੇ ਹਨ। ਵਧੀਆ ਕਿਸਮ ਦਾ ਫਲ ਗਰਮੀਆਂ ਵਿਚ ਲਗਦਾ ਹੈ ਜਦੋਂ ਤਾਪਮਾਨ ਬਹੁਤ ਜ਼ਿਆਦਾ ਹੁੰਦਾ ਹੈ ਅਤੇ ਇਸ ਸਮੇਂ ਬੀਮਾਰੀ ਦਾ ਡਰ ਵੀ ਘੱਟ ਹੁੰਦਾ ਹੈ।

ਕਾਂਟ-ਛਾਂਟ—ਪੌਦੇ ਲਗਾਉਣ ਤੋਂ ਬਾਅਦ ਦੂਜੇ ਸਾਲ ਹੀ ਹਲਕੀ ਕਾਂਟ-ਛਾਂਟ ਕਰ ਦੇਣੀ ਚਾਹੀਦੀ ਹੈ। ਬਾਹਰ ਵੱਲ ਫੈਲਣ ਵਾਲੀਆਂ ਸ਼ਾਖਾਵਾਂ ਨੂੰ ਕਾਂਟ-ਛਾਂਟ ਕਰ ਕੇ ਪੌਦੇ ਦਾ ਫੈਲਾਅ ਉੱਪਰ ਵਲ ਕਰਨਾ ਚਾਹੀਦਾ ਹੈ। ਕਾਂਟ-ਛਾਂਟ ਦਾ ਉਚਿਤ ਸਮਾਂ ਦਸੰਬਰ ਅਤੇ ਜਨਵਰੀ ਹੈ। ਕਾਂਟ-ਛਾਂਟ ਤੋਂ ਬਿਨਾ ਪੌਦੇ ਝਾੜੀਆਂ ਵਰਗੇ ਬਣ ਜਾਂਦੇ ਹਨ ਅਤੇ ਫਲ ਵੀ ਘੱਟ ਲਗਦੇ ਹਨ।

ਫਲ—ਬਸੰਤ ਦੇ ਸ਼ੁਰੂ ਹੁੰਦੇ ਹੀ ਪੌਦਿਆਂ ਦੀਆਂ ਹਰੀਆਂ ਕੌਂਪਲਾਂ ਤੇ ਫੁੱਲ ਆਉਣੇ ਸ਼ੁਰੂ ਹੋ ਜਾਂਦੇ ਹਨ ਅਤੇ ਫਲ ਜੂਨ ਦੇ ਅਖ਼ੀਰ ਤਕ ਪੱਕਣੇ ਸ਼ੁਰੂ ਹੋ ਜਾਂਦੇ ਹਨ। ਚੀਨੀ ਨਾਸ਼ਪਾਤੀ ਦੀ ਉਪਜ ਸਭ ਤੋਂ ਵੱਧ ਹੁੰਦੀ ਹੈ।

ਕੀੜੇ ਅਤੇ ਰੋਗ—ਬਾਕੀ ਫਲਾਂ ਵਾਂਗੂ ਨਾਸ਼ਪਾਤੀ ਦੇ ਖਿੜੇ ਫੁੱਲਾਂ ਨੂੰ ਵੀ ਕੀੜੇ ਅਤੇ ਬੀਮਾਰੀ ਬੜੀ ਛੇਤੀ ਲਗਦੀ ਹੈ। ਨਾਸ਼ਪਾਤੀ ਦਾ ਸਭ ਤੋਂ ਵਿਨਾਸ਼ਕਾਰੀ ਕੀੜਾ ਕੋਡਲਿੰਗ ਮੱਥ ਜਾਂ ਐਪਲ ਵਰਮ (Corpocapsa pomovella) ਹੈ। ਲਾਲ ਮੱਕੜੀ ਜਾਂ ਮਾਈਟ ਦੀਆਂ ਕਈ ਜਾਤੀਆਂ ਨਾਸ਼ਪਾਤੀ ਦੇ ਪੱਤਿਆਂ ਨੂੰ ਬਹੁਤ ਨੁਕਸਾਨ ਪਹੁੰਚਾਉਂਦੀਆਂ ਹਨ। ਇਨ੍ਹਾਂ ਤੋਂ ਇਲਾਵਾ ਪੱਤਿਆਂ ਦਾ ਫਫੋਲਾ ਮਾਈਟ, ਥਰਿਪਸ ਅਤੇ ਪੱਤੇ ਖਾਣ ਵਾਲੇ ਕੀੜਿਆਂ ਦੀਆਂ ਕਈ ਜਾਤੀਆਂ ਨੁਕਸਾਨ ਦੇਹ ਹਨ। ਵਧੀਆ ਕਿਸਮ ਦੇ ਫਲ ਪੈਦਾ ਕਰਨ ਲਈ ਅਤੇ ਕੀੜਿਆਂ ਦੀ ਰੋਕਥਾਮ ਲਈ ਹਰ ਸਾਲ 3-6 ਵਾਰੀ ਪੌਦਿਆਂ ਉੱਪਰ ਸਪਰੇਅ ਕਰਨਾ ਚਾਹੀਦਾ ਹੈ।

ਨਮੀ ਵਾਲੇ ਖੇਤਰਾਂ ਵਿਚ ਨਾਸ਼ਪਾਤੀ ਨੂੰ ਕਈ ਉੱਲੀ ਵਾਲੀਆਂ ਬੀਮਾਰੀਆਂ ਲੱਗ ਜਾਂਦੀਆਂ ਹਨ ਪਰ ਇਨ੍ਹਾਂ ਨੂੰ ਖ਼ਾਸ ਸਪਰੇਅ ਕਰ ਕੇ ਕੰਟਰੋਲ ਕੀਤਾ ਜਾ ਸਕਦਾ ਹੈ। ਇਨ੍ਹਾਂ ਬੀਮਾਰੀਆਂ ਵਿਚ ਨਾਸ਼ਪਾਤੀ ਸਕੈਬ, ਪੱਤਿਆਂ ਵਿਚ ਧੱਬਾ ਅਤੇ ਪੱਤਿਆਂ ਦੀ ਅੰਗਮਾਰੀ ਆਦਿ ਬੀਮਾਰੀਆਂ ਸ਼ਾਮਲ ਹਨ। ਇਨ੍ਹਾਂ ਵਿਚ ਪੱਤੇ ਝੜਨੇ ਸ਼ੁਰੂ ਹੋ ਜਾਂਦੇ ਹਨ। ਸਕੈਬ ਅਤੇ ਅੰਗਮਾਰੀ ਬੀਮਾਰੀਆਂ ਫਲਾਂ ਨੂੰ ਵੀ ਨੁਕਸਾਨ ਪਹੁੰਚਾਉਂਦੀਆਂ ਹਨ ਅਤੇ ਫਲ ਖੁਰਦਰੇ ਹੋ ਜਾਂਦੇ ਹਨ ਅਤੇ ਉਨ੍ਹਾਂ ਉੱਪਰ ਧੱਬੇ ਪੈ ਜਾਂਦੇ ਹਨ। ਇਨ੍ਹਾਂ ਬੀਮਾਰੀਆਂ ਨੂੰ ਰੋਕਣ ਲਈ ਸ਼ੁਰੂ ਵਿਚ ਹੀ ਫ਼ੰਜੀਸਾਈਡਜ਼ ਦਾ ਸਪਰੇਅ ਕਰਨਾ ਚਾਹੀਦਾ ਹੈ।

ਅਮਰੀਕਾ ਵਿਚ ਨਾਸ਼ਪਾਤੀ ਵਿਚ ਸਭ ਤੋਂ ਖਤਰਨਾਕ ਜਲਣ-ਅੰਗਮਾਰੀ ਹੈ ਜਿਹੜੀ ਕਿ ਇਕ ਜੀਵਾਣੂ ਇਰਵੀਨੀਆ ਅਮਾਈਲੋਵੋਗ ਨਾਲ ਹੁੰਦੀ ਹੈ। ਨਾਸ਼ਪਾਤੀ ਦੀਆਂ ਬੀਮਾਰੀਆਂ ਵਿਚ ਤਣੇ ਦਾ ਫਫੋਲਾ ਅਤੇ ਤਣਾ ਕੈਂਸਰ ਵੀ ਸ਼ਾਮਲ ਹਨ।

ਨਾਸ਼ਪਾਤੀ ਦੀ ਉਪਜ—ਯੂਰਪ ਵਿਚ ਨਾਸ਼ਪਾਤੀ ਦਾ ਮਹੱਤਵ ਜ਼ਿਆਦਾ ਹੈ। ਯੂਰਪ ਵਿਚ ਸਾਲਾਨਾ ਉਪਜ ਸੇਬਾਂ ਨਾਲੋਂ ਇਕ ਤਿਹਾਈ ਹੈ। ਅਮਰੀਕਾ ਵਿਚ ਸਾਲਾਨਾ ਉਪਜ ਸੇਬਾਂ ਨਾਲੋਂ ਇਕ ਚੌਥਾਈ ਹੈ। ਫਰਾਂਸ, ਸਵਿਟਜ਼ਰਲੈਂਡ ਅਤੇ ਪੱਛਮੀ ਜਰਮਨੀ ਵਿਚ ਨਾਸ਼ਪਾਤੀ ਨੂੰ ਸ਼ਰਾਬ ਬਣਾਉਣ ਵਿਚ ਵਰਤਿਆ ਜਾਂਦਾ ਹੈ।

ਨਾਸ਼ਪਾਤੀ ਪੈਦਾ ਕਰਨ ਵਾਲੇ ਹੋਰ ਦੇਸ਼ਾਂ ਵਿਚ ਜਾਪਾਨ, ਦੱਖਣੀ ਅਫ਼ਰੀਕਾ, ਆਸਟਰੇਲੀਆ, ਨਿਊਜ਼ੀਲੈਂਡ, ਅਰਜਨਟਾਈਨਾ ਅਤੇ ਕਨੇਡਾ ਹਨ। ਇਨ੍ਹਾਂ ਦੇਸ਼ਾਂ ਵਿਚ ਭਾਵੇਂ ਜ਼ਿਆਦਾ ਉਦਯੋਗ ਨਹੀਂ ਹਨ ਪਰ ਫਿਰ ਵੀ ਫਲਾਂ ਦੇ ਬਾਗਾਂ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ।

ਅਮਰੀਕਾ ਵਿਚ ਸਭ ਤੋਂ ਜ਼ਿਆਦਾ ਨਾਸ਼ਪਾਤੀ ਪੈਦਾ ਕਰਨ ਵਾਲੇ ਰਾਜ ਕੈਲਿਫੋਰਨੀਆ, ਔਰੀਗਨ (Oregon) ਅਤੇ ਵਾਸ਼ਿੰਗਟਨ ਹਨ। ਪੱਛਮੀ ਅਮਰੀਕਾ ਦੇ ਨਿਊਯਾਰਕ ਅਤੇ ਮਿਸ਼ੀਗਨ ਨਾਸ਼ਪਾਤੀ ਦੀ ਪੈਦਾਵਾਰ ਵਿਚ ਸਭ ਤੋਂ ਅੱਗੇ ਹਨ।

ਇਸ ਤੋਂ ਇਲਾਵਾ ਨਾਸ਼ਪਾਤੀ ਨੂੰ ਘਰਾਂ ਵਿਚ ਅਤੇ ਕਈ ਰਾਜਾਂ ਵਿਚ ਵਪਾਰਕ ਪੱਖੋਂ ਵੀ ਉਗਾਇਆ ਜਾਂਦਾ ਹੈ।

ਨਾਸਿਕ : ਜ਼ਿਲ੍ਹਾ—ਇਹ ਮਹਾਰਾਸ਼ਟਰ ਰਾਜ (ਭਾਰਤ) ਦਾ ਇਕ ਜ਼ਿਲ੍ਹਾ ਹੈ ਜਿਸ ਦੇ ਉੱਤਰ ਵੱਲ ਡਾਂਗਸ ਅਤੇ ਧੂਲ, ਦੱਖਣ-ਪੱਛਮ ਵੱਲ ਥਾਨਾ, ਦੱਖਣ ਵੱਲ ਅਹਿਮਦ ਨਗਰ, ਉੱਤਰ-ਪੂਰਬ ਵੱਲ ਜਲਗਾਓਂ ਅਤੇ ਦੱਖਣ-ਪੂਰਬ ਵੱਲ ਔਰੰਗਾਬਾਦ ਜ਼ਿਲ੍ਹੇ ਹਨ। ਇਸ ਦਾ ਖੇਤਰਫਲ 15,582 ਵ.ਕਿ.ਮੀ. ਅਤੇ ਆਬਾਦੀ 49,87,293 (2002) ਹੈ। ਇਸੇ ਨਾਂ ਦਾ ਸ਼ਹਿਰ ਇਸ ਜ਼ਿਲ੍ਹੇ ਦਾ ਸਦਰ ਮੁਕਾਮ ਹੈ।

ਇਸ ਦਾ ਧਰਾਤਲ ਵਖਰੇਵਿਆਂ ਭਰਿਆ ਹੈ। ਪੱਛਮੀ ਭਾਗ ਦੇ ਕੁਝ ਹਿੱਸੇ ਨੂੰ ਛੱਡ ਕੇ ਬਾਕੀ ਦਾ ਹਿੱਸਾ ਸਮੁੰਦਰ ਤਲ ਤੋਂ 3,962 ਮੀ. ਤੋਂ 6,096 ਮੀ. (13,000 ਤੋਂ 20,000 ਫੁੱਟ) ਤਕ ਉੱਚਾ ਹੈ। ਉੱਤਰ ਤੋਂ ਦੱਖਣ ਵੱਲ ਫੈਲਿਆ ਪੱਛਮੀ ਭਾਗ ਪਹਾੜੀਆਂ ਅਤੇ ਵਾਦੀਆਂ ਦਾ ਖੇਤਰ ਹੈ ਅਤੇ ਇਸ ਨੂੰ ਡਾਂਗ ਕਿਹਾ ਜਾਂਦਾ ਹੈ। ਇਸ ਦੇ ਉਲਟ ਦੇਸ਼ ਨਾਂ ਨਾਲ ਜਾਣੇ ਜਾਣ ਵਾਲਾ ਪੂਰਬੀ ਖੇਤਰ ਉਪਜਾਊ ਹੈ। ਪੱਛਮੀ ਘਾਟ ਦਾ ਖੇਤਰ ਜੋ ਕਿ ਉੱਤਰ ਤੋਂ ਦੱਖਣ ਵੱਲ ਫੈਲਿਆ ਹੋਇਆ ਹੈ, ਨੂੰ ਛੱਡ ਕੇ ਬਾਕੀ ਸਾਰੇ ਖੇਤਰ ਦੀ ਢਾਲ ਪੱਛਮ ਤੋਂ ਪੂਰਬ ਵੱਲ ਹੈ। ਸਤਮਾਲਾ ਜਾਂ ਚੰਦੌਰ ਪਰਬਤ ਲੜੀ ਇਸ ਜ਼ਿਲ੍ਹੇ ਵਿਚ ਜਲ ਵਿਭਾਜਕ ਰੇਖਾ ਬਣਾਉਂਦੀ ਹੈ ਅਤੇ ਇਹ ਵਿਭਾਜਕ ਰੇਖਾ ਗਿਰਨਾ ਤੇ ਗੋਦਾਵਰੀ ਵਾਦੀ ਨੂੰ ਇਕ ਦੂਜੇ ਤੋਂ ਵੱਖ ਕਰਦੀ ਹੈ। ਰਹੂਦੀ ਤੋਂ ਪੂਰਬ ਵੱਲ ਇਹ ਪਰਬਤ ਲੜੀ ਇਕ ਹੱਦ ਦਾ ਕੰਮ ਕਰਦੀ ਹੈ। ਇਸ ਦੀ ਮੁੱਖ ਚੋਟੀ ਢੋਡਾਈ 1,445 ਮੀ. (4,741 ਫੁੱਟ) ਉੱਚੀ ਹੈ। ਇਥੋਂ ਦੀਆਂ ਪਰਬਤ ਚੋਟੀਆਂ ਧਾਰਮਿਕ ਅਤੇ ਇਤਿਹਾਸਕ ਮਹੱਤਤਾ ਵਾਲੀਆਂ ਹਨ। ਡਿੰਡੋਰੀ ਅਤੇ ਨਾਸਿਕ ਨੂੰ ਇਕ ਘੱਟ ਉੱਚੀ ਪਰਬਤ ਲੜੀ ਵੱਖ ਕਰਦੀ ਹੈ। ਇਨ੍ਹਾਂ ਪਰਬਤ ਚੋਟੀਆਂ ਤੇ ਰਮਸੇਜ ਦਾ ਕਿਲਾ ਅਤੇ ਠੰਬਾਰ ਲੀਨਾ ਦੇ ਜੈਨੀ ਗੁਫ਼ਾ ਮੰਦਰ ਹਨ। ਇਸ ਜ਼ਿਲ੍ਹੇ ਵਿਚ ਮਿਲਣ ਵਾਲੀਆਂ ਹੋਰ ਪ੍ਰਮੁੱਖ ਪਰਬਤ ਲੜੀਆਂ ਸੇਲਬੇਰੀ ਅਤੇ ਡਾਲਬੇਰੀ ਹਨ ਅਤੇ ਇਨ੍ਹਾਂ ਦੀ ਉਚਾਈ 914 ਮੀ. ਤੋਂ 1,219 ਮੀ. (3,000 ਤੋਂ 4000 ਫੁੱਟ) ਤਕ ਹੈ।

ਪੱਛਮੀ ਘਾਟੀ ਤੋਂ ਨਿਕਲਣ ਵਾਲੀਆਂ ਗੋਦਾਵਰੀ ਅਤੇ ਗਿਰਨਾ ਨਦੀਆਂ ਜ਼ਿਲ੍ਹੇ ਦਾ ਜਲ ਨਿਕਾਸ ਕਰਦੀਆਂ ਹਨ। ਚੰਦੌਰ ਪਰਬਤ ਲੜੀ ਤੋਂ ਦੱਖਣ ਵੱਲ ਵੱਗਣ ਵਾਲੀਆਂ ਸਾਰੀਆਂ ਛੋਟੀਆਂ ਵੱਡੀਆਂ ਗੋਦਾਵਰੀ ਨਦੀ ਦੀ ਹੀ ਉਪ-ਸ਼ਾਖਾਵਾਂ ਹਨ। ਇਨ੍ਹਾਂ ਉਪ-ਸ਼ਾਖਾਵਾਂ ਵਿਚੋਂ ਡਾਰਨਾ, ਕਾਡਵਾ, ਦਿਓ ਅਤੇ ਮਰਾਲਗਿਨ ਮੁੱਖ ਹਨ। ਜਲ-ਵਿਭਾਜਕ ਰੇਖਾ ਤੋਂ ਉੱਤਰ ਵੱਲ ਗਿਰਨਾ ਅਤੇ ਇਸ ਦੀ ਸਹਾਇਕ ਨਦੀ ਮੱਸਮ ਉਪਜਾਊ ਵਾਦੀਆਂ ਵਿਚੋਂ ਦੀ ਹੁੰਦੀ ਹੋਈ ਤਪਤੀ ਨਦੀ ਵਿਚ ਜਾ ਡਿਗਦੀਆਂ ਹਨ।

ਨਾਸਿਕ ਜ਼ਿਲ੍ਹਾ ਤਕਰੀਬਨ ਦੱਖਣੀ ਪਠਾਰ ਦੀ ਬਣਤਰ ਵਾਲਾ ਹੈ ਜਿਸ ਉੱਤੇ ਬਸਾਲਟ ਦੀ ਬਹੁਤਾਤ ਹੈ। ਭੂ-ਵਿਗਿਆਨਕ ਯੁਗ ਦੀ ਬਦਲੀ ਦੌਰਾਨ ਇਸ ਖੇਤਰ ਵਿਚ ਲਗਾਤਾਰ ਹੋਣ ਵਾਲੀ ਅਨਾਵਰਣ ਕਿਰਿਆ ਨੇ ਬਸਾਲਟ ਵਾਲੇ ਪਠਾਰ ਦੀ ਉੱਤਰੀ ਤਹਿ ਨੂੰ ਖੋਰ ਦਿੱਤਾ ਹੈ ਜਿਸ ਦਾ ਅਸਰ ਪਰਬਤ ਚੋਟੀਆਂ ਤੇ ਸਪਸ਼ਟ ਰੂਪ ਵਿਚ ਵੇਖਿਆ ਜਾ ਸਕਦਾ ਹੈ। ਜ਼ਿਲ੍ਹੇ ਦੇ ਨੀਵੇਂ ਖੇਤਰਾਂ ਵਿਚ ਬਸਾਲਟ ਦੀ ਸਤ੍ਹਾ ਛਿੱਜਣ ਕਾਰਨ ਉਪਜਾਊ ਕਾਲੀ ਮਿੱਟੀ ਵਿਚ ਬਦਲ ਗਈ ਹੈ। ਸਹਦਰੀ ਪਰਬਤ ਲੜੀ ਦੀਆਂ ਚਪਟੇ ਸਿਰੇ ਵਾਲੀਆਂ ਪਹਾੜੀਆਂ ਤੇ ਲਾਲ ਲੇਟਰਾਈਟ ਮਿੱਟੀ ਅਪਰਦਨ ਕਿਰਿਆ ਦਾ ਸ਼ਿਕਾਰ ਹੋ ਚੁੱਕੀ ਹੈ। ਅਨਾਵਰਣ, ਛਿੱਜਣ ਅਤੇ ਅਪਰਦਨ ਕਿਰਿਆ ਦੇ ਪ੍ਰਭਾਵ ਹੇਠ ਆਈ ਇਸ ਜ਼ਿਲ੍ਹੇ ਦੀ ਮਿੱਟੀ ਨੂੰ

4 ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ ਜਿਵੇਂ ਕਿ (1) ਨਦੀਆਂ ਦੇ ਨਾਲ ਨਾਲ ਗੂੜ੍ਹੇ ਕਾਲੇ ਰੰਗ ਦੀ ਮਿੱਟੀ ਦੀ ਵੱਟ ਤੁਰਦੀ ਹੈ (2) ਕੁੱਝ ਉਚਾਈ ਤੇ ਹਲਕੀ ਕਾਲੇ ਰੰਗ ਦੀ (3) ਪੱਛਮੀ ਘਾਟਾਂ ਦੇ ਉਪਰਲੇ ਖੇਤਰ ਵਿਚ ਭੂਰੀ ਸਖ਼ਤ ਤੇ ਪੇਤਲੀ ਅਤੇ (4) ਸਭ ਤੋਂ ਵੱਧ ਉਚਾਈ ਤੇ ਹਲਕੀ ਭੂਰੀ ਜਾਂ ਲਾਲ ਮਿੱਟੀ ਜਿਹੜੀ ਪੱਥਰਾਂ ਨਾਲ ਢਕੀ ਹੋਈ ਹੈ ਅਤੇ ਉਸ ਵਿਚ ਚੂਨੇ ਦੀ ਵੀ ਹੋਂਦ ਹੈ।

ਜ਼ਿਲ੍ਹੇ ਦਾ ਜਲਵਾਯੂ ਸੁਹਾਵਣਾ ਹੈ। ਪੱਛਮੀ ਖੇਤਰ ਦੇ ਮੁਕਾਬਲੇ ਪੂਰਬੀ ਖੇਤਰ ਵਿਚ ਤਾਪ ਅੰਤਰ ਵੱਧ ਹੈ। ਜਨਵਰੀ ਦੇ ਮਹੀਨੇ ਵਿਚ ਸਰਦੀ ਅਤੇ ਅਪ੍ਰੈਲ ਵਿਚ ਗਰਮੀ ਪੈਂਦੀ ਹੈ। ਸਾਲ ਦੇ ਬਾਕੀ ਸਮੇਂ ਦੌਰਾਨ ਪੱਛਮ ਵੱਲ ਸਥਿਤ ਅਰਬ ਸਾਗਰ ਤੋਂ ਆਉਣ ਵਾਲੀਆਂ ਪੌਣਾਂ ਤਾਪਮਾਨ ਨੂੰ ਇਕੋ ਜਿਹਾ ਰੱਖਦੀਆਂ ਹਨ।

ਦੂਜੀ ਸਦੀ ਈ. ਪੂ. ਤੋਂ ਦੂਜੀ ਸਦੀ ਈ. ਤੱਕ ਇਹ ਜ਼ਿਲ੍ਹਾ ਆਂਧਰਾ ਸ਼ਾਸਕਾਂ ਜਿਹੜੇ ਬੁੱਧ ਮਤ ਨੂੰ ਮੰਨਦੇ ਸਨ, ਦੇ ਅਧੀਨ ਰਿਹਾ। ਹੋਰ ਹਿੰਦੂ ਰਾਜਿਆਂ ਵਿਚੋਂ ਇਸ ਜ਼ਿਲ੍ਹੇ ਤੇ ਚਾਲੂਕਿਆ ਰਾਠੌਰ ਚੰਦੌਰ ਤੇ ਦਿਉਗਿਰੀ ਯਾਦਵਾਂ ਦਾ ਰਾਜ ਵੀ ਰਿਹਾ। ਇਥੇ ਮਹੁੰਮਦਾਂ ਦਾ ਰਾਜ 1295 ਈ. ਤੋਂ 1760 ਈ. ਤਕ ਰਿਹਾ। ਇਸੇ ਸਮੇਂ ਦੌਰਾਨ ਇਹ ਜ਼ਿਲ੍ਹਾ ਦਿਓਗਿਰੀ (ਦੌਲਤਾਬਾਦ) ਦੇ ਵਾਇਸਰਾਏ, ਗੁਲਬਰਗਾ ਦੇ ਬਾਹਮਲਾਂ, ਅਹਿਮਦ ਨਗਰ ਦੇ ਨਿਜ਼ਾਮ ਸ਼ਾਹੀਆਂ ਅਤੇ ਦਿੱਲੀ ਦੇ ਮੁਗਲਾਂ ਅਧੀਨ ਰਿਹਾ ਅਤੇ ਔਰੰਗਾਬਾਦ ਸੂਬੇ ਦਾ ਵੀ ਇਕ ਹਿੱਸਾ ਬਣਿਆ। ਸੰਨ 1760-1818 ਦਰਮਿਆਨ ਇਥੇ ਮਰਾਠਿਆਂ ਦਾ ਰਾਜ ਰਿਹਾ।

ਇਸ ਜ਼ਿਲ੍ਹੇ ਵਿਚ 38 ਕਿਲੇ ਪਰਬਤ ਚੋਟੀਆਂ ਉੱਤੇ ਸਥਿਤ ਹਨ। ਇਨ੍ਹਾਂ ਕਿਲਿਆਂ ਨੂੰ 2 ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ। ਇਕ ਕਿਲੇ ਉਹ ਹਨ ਜਿਹੜੇ ਪੱਛਮੀ ਘਾਟਾਂ ਦੀਆਂ ਪੂਰਬੀ ਪਹਾੜੀਆਂ ਤੇ ਸਥਿਤ ਹਨ ਅਤੇ ਦੂਜੇ ਉਹ ਜਿਹੜੇ ਜ਼ਿਲ੍ਹੇ ਦੇ ਵਿਚਕਾਰ ਚੰਦੌਰ ਪਰਬਤ ਲੜੀ ਤੇ ਹਨ। ਪੱਛਮੀ ਘਾਟਾਂ ਤੇ ਸਥਿਤ 23 ਕਿਲਿਆਂ ਵਿਚੋਂ ਗਵਨਾ, ਅੰਜਨੇਰੀ ਕੁਲਾਂਗ ਕਲਾਂਗ ਤੇ ਕਲਸੂਬਾਈ ਕਿਲੇ ਪ੍ਰਮੁੱਖ ਹਨ ਜਦੋਂ ਕਿ ਚੰਦੌਰ ਪਰਬਤ ਲੜੀ ਤੇ ਸਥਿਤ 14 ਕਿਲਿਆਂ ਵਿਚੋਂ ਅਨਕਾਈ ਚੰਦੌਰ ਤੇ ਧਾਦਪ ਮਸ਼ਹੂਰ ਹਨ। ਸਪਤਸ੍ਰਿੰਗ ਦੇਵੀ ਦੀ ਪੂਜਾ ਕਰ ਕੇ ਚੰਦੌਰ ਪਰਬਤ ਦੇ ਸਪਤਸ੍ਰਿੰਗ ਜਾਂ ਛੱਤਸਿੰਗੀ ਪਹਾੜੀ ਦੀ ਕਿਲੇਬੰਦੀ ਨਹੀਂ ਕੀਤੀ ਹੋਈ।

ਦੱਖਣੀ ਪਠਾਰ ਦੇ ਬਸਾਲਟ ਤੋਂ ਵਧੀਆ ਕਿਸਮ ਦਾ ਇਮਾਰਤ ਬਣਾਉਣ ਲਈ ਪੱਥਰ ਮਿਲਦਾ ਹੈ। ਬਸਾਲਟ ਦੀਆਂ ਦਰਾੜਾਂ ਵਿਚ ਜਵਾਲਾਮੁਖੀ ਚਟਾਨਾਂ ਤੋਂ ਮਿਲਣ ਵਾਲੇ ਜਿਉਲਾਈਟ ਖਣਿਜ ਦੇ ਵਧੀਆ ਨਮੂਨੇ ਮਿਲਦੇ ਹਨ।

ਸੂਤੀ ਅਤੇ ਰੇਸ਼ਮੀ ਕੱਪੜਾ ਯਿਓਲਾ ਵਿਖੇ ਬੁਣਿਆ ਜਾਂਦਾ ਹੈ। ਨਾਸਿਕ ਸ਼ਹਿਰ ਵਿਖੇ ਤਾਂਬਾ, ਪਿੱਤਲ ਤੇ ਚਾਂਦੀ ਦੇ ਭਾਂਡੇ ਬਣਦੇ ਹਨ। ਖ਼ਾਸ ਕਰ ਕੇ ਇਥੋਂ ਦੇ ਪਿੱਤਲ ਦੇ ਭਾਂਡਿਆਂ ਦੀ ਬਣਤਰ ਅਤੇ ਪਾਲਸ਼ ਬਹੁਤ ਹੀ ਮਸ਼ਹੂਰ ਹੈ।

ਕਣਕ ਅਤੇ ਮੂੰਗਫਲੀ ਇਥੋਂ ਦੀ ਮੁੱਖ ਉਪਜ ਹੈ। ਸਿੰਜਾਈ ਸਾਧਨਾਂ ਤੋਂ ਪ੍ਰਾਪਤ ਹੋਣ ਵਾਲਾ ਗੰਨਾ ਇਥੋਂ ਦੀ ਮੁੱਖ ਫਸਲ ਹੈ। ਇਥੇ ਚੀਨੀ, ਤੇਲ ਸਾਫ਼ ਕਰਨ ਅਤੇ ਸੂਤੀ ਕੱਪੜਾ ਕੱਤਣ ਅਤੇ ਬੁਣਨ ਦੇ ਉਦਯੋਗ ਮਸ਼ਹੂਰ ਹਨ। ਇਕ ਫ਼ੌਜੀ ਹਵਾਈ ਜਹਾਜ਼ ਬਣਾਉਣ ਦੀ ਫੈਕਟਰੀ ਵੀ ਨੇੜੇ ਹੀ ਸਥਿਤ ਹੈ। ਮਾਲਗਾਓਂ, ਨਾਸਿਕ ਅਤੇ ਯਿਓਲਾ ਜ਼ਿਲ੍ਹੇ ਦੇ ਮੁੱਖ ਸ਼ਹਿਰ ਹਨ। ਇਗਤਪੁਰੀ ਅਤੇ ਮਨਮਾੜ ਵਿਖੇ ਰੇਲ ਵਰਕਸ਼ਾਪਾਂ ਸਥਾਪਿਤ ਹਨ।

19° 35′ ਉ. ਵਿਥ. ਤੋਂ 20° 53′ ਉ. ਵਿਥ.; 73° 15′ ਪੂ. ਲੰਬ. ਤੋਂ 74° 56′ ਪੂ. ਲੰਬ.

ਹ.ਪੁ.—ਐਨ. ਬ੍ਰਿ. ਮਾ. 8 : 523; ਇੰਪ. ਗ. ਇੰਡ. 18. 393; ਹਿੰ. ਵਿ. ਕੋ. 6 : 338

ਨਾਸਿਰ ਖ਼ੁਸਰੋ : ਇਸ ਫ਼ਾਰਸੀ ਕਵੀ, ਧਰਮ ਸ਼ਾਸਤਰੀ ਅਤੇ ਧਰਮ ਪ੍ਰਚਾਰਕ ਦਾ ਜਨਮ ਬਲਖ ਦੇ ਨਜ਼ਦੀਕ ਸ਼ੀਆ ਪਰਿਵਾਰ ਵਿਚ ਹੋਇਆ। ਬਾਅਦ ਵਿਚ ਇਹ ਇਸਮਾਈਲੀ ਬਣ ਗਿਆ। ਇਸ ਨੇ ਖ਼ੁਰਾਸਾਨ ਦੀ ਸਲਜੂਕ ਸਰਕਾਰ ਅਧੀਨ ਸੇਵਾ ਕੀਤੀ, ਮਗਰੋਂ ਅਸਤੀਫਾ ਦੇ ਕੇ ਹੱਜ ਲਈ ਮੱਕੇ ਗਿਆ। ਫ਼ਲਸਤੀਨ ਅਤੇ ਮਿਸਰ ਦੀ ਯਾਤਰਾ ਦੌਰਾਨ ਇਹ ਕਾਹਿਰਾ ਦੇ ਫ਼ਾਤਮੀ ਸ਼ਾਸਨ ਤੋਂ ਬੜਾ ਪ੍ਰਭਾਵਿਤ ਹੋਇਆ। ਸੰਨ 1053 ਵਿਚ ਜਦੋਂ ਇਹ ਬਲਖ ਪਰਤਿਆ ਤਾਂ ਇਕ ਕੱਟੜ ਇਸਮਾਈਲੀ ਬਣ ਚੁੱਕਾ ਸੀ। ਇਸ ਧਰਮ ਦਾ ਜ਼ਬਰਦਸਤ ਪ੍ਰਚਾਰ ਕਰਨ ਕਾਰਣ ਇਸ ਨੂੰ ਭੱਜ ਕੇ ਬਦਖਸ਼ਾਂ ਦੇ ਪਹਾੜਾਂ ਵਿਚ ਪਨਾਹ ਲੈਣੀ ਪਈ ਜਿਥੇ ਇਸ ਨੇ ਆਪਣੇ ਬਾਕੀ ਦੇ ਦਿਨ ਗੁਜ਼ਾਰੇ। ਇਸ ਦੀਆਂ ਕਵਿਤਾਵਾਂ ਸਿੱਖਿਆਦਾਇਕ ਅਤੇ ਭਗਤੀ-ਭਾਵ ਵਾਲੀਆਂ ਹਨ । 'ਸਾਅਦਤਨਾਮਾ' ਅਤੇ 'ਰੌਸ਼ਨਾਈ-ਨਾਮਾ' ਇਸ ਦੀਆਂ ਸਦਾਚਾਰਕ ਸਿੱਖਿਆ ਦੇਣ ਵਾਲੀਆਂ ਕਿਰਤਾਂ ਹਨ। ਸਫ਼ਰਨਾਮਾ ਜੋ ਇਸ ਦੀਆਂ ਯਾਤਰਾਵਾਂ ਸਬੰਧੀ ਡਾਇਰੀ ਹੈ ਇਸ ਦੀ ਉੱਤਮ ਵਾਰਤਕ ਰਚਨਾ ਹੈ।

ਇਸ ਵਿਚ ਉਨ੍ਹਾਂ ਦੇਸ਼ਾਂ ਅਤੇ ਘਟਨਾਵਾਂ ਦਾ ਵਡਮੁੱਲਾ ਰਿਕਾਰਡ ਹੈ ਜੋ ਇਸ ਨੇ ਦੇਖੀਆਂ ਤੇ ਪਰਖੀਆਂ। ਇਸ ਨੇ ਇਸਮਾਈਲੀਆਂ ਦੀਆਂ ਸਿੱਖਿਆਵਾਂ ਬਾਰੇ ਵਿਆਖਿਆਤਮਕ ਖੋਜ ਪ੍ਰਬੰਧ ਵੀ ਲਿਖੇ ਜਿਨ੍ਹਾਂ ਰਾਹੀਂ ਜਾਮਿ ਅਲ-ਹਿਕਮਤਨ ਵਿਚ ਇਸ ਨੇ ਧਰਮ ਸ਼ਾਸਤਰ ਅਤੇ ਦਰਸ਼ਨ ਸ਼ਾਸਤਰ ਵਿਚ ਇਕਸੁਰਤਾ ਲਿਆਉਣ ਦਾ ਯਤਨ ਕੀਤਾ। ਨਾਸਿਰ ਖ਼ੁਸਰੋ ਦੀ ਲਿਖਣ ਸ਼ੈਲੀ ਸਪਸ਼ਟ ਅਤੇ ਨਰੋਈ ਹੈ। ਇਸ ਦੀਆਂ ਕਵਿਤਾਵਾਂ, ਕਲਾ-ਪ੍ਰਬੀਨਤਾ ਲਈ ਅਤੇ ਵਾਰਤਕ, ਦਾਰਸ਼ਨਿਕਤਾ ਲਈ ਪ੍ਰਸਿੱਧ ਹਨ।

ਹ.ਪੁ.—ਐਨ. ਬ੍ਰਿ. 16 : 41

ਨਾਸਿਰੀਆ ਐਨ : ਇਹ ਈਰਾਨ ਦਾ ਇਕ ਸ਼ਹਿਰ ਹੈ ਜਿਹੜਾ ਬਸਰਾ ਸ਼ਹਿਰ ਦੇ ਉੱਤਰ-ਪੱਛਮ ਵੱਲ ਲਗਭਗ 177 ਕਿ.ਮੀ. (110 ਮੀਲ) ਦੀ ਦੂਰੀ ਤੇ ਫ਼ਰਾਤ ਦਰਿਆ ਦੇ ਉੱਤਰੀ ਕੰਢੇ ਤੇ ਇਕ ਪੱਧਰੇ ਇਲਾਕੇ ਵਿਚ ਸਥਿਤ ਹੈ। ਲਗਭਗ 1870 ਈ. ਵਿਚ ਨਾਸੀਰ ਸੁਦਾਨ ਪਾਸ਼ਾ ਨੇ ਇਸ ਸ਼ਹਿਰ ਦੀ ਸਥਾਪਨਾ ਕੀਤੀ। ਇਸ ਮਗਰੋਂ ਪਹਿਲਾਂ ਇਹ ਸਰਕਾਰੀ ਤੌਰ ਤੇ ਮੁੰਤਫਿਕ ਸੰਘ ਦਾ ਪਰਮ ਸ਼ੇਖ ਬਣ ਗਿਆ ਅਤੇ ਫਿਰ ਉਸਮਾਨੀ ਅਧਿਕਾਰੀ ਤੇ ਇਸ ਨੇ ਈਰਾਕ ਵਿਚ ਖਾਨਾਬਦੋਸ਼ੀਆਂ ਨੂੰ ਘਟਾਉਣ ਸਬੰਧੀ ਸਿਧਤ ਪਾਸ਼ਾ ਨੀਤੀ ਨੂੰ ਹੋਰ ਉਤਸ਼ਾਹਿਤ ਕੀਤਾ। ਪਹਿਲੀ ਵੱਡੀ ਜੰਗ ਦੌਰਾਨ ਬਰਤਾਨਵੀ ਫ਼ੌਜਾਂ ਨੇ ਸ਼ਹਿਰ ਉੱਤੇ ਆਪਣਾ ਕਬਜਾ ਕਰ ਲਿਆ ਸੀ। ਪ੍ਰਾਚੀਨ ਸ਼ਹਿਰ ਦੇ ਖੰਡਰਾਤ 18 ਕਿ.ਮੀ. ਦੀ ਦੂਰੀ ਤੇ ਇਸ ਦੇ ਦੱਖਣ-ਪੱਛਮ ਵੱਲ ਵਾਕਿਆ ਹਨ। ਹੜ੍ਹਾਂ ਤੋਂ ਬਚਾਉਣ ਲਈ ਸ਼ਹਿਰ ਦੇ ਆਲੇ-ਦੁਆਲੇ ਗਾਰੇ ਦੀ ਕੰਧ ਹੈ। ਇਥੋਂ ਦੀ ਕੁੱਲ ਵਸੋਂ ਦਾ ਤੀਜਾ ਹਿੱਸਾ ਸ਼ੀਆ ਮੁਸਲਮਾਨ ਹਨ। ਇਸੇ ਨਾਂ ਦਾ ਇਕ ਫ਼ਿਰਕਾ ਵੀ ਹੈ ਜਿਹੜਾ ਪਰਸੀਅਨਾਂ ਅਤੇ ਕੁਰਦਾਂ ਨਾਲ ਮਿਲ ਕੇ ਕਿਸ਼ਤੀਆਂ ਬਣਾਉਣ ਅਤੇ ਤਰਖਾਣਾ ਕੰਮ ਕਰਦਾ ਹੈ।

ਆਬਾਦੀ—138,842 (1985)

ਹ.ਪੁ.—ਐਨ. ਬ੍ਰਿ. 16 : 41; ਐਨ. ਬ੍ਰਿ. ਮਾ. 8 : 523

ਨਾਸਿਰੁੱਦੀਨ ਮਹਿਮੂਦ (ਸ਼ੇਖ) : 'ਚਿਰਾਗੇ ਦੇਹਲੀ' ਨਾਂ ਨਾਲ ਪ੍ਰਸਿੱਧ ਸ਼ੇਖ ਨਿਜ਼ਾਮੁੱਦੀਨ ਔਲੀਆ ਦੇ ਇਸ ਉੱਘੇ ਚੇਲੇ ਦਾ ਜਨਮ 1276 ਈ. ਦੇ ਲਗਭਗ ਅਵਧ ਵਿਖੇ ਹੋਇਆ। 43 ਸਾਲ ਦੀ ਉਮਰ ਵਿਚ ਇਹ ਦਿੱਲੀ ਆ ਗਿਆ ਅਤੇ ਸ਼ੇਖ ਨਿਜ਼ਾਮੁੱਦੀਨ ਔਲੀਆ ਦਾ ਚੇਲਾ ਬਣ ਗਿਆ। ਸੰਨ 1323 ਵਿਚ ਇਸ ਦੇ ਅਧਿਆਤਮਕ ਗੁਰੂ ਨੇ ਇਸ ਨੂੰ ਆਪਣਾ ਮੁੱਖ ਉਤਰਾਧਿਕਾਰੀ ਘੋਸ਼ਿਤ ਕੀਤਾ ਅਤੇ ਦਿੱਲੀ ਵਿਖੇ ਹੀ ਵਸਣ ਅਤੇ ਆਪਣੇ ਪੈਰੋਕਾਰਾਂ ਦੀ ਅਧਿਆਤਮਕ ਸੁਰੱਖਿਆ ਦਾ ਭਾਰ ਸੌਂਪਿਆ।

ਸੁਲਤਾਨ ਮੁਹੰਮਦ ਬਿਨ ਤੁਗਲਕ ਨੇ ਜਦੋਂ ਆਪਣੀ ਰਾਜਧਾਨੀ ਨੂੰ ਦਿੱਲੀ ਤੋਂ ਦੱਖਣ ਵਿਖੇ ਦੌਲਤਾਬਾਦ ਲੈ ਜਾਣਾ ਚਾਹਿਆ ਤਾਂ ਉਸ ਨੇ ਸਾਰੇ ਆਲਮਾਂ ਅਤੇ ਰਹੱਸਵਾਦੀ ਸੰਤਾਂ ਨੂੰ ਦਿੱਲੀ ਛੱਡ ਕੇ ਦੌਲਤਾਬਾਦ ਜਾਣ ਦਾ ਹੁਕਮ ਦਿੱਤਾ ਪਰ ਇਸ ਨੇ ਇਹ ਹੁਕਮ ਮੰਨਣ ਤੋਂ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਉਸ ਲਈ ਅਜਿਹਾ ਕਰਨਾ ਆਪਣੇ ਮਰਹੂਮ ਮੁਰਸ਼ਦ ਦੇ ਆਦੇਸ਼ ਦੀ ਉਲੰਘਣਾ ਹੈ। ਨਤੀਜੇ ਵਜੋਂ ਸੁਲਤਾਨ ਵੱਲੋਂ ਕਈ ਦੰਡ ਦਿੱਤੇ ਗਏ ਜੋ ਇਸ ਨੇ ਬੜੀ ਧੀਰਜ ਨਾਲ ਸਹਿਣ ਕੀਤੇ। ਅਜਿਹਾ ਕਰ ਕੇ ਇਸ ਨੇ ਚਿਸ਼ਤੀ ਸੰਪਰਦਾਇ ਨੂੰ ਖਿੰਡਣ ਅਤੇ ਮਾਣਹੀਨ ਹੋਣ ਤੋਂ ਬਚਾ ਲਿਆ।

ਸੰਨ 1359 ਵਿਚ ਦਿੱਲੀ ਵਿਖੇ ਇਸ ਦੀ ਮੌਤ ਹੋ ਗਈ ਅਤੇ ਇਸ ਦਾ ਮਕਬਰਾ ਚਿਰਾਗ਼ੇ ਦੇਹਲੀ ਖੇਤਰ ਵਿਖੇ ਸਥਿਤ ਹੈ। ਇਸ ਦੇ ਚੇਲੇ ਹਨੀਦ ਕਲੰਦਰ ਨੇ ਇਸ ਦੇ ਪ੍ਰਵਚਨਾਂ ਦਾ 'ਖੈਰੁਲ ਮਜਾਲਿਸ' ਨਾਂ ਹੇਠ ਸੰਕਲਨ ਕੀਤਾ ਹੈ।

ਹ.ਪੁ.—ਹਿੰ. ਵਿ. ਕੋ. 6 : 340

ਨੱਸੀ ਬੇ : ਇਹ ਇਕ ਜਵਾਲਾਮੁਖੀ ਟਾਪੂ ਹੈ ਜਿਥੇ ਬਹੁਤ ਸਾਰੇ ਜੰਗਲ, ਕ੍ਰੇਟਰ ਅਤੇ ਕ੍ਰੇਟਰ-ਝੀਲਾਂ ਹਨ ਅਤੇ ਇਹ ਮੈਡਾਗਾਸਕਰ ਦੇ ਉੱਤਰ-ਪੱਛਮੀ ਤਟ ਨਾਲ ਲਗਭਗ 8 ਕਿ.ਮੀ. (5 ਮੀਲ) ਦੀ ਦੂਰੀ ਤੇ ਵਾਕਿਆ ਹੈ। ਇਸ ਟਾਪੂ ਦੀ ਲੰਬਾਈ 30 ਕਿ.ਮੀ. (19 ਮੀਲ), ਚੌੜਾਈ 19 ਕਿ.ਮੀ. (12 ਮੀਲ), ਹੈ ਅਤੇ ਇਸ ਦਾ ਕੁੱਲ ਖੇਤਰਫਲ 300 ਵ.ਕਿ.ਮੀ. (120 ਵ.ਮੀਲ) ਹੈ। ਪੈਸੋਟ ਪਹਾੜ ਜਿਸ ਦੀ ਉਚਾਈ 329 ਮੀ. (1,079 ਫੁੱਟ) ਹੈ, ਇਥੋਂ ਦਾ ਸਭ ਤੋਂ ਉੱਚਾ ਪਹਾੜ ਹੈ। ਇਥੋਂ ਦਾ ਜਲਵਾਯੂ ਗਰਮ ਅਤੇ ਸਿੱਲ੍ਹਾ ਹੈ ਅਤੇ ਤਾਪਮਾਨ 35° ਤੋਂ 18° ਸੈਂ (95° ਤੋਂ 64° ਫਾ.) ਤਕ ਹੁੰਦਾ ਹੈ। ਇਸ ਟਾਪੂ ਵਿਚ ਸਾਲਾਨਾ ਵਰਖਾ 195 ਤੋਂ 295 ਸੈਂ ਮੀ. ਤਕ ਹੁੰਦੀ ਹੈ। ਇਥੇ ਚੀਨੀ ਅਤੇ ਸੈਂਟ ਬਣਾਉਣ ਵਾਲੇ ਤੇਲ ਦੀ ਮੁੱਖ ਪੈਦਾਵਾਰ ਹੁੰਦੀ ਹੈ। ਇਥੇ ਵਨੀਲਾ, ਕਾਲੀ ਮਿਰਚ ਅਤੇ ਸੰਗਤਰੇ ਦੀ ਪੈਦਾਵਾਰ ਵੀ ਹੁੰਦੀ ਹੈ। ਐਲਵੀਲ ਇਸ ਟਾਪੂ ਦੀ ਰਾਜਧਾਨੀ ਹੈ ਜਿਹੜੀ ਇਕ ਸੈਰਗਾਹ ਵਜੋਂ ਪ੍ਰਸਿੱਧ ਹੈ ਅਤੇ ਇਹ ਸ਼ਹਿਰ ਬਦੇਸ਼ੀ ਜਹਾਜ਼ਾਂ ਲਈ ਬੰਦਰਗਾਹ ਵੀ ਹੈ। ਇਥੋਂ ਮੈਡਾਗਾਸਕਰ ਦੇ ਪੱਛਮੀ ਤੱਟ ਦੇ ਨਾਲ ਨਾਲ ਜਹਾਜ਼ਾਂ ਰਾਹੀਂ ਵਪਾਰ ਵੀ ਕੀਤਾ ਜਾਂਦਾ ਹੈ।

ਸੰਨ 1840 ਵਿਚ ਜਦੋਂ ਕੈਪਟਨ ਪੈਸੋਟ ਦਾ ਜੰਗੀ ਜਹਾਜ਼ 'ਕਾਬਿਲਕੀ' ਇਥੇ ਪੁੱਜਿਆ ਤਾਂ ਉਦੋਂ ਹੀ ਫ਼ਰਾਂਸੀਸੀਆਂ ਨੇ ਇਸ ਟਾਪੂ ਨੂੰ ਆਪਣੇ ਅਧਿਕਾਰ ਹੇਠ ਕਰ ਲਿਆ। ਇਸ ਟਾਪੂ ਦੇ ਸ਼ਹਿਰ ਐਲਵੀਲ ਦਾ ਨਾਂ ਪੋਸੈਟ ਦੇ ਕਮਾਂਡਰ-ਇਨ-ਚੀਫ਼ ਐਡਮਿਰਲ ਡੇ. ਐਲ. ਦੇ ਨਾਉਂ ਤੇ ਹੀ ਰੱਖਿਆ ਗਿਆ। ਇਹ ਟਾਪੂ ਐਂਟਸਿਰਾਨਾਨਾ ਪ੍ਰਾਂਤ ਦਾ ਇਕ ਹਿੱਸਾ ਹੈ ਅਤੇ 1896 ਈ. ਤੋਂ ਇਥੇ ਮੈਡਾਗਾਸਕਰ ਸਰਕਾਰ ਦਾ ਹੀ ਰਾਜ ਹੈ।

ਹ. ਪੁ.—ਐਨ. ਬ੍ਰਿ. ਮਾ. 7 : 416; ਐਨ. ਬ੍ਰਿ. 16 : 663; ਐਨ. ਅਮੈ. 20 : 492

ਨਾਸੂਰ (Ulcer) : ਚਮੜੀ ਜਾਂ ਸਰੀਰ ਅੰਦਰਲੇ ਅੰਗਾਂ ਦੇ ਮਿਊਕਸ ਝਿੱਲੀ ਤੋਂ ਹੋਣ ਵਾਲੇ ਫੋੜੇ ਨੂੰ ਨਾਸੂਰ ਕਹਿੰਦੇ ਹਨ। ਨਾਸੂਰ ਕਿਸੇ ਲਾਗ, ਖ਼ੂਨ ਵਹਿਣੀਆਂ ਜਾਂ ਨਸਾਂ ਤੇ ਸੱਟ ਲਗਣ ਜਾਂ ਕਈ ਹੋਰ ਕਾਰਨਾਂ ਕਰ ਕੇ ਵੀ ਹੋ ਸਕਦੇ ਹਨ। ਨਾਸੂਰ ਦੇ ਇਲਾਜ ਲਈ ਡਾਕਟਰੀ ਸਹਾਇਤਾ ਜ਼ਰੂਰ ਲੈਣੀ ਚਾਹੀਦੀ ਹੈ। ਡਾਕਟਰ ਨਾ ਸਿਰਫ ਨਾਸੂਰ ਬਣਨ ਦੇ ਕਾਰਨ ਨੂੰ ਹੀ ਲੱਭਦਾ ਹੈ ਸਗੋਂ ਉਸ ਦਾ ਇਲਾਜ ਵੀ ਕਰ ਸਕਦਾ ਹੈ।


ਆਮ ਤੌਰ ਤੇ ਨਾਸੂਰ ਪਾਚਨ ਅੰਗਾਂ ਵਿਚ ਹੋ ਜਾਂਦੇ ਹਨ ਜਿੰਨ੍ਹਾਂ ਨੂੰ ਪੈਪਟਿਕ ਨਾਸੂਰ (Peptic Ulcer) ਕਹਿੰਦੇ ਹਨ। ਇਨ੍ਹਾਂ ਨਾਸੂਰਾਂ ਕਾਰਨ ਪੇਟ ਜਾਂ ਡਿਉਓਡੀਨਮ ਦੀ ਮਿਊਕਸ ਝਿੱਲੀ ਉੱਤੇ ਪਾਚਕ ਰਸਾਂ ਦੀ ਕਿਰਿਆ ਕਾਰਨ ਸੋਜ ਵੀ ਆ ਸਕਦੀ ਹੈ। ਆਦਮੀਆਂ ਵਿਚ ਔਰਤਾਂ ਦੇ ਮੁਕਾਬਲੇ ਚਾਰ ਗੁਣਾਂ ਵਧੇਰੇ ਪੈਪਟਿਕ ਨਾਸੂਰ ਵੇਖਣ ਵਿਚ ਆਉਂਦੇ ਹਨ ਅਤੇ ਪੇਟ (Stomach) ਨਾਲੋਂ ਡਿਉਓਡੀਨਮ ਵਿਚ ਦਸ ਤੋਂ ਬਾਰਾਂ ਗੁਣਾਂ ਜ਼ਿਆਦਾ ਨਾਸੂਰ ਬਣਦੇ ਹਨ।

ਡਿਉਓਡੀਨਮ ਦੇ ਉੱਪਰਲੇ ਹਿੱਸੇ ਵਿਚ ਅੱਧ-ਪਚਿਆ ਖਾਣਾ ਅਤੇ ਪਾਚਕ ਰਸ ਆਉਂਦੇ ਹਨ, ਜਿਥੇ ਆਮ ਕਰ ਕੇ ਨਾਸੂਰ ਬਣ ਜਾਂਦੇ ਹਨ।

ਪੈਪਟਿਕ ਨਾਸੂਰ ਦਾ ਮੁੱਖ ਲੱਛਣ ਦਰਦ ਹੁੰਦਾ ਹੈ ਜੋ ਖ਼ਾਸ ਸਮੇਂ ਤੇ ਹੁੰਦਾ ਹੈ ਅਤੇ ਕੁਝ ਖਾਣ ਮਗਰੋਂ ਘੱਟ ਜਾਂਦਾ ਹੈ। ਕਬਜ਼, ਉਲਟੀਆਂ ਆਉਣਾ, ਭੁੱਖ ਦਾ ਘੱਟ ਲਗਣਾ ਅਤੇ ਖ਼ੂਨ ਦੀ ਘਾਟ ਇਸ ਦੇ ਹੋਰ ਲੱਛਣ ਹਨ। ਪੈਪਟਿਕ ਨਾਸੂਰਾਂ ਦੇ ਰੋਗੀ ਕਈ ਵਾਰ ਪੰਜ ਤੋਂ ਅੱਠ ਸਾਲ ਤਕ ਬੀਮਾਰੀ ਕਟਣ ਤੋਂ ਬਾਅਦ ਹੀ ਡਾਕਟਰੀ ਸਹਾਇਤਾ ਲਈ ਜਾਂਦੇ ਹਨ।

ਡਾਕਟਰ ਐੱਕਸ ਕਿਰਨਾਂ ਦੀ ਸਹਾਇਤਾ ਨਾਲ ਨਾਸੂਰਾਂ ਦਾ ਪਤਾ ਲਗਾਉਂਦੇ ਹਨ। ਪੇਟ ਦੇ ਨਾਸੂਰਾਂ ਬਾਰੇ ਤਾਂ ਐੱਕਸ-ਕਿਰਨਾਂ ਨਾਲ ਆਮ ਤੌਰ ਤੇ ਪਤਾ ਲਗ ਜਾਂਦਾ ਹੈ ਪਰ ਡਿਉਓਡੀਨਮ ਦੇ ਨਾਸੂਰਾਂ ਬਾਰੇ ਕਈ ਵਾਰੀ ਐੱਕਸ-ਕਿਰਨਾਂ ਨਾਲ ਵੀ ਪਤਾ ਨਹੀਂ ਲਗਦਾ। ਅਜਿਹੀ ਹਾਲਤ ਵਿਚ ਗੈਸਟ੍ਰੋਸਕੋਪ (gastroscope) ਤੇ ਬੇਰੀਅਮ ਦੀ ਮਦਦ ਨਾਲ ਹੀ ਰੋਗ ਦਾ ਪਤਾ ਲਗਾਇਆ ਜਾਂਦਾ ਹੈ।

ਪਾਚਕ ਰਸਾਂ ਦਾ ਲਗਾਤਾਰ ਉਦਾਸੀਨੀਕਰਨ (neutralization) ਕਰਨ ਨਾਲ ਦਰਦ ਘਟ ਜਾਂਦਾ ਹੈ। ਖਾਣੇ ਤੋਂ ਬਾਅਦ



ਡਿਊਓਡੀਨਮ ਅਤੇ ਪੇਟ ਦੇ ਨਾਸੂਰ

ਖਟਾਸਦਾਰ ਦਵਾਈਆਂ ਖਾਣੀਆਂ ਲਾਹੇਵੰਦ ਸਿੱਧ ਹੁੰਦੀਆਂ ਹਨ ਕਿਉਂਕਿ ਇਹ ਪਾਚਕ ਰਸਾਂ ਵਿਚਲੇ ਤੇਜ਼ਾਬ ਦੇ ਅਸਰ ਨੂੰ ਘਟਾਉਂਦੀਆਂ (ਉਦਾਸੀਨੀਕਰਨ ਕਰਦੀਆਂ) ਹਨ।

ਇਸ ਤੋਂ ਇਲਾਵਾ ਡਾਕਟਰ ਰੋਗੀ ਲਈ ਅਜਿਹੀ ਹੀ ਸੰਤੁਲਿਤ ਖ਼ੁਰਾਕ ਨਿਸ਼ਚਿਤ ਕਰਦੇ ਹਨ ਜਿਸ ਨਾਲ ਰੋਗੀ ਦੀ ਸਿਹਤ ਠੀਕ ਰਹੇ ਅਤੇ ਸਖ਼ਤ ਰੇਸ਼ੇਦਾਰ ਖਾਣੇ ਤੋਂ ਪਰਹੇਜ ਕੀਤਾ ਜਾਵੇ।